ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ

# ਨਿਹਕਲੰਕ ਹਰਿਸ਼ਬਦ ਭੰਡਾਰ

# ਉਨੀਵਾਂ ਭਾਗ







http://nehklankharshabad.com/

## ਤਤਕਰਾ


| ਮਿਤੀ-ਸੰਮਤ | ਨਾਮ | ਸਥਾਨ | | ਪੰਨਾ ਨੰ: |
|---|---|---|---|---|
| ੭ ਮੱਘਰ ਸ਼ਹਿਨਸ਼ਾਹੀ ਸੰਮਤ ੧ | ਹਰਿ ਭਗਤ ਦਵਾਰ | ਧੀਰ ਪੁਰ ਦਿੱਲੀ-੯ | | ੦੧ |
| ੧੫ ਮੱਘਰ ਸ਼ਹਿਨਸ਼ਾਹੀ ਸੰਮਤ ੧ | ਹਰਿ ਭਗਤ ਦਵਰ | ਧੀਰਪੁਰ ਦਿੱਲੀ-੯ | | ੦੮ |
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦ |
| ਪਹਿਲੀ ਪੋਹ ਸ਼ਹਿਨਸ਼ਾਹੀ ਸੰਮਤ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧ |
| ੭ ਪੋਹ ਸ਼ਹਿਨਸ਼ਾਹੀ ਸੰਮਤ ੧ | ਸੁਰਿੰਦਰ ਸਿੰਘ ਦੇ ਗ੍ਰਹਿ | ਭੂਲਰ | ਅੰਮ੍ਰਿਤਸਰ | ੨੨ |
| ੭ ਪੋਹ ਸ਼ਹਿਨਸ਼ਾਹੀ ਸੰਮਤ ੧ | ਸੁਰਿੰਦਰ ਸਿੰਘ ਦੇ ਗ੍ਰਹਿ | ਭੂਲਰ | ਅੰਮ੍ਰਿਤਸਰ | ੨੪ |
| ੭ ਪੋਹ ਸ਼ਹਿਨਸ਼ਾਹੀ ਸੰਮਤ ੧ | ਮੰਗਲ ਸਿੰਘ ਦੇ ਗ੍ਰਹਿ | ਸਾਰੰਗੜਾ | ਅੰਮ੍ਰਿਤਸਰ | ੨੫ |
| ੭ ਪੋਹ ਸ਼ਹਿਨਸ਼ਾਹੀ ਸੰਮਤ ੧ | ਅਵਤਾਰ ਸਿੰਘ, ਹਜਾਰਾ ਸਿੰਘ ਦੇ ਗ੍ਰਹਿ ਕਾਂਓਕੇ | | | ੨੮ |
| ੮ ਪੋਹ ਸ਼ਹਿਨਸ਼ਾਹੀ ਸੰਮਤ ੧ | ਨਰਾਇਣ ਸਿੰਘ ਦੇ ਗ੍ਰਹਿ | ਗੁਮਾਨਪੁਰਾ | ਅੰਮ੍ਰਿਤਸਰ | ੨੯ |
| ੯ ਪੋਹ ਸ਼ਹਿਨਸ਼ਾਹੀ ਸੰਮਤ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੪ |
| ੧੦ ਪੋਹ ਸ਼ਹਿਨਸ਼ਾਹੀ ਸੰਮਤ ੧ | | ਖੋਣ ਕੈਂਪ | ਜੰਮੂ | ੩੭ |
| ੧੧ ਪੋਹ ਸ਼ਹਿਨਸ਼ਾਹੀ ਸੰਮਤ ੧ | | ਖੋਣ ਕੈਂਪ | ਜੰਮੂ | ੪੬ |
| ੧੧ ਪੋਹ ਸ਼ਹਿਨਸ਼ਾਹੀ ਸੰਮਤ ੧ | ਦੇਵਾ ਸਿੰਘ ਦੇ ਗ੍ਰਹਿ | ਮਨਵਾਲ ਕੈਂਪ | ਜੰਮੂ | ੫੧ |
| ੧੧ ਪੋਹ ਸ਼ਹਿਨਸ਼ਾਹੀ ਸੰਮਤ ੧ | ਫੁਮਣ ਸਿੰਘ ਦੇ ਗ੍ਰਹਿ | ਮਨਵਾਲ ਕੈਂਪ | ਜੰਮੂ | ੫੧ |
| ੧੧ ਪੋਹ ਸ਼ਹਿਨਸ਼ਾਹੀ ਸੰਮਤ ੧ | ਬਚਨ ਸਿੰਘ ਦੇ ਗ੍ਰਹਿ ਮਨਵਾਲ ਕੈਂਪ | | ਜੰਮੂ | ੫੩ |
| ੧੧ ਪੋਹ ਸ਼ਹਿਨਸ਼ਾਹੀ ਸੰਮਤ ੧ | | ਝੱਜਰ ਕੋਟਲੀ ਕੈਂਪ | ਜੰਮੂ | ੫੪ |
| ੧੨ ਪੋਹ ਸ਼ਹਿਨਸ਼ਾਹੀ ਸੰਮਤ ੧ | ਪਰਕਾਸ਼ ਚੰਦ ਦੇ ਗ੍ਰਹਿ | ਜੰਮੂ | ਜੰਮੂ | ੫੬ |
| ੧੨ ਪੋਹ ਸ਼ਹਿਨਸ਼ਾਹੀ ਸੰਮਤ ੧ | ਬੀਬੀ ਰਾਮ ਕੌਰ ਦੇ ਗ੍ਰਹਿ | ਜੰਮੂ | ਜੰਮੂ | ੫੮ |
| ੧੨ ਪੋਹ ਸ਼ਹਿਨਸ਼ਾਹੀ ਸੰਮਤ ੧ | ਚੇਲਾ ਸਿੰਘ ਦੇ ਘਰ | ਜੰਮੂ | ਜੰਮੂ | ੬੦ |
| ੧੨ ਪੋਹ ਸ਼ਹਿਨਸ਼ਾਹੀ ਸੰਮਤ ੧ | ਅਮਰੋ ਦੇਵੀ ਦੇ ਗ੍ਰਹਿ | ਜੰਮੂ | ਜੰਮੂ | ੬੧ |





1
੧੯

2
੧੯

| | | | | |
|---|---|---|---|---|
| ੧੩ ਪੋਹ ਸ਼ਹਿਨਸ਼ਾਹੀ ਸੰਮਤ ੧ | ਸੇਵਾ ਰਾਮ, ਦੌਲਤ ਰਾਮ | ਜੰਮੂ ਮਾਰਕੀਟ | ਜੰਮੂ | ੬੮ |
| ੧੭ ਪੋਹ ਸ਼ਹਿਨਸ਼ਾਹੀ ਸੰਮਤ ੧ | ਸੂਬੇਦਾਰ ਸਵਰਨ ਸਿੰਘ | | | ੭੦ |
| ੧੭ ਪੋਹ ਸ਼ਹਿਨਸ਼ਾਹੀ ਸੰਮਤ ੧ | ਬਿਸ਼ਨ ਸਿੰਘ ਦੇ ਗ੍ਰਿਹਿ, ਕੁਲਦੀਪ ਕੌਰ, ਅਮਰਜੀਤ ਕੌਰ ਦੇ ਸਗਨ ਸਮੇਂ ਗੁੜਗਾਉਂ | | | ੭੭ |
| ੨੬ ਪੋਹ ਸ਼ਹਿਨਸ਼ਾਹੀ ਸੰਗਤ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੮੪ |
| ੨੬ ਪੋਹ ਸ਼ਹਿਨਸ਼ਾਹੀ ਸੰਮਤ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੯੩ |
| ੨੭ ਪੋਹ ਸ਼ਹਿਨਸ਼ਾਹੀ ਸੰਮਤ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੨੬ |
| ੨੮ ਪੋਹ ਸ਼ਹਿਨਸ਼ਾਹੀ ਸੰਮਤ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੩੮ |
| ੨੮ ਪੋਹ ਸ਼ਹਿਨਸ਼ਾਹੀ ਸੰਮਤ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੪੨ |
| ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ੧ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੪੫ |
| ੨ ਮਾਘ ਸ਼ਹਿਨਸ਼ਾਹੀ ਸੰਮਤ ੧ | ਸ਼ੰਗਾਰਾ ਸਿੰਘ | ਖੇੜਾ | ਅੰਮ੍ਰਿਤਸਰ | ੧੭੯ |
| ੪ ਮਾਘ ਸ਼ਹਿਨਸ਼ਾਹੀ ਸੰਮਤ ੧ | ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹਿ ਭਲਾਈਪੁਰ ਡੋਗਰਾ | | | ੧੮੪ |
| ੫ ਮਾਘ ਸ਼ਹਿਨਸ਼ਾਹੀ ਸੰਮਤ ੧ | ਪਾਲ ਸਿੰਘ ਲਾਂਗਰੀ ਦੇ ਘਰ | ਭਲਾਈ ਪੁਰ ਡੋਗਰਾਂ | | ੧੯੩ |
| ੫ ਮਾਘ ਸ਼ਹਿਨਸ਼ਾਹੀ ਸੰਮਤ ੧ | ਡਾ੦ ਪਾਲ ਸਿੰਘ ਦੇ ਗ੍ਰਿਹਿ | ਭਲਾਈ ਪੁਰ ਡੋਗਰਾਂ | | ੧੯੪ |
| ੫ ਮਾਘ ਸ਼ਹਿਨਸ਼ਾਹੀ ਸੰਮਤ ੧ | ਸਰੂਪ ਸਿੰਘ ਦੇ ਨਵਿਤ | ਮੰਗੂਪੁਰ | ਕਪੂਰਥਲਾ | ੧੯੯ |
| ੬ ਮਾਘ ਸ਼ਹਿਨਸ਼ਾਹੀ ਸੰਤ ੧ | ਸੂਬੇਦਾਰ ਮੱਸਾ ਸਿੰਘ ਦੇ ਨਵਿਤ | ਕੋਟਲੀ ਥਾਨ | ਜਲੰਧਰ | ੨੦੯ |
| ੧੨ ਮਾਘ ਸ਼ਹਿਨਸ਼ਾਹੀ ਸੰਮਤ ੧ | ਸਰਦੂਲ ਸਿੰਘ ਦੇ ਗ੍ਰਿਹਿ | ਬਲ ਸਚੰਦਰ | ਅੰਮ੍ਰਿਤਸਰ | ੨੧੯ |
| ੧੬ ਮਾਘ ਸ਼ਹਿਨਸ਼ਾਹੀ ਸੰਮਤ ੧ | ਜਰਨੈਲ ਸਿੰਘ ਦੇ ਗ੍ਰਿਹਿ ਮਾਲਵਾ ਸੰਗਤ ਸ਼ਾਹਵਾਲਾ | | ਫਿਰੋਜ਼ਪੁਰ | ੨੨੫ |
| ੧੭ ਮਾਘ ਸ਼ਹਿਨਸ਼ਾਹੀ ਸੰਮਤ ੧ | ਕਰਨੈਲ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜ਼ਪੁਰ | ੨੩੦ |
| ੧੭ ਮਾਘ ਸ਼ਹਿਨਸ਼ਾਹੀ ਸੰਮਤ ੧ | ਗੁਰਦਾਸ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜ਼ਪੁਰ | ੨੩੧ |
| ੧੭ ਮਾਘ ਸ਼ਹਿਨਸ਼ਾਹੀ ਸੰਮਤ ੧ | ਜਗੀਰ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜ਼ਪੁਰ | ੨੩੨ |
| ੧੭ ਮਾਘ ਸ਼ਹਿਨਸ਼ਾਹੀ ਸੰਮਤ ੧ | ਅਜੀਤ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜ਼ਪੁਰ | ੨੩੩ |

2
੧੯

| | | | |
|---|---|---|---|
| ੧੭ ਮਾਘ ਸ਼ਹਿਨਸ਼ਾਹੀ ਸੰਮਤ ੧ ਕਰਤਾਰ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜ਼ਪੁਰ | ੨੩੪ |
| ੧੭ ਮਾਘ ਸ਼ਹਿਨਸ਼ਾਹੀ ਸੰਮਤ ੧ ਕਰਨੈਲ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜ਼ਪੁਰ | ੨੩੫ |
| ੧੭ ਮਾਘ ਸ਼ਹਿਨਸ਼ਾਹੀ ਸੰਮਤ ੧ ਨਛੱਤਰ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜ਼ਪੁਰ | ੨੩੫ |
| ੧੭ ਮਾਘ ਸ਼ਹਿਨਸ਼ਾਹੀ ਸੰਮਤ ੧ ਸੋਭਾ ਸਿੰਘ ਦੇ ਗ੍ਰਿਹਿ | ਵਲੂਰ | ਫਿਰੋਜ਼ਪੁਰ | ੨੩੬ |
| ੧੭ ਮਾਘ ਸ਼ਹਿਨਸ਼ਾਹੀ ਸੰਮਤ ੧ ਸਾਧੂ ਸਿੰਘ ਦੇ ਗ੍ਰਿਹਿ ਬਸਤੀ ਤੇਗਾ ਸਿੰਘ | | ਫਿਰੋਜ਼ਪੁਰ | ੨੩੭ |
| ੧੮ ਮਾਘ ਸ਼ਹਿਨਸ਼ਾਹੀ ਸੰਮਤ ੧ ਕਪੂਰ ਸਿੰਘ ਦੇ ਗ੍ਰਿਹਿ | ਗੁਲਾਬੀ ਬਾਗ ਮੋਗਾ | | ੨੪੨ |
| ੨੪ ਮਾਘ ਸ਼ਹਿਨਸ਼ਾਹੀ ਸੰਮਤ ੧ | ਕੱਲਾ | ਅੰਮ੍ਰਿਤਸਰ | ੨੪੮ |
| ੨੫ ਮਾਘ ਸ਼ਹਿਨਸ਼ਾਹੀ ਸੰਮਤ ੧ ਹਰੀ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੨੬੭ |
| ੨੫ ਮਾਘ ਸ਼ਹਿਨਸ਼ਾਹੀ ਸੰਮਤ ੧ ਸਰਮੁਖ ਸਿੰਘ, ਗੁਰਮੁਖ ਸਿੰਘ ਦੇ ਗ੍ਰਿਹਿ ਕਲਾ | | ਅੰਮ੍ਰਿਤਸਰ | ੨੭੧ |
| ੨੫ ਮਾਘ ਸ਼ਹਿਨਸ਼ਾਹੀ ਸੰਮਤ ੧ ਕਰਨੈਲ ਸਿੰਘ ਦੇ ਗ੍ਰਿਹਿ | ਨੌਰੰਗਾਬਾਦ | ਅੰਮ੍ਰਿਤਸਰ | ੨੭੭ |
| ੨੫ ਮਾਘ ਸ਼ਹਿਨਸ਼ਾਹੀਆ ਸੰਮਤ ੧ ਨਰੈਣ ਸਿੰਘ ਦੇ ਗ੍ਰਿਹਿ | ਕੰਗ | ਅੰਮ੍ਰਿਤਸਰ | ੨੭੯ |
| ੨੬ ਮਾਘ ਸ਼ਹਿਨਸ਼ਾਹੀ ਸੰਮਤ ੧ ਗੁਰਨਾਮ ਸਿੰਘ ਦੇ ਗ੍ਰਿਹਿ | ਕੰਗ | ਅੰਮ੍ਰਿਤਸਰ | ੨੮੦ |
| ੨੬ ਮਾਘ ਸ਼ਹਿਨਸ਼ਾਹੀ ਸੰਮਤ ੧ ਕੁੰਦਨ ਸਿੰਘ ਦੇ ਗ੍ਰਿਹਿ | ਮਾਲ ਚਕ | ਅੰਮ੍ਰਿਤਸਰ | ੨੮੧ |
| ੨੬ ਮਾਘ ਸ਼ਹਿਨਸ਼ਾਹੀ ਸੰਮਤ ੧ ਰਾਧਾ ਸਵਾਮੀ ਪਰਤਾਪ ਸਿੰਘ ਦੇ ਨਾਲ ਤਰਨ ਤਾਰਨ | | ਅੰਮ੍ਰਿਤਸਰ | ੨੮੩ |
| ੨੬ ਮਾਘ ਸ਼ਹਿਨਸ਼ਾਹੀ ਸੰਮਤ ੧ ਦੀਦਾਰ ਸਿੰਘ ਦੇ ਘਰ | ਸ਼ਫ਼ੀਪੁਰ | ਅੰਮ੍ਰਿਤਸਰ | ੨੮੫ |
| ੨੬ ਮਾਘ ਸ਼ਹਿਨਸ਼ਾਹੀ ਸੰਮਤ ੧ ਦਲੀਪ ਸਿੰਘ ਦੇ ਘਰ | ਜੰਡਿਆਲਾ ਗੁਰੂ | ਅੰਮ੍ਰਿਤਸਰ | ੨੮੬ |
| ਪਹਿਲੀ ਫੱਗਣ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੮੯ |
| ੨ ਫੱਗਣ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੯੬ |
| ੧੪ ਫੱਗਣ ਸ਼ਹਿਨਸ਼ਾਹੀ ਸੰਮਤ ੧ ਬਲਵੰਤ ਸਿੰਘ ਦੇ ਗ੍ਰਿਹਿ | ਤਲਵੰਡੀ ਜਲੇਖਾਂ | ਫਿਰੋਜ਼ਪੁਰ | ੨੯੭ |
| ੧੪ ਫੱਗਣ ਸ਼ਹਿਨਸ਼ਾਹੀ ਸੰਮਤ ੧ ਸਰਦਾਰਾ ਸਿੰਘ ਦੇ ਗ੍ਰਿਹਿ | ਮਨਾਵਾ | ਫਿਰੋਜ਼ਪੁਰ | ੨੯੯ |
| ੧੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਪੂਰਨ ਸਿੰਘ ਦੇ ਗ੍ਰਿਹਿ | ਮਨਾਵਾ | ਫਿਰੋਜ਼ਪੁਰ | ੩੦੫ |
| ੧੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਗੁਰਬਚਨ ਸਿੰਘ ਦੇ ਗ੍ਰਿਹਿ | ਸੱਦਾ ਸਿੰਘ ਵਾਲਾ | ਫਿਰੋਜ਼ਪੁਰ | ੩੦੬ |


3
੧੯

| | | | | | | | |
|---|---|---|---|---|---|---|---|
| ੧੫ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਜੋਰਾ ਸਿੰਘ ਦੇ ਗ੍ਰਹਿ | ਸੱਦਾ ਸਿੰਘ ਵਾਲਾ | ਫਿਰੋਜ਼ਪੁਰ | ੩੦੭ |
| ੧੫ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਗੁਰਦਿਆਲ ਸਿੰਘ ਦੇ ਗ੍ਰਹਿ | ਸੱਦਾ ਸਿੰਘ ਵਾਲਾ | ਫਿਰੋਜ਼ਪੁਰ | ੩੦੯ |
| ੧੫ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਪੰਜਾਬ ਕੌਰ ਦੇ ਗ੍ਰਹਿ | ਸੱਦਾ ਸਿੰਘ ਵਾਲਾ | ਫਿਰੋਜ਼ਪੁਰ | ੩੧੦ |
| ੧੫ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਸੀਤਲ ਸਿੰਘ ਦੇ ਗ੍ਰਹਿ | ਡਗਰੂ | ਫਿਰੋਜ਼ਪੁਰ | ੩੧੨ |
| ੧੫ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਧੰਨਾ ਸਿੰਘ ਦੇ ਗ੍ਰਹਿ | ਡਗਰੂ | ਫਿਰੋਜ਼ਪੁਰ | ੩੧੪ |
| ੧੫ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਮੇਲਾ ਸਿੰਘ ਦੇ ਗ੍ਰਹਿ | ਡਗਰੂ | ਫਿਰੋਜ਼ਪੁਰ | ੩੧੫ |
| ੧੫ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਸੁਰੈਣ ਸਿੰਘ ਦੇ ਗ੍ਰਹਿ | ਨਿਧਾਂ ਵਾਲਾ | ਫਿਰੋਜ਼ਪੁਰ | ੩੧੫ |
| ੧੬ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਹਜੂਰਾ ਸਿੰਘ ਦੇ ਗ੍ਰਹਿ | ਸੋਸਣ | ਫਿਰੋਜ਼ਪੁਰ | ੩੧੬ |
| ੧੬ | ਫੱਘਣ | ਸ਼ਹਿਨਸ਼ਾਹੀ ਸੰਮਤ | ੧ | ਨੰਦ ਸਿੰਘ ਦੇ ਘਰ | ਥੱਮਣ ਵਾਲਾ | ਫਿਰੋਜ਼ਪੁਰ | ੩੧੭ |
| ੧੬ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਸੰਪੂਰਨ ਸਿੰਘ ਦੇ ਗ੍ਰਹਿ | ਫਿਰੋਜ਼ਸ਼ਾਹ | ਫਿਰੋਜ਼ਪੁਰ | ੩੧੯ |
| ੧੬ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਸੁੰਦਰ ਸਿੰਘ ਦੇ ਗ੍ਰਹਿ | ਫਿਰੋਜ਼ਸ਼ਾਹ | ਫਿਰੋਜ਼ਪੁਰ | ੩੨੨ |
| ੧੬ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਅਮਰ ਸਿੰਘ ਦੇ ਗ੍ਰਹਿ | ਫਿਰੋਜ਼ਸ਼ਾਹ | ਫਿਰੋਜ਼ਪੁਰ | ੩੨੩ |
| ੧੬ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਪ੍ਰੀਤਮ ਸਿੰਘ ਦੇ ਘਰ | ਫਿਰੋਜ਼ਸ਼ਾਹ | ਫਿਰੋਜ਼ਪੁਰ | ੩੨੪ |
| ੧੬ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਜਗਤਾਰ ਸਿੰਘ ਦੇ ਗ੍ਰਹਿ | ਫਿਰੋਜ਼ਸ਼ਾਹ | ਫਿਰੋਜ਼ਪੁਰ | ੩੨੪ |
| ੧੬ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਆਤਮਾ ਸਿੰਘ ਤੇਜਾ ਸਿੰਘ ਦੇ ਗ੍ਰਹਿ | ਫਿਰੋਜ਼ਸ਼ਾਹ | ਫਿਰੋਜ਼ਪੁਰ | ੩੨੫ |
| ੧੬ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਜਗੀਰ ਸਿੰਘ ਦੇ ਗ੍ਰਹਿ | ਫਿਰੋਜ਼ਸ਼ਾਹ | ਫਿਰੋਜ਼ਪੁਰ | ੩੨੬ |
| ੧੬ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਅਰਜਨ ਸਿੰਘ ਦੇ ਗ੍ਰਹਿ | ਬਸਤੀ ਖਲੀਲ | ਫਿਰੋਜ਼ਪੁਰ | ੩੨੭ |
| ੧੭ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਹਰੀ ਸਿੰਘ ਦੇ ਗ੍ਰਹਿ | ਬਸਤੀ ਖਲੀਲ | ਫਿਰੋਜ਼ਪੁਰ | ੩੨੯ |
| ੧੭ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਧਰਮ ਸਿੰਘ ਦੇ ਗ੍ਰਹਿ | ਬਸਤੀ ਦਰਿਆ | ਫਿਰੋਜ਼ਪੁਰ | ੩੩੦ |
| ੧੭ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਸੁਰਜਨ ਸਿੰਘ ਦੇ ਗ੍ਰਹਿ | ਫਿਰੋਜ਼ਪੁਰ ਸ਼ਹਿਰ | ਫਿਰੋਜ਼ਪੁਰ | ੩੩੨ |
| ੧੭ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਤਾਰਾ ਸਿੰਘ ਦੇ ਗ੍ਰਹਿ | ਫਿਰੋਜ਼ਪੁਰ ਛਾਉਣੀ | ਫਿਰੋਜ਼ਪੁਰ | ੩੩੪ |
| ੧੭ | ਫੱਗਣ | ਸ਼ਹਿਨਸ਼ਾਹੀ ਸੰਮਤ | ੧ | ਸੂਬੇਦਾਰ ਰਾਮ ਸਿੰਘ ਦੇ ਗ੍ਰਹਿ | ਗਵਾਲ ਟੋਲੀ | ਫਿਰੋਜ਼ਪੁਰ | ੩੩੫ |


4
੧੯

| | | | |
|---|---|---|---|
| ੧੮ ਫੱਗਣ ਸ਼ਹਿਨਸ਼ਾਹੀ ਸੰਮਤ ੧ ਸੁਲੱਖਣ ਸਿੰਘ ਦੇ ਗ੍ਰਹਿ | ਮੂੰਗਲਾ | ਫਿਰੋਜ਼ਪੁਰ | ੩੩੬ |
| ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਗੁਰਦੀਪ ਸਿੰਘ ਦੇ ਗ੍ਰਹਿ | ਤੂਤ | ਫਿਰੋਜ਼ਪੁਰ | ੩੩੮ |
| ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਹਜ਼ੂਰਾ ਸਿੰਘ ਦੇ ਗ੍ਰਹਿ | ਗੋਲੇ ਵਾਲਾ | ਫਿਰੋਜ਼ਪੁਰ | ੩੪੨ |
| ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਕਿਰਪਾਲ ਸਿੰਘ ਦੇ ਗ੍ਰਹਿ | ਗੋਲੇ ਵਾਲਾ | ਫਿਰੋਜ਼ਪੁਰ | ੩੪੪ |
| ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਗੁਰਦੀਪ ਸਿੰਘ ਦੇ ਗ੍ਰਹਿ | ਗੋਲੇ ਵਾਲਾ | ਫਿਰੋਜ਼ਪੁਰ | ੩੪੫ |
| ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਰਾਜ ਸਿੰਘ ਅਜੈਬ ਸਿੰਘ ਇਕਬਾਲ ਸਿੰਘ ਦੇ ਗ੍ਰਹਿ | | | |
| | ਡੋਗਰ ਬਸਤੀ | ਫਰੀਦਕੋਟ | ੩੪੬ |
| ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਤੇਜਾ ਸਿੰਘ ਦੇ ਗ੍ਰਹਿ | ਸਾਦਕ | ਫਿਰੋਜ਼ਪੁਰ | ੩੪੯ |
| ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਅਮਰ ਸਿੰਘ ਦੇ ਗ੍ਰਹਿ | ਮਾਨ ਸਿੰਘ ਵਾਲਾ | ਫਿਰੋਜ਼ਪੁਰ | ੩੫੧ |
| ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਇੰਦਰ ਸਿੰਘ ਦੇ ਗ੍ਰਹਿ | ਕੋਟਕਪੂਰਾ | ਫਿਰੋਜ਼ਪੁਰ | ੩੫੬ |
| ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਚਰਨ ਦਾਸ ਦੇ ਗ੍ਰਹਿ | ਕੋਟਕਪੂਰਾ | ਫਿਰੋਜ਼ਪੁਰ | ੩੫੭ |
| ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਗੁਲਜ਼ਾਰ ਸਿੰਘ ਦੇ ਗ੍ਰਹਿ | ਸਾਹੋ ਕੇ | ਫਿਰੋਜ਼ਪੁਰ | ੩੫੭ |
| ੨੦ ਫੱਗਣ ਸ਼ਹਿਨਸ਼ਾਹੀ ਸੰਮਤ ੧ ਚੰਨਣ ਸਿੰਘ ਦੇ ਘਰ | ਵਾਂਦਰ | | ੩੫੯ |
| ੨੦ ਫੱਗਣ ਸ਼ਹਿਨਸ਼ਾਹੀ ਸੰਮਤ ੧ ਭਾਗ ਸਿੰਘ ਦੇ ਗ੍ਰਹਿ | ਦਬੜੀ ਖਾਨਾ | ਬਠਿੰਡਾ | ੩੬੧ |
| ੨੦ ਫੱਗਣ ਸ਼ਹਿਨਸ਼ਾਹੀ ਸੰਮਤ ੧ ਹਰਚੰਦ ਸਿੰਘ ਦੇ ਗ੍ਰਹਿ | ਹਰਿਰਾਏ ਪੁਰ | ਬਠਿੰਡਾ | ੩੬੪ |
| ੨੦ ਫੱਗਣ ਸ਼ਹਿਨਸ਼ਾਹੀ ਸੰਮਤ ੧ ਜਗੀਰ ਦਾਸ ਦੇ ਗ੍ਰਹਿ | ਖਿਆਲੀ ਵਾਲਾ | ਬਠਿੰਡਾ | ੩੬੫ |
| ੨੦ ਫੱਗਣ ਸ਼ਹਿਨਸ਼ਾਹੀ ਸੰਮਤ ੧ ਬਖ਼ਤਾਵਰ ਸਿੰਘ ਦੇ ਗ੍ਰਹਿ | ਖਿਆਲੀ ਵਾਲਾ | ਬਠਿੰਡਾ | ੩੬੭ |
| ੨੧ ਫੱਗਣ ਸ਼ਹਿਨਸ਼ਾਹੀ ਸੰਮਤ ੧ ਮੁਕੰਦ ਸਿੰਘ ਦੇ ਗ੍ਰਹਿ | ਮਗ੍ਰਾਜ | ਬਠਿੰਡਾ | ੩੬੮ |
| ੨੧ ਫੱਗਣ ਸ਼ਹਿਨਸ਼ਾਹੀ ਸੰਮਤ ੧ ਬਧਾਵਾ ਸਿੰਘ ਦੇ ਗ੍ਰਹਿ | ਮਗ੍ਰਾਜ | ਬਠਿੰਡਾ | ੩੭੩ |
| ੨੧ ਫੱਗਣ ਸ਼ਹਿਨਸ਼ਾਹੀ ਸੰਮਤ ੧ ਲਾਭ ਸਿੰਘ ਦੇ ਗ੍ਰਹਿ | ਚਕ ਫਤਹਿ ਸਿੰਘ | ਬਠਿੰਡਾ | ੩੭੬ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੧ ਹਰਚਰਨ ਸਿੰਘ ਦੇ ਗ੍ਰਹਿ | ਬਠਿੰਡਾ | | ੩੭੮ |
| ੨੨ ਫੱਗਣ ਸ਼ਹਿਨਸ਼ਾਹੀ ਸੰਮਤ ੧ ਬੁਗਰ ਸਿੰਘ ਦੇ ਗ੍ਰਹਿ | ਬਰਗਾੜੀ | ਬਠਿੰਡਾ | ੩੭੯ |

5
੧੯

5
੧੯

6
੧੯

| | | | | | | |
|---|---|---|---|---|---|---|
| ੨੨ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਸੁਹਾਵਾ ਸਿੰਘ ਦੇ ਗ੍ਰਿਹਿ | ਪੰਜ ਗਰਾਈਆਂ | ਬਠਿੰਡਾ | ੩੮੧ |
| ੨੩ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਬਿਸ਼ਨ ਸਿੰਘ ਦੇ ਗ੍ਰਿਹਿ | ਪੰਜ ਗਰਾਈਅ | ਬਠਿੰਡਾ | ੩੮੮ |
| ੨੩ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਭਗਤ ਸਿੰਘ ਦੇ ਗ੍ਰਿਹਿ | ਪੰਜ ਗਰਾਈਆਂ | ਬਠਿੰਡਾ | ੩੯੦ |
| ੨੩ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਪ੍ਰੀਤਮ ਸਿੰਘ ਦੇ ਗ੍ਰਿਹਿ | ਸਮਾਲ ਸਰ | ਫਿਰੋਜ਼ਪੁਰ | ੩੯੧ |
| ੨੩ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਨਾਜ਼ਰ ਸਿੰਘ ਦੇ ਗ੍ਰਿਹਿ | ਮਾੜੀ ਮੁਸਤਫਾ | ਫਿਰੋਜ਼ਪੁਰ | ੩੯੪ |
| ੨੩ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਜਗੀਰ ਸਿੰਘ, ਈਸ਼ਵਰ ਸਿੰਘ, ਗੁਰਦਿਆਲ ਕੌਰ ਦੇ ਗ੍ਰਿਹਿ | ਮਾੜੀ ਮੁਸਤਫਾ | ਫਿਰੋਜ਼ਪੁਰ | ੩੯੫ |
| ੨੪ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਭਾਗ ਸਿੰਘ ਦੇ ਗ੍ਰਿਹਿ | ਮਾੜੀ ਮੁਸਤਫਾ | ਫਿਰੋਜ਼ਪੁਰ | ੩੯੭ |
| ੨੪ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਨਰਾਇਣ ਸਿੰਘ ਦੇ ਗ੍ਰਿਹਿ | ਨਿਹਾਲ ਸਿੰਘ ਵਾਲਾ | ਫਿਰੋਜ਼ਪੁਰ | ੩੯੯ |
| ੨੪ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਸੰਤ ਕੌਰ ਦੇ ਗ੍ਰਿਹਿ | ਨਿਹਾਲ ਸਿੰਘ ਵਾਲਾ | ਫਿਰੋਜ਼ਪੁਰ | ੪੦੨ |
| ੨੪ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਤਾਰਾ ਸਿੰਘ ਦੇ ਗ੍ਰਿਹਿ | ਗਾਜ਼ੀਆਣਾ | ਫਿਰੋਜ਼ਪੁਰ | ੪੦੩ |
| ੨੪ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਜਸਵੰਤ ਸਿੰਘ ਦੇ ਗ੍ਰਿਹਿ | ਰਾਜੇਆਣਾ | ਫਿਰੋਜ਼ਪੁਰ | ੪੦੬ |
| ੨੪ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਸਾਧੂ ਸਿੰਘ, ਬਾਵਾ ਸਿੰਘ ਦੇ ਗ੍ਰਿਹਿ | ਰੋਡੇ | ਫਿਰੋਜ਼ਪੁਰ | ੪੦੯ |
| ੨੪ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਸੁਦਾਗਰ ਸਿੰਘ ਦੇ ਗ੍ਰਿਹਿ | ਨਾਥੇ ਵਾਲਾ | ਫਿਰੋਜ਼ਪੁਰ | ੪੧੨ |
| ੨੫ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਕਰਤਾਰ ਕੌਰ, ਬਲਜੀਤ ਕੌਰ ਦੇ ਨਵਿਤ | ਨਾਥੇਵਾਲਾ | ਫਿਰੋਜ਼ਪੁਰ | ੪੧੪ |
| ੨੫ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਇੰਦਰ ਸਿੰਘ ਦੇ ਗ੍ਰਿਹਿ | ਨਾਥੇਵਾਲਾ | ਫਿਰੋਜ਼ਪੁਰ | ੪੧੫ |
| ੨੫ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਮਹਿੰਦਰ ਸਿੰਘ ਦੇ ਗ੍ਰਿਹਿ | ਨਾਥੇਵਾਲਾ | ਫਿਰੋਜ਼ਪੁਰ | ੪੧੬ |
| ੨੫ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਪ੍ਰੀਤਮ ਸਿੰਘ ਦੇ ਗ੍ਰਿਹਿ | ਨਾਥੇਵਾਲਾ | ਫਿਰੋਜ਼ਪੁਰ | ੪੧੮ |
| ੨੫ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਬਲਵੰਤ ਸਿੰਘ ਦੇ ਗ੍ਰਿਹਿ | ਨਾਥੇਵਾਲਾ | ਫਿਰੋਜ਼ਪੁਰ | ੪੧੮ |
| ੨੫ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਜੋਗਿੰਦਰ ਸਿੰਘ, ਮਹਿੰਦਰ ਸਿੰਘ ਦੇ ਗ੍ਰਿਹਿ | ਨਾਥੇਵਾਲਾ | ਫਿਰੋਜ਼ਪੁਰ | ੪੧੯ |
| ੨੫ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਪੂਰਨ ਸਿੰਘ ਦੇ ਗ੍ਰਿਹਿ | ਨਾਥੇਵਾਲਾ | ਫਿਰਜ਼ਪੁਰ | ੪੨੦ |
| ੨੫ | ਫੱਗਣ | ਸ਼ਹਿਨਸ਼ਾਹੀ ਸੰਮਤ ੧ | ਗੁਲਜ਼ਾਰ ਸਿੰਘ ਦੇ ਗ੍ਰਿਹਿ | ਨਾਥੇਵਾਲਾ | ਫਿਰੋਜ਼ਪੁਰ | ੪੨੧ |

6
੧੯

| | | | |
|---|---|---|---|
| ੨੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਬੂੜ ਸਿੰਘ ਦੇ ਗ੍ਰਹਿ | ਨਾਥੇਵਾਲਾ | ਫਿਰੋਜ਼ਪੁਰ | ੪੨੨ |
| ੨੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਕਰਤਾਰ ਸਿੰਘ ਦੇ ਗ੍ਰਹਿ | ਚੜਿਕ | ਫਿਰੋਜ਼ਪੁਰ | ੪੨੩ |
| ੨੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਮਹਿੰਦਰ ਸਿੰਘ ਦੇ ਗ੍ਰਹਿ | ਚੜਿਕ | ਫਿਰੋਜ਼ਪੁਰ | ੪੨੬ |
| ੨੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਗੁਰਦਿਆਲ ਸਿੰਘ ਦੇ ਗ੍ਰਹਿ | ਰਾਮੂ ਵਾਲਾ | ਫਿਰੋਜ਼ਪੁਰ | ੪੨੭ |
| ੨੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਮਾਧੋ ਸਿੰਘ ਦੇ ਗ੍ਰਹਿ | ਰਾਮੂ ਵਾਲਾ | ਫਿਰੋਜ਼ਪੁਰ | ੪੩੦ |
| ੨੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਦਲੀਪ ਸਿੰਘ ਦੇ ਗ੍ਰਹਿ | ਬਦਨੀ | ਫਿਰੋਜ਼ਪੁਰ | ੪੩੧ |
| ੨੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਕਪੂਰ ਸਿੰਘ ਦੇ ਗ੍ਰਹਿ | ਮੋਗਾ | ਫਿਰੋਜ਼ਪੁਰ | ੪੩੩ |
| ੨੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਅਜਮੇਰ ਸਿੰਘ ਦੇ ਗ੍ਰਹਿ | ਮੋਗਾ | ਫਿਰੋਜ਼ਪੁਰ | ੪੩੫ |
| ੨੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਸੁਰਜੀਤ ਕੌਰ ਦੇ ਗ੍ਰਹਿ | ਮਨਾਵਾ | ਫਿਰੋਜ਼ਪੁਰ | ੪੩੬ |
| ੨੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਸਵਿੰਦਰ ਕੌਰ ਦੇ ਗ੍ਰਹਿ | ਦੁਨੇ ਵਾਲਾ | ਫਿਰੋਜ਼ਪੁਰ | ੪੩੭ |
| ੨੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਕੇਹਰ ਸਿੰਘ ਦੇ ਗ੍ਰਹਿ | ਰਜੀ ਆਲਾ | ਫਿਰੋਜ਼ਪੁਰ | ੪੩੭ |
| ੨੭ ਸ਼ਹਿਨਸ਼ਾਹੀ ਸੰਮਤ ੧ ਮਲ ਸਿੰਘ ਦੇ ਗ੍ਰਹਿ | ਰਜੀ ਆਲਾ | ਫਿਰੋਜ਼ਪੁਰ | ੪੩੮ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੧ ਇੰਦਰ ਸਿੰਘ ਦੇ ਗ੍ਰਹਿ | ਕਾਦਰ ਵਾਲਾ | ਫਿਰੋਜ਼ਪੁਰ | ੪੩੯ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੧ ਸੋਹਣ ਸਿੰਘ ਦੇ ਗ੍ਰਹਿ | ਮੁੰਡੀ ਜਮਾਲ | ਫਿਰੋਜ਼ਪੁਰ | ੪੪੦ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੧ ਬਗੀਚਾ ਸਿੰਘ ਦੇ ਗ੍ਰਹਿ | ਮੁੰਡੀ ਜ਼ਮਾਲ | ਫਿਰੋਜ਼ਪੁਰ | ੪੪੧ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੧ ਕਰਤਾਰ ਸਿੰਘ ਦੇ ਗ੍ਰਹਿ | ਮੁੰਡੀ ਜ਼ਮਾਲ | ਫਿਰੋਜ਼ਪੁਰ | ੪੪੨ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੧ ਸੋਹਣ ਸਿੰਘ ਦੇ ਗ੍ਰਹਿ | ਤਰਨ ਤਾਰਨ | ਅੰਮ੍ਰਿਤਸਰ | ੪੪੩ |
| ੩੦ ਫੱਗਣ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੪੪੫ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੪੪੬ |
| ਸੁਰਜੀਤ ਸਿੰਘ ਦੀ ਸ਼ਾਦੀ ਵਾਸਤੇ ਬੇਨਤੀ | | | ੪੬੩ |
| ੫ ਚੇਤ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਕਿੰਗਜਵੇ ਕੈਂਪ ਧੀਰਪੁਰ | | ਦਿੱਲੀ-੯ | ੪੬੫ |
| ਰਾਤ ਸਾਢੇ ਨੌਂ ਵਜੇ | | | ੪੭੫ |

੭ ਚੇਤ ਸ਼ਹਿਨਸ਼ਾਹੀ ਸੰਮਤ ੨ ਭਗਤ ਸਿੰਘ ਦੇ ਗ੍ਰਿਹਿ ਇਟਾਰਸੀ ਮਧਿਆ ਪ੍ਰਦੇਸ਼ ੪੮੪
੮ ਚੇਤ ਸ਼ਹਿਨਸ਼ਾਹੀ ਸੰਮਤ ੨ ਜੁਗਿੰਦਰ ਸਿੰਘ ਦੇ ਗ੍ਰਿਹਿ ਇਟਾਰਸੀ ਮਧਿਆ ਪ੍ਰਦੇਸ਼ ੪੮੫
੮ ਚੇਤ ਸ਼ਹਿਨਸ਼ਾਹੀ ਸੰਮਤ ੨ ਹਰਦਿਤ ਸਿੰਘ ਦੇ ਗ੍ਰਿਹਿ ਇਟਾਰਸੀ ਮਧਿਆ ਪ੍ਰਦੇਸ਼ ੪੮੭
੯ ਚੇਤ ਸ਼ਹਿਨਸ਼ਾਹੀ ਸੰਮਤ ੨ ਜਸਵੰਤ ਸਿੰਘ ਦੇ ਗ੍ਰਿਹਿ ਇਟਾਰਸੀ ਮਧਿਆ ਪ੍ਰਦੇਸ਼ ੪੮੮
੯ ਚੇਤ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਿਹਿ ਜ਼ਾਤਰੀ ਮਧਿਆ ਪ੍ਰਦੇਸ਼ ੪੮੯
੯ ਚੇਤ ਸ਼ਹਿਨਸ਼ਾਹੀ ਸੰਮਤ ੨ ਸਵਿੰਦਰ ਸਿੰਘ ਦੇ ਘਰ ਇਟਾਰਸੀ ਮਧਿਆ ਪ੍ਰਦੇਸ਼ ੪੯੦
੧੦ ਚੇਤ ਸ਼ਹਿਨਸ਼ਾਹੀ ਸੰਮਤ ੨ ਕ੍ਰਿਸ਼ਨਾ ਕਾਂਤ ਤਿਵਾਰੀ ਦੇ ਘਰ ਇਟਾਰਸੀ ਮਧਿਆ ਪ੍ਰਦੇਸ਼ ੪੯੧
੧੦ ਚੇਤ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਔਰੰਗਾਬਾਦ ਵਾਲੇ ਦੇ ਨਵਿਤ ਇਟਾਰਸੀ ਮਧਿਆ ਪ੍ਰਦੇਸ਼ ੪੯੨
੧੦ ਚੇਤ ਸ਼ਹਿਨਸ਼ਾਹੀ ਸੰਮਤ ੨ ਸ਼ਿੰਗਾਰਾ ਸਿੰਘ ਬੰਬਈ ਵਾਲੇ ਦੇ ਨਵਿਤ ਇਟਾਰਸੀ ਮਧਿਆ ਪ੍ਰਦੇਸ਼ ੪੯੩
੧੦ ਚੇਤ ਸ਼ਹਿਨਸ਼ਾਹੀ ਸੰਮਤ ੨ ਸਦਨ ਮਲ, ਕੌੜਾ ਮਲ ਦੇ ਗ੍ਰਿਹਿ ਇਟਾਰਸੀ ਮਧਿਆ ਪ੍ਰਦੇਸ਼ ੪੯੪
੧੦ ਚੇਤ ਸ਼ਹਿਨਸ਼ਾਹੀ ਸੰਮਤ ੨ ਟੋਪਨਰਾਮ ਦੇ ਗ੍ਰਿਹਿ ਇਟਾਰਸੀ ਮਧਿਆ ਪ੍ਰਦੇਸ਼ ੪੯੪
੧੧ ਚੇਤ ਸ਼ਹਿਨਸ਼ਾਹੀ ਸੰਮਤ ੨ ਸੰਤ ਸਿੰਘ ਦੇ ਗ੍ਰਿਹਿ ਇਟਾਰਸੀ ਮਧਿਆ ਪ੍ਰਦੇਸ਼ ੪੯੫
੧੧ ਚੇਤ ਸ਼ਹਿਨਸ਼ਾਹੀ ਸੰਮਤ ੨ ਮੰਗਲ ਸਿੰਘ ਦੇ ਗ੍ਰਿਹਿ ਭੁਪਾਲ ਮਧਿਆ ਪ੍ਰਦੇਸ਼ ੪੯੬
੧੨ ਚੇਤ ਸ਼ਹਿਨਸ਼ਾਹੀ ਸੰਮਤ ੨ ਗੁਰਨਾਮ ਸਿੰਘ ਦੇ ਗ੍ਰਿਹਿ ਭੁਪਾਲ ਮਧਿਆ ਪ੍ਰਦੇਸ਼ ੪੯੮
੧੩ ਚੇਤ ਸ਼ਹਿਨਸ਼ਾਹੀ ਸੰਮਤ ੨ ਕਿਸ਼ਨ ਚੰਦ ਨਾਰੰਗ ਦੇ ਨਾਲ ਨਿਰੰਕਾਰੀ ਸਟੋਰ ਕੋਆਪਰੇਟਿਵ ਦਿੱਲੀ ੪੯੮
੧੪ ਚੇਤ ਸ਼ਹਿਨਸ਼ਾਹੀ ਸੰਮਤ ੨ ਹਰਭਜਨ ਸਿੰਘ ਦੇ ਗ੍ਰਿਹਿ ਰੁੜਕਾ ਕਲਾਂ ਜਲੰਧਰ ੪੯੯
੧੫ ਚੇਤ ਸ਼ਹਿਨਸ਼ਾਹੀ ਸੰਮਤ ੨ ਹਰਚਰਨ ਸਿੰਘ ਦੇ ਗ੍ਰਿਹਿ ਧੀਰਪੁਰ ਦਿੱਲੀ ੫੦੦
੧੬ ਚੇਤ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਸਿੰਘ ਦੇ ਗ੍ਰਿਹਿ ਧੀਰਪੁਰ ਦਿੱਲੀ ੫੦੧
੧੯ ਚੇਤ ਸ਼ਹਿਨਸ਼ਾਹੀ ਸੰਮਤ ੨ ਗੁਰਦਰਸ਼ਨ ਕੌਰ ਸੁਖਵੰਤ ਕੌਰ ਮਹੱਲਾ ਜੱਟਪੁਰਾ ਕਪੂਰਥਲਾ ੫੦੩
੧੯ ਚੇਤ ਸ਼ਹਿਨਸ਼ਾਹੀ ਸੰਮਤ ੨ ਗੁਰਬਚਨ ਸਿੰਘ ਦੇ ਗ੍ਰਿਹਿ ਅਹਿਮਦਪੁਰ ਕਪੂਰਥਲਾ ੫੦੪
੨੦ ਚੇਤ ਸ਼ਹਿਨਸ਼ਾਹੀ ਸੰਮਤ ੨ ਗੁਰਮੁਖ ਸਿੰਘ ਦੇ ਗ੍ਰਿਹਿ ਅਹਿਮਦਪੁਰ ਕਪੂਰਥਲਾ ੫੦੫
੨੦ ਚੇਤ ਸ਼ਹਿਨਸ਼ਾਹੀ ਸੰਮਤ ੨ ਫੁਮਣ ਸਿੰਘ ਦੇ ਗ੍ਰਿਹਿ ਅਹਿਮਦਪੁਰ ਕਪੂਰਥਲਾ ੫੦੬


8
੧੯

| | | | |
|---|---|---|---|
| ੨੦ ਚੇਤ ਸ਼ਹਿਨਸ਼ਾਹੀ ਸੰਮਤ ੨ ਗੁਰਬਚਨ ਕੌਰ ਦੇ ਗ੍ਰਿਹਿ | ਅਹਿਮਦਪੁਰ | ਕਪੂਰਥਲਾ | ੫੦੭ |
| ੨੦ ਚੇਤ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹਿ | ਅਹਿਮਦਪੁਰ | ਕਪੂਰਥਲਾ | ੫੦੮ |
| ੨੦ ਚੇਤ ਸ਼ਹਿਨਸ਼ਾਹੀ ਸੰਮਤ ੨ ਚਰਨ ਸਿੰਘ ਦੇ ਗ੍ਰਿਹਿ | ਅਹਿਮਦਪੁਰ | ਕਪੂਰਥਲਾ | ੫੦੯ |
| ੨੦ ਚੇਤ ਸ਼ਹਿਨਸ਼ਾਹੀ ਸੰਮਤ ੨ ਜੁਗਿੰਦਰ ਸਿੰਘ ਦੇ ਗ੍ਰਿਹਿ | ਅਹਿਮਦਪੁਰ | ਕਪੂਰਥਲਾ | ੫੧੦ |
| ੨੦ ਚੇਤ ਸ਼ਹਿਨਸ਼ਾਹੀ ਸੰਮਤ ੨ ਸੂਰਤ ਸਿੰਘ ਦੇ ਗ੍ਰਿਹਿ | ਡਾਲਾ | ਕਪੂਰਥਲਾ | ੫੧੧ |
| ੨੧ ਚੇਤ ਸ਼ਹਿਨਸ਼ਾਹੀ ਸੰਮਤ ੨ ਮੱਖਣ ਸਿੰਘ ਦੇ ਗ੍ਰਿਹਿ | ਬਾਊਪੁਰ | ਗੁਰਦਾਸ ਪੁਰ | ੫੧੩ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਗੰਢਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸ ਪੁਰ | ੫੧੬ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਕੌਰ ਦੇ ਗ੍ਰਿਹਿ | ਬਾਬੂਪੁਰ | ਗੁਰਦਾਸ ਪੁਰ | ੫੧੭ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਦਲੀਪ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸ ਪੁਰ | ੫੧੭ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਬਲਾਕਾ ਸਿੰਘ, ਆਸਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸ ਪੁਰ | ੫੧੮ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਪਿਆਰਾ ਸਿੰਘ ਦੇ ਗ੍ਰਿਹਿ | ਬਾਬੂ ਪੁਰ | ਗੁਰਦਾਸ ਪੁਰ | ੫੧੯ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਰਵੇਲ ਕੌਰ ਦੇ ਗ੍ਰਿਹਿ | ਬਾਬੂਪੁਰ | ਗੁਰਦਾਸ ਪੁਰ | ੫੨੦ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਹਜ਼ਾਰਾ ਸਿੰਘ ਦੇ ਗ੍ਰਿਹਿ | ਬਾਬੂ ਪੁਰ | ਗੁਰਦਾਸ ਪੁਰ | ੫੨੧ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਸੰਪੂਰਨ ਕੌਰ ਦੇ ਗ੍ਰਿਹਿ | ਬਾਬੂਪੁਰ | ਗੁਰਦਾਸ ਪੁਰ | ੫੨੩ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਕੌਰ ਦੇ ਗ੍ਰਿਹਿ | ਬਾਬੂਪੁਰ | ਗੁਰਦਾਸ ਪੁਰ | ੫੨੪ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਦੀਦਾਰ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸ ਪੁਰ | ੫੨੬ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਹਜ਼ਾਰਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸ ਪੁਰ | ੫੨੭ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਸੰਤ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸ ਪੁਰ | ੫੨੮ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਮੁਨਸ਼ਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸ ਪੁਰ | ੫੨੮ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਭਾਗ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸ ਪੁਰ | ੫੨੯ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਬਖ਼ਸ਼ੀਸ਼ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸ ਪੁਰ | ੫੩੦ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਹਜ਼ਾਰਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸ ਪੁਰ | ੫੩੧ |


9
੧੯




| | | | |
|---|---|---|---|
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ | ਬੀਬੀ ਵੀਰੋ ਦੇ ਘਰ | ਬਾਬੂਪੁਰ ਗੁਰਦਾਸ ਪੁਰ | ੫੩੩ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ | ਹਰਨਾਮ ਕੌਰ ਦੇ ਗ੍ਰਿਹਿ | ਬਾਬੂਪੁਰ ਗੁਰਦਾਸ ਪੁਰ | ੫੩੪ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ | ਵਿਰਸਾ ਸਿੰਘ ਦੇ ਗ੍ਰਿਹਿ | ਬਾਬੂਪੁਰ ਗੁਰਦਾਸ ਪੁਰ | ੫੩੪ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ | ਵਰਖਾ ਸਿੰਘ ਦੇ ਗ੍ਰਿਹਿ | ਬਾਬੂਪੁਰ ਗੁਰਦਾਸ ਪੁਰ | ੫੩੫ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ | ਮੁਨਸਾ ਸਿੰਘ, ਮੇਲਾ ਸਿੰਘ ਦੇ ਗ੍ਰਿਹਿ | ਬਾਬੂਪੁਰ ਗੁਰਦਾਸ ਪੁਰ | ੫੩੫ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੨ | ਬੀਬੀ ਸਵਰਨੀ ਦੇ ਗ੍ਰਿਹਿ | ਬਾਬੂਪੁਰ ਗੁਰਦਾਸ ਪੁਰ | ੫੩੬ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੨ | ਬੀਬੀ ਲਾਜੀ ਦੇ ਗ੍ਰਿਹਿ | ਅਲੁੜ ਪਿੰਡੀ ਗੁਰਦਾਸ ਪੁਰ | ੫੩੬ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੨ | ਬੀਬੀ ਬਿਸੀ ਦੇ ਗ੍ਰਿਹਿ | ਅੱਲੜ ਪਿੰਡੀ ਗੁਰਦਾਸ ਪੁਰ | ੫੩੭ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੨ | ਬੀਬੀ ਧਿਆਨੋ ਦੇ ਗ੍ਰਿਹਿ | ਅੱਲੜ ਪਿੰਡੀ ਗੁਰਦਾਸ ਪੁਰ | ੫੬੮ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੨ | ਅੱਛਰ ਸਿੰਘ ਦੇ ਗ੍ਰਿਹਿ | ਅੱਲੜ ਪਿੰਡੀ ਗੁਰਦਾਸ ਪੁਰ | ੫੩੯ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੨ | ਸਰੂਪ ਸਿੰਘ ਦੇ ਗ੍ਰਿਹਿ | ਅੱਲੜ ਪਿੰਡੀ ਗੁਰਦਾਸ ਪੁਰ | ੫੩੯ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੨ | ਸਾਂਝੀ ਰਾਮ ਦੇ ਗ੍ਰਿਹਿ | ਅੱਲੜ ਪਿੰਡੀ ਗੁਰਦਾਸ ਪੁਰ | ੫੪੦ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੨ | ਹਜ਼ਾਰਾ ਸਿੰਘ ਦੇ ਗ੍ਰਿਹਿ | ਅੱਲੜ ਪਿੰਡੀ ਗੁਰਦਾਸ ਪੁਰ | ੫੪੦ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੨ | ਗੰਡਾ ਸਿੰਘ ਦੇ ਗ੍ਰਿਹਿ | ਅੱਲੜ ਪਿੰਡੀ ਗੁਰਦਾਸ ਪੁਰ | ੫੪੧ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੨ | ਬੰਤਾ ਸਿੰਘ ਦੇ ਗ੍ਰਿਹਿ | ਅੱਲੜ ਪਿੰਡੀ ਗੁਰਦਾਸ ਪੁਰ | ੫੪੧ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੨ | ਗਿਆਨ ਚੰਦ ਦੇ ਗ੍ਰਿਹਿ | ਅੱਲੜ ਪਿੰਡੀ ਗੁਰਦਾਸ ਪੁਰ | ੫੪੧ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੨ | ਬੀਬੀ ਧੰਨੀ ਦੇ ਗ੍ਰਿਹਿ | ਅੱਲੜ ਪਿੰਡੀ ਗੁਰਦਾਸ ਪੁਰ | ੫੪੨ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੨ | ਬਾਵਾ ਰਾਮ ਦੇ ਗ੍ਰਿਹਿ | ਅੱਲੜ ਪਿੰਡੀ ਗੁਰਦਾਸ ਪੁਰ | ੫੪੨ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੨ | ਪੂਰਨ ਸਿੰਘ ਦੇ ਗ੍ਰਿਹਿ | ਅੱਲੜ ਪਿੰਡੀ ਗੁਰਦਾਸ ਪੁਰ | ੫੪੩ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੨ | ਬੀਬੀ ਚੰਨੋਂ ਦੇ ਗ੍ਰਿਹਿ | ਅੱਲੜ ਪਿੰਡੀ ਗੁਰਦਾਸ ਪੁਰ | ੫੪੩ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੨ | ਵਕੀਲ ਸਿੰਘ ਦੇ ਗ੍ਰਿਹਿ | ਅੱਲੜ ਪਿੰਡੀ ਗੁਰਦਾਸ ਪੁਰ | ੫੪੩ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੨ | ਬਚਨ ਸਿੰਘ ਦੇ ਗ੍ਰਿਹਿ | ਸਿਮਲ ਸਕੋਰ ਗੁਰਦਾਸ ਪੁਰ | ੫੪੪ |







10 ੧੯

| | | | | | | |
|---|---|---|---|---|---|---|
| ੨੩ ਚੇਤ | ਸ਼ਹਿਨਸ਼ਾਹੀ ਸੰਮਤ | ੨ | ਚਰਨ ਸਿੰਘ ਦੇ ਗ੍ਰਹਿ | ਕਠਿਆਲੀ | ਗੁਰਦਾਸ ਪੁਰ | ੫੪੫ |
| ੨੩ ਚੇਤ | ਸ਼ਹਿਨਸ਼ਾਹੀ ਸੰਮਤ | ੨ | ਬੀਬੀ ਬਚਨੀ ਦੇ ਗ੍ਰਹਿ | ਕਾਣਾ ਕੌਂਟਾ | ਗੁਰਦਾਸ ਪੁਰ | ੫੪੬ |
| ੨੩ ਚੇਤ | ਸ਼ਹਿਨਸ਼ਾਹੀ ਸੰਮਤ | ੨ | ਕਿਸ਼ਨ ਸਿੰਘ, ਬੀਬੀ ਪੂਰੋ ਦੇ ਗ੍ਰਹਿ | ਅੱਲੜ ਪਿੰਡੀ | ਗੁਰਦਾਸ ਪੁਰ | ੫੪੬ |
| ੨੪ ਚੇਤ | ਸ਼ਹਿਨਸ਼ਾਹੀ ਸੰਮਤ | ੨ | ਚਰਨ ਸਿੰਘ ਦੇ ਗ੍ਰਹਿ | ਅਨਤੋਰ | ਗੁਰਦਾਸ ਪੁਰ | ੫੪੮ |
| ੨੪ ਚੇਤ | ਸ਼ਹਿਨਸ਼ਾਹੀ ਸੰਮਤ | ੨ | ਬੀਬੀ ਛਿੰਦੋ ਦੇ ਗ੍ਰਹਿ | ਮਧੇ ਪੁਰ | ਗੁਰਦਾਸ ਪੁਰ | ੫੫੦ |
| ੨੪ ਚੇਤ | ਸ਼ਹਿਨਸ਼ਾਹੀ ਸੰਮਤ | ੨ | ਬੀਬੀ ਚੰਨੋ ਦੇ ਘਰ | ਖੁਸ਼ੀਪੁਰ | ਗੁਰਦਾਸ ਪੁਰ | ੫੫੧ |
| ੨੪ ਚੇਤ | ਸ਼ਹਿਨਸ਼ਾਹੀ ਸੰਮਤ | ੨ | ਬੀਬੀ ਕਰਤਾਰੀ ਦੇ ਗ੍ਰਹਿ | ਦੁਰਾਂਗਲਾ | ਗੁਰਦਾਸ ਪੁਰ | ੫੫੩ |
| ੨੪ ਚੇਤ | ਸ਼ਹਿਨਸ਼ਾਹੀ ਸੰਮਤ | ੨ | ਬੀਬੀ ਵੀਰੋ ਦੇ ਗ੍ਰਹਿ | ਦੁਰਾਂਗਲਾ | ਗੁਰਦਾਸ ਪੁਰ | ੫੫੪ |
| ੨੪ ਚੇਤ | ਸ਼ਹਿਨਸ਼ਾਹੀ ਸੰਮਤ | ੨ | ਬੂੜ ਸਿੰਘ ਦੇ ਗ੍ਰਹਿ | ਵਜ਼ੀਰਪੁਰ | ਗੁਰਦਾਸ ਪੁਰ | ੫੫੫ |
| ੨੪ ਚੇਤ | ਸ਼ਹਿਨਸ਼ਾਹੀ ਸੰਮਤ | ੨ | ਮਹਿੰਦਰ ਕੌਰ ਦੇ ਗ੍ਰਹਿ | ਵਜ਼ੀਰਪੁਰ | ਗੁਰਦਾਸ ਪੁਰ | ੫੫੬ |
| ੨੪ ਚੇਤ | ਸ਼ਹਿਨਸ਼ਾਹੀ ਸੰਮਤ | ੨ | ਸਲਵਿੰਦਰ ਕੌਰ ਦੇ ਗ੍ਰਹਿ | ਜੀਵਣ ਚਕ | ਗੁਰਦਾਸ ਪੁਰ | ੫੫੭ |
| ੨੪ ਚੇਤ | ਸ਼ਹਿਨਸ਼ਾਹੀ ਸੰਮਤ | ੨ | ਗੁਰਬਖ਼ਸ਼ ਸਿੰਘ ਦੇ ਗ੍ਰਹਿ | ਨਸ਼ੈਹਰਾ | ਗੁਰਦਾਸ ਪੁਰ | ੫੫੭ |
| ੨੪ ਚੇਤ | ਸ਼ਹਿਨਸ਼ਾਹੀ ਸੰਮਤ | ੨ | ਮੁਨਸ਼ਾ ਸਿੰਘ ਦੇ ਗ੍ਰਹਿ | ਓਗਰਾ | ਗੁਰਦਾਸ ਪੁਰ | ੫੫੮ |
| ੨੪ ਚੇਤ | ਸ਼ਹਿਨਸ਼ਾਹੀ ਸੰਮਤ | ੨ | ਤਰਲੋਕ ਸਿੰਘ ਦੇ ਗ੍ਰਹਿ | ਓਗਰਾ | ਗੁਰਦਾਸ ਪੁਰ | ੫੫੯ |
| ੨੪ ਚੇਤ | ਸ਼ਹਿਨਸ਼ਾਹੀ ਸੰਮਤ | ੨ | ਸਵਰਨ ਸਿੰਘ ਦੇ ਗ੍ਰਹਿ | ਓਗਰਾ | ਗੁਰਦਾਸ ਪੁਰ | ੫੬੦ |
| ੨੪ ਚੇਤ | ਸ਼ਹਿਨਸ਼ਾਹੀ ਸੰਮਤ | ੨ | ਦਿਆਲ ਸਿੰਘ ਦੇ ਗ੍ਰਹਿ | ਓਗਰਾ | ਗੁਰਦਾਸ ਪੁਰ | ੫੬੦ |
| ੨੫ ਚੇਤ | ਸ਼ਹਿਨਸ਼ਾਹੀ ਸੰਮਤ | ੨ | ਚੰਨਣ ਕੌਰ ਦੇ ਗ੍ਰਹਿ | ਓਗਰਾ | ਗੁਰਦਾਸ ਪੁਰ | ੫੬੧ |
| ੨੫ ਚੇਤ | ਸ਼ਹਿਨਸ਼ਾਹੀ ਸੰਮਤ | ੨ | ਅਤਰ ਸਿੰਘ ਦੇ ਗ੍ਰਹਿ | ਓਗਰਾ | ਗੁਰਦਾਸ ਪੁਰ | ੫੬੨ |
| ੨੫ ਚੇਤ | ਸ਼ਹਿਨਸ਼ਾਹੀ ਸੰਮਤ | ੨ | ਚਤਰ ਸਿੰਘ ਦੇ ਗ੍ਰਹਿ | ਓਗਰਾ | ਗੁਰਦਾਸ ਪੁਰ | ੫੬੨ |
| ੨੫ ਚੇਤ | ਸ਼ਹਿਨਸ਼ਾਹੀ ਸੰਮਤ | ੨ | ਉਜਾਗਰ ਸਿੰਘ ਦੇ ਗ੍ਰਹਿ | ਚੋਬੇ | ਗੁਰਦਾਸ ਪੁਰ | ੫੬੩ |
| ੨੫ ਚੇਤ | ਸ਼ਹਿਨਸ਼ਾਹੀ ਸੰਮਤ | ੨ | ਉਜਾਗਰ ਸਿੰਘ ਦੇ ਗ੍ਰਹਿ | ਮੱਮੀਆਂ | ਗੁਰਦਾਸ ਪੁਰ | ੫੬੪ |
| ੨੫ ਚੇਤ | ਸ਼ਹਿਨਸ਼ਾਹੀ ਸੰਮਤ | ੨ | ਲੱਖਾ ਸਿੰਘ ਦੇ ਗ੍ਰਹਿ | ਓਗਰਾ | ਗੁਰਦਾਸ ਪੁਰ | ੫੬੪ |


11
੧੯

| | | | |
|---|---|---|---|
| ੨੫ ਚੇਤ ਸ਼ਹਿਨਸ਼ਾਹੀ ਸੰਮਤ ੨ ਦੇਵਰਾਜ ਦੇ ਗ੍ਰਿਹਿ | ਭੀਮ ਪੁਰਾ | ਗੁਰਦਾਸ ਪੁਰ | ੫੬੫ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੨ ਲਾਲ ਸਿੰਘ ਦੇ ਗ੍ਰਿਹਿ | ਗੁਜਰਾਤ | ਗੁਰਦਾਸ ਪੁਰ | ੫੬੮ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੨ ਬੀਬੀ ਮਹੰਤੀ ਦੇ ਗ੍ਰਿਹਿ | ਗੁਜਰਾਤ | ਗੁਰਦਾਸਪੁਰ | ੫੬੮ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੨ ਕੌਸ਼ਲਿਆ ਦੇਵੀ ਦੇ ਗ੍ਰਿਹਿ | ਗੁਜਰਾਤ | ਗੁਰਦਾਸ ਪੁਰ | ੫੬੯ |
| ੨੫ ਚੇਤ ਸ਼ਹਿਨਸ਼ਾਹੀ ਸਮੰਤ ੨ ਕੰਸ ਰਾਜ ਦੇ ਗ੍ਰਿਹਿ | ਗੁਜਰਾਤ | ਗੁਰਦਾਸ ਪੁਰ | ੫੭੦ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੨ ਜੀਤ ਸਿੰਘ ਦੇ ਗ੍ਰਿਹਿ | ਕਤੋਵਾਲ | ਗੁਰਦਾਸ ਪੁਰ | ੫੭੧ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੨ ਗੁਰਚਰਨ ਸਿੰਘ ਦੇ ਗ੍ਰਿਹਿ | ਕਤੋਵਾਲ | ਗੁਰਦਾਸ ਪੁਰ | ੫੭੨ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੨ ਜਸਵੰਤ ਸਿੰਘ ਦੇ ਗ੍ਰਿਹਿ | ਨਵਾਂ | ਗੁਰਦਾਸ ਪੁਰ | ੫੭੪ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੨ ਬੀਬੀ ਗਿਆਨੋ ਦੇ ਗ੍ਰਿਹਿ | ਨਵਾਂ | ਗੁਰਦਾਸ ਪੁਰ | ੫੭੫ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੨ ਬੀਬੀ ਦੁਰਗੀ ਦੇ ਗ੍ਰਿਹਿ | ਨਵਾਂ | ਗੁਰਦਾਸ ਪੁਰ | ੫੭੫ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੨ ਤੇਜ ਕੌਰ ਦੇ ਗ੍ਰਿਹਿ | ਨਵਾਂ | ਗੁਰਦਾਸ ਪੁਰ | ੫੭੬ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੨ ਚਰਨ ਸਿੰਘ ਦੇ ਗ੍ਰਿਹਿ | ਨਵਾਂ | ਗੁਰਦਾਸ ਪੁਰ | ੫੭੭ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੨ ਤਾਰਾ ਸਿੰਘ ਦੇ ਗ੍ਰਿਹਿ | ਨਵਾ | ਗੁਰਦਾਸ ਪੁਰ | ੫੭੭ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਸਿੰਘ ਦੇ ਗ੍ਰਿਹਿ | ਨਇਆ ਸ਼ਾਲਾ | ਗੁਰਦਾਸ ਪੁਰ | ੫੭੮ |
| ਪਹਿਲੀ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੫੮੧ |
| ੨ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਹਰਚਰਨ ਸਿੰਘ ਦੇ ਗ੍ਰਿਹਿ | ਬਠਿੰਡਾ | | ੫੮੯ |
| ੪ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਮੈਹਿੰਗਾ ਸਿੰਘ ਦੇ ਗ੍ਰਿਹਿ | ਹਰੀ ਪੁਰ | ਜਲੰਧਰ | ੫੯੦ |
| ੫ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਪਰਗਟ ਸਿੰਘ ਦੇ ਗ੍ਰਿਹਿ ਹਰਿ ਭਗਤ ਦਵਾਰ ਧੀਰ ਪੁਰ ਦਿੱਲੀ | | | ੫੯੨ |
| ੫ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਰਤਨ ਸਿੰਘ ਨੂਰ ਪੁਰ ( ਜਲੰਧਰ) ਨਿਵਾਸੀ ਦੇ ਪਰਸ਼ਾਦ ਕਰਾਉਂਣ ਤੇ, ਹਰਿ ਭਗਤ ਦਵਾਰ | | ਦਿੱਲੀ | ੫੯੩ |
| ੬ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਤਰਲੋਕ ਸਿੰਘ ਸਨਾਮ ਨਿਵਾਸੀ ਦੇ ਪਰਸ਼ਾਦ ਕਰਾਉਣ ਤੇ, ਹਰਿ ਭਗਤ ਦਵਾਰ | | ਦਿੱਲੀ | ੫੯੫ |


12 ੧੯

| | | | |
|---|---|---|---|
| ੬ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਲਛਮਣ ਸਿੰਘ ਦੇ ਗ੍ਰਿਹਿ | ਹਰਿ ਭਗਤ ਦਵਾਰ ਦਿੱਲੀ | | ੫੯੬ |
| ੭ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਅਰਜਨ ਸਿੰਘ ਦੇ ਗ੍ਰਿਹਿ | ਬਲੋਚਪੁਰਾ | ਕਰਨਾਲ | ੫੯੭ |
| ੧੩ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੫੯੮ |
| ੨੧ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਇੰਦਰਜੀਤ ਸਿੰਘ, ਅਜਮੇਰ ਸਿੰਘ ਦੇ ਗ੍ਰਿਹਿ ਭਲਾਈ ਪੁਰ ਡੋਗਰਾ | | | ੬੦੦ |
| ੨੩ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਊਧਮ ਸਿੰਘ ਦੇ ਗ੍ਰਿਹਿ | ਜਲਾਲਾਬਾਦ | ਅੰਮ੍ਰਿਤਸਰ | ੬੦੨ |
| ਪਹਿਲੀ ਜੇਠ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੬੦੪ |
| ੨ ਜੇਠ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੬੧੫ |
| ੯ ਜੇਠ ਸ਼ਹਿਨਸ਼ਾਹੀ ਸੰਮਤ ੨ ਸੰਗਤ ਦੇ ਨਵਿਤ | ਬਾਬੂ ਪੁਰਾ | ਗੁਰਦਾਸ ਪੁਰ | ੬੧੮ |
| ੯ ਜੇਠ ਸ਼ਹਿਨਸ਼ਾਹੀ ਸੰਮਤ ੨ ਚੇਲਾ ਸਿੰਘ ਦੇ ਗ੍ਰਿਹਿ | ਵਜ਼ਾਰਡ ਰੋਡ | ਜੰਮੂ | ੬੨੦ |
| ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਅਮਰੋ ਦੇਵੀ ਦੇ ਗ੍ਰਿਹਿ | ਵਜਾਰਤ ਰੋਡ | ਜੰਮੂ | ੬੨੧ |
| ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਸਧਰੋ ਦੇਵੀ | ਦਵਾਣਾ | ਜੰਮੂ | ੬੨੩ |
| ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਕੇਸਰੀ ਦੇਵੀ | ਸਤਵਾਰੀ ਰੇਲਵੇ ਲਾਇਨ | ਜੰਮੂ | ੬੨੩ |
| ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਬੀਬੀ ਬੰਤੀ ਦੇਵੀ | ਵਜਾਰਤ ਰੋਡ | ਜੰਮੂ | ੬੨੪ |
| ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਅਮਰੋ ਦੇਵੀ | ਵਜਾਰਤ ਰੋਡ | ਜੰਮੂ | ੬੨੪ |
| ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਬਾਜ ਸਿੰਘ ਦੇ ਗ੍ਰਿਹਿ | ਮਟੂ | ਜੰਮੂ | ੬੨੫ |
| ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਪਰਕਾਸ਼ ਚੰਦ | ਵਜਾਰਤ ਰੋਡ | ਜੰਮੂ | ੬੨੬ |
| ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਬੀਬੀ ਰਾਮਕੌਰ ਦੇ ਗ੍ਰਿਹਿ | ਵਜਾਰਤ ਰੋਡ | ਜੰਮੂ | ੬੨੭ |
| ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਸੂਬੇਦਾਰ ਤੇਜ ਭਾਨ ਦੇ ਗ੍ਰਿਹਿ | ਸ਼ੇਖ਼ਸਰ | ਜੰਮੂ | ੬੨੯ |
| ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਰਾਜ ਸਿੰਘ ਦੇ ਗ੍ਰਿਹਿ (ਮਰ੍ਾਜ ਗੁਰਦਾਸ ਪੁਰ ਵਾਲਾ) | | ਜੰਮੂ | ੬੩੨ |
| ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਕੇਸਰ ਸਿੰਘ ਦੇ ਗ੍ਰਿਹਿ | ਝਮਾਂ | ਜੰਮੂ | ੬੩੩ |
| ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਜੀਵਣ ਸਿੰਘ ਦੇ ਗ੍ਰਿਹਿ | ਮੋਇਲ | ਜੰਮੂ | ੬੩੪ |
| ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਬਸੰਤੀ ਦੇਵੀ ਦੇ ਘਰ | ਅੰਬਾ ਰਾਏ | ਜੰਮੂ | ੬੩੪ |

| | | | |
|---|---|---|---|
| ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਈਸ਼ਰ ਸਿੰਘ ਕੇ ਗ੍ਰਹਿ | ਦੜ | ਜੰਮੂ | ੬੩੫ |
| ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਪਰਤਾਪ ਸਿੰਘ ਦੇ ਗ੍ਰਹਿ | ਦੜ | ਜੰਮੂ | ੬੩੬ |
| ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਪਰਕਾਸ਼ ਸਿੰਘ ਦੇ ਘਰ | ਦੜ | ਜੰਮੂ | ੬੩੭ |
| ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਝੰਡੂ ਰਾਮ ਦੇ ਗ੍ਰਹਿ | ਜਿਉੜੀਆਂ | ਜੰਮੂ | ੬੩੮ |
| ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਸ਼ਿਵ ਦੇ ਗ੍ਰਹਿ | ਜਿਉੜੀਆਂ | ਜੰਮੂ | ੬੩੯ |
| ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਭੋਲਾ ਰਾਮ ਦੇ ਗ੍ਰਹਿ | ਜਿਉੜੀਆਂ | ਜੰਮੂ | ੬੪੦ |
| ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਕਰਮੋ ਦੇਵੀ ਦੇ ਗ੍ਰਹਿ | ਕਰਨਗੇਲ | ਜੰਮੂ | ੬੪੦ |
| ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਬੀਬੀ ਲੀਲਾ ਦੇਵੀ | ਕਰ ਨਮਯਾਲ | ਜੰਮੂ | ੬੪੧ |
| ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਚੀਫ ਇੰਨਜੀਨਿਅਰ ਆਰ੦ ਐਲ੦ ਸ਼ਰਮਾ | ਕਰਨ ਨਗਰ | ਜੰਮੂ | ੬੪੨ |
| ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਪਦਮਨੀ ਦੇ ਗ੍ਰਹਿ | ਕਾਲੀ ਜਨੀ | ਜੰਮੂ | ੬੪੫ |
| ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਕਰਮ ਚੰਦ ਦੇ ਗ੍ਰਹਿ | ਜੰਮੂ | ਜੰਮੂ | ੬੪੬ |
| ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਲਾਲ ਚੰਦ ਦੇ ਘਰ | ਵਜਾਰਤ ਰੋਡ | ਜੰਮੂ | ੬੪੭ |
| ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਪਰਕਾਸ਼ੋ ਦੇਵੀ ਦੇ ਗ੍ਰਹਿ | ਜੰਮੂ | ਜੰਮੂ | ੬੪੮ |
| ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਸੇਵਾ ਸਿੰਘ ਦੇ ਗ੍ਰਹਿ | ਕਲੋਏ | ਜੰਮੂ | ੬੪੮ |
| ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਘਰ | ਕਲੋਏ | ਜੰਮੂ | ੬੫੧ |
| ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਰਣੀਆ ਰਾਮ ਦੇ ਘਰ | ਕਲੋਏ | ਜੰਮੂ | ੬੫੧ |
| ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਰਣੀਆ ਰਾਮ ਦੇ ਗ੍ਰਹਿ | ਬਦੀ ਪੁਰ | ਜੰਮੂ | ੬੫੨ |
| ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਚੰਨੋ ਦੇਵੀ ਦੇ ਗ੍ਰਹਿ | ਬਦੀ ਪੁਰ | ਜੰਮੂ | ੬੫੩ |
| ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਗੁਰਨਾਮ ਸਿੰਘ ਦੇ ਗ੍ਰਹਿ | ਸੀੜ | ਜੰਮੂ | ੬੫੪ |
| ੧੩ ਜੇਠ ਸ਼ਹਿਨਸ਼ਾਹੀ ਸੰਮਤ ੨ ਸਰਦਾਰਾ ਸਿੰਘ ਦੇ ਗ੍ਰਹਿ | ਸੀੜ | ਜੰਮੂ | ੬੫੬ |
| ੧੩ ਜੇਠ ਸ਼ਹਿਨਸ਼ਾਹੀ ਸੰਮਤ ੨ ਜੋਗਿੰਦਰ ਸਿੰਘ ਦੇ ਗ੍ਰਹਿ | ਸੀੜ | ਜੰਮੂ | ੬੫੭ |
| ੧੩ ਜੇਠ ਸ਼ਹਿਨਸ਼ਾਹੀ ਸੰਮਤ ੨ ਮਾਈ ਲਛਮੀ ਦੇ ਗ੍ਰਹਿ | ਸੀੜ | ਜੰਮੂ | ੬੫੮ |




| | | | | |
|---|---|---|---|---|
| ੧੩ ਜੇਠ ਸ਼ਹਿਨਸ਼ਾਹੀ ਸੰਮਤ ੨ | ਮਾਨ ਕੌਰ ਦੇ ਘਰ | ਸੀੜ | ਜੰਮੂ | ੬੫੯ |
| ੧੩ ਜੇਠ ਸ਼ਹਿਨਸ਼ਾਹੀ ਸੰਮਤ ੨ | ਮਾਇਆ ਦੇਵੀ ਦੇ ਗ੍ਰਹਿ | ਮਗੋਵਾਲੀ | ਜੰਮੂ | ੬੬੦ |
| ੧੩ ਜੇਠ ਸ਼ਹਿਨਸ਼ਾਹੀ ਸੰਮਤ ੨ | ਬੀਬੀ ਸ਼ਾਹਣੀ ਦੇ ਗ੍ਰਹਿ | ਚੱਕ ਮਾਜਰਾ | ਜੰਮੂ | ੬੬੨ |
| ੧੩ ਜੇਠ ਸ਼ਹਿਨਸ਼ਾਹੀ ਸੰਮਤ ੨ | ਪਰਕਾਸ਼ੋ ਦੇਵੀ ਦੇ ਗ੍ਰਹਿ | ਮਗੋਵਾਲੀ | ਜੰਮੂ | ੬੬੩ |
| ੧੩ ਜੇਠ ਸ਼ਹਿਨਸ਼ਾਹੀ ਸੰਮਤ ੨ | ਦੇਵੀ ਸਿੰਘ ਦੇ ਗ੍ਰਹਿ | ਮਗੋਵਾਲੀ | ਜੰਮੂ | ੬੬੪ |
| ੧੪ ਜੇਠ ਸ਼ਹਿਨਸ਼ਾਹੀ ਸੰਮਤ ੨ | ਹਰੀ ਸਿੰਘ ਦੇ ਗ੍ਰਹਿ | ਮਗੋਵਾਲੀ | ਜੰਮੂ | ੬੬੫ |
| ੧੪ ਜੇਠ ਸ਼ਹਿਨਸ਼ਾਹੀ ਸੰਮਤ ੨ | ਵਕੀਲ ਸਿੰਘ ਦੇ ਗ੍ਰਹਿ | ਹੰਸਾ | ਜੰਮੂ | ੬੬੭ |
| ੧੪ ਜੇਠ ਸ਼ਹਿਨਸ਼ਾਹੀ ਸੰਮਤ ੨ | ਦੌਲਤ ਰਾਮ ਦੇ ਗ੍ਰਹਿ | ਕੋਟਲੀ | ਜੰਮੂ | ੬੬੮ |
| ੧੪ ਜੇਠ ਸ਼ਹਿਨਸ਼ਾਹੀ ਸੰਮਤ ੨ | ਸੁੰਦਰ ਸਿੰਘ ਦੇ ਘਰ | ਮਗੋਵਾਲੀ | ਜੰਮੂ | ੬੭੧ |
| ੧੪ ਜੇਠ ਸ਼ਹਿਨਸ਼ਾਹੀ ਸੰਮਤ ੨ | ਨੰਤੀ ਦੇਵੀ ਦੇ ਗ੍ਰਹਿ | ਮਗੋਵਾਲੀ | ਜੰਮੂ | ੬੭੩ |
| ੧੪ ਜੇਠ ਸ਼ਹਿਨਸ਼ਾਹੀ ਸੰਮਤ ੨ | ਲੱਛਮੀ ਦੇਵੀ ਦੇ ਗ੍ਰਹਿ | ਮੂਸੇ ਚੱਕ | ਜੰਮੂ | ੬੭੩ |
| ੧੪ ਜੇਠ ਸ਼ਹਿਨਸ਼ਾਹੀ ਸੰਮਤ ੨ | ਪਰਕਾਸ਼ ਚੰਦ ਦੇ ਗ੍ਰਹਿ | ਮਗੋਵਾਲੀ | ਜੰਮੂ | ੬੭੪ |
| ੧੫ ਜੇਠ ਸ਼ਹਿਨਸ਼ਾਹੀ ਸੰਮਤ ੨ | ਸਰਦਾਰ ਚੰਦ ਦੇ ਗ੍ਰਹਿ | ਬਾਲੇਵਾਲ | ਜੰਮੂ | ੬੭੫ |
| ੧੫ ਜੇਠ ਸ਼ਹਿਨਸ਼ਾਹੀ ਸੰਮਤ ੨ | ਖਜਾਨ ਸਿੰਘ ਦੇ ਘਰ | ਰਣਬੀਰ ਸਿੰਘ ਪੁਰਾ | ਜੰਮੂ | ੬੭੬ |
| ੧੫ ਜੇਠ ਸ਼ਹਿਨਸ਼ਾਹੀ ਸੰਮਤ ੨ | ਜਸ ਕੌਰ ਦੇ ਗ੍ਰਹਿ | ਨਿਹਾਲ ਪੁਰ ਸਿੰਮਲ | ਜੰਮੂ | ੬੭੯ |
| ੧੫ ਜੇਠ ਸ਼ਹਿਨਸ਼ਾਹੀ ਸੰਮਤ ੨ | ਭਗਤ ਸਿੰਘ ਦੇ ਗ੍ਰਹਿ | ਕੀਰ | ਜੰਮੂ | ੬੮੨ |
| ੧੫ ਜੇਠ ਸ਼ਹਿਨਸ਼ਾਹੀ ਸੰਮਤ ੨ | ਸੇਵਾ ਸਿੰਘ ਦੇ ਗ੍ਰਹਿ | ਕੀਰ | ਜੰਮੂ | ੬੮੩ |
| ੧੫ ਜੇਠ ਸ਼ਹਿਨਸ਼ਾਹੀ ਸੰਮਤ ੨ | ਫਰੰਗੀ ਰਾਮ ਦੇ ਗ੍ਰਹਿ | ਝੰਡੇ ਝੱਜਰ ਕੋਟਲੀ ਕੈਂਪ | ਜੰਮੂ | ੬੮੫ |
| ੧੫ ਜੇਠ ਸ਼ਹਿਨਸ਼ਾਹੀ ਸੰਮਤ ੨ | ਪਰਕਾਸ਼ੋ ਦੇਵੀ ਦੇ ਗ੍ਰਹਿ | ਚੱਕ ਪੰਡਤ ਝਜਰ ਕੋਟਲੀ ਕੈਂਪ | ਜੰਮੂ | ੬੮੬ |
| ੧੬ ਜੇਠ ਸ਼ਹਿਨਸ਼ਾਹੀ ਸੰਮਤ ੨ | ਸਾਈਂ ਦਾਸ ਦੇ ਘਰ | ਝੰਡਾ ਕੈਂਪ ਝਜਰ ਕੋਟਲੀ | ਜੰਮੂ | ੬੮੭ |
| ੧੬ ਜੇਠ ਸ਼ਹਿਨਸ਼ਾਹੀ ਸੰਮਤ ੨ | ਪ੍ਰੇਮੀ ਦੇਵੀ ਦੇ ਗ੍ਰਹਿ | ਝੰਡਾ ਕੈਂਪ ਝਜਰ ਕੋਟਲੀ | ਜੰਮੂ | ੬੮੮ |
| ੧੬ ਜੇਠ ਸ਼ਹਿਨਸ਼ਾਹੀ ਸੰਮਤ ੨ | ਪ੍ਰੇਮੀ ਦੇਵੀ ਦੇ ਗ੍ਰਹਿ | ਝੰਡਾ ਕੈਂਪ ਝਜਰ ਕੋਟਲੀ | ਜੰਮੂ | ੬੮੯ |






| | | | | | | | |
|---|---|---|---|---|---|---|---|
| ੧੬ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਬੇਲਾ ਸਿੰਘ ਦੇ ਗ੍ਰਹਿ | ਧੰਗਾਲੀ ਕੈਂਪ ਝਜਰ ਕੋਟਲੀ | ਜੰਮੂ | ੬੯੦ |
| ੧੬ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਪ੍ਰੇਮ ਸਿੰਘ ਦੇ ਗ੍ਰਹਿ | ਸਰਦਾਰੀ ਕੈਂਪ ਮੁਅਤਲ | ਜੰਮੂ | ੬੯੧ |
| ੧੬ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਬੀਬੀ ਭਾਈਆਂ ਦੇਵੀ | ਧੀਗਾਂ ਵਾਲੀ ਕੈਂਪ ਝਜਰ ਕੋਟਲੀ | ਜੰਮੂ | ੬੯੨ |
| ੧੬ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਬੰਤੀ ਦੇਵੀ ਦੇ ਗ੍ਰਹਿ | ਛੰਬ ਝਜਰ ਕੋਟਲੀ ਕੈਂਪ | ਜੰਮੂ | ੬੯੩ |
| ੧੬ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਸ਼ਿਵੋ ਦੇਵੀ ਧੀਂਗਾ ਵਾਲੀ | ਝਜਰ ਕੋਟਲੀ | ਜੰਮੂ | ੬੯੪ |
| ੧੬ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਫਤੂ ਰਾਮ ਦੇ ਗ੍ਰਹਿ | ਅੰਬਾ ਰਾਏ | ਜੰਮੂ | ੬੯੪ |
| ੧੬ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਡੁਮਣ ਸਿੰਘ ਦੇ ਗ੍ਰਹਿ | ਛੰਬ ਕੈਂਪ ਮਨਵਾਲ | ਜੰਮੂ | ੬੯੫ |
| ੧੬ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਬਿਸ਼ਨ ਸਿੰਘ ਦੇ ਗ੍ਰਹਿ | ਧੀਂਗਾ ਵਾਲੀ ਮਨਵਾਲ ਕੈਂਪ | ਜੰਮੂ | ੬੯੭ |
| ੧੬ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਇੰਦਰੋ ਦੇਵੀ ਦੇ ਗ੍ਰਹਿ | ਧੀਂਗਾ ਵਾਲੀ ਕੈਂਪ ਮਨਵਾਲ | ਜੰਮੂ | ੭੦੦ |
| ੧੬ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਸ਼ਾਹਣੀ ਦੇਵੀ ਦੇ ਗ੍ਰਹਿ | ਛੰਬ ਕੈਂਪ ਮਨਵਾਲ | ਜੰਮੂ | ੭੦੦ |
| ੧੬ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਇੰਦਰੋ ਦੇਵੀ ਦੇ ਗ੍ਰਹਿ | ਨਗਿਆਲ ਮਨਵਾਲ ਕੈਂਪ | ਜੰਮੂ | ੭੦੧ |
| ੧੬ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਲਛਮੀ ਦੇਵੀ ਦੇ ਗ੍ਰਹਿ | ਨਗਿਆਲ ਕੈਂਪ ਮਨਵਾਲ | ਜੰਮੂ | ੭੦੨ |
| ੧੬ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਕਰਮ ਸਿੰਘ ਦੇ ਗ੍ਰਹਿ | ਧੀਂਗਾ ਵਾਲੀ ਕੈਂਪ ਮਨਵਾਲ | ਜੰਮੂ | ੭੦੩ |
| ੧੬ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਮੰਗਲ ਸਿੰਘ ਦੇ ਗ੍ਰਹਿ | ਧੀਂਗਾ ਵਾਲੀ ਕੈਂਪ ਮਨਵਾਲ | ਜੰਮੂ | ੭੦੪ |
| ੧੬ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਮੇਲਾ ਰਾਮ ਦੇ ਗ੍ਰਹਿ | ਧੀਂਗਾ ਵਾਲੀ ਕੈਂਪ ਮਨਵਾਲ | ਜੰਮੂ | ੭੦੪ |
| ੧੬ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਪੂਰਨ ਸਿੰਘ ਦੇ ਗ੍ਰਹਿ | ਧੀਂਗਾ ਵਾਲੀ ਕੈਂਪ ਮਨਵਾਲ | ਜੰਮੂ | ੭੦੫ |
| ੧੬ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਰਾਜਾ ਸਿੰਘ ਦੇ ਗ੍ਰਹਿ | ਧੀਂਗਾ ਵਾਲੀ ਕੈਂਪ ਮਨਵਾਲ | ਜੰਮੂ | ੭੦੬ |
| ੧੭ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਧਰਮੋ ਦੇਵੀ ਦੇ ਗ੍ਰਹਿ | ਧੰਗਾਲੀ ਕੈਂਪ ਮਨਵਾਲ | ਜੰਮੂ | ੭੦੬ |
| ੧੭ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਮਹਿੰਦਰ ਕੌਰ ਦੇ ਗ੍ਰਹਿ | ਕੈਂਪ ਮਨਵਾਲ | ਜੰਮੂ | ੭੦੭ |
| ੧੭ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਪਿਆਰੀ ਦੇਵੀ ਦੇ ਗ੍ਰਹਿ | ਖੈਰੋਵਾਲ ਮਨਵਾਲ ਕੈਂਪ | ਜੰਮੂ | ੭੦੮ |
| ੧੭ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਕ੍ਰਿਸ਼ਨਾ ਦੇਵੀ ਦੇ ਗ੍ਰਹਿ | ਖੈਰੋਵਾਲ ਕੈਂਪ ਮਨਵਾਲ | ਜੰਮੂ | ੭੦੮ |
| ੧੭ | ਜੇਠ | ਸ਼ਹਿਨਸ਼ਾਹੀ ਸੰਮਤ | ੨ | ਰਸਾਲ ਸਿੰਘ ਦੇ ਗ੍ਰਹਿ | ਮਨਾਵਰ ਕੈਂਪ ਮਨਵਾਲ | ਜੰਮੂ | ੭੦੯ |

16
੧੬

| | | | |
|---|---|---|---|
| ੧੭ ਜੇਠ ਸ਼ਹਿਨਸ਼ਾਹੀ ਸੰਮਤ ੨ | ਰਵੇਲਾ ਰਾਮ ਦੇ ਗ੍ਰਹਿ ਸਰਦਾਰੀ ਕੈਂਪ ਮਨਵਾਲ | ਜੰਮੂ | ੭੦੯ |
| ੧੭ ਜੇਠ ਸ਼ਹਿਨਸ਼ਾਹੀ ਸੰਮਤ ੨ | ਬਚਨ ਸਿੰਘ ਤੂਤਾਂ ਵਾਲੇ ਦੇ ਗ੍ਰਹਿ ਕੈਂਪ ਮਨਵਾਲ | ਜੰਮੂ | ੭੧੦ |
| ੧੭ ਜੇਠ ਸ਼ਹਿਨਸ਼ਾਹੀ ਸੰਮਤ ੨ | ਦੇਸ ਰਾਜ ਦੇ ਗ੍ਰਹਿ ਕੈਂਪ ਮਨਵਾਲ | ਜੰਮੂ | ੭੧੧ |
| ੧੭ ਜੇਠ ਸ਼ਹਿਨਸ਼ਾਹੀ ਸੰਮਤ ੨ | ਧਰਮੋ ਦੇਵੀ ਧੀਂਗਾ ਵਾਲੀ ਕੈਂਪ ਮਨਵਾਲ | ਜੰਮੂ | ੭੧੨ |
| ੧੭ ਜੇਠ ਸ਼ਹਿਨਸ਼ਾਹੀ ਸੰਮਤ ੨ | ਰਾਜੋ ਦੇਵੀ ਦੇ ਗ੍ਰਹਿ ਧੀਂਗਾ ਵਾਲੀ ਕੈਂਪ ਮਨਵਾਲ | ਜੰਮੂ | ੭੧੩ |
| ੧੭ ਜੇਠ ਸ਼ਹਿਨਸ਼ਾਹੀ ਸੰਮਤ ੨ | ਗੁਰੋ ਦੇ ਗ੍ਰਹਿ ਝੰਡਾ ਕੈਂਪ ਮਨਵਾਲ | ਜੰਮੂ | ੭੧੩ |
| ੧੭ ਜੇਠ ਸ਼ਹਿਨਸ਼ਾਹੀ ਸੰਮਤ ੨ | ਪ੍ਰੇਮਾ ਦੇਵੀ ਦੇ ਗ੍ਰਹਿ ਧੀਂਗਾ ਵਾਲੀ ਕੈਂਪ ਮਨਵਾਲ | ਜੰਮੂ | ੭੧੪ |
| ੧੭ ਜੇਠ ਸ਼ਹਿਨਸ਼ਾਹੀ ਸੰਮਤ ੨ | ਚੂੜ ਸਿੰਘ ਦੇ ਗ੍ਰਹਿ ਧੀਂਗਾ ਵਾਲੀ ਕੈਂਪ ਮਨਵਾਲ | ਜੰਮੂ | ੭੧੫ |
| ੧੭ ਜੇਠ ਸ਼ਹਿਨਸ਼ਾਹੀ ਸੰਮਤ ੨ | ਸੇਵਾ ਰਾਮ ਦੇ ਗ੍ਰਹਿ ਚੱਕ ਪੰਡਤ ਕੈਂਪ ਮਨਵਾਲ | ਜੰਮੂ | ੭੧੬ |
| ੧੭ ਜੇਠ ਸ਼ਹਿਨਸ਼ਾਹੀ ਸੰਮਤ ੨ | ਧਰਮੋ ਦੇਵੀ ਦੇ ਗ੍ਰਹਿ ਖੈਰੋਵਾਲ ਮਨਵਾਲ ਕੈਂਪ | ਜੰਮੂ | ੭੧੬ |
| ੧੭ ਜੇਠ ਸ਼ਹਿਨਸ਼ਾਹੀ ਸੰਮਤ ੨ | ਦੇਵਾ ਸਿੰਘ ਦੇ ਗ੍ਰਹਿ ਧੀਂਗਾ ਵਾਲੀ ਕੈਂਪ ਮਾਨਸਰ | ਜੰਮੂ | ੭੧੭ |
| ੧੭ ਜੇਠ ਸ਼ਹਿਨਸ਼ਾਹੀ ਸੰਮਤ ੨ | ਲਾਲ ਚੰਦ ਦੇ ਗ੍ਰਹਿ ਮੋਇਲ ਕੈਂਪ ਮਾਨਸਰ | ਜੰਮੂ | ੭੧੭ |
| ੧੭ ਜੇਠ ਸ਼ਹਿਨਸ਼ਾਹੀ ਸੰਮਤ ੨ | ਸੇਵਾ ਸਿੰਘ ਦੇ ਗ੍ਰਹਿ ਧੀਂਗਾ ਵਾਲੀ ਕੈਂਪ ਮਾਨਸਰ | ਜੰਮੂ | ੭੧੮ |
| ੧੮ ਜੇਠ ਸ਼ਹਿਨਸ਼ਾਹੀ ਸੰਮਤ ੨ | ਮਹਿੰਗਾ ਰਾਮ ਦੇ ਗ੍ਰਹਿ ਧੀਂਗਾ ਵਾਲੀ ਕੈਂਪ ਮਾਨਸਰ | ਜੰਮੂ | ੭੧੮ |
| ੧੮ ਜੇਠ ਸ਼ਹਿਨਸ਼ਾਹੀ ਸੰਮਤ ੨ | ਸੰਤੋ ਦੇਵੀ ਦੇ ਗ੍ਰਹਿ ਧੀਂਗਾ ਵਾਲੀ ਕੈਂਪ ਮਾਨਸਰ | ਜੰਮੂ | ੭੧੯ |
| ੧੮ ਜੇਠ ਸ਼ਹਿਨਸ਼ਾਹੀ ਸੰਮਤ ੨ | ਪਰਕਾਸ਼ੋ ਦੇਵੀ ਦੇ ਗ੍ਰਹਿ ਨਗਿਆਲ ਕੈਂਪ ਮਾਨਸਰ | ਜੰਮੂ | ੭੨੦ |
| ੧੮ ਜੇਠ ਸ਼ਹਿਨਸ਼ਾਹੀ ਸੰਮਤ ੨ | ਗੁਰਦਿਤ ਸਿੰਘ ਦੇ ਗ੍ਰਹਿ ਛੰਬ ਖੂਣ ਕੈਂਪ | ਜੰਮੂ | ੭੨੧ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ | ਸੰਸਾਰ ਸਿੰਘ ਦੇ ਗ੍ਰਹਿ ਛੰਬ ਕੈਂਪ ਖੂਣ | ਜੰਮੂ | ੭੨੨ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ | ਖੇਮੋ ਦੇਵੀ ਦੇ ਗ੍ਰਹਿ ਧੀਂਗਾ ਵਾਲੀ ਕੈਂਪ ਖੂਣ | ਜੰਮੂ | ੭੨੩ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ | ਸ਼ੰਕਰ ਦਾਸ ਦੇ ਗ੍ਰਹਿ ਮਲਕ ਖੂਣ ਕੈਂਪ | ਜੰਮੂ | ੭੨੩ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ | ਪੂਰਨ ਚੰਦ ਦੇ ਗ੍ਰਹਿ ਮਲਕ ਖੂਣ ਕੈਂਪ | ਜੰਮੂ | ੭੨੪ |
| ੧੮ ਜੇਠ ਸ਼ਹਿਨਸ਼ਾਹੀ ਸੰਮਤ ੨ | ਅੰਗਰੇਜ਼ ਸਿੰਘ ਦੇ ਗ੍ਰਹਿ ਧੀਂਗਾ ਵਾਲੀ ਕੈਂਪ ਖੂਣ | ਜੰਮੂ | ੭੨੫ |


17
੧੯

| | | | |
|---|---|---|---|
| ੧੮ ਜੇਠ ਸ਼ਹਿਨਸ਼ਾਹੀ ਸੰਮਤ ੨ ਲਛਮਣ ਸਿੰਘ ਦੇ ਗ੍ਰਿਹਿ | ਧੀਂਗਾ ਵਾਲੀ ਖੂਣ ਕੈਂਪ | ਜੰਮੂ | ੭੨੬ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਵਜੀਰੋ ਦੇਵੀ ਦੇ ਗ੍ਰਿਹਿ | ਧੀਂਗਾ ਵਾਲੀ ਖੂਣ ਕੈਂਪ | ਜੰਮੂ | ੭੨੭ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਚਰਨ ਜੀਤ ਸਿੰਘ ਦੇ ਗ੍ਰਿਹਿ | ਧੀਂਗਾ ਵਾਲੀ ਖੂਣ ਕੈਂਪ | ਜੰਮੂ | ੭੨੮ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਦੇਵਾ ਸਿੰਘ ਦੇ ਗ੍ਰਿਹਿ | ਧੀਂਗਾ ਵਾਲੀ ਖੂਣ ਕੈਂਪ | ਜੰਮੂ | ੭੨੮ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਕੁਲਵੰਤ ਸਿੰਘ | ਧੀਂਗਾ ਵਾਲੀ ਖੂਣ ਕੈਂਪ | ਜੰਮੂ | ੭੨੯ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਬਚਨ ਸਿੰਘ ਦੇ ਗ੍ਰਿਹਿ | ਧੀਂਗਾ ਵਾਲੀ ਖੂਣ ਕੈਂਪ | ਜੰਮੂ | ੭੩੧ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਸਰਦਾਰ ਸਿੰਘ | ਸਰਦਾਰੀ ਖੂਣ ਕੈਂਪ | ਜੰਮੂ | ੭੩੨ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਰਾਮ ਲਾਲ ਦੇ ਗ੍ਰਿਹਿ | ਸਰਦਾਰੀ ਕੈਂਪ ਖੂਣ | ਜੰਮੂ | ੭੩੩ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਪ੍ਰੇਮੋ ਦੇਵੀ | ਖੈਰੋਵਾਲ ਕੈਂਪ ਖੂਣ | ਜੰਮੂ | ੭੩੪ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਸ਼ਿਵੋ ਦੇਵੀ | ਬਾਲੇ ਵਾਲ ਕੈਂਪ ਖੂਣ | ਜੰਮੂ | ੭੩੪ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਨਾਨਕ ਚੰਦ ਦੇ ਗ੍ਰਿਹਿ | ਸਰਦਾਰੀ ਕੈਂਪ ਖੂਣ | ਜੰਮੂ | ੭੩੫ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਖੋਜੂ ਰਾਮ ਦੇ ਗ੍ਰਿਹਿ | ਖੈਰੋਵਾਲ ਖੂਣ ਕੈਂਪ | ਜੰਮੂ | ੭੩੬ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਗਿਆਨ ਚੰਦ ਦੇ ਗ੍ਰਿਹਿ | ਖੈਰੋਵਾਲ ਖੂਣ ਕੈਂਪ | ਜੰਮੂ | ੭੩੬ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਰੋਲੂ ਰਾਮ ਦੇ ਗ੍ਰਿਹਿ | ਖੈਰੋਵਾਲ ਕੈਂਪ ਖੂਣ | ਜੰਮੂ | ੭੩੭ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਗਿਆਨ ਚੰਦ ਦੇ ਗ੍ਰਿਹਿ | ਤੂਤਾਂ ਵਾਲੀ ਕੈਂਪ ਖੂਣ | ਜੰਮੂ | ੭੩੮ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਬੇਲੂ ਰਾਮ ਦੇ ਗ੍ਰਿਹਿ | ਸਰਦਾਰੀ ਕੈਂਪ ਖੂਣ | ਜੰਮੂ | ੭੩੯ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਗੁਰਾ ਰਾਮ ਦੇ ਗ੍ਰਿਹਿ | ਸਰਦਾਰੀ ਕੈਂਪ ਖੂਣ | ਜੰਮੂ | ੭੪੦ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਭਾਗ ਸਿੰਘ ਦੇ ਗ੍ਰਿਹਿ | ਮਲੇਕ ਖੂਣ ਕੈਂਪ | ਜੰਮੂ | ੭੪੦ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਵਕੀਲ ਸਿੰਘ ਦੇ ਗ੍ਰਿਹਿ | ਧੀਂਗਾ ਵਾਲੀ ਕੈਂਪ ਖੂਣ | ਜੰਮੂ | ੭੪੧ |
| ੨੦ ਜੇਠ ਸ਼ਹਿਨਸ਼ਾਹੀ ਸੰਮਤ ੨ ਸ਼ਿਵ ਸਿੰਘ ਦੇ ਗ੍ਰਿਹਿ | ਸ਼ੇਖਸਰ ਕੈਂਪ ਖੂਣ | ਜੰਮੂ | ੭੪੨ |
| ੨੦ ਜੇਠ ਸ਼ਹਿਨਸ਼ਾਹੀ ਸੰਮਤ ੨ ਬਸੋ ਦੇਵੀ ਦੇ ਗ੍ਰਿਹਿ | ਸਰਦਾਰੀ ਕੈਂਪ ਖੂਣ | ਜੰਮੂ | ੭੪੩ |
| ੨੦ ਜੇਠ ਸ਼ਹਿਨਸ਼ਾਹੀ ਸੰਮਤ ੨ ਸਧਰੋ ਦੇਵੀ ਦੇ ਗ੍ਰਿਹਿ | ਧੀਂਗਾ ਵਾਲੀ ਕੈਂਪ ਖੂਣ | ਜੰਮੂ | ੭੪੩ |

| | | | | | | | | |
|---|---|---|---|---|---|---|---|---|
| ੨੦ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਗੁੜ੍ਹਾ ਰਾਮ ਦੇ ਗ੍ਰਹਿ | ਸ਼ੇਖ਼ਸਰ ਕੈਂਪ ਖ਼ੂਣ | ਜੰਮੂ | ੭੪੪ |
| ੨੦ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਇੰਦਰ ਸਿੰਘ ਦੇ ਗ੍ਰਹਿ | ਧੀਂਗਾ ਵਾਲੀ ਕੈਂਪ ਖ਼ੂਣ | ਜੰਮੂ | ੭੪੫ |
| ੨੦ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਬਾਬੂ ਰਾਮ ਦੇ ਗ੍ਰਹਿ | ਧੀਂਗਾ ਵਾਲੀ ਕੈਂਪ ਖ਼ੂਣ | ਜੰਮੂ | ੭੪੭ |
| ੨੦ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਕਰਮੋ ਦੇਵੀ ਦੇ ਗ੍ਰਹਿ | ਧੀਂਗਾ ਵਾਲੀ ਕੈਂਪ ਖ਼ੂਣ | ਜੰਮੂ | ੭੪੮ |
| ੨੦ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਰਾਮ ਸਿੰਘ ਦੇ ਗ੍ਰਹਿ | ਧੀਂਗਾ ਵਾਲੀ ਕੈਂਪ ਖ਼ੂਣ | ਜੰਮੂ | ੭੪੯ |
| ੨੦ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਹੰਸਰਾਜ ਦੇ ਗ੍ਰਹਿ | ਬਾਲੇਵਾਲ ਖ਼ੂਣ ਕੈਂਪ | ਜੰਮੂ | ੭੫੦ |
| ੨੦ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਵਰਿਆਮ ਸਿੰਘ ਦੇ ਗ੍ਰਹਿ | ਮਲਿਕ ਕੈਂਪ ਖ਼ੂਣ | ਜੰਮੂ | ੭੫੧ |
| ੨੦ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਧਰਮੋ ਦੇਵੀ | ਛੰਬ ਕੈਂਪ ਖ਼ੂਣ | ਜੰਮੂ | ੭੫੨ |
| ੨੦ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਕਿਰਪਾਲ ਸਿੰਘ ਤੂਤਾਂ ਵਾਲੇ ਦੇ ਗ੍ਰਹਿ | ਕੈਂਪ ਖ਼ੂਣ | ਜੰਮੂ | ੭੫੨ |
| ੨੧ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਰਾਮ ਚੰਦ ਦੇ ਗ੍ਰਹਿ | ਦੇਵਾ ਕੈਂਪ ਖ਼ੂਣ | ਜੰਮੂ | ੭੫੩ |
| ੨੧ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਇੰਦਰੋ ਦੇਵੀ ਗ੍ਰਹਿ | ਦਿਉੜੇ ਕੈਂਪ ਮਨਵਾਲ | ਜੰਮੂ | ੭੫੪ |
| ੨੧ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਭਾਈਆ ਦੇਵੀ | ਮੋਇਲ ਕੈਂਪ ਮਾਨਸਰ | ਜੰਮੂ | ੭੫੫ |
| ੨੧ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਸੋਭਾ ਸਿੰਘ ਦੇ ਗ੍ਰਹਿ | ਮੋਇਲ ਕੈਂਪ ਰਾਮ ਕੋਟ | ਜੰਮੂ | ੭੫੫ |
| ੨੧ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਹਰਨਾਮੋ ਦੇਵੀ ਦੇ ਗ੍ਰਹਿ | ਮੋਇਲ ਕੈਂਪ ਰਾਮ ਕੋਟ | ਜੰਮੂ | ੭੫੭ |
| ੨੧ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਜੀਤ ਕੌਰ | ਧੀਂਗਾ ਵਾਲੀ ਕੈਂਪ ਰਾਮ ਕੋਟ | ਜੰਮੂ | ੭੫੮ |
| ੨੧ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਢੇਰੂ ਰਾਮ ਦੇ ਗ੍ਰਹਿ | ਮਨਾਵਰ ਕੈਂਪ ਰਾਮ ਕੋਟ | ਜੰਮੂ | ੭੫੯ |
| ੨੧ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਬੀਬੀ ਸੰਤੋ ਦੇਵੀ ਦੇ ਗ੍ਰਹਿ | ਨਵਾਂ ਚਕ ਕੈਂਪ ਰਾਮ ਕੋਟ | ਜੰਮੂ | ੭੫੯ |
| ੨੧ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਭੋਲਾ ਰਾਮ ਦੇ ਗ੍ਰਹਿ | ਸਰਦਾਰੀ ਕੈਂਪ ਰਾਮ ਕੋਟ | ਜੰਮੂ | ੭੬੦ |
| ੨੧ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਮਲੂਕਾ ਰਾਮ ਦੇ ਗ੍ਰਹਿ | ਦੇਵਾ ਕੈਂਪ ਰਾਮ ਕੋਟ | ਜੰਮੂ | ੭੬੦ |
| ੨੧ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਬਲਵੰਤ ਕੌਰ ਦੇ ਗ੍ਰਹਿ | ਛੰਬ ਕੈਂਪ ਰਾਮ ਕੋਟ | ਜੰਮੂ | ੭੬੧ |
| ੨੧ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਧਰਮ ਚੰਦ ਦੇ ਗ੍ਰਹਿ | ਛੰਬ ਕੈਂਪ ਰਾਮ ਕੋਟ | ਜੰਮੂ | ੭੬੨ |
| ੨੧ | ਜੇਠ | ਸ਼ਹਿਨਸ਼ਾਹੀ | ਸੰਮਤ | ੨ | ਧੰਨਾ ਰਾਮ ਦੇ ਗ੍ਰਹਿ | ਅੰਬਾ ਰਾਏ ਕੈਂਪ ਰਾਮ ਕੋਟ | ਜੰਮੂ | ੭੬੨ |


19
੧੯

| | | | |
|---|---|---|---|
| ੨੧ ਜੇਠ ਸ਼ਹਿਨਸ਼ਾਹੀ ਸੰਮਤ ੨ ਨੰਦੂ ਦੇ ਗ੍ਰਿਹਿ | ਸਰਦਾਰੀ ਕੈਂਪ ਛਲੇ | ਜੰਮੂ | ੭੬੩ |
| ੨੨ ਜੇਠ ਸ਼ਹਿਨਸ਼ਾਹੀ ਸੰਮਤ ੨ ਵੀਰੋ ਦੇਵੀ | ਧੀਂਗਾ ਵਾਲੀ ਕੈਂਪ ਛਲੇ | ਜੰਮੂ | ੭੬੪ |
| ੨੨ ਜੇਠ ਸ਼ਹਿਨਸ਼ਾਹੀ ਸੰਮਤ ੨ ਧੰਨਾ ਸਿੰਘ ਦੇ ਘਰ | ਖੇਰੋਵਾਲ ਕੈਂਪ ਛਲੇ | ਜੰਮੂ | ੭੬੪ |
| ੨੨ ਜੇਠ ਸ਼ਹਿਨਸ਼ਾਹੀ ਸੰਮਤ ੨ ਬੁਢੋ ਦੇਵੀ ਦੇ ਘਰ | ਕੈਂਪ ਛਲੇ | ਜੰਮੂ | ੭੬੫ |
| ਪਹਿਲੀ ਹਾੜ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ | | ਅੰਮ੍ਰਿਤਸਰ | ੭੬੫ |
| ੧੧ ਹਾੜ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੭੦ |
| ੧੩ ਹਾੜ ਸ਼ਹਿਨਸ਼ਾਹੀ ਸੰਮਤ ੨ ਠਾਕਰ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੭੭੬ |
| ੧੪ ਹਾੜ ਸ਼ਹਿਨਸ਼ਾਹੀ ਸੰਮਤ ੨ ਅਮੀਰ ਚੰਦ ਗੁਲਾਟੀ ਦੇ ਗ੍ਰਿਹਿ ਜੇਠੂਵਾਲ | | ਅੰਮ੍ਰਿਤਸਰ | ੭੭੭ |
| ੧੫ ਹਾੜ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ ਜੰਮੂ ਸੰਗਤ ਦੀ ਆਮਦ ਵਿਚ | | ੭੭੮ |
| ੧੫ ਹਾੜ ਸ਼ਹਿਨਸ਼ਾਹੀ ਸੰਮਤ ੨ ਬੀਬੀ ਪਿਆਰੋ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੭੭੯ |
| ੧੭ ਹਾੜ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੭੯ |
| ੧੮ ਹਾੜ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੮੦੦ |
| ਸਾਢੇ ਨੌਂ ਵੱਜੇ ਦਾ ਵਿਹਾਰ ਅਠਾਰਾਂ ਹਾੜ | | ਅੰਮ੍ਰਿਤਸਰ | ੮੧੯ |
| ੧੯ ਹਾੜ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੮੨੮ |
| ੨੩ ਹਾੜ ਸ਼ਹਿਨਸ਼ਾਹੀ ਸੰਮਤ ੨ ਊਧਮ ਸਿੰਘ ਦੇ ਗ੍ਰਿਹਿ | ਜਲਾਲਾਬਾਦ | ਅੰਮ੍ਰਿਤਸਰ | ੮੩੦ |
| ੨੪ ਹਾੜ ਸ਼ਹਿਨਸ਼ਾਹੀ ਸੰਮਤ ੨ ਊਧਮ ਸਿੰਘ ਦੇ ਗ੍ਰਿਹਿ | ਜਲਾਲਾਬਾਦ | ਅੰਮ੍ਰਿਤਸਰ | ੮੪੨ |
| ਪਹਿਲੀ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੮੪੭ |
| ੨ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹਿ | ਬਟਾਲਾ | ਗੁਰਦਾਸ ਪੁਰ | ੮੫੯ |
| ੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਿਹਿ | ਨਜ਼ਾਮ ਪੁਰਾ | ਅੰਮ੍ਰਿਤਸਰ | ੮੬੦ |
| ੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਚੰਦ ਸਿੰਘ ਦੇ ਗ੍ਰਿਹਿ | ਨਜ਼ਾਮ ਪੁਰਾ | ਅੰਮ੍ਰਿਤਸਰ | ੮੬੪ |
| ੩ ਸਾਵਣ ਸ਼ੀਹਨਸ਼ਾਹੀ ਸੰਮਤ ੨ ਬੀਬੀ ਧਨਤੋ ਦੇ ਗ੍ਰਿਹਿ | ਨਜ਼ਾਮ ਪੁਰ | ਅੰਮ੍ਰਿਤਸਰ | ੮੬੪ |
| ੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਇਕਬਾਲ ਸਿੰਘ ਦੇ ਗ੍ਰਿਹਿ | ਨਜ਼ਾਮ ਪੁਰਾ | ਅੰਮ੍ਰਿਤਸਰ | ੮੬੫ |

| | | | | | | |
|---|---|---|---|---|---|---|
| ੩ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਹਰਭਜਨ ਸਿੰਘ, ਗੁਰਬਖਸ ਸਿੰਘ, ਗੁਰਦਿਆਲ ਸਿੰਘ ਦੇ ਗ੍ਰਿਹਿ | ਮੈਣੀਆਂ | ਅੰਮ੍ਰਿਤਸਰ | ੮੬੫ |
| ੩ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਵਰਿਆਮ ਸਿੰਘ ਦੇ ਗ੍ਰਿਹਿ | ਤਲਵੰਡੀ | ਅੰਮ੍ਰਿਤਸਰ | ੮੬੭ |
| ੩ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਅਮਰੀਕ ਸਿੰਘ ਦੇ ਗ੍ਰਿਹਿ | ਰੂਪੋ ਵਾਲੀ | ਅੰਮ੍ਰਿਤਸਰ | ੮੭੨ |
| ੬ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਸੁਰੈਣ ਸਿੰਘ ਦੇ ਗ੍ਰਿਹਿ | ਜੰਡਿਆਲਾ | ਅੰਮ੍ਰਿਤਸਰ | ੮੭੪ |
| ੬ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਗੁਲਜਾਰ ਸਿੰਘ ਦੇ ਗ੍ਰਿਹਿ | ਜੰਡਿਆਲਾ | ਅੰਮ੍ਰਿਤਸਰ | ੮੭੭ |
| ੬ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਸੰਤੋਖ ਸਿੰਘ ਦੇ ਗ੍ਰਿਹਿ | ਜੰਡਿਆਲਾ | ਅੰਮ੍ਰਿਤਸਰ | ੮੭੮ |
| ੬ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਸਵਰਨ ਸਿੰਘ ਦੇ ਗ੍ਰਿਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੮੭੯ |
| ੬ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਸੁਰੈਣ ਸਿੰਘ ਦੇ ਗ੍ਰਿਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੮੮੧ |
| ੬ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਸੁਦਾਗਰ ਸਿੰਘ ਦੇ ਗ੍ਰਿਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੮੮੩ |
| ੬ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਕਿਸ਼ਨ ਸਿੰਘ ਦੇ ਗ੍ਰਿਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੮੮੩ |
| ੬ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਸੰਗਾਰਾ ਸਿੰਘ ਦੇ ਗ੍ਰਿਹਿ | ਪਖੋਕੇ | ਅੰਮ੍ਰਿਤਸਰ | ੮੮੪ |
| ੬ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਬਲਕਾਰ ਸਿੰਘ ਦੇ ਗ੍ਰਿਹਿ | ਠਠੀਆਂ | ਅੰਮ੍ਰਿਤਸਰ | ੮੮੭ |
| ੬ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਤੇਜਾ ਸਿੰਘ ਦੇ ਗ੍ਰਿਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੮੮੮ |
| ੬ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਦਲੀਪ ਸਿੰਘ ਦੇ ਗ੍ਰਿਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੮੮੯ |
| ੭ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਦਲੀਪ ਸਿੰਘ ਦੇ ਗ੍ਰਿਹਿ | ਟਾਂਗਰਾ | ਅੰਮ੍ਰਿਤਸਰ | ੮੯੦ |
| ੭ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਗਿਆਨ ਸਿੰਘ ਦੇ ਗ੍ਰਿਹਿ | ਭੋਰਸੀ | ਅੰਮ੍ਰਿਤਸਰ | ੮੯੧ |
| ੭ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਜਾਗੀਰ ਸਿੰਘ ਦੇ ਗ੍ਰਿਹਿ | ਭੋਰਸੀ | ਅੰਮ੍ਰਿਤਸਰ | ੮੯੧ |
| ੭ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਸੋਹਣ ਸਿੰਘ ਦੇ ਗ੍ਰਿਹਿ | ਰਾਮਪੁਰ | ਅੰਮ੍ਰਿਤਸਰ | ੮੯੫ |
| ੭ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਉਤਮ ਸਿੰਘ ਦੇ ਗ੍ਰਿਹਿ | ਵੇਰੋਵਾਲ | ਅੰਮ੍ਰਿਤਸਰ | ੮੯੬ |
| ੭ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਬੂਟਾ ਸਿੰਘ ਦੇ ਗ੍ਰਿਹਿ | ਏਕਲਗਡਾ | ਅੰਮ੍ਰਿਤਸਰ | ੮੯੮ |
| ੮ | ਸਾਵਣ ਸ਼ਹਿਨਸ਼ਾਹੀ ਸੰਮਤ ੨ | ਸੰਤ ਸਿੰਘ ਦੇ ਗ੍ਰਿਹਿ | ਬੰਡਾਲਾ | ਅੰਮ੍ਰਿਤਸਰ | ੯੦੨ |


21
੧੯

| | | | | | | | |
|---|---|---|---|---|---|---|---|
| ੮ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਸ਼ਿਵ ਸਿੰਘ ਦੇ ਗ੍ਰਿਹ | ਬੰਡਾਲਾ | ਅੰਮ੍ਰਿਤਸਰ | ੯੦੩ |
| ੮ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਕਿਰਪਾ ਸਿੰਘ ਦੇ ਗ੍ਰਿਹ | ਬੰਡਾਲਾ | ਅੰਮ੍ਰਿਤਸਰ | ੯੦੪ |
| ੮ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਬੁੱਢਾ ਸਿੰਘ ਦੇ ਗ੍ਰਿਹ | ਬੰਡਾਲਾ | ਅੰਮ੍ਰਿਤਸਰ | ੯੦੫ |
| ੮ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਕਰਮ ਸਿੰਘ ਦੇ ਗ੍ਰਿਹ | ਬੰਡਾਲਾ | ਅੰਮ੍ਰਿਤਸਰ | ੯੦੫ |
| ੮ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਬੀਬੀ ਸੰਤੋ ਦੇ ਗ੍ਰਿਹ | ਬੰਡਾਲਾ | ਅੰਮ੍ਰਿਤਸਰ | ੯੦੬ |
| ੮ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਦੀਦਾਰ ਸਿੰਘ ਦੇ ਗ੍ਰਿਹ | ਸ਼ਫੀ ਪੁਰਾ | ਅੰਮ੍ਰਿਤਸਰ | ੯੦੭ |
| ੮ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਹਰਨਾਮ ਸਿੰਘ ਦੇ ਗ੍ਰਿਹ | ਪਿੰਡੋਰੀ | ਅੰਮ੍ਰਿਤਸਰ | ੯੧੦ |
| ੮ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਕਰਨੈਲ ਸਿੰਘ ਦੇ ਗ੍ਰਿਹ | ਨੌਰੰਗਾਬਾਦ | ਅੰਮ੍ਰਿਤਸਰ | ੯੧੨ |
| ੮ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਦਾਰਾ ਸਿੰਘ ਦੇ ਗ੍ਰਿਹ | ਨੌਰੰਗਾਬਾਦ | ਅੰਮ੍ਰਿਤਸਰ | ੯੧੩ |
| ੮ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਮਸਾ ਸਿੰਘ ਦੇ ਗ੍ਰਿਹ | ਨੌਰੰਗਾਬਾਦ | ਅੰਮ੍ਰਿਤਸਰ | ੯੧੫ |
| ੮ | ਸਾਵਣ | ਸ਼ਹਿਨਿਹੀ | ਸੰਮਤ | ੨ | ਮੱਖਣ ਸਿੰਘ ਦੇ ਗ੍ਰਿਹ | ਨੌਰੰਗਾਬਾਦ | ਅੰਮ੍ਰਿਤਸਰ | ੯੧੬ |
| ੯ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਬੀਬੀ ਅਜੈਬ ਕੌਰ ਦੇ ਗ੍ਰਿਹ | ਬਾਠ | ਅੰਮਿਤ੍ਰਸਰ | ੯੧੮ |
| ੯ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਕੁੰਦਨ ਸਿੰਘ ਦੇ ਗ੍ਰਿਹ | ਮਾਲ ਚੱਕ | ਅੰਮ੍ਰਿਤਸਰ | ੯੨੧ |
| ੯ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਗੁਰਨਾਮ ਸਿੰਘ ਦੇ ਗ੍ਰਿਹ | ਕੰਗ | ਅੰਮ੍ਰਿਤਸਰ | ੯੨੩ |
| ੯ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਨਰੈਣ ਸਿੰਘ ਦੇ ਗ੍ਰਿਹ | ਕੰਗ | ਅੰਮ੍ਰਿਤਸਰ | ੯੨੫ |
| ੯ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਗੁਰਬਖ਼ਸ਼ ਸਿੰਘ ਦੇ ਗ੍ਰਿਹ | ਕੱਲਾ | ਅੰਮ੍ਰਿਤਸਰ | ੯੨੯ |
| ੯ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਕਰਮ ਸਿੰਘ ਦੇ ਗ੍ਰਿਹ | ਕੱਲਾ | ਅੰਮ੍ਰਿਤਸਰ | ੯੩੦ |
| ੯ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਗੁਰਮੁਖ ਸਿੰਘ ਦੇ ਗ੍ਰਿਹ | ਕੱਲਾ | ਅੰਮ੍ਰਿਤਸਰ | ੯੩੧ |
| ੯ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਸਰਮੁਖ ਸਿੰਘ ਦੇ ਗ੍ਰਿਹ | ਕੱਲਾ | ਅੰਮ੍ਰਿਤਸਰ | ੯੩੨ |
| ੯ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਗੁਰਮੁਖ ਸਿੰਘ ਦੇ ਗ੍ਰਿਹ | ਕੱਲਾ | ਅੰਮ੍ਰਿਤਸਰ | ੯੩੨ |
| ੯ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਕੁੰਦਨ ਸਿੰਘ ਦੇ ਗ੍ਰਿਹ | ਕੱਲਾ | ਅੰਮ੍ਰਿਤਸਰ | ੯੩੩ |
| ੯ | ਸਾਵਣ | ਸ਼ਹਿਨਸ਼ਾਹੀ | ਸੰਮਤ | ੨ | ਗੁਰਦਿਆਲ ਸਿੰਘ ਹਰਦੀਪ ਸਿੰਘ ਦੇ ਗ੍ਰਿਹ | ਕੱਲਾ | ਅੰਮ੍ਰਿਤਸਰ | ੯੩੪ |

22
੧੯

| | | | |
|---|---|---|---|
| ੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਸੁਖਦੇਵ ਰਾਜ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੯੩੫ |
| ੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੯੩੬ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਜੁਗਿੰਦਰ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੯੩੭ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੯੩੮ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਲਾਲ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੯੩੮ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਸਾਧੂ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੯੩੯ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਸਵਰਨ ਸਿੰਘ, ਹਰਭਜਨ ਸਿੰਘ ਦੇ ਗ੍ਰਹਿ | ਕਲਾ | ਅੰਮ੍ਰਿਤਸਰ | ੯੪੦ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਨਾਜਰ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੯੪੧ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਪੂਰਨ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੯੪੧ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਰਨਾਮ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੯੪੧ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੯੪੨ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਰੀ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੯੪੩ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੁਕਣ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੯੪੩ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੯੪੩ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਰੂੜ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੯੪੪ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਹਿ | ਮੁਗਲ ਚੱਕ | ਅੰਮ੍ਰਿਤਸਰ | ੯੪੫ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਕੇਸ਼ੋ ਰਾਮ ਦੇ ਗ੍ਰਹਿ | ਸਰਹਾਲੀ ਜੰਡੋ ਕੇ | ਅੰਮ੍ਰਿਤਸਰ | ੯੪੮ |
| ੧੦ ਸਾਵਣ ਸ਼ਹਿਸ਼ਾਹੀ ਸੰਮਤ ੨ ਉਤਮ ਸਿੰਘ ਦੇ ਗ੍ਰਹਿ | ਸ਼ਹਾਬ ਪੁਰ | ਅੰਮ੍ਰਿਤਸਰ | ੯੪੯ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਬਿਧਾਵਾ ਸਿੰਘ ਦੇ ਗ੍ਰਹਿ | ਸ਼ਹਾਬ ਪੁਰ | ਅੰਮ੍ਰਿਤਸਰ | ੯੫੦ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੁਰਬਚਨ ਸਿੰਘ ਅਰਜਨ ਸਿੰਘ ਦੇ ਗ੍ਰਹਿ | ਉਸਮਾ | ਅੰਮ੍ਰਿਤਸਰ | ੯੫੧ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਪੂਰਨ ਸਿੰਘ ਦੇ ਗ੍ਰਹਿ | ਉਸਮਾ | ਅੰਮ੍ਰਿਤਸਰ | ੯੫੪ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਦੀਦਾਰ ਸਿੰਘ ਦੇ ਗ੍ਰਹਿ | ਜੱਟਾ | ਅੰਮ੍ਰਿਤਸਰ | ੯੫੫ |


23 ੧੯

| | | | | |
|---|---|---|---|---|
| ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ | ਭਗਵੰਤ ਸਿੰਘ ਦੇ ਗ੍ਰਿਹਿ | ਜੱਟਾ | ਅੰਮ੍ਰਿਤਸਰ | ੯੫੬ |
| ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ | ਜੁਗਿੰਦਰ ਸਿੰਘ ਦੇ ਗ੍ਰਿਹਿ | ਜੱਟਾ | ਅੰਮ੍ਰਿਤਸਰ | ੯੫੭ |
| ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ | ਨਿਰੰਜਣ ਸਿੰਘ, ਕਰਤਾਰ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੯੫੮ |
| ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ | ਪੂਰਨ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੯੫੯ |
| ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ | ਚੰਨਣ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੯੬੦ |
| ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ | ਕੁਲਵੰਤ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਤਸਰ | ੯੬੦ |
| ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ | ਤੇਜਾ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੯੬੧ |
| ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ | ਰਤਨ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੯੬੨ |
| ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ | ਤਾਰਾ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੯੬੨ |
| ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ | ਮੋਹਣ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੯੬੩ |
| ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ | ਹੀਰਾ ਨੰਦ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੯੬੪ |
| ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ | ਫੌਜਾ ਸਿੰਘ ਦੇ ਗ੍ਰਿਹਿ | ਸਰਹਾਲੀ ਕਲਾਂ | ਅੰਮ੍ਰਿਤਸਰ | ੯੬੬ |
| ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ | ਅਜੀਤ ਸਿੰਘ ਦੇ ਗ੍ਰਿਹਿ | ਚੋਲਾ ਕਲਾ | ਅੰਮ੍ਰਿਤਸਰ | ੯੬੭ |
| ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ | ਬੀਬੀ ਗੁਰਨਾਮ ਕੌਰ ਦੇ ਗ੍ਰਿਹਿ | ਚੋਲਾ ਖ਼ੁਰਦ | ਅੰਮ੍ਰਿਤਸਰ | ੯੬੯ |
| ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ | ਅਜੀਤ ਸਿੰਘ ਦੇ ਗ੍ਰਿਹਿ | ਰਤੋ ਕੇ | ਅੰਮ੍ਰਿਤਸਰ | ੯੭੧ |
| ੧੨ ਸਾਵਣ ਸ਼ਹਿਨਸ਼ਾਹੀ ਸੰਮਤ ੨ | ਬਲੀ ਸਿੰਘ ਦੇ ਗ੍ਰਿਹਿ | ਕੈਰੋਂ | ਅੰਮ੍ਰਿਤਸਰ | ੯੭੬ |
| ੧੨ ਸਾਵਣ ਸ਼ਹਿਨਸ਼ਾਹੀ ਸੰਮਤ ੨ | ਜਾਗੀਰ ਸਿੰਘ ਦੇ ਗ੍ਰਿਹਿ | ਕੈਰੋਂ | ਅੰਮ੍ਰਿਤਸਰ | ੯੭੭ |
| ੧੨ ਸਾਵਣ ਸ਼ਹਿਨਸ਼ਾਹੀ ਸੰਮਤ ੨ | ਬੀਬੀ ਬੀਰੋ ਦੇ ਗ੍ਰਿਹਿ | ਕੈਰੋਂ | ਅੰਮ੍ਰਿਤਸਰ | ੯੭੮ |
| ੧੨ ਸਾਵਣ ਸ਼ਹਿਨਸ਼ਾਹੀ ਸੰਮਤ ੨ | ਬੀਬੀ ਕੰਸੋ ਦੇ ਗ੍ਰਿਹਿ | ਠਕਰ ਕੌੜਾ | ਅੰਮ੍ਰਿਤਸਰ | ੯੭੯ |
| ੧੨ ਸਾਵਣ ਸ਼ਹਿਨਸ਼ਾਹੀ ਸੰਮਤ ੨ | ਬੂੜ ਸਿੰਘ ਦੇ ਗ੍ਰਿਹਿ | ਬਰਨਾਲਾ | ਅੰਮ੍ਰਿਤਸਰ | ੯੮੨ |
| ੧੨ ਸਾਵਣ ਸ਼ਹਿਨਸ਼ਾਹੀ ਸੰਮਤ ੨ | ਲਛਮਣ ਸਿੰਘ ਦੇ ਗ੍ਰਿਹਿ | ਭੂਰੇ | ਅੰਮ੍ਰਿਤਸਰ | ੯੮੪ |
| ੧੨ ਸਾਵਣ ਸ਼ਹਿਨਸ਼ਾਹੀ ਸੰਮਤ ੨ | ਗੋਪਾਲ ਕੌਰ* ਦੇ ਗ੍ਰਿਹਿ | ਭੂਰੇ | ਅੰਮ੍ਰਿਤਸਰ | ੯੮੫ |

24
੧੯

| | | | | |
|---|---|---|---|---|
| ੧੨ ਸਾਵਣ ਸ਼ਹਿਨਸ਼ਾਹੀ ਸੰਮਤ ੨ | ਹਰਦੀਪ ਸਿੰਘ ਦੇ ਗ੍ਰਿਹਿ | ਡਿਬੀ ਪੁਰਾ | ਅੰਮ੍ਰਿਤਸਰ | ੯੮੭ |
| ੧੨ ਸਾਵਣ ਸ਼ਹਿਨਸ਼ਾਹੀ ਸੰਮਤ ੨ | ਮੱਖਣ ਸਿੰਘ, ਬਖ਼ਸ਼ੀਸ਼ ਸਿੰਘ ਦੇ ਗ੍ਰਿਹਿ | ਭਗਵਾਨ ਪੁਰਾ | | ੯੮੮ |
| ੧੩ ਸਾਵਣ ਸ਼ਹਿਨਸ਼ਾਹੀ ਸੰਮਤ ੨ | ਪਰਤਾਪ ਸਿੰਘ ਦੇ ਗ੍ਰਿਹਿ | ਸੁਗਾ | ਅੰਮ੍ਰਿਤਸਰ | ੯੯੦ |
| ੧੩ ਸਾਵਣ ਸ਼ਹਿਨਸ਼ਾਹੀ ਸੰਮਤ ੨ | ਗੰਡਾ ਸਿੰਘ ਦੇ ਗ੍ਰਿਹਿ | ਦਰਾਜਕੇ | ਅੰਮ੍ਰਿਤਸਰ | ੯੯੧ |
| ੧੩ ਸਾਵਣ ਸ਼ਹਿਨਸ਼ਾਹੀ ਸੰਮਤ ੨ | ਤੇਜਾ ਸਿੰਘ ਦੇ ਗ੍ਰਿਹਿ | ਬਾਸਰਕੇ | ਅੰਮ੍ਰਿਤਸਰ | ੯੯੨ |
| ੧੩ ਸਾਵਣ ਸ਼ਹਿਨਸ਼ਾਹੀ ਸੰਮਤ ੨ | ਬੀਬੀ ਜੀਤੋ ਦੇ ਗ੍ਰਿਹਿ | ਬਾਸਰ ਕੇ | ਅੰਮ੍ਰਿਤਸਰ | ੯੯੫ |
| ੧੩ ਸਾਵਣ ਸ਼ਹਿਨਸ਼ਾਹੀ ਸੰਮਤ ੨ | ਪ੍ਰੀਤਮ ਸਿੰਘ ਦੇ ਗ੍ਰਿਹਿ | ਨਾਰਲਾ | ਅੰਮ੍ਰਿਤਸਰ | ੯੯੬ |
| ੧੩ ਸਾਵਣ ਸ਼ਹਿਨਸ਼ਾਹੀ ਸੰਮਤ ੨ | ਸਮੁੰਦ ਸਿੰਘ ਦੇ ਗ੍ਰਿਹਿ | ਮਾੜੀ ਮੇਘਾ | ਅੰਮ੍ਰਿਤਸਰ | ੯੯੭ |
| ੧੩ ਸਾਵਣ ਸ਼ਹਿਨਸ਼ਾਹੀ ਸੰਮਤ ੨ | ਮਿਲਖਾ ਸਿੰਘ ਦੇ ਗ੍ਰਿਹਿ | ਮਾੜੀ ਮੇਘਾ | ਅੰਮ੍ਰਿਤਸਰ | ੯੯੯ |
| ੧੩ ਸਾਵਣ ਸ਼ਹਿਨਸ਼ਾਹੀ ਸੰਮਤ ੨ | ਮਨੀ ਸਿੰਘ ਦੇ ਗ੍ਰਿਹਿ | ਸਿਧਵਾ | ਅੰਮ੍ਰਿਤਸਰ | ੧੦੦੦ |
| ੧੩ ਸਾਵਣ ਸ਼ਹਿਨਸ਼ਾਹੀ ਸੰਮਤ ੨ | ਮੋਤਾ ਸਿੰਘ, ਦਲੀਪ ਸਿੰਘ ਦੇ ਗ੍ਰਿਹਿ | ਕਲਸੀਆਂ | ਅੰਮ੍ਰਿਤਸਰ | ੧੦੦੧ |
| ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ | ਸੇਵਾ ਸਿੰਘ ਦੇ ਗ੍ਰਿਹਿ | ਕਲਸੀਆਂ | ਅੰਮ੍ਰਿਤਸਰ | ੧੦੦੩ |
| ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ | ਬੀਬੀ ਸੁਰਜੀਤ ਕੌਰ ਦੇ ਗ੍ਰਿਹਿ | ਕਲਸੀਆਂ | ਅੰਮ੍ਰਿਤਸਰ | ੧੦੦੪ |
| ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ | ਬੀਬੀ ਬੀਰੋ ਦੇ ਗ੍ਰਿਹਿ | ਕਲਸੀਆਂ | ਅੰਮ੍ਰਿਤਸਰ | ੧੦੦੫ |
| ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ | ਸ਼ਾਮ ਸਿੰਘ ਦੇ ਗਹਿ | ਕਲਸੀਆਂ | ਅੰਮ੍ਰਿਤਸਰ | ੧੦੦੬ |
| ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ | ਪਰਤਾਪ ਸਿੰਘ ਫੁੰਮਣ ਸਿੰਘ ਦੇ ਗ੍ਰਿਹਿ | ਕਲਸੀਆਂ | ਅੰਮ੍ਰਿਤਸਰ | ੧੦੦੬ |
| ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ | ਗੁਲਾਬ ਕੌਰ ਗ੍ਰਿਹਿ | ਡਲ | ਅੰਮ੍ਰਿਤਸਰ | ੧੦੦੭ |
| ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ | ਬੀਬੀ ਪਾਰੋ ਦੇਵੀ ਗ੍ਰਿਹਿ | ਖਾਲੜਾ | ਅੰਮ੍ਰਿਤਸਰ | ੧੦੦੮ |
| ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ | ਸੁਰਜਨ ਸਿੰਘ ਦੇ ਗ੍ਰਿਹਿ | ਭੁੱਚਰ ਖੁਰਦ | ਅੰਮ੍ਰਿਤਸਰ | ੧੦੧੦ |
| ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ | ਮਹਿੰਦਰ ਸਿੰਘ ਦੇ ਗ੍ਰਿਹਿ | ਸੋਹਲ | ਅੰਮ੍ਰਿਤਸਰ | ੧੦੧੦ |
| ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ | ਬਚਨ ਸਿੰਘ ਦੇ ਗ੍ਰਿਹਿ | ਸੋਹਲ | ਅੰਮ੍ਰਿਤਸਰ | ੧੦੧੧ |
| ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ | ਪੂਰਨ ਸਿੰਘ, ਹਰੀ ਸਿੰਘ ਦੇ ਗ੍ਰਿਹਿ | ਸੋਹਲ | ਅੰਮ੍ਰਿਤਸਰ | ੧੦੧੨ |


25 ੧੯

੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੁਰਦੀਪ ਕੌਰ ਦੇ ਗ੍ਰਹਿ ਸੋਹਲ ਅੰਮ੍ਰਿਤਸਰ ੧੦੧੪
੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ ਦਲੀਪ ਸਿੰਘ ਦੇ ਗ੍ਰਹਿ ਗੱਗੋਬੂਆ ਅੰਮ੍ਰਿਤਸਰ ੧੦੧੪
੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੁਰਬਖ਼ਸ਼ ਸਿੰਘ ਦੇ ਗ੍ਰਹਿ ਗੱਗੋਬੂਆ ਅੰਮ੍ਰਿਤਸਰ ੧੦੧੫
੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਹਿ ਗੱਗੋਬੂਆ ਅੰਮ੍ਰਿਤਸਰ ੧੦੧੭
੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਉਤਮ ਸਿੰਘ ਦੇ ਗ੍ਰਹਿ ਗੱਗੋਬੂਆ ਅੰਮ੍ਰਿਤਸਰ ੧੦੧੮
੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਹਿ ਗੱਗੋਬੂਆ ਅੰਮ੍ਰਿਤਸਰ ੧੦੧੮
੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਮਾਈ ਈਸ਼ਰ ਕੌਰ ਦੇ ਗ੍ਰਹਿ ਗੱਗੋਬੂਆ ਅੰਮ੍ਰਿਤਸਰ ੧੦੨੦
੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਚੰਨਣ ਸਿੰਘ ਦੇ ਗ੍ਰਹਿਗੱ ਗੋਬੂਆ ਅੰਮ੍ਰਿਤਸਰ ੧੦੨੧
੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਦਲੀਪ ਸਿੰਘ ਦੇ ਗ੍ਰਹਿ ਨੂਰ ਪੁਰ ਅੰਮ੍ਰਿਤਸਰ ੧੦੨੨
੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਸਿੰਘ ਦੇ ਗ੍ਰਹਿ ਭੋਜੀਆਂ ਅੰਮ੍ਰਿਤਸਰ ੧੦੨੪
੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਪਰਤਾਪ ਕੌਰ ਦੇ ਗ੍ਰਹਿ ਭੋਜੀਆਂ ਅੰਮ੍ਰਿਤਸਰ ੧੦੨੫
੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਸੋਹਣ ਸਿੰਘ ਦੇ ਗ੍ਰਹਿ ਤਰਨ ਤਾਰਨ ਅੰਮ੍ਰਿਤਸਰ ੧੦੨੬
੧੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਦਲੀਪ ਸਿੰਘ ਦੇ ਗ੍ਰਹਿ ਤਰਨ ਤਾਰਨ ਅੰਮ੍ਰਿਤਸਰ ੧੦੨੯
੧੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਬਸੰਤਕੌਰ ਦੇ ਗ੍ਰਹਿ ਤਰਨ ਤਾਰਨ ਅੰਮ੍ਰਿਤਸਰ ੧੦੨੯
੧੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਰਜਨ ਸਿੰਘ ਦੇ ਗ੍ਰਹਿ ਤਰਨ ਤਾਰਨ ਅੰਮ੍ਰਿਤਸਰ ੧੦੩੦
੧੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਧਰਮਵੀਰ ਦੇ ਗ੍ਰਹਿ ਜਲਾਲਾਬਾਦ ਅੰਮ੍ਰਿਤਸਰ ੧੦੩੧
੧੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਬਲਵੰਤ ਸਿੰਘ ਦੇ ਗ੍ਰਹਿ ਜਲਾਲਾਬਾਦ ਅੰਮ੍ਰਿਤਸਰ ੧੦੩੨
੧੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੁਲਜ਼ਾਰ ਸਿੰਘ ਦੇ ਗ੍ਰਹਿ ਜਲਾਲਾਬਾਦ ਅੰਮ੍ਰਿਤਸਰ ੧੦੩੩
੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਡਾ੦ ਪਾਲ ਸਿੰਘ ਦੇ ਗ੍ਰਹਿ ਭਲਾਈ ਪੁਰ ਡੋਗਰਾ ਅੰਮ੍ਰਿਤਸਰ ੧੦੩੪
੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਹਿ ਭਲਾਈ ਪੁਰ ਅੰਮ੍ਰਿਤਸਰ ੧੦੩੬
੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਰਭਜਨ ਸਿੰਘ ਦੇ ਗ੍ਰਹਿ ਭਲਾਈ ਪੁਰ ਡੋਗਰਾ ਅੰਮ੍ਰਿਤਸਰ ੧੦੩੭
੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਹਿ ਭਲਾਈ ਪੁਰ ਡੋਗਰਾ ਅੰਮ੍ਰਿਤਸਰ ੧੦੩੮


26
੧੯

| | | | | | | | |
|---|---|---|---|---|---|---|---|
| ੧੭ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਸ਼ਿੰਗਾਰਾ ਸਿੰਘ ਦੇ ਗ੍ਰਿਹ | ਭਲਾਈ ਪੁਰ ਡੋਗਰਾ | ਅੰਮ੍ਰਿਤਸਰ | ੧੦੩੯ |
| ੧੭ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਅਜੀਤ ਸਿੰਘ ਦੇ ਗ੍ਰਿਹ | ਭਲਾਈ ਪੁਰ ਡੋਗਰਾ | ਅੰਮ੍ਰਿਤਸਰ | ੧੦੪੦ |
| ੧੭ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਪ੍ਰੀਤਮ ਸਿੰਘ ਦੇ ਗ੍ਰਿਹ | ਭਲਾਈ ਪੁਰ ਡੋਗਰਾ | ਅੰਮ੍ਰਿਤਸਰ | ੧੦੪੧ |
| ੧੭ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਅਜਮੇਰ ਸਿੰਘ ਦੇ ਗ੍ਰਿਹ | ਭਲਾਈ ਪੁਰ ਡੋਗਰਾ | ਅੰਮ੍ਰਿਤਸਰ | ੧੦੪੨ |
| ੨੧ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਮਾਧਾ ਸਿੰਘ ਜਥੇਦਾਰ ਦੇ ਗ੍ਰਿਹ | ਚੀਮਾ | ਅੰਮ੍ਰਿਤਸਰ | ੧੦੪੨ |
| ੨੩ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੪੪ |
| ੨੫ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਬਲਵੰਤ ਕੌਰ ਦੇ ਗ੍ਰਿਹ | | ਅੰਮ੍ਰਿਤਸਰ | ੧੦੪੭ |
| ੨੫ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਅਜੀਤ ਸਿੰਘ ਦੇ ਗ੍ਰਿਹ | ਆਂਡਲੂ | ਲੁਧਿਆਣਾ | ੧੦੫੦ |
| ੨੫ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਹਰਨਾਮ ਸਿੰਘ ਦੇ ਗ੍ਰਿਹ | ਗੁਮਾਨ ਪੁਰਾ | ਅੰਮ੍ਰਿਤਸਰ | ੧੦੫੨ |
| ੨੫ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਸਵਰਨ ਸਿੰਘ ਦੇ ਗ੍ਰਿਹ | ਗੁਮਾਨ ਪੁਰਾ | ਅੰਮ੍ਰਿਤਸਰ | ੧੦੫੪ |
| ੨੫ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਨਾਜ਼ਰ ਸਿੰਘ ਦੇ ਗ੍ਰਿਹ | ਗੁਮਾਨ ਪੁਰਾ | ਅੰਮ੍ਰਿਤਸਰ | ੧੦੫੪ |
| ੨੫ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਨਰੈਣ ਸਿੰਘ ਦੇ ਗ੍ਰਿਹ | ਗੁਮਾਨ ਪੁਰਾ | ਅੰਮ੍ਰਿਤਸਰ | ੧੦੫੬ |
| ੨੬ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਅਜੀਤ ਸਿੰਘ ਦੇ ਗ੍ਰਿਹ | ਗੁਮਾਨ ਪੁਰਾ | ਅੰਮ੍ਰਿਤਸਰ | ੧੦੫੮ |
| ੨੬ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਹਜਾਰਾ ਸਿੰਘ ਦੇ ਗ੍ਰਿਹ | ਕਾਉਂਕੇ | ਅੰਮ੍ਰਿਤਸਰ | ੧੦੫੯ |
| ੨੬ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਅਵਤਾਰ ਸਿੰਘ ਦੇ ਗ੍ਰਿਹ | ਕਾਉਂਕੇ | ਅੰਮਿਤ੍ਰਸਰ | ੧੦੬੦ |
| ੨੬ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਭਾਗ ਸਿੰਘ ਦੇ ਗ੍ਰਿਹ | ਮਹਾਵਾ | ਅੰਮ੍ਰਿਤਸਰ | ੧੦੬੧ |
| ੨੬ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਸੁਮਾਂ ਸਿੰਘ ਦੇ ਗ੍ਰਿਹ | ਮੋਦੇ | ਅੰਮ੍ਰਿਤਸਰ | ੧੦੬੨ |
| ੨੬ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਬੀਬੀ ਛਿੰਦੋ ਦੇ ਗ੍ਰਿਹ | ਧਨੋਏ | ਅੰਮ੍ਰਿਤਸਰ | ੧੦੬੩ |
| ੨੬ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਮੰਗਲ ਸਿੰਘ ਦੇ ਗ੍ਰਿਹ | ਸਾਰੰਗੜਾ | ਅੰਮ੍ਰਿਤਸਰ | ੧੦੬੬ |
| ੨੭ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਪੂਰਨ ਸਿੰਘ ਦੇ ਗ੍ਰਿਹ | ਲੇਲੀਆਂ | ਅੰਮ੍ਰਤਸਰ | ੧੦੬੮ |
| ੨੭ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਬੀਬੀ ਜਾਗੀਰ ਕੌਰ ਦੇ ਗ੍ਰਿਹ | ਲੇਲੀਆਂ | ਅੰਮ੍ਰਿਤਸਰ | ੧੦੬੯ |
| ੨੭ ਸਾਵਣ | ਸ਼ਹਿਨਸ਼ਾਹੀ ਸੰਮਤ ੨ | ਸੰਤ ਸਿੰਘ ਦੇ ਗ੍ਰਿਹ | ਲੇਲੀਆਂ | ਅੰਮ੍ਰਿਤਸਰ | ੧੦੬੯ |


27 ੧੯

| | | | |
|---|---|---|---|
| ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਹਿ | ਲੋਪੋਕੇ | ਅੰਮ੍ਰਿਤਸਰ | ੧੦੭੦ |
| ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਸੁਵਿੰਦਰ ਸਿੰਘ ਦੇ ਗ੍ਰਹਿ | ਭੁੱਲਰ | ਅੰਮ੍ਰਿਤਸਰ | ੧੦੭੧ |
| ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਨੂਪ ਕੌਰ ਦੇ ਗ੍ਰਹਿ | ਭੁੱਲਰ | ਅੰਮ੍ਰਿਤਸਰ | ੧੦੭੧ |
| ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਦਲੀਪ ਸਿੰਘ ਦੇ ਗ੍ਰਹਿ | ਮਾਨਾਂ ਵਾਲਾ | ਅੰਮ੍ਰਿਤਸਰ | ੧੦੭੧ |
| ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੁਰਦਿਤ ਸਿੰਘ ਦੇ ਗ੍ਰਹਿ | ਮਾਨਾ ਵਾਲਾ | ਅੰਮ੍ਰਿਤਸਰ | ੧੦੭੨ |
| ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਤਾਰਾ ਸਿੰਘ ਦੇ ਗ੍ਰਹਿ | ਮਾਨਾ ਵਾਲਾ | ਅੰਮ੍ਰਿਤਸਰ | ੧੦੭੩ |
| ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਲਾਭ ਸਿੰਘ ਦੇ ਗ੍ਰਹਿ | ਮਾਨਾ ਵਾਲਾ | ਅੰਮ੍ਰਿਤਸਰ | ੧੦੭੩ |
| ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਭਗਵਾਨ ਕੌਰ ਦੇ ਗ੍ਰਹਿ | ਮਾਨਾ ਵਾਲਾ | ਅੰਮ੍ਰਿਤਸਰ | ੧੦੭੪ |
| ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਚਰਨ ਸਿੰਘ ਦੇ ਗ੍ਰਹਿ | ਮਾਨਾ ਵਾਲਾ | ਅੰਮ੍ਰਤਸਰ | ੧੦੭੪ |
| ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਜਾਰਾ ਸਿੰਘ ਦੇ ਗ੍ਰਹਿ | ਛੀਨਾ | ਅੰਮ੍ਰਿਤਸਰ | ੧੦੭੪ |
| ੨੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਹਿ | ਬੋਪਾਰਾਏ | ਅੰਮ੍ਮਿਤਸਰ | ੧੦੭੬ |
| ੨੮ ਸਾਵਣ ਸ਼ਹਿਨਾਸ਼ਾਹੀਆ ਸੰਮਤ ੨ ਜਗਮੋਹਣ ਸਿੰਘ ਦੇ ਗ੍ਰਹਿ | ਬੋਪਾਰਾਏ | ਅੰਮ੍ਰਿਤਸਰ | ੧੦੭੭ |
| ੨੮ ਸਾਵਣ ਸ਼ਹਿਨਾਸ਼ਾਹੀ ਸੰਮਤ ੨ ਭਾਗ ਸਿੰਘ ਦੇ ਗ੍ਰਹਿ | ਮਾਹਲ | ਅੰਮ੍ਰਿਤਸਰ | ੧੦੭੭ |
| ੨੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਸਿੰਘ ਦੇ ਗ੍ਰਹਿ | ਮਾਹਲ | ਅੰਮ੍ਰਿਤਸਰ | ੧੦੭੮ |
| ੨੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਬਲਵੰਤ ਸਿੰਘ ਦੇ ਗ੍ਰਹਿ | ਮਾਹਲ | ਅੰਮ੍ਰਿਤਸਰ | ੧੦੮੦ |
| ੨੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੇਲਾ ਸਿੰਘ ਦੇ ਗ੍ਰਹਿ | ਮਾਹਲ | ਅੰਮ੍ਰਿਤਸਰ | ੧੦੮੨ |
| ੨੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਠਾਕਰ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੧੦੮੩ |
| ੩੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਸੰਤ ਕਿਰਪਾਲ ਸਿੰਘ ਦੇ ਡੇਰੇ ਰੁਹਾਨੀ ਸਤਿਸੰਗ ਸਾਵਣ ਆਸ਼ਰਮ | | ਅੰਮ੍ਰਿਤਸਰ | ੧੦੮੪ |
| ੩੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਮੱਸਾ ਸਿੰਘ ਦੇ ਗ੍ਰਹਿ | ਬਲ | ਗੁਰਦਾਸ ਪੁਰ | ੧੦੮੭ |
| ੩੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਉਮਰਾਓ ਸਿੰਘ ਦੇ ਗ੍ਰਹਿ | ਬਲ | ਗੁਰਦਾਸ ਪੁਰ | ੧੦੮੯ |
| ੩੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਹਿ | ਬਲ | ਗੁਰਦਾਸ ਪੁਰ | ੧੦੯੦ |

28
੧੯

| | | | |
|---|---|---|---|
| ੩੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਬਖ਼ਸ਼ੀਸ਼ ਸਿੰਘ ਦੇ ਗ੍ਰਿਹਿ | ਕਾਦਰਾਬਾਦ | ਅੰਮ੍ਰਿਤਸਰ | ੧੦੯੧ |
| ੩੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਪੂਰਨ ਕੌਰ ਦੇ ਗ੍ਰਿਹਿ | ਕਾਦਰਾਬਾਦ | ਅੰਮ੍ਰਿਤਸਰ | ੧੦੯੩ |
| ੩੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਕਰਨੈਲ ਸਿੰਘ ਦੇ ਗ੍ਰਿਹਿ | ਕਾਦਰਾਬਾਦ | ਅੰਮ੍ਰਿਤਸਰ | ੧੦੯੩ |
| ੩੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਸਵਰਨ ਸਿੰਘ ਮਹਿੰਦਰ ਸਿੰਘ ਦੇ ਗ੍ਰਿਹਿ | ਕਾਦਰਾਬਾਦ | ਅੰਮ੍ਰਿਤਸਰ | ੧੦੯੪ |
| ੩੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਿਹਿ | ਕਾਦਰਾਬਾਦ | ਅੰਮ੍ਰਿਤਸਰ | ੧੦੯੫ |
| ੩੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਸਵਰਨ ਕੌਰ ਦੇ ਗ੍ਰਿਹਿ | ਕਾਦਰਾਬਾਦ | ਅੰਮ੍ਰਿਤਸਰ | ੧੦੯੬ |
| ਪਹਿਲੀ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੦੯੬ |
| ੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਗੁਰਬਚਨ ਸਿੰਘ ਦੇ ਗ੍ਰਿਹਿ | ਨਇਆ ਸ਼ਾਲਾ | ਗੁਰਦਾਸ ਪੁਰ | ੧੦੯੭ |
| ੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਿਹਿ | ਨਇਆ ਸ਼ਾਲਾ | ਗੁਰਦਾਸ ਪੁਰ | ੧੦੯੮ |
| ੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਿਹਿ | ਨਇਆ ਸ਼ਾਲਾ | ਗੁਰਦਾਸ ਪੁਰ | ੧੦੯੯ |
| ੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਲਾਭ ਸਿੰਘ ਦੇ ਗ੍ਰਿਹਿ | ਚੱਕ ਫਤਹਿ ਸਿੰਘ | ਬਠਿੰਡਾ | ੧੧੦੦ |
| ੧੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਜੋਗਿੰਦਰ ਸਿੰਘ ਦੇ ਗ੍ਰਿਹਿ | ਫਤਹਿ ਗੜ੍ਹ | ਬਠਿੰਡਾ | ੧੧੦੧ |
| ੧੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਹਜ਼ੂਰਾ ਸਿੰਘ ਦੇ ਗ੍ਰਿਹਿ | ਗੋਰਾਇਆਂ | ਜਲੰਧਰ | ੧੧੦੨ |
| ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਲਾਲ ਸਿੰਘ ਦੇ ਗ੍ਰਿਹਿ | ਡਲੇਵਾਲ | ਜਲੰਧਰ | ੧੧੦੪ |
| ੧੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਗੁਰਦੇਵ ਸਿੰਘ ਦੇ ਗ੍ਰਿਹਿ | ਨਵਾਂ | ਜਲੰਧਰ | ੧੧੦੭ |
| ੧੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਲਛਮਣ ਸਿੰਘ ਦੇ ਗ੍ਰਿਹਿ | ਧਨੌਰੀ | ਅੰਬਾਲਾ | ੧੧੧੧ |
| ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਗੁਰਨਾਮ ਸਿੰਘ ਦੇ ਗ੍ਰਿਹਿ | ਹਰਬੰਸ ਪੁਰਾ | | ੧੧੧੨ |
| ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਗੁਰਦੇਵ ਸਿੰਘ ਦੇ ਗ੍ਰਿਹਿ | ਘੜੂਆਂ | ਅੰਬਾਲਾ | ੧੧੧੪ |
| ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸੁਰਜੀਤ ਸਿੰਘ ਦੇ ਗ੍ਰਿਹਿ | ਘੜੂਆਂ | ਅੰਬਾਲਾ | ੧੧੧੫ |
| ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਬੀਬੀ ਸੁਖਜਿੰਦਰ ਕੌਰ ਦੇ ਗ੍ਰਿਹਿ | ਘੜੂਆਂ | ਅੰਬਾਲਾ | ੧੧੧੫ |
| ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਗੁਰਦੇਵ ਸਿੰਘ ਦੇ ਗ੍ਰਿਹਿ | ਮਾਣਕ ਪੁਰ ਕੱਲਰ | ਅੰਬਾਲਾ | ੧੧੧੬ |
| ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸੰਤ ਸਿੰਘ ਦੇ ਗ੍ਰਿਹਿ | ਮਾਣਕ ਪੁਰ ਕੱਲਰ | ਅੰਬਾਲਾ | ੧੧੧੮ |


29
੧੯

| | | | |
|---|---|---|---|
| ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਵੀਰ ਸਿੰਘ ਦੇ ਗ੍ਰਹਿ | ਬਠਲਾਣਾ | ਅੰਬਾਲਾ | ੧੧੧੯ |
| ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਜੇਠਾ ਸਿੰਘ ਦੇ ਗ੍ਰਹਿ | ਬਠਲਾਣਾ | ਅੰਬਾਲਾ | ੧੧੨੦ |
| ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਨੱਥਾ ਸਿੰਘ ਦੇ ਗ੍ਰਹਿ | ਬਡਹੇੜੀ | ਅੰਬਾਲਾ | ੧੧੨੧ |
| ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਬੰਨਾ ਸਿੰਘ ਦੇ ਗ੍ਰਹਿ | ਕਰਤਾਰ ਪੁਰ | ਜਲੰਧਰ | ੧੧੨੩ |
| ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਅਮਰ ਚੰਦ ਦੇ ਗ੍ਰਹਿ | ਪੰਜ ਕੋਹਾ | ਅੰਬਾਲਾ | ੧੧੨੪ |
| ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਰੌਣਕ ਸਿੰਘ, ਸੇਵਾ ਸਿੰਘ ਦੇ ਗ੍ਰਹਿ ਰੁੜਕੀ | | | ੧੧੨੪ |
| ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮਿਹਰ ਸਿੰਘ ਦੇ ਗ੍ਰਹਿ | ਸ਼ੇਖ਼ ਪੁਰਾ | | ੧੧੨੬ |
| ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਹਰਭਜਨ ਸਿੰਘ ਦੇ ਗ੍ਰਹਿ | ਸ਼ੇਖ਼ਪੁਰਾ | ਰੋਪੜ | ੧੧੨੭ |
| ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਹਿ | ਗੋਸਲਾਂ | ਰੋਪੜ | ੧੧੨੮ |
| ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਹਿ | ਰਾਜ਼ੇ ਮਾਜਰਾ | ਰੋਪੜ | ੧੧੨੯ |
| ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸਰਜੀਤਮ ਸਿੰਘ ਦੇ ਗ੍ਰਹਿ | ਰਾਜੇ ਮਾਜਰਾ | ਰੋਪੜ | ੧੧੩੦ |
| ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਜਰਨੈਲ ਕੌਰ ਦੇ ਗ੍ਰਹਿ | ਰਾਜੇ ਮਾਜਰਾ | | ੧੧੩੧ |
| ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਹਿ | ਰੰਗੀਲ ਪੁਰ | ਰੋਪੜ | ੧੧੩੧ |
| ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਬਚਨ ਸਿੰਘ ਦੇ ਗ੍ਰਹਿ | ਧਿਆਨਪੁਰ | | ੧੧੩੩ |
| ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਜਸਵੰਤ ਸਿੰਘ ਦੇ ਗ੍ਰਹਿ | ਮੁਰਿੰਡਾ | ਅੰਬਾਲਾ | ੧੧੩੫ |
| ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਦਰਬਾਰਾ ਸਿੰਘ ਦੇ ਗ੍ਰਹਿ | ਬਾਠ ਖ਼ੁਰਦ | | ੧੧੩੬ |
| ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮੁਖਤਿਆਰ ਸਿੰਘ ਦੇ ਗ੍ਰਹਿ | ਮੁੰਡੀਆਂ ਖ਼ੁਰਦ | ਲੁਧਿਆਣਾ | ੧੧੩੮ |
| ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸਰਵਣ ਸਿੰਘ ਦੇ ਗ੍ਰਹਿ | ਰਾਮਪੁਰ ਸਰਦਾਰਾ | ਲੁਧਿਆਣਾ | ੧੧੩੯ |
| ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਹਰਨੇਕ ਸਿੰਘ ਦੇ ਗ੍ਰਹਿ | ਅਜਨੌਦ | ਲੁਧਿਆਣਾ | ੧੧੪੧ |
| ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਹਰਚਰਨ ਸਿੰਘ ਦੇ ਗ੍ਰਹਿ | ਲੁਧਿਆਣਾ | | ੧੧੪੧ |
| ੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਹਰਭਜਨ ਸਿੰਘ ਦੇ ਗ੍ਰਹਿ | ਬਸਤੀ ਗੁਜਰਾਂ | ਲੁਧਿਆਣਾ | ੧੧੪੩ |
| ੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਹਿ | ਲੁਧਿਆਣਾ | | ੧੧੪੪ |


30
੧੯

| | | | |
|---|---|---|---|
| ੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਕੌਰ ਦੇ ਗ੍ਰਹਿ | ਲੁਧਿਆਣਾ | | ੧੧੪੪ |
| ੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮਦਨ ਲਾਲ ਦੇ ਗ੍ਰਹਿ | ਲੁਧਿਆਣਾ | | ੧੧੪੬ |
| ੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਗੁਰਦੇਵ ਸਿੰਘ ਦੇ ਗ੍ਰਹਿ | ਲੁਧਿਆਣਾ | | ੧੧੪੬ |
| ੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸੁਖਵੰਤ ਕੌਰ ਦੇ ਗ੍ਰਹਿ | ਲੁਧਿਆਣਾ | | ੧੧੪੯ |
| ੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਲਾਲ ਸਿੰਘ ਦੇ ਗ੍ਰਹਿ | ਲੁਧਿਆਣਾ | | ੧੧੫੧ |
| ੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਭਜਨ ਸਿੰਘ ਦੇ ਗ੍ਰਹਿ | ਉਚਾ ਸਨੇਤ | | ੧੧੫੧ |
| ੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਨਿਰੰਜਣ ਸਿੰਘ ਦੇ ਗ੍ਰਹਿ | ਉਚੀ ਅਬਾਦੀ | ਲੁਧਿਆਣਾ | ੧੧੫੨ |
| ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮਲ ਸਿੰਘ ਦੇ ਗ੍ਰਹਿ | ਰੱਜੀ ਵਾਲਾ | ਫਿਰੋਜ਼ਪੁਰ | ੧੧੫੪ |
| ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਕਪੂਰ ਸਿੰਘ ਬਰਾੜ ਦੇ ਗ੍ਰਹਿ | ਮੋਗਾ | ਫਿਰੋਜ਼ਪੁਰ | ੧੧੫੭ |
| ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਨਾਥੇਵਾਲ ਮਾਲਵਾ ਸੰਗਤ | ਫਿਰੋਜ਼ਪੁਰ | | ੧੧੫੮ |
| ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਬੀਬੀ ਹਰਬੰਸ ਕੌਰ ਦੇ ਗ੍ਰਹਿ | ਸਾਲਬ | | ੧੧੬੦ |
| ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਹਿ | ਨਾਥੇ ਵਾਲ | ਫ਼ਿਰੋਜ਼ਪੁਰ | ੧੧੬੨ |
| ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮੇਹਰ ਸਿੰਘ ਦੇ ਗ੍ਰਹਿ | ਜਗਰਾਉਂ | ਲੁਧਿਆਣਾ | ੧੧੬੩ |
| ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਹਿ | ਗੁੜ੍ਹੇ | ਲੁਧਿਆਣਾ | ੧੧੬੫ |
| ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਹਿ | ਦਾਖੇ | ਲੁਧਿਆਣਾ | ੧੧੬੬ |
| ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਨਾਹਰ ਸਿੰਘ ਦੇ ਗ੍ਰਹਿ | ਰਕਬਾ | ਲੁਧਿਆਣਾ | ੧੧੬੭ |
| ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਨਾਜਰ ਸਿੰਘ ਦੇ ਗ੍ਰਹਿ | ਪਖੋਵਾਲ | ਲੁਧਿਆਣਾ | ੧੧੬੮ |
| ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮੰਗਲ ਸਿੰਘ ਦੇ ਗ੍ਰਹਿ | ਪਖੋਵਾਲ | ਲੁਧਿਆਣਾ | ੧੧੬੯ |
| ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਪਾਖਰ ਸਿੰਘ ਦੇ ਗ੍ਰਹਿ | ਮੋਹੀ | ਲੁਧਿਆਣਾ | ੧੧੭੦ |
| ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਗੁਰਨਾਮ ਸਿੰਘ ਦੇ ਗ੍ਰਹਿ | ਬੁਢੇਲ | ਲੁਧਿਆਣਾ | ੧੧੭੪ |
| ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸਾਧੂ ਸਿੰਘ ਦੇ ਗ੍ਰਹਿ | ਪਖੋਵਾਲ | ਲੁਧਿਆਣਾ | ੧੧੭੫ |
| ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਹਰਜੀਤ ਸਿੰਘ ਦੇ ਗ੍ਰਹਿ | ਲੀਲ | ਲੁਧਿਆਣਾ | ੧੧੭੭ |

| | | | |
|---|---|---|---|
| ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਭਾਗ ਸਿੰਘ ਦੇ ਗ੍ਰਹਿ | ਬਿਸਰਾਵਾਂ | ਲੁਧਿਆਣਾ | ੧੧੭੭ |
| ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸਰਵਣ ਸਿੰਘ ਦੇ ਗ੍ਰਹਿ | ਪਖੋਵਾਲ | ਲੁਧਿਆਣਾ | ੧੧੭੯ |
| ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਹਿ | ਪਖੋਵਾਲ | ਲੁਧਿਆਣਾ | ੧੧੭੯ |
| ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸਰਦਾਰਾ ਸਿੰਘ ਦੇ ਗ੍ਰਹਿ | ਪਖੋਵਾਲ | ਲੁਧਿਆਣਾ | ੧੧੮੦ |
| ੨੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਭਗਵਾਨ ਕੌਰ ਦੇ ਗ੍ਰਹਿ | ਪਖੋਵਾਲ | ਲੁਧਿਆਣਾ | ੧੧੮੨ |
| ੨੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਧੰਨਾ ਸਿੰਘ ਦੇ ਗ੍ਰਹਿ | ਢਹਿ ਪਈ | ਲੁਧਿਆਣਾ | ੧੧੮੪ |
| ੨੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਬਲਵੰਤ ਸਿੰਘ ਦੇ ਗ੍ਰਹਿ | ਗੁਜਰਵਾਲ | ਲੁਧਿਆਣਾ | ੧੧੮੫ |
| ੨੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਹਰੀ ਸਿੰਘ ਦੇ ਗ੍ਰਹਿ | ਮਹਿਮਾ ਸਿੰਘ ਵਾਲਾ | ਲੁਧਿਆਣਾ | ੧੧੮੬ |
| ੨੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਜਗੀਰ ਸਿੰਘ ਦੇ ਗ੍ਰਹਿ | ਘੁਗਰਾਣਾ | ਲੁਧਿਆਣਾ | ੧੧੮੭ |
| ੨੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਭਜਨ ਸਿੰਘ ਦੇ ਗ੍ਰਹਿ | ਜੀਰਖ | ਲਧਿਆਣਾ | ੧੧੮੯ |
| ੨੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸ੍ਰੀ ਰਾਮ ਦੇ ਗ੍ਰਹਿ | ਮਕਸੂਦੜਾ | ਲੁਧਿਆਣਾ | ੧੧੯੦ |
| ੨੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਨਛੱਤਰ ਸਿੰਘ ਦੇ ਗ੍ਰਹਿ | ਦੁਰਾਹਾ ਮੰਡੀ | ਲੁਧਿਆਣਾ | ੧੧੯੧ |
| ੨੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਬੀਬੀ ਬਸੰਤ ਕੌਰ ਦੇ ਗ੍ਰਹਿ | ਦੁਰਾਹਾ | ਲੁਧਿਆਣਾ | ੧੧੯੨ |
| ੨੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਗੁਰਨਾਮ ਕੌਰ ਦੇ ਗ੍ਰਹਿ | ਦੁਰਾਹਾ ਮੰਡੀ | ਲੁਧਿਆਣਾ | ੧੧੯੪ |
| ੨੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਗੱਜਨ ਸਿੰਘ ਦੇ ਗ੍ਰਹਿ | ਦੁਰਾਹਾ ਮੰਡੀ | ਲੁਧਿਆਣਾ | ੧੧੯੪ |
| ੨੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਬੱਗਾ ਸਿੰਘ ਦੇ ਗ੍ਰਹਿ | ਨੱਤ | ਲੁਧਿਆਣਾ | ੧੧੯੬ |
| ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਹਿ | ਗੋਬਿੰਦ ਪੁਰਾ | ਜਲੰਧਰ | ੧੧੯੮ |
| ੩੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮਹਿਲ ਸਿੰਘ ਦੇ ਗ੍ਰਹਿ | ਸੰਗਤਪੁਰਾ | ਜਲੰਧਰ | ੧੨੦੦ |
| ੩੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸਾਧੂ ਸਿੰਘ ਦੇ ਗ੍ਰਹਿ | ਸੰਗਤ ਪੁਰਾ | ਜਲੰਧਰ | ੧੨੦੧ |
| ਪਹਿਲੀ ਅੱਸੂ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੨੦੩ |
| ੨ ਅੱਸੂ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੨੧੧ |
| ੩ ਅੱਸੂ ਸ਼ਹਿਨਸ਼ਾਹੀ ਸੰਮਤ ੨ ਰਾਮ ਧਾਮ ਮੰਦਰ | ਅੰਮ੍ਰਿਤਸਰ ਸ਼ਹਿਰ | | ੧੨੧੧ |


32
੧੯

33
੧੯

੩ ਅਸੂ ਸ਼ਹਿਨਸ਼ਾਹੀ ਸੰਮਤ ੨ ਗਊ ਹੱਤਿਆ ਦੇ ਨਵਿਤ ਸਮੇਲਨ ਸੁਵਾਮੀ ਗੰਗੇਸ਼ਵਰ
ਦੁਰਗਿਆਨਾ ਮੰਦਰ ਅੰਮ੍ਰਿਤਸਰ ੧੨੧੩

33
੧੯



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



## ੭ ਮੱਘਰ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਧੀਰ ਪੁਰ ਦਿੱਲੀ-੯

ਮੱਘਰ ਕਹੇ ਪ੍ਰਭ ਦਾ ਵੇਖਦਾ ਰਿਹਾ ਅਦਲ, ਸਚਖੰਡ ਨਿਵਾਸੀ ਜੁਗ ਜੁਗ ਹੁਕਮ ਵਰਤਾਈਆ । ਨਿਤ ਨਵਿਤ ਖੇਲ ਕਰਦਾ ਰਿਹਾ ਬਦਲ, ਬਦਲਾ ਚੁਕਾਵੇ ਥਾਉਂ ਥਾਈਂਆ । ਗੁਰ ਅਵਤਾਰ ਪੈਗ਼ੰਬਰ ਕਟ ਕੇ ਗਏ ਮੰਜ਼ਲ, ਮੰਜ਼ਲ ਚੜ੍ਹ ਕੇ ਪੰਧ ਮੁਕਾਈਆ । ਭਗਤ ਭਗਵਾਨ ਇਕ ਦੂਜੇ ਦੀ ਕਰਦੇ ਵੇਖੇ ਕਦਰ, ਕ਼ਾਦਰ ਕ਼ੁਦਰਤ ਰੰਗ ਵਖਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਕੋਟਾਂ ਵਿਚੋਂ ਥੋੜਿਆਂ ਦੀ ਪੂਰੀ ਹੋਈ ਸਧਰ, ਸਦਮੇ ਵਿਚ ਸਰਬ ਲੋਕਾਈਆ । ਮਨ ਵਿਕਾਰਾ ਪੰਚ ਪਰਪੰਚ ਪਿਆ ਗ਼ਦਰ, ਸਾਂਤਕ ਸਤਿ ਨਾ ਕੋਇ ਵਰਤਾਈਆ । ਪੁਰਖ ਅਕਾਲ ਦੀਨ ਦਿਆਲ
੧ ੧੯ ਕੋਈ ਨਾ ਲੱਗਾ ਪਰਮੇਸ਼ਵਰ ਮਗਰ, ਦ੍ਰਿਸ਼ਟ ਇਸ਼ਟ ਇਕ ਨਾ ਕੋਇ ਮਨਾਈਆ । ਕੂੜ ਕੁੜਿਆਰਾ ਜਾਮ ਪਿਆਲਾ ਪੀ ਕੇ ਬੇਸਬਰ, ਸਤਿ ਸੰਤੋਖ ੧ ੧੯
ਨਾ ਕੋਇ ਰਖਾਈਆ । ਲੱਖ ਚੁਰਾਸੀ ਵੇਖੀ ਮੜ੍ਹੀ ਗੋਰ ਕ਼ਬਰ, ਕਾਅਬਿਆਂ ਵਿਚ ਦੁਹਾਈਆ । ਦੋ ਜਹਾਨ ਮਿਹਰ ਕਰੇ ਨਾ ਕੋਇ ਨਜ਼ਰ, ਨਜ਼ਰੀਆ ਸਕੇ ਨਾ ਕੋਇ ਬਦਲਾਈਆ । ਸੰਮਤ ਸ਼ਹਿਨਸ਼ਾਹੀ ਬਦਲ ਕੇ ਮੇਰੀ ਆਈ ਫਜ਼ਲ, ਫਾਜ਼ਲ ਆਪਣਾ ਭੇਵ ਚੁਕਾਈਆ । ਜਿਸ ਨੇ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਸ਼ਬਦੀ ਕੰਡੇ ਕੀਤਾ ਵਜ਼ਨ, ਵਜ਼੍ਹਾ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਰਤਾਈਆ । ਮੱਘਰ ਕਹੇ ਮੈਂ ਸਚਖੰਡ ਦਵਾਰੇ ਹੋ ਕੇ ਮੌਜੂਦ, ਖੇਲ ਤੱਕਿਆ ਬੇਪਰਵਾਹੀਆ । ਜਿਸ ਦੀ ਮੰਜ਼ਲ ਇਕ ਮਕਸੂਦ, ਮਹਿਬੂਬ ਬੇਪਰਵਾਹੀਆ । ਚੌਦਾਂ ਲੋਕ ਚੌਦਾਂ ਤਬਕ ਸਮਝ ਨਾ ਸਕੇ ਹਦੂਦ, ਹਕ ਹਕ਼ੀਕ਼ਤ ਨਾ ਕੋਇ ਦ੍ਰਿੜਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਰਖੇ ਮਹਿਫੂਜ਼, ਸਿਰ ਆਪਣਾ ਹੱਥ ਟਿਕਾਈਆ । ਅਰਸ਼ ਕੁਰਸ਼ ਤੋਂ ਉਪਰ ਜਿਸ ਦਾ ਅਰੂਜ, ਜਲਵਾ ਨੂਰ ਨੂਰ ਰੁਸ਼ਨਾਈਆ । ਜਿਸ ਦਾ ਨਾ ਕੋਈ ਤਤ ਨਾ ਕਲਬੂਤ, ਕਲਮਾ ਕਲਮਿਆਂ ਵਾਲੀ ਨਾ ਕੋਇ ਪੜ੍ਹਾਈਆ । ਨਾ ਕੋਈ ਤਹਿਰੀਰ ਨਾ ਲਿਖਤ ਹਰੂਫ਼, ਅੱਖਰਾਂ ਵੰਡ ਨਾ ਕੋਇ ਵੰਡਾਈਆ । ਨਿਤ ਨਵਿਤ ਜਨ ਭਗਤਾਂ ਅੰਤਰ ਆਤਮ ਪਰਮਾਤਮ ਹੋ ਮਸਰੂਫ਼, ਮੁਸਲਸਲ ਆਪਣੀ ਕਾਰ ਕਮਾਈਆ । ਜਿਸ ਦਾ ਹੁਕਮ ਫ਼ਰਮਾਨ ਸੰਦੇਸ਼ ਕਰੇ ਨਾ ਕੋਇ ਮੌਕੂਫ਼, ਫ਼ਿਕਰਿਆਂ ਵਿਚ ਨਾ ਕੋਇ ਉਡਾਈਆ । ਮੱਘਰ ਕਹੇ ਉਸ ਨੇ ਸ੍ਰਿਸ਼ਟੀ ਦੀ ਦ੍ਰਿਸ਼ਟੀ ਕੀਤੀ ਬੇਵਕੂਫ਼, ਬੇਵਾ ਰੂਪ ਦਿਸੇ ਲੋਕਾਈਆ । ਜਿਸਦਾ ਗੁਰ ਅਵਤਾਰ ਪੈਗ਼ੰਬਰ ਸ਼ਬਦੀ ਧਾਰ ਦੇਣ ਸਬੂਤ, ਵਾਕ ਭਵਿਖਤਾਂ ਵਿਚ ਦ੍ਰਿੜਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਮੱਘਰ ਕਹੇ ਮੈਂ ਵੇਖਿਆ ਲੋਕ ਪਰਲੋਕ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਆਤਮ ਪਰਮਾਤਮ ਗਾਵੇ ਨਾ ਕੋਈ ਸਲੋਕ, ਅੱਖਰਾਂ ਵਾਲੀ ਸਿਫ਼ਤੀ ਜਗਤ ਪੜ੍ਹਾਈਆ । ਨਿਰਮਲ ਨਿਰਵੈਰ ਨੂਰ ਤੱਕੇ ਨਾ ਕੋਈ ਜੋਤ, ਸਚ ਸਚ ਨਾ ਕੋਇ ਸਮਾਈਆ । ਮਨ ਵਾਸਨਾ ਕੂੜੀ ਕਿਰਿਆ ਕੱਢੇ ਕੋਈ ਨਾ ਖੋਟ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਕਰ ਕਰ ਥੱਕੇ ਪੜ੍ਹਾਈਆ । ਹਰਿ ਕਾ ਭਾਣਾ ਸਕੇ ਨਾ ਕੋਈ ਰੋਕ, ਅਗੇ ਹੋ ਨਾ ਕੋਇ ਅਟਕਾਈਆ । ਜੁਗ ਚੌਕੜੀ ਨਾਮ ਸੰਦੇਸ਼ੇ ਦੇ ਕੇ ਗਏ ਕੋਟਨ ਕੋਟ, ਕੋਟੀ ਕੋਟ ਢੋਲੇ ਗਾਈਆ । ਕੋਈ ਮਿਟਾ ਨਾ ਸਕਿਆ ਹਰਖ਼ ਸੋਗ, ਚਿੰਤਾ ਗ਼ਮ ਨਾ ਕੋਇ ਚੁਕਾਈਆ । ਸਤਿ ਧਰਮ ਦਾ ਮਿਲਿਆ ਨਾ ਕਿਸੇ ਜੋਗ, ਜੁਗੀਸ਼ਰ ਜੁਗਤ ਨਾ ਕੋਇ ਧਰਾਈਆ । ਹਉਮੇ ਹੰਗਤਾ ਮਾਇਆ ਮਮਤਾ ਨਾ ਮਿਟਿਆ ਰੋਗ, ਮਨ ਕਾ ਮਣਕਾ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਇਕ ਵਖਾਈਆ । ਮੱਘਰ ਕਹੇ ਮੈਂ ਵੇਖਿਆ ਆਦਿ ਜੁਗਾਦਿ ਜੁਗ ਚੌਕੜੀ ਖੇਲ, ਨਿਰਗੁਣ ਸਰਗੁਣ ਰੰਗ ਵਖਾਈਆ । ਬਿਨ ਭਗਤਾਂ ਸਾਚਾ ਹੋਇਆ ਕਿਸੇ ਨਾ ਮੇਲ, ਮਿਲਣੀ ਜਗਦੀਸ਼ ਨਾ ਕੋਇ ਕਰਾਈਆ । ਬਿਨ ਤੇਲ ਬਾਤੀ ਸਤਿ ਪਰਕਾਸ਼ ਨਾ ਹੋਇਆ ਰੰਗ ਨਵੇਲ, ਗ੍ਰਹਿ ਮੰਦਰ ਅੰਦਰ ਨਾ ਕੋਇ ਰੁਸ਼ਨਾਈਆ । ਇਕੋ ਰੰਗ ਨਾ ਵੇਖਿਆ ਗੁਰੂ ਚੇਲ, ਚੇਲਾ ਗੁਰ ਰੰਗ ਨਾ ਕੋਇ ਵਟਾਈਆ । ਅੰਤ ਅਖ਼ੀਰੀ ਸ੍ਰਿਸ਼ਟੀ ਹੋਈ ਫ਼ੇਲ, ਮਜ਼ਮੂਨ ਹੱਕ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪਣੇ ਹੱਥ ਵਖਾਈਆ । ਮੱਘਰ ਕਹੇ ਮੈਂ ਵੇਖਿਆ ਲੇਖਾ ਜਗਤ ਜਹਾਂ, ਜੁਗ ਚੌਕੜੀ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਬਿਆਂ, ਬਿਆਨਾ ਆਪਣਾ ਨਾਮ ਧਰਾਈਆ । ਧੁਰ ਦਾ ਢੋਲਾ ਰਾਗਾਂ ਨਾਦਾਂ ਵਿਚ ਗਏ ਸੁਣਾ, ਅਨਬੋਲਤ ਅੱਖਰਾਂ ਵਿਚ ਵਡਿਆਈਆ । ਸ਼ਬਦ ਇਸ਼ਾਰਿਆਂ ਵਿਚ ਕਰ ਕੇ ਗਏ ਹਾਂ, ਹਉਮੇ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਰਿਹਾ ਚੁਕਾਈਆ । ਮੱਘਰ ਕਹੇ ਮੈਂ ਵੇਂਹਦਾ ਰਿਹਾ ਪੜਦਿਆਂ ਅੰਦਰ ਲੁਕ, ਨਿਤ ਨਿਤ ਆਪਣਾ ਵੇਸ ਵਟਾਈਆ । ਸਾਲ ਬਸਾਲੇ ਪੈਂਡੇ ਗਏ ਮੁਕ, ਜੁਗ ਚੌਕੜੀ ਗਈ ਵਿਹਾਈਆ । ਸਤਿਜੁਗ ਸਤਿ ਸਤਿਵਾਦੀ ਪਿਆ ਉਠ, ਸਚ ਦਵਾਰੇ ਲਈ ਅੰਗੜਾਈਆ । ਪੁਰਖ ਅਕਾਲ ਧੁਰ ਦਾ ਮਾਲਕ ਗਿਆ ਤੁਠ, ਮਿਹਰ ਨਜ਼ਰ ਇਕ ਉਠਾਈਆ । ਹੁਕਮ ਸੰਦੇਸ਼ਾ ਦੇ ਕੇ ਸਚ ਸੁਚ, ਸਤਿ ਦਿਤਾ ਦ੍ਰਿੜਾਈਆ । ਜਾ ਕੇ ਵੇਖ ਭਗਤ ਸੁਹੇਲੇ ਅਗੰਮੀ ਸੁਤ, ਜਿਨ੍ਹਾਂ ਦਾ ਪੁਰਖ ਅਕਾਲ ਇਕੋ ਪਿਤਾ ਇਕੋ ਮਾਈਆ । ਬਾਹਰੋਂ ਪੰਜਾਂ ਤੱਤਾਂ ਵਾਲੇ ਖ਼ਾਕੀ ਬੁਤ, ਅੰਦਰ ਵਸਿਆ ਬੇਪਰਵਾਹੀਆ । ਜਗਤ ਵਿਵਹਾਰ ਵੱਲੋਂ ਕੋਲ ਨਹੀਂ ਕੁਛ, ਭਗਤ ਭੰਡਾਰ ਵਲੋਂ ਭੰਡਾਰਾ ਬੇਪਰਵਾਹੀਆ । ਗੋਬਿੰਦ ਕੋਲੋਂ ਜਾ ਕੇ ਪੁਛ, ਜੋ ਸੰਦੇਸ਼ਾ ਸਚ ਜਣਾਈਆ । ਜਿਹੜੇ ਉਸ ਤੋਂ ਗਏ ਘੁਸ, ਚਾਰ ਜੁਗ ਨਾ ਕੋਇ ਮਿਲਾਈਆ । ਜਿਸ ਦਾ ਭਾਣਾ ਕਦੇ ਨਾ ਸਕੇ ਰੁਕ, ਦੋ ਜਹਾਨ ਨਾ ਕੋਇ ਮਿਟਾਈਆ । ਉਸ ਦੀ ਸਭ ਤੋਂ ਵਖਰੀ ਨਿਰਾਲੀ ਸ਼ਬਦ ਅਗੰਮੀ ਤੁਕ, ਜੋ ਤੁਖ਼ਮ ਤਾਅਸੀਰ ਦਏ ਬਦਲਾਈਆ । ਜੋ ਏਥੇ ਓਥੇ ਦੋ ਜਹਾਨਾਂ ਦੇਵੇ ਓਟ, ਓੜਕ ਆਪਣੇ ਨਾਲ ਮਿਲਾਈਆ । ਜਿਸ ਦਾ ਨੂਰ ਨੁਰਾਨਾ ਅਗੰਮੀ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਕਰ ਨਾ ਸਕਿਆ ਸੋਚ, ਅਨੁਭਵ ਭੇਵ ਨਾ ਕੋਇ ਖੁਲ੍ਹਾਈਆ । ਉਸ ਦੀ ਭਗਤਾਂ ਅੰਦਰ ਮੌਜ, ਮੌਜੂਦਾ

ਹੋ ਕੇ ਮਜਲਸ ਰਿਹਾ ਵਖਾਈਆ । ਜੋ ਮਾਲਕ ਹੋ ਕੇ ਕਰੇ ਧੁਰ ਸੰਜੋਗ, ਆਤਮ ਪਰਮਾਤਮ ਜੋੜ ਜੁੜਾਈਆ । ਲੇਖਾ ਮੁਕਾ ਕੇ ਚੌਦਾਂ ਲੋਕ, ਚਰਨ ਕਵਲ ਦਏ ਸਰਨਾਈਆ । ਮੱਘਰ ਕਹੇ ਮੈਨੂੰ ਤੱਕ ਕੇ ਆ ਗਈ ਹੋਸ਼, ਆਪਣਾ ਆਪ ਲਿਆ ਬਦਲਾਈਆ । ਜੋ ਨਵ ਨੌ ਚਾਰ ਬੈਠਾ ਰਿਹਾ ਖ਼ਾਮੋਸ਼, ਅੱਖਰਾਂ ਵਾਲੀ ਨਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਰਤਾਈਆ । ਮੱਘਰ ਕਹੇ ਮੈਂ ਤੱਕਿਆ ਨਿਰਮਲ ਧਾਰ, ਨਿਰਵੈਰ ਨਿਰਾਕਾਰ ਨਿਰੰਕਾਰ ਨਜ਼ਰੀ ਆਈਆ । ਜਿਸ ਦਾ ਸਭ ਤੋਂ ਵਖਰਾ ਵਿਹਾਰ, ਵਿਵਹਾਰੀ ਨੂਰ ਖ਼ੁਦਾਈਆ । ਜਿਸ ਨੇ ਸੂਲੀਆਂ ਉਤੇ ਦਿਤੇ ਚਾੜ੍ਹ, ਸੂਫ਼ੀਆਂ ਸੁਰਤ ਭੁਲਾਈਆ । ਸੋ ਭਗਤਾਂ ਦਏ ਦੀਦਾਰ, ਦੀਦ ਈਦ ਚੰਦ ਰੁਸ਼ਨਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਕਰੇ ਗੁਫ਼ਤਾਰ, ਨਿਰਅੱਖਰ ਨਾਲ ਸਮਝਾਈਆ । ਮੰਜ਼ਲ ਚੜ੍ਹ ਕੇ ਸਚ ਮੀਨਾਰ, ਸਨਮੁਖ ਹੋ ਕੇ ਦਰਸ ਦਿਖਾਈਆ । ਜਿਸ ਦਾ ਕਾਗ਼ਜ਼ ਕ਼ਲਮ ਸ਼ਾਹੀ ਪਾਏ ਨਾ ਪਾਰਾਵਾਰ, ਅੰਤ ਅੰਤ ਨਾ ਕੋਇ ਜਣਾਈਆ । ਸੋ ਪ੍ਰੀਤਮ ਜਨ ਭਗਤਾਂ ਵਸੇ ਠਾਂਡੇ ਦਰਬਾਰ, ਦਰ ਦਵਾਰਾ ਇਕ ਸੁਹਾਈਆ । ਘਰ ਤਾਕੀ ਖੋਲ੍ਹ ਕਿਵਾੜ, ਪੜਦਾ ਦਏ ਚੁਕਾਈਆ । ਜੁਗ ਜਨਮ ਦੇ ਵਿਛੜੇ ਮੇਲੇ ਆਣ, ਆਪ ਆਪਣੇ ਰੰਗ ਰੰਗਾਈਆ । ਮਾਇਆ ਮਮਤਾ ਮੋਹ ਮਿਟਾ ਨਿਸ਼ਾਨ, ਸ਼ਰਅ ਦੇ ਬੰਧਨ ਦਏ ਕਟਾਈਆ । ਤੂੰ ਮੇਰਾ ਮੈਂ ਤੇਰਾ ਦੇ ਕੇ ਇਕੋ ਸਚ ਗਿਆਨ, ਅਗਿਆਨ ਅੰਧੇਰਾ ਦਏ ਮਿਟਾਈਆ । ਸਾਚੇ ਮੰਦਰ ਮਿਲਾ ਕੇ ਸ੍ਰੀ ਭਗਵਾਨ, ਭਗਵਨ ਆਪਣਾ ਨੂਰ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦਾਤਾ ਦਇਆ ਕਮਾਈਆ । ਮੱਘਰ ਕਹੇ ਮੈਂ ਆ ਗਿਆ ਜਗ, ਜਗ ਜੀਵਨ ਦਾਤੇ ਦਿਤੀ ਵਡਿਆਈਆ । ਮੱਕੇ ਕਾਅਬੇ ਵੇਖੇ ਹੱਜ, ਧੁਰ ਦਾ ਹਜ਼ਰਤ ਨਾ ਕੋਇ ਮਨਾਈਆ । ਫਿਰ ਫਿਰ ਵੇਖੇ ਤੀਰਥ ਤਟ, ਅੱਠ ਸੱਠ ਰਹੇ ਕੁਰਲਾਈਆ । ਨੇਤਰ ਰੋਵਣ ਮੰਦਰ ਮੱਠ, ਗੁਰੂਦਵਾਰ ਦੇਣ ਦੁਹਾਈਆ । ਮਿਲੇ ਮੇਲ ਨਾ ਪੁਰਖ ਸਮਰਥ, ਸਚ ਨੂਰ ਨਾ ਕੋਇ ਰੁਸ਼ਨਾਈਆ । ਨਿਜ ਨੇਤਰ ਖੋਲ੍ਹੇ ਕੋਇ ਨਾ ਅੱਖ, ਪੜਦਾ ਦੂਈ ਨਾ ਕੋਇ ਚੁਕਾਈਆ । ਅਨਹਦ ਨਾਦ ਨਾ ਵੱਜੇ ਸੱਟ, ਤੂੰ ਹੀ ਤੂੰ ਹੀ ਨਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਦਿਤਾ ਉਠਾਈਆ । ਮੱਘਰ ਕਹੇ ਮੇਰਾ ਲੱਥਾ ਪੜਦਾ, ਨਿਰਗੁਣ ਹੋ ਕੇ ਦਿਆਂ ਜਣਾਈਆ । ਪ੍ਰਭੂ ਨੇ ਖੇਲ ਵਖਾਇਆ ਘਰ ਘਰ ਦਾ, ਲੱਖ ਚੁਰਾਸੀ ਅੰਦਰ ਫਿਰਾਈਆ । ਬਿਨ ਭਗਤਾਂ ਸਾਚੀ ਮੰਜ਼ਲ ਵੇਖਿਆ ਕੋਇ ਨਾ ਚੜ੍ਹਦਾ, ਨਰ ਹਰਿ ਦਰਸ ਕੋਇ ਨਾ ਪਾਈਆ । ਸਾਧ ਸੰਤ ਵੇਖਿਆ ਸੜਦਾ, ਤ੍ਰੈਗੁਣ ਅਗਨੀ ਰਹੀ ਤਪਾਈਆ । ਬਿਨ ਗੁਰਮੁਖਾਂ ਭਾਣਾ ਕੋਇ ਨਾ ਜਰਦਾ, ਜ਼ਰਾ ਜ਼ਰਾ ਭੇਟ ਨਾ ਕੋਇ ਕਰਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਖੇਲ ਆਪਣਾ ਵੱਖਰਾ ਕਰਦਾ, ਕ਼ਦਰ ਭਗਤਾਂ ਰਿਹਾ ਪਾਈਆ । ਚਾਰੋਂ ਕੁੰਟ ਫਿਰੇ ਲੱਭਦਾ, ਨਿਰਗੁਣ ਵੇਖੇ ਥਾਉਂ ਥਾਈਂਆ । ਮੈਂ ਨਜ਼ਾਰਾ ਵੇਖਿਆ ਰੱਬ ਦਾ, ਪਹਿਲੀ ਮੱਘਰ ਰਿਹਾ ਦ੍ਰਿੜਾਈਆ । ਭਗਤ ਭਗਵਾਨ ਇਕੋ ਸੇਜਾ ਸਾਚੀ ਸਜਦਾ, ਜਿਥੇ ਸਜਦੇ ਦੀ ਲੋੜ ਰਹੇ ਨਾ ਰਾਈਆ । ਜਗਤ ਨੇਤਰਾਂ ਲੱਭਿਆਂ ਕਿਸੇ ਨਾ ਲੱਭਦਾ, ਖੋਜਾਂ ਵਿਚ ਸਰਬ ਲੋਕਾਈਆ । ਜੋ ਸਤਿ ਦਵਾਰੇ ਅੰਤਰ ਬਹਿ ਕੇ ਫਬਦਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਉਸਦਾ ਖੇਲ ਅਗੰਮੀ ਨੂਰੀ ਪੁਰਖ ਸਮਰਥ ਦਾ, ਸਮਰੱਥਿਆ ਆਪਣੇ ਹੱਥ ਰਖਾਈਆ । ਜੋ ਜੁਗ ਜੁਗ ਲੇਖਾ ਜਾਣੇ ਜਗਤ ਰਥ ਦਾ, ਰਥਵਾਹੀ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ


੩
੧੯

ਆਪਣੀ ਕਿਰਪਾ ਕਰ, ਸਚ ਦੇਵਣਹਾਰ ਸਰਨਾਈਆ । ਮੱਘਰ ਕਹੇ ਮੈਂ ਵੇਖਿਆ ਹਜ਼ੂਰ, ਹਾਜਰ ਹੋ ਕੇ ਧਿਆਨ ਲਗਾਈਆ । ਜੋ ਜਨ ਭਗਤਾਂ ਦਾ ਬਣ ਮਜ਼ਦੂਰ, ਦਿਵਸ ਰੈਣ ਸੇਵ ਕਮਾਈਆ । ਪ੍ਰੇਮ ਪ੍ਰੀਤੀ ਅੰਦਰ ਹੋ ਮਜਬੂਰ, ਮਜਬੂਰੀ ਭਗਤਾਂ ਰਿਹਾ ਕਟਾਈਆ । ਜੁਗ ਜਨਮ ਦੇ ਬਖ਼ਸ਼ ਕੇ ਆਪ ਕ਼ਸੂਰ, ਕਸਰ ਆਪਣੀ ਝੋਲੀ ਪਾਈਆ । ਮਾਇਆ ਮਮਤਾ ਤੋੜ ਕੇ ਗੜ੍ਹ ਗ਼ਰੂਰ, ਗ਼ੁਰਬਤ ਰਿਹਾ ਮਿਟਾਈਆ । ਆਪਣੇ ਪ੍ਰੇਮ ਦਾ ਦੇ ਕੇ ਨੂਰ, ਸਚ ਨੂਰ ਰਿਹਾ ਚਮਕਾਈਆ । ਜੁਗ ਚੌਕੜੀ ਦਾ ਬਦਲ ਕੇ ਆਪ ਦਸਤੂਰ, ਦਸਤ ਬਦਸਤ ਰਿਹਾ ਮਿਲਾਈਆ । ਜਗਤ ਕਾਮਨਾ ਮੇਟ ਕੇ ਵਾਂਗ ਕਾਫ਼ੂਰ, ਕੁਫਲ ਦਾ ਲੇਖਾ ਦਿਤਾ ਮੁਕਾਈਆ । ਨਾਮ ਖ਼ੁਮਾਰੀ ਦੇ ਸਰੂਰ, ਰਸ ਇਕੋ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਮੱਘਰ ਕਹੇ ਮੈਂ ਵੇਖਿਆ ਮੀਤਾ, ਮਿੱਤਰ ਪਿਆਰਾ ਨਜ਼ਰੀ ਆਈਆ । ਜੋ ਭਗਤਾਂ ਅੰਦਰ ਖੇਲ ਕਰੇ ਅਨਡੀਠਾ, ਅਨਡਿਠੜੀ ਕਾਰ ਕਮਾਈਆ । ਜਿਸ ਦੀ ਸਿਫ਼ਤ ਕਰੇ ਅਠਾਰਾਂ ਧਿਆਏ ਗੀਤਾ, ਸ਼ਬਦ ਸ਼ਬਦਾਂ ਨਾਲ ਸਾਲਾਹੀਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਮੰਨਣ ਨੀਕਨ ਨੀਕਾ, ਨਿਰਵੈਰ ਨਜ਼ਰ ਨਾ ਆਈਆ । ਸੋ ਭਗਤ ਉਧਾਰਨ ਦਾ ਜਗ ਨਵਾਂ ਬਦਲ ਤਰੀਕਾ, ਤਰ੍ਹਾਂ ਤਰ੍ਹਾਂ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਕਾਰ ਕਮਾਈਆ । ਮੱਘਰ ਕਹੇ ਮੈਂ ਹੋਇਆ ਹੈਰਾਨ, ਹੈਰਾਨੀ ਮੇਰੇ ਅੰਦਰ ਆਈਆ । ਕਿਸ ਬਿਧ ਹੋਇਆ ਪ੍ਰਭੂ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਭਗਤ ਸੁਹੇਲੇ ਮੇਲੇ ਆਣ, ਨਿਰਗੁਣ ਸਰਗੁਣ ਜੋੜ ਜੁੜਾਈਆ । ਬਿਨ ਪੜ੍ਹਿਆਂ ਦੇ ਕੇ ਗਿਆਨ, ਅਗਿਆਨ ਅੰਧੇਰਾ ਦਿਤਾ ਮਿਟਾਈਆ । ਲੱਖ ਚੁਰਾਸੀ ਵਿਚੋਂ ਕਰ ਪਹਿਚਾਨ, ਬਹੁਤਿਆਂ ਵਿਚੋਂ ਥੋੜੇ ਆਪਣੀ ਗੋਦ ਉਠਾਈਆ । ਇਕੋ ਦੇ ਕੇ ਸਚ ਨਿਸ਼ਾਨ, ਨਿਸ਼ਾਨੇ ਕੂੜੇ ਦਿਤੇ ਭੁਲਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਨੂੰ ਕਰਨਾ ਪਏ ਪਰਵਾਨ, ਪਰਵਾਨਾ ਅਵਰ ਨਾ ਕੋਇ ਵਖਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਜਨ ਭਗਤਾਂ ਦਾ ਬਣਿਆ ਆਪ ਮਹਿਮਾਨ, ਭਗਤ ਦਵਾਰੇ ਫੇਰਾ ਪਾਈਆ । ਗੁਰਮੁਖਾਂ ਦੀ ਆਤਮ ਸੇਜਾ ਕਰੇ ਆਰਾਮ, ਦੂਜੇ ਸੁਖ ਦੀ ਲੋੜ ਰਹੇ ਨਾ ਰਾਈਆ । ਪ੍ਰੀਤੀ ਅੰਦਰ ਬਣ ਬਣ ਗ਼ੁਲਾਮ, ਸੇਵਕ ਹੋ ਕੇ ਸੇਵ ਕਮਾਈਆ । ਭਗਤਾਂ ਦਾ ਆਪਣੀ ਝੋਲੀ ਪਾਇਆ ਅਹਿਸਾਨ, ਅਸਲ ਆਪਣਾ ਰੰਗ ਵਖਾਈਆ । ਬਿਨ ਪੂਜਾ ਪਾਠ ਤੋਂ ਕਰ ਕਲਿਆਣ, ਕਲਮਿਆਂ ਤੋਂ ਬਾਹਰ ਦਿਤਾ ਕਢਾਈਆ । ਜੋਧੇ ਸੂਰ ਬਣਾ ਬਲਵਾਨ, ਕਲਜੁਗ ਕੂੜਾ ਚਰਨਾਂ ਹੇਠ ਦਿਤਾ ਦਬਾਈਆ । ਲੱਖ ਚੁਰਾਸੀ ਚੁਕਾ ਕੇ ਕਾਣ, ਆਵਣ ਜਾਵਣ ਪੈਂਡਾ ਦਿਤਾ ਮੁਕਾਈਆ । ਸਚ ਦਵਾਰੇ ਮੇਲੇ ਆਣ, ਦਰ ਦਰਬਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਮੱਘਰ ਕਹੇ ਮੈਂ ਬੋਲਣਾ ਸਚ ਜੈਕਾਰਾ, ਸਚ ਦਿਆਂ ਜਣਾਈਆ । ਜਿਹੜਾ ਜੁਗ ਚੌਕੜੀ ਦੇਂਦਾ ਆਇਆ ਲਾਰਾ, ਇਸ਼ਾਰਿਆਂ ਨਾਲ ਇਸ਼ਾਰੇ ਆਇਆ ਸਮਝਾਈਆ । ਜਿਸ ਦਾ ਲੇਖਾ ਅਗੰਮ ਅਪਾਰਾ, ਅਲਖ ਅਗੋਚਰ ਨਾ ਕੋਇ ਸਮਝਾਈਆ । ਜਿਸ ਦਾ ਭਾਣਾ ਮੰਨ ਗੁਰੂ ਅਵਤਾਰਾ, ਪੈਗ਼ੰਬਰ ਗਏ ਸੀਸ ਝੁਕਾਈਆ । ਸੋ ਕਰਨ ਆਇਆ ਵਿਹਾਰਾ ਵਿਵਹਾਰੀ ਵੇਸ ਵਟਾਈਆ । ਜਿਸ ਦਾ ਹੁਕਮ ਸਦਾ ਜੁਗ ਚਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾ ਕੋਇ ਮੇਟੇ ਮੇਟ ਮਿਟਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਜਨ ਭਗਤ ਸੁਹਾਏ ਇਕ ਦਵਾਰਾ, ਮੰਦਰ ਇਕੋ ਇਕ ਵਖਾਈਆ । ਜਿਥੇ ਦਿਵਸ ਰੈਣ ਦੀਆ ਦੀਪਕ ਇਕੋ ਉਜਿਆਰਾ, ਤੇਲ ਬਾਤੀ


੪
੧੯

ਨਾ ਕੋਇ ਵਖਾਈਆ । ਨਾਦ ਸ਼ਬਦ ਧੁਨ ਸੱਚੀ ਧੁਨਕਾਰਾ, ਅਨੁਰਾਗੀ ਰਾਗ ਅਲਾਈਆ । ਜਿਸ ਦਾ ਖੇਲ ਸਭ ਤੋਂ ਵੱਖਰਾ ਨਿਆਰਾ, ਨਰ ਨਿਰੰਕਾਰਾ ਹੋ ਕੇ ਆਪ ਕਰਾਈਆ । ਸੋ ਸੁਹਾਵਣਹਾਰਾ ਜਮਨ ਕਿਨਾਰਾ, ਜਾਮਨ ਹੋ ਕੇ ਵੇਖ ਵਖਾਈਆ । ਦਵਾਰਕਾ ਨਿਵਾਸੀ ਤੇਰਾ ਉਧਾਰਾ, ਦੋਹਰੀ ਵਾਰ ਦਿਤੀ ਵਡਿਆਈਆ । ਸਾਚਿਆਂ ਭਗਤਾਂ ਦੇ ਸਹਾਰਾ, ਗੁਰ ਅਵਤਾਰਾਂ ਰਿਹਾ ਜਣਾਈਆ । ਜਿਨ੍ਹਾਂ ਦਾ ਲੇਖਾ ਇਕ ਤੋਂ ਦੋ ਦੋ ਤੋਂ ਚਾਰਾ, ਚੌਕੜ ਦਏ ਗਵਾਹੀਆ । ਜਿਨ੍ਹਾਂ ਨੇ ਸੀਸ ਚੁਕਣਾ ਇੱਟਾਂ ਗਾਰਾ, ਗਹਿਰ ਗੰਭੀਰ ਵਿਚ ਸਮਾਈਆ । ਅਗਲੇ ਜਨਮ ਦਾ ਲੇਖਾ ਰਿਹਾ ਨਾ ਕੋਇ ਸੰਸਾਰਾ, ਸੰਸਾਰੀਆਂ ਵਿਚੋਂ ਬਾਹਰ ਕਢਾਈਆ । ਹਰਿ ਸੰਗਤ ਤੇਰਾ ਰੂਪ ਅਪਾਰਾ, ਅਪਰੰਪਰ ਵੇਖ ਵਖਾਈਆ । ਨਿੱਕੇ ਵੱਡੇ ਦਾ ਇਕੋ ਜਿਹਾ ਵਿਹਾਰਾ, ਵਿਵਹਾਰੀ ਆਪਣੀ ਕਾਰ ਕਮਾਈਆ । ਗੁਰਮੁਖੋ ਤੁਹਾਡੀ ਸੇਵਾ ਲੱਖ ਕਰੋੜੀ ਨਾ ਗਿਣਤੀ ਵਿਚ ਹਜ਼ਾਰਾਂ, ਕ਼ੀਮਤਾਂ ਵਾਲਾ ਕ਼ੀਮਤ ਸਕੇ ਨਾ ਕੋਇ ਜਣਾਈਆ । ਜਿਥੇ ਝੁਕਣਾ ਜਗਤ ਸਰਕਾਰਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਸਭ ਨੂੰ ਦਏ ਵਖਾਈਆ । ਮੱਘਰ ਕਹੇ ਮੈਂ ਦੋਏ ਜੋੜ ਕਰਾਂ ਨਮਸਤੇ, ਨਿਮਸਕਾਰ ਡੰਡਾਵਤ ਵਿਚ ਬਦਲਾਈਆ । ਜਨ ਭਗਤੋ ਤੁਸੀਂ ਸੇਵਾ ਕੀਤੀ ਹੱਸਦੇ ਹੱਸਦੇ, ਹਸਤੀ ਆਪਣੀ ਲਈ ਬਦਲਾਈਆ । ਤੁਹਾਡੇ ਘਰਾਣੇ ਰਹਿਣੇ ਵਸਦੇ, ਅੰਤਮ ਉਜੜੇ ਸਰਬ ਲੋਕਾਈਆ । ਸ਼ਾਹ ਸੁਲਤਾਨ ਵੇਖਣੇ ਨੱਸਦੇ, ਰਾਜੇ ਰਾਣੇ ਪਿੱਠ ਭਵਾਈਆ । ਇਸ਼ਾਰਿਆਂ ਨਾਲ ਇਕ ਦੂਜੇ ਨੂੰ ਸਾਰੇ ਦੱਸਦੇ, ਉਂਗਲਾਂ ਉਪਰ ਉਠਾਈਆ । ਬਿਨਾ ਸ੍ਰੀ ਭਗਵਾਨ ਕੋਇ ਨਾ ਬਚਦੇ, ਬੱਚਿਆਂ ਵਾਲੇ ਸਰਬ ਕੁਰਲਾਈਆ । ਇਹ ਖੇਲ ਉਸ ਅਗੰਮੀ ਇਸ਼ਾਰੇ ਅੱਖ ਦੇ, ਜਿਸ ਦੀ ਪਲਕ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦੇਵਣਹਾਰ ਵਡਿਆਈਆ । ਮੱਘਰ ਕਹੇ ਮੈਨੂੰ ਆਈ ਹਾਸੀ, ਹੱਸ ਹੱਸ ਦਿਆਂ ਸੁਣਾਈਆ । ਜਨ ਭਗਤੋ ਤੁਹਾਡੀ ਕੱਟੀ ਗਈ ਜਮ ਫਾਸੀ, ਜਮਾਂ ਦਾ ਭੈ ਨਾ ਕੋਇ ਵਖਾਈਆ । ਪੁਰਖ ਅਕਾਲ ਦੀਨ ਦਿਆਲ ਨਿਰਗੁਣ ਨੂਰ ਮਿਲਿਆ ਇਕੋ ਸਾਥੀ, ਧੁਰ ਦਾ ਸੰਗੀ ਨਜ਼ਰੀ ਆਈਆ । ਲਹਿਣਾ ਰਿਹਾ ਕੋਈ ਨਾ ਬਾਕੀ, ਜੋ ਖ਼ੁਸ਼ੀਆਂ ਨਾਲ ਸੇਵ ਕਮਾਈਆ । ਜਿਸ ਦਵਾਰੇ ਉਤੇ ਆ ਕੇ ਕੋਟ ਤਰਨੇ ਪਾਪੀ, ਉਸ ਦੀ ਨੀਂਹ ਭਗਤਾਂ ਕੋਲੋਂ ਰਖਾਈਆ । ਜਨਮ ਜਨਮ ਦੀ ਪੂਰੀ ਕਰਕੇ ਆਸੀ, ਤ੍ਰਿਸ਼ਨਾ ਦਿਤੀ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤੋ ਤੁਹਾਡੀ ਸੇਵਾ ਦਿਵਸ ਰਾਤ, ਰੈਣ ਦਏ ਗਵਾਹੀਆ । ਚੌਵੀ ਘੰਟੇ ਕਰ ਇਤਫ਼ਾਕ, ਢੋਲਾ ਇਕੋ ਰਹੇ ਸੁਣਾਈਆ । ਸੱਠ ਘੜੀਆਂ ਬੋਲ ਕੇ ਵਾਕ, ਵਾਕਿਆ ਆਪਣਾ ਰਿਹਾ ਦ੍ਰਿੜਾਈਆ । ਅੱਠ ਪਹਿਰ ਹੋ ਕੇ ਦਾਸ, ਨੇਤਰ ਨੈਣ ਨਿਵਾਈਆ । ਅੱਖ ਖੋਲ੍ਹ ਪ੍ਰਿਥਮੀ ਆਕਾਸ਼, ਗਗਨ ਮੰਡਲ ਰਹੇ ਸੁਣਾਈਆ । ਵਾਹਵਾ ਤੇਰੀ ਪ੍ਰੀਤੀ ਪੁਰਖ ਅਬਿਨਾਸ਼, ਬਿਨ ਭਗਤਾਂ ਹੱਥ ਕਿਸੇ ਨਾ ਆਈਆ । ਜਿਹੜੇ ਉਠ ਵੇਲੇ ਪਰਭਾਤ, ਤੇਰੀ ਸੇਵਾ ਸਚ ਕਮਾਈਆ । ਪਤਾ ਨਹੀਂ ਕਿਥੋਂ ਸਿਖੀ ਇਨ੍ਹਾਂ ਨੇ ਜਾਚ, ਕਵਣ ਗਿਆ ਦ੍ਰਿੜਾਈਆ । ਅੰਦਰੋਂ ਬਾਹਰੋਂ ਹੋ ਗਿਆ ਪਾਕ, ਪੁਨੀਤ ਹੋ ਕੇ ਖ਼ੁਸ਼ੀ ਵਰਤਾਈਆ । ਪ੍ਰੇਮ ਪਿਆਰ ਦਾ ਵੱਜਦਾ ਰਹੇ ਰਬਾਬ, ਤੂੰ ਹੀ ਤੂੰ ਹੀ ਰਾਗ ਅਲਾਈਆ । ਕਬੀਰ ਫ਼ਰੀਦ ਕਰਦੇ ਰਹੇ ਹਿਸਾਬ, ਬੱਤੀ ਦਿਨ ਬੱਤੀ ਦੰਦਾਂ ਵਾਲਾ ਲੇਖਾ ਨਾਲ ਜਣਾਈਆ । ਅੰਤ ਉਹ ਵੀ ਦੇ ਕੇ ਜੁਆਬ, ਸੱਤ ਮੱਘਰ ਰਹੇ ਜਣਾਈਆ । ਪਤਾ ਨਹੀਂ ਪ੍ਰਭੂ ਤੂੰ ਕਿਵੇਂ ਇਨ੍ਹਾਂ ਦੇ ਅੰਦਰ ਵਸਿਓਂ ਆਪ,



੫
੧੯

ਜੋ ਆਪਾ ਗਏ ਮਿਟਾਈਆ । ਸਾਚੇ ਪ੍ਰੇਮ ਪਿਆਰ ਦਾ ਕਰ ਇਤਫ਼ਾਕ,ਵੱਡੇ ਛੋਟੇ ਬਾਲੇ ਨੱਢੇ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦਿਤੀ ਵਡਿਆਈਆ । ਸ੍ਰੀ ਭਗਵਾਨ ਕਹੇ ਸੁਣ ਮੱਘਰ ਬਾਲੇ ਨੱਢੇ, ਤੈਨੂੰ ਦਿਆਂ ਜਣਾਈਆ । ਨੌ ਸੌ ਚੁਰਾਨਵੇਂ ਜੁਗ ਚੌਕੜੀ ਪਿਛੋਂ ਮੈਂ ਆਪਣੀ ਜੋਤੀ ਧਾਰੋਂ ਕੱਢੇ, ਮੈਂ ਆਪਣੇ ਤੱਤਾਂ ਨਾਲ ਕਰੀ ਕੁੜਮਾਈਆ । ਜਿਨ੍ਹਾਂ ਨਾਲ ਸਚ ਦਵਾਰੇ ਮਿਲ ਕੇ ਕਰਾਂ ਲੱਡੇ, ਲਾਡ ਉਨ੍ਹਾਂ ਰਿਹਾ ਲਡਾਈਆ । ਜਿਨ੍ਹਾਂ ਦੇ ਅੰਦਰ ਧਰਮ ਨਿਸ਼ਾਨੇ ਗੱਡੇ, ਸਚ ਸਚ ਦਿਤਾ ਸਮਝਾਈਆ । ਜਗਤ ਤ੍ਰਿਸ਼ਨਾ ਬੁਝਾ ਕੇ ਅੱਗੇ, ਆਗਿਆ ਆਪਣੀ ਵਿਚ ਰਖਾਈਆ । ਪ੍ਰੇਮ ਪ੍ਰੀਤੀ ਵਿਚ ਦੇ ਕੇ ਮਜੇ, ਕੂੜਾ ਮਜ਼ਾ ਦਿਤਾ ਮਿਟਾਈਆ । ਉਹ ਨੇਤਰ ਦਰਸ਼ਨ ਕਰ ਕਰ ਰੱਜੇ, ਅੰਦਰ ਭੁੱਖ ਰਹੀ ਨਾ ਰਾਈਆ । ਆਪੇ ਫਿਰਨ ਭੱਜੇ, ਅੰਦਰ ਬਾਹਰ ਵਾਹੋ ਦਾਹੀਆ । ਜਿਨ੍ਹਾਂ ਦੇ ਪ੍ਰੀਤਮ (ਨੇ) ਉਨ੍ਹਾਂ ਨਾਲ ਨਹੀਂ ਕਰਨੇ ਦਗੇ, ਕੂੜਾ ਯਾਰਾਨਾ ਨਾ ਕੋਇ ਰਖਾਈਆ । ਏਥੇ ਓਥੇ ਆਪਣੀ ਗੋਦੀ ਚੁੱਕੇ, ਚੁੱਕ ਚੁੱਕ ਖ਼ੁਸ਼ੀ ਮਨਾਈਆ । ਸਚ ਦਵਾਰੇ ਜਾ ਕੇ ਰਖੇ, ਜਿਥੇ ਵੇਖਣਵਾਲਾ ਮਾਈ ਬਾਪ ਭਾਈ ਭੈਣ ਨਜ਼ਰ ਕੋਇ ਨਾ ਆਈਆ । ਸਚ ਪ੍ਰੀਤੀ ਅੰਦਰ ਨੱਸੇ, ਸ਼ਬਦੀ ਰਾਗ ਸੁਣਾਈਆ । ਚਰਨ ਕਵਲ ਕਰ ਕੇ ਇਕੱਠੇ, ਇਕੋ ਢੋਲਾ ਦਏ ਸੁਣਾਈਆ । ਜਨ ਭਗਤੋ ਤੁਸੀਂ ਆਏ ਮੇਰੇ ਪ੍ਰੇਮ ਦੇ ਵੱਟੇ, ਬਦਲਾ ਲੈਣਾ ਚੁਕਾਈਆ । ਭਾਵੇਂ ਤੁਹਾਡੇ ਬਾਹਰੋਂ ਚੀਥੜ ਫਟੇ, ਅਗੇ ਫੱਟਿਆਂ ਦਾ ਖਹਿੜਾ ਦਿਤਾ ਛੁਡਾਈਆ । ਜੇ ਧੰਨੇ ਨੂੰ ਮਿਲਿਆ ਵਿਚੋਂ ਵੱਟੇ, ਪੱਥਰਾਂ ਸੋਭਾ ਪਾਈਆ । ਤੁਹਾਨੂੰ ਪ੍ਰਾਪਤ ਉਸ ਵਿਚੋਂ ਮਿੱਟੀ ਘੱਟੇ, ਜਿਸ ਦਾ ਘਾਟਾ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਸੁਣਾਈਆ । ਮੱਘਰ ਕਹੇ ਸੁਣੋ ਸੁਨੇਹੜਾ ਗੁਰਮੁਖ ਸੱਜਣ, ਸਚ ਦਿਆਂ ਸੁਣਾਈਆ । ਹਰਿ ਭਗਵਾਨ ਤੁਹਾਨੂੰ ਆਇਆ ਲੱਭਣ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਜੁਗ ਜਨਮ ਦਿਆਂ ਵਿਛੜਿਆਂ ਆਇਆ ਸੱਦਣ, ਹੁਕਮੀ ਹੁਕਮ ਸੁਣਾਈਆ । ਸਚ ਦਵਾਰੇ ਆਇਆ ਰੱਖਣ, ਜਿਥੇ ਰੱਖਿਆ ਕਰੇ ਚਾਈਂ ਚਾਈਂਆ । ਤੁਹਾਡੇ ਅੰਦਰ ਵੜ ਕੇ ਆਇਆ ਵਸਣ, ਵਾਸਤਾ ਅੰਤਰ ਅੰਤਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਸਮਝਾਈਆ । ਮੱਘਰ ਕਹੇ ਇਹ ਖੇਲ ਅਨੋਖਾ, ਆਕਲਾਂ ਬੇਅਕਲ ਕਰਾਈਆ । ਸਿੱਧਾ ਸ੍ਰਿਸ਼ਟੀ ਨਾਲ ਧੋਖਾ, ਗੁਰਮੁਖਾਂ ਮਿਲੇ ਵਡਿਆਈਆ । ਜਿਹੜਾ ਸਚ ਦਵਾਰੇ ਪਹੁੰਚਾ, ਪੰਜਾਂ ਤੋਂ ਲਏ ਬਚਾਈਆ । ਅੰਤਮ ਲੈਣਾ ਪਏ ਨਾ ਹਉਕਾ, ਜਮਾਂ ਤੋਂ ਲਿਆ ਛੁਡਾਈਆ । ਸਚ ਪ੍ਰੇਮ ਦੀ ਲਾ ਕੇ ਚੋਟਾ, ਚੋਟੀ ਤੇ ਲਏ ਚੜ੍ਹਾਈਆ । ਦਰ ਦਵਾਰੇ ਰਹਿਣ ਨਾ ਦੇਵੇ ਕੋਈ ਖੋਟਾ, ਗੁਰਮੁਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸ਼ਰਨ ਸ਼ਰਨਾਈਆ । ਮੱਘਰ ਕਹੇ ਮੈਂ ਸ਼ਰਨ ਵੇਖੇ ਲਗਦੇ, ਜੋ ਲਗ ਮਾਤਰ ਗਏ ਭੁਲਾਈਆ । ਸਚ ਦਵਾਰੇ ਵੇਖੇ ਵਧਦੇ, ਭੱਜਣ ਚਾਈਂ ਚਾਈਂਆ । ਨਾਤੇ ਤੋੜ ਕੇ ਕੂੜੇ ਜਗ ਦੇ, ਜਗ ਜੀਵਨ ਦਾਤਾ ਵੇਖ ਖ਼ੁਸ਼ੀ ਮਨਾਈਆ । ਨਿਜ ਨੇਤਰ ਦਰਸ਼ਨ ਕਰ ਕਰ ਰੱਜਦੇ, ਰਜੋ ਤਮੋ ਸਤੋ ਦਾ ਲੇਖਾ ਗਏ ਮੁਕਾਈਆ । ਭਾਂਬੜ ਬੁੱਝ ਗਏ ਕੂੜੀ ਅੱਗ ਦੇ, ਮਾਇਆ ਮਮਤਾ ਦਿਤੀ ਜਲਾਈਆ । ਜੋ ਭਗਤ ਸਚ ਦਵਾਰੇ ਵਸਦੇ, ਵਸਲ ਇਕੋ ਯਾਰ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਮੱਘਰ ਕਹੇ ਮੈਂ ਦੱਸਾਂ ਅਖ਼ੀਰ, ਬਿਨ ਅੱਖਰਾਂ ਅੱਖਰ ਸਮਝਾਈਆ । ਜਿਸਦੀ ਨਜ਼ਰ

ਨਾ ਆਏ ਕੋਈ ਤਸਵੀਰ, ਨੂਰੋ ਨੂਰ ਕਰੇ ਰੁਸ਼ਨਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਬੇਨਜ਼ੀਰ, ਨਜ਼ਰ ਅੰਦਰੋਂ ਦਏ ਬਦਲਾਈਆ । ਤੁਹਾਡਾ ਲਹਿਣਾ ਦੇਣਾ ਵੇਖ ਕਬੀਰ, ਜੁਲਾਹਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਦਾ ਲੇਖਾ ਰਿਹਾ ਚੁਕਾਈਆ । ਕਬੀਰ ਕਹੇ ਮੈਂ ਭੁੱਲ ਗਿਆ ਕਰਦਾ ਗਿਣਤੀ, ਅੰਕ ਅੰਕ ਬਦਲਾਈਆ । ਮੈਂ ਖੇਲ ਵੇਖੀ ਸਾਰੇ ਦਿਨ ਦੀ, ਭਗਤ ਦਵਾਰੇ ਬਹਿ ਕੇ ਅੱਖ ਖੁਲ੍ਹਾਈਆ । ਸਚ ਪਿਆਰੀ ਸੰਗਤ ਪ੍ਰੇਮ ਪਿਆਰ ਵੇਖੀ ਮਿਣਦੀ, ਨਾਮ ਪੈਮਾਨੇ ਹੱਥ ਉਠਾਈਆ । ਮੈਂ ਸਿਫ਼ਤ ਦੱਸਾਂ ਕਿਸ ਕਿਸ ਦੀ, ਕ਼ਿਸਮਤ ਸਾਰੇ ਗਏ ਬਦਲਾਈਆ । ਇਸਤਰੀ ਪੁਰਖ ਇਕੋ ਰੂਪ ਦਿਸਦੀ, ਅੰਦਰੋਂ ਅੱਖ ਨਾ ਕੋਇ ਭੁਆਈਆ । ਮੈਂ ਸਿਫ਼ਤ ਕਰਾਂ ਜਿਸ ਦੀ, ਉਹ ਮੈਨੂੰ ਅੱਗੋਂ ਸੁਣਾਈਆ । ਸਾਨੂੰ ਲੋੜ ਨਹੀਂ ਵਡਿਆਈ ਵਾਲੀ ਹਿਰਸ ਦੀ, ਹਰਸ ਹਵਸ ਗਏ ਮਿਟਾਈਆ । ਸਾਨੂੰ ਲੋੜ ਓਸੇ ਦੇ ਦ੍ਰਿਸ਼ ਦੀ, ਜਿਸ ਦ੍ਰਿਸ਼ਟੀ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਕਬੀਰ ਕਹੇ ਮੈਨੂੰ ਭੁੱਲ ਗਿਆ ਤਣਨਾ ਬੁਣਨਾ, ਪਹਿਲੀ ਕਹਾਣੀ ਦਿਆਂ ਬਦਲਾਈਆ । ਮੈਂ ਚਾਹੁੰਦਾ ਇਕੋ ਢੋਲਾ ਸੁਣਨਾ, ਜੋ ਗੁਰਮੁਖ ਰਹੇ ਗਾਈਆ । ਜਿਥੇ ਫੇਰ ਕਿਸੇ ਨਹੀਂ ਬੋਲਣਾ, ਸੋਹੰ ਰੂਪ ਸਮਾਈਆ । ਉਸ ਦਾ ਤੋਲ ਕਿਸੇ ਕੀ ਤੋਲਣਾ, ਜੋ ਆਪਣਾ ਆਪ ਗਏ ਮਿਟਾਈਆ । ਉਥੇ ਘੋਲ ਕਿਸੇ ਘੁਲਣਾ, ਜੋ ਘੋਲੀ ਘੋਲ ਘੁਮਾ ਕੇ ਆਪਣਾ ਆਪ ਭੇਟਾ ਗਏ ਕਰਾਈਆ । ਉਥੇ ਦਵਾਰਾ ਕਿਸੇ ਕੀ ਖੋਲ੍ਹਣਾ, ਜਿਥੇ ਧੁਰ ਦਰਬਾਰੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰ ਖ਼ੁਸ਼ੀ ਮਨਾਈਆ । ਕਬੀਰ ਕਹੇ ਮੇਰਾ ਬਦਲ ਗਿਆ ਸ਼ਰੀਰ, ਨਾਤਾ ਤਨ ਨਜ਼ਰ ਨਾ ਆਈਆ । ਮੈਂ ਚੜ੍ਹ ਕੇ ਚੋਟੀ ਅਖ਼ੀਰ, ਭਗਤਾਂ ਵੇਖ ਵਖਾਈਆ । ਮੈਨੂੰ ਨਜ਼ਰੀ ਆਈ ਇਕ ਤਸਵੀਰ, ਜਿਸ ਨੂੰ ਤਸੱਵਰ ਨਾ ਕੋਇ ਕਰਾਈਆ । ਉਥੇ ਮੈਂ ਕੋਇ ਨਾ ਤੱਕਿਆ ਗ਼ਰੀਬ ਅਮੀਰ, ਗੁਰਮੁਖ ਇਕੋ ਰੰਗ ਸੋਭਾ ਪਾਈਆ । ਨਾ ਕੋਈ ਤੱਕੀ ਦੌਲਤ ਧਨ ਜਗੀਰ, ਜਾਗਰਤ ਜੋਤ ਜੋਤ ਰੁਸ਼ਨਾਈਆ । ਨਾ ਕੋਈ ਗੁਰ ਅਵਤਾਰ ਤੱਕਿਆ ਪੈਗ਼ੰਬਰ ਪੀਰ, ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਕਰਵਟ ਆਪਣੀ ਰਿਹਾ ਬਦਲਾਈਆ । ਕਬੀਰ ਕਹੇ ਮੈਂ ਵੇਖਿਆ ਬਦਲਦਾ ਕਰਵਟ, ਕਰਾਮਾਤ ਨਾ ਕੋਇ ਜਣਾਈਆ । ਜਿਸ ਦੇ ਪਿਛੇ ਸ੍ਰਿਸ਼ਟੀ ਰਹੀ ਭਰਮਤ, ਭਰਮਾਂ ਵਿਚ ਲੋਕਾਈਆ । ਉਹ ਕੂੜ ਕੁੜਿਆਰੀ ਜਗਤ ਜਹਾਨ ਵਖਾ ਕੇ ਅਜ਼ਮਤ, ਆਜ਼ਮ ਰਿਹਾ ਹਿਲਾਈਆ । ਜਨ ਭਗਤਾਂ ਦੀ ਬਦਲ ਕੇ ਅੰਦਰੋਂ ਕਿਸਮਤ, ਜਿਸਮ ਜ਼ਮੀਰ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਨਾਲ ਰਖਾਈਆ । ਮੱਘਰ ਕਹੇ ਮੈਂ ਵੇਖ ਦਵਾਰ ਦਿੱਲੀ, ਦਿਲਾਂ ਨੂੰ ਖੋਜ ਖੁਜਾਈਆ । ਅਰਸ਼ ਕੁਰਸ਼ ਦੀ ਜੜ੍ਹ ਹਿੱਲੀ, ਹਲੂਣਾ ਦਿਤਾ ਲਗਾਈਆ । ਮੇਰੀ ਖ਼ੁਸ਼ੀ ਵਿਚ ਆਣ ਕੇ ਹਾਸੀ ਨਿਕਲੀ ਖਿੱਲੀ, ਵੇਖੀ ਖਲੀ ਖ਼ਲਕ ਖ਼ੁਦਾਈਆ । ਸਾਰੇ ਦਰਬਾਰ ਵਿਚ ਤੱਕ ਇਕ ਸੌ ਗਿਆਰਾਂ ਇੱਟ ਲੱਗੀ ਪਿੱਲੀ, ਇਕ ਇਕ ਦੀ ਗਿਣਤੀ ਸਚ ਦਿਤੀ ਜਣਾਈਆ । ਸਭ ਦੀ ਕਮਰ ਕਮਰਕਸਿਆਂ ਵਾਲੀ ਹੋਣੀ ਢਿੱਲੀ, ਕਮਾਨ ਅਫ਼ਸਰਾਂ ਦੇਣੀ ਸੁਟਾਈਆ । ਬਿਲਿਆਂ ਦੇ ਮਗਰ ਮੌਤ ਵੈਰਾਗਣ ਲੌਣੀ ਬਿੱਲੀ, ਲਹਿੰਦੀ ਦਿਸ਼ਾ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਨਾਮ ਦੀ ਲਾ ਕੇ ਸਿਲੀ, ਸਿਲਸਿਲਾ ਅਗਲਾ ਦਏ ਬਦਲਾਈਆ ।

## ੧੫ ਮੱਘਰ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਧੀਰਪੁਰ ਦਿੱਲੀ-੯

ਪੰਦਰਾਂ ਮੱਘਰ ਕਹੇ ਮੇਰੀ ਨਮਸਤੇ ਪੁਰਖ ਅਬਿਨਾਸ਼, ਸ੍ਰੀ ਭਗਵਾਨ ਤੇਰੀ ਸ਼ਰਨਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਸਦਾ ਵਸੇਂ ਭਗਤਾਂ ਪਾਸ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜੁਗ ਜਨਮ ਵਿਛੜਿਆਂ ਪੂਰੀ ਕਰੇਂ ਆਸ, ਨਿਤ ਨਵਿਤ ਵੇਖੇਂ ਥਾਉਂ ਥਾਈਂਆ । ਨਿਰਗੁਣ ਨਿਰਵੈਰ ਹੋ ਕੇ ਦੇਵੇਂ ਸਾਥ, ਧੁਰ ਦਾ ਸੰਗ ਬਣਾਈਆ । ਪ੍ਰੇਮੀਆਂ ਪਿਆਰਿਆਂ ਦੇਵੇ ਸ਼ਾਬਾਸ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਕਾਰਜ ਕਰੇਂ ਖ਼ਾਸ, ਖ਼ਾਲਸ ਆਪਣਾ ਰੰਗ ਵਖਾਈਆ । ਮਾਨਸ ਜਨਮ ਕਰ ਕੇ ਰਾਸ, ਲੱਖ ਚੁਰਾਸੀ ਫੰਦ ਕਟਾਈਆ । ਚਰਨ ਦਵਾਰੇ ਦੇ ਨਿਵਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਝੋਲੀ ਪਾਈਆ । ਪੰਦਰਾਂ ਮੱਘਰ ਕਹੇ ਵਾਹ ਮੇਰੇ ਭਗਵੰਤ, ਤੇਰੀ ਬੇਪਰਵਾਹੀਆ । ਆਤਮ ਪਰਮਾਤਮ ਸਾਚੇ ਕੰਤ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਮੇਲ ਮਿਲਾ ਕੇ ਭਗਤ ਸੁਹੇਲੇ ਧੁਰ ਦੇ ਸੰਤ, ਸਚ ਸਤਿ ਆਪਣਾ ਆਪ ਦ੍ਰਿੜਾਈਆ । ਨਾਮ ਨਿਧਾਨਾ ਦੇ ਕੇ ਮੰਤ, ਸਚ ਮੰਤਰ ਨਾਮ ਦ੍ਰਿੜਾਈਆ । ਕੂੜੀ ਕਿਰਿਆ ਮੇਟ ਗੜ੍ਹ ਤੋੜ ਹਉਮੇ ਹੰਗਤ, ਭੇਵ ਅਭੇਦਾ ਦਏ ਖੁਲ੍ਹਾਈਆ । ਨਾਤਾ ਤੋੜ ਬਹਿਸ਼ਤ ਜੰਨਤ, ਸਚਖੰਡ ਦਵਾਰਾ ਬਖ਼ਸ਼ੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡਾ ਇਕ ਸੁਹਾਈਆ । ਪੰਦਰਾਂ ਮੱਘਰ ਕਹੇ ਮੈਂ ਹੋਇਆ ਖ਼ੁਸ਼ਹਾਲ, ਗੀਤ ਅਗੰਮੀ ਢੋਲਾ ਗਾਈਆ । ਖੇਲ ਵੇਖਿਆ ਦੀਨ ਦਿਆਲ, ਸ੍ਰੀ ਭਗਵਾਨ ਰਿਹਾ ਦ੍ਰਿੜਾਈਆ । ਹੱਸਦੇ ਵੇਖੇ (ਦੋ ਜਹਾਨ), ਬ੍ਰਹਿਮੰਡ ਖੰਡ ਪੁਰੀ ਲੋ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਤਰਾਨਾ ਇਕੋ ਗਾਣ, ਤੂੰ ਹੀ ਤੂੰ ਹੀ ਇਕੋ ਰਾਗ ਅਲਾਈਆ । ਭਵਿਖਤਾਂ ਵਾਲਾ ਵੇਖਣਾ ਬਿਆਨ, ਬਿਨਾ ਕਾਗ਼ਜ਼ ਕਿਤਾਬ ਫੋਲ ਫੁਲਾਈਆ । ਸੰਦੇਸ਼ਾ ਸੁਣ ਅਗੰਮੀ ਫ਼ਰਮਾਨ, ਨਿਉਂ ਨਿਉਂ ਅੱਖ ਉਠਾਈਆ । ਵਕ਼ਤ ਸੁਹੰਜਣਾ ਹੋਇਆ ਵਿਚ ਜਹਾਨ, ਸੋਹਣੀ ਵੱਜੀ ਵਧਾਈਆ । ਭਗਤ ਭਗਵਾਨ ਮੇਲਾ ਮਿਲਿਆ ਆਣ, ਅੰਦਰ ਬਾਹਰ ਖ਼ੁਸ਼ੀ ਮਨਾਈਆ । ਭਗਤ ਸੁਹੇਲਾ ਰਿਹਾ ਨਾ ਕੋਇ ਨਿਧਾਨ, ਨਿਜ ਨੇਤਰ ਕਰੇ ਰੁਸ਼ਨਾਈਆ । ਸਾਚੇ ਨਾਮ ਦਾ ਦੇ ਕੇ ਗਿਆਨ, ਰਾਮ ਇਕੋ ਦਿਤਾ ਵਖਾਈਆ । ਧੁਰ ਦਾ ਮਾਲਕ ਦੱਸ ਕੇ ਕਾਹਨ, ਬੰਸਰੀ ਇਕੋ ਧੁਨ ਸੁਣਾਈਆ । ਪੈਗ਼ੰਬਰਾਂ ਵਾਲਾ ਦੇ ਪੈਗ਼ਾਮ, ਬਿਨ ਅੱਖਰਾਂ ਕਰੀ ਪੜ੍ਹਾਈਆ । ਸਚ ਦਵਾਰਾ ਵਖਾ ਕੇ ਧਾਮ, ਧਰਮ ਦਵਾਰ ਵੱਜੀ ਵਧਾਈਆ । ਮਸਤ ਖ਼ੁਮਾਰੀ ਪਿਆ ਕੇ ਜਾਮ, ਜ਼ਾਮਨ ਹੋ ਕੇ ਹੋਇਆ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਦਰਾਂ ਮੱਘਰ ਕਹੇ ਮੈਂ ਦੇਵਾਂ ਸਚ ਫ਼ਰਮਾਨ, ਫੁਰਨੇ ਵਿਚੋਂ ਫੁਰਨਾ ਇਕ ਜਣਾਈਆ । ਜਨ ਭਗਤਾਂ ਸੇਵਾ ਸਚ ਮਹਾਨ, ਮਹਿੰਮਾ ਕਥ ਕਥ ਦ੍ਰਿੜਾਈਆ । ਪ੍ਰੇਮ ਪਿਆਰ ਦਾ ਸੱਚਾ ਧਿਆਨ, ਨਾਤਾ ਇਕੋ ਨਾਲ ਜੁੜਾਈਆ । ਢੋਲਾ ਗਾ ਕੇ ਵਿਸ਼ਨੂੰ ਭਗਵਾਨ, ਸੋਹੰ ਸੋ ਵਿਚ ਸਮਾਈਆ । ਜਗਤ ਕੂੜਾ ਛੱਡ ਆਰਾਮ, ਆਤਮ ਸੁਖ ਵੱਜੇ ਵਧਾਈਆ । ਮਨ ਵਾਸਨਾ ਨਾ ਹੋਏ ਗ਼ੁਲਾਮ, ਜਗਤ ਜ਼ੰਜੀਰ ਨਾ ਕੋਇ ਬੰਧਾਈਆ । ਜਲਵਾ ਤੱਕ ਕੇ ਇਕ ਅਮਾਮ, ਨੂਰ ਜਹੂਰ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਪੰਦਰਾਂ ਮੱਘਰ ਕਹੇ ਮੈਂ ਵੇਖੇ ਭਗਤ ਸੁਹੇਲੇ ਮੀਤ ਮੁਰਾਰ, ਸੱਜਣ ਧੁਰ ਦੇ ਨਜ਼ਰੀ ਆਈਆ । ਜਿਨ੍ਹਾਂ ਦਾ ਸਭ ਤੋਂ ਵੱਖਰਾ ਵਿਵਹਾਰ, ਵਿਵਹਾਰੀ ਹੋ ਕੇ

ਸੇਵ ਕਮਾਈਆ । ਖੇਲ ਤੱਕ ਇਕ ਤੋਂ ਦੋ ਦੋ ਤੋਂ ਚਾਰ, ਚਾਰ ਕੁੰਟ ਗਏ ਭੁਲਾਈਆ । ਦਰਸ਼ਨ ਕਰ ਕੇ ਦੀਦ ਦੀਦਾਰ, ਦਰਦ ਆਪਣਾ ਗਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਚੁਕਾਈਆ । ਪੰਦਰਾਂ ਮੱਘਰ ਕਹੇ ਮੈਂ ਵੇਖੀ ਅਜਬ ਕਹਾਣੀ, ਲੇਖਾ ਲਿਖਤ ਨਾ ਕੋਇ ਸਮਝਾਈਆ । ਜਨ ਭਗਤਾਂ ਅੰਦਰ ਸੁਣੀ ਅਗੰਮੀ ਬਾਣੀ, ਬਾਣ ਨਿਰਾਲਾ ਤੀਰ ਲਗਾਈਆ । ਪ੍ਰੇਮ ਪਿਆਰ ਦਾ ਚੁੱਕ ਕੇ ਪਾਣੀ, ਭੱਜਣ ਵਾਹੋ ਦਾਹੀਆ । ਅਚਰਜ ਖੇਲ ਵੇਖ ਗੁਰ ਅਵਤਾਰ ਪੈਗ਼ੰਬਰ ਹੋਏ ਹੈਰਾਨੀ, ਹੈਰਤ ਸਭ ਦੇ ਅੰਦਰ ਆਈਆ । ਨਵ ਜੋਬਨ ਨਵ ਜੁਗ ਨਵ ਰੰਗ ਦੀ ਵੇਖ ਜੁਆਨੀ, ਜੋਬਨਮੱਤੇ ਖ਼ੁਸ਼ੀ ਮਨਾਈਆ । ਅੰਦਰ ਤਕ ਕੇ ਨੂਰ ਨੁਰਾਨੀ ਲਹਿਰ ਰੁਹਾਨੀ, ਜ਼ਿਮੀਂ ਅਸਮਾਨ ਸੀਸ ਝੁਕਾਈਆ । ਨਜ਼ਾਰਾ ਤੱਕ ਕੇ ਪਦ ਨਿਰਬਾਨੀ, ਝਗੜਾ ਛੱਡ ਕੇ ਚਾਰੇ ਬਾਣੀ, ਚਾਰੇ ਖਾਣੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਰੰਗ ਵਖਾਈਆ । ਪੰਦਰਾਂ ਮੱਘਰ ਕਹੇ ਮੈਂ ਵੇਖ ਕੇ ਭਗਤ ਦਵਾਰ, ਦਵਾਰਕਾ ਵਾਸੀ ਦਿਆਂ ਵਧਾਈਆ । ਉਠ ਵੇਖ ਕ੍ਰਿਸ਼ਨ ਮੁਰਾਰ, ਮੁਰਾਰੀ ਮੋਹਰ ਰਿਹਾ ਲਗਾਈਆ । ਜੁਗ ਚੌਕੜੀ ਜਿਸ ਦੀ ਕਾਰ, ਕਰਨੀ ਕਰਤਾ ਇਕ ਅਖਵਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਅਪਰੰਪਰ ਵੇਸ ਵਟਾਈਆ । ਸੰਤ ਸੁਹੇਲੇ ਲਏ ਉਭਾਰ, ਨਿਤ ਨਵਿਤ ਜੋੜ ਜੁੜਾਈਆ । ਅੰਦਰ ਬਾਹਰ ਪਾਵੇ ਸਾਰ, ਗੁਪਤ ਜਾਹਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਪੰਦਰਾਂ ਮੱਘਰ ਕਹੇ ਮੇਰਾ ਅੰਤ ਅਖ਼ੀਰੀ ਸ਼ਬਦੀ ਬੋਲ, ਸੰਦੇਸਾ ਦਿਆਂ ਜਣਾਈਆ । ਜਨ ਭਗਤੋ ਪ੍ਰਭੂ ਵਸੇ ਸਦਾ ਤੁਹਾਡੇ ਕੋਲ, ਪਰਮਾਤਮ ਆਤਮ ਅੰਤਮ ਮਿਲ ਕੇ ਖ਼ੁਸ਼ੀ ਮਨਾਈਆ । ਜਗਤ ਵਡਿਆਈ ਉਪਰ ਧੌਲ, ਸਚਖੰਡ ਦਵਾਰੇ ਸਾਚਾ ਰੰਗ ਵਖਾਈਆ । ਪੂਰਬ ਜਨਮ ਦਾ ਪੂਰਾ ਕਰ ਕੇ ਕੌਲ, ਕਰਮਾਂ ਦਾ ਲਹਿਣਾ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪੰਦਰਾਂ ਮੱਘਰ ਕਹੇ ਮੈਂ ਕਹਾਂ ਸਚ ਅਖ਼ੀਰ, ਆਖ਼ਰ ਦਿਆਂ ਜਣਾਈਆ । ਪ੍ਰਭੂ ਦੇ ਹੱਥ ਭਗਤਾਂ ਦੀ ਤਕ਼ਦੀਰ, ਜਦੋਂ ਚਾਹੇ ਦੇਵੇ ਬਦਲਾਈਆ । ਅੰਦਰ ਰਖ ਆਪਣੀ ਤਸਵੀਰ, ਤਸਬੀਆਂ ਮਣਕਿਆਂ ਤੋਂ ਦਏ ਛੁਡਾਈਆ । ਸਚ ਦਵਾਰਾ ਵਖਾ ਕੇ ਇਕ ਅੰਮ੍ਰਿਤ ਜਾਮ ਪਿਆਏ ਸੀਰ, ਸੁਰਤ ਸ਼ਬਦ ਜੋੜ ਜੁੜਾਈਆ । ਜਿਸ ਗ੍ਰਿਹ ਵਸੇ ਭਗਤ ਕਬੀਰ, ਕਾਅਬਾ ਓਦੂੰ ਅਗਲਾ ਦਏ ਵਖਾਈਆ । ਜਿਥੇ ਖੇਲ ਬੇਨਜ਼ੀਰ, ਨਜ਼ਰ ਨਿਸ਼ਾਨ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਇਕੋ ਦਏ ਵਡਿਆਈਆ । ਪੰਦਰਾਂ ਮੱਘਰ ਕਹੇ ਜਗਤ ਭਗਤ ਸੱਜਣ ਸਾਚੀ ਕਾਰ, ਪਾਰਬ੍ਰਹਮ ਆਪ ਕਮਾਈਆ । ਸਚ ਕਰੇ ਸਤਿ ਆਪ ਕਰੇ ਸਤਿ ਸਤਿਵਾਦ ਵਿਵਹਾਰ, ਵੇਲਾ ਵਕ਼ਤ ਦਏ ਗਵਾਹੀਆ । ਲੇਖਾ ਜਾਣ ਦਿੱਲੀ ਦਰਬਾਰ, ਦਵਾਰ ਭਗਤਾਂ ਇਕ ਸੁਹਾਈਆ । ਸੇਵਕਾਂ ਸੇਵਾ ਵੇਖ ਅਪਾਰ, ਆਪ ਆਪਣਾ ਰੰਗ ਚੜ੍ਹਾਈਆ । ਮੰਜ਼ਲ ਰਹਿਣ ਨਾ ਦੇਵੇ ਕੋਇ ਦੁਸ਼ਵਾਰ, ਮਾਰਗ ਇਕੋ ਦਏ ਵਖਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ ਦੱਸੇ ਸਚ ਪਿਆਰ, ਜਾਤ ਪਾਤ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਭਗਤਾਂ ਭਗਤ ਦਵਾਰੇ ਵਿਚ ਰਖਾਈਆ ।

## ੨੧ ਮੱਘਰ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ

ਮੱਘਰ ਕਹੇ ਮੈਂ ਧਾਰ ਵੇਖੀ ਧੁਰ ਦੀ, ਸਚਖੰਡ ਦਵਾਰ ਵੱਜੀ ਵਧਾਈਆ । ਓਥੇ ਲੋੜ ਨਹੀਂ ਤਾਲ ਸੁਰ ਦੀ, ਤੰਬੂਰ ਤਾਰ ਸਤਾਰ ਨਾ ਕੋਇ ਖਿਚਾਈਆ । ਓਥੇ ਖੇਲ ਨਹੀਂ ਅਵਤਾਰ ਗੁਰ ਦੀ, ਪੈਗ਼ੰਬਰ ਰੂਪ ਨਾ ਕੋਇ ਵਖਾਈਆ । ਨਿਰਗੁਣ ਨਿਰਵੈਰ ਨਿਰਾਕਾਰ ਧਾਰ ਇਕੋ ਉਤਰਦੀ, ਸ਼ਬਦੀ ਸ਼ਬਦ ਖੇਲ ਖਿਲਾਈਆ । ਪ੍ਰੀਤੀ ਪ੍ਰੀਤਮ ਨਾਲ ਜੁੜਦੀ, ਦੂਜਾ ਸੰਗ ਨਾ ਕੋਇ ਵਖਾਈਆ । ਓਥੇ ਲੋੜ ਨਹੀਂ* ਕੋਈ ਸ਼ੁਕਰ ਦੀ, ਸ਼ਾਹ ਪਾਤਸ਼ਾਹ ਇਕੋ ਸ਼ਹਿਨਸ਼ਾਹੀਆ । ਜੁਗ ਚੌਕੜੀ ਪਤਾ ਨਹੀਂ ਕਿਸ ਤਰ੍ਹਾਂ ਗੁਜ਼ਰਦੀ, ਕੋਟਨ ਕੋਟ ਕਾਲ ਵਿਹਾਈਆ । ਏਥੇ ਓਥੇ ਖੇਲ ਨਹੀਂ ਕਿਸੇ ਉਜਰ ਦੀ, ਇਕੋ ਹੁਕਮ ਬੇਪਰਵਾਹੀਆ । ਰਸਨਾ ਜਿਹਵਾ ਬੱਤੀ ਦੰਦ ਕੋਈ ਕਥਾ ਨਹੀਂ ਉਚਰਦੀ, ਢੋਲਾ ਨਾਦ ਗੀਤ ਸੰਗੀਤ ਨਾ ਕੋਈ ਸਮਝਾਈਆ । ਵੇਖੀ ਖੇਲ ਕ਼ਾਦਰ ਕੁਦਰ ਦੀ, ਜੋ ਕ਼ੁਦਰਤ ਰਿਹਾ ਬਣਾਈਆ । ਕੋਈ ਰਮਜ਼ ਨਹੀਂ ਉਹਲੇ ਪੜਦੇ ਵਾਲੀ ਲੁਕਣ ਦੀ, ਇਕੋ ਜੋਤ ਨੂਰ ਕਰੇ ਰੁਸ਼ਨਾਈਆ । ਕੋਈ ਧਾਰ ਨਹੀਂ ਲੰਮੀ ਚੌੜੀ ਮੁੱਕਣ ਦੀ, ਮੁਕੰਮਲ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਮੱਘਰ ਕਹੇ ਮੈਂ ਵੇਖਿਆ ਹਜ਼ਰਤ ਹਜ਼ੂਰ, ਹਾਜ਼ਰ ਇਕੋ ਨਜ਼ਰੀ ਆਈਆ । ਜਲਵਾ ਤੱਕਿਆ ਜੋਤੀ ਨੂਰ, ਨੂਰ ਨੂਰ ਨੂਰ ਰੁਸ਼ਨਾਈਆ । ਸਰਬ ਕਲਾ ਭਰਪੂਰ, ਭਰਤੰਬਰ ਬੇਪਰਵਾਹੀਆ । ਓਥੇ ਨਾ ਬਰਦਾ ਗ਼ੁਲਾਮ ਕੋਈ ਮਜ਼ਦੂਰ, ਸੇਵਕ ਰੂਪ ਰੰਗ ਨਾ ਕੋਈ ਵਟਾਈਆ । ਨਾ ਕੋਈ ਸਚ ਝੂਠ ਕਸੂਰ, ਰੂਪ ਰੇਖ ਨਾ ਕੋਇ ਬਦਲਾਈਆ । ਨਾ ਕੋਈ ਸੂਲੀ ਚੜ੍ਹਦਾ ਦਿਸੇ ਮਨਸੂਰ, ਫਾਂਸੀ ਯਸੂ ਨਾ ਕੋਈ ਲਟਕਾਈਆ । ਨਾ ਕੋਈ ਨਾਨਕ ਗੋਬਿੰਦ ਹੁੰਦਾ ਦਿਸੇ ਮਜਬੂਰ, ਨਾ ਕੋਈ ਮੁਹੰਮਦ ਚੌਦਾਂ ਤਬਕ ਵਡਿਆਈਆ । ਨਾ ਕੋਈ ਚੋਟੀ ਦਿਸੇ ਕੋਹਤੂਰ, ਮੂਸਾ ਮੂੰਹ ਦੇ ਭਾਰ ਨਾ ਕੋਈ ਸੁਟਾਈਆ । ਇਕ ਇਕੱਲਾ ਵੇਖਿਆ ਜੋ ਆਦਿ ਜੁਗਾਦਿ ਜੁਗ ਚੌਕੜੀ ਸਦਾ ਮਸ਼ਹੂਰ, ਮੁਸ਼ਕਲ ਸਭ ਦੀ ਹਲ ਕਰਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸਰਬ ਕਲਾ ਭਰਪੂਰ, ਪਾਰਬ੍ਰਹਮ ਪਤਿਪਰਮੇਸ਼ਵਰ ਨਜ਼ਰੀ ਆਈਆ । ਜੋ ਜੁਗ ਚੌਕੜੀ ਨਿਰਗੁਣ ਨਿਰਵੈਰ ਨਿਰਾਕਾਰ ਖੇਲ ਕਰੇ ਜ਼ਰੂਰ, ਸਰਗੁਣ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਕਿਰਪਾ ਆਪਣੀ* ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਮੱਘਰ ਕਹੇ ਮੈਂ ਵੇਖਿਆ ਸੂਰਾ ਸਰਬੰਗਾ, ਸਰਬ ਦਵਾਰੇ ਸੋਭਾ ਪਾਈਆ । ਜਿਥੇ ਨਾ ਕੋਈ ਤੀਰਥ ਤਟ, ਕਿਨਾਰ ਗੰਗਾ, ਸਰੋਵਰ ਸਰ ਨਾ ਕੋਈ ਵਖਾਈਆ । ਰਾਗ ਨਾਦ ਨਾ ਕੋਈ ਢੋਲ ਮਰਦੰਗਾ, ਪੂਜਾ ਪਾਠ ਨਾ ਕੋਈ ਸਮਝਾਈਆ । ਰਵ ਸਸ ਨਾ ਸੂਰਿਆ ਚੰਦਾ, ਮੰਡਲ ਮੰਡਪ ਨਾ ਕੋਇ ਪਰਗਟਾਈਆ । ਪ੍ਰੇਮ ਪਿਆਰ ਰਸ ਨਾ ਕੋਈ ਅਨੰਦਾ, ਅਨਰਸ ਆਪਣਾ ਰੂਪ ਵਟਾਈਆ । ਮੀਤ ਮੁਰਾਰ ਸੱਜਣ ਨਾ ਕੋਈ ਸੰਗਾ, ਸਗਲਾ ਜੋੜ ਨਾ ਕੋਇ ਜੁੜਾਈਆ । ਪੰਜ ਤਤ ਖ਼ਾਕੀ ਤਨ ਨਾ ਕੋਈ ਬੰਦਾ, ਬੰਦਗੀ ਵਾਲੀ ਨਾ ਕੋਇ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਨਾ ਕੋਈ ਪੰਡਾ, ਅਕਲਾਂ ਵਾਲੀ ਨਾ ਕੋਈ ਲੜਾਈਆ । ਢੋਲ ਤਾਲ ਨਾ ਕੋਈ ਮਰਦੰਗਾ, ਸੁਰਤੀ ਸੁਰਤ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਇਕੋ ਨਜ਼ਰੀ ਆਈਆ । ਮੱਘਰ ਕਹੇ ਮੈਂ ਤੱਕਿਆ ਹਕ ਨਿਜ਼ਾਮ, ਜੋ ਨੌਬਤ ਨਾਮ ਵਜਾਈਆ । ਭਗਤ ਉਧਾਰਨ ਜਿਸ ਦਾ ਕਾਮ, ਜਗਤ ਕਾਮਨੀ ਦਏ ਦੁਰਕਾਈਆ । ਕੂੜੀ ਕਿਰਿਆ ਦਿਸੇ ਅੰਧੇਰੀ

ਸ਼ਾਮ, ਸ਼ਮਅ ਆਪਣੀ ਕਰੇ ਰੁਸ਼ਨਾਈਆ । ਧੁਰ ਸੰਦੇਸ਼ਾ ਦੇਵੇ ਸਚ ਪੈਗ਼ਾਮ, ਪੈਗ਼ੰਬਰਾਂ ਕਰੇ ਪੜ੍ਹਾਈਆ । ਜਿਸ ਨੂੰ ਏਥੇ ਓਥੇ ਦੋ ਜਹਾਨ (ਗਾਣ), ਇਸਮ ਆਜਮ ਨੂਰ ਖ਼ੁਦਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਨੌਜਵਾਨ, ਨੂਰ ਨੁਰਾਨਾ ਨਜ਼ਰੀ ਆਈਆ । ਜਿਸ ਦੀ ਕਰੇ ਨਾ ਕੋਈ ਪਹਿਚਾਨ, ਰੂਪ ਰੰਗ ਰੇਖ ਨਾ ਕੋਇ ਦ੍ਰਿੜਾਈਆ । ਸੋ ਭਗਤਾਂ ਦਾ ਭਗਵਾਨ ਹੋ ਕੇ ਮਿਹਰਵਾਨ, ਵੇਸ ਅਵੱਲੜਾ ਇਕ ਇਕੱਲਾ ਰੂਪ ਵਟਾਈਆ । ਸੰਤ ਸੁਹੇਲੇ ਵੇਖੇ ਆਣ, ਗੁਰ ਚੇਲੇ ਦੇਵੇ ਮਾਣ, ਗੁਰਮੁਖ ਕਰ ਪਰਵਾਨ, ਗੁਰਸਿਖ ਵੇਖੇ ਆਣ, ਹਰਿਜਨ ਆਪਣੀ ਗੋਦ ਉਠਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਸਾਰੇ ਝੁਕਦੇ ਵੇਖੇ ਬ੍ਰਹਮਾ ਸ਼ਿਵ ਵਿਸ਼ਨ ਢੋਲਾ ਤੂੰਹੀ ਤੂੰਹੀ ਗਾਣ, ਗਹਿਰ ਗੰਭੀਰ ਬੇਨਜ਼ੀਰ ਦੇ ਰੁਸ਼ਨਾਈਆ । ਓਹ ਨਾਉਂ ਰਖ ਕੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਮੀਤਾ ਬਣਿਆ ਆਣ, ਆਨ ਆਪਣੀ ਵਿਚ ਰਖਾਈਆ । ਮੱਘਰ ਕਹੇ ਮਗਰਲੇ ਕਰ ਪਰਵਾਨ, ਪੂਰਬ ਲੇਖਾ ਰਿਹਾ ਚੁਕਾਈਆ । ਜਿਸ ਦਾ ਸਭ ਤੋਂ ਵਖਰਾ ਸ਼ਬਦੀ ਇਕ ਦੀਵਾਨ, ਦੀਵਾਨਖਾਨਿਆਂ ਕਰੇ ਸਫ਼ਾਈਆ । ਧਰ ਰੂਪ ਜਗਤ ਭੇਖ ਇਨਸਾਨ, ਜ਼ਿਮੀਂ ਅਸਮਾਨ ਖੋਜ ਖੁਜਾਈਆ । ਰਹਿਮਤ ਵਿਚ ਰਹਿਮਾਨ, ਮੁਹੱਬਤ ਵਿਚ ਮਹਿਬੂਬ ਅਰਸ਼ ਅਰੂਜ ਸੋਭਾ ਪਾਈਆ । ਜਨ ਭਗਤਾਂ ਦੇਵਣ ਆਇਆ ਦਾਨ, ਦਾਤਾ ਦਾਨੀ ਧੁਰ ਦਾ ਕਾਹਨ, ਮਾਇਆ ਮਮਤਾ ਹੰਗਤਾ ਤੋੜ ਅਭਿਮਾਨ, ਕਮਾਨ ਆਪਣੀ ਵਿਚ ਰਖਾਈਆ ।



## ✪ ਪਹਿਲੀ ਪੋਹ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ✪

੧੧
੧੯

ਪਹਿਲੀ ਪੋਹ ਕਹੇ ਖੇਲ ਹੋਣਾ ਪਿਤਾ ਪੁੱਤ ਦਾ, ਪੁਰਖ ਅਕਾਲ ਗੋਬਿੰਦ ਸ਼ਬਦ ਡੰਕ ਵਜਾਈਆ । ਖੇਲ ਵੇਖਣਾ ਅਬਿਨਾਸ਼ੀ ਅਚੁਤ ਦਾ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਪੜਦਾ ਉਹਲਾ ਚੁੱਕਣਾ ਲੁਕ ਦਾ, ਨਕ਼ਾਬ ਨਜ਼ਰ ਕੋਇ ਨਾ ਆਈਆ । ਸ਼ਬਦ ਅਗੰਮੀ ਵੇਖਣਾ ਉਠਦਾ, ਜਿਸ ਦਾ ਪਿਤਾ ਨਾ ਕੋਈ ਮਾਈਆ । ਨਿਰਗੁਣ ਧਾਰ ਵੇਖਣਾ ਬੁੱਕਦਾ, ਰਸਨਾ ਜਿਹਵਾ ਨਾ ਕੋਈ ਹਿਲਾਈਆ । ਕਲਜੁਗ ਕੂੜੀ ਕਿਰਿਆ ਪੈਂਡਾ ਵੇਖਿਆ ਮੁਕਦਾ, ਅਗੇ ਅਵਰ ਨਾ ਕੋਇ ਵਧਾਈਆ । ਕੂੜੀ ਕਿਰਿਆ ਵੇਖਣਾ ਕੁਟਦਾ, ਨਾਮ ਖੰਡਾ ਹੱਥ ਚਮਕਾਈਆ । ਮਾਇਆ ਮਮਤਾ ਵੇਖਣਾ ਲੁੱਟ ਦਾ, ਚਾਰੋਂ ਕੁੰਟ ਫੇਰਾ ਪਾਈਆ । ਭਗਤਾਂ ਭਗਵਾਨ ਵੇਖਣਾ ਪੁਛਦਾ, ਲੱਖ ਚੁਰਾਸੀ ਖੋਜ ਖੁਜਾਈਆ । ਕੋਈ ਭੇਵ ਨਾ ਜਾਣੇ ਉਸਦਾ, ਉਸਤਤ ਗੁਰ ਅਵਤਾਰ ਪੈਗ਼ੰਬਰ ਗਏ ਸੁਣਾਈਆ । ਜਿਸ ਝਗੜਾ ਮੁਕੌਣਾ ਮਾਇਆ ਮਮਤਾ ਦੁੱਖ ਦਾ, ਦਰਦੀਆਂ ਹੋਏ ਸਹਾਈਆ । ਜਿਸ ਦਾ ਨਿਸ਼ਾਨਾ ਅਣਿਆਲਾ ਤੀਰ ਕਦੇ ਨਾ ਉਕਦਾ, ਉਤਮ ਸ੍ਰੇਸ਼ਟ ਆਪਣਾ ਬਾਣ ਵਖਾਈਆ । ਝਗੜਾ ਮੁਕਾਵੇ ਹਉਮੇ ਭੁੱਖ ਦਾ, ਨਾਮ ਭੰਡਾਰ ਇਕ ਵਰਤਾਈਆ । ਭਾਗ ਵੇਖੇ ਧਰਨੀ ਦੀ ਕੁੱਖ ਦਾ, ਹਰਿ ਕਰਤਾ ਸ਼ਹਿਨਸ਼ਾਹੀਆ । ਸੰਤ ਸੁਹੇਲੇ ਗੋਦੀ ਚੁਕਦਾ, ਫੜ ਬਾਹੋਂ ਗਲੇ ਲਗਾਈਆ । ਜਿਸ ਦਾ ਲਹਿਣਾ ਨਾ ਕਦੇ ਨਿਖੁੱਟਦਾ, ਵੇਖਣਹਾਰ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪਹਿਲੀ ਪੋਹ ਕਹੇ ਮੈਂ ਵੇਖਿਆ ਹਕੀਕਤ ਹੱਜ, ਹਜ਼ਰਤਾਂ ਦਿਆਂ ਸੁਣਾਈਆ । ਜੁਗ ਚੌਕੜੀ ਪੈਂਡਾ ਮੁੱਕਿਆ ਭੱਜ ਭੱਜ, ਪਾਂਧੀ ਨਜ਼ਰ ਕੋਇ ਨਾ ਆਈਆ ।

ਸਾਚੇ ਤਖ਼ਤ ਤਖ਼ਤ ਨਿਵਾਸੀ ਬੈਠਾ ਸਜ, ਸੱਜਣ ਦਾਤਾ ਧੁਰ ਦਰਗਾਹੀਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਕਿਸੇ ਨਾ ਲੱਭੀ ਹੱਦ, ਪਾਰ ਕਿਨਾਰਾ ਨਾ ਕੋਇ ਦ੍ਰਿੜਾਈਆ । ਜਿਸ ਨੂੰ ਰਾਗਾਂ ਨਾਦਾਂ ਅੰਦਰ ਸੀਸ ਝੁਕਾ ਕੇ ਰਹੇ ਸੱਦ, ਸੱਦੇ ਢੋਲੇ ਨਾਮ ਸੁਣਾਈਆ । ਜਿਸ ਦੇ ਚਰਨਾਂ ਉਤੇ ਸਰਗੁਣ ਨਿਰਗੁਣ ਧਾਰ ਰਹੇ ਢੱਠ, ਨੇਤਰ ਨਜ਼ਰ ਕੋਇ ਨਾ ਆਈਆ । ਜਿਸ ਦਾ ਸਚਖੰਡ ਦਵਾਰਾ ਧੁਰ ਦਾ ਹੱਟ, ਚੌਦਾਂ ਤਬਕ ਨਾ ਕੋਇ ਵਡਿਆਈਆ । ਸੋ ਪੁਰਖ ਅਕਾਲ ਦੀਨ ਦਿਆਲ ਕਰੇ ਖੇਲ ਇਕ ਸਮਰਥ, ਧੁਰ ਦਾ ਹੁਕਮ ਇਕ ਵਰਤਾਈਆ । ਭਗਤ ਸੁਹੇਲੇ ਵੇਖਣੇ ਸਚ, ਸਚ ਸਤਿ ਨਾਲ ਜੁੜਾਈਆ । ਆਤਮ ਅੰਤਰ ਜਾਣਾ ਰਚ, ਰੁਚੀ ਅੰਦਰੋਂ ਦੇਣੀ ਬਦਲਾਈਆ । ਭਾਗ ਲਗਾ ਕੇ ਕਾਇਆ ਮਾਟੀ ਕੱਚ, ਕਾਇਆ ਕੰਚਨ ਗੜ੍ਹ ਦੇਣਾ ਸੁਹਾਈਆ । ਧੁਰ ਦਾ ਮਾਰਗ ਇਕੋ ਦੱਸ, ਦਹਿ ਦਿਸ਼ਾ ਕਰੇ ਪੜ੍ਹਾਈਆ । ਆਤਮ ਪਰਮਾਤਮ ਮਿਲ ਕੇ ਪਏ ਹੱਸ, ਹਸਤੀ ਵਜੂਦ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵੱਡੀ ਵਡਿਆਈਆ । ਪਹਿਲੀ ਪੋਹ ਕਹੇ ਮੈਂ ਵੇਖਣਾ ਅੰਤ ਅਖ਼ੀਰ, ਆਖ਼ਰ ਦਿਆਂ ਜਣਾਈਆ । ਧੁਰ ਦਰਗਾਹੀ ਤੱਕਣਾ ਇਕ ਪੀਰ, ਪੈਗ਼ੰਬਰ ਬੈਠੇ ਸੀਸ ਨਿਵਾਈਆ । ਜਿਸ ਦਾ ਨੂਰ ਨੁਰਾਨਾ ਬੇਨਜ਼ੀਰ, ਜਗਤ ਨੇਤਰ ਨਾ ਕੋਇ ਰੁਸ਼ਨਾਈਆ । ਖਿੱਚੀ ਜਾਏ ਨਾ ਕੋਇ ਤਸਵੀਰ, ਮੁਸੱਵਰ ਵੰਡ ਨਾ ਕੋਇ ਵੰਡਾਈਆ । ਜਿਸ ਦਾ ਗ੍ਰਿਹ ਮੰਦਰ ਗਹਿਰ ਗੰਭੀਰ, ਬੇਅੰਤ ਬੇਪਰਵਾਹੀਆ । ਜਿਸ ਨੂੰ ਸਮਝੇ ਨਾ ਕੋਇ ਜ਼ਮੀਰ, ਬੁਧੀ ਸ਼ਬਦ ਨਾ ਕੋਇ ਸੁਣਾਈਆ । ਜਿਸ ਨੂੰ ਸਜਦਾ ਕਰਦਾ ਗਿਆ ਕਬੀਰ, ਤਨ ਮਾਟੀ ਖ਼ਾਕ ਮਿਲਾਈਆ । ਸੋ ਕਰ ਕੇ ਅਗੰਮੀ ਤਦਬੀਰ, ਤਬਅ ਸਭ ਦੀ ਰਿਹਾ ਬਦਲਾਈਆ । ਤੋੜਨਹਾਰਾ ਸ਼ਰਅ ਜ਼ੰਜੀਰ, ਸ਼ਰੀਅਤ ਇਕੋ ਰਿਹਾ ਦਰਸਾਈਆ । ਝਗੜਾ ਚੁੱਕੇ ਸ਼ਾਹ ਹਕੀਰ, ਊਚ ਨੀਚ ਬਖ਼ਸ਼ਣਹਾਰ ਸਰਨਾਈਆ । ਲੇਖਾ ਜਾਣੇ ਸੂਫ਼ੀ ਜਗਤ ਫ਼ਕੀਰ, ਫ਼ਿਕਰਾ ਕਲਮਾ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਉਠਾਈਆ । ਪਹਿਲੀ ਪੋਹ ਕਹੇ ਮੈਂ ਤੱਕਣਾ ਆਲਮੀਨ, ਬਿਸਮਿਲ ਆਪਣੀ ਖੇਲ ਕਰਾਇੰਦਾ । ਜਿਸ ਦਾ ਮੁਹੰਮਦ ਗੋਬਿੰਦ ਨਾਲੋਂ ਬਹੁਤਾ ਕੀਤਾ ਯਕੀਨ, ਯੱਕੇ ਬਾਅਦ ਦੀਗਰੇ ਧਾਰ ਚਲਾਇੰਦਾ । ਜਿਸ ਦੀ ਸਮਝੇ ਨਾ ਕੋਇ ਤਰਮੀਮ, ਵੰਡਣ ਵੰਡ ਨਾ ਕੋਇ ਵਖਾਇੰਦਾ । ਜਿਸ ਦਾ ਮਾਰਗ ਦੋ ਜਹਾਨ ਮਹੀਨ, ਜਗ ਨੇਤਰ ਨਜ਼ਰ ਨਾ ਆਇੰਦਾ । ਜਿਸ ਦੀ ਸਭ ਤੋਂ ਵਖਰੀ ਤਾਲੀਮ, ਅਲਿਫ਼ ਯੇ ਨਾ ਕੋਇ ਵਖਾਇੰਦਾ । ਜਿਸ ਦੇ ਗੁਰ ਅਵਤਾਰ ਪੈਗ਼ੰਬਰ ਮਸਕੀਨ, ਹੁਕਮੇ ਅੰਦਰ ਹੁਕਮ ਫਿਰਾਇੰਦਾ । ਸ਼ਬਦੀ ਕਰਨਹਾਰ ਤਲਕੀਨ, ਤੁਲਬਾ ਤਾਲਬ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਪਹਿਲੀ ਪੋਹ ਕਹੇ ਮੈਂ ਬੋਲਣਾ ਲਲਕਾਰ, ਧੁਰ ਦਾ ਜੈਕਾਰਾ ਇਕ ਸੁਣਾਈਆ । ਕਲ ਕਲਕੀ ਨਿਰਗੁਣ ਧਰ ਆਇਆ ਅਵਤਾਰ, ਅਵਤਰੀ ਬੇਪਰਵਾਹੀਆ । ਜੋ ਲੱਖ ਚੁਰਾਸੀ ਵੇਖੇ ਜਗਤ ਸ਼ਿਕਾਰ, ਸ਼ਿਕਾਰੀ ਹੋ ਕੇ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਬਦੀ ਲਏ ਉਠਾਲ, ਹੁਕਮੇ ਹੁਕਮ ਮਨਾਈਆ । ਉਠੋ ਵੇਖੋ ਪੂਰਬ ਹਾਲ, ਚਾਰੇ ਜੁਗ ਦੇਣ ਗਵਾਹੀਆ । ਚਾਰ ਵਰਨ ਹੋਵਣ ਬੇਹਾਲ, ਅਠਾਰਾਂ ਵਰਨ ਨਾ ਕੋਇ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰ, ਅੰਜੀਲ ਕੁਰਾਨ ਰਹੀ ਕੁਰਲਾਈਆ । ਹਕ਼ੀਕਤ ਸਮਝੇ ਨਾ ਕੋਇ ਹੱਕ ਹਲਾਲ, ਹਾਲਤ ਬਦਲੀ ਅੰਤ ਲੋਕਾਈਆ । ਅਗੇ ਦਿਸੇ ਨਾ ਕੋਇ ਦਲਾਲ, ਪਲੂ ਸਾਰੇ ਗਏ ਛੁਡਾਈਆ । ਜਲਵਾ

ਤੱਕਿਆ ਨਾ ਨੂਰ ਜਲਾਲ, ਨੂਰੋ ਨੂਰ ਨਾ ਕੋਇ ਰੁਸ਼ਨਾਈਆ । ਪੱਲੂ ਸਕਿਆ ਨਾ ਕੋਇ ਸੰਭਾਲ, ਕੰਨੀ ਗੰਢ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਧੁਰ ਦਾ ਇਕ ਵਰਤਾਈਆ । ਪਹਿਲੀ ਪੋਹ ਕਹੇ ਮੈਂ ਵੇਖਣਾ ਅੰਦਰ ਵੜ, ਲੱਖ ਚੁਰਾਸੀ ਖੋਜ ਖੁਜਾਈਆ । ਬਿਨ ਪੌੜੀ ਡੰਡੇ ਜਾਣਾ ਚੜ੍ਹ, ਮੰਜ਼ਲ ਆਪਣੀ ਪੰਧ ਮੁਕਾਈਆ । ਸਚ ਦਵਾਰੇ ਵੇਖਣਾ ਖੜ, ਸਚ ਸਿੰਘਾਸਣ ਸੋਭਾ ਪਾਈਆ । ਜੀਵ ਜੰਤ ਸਾਧ ਸੰਤ ਕਵਣ ਕਰਨੀ ਰਿਹਾ ਕਰ, ਵੇਖਣਾ ਥਾਉਂ ਥਾਈਂਆ । ਕਵਣ ਜੀਵਤ ਰਿਹਾ ਮਰ, ਮਨ ਵਾਸਨਾ ਰਿਹਾ ਮਿਟਾਈਆ । ਕਵਣ ਨਿਰਅੱਖਰ ਰਿਹਾ ਪੜ੍ਹ, ਜਿਸ ਨੂੰ ਲਿਖੇ ਕੋਇ ਨਾ ਕ਼ਲਮ ਸ਼ਾਹੀਆ । ਕਵਣ ਸਰਨ ਸਰਨਾਈ ਰਿਹਾ ਪੜ, ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਗਏ ਧਿਆਈਆ । ਕਵਣ ਖੁਲ੍ਹੌਣਾ ਸਾਚਾ ਦਰ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਰਵ ਸਸ ਕੋਈ ਪਰਕਾਸ਼ ਰਿਹਾ ਨਾ ਕਰ, ਮੰਡਲ ਮੰਡਪ ਨਾ ਕੋਇ ਵਖਾਈਆ । ਸੋ ਸਵਾਮੀ ਅੰਤਰਜਾਮੀ ਨਿਰਗੁਣ ਨਿਰਵੈਰ ਆਇਆ ਚਲ, ਨਿਹਚਲ ਆਪਣਾ ਧਾਮ ਸੁਹਾਈਆ । ਜਿਸ ਦਾ ਸਮਝ ਸਕੇ ਨਾ ਕੋਈ ਬਲ, ਵਲ ਛਲ ਧਾਰੀ ਆਪਣੀ ਖੇਲ ਵਖਾਈਆ । ਜਿਸ ਦਾ ਕੋਟਨ ਕੋਟ ਜੁਗ ਬੀਤਿਆਂ ਇਕ ਨਾ ਹੋਵੇ ਪਲ, ਕੋਟਨ ਕੋਟ ਬ੍ਰਹਮਾ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪਹਿਲੀ ਪੋਹ ਕਹੇ ਮੈਂ ਦੇਣਾ ਹੋਕਾ, ਹੁਕਮ ਇਕ ਸੁਣਾਈਆ । ਖ਼ਬਰ ਸੁਣੇਣੀ ਚੌਦਾਂ ਲੋਕਾ, ਲੁਕਮਾ ਹੋਣਾ ਜਗਤ ਲੋਕਾਈਆ । ਕੋਟਾਂ ਵਿਚੋਂ ਪੁਰਖ ਅਕਾਲ ਦਾ ਬਚਣਾ ਇਕੋ ਪੋਤਾ, ਜੋ ਗੋਬਿੰਦ ਸੁਤ ਗਿਆ ਬਣਾਈਆ । ਜੋ ਆਯੂ ਉਤਰ ਵਿਚ ਛੋਟਾ, ਦਸਵਾਂ ਸਾਲ ਹਰਿ ਸੰਗਤ ਉਤੇ ਨਜ਼ਰੀ ਆਈਆ । ਜਿਨ੍ਹਾਂ ਵਿਚ ਰਹਿਣਾ ਕੋਈ ਨਾ ਖੋਟਾ, ਖੋਟਿਆਂ ਖਰੇ ਲੈਣਾ ਬਣਾਈਆ । ਕੋਈ ਪੜ੍ਹਾਵਣ ਵਾਲਾ ਦੇਣਾ ਨਹੀਂ ਤੋਤਾ, ਤੂੰ ਮੈਂ ਲਹਿਣਾ ਦੇਣਾ ਮੁਕਾਈਆ । ਮਿਹਰ ਨਜ਼ਰ ਨਾਲ ਕਾਇਆ ਮਾਟੀ ਅੰਦਰ ਫੇਰ ਕੇ ਪੋਚਾ, ਦੁਰਮਤ ਮੈਲ ਦੇਣੀ ਧਵਾਈਆ । ਅੱਗੇ ਪਿੱਛੇ ਦੀ ਰਹਿਣ ਨਹੀਂ ਦੇਣੀ ਸੋਚਾ, ਲੱਖ ਚੁਰਾਸੀ ਲੇਖਾ ਦੇਣਾ ਮੁਕਾਈਆ । ਗੁਰਮੁਖ ਲੇਖਾ ਦੇਵੇ ਨਾ ਕੋਇ ਨਿਰਦੋਸ਼ਾ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਪਹਿਲੀ ਪੋਹ ਕਹੇ ਮੈਂ ਵੇਖਿਆ ਲੇਖਾ ਲਿਖਦਾ, ਸਚਖੰਡ ਨਿਵਾਸੀ ਦਇਆ ਕਮਾਈਆ । ਨਾਤਾ ਜੋੜ ਕੇ ਗੋਬਿੰਦ ਗੁਰਸਿਖ ਦਾ, ਸਾਖਿਆਤ ਹੋਇਆ ਸਹਾਈਆ । ਬਿਨ ਭਗਤਾਂ ਕਿਸੇ ਨਾ ਦਿਸਦਾ, ਭਰਮੇ ਵਿਚ ਲੋਕਾਈਆ । ਲਹਿਣਾ ਦੇਵੇ ਜਿਸ ਜਿਸ ਦਾ, ਜਿਸਮ ਜ਼ਮੀਰ ਦੋਵੇਂ ਆਪਣੇ ਲੇਖੇ ਲਾਈਆ । ਇਹ ਮੌਕਾ ਨਹੀਂ ਕਿਸੇ ਮੁਨ ਰਿਖ ਦਾ, ਮੁਕੰਮਲ ਆਪਣਾ ਰੰਗ ਰੰਗਾਈਆ । ਝਗੜਾ ਚੁਕਣਾ ਕਰਵਟ ਵਾਲੀ ਪਿੱਠ ਦਾ, ਸਨਮੁਖ ਹੋ ਕੇ ਸੋਭਾ ਪਾਈਆ । ਪੈਂਡਾ ਰਿਹਾ ਨਾ ਸਵਾ ਗਿੱਠ ਦਾ, ਅੰਦਰ ਦੀ ਰਸਾਈ ਦੀ ਲੋੜ ਇਕੋ ਵਾਰ ਪੂਰੀ ਦਏ ਕਰਾਈਆ । ਜਨ ਭਗਤਾਂ ਕਾਰਜ ਆਪ ਨਜਿਠਦਾ, ਨਿਜ ਨੇਤਰ ਦਰਸ ਵਖਾਈਆ । ਜਿਸ ਦਾ ਹੁਕਮ ਸਦਾ ਜਿੱਤ ਦਾ, ਹਾਰ ਵਿਚ ਵੇਖੇ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, (ਪਤਿਤ) ਪੁਨੀਤ ਰਿਹਾ ਬਣਾਈਆ । ਪੋਹ ਕਹੇ ਮੈਂ ਤੱਕਿਆ ਪਰਵਰਦਿਗਾਰ, ਜਲਵਾ ਨੂਰ ਨੂਰ ਖ਼ੁਦਾਈਆ । ਜੋ ਆਦਿ ਜੁਗਾਦੀ ਸਾਂਝਾ ਯਾਰ, ਯਾਰਾਨਾ ਇਕੋ ਇਕ ਦਰਸਾਈਆ । ਜਿਸ ਦਾ ਮੁਕਾਮੇ ਹੱਕ ਹਕ਼ੀਕ਼ਤ ਦਾ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਓਸ ਦੇ ਉਤੇ ਮੈਨੂੰ ਇਕ ਇਤਬਾਰ, ਬਾਕੀ ਲਾਰੇ ਲਾ ਕੇ ਗਏ ਜਣਾਈਆ ।

ਜਿਸ ਦੇ ਦਵਾਰੇ ਦਰ ਦਰਵੇਸ਼ ਮੰਗਦੇ ਗਏ ਭਿਖਾਰ, ਅਵਤਾਰ ਪੈਗ਼ੰਬਰ ਗੁਰ ਝੋਲੀਆਂ ਡਾਹੀਆ । ਸੋ ਕ਼ੁਦਰਤ ਦਾ ਕ਼ਾਦਰ ਹੋਇਆ ਖ਼ਬਰਦਾਰ, ਬੇਖ਼ਬਰਾਂ ਖ਼ਬਰ ਪੁਚਾਈਆ । ਮੁਰੀਦਾਂ ਮੁਰਸ਼ਦ ਦੇਵੇ ਦੀਦਾਰ, ਦੀਦ ਈਦ ਚੰਦ ਚਮਕਾਈਆ । ਕਾਇਆ ਕਾਅਬਾ ਦਏ ਵਖਾਲ, ਗ੍ਰਿਹਿ ਮੰਦਰ ਸੋਭਾ ਪਾਈਆ । ਜਿਸ ਦਾ ਜੁਗ ਚੌਕੜੀ ਦੇਣ ਅਹਿਵਾਲ, ਹਾਲਾਂਕਿ ਓਹੋ ਗਿਆ ਆਈਆ । ਜਿਸ ਦੇ ਅਗੇ ਨਾ ਜਵਾਬ ਤੇ ਨਾ ਸਵਾਲ, ਫ਼ਿਕਰਾ ਸਕੇ ਨਾ ਕੋਇ ਬਦਲਾਈਆ । ਜਿਸ ਦੀ ਘਾਲਣਾ ਗਏ ਘਾਲ, ਘਾਇਲ ਕਰ ਕੇ ਫਰਜ਼ੰਦ ਗਏ ਕਟਾਈਆ । ਜਲਵਾ ਦੇਵਣ ਆਇਆ ਇਕ ਜਮਾਲ, ਜ਼ਾਮਨ ਹੋ ਕੇ ਫੇਰਾ ਪਾਈਆ । ਜਨ ਭਗਤਾਂ ਅੰਦਰ ਲੁਕੇ ਰਹਿਣ ਨਾ ਦੇਵੇ ਅਰਮਾਨ, ਆਰਾਮ ਨਾਲ ਸਭ ਕੁਛ ਦਏ ਵਖਾਈਆ । ਸਭ ਦੀ ਲੇਖੇ ਲਾ ਕੇ ਸੇਵਾ ਨਿਸ਼ਕਾਮ, ਜੋ ਕਰ ਕਰ ਖ਼ੁਸ਼ੀ ਮਨਾਈਆ । ਗੁਰਮੁਖ ਤੇਰਾ ਪ੍ਰੇਮ ਕਦੇ ਨਾ ਜਾਏ ਹਰਾਮ, ਕੂੜੀ ਵੰਡ ਨਾ ਕੋਇ ਵੰਡਾਈਆ । ਭਾਵੇਂ ਲੱਖ ਚੁਰਾਸੀ ਸ੍ਰਿਸ਼ਟੀ ਡੁੱਬੇ ਤਮਾਮ, ਭਗਤ ਸੁਹੇਲੇ ਸਚਖੰਡ ਦਵਾਰੇ ਦਿਆਂ ਟਿਕਾਈਆ । ਇਹ ਕੋਈ ਗੱਲਾਂ ਬਾਤਾਂ ਵਾਲੀ ਨਹੀਂ ਜ਼ਬਾਨ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਭਗਤ ਭਗਵਾਨ ਦਾ ਇਕ ਈਮਾਨ, ਅਮਲਾਂ ਤੋਂ ਬਾਹਰ ਦਿਆਂ ਸਮਝਾਈਆ । ਤੁਹਾਡਿਆਂ ਚਰਨਾਂ ਹੇਠ ਦਬਾ ਕੇ ਜ਼ਿਮੀਂ ਅਸਮਾਨ, ਮਹਿਮਾਨ ਆਪਣੇ ਲਵਾਂ ਬਣਾਈਆ । ਜਿਸ ਨੂੰ ਸਾਰੇ ਮੰਨਦੇ ਸ੍ਰੀ ਭਗਵਾਨ, ਓਹ ਨੂਰ ਤੁਹਾਡਾ ਨੂਰ ਕਰਾਂ ਰੁਸ਼ਨਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਹੋ ਕੇ ਦੋ ਜਹਾਨਾਂ ਪਕੜੀ ਆਪ ਕਮਾਨ, ਹੁਕਮ ਧੁਰ ਦਾ ਇਕ ਸਮਝਾਈਆ । ਫੁਰਨਿਆਂ ਵਿਚ ਦੇ ਕੇ ਫ਼ਰਮਾਨ, ਫਰਮਾਬਰਦਾਰ ਲਵਾਂ ਉਠਾਈਆ । ਨਿਤ ਨਵਿਤ ਵੇਖਾਂ ਮਾਰ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਜੁਗ ਜਨਮ ਦੇ ਪ੍ਰਭ ਦੇ ਕੋਲ ਤੁਹਾਡੇ ਬਿਆਨ, ਪੜਦਿਆਂ ਵਿਚੋਂ ਪੜਦੇ ਦਏ ਖੁਲ੍ਹਾਈਆ । ਸਚ ਬਾਗ਼ੀਚੀ ਦਾ ਮਾਲਕ ਬਾਗ਼ਬਾਨ, ਬਾਗ਼ੀ ਕਰੇ ਸਰਬ ਲੋਕਾਈਆ । ਚਾਰ ਕੁੰਟ ਵੇਖੇ ਇਕ ਤੂਫ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪਹਿਲੀ ਪੋਹ ਕਹੇ ਪੈਂ ਵੇਖਿਆ ਨੂਰੀ ਇਸਮ, ਆਜ਼ਮ ਆਅਲਾ ਨਜ਼ਰੀ ਆਈਆ । ਤਨ ਵਜੂਦ ਵੇਖਿਆ ਜਿਸਮ, ਅੰਤਰ ਅੰਤਰ ਫੇਰਾ ਪਾਈਆ । ਜਿਸ ਦੀ ਜੁਗ ਚੌਕੜੀ ਸਮਝ ਸਕਿਆ ਨਾ ਕੋਇ ਕਿਸਮ, ਕਿਸਮਤ ਸਭ ਦੀ ਰਿਹਾ ਬਦਲਾਈਆ । ਜਿਸ ਦਾ ਨਾਮ ਨਗਾਰਾ ਇਕੋ ਵਿਸਲ, ਵਿਸ਼ਿਆਂ ਵਿਚੋਂ ਬਾਹਰ ਕਢਾਈਆ । ਜਿਸ ਨੂੰ ਬਿਨਾ ਅੱਖਾਂ ਤੋਂ ਭਗਤ ਸੁਹੇਲੇ ਸਾਰੇ ਦਿਸਣ, ਲੱਖ ਚੁਰਾਸੀ ਪੜਦਾ ਰਿਹਾ ਉਠਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਓਸ ਪੁਰਖ ਅਕਾਲ ਦਾ ਲਾਉਣਾ ਮਿਸ਼ਨ, ਮਿਸ਼ਨਰੀਆਂ ਸਾਰੀਆਂ ਦੇਣੀਆਂ ਤੁੜਾਈਆ । ਜਿਸ ਦੇ ਕੋਲੋਂ ਸਭ ਨੇ ਆਉਣਾ ਸਿਖਣ, ਦੋ ਜਹਾਨਾਂ ਕਰੇ ਅਗੰਮ ਪੜ੍ਹਾਈਆ । ਜਿਸ ਦੇ ਕੋਲੋਂ ਸਭ ਨੇ ਆਉਣਾ ਲਿਖਣ, ਪ੍ਰੇਮ ਹਰੂਫ਼ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪਹਿਲੀ ਪੋਹ ਕਹੇ ਮੈਂ ਬਣਨਾ ਵੱਡਾ ਨਿੱਕਾ, ਸਰਬ ਦਿਆਂ ਜਣਾਈਆ । ਮੈਂ ਵੇਖਣਾ ਪੁਰਖ ਅਕਾਲ ਧੁਰ ਦਾ ਪਿਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦਾ ਸ਼ਬਦੀ ਗੋਬਿੰਦ ਨਾਲ ਹਿਤਾ, ਪ੍ਰੇਮ ਇਕੋ ਇਕ ਰਖਾਈਆ । ਜਿਸ ਦਾ ਏਥੇ ਓਥੇ ਦੋ ਜਹਾਨ ਚਲੇ ਸਿੱਕਾ, ਦੂਜਾ ਹੋਰ ਨਾ ਕੋਇ ਵਖਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਸ੍ਰੀ ਭਗਵੰਤ ਧੁਰ ਦਾ ਕੰਤ ਸਚ ਦਵਾਰੇ ਡਿੱਠਾ, ਅਨਡਿਠ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਪਹਿਲੀ ਪੋਹ ਕਹੇ ਮੈਂ ਵੇਖਣੀ ਓਸ ਦੀ ਪਲਕ, ਜੋ

ਪਲ ਪਲ ਖੇਲ ਖਿਲਾਈਆ । ਜਿਸ ਨੇ ਧਾਰ ਬਦਲਨੀ ਖ਼ਲਕ, ਖ਼ਾਲਸ ਗੁਰਮੁਖ ਦਏ ਵਖਾਈਆ । ਕੂੜੀ ਕਿਰਿਆ ਲਾਹੁਣੀ ਅਲਖ, ਅਲੱਖ ਅਗੋਚਰ ਅਗੰਮ ਅਥਾਹ ਫੇਰਾ ਪਾਈਆ । ਜਿਸ ਨੇ ਖੇਲ ਕਰਨਾ ਵਿਚ ਬਲਖ, ਪੂਰਬ ਲੇਖਾ ਪੂਰ ਕਰਾਈਆ । ਕਰ ਪਰਕਾਸ਼ ਉਪਰ ਫ਼ਲਕ, ਨੂਰ ਜਹੂਰ ਦਏ ਦ੍ਰਿੜਾਈਆ । ਜੋਤੀ ਧਾਰ ਚਮਕਾ ਕੇ ਚਮਕ, ਚਮਤਕਾਰ ਆਪਣਾ ਦਏ ਵਖਾਈਆ । ਜਨ ਭਗਤਾਂ ਹੋਣ ਨਾ ਦੇਵੇ ਹਰਾਮ ਨਮਕ, ਨਿਮਖ ਨਿਮਖ ਹੋਏ ਸਹਾਈਆ । ਸਾਚੇ ਪ੍ਰੇਮ ਦੀ ਬਖ਼ਸ਼ ਕੇ ਹਿੰਮਤ, ਹੌਸਲੇ ਅਗਲੇ ਦਏ ਬਦਲਾਈਆ । ਸੰਬਲ ਨਗਰੀ ਸਾਚੀ ਸਿੰਮਤ, ਚਾਰ ਕੁੰਟ ਦਹਿ ਦਿਸ਼ਾ ਵਿਚੋਂ ਵੱਖਰੀ ਆਪ ਉਪਾਈਆ । ਜਿਥੇ ਬਿਨਾ ਪੁਰਖ ਅਕਾਲ ਦੇ ਕਰਨੀ ਪਏ ਅਵਰ ਨਾ ਮਿਨਤ, ਵਿਚੋਲਾ ਲੱਭਣ ਦੀ ਲੋੜ ਰਹੇ ਨਾ ਰਾਈਆ । ਚਿਤਰ ਗੁਪਤ ਰਾਏ ਧਰਮ ਵੇਲੇ ਅੰਤ ਕਰਨ ਕੋਇ ਨਾ ਇੱਲਤ, ਲੱਖ ਚੁਰਾਸੀ ਦਏ ਨਾ ਕੋਇ ਸਜ਼ਾਈਆ । ਮਾਤ ਗਰਭ ਫੇਰ ਨਾ ਹੋਵੇ ਜ਼ਿੱਲਤ, ਨੌ ਅਠਾਰਾਂ ਵੰਡ ਨਾ ਕੋਇ ਵੰਡਾਈਆ । ਸਾਚੇ ਸ਼ਬਦ ਦੀ ਦੇ ਕੇ ਖਿੱਲਤ, ਸਿਰ ਆਪਣਾ ਹੱਥ ਟਿਕਾਈਆ । ਪ੍ਰੇਮ ਪਿਆਰ ਦਾ ਲਾ ਕੇ ਤਿਲਕ, ਤਿਲਕਣਬਾਜ਼ੀ, ਤੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪਹਿਲੀ ਪੋਹ ਕਹੇ ਮੈਂ ਵੇਖਿਆ ਸ਼ਬਦੀ ਸ਼ੇਰ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜਿਸ ਨੇ ਦੋ ਜਹਾਨਾਂ ਕਰਨਾ ਜ਼ੇਰ, ਸਿਰ ਸਕੇ ਨਾ ਕੋਇ ਉਠਾਈਆ । ਕੂੜੀ ਕਿਰਿਆ ਮੇਟਣਾ ਅੰਧੇਰ, ਸਤਿ ਸਚ ਕਰੇ ਰੁਸ਼ਨਾਈਆ । ਕਲਜੁਗ ਅੰਤ ਚੁਕਾਉਣਾ ਗੇੜ, ਗੇੜਾ ਗੇੜੇ ਵਿਚ ਭਵਾਈਆ । ਲੱਖ ਕਰੋੜੀ ਛੇੜਨੀ ਛੇੜ, ਮਨ ਮਮਤਾ ਵਿਚ ਫਸਾਈਆ । ਸ਼ਬਦ ਅਗੰਮੀ ਮਾਰਨੀ ਚਪੇੜ, ਮੂਰਖ ਮੁਗਧ ਦੇਣੇ ਦੁਰਕਾਈਆ । ਸ਼ਾਹ ਸੁਲਤਾਨਾਂ ਕਰਨਾ ਢੇਰ, ਖ਼ਾਕੀ ਖ਼ਾਕ ਖ਼ਾਕ ਉਡਾਈਆ । ਜਗ ਦਾ ਮਾਰਗ ਲੈਣਾ ਫੇਰ, ਫਿਰ ਫਿਰ ਵੇਖੇ ਸਰਬ ਲੋਕਾਈਆ । ਕੋਟਾਂ ਵਿਚੋਂ ਥੋੜ੍ਹਿਆਂ ਉਤੇ ਕਰ ਕੇ ਮਿਹਰ, ਆਪਣੀ ਗੋਦ ਲੈਣਾ ਟਿਕਾਈਆ । ਜਿਨ੍ਹਾਂ ਦੀ ਸੇਵਾ ਕਰਨ ਨੂੰ ਤੜਪ ਰਿਹਾ ਕੁਮੇਰ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਗੋਬਿੰਦ ਖੰਡਾ ਫੜ ਹੱਥ ਸ਼ਮਸ਼ੇਰ, ਚਾਰੋਂ ਕੁੰਟ ਹੋਏ ਸਹਾਈਆ । ਜਨ ਭਗਤਾਂ ਮਾਰਗ ਲੱਗਣਾ ਪਹਿਲੀ ਵੇਰ, ਵੇਰਵਾ ਅਵਰ ਰਹੇ ਨਾ ਰਾਈਆ । ਪਿਛਲੀ ਕਰਨੀ ਆਪੇ ਦੇਣੀ ਉਧੇੜ, ਹੁਕਮ ਧੁਰ ਦਾ ਇਕ ਸੁਣਾਈਆ । ਅਗਲਾ ਲੇਖਾ ਹੱਕ ਨਬੇੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਕਰੇ ਕੁੜਮਾਈਆ । ਪਹਿਲੀ ਪੋਹ ਕਹੇ ਮੈਂ ਵੇਖਣਾ ਉਹ ਸਮਾਂ, ਜਿਸ ਨੂੰ ਸਾਰੇ ਗਏ ਵਡਿਆਈਆ । ਜਿਸ ਵਿਚ ਕੋਈ ਸਮਝ ਨਾ ਸਕੇ ਹਰਖ਼ ਸੋਗ਼ ਗ਼ਮਾਂ, ਚਿੰਤਾ ਨਚਿੰਤਾ ਨਾ ਕੋਇ ਜਣਾਈਆ । ਕੂੜੀ ਕਿਰਿਆ ਵੇਖਣੀ ਤਮਅ, ਲਾਲਚ ਲਾਲਸ ਖੋਜ ਖੁਜਾਈਆ । ਦੀਨ ਮਜ਼੍ਹਬ ਵੇਖਣਾ ਬੰਨਾਂ, ਜਾਤ ਪਾਤ ਵੰਡ ਵੰਡਾਈਆ । ਗੁਰ ਅਵਤਾਰ ਪੈਗ਼ੰਬਰ ਵੇਖਣਾ ਬਿਨ ਛੱਪਰ ਛੰਨਾਂ, ਸਤਿ ਦਵਾਰੇ ਸੀਸ ਝੁਕਾਈਆ । ਕਲਜੁਗ ਕੂੜ ਕੁੜਿਆਰ ਵੇਖਣਾ ਅੰਨ੍ਹਾਂ, ਸਿਰ ਪਾਪਾਂ ਗੰਢ ਉਠਾਈਆ । ਕਿਸੇ ਨੂੰ ਯਾਦ ਨਹੀਂ ਰਹਿਣਾ ਚੌਦਾਂ ਸੌ ਤੀਸ ਅੰਕ ਦਾ ਪੰਨਾ, ਪਨਘਟ ਉਤੇ ਸੋਭਾ ਕੋਇ ਨਾ ਪਾਈਆ । ਜਿਹੜਾ ਗੋਬਿੰਦ ਇਕੋ ਲਾ ਕੇ ਗਿਆ ਵਿਚ ਕੰਨਾ, ਕਾਇਮ ਕਰੇ ਖ਼ਲਕ ਖ਼ੁਦਾਈਆ । ਓਸ ਦਾ ਸਾਲ ਹੋਣਾ ਰਵਾਂ, ਅਰਮਾਨ ਸਭ ਦੇ ਵੇਖ ਵਖਾਈਆ । ਚਾਰ ਕੁੰਟ ਨਜ਼ਰ ਨਾ ਔਣੀ ਕੋਈ ਸ਼ਮਅ, ਦੀਵੇ ਗੁਲ ਖ਼ਲਕ ਖ਼ੁਦਾਈਆ । ਨੇਤਰ ਵੇਖਣੀ ਰੋਂਦੀ ਮਾਈ ਹੱਵਾ, ਬਾਵਾ ਆਦਮ ਦਏ ਦੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋ ਕੇ ਜਮ੍ਹਾਂ, ਪ੍ਰਭੂ ਅਗੇ ਸੀਸ ਝੁਕਾਈਆ । ਪਹਿਲੀ


੧੫ ੧੯

ਪੋਹ ਕਹੇ ਮੈਂ ਕੀ ਵਾਰਤਾ ਕਹਵਾਂ, ਕਹਿਣ ਦੀ ਲੋੜ ਰਹੀ ਨਾ ਰਾਈਆ । ਮੈਂ ਭੱਜੇ ਔਂਦੇ ਵੇਖਾਂ ਜੁਗਾਂ ਚੌਹਾਂ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਸਭ ਦੇ ਅਗੇ ਮੈਂ ਇਕੋ ਢੋਲਾ ਗਵਾਂ, ਸੰਦੇਸ਼ਾ ਸਚ ਸੁਣਾਈਆ । ਆਓ ਪ੍ਰਭ ਦਾ ਮਾਰਗ ਵੇਖੋ ਨਵਾਂ, ਨਵ ਨੌਂ ਚਾਰ ਰਿਹਾ ਸਮਝਾਈਆ । ਜਿਸ ਦੇ ਦਵਾਰੇ ਸੋਭਨੀਕ ਹੋ ਕੇ ਬਹਵਾਂ, ਸਨਮੁਖ ਦਰਸ਼ਨ ਪਾਈਆ । ਮੈਂ ਇਕੋ ਦੀ ਚਰਨੀ ਢਹਵਾਂ, ਜਿਥੇ ਢੋਲਕ ਛੈਣੇ ਦੀ ਲੋੜ ਰਹੇ ਨਾ ਰਾਈਆ । ਓਸੇ ਦੀ ਸੇਜੇ ਸਵਾਂ, ਜਿਥੇ ਸੁਤਿਆਂ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਪਹਿਲੀ ਪੋਹ ਕਹੇ ਮੈਂ ਸੁਣਾਉਣ ਆਇਆ ਅਗੰਮੀ ਬਾਤ, ਬਾਤਨ ਦਿਆਂ ਜਣਾਈਆ । ਜਨ ਭਗਤੇ ਅਗਲਾ ਬਦਲਣ ਵਾਲਾ ਤਮਾਸ਼, ਪੁਰਖ ਅਬਿਨਾਸ਼ੀ ਦਇਆ ਕਮਾਈਆ । ਖੇਲਣਹਾਰਾ ਖੇਲ ਹੋ ਕੇ ਆਪ ਪਾਕ, ਪਤਿਤ ਪੁਨੀਤ ਦਏ ਬਣਾਈਆ । ਜਿਹੜਾ ਮੇਲਾ ਮਿਲਦਾ ਰਿਹਾ ਨਾਲ ਇਤਫ਼ਾਕ, ਉਸ ਦਾ ਲੇਖਾ ਦਏ ਸਮਝਾਈਆ । ਛੱਬੀ ਪੋਹ ਤੋਂ ਗੋਬਿੰਦ ਪਿਛਲਾ ਲੇਖਾ ਹੋਣਾ ਬੇਬਾਕ, ਲਾਰਿਆਂ ਵਾਲਾ ਨਾਅਰਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਦਏ ਸੁਣਾਈਆ । ਪਹਿਲੀ ਪੋਹ ਕਹੇ ਮੈਂ ਹੋਇਆ ਹੈਰਾਨਾ, ਹਰਿ ਜੂ ਅੰਦਰੇ ਅੰਦਰ ਸੁਣਾਈਆ । ਮੈਂ ਦੋ ਜਹਾਨਾਂ ਬਦਲ ਦੇਣਾ ਜ਼ਮਾਨਾ, ਜ਼ਾਮਨੀ ਆਪਣੀ ਵਿਚ ਰਖਾਈਆ । ਸ਼ਬਦੀ ਗੋਬਿੰਦ ਹੱਥ ਦੇਣੀ ਕਮਾਨਾ, ਚਿੱਲਾ ਤੀਰ ਇਕ ਵਖਾਈਆ । ਪਹਿਲਾ ਹੁਕਮ ਸੁਣਾ ਉਪਰ ਅਸਮਾਨਾਂ, ਇਸਮ ਇਕੋ ਦੇਣਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਪੜਦਾ ਖੁਲ੍ਹਾ ਕੇ ਦੋ ਜਹਾਨਾਂ, ਦੋਹਰਾ ਰੂਪ ਲੈਣਾ ਪਰਗਟਾਈਆ । ਸਭ ਨੇ ਮੰਨਣਾ ਇਕੋ ਭਾਣਾ, ਸਿਰ ਸਕੇ ਨਾ ਕੋਇ ਉਠਾਈਆ । ਪੁਰਖ ਅਕਾਲ ਜਾਣੀ ਜਾਣਾ, ਲੱਖ ਚੁਰਾਸੀ ਵੇਖ ਵਖਾਈਆ । ਇਕੋ ਇਕ ਹੋਣਾ ਬਲਵਾਨਾ, ਬਲਧਾਰੀ ਰੂਪ ਵਖਾਈਆ । ਜਿਸ ਦੇ ਕੋਲ ਅਗੰਮੀ ਇਕ ਪੈਮਾਨਾ, ਦੋ ਜਹਾਨਾਂ ਨਾਪ ਬਣਾਈਆ । ਜਨ ਭਗਤਾਂ ਅੰਦਰ ਰਹਿਣ ਨਾ ਦੇਣਾ ਕੋਈ ਬੇਗਾਨਾ, ਦੂਜਾ ਨਜ਼ਰ ਕੋਇ ਨਾ ਆਈਆ । ਗੱਲਾਂ ਵਾਲਾ ਬਣਨ ਨਹੀਂ ਦੇਣਾ ਕੋਈ ਅਫ਼ਸਾਨਾ, ਸ਼ਬਦੀ ਹੁਕਮ ਇਕ ਵਰਤਾਈਆ । ਪ੍ਰੇਮੀ ਪਿਆਰ ਅੰਦਰ ਕਰਨਾ ਦੀਵਾਨਾ, ਨਾਮ ਖ਼ੁਮਾਰੀ ਇਕ ਵਰਤਾਈਆ । ਦਰਸ ਵਖਾ ਕੇ ਰੂਪ ਨਾਨਾ, ਨਿਰਗੁਣ ਨਿਰਵੈਰ ਜੋਤ ਕਰੇ ਰੁਸ਼ਨਾਈਆ । ਮਾਇਆ ਮਮਤਾ ਮੋਹ ਤੋੜ ਅਭਿਮਾਨਾ, ਸਾਚੀ ਸਿਖਿਆ ਦਏ ਸਮਝਾਈਆ । ਤੂੰ ਮੇਰਾ ਮੈਂ ਤੇਰਾ ਗਾਉਣਾ ਇਕ ਤਰਾਨਾ, ਤੁਰੀਆ ਪਦ ਤੋਂ ਬਾਹਰ ਕਢਾਈਆ । ਜਿਸ ਦੇ ਨਾਲ ਹੋਵੇ ਕਲਿਆਨਾ, ਕਲਮਾ ਇਕੋ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਪਹਿਲੀ ਪੋਹ ਕਹੇ ਮੈਂ ਸੁਣ ਲਈ ਓਹ ਗੂੰਜ, ਜੋ ਗੁਝੀ ਰਮਜ਼ ਰਹੀ ਲਗਾਈਆ । ਗੁਰਮੁਖ ਆਤਮ ਕੁਰਲਾਵੇ ਕੋਈ ਨਾ ਕੂੰਜ, ਦੂਰ ਦੁਰਾਡਾ ਨਜ਼ਰ ਕੋਇ ਨਾ ਆਈਆ । ਪ੍ਰੇਮ ਪਿਆਰ ਦੀ ਪ੍ਰਭ ਨੇ ਬਖ਼ਸ਼ਣੀ ਆਤਮ ਸਵਾਂਤੀ ਬੂੰਦ, ਤ੍ਰਿਸ਼ਨਾ ਤ੍ਰਿਖਾ ਦੇਣੀ ਬੁਝਾਈਆ । ਨਿਜ ਕਵਲ ਕਰਨਾ ਮੂੰਧ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੰਜ਼ਲ ਰਹੇ ਨਾ ਕੋਈ ਡੂੰਘ, ਸਾਚੇ ਪੌੜੇ ਦੇਣਾ ਚੜ੍ਹਾਈਆ । ਗ਼ਫ਼ਲਤ ਵਿਚ ਨਾ ਆਵੇ ਊਂਘ, ਗੁਰਮੁਖ ਸਵਾਧਾਨ ਕਰਾਈਆ । ਜਿਧਰ ਵੇਖਣ ਓਧਰ ਮੌਜੂਦ, ਮੁਫ਼ਤ ਆਪੇ ਹੋਏ ਸਹਾਈਆ । ਭਾਗ ਲਗਾ ਕੇ ਤਤ ਵਜੂਦ, ਵਜਹ ਅਗਲੀ ਦਏ ਸਮਝਾਈਆ । ਆਓ ਵੇਖੋ ਤੱਕੋ ਜਲਵਾਗਰ ਓਹ ਮਹਿਬੂਬ, ਜੋ ਮੁਹੱਬਤ ਵਿਚ ਸਮਾਈਆ । ਜਿਸ ਦਾ ਨਾਮ ਕਦੇ ਨਾ ਹੋਵੇ ਨੇਸਤੋ ਨਾਬੂਦ, ਆਦਿ ਜੁਗਾਦਿ ਵੱਜੇ

ਵਧਾਈਆ । ਸਚ ਦਵਾਰ ਦੀ ਦੱਸ ਕੇ ਸਚ ਹਦੂਦ, ਕੂੜ ਕੁੜਿਆਰਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦੇਣੀ ਮਾਣ ਵਡਿਆਈਆ । ਪਹਿਲੀ ਪੋਹ ਕਹੇ ਮੈਂ ਦੱਸਾਂ ਅਗੰਮੀ ਕਹਾਣੀ, ਕਹਾਵਤ ਜਗਤ ਨਾ ਕੋਇ ਬਣਾਈਆ । ਜਨ ਭਗਤੋ ਤੁਹਾਡਾ ਲੇਖਾ ਪਦ ਨਿਰਬਾਣੀ, ਨਿਰਬਾਣ ਪਦ ਮਿਲੇ ਵਡਿਆਈਆ । ਤੁਹਾਡੀ ਨਵ ਜੋਬਨ ਦੀ ਜਵਾਨੀ, ਚਾਰ ਕੁੰਟ ਵੇਖ ਵਖਾਈਆ । ਤੁਹਾਡੇ ਪ੍ਰੇਮ ਦੀ ਸਚ ਤੁਗਿਆਨੀ, ਚਾਰੋਂ ਕੁੰਟ ਲਹਿਰ ਲਹਿਰਾਈਆ । ਤੁਹਾਡਾ ਅੰਦਰ ਨੂਰ ਰੂਹਾਨੀ, ਰਹਿਮਤ ਵਿਚ ਸਮਾਈਆ । ਤੁਹਾਡੀ ਆਤਮਾ ਰਹਿਣ ਨਹੀਂ ਦੇਣੀ ਬੇਗਾਨੀ, ਪਰਮਾਤਮਾ ਆਪਣੇ ਨਾਲ ਜੁੜਾਈਆ । ਦਾਤਾ ਬਣ ਕੇ ਆਇਆ ਦਾਨੀ, ਗਹਿਰ ਗੰਭੀਰ ਫੇਰਾ ਪਾਈਆ । ਜਨ ਭਗਤੋ ਛੱਬੀ ਪੋਹ ਇਕ ਇਕ ਫੁੱਲ ਲੈ ਕੇ ਔਣਾ ਨਿਸ਼ਾਨੀ, ਨਸ਼ਾ ਧੁਰ ਦਾ ਦਿਆਂ ਚੜ੍ਹਾਈਆ । ਤੁਹਾਡੇ ਅੰਦਰ ਪਰਗਟਾਵੇ ਉਹ ਬਾਣੀ, ਜੋ ਬਾਣ ਨਿਰਾਲਾ ਦਏ ਚਲਾਈਆ । ਅੰਮ੍ਰਿਤ ਰਸ ਦੇ ਕੇ ਠੰਡਾ ਪਾਣੀ, ਅਗਨੀ ਅੱਗ ਦਏ ਬੁਝਾਈਆ । ਨਾਤਾ ਛੁੱਟ ਜਾਏ ਦੁਨੀਆ ਫ਼ਾਨੀ, ਫ਼ੈਸਲਾ ਆਪਣੇ ਨਾਲ ਕਰਾਈਆ । ਅਗੇ ਮਾਰਗ ਮਿਲੇ ਆਸਾਨੀ, ਅਧਵਿਚਕਾਰ ਨਾ ਕੋਇ ਅਟਕਾਈਆ । ਝਗੜਾ ਮੁਕ ਜਾਏ ਅਦਾਲਤ ਦੀਵਾਨੀ, ਹੁਕਮ ਇਕੋ ਵਾਰ ਸੁਣਾਈਆ । ਤੁਸਾਂ ਪਿਛੇ ਗੋਬਿੰਦ ਨਾਲ ਦਿਤੀ ਕੁਰਬਾਨੀ, ਅਗੇ ਜਮਾਂ ਤੋਂ ਲਿਆ ਬਚਾਈਆ । ਝਗੜਾ ਮੁਕਾਇਆ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਨਾ ਕੋਇ ਫਿਰਾਈਆ । ਸਾਚੇ ਘਰ ਦੀ ਬਣਾ ਕੇ ਸੱਚੀ ਰਾਣੀ, ਦਰਗਾਹ ਸਾਚੀ ਦੇਣਾ ਬਿਠਾਈਆ । ਜਿਥੇ ਖੇਲ ਨਹੀਂ ਜਿਸਮਾਨੀ, ਬੁਤਖ਼ਾਨੇ ਵੱਜੇ ਨਾ ਕੋਇ ਵਧਾਈਆ । ਸ਼ਾਨ ਰਹਿਣ ਨਹੀਂ ਦੇਣੀ ਪੰਜਾਂ ਤੱਤਾਂ ਵਾਲੇ ਪਰਾਣੀ, ਵੇਦਾਂ ਪੁਰਾਨਾਂ ਤੋਂ ਲੈਣਾ ਛੁਡਾਈਆ । ਚੜ੍ਹਨ ਓਸ ਬਬਾਨੀ, ਜਿਸ ਦਾ ਰੂਪ ਰੰਗ ਰੇਖ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਪਹਿਲੀ ਪੋਹ ਕਹੇ ਤੁਸਾਂ ਫੂਲ ਨਾ ਸਮਝਣਾ ਫੁੱਲ, ਗੁਲ ਗੁਲਾਬ ਨਾ ਕੋਇ ਸੁਣਾਈਆ । ਜਨ ਭਗਤੋ ਤੁਹਾਡਾ ਪੈਣਾ ਮੁੱਲ, ਮਲਕੀਅਤ ਪਿਛਲੀ ਗਈ ਵਿਹਾਈਆ । ਭਗਤ ਭਗਵਾਨ ਦੀ ਬਣਨੀ ਕੁਲ, ਕੁਲ ਮਾਲਕ ਖੇਲ ਖਿਲਾਈਆ । ਵੇਖਿਓ ਜਗਤ ਵਾਸਨਾ ਵਿਚ ਨਾ ਜਾਇਓ ਡੁਲ, ਅਨਡੋਲਤ ਲਏ ਬਚਾਈਆ । ਝੂਠੇ ਪਿਆਰ ਵਿਚ ਨਾ ਜਾਇਓ ਭੁੱਲ, ਪ੍ਰੇਮੀ ਪ੍ਰੀਤਮ ਦਏ ਸਮਝਾਈਆ । ਮਾਇਆ ਵਿਚ ਨਾ ਜਾਇਓ ਰੁਲ, ਰੁਲਦਿਆਂ ਗਲੇ ਲਗਾਈਆ । ਤੁਹਾਨੂੰ ਸਚ ਦਵਾਰੇ ਆਉਣ ਦੀ ਖੁਲ੍ਹ, ਅਗੇ ਸਕੇ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਫੁੱਲ ਕਹੇ ਮੈਨੂੰ ਕੋਈ ਨਾ ਜਾਣਿਓ ਗੰਦਾ, ਮੈਂ ਆਪਣੀ ਗੁਲਸ਼ਨ ਦਿਆਂ ਜਣਾਈਆ । ਜਿਸ ਵੇਲੇ ਗੋਬਿੰਦ ਕੋਲ ਗਿਆ ਸੀ ਬੈਰਾਗੀ ਬੰਦਾ, ਚਰਨ ਗੋਦਾਵਰੀ ਕੰਢੇ ਟਿਕਾਈਆ । ਉਸ ਦੇ ਹੱਥ ਵਿਚ ਸੀ ਸੱਤ ਰੰਗ ਦਾ ਡੰਡਾ, ਜੋ ਨਜ਼ਰ ਕਿਸੇ ਨਾ ਆਈਆ । ਹੌਲੀ ਹੌਲੀ ਹੱਥਾਂ ਨਾਲ ਪਾਏ ਵੰਡਾ, ਹਿੱਸਾ ਸਕੇ ਨਾ ਕੋਇ ਸਮਝਾਈਆ । ਇਸ਼ਾਰਾ ਕਰ ਕੇ ਉਪਰ ਸੂਰਜ ਚੰਦਾ, ਦੋਹਾਂ ਦਿਤਾ ਹਿਲਾਈਆ । ਚੌਦਾਂ ਤਬਕ ਕਰ ਕੇ ਨੰਗਾ, ਪੜਦਾ ਦਿਤਾ ਉਠਾਈਆ । ਮਿਆਨੋਂ ਖਿੱਚ ਕੇ ਆਪਣਾ ਖੰਡਾ, ਸਹਿਜ ਨਾਲ ਚਮਕਾਈਆ । ਪੁਰਖ ਅਕਾਲ ਨੂੰ ਕਹਿ ਕੇ ਚੰਗਾ, ਸੀਸ ਦਿਤਾ ਨਿਵਾਈਆ । ਦੋ ਹੱਥਾਂ ਦਾ ਵਜਾ ਕੇ ਮਰਦੰਗਾ, ਦੋ ਜਹਾਨ ਲਿਆ ਉਠਾਈਆ । ਸੀਸ ਚੋਂ ਕੱਢ ਕੇ ਆਪਣਾ ਕੰਘਾ, ਚਰਨਾਂ ਉਤੇ ਲਿਆ ਛੁਹਾਈਆ । ਆਪ ਖਲੋ ਕੇ ਇਕ ਟੰਗਾ, ਨੇਤਰ ਨੈਣ ਬੰਦ ਕਰਾਈਆ । ਪੁਰਖ ਅਕਾਲ ਮੈਂ

ਕੋਈ ਪਹਿਨੀਆਂ ਨਹੀਂ ਵੰਗਾਂ, ਵੰਗਾਰ ਕੇ ਰਿਹਾ ਸੁਣਾਈਆ । ਮੈਨੂੰ ਲੱਖ ਚੁਰਾਸੀ ਨਬੇੜਨ ਦਾ ਢੰਗਾ, ਤੇਰੀ ਬੇਪਰਵਾਹੀਆ । ਦੀਨ ਦਿਆਲ ਹੱਸ ਕੇ ਕਿਹਾ ਤੂ ਮਾਲਕ ਪੁਰੀ ਅਨੰਦਾ, ਅਨੰਦ ਤੇਰੇ ਵਿਚ ਭਰਾਈਆ । ਤੇਰੇ ਕੋਲ ਦੇਵਾਂ ਓਹ ਫੰਦਾ, ਜਿਸਨੂੰ ਵੇਖੇ ਨਾ ਕੋਇ ਲੋਕਾਈਆ । ਗੋਬਿੰਦ ਤੱਕ ਕੇ ਚਾਰ ਕੁੰਟ ਬ੍ਰਹਿਮੰਡਾਂ, ਪੁਰਖ ਅਕਾਲ ਆਪਣੇ ਵਿਚੋਂ ਨਜ਼ਰੀ ਪਾਈਆ । ਹੱਸ ਕੇ ਕਿਹਾ ਤੇਰੀ ਮੇਰੀ ਪੈ ਗਈ ਗੰਢਾ, ਅਗੇ ਹੋਏ ਨਾ ਕਦੇ ਜੁਦਾਈਆ । ਸ੍ਰੀ ਭਗਵਾਨ ਕਿਹਾ ਤੂੰ ਗੋਬਿੰਦ ਮੇਰਾ ਰੂਪ ਠੰਡਾ, ਅਗਨੀ ਅੱਗ ਨਾ ਕੋਇ ਤਪਾਈਆ । ਤੇਰਾ ਗੁਲਸ਼ਨ ਵੇਖਣਾ ਮਹਿਕੰਦਾ, ਜਿਸ ਦੇ ਅੰਦਰ ਸੁਗੰਧੀ ਤੇਰੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਲਹਿਣਾ ਰਿਹਾ ਚੁਕਾਈਆ । ਫੂਲ ਕਹੇ ਮੈਨੂੰ ਗੋਬਿੰਦ ਹੱਥ ਤੋੜਿਆ, ਤੁੱਟਿਆ ਨਾਲੋਂ ਡਾਲ । ਮੈਂ ਹੁਕਮ ਮੂਲ ਨਾ ਮੋੜਿਆ, ਪੁਰਖ ਅਕਾਲ ਦਾ ਵੇਖ ਕੇ ਸੱਚਾ ਲਾਲ । ਮੈਂ ਇਕੋ ਲੈ ਕੇ ਸਾਹ ਹਟਕੋਰਿਆ, ਕੀਤਾ ਇਕ ਸਵਾਲ । ਜੇ ਤੇਰੇ ਵਿਚ ਕੋਈ ਜੋਰਿਆ, ਮੈਨੂੰ ਵਖਾ ਦੇ ਦੀਨ ਦਿਆਲ । ਜੇ ਤੈਥੋਂ ਵਖਰਾ ਕੋਈ ਹੋਰ ਆ, ਫੇਰ ਮੈਨੂੰ ਨਾ ਰਖੀਂ ਸੰਭਾਲ । ਜੇ ਕੋਈ ਤੂੰ ਠੱਗ ਚੋਰ ਯਾਰ ਆ, ਕਿਉਂ ਮੈਨੂੰ ਦਿਤਾ ਜਵਾਲ । ਗੋਬਿੰਦ ਕਿਹਾ ਮੈਨੂੰ ਤੇਰੀ ਲੋੜ ਆ, ਇਹ ਹੁਕਮ ਮੇਰੇ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲਿਆ ਖੇਲ ਇਕ ਮਹਾਨ । ਫੁੱਲ ਕਿਹਾ ਕਿਉਂ ਤੋੜਿਆ ਨਾਲੋਂ ਡੰਡੀ, ਮੇਰਾ ਨਾਤਾ ਦਿਤਾ ਤੁੜਾਈਆ । ਤੂੰ ਆਇਉਂ ਗੋਦਾਵਰੀ ਕੰਢੀ, ਗੋਦੀ ਵਾਲੇ ਫੇਰਾ ਪਾਈਆ । ਮੈਂ ਹੋ ਗਿਆ ਤੇਰੇ ਵਿਚ ਬੰਦ ਖ਼ਾਨੇਬੰਦੀ, ਮੈਨੂੰ ਬੰਦਗੀ ਦੇਣੀ ਦ੍ਰਿੜਾਈਆ । ਦਰਵੇਸ਼ ਹੋ ਕੇ ਮੰਗ ਮੰਗੀ, ਨਿਉਂ ਨਿਉਂ ਲਾਗਾਂ ਪਾਈਆ । ਗੋਬਿੰਦ ਕਿਹਾ ਮੈਂ ਪੁਰਖ ਅਕਾਲ ਦਾ ਇਕ ਭੁਜੰਗੀ, ਨਿਰਗੁਣ ਸਰਗੁਣ ਵੇਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਆਪਣੇ ਵਿਚ ਛੁਪਾਈਆ । ਫੁੱਲ ਕਿਹਾ ਸੁਣ ਮੇਰੇ ਗੋਬਿੰਦ, ਬੰਦਨਾ ਦਿਆਂ ਜਣਾਈਆ । ਤੂੰ ਮਾਲਕ ਬਣਿਆ ਹਿੰਦ, ਹਿੰਦਵਾਇਣ ਤੇਰੀ ਸ਼ਰਨਾਈਆ । ਮੈਂ ਝੁਕਦਾ ਵੇਖਿਆ ਸੁਰਪਤ ਇੰਦ, ਕਰੋੜ ਤੇਤੀਸਾ ਲਾਗੇ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣ ਬਖ਼ਸ਼ਿੰਦ, ਸਿਰ ਆਪਣਾ ਹੱਥ ਟਿਕਾਈਆ । ਮੈਨੂੰ ਆਪਣੀ ਬਣਾ ਲੈ ਓਹ ਬਿੰਦ, ਜਿਥੇ ਜਨਮ ਮਰਨ ਦੀ ਲੋੜ ਰਹੇ ਨਾ ਰਾਈਆ । ਏਥੇ ਓਥੇ ਹੋਵੇ ਨਾ ਚਿੰਦ, ਚਿੰਤਾ ਗ਼ਮ ਨਾ ਕੋਇ ਸਤਾਈਆ । ਗੋਬਿੰਦ ਕਿਹਾ ਜਿਸ ਵੇਲੇ ਮੇਰਾ ਸੰਬਲ ਨਗਰ ਬਣਿਆ ਪਿੰਡ, ਪੱਥਰ ਇੱਟ ਗਾਰਾ ਨਾ ਕੋਇ ਲਗਾਈਆ । ਕੋਈ ਖੇਲ ਨ ਜਾਣੇ ਸਾਗਰ ਸਿੰਧ, ਗਹਿਰ ਗੰਭੀਰ ਨਜ਼ਰ ਕਿਸੇ ਨਾ ਆਈਆ । ਮੈਂ ਉਪਜਣਾ ਨਹੀਂ ਕਿਸੇ ਲਿੰਗ, ਬੂੰਦ ਰਕਤ ਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮੇਲਾ ਲਏ ਮਿਲਾਈਆ । ਗੋਬਿੰਦ ਆਖ ਦ੍ਰਿੜਾਉਂਦਾ ਏ । ਸ਼ਬਦੀ ਹੁਕਮ ਸੁਣਾਉਂਦਾ ਏ । ਵਾਕ ਭਵਿਖਤ ਅਲਾਉਂਦਾ ਏ । ਬਿਨ ਕ਼ਲਮ ਸ਼ਾਹੀ ਲੇਖ ਬਣਾਉਂਦਾ ਏ । ਮੈਂ ਵਸਣਾ ਓਸ ਦੇਸ਼, ਜਿਥੇ ਦਰਸ਼ਨ ਕੋਈ ਨਾ ਪਾਉਂਦਾ ਏ । ਮੈਂ ਰਹਿਣਾ ਸਦਾ ਹਮੇਸ਼, ਜਨਮ ਮਰਨ ਦਾ ਗੇੜ ਕਟਾਉਂਦਾ ਏ । ਤੇਰਾ (ਬਣਾ) ਨਾਲ ਆਪਣੇ ਲੇਖ, ਆਪਣਾ ਲੇਖਾ ਤੇਰੇ ਨਾਲ ਬਾਉਂਦਾ ਏ । ਭਾਗ ਲਗਾ ਕੇ ਮਾਝੇ ਦੇਸ, ਦੇਸ ਦਸੰਤਰ ਆਪ ਸੁਹਾਉਂਦਾ ਏ । ਨਿਰਗੁਣ ਧਾਰ ਬਦਲ ਕੇ ਭੇਖ, ਜੋਤੀ ਜਾਤਾ ਜੋੜ ਜੁੜਾਉਂਦਾ ਏ । ਚਰਨ ਲਗਾ ਕੇ ਬ੍ਰਹਮਾ ਵਿਸ਼ਨ ਮਹੇਸ਼, ਬ੍ਰਹਮ ਆਪਣਾ ਹੁਕਮ ਦਸਾਉਂਦਾ ਏ । ਤੇਰਾ ਲੇਖਾ ਫੇਰ ਲਾਵਾਂਗਾ ਵੇਖ, ਵਖਰੀ ਵੰਡ ਨਾ ਕੋਇ ਵੰਡਾਉਂਦਾ ਏ । ਸੰਮਤ ਸ਼ਹਿਨਸ਼ਾਹੀ ਵਿਚ ਹੋਵੇ ਪੇਸ਼, ਤੇਰੀ

੧੯
੧੯

ਪੇਸ਼ੀ ਇਕ ਇਕ ਬਣਾਉਂਦਾ ਏ । ਹੁਣ ਮੈਨੂੰ ਸਾਰੇ ਕਹਿੰਦੇ ਗੁਰ ਦਸ ਦਸਮੇਸ਼, ਦਹਿ ਦਿਸ਼ਾ ਤੁਰੰਗ ਦੁੜਾਉਂਦਾ ਏ । ਬਸਤਰ ਕਪੜੇ ਵੇਖਦੇ ਖੇਸ, ਖੰਡਾ ਤਨ ਨਾਲ ਲਟਕਾਉਂਦਾ ਏ । ਮੈਨੂੰ ਥੋੜ੍ਹੇ ਮੰਨਦੇ ਨਰੇਸ਼, ਬਹੁਤਿਆਂ ਸਮਝ ਕੋਇ ਨਾ ਪਾਉਂਦਾ ਏ । ਮੈਂ ਪੰਜ ਤਤ ਛੱਡ ਕੇ ਜਾਣਾ ਓਹ ਪ੍ਰਭੂ ਦੇ ਦੇਸ਼, ਜਿਥੇ ਦਿਸ਼ਾ ਵੰਡ ਨਾ ਕੋਇ ਵਖਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਆਪ ਚੁਕਾਉਂਦਾ ਏ । ਗੋਬਿੰਦ ਕਹੇ ਸੁਣ ਫੁੱਲ ਪਿਆਰੇ ਮਿੱਤਰ, ਸੱਜਣਾ ਦਿਆਂ ਜਣਾਈਆ । ਹੁਣ ਬਾਜ਼ਾਂ ਕੋਲੋਂ ਤੁੜਾਵਾਂ ਤਿੱਤਰ, ਭਰਮਾਂ ਵਿਚ ਭੁੱਲੇ ਲੋਕਾਈਆ । ਹੁਣ ਗੁਜਰੀ ਦੀ ਗੋਦੋਂ ਆਇਆ ਨਿੱਕਲ, ਸੁਲੱਖਣੀ ਕੁੱਖ ਬਣਾਈਆ । ਫੇਰ ਨਿਰਗੁਣ ਧਾਰ ਹੋ ਕੇ ਆਉਣਾ ਨਿੱਤਰ, ਨਾ ਕੋਈ ਪਿਤਾ ਨਾ ਕੋਈ ਮਾਈਆ । ਇਕੋ ਗੁਰਮੁਖਾਂ ਦਾ ਹੋਣਾ ਫ਼ਿਕਰ, ਨਾ ਕੋਈ ਖੰਡਿਆਂ ਵਾਲੀ ਲੜਾਈਆ । ਹਿਰਦਿਆਂ ਅੰਦਰ ਵੜ ਕੇ ਕਰਨਾ ਜ਼ਿਕਰ, ਅੱਖਰਾਂ ਵਾਲੀ ਨਾ ਕੋਈ ਪੜ੍ਹਾਈਆ । ਗੁਰਮੁਖਾਂ ਦਾ ਚਰਨ ਦਵਾਰੇ ਚਿਤਰ ਕੇ ਚਿੱਤਰ, ਚਲਿੱਤਰ ਆਪਣਾ ਦੇਣਾ ਸਮਝਾਈਆ । ਸਚ ਪ੍ਰੇਮ ਦਾ ਕਰਕੇ ਇਸ਼ਕ, ਹਕੀਕੀ ਮਿਜਾਜੀ ਦੋਵੇਂ ਦੇਣੇ ਖਪਾਈਆ । ਹੁਣ ਲਾਰੇ ਲਾ ਕੇ ਜਾਣਾ ਖ਼ਿਸਕ, ਭੱਜਣਾ ਵਾਹੋ ਦਾਹੀਆ । ਫੇਰ ਪੁਰਖ ਅਕਾਲ ਦਾ ਨਾਲ ਲੈ ਕੇ ਆਉਣਾ ਇਸ਼ਟ, ਅੰਦਰ ਵੜ ਕੇ ਸੋਭਾ ਪਾਈਆ । ਮਿਹਰ ਨਜ਼ਰ ਨਾਲ ਸਭ ਦੀ ਖੋਲ੍ਹਣੀ ਦ੍ਰਿਸ਼ਟ, ਜੋਗ ਅਭਿਆਸ ਤਪ ਨਾ ਕੋਈ ਸਮਝਾਈਆ । ਭਗਤਾਂ ਦੀ ਸੇਜਾ ਉਤੇ ਮੈਂ ਭੋਗਣਾ ਗ੍ਰਹਿਸਤ, ਦੂਜਾ ਸੰਗ ਨਾ ਕੋਈ ਰਖਾਈਆ । ਮੇਰਾ ਲਹਿਣਾ ਦੇਣਾ ਨਾ ਕੋਈ ਟਾਂਕ ਨਾ ਕੋਈ ਜਿਸਤ, ਨਾ ਕੋਈ ਜਿਸਮ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮੇਲਾ ਮੇਲ ਮਿਲਾਈਆ । ਫੁੱਲ ਕਹੇ ਤੂੰ ਗਹਿਰ ਗੰਭੀਰ, ਸੋਹਣਾ ਬਾਂਕਾ ਨਜ਼ਰੀ ਆਇੰਦਾ । ਤੇਰਾ ਤੱਤਾਂ ਵਾਲਾ ਸਰੀਰ, ਸਨਮੁਖ ਮੇਰੇ ਸੋਭਾ ਪਾਇੰਦਾ । ਤੇਰੀ ਕਿਸ ਨੇ ਕਰੀ ਤਾਮੀਰ, ਮੈਨੂੰ ਅੰਦਰੋਂ ਨਾ ਕੋਇ ਸਮਝਾਇੰਦਾ । ਤੇਰੀ ਸੋਹਣੀ ਖੜਗ ਸ਼ਮਸ਼ੀਰ, ਚਮਕ ਦਮਕ ਰੂਪ ਬਦਲਾਇੰਦਾ । ਤੂੰ ਵੱਖਰਾ ਪੀਰਾਂ ਦਾ ਪੀਰ, ਪਰਾ ਪਸੰਤੀ ਮਧਮ ਬੈਖਰੀ ਵੰਡ ਨਾ ਕੋਈ ਵਖਾਇੰਦਾ । ਤੇਰਾ ਲੇਖਾ ਅਮੀਰ ਗ਼ਰੀਬ, ਰਾਓ ਰੰਕ ਨਾ ਕੋਇ ਜਣਾਇੰਦਾ । ਮੈਂ ਹੈਰਾਨ ਤੇਰਾ ਖੇਲ ਅਜੀਬ, ਨਿਰਾਲਾ ਵੇਖ ਖ਼ੁਸ਼ੀ ਮਨਾਇੰਦਾ । ਤੇਰੀ ਸਭ ਤੋਂ ਵੱਖਰੀ ਤਰਤੀਬ, ਢੰਗ ਅਨੋਖਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਤੇਰੇ ਵਿਚ ਰਖਾਇੰਦਾ । ਗੋਬਿੰਦ ਕਹੇ ਫੁੱਲ ਤੈਨੂੰ ਸਮਝਾਉਂਦਾ ਹਾਂ । ਫੜ ਕੇ ਆਪਣੇ ਚਰਨਾਂ ਨਾਲ ਛੁਹਾਉਂਦਾ ਹਾਂ । ਚਰਨ ਛੁਹਾ ਕੇ ਹੱਥ ਉਪਰ ਟਿਕਾਉਂਦਾ ਹਾਂ । ਹੱਥ ਉਪਰ ਟਿਕਾ ਕੇ, ਛਾਤੀ ਨਾਲ ਲਗਾਉਂਦਾ ਹਾਂ । ਛਾਤੀ ਨਾਲ ਲਗਾ ਕੇ, ਏਦੂੰ ਉਪਰ ਕਮਲਾਪਾਤੀ ਨਾਲ ਮਿਲਾਉਂਦਾ ਹਾਂ । ਤੇਰਾ ਖੇਲ ਦਿਵਸ ਰਾਤੀ, ਰੁਤ ਆਪਣੀ ਨਾਲ ਸੁਹਾਉਂਦਾ ਹਾਂ । ਜੇ ਤੋੜਿਆ ਤੈਨੂੰ ਨਾਲੋਂ ਡਾਲ ਪਾਤੀ, ਪਤਣ ਆਪਣਾ ਇਕ ਦਰਸਾਉਂਦਾ ਹਾਂ । ਤੈਨੂੰ ਪ੍ਰੇਮੀਆਂ ਪਿਆਰਿਆਂ ਦਾ ਬਣਾਉਣਾ ਸਾਥੀ, ਗੁਰਮੁਖਾਂ ਦੀ ਝੋਲੀ ਪਾਉਂਦਾ ਹਾਂ । ਜਿੰਨਾਂ ਚਿਰ ਪੁਰਖ ਅਕਾਲ ਨਾ ਆਵੇ ਮੈਂ ਤੇਰੀ ਕਰਾਂ ਰਾਖੀ, ਸੱਤ ਜ਼ਿਮੀ ਅਸਮਾਨ ਚਰਨਾਂ ਹੇਠ ਦਬਾਉਂਦਾ ਹਾਂ । ਤੇਰੀ ਓਹਨਾਂ ਨਾਲ ਚਲਣੀ ਸਾਖੀ, ਜਿਨ੍ਹਾਂ ਨੂੰ ਸਾਖਿਆਤ ਨਜ਼ਰੀ ਆਉਂਦਾ ਹਾਂ । ਲਹਿਣਾ ਦੇਣਾ ਚੁਕਾਵਾਂ ਬਾਕੀ, ਹਿਸਾਬ ਆਪਣੇ ਵਿਚ ਛੁਪਾਉਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਦ੍ਰਿੜਾਉਂਦਾ ਹਾਂ । ਫੁੱਲ ਕਹੇ ਮੇਰੇ ਗੋਬਿੰਦ ਸੱਜਣ, ਸਚ ਦੇ ਜਣਾਈਆ । ਕਿਸ ਬਿਧ ਆਵੇਂ ਪੜਦਾ ਕੱਜਣ, ਗੁਰਮੁਖਾਂ ਹੋਏਂ

ਸਹਾਈਆ । ਲੱਖ ਚੁਰਾਸੀ ਵਿਚੋਂ ਆਏਂ ਲੱਭਣ, ਚਾਰੋਂ ਕੁੰਟ ਵੇਖ ਵਖਾਈਆ । ਕਿਸ ਦਵਾਰੇ ਆਵੇਂ ਸੱਦਣ, ਕਵਣ ਘਰ ਲਏਂ ਬੁਲਾਈਆ । ਕਵਣ ਦੇਵੇਂ ਸਚ ਅਨੰਦਨ, ਅਨੰਦਪੁਰ ਵਾਸੀ ਦੇ ਸਮਝਾਈਆ । ਕਿਸ ਬਿਧ ਤੋੜੇਂ ਜਗਤ ਕਿਰਿਆ ਬੰਧਨ, ਬੰਦਗੀ ਇਕੋ ਦਏਂ ਸਮਝਾਈਆ । ਗੋਬਿੰਦ ਅੱਗੋਂ ਲੱਗਾ ਹੱਸਣ, ਤਾਲੀ ਹੱਥਾਂ ਨਾਲ ਵਜਾਈਆ । ਫੁੱਲਾ, ਜੇ ਤੂੰ ਮੇਰੇ ਪ੍ਰੇਮ ਦਾ ਰਸ ਲੱਗਾ ਚੱਖਣ, ਤੈਨੂੰ ਸਵਾਦ ਦਿਆਂ ਸਮਝਾਈਆ । ਮੈਂ ਗੁਰਮੁਖ ਆਪਣੇ ਲੱਖ ਚੁਰਾਸੀ ਵਿਚੋਂ ਵਿਰੋਲਣੇ ਮੱਖਣ, ਮੁਫ਼ਤ ਆਪਣੀ ਸੇਵ ਕਮਾਈਆ । ਮੈਂ ਫਿਰਦਾ ਉੱਤਰ ਪੂਰਬ ਪੱਛਮ ਦੱਖਣ, ਭੱਜਾਂ ਥਾਉਂ ਥਾਈਂਆ । ਅੰਤ ਵਿਛੋੜਾ ਆਵਾਂ ਕੱਟਣ, ਨਾਲ ਲੈ ਕੇ ਬੇਪਰਵਾਹੀਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਗੋਦੀ ਆਵਾਂ ਚੁੱਕਣ, ਫੜ ਬਾਹੋਂ ਗਲੇ ਲਗਾਈਆ । ਜੁਗ ਜਨਮ ਦਿਆਂ ਵਿਛੜਿਆਂ ਆਵਾਂ ਪੁੱਛਣ, ਕਾਇਆ ਮੰਦਰ ਅੰਦਰੋਂ ਲਵਾਂ ਉਠਾਈਆ । ਠੱਗਾਂ ਚੋਰਾਂ ਯਾਰਾਂ ਕੋਲੋਂ ਆਵਾਂ ਨੱਸਣ, ਕੋਲ ਰਹਿ ਕੇ ਦਰਸ ਨਾ ਕੋਇ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੋਹਾਂ ਦਾ ਦਏ ਦ੍ਰਿੜਾਈਆ । ਫੁੱਲ ਕਹੇ ਮੈਨੂੰ ਕਹਿੰਦੇ ਫੁੱਲ ਗੁਲਾਬ, ਪੰਖੜੀ ਪੰਖੜੀ ਰਹੀ ਕੁਰਲਾਈਆ । ਗੋਬਿੰਦ ਕਿਹਾ ਉਠ ਵੇਖ ਆਪਣਾ ਬਾਪ, ਤੈਨੂੰ ਦਿਆਂ ਮਿਲਾਈਆ । ਜਿਸ ਦੇ ਦਰ ਤੇ ਇਕੋ ਜਾਪ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਫੁੱਲ ਤੂੰ ਨਹੀਂ ਸਮਝਦਾ ਕਿਹੜਾ ਤੇਰਾ ਸਾਕ, ਕਵਣ ਸੱਜਣ ਸੈਣ ਗੁਸਾਈਆਂ । ਜਿਸ ਵੇਲੇ ਕਵਲ ਦਾ ਖੁਲ੍ਹਿਆ ਸੀ ਤਾਕ, ਬ੍ਰਹਮਾ ਨੈਣ ਉਠਾਈਆ । ਓਸ ਵੇਲੇ ਉਹਦੇ ਅੰਦਰ ਆਸ਼ਾ ਗਈ ਸੀ ਭਾਖ, ਪ੍ਰਭ ਧਾਰ ਦਿਤੀ ਪਰਗਟਾਈਆ । ਜੇ ਪ੍ਰਭ ਮੇਰੇ ਅੰਦਰ ਆਪਣੇ ਪ੍ਰੇਮ ਦੀ ਉਪਜਾ ਦੇਵੇਂ ਸ਼ਾਖ਼, ਜਿਸ ਵਿਚ ਤੇਰਾ ਪ੍ਰੇਮ ਸਦਾ ਮਹਿਕਾਈਆ । ਗੋਬਿੰਦ

੨੦ ਕਿਹਾ ਉਸ ਆਸ਼ਾ ਦਾ ਰੂਪ ਫੁੱਲ ਗੁਲਾਬ, ਤੇਰਾ ਗੱਗਾ ਗੋਬਿੰਦ ਗੋਬਿੰਦ ਗਾਈਆ । ਤੈਨੂੰ ਵਖਾਵਾਂ ਇਕ ਮਹੱਲ ਤੇ ਇਕ ਮਹਿਰਾਬ, ਇਕੋ ਮਹਿਬੂਬ ਸੋਭਾ ਪਾਈਆ । ਇਕੋ ਸਜਦਾ ਇਕ ਅਦਾਬ, ਇਕੋ ਬੰਦਨਾ ਰਿਹਾ ਕਰਾਈਆ । ਇਕੋ ਸ਼ਾਹ ਇਕ ਨਵਾਬ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਜਿਸ ਨੇ ਭਗਤਾਂ ਨਾਲ ਤੈਨੂੰ ਦੇਣਾ ਖ਼ਤਾਬ, ਮੁਖ਼ਾਤਬ ਕਰ ਕੇ ਦੋਹਾਂ ਨੂੰ ਦਏ ਮਿਲਾਈਆ । ਬੰਦੇ ਕਾਰਨ ਤੇਰਾ ਹੋਇਆ ਮਿਲਾਪ, ਪਿਛਲਾ ਲੇਖਾ ਰਿਹਾ ਚੁਕਾਈਆ । ਅਗੇ ਦੱਸ ਭਵਿਖਤ ਵਾਕ, ਸੰਮਤ ਸ਼ਹਿਨਸ਼ਾਹੀ ਦਿਤਾ ਸਮਝਾਈਆ । ਤੇਰਾ ਭਗਤਾਂ ਨਾਲ ਸਾਥ, ਵੱਜੇ ਜਗਤ ਵਧਾਈਆ । ਛੱਬੀ ਪੋਹ ਸੋਹਣੀ ਆਉਣੀ ਪਰਭਾਤ, ਪ੍ਰਭ ਦੇਣੀ ਮਾਣ ਵਡਿਆਈਆ । ਨਵੇਂ ਜੁਗ ਦੀ ਤੇਰੇ ਉਤੇ ਚਰਨ ਰਖ ਕੇ ਦੱਸਣੀ ਨਵੀਂ ਅਰਦਾਸ, ਨਵਾਂ ਮਾਰਗ ਦੇਣਾ ਦ੍ਰਿੜਾਈਆ । ਨਾਲੇ ਅੰਦਰੋਂ ਲਾਹ ਕੇ ਸ਼ਬਦੀ ਡੰਡੇ ਨਾਲ ਗਿਲਾਫ਼, ਪੜਦੇ ਦੇਣੇ ਚੁਕਾਈਆ । ਪਾਪਾਂ ਨੂੰ ਕਰ ਮੁਆਫ਼, ਬੱਚੇ ਲੈਣੇ ਤਰਾਈਆ । ਚੁਰਾਸੀ ਵਿਚੋਂ ਕੱਢ ਕੇ ਸਾਫ਼, ਸੁਥਰੇ ਆਪਣੇ ਘਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਫੁੱਲ ਕਹੇ ਮੇਰੀ ਇਕ ਮੰਗ ਅਪਾਰ, ਗੋਬਿੰਦ ਦਿਆਂ ਜਣਾਈਆ । ਜਿਸ ਵੇਲੇ ਮੇਰਾ ਤੇਰਾ ਹੋਵੇ ਵਿਹਾਰ, ਮੈਨੂੰ ਪਹਿਲੋਂ ਦੇਣਾ ਸਮਝਾਈਆ । ਮੈਂ ਆਉਣਾ ਕਿਹੜੇ ਦਵਾਰ, ਕਵਣ ਸੇਜ ਸੁਹਾਈਆ । ਕਵਣ ਹੋਵੇ ਮੇਰਾ ਖ਼ਰੀਦਦਾਰ, ਕ਼ੀਮਤ ਕਵਣ ਮੁੱਲ ਪਵਾਈਆ । ਕਵਣ ਕਰੇ ਮੇਰੇ ਤੇਰੇ ਉਤੇ ਇਤਬਾਰ, ਕਵਣ ਯਕੀਨ ਯਕੀਨ ਵਿਚ ਬਦਲਾਈਆ । ਉਸ ਵੇਲੇ ਸਾਰਿਆਂ ਭਗਤਾਂ ਨੂੰ ਕਰੀਂ ਖ਼ਬਰਦਾਰ, ਬੇਖ਼ਬਰਾਂ ਖ਼ਬਰ ਪਹੁੰਚਾਈਆ । ਕਿਸੇ ਦੇ ਕੋਲ ਮੇਰਾ ਰਹਿ ਨਾ ਜਾਏ ਉਧਾਰ, ਲੇਖਾ ਸਭ ਦੀ ਝੋਲੀ ਪਾਈਆ । ਜੇ ਕੋਈ ਤੇਰਾ ਗੁਰਸਿਖ ਤੈਥੋਂ ਹੋਣ ਲੱਗੇ

ਫ਼ਰਾਰ, ਸ਼ਬਦ ਡੰਡੇ ਨਾਲ ਪਰਤਾਈਆ । ਤੇਰਾ ਗੁਰਮੁਖ ਕਦੇ ਨਾ ਹੋਵੇ ਗ਼ਦਾਰ, ਗਦਾਗਰ ਹੋ ਕੇ ਘਰ ਘਰ ਮੰਗਣ ਕਦੇ ਨਾ ਜਾਈਆ । ਜੇ ਮੰਗੇ ਤੇ ਤੇਰਾ ਦੀਦਾਰ, ਦੂਜੇ ਦੀ ਲੋੜ ਰਹੇ ਨਾ ਰਾਈਆ । ਫੁੱਲ ਕਹੇ ਮੈਂ ਕਹਿਣਾ ਵੰਗਾਰ, ਕੂਕ ਕੂਕ ਸੁਣਾਈਆ । ਜੇ ਲੱਭਣਾ ਤੇ ਲੱਭੋ ਪੁਰਖ ਅਕਾਲ, ਅਕ਼ਲਾਂ ਦੀ ਲੋੜ ਰਹੇ ਨਾ ਰਾਈਆ । ਗੁਰਮੁਖੋ ਤੁਸੀਂ ਨਾ ਪੁਰਖ ਤੇ ਨਾ ਨਾਰ, ਇਸਤਰੀ ਪੁਰਸ਼ ਨਾ ਕੋਇ ਵਡਿਆਈਆ । ਅੰਦਰ ਤੱਕੋ ਤੁਹਾਡਾ ਪ੍ਰੀਤਮ ਤੁਹਾਡਾ ਯਾਰ, ਯਾਰਾਨਾ ਇਕੋ ਦਏ ਵਖਾਈਆ । ਰਸਤੇ ਜਾਂਦਿਆਂ ਕਰੇ ਪਿਆਰ, ਭੁੱਖੇ ਮਰਦਿਆਂ ਲਏ ਉਠਾਲ, ਜਲ ਡੁੱਬਿਆਂ ਕਰੇ ਭਾਲ, ਕੰਗਾਲਾਂ ਵਿਚ ਬਣ ਕੰਗਾਲ, ਕੋਝਿਆਂ ਕਮਲਿਆਂ ਗਲੇ ਲਗਾਈਆ । ਫੁੱਲ ਕਹੇ ਓ ਗੁਰਮੁਖੋ ਮੈਨੂੰ ਰਖਿਉ ਸੰਭਾਲ, ਸੰਭਲ ਕੇ ਸੰਬਲ ਨਗਰੀ ਲਿਆਉਣਾ ਚਾਈਂ ਚਾਈਂਆ । ਅਗੇ ਫੇਰ ਸੁਣੋ ਅਹਿਵਾਲ, ਕੀ ਖੇਲ ਨਾਲ ਸਿੰਘ ਪਾਲ, ਕਿਉਂ ਪੂਰਨ ਸਿੰਘ ਬਣਿਆ ਦਲਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਗੋਬਿੰਦ ਕਹੇ ਸੁਣ ਫੁੱਲ ਸੁਗੰਧੀ, ਸੁਖ ਦਾਤਾ ਦਏ ਵਡਿਆਈਆ । ਗੁਰਮੁਖਾਂ ਨਾਲ ਮਿਲਾ ਕੇ ਤੇਰੀ ਤੋੜ ਦੇਵਾਂ ਪਾਬੰਦੀ, ਹੁਕਮ ਆਪਣਾ ਇਕ ਜਣਾਈਆ । ਸੰਤ ਸੁਹੇਲੇ ਬਣਾ ਕੇ ਸੰਗੀ, ਹਰਿ ਸੰਗਤ ਦਿਆਂ ਵਖਾਈਆ । ਜਿਨ੍ਹਾਂ ਦੀ ਕੰਡ ਕਦੇ ਨਹੀਂ ਹੋਣੀ ਨੰਗੀ, ਸ੍ਰੀ ਭਗਵਾਨ ਦਏ ਵਡਿਆਈਆ । ਮੇਰੇ ਨਾਮ ਸ਼ਬਦ ਦੀ ਵੇਖਣੀ ਇਕੋ ਚੰਡੀ, ਜੋ ਚੰਡੇ ਸਰਬ ਲੋਕਾਈਆ । ਰਹਿਣ ਦੇਣਾ ਨਹੀਂ ਕੋਈ ਪਾਖੰਡੀ, ਕੂੜੀ ਕਿਰਿਆ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਪਾਰ ਕਰਾਈਆ । ਫੁੱਲ ਕਹੇ ਕੀ ਫੇਰ ਫੁੱਲੇ ਫੁਲਵਾੜੀ, ਫਲ ਅਗਲਾ ਦਏ ਲਗਾਈਆ । ਗੋਬਿੰਦ ਕਹੇ ਜਿਸ ਦਾ ਬੂਟਾ ਲਗਾਇਆ ਸਤਾਰਾਂ ਹਾੜੀ, ਉਹ ਹਾੜਾ ਕੱਢ ਕੇ ਤੇਰਾ ਸੰਗ ਨਿਭਾਈਆ । ਤੇਰੀ ਰਹਿਣ ਨਹੀਂ ਦੇਣੀ ਕੰਡਿਆਂ ਵਾਲੀ ਵਾੜੀ, ਖ਼ਾਰ ਰੂਪ ਨਾ ਕੋਇ ਬਣਾਈਆ । ਮੈਂ ਜਿਧਰ ਜਾਵਾਂ ਜਾਵਾਂ ਤਾਰੀ, ਤਾਰਨਹਾਰ ਮੇਰਾ ਸੰਗ ਨਿਭਾਈਆ । ਜਨ ਭਗਤਾਂ ਦੀ ਕੱਟਾਂ ਖ਼ੁਆਰੀ, ਖ਼ਾਲਸ ਆਪਣੇ ਘਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਤੋੜ ਨਿਭਾਵੇ ਯਾਰੀ, ਯਾਰ ਯਾਰਾਂ ਵਿਚ ਰਖਾਈਆ । ਫੁੱਲ ਕਹੇ ਮੈਂ ਨਹੀਂ ਸਮਝਿਆ ਯਾਰ, ਯਾਰਾਨਾ ਸਕਿਆ ਨਾ ਕੋਇ ਜਣਾਈਆ । ਮੈਨੂੰ ਸਾਰੇ ਖਾਰੀਆਂ ਵਿਚ ਰਹੇ ਉਠਾਲ, ਹੋਕੇ ਦੇ ਕੇ ਗਲੀ ਗਲੀ ਸੁਣਾਈਆ । ਰਾਜਿਆਂ ਦੇ ਬਣ ਕੇ ਹਾਰ, ਰਾਣੀਆਂ ਦੀ ਮੈਂਢੀ ਦਿਤੀ ਬਦਲਾਈਆ । ਗੋਬਿੰਦ ਮੇਰਾ ਸੱਚਾ ਨਹੀਂ ਜਾਣਿਆਂ ਕਿਸੇ ਪਿਆਰ, ਪ੍ਰੇਮੀਆਂ ਵਾਲਾ ਪ੍ਰੇਮ ਨਾ ਕੋਇ ਵਖਾਈਆ । ਦੂਜੇ ਦਿਨ ਤਨ ਦੇ ਨਾਲੋਂ ਉਤਾਰ, ਉੱਤਰ ਪੂਰਬ ਪੱਛਮ ਦੱਖਣ ਚਾਰੇ ਦਿਸ਼ਾ ਦਿਤਾ ਸੁਟਾਈਆ । ਗੋਬਿੰਦ ਕਿਹਾ ਅਗੇ ਹੋਣ ਨਾ ਦੇਵਾਂ ਖ਼ੁਆਰ, ਤੇਰੀ ਸੁਗੰਧੀ ਗੁਰਮੁਖਾਂ ਅੰਦਰ ਦੇਵਾਂ ਟਕਾਈਆ । ਕਲ ਕਲਕੀ ਲਏ ਅਵਤਾਰ, ਕਲਾ ਸਭ ਦੀ ਦੇਵਾਂ ਭਵਾਈਆ । ਦੁਖੀਆਂ ਦਾ ਬਣ ਕੇ ਦਿਲਦਾਰ, ਸਿਰ ਆਪਣਾ ਹੱਥ ਟਿਕਾਈਆ । ਸੰਮਤ ਸ਼ਹਿਨਸ਼ਾਹੀ ਇਕ ਵਿਚ ਸਾਚਾ ਖੋਲ੍ਹ ਕੇ ਦੱਸਾਂ ਅਹਿਵਾਲ, ਅੱਵਲ ਤੇਰਾ ਖੇਲ ਪਰਗਟਾਈਆ । ਜਨ ਭਗਤਾਂ ਨੂੰ ਦਿਆਂ ਸਖਾਲ, ਜਨ ਭਗਤੋ ਫੁੱਲ ਗੁਲਾਬ ਲੈ ਕੇ ਆਉਣਾ ਚਾਈਂ ਚਾਈਂਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀਨ ਦਿਆਲ, ਦਇਆਨਿਧ ਸਿਰ ਆਪਣਾ ਹੱਥ ਟਿਕਾਈਆ ।

## ✪ ੭ ਪੋਹ ਸ਼ਹਿਨਸ਼ਾਹੀ ਸੰਮਤ ੧ ਸੁਰਿੰਦਰ ਸਿੰਘ ਦੇ ਗ੍ਰਿਹ ਪਿੰਡ ਭੁਲਰ ਜ਼ਿਲਾ ਅੰਮ੍ਰਿਤਸਰ ✪

ਪੋਹ ਕਹੇ ਮੈਂ ਭਗਤਾਂ ਵੇਖੀ ਸੁਰਤੀ, ਸੁਰਤ ਸ਼ਬਦ ਹੋਈ ਕੁੜਮਾਈਆ । ਮਿਹਰ ਹੋਈ ਪੂਰੇ ਸਤਿਗੁਰ ਦੀ, ਜੋ ਗੋਰ ਮੜ੍ਹੀ ਵਿਚੋਂ ਬਾਹਰ ਕਢਾਈਆ । ਧਾਰ ਮੇਲੀ ਇਕ ਧੁਰ ਦੀ, ਜੋਤੀ ਜੋਤ ਵਿਚ ਸਮਾਈਆ । ਮਨਸਾ ਪੂਰੀ ਹੋਈ ਲੋੜ ਦੀ, ਲੋਆਂ ਪੁਰੀਆਂ ਪੈਂਡਾ ਦਿਤਾ ਮੁਕਾਈਆ । ਧਾੜ ਰਹੀ ਨਾ ਕਿਸੇ ਚੋਰ ਦੀ, ਕੂੜੀ ਕਿਰਿਆ ਡੇਰਾ ਢਾਹੀਆ । ਰੈਣ ਰਹੀ ਨਾ ਅੰਧੇਰ ਘੋਰ ਦੀ, ਨਿਰਮਲ ਨੂਰ ਚੰਦ ਕਰੇ ਰੁਸ਼ਨਾਈਆ । ਖੇਲ ਰਹੀ ਨਾ ਆਵਣ ਜਾਵਣ ਦੌੜ ਦੀ, ਲੱਖ ਚੁਰਾਸੀ ਪੈਂਡਾ ਦਿਤਾ ਮੁਕਾਈਆ । ਵੇਲ ਰਹੀ ਨਾ ਕੂੜੀ ਕਿਰਿਆ ਕੂੜ ਦੀ, ਅੰਮ੍ਰਿਤ ਰਸ ਦਿਤਾ ਭਰਾਈਆ । ਅਗੇ ਲੋੜ ਰਹੀ ਨਾ ਹੋਰ ਦੀ, ਪੁਰਖ ਅਕਾਲ ਦਿਤੀ ਸਰਨਾਈਆ । ਸ਼ਬਦ ਧਾਰ ਬਖ਼ਸ਼ ਘਨਘੋਰ ਦੀ, ਅਨਹਦ ਨਾਦੀ ਨਾਦ ਸੁਣਾਈਆ । ਯਾਦ ਆਈ ਗੜ੍ਹੀ ਚਮਕੌਰ ਦੀ, ਗੁਰਮੁਖ ਹੀਰੇ ਲਏ ਚਮਕਾਈਆ । ਜਿਥੇ ਬੁੱਧੀ ਨਹੀਂ ਕਿਸੇ ਦੀ ਬਹੁੜ ਦੀ, ਉਥੇ ਸੰਤ ਸੁਹੇਲੇ ਲਏ ਉਠਾਈਆ । ਰੁੱਤ ਖ਼ਿਜ਼ਾਂ ਗਈ ਔੜ ਦੀ, ਬਸੰਤ ਰੂਪ ਆਪ ਬਦਲਾਈਆ । ਪਦਵੀ ਦੇ ਕੇ ਆਪਣੇ ਕੌਰ ਦੀ, ਕਮਲਾਪਤ ਹੋਏ ਸਹਾਈਆ । ਛਤਰ ਛਾਇਆ ਦੇ ਕੇ ਅਗੰਮੀ ਚੌਰ ਦੀ, ਚਵਰ ਆਪਣਾ ਨਾਮ ਝੁਲਾਈਆ । ਖੇਲ ਵਖਾ ਕੇ ਗਵਰ ਗੌਰ ਦੀ, ਗਹਿਰ ਗੰਭੀਰ ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਪੋਹ ਕਹੇ ਮੈਂ ਭਗਤਾਂ ਵੇਖੀ ਉਸਤਤ, ਸ੍ਰੀ ਭਗਵਾਨ ਢੋਲਾ ਗਾਈਆ । ਜਿਨ੍ਹਾਂ ਨੂੰ ਇਕੋ ਮਿਲ ਗਿਆ ਮੁਰਸ਼ਦ, ਦੂਜੇ ਦੀ ਲੋੜ ਰਹੇ ਨਾ ਰਾਈਆ । ਪੜ੍ਹਨੀ ਪਈ ਕੋਇ ਨਾ ਪੁਸਤਕ, ਸੁਰਤੀ ਸ਼ਬਦ ਵੱਜੇ ਵਧਾਈਆ । ਕੂੜੀ ਕਿਰਿਆ ਨਾਲੋਂ ਦੇ ਕੇ ਫ਼ੁਰਸਤ, ਫ਼ੁਰਨਾ ਆਪਣਾ ਇਕ ਜਣਾਈਆ । ਮਾਇਆ ਮਮਤਾ ਮੈਲ ਧੋ ਕੇ ਦੁਰਮਤ, ਪਤਿਤ ਪੁਨੀਤ ਰਿਹਾ ਬਣਾਈਆ । ਸਾਚੀ ਦੱਸ ਦੇ ਇਕੋ ਗੁਰਮਤ, ਗੁਰਮੁਖ ਗੁਰ ਗੁਰ ਰੰਗ ਰੰਗਾਈਆ । ਸ੍ਰੀ ਭਗਵਾਨ ਦੀ ਸਾਚੀ ਉਲਫਤ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਦਇਆ ਕਮਾਈਆ । ਪੋਹ ਕਹੇ ਮੈਂ ਭਗਤਾਂ ਵੇਖਿਆ ਅਨੰਦ, ਘਰ ਘਰ ਬੈਠੇ ਖ਼ੁਸ਼ੀ ਮਨਾਈਆ । ਆਤਮ ਪਰਮਾਤਮ ਚੜ੍ਹਿਆ ਚੰਦ, ਜਲਵਾ ਜੋਤ ਨੂਰ ਰੁਸ਼ਨਾਈਆ । ਪਾਰਬ੍ਰਹਮ ਬ੍ਰਹਮ ਬਣਿਆ ਸੰਗ, ਧੁਰ ਦਾ ਸੰਗ ਇਕ ਬਣਾਈਆ । ਸ਼ਬਦੀ ਨਾਦ ਵਜਾਏ ਮਰਦੰਗ, ਗੀਤ ਗੋਬਿੰਦ ਇਕ ਸੁਣਾਈਆ । ਦੂਈ ਦਵੈਤੀ ਢਾਹ ਕੇ ਕੰਧ, ਪੜਦਾ ਉਹਲਾ ਦਿਤਾ ਉਠਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ, ਨਾਤਾ ਕੂੜਾ ਦਿਤਾ ਚੁਕਾਈਆ । ਕਰ ਪਰਕਾਸ਼ ਅੰਧੇਰੇ ਅੰਧ, ਇਕੋ ਨੂਰ ਕਰੇ ਰੁਸ਼ਨਾਈਆ । ਕੂੜੀ ਕਿਰਿਆ ਬੇੜਾ ਬੰਨ੍ਹ, ਬੰਦਗੀ ਇਕੋ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਹੋਵਣਹਾਰ ਸਹਾਈਆ । ਪੋਹ ਕਹੇ ਮੈਂ ਭਗਤਾਂ ਵੇਖਿਆ ਗੀਤ, ਬਿਨ ਰਸਨਾ ਜਿਹਵਾ ਬੱਤੀ ਦੰਦ ਗਾਈਆ । ਆਤਮ ਪਰਮਾਤਮ ਜੋੜ ਪ੍ਰੀਤ, ਪ੍ਰੀਤਮ ਆਪਣਾ ਰਹੇ ਮਨਾਈਆ । ਕਾਇਆ ਕਰਕੇ ਠੰਡੀ ਸੀਤ, ਅਗਨੀ ਤਤ ਗਏ ਬੁਝਾਈਆ । ਝਗੜਾ ਚੁਕਾ ਕੇ ਹਸਤ ਕੀਟ, ਚਾਰ ਵਰਨ ਅਠਾਰਾਂ ਬਰਨ ਡੇਰਾ ਢਾਹੀਆ । ਲੇਖਾ ਮੁਕਾ ਕੇ ਊਚ ਨੀਚ, ਰਾਓ ਰੰਕ ਨਾ ਕੋਇ ਵਖਾਈਆ । ਪੰਧ ਮੁਕਾ ਕੇ ਮੰਦਰ ਮਸੀਤ, ਕਾਇਆ ਕਾਅਬਾ ਖ਼ੁਸ਼ੀ ਮਨਾਈਆ । ਤ੍ਰੈਗੁਣ ਮਾਇਆ ਨਾਲੋਂ ਹੋ ਅਤੀਤ, ਤ੍ਰੈਭਵਨ ਮੰਗਣ ਸਰਨਾਈਆ । ਆਪ ਆਪਣਾ ਜਗਤ ਤੋਂ ਜੀਤ, ਜਗਜੀਵਨ

ਦਾਤਾ ਮਿਲ ਕੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਪੋਹ ਕਹੇ ਮੈਂ ਜਨ ਭਗਤਾਂ ਵੇਖਿਆ ਸੋਹਣਾ ਮੰਦਰ, ਕਾਇਆ ਮਾਟੀ ਸੋਭਾ ਪਾਈਆ । ਜਿਥੇ ਰਿਹਾ ਕੋਇ ਨਾ ਜੰਦਰ, ਬਜਰ ਕਪਾਟੀ ਕੁੰਡਾ ਲਾਹੀਆ । ਮਨ ਵਾਸਨਾ ਭਵੇ ਨਾ ਬੰਦਰ, ਤ੍ਰਿਸ਼ਨਾ ਤਾਮਸ ਨਾ ਕਰੇ ਕੋਇ ਵਡਿਆਈਆ । ਸਚ ਪ੍ਰੇਮ ਦਾ ਮਿਲੇ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਮ ਕੀ ਫਾਸੀ ਰਹੀ ਨਾ ਬੰਧਨ, ਬੰਦਗੀ ਡੰਡਾਵਤ ਇਕੋ ਦਿਤੀ ਸਮਝਾਈਆ । ਸਾਚਾ ਰੂਪ ਬਣਾ ਕੇ ਚੰਦਨ, ਨਿਮਵਾਸ ਦਿਤੀ ਕਢਾਈਆ । ਧੁਰ ਦਾ ਮਾਲਕ ਬਣ ਕੇ ਸੰਗਣ, ਸਗਲਾ ਸਾਥ ਰਿਹਾ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਪੋਹ ਕਹੇ ਮੈਂ ਭਗਤਾਂ ਰਖੀ ਤਾਂਘ, ਜੁਗ ਚੌਕੜੀ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਧਾਰੇ ਸਵਾਂਗ, ਭੇਖੀ ਆਪਣਾ ਵੇਸ ਵਟਾਈਆ । ਸਚ ਪ੍ਰੇਮ ਦੀ ਚਾੜ੍ਹੇ ਕਾਂਗ, ਕੂੜੀ ਕਿਰਿਆ ਦਏ ਰੁੜ੍ਹਾਈਆ । ਸੋਈ ਸੁਰਤੀ ਜਾਏ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਹੰਸ ਬੁਧੀ ਰਹੇ ਨਾ ਕਾਗ, ਕਾਗੋਂ ਹੰਸ ਬਣਾਈਆ । ਦੁਰਮਤ ਮੈਲ ਧੋ ਕੇ ਦਾਗ਼, ਪਵਿਤ ਪੁਨੀਤ ਦਏ ਵਖਾਈਆ । ਜਗਤ ਵਿਵਹਾਰ ਬਦਲ ਸਮਾਜ, ਸਮਗਰੀ ਇਕੋ ਦਏ ਸਮਝਾਈਆ । ਧੁਰਦਰਗਾਹੀ ਬਖ਼ਸ਼ ਕੇ ਰਾਜ, ਰਈਅਤ ਆਪਣੀ ਦਏ ਵਖਾਈਆ । ਜਿਥੇ ਅਪੱਛਰਾਂ ਦਾ ਨਜ਼ਰ ਨਾ ਆਵੇ ਕੋਇ ਨਾਚ, ਨੌ ਅਠਾਰਾਂ ਵੱਜੇ ਨਾ ਕੋਇ ਵਧਾਈਆ । ਤਨ ਮਾਟੀ ਦਿਸੇ ਨਾ ਕਾਚ, ਪੰਜ ਤਤ ਨਾ ਕੋਇ ਵਖਾਈਆ । ਰਸਨਾ ਜਿਹਵਾ ਬੱਤੀ ਦੰਦ ਨਾ ਕਰੇ ਕੋਇ ਬਾਤ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਸੂਰਜ ਚੰਦ ਮੰਡਲ ਮੰਡਪ ਨਾ ਕੋਇ ਦਿਵਸ ਰਾਤ, ਘੜੀ ਪਲ ਵੰਡ ਨਾ ਕੋਇ ਵਖਾਈਆ । ਨਾ ਕੋਇ ਭੋਰ ਨਾ ਪਰਭਾਤ, ਸੰਧਿਆ ਰੰਗ ਨਾ ਕੋਇ ਰੰਗਾਈਆ । ਨਾ ਕੋਈ ਦੀਨ ਨਾ ਕੋਇ ਜਾਤ, ਮਜ਼੍ਹਬ ਰੂਪ ਨਾ ਕੋਇ ਸਮਝਾਈਆ । ਇਕ ਇਕੱਲਾ ਬੈਠਾ ਆਪ ਇਕਾਂਤ, ਏਕੰਕਾਰਾ ਸੋਭਾ ਪਾਈਆ । ਜਿਸ ਦੀ ਭਗਤਾਂ ਨਾਲ ਜਮਾਤ, ਜ਼ਾਮਨ ਹੋ ਕੇ ਵੇਖ ਵਖਾਈਆ । ਜਿਥੇ ਕੱਢਣਾ ਪਵੇ ਨਾ ਕੋਇ ਹਿਸਾਬ, ਕਲਮਾਂ ਵਾਲੀ ਨਾ ਕੋਇ ਲਿਖਾਈਆ । ਪੜ੍ਹਨੀ ਪਏ ਨਾ ਕੋਇ ਕਿਤਾਬ, ਕੁਤਬਖ਼ਾਨੇ ਕ਼ੀਮਤ ਕੋਇ ਨਾ ਪਾਈਆ । ਇਕੋ ਸਜਦਾ ਦੱਸਿਆ ਅਦਾਬ, ਸਿਰ ਕ਼ਲਮ ਨਾ ਕੋਇ ਕਰਾਈਆ । ਸਚ ਮਹਿਰਾਬੇ ਬੈਠ ਆਪ, ਮਹਿਬੂਬ ਇਕੋ ਸੋਭਾ ਪਾਈਆ । ਤ੍ਰੈਗੁਣ ਕੂੜੀ ਕਿਰਿਆ ਤੋੜ ਕੇ ਤਾਪ, ਅਗਨੀ ਤਤ ਦਏ ਬੁਝਾਈਆ । ਤੂੰ ਮੇਰਾ ਮੈਂ ਤੇਰਾ ਇਕੋ ਦੱਸ ਕੇ ਜਾਪ, ਜਮਾਂ ਤੋਂ ਲਏ ਛੁਡਾਈਆ । ਰੂਹ ਬੁੱਤ ਦੋਵੇਂ ਕਰ ਕੇ ਪਾਕ, ਪੁਨੀਤ ਆਪਣੇ ਪੱਤਣ ਲਏ ਟਿਕਾਈਆ । ਗੁਰ ਅਵਤਾਰ ਪੈਗੰਬਰ ਜੋ ਭਵਿਖਤਾਂ ਵਿਚ ਗਏ ਭਾਖ, ਭਾਵ ਸਭ ਦਾ ਖੋਜ ਖੁਜਾਈਆ । ਖੇਲ ਕਰੇ ਹੋ ਕੇ ਸਾਖਿਆਤ, ਸਚ ਸਵਾਮੀ ਆਪਣੀ ਦਇਆ ਕਮਾਈਆ । ਜਿਸ ਦਾ ਨਿਰਅੱਖਰ ਲੱਭੇ ਕਿਸੇ ਨਾ ਵਿਚੋਂ ਲੁਗਾਤ, ਲਗ ਮਾਤਰ ਨਾ ਕੋਇ ਦ੍ਰਿੜਾਈਆ । ਸੋ ਭਗਤ ਸੁਹੇਲਾ ਬਣ ਕੇ ਬਾਪ, ਸੰਤ ਸੱਜਣ ਗੋਦ ਉਠਾਈਆ । ਪੋਹ ਕਹੇ ਜਿਧਰ ਵੇਖਾਂ ਉਧਰ ਸਾਥ, ਭਗਤਨ ਮੀਤਾ ਭਗਤਾਂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਨ, ਤਨ ਮਾਟੀ ਬੁੱਤ ਨਾ ਖ਼ਾਕ, ਜੋਤੀ ਸ਼ਬਦ ਧਾਰ ਮਿਲਿਆ ਨਾਲ ਇਤਫ਼ਾਕ, ਨਿਫ਼ਾਕ ਭਗਤਾਂ ਦਏ ਮਿਟਾਈਆ ।

## ੭ ਪੋਹ ਸ਼ਹਿਨਸ਼ਾਹੀ ਸੰਮਤ ੧ ਚਰਨ ਸਿੰਘ ਦੇ ਗ੍ਰਿਹਿ ਮਾਨਾਵਾਲਾ

ਪੋਹ ਕਹੇ ਮੈਂ ਜੁਗ ਚੌਕੜੀ ਵੇਖਾਂ ਚਾਰੋਂ ਦਿਸ਼ਾ, ਚਾਰ ਕੁੰਟ ਧਿਆਨ ਲਗਾਇੰਦਾ । ਨਿਤ ਨਵਿਤ ਪਰਮ ਪੁਰਖ ਪਰਮਾਤਮ ਭਗਵਨ ਹੋ ਕੇ ਕਰੇ ਭਗਤਾਂ ਰੱਛਾ, ਦੋ ਜਹਾਨਾਂ ਏਥੇ ਉਥੇ ਸਿਰ ਆਪਣਾ ਹੱਥ ਟਿਕਾਇੰਦਾ । ਨਾਮ ਵਸਤ ਅਮੋਲਕ ਕਾਇਆ ਤਨ ਮਾਟੀ ਖ਼ਾਕੀ ਪਾਏ ਭਿੱਛਾ, ਵਸਤ ਅਗੰਮੀ ਅੰਦਰ ਮੰਦਰ ਆਪ ਰਖਾਇੰਦਾ । ਸਚ ਪ੍ਰੇਮ ਪਿਆਰ ਦਾ ਉਤਮ ਸ੍ਰੇਸ਼ਟ ਦੇਵੇ ਹਿੱਸਾ, ਖ਼ਾਲੀ ਭੰਡਾਰੇ ਆਪ ਭਰਾਇੰਦਾ । ਦੀਨ ਦੁਨੀ ਜਗਤ ਜਹਾਨ ਕਾਇਨਾਤ ਦੱਸੇ ਮਿਥਾ, ਥਿਰ ਘਰ ਸਾਚਾ ਇਕ ਸਮਝਾਇੰਦਾ । ਰਸਨਾ ਜਿਹਵਾ ਬੱਤੀ ਦੰਦ ਕੂੜਾ ਰਸ ਫਿਕਾ, ਅੰਮ੍ਰਿਤ ਰਸ ਅੰਤਰ ਆਤਮ ਆਪ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਆਪਣਾ ਰੰਗ ਰੰਗਾਇੰਦਾ । ਪੋਹ ਕਹੇ ਮੈਂ ਜੁਗ ਚੌਕੜੀ ਜਗਤ ਜੀਵ ਕਾਇਆ ਵੇਖੀ ਬਦਲੀ, ਤਨ, ਮਾਟੀ ਫੋਲ ਫੁਲਾਈਆ । ਭਰਮੇ ਭੁੱਲੀ ਸ੍ਰਿਸ਼ਟੀ ਵੇਖੀ ਸਗਲੀ, ਸਗਲਾ ਸੰਗ ਨਾ ਕੌਇ ਬਣਾਈਆ । ਆਤਮ ਪਰਮਾਤਮ ਧਾਰ ਦੱਸੇ ਨਾ ਕੋਈ ਅਗਲੀ, ਪੜਦਾ ਉਹਲਾ ਨਾ ਕੋਇ ਉਠਾਈਆ । ਸਨਿਆਸੀ ਵੈਰਾਗੀ ਤਿਆਗੀ ਜਟਾ ਜੂਟ ਫਿਰਦੇ ਜੰਗਲੀਂ, ਤਨ ਭਬੂਤੀ ਖ਼ਾਕ ਰਮਾਈਆ । ਸਚ ਵਸਤ ਨਾਮ ਅਮੋਲਕ ਬਿਨ ਭਗਤਾਂ ਕਿਸੇ ਨਾ ਲੱਭ ਲਈ, ਖੋਜ ਖੋਜ ਥੱਕੀ ਸਰਬ ਲੋਕਾਈਆ । ਮਨ ਵਾਸਨਾ ਕੂੜੀ ਕਿਰਿਆ ਕਿਸੇ ਨਾ ਹੱਦ ਗਈ, ਹਾਜ਼ਰ ਹਜ਼ੂਰ ਹਜ਼ਰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਪੋਹ ਕਹੇ ਮੈਂ ਜੁਗ ਚੌਕੜੀ ਕਰਦਾ ਰਿਹਾ ਧਿਆਨ, ਬਹੁਰੂਪੀ ਰੂਪ ਵਟਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ, ਸੁਣਦਾ ਰਿਹਾ ਗਿਆਨ, ਰਸਨਾ ਜਿਹਵਾ ਬੱਤੀ ਦੰਦ ਕਲਮਿਆਂ ਵਾਲੀ ਪੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਦੇ ਗਏ ਬਿਆਨ, ਸਿਫ਼ਤਾਂ ਵਿਚ ਸੋਹਲੇ ਢੋਲੇ ਗਾਈਆ । ਭੁੱਖੇ ਮਰਦੇ ਵੇਖੇ ਮਹੀਨੇ ਵਿਚ ਰਮਜ਼ਾਨ, ਰਮਜ਼ ਇਸ਼ਾਰਾ ਨਾ ਕੋਇ ਸਮਝਾਈਆ । ਨਵ ਨੌਂ ਚਾਰ ਜੁਗ ਜੁਗੀਸ਼ਰ ਧਰਦੇ ਗਏ ਧਿਆਨ, ਮੁਨੀਸ਼ਰ ਮੋਨ ਰੂਪ ਵਟਾਈਆ । ਸਹਿਜ ਸੁਭਾਉ ਬਿਨ ਭਗਤਾਂ ਕਿਸੇ ਨਾ ਮਿਲਿਆ ਆਣ, ਭਗਵਨ ਅਭੇਵ ਭੇਦ ਨਾ ਕੋਇ ਖੁਲ੍ਹਾਈਆ । ਸਚ ਦਵਾਰੇ ਪਾਵੇ ਕੋਇ ਨਾ ਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਖ ਸਹਿਜ ਵੇਖ ਵਖਾਈਆ । ਪੋਹ ਕਹੇ ਮੈਂ ਜੁਗ ਚੌਕੜੀ ਵੇਖਦਾ ਰਿਹਾ ਪਦਵੀ, ਉਚ ਅਥਾਹ ਅਗੰਮ ਬੇਪਰਵਾਹ ਨਜ਼ਰ ਉਠਾਈਆ । ਜਗਤ ਜਹਾਨ ਵੇਖਿਆ ਵਿਚ ਮਜ਼੍ਹਬੀ, ਮਜ਼ਾ ਹਰਿ ਨਾ ਕੋਇ ਚਖਾਈਆ । ਮਨ ਵਾਸਨਾ ਹੁੰਦੀ ਰਹੀ ਬੇਅਦਬੀ, ਅਦਬ ਅਦਬ ਹੱਥ ਨਾ ਕੋਇ ਦ੍ਰਿੜ੍ਹਾਈਆ । ਸਿਰ ਝੁਕਿਆ ਨਾ ਕਿਸੇ ਕ਼ਦਮੀ, ਕ਼ਦਮਬੋਸੀ ਕ਼ਾਦਰ ਕ਼ੁਦਰਤ ਨਾ ਲਾਏ ਪਾਈਆ । ਤਸ਼ੱਦਦ ਮਿਟੇ ਨਾ ਕਿਸੇ ਅਦਮੀ, ਮਦਦ ਮਿਲੀ ਨਾ ਨੂਰ ਖ਼ੁਦਾਈਆ । ਖੇਲ ਵੇਖੀ ਜਗਤ ਤਮੱਦਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਈਆ । ਪੋਹ ਕਹੇ ਮੈਂ ਵੇਖਿਆ ਜੁਗ ਚੌਕੜੀ ਪਰਮ ਪੁਰਖ ਪਰਮਾਤਮ ਸ਼ਬਦੀ ਘੋੜੇ ਜ਼ੀਨਾ ਪਾਉਂਦਾ ਰਿਹਾ ਪਾਖਰ, ਡੋਰੀ ਆਪਣੇ ਹੱਥ ਰਖਾਈਆ । ਅੰਤਮ ਖੇਲ ਵੇਖਣ ਆਇਆ ਆਖ਼ਰ, ਅਖ਼ੀਰ ਆਪਣੀ ਕਾਰ ਕਮਾਈਆ । ਗੋਬਿੰਦ ਸੂਰਾ ਬਣਿਆ ਸਾਥਨ, ਸਗਲਾ ਸੰਗ ਬਣਾਈਆ । ਗੁਰਮੁਖਾਂ ਆਇਆ ਆਖਣ, ਉਠੋ ਨੇਤਰ ਲੋਚਨ ਲਵੋ ਖੁਲ੍ਹਾਈਆ । ਕਲ ਵੇਲਾ ਆਇਆ ਜਾਗਣ, ਜਾਗਰਤ ਜੋਤ ਕਰੇ ਰੁਸ਼ਨਾਈਆ । ਇਹ ਲਹਿਣਾ ਦੇਣਾ ਪਿਛਲਾ ਕੋਈ ਭਾਗੋ

ਭਾਗਣ, ਭਾਗ ਸਭ ਦੀ ਝੋਲੀ ਪਾਈਆ । ਮਨ ਆਤਮ ਦੇ ਵੈਰਾਗਣ, ਵੈਰੀ ਮਿੱਤਰ ਸ਼ਤਰੂ ਪੜਦਾ ਰਿਹਾ ਉਠਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਮਾਰੇ ਆਵਾਜ਼ਨ, ਨਾਅਰਾ ਜੈਕਾਰਾ ਇਕ ਸੁਣਾਈਆ । ਜਿਥੇ ਨਾ ਕੋਇ ਸਵਾਲ ਨਾ ਜੁਆਬਨ, ਜੁਆਬ ਤਲਬੀ ਨਾ ਕੋਇ ਵਖਾਈਆ । ਜਨ ਭਗਤਾਂ ਪੂਰੀ ਕਰ ਕੇ ਆਸ ਮੁਰਾਦਨ, ਮੁਰਦੇ ਮਹਿਬੂਬ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਨਗਤ ਇਕ ਦ੍ਰਿੜ੍ਹਾਈਆ । ਪੋਹ ਕਹੇ ਮੈਂ ਜੁਗ ਚੌਕੜੀ ਵੇਖਿਆ ਘੜੀ ਪਲ, ਪਲਕ ਪਲਕ ਨਾਲ ਬਦਲਾਈਆ । ਮੈਂ ਖੇਲ ਵੇਖਿਆ ਜਲ ਥਲ, ਮਹੀਅਲ ਆਪਣਾ ਧਿਆਨ ਟਿਕਾਈਆ । ਪੁਰਖ ਅਬਿਨਾਸ਼ੀ ਪਰਗਟ ਹੋ ਕੇ ਕਲਜੁਗ ਕਲ, ਕਲ ਕਲਕੀ ਫੇਰਾ ਪਾਈਆ । ਭਗਤਾਂ ਅੰਦਰ ਗਿਆ ਰਲ, ਜਗ ਨੇਤਰ ਵੇਖ ਨਾ ਕੋਇ ਸਮਝਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕਰ ਕੇ ਅਛਲ ਛਲ, ਵਿਸ਼ੇਸ਼ ਵਸ਼ਿਸ਼ਟੀ ਗੁਰਮੁਖ ਲਏ ਪਰਗਟਾਈਆ । ਦਰ ਦਵਾਰੇ ਦੇ ਕੇ ਮਹੱਲ ਅਟਲ, ਉਚ ਪਰਬਲ ਪਰਮ ਪੁਰਖ ਹੋਇਆ ਸਹਾਈਆ । ਸਭ ਦੇ ਜੁਗ ਚੌਕੜੀ ਦੀ ਮਿਸਲ ਵਿਚੋਂ ਮਸਲੇ ਕਰ ਦੇਵੇ ਹੱਲ, ਅਗੇ ਮਿਸਾਲ ਆਪਣੇ ਨਾਲ ਰਲਾਈਆ ।

## ✪ ੭ ਪੋਹ ਸ਼ਹਿਨਸ਼ਾਹੀ ਸੰਮਤ ੧ ਮੰਗਲ ਸਿੰਘ ਦੇ ਗ੍ਰਿਹ ਪਿੰਡ ਸਾਰੰਗੜਾ ✪



ਨਿਰਗੁਣ ਨਿਰਵੈਰ ਜੋਤ ਪੁਰਖ ਸਮਰਥ, ਪਤਿਪਰਮੇਸ਼ਵਰ ਬੇਪਰਵਾਹ ਅਖਵਾਇੰਦਾ । ਜੁਗ ਚੌਕੜੀ ਨਿਰਗੁਣ ਸਰਗੁਣ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਚਲਾਵੇ ਰਥ, ਮਾਇਆ ਤਤ ਖੇਲ ਖਿਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨਾਮ ਸੰਦੇਸ਼ਾ ਦੇ ਕੇ ਹੱਕ, ਹਕ਼ੀਕ਼ਤ ਸਾਚੀ ਆਪ ਦ੍ਰਿੜ੍ਹਾਇੰਦਾ । ਸ਼ਬਦ ਅਗੰਮੀ ਨਾਦ ਅਨਹਦ ਵਜਾ ਨਦ, ਸੁਰਤੀ ਸ਼ਬਦੀ ਰਾਗ ਅਲਾਇੰਦਾ । ਜੋਤੀ ਜਾਤਾ ਜੋਤ ਕਰ ਪਰਕਾਸ਼, ਅਬਿਨਾਸ਼ ਆਪਣਾ ਖੇਲ ਖਿਲਾਇੰਦਾ । ਭਗਤ ਸੁਹੇਲਾ ਇਕ ਅਕੇਲਾ ਸਾਚੇ ਸੰਤਾਂ ਨਜ਼ਰ ਆਏ ਸਾਖਿਆਤ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਇੰਦਾ । ਬਿਨ ਰਸਨਾ ਜਿਹਵਾ ਬੱਤੀ ਦੰਦ ਕਰੇ ਅਗੰਮੀ ਬਾਤ, ਨਿਰਅੱਖਰ ਵੱਖਰ ਆਪ ਪੜ੍ਹਾਇੰਦਾ । ਗੁਰਮੁਖ ਗੁਰਸਿਖ ਸਤਿ ਸਵਾਮੀ ਵੇਖੇ ਆਪ, ਨਿਤ ਨਵਿਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪਣੇ ਵਿਚ ਛੁਪਾਇੰਦਾ । ਸੋ ਪੁਰਖ ਨਿਰੰਜਣ ਧੁਰ ਦਾ ਸਵਾਮੀ, ਅਜੂਨੀ ਰਹਿਤ ਇਕ ਅਖਵਾਈਆ । ਆਦਿ ਜੁਗਾਦਿ ਅੰਤਰਜਾਮੀ, ਅੰਤਰ ਅੰਤਰ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਗਾਉਂਦੇ ਗਏ ਬਾਣੀ, ਢੋਲਾ ਰਾਗਾਂ ਨਾਦਾਂ ਵਿਚ ਸੁਣਾਈਆ । ਜਿਸ ਦੀ ਰਚਨਾ ਵਿਸ਼ਨ ਬ੍ਰਹਮਾ ਸ਼ਿਵ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੱਜੇ ਵਧਾਈਆ । ਜਿਸ ਦਾ ਸਰ ਸਰੋਵਰ ਨਿਰਵੈਰ ਨਿਰਮਲ ਜਲ ਪਾਣੀ, ਧਾਰ ਇਕੋ ਇਕ ਵਹਾਈਆ । ਜਿਸ ਦਾ ਖੇਲ ਏਥੇ ਓਥੇ ਦੋ ਜਹਾਨੀ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਕਰੇ ਰੁਸ਼ਨਾਈਆ । ਜੋ ਆਤਮ ਪਰਮਾਤਮ ਦੇਵਣਹਾਰਾ ਪਦ ਨਿਰਬਾਨੀ, ਗ੍ਰਿਹ ਮੰਦਰ ਇਕ ਸੁਹਾਈਆ । ਜਿਸ ਦੀ ਖੇਲ ਜਗਤ ਮਹਾਨੀ, ਮਹਿੰਮਾ ਅਕਥ ਅਕਥ ਵਡਿਆਈਆ । ਵਿਦਿਆ ਗਾਏ ਨਾ ਕੋਇ ਜ਼ਬਾਨੀ, ਚੌਦਸ ਚੌਦਾਂ ਦਏ ਦੁਹਾਈਆ । ਜਿਨ੍ਹਾਂ ਉਪਰ ਕਰੇ ਆਪ ਮਿਹਰਬਾਨੀ, ਮਹਿਬੂਬ ਮੁਹੱਬਤ ਅੰਦਰ ਮਹਿਵਖ਼ਾਨਾ ਦਏ ਦਰਸਾਈਆ । ਜਲਵਾ ਦੇ ਕੇ ਜੋਤ

ਨੁਰਾਨੀ, ਅੰਧ ਅੰਧੇਰਾ ਦਏ ਮਿਟਾਈਆ । ਸੋ ਪੁਰਖ ਸਾਹਿਬ ਸੁਲਤਾਨੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪੜਦਾ ਦਏ ਉਠਾਈਆ । ਜਿਸ ਦੀ ਸਿਫ਼ਤ ਕਾਇਨਾਤ ਵਿਚ ਲਿਖੇ ਨਾ ਨਾਲ ਕ਼ਲਮ ਕਾਨੀ, ਕਾਅਬਿਆਂ ਵਿਚ ਬੈਠੇ ਸਾਰੇ ਦੇਣ ਦੁਹਾਈਆ । ਜਿਸ ਨੇ ਪੰਜ ਤਤ ਗੁਰ ਅਵਤਾਰ ਪੈਗ਼ੰਬਰ ਕੀਤੇ ਫ਼ਾਨੀ, ਫ਼ੈਸਲਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਵੈਰ ਨਿਰਾਕਾਰ ਨਿਰੰਕਾਰ ਵੱਡੀ ਵਡਿਆਈਆ । ਨਿਰਗੁਣ ਜੋਤ ਪੁਰਖ ਅਕਾਲ, ਦੂਜਾ ਨਜ਼ਰ ਕੋਇ ਨਾ ਆਇੰਦਾ । ਜਿਥੇ ਨਾ ਕੋਈ ਜੁਆਬ ਨਾ ਕੋਇ ਸਵਾਲ, ਕਲਮਾ ਨਾਮ ਵੰਡ ਨਾ ਕੋਇ ਵੰਡਾਇੰਦਾ । ਜਿਥੇ ਨਾ ਕੋਈ ਸ਼ਿਵਦਵਾਲਾ ਮੰਦਰ ਮੱਠ ਹਾਲ, ਤਤਵ ਤਤ ਵੇਸ ਨਾ ਕੋਇ ਵਟਾਇੰਦਾ । ਇਕੋ ਦਾਤਾ ਦੀਨ ਦਿਆਲ, ਦਇਆਨਿਧ ਸਵਾਮੀ ਸੋਭਾ ਪਾਇੰਦਾ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਚਾਰ ਜੁਗ ਦੇਂਦੇ ਗਏ ਅਹਿਵਾਲ, ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਸਿਫ਼ਤ ਸਾਲਾਹਿੰਦਾ । ਜਿਸ ਨੂੰ ਖਾ ਨਾ ਸਕੇ ਕੋਈ ਕਾਲ, ਮਹਾਂਕਾਲ ਨਜ਼ਰ ਕੋਇ ਨਾ ਆਇੰਦਾ । ਜਿਸ ਦੀ ਕੋਟਨ ਕੋਟ ਸਾਧ ਸੰਤ ਤਨ ਖ਼ਾਕੀ ਵਜੂਦ ਕਰਦੇ ਭਾਲ, ਸਬੂਤ ਹੱਕ ਨਾ ਕੋਇ ਸੁਹਾਇੰਦਾ । ਸੋ ਪੁਰਖ ਬਿਧਾਤਾ ਖੇਲ ਕਰੇ ਆਪਣਾ ਆਪ, ਦੂਜਾ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਵੈਰ ਨਿਰਾਕਾਰ ਨਿਰਗੁਣ ਆਪਣੀ ਕਾਰ ਕਮਾਇੰਦਾ । ਨਿਰਗੁਣ ਜੋਤ ਪੂਰਨ ਪਰਕਾਸ਼, ਪਾਰਬ੍ਰਹਮ ਵੱਡੀ ਵਡਿਆਈਆ । ਆਦਿ ਜੁਗਾਦਿ ਨਾ ਹੋਏ ਵਿਨਾਸ਼, ਅਬਿਨਾਸ਼ੀ ਆਪਣਾ ਖੇਲ ਕਰਾਈਆ । ਗੁਰ ਅਵਤਾਰ ਪੈਗ਼ੰਬਰ ਬਣਾ ਕੇ ਦਾਸੀ ਦਾਸ, ਸੇਵਕ ਸੇਵਾ ਸਚ ਸਮਝਾਈਆ । ਨਿਰਗੁਣ ਸਰਗੁਣ ਪੰਜਾਂ ਤੱਤਾਂ ਅੰਦਰ ਪਾਵੇ ਰਾਸ, ਗੋਪੀ ਕਾਹਨ ਆਪਣਾ ਰੂਪ ਵਟਾਈਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਵੱਜੇ ਵਧਾਈਆ । ਜਨ ਭਗਤਾਂ ਪੂਰੀ ਕਰੇ ਆਸ, ਆਹਿਸਤਾ ਆਹਿਸਤਾ ਅੰਦਰੋਂ ਪੜਦਾ ਦਏ ਉਠਾਈਆ । ਲੇਖੇ ਲਾ ਕੇ ਪਵਣ ਸਵਾਸ, ਸਾਹ ਸਾਹ ਆਪਣਾ ਨਾਮ ਜਪਾਈਆ । ਆਤਮ ਸੇਜਾ ਸੁਹਾ ਕੇ ਖਾਟ, ਸਿੰਘਾਸਣ ਇਕੋ ਦਏ ਵਖਾਈਆ । ਜਿਥੇ ਨਾ ਕੋਇ ਦਿਵਸ ਨਾ ਕੋਇ ਰਾਤ, ਸੂਰਜ ਚੰਦ ਨਾ ਕੋਇ ਚਮਕਾਈਆ । ਨਾ ਕੋਈ ਦੀਨ ਮਜ਼੍ਹਬ ਜਾਤ ਪਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਰੂਪ ਨਾ ਕੋਇ ਦਰਸਾਈਆ । ਸਾਹਿਬ ਸਵਾਮੀ ਇਕੋ ਬੈਠਾ ਕਮਲਾਪਾਤ, ਪਤਿਪਰਮੇਸ਼ਵਰ ਨਜ਼ਰੀ ਆਈਆ । ਨਿਰਗੁਣ ਨੂਰ ਜੋਤ ਪਰਕਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੂਰ ਨੁਰਾਨਾ ਨੂਰ ਨੂਰ ਚਮਕਾਈਆ । ਨਿਰਗੁਣ ਜੋਤ ਜੋ ਜਾਏ ਜਾਣ, ਅਨਜਾਣਤ ਰਹਿਣ ਮੂਲ ਨਾ ਪਾਈਆ । ਸਚਖੰਡ ਭੂਮਿਕਾ ਸੁਹਾਏ ਸਥਾਨ, ਥਿਰ ਘਰ ਵੱਜੇ ਨਾਮ ਵਧਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੇ ਢੋਲੇ ਗਾਣ, ਨਿਉਂ ਨਿਉਂ ਸੀਸ ਝੁਕਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਇਕ ਭਗਵਾਨ, ਭਗਵਨ ਮਾਲਕ ਇਕ ਅਖਵਾਈਆ । ਕਰ ਕਿਰਪਾ ਜਿਸ ਨੂੰ ਦੇਵੇ ਆਪਣਾ ਪ੍ਰੀਤੀ ਦਾਨ, ਪ੍ਰੀਤਮ ਅੰਦਰੋਂ ਨਜ਼ਰੀ ਆਈਆ । ਆਤਮ ਪਰਮਾਤਮ ਕਰੇ ਪਰਵਾਨ, ਪਾਰਬ੍ਰਹਮ ਬ੍ਰਹਮ ਆਪਣਾ ਰੂਪ ਦਰਸਾਈਆ । ਭੇਵ ਅਭੇਦਾ ਖੋਲ੍ਹੇ ਆਣ, ਪੜਦਾ ਉਹਲਾ ਦਏ ਉਠਾਈਆ । ਨਾਮ ਨਿਧਾਨ ਸੁਣਾ ਧੁਨਕਾਨ, ਨਾਦ ਅਨਾਦੀ ਨਾਦ ਵਜਾਈਆ । ਸੁਰਤੀ ਸੁਰਤ ਕਰ ਸਵਾਧਾਨ, ਨੇਤਰ ਲੋਚਨ ਅੱਖ ਖੁਲ੍ਹਾਈਆ । ਜਿਨ੍ਹਾਂ ਨੂਰ ਨਿਰਗੁਣ ਵੇਖਿਆ ਇਕ ਮਿਹਰਵਾਨ, ਮਿਹਰ ਨਜ਼ਰ ਵਿਚ ਗਏ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਿਰਗੁਣ ਜੋਤ ਜੋ

ਜਾਏ ਬੁੱਝ, ਮਨ ਵਾਸਨਾ ਰਹਿਣ ਨਾ ਪਾਈਆ । ਪੜਦਾ ਉਹਲਾ ਰਹੇ ਨਾ ਲੁਕ, ਸਾਖਿਆਤ ਸਤਿ ਸਰੂਪੀ ਦਰਸ ਦਿਖਾਈਆ । ਰਸਨਾ ਜਿਹਵਾ ਬੱਤੀ ਦੰਦ ਬੋਲਣ ਦਾ ਪੈਂਡਾ ਜਾਏ ਮੁਕ, ਰਮਜ਼ ਨਾਲ ਰਮਜ਼ ਲਏ ਮਿਲਾਈਆ । ਸਿੱਧਾ ਪਰਮ ਪੁਰਖ ਪਰਮਾਤਮ ਕੋਲੋਂ ਸਾਚਾ ਲੇਖਾ ਲਏ ਪੁਛ, ਦੂਜੀ ਓਟ ਨਾ ਕੋਇ ਤਕਾਈਆ । ਜੋ ਕੁਝ ਹੈ ਸੋ ਉਸੇ ਦਾ ਬਾਕੀ ਲੱਖ ਚੁਰਾਸੀ ਜੀਵ ਜੰਤ ਸ੍ਰਿਸ਼ਟੀ ਦਿਸੇ ਤੁਛ, ਤੁਖ਼ਮ ਤਾਸੀਰ ਆਪਣੀ ਸਕੇ ਨਾ ਕੋਇ ਬਦਲਾਈਆ । ਜਗਤ ਜਹਾਨ ਨਾਤਾ ਜੁੜਿਆ ਪਿਤਾ ਪੁੱਤ, ਸਾਕ ਸੈਣ ਕੁਟੰਬ ਮਿਲ ਮਿਲ ਖ਼ੁਸ਼ੀ ਮਨਾਈਆ । ਜਿਨ੍ਹਾਂ ਦੇ ਅੰਦਰ ਪਰਮ ਪੁਰਖ ਦੀ ਧਾਰ ਗਈ ਉਠ, ਦੂਈ ਦਵੈਤੀ ਡੇਰਾ ਢਾਹੀਆ । ਬਿਨਾ ਨਗਾਰਿਉਂ ਲੱਗੀ ਚੋਟ, ਚੋਟੀ ਚੜ੍ਹ ਕੇ ਦਰਸ਼ਨ ਪਾਵਣ ਸੱਚੇ ਮਾਹੀਆ । ਅੰਤ ਅਖ਼ੀਰੀ ਇਕੋ ਪੁਰਖ ਅਕਾਲ ਦੀ ਓਟ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਿਸ ਨੂੰ ਲੱਭਦੇ ਕੋਟੀ ਕੋਟ, ਕਾਇਆ ਗੜ੍ਹ ਬੰਕ ਦਵਾਰ ਅੰਦਰ ਭੱਜਣ ਥਾਉਂ ਥਾਈਆ । ਬਿਨ ਹਰਿ ਕਿਰਪਾ ਕਿਰਪਾਲ ਉਤੇ ਹੋਏ ਨਾ ਕੋਇ ਮੋਹਤ, ਮੁਹੱਬਤ ਸਚ ਨਾ ਕੋਇ ਜਣਾਈਆ । ਜਿਥੇ ਲੇਖਾ ਨਹੀਂ ਕੋਈ ਚੌਦਾਂ ਲੋਕ, ਚੌਦਾਂ ਤਬਕ ਚੌਦਾਂ ਵਿਦਿਆ ਨਾ ਕੋਇ ਸਮਝਾਈਆ । ਸੋ ਸੰਤ ਸੁਹੇਲਾ ਗੁਰੂ ਚੇਲਾ ਬਿਨ ਨੇਤਰ ਨੈਣ ਅੱਖਾਂ ਦਰਸ਼ਨ ਕਰੇ ਰੋਜ਼, ਰੋਜ਼ੇ ਬਾਂਗ ਦੀ ਲੋੜ ਰਹੇ ਨਾ ਰਾਈਆ । ਜਨ ਭਗਤੋ ਪ੍ਰੀਤਮ ਨਾਲ ਮਿਲ ਕੇ ਵੇਖੋ ਉਸ ਦੀ ਮੌਜ, ਮਜਲਸ ਭਗਤਾਂ ਵਿਚ ਰਖਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਦੱਸ ਕੇ ਗਏ ਖੋਜ, ਲੇਖਾ ਲਿਖ ਕੇ ਕ਼ਲਮ ਸ਼ਾਹੀਆ । ਉਹ ਦਾਤਾ ਨਿਰਮਲ ਜੋਤ, ਤੱਤਾਂ ਵਾਲਾ ਰੂਪ ਨਾ ਕੋਇ ਵਖਾਈਆ । ਉਸ ਦਾ ਇਕੋ ਰਾਗ ਇਕੋ ਨਾਦ ਇਕ ਸਲੋਕ, ਸੋਹਲੇ ਸਭ ਨੂੰ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਨਿਰਗੁਣ ਜੋਤ ਬੇਸ਼ਕ ਮਾਨਸ ਮਨੁੱਖ, ਤੱਤਾਂ ਅੰਦਰ ਤਤ ਨਜ਼ਰੀ ਆਈਆ । ਜੇ ਉਸ ਦਾ ਰੂਪ ਹੋ ਜਾਵੇ ਨਾ ਕੋਈ ਤ੍ਰਿਸ਼ਨਾ ਨਾ ਕੋਈ ਭੁੱਖ, ਆਸਾ ਮਨ ਨਾ ਕੋਇ ਵਧਾਈਆ । ਨਾ ਕੋਇ ਰੋਗ ਨਾ ਕੋਇ ਦੁੱਖ, ਚਿੰਤਾ ਗ਼ਮ ਨਾ ਕੋਇ ਸਤਾਈਆ । ਨਾ ਕੋਈ ਧੀ ਨਾ ਕੋਇ ਪੁੱਤ, ਨਾ ਕੋਇ ਸਹੁਰਿਆਂ ਘਰ ਜਵਾਈਆ । ਇਕੋ ਉਸ ਨੂੰ ਮਿਲ ਕੇ ਅੰਦਰੋਂ ਹੋ ਜਾਏ ਚੁਪ, ਚੁਪ ਚੁਪੀਤਿਆਂ ਘਰ ਬੈਠਿਆਂ ਦਰਸ਼ਨ ਪਾਈਆ । ਫੇਰ ਕਿਸੇ ਨੂੰ ਕੀ ਲੈਣਾ ਪੁੱਛ, ਜੇ ਮਿਲੇ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਮਲ ਜੋਤ ਜਨ ਭਗਤਾਂ ਦਏ ਦਰਸਾਈਆ । ਨਿਰਮਲ ਜੋਤ ਨਿਰਾਕਾਰ ਜਨ ਭਗਤ ਤੱਕ, ਤਕਵਾ ਇਕੋ ਉਤੇ ਰਖਾਈਆ । ਹਕ਼ੀਕ਼ਤ ਵਿਚੋਂ ਮਿਲ ਗਿਆ ਹੱਕ, ਹਕੂਕ ਪਿਛਲਾ ਝੋਲੀ ਪਾਈਆ । ਮਿਲਿਆਂ ਪੁਰਖ ਅਕਾਲ ਤੋਂ ਬਿਨਾ ਕਦੇ ਦੂਰ ਨਾ ਹੋਇਆ ਸ਼ੱਕ, ਸ਼ਿਕਵੇ ਵਿਚ ਫਿਰੇ ਲੋਕਾਈਆ । ਮੰਜ਼ਲ ਮੰਜ਼ਲ ਪਾਂਧੀ ਰਾਹੀ ਸਾਰੇ ਰਹੇ ਨਠ, ਮੰਜ਼ਲ ਚੜ੍ਹ ਕੇ ਘਰ ਸਵਾਮੀ ਦਰਸ਼ਨ ਕੋਇ ਨਾ ਪਾਈਆ । ਨਾਤਾ ਜੁੜਿਆ ਤਤ ਅੱਠ, ਨੌਂ ਦਵਾਰੇ ਮਾਇਆ ਮਮਤਾ ਹੋਈ ਹਲਕਾਈਆ । ਈੜਾ ਪਿੰਗਲਾ ਸੁਖਮਨਾ ਸਭ ਨੂੰ ਰਹੇ ਦੱਸ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਦੁਹਾਈਆ । ਕੋਈ ਸਹੰਸ ਦਲ ਕਵਲ ਰਹੇ ਫਸ, ਕੋਈ ਇਸ਼ਟ ਦੇਵ ਤੱਤਾਂ ਵਾਲਾ ਵੇਖ ਖ਼ੁਸ਼ੀ ਮਨਾਈਆ । ਕੋਈ ਅੰਮ੍ਰਿਤ ਰਸ ਥੋੜਾ ਥੋੜਾ ਰਹੇ ਚਖ, ਨਿਝਰ ਝਿਰਨਾ ਬੇਪਰਵਾਹੀਆ । ਕੋਈ ਅੰਦਰੋਂ ਨਿਜ ਨੇਤਰ ਖੋਲ੍ਹ ਕੇ ਅੱਖ, ਬਿਨਾ ਅੱਖਰਾਂ ਕਰਨ ਪੜ੍ਹਾਈਆ । ਕੋਈ ਸੇਜ ਪੱਥਰ ਵਿਛਾ ਕੇ ਸੱਥ, ਯਾਰੜਾ ਆਪਣਾ ਲਿਆ ਹੰਡਾਈਆ । ਜਨ ਭਗਤਾਂ ਜਿਨ੍ਹਾਂ ਚਰਨ ਮਿਲੇ ਪੁਰਖ ਸਮਰਥ, ਦੂਸਰ ਸੀਸ ਨਾ ਕੋਇ

ਝੁਕਾਈਆ । ਇਹ ਖੇਲ ਨਿਆਰਾ ਸਭ ਤੋਂ ਵੱਖ, ਜਗਤ ਵਿਦਿਆ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਇਕੋ ਇਕ ਅਖਵਾਈਆ । ਨਿਰਗੁਣ ਜੋਤ ਇਕ ਪੁਰਖ ਅਗੰਮ, ਜੋ ਅਗੰਮੜੀ ਕਾਰ ਕਮਾਇੰਦਾ । ਨਾ ਮਰੇ ਨਾ ਪਏ ਜੰਮ, ਜਨਣੀ ਕੁੱਖ ਨਾ ਕੋਇ ਸੁਹਾਇੰਦਾ । ਨਾ ਕੋਈ ਤ੍ਰਿਸ਼ਨਾ ਨਾ ਕੋਈ ਤਮ, ਰਜੋ ਤਮੋ ਸਤੋ ਵੰਡ ਨਾ ਕੋਇ ਵੰਡਾਇੰਦਾ । ਨਾ ਕੋਈ ਸੋਗ ਨਾ ਕੋਈ ਗ਼ਮ, ਦੁੱਖ ਸੁਖ ਨਾ ਕੋਇ ਪਰਨਾਇੰਦਾ । ਨਾ ਕੋਈ ਤਨ ਮਾਟੀ ਖ਼ਾਕ ਚੰਮ, ਚੰਮ ਦ੍ਰਿਸ਼ਟੀ ਨਾ ਵੇਖ ਵਖਾਇੰਦਾ । ਨਾ ਕੋਈ ਨੂਰ ਨੁਰਾਨਾ ਚਮਕੇ ਸੂਰਜ ਚੰਨ, ਮੰਡਲ ਮੰਡਪ ਵੰਡ ਨਾ ਕੋਇ ਵੰਡਾਇੰਦਾ । ਸੋ ਪੁਰਖ ਅਕਾਲ ਦੀਨ ਦਿਆਲ ਇਕੋ ਜਿਸ ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਧੰਨ ਧੰਨ, ਜਿਸ ਦੀ ਮਹਿੰਮਾ ਸਿਫ਼ਤ ਨਾ ਕੋਇ ਸਲਾਹਿੰਦਾ ।

### ✪ ੭ ਪੋਹ ਸ਼ਹਿਨਸ਼ਾਹੀ ਸੰਮਤ ੧ ਅਵਤਾਰ ਸਿੰਘ, ਹਜਾਰਾ ਸਿੰਘ ਦੇ ਗ੍ਰਹਿ ਪਿੰਡ ਕਾਂਓਕੇ ✪

ਨਿਰਗੁਣ ਰੂਪ ਭਗਤ ਦਾ ਭਾਓ, ਭਾਵ ਆਪਣਾ ਦਏ ਦ੍ਰਿੜਾਈਆ । ਅੰਤਰ ਆਤਮ ਸਾਚਾ ਚਾਓ, ਚਾਓ ਘਨੇਰਾ ਇਕ ਸਮਝਾਈਆ । ਸਾਚਾ ਮਾਰਗ ਦੱਸੇ ਰਾਹੋ, ਰਹਿਬਰ ਹੋ ਕੇ ਮੇਲ ਮਿਲਾਈਆ । ਨਾਮ ਨਿਧਾਨ ਜਣਾ ਕੇ ਨਾਉਂ, ਨਰ ਨਿਰੰਕਾਰ ਦਏ ਵਖਾਈਆ । ਭਾਗ ਸੁਹੰਜਣਾ ਕਰੇ ਗਾਂਉ, ਗਾਂਵ ਖੇੜਾ ਇਕੋ ਇਕ ਵਡਿਆਈਆ । ਜਿਸ ਨੂੰ ਗੋਬਿੰਦ ਕਿਹਾ ਵਾਹੋ ਵਾਹੋ, ਵਾਹ ਵਾਹ ਗੋਬਿੰਦ ਵੇਖ ਵਖਾਈਆ । ਸ਼ਾਹ ਪਾਤਸ਼ਾਹ ਬਣ ਕੇ ਸੱਚਾ ਸ਼ਾਹੋ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਬੇਪਰਵਾਹ ਅਗੰਮ ਅਥਾਹੋ, ਅਕਥ ਕਹਾਣੀ ਰਿਹਾ ਦ੍ਰਿੜਾਈਆ । ਆਤਮ ਪਰਮਾਤਮ ਕਰ ਵਿਆਹੋ, ਵਿਆਹ ਇਕੋ ਦਏ ਜਣਾਈਆ । ਧੁਰ ਦਾ ਬਣ ਕੇ ਪਿਤਾ ਮਾਉਂ, ਸਗਨ ਸਾਚਾ ਰਿਹਾ ਮਨਾਈਆ । ਪ੍ਰੇਮ ਪਿਆਰ ਪਕੜੇ ਬਾਹੋਂ, ਧਾਮ ਸੁਹੰਜਣੇ ਰਿਹਾ ਟਿਕਾਈਆ । ਅਰਸ਼ ਫ਼ਰਸ਼ ਦਾ ਕਰੇ ਨਿਆਉਂ, ਹੁਕਮ ਅਦਾਲਤ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਜਣ ਸੁਹੇਲਾ ਇਕ ਅਖਵਾਈਆ । ਨਿਰਗੁਣ ਜੋਤ ਸੂਰਾ ਸਰਬੰਗਿਆ, ਭਗਤ ਵਛਲ ਗਿਰਧਾਰ । ਆਦਿ ਜੁਗਾਦੀ ਸਾਚਾ ਸੰਗਿਆ, ਸਗਲਾ ਰੂਪ ਕਰਤਾਰ । ਦੇਵੇ ਦਾਨ ਨਾਮ ਅਣਮੰਗਿਆ, ਭਿੱਖਕ ਭਿਛਿਆ ਝੋਲੀ ਭਰੇ ਭੰਡਾਰ । ਕੂੜ ਕੁੜਿਆਰਾਂ ਕਰੇ ਚੰਗਿਆ, ਬੁਰਾਈਆਂ ਕੱਢੇ ਬਾਹਰ । ਪ੍ਰੇਮ ਪਿਆਰ ਦੇ ਅਨੰਦਿਆ, ਦੁਖੜਾ ਜਨਮ ਦਏ ਨਿਵਾਰ । ਕੂੜੀ ਕਿਰਿਆ ਕੱਢ ਕੇ ਗੰਦਿਆ, ਉਜਲ ਸਾਫ਼ ਕਰੇ ਸਿਰਜਣਹਾਰ । ਜਗਤ ਵਾਸਨਾ ਮੇਟੇ ਧੰਦਿਆ, ਧੰਦੂਕਾਰ ਨਾ ਰਹੇ ਗੁਬਾਰ । ਬਿਨਾ ਬੰਦਗੀ ਬਣਾ ਕੇ ਬੰਦਿਆ, ਬੰਧਨ ਤੋੜੇ ਸਰਬ ਸੰਸਾਰ । ਦੀਨ ਦਿਆਲ ਬਣ ਬਖ਼ਸ਼ੰਦਿਆ, ਬਖ਼ਸ਼ਿਸ਼ ਕਰੇ ਆਪ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਵਿਚਾਰ । ਨਿਰਗੁਣ ਜੋਤ ਜਗਤ ਜਹਾਨ, ਚੁਰਾਸੀ ਚਰਨ ਕਵਲ ਸਰਨਾਈਆ । ਆਤਮ ਪਰਮਾਤਮ ਸਰਬ ਧਿਆਨ, ਬ੍ਰਹਮ ਗਿਆਨ ਵਿਦਿਤ ਵਡਿਆਈਆ । ਸ਼ਬਦ ਨਿਧਾਨਾ ਨਾਮ ਨਿਧਾਨ, ਬੇਪਹਿਚਾਨ ਦਏ ਸਮਝਾਈਆ । ਕਲਮਿਉਂ ਬਾਹਰ ਕਰੇ ਕਲਿਆਣ, ਅਮਲਾਂ ਦਏ ਮਿਟਾਈਆ । ਫ਼ਜ਼ਲ ਕਰੇ ਰਹਿਮਾਨ, ਅਜ਼ਲ ਦਾ ਲੇਖ ਮੁਕਾਈਆ । ਗ੍ਰਹਿ ਮੰਦਰ ਜਗਾ ਕੇ ਸ਼ਮਾਂਦਾਨ, ਨੂਰ ਜਹੂਰ ਦਏ ਵਖਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਰੰਗ ਚੜ੍ਹਾਈਆ । ਨਿਰਗੁਣ ਜੋਤ ਜਨ ਮੇਲਾ ਸਗਲ, ਸਗਲੀ ਚਿੰਤ ਮਿਟਾਈਆ । ਗ੍ਰਿਹਿ ਮੰਦਰ ਅੰਦਰ ਮੰਗਲ, ਮੰਗਲਾਚਾਰ ਸ਼ਨਵਾਈਆ । ਪਰਭਾਸ ਲੇਖਾ ਚੁਕਾ ਕੇ ਜੰਗਲ, ਜਾਗਰਤ ਜੋਤ ਡਗਮਗਾਈਆ । ਸਾਚੀ ਦੱਸ ਨਮਸਤੇ ਬੰਦਨ, ਬੰਦਗੀ ਇਕ ਵਖਾਈਆ । ਪ੍ਰੇਮ ਪ੍ਰੀਤੀ ਦੇ ਕੇ ਪਰਮਾਨੰਦਨ, ਸੁਖਸਾਗਰ ਵਿਚ ਸਮਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮ ਕਰੇ ਨਾ ਕੋਈ ਉਲੰਘਣ, ਉਂਗਲੀਆਂ ਉਤੇ ਸਭ ਤੋਂ ਹਿਸਾਬ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰ ਵਡਿਆਈਆ । ਨਿਰਗੁਣ ਜੋਤ ਪਰਮ ਪੁਰਖ ਦੀ ਧਾਰ, ਪੱਪਾ ਪੂਰਨ ਦਏ ਵਡਿਆਈਆ । ਹੋੜਾ ਨਿਰਗੁਣ ਸਰਗੁਣ ਖੇਲ ਅਪਾਰ, ਹਾਹਾ ਹਰਿ ਜੂ ਰੂਪ ਵਟਾਈਆ । ਅੱਖਰਾਂ ਬਾਹਰ ਕਰੇ ਗੁਫ਼ਤਾਰ, ਸ਼ਬਦੀ ਸ਼ਬਦ ਸੁਣਾਈਆ । ਲਹਿਣਾ ਦੇਣਾ ਦੇਣ ਆਇਆ ਸੰਸਾਰ, ਦੇਵਣਹਾਰ ਵਡਿਆਈਆ । ਖ਼ਾਲੀ ਭਰੀ ਜਾਏ ਭੰਡਾਰ, ਭਾਂਡਾ ਭਰਮ ਭਉ ਮਿਟਾਈਆ । ਭਗਤ ਸੁਹੇਲੇ ਸੱਜਣ ਸਾਹਿਬ ਉਠਾਲ, ਉਠ ਉਠ ਆਪਣਾ ਰੰਗ ਰੰਗਾਈਆ । ਸਚ ਘਰ ਗ੍ਰਿਹਿ ਮੰਦਰ ਸਵਾਮੀ ਬਣਾ ਕੇ ਸੱਚੇ ਬਾਲ, ਬਾਲ ਉਪਦੇਸ਼ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸੱਜਣ ਸਾਚੇ ਭਾਲ, ਭਲੀ ਭਲੀ ਤਰ੍ਹਾਂ ਪਾਰ ਲੰਘਾਈਆ ।

### ✪ ੮ ਪੋਹ ਸ਼ਹਿਨਸ਼ਾਹੀ ਸੰਮਤ ੧ ਨਰਾਇਣ ਸਿੰਘ ਦੇ ਗ੍ਰਿਹਿ ਪਿੰਡ ਗੁਮਾਨਪੁਰਾ ਜ਼ਿਲਾ ਅੰਮ੍ਰਿਤਸਰ ✪



ਪੋਹ ਕਹੇ ਮੈਂ ਪਰਮ ਪੁਰਖ ਦੀ ਤੱਕੀ ਪਦਵੀ, ਪਾਰਬ੍ਰਹਮ ਪਤਿਪਰਮੇਸ਼ਵਰ ਨਜ਼ਰੀ ਆਈਆ । ਜਿਸ ਦਾ ਸਜਦਾ ਸੀਸ ਜਗਦੀਸ਼ ਇਕੋ ਅਦਬੀ, ਅੱਲਾ ਤਆਲਾ ਜਲਵਾ ਨੂਰ ਨੂਰ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਝੁਕਦੇ ਕ਼ਦਮੀ, ਚਰਨ ਕਵਲ ਸਰਨਾਈ ਸਰਬ ਵਖਾਈਆ । ਲੇਖਾ ਜਾਣੇ ਆਦਿ ਜੁਗਾਦਿ ਅਦਮੀ, ਅਦਲ ਅਦਾਲਤ ਇਕੋ ਇਕ ਸੁਹਾਈਆ । ਜੁਗ ਚੌਕੜੀ ਕਰਨਹਾਰਾ ਬਦਲੀ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਹੁਕਮੇਂ ਅੰਦਰ ਫਿਰਾਈਆ । ਨਿਰਗੁਣ ਸਰਗੁਣ ਧਾਰ ਪੰਧ ਮੁਕਾਵੇ ਮੰਜ਼ਲੋ ਮਜ਼ਲੀ, ਮੰਜ਼ਲ ਆਪਣੀ ਚੜ੍ਹ ਕੇ ਖ਼ੁਸ਼ੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਸੇਵ ਕਮਾਈਆ । ਪੋਹ ਕਹੇ ਮੈਂ ਵੇਖਿਆ ਕ਼ੁਦਰਤ ਦਾ ਕ਼ਾਦਰ, ਗਹਿਰ ਗੰਭੀਰ ਇਕੋ ਨਜ਼ਰੀ ਆਈਆ । ਜੋਧਾ ਸੂਰਬੀਰ ਬਹਾਦਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਏਥੇ ਓਥੇ ਇਕੋ ਆਦਲ, ਇਨਸਾਫ਼ ਇਕੋ ਦਏ ਸਮਝਾਈਆ । ਲਹਿਣਾ ਜਾਣੇ ਮਕ਼ਤੂਲ ਕ਼ਾਤਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਪੋਹ ਕਹੇ ਮੈਂ ਵੇਖਿਆ ਖੇਲ ਅਗੰਮ ਅਥਾਹ, ਬਿਨ ਅੱਖਾਂ ਨਜ਼ਰੀ ਆਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਸਿਫ਼ਤ ਕਰਕੇ ਗਏ ਸਲਾਹ, ਸ਼ਾਸਤਰ ਸਿਮਰਤ ਵੇਦ ਪੁਰਾਨਾਂ ਅੰਤਰ ਜਸ ਗਾਈਆ । ਸੋ ਕਰਨੀ ਦਾ ਕਰਤਾ ਨਿਰਗੁਣ ਜੋਤ ਕਰੇ ਰੁਸ਼ਨਾ, ਸਵੱਛ ਸਰੂਪੀ ਆਪਣਾ ਰੂਪ ਪਰਗਟਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਬਣੇ ਮਲਾਹ, ਭਗਤ ਭਗਵੰਤ ਲਏ ਉਠਾਈਆ । ਜਿਸ ਦਾ ਢੋਲਾ ਭਵਿਖਤਾਂ ਵਿਚ ਗਏ ਗਾ, ਰਾਗਾਂ ਨਾਦਾਂ ਤਾਲ ਵਜਾਈਆ । ਸਜਦਿਆਂ ਵਿਚ ਸੀਸ ਗਏ ਨਿਵਾ, ਡੰਡਾਵਤ ਬੰਦਨਾ ਚਰਨ ਸਰਨਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜੋਤੀ ਜਾਤਾ

ਗਿਆ ਆ, ਆਮਦ ਆਪਣੀ ਫੇਰਾ ਪਾਈਆ । ਜਿਸ ਦੇ ਅਗੇ ਦੋਏ ਜੋੜ ਮੰਗਦੇ ਗਏ ਦੁਆ, ਦੋਹਰੀ ਧਾਰ ਰਿਹਾ ਵਖਾਈਆ । ਮਨ ਮਤ ਬੁਧ ਜਿਸ ਨੂੰ ਸਮਝ ਨਾ ਸਕੇ ਰਾ, ਜਗਤ ਵਿਦਿਆ ਨਾ ਕੋਇ ਵਡਿਆਈਆ । ਚਾਰ ਕੁੰਟ ਦਹਿ ਦਿਸ਼ਾ ਜਿਸ ਨੂੰ ਲੱਭਦੇ ਥਾਉਂ ਥਾਂ, ਖੋਜਣਹਾਰ ਸਰਬ ਲੋਕਾਈਆ । ਸੋ ਸਾਹਿਬ ਸਮਰਥ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ, ਸਚ ਦਵਾਰਾ ਇਕ ਸੁਹਾਈਆ । ਜਲ ਥਲ ਮਹੀਅਲ ਛੱਡ ਜਗਤ ਅਸਗਾਹ, ਟਿੱਲੇ ਪਰਬਤ ਆਇਆ ਤਜਾਈਆ । ਗ੍ਰਿਹ ਮੰਦਰ ਇਕ ਵੜਿਆ, ਸੰਬਲ ਆਪਣਾ ਚਰਨ ਟਿਕਾਈਆ । ਗੋਬਿੰਦ ਲਹਿਣਾ ਰਿਹਾ ਚੁਕਾ, ਲੇਖਾ ਧੁਰ ਦਾ ਆਪ ਵਰਤਾਈਆ । ਭਗਤ ਸੁਹੇਲੇ ਰਿਹਾ ਉਠਾ, ਗੁਰ ਚੇਲੇ ਜੋੜ ਜੁੜਾਈਆ । ਵਿਸ਼ਨ ਬ੍ਰਹਮਾ ਸ਼ਿਵ ਰਿਹਾ ਹਿਲਾ, ਤ੍ਰੈ ਪੰਜ ਨਿੰਦਰਾ ਦਏ ਖੁਲ੍ਹਾਈਆ । ਵੇਲਾ ਵਕਤ ਰਿਹਾ ਵਡਿਆ, ਵਡ ਵੱਡਾ ਨੂਰ ਖ਼ੁਦਾਈਆ । ਲੇਖਾ ਜਾਣੇ ਦੋ ਜਹਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਰਿਹਾ ਦ੍ਰਿੜਾਈਆ । ਪੋਹ ਕਹੇ ਮੈਂ ਵੇਖਿਆ ਦੂਰ ਦੁਰਾਡਾ ਨੇੜੇ, ਘਰ ਸੱਜਣ ਨਜ਼ਰੀ ਆਈਆ । ਜੋ ਜੁਗ ਚੌਕੜੀ ਭਗਤਾਂ ਬੰਨ੍ਹੇ ਬੇੜੇ, ਸੰਤ ਸੁਹੇਲੇ ਗੋਦ ਉਠਾਈਆ । ਝਗੜੇ ਚੁਕਾਏ ਤੇਰੇ ਮੇਰੇ, ਹੰ ਬ੍ਰਹਮ ਇਕ ਸਮਝਾਈਆ । ਕੂੜੀ ਕਿਰਿਆ ਮੇਟ ਅੰਧੇਰੇ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਇਕੋ ਰੰਗ ਰੰਗਾਏ ਗੁਰੂ ਗੁਰ ਚੇਰੇ, ਚੇਲਾ ਗੁਰ ਇਕੋ ਰੰਗ ਸਮਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਕਾਇਆ ਵਸਿਆ ਸਾਢੇ ਤਿੰਨ ਹੱਥ ਖੇੜੇ, ਮੰਦਰ ਸੋਹਣਾ ਇਕ ਸਮਝਾਈਆ । ਮਨ ਮਤ ਬੁਧ ਰਹਿਣ ਨਾ ਦੇਵੇ ਝੂਠੇ ਝੇੜੇ, ਝਗੜਾ ਅਵਰ ਨਾ ਕੋਇ ਲੜਾਈਆ । ਭਗਤਾਂ ਦੇਵੇ ਚਾਓ ਘਨੇਰੇ, ਆਸਾ ਮਨਸਾ ਪੂਰ ਵਖਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਸੱਜਣ ਥੋੜ੍ਹੇ ਬਥੇਰੇ, ਜੋ ਪ੍ਰਭ ਨੂੰ ਮਿਲ ਕੇ ਪ੍ਰਭ ਦੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੀ ਰਿਹਾ ਸਮਝਾਈਆ । ਪੋਹ ਕਹੇ ਮੈਂ ਵੇਖਿਆ ਪਰਮ ਪੁਰਖ ਦਾ ਰੰਗ, ਬਿਨ ਅੱਖਰਾਂ ਨਜ਼ਰੀ ਆਈਆ । ਜਨ ਭਗਤਾਂ ਬਣਿਆ ਸੰਗ, ਸਗਲਾ ਮੀਤ ਸਹਿਜ ਸੁਖਦਾਈਆ । ਘਰ ਆਤਮ ਵਜਾ ਮਰਦੰਗ, ਧੁੰਨ ਅਨਾਦੀ ਨਾਦ ਸੁਣਾਈਆ । ਸੇਜ ਸੁਹਾਵਣੀ ਕਰ ਪਲੰਘ, ਗ੍ਰਿਹ ਬੈਠਾ ਡੇਰਾ ਲਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਦੇ ਅਨੰਦ, ਅਨੰਦ ਆਤਮ ਰਿਹਾ ਵਖਾਈਆ । ਬਿਨਾ ਸੂਰਜ ਚੰਨ ਚਾੜ੍ਹ ਕੇ ਚੰਦ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਤਮ ਪਰਮਾਤਮ ਨਾਤਾ ਗੰਢ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਧੁਰ ਦਾ ਢੋਲਾ ਸੁਣਾ ਕੇ ਛੰਦ, ਨਿਰਅੱਖਰ ਕਰੇ ਪੜ੍ਹਾਈਆ । ਚਾਰੇ ਖਾਣੀ ਚਾਰੇ ਬਾਣੀ ਮੁਕਾ ਕੇ ਪੰਧ, ਪਰਾ ਪਸੰਤੀ ਮਧਮ ਬੈਖਰੀ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਇਕ ਵਡਿਆਈਆ । ਪੋਹ ਕਹੇ ਮੈਂ ਵੇਖਿਆ ਪਰਮ ਪੁਰਖ ਪ੍ਰਭ ਗਹਿਰ ਗੰਭੀਰ, ਬੇਨਜ਼ੀਰ ਨਜ਼ਰੀ ਆਇੰਦਾ । ਜਿਸ ਦਾ ਰਾਹ ਤੱਕਦੇ ਗੁਰ ਅਵਤਾਰ ਪੈਗ਼ੰਬਰ ਪੀਰ, ਸੋ ਭਗਤ ਭਗਵਾਨ ਖੇਲ ਖਿਲਾਇੰਦਾ । ਜਿਸ ਦੀ ਸ਼ਰਅ ਸਮਝ ਨਾ ਸਕੇ ਕੋਇ ਜ਼ੰਜੀਰ, ਸ਼ਰੀਅਤ ਵੰਡ ਨਾ ਕੋਇ ਵੰਡਾਇੰਦਾ । ਜਿਸ ਦੀ ਮੁਸੱਵਰ ਖਿਚ ਨਾ ਸਕੇ ਕੋਇ ਤਸਵੀਰ, ਤਸਬੀ ਮਾਲਾ ਨਾ ਗਲ ਲਟਕਾਇੰਦਾ । ਜਿਸ ਨੂੰ ਲੱਭਦੇ ਸ਼ਾਹ ਹਕੀਰ, ਪਾਤਸ਼ਾਹ ਆਪਣਾ ਵੇਸ ਵਟਾਇੰਦਾ । ਜਿਸ ਨੂੰ ਸਜਦਾ ਕਰੇ ਕਬੀਰ, ਕਾਇਆ ਕਾਅਬਾ ਸੋਭਾ ਪਾਇੰਦਾ । ਜਿਸ ਦੀ ਨਾਮ ਅਗੰਮੀ ਸਭ ਤੋਂ ਵੱਖਰੀ ਤਦਬੀਰ, ਤਕਰੀਰ ਹੱਕੋ ਹੱਕ ਸੁਣਾਇੰਦਾ । ਜਿਸ ਦੀ ਮੰਜ਼ਲ ਚੋਟੀ ਇਕ ਅਖ਼ੀਰ, ਸਚਖੰਡ ਦਵਾਰੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਖਿਲਾਇੰਦਾ । ਪੋਹ ਕਹੇ ਮੈਂ ਆਪਣਾ ਦੱਸਾਂ ਮਹੀਨਾ ਪੋਹ, ਪਰਮ ਪੁਰਖ ਦਿਤੀ ਵਡਿਆਈਆ । ਸੰਮਤ ਸ਼ਹਿਨਸ਼ਾਹ ਲੱਗੀ ਲੋ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਨੈਣ ਨੈਣ ਅੱਖ ਖੁਲ੍ਹਾਈਆ । ਪੜਦਾ ਲਾਹ ਕੇ ਸੋਹੰ ਸੋ, ਸੋਹਣਾ ਹੁਕਮ ਦੇਣਾ ਸੁਣਾਈਆ । ਹੰ ਬ੍ਰਹਮ ਕਰੇ ਨਾ ਕੋਈ ਧ੍ਰੋਹ, ਧਰੂ ਪ੍ਰਹਿਲਾਦ ਦੇਣ ਦੁਹਾਈਆ । ਕਲਜੁਗ ਕੂੜੀ ਕਿਰਿਆ ਜਿਸ ਨੇ ਲੈਣੀ ਖੋਹ, ਚਾਰ ਕੁੰਟ ਕਰ ਰੁਸ਼ਨਾਈਆ । ਜਨ ਭਗਤਾਂ ਦੇਵੇ ਢੋਆ ਢੋ, ਨਾਮ ਅਮੋਲਾ ਝੋਲੀ ਪਾਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਦੇਣਾ ਚੋ, ਰਸ ਇਕੋ ਇਕ ਵਖਾਈਆ । ਪੰਜ ਤਤ ਕੂੜੀ ਕਿਰਿਆ ਅੰਦਰੋਂ ਕੱਢਣਾ ਗਰੋਹ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਜਾਣਾ ਛੋਹ, ਮਿਲ ਮਿਲ ਆਪਣਾ ਰੰਗ ਵਖਾਈਆ । ਹਰਿ ਕਾ ਖੇਲ ਨਾ ਜਾਣੇ ਕੋ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਧਾਰ ਚਲਦੀ ਰਹਿਣੀ ਦੋ, ਗੁਰ ਅਵਤਾਰ ਪੈਗ਼ੰਬਰ ਢੋਲਾ ਸੋਹਲਾ ਜਗਤ ਸੁਣਾਈਆ । ਅੰਤ ਕੰਤ ਭਗਵੰਤ ਸ੍ਰੀ ਭਗਵਾਨ ਇਕੋ ਜੋਤ ਸਰੂਪੀ ਆਇਆ ਹੋ, ਹੋਕਾ ਸ਼ਬਦੀ ਨਾਮ ਸੁਣਾਈਆ । ਸਭ ਤੋਂ ਉਤਮ ਸ੍ਰੇਸ਼ਟ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦਾ ਅੰਤ ਅਖੀਰੀ ਛੱਬੀ ਪੋਹ, ਜਿਸ ਦੀ ਵਦੀ ਸੁਦੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਪੋਹ ਕਹੇ ਮੈਂ ਜੁਗ ਚੌਕੜੀ ਵੇਖਦਾ ਆਇਆ ਸੰਤ, ਗੁਰ ਅਵਤਾਰ ਪੈਗ਼ੰਬਰ ਗਏ ਮਨਾਈਆ । ਪੁਰਖ ਅਕਾਲ ਅਗੇ ਸਾਰੇ ਕਰਦੇ ਗਏ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਸਿੱਧੀ ਕਿਸੇ ਨਾ ਕੀਤੀ ਹਿੰਮਤ, ਫੜ ਬਾਹੋਂ ਸਾਚੇ ਧਾਮ ਦਏ ਬਹਾਈਆ । ਦੀਨ ਮਜ਼੍ਹਬ ਜਾਤ ਪਾਤ ਨਿੱਕੀ ਨਿੱਕੀ ਵੰਡਦੇ ਗਏ ਸਿੰਮਤ, ਸਮਾਂ ਭਾਣੇ ਵਿਚ ਬਿਤਾਈਆ । ਪ੍ਰਭ ਦੀ ਯਾਦ ਵਿਚ ਕਿਸੇ ਦੀ ਦੂਰ ਨਾ ਹੋਈ ਚਿੰਨਤ, ਚਿੰਤਾ ਵਿਚ ਸਾਰੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪੋਹ ਕਹੇ ਮੈਂ ਵੇਖਿਆ ਜੁਗ ਚੌਕੜੀ ਚਾਰ, ਚਾਰ ਚਾਰ ਧਾਰ ਖਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਹੁਕਮੇ ਸੇਵਾਦਾਰ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਗੁਰ ਅਵਤਾਰ ਪੈਗ਼ੰਬਰ ਵੇਖੇ ਪਨਹਾਰ, ਦਰ ਠਾਂਡੇ ਸੀਸ ਝੁਕਾਈਆ । ਭਿਛਿਆ ਮੰਗਦੇ ਵਾਰੋ ਵਾਰ, ਖ਼ਾਲੀ ਝੋਲੀ ਅਗੇ ਡਾਹੀਆ । ਡੰਡੌਤ ਬੰਦਨਾ ਸਜਦੇ ਅਗੰਮ ਅਪਾਰ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ । ਨਾਮ ਕਲਮਾ ਰਸਨਾ ਜਿਹਵਾ ਬੱਤੀ ਦੰਦ ਉਚਾਰ, ਤੂੰ ਹੀ ਤੂੰ ਹੀ ਰਾਗ ਅਲਾਈਆ । ਰਾਗਾਂ ਨਾਦਾਂ ਵਿਚ ਪਾਇਆ ਨਾ ਕਿਸੇ ਸ਼ੁਮਾਰ, ਅੰਤ ਕਹਿਣ ਵਿਚ ਅੰਤ ਨਾ ਕੋਇ ਜਣਾਈਆ । ਕਰਿਆ ਖੇਲ ਆਪ ਨਿਰੰਕਾਰ, ਨਿਰਗੁਣ ਸਰਗੁਣ ਹੁਕਮ ਵਰਤਾਈਆ । ਸ਼ਬਦ ਸੰਦੇਸ਼ਾ ਦੇ ਵਿਚ ਸੰਸਾਰ, ਲੋਕਮਾਤ ਕਰੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਚ ਸਵਾਮੀ ਅੰਤਰਜਾਮੀ ਪੁਰਖ ਬਿਧਾਤਾ ਅਗੰਮ ਅਥਾਹ ਬੇਪਰਵਾਹ ਸ਼ਹਿਨਸ਼ਾਹ ਕ਼ੁਦਰਤ ਦੀ ਕ਼ਾਦਰ ਖ਼ਲਕ ਦਾ ਖ਼ਾਲਕ ਧੁਰ ਦਾ ਮਾਲਕ ਬੇਨਜ਼ੀਰ, ਮੁਕਾਮੇ ਹੱਕ ਨਜ਼ਰੀ ਆਈਆ । ਪੋਹ ਕਹੇ ਮੈਂ ਵੇਖਿਆ ਜਨ ਭਗਤਾਂ ਦਾ ਯਾਰ, ਮੁਬੀਨ ਇਕੋ ਨਜ਼ਰੀ ਆਇੰਦਾ । ਜਿਸ ਦੇ ਪੈਗ਼ੰਬਰ ਖ਼ਿਦਮਤਗਾਰ, ਸੇਵਾ ਇਕੋ ਇਕ ਸਮਝਾਇੰਦਾ । ਜਿਸ ਦਾ ਦਰ ਸੋਹਣਾ ਦਰਬਾਰ, ਦਰਵਾਜ਼ਾ ਨਜ਼ਰ ਕਿਸੇ ਨਾ ਆਇੰਦਾ । ਸੋ ਦਾਤਾ ਦਾਨੀ ਖੇਲ ਕਰੇ ਅਗੰਮ ਅਪਾਰ, ਬੇਪਰਵਾਹ ਅਗੰਮ ਅਥਾਹ ਆਪਣੀ ਕਾਰ ਕਮਾਇੰਦਾ । ਜੁਗ ਚੌਕੜੀ ਨਿਤ ਨਵਿਤ

ਆਏ ਵੇਸ ਵਟਾ, ਭੇਖਾਧਾਰੀ ਆਪਣਾ ਭੇਖ ਆਪਣੇ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਇੰਦਾ । ਛੱਬੀ ਪੋਹ ਕਹੇ ਮੈਂ ਔਣਾ ਲੋਕਮਾਤ ਜਗਤ, ਜੁਗ ਜੁਗ ਜੀਵਣ ਦਾਤਾ ਦਏ ਵਡਿਆਈਆ । ਸੰਤ ਸੁਹੇਲੇ ਉਠਾਉਣੇ ਭਗਤ, ਭਗਵਨ ਆਪਣਾ ਰੰਗ ਰੰਗਾਈਆ । ਮਾਣ ਦਵਾ ਕੇ ਧੁਰ ਦੀ ਸੰਗਤ, ਹਰਿ ਸਤਿਗੁਰ ਵਿਚ ਸਮਾਈਆ । ਲੇਖਾ ਚੁਕਾ ਕੇ ਲਹਿਣਾ ਦੇਣਾ ਅੰਤ, ਅੰਤਸ਼ਕਰਨ ਸਭ ਦਾ ਵੇਖ ਵਖਾਈਆ । ਸਚ ਬਣਾਉਣੇ ਸਾਚੇ ਸੰਤ, ਸਾਚਾ ਮਾਰਗ ਇਕ ਦ੍ਰਿੜਾਈਆ । ਸੋਈ ਸੁਰਤ ਮਿਲਾਉਣਾ ਕੰਤ, ਆਤਮ ਪਰਮਾਤਮ ਜੋੜ ਜੁੜਾਈਆ । ਗੜ੍ਹ ਤੋੜਨਾ ਹਉਮੇ ਹੰਗਤ, ਹੰ ਬ੍ਰਹਮ ਇਕ ਵਖਾਈਆ । ਗੁਰਮੁਖ ਬਣਾਉਣਾ ਬੋਧ ਅਗਾਧਾ ਪੰਡਤ, ਬਿਨ ਵਿਦਿਆ ਕਰੇ ਪੜ੍ਹਾਈਆ । ਲੇਖਾ ਚੁਕਾਉਣਾ ਪੰਜ ਪੰਕਜ, ਪਰਮ ਪੁਰਖ ਬਖ਼ਸ਼ਣੀ ਇਕ ਸਰਨਾਈਆ । ਝਗੜਾ ਮੁਕਣਾ ਬਹਿਸ਼ਤ ਜੰਨਤ, ਸਵਰਗ ਚਰਨਾਂ ਹੇਠ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਸ਼ਬਦ ਅਨਾਮੀ ਇਕੋ ਘਰ ਵਖਾਈਆ । ਪੋਹ ਕਹੇ ਮੈਂ ਵੇਖੀ ਪਰਮ ਪੁਰਖ ਦੀ ਰੀਤ, ਜੁਗ ਚੌਕੜੀ ਧਿਆਨ ਲਗਾਈਆ । ਜੋ ਬੈਠਾ ਸਦਾ ਧਾਮ ਅਨਡੀਠ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਨਿਰਵੈਰ ਹੋ ਰਹੇ ਅਤੀਤ, ਤ੍ਰੈਗੁਣ ਵਿਚ ਨਾ ਕੋਇ ਸਮਾਈਆ । ਵੰਡ ਕਰੇ ਨਾ ਮੰਦਰ ਮਸੀਤ, ਸ਼ਿਵਦਵਾਲਾ ਮਠ ਨਾ ਕੋਇ ਬਣਾਈਆ । ਜਿਸਦਾ ਹੁਕਮ ਫ਼ਰਮਾਨਾ ਸ਼ਬਦ ਅਨਾਦੀ ਇਕੋ ਗੀਤ, ਦੋ ਜਹਾਨ ਕਰੇ ਪੜ੍ਹਾਈਆ । ਸੋ ਭਗਤਾਂ ਤਨ ਮਾਟੀ ਕਰੇ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਪ੍ਰੀਤਮ ਹੋ ਕੇ ਵਸੇ ਚੀਤ, ਮਨ ਚਿਤ ਵਿਤ ਠਗੌਰੀ ਕੋਇ ਨਾ ਪਾਈਆ ।



ਸਾਚੀ ਭਿਖਿਆ ਝੋਲੀ ਪਾਵੇ ਭੀਖ, ਨਾਮ ਨਿਧਾਨਾ ਇਕ ਦ੍ਰਿੜਾਈਆ । ਧੁਰ ਦਾ ਕਲਮਾ ਦੱਸੇ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਜਿਸ ਨੇ ਪਿਛਲਾ ਸਮਾਂ ਚੁਕਾਇਆ ਬੀਸ ਇਕੀਸ, ਪੂਰਬ ਲੇਖਾ ਵੇਖ ਵਖਾਈਆ । ਸੋ ਖੇਲ ਕਰੇ ਜਗਦੀਸ਼, ਜਗਤ ਜੁਗ ਦਏ ਵਡਿਆਈਆ । ਜਿਸ ਦੇ ਸੀਸ ਤੇ ਸਿਰ ਤੋਂ ਬਿਨਾ ਝੁਲਣਾ ਸੀਸ, ਸੀਸ ਬਿਨ ਜਗਦੀਸ਼ ਸੋਭਾ ਪਾਈਆ । ਜਿਸ ਦੀ ਚਾਰ ਜੁਗ ਕਰਦੇ ਰਹੇ ਤਮਹੀਦ, ਸਿਫ਼ਤਾਂ ਵਿਚ ਸਾਲਾਹੀਆ । ਗੁਰ ਅਵਤਾਰ ਪੈਗ਼ੰਬਰ ਕਰ ਕੇ ਗਏ ਉਮੀਦ, ਆਸਾ ਵਿਚ ਧਿਆਨ ਵਧਾਈਆ । ਸੋ ਪੁਰਖ ਅਕਾਲ ਦੀਨ ਦਿਆਲ ਆਪਣਾ ਖੇਲ ਕਰੇ ਠੀਕ, ਠਾਕਰ ਹੋ ਕੇ ਫੇਰਾ ਪਾਈਆ । ਜਿਸ ਦੀ ਧਾਰ ਜਗਤ ਬਾਰੀਕ, ਸਮਝ ਸਕੇ ਕੋਇ ਨਾ ਰਾਈਆ । ਚੌਦਾਂ ਵਿਦਿਆ ਚੌਦਾਂ ਲੋਕ ਚੌਦਾਂ ਤਬਕ ਜਿਸ ਦੀ ਕਰਨ ਤਾਅਰੀਫ਼, ਤਰਾਨਿਆਂ ਵਿਚ ਰਾਗ ਅਲਾਈਆ । ਸੋ ਪੁਰਖ ਅਕਾਲਾ ਜਨ ਭਗਤਾਂ ਕੱਟਣਹਾਰਾ ਤਕਲੀਫ਼, ਮੁਰਸ਼ਦ ਮੁਰੀਦਾਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪੋਹ ਕਹੇ ਮੈਂ ਸੰਮਤ ਸ਼ਹਿਨਸ਼ਾਹੀ ਵਿਚ ਆਇਆ ਪਹਿਲੀ ਵਾਰ, ਵਾਰਤਾ ਪਿਛਲੀ ਦਿਆਂ ਜਣਾਈਆ । ਸ੍ਰੀ ਭਗਵਾਨ ਦਾ ਤੱਕ ਦਰਬਾਰ, ਦਰ ਦਵਾਰੇ ਸਾਰੇ ਗਿਆ ਭੁਲਾਈਆ । ਹਕ਼ੀਕਤ ਹਕ ਵੇਖਿਆ ਯਾਰ, ਜੋ ਯਾਰਾਨਾ ਆਦਿ ਜੁਗਾਦਿ ਜੁਗ ਚੌਕੜੀ ਤੋੜ ਨਿਭਾਈਆ । ਭਗਤਾਂ ਸੰਤਾਂ ਨਾਲ ਕਰੇ ਸਚ ਪਿਆਰ, ਪ੍ਰੀਤਮ ਹੋ ਕੇ ਪ੍ਰੇਮ ਵਖਾਈਆ । ਬਣਤ ਬਣਾ ਕੇ ਸਰਬ ਸੰਸਾਰ, ਘਰ ਘਰ ਬੈਠਾ ਮੁਖ ਛੁਪਾਈਆ । ਕਲਜੁਗ ਅੰਤਮ ਖੇਲ ਨਿਆਰ, ਨਿਰਗੁਣ ਨਿਰਵੈਰ ਨਿਰਾਕਾਰ ਰਿਹਾ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਜ਼ਿਮੀਂ ਅਸਮਾਨ, ਜਿਸ ਦੀ ਕਰੇ ਨਾ ਕੋਇ ਵਿਚਾਰ, ਬੁੱਧੀਵਾਨ ਨਾ ਕੋਇ ਚਤੁਰਾਈਆ ।

ਸੋ ਲਹਿਣਾ ਦੇਣਾ ਲੇਖਾ ਜਾਣੇ ਸਰਬ ਸੰਸਾਰ, ਵਡ ਸੰਸਾਰੀ ਬੇਪਰਵਾਹੀਆ । ਕਲ ਕਲਕੀ ਲੈ ਅਵਤਾਰ, ਜੋਤੀ ਜਾਤਾ ਹੋ ਉਜਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਭਗਤ ਵਛਲ ਗਿਰਵਰ ਗਿਰਧਾਰ, ਸੰਤ ਸੁਹੇਲਾ ਸਹਿਜ ਸੁਖਦਾਈਆ । ਪੂਰਬ ਜਨਮ ਲਹਿਣਾ ਦੇਣਾ ਕ਼ਰਜ਼ਾ ਦਏ ਉਤਾਰ, ਮਕਰੂਜ਼ ਆਪਣੀ ਸੇਵ ਕਮਾਈਆ । ਬਿਨ ਸ਼ਬਦ ਕਰੇ ਗੁਫ਼ਤਾਰ, ਦੀਦ ਈਦ ਚੰਦ ਰੁਸ਼ਨਾਈਆ । ਸਨਮੁਖ ਹੋ ਕੇ ਦਏ ਦੀਦਾਰ, ਭਗਤ ਸੁਹੇਲੇ ਮੇਲ ਮਿਲਾਈਆ । ਜਿਸ ਦਾ ਲੇਖਾ ਲਿਖਣ ਪੜ੍ਹਣ ਤੋਂ ਬਾਹਰ, ਕ਼ਲਮ ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਭਗਤਾਂ ਮਿਲਿਆ ਆਣ, ਆਨਨ ਫ਼ਾਨਨ ਆਪਣਾ ਲੇਖਾ ਦਏ ਦ੍ਰਿੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਨਜ਼ਰੀ ਆਈਆ । ਪੋਹ ਕਹੇ ਮੈਂ ਪਰਮ ਪੁਰਖ ਦਾ ਇਕੋ ਅੱਖਰ ਪੜ੍ਹਿਆ, ਪੜ੍ਹ ਪੜ੍ਹ ਵੱਜੀ ਵਧਾਈਆ । ਮੈਂ ਮੰਜ਼ਲ ਅਗੰਮੀ ਚੜ੍ਹਿਆ, ਜਿਥੇ ਦੂਜਾ ਨਜ਼ਰ ਕੋਇ ਨਾ ਆਈਆ । ਦਰਸ਼ਨ ਕਰ ਕੇ ਮੇਰਾ ਮੇਰੇ ਵਿਚੋਂ ਠਰਿਆ, ਅਗਨੀ ਤਤ ਰਿਹਾ ਨਾ ਰਾਈਆ । ਸਚ ਸਰਨਾਈ ਸਰਨੀ ਪੜਿਆ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ । ਪਰਮ ਪੁਰਖ ਪਰਮਾਤਮ ਕਿਰਪਾ ਕਰ ਕੇ ਆਪ ਆਪਣੇ ਜਿਹਾ ਕਰਿਆ, ਏਕਾ ਦੂਜਾ ਭੌ ਚੁਕਾਈਆ । ਮੈਂ ਬਿਨ ਨਈਆ ਨੌਕਾ ਝੂਠਾ ਜਹਾਨ ਪਾਰ ਕਰਿਆ, ਦੋ ਜਹਾਨ ਅਧਵਿਚਕਾਰ ਨਾ ਕੋਇ ਅਟਕਾਈਆ । ਅਗੇ ਜਾ ਕੇ ਜਨ ਭਗਤਾਂ ਪੱਲੂ ਫੜਿਆ, ਗੰਢ ਆਪਣੇ ਨਾਲ ਪੁਆਈਆ । ਨਾ ਜੀਵਤ ਨਾ ਕਦੇ ਮਰਿਆ, ਜੀਵਨ ਮਰਨ ਵਿਚ ਕਦੇ ਨਾ ਆਈਆ । ਸਚਖੰਡ ਦਵਾਰਾ ਵੇਖ ਕੇ ਸਾਚਾ ਘਰਿਆ, ਗ੍ਰਿਹਿ ਮੰਦਰ ਇਕੋ ਸੋਭਾ ਪਾਈਆ । ਜਿਥੇ ਬਿਨਾ ਤੇਲ ਬਾਤੀ ਦੀਪਕ ਬਲਿਆ, ਜੋਤੀ ਜੋਤ ਕਰੇ ਰੁਸ਼ਨਾਈਆ ।
੩੩ ੧੯
ਨਿਹਚਲ ਧਾਮ ਦਿਸੇ ਅਟੱਲਿਆ, ਅਛਲ ਅਛੱਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਰਨ ਸਰਨਾਈਆ । ਪੋਹ ਕਹੇ ਮੈਂ ਦੇਵਾਂ ਸਚ ਸੰਦੇਸ਼ਾ, ਸਭ ਨੂੰ ਰਿਹਾ ਸੁਣਾਈਆ । ਜਿਸ ਉਪਜਾਏ ਵਿਸ਼ਨ ਬ੍ਰਹਮ ਮਹੇਸ਼ਾ, ਕਾਇਆ ਤਤ ਦਿਤੀ ਵਡਿਆਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਧੁਰ ਦਾ ਨਰ ਨਰੇਸ਼ਾ, ਨਰ ਨਿਰੰਕਾਰ ਸੋਭਾ ਪਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਲਿਖੇ ਲੇਖਾ, ਅੰਜੀਲ ਕ਼ੁਰਾਨ ਦੇਣ ਦੁਹਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਦੇਂਦੇ ਗਏ ਸੰਦੇਸ਼ਾ, ਧੁਰ ਦਾ ਰਾਗ ਅਲਾਈਆ । ਸੋ ਧਾਰ ਕੇ ਆਇਆ ਅਗੰਮੀ ਵੇਸਾ, ਵੇਸ ਆਪਣਾ ਰਿਹਾ ਬਦਲਾਈਆ । ਜੋ ਜੁਗ ਚੌਕੜੀ ਰਹੇ ਹਮੇਸ਼ਾ, ਸਚਖੰਡ ਸਾਚੇ ਸੋਭਾ ਪਾਈਆ । ਜਨ ਭਗਤਾਂ ਖੋਲ੍ਹ ਕੇ ਆਪਣਾ ਭੇਤਾ, ਭੇਵ ਆਪਣਾ ਦਏ ਦ੍ਰਿੜ੍ਹਾਈਆ । ਆਤਮ ਪਰਮਾਤਮ ਬਣ ਕੇ ਨੇਤਾ, ਨਿਜ ਘਰ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਕਿਰਿਆ ਬਦਲ ਦੇਵੇ ਲੇਖਾ, ਰਿਸ਼ੀਆਂ ਮੁਨੀਆਂ . . . . . . . . . . . . . । ਪੋਹ ਕਹੇ ਮੈਂ ਤੱਕ ਕੇ ਨੂਰ ਨੁਰਾਨਾ, ਆਪਣੀ ਖ਼ੁਸ਼ੀ ਮਨਾਈਆ । ਢੋਲਾ ਗੀਤ ਗਾਵਾਂ ਇਕ ਤਰਾਨਾ, ਤੁਰੀਆ ਦਾ ਲੇਖਾ ਦਿਆਂ ਮਿਟਾਈਆ । ਝੁਲਾਵਾਂ ਇਕ ਨਿਸ਼ਾਨਾ, ਜੋ ਨਿਸ਼ਾਨਿਆਂ ਖ਼ਾਕ ਮਿਲਾਈਆ । ਵੇਖਾਂ ਇਕ ਰਾਜਾਨਾ, ਜੋ ਰਾਜਿਆਂ ਦਏ ਸਜ਼ਾਈਆ । ਵੇਖਾਂ ਇਕ ਭਗਵਾਨਾ, ਜੋ ਭਗਤਾਂ ਰਿਹਾ ਵਡਿਆਈਆ । ਵੇਖਾਂ ਇਕ ਮਕਾਨਾ, ਜਿਸ ਨੂੰ ਸਚਖੰਡ ਕਹਿ ਕੇ ਸਾਰੇ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਈਆ । ਪੋਹ ਕਹੇ ਮੈਂ ਤੱਕਿਆ ਉਹ ਪਾਰਬ੍ਰਹਮ, ਬ੍ਰਹਮਵੇਤਾ ਨਜ਼ਰੀ ਆਈਆ ।

ਜਿਸ ਦੀ ਨਾ ਕੋਇ ਜਾਤ ਪਾਤ ਨਾ ਧਰਮ, ਵਰਨ ਬਰਨ ਨਾ ਵੰਡ ਵੰਡਾਈਆ । ਜਿਸ ਨੂੰ ਬਖ਼ਸ਼ੇ ਸਦ ਆਪਣੀ ਸਰਨ, ਦੂਜਾ ਇਸ਼ਟ ਨਾ ਕੋਇ ਰਖਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਸੇਵਾ ਕਰਨ, ਸੋ ਸਵਾਮੀ ਸਾਹਿਬ ਸੁਖਦਾਈਆ । ਸੋ ਕਰਨੀ ਦਾ ਕਰਤਾ ਆਪਣੀ ਕਰਨੀ ਆਇਆ ਕਰਨ, ਕੁਦਰਤ ਦਾ ਕ਼ਾਦਰ ਖ਼ਲਕਤ ਵੇਖੇ ਨੂਰ ਅਲਾਹੀਆ । ਜਨ ਭਗਤਾਂ ਦੇ ਕੇ ਅਗੰਮੀ ਸਰਨ, ਸਰਨਗਤ ਇਕੋ ਇਕ ਸਮਝਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਆਇਆ ਫੜਨ, ਫੜ ਬਾਹੋਂ ਬਾਹਰ ਕਢਾਈਆ । ਗੋਬਿੰਦ ਦਾ ਪੂਰਾ ਕਰੇ ਪਰਨ, ਪਰਮ ਪੁਰਖ ਪ੍ਰਭ ਆਪਣਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਦਰ ਆਪਣੀ ਮੰਜ਼ਲ ਆਇਆ ਚੜ੍ਹਨ, ਮੰਜ਼ਲ ਪੈਂਡਾ ਨਾ ਕੋਇ ਵਖਾਈਆ ।

### ✪ ੯ ਪੋਹ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ✪

ਤੁਹਾਡੇ ਪੋਟਿਆਂ ਨਾਲ ਵੱਜ ਕੇ ਬੋਲੀ ਸਤਾਰ, ਸਤਿ ਅਸਤਿ ਦੋਵੇਂ ਰਾਗ ਅਲਾਈਆ । ਉਚੀ ਕੂਕ ਕਹੇ ਪੁਕਾਰ, ਸਦ ਹੋਕਾ ਇਕ ਅਲਾਈਆ । ਵਜਾਵਣਹਾਰੇ ਹੋ ਖ਼ਬਰਦਾਰ, ਬੇਖ਼ਬਰ ਖ਼ਬਰ ਦਿਆਂ ਜਣਾਈਆ । ਰੰਗ ਵੇਖ ਉਸ ਨਿਰੰਕਾਰ, ਜੋ ਨਿਰਗੁਣ ਨਿਰਵੈਰ ਸੱਚਾ ਸ਼ਹਿਨਸ਼ਾਹੀਆ । ਜਿਸ ਨੂੰ ਮੁਰੀਦ ਮੁਰਸ਼ਦ ਦੋਵੇਂ ਕਰਦੇ ਨਿਮਸਕਾਰ, ਬਿਨ ਕਾਅਬਿਉਂ ਸੀਸ ਝੁਕਾਈਆ । ਬੁੱਲ੍ਹਾ ਅਨਾਇਤ ਦੋਵੇਂ ਦਰ ਭਿਖਾਰ, ਖ਼ਾਲੀ ਝੋਲੀ ਰਹੇ ਭਰਾਈਆ ।
੩੪ ੧੯
ਜੋ ਦੇਵਣਹਾਰ ਸਰਬ ਸੰਸਾਰ, ਆਦਿ ਜੁਗਾਦਿ ਹੋਏ ਸਹਾਈਆ । ਉਸ ਦੀ ਸੁਣੀ ਅਗੰਮੀ ਗੁਫ਼ਤਾਰ, ਜੋ ਬਿਨਾ ਤੰਦ ਸਤਾਰ ਵਜਾਈਆ । ਮਿਲ ਉਸ ਅਨੋਖੇ ਯਾਰ, ਜੋ ਧੋਖਾ ਅਵਰ ਨਾ ਕੋਇ ਜਣਾਈਆ । ਜਿਸ ਦੀ ਅਲਿਫ਼ ਯੇ ਅੱਖਰ ਨਾ ਪਾਵਣ ਸਾਰ, ਵੰਡਣ ਵੰਡ ਨਾ ਕੋਇ ਵਖਾਈਆ । ਉਹ ਦਿਲਬਰ ਵੇਖ ਮੀਤ ਮੁਰਾਰ, ਮਨ ਵਾਸਨਾ ਦਏ ਝੁਕਾਈਆ । ਬਿਨਾ ਅੱਖਾਂ ਤੋਂ ਦਏ ਦੀਦਾਰ, ਅੱਖੀਆਂ ਦੀ ਲੋੜ ਰਹੇ ਨਾ ਰਾਈਆ । ਘਰ ਮੰਦਰ ਕਰੇ ਉਜਿਆਰ, ਕਾਇਆ ਮਾਟੀ ਸੋਭਾ ਪਾਈਆ । ਬਿਨ ਦੀਵੇ ਬਾਤੀ ਕਰ ਉਜਿਆਰ, ਕਮਲਾਪਾਤੀ ਜੋਤ ਕਰੇ ਰੁਸ਼ਨਾਈਆ । ਸਾਥੀ ਬਣ ਕੇ ਧੁਰ ਦਾ ਯਾਰ, ਸਚ ਦਵਾਰਾ ਦਏ ਵਖਾਈਆ । ਮੁਰਸ਼ਦ ਮਿਲੇ ਮੁਰਦਿਆਂ ਦਏ ਜੁਆਲ, ਮਰਨ ਦੀ ਲੋੜ ਰਹੇ ਨਾ ਰਾਈਆ । ਤਸਬੀ ਮਾਲਾ ਪੂਜਾ ਪਾਠ ਸਿਮਰਨ ਜੋਗ ਅਭਿਆਸ ਤੋਂ ਰਖੇ ਬਾਹਰ, ਤੀਰਥ ਤਟ ਇਸ਼ਨਾਨ ਨਾ ਕੋਇ ਕਰਾਈਆ । ਜਿਧਰ ਤੱਕਾਂ ਉਧਰ ਨਜ਼ਰੀ ਆਏ ਜਾਹਰ, ਜਹੂਰ ਨੂਰ ਆਪਣਾ ਦਏ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਤਾਰ ਰਿਹਾ ਦ੍ਰਿੜ੍ਹਾਈਆ । ਸਤਾਰ ਕਹੇ ਮੇਰੀ ਪੋਟੇ ਨਾਲ ਮਿਲੇ ਆਵਾਜ, ਉਂਗਲੀਆਂ ਭੱਜਣ ਵਾਹੋ ਦਾਹੀਆ । ਵਜਾਵਣ ਵਾਲੇ ਆਪਣੇ ਮੁਰਸ਼ਦ ਕੋਲੋਂ ਸਿਖ ਉਹ ਰਾਗ, ਜਿਸ ਦਾ ਸਬਕ ਅਵਰ ਨਾ ਕੋਇ ਪੜ੍ਹਾਈਆ । ਲੋੜ ਰਹੇ ਨਾ ਵੁਜ਼ੂ ਨਿਮਾਜ਼, ਸਜਦਿਆਂ ਵਿਚ ਨਾ ਸੀਸ ਝੁਕਾਈਆ । ਰਸਨਾ ਦੇਣੀ ਪਏ ਨਾ ਬਾਂਗ, ਕੰਨਾਂ ਵਿਚ ਉਂਗਲਾਂ ਨਾ ਕੋਇ ਰਖਾਈਆ । ਕੂੜਾ ਕਰਨਾ ਪਏ ਨਾ ਸਵਾਂਗ, ਭੇਖ ਧਾਰ ਨਾ ਬਣਖੰਡ ਲੱਭਣਾ ਪਏ ਥਾਉਂ ਥਾਈਂਆ । ਸਾਖਿਆਤ ਦੇਵੇ ਦਰਸ ਸਾਖਿਆਤ, ਬਿਨ ਈਦ ਦੀਦ ਚੰਦ ਕਰੇ ਰੁਸ਼ਨਾਈਆ । ਸਤਾਰ ਕਹੇ ਜਿਸ ਨੂੰ ਬੁੱਲ੍ਹੇ ਮੰਨਿਆ ਯਾਰ, ਓਸਦਾ ਖੁਲ੍ਹਾ ਸਦਾ ਦਰਬਾਰ, ਮੁੱਠੀ ਖ਼ਾਕ ਵੇਖੇ ਖ਼ਾਕਸਾਰ,

ਅਨਾਇਤ ਅਨਾਇਤ ਕਰੇ ਆਪ ਨਿਰੰਕਾਰ, ਮਿਹਰ ਨਜ਼ਰ ਨਜ਼ਰ ਉਠਾਈਆ । ਸਤਾਰ ਕਹੇ ਮੇਰਾ ਸੁਣਦੇ ਸਰਬ ਸੰਦੇਸ਼, ਗੀਤ ਰਸਨਾ ਨਾਲ ਅਲਾਈਆ । ਵਜਾਵਣ ਵਾਲੇ ਜ਼ਰਾ ਸੱਚੀ ਮੁਰਸ਼ਦ ਨਾਲ ਕਰਕੇ ਵੇਖ ਪ੍ਰੀਤ, ਪ੍ਰੀਤਮ ਤੇਰੇ ਅੰਦਰੋਂ ਨਜ਼ਰੀ ਆਈਆ । ਜਿਸ ਦੀ ਕਲਮਿਆਂ ਤੋਂ ਬਾਹਰ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਸੂਫ਼ੀਆਂ ਦੱਸੇ ਰੀਤ, ਪੈਗੰਬਰਾਂ ਕਰੇ ਸ਼ਨਵਾਈਆ । ਲੇਖਾ ਚੁਕਾ ਕੇ ਦੰਦ ਬਤੀਸ, ਜਿਹਵਾ ਜ਼ਬਾਨ ਕਲਾਮ ਨਾ ਕੋਇ ਸਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਤਾਰ ਢੰਡੋਰਾ ਰਿਹਾ ਲਗਾਈਆ । ਸਤਾਰ ਕਹੇ ਮੈਂ ਉਚੀ ਕੂਕ ਕੂਕ ਦੇਵਾਂ ਹੋਕਾ, ਆਪ ਆਪਣਾ ਰਾਗ ਬਦਲਾਈਆ । ਮੁਰਸ਼ਦ ਲੱਭੇ ਨਾ ਕਿਸੇ ਵਿਚੋਂ ਚੌਦਾਂ ਲੋਕਾ, ਚੌਦਾਂ ਤਬਕ ਦੇਣ ਦੁਹਾਈਆ । ਜਿਨ੍ਹਾਂ ਨੂੰ ਪਰਵਰਦਿਗਾਰ ਸਾਂਝਾ ਯਾਰ ਪਰਮ ਪੁਰਖ ਪਰਮਾਤਮ ਆਤਮ ਮਿਲਣ ਦਾ ਆਪ ਦੇਵੇ ਮੌਕਾ, ਮੁਕੰਮਲ ਆਪਣੀ ਦਇਆ ਕਮਾਈਆ । ਓਹ ਗੁਰਮੁਖ ਜਗਤ ਵਿਕਾਰ ਵਿਚ ਕਦੇ ਨਾ ਖਾਵੇ ਧੋਖਾ, ਕੂੜੀ ਕਿਰਿਆ ਵਿਚ ਕਦੇ ਨਾ ਆਈਆ । ਉਸ ਨੂੰ ਧੁਰ ਦਾ ਮਾਲਕ ਮੁਰਸ਼ਦ ਮਿਲ ਜਾਏ ਸੌਖਾ, ਮੁਰੀਦ ਆਪਣੇ ਲਏ ਬਣਾਈਆ । ਰਹਿਣ ਦੇਵੇ ਜਨਮ ਕਰਮ ਦਾ ਨਾ ਕੋਇ ਰੋਸਾ, ਰੁਸਿਆਂ ਗੋਦ ਉਠਾਈਆ । ਤਨ ਵਜੂਦ ਲੇਖੇ ਲਾ ਕੇ ਜੁਸਾ, ਜਿਸਮ ਜ਼ਮੀਰ ਦਏ ਬਦਲਾਈਆ । ਬੁੱਲ੍ਹੇ ਵਾਂਗ ਅੰਦਰੋਂ ਮਿਟਾ ਕੇ ਗ਼ੁੱਸਾ, ਗੁਸਲ ਕਰਾ ਕੇ ਅੰਦਰ ਮੁਸਲਮਾਨੀ ਵਿਚੋਂ ਬਾਹਰ ਕਢਾਈਆ । ਭੇਵ ਰਹੇ ਕੋਇ ਨਾ ਦੂਜਾ, ਇਕੋ ਏਕ ਨਜ਼ਰੀ ਆਈਆ । ਜਿਸ ਦਾ ਸ਼ਬਦ ਇਸ਼ਾਰਾ ਗੁਝਾ, ਰਮਜ਼ ਹੱਕ ਹੱਕ ਸੁਣਾਈਆ । ਸਤਾਰ ਕਹੇ ਸਤਾਰ ਵਜਾਉਣ ਵਾਲੇ ਉਹਨਾਂ ਦਾ ਪੈਂਡਾ ਮੁੱਕਾ, ਜਿਨ੍ਹਾਂ ਨੂੰ ਮੁਕੰਮਲ ਮੁਰਸ਼ਦ ਮਿਲਿਆ ਬੇਪਰਵਾਹੀਆ । ਸਤਾਰ ਕਹੇ ਸੁੱਤਾ ਉਠ, ਨਿਜ ਨੇਤਰ ਨੈਣ ਅੱਖ ਖੁਲ੍ਹਾਈਆ । ਜੇ ਮੁਰਸ਼ਦ ਤੇਰਾ ਤੇਰੇ ਉਤੇ ਜਾਏ
੩੫ ੧੯ ਤੁਠ, ਅਣਮੰਗੀ, ਦੌਲਤ ਝੋਲੀ ਪਾਈਆ । ਕੋਈ ਪੜਦਾ ਓਹਲਾ ਰਹੇ ਨਾ ਲੁਕ, ਬਜਰ ਕਪਾਟੀ ਕੁੰਡਾ ਲਾਹੀਆ । ਅੰਮ੍ਰਿਤ ਆਤਮ ਜਾਮ ਪਿਆ ਕੇ ਘੁਟ, ਸਚ ਖ਼ੁਮਾਰੀ ਦਏ ਚੜ੍ਹਾਈਆ । ਮਨ ਵਾਸਨਾ ਜਗਤ ਵਿਕਾਰ ਅੰਦਰੋਂ ਕੱਢੇ ਕੁੱਟ, ਹੁਕਮੇ ਕਰੇ ਸਫ਼ਾਈਆ । ਸਾਢੇ ਤਿੰਨ ਹੱਥ ਅੰਦਰ ਸੁਹਾਏ ਮੌਲੇ ਸਾਚੀ ਰੁੱਤ, ਪੱਤ ਡਾਲੀ ਆਪ ਮਹਿਕਾਈਆ । ਸਹਿਜ ਸੁਭਾਉ ਬਿਨ ਹੱਥਾਂ ਬਾਹਾਂ ਮੁਰਸ਼ਦ ਮੁਰੀਦ ਲਏ ਚੁਕ, ਗੋਰ ਕ਼ਬਰ ਵਿਚੋਂ ਕਢਾਈਆ । ਸਤਾਰ ਕਹੇ ਜੇ ਮਾਲਕ ਹੋ ਜਾਏ ਖ਼ੁਸ਼, ਫੇਰ ਤਸਬੀ ਮਾਲਾ ਦੀ ਲੋੜ ਰਹੇ ਨਾ ਰਾਈਆ । ਸਤਾਰ ਕਹੇ ਮੈਂ ਉਂਗਲਾਂ ਨਾਲ ਰਹੀ ਵੱਜ, ਵਜ੍ਹਾ ਸਭ ਨੂੰ ਰਹੀ ਬਤਲਾਈਆ । ਕ਼ਦਮੇ ਮੁਰਸ਼ਦ ਮੁਰੀਦਾਂ ਹੱਜ, ਮੱਕਾ ਕਾਅਬਾ ਹੱਜ ਕੰਮ ਕਿਸੇ ਨਾ ਆਈਆ । ਜਿਨ੍ਹਾਂ ਦੇ ਅੰਦਰ ਆਪਣੇ ਨਾਮ ਦੀ ਸੱਚੀ ਦਿਤੀ ਸਦ, ਢੋਲਾ ਤੂੰ ਹੀ ਤੂੰ ਹੀ ਗਾਈਆ । ਓਹ ਮੰਜ਼ਲ ਪਾਰ ਕਰ ਗਏ ਹਦ, ਲਿਖਣ ਪੜ੍ਹਨ ਦਾ ਲੇਖਾ ਗਏ ਮੁਕਾਈਆ । ਮੁਕਾਮੇ ਹੱਕ ਦਰਸ਼ਨ ਕਰਨ ਰੱਜ, ਮਹਿਬੂਬ ਇਕੋ ਨਜ਼ਰੀ ਆਈਆ । ਸਤਾਰ ਕਹੇ ਬੇਸ਼ਕ ਬੁੱਲ੍ਹੇ ਦੇ ਸਾਰੇ ਗਾਉਂਦੇ ਛੰਦ, ਸ਼ਹਿਨਸ਼ਾਹ ਮਿਲ ਕੇ ਖ਼ੁਸ਼ੀ ਨਾ ਕੋਇ ਮਨਾਈਆ । ਸਤਾਰ ਕਹੇ ਮੈਨੂੰ ਖ਼ੁਸ਼ੀ ਹੋਈ ਅੱਜ, ਕਹਾਣੀ ਆਪਣੀ ਰਹੀ ਸੁਣਾਈਆ । ਮੇਰੀ ਪੁਕਾਰ ਕਹੇ ਰਗ ਰਗ, ਤਾਰ ਤਾਰ ਦਏ ਦੁਹਾਈਆ । ਕਿੱਲੀ ਮਰੋੜਾ ਦੇਵੇ ਨੱਪ ਨੱਪ, ਪਾਸਾ ਰਹੀ ਬਦਲਾਈਆ । ਅੰਦਰ ਖ਼ਾਲੀ ਖ਼ੁਸ਼ੀਆਂ ਨਾਲ ਕਿਹਾ ਹੱਸ, ਹਸਤੀ ਆਪਣੀ ਰਿਹਾ ਬਦਲਾਈਆ । ਸੇਵਾ ਕਰਦੇ ਵੇਖੇ ਦੋਵੇਂ ਹੱਥ, ਉਪਰ ਨੀਚੇ ਭੱਜਣ ਵਾਹੋ ਦਾਹੀਆ । ਕੱਲੇ ਨਾਲ ਰਹੀ ਸਜ, ਸੱਜਣ ਮਿਲ ਕੇ ਮਿਲੀ ਵਡਿਆਈਆ । ਮਸਤੀ ਵੇਖ ਖ਼ੁਮਾਰੀ ਅੱਖ, ਅੱਖੀਆਂ ਗਈ ਬਦਲਾਈਆ । ਸਤਾਰ ਕਹੇ ਜਿੰਨਾ ਚਿਰ ਧੁਰ ਦਾ ਮੁਰਸ਼ਦ ਅੰਤਰ ਆਤਮ ਨਾ ਕਰਾਵੇ ਆਪਣਾ ਹੱਜ, ਹਾਜਤ ਪੂਰ ਨਾ ਕੋਇ ਕਰਾਈਆ ।

ਮੈਂ ਉਹਨਾਂ ਨੂੰ ਰਹੀ ਸੱਦ, ਸੱਦੇ ਦੇਵਾਂ ਥਾਉਂ ਥਾਈਂਆ । ਜਿਹੜੇ ਬਿਰਹੋਂ ਵਿਛੋੜੇ ਵਿਚ ਰਹੇ ਦਗ਼, ਆਪ ਆਪਣਾ ਗਏ ਮਿਟਾਈਆ । ਲੱਖ ਚੁਰਾਸੀ ਵਿਚੋਂ ਉਹਨਾਂ ਲੱਭ, ਫੜ ਰਹੀ ਉਠਾਈਆ । ਉਠੋ ਵੇਖੋ ਇਕੱਠੇ ਹੋ ਕੇ ਸਭ, ਸਤਿ ਇਕੋ ਦਿਆਂ ਵਖਾਈਆ । ਜਿਥੇ ਨਾਮ ਪਿਆਲਾ ਮਿਲੇ ਧੁਰ ਦੀ ਮਦਿ, ਮੈਖ਼ਾਨੇ ਵੱਜੇ ਵਧਾਈਆ । ਭਗਤ ਸੰਤ ਸੂਫ਼ੀ ਪੀਣ ਰੱਜ, ਸਾਕੀ ਇਕੋ ਰਿਹਾ ਵਰਤਾਈਆ । ਬੁੱਲੇ ਵਰਗੇ ਚਰਨੀ ਰਹੇ ਢੱਠ, ਸਿਰ ਉਪਰ ਨਾ ਕੋਇ ਉਠਾਈਆ । ਸ਼ਬਦ ਅਗੰਮੀ ਵੱਜੇ ਨਦ, ਤੂੰ ਹੀ ਤੂੰ ਹੀ ਰਾਗ ਸੁਣਾਈਆ । ਨਿਰਗੁਣ ਜੋਤ ਦੀਪਕ ਰਿਹਾ ਜਗ, ਤੇਲ ਬਾਤੀ ਵੰਡ ਨਾ ਕੋਇ ਵੰਡਾਈਆ । ਬਿਨਾ ਚਾਰ ਦੀਵਾਰੀ ਧੁਰ ਦਾ ਹੱਜ, ਮਹਿਰਾਬ ਅਹਿਬਾਬ ਨਾ ਕੋਇ ਵਖਾਈਆ । ਜਿਹੜੇ ਮੁਰਸ਼ਦ ਤੋਂ ਹੋਏ ਅਲੱਗ, ਤਿੰਨ੍ਹਾਂ ਮਿਲੇ ਕੋਇ ਨਾ ਥਾਈਂਆ । ਜੋ ਚਰਨੀ ਗਏ ਢੱਠ, ਤਿੰਨ੍ਹਾਂ ਡਿਗਿਆਂ ਗਲੇ ਲਗਾਈਆ । ਸਤਾਰ ਕਹੇ ਮੈਂ ਹੋ ਕੇ ਬੇਵਸ, ਉਚੀ ਕੂਕ ਕੂਕ ਕੁਰਲਾਈਆ । ਗੁਰਮੁਖੋ ਪ੍ਰਭੂ ਦੇ ਪਿਆਰ ਅੰਦਰ ਜਾਓ ਫਸ, ਫਾਂਸੀ ਗਲ ਦੀ ਲਵੋ ਕਟਾਈਆ । ਮੇਰੀ ਫੇਰ ਪੂਰੀ ਹੋਵੇ ਆਸ, ਆਹਿਸਤਾ ਆਹਿਸਤਾ ਦਿਆਂ ਸੁਣਾਈਆ । ਜੇ ਵਜਾਵਣ ਵਾਲੇ ਤੈਨੂੰ ਜਾਏ ਕੁਝ ਭਾਸ, ਭਾਂਡਾ ਭਰਮ ਭੌ ਭੰਨਾਈਆ । ਫੇਰ ਮੇਲਾ ਹੋ ਜਾਏ ਨਾਲ ਪੁਰਖ ਅਬਿਨਾਸ਼, ਜਨਮ ਮਰਨ ਦੀ ਲੋੜ ਰਹੇ ਨਾ ਜਾਈਆ । ਕਿਉਂ ਤੂੰ ਮੇਰਾ ਦਿਤਾ ਸਾਥ, ਮੈਂ ਤੇਰੀ ਦਿਆਂ ਗਵਾਹੀਆ । ਉਹਨਾਂ ਤੋਂ ਸਿਖ ਲੈ ਜਾਚ, ਜੋ ਜਾਚਕ ਹੋ ਕੇ ਪ੍ਰਭ ਦੀ ਸੇਵ ਕਮਾਈਆ । ਜਿਨ੍ਹਾਂ ਪੜ੍ਹੀ ਨਹੀਂ ਕੋਈ ਕਿਤਾਬ, ਕੁਤਬਖ਼ਾਨੇ ਨਾ ਫੋਲ ਫੁਲਾਈਆ । ਇਕੋ ਵੇਖ ਕੇ ਹੱਕ ਜਨਾਬ, ਹੁਕਮ ਵਿਚ ਚਲਣ ਚਾਈਂ ਚਾਈਂਆ । ਮੈਂ ਓਸ ਦੀ ਹੋਵਾਂ ਸਦਾ ਮੁਹਤਾਜ, ਦਰ ਦਵਾਰੇ ਅਲਖ ਜਗਾਈਆ । ਜਿਸ ਗੁਰ ਅਵਤਾਰ ਪੈਗ਼ੰਬਰ ਦਿਤੇ ਸਾਜ, ਕਲਮਾ ਨਾਮ ਕਰੇ ਪੜ੍ਹਾਈਆ । ਉਸ ਦਾ ਗ੍ਰਿਹਿ ਇਕ ਆਬਾਦ, ਦਵਾਰ ਸਾਚਾ ਨਜ਼ਰੀ ਆਈਆ । ਜਿਸ ਦੀ ਬੁੱਲ੍ਹੇ ਸ਼ਾਹ ਬਿਨਾ ਬੁੱਲਾਂ ਤੋਂ ਕਰਦਾ ਗਿਆ ਯਾਦ, ਅੰਦਰੇ ਅੰਦਰ ਆਸ ਰਖਾਈਆ । ਸੋ ਮੁਰਸ਼ਦ ਸਾਖਿਆਤ, ਸਖੀਆਂ ਦਾ ਕਾਹਨ ਸਭ ਦਾ ਮਾਲਕ ਸਵਾਮੀ ਖੇਲ ਖਿਲਾਈਆ । ਮਿਹਰ ਨਜ਼ਰ ਨਾਲ ਮੁਹੱਬਤ ਦੇਵੇ ਦਾਤ, ਸੋਹਬਤ ਜਗਤ ਵਡਿਆਈਆ । ਮਨ ਸ਼ਿਕਵੇ ਦੂਰ ਕਰੇ ਭਰਮ ਭਰਾਂਤ, ਭੈ ਭੌ ਦੇਵੇ ਚੁਕਾਈਆ । ਸਤਾਰ ਕਹੇ ਉਸਦੇ ਕੋਲੋਂ ਕੁਝ ਲੈ ਕੇ ਜਾਈਏ ਸੁਗਾਤ, ਜੋ ਸੁਖ ਸਾਗਰ ਵਿਚ ਸਮਾਈਆ । ਮੈਨੂੰ ਸਭ ਤੋਂ ਵੱਖਰੀ ਨਜ਼ਰ ਆਈ ਪਰਭਾਤ, ਸੁਬਹ ਸਵੇਰ ਵੱਜੀ ਵਧਾਈਆ । ਮਿਲ ਸਵਾਮੀ ਸੱਜਣ ਕਮਪਾਲਾਤ, ਪੱਤਨ ਵੇਖ ਪਤਰਾ ਦਿਤਾ ਉਲਟਾਈਆ । ਮੈਂ ਤੰਦ ਸਤਾਰ ਹੋ ਕੇ ਪੰਜਾਂ ਤੱਤਾਂ ਦੇ ਮਾਲਕ ਤੈਨੂੰ ਰਹੀ ਆਖ, ਮੁਰਸ਼ਦ ਖ਼ਾਲਸ ਖ਼ਾਲਸ ਇਕੋ ਨਜ਼ਰੀ ਆਈਆ । ਸਤਾਰ ਕਹੇ ਜਿਸ ਵੇਲੇ ਉਂਗਲੀ ਮੈਨੂੰ ਲੱਗੇ ਤੁਰਤ, ਨਾਤਾ ਮੇਰੇ ਨਾਲ ਜੁੜਾਈਆ । ਮੇਰੀ ਖੁਲ੍ਹੀ ਅੰਦਰੋਂ ਸੁਰਤ, ਸੁਤੀ ਲਈ ਅੰਗੜਾਈਆ । ਨਜ਼ਰ ਆਈ ਅਕਾਲ ਮੂਰਤ, ਮੁਰਸ਼ਦ ਬੇਪਰਵਾਹੀਆ । ਜਿਸਦੀ ਦੱਸ ਨਾ ਸਕੇ ਕੋਇ ਸੂਰਤ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸਦਾ ਨਾਮ ਨਿਧਾਨ ਅਗੰਮੀ ਤੂਰਤ, ਤੁਰੀਆ ਦਏ ਦੁਹਾਈਆ । ਸੋ ਸਰਬ ਕਲਾ ਭਰਪੂਰਤ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹੇ ਸ਼ਹਿਨਸ਼ਾਹੀਆ । ਨਾ ਨੇੜੇ ਨਾ ਦੂਰਤ, ਘਰ ਘਰ ਡੇਰਾ ਲਾਈਆ । ਚਰਨ ਚਰਨਾਮਤ ਦੇਵੇ ਸੱਚੀ ਧੂੜਤ, ਧੁਰ ਟਿੱਕਾ ਮਸਤਕ ਖ਼ਾਕ ਰਮਾਈਆ । ਚੋਲੀ ਰੰਗ ਚੜ੍ਹਾਵੇ ਗੂੜ੍ਹਤ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਲੇਖੇ ਲਾਏ ਦਰ ਆਏ ਮੂਰਖ ਮੂੜ੍ਹਤ, ਅੰਧ ਅਗਿਆਨ ਦਏ ਮਿਟਾਈਆ । ਸਤਾਰ ਕਹੇ ਜਿਸ ਮੁਰਸ਼ਦ ਕੋਲੋਂ ਪੂਰੀ ਹੋਵੇ ਜ਼ਰੂਰਤ, ਉਹ ਮੁਰਸ਼ਦ ਸੱਚਾ ਬੇਪਰਵਾਹੀਆ । ਆਪਣੇ ਜਨਮ ਦੀ ਜਨਮ ਵਿਚੋਂ ਕਰਾ ਲਵਾਂ ਮਹੂਰਤ, ਘੜੀ


੩੬
੧੯

ਪਲ ਵੇਲਾ ਵਕਤ ਸੋਹਣਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਭਗਤਾਂ ਨੂਰਤ, ਨੂਰ ਨੁਰਾਨਾ ਘਰ ਗ੍ਰਹਿ ਕਰੇ ਰੁਸ਼ਨਾਈਆ । ਬੇਪਰਵਾਹ ਸ਼ਿਕਵਾ ਕੱਢੇ ਸ਼ਕੂਕ, ਸ਼ੱਕ ਰਹਿਣ ਕੋਇ ਨਾ ਪਾਈਆ । ਮੁਰੀਦਾਂ ਮੁਰਸ਼ਦ ਦੇਵੇ ਹਕੂਕ, ਵਸਤ ਅਮੋਲਕ ਆਪ ਵਰਤਾਈਆ । ਜ਼ਰਾ ਆਸ਼ਕ ਨਾਲ ਬਣ ਕੇ ਵੇਖੇ ਮਾਸ਼ੂਕ, ਮੁਸ਼ਕਲ ਸਾਰੀ ਹਲ ਕਰਾਈਆ । ਬਿਨਾ ਅਲਫ਼ ਯੇ ਤੋਂ ਪੜ੍ਹਾਵੇ ਉਹ ਹਰੂਫ਼, ਜਿਸ ਦੀ ਚੌਦਾਂ ਵਿਦਿਆ ਸਮਝ ਨਾ ਕੋਇ ਸਮਝਾਈਆ । ਇਕ ਪ੍ਰੇਮ ਪਿਆਰ ਮੁਹੱਬਤ ਵਿਚ ਕਰੇ ਮਸਰੂਫ਼, ਦੂਜੀ ਅੱਖ ਨਾ ਕੋਇ ਖੁਲ੍ਹਾਈਆ । ਭਾਗ ਲਗਾ ਕੇ ਕਾਇਆ ਕਾਅਬੇ ਕਲਬੂਤ, ਪੜਦਾ ਓਹਲਾ ਦਏ ਉਠਾਈਆ । ਹਰਿ ਸਵਾਮੀ ਮਿਲੇ ਮਹਿਬੂਬ, ਮੁਹੱਬਤ ਆਪਣੀ ਇਕ ਜਣਾਈਆ । ਮਹੱਲ ਅਟਲ ਦੱਸ ਉਚ ਅਰਸ਼ ਅਰੂਜ਼, ਸਚ ਦਵਾਰਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਬੇਪਰਵਾਹੀ ਵਿਚ ਮਿਲਾਈਆ । ਬੇਪਰਵਾਹ ਰਹਿਣ ਨਾ ਦੇਵੇ ਸ਼ੱਕ, ਸ਼ਕਾਇਤ ਨਜ਼ਰ ਕੋਇ ਨਾ ਆਈਆ । ਹਕੀਕਤ ਵਿਚੋਂ ਦੇਵੇ ਹੱਕ, ਹਿਕਮਤ ਆਪਣੀ ਨਾਲ ਆਪਣਾ ਰੰਗ ਚੜ੍ਹਾਈਆ । ਆਪਣੇ ਮਿਲਣ ਦੀ ਖੋਲ੍ਹੇ ਉਹ ਅੱਖ, ਜਲਵਾ ਨੂਰ ਕਰੇ ਰੁਸ਼ਨਾਈਆ । ਜਿਸ ਨਾਲ ਮੁਰੀਦ ਸਦਾ ਮੁਰਸ਼ਦ ਨੂੰ ਲਏ ਤੱਕ, ਬਾਹਰੋਂ ਲੱਭਣ ਦੀ ਲੋੜ ਰਹੇ ਨਾ ਰਾਈਆ । ਭਠਿਆਰਾ ਬਣ ਕੇ ਝੋਕਣਾ ਪਏ ਨਾ ਭੱਠ, ਜੰਗਲ ਜੂਹ ਨਾ ਕੋਇ ਫਿਰਾਈਆ । ਲੇਖਾ ਚੁਕਾ ਕੇ ਤਤ ਅੱਠ, ਨੌ ਦਵਾਰੇ ਡੇਰਾ ਦੇਵੇ ਢਾਹੀਆ । ਘਰ ਸੱਜਣ ਸਵਾਮੀ ਮਿਲ ਕੇ ਪਏ ਹੱਸ, ਹਸਤੀ ਵਿਚੋਂ ਹਸਤੀ ਦਏ ਵਖਾਈਆ । ਜਿਸ ਦਾ ਸੁਰੰਗੀ ਸਿਤਾਰ ਉਂਗਲਾ ਮੁਖ ਜ਼ਬਾਨ ਨਾਲ ਮਿਲ ਕੇ ਗਾਵੇ ਜਸ, ਮਨ ਮਤ ਬੁਧ ਸਿਫ਼ਤ ਸਾਲਾਹੀਆ । ਉਹ ਮੁਰਸ਼ਦ ਮੁਰੀਦਾਂ ਅੰਦਰ ਸਦਾ ਰਿਹਾ ਵਸ, ਵਾਸਤਾ ਆਪਣੇ ਨਾਲ ਰਖਾਈਆ । ਬੇਪਰਵਾਹ ਆਪਣੀ ਬੇਪਰਵਾਹੀ ਵਿਚੋਂ ਲਵੇ ਲੱਭ, ਨਵ ਸੱਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਾਣੇ ਸਭ ਕੇ ਸੁਹੱਬ, ਹਬੀਬ ਰਕੀਬ ਤਬੀਬ ਜ਼ਜੀਬ ਅਜਬ ਅਜੂਬ ਅਜੈ ਆਪਣੀ ਕਾਰ ਕਮਾਈਆ ।

## ੧੦ ਪੋਹ ਸ਼ਹਿਨਸ਼ਾਹੀ ਸੰਮਤ ੧ ਖੂਣ ਕੈਂਪ ਜੰਮੂ

ਧਰਨੀ ਧਰਤ ਧਵਲ ਕਹੇ ਮੋਹੇ ਖ਼ੁਸ਼ੀ ਮਹਾਨ, ਬਿਹਬਲ ਹੋ ਕੇ ਰਹੀ ਸੁਣਾਈਆ । ਕਿਰਪਾ ਕਰੀ ਸ੍ਰੀ ਭਗਵਾਨ, ਭਗਤ ਵਛਲ ਦਇਆ ਕਮਾਈਆ । ਪ੍ਰੇਮੀ ਪਿਆਰੇ ਵੇਖੇ ਆਣ, ਸੰਤ ਸੁਹੇਲੇ ਖੋਜ ਖੁਜਾਈਆ । ਅੰਤਰ ਆਤਮ ਦੇ ਕੇ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਦ੍ਰਿੜਾਈਆ । ਨਾਤਾ ਤੋੜ ਕੇ ਕੂੜ ਜਹਾਨ, ਆਤਮ ਪਰਮਾਤਮ ਲਿਆ ਜੁੜਾਈਆ । ਸ਼ਬਦ ਅਨਾਦ ਦੇ ਸੱਚੀ ਧੁੰਨਕਾਨ, ਅਨਹਦ ਰਾਗੀ ਰਾਗ ਸੁਣਾਈਆ । ਨਿਰਮਲ ਜੋਤੀ ਜੋਤ ਜਗੇ ਮਹਾਨ, ਨੂਰੋ ਨੂਰ ਨੂਰ ਰੁਸ਼ਨਾਈਆ । ਅੰਮ੍ਰਿਤ ਰਸ ਠਾਂਡਾ ਦਿਤਾ ਪੀਣ ਖਾਣ, ਜਗਤ ਤ੍ਰਿਸ਼ਨਾ ਅੱਗ ਬੁਝਾਈਆ । ਜੁਗ ਚੌਕੜੀ ਜਰਮ ਕਰਮ ਦੇ ਵਿਛੜੇ ਮੇਲੇ ਆਣ, ਲੱਖ ਚੁਰਾਸੀ ਪੰਧ ਰਿਹਾ ਮੁਕਾਈਆ । ਸ਼ਬਦ ਅਗੰਮੀ ਚੜ੍ਹਾ ਬਬਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਪਾਰ ਕਰਾਈਆ । ਧੁਰ ਦਾ ਦੇ ਕੇ ਨਾਮ ਨਿਧਾਨ, ਤੋਲਾ ਇਕੋ ਇਕ ਤੁਲਾਈਆ । ਚੌਦਾਂ ਵਿਦਿਆ ਨੈਣ ਸ਼ਰਮਾਨ, ਚੌਦਾਂ ਤਬਕ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸ਼ਰਨਾਈਆ । ਧਰਨੀ ਕਹੇ ਮੋਹੇ ਚਾਉ

ਘਨੇਰਾ, ਗ੍ਰਿਹ ਮੰਦਰ ਵੱਜੀ ਵਧਾਈਆ । ਘਰ ਠਾਕਰ ਸਵਾਮੀ ਮਿਲੇ ਮੇਰਾ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਕੂੜੀ ਕਿਰਿਆ ਮੇਟੇ ਅੰਧੇਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਭਾਗ ਲਗਾਏ ਸਾਚੇ ਖੇੜਾ, ਬੰਦ ਕਿਵਾੜੀ ਦਏ ਖੁਲ੍ਹਾਈਆ । ਭਰਮਾ ਢਾਏ ਡੇਰਾ, ਭੈ ਭੌ ਨਾ ਕੋਇ ਦ੍ਰਿੜਾਈਆ । ਨਜ਼ਰੀ ਆਵੇ ਨੇਰਨ ਨੇਰਾ, ਘਰ ਸਵਾਮੀ ਸੋਭਾ ਪਾਈਆ । ਸਤਿਜੁਗ ਤ੍ਰੇਤਾ ਦਆਪਰ ਵਿਛੋੜਾ ਕਟ ਲਿਆ ਬਥੇਰਾ, ਜੁਗ ਜੁਗ ਆਪਣਾ ਪੰਧ ਮੁਕਾਈਆ । ਦੀਨ ਦਿਆਲ ਠਾਕਰ ਕਿਰਪਾਲ ਸਚ ਸਵਾਮੀ ਆਪਣੀ ਕਰਨੀ ਮਿਹਰਾ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰ ਸੱਚੀ ਸਰਨਾਈਆ । ਧਰਨੀ ਕਹੇ ਮੇਰੇ ਉਤੇ ਹੱਸੇ ਤੰਬੂ, ਖ਼ੁਸ਼ੀਆਂ ਨਾਲ ਢੋਲਾ ਗਾਈਆ । ਭਾਗ ਲੱਗਾ ਦੇਸ਼ ਜੰਬੂ, ਸੱਤ ਦੀਪ ਵੱਜੀ ਵਧਾਈਆ । ਕਿਰਪਾ ਕਰੇ ਦੀਨਾਂਬੰਧੂ, ਬੰਧਨ ਭਗਤਾਂ ਰਿਹਾ ਤੁੜਾਈਆ । ਮਿਹਰਵਾਨ ਮਿਹਰ ਨਜ਼ਰ ਕਰੇ ਸਾਗਰ ਸਿੰਧੂ, ਗਹਿਰ ਗੰਭੀਰ ਫੇਰਾ ਪਾਈਆ । ਮਨ ਵਾਸਨਾ ਮੇਟੇ ਚਿੰਦੂ, ਚਿੰਤਾ ਗ਼ਮ ਨਾ ਕੋਇ ਰਖਾਈਆ । ਜਿਸ ਨੇ ਇਕੋ ਰੰਗ ਰੰਗਾਉਣਾ ਮੁਸਲਮ ਸਿੱਖ ਈਸਾਈ ਹਿੰਦੂ, ਹਿਰਦਾ ਹਰਿ ਹਰਿ ਵੇਖ ਵਖਾਈਆ । *ਜਿਸ ਨਾਮ ਨਿਧਾਨ ਹੋਏ ਨਾ ਨਿੰਦੂ,* ਚਾਰ ਵਰਨ ਅਠਾਰਾਂ ਬਰਨ ਕਰਨ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਧਰਨੀ ਕਹੇ ਮੈਂ ਬੋਲਾਂ ਸਚ ਜੈਕਾਰਾ, ਸਤਿ ਸਤਿਵਾਦੀ ਦਿਤੀ ਵਡਿਆਈਆ । ਜਨ ਭਗਤਾਂ ਮਿਲਿਆ ਮੀਤ ਮੁਰਾਰਾ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦਾ ਸੋਹਣਾ ਧੁਰ ਦਰਬਾਰਾ, ਦਰਗਾਹ ਸਾਚੀ ਵੱਜੇ ਵਧਾਈਆ । ਸੋ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਲੋਕਮਾਤ ਲਏ ਅਵਤਾਰਾ, ਜੋਤੀ ਜੋਤ ਕਰੇ ਰੁਸ਼ਨਾਈਆ । ਜਿਸ ਦੇ ਦਰ ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰਾ, ਸੁਰਪਤ ਇੰਦ ਕਰੋੜ ਤੇਤੀਸਾ ਸੀਸ ਝੁਕਾਈਆ । ਤੇਈ ਅਵਤਾਰ ਕਰਨ ਨਿਮਸਕਾਰਾ, ਨਮੋ ਨਮੋ ਰਹੇ ਜਣਾਈਆ । ਈਸਾ ਮੂਸਾ ਮੁਹੰਮਦ ਬਣ ਭਿਖਾਰਾ, ਸਜਦਿਆਂ ਵਿਚ ਸੀਸ ਝੁਕਾਈਆ । ਗੁਰ ਦਸ ਬੋਲ ਜੈਕਾਰਾ, ਤੂੰ ਹੀ ਤੂੰ ਹੀ ਰਾਗ ਅਲਾਈਆ । ਚਾਰੇ ਜੁਗ ਨੇਤਰ ਨੈਣ ਸ਼ਰਮਸਾਰਾ, ਅੱਖ ਪ੍ਰਤਖ ਨਾ ਕੋਇ ਉਠਾਈਆ । ਸੋ ਖੇਲ ਕਰੇ ਅਗੰਮ ਅਪਾਰਾ, ਅਲਖ ਅਗੋਚਰ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰਾ, ਅੰਜੀਲ ਕ਼ੁਰਾਨ ਖਾਣੀ ਬਾਣੀ ਦਏ ਦੁਹਾਈਆ । ਜੋ ਠਾਕਰ ਸਵਾਮੀ ਅੰਤਰਜਾਮੀ ਹਰ ਘਟ ਵਸਿਆ ਮੀਤ ਮੁਰਾਰਾ, ਪਤਿਪਰਮੇਸ਼ਵਰ ਪਾਰਬ੍ਰਹਮ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਫੇਰਾ ਪਾਈਆ । ਧਰਨੀ ਕਹੇ ਅੱਜ ਮੈਨੂੰ ਕਰੋ ਧਰਤ, ਧਵਲ ਮਿਲੀ ਵਡਿਆਈਆ । ਪੁਰਖ ਅਕਾਲਾ ਦੀਨ ਦਿਆਲਾ ਸਾਂਝਾ ਯਾਰ ਆਇਆ ਪਰਤ, ਪਰਵਰਦਿਗਾਰ ਨੂਰ ਖ਼ੁਦਾਈਆ । ਜਿਸ ਦਾ ਨੂਰ ਕਿਸੇ ਨਜ਼ਰ ਨਾ ਆਏ ਉਤੇ ਅਰਸ਼, ਨੈਣ ਨੈਣ ਨਾ ਕੋਈ ਮਿਲਾਈਆ । ਸੋ ਨਿਰਵੈਰ ਨਿਰਾਕਾਰ ਖੇਲ ਕਰੇ ਉਪਰ ਫ਼ਰਸ਼, ਭੇਵ ਅਭੇਦਾ ਰਿਹਾ ਖੁਲ੍ਹਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਦਰ ਘਰ ਸਾਚੇ ਸੋਭਾ ਪਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆ ਦਰਦੀਆਂ ਦੁੱਖ ਵੰਡੇ ਦਰਦ, ਦੀਨਾਂ ਅਨਾਥਾਂ ਹੋਏ ਸਹਾਈਆ । ਜਿਸ ਦੇ ਅਗੇ ਗੁਰ ਅਵਤਾਰ ਪੈਗ਼ੰਬਰ ਬੇਨੰਤੀ ਕਰਦੇ ਗਏ ਅਰਜ਼, ਡੰਡਾਵਤਾਂ ਵਿਚ ਸੀਸ ਝੁਕਾਈਆ । ਸੋ ਭਗਤ ਸੁਹੇਲਾ ਇਕ ਅਕੇਲਾ ਕਲਜੁਗ ਅੰਤਮ ਪੂਰੀ ਕਰੇ ਗ਼ਰਜ਼, ਭੇਵ ਅਭੇਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ

ਉਹਲਾ ਰਿਹਾ ਉਠਾਈਆ । ਧਰਤੀ ਕਹੇ ਮੇਰਾ ਵਕ਼ਤ ਸੁਹਜੰਣਾ, ਚਾਰੋਂ ਕੁੰਟ ਨਜ਼ਰੀ ਆਈਆ । ਮਿਲਿਆ ਪਰਮ ਪੁਰਖ ਪ੍ਰਭ ਆਦਿ ਨਿਰੰਜਣਾ, ਨਿਰਗੁਣ ਨਿਰਵੈਰ ਦਇਆ ਕਮਾਈਆ । ਭਗਤਨ ਮੀਤਾ ਧੁਰ ਦਾ ਸੱਜਣਾ, ਠਾਕਰ ਹੋ ਕੇ ਵੇਖ ਵਖਾਈਆ । ਜਿਸ ਇਥੇ ਓਥੇ ਦੋ ਜਹਾਨਾਂ ਪੜਦਾ ਕੱਜਣਾ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਜਿਸ ਦਾ ਇਕੋ ਸਜਦਾ ਹਿਕੋ ਬੰਦਨਾ, ਨਮਸਤੇ ਇਕੋ ਰਿਹਾ ਸਿਖਾਈਆ । ਸਾਚਾ ਦੇਵੇ ਅੰਤਰ ਆਤਮ ਇਕ ਅਨੰਦਨਾ, ਕੂੜੇ ਰਸ ਦੀ ਲੋੜ ਰਹੇ ਨਾ ਰਾਈਆ । ਸਚ ਪਰਕਾਸ਼ ਚੜ੍ਹਾਵੇ ਚੰਦਨਾ, ਅਗਿਆਨ ਅੰਧੇਰ ਮਿਟਾਈਆ । ਗੁਰਮੁਖਾਂ ਬੰਨ ਕੇ ਸਾਚੇ ਸਗਨਾ, ਸਗਲਾ ਸੰਗ ਰਖਾਈਆ । ਜਨ ਭਗਤਾਂ ਦੂਜਾ ਦਰ ਨਾ ਪਏ ਮੰਗਣਾ, ਵਸਤ ਅਮੋਲਕ ਕਾਇਆ ਗੋਲਕ ਇਕੋ ਨਾਮ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਧਰਨੀ ਕਹੇ ਮੇਰਾ ਵਕ਼ਤ ਸੋਹਣਾ ਸੁਹਾਵਾ, ਸੋਭਾਵੰਤ ਜਣਾਈਆ । ਜੁਗ ਚੌਕੜੀ ਜਿਸ ਦਾ ਨਿਰਗੁਣ ਸਰਗੁਣ ਬੰਨ੍ਹਦੇ ਗਏ ਦਾਅਵਾ, ਲੋਕਮਾਤ ਲੇਖ ਲਿਖਾਈਆ । ਜਿਸ ਦੇ ਦਰ ਦਵਾਰ ਇਕੋ ਸ਼ਬਦ ਇਕੋ ਨਾਵਾਂ, ਦੂਜੀ ਵੰਡ ਨਾ ਕੋਇ ਵੰਡਾਈਆ । ਸੋ ਖੇਲ ਕਰਨ ਆਇਆ ਲੋਕਮਾਤ ਬਿਨ ਹੱਥਾਂ ਬਾਹਵਾਂ, ਭੁਜਾਂ ਚਾਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਧਰਨੀ ਕਹੇ ਮੈਂ ਕੀ ਦੱਸਾਂ, ਪੂਰਬ ਲੇਖਾ ਰਹੀ ਜਣਾਈਆ । ਮੈਂ ਸਪਤ ਰਿਖੀ ਵੇਖੇ ਨਾਲ ਅੱਖਾਂ, ਬਿਨ ਨੇਤਰ ਨੈਣ ਉਠਾਈਆ । ਜਿਨ੍ਹਾਂ ਦੇ ਪੱਤਲ ਉਤੇ ਹੱਥਾਂ, ਵਸਤ ਨਜ਼ਰ ਕੋਇ ਨਾ ਆਈਆ । ਮਿੰਨਤਾ ਕਰਨ ਕੋਟਨ ਲੱਖਾਂ, ਪ੍ਰਭ ਨੂੰ ਰਹੇ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਧਰਨੀ ਕਹੇ ਸਪਤ ਰਿਖੀ ਲਾਇਆ ਡੇਰਾ, ਡੰਡੌਤ ਇਕੋ ਇਕ ਜਣਾਈਆ । ਨਾ ਕੋਈ ਗੁਰੂ ਨਾ ਕੋਈ ਚੇਰਾ, ਚੇਲਾ ਗੁਰ ਵੰਡ ਨਾ ਕੋਇ ਵੰਡਾਈਆ । ਨਾ ਕੋਈ ਨਗਰ ਨਾ ਕੋਈ ਖੇੜਾ, ਗਰਾਮ ਪਿੰਡ ਨਾ ਕੋਇ ਬਣਾਈਆ । ਨਾ ਕੋਇ ਦੂਰ ਨਾ ਕੋਇ ਨੇੜਾ, ਘਰ ਮੰਦਰ ਨਾ ਕੋਇ ਵਖਾਈਆ । ਨਾ ਕੋਇ ਸ਼ੇਰ ਨਾ ਕੋਇ ਕੇਹਰਾ, ਨਾ ਕੋਇ ਜੰਬੁਕ ਰੂਪ ਦਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਧਰਨੀ ਕਹੇ ਸਪਤ ਰਿਖੀ ਕਰਨ ਅਰਦਾਸ, ਬੇਨੰਤੀ ਹਰਿ ਜਣਾਈਆ । ਕੁਛ ਵਸਤ ਨਹੀਂ ਸਾਡੇ ਪਾਸ, ਭੁੱਖੇ ਦੇਣ ਦੁਹਾਈਆ । ਉਤੋਂ ਮਹੀਨਾ ਪੋਹ ਦੀ ਰਾਤ, ਰੈਣ ਦਏ ਗਵਾਹੀਆ । ਨਾ ਸੰਧਿਆ ਨਾ ਕੋਇ ਪਰਭਾਤ, ਮੱਧ ਰੂਪ ਨਾ ਕੋਇ ਵਖਾਈਆ । ਨਾ ਕੋਇ ਡਾਲੀ ਨਾ ਕੋਇ ਪਾਤ, ਭੋਜਨ ਵੰਡ ਨਾ ਕੋਇ ਵੰਡਾਈਆ । ਨਾ ਕੋਇ ਬਰਤਨ ਨਾ ਕੋਇ ਭਾਤ, ਧੀਰਜ ਧੀਰ ਨਾ ਕੋਇ ਰਖਾਈਆ । ਇਕ ਮਨ ਹੋ ਕੇ ਬੈਠ ਏਕਾਂਤ, ਇਕੋ ਧਿਆਨ ਲਗਾਈਆ । ਪ੍ਰਭ ਤੇਰੀ ਓਟ ਤੇਰੀ ਆਸ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਧਰਨੀ ਕਹੇ ਸਪਤ ਰਿਖੀਆਂ ਲੱਗ ਗਈ ਅੱਖ, ਨਿੰਦਰਾ ਆਲਸ ਵਿਚ ਸਮਾਈਆ । ਕਰਿਆ ਖੇਲ ਪੁਰਖ ਸਮਰਥ, ਸ਼ਬਦੀ ਬਣਤ ਬਣਾਈਆ । ਆਪਣੇ ਭਗਤ ਵਖਾਏ ਪ੍ਰਤਖ, ਜੋ ਸਾਂਤਕ ਸਤਿ ਵਿਚ ਸਮਾਈਆ । ਕੋਟ ਪਦਾਰਥ ਉਹਨਾਂ ਅਗੇ ਦਿਤੇ ਰਖ, ਥਾਉਂ ਥਾਈਂ ਆਪ ਟਿਕਾਈਆ । ਸਹਿਜ ਸੁਭਾਉ ਸਪਤ ਰਿਖੀਆਂ ਲਾ ਕੇ ਹੱਥ, ਸਵਾਧਾਨ ਦਿਤੇ ਕਰਾਈਆ । ਇਸ਼ਾਰੇ ਨਾਲ ਦਿਤਾ ਦੱਸ, ਅੱਖੀਆਂ ਨਾਲ ਅੱਖ ਉਠਾਈਆ । ਭਗਤ ਸੁਹੇਲੇ ਇਕੋ ਰੰਗ ਅੰਦਰ ਰਹੇ ਰਤ, ਦੂਜਾ ਰੰਗ ਨਾ ਕੋਇ ਰੰਗਾਈਆ ।


੩੯
੧੯

ਨਾਤਾ ਤੋੜ ਕੇ ਪੰਜ ਤੱਤ, ਪ੍ਰਭ ਦੇ ਵਿਚ ਸਮਾਈਆ । ਧੁਰ ਆਵਾਜ ਆਈ ਜਗਤ ਭੰਡਾਰਾ ਲਵੋ ਛਕ, ਸ਼ਹਿਨਸ਼ਾਹ ਸੁਣਾਈਆ । ਤੁਹਾਡੀ ਝੋਲੀ ਪਾਵਾਂ ਹੱਕ, ਹਕੀਕਤ ਆਪਣੀ ਦਿਆਂ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਰਿਹਾ ਸੁਣਾਈਆ । ਸਪਤ ਰਿਖੀ ਹੋਏ ਹੈਰਾਨ, ਅੱਖ ਭਗਤਾਂ ਨਾਲ ਉਠਾਈਆ । ਕੀ ਇਹਨਾਂ ਆਇਆ ਗਿਆਨ, ਜੋ ਬੈਠੇ ਆਪਣਾ ਆਪ ਭੁਲਾਈਆ । ਨਾ ਕੁਝ ਪੀਣ ਨਾ ਕੁਝ ਖਾਣ, ਤ੍ਰਿਸ਼ਨਾ ਭੁੱਖ ਨਾ ਕੋਇ ਵਧਾਈਆ । ਨਾ ਕੋਈ ਰਸਨਾ ਜਿਹਵਾ ਬੱਤੀ ਦੰਦ ਦੇਣ ਬਿਆਨ, ਢੋਲਾ ਗੀਤ ਨਾ ਕੋਇ ਸੁਣਾਈਆ । ਨਾ ਕੁਝ ਰਸਨਾ ਜਿਹਵਾ ਦੱਸਣ ਨਾ ਕੁਛ ਸੁਣਨ ਕਾਨ, ਅੱਖ ਪ੍ਰਤਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਸਪਤ ਰਿਖੀ ਆਈ ਆਵਾਜ਼, ਧੁਰ ਸ਼ਬਦੀ ਆਪ ਸੁਣਾਈਆ । ਅੰਦਰ ਵੇਖੋ ਅਗੰਮੀ ਰਾਜ਼, ਰਮਜ਼ ਆਪਣੀ ਇਕ ਦ੍ਰਿੜਾਈਆ । ਇਹ ਮੇਰੇ ਵਿਚ ਵਿਸਮਾਦ, ਦੂਜਾ ਰੂਪ ਨਾ ਕੋਇ ਬਣਾਈਆ । ਮੈਂ ਭਗਤ ਉਧਾਰਾਂ ਜੁਗਾਦਿ ਆਦਿ, ਇਹੋ ਮੇਰੀ ਵਡਿਆਈਆ । ਬਿਨ ਤ੍ਰਿਸ਼ਨਾ ਭੁੱਖ ਮੈਨੂੰ ਰਹੇ ਅਰਾਧ, ਇਹ ਪ੍ਰਭ ਨੇ ਦਿਤਾ ਜਣਾਈਆ । ਢੋਲਾ ਪੜ੍ਹਦੇ ਬੋਧ ਅਗਾਧ, ਬਿਨ ਅੱਖਰਾਂ ਰਹੇ ਗਾਈਆ । ਸਚ ਪ੍ਰੀਤੀ ਵਿਚ ਗਏ ਲਾਗ, ਲਗ ਮਾਤਰ ਬਾਹਰ ਵਾਲੀ ਭੁਲਾਈਆ । ਧੁੰਨ ਆਤਮਕ ਸੁਣ ਕੇ ਨਾਦ, ਮਸਤ ਖ਼ੁਮਾਰੀ ਵੱਜੀ ਵਧਾਈਆ । ਸਚ ਪ੍ਰੇਮ ਅੰਦਰ ਜਾਵਣ ਜਾਗ, ਜਗਤ ਵਲੋਂ ਨੇਤਰ ਬੰਦ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਰਿਹਾ ਚੁਕਾਈਆ । ਧਰਨੀ ਕਹੇ ਸਪਤ ਰਿਖੀ ਜੋੜ ਕੇ ਹੱਥ, ਅੰਤਰ ਅੰਤਰ ਧਿਆਨ ਲਗਾਈਆ । ਕਿਰਪਾ ਕਰ ਪੁਰਖ ਸਮਰਥ, ਸ਼ਾਹ ਪਾਤਸ਼ਾਹ
੪੦ ੧੯
ਤੇਰੀ ਸ਼ਰਨਾਈਆ । ਦਰ ਦਵਾਰੇ ਗਏ ਢੱਠ, ਮਾਣ ਅਭਿਮਾਨ ਨਾ ਕੋਇ ਬਣਾਈਆ । ਝੂਠਾ ਨਾਤਾ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾ ਕੋਇ ਚਤੁਰਾਈਆ । ਲੇਖੇ ਲੱਗੇ ਤੇਰੀ ਤੇਰੇ ਰੱਤ, ਰਤਨ ਅਮੋਲਕ ਹੀਰੇ ਲੈ ਬਣਾਈਆ । ਭੇਵ ਦੱਸ ਕਮਲਾਪਤ, ਦਰ ਤੇਰੇ ਮੰਗ ਮੰਗਾਈਆ । ਪੁਰਖ ਅਕਾਲ ਪਿਆ ਹੱਸ, ਖ਼ੁਸ਼ੀਆਂ ਰਾਗ ਸੁਣਾਈਆ । ਜੋ ਮੇਰੇ ਹੋ ਗਏ ਵੱਸ, ਮੈਂ ਓਨ੍ਹਾਂ ਅੰਤਰ ਰਿਹਾ ਸਮਾਈਆ । ਤ੍ਰਿਸ਼ਨਾ ਭੁੱਖ ਤੋਂ ਲਵਾਂ ਰਖ, ਦੁਖੀਆਂ ਦੁੱਖ ਮਿਟਾਈਆ । ਕੂੜੀ ਕਿਰਿਆ ਮੇਟ ਕੇ ਸਚ ਸੁਚ ਦੇਵਾਂ ਸਤਿ, ਸਤਿ ਸਤਿਵਾਦੀ ਹੋ ਕੇ ਹੋਵਾਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਰਿਹਾ ਉਠਾਈਆ । ਸਪਤ ਰਿਖੀ ਕਹਿਣ ਸੁਣ ਠਾਕਰ ਸਵਾਮੀ, ਹਰਿ ਸਤਿਗੁਰ ਦੇ ਜਣਾਈਆ । ਪਰਮ ਪੁਰਖ ਪ੍ਰਭ ਅੰਤਰਜਾਮੀ ਤੇਰੀ ਓਟ ਤਕਾਈਆ । ਕਵਣ ਅਗੰਮੀ ਸੁਣਦੇ ਬਾਣੀ, ਪ੍ਰਭ ਕੀ ਕੀ ਰਾਗ ਸੁਣਾਈਆ । ਕਿਹੜਾ ਅੰਮ੍ਰਿਤ ਪੀਂਦੇ ਪਾਣੀ, ਰਸ ਰਸਨਾ ਨਾ ਕੋਇ ਚਖਾਈਆ । ਕਿਹੜਾ ਨਾਦ ਸੱਚਾ ਧੁਨਕਾਨੀ, ਧੁਨੀ ਇਕੋ ਰਿਹਾ ਵਜਾਈਆ । ਕਿਸ ਬਿਧ ਕੀਤੀ ਪ੍ਰਭੂ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਈਆ । ਸਾਨੂੰ ਭੁਖ ਵਿਚ ਪਰੇਸ਼ਾਨੀ, ਤ੍ਰਿਸ਼ਨਾ ਨਾਲ ਕੁਰਲਾਈਆ । ਜਲਵਾ ਤੇਰਾ ਤੱਕੀਏ ਜੋਤ ਰੁਹਾਨੀ, ਨੂਰੋ ਨੂਰ ਡਗਮਗਾਈਆ । ਤੂੰ ਮਾਲਕ ਪਿਤਾ ਇਕ ਅਸਮਾਨੀ, ਖ਼ਾਕੀ ਬੰਦੇ ਦੇ ਸਮਝਾਈਆ । ਤੂੰ ਦਾਤਾ ਗੁਣ ਨਿਧਾਨੀ, ਗਹਿਰ ਗੰਭੀਰ ਅਖਵਾਈਆ । ਹਮ ਜੀਵਤ ਜੀਵ ਪਰਾਣੀ, ਬੇਪਰਵਾਹ ਤੇਰੀ ਓਟ ਤਕਾਈਆ । ਇਹ ਜੂਹ ਦਿਸੇ ਬੇਗ਼ਾਨੀ, ਘਰ ਮੰਦਰ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਦੇ ਜਣਾਈਆ । ਸ੍ਰੀ ਭਗਵਾਨ ਕਰ ਇਸ਼ਾਰਾ, ਧੁਰ ਫ਼ਰਮਾਨਾ ਇਕ ਜਣਾਈਆ ।

ਸਪਤ ਰਿਖੀ ਵੇਖੇ ਨਜ਼ਾਰਾ, ਬਿਨਾ ਨਜ਼ਰਾਂ ਦਿਆਂ ਵਖਾਈਆ । ਮੇਰਾ ਨਾਉਂ ਨਰ ਨਿਰੰਕਾਰਾ, ਨਿਰਗੁਣ ਜੋਤ ਕਰਾਂ ਰੁਸ਼ਨਾਈਆ । ਮੇਰਾ ਖੇਲ ਸਦਾ ਜੁਗ ਚਾਰਾ, ਜੁਗ ਚੌਕੜੀ ਵੇਖ ਵਖਾਈਆ । ਮੇਰਾ ਰੂਪ ਤੇਈ ਅਵਤਾਰਾ, ਪੈਗ਼ੰਬਰ ਮੇਰਾ ਨੂਰ ਰੁਸ਼ਨਾਈਆ । ਮੇਰੀ ਧਾਰ ਗੁਰੂ ਗੁਰ ਧਾਰਾ, ਧਰਨੀ ਧਰਤ ਧਵਲ ਦਿਆਂ ਵਡਿਆਈਆ । ਮੇਰਾ ਖੇਲ ਵਿਚ ਸੰਸਾਰਾ, ਵਡ ਸੰਸਾਰੀ ਹੋ ਕੇ ਆਪ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰਾ, ਨਿਤ ਨਵਿਤ ਸੇਵ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਮੇਰਾ ਜੈਕਾਰਾ, ਸਿਫ਼ਤੀ ਢੋਲੇ ਗਾਈਆ । ਚਾਰੇ ਖਾਣੀ ਮੇਰਾ ਵਣਜਾਰਾ, ਚਾਰੇ ਬਾਣੀ ਰਾਗ ਅਲਾਈਆ । ਚਾਰੇ ਵਰਨ ਮੇਰਾ ਪਨਹਾਰਾ, ਚਾਰੋਂ ਕੁੰਟ ਵੱਜੇ ਵਧਾਈਆ । ਚਾਰੇ ਜੁਗ ਕਰਾਂ ਕਿਨਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਨਵ ਨੌ ਚਾਰ ਪਿਛੋਂ ਕਲ ਕਲਕੀ ਲੈ ਅਵਤਾਰਾ, ਨਿਹਕਲੰਕ ਨਿਰਗੁਣ ਜੋਤ ਕਰਾਂ ਰੁਸ਼ਨਾਈਆ । ਫਿਰ ਲਹਿਣਾ ਦੇਣਾ ਪੂਰਬ ਵੇਖਾਂ ਸਾਰਾ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸਪਤ ਰਿਖੀ ਚਰਨੀ ਲੱਗ, ਬਿਨ ਚਰਨਾਂ ਸੀਸ ਨਿਵਾਈਆ । ਤੂੰ ਸਾਹਿਬ ਸੂਰਾ ਸਰਬੱਗ, ਸ਼ਹਿਨਸ਼ਾਹ ਵਡਿਆਈਆ । ਅਸੀਂ ਆਸਾ ਰਖੀਏ ਅੱਜ, ਬੈਠੇ ਅੱਖ ਖੁਲ੍ਹਾਈਆ । ਤੇਰੀ ਸਰਨੀ ਬੈਠੇ ਸਜ, ਨਿਉਂ ਨਿਉਂ ਲਾਗੇ ਪਾਈਆ । ਪੁਰਖ ਅਕਾਲ ਪਕੜ ਕੇ ਹੱਥ, ਸ਼ਬਦ ਇਸ਼ਾਰੇ ਦਿਤਾ ਹਿਲਾਈਆ । ਤੁਹਾਡਾ ਉਧਾਰ ਭਗਤਾਂ ਵੱਥ, ਭਗਵਨ ਹੋ ਕੇ ਦਿਆਂ ਵਰਤਾਈਆ । ਤ੍ਰੇਤਾ ਦੁਆਪਰ ਕਲਜੁਗ ਜਾਏ ਲੰਘ, ਵੇਲਾ ਵਕ਼ਤ ਅੰਤ ਸੁਹਾਈਆ । ਭਗਤਾਂ ਬਣ ਕੇ ਧੁਰ ਦਾ ਸੰਗ, ਸਗਲਾ ਸੰਗ ਵਖਾਈਆ । ਨਾ ਕੋਈ ਸੇਜਾ ਨਾ ਪਲੰਘ, ਬਿਸਤਰ ਸਚ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਸਪਤ ਰਿਖ ਕਹਿਣ ਕੀ ਪ੍ਰਭੂ ਵਕ਼ਤ ਸੁਹਾਵੇਂਗਾ । ਜੁਗ ਜੁਗ ਆਵੇਂ ਲਹਿਣਾ ਦੇਣਾ ਦੇਣ, ਨਿਰਗੁਣ ਸਰਗੁਣ ਵੇਸ ਵਟਾਵੇਂਗਾ । ਭਗਤ ਸੁਹੇਲਾ ਬਣੇਂ ਸਾਕ ਸੱਜਣ ਸੈਣ, ਆਤਮ ਪਰਮਾਤਮ ਜੋੜ ਜੁੜਾਵੇਂਗਾ । ਕੂੜਾ ਨਾਤਾ ਤੋੜ ਕੇ ਭਾਈ ਭੈਣ, ਮੀਤ ਮਿਤਰ ਇਕ ਦਰਸਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਕੀ ਖੁਲ੍ਹਾਵੇਂਗਾ । ਪੁਰਖ ਅਕਾਲ ਸ਼ਬਦ ਜਣਾਉਂਦਾ ਏ । ਧੁਰ ਦਾ ਰਾਗ ਇਕ ਅਲਾਉਂਦਾ ਏ । ਸਪਤ ਰਿਖ ਆਪ ਸੁਣਾਉਂਦਾ ਏ । ਬਿਨ ਅੱਖਰਾਂ ਲੇਖਾ ਲਿਖ, ਲੇਖਾ ਆਪਣੇ ਵਿਚ ਛੁਪਾਉਂਦਾ ਏ । ਜਗ ਨੇਤਰ ਕਿਸੇ ਨਾ ਆਏ ਦਿਸ, ਲਇਣਾ ਨਾਲ ਨਾ ਕੋਇ ਪੜ੍ਹਾਉਂਦਾ ਏ । ਸਚ ਪ੍ਰੀਤੀ ਕਰ ਕੇ ਹਿਤ, ਅਗਲਾ ਭੇਵ ਆਪ ਖੁਲ੍ਹਾਉਂਦਾ ਏ । ਕਲਜੁਗ ਕੂੜੀ ਮੇਟ ਕੇ ਰੇਖ, ਰਿਖੀ ਮੁਨੀ ਨਜ਼ਰ ਨਾ ਕੋਇ ਆਉਂਦਾ ਏ । ਭਾਗ ਲਗਾ ਕੇ ਸਾਚੇ ਦੇਸ, ਸੰਬਲ ਨਗਰ ਇਕ ਸੁਹਾਉਂਦਾ ਏ । ਨਿਰਗੁਣ ਨੂਰ ਜੋਤ ਕਰ ਪਰਵੇਸ਼, ਪਰਮੇਸ਼ਵਰ ਆਪਣਾ ਰੂਪ ਵਟਾਉਂਦਾ ਏ । ਜੋ ਆਦਿ ਜੁਗਾਦਿ ਰਹੇ ਹਮੇਸ਼, ਨਿਤ ਨਵਿਤ ਆਪਣੀ ਕਾਰ ਕਮਾਉਂਦਾ ਏ । ਤੁਹਾਡਾ ਲੇਖੇ ਲਾ ਕੇ ਇਕ ਸੰਦੇਸ਼, ਸੁਨੇਹੜਾ ਆਪਣੇ ਨਾਲ ਰਲਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਫ਼ਰਮਾਉਂਦਾ ਏ । ਧੁਰ ਦਾ ਹੁਕਮ ਇਕ ਜਣਾਵਾਂਗਾ । ਸਪਤ ਰਿਖੀ ਸਚ ਸਮਾਝਾਵਾਂਗਾ । ਧੁਰ ਦੀ ਲਿਖੀ ਪੂਰ ਕਰਾਵਾਂਗਾ । ਵਦੀ ਸੁਦੀ ਮਿਤੀ ਸਰਬ ਮਿਟਾਵਾਂਗਾ । ਚਾਰ ਵਰਨ ਅਠਾਰਾਂ ਬਰਨ ਨਵੀਂ ਸਿੱਖੀ ਇਕ ਪਰਗਟਾਵਾਂਗਾ । ਖੇਲ ਕਰਾਂ ਅਨਡਿੱਠੀ, ਜਗ ਨੇਤਰ ਨਜ਼ਰ ਨਾ ਆਵਾਂਗਾ । ਜਿਸ ਵੇਲੇ ਖ਼ਲਕ ਅੰਦਰੋਂ ਬਾਹਰੋਂ ਪਿੱਟੀ, ਨੇਤਰ ਨੈਣਾਂ ਸਰਬ

ਰਵਾਵਾਂਗਾ । ਪ੍ਰਭ ਦੀ ਧਾਰ ਕਿਸੇ ਕੂਟ ਨਾ ਦਿੱਸੀ, ਚਾਰ ਕੁੰਟ ਅੰਧੇਰਾ ਛਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਹੁਕਮ ਇਕ ਵਰਤਾਵਾਂਗਾ । ਧੁਰ ਹੁਕਮ ਇਕ ਵਰਤਾਏਗਾ । ਪ੍ਰਭ ਆਪਣਾ ਖੇਲ ਖਿਲਾਏਗਾ । ਇਹ ਧਰਤੀ ਇਹ ਭੂਮਿਕਾ ਇਹ ਧਰਨੀ ਰੰਗ ਰੰਗਾਏਗਾ । ਇਹ ਲੇਖਾ ਧੁਰ ਦੇ ਕ਼ਾਨੂੰਨ ਦਾ, ਨਾ ਕੋਇ ਮੇਟੇ ਮੇਟ ਮਿਟਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਰ ਵਖਾਏਗਾ । ਸਪਤ ਰਿਖੀ ਸੀਸ ਝੁਕਾਉਂਦੇ ਨੇ । ਦੋਏ ਜੋੜ ਵਾਸਤਾ ਪਾਉਂਦੇ ਨੇ । ਦਰ ਠਾਂਡੇ ਮੰਗ ਮੰਗਾਉਂਦੇ ਨੇ । ਧੂੜੀ ਟਿੱਕਾ ਮਸਤਕ ਲਾਉਂਦੇ ਨੇ । ਗਲ ਪਲੂ ਪਾ ਕੇ ਝੋਲੀ ਡਾਹੁੰਦੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਅਲਖ ਜਗਾਉਂਦੇ ਨੇ । ਸਪਤ ਰਿਖੀ ਕਹਿਣ ਪ੍ਰਭ ਕਿਰਪਾ ਧਾਰ, ਕਿਰਪਨ ਹੋ ਕੇ ਮੰਗ ਮੰਗਾਈਆ । ਕਿਸ ਬਿਧ ਲੇਖਾ ਦੇਵੇਂ ਵਿਚ ਸੰਸਾਰ, ਲਹਿਣਾ ਝੋਲੀ ਪਾਈਆ । ਸਾਚੇ ਭਗਤਾਂ ਕਰੇਂ ਪਿਆਰ, ਭਗਵਨ ਹੋ ਕੇ ਹੋਏਂ ਸਹਾਈਆ । ਭੁੱਖਿਆਂ ਦਏਂ ਸਹਾਰ, ਦੁੱਖੀਆਂ ਦੁੱਖ ਮਿਟਾਈਆ । ਜਿਨ੍ਹਾਂ ਪੱਤਲਾਂ ਤੋਂ ਭਰੇ ਭੰਡਾਰ, ਵਤਨ ਬੇਵਤਨਾਂ ਦਏਂ ਬਣਾਈਆ । ਸਾਚੇ ਪ੍ਰੇਮ ਦੀ ਖਿੜਾ ਕੇ ਗੁਲਜ਼ਾਰ, ਗੁਲਸ਼ਨ ਆਪਣਾ ਗੁਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦੇ ਜਣਾਈਆ । ਸਪਤ ਰਿਖੀ ਕਹਿਣ ਪ੍ਰਭੂ ਅਗਲਾ ਦੱਸ ਹਾਲ, ਬਿਨ ਰਸਨਾ ਜਿਹਵਾ ਮੰਗ ਮੰਗਾਈਆ । ਕਿਸ ਬਿਧ ਚਲੇਂ ਅਵੱਲੜੀ ਚਾਲ, ਜੁਗ ਚੌਕੜੀ ਪਾਰ ਲੰਘਾਈਆ । ਭਗਤਾਂ ਬਣੇਂ ਦਲਾਲ, ਸੇਵਕ ਹੋ ਕੇ ਸੇਵ ਕਮਾਈਆ । ਕੂੜੀ ਕਿਰਿਆ ਵਿਚੋਂ ਕਰੇਂ ਬਹਾਲ, ਫੜ ਬਾਹੋਂ ਬਾਹਰ ਕਢਾਈਆ । ਲੇਖੇ ਲਾਵੇਂ ਸ਼ਾਹ ਕੰਗਾਲ, ਊਚ ਨੀਚ ਰਾਓ ਰੰਕ ਜਾਤ ਪਾਤ ਨਾ ਕੋਇ ਵਖਾਈਆ ।ਸੱਚ ਦਵਾਰੇ ਆ ਕੇ ਪੁੱਛੇਂ ਹਾਲ, ਅਹਿਵਾਲ ਆਪਣਾ ਦਏਂ ਦ੍ਰਿੜਾਈਆ । ਸਰਨ ਸਰਨਾਈ ਲਏਂ ਬਹਾਲ, ਦਰ ਦਵਾਰਾ ਇਕ ਵਖਾਈਆ । ਸਮਰਥ ਪੁਰਖ ਓਸ ਵੇਲੇ ਜੇ ਸਾਨੂੰ ਰਖੇਂ ਨਾਲ, ਮਿਹਰ ਨਜ਼ਰ ਨਜ਼ਰ ਉਠਾਈਆ । ਅਸੀਂ ਤੱਕੀਏ ਸਚ ਦੀਦਾਰ, ਜੋ ਭਗਤ ਸੁਹੇਲੇ ਸੋਭਾ ਪਾਈਆ । ਵਿਚ ਕੂੜੀ ਰਹੇ ਨਾ ਕੋਇ ਦੀਵਾਰ, ਪੜਦਾ ਓਹਲਾ ਨਾ ਕੋਇ ਜਣਾਈਆ । ਮੰਜ਼ਲ ਰਹੇ ਨਾ ਕੋਇ ਦੁਸ਼ਵਾਰ, ਔਖੀ ਘਾਟੀ ਨਾ ਕੋਇ ਵਖਾਈਆ । ਸਹਿਜ ਸੁਭਾਉ ਕਰੀਂ ਪਿਆਰ, ਪ੍ਰੀਤਮ ਹੋ ਕੇ ਪ੍ਰੇਮ ਕਮਾਈਆ । ਉਸ ਵੇਲੇ ਚਰਨ ਕਵਲ ਕਰੀਏ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਸਾਚੀ ਖਿਤ ਦੱਸ ਜਾ ਵਾਰ, ਵਾਰਤਾ ਆਪਣੀ ਦੇ ਦ੍ਰਿੜਾਈਆ । ਜਿਸ ਦਾ ਇਤਹਾਸਾਂ ਵਿਚ ਨਹੀਂ ਕੋਈ ਸ਼ੁਮਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਤ ਕਹਿਣ ਨਾ ਪਾਈਆ । ਕਿਰਪਾ ਕਰ ਪੁਰਖ ਅਕਾਲ, ਦੀਨ ਦਿਆਲ ਦਏ ਵਡਿਆਈਆ । ਜਿਸ ਵੇਲੇ ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਅੰਤਮ ਵੱਜੇ ਵਧਾਈਆ । ਨਿਰਗੁਣ ਜੋਤ ਲਵਾਂ ਅਵਤਾਰ, ਕੋਈ ਨਾ ਜੰਮੇ ਪਿਤਾ ਮਾਈਆ । ਵਸਾਂ ਨਗਰ ਅਗੰਮ ਅਪਾਰ, ਜਿਥੇ ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਮੰਡਲ ਮੰਡਪ ਨਾ ਕੋਇ ਸਤਾਰ, ਜੰਗਲ ਜੂਹ ਉਜਾੜ ਪਹਾੜ ਟਿੱਲਾ ਪਰਬਤ ਨਜ਼ਰ ਕੋਇ ਨਾ ਆਈਆ । ਨਾ ਕੋਇ ਗੁਰੂ ਨਾ ਅਵਤਾਰ, ਪੈਗ਼ੰਬਰ ਰੂਪ ਨਾ ਕੋਇ ਬਦਲਾਈਆ । ਨਾ ਕੋਇ ਸ਼ਬਦ ਨਾਦ ਧੁਨਕਾਰ, ਢੋਲੇ ਗੀਤ ਨਾ ਕੋਇ ਸੁਣਾਈਆ । ਨਾ ਕੋਈ ਕਾਗ਼ਜ਼ ਕ਼ਲਮ ਕਾਤਬ ਲਿਖੇ ਲਖਾਰ, ਨਾ ਕੋਇ ਅੱਖਰਾਂ ਵੰਡ ਵੰਡਾਈਆ । ਇਕ ਇਕੱਲਾ ਹੋ ਕੇ ਇਕ ਓਅੰਕਾਰ, ਆਪਣੀ ਕਲਾ ਦਿਆਂ ਵਰਤਾਈਆ । ਚਾਰੇ ਬਾਣੀ ਨਾ ਪਾਵੇ ਸਾਰ, ਬੁਧੀ ਵਿਚ ਵਿਚਾਰ ਨਾ ਕੋਇ ਰਖਾਈਆ । ਮੇਰੇ ਸ਼ਹਿਨਸ਼ਾਹੀ ਸੰਮਤ ਦਾ

ਕਿਸੇ ਨਹੀਂ ਆਉਣਾ ਸ਼ੁਮਾਰ, ਹਿੰਦਸਿਆਂ ਵਿਚ ਅੰਕ ਨਾ ਕੋਇ ਦ੍ਰਿੜਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਣੀ ਗਦਾਰ, ਗੁਰ ਅਵਤਾਰ ਪੈਗੰਬਰ ਪੱਲੂ ਲੈਣ ਛੁਡਾਈਆ । ਉਸ ਵੇਲੇ ਲਹਿਣਾ ਦੇਣਾ ਦਿਆਂ ਉਧਾਰ, ਲੇਖਾ ਪੂਰਬ ਦਿਆਂ ਚੁਕਾਈਆ । ਪੋਹ ਮਹੀਨਾ ਹੋਵੇ ਠੰਡਾ ਠਾਰ, ਰੁੱਤ ਆਪਣੀ ਨਾਲ ਰਖਾਈਆ । ਭਗਤ ਸੁਹੇਲੇ ਜਗਤ ਦਵਾਰਿਉਂ ਕੱਢ ਕੇ ਬਾਹਰ, ਸਾਚੀ ਧਰਨੀ ਦੇਵਾਂ ਬਹਾਈਆ । ਪ੍ਰੀਤੀ ਭੋਜਨ ਦਿਆਂ ਖੁਆਲ, ਖ਼ਾਲਸ ਆਪਣਾ ਰੰਗ ਚੜ੍ਹਾਈਆ । ਨਿਰਗੁਣ ਹੋ ਕੇ ਦੇਵਾਂ ਦੀਦਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਪਤ ਰਿਖੀ ਵੇਖਣਾ ਆਣ ਨਾਲ, ਸੰਦੇਸੇ ਨਾਲ ਮਿਲਾਈਆ । ਦੂਜਾ ਪਾਵੇ ਕੋਇ ਨਾ ਸਾਰ, ਤੀਜੇ ਚਲੇ ਨਾ ਕੋਇ ਚਤੁਰਾਈਆ । ਚੌਥੇ ਵਣਜ ਨਾ ਕੋਇ ਵਪਾਰ, ਪੰਜਵਾਂ ਰੂਪ ਨਾ ਕੋਇ ਵਖਾਈਆ । ਛੇਵੇਂ ਦਰ ਨਾ ਕੋਇ ਦਵਾਰ, ਸੱਤਵੇਂ ਸਤ ਨਾ ਕੋਇ ਵਖਾਈਆ । ਅੱਠਵੇਂ ਅੱਠਾਂ ਤੱਤਾਂ ਵੇਖਣੀ ਪੈਂਦੀ ਮਾਰ, ਨੌਵੇਂ ਨੌ ਦਰ ਹੋਏ ਹਲਕਾਈਆ । ਦਸਵੇਂ ਦਹਿ ਦਿਸ਼ਾ ਹੋਏ ਉਜਿਆਰ, ਪੋਹ ਦਸ ਵੱਜੇ ਵਧਾਈਆ । ਸਪਤ ਰਿਖੀ ਕਰਨ ਵਿਚਾਰ, ਵੇਲਾ ਉਹੋ ਗਿਆ ਆਈਆ । ਜਿਸ ਦਾ ਭਵਿਖਤਾਂ ਵਿਚ ਕਿਸੇ ਨਹੀਂ ਦਿਤਾ ਸ਼ੁਮਾਰ, ਸ਼ਰਅ ਸਕਿਆ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲੇ ਵੇਖ ਵਖਾਈਆ । ਧਰਨੀ ਕਹੇ ਉਹ ਵੇਲਾ ਆਇਆ ਵਕ਼ਤ, ਮੈਂ ਖ਼ੁਸ਼ੀਆਂ ਢੋਲੇ ਗਾਈਆ । ਪ੍ਰਭ ਠਾਕਰ ਵੇਖਿਆ ਵਿਚ ਜਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਚਰਨ ਕਵਲ ਬਹਾ ਕੇ ਗੁਰਮੁਖ ਭਗਤ, ਭਾਗ ਉਹਨਾਂ ਝੋਲੀ ਪਾਈਆ । ਜਿਨ੍ਹਾਂ ਕਾਰਨ ਆਇਆ ਪਰਤ, ਪਤਿਪਰਮੇਸ਼ਵਰ ਹੋਏ ਸਹਾਈਆ । ਪੂਰਬ ਲਹਿਣਾ ਲਾਹਵੇ ਕ਼ਰਜ਼, ਮਕਰੂਜ਼ ਲੇਖਾ ਰਿਹਾ ਚੁਕਾਈਆ । ਜਿਸ ਦਾ ਖੇਲ ਕੋਇ ਨਾ ਸਕੇ ਸਮਝ, ਵਿਦਿਆ ਵਿਚ ਨਾ ਕੋਇ ਵਡਿਆਈਆ । ਨਾਮ ਦੇ ਇਸ਼ਾਰੇ ਲਾ ਕੇ ਰਮਜ਼, ਸੰਤ ਸੁਹੇਲੇ ਲਏ ਜਗਾਈਆ । ਬਿਨਾ ਤਬੀਬ ਹਕੀਮ ਤੋਂ ਵੇਖ ਕੇ ਨਬਜ਼, ਹਰਾਰਤ ਅੰਦਰੋਂ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਵੇਖ ਵਖਾਈਆ । ਧਰਨੀ ਕਹੇ ਮੇਰੀ ਭਾਗਾਂ ਭਰੀ ਰੁਤ, ਰੁਤੜੀ ਪ੍ਰਭ ਮਹਿਕਾਈਆ । ਕਿਰਪਾ ਕਰ ਅਬਿਨਾਸ਼ੀ ਅਚੁੱਤ, ਚਿਰਾਂ ਪਿਛੋਂ ਰਿਹਾ ਮਿਲਾਈਆ । ਜਨਮ ਕਰਮ ਦੀ ਮੇਟ ਕੇ ਭੁੱਖ, ਤ੍ਰਿਸ਼ਨਾ ਰਿਹਾ ਗਵਾਈਆ । ਜਿਸ ਨੇ ਅਗਲਾ ਦੇਣਾ ਸੁਖ, ਸੁਖ ਸਾਗਰ ਇਕੋ ਰਿਹਾ ਸੁਹਾਈਆ । ਭਗਤਨ ਮੀਤਾ ਆਪਣੀ ਗੋਦੀ ਚੁੱਕ, ਚਾਰੋਂ ਕੁੰਟ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਧਰਨੀ ਕਹੇ ਮੈਂ ਵੇਖੇ ਭਗਤ ਸੁਹੇਲੇ, ਜਗ ਵੱਖਰੇ ਨਜ਼ਰੀ ਆਈਆ । ਜੋ ਆਤਮ ਪਰਮਾਤਮ ਕਰ ਕੇ ਮੇਲੇ, ਦੂਜੀ ਤ੍ਰਿਸ਼ਨਾ ਗਏ ਗਵਾਈਆ । ਜਗਤ ਵਿਹਾਰ ਤੋਂ ਹੋ ਕੇ ਵਿਹਲੇ, ਸੰਮਤ ਸ਼ਹਿਨਸ਼ਾਹੀ ਰਿਹਾ ਮਿਲਾਈਆ । ਇਕੋ ਰੰਗ ਹੋ ਕੇ ਗੁਰੂ ਚੇਲੇ, ਚੇਲੇ ਗੁਰੂ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਵਖਾਈਆ । ਧਰਨੀ ਕਹੇ ਮੈਂ ਵੇਖੇ ਭਗਤ ਪਿਆਰੇ, ਜੋ ਪਰਮ ਪੁਰਖ ਰਹੇ ਮਨਾਈਆ । ਜਿਨ੍ਹਾਂ ਦੇ ਪਿਛਲੇ ਪੂਰੇ ਹੋਏ ਲਾਰੇ, ਅਗਲਾ ਲਹਿਣਾ ਦਏ ਸਮਝਾਈਆ । ਪੁਰਖ ਅਕਾਲ ਆਉਣ ਵਾਲਾ ਵਿਚ ਅਖਾੜੇ, ਨਵ ਸੱਤ ਲਏ ਵਖਾਈਆ । ਚੁਰਾਸੀ ਚੱਬੇ ਆਪਣੀ ਦਾੜ੍ਹੇ, ਨਾ ਸਕੇ ਕੋਇ ਬਚਾਈਆ । ਜਗਾਂ ਵਿਚ ਨਹੀਂ ਸੁਹਣੇ ਲਾੜੇ, ਲਾੜੀ ਮਹਿੰਦੀ ਹੱਥ ਨਾ ਕੋਇ ਰੰਗਾਈਆ । ਦਰ ਘਰ ਫਿਰਨੇ ਰਾਜੇ ਰਾਣੇ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਅਮੀਰ ਵਜ਼ੀਰਾਂ ਨਹੀਂ ਮਿਲਣੇ ਖਾਣੇ, ਖ਼ਾਕਸਾਰ ਸਰਬ

ਲੋਕਾਈਆ । ਜਨ ਭਗਤਾਂ ਗਾਉਣੇ ਸੋਹੰ ਗਾਣੇ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਅਗਲੇ ਸਾਲ ਸਾਰੇ ਹੋਣ ਵਾਲੇ ਬੇਗਾਨੇ, ਮਿੱਤਰ ਯਾਰ ਨਾ ਕੋਇ ਜਣਾਈਆ । ਵਿਦਿਆਵਾਨ ਹੋਣੇ ਦੀਵਾਨੇ, ਸਮਝ ਸਮਝ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵਣਹਾਰ ਵਡਿਆਈਆ । ਧਰਨੀ ਕਹੇ ਜਨ ਭਗਤਾਂ ਵੇਖਿਆ ਜੋਗ, ਜਿਨ੍ਹਾਂ ਨੇ ਜੁਗਤੀ ਮੈਨੂੰ ਦਿਤੀ ਸਮਝਾਈਆ । ਅੰਦਰੋਂ ਕੱਢ ਕੇ ਚਿੰਤਾ ਰੋਗ, ਸੋਗ ਸੋ ਕ਼ਦਮਾਂ ਹੇਠ ਦਬਾਈਆ । ਆਤਮ ਪਰਮਾਤਮ ਕਰ ਕੇ ਧੁਰ ਸੰਜੋਗ, ਸੱਜਣ ਮਿਲ ਕੇ ਖ਼ੁਸ਼ੀ ਵਖਾਈਆ । ਭਾਵੇਂ ਤਾਹਨੇ ਦੇਵਣ ਲੋਕ, ਫਿਰ ਵੀ ਸੋਹੰ ਢੋਲਾ ਰਹੇ ਗਾਈਆ । ਆਪਣੇ ਘਰ ਦੀ ਮਾਨਣ ਮੌਜ, ਬਾਹਰ ਲੱਭਣ ਕੋਇ ਨਾ ਜਾਈਆ । ਭਾਵੇਂ ਦਰਸ਼ਨ ਕਰਨ ਰੋਜ਼, ਨਿਜ ਘਰ ਬੈਠਾ ਨਜ਼ਰੀ ਆਈਆ । ਸਪਤ ਰਿਖੀਆਂ ਪਿਛੇ ਕਰਨ ਆਇਆ ਚੋਜ, ਧਰਨੀ ਧਵਲ ਦੇਵੇ ਗਵਾਹੀਆ । ਜਿਸ ਦੀ ਕਰਦੇ ਸਾਰੇ ਖੋਜ, ਨੇਤਰ ਲੋਚਣ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਹਣਾ ਵਕਤ ਰਿਹਾ ਸੁਹਾਈਆ । ਧਰਨੀ ਕਹੇ ਜਨ ਭਗਤੋ ਇਹ ਨਾ ਜਾਣਿਉ ਜੰਗਲ, ਜਗ੍ਹਾ ਪਿਛਲੀ ਨਜ਼ਰੀ ਆਈਆ । ਜਿਥੇ ਭਗਤਾਂ ਰਿਖੀਆਂ ਵੇਖਿਆ ਮੰਗਲ, ਮੰਗਲਾਚਾਰ ਸ਼ਬਦ ਸੁਣਾਈਆ । ਡੰਡਾਵਤ ਕਰ ਕੇ ਬੰਦਨ, ਬੰਧਨ ਗਏ ਤੁੜਾਈਆ । ਓਸੇ ਦੇ ਦਵਾਰੇ ਆਏ ਮੰਗਣ, ਫਿਰ ਫਿਰ ਫੇਰੀ ਪਾਈਆ । ਸੰਤ ਸੁਹੇਲੇ ਚੜ੍ਹੇ ਚੰਦਨ, ਨੂਰ ਚੰਦ ਰੁਸ਼ਨਾਈਆ । ਪਰਮ ਪੁਰਖ ਬਣਿਆ ਸੰਗਣ, ਸਗਲਾ ਸੰਗ ਨਿਭਾਈਆ । ਨਾਮ ਭੰਡਾਰਾ ਆਇਆ ਵੰਡਣ, ਵਸਤ ਅਮੋਲਕ ਝੋਲੀ ਪਾਈਆ । ਟੁੱਟੀ ਆਇਆ ਗੰਢਣ, ਆਤਮ ਪਰਮਾਤਮ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਧਰਨੀ ਕਹੇ ਜਨ ਭਗਤ ਨਾ ਹੋਇਓ ਉਦਾਸ, ਉਦਾਸ ਵੇਖਿਓ ਸਰਬ ਲੋਕਾਈਆ । ਜਿਨ੍ਹਾਂ ਦੇ ਕੋਲ ਪ੍ਰਭ ਦੇ ਨਾਮ ਦੀ ਨਹੀਂ ਰਾਸ, ਰਸਤੇ ਭੁੱਲਣੇ ਪਾਂਧੀ ਰਾਈਆ । ਏਥੇ ਓਥੇ ਨਾ ਲੱਭਣਾ ਸਾਥ, ਦੋਵੇਂ ਜਹਾਨ ਦੇਣ ਦੁਹਾਈਆ । ਨਾਤਾ ਤੁਟਣਾ ਕੂੜੇ ਸਾਕ, ਸੱਜਣ ਸੈਣ ਨਾ ਕੋਇ ਬਣਾਈਆ । ਕੂੜੀ ਕਿਰਿਆ ਰੁਲਣਾ ਖ਼ਾਕ, ਧੂੜੀ ਧੂੜ ਵਿਚ ਉਡਾਈਆ । ਬਿਨ ਭਗਤਾਂ ਪ੍ਰਭੂ ਮਿਲਣਾ ਨਹੀਂ ਕਿਸੇ ਬਾਪ, ਪਿਤਾ ਗੋਦ ਨਾ ਕੋਇ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਸੋਹੰ ਕਰਦੇ ਗਏ ਜਾਪ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਧਾ ਤੁਹਾਡੇ ਨਾਲ ਰਖਾਈਆ । ਇਸ ਦਾ ਭੇਵ ਕਿਸੇ ਨਹੀਂ ਪਾਇਆ ਏਸੇ ਕਰਕੇ ਬੇਅੰਤ ਕਿਹਾ ਸਾਫ਼, ਸੁਫ਼ਨਿਆਂ ਵਿਚ ਸੁਣਨ ਕੋਇ ਨਾ ਪਾਈਆ । ਭਾਵੇਂ ਨਿਰਗੁਣ ਸਰਗੁਣ ਰੂਪ ਧਰਦਾ ਰਿਹਾ ਆਪ, ਫਿਰ ਵੀ ਆਪਣਾ ਪੜਦਾ ਆਪਣੇ ਵਿਚ ਲੁਕਾਈਆ । ਖ਼ੁਸ਼ੀਆਂ ਨਾਲ ਢੋਲੇ ਗੀਤ ਗੌਂਦੀ ਅੱਜ ਦੀ ਰਾਤ, ਰੁਤ ਵੇਖ ਖ਼ੁਸ਼ੀ ਮਨਾਈਆ । ਕਿਸ ਬਿਧ ਨਾਲ ਭਗਤਾਂ ਇਕੱਠੀ ਹੋਈ ਜਮਾਤ, ਘਰ ਬਾਰ ਛੱਡ ਕੇ ਬੈਠੇ ਸੋਭਾ ਪਾਈਆ । ਧਨ ਦੌਲਤ ਨਾ ਕੋਈ ਪਾਸ, ਇਕੋ ਓਟ ਰਹੇ ਤਕਾਈਆ । ਘਰ ਦੇ ਕਰਕੇ ਬੰਦ ਕ਼ੁਫ਼ਲ ਤਾਕ, ਪੜਦਾ ਅੰਦਰੋਂ ਰਹੇ ਚੁਕਾਈਆ । ਬੀਸ ਇਕੀਸਾ ਕਹੇ ਮੈਂ ਪੂਰਾ ਕਰਕੇ ਪਿਛਲਾ ਵਾਕ, ਮਹੀਨਾ ਚੇਤ ਆਇਆ ਸਮਝਾਈਆ । ਸ਼ਹਿਨਸ਼ਾਹੀ ਦਾ ਜੋ ਸੰਮਤ ਚਲਣਾ ਕਾਇਨਾਤ, ਚਾਰ ਕੁੰਟ ਵੇਖ ਵਖਾਈਆ । ਸਭ ਤੋਂ ਪਹਿਲੋਂ ਬਦਲਣਾ ਤੁਹਾਡਾ ਹਾਲਾਤ, ਕੰਢੀ ਵਾਲੇ ਕੰਢਿਉਂ ਆਪ ਉਠਾਈਆ । ਪੰਦਰਾਂ ਦਿਵਸ ਦਾ ਪਹਿਲਾ ਫ਼ਸਾਦ, ਵਾਕ ਪਿਛਲਾ ਯਾਦ ਕਰਾਈਆ । ਅਗੇ ਲੈਣੀ ਪਏ ਨਾ ਕਿਸੇ ਕੋਲੋਂ ਇਮਦਾਦ, ਮੰਗਣ ਦੀ ਲੋੜ ਰਹੇ ਨਾ ਰਾਈਆ । ਸਚ ਦਵਾਰੇ ਕਰ ਆਬਾਦ, ਭਗਤ ਸੁਹੇਲੇ

ਲੈਣੇ ਵਸਾਈਆ । ਜਿਥੇ ਇਕੋ ਪ੍ਰੀਤਮ ਆਵੇ ਯਾਦ, ਦੂਜਾ ਪ੍ਰੇਮ ਨਾ ਕੋਇ ਬਣਾਈਆ । ਪੂਰਬ ਜਨਮ ਸੁਣ ਫ਼ਰਿਆਦ, ਸਪਤ ਸਰਿਖ ਨਾਲ ਮਿਲਾਈਆ । ਅਗੇ ਕਰਿਓ ਨਾ ਕੋਇ ਮਜਾਜ, ਮਜ਼ਾ ਚਾਰ ਕੁੰਟ ਦਏ ਚਖਾਈਆ । ਜਿਸ ਦੇ ਹੁਕਮ ਅੰਦਰ ਦੇਣਾ ਨਹੀਂ ਕਿਸੇ ਜਵਾਬ, ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਇਕੋ ਦੇ ਸੀਸ ਉਤੇ ਸੁਹਣਾ ਤਾਜ, ਤਾਜਾਂ ਵਾਲੇ ਖ਼ਾਕ ਮਿਲਾਈਆ । ਆਤਮ ਪਰਮਾਤਮ ਸਾਚੇ ਨਾਮ ਦਾ ਚਲੌਣਾ ਰਵਾਜ, ਇਕੋ ਮਾਰਗ ਦੇਣਾ ਵਖਾਈਆ । ਨਾ ਕੋਈ ਰੋਜ਼ਾ ਰਹੇ ਨਮਾਜ਼, ਬਗਲਾਂ ਵਿਚ ਕ਼ੁਰਾਨ ਨਾ ਕੋਇ ਉਠਾਈਆ । ਨਾ ਕੋਈ ਜਗਤ ਵੰਡ ਰਹੇ ਸਮਾਜ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਾ ਕੋਇ ਚਤੁਰਾਈਆ । ਇਕੋ ਸਭ ਨੇ ਸੁਣਨਾ ਸੱਚਾ ਰਾਗ, ਆਤਮ ਧੁਨ ਵੱਜੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਨੀ ਦਾ ਲੇਖਾ ਵੇਖ ਵਖਾਈਆ । ਸੁਣ ਧਰਨੀ ਤੂੰ ਅੰਤਮ ਬਾਤ, ਸਚ ਦਿਆਂ ਜਣਾਈਆ । ਪ੍ਰੇਮ ਪਿਆਰ ਦਾ ਸਾਚਾ ਭਾਤ, ਜਨ ਭਗਤਾਂ ਦਿਤਾ ਖਵਾਈਆ । ਲੇਖੇ ਲੱਗੀ ਅਨੋਖੀ ਰਾਤ, ਰੈਣ ਵੱਜੀ ਵਧਾਈਆ । ਸਪਤ ਰਿਖੀ ਆਏ ਮਾਤ, ਮੱਥੇ ਟੇਕ ਸੀਸ ਝੁਕਾਈਆ । ਭਗਤਾਂ ਪੂਰਾ ਹੋਇਆ ਫ਼ਾਕ, ਫ਼ਾਕੇ ਵਿਚ ਨਾ ਕੋਇ ਰਖਾਈਆ । ਪਿਛਲਾ ਲਹਿਣਾ ਹੋਇਆ ਬੇਬਾਕ, ਅਗਲਾ ਹਿਸਾਬ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੁਣ ਧਰਤੀ ਇਕ ਬਾਤ ਅਵੱਲੀ, ਸਹਿਜੇ ਦਿਆਂ ਜਣਾਈਆ । ਤੂੰ ਵੇਖੀਂ ਇਕ ਇਕੱਲੀ, ਬਿਨ ਅੱਖਾਂ ਅੱਖ ਉਠਾਈਆ । ਪਰਮ ਪੁਰਖ ਪ੍ਰਭ ਆਇਆ ਜੋਧਾ ਸੂਰਬੀਰ ਬਲੀ, ਬਲਧਾਰੀ ਵੇਸ ਵਟਾਈਆ । ਜਿਸ ਨੂੰ ਸਜਦਾ ਕਰਦਾ ਮੁਹੰਮਦ ਅਲੀ, ਅਲਾਹ ਕਹਿ ਕੇ ਨਾਅਰਾ ਲਾਈਆ । ਜਿਸ ਦੇ ਪਿੱਛੇ ਸੀਸ ਧਰਦੇ ਗਏ ਤਲੀ, ਗੋਬਿੰਦ ਬੱਚੇ ਨੀਹਾਂ ਹੇਠ ਦਬਾਈਆ । ਜਿਸ ਦੇ ਕਾਰਨ ਤੂੰ ਫੁਲੀ ਫਲੀ, ਪੱਤ ਡਾਲੀ ਰਹੀ ਮਹਿਕਾਈਆ । ਪ੍ਰਭ ਵੇਖ ਵਲੀਆਂ ਦਾ ਵਲੀ, ਜੋ ਵਲੀਅਹਦ ਅਗੇ ਸ਼ਬਦ ਇਕ ਬਣਾਈਆ । ਜਿਸ ਦੇ ਅਗੇ ਪੇਸ਼ ਨਾ ਕਿਸੇ ਚਲੀ, ਗੁਰ ਅਵਤਾਰ ਪੈਗ਼ੰਬਰ ਗਏ ਸੀਸ ਝੁਕਾਈਆ । ਓਸ ਨੇ ਦੋ ਜਹਾਨ ਮਚੌਣੀ ਤਰਥੱਲੀ, ਜਲ ਥਲ ਰਿਹਾ ਕੁਰਲਾਈਆ । ਤੂੰ ਹੋਕਾ ਦੇ ਦੇ ਗਲੀਓ ਗਲੀ, ਨੌ ਖੰਡ ਸੱਤ ਦੀਪ ਕੁਰਲਾਈਆ । ਹੁਕਮੇ ਅੰਦਰ ਹੋ ਜਾ ਪਾਗ਼ਲ ਝੱਲੀ, ਆਪਣੀ ਮਤ ਦੇ ਗਵਾਈਆ । ਕਬੀਰ ਜੁਲਾਹਾ ਹੱਥੋਂ ਸੁਟ ਕੇ ਨਲੀ, ਨਰ ਨਰਾਇਣ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵਣਹਾਰਾ ਥਾਉਂ ਥਾਈਆ । ਧਰਨੀ ਸੁਣ ਦੇਵਾਂ ਇਕ ਗਿਆਨ, ਅਗਿਆਨ ਅੰਧੇਰ ਮਿਟਾਈਆ । ਸੋਹੇ ਭੂਮਿਕਾ ਅਸਥਾਨ, ਵੱਜੇ ਸਚ ਵਧਾਈਆ । ਭਗਤਾਂ ਮੇਲ ਸ੍ਰੀ ਭਗਵਾਨ, ਭਗਵਨ ਆਪਣਾ ਰੰਗ ਰੰਗਾਈਆ । ਸਭ ਦਾ ਲੇਖੇ ਲੱਗਾ ਪੀਣ ਖਾਣ, ਸਪਤ ਰਿਖੀ ਹੱਸ ਹੱਸ ਦੇਣ ਗਵਾਹੀਆ । ਇਹ ਕੋਈ ਜਗਤ ਵਾਲਾ ਨਹੀਂ ਦੀਵਾਨ, ਰਾਗਾਂ ਵਾਲੀ ਨਾ ਕੋਇ ਪੜ੍ਹਾਈਆ । ਜੁਗ ਜਨਮ ਚੌਕੜੀ ਲਹਿਣਾ ਆਇਆ ਚੁਕਾਣ, ਚੁਕੱਨੇ ਹੋ ਕੇ ਆਪਣੀ ਝੋਲੀ ਲੈਣੀ ਭਰਾਈਆ । ਬੇਸ਼ਕ ਜਨ ਭਗਤੋ ਤੁਸਾਂ ਆਪਣੇ ਘਰ ਬਾਰ ਛੱਡੇ ਮਕਾਨ, ਦਵਾਰਾ ਇਕੋ ਨਜ਼ਰੀ ਆਈਆ । ਤੁਹਾਡੇ ਦਰ ਦਾ ਉਹ ਮਹਿਮਾਨ, ਜਿਸ ਨੂੰ ਮਹਿਬੂਬ ਕਰਕੇ ਸਾਰੇ ਸੀਸ ਝੁਕਾਈਆ । ਬਿਨਾ ਕਲਮਿਉਂ ਬਿਨਾ ਨਾਮ ਤੋਂ ਤੁਹਾਡੀ ਕਰਕੇ ਜਾਏ ਕਲਿਆਨ, ਕਾਇਨਾਤ ਵਿਚੋਂ ਬਾਹਰ ਕਢਾਈਆ । ਅਗੇ ਸ੍ਰਿਸ਼ਟੀ ਤੇ ਵੱਡਾ ਚੜ੍ਹੇ ਤੁਫਾਨ, ਤੋਬਾ ਤੋਬ ਲੋਕਾਈਆ । ਤੁਹਾਨੂੰ ਇਸੇ ਤਰ੍ਹਾਂ ਮਿਲਦਾ ਰਹੇ ਆਣ, ਅੰਦਰ ਬਾਹਰ ਕਰੇ ਰੁਸ਼ਨਾਈਆ । ਸ਼ਬਦੀ

ਗੁਰ ਨੂੰ ਦੇ ਕੇ ਕਮਾਨ, ਕਾਮਲ ਮੁਰਸ਼ਦ ਹੁਕਮ ਸੁਣਾਈਆ । ਕਿਸੇ ਨੂੰ ਲੈਣ ਨਹੀਂ ਦੇਣਾ ਅਰਾਮ, ਹਰਾਮਖੋਰ ਵੇਖ ਸ੍ਰਿਸ਼ਟ ਸਬਾਈਆ । ਝਗੜਿਆਂ ਵਿਚ ਝਗੜੇ ਕਰਕੇ ਤਮਾਮ, ਤਮਾ ਨਾਲ ਤਮਾ ਦੇਣੀ ਟਕਰਾਈਆ । ਜਿਥੇ ਜਨ ਭਗਤਾਂ ਦਾ ਝੁਲਦਾ ਹੋਵੇ ਨਿਸ਼ਾਨ, ਉਥੇ ਨਿਉਂ ਨਿਉਂ ਸੀਸ ਝੁਕਾਈਆ । ਪਤਿਪਰਮੇਸ਼ਵਰ ਹੋਇਆ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਉਹਲਾ ਪੜਦਾ ਪੜਦੇ ਵਿਚੋਂ ਬਾਹਰ ਕਢਾਈਆ । ਧਰਨੀ ਕਹੇ ਜਨ ਭਗਤੋ ਮੇਰੀ ਨਮਸਤੇ, ਨਮੋ ਕਹਿ ਕਹਿ ਸੁਣਾਈਆ । ਤੁਸੀਂ ਪਰਮ ਪੁਰਖ ਦੇ ਦਵਾਰ ਉਤੇ ਰਹੋ ਵਸਦੇ, ਭਾਵੇਂ ਉਜੜੇ ਸਰਬ ਲੋਕਾਈਆ । ਤੁਹਾਡੇ ਅੰਤਰ ਰਹਿਣ ਹੱਸਦੇ, ਨੇਤਰ ਨੀਰ ਨਾ ਕੋਇ ਵਹਾਈਆ । ਜਨ ਭਗਤ ਮੰਜ਼ਲ ਪੌੜੇ ਚੜ੍ਹਦੇ ਕਦੇ ਨਾ ਥੱਕਦੇ, ਭੱਜਣ ਵਾਹੋ ਦਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਨੂੰ ਇਸ਼ਾਰੇ ਦਿਤੇ ਆਪਣੀ ਉਸ ਅੱਖ ਦੇ, ਜਿਸ ਅੱਖ ਵਿਚੋਂ ਪ੍ਰਤਖ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਪ੍ਰੇਮ ਵਿਚ ਰੰਗ ਦਏ, ਜਿਸ ਦਾ ਰੰਗ ਉਤਰ ਕਦੇ ਨਾ ਜਾਈਆ ।

### ✪ ੧੧ ਪੋਹ ਸ਼ਹਿਨਸ਼ਾਹੀ ਸੰਮਤ ੧ ਖੂਣ ਕੈਂਪ ਜੰਮੂ ✪

ਗਿਆਰਾਂ ਪੋਹ ਅੰਮ੍ਰਿਤ ਵੇਲਾ ਸਾਢੇ ਚਾਰ, ਚਾਰ ਜੁਗ ਬੈਠੇ ਸੀਸ ਝੁਕਾਈਆ । ਖ਼ੁਸ਼ੀਆਂ ਵਿਚ ਗੁਰ ਅਵਤਾਰ, ਢੋਲੇ ਗੀਤ ਸੁਣਾਈਆ । ਪੀਰ ਪੈਗ਼ੰਬਰ ਕਰਨ ਗੁਫ਼ਤਾਰ, ਕਲਮਾ ਅਗੰਮ ਅਲਾਈਆ । ਵਿਸ਼ਨ ਬ੍ਰਹਮ ਸ਼ਿਵ ਬੋਲ ਜੈਕਾਰ, ਤੂੰਹੀ ਤੂੰਹੀ ਰਾਗ ਸੁਣਾਈਆ । ਬ੍ਰਹਿਮੰਡ ਖੰਡ ਹੋ ਕੇ ਖ਼ਬਰਦਾਰ, ਦੋ ਜਹਾਨ ਅੱਖ ਉਠਾਈਆ । ਧਰਨੀ ਧਰਤ ਧਵਲ ਹੋਈ ਨਿਹਾਲ, ਮੰਗਲ ਗੀਤ ਇਕ ਸੁਣਾਈਆ । ਕਿਰਪਾ ਕਰੀ ਦੀਨ ਦਿਆਲ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਸਚ ਦਵਾਰ ਪਹੁੰਚਿਆ ਆਣ, ਦੋ ਜਹਾਨ ਚਰਨਾਂ ਹੇਠ ਦਬਾਈਆ । ਭਗਤ ਸੁਹੇਲੇ ਕਰ ਪਹਿਚਾਨ, ਮੁਹੱਬਤ ਵਿਚੋਂ ਖੋਜ ਖੁਜਾਈਆ । ਜਿਨ੍ਹਾਂ ਦੇ ਅੰਤਰ ਆਤਮ ਮਿਲਿਆ ਇਕੋ ਦਾਨ, ਵਸਤ ਅਮੋਲਕ ਨਜ਼ਰੀ ਆਈਆ । ਜਗਤ ਵਿਦਿਆ ਛੱਡ ਨਾਦਾਨ, ਪਾਸਾ ਦੁਨੀ ਵਲੋਂ ਬਦਲਾਈਆ । ਪਰਮਾਤਮ ਮੰਨ ਕੇ ਇਕੋ ਕਾਹਨ, ਸਖ਼ੀ ਸਹੇਲੀ ਰੂਪ ਵਖਾਈਆ । ਧੁਰ ਦਾ ਸੱਜਣ ਜਾਣ ਕੇ ਰਾਮ, ਇਸ਼ਟ ਦ੍ਰਿਸ਼ਟ ਨਾਲ ਵਡਿਆਈਆ । ਜਗਤ ਸਿੰਘਾਸਣ ਛੱਡ ਬਿਸਰਾਮ, ਸੁਖਆਸਨ ਧਰਤੀ ਸੇਜ ਸੁਹਾਈਆ । ਜੋਧਾ ਸੂਰਬੀਰ ਨਾਲ ਜਵਾਨ, ਨਵ ਨੌ ਚਾਰ ਵੇਖ ਵਖਾਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਪੁਰੀ ਲੋਅ ਲਾਗਣ ਪਾਈਆ । ਸੋ ਖੇਲ ਕਰੇ ਮਹਾਨ, ਮਹਿੰਮਾ ਅਕਥ ਅਕਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਰਿਹਾ ਜਣਾਈਆ । ਸਾਢੇ ਚਾਰ ਕਹਿਣ ਜਿਸ ਵੇਲੇ ਗਏ ਵੱਜ, ਵਜੂਦ ਨਜ਼ਰ ਕੋਇ ਨਾ ਆਈਆ । ਇਕੋ ਵੇਖ ਪੁਰਖ ਸਮਰਥ, ਦਰ ਠਾਂਡੇ ਖ਼ੁਸ਼ੀ ਮਨਾਈਆ । ਦੋਏ ਜੋੜ ਕੇ ਹੱਥ, ਸਜਦਾ ਸੀਸ ਝੁਕਾਈਆ । ਜਿਸ ਦਵਾਰੇ ਭਗਤ ਸੁਹੇਲੇ ਰਹੇ ਵਸ, ਵਾਸਤਾ ਇਕੋ ਨਾਲ ਜੁੜਾਈਆ । ਹਕੀਕ਼ਤ ਵਿਚੋਂ ਪਛਾਣ ਕੇ ਹੱਕ, ਹੁਕਮ ਮੰਨਣ ਥਾਉਂ ਥਾਈਂਆ । ਸੱਚੇ ਮਾਰਗ ਨਾ ਜਾਵਣ ਥੱਕ, ਪੰਧ ਜਗਤ ਵਾਲਾ ਚੁਕਾਈਆ । ਇਕੋ ਵੱਲ ਰਹੇ ਤੱਕ, ਦੂਜੀ ਓਟ ਨਾ ਕੋਇ ਰਖਾਈਆ । ਪ੍ਰੇਮ ਪਿਆਰ ਅੰਦਰ ਕਰ ਕੇ ਇਕੱਠ, ਸੋਹਣਾ ਵਕਤ ਲਿਆ ਸੁਹਾਈਆ । ਖ਼ੁਸ਼ੀਆਂ ਅੰਦਰ ਰਹੇ ਨੱਠ, ਭੱਜਣ ਵਾਹੋ ਦਾਹੀਆ । ਇਕ ਦੂਜੇ ਨੂੰ ਰਹੇ ਦੱਸ, ਸੋਹੰ ਢੋਲਾ ਗਾਉਣਾ ਸਾਚੇ

ਮਾਹੀਆ । ਜਿਸ ਦਾ ਵੇਦ ਪੁਰਾਨ ਕਰਦੇ ਜਸ, ਸ਼ਾਸਤਰ ਸਿਮਰਤ ਦੇਣ ਗਵਾਹੀਆ । ਸੋ ਪੁਰਖ ਅਕਾਲ ਦੀਨ ਦਿਆਲ ਆਪੇ ਰਿਹਾ ਲੱਭ, ਹਰਿਜਨ ਖੋਜੇ ਥਾਉਂ ਥਾਈਂਆ । ਸ਼ਹਾਦਤ ਦੇਵੇ ਡਾਲੀ ਪੱਤ, ਘਾਸ ਫੂਸ ਕਾਨਾ ਕਾਹੀ ਦੱਭ, ਨੇੜੇ ਹੋ ਹੋ ਰਹੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਧੁਰ ਦਾ ਰਿਹਾ ਵਖਾਈਆ । ਸਾਢੇ ਚਾਰ ਕਹਿਣ ਜਿਸ ਵੇਲੇ ਹੋਇਆ ਵਕ਼ਤ, ਵਿਅਕਤੀ ਇਕੋ ਨਜ਼ਰੀ ਆਈਆ । ਜਿਸ ਦਾ ਲਹਿਣਾ ਦੇਣਾ ਨਾਲ ਭਗਤ, ਭਗਵਨ ਆਪਣੀ ਖੇਲ ਖਿਲਾਈਆ । ਨਾਤਾ ਤੋੜ ਕੁਟੰਬ ਜਗਤ, ਆਤਮ ਅੰਤਰ ਮੇਲ ਮਿਲਾਈਆ । ਸਚ ਪ੍ਰੀਤੀ ਦੇ ਕੇ ਸ਼ਕਤ, ਸ਼ਖ਼ਸੀਅਤ ਅਗਲੀ ਦਏ ਸਮਝਾਈਆ । ਜਿਸ ਦਾ ਪਹਿਲਾ ਚੜ੍ਹਿਆ ਬਰਸ, ਵਰਖ ਮਾਸ ਰੁੱਤ ਨਾ ਕੋਇ ਵਡਿਆਈਆ । ਲੱਖ ਚੁਰਾਸੀ ਵਿਚੋਂ ਕਰ ਕੇ ਪਰਖ, ਭਗਤ ਸੁਹੇਲੇ ਲਏ ਉਠਾਈਆ । ਖ਼ੁਸ਼ੀਆਂ ਨਾਲ ਕਰ ਕੇ ਉਹਨਾਂ ਦਰਸ, ਦਰਸ਼ਨ ਆਪਣੇ ਵਿਚ ਸਮਾਈਆ । ਖੇਲ ਵਖਾ ਕੇ ਉਪਰ ਅਰਸ਼, ਫ਼ਰਸ਼ ਵੱਜੇ ਵਧਾਈਆ । ਕਰਨੀ ਦਾ ਕਰਤਾ ਲੇਖਾ ਜਾਣੇ ਆਪ ਅਸਚਰਜ, ਅਚਰਜ ਲੀਲਾ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗ ਇਕੋ ਦਏ ਵਖਾਈਆ । ਸਾਢੇ ਚਾਰ ਕਹਿਣ ਜਿਸ ਵੇਲੇ ਧੁਰ ਦਾ ਵੱਜਾ ਘੜਿਆਲ, ਘੰਟਾ ਨਜ਼ਰ ਕੋਇ ਨਾ ਆਈਆ । ਪਰਮ ਪੁਰਖ ਪ੍ਰਭ ਤੱਕਿਆ ਦੀਨ ਦਿਆਲ, ਦੀਨਾਂ ਹੋਏ ਸਹਾਈਆ । ਭਗਤ ਵਛਲ ਕ੍ਰਿਪਾਲ, ਕਿਰਪਾਨਿਧ ਬੇਪਰਵਾਹੀਆ । ਸਾਚਾ ਦਵਾਰਾ ਵੇਖ ਸੱਚੀ ਧਰਮਸਾਲ, ਗੁਰਮੁਖਾਂ ਅੰਦਰ ਡੇਰਾ ਲਾਈਆ । ਜਿਥੇ ਨਾ ਕੋਇ ਸ਼ਾਹ ਨਾ ਕੰਗਾਲ, ਉਚ ਨੀਚ ਨਾ ਕੋਇ ਜਣਾਈਆ । ਨਾ ਕੋਇ ਮਾਇਆ ਤਤ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਨਾ ਕੋਇ ਵਿਦਿਆ ਦਾ ਅਹਿਵਾਲ, ਨਾ ਕੋਇ ਅੱਖਰਾਂ ਕਰੇ ਪੜ੍ਹਾਈਆ । ਨਾ ਕੋਇ ਤੀਰਥ ਤਟ ਇਸ਼ਨਾਨ, ਜਲ ਧਾਰਾ ਨਾ ਕੋਇ ਵਹਾਈਆ । ਨਾ ਕੋਇ ਰਸਨਾ ਜਿਹਵਾ ਬੱਤੀ ਦੰਦ ਗਿਆਨ, ਬੁਧ ਮਤ ਮਨ ਨਾ ਕੋਇ ਚਤੁਰਾਈਆ । ਨਾ ਕੋਇ ਪੀਣ ਨਾ ਕੋਇ ਖਾਣ, ਨਾ ਕੋਇ ਤ੍ਰਿਸ਼ਨਾ ਭੁੱਖ ਵਧਾਈਆ । ਨਾ ਜ਼ਿਮੀਂ ਨਾ ਕੋਇ ਅਸਮਾਨ, ਮੰਦਰ ਮਕਾਨ ਨਾ ਕੋਇ ਜਣਾਈਆ । ਨਾ ਕੋਇ ਰਾਗ ਨਾ ਗਾਣ ਤਰਾਨ, ਨਾਦੀ ਧੁਨ ਨਾ ਕੋਇ ਸ਼ਨਵਾਈਆ । ਨਾ ਕੋਇ ਜਾਣ ਨਾ ਪਹਿਚਾਣ, ਪੜਦਾ ਓਹਲਾ ਨਾ ਕੋਇ ਉਠਾਈਆ । ਨਾ ਕੋਇ ਜੰਗਲ ਬੀਆਬਾਨ, ਟਿੱਲਾ ਪਰਬਤ ਨਜ਼ਰ ਕੋਇ ਨਾ ਆਈਆ । ਸੋ ਮਹੱਲਾ ਇਕ ਇਕੱਲਾ ਪੁਰਖ ਅਬਿਨਾਸ਼ੀ ਵੇਖੇ ਆਣ, ਜਨ ਭਗਤਾਂ ਅੰਦਰ ਖੋਜ ਖੁਜਾਈਆ । ਜਿਥੇ ਦੀਆ ਬਾਤੀ ਜਗੇ ਮਹਾਨ, ਕਮਲਾਪਾਤੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਜਣਾਈਆ । ਸਾਢੇ ਚਾਰ ਕਹਿਣ ਸਾਡੀ ਵੱਜੀ ਵਧਾਈ ਜਗ, ਜਗ ਜੀਵਣ ਦਾਤਾ ਨਜ਼ਰੀ ਆਈਆ । ਜੋ ਭਗਤਾਂ ਅੰਦਰ ਬਿਨਾ ਕਾਅਬਿਉਂ ਕਰੇ ਹੱਜ, ਹਾਜਤ ਸਭ ਦੀ ਵੇਖ ਵਖਾਈਆ । ਬਿਨਾ ਸ਼ਿਵਦਵਾਲੇ ਮੰਦਰ ਗੁਰੂਦਵਾਰਾ ਜਾਏ ਸਜ, ਸਚ ਸਿੰਘਾਸਣ ਸੋਭਾ ਪਾਈਆ । ਕੂੜੀ ਕਿਰਿਆ ਕਰ ਕੇ ਪਾਰ ਹੱਦ, ਧਾਮ ਇਕੋ ਇਕ ਵਡਿਆਈਆ । ਜਿਥੇ ਮਨ ਵਾਸਨਾ ਜਾਏ ਕੋਇ ਨਾ ਰਚ, ਤ੍ਰਿਸ਼ਨਾ ਤਾਮ ਨਾ ਕੋਇ ਬਣਾਈਆ । ਇਕੋ ਹੁਕਮ ਮਿਲੇ ਸਚ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਇਕੋ ਵੇਖਣ ਵਾਲੀ ਅੱਖ, ਨਿਜ ਨੇਤਰ ਨਜ਼ਰੀ ਆਈਆ । ਇਕੋ ਮੇਲ ਪੁਰਖ ਸਮਰਥ, ਦੂਜਾ ਨਾਤਾ ਸਰਬ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਾਢੇ ਚਾਰ ਕਹਿਣ ਮੇਰੇ ਕੋਲ ਆਏ ਇੱਟਾਂ ਪੱਥਰ, ਖ਼ੁਸ਼ੀਆਂ ਨਾਲ ਰਹੇ ਸੁਣਾਈਆ । ਅਸੀਂ ਉਹਨਾਂ ਦਾ ਵੇਖਿਆ ਸੱਬਰ, ਜੋ ਬੈਠੇ ਸੇਜ ਹੰਢਾਈਆ ।

ਜਿਨ੍ਹਾਂ ਪੜ੍ਹਿਆ ਕੋਈ ਨਹੀਂ ਅੱਖਰ, ਵਿਦਿਆ ਵੰਡ ਨਾ ਕੋਇ ਵੰਡਾਈਆ । ਓਹ ਚੜ੍ਹ ਕੇ ਚੋਟੀ ਸਿਖ਼ਰ, ਪੁਰਖ ਅਬਿਨਾਸ਼ੀ ਦਰਸ਼ਨ ਪਾਈਆ । ਤੰਬੂਆਂ ਵਿਚ ਰਹਿ ਕੇ ਕੋਇ ਨਹੀਂ ਫ਼ਿਕਰ, ਫ਼ਿਕਰਾ ਇਕੋ ਢੋਲਾ ਗਾਈਆ । ਕਰਨੀ ਵਿਚੋਂ ਗਏ ਨਿਕਲ, ਕਰਤਾ ਮਿਲਿਆ ਬੇਪਰਵਾਹੀਆ । ਦੋ ਜਹਾਨਾਂ ਧੁਰ ਦਾ ਮਿੱਤਰ, ਪਤਿਪਰਮੇਸ਼ਵਰ ਹੋਏ ਸਹਾਈਆ । ਜਿਸ ਦਾ ਵੇਦਾਂ ਵਿਚ ਜਿਕਰ, ਪੁਰਾਨਾਂ ਵਿਚ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਸਾਢੇ ਚਾਰ ਕਹਿਣ ਮੈਨੂੰ ਦੱਸਣ ਪੱਤ ਡਾਲ, ਬਨਾਸਪਤ ਰਹੀ ਹਾਲ ਸੁਣਾਈਆ । ਜਿਸ ਦੀ ਘਾਲਣਾ ਰਹੇ ਘਾਲ, ਸੋ ਆਇਆ ਸੱਜਣ ਮਾਹੀਆ । ਜਿਸ ਦੇ ਨਾਲ ਸੁਤ ਦੁਲਾਰਾ ਲਾਲ, ਗੋਬਿੰਦ ਜੋੜ ਜੁੜਾਈਆ । ਜਿਸ ਦੇ ਚਰਨਾਂ ਹੇਠਾਂ ਕਾਲ ਮਹਾਂਕਾਲ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਦੀ ਜੁਗ ਚੌਕੜੀ ਕਰ ਕਰ ਥੱਕੇ ਭਾਲ, ਸਨਮੁਖ ਹੋ ਕੇ ਦਰਸ ਕੋਇ ਨਾ ਪਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਅਹਿਵਾਲ, ਭਵਿਖਤਾਂ ਵਿਚ ਸਮਝਾਈਆ । ਸੋ ਖੇਲ ਕਰੇ ਕਮਾਲ, ਕੋੜ੍ਹੇ ਕਮਲੇ ਗੋਦ ਉਠਾਈਆ । ਲੇਖੇ ਲਾ ਕੇ ਪਿਛਲੀ ਘਾਲ, ਪੂਰਬ ਲਹਿਣਾ ਰਿਹਾ ਚੁਕਾਈਆ । ਅਗੇ ਕਰੇ ਮਾਲੋ ਮਾਲ, ਨਾਮ ਧੰਨ ਝੋਲੀ ਪਾਈਆ । ਠਾਕਰ ਹੋ ਕੇ ਬਣੇ ਦਲਾਲ, ਸ਼ਬਦ ਵਿਚੋਲਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸਾਢੇ ਚਾਰ ਕਹਿਣ ਮੇਰੇ ਕੋਲ ਆਏ ਸੂਤਰ ਵੱਟੇ ਰੱਸੇ, ਰਸਤਾ ਆਪਣਾ ਰਹੇ ਜਣਾਈਆ । ਖ਼ੁਸ਼ੀਆਂ ਵਿਚ ਸਾਰੇ ਹੱਸੇ, ਹਸਤੀ ਵੇਖ ਬੇਪਰਵਾਹੀਆ । ਬਹੁਤਿਆਂ ਵਿਚੋਂ ਥੋੜੇ ਪ੍ਰਭ ਦੀ ਪ੍ਰੀਤੀ ਅੰਦਰ ਫਸੇ, ਜੋ ਫ਼ੈਸਲਾ ਹੱਕ ਰਹੇ ਕਰਾਈਆ । ਅਸਾਂ ਤੱਕਿਆ ਉਸ ਅੱਖੇ, ਜਿਹੜੀ ਅੱਖ ਜਗਤ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਦੇ ਪੜਦੇ ਆਪ ਢਕੇ, ਸਿਰ ਓਢਨ ਇਕ ਟਿਕਾਈਆ । ਲੱਖ ਚੁਰਾਸੀ ਵਿਚੋਂ ਕੱਢੇ, ਜਮ ਦੀ ਫਾਸੀ ਗਲੋਂ ਲਾਹੀਆ । ਸਚ ਦਵਾਰੇ ਦੇ ਦੇ ਕੇ ਪਤੇ, ਪਤਾ ਆਪਣਾ ਦਏ ਸਮਝਾਈਆ । ਸੰਤ ਸੁਹੇਲੇ ਬਣਾ ਕੇ ਬੱਚੇ, ਗੁਰਮੁਖ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਸੰਗ ਨਿਭਾਈਆ । ਸਾਢੇ ਚਾਰ ਕਹਿਣ ਖ਼ੁਸ਼ੀਆਂ ਨਾਲ ਬੋਲੇ ਮਿਤੀ, ਠੰਢੀ ਠਾਰ ਦਏ ਗਵਾਹੀਆ । ਮੈਂ ਵੇਖੀ ਧਾਰ ਚਿੱਟੀ, ਜਨ ਭਗਤਾਂ ਅੰਦਰ ਆਈਆ । ਜਗਤ ਵੇਖਣ ਵਾਸਤੇ ਨਿੱਕੀ, ਸ੍ਰੀ ਭਗਵਾਨ ਵੱਡੀ ਬਣਾਈਆ । ਇਸ ਤੋਂ ਪਰੇ ਹੋਰ ਨਹੀਂ ਕੋਇ ਸਿੱਖੀ, ਜੋ ਸਾਖਿਆਤ ਪ੍ਰਭ ਦਾ ਦਰਸ਼ਨ ਪਾਈਆ । ਗੋਬਿੰਦ ਵੇਲਾ ਚੁੱਕਿਆ ਸੰਮਤ ਇੱਕੀ, ਏਕੰਕਾਰ ਆਪਣੀ ਆਪ ਆਪੇ ਦਏ ਗਵਾਹੀਆ । ਚਾਰ ਜੁਗ ਦੋ ਜਹਾਨ ਕਿਸੇ ਕੋਲ ਨਹੀਂ ਕੋਇ ਚਿੱਠੀ, ਜੋ ਧੁਰ ਦਾ ਹੁਕਮ ਪੜ੍ਹ ਕੇ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰ ਵੱਡੀ ਵਡਿਆਈਆ । ਸਾਢੇ ਚਾਰ ਕਹਿਣ ਮੈਂ ਵੇਖਿਆ ਵਖਰਾ ਜੋਗ, ਜੋਗੀ ਜੋਗੀਸ਼ਰ ਦੇਣ ਦੁਹਾਈਆ । ਬਿਨਾ ਪ੍ਰਭੂ ਦੀ ਕਿਰਪਾ ਕਿਸੇ ਨਾ ਹੋਇਆ ਸੰਜੋਗ, ਮਿਲਿਆ ਮੇਲ ਨਾ ਸ਼ਹਿਨਸ਼ਾਹੀਆ । ਸਾਚੀ ਚੁਗੀ ਕੋਇ ਨਾ ਚੋਗ, ਨਾਮ ਰਸ ਅੰਮ੍ਰਿਤ ਫਲ ਕੋਇ ਨਾ ਖਾਈਆ । ਜਨਮ ਮਰਨ ਦਾ ਲੱਗਾ ਸਭ ਨੂੰ ਰੋਗ, ਲੱਖ ਚੁਰਾਸੀ ਵਿਚੋਂ ਬਾਹਰ ਨਾ ਕੋਇ ਕਢਾਈਆ । ਆਤਮ ਸੇਜਾ ਕੋਇ ਨਾ ਸਕੇ ਭੋਗ, ਸਾਚਾ ਰਸ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੇੜਾ ਰਿਹਾ ਬੰਧਾਈਆ । ਸਾਢੇ ਚਾਰ ਕਹਿਣ ਅਸਾਂ ਵੇਖੇ ਜਗਤ ਹਕੀਰ, ਬਿਨ ਅੱਖਾਂ ਅੱਖ ਉਠਾਈਆ । ਰਾਹ ਤੱਕਦੇ ਵੇਖੇ ਫ਼ਕੀਰ, ਫ਼ਿਕਰਿਆਂ ਵਿਚ ਢੋਲੇ ਗਾਈਆ । ਦਰਸ਼ਨ ਪਾਉਂਦੇ ਵੇਖੇ ਪੀਰ, ਪੈਗ਼ੰਬਰ



੪੮
੧੯

ਦੇਣ ਦੁਹਾਈਆ । ਜੁਗ ਚੌਕੜੀ ਹੁੰਦੇ ਵੇਖੇ ਤਾਮੀਰ, ਟਿੱਲੇ ਪਰਬਤ ਖੋਜ ਖੁਜਾਈਆ । ਜੋਧੇ ਸੂਰਬੀਰ ਬਣ ਕੇ ਫੜਦੇ ਵੇਖੇ ਸ਼ਮਸ਼ੀਰ, ਹੁਕਮੇ ਅੰਦਰ ਹੁਕਮ ਫਰਾਈਆ । ਅੱਜੇ ਤੱਕ ਤੱਕਿਆ ਨਹੀਂ ਗਹਿਰ ਗੰਭੀਰ, ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਸੀਸ ਝੁਕਾਈਆ । ਜਿਸ ਦੇ ਹੱਥ ਸਭ ਦੀ ਤਕਦੀਰ, ਆਪਣੀ ਤਦਬੀਰ ਆਪਣੇ ਵਿਚ ਛੁਪਾਈਆ । ਜਿਸ ਝਗੜਾ ਚੁਕੌਣਾ ਅਮੀਰ ਗ਼ਰੀਬ, ਊਚਾਂ ਨੀਚਾਂ ਰੰਗ ਵਖਾਈਆ । ਉਸੇ ਦੀ ਚਰਨੀ ਝੁਕਦਾ ਰਿਹਾ ਕਬੀਰ, ਜੋ ਸਹਿਜ ਸੁਭਾਉ ਗੁਰਮੁਖਾਂ ਨਜ਼ਰੀ ਆਈਆ , ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਹਿਰਦਾ ਵੇਖ ਵਖਾਈਆ । ਸਾਢੇ ਚਾਰ ਕਹੇ ਮੈਂ ਵੇਖਿਆ ਫਿਰਦਾ, ਬਿਨਾ ਤੱਤਾਂ ਫੇਰੀ ਪਾਈਆ । ਜਨ ਭਗਤਾਂ ਜਾਣੇ ਹਿਰਦਾ, ਜੋ ਅੱਖਾਂ ਤੋਂ ਉਪਰ ਦਿਤਾ ਟਿਕਾਈਆ । ਜਿਥੇ ਇਕੋ ਝਿਰਨਾ ਝਿਰਦਾ, ਨਿਝਰ ਧਾਰ ਵਹਾਈਆ । ਕਿਰਨਾ ਕਿਰਨਾ ਕਿਰਦਾ, ਰੂਪ ਰੰਗ ਨਾ ਕੋਇ ਸਮਝਾਈਆ । ਇਹ ਖੇਲ ਅਗੰਮੀ ਪਿਰ ਦਾ, ਪੀਆ ਪ੍ਰੀਤਮ ਆਪ ਬਣਾਈਆ । ਜੋ ਭਗਤ ਸੁਹੇਲਾ ਵਿਛੜਿਆਂ ਚਿਰ ਦਾ, ਚੇਤਨ ਹੋ ਕੇ ਜੋੜ ਜੁੜਾਈਆ । ਧੁਰ ਦਾ ਗ਼ੁੰਚਾ ਇਕੋ ਖਿੜਦਾ, ਫਲ ਫੂਲ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਮੇਲਾ ਸਹਿਜ ਸੁਭਾਈਆ । ਸਾਢੇ ਚਾਰ ਕਹੇ ਮੈਂ ਵੇਖਿਆ ਸੇਵਾਦਾਰ, ਪੁਰਖ ਅਬਿਨਾਸ਼ੀ ਨਜ਼ਰੀ ਆਈਆ । ਜੋ ਸੁਤਿਆਂ ਕਰੇ ਪਿਆਰ, ਅੰਦਰ ਵੜ ਕੇ ਖ਼ੁਸ਼ੀ ਬਣਾਈਆ । ਸਾਚਾ ਦੱਸ ਇਕ ਜੈਕਾਰ, ਢੋਲਾ ਆਪਣਾ ਨਾਮ ਸ਼ਨਵਾਈਆ । ਦ੍ਰਿਸ਼ਟੀ ਇਸ਼ਟੀ ਵਿਚੋਂ ਕੱਢ ਕੇ ਬਾਹਰ, ਪਿਆਰ ਇਕੋ ਨਾਲ ਬੰਧਾਈਆ । ਨਾਤਾ ਜੋੜ ਕੇ ਪੁਰਖ ਅਕਾਲ, ਨਰ ਨਰਾਇਣ ਦਏ ਸਮਝਾਈਆ । ਜਿਸ ਦਾ ਝਗੜਾ ਰਿਹਾ ਜੁਗ ਚਾਰ, ਫ਼ੈਸਲਾ ਅੰਤ ਨਾ ਕੋਇ ਕਰਾਈਆ । ਗੁਰ ਅਵਤਾਰ ਪੈਗ਼ੰਬਰ ਵੰਡਾਂ ਵੰਡਦੇ ਗਏ ਸੰਸਾਰ, ਪ੍ਰਭ ਦਾ ਹਿੱਸਾ ਨਾ ਕੋਇ ਸਮਝਾਈਆ । ਨਾਮ ਸਿਫ਼ਤ ਜਗਤ ਗਏ ਵਿਚਾਰ, ਰਸਨਾ ਜਿਹਵਾ ਨਾਲ ਮਿਲਾਈਆ । ਨਿਰਗੁਣ ਸਰਗੁਣ ਦੱਸਦੇ ਗਏ ਧਾਰ, ਸਰਗੁਣ ਹੋ ਕੇ ਸੀਸ ਝੁਕਾਈਆ । ਬਿਨਾ ਪਰਮ ਪੁਰਖ ਦੇ ਕਿਸੇ ਨਾ ਬੋਲਿਆ ਇਕ ਜੈਕਾਰ, ਜੈ ਜੈਕਾਰ ਨਾ ਕੋਇ ਦ੍ਰਿੜਾਈਆ । ਅੰਤਮ ਸਾਰੇ ਗਏ ਹਾਰ, ਹਰਿ ਜੂ ਭੇਵ ਕੋਇ ਨਾ ਪਾਈਆ । ਆਸਾ ਓਟ ਰਖ ਕੇ ਦੇਂਦੇ ਗਏ ਵਿਚਾਰ, ਭਵਿਖਤਾਂ ਵਿਚ ਸਮਝਾਈਆ । ਕਲ ਕਲਕੀ ਲਏ ਅਵਤਾਰ, ਜਿਸ ਦਾ ਪਿਤਾ ਨਾ ਕੋਇ ਮਾਈਆ । ਜਗਤ ਵੱਖਰਾ ਕਰੇ ਵਿਵਹਾਰ, ਵਿਹਾਰ ਆਪਣੇ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸਾਢੇ ਚਾਰ ਕਹਿਣ ਮੈਂ ਵੇਖੀ ਮੰਜੀ ਚਾਰਪਾਈ ਖਾਟ, ਖਟਕਾ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਪਿਛੇ ਮਾਰ ਕੇ ਆਇਆ ਵਾਟ, ਪਾਂਧੀ ਹੋ ਕੇ ਪੰਧ ਮੁਕਾਈਆ । ਚਾਰ ਜੁਗ ਨਾਲੋਂ ਚੰਗੀ ਉਹਨਾਂ ਦੀ ਕਰੇ ਇਕੋ ਰਾਤ, ਪਰਭਾਤੀ ਆਪਣੀ ਖ਼ੁਸ਼ੀ ਵਖਾਈਆ । ਸਚ ਪ੍ਰੇਮ ਦੀ ਦੇ ਕੇ ਜਾਵੇ ਦਾਤ, ਦਾਤੇ ਧੁਰ ਦੇ ਦਏ ਬਣਾਈਆ । ਜਿਹੜੀ ਕਿਸੇ ਦਵਾਰਿਉਂ ਹੱਥ ਨਹੀਂ ਆਉਣੀ ਸੌਗਾਤ, ਸੋ ਵਸਤ ਅਮੋਲਕ ਝੋਲੀ ਪਾਈਆ । ਸੁੱਤਿਆਂ ਜਾਗਦਿਆਂ ਗੁਰਮੁਖ ਇਕੋ ਢੋਲਾ ਲੈਣ ਆਖ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਪੂਰ ਕਰਾਈਆ । ਸਾਢੇ ਚਾਰ ਕਹਿਣ ਅਸਾਂ ਵੇਖਿਆ ਹਾਲ ਬਿਨਾ ਅੱਖਾਂ, ਅੱਖਰਾਂ ਵਿਚ ਨਾ ਕੋਇ ਸਮਝਾਈਆ । ਸੋ ਕਹਾਣੀ ਸਚ ਦੱਸਾਂ, ਜੋ ਪ੍ਰਭ ਨੇ ਦਿਤੀ ਵਖਾਈਆ । ਕੋਟਾਂ ਵਿਚੋਂ ਕਰੋੜਾਂ ਵਿਚੋਂ ਲੱਖਾਂ ਵਿਚੋਂ ਭਗਤ ਸੁਹੇਲਾ ਵਿਰਲਾ ਲੱਭਾ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਜਿਨ੍ਹਾਂ ਦਾ ਇਕੋ ਪਿਤਾ ਤੇ ਇਕੋ ਅੱਬਾ, ਇਕੋ ਇਕ ਜਣੇਂਦੀ ਮਾਈਆ । ਜਿਸ ਦੇ ਨਾਮ ਨੂੰ ਲੱਗੇ ਕੋਇ


੪੯
੧੯

ਨਾ ਧੱਬਾ, ਪਤਿਪਰਮੇਸ਼ਵਰ ਰੂਪ ਵਟਾਈਆ । ਲਹਿਣਾ ਦੇਣਾ ਚੁਕਾ ਕੇ ਹੱਬਾ, ਹੱਬ ਕਿਛ ਆਪੇ ਰਿਹਾ ਵਰਤਾਈਆ । ਅਗੇ ਨਾ ਕਿਸੇ ਦਾ ਦੱਬਾ, ਭੈ ਭੌ ਵਿਚੋਂ ਬਾਹਰ ਕਢਾਈਆ । ਜਨ ਭਗਤੋ ਤੁਹਾਡਾ ਵਧਦਾ ਰਹੇ ਅੱਗਾ, ਕੁਲ ਸਕੇ ਨਾ ਕੋਇ ਬਦਲਾਈਆ । ਤੁਹਾਡਾ ਨਾਮ ਰਹੇ ਜਗ੍ਹਾ ਜਗ੍ਹਾ, ਜਗ ਜੀਵਣ ਦਾਤਾ ਹੋਏ ਸਹਾਈਆ । ਤੁਹਾਡਾ ਨਿਰਗੁਣ ਸਰਗੁਣ ਧਾਰ ਮੇਲ ਰਹੇ ਸਦਾ, ਸਦ ਆਪਣੇ ਘਰ ਵਸਾਈਆ । ਸਾਚੇ ਨਾਮ ਦਾ ਚਖਾਉਂਦਾ ਰਹੇ ਮਜ਼ਾ, ਮਜਲਸ ਅਗੰਮੀ ਇਕ ਵਡਿਆਈਆ । ਤੁਹਾਨੂੰ ਅੰਤ ਕਿਸੇ ਨਹੀਂ ਦੇਣੀ ਸਜ਼ਾ, ਸਿੱਧਾ ਜਮਾਂ ਤੋਂ ਲੈਣਾ ਛੁਡਾਈਆ । ਤੁਹਾਡੇ ਵਿਚੋਂ ਬਹੁਤ ਖ਼ੁਸ਼ੀ ਸਿੰਘ ਫੱਗਾ, ਜੋ ਅਗੇ ਹੋ ਕੇ ਸੀਸ ਨਿਵਾਈਆ । ਕਿਸੇ ਨਾਲ ਕਰਨਾ ਨਹੀਂ ਕੋਈ ਦਗ਼ਾ, ਦਾਗ਼ ਦੁਰਮਤ ਦੇਣੀ ਧਵਾਈਆ । ਪ੍ਰਭ ਤਾਰਨ ਦੀ ਕੋਈ ਸਮਝ ਨਾ ਸਕਿਆ ਵਜ੍ਹਾ, ਵਜਦ ਵਜੂਦਾਂ ਵਾਲੇ ਗਏ ਸੀਸ ਨਿਵਾਈਆ । ਜੋ ਹਰਿ ਸਰਨਾਈ ਲੱਗਾ, ਲਗਨ ਇਕੋ ਇਕ ਰਖਾਈਆ । ਸਾਢੇ ਚਾਰ ਕਹੇ ਮੈਂ ਪ੍ਰਭ ਨੂੰ ਵੇਖਿਆ ਉਹਨਾਂ ਦੇ ਪਿਆਰ ਅੰਦਰ ਬੱਝਾ, ਉਠ ਉਠ ਘਰ ਘਰ ਦਰ ਦਰ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਸਾਢੇ ਚਾਰ ਵੇਲਾ ਵਕ਼ਤ ਅੱਜ ਦਾ, ਅਜ਼ਲ ਤੋਂ ਲਏ ਬਚਾਈਆ । ਲੱਖ ਚੁਰਾਸੀ ਵਿਛੋੜਾ ਹੋਵੇ ਜਗ ਦਾ, ਜੁਗਤੀ ਨਾਲ ਜਮ ਤੋਂ ਲਏ ਛੁਡਾਈਆ । ਜੋ ਪ੍ਰੇਮ ਅੰਦਰ ਤੁਹਾਡੇ ਅੰਦਰ ਵਸਦਾ, ਵਸੀਅਤ ਅਗਲੀ ਦਏ ਲਿਖਾਈਆ । ਨਾਤਾ ਬਣਿਆ ਰਿਹਾ ਸਦਾ ਪੁਰਖ ਸਮਰਥ ਦਾ, ਏਥੇ ਓਥੇ ਕਦੇ ਨਾ ਹੋਏ ਜੁਦਾਈਆ । ਤੁਹਾਡਾ ਲੇਖਾ ਹਿਸਾਬ ਵਿਚੋਂ ਵਖ ਦਾ, ਵਖਰੀ ਗੰਢ ਬੰਧਾਈਆ । ਭਗਤ ਖੇੜਾ ਸਦਾ ਰਹੇ ਵਸਦਾ, ਜਿਥੇ ਵਸੇ ਸ਼ਹਿਨਸ਼ਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਭੁੱਖਾ ਤੁਹਾਡੇ ਪ੍ਰੇਮ ਰਸ ਦਾ, ਜੋ ਰਸ ਰਸਨਾ ਦੇ ਪਿਛੇ ਦਏ ਰਖਾਈਆ । ਸਾਢੇ ਚਾਰ ਕਹੇ ਮੈਂ ਭਗਤਾਂ ਦੀ ਵੇਖੀ ਧੁਨ, ਧੁਨਕੀ ਅੰਦਰੇ ਅੰਦਰ ਵਜਾਈਆ । ਅੱਠੇ ਪਹਿਰ ਗਾਉਂਦੇ ਗੁਣ, ਗਹਿਰ ਗੰਭੀਰ ਧਿਆਨ ਲਗਾਈਆ । ਪ੍ਰਭੂ ਸਾਡੀ ਪੁਕਾਰ ਸੁਣ, ਦਰਸ ਦਿਖਾ ਥਾਉਂ ਥਾਈਂਆ । ਜੇ ਨਾ ਬਹੁੜਿਉਂ ਹੁਣ, ਕੀ ਤੇਰੀ ਵਡਿਆਈਆ । ਭਾਵੇਂ ਖਾਣ ਨੂੰ ਰੁੱਖਾ ਮਿੱਸਾ ਲੱਭਦਾ ਲੂਣ, ਨਿਮਕ ਤੇਰਾ ਰੰਗ ਚੜ੍ਹਾਈਆ । ਸਾਡਾ ਕਿਸੇ ਨਾਲ ਨਹੀਂ ਬੋਲਣ ਕੂਣ, ਇਕੋ ਤੇਰਾ ਰਾਹ ਤਕਾਈਆ । ਕਿਉਂ ਤੂੰ ਸਾਨੂੰ ਦੱਸਿਆ ਉਹ ਮਜ਼ਮੂਨ, ਜਿਸ ਦੀ ਅੱਖਰਾਂ ਵਿਚੋਂ ਬਾਹਰ ਪੜ੍ਹਾਈਆ । ਭਗਤ ਭਗਵਾਨ ਦਾ ਨਿਰਾਲਾ ਕ਼ਾਨੂੰਨ, ਕਲਮਿਆਂ ਤੋਂ ਲੇਖਾ ਦਿਤਾ ਛੁਡਾਈਆ । ਅਸੀਂ ਤੇਰੇ ਬੱਚੇ ਮਾਸੂਮ, ਬਾਲਿਆਂ ਵਿਚੋਂ ਬਾਲ ਨਜ਼ਰੀ ਆਈਆ । ਤੇਰੇ ਕੋਲ ਲੱਖ ਚੁਰਾਸੀ ਦਾ ਵੱਡਾ ਹਜੂਮ, ਗਿਣਤੀ ਬਹੁ ਗਿਣਤੀ ਵਿਚ ਰਖਾਈਆ । ਤੇਰੇ ਦਰ ਤੋਂ ਨਾ ਰਹੀਏ ਮਹਿਰੂਮ, ਖ਼ਾਲੀ ਝੋਲੀ ਦੇਣੀ ਭਰਾਈਆ । ਪੁਰਖ ਅਕਾਲ ਕਹੇ ਗੁਰਮੁਖੋ ਤੁਹਾਨੂੰ ਨਹੀਂ ਕੋਈ ਮਾਲੂਮ, ਮੈਂ ਮੁੱਲ ਤੁਹਾਡਾ ਰਿਹਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਾਢੇ ਚਾਰ ਵੇਲਾ ਕਹੇ ਮੈਂ ਵੇਖਿਆ ਵਲੀਅੱਲਾ, ਅੱਲਾਵਲੀ ਨਜ਼ਰੀ ਆਈਆ । ਜਿਸ ਦਾ ਇਕੋ ਵਖਰਾ ਮਹੱਲਾ, ਮਹਿਰਾਬ ਮੁਹੱਬਤ ਰਿਹਾ ਬਣਾਈਆ । ਮੁਰਸ਼ਦ ਮੁਰੀਦਾਂ ਫੜਾ ਕੇ ਪੱਲਾ, ਆਪਣੀ ਗੰਢ ਪਵਾਈਆ । ਪਾਰ ਕਰ ਕੇ ਜਲਾ ਥਲਾ, ਦਰ ਦਵਾਰਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਰਹਿਣ ਨਾ ਦੇਵੇ ਕੋਈ ਇਕੱਲਾ, ਭਗਤਾਂ ਅੰਦਰ ਭਗਵਨ ਮਿਲ ਕੇ ਭਗਤ ਭਗਵਾਨ ਰੂਪ ਵਟਾਈਆ ।

## ✪ ੧੧ ਪੋਹ ਸ਼ਹਿਨਸ਼ਾਹੀ ਸੰਮਤ ੧ ਦੇਵਾ ਸਿੰਘ ਦੇ ਗ੍ਰਿਹ ਮਨਵਾਲ ਕੈਂਪ ✪

ਨੇਤਰ ਨੀਰ ਬਿਰਹੋਂ ਵੈਰਾਗ, ਬਿਰਹਾ ਖ਼ੁਸ਼ੀ ਮਨਾਈਆ । ਸੋਈ ਆਤਮ ਗਈ ਜਾਗ, ਜੁਗਦੀ ਮਿਲੀ ਵਡਿਆਈਆ । ਸੁਲਖਣੀ ਹੋਈ ਵਡਭਾਗ, ਭਾਗ ਹਿੱਸਾ ਰਹੀ ਵੰਡਾਈਆ । ਪ੍ਰਭ ਮਾਲਕ ਮਿਲਿਆ ਆਦਿ, ਮਿਹਰਵਾਨ ਦਇਆ ਕਮਾਈਆ । ਜੋ ਬੇੜੇ ਚਾੜ੍ਹੇ ਜਹਾਜ਼, ਪਤਣ ਇਕ ਲਗਾਈਆ । ਜਿਥੇ ਭਗਤਾਂ ਭਗਵਨ ਮਿਲਣ ਦਾ ਰਿਵਾਜ, ਦੂਜਾ ਰਾਹ ਨਾ ਕੋਇ ਤਕਾਈਆ । ਜਿਸ ਨੂੰ ਲੱਭਦੇ ਕੋਟਨ ਸਾਧ, ਸੰਤ ਦੇਣ ਦੁਹਾਈਆ । ਸੋ ਪੂਰੇ ਕਰੇ ਕਾਜ, ਲੇਖਾ ਆਪਣੇ ਹੱਥ ਵਖਾਈਆ । ਬਿਰਹੋਂ ਕਹੇ ਮੇਰਾ ਪੂਰਾ ਹੋਏ ਵੈਰਾਗ, ਪ੍ਰਭ ਲੋਚਣ ਦਰਸ਼ਨ ਪਾਈਆ । ਲੇਖੇ ਲੱਗੇ ਨੈਣਾਂ ਵਾਲਾ ਨੀਰ ਆਬ, ਆਬਰੂ ਦਏ ਬਣਾਈਆ । ਜਿਸ ਜਗਹ ਦਾ ਕਦੀ ਆਇਆ ਨਹੀਂ ਸੀ ਖ਼ਵਾਬ, ਓਸ ਦਰ ਮਿਲੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਅਥਰੂ ਨੀਰ ਕਹੇ ਮੈਂ ਵਗਿਆ ਰੂਪ ਪਾਣੀ, ਪਵਣ ਪੌਣ ਦਏ ਗਵਾਹੀਆ । ਲੱਭ ਲੱਭ ਥੱਕਾ ਧੁਰ ਦਾ ਹਾਣੀ, ਜੁਗ ਜੁਗ ਸੇਵ ਕਮਾਈਆ । ਸਿਫ਼ਤਾਂ ਵਿਚ ਸੁਣਦਾ ਰਿਹਾ ਉਸ ਦੀ ਬਾਣੀ, ਗੁਰ ਅਵਤਾਰ ਪੈਗ਼ੰਬਰ ਗਏ ਸਮਝਾਈਆ । ਸਨਮੁਖ ਮਿਲਿਆ ਮਿਹਰਵਾਨ ਹੋ ਕੇ ਇਕੋ ਹਾਣੀ, ਹਾਨ ਲਾਭ ਨਾ ਕੋਇ ਤਕਾਈਆ । ਲੇਖਾ ਛੱਡ ਕੇ ਚਾਰੇ ਖਾਣੀ, ਭਗਤ ਸੁਹੇਲੇ ਰਿਹਾ ਉਠਾਈਆ । ਦੇਵਣਹਾਰਾ ਪਦ ਨਿਰਬਾਣੀ, ਘਰ ਸਾਚਾ ਇਕ ਸੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਜਨਮ ਦੀ ਮੁਸ਼ਕਲ ਕਰੇ ਆਸਾਨੀ, ਆਸਾ ਗੁਰਮੁਖਾਂ ਪੂਰ ਵਖਾਈਆ ।



## ✪ ੧੧ ਪੋਹ ਸ਼ਹਿਨਸ਼ਾਹੀ ਸੰਮਤ ੧ ਫੁਮਣ ਸਿੰਘ ਦੇ ਗ੍ਰਿਹ ਮਨਵਾਲ ਕੈਂਪ ✪

ਜਨ ਭਗਤ ਕਦੇ ਨਾ ਮੰਨਣ ਤੰਗੀ, ਤੰਗੀ ਤੰਗਦਸਤ ਰੂਪ ਨਾ ਕੋਇ ਵਖਾਈਆ । ਇਕੋ ਪ੍ਰੇਮ ਪ੍ਰੀਤੀ ਨਾਮ ਭੰਡਾਰਾ ਰਹੇ ਮੰਗੀ, ਦਿਵਸ ਰੈਣ ਧਿਆਨ ਲਗਾਈਆ । ਪੁਰਖ ਅਕਾਲ ਮਿਲੇ ਧੁਰ ਦਾ ਸੰਗੀ, ਸਤਿਗੁਰ ਸੱਚਾ ਸ਼ਹਿਨਸ਼ਾਹੀਆ । ਕਾਇਆ ਮਾਟੀ ਚੋਲੀ ਜਾਏ ਰੰਗੀ, ਰੰਗ ਧੁਰ ਦਾ ਇਕ ਰੰਗਾਈਆ । ਜਗਤ ਜਹਾਨ ਪਿਠ ਨਾ ਹੋਵੇ ਨੰਗੀ, ਸਿਰ ਆਪਣਾ ਹੱਥ ਟਿਕਾਈਆ । ਜਮ ਕੀ ਫਾਸੀ ਰਹੇ ਨਾ ਫੰਦੀ, ਲੱਖ ਚੁਰਾਸੀ ਪੰਧ ਮੁਕਾਈਆ । ਨਿਜ ਨੇਤਰ ਅੱਖ ਰਹੇ ਨਾ ਅੰਧੀ, ਲੋਇਨ ਸਚ ਕਰੇ ਰੁਸ਼ਨਾਈਆ । ਮਾਇਆ ਮਮਤਾ ਰਹੇ ਨਾ ਕੋਇ ਪਾਬੰਦੀ, ਕੂੜੀ ਕਿਰਿਆ ਦਏ ਗਵਾਈਆ । ਸਚ ਦਵਾਰੇ ਆਵੇ ਲੰਘੀ, ਗ੍ਰਿਹ ਮੰਦਰ ਫੇਰਾ ਪਾਈਆ । ਅਨਹਦ ਸ਼ਬਦ ਅਨਾਦ ਵਜਾਏ ਮਰਦੰਗੀ, ਧੁਰ ਦਾ ਢੋਲਾ ਇਕੋ ਵਾਈਆ । ਹੱਕ ਮੁਹੱਬਤ ਦੇਵੇ ਚੰਗੀ, ਬੁਰਿਆਈਆਂ ਚੰਗਿਆਈਆਂ ਵਿਚ ਛੁਪਾਈਆ । ਆਪਣੀ ਖੇਲ ਦੱਸੇ ਬਹੁਰੰਗੀ, ਜਿਸ ਵਿਚੋਂ ਸਾਖਿਆਤ ਨਜ਼ਰੀ ਆਈਆ । ਮਾਰਗ ਔਝੜ ਰਹੇ ਨਾ ਡੰਡੀ, ਧੁਰ ਦਾ ਰਸਤਾ ਦਏ ਵਖਾਈਆ । ਪਰਮਾਨੰਦ ਦੇ ਕੇ ਅਨੰਦੀ, ਅਨੰਦ ਆਤਮਾ ਵਿਚੋਂ ਪਰਗਟਾਈਆ । ਸੁਰਤੀ ਹੋਣ ਨਾ ਦੇਵੇ ਰੰਡੀ, ਸ਼ਬਦ ਹਾਣੀ ਜੋੜ ਜੁੜਾਈਆ । ਮਾਇਆ ਮਮਤਾ ਮੋਹ ਮੇਟ ਘਮੰਡੀ, ਸਤਿ ਸਚ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਹੋ ਕੇ ਹੋਏ ਸਹਾਈਆ । ਜਨ ਭਗਤ ਕੋਇ ਨਾ ਜਾਣੇ

ਦੁੱਖ, ਦੁੱਖੀ ਰੂਪ ਨਾ ਕੋਇ ਬਣਾਈਆ । ਪ੍ਰਭ ਪ੍ਰੀਤੀ ਜਾਣ ਕੇ ਸੁਖ, ਚਰਨ ਕਵਲ ਮਿਲੇ ਸਰਨਾਈਆ । ਸਾਚੀ ਸੋਭਾਵੰਤ ਹੋਏ ਰੁਤ, ਸ੍ਰੀ ਭਗਵਾਨ ਦਇਆ ਕਮਾਈਆ । ਉਜਲ ਕਰੇ ਮੁਖ, ਦੁਰਮਤ ਮੈਲ ਧਵਾਈਆ । ਸਚ ਭਾਗ ਕਦੇ ਨਾ ਜਾਏ ਨਿਖੁੱਟ, ਨਿਹਕਰਮਣ ਕਰਮਣ ਦਏ ਬਣਾਈਆ । ਸਮਰਥ ਪੁਰਖ ਦੇ ਕੇ ਓਟ, ਓੜਕ ਆਪੇ ਹੋਏ ਸਹਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰਾ ਦਏ ਗਵਾਈਆ । ਪੜਦਾ ਲਾਹ ਕੇ ਲੋਕ ਪਰਲੋਕ, ਸਨਮੁਖ ਹੋ ਕੇ ਨਜ਼ਰੀ ਆਈਆ । ਜਿਥੇ ਕੋਈ ਨਾ ਸਕੇ ਪਹੁੰਚ, ਭਗਤ ਸੁਹੇਲੇ ਦਏ ਟਿਕਾਈਆ । ਅਗਲਾ ਖੇਲ ਜੰਬੂ ਤੋਂ ਬਾਦ ਕਰੌਚ, ਪੁਸ਼ਕਰ ਅਪਣਾ ਰਾਹ ਤਕਾਈਆ । ਜਿਸ ਦੀ ਸੋਚ ਨਾ ਸਕੇ ਕੋਈ ਸੋਚ, ਬੁੱਧੀਵਾਨ ਬੁਧ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਆਪਣੀ ਖੇਲ ਵਖਾਈਆ । ਜਨ ਭਗਤ ਕਦੇ ਨਾ ਮਾਰੇ ਹਾਹ, ਠੰਡਾ ਸਾਸ ਨਾ ਕੋਇ ਰਖਾਈਆ । ਇਕੋ ਨੇਤਰ ਲਏ ਉਠਾ, ਅੱਖ ਪਰਤੱਖ ਮਿਲੇ ਗੁਸਾਂਈਆ । ਭਾਣਾ ਮੰਨੇ ਚਲੇ ਰਜਾ, ਗੁਰ ਅਵਤਾਰ ਪੈਗ਼ੰਬਰ ਗਏ ਸਮਝਾਈਆ । ਗ਼ਮੀ ਖ਼ੁਸ਼ੀ ਭੁਗਤੇ ਨਾ ਕੋਇ ਸਜ਼ਾ, ਇਕੋ ਰੰਗ ਵਖਾਈਆ । ਸਾਚਾ ਮੇਲਾ ਹੋਵੇ ਸਹਿਜ ਸੁਭਾ, ਆਤਮ ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਵਖਾਈਆ । ਜਨ ਭਗਤ ਕਦੇ ਨਾ ਭਰਨ ਹੌਕਾ, ਦੁੱਖੀ ਰੂਪ ਨਾ ਕੋਇ ਬਣਾਈਆ । ਇਕ ਸਹਾਰਾ ਲੈ ਕੇ ਸੱਚੇ ਨਾਉਂ ਕਾ, ਨੌਕਾ ਚੜ੍ਹਨ ਚਾਈਂ ਚਾਈਂਆ । ਜਿਥੇ ਲੇਖਾ ਨਹੀਂ ਤੂੰ ਹਉਂ ਕਾ, ਇਕੋ ਪ੍ਰਭੂ ਮਿਲੇ ਸਰਨਾਈਆ । ਲੇਖਾ ਮੁਕੇ ਕੂੜੀ ਕਿਰਿਆ ਕਾਉਂ ਕਾ, ਹੰਸ ਮਾਣਕ ਮੋਤੀ ਚੋਗ ਚੁਗਾਈਆ । ਖੇਲ ਵੇਖੇ ਸਚ ਨਿਆਉਂ ਕਾ, ਸਚ ਅਦਾਲਤ ਬੇਪਰਵਾਹੀਆ । ਭਾਂਡਾ ਭੱਜੇ ਭਰਮ ਭੌ ਕਾ, ਭੈ ਵਿਚ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਵੇਖ ਵਖਾਈਆ । ਜਨ ਭਗਤ ਕਦੇ ਨਾ ਡਰਦਾ, ਚਿੰਤਾ ਰੋਗ ਨਾ ਕੋਇ ਜਣਾਈਆ । ਮੰਜ਼ਲ ਸਾਚੇ ਪੌੜੇ ਚੜ੍ਹਦਾ, ਅੰਤਰ ਅੰਤਰ ਪੰਧ ਮੁਕਾਈਆ । ਸਚ ਦਵਾਰੇ ਜਾ ਕੇ ਖੜਦਾ, ਜਿਥੇ ਵਸੇ ਹਰਿ ਰਘੁਰਾਈਆ । ਇਕੋ ਸੋਹੰ ਢੋਲਾ ਪੜ੍ਹਦਾ, ਤੂੰ ਮੇਰਾ ਮੈਂ ਤੇਰਾ ਦੂਜੀ ਵੰਡ ਨਾ ਕੋਇ ਵਖਾਈਆ । ਦਰਸ਼ਨ ਕਰ ਨਰਾਇਣ ਨਰ ਦਾ, ਨਰ ਹਰਿ ਇਕੋ ਇਕ ਮਨਾਈਆ । ਪ੍ਰੇਮ ਪ੍ਰੀਤੀ ਅੰਦਰ ਭਾਣਾ ਜਰਦਾ, ਦੁੱਖ ਸੁਖ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਪੜਦਾ ਦਏ ਉਠਾਈਆ । ਜਨ ਭਗਤ ਕਦੇ ਨਾ ਹੋਵੇ ਡਰਪੋਕ, ਲੋਕ ਲੱਜਿਆ ਨਾ ਕੋਇ ਰਖਾਈਆ । ਪੰਧ ਮੁਕਾ ਕੇ ਚੌਦਾਂ ਲੋਕ, ਪੁਰਖ ਅਕਾਲ ਇਕ ਧਿਆਈਆ । ਸਾਹਿਬ ਸਵਾਮੀ ਰੱਖ ਕੇ ਓਟ, ਆਸਰਾ ਇਕ ਵਖਾਈਆ । ਧੁਰ ਦਾ ਢੋਲਾ ਪੜ੍ਹੇ ਸਲੋਕ, ਸੱਚਾ ਰਾਗ ਅਲਾਈਆ । ਠਾਂਡੇ ਦਰ ਮਾਣ ਮੌਜ, ਮਜਲਸ ਭਗਤਾਂ ਨਾਲ ਬਣਾਈਆ । ਪ੍ਰਭ ਦਾ ਦਰਸ਼ਨ ਕਰੇ ਰੋਜ਼, ਨਿਤ ਨਵਿਤ ਵੇਖ ਵਖਾਈਆ । ਸ੍ਰਿਸ਼ਟੀ ਵਲੋਂ ਰਹੇ ਖ਼ਾਮੋਸ਼, ਰਸਨਾ ਜਿਹਵਾ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਕੋਨਾ ਗੋਸ਼, ਗੋਸ਼ਟ ਆਪਣੀ ਦਏ ਸਮਝਾਈਆ । ਜਨ ਭਗਤਾਂ ਸਦਾ ਸਦਾ ਸਦ ਭਰੋਸਾ, ਭਗਵਨ ਇਕੋ ਇਕ ਜਣਾਈਆ । ਵਕ਼ਤ ਕੋਇ ਨਾ ਹੋਵੇ ਔਖਾ, ਔਖੀ ਘਾਟੀ ਨਾ ਕੋਇ ਚੜ੍ਹਾਈਆ । ਮਾਨਸ ਜਨਮ ਵਿਚ ਗੁਰਮੁਖ ਵਿਰਲੇ ਮਿਲਦਾ ਮੌਕਾ, ਜੋ ਪ੍ਰਭ ਦਾ ਖੇਲ ਵੇਖ ਖ਼ੁਸ਼ੀ ਮਨਾਈਆ । ਹੁਕਮੇਂ ਅੰਦਰ ਗੋਬਿੰਦ ਛੱਡ ਕੇ ਪਟਨਾ ਪੌਂਟਾ, ਪੁਰੀ ਅਨੰਦ ਗਿਆ ਤਜਾਈਆ । ਜਿਸ ਦਾ

੫੨
੧੯

ਇਕੋ ਢਈਆ ਇਕੋ ਢੌਂਕਾ, ਡੰਕਾ ਢੋਲਾ ਆਪੇ ਰਿਹਾ ਸੁਣਾਈਆ । ਨਾਮ ਨਿਧਾਨ ਲੈ ਕੇ ਨੌਕਾ, ਨਵ ਨੌ ਚਾਰ ਅੰਤਰ ਵੇਖ ਵਖਾਈਆ । ਲੇਖਾ ਜਾਣੇ ਭਾਵਨੀ ਭਾਓ ਕਾ, ਭੇਵ ਅਭੇਦਾ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚੇ ਸ਼ਾਹੋ ਕਾ, ਸ਼ਹਿਨਸ਼ਾਹ ਹੋ ਕੇ ਸ਼ਹਿਨਸ਼ਾਹੀ ਰਿਹਾ ਬਦਲਾਈਆ ।

### ✪ ੧੧ ਪੋਹ ਸ਼ਹਿਨਸ਼ਾਹੀ ਸੰਮਤ ੧ ਬਚਨ ਸਿੰਘ ਦੇ ਗ੍ਰਿਹ ਮਨਵਾਲ ਕੈਂਪ ਜੰਮੂ ✪

ਸਦਾ ਸੁਹੇਲਾ ਅਨਾਥਾਂ ਨਾਥ, ਦੀਨਨ ਦੀਨ ਦਇਆ ਕਮਾਇੰਦਾ । ਭਗਤ ਵਛਲ ਪ੍ਰਭ ਭਗਤਾਂ ਸਾਥ, ਨਿਤ ਨਵਿਤ ਵੇਸ ਵਟਾਇੰਦਾ । ਆਤਮ ਪਰਮਾਤਮ ਜੋੜ ਕੇ ਸਾਕ, ਸੱਜਣ ਮਾਲਕ ਇਕ ਅਖਵਾਇੰਦਾ । ਕਾਇਆ ਮੰਦਰ ਬੰਦ ਕਿਵਾੜੀ ਖੋਲ੍ਹ ਕੇ ਤਾਕ, ਪੜਦਾ ਓਹਲਾ ਆਪ ਉਠਾਇੰਦਾ । ਨਾਮ ਸ਼ਬਦ ਸੁਣਾ ਕੇ ਨਾਦ, ਸੋਈ ਸੁਰਤੀ ਆਪ ਜਗਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰ ਆਪ ਮਿਟਾਇੰਦਾ । ਸ੍ਰੀ ਭਗਵਾਨ ਵਸ ਕੇ ਸਾਥ, ਸਗਲਾ ਸੰਗ ਆਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲੇ ਰੰਗ ਚੜ੍ਹਾਇੰਦਾ । ਭਗਤਨ ਮੀਤਾ ਹਰਿ ਭਗਵੰਤ, ਨਿਰਗੁਣ ਸਰਗੁਣ ਦਇਆ ਕਮਾਇੰਦਾ । ਖੇਲੇ ਖੇਲ ਆਦਿ ਜੁਗਾਦਿ ਜੁਗਾ ਜੁਗੰਤ, ਜੁਗ ਚੌਕੜੀ ਵੇਸ ਵਟਾਇੰਦਾ । ਨਾਉਂ ਨਿਰੰਕਾਰਾ ਦੱਸ ਕੇ ਮਣੀਆਂ ਮੰਤ, ਮੰਤਰ ਇਕੋ ਇਕ ਸਮਝਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ, ਸੰਤ ਸੁਹੇਲੇ ਆਪ ਮਿਲਾਇੰਦਾ । ਕਲਜੁਗ ਅਗਨੀ ਅੱਗ ਬੁਝਾਏ ਬਸੰਤਰ, ਅੰਮ੍ਰਿਤ ਮੇਘ ਨਾਮ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਤਿਗੁਰ ਸੋਭਾ ਪਾਇੰਦਾ । ਘਰ ਸਤਿਗੁਰ ਗ੍ਰਿਹਿ ਮੰਦਰ ਵਸੇ, ਕਾਇਆ ਮਾਟੀ ਸੋਭਾ ਪਾਈਆ । ਬੋਧ ਅਗਾਧਾ ਸ਼ਬਦੀ ਨਾਮ ਦੱਸੇ, ਕਰੇ ਅਗੰਮ ਪੜ੍ਹਾਈਆ । ਦਰਸ ਦਿਖਾਏ ਨਿਜ ਨੇਤਰ ਲੋਚਨ ਦੀਦ ਅੱਖੇ, ਦੋਏ ਨੈਣ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਬਖ਼ਸ਼ਣਹਾਰ ਸਰਨਾਈਆ । ਜਨ ਭਗਤਾਂ ਦੇਵੇ ਸਰਨਗਤ, ਗਹਿਰ ਗੰਭੀਰ ਦਇਆ ਕਮਾਇੰਦਾ । ਪ੍ਰੇਮ ਪ੍ਰੀਤੀ ਬ੍ਰਹਮ ਮਤ, ਵਿਦਿਆ ਸਚ ਸਚ ਪੜ੍ਹਾਇੰਦਾ । ਨਾੜੀ ਨਾੜੀ ਨਾ ਉਬਲੇ ਰੱਤ, ਅਗਨੀ ਤਤ ਨਾ ਕੋਇ ਜਲਾਇੰਦਾ । ਅੰਮ੍ਰਿਤ ਨਿਝਰ ਝਿਰਨਾ ਦੇ ਕੇ ਰਸ, ਰਸ ਆਤਮਕ ਇਕ ਵਖਾਇੰਦਾ । ਸਾਚੇ ਪ੍ਰੇਮ ਅੰਦਰ ਹੋ ਕੇ ਵੱਸ, ਵਾਸਤਾ ਆਪਣੇ ਨਾਲ ਰਖਾਇੰਦਾ । ਭਗਤ ਭਗਵੰਤ ਇਕ ਦੂਜੇ ਨਾਲ ਬਿਨ ਰਸਨਾ ਜਿਹਵਾ ਬੱਤੀ ਦੰਦ ਰਹੇ ਹੱਸ, ਸੋਹੰ ਹੰਸਾ ਇਕੋ ਰੂਪ ਨਜ਼ਰੀ ਆਈਆ । ਦੁੱਖ ਰੋਗ ਕਟੇ ਸੰਤਾਪ, ਸਤਿ ਆਪਣਾ ਦਏ ਸਮਝਾਈਆ । ਜਨਮ ਜਨਮ ਦਾ ਮੇਟ ਕੇ ਪਾਪ, ਦੁਰਮਤ ਮੈਲ ਧਵਾਈਆ । ਧੁਰ ਦਾ ਨਾਮ ਦੇ ਕੇ ਜਾਪ, ਜ਼ਾਮਨ ਹੋ ਕੇ ਲਏ ਛੁਡਾਈਆ । ਆਤਮ ਪਰਮਾਤਮ ਬਣ ਕੇ ਸਾਕ, ਬੰਧਨ ਇਕੋ ਇਕ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਵਖਾ ਕੇ ਸਾਖਿਆਤ, ਸੁਖ਼ਨ ਪਿਛਲੇ ਪੂਰ ਕਰਾਈਆ ।

## ✪ ੧੧ ਪੋਹ ਸ਼ਹਿਨਸ਼ਾਹੀ ਸੰਮਤ ੧ ਝੱਜਰ ਕੋਟਲੀ ਕੈਂਪ ਜੰਮੂ ✪

ਜਨ ਭਗਤ ਜਗ ਮਿਲੇ ਮਾਣ, ਮਾਨਸ ਜਨਮ ਲੇਖੇ ਲਾਇੰਦਾ । ਲੱਖ ਚੁਰਾਸੀ ਵਿਚੋਂ ਕਰ ਪਹਿਚਾਨ, ਸੱਜਣ ਸੁਹੇਲੇ ਬਾਹਰ ਕਢਾਇੰਦਾ । ਸਚ ਪ੍ਰੀਤੀ ਦੇ ਕੇ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਨਾਮ ਨਿਧਾਨਾ ਦੇ ਕੇ ਗਿਆਨ, ਅਗਿਆਨ ਅੰਧੇਰ ਮਿਟਾਇੰਦਾ । ਨਿਰਗੁਣ ਸਰਗੁਣ ਦਰਸ ਦੇਵੇ ਆਣ, ਪੜਦਾ ਉਹਲਾ ਦੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਇੰਦਾ । ਜਨ ਭਗਤਾਂ ਪ੍ਰਭ ਸਦਾ ਉਧਾਰੀ, ਅੰਤਰ ਅੰਤਰ ਵੇਖ ਵਖਾਈਆ । ਫੜ ਫੜ ਪੈਜ ਰਿਹਾ ਸਵਾਰੀ, ਜਨਮ ਜਨਮ ਦੀ ਮੈਲ ਗਵਾਈਆ । ਧੁਰ ਦੀ ਪ੍ਰੀਤੀ ਬਖ਼ਸ਼ ਕੇ ਇਕ ਨਿਰੰਕਾਰੀ, ਨਿਰਗੁਣ ਜੋਤ ਰਿਹਾ ਮਿਲਾਈਆ । ਚਿੰਤਾ ਦੁੱਖ ਮਿਟਾ ਕੇ ਬੀਮਾਰੀ, ਸੁਖ ਸਾਗਰ ਵਿਚ ਸਮਾਈਆ । ਅਗਲੀ ਦੂਰ ਕਰੇ ਖੁਆਰੀ, ਖ਼ਾਲਸ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਵਡਿਆਈਆ । ਜਨ ਭਗਤਾਂ ਪ੍ਰਭ ਸਦਾ ਦਾਸ, ਸੇਵਕ ਸੇਵਕ ਸੇਵ ਕਮਾਇੰਦਾ । ਜੁਗ ਚੌਕੜੀ ਪੂਰੀ ਕਰੇ ਆਸ, ਤ੍ਰਿਸ਼ਨਾ ਜਗਤ ਕੂੜੀ ਬੁਝਾਇੰਦਾ । ਘਟ ਭੀਤਰ ਮਿਲੇ ਆਪ, ਗ੍ਰਿਹਿ ਮੰਦਰ ਸੋਭਾ ਪਾਇੰਦਾ । ਇਕ ਇਕੱਲਾ ਦੱਸ ਕੇ ਜਾਪ, ਸੋਹੰ ਸੋਹਲਾ ਸਚ ਸੁਣਾਇੰਦਾ । ਜਨਮ ਕਰਮ ਦਾ ਮੇਟ ਕੇ ਪਾਪ, ਪਤਿਤ ਪੁਨੀਤ ਰੂਪ ਵਟਾਇੰਦਾ । ਸਿਰ ਰਖੇ ਦੇ ਕਰ ਹਾਥ, ਸਮਰਥ ਆਪਣੀ ਦਇਆ ਕਮਾਇੰਦਾ । ਪਿਛਲੀ ਮੇਟੇ ਆਪ ਵਾਟ, ਅਗਲਾ ਪੰਧ ਅਪ ਸਮਝਾਇੰਦਾ । ਕਲਜੁਗ ਕੂੜੀ ਕਿਰਿਆ ਮਿਟਣ ਵਾਲੀ ਅੰਧੇਰੀ ਰਾਤ, ਸਾਚਾ ਚੰਦ ਚਮਕਾਇੰਦਾ । ਜਨ ਭਗਤਾਂ ਪੁਛੇ ਹਰਿ ਜੂ ਵਾਤ, ਲੱਖ ਚੁਰਾਸੀ ਖੋਜ ਖੁਜਾਇੰਦਾ । ਸਚ ਪ੍ਰੀਤੀ ਬੰਨ੍ਹੇ ਨਾਤ, ਸਾਕ ਸੱਜਣ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਇੰਦਾ । ਜਨ ਭਗਤਾਂ ਕੋਈ ਲੋੜ ਨਹੀਂ ਚਾਰਪਾਈ ਖਾਟ, ਤਕੀਆ ਲੇਫ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਦੀ ਦਿਵਸ ਰੈਣ ਇਕੋ ਯਾਦ, ਢੋਲਾ ਗਾਉਂਣ ਬੇਪਰਵਾਹੀਆ । ਪਤਿਪਰਮੇਸ਼ਵਰ ਸੁਣ ਫ਼ਰਿਆਦ, ਘਰ ਘਰ ਵੇਖੇ ਚਾਈਂ ਚਾਈਂਆ । ਉਜੜਿਆਂ ਫੇਰ ਕਰੇ ਆਬਾਦ, ਆਪ ਆਪਣਾ ਰੰਗ ਵਖਾਈਆ । ਲੋਕਮਾਤ ਰੱਖੇ ਲਾਜ, ਦੂਈ ਦਵੈਤ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤੋ ਤੁਹਾਡੀ ਬਣਨ ਵਾਲੀ ਵਖਰੀ ਨਗਰੀ, ਨਗਰ ਸੋਹਣਾ ਦਏ ਵਖਾਈਆ । ਜਿਥੇ ਵਸਤ ਅਮੋਲਕ ਹੋਵੇ ਸਮਗਰੀ, ਪੁਰਖ ਅਬਿਨਾਸ਼ੀ ਆਪ ਵਰਤਾਈਆ । ਧਰਤੀ ਹੋਵੇ ਪੱਧਰੀ, ਪਹਾੜਾਂ ਵਿਚ ਨਾ ਕੋਇ ਰੁਲਾਈਆ । ਫਿਰਨਾ ਪਏ ਨਾ ਵਿਚ ਜੰਗਲੀਂ, ਉਜਾੜਾਂ ਵਿਚ ਨਾ ਕੋਇ ਭਵਾਈਆ । ਖੇਲ ਸੁਖ ਦੀ ਵਖਾਏ ਅਗਲੀ, ਪਿਛਲਾ ਲੇਖਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਜਨ ਭਗਤ ਕੋਈ ਨਾ ਜਾਣੇ ਦੁਖੜਾ, ਦੁੱਖਾਂ ਦਾਰੂ ਰਿਹਾ ਬਣਾਈਆ । ਸਤਿਗੁਰ ਉਜਲ ਕਰੇ ਮੁਖੜਾ, ਮੁਖਾਂ ਮੁਖ ਸਾਲਾਹੀਆ । ਉਲਟਾ ਲੇਖਾ ਕਟੇ ਰੁਖੜਾ, ਨੌਂ ਅਠਾਰਾਂ ਨਾ ਕੋਇ ਤਪਾਈਆ । ਸੰਤ ਸੁਹੇਲਾ ਉਠਾ ਕੇ ਸੁਤੜਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੁਰਮੁਖ ਗੋਦ ਉਠਾਏ ਵਾਂਗ ਪੁੱਤਰਾ, ਪਿਤਾ ਪੂਤ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚੋਂ ਬਾਹਰ ਕਢਾਈਆ । ਜਨ ਭਗਤ ਅੰਦਰ ਕੋਈ ਨਾ ਮਾਰੇ ਧਾਹ, ਨੇਤਰ ਨੀਰ ਨਾ ਕੋਇ

ਵਹਾਈਆ । ਸ੍ਰੀ ਭਗਵਾਨ ਖੇਲ ਰਿਹਾ ਕਰਾ, ਖ਼ਾਲਕ ਖ਼ਲਕ ਰਿਹਾ ਉਠਾਈਆ । ਪਹਿਲਾਂ ਹੁਕਮ ਦਿਤਾ ਵਰਤਾ, ਵਾਰਤਾ ਪਿਛਲੀ ਦਿਤੀ ਦੁਹਰਾਈਆ । ਸਹਿਜ ਸੁਭਾਉ ਬਾਹਰ ਕਢਾ, ਘਰ ਠਾਂਡੇ ਰਿਹਾ ਬਹਾਈਆ । ਜਿਸ ਗ੍ਰਿਹਿ ਮੰਦਰ ਦਏ ਵਸਾ, ਵਾਸਤਾ ਆਪਣੇ ਨਾਲ ਜੁੜਾਈਆ । ਮਰੀਜ਼ ਬਣ ਕੇ ਖਾਣੀ ਨਾ ਪਏ ਕੋਈ ਦਵਾ, ਆਤਮ ਪਰਮਾਤਮ ਆਪਣਾ ਸੰਗ ਰਖਾਈਆ । ਬੇਸ਼ਕ ਤੁਸੀਂ ਆਪਣਾ ਜਗਤ ਲੇਖਾ ਆਏ ਗਵਾ, ਗਵਾਹ ਦੋ ਜਹਾਨ ਨਜ਼ਰੀ ਆਈਆ । ਅਗਲਾ ਖੇਲ ਹੋਣ ਵਾਲਾ ਰਵਾਂ, ਰਹਿਬਰ ਹੋ ਕੇ ਰਿਹਾ ਸਮਝਾਈਆ । ਜਿਸ ਦਾ ਮਾਰਗ ਲੱਗਣਾ ਨਵਾਂ, ਨਵ ਸੱਤ ਪਏ ਸਰਨਾਈਆ । ਤੁਹਾਡਾ ਹਰਖ਼ ਸੋਗ ਚਿੰਤਾ ਮਿਟਾਵੇ ਗ਼ਮਾਂ, ਦੁਖੀਆਂ ਦੁੱਖ ਮਿਟਾਈਆ । ਬੁੱਝਾ ਦੀਪਕ ਫੇਰ ਜਗਾਏ ਸ਼ਮਾਂ, ਘਰ ਘਰ ਕਰੇ ਰੁਸ਼ਨਾਈਆ । ਹੁਕਮੇਂ ਅੰਦਰ ਬਦਲ ਕੇ ਸਮਾਂ, ਸਮਾਨ ਬਹੁਤਾ ਝੋਲੀ ਪਾਈਆ । ਕਾਰਜ ਲਾਏ ਆਪਣੇ ਕੰਮਾਂ, ਕਰਨੀ ਕਰਤਾ ਇਕ ਦ੍ਰਿੜਾਈਆ । ਝੂਠੀ ਤੋੜ ਕੇ ਤ੍ਰਿਸ਼ਨਾ ਤਮਅ, ਤਾਮਸ ਅੰਦਰੋਂ ਦਏ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਕੋ ਇਕ ਵਰਤਾਈਆ । ਜਨ ਭਗਤ ਹੁਕਮ ਅੰਦਰ ਨਾ ਜਾਣਾ ਡੋਲ, ਦਿਲ ਦਲੀਲ ਨਾ ਕੋਇ ਬਦਲਾਈਆ । ਸਾਹਿਬ ਸਤਿਗੁਰ ਵਸੇ ਕੋਲ, ਘਰ ਬੈਠਾ ਸੋਭਾ ਪਾਈਆ । ਨਾਭੀ ਕਵਲੀ ਰਿਹਾ ਮੌਲ, ਪੱਤ ਡਾਲੀ ਆਪ ਮਹਿਕਾਈਆ । ਜਿਸ ਦਾ ਖੇਲ ਵਖਰਾ ਹੋਣਾ ਉਪਰ ਧੌਲ, ਧਰਨੀ ਧਰਤ ਸੀਸ ਨਿਵਾਈਆ । ਪੂਰਾ ਕਰਨ ਆਇਆ ਧੁਰ ਦਾ ਕੌਲ, ਕੀਤਾ ਕੌਲ ਨਾ ਕੋਇ ਭੁਲਾਈਆ । ਜਿਸਦਾ ਲੇਖਾ ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਦੂਜੀ ਵਿਦਿਆ ਵਿਚ ਨਾ ਕੋਇ ਵਡਿਆਈਆ । ਸੋ ਸਚ ਦਵਾਰਾ ਰਿਹਾ ਖੋਲ੍ਹ, ਭਗਤ ਸੁਹੇਲਾ ਆਪ ਉਠਾਈਆ । ਜਿਨ੍ਹਾਂ ਇਕੋ ਢੋਲਾ ਲੈਣਾ ਬੋਲ, ਤੂੰ ਮੇਰਾ ਮੈਂ ਤੇਰਾ ਸੋਹੰ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਸਦ ਕਰਨੀ ਕਾਰ ਕਮਾਈਆ । ਜਨ ਭਗਤ ਕਦੇ ਨਾ ਰੁਲਦਾ, ਅਬਿਨਾਸ਼ੀ ਕਰਤਾ ਦਏ ਵਡਿਆਈਆ । ਸਾਚਾ ਭਗਤ ਕਦੇ ਨਾ ਭੁੱਲਦਾ, ਭਰਮ ਵਿਚ ਨਾ ਕੋਇ ਭਰਮਾਈਆ । ਉਹ ਮਾਲਕ ਬਣ ਕੇ ਸੱਚੀ ਕੁਲ ਦਾ, ਕੁਲ ਮਾਲਕ ਵੇਖ ਵਖਾਈਆ । ਜਿਸ ਦਾ ਬੂਟਾ ਦੋ ਜਹਾਨ ਫੁਲਦਾ, ਲੋਕਮਾਤ ਵੱਜੇ ਵਧਾਈਆ । ਜਿਸ ਨੇ ਭੋਜਨ ਛਕਿਆ ਤੁਹਾਡੀ ਚੁਲ੍ਹ ਦਾ, ਚਾਰ ਜੁਗ ਦਾ ਲੇਖਾ ਲਹਿਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਕ਼ਤ ਲਿਆਵੇ ਸੁਹੰਜਣਾ ਭਗਤ ਪ੍ਰੀਤੀ ਮੁੱਲ ਦਾ, ਮੁੱਲਾ ਸ਼ੇਖ਼ ਮੁਸਾਇਕ ਸਾਰੇ ਦੇਣ ਦੁਹਾਈਆ । ਜਨ ਭਗਤ ਤੇਰੇ ਨਾਲ ਨਾ ਕਰੇ ਕੋਈ ਦਗ਼ਾ, ਫ਼ਰੇਬਾਂ ਵਾਲਾ ਰੂਪ ਨਾ ਕੋਇ ਵਟਾਈਆ । ਤੇਰਾ ਰੂਪ ਸ਼ੇਰ ਬੱਗਾ, ਬਗ ਬਪੜਾ ਨੇੜ ਕੋਇ ਨਾ ਆਈਆ । ਤੂੰ ਇਕ ਸਰਨਾਈ ਲੱਗਾ, ਪਤਿਪਰਮੇਸ਼ਵਰ ਰਿਹਾ ਮਨਾਈਆ । ਤੇਰਾ ਵਧਦਾ ਰਹੇ ਅੱਗਾ, ਆਗਮਨ ਕਰੇ ਖ਼ਲਕ ਖ਼ੁਦਾਈਆ । ਤੇਰੇ ਪ੍ਰੇਮ ਦਾ ਪ੍ਰੀਤਮ ਬੱਧਾ, ਲੋਕਮਾਤ ਫਿਰੇ ਵਾਹੋ ਦਾਹੀਆ । ਛੇਤੀ ਸਭ ਨੂੰ ਦੇਵਣਹਾਰਾ ਸੱਦਾ, ਤੰਬੂਆਂ ਕਨਾਤਾਂ ਵਿਚੋਂ ਲਏ ਉਠਾਈਆ । ਸੋਹਣੀ ਵੇਖ ਰਿਹਾ ਜਗ੍ਹਾ, ਧਾਮ ਸੁਥਰਾ ਦਏ ਬਣਾਈਆ । ਅਜੇ ਪਹਿਲਾ ਸੰਮਤ ਲੱਗਾ, ਸਾਢੇ ਤਿੰਨ ਸਾਲ ਚੜ੍ਹਾਈਆ । ਜਿਸਦੀ ਸਮਝੇ ਕੋਈ ਨਾ ਵਜਹ, ਪੜਦਾ ਓਹਲਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤੋ ਤੁਹਾਨੂੰ ਪ੍ਰੇਮ ਪ੍ਰੀਤੀ ਦਾ ਦੇਵੇ ਸਾਚਾ ਮਜ਼ਾ, ਜਿਸ ਦਾ ਰਸ ਰਸਨਾ ਜਿਹਵਾ ਨਾ ਕੋਇ ਚਖਾਈਆ ।



੫੫ ੧੯

## ੧੨ ਪੋਹ ਸ਼ਹਿਨਸ਼ਾਹੀ ਸੰਮਤ ੧ ਪਰਕਾਸ਼ ਚੰਦ ਦੇ ਗ੍ਰਿਹ ਜੰਮੂ

ਰੈਣ ਸਬਾਈ ਕਦਮਾਂ ਵਿਚ ਝੁਕਦੇ ਰਹੇ ਸੂਫ਼ੀ, ਸਫ਼ਾ ਫੂੜੀ ਬਗ਼ਲਾਂ ਵਿਚ ਉਠਾਈਆ । ਐ ਮਾਲਕ ਸਾਡਾ ਨਾਮ ਸਿਫ਼ਤਾਂ ਵਿਚ ਹਰੂਫ਼ੀ, ਗੀਤਾਂ ਵਿਚ ਸ਼ਨਵਾਈਆ । ਕਿਉਂ ਇਕੇ ਹੁਕਮ ਅੰਦਰ ਸਭ ਕੁਛ ਕੀਤਾ ਮਨਸੂਖੀ, ਮੁਸੱਨਫ਼ ਮੁਨਸਫ਼ ਭੇਵ ਕੋਇ ਨਾ ਪਾਈਆ । ਮੰਜ਼ਲ ਤੇਰੀ ਅਗੰਮ ਮਕਸੂਦੀ, ਡਾਂਵਾਂਡੋਲ ਵੇਖੀ ਲੋਕਾਈਆ । ਸਮਝੇ ਹੱਕ ਨਾ ਕੋਇ ਬਹਿਬੂਦੀ, ਨੇਸਤੋ ਨਾਬੂਦ ਜਗਤ ਲੋਕਾਈਆ । ਹਜ਼ਰਤ ਮਿਲਿਆ ਨਾ ਕਿਸੇ ਮੌਜੂਦੀ, ਮਜ਼ਾ ਆਬੇ ਹਯਾਤ ਨਾ ਕੋਇ ਚਖਾਈਆ । ਲੇਖਾ ਚੁਕਿਆ ਨਾ ਸ਼ਰਕਨ ਜ਼ਨੂਬੀ, ਸ਼ਰਅ ਸਕੇ ਨਾ ਕੋਇ ਬਦਲਾਈਆ । ਕਾਇਨਾਤ ਹੋਈ ਬੇਹੂਦੀ, ਧੁਰ ਦਾ ਖ਼ਾਵੰਦ ਨਾ ਕੋਇ ਹੰਢਾਈਆ । ਤੇਰਾ ਕੁਛ ਲਹਿਣਾ ਖਟਕ ਮਸੂਦੀ, ਹਜਾਰਾ ਦਰੂਦੀ ਦਏ ਗਵਾਹੀਆ । ਤੇਰੀ ਕੁਸ਼ੰਜ਼ਰੀ ਵਾਲੀ ਖੁਸ਼ਨੂਦੀ, ਖ਼ੁਸ਼ੀਆਂ ਰੰਗ ਚੜ੍ਹਾਈਆ । ਸਭ ਨੂੰ ਇਲਮ ਦਾ ਕਹੇ ਅਲੂਦੀ, ਹੁਕਮੇਂ ਅੰਦਰ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਆਪਣਾ ਇਕ ਦ੍ਰਿੜਾਈਆ । ਸੂਫ਼ੀ ਕਹਿਣ ਰੈਣ ਸਬਾਈ ਅਸਾਂ ਕੋਈ ਤੱਕਿਆ ਨਹੀਂ ਸੁਫਨਾ, ਖ਼ਵਾਬਾਂ ਵਾਲਾ ਖ਼ਵਾਬ ਨਾ ਕੋਇ ਜਣਾਈਆ । ਵੇਖਦੇ ਰਹੇ ਅੰਤ ਸਭ ਦਾ ਪੈਂਡਾ ਮੁੱਕਣਾ, ਮੁੱਕੇ ਜਗਤ ਲੋਕਾਈਆ । ਨੂਰ ਖ਼ੁਦਾਏ ਇਕੋ ਉਠਣਾ, ਉਹ ਇਕੋ ਨੂਰ ਕਰੇ ਰੁਸ਼ਨਾਈਆ । ਸਾਨੂੰ ਅੱਗੋਂ ਕਿਸੇ ਨਹੀਂ ਪੁਛਣਾ, ਮਕਬਰਿਆਂ ਉਤੇ ਸੀਸ ਨਾ ਕੋਇ ਨਿਵਾਈਆ । ਤਕੀਆਂ ਵਿਚ ਨਾ ਪਏ ਲੁਕਣਾ, ਅਮਾਨਤ ਕੱਢ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਰ ਵੇਖੇ ਥਾਉਂ ਥਾਈਂਆ । ਸੂਫ਼ੀ ਕਹਿਣ ਅਸੀਂ ਸਦਾ ਕਿਹਾ ਹੱਕ, ਹੁਕਮ ਸਚ ਰਜ਼ਾਈਆ । ਤੇਰਾ ਖੇਲ ਰਹੇ ਤੱਕ, ਤਕਵਾ ਓਟ ਰਖਾਈਆ । ਅੰਤ ਅਖ਼ੀਰੀ ਹੁੰਦੀ ਦਿਸੇ ਬੱਸ, ਬਸਤੇ ਸਭ ਦੇ ਰਿਹਾ ਬੰਧਾਈਆ । ਇਧਰ ਉਧਰ ਸਕੇ ਨਾ ਕੋਈ ਨੱਠ, ਪੱਲੂ ਸਕੇ ਨਾ ਕੋਇ ਛੁਡਾਈਆ । ਸੂਫ਼ੀ ਕਹਿਣ ਸਾਡਾ ਤਰਿਪਨਾਂ ਦਾ ਹੋਇਆ ਇਕੱਠ, ਪੰਜ ਤਿੰਨ ਜੋੜ ਜੁੜਾਈਆ । ਮੁਰਸ਼ਦ ਸਤਾਰਾਂ ਨਾਲ ਰਹੇ ਵਸ, ਸਤਰਾਂ ਰੰਗ ਰੰਗਾਈਆ । ਤੇਰੀ ਧਾਰੋਂ ਨਜ਼ਰ ਨਹੀਂ ਕੋਈ ਵੱਖ, ਫ਼ਜਲ ਰਹਿਮਤ ਨਜ਼ਰੀ ਆਈਆ । ਬੋਲਣ ਨਾਅਰਾ ਸਰਬ ਅਲੱਖ, ਢੋਲਾ ਇਕ ਜਣਾਈਆ । ਬਿਨ ਤੇਰੇ ਕ਼ੀਮਤ ਕਿਸੇ ਦੀ ਕੌਡੀ ਨਹੀਂ ਕੱਖ, ਕਲਮਿਆਂ ਵਿਚ ਨਾ ਕੋਇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਹੁਕਮ ਇਕ ਮਨਾਈਆ । ਸੂਫ਼ੀ ਕਹਿਣ ਅਸਾਂ ਵੇਖੀ ਅਲਲਸੁਬਹ, ਸੁਬਹਾਨ ਅੱਲਾ ਕਹਿ ਕੇ ਖ਼ੁਸ਼ੀ ਮਨਾਈਆ । ਅੱਧੇ ਰੋ ਪਏ ਨੈਣ ਨੀਰ ਵਹਾ ਕੇ ਭੁੱਬਾ, ਉਚੀ ਕੂਕ ਕੂਕ ਸੁਣਾਈਆ । ਮਹਿਬੂਬ ਤੇਰਾ ਸਮਝਿਆ ਨਹੀਂ ਕਿਸੇ ਮੁੱਦਾ, ਮੁਤਾਲਿਆ ਕਰ ਨਾ ਕੋਇ ਦ੍ਰਿੜਾਈਆ । ਸਿਫ਼ਤਾਂ ਵਾਲਾ ਸਾਰੇ ਬੰਨ੍ਹ ਕੇ ਗਏ ਗੁੱਡਾ, ਰਸਨਾ ਜਿਹਵਾ ਸੰਗ ਰਖਾਈਆ । ਅਸਾਂ ਵੇਖਿਆ ਕਲਜੁਗ ਨਾਲ ਮੁਹੰਮਦ ਹੋਇਆ ਬੁੱਢਾ, ਬੁਢੇਪਾ ਅੰਤਮ ਗਿਆ ਆਈਆ । ਉਸ ਨੂੰ ਲੱਗਣ ਵਾਲਾ ਇਕੋ ਠੁੱਡਾ, ਜੋ ਮੂੰਹ ਦੇ ਭਾਰ ਸੁਟਾਈਆ । ਤੁਧ ਬਿਨ ਅਵਰ ਨਾ ਦਿਸੇ ਕੋਈ ਦੂਜਾ, ਜੋ ਹੁਕਮ ਵਰਤਾਈਆ । ਬਲਹੀਣ ਤੋਂ ਹੀਣ ਹੋਇਆ ਤੇਈਆਂ ਅਵਤਾਰ ਬੁੱਧਾ, ਬਲ ਆਪਣਾ ਨਾ ਕੋਇ ਰਖਾਈਆ । ਗੁਰ ਪੀਰ ਕਹਿਣ ਸਾਡਾ ਖ਼ਾਲੀ ਹੋਇਆ ਝੁੱਗਾ, ਝੁੱਗੀ ਵਸਤ ਨਾ ਕੋਇ ਟਿਕਾਈਆ । ਨੇਤਰ ਰੋਂਦਾ ਵੇਖਿਆ ਕਲਜੁਗ ਚੌਥਾ ਜੁਗਾ, ਜੁਗਤ ਅਗੇ ਨਾ ਕੋਇ ਸਮਝਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਰੋਂਦੇ ਵੇਖੇ ਸਾਡਾ ਕੋਈ ਨਾ ਲਏ ਭੁੱਗਾ, ਪੀਰਾਂ ਵਾਲੀ ਨਿਆਜ ਵੰਡ ਨਾ

ਕੋਇ ਵੰਡਾਈਆ । ਪਰਵਰਦਿਗਾਰ ਸਾਂਝਾ ਯਾਰ ਹੱਥ ਵਿਚ ਫੜ ਕੇ ਇੱਕ ਚੁੱਘਾ, ਚੌਹਾਂ ਕੁੰਟਾਂ ਰਿਹਾ ਡਰਾਈਆ । ਸ੍ਰਿਸ਼ਟੀ ਦਾ ਅੰਤਰ ਵੇਖਿਆ ਰਾਹੋਂ ਘੁੱਥਾ, ਔਝੜ ਰਾਹ ਪਈ ਲੋਕਾਈਆ । ਸ਼ਰਅ ਸ਼ੈਤਾਨੀ ਸਬਕ ਪੜ੍ਹਿਆ ਪੁੱਠਾ, ਬੇਈਮਾਨੀ ਇਨਸਾਨੀ ਹੈਵਾਨੀ ਰੂਪ ਵਟਾਈਆ । ਸੂਫ਼ੀ ਕਹਿਣ ਸਾਡਾ ਖ਼ਾਲੀ ਹੁੰਦਾ ਦਿਸੇ ਠੂਠਾ, ਠੋਕਰ ਤੇਰੀ ਨਜ਼ਰੀ ਆਈਆ । ਐਉਂ ਦਿਸਦਾ ਤੂੰ ਛੱਬੀ ਪੋਹ ਸਭ ਦਾ ਸੱਜੇ ਹੱਥ ਦਾ ਲਵਾ ਕੇ ਅੰਗੂਠਾ, ਦਸਖ਼ਤਾਂ ਦਾ ਲੇਖਾ ਦੇਣਾ ਮੁਕਾਈਆ । ਵਰਨ ਬਰਨ ਪੈਣੀ ਲੂਟਾ, ਸਤਿ ਸਚ ਨਾ ਕੋਇ ਸਮਝਾਈਆ । ਅਬਲੀਸ ਘਰ ਘਰ ਵੜਨਾ ਸ਼ੈਤਾਨ ਟੂਟਾ, ਟਕੋਰ ਸਭ ਨੂੰ ਦਏ ਲਗਾਈਆ । ਬਿਨ ਤੇਰਿਆਂ ਭਗਤਾਂ ਸਾਬਤ ਰਹੇ ਨਾ ਕੋਈ ਬੂਟਾ, ਬੂਟੀ ਜੜੀ ਦਏ ਉਖੜਾਈਆ । ਅਸੀਂ ਪ੍ਰੇਮ ਦਾ ਮੰਗਦੇ ਇਕ ਹੂਟਾ, ਹਟਕੋਰਿਆਂ ਤੋਂ ਲੈਣਾ ਛੁਡਾਈਆ । ਤੇਰਾ ਨਜ਼ਰੀ ਆਵੇ ਇਕ ਖੂਟਾ, ਜਿਸ ਨੂੰ ਖੂੰਡਾ ਕਹੇ ਲੋਕਾਈਆ । ਤੇਰਾ ਦਵਾਰਾ ਮੂਲ ਨਾ ਰਹੇ ਜੂਠਾ, ਝੂਠਾ ਪੈਂਡਾ ਦੇਣਾ ਮੁਕਾਈਆ । ਇਕ ਵਖਾਉਣਾ ਆਪਣਾ ਅਗੰਮ ਰੂਪਾ, ਰੁਪਾ ਸੋਨਾ ਕੰਮ ਕਿਸੇ ਨਾ ਆਈਆ । ਸਭ ਦਾ ਮਾਲਕ ਨਜ਼ਰੀ ਆਏ ਭੂਪਾ, ਭੂਪਤ ਭੂਪ ਤੇਰੀ ਸਰਨਾਈਆ । ਸਜਦਾ ਕਰ ਕਰ ਥੱਕੇ ਮੁਹੰਮਦ ਈਸਾ ਮੂਸਾ, ਮੁਸ਼ਕਲ ਵਿਚ ਦੇਣ ਦੁਹਾਈਆ । ਜਲਵਾ ਤੇਰਾ ਉਚ ਅਰਸ਼ ਅਰੂਜਾ, ਫ਼ਰਸ਼ ਤੇਰੀ ਸਰਨਾਈਆ । ਤੇਰਾ ਹੁਕਮ ਸ਼ਬਦੀ ਹਥਿਆਰ ਮਲਬੂਸਾ, ਬਕਤਰ ਇਕੋ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸੂਫ਼ੀ ਕਹਿਣ ਅਸੀਂ ਕਟ ਕੇ ਆਏ ਸਫ਼ਰ, ਸਿਫ਼ਰਾ ਵੇਖੀ ਜਗਤ ਲੋਕਾਈਆ । ਜਿਸ ਦੇ ਪਿਛੇ ਘਾਲਦੇ ਰਹੇ ਜ਼ਫ਼ਰ, ਬਿਨਾ ਰਸਤਿਉਂ ਨੈਣ ਉਠਾਈਆ । ਜਿਸਦੀ ਛਤਰ ਛਾਇਆ ਹੇਠ ਕੀਤਾ ਬਸਰ, ਬਿਸਤਰੇ ਆਰਾਮ ਨਾਲ ਹੰਢਾਈਆ । ਪਤਾ ਨਹੀਂ ਉਸ ਨੇ ਕੀ ਸ੍ਰਿਸ਼ਟੀ ਦਾ ਕਰਨਾ ਹਸ਼ਰ, ਹਾਸ਼ੀਏ ਵਿਚ ਬੰਦ ਕੀਤੀ ਲੋਕਾਈਆ । ਦੀਨ ਦੁਨੀ ਉਡਾਉਣੀ ਨਾਲ ਇਸ਼ਾਰੀਏ ਕਸਰ, ਅੰਕ ਸਕੇ ਨਾ ਕੋਇ ਸਮਝਾਈਆ । ਕੋਟਾਂ ਵਿਚੋਂ ਥੋੜਿਆਂ ਉਤੇ ਹੋਣਾ ਅਸਰ, ਅਸਲ ਆਪਣਾ ਰੰਗ ਰੰਗਾਈਆ । ਸਚ ਦਵਾਰ ਵਖਾ ਕੇ ਜਸ਼ਨ, ਜਗ੍ਗਾ ਵਿਚੋਂ ਜਗ੍ਗਾ ਦਏ ਬਦਲਾਈਆ । ਅਗੇ ਹਰਿ ਕੇ ਨਾਮ ਕਾ ਲਏ ਨਾ ਕੋਇ ਕਮਿਸ਼ਨ, ਹਿੱਸਿਆਂ ਵਾਲੀ ਵੰਡ ਨਾ ਕੋਇ ਵੰਡਾਈਆ । ਇਕੋ ਚਲੇ ਪ੍ਰਭ ਦਾ ਮਿਸ਼ਨ, ਮੁਸ਼ਾਹਿਦ ਨਿਉਂ ਨਿਉਂ ਸੀਸ ਨਿਵਾਈਆ । ਡੰਡਾਵਤ ਕਰਨ ਬ੍ਰਹਮਾ ਸ਼ਿਵ ਵਿਸ਼ਨ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਡੰਡਾਵਤ ਕਰਨ ਰਾਮ ਕ੍ਰਿਸ਼ਨ, ਕਿਸ਼ਤ ਸਭ ਦੀ ਪੂਰੀ ਦਏ ਕਰਾਈਆ । ਭਗਤ ਸੁਹੇਲੇ ਵਿਰਲੇ ਲੋਕਮਾਤ ਦਿਸਣ, ਬਹੁਤਿਆਂ ਵਿਚੋਂ ਥੋੜੇ ਨਜ਼ਰੀ ਆਈਆ । ਸੂਫ਼ੀ ਕਹਿਣ ਜੇ ਪ੍ਰਭੂ ਲੇਖਾ ਆਇਉਂ ਲਿਖਣ, ਧੁਰ ਦਾ ਹੁਕਮ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਇਕ ਸਰਨਾਈਆ । ਸੂਫ਼ੀ ਕਹਿਣ ਅਸੀਂ ਜਗਤ ਵਿਚ ਸਫ਼ੀਰ, ਬੰਦੋਬਸਤ ਜਗਤ ਬਣਾਈਆ । ਨਾਲ ਰਲਿਆ ਵੇਖੋ ਕਬੀਰ, ਕਾਅਬਿਆਂ ਪਰੇ ਦਏ ਦੁਹਾਈਆ । ਹੁਕਮ ਇਕ ਅਖ਼ੀਰ, ਮੰਜ਼ਲ ਚੜ੍ਹ ਕੇ ਰਿਹਾ ਸੁਣਾਈਆ । ਸਾਰੇ ਸ਼ਰਅ ਦੇ ਕਟ ਦਿਓ ਜ਼ੰਜੀਰ, ਸ਼ਹਿਨਸ਼ਾਹ ਮਿਲ ਕੇ ਵੱਜੇ ਵਧਾਈਆ । ਅੰਦਰੋਂ ਬਦਲ ਲਓ ਜ਼ਮੀਰ, ਬਾਹਰੋਂ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਅਲਿਫ਼ ਯੇ ਖਿਚਣੀ ਨਾ ਪਏ ਲਕੀਰ, ਬਗ਼ਲ ਕੁਰਾਨ ਨਾ ਕੋਇ ਉਠਾਈਆ । ਖਿੱਚਣੀ ਪਏ ਨਾ ਕੋਇ ਤਸਵੀਰ, ਇਨਡੈਕਸ ਵੰਡ ਨਾ ਕੋਇ ਵੰਡਾਈਆ । ਬਿਨਾ ਕਲਮਿਉਂ ਆ ਜਾਏ ਧੀਰ, ਪਰਵਰਦਿਗਾਰ ਦਰੇ ਦਰਬਾਰ ਦਰਸ਼ਨ ਪਾਈਆ । ਸੂਫ਼ੀ ਕਹਿਣ ਅਸੀਂ ਤੇਰੀ ਨਵੀਂ ਵੇਖੀ ਆ ਕੇ ਤਾਮੀਰ, ਸਿਰ

ਕ਼ਦਮਾਂ ਵਿਚ ਟਿਕਾਈਆ । ਹੱਸ ਕੇ ਰੋ ਪਿਆ ਬਦਰੇ ਮੁਨੀਰ, ਬਦੌਲਤ ਦੌਲਤ ਅਵਰ ਨਾ ਕੋਇ ਜਣਾਈਆ । ਕਿਰਪਾ ਕਰ ਖ਼ਾਲਕ ਰਹੀਮ, ਗ਼ਨੀਮ ਗ਼ਮ ਦਏ ਮਿਟਾਈਆ । ਤੇਰੇ ਬਰਦੇ ਸਭ ਅਧੀਨ, ਆਅਲਾ ਦਿਤਾ ਸੀਸ ਝੁਕਾਈਆ । ਅੰਤਰ ਰਹੇ ਨਾ ਕੋਈ ਗ਼ਮਗੀਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੱਸਣਹਾਰਾ ਸਚ ਤਾਲੀਮ, ਤੁਆਰਫ਼ ਆਰਫ਼ ਬਿਨ ਸਫ਼ਾਰਸ਼ ਮੇਲਾ ਰਿਹਾ ਮਿਲਾਈਆ ।

### ✪ ੧੨ ਪੋਹ ਸ਼ਹਿਨਸ਼ਾਹੀ ਸੰਮਤ ੧ ਬੀਬੀ ਰਾਮ ਕੌਰ ਦੇ ਗ੍ਰਿਹਿ ✪

ਸੂਫ਼ੀ ਕਹਿਣ ਸਫ਼ੈਦ ਹੋਏ ਮੂਏ ਮੁਬਾਰਕ, ਮੁਬਾਰਕਬਾਦ ਦੇਣ ਇਕ ਖ਼ੁਦਾਇਆ । ਹਰਫ਼ਾਂ ਵਾਲੀ ਲਿਖੀ ਹੋਈ ਪੂਰੀ ਹੋਈ ਅਬਾਰਤ, ਕਾਮਲ ਮੁਰਸ਼ਦ ਬੇਪਰਵਾਹਿਆ । ਅਗੇ ਕਰੇ ਨਾ ਕੋਇ ਸਫ਼ਾਰਸ਼, ਵਾਹਿਦ ਕਲਮਾ ਹੱਕ ਨਾ ਕੋਇ ਪੜ੍ਹਾਇਆ । ਪਿਛਲੀ ਪੁਰਾਣੀ ਹੋਈ ਇਮਾਰਤ, ਮੁਕਾਮੇ ਹੱਕ ਨਾ ਕੋਇ ਜਣਾਇਆ । . . . . . . . . .ਸਜਦਾ ਸੀਸ ਨਾ ਕੋਇ ਨਿਵਾਇਆ । ਆਪਣੀ ਵੇਖ ਆਪ ਅਮਾਨਤ, ਪੈਗ਼ੰਬਰ ਪੀਰ ਦੇਣ ਦੁਹਾਇਆ । ਸਾਡੀ ਦੇਵੇ ਨਾ ਕੋਇ ਜ਼ਮਾਨਤ, ਅਗੇ ਹੋ ਨਾ ਕੋਇ ਬਚਾਇਆ । ਮੇਰਾ ਕਲਮਾ ਸ਼ਬਦ ਸਭ ਨੂੰ ਕਰਦਾ ਜਾਏ ਮਮਾਨਤ, ਤੂੰ ਦਾਤਾ ਬੇਪਰਵਾਹਿਆ । ਬਿਨ ਤੇਰੇ ਹਰਿ ਮਿਲੇ ਨਾ ਸਚ ਨਿਆਮਤ, ਤੋਹਫ਼ਾ ਯਕਤਰਫ਼ ਨਾ ਕੋਇ ਅਖਵਾਇਆ । ਆਲਮ ਉਲਮਾ ਹੋਏ ਅਨਜਾਨਤ, ਭੇਵ ਅਭੇਦਾ ਨਾ ਕੋਇ ਸਮਝਾਇਆ । ਥੋੜ੍ਹੇ ਬੈਠੇ ਵਿਚ ਦਿਆਨਤ, ਦਇਆਵਾਨ ਤੇਰੀ ਤੱਕ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਮੂਏ ਮੁਬਾਰਕ ਹੋਏ ਸਫ਼ੈਦ, ਸਫ਼ਾ ਅਗਲੀ ਦਏ ਉਲਟਾਈਆ । ਪੈਗ਼ੰਬਰਾਂ ਵਾਲਾ ਪੂਰਾ ਕਰਕੇ ਅਹਿਦ, ਅਹਿਦਨਾਮਾ ਪਿਛਲਾ ਦਏ ਸਮਝਾਈਆ । ਵਕ਼ਤ ਓਹ ਆ ਗਿਆ ਸ਼ਾਇਦ, ਜਿਸ ਨੂੰ ਸ਼ਰੀਅਤ ਵਾਲੇ ਗਏ ਸਮਝਾਈਆ । ਇਕੋ ਹੁਕਮ ਕਰ ਰਾਇਜ਼, ਰਾਜ ਰਾਜਾਨਾ ਸ਼ਾਹ ਸੁਲਤਾਨਾ ਆਪ ਸੁਣਾਈਆ । ਚੌਦਾਂ ਲੋਕ ਵੇਖ ਨੁਮਾਇਸ਼, ਚੌਦਾਂ ਤਬਕ ਫੇਰਾ ਪਾਈਆ । ਸੂਫ਼ੀਆਂ ਸੰਤਾਂ ਕਰ ਅਜ਼ਮਾਇਸ਼, ਚਾਰ ਕੁੰਟ ਖੋਜ ਖੁਜਾਈਆ । ਤੇਰੀ ਜ਼ਰੂਰਤ ਅੰਤ ਨਿਹਾਇਤ, ਨਜ਼ਰੇ ਨਜ਼ਰ ਉਠਾਈਆ । ਸਾਡੇ ਨਾਲ ਕਰ ਰਿਆਇਤ, ਰਵਾਦਾਰੀ ਇਕ ਸਮਝਾਈਆ । ਦਰ ਬਾਂਧੇ ਤੇਰੇ ਤੁਆਇਫ਼, ਤੁਆਰਫ਼ ਵਿਚ ਢੋਲੇ ਗਾਈਆ । ਨਜ਼ਰੇ ਕਰਮ ਨਾਲ ਕਰ ਪੈਮਾਇਸ਼, ਪੇਸ਼ਵਾ ਹੋ ਕੇ ਵੇਖ ਵਖਾਈਆ । ਪੈਗ਼ੰਬਰਾਂ ਦੀ ਰਹੇ ਨਾ ਕੋਈ ਫ਼ਰਮਾਇਸ਼, ਫ਼ਰਮਾਂਬਰਦਾਰ ਆਪਣੇ ਲੈ ਬਣਾਈਆ । ਸਾਚੇ ਘਰ ਦੀ ਦੱਸ ਰਿਹਾਇਸ਼, ਆਰਾਮਗਾਹ ਇਕੋ ਇਕ ਸਮਝਾਈਆ । ਜਿਥੇ ਕਲਮਿਆਂ ਤੋਂ ਪਰੇ ਇਕ ਹਦਾਇਤ, ਅਨਾਇਤ ਵਰਗੇ ਸੀਸ ਝੁਕਾਈਆ । ਪੱਟੀ ਪੜ੍ਹਨੀ ਨਾ ਪਏ ਕੋਇ ਜਮਾਇਤ, ਮਾਈਨਸ ਜਮ੍ਹਾਂ ਨਾ ਕੋਇ ਸਿਖਲਾਈਆ । ਕਰਨੀ ਪਏ ਨਾ ਸਜਦਿਆਂ ਵਾਲੀ ਕਵਾਇਤ, ਕਾਅਬਾ ਰਾਹ ਨਾ ਕੋਇ ਵਖਾਈਆ । ਕਰਨੀ ਪਏ ਨਾ ਕੋਇ ਸਮਾਇਤ, ਸਮਾਂ ਵੰਡ ਨਾ ਕੋਇ ਵੰਡਾਈਆ । ਆਪ ਆਪਣੇ ਬਣਾ ਲਾਇਕ਼, ਲਾਅਨਤ ਕੂੜੀ ਪਰੇ ਹਟਾਈਆ । ਭਰਮੇ ਭੁੱਲੇ ਮੁੱਲਾ ਸ਼ੇਖ਼ ਮੁਸਾਇਕ, ਮਸਲਾ ਮੁਸਲਸਲ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਵੇਖ ਵਖਾਈਆ । ਮੂਏ ਮੁਬਾਰਕ ਕਹੇ ਹੋ ਗਈ ਮੁੱਦਤ, ਸਦੀਆਂ ਪੰਧ ਲੰਘਾਈਆ । ਤੇਰਾ ਲੇਖਾ ਕੋਈ ਨਾ ਜਾਣੇ ਕ਼ੁਦਰਤ, ਕ਼ਾਦਰ ਤੇਰੀ ਬੇਪਰਵਾਹੀਆ । ਸੂਫ਼ੀਆਂ ਵਾਸਤੇ ਤੇਰੇ ਕੋਲ ਨਹੀਂ

ਫੁਰਸਤ, ਕਿਉਂ ਬੈਠਾ ਮੁਖ ਭਵਾਈਆ । ਨਿਤ ਢੋਲੇ ਗਾਈਏ ਤੇਰੀ ਉਲਫ਼ਤ, ਮਹਿੰਮਾ ਬੇਪਰਵਾਹੀਆ । ਤੂੰ ਮਾਲਕ ਖ਼ਾਲਕ ਇਕੋ ਮੁਰਸ਼ਦ, ਮੁਰੀਦਾਂ ਲੈ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਸੰਗ ਬਣਾਈਆ । ਮੂਏ ਮੁਬਾਰਕ ਕਹੇ ਅਸੀਂ ਹੁਣ ਨਹੀਂ ਰਹੇ ਕਾਲੇ ਸਿਆਹ, ਬੁਢੇਪਾ ਅੰਤਮ ਗਿਆ ਆਈਆ । ਪੈਗ਼ੰਬਰ ਸਾਡੇ ਬਣੇ ਗਵਾਹ, ਸ਼ਹਾਦਤ ਦੇਣ ਭੁਗਤਾਈਆ । ਪੀਰ ਮੁਰੀਦ ਦੇਣ ਸਲਾਹ, ਆਸ਼ਾ ਇਕ ਬਦਲਾਈਆ । ਵੇਲਾ ਵਕਤ ਗਿਆ ਆ, ਬੇਵਕ਼ਤ ਨਾ ਹੋਏ ਜੁਦਾਈਆ । ਸ਼ਫਕਤ ਆਪਣੀ ਇਕ ਸਮਝਾ, ਸ਼ਬੇਰੋਜ਼ ਹੋਵੇ ਰੁਸ਼ਨਾਈਆ । ਮੁਹੱਬਤ ਆਪਣੀ ਇਕ ਜਣਾ, ਜਨਾਜ਼ਾ ਕੱਢੇ ਨਾ ਕੋਇ ਲੋਕਾਈਆ । ਖ਼ਿਦਮਤਗਾਰ ਇਕ ਬਣਾ, ਖਾਦਮ ਹੋ ਕੇ ਸੇਵ ਕਮਾਈਆ । ਸਾਚੀ ਦਰਗਾਹ ਪੜਦਾ ਲਾਹ, ਜਲਵਾ ਨੂਰ ਕਰ ਰੁਸ਼ਨਾਈਆ । ਪਰਵਰਦਿਗਾਰ ਸਚ ਖ਼ੁਦਾ, ਖ਼ੁਦੀ ਤਕੱਬਰ ਦਏ ਮਿਟਾਈਆ । ਤੇਰੇ ਨਾਲੋਂ ਨਾ ਹੋਈਏ ਜੁਦਾ, ਜੁਜ਼ ਅੰਗ ਨਾ ਕੋਇ ਵਡਿਆਈਆ । ਆਪਣਾ ਅਗਲਾ ਦਸ ਮੁੱਦਾ, ਮੁਦਈ ਮੁਦਾਅਲੈਹ ਬਣ ਕੇ ਭੇਵ ਦਏ ਖੁਲ੍ਹਾਈਆ । ਨੇਤਰ ਰੋਂਦਾ ਵੇਖਿਆ ਬੁੱਧਾ, ਬੁਧੀ ਚਲੇ ਨਾ ਕੋਇ ਚਤੁਰਾਈਆ । ਤੇਰਾ ਹੋਣ ਵਾਲਾ ਅਗੰਮੀ ਯੁੱਧਾ, ਯੁਧਿਸ਼ਟਰ ਕਰਨ ਸੀਸ ਨਿਵਾਈਆ । ਕਲਜੁਗ ਕਰਮ ਹੋਇਆ ਬੁੱਢਾ, ਬੁਢਾਪਾ ਅੰਤ ਰਿਹਾ ਕੁਰਲਾਈਆ । ਲੱਤੋਂ ਲੰਗੜਾ ਲੱਕੋਂ ਕੁੱਬਾ ਡੁੱਡਾ ਪੈਰਾਂ ਰਿਹਾ ਵਖਾਈਆ । ਆਪਣਾ ਭੇਵ ਦੱਸ ਗੁੱਝਾ, ਰਮਜ਼ ਇਸ਼ਾਰਾ ਇਕ ਰਖਾਈਆ । ਲੇਖਾ ਰਹੇ ਕੋਈ ਨਾ ਦੂਜਾ, ਅਵਰ ਨਾ ਅਵਰਾ ਦੇਣਾ ਮਿਟਾਈਆ । ਕੂੜੀ ਕਿਰਿਆ ਪੈਂਡਾ ਮੁਕਾ, ਮੁਕੰਮਲ ਲੇਖਾ ਦੇ ਸਮਝਾਈਆ । ਸੂਫ਼ੀ ਕਹਿਣ ਸਾਡੇ ਕੋਲੋਂ ਜਗਤ ਨਸ਼ੇ ਵਾਲਾ ਛੁਟਿਆ ਹੁੱਕਾ, ਹੁਕਮ ਮੰਨੀਏ ਚਾਈਂ ਚਾਈਂਆ । ਧੂੰਆਂਧਾਰ ਨਾ ਕੋਈ ਧੁਖਾ, ਅਗਨੀ ਤਤ ਨਾ ਕੋਇ ਤਪਾਈਆ । ਤਨ ਵਜੂਦ ਹਰਸ ਰਹੇ ਜੁਸਾ, ਜਿਸਮ ਜ਼ਮੀਰ ਗਿਆ ਬਦਲਾਈਆ । ਮਾਣ ਰਿਹਾ ਨਾ ਦਾੜ੍ਹੀ ਮੁੱਛਾ, ਮੁਸ਼ਕਲ ਹਲ ਨਾ ਕੋਇ ਕਰਾਈਆ । ਸਦੀ ਚੌਧਵੀਂ ਚਾਰੋਂ ਕੁੰਟ ਚੜ੍ਹਿਆ ਗ਼ੁੱਸਾ, ਗ਼ੁੱਸੇ ਵਿਚ ਸਰਬ ਲੋਕਾਈਆ । ਪ੍ਰੇਮ ਪਿਆਰ ਹੋਇਆ ਰੁੱਖਾ, ਰੁਖ ਸ੍ਰਿਸ਼ਟ ਗਈ ਬਦਲਾਈਆ । ਸਭ ਦੇ ਅੰਤਰ ਲੱਗਾ ਦੁੱਖਾ, ਜਗਤ ਕਲੇਸ਼ ਨਾ ਕੋਇ ਮਿਟਾਈਆ । ਮਾਇਆ ਮਮਤਾ ਕੀਤਾ ਭੁੱਖਾ, ਤ੍ਰਿਸ਼ਨਾ ਅੱਗ ਨਾ ਕੋਇ ਬੁਝਾਈਆ । ਤੇਰਾ ਭੇਵ ਰਹੇ ਨਾ ਕੋਈ ਲੁਕਾ, ਲੁਕਮਾ ਹੋਵੇ ਸਰਬ ਲੁਕਾਈਆ । ਤੇਰਾ ਨਿਸ਼ਾਨਾ ਕਦੇ ਨਾ ਹੋਵੇ ਉਕਾ, ਦੋ ਜਹਾਨ ਦੇਣ ਦੁਹਾਈਆ । ਸੂਫ਼ੀ ਕਹਿਣ ਪਰਵਰਦਿਗਾਰ ਕਦੇ ਨਾ ਰੁੱਸਾ, ਰੁਸਿਆਂ ਲਏ ਮਨਾਈਆ । ਪ੍ਰੇਮੀਆਂ ਫੜ ਬਾਹੋਂ ਕਹੇ ਆ ਮੇਰਿਆ ਪੁੱਤਾ, ਪਤਿਪਰਮੇਸ਼ਵਰ ਗੋਦ ਉਠਾਈਆ । ਆਵਣ ਜਾਵਣ ਲੇਖਾ ਜਾਏ ਚੁੱਕਾ, ਚੁਕੰਨੇ ਹੋ ਕੇ ਪ੍ਰਭ ਦਾ ਦਰਸ਼ਨ ਪਾਈਆ । ਤਿਨ੍ਹਾਂ ਖਾਣਾ ਪਏ ਨਾ ਕੁੱਠਾ, ਹਲਾਲੀ ਝਟਕਾ ਨਾ ਕੋਇ ਵਡਿਆਈਆ । ਉਨ੍ਹਾਂ ਨੂੰ ਟੁੱਕਰ ਚੰਗਾ ਸੁੱਕਾ, ਜੋ ਸੁਖਮਨ ਤੋਂ ਬਾਹਰ ਬੈਠੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਸਤੀ ਸਭ ਦੀ ਖੋਜ ਖੁਜਾਈਆ । ਮੂਏ ਮੁਬਾਰਕ ਕਹੇ ਆਪਣਾ ਹੁਕਮ ਕਰ ਮੁਅੱਤਲ, ਮੁਤੱਲਾ ਸਭ ਨੂੰ ਦੇ ਕਰਾਈਆ । ਕੂੜੀ ਕਿਰਿਆ ਕਰ ਕ਼ਤਲ, ਮਕ਼ਤੂਲ ਘਰ ਘਰ ਦੇ ਵਖਾਈਆ । ਪੜਦਾ ਲਾਹ ਆਪਣੇ ਵਤਨ, ਬੇਵਤਨਾਂ ਵਤਨ ਜਣਾਈਆ । ਕਲਜੁਗ ਕਰ ਕਰ ਥੱਕੇ ਬਹੁਤਾ ਯਤਨ, ਯਥਾਰਥ ਤੇਰਾ ਦਰਸ ਕੋਇ ਨਾ ਪਾਈਆ । ਸੰਤ ਸੁਹੇਲੇ ਵੇਖ ਅਮੋਲਕ ਰਤਨ, ਰੁਤੀ ਰਾਤੀ ਰੰਗ ਚੜ੍ਹਾਈਆ । ਜੋ ਆਇਆ ਤੇਰੇ ਪੱਤਨ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਤੂੰ ਮਾਲਕ ਸਭ ਨੂੰ ਆਇਆ ਰਖਣ, ਰੱਛਿਆ ਕਰੇ ਥਾਉਂ ਥਾਈਂਆ । ਹਰ ਹਿਰਦੇ ਆਇਓਂ ਵਸਣ, ਤੇਰੀ ਬੇਪਰਵਾਹੀਆ ।

ਬਿਨ ਅੱਖਾਂ ਆਇਉਂ ਤੱਕਣ, ਖੋਜੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਮੂਏ ਮੁਬਾਰਕ ਕਹੇ ਮੈਂ ਕਿਸੇ ਸੀਸ ਨਹੀਂ ਚੜ੍ਹਨਾ ਮੁੱਲਾ, ਮਾਲਕ ਲੈਣਾ ਮਨਾਈਆ । ਜਿਸ ਦੇ ਸੀਸ ਉਤੇ ਨਾ ਕੋਈ ਪਗੜੀ ਨਾ ਕੋਈ ਕੁੱਲਾ, ਨਾ ਕੋਈ ਕਲਮਾ ਢੋਲਾ ਗਾਈਆ । ਜਿਥੇ ਕਾਫੀਆ ਗਾਏ ਕੋਈ ਨਾ ਬੁੱਲਾ, ਬੁੱਲੀਆਂ ਵਾਲਾ ਰਸ ਨਾ ਕੋਇ ਵਖਾਈਆ । ਨਾ ਕੋਈ ਪੜਦਾ ਰਹੇ ਨਾ ਓਹਲਾ, ਸਾਖਿਆਤ ਦਰਸ਼ਨ ਪਾਈਆ । ਬੇਪਰਵਾਹ ਬਣ ਵਿਚੋਲਾ, ਪੜਦਾ ਓਹਲਾ ਦਏ ਉਠਾਈਆ । ਤੂੰ ਮਾਲਕ ਠਾਕਰ ਮੌਲਾ, ਮੇਲ ਮਿਲਿਆ ਸਹਿਜ ਸੁਭਾਈਆ । ਤੇਰਾ ਪੂਰਾ ਹੋਵੇ ਕੌਲਾ, ਇਕ਼ਰਾਰ ਵੇਲਾ ਗਿਆ ਆਈਆ । ਲੇਖਾ ਵੇਖ ਧਰਨੀ ਧੌਲਾ, ਧਰਮ ਦੀ ਧਾਰ ਦਏ ਦੁਹਾਈਆ । ਤੇਰਾ ਕਿਉਂ ਨਹੀਂ ਪਰਵਰਦਿਗਾਰ ਫਰਕਿਆ ਡੌਲਾ, ਡੋਲਤ ਵੇਖ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਕੁੰਟ ਰਿਹਾ ਕੁਰਲਾਈਆ । ਮੂਏ ਮੁਬਾਰਕ ਕਹੇ ਮੈਂ ਦੱਬੇ ਰਹਿਣਾ ਨਹੀਂ ਕਿਸੇ ਥੱਲੇ ਹੈਟ, ਹਾਈਟ ਆਪਣੀ ਲੈਣੀ ਬਣਾਈਆ । ਕਲਜੁਗ ਕੂੜ ਕੁੜਿਆਰੇ ਕਰਨੇ ਕੈਟ ਰੈਟ, ਰਾਈਟ ਤੇਰਾ ਹੁਕਮ ਸੁਣਾਈਆ । ਸ਼ਬਦ ਨਾਮ ਡੰਡਾ ਫੜ ਕੇ ਬੈਟ, ਬਾਲ ਅਗੇ ਲੈਣਾ ਬੁਲਾਈਆ । ਕਲਜੁਗ ਕੂੜੀ ਕਿਰਿਆ ਵੇਖ ਅੰਧੇਰੀ ਨਾਈਟ, ਨਿਕਟਵਰਤੀ ਤੇਰਾ ਰਾਹ ਤਕਾਈਆ । ਹੁਕਮੈਂ ਅੰਦਰ ਕਰਨੀ ਫਾਈਟ, ਫ਼ੈਸਲਾ ਇਕੋ ਹੱਕ ਸੁਣਾਈਆ । ਜਿਨ੍ਹਾਂ ਚਿਰ ਸਫ਼ੈਦ ਵਾਲ ਕਹੇ ਸੂਫ਼ੀ ਸੰਤ ਨਾ ਕੀਤੇ ਵਾਈਟ, ਕਵਾਈਟ ਆਪਣਾ ਹੁਕਮ ਵਰਤਾਈਆ । ਬਿਨਾ ਚਸ਼ਮੇ ਨੂਰ ਕਰ ਦੇ ਲਾਈਟ, ਨੂਰ ਨੂਰ ਰੁਸ਼ਨਾਈਆ । ਆਪਣੀ ਸਿੰਮਤ ਵੇਖ ਸਾਈਡ, ਚਾਰੋਂ ਕੁੰਟ ਖੋਜ ਖੁਜਾਈਆ । ਸਾਚੇ ਅਸਵ ਹੋ ਰਾਈਡ, ਰੈਡ ਗਰੀਨ ਦੇ ਸਮਝਾਈਆ । ਜਨ ਭਗਤਾਂ ਆਪਣੇ ਪ੍ਰੇਮ ਦੀ ਬਖ਼ਸ਼ ਸਾਚੀ ਡਾਈਟ, ਜ਼ੈਡ ਯੂ ਨਾ ਕੋਇ ਵਖਾਈਆ । ਇਕੋ ਤੇਰੀ ਮੰਗਦੇ ਹਮਾਇਤ, ਹਮ ਮੁਸ਼ਕਲ ਦੇ ਕਟਾਈਆ । ਮਨੀ ਸਿੰਘ ਕਹੇ ਮੈਂ ਤੇਰੀ ਵੇਖਣੀ ਓਹ ਵਲੈਤ, ਜਿਥੇ ਵਲਵਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੂਫ਼ੀਆਂ ਸਫ਼ਰ ਦੇ ਮਿਟਾਈਆ ।



## ੧੨ ਪੋਹ ਸ਼ਹਿਨਸ਼ਾਹੀ ਸੰਮਤ ੧ ਚੇਲਾ ਸਿੰਘ ਦੇ ਘਰ ਜੰਮੂ

ਸੂਫ਼ੀ ਕਹਿਣ ਸੁਹਾ ਦੇ ਸਮਾਂ, ਸੰਮਨ ਪਿਛਲੇ ਦੇ ਪੜਵਾਈਆ । ਆਪਣਾ ਮਾਰਗ ਰਾਹ ਰਹਿਬਰ ਹੋ ਕੇ ਦੱਸ ਨਵਾਂ, ਨਾਮ ਨਿਧਾਨ ਇਕ ਜਣਾਈਆ । ਅਸਾਂ ਕੋਈ ਗੋਦ ਨਹੀਂ ਵੇਖਣੀ ਹੋਰ ਅੰਮਾਂ, ਅਮਾਮ ਇਕੋ ਨਜ਼ਰੀ ਆਈਆ । ਸ਼ਰੀਅਤ ਸ਼ਰਅ ਦਾ ਤੋੜ ਕੇ ਬੰਨਾ, ਬੰਧਨ ਅਵਰ ਨਾ ਕੋਇ ਪਾਈਆ । ਤੇਰਾ ਮੁਰੀਦ ਬਿਨ ਦੀਦ ਰਹੇ ਨਾ ਅੰਨ੍ਹਾਂ, ਅਨਕ ਕਲਧਾਰੀ ਆਪੇ ਹੋ ਸਹਾਈਆ । ਬੱਚਾ ਵੇਖ ਨਿੱਕਾ ਨੰਨ੍ਹਾ, ਫੜ ਬਾਹੋਂ ਗਲੇ ਲਗਾਈਆ । ਹੁਕਮ ਨਾਲ ਮਨ ਨੂੰ ਕਰ ਦੇ ਮਨਾਹ, ਮਨਸਾ ਕੂੜੀ ਬਾਹਰ ਕਢਾਈਆ । ਚਿੰਤਾ ਰੋਗ ਰਹੇ ਨਾ ਗ਼ਮਾ, ਗ਼ਫ਼ਲਤ ਤੋਂ ਖਹਿੜਾ ਦੇਣਾ ਛੁਡਾਈਆ । ਤਨ ਵਜੂਦ ਰੰਗ ਦੇ ਚੰਮਾ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਤੇਰਾ ਵੇਲਾ ਵਕਤ ਰਹੇ ਨਾ ਅਗੇ ਲੰਮਾ, ਜੁਗ ਚੌਕੜੀ ਗਏ ਵਿਹਾਈਆ । ਨਿਰਗੁਣ ਜੋਤ ਜਗਾ ਸ਼ਮਅ, ਸ਼ੱਮਸ ਤਬਰੇਜ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਧੁਰ ਦਾ ਖੇਲ ਇਕ ਵਖਾਈਆ । ਸੂਫ਼ੀ ਕਹਿਣ ਕਿਹੜਾ ਦਈਏ ਸਬੂਤ, ਮਸਾਲ ਨਜ਼ਰ ਕੋਇ ਨਾ ਆਈਆ । ਤੇਰੇ ਹਵਾਲੇ ਸਾਡਾ ਵਜੂਦ, ਵਸਲ ਕਰ ਬੇਪਰਵਾਹੀਆ । ਕਾਇਆ ਤਤ ਤੇਰਾ ਕਲਬੂਤ, ਕਲਮਾ ਦੇ ਸੁਣਾਈਆ । ਸਾਚੇ ਹੁਜਰੇ ਰਹੋ ਮੌਜੂਦ, ਮੁਫ਼ਲਸਾਂ ਝੋਲੀ ਦੇ ਭਰਾਈਆ । ਤੇਰਾ ਨੂਰ ਨਾ ਹੋਵੇ ਗ਼ਰੂਬ, ਗ਼ਰਬਨ ਸ਼ਰਕਨ ਇਕੋ ਚੰਦ ਚਮਕਾਈਆ । ਸਿਖਣਾ ਪਏ ਨਾ ਕੋਈ ਹਜਾਰਾ ਦਰੂਦ, ਰੰਗਤ ਹਰਿ ਜੀ ਨਜ਼ਰੀ ਆਈਆ । ਝਗੜਾ ਰਹੇ ਨਾ ਕੋਇ ਨਮਰੂਦ, ਹੁਕਮ ਆਪਣਾ ਇਕ ਸਮਝਾਈਆ । ਤੇਰੇ ਦਰ ਤੋਂ ਨਾ ਰਹੀਏ ਮਹਿਰੂਮ, ਖ਼ਾਲੀ ਭਾਂਡੇ ਦੇ ਭਰਾਈਆ । ਨੰਨ੍ਹੇ ਬੱਚੇ ਰੋ ਰਹੇ ਮਾਸੂਮ, ਮੁਸ਼ਕਲ ਵਿਚੋਂ ਲੈਣੇ ਕਢਾਈਆ । ਆਪਣਾ ਸਚ ਦੱਸ ਕ਼ਾਨੂੰਨ, ਕਾਇਦਾ ਦੇਣਾ ਦ੍ਰਿੜਾਈਆ । ਜਿਸ ਦਾ ਸਭ ਤੋਂ ਵੱਖਰਾ ਮਜ਼ਮੂਨ, ਆਤਮ ਕਰੇ ਨਾ ਕੋਇ ਲਿਖਾਈਆ । ਨੁਕਤਾ ਰਹੇ ਕੋਇ ਨਾ ਨੂਨ, ਨਗ਼ਮਾ ਨਾਮ ਦੇਣਾ ਜਣਾਈਆ । ਪਰਵਰਦਿਗਾਰ ਤੂੰ ਕਿਹੜੀ ਬੇਚਣੀ ਪਰਚੂਨ, ਤੋਲੇ ਮਾਸ਼ੇ ਰਤੀ ਵੰਡ ਵੰਡਾਈਆ । ਆਪਣੇ ਨਾਮ ਪ੍ਰੇਮ ਦਾ ਲਾ ਕੇ ਇਕ ਸਾਬੂਨ, ਸਾਫ਼ ਸੁਥਰੇ ਦੇਣੇ ਬਣਾਈਆ । ਨਾਅਰਾ ਦੱਸ ਕੇ ਇਕ ਮਅਕੂਲ, ਮਹੌਲ ਦੇਣਾ ਬਦਲਾਈਆ । ਤੇਰਾ ਕਲਮਾ ਸਦ ਕਬੂਲ, ਕਾਇਆ ਕਾਅਬੇ ਸੀਸ ਝੁਕਾਈਆ । ਮੁਹੱਬਤ ਵਿਚ ਰਖ ਮਸ਼ਗੂਲ, ਮਸ਼ਵਰਾ ਇਕ ਜਣਾਈਆ । ਤੇਰਾ ਹੁਕਮ ਨਾ ਜਾਈਏ ਭੂਲ, ਭੁਲਿਆਂ ਮਾਰਗ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕ਼ਦਮ ਕ਼ਦਮ ਦੇਣੀ ਸ਼ਰਨਾਈਆ । ਸੂਫ਼ੀ ਕਹਿਣ ਤੇਰਾ ਮਸਤਕ ਲੱਗੇ ਕ਼ਦਮ, ਕ਼ਦੀਮ ਮਿਲੇ ਵਡਿਆਈਆ । ਬੁਤ ਖ਼ਾਕੀ ਸੋਹੇ ਬਦਨ, ਬਦਲਾ ਦੇਣਾ ਚੁਕਾਈਆ । ਕੁਛ ਲੇਖਾ ਦਿਸੇ ਵਿਚ ਅਦਨ, ਆਅਲਾ ਅਦਨੇ ਰਹੇ ਕੁਰਲਾਈਆ । ਤੂੰ ਦੂਰ ਦੁਰਾਡਾ ਆਇਆ ਤੱਕਣ, ਬਿਨ ਅੱਖਾਂ ਵੇਖ ਵਖਾਈਆ । ਹਕ਼ੀਕ਼ਤ ਜਾਣੇਂ ਹੱਕਨ, ਹਕੂਕ ਦੇਵੇਂ ਥਾਉਂ ਥਾਈਂਆ । ਤੇਰਾ ਦਵਾਰਾ ਆਏ ਮੰਗਣ, ਮਾਂਗਤ ਹੋ ਕੇ ਸੀਸ ਝੁਕਾਈਆ । ਸਜਦਾ ਕਰੀਏ ਸਚ ਡੰਡਾਵਤ ਬੰਦਨ, ਬੰਦਗੀ ਬੰਧਨ ਦੇ ਤੁੜਾਈਆ । ਤੂੰ ਦੀਨ ਦਿਆਲ ਸਦਾ ਬਖ਼ਸ਼ੰਦਨ, ਬਖ਼ਸ਼ਿਸ਼ ਰਹਿਮਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਦੇਣਾ ਪਰਮਾਨੰਦਨ, ਪ੍ਰੇਮ ਪ੍ਰੇਮ ਵਿਚ ਸਮਾਈਆ ।



## ✪ ੧੨ ਪੋਹ ਸ਼ਹਿਨਸ਼ਾਹੀ ਸੰਮਤ ੧ ਅਮਰੋ ਦੇਵੀ ਦੇ ਗ੍ਰਹਿ ਜੰਮੂ ✪

ਜੰਬੂ ਦੀਪ ਕਹੇ ਜਨ ਭਗਤ ਵੇਖੇ ਮੰਨਦੇ, ਸ੍ਰੀ ਭਗਵਾਨ ਓਟ ਤਕਾਈਆ । ਨਾਤੇ ਤੋੜ ਕੇ ਛੱਪਰ ਛੰਨ ਦੇ, ਸ਼ਹਿਨਸ਼ਾਹ ਇਕੋ ਰਹੇ ਧਿਆਈਆ । ਛੱਡ ਪਰਕਾਸ਼ ਸੂਰਜ ਚੰਨ ਦੇ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਰਾਗ ਛੱਡ ਜਗਤ ਕੰਨ ਦੇ, ਆਤਮ ਧੁਨ ਵੱਜੀ ਵਧਾਈਆ । ਲਾਲਚ ਛੱਡ ਕੇ ਕੂੜੇ ਧਨ ਦੇ, ਨਾਮ ਪਦਾਰਥ ਝੋਲੀ ਪਾਈਆ । ਰੂਪ ਬਣਾ ਕੇ ਸੱਚੇ ਜਨ ਦੇ, ਸੰਤ ਸੁਹੇਲੇ ਨਜ਼ਰੀ ਆਈਆ । ਅੰਧੇਰ ਗਵਾ ਕੇ ਕੂੜੇ ਅੰਨ੍ਹ ਦੇ, ਅਗਿਆਨ ਅੰਧੇਰ ਰਹੇ ਮਿਟਾਈਆ । ਆਪਣਾ ਬੇੜਾ ਕਲਜੁਗ ਅੰਤਮ ਬੰਨ੍ਹਦੇ, ਬੰਦਗੀ ਇਕੋ ਸੀਸ ਨਿਵਾਈਆ । ਧੁਰ ਦੇ ਮਾਰਗ ਵੇਖੇ ਚਲਦੇ, ਭੱਜਣ ਵਾਹੋ ਦਾਹੀਆ । ਲੱਖ ਚੁਰਾਸੀ ਵਿਚ ਮੂਲ ਨਾ ਰਲਦੇ, ਸੋਹੰ ਢੋਲਾ ਰਹੇ ਗਾਈਆ । ਪ੍ਰੇਮ ਪ੍ਰੀਤੀ ਇਕੋ ਝੱਲਦੇ, ਛੱਡੀ

ਸਰਬ ਲੋਕਾਈਆ । ਖੇਲ ਵੇਖਣ ਅਛਲ ਅਛੱਲ ਦੇ, ਜੋ ਵਲ ਛਲ ਧਾਰੀ ਰਿਹਾ ਜਣਾਈਆ । ਸਚ ਦਵਾਰਾ ਇਕੋ ਮਲਦੇ, ਗ੍ਰਹਿ ਮੰਦਰ ਸੋਭਾ ਪਾਈਆ । ਵਿਛੋੜੇ ਸਹਿਣ ਨਾ ਘੜੀ ਪਲ ਦੇ, ਪਲਕ ਅੱਖ ਨਾ ਕੋਇ ਬਦਲਾਈਆ । ਬਿਨ ਰੁੱਤ ਬਹਾਰੋਂ ਫੁਲਦੇ ਫਲਦੇ, ਜੋਬਨ ਰਤੜੇ ਰੰਗ ਰੰਗਾਈਆ । ਰੰਗ ਮਾਨਣ ਸਤਿਗੁਰ ਚਰਨ ਮਹੱਲ ਦੇ, ਅਟਲ ਬੈਠੇ ਨਜ਼ਰੀ ਆਈਆ । ਲੇਖੇ ਮੁਕਾ ਕੇ ਦੂਈ ਦਵੈਤੀ ਸਲ ਦੇ, ਚਾਰ ਵਰਨ ਹੋਈ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜੰਬੂ ਦੀਪ ਕਹੇ ਮੈਂ ਭਗਤਾਂ ਵੇਖਿਆ ਜੋਗ, ਜੁਗੀਸ਼ਰ ਸਕੇ ਨਾ ਕੋਇ ਸਮਝਾਈਆ । ਨਾਤਾ ਛੱਡ ਕੇ ਚੌਦਾਂ ਲੋਕ, ਬ੍ਰਹਿਮੰਡ ਖੰਡ ਨਾਤਾ ਗਏ ਤੁੜਾਈਆ । ਪਰਮ ਪੁਰਖ ਦੀ ਮਾਨਣ ਇਕੋ ਮੌਜ, ਮਜਲਸ ਭਗਤਾਂ ਨਾਲ ਵਧਾਈਆ । ਮਨ ਮਤ ਕਰੇ ਕੋਇ ਨਾ ਸੋਚ, ਬੁਧੀ ਜਗਤ ਨਾ ਕੋਇ ਚਤੁਰਾਈਆ । ਪ੍ਰਭ ਦਾ ਦਰਸ਼ਨ ਕਰ ਕੇ ਰੋਜ਼, ਨਿਤ ਨਵਿਤ ਵੇਖ ਵਖਾਈਆ । ਜੰਗਲਾਂ ਵਿਚ ਕਰਨੀ ਪਈ ਨਾ ਖੋਜ, ਪਰਬਤਾਂ ਉਤੇ ਡੇਰਾ ਕੋਇ ਨਾ ਲਾਈਆ । ਮਾਇਆ ਮਮਤਾ ਮੇਟ ਕੇ ਝੂਠਾ ਰੋਗ, ਹੰਗਤਾ ਗਏ ਗਵਾਈਆ । ਆਤਮ ਪਰਮਾਤਮ ਚੁਗ ਕੇ ਚੋਗ, ਚਾਰੋਂ ਕੁੰਟ ਵੇਖ ਵਖਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਗਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਸਮਝਾਈਆ । ਜੰਬੂ ਦੀਪ ਕਹੇ ਮੈਂ ਵੇਖਿਆ ਇਕ ਪਿਆਰ, ਪ੍ਰੇਮੀ ਪ੍ਰੇਮਿਕਾ ਇਕੋ ਰੂਪ ਨਜ਼ਰੀ ਆਈਆ । ਪੁਰਖ ਅਬਿਨਾਸ਼ੀ ਧੁਰ ਦਾ ਯਾਰ, ਪਰਵਰਦਿਗਾਰ ਦਇਆ ਕਮਾਈਆ । ਨਿਰਗੁਣ ਨੂਰ ਜੋਤ ਕਰ ਉਜਿਆਰ, ਗ੍ਰਹਿ ਗ੍ਰਹਿ ਕਰੇ ਰੁਸ਼ਨਾਈਆ । ਭਗਤ ਸੁਹੇਲੇ ਮਾਤ ਉਠਾਲ, ਗੁਰ ਚੇਲੇ ਜੋੜ ਜੁੜਾਈਆ । ਲੱਖ ਚੁਰਾਸੀ ਵਿਚੋਂ ਭਾਲ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਨਾਤਾ ਤੋੜ ਕੇ ਕਾਲ ਮਹਾਂਕਾਲ, ਸਿਰ ਆਪਣਾ ਹੱਥ ਟਿਕਾਈਆ । ਸਚ ਦਵਾਰ ਜਣਾ ਸੱਚੀ ਧਰਮਸਾਲ, ਜਮਾਂ ਤੋਂ ਲਿਆ ਬਚਾਈਆ । ਨਾਮ ਭੰਡਾਰਾ ਦੇ ਕੇ ਧੁਰ ਦਾ ਮਾਲ, ਧਨ ਧਨਾਢ ਦਿਤੇ ਵਖਾਈਆ । ਪੂਰਬ ਜਨਮ ਦਾ ਦੱਸ ਅਹਿਵਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਆਪ ਨਿਭਾਈਆ । ਜੰਬੂ ਦੀਪ ਕਹੇ ਮੈਂ ਕਲਜੁਗ ਕੂੜ ਵੇਖਿਆ ਜਲਾਦ, ਚਾਰੋਂ ਕੁੰਟ ਨਜ਼ਰੀ ਆਈਆ । ਜਿਸ ਦਾ ਸਾਚਾ ਖੇੜਾ ਨਾ ਕੋਇ ਅਬਾਦ, ਮੰਦਰ ਵੱਜੇ ਨਾ ਕੋਇ ਵਧਾਈਆ । ਧੁਰ ਦੀ ਦੇਵੇ ਨਾ ਕੋਇ ਦਾਤ, ਦੌਲਤ ਸਚ ਨਾ ਕੋਇ ਵਰਤਾਈਆ । ਮਨ ਮਤ ਵੇਖੀ ਨਾਰ ਕਮਜਾਤ, ਘਰ ਘਰ ਭੱਜੇ ਵਾਹੋ ਦਾਹੀਆ । ਕੂੜੀ ਮੇਟੇ ਕੋਇ ਨਾ ਰਾਤ, ਸੱਚਾ ਚੰਦ ਨਾ ਕੋਇ ਚਮਕਾਈਆ । ਸੁਹੰਜਣੀ ਹੋਵੇ ਨਾ ਕੋਇ ਪਰਭਾਤ, ਅੰਮ੍ਰਿਤ ਵੇਲਾ ਨਾ ਕੋਇ ਸੁਹਾਈਆ । ਆਤਮ ਪਰਮਾਤਮ ਗਾਏ ਕੋਇ ਨਾ ਗਾਥ, ਸਿਫ਼ਤਾਂ ਵਾਲੀ ਜਗਤ ਪੜ੍ਹਾਈਆ । ਰਸਨਾ ਜਿਹਵਾ ਬੱਤੀ ਦੰਦ ਲੈਣ ਸੁਆਦ, ਹਿਰਦੇ ਹਰਿ ਨਾ ਕੋਇ ਵਸਾਈਆ । ਸੰਖ ਧੁਨ ਸੁਣਦੇ ਨਾਦ, ਆਤਮਕ ਰਾਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਜੰਬੂ ਦੀਪ ਕਹੇ ਮੈਂ ਵੇਖੀ ਇਕ ਜਮਾਤ, ਜਜਮਾਨ ਇਕੋ ਨਜ਼ਰੀ ਆਈਆ । ਪਤਿਪਰਮੇਸ਼ਵਰ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਬੇਪਰਵਾਹੀਆ । ਸਾਚੇ ਮੰਦਰ ਅੰਦਰ ਬਹਿ ਕੇ ਪਾਵੇ ਰਾਸ, ਗੋਪੀ ਕਾਹਨ ਰੂਪ ਵਟਾਈਆ । ਜਨ ਭਗਤਾਂ ਪੂਰੀ ਕਰ ਕੇ ਆਸ, ਆਸ਼ਾ ਤ੍ਰਿਸ਼ਨਾ ਰਿਹਾ ਗਵਾਈਆ । ਜਨਮ ਜਨਮ ਦਾ ਕਰ ਕੇ ਬੰਦ ਖ਼ਲਾਸ, ਬੰਦੀਖ਼ਾਨੇ ਵਿਚੋਂ ਬਾਹਰ ਕਢਾਈਆ । ਸਦਾ ਸੁਹੇਲਾ ਵਸੇ ਪਾਸ, ਜਗਤ ਜੁਦਾਈ ਨਾ ਕੋਇ ਜਣਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜੰਬੂ ਦੀਪ ਕਹੇ ਮੈਂ ਵੇਖੇ ਧੁਰ ਦੇ ਜਾਚਕ, ਯਕੀਨ ਇਕੋ ਉਪਰ ਰਖਾਈਆ । ਜਿਨ੍ਹਾਂ ਦੀ ਅੰਤਰ ਧਾਰ ਆਸਤਕ, ਇਕੋ ਮੰਨਣ ਸੱਚਾ ਮਾਹੀਆ । ਨਾਤਾ ਜੋੜਿਆ ਪ੍ਰੇਮੀ ਵਾਸਤਵਕ, ਕੂੜ ਕੁੜਿਆਰ ਦਿਤੇ ਤਜਾਈਆ । ਜੋ ਇਥੇ ਉਥੇ ਦੋ ਜਹਾਨਾਂ ਕਰੇ ਹਿਫ਼ਾਜ਼ਤ, ਹਮ ਸਾਜਣ ਹੋ ਕੇ ਫੇਰਾ ਪਾਈਆ । ਕਰਨੀ ਕਰੇ ਆਪਣੇ ਮੁਤਾਬਕ, ਦੂਜੀ ਵੰਡ ਨਾ ਕੋਇ ਵੰਡਾਈਆ । ਸਾਚੀ ਦੱਸ ਕੇ ਇਕ ਇਬਾਦਤ, ਨਾਮ ਅਗੰਮਾ ਦਿਤਾ ਸੁਣਾਈਆ । ਆਤਮ ਪਰਮਾਤਮ ਇਕ ਤਆਕ਼ਬ, ਦੂਜਾ ਰਾਹ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਉਠਾਈਆ । ਜੰਬੂ ਦੀਪ ਕਹੇ ਮੈਂ ਵੇਖਿਆ ਹੱਕ ਯਕੀਨ, ਹਕੀਕ਼ਤ ਸੱਚੀ ਨਜ਼ਰੀ ਆਈਆ । ਜਨ ਭਗਤਾਂ ਮਿਲੀ ਅਗੰਮੀ ਤਾਲੀਮ, ਤੁਆਰਫ਼ ਹੋਇਆ ਬੇਪਰਵਾਹੀਆ । ਜਿਨ੍ਹਾਂ ਦੀ ਕਰੇ ਨਾ ਕੋਇ ਤਕ਼ਸੀਮ, ਜਗਤ ਵੰਡ ਨਾ ਕੋਇ ਵੰਡਾਈਆ । ਇਕੋ ਇਕ ਕਹਿਣ ਆਮੀਨ, ਕਾਮਲ ਮੁਰਸ਼ਦ ਮਿਲਿਆ ਬੇਪਰਵਾਹੀਆ । ਮੈਂ ਉਹਨਾਂ ਨੂੰ ਕਹਾਂ ਆਫ਼ਰੀਨ, ਜੋ ਆਫ਼ਤ ਤੋਂ ਪੱਲੂ ਗਏ ਛੁਡਾਈਆ । ਝਗੜਾ ਚੁਕਾ ਕੇ ਨਰ ਮਦੀਨ, ਇਕੋ ਰੰਗ ਸਮਾਈਆ । ਧੁਰ ਦਾ ਹੁਕਮ ਕਰ ਤਸਲੀਮ, ਸਿਰ ਸਕੇ ਨਾ ਕੋਇ ਉਠਾਈਆ । ਪਾਰਬ੍ਰਹਮ ਦੇ ਹੋ ਅਧੀਨ, ਆਅਲਾ ਅਦਨਾ ਲੇਖਾ ਦਏ ਗਵਾਈਆ । ਸੇਵਾ ਵਿਚ ਬਣ ਮਸਕੀਨ, ਮੁਸ਼ਕਲ ਆਪਣੀ ਹਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲਹਿਣਾ ਰਿਹਾ ਸਮਝਾਈਆ । ਜੰਬੂ ਦੀਪ ਕਹੇ ਮੈਂ ਕੀ ਦੇਵਾਂ ਜਵਾਬ, ਸਮਝ ਵਿਚ ਨਾ ਕੋਇ ਵਡਿਆਈਆ । ਪੁਰਖ ਅਕਾਲ ਜਿਨ੍ਹਾਂ ਬਣਿਆ ਅਹਿਬਾਬ, ਮੁਹੱਬਤ ਵਿਚ ਮੇਲ ਮਿਲਾਈਆ । ਉਹ ਸਜਦਿਆਂ ਤੋਂ ਬਾਹਰ ਕਰਨ ਆਦਾਬ, ਡੰਡਾਵਤ ਇਕੋ ਇਕ ਵਖਾਈਆ । ਮੰਦਰ ਸੁਹਾ ਕੇ ਸਚ ਮਹਿਰਾਬ, ਮਹਿਬੂਬ ਮਿਲ ਕੇ ਖ਼ੁਸ਼ੀ ਮਨਾਈਆ । ਉਹਨਾਂ ਦੇ ਅੰਦਰ ਇਕ ਵੈਰਾਗ, ਵੈਰੀ ਸਾਰੇ ਦਿਤੇ ਕਢਾਈਆ । ਸਚ ਪਿਆਰ ਦਾ ਜਗੇ ਚਰਾਗ਼, ਨਿਰਗੁਣ ਨੂਰ ਜੋਤ ਰੁਸ਼ਨਾਈਆ । ਕੂੜੀ ਕਿਰਿਆ ਧੋ ਕੇ ਦਾਗ਼, ਦੁਰਮਤ ਦੂਰ ਕਰਾਈਆ । ਲੱਖ ਚੁਰਾਸੀ ਵਿਚੋਂ ਵੰਡ ਕੇ ਆਪਣਾ ਭਾਗ, ਭਗਵਨ ਮਿਲ ਕੇ ਖ਼ੁਸ਼ੀ ਮਨਾਈਆ । ਧੁਰ ਦਾ ਮੇਲਾ ਨਾਲ ਕੰਤ ਸੁਹਾਗ, ਸੇਜ ਸੁਹੰਜਣੀ ਰਹੇ ਹੰਢਾਈਆ । ਜਿਥੇ ਖੇੜਾ ਸਦਾ ਰਹੇ ਆਬਾਦ, ਖ਼ਿਜ਼ਾਂ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਰਮੀ ਵੇਖ ਵਖਾਈਆ । ਜੰਬੂ ਦੀਪ ਕਹੇ ਮੈਂ ਦੱਸਾਂ ਕੀ ਸਲਾਹ, ਸਿਫ਼ਤ ਵਿਚ ਨਾ ਕੋਇ ਚਤੁਰਾਈਆ । ਪੁਰਖ ਅਕਾਲਾ ਏਕੰਕਾਰ ਗਿਆ ਆ, ਜੋਤੀ ਜਾਤਾ ਪੁਰਖ ਵਿਧਾਤਾ ਵੇਸ ਵਟਾਈਆ । ਜੋ ਭਗਤਾਂ ਬਣਿਆ ਆਪ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਰਹਿਬਰ ਬਣ ਕੇ ਦੱਸੇ ਰਾਹ, ਪੜਦਾ ਓਹਲਾ ਰਿਹਾ ਚੁਕਾਈਆ । ਕੋਟ ਜਨਮ ਦੇ ਬਖ਼ਸ਼ ਗੁਨਾਹ, ਪਤਿਤ ਪਾਪੀ ਲਏ ਤਰਾਈਆ । ਲੱਖ ਚੁਰਾਸੀ ਵਿਚੋਂ ਫੜ ਕੇ ਬਾਂਹ, ਆਪ ਆਪਣੀ ਗੋਦ ਉਠਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਨਾਂ, ਆਤਮ ਪਰਮਾਤਮ ਸੋਹਲਾ ਗਾਈਆ । ਦੋ ਜਹਾਨਾਂ ਬਣ ਕੇ ਪਿਤਾ ਮਾਂ, ਮਿਹਰ ਨਜ਼ਰ ਨਾਲ ਤਰਾਈਆ । ਸੰਤ ਸੁਹੇਲੇ ਵੇਖ ਕੇ ਚੜ੍ਹਿਆ ਚਾ, ਚਾਉ ਘਨੇਰਾ ਇਕ ਜਣਾਈਆ । ਬਿਨ ਰਸਨਾ ਜਿਹਵਾ ਕਹਾਂ ਵਾਹ ਵਾ, ਵਾਹਿਗੁਰੂ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਵੇਖ ਵਖਾਈਆ । ਜੰਬੂ ਦੀਪ ਕਹੇ ਮੈਂ ਵੇਖੀ ਅਗੰਮ ਜੋਤ, ਜੋਤੀ ਜਾਤਾ ਕਰੇ ਰੁਸ਼ਨਾਈਆ ।

ਜਿਸ ਦਾ ਨਾ ਕੋਇ ਵਰਨ ਨਾ ਕੋਈ ਗੋਤ, ਤੱਤਾਂ ਵਾਲਾ ਵਜੂਦ ਨਾ ਕੋਇ ਵਖਾਈਆ । ਨਾ ਕੋਈ ਕਿਲ੍ਹਾ ਨਾ ਕੋਇ ਕੋਟ, ਦਰ ਦਵਾਰ ਨਾ ਕੋਇ ਸੁਹਾਈਆ । ਨਾ ਨਗਾਰਾ ਨਾ ਕੋਇ ਚੋਟ, ਡੰਕਾ ਮਾਤ ਨਾ ਕੋਇ ਸੁਣਾਈਆ । ਮਿਹਰ ਨਜ਼ਰ ਨਾਲ ਜਨ ਭਗਤਾਂ ਅੰਦਰੋਂ ਕੱਢੇ ਖੋਟ, ਕੂੜੀ ਕਿਰਿਆ ਸਾਫ਼ ਕਰਾਈਆ । ਝਗੜਾ ਚੁਕਾ ਕੇ ਲੋਕ ਪਰਲੋਕ, ਬਖ਼ਸ਼ੇ ਸਰਨ ਸੱਚੀ ਸਰਨਾਈਆ । ਜਿਥੇ ਕਦੇ ਨਾ ਆਵੇ ਮੌਤ, ਰਾਏ ਧਰਮ ਨਾ ਦਏ ਸਜ਼ਾਈਆ । ਰਹੇ ਸਮਝ ਕੋਇ ਨਾ ਸੋਚ, ਮਦਹੋਸ਼ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਣਾ ਆਪਣਾ ਰਿਹਾ ਵਰਤਾਈਆ । ਜੰਬੂ ਦੀਪ ਕਹੇ ਮੈਂ ਵੇਖੀ ਭਗਤਾਂ ਯੱਦ, ਯਾਦਦਾਸ਼ਤ ਸਮਝ ਕਿਸੇ ਨਾ ਆਈਆ । ਕਲਜੁਗ ਕੂੜ ਕੁੜਿਆਰੀ ਪਾਰ ਕਰਕੇ ਹੱਦ, ਹਾਜ਼ਰ ਹੋ ਕੇ ਦਰਸ਼ਨ ਪਾਈਆ । ਨਾਤਾ ਤੋੜ ਕੇ ਕੂੜਾ ਜਗ, ਜਗ ਜੀਵਨ ਦਾਤਾ ਰਹੇ ਮਿਲਾਈਆ । ਪ੍ਰੇਮ ਪ੍ਰੀਤੀ ਅੰਦਰ ਸੱਦ, ਢੋਲੇ ਸੁਣਨ ਥਾਉਂ ਥਾਈਂਆ । ਵਿਛੋੜੇ ਵਿਚ ਰਹਿ ਨਾ ਸਕਣ ਅਲੱਗ, ਵਖਰਾ ਧਾਮ ਨਾ ਕੋਇ ਬਣਾਈਆ । ਮਿਲ ਕੇ ਮੇਲ ਸੂਰੇ ਸਰਬੱਗ, ਘਰ ਮੰਦਰ ਰਹੇ ਸੁਹਾਈਆ । ਖ਼ੁਸ਼ੀਆਂ ਅੰਦਰ ਰਹੇ ਦਗ਼, ਦਗ਼ਾ ਕੂੜ ਨਾ ਕੋਇ ਕਮਾਈਆ । ਜਗਤ ਕੁਟੰਬੀ ਸਾਰੇ ਛੱਡ, ਭਗਤਾਂ ਭਗਤਾਂ ਨਾਲ ਕਰੀ ਕੁੜਮਾਈਆ । ਨਾਤਾ ਦੇਹੀ ਛੋੜ ਕੇ ਹੋ ਗਏ ਅੱਡ, ਮਨ ਮਤ ਚਲੇ ਨਾ ਕੋਇ ਚਤੁਰਾਈਆ । ਸਾਚੀ ਮੰਜ਼ਲ ਵਲ ਰਹੇ ਵਧ, ਕ਼ਦਮ ਕ਼ਦਮ ਨਾਲ ਬਦਲਾਈਆ । ਲੇਖਾ ਜਾਣ ਉਪਰ ਸ਼ਾਹ ਰਗ, ਰਘੁਪਤ ਇਕੋ ਰਹੇ ਮਨਾਈਆ । ਜਿਸ ਦਾ ਮੇਲਾ ਹੋਇਆ ਅੱਜ, ਅਗੇ ਲੇਖਾ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਇਕ ਦ੍ਰਿੜਾਈਆ । ਜੰਬੂ ਦੀਪ ਕਹੇ ਮੈਂ ਵੇਖ ਕੇ ਹੋਇਆ ਹੈਰਾਨ, ਹੈਰਾਨੀ ਮੇਰੇ ਅੰਦਰ ਆਈਆ । ਜਿਨ੍ਹਾਂ ਨੂੰ ਮਿਲਿਆ ਸ੍ਰੀ ਭਗਵਾਨ, ਭਾਗਾਂ ਭਰੇ ਬੈਠੇ ਚਾਈਂ ਚਾਈਂਆ । ਬਾਹਰੋਂ ਤੱਤਾਂ ਵਾਲੇ ਇਨਸਾਨ, ਅੰਦਰ ਮੇਲਾ ਬੇਪਰਵਾਹੀਆ । ਇਕੋ ਢੋਲਾ ਗਾਉਂਦੇ ਨਾਮ, ਨਾਉਂ ਨਿਰੰਕਾਰਾ ਇਕ ਧਿਆਈਆ । ਜਿਨ੍ਹਾਂ ਦੀ ਆਸਾ ਮਨਸਾ ਨਿਸ਼ਕਾਮ, ਕੂੜਾ ਲਾਲਚ ਨਾ ਕੋਇ ਵਧਾਈਆ । ਪੱਥਰ ਮਾਟੀ ਇੱਟਾਂ ਵਾਲੇ ਛੱਡ ਕੇ ਮਕਾਨ, ਕਾਇਆ ਮੰਦਰ ਅੰਦਰ ਬਹਿ ਕੇ ਸੋਭਾ ਪਾਈਆ । ਜਿਥੇ ਵਸੇ ਧੁਰ ਦਾ ਰਾਮ, ਆਗਮਨ ਆਪਣਾ ਦਏ ਸਮਝਾਈਆ । ਸੁਨੇਹੁੜਿਆਂ ਵਿਚ ਦਏ ਪੈਗ਼ਾਮ, ਧੁਰ ਫ਼ਰਮਾਨਾ ਆਪ ਅਲਾਈਆ । ਪੂਰਾ ਕਰ ਕੇ ਧੁਰ ਦਾ ਕਾਮ, ਨਿਹਕਰਮੀ ਹੋਏ ਸਹਾਈਆ । ਅਗਲੀ ਮੁਸ਼ਕਲ ਕਰੇ ਆਸਾਨ, ਅਹਿਸਾਨ ਆਪਣਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਈਆ । ਜੰਬੂ ਦੀਪ ਕਹੇ ਮੈਂ ਵੇਖਿਆ ਸਿਦਕ ਭਰੋਸਾ, ਅੰਦਰ ਵੜ ਵੜ ਖੋਜ ਖੁਜਾਈਆ । ਸਾਢੇ ਤਿੰਨ ਹੱਥ ਕਾਇਆ ਮੰਦਰ ਤੱਕਿਆ ਕੋਠਾ, ਨੌਂ ਦਰ ਫੋਲੇ ਚਾਈਂ ਚਾਈਂਆ । ਜਨ ਭਗਤ ਕੋਈ ਨਾ ਨਿਕਲਿਆ ਥੋਥਾ, ਜੋ ਸੁਖ਼ਨ ਗਿਆ ਭੁਲਾਈਆ । ਪੜ੍ਹਨਾ ਪਿਆ ਕੋਇ ਨਾ ਪੋਥਾ, ਪੁਸਤਕ ਹੱਥ ਨਾ ਕੋਇ ਉਠਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਬਹੁਤ ਚੋਖਾ, ਜੋ ਚਾਰ ਜੁਗ ਦਾ ਲੇਖਾ ਦਏ ਮੁਕਾਈਆ । ਮਾਰਗ ਰਸਤਾ ਦੱਸ ਕੇ ਸੌਖਾ, ਗੁਰਮੁਖ ਸੱਜਣ ਰਸਤੇ ਰਿਹਾ ਪਾਈਆ । ਜਨ ਭਗਤਾਂ ਨਾਲ ਕਦੇ ਕੋਈ ਕਰੇ ਨਾ ਧੋਖਾ, ਧੂੰਆਂਧਾਰ ਵਿਚੋਂ ਬਾਹਰ ਕਢਾਈਆ । ਮੰਦਰ ਵੜ ਕੇ ਦੇਵੇ ਹੋਕਾ, ਹੁਕਮ ਨਾਲ ਲਏ ਉਠਾਈਆ । ਸੰਤ ਸੁਹੇਲਾ ਰਹੇ ਕੋਇ ਨਾ ਸੋਤਾ, ਸੋਈ ਸੁਰਤੀ ਆਪ ਜਗਾਈਆ । ਸਭ ਦੀ ਪੂਰੀ ਕਰੇ ਲੋਚਾ, ਲੋਚਨ ਨੈਣ ਦਰਸ ਕਰਾਈਆ । ਕਲਜੁਗ


੬੪
੧੯

ਅੰਤਮ ਦੇ ਕੇ ਮੌਕਾ, ਮੁਫ਼ਤ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡਾ ਇਕ ਪਰਗਟਾਈਆ । ਜੰਬੂ ਦੀਪ ਕਹੇ ਮੈਂ ਵੇਖਿਆ ਅਗੰਮ ਨਜ਼ਾਰਾ, ਨਜ਼ਰ ਆਪਣੀ ਲਈ ਬਦਲਾਈਆ । ਭਗਤਾਂ ਮੇਲ ਨਰ ਨਿਰੰਕਾਰਾ, ਨਿਰਗੁਣ ਸਰਗੁਣ ਵੱਜੀ ਵਧਾਈਆ । ਇਕੋ ਮੰਗਣ ਧੁਰ ਦਰਬਾਰਾ, ਦੂਜੀ ਓਟ ਨਾ ਕੋਇ ਰਖਾਈਆ । ਚਰਨ ਪ੍ਰੀਤੀ ਸਚ ਸਹਾਰਾ, ਸਿਰ ਸਕੇ ਨਾ ਕੋਇ ਉਠਾਈਆ । ਕਲਜੁਗ ਅੰਤਮ ਸਤਿਜੁਗ ਵਿਵਹਾਰਾ, ਵਿਵਹਾਰੀ ਆਪਣਾ ਖੇਲ ਵਰਤਾਈਆ । ਸਾਚੇ ਨਾਮ ਦਾ ਵਣਜ ਵਪਾਰਾ, ਜਨ ਭਗਤਾਂ ਹੱਟ ਦਏ ਖੁਲ੍ਹਾਈਆ । ਜੁਗ ਚੌਕੜੀ ਜਿਸ ਦਾ ਕਰਦਾ ਆਇਆ ਉਧਾਰਾ, ਨਿਤ ਨਿਤ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਸਮਝਾਈਆ । ਜੰਬੂ ਦੀਪ ਕਹੇ ਮੈਂ ਰਹਿ ਨਾ ਸਕਾਂ ਖ਼ਾਮੋਸ਼, ਨੇਤਰ ਵੇਖ ਖ਼ੁਸ਼ੀ ਮਨਾਈਆ । ਪੁਰਖ ਅਕਾਲ ਦੀਨ ਦਿਆਲ ਤੱਤਾਂ ਵਾਲਾ ਪਹਿਨ ਕੇ ਪੋਸ਼, ਵੇਸ ਅਨੇਕਾ ਰੂਪ ਧਰਾਈਆ । ਜਿਸ ਨੂੰ ਸਮਝ ਸਕੇ ਕੋਇ ਨਾ ਕੋਸ਼, ਵਿਦਿਆਵਾਨ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਸਰਨਾਈਆ । ਜੰਬੂ ਦੀਪ ਕਹੇ ਮੈਨੂੰ ਆਈ ਉਸੇ ਦੀ ਯਾਦ, ਜਿਸ ਦੀ ਉਸਤਤ ਚਾਰ ਜੁਗ ਨਜ਼ਰੀ ਆਈਆ । ਜਨ ਭਗਤਾਂ ਸੁਣਨ ਆਇਆ ਫ਼ਰਿਆਦ, ਫ਼ਰੇਬੀ ਹੋ ਕੇ ਵੇਸ ਵਟਾਈਆ । ਜਿਸ ਨੂੰ ਸਮਝੇ ਨਾ ਕੋਇ ਦਿਮਾਗ਼, ਬੁਧੀ ਭੇਵ ਨਾ ਕੋਇ ਖੁਲ੍ਹਾਈਆ । ਸੋ ਭਗਤਾਂ ਦੇਵਣ ਆਇਆ ਦਾਦ, ਨਾਮ ਭੰਡਾਰਾ ਝੋਲੀ ਪਾਈਆ । ਖ਼ੁਸ਼ੀਆਂ ਵਾਲਾ ਕਰ ਮਜ਼ਾਜ਼, ਤਬਅ ਅੰਦਰੋਂ ਦਿਤੀ ਬਦਲਾਈਆ । ਮਮਤਾ ਵਾਲਾ ਧੋ ਕੇ ਦਾਗ਼, ਦਗਿਆਂ ਤੋਂ ਲਿਆ ਛੁਡਾਈਆ । ਸਚ ਬੇੜੇ ਚੜ੍ਹਾ ਕੇ ਜਹਾਜ, ਪੱਤਨ ਆਪਣਾ ਰਿਹਾ ਵਖਾਈਆ । ਜਿਥੇ ਇਕੋ ਸਾਚੇ ਨਾਮ ਦੀ ਪੈਂਦੀ ਆਵਾਜ਼, ਦੂਜੀ ਕਰੇ ਨਾ ਕੋਇ ਸ਼ਨਵਾਈਆ । ਗੁਰਮੁਖਾਂ ਹੋਣਾ ਪਏ ਨਾ ਕਿਸੇ ਦਾ ਮੁਹਤਾਜ, ਖ਼ਾਲੀ ਝੋਲੀ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਜੰਬੂ ਦੀਪ ਕਹੇ ਮੈਂ ਕੁਛ ਕਹਾਂ ਜਲਦੀ, ਵੇਲਾ ਨੇੜੇ ਗਿਆ ਆਈਆ । ਕਿਸੇ ਨੂੰ ਖ਼ਬਰ ਨਹੀਂ ਇਕ ਪਲ ਦੀ, ਪਲਕ ਸਕੇ ਨਾ ਕੋਇ ਬਦਲਾਈਆ । ਇਹ ਖੇਲ ਵਖਰੀ ਅਛਲ ਅਛੱਲ ਦੀ, ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਸੀਸ ਝੁਕਾਈਆ । ਜਿਸ ਦੀ ਖੇਲ ਕਦੇ ਨਾ ਟਲਦੀ, ਨਾ ਕੋਇ ਮੇਟੇ ਮੇਟ ਮਿਟਾਈਆ । ਉਹ ਕਲਜੁਗ ਸ੍ਰਿਸ਼ਟੀ ਵੇਖੇ ਬਲਦੀ, ਅਗਨੀ ਤਤ ਰਹੀ ਤਪਾਈਆ । ਧਾਰਾ ਜਾਣੇ ਅਗੰਮੀ ਦਲ ਦੀ, ਜੋ ਦਲਿਦ੍ਰੀਆਂ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਵੇਖ ਵਖਾਈਆ । ਜੰਬੂ ਦੀਪ ਕਹੇ ਮੈਂ ਕੀ ਕੁਛ ਦੱਸਾਂ ਛੇਤੀ, ਛਤਰਧਾਰੀ ਨਜ਼ਰ ਕੋਇ ਨਾ ਆਇੰਦਾ । ਲੱਖ ਚੁਰਾਸੀ ਖੁਭੀ ਵਿਚ ਖ੍ਰੇਤੀ, ਬਿਨ ਪੁਰਖ ਅਕਾਲ ਪਾਰ ਨਾ ਕੋਇ ਕਰਾਇੰਦਾ । ਭਗਤਾਂ ਬਣਿਆ ਕੋਇ ਨਾ ਭੇਤੀ, ਅੰਦਰ ਵੜ ਮੰਦਰ ਚੜ੍ਹ ਸੁਰਤੀ ਸ਼ਬਦੀ ਡੰਕ ਨਾ ਕੋਇ ਸੁਣਾਇੰਦਾ । ਸਾਰੇ ਰਸਨਾ ਜਿਹਵਾ ਗਾਉਂਦੇ ਵੇਖੇ ਵੇਖੀ, ਵਖਰਾ ਰੂਪ ਅਨੂਪ ਨਾ ਕੋਇ ਦਰਸਾਇੰਦਾ । ਕਲਜੁਗ ਜੀਵ ਸਾਰੇ ਲੋਕਮਾਤ ਦੇ ਦੇਸੀ, ਪਰਦੇਸੀ ਜਨ ਭਗਤ ਜੋ ਪਿਛਲਾ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਜਾਣੇ ਲੇਖੀ, ਅਲੇਖ ਆਪਣੀ ਕਾਰ ਕਮਾਇੰਦਾ । ਜੰਬੂ ਦੀਪ ਕਹੇ ਮੈਥੋਂ ਹੋਣ ਲੱਗੀ ਜੁਆਬ ਤਲਬੀ, ਤਾਬਿਆਦਾਰ ਹੋ ਕੇ ਸੀਸ ਨਿਵਾਈਆ । ਮੇਰੇ ਵਿਚ ਝਗੜਾ ਜਾਤ ਪਾਤ ਦੀਨ ਮਜ਼੍ਹਬੀ, ਮਜ਼ਾ ਸਚ ਨਾ ਕੋਇ ਚਖਾਈਆ । ਸ੍ਰੀ ਭਗਵਾਨ

ਦੀ ਸਾਰੇ ਕਰਦੇ ਬੇਅਦਬੀ, ਅਦਬ ਆਦਾਬ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤ ਕੋਈ ਦਿਸੇ ਨਾ ਮਦਦੀ, ਆਪਣੀ ਮੁੱਦਤ ਮੁਕਾ ਕੇ ਬੈਠੇ ਮੁਖ ਛੁਪਾਈਆ । ਜਗਤ ਧਾਰ ਬਣੀ ਸੂਕਰ ਦੀ, ਸਾਂਤਕ ਸਤਿ ਨਾ ਕੋਇ ਕਰਾਈਆ । ਸਾਚੀ ਪ੍ਰੀਤ ਕਿਤੋਂ ਨਾ ਲੱਭਦੀ, ਕਾਇਆ ਹੱਟ ਖ਼ਾਲੀ ਰਹੇ ਕੁਰਲਾਈਆ । ਜਿਨ੍ਹਾਂ ਦੀ ਮੁਹੱਬਤ ਇਕੋ ਨਾਲ ਲੱਗਦੀ, ਏਥੇ ਉਥੇ ਨਾ ਹੋਏ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਲੇਖਾ ਪੂਰ ਕਰਾਈਆ । ਜੰਬੂ ਦੀਪ ਕਹੇ ਮੈਂ ਦੇਖਿਆ ਜਲਵਾ ਨੂਰ, ਨਿਰਾਲਾ ਨਜ਼ਰੀ ਆਈਆ । ਜਿਸ ਨੇ ਕਰਨਾ ਮਜਬੂਰ, ਮਜਬੂਰੀ ਵਿਚ ਲੋਕਾਈਆ । ਨੌ ਸੱਤ ਮਚਾਉਣਾ ਫ਼ਤੂਰ, ਫ਼ਤਵਾ ਸਭ ਦੇ ਉਤੇ ਲਾਈਆ । ਕੂੜਾ ਗੜ੍ਹ ਜਣਾ ਗ਼ਰੂਰ, ਗ਼ੈਰਾਂ ਦੀ ਗ਼ੈਰਾਂ ਨਾਲ ਕਰੇ ਲੜਾਈਆ । ਜਨ ਭਗਤਾਂ ਮਿਲੇ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਈਆ । ਨਾਮ ਭੰਡਾਰਾ ਕਰ ਭਰਪੂਰ, ਭਰਮ ਭੁਲੇਖੇ ਦਏ ਕਢਾਈਆ । ਅਗਲਾ ਦੱਸ ਕੇ ਸਚ ਦਸਤੂਰ, ਦਸਤ ਬਦਸਤ ਦਏ ਸਮਝਾਈਆ । ਕੂੜੀ ਕਿਰਿਆ ਕਰ ਕੇ ਚੂਰੋ ਚੂਰ, ਚਰਨ ਕਵਲ ਦਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗ ਆਪਣਾ ਦਏ ਰੰਗਾਈਆ । ਜੰਬੂ ਦੀਪ ਕਹੇ ਮੈਂ ਵੇਖੀ ਰੰਗਤ, ਨਵ ਨਵੀਨ ਨਜ਼ਰੀ ਆਈਆ । ਪ੍ਰੇਮ ਪ੍ਰੀਤੀ ਅੰਦਰ ਹਰਿ ਸੰਗਤ, ਸੋਹਣਾ ਰੂਪ ਰਹੀ ਪਰਗਟਾਈਆ । ਨਾਤਾ ਤੋੜ ਕੇ ਸਵਰਗ ਜੰਨਤ, ਪ੍ਰਭ ਚਰਨ ਧਿਆਨ ਲਗਾਈਆ । ਜਿਥੇ ਦੂਜੇ ਦਾ ਹੋਣਾ ਪਏ ਨਾ ਮੰਗਤ, ਤ੍ਰਿਸ਼ਨਾ ਅਵਰ ਨਾ ਕੋਇ ਵਖਾਈਆ । ਲੱਭਣਾ ਪਏ ਨਾ ਕੋਇ ਪੰਡਤ, ਇਕੋ ਕਰੇ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਨ ਆਪਣੇ ਘਰ ਵਸਾਈਆ । ਮੈਂ ਕਰਨਾ ਉਹ ਜੋਧ, ਜੋ ਜੋਧਾ ਸੂਰਬੀਰ ਸਮਝ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਮੈਨੂੰ ਆਪ ਕਰਾਇਆ ਬੋਧ, ਬੁਧੀਵਾਨ ਦਿਤੇ ਭੁਲਾਈਆ । ਅੰਤ ਅਖ਼ੀਰੀ ਸਭ ਦਾ ਪਾ ਕੇ ਭੋਗ, ਭੋਗੀ ਦੇਣੇ ਸੇਜ ਸਵਾਈਆ । ਜਨ ਭਗਤ ਦੱਸ ਕੇ ਆਪਣੇ ਨਾਮ ਦਾ ਜੋਗ, ਤਪੱਸਿਆ ਇਕੋ ਦੇਣੀ ਦ੍ਰਿੜਾਈਆ । ਜਿਸ ਦਾ ਕਦੇ ਨਾ ਹੋਵੇ ਵਿਜੋਗ, ਧੁਰ ਦਾ ਮੇਲਾ ਦੇਣਾ ਮਿਲਾਈਆ । ਲੇਖਾ ਮੁਕਾ ਕੇ ਚਿੰਤ ਸੋਗ, ਸੋਚਾਂ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਰਿਹਾ ਉਠਾਈਆ । ਜੰਬੂ ਦੀਪ ਕਹੇ ਮੈਂ ਭਗਤਾਂ ਵੇਖੀ ਆਸ, ਆਸਮਾਨ ਉਤੇ ਧਿਆਨ ਲਗਾਈਆ । ਜਿਨ੍ਹਾਂ ਦੀ ਗੁਰ ਪੈਗ਼ੰਬਰ ਆਪਣੀ ਹੱਥੀਂ ਪੇਸ਼ ਕਰਨੀ ਦਰਖ਼ਾਸ, ਗੋਬਿੰਦ ਹੱਥੋਂ ਹੱਥ ਫੜਾਈਆ । ਉਨ੍ਹਾਂ ਦੋ ਜਹਾਨ ਕਹਿਣ ਸ਼ਾਬਾਸ਼, ਵਾਹਵਾ ਕਹਿ ਕੇ ਰਹੇ ਸੁਣਾਈਆ । ਮੇਲਾ ਮਿਲਿਆ ਸਰਬ ਗੁਣਤਾਸ, ਗੁਣਵੰਤਾ ਦਏ ਵਡਿਆਈਆ । ਸਹਿਜ ਸੁਭਾਉ ਸੁਤਿਆਂ ਮਿਲੇ ਹਨ੍ਹੇਰੀ ਰਾਤ, ਘਰ ਘਰ ਆਪਣਾ ਫੇਰਾ ਪਾਈਆ । ਝਗੜਾ ਮੁਕਾ ਕੇ ਪੂਜਾ ਪਾਠ, ਨਿਮਾਜ਼ ਨਿਵਾਜ਼ਿਸ਼ ਵਿਚ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮਕਾਂਡ ਦਏ ਮੁਕਾਈਆ । ਜੰਬੂ ਦੀਪ ਕਹੇ ਮੈਂ ਵੇਖੇ ਜੋਬਨਮਤੇ, ਮਸਤ ਜਵਾਨੀ ਰਹੇ ਹੰਢਾਈਆ । ਕੂੜੀ ਕਿਰਿਆ ਵਿਚ ਮੂਲ ਨਾ ਫਸੇ, ਫ਼ੈਸਲਾ ਆਪਣਾ ਗਏ ਮੁਕਾਈਆ । ਆਤਮ ਪਰਮਾਤਮ ਮਿਲ ਕੇ ਹੱਸੇ, ਦੂਜੀ ਵੰਡ ਨਾ ਕੋਇ ਵੰਡਾਈਆ । ਸੰਤ ਸੁਹੇਲੇ ਹੋ ਇਕੱਠੇ, ਗ੍ਰਹਿ ਮੰਦਰ ਸੋਭਾ ਪਾਈਆ । ਜਿਨ੍ਹਾਂ ਜਮ ਕੀ ਫਾਸ ਮੇਟੇ ਰੱਟੇ, ਰਟਨ ਇਕੋ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਵਾਰੇ ਆਏ ਪ੍ਰੇਮ ਦੇ ਵੱਟੇ, ਦੂਜੀ ਮੰਗ ਨਾ ਕੋਇ ਮੰਗਾਈਆ । ਜੰਬੂ ਦੀਪ ਕਹੇ ਮੈਂ ਲਗਦਾ ਪਿੰਡੇ ਵੇਖਿਆ ਵਟਣਾ, ਰੂਪ

੬੭
੧੯

ਅਨੂਪ ਬਦਲਾਈਆ । ਜਿਸ ਦੀ ਕੋਇ ਨਾ ਜਾਣੇ ਘਟਨਾ, ਘਾਟੇ ਵਿਚ ਜਗਤ ਲੋਕਾਈਆ । ਜਿਸ ਦਾ ਖੇਲ ਹੋਇਆ ਪਟਨਾ, ਸੋ ਪਾਟਲ ਵੇਖ ਵਖਾਈਆ । ਘਰ ਵਸਾ ਕੇ ਆਪਣਾ ਵਤਨਾ, ਗ੍ਰਿਹ ਮੰਦਰ ਸੋਭਾ ਪਾਈਆ । ਜਨ ਭਗਤਾਂ ਵੇਖੇ ਸਾਚੀ ਰਚਨਾ, ਰੁਚੀ ਆਪਣੇ ਨਾਲ ਲਗਾਈਆ । ਦਰ ਦਰਬਾਰ ਸੁਹਾ ਕੇ ਪੱਤਨਾ, ਬੇੜੇ ਆਪਣੇ ਲਏ ਚੜ੍ਹਾਈਆ । ਸੰਦੇਸ਼ਾ ਦੇਵੇ ਇਕੋ ਸਚ ਨਾਂ, ਸਤਿ ਸਤਿਵਾਦੀ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕੋ ਪਾਈਆ । ਜੰਬੂ ਦੀਪ ਕਹੇ ਮੇਰੇ ਅੰਤਰ ਆਈ ਖ਼ੁਸ਼ਹਾਲੀ, ਵੱਜੀ ਹੱਕ ਵਧਾਈਆ । ਜਨ ਭਗਤਾਂ ਦੇਣੀ ਪਏ ਨਾ ਕਿਸੇ ਦਲਾਲੀ, ਵਿਚੋਲਾ ਵਿਚ ਨਾ ਕੋਇ ਬਣਾਈਆ । ਮਾਰਗ ਦੱਸ ਕੇ ਇਕ ਆਸਾਨੀ, ਅਸਲ ਭੇਵ ਦਿਤਾ ਖੁਲ੍ਹਾਈਆ । ਗੁਰਮੁਖੋ ਦੇਣੀ ਪਏ ਨਾ ਕੋਇ ਕ਼ੁਰਬਾਨੀ, ਕ਼ਤਲਗਾਹ ਨਾ ਕੋਇ ਵਡਿਆਈਆ । ਸੋਹੰ ਨਾਮ ਸਚ ਨਿਸ਼ਾਨੀ, ਨਿਸ਼ਾਨਾ ਤੁਹਾਡੇ ਅੰਦਰ ਦਿਤਾ ਲਗਾਈਆ । ਸਤਿਗੁਰ ਨਾਲ ਕਰਿਓ ਕਦੇ ਨਾ ਕੋਇ ਬੇਈਮਾਨੀ, ਬੇਵਾ ਰੂਪ ਨਾ ਕੋਇ ਬਣਾਈਆ । ਤੁਹਾਡਾ ਮੇਲ ਉਪਰ ਅਸਮਾਨੀ, ਅਗੇ ਹੋਏ ਨਾ ਕਦੇ ਜੁਦਾਈਆ । ਕਲਜੁਗ ਜੀਵ ਸਮਝੇ ਖੇਲ ਨਾ ਕੋਇ ਰੁਹਾਨੀ, ਐਵੇਂ ਰੌਲਾ ਰਹੇ ਪਾਈਆ । ਇਹ ਕਾਇਆ ਤਤ ਸਰੀਰ ਬੇਗਾਨੀ, ਅਮੀਰ ਗ਼ਰੀਬ ਨਾ ਕੋਇ ਬਚਾਈਆ । ਗੁਰਮੁਖੋ ਤੁਹਾਡੀ ਯਾਰੀ ਜੁਗਾਂ ਪੁਰਾਨੀ, ਵੇਦ ਪੁਰਾਨ ਦੇਣ ਗਵਾਹੀਆ । ਸ਼ਹਾਦਤ ਦੇਵੇ ਸਾਚੀ ਬਾਣੀ, ਖ਼ਾਲਸ ਹੁਕਮ ਇਕ ਸੁਣਾਈਆ । ਆਤਮ ਸਦਾ ਚੜ੍ਹੀ ਰਹੇ ਜਵਾਨੀ, ਬੁਢੇਪਾ ਰੂਪ ਨਾ ਕੋਇ ਬਦਲਾਈਆ । ਲੱਖ ਚੁਰਾਸੀ ਜਿਸਮ ਸਦਾ ਫ਼ਾਨੀ, ਲੋਕਮਾਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਵੇਖ ਵਖਾਈਆ । ਜੰਬੂ ਦੀਪ ਕਹੇ ਮੈਥੋਂ ਨਹੀਂ ਹੁੰਦਾ ਸਬਰ, ਬੇਸਬਰਾ ਹੋ ਕੇ ਦਿਆਂ ਸੁਣਾਈਆ । ਪੁਰਖ ਅਕਾਲ ਆਇਆ ਜਾਬਰ ਜਬਰ, ਬਲਧਾਰੀ ਫੇਰਾ ਪਾਈਆ । ਸ਼ਬਦੀ ਧਾਰ ਚਲਾ ਕੇ ਸ਼ੇਰ ਬੱਬਰ, ਬਬਰ ਠੀਕਰ ਦਏ ਭੰਨਾਈਆ । ਜਨ ਭਗਤ ਪੂਰੀ ਕਰ ਕੇ ਸੱਧਰ, ਸੱਦਾ ਦੇ ਕੇ ਲਏ ਤਰਾਈਆ । ਲੱਖ ਚੁਰਸੀ ਪਾ ਕੇ ਗ਼ਦਰ, ਗਦਾਗਰ ਸਾਰੇ ਦਏ ਵਖਾਈਆ । ਗੁਰਮੁਖਾਂ ਕਰੇ ਆਪ ਕ਼ਦਰ, ਕ਼ੁਦਰਤ ਦਾ ਮਾਲਕ ਦਇਆ ਕਮਾਈਆ । ਜਿਹੜਾ ਗੁਰ ਅਵਤਾਰ ਪੈਗ਼ੰਬਰ ਜੁਗ ਚੌਕੜੀ ਘੱਲਦਾ ਰਿਹਾ ਬਦਲ ਬਦਲ, ਨਿਤ ਨਵਿਤ ਹੁਕਮ ਸੁਣਾਈਆ । ਸੋ ਕਲਜੁਗ ਅੰਤਮ ਕਰਨ ਆਇਆ ਅਦਲ, ਅਦਾਲਤ ਇਕੋ ਇਕ ਵਖਾਈਆ । ਜਿਥੇ ਕਦੇ ਕਰੇ ਨਾ ਕੋਈ ਕ਼ਤਲ, ਛੁਰੀ ਕਟਾਰ ਨਾ ਕੋਇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨੂਰ ਖ਼ੁਦਾਈਆ । ਜੰਬੂ ਦੀਪ ਕਹੇ ਕੁੱਛ ਮੈਨੂੰ ਲੱਗਾ ਪਤਾ, ਪੱਤਨ ਆਇਆ ਧੁਰ ਦਾ ਮਾਹੀਆ । ਜਿਸ ਦਾ ਭੇਵ ਸਮਝੇ ਕੋਇ ਨਾ ਰਤਾ, ਰਤਨ ਅਮੋਲਕ ਹੀਰੇ ਗੁਰਮੁਖ ਰਿਹਾ ਬਣਾਈਆ । ਆਤਮ ਪਰਮਾਤਮ ਬਣ ਕੇ ਸਕਾ, ਸੱਜਣ ਹੋ ਕੇ ਜੋੜ ਜੁੜਾਈਆ । ਭਗਤ ਸੁਹੇਲੇ ਵੇਖੇ ਤੱਕੇ ਬਿਨਾ ਅੱਖਾਂ, ਆਖ਼ਰ ਆਪਣੀ ਗੰਢ ਪਵਾਈਆ । ਜੰਬੂ ਦੀਪ ਕਹੇ ਮੈਂ ਸਿਫ਼ਤਾਂ ਕਰ ਕਰ ਥੱਕਾ, ਲੇਖਾ ਲੇਖ ਨਾ ਕੋਇ ਦ੍ਰਿੜਾਈਆ । ਚਰਨ ਕਵਲ ਓਸ ਦੇ ਢੱਠਾਂ, ਮੰਗਾਂ ਇਕ ਸਰਨਾਈਆ । ਨਾਮ ਓਸੇ ਦਾ ਰੱਟਾਂ, ਜੋ ਰੱਟਿਆਂ ਵਿਚੋਂ ਬਾਹਰ ਰਖਾਈਆ । ਪ੍ਰੇਮ ਰਸ ਓਸੇ ਦਾ ਚੱਟਾਂ, ਜੋ ਅੰਮ੍ਰਿਤ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਖੋਜ ਖੁਜਾਈਆ । ਜੰਬੂ ਦੀਪ ਕਹੇ ਮੈਂ ਵੇਖਿਆ ਜਲਵਾਗਰ, ਗ਼ਰੀਬ ਨਿਮਾਣਿਆਂ ਰਿਹਾ ਤਰਾਈਆ । ਜਿਸ ਨੂੰ ਸਾਰੇ ਮੰਨਦੇ ਹਰੀ ਹਰਿ, ਹਰਿਆਵਲੀ ਕਰੇ ਲੋਕਾਈਆ । ਜੋ ਜਨ ਭਗਤਾਂ ਆਇਆ ਘਰ, ਮੰਦਰ ਦਵਾਰਾ ਇਕ

ਵਡਿਆਈਆ । ਜਿਥੇ ਕ਼ੀਮਤ ਪਏ ਕੋਈ ਨਾ ਜ਼ਰ, ਵੰਡੀ ਵੰਡ ਨਾ ਕੋਇ ਵੰਡਾਈਆ । ਰੂਪ ਧਰ ਨਰਾਇਣ ਨਰ, ਨਿਰਾਕਾਰ ਵੇਸ ਵਟਾਈਆ । ਸਿੱਧਾ ਜਗਤ ਨਾਲ ਛਲ, ਵਲ ਛਲ ਆਪਣਾ ਰਿਹਾ ਵਖਾਈਆ । ਜਨ ਭਗਤਾਂ ਪ੍ਰੇਮ ਪ੍ਰੀਤੀ ਦੇ ਕੇ ਬਲ, ਬਲਵਾਨ ਸੂਰੇ ਰਿਹਾ ਵਖਾਈਆ । ਵਿਛੋੜਾ ਕਟ ਕੇ ਘੜੀ ਪਲ, ਪਲਕ ਦੇ ਅੰਦਰ ਪਲਕ ਰਿਹਾ ਜੁੜਾਈਆ । ਆਤਮ ਪਰਮਾਤਮ ਅੰਤਰ ਰਲ, ਮਿਲਿਆ ਮੇਲ ਸਹਿਜ ਸੁਭਾਈਆ । ਗੁਰਮੁਖਾਂ ਪੂਰਬ ਜਨਮ ਦਾ ਦੇਣ ਆਇਆ ਫਲ, ਵਸਤ ਇਕੋ ਨਾਮ ਵਰਤਾਈਆ । ਦੂਰ ਦੁਰਾਡਾ ਆਇਆ ਚਲ, ਬਣ ਕੇ ਪਾਂਧੀ ਰਾਹੀਆ । ਭਗਤ ਭਗਵਾਨ ਬੈਠਣ ਰਲ, ਸਾਚੀ ਸਿਖਿਆ ਇਕ ਸਮਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡਾ ਵਿਛੋੜਾ ਰਹਿਣ ਨਾ ਦੇਵੇ ਵਿਚ ਜੰਗਲ ਜੂਹ ਉਜਾੜ ਪਹਾੜ ਵੱਡੀ ਝੱਲ, ਝਲਕ ਨਾਲ ਪਲਕ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡਾ ਜਨਮ ਜਨਮ ਦਾ ਮਸਲਾ ਕਰੇ ਹੱਲ, ਮਿਸਲ ਆਪਣੇ ਨਾਲ ਰਖਾਈਆ ।

### ੧੩ ਪੋਹ ਸ਼ਹਿਨਸ਼ਾਹੀ ਸੰਮਤ ੧ ਸੇਵਾ ਰਾਮ, ਦੌਲਤ ਰਾਮ ਜੰਮੂ ਮਾਰਕੀਟ

ਜੰਬੂ ਦੀਪ ਕਹੇ ਮੈਂ ਖੇਲ ਵੇਖਿਆ ਉਪਰ ਧਰਤੀ, ਸਚਖੰਡ ਦਵਾਰ ਨਜ਼ਰੀ ਆਈਆ । ਪੁਰਖ ਅਕਾਲ ਜੋਤੀ ਜਾਮਾ ਵੇਸ ਵਟਾਇਆ ਸ਼ਰਤੀ, ਸ਼ਰਤੀਆ ਗਿਆ ਆਈਆ । ਖੇਲ ਖੇਲੇ ਅਗੰਮ ਫ਼ਰਸ਼ੀ, ਪ੍ਰੀਤਮ ਅਰਸ਼ੀ ਦਏ ਵਡਿਆਈਆ । ਜਿਸ ਦੀ ਖ਼ੁਸ਼ੀਆਂ ਵਾਲੀ ਚਲੇ ਬਰਸੀ, ਰੁੱਤ ਮਾਹ ਵੱਜੇ ਵਧਾਈਆ । ਮਾਲਕ ਬਣ ਕੇ ਇਕੋ ਨਿਧ ਪ੍ਰਤੀ, ਪ੍ਰੀਤਮ ਆਪਣੀ ਦਇਆ ਕਮਾਈਆ । ਨਾਤਾ ਤੋੜ ਕੇ ਗਰਮੀ ਸਰਦੀ, ਸੱਦਾ ਨਾਮ ਇਕ ਸੁਣਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਸੁਣ ਕੇ ਅਰਜ਼ੀ, ਆਜਜ਼ ਵੇਖੇ ਥਾਉਂ ਥਾਈਂਆ । ਅਗੇ ਕਰੇ ਆਪਣੀ ਮਰਜ਼ੀ, ਮਰੀਜ਼ ਵੇਖ ਜਗਤ ਲੋਕਾਈਆ । ਜਿਸ ਦਾ ਖੇਲ ਨਹੀਂ ਕੋਈ ਫ਼ਰਜ਼ੀ, ਕੂੜੀ ਧਾਰ ਨਾ ਕੋਇ ਬੰਧਾਈਆ । ਲੱਖ ਚੁਰਾਸੀ ਜਿਸ ਤੋਂ ਡਰਦੀ, ਭੈ ਵਿਚ ਸੀਸ ਨਿਵਾਈਆ । ਸਭ ਦੀ ਆਤਮ ਜਿਸ ਦਾ ਨਾਮ ਪੜ੍ਹਦੀ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਉਸ ਦੀ ਇਕੋ ਕਲ ਵੇਖੀ ਚੜ੍ਹਦੀ, ਕਲ ਕਲਕੀ ਨਜ਼ਰੀ ਆਈਆ । ਉਸ ਪੌੜੀ ਲਾ ਕੇ ਹਰਿ ਦੀ, ਹਿਰਦੇ ਅੰਦਰ ਹਰਿ ਜੂ ਦਿਤਾ ਮਿਲਾਈਆ । ਪ੍ਰੇਮੀਆਂ ਪਿਆਰਿਆਂ ਦਾ ਬਣ ਕੇ ਦਰਦੀ, ਦਰਦੀਆਂ ਦੁੱਖ ਗਵਾਈਆ । ਮਨ ਪਾਟਾ ਸੀਵਣ ਆਇਆ ਬਣ ਕੇ ਦਰਜ਼ੀ, ਨਾਮ ਨਿਧਾਨਾ ਗੰਢ ਪਵਾਈਆ । ਖੇਲ ਵਖਾਵੇ ਸਾਚੇ ਘਰ ਦੀ, ਘਰਾਨਾ ਇਕੋ ਦਏ ਜਣਾਈਆ । ਜਿਥੇ ਅੰਮ੍ਰਿਤ ਧਾਰ ਵਰ੍ਹਦੀ, ਝਿਰਨਾ ਬੇਪਰਵਾਹੀਆ । ਇਕੋ ਆਵਾਜ਼ ਦਏ ਸ਼ਬਦੀ ਨਾਦ ਧੁਨ ਦੀ, ਰਾਗ ਅਨੁਰਾਗ ਸੁਣਾਈਆ । ਸੁਰਤ ਰਹੇ ਨਾ ਕਿਸੇ ਤਨ ਦੀ, ਵਜੂਦ ਵਜਦ ਨਾ ਕੋਇ ਸਮਝਾਈਆ । ਆਸ਼ਾ ਰਹੇ ਨਾ ਕਿਸੇ ਕੰਨ ਦੀ, ਸਰਵਨ ਭੇਵ ਨਾ ਕੋਇ ਖੁਲ੍ਹਾਈਆ । ਇਕੋ ਖੇਲ ਸ੍ਰੀ ਭਗਵਨ ਦੀ, ਭਗਤਾਂ ਮਿਲੇ ਵਡਿਆਈਆ । ਜੋਤ ਚਮਕੇ ਨੂਰੀ ਚੰਨ ਦੀ, ਸੀਤਲਤਾ ਆਪਣੀ (ਦਏ) ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸ਼ਰਨਾਈਆ । ਜੰਬੂ ਕਹੇ ਮੈਂ ਵੇਖਿਆ ਉਪਰ ਜ਼ਮੀਨ, ਜ਼ਾਮਨ ਹੋ ਕੇ ਦਇਆ ਕਮਾਈਆ । ਜਿਸ ਦਾ ਮਾਰਗ ਜਗਤ ਮਹੀਨ, ਨੇਤਰ ਆਪਣਾ ਅੱਖ ਨਾ ਕੋਇ ਤਕਾਈਆ । ਖ਼ਾਲਕ ਖ਼ਲਕ ਬਣ ਕਰੀਮ, ਕਾਇਆ ਕੁਰਹ ਖੋਜ ਖੁਜਾਈਆ । ਇਕੋ ਦੇ

ਕੇ ਹੱਕ ਯਕੀਨ, ਹਕ਼ੀਕ਼ਤ ਦਏ ਸਮਝਾਈਆ । ਹੁਕਮੇ ਅੰਦਰ ਕਰ ਤਲਕੀਨ, ਤਬਅ ਦਏ ਬਦਲਾਈਆ । ਜਿਸ ਨੂੰ ਸਾਰੇ ਕਹਿਣ ਆਮੀਨ, ਆਮਦ ਵਿਚ ਆਪਣੀ ਖ਼ੁਸ਼ੀ ਮਨਾਈਆ । ਸਜਦਿਆਂ ਵਿਚ ਕਰਨ ਤਸਲੀਮ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਜੰਬੂ ਦੀਪ ਕਹੇ ਮੈਂ ਵੇਖੀ ਅਗੰਮੀ ਜੁਗਤੀ, ਜੁਗ ਚੌਕੜੀ ਨਾ ਕਿਸੇ ਸਮਝਾਈਆ । ਸਚ ਪ੍ਰੀਤੀ ਦੇ ਕੇ ਚਰਨ ਦਵਾਰ ਮੁਕਤੀ, ਮੁਕਤੀ ਤੋਂ ਪਰੇ ਦਿਤੇ ਕਰਾਈਆ । ਜਿਥੇ ਸ੍ਰਿਸ਼ਟੀ ਦੀ ਮੰਜ਼ਲ ਮੁਕਦੀ, ਭਗਤਾਂ ਦਾ ਮਾਰਗ ਅਗੇ ਦਿਤਾ ਲਾਈਆ । ਜਿਨ੍ਹਾਂ ਨੂੰ ਲੋੜ ਰਹੀ ਇਕੋ ਤੁੱਕ ਦੀ, ਸਾਚਾ ਢੋਲਾ ਰਹੇ ਗਾਈਆ । ਖੇਲ ਨਹੀਂ ਕੋਈ ਲੁਕ ਦੀ, ਲੋਕ ਪਰਲੋਕ ਰਿਹਾ ਸੁਣਾਈਆ । ਪਰਗਟ ਧਾਰ ਅਬਿਨਾਸ਼ੀ ਅਚੁਤ ਦੀ, ਚੇਤਨ ਸਭ ਨੂੰ ਰਿਹਾ ਕਰਾਈਆ । ਜਿਸ ਨੂੰ ਦੀਨ ਦੁਨੀ ਸਦਾ ਪੁਛਦੀ, ਸ਼ਾਸਤਰ ਸਿਮਰਤ ਫੋਲ ਫੁਲਾਈਆ । ਓਹ ਖੇਲ ਅਗੰਮੀ ਕਰੇ ਪਿਤਾ ਪੁੱਤ ਦੀ, ਪਤਿਪਰਮੇਸ਼ਵਰ ਬੇਪਰਵਾਹੀਆ । ਫੁਲਵਾੜੀ ਵੇਖੇ ਸੁਹੰਜਣੀ ਰੁਤ ਦੀ, ਰੁਤੜੀ ਆਪ ਮਹਿਕਾਈਆ । ਜਿਸ ਦੇ ਕੋਲ ਬੇਸ਼ਕ ਕੁਛ ਨਹੀਂ, ਸਭ ਦਾ ਮਾਲਕ ਉਹੋ ਨਜ਼ਰੀ ਆਈਆ । ਕ਼ਦਮਾਂ ਉਤੇ ਜਗਤ ਸ੍ਰਿਸ਼ਟੀ ਝੁਕਦੀ, ਝੁਕਿਆਂ ਲਏ ਤਰਾਈਆ । ਭਗਤਾਂ ਕਹਾਣੀ ਮੇਟੇ ਦੁੱਖ ਦੀ, ਦੁੱਖ ਸੁਖ ਵਿਚ ਬਦਲਾਈਆ । ਲੱਖ ਚੁਰਾਸੀ ਵਿਚੋਂ ਮਾਨਸ ਦੇਹ ਮਿਲੀ ਮਨੁੱਖ ਦੀ, ਮਾਨਵ ਆਪਣਾ ਘਰ ਸਮਝਾਈਆ । ਹੁਣ ਘੜੀ ਨਹੀਂ ਖ਼ਾਮੋਸ਼ ਚੁਪ ਦੀ, ਚਾਰ ਕੁੰਟ ਵੱਜੇ ਵਧਾਈਆ । ਖੇਲ ਵੇਖਣੀ ਇਕੋ ਉਸ ਦੀ, ਜਿਸ ਦੀ ਉਸਤਤ ਸਾਰੇ ਗਏ ਗਾਈਆ । ਮੰਜ਼ਲ ਵੇਖਣੀ ਸਚਿਆਈ ਖ਼ੁਸ਼ ਦੀ, ਜੋ ਖੁਸ਼ਕਿਸਮਤ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵੇਖ ਖ਼ੁਸ਼ੀ ਮਨਾਈਆ ।



ਜੰਬੂ ਦੀਪ ਕਹੇ ਮੈਂ ਵੇਖੇ ਕਲਜੁਗ ਜੀਵ ਜੰਬੁਕ, ਸ਼ੇਰ ਭਬਕ ਇਕ ਲਗਾਈਆ । ਦੂਰ ਦੁਰਾਡੇ ਸਾਰੇ ਰਹੇ ਤਬ੍ਰਕ, ਧੀਰਜ ਧੀਰ ਨਾ ਕੋਇ ਬੰਧਾਈਆ । ਸੁਣ ਕੇ ਨਾਮ ਅਗੰਮੀ ਸਬਕ, ਬਹੁ ਸੰਖਿਆ ਵਾਲੇ ਸੰਥਾ ਗਏ ਭੁਲਾਈਆ । ਭਗਤ ਉਧਾਰੇ ਬਹੁਤਿਆਂ ਵਿਚੋਂ ਅਧਿਕ, ਆਅਲਾ ਅਦਨਾ ਰੰਗ ਰੰਗਾਈਆ । ਨਾਮ ਭਰੋਸਾ ਦੇ ਕੇ ਸਿਦਕ, ਸਦਮੇ ਤੋਂ ਲਏ ਬਚਾਈਆ । ਦਵਾਰੇ ਰਹੇ ਕੋਇ ਨਾ ਨਿੰਦਕ, ਕੂੜ ਕੁੜਿਆਰਾਂ ਬਾਹਰ ਕਢਾਈਆ । ਭਗਤ ਸੁਹੇਲਾ ਬਣ ਕੇ ਪੰਡਤ, ਬੋਧ ਅਗਾਧ ਕਰੇ ਪੜ੍ਹਾਈਆ । ਗੁਰਮੁਖ ਉਭਾਰ ਕੇ ਸੰਤ, ਸੂਫ਼ੀ ਸਫ਼ਾ ਦਏ ਬਦਲਾਈਆ । ਹਰਖ਼ ਸੋਗ ਮੇਟ ਕੇ ਚਿੰਤ, ਗ਼ਮੀ ਗ਼ਮਖਾਰ ਨਾ ਕੋਇ ਵਖਾਈਆ । ਜਨ ਭਗਤਾਂ ਸਾਚੀ ਦੇ ਕੇ ਹਿੰਮਤ, ਹੌਸਲੇ ਦਏ ਵਧਾਈਆ । ਇਕੋ ਸੰਬਲ ਨਗਰੀ ਸਾਚੀ ਯਾਦ ਰਖਣੀ ਸਿੰਮਤ, ਜਿਸ ਦੀ ਸੀਮਾ ਸਮਝ ਕਿਸੇ ਨਾ ਆਈਆ । ਪ੍ਰੇਮ ਪਿਆਰ ਵਿਚ ਰਖਣੀ ਮਿੱਲਤ, ਮੈਲ ਦੁਰਮਤ ਦੇਣੀ ਧੁਆਈਆ । ਖ਼ੁਆਰੀ ਹੋਏ ਮੂਲ ਨਾ ਜ਼ਿੱਲਤ, ਜਾਹਰ ਜਹੂਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਾਚੇ ਸਜਦੇ ਦੀ ਮੰਨ ਕੇ ਮਿੰਨਤ, ਮਿਲ ਮਿਲ ਆਪਣਾ ਮੇਲ ਮਿਲਾਈਆ । ਜੰਬੂ ਦੀਪ ਕਹੇ ਅਸੀਂ ਵੇਖੀ ਅਗੰਮੀ ਜਗਹ, ਧਾਮ ਸੋਹਣਾ ਨਜ਼ਰੀ ਆਈਆ । ਜਿਥੇ ਇਕੋ ਨਾਮ ਦਾ ਵੱਜੇ ਡੱਗਾ, ਡਿਗਿਆਂ ਢੱਠਿਆਂ ਗਲੇ ਲਗਾਈਆ । ਭਗਤ ਭਗਵਾਨ ਦਾ ਮਿਲਣੀ ਵਾਲਾ ਅੱਡਾ, ਅਡੰਬਰ ਸਾਰੇ ਦਏ ਗਵਾਈਆ । ਪਾਰ ਕਰ ਕੇ ਕੂੜੀ ਹੱਦਾ, ਹਦੂਦ ਆਪਣੀ ਇਕ ਸਮਝਾਈਆ । ਨਾਮ ਖ਼ੁਮਾਰੀ ਜਾਮ ਦੇ ਕੇ ਮਧਾ, ਮਧੁਰ ਧੁਨ ਰਾਗ ਅਲਾਈਆ । ਆਪਣੇ ਮਿਲਣ ਦੀ ਦੱਸ ਕੇ ਵਜਹ, ਵਜੂਦ ਵਿਚੋਂ ਦਏ ਕਰਾਈਆ । ਕੂੜੀ ਕਿਰਿਆ ਕਰ ਕੇ ਜ਼ਿਬ੍ਹਾ, ਛੁਰੀ ਸ਼ਰੀਅਤ ਦਏ ਫਰਾਈਆ । ਜਨ ਭਗਤਾਂ ਰੰਗ ਚੜ੍ਹਾ ਕੇ ਹੱਬਾ, ਹਮ ਸਾਜਨ ਲਏ

ਬਣਾਈਆ । ਇਕੋ ਪਿਤਾ ਪੁਰਖ ਅਕਾਲ ਬਣ ਕੇ ਅੱਬਾ, ਅੰਬਰ ਉਤੇ ਮੇਲਾ ਅਮਰ ਰੂਪ ਵਖਾਈਆ । ਕੂੜੀ ਕਰਿਆ ਸਫਾ ਮਲੇਛ ਉਠ ਕੇ ਸਭਾ, ਸਾਬਤ ਆਪਣਾ ਨੂਰ ਦਰਸਾਈਆ । ਝਗੜਾ ਰਹਿਣ ਨਾ ਦੇਵੇ ਕੋਈ ਵਿਚ ਗੱਭਾ, ਅੱਧਵਿਚਕਾਰ ਨਾ ਕੋਇ ਅਟਕਾਈਆ । ਨਾਮ ਨਿਧਾਨ ਦਾ ਦੇ ਕੇ ਮਜ਼ਾ, ਮਜਲਸ ਸਾਚੀ ਦਏ ਵਖਾਈਆ । ਜਿਥੇ ਕੂਕੇ ਕੋਇ ਨਾ ਕਜ਼ਾ, ਕ਼ਾਜ਼ੀਆਂ ਤੋਂ ਲਏ ਬਚਾਈਆ । ਸਦ ਚਲਾਏ ਆਪਦੀ ਰਜ਼ਾ, ਰਾਜ਼ਕ ਰਹੀਮ ਹੋ ਸਹਾਈਆ । ਜੰਬੂ ਦੀਪ ਕਹੇ ਜਨ ਭਗਤਾਂ ਅਗੇ ਭੁਗਤਣੀ ਨਹੀਂ ਕੋਈ ਸਜ਼ਾ, ਸਾਹਿਬ ਨਾਲ ਮਿਲ ਕੇ ਸਾਹਿਬ ਵਿਚ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰੇਮ ਪ੍ਰੀਤੀ ਅੰਦਰ ਬੱਧਾ, ਬੱਧਿਆਂ ਲਏ ਛੁਡਾਈਆ ।

### ੧੭ ਪੋਹ ਸ਼ਹਿਨਸ਼ਾਹੀ ਸੰਮਤ ੧ ਸੂਬੇਦਾਰ ਸਵਰਨ ਸਿੰਘ

ਸਤਿਜੁਗ ਕਹੇ ਪ੍ਰਭ ਤੇਰਾ ਸਹਾਰਾ, ਪੁਰਖ ਅਕਾਲ ਦੀਨ ਦਿਆਲ ਤੇਰੀ ਸ਼ਰਨਾਈਆ । ਕੂੜੀ ਕਿਰਿਆ ਨਾਤਾ ਤੁੱਟੇ ਕੂੜ ਸੰਸਾਰਾ, ਲੋਕਮਾਤ ਰਹਿਣ ਨਾ ਪਾਈਆ । ਭਗਤ ਭਗਵਾਨ ਬਣੇ ਸਚ ਪਿਆਰਾ, ਆਤਮ ਪਰਮਾਤਮ ਵੱਜੇ ਵਧਾਈਆ । ਏਕਾ ਸ਼ਬਦ ਨਾਮ ਤੇਰਾ ਜੈਕਾਰਾ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਏਕਾ ਧਾਮ ਸੋਹੇ ਨਿਆਰਾ, ਤ੍ਰੈਗੁਣ ਲੇਖਾ ਦਏ ਮੁਕਾਈਆ । ਏਕਾ ਨੂਰ ਹੋਏ ਉਜਿਆਰਾ, ਦੂਜਾ ਚੰਦ ਨਾ ਕੋਇ ਚਮਕਾਈਆ । ਏਕਾ ਮੰਦਰ ਵਸੇ ਦਵਾਰਾ, ਗ੍ਰਹਿ ਇਕੋ ਸੋਭਾ ਪਾਈਆ । ਇਕੋ ਸ੍ਰਿਸ਼ਟੀ ਦ੍ਰਿਸ਼ਟੀ ਹੋਏ ਵਿਹਾਰਾ, ਵਿਵਹਾਰ ਆਪਣਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਤਿਜੁਗ ਕਹੇ ਸ੍ਰੀ ਭਗਵਾਨ, ਭਗਵਨ ਤੇਰੀ ਆਸ ਰਖਾਈਆ । ਤ੍ਰੇਤਾ ਕਲਜੁਗ ਬੀਤਿਆ ਵਿਚ ਜਹਾਨ, ਅੰਤਮ ਅੰਤ ਲਈ ਅੰਗੜਾਈਆ । ਕਿਰਪਾ ਕਰ ਮਰਦ ਮਰਦਾਨ, ਨੌਜਵਾਨ ਤੇਰੀ ਸ਼ਰਨਾਈਆ । ਸਾਚਾ ਦੇ ਸਤਿ ਗਿਆਨ, ਅਗਿਆਨ ਅੰਧੇਰ ਮਿਟਾਈਆ । ਲੱਖ ਚੁਰਾਸੀ ਤੁੱਟੇ ਮਾਣ, ਅਭਿਮਾਣ ਮੋਹ ਦੇ ਖਪਾਈਆ । ਸਾਚਾ ਮਾਰਗ ਦੱਸ ਚਾਰ ਵਰਨ ਕਰੇ ਪਰਵਾਨ, ਧਰਮ ਸੰਦੇਸ਼ਾ ਇਕ ਸਮਝਾਈਆ । ਊਚ ਨੀਚ ਰਾਓ ਰੰਕ ਵਰਨ ਬਰਨ ਨਾਤਾ ਤੁੱਟੇ ਜੀਵ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਜੁਗ ਕਹੇ ਪ੍ਰਭ ਮੇਰੇ ਸਾਹਿਬ ਸਚ ਜਗਦੀਸ਼, ਜਗਦੀਸ਼ਰ ਤੇਰੀ ਆਸ ਰਖਾਈਆ । ਤੇਰੇ ਚਰਨ ਕਵਲ ਮੇਰਾ ਸੀਸ, ਨਮਸਤੇ ਡੰਡਾਵਤ ਬੰਦਨਾ ਸਜਦਾ ਇਕੋ ਇਕ ਸਮਝਾਈਆ । ਤੇਰਾ ਢੋਲਾ ਨਾਮ ਨਾਮਾ ਆਦਿ ਜੁਗਾਦੀ ਸਾਚਾ ਗੀਤ, ਗਹਿਰ ਗੰਭੀਰ ਤੇਰੀ ਵਡਿਆਈਆ । ਆਤਮ ਪਰਮਾਤਮ ਪੰਜ ਤਤ ਕਾਇਆ ਅੰਦਰ ਬਾਹਰ ਗੁਪਤ ਜਾਹਰ ਸਾਚੀ ਦੱਸ ਰੀਤ, ਰੀਤੀਵਾਨ ਤੁਧ ਬਿਨ ਨਜ਼ਰ ਕੋਇ ਨਾ ਆਈਆ । ਝਗੜਾ ਚੁਕੇ ਮੰਦਰ ਮਸੀਤ, ਕਾਇਆ ਕਾਅਬੇ ਵੱਜੇ ਵਧਾਈਆ । ਮਨ ਵਾਸਨਾ ਗੁਰਮੁਖ ਗੁਰਸਿਖ ਹਰਿਜਨ ਭਗਤ ਸੁਹੇਲਾ ਜਾਏ ਜੀਤ, ਜੁਗ ਚੌਕੜੀ ਦਏ ਗਵਾਹੀਆ । ਤੇਰੀ ਸਰਨ ਹੋਏ ਅਤੀਤ, ਤ੍ਰੈਗੁਣ ਲੇਖਾ ਦਏ ਮੁਕਾਈਆ । ਝਗੜਾ ਚੁਕ ਜਾਏ ਹਸਤ ਕੀਟ, ਊਚ ਨੀਚ ਨਾ ਕੋਇ ਵਖਾਈਆ । ਸਚ ਪ੍ਰੇਮ ਪ੍ਰੀਤਮ ਪ੍ਰਭ ਬਖ਼ਸ਼ੀ ਇਕ ਪ੍ਰੀਤ, ਪਰਮ ਪੁਰਖ ਤੁਧ ਬਿਨ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਕਰ ਕੇ ਗਏ ਵਸੀਅਤ, ਸੋ ਵੇਲਾ ਵਕ਼ਤ ਦਏ ਦ੍ਰਿੜਾਈਆ । ਜੀਵ ਜੰਤ ਸਾਧ


੭੦
੧੯

ਸੰਤ ਕਰ ਨਸੀਹਤ, ਧੁਰ ਫ਼ਰਮਾਨ ਇਕ ਸੁਣਾਈਆ । ਆਤਮ ਅੰਤਰ ਬਦਲ ਕੇ ਜਿਸਮਾਨੀ ਤਬੀਅਤ, ਅਸਮਾਨੀ ਨੂਰ ਕਰ ਰੁਸ਼ਨਾਈਆ । ਤੂੰ ਆਦਿ ਜੁਗਾਦਿ ਪ੍ਰਿਤਪਾਲਕ ਖ਼ਾਲਕ ਪਰਵਰਦਿਗਾਰ ਤੇਰੀ ਸਚ ਸਚ ਵਲਦੀਅਤ, ਦੂਜਾ ਨਜ਼ਰ ਕੋਇ ਨਾ ਆਈਆ । ਤੇਰਾ ਹੱਕ ਮੁਕਾਮ ਸਚ ਦਵਾਰ ਜਿਥੇ ਦੂਸਰ ਹੋਰ ਨਾ ਕੋਈ ਹੈਸੀਅਤ, ਅੱਵਲ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਮਾਰਗ ਦੇ ਦ੍ਰਿੜਾਈਆ । ਸਤਿਜੁਗ ਕਹੇ ਪ੍ਰਭ ਤੇਰੀ ਇਕੋ ਸਰਨ, ਦੂਜਾ ਨਜ਼ਰ ਕੋਈ ਨਾ ਆਈਆ । ਝਗੜਾ ਮੁਕਾ ਵਰਨ ਬਰਨ, ਜਾਤ ਪਾਤ ਨਾ ਕੋਇ ਲੜਾਈਆ । ਇਕੋ ਪੂਜਾ ਹੋਏ ਨਿਰਗੁਣ ਤੇਰਾ ਚਰਨ, ਜੋ ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਚਾਰੇ ਖਾਣੀ ਤੇਰਾ ਢੋਲਾ ਪੜ੍ਹਨ, ਤੂੰਹੀ ਤੂੰਹੀ ਰਾਗ ਅਲਾਈਆ । ਸਾਚੀ ਮੰਜ਼ਲ ਪੌੜੀ ਚੜ੍ਹਨ, ਪੈਂਡਾ ਆਪਣਾ ਹੱਕ ਚੁਕਾਈਆ । ਬਿਨ ਅੱਖਾਂ ਨੈਣ ਦਰਸ ਕਰਨ, ਜੋਤੀ ਜੋਤ ਜੋਤ ਜੋਤ ਰੁਸ਼ਨਾਈਆ । ਸਚ ਦਵਾਰੇ ਧੁਰ ਦੇ ਵੜਨ, ਜਿਥੇ ਇਕੋ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਤਿਜੁਗ ਕਹੇ ਪ੍ਰਭ ਤੂੰ ਸਾਹਿਬ ਗੁਣਵੰਤ, ਗੁਣ ਨਿਧਾਨ ਦੂਜਾ ਨਜ਼ਰ ਕੋਇ ਨਾ ਆਈਆ । ਤੇਰਾ ਲੇਖਾ ਆਦਿ ਅੰਤ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਤੇਰੀ ਮਾਇਆ ਦੋ ਜਹਾਨ ਬੇਅੰਤ, ਬ੍ਰਹਿਮੰਡ ਖੰਡ ਪੁਰੀ ਲੋ ਆਕਾਸ਼ ਤੇਰੀ ਸ਼ਰਨਾਈਆ । ਤੂੰ ਆਦਿ ਜੁਗਾਦੀ ਧੁਰ ਦਾ ਕੰਤ, ਆਤਮ ਪਰਮਾਤਮ ਰਿਹਾ ਬੰਧਾਈਆ । ਚਾਰੇ ਖਾਣੀ ਤੇਰੀ ਬਣਤ, ਉਤਭੁਜ ਸੇਤਜ ਜੇਰਜ ਅੰਡਜ ਆਪਣਾ ਖੇਲ ਵਖਾਈਆ । ਲੇਖਾ ਜਾਣ ਜੀਵ ਜੰਤ, ਸਾਧ ਸੰਤ ਕਰੀ ਪੜ੍ਹਾਈਆ । ਗੜ੍ਹ ਬਣਾ ਕੇ ਹਉਮੇ ਹੰਗਤ, ਹੰ ਬ੍ਰਹਮ ਆਪਣੇ ਵਿਚ ਛੁਪਾਈਆ । ਬੋਧ ਅਗਾਧ ਬਣ ਕੇ ਪੰਡਤ, ਸਾਚੀ ਸਿਖਿਆ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਜੁਗ ਕਹੇ ਪ੍ਰਭੂ ਮੇਰੀ ਤੇਰੇ ਚਰਨ ਕਵਲ ਅਰਦਾਸ, ਬੇਨੰਤੀ ਇਕੋ ਇਕ ਸੁਣਾਈਆ । ਵਸਤ ਅਮੋਲਕ ਮੰਗਾਂ ਖ਼ਾਸ, ਖ਼ਾਲਸ ਹੋ ਕੇ ਦੇਣਾ ਸਮਝਾਈਆ । ਸਾਚੇ ਮੰਡਲ ਪਾਉਣੀ ਰਾਸ, ਬਿਨ ਗੋਪੀ ਕਾਹਨ ਖੇਲ ਵਖਾਈਆ । ਨਿਰਗੁਣ ਹੋ ਕੇ ਵਸਣਾ ਪਾਸ, ਸਚ ਦੇਣੀ ਮਾਣ ਵਡਿਆਈਆ । ਤੂੰ ਦਾਤਾ ਦਾਨੀ ਗਹਿਰ ਗੰਭੀਰ ਸਰਬ ਗੁਣਤਾਸ, ਬੇਅੰਤ ਤੇਰੀ ਸਰਨਾਈਆ । ਕਲਜੁਗ ਲਹਿਣਾ ਦੇਣਾ ਮੁੱਕੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਕਰ ਰੁਸ਼ਨਾਈਆ । ਝਗੜਾ ਚੁਕ ਜਾਏ ਜਾਤ ਪਾਤ, ਦੀਨ ਮਜ਼੍ਹਬ ਰਾਓ ਰੰਕ ਵੰਡ ਨਾ ਕੋਇ ਵੰਡਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਬਣ ਜਾਏ ਸੱਚਾ ਸਾਥ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦੇ ਵਖਾਈਆ । ਸਤਿਜੁਗ ਕਹੇ ਮੇਰੇ ਸਾਹਿਬ ਸਵਾਮੀ ਪੁਰਖ ਅਕਾਲ, ਅਕਲ ਕਲਧਾਰੀ ਤੇਰੀ ਬੇਪਰਵਾਹੀਆ । ਦੀਨਾ ਬੰਧਪ ਦੀਨ ਦਿਆਲ, ਠਾਕਰ ਸਵਾਮੀ ਤੇਰੇ ਹੱਥ ਵਡਿਆਈਆ । ਪਰਵਰਦਿਗਾਰ ਸਾਂਝੇ ਯਾਰ, ਜਲਵਾਗਰ ਤੇਰੀ ਰੁਸ਼ਨਾਈਆ । ਜੁਗ ਚੌਕੜੀ ਵੇਖਣਹਾਰਾ ਹਾਲ ਅਹਿਵਾਲ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਕਲਜੁਗ ਕੂੜੀ ਕਿਰਿਆ ਮਿਟੇ ਜੰਜਾਲ, ਕਾਲ ਨਗਾਰਾ ਦਏ ਵਜਾਈਆ । ਸਾਚੀ ਸਿਖਿਆ ਸਰਬ ਸਿਖਾਲ, ਗੁਰਮਤ ਇਕੋ ਇਕ ਦ੍ਰਿੜਾਈਆ । ਸ੍ਰਿਸ਼ਟੀ ਅੰਦਰ ਵਖਾ ਇਸ਼ਟ ਕਾਇਆ ਮੰਦਰ ਇਕ ਧਰਮਸਾਲ, ਜਿਸ ਗ੍ਰਿਹ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਨਿਵਾਈਆ । ਤੇਰੀ ਨਿਤ ਨਵਿਤ ਸਦਾ ਅਵੱਲੜੀ ਚਾਲ, ਚਾਲ ਨਿਰਾਲੀ ਦੇ ਸਮਝਾਈਆ । ਜੋ ਭਗਤ ਸੁਹੇਲੇ ਗੁਰੂ ਗੁਰ ਅਵਤਾਰ ਤੇਰੀ

੭੧
੧੯

ਘਾਲਣ ਆਏ ਘਾਲ, ਕੀਤੀ ਘਾਲ ਲੇਖੇ ਪਾਈਆ । ਮੰਨ ਬੇਨੰਤੀ ਇਕ ਸਵਾਲ, ਅਗੰਮ ਅਥਾਹ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚੀ ਮੰਗ ਮੰਗਾਈਆ । ਸਤਿਜੁਗ ਕਹੇ ਮੈਂ ਮੰਗਾਂ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਸਤਿ ਸਚ ਦੇ ਅਨੰਦ, ਕੂੜੀ ਕਿਰਿਆ ਬਾਹਰ ਕਢਾਈਆ । ਤੇਰਾ ਪ੍ਰੇਮ ਵੱਜੇ ਮਰਦੰਗ, ਦੂਜੀ ਲੋੜ ਰਹੇ ਨਾ ਰਾਈਆ । ਤੇਰਾ ਗੀਤ ਸੁਹਾਗੀ ਛੰਦ, ਇਕੋ ਢੋਲਾ ਦੇ ਸੁਣਾਈਆ । ਤੇਰਾ ਨੂਰ ਅਗੰਮੀ ਚੰਦ, ਇਕੋ ਜੋਤ ਕਰ ਰੁਸ਼ਨਾਈਆ । ਤੇਰਾ ਰੂਪ ਹੰ ਬ੍ਰਹਮ, ਆਤਮ ਪਰਮਾਤਮ ਪੜਦਾ ਲਾਹੀਆ । ਤੇਰਾ ਖੇਲ ਪਵਣ ਸਵਾਸ ਦਮ, ਪਵਣ ਪਵਣਾਂ ਰਾਹ ਜਣਾਈਆ । ਤੇਰਾ ਹੁਕਮ ਬੁਧ ਮਤ ਮਨ, ਪੰਜ ਤਤ ਵੰਡ ਵੰਡਾਈਆ । ਸਚ ਸੰਦੇਸ਼ ਨਰ ਨਰੇਸ਼ ਨਰ ਨਿਰੰਕਾਰ ਇਕੋ ਘੱਲ, ਦੂਜਾ ਅੱਖਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਤੇਰੀ ਓਟ ਤਕਾਈਆ । ਸਤਿਜੁਗ ਕਹੇ ਮੇਰੇ ਸਤਿ ਸਤਿਵਾਦ, ਸਤਿ ਸਵਾਮੀ ਆਪਣੀ ਦਇਆ ਦੇ ਕਮਾਈਆ । ਤੇਰਾ ਖੇਲ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਤੇਰੀ ਵੱਜੇ ਵਧਾਈਆ । ਤੇਰਾ ਸ਼ਬਦ ਧੁਨਕਾਰ ਨਾਦ, ਅਗੰਮ ਅਥਾਹ ਕਰੇ ਸ਼ਨਵਾਈਆ । ਗੁਰ ਅਵਤਾਰ ਪੈਗ਼ੰਬਰ ਗਏ ਅਰਾਧ, ਬੱਤੀ ਦੰਦ ਸਿਫ਼ਤ ਸਾਲਾਹੀਆ । ਤੇਰੀ ਸਦਾ ਸਦਾ ਸਦ ਸਭ ਤੋਂ ਵਖਰੀ ਯਾਦ, ਯਾਦਦਾਸ਼ਤ ਲਏ ਬਣਾਈਆ । ਸਤਿਜੁਗ ਕਹੇ ਮੇਰਾ ਖੇੜਾ ਕਰ ਆਬਾਦ, ਕੂੜੀ ਕਿਰਿਆ ਪਾਰ ਕਰਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਸ਼ਾਹ ਪਾਤਸ਼ਾਹ ਮਹਾਰਾਜ, ਮਹਿੰਮਾ ਅਕਥ ਸੁਣਾਈਆ । ਜਗਤ ਸਮਾਜ ਬਦਲ ਰਿਵਾਜ, ਰਵਾਦਾਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦੇ ਵਖਾਈਆ । ਸਤਿਜੁਗ ਕਹੇ ਮੇਰੀ ਨਮਸਤੇ, ਨਮੋ ਨਮੋ ਕਹਿ ਸੁਣਾਈਆ । ਸਾਚਾ ਰਾਹ ਇਕੋ ਦੱਸ ਦੇ, ਦਹਿ ਦਿਸ਼ਾ ਵੱਜੇ ਵਧਾਈਆ । ਪੜਦੇ ਲਾਹ ਆਪਣੀ ਅੱਖ ਦੇ, ਨਿਜ ਨੇਤਰ ਹੋਏ ਰੁਸ਼ਨਾਈਆ । ਪ੍ਰੇਮ ਦੇ ਅਗੰਮੀ ਰਸ ਦੇ, ਨਿਝਰ ਝਿਰਨਾ ਇਕ ਝਿਰਾਈਆ । ਖਹਿੜਾ ਚੁਕੇ ਕੂੜੇ ਭੱਠ ਦੇ, ਅਗਨੀ ਤਤ ਨਾ ਕੋਇ ਤਪਾਈਆ । ਕਰ ਪਰਕਾਸ਼ ਲੱਟ ਲੱਟ ਦੇ, ਨਿਰਗੁਣ ਨੂਰ ਹੋਏ ਰੁਸ਼ਨਾਈਆ । ਭੰਡਾਰੇ ਖੋਲ ਸਾਚੇ ਹੱਟ ਦੇ, ਵਸਤ ਅਮੋਲਕ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਖਾਣੀ ਬਾਣੀ ਅੰਦਰ ਮਹਿੰਮਾ ਦੱਸਦੇ, ਸਿਫ਼ਤਾਂ ਨਾਲ ਸਾਲਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਢੋਲੇ ਜਿਸ ਦੇ ਗਾਉਂਦੇ ਜਸ ਦੇ, ਅੱਖਰਾਂ ਨਾਲ ਵੰਡ ਵੰਡਾਈਆ । ਲੇਖੇ ਲਾ ਵਾਸਤੇ ਜੋੜੇ ਹੱਥ ਦੇ, ਦੋ ਹੱਥਾਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਦੱਸੇ ਪੁਰਖ ਸਮਰਥ ਦੇ, ਸਤਿ ਸਤਿਵਾਦੀ ਆਪ ਜਣਾਈਆ । ਸ੍ਰੀ ਭਗਵਾਨ ਕਹੇ ਸੁਣ ਸਤਿਜੁਗ, ਸਤਿ ਸਤਿਵਾਦ ਦਿਆਂ ਜਣਾਈਆ । ਕਲਜੁਗ ਕੂੜੀ ਕਿਰਿਆ ਔਧ ਰਹੀ ਪੁੱਗ, ਲੇਖਾ ਲੋਕਮਾਤ ਮੁਕਾਈਆ । ਮਨ ਵਾਸਨਾ ਚੰਚਲ ਕੀਤੀ ਬੁਧ, ਜਗਤ ਗਿਆਨ ਨਾ ਕੋਇ ਚਤੁਰਾਈਆ । ਹਰਿ ਕਾ ਭੇਵ ਕੋਇ ਨਾ ਸਕੇ ਬੁਝ, ਚੌਦਾਂ ਵਿਦਿਆ ਹੋਈ ਹਲਕਾਈਆ । ਰਮਜ਼ ਇਸ਼ਾਰਾ ਨਾ ਲਾਏ ਕੋਈ ਗੁੱਝ, ਆਤਮ ਪਰਮਾਤਮ ਨਾ ਕੋਇ ਮਿਲਾਈਆ । ਭੇਵ ਹੋਇਆ ਦੁਤੀਆ ਦੁਜ, ਦੂਈ ਦਵੈਤ ਨਾ ਕੋਇ ਮਿਟਾਈਆ । ਪ੍ਰੇਮ ਪ੍ਰੀਤੀ ਸਾਚੀ ਰੀਤੀ ਜਾਣੇ ਕੋਇ ਨਾ ਸੁੱਚ, ਸੁੱਚਮ ਸਕੇ ਨਾ ਕੋਇ ਵਖਾਈਆ । ਪੁਰਖ ਅਕਾਲਾ ਦੀਨ ਦਿਆਲਾ ਆਪਣੀ ਧਾਰੋਂ ਪਏ ਉਠ, ਜਿਸ ਨੂੰ ਜਨਮੇ ਨਾ ਕੋਇ ਪਿਤਾ ਮਾਈਆ । ਸ਼ਬਦ ਅਗੰਮੀ

ਸ਼ੇਰ ਹੋ ਕੇ ਪਏ ਬੁੱਕ, ਦੋ ਜਹਾਨਾਂ ਲਏ ਸਮਝਾਈਆ । ਜਿਸ ਦਾ ਨਿਸ਼ਾਨਾ ਕਦੇ ਨਾ ਜਾਵੇ ਉਕ, ਗੋਬਿਦ ਤੀਰ ਅਣਿਆਲਾ ਇਕ ਚਲਾਈਆ । ਉਸ ਦੇ ਗੁਰਮੁਖ ਗੁਰਸਿਖ ਸੰਤ ਸੁਹੇਲੇ ਸਾਚੇ ਸੁਤ, ਸੱਜਣ ਆਪਣੇ ਲਏ ਬਣਾਈਆ । ਜਗਤ ਰੀਤੀ ਅੰਤਰ ਉਨ੍ਹਾਂ ਲਏ ਪੁਛ, ਪੂਰਬ ਲਹਿਣਾ ਝੋਲੀ ਪਾਈਆ । ਕੂੜ ਕੁੜਿਆਰਾ ਪੈਂਡਾ ਕਲ ਜਾਏ ਮੁਕ, ਮਾਰਗ ਅਗਲਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਕਹੇ ਸੁਣ ਸਤਿਜੁਗ ਬੱਚੇ, ਸਤਿ ਸਤਿਵਾਦ ਦਿਆਂ ਸਮਝਾਈਆ । ਕੂੜੀ ਕਿਰਿਆ ਕਾਇਆ ਮਾਟੀ ਸਭ ਦੇ ਦਿਸੇ ਕੱਚੇ, ਬਿਨ ਭਗਤਾਂ ਕੰਚਨ ਰੂਪ ਨਾ ਕੋਇ ਬਣਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਥੋੜ੍ਹੇ ਅੱਛੇ, ਅੱਛੀ ਤਰ੍ਹਾ ਦਿਆਂ ਵਖਾਈਆ । ਜਿਨ੍ਹਾਂ ਦਾ ਚਾਰ ਜੁਗ ਸ੍ਰਿਸ਼ਟੀ ਗਾਉਣਾ ਜੱਸੇ, ਰਸਨਾ ਜਿਹਵਾ ਲਾਲ ਪੜ੍ਹਾਈਆ । ਉਹ ਅੰਤਰ ਅੰਤਰ ਅੰਤਰ ਆਤਮ ਪਰਮਾਤਮ ਨਾਲ ਮਿਲ ਕੇ ਹੱਸੇ, ਹਸਤੀ ਹਸਤੀ ਵਿਚ ਛੁਪਾਈਆ । ਦਰਸ਼ਨ ਕਰਨ ਅਗੰਮੀ ਅੱਖੇ, ਨਿਜ ਨੇਤਰ ਨੈਣ ਖੁਲ੍ਹਾਈਆ । ਉਹ ਸਚ ਦਵਾਰ ਵਸੇ, ਜਿਹੜਾ ਖੇੜਾ ਕੋਇ ਨਾ ਸਕੇ ਉਜੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸ੍ਰੀ ਭਗਵਾਨ ਕਹੇ ਸੁਣ ਸੱਜਣ ਮੇਰੇ ਮਿੱਤਰ, ਛੋਟੇ ਤੈਨੂੰ ਦਿਆਂ ਸਮਝਾਈਆ । ਸੰਤ ਸੁਹੇਲੇ ਗੁਰਮੁਖ ਮੇਰੇ ਆਵਣ ਨਿੱਕਲ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਸਵਰਨ ਸਿੰਘ ਰਹਿਣ ਨਹੀਂ ਦੇਣਾ ਪਿੱਤਲ, ਪੀਤ ਪੀਤੰਬਰ ਆਪਣਾ ਦਿਆਂ ਵਖਾਈਆ । ਅੰਦਰ ਬਾਹਰ ਆਪਣਾ ਦੱਸ ਚਲਿਤ੍ਰ, ਚਤੁਰਾਈ ਕੂੜੀ ਦਿਆਂ ਗਵਾਈਆ । ਮੰਦਰ ਚਾੜ੍ਹ ਕੇ ਚੋਟੀ ਸ਼ਿਖ਼ਰ, ਸਾਖਿਆਤ ਇਕੋ ਦਰਸ ਵਖਾਈਆ । ਜਨਮ ਮਰਨ ਦਾ ਲੇਖਾ ਹੁਣ ਮੁਕਾ ਕੇ ਫ਼ਿਕਰ, ਫ਼ਿਕਰਾ ਇਕੋ ਦਿਆਂ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਸੰਗ ਦਿਆਂ ਵਖਾਈਆ । ਸਤਿਜੁਗ ਤੇਰਾ ਨਿਭਾਵਾਂ ਸੰਗ ਸਾਥ, ਸਗਲਾ ਆਪ ਜਣਾਈਆ । ਭਗਤ ਸੁਹੇਲਾ ਇਕੋ ਹੋਵੇ ਦਾਸਨ ਦਾਸ, ਦਾਸ ਦਾਸਣ ਨਜ਼ਰੀ ਆਈਆ । ਜਿਸ ਦੇ ਅੰਤਰ ਮੇਰਾ ਵਾਸ, ਨਿਰੰਤਰ ਪ੍ਰੇਮ ਜਣਾਈਆ । ਜੋਤ ਨੂਰ ਪਰਕਾਸ਼, ਸ਼ਬਦ ਨਾਦ ਸੁਣਾਈਆ । ਲੇਖਾ ਪਵਨ ਸਵਾਸ, ਸਾਹ ਸਾਹ ਵਡਿਆਈਆ । ਝਗੜਾ ਮੁਕਾ ਕੇ ਪ੍ਰਿਥਮੀ ਆਕਾਸ਼, ਧਰਨੀ ਧਰਤ ਧਵਲ ਵਡਿਆਈਆ । ਮਾਨਸ ਜਨਮ ਕਰ ਕੇ ਰਾਸ, ਰਸਤਾ ਇਕੋ ਦਿਆਂ ਵਖਾਈਆ । ਜਨਮ ਜਨਮ ਦਾ ਕਟ ਬਨਵਾਸ, ਲੱਖ ਚੁਰਾਸੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮਾਣ ਦਏ ਵਧਾਈਆ । ਸਤਿਜੁਗ ਸਾਚੇ ਦਇਆ ਕਮਾਵਾਂਗਾ । ਮਾਰਗ ਤੇਰਾ ਇਕ ਵਖਾਵਾਂਗਾ । ਸੰਤ ਸੁਹੇਲਾ ਨਾਲ ਮਿਲਾਵਾਂਗਾ । ਗੁਰ ਚੇਲਾ ਜੋੜ ਜੁੜਾਵਾਂਗਾ । ਆਤਮ ਪਰਮਾਤਮ ਗੰਢ ਪਵਾਵਾਂਗਾ । ਧੀਰਜ ਯਤ ਇਕ ਪਰਗਟਾਵਾਂਗਾ । ਸਤਿ ਪਰਕਾਸ਼ ਚੰਦ ਚਮਕਾਵਾਂਗਾ । ਜਨਮ ਜਨਮ ਦੀ ਟੁੱਟੀ ਗੰਢ, ਪੱਲੂ ਆਪਣੇ ਨਾਲ ਬੰਧਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣਾ ਇਕ ਵਖਾਵਾਂਗਾ । ਖੇਲ ਸਾਚਾ ਇਕ ਵਖਾਏਗਾ । ਦੀਨ ਦਿਆਲ ਦਇਆ ਕਮਾਏਗਾ । ਜਗਤ ਰਿਵਾਜ ਸਮਾਜ ਆਪ ਬਦਲਾਏਗਾ । ਭਗਤ ਸੁਹੇਲੇ ਮਾਤ ਉਠਾਏਗਾ । ਆਤਮ ਪਰਮਾਤਮ ਕਰ ਕੇ ਮੇਲੇ, ਤਤ ਸਰੀਰ ਵੰਡ ਵੰਡਾਏਗਾ । ਜਿਸ ਦੀ ਮਹਿੰਮਾ ਸਿਫ਼ਤ ਕਰ ਕੇ ਗਿਆ ਕਬੀਰ, ਕਾਅਬਿਆਂ ਆਪ ਭੁਲਾਏਗਾ । ਸ਼ਰਅ ਦਾ ਤੋੜ ਜੰਜੀਰ, ਸ਼ਰੀਅਤ ਇਕੋ ਇਕ ਵਖਾਏਗਾ । ਮਾਲਕ ਬਣ ਕੇ ਇਕ ਪੀਰ, ਪਰਾ ਪਸੰਤੀ ਮਧਮ ਬੈਖਰੀ ਖੋਜ ਖੁਜਾਏਗਾ । ਆਪਣੇ ਹੱਥ ਰਖ ਤਦਬੀਰ,

ਤੇਰੀ ਤਕਦੀਰ ਬਣਾਏਗਾ । ਵਡ ਦਾਤਾ ਗੁਣੀ ਗਹੀਰ, ਗਹਿਰ ਗਵਰ ਵੇਖ ਵਖਾਏਗਾ । ਪਿਛਲੀ ਉਤੇ ਫੇਰ ਲਕੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਏਗਾ । ਸਮਰਥ ਹੋ ਕੇ ਖੇਲ ਖਿਲਾਵਾਂਗਾ । ਨਾਅਰਾ (ਬੋਲ ਅਲੱਖ), ਅਲਖ ਇਕ ਜਗਾਵਾਂਗਾ । ਮਾਰਗ ਧੁਰ ਦਾ ਇਕ ਦੱਸ, ਭਗਤ ਧੁਰ ਦੇ ਨਾਲ ਮਿਲਾਵਾਂਗਾ । ਆਤਮ ਦੇਵੇ ਇਕ ਰਸ, ਨਾਤਾ ਜਗਤ ਨਾਲ ਬੰਧਾਵਾਂਗਾ । ਮਿਹਰਵਾਨ ਹੋ ਕੇ ਕਰਾਂ ਪੱਖ, ਪਿੱਠ ਉਤੇ ਆਪਣਾ ਹੱਥ ਟਿਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਵਾਂਗਾ । ਸਾਚੀ ਸਿਖਿਆ ਇਕ ਦ੍ਰਿੜਾਏਗਾ । ਜਗਤ ਵਿਹਾਰ ਨਾਲ ਵਡਿਆਏਗਾ । ਭਗਤ ਭਗਵਾਨ ਸੋਭਾ ਪਾਏਗਾ । ਗੁਣ ਨਿਧਾਨ ਰੰਗ ਚੜ੍ਹਾਏਗਾ । ਜੀਵ ਨਿਧਾਨ ਸਮਝ ਨਾ ਪਾਏਗਾ । ਸ਼ਰਅ ਸ਼ੈਤਾਨ ਨੇੜ ਨਾ ਆਏਗਾ । ਮਿਹਰਵਾਨ ਹੁਕਮ ਸੁਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਹ ਇਕੋ ਇਕ ਵਖਾਏਗਾ । ਸਤਿਜੁਗ ਸਾਚਾ ਅਗੋਂ ਗਿਆ ਝੁਕ, ਚਰਨ ਕਵਲ ਕਵਲ ਸਰਨਾਈਆ । ਅਬਿਨਾਸ਼ੀ ਕਰਤੇ ਤੂੰ ਇਕੋ ਦੇਣਾ ਸੁਖ, ਦੂਜਾ ਦੁੱਖ ਨਾ ਕੋਇ ਵਖਾਈਆ । ਜਿਸ ਨਾਲ ਪੂਰਬ ਪੈਂਡਾ ਜਾਏ ਮੁਕ, ਮੁਕੰਮਲ ਆਪਣਾ ਰਾਹ ਵਖਾਈਆ । ਪੜਦਾ ਓਹਲਾ ਚੁਕ, ਦੂਈ ਦਵੈਤ ਡੇਰਾ ਢਾਹੀਆ । ਜਨ ਭਗਤਾਂ ਬਦਲ ਕੇ ਧੁਰ ਦਾ ਰੁਖ, ਅੰਤਰ ਅੰਤਰ ਆਪਣੇ ਨਾਲ ਮਿਲਾਈਆ । ਖੇਲ ਤੇਰਾ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਦਿਤੀ ਕਰਾਈਆ । ਭਾਗ ਲਗਾ ਕੇ ਪੰਜ ਤਤ ਕਾਇਆ ਬੁਤ, ਬੁਤਖ਼ਾਨੇ ਵੱਜੇ ਵਧਾਈਆ । ਸਤਿ ਸੁਹੰਜਣੀ ਹੋਵੇ ਰੁੱਤ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਾਚਾ ਘਰ, ਜਿਸ ਗ੍ਰਿਹਿ ਇਕੋ ਵੱਜੇ ਵਧਾਈਆ । ਸ੍ਰੀ ਭਗਵਾਨ ਕਹੇ ਸੁਣ ਮੇਰੀ ਇਕ ਗੱਲ, ਬਿਨ ਅੱਖਰਾਂ ਦਿਆਂ ਸਮਝਾਈਆ । ਧਾਮ ਵਖਾਵਾਂ ਨਿਹਚਲ ਅਟਲ, ਜਿਥੇ ਵਜਦੀ ਰਹੇ ਵਧਾਈਆ । ਦੀਪਕ ਜੋਤ ਰਿਹਾ ਬਲ, ਤੇਲ ਬਾਤੀ ਨਜ਼ਰ ਕੋਇ ਨਾ ਆਈਆ । ਦੂਈ ਦਵੈਤੀ ਨਾ ਕੋਈ ਸਲ, ਕੂੜੀ ਵੰਡ ਨਾ ਕੋਇ ਵਖਾਈਆ । ਨਿਰਗੁਣ ਨਿਰਗੁਣ ਅੰਦਰ ਬੈਠਾ ਰਲ, ਸਰਗੁਣ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਰਿਹਾ ਉਠਾਈਆ । ਸਤਿਜੁਗ ਕਹੇ ਪ੍ਰਭ ਤੇਰੀ ਵੇਖੀ ਨਿਰਗੁਣ ਧਾਰ, ਨਿਰਵੈਰ ਨਜ਼ਰੀ ਆਈਆ । ਮੈਂ ਮੰਗਾਂ ਮੰਗ ਦਾਤਾਰ, ਦਰ ਵੇਸ਼ ਹੋ ਕੇ ਅਲਖ ਜਗਾਈਆ । ਸਰਗੁਣ ਤੇਰਾ ਖੇਲ ਅਪਾਰ, ਅਪਰੰਪਰ ਦਏ ਵਖਾਈਆ । ਜੁਗ ਚੌਕੜੀ ਆਵੇ ਵਾਰੋ ਵਾਰ, ਨਵ ਨੌ ਚਾਰ ਪੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕੇ ਗਏ ਉਧਾਰ, ਲਹਿਣਾ ਤੇਰੇ ਹੱਥ ਫੜਾਈਆ । ਸੋ ਮਾਰਗ ਸਚ ਸਿਖਾਲ, ਸਿਖਿਆ ਸਰਬ ਲੋਕਾਈਆ । ਝਗੜਾ ਚੁੱਕ ਜਾਏ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਵਖਾਈਆ । ਦੂਜਾ ਰਹੇ ਨਾ ਕੋਈ ਦਲਾਲ, ਵਣਜਾਰਾ ਵਣਜ ਨਾ ਕੋਇ ਕਰਾਈਆ । ਸਚ ਵਖਾ ਸੱਚੀ ਧਰਮਸਾਲ, ਦਰ ਦਵਾਰ ਇਕੋ ਇਕ ਦ੍ਰਿੜਾਈਆ । ਆਪਣੇ ਭਗਤਾਂ ਕਰ ਸੰਭਾਲ, ਗੁਰਮੁਖ ਗੁਰਸਿਖ ਲੈ ਉਠਾਈਆ । ਪੂਰਬ ਜਨਮ ਦੱਸ ਅਹਿਵਾਲ, ਪੜਦਾ ਓਹਲਾ ਓਹਲਾ ਪੜਦਾ ਦੇਣਾ ਲਾਹੀਆ । ਤੇਰੇ ਨਾਮ ਦਾ ਵੱਜੇ ਤਾਲ, ਦੂਜੀ ਧਾਰ ਨਾ ਕੋਇ ਬਦਲਾਈਆ । ਭਾਗ ਲੱਗੇ ਕਾਇਆ ਮਾਟੀ ਖਾਲ, ਖ਼ਾਲਕ ਖ਼ਲਕ ਦੇ ਸਮਝਾਈਆ । ਸਚ ਬੇਨੰਤੀ ਮੰਨ ਸਵਾਲ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸ੍ਰੀ ਭਗਵਾਨ ਕਹੇ ਮੈਂ ਦੱਸਾਂ


੭੪
੧੯

ਧੁਰ ਦਾ ਖੇਲ, ਇਕੋ ਵਾਰ ਦ੍ਰਿੜਾਈਆ । ਪਹਿਲਾ ਭਗਤ ਭਗਵਾਨ ਦਾ ਮੇਲ, ਨਾਤਾ ਕੂੜ ਨਾਲ ਤੁੜਾਈਆ । ਭਗਤ ਭਗਤ ਦਾ ਸੱਜਣ ਸੁਹੇਲ, ਜਗਤ ਜੁਗ ਵੱਜੇ ਵਧਾਈਆ । ਸ੍ਰਿਸ਼ਟੀ ਨਾਲੋਂ ਦ੍ਰਿਸ਼ਟੀ ਕਰ ਕੇ ਵਿਹਲ, ਵੇਲਾ ਵਕਤ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਸ਼ਰਨਾਈਆ । ਸਚ ਸਰਨਾਈ ਇਕ ਜਣਾਵਾਂਗਾ । ਸਤਿਜੁਗ ਤੇਰਾ ਰਾਹ ਚਲਾਵਾਂਗਾ । ਭਗਤ ਭਗਤ ਜੋੜ ਜੁੜਾਵਾਂਗਾ । ਨਾਤਾ ਜਗਤ ਨਾਲੋਂ ਤੁੜਾਵਾਂਗਾ । ਮੁਕਤ ਇਕੋ ਇਕ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਵਾਂਗਾ । ਸਤਿਜੁਗ ਕਹੇ ਪ੍ਰਭੂ ਕੀ ਤੇਰੀ ਮਿਹਰ ਨਜ਼ਰ, ਨਜ਼ਰ ਆਪਣੀ ਦੇ ਸਮਝਾਈਆ । ਕਿਸ ਬਿਧ ਜੀਵਨ ਹੋਵੇ ਬਸਰ, ਬਸ਼ਰਤੇ ਲੇਖਾ ਦੇ ਮੁਕਾਈਆ । ਸਚ ਵਿਹਾਰ ਵਿਚ ਰਹੇ ਨਾ ਕੋਇ ਕਸਰ, ਕਸਰ ਇਸ਼ਾਰੀਏ ਨਾਲ ਉਡਾਈਆ । ਤੇਰੀ ਧਾਰ ਦਾ ਹੋਵੇ ਅਸਰ, ਅਸਲੀਅਤ ਆਪਣੀ ਦੇਣੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਣਾ ਅੰਤ ਸਹਾਈਆ । ਅਬਿਨਾਸ਼ੀ ਕਰਤਾ ਕਹੇ ਮੇਰਾ ਅਸਲ ਅਸੂਲ, ਅਸਲੀਅਤ ਦਿਆਂ ਸਮਝਾਈਆ । ਜਿਸ ਦਾ ਹੁਕਮ ਸਦਾ ਮਾਕੂਲ, ਨਾ ਕੋਇ ਮੇਟੇ ਮੇਟ ਮਿਟਾਈਆ । ਦੀਨ ਦੁਨੀ ਰਕ਼ਬਾ ਅਰਜ਼ ਨਾ ਕੋਈ ਤੂਲ, ਗੋਲ ਵੰਡ ਨਾ ਕੋਇ ਵੰਡਾਈਆ । ਕਲਜੁਗ ਕੂੜੀ ਕਿਰਿਆ ਕੋਇ ਨਾ ਰਹੇ ਭੂਲ, ਅਭੁੱਲ ਦਏ ਸਮਝਾਈਆ । ਜਨ ਭਗਤਾਂ ਲਹਿਣਾ ਦੇਣਾ ਪੂਰਬ ਕਰਨਾ ਵਸੂਲ, ਵਸੂਲੀ ਸਭ ਦੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਚ ਕਰਨੀ ਕਾਰ ਕਮਾਵਾਂਗਾ । ਭਗਤ ਸੁਹੇਲੇ ਜੋੜ ਜੁੜਾਵਾਂਗਾ । ਨੇਰਨ ਨੇਰੇ ਹੋ ਕੇ ਦਰਸ ਵਖਾਵਾਂਗਾ । ਭਾਗ ਲਗਾ ਕੇ ਕਾਇਆ ਵਿਹੜੇ, ਭਾਂਡਾ ਭਰਮ ਭੌ ਭੰਨਾਵਾਂਗਾ । ਦੂਈ ਦਵੈਤ ਮੁਕਾ ਕੇ ਝੇੜੇ, ਝਗੜਾ ਇਕੋ ਨਾਲ ਜਣਾਵਾਂਗਾ । ਜਨਮ ਜਨਮ ਦੇ ਕਟ ਕੇ ਗੇੜੇ, ਘਰ ਇਕੋ ਇਕ ਵਸਾਵਾਂਗਾ । ਜਿਥੇ ਬਹੁਤਿਆਂ ਨਾਲੋਂ ਗੁਰਮੁਖ ਥੋੜੇ ਬਥੇਰੇ, ਕੋਟਾਂ ਵਿਚੋਂ ਸੰਤ ਸੁਹੇਲੇ ਆਪ ਜਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਵਾਂਗਾ । ਸਤਿਜੁਗ ਕਹੇ ਪ੍ਰਭੂ ਤੇਰੀ ਕਰਨੀ ਕੀ, ਸਮਝ ਕੋਇ ਨਾ ਆਈਆ । ਮੈਂ ਲੱਖ ਚੁਰਾਸੀ ਵੇਖੀ ਜੰਤ ਜੀਅ, ਚਾਰ ਕੁੰਟ ਰਹੇ ਕੁਰਲਾਈਆ । ਕਿਸੇ ਦਾ ਪ੍ਰੇਮ ਪਿਆਰ ਮਾਤ ਪਿਤ ਵੇਖਿਆ ਨਾ ਪੁੱਤਰ ਧੀ, ਭੈਣ ਭਾਈ ਪਈ ਲੜਾਈਆ । ਸਾਚਾ ਰਸ ਤੇਰਾ ਪ੍ਰੇਮ ਕੋਈ ਨਾ ਸਕੇ ਪੀ, ਜਲ ਥਲ ਸ੍ਰਿਸ਼ਟੀ ਹੋਈ ਹਲਕਾਈਆ । ਝਗੜਾ ਚੁਕੇ ਨਾ ਸਾਢੇ ਤਿੰਨ ਹੱਥ ਸੀਅ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਗੋਬਿੰਦ ਲੇਖਾ ਕੋਈ ਨਾ ਜਾਣੇ ਇਕੀਹ ਬੀਹ, ਬੀਸ ਇਕੀਸ ਨਾ ਕੋਇ ਵਖਾਈਆ । ਪਤਿਪਰਮੇਸ਼ਵਰ ਆਪਣੀ ਧਾਰ ਧਾਰ ਬਦਲ ਦੇ ਲੀਹ, ਲਾਇਕ ਨਾਲਾਇਕ ਵੱਖੋ ਵੱਖ ਕਰਾਈਆ । ਤੇਰੇ ਵਿਚ ਇਕ ਤੌਫ਼ੀਕ, ਤੋਹਫ਼ੇ ਘਰ ਘਰ ਦੇ ਪੁਚਾਈਆ । ਤੇਰੀ ਸਿਫ਼ਤਾਂ ਵਾਲੀ ਕਰਨੀ ਕੀ ਤਮੀਜ਼, ਤਮਅ ਵਿਚ ਜਗਤ ਲੋਕਾਈਆ । ਮੈਨੂੰ ਇਕੋ ਆਸਾ ਉਮੀਦ, ਆਮਦ ਤੇਰੀ ਵੱਜੇ ਵਧਾਈਆ । ਸਾਚੇ ਜੁਗ ਦੀ ਜਗਤ ਦੇ ਤਰਤੀਬ, ਤਰ੍ਹਾਂ ਤਰ੍ਹਾਂ ਨਾਲ ਦ੍ਰਿੜਾਈਆ । ਸ੍ਰੀ ਭਗਵਾਨ ਕਹੇ ਮੈਂ ਦੂਰ ਦੁਰਾਡਾ ਨੇਰਨ ਨੇਰਾ ਕ਼ਰੀਬ, ਬਿਨ ਅੱਖਾਂ ਨਜ਼ਰੀ ਆਈਆ । ਜਨ ਭਗਤਾਂ ਸਾਚੇ ਸੰਤਾਂ ਬਦਲ ਦੇਣਾ ਨਸੀਬ, ਕਿਸਮ ਵਿਚੋਂ ਕਿਸਮ ਆਪਣੀ ਬਦਲਾਈਆ । ਇਕੋ ਕਲਮਾ ਇਕੋ ਨਾਮ ਦੱਸ ਹਦੀਸ, ਹਜ਼ਰਤ ਇਕੋ ਦਿਆਂ ਸਮਝਾਈਆ । ਜਗਤ ਜਹਾਨ ਬਦਲ ਕੇ ਰੀਤ, ਨਾਤਾ ਇਕੋ ਨਾਲ ਜੁੜਾਈਆ । ਜੋਤੀ

੭੬
੧੯

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਸੁਣਾਈਆ । ਸੁਨੇਹੜਾ ਸੁਣ ਲੈ ਏਕ, ਸਤਿਜੁਗ ਸਚ ਦਿਆਂ ਸਮਝਾਈਆ । ਸਾਚਿਆਂ ਭਗਤਾਂ ਦੇ ਕੇ ਟੇਕ, ਟਿੱਕਾ ਮਸਤਕ ਦਿਆਂ ਲਗਾਈਆ । ਕੂੜੀ ਕਿਰਿਆ ਮਿਟਾ ਕੇ ਭੇਖ, ਭਰਮ ਭੌ ਦਿਆਂ ਚੁਕਾਈਆ । ਧੁਰ ਦਾ ਦੱਸ ਇਕ ਸੰਦੇਸ਼, ਆਤਮ ਪਰਮਾਤਮ ਦੇਵਾਂ ਪੜ੍ਹਾਈਆ । ਮਾਰਗ ਵੱਖਰਾ ਦੱਸ ਵਿਸ਼ੇਸ਼, ਵਾਸਨਾ ਇਕੋ ਨਾਲ ਬਣਾਈਆ । ਲੇਖਾ ਰਹੇ ਵਿਸ਼ਨ ਬ੍ਰਹਮ ਨਾ ਗਣੇਸ਼, ਸ਼ੰਕਰ ਸ਼ਰਅ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਸਰਨਾਈਆ । ਸਚ ਸਰਨਾਈ ਦੱਸੇ ਆਪ, ਆਪਣੀ ਦਇਆ ਕਮਾਇੰਦਾ । ਰੂਹ ਬੁਤ ਦੋਵੇਂ ਕਰਕੇ ਪਾਕ, ਪਵਿੱਤ੍ਰ ਆਪਣਾ ਆਪ ਸਮਝਾਇੰਦਾ । ਬੰਦ ਕਿਵਾੜੀ ਖੋਲ੍ਹ ਕੇ ਤਾਕ, ਪੜਦਾ ਉਹਲਾ ਆਪ ਉਠਾਇੰਦਾ । ਜਨ ਭਗਤੋ ਆਤਮ ਪਰਮਾਤਮ ਤੁਹਾਡਾ ਸਾਥ, ਪੰਜ ਤਤ ਨਾਤਾ ਤਤ ਨਾਲ ਜੁੜਾਇੰਦਾ । ਸਤਿਗੁਰ ਹੁਕਮ ਸ਼ਬਦ ਇਤਫ਼ਾਕ, ਸ਼ਬਦ ਸੰਦੇਸ਼ੇ ਨਾਲ ਬੰਧਾਇੰਦਾ । ਗੋਬਿੰਦ ਲੇਖਾ ਭਵਿਖਤ ਵਾਕ, ਵਾਕਿਆਤ ਖੋਜ ਖੁਜਾਇੰਦਾ । ਲੇਖਾ ਰਹੇ ਨਾ ਜਾਤ ਪਾਤ, ਝਗੜਾ ਮੂਲ ਨਾ ਕੋਇ ਵਧਾਇੰਦਾ । ਜਗ ਜੀਵਨ ਦਾਤਾ ਮੇਟਣਹਾਰਾ ਦੁਰਮਤ ਦਾਗ਼, ਪਾਪਾਂ ਮੈਲ ਆਪ ਧਵਾਇੰਦਾ । ਸਚ ਫੁਲਵਾੜੀ ਟਹਿਕੇ ਮਹਿਕੇ ਉਹ ਅਗੰਮਾ ਬਾਗ਼, ਜਿਸ ਦਾ ਮਾਲੀ ਇਕੋ ਇਕ ਅਖਵਾਇੰਦਾ । ਜਗਤ ਨਾਤਾ ਜਗਿਆਸੂਆਂ ਵਾਲਾ ਸਾਕ, ਉਤਮ ਆਪਣਾ ਰੰਗ ਰੰਗਾਇੰਦਾ । ਸਤਿਜੁਗ ਤੇਰਾ ਦੱਸੇ ਖੇਲ ਤਮਾਸ਼, ਰੀਤੀ ਭਗਤਾਂ ਨਾਲ ਵਖਾਇੰਦਾ । ਤੇਰੀ ਸੁਣੇ ਇਕ ਅਰਦਾਸ, ਸਿਰ ਤੇਰੇ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਨ ਦੇਵੇ ਧੁਰ ਦਾ ਸਾਥ, ਸਗਲਾ ਸੰਗ ਨਿਭਾਇੰਦਾ । ਸ਼ਹਿਨਸ਼ਾਹੀ ਸੰਮਤ ਕਹੇ ਮੈਂ ਭਗਤਾਂ ਚਾੜ੍ਹਾਂ ਰੰਗ ਲਾਲ, ਗੁਰਮੁਖ ਵੇਖ ਵਖਾਈਆ । ਜਿਨ੍ਹਾਂ ਦਾ ਸਭ ਤੋਂ ਵੱਖਰਾ ਵੱਜਣਾ ਤਾਲ, ਤਾਲ ਤਲਵਾੜਾ ਇਕੋ ਦਿਆਂ ਸਮਝਾਈਆ । ਜਿਨ੍ਹਾਂ ਦੇ ਨੇੜ ਨਹੀਂ ਆਉਣਾ ਕਾਲ, ਮਹਾਂਕਾਲ ਭੈ ਨਾ ਕੋਇ ਵਖਾਈਆ । ਸਚ ਦਵਾਰ ਮਿਲਣਾ ਸੱਚੀ ਧਰਮਸਾਲ, ਸਚਖੰਡ ਬਹਿ ਕੇ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਰਬ ਕਰੇ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਲਾਲ ਰੰਗ ਕਹੇ ਮੈਂ ਰੰਗ ਰੰਗੀਲਾ, ਜੁਗ ਚੌਕੜੀ ਵੱਜਦੀ ਆਈ ਵਧਾਈਆ । ਕਲਜੁਗ ਅੰਤਮ ਭਗਤਾਂ ਬਣਿਆ ਵਸੀਲਾ, ਵਾਸਤਾ ਇਕੋ ਨਾਲ ਬਣਾਈਆ । ਗੁਰਮੁਖੋ ਤੁਹਾਡਾ ਗੁਰਮੁਖਾਂ ਨਾਲ ਰਹੇ ਕ਼ਬੀਲਾ, ਕਾਮਲ ਮੁਰਸ਼ਦ ਰਿਹਾ ਸੁਣਾਈਆ । ਜਿਥੇ ਮਨ ਮਤ ਬੁਧ ਚਲੇ ਨਾ ਕੋਇ ਵਸੀਲਾ, ਹੁਕਮੀ ਹੁਕਮ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਵਖਾਈਆ । ਲਾਲ ਰੰਗ ਕਹੇ ਮੈਂ ਭਗਤਾਂ ਦਵਾਰ ਆਇਆ ਮੰਗਣ, ਅਰਜ਼ੋਈ ਇਕੋ ਇਕ ਸੁਣਾਈਆ । ਸਚ ਪ੍ਰੇਮ ਦਾ ਤੁਹਾਨੂੰ ਲੱਗਾ, ਸਗਨ, ਸੱਜਣ ਸੱਜਣ ਵੇਖ ਖ਼ੁਸ਼ੀ ਮਨਾਈਆ । ਤੁਹਾਡੇ ਅੰਦਰ ਦਵੈਤ ਰਹੇ ਨਾ ਅਗਨ, ਕੂੜੀ ਕਿਰਿਆ ਬਾਹਰ ਕਢਾਈਆ । ਇਕੋ ਪ੍ਰੀਤੀ ਅੰਦਰ ਹੋਣਾ ਮਗਨ, ਏਥੇ ਓਥੇ ਨਾ ਹੋਏ ਜੁਦਾਈਆ । ਪੁਰਖ ਅਕਾਲ ਸ਼ਬਦੀ ਹੁਕਮ ਤੁਹਾਨੂੰ ਆਵੇ ਸੱਦਣ, ਸੱਦਾ ਇਕੋ ਨਾਮ ਸੁਣਾਈਆ । ਸਤਿ ਨਗਾਰੇ ਤੁਹਾਡੇ ਵੱਜਣ, ਢੋਲਕ ਛੈਣੇ ਦੀ ਲੋੜ ਰਹੇ ਨਾ ਰਾਈਆ । ਨੂਰ ਨੁਰਾਨੇ ਦੀਪਕ ਜਗਣ, ਅਗਿਆਨ ਅੰਧੇਰ ਚੁਕਾਈਆ । ਸਾਹਿਬ ਸਮਰਥ ਜੁਗ ਜਨਮ ਦੇ ਵਿਛੜੇ ਕਲਜੁਗ ਅੰਤਮ ਆਇਆ ਲੱਭਣ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਸਭ ਦਾ ਰਿਹਾ ਬਣਾਈਆ । ਲਾਲ ਰੰਗ ਕਹੇ ਮੈਨੂੰ ਮਿਲਣਾ ਉਹ ਲਾਭ, ਜਿਹੜਾ ਲੱਭਿਆਂ ਹੱਥ ਕਿਸੇ ਨਾ ਆਈਆ । ਪੁਰਖ ਅਕਾਲ ਨਜ਼ਰੀ ਆਏ ਸਭ ਦਾ ਬਾਪ, ਜੋ ਆਦਿ ਜੁਗਾਦਿ ਬਣੇ ਪਿਤਾ ਮਾਈਆ । ਜਿਸ ਦੇ ਕੋਲ ਦੋ ਜਹਾਨਾਂ ਹਿਸਾਬ, ਜਨਮ ਜਨਮ ਦਾ ਲੇਖਾ ਵੇਖ ਵਖਾਈਆ । ਬਿਨ ਅੱਖਰਾਂ ਵਾਲੀ ਫੋਲ ਕਿਤਾਬ, ਸ਼ਬਦੀ ਸ਼ਬਦ ਦਏ ਸਮਝਾਈਆ । ਤਰੇਤੇ ਜੁਗ ਦਾ ਲਹਿਣਾ ਜਨਮ ਜਨਮ ਦਾ ਸਾਕ, ਨਾਤਾ ਕਰਮ ਕਰਮ ਤੁੜਾਈਆ । ਪੂਰਾ ਕਰਕੇ ਲਹਿਣਾ ਬੇਬਾਕ, ਅਗਲੇ ਲੇਖੇ ਵਿਚ ਸਮਝਾਈਆ । ਜਿਸ ਰਿਸ਼ਤੇ ਨੂੰ ਕੋਈ ਫ਼ਰਿਸ਼ਤਾ ਸਮਝ ਨਾ ਸਕੇ ਜਾਣ ਨਾ ਸਕੇ ਵਾਕ, ਵਾਕਫ਼ਕਾਰ ਨਜ਼ਰ ਕੋਇ ਨਾ ਆਈਆ । ਲਾਲ ਰੰਗ ਕਹੇ ਸਗਨ ਵਿਚ ਸਗਲੀ ਸਿਖਣੀ ਜਾਚ, ਜਾਚਕ ਇਕੋ ਰਿਹਾ ਬਣਾਈਆ । ਸ਼ੀਹਨਸ਼ਾਹ ਸੱਚਾ ਸਮੇਂ ਸਮੇਂ ਸਭ ਦੀ ਪੂਰਬ ਪੂਰਬ ਜਨਮ ਦੀ ਕਹਾਣੀ ਦੱਸੀ ਜਾਏ ਉਹ ਬਾਤ, ਜਿਸ ਨੂੰ ਮੁਨੀ ਰਿਸ਼ੀ ਰਿਸ਼ੀਆਂ ਦਾ ਰਿਸ਼ੀ ਬਾਲਮੀਕ ਸਾਢੇ ਤਿੰਨ ਸੌ ਅੰਕ ਵਿਚ ਗਿਆ ਗਾਈਆ ।

## ੧੭ ਪੋਹ ਸ਼ਹਿਨਸ਼ਾਹੀ ਸੰਮਤ ੧ ਬਿਸ਼ਨ ਸਿੰਘ ਦੇ ਗ੍ਰਹਿ, ਕੁਲਦੀਪ ਕੌਰ, ਅਮਰਜੀਤ ਕੌਰ ਦੇ ਸਗਨ ਸਮੇਂ ਗੁੜਗਾਉਂ

ਸਤਿਜੁਗ ਕਹੇ ਮੰਗਾਂ ਪ੍ਰਭ ਇਕੋ ਮੰਗ, ਬਿਨ ਰਸਨਾ ਜਿਹਵਾ ਬੱਤੀ ਦੰਦ ਸ਼ਬਦ ਅਲਾਇੰਦਾ । ਭਗਤ ਸੁਹੇਲਾ ਸੱਜਣ ਬਣਾ ਧੁਰ ਦਾ ਪੰਧ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਪ੍ਰੇਮ ਪ੍ਰੀਤੀ ਆਤਮ ਪਰਮਾਤਮ ਦੇ ਅਨੰਦ, ਪਾਰਬ੍ਰਹਮ ਬ੍ਰਹਮ ਆਸਾ ਇਕ ਵਖਾਇੰਦਾ । ਨਿਰਗੁਣ ਨੂਰ

ਜੋਤੀ ਜੋਤ ਚਮਕੇ ਚੰਦ, ਰਵ ਸਸ ਨੈਣ ਸ਼ਰਮਾਇੰਦਾ । ਸਚ ਦਵਾਰੇ ਪਵੇ ਠੰਡ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰੀ ਓਟ ਤਕਾਇੰਦਾ । ਬੰਦਗੀ ਅੰਦਰ ਖ਼ੁਸ਼ੀ ਹੋਵੇ ਬੰਦ ਬੰਦ, ਡੰਡਾਵਤ ਇਕੋ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਇੰਦਾ । ਸਤਿਜੁਗ ਕਹੇ ਪ੍ਰਭ ਮੇਰੇ ਠਾਕਰ ਸਵਾਮੀ, ਨਿਰਗੁਣ ਨਿਰਵੈਰ ਨਿਰਾਕਾਰ ਤੇਰੀ ਸਰਨਾਈਆ । ਆਦਿ ਜੁਗਾਦੀ ਅੰਤਰਜਾਮੀ, ਜੁਗ ਚੌਕੜੀ ਤੇਰੀ ਖੇਲ ਬੇਪਰਵਾਹੀਆ । ਸ਼ਬਦ ਅਨਾਦ ਬੋਧ ਅਗਾਧ ਤੇਰੀ ਅਗੰਮੀ ਬਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਤੇਰਾ ਢੋਲਾ ਜਸ ਗਾਈਆ । ਅੰਮ੍ਰਿਤ ਰਸ ਨਿਝਰ ਧਾਰ ਤੇਰਾ ਠੰਡਾ ਪਾਣੀ, ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਤ੍ਰਿਸ਼ਨਾ ਗੜ੍ਹ ਤੁੜਾਈਆ । ਤੂੰ ਆਤਮ ਪਰਮਾਤਮ ਨਿਜ ਘਰ ਜਾਣ ਜਾਣੀ, ਗ੍ਰਹਿ ਮੰਦਰ ਖੋਜ ਖੁਜਾਈਆ । ਤੇਰਾ ਖੇਲ ਜੁਗ ਚੌਕੜੀ ਸਦਾ ਲਾਸਾਨੀ, ਆਸਾਨੀ ਆਪਣੀ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਹੱਥ ਤੇਰੇ ਵਡਿਆਈਆ । ਸਤਿਜੁਗ ਕਹੇ ਮੇਰੇ ਸਾਹਿਬ ਆਦਿ ਨਿਰੰਜਣ, ਨਿਜ ਘਰ ਵਾਸੀ ਤੇਰੀ ਓਟ ਤਕਾਈਆ । ਤੂੰ ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਨਿਜ ਨੇਤਰ ਲੋਚਨ ਪਾ ਆਪਣਾ ਅੰਜਣ, ਨਾਮ ਨਿਧਾਨਾ ਇਕ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਨਜ਼ਰੀ ਆਵੇ ਸੱਜਣ, ਦੂਜਾ ਨਜ਼ਰ ਕੋਇ ਨਾ ਆਈਆ । ਤੇਰੇ ਪ੍ਰੇਮ ਪਿਆਰ ਅੰਦਰ ਤੇਰੇ ਭਗਤ ਸੁਹੇਲੇ ਹੋਵਣ ਮਗਨ, ਮਗਰਲਾ ਲੇਖਾ ਦੇ ਚੁਕਾਈਆ । ਸਤਿ ਦਵਾਰੇ ਇਕੋ ਹੋਵੇ ਅਦਲ, ਇਨਸਾਫ਼ ਇਕੋ ਦੇਣਾ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ

ਦੇਣੀ ਬਦਲ, ਸਤਿਜੁਗ ਨਿਉਂ ਨਿਉਂ ਲਾਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਾਚਾ ਘਰ, ਜਿਸ ਗ੍ਰਿਹ ਮੰਦਰ ਤੇਰੀ ਵੱਜੇ ਵਧਾਈਆ । ਸਤਿਜੁਗ ਕਹੇ ਮੇਰੇ ਧੁਰ ਦੇ ਠਾਕਰ, ਠੋਕਰ ਆਪਣੀ ਦੇ ਲਗਾਈਆ । ਕੂੜੀ ਕਿਰਿਆ ਪਾਰ ਕਰ ਕਲਜੁਗ ਸਾਗਰ, ਸੰਸਾ ਅਵਰ ਦੇ ਮਿਟਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਧੁਰ ਦੇ ਕ਼ਾਦਰ, ਕ਼ੁਦਰਤ ਆਪਣਾ ਹੁਕਮ ਦੇ ਸਮਝਾਈਆ । ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਧਵਾਈਆ । ਤੇਰਾ ਨਾਉਂ ਜੋਧਾ ਸੂਰਬੀਰ ਬਹਾਦਰ, ਖੰਡਾ ਖੜਗ ਇਕ ਵਖਾਈਆ । ਦਰ ਦਵਾਰ ਜਨ ਭਗਤਾਂ ਦੇ ਆਦਰ, ਆਦਰਸ਼ ਆਪਣਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦੇ ਚੁਕਾਈਆ । ਸਤਿਜੁਗ ਕਹੇ ਪਰਮ ਪੁਰਖ ਗਹਿਰ ਗੰਭੀਰ, ਸ਼ਾਹ ਸੁਲਤਾਨ ਤੇਰੀ ਆਸ ਰਖਾਈਆ । ਤੂੰ ਦੋ ਜਹਾਨਾਂ ਬੇਨਜ਼ੀਰ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਤੇਰੇ ਹੁਕਮੇ ਅੰਦਰ ਘੱਤ ਕੇ ਗਏ ਵਹੀਰ, ਬਣ ਬਣ ਪਾਂਧੀ ਪੰਧ ਮੁਕਾਈਆ । ਤੇਰੀ ਸਮਝ ਨਾ ਸਕਿਆ ਕੋਈ ਤਸਵੀਰ, ਮੁਸੱਵਰ ਰੂਪ ਨਾ ਕੋਇ ਪਰਗਟਾਈਆ । ਤੇਰੇ ਕ਼ਦਮਾਂ ਅੰਦਰ ਝੁਕਦੇ ਗਏ ਪੈਗ਼ੰਬਰ ਪੀਰ, ਸਜਦਿਆਂ ਵਿਚ ਸੀਸ ਨਿਵਾਈਆ । ਗੁਰ ਅਵਤਾਰ ਸਮਝ ਸਕਿਆ ਨਾ ਤੇਰਾ ਕੋਈ ਅਖ਼ੀਰ, ਆਖ਼ਰ ਬੇਅੰਤ ਬੇਅੰਤ ਗਏ ਦ੍ਰਿੜਾਈਆ । ਜੁਗ ਚੌਕੜੀ ਤੇਰੀ ਸ਼ਰਅ ਵਾਲੀ ਜ਼ੰਜੀਰ, ਦੀਨ ਦੁਨੀ ਰਹੀ ਫਸਾਈਆ । ਕਲਜੁਗ ਅੰਤ ਝਗੜਾ ਵੇਖ ਗ਼ਰੀਬ ਅਮੀਰ, ਚਾਰ ਵਰਨ ਅਠਾਰਾਂ ਬਰਨ ਪੜਦਾ ਲਾਹੀਆ । ਜੂਠ ਝੂਠ ਬਦਲੇ ਨਾ ਕੋਈ ਤਕਦੀਰ, ਤਦਬੀਰ ਹੱਕ ਨਾ ਕੋਇ ਸਮਝਾਈਆ । ਸਾਚਾ ਅੰਮ੍ਰਿਤ ਨਿਝਰ ਰਸ ਮਿਲੇ ਨਾ ਠੰਡਾ ਸੀਰ, ਅਗਨੀ ਤਤ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਤੁਧ ਬਿਨ ਅਵਰ ਨਾ ਕੋਇ ਸਹਾਈਆ । ਸਤਿਜੁਗ ਕਹੇ ਮੈਂ ਮੰਗਾਂ ਇਕੋ ਦਾਨ, ਦਾਤੇ ਦਾਨੀ ਅਗੇ ਝੋਲੀ ਡਾਹੀਆ । ਧੁਰ ਦਾ ਬਖ਼ਸ਼ ਇਕ ਗਿਆਨ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਨਾਤਾ ਤੁੱਟੇ ਕੂੜ ਜਹਾਨ, ਜੂਠ ਝੂਠ ਰਹੇ ਨਾ ਰਾਈਆ । ਬਿਨ ਅੱਖਰਾਂ ਦੇ ਗਿਅਨ, ਨਿਰਅੱਖਰ ਇਕ ਸਮਝਾਈਆ । ਘਰ ਸਵਾਮੀ ਮਿਲਣਾ ਆਣ, ਠਾਕਰ ਹੋ ਕੇ ਠੋਕਰ ਨਾਲ ਉਠਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਲੱਖ ਚੁਰਾਸੀ ਵਿਚੋਂ ਕਰ ਪਹਿਚਾਨ, ਬੇਨਜ਼ੀਰ ਆਪਣੀ ਅੱਖ ਉਠਾਈਆ । ਸਾਚਾ ਮਾਰਗ ਦੱਸ ਜਹਾਨ, ਚਾਰ ਵਰਨ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰਹਿਬਰ ਇਕ ਅਖਵਾਈਆ । ਸਤਿਜੁਗ ਕਹੇ ਧੁਰ ਦਰਗਾਹੀ ਪਰਵਰਦਿਗਾਰ, ਨੂਰ ਨੁਰਾਨੇ ਤੇਰੀ ਇਕ ਰੁਸ਼ਨਾਈਆ । ਤੇਰੀ ਆਮਦ ਵਿਚ ਹੋਇਆ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਈਆ । ਹਕ਼ੀਕ਼ਤ ਜਾਣ ਸਚ ਹਲਾਲ, ਹੁਕਮ ਆਪਣਾ ਦੇ ਦ੍ਰਿੜਾਈਆ । ਜਲਵਾ ਨੂਰੀ ਤੱਕ ਜਲਾਲ, ਜਮਾਲ ਆਪਣਾ ਦੇ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖ ਆਮਾਲ, ਅਮਲ ਸਭ ਦੇ ਖੋਜ ਖੁਜਾਈਆ । ਗੁਰੂ ਅਵਤਾਰ ਪੈਗ਼ੰਬਰ ਤੇਰਾ ਦੇ ਕੇ ਗਏ ਅਹਿਵਾਲ, ਭਵਿਖਤਾਂ ਵਿਚ ਸ਼ਨਵਾਈਆ । ਕਲਜੁਗ ਕੂੜੀ ਕਿਰਿਆ ਚਾਰੋਂ ਕੁੰਟ ਕੂਕੇ ਕਾਲ, ਕਰਮ ਕਾਂਡ ਰਿਹਾ ਤਪਾਈਆ । ਸਾਚਾ ਦਿਸੇ ਨਾ ਕੋਇ ਦਲਾਲ, ਵਿਚੋਲਾ ਰੂਪ ਨਾ ਕੋਇ ਬਣਾਈਆ । ਬਿਨ ਤੇਰੀ ਕਿਰਪਾ ਕਾਇਆ ਮੰਦਰ ਅੰਦਰ ਸਾਚੀ ਦਿਸੇ ਨਾ ਕਿਸੇ ਧਰਮਸਾਲ, ਨੌਂ ਦਵਾਰੇ ਸ੍ਰਿਸ਼ਟ ਦ੍ਰਿਸ਼ਟ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਗ੍ਰਿਹ ਮੰਦਰ ਪੜਦਾ ਦੇਣਾ ਉਠਾਈਆ ।

ਸਤਿਜੁਗ ਕਹੇ ਮੇਰੇ ਪ੍ਰਭੂ ਸਤਿ ਸਰੂਪ, ਸਤਿ ਸਤਿਵਾਦੀ ਤੇਰਾ ਹੁਕਮ ਸ਼ਹਿਨਸ਼ਾਹੀਆ । ਆਦਿ ਜੁਗਾਦਿ ਜੁਗ ਚੌਕੜੀ ਬ੍ਰਹਿਮੰਡ ਖੰਡ ਤੇਰੀ ਮਹਿੰਮਾ ਗਾ ਨਾ ਸਕੇ ਕੋਇ ਅਨੂਪ, ਰਸਨਾ ਜਿਹਵਾ ਬੱਤੀ ਦੰਦ ਚੌਦਾਂ ਵਿਦਿਆ ਨਾ ਕੋਇ ਚਤੁਰਾਈਆ । ਤੇਰਾ ਨਾਉਂ ਡੰਕਾ ਸ਼ਬਦ ਅਗੰਮੀ ਧੁਰ ਦਾ ਕਲਮਾ ਵੱਜੇ ਚਾਰੇ ਕੂਟ, ਕਾਇਨਾਤ ਇਕੋ ਹੁਕਮ ਦਏ ਸੁਣਾਈਆ । ਲਹਿਣਾ ਦੇਣਾ ਲੇਖਾ ਝਗੜਾ ਮੁਕ ਜਾਏ ਜੂਠ ਝੂਠ, ਮਾਇਆ ਮਮਤਾ ਲੋਭ ਮੋਹ ਹੰਕਾਰ ਹਉਮੇ ਹੰਗਤਾ ਗੜ੍ਹ ਦੇ ਤੁੜਾਈਆ । ਭਗਤ ਸੁਹੇਲਾ ਹਰਿਜਨ ਗੁਰਮੁਖ ਗੁਰਸਿਖ ਉਠਾ ਆਪਣਾ ਪੂਤ, ਪਿਤਾ ਪੂਤ ਗੋਦ ਉਠਾਈਆ । ਸ਼ਬਦ ਅਗੰਮੀ ਭੇਜ ਆਪਣਾ ਦੂਤ, ਦੁਤੀਆ ਭਾਉ ਦੇ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਧੁਰ ਦੀ ਧਾਰ ਇਕ ਦ੍ਰਿੜਾਈਆ । ਸਤਿਜੁਗ ਕਹੇ ਸ੍ਰੀ ਭਗਵਾਨ ਮੈਂ ਵੇਖ ਹੋਇਆ ਲਾਚਾਰ, ਚਾਰ ਕੁੰਟ ਰਹੀ ਕੁਰਲਾਈਆ । ਸਚ ਮੁਹੱਬਤ ਕਰੇ ਨਾ ਕੋਇ ਪਿਆਰ, ਪ੍ਰੇਮੀ ਪ੍ਰੇਮਿਕਾ ਰੰਗ ਨਾ ਕੋਇ ਰੰਗਾਈਆ । ਦਹਿ ਦਿਸ਼ਾ ਦਿਸੇ ਵਿਭਚਾਰ, ਕੂੜੀ ਕਿਰਿਆ ਬਾਹਰ ਨਾ ਕੋਇ ਕਢਾਈਆ । ਨਾਤਾ ਤੁੱਟਾ ਪੁਰਖ ਨਾਰ, ਆਤਮ ਪਰਮਾਤਮ ਸੇਜ ਨਾ ਕੋਇ ਹੰਢਾਈਆ । ਸ਼ਬਦ ਅਗੰਮੀ ਸੁਣੇ ਨਾ ਕੋਈ ਧੁਨਕਾਰ, ਅਨਹਦ ਨਾਦੀ ਨਾਦ ਨਾ ਕੋਇ ਅਲਾਈਆ । ਬਿਨ ਰਸਨਾ ਜਿਹਵਾ ਕਰੇ ਨਾ ਕੋਈ ਗੁਫ਼ਤਾਰ, ਗੁਫ਼ਤ ਸ਼ਨੀਦ ਨਾ ਕੋਇ ਸ਼ਨਵਾਈਆ । ਬਿਨਾ ਆਫ਼ਤਾਬ ਸਾਚਾ ਨੂਰ ਦਿਸੇ ਨਾ ਕਿਸੇ ਉਜਿਆਰ, ਜੋਤੀ ਜੋਤ ਨਾ ਕੋਇ ਚਮਕਾਈਆ । ਸਾਚਾ ਮੰਦਰ ਸੁਹਾਏ ਨਾ ਬੰਕ ਦਵਾਰ, ਆਤਮ ਪਰਮਾਤਮ ਵੱਜੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਦਰਵੇਸ਼ ਹੋ ਕੇ ਝੋਲੀ ਡਾਹੀਆ । ਸਤਿਜੁਗ ਕਹੇ ਪ੍ਰਭੂ ਮੈਂ ਵੇਖੇ ਗੁਰੂ ਪੈਗ਼ੰਬਰ ਅਵਤਾਰ, ਪੂਰਬ ਲਹਿਣਾ ਨਜ਼ਰੀ ਆਈਆ । ਖੇਲ ਵੇਖਿਆ ਜੁਗ ਚੌਕੜੀ ਚਾਰ, ਤ੍ਰੇਤਾ ਦੁਆਪਰ ਕਲਜੁਗ ਪੜਦਾ ਰਿਹਾ ਉਠਾਈਆ । ਵਿਵਹਾਰੀ ਤੇਰਾ ਵੱਖਰਾ ਬਿਨਾ ਅੱਖਰਾਂ ਤੋਂ ਵਿਹਾਰ, ਸ਼ਬਦੀ ਸ਼ਬਦ ਸ਼ਬਦ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਹੁਕਮੇਂ ਅੰਦਰ ਸੇਵਾਦਾਰ, ਦਰ ਠਾਂਡੇ ਸੇਵ ਕਮਾਈਆ । ਮਾਇਆ ਤਤ ਖੇਲ ਅਪਾਰ, ਅਪਰੰਪਰ ਤੇਰਾ ਭੇਵ ਕੋਇ ਨਾ ਪਾਈਆ । ਲੱਖ ਚੁਰਾਸੀ ਭਰ ਭੰਡਾਰ, ਧੁਰ ਦਾ ਹਿੱਸਾ ਜਗਤ ਵੰਡ ਬ੍ਰਹਿਮੰਡ ਖੰਡ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਥੇ ਪੜਦਾ ਓਹਲਾ ਰਹੇ ਨਾ ਰਾਈਆ । ਸਤਿਜੁਗ ਕਹੇ ਮੈਂ ਮਾਂਗਤ ਦਰ ਦਰਵੇਸ਼, ਭਿਖਾਰੀ ਆਪਣਾ ਰੂਪ ਬਦਲਾਈਆ । ਤੂੰ ਸਵਾਮੀ ਰਹੇਂ ਹਮੇਸ਼, ਆਦਿ ਜੁਗਾਦਿ ਤੇਰੀ ਵਡਿਆਈਆ । ਤੂੰ ਸਚਖੰਡ ਨਿਵਾਸੀ ਨਰ ਨਰੇਸ਼, ਨਰ ਨਿਰੰਕਾਰ ਨਜ਼ਰੀ ਆਈਆ । ਤੇਰੇ ਕਲਮਿਆਂ ਸਜਦਾ ਇਕ ਆਦੇਸ, ਨਮਸਤੇ ਕਹਿ ਕੇ ਨਿਉਂ ਨਿਉਂ ਲਾਗਾਂ ਪਾਈਆ । ਸਾਚਾ ਵੇਖ ਲੋਕਮਾਤ ਦਾ ਦੇਸ, ਦਿਸ਼ਾ ਆਪਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਸਮਝਾਈਆ । ਸਤਿਜੁਗ ਕਹੇ ਪ੍ਰਭ ਉਠ ਵੇਖ ਲੋਕਮਾਤ, ਚਾਰ ਕੁੰਟ ਰਹੀ ਕੁਰਲਾਈਆ । ਕਲਜੁਗ ਕੂੜੀ ਕਿਰਿਆ ਹਨੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਝਗੜਾ ਪਿਆ ਜਾਤ ਪਾਤ, ਦੀਨ ਦੁਨੀ ਕਰੇ ਲੜਾਈਆ । ਸਾਚਾ ਦੇਵੇ ਨਾ ਕੋਇ ਸਾਥ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਮਾਇਆ ਮਮਤਾ ਬਣਾਇਆ ਨਾਤ, ਮੋਹ ਮਨਸਾ ਨਾਲ ਮਿਲਾਈਆ । ਤੇਰੀ ਮਹਿੰਮਾ ਸਿਫ਼ਤ ਗਾਉਂਦੇ ਅੱਖਰਾਂ ਵਿਚ ਸਾਚੀ ਪੱਟੀ ਪੜ੍ਹੇ ਨਾ ਕੋਇ ਜਮਾਤ, ਜੁਮਲਾ ਹੱਕ ਨਾ ਕੋਇ ਜਣਾਈਆ । ਅਲਿਫ਼


੭੯
੧੯

ਯੇ ਕਾਤਬ ਲਿਖਦੇ ਨਾਲ ਕ਼ਲਮ ਦਵਾਤ, ਨਿਰਅੱਖਰ ਅੱਖਰ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇ ਜਣਾਈਆ । ਸਤਿਜੁਗ ਕਹੇ ਉਠ ਵੇਖ ਮਾਰ ਧਿਆਨ, ਹਰਿ ਠਾਕਰ ਬੇਪਰਵਾਹੀਆ । ਸਤਿ ਧਰਮ ਦਿਸੇ ਨਾ ਕੋਇ ਨਿਸ਼ਾਨ, ਚਾਰ ਕੁੰਟ ਰਹੀ ਕੁਰਲਾਈਆ । ਕਲਜੁਗ ਵਿਦਿਆ ਹੋਈ ਪਰਧਾਨ, ਅੰਤਰ ਅੰਤਰ ਬਸੰਤਰ ਨਾ ਕੋਇ ਬੁਝਾਈਆ । ਜਗਤ ਢੋਲੇ ਨਾਲ ਸੁਣਦੇ ਕਾਨ, ਅਨਹਦ ਨਾਦੀ ਨਾਦ ਨਾ ਕੋਇ ਵਜਾਈਆ । ਕਾਇਆ ਧਰਤੀ ਹੋਈ ਸੁੰਞ ਮਸਾਣ, ਅੰਮ੍ਰਿਤ ਰਸ ਰਸ ਨਾ ਕੋਇ ਚਖਾਈਆ । ਮਨ ਵਾਸਨਾ ਜੀਵ ਜੰਤ ਹੋਏ ਅੰਞਾਣ, ਬੁਧੀ ਬਿਬੇਕ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਰਾਹ ਦੇ ਵਖਾਈਆ । ਸਤਿਜੁਗ ਕਹੇ ਸੱਚਾ ਮਾਰਗ ਦੱਸ ਰਾਹ, ਰਹਿਬਰ ਇਕੋ ਨਜ਼ਰੀ ਆਈਆ । ਤੂੰ ਸਾਹਿਬ ਸਵਾਮੀ ਜਲਵਾਗਰ ਖ਼ੁਦਾ, ਖ਼ੁਦੀ ਤਕੱਬਰ ਦੇ ਮਿਟਾਈਆ । ਜੋ ਤੇਰੇ ਨਾਲੋਂ ਹੋਏ ਜੁਦਾ, ਜੁਜ਼ ਅੰਗ ਵੰਡ ਨਾ ਕੋਇ ਵੰਡਾਈਆ । ਮੁਹੱਬਤ ਵਿਚ ਆਪਣੇ ਕ਼ਦਮ ਕਰ ਫ਼ਿਦਾ, ਫ਼ੈਸਲਾ ਇਕੋ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਜ਼ਰ ਉਠਾਈਆ । ਸਤਿਜੁਗ ਕਹੇ ਪ੍ਰਭ ਓਹਲਾ ਲਾਹ ਪੜਦਾ, ਦੂਈ ਰਹਿਣ ਕੋਇ ਨਾ ਪਾਈਆ । ਜਗਤ ਜਹਾਨ ਵੇਖ ਰਿਹਾ ਸੜਦਾ, ਅਗਨੀ ਤਤ ਰਿਹਾ ਤਪਾਈਆ । ਤੇਰੀ ਮੰਜ਼ਲ ਕੋਇ ਨਾ ਚੜ੍ਹਦਾ, ਅੱਧਵਾਟੇ ਵੇਖੀ ਸਰਬ ਲੋਕਾਈਆ । ਰਸਨਾ ਜਿਹਵਾ ਬੱਤੀ ਦੰਦ ਜੀਵ ਜੰਤ ਸਰਬ ਪੜ੍ਹਦਾ, ਆਤਮ ਪਰਮਾਤਮ ਮਿਲ ਕੇ ਦਰਸ ਕੋਇ ਨਾ ਪਾਈਆ । ਸੱਜਣ ਸਵਾਮੀ ਅੰਤਰਜਾਮੀ ਕੋਈ ਨਾ ਵਰਦਾ, ਨਾਰ ਦੁਹਾਗਣ ਜਗਤ ਸ੍ਰਿਸ਼ਟੀ ਰੂਪ ਵਖਾਈਆ । ਜੁਗ ਚੌਕੜੀ ਤੇਰਾ ਖੇਲ ਨਰ ਨਰਾਇਣ ਹਰਿ ਦਾ, ਨਰ ਹਰਿ ਤੇਰੀ ਸ਼ਰਨਾਈਆ । ਮੈਂ ਦਰ ਦਵਾਰੇ ਤੇਰੇ ਡਰਦਾ ਡਰਦਾ, ਭੈ ਵਿਚ ਝੋਲੀ ਰਿਹਾ ਵਖਾਈਆ । ਨੇਤਰ ਨੈਣਾਂ ਚਰਨ ਪੜਦਾ, ਅੱਖ ਪਰਤੱਖ ਨਾ ਕੋਇ ਬਦਲਾਈਆ । ਸਤਿ ਦਵਾਰੇ ਹਾੜੇ ਕੱਢਦਾ, ਮਸਤਕ ਟਿੱਕਾ ਧੂੜੀ ਇਕ ਛੁਹਾਈਆ । ਤੇਰਾ ਖੇਲ ਅਗੰਮੀ ਛਿੰਨ ਦਾ, ਛਿੰਨ ਭੰਗਰ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਸ੍ਰੀ ਭਗਵਾਨ ਪਿਆ ਹੱਸ, ਖ਼ੁਸ਼ੀਆਂ ਨਾਲ ਆਪ ਜਣਾਈਆ । ਸਤਿਜੁਗ ਤੇਰਾ ਮਾਰਗ ਦੇਵਾਂ ਦੱਸ, ਪੜਦਾ ਓਹਲਾ ਆਪ ਉਠਾਈਆ । ਹਕ਼ੀਕ਼ਤ ਵਿਚੋਂ ਦੇ ਕੇ ਹੱਕ, ਧੁਰ ਦੀ ਵਸਤ ਝੋਲੀ ਪਾਈਆ । ਭਗਤ ਸੁਹੇਲੇ ਤੇਰਾ ਸਾਥ, ਸਗਲਾ ਸੰਗ ਨਿਭਾਈਆ । ਇਕੋ ਪੂਜਾ ਦੱਸ ਕੇ ਪਾਠ, ਇਕੋ ਸਗਨ ਦਿਆਂ ਸਮਝਾਈਆ । ਇਕੋ ਕਿਨਾਰਾ ਤੀਰਥ ਤਾਟ, ਸਰ ਸਰੋਵਰ ਇਕ ਨਹਾਈਆ । ਇਕੋ ਮੰਜ਼ਲ ਇਕੋ ਵਾਟ, ਪੈਂਡਾ ਇਕੋ ਵਾਰ ਚੁਕਾਈਆ । ਇਕੋ ਸੇਜਾ ਇਕੋ ਖਾਟ, ਇਕੋ ਬਿਸਤਰ ਦਿਆਂ ਵਿਛਾਈਆ । ਇਕੋ ਵਸਤ ਇਕੋ ਦਾਤ, ਇਕੇ ਵਾਰ ਝੋਲੀ ਪਾਈਆ । ਗੁਰਮੁਖਾਂ ਨਾਲ ਤੇਰੀ ਬਣੇ ਜਮਾਤ, ਦੂਜਾ ਸੰਗ ਨਾ ਕੋਇ ਲਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਧੁਰ ਦਾ ਹੁਕਮ ਆਪ ਸਮਝਾਉਂਦਾ ਹਾਂ । ਭੇਵ ਅਭੇਦਾ ਆਪ ਖੁਲਾਉਂਦਾ ਹਾਂ । ਅਛਲ ਅਛੇਦਾ ਪੜਦਾ ਲਾਹਉਂਦਾ ਹਾਂ । ਚਾਰ ਵੇਦਾਂ ਸੰਗ ਰਲਾਉਂਦਾ ਹਾਂ । ਪੁਰਾਨ ਅਠਾਰਾਂ ਰੰਗ ਚੜ੍ਹਾਉਂਦਾ ਹਾਂ । ਛੇ ਸ਼ਾਸਤਰ ਆਪਣੀ ਗੰਢ ਪਵਾਉਂਦਾ ਹਾਂ । ਗੀਤਾ ਗਿਆਨ ਨਾਤਾ ਇਕ ਧਰਾਉਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਪਰਗਟਾਉਂਦਾ ਹਾਂ । ਸੱਚਾ ਮਾਰਗ ਇਕ ਪਰਗਟਾਵਾਂਗਾ ।

ਸੱਚਾ ਰਾਹ ਤੇਰਾ ਦਰਸਾਵਾਂਗਾ । ਭਗਤ ਸੁਹੇਲੇ ਨਾਲ ਮਿਲਾਵਾਂਗਾ । ਗੁਰ ਚੇਲੇ ਰੰਗ ਚੜ੍ਹਾਵਾਂਗਾ । ਧਾਮ ਨਵੇਲੇ ਆਪ ਬਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਵਾਮੀ ਠਾਕਰ ਹੋ ਕੇ ਨਜ਼ਰੀ ਆਵਾਂਗਾ । ਘਰ ਸਵਾਮੀ ਠਾਕਰ ਨਜ਼ਰੀ ਆਏਗਾ । ਦੀਨ ਦਿਆਲ ਦਇਆ ਕਮਾਏਗਾ । ਸਤਿਜੁਗ ਤੇਰਾ ਮਾਰਗ ਲਾਏਗਾ । ਭਗਤ ਭਗਵਾਨ ਆਪ ਵਖਾਏਗਾ । ਲੱਖ ਚੁਰਾਸੀ ਵਿਚੋਂ ਬਾਹਰ ਕਢਾਏਗਾ । ਜਮ ਕੀ ਫਾਂਸੀ ਆਪ ਤੁੜਾਏਗਾ । ਮੰਡਲ ਰਾਸੀ ਆਪ ਰਚਾਏਗਾ । ਨਿਜ ਘਰ ਵਾਸੀ ਪੜਦਾ ਓਹਲਾ ਆਪ ਚੁਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਬਰ ਹੋ ਕੇ ਸੇਵ ਕਮਾਏਗਾ । ਰਹਿਬਰ ਹੋ ਕੇ ਸੇਵ ਕਮਾਵਾਂਗਾ । ਭਗਤ ਸੁਹੇਲੇ ਆਪ ਜਗਾਵਾਂਗਾ । ਦਰ ਠਾਂਡੇ ਸੰਗ ਨਿਭਾਵਾਂਗਾ । ਨਾਮ ਨਿਧਾਨਾ ਨਾਦ ਵਜਾਵਾਂਗਾ । ਬ੍ਰਹਿਮਾਦ ਬ੍ਰਹਿਮੰਡ ਬ੍ਰਹਿਮਾਂਡ ਖੋਜ ਖੁਜਾਵਾਂਗਾ । ਨੌ ਦਵਾਰੇ ਪਾਰ ਕਰ ਕੇ ਹੱਦ, ਦਸਵੇਂ ਆਪਣਾ ਰੰਗ ਚੜ੍ਹਾਵਾਂਗਾ । ਸਤਿਜੁਗ ਸਾਚੀ ਲਾ ਕੇ ਧੁਰ ਦੀ ਯੱਦ, ਪੁਸ਼ਤ ਪਨਾਹ ਆਪਣਾ ਹੱਥ ਰਖਾਵਾਂਗਾ । ਸ੍ਰਿਸ਼ਟੀ ਨਾਲੋਂ ਕਰ ਅਲਗ, ਸੂਰੇ ਸਰਬਗ ਨਾਲ ਜੋੜ ਜੁੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ਼ਨ ਦੇ ਕੇ ਉਪਰ ਸ਼ਾਹਰਗ, ਰਘੁਪਤ ਆਪਣੇ ਰੰਗ ਸਮਾਵਾਂਗਾ । ਆਪਣੇ ਰੰਗ ਆਪ ਸਮਾਵੇਗਾ । ਸਾਚਾ ਸੰਗ ਆਪ ਬਣਾਵੇਗਾ । ਨਾਮ ਮਰਦੰਗ ਇਕ ਵਜਾਵੇਗਾ । ਪਰਮਾਨੰਦ ਵਿਚ ਰਖਾਵੇਗਾ । ਹੰ ਬ੍ਰਹਮ ਪੜਦਾ ਲਾਹਵੇਗਾ । ਪਾਰਬ੍ਰਹਮ ਨਜ਼ਰੀ ਆਵੇਗਾ । ਜਨਮ ਜਨਮ ਦਾ ਲੇਖ ਚੁਕਾਵੇਗਾ । ਭਾਂਡਾ ਭਰਮ ਭੌ ਭੰਨਾਵੇਗਾ । ਇਸ਼ਟ ਦੇਵ ਇਕ ਸਮਝਾਵੇਗਾ । ਨਿਹਚਲ ਨਿਹਕੇਵ ਨਿਹਕਰਮੀ ਆਪਣੀ ਕਾਰ ਕਮਾਵੇਗਾ । ਜਿਸ ਦੀ ਸਿਫ਼ਤ ਕਰ ਨਾ ਸਕੇ ਕੋਈ ਰਸਨਾ ਜਿਹਵ, ਬੱਤੀ ਦੰਦ ਨਾ ਕੋਈ ਵਡਿਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਸਮਝਾਵੇਗਾ । ਸਾਚਾ ਲੇਖਾ ਆਪ ਸਮਝਾਵੇਗਾ । ਭਰਮ ਭੁਲੇਖਾ ਦੂਰ ਕਰਾਵੇਗਾ । ਭੇਵ ਅਭੇਦਾ ਆਪ ਦ੍ਰਿੜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰਾ ਸੱਚਾ ਰਾਹ, ਸ਼ਬਦ ਸਰੂਪੀ ਬਣ ਮਲਾਹ, ਪੁਰਖ ਅਬਿਨਾਸ਼ੀ ਬੇਪਰਵਾਹ, ਲੋਕਮਾਤ ਆਪਣਾ ਹੁਕਮ ਵਰਤਾਵੇਗਾ । ਲੋਕਮਾਤ ਦੇਵੇ ਫ਼ਰਮਾਨ, ਫ਼ੁਰਨਾ ਅਪਣਾ ਦਏ ਸਮਝਾਈਆ । ਚਾਰ ਵਰਨ ਇਕ ਗਿਆਨ, ਇਕੋ ਇਕ ਕਰੇ ਪੜ੍ਹਾਈਆ । ਭਗਤ ਸੁਹੇਲੇ ਕਰ ਪਰਵਾਨ, ਗੁਰਮੁਖ ਗੁਰ ਗੁਰ ਆਪਣੇ ਰੰਗ ਰੰਗਾਈਆ । ਜਗਤ ਵਿਚੋਲਾ ਬਣੇ ਗੁਣ ਨਿਧਾਨ, ਗੁਣਵੰਤਾ ਸੇਵ ਕਮਾਈਆ । ਜਿਸ ਨੂੰ ਸਮਝ ਨਾ ਸਕੇ ਕੋਈ ਅੰਞਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਿਜੁਗ ਸੱਚੇ ਤੇਰਾ ਦੱਸਾਂ ਰਸਮੋ ਰਿਵਾਜ, ਹੁਕਮ ਇਕੋ ਵਾਰ ਸਮਝਾਈਆ । ਜਨ ਭਗਤਾਂ ਹੋਣਾ ਨਹੀਂ ਕਿਸੇ ਦਾ ਮੁਹਤਾਜ, ਮੁਹੱਬਤ ਪ੍ਰਭ ਦੇ ਨਾਲ ਜੁੜਾਈਆ । ਜਿਨ੍ਹਾਂ ਦੇ ਅੰਦਰੋਂ ਸ਼ਬਦੀ ਫ਼ੁਰਨੇ ਅੰਦਰ ਸਵਾਲ ਜਵਾਬ, ਬਾਹਰੋਂ ਮੰਗਣ ਦੀ ਲੋੜ ਰਹੇ ਨਾ ਰਾਈਆ । ਬਿਨਾ ਸਿਰ ਸਜਦਾ ਹੋਏ ਅਦਾਬ, ਬਿਨਾ ਕਲਮਿਉਂ ਹੋਏ ਪੜ੍ਹਾਈਆ । ਬਿਨਾ ਤੱਤਾਂ ਤੋਂ ਮਿਲੇ ਅਹਿਬਾਬ, ਮਹਿਬੂਬ ਘਰ ਨੂਰ ਕਰੇ ਰੁਸ਼ਨਾਈਆ । ਬਿਨਾ ਤੰਦ ਸਤਾਰ ਵੱਜੇ ਰਬਾਬ, ਧੁਨ ਆਤਮਕ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਰਸਤਾ ਦਏ ਵਖਾਈਆ । ਸਤਿਜੁਗ ਤੇਰਾ ਸੁਖਾਲਾ ਦੱਸਾਂ ਰਸਤਾ, ਰਾਹ ਇਕੋ ਇਕ ਜਣਾਈਆ । ਜਨ ਭਗਤਾਂ ਪੁਸਤਕਾਂ ਵਾਲਾ ਬੰਨ੍ਹਣਾ

ਪਏ ਨਾ ਬਸਤਾ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਘਰ ਸਵਾਮੀ ਮਿਲੇ ਹੱਸਦਾ ਹੱਸਦਾ, ਹਸਤੀ ਵਿਚੋਂ ਹਸਤੀ ਦਏ ਬਦਲਾਈਆ । ਇਸ਼ਾਰਾ ਦੇ ਕੇ ਆਪਣੀ ਅਗੰਮੀ ਅੱਖ ਦਾ, ਨਿਜ ਨੇਤਰ ਦਏ ਖੁਲ੍ਹਾਈਆ । ਘਰ ਵਖਾਏ ਧੁਰ ਦਾ ਵਸਦਾ, ਜਿਥੇ ਬਿਨਾ ਸੂਰਜ ਚੰਦ ਹੋਵੇ ਰੁਸ਼ਨਾਈਆ । ਢੋਲਾ ਸੁਣਾਵੇ ਆਪਣੇ ਜਸ ਦਾ, ਨਾਮ ਨਿਧਾਨਾ ਗੀਤ ਅਲਾਈਆ । ਜੋ ਜੁਗ ਚੌਕੜੀ ਜਨ ਭਗਤਾਂ ਪੈਜ ਰਖਦਾ, ਨਿਤ ਨਵਿਤ ਆਪਣਾ ਵੇਸ ਵਟਾਈਆ । ਓਹ ਖੇਲ ਕਰੇ ਅਲੱਖਣਾ ਅਲੱਖ ਦਾ, ਅਲਖ ਅਗੋਚਰ ਸੱਚਾ ਸ਼ਹਿਨਸ਼ਾਹੀਆ । ਬ੍ਰਹਿਮੰਡ ਖੰਡ ਲੱਖ ਚੁਰਾਸੀ ਅੰਦਰ ਵਸਦਾ, ਨਿਰਗੁਣ ਸਰਗੁਣ ਜੋੜ ਜੁੜਾਈਆ । ਕੂੜਾ ਝਗੜਾ ਚੁਕਾਵੇ ਕਲਜੁਗ ਕੁੜਿਆਰੇ ਭੱਠ ਦਾ, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਹੁਕਮ ਨਾਲ ਬਦਲਾਈਆ । ਸਤਿਜੁਗ ਸੁਣ ਧੁਰ ਦੀ ਧਾਰ, ਧਰਮ ਤੇਰਾ ਇਕ ਦ੍ਰਿੜਾਈਆ । ਕਿਰਪਾ ਕਰੇ ਆਪ ਨਿਰੰਕਾਰ, ਨਿਰਗੁਣ ਨਿਰਵੈਰ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਹੁਕਮ ਸਦਾ ਜੁਗ ਚਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦੇ ਚਰਨ ਕਵਲ ਗੁਰ ਅਵਤਾਰ ਪੈਗ਼ੰਬਰ ਜਾਣ ਬਲਿਹਾਰ, ਨਿਉਂ ਨਿਉਂ ਸੀਸ ਝੁਕਾਈਆ । ਉਸ ਖੇਲ ਕਰਨਾ ਅਗੰਮ ਅਪਾਰ, ਅਲਖ ਅਗੋਚਰ ਦਏ ਵਰਤਾਈਆ । ਭਗਤਾਂ ਨਾਲ ਭਗਤਾਂ ਕਰ ਪਿਆਰ, ਨਾਤਾ ਜਗਤ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖ਼ੁਸ਼ੀ ਇਕ ਬਣਾਈਆ । ਧੁਰ ਦੀ ਖ਼ੁਸ਼ੀ ਦਿਸੇ ਖ਼ੁਸ਼ਹਾਲ, ਖ਼ੁਸ਼ਖ਼ਬਰੀ ਇਕ ਸੁਣਾਈਆ । ਭਗਤ ਭਗਵੰਤ ਬਣਾ ਕੇ ਸਾਚੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਪੁਛਣਹਾਰਾ ਮੁਰੀਦਾਂ ਹਾਲ, ਮੁਰਸ਼ਦ ਦਾਤਾ ਬੇਪਰਵਾਹੀਆ । ਪੂਰਬ ਜਨਮ ਦੀ ਲੇਖੇ ਪਾਏ ਘਾਲ, ਤ੍ਰੇਤਾ
੮੨ ੧੯ ਜੁਗ ਦਏ ਗਵਾਹੀਆ । ਬਾਲਮੀਕ ਜਿਸ ਦਾ ਲਿਖਿਆ ਅਹਿਵਾਲ, ਅੰਕ ਅੰਕ ਨਾਲ ਜੁੜਾਈਆ । ਵੇਲਾ ਵਕਤ ਪਹੁੰਚਿਆ ਆਣ, ਥਿਤ ਵਾਰ ੮੨ ੧੯
ਵੱਜੀ ਵਧਾਈਆ । ਅਗਲਾ ਲੇਖਾ ਜਾਣੇ ਸ੍ਰੀ ਭਗਵਾਨ, ਦੂਸਰ ਸਮਝ ਕਿਸੇ ਨਾ ਆਈਆ । ਜਿਸ ਦਾ ਅੱਖਰਾਂ ਤੋਂ ਬਾਹਰ ਬਿਆਨ, ਸਤਰਾਂ ਗਣਤ ਨਾ ਕੋਇ ਗਿਣਾਈਆ । ਜੋ ਗੁਪਤ ਜ਼ਾਹਰ ਦਾਤਾ ਰਾਮ, ਰਮਈਆ ਹਰ ਘਟ ਰਿਹਾ ਸਮਾਈਆ । ਆਤਮ ਸੇਜਾ ਕਰੇ ਬਿਸਰਾਮ, ਸੀਤਾ ਸੁਰਤ ਸਦ ਪਰਨਾਈਆ । ਜਿਸ ਨੂੰ ਕਰੇ ਬ੍ਰਹਮ ਪਰਨਾਮ, ਪਾਰਬ੍ਰਹਮ ਸ਼ਰਨਾਈਆ । ਜਿਸ ਦਾ ਮਿਲਣਾ ਮੁਸ਼ਕਲ ਨਾ ਅਸਾਨ, ਖੋਜਿਆਂ ਹੱਥ ਕਿਸੇ ਨਾ ਆਈਆ । ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਫਿਰਦਾ ਜਗਤ ਜਹਾਨ, ਸਮੁੰਦ ਸਾਗਰ ਤਾਰੀਆਂ ਲਾਈਆ । ਸੋ ਖੇਲ ਕਰੇ ਆਪ ਮਹਾਨ, ਮਹਿਬੂਬ ਮੁਹੱਬਤ ਵਿਚ ਆਪਣੀ ਤਾਰ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਜਣਾਈਆ । ਸਤਿਜੁਗ ਵੇਖ ਭਗਤ ਭਗਵਾਨ ਨਿਸ਼ਾਨ, ਨਿਸ਼ਾਨਾ ਇਕੋ ਦਿਆਂ ਜਣਾਈਆ । ਕੋਈ ਖੇਲ ਸਮਝੇ ਨਾ ਛੁਹਾਰਾ ਗਿਰੀ ਬਦਾਮ, ਬਦਨ ਤਤ ਭੇਦ ਨਾ ਕੋਇ ਦ੍ਰਿੜਾਈਆ । ਵਿਚੋਲਾ ਬਣ ਕੇ ਧੁਰ ਦਾ ਰਾਮ, ਰਮਈਆ ਆਪਣਾ ਖੇਲ ਖਿਲਾਈਆ । ਨਾਮ ਭੰਡਾਰਾ ਦੇ ਕੇ ਜਾਮ, ਜ਼ਾਮਨੀ ਆਪਣੀ ਇਕ ਸਮਝਾਈਆ । ਪੂਰਾ ਕਰ ਕੇ ਸ੍ਰਿਸ਼ਟੀ ਕਾਮ, ਕਾਮਨਾ ਸਭ ਦੀ ਵੇਖ ਵਖਾਈਆ । ਭਗਤ ਸੁਹੇਲੇ ਲੱਭੇ ਆਣ, ਜੁਗ ਵਿਛੜੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪੜਦਾ ਰਿਹਾ ਉਠਾਈਆ । ਸਤਿਜੁਗ ਪੜਦਾ ਲਾਹਵਾਂ ਓਹਲਾ, ਓੜਕ ਇਕੋ ਦਿਆਂ ਜਣਾਈਆ । ਤੇਰੀ ਧਾਰ ਪ੍ਰਭ ਨੇ ਭਗਤਾਂ ਅੰਦਰ ਬਣਨਾ ਵਿਚੋਲਾ, ਦੂਜਾ ਸੰਗ ਨਾ ਕੋਇ ਰਲਾਈਆ । ਸਤਿ

ਪ੍ਰੇਮ ਦਾ ਦੱਸ ਕੇ ਢੋਲਾ, ਢੋਲਕ ਛੈਣੇ ਤੋਂ ਦੇਣਾ ਛੁਡਾਈਆ । ਮਨ ਵਾਸਨਾ ਰਹੇ ਨਾ ਰੌਲਾ, ਮਨ ਕਾ ਮਣਕਾ ਦੇਣਾ ਭਵਾਈਆ । ਭਾਗ ਲਗਾ ਕੇ ਕਾਇਆ ਚੋਲਾ, ਚੋਲੀ ਆਪਣੀ ਦੇਣੀ ਪਹਿਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣ ਦੇ ਕੇ ਉਪਰ ਧਰਨੀ ਧੌਲਾ, ਧਰਨੀ ਧਰਤ ਧਵਲ ਵੇਖ ਵਖਾਈਆ । ਸਤਿਜੁਗ ਅਗੋਂ ਨਿਉਂ ਕੇ ਰਿਹਾ ਝੁਕ, ਕ਼ਦਮਾਂ ਸੀਸ ਨਿਵਾਈਆ । ਮੈਂ ਦਰ ਤੇਰੇ ਹੋਇਆ ਖ਼ੁਸ਼, ਆਪਣੀ ਖ਼ੁਸ਼ੀ ਵਖਾਈਆ । ਧੰਨ ਭਾਗ ਜੇ ਭਗਤ ਸੁਹੇਲੇ ਬਣਾਏ ਆਪਣੇ ਸੁੱਤ, ਪਤਿਪਰਮੇਸ਼ਵਰ ਗੋਦ ਉਠਾਈਆ । ਲੋਕਮਾਤ ਉਜਲ ਕਰੇ ਮੁਖ, ਦੁਰਮਤ ਮੈਲ ਧਵਾਈਆ । ਜਗਤ ਮੁਹੱਬਤ ਵਿਚੋਂ ਦੇਵੇ ਸੁਖ, ਕੂੜੀ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲਿਆ ਬਹਾਈਆ । ਸਤਿਜੁਗ ਕਹੇ ਮੇਰੇ ਮਾਲਕ ਦੁਨੀ ਦੀਨ, ਦਇਆਵਾਨ ਤੇਰੀ ਬੇਪਰਵਾਹੀਆ । ਤੇਰਾ ਮਾਰਗ ਸਦਾ ਮਹੀਨ, ਜਗਿਆਸੂ ਜਗ ਸਮਝ ਕਿਸੇ ਨਾ ਆਈਆ । ਰਾਹ ਤੱਕਦੇ ਗਏ ਲੋਕ ਤੀਨ, ਚੌਦਾਂ ਚੌਦਾਂ ਅੱਖ ਉਠਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰੀ ਸਮਾਜਾਂ ਵਿਚ ਹੋਈ ਤਕ਼ਸੀਮ, ਰਾਜਾਂ ਵਿਚ ਵੰਡ ਵੰਡਾਈਆ । ਆਤਮ ਪਰਮਾਤਮ ਹੋਇਆ ਨਾ ਕੋਇ ਅਧੀਨ, ਨਾਤਾ ਸਕੇ ਨਾ ਕੋਇ ਜੁੜਾਈਆ । ਕਲਮਿਆਂ ਵਿਚ ਕਹਿੰਦੇ ਰਹੇ ਆਮੀਨ, ਅਮਲ ਸਚ ਨਾ ਕੋਇ ਕਮਾਈਆ । ਝਗੜਾ ਰਿਹਾ ਉਤੇ ਜ਼ਮੀਨ, ਅਰਸ਼ ਫ਼ਰਸ਼ ਰਿਹਾ ਕੁਰਲਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਹੁਕਮੇ ਅੰਦਰ ਤੇਰੇ ਨਾਮ ਦੀ ਕਰਦੇ ਗਏ ਤਰਮੀਮ, ਨਿਤ ਨਵਿਤ ਨਾਦ ਵਜਾਈਆ । ਤੇਰਾ ਭੇਵ ਅਭੇਦਾ ਸ਼ਾਨ ਦਿਸਿਆ ਇਕ ਅਜ਼ੀਮ, ਅੱਲਾਤਾਅਲਾ ਇਕੋ ਨਜ਼ਰੀ ਆਈਆ । ਤੇਰਾ ਭਵਿਖਤਾਂ ਵਾਲਾ ਹੁਕਮ ਕ਼ਦੀਮ, ਕ਼ੁਦਰਤ ਕ਼ਾਦਰ ਦਏ ਵਖਾਈਆ । ਸੱਚਾ ਮਾਲਕ ਬਣ ਕਰੀਮ, ਕਰਮਾਂ ਤੋਂ ਲੈਣਾ ਛੁਡਾਈਆ । ਤੇਰਾ ਖੇਲ ਨਵਾਂ ਨਵੀਨ, ਸਤਿਜੁਗ ਸਾਚਾ ਵੇਖ ਵਖਾਈਆ । ਜਨ ਭਗਤ ਰਹੇ ਨਾ ਕੋਇ ਗ਼ਮਗੀਨ, ਗ਼ਮੀ ਖ਼ੁਸ਼ੀ ਵਿਚ ਬਦਲਾਈਆ । ਸ਼ਬਦੀ ਹੁਕਮ ਦੇ ਯਕੀਨ, ਭਰੋਸਾ ਇਕੋ ਦੇ ਵਖਾਈਆ । ਸਭ ਤੋਂ ਵੱਖਰੀ ਦੱਸ ਤਾਲੀਮ, ਤੁਲਬੇ ਆਪਣੇ ਲੈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਜੁਗ ਕਹੇ ਮੈਂ ਭਗਤਾਂ ਸੰਗ ਜੋੜਾਂ ਨਾਤਾ, ਨਾਤਵਾਂ ਕਲਜੁਗ ਰਹਿਣ ਨਾ ਪਾਈਆ । ਇਕੋ ਮਿਲੇ ਪੁਰਖ ਬਿਧਾਤਾ, ਬਿਧ ਅਵਰ ਨਾ ਕੋਇ ਰਖਾਈਆ । ਗੁਰਮੁਖਾਂ ਸੰਗ ਹੋਵੇ ਸਾਥਾ, ਨਾਤਾ ਸ੍ਰਿਸ਼ਟ ਕੂੜ ਤੁੜਾਈਆ । ਦੋਵੇਂ ਮਿਲ ਕੇ ਗੌਣ ਇਕੋ ਗਾਥਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਆਤਮ ਬ੍ਰਹਮ ਹੋਵੇ ਪਛਾਤਾ, ਭਾਂਡਾ ਭਰਮ ਭੌ ਭੰਨਾਈਆ । ਘਰ ਮੰਦਰ ਦਿਸੇ ਧੁਰ ਦਾ ਹਾਟਾ, ਚੌਦਾਂ ਲੋਕ ਡੇਰਾ ਢਾਹੀਆ । ਅਗਲੀ ਮੰਜ਼ਲ ਮੁਕੇ ਵਾਟਾ, ਪਾਂਧੀ ਪੰਧ ਨਾ ਕੋਇ ਵਖਾਈਆ । ਪਰਮ ਪੁਰਖ ਪਰਮਾਤਮ ਗੁਰਮੁਖਾਂ ਜੋੜੇ ਆਪਣਾ ਨਾਤਾ, ਸਾਕ ਸੱਜਣ ਇਕੋ ਲਏ ਬਣਾਈਆ । ਬੰਦ ਕਿਵਾੜੀ ਖੋਲ੍ਹ ਕੇ ਤਾਕਾ, ਪੜਦਾ ਉਹਲਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿਜੁਗ ਕਹੇ ਮੇਰੀ ਆਸਾ ਪੁੰਨੀ, ਪੂਰਨ ਬ੍ਰਹਮ ਦ੍ਰਿੜਾਇਆ । ਜਨ ਭਗਤਾਂ ਸਿਰ ਓਢਣ ਦੇ ਕੇ ਚੁੰਨੀ, ਚਰਨ ਕਵਲ ਜੋੜ ਜੁੜਾਇਆ । ਸੰਤ ਸੁਹੇਲੇ ਧੁਰ ਦੇ ਗੁਣ ਗੁਣੀ, ਗੁਣਵੰਤ ਵੇਖ ਵਖਾਇਆ । ਪੂਰਬ ਜਨਮ ਦੇ ਰਿਖੀ ਮੁਨੀ, ਮਨਸਾ ਆਪਣੀ ਨਾਲ ਤਰਾਇਆ । ਆਤਮ ਮੇਲੀ ਚਿਰੀ ਵਿਛੁੰਨੀ, ਵਿਛੋੜਾ ਪੰਧ ਗਵਾਇਆ । ਵਸੇਰਾ ਵਖਾਏ ਸਾਢੇ ਤਿੰਨ ਹੱਥ ਕਾਇਆ ਕੁੱਲੀ, ਕਾਇਆ ਕਾਅਬਾ ਇਕ ਸਮਝਾਇਆ । ਦੌਲਤ


੮੩
੧੯

ਦੇ ਨਾਮ ਅਨਮੁਲੀ, ਵਸਤ ਭੰਡਾਰਾ ਇਕ ਵਰਤਾਇਆ । ਪ੍ਰਭ ਆਪਣੀ ਪ੍ਰੀਤੀ ਜੁਗ ਚੌਕੜੀ ਕਦੇ ਨਾ ਭੁੱਲੀ, ਅਨਭੁਲ ਸਦ ਸਦ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਬੰਧਨ ਇਕੋ ਪਾਇਆ । ਸਾਚਾ ਬੰਧਨ ਤਨ ਸਰੀਰ, ਤਤਵ ਤਤ ਵਡਿਆਈਆ । ਪ੍ਰੇਮ ਪਿਆਰ ਹੱਕ ਜ਼ੰਜੀਰ, ਨਾ ਕੋਈ ਤੋੜ ਤੁੜਾਈਆ । ਗੁਰਮੁਖ ਗੁਰਮੁਖ ਕਦੇ ਨਾ ਹੋਵੇ ਦਿਲਗੀਰ, ਚਿੰਤਾ ਗ਼ਮ ਨੇੜ ਨਾ ਕੋਇ ਆਈਆ । ਅੰਮ੍ਰਿਤ ਠਾਂਡਾ ਬਖ਼ਸ਼ ਕੇ ਨੀਰ, ਨੀਰ ਰਸ ਨੇਤਰ ਦਏ ਵਖਾਈਆ । ਜਨਮ ਜਨਮ ਦਾ ਲਹਿਣਾ ਦੇਣਾ ਵੇਖ ਤਕਦੀਰ, ਤਦਬੀਰ ਆਪਣੀ ਜੋੜ ਜੁੜਾਈਆ । ਭਗਤ ਨਾਤਾ ਪਾਤਸ਼ਾਹ ਵਜ਼ੀਰ, ਜ਼ਮੀਰ ਅੰਦਰੋਂ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਆਪਣਾ ਹੱਥ ਰਖਾਈਆ ।

### ੨੬ ਪੋਹ ਸ਼ਹਿਨਸ਼ਾਹੀ ਸੰਗਤ ੧ ਹਰਿ ਭਗਤ ਦਵਾਰ ਜੇਠੂਵਾਲ

ਪੁਰਖ ਅਕਾਲ ਕਹੇ ਸਚ ਜੈਕਾਰੇ ਦੀ ਸੋਹਣੀ ਗੂੰਜ, ਸਚਖੰਡ ਵੱਜੇ ਵਧਾਈਆ । ਖ਼ੁਸ਼ੀਆਂ ਨਾਲ ਭਗਤਾਂ ਦੇ ਪ੍ਰੇਮ ਆਸੂ ਲਵਾਂ ਪੂੰਝ, ਨਾਮ ਰੁਮਾਲ ਹੱਥ ਉਠਾਈਆ । ਪਿਆਰ ਮੁਹੱਬਤ ਅੰਦਰ ਕਾਇਆ ਬਸਤੀ ਅੰਦਰੋਂ ਦੇਵਾਂ ਹੂੰਝ, ਮੁਹੱਬਤ ਵਿਚ ਕਰਾਂ ਸਫ਼ਾਈਆ । ਮਿਹਰਵਾਨ ਹੋ ਕੇ ਚੁਕਾਵਾਂ ਏਕਾ ਦੂਜ, ਦੁਤੀਆ ਭਾਉ ਨਾ ਕੋਇ ਵਖਾਈਆ । ਆਤਮ ਪਰਮਾਤਮ ਮਿਲਣ ਦੀ ਦੱਸਾਂ ਸੂਝ, ਪਾਰਬ੍ਰਹਮ ਬ੍ਰਹਮ ਪੜਦਾ ਆਪ ਉਠਾਈਆ । ਮੰਜ਼ਲ ਚੁਕਾਵਾਂ ਸਚ ਮਕਸੂਦ, ਮਹਿਫਲ ਆਪਣੀ ਦਿਆਂ ਵਖਾਈਆ । ਮਹੱਲ ਅਟਲ ਉਚ ਅਰੂਜ, ਅਰਸ਼ ਫ਼ਰਸ਼ ਇਕ ਮਨਾਈਆ । ਕੂੜੀ ਕਿਰਿਆ ਕਰ ਮੌਕੂਫ਼, ਮੁਕੰਮਲ ਆਪਣਾ ਰਾਹ ਸਮਝਾਈਆ । ਗੁਰਮੁਖ ਰਹੇ ਨਾ ਕੋਈ ਬੇਵਕੂਫ਼, ਬੇਵਾ ਜਗਤ ਨਾ ਕੋਇ ਅਖਵਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਸਬੂਤ, ਸੋ ਸਵਾਮੀ ਹੋ ਕੇ ਗੋਦ ਉਠਾਈਆ । ਆਦਿ ਜੁਗਾਦੀ ਬਣ ਕੇ ਇਕ ਮਹਿਬੂਬ, ਸਚ ਦਵਾਰਾ ਦਿਆਂ ਵਖਾਈਆ । ਹੋਏ ਪਰਕਾਸ਼ ਅਗੰਮੀ ਕੂਟ, ਚਾਰ ਕੁੰਟ ਨਾ ਕੋਇ ਜਣਾਈਆ । ਝਗੜਾ ਰਹੇ ਨਾ ਜੂਠ ਝੂਠ, ਸਤਿ ਸਚ ਇਕ ਸਮਝਾਈਆ । ਅੰਮ੍ਰਿਤ ਰਸ ਦੇ ਕੇ ਘੂਟ, ਨਿਝਰ ਝਿਰਨਾ ਦਿਆਂ ਝਿਰਾਈਆ । ਤਨ ਨਗਾਰੇ ਲਾ ਕੇ ਚੋਟ, ਸੋਈ ਸੁਰਤੀ ਦਿਆਂ ਉਠਾਈਆ । ਬੰਕ ਸੁਹਾ ਕੇ ਕਿਲਾ ਕੋਟ, ਕਾਇਆ ਗੜ੍ਹ ਵੱਜੇ ਵਧਾਈਆ । ਭਗਤ ਦਵਾਰੇ ਆਪੇ ਪਹੁੰਚ, ਪੈਂਡਾ ਸਭ ਦਾ ਦਿਆਂ ਮੁਕਾਈਆ । ਕੋਈ ਰਹਿਣ ਨਾ ਦੇਵਾਂ ਸੋਚ, ਸਮਝ ਆਪਣੀ ਵਿਚ ਸਮਾਈਆ । ਜਿਸ ਦੇ ਦਰਸ਼ਨ ਰਹੇ ਲੋਚ, ਸੋ ਲੋਚਣ ਆਪਣਾ ਰੰਗ ਚੜ੍ਹਾਈਆ । ਸਾਹਿਬ ਸਵਾਮੀ ਕਰ ਕੇ ਖੋਜ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਅਗੇ ਦਰਸ਼ਨ ਦੇਵੇ ਰੋਜ਼, ਘਰ ਘਰ ਆਪਣਾ ਪੜਦਾ ਲਾਹੀਆ । ਸਾਚੀ ਦੇ ਕੇ ਧੁਰ ਦੀ ਖੋਜ, ਮੌਜੂਦਾ ਹੋ ਕੇ ਵੇਖ ਵਖਾਈਆ । ਜਨਮ ਕਰਮ ਦਾ ਰਹਿਣ ਨਾ ਦੇਵੇ ਰੋਗ, ਪ੍ਰੇਮ ਪ੍ਰੀਤੀ ਇਕ ਬਣਾਈਆ । ਆਤਮ ਪਰਮਾਤਮ ਕਰ ਕੇ ਧੁਰ ਸੰਜੋਗ, ਵਿਛੜਿਆਂ ਮੇਲਾ ਲਏ ਕਰਾਈਆ । ਝਗੜਾ ਚੁਕਾ ਕੇ ਚੌਦਾਂ ਲੋਕ, ਚੌਦਾਂ ਤਬਕ ਚਰਨਾਂ ਹੇਠ ਦਬਾਈਆ । ਤਰਾਨਾ ਦੱਸ ਕੇ ਸਚ ਸਲੋਕ, ਸੋਹਲਾ ਇਕੋ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸ੍ਰੀ ਭਗਵਾਨ ਕਹੇ ਜੈਕਾਰਾ

ਸੁਣਿਆ ਸਚਖੰਡ, ਧਰਮ ਦਵਾਰ ਵੱਜੀ ਵਧਾਈਆ । ਖ਼ੁਸ਼ੀ ਹੋਏ ਕੋਟ ਬ੍ਰਹਿਮੰਡ, ਬ੍ਰਹਿਮਾਂਡ ਡੇਰਾ ਢਾਹੀਆ । ਗੁਰ ਅਵਤਾਰ ਪੈਗ਼ੰਬਰ ਸੁਣ ਕੇ ਛੰਦ, ਤਤ ਆਪਣੇ ਰਹੇ ਸਾਲਾਹੀਆ । ਵਿਸ਼ਨ ਬ੍ਰਹਮਾ ਸ਼ਿਵ ਹੋਏ ਅਨੰਦ, ਕਰੋੜ ਤੇਤੀਸਾ ਰਾਗ ਅਲਾਈਆ । ਨੱਚੇ ਟੱਪੇ ਰਵ ਸਸ ਸੂਰੀਆ ਚੰਦ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਭਗਤਾਂ ਫਰਕਣ ਅੰਗ ਅੰਗ, ਅੰਗਣ ਲਾਇਆ ਬੇਪਰਵਾਹੀਆ । ਰਸਨਾ ਬੋਲ ਨਾ ਸਕੇ ਬੱਤੀ ਦੰਦ, ਅੰਦਰੇ ਅੰਦਰ ਦਏ ਸਮਝਾਈਆ । ਪੰਜਾਂ ਮੇਟੇ ਕੂੜਾ ਜੰਗ, ਜਗਤ ਝੇੜਾ ਮਮਤਾ ਦਏ ਮਿਟਾਈਆ । ਜੁਗ ਜਨਮ ਦੀ ਟੁੱਟੀ ਲਏ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣੀ ਦਇਆ ਕਮਾਈਆ । ਗੁਪਤ ਜਾਹਰ ਰਹੇ ਸੰਗ, ਸਗਲਾ ਸੰਗ ਬਣਾਈਆ । ਭੇਵ ਚੁਕਾ ਕੇ ਹੰ ਬ੍ਰਹਮ, ਪਾਰਬ੍ਰਹਮ ਲਏ ਮਿਲਾਈਆ । ਜਨ ਭਗਤਾਂ ਸ੍ਰੀ ਭਗਵਾਨ ਦੇ ਗ੍ਰਿਹ ਪੈਣਾ ਜੰਮ, ਨਾਤਾ ਤੁੱਟਣਾ ਪਿਤਾ ਮਾਈਆ । ਕੂੜੀ ਕਰਿਆ ਨਾਤਾ ਛੁੱਟਣਾ ਜਗਤ ਕੰਮ, ਨਿਹਕਰਮੀ ਆਪਣਾ ਕਰਮ ਦਏ ਸਮਝਾਈਆ । ਝਗੜਾ ਰਹੇ ਨਾ ਵਾਸਨਾ ਮਨ, ਮੁਹੱਬਤ ਇਕੋ ਇਕ ਲਗਾਈਆ । ਨੇਤਰ ਰਹੇ ਕੋਈ ਨਾ ਅੰਨ੍ਹ, ਗਿਆਨ ਨੇਤਰ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਪੁਰਖ ਅਕਾਲ ਕਹੇ ਮੈਂ ਸੁਣੀ ਅੰਤਰ ਆਤਮ ਆਵਾਜ, ਜੋ ਢੋਲਾ ਅਗੰਮ ਸੁਣਾਈਆ । ਜਿਸ ਦੇ ਅੰਤਰ ਅਨੋਖਾ ਰਾਜ਼, ਚੌਦਾਂ ਵਿਦਿਆ ਨਾ ਕੋਇ ਸਮਝਾਈਆ । ਪ੍ਰੇਮ ਪ੍ਰੀਤੀ ਵਾਲੀ ਵੇਖੀ ਖ਼ਾਹਿਸ਼, ਆਸ਼ਾ ਨੂਰ ਇਲਾਹੀਆ । ਬਿਨ ਗੋਪੀ ਕਾਹਨ ਸੋਹਣੀ ਵੇਖੀ ਰਾਸ, ਮੰਡਲ ਮੰਡਪ ਨਜ਼ਰ ਕੋਇ ਨਾ ਆਈਆ । ਜਨ ਭਗਤ ਕਹਿਣ ਪ੍ਰਭ ਪਰਮ ਪੁਰਖ ਸਦ ਵਸਣਾ ਪਾਸ, ਤੇਰੀ ਨਾ ਹੋਏ ਜੁਦਾਈਆ । ਝਗੜਾ ਮੁਕੇ ਪ੍ਰਿਥਮੀ ਆਕਾਸ਼, ਪਰਕਾਸ਼ ਤੇਰਾ ਨੂਰ ਇਲਾਹੀਆ । ਕਾਇਆ ਮੰਦਰ ਅੰਦਰ ਕਰਨਾ ਵਾਸ, ਭੂਮਿਕਾ ਇਕੋ ਇਕ ਵਡਿਆਈਆ । ਬਾਲਕ ਸੇਵਕ ਤੇਰੇ ਦਾਸ, ਯਾਚਕ ਆਪਣੇ ਲੈਣੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪੁਰਖ ਅਕਾਲ ਕਹੇ ਜੈਕਾਰਾ ਕਹੇ ਮੇਰਾ ਜੈਕਾਰ, ਜੈ ਜੈਕਾਰ ਸਮਝ ਕਿਸੇ ਨਾ ਆਈਆ । ਮੈਂ ਵੇਖਦਾ ਰਿਹਾ ਸਦਾ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਮਾਤ ਹੰਢਾਈਆ । ਸੰਦੇਸ਼ੇ ਸੁਣਦਾ ਰਿਹਾ ਗੁਰੂ ਅਵਤਾਰ, ਪੈਗ਼ੰਬਰ ਕਲਮਾ ਨਾਲ ਖ਼ੁਦਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਵਿਚੋਂ ਸਮਝਦਾ ਰਿਹਾ ਵਿਚਾਰ, ਖਾਣੀ ਬਾਣੀ ਖੋਜ ਖੁਜਾਈਆ । ਰਿਸ਼ੀ ਮੁਨੀ ਸੰਤ ਫ਼ਕੀਰ ਸੂਫ਼ੀ ਤੇਰਾ ਕਰਦੇ ਗਏ ਇਸ਼ਾਰ, ਸ਼ਾਇਰ ਸ਼ਾਇਰਾਂ ਨਾਲ ਗਾਈਆ । ਭੇਵ ਅਭੇਦ ਖੁਲ੍ਹਿਆ ਆਦਿ ਅੰਤ ਨਾ ਕੋਇ ਨਿਰੰਕਾਰ, ਨਿਰਵੈਰ ਤੇਰੀ ਬੇਪਰਵਾਹੀਆ । ਕਿਰਪਾ ਕਰੀ ਅਗੰਮ ਅਪਾਰ, ਅਲਖ ਅਗੋਚਰ ਦਇਆ ਕਮਾਈਆ । ਕਲਜੁਗ ਅੰਤਮ ਖੇਲ ਅਪਾਰ, ਅਪਰੰਪਰ ਸਵਾਮੀ ਆਪ ਕਮਾਈਆ । ਲੋਕਮਾਤ ਲਏ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਿਸ ਨੂੰ ਸਮਝੇ ਨਾ ਕੋਇ ਸੰਸਾਰ, ਵਿਦਿਆਵਾਨ ਰਹੇ ਕੁਰਲਾਈਆ । ਭਗਤਾਂ ਉਤੇ ਹੋ ਕੇ ਮਿਹਰਵਾਨ, ਸੰਤ ਸੁਹੇਲੇ ਲਏ ਉਠਾਈਆ । ਸ਼ਬਦ ਅਗੰਮੀ ਦੇ ਕੇ ਦਾਨ, ਸਚ ਝੋਲੀ ਦਿਤੀ ਭਰਾਈਆ । ਸਚ ਦਵਾਰੇ ਸੱਦ ਮਹਿਮਾਨ, ਮਹਿਬੂਬ ਮੁਹੱਬਤ ਸੇਵ ਕਮਾਈਆ । ਪੂਰਬ ਜਨਮ ਦਾ ਲੇਖ ਮਹਾਨ, ਮਹਿੰਮਾ ਅਕਥ ਦ੍ਰਿੜਾਈਆ । ਬ੍ਰਹਿਮੰਡ ਖੰਡ ਹੋਏ ਹੈਰਾਨ, ਭੇਵ ਅਭੇਦ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਜੈਕਾਰਾ ਕਹੇ ਮੈਂ ਲੱਗਾ ਜਗ, ਜਗ ਜੀਵਣ ਦਾਤੇ ਦਿਤੀ ਵਡਿਆਈਆ । ਦੋ ਜਹਾਨਾਂ ਕਰ ਕੇ ਪਾਰ ਹੱਦ, ਹਦੂਦ ਇਕੋ ਵੇਖ ਵਖਾਈਆ । ਜਿਥੇ

ਢੋਲਾ ਨਾ ਕੋਈ ਗੀਤ ਸੱਦ, ਸਦਮਾ ਰੂਪ ਨਾ ਕੋਇ ਪਰਗਟਾਈਆ । ਨਾ ਕੋਈ ਸ਼ਬਦ ਨਾਦ ਧੁੰਨ ਨਦ, ਰਾਗੀ ਰਾਗ ਅਲਾਈਆ । ਨਾ ਕੋਈ ਮੁਰੀਦ ਮੁਰਸ਼ਦ ਕਰੇ ਹੱਜ, ਕ਼ਦਮਾਂ ਸੀਸ ਨਾ ਕੋਇ ਝੁਕਾਈਆ । ਨਾ ਕੋਈ ਤਾਲ ਨਗਾਰਾ ਰਿਹਾ ਵੱਜ, ਵੁਜ਼ੂ ਨਿਮਾਜ਼ ਨਾ ਕੋਇ ਪੜ੍ਹਾਈਆ । ਨਾ ਕੋਈ ਸੱਜਣ ਚੋਰ ਯਾਰ ਠੱਗ, ਠਗੌਰੀ ਮਨ ਨਾ ਕੋਇ ਰਖਾਈਆ । ਨਾ ਕੋਈ ਤ੍ਰੈਗੁਣ ਮਾਇਆ ਮਮਤਾ ਅੱਗ, ਤਤਵ ਤਤ ਨਾ ਕੋਇ ਸਮਝਾਈਆ । ਨਾ ਕੋਈ ਮੰਜ਼ਲ ਉਪਰ ਸ਼ਾਹਰਗ, ਨਵ ਨੌ ਨਾ ਕੋਇ ਜਣਾਈਆ । ਨਾ ਕੋਈ ਖ਼ੁਮਾਰੀ ਨਾ ਕੋਈ ਮਧ, ਜਾਮ ਪਿਆਲਾ ਹੱਥ ਫੜਾਈਆ । ਜਿਸ ਗ੍ਰਿਹਿ ਇਕੋ ਪੁਰਖ ਅਕਾਲ ਬਹੇ ਸਮਰਥ, ਦੂਜਾ ਨਜ਼ਰ ਕੋਇ ਨਾ ਆਈਆ । ਉਸ ਦਾ ਖੇਲ ਨਿਰਾਲਾ ਵੱਖ, ਵੱਖਰੀ ਧਾਰ ਨਾ ਕੋਇ ਸਮਝਾਈਆ । ਜਨ ਭਗਤਾਂ ਖੋਲ੍ਹ ਕੇ ਅੱਖ, ਆਪਣਾ ਦਰਸ ਰਿਹਾ ਕਰਾਈਆ । ਹਕੀਕ਼ਤ ਵਿਚੋਂ ਦੇ ਕੇ ਹੱਕ, ਝੋਲੀ ਸਭ ਦੀ ਰਿਹਾ ਭਰਾਈਆ । ਜੋ ਲਾਰੇ ਜੁਗ ਚੌਕੜੀ ਦੇਂਦਾ ਰਿਹਾ ਜਗ, ਦੋ ਜਹਾਨ ਸਮਝ ਕਿਸੇ ਨਾ ਆਈਆ । ਓਸ ਲਹਿਣਾ ਦੇਣਾ ਭਗਤਾਂ ਦੇਣਾ ਅੱਜ, ਆਜਿਜ਼ ਆਪਣੇ ਨਾਲ ਮਿਲਾਈਆ । ਮਿਹਰ ਨਜ਼ਰ ਨਾਲ ਜਨਮ ਕਰਮ ਦੀ ਕਿਰਿਆ ਦੇਣੀ ਦੱਬ, ਸਿਰ ਸਕੇ ਨਾ ਕੋਇ ਉਠਾਈਆ । ਹੁਕਮੇ ਅੰਦਰ ਕਰ ਕੇ ਬੰਦ, ਬੰਦਨਾ ਇਕੋ ਦੇਣੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਏ ਵਡਿਆਈਆ । ਜੈਕਾਰਾ ਕਹੇ ਮੈਂ ਸੁਣਿਆ ਹੋਰ ਜੈਕਾਰ, ਜੋ ਆਪਣੀ ਆਵਾਜ਼ ਸੁਣਾਈਆ । ਗੁਲਸ਼ਨ ਵਿਚ ਹਾਹਾਕਾਰ, ਡਾਲੀ ਡਾਲੀ ਦਏ ਦੁਹਾਈਆ । ਜਿਸ ਦੀ ਸੁਣੇ ਨਾ ਕੋਇ ਪੁਕਾਰ, ਬਨਾਸਪਤ ਸਮਝ ਕਿਸੇ ਨਾ ਆਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਸੰਸਾਰੀਆਂ ਨਾਲ ਖੇਲ ਰਚਾਈਆ । ਧੁਰ ਦਾ ਮਾਲਕ ਮਿਲਿਆ ਨਾ ਅਗੰਮੀ ਯਾਰ, ਜੋ ਯਾਰਾਨੇ ਤੋੜ ਨਿਭਾਈਆ । ਦੁੱਖੀਆਂ ਬਣਿਆ ਨਾ ਕੋਇ ਦਿਲਦਾਰ, ਦਿਲਬਰ ਹੋ ਨਾ ਗਲੇ ਲਗਾਈਆ । ਜੋ ਏਥੇ ਓਥੇ ਦੇਵੇ ਪੈਜ ਸਵਾਰ, ਸਿਰ ਆਪਣਾ ਹੱਥ ਟਿਕਾਈਆ । ਜਿਸ ਨੂੰ ਗੌਂਦੇ ਗਏ ਗੁਰੂ ਅਵਤਾਰ, ਪੈਗ਼ੰਬਰ ਸਿਫ਼ਤਾਂ ਨਾਲ ਸਾਲਾਹੀਆ । ਨਵ ਨੌ ਚਾਰ ਪਿਛੋਂ ਜਿਸ ਦੀ ਔਂਦੀ ਵਾਰ, ਵਾਰਤਾ ਵਿਚ ਨਾ ਕੋਇ ਲਿਖਾਈਆ । ਜਿਸ ਦਾ ਵੱਖਰਾ ਨਿਰਾਲਾ ਸਭ ਤੋਂ ਇਜ਼ਹਾਰ, ਵਿਵਹਾਰੀ ਆਪਣੀ ਕਾਰ ਕਮਾਈਆ । ਜਿਸ ਦੇ ਹੁਕਮੇ ਅੰਦਰ ਕਰੇ ਨਾ ਕੋਇ ਤਕਰਾਰ, ਤਕਰੀਰ ਤਹਿਰੀਰ ਨਾ ਕੋਇ ਸਮਝਾਈਆ । ਫ਼ਰਮਾਨ ਅੰਦਰ ਕਰੇ ਨਾ ਕੋਇ ਇਨਕਾਰ, ਸਿਰ ਅਗੇ ਨਾ ਕੋਇ ਉਠਾਈਆ । ਉਸ ਦਾ ਸੁਣ ਅਗੰਮੀ ਜੈਕਾਰ, ਚਾਰ ਕੁੰਟ ਵੱਜੀ ਵਧਾਈਆ । ਜਿਸ ਦੀ ਸਚ ਪ੍ਰੇਮ ਦੀ ਮਹਿਕੀ ਇਕ ਬਹਾਰ, ਅੰਦਰ ਬਾਹਰ ਖ਼ੁਸ਼ੀ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਜੈਕਾਰਾ ਕਹੇ ਮੈਂ ਸੁਣਿਆ ਇਕ ਇਸ਼ਾਰਾ, ਜੋ ਬਿਨ ਅੱਖਾਂ ਹੱਥਾਂ ਦਿਤਾ ਲਾਈਆ । ਨਜ਼ਰੀ ਆਇਆ ਭਗਤ ਦਵਾਰਾ, ਭਗਵਨ ਦਏ ਵਡਿਆਈਆ । ਜਿਸ ਦਾ ਸੰਮਤ ਚੜ੍ਹਿਆ ਵਿਚ ਸੰਸਾਰਾ, ਸਮਾਂ ਪਿਛਲਾ ਦਏ ਬਦਲਾਈਆ । ਸਚ ਨਾਮ ਵਜਾਏ ਨਗਾਰਾ, ਡੰਕਾ ਇਕੋ ਇਕ ਸੁਣਾਈਆ । ਜਿਸ ਨੇ ਗੋਬਿੰਦ ਸੁਤ ਕੀਤਾ ਪਿਆਰਾ, ਸ਼ਬਦੀ ਜੋੜ ਜੁੜਾਈਆ । ਉਸ ਦੀ ਖੇਲ ਵੇਖੀ ਗੁਲਜ਼ਾਰਾ, ਮਹਿਕ ਨੂਰ ਅਲਾਹੀਆ । ਉਸ ਦਾ ਵੱਖਰਾ ਹੋਣਾ ਵਿਹਾਰਾ, ਦੋ ਜਹਾਨ ਅੱਖ ਉਠਾਈਆ । ਜਿਸ ਦਾ ਮਾਰਗ ਆਤਮ ਪਰਮਾਤਮ ਇਕ ਨਿਆਰਾ, ਨਿਰਾਕਾਰ ਨਿਰਾਕਾਰ ਵਿਚ ਸਮਾਈਆ । ਉਸ ਗੋਬਿੰਦ ਦਾ ਪੂਰਬ ਲਹਿਣਾ ਦੇਣਾ ਦੇਣਾ ਉਧਾਰਾ, ਲੇਖਾ ਸਭ ਦਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਪੜਦਾ ਓਹਲਾ ਸਰਬ ਉਠਾਈਆ । ਜੈਕਾਰਾ ਕਹੇ ਮੈਨੂੰ ਖ਼ੁਸ਼ੀ ਹੋਈ ਜਗਤ, ਜਾਗਰਤ ਜੋਤ ਕਰੀ ਰੁਸ਼ਨਾਈਆ । ਮੈਂ ਅੰਦਰ ਵੜਿਆ ਗੁਰਮੁਖ
ਭਗਤ, ਦੂਸਰ ਸੰਗ ਨਾ ਕੋਇ ਰਲਾਈਆ । ਅੰਦਰ ਰਹੇ ਕੋਈ ਨਾ ਫ਼ਰਕ, ਅੰਦਰੋਂ ਫ਼ਾਸਲਾ ਦੇਣਾ ਮੁਕਾਈਆ । ਜਗਤ ਜਹਾਨ ਕਰ ਕੇ ਤਰਕ,
ਗੁਰਮੁਖ ਤੁਰਤ ਲੈਣੇ ਮਿਲਾਈਆ । ਗੋਬਿੰਦ ਨਾਲ ਜੋ ਲੱਗੀ ਸ਼ਰਤ, ਸੋ ਵੇਲਾ ਵਕ਼ਤ ਦਏ ਗਵਾਹੀਆ । ਸੋ ਅਗੰਮੀ ਧਾਰ ਆਇਆ ਪਰਤ,
ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਨੂੰ ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਗੁਰਮੁਖਾਂ ਉਤੇ ਕਰ ਕੇ
ਤਰਸ, ਸੰਤ ਸੁਹੇਲੇ ਨਾਲ ਜੁੜਾਈਆ । ਸਨਮੁਖ ਹੋ ਕੇ ਦੇਵੇ ਦਰਸ, ਦੀਦ ਈਦ ਚੰਦ ਰੁਸ਼ਨਾਈਆ । ਖੇਲ ਵਖਾਉਂਣਾ ਉਤੇ ਫ਼ਰਸ਼, ਅਰਸ਼
ਵੱਜੇ ਵਧਾਈਆ । ਜਨ ਭਗਤੋ ਤੁਹਾਡਾ ਸਭ ਤੋਂ ਵੱਖਰਾ ਚਰਚ, ਜਿਥੇ ਚਰਚਾ ਰਹੇ ਨਾ ਰਾਈਆ । ਜਿਥੇ ਪੈਸਾ ਧੇਲਾ ਨਾ ਕੋਇ ਖਰਚ, ਨਾ
ਕੋਈ ਕਰਨੀ ਪਏ ਪੜ੍ਹਾਈਆ । ਨਾ ਕੋਈ ਆਸਾ ਮਨਸਾ ਹਰਸ, ਹਵਸ ਪਿਛਲੀ ਦਏ ਮਿਟਾਈਆ । ਨਾ ਕੋਈ ਪੂਜਾ ਪਾਠ ਖਾਣੀ ਬਾਣੀ ਵਾਲਾ
ਦੇਣਾ ਪਏ ਕ਼ਰਜ਼, ਮਕ਼ਰੂਜ਼ ਰੂਪ ਨਾ ਕੋਇ ਬਣਾਈਆ । ਸਾਚਾ ਖੇਲ ਦਸਣਾ ਅਸਚਰਜ, ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਵੇਖ ਖ਼ੁਸ਼ੀ ਮਨਾਈਆ ।
ਤੁਹਾਡੇ ਵਿਛੋੜੇ ਦੀ ਦੂਰ ਕਰਨ ਆਇਆ ਦਰਦ, ਦਰਦੀਆਂ ਦਰਦ ਵੰਡਾਈਆ । ਤੁਹਾਡੇ ਪਿਛੇ ਇਕ ਫੁੱਲ ਗੁਲਾਬ ਕੀਤਾ ਅਰਜ਼, ਆਰਜ਼ੂ ਸਭ
ਦੀ ਲੇਖੇ ਪਾਈਆ । ਜੋਧੇ ਸੂਰਬੀਰ ਬਣਾਏ ਮਰਦਾਨੇ ਮਰਦ, ਮਦਦ ਆਪਣੀ ਨਾਲ ਤਰਾਈਆ । ਨਾਮ ਖੰਡਾ ਤੁਹਾਡੇ ਅੰਦਰ ਫੇਰ ਕੇ ਛੁਰੀ ਕਰਦ,
ਕੂੜੀ ਕਿਰਿਆ ਬਾਹਰ ਕਢਾਈਆ । ਬੇਸ਼ਕ ਛੱਬੀ ਪੋਹ ਮਹੀਨਾ ਸਰਦ, ਸਦੀਆਂ ਦੇ ਵਿਛੜੇ ਮੇਲ ਮਿਲਾਈਆ । ਤੁਹਾਡੀ ਪੁੱਠੀ ਕਰ ਨਰਦ,
ਨਾਰਦ ਤੁਹਾਡਾ ਦਰਸ ਕਰ ਕਰ ਖ਼ੁਸ਼ੀ ਮਨਾਈਆ । ਅੱਜ ਪੂਰੀ ਕਰਨੀ ਲਿਖਤ ਪੜ੍ਹਤ, ਗੁਰ ਅਵਤਾਰ ਪੈਗ਼ੰਬਰ ਗਵਾਹ ਦੇਣੇ ਭੁਗਤਾਈਆ ।
ਤੁਹਾਡਾ ਲਹਿਣਾ ਦੇਣਾ ਤੁਸਾਂ ਲੈਣਾ ਨਿਧੜਕ, ਮਿੰਨਤਾ ਤਰਲੇ ਕੱਢਣ ਦੀ ਲੋੜ ਰਹੇ ਨਾ ਰਾਈਆ । ਸਿਧੇ ਮਾਰਗ ਪਾ ਕੇ ਆਪਣੀ ਸੜਕ, ਪਗਡੰਡੀਆਂ
ਤੋਂ ਪਰੇ ਦਏ ਕਰਾਈਆ । ਜਿਥੇ ਕੋਈ ਨਾ ਹੋਵੇ ਅਟਕ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਜਨ ਭਗਤੋ ਤੁਸਾਂ ਫੇਰ ਨਹੀਂ ਆਉਣਾ ਪਰਤ,
ਮਾਤ ਗਰਭ ਅਗਨੀ ਤਤ ਨਾ ਕੋਇ ਜਲਾਈਆ । ਇਕੋ ਵਾਰ ਤੁਹਾਡੇ ਕੂੜ ਕੁੜਿਆਰ ਕਰਮ ਦੇਣੇ ਵਰਜ, ਅਗਨੀ ਦੇਣੀ ਬੁਝਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਪਣਾ ਇਕ ਦਰਸਾਈਆ । ਜੈਕਾਰਾ ਕਹੇ ਮੈਂ ਸੁਣੀ ਆਵਾਜ ਫੁੱਲ, ਜੋ ਫੁਲ ਫੁਲ ਖ਼ੁਸ਼ੀ
ਮਨਾਈਆ । ਧੰਨ ਵਡਿਆਈ ਮੈਂ ਵੇਖੀ ਭਗਤਾਂ ਕੁੱਲ, ਕੁਲਵੰਤ ਦਇਆ ਕਮਾਈਆ । ਜਿਥੇ ਕ਼ੀਮਤ ਪੈਣਾ ਮੁੱਲ, ਅਮੁੱਲ ਦਏ ਸਰਨਾਈਆ ।
ਜੁਗ ਚੌਕੜੀ ਜਗਤ ਰਿਹਾ ਰੁਲ, ਖ਼ਾਕੀ ਖ਼ਾਕ ਵਿਚ ਮਿਲਾਈਆ । ਅੱਜ ਇਕੋ ਮਾਲਕ ਮਿਲਣਾ ਸੁਲਹਕੁਲ, ਸੁਲਤਾਨ ਸ਼ਾਹ ਪੀਰ ਖ਼ੁਦਾਈਆ ।
ਜੋ ਆਦਿ ਜੁਗਾਦਿ ਸਦਾ ਅਨਭੁਲ, ਭੁਲਿਆਂ ਮਾਰਗ ਰਿਹਾ ਵਖਾਈਆ । ਜਿਸ ਦਾ ਦਵਾਰਾ ਗਿਆ ਖੁੱਲ੍ਹ, ਖ਼ਾਲਕ ਖ਼ਲਕ ਆਪਣਾ ਨਾਮ ਦ੍ਰਿੜਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਫੁੱਲ ਕਹੇ ਬੇਸ਼ਕ ਮੇਰੀ ਸਾਰੇ ਲੈਂਦੇ ਸੁਗੰਧੀ, ਸੁਗੰਦ
ਖਾ ਕੇ ਦਿਆਂ ਸੁਣਾਈਆ । ਮੈਨੂੰ ਤੋੜ ਕੇ ਨਾਲੋਂ ਡੰਡੀ, ਡੰਡੀਆਂ ਉਤੇ ਲੈਣ ਉਠਾਈਆ । ਸਭ ਤੋਂ ਜ਼ਿਆਦਾ ਸ਼ਿੰਗਾਰ ਕਰੇ ਦੁਹਾਗਣ ਰੰਡੀ, ਰੂਪ
ਅਨੂਪ ਬਦਲਾਈਆ । ਸ਼ੀਸ਼ਾ ਫੜ ਕੇ ਕੰਘੀ, ਪੱਟੀ ਲਏ ਬਣਾਈਆ । ਮੇਰੇ ਕੋਲੋਂ ਕਦੇ ਨਾ ਸੰਗੀ, ਕੂੜੀ ਕਿਰਿਆ ਵਿਚ ਸਮਾਈਆ । ਜਗਤ

੮੭
੧੯

ਨੇਤਰ ਹੋ ਕੇ ਅੰਧੀ, ਵਿਸ਼ਿਆਂ ਵਹਿਣ ਵਗਾਈਆ । ਚਾਰ ਜੁਗ ਮੈਨੂੰ ਲੱਭਿਆ ਕੋਇ ਨਾ ਸੰਗੀ, ਮੈਂ ਰੋ ਰੋ ਦਿਤੀ ਦੁਹਾਈਆ । ਜਿਸ ਵੇਲੇ ਗੋਬਿੰਦ ਗਿਆ ਗੋਦਾਵਰੀ ਕੰਢੀ, ਗੋਦੀ ਵਾਲਾ ਫੇਰਾ ਗਿਆ ਪਾਈਆ । ਓਹਦੀ ਸੱਜੇ ਹੱਥ ਦੀ ਉਂਗਲੀ ਮੈਨੂੰ ਲੱਗੀ, ਸਹਿਜ ਨਾਲ ਦਿਤੀ ਛੁਹਾਈਆ । ਮੇਰੀ ਪਿਛਲੀ ਕੱਟੀ ਗਈ ਤੰਗੀ, ਅਗੇ ਵੱਜੀ ਵਧਾਈਆ । ਦੋਏ ਜੋੜ ਇਕੋ ਮੰਗ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੀ ਹਾਲਤ ਵੇਖੇ ਮੰਦੀ, ਮੰਦਭਾਗ ਦਿਤੀ ਸੁਣਾਈਆ । ਮੇਰੀ ਕ਼ੀਮਤ ਪਏ ਨਾ ਕੋਇ ਵਿਚ ਵਰਭੰਡੀ, ਬ੍ਰਹਿਮੰਡ ਨਾ ਕੋਇ ਸ਼ਨਵਾਈਆ । ਮੈਨੂੰ ਕਰੀਰ ਅਤੇ ਜੰਡੀ, ਇੱਟਾਂ ਪੱਥਰਾਂ ਉਤੇ ਸੁਟਾਈਆ । ਮੇਰਾ ਸ਼ਿੰਗਾਰ ਕਰਦੇ ਕੂੜ ਪਾਖੰਡੀ, ਜਗਤ ਵਿਕਾਰੀ ਤਨ ਛੁਹਾਈਆ । ਹੇ ਪ੍ਰਭੂ ਮੇਰੇ ਉਤੇ ਲਾ ਇਕ ਪਾਬੰਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੋਬਿੰਦ ਕਿਹਾ ਸੁਣ ਮੇਰੇ ਨੰਨ੍ਹੇ ਬੱਚੇ, ਸਚ ਦਿਆਂ ਸੁਣਾਈਆ । ਤੇਰੇ ਪਤ ਡਾਲ੍ਹੀ ਪੰਖੜੀਆਂ ਵਾਲੇ ਪੱਤੇ ਕੱਚੇ, ਸੱਚਾ ਰੂਪ ਨਾ ਕੋਇ ਜਣਾਈਆ । ਜਗਤ ਵਿਕਾਰੀ ਤੈਨੂੰ ਲੱਗਦੇ ਅੱਛੇ, ਕੂੜਿਆਂ ਚ ਸੋਭਾ ਪਾਈਆ । ਮਾਛੂਆੜੇ ਤੈਨੂੰ ਕਿਸੇ ਨਾ ਦਿਤੇ ਪਤੇ, ਜਿਸ ਵੇਲੇ ਸੂਲਾਂ ਸੇਜ ਹੰਢਾਈਆ । ਘਾਸ ਫੂਸ ਤਿਲਕੇ ਬਣ ਗਏ ਇਕ ਦੂਜੇ ਦੇ ਸਕੇ, ਨਾਤਾ ਆਪਣੇ ਨਾਲ ਬੰਧਾਈਆ । ਗੋਬਿੰਦ ਉਨ੍ਹਾਂ ਦੀ ਪਤ ਰਖੇ, ਜੋ ਅੰਤਰ ਆਤਮ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਇਕ ਰਖਾਈਆ । ਫੁੱਲ ਕਹੇ ਮੇਰੀ ਇਕ ਅਰਜੋਈ, ਨਮਸਤੇ ਕਹਿ ਜਣਾਈਆ । ਮੈਨੂੰ ਜਗ ਮਿਲੇ ਨਾ ਕੋਈ ਢੋਈ, ਢੋਆ ਲੈ ਦੇ ਕੇ ਖ਼ੁਸ਼ੀ ਬਣਾਈਆ । ਮੇਰੀ ਕ਼ਿਸਮਤ ਜਾਗੀ ਸੋਈ, ਸਿੱਧਾ ਗੋਬਿੰਦ ਦਰਸ਼ਨ ਪਾਈਆ । ਜੇ ਮੈਨੂੰ ਤੋੜਦਾ ਹੋਰ ਕੋਈ, ਕਲਮਾ ਕਲਾਮ ਨਾ ਕੋਇ ਸੁਣਾਈਆ । ਮੇਰੀ ਆਸ਼ਾ ਅੰਦਰੋਂ ਰੋਈ, ਤ੍ਰਿਸ਼ਨਾ ਦਏ ਦੁਹਾਈਆ । ਮੇਰੀ ਡੰਡੀ ਪਖੰਡੀ ਮੋਈ, ਗੁਲਸ਼ਨ ਵਿਚੋਂ ਹੋਈ ਜੁਦਾਈਆ । ਇਕੋ ਤੇਰੇ ਨਾਮ ਦੀ ਦਰੋਹੀ, ਦੋਹਰਾ ਆਪਣਾ ਦੇ ਸਮਝਾਈਆ । ਮੇਰੀ ਮਹਿਕ ਤੇਰੀ ਦਰਦਣ ਹੋਈ, ਦੂਜਾ ਦਰਦ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਿਹਾ ਸੁਣ ਗੁਲਾਲ, ਭੇਵ ਦਿਆਂ ਸੁਣਾਈਆ । ਤੂੰ ਵੇਖ ਆਪਣਾ ਜਲਵਾ ਹੋਇਉਂ ਹਲਾਲ, ਸਿਰ ਕ਼ਲਮ ਦਿਤਾ ਕਰਾਈਆ । ਅਗੇ ਲੱਭਣਾ ਪਏ ਦਲਾਲ, ਵਿਚੋਲਾ ਬੇਪਰਵਾਹੀਆ । ਜੋ ਤੇਰੀ ਕਰੇ ਸੰਭਾਲ, ਜਗਤ ਚੋਂ ਲਏ ਛੁਡਾਈਆ । ਸਚ ਦਵਾਰਾ ਵਖਾ ਕੇ ਧਰਮਸਾਲ, ਧੁਰ ਦਾ ਨਾਤਾ ਲਏ ਬੰਨ੍ਹਾਈਆ । ਤੇਰੀ ਲੇਖੇ ਲਾਵੇ ਘਾਲ, ਸੇਵਾ ਸਹਿਜ ਸਮਝਾਈਆ । ਫੇਰ ਬੱਝਣਾ ਨਾ ਪਏ ਵਿਚ ਕਿਸੇ ਰੁਮਾਲ, ਉਂਗਲਾਂ ਗੰਢ ਨਾ ਕੋਇ ਪਵਾਈਆ । ਇਕੋ ਲੇਖਾ ਹੋਵੇ ਬਿਰਧ ਬਾਲ, ਜੋਬਨਵੰਤਾ ਦਏ ਬਣਾਈਆ । ਜਗਤ ਕਿਰਿਆ ਵਿਚੋਂ ਕਰ ਬਹਾਲ, ਕਲਜੁਗ ਕੂੜੀ ਕਿਰਿਆ ਦਏ ਗਵਾਈਆ । ਸਾਚਾ ਮੰਤਰ ਦਏ ਸਖਾਲ, ਇਕੋ ਕਰੇ ਪੜ੍ਹਾਈਆ । ਚਾਰ ਜੁਗ ਦਾ ਦੱਸ ਅਹਿਵਾਲ, ਤੇਰਾ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਫੁੱਲ ਕਹੇ ਮੇਰਾ ਇਕ ਸਹਾਰਾ, ਸਾਹਿਬ ਤੇਰੀ ਸ਼ਰਨਾਈਆ । ਦਰ ਦਵਾਰ ਮਿਲਿਆ ਧੁਰ ਕਿਨਾਰਾ, ਦੂਜੀ ਆਸਾ ਦਿਤੀ ਮਿਟਾਈਆ । ਤੂੰ ਗੋਬਿੰਦ ਕਰ ਕੇ ਸਚ ਇਸ਼ਾਰਾ, ਸ਼ਬਦੀ ਰਮਜ਼ ਲਗਾਈਆ । ਜਿਸ ਵੇਲੇ ਮੈਂ ਆਵਾਂ ਦੂਜੀ ਵਾਰਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਪੁਰਖ ਅਕਾਲ ਸਾਥ ਪਿਤਾ ਹੋਵੇ ਹਮਾਰਾ, ਜਿਸ ਨੂੰ ਵੇਖੇ ਨਾ ਕੋਇ ਲੋਕਾਈਆ । ਉਸ ਦਾ ਬਣਨਾ ਇਕ ਦਵਾਰਾ,

ਭਗਤਨ ਆਪਣਾ ਰੰਗ ਚੜ੍ਹਾਈਆ । ਜਿਸ ਦਾ ਸੰਮਤ ਸ਼ਹਿਨਸ਼ਾਹੀ ਚਲਣਾ ਵਿਚ ਸੰਸਾਰਾ, ਸ਼ਾਹ ਪਾਤਸ਼ਾਹ ਖ਼ਾਕ ਮਿਲਾਈਆ । ਜਨ ਭਗਤਾਂ ਦਏ ਅਧਾਰਾ, ਅੰਤਰ ਆਤਮ ਪੜਦਾ ਲਾਹੀਆ । ਤੇਰਾ ਨਾਤਾ ਜੋੜੇ ਆਪ ਕਰਤਾਰਾ, ਕ਼ੁਦਰਤ ਕ਼ਾਦਰ ਵੇਖ ਵਖਾਈਆ । ਤੇਰੀ ਗੁਲਸ਼ਨ ਸਚ ਬਹਾਰਾ, ਸਚ ਦਵਾਰੇ ਦਏ ਲਗਾਈਆ । ਜਿਥੇ ਇਕੋ ਨਾਮ ਇਕੋ ਰਾਮ ਇਕੋ ਸ਼ਬਦ ਇਕੋ ਸਚ ਜੈਕਾਰਾ, ਹੱਕ ਹਕ਼ੀਕ਼ਤ ਇਕੋ ਇਕ ਵਖਾਈਆ । ਇਕੋ ਮੰਦਰ ਇਕੋ ਮੱਠ ਇਕੋ ਸ਼ਿਵਦਵਾਲਾ ਇਕੋ ਗੁਰੂਦਵਾਰਾ, ਦੂਜੀ ਵੰਡ ਨਾ ਕੋਇ ਵੰਡਾਈਆ । ਇਕੋ ਨਾਰ ਇਕੋ ਕੰਤ ਭਤਾਰਾ, ਅਵਰ ਸੇਜ ਨਾ ਕੋਇ ਹੰਢਾਈਆ । ਇਕੋ ਸਾਜਨ ਇਕੋ ਮੀਤ ਮੁਰਾਰਾ, ਸ਼ੱਤਰੂ ਰੂਪ ਨਾ ਕੋਇ ਵਖਾਈਆ । ਇਕੋ ਹੁਕਮ ਸੱਚੀ ਸਰਕਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਇਕੋ ਦਰ ਇਕ ਦਰਬਾਰਾ, ਦਰੇ ਦਰਬਾਰ ਇਕੋ ਸੋਭਾ ਪਾਈਆ । ਇਕੋ ਸ਼ਾਹ ਇਕੋ ਸਿਕਦਾਰਾ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਇਕੋ ਨਰ ਨਰਾਇਣ ਲਏ ਅਵਤਾਰਾ, ਕਲ ਕਲਕੀ ਵੇਸ ਵਟਾਈਆ । ਜਿਸ ਨੂੰ ਗਾਉਂਦੇ ਸਦਾ ਜੁਗ ਚਾਰਾ, ਆਦਿ ਜੁਗਾਦਿ ਵੱਜੇ ਵਧਾਈਆ । ਜਿਸ ਦਾ ਲੇਖਾ ਸਭ ਤੋਂ ਬਾਹਰਾ, ਸ਼ਾਸਤਰ ਸਿਮਰਤ ਸਮਝ ਕਿਸੇ ਨਾ ਆਈਆ । ਸੋ ਖੇਲ ਕਰੇ ਅਪਰੰਪਰ ਅਪਰ ਅਪਾਰਾ, ਭੇਵ ਅਭੇਦਾ ਆਪਣੇ ਹੱਥ ਵਖਾਈਆ । ਜਨ ਭਗਤਾਂ ਦੇਵੇ ਆਪ ਅਧਾਰਾ, ਦੂਜੀ ਓਟ ਨਾ ਕੋਇ ਸਮਝਾਈਆ । ਪੋਹ ਛੱਬੀ ਕਰੇ ਵਿਹਾਰਾ, ਸੰਮਤ ਸਮੇਂ ਨਾਲ ਬਦਲਾਈਆ । ਜਨ ਭਗਤਾਂ ਤੱਕਣਾ ਤੇਰਾ ਨਜ਼ਾਰਾ, ਨਜ਼ਰ ਅੱਖ ਨਜ਼ਰੀਆ ਇਕ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਲੇਖ ਬਣਾਈਆ । ਫੁੱਲ ਕਹੇ ਮੈਂ ਹੋਇਆ ਖ਼ੁਸ਼ਹਾਲ, ਬੰਦਨਾ ਸੀਸ ਨਿਵਾਈਆ । ਤੂੰ ਬਣਿਆ ਰਹਿਣਾ ਦਿਆਲ, ਦੀਨਾਂ ਹੋਏਂ ਸਹਾਈਆ । ਵੇਲਾ ਵਕਤ ਲੈਣਾ ਸੰਭਾਲ, ਅਭੁੱਲ ਤੇਰੀ ਵਡਿਆਈਆ । ਮੈਂ ਵੇਖਾਂ ਓਹ ਸੱਚੀ ਧਰਮਸਾਲ, ਜਿਥੇ ਭਗਤ ਸੁਹੇਲੇ ਸੋਭਾ ਪਾਈਆ । ਸ੍ਰੀ ਭਗਵਾਨ ਹੋਵੇ ਤੇਰੇ ਨਾਲ, ਜੋਤ ਸ਼ਬਦ ਵੱਜੇ ਵਧਾਈਆ । ਇਕੋ ਨਾਮ ਤਾਲ ਕੋਇ ਨਾ ਹੋਏ ਬੇਤਾਲ, ਦੂਜਾ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਫੁੱਲ ਕਹੇ ਮੈਂ ਰੱਖਾਂ ਤੇਰੀ ਉਡੀਕ, ਆਸਾ ਵਿਚ ਲੰਘਾਈਆ । ਸਚ ਦੱਸ ਤਾਰੀਖ, ਤਾਰੀਕ ਦੇ ਮਿਟਾਈਆ । ਸਚ ਦੱਸ ਹਦੀਸ, ਕਲਮਾ ਕੀ ਪੜ੍ਹਾਈਆ । ਮਿੱਤਰ ਬਣ ਰਫ਼ੀਕ਼, ਫ਼ਰੀਕ ਨਾ ਹੋਏ ਜੁਦਾਈਆ । ਹੱਕ ਹੋਵੇ ਤੌਫ਼ੀਕ਼, ਤੁਆਰਫ਼ ਸਮਝੇ ਨਾ ਕੋਇ ਲੋਕਾਈਆ । ਮੈਨੂੰ ਹੋਵੇ ਉਮੀਦ, ਅੰਦਰ ਵੱਜੇ ਵਧਾਈਆ । ਸਾਚੇ ਭਗਤਾਂ ਕਰਾਂ ਦੀਦ, ਦਰੇ ਦਰਬਾਰ ਦਰਸ਼ਨ ਪਾਈਆ । ਬਿਨ ਅੱਖਰਾਂ ਕਟ ਕੇ ਦੇ ਰਸੀਦ, ਦਰ ਠਾਂਡੇ ਮੰਗ ਮੰਗਾਈਆ । ਗੋਬਿੰਦ ਅਗੋਂ ਕਰੇ ਤਾਕੀਦ, ਸਹਿਜ ਨਾਲ ਸਮਝਾਈਆ । ਮੇਰੀ ਮੇਟੇ ਨਾ ਕੋਇ ਵਸੀਅਤ, ਲੇਖਾ ਰਿਹਾ ਬਿਨ ਕ਼ਲਮ ਸ਼ਾਹੀਆ । ਤੂੰ ਮੇਰੀ ਮੰਨਣੀ ਇਕ ਨਸੀਅਤ, ਸਹਿਜੇ ਦਿਆਂ ਸਮਝਾਈਆ । ਭਗਤਾਂ ਵਿਚ ਤੇਰੇ ਪਿਆਰ ਦੀ ਰਖਾਂ ਅਹਿਮੀਅਤ, ਆਮਦ ਆਪਣੇ ਨਾਲ ਜਣਾਈਆ । ਸੰਮਤ ਸ਼ਹਿਨਸ਼ਾਹੀ ਇਕ ਛੱਬੀ ਪੋਹ ਸਭ ਦੀ ਖ਼ੁਸ਼ੀ ਕਰਾਂ ਤਬੀਅਤ, ਅੰਦਰੋਂ ਤਬਅ ਦਿਆਂ ਬਦਲਾਈਆ । ਪੜਦਾ ਖੋਲ੍ਹ ਸਰਬ ਅਸਲੀਅਤ, ਅਸਲ ਵਸਲ ਦਿਆਂ ਕਰਾਈਆ । ਜਨ ਭਗਤਾਂ ਦੇ ਹੱਥ ਫੜਾਵਾਂ ਅਗਲੀ ਪਿਛਲੀ ਮਲਕੀਅਤ, ਮਲਕਲਮੌਤ ਤੋਂ ਦਿਆਂ ਛੁਡਾਈਆ । ਸਭ ਦੀ ਇਕੋ ਬਣਾ ਕੇ ਵਲਦੀਅਤ, ਵਲਦ ਵਾਲਦਾ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦਏ ਉਠਾਈਆ । ਫੁੱਲ ਕਹੇ ਮੇਰਾ

ਕਿਸ ਬਿਧ ਜੁੜਨਾ ਨਾਤਾ, ਭਗਤਾਂ ਨਾਲ ਕੁੜਮਾਈਆ । ਗੋਬਿੰਦ ਕਿਹਾ ਇਹ ਮੇਰਾ ਜੁਗ ਚੌਕੜੀ ਸਾਕਾ, ਪੁਛਣ ਦੀ ਲੋੜ ਰਹੇ ਨਾ ਰਾਈਆ । ਨਿਤ ਨਵਿਤ ਮੇਲਣ ਦੀ ਮੈਨੂੰ ਬਹੁਤੀ ਜਾਚਾ, ਜਾਚਕ ਆਪਣੇ ਨਾਲ ਮਿਲਾਈਆ । ਜਿਨ੍ਹਾਂ ਮੇਰਾ ਮੰਨਿਆ ਆਖਾ, ਆਖ਼ਰ ਪੁਰਖ ਅਕਾਲ ਵਿਚ ਸਮਾਈਆ । ਮੈਂ ਸੰਮਤ ਸ਼ਹਿਨਸ਼ਾਹੀ ਖੋਲ੍ਹਣਾ ਤਾਕਾ, ਤਕਦੀਰ ਸਭ ਦੀ ਦੇਣੀ ਬਦਲਾਈਆ । ਜਨ ਭਗਤਾਂ ਇਕੋ ਮਾਲਕ ਦੱਸ ਕੇ ਆਕ਼ਾ, ਅਕਲਾਂ ਵਾਲੇ ਦੇਣੇ ਭੁਲਾਈਆ । ਜਿਨ੍ਹਾਂ ਦੇ ਅੰਦਰ ਆਪਣੇ ਪ੍ਰੇਮ ਦਾ ਖਿਚ ਕੇ ਖ਼ਾਕਾ, ਖ਼ਾਕ ਵਿਚੋਂ ਬਾਹਰ ਕਢਾਈਆ । ਉਹਨਾਂ ਦੇ ਲੇਖੇ ਲਾਉਣੀ ਇਕੋ ਰਾਤਾ, ਨੌ ਸੌ ਚੁਰਾਨਵੇਂ ਚੌਕੜੀ ਜੁਗ ਜੁਗ ਲਹਿਣਾ ਬਹੁਤਾ ਝੋਲੀ ਪਾਈਆ । ਪਿਛੋਂ ਚਾਰ ਜੁਗ ਕਰਦਾ ਰਹੇ ਜਗਤ ਬਾਤਾ, ਵਾਤਾਵਰਨ ਨਾ ਕੋਇ ਬਦਲਾਈਆ । ਗੁਰ ਅਵਤਾਰ ਪੈਗ਼ੰਬਰਾਂ ਵੇਖਣ ਆਉਣਾ ਪੂਰੀਆਂ ਹੁੰਦੀਆਂ ਆਸਾ, ਆਸਰਾ ਇਕੋ ਦੇਣਾ ਵਖਾਈਆ । ਕੋਈ ਹੋਣ ਨਹੀਂ ਦੇਣਾ ਨਿਰਾਸਾ, ਨਿਰਾਸਾ ਆਸਾ ਵਿਚ ਬਦਲਾਈਆ । ਜਗਤ ਸ੍ਰਿਸ਼ਟੀ ਦਾ ਬਦਲ ਕੇ ਪਾਸ਼ਾ, ਸਾਰ ਪਾਸਾ ਆਪਣਾ ਆਪਣੇ ਹੱਥ ਵਖਾਈਆ । ਭਗਤ ਵਿਹਾਰ ਪ੍ਰਭੂ ਦਾ ਖਾਸਾ, ਖਾਸਿਉਂ ਅਗੇ ਦਏ ਦੁਹਾਈਆ । ਤੇਰੀ ਮਨਜ਼ੂਰ ਹੋਵੇ ਦਰਖ਼ਾਸਾ, ਫ਼ਾਇਲ ਸਕੇ ਨਾ ਕੋਇ ਛੁਪਾਈਆ । ਮੰਜ਼ਲ ਪੰਧ ਮੁਕਾ ਕੇ ਵਾਟਾ, ਨੇਰਨ ਨੇਰਾ ਹੋ ਕੇ ਨਜ਼ਰੀ ਆਈਆ । ਪਿਛੇ ਰਹੇ ਕੋਇ ਨਾ ਘਾਟਾ, ਵਾਧਾ ਸਭ ਦੇ ਹੱਥ ਫੜਾਈਆ । ਫੁੱਲ ਕਿਹਾ ਕੀ ਉਸ ਵੇਲੇ ਅੰਮ੍ਰਿਤ ਪਿਆਵੇਂ ਸਾਨੂੰ ਵਿਚ ਬਾਟਾ, ਜਗਤ ਰੀਤੀ ਵਿਚ ਜਣਾਈਆ । ਗੋਬਿੰਦ ਕਿਹਾ ਨਹੀਂ ਆਤਮ ਪਰਮਾਤਮ ਦਾ ਬਣ ਕੇ ਪਿਤਾ ਮਾਤਾ, ਮਤਰੇਆਂ ਦਾ ਲੇਖਾ ਦੇਵਾਂ ਚੁਕਾਈਆ । ਜਿਥੇ ਨਾ ਕੋਇ ਜਾਤ ਨਾ ਕੋਇ ਪਾਤਾ, ਨਾ ਕੋਇ ਪਿਤਾ ਭੈਣ ਭਾਈਆ । ਨਾ ਕੋਇ ਮਾਂ ਪੁੱਤ ਦਾ ਸਾਕਾ, ਨਾ ਕੋਇ ਨਾਰ ਕੰਤ ਹੰਡਾਈਆ । ਨਾ ਕੋਇ ਪੂਜਾ ਨਾ ਕੋਇ ਪਾਠਾ, ਸਿਮਰਨ ਜੋਗ ਅਭਿਆਸ ਨਾ ਕੋਇ ਵਖਾਈਆ । ਓਥੇ ਵੇਖਣਾ ਖੇਲ ਤਮਾਸ਼ਾ, ਆਪ ਆਪਣਾ ਪੜਦਾ ਲਾਹੀਆ । ਜਨ ਭਗਤ ਬਣਾ ਕੇ ਤੇਰਾ ਸਾਥਾ, ਸਗਲਾ ਸਾਥ ਦੇਣਾ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਹਿਜ ਸੁਭਾਉ ਰਿਹਾ ਸਮਝਾਈਆ । ਫੁੱਲ ਕਹੇ ਕੀ ਭਗਤ ਜਨ ਭਗਤ ਦਵਾਰੇ ਆਵਣਗੇ ? ਗੋਬਿੰਦ ਕਹੇ ਹਾਂ, ਗੁਰਮੁਖ ਸੱਚੇ ਨਿਰਗੁਣ ਸਰਗੁਣ ਦਰਸ਼ਨ ਪਾਵਣਗੇ । ਫੁੱਲ ਕਹੇ, ਕੀ ਭਗਤ ਸੁਹੇਲੇ ਮੈਨੂੰ ਨਾਲ ਮਿਲਾਵਣਗੇ ? ਗੋਬਿੰਦ ਕਹੇ ਹਾਂ, ਮੇਰੇ ਹੁਕਮੇ ਅੰਦਰ ਸਾਰੇ ਆਪਣਾ ਸੀਸ ਝੁਕਾਵਣਗੇ । ਫੁੱਲ ਕਹੇ ਕੀ ਭਗਤ ਸੁਹੇਲੇ ਮੇਰਾ ਜੋੜ ਜੁੜਾਵਣਗੇ ? ਗੋਬਿੰਦ ਕਹੇ ਹਾਂ, ਤੈਨੂੰ ਫੜ ਕੇ ਆਪਣੇ ਸੀਸ ਟਿਕਾਵਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਵਣਗੇ । ਫੁੱਲ ਕਹੇ ਮੈਂ ਖ਼ੁਸ਼ੀਆਂ ਨਾਲ ਆਵਾਂਗਾ । ਜੁਗ ਜਨਮ ਦੀਆਂ ਲੁਕੀਆਂ ਸਧਰਾਂ, ਸਦੀਆਂ ਤੋਂ ਵਿਛੜੀਆਂ ਰੂਹਾਂ ਨੂੰ ਆਪ ਸੁਣਾਵਾਂਗਾ । ਸਚ ਦਵਾਰ ਦਾ ਵੇਖ ਕੇ ਅਦਲਾ, ਅਦਾਲਤ ਅਗੇ ਆਪਣਾ ਆਪ ਪੇਸ਼ ਕਰਾਵਾਂਗਾ । ਜਿਸ ਦੇ ਅਗੇ ਪਿਛੇ ਗੋਬਿੰਦ ਸ਼ਬਦੀ ਮਾਰੀਆਂ ਮੰਜ਼ਲਾਂ, ਮੰਜ਼ਲ ਉਸ ਦੀ ਚੜ੍ਹ ਕੇ ਦਰਸ਼ਨ ਪਾਵਾਂਗਾ । ਜਿਥੇ ਇਕੋ ਮਹਿਬੂਬ ਦੀਆਂ ਗਾਈਆਂ ਜਾਣ ਗ਼ਜ਼ਲਾਂ, ਗ਼ਰਜ਼ ਇਕੋ ਨਾਲ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਇਕ ਦ੍ਰਿੜਾਵਾਂਗਾ । ਫੁੱਲ ਕਹੇ ਉਹ ਵਕਤ ਵੇਖਾਂ ਸੁਹਾਉਣਾ, ਸੋਹਣੀ ਰੁਤ ਬਣਾਈਆ । ਜਿਸ ਵੇਲੇ ਛੱਬੀ ਪੋਹ ਆਉਣਾ, ਸੰਮਤ ਸ਼ਹਿਨਸ਼ਾਹੀ ਵੱਜੇ ਵਧਾਈਆ । ਸ੍ਰਿਸ਼ਟ ਸਬਾਈ ਪੈਣਾ ਰੋਣਾ, ਧੀਰਜ ਧੀਰ ਨਾ ਕੋਇ ਧਰਾਈਆ । ਜਨ ਭਗਤ ਦਵਾਰੇ ਤੇਰਾ ਢੋਲਾ ਗਾਉਣਾ,


੯੦
੧੯

ਵੱਜਣੀ ਨਾਮ ਵਧਾਈਆ । ਉਨ੍ਹਾਂ ਦਾ ਮੈਂ ਵੀ ਦਰਸ਼ਨ ਪਾਉਣਾ, ਪੌਣੇ ਪੰਜ ਵਕਤ ਸਮਝਾਈਆ । ਸਾਰੀ ਰਾਤ ਮੈਂ ਨਹੀਂ ਸੌਣਾ, ਗੁਰਮੁਖ ਸੌਣ ਕੋਇ ਨਾ ਆਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਪਰਮ ਪੁਰਖ ਪਰਮਾਤਮ ਦਾ ਦਰਸ਼ਨ ਪਾਉਣਾ, ਗੋਬਿੰਦ ਸ਼ਬਦੀ ਰਾਗ ਸੁਣਾਈਆ । ਸਾਰਿਆਂ ਨੇ ਫੁੱਲ ਕਹੇ ਮੈਨੂੰ ਰਖਣਾ ਆਪਣੀ ਉਪਰ ਧੌਣਾ, ਪਿਛੇ ਗਰਦਨ ਉਤੇ ਟਿਕਾਈਆ । ਅੱਗੋਂ ਮੱਥੇ ਦਾ ਤਾਲ ਵਜਾਉਣਾ, ਵਾਜਬ ਅਗਲਾ ਹੁਕਮ ਜਣਾਈਆ । ਜਨ ਭਗਤੋ ਆਪਣਾ ਵਕ਼ਤ ਨਾ ਐਵੇਂ ਗਵਾਉਣਾ, ਰੈਣ ਫੇਰ ਕਦੇ ਨਾ ਆਈਆ । ਇੱਕੀਆਂ ਫੁੱਲਾਂ ਦਾ ਜੁਗਿੰਦਰ ਸਿੰਘ ਨੇ ਵਿਛੌਣਾ ਵਿਛਾਉਣਾ, ਜਿਸ ਨੂੰ ਜਮਾਂ ਤੋਂ ਲਿਆ ਛੁਡਾਈਆ । ਸੁਰਜੀਤ ਸਿੰਘ ਨੇ ਚਰਨਾਂ ਹੇਠ ਸੱਜਾ ਹੱਥ ਡਾਹੁਣਾ, ਇਹ ਵੀ ਗੋਬਿੰਦ ਪਿਛਲੀ ਆਸਾ ਪੂਰ ਕਰਾਈਆ । ਜਨ ਭਗਤੋ ਬੜਾ ਪ੍ਰੇਮ ਵਾਲਾ ਤੁਹਾਡਾ ਵਿਹਾਰ ਵਖਾਉਣਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਜੋ ਕੁਛ ਕਹਿਣਾ ਸੋ ਦੇਣਾ ਮਨ ਭਾਉਣਾ, ਭੁੱਖਿਆਂ ਲਏ ਰਜਾਈਆ । ਅਗੇ ਪਏ ਕਿਸੇ ਨਾ ਰੋਣਾ, ਹੰਝੂਆਂ ਧਾਰ ਨਾ ਕੋਇ ਵਹਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਸਾਢੇ ਬਾਰਾਂ ਤੁਹਾਡਾ ਦਰਸ਼ਨ ਪਾਉਣਾ, ਬਿਨ ਅੱਖਾਂ ਅੱਖ ਖੁਲ੍ਹਾਈਆ । ਤੁਹਾਡਾ ਨੂਰ ਜਹੂਰ ਮਜਬੂਰ ਹੋ ਕੇ ਚਮਕਾਉਣਾ, ਮਜਲਸ ਇਕੋ ਦੇਣੀ ਵਖਾਈਆ । ਦੋ ਜਹਾਨਾਂ ਪੰਧ ਮੁਕਾਉਣਾ, ਮੁਕੰਮਲ ਆਪਣੇ ਅਗੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਇਕ ਬੰਧਾਈਆ । ਫੁੱਲ ਕਹੇ ਮੇਰੇ ਅੰਦਰ ਸਭ ਨੇ ਵੇਖਣੀ ਖ਼ੁਸ਼ਬੂ, ਖ਼ੁਸ਼ਖ਼ਬਰੀ ਦਿਆਂ ਸੁਣਾਈਆ । ਜਨ ਭਗਤੋ ਤੁਹਾਡਾ ਢੋਲੇ ਗਾਉਣ ਵਾਲਾ ਤੱਕ ਕੇ ਮੂੰਹ, ਮੁਹੱਬਤ ਮੇਰੇ ਅੰਦਰ ਆਈਆ । ਬਿਨਾ ਬੰਦਗੀ ਤੋਂ ਤੁਹਾਡੀ ਬਖ਼ਸ਼ੀ ਜਾਣੀ ਰੂਹ, ਰਹਿਮਤ ਹਰਿ ਜੂ ਆਪ ਕਮਾਈਆ । ਜਿਸ ਦੀ ਕਿਸੇ ਨੂੰ ਸ਼ਾਸਤਰਾਂ ਸਿਮਰਤਾਂ ਵੇਦਾਂ ਪੁਰਾਨਾਂ ਵਿਚੋਂ ਨਹੀਂ ਮਿਲੀ ਸੂਹ, ਸੋ ਸਵਾਮੀ ਤੁਹਾਡੇ ਸਾਹਮਣੇ ਬੈਠ ਕੇ ਦਰਸ ਦਿਖਾਈਆ । ਤੁਹਾਡਾ ਖ਼ੁਸ਼ੀ ਕਰਨਾ ਸਾਢੇ ਤਿੰਨ ਕਰੋੜ ਲੂੰ ਲੂੰ, ਲਹਿਣਾ ਦੇਣਾ ਪਿਛਲਾ ਝੋਲੀ ਪਾਈਆ । ਤੁਹਾਨੂੰ ਨਜ਼ਰੀ ਆਉਣਾ ਹੁਬਹੂ, ਜੋਤੀ ਜਾਤਾ ਨੂਰ ਖ਼ੁਦਾਈਆ । ਤੁਹਾਨੂੰ ਲਟਕਣਾ ਨਹੀਂ ਪੈਣਾ ਵਿਚ ਕਿਸੇ ਖੂਹ, ਤੁਹਾਡੀ ਕਾਇਆ ਜੂਹ, ਅੰਦਰ ਆਪਣਾ ਡੇਰਾ ਲਾਈਆ । ਕੋਈ ਲੱਭਣਾ ਨਹੀਂ ਪੈਣਾ ਗੁਰੂ, ਗੁਰੂਆਂ ਦਾ ਗੁਰਦੇਵ ਨਜ਼ਰੀ ਆਈਆ । ਜਿਸ ਦੇ ਕੋਲੋਂ ਆਦਿ ਦੀ ਧਾਰ ਹੋਵੇ ਸ਼ੁਰੂ, ਉਹ ਸ਼ਰਅ ਸਭ ਦੀ ਦਏ ਬਦਲਾਈਆ । ਜਿਸ ਦਾ ਮੰਤਰ ਇਕੋ ਨਾਮ ਨਿਧਾਨਾ ਫੁਰੂ, ਫੁਰਨੇ ਸਭ ਦੇ ਬੰਦ ਕਰਾਈਆ । ਉਹ ਦਾਤਾਰ ਦਾਤਾ ਆਪਣੀ ਕਰਨੀ ਕਰਨ ਤੋਂ ਕਦੇ ਨਾ ਮੁੜੂ, ਜੋ ਮੁੜ ਮੁੜ ਨਿਤ ਨਵਿਤ ਜੁਗ ਚੌਕੜੀ ਆਪਣਾ ਨਿਰਗੁਣ ਸਰਗੁਣ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਫੁੱਲ ਕਹੇ ਜਨ ਭਗਤ ਮੈਨੂੰ ਸੱਜੇ ਹੱਥ ਵਿਚ ਲੈ ਕੇ ਅੰਦਰ ਆਉਣਗੇ । ਸਾਢੇ ਦਸ ਆਪਣੀ ਗਰਦਨ ਪਿਛੇ ਟਿਕਾਉਣਗੇ । ਏਸ ਵੇਲੇ ਪੂਰਨ ਅੰਦਰ ਪੂਰਨ ਜੋਤ ਗਈ ਸੀ ਵਸ, ਜੋਤ ਜੋਤ ਵਿਚ ਸਮਾਉਣਗੇ । ਸਚਖੰਡ ਵਿਚ ਜਾਣ ਹੱਸ ਹੱਸ, ਹਸਤੀਆਂ ਹਸਤੀਆਂ ਵਿਚੋਂ ਬਦਲਾਉਣਗੇ । ਇਕੋ ਯਾਰ ਨਾਲ ਮਿਲਾ ਕੇ ਅੱਖ, ਯਾਰਾਨੇ ਜਗਤ ਨਾਲੋਂ ਤੜਾਉਣਗੇ । ਪ੍ਰਭੂ ਦੇ ਪ੍ਰੇਮ ਅੰਦਰ ਡਟ, ਡਾਕੂ ਚੋਰ ਅੰਦਰੋਂ ਬਾਹਰ ਕਢਾਉਣਗੇ । ਸਾਚੇ ਨਾਮ ਦਾ ਵੇਖ ਕੇ ਹੱਟ, ਹਟਵਾਣੇ ਹੋ ਕੇ ਖ਼ਾਲੀ ਝੋਲੀਆਂ ਸਰਬ ਭਰਾਉਣਗੇ । ਜਿਸਦੇ ਪਿਛੇ ਜੁਗ ਚੌਕੜੀ ਚਾਰ ਕੁੰਟ ਦਹਿ ਦਿਸ਼ਾ ਰਹੇ ਨੱਠ, ਘਰ ਉਸੇ ਦਾ ਦਰਸ਼ਨ ਪਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਮਿਲ

ਕੇ ਖ਼ੁਸ਼ੀ ਮਨਾਉਣਗੇ । ਫੁੱਲ ਕਹੇ ਮੇਰੇ ਅੰਦਰੋਂ ਆਵੇ ਮਹਿਕ, ਖ਼ੁਸ਼ਬੂ ਰਹੀ ਸਮਝਾਈਆ । ਜਨ ਭਗਤੋ ਮੈਂ ਤੁਹਾਡੇ ਨਾਲ ਮਿਲ ਕੇ ਗਿਆ ਟਹਿਕ, ਟਹਿਣੀ ਨਾਲੋਂ ਕਰੀ ਜੁਦਾਈਆ । ਵਿਛੋੜੇ ਅੰਦਰ ਰਿਹਾ ਸਹਿਕ, ਸਾਹ ਸਾਹ ਰਿਹਾ ਧਿਆਈਆ । ਮੇਰਾ ਪੂਰਾ ਹੋਇਆ ਅਹਿਦ, ਵੇਲਾ ਵਕਤ ਗਿਆ ਆਈਆ । ਪਤਾ ਨਹੀਂ ਫੇਰ ਮਿਲੇ ਕਿ ਨਾ ਸ਼ਾਇਦ, ਸ਼ਹਿਨਸ਼ਾਹ ਬੇਪਰਵਾਹੀਆ । ਮੈਂ ਆਪਣਾ ਪੂਰਾ ਕਰਨ ਆਇਆ ਫ਼ਰਾਇਜ਼, ਫ਼ੈਸਲਾ ਤੁਹਾਡੇ ਨਾਲ ਰਖਾਈਆ । ਵੇਖਿਓ ਕੋਈ ਭੁੱਲ ਕੇ ਸਮਝ ਨਾ ਜਾਣਾ ਇਹ ਫੁੱਲ ਦੀ ਨੁਮਾਇਸ਼, ਅਜ਼ਮਾਇਸ਼ ਵਿਚ ਮਨ ਨਾ ਕੋਇ ਲਗਾਈਆ । ਇਹ ਗੋਬਿੰਦ ਦੀ ਹਦਾਇਤ, ਹੁਕਮੇ ਅੰਦਰ ਆਇਆ ਚਾਈਂ ਚਾਈਂਆ । ਇਸ ਤੋਂ ਪਿਛੋਂ ਮੈਂ ਜਾਣਾ ਉਸ ਵਲਾਇਤ, ਜਿਥੇ ਵਲਵਲੇ ਮੁਕਣ ਸਰਬ ਲੋਕਾਈਆ । ਇਕ ਨਿੱਕੀ ਜਿਹੀ ਤੁਹਾਡੀ ਕਰਨੀ ਫ਼ਰਮਾਇਸ਼, ਫ਼ਰਮਾਂਬਰਦਾਰ ਹੋ ਕੇ ਸੀਸ ਨਿਵਾਈਆ । ਜਨ ਭਗਤੋ ਭਗਤਾਂ ਨਾਲ ਮਿਲ ਕੇ ਕਦੀ ਨਾ ਆਇਉ ਵਿਚ ਤੈਸ਼, ਤਮਅ ਦੇਣੀ ਮਿਟਾਈਆ । ਤੁਹਾਡੀ ਉਸ ਧਾਮ ਰਹਾਇਸ਼, ਜਿਥੇ ਰਹਿਬਰ ਇਕੋ ਸੋਭਾ ਪਾਈਆ । ਸਾਰੇ ਲੈ ਕੇ ਜਾਇਉ ਖ਼ਰਾਇਤ, ਖ਼ੈਰਖ਼ਾਹ ਬਣ ਕੇ ਝੋਲੀ ਰਿਹਾ ਭਰਾਈਆ । ਤੁਸੀਂ ਮੇਰੀ ਮੈਂ ਤੁਹਾਡੀ ਕਰਨੀ ਹਮਾਇਤ, ਹਮਸਾਜਨ ਹੋ ਕੇ ਘਰ ਸੱਜਣ ਲੈਣਾ ਮਿਲਾਈਆ । ਛੱਬੀ ਪੋਹ ਕਹੇ ਇਨ ਸ਼ਮਾ ਦੀ ਕਰਨੀ ਅਨਾਇਤ, ਦੀਪਕ ਅੰਦਰੋਂ ਦੇਣਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਰਿਹਾ ਵਖਾਈਆ । ਫੁੱਲ ਕਹੇ ਮੈਂ ਨਹੀਂ ਜਾਣਦਾ ਕੌਣ ਫਲਾਣਾ ਫਲਾਣਾ, ਨਾਵਾਂ ਵਾਲੀ ਲਿਸਟ ਨਾ ਕੋਇ ਰਖਾਈਆ । ਮੈਂ ਇਕੋ ਜਾਣਾ ਜੋ ਗਾਵੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਾ ਗਾਣਾ, ਉਹ ਭਗਤ ਭਗਵਾਨ ਨਜ਼ਰੀ ਆਈਆ । ਮੈਂ

ਨਾ ਸਮਝਾਂ ਕੋਇ ਰਾਜਾ ਰਾਣਾ, ਤਖ਼ਤ ਨਿਵਾਸੀ ਧੱਕੇ ਨਾਲ ਪਰੇ ਹਟਾਈਆ । ਜੋ ਮੇਰੇ ਸਾਹਿਬ ਅਗੇ ਹੋਇਆ ਨਿਮਾਣਾ, ਪੁਰਖ ਅਕਾਲ ਇਕੋ ਰਿਹਾ ਮਨਾਈਆ । ਮੈਂ ਉਸ ਨੂੰ ਸਮਝਾਂ ਸੁਘੜ ਸੁਚੱਜਾ ਸਿਆਣਾ, ਜਿਸ ਆਤਮ ਵਿਦਿਆ ਭਰਪੂਰ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਸੰਮਤ ਦੇ ਸੁਹਾਈਆ । ਫੁੱਲ ਕਹੇ ਜਨ ਭਗਤੋ ਮੇਰੀ ਬੇਨੰਤੀ ਇਕ, ਏਕੰਕਾਰ ਅਗੇ ਸੁਣਾਈਆ । ਭਗਤ ਦਵਾਰ ਲੰਘਣ ਲੱਗਿਆਂ ਮੈਨੂੰ ਉਪਰ ਲਾਉਣਾ ਛਾਤੀ ਹਿੱਕ, ਹਿਕਮਤ ਪ੍ਰਭ ਦਿਤੀ ਜਣਾਈਆ । ਅੰਦਰ ਵੜ ਕੇ ਬ੍ਰਹਮਾ ਆਪੇ ਤੂੰ ਮੇਰਾ ਮੈਂ ਤੇਰਾ ਦੇਵੇ ਲਿਖ, ਅਗੇ ਲਿਖਣ ਦੀ ਲੋੜ ਰਹੇ ਨਾ ਰਾਈਆ । ਮੁਖੋਂ ਕਹਿਣਾ ਮੈਂ ਪ੍ਰਭੂ ਤੇਰਾ ਭਗਤ ਪਿਆਰਾ ਸਿੱਖ, ਸਿਖਿਆ ਦੂਜੀ ਨਾ ਕੋਇ ਰਖਾਈਆ । ਫੇਰ ਆਪੇ ਸ੍ਰੀ ਭਗਵਾਨ ਤੁਹਾਡਾ ਕਰਮ ਜਰਮ ਦਾ ਲਹਿਣਾ ਲਏ ਨਜਿੱਠ, ਚਿੰਤਾ ਗ਼ਮ ਰਹਿਣ ਕੋਇ ਨਾ ਪਾਈਆ । ਸਦਾ ਰਖੇ ਸਾਇਆ ਹੇਠ, ਅਗਨੀ ਤਤ ਨਾ ਕੋਇ ਤਪਾਈਆ । ਗਿਆਰਾਂ ਵੱਜੇ ਫੇਰ ਮੈਨੂੰ ਉਪਰ ਛੁਹਾਉਣਾ ਪੇਟ, ਨਾਭੀ ਉਤੇ ਛੁਹਾਈਆ । ਅਗੇ ਤੁਹਾਨੂੰ ਆਪੇ ਬਣਾ ਦੇਵੇ ਅੰਮ੍ਰਿਤ ਨਾਮ ਦੇ ਸੇਠ, ਤ੍ਰਿਸ਼ਨਾ ਜਗਤ ਰਹੇ ਨਾ ਰਾਈਆ । ਫੇਰ ਸਾਰੀ ਰੈਣ ਆਪਣੇ ਕੋਲ ਰਖਣਾ ਲਪੇਟ, ਲੰਮੇਂ ਪੈਣ ਵਾਲਿਆਂ ਮੈਂ ਆਪੇ ਦਿਆਂ ਉਠਾਈਆ । ਜਿਸ ਵੇਲੇ ਮੇਰਾ ਪ੍ਰਭੂ ਸਾਡੀ ਵੇਖ ਲਵੇ ਖੇਡ, ਫੇਰ ਹੁਕਮੇ ਅੰਦਰ ਆਪੇ ਦਏ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਦੀ ਇਕੱਠੀ ਲੈ ਕੇ ਭੇਟ, ਭੇਟਾ ਆਪਣੀ ਦਏ ਚੜ੍ਹਾਈਆ ।

ਫੁੱਲ ਕਹੇ ਜਨ ਭਗਤੋ ਸੁਣੋ ਖ਼ੁਸ਼ਖ਼ਬਰੀ, ਪੋਹ ਛੱਬੀ ਵੱਜੇ ਵਧਾਈਆ । ਡੰਕਾ ਸੁਣੋ ਉਪਰ ਅੰਬਰੀ, ਅਗੰਮ ਨਾਦ ਸ਼ਨਵਾਈਆ । ਲੇਖਾ ਜਾਣੇ ਸ਼ਬਦੀ ਸ਼ੇਰ ਬੱਬਰੀ, ਭੱਬਕ ਇਕ ਲਗਾਈਆ । ਜਿਸ ਕਲਜੁਗ ਅੰਤਮ ਕਰਨੀ ਬਦਲੀ, ਬਦਲਾ ਰਿਹਾ ਚੁਕਾਈਆ । ਮਾਲਕ ਧੁਰ ਦਾ ਅਦਲੀ, ਅਦਾਲਤ ਇਕ ਵਖਾਈਆ । ਹਰਿਜਨ ਪਹੁੰਚੇ ਮਜ਼ਲੋ ਮਜ਼ਲੀ, ਮੰਜ਼ਲ ਦੇਵੇ ਬੇਪਰਵਾਹੀਆ । ਜਿਸ ਕਾਰਨ ਸੰਗਤ ਸੱਦ ਲਈ, ਸਦਮੇ ਦਏ ਗਵਾਈਆ । ਭਗਤ ਭਗਵਾਨ ਦੀ ਅਧਵਿਚਕਾਰ ਕੋਈ ਨਾ ਹੱਦ ਰਹੀ, ਹਦੂਦ ਇਕੋ ਰਿਹਾ ਜਣਾਈਆ । ਪ੍ਰੇਮ ਪ੍ਰੀਤੀ ਅੰਦਰ ਰੰਗ ਲਈ, ਰੰਗ ਆਪਣਾ ਇਕ ਵਖਾਈਆ । ਵਸਤ ਅਮੋਲ ਪਿਛਲੀ ਮੰਗ ਲਈ, ਜਗਤ ਉਧਾਰਾ ਰਿਹਾ ਗਵਾਈਆ । ਲੋਕਮਾਤ ਕੋਈ ਨਾ ਸੰਗ ਰਹੀ, ਪੜਦਾ ਰਿਹਾ ਉਠਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦੁਨੀ ਦੰਗ ਰਹੀ, ਸਮਝ ਵਿਚ ਨਾ ਕੋਇ ਸਮਝਾਈਆ । ਇਕ ਆਇਆ ਤੁਹਾਡੇ ਅਨੰਦ ਲਈ, ਦੂਜੀ ਹਵਸ ਨਾ ਕੋਇ ਵਖਾਈਆ । ਜਿਸ ਬੇਨੰਤੀ ਪਿਛਲੀ ਮੰਨ ਲਈ, ਅਗੇ ਚਲੇ ਰਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸ਼ਰਨਾਈਆ । ਫੁੱਲ ਕਹੇ ਮੈਂ ਹੋਇਆ ਖ਼ੁਸ਼ਹਾਲ, ਖ਼ੁਸ਼ੀਆਂ ਨਾਲ ਜਣਾਈਆ । ਦਰਸ਼ਨ ਤੱਕ ਕੇ ਦੀਨ ਦਿਆਲ, ਦੀਨ ਦੁਨੀ ਦਿਤੀ ਮਿਟਾਈਆ । ਜੁਗ ਚੌਕੜੀ ਜਿਸ ਦੀ ਕਰਦਾ ਰਿਹਾ ਭਾਲ, ਸੋ ਸਾਹਿਬ ਸਵਾਮੀ ਮਿਲਿਆ ਬੇਪਰਵਾਹੀਆ । ਮੇਰੀ ਲੇਖੇ ਲਾਵੇ ਘਾਲ, ਸੇਵਾ ਸਚ ਕਮਾਈਆ । ਆਪਣੇ ਵਖਾਵੇ ਅਗੰਮੇ ਲਾਲ, ਜੋ ਲਾਲਣ ਆਪਣੇ ਵਿਚੋਂ ਕਢਾਈਆ । ਜਿਹੜੇ ਕਿਸੇ ਮਾਤਾ ਦੇ ਜਨਮੇ ਨਹੀਂ ਬਾਲ, ਗੁਰ ਸ਼ਬਦੀ ਧਾਰ ਪਰਗਟਾਈਆ । ਜਿਨ੍ਹਾਂ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਦੇ ਨਾ ਸਕਣ ਅਹਿਵਾਲ, ਵਿਦਿਆ ਵਿਚ ਨਾ ਕੋਇ ਵਡਿਆਈਆ । ਜਿਨ੍ਹਾਂ ਨੂੰ ਖਾ ਨਾ ਸਕੇ ਕਾਲ, ਜਨਮ ਮਰਨ ਵਿਚ ਕਦੇ ਨਾ ਆਈਆ । ਜੋ ਵਸਣ ਸਚਖੰਡ ਦਵਾਰ ਸੱਚੀ ਧਰਮਸਾਲ, ਹੱਕ ਮੁਕਾਮੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਛੱਬੀ ਪੋਹ ਕਹੇ ਮੈਂ ਦੇਣਾ ਇਕ ਬਿਆਨ, ਫ਼ਰਮਾਨਾ ਧੁਰ ਜਣਾਈਆ । ਹੁਕਮ ਸੁਣਨਾ ਸ੍ਰੀ ਭਗਵਾਨ, ਦੂਜਾ ਰਾਗ ਨਾ ਕੋਇ ਅਲਾਈਆ । ਕਰਨਾ ਇਕ ਧਿਆਨ, ਦ੍ਰਿਸ਼ਟੀ ਇਸ਼ਟ ਨਾ ਕੋਇ ਮਨਾਈਆ । ਵੇਖਣਾ ਇਕ ਜਹਾਨ, ਪੜਦਾ ਉਹਲਾ ਮਿਟਾਈਆ । ਮਿਲਣਾ ਇਕ ਸ੍ਰੀ ਭਗਵਾਨ, ਜੋ ਸਭ ਦਾ ਪਿਤਾ ਮਾਈਆ । ਜਿਸ ਦੀ ਕਲਮਿਆਂ ਤੋਂ ਬਾਹਰ ਕਲਾਮ, ਅੱਖਰਾਂ ਤੋਂ ਬਾਹਰ ਪੜ੍ਹਾਈਆ । ਜਿਸ ਨੂੰ ਝੁਕਦੇ ਸਰਬ ਅਮਾਮ, ਸਜਦਿਆਂ ਵਿਚ ਸੀਸ ਨਿਵਾਈਆ । ਜਿਹਨੂੰ ਲੱਭਣਾ ਨਹੀਂ ਆਸਾਨ, ਮੁਸ਼ਕਲ ਵਿਚ ਲੋਕਾਈਆ । ਜਿਸ ਦਾ ਖੇਲ ਦੋ ਜਹਾਨ, ਨਿਰਗੁਣ ਸਰਗੁਣ ਕਾਰ ਕਮਾਈਆ । ਜਿਸ ਦਾ ਅਨੋਖਾ ਵੱਖਰਾ ਬਾਣ, ਅਣਿਆਲਾ ਤੀਰ ਚਲਾਈਆ । ਜਿਸ ਦਾ ਅੰਮ੍ਰਿਤ ਗੋਬਿੰਦ ਕੀਤਾ ਪਾਣ, ਕਿਰਪਾਨ ਖੜਗ ਨਾ ਕੋਇ ਖੜਕਾਈਆ । ਜਿਹੜਾ ਦੇ ਕੇ ਕਦੇ ਨਾ ਕਰੇ ਅਹਿਸਾਨ, ਪ੍ਰੇਮੀਆਂ ਪ੍ਰੇਮ ਵਧਾਈਆ । ਜਿਸ ਦਾ ਭਗਤਾਂ ਉਤੇ ਮਾਣ, ਅਭਿਮਾਣ ਦਏ ਗਵਾਈਆ । ਜਿਸ ਨੇ ਜੰਗਲਾਂ ਵਿਚ ਫਿਰਾਇਆ ਰਾਮ, ਚਾਰ ਕੁੰਟ ਦੁਹਾਈਆ । ਜਿਸ ਨੇ ਭੇਜ ਕੇ ਕ੍ਰਿਸ਼ਨਾ ਕਾਹਨ, ਬੰਸਰੀ ਇਕ ਸੁਣਾਈਆ । ਜਿਸ ਨੇ ਦੇ ਅਗੰਮ ਪੈਗ਼ਾਮ, ਪੈਗ਼ੰਬਰਾਂ ਕਰੀ ਪੜ੍ਹਾਈਆ । ਜਿਸ ਸਤਿਗੁਰੂ ਦੇ ਕੇ ਦਾਨ, ਨਿਰਗੁਣ ਨਾਨਕ ਕਰੀ ਪੜ੍ਹਾਈਆ । ਜਿਸ ਗੋਬਿੰਦ ਕਰ ਬਿਆਨ, ਪੜਦਾ ਉਹਲਾ ਦਿਤਾ ਉਠਾਈਆ ।

ਜੋ ਭਗਤਾਂ ਦੇਵਣਹਾਰਾ ਦਾਨ, ਦਾਤਾ ਬੇਪਰਵਾਹੀਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਅੱਖ ਨਾ ਕੋਇ ਉਠਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਏਕੰਕਾਰਾ ਸਹਿਜੇ ਮਿਲਿਆ ਆਣ, ਲੱਭਣ ਦੀ ਲੋੜ ਰਹੀ ਨਾ ਰਾਈਆ । ਜਨ ਭਗਤ ਵੇਖੇ ਆਪਣੇ ਉਹ ਮਹਿਮਨ, ਜੋ ਜੁਗ ਚੌਕੜੀ ਨਾਤਾ ਗਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਫੁੱਲ ਕਹੇ ਮੈਂ ਵੇਖਣੀ ਅਜਬ ਬਹਾਰ, ਚਾਰੋਂ ਕੁੰਟ ਧਿਆਨ ਲਗਾਈਆ । ਮੇਰੇ ਸਾਹਿਬ ਦੀ ਖਿੜੀ ਗੁਲਜ਼ਾਰ, ਗੁਲਸ਼ਨ ਬੇਪਰਵਾਹੀਆ । ਜਿਨ੍ਹਾਂ ਦੇ ਅੰਦਰ ਇਕ ਪਿਆਰ, ਦੂਜੀ ਧਾਰ ਨਾ ਕੋਇ ਵਖਾਈਆ । ਜਿਨ੍ਹਾਂ ਦਾ ਮਾਲਕ ਇਕੋ ਕਲ ਕਲਕੀ ਅਵਤਾਰ, ਗੁਰ ਅਵਤਾਰ ਸੀਸ ਨਿਵਾਈਆ । ਜਿਸ ਦਾ ਦੋ ਜਹਾਨਾਂ ਇਕ ਦਰਬਾਰ, ਦਰ ਦਰਵਾਜ਼ਾ ਚਰਨਾਂ ਵਿਚ ਰਖਾਈਆ । ਸੋ ਪੜਦੇ ਓਹਲੇ ਦੇਵੇ ਪਾੜ, ਦੂਈ ਦਵੈਤੀ ਡੇਰਾ ਢਾਹੀਆ । ਸਚ ਧਰਮ ਦਾ ਲਾਏ ਅਖਾੜ, ਡੰਕਾ ਸ਼ਬਦ ਨਾਮ ਵਜਾਈਆ । ਸੁਤਿਆਂ ਕਰਨ ਆਇਆ ਖ਼ਬਰਦਾਰ, ਬੇਖ਼ਬਰਾਂ ਖ਼ਬਰ ਪਹੁੰਚਾਈਆ । ਮੈਂ ਧੁਰ ਦਾ ਤੁਹਾਡਾ ਯਾਰ, ਪਿਛਲੀ ਕੱਟਾਂ ਜੁਦਾਈਆ । ਜਿਸ ਨੂੰ ਨਾਨਕ ਮੰਨਿਆਂ ਪੁਰਖ ਅਕਾਲ, ਸੋ ਚਲ ਕੇ ਆਇਆ ਮਾਹੀਆ । ਬਿਨ ਅੱਖਾਂ ਦੇਵਾਂ ਦੀਦਾਰ, ਰਾਤੀਂ ਸੁਤਿਆਂ ਲਵਾਂ ਉਠਾਈਆ । ਜਿਸ ਨੂੰ ਕਹਿੰਦੇ ਕੰਤ ਭਤਾਰ, ਆਤਮ ਪਰਮਾਤਮ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਫੁੱਲ ਕਹੇ ਮੈਂ ਦੇਵਾਂ ਸਾਚੀ ਖ਼ਬਰ, ਸੰਦੇਸ਼ ਇਕ ਸੁਣਾਈਆ । ਗੁਰਮੁਖੋ ਤੁਹਾਡਾ ਪੂਰਾ ਕਰੇ ਸਬਰ, ਬੇਸਬਰੀ ਦਏ ਗਵਾਈਆ । ਜਿਸ ਮਿਹਰ ਨਜ਼ਰ ਕਰੇ ਕੇ ਤਾਰਨੇ ਸਭ ਦੇ ਟੱਬਰ, ਬੱਚਿਆ ਰਹਿਣ ਕੋਇ ਨਾ ਪਾਈਆ ।



ਝਗੜਾ ਮੁਕਾ ਕੇ ਮੜ੍ਹੀ ਕਬਰ, ਸਚਖੰਡ ਦਵਾਰ ਦਏ ਵਡਿਆਈਆ । ਜਿਹੜੇ ਪਿਛੇ ਰਹਿ ਗਏ ਮਗਰ, ਉਹ ਅਗੇ ਲਏ ਲਗਾਈਆ । ਆਤਮ ਪਰਮਾਤਮ ਰਚ ਸਵੰਬਰ, ਲੇਖਾ ਆਪਣੇ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਰਿਹਾ ਬਦਲਾਈਆ । ਫੁੱਲ ਕਹੇ ਬਦਲ ਦੇ ਧਾਰ, ਧਰਮ ਦਵਾਰਾ ਤੇਰਾ ਨਜ਼ਰੀ ਆਈਆ । ਤੈਨੂੰ ਸਾਰੇ ਕਹਿ ਕੇ ਗਏ ਯਾਰ, ਯਾਰੀ ਕਿਸੇ ਨਾ ਤੋੜ ਨਿਭਾਈਆ । ਗੁਰ ਅਵਤਾਰ ਤੂੰ ਕੀਤੇ ਮਾਤ ਖ਼ੁਆਰ, ਜੰਗਲਾਂ ਵਿਚ ਭਵਾਈਆ । ਤੇਰੇ ਉਤੇ ਕਿਸੇ ਨਾ ਕੀਤਾ ਇਤਬਾਰ, ਦਰੋਹੀ ਨਾਮ ਖ਼ੁਦਾਈਆ । ਤੇਰਾ ਖੇਲ ਜੁਗ ਚੌਕੜੀ ਚਾਰ, ਚਾਰ ਕੁੰਟ ਰਹੇ ਕੁਰਲਾਈਆ । ਤੇਰਾ ਵੇਖਿਆ ਭਗਤ ਦਵਾਰ, ਤੂੰ ਭਗਵਨ ਬੇਪਰਵਾਹੀਆ । ਸੰਤ ਸੁਹੇਲੇ ਲੈ ਉਠਾਲ, ਗੁਰ ਚੇਲੇ ਜੋੜ ਜੁੜਾਈਆ । ਵੇਖ ਮੁਰੀਦਾਂ ਹਾਲ, ਮੁਰਸ਼ਦ ਨਜ਼ਰ ਉਠਾਈਆ । ਤੋੜ ਮਾਇਆ ਜੰਜਾਲ, ਜਾਗਰਤ ਜੋਤ ਹੋਏ ਰੁਸ਼ਨਾਈਆ । ਤੇਰਾ ਸਚਖੰਡ ਦਵਾਰਾ ਸੱਚੀ ਧਰਮਸਾਲ, ਜਨ ਭਗਤ ਬੈਠੇ ਡੇਰਾ ਲਾਈਆ । ਲੇਖਾ ਜਗਤ ਚੁੱਕੇ ਚੁਰਾਸੀ ਆਣ, ਜਮ ਦੀ ਫਾਂਸੀ ਦੇ ਤੁੜਾਈਆ । ਵਾਅਦਾ ਕਰ ਸ੍ਰੀ ਭਗਵਾਨ, ਜਨ ਭਗਤ ਤੈਨੂੰ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਫੁੱਲ ਕਹੇ ਜਨ ਭਗਤੋ ਮੈਂ ਵੇਖੀ ਤੁਹਾਡੀ ਫੁਲਵਾੜੀ, ਫਲੀ ਭੂਤ ਨਜ਼ਰੀ ਆਈਆ । ਮੈਨੂੰ ਯਾਦ ਆਈ ਸਤਾਰਾਂ ਹਾੜੀ, ਇਕ ਸੱਤ ਵੱਜੀ ਵਧਾਈਆ । ਪਰਕਾਸ਼ ਵੇਖ ਬਹੱਤਰ ਨਾੜੀ, ਜੋਤੀ ਜੋਤ ਡਗਮਗਾਈਆ । ਜਿਨ੍ਹਾਂ ਦੇ ਅੰਦਰ ਪ੍ਰੀਤੀ ਸਭ ਤੋਂ ਵੱਖਰੀ ਗਾੜ੍ਹੀ, ਰੰਗ ਵੱਖਰਾ ਰਹੀ ਰੰਗਾਈਆ । ਉਨ੍ਹਾਂ ਦੇ ਨੇੜੇ ਆਉਣੀ ਨਹੀਂ ਮੌਤ ਲਾੜੀ, ਸ਼ਬਦ ਡੰਡਾ ਰਿਹਾ ਡਰਾਈਆ । ਕਿਸੇ ਨੂੰ ਜਾਣਾ ਨਾ ਪਏ ਜੰਗਲ ਜੂਹ

ਉਜਾੜ ਪਹਾੜੀ, ਘਰ ਬੈਠਿਆਂ ਆਤਮ ਪਰਮਾਤਮ ਲਏ ਮਿਲਾਈਆ । ਤੁਹਾਡੀ ਲੇਖੇ ਲਾਉਣੀ ਅੱਜ ਦੀ ਦਿਹਾੜੀ, ਨੌ ਸੌ ਚੁਰਾਨਵੇਂ ਚੌਕੜੀ ਜੁਗ ਦਾ ਲੇਖਾ ਰਿਹਾ ਚੁਕਾਈਆ । ਤੁਹਾਨੂੰ ਸਚਖੰਡ ਦੀ ਬਖ਼ਸ਼ਣੀ ਉਹ ਸਰਦਾਰੀ, ਜਿਥੇ ਸਦਾ ਮਿਲੇ ਬੇਪਰਵਾਹੀਆ । ਕੋਈ ਆਤਮਾ ਪਰਮਾਤਮਾ ਬਿਨਾ ਨਾ ਰਹੇ ਕੁਆਰੀ, ਰੰਡੇਪਾ ਪਿਛਲਾ ਦੇਣਾ ਕਟਾਈਆ । ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੋਲਿਆ ਜੈਕਾਰੀ, ਨਾਅਰਾ ਦੋ ਜਹਾਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਫੁੱਲ ਕਹੇ ਆ ਗਿਆ ਛੱਬੀ ਪੋਹ, ਨੌ ਸੌ ਚੁਰਾਨਵੇਂ ਜੁਗ ਚੌਕੜੀ ਵਕ਼ਤ ਲੰਘਾਈਆ । ਪੁਰਖ ਅਕਾਲ ਦੀਨ ਦਿਆਲ ਹੋ ਨਿਰਮੋਹ, ਨਾਤਾ ਜਗਤ ਨਾਲੋਂ ਤੁੜਾਈਆ । ਭਗਤਾਂ ਦੀ ਆਤਮਾ ਨਾਲ ਗਿਆ ਛੋਹ, ਸ਼ਹਿਨਸ਼ਾਹ ਆਪਣਾ ਰੰਗ ਵਖਾਈਆ । ਗੁਰਮੁਖਾਂ ਵਰਗਾ ਹੋ, ਵਿਚ ਫਿਰੇ ਬੇਪਰਵਾਹੀਆ । ਸਹਿਜੇ ਸਹਿਜੇ ਇਕੇ ਵਾਰ ਸਭ ਦੇ ਅੰਦਰ ਕਰ ਦਏ ਲੋ, ਦੀਵੇ ਬੱਤੀ ਦੀ ਲੋੜ ਰਹੇ ਨਾ ਰਾਈਆ । ਮਨ ਵਾਸਨਾ ਕੂੜੀ ਕਿਰਿਆ ਕਰੋਧ ਵਿਕਾਰਾ ਤੁਹਾਡਾ ਲਵੇ ਖੋਹ, ਆਪਣੇ ਚਰਨਾਂ ਹੇਠ ਦਬਾਈਆ । ਗੋਬਿੰਦ ਵਾਲਾ ਅੰਮ੍ਰਿਤ ਰਸ ਨਿਝਰ ਝਿਰਨਾ ਦੇਵੇ ਚੋ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਅੱਜ ਤੋਂ ਤੁਸੀਂ ਮੇਰੇ ਮੈਂ ਤੁਹਾਡਾ ਗਿਆ ਹੋ, ਵਿਛੋੜੇ ਦਾ ਲੇਖਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਜਨ ਭਗਤੋ ਤੁਹਾਡੇ ਪਿਛੇ ਫੜ ਲਿਆ ਡੰਡਾ, ਡੰਡਾਵਤ ਦੀ ਲੋੜ ਰਹੇ ਨਾ ਰਾਈਆ । ਤੁਹਾਡਾ ਅੰਤ ਅਖ਼ੀਰੀ ਕੰਢਾ, ਚੁਰਾਸੀ ਵਿਚੋਂ ਬਾਹਰ ਕਢਾਈਆ । ਦੀਨ ਦਿਆਲ ਬਣ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਆਪਣੀ ਝੋਲੀ ਪਾਈਆ । ਬੇਸ਼ਕ ਮੈਂ ਬਾਹਰੋਂ ਨਜ਼ਰੀ ਆਵਾਂ ਤੱਤਾਂ ਵਾਲਾ ਬੰਦਾ, ਅੰਦਰ ਜਲਵਾ ਨੂਰ ਖ਼ੁਦਾਈਆ । ਵੇਖਿਓ ਗੁਰਸਿਖ ਕੋਇ ਨਾ ਰਿਹੋ ਅੰਧਾ, ਅਗਿਆਨ ਅੰਧੇਰਾ ਦਿਆਂ ਮਿਟਾਈਆ । ਹਰਿ ਸੰਗਤ ਵਿਚ ਕੋਇ ਰਹਿਣ ਨਹੀਂ ਦੇਣਾ ਗੰਦਾ, ਗੁਰਮੁਖ ਇਕੋ ਰੰਗ ਰੰਗਾਈਆ । ਤੁਸੀਂ ਮੇਰੇ ਮੈਂ ਤੁਹਾਡਾ ਗਾਵਾਂ ਛੰਦਾ, ਢੋਲਾ ਇਕੋ ਸ਼ਹਿਨਸ਼ਾਹੀਆ । ਤੁਹਾਡਾ ਮੇਰਾ ਬਣ ਗਿਆ ਸੰਗਾ, ਸਗਲਾ ਲੇਖਾ ਲੈਣਾ ਮੁਕਾਈਆ । ਮੇਰਾ ਤੁਹਾਡੇ ਅੰਦਰ ਲੱਗਣਾ ਪੰਜਾ, ਪੰਜਾਂ ਚੋਰਾਂ ਬਾਹਰ ਕਢਾਈਆ । ਜਰਾ ਵੇਖਿਉ ਪੂਰੇ ਸਤਿਗੁਰ ਦਾ ਕਿਸ ਤਰ੍ਹਾਂ ਪੈਂਦਾ ਫੰਦਾ, ਫੰਦੀ ਚੁਰਾਸੀ ਵਾਲੀ ਦੇਣੀ ਕਟਾਈਆ । ਤੁਹਾਡੇ ਤੋੜ ਕੇ ਜੰਦਾ, ਅੰਦਰ ਵੜਨਾ ਚਾਈਂ ਚਾਈਂਆ । ਤੁਹਾਡਾ ਤਨ ਮਨ ਕਰਨਾ ਠੰਡਾ, ਅਗਨੀ ਅੱਗ ਬੁਝਾਈਆ । ਤੁਹਾਨੂੰ ਪਤਾ ਨਹੀਂ ਲੱਗਣਾ ਕਿਸ ਬਿਧ ਨਾਲ ਗੋਬਿੰਦ ਤੁਹਾਡੇ ਅੰਦਰ ਫੇਰਨਾ ਰੰਦਾ, ਦੁਰਮਤ ਮੈਲ ਦੇਵੇ ਧਵਾਈਆ । ਆਪਣੇ ਨਾਲ ਲਗਾ ਕੇ ਅੰਗਾ, ਅੰਗੀਕਾਰ ਦਿਤੇ ਕਰਾਈਆ । ਨਵ ਨਵੀਨ ਚੜ੍ਹਾ ਕੇ ਰੰਗਾ, ਰੰਗ ਰਤੜੇ ਦਿਤੇ ਵਖਾਈਆ । ਮੈਨੂੰ ਦੋ ਜਹਾਨਾਂ ਨਾਲੋਂ ਇਕੋ ਗੁਰਮੁਖ ਚੰਗਾ, ਜੋ ਪ੍ਰਭ ਦੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ ।ਛੱਬੀ ਪੋਹ ਕਹੇ ਸ਼ਾਬਾਸ਼, ਗੁਰਮੁਖਾਂ ਸਿਫ਼ਤ ਸਾਲਾਹੀਆ । ਜਿਨ੍ਹਾਂ ਦੀ ਪੂਰੀ ਹੋਈ ਆਸ, ਨਿਰਾਸ਼ਾ ਰਹਿਣ ਕੋਇ ਨਾ ਪਾਈਆ । ਜਿਨ੍ਹਾਂ ਦੇ ਅੰਦਰ ਉਹ ਪਰਕਾਸ਼, ਜਿਥੇ ਜੋਤ ਹੋਏ ਰੁਸ਼ਨਾਈਆ । ਮੈਂ ਸਦਾ ਤੁਹਾਡੇ ਪਾਸ, ਕੱਟਾਂ ਮਾਤ ਜੁਦਾਈਆ । ਗੁਰਮੁਖ ਹੋਏ ਨਾ ਕੋਇ ਬਦਮਾਸ਼, ਮਨ ਮਤ ਦੇਣੀ ਕਢਾਈਆ । ਤੁਹਾਡਾ ਮੰਦਰ ਮੇਰੀ ਰਾਸ, ਬਿਨ ਗੋਪੀ ਕਾਹਨ ਵਖਾਈਆ । ਕਟ ਕੇ ਜਾਏਗਾ ਫਾਸ, ਆਪਣੇ ਘਰ ਬਹਾਈਆ । ਮੈਂ ਦੇਵਾਂ ਧੁਰ ਦਰਖ਼ਾਸ, ਦੋ ਜਹਾਨਾਂ ਆਪਣੀ ਗੋਦ ਆਪਣੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਲੇਖਾ ਧੁਰ ਦਾ ਰਿਹਾ ਚੁਕਾਈਆ । ਫੁੱਲ ਕਹੇ ਮੈਂ ਸੁਣਿਆਂ ਫ਼ਰਮਾਨ, ਫਰਮਾਬਰਦਾਰੋ ਤੁਹਾਨੂੰ ਦਿਆਂ ਜਣਾਈਆ । ਅੰਤਮ ਛੱਡਣਾ ਪੈਣਾ ਸਭ ਨੂੰ ਜਹਾਨ, ਦੀਨ ਦੁਨੀ ਦੋਵੇਂ ਦੇਣੇ ਮੁਕਾਈਆ । ਅੱਖਰਾਂ ਵਾਲਾ ਕੋਈ ਨਾ ਲਿਉ ਗਿਆਨ, ਸਤਰਾਂ ਵਾਲੀ ਨਾ ਕੋਇ ਪੜ੍ਹਾਈਆ । ਇਕੋ ਦਰਸ਼ਨ ਮੰਗੋ ਸ੍ਰੀ ਭਗਵਾਨ, ਦੂਜੇ ਦੀ ਲੋੜ ਰਹੇ ਨਾ ਰਾਈਆ । ਮੰਜ਼ਲ ਚੜ੍ਹੋ ਉਹ ਮਹਾਨ, ਜਿਥੇ ਜਲਵਾ ਨੂਰ ਖ਼ੁਦਾਈਆ । ਮਿਲੇ ਧੁਰ ਦਾ ਕਾਹਨ, ਗੋਪੀ ਲਏ ਪਰਨਾਈਆ । ਜੇ ਤੁਸੀਂ ਮੈਨੂੰ ਨਹੀਂ ਮਿਲੇ ਆਣ, ਮੈਂ ਤੁਹਾਨੂੰ ਖੋਜਾਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਛੱਬੀ ਪੋਹ ਕਹੇ ਮੈਂ ਸਭ ਨੂੰ ਕਹਾਂ ਸੁਣੋ ਸੱਜਣ ਮੀਤ, ਮਿਤਰੋ ਦਿਆਂ ਦੁਹਾਈਆ । ਜੇ ਇਕ ਵੇਰਾਂ ਇਹੋ ਸੁਣ ਲਵੋ ਗੀਤ, ਗੋਬਿੰਦ ਦਾ ਵਿਛੋੜਾ ਰਹੇ ਨਾ ਰਾਈਆ । ਤੁਹਾਡਾ ਝਗੜਾ ਛੁਟ ਜਾਏ ਮੰਦਰ ਮਸੀਤ, ਕਾਇਆ ਕਾਅਬੇ ਵੱਜੇ ਵਧਾਈਆ । ਫੇਰ ਬੈਠੇ ਰਹੋ ਅਤੀਤ, ਲਿਖਣ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਆਪੇ ਤੁਹਾਡੀ ਬਦਲ ਦੇਵੇ ਨੀਤ, ਨੀਤੀਵਾਨ ਸ਼ਹਿਨਸ਼ਾਹੀਆ । ਅੰਦਰ ਵੜ ਜਾਏ ਚੀਤ, ਚਿਤ ਵਿਤ ਠਗੌਰੀ ਕੋਈ ਨਾ ਪਾਈਆ । ਅਜੇ ਤੇ ਪਹਿਲਾ ਸਾਲ ਨਹੀਂ ਗਿਆ ਬੀਤ, ਚਾਰੋਂ ਕੁੰਟ ਰਿਹਾ ਕੁਰਲਾਈਆ । ਥੋੜੀ ਹੋਰ ਵੱਟ ਲਵੋ ਕਸੀਸ, ਪਹਿਲੀ ਚੇਤ ਆਪਣਾ ਰੰਗ ਦਏ ਚੜ੍ਹਾਈਆ । ਸ਼ਾਹ ਸੁਲਤਾਨਾਂ ਤਖ਼ਤਾਂ ਤੋਂ ਲਏ ਘਸੀਟ, ਜੰਗਲਾਂ ਵਿਚ ਭਵਾਈਆ । ਜਨ ਭਗਤਾਂ ਰਾਤੀਂ ਸੁਤਿਆਂ ਦਿਨੇ ਜਾਗਦਿਆਂ ਰੰਗ ਚਾੜ੍ਹ ਦੇਵੇ ਮਜੀਠ, ਦੋ ਜਹਾਨ ਉਤਰ ਕਦੇ ਨ ਜਾਈਆ । ਤੁਹਾਡੀ ਕਿਹੜਾ ਕਰੇ ਰੀਸ, ਜਿਨ੍ਹਾਂ ਨੂੰ ਮਿਲਿਆ ਬੇਪਰਵਾਹੀਆ ।

ਮੇਰਾ ਇਸ਼ਕ ਬੇਪਰਵਾਹੀਆ । ਮੇਰਾ ਇਸ਼ਕ ਮੇਰਾ ਪਿਆਰ ਧੁਰ ਦੀ ਹਦੀਸ, ਕਲਮਾ ਇਕ ਸਮਝਾਈਆ । ਅੰਤ ਛਤਰ ਝੁਲਣਾ ਨਾ ਕਿਸੇ ਸੀਸ, ਬਿਨ ਗੋਬਿੰਦ ਦੂਸਰ ਨਜ਼ਰ ਕੋਇ ਨਾ ਆਈਆ । ਨਾ ਕੋਈ ਸੱਜਣ ਨਾ ਕੋਇ ਮੀਤ, ਜਗਤ ਜਹਾਨ ਹੋਣੀ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਛੱਬੀ ਪੋਹ ਕਹੇ ਮੈਨੂੰ ਕੋਈ ਥੱਲਿਉਂ ਆਈ ਆਵਾਜ਼, ਉਹ ਧਰਨੀ ਦਿਤੀ ਲਗਾਈਆ । ਮੈਂ ਪੜ੍ਹਦੇ ਵੇਖੇ ਨਮਾਜ਼, ਮੁੱਲਾ ਸ਼ੇਖ਼ ਰਹੇ ਕੁਰਲਾਈਆ । ਮੈਂ ਝਗੜੇ ਵੇਖੇ ਜਾਤ ਪਾਤ, ਦੀਨ ਦੁਨੀ ਦਏ ਦੁਹਾਈਆ । ਮੈਂ ਕਰਦੇ ਵੇਖੇ ਪਾਠ, ਰਸਨਾ ਢੋਲੇ ਗਾਈਆ । ਮੈਂ ਕੰਨਾਂ ਵਿਚ ਸੁਣਦੇ ਵੇਖੇ ਬਾਤ, ਇਸ਼ਾਰਿਆਂ ਨਾਲ ਜਣਾਈਆ । ਜਨ ਭਗਤੋ ਪ੍ਰਭ ਨੂੰ ਮਿਲਣ ਦੀ ਕਿਸੇ ਨੂੰ ਨਹੀਂ ਲੱਭੀ ਜਾਚ, ਚਾਰੋਂ ਕੁੰਟ ਅੰਧੇਰਾ ਛਾਈਆ । ਜਿਥੇ ਇਕੋ ਹੁਕਮ ਮਿਲੇ ਸਾਫ਼, ਇਨਸਾਫ਼ ਦਏ ਸਮਝਾਈਆ । ਕੋਟ ਜਨਮ ਦੇ ਉਤਾਰ ਕੇ ਪਾਪ, ਦੁਰਮਤ ਮੈਲ ਧਵਾਈਆ । ਰੂਹ ਬੁਤ ਦੋਵੇਂ ਕਰਕੇ ਪਾਕ, ਪਾਕੀਜ਼ਾ ਆਪਣਾ ਰੰਗ ਚੜ੍ਹਾਈਆ । ਇਥੇ ਉਥੇ ਪਤ ਲਏ ਰਾਖ, ਸਤਿਗੁਰੂ ਇਕੋ ਨਜ਼ਰੀ ਆਈਆ । ਜਿਹੜਾ ਅੰਦਰੋਂ ਖੋਲ੍ਹੇ ਤਾਕ, ਪੜਦਾ ਅੰਦਰੋਂ ਦਏ ਉਠਾਈਆ । ਕਰੇ ਜੋਤ ਪਰਕਾਸ਼, ਸ਼ਬਦ ਨਾਦ ਸ਼ਨਵਾਈਆ । ਲੇਖਾ ਜਾਣ ਪਵਨ ਸਵਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਫੁਲ ਕਹੇ ਮੈਂ ਦੱਸਾਂ ਅਨੋਖੀ ਗੱਲ, ਗਲਵਕੜੀ ਭਗਤਾਂ ਨਾਲ ਪਾਈਆ । ਜੋ ਤੁਹਾਡੀ ਖ਼ਾਤਰ ਆਇਆ ਚਲ, ਉਹ ਮਾਲਕ ਬੇਪਰਵਾਹੀਆ । ਤੁਹਾਡੇ ਅੰਦਰ ਜਿਸ ਨੇ ਜਾਣਾ ਰਲ, ਜੋਤੀ ਸ਼ਬਦੀ ਰੂਪ ਵਟਾਈਆ । ਵਿਛੋੜਾ ਸਹਿ ਨਾ ਸਕੇ ਪਲ, ਪਲਕਾਂ ਦੇ ਉਹਲੇ ਕਰ ਕੇ ਰੰਗ ਰੰਗਾਈਆ । ਵੇਖਿਉ ਵੇਲਾ ਫੇਰ ਨਹੀਂ ਮਿਲਣਾ ਕਲ੍ਹ, ਕਲਮਿਆਂ ਵਾਲਿਓ ਕਲਮੇ ਦੇਣੇ ਤਜਾਈਆ । ਜਿਸ ਦਾ ਲੇਖਾ ਜਲ ਥਲ, ਸੋ ਤੁਹਾਡਾ ਲੇਖਾ ਰਿਹਾ ਮੁਕਾਈਆ ।

ਪਰਕਾਸ਼ ਹੋ ਕੇ ਤੁਹਾਡੇ ਅੰਦਰ ਜਾਏ ਬਲ, ਨੂਰ ਨੂਰ ਰੁਸ਼ਨਾਈਆ । ਜਿਹੜਾ ਕਿਸੇ ਤੋਂ ਸੁਆਲ ਨਹੀਂ ਹੋਇਆ ਹੱਲ, ਉਹ ਸਹਿਜੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਛੱਬੀ ਪੋਹ ਕਹੇ ਮੈਂ ਵੇਖਿਆ ਭਗਤਾਂ ਅੰਦਰ ਵੜ, ਕਾਇਆ ਕਾਅਬੇ ਫੇਰਾ ਪਾਈਆ । ਇਕੋ ਸੋਹੰ ਢੋਲਾ ਰਹੇ ਪੜ੍ਹ, ਤੂੰ ਹੀ ਤੂੰ ਹੀ ਰਾਗ ਅਲਾਈਆ । ਬਿਨ ਪੌੜੀ ਮੰਜ਼ਲ ਰਹੇ ਚੜ੍ਹ, ਰਾਹ ਵਿਚ ਨਾ ਕੋਇ ਅਟਕਾਈਆ । ਸਨਮੁਖ ਸਤਿਗੁਰ ਰਹੇ ਖੜ੍ਹ, ਪੜਦਾ ਓਹਲਾ ਦੂਰ ਕਰਾਈਆ । ਦਰਸ਼ਨ ਕਰ ਨਰਾਇਣ ਨਰ, ਨਾਰੀ ਰੂਪ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਫੁੱਲ ਕਹੇ ਮੇਰਾ ਆਉਂਦਾ ਜਾਂਦਾ ਵਕ਼ਤ, ਵਿਅਕਤੀ ਦਏ ਬਣਾਈਆ । ਮੈਂ ਪਰਖਣ ਆਇਆ ਭਗਤ, ਭਗਵਨ ਨਾਲ ਮਿਲਾਈਆ । ਮੇਰੀ ਗੋਬਿੰਦ ਨਾਲ ਸ਼ਰਤ, ਸੰਸੇ ਦੇਵੇ ਚੁਕਾਈਆ । ਉਹਨਾਂ ਨੂੰ ਦੇਣਾ ਦਰਸ, ਜਿਨ੍ਹਾਂ ਦੇ ਚਾਰ ਜੁਗ ਲਾਰਿਆਂ ਵਿਚ ਲੰਘਾਈਆ । ਮੰਜ਼ਲ ਚੜ੍ਹਦਿਆਂ ਕੋਇ ਨਾ ਜਾਏ ਅਟਕ, ਸਚਖੰਡ ਦਵਾਰ ਦੇਣੇ ਬਹਾਈਆ । ਪ੍ਰਭ ਦਰਸ਼ਨ ਨੂੰ ਕੋਈ ਨਾ ਰਹੇ ਭਟਕ, ਘਰ ਮਿਲੇ ਸ਼ਹਿਨਸ਼ਾਹੀਆ । ਤੁਹਾਡੇ ਮਨ ਦੀ ਕਰਕੇ ਹੱਤਕ, ਹੱਤਿਆ ਪੂਰੀ ਦਏ ਕਰਾਈਆ । ਆਪਣਾ ਹੁਕਮ ਦੇ ਕੇ ਸਖ਼ਤ, ਅੰਦਰੋਂ ਚੋਰਾਂ ਦਏ ਭਜਾਈਆ । ਤੁਹਾਨੂੰ ਬਣਾ ਕੇ ਜਿਗਰੇ ਲਖ਼ਤ, ਲਿਖਤ ਆਪਣੇ ਨਾਲ ਕਰਾਈਆ । ਇਕ ਦੂਜੇ ਨਾਲ ਕਰਿਉ ਨਾ ਕੋਇ ਹਸਦ, ਦੂਈ ਦਵੈਤੀ ਦਏ ਗਵਾਈਆ । ਨਾਮ ਖ਼ੁਮਾਰੀ ਵਿਚ ਰਹਿਣਾ ਮਸਤ, ਮਸਤਾਨੇ ਆਪਣੇ ਵਰਗੇ ਲਏ ਕਰਾਈਆ । ਤੁਹਾਡਾ ਦਰਜਾ ਕੋਈ ਨਹੀਂ ਰਹਿਣਾ ਥਰਡ, ਸੈਕੰਡ ਫ਼ਸਟ ਇਸ਼ਟ ਇਕੋ ਦਏ ਬਣਾਈਆ । ਤੁਹਾਨੂੰ ਕਿਸੇ ਨਹੀਂ ਕਰਨਾ ਅਰੈਸਟ, ਰਾਏ ਧਰਮ ਨਾ ਦਏ ਸਜ਼ਾਈਆ । ਤੁਹਾਡਾ ਲੇਖਾ ਸਦਾ ਬੈਸਟ, ਕੁਐਸਚਨ ਹੋਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਰਿਹਾ ਜਣਾਈਆ । ਛੱਬੀ ਪੋਹ ਕਹੇ ਮੈਂ ਆ ਗਿਆ ਮੁੜ ਕੇ, ਮੁੜ ਮੁੜ ਫੇਰੀ ਪਾਈਆ । ਲੱਖ ਚੁਰਾਸੀ ਖੇਲ ਵੇਖਦਾ ਰਿਹਾ ਚੇਲਾ ਗੁਰ ਕੇ, ਨਿਤ ਨਿਤ ਅੱਖ ਖੁਲ੍ਹਾਈਆ । ਰੰਗ ਤੱਕਦਾ ਰਿਹਾ ਦੇਵਤ ਸੁਰ ਕੇ, ਵਿਸ਼ਨ ਬ੍ਰਹਮਾ ਸ਼ਿਵ ਪਰਦਾ ਲਾਹੀਆ । ਲੇਖ ਵੇਖਦਾ ਰਿਹਾ ਠਗ ਚੋਰ ਦੇ, ਸ਼ੋਰ ਵਿਚ ਲੋਕਾਈਆ । ਅੱਜ ਖੇਲ ਏਥੇ ਪ੍ਰਭੂ ਅਗੰਮੜੇ ਹੋਰ ਦੇ, ਜੋ ਹੋਕਾ ਦੇ ਕੇ ਰਿਹਾ ਸੁਣਾਈਆ । ਜਿਸ ਦੇ ਭਾਣੇ ਸਦਾ ਜ਼ੋਰ ਦੇ, ਵਿਚ ਜਹਾਨ ਨਾ ਕੋਇ ਮਿਟਾਈਆ । ਜਿਸ ਨੇ ਝਗੜੇ ਮੁਕਾਉਣੇ ਕਲਜੁਗ ਅੰਧ ਘੋਰ ਦੇ, ਸਾਜਨ ਸਚ ਕਰੇ ਰੁਸ਼ਨਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਲੋੜ ਦੇ, ਸਿਫ਼ਤਾਂ ਵਿਚ ਸਾਲਾਹੀਆ । ਉਸ ਨੇ ਜਗਤ ਭਾਗ ਕਰਨੇ ਮਥੋਰ ਦੇ, ਮਿਥਿਆ ਦੱਸੇ ਲੋਕਾਈਆ । ਜਿਨ੍ਹਾਂ ਦੇ ਲੰਘ ਗਿਆ ਕੋਲ ਦੇ, ਕਲਮਾ ਇਕੋ ਦੇਣਾ ਸਮਝਾਈਆ । ਦੁਨੀਆ ਨੂੰ ਮਾਰਗ ਦੱਸ ਮਖ਼ੌਲ ਦੇ, ਭਗਤਾਂ ਨੂੰ ਅੰਦਰੋਂ ਲਿਆ ਜਗਾਈਆ । ਵੇਲੇ ਪੂਰੇ ਹੋਏ ਇਕ਼ਰਾਰ ਕੌਲ ਦੇ, ਕ਼ੀਮਤ ਆਪੇ ਲਏ ਪਾਈਆ । ਨਾਲੇ ਭਾਗ ਜਾਗੇ ਇਸ ਧਰਤੀ ਧੌਲ ਦੇ, ਜਿਥੇ ਰਾਮ ਦੇ ਕੇ ਗਿਆ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਪੂਰ ਕਰਾਈਆ । ਛੱਬੀ ਪੋਹ ਕਹੇ ਮੇਰੀ ਪੂਰੀ ਹੋਣ ਵਾਲੀ ਸ਼ਰਤ, ਪ੍ਰਭ ਨੇ ਸ਼ਰੀਅਤ ਦੇਣੀ ਬਦਲਾਈਆ । ਜੋ ਨਿਰਗੁਣ ਹੋ ਕੇ ਆਇਆ ਪਰਤ, ਸਰਗੁਣ ਆਪਣਾ ਆਪ ਆਪਣੇ ਵਿਚ ਛੁਪਾਈਆ । ਕਰਨਾ ਖੇਲ ਉਤੇ ਧਰਤ, ਧਰਨੀ ਧਵਲ ਵੱਜੇ ਵਧਾਈਆ । ਜਿਸ ਦਾ ਲੇਖਾ ਸਭ ਤੋਂ ਠੰਡਾ ਸਰਦ, ਸਦੀਆਂ ਦੀ ਸਦੀ ਦਏ ਮੁਕਾਈਆ । ਭਗਤਾਂ ਦੀ ਮੰਨ ਕੇ

ਪਿਛਲੀ ਅਰਜ਼, ਆਰਜ਼ੂ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਫੁੱਲ ਕਹੇ ਮੈਂ ਭਗਤਾਂ ਨੂੰ ਦੱਸਾਂ ਅੰਦਰ ਦਾ ਭੇਤ, ਸਹਿਜ ਨਾਲ ਜਣਾਈਆ । ਤੁਹਾਨੂੰ ਨਹੀਂ ਪਤਾ ਮੇਰਾ ਕਿਸ ਦੇ ਨਾਲ ਹੇਤ, ਹਿਤਕਾਰੀ ਕਵਣ ਨਜ਼ਰੀ ਆਈਆ । ਮੈਂ ਹੁਣ ਤੇ ਉਗਦਾ ਵਿਚ ਖੇਤ, ਕਦੇ ਵਿਸ਼ਨੂੰ ਦੀ ਨਾਭੀ ਬਹਿ ਕੇ ਖ਼ੁਸ਼ੀ ਮਨਾਈਆ । ਮੈਨੂੰ ਕਿਸੇ ਨਹੀਂ ਲਿਆ ਚੇਤ, ਚੇਤਨ ਸੁਰਤੀ ਨਾ ਕੋਇ ਵਡਿਆਈਆ । ਜਗਤ ਜਹਾਨ ਬਣਾ ਕੇ ਖੇਡ, ਖਿਲਾੜੀ ਹੋ ਕੇ ਫੇਰਾ ਪਾਈਆ । ਨੌਂ ਸੌ ਚੁਰਾਨਵੇ ਜੁਗ ਚੌਕੜੀ ਪਿਛੋਂ ਮੈਂ ਭਗਤਾਂ ਦੇ ਰਾਹੀਂ ਭਗਵਾਨ ਦੇ ਹੁੰਦਾ ਭੇਟ, ਦੂਜਿਆਂ ਦੀ ਵਥ ਨਾ ਕੋਇ ਬਣਾਈਆ । ਮੈਂ ਉਸ ਸੇਜਾ ਉਤੇ ਜਾਵਾਂ ਲੇਟ, ਜਿਥੇ ਸ਼ਹਿਨਸ਼ਾਹ ਆਪਣਾ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਜਨ ਭਗਤ ਕਹਿਣ ਸੁਣ ਫੁੱਲ ਗੁਲਾਬ, ਆਰਜ਼ੂ ਇਕ ਪਰਗਟਾਈਆ । ਤੇਰਾ ਕਿਹੜਾ ਬੀਜ ਤੇ ਕਿਹੜੀ ਦਾਬ, ਕਵਣ ਰੰਗ ਰੰਗਾਈਆ । ਕਿਹੜਾ ਜਲ ਤੇ ਕਿਹੜਾ ਆਬ, ਕਵਣ ਕਰੇ ਰਸਾਈਆ । ਕਿਹੜਾ ਮੀਤ ਤੇ ਕਵਣ ਸਾਥ, ਕਵਣ ਜੋੜ ਜੁੜਾਈਆ । ਕਿਹੜਾ ਦਾਤਾ ਤੇਰਾ ਰਘੁਨਾਥ, ਕਵਣ ਹੋਵੇ ਸਹਾਈਆ । ਕਿਹੜੀ ਡਾਲੀ ਅਤੇ ਕਿਹੜਾ ਪਾਤ, ਕਿਹੜਾ ਖੰਡਾ ਕਾਰ ਬਣਾਈਆ । ਕਿਹੜਾ ਵਰਨ ਤੇ ਕਿਹੜੀ ਜਾਤ, ਸਾਨੂੰ ਦੇ ਸਮਝਾਈਆ । ਕਿਹੜੀ ਵਸਤ ਕਿਹੜੀ ਦਾਤ, ਕਵਣ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਫੁੱਲ ਕਹੇ ਮੇਰਾ ਭੇਵ ਅਨੋਖਾ, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਭਗਤੋ ਤੁਹਾਡੇ ਨਾਲ ਨਹੀਂ ਕਰਨਾ ਧੋਖਾ, ਆਪਣਾ ਪੜਦਾ ਦਿਆਂ ਉਠਾਈਆ । ਜੁਗ ਚੌਕੜੀ ਪਿਛੋਂ ਮੈਨੂੰ ਮਿਲਣਾ ਮੌਕਾ, ਮੈਂ ਆਪਣਾ ਹਾਲ ਸੁਣਾਈਆ । ਮੇਰਾ ਲੱਭਣਾ ਨਹੀਂ ਸੌਖਾ, ਸ੍ਰਿਸ਼ਟੀ ਸਮਝ ਨਾ ਸਕੇ ਰਾਈਆ । ਮੇਰਾ ਕੋਈ ਜੜ੍ਹਾਂ ਵਾਲਾ ਨਹੀਂ ਪੌਦਾ, ਪਦ ਇਕੋ ਨਜ਼ਰੀ ਆਈਆ । ਜਿਥੇ ਭਗਤ ਭਗਵਾਨ ਦੇ ਪ੍ਰੇਮ ਦਾ ਹੋਵੇ ਸੌਦਾ, ਉਥੇ ਮੇਰੀ ਰਹਿਨੁਮਾਈਆ । ਮੇਰੀ ਇਕੋ ਪਦਵੀ ਇਕ ਔਹਦਾ, ਦੂਜੀ ਵੰਡ ਨਾ ਕੋਇ ਵੰਡਾਈਆ । ਮੈਨੂੰ ਸਮਝ ਸਕੇ ਨਾ ਲੋਕ ਚੌਦਾ, ਚੌਦਾਂ ਤਬਕ ਭੇਵ ਨਾ ਆਈਆ । ਜੁਗ ਚੌਕੜੀ ਕੋਟਨ ਕੋਟ ਖੇਲ ਭਗਵਨ ਕਰਾਉਂਦਾ, ਕਰਤਬ ਆਪਣਾ ਨਾਲ ਬਣਾਈਆ । ਨਿਤ ਨਵਿਤ ਮੈਨੂੰ ਨਾਲ ਲਿਆਉਂਦਾ, ਲਹਿਰਾਂ ਵਿਚ ਭਵਾਈਆ । ਮੈਂ ਓਸੇ ਦੇ ਢੋਲੇ ਗਾਉਂਦਾ, ਜਿਸ ਮੇਰੀ ਬਣਤ ਬਣਾਈਆ । ਓਸੇ ਦੀ ਸੇਜੇ ਸੌਂਦਾ, ਜਿਥੇ ਕਦੇ ਨਾ ਹੋਵੇ ਜੁਦਾਈਆ । ਓਸੇ ਦੇ ਤੀਰਥ ਨਹਾਉਂਦਾ, ਜਿਥੇ ਤ੍ਰਿਸ਼ਨਾ ਭੁੱਖ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਫੁੱਲ ਕਹੇ ਮੇਰੀ ਕੋਇ ਨਾ ਸਮਝਿਉ ਪੱਤੀ, ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਮੇਰੇ ਅੰਦਰ ਉਹ ਸੁਗੰਧੀ ਰਤੀ, ਜਿਸ ਦੀ ਰਤਨ ਅਮੋਲਕ ਕ਼ੀਮਤ ਕੋਇ ਨਾ ਪਾਈਆ । ਮੇਰੇ ਅੰਦਰ ਜਗੀ ਇਕੋ ਬਤੀ, ਜਿਸ ਦਾ ਜੋਤ ਨੂਰ ਰੁਸ਼ਨਾਈਆ । ਮੇਰੇ ਅੰਦਰ ਅਗੰਮੀ ਹੱਟੀ, ਜਿਥੇ ਵਣਜਾਰਾ ਸ਼ਹਿਨਸ਼ਾਹੀਆ । ਮੈਂ ਜੁਗ ਚੌਕੜੀ ਖੱਟੀ ਇਹੋ ਖੱਟੀ, ਘਾਟਾ ਨਜ਼ਰ ਕੋਇ ਨਾ ਆਈਆ ਭਗਤਾਂ ਸੰਗ ਮੇਰੀ ਬਾਤ ਪੱਕੀ, ਪੱਕੀ ਤਰ੍ਹਾਂ ਦਿਆਂ ਜਣਾਈਆ । ਜਿਥੇ ਲਾੜੀ ਮੌਤ ਕਦੇ ਨਾ ਨੱਚੀ, ਰਾਏ ਧਰਮ ਨਾ ਦਏ ਸਜ਼ਾਈਆ । ਇਕੋ ਕਥਾ ਕਹਾਣੀ ਸੱਚੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਆਤਮ ਪਰਮਾਤਮ ਬਣੇ ਬੱਚੀ, ਪਿਤਾ ਪੂਤ ਗੋਦ ਉਠਾਈਆ । ਪ੍ਰੇਮੀ ਹੋ ਕੇ ਪ੍ਰੇਮਿਕਾ ਹੱਸੀ, ਹਸਤੀ ਵਿਚੋਂ ਹਸਤੀ ਲਏ ਬਦਲਾਈਆ । ਦੋ ਜਹਾਨਾਂ ਫਿਰੇ

੯੮
੧੯

ਨੱਸੀ, ਬ੍ਰਹਿਮੰਡਾਂ ਖੰਡਾਂ ਪਾਰ ਲੰਘਾਈਆ । ਮੇਰੀ ਹਕੀਕਤ ਵਾਲੀ ਗੱਲ ਹੱਕੀ, ਹੁਕਮੇ ਹੁਕਮ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੜਦਾ ਰਿਹਾ ਉਠਾਈਆ । ਫੁੱਲ ਕਹੇ ਮੈਂ ਗੁਰਮੁਖੋ ਤੁਹਾਡੀ ਵੇਖਣੀ ਨਾੜ ਨਾੜ, ਨਾੜੀ ਨਾੜੀ ਖੋਜ ਖੁਜਾਈਆ । ਭਾਵੇਂ ਮੇਲਾ ਨਹੀਂ ਹੋਇਆ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਗਏ ਵਿਹਾਈਆ । ਮੈਨੂੰ ਲੱਭਦੇ ਗਏ ਤੇਈ ਅਵਤਾਰ, ਈਸਾ ਮੂਸਾ ਮੁਹੰਮਦ ਅੱਖ ਉਠਾਈਆ । ਨਾਨਕ ਗੋਬਿੰਦ ਵੇਂਹਦਾ ਗਿਆ ਗੁਲਜ਼ਾਰ, ਗੁਲਸ਼ਨ ਸ਼ਹਿਨਸ਼ਾਹੀਆ । ਭਗਤ ਬਣਦੇ ਗਏ ਭਿਖਾਰ, ਫ਼ਕੀਰ ਸੂਫ਼ੀ ਝੋਲੀਆਂ ਡਾਹੀਆ । ਮੈਂ ਕਿਸੇ ਦਾ ਨਹੀਂ ਬਣਿਆ ਯਾਰ, ਯਰਾਨਾ ਤੋੜ ਨਾ ਕੋਇ ਨਿਭਾਈਆ । ਮੈਂ ਲੱਭਾਂ ਇਕੋ ਪੁਰਖ ਅਕਾਲ, ਜਿਸ ਦੀ ਆਦਿ ਜੁਗਾਦਿ ਕਦੇ ਮਿਟੇ ਨਾ ਸ਼ਹਿਨਸ਼ਾਹੀਆ । ਫੇਰ ਭਾਵਾਂ ਉਸ ਦੇ ਨਾਲ, ਜੋ ਬੈਠੇ ਡੇਰਾ ਲਾਈਆ । ਮੈਂ ਚੁਰਾਸੀ ਵਿਚੋਂ ਕਰਾਂ ਭਾਲ, ਭੱਜਾਂ ਥਾਉਂ ਥਾਈਆ । ਮੇਰਾ ਖੇਲ ਬੇਮਿਸਾਲ, ਜਿਸ ਦੀ ਮਿਸਲ ਨਾ ਕਿਸੇ ਬਣਾਈਆ । ਮੈਂ ਚਲਾਂ ਅਵਲੜੀ ਚਾਲ, ਚਾਰੋਂ ਕੁੰਟ ਕਰਾਂ ਕੁੜਮਾਈਆ । ਇਹ ਵੀ ਖੇਲ ਕਮਾਲ, ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਮੇਰਾ ਵੇਲਾ ਗਿਆ ਆਈਆ । ਆਓ ਵੇਖੀਏ ਉਸ ਦੇ ਲਾਲ, ਫੁੱਲ ਕਹੇ ਮੈਂ ਫੁਲਦਾ ਫਲਦਾ, ਫਲ ਸੱਚਾ ਦਿਆਂ ਜਣਾਈਆ । ਜਿਸ ਵੇਲੇ ਭਗਤਾਂ ਨਾਲ ਰਲਦਾ, ਆਪਣਾ ਆਪ ਮਿਟਾਈਆ । ਉਸ ਮਾਰਗ ਤੇ ਚਲਦਾ, ਜਿਥੇ ਕਦੇ ਨਾ ਹੋਵੇ ਜੁਦਾਈਆ । ਝਗੜਾ ਛੱਡ ਕੇ ਕੁੜਿਆਰੀ ਦੁਨੀਆ ਦਲ ਦਾ, ਦਲਦਲ ਵਿਚੋਂ ਆਪਣਾ ਆਪ ਬਾਹਰ ਕਢਾਈਆ । ਮਸਲਾ ਸੁਆਲ ਵੇਖ ਹੱਲ ਦਾ, ਆਪਣੀ ਹਾਲਤ ਲਵਾਂ ਬਦਲਾਈਆ । ਇਕੋ ਦਵਾਰਾ ਮਲਦਾ, ਪ੍ਰਭ ਚਰਨ ਮਿਲੇ ਸਰਨਾਈਆ । ਫੇਰ ਮੈਨੂੰ ਆਸਰਾ ਨਹੀਂ ਕਿਸੇ ਪਾਣੀ ਜਲ ਦਾ, ਅਗਨੀ ਅੱਗ ਨਾ ਕੋਇ ਤਪਾਈਆ । ਜਨ ਭਗਤੋ ਸਚ ਮੰਨਿਉਂ ਸ੍ਰੀ ਭਗਵਾਨ ਦਾ ਭਾਣਾ ਕਦੇ ਨਾ ਟਲਦਾ, ਟਾਲਮਟੋਲ ਵਿਚ ਵਕਤ ਨਾ ਕੋਇ ਗਵਾਈਆ । ਕਲਜੁਗ ਅੰਤ ਆਪਣੀ ਅਗਨੀ ਅੰਦਰ ਬਲਦਾ, ਬਲਦੀ ਵੇਖੇ ਲੋਕਾਈਆ । ਝਗੜਾ ਕਿਸੇ ਨਹੀਂ ਚੁਕਾਉਣਾ ਦੂਈ ਦਵੈਤੀ ਸਲ ਦਾ, ਤੀਰ ਅਣਿਆਲਾ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਛੱਬੀ ਪੋਹ ਕਹੇ ਮੈਂ ਸੁਣਨ ਆਇਆ ਹਦਾਇਤ, ਜੋ ਹਜ਼ੂਰ ਹਜ਼ਰਤਾਂ ਰਿਹਾ ਸੁਣਾਈਆ । ਜਿਸ ਨੇ ਕਿਸੇ ਨਾਲ ਕਰਨੀ ਨਹੀਂ ਕੋਈ ਰਿਆਇਤ, ਰਵਾਦਾਰੀ ਨਾ ਕਿਸੇ ਸਮਝਾਈਆ । ਜਾਂ ਤੱਕਾਂ ਵੇਖਾਂ ਇਕੋ ਭਗਤਾਂ ਉਤੇ ਕਰੇ ਅਨਾਇਤ, ਮਿਹਰ ਨਜ਼ਰ ਉਠਾਈਆ । ਅਗੇ ਆਪਣੇ ਹੁਕਮ ਦੀ ਕਰੇ ਸਮਾਇਤ, ਸਮਾਂ ਦਏ ਬਦਲਾਈਆ । ਜਨ ਭਗਤ ਭਾਵੇਂ ਕਿਸ ਤਰ੍ਹਾਂ ਕਰ ਲਵੋ ਅਜ਼ਮਾਇਸ਼, ਪੜਦਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਫੁੱਲ ਕਹੇ ਸੁਣ ਮੇਰੇ ਜਗਦੀਸ਼, ਜਗਜੀਵਣ ਦਾਤੇ ਮੰਗ ਮੰਗਾਈਆ । ਇਕੋ ਛਤਰ ਸੋਹੇ ਤੇਰੇ ਸੀਸ, ਕਲ ਕਲਕੀ ਨੂਰ ਅਲਾਹੀਆ । ਲਹਿਣਾ ਦੇਣਾ ਮੁੱਕਿਆ ਬੀਸ ਇਕੀਸ, ਨਿਰਗੁਣ ਸਰਗੁਣ ਪੰਧ ਮੁਕਾਈਆ । ਅਗੇ ਸਾਚੀ ਦੱਸ ਰੀਤ, ਰੀਤੀਵਾਨ ਦਇਆ ਕਮਾਈਆ । ਤੇਰਾ ਖੇਲ ਵੇਖੀਏ ਅਤੀਤ, ਤ੍ਰੈਗੁਣ ਲੇਖਾ ਦੇਣਾ ਚੁਕਾਈਆ । ਜਾਣਾ ਪਏ ਨਾ ਕਿਸੇ ਮੰਦਰ ਮਸੀਤ, ਕਾਇਆ ਕਾਅਬਾ ਦੇਣਾ ਖੁਲ੍ਹਾਈਆ । ਆਤਮ ਪਰਮਾਤਮ ਮਿਲ ਕੇ ਗਾਏ ਗੀਤ, ਸ਼ਿਵਦਵਾਲੇ ਮੱਠ ਦੀ ਲੋੜ ਰਹੇ ਨਾ ਰਾਈਆ । ਝਗੜਾ ਮੁਕ ਜਾਏ ਊਚ ਨੀਚ, ਜਾਤ ਪਾਤ ਹੋਵੇ ਸਫ਼ਾਈਆ । ਇਕੋ ਲੱਗੇ ਸਰਬ ਪ੍ਰੀਤ, ਪ੍ਰੀਤਮ ਮਿਲੇ ਸ਼ਹਿਨਸ਼ਾਹੀਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਤੇਰੇ

ਬਣੀਏ ਅਜ਼ੀਜ਼, ਨਿਉਂ ਨਿਉਂ ਸੀਸ ਝੁਕਾਈਆ । ਹੁਕਮੇਂ ਅੰਦਰ ਦੱਸ ਤਮੀਜ਼, ਅੰਦਰੋਂ ਤਮਅ ਦੇ ਮਿਟਾਈਆ । ਤੇਰੇ ਵਿਚ ਸਚ ਤੌਫ਼ੀਕ, ਤੋਬਾ ਤੋਬਾ ਕਰੇ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਦੇਣਾ ਦੇ ਚੁਕਾਈਆ । ਲੇਖਾ ਚੁਕਾਵੇ ਲੋਕਮਾਤ, ਸਰਗੁਣ ਰਹਿਣ ਕੋਇ ਨਾ ਪਾਈਆ । ਪਰਮ ਪੁਰਖ ਪ੍ਰਭ ਦੇ ਦੇ ਦਾਤ, ਤੇਰੀ ਬੇਪਰਵਾਹੀਆ । ਲੇਖੇ ਲਾ ਲੈ ਆਇਆਂ ਦੀ ਰਾਤ, ਜੋ ਆਏ ਪੰਧ ਮੁਕਾਈਆ । ਚਾਰ ਵਰਨ ਬਣਾ ਦੇ ਇਕੋ ਜਮਾਤ, ਇਕੋ ਕਰ ਪੜ੍ਹਾਈਆ । ਧੁਰ ਦਾ ਦੇ ਸਾਥ, ਪਿਛਲੀ ਕਟ ਜੁਦਾਈਆ । ਨਾਮ ਨਿਧਾਨਾ ਸੁਣਾ ਗਾਥ, ਤੂੰ ਮੇਰਾ ਮੈਂ ਤੇਰਾ ਦੂਜਾ ਨਾਮ ਨਾ ਕੋਇ ਸ਼ਨਵਾਈਆ । ਪੂਰੀ ਕਰ ਦੇ ਖ਼ਾਹਸ਼, ਤ੍ਰਿਸ਼ਨਾ ਮੇਟ ਮਿਟਾਈਆ । ਲੇਖੇ ਲਾ ਲੈ ਸਵਾਸ, ਸਾਹ ਸਾਹ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਜਨ ਭਗਤ ਕਹਿਣ ਅਸੀਂ ਤੇਰੇ ਬਰਦੇ, ਬੰਦੀਖ਼ਾਨਾ ਦੇ ਤੁੜਾਈਆ । ਅਸੀਂ ਮਾਲਕ ਤੇਰੇ ਘਰ ਦੇ, ਅੰਦਰੋਂ ਕੁੰਡਾ ਦੇ ਖੁਲ੍ਹਾਈਆ । ਬਿਨਾ ਤੇਰੀ ਸੇਜਾ ਹੋਰ ਸੇਜ ਕਦੇ ਨਾ ਚੜ੍ਹਦੇ, ਦੂਜਾ ਰੂਪ ਨਾ ਕੋਇ ਬਣਾਈਆ । ਅਸੀਂ ਕਿਸੇ ਕੋਲੋਂ ਨਹੀਂ ਡਰਦੇ, ਗੁਰ ਪੀਰ ਅਵਤਾਰ ਪੈਗ਼ੰਬਰ ਸਾਰੇ ਦਰ ਤੇ ਵੇਖੇ ਸੀਸ ਨਿਵਾਈਆ । ਖੇਲ ਵਖਾ ਆਪਣੇ ਥਿਰ ਘਰ ਦੇ, ਜਿਥੇ ਵੱਜੇ ਸਚ ਵਧਾਈਆ । ਨਿਤ ਨਵਿਤ ਤੇਰਾ ਭਾਣਾ ਜਰਦੇ, ਆਪ ਆਪਣਾ ਗਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇ ਵਖਾਈਆ । ਜਨ ਭਗਤੋ ਪ੍ਰਭ ਦੇਵੇ ਇਕ ਸੰਦੇਸ਼, ਧੁਰ ਦੀ ਧਾਰ ਜਣਾਈਆ । ਤੁਸੀਂ ਹੋਏ ਉਸ ਦੇ ਪੇਸ਼, ਜੋ ਪੁਸ਼ਤ ਪਨਾਹ ਆਪਣਾ ਹੱਥ ਰਖਾਈਆ । ਜੋ ਮਾਲਕ ਇਕ ਨਰੇਸ਼, ਨਰ ਨਰਾਇਣ ਧੁਰ ਦਰਗਾਹੀਆ । ਤੁਹਾਨੂੰ ਸਦਾ ਰਖੇ ਆਪਣੇ ਕੋਲ ਹਮੇਸ਼, ਮਾਤ ਗਰਭ ਨਾ ਫੇਰਾ ਪਾਈਆ । ਤੁਹਾਡੇ ਚਰਨ ਚੁੰਮੇ ਵਿਸ਼ਨੂੰ ਦੀ ਸੇਜ ਵਾਲਾ ਸ਼ੇਸ਼, ਸਾਂਗੋ ਪਾਂਗ ਤੁਹਾਡੇ ਚਰਨਾਂ ਹੇਠ ਦਬਾਈਆ । ਤੁਹਾਡਾ ਸਭ ਤੋਂ ਵੱਖਰਾ ਦੇਸ਼, ਸਚਖੰਡ ਦਵਾਰਾ ਦਿਤਾ ਬਣਾਈਆ । ਜਿਸ ਦੀ ਨਾ ਕੋਈ ਮੇਟ ਸਕੇ ਰੇਖ, ਨੌਂ ਦਵਾਰ ਨਾ ਕੋਇ ਵਡਿਆਈਆ । ਤੁਹਾਡੇ ਅੰਦਰ ਵੜ ਕੇ ਦੱਸਣਾ ਭੇਤ, ਬਾਹਰੋਂ ਕਰਨੀ ਨਹੀਂ ਕੋਈ ਪੜ੍ਹਾਈਆ । ਤੁਹਾਨੂੰ ਨਜ਼ਰੀ ਆਉਣਾ ਨੇਤਨ ਨੇਤ, ਨਿਜ ਨੇਤਰ ਕਰਾਂ ਰੁਸ਼ਨਾਈਆ । ਜ਼ਰਾ ਆ ਲੈਣ ਦਿਉ ਪਹਿਲੀ ਚੇਤ, ਚਾਰ ਕੁੰਟ ਪਏ ਦੁਹਾਈਆ । ਇਹ ਵੀ ਪ੍ਰਭ ਦੀ ਖੇਡ, ਖਿਡਾਰੀ ਹੋ ਕੇ ਲਏ ਖਿਡਾਈਆ । ਕਿਉਂ ਤੁਸਾਂ ਸੱਤ ਰੰਗ ਦਾ ਡੰਡਾ ਕੀਤਾ ਉਸ ਦੀ ਭੇਟ, ਜਿਸ ਸੱਤਾਂ ਦੀਪਾਂ ਦੀ ਕਰਨੀ ਸਫ਼ਾਈਆ । ਜਿਸ ਦਾ ਲੱਖ ਚੁਰਾਸੀ ਖਾ ਕੇ ਕਦੇ ਨਾ ਭਰਿਆ ਪੇਟ, ਭੁੱਖੇ ਦੀ ਭੁੱਖ ਨਾ ਕਦੇ ਗਵਾਈਆ । ਜੇ ਕਦੀ ਖ਼ੁਸ਼ੀ ਆਵੇ ਤੇ ਤੁਹਾਡੇ ਅੰਦਰ ਜਾਵੇ ਲੇਟ, ਆਤਮ ਹੋ ਕੇ ਪਰਮਾਤਮ ਹੋ ਕੇ ਆਪਣੀ ਸੇਜ ਹੰਢਾਈਆ । ਸਹਿਜ ਸੁਭਾਉ ਤੁਹਾਡੇ ਬਦਲ ਦੇਵੇ ਲੇਖ, ਲੇਖਾ ਆਪਣੇ ਹੱਥ ਰਖਾਈਆ । ਕੋਈ ਨਹੀਂ ਜਾਣਦਾ ਪ੍ਰਭੂ ਦਾ ਜੋਤ ਸਰੂਪ ਕਿਹੜਾ ਭੇਖ, ਬਿਨਾ ਗੋਬਿੰਦ ਸਾਰ ਕੋਇ ਨਾ ਪਾਈਆ । ਜੋ ਬੱਚਿਆਂ ਕਰ ਕੇ ਭੇਟ, ਭਾਂਡਾ ਭਰਮ ਗਿਆ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਮਨਾਈਆ । ਜਨ ਭਗਤ ਕਹਿਣ ਭਗਵਨ ਵੇਖੀਂ ਕਿਤੇ ਕਰੀਂ ਨਾ ਦਿਲਗੀਰ, ਤੇਰੀ ਬੇਪਰਵਾਹੀਆ । ਤੂੰ ਤੇਗ਼ ਬਹਾਦਰ ਦਾ ਕਟਾ ਕੇ ਸੀਸ (ਨਾਲ ਸ਼ਮਸ਼ੀਰ,) ਦਿੱਲੀ ਵਿਚ ਦਿਤਾ ਲਟਕਾਈਆ । ਤੂੰ ਰੋਲ ਰੋਲ ਕੇ ਮਾਰਿਆ ਕਬੀਰ, ਫ਼ਰੀਦ ਦਏ ਦੁਹਾਈਆ । ਤੈਨੂੰ ਅਜੇ ਤੱਕ ਕਦੀ ਨਹੀਂ ਲੱਭਿਆ ਕਿਸੇ ਅਮੀਰ, ਗ਼ਰੀਬਾਂ ਦੇ ਅੰਦਰ ਵੜ ਕੇ ਆਪਣਾ ਝਟ ਲੰਘਾਈਆ ।

ਸਚ ਮਕਾਨ ਕਰ ਦੇ ਤਾਮੀਰ, ਮੰਜ਼ਲ ਆਪਣੀ ਦੇ ਵਖਾਈਆ । ਜਿਥੇ ਨਾਤਾ ਤੁਟੇ ਤਤ ਸਰੀਰ, ਇਕੋ ਜੋਤ ਹੋਵੇ ਰੁਸ਼ਨਾਈਆ । ਭਾਵੇਂ ਤੇਰਾ ਮਾਰਗ ਮਹੀਨ, ਜਗ ਨੇਤਰ ਨਜ਼ਰ ਕਦੇ ਨਾ ਆਈਆ । ਜੇ ਤੂੰ ਸਾਡੇ ਅੰਦਰ ਦੇਵੇਂ ਯਕੀਨ, ਯਕੀਨਨ ਯਕ ਤਰਫ਼ਾ ਹੋ ਕੇ ਫ਼ੈਸਲਾ ਦੇਵੇਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦੇ ਚੁਕਾਈਆ । ਸ੍ਰੀ ਭਗਵਾਨ ਕਹੇ ਜਨ ਭਗਤੋ ਜਲਵਾ ਨੂਰ, ਨੂਰ ਦਿਆਂ ਵਖਾਈਆ । ਜੁਗਾਂ ਪਿਛੋਂ ਪ੍ਰਭ ਦਾ ਇਕੋ ਬੇੜਾ ਤੇ ਇਕੋ ਭਰਿਆ ਪੂਰ, ਪੂਰਨ ਹੋ ਕੇ ਪੂਰ ਕਰਾਈਆ । ਬੇਸ਼ਕ ਤੁਸੀਂ ਸਮਝਦਾਰ . . . . . . . . . .ਮੈਂ ਨੇਰਨ ਨੇਰਾ ਹੋ ਕੇ ਤੁਹਾਡੇ ਅੰਦਰ ਡੇਰਾ ਲਾਈਆ । ਚਤੁਰ ਸੁਘੜ ਬਣਾਉਣਾ ਮੁਰਖ ਮੂੜ੍ਹ, ਜੋ ਚਲ ਆਏ ਸਰਨਾਈਆ । ਤੁਹਾਡੀ ਯਾਦ ਰਹਿ ਜਾਏ ਅੱਜ ਦੀ ਮਸਤਕ ਲੱਗੀ ਚਰਨਾਂ ਦੀ ਧੂੜ, ਖ਼ਾਕੀ ਖ਼ਾਕ ਵਿਚੋਂ ਬਾਹਰ ਕਢਾਈਆ । ਜੁਗ ਚੌਕੜੀ ਦੇ ਬਖ਼ਸ਼ ਦੇਵਾਂ ਕ਼ਸੂਰ, ਕਸਰ ਇਸ਼ਾਰੀਏ ਨਾਲ ਉਡਾਈਆ । ਨਾਮ ਖ਼ੁਮਾਰੀ ਦੇ ਇਕ ਸਰੂਰ, ਸੁਰਤ ਸ਼ਬਦ ਨਾਲ ਮਿਲਾਈਆ । ਜਿਧਰ ਵੇਖੋ ਉਧਰ ਹਾਜ਼ਰ ਹਜ਼ੂਰ, ਹਜ਼ਰਤ ਹੋ ਕੇ ਮਰੀਦ ਮੁਰਸ਼ਦ ਗਲੇ ਲਵਾਂ ਮਿਲਾਈਆ । ਤੁਹਾਡੇ ਮਨ ਦਾ ਕਦੇ ਪੈਣ ਨਾ ਦੇਵਾਂ ਫ਼ਤੂਰ, ਫ਼ਤਵਾ ਲਾ ਕੇ ਬੰਦੀਖ਼ਾਨੇ ਵਿਚ ਦੇਵਾਂ ਭਵਾਈਆ । ਨੇੜੇ ਆਉਣ ਨਾ ਦੇਵਾਂ ਗ਼ਰੂਰ, ਗ਼ੁਰਬਤ ਸਭ ਦੀ ਦੇਵਾਂ ਮਿਟਾਈਆ । ਸਚ ਪੁਛੋ ਪਹਿਲੀ ਚੇਤ ਦੇ ਪਿਛੋਂ ਤੁਹਾਨੂੰ ਮਿਲਦਾ ਰਹਾਂ ਜ਼ਰੂਰ, ਜਿਮੇਂਵਾਰੀ ਆਪਣੇ ਕੰਧ ਉਠਾਈਆ । ਫਿਰ ਵੀ ਤੁਹਾਡਾ ਹੋਵਾਂ ਮਸ਼ਕੂਰ, ਜਗਤ ਵਿਚ ਮੁਸ਼ਕਲ ਹਲ ਕਰਾਈਆ । ਮੈਂ ਤੁਹਾਡਾ ਜਨਮ ਜਨਮ ਦਾ ਕੰਤ ਕੰਤੂਹਲ, ਨਾਤਾ ਆਪਣੇ ਨਾਲ ਰਖਾਈਆ । ਤੁਹਾਡੀ ਅੱਜ ਦੀ ਰਾਤ ਜਾਣ ਨਹੀਂ ਦੇਂਦਾ ਫ਼ਜ਼ੂਲ, ਫ਼ਜ਼ਲ ਕਰ ਕੇ ਰਹਿਮਤ ਕਰ ਕੇ ਫੈਸਲਾ ਹੱਕ ਦੇਵਾਂ ਸੁਣਾਈਆ । ਇਕੋ ਕਲਮਾ ਨਾਮ ਮਾਕੂਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦਏ ਰੰਗਾਈਆ । ਜਨ ਭਗਤ ਕਹਿਣ ਵੇਖੀਂ ਪ੍ਰਭੂ ਕਿਤੇ ਦੇ ਕੇ ਨਾ ਜਾਵੀਂ ਲਾਰਾ, ਲਾਰਿਆਂ ਨਾਲ ਵਕਤ ਲੰਘਾਈਆ । ਤੇਰਾ ਜੁਗ ਚੌਕੜੀ ਸਮਝਿਆ ਨਹੀਂ ਕਿਸੇ ਇਸ਼ਾਰਾ, ਭੇਵ ਸਕਿਆ ਨਾ ਕੋਇ ਖੁਲ੍ਹਾਈਆ । ਸਦੀ ਚੌਧਵੀਂ ਦਾ ਅੰਤ ਕਿਨਾਰਾ, ਮੁਹੰਮਦ ਰਿਹਾ ਕੁਰਲਾਈਆ । ਕੂੜੀ ਕਿਰਿਆ ਧੂੰਆਂਧਾਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਭਗਤਾਂ ਦਾ ਵੇਖ ਕੇ ਭਗਤੀ ਵਾੜਾ, ਭਗਵਨ ਆਇਆ ਬੇਪਰਵਾਹੀਆ । ਏਸੇ ਕਰਕੇ ਕੱਢਦੇ ਹਾੜਾ, ਹੱਥ ਜੋੜ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਕਹਿਣ ਸੁਣ ਸਾਡੇ ਭਗਵੰਤ, ਬੇਨੰਤੀ ਇਕ ਸੁਣਾਈਆ । ਤੈਨੂੰ ਲੱਭਦੇ ਕੋਟਨ ਕੋਟ ਸੰਤ, ਸਹਿਸਿਆਂ ਵਿਚ ਲੋਕਾਈਆ । ਗੁਰ ਅਵਤਾਰ ਤੇਰਾ ਪਾ ਨਾ ਸਕੇ ਅੰਤ, ਬੇਅੰਤ ਕਹਿ ਕੇ ਸਾਰੇ ਰਹੇ ਗਾਈਆ । ਹੱਥ ਨਾ ਆਇਆ ਕਿਸੇ ਜੀਵ ਜੰਤ, ਲੱਖ ਚੁਰਾਸੀ ਦਏ ਦੁਹਾਈਆ । ਧੰਨ ਭਾਗ ਜੇ ਭਗਤਾਂ ਨਾਤਾ ਜੁੜਿਆ ਨਾਰ ਕੰਤ, ਆਤਮ ਪਰਮਾਤਮ ਜੋੜ ਜੁੜਾਈਆ । ਇਕੋ ਨਾਮ ਦੱਸਿਆ ਮੰਤ, ਮੰਤਵ ਸਭ ਦਾ ਹਲ ਕਰਾਈਆ । ਗੜ੍ਹ ਤੋੜ ਕੇ ਹਉਮੇਂ ਹੰਗਤ, ਹੰ ਬ੍ਰਹਮ ਦਿਤਾ ਸਮਝਾਈਆ । ਨਾਤਾ ਜੋੜ ਕੇ ਸਾਚੀ ਸੰਗਤ, ਸਗਲਾ ਲੇਖਾ ਦਿਤਾ ਮੁਕਾਈਆ । ਬੋਧ ਅਗਾਧਾ ਬਣ ਕੇ ਪੰਡਤ, ਬਿਨ ਵਿਦਿਆ ਕਰੇ ਪੜ੍ਹਾਈਆ । ਆਪਣੇ ਪ੍ਰੇਮ ਦੀ ਦੇ ਕੇ ਹਿੰਮਤ, ਜਗਤ ਜੁਗਤੋਂ ਲਿਆ ਛੁਡਾਈਆ । ਮਨ ਕਰੇ ਕੋਈ ਨਾ ਇੱਲਤ, ਕੂੜੀ ਵਾਸਨਾ ਨਾ ਕੋਇ ਬਣਾਈਆ । ਅੰਤ ਅਖ਼ੀਰੀ ਇਕੋ ਮਿੰਨਤ, ਚਰਨ ਕਵਲ ਮਿਲੇ ਸਰਨਾਈਆ । ਗ਼ਮੀ ਰਹੇ ਕੋਈ ਨਾ ਚਿੰਨਤ, ਚਿਖਾ ਕੂੜ ਨਾ ਕੋਇ ਜਲਾਈਆ । ਸਾਚੀ ਦੱਸਦੇ

੧੦੧
੧੯

ਧੁਰ ਦੀ ਸਿੰਮਤ, ਉੱਤਰ ਪੂਰਬ ਪੱਛਮ ਦੱਖਣ ਵੰਡ ਨਾ ਕੋਇ ਵੰਡਾਈਆ। ਜਿਥੇ ਤੇਰੀ ਹੋਵੇ ਮਿੱਲਤ, ਅਵਰ ਨਾ ਕੋਇ ਜੁਦਾਈਆ। ਵਿਛੋੜੇ ਵਾਲੀ ਰਹੇ ਨਾ ਕਿੱਲਤ, ਕਲਮਾ ਕਲਾਮ ਨਾ ਕੋਇ ਸੁਣਾਈਆ। ਨਜ਼ਰੀ ਆਏ ਨਾ ਕੋਈ ਨਿੰਦਕ, ਦੁਸ਼ਟ ਰੂਪ ਨਾ ਕੋਇ ਪਰਗਟਾਈਆ। ਇਕੋ ਸ਼ਬਦੀ ਦੇ ਦੇ ਖਿੱਲਤ, ਖ਼ਤਾ ਸਾਰੀ ਮੁਆਫ਼ ਕਰਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ। ਸ੍ਰੀ ਭਗਵਾਨ ਕਹੇ ਸੁਣ ਭਗਤ ਸੁਹੇਲੇ ਮੇਰੇ, ਮਹਿਬੂਬ ਦੇ ਵਡਿਆਈਆ। ਮੈਂ ਵਸਿਆ ਤੁਹਾਡੇ ਖੇੜੇ, ਘਰ ਘਰ ਵਿਚ ਡੇਰਾ ਲਾਈਆ। ਮੈਂ ਅੱਖਾਂ ਤੋਂ ਦੂਰ ਪ੍ਰੇਮ ਤੋਂ ਨੇੜੇ, ਸਚ ਘਰ ਬੈਠਾ ਸੋਭਾ ਪਾਈਆ। ਕੂੜੀ ਕਿਰਿਆ ਛੱਡ ਕੇ ਝੇੜੇ, ਝਗੜੇ ਮਾਇਆ ਵਾਲੇ ਮਿਟਾਈਆ। ਚਰਨ ਰਖ ਤੁਹਾਡੇ ਡੇਰੇ, ਡੇਰਾ ਆਪਣਾ ਲਿਆ ਬਦਲਾਈਆ। ਹੁਣ ਆ ਗਿਆ ਭਗਤਾਂ ਵਿਹੜੇ, ਛੱਪਰ ਛੰਨ ਨਾ ਕੋਇ ਵਡਿਆਈਆ। ਜਿਥੇ ਹੋਣੇ ਹੱਕ ਨਿਬੇੜੇ, ਹਕ਼ੀਕਤ ਦਏ ਗਵਾਹੀਆ। ਕਿਸੇ ਤੋਂ ਸੁਣਨੇ ਪੈਣ ਨਾ ਕੋਈ ਝੇੜੇ, ਦੂਜੀ ਆਸ ਨਾ ਕੋਇ ਰਖਾਈਆ। ਜਿਹੜੇ ਭਗਤ ਬਣ ਗਏ ਮੇਰੇ, ਪ੍ਰਭ ਦੇ ਰੂਪ ਵਿਚ ਸਮਾਈਆ। ਲੱਖ ਚੁਰਾਸੀ ਵਿਚੋਂ ਥੋੜ੍ਹੇ ਸਦਾ ਬਥੇਰੇ, ਬਹੁਤਿਆਂ ਦੀ ਲੋੜ ਰਹੇ ਨਾ ਰਾਈਆ। ਜਿਹੜੇ ਆ ਗਏ ਸ਼ਬਦੀ ਘੇਰੇ, ਚਾਰੋਂ ਕੁੰਟ ਪਹਿਰੇਦਾਰ ਅਖਵਾਈਆ। ਫੜ ਕੇ ਬਾਹੋਂ ਚਾੜ੍ਹਨੇ ਬੇੜੇ, ਪੱਤਨ ਆਪਣੇ ਲਏ ਲਗਾਈਆ। ਜਨਮ ਮਰਨ ਦੇ ਨਹੀਂ ਝੇੜੇ, ਆਵਣ ਜਾਵਣ ਨਾ ਕੋਇ ਵਖਾਈਆ। ਰਾਏ ਧਰਮ ਮੂਲ ਨਾ ਘੇਰੇ, ਚਿਤਰ ਗੁਪਤ ਨਾ ਹਿਸਾਬ ਜਣਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚ ਸਰਨਾਈਆ। ਜਨ ਭਗਤ ਕਹਿਣ ਪ੍ਰਭ ਤੇਰਾ ਸਚ ਸਿੰਘਾਸਣ ਚੰਗਾ, ਚਾਰੋਂ ਕੁੰਟ ਵੱਜੇ ਵਧਾਈਆ। ਲੋੜ ਰਹੇ ਨਾ ਨਹਾਵਣ ਦੀ ਗੰਗਾ, ਗੋਦਾਵਰੀ ਜਮਨਾ ਸੁਰਸਤੀ ਚਰਨਾਂ ਹੇਠ ਦਬਾਈਆ। ਬਿਨਾ ਬੰਦਗੀਉਂ ਬਣਾਏ ਬੰਦਾ, ਬੰਧਨ ਅਗਲੇ ਦਏ ਤੁੜਾਈਆ। ਬਿਨਾ ਸੂਰਜ ਚੰਦ ਚੜ੍ਹਾਏ ਚੰਦਾ, ਜਲਵਾ ਨੂਰ ਕਰ ਰੁਸ਼ਨਾਈਆ। ਤੇਰੇ ਹੱਥ ਸੱਤ ਰੰਗ ਦਾ ਡੰਡਾ, ਸਤਿ ਭੂਮਿਕਾ ਕਰ ਸਫ਼ਾਈਆ। ਜਿਥੇ ਤੇਰਾ ਦਵਾਰਾ ਸਚਖੰਡਾ, ਓਹ ਘਰ ਦੇਣਾ ਬਣਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ। ਸ੍ਰੀ ਭਗਵਾਨ ਕਹੇ ਤੁਸੀਂ ਮੇਰੇ ਸੱਜਣ ਸੁਹੇਲ, ਸੋਹਣੇ ਨਜ਼ਰੀ ਆਈਆ। ਚਾੜ੍ਹਾਂ ਰੰਗ ਨਵੇਲ, ਇਕੋ ਵਾਰ ਰੰਗਾਈਆ। ਅੰਤਮ ਲਵਾਂ ਮੇਲ, ਹੋਵੇ ਨਾ ਕੋਇ ਜੁਦਾਈਆ। ਭਾਗ ਲਗਾ ਕੇ ਗੁਰੂ ਗੁਰ ਚੇਲ, ਚੇਲਾ ਗੁਰ ਬਣਤ ਬਣਾਈਆ। ਜੋਤ ਜਗਾ ਕੇ ਬਿਨ ਬਾਤੀ ਤੇਲ, ਇਕੋ ਨੂਰ ਕਰਾਂ ਰੁਸ਼ਨਾਈਆ। ਆਪਣਾ ਵਖਾਵਾਂ ਅਗੰਮੀ ਖੇਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਤਾ ਆਪਣੇ ਨਾਲ ਜੁੜਾਈਆ। ਜਨ ਭਗਤੋ ਜਾਇਓ ਜਾਗ, ਜਾਗਣ ਵੇਲਾ ਆਇਆ। ਘਰ ਮਿਲੇ ਕੰਤ ਸੁਹਾਗ, ਠਾਕਰ ਬੇਪਰਵਾਹਿਆ। ਜਿਸ ਦਾ ਸਭ ਤੋਂ ਵੱਖਰਾ ਰਾਗ, ਅਨੁਰਾਗੀ ਆਪ ਸੁਣਾਇਆ। ਦੁਰਮਤ ਮੈਲ ਧੋਵੇ ਦਾਗ਼, ਅੰਮ੍ਰਿਤ ਜਾਮ ਪਿਆਇਆ। ਸ਼ਬਦ ਵਜਾਏ ਨਾਦ, ਧੁਨ ਆਤਮਕ ਰਾਗ ਅਲਾਇਆ। ਧੁਰ ਦਾ ਬਣੇ ਬਾਪ, ਪਤਿਪਰਮੇਸ਼ਵਰ ਬੇਪਰਵਾਹਿਆ। ਕੋਟ ਜਨਮ ਦੇ ਉਤਾਰੇ ਪਾਪ, ਕਾਇਆ ਖੇੜਾ ਵੇਖ ਵਖਾਇਆ। ਘਰ ਘਰ ਨਜ਼ਰੀ ਆਵੇ ਆਪ, ਭਗਤਾਂ ਲਏ ਉਠਾਇਆ। ਗੁਰਮੁਖਾਂ ਦਏ ਸ਼ਾਬਾਸ਼, ਜੋ ਚਲ ਆਏ ਸਰਨਾਇਆ। ਅੱਜ ਦੀ ਰਾਤ ਵੇਲਾ ਖ਼ਾਸ, ਖ਼ਸੂਸੀਅਤ ਤੁਹਾਡੀ ਦਏ ਜਣਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਇਆ। ਜਨ ਭਗਤ

ਕਹੇ ਭਗਵਨ ਤੂੰ ਬੜਾ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਕਿਸੇ ਨੇ ਤੈਨੂੰ ਕਿਹਾ ਖ਼ੁਦਾ, ਕੋਈ ਖ਼ੁਦੀ ਵਿਚ ਨਚਾਈਆ । ਕੋਈ ਬਣ ਕੇ ਤੇਰਾ ਗਵਾਹ, ਸ਼ਹਾਦਤ ਨਾਮ ਵਾਲੀ ਭੁਗਤਾਈਆ । ਕੋਈ ਝਗੜਾ ਗਿਆ ਪਾ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਕੋਈ ਸਜਦਿਆਂ ਵਿਚ ਸੀਸ ਝੁਕਾ, ਡੰਡਾਵਤ ਕਰ ਕੇ ਨਮੋ ਨਮੋ ਸੁਣਾਈਆ । ਕੋਈ ਧੂੜੀ ਖ਼ਾਕ ਰਮਾ, ਚਿਮਟੇ ਰਿਹਾ ਵਜਾਈਆ । ਕੋਈ ਮੰਦਰ ਮਠ ਬਣਾ, ਟੱਲਾਂ ਰਿਹਾ ਖੜਕਾਈਆ । ਕੋਈ ਮਸਜਿਦ ਮਸੀਤ ਰਿਹਾ ਸੁਹਾ, ਮਹਿਰਾਬ ਕਰੇ ਰੁਸ਼ਨਾਈਆ । ਕੋਈ ਠਾਕਰ ਸਵਾਮੀ ਰਿਹਾ ਮਨਾ, ਮੁਨਾਦੀ ਨਾਲ ਵੱਜੇ ਵਧਾਈਆ । ਜਨ ਭਗਤਾਂ ਇਕੋ ਤੇਰਾ ਦਰ ਮੰਗਿਆ ਆ, ਜਗਤ ਨਾਤੇ ਦਿਤੇ ਗਵਾਈਆ । ਤੂੰ ਪਾਤਸ਼ਾਹਾਂ ਦਾ ਪਾਤਸ਼ਾਹ, ਸ਼ਹਿਨਸ਼ਾਹ ਅਖਵਾਈਆ । ਆਪਣੇ ਰਸਤੇ ਲੈਣਾ ਲਾ, ਪੜਦਾ ਦੇਣਾ ਉਠਾਈਆ । ਫਿਰ ਵੀ ਪ੍ਰਭੂ ਤੇਰਾ ਨਹੀਂ ਵਸਾਹ, ਕਿਸ ਵੇਲੇ ਕਰੇਂ ਜੁਦਾਈਆ । ਜੇ ਸ਼ਬਦੀ ਗੋਬਿੰਦ ਨਾਲ ਦਏਂ ਮਿਲਾ, ਉਹ ਵਿਛੋੜਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਦਾ ਲੇਖਾ ਦੇ ਵਖਾਈਆ । ਸ੍ਰੀ ਭਗਵਾਨ ਕਹੇ ਭਗਤੋ ਮੇਰੇ ਉਤੇ ਰਖਿਓ ਭਰੋਸਾ, ਸਚ ਦਿਆਂ ਜਣਾਈਆ ।ਅਗੇ ਰਹਿਣ ਨਾ ਦੇਵਾਂ ਜਨਮ ਜਨਮ ਦਾ ਰੋਸਾ, ਰੁੱਸਿਆਂ ਲਵਾਂ ਮਿਲਾਈਆ । ਤੁਹਾਡਾ ਵਸਾਵਾਂ ਸਾਢੇ ਤਿੰਨ ਹੱਥ ਦਾ ਕੋਠਾ, ਮੰਦਰ ਅੰਦਰ ਡੇਰਾ ਲਾਈਆ । ਤੁਹਾਨੂੰ ਪੜ੍ਹਨਾ ਪੈਣਾ ਨਹੀਂ ਕੋਈ ਪੋਥਾ, ਅੱਖਰ ਇਕੋ ਦੇਣਾ ਸਮਝਾਈਆ । ਰਾਹ ਦੱਸ ਕੇ ਮੰਜ਼ਲ ਤੋਂ ਪਰੇ ਸੌਖਾ, ਪੈਂਡਾ ਦੇਣਾ ਮੁਕਾਈਆ । ਜਿਥੇ ਝਗੜਾ ਰਹੇ ਨਾ ਚੌਦਾਂ ਲੋਕਾ, ਚੌਦਾਂ ਵਿਦਿਆ ਨਾ ਕੋਇ ਜਣਾਈਆ । ਓਥੇ ਇਕੋ ਸ਼ਬਦ ਗੁਰੂ ਦਾ ਹੋਕਾ, ਦੂਜਾ ਹੁਕਮ ਨਾ ਕੋਇ ਮਨਾਈਆ । ਅਗੇ ਦੀ ਰਹੇ ਕੋਈ ਨਾ ਸੋਚਾ, ਸੋਚਾਂ ਵਿਚ ਨਾ ਕਿਸੇ ਭਵਾਈਆ । ਤੁਹਾਡੀ ਪੂਰੀ ਕਰਾਂ ਲੋਚਾ, ਲੋਚਨ ਅੰਦਰੋਂ ਦਿਆਂ ਖੁਲ੍ਹਾਈਆ । ਲੁਕਿਆ ਰਹੇ ਨਾ ਕੋਈ ਲੋਕਮਾਤ ਗੋਸ਼ਾ, ਫੜ ਬਾਹੋਂ ਲਵਾਂ ਜਗਾਈਆ । ਪਿਛਲਿਆਂ ਸਾਧਾਂ ਵਰਗਾ ਕਰਨਾ ਪਏ ਨਾ ਕੋਇ ਮਹੋਛਾ, ਮੁਸ਼ਕਲ ਆਪੇ ਹਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਨੂੰ ਦੱਸੇ ਇਕ ਸਲੋਕਾ, ਦੂਜੇ ਦੀ ਲੋੜ ਰਹੇ ਨਾ ਰਾਈਆ । ਜਨ ਭਗਤ ਕਹਿਣ ਪ੍ਰਭੂ ਵੇਖੀਂ ਕੱਚੀ ਨਾ ਪਾਈਂ ਗੰਢ, ਗੰਢਣਹਾਰ ਤੇਰੀ ਵਡਿਆਈਆ । ਅਸੀਂ ਹੈਰਾਨ ਪਰੇਸ਼ਾਨ ਦੰਗ, ਦੰਗਾ ਪੈਣਾ ਵਿਚ ਲੋਕਾਈਆ । ਚਾਰ ਕੁੰਟ ਨਹੀਂ ਦਿਸਣੀ ਠੰਢ, ਅਗਨੀ ਤਤ ਤਪਾਈਆ । ਸ੍ਰਿਸ਼ਟੀ ਹੋਣੀ ਰੰਡ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਵੇਖੀਂ ਆਪਣਿਆਂ ਭਗਤਾਂ ਨੂੰ ਕਦੀ ਨਾ ਦੇਵੀਂ ਕੰਡ, ਪੁਸ਼ਤ ਪਨਾਹ ਹੱਥ ਟਿਕਾਈਆ । ਜੁਗਾਂ ਪਿਛੋਂ ਤੇਰੀ ਆਉਂਦੇ ਵਿਚ ਵੰਡ, ਵੰਡ ਜਗਤ ਨਾਲੋਂ ਕਰਾਈਆ । ਕਿਸੇ ਨੂੰ ਕਦੀ ਨਾ ਦੇਵੀਂ ਦੰਡ, ਮਿਹਰ ਨਜ਼ਰ ਨਾਲ ਤਰਾਈਆ । ਸਭ ਦਾ ਖ਼ੁਸ਼ੀ ਕਰਨਾ ਬੰਦ ਬੰਦ, ਬੰਦਗੀ ਆਪਣੀ ਦੇਣੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦੇਣਾ ਉਠਾਈਆ । ਜਨ ਭਗਤੋ ਮੇਰੇ ਉਤੇ ਕਰਿਓ ਵਿਸ਼ਵਾਸ, ਸ੍ਰੀ ਭਗਵਾਨ ਸਦਾ ਸਮਝਾਇੰਦਾ । ਭਗਤਾਂ ਦਾ ਸਦਾ ਦਾਸ, ਸੇਵਕ ਸੇਵਾਦਾਰ ਅਖਵਾਇੰਦਾ । ਉਨ੍ਹਾਂ ਦੇ ਵਸਾਂ ਪਾਸ, ਜਿਹੜਾ ਅੰਦਰੇ ਅੰਦਰ ਮੇਰਾ ਰਾਹ ਤਕਾਇੰਦਾ । ਪ੍ਰਭੂ ਜਾਨਣਹਾਰਾ ਸਭ ਦੀ ਖ਼ਾਹਿਸ਼, ਲੱਖ ਚੁਰਾਸੀ ਖੋਜ ਖੁਜਾਇੰਦਾ । ਮਿਹਰਵਾਨ ਹੋ ਕੇ ਤੁਹਾਡੇ ਅੰਦਰ ਕਰਾਂ ਵਾਸ, ਵਾਸਤਾ ਆਪਣੇ ਨਾਲ ਜੁੜਾਇੰਦਾ । ਤੁਹਾਡਾ ਵੇਖਾਂ ਘਰ ਗ੍ਰਿਹਿ ਮੰਦਰ ਥਾਨ ਨਿਵਾਸ, ਜਿਥੇ ਦੀਵਾ ਬਾਤੀ ਕਮਲਾਪਾਤੀ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਮਿਹਰ ਨਜ਼ਰ ਇਕ ਉਠਾਇੰਦਾ । ਜਨ ਭਗਤ ਕਹਿਣ ਪ੍ਰਭੂ ਤੇਰਾ ਝਗੜਾ ਸਦਾ ਕ਼ਦੀਮ, ਪੂਰਬ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਮੁਨੀਮ, ਲਿਖ ਲਿਖ ਲੇਖਾ ਗਏ ਕ਼ਲਮ ਸ਼ਾਹੀਆ । ਕਿਸੇ ਨੂੰ ਅਲਿਫ਼ ਸਿਖਾਈ ਕਿਸੇ ਨੂੰ ਮੀਮ, ਕਿਸੇ ਨੂੰ ਨੁਕਤਿਆਂ ਵਿਚੋਂ ਬਾਹਰ ਕਢਾਈਆ । ਜੁਗ ਚੌਕੜੀ ਕਰਦਾ ਰਿਹੋਂ ਤਰਮੀਮ, ਆਪਣੀ ਬਣਤ ਬਣਾਈਆ । ਕਿਸੇ ਨੂੰ ਅੱਖ ਪਰਤੱਖ ਵਖਾਏ ਸੀਨ, ਸਮਝ ਰਮਜ਼ ਵਿਚ ਮਿਲਾਈਆ । ਕਿਸੇ ਨੂੰ ਨਰ ਬਣਾਇਆ ਕਿਸੇ ਨੂੰ ਮਦੀਨ, ਆਪ ਪੜਦਿਆਂ ਵਿਚ ਆਪਣਾ ਆਪ ਛੁਪਾਈਆ । ਤੇਰੇ ਉਤੇ ਕਿਸ ਤਰ੍ਹਾਂ ਆਵੇ ਯਕੀਨ, ਜੋ ਯਕੇ ਬਾਦ ਦੀਗਰੇ ਸਾਰਿਆਂ ਨੂੰ ਰਿਹਾ ਭਵਾਈਆ । ਅਸੀਂ ਤੇਰੇ ਭਗਤ ਨਹੀਂ ਕੋਈ ਕਮੀਨ, ਭੁੱਖੇ ਨੰਗੇ ਮੰਗਤੇ ਨਜ਼ਰ ਕੋਇ ਨਾ ਆਈਆ । ਕਿਉਂ, ਸਾਡਾ ਨਾ ਕੋਈ ਮਜ਼੍ਹਬ ਨਾ ਕੋਈ ਦੀਨ, ਜਾਤ ਪਾਤ ਵੰਡ ਨਾ ਕੋਇ ਵਖਾਈਆ । ਅਸੀਂ ਪੈਰਾਂ ਹੇਠਾਂ ਦੇਣੇ ਲੋਕ ਤੀਨ, ਚੌਦਾਂ ਲੋਕ ਚੌਦਾਂ ਤਬਕ ਠੇਡਿਆਂ ਨਾਲ ਉਡਾਈਆ । ਅਸੀਂ ਨਹੀਂ ਮੰਨਣੀ ਤੇਰੀ ਤਕਸੀਮ, ਇਕੋ ਰੰਗ ਲੈਣਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਮੰਗ ਮੰਗਾਈਆ । ਜਨ ਭਗਤ ਕਹਿਣ ਅਸੀਂ ਕੋਈ ਭੁੱਖੇ ਨੰਗੇ ਨਹੀਂ ਭਿਖਾਰੀ, ਧੁਰ ਦਾ ਢੋਲਾ ਦਈਏ ਸੁਣਾਈਆ । ਬੇਸ਼ਕ ਤੂੰ ਨਿਰਗੁਣ ਜੋਤ ਨਿਰੰਕਾਰੀ, ਨੂਰ ਤੇਰਾ ਸਾਡਾ ਨੂਰ ਨਜ਼ਰੀ ਆਈਆ । ਸਾਡੀ ਤਨ ਮਾਟੀ ਨਹੀਂ ਬੇਕਾਰੀ, ਖ਼ਾਲੀ ਰੂਪ ਨਾ ਕੋਇ ਵਖਾਈਆ । ਅਸੀਂ ਕੱਚੀ ਕਦੀ ਨਹੀਂ ਲਾਈ ਯਾਰੀ, ਜਨ ਭਗਤ ਰਹੇ ਸੁਣਾਈਆ । ਜੇ ਸਾਡੀ ਆਤਮਾ ਰਹਿ ਜਾਏ ਕਵਾਰੀ, ਤੈਨੂੰ ਖ਼ਾਵੰਦ ਨਾ ਕੋਇ ਬਣਾਈਆ । ਜੇ ਤੂੰ ਕਰੇਂ ਨਾ ਸਾਡੀ ਤਰਫ਼ਦਾਰੀ, ਅਸਾਂ ਝਗੜਾ ਲੈਣਾ ਪਾਈਆ । ਸਾਨੂੰ ਤੇਰੇ ਮਿਲਣ ਦੀ ਬੀਮਾਰੀ, ਰੋਗ ਸਕੇ ਨਾ ਕੋਇ ਹਟਾਈਆ । ਤੇਰਿਆਂ ਚਰਨਾਂ ਉਤੇ ਤੇਰਿਆਂ ਭਗਤਾਂ ਦੀ ਸਦਾ ਘਸਦੀ ਰਹੀ ਦਾੜ੍ਹੀ, ਆਪ ਆਪਣਾ ਗਏ ਮਿਟਾਈਆ । ਤੈਨੂੰ ਲੱਭਣ ਜਾਈਏ ਵਿਚੋਂ ਜੰਗਲ ਤੇ ਪਹਾੜੀ, ਤੂੰ ਬੈਠਾ ਰਹੇਂ ਘਰ ਘਰ ਡੇਰਾ ਲਾਈਆ । ਕਿਉਂ ਕੱਟੀਏ ਖਆਰੀ ? ਤੂੰ ਸਾਡਾ ਅਸੀਂ ਤੇਰੇ ਬਿਨਾ ਤੇਰੇ ਦੂਜੀ ਓਟ ਨਾ ਕੋਇ ਤਕਾਈਆ । ਓ ਪ੍ਰਭੂ ਤੂੰ ਸਾਡਾ ਬਣ ਪੁਜਾਰੀ, ਜਨ ਭਗਤ ਰਹੇ ਸੁਣਾਈਆ । ਤੂੰ ਆਇਉਂ ਸਾਡੇ ਦਵਾਰੀ, ਦਵਾਰਕਾ ਵਾਸੀ ਤੇਰੇ ਅੰਦਰ ਸੇਵ ਕਮਾਈਆ । ਤੈਨੂੰ ਨਹੀਂ ਪਤਾ ਇਹ ਜੱਟ ਫੜ ਕੇ ਔਣ ਸਾਂਘੇ ਤੇ ਕੁਹਾੜੀ, ਡਾਂਗਾਂ ਹੱਥਾਂ ਵਿਚ ਫੜਾਈਆ । ਵਟ ਮੁੱਛਾਂ ਨੂੰ ਰਹੇ ਚਾੜ੍ਹੀ, ਬਲ ਆਪਣਾ ਰਹੇ ਵਧਾਈਆ । ਜਿਨ੍ਹਾਂ ਦੀ ਗੋਬਿੰਦ ਪੈਜ ਸਵਾਰੀ, ਤੂੰ ਉਨ੍ਹਾਂ ਦੀ ਕੱਟਣੀ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲੈਣਾ ਮਿਲਾਈਆ । ਜਨ ਭਗਤੋ ਮੇਰੇ ਨਾਲ ਨਾ ਪਾਇਓ ਝਗੜਾ, ਸਭ ਨੂੰ ਦਿਆਂ ਸੁਣਾਈਆ । ਮੈਂ ਸਾਥ ਦੇਵਾਂ ਤੁਹਾਡਾ ਸਗਲਾ, ਦੋ ਜਹਾਨਾਂ ਸੰਗ ਮਿਲਾਈਆ । ਮੈਥੋਂ ਅਹਿਵਾਲ ਸੁਣ ਲਓ ਅਗਲਾ, ਪੜਦੇ ਓਹਲੇ ਦਿਆਂ ਉਠਾਈਆ । ਤੁਹਾਨੂੰ ਫਿਰਨ ਨਹੀਂ ਦੇਂਦਾ ਵਿਚ ਜੰਗਲਾਂ, ਘਰ ਘਰ ਕਰਾਂ ਰੁਸ਼ਨਾਈਆ । ਆਪਣੇ ਨਾਮ ਦਾ ਕਰ ਕੇ ਚਾਰ ਮੰਗਲਾ, ਧੁੰਨ ਨਾਦ ਕਰਾਂ ਸ਼ਨਵਾਈਆ । ਤੁਹਾਨੂੰ ਬਨ੍ਹੌਂਣਾ ਨਹੀਂ ਕਿਸੇ ਸ਼ਰਅ ਵਾਲੇ ਸੰਗਲਾ, ਜ਼ੰਜੀਰਾਂ ਵਿਚੋਂ ਬਾਹਰ ਕਢਾਈਆ । ਸਚਖੰਡ ਦਵਾਰਾ ਦੇਵਾਂ ਬੰਗਲਾ, ਛੱਪਰ ਛੰਨ ਨਾ ਕੋਇ ਛੁਹਾਈਆ । ਓਹ ਗੁਰਮੁਖ ਓਥੇ ਕੋਈ ਰਹੇ ਨਾ ਗੰਦਲਾ, ਸ਼ਹਿਨਸ਼ਾਹ ਦੇਵੇ ਮਾਣ ਵਡਿਆਈਆ । ਤੁਸਾਂ ਨੂੰ ਇਕੋ ਦੱਸਣੀ ਬੰਦਨਾ, ਬੰਦਗੀ ਦੇਣੀ ਜਣਾਈਆ । ਜਨ ਭਗਤ ਜੋ ਕੁਛ ਮੰਗਣਾ ਮੰਗ ਲਾ, ਦੇਵਣਹਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਅਪਣਾ ਹੱਥ ਟਿਕਾਈਆ ।

ਜਨ ਭਗਤ ਕਹੇ ਪ੍ਰਭੂ ਤੂੰ ਕੀ ਦੇਣਾ ਸੂਮਾਂ, ਸੂਮਾਂ ਦਾ ਸੂਮ ਨਜ਼ਰੀ ਆਈਆ । ਅਸੀਂ ਕੁਛ ਨਹੀਂ ਮੰਗਦੇ ਇਕੋ ਦਰਸ਼ਨ ਕਰਨਾ ਚਾਹੁੰਦੇ ਨੈਣਾਂ, ਨਿਜ ਨੇਤਰ ਅੱਖ ਦੇ ਖੁਲ੍ਹਾਈਆ । ਤੇਰੇ ਜਗਤ ਵਹਿਣ ਵਿਚ ਕਦੀ ਨਹੀਂ ਵਹਿਣਾ, ਮਾਇਆ ਵਿਚ ਨਾ ਕੋਇ ਰੁੜ੍ਹਾਈਆ । ਅਸੀਂ ਨਾਤਾ ਛੱਡ ਕੇ ਭਾਈ ਭੈਣਾਂ, ਝਗੜੇ ਦਿਤੇ ਮੁਕਾਈਆ । ਤੇਰੇ ਨਾਮ ਦਾ ਪਾ ਕੇ ਗਹਿਣਾ, ਘੁੰਗਟ ਪੜਦਾ ਦਿਤਾ ਉਠਾਈਆ । ਇਕੋ ਤੇਰਾ ਭਾਣਾ ਸਹਿਣਾ, ਦੂਜੇ ਦੀ ਲੋੜ ਰਹੀ ਨਾ ਰਾਈਆ । ਜੇ ਤੂੰ ਨਾ ਮੰਨਿਆ ਕਹਿਣਾ, ਅਸੀਂ ਜਾਣਾ ਮੁਖ ਭਵਾਈਆ । ਫੇਰ ਤੈਨੂੰ ਪ੍ਰਭੂ ਪ੍ਰਭੂ ਕਿਸੇ ਨਹੀਂ ਕਹਿਣਾ, ਤੈਨੂੰ ਮੱਥੇ ਨਾ ਕੋਈ ਘਸਾਈਆ । ਅਸੀਂ ਭਗਤੀਉਂ ਬਿਨਾ ਆਪਣਾ ਲਹਿਣਾ ਲੈਣਾ, ਜੁਗ ਜੁਗ ਤੇਰੀ ਸੇਵ ਕਮਾਈਆ । ਖ਼ਾਲੀ ਹੱਥ ਕਦੇ ਨਹੀਂ ਬਹਿਣਾ, ਝੋਲੀਆਂ ਭਰ ਕੇ ਘਰਾਂ ਨੂੰ ਜਾਈਏ ਚਾਈਂ ਚਾਈਆ । ਓਏ ਪ੍ਰਭੂ ਅਸਾਂ ਕੀ ਕਰਨੀ ਤੇਰੀ ਕਾਮਧੇਨਾ, ਐਰਾਪਤ ਹਾਥੀ ਕੰਮ ਕਿਸ ਆਈਆ । ਇਕੋ ਤੇਰੇ ਪ੍ਰੇਮ ਅੰਦਰ ਰਹਿਣਾ, ਹੋਵੇ ਨਾ ਕਦੇ ਜੁਦਾਈਆ । ਜੇ ਤੂੰ ਸਮਝੇਂ ਤਰਫ਼ੈਣਾ, ਕਰਵਟ ਲਏਂ ਬਦਲਾਈਆ । ਫੇਰ ਨਾ ਕੋਈ ਐਨ ਤੇ ਨਾ ਕੋਈ ਗ਼ੈਨਾ, ਨਾ ਕੋਈ ਨੁਕਤਾ ਮੁਕਤਾ ਕਰੇ ਪੜ੍ਹਾਈਆ । ਨਾ ਕੋਈ ਰਸਨ ਨਾ ਕੋਈ ਸ਼ਬਦ ਨਾਮ ਰਸੈਣਾ, ਨਾ ਕੋਈ ਢੋਲੇ ਗੀਤ ਅਲਾਈਆ । ਓ ਪ੍ਰਭੂ ਬਿਨਾ ਭਗਤਾਂ ਕਿਹਦੇ ਘਰ ਬਣੇ ਪਰਾਹੁਣਾ, ਕਿਸ ਦੇ ਘਰ ਵੜ ਕੇ ਖ਼ੁਸ਼ੀ ਮਨਾਈਆ । ਤੈਨੂੰ ਕਿਤੇ ਨਾ ਆਵੇ ਚੈਨਾ, ਅਸਾਂ ਨਹੀਂ ਸੁਣਨੀ ਤੇਰੀ ਸਿਫ਼ਤ ਸਾਲਾਹੀਆ । ਬਿਨਾ ਭਗਤਾਂ ਤੋਂ ਮਨਮੁਖ ਤੈਂਨਾ, ਧੱਕਿਆ ਨਾਲ ਬਾਹਰ ਦੇਣ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦਰ ਦੇ ਵਖਾਈਆ । ਜਨ ਭਗਤ ਕਹਿਣ ਤੈਨੂੰ ਕਹਿੰਦੇ ਠਾਕਰਾਂ ਦਾ ਠਾਕਰ, ਪਰਵਰਦਿਗਾਰ ਨਜ਼ਰੀ ਆਈਆ । ਤੇਰਾ ਨਾਮ ਕਹਿੰਦੇ ਡੂੰਘਾ ਸਾਗਰ, ਵਹਿਣਾਂ ਵਿਚ ਰੁੜ੍ਹਾਈਆ । ਅਸੀਂ ਕਹਿੰਦੇ ਸਾਡੇ ਨਿਰਮਲ ਕਰਮ ਕਰ ਉਜਾਗਰ, ਕਰਮਾਂ ਦਾ ਲੇਖਾ ਆਏ ਮੁਕਾਈਆ । ਸਾਨੂੰ ਮਿਲ ਗਿਆ ਸ਼ਬਦੀ ਗੁਰ ਸੂਰਾ ਬਹਾਦਰ, ਸੂਰਬੀਰ ਬੇਪਰਵਾਹੀਆ । ਜਿੰਨਾਂ ਚਿਰ ਦਰ ਆਇਆਂ ਨੂੰ ਨਾ ਦੇਵੇਂ ਆਦਰ, ਆਪਣਾ ਦਰਸ ਨਾ ਦਏਂ ਵਖਾਈਆ । ਅਸੀਂ ਕਿਸੇ ਨਹੀਂ ਕਹਿਣਾ ਕ਼ਰੀਮ ਕ਼ਾਦਰ, ਕ਼ੁਦਰਤ ਨਾਲੋਂ ਨਾਤਾ ਲੈਣਾ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਾਸਾ ਲੈਣਾ ਬਦਲਾਈਆ । ਜਨ ਭਗਤੋ ਮੇਰੀ ਮੰਨ ਲਓ ਇਕ ਗੱਲ, ਗਲਵਕੜੀ ਲਵਾਂ ਪਾਈਆ । ਵਿਛੋੜਾ ਹੋਵੇ ਕਦੀ ਨਾ ਪਲ, ਪਲਕ ਨਾ ਹੋਏ ਜੁਦਾਈਆ । ਤੁਹਾਡੀ ਪ੍ਰੀਤੀ ਦਾ ਦੇਵਾਂ ਫਲ, ਫੁਲਵਾੜੀ ਇਕ ਮਹਿਕਾਈਆ । ਤੁਹਾਡੀ ਖ਼ਾਤਰ ਆਇਆ ਚਲ, ਚਲਿਤ੍ਰ ਦਿਆਂ ਬਣਾਈਆ । ਜਗਤ ਜਵਾਨੀ ਸਭ ਦੀ ਜਾਣੀ ਢਲ, ਢੋਲੀਆਂ ਢੋਲੇ ਰਾਗਾਂ ਨਾਦਾਂ ਵਿਚ ਗਾਈਆ । ਤੁਸੀਂ ਮੇਰੇ ਅੰਦਰ ਗਏ ਰਲ, ਰਲ ਮਿਲ ਇਕੱਠੇ ਝਟ ਲੰਘਾਈਆ । ਕੋਈ ਕਰਨਾ ਨਹੀਂ ਵਲ ਛਲ, ਛਲ ਦਾ ਵੇਲਾ ਦਿਤਾ ਮੁਕਾਈਆ । ਦੂਈ ਦਵੈਤ ਦਾ ਮੇਟਿਆ ਸਲ, ਆਪਣਾ ਤੀਰ ਲਗਾਈਆ । ਪਹਿਲੋਂ ਤੁਹਾਨੂੰ ਦਿਤਾ ਘੱਲ, ਫੇਰ ਆਪਣਾ ਫੇਰਾ ਪਾਈਆ । ਪ੍ਰਭੂ ਸਦਾ ਭਗਤਾਂ ਵੱਲ, ਵਲਵਲੇ ਅੰਦਰੋਂ ਦਏ ਕਢਾਈਆ । ਦੱਸ ਕੇ ਨਿਹਚਲ ਧਾਮ ਅਟਲ, ਘਰਾਨਾ ਪਿਛਲਾ ਦਿਆਂ ਵਖਾਈਆ । ਜਿਥੇ ਇਕੋ ਜੋਤ ਰਹੀ ਬਲ, ਤੇਲ ਬਾਤੀ ਦੀ ਲੋੜ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਰੰਗਾਈਆ । ਪ੍ਰਭੂ ਵਿਛੋੜੇ ਵਾਲਾ ਨਾ ਦੇਵੀਂ ਸਦਮਾ, ਸਦੀਆਂ ਦੇ ਰਾਹ ਤਕਾਈਆ । ਅਸੀਂ ਥੋੜ੍ਹੇ ਵਿਚੋਂ ਪਦਮਾ, ਅਰਬਾਂ ਵਿਚੋਂ ਨਜ਼ਰੀ ਆਈਆ । ਜਿਹੜੇ ਝੁਕਦੇ ਸਦਾ ਤੇਰੇ ਕ਼ਦਮਾਂ, ਨਾਤਾ ਜਗਤ

ਨਾਲੋਂ ਤੁੜਾਈਆ । ਜੇ ਤੂੰ ਸਾਨੂੰ ਸਚ ਦਵਾਰੇ ਸੱਦਣਾ, ਸਚਖੰਡ ਦੇਣੀ ਮਾਣ ਵਡਿਆਈਆ । ਫੇਰ ਅਸਾਂ ਤੈਨੂੰ ਹੋਰ ਕਿਤੇ ਨਹੀਂ ਲੱਭਣਾ, ਘਰ ਬੈਠਿਆਂ ਨਜ਼ਰੀ ਆਈਆ । ਅਸਾਂ ਤੇਰੇ ਨਾਲ ਨਾਦ ਹੋ ਕੇ ਵੱਜਣਾ, ਧੁਨ ਨਾਲ ਸ਼ਨਵਾਈਆ । ਤੇਰੇ ਪਰਕਾਸ਼ ਨਾਲ ਜਗਣਾ, ਨਿਰਗੁਣ ਨੂਰ ਹੋਵੇ ਰੁਸ਼ਨਾਈਆ । ਓ ਗੋਬਿੰਦ ਪਿਆਰੇ ਸੱਜਣਾ, ਏਥੇ ਓਥੇ ਕਟ ਜੁਦਾਈਆ । ਤੇਰਾ ਕੋਈ ਨਾ ਜਾਣੇ ਉਚਾ ਲੰਮਾ ਕੱਦਣਾ, ਕੁਦਰਤ ਦੇ ਮਾਲਕ ਬੇਪਰਵਾਹੀਆ । ਤੇਰੀ ਪ੍ਰੀਤੀ ਅੰਦਰ ਬੱਝਣਾ, ਬਚਨ ਇਕੋ ਦੇਣਾ ਸੁਣਾਈਆ । ਸ੍ਰੀ ਭਗਵਾਨ ਤੈਨੂੰ ਭਗਤਾਂ ਦਾ ਪੜਦਾ ਪੈਣਾ ਕੱਜਣਾ, ਕਲਜੁਗ ਤੋਂ ਲੈਣਾ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਛੱਬੀ ਪੋਹ ਕਹੇ ਮੈਂ ਕੀ ਕੁਝ ਸੁਣਿਆ ਬਚਨ ਬਿਲਾਸ, ਬਿਨ ਕੰਨਾਂ ਕੰਨ ਸੁਣਾਈਆ । ਮੈਂ ਅੱਖੀਂ ਵੇਖੀ ਭਗਤ ਭਗਵਾਨ ਦੀ ਪੈਂਦੀ ਰਾਸ, ਬਿਨ ਗੋਪੀ ਕਾਹਨ ਵੱਜੀ ਵਧਾਈਆ । ਆਤਮ ਪਰਮਾਤਮ ਦਾ ਬਣਿਆ ਸਾਥ, ਸੋਹਣਾ ਸੰਗ ਜਣਾਈਆ । ਉਤੋਂ ਝੁਕਦੇ ਮੰਡਲ ਆਕਾਸ਼, ਥਲਿਉਂ ਧਰਤੀ ਖ਼ੁਸ਼ੀ ਮਨਾਈਆ । ਝਗੜਾ ਰਹੇ ਨਾ ਕੋਈ ਪਰਭਾਸ, ਬਨਬਾਸ ਨਾ ਕੋਇ ਫਿਰਾਈਆ । ਗੁਰਮੁਖੋ ਜਿਧਰ ਜਾਓ ਤੁਹਾਡੀ ਪੂਰੀ ਕਰਾਂ ਆਸ, ਨਿਰਾਸਤਾ ਰੂਪ ਨਾ ਕੋਇ ਵਟਾਈਆ । ਵੇਖਿਓ ਤੁਸੀਂ ਕਦੀ ਨਾ ਬਣਿਓ ਬਦਮਾਸ਼, ਯਾਰੀ ਗੁੰਡਿਆਂ ਨਾਲ ਲਗਾਈਆ । ਤੁਹਾਡੇ ਅੰਦਰ ਲਾਉਣੀ ਉਹ ਜਾਗ, ਜਿਹੜੀ ਸੁਤਿਆਂ ਲਏ ਉਠਾਈਆ । ਨਾਮ ਦਾ ਦੇਣਾ ਵੈਰਾਗ, ਨੇਤਰ ਨੀਰ ਨਾ ਕੋਇ ਵਗਾਈਆ । ਪ੍ਰੇਮ ਦੀ ਲਾਉਣੀ ਆਗ, ਅਗਨੀ ਤਤ ਬੁਝਾਈਆ । ਜੇ ਨਹੀਂ ਜਗਿਆ ਤੇ ਜਗਾ ਦੇਣਾ ਚਰਾਗ਼, ਇਹੋ ਮੇਰੀ ਵਡਿਆਈਆ । ਬਿਨਾ ਸਾਬਣ ਤੋਂ ਤੁਹਾਡਾ ਧੋ ਦੇਣਾ ਦਾਗ਼, ਅੰਦਰੋਂ ਕਰਨੀ ਸਫ਼ਾਈਆ । ਜੇ ਮੈਥੋਂ ਜਾਓ ਭਾਜ, ਸ਼ਬਦ ਡੰਡੇ ਨਾਲ ਮੋੜ ਕੇ ਆਪਣੇ ਚਰਨਾਂ ਵਿਚ ਸੁਟਾਈਆ । ਬੇਸ਼ਕ ਹੁਣ ਹੱਥਾਂ ਉਤੇ ਨਹੀਂ ਬਾਜ਼, ਬਾਜ਼ਾਂ ਵਾਲਾ ਓਹੋ ਧੁਰ ਦਾ ਮਾਹੀਆ । ਜਿਸ ਨੂੰ ਸਮਝੇ ਨਾ ਕੋਇ ਦਿਮਾਗ਼, ਅਕਲਾਂ ਵਾਲਿਆਂ ਨਾ ਕੋਇ ਚਤੁਰਾਈਆ । ਰਾਤੀਂ ਸੁਤਿਆਂ ਬਿਨ ਕੰਨਾਂ ਸੁਣੋ ਮੇਰੀ ਆਵਾਜ਼, ਜੋ ਅੰਦਰੋਂ ਰਾਜ਼ ਦਏ ਖੁਲ੍ਹਾਈਆ । ਫੇਰ ਵੀ ਤੁਹਾਡਾ ਮੁਹਤਾਜ, ਸੇਵਕਾਂ ਦਾ ਸੇਵਕ ਨਜ਼ਰੀ ਆਈਆ । ਇਹ ਕੋਈ ਗਾਣਾ ਨਹੀਂ ਨਾਚ, ਨਟੂਆ ਨਾ ਵੇਖ ਵਖਾਈਆ । ਸਭ ਤੋਂ ਅਨੋਖੀ ਖ਼ੁਸ਼ੀਆਂ ਵਾਲੀ ਰਾਤ, ਰੁਤੜੀ ਰਹੀ ਮਹਿਕਾਈਆ । ਜਿਹੜੀ ਕਿਸੇ ਲੱਭੀ ਨਹੀਂ ਲੋਕਮਾਤ, ਮਾਤਾ ਪਿਤਾ ਬੱਚਿਆਂ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਜਣਾਈਆ । ਫੁੱਲ ਕਹੇ ਮੈਂ ਵੇਖੀ ਭਗਤਾਂ ਦੀ ਬਹਾਰ, ਫ਼ਸਲ ਸੋਹਣੀ ਨਜ਼ਰੀ ਆਈਆ । ਜਿਨ੍ਹਾਂ ਦੇ ਅੰਦਰ ਨਾਮ ਬੂਟਾ ਅਸਲ, ਆਪਣਾ ਰੰਗ ਬਦਲਾਈਆ । ਉਹ ਖਾ ਕੇ ਸੱਚੀ ਕ਼ਸਮ, ਕਿਸਮਤ ਰਹੇ ਬਦਲਾਈਆ । ਯਾਰ ਦਾ ਕਰ ਕੇ ਵਸਲ, ਸੇਜ ਰਹੇ ਹੰਢਾਈਆ । ਉਨ੍ਹਾਂ ਦੇ ਫਰਕੇ ਮਸਲ, ਮੁਸੱਰਤ ਵਿਚ ਪੇਸ਼ਾਨੀ ਰੂਪ ਬਦਲਾਈਆ । ਜਿਨ੍ਹਾਂ ਦੀ ਗੁਰ ਅਵਤਾਰਾਂ ਪੈਗ਼ੰਬਰਾਂ ਨਾਲ ਰਹਿ ਗਈ ਕਸਰ, ਲੇਖਾ ਓਹਨਾਂ ਦਾ ਝੋਲੀ ਪਾਈਆ । ਜਨ ਭਗਤੋ ਭਗਵਨ ਨਾਲ ਮਿਲ ਕੇ ਆਰਾਮ ਨਾਲ ਕਰਨਾ ਬਸਰ, ਬਿਸਤਰਿਆਂ ਦੀ ਲੋੜ ਰਹੇ ਨਾ ਰਾਈਆ । ਅਗੇ ਕੋਈ ਨਾ ਜਾਇਓ ਪਛੜ, ਪਿਛਲਿਆਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਫੁੱਲ ਕਹੇ ਮੈਂ ਗੁਰਮੁਖਾਂ ਵਲ ਕੀਤੀ ਦੀਦ, ਸਭ ਨੂੰ ਵੇਖ ਵਖਾਈਆ । ਵੇਖਿਓ ਕਿਸੇ ਦੇ ਉਤੇ ਗਲਬਾ ਪਾ ਨਾ ਜਾਵੇ ਨੀਂਦ, ਆਲਸ ਵਿਚ ਸੁਆਈਆ । ਇਹ ਮਾਲਕ ਵੇਖੋ ਅਜੀਬ, ਜਨਮ ਜਨਮ ਦੇਵੇ ਕਟਾਈਆ । ਤੁਹਾਡੇ ਅੰਦਰ ਰਹੇ ਕ਼ਰੀਬ,

ਦੂਰ ਦੁਰਾਡਾ ਪੰਧ ਮੁਕਾਈਆ । ਓ ਤੁਸਾਂ ਕਿਹੜੀ ਪੜ੍ਹਨੀ ਕ਼ੁਰਾਨ ਮਜੀਦ, ਕਲਮਿਆਂ ਵਿਚ ਸੀਸ ਝੁਕਾਈਆ । ਤੁਹਾਡੀ ਅੱਜ ਤੋਂ ਪੂਰੀ ਕੀਤੀ ਉਮੀਦ, ਆਮਦ ਵਿਚ ਖ਼ੁਸ਼ੀ ਮਨਾਈਆ । ਅੱਖਰਾਂ ਵਾਲੀ ਤੁਹਾਡੀ ਕਟ ਦਿਤੀ ਰਸੀਦ, ਰਸਤੇ ਵਿਚ ਨਾ ਕੋਇ ਅਟਕਾਈਆ । ਜਿਧਰ ਜਾਓ ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੈਗ਼ੰਬਰ ਤੁਹਾਡੀ ਕਰਨ ਦੀਦ, ਦੀਦਾ ਦਾਨਿਸਤਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਛੱਬੀ ਪੋਹ ਕਹੇ ਮੈਂ ਭਗਤਾਂ ਵੱਲ ਰਿਹਾ ਤੱਕ, ਬਿਨ ਅੱਖਾਂ ਅੱਖ ਖੁਲ੍ਹਾਈਆ । ਕੋਈ ਬੈਠਾ ਤੇ ਨਹੀਂ ਗਿਆ ਥੱਕ, ਮਨ ਵਾਸਨਾ ਹੋਈ ਹਲਕਾਈਆ । ਕੋਈ ਸੁਣਦਾ ਤੇ ਨਹੀਂ ਗਿਆ ਅੱਕ, ਸਰਵਣ ਬੰਦ ਕਰਾਈਆ । ਮੈਂ ਵੇਖਣੇ ਸਾਰੇ ਅਨਝੱਕ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਜੇ ਕੋਈ ਭੱਜਣ ਲੱਗੇ ਤਾਂ ਸ਼ਬਦ ਡੰਡੇ ਨਾਲ ਲੈਣੇ ਡੱਕ, ਹੁਕਮ ਨਾਲ ਲੈਣੇ ਡਰਾਈਆ । ਤੁਹਾਡੇ ਅੰਦਰ ਵਾੜ ਕੇ ਆਪਣੀ ਮਤ, ਮਨਮਤ ਬਾਹਰ ਕਢਾਈਆ । ਤੁਹਾਡੀ ਵੇਖ ਕੇ ਹਕ਼ੀਕ਼ਤ ਹੱਕ, ਹੁਕਮ ਰਿਹਾ ਸੁਣਾਈਆ । ਛੇਤੀ ਛੇਤੀ ਤੁਹਾਡੀ ਅੰਦਰੋਂ ਖੋਲ੍ਹ ਦੇਣੀ ਅੱਖ, ਕਟ ਦੇਣੀ ਜੁਦਾਈਆ । ਫੇਰ ਆਪੇ ਸਮਝ ਜਾਓਗੇ ਸਚ, ਇਹ ਮਾਲਕ ਧੁਰ ਦਾ ਮਾਹੀਆ । ਜਿਸ ਦੇ ਕੋਲੋਂ ਕੋਈ ਨਾ ਸਕੇ ਬਚ, ਤੀਰ ਅਣਿਆਲਾ ਦਏ ਚਲਾਈਆ । ਦਰ ਆਇਆਂ ਨੂੰ ਸਾਚਾ ਮਾਰਗ ਦੇਵੇ ਦੱਸ, ਦਹਿ ਦਿਸ਼ਾ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਛੱਬੀ ਪੋਹ ਕਹੇ ਮੈਂ ਅੰਦਰੋਂ ਕੁਛ ਨਿਮ੍ਹੀ ਨਿਮ੍ਹੀ ਸੁਣੀ ਧੁਨ, ਜੋ ਧੁਣਕੀ ਰਹੀ ਵਜਾਈਆ । ਕੋਈ ਨਾ ਜਾਣੇ ਪ੍ਰਭ ਦੇ ਗੁਣ, ਗੁਣਵੰਤ ਨਾ ਕੋਇ ਦ੍ਰਿੜਾਈਆ । ਕਿਸੇ ਨੂੰ ਪਤਾ ਨਹੀਂ ਕੀ ਖੇਲ ਹੋਣਾ ਹੁਣ, ਅਗੇ ਕੀ ਵੱਜੇ ਵਧਾਈਆ । ਬ੍ਰਹਮਾ ਕਹੇ ਮੇਰੀ ਸ੍ਰਿਸ਼ਟੀ ਵਿਚੋਂ ਥੋੜ੍ਹੇ ਲਏ ਚੁਣ, ਵਿਸ਼ਨੂੰ ਕਹੇ ਵਿਸ਼ਵ ਵਿਚੋਂ ਗੁਰਮੁਖ ਆਪਣੇ ਰੰਗ ਰੰਗਾਈਆ । ਸ਼ੰਕਰ ਕਹੇ ਇਹ ਲੱਖ ਚੁਰਾਸੀ ਵਿਚੋਂ ਚੱਖਣ ਵਾਲਾ ਲੂਣ, ਭਗਤ ਸੁਹੇਲੇ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੇ ਹੋਰ ਨਾ ਦੇਵੇ ਕਿਸੇ ਨੂੰ ਕੂਣ, ਜਿਹਵਾ ਰਸਨਾ ਬੰਦ ਕਰਾਈਆ । ਜਨ ਭਗਤ ਕਹਿਣ ਛੱਬੀ ਪੋਹ ਕਹਿੰਦਾ ਕੀ, ਸਾਨੂੰ ਰਿਹਾ ਸੁਣਾਈਆ । ਫੁੱਲ ਕਹੇ ਇਹ ਜੀ ਆਇਆ ਨੂੰ ਕਹਿੰਦਾ ਜੀ, ਜੀਵਣ ਗਿਆ ਬਦਲਾਈਆ । ਅਗੇ ਇਕੋ ਦੇ ਬਣ ਜਾਓ ਪੁੱਤਰ ਧੀ, ਇਕੋ ਪਿਤਾ ਮਾਈਆ । ਝਗੜਾ ਚੁਕ ਜਾਏ ਸਾਢੇ ਤਿੰਨ ਹੱਥ ਸੀਂ, ਘਰ ਸਾਚੇ ਦਏ ਬਹਾਈਆ । ਓਥੇ ਗਿਣਨੀ ਪਏ ਨਾ ਕੋਈ ਇਕੀ ਵੀਹ, ਬੀਸ ਇਕੀਸ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਤਾ ਆਪਣੇ ਨਾਲ ਰਖਾਈਆ । ਛੱਬੀ ਪੋਹ ਕਹੇ ਮੈਂ ਵੇਖਣੇ ਭਗਤ . . . . . . . . . . . ਨਰਾਇਣ ਆਪਣੇ ਨਾਲ ਮਿਲਾਈਆ । ਕਿਹੜੀ ਆਤਮਾ ਜਿੱਤੀ ਤੇ ਕਿਹੜੀ ਹਾਰੀ, ਕਿਹੜੀ ਹਿਰਦੇ ਹਰਿ ਵਸਾਈਆ । ਕਿਹੜੀ ਬਣੀ ਕੁਲੱਖਣੀ ਨਾਰੀ, ਕਮਜਾਤ ਰੂਪ ਵਟਾਈਆ । ਕਿਹੜੀ ਬੰਧਾਏ ਸੱਚੀ ਯਾਰੀ, ਨਾਤਾ ਇਕੋ ਨਾਲ ਜੁੜਾਈਆ । ਕਵਣ ਬੋਲੇ ਸਚ ਜੈਕਾਰੀ, ਨਾਅਰਾ ਹੱਕ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਅਗਲਾ ਦਏ ਜਣਾਈਆ । ਲੇਖਾ ਕਹੇ ਮੈਨੂੰ ਸਾਰੇ ਕਹਿੰਦੇ ਲਿਖਤ, ਅੱਖਰਾਂ ਨਾਲ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਮੇਰਾ ਦੱਸਿਆ ਭਵਿਖਤ, ਸ਼ਬਦਾਂ ਵਿਚ ਸ਼ਨਵਾਈਆ । ਕੋਈ ਸਮਝਿਆ ਨਾ ਵਿਚ ਸ੍ਰਿਸ਼ਟ, ਵਿਦਿਆ ਨਾ ਕੋਇ ਵਡਿਆਈਆ । ਖੁਲ੍ਹੀ ਨਾ ਕਿਸੇ ਦ੍ਰਿਸ਼ਟ, ਮਿਲਿਆ ਨਾ ਬੇਪਰਵਾਹੀਆ । ਕੋਈ ਲੱਭਦਾ

ਸਵਰਗ ਤੇ ਕੋਈ ਲੱਭਦਾ ਬਹਿਸ਼ਤ, ਸੰਤ ਸੁਹੇਲੇ ਸਵਰਗ ਬਹਿਸ਼ਤ ਪੈਰਾਂ ਨਾਲ ਪਰੇ ਸੁਟਾਈਆ । ਜਿਨ੍ਹਾਂ ਪ੍ਰਭ ਦੇ ਨਾਲ ਭੋਗਣਾ ਗ੍ਰਿਹਸਤ, ਸੁੰਞੀ ਸੇਜ ਨਾ ਕੋਇ ਬਣਾਈਆ । ਇਹ ਰਮਜ਼ ਰਾਮ ਨੂੰ ਦੱਸੀ ਇਕ ਵਸ਼ਿਸ਼ਟ, ਵਿਸ਼ੇਸ਼ ਦਿਤਾ ਦ੍ਰਿੜਾਈਆ । ਜਿਸ ਨੂੰ ਮਿਲਿਆਂ ਨਾ ਕੋਈ ਸੋਗ ਨਾ ਕੋਈ ਹਰਖ਼, ਦੁੱਖ ਰੋਗ ਨੇੜ ਕੋਇ ਨਾ ਆਈਆ । ਜਨ ਭਗਤ ਕਹਿਣ ਅੱਜ ਓਸੇ ਦੀ ਕਰਨੀ ਪਰਖ, ਜੋ ਪਾਰਖੂ ਬਣ ਕੇ ਵੇਖੇ ਜਗਤ ਲੋਕਾਈਆ । ਨਾਲੇ ਪ੍ਰੇਮ ਪਿਆਰ ਤੇ ਨਾਲੇ ਕਰਨਾ ਦਰਸ, ਨੇਤਰ ਲੋਚਨ ਆਪਣਾ ਆਪਣੇ ਨਾਲ ਜੁੜਾਈਆ । ਨਾਲੇ ਅਗਲਾ ਲੈਣਾ ਖਰਚ, ਪਲੇ ਗੰਢ ਲੈਣੀ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਰਾਹ ਦੇਣਾ ਵਖਾਈਆ । ਜਨ ਭਗਤੋ ਕਿਹੜਾ ਲੱਭੋ ਰਾਹ, ਰਹਿਬਰ ਦਏ ਵਖਾਈਆ । ਜਨ ਭਗਤ ਕਹਿਣ ਜਿਸ ਨੂੰ ਸਾਰੇ ਰਹੇ ਗਾ, ਸਿਫ਼ਤਾਂ ਵਿਚ ਸਾਲਾਹੀਆ । ਜੋ ਆਦਿ ਜੁਗਾਦਿ ਬਣੇ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਓਸ ਨਾਲ ਦਏ ਮਿਲਾ, ਤੂੰ ਓਹੋ ਨਜ਼ਰੀ ਆਈਆ । ਜੇ ਮੁਕਰਿਉਂ ਸਾਡਾ ਗੋਬਿੰਦ ਸਦਾ ਗਵਾਹ, ਸ਼ਹਾਦਤ ਇਕੋ ਦਏ ਭੁਗਤਾਈਆ । ਜਿਨ੍ਹ ਗੁਰਮੁਖਾਂ ਦੀ ਪਕੜ ਕੇ ਬਾਂਹ, ਬੱਚੇ ਨੀਆਂ ਹੇਠ ਦਬਾਈਆ । ਓਹਦੇ ਅਗੇ ਕੀ ਕਰੂ ਖ਼ੁਦਾ, ਜੋ ਕਟ ਦੇਵੇ ਜੁਦਾਈਆ । ਉਨ੍ਹ ਬਦਲ ਦੇਣੀ ਫ਼ਿਜ਼ਾ, ਮਿਹਰ ਨਜ਼ਰ ਉਠਾਈਆ । ਸਾਚਿਆਂ ਭਗਤਾਂ ਨੂੰ ਕਿਹੜਾ ਦਊ ਸਜ਼ਾ, ਜੋ ਇਕੋ ਓਟ ਤਕਾਈਆ । ਅਸੀਂ ਕੋਈ ਮੰਗਤੇ ਨਹੀਂ ਗਦਾਗਰ ਨਹੀਂ ਜੋ ਕਰਦੇ ਰਹੀਏ ਤੇਰੇ ਅਗੇ ਦੁਆ, ਬਹੁੜੀ ਬਹੁੜੀ ਕਰ ਕੇ ਹਾਲ ਸੁਣਾਈਆ । ਓ ਪ੍ਰਭੂ ਬਿਨਾ ਭਗਤਾਂ ਤੋਂ ਤੈਨੂੰ ਕਿਥੇ ਔਣਾ ਮਜ਼ਾ, ਸਾਨੂੰ ਦੇ ਸਮਝਾਈਆ । ਤੇਰਾ ਕਿਸੇ ਕੰਮ ਨਹੀਂ ਆਉਣਾ ਕਾਅਬਿਆਂ ਵਾਲਾ ਹੱਜਾ, ਹਾਜਤ ਪੂਰ ਨਾ ਕੋਇ ਵਖਾਈਆ । ਜੇ ਸਾਡੇ ਨਾਲ ਕੀਤਾ ਦਗਾ, ਦੁਨੀਆ ਦਏ ਦੁਹਾਈਆ । ਹੇ ਭਵਗਵਾਨ ਪਾਰਬ੍ਰਹਮ ਓਏ ਪਰਵਰਦਿਗਾਰ, ਬਿਨਾ ਭਗਤਾਂ ਤੇਰਾ ਕਿਸ ਤਰ੍ਹਾਂ ਵਧੂ ਅੱਗਾ, ਬਿਨਾ ਪੁੱਤ ਪਿਓ ਨਾ ਮਿਲੇ ਵਡਿਆਈਆ । ਤੇਰਾ ਕਿਸੇ ਨਹੀਂ ਪੜ੍ਹਨਾ ਕੱਕਾ ਖੱਖਾ ਗੱਗਾ, ਘੱਘੇ ਦਾ ਘੜਿਆਲ ਨਾ ਕੋਇ ਖੜਕਾਈਆ । ਜੇ ਧੰਨਾ ਨਾ ਹੁੰਦਾ ਤੇ ਕੇਹਦਾ ਵਾਹੁੰਦਾ ਢੱਗਾ, ਡੰਡਾ ਹੱਥ ਵਿਚ ਉਠਾਈਆ । ਬਿਨਾ ਕਬੀਰ ਤੋਂ ਕਿਸ ਤਰ੍ਹਾਂ ਕਰਦੋਂ ਜਲ ਠੰਡਾ, ਗੰਗਾ ਲਹਿਰ ਫੇਰਾ ਪਾਈਆ । ਕਿਸ ਦਾ ਵਰਤੌਂਦਾ ਮੰਡਾ ਮੰਡਾ, ਆਪਣੀ ਸੇਵ ਕਮਾਈਆ । ਫੇਰ ਤੈਨੂੰ ਭਗਤਾਂ ਅਗੇ ਆਪੇ ਬਣਨਾ ਪਏ ਬੰਦਾ, ਤਨ ਵਜੂਦ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇ ਬਣਾਈਆ । ਜਨ ਭਗਤੋ ਮੇਰੀ ਮੰਨੋ ਆਖੀ, ਬਿਨ ਅੱਖਰਾਂ ਦਿਆਂ ਸੁਣਾਈਆ । ਜਨ ਭਗਤ ਕਹਿਣ ਅਸਾਂ ਨਹੀਂ ਪੜ੍ਹਨੀ ਤੇਰੀ ਤੇਰੇ ਅੱਖਰਾਂ ਵਾਲੀ ਸਾਖੀ, ਜਿੰਨਾਂ ਚਿਰ ਸਾਖਿਆਤ ਹੋ ਕੇ ਨਜ਼ਰ ਨਾ ਆਈਆ । ਅਸਾਂ ਹੁਣ ਹੌਲੀ ਹੌਲੀ ਬਜਰ ਕਪਾਟੀ ਦੀ ਖੋਲ੍ਹਣੀ ਨਹੀਂ ਤਾਕੀ, ਨੌਵਾਂ ਦਵਾਰਿਆਂ ਦੀ ਵੰਡ ਨਾ ਕੋਇ ਵੰਡਾਈਆ । ਬਣਾ ਕੇ ਛੋਟਾ ਜਿਹਾ ਸਾਕੀ, ਪਿਆਲਾ ਮਾਟੀ ਹੱਥ ਨਾ ਕੋਇ ਫੜਾਈਆ । ਅਸੀਂ ਤੇਰੇ ਬਣਨ ਨਹੀਂ ਆਏ ਕੋਈ ਪਾਠੀ, ਸਤਰਾਂ ਦੀ ਉਂਗਲਾਂ ਨਾਲ ਨਾ ਕਰੀਏ ਪੜ੍ਹਾਈਆ । ਅਸੀਂ ਕੋਈ ਨਹੀਂ ਪਾਪੀ, ਦੁਸ਼ਟ ਦੁਰਾਚਾਰ ਨਾ ਰੂਪ ਵਖਾਈਆ । ਅਸੀਂ ਤੇਰੀ ਆਤਮ ਤੂੰ ਪਰਮਾਤਮ ਧੁਰ ਦਾ ਸਾਥੀ, ਸਗਲਾ ਸੰਗ ਨਿਭਾਈਆ । ਜੇ ਪ੍ਰਭੂ ਭਗਤਾਂ ਨਾਲ ਕਰੇਂ ਗੁਸਤਾਖੀ, ਇਕੱਠੇ ਹੋ ਕੇ ਤੈਨੂੰ ਘੇਰ ਕੇ ਆਪਣੇ ਵਿਚ ਲੈਣਾ ਬਹਾਈਆ । ਹਨੌਰੇ ਨਾਲ ਦਈਏ ਡਾਂਟੀ, ਕੂਕ ਕੂਕ ਸੁਣਾਈਆ । ਫੇਰ ਤੈਨੂੰ ਆਉਣਾ ਪਵੇ ਸੁਤਿਆਂ ਕੋਲ ਰਾਤੀਂ, ਜੋਤੀ ਸ਼ਬਦੀ ਫੇਰਾ ਪਾਈਆ । ਹੇ ਭਗਵਾਨ, ਅਸੀਂ ਕੋਈ ਨਹੀਂ ਬਣੌਣੀ ਮੰਮੀ


੧੦੮
੧੯

ਮਾਸੀ, ਤਾਈ ਫੂਫੀ ਨਾ ਵੰਡ ਵੰਡਾਈਆ । ਅਸੀਂ ਕੋਈ ਪੰਡਤ ਹਾਂ ? ਤੈਨੂੰ ਲੱਭਣ ਜਾਈਏ ਵਿਚੋਂ ਕਾਸ਼ੀ, ਜਨੇਊ ਕੰਨਾਂ ਉਤੇ ਲਟਕਾਈਆ । ਅਸੀਂ ਕੋਈ ਗਾਉਣ ਵਾਲੇ ਨਹੀਂ ਢਾਡੀ, ਛੈਣੇ ਮੰਦਰਾਂ ਵਿਚ ਖੜਕਾਈਆ । ਓ ਪਰਮਾਤਮਾ ਮੈਂ ਆਤਮਾ ਤੇਰਾ ਗਵਾਂਢੀ, ਕਦੇ ਨਾ ਹੋਵੇ ਜੁਦਾਈਆ । ਇਹ ਕਾਇਆ ਮੇਰੀ ਠਾਂਢੀ, ਜੋ ਤੇਰੀ ਆਸ ਪੁਜਾਈਆ । ਸਾਨੂੰ ਪਤਾ ਤੂੰ ਆਦਿ ਜੁਗਾਦਿ ਸਵਾਂਗੀ ਜੁਗ ਜੁਗ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦੇਣਾ ਰੰਗਾਈਆ । ਜਨ ਭਗਤੋ ਪ੍ਰਭੂ ਸਦਾ ਰੰਗ ਰੰਗੀਲਾ, ਅਨਮੁਲੜੇ ਰੰਗ ਰੰਗਾਈਆ । ਜੁਗ ਚੌਕੜੀ ਬਣੇ ਤੁਹਾਡਾ ਵਸੀਲਾ, ਵਿਛੜਿਆਂ ਨੂੰ ਲਏ ਮਿਲਾਈਆ । ਧੰਨ ਭਾਗ ਜੇ ਅੰਤਮ ਪ੍ਰਭ ਦਾ ਬਣਿਆ ਇਕ ਕ਼ਬੀਲਾ, ਕਾਮਲ ਗੁਰਮੁਖ ਨਜ਼ਰੀ ਆਈਆ । ਤੁਹਾਡੀ ਸ਼ਬਦ ਗੁਰੂ ਕਰੌਣ ਆਇਆ ਤਾਮੀਲਾ, ਸੰਦੇਸ਼ਾ ਇਕ ਸੁਣਾਈਆ । ਜੁਗ ਜਨਮ ਦੇ ਵਿਛੜਿਓ ਕਰ ਲਓ ਅੰਤਮ ਹੀਲਾ, ਵੇਲਾ ਅੰਤਮ ਦਏ ਗਵਾਹੀਆ । ਇਹ ਬਸਤਰ ਨਾ ਸਮਝਿਓ ਪੀਲਾ, ਪਲਾਂ ਵਿਚ ਪਾਰ ਕਰਾਈਆ । ਜਨ ਭਗਤੋ ਤੁਹਾਡਾ ਪ੍ਰਭ ਦੇ ਚਰਨ ਜੀਣਾ, ਬਾਕੀ ਜੀਵਨ ਦੀ ਲੋੜ ਰਹੇ ਨਾ ਰਾਈਆ । ਗੁਰਮੁਖੋ ਕੋਈ ਨਾ ਬਣਿਓ ਹੀਣਾ, ਦੂਸਰ ਸੀਸ ਨਾ ਕੋਇ ਨਿਵਾਈਆ । ਤੁਹਾਨੂੰ ਮਿਲ ਗਿਆ ਇਕੋ ਦਾਤਾ ਦਾਨਾ ਬੀਨਾ, ਮਾਲਕ ਖ਼ਲਕ ਖ਼ੁਦਾਈਆ । ਜਿਸ ਨੇ ਠੰਡਾ ਕਰਨਾ ਸੀਨਾ, ਸੁਤਿਆਂ ਲਏ ਉਠਾਈਆ । ਝਗੜਾ ਚੁਕਾਉਣਾ ਲੋਕ ਤੀਨਾਂ, ਤ੍ਰੈਗੁਣ ਮਾਇਆ ਡੇਰਾ ਢਾਹੀਆ । ਤੁਸਾਂ ਓਸੇ ਦੇ ਦਵਾਰੇ ਤੋਂ ਅੰਮ੍ਰਿਤ ਰਸ ਪੀਣਾ, ਜੋ ਅੰਮ੍ਰਿਤ ਧਾਰ ਰਿਹਾ ਵਹਾਈਆ । ਤੁਸੀਂ ਕੋਈ ਪਾਣੀ ਵਾਲੀ ਨਹੀਂ ਮੀਨਾ, ਜਲ ਵਿਚੋਂ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡਾ ਲੇਖਾ ਰਿਹਾ ਦ੍ਰਿੜਾਈਆ । ਜਨ ਭਗਤ ਕਹਿਣ ਐਵੇਂ ਸਾਨੂੰ ਨਾ ਜਾਈਂ ਵਡਿਆ, ਵੱਡੇ ਤੇਰੀ ਵਡ ਵਡਿਆਈਆ । ਅਸੀਂ ਤੇਰਾ ਲੱਗਣ ਨਹੀਂ ਦੇਣਾ ਦਾਅ, ਦਗ਼ਾ ਸਕੇ ਨਾ ਕੋਇ ਕਮਾਈਆ । ਸਾਨੂੰ ਇਕੋ ਸ਼ਬਦ ਗੁਰੂ ਰਿਹਾ ਸਮਝਾ, ਹੁਕਮ ਇਸ਼ਾਰਾ ਇਕ ਦ੍ਰਿੜਾਈਆ । ਜਨ ਭਗਤੋ ਤੁਹਾਡੇ ਬਿਨਾ ਕਿਸੇ ਕੰਮ ਨਹੀਂ ਆਉਣਾ ਖ਼ੁਦਾ, ਖ਼ਾਲਕ ਖ਼ੈਰ ਮੁਹੱਬਤ ਨਾ ਕੋਇ ਪਾਈਆ । ਤੁਸੀਂ ਝੱਲਿਓ ਕੋਈ ਨਾ ਦੱਬਾ, ਦੱਬੇ ਵਿਚ ਨਾ ਸੀਸ ਨਿਵਾਈਆ । ਜਿੰਨਾਂ ਚਿਰ ਪਰਵਰਦਿਗਾਰ ਸਾਂਝਾ ਯਾਰ ਵਾਹਿਦ ਤੁਹਾਡਾ ਬਣੇ ਨਾ ਅੱਬਾ, ਅੱਵਲ ਆਅਲਾ ਕਰੇ ਨਾ ਰੁਸ਼ਨਾਈਆ । ਲੇਖਾ ਚੁਕਾਏ ਨਾ ਪਿਛਲਾ ਹੱਬਾ, ਹਕ਼ੀਕਤ ਦਏ ਦ੍ਰਿੜਾਈਆ । ਦੁਰਮਤ ਮੈਲ ਨਾ ਧੋਵੇ ਧੱਬਾ, ਪਾਪਾਂ ਕਰੇ ਸਫ਼ਾਈਆ । ਤੁਹਾਡਾ ਅੰਤਰ ਕਰੇ ਨਾ ਬੱਗਾ, ਚਿੱਟੀ ਧਾਰ ਦਏ ਚੜ੍ਹਾਈਆ । ਅੰਦਰ ਵੜ ਦਿਨੇ ਰਾਤ ਵਜਾਵੇ ਨਾ ਅਗੰਮੀ ਡੱਗਾ, ਧੁਨ ਆਪਣੀ ਇਕ ਸੁਣਵਾਈਆ । ਓਨਾਂ ਚਿਰ ਪਰਮਾਤਮਾ ਨੂੰ ਕਦੇ ਨਾ ਕਹਿਓ ਹੱਛਾ, ਨਿਉਂ ਨਿਉਂ ਨਾ ਸੀਸ ਨਿਵਾਈਆ । ਉਹ ਖੇਲ ਕਰਦਾ ਰਿਹਾ ਕੱਛਾਂ ਮੱਛਾਂ, ਜਲਾਂ ਵਿਚ ਡੇਰਾ ਲਾਈਆ । ਤੁਹਾਨੂੰ ਕਲਜੁਗ ਅੰਤ ਮਿਲ ਗਿਆ ਮਸਾਂ, ਰੈਣ ਅੰਧੇਰੀ ਮਸਿਆ ਲੈਣੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਸਮਝਾਈਆ । ਜਨ ਭਗਤ ਕਹਿਣ ਅਸੀਂ ਹੁਣ ਨਹੀਂ ਕੋਈ ਬੱਚੇ ਛੋਟੇ, ਨੰਨ੍ਹੇ ਨਿੱਕੇ ਨਾ ਨਜ਼ਰੀ ਆਈਆ । ਅਸੀਂ ਸੂਰਬੀਰ ਬਣ ਕੇ ਬੰਨ੍ਹੇ ਲੰਗੋਟੇ, ਬਲ ਆਪਣਾ ਰਹੇ ਪਰਗਟਾਈਆ । ਓਹ ਜਿਸ ਭਗਵਾਨ ਦੇ ਪਿਛੇ ਆਪਣੇ ਮਨ ਦੇ ਕਰਾਉਂਦੇ ਰਹੇ ਟੋਟੇ, ਟੁਕੜੇ ਟੁਕੜੇ ਵਖਾਈਆ । ਓਸਦੇ ਪਿਆਰ ਦੇ ਵਹਿਣ ਵਿਚ ਲਾਉਂਦੇ ਗਏ ਗੋਤੇ, ਸਮੁੰਦ ਸਾਗਰ ਗਏ ਤਜਾਈਆ । ਖਾਣੀਆਂ ਬਾਣੀਆਂ ਵਿਚ ਸੁਣਦੇ ਰਹੇ ਹੋਕੇ, ਹੁਕਮਾਂ ਨਾਲ ਜਣਾਈਆ ।

ਹੁਣ ਸਾਨੂੰ ਪ੍ਰਭ ਮਿਲਣ ਤੋਂ ਕਿਹੜਾ ਰੋਕੇ, ਰੁਕਾਵਟ ਰਹਿਣ ਦੇਣੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਸ੍ਰੀ ਭਗਵਾਨ ਕਹੇ ਮੈਂ ਹੌਲੀ ਹੌਲੀ ਨੇਤਰ ਰਿਹਾ ਖੋਲ੍ਹ, ਖੁਲ੍ਹਾ ਰਾਹ ਵਖਾਈਆ । ਆਤਮ ਨਾਲ ਪਰਮਾਤਮ ਹੋ ਕੇ ਰਿਹਾ ਬੋਲ, ਅਨਬੋਲਤ ਰਾਗ ਅਲਾਈਆ । ਜੇ ਭਗਤੋ ਤੁਸੀਂ ਨਹੀਂ ਪੁੱਜੇ ਮੈਂ ਅਰਸ਼ਾਂ ਤੋਂ ਫ਼ਰਸ਼ਾਂ ਉਤੇ ਆਇਆ ਤੁਹਾਡੇ ਕੋਲ, ਕੌਲ ਆਪਣਾ ਪੂਰ ਕਰਾਈਆ । ਪ੍ਰੇਮ ਪ੍ਰੀਤੀ ਅੰਦਰ ਗਿਆ ਮੌਲ, ਏਸੇ ਕਰ ਕੇ ਮੌਲਾ ਕਹੇ ਖ਼ੁਦਾਈਆ । ਤੁਹਾਨੂੰ ਸੁੱਤਾ ਰਹਿਣ ਨਹੀਂ ਦੇਣਾ ਕੋਈ ਅਨਭੋਲ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਛੱਬੀ ਪੋਹ ਕਹੇ ਮੈਂ ਵੇਖਣੀ ਜਗਦੀ ਸ਼ਮਅ, ਸ਼ਮਸ਼ਾਨ ਭੂਮੀ ਹੋਏ ਲੋਕਾਈਆ । ਭਗਤਾਂ ਦੀ ਮਿਟਦੀ ਵੇਖਣੀ ਤਮਅ, ਤਾਮਸ ਰਹੇ ਨਾ ਰਾਈਆ । ਗੁਰਮੁਖਾਂ ਦਾ ਵੇਖਣਾ ਗਮਾ, ਖ਼ੁਸ਼ੀ ਲਏ ਅੰਗੜਾਈਆ । ਹੁਣ ਥੋੜ੍ਹਾ ਵਿਚੋਂ ਗੁਰ ਅਵਤਾਰਾਂ ਪੈਗੰਬਰਾਂ ਨੂੰ ਦੇਣਾ ਸਮਾਂ, ਸਚਖੰਡ ਬੈਠੇ ਧਿਆਨ ਲਗਾਈਆ । ਫੇਰ ਹੁਕਮ ਚਲਣਾ ਨਵਾਂ, ਨਵੀਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚ ਸਰਨਾਈਆ । ਜ਼ੀਰੋ ਕਹੇ ਇਕ ਨਾਲ ਮਿਲ ਕੇ ਹੋਈ ਦਸ, ਦਸਮ ਵੱਜੀ ਵਧਾਈਆ । ਖ਼ੁਸ਼ੀਆਂ ਵਿਚ ਪਈ ਹੱਸ, ਗ਼ਮੀ ਦਿਤੀ ਗਵਾਈਆ । ਖੋਲ੍ਹ ਕੇ ਆਪਣੀ ਅੱਖ, ਨਜ਼ਰ ਦਿਤੀ ਬਦਲਾਈਆ । ਭਗਤ ਭਗਵਾਨ ਵਲ ਰਹੇ ਤੱਕ, ਆਪਣਾ ਪ੍ਰੇਮ ਵਧਾਈਆ । ਸ੍ਰੀ ਭਗਵਾਨ ਰਿਹਾ ਸੱਦ, ਹੁਕਮੀ ਸ਼ਬਦ ਅਲਾਈਆ । ਹਿੱਸਾ ਦੇ ਕੇ ਅੱਧ, ਧੁਰ ਦੀ ਵੰਡ ਵੰਡਾਈਆ । ਨਾਮ ਘੜਿਆਲ ਕਹੇ ਭਗਤ ਭਗਵਾਨ ਮਿਲ ਕੇ ਸਾਢੇ ਦਸ ਗਏ ਵੱਜ, ਵਜ੍ਹਾ ਸਕੇ ਨਾ ਕੋਇ ਸਮਝਾਈਆ । ਪਰਗਟ ਹੋਏ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਕੂੜੀ ਮਿਟੀ ਹੱਦ, ਝਗੜਾ ਗਿਆ ਮੁਕਾਈਆ । ਵਿਛੋੜਾ ਚੁੱਕਿਆ ਅਲਗ, ਅਗੇ ਹੋਏ ਨਾ ਕੋਇ ਜੁਦਾਈਆ । ਪ੍ਰੇਮ ਦਾ ਬੱਝਾ ਤਗ, ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲਾ ਰਿਹਾ ਮਿਲਾਈਆ । ਸਾਢੇ ਦਸ ਕਹਿਣ ਭਗਤਾਂ ਦੀ ਵੇਖੀ ਭਗਤੀ, ਭਗਵਨ ਦਇਆ ਕਮਾਈਆ । ਆਤਮ ਦੀ ਵੇਖੀ ਸ਼ਕਤੀ, ਜੋ ਸ਼ਕਲ ਨੂਰ ਅਲਾਹੀਆ । ਪ੍ਰੇਮ ਦੀ ਵੇਖੀ ਹਸਤੀ, ਜੋ ਹੱਸ ਹੱਸ ਖ਼ੁਸ਼ੀ ਮਨਾਈਆ । ਧਾਰ ਵੇਖੀ ਅਲਖ ਦੀ, ਜੋ ਢੋਲੇ ਰਹੀ ਸੁਣਾਈਆ । ਸਤਾਰ ਵੇਖੀ ਸਚ ਦੀ, ਜੋ ਤੂੰ ਹੀ ਤੂੰ ਹੀ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਾਢੇ ਦਸ ਕਹਿਣ ਜਨ ਭਗਤਾਂ ਪਿਆਰ ਹੋਇਆ ਮਰਦਨ, ਮਦਦ ਬੇਪਰਵਾਹੀਆ । ਗੁਲਾਬ ਆਇਆ ਪਿਛੇ ਗਿੱਚੀ ਗਰਦਨ, ਆਪਣਾ ਰਾਹ ਤਕਾਈਆ । ਕੰਠ ਦਵਾਰ ਦੀ ਲੰਘ ਕੇ ਸਰਦਲ, ਪੜਦਾ ਪਰੇ ਹਟਾਈਆ । ਮਿਲੇ ਯਾਰ ਪਿਆਰਾ ਹਰ ਦਿਲ, ਅਜ਼ੀਜ਼ਾਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਫੁੱਲ ਕਹੇ ਜਿਸ ਵੇਲੇ ਲੱਗਾ ਨਾਲ ਗਿੱਚੀ, ਅੰਤਰ ਆਤਮ ਰਹੀ ਸੁਣਾਈਆ । ਵੇਖ ਗੋਬਿੰਦ ਦੀ ਧਾਰ ਲਿੱਖੀ, ਬਿਨ ਅੱਖਰਾਂ ਨਜ਼ਰੀ ਆਈਆ । ਜਿਸ ਦੀ ਮੰਜ਼ਲ ਤੋਂ ਪਰੇ ਸਿੱਖੀ, ਸਿਖਿਆ ਨਾ ਕੋਇ ਪੜ੍ਹਾਈਆ । ਖੰਡੇ ਦੀ ਧਾਰੋਂ ਤਿੱਖੀ, ਲੁਹਾਰ ਤਰਖਾਣ ਨਾ ਕੋਇ ਘੜਾਈਆ । ਪੰਡਿਆਂ ਤੋਂ ਪਰੇ ਇੱਕੀ, ਏਕੰਕਾਰ ਰਿਹਾ ਜਣਾਈਆ । ਯਾਦ ਆ ਗਈ ਪੁਰਾਣੀ ਚਿੱਠੀ, ਚਿੱਠੀ ਰਸੈਣ ਹੱਥ ਨਾ ਕੋਇ ਫੜਾਈਆ । ਜਿਹੜੀ ਜਗਤ ਕਿਸੇ ਨਹੀਂ ਡਿੱਠੀ, ਅੱਖ ਪਰਤੱਖ ਨਾ ਕੋਇ ਖੁਲ੍ਹਾਈਆ ।

ਉਸ ਦੇ ਵਿਚ ਧਾਰ ਲੱਭੇ ਮਿੱਠੀ, ਮਿਠਾਸ ਰਹੀ ਬਣਾਈਆ । ਮੈਨੂੰ ਜਾਣੇ ਨਾ ਕੋਇ ਮੁਨੀ ਰਿਖੀ, ਰਿਖੀਸ਼ਰ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਰਿਹਾ ਚੁਕਾਈਆ । ਫੁੱਲ ਕਹੇ ਜਿਸ ਵੇਲੇ ਲੱਗਾ ਭਗਤਾਂ ਦੀ ਧੌਣ, ਥੱਲਿਉਂ ਧਵਲ ਦਏ ਗਵਾਹੀਆ । ਮੈਂ ਵੇਖੀ ਸੇਵਾ ਕਰਦੀ ਉਣੰਜਾ ਪੌਣ, ਦਰ ਦਰ ਫੇਰਾ ਪਾਈਆ । ਪਤਾ ਨਹੀਂ ਇਨ੍ਹਾਂ ਦੇ ਅੰਦਰ ਵੜਿਆ ਕੌਣ, ਜਿਸ ਦੀ ਕੌਮ ਨਾ ਕੋਇ ਸਮਝਾਈਆ । ਜੋ ਭਗਤ ਦਵਾਰੇ ਆਇਆ ਬਹੌਣ, ਸੋਹਣਾ ਧਾਮ ਸੁਹਾਈਆ । ਰੁਸਿਆਂ ਨੂੰ ਆਇਆ ਮਨੌਣ, ਫੜ ਬਾਹੋਂ ਗਲੇ ਲਗਾਈਆ । ਮੁਰਦਿਆਂ ਨੂੰ ਆਇਆ ਜਵਾਉਣ, ਅੰਮ੍ਰਿਤ ਜਾਮ ਪਿਆਈਆ । ਭੁਲੇਖਾ ਆਇਆ ਚੁਕਾਉਣ, ਖ਼ਾਲੀ ਭਾਂਡੇ ਦਏ ਭਰਾਈਆ । ਮਨਮੁਖਾਂ ਨੂੰ ਆਇਆ ਤਰਸਾਉਣ, ਕੋਲ ਰਹਿੰਦਿਆਂ ਨਜ਼ਰ ਨਾ ਆਈਆ । ਗੁਰਸਿਖਾਂ ਨੂੰ ਪਿਆਰ ਵਿਚ ਆਇਆ ਭਰਮਾਉਣ, ਇਸ਼ਾਰੇ ਰਿਹਾ ਲਗਾਈਆ । ਆਪਣਾ ਲੇਖਾ ਆਇਆ ਜਣਾਉਣ, ਪੜਦਾ ਰਿਹਾ ਉਠਾਈਆ । ਉਜੜਿਓ ਤੁਹਾਨੂੰ ਆਇਆ ਵਸਾਉਣ, ਜਗਤ ਬਿਸਤਰੇ ਸੇਜ ਤਜਾਈਆ । ਤੁਹਾਡਾ ਲਹਿਣਾ ਆਇਆ ਦਵਾਉਣ, ਦੁੱਖਾਂ ਤੋਂ ਲੈਣਾ ਛੁਡਾਈਆ । ਹੰਕਾਰੀ ਬੁਰਜ ਆਇਆ ਢਾਹੁਣ, ਕੂੜੀ ਕਿਰਿਆ ਪਰੇ ਹਟਾਈਆ । ਨਵੀਂ ਅਟਾਰੀ ਆਇਆ ਬਣਾਉਣ, ਮਹੱਲ ਅਟਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਗ ਸਭ ਦਾ ਵੇਖ ਵਖਾਈਆ । ਫੁੱਲ ਕਹੇ ਮੈਂ ਲੱਗਾ ਨਾਲ ਚੰਮ, ਚੰਮ ਦ੍ਰਿਸ਼ਟੀ ਦਿਤੀ ਬਦਲਾਈਆ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਇਕੋ ਰੰਗ ਗਿਆ ਸਮਾਈਆ । ਮਾਰੂ ਡੰਡ ਗਿਆਨ ਕੋਈ ਨਾ ਦੇਣ ਆਵੇ ਦਮ, ਆਤਮ ਪਰਮਾਤਮ ਦਏ ਵਡਿਆਈਆ । ਜਨ ਭਗਤ ਭਗਵਾਨ ਦੇ ਘਰ ਪਏ ਜੰਮ, ਨੰਨ੍ਹੀ ਇਕੋ ਗੋਦ ਉਠਾਈਆ । ਜਿਸ ਨੇ ਲੇਖੇ ਲੌਣਾ ਤਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਈਆ । ਫੁੱਲ ਕਹੇ ਜਿਸ ਵੇਲੇ ਮੈਂ ਲੱਗਾ ਨਾਲ ਚਮੜੀ, ਆਪਣਾ ਆਪ ਜਣਾਈਆ । ਮੈਨੂੰ ਮਾਟੀ ਦੇਹ ਦਿਸੀ ਨਿਕੰਮੜੀ, ਵਿਚੋਂ ਨਜ਼ਰੀ ਆਇਆ ਨੂਰ ਖ਼ੁਦਾਈਆ । ਜਿਸ ਦੀ ਕ਼ੀਮਤ ਨਹੀਂ ਕੋਈ ਦਮੜੀ, ਜਗਤ ਮਾਇਆ ਮੁੱਲ ਨਾ ਕੋਇ ਪਵਾਈਆ । ਉਸ ਦੀ ਹਾਲਤ ਭਗਤ ਦਵਾਰੇ ਵੇਖੀ ਮੰਦੜੀ, ਭਗਵਨ ਹੋ ਕੇ ਸੇਵ ਕਮਾਈਆ । ਗੁਰਮੁਖਾਂ ਦੇ ਅੰਦਰੋਂ ਦੁਰਮਤ ਮੈਲ ਕੱਢੇ ਚੰਦਰੀ, ਅੰਤਰ ਸਾਫ਼ ਕਰਾਈਆ । ਮਨ ਰਹੇ ਨਾ ਅੰਦਰ ਕਲੰਦਰੀ, ਵਾਸਨਾ ਬੰਦਰ ਨਾ ਕੋਇ ਨਚਾਈਆ । ਅੱਖ ਰਹੇ ਨਾ ਕੋਇ ਅੰਧਲੀ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਗੁਰਮੁਖੋ ਇਕੋ ਸਿਖ ਲਓ ਤੂੰ ਮੇਰਾ ਮੈਂ ਤੇਰਾ ਧੁਰ ਦੀ ਬੰਦਗੀ, ਬੰਧਨ ਦਏ ਤੁੜਾਈਆ । ਕੋਈ ਲੋੜ ਨਹੀਂ ਕਿਤਾਬਾਂ ਦੀ ਚੁੱਕਣੀ ਪੰਡਣੀ, ਪਾਂਧਿਆਂ ਕੋਲ ਪੜ੍ਹਨ ਕੋਇ ਨਾ ਜਾਈਆ । ਜੇ ਆਇਆ ਤੇ ਤੁਹਾਡੇ ਸੰਗ ਲਈ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਰਸਤਾ ਰਿਹਾ ਵਖਾਈਆ । ਫੁੱਲ ਕਹੇ ਮੈਂ ਅੰਦਰੋਂ ਸੁਣੀ ਆਵਾਜ਼ ਸ਼ਾਹ ਰਗ, ਜੋ ਰਘੁਪਤ ਨਾਮ ਧਿਆਈਆ । ਜਿਸ ਦਾ ਇਕੋ ਸਭ ਤੋਂ ਵੱਖਰਾ ਪਦ, ਪਦਮਾਂ ਵਿਚੋਂ ਬਾਹਰ ਕਢਾਈਆ । ਜੋ ਭਗਤ ਭਗਵਾਨ ਦੀ ਦੱਸੇ ਯੱਦ, ਕੁਲਵੰਤਾ ਦਏ ਮਿਲਾਈਆ । ਜਗਤ ਜਹਾਨ ਛੁਡਾ ਕੇ ਹੱਦ, ਘਰ ਧੁਰ ਦਾ ਦਏ ਵਖਾਈਆ । ਜਿਥੇ ਲੱਗੇ ਕੋਈ ਨਾ ਅੱਗ, ਤਤਵ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਤਨ ਕਹੇ ਜਿਸ ਵੇਲੇ ਫੁੱਲ ਮੇਰੇ ਨਾਲ ਕੀਤਾ ਪਿਆਰ, ਆਪਣਾ ਰੰਗ ਰੰਗਾਈਆ ।

ਮੇਰਾ ਆਤਮ ਹੋਇਆ ਖ਼ਬਰਦਾਰ, ਲਈ ਇਕ ਅੰਗੜਾਈਆ । ਉਠ ਵੇਖ ਮੀਤ ਮੁਰਾਰ, ਘਰ ਸੱਜਣ ਬੇਪਰਵਾਹੀਆ । ਬਿਨ ਅੱਖਾਂ ਕਰ ਦੀਦਾਰ, ਲੋਚਨ ਦਰਸ਼ਨ ਪਾਈਆ । ਵੇਖ ਸੱਚੀ ਗੁਲਜ਼ਾਰ, ਗੁਲਸ਼ਨ ਰਿਹਾ ਮਹਿਕਾਈਆ । ਮਿਲ ਮਹਿਬੂਬ ਅਹਿਬਾਬ, ਮੁਹੱਬਤ ਵਿਚ ਸਮਾਈਆ । ਪ੍ਰੇਮ ਵਜਾਏ ਰਬਾਬ, ਤੰਦ ਸਤਾਰ ਹਿਲਾਈਆ । ਅੰਦਰੋਂ ਆਇਆ ਜਵਾਬ, ਜਲਵਾ ਨੂਰ ਅਲਾਹੀਆ । ਹੱਥ ਰਖੇ ਸ਼ਤਾਬ, ਮਸਤਕ ਦੇਣੀ ਵਡਿਆਈਆ । ਤੇਰਾ ਪੂਰਬ ਲੇਖਾ ਚੁੱਕਿਆ ਆਜ, ਅਗਲਾ ਦਿਤਾ ਬਣਾਈਆ । ਫੇਰ ਜਨ ਭਗਤ ਨਹੀਂ ਆਉਣਾ ਲੋਕਮਾਤ, ਜਨਣੀ ਗੋਦ ਨਾ ਕੋਇ ਉਠਾਈਆ । ਜਿੰਨਾਂ ਚਿਰ ਪੁਰਖ ਅਕਾਲ ਨਾ ਆਵੇ ਆਪ, ਭਗਤ ਸੁਹੇਲੇ ਆਪਣੀ ਜੋਤ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਨਾਤਾ ਰਿਹਾ ਬਣਾਈਆ । ਮਸਤਕ ਕਹੇ ਜਿਸ ਵੇਲੇ ਮੇਰੇ ਉਤੇ ਗੁਰਮੁਖ ਦਾ ਲੱਗਾ ਹੱਥ, ਉਂਗਲੀਆਂ ਵੱਜੀ ਵਧਾਈਆ । ਮੈਂ ਵੇਖਿਆ ਤੱਕਿਆ ਪੁਰਖ ਸਮਰਥ, ਜੋ ਸ਼ਮਅ ਰਿਹਾ ਜਗਾਈਆ । ਅੰਦਰ ਕਹਾਣੀ ਸੁਣਾਏ ਅਕਥ, ਕਥਨੀ ਕਥ ਨਾ ਸਕੇ ਰਾਈਆ । ਕੂੜ ਅੰਧੇਰਾ ਮੇਟੇ ਮਸ, ਚੰਦ ਨੂਰ ਕਰੇ ਰੁਸ਼ਨਾਈਆ । ਸ਼ਬਦੀ ਗਾਵੇ ਜਸ, ਢੋਲਾ ਇਕ ਸੁਣਾਈਆ । ਭੰਡਾਰਾ ਖੋਲ੍ਹ ਕੇ ਹੱਟ, ਭਗਤਾਂ ਰਿਹਾ ਵਰਤਾਈਆ । ਦੂਈ ਦਵੈਤੀ ਮੇਟ ਕੇ ਫੱਟ, ਪੱਟੀ ਨਾਮ ਬੰਧਾਈਆ । ਜਿਸ ਨੂੰ ਕਹਿੰਦੇ ਤੱਤਾਂ ਵਾਲਾ ਜੱਟ, ਜਟਾ ਜੂਟ ਰਿਹਾ ਸੁਹਾਈਆ । ਨੂਰ ਨੁਰਾਨਾ ਜਗੇ ਲਟ ਲਟ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਮਸਤਕ ਕਹੇ ਜਿਸ ਵੇਲੇ ਮੈਨੂੰ ਲੱਗੀ ਠੋਕਰ, ਠਾਕਰ ਨਜ਼ਰੀ ਆਈਆ । ਮੇਰੀ ਮੁਸ਼ਕਲ ਹੋ ਗਈ ਔਕੜ, ਦੁੱਖ ਦਿਤਾ ਗਵਾਈਆ । ਜਿਸ ਨੂੰ ਲੱਭਦੇ ਕੋਟ ਕੋਟਨ, ਮਿਲਿਆ ਬੇਪਰਵਾਹੀਆ । ਜਿਥੇ ਸੰਤ ਮੂਲ ਨਾ ਪਹੁੰਚਣ, ਚੜ੍ਹੇ ਨਾ ਹੱਕ ਚੜ੍ਹਾਈਆ । ਉਹ ਸੁਣਾਵੇ ਸਚ ਸਲੋਕਨ, ਕਰੇ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣਾ ਦਏ ਵਖਾਈਆ । ਫੁੱਲ ਕਹੇ ਮੈਂ ਗਿੱਚੀ ਉਤੋਂ ਆਇਆ ਨਾਭੀ, ਕਵਲ ਨਾਭ ਵਡਿਆਈਆ । ਭਗਤਾਂ ਨਾਲ ਮਿਲ ਕੇ ਹੋਇਆ ਵਡਭਾਗੀ, ਭਗਵਨ ਹੋਏ ਸਹਾਈਆ । ਮੇਰੀ ਪੁਸ਼ਤ ਦਰ ਪੁਸ਼ਤ ਧੁਰ ਦੀ ਆਦੀ, ਆਦਿ ਪੁਰਖ ਦਿਤੀ ਬਣਾਈਆ । ਜਿਸਦਾ ਖੇਲ ਹੋਣਾ ਜੁਗਾਦੀ, ਜੁਗ ਜੁਗ ਵੇਸ ਵਟਾਈਆ । ਉਹ ਸਾਜਣ ਰਿਹਾ ਸਾਜੀ, ਸੱਜਣ ਸ਼ਹਿਨਸ਼ਾਹੀਆ । ਜਨ ਭਗਤਾਂ ਕਰਨ, ਆਇਆ ਰਾਜ਼ੀ, ਵਿਗੜੇ ਰਿਹਾ ਮਨਾਈਆ । ਮਾਨਸ ਜਨਮ ਦੀ ਪੂਰੀ ਕਰ ਜਾਏ ਬਾਜ਼ੀ, ਬਾਜ਼ਾਂ ਵਾਲਾ ਵੇਖ ਵਖਾਈਆ । ਜਿਸਦਾ ਸ਼ਬਦ ਅਸਵ ਇਕੋ ਤਾਜੀ, ਤਾਜਾਂ ਵਾਲੇ ਖ਼ਾਕ ਮਿਲਾਈਆ । ਵੰਡਾਂ ਵਾਲਾ ਰਹੇ ਨਾ ਕੋਇ ਸਮਾਜੀ, ਸਮਾਂ ਸਭ ਦਾ ਦਏ ਬਦਲਾਈਆ । ਗੁਰਮੁਖ ਰਹੇ ਕੋਈ ਨਾ ਦਾਗ਼ੀ, ਕੂੜੀ ਕਿਰਿਆ ਪਰੇ ਹਟਾਈਆ । ਝਗੜਾ ਕਰੇ ਨਾ ਕੋਇ ਨਮਾਜ਼ੀ, ਕਲਮਿਆਂ ਤੋਂ ਲਏ ਛੁਡਾਈਆ । ਕਿਸੇ ਦਾ ਮਨ ਰਹਿਣ ਨਾ ਦੇਵੇ ਬਾਗ਼ੀ, ਬਸਤੇ ਬਗ਼ਲਾਂ ਵਿਚੋਂ ਪਰੇ ਸੁਟਾਈਆ । ਆਤਮ ਪਰਮਾਤਮ ਇਕੱਠੇ ਬਣਨ ਇਤਹਾਦੀ, ਇਤਫ਼ਾਕੀ ਜੋੜ ਜੁੜਾਈਆ । ਜਨ ਭਗਤੋ ਸਚ ਪੁਛੋ ਪਰਮਾਤਮਾ ਤੁਹਾਡੇ ਪਿਛੇ ਕਰਨ ਆਇਆ ਮਨਾਦੀ, ਹੁਕਮ ਸੰਦੇਸ਼ਾ ਇਕ ਸੁਣਾਈਆ । ਭਗਤ ਭਗਵਾਨ ਦਾ ਖੇਲ ਬੁਨਿਆਦੀ, ਜਿਸ ਦੀ ਜੜ੍ਹ ਨਾ ਕੋਇ ਉਖੜਾਈਆ । ਗੁਰ ਅਵਤਾਰ ਪੈਗ਼ੰਬਰ ਪ੍ਰਭ ਦੇ ਸਦਾ ਲਾਗੀ, ਸੱਦੇ ਜਗਤ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੀ ਥੋੜ੍ਹੀ ਰਖੇ ਆਬਾਦੀ, ਗੁਰਮੁਖ ਵਿਰਲੇ ਵਿਚ ਟਿਕਾਈਆ । ਫੁੱਲ ਕਹੇ ਮੈਂ

ਲੱਗਿਆ ਉਤੇ ਧੁੰਨੀ, ਧੁਨ ਦਿਆਂ ਜਣਾਈਆ । ਮੇਰੀ ਸਮਝ ਆਈ ਨਾ ਕਿਸੇ ਰਿਖੀ ਮੁਨੀ, ਮੁਨੀਸ਼ਰ ਗਏ ਮੁਖ ਭਵਾਈਆ । ਮੈਨੂੰ ਜਾਣੇ ਕੋਇ ਨਾ ਗੁਣੀ, ਗੁਣਵਾਨ ਰਹੇ ਕੁਰਲਾਈਆ । ਮੇਰਾ ਥੋੜ੍ਹਾ ਇਸ਼ਾਰਾ ਹੋਇਆ ਵਿਚ ਸੰਮਤ ਉਨੀ, ਇਕ ਨੌ ਵੱਜੀ ਵਧਾਈਆ । ਜੋਤ ਅਕਾਲਣ ਮੁਖ ਤੋਂ ਲਾਹੀ ਚੁੰਨੀ, ਪੜਦਾ ਦਿਤਾ ਉਠਾਈਆ । ਭਾਗ ਲਗਾ ਕੇ ਕਾਇਆ ਕੁੱਲੀ, ਕਲਮਾ ਦਿਤਾ ਪੜ੍ਹਾਈਆ । ਦੌਲਤ ਦੇ ਅਨਮੁਲੀ, ਗੁਰਸਿਖ ਲਏ ਮਨਾਈਆ । ਜਨਮ ਜਨਮ ਦੀ ਵਿਛੜੀ ਭੁੱਲੀ, ਆਪਣੇ ਨਾਲ ਜੁੜਾਈਆ । ਜਿਸ ਦੀ ਫੁਲਵਾੜੀ ਕਦੇ ਨਾ ਹੁੱਲੀ, ਓਸੇ ਵਿਚ ਮਿਲ ਕੇ ਆਪਣਾ ਰੰਗ ਬਦਲਾਈਆ । ਬੇਸ਼ਕ ਗੁਰਮੁਖੋ ਤੁਸੀਂ ਗਾਉਂਦੇ ਨਾਲ ਬੁੱਲੀਂ, ਬੁੱਲ੍ਹੇ ਲਾਲੋਂ ਪਰੇ, ਤੁਹਾਡੇ ਕਾਇਆ ਮੰਦਰ ਵੜੇ, ਬਿਨ ਪੌੜੀ ਡੰਡੇ ਚੜ੍ਹੇ, ਸਚ ਦਵਾਰੇ ਆਪੇ ਖੜੇ, ਘਰ ਇਕੋ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੰਗਣ ਰਿਹਾ ਰੰਗਾਈਆ । ਫੁੱਲ ਕਹੇ ਮੈਂ ਥੋੜਾ ਥੋੜਾ ਛੋਹਿਆ ਨਾਲ ਪੇਟ, ਤਾਣਾ ਪੇਟਾ ਵੇਖ ਵਖਾਈਆ । ਜਿਹੜਾ ਆਇਆ ਪੰਚਮ ਜੇਠ, ਛੱਬੀ ਪੋਹ ਡੰਕ ਵਜਾਈਆ । ਜੋ ਹਰ ਘਟ ਅੰਦਰ ਰਿਹਾ ਲੇਟ, ਸਿੰਘਾਸਣ ਇਕ ਸੁਹਾਈਆ । ਜਿਸ ਦਾ ਨਾਮ ਲਿਖਿਆ ਜਾਏ ਨਾ ਉਤੇ ਕਿਸੇ ਸਲੇਟ, ਸਿਲ ਪੱਥਰ ਤੋਂ ਅਗੇ ਆਪਣਾ ਅੱਖਰ ਦਏ ਬਣਾਈਆ । ਜਿਸ ਦੇ ਦਰ ਤੇ ਭਗਤ ਹੋਣੇ ਭੇਟ, ਭਟਕਣਾ ਦਏ ਗਵਾਈਆ । ਬਣ ਕੇ ਧੁਰ ਦਾ ਖੇਵਟ ਖੇਟ, ਬੇੜਾ ਬੰਨੇ ਦਏ ਲਗਾਈਆ । ਮਾਲਕ ਇਕ ਨਰੇਸ਼, ਨਰਾਇਣ ਸੱਚਾ ਸ਼ਹਿਨਸ਼ਾਹੀਆ । ਜੋ ਸਦਾ ਰਹੇ ਹਮੇਸ਼, ਜਨਮ ਮਰਨ ਵਿਚ ਨਾ ਆਈਆ । ਜਿਸ ਦਾ ਪੁੱਤ ਬਣਿਆ ਗੁਰ ਦਸਮੇਸ਼, ਪਿਤਾ ਪੁਰਖ ਅਕਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮਾਂ ਤੋਂ ਲਏ ਬਚਾਈਆ । ਫੁੱਲ ਕਹੇ ਮੈਂ ਲੱਗਾ ਨਾਲ ਤਨ ਸ਼ਰੀਰ, ਅੰਦਰ ਬਾਹਰ ਵੇਖ ਵਖਾਈਆ । ਜਨ ਭਗਤਾਂ ਅੰਦਰ ਹਿਜਰ ਦੀ ਪੀੜ, ਹਜ਼ਰਤ ਰਿਹਾ ਲਗਾਈਆ । ਜਗਤ ਵਲੋਂ ਦਿਲਗੀਰ, ਗ਼ਮੀ ਰਹੇ ਵਖਾਈਆ । ਸ਼ਰਅ ਦੀ ਟੱਪ ਲਕੀਰ, ਕਲਮੇ ਗਏ ਭੁਲਾਈਆ । ਸ਼ਾਹ ਬਣ ਫ਼ਕੀਰ, ਦਰ ਤੇ ਅਲਖ ਜਗਾਈਆ । ਪ੍ਰਭੂ ਬਦਲ ਦੇ ਤਕਦੀਰ, ਤਦਬੀਰ ਦੇ ਸਮਝਾਈਆ । ਵਿਛੋੜੇ ਵਿਚ ਰਹੇ ਨਾ ਕੋਇ ਜ਼ਮੀਰ, ਜ਼ਾਮਨ ਹੋ ਕੇ ਲੈ ਤਰਾਈਆ । ਹੁਣ ਹੋ ਗਈ ਅੰਤ ਅਖ਼ੀਰ, ਆਖਰ ਲੈ ਮਿਲਾਈਆ । ਸੰਦੇਸ਼ਾ ਦੇ ਕੇ ਗਿਆ ਜੁਲਾਹਾ ਕਬੀਰ, ਕੂਕ ਕੂਕ ਸੁਣਾਈਆ । ਜਿਸ ਵੇਲੇ ਆਉਣਾ ਬੇਨਜ਼ੀਰ, ਮਿਹਰ ਨਜ਼ਰ ਇਕ ਉਠਾਈਆ । ਸਚ ਪ੍ਰੇਮ ਦੀ ਦਏ ਤਸਵੀਰ, ਅੰਮ੍ਰਿਤ ਆਤਮ ਜਾਮ ਪਿਆਈਆ । ਨਾਮ ਖੰਡਾ ਫੜ ਸ਼ਮਸ਼ੀਰ, ਦਗ਼ਾ ਫਰੇਬ ਦਏ ਮਿਟਾਈਆ । ਜਨ ਭਗਤ ਬਣਾਏ ਵਜ਼ੀਰ, ਸ਼ਹਿਨਸ਼ਾਹ ਆਪ ਅਖਵਾਈਆ । ਝਗੜਾ ਚੁਕਾ ਅਮੀਰ ਗ਼ਰੀਬ, ਇਕੋ ਰੰਗ ਰੰਗਾਈਆ । ਚਾਰ ਵਰਨਾਂ ਦੇ ਤਰਤੀਬ, ਸਾਚਾ ਮਾਰਗ ਦਏ ਵਖਾਈਆ । ਆਪਣਾ ਖੇਲ ਕਰੇ ਅਜੀਬ, ਨਿਰਾਲਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਕਾਰ ਕਮਾਈਆ । ਫੁੱਲ ਕਹੇ ਮੇਰੀ ਹੱਸ ਕੇ ਕਹੇ ਪੱਤੀ, ਪਤਿਪਰਮੇਸ਼ਵਰ ਵੇਖ ਵਖਾਈਆ । ਜਨ ਭਗਤਾਂ ਅੰਦਰ ਵੇਖੀ ਉਹ ਰਤੀ, ਜਿਸ ਦੀ ਰਤਨ ਅਮੋਲਕ ਕ਼ੀਮਤ ਕੋਇ ਨਾ ਪਾਈਆ । ਬਿਨ ਅੱਖਰਾਂ ਵੇਖੀ ਪੱਟੀ, ਪਟਨੇ ਵਾਲਾ ਕਰੇ ਪੜ੍ਹਾਈਆ । ਬਿਨਾ ਵਪਾਰੋਂ ਖੱਟਣ ਖੱਟੀ, ਖਟਕਾ ਅਗੇ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸਮਝਾਈਆ । ਫੁੱਲ ਕਹੇ ਮੇਰਾ ਦੇ ਉਧਾਰ, ਆਸਾਵੰਦ ਮੰਗ ਮੰਗਾਈਆ । ਲਾਰਾ ਲਾ ਕੇ ਗਏ

ਗੁਰੂ ਅਵਤਾਰ, ਪੈਗ਼ੰਬਰ ਇਸ਼ਾਰਿਆਂ ਵਿਚ ਸਮਝਾਈਆ । ਜਿਸ ਵੇਲੇ ਆਵੇ ਕਲ ਕਲਕੀ ਅਵਤਾਰ, ਨਿਰਗੁਣ ਨਿਰਵੈਰ ਫੇਰਾ ਪਾਈਆ । ਵਿਸ਼ਨੂੰ ਸੁੱਤਾ ਲਏ ਉਠਾਲ, ਬ੍ਰਹਮਾ ਨੇਤਰ ਅੱਖ ਖੁਲ੍ਹਾਈਆ । ਸ਼ੰਕਰ ਵੇਖ ਜਟਾ ਜੂਟ ਬਾਲ, ਬਲ ਆਪਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਫੁੱਲ ਕਹੇ ਮੇਰਾ ਲੇਖਾ ਨਾਲ ਸੰਤ ਕੁਮਾਰ, ਬ੍ਰਹਮਾ ਬੇਟਾ ਨਜ਼ਰੀ ਆਈਆ । ਜਿਹੜਾ ਕਰ ਕੇ ਗਿਆ ਉਧਾਰ, ਨੌ ਦਿਨ ਆਪਣੇ ਪਾਸ ਰਖਾਈਆ । ਜਿਸ ਦਾ ਲੇਖਾ ਲਿਖਿਆ ਨਾ ਕਿਸੇ ਲਿਖਾਰ, ਅੱਖਰਾਂ ਵਿਚ ਨਾ ਵੰਡ ਵੰਡਾਈਆ । ਬਿਨਾ ਰਸਨਾ ਹੋਇਆ ਤਕਰਾਰ, ਝਗੜਾ ਨਾ ਕੋਇ ਮੁਕਾਈਆ । ਮੈਂ ਕਰ ਕੇ ਬੈਠਾ ਰਿਹਾ ਇਤਬਾਰ, ਚਾਰ ਜੁਗ ਧਿਆਨ ਲਗਾਈਆ । ਅੰਤਮ ਵੇਲਾ ਪਹੁੰਚਿਆ ਆਣ, ਲੋਕਮਾਤ ਵੱਜੀ ਵਧਾਈਆ । ਪਰਗਟ ਹੋਇਆ ਸ੍ਰੀ ਭਗਵਾਨ, ਜਿਸ ਦੀ ਜ਼ਾਮਨੀ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਮੁਕਾਈਆ । ਫੁਲ ਕਹੇ ਮੇਰਾ ਲਹਿਣਾ ਨਾਲ ਬਰਾਹ, ਪੂਰਬ ਰਿਹਾ ਜਣਾਈਆ । ਜਿਸ ਦਾ ਬਣਿਆ ਨਾ ਕੋਇ ਮਲਾਹ, ਬੇੜਾ ਕੰਧ ਨਾ ਕੋਇ ਉਠਾਈਆ । ਉਸ ਨੇ ਤੈਥੋਂ ਲਈ ਸਲਾਹ, ਸਹਿਜੇ ਸਹਿਜੇ ਭਾਰ ਉਠਾਈਆ । ਮੈਂ ਅੰਤਰ ਅੰਤਰ ਦਿਤਾ ਬਤਲਾ, ਮੁਹੱਬਤ ਵਿਚ ਦ੍ਰਿੜਾਈਆ । ਮੇਰਾ ਲੇਖਾ ਨਾਲ ਬੇਪਰਵਾਹ, ਜੋ ਪੜਦਿਆਂ ਵਿਚ ਹੋਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਦੇਣੀ ਇਕ ਸਲਾਹੀਆ । ਫੁੱਲ ਕਹੇ ਮੇਰਾ ਲੇਖਾ ਨਾਲ ਯਗੇ ਪੁਰਸ਼, ਪੁਰਖ ਪੁਰਖੋਤਮ ਦਿਆਂ ਜਣਾਈਆ । ਮੇਰਾ ਲਹਿਣਾ ਮੁਕਾ ਤੁਰਤ, ਲੇਖਾ ਦਏ ਮਿਟਾਈਆ । ਮੈਨੂੰ ਪਿਛਲੀ ਕਹਾਣੀ ਯਾਦ ਵਿਚ ਸੁਰਤ, ਧੁਰ ਸ਼ਬਦ ਕਰੇ ਸ਼ਨਵਾਈਆ । ਮੈਂ ਵੇਖਣੀ ਅਕਾਲ ਮੂਰਤ, ਜੋ ਮੁਤਾਲਾ ਕਰੇ ਖਲਕ ਖ਼ੁਦਾਈਆ । ਆਸਾ ਮਨਸਾ ਹੋਵੇ ਪੂਰਤ, ਪੂਰਬ ਲਹਿਣਾ ਝੋਲੀ ਪਾਈਆ । ਕਲਜੁਗ ਅੰਤ ਦੇਵੇ ਸਹੂਲਤ, ਸਹਿਜੇ ਦਏ ਮਿਲਾਈਆ । ਮੇਰਾ ਲਹਿਣਾ ਦੇਣਾ ਚੁਕਾਵੇ ਮੁਲਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਮੇਰਾ ਲਹਿਣਾ ਨਾਲ ਹਾਵ ਗਰੀਵ, ਗਹਿਰ ਗੰਭੀਰ ਦਿਆਂ ਜਣਾਈਆ । ਜਿਹੜਾ ਹੋਇਆ ਅੰਤ ਦਿਲਗੀਰ, ਧੀਰਜ ਰਿਹਾ ਮਿਟਾਈਆ । ਮੈਂ ਓਸ ਦੀ ਵੰਡੀ ਦਰਦ ਪੀੜ, ਦੁਖੀਆਂ ਦੁੱਖ ਵੰਡਾਈਆ । ਓਸ ਨੇ ਖਿੱਚੀ ਚਿੱਟੇ ਉਤੇ ਲਕੀਰ, ਕਾਲੀ ਕ਼ਲਮ ਸ਼ਾਹੀਆ । ਜਿਸ ਵੇਲੇ ਕਲਜੁਗ ਆਵੇ ਅੰਤ ਅਖ਼ੀਰ, ਵੇਲਾ ਅੰਤ ਦਏ ਦੁਹਾਈਆ । ਤੇਰੀ ਬਦਲ ਦਏ ਤਕ਼ਦੀਰ, ਤਦਬੀਰ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਵੇਖ ਵਖਾਈਆ । ਫੁੱਲ ਕਹੇ ਮੇਰਾ ਲੇਖਾ ਨਾਲ ਨਰਾਇਣ, ਨਾਰੀ ਨਰ ਸਮਝ ਕਿਸੇ ਨਾ ਆਈਆ । ਸੋ ਵੇਲਾ ਪਹੁੰਚਿਆ ਐਨ, ਵੇਲਾ ਵਕ਼ਤ ਦਏ ਗਵਾਹੀਆ । ਤੂੰ ਮਾਲਕ ਬਣ ਸੱਜਣ ਸੈਣ, ਸਗਲਾ ਸੰਗ ਨਿਭਾਈਆ । ਮੈਂ ਦਰ ਤੇ ਆਇਆ ਕਹਿਣ, ਪੰਚਮ ਮੇਲਾ ਸਹਿਜ ਸੁਭਾਈਆ । ਤੇਰਾ ਭਾਣਾ ਆਇਆ ਸਹਿਣ, ਹੁਕਮੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਪੜਦੇ ਵਿਚੋਂ ਬਾਹਰ ਕਢਾਈਆ । ਫੁੱਲ ਕਹੇ ਮੇਰਾ ਲੇਖਾ ਨਾਲ ਕਪਲ ਮੁਨ, ਯਾਦਦਾਸ਼ਤ ਨਾ ਕੋਇ ਭੁਲਾਈਆ । ਮੈਂ ਉਸ ਦੇ ਨਾਲ ਕੀਤਾ ਗੁਣ, ਉਸ ਦੀ ਮਾਤਾ ਦਿਤੀ ਵਡਿਆਈਆ । ਉਸ ਦਾ ਲੇਖਾ ਲਹਿਣਾ ਹੁਣ, ਦਰ ਤੇਰੇ ਮੰਗ ਮੰਗਾਈਆ । ਪ੍ਰਭੂ ਤੂੰ ਨਾ ਜਾਈਂ ਭੁੱਲ, ਅਭੁੱਲ ਤੇਰੀ ਸ਼ਰਨਾਈਆ । ਤੂੰ ਪਾਉਣਾ ਕ਼ੀਮਤ ਮੁਲ, ਲੇਖਾ ਦੇਣਾ ਗੁਆਈਆ । ਤੂੰ ਮਾਲਕ ਸੁਲਹਕੁਲ, ਸ਼ਹਿਨਸ਼ਾਹ

੧੧੪ ੧੯

ਅਖਵਾਈਆ । ਤੇਰੇ ਦਰ ਨਾ ਜਾਵਾਂ ਰੁਲ, ਰੁਲਦਿਆਂ ਲੈਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਫੁੱਲ ਕਹੇ ਮੇਰਾ ਲੇਖਾ ਦੱਤਾਤ੍ਰੈ, ਤ੍ਰੈਗੁਣ ਸਮਝ ਕਿਸੇ ਨਾ ਆਈਆ । ਮੇਰਾ ਰੂਪ ਉਹੋ ਹੈ, ਹਵਾ ਰੂਪ ਨਾ ਸਕੀ ਬਦਲਾਈਆ । ਜੋ ਸਤਿਜੁਗ ਆਇਆ ਕਹਿ, ਸੋ ਕਲਜੁਗ ਅੰਤਮ ਮੰਗ ਮੰਗਾਈਆ । ਤੇਰੇ ਦਰ ਤੇ ਗਿਆ ਢਹਿ, ਚਰਨ ਕਵਲ ਮਿਲੀ ਸਰਨਾਈਆ । ਕੂੜਾ ਵਹਿਣ ਮੂਲ ਨਾ ਵਹੈ, ਮੰਝਧਾਰ ਨਾ ਕੋਇ ਰੁੜ੍ਹਾਈਆ । ਜਿਹੜਾ ਤੇਰੇ ਦਵਾਰੇ ਬਹੈ, ਖ਼ਾਲੀ ਰਹਿਣ ਕੋਇ ਨਾ ਪਾਈਆ । ਕੋਟਨ ਵਾਰ ਸ੍ਰਿਸ਼ਟੀ ਹੋਈ ਲੈਅ, ਤੇਰਾ ਇਸ਼ਟ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਫੁੱਲ ਕਹੇ ਮੇਰਾ ਲੇਖਾ ਨਾਲ ਰਿਖਵ ਦੇਵ, ਆਪਣਾ ਰਿਹਾ ਜਣਾਈਆ । ਮੈਂ ਉਹਦੀ ਤਿੰਨ ਦਿਨ ਕੀਤੀ ਸੇਵ, ਜਿਸ ਵੇਲੇ ਬੈਠਾ ਆਸਣ ਲਾਈਆ । ਤੂੰ ਵਿਚੋਲਾ ਅਲਖ ਅਭੇਵ, ਭੇਤ ਤੇਰੇ ਹੱਥ ਫੜਾਈਆ । ਤੂੰ ਵਸੇਂ ਨਿਹਚਲ ਧਾਮ ਨਿਹਕੇਵ, ਸਚਖੰਡ ਦਵਾਰੇ ਡੇਰਾ ਲਾਈਆ । ਤੇਰੀ ਮਹਿੰਮਾ ਗਾਏ ਨਾ ਰਸਨਾ ਜੇਹਵ, ਸਿਫ਼ਤਾਂ ਵਿਚ ਨਾ ਕੋਇ ਸਾਲਾਹੀਆ । ਤੂੰ ਅੰਮ੍ਰਿਤ ਰਸ ਦੇਣਾ ਮੇਵ, ਮਿਹਨਤ ਮੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਫੁੱਲ ਕਹੇ ਮੇਰਾ ਹਿਸਾਬ ਨਾਲ ਪ੍ਰਿਥੂ, ਪ੍ਰਥਮ ਦਿਆਂ ਜਣਾਈਆ । ਤੇਰੇ ਕੋਲੋਂ ਕਿਹੜਾ ਖਿਸਕੂ, ਭੱਜਿਆਂ ਰਾਹ ਨਜ਼ਰ ਕੋਇ ਨਾ ਆਈਆ । ਜਿਸ ਨੇ ਮੇਰੇ ਉਤੇ ਆਸਣ ਲਾ ਕੇ ਵੇਖਿਆ ਤੇਰਾ ਇਸ਼ਟੂ, ਇਸ਼ਟ ਆਪਣਾ ਦਿਤਾ ਸਮਝਾਈਆ । ਉਹਨੂੰ ਸਮਝੇ ਨਾ ਕੋਈ ਗ੍ਰਿਹਿਸਤੂ, ਜੋ ਜਗਤ ਨਾਤਾ ਗਏ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇਣਾ ਮੁਕਾਈਆ । ਫੁੱਲ ਕਹੇ ਮੇਰਾ ਲੇਖਾ ਨਾਲ ਮਤਸ, ਸਮੁੰਦ ਸਾਗਰ ਦੇਣ ਗਵਾਹੀਆ । ਜਿਸ ਨੇ ਤੱਕਿਆ ਮੇਰਾ ਅਕਸ, ਜਲਵਾ ਨੂਰ ਖ਼ੁਦਾਈਆ । ਢਾਈ ਘੰਟੇ ਮੈਨੂੰ ਬੰਦ ਕਰ ਕੇ ਵਿਚ ਬਕਸ, ਉਤੇ ਬੈਠਾ ਚਾਈਂ ਚਾਈਂਆ । ਪ੍ਰਭ ਤੂੰ ਕਿਹੜਾ ਬੰਦਾ ਸ਼ਖ਼ਸ਼, ਕੀ ਤੈਨੂੰ ਕੋਈ ਸਮਝਾਈਆ । ਤੇਰਾ ਹੁਕਮ ਇਕੋ ਸਖ਼ਤ, ਜੋ ਜੁਗ ਜੁਗ ਰਿਹਾ ਮਨਾਈਆ । ਹੁਣ ਵੇਲਾ ਆਇਆ ਵਕ਼ਤ, ਮੇਰਾ ਲਹਿਣਾ ਦੇਣਾ ਦਵਾਈਆ । ਤੂੰ ਆਇਉਂ ਵਿਚ ਜਗਤ, ਜਾਗਰਤ ਜੋਤ ਕਰਨੀ ਰੁਸ਼ਨਾਈਆ । ਨਾਲ ਰਲਾਏ ਆਪਣੇ ਭਗਤ, ਭਗਵਨ ਦਇਆ ਕਮਾਈਆ । ਮੇਰੀ ਨਿੱਕੀ ਜਿਹੀ ਮੰਗ ਫ਼ਕਤ, ਫੈਸਲਾ ਦੇਣਾ ਸੁਣਾਈਆ । ਤੂੰ ਮਾਲਕ ਫ਼ਰਸ਼ ਅਰਸ਼, ਅਰਸ਼ੀ ਪ੍ਰੀਤਮ ਸ਼ਹਿਨਸ਼ਾਹੀਆ । ਲਹਿਣਾ ਮੁਕਾਦੇ ਪਿਛਲਾ ਕ਼ਰਜ਼, ਮਕ਼ਰੂਜ ਕਰ ਸਫ਼ਾਈਆ । ਆਪਣਾ ਖੇਲ ਦੱਸ ਅਸਚਰਜ, ਅਚਰਜ ਦਏ ਵਖਾਈਆ । ਤੇਰੇ ਕੋਲ ਸਭ ਦੀ ਫ਼ਰਦ, ਲੇਖਾ ਪਿਛਲਾ ਲੈ ਫੁਲਾਈਆ । ਮੇਰੇ ਉਤੇ ਕਰ ਤਰਸ, ਦੋਏ ਜੋੜ ਵਾਸਤਾ ਪਾਈਆ । ਤੇਰੇ ਸੰਮਤ ਦਾ ਪਹਿਲਾ ਬਰਸ, ਬਰਸੀ ਰਿਹਾ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਫੁੱਲ ਕਹੇ ਮੇਰਾ ਹਿਸਾਬ ਨਾਲ ਕੱਛ, ਕਸਮ ਖਾ ਕੇ ਦਿਆਂ ਜਣਾਈਆ । ਬਿਨ ਰਸਨਾ ਬੋਲਾਂ ਸਚ, ਸਚ ਦਿਆਂ ਜਣਾਈਆ । ਜਿਸ ਵੇਲੇ ਮੰਦਰਾਚਲ ਚਾੜ੍ਹਿਆ ਵਟ, ਬਿਨ ਹੱਥਾਂ ਹੱਥ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇਣਾ ਮੁਕਾਈਆ । ਫੁੱਲ ਕਹੇ ਮੇਰਾ ਲਹਿਣਾ ਨਾਲ ਧਨੰਤਰ, ਧਨੀ ਧਨਾਢ ਦਿਆਂ ਜਣਾਈਆ । ਮੇਰੇ ਬਿਨਾ ਕਿਸੇ ਜੜੀ ਬੂਟੀ ਦਾ ਚਲਿਆ ਨਹੀਂ ਕੋਈ ਮੰਤਰ, ਦਾਰੂ ਰੋਗ ਨਾ ਕੋਇ ਬਣਾਈਆ । ਮੈਂ ਸਵਾ ਪਹਿਰ ਸੜਿਆ

ਉਤੇ ਬਸੰਤਰ, ਅਗਨੀ ਅੱਗ ਜਲਾਈਆ । ਮੈਂ ਇਕੋ ਵੇਖਿਆ ਤੇਰਾ ਰੂਪ ਨਿਰੰਤਰ, ਨਿਰਾਕਾਰ ਤੇਰੀ ਸ਼ਰਨਾਈਆ । ਤੂੰ ਵਸੇਂ ਉਪਰ ਗਗਨ ਗਗਨੰਤਰ, ਗਹਿਰ ਗੰਭੀਰ ਡੇਰਾ ਲਾਈਆ । ਤੂੰ ਬਣਾਵਣਹਾਰਾ ਬਣਤਰ, ਘੜਨ ਭੰਨਣਹਾਰਾ ਅਖਵਾਈਆ । ਤੇਰੀ ਸਰਨੀ ਆਇਆ ਅੰਤਮ, ਅੰਤਸ਼ਕਰਨ ਰਿਹਾ ਵਖਾਈਆ । ਤੂੰ ਭਗਤ ਉਧਾਰੇਂ ਸੰਤਨ, ਕਿਉਂ ਮੈਨੂੰ ਕਰੇਂ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਦੇਣੀ ਸ਼ਰਨਾਈਆ । ਫੁੱਲ ਕਹੇ ਮੇਰਾ ਲੇਖਾ ਨਾਲ ਬਾਵਨ, ਰਾਜੇ ਬਲ ਸੇਵ ਕਮਾਈਆ । ਜਿਸ ਨੇ ਰੱਖਿਆ ਵਿਚ ਦਾਮਨ, ਪੜਦਿਆਂ ਵਿਚ ਛੁਪਾਈਆ । ਮੈਨੂੰ ਬਣਾਇਆ ਜ਼ਾਮਨ, ਵਿਚੋਲਿਆਂ ਵਾਲੀ ਵਡਿਆਈਆ । ਪੂਰੀ ਮਨਸਾ ਕਰ ਕੇ ਕਾਮਨ, ਕਰਮ ਦਿਤਾ ਜਣਾਈਆ । ਜਿਸ ਵੇਲੇ ਦਰ ਤੇ ਆਇਆ ਸੀ ਬ੍ਰਾਹਮਣ, ਪਾਰਬ੍ਰਹਮ ਪ੍ਰਭ ਵੇਸ ਵਟਾਈਆ । ਓਸ ਵੇਲੇ ਲੱਗਾ ਸੀ ਮੈਨੂੰ ਸਾਂਭਣ, ਤਕੀਏ ਹੇਠ ਦਬਾਈਆ । ਮੈਨੂੰ ਯਾਦ ਆਇਆ ਤੇਰਾ ਨਾਮਨ, ਇਕ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮਾਣ ਦੇਣਾ ਬਣਾਈਆ । ਫੁੱਲ ਕਹੇ ਮੇਰਾ ਰਿਸ਼ਤਾ ਨਾਲ ਮੋਹਣੀ, ਮੋਹ ਮਮਤਾ ਗਿਆ ਮਿਟਾਈਆ । ਜਿਸ ਵੇਲੇ ਤੱਕੀ ਨੂਰ ਨੁਰਾਨੀ ਸੂਰਤ ਸੋਹਣੀ, ਜਲਵਾ ਇਕ ਰੁਸ਼ਨਾਈਆ । ਓਸ ਵੇਲੇ ਮੇਰੀ ਇਕ ਗ਼ਰੀਬ ਨੇ ਕੀਤੀ ਬੋਹਣੀ, ਤਿੰਨ ਦਿਨ ਦਾ ਭੁੱਖਾ ਤੋੜ ਕੇ ਭੇਟ ਚੜ੍ਹਾਈਆ । ਮੇਰੇ ਨੈਣਾਂ ਆਈ ਰੋਣੀ, ਹੰਝੂਆਂ ਧਾਰ ਵਹਾਈਆ । ਤੇਰੀ ਆਵਾਜ਼ ਆਈ ਅਨਹੋਣੀ, ਮੈਨੂੰ ਸਹਿਜੇ ਦਿਤਾ ਸਮਝਾਈਆ । ਪੁਰਖ ਅਕਾਲ ਕਲਜੁਗ ਅੰਤਮ ਜੋਤ ਪਰਗਟਾਉਣੀ, ਨਿਰਾਕਾਰ ਵੇਸ ਵਟਾਈਆ । ਜਿਸ ਨੇ ਸਭ ਦੀ ਪਿਛਲੀ ਕੀਤੀ ਢਾਹੁਣੀ, ਸਾਚਾ ਰਾਹ ਇਕ ਵਖਾਈਆ । ਤੇਰੀ ਸੁਣੇ ਹਾਲ ਪੁਕਾਰ ਕੁਰਲਾਉਣੀ, ਦੁਖੀਆਂ ਦੁੱਖ ਮਿਟਾਈਆ । ਜਿਸ ਨੇ ਆਪਣੇ ਸੰਮਤ ਦੀ ਰੁੱਤ ਸਹਾਉਣੀ, ਸੋਹਣਿਆਂ ਸੋਹਣੇ ਲਏ ਬਣਾਈਆ । ਜਿਸ ਦੀ ਭਗਤਾਂ ਸੇਵ ਕਮਾਉਣੀ, ਕਮਲਿਆਂ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਫੁੱਲ ਕਹੇ ਮੇਰਾ ਲੇਖਾ ਨਾਲ ਹੰਸ, ਮਾਣਕ ਮੋਤੀ ਚੋਗ ਰਿਹਾ ਚੁਗਾਈਆ । ਮੈਂ ਛੱਡੇ ਨਾਤੇ ਕੋਟ ਸਹੰਸ, ਸਹੰਸਰਾਂ ਦਿਤਾ ਤਜਾਈਆ । ਤੇਰੇ ਭਗਤਾਂ ਦਾ ਜਾਣ ਸੱਚਾ ਸਰਬੰਸ, ਨਾਤਾ ਲਿਆ ਜੁੜਾਈਆ । ਆਤਮ ਪਰਮਾਤਮ ਤੇਰੀ ਅੰਸ, ਇਕੋ ਨੂਰ ਹੋਵੇ ਰੁਸ਼ਨਾਈਆ । ਲੇਖ ਲਹਿਣਾ ਮੁਕਾ ਅੰਤ, ਹੋਵੇ ਨਾ ਕਦੇ ਜੁਦਾਈਆ । ਖੋਜ ਖੋਜ ਤੈਨੂੰ ਥੱਕੇ ਸਾਧ ਸੰਤ, ਸਾਚੀ ਸਤਹ ਨਾ ਕੋਇ ਸਮਝਾਈਆ । ਤੂੰ ਪ੍ਰਭੂ ਬੇਅੰਤ, ਬੇਅੰਤ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਚੁਕਾਈਆ । ਫੁੱਲ ਕਹੇ ਮੇਰਾ ਲੇਖਾ ਨਾਲ ਹਰੀ, ਹਰਦਮ ਧਿਆਨ ਲਗਾਈਆ । ਜਿਸ ਨੇ ਸਭ ਦੀ ਆਤਮ ਵਰੀ, ਪਰਮਾਤਮ ਕੰਤ ਅਖਵਾਈਆ । ਜਿਸ ਤੋਂ ਰੂਹ ਬੁਤ ਰਹੇ ਡਰੀ, ਭੈ ਵਿਚ ਲੋਕਾਈਆ । ਉਸਦੀ ਸੋਹਣੀ ਵਾਰ ਥਿਤ ਆਈ ਘੜੀ, ਘੜਿਆਲ ਰਿਹਾ ਖੜਕਾਈਆ । ਜਿਸ ਦੀ ਵਿਦਿਆ ਭਗਤਾਂ ਪੜ੍ਹੀ, ਮੂਰਖਾਂ ਹੱਥ ਕਿਸੇ ਨਾ ਆਈਆ । ਜੋ ਦੋ ਜਹਾਨਾਂ ਕਰੇ ਬਰੀ, ਬੰਦੀਖ਼ਾਨਾ ਦਏ ਤੁੜਾਈਆ । ਜਿਥੇ ਮਜ਼੍ਹਬ ਰਹੇ ਨਾ ਸ਼ਰਈ, ਸ਼ਰਅ ਵੰਡ ਨਾ ਕੋਇ ਵੰਡਾਈਆ । ਜਿਸ ਦੀ ਧਾਰ ਸਦਾ ਜਗਤ ਨਈ, ਨਾਮ ਨੌਕਾ ਦਏ ਚੜ੍ਹਾਈਆ । ਜਿਸ ਦੀ ਬਿਨਾ ਅੱਖਰਾਂ ਤੋਂ ਵਹੀ, ਵਾਅਦਾ ਆਪਣੇ ਨਾਲ ਰਖਾਈਆ । ਸੋ ਪਾਵਣ ਆਇਆ ਸਹੀ, ਸਹਿਜ ਸੁਭਾਓ ਵੇਸ ਵਟਾਈਆ । ਫੁੱਲ ਕਹੇ ਮੇਰਾ ਜੋੜਾ ਨਾਲ ਨਰਸਿੰਘ, ਬਿਨਾ ਨਾਰਦ ਵੇਖਣ ਕੋਇ ਨਾ ਪਾਈਆ । ਜਿਸ ਦਾ ਖੇਲ ਹੋਇਆ ਇੰਜ, ਪੜਦਾ ਦਿਆਂ ਉਠਾਈਆ । ਜਿਸ

੧੧੬
੧੯

ਵੇਲੇ ਭਗਤ ਭਗਵਾਨ ਦੀ ਬਣਿਆ ਬਿੰਦ, ਪ੍ਰਹਿਲਾਦ ਵੱਜੀ ਵਧਾਈਆ । ਧਾਰ ਵਹੀ ਸਾਗਰ ਸਿੰਧ, ਗਹਿਰ ਗੰਭੀਰ ਦਇਆ ਕਮਾਈਆ । ਫੁੱਲ ਕਹੇ ਓਸ ਵੇਲੇ ਮੇਰੀ ਬਰਖਾ ਕੀਤੀ ਸੁਰਪਤ ਇੰਦ, ਕਰੋੜ ਤੇਤੀਸਾ ਨਾਲ ਰਲਾਈਆ । ਮੈਨੂੰ ਪਰਗਟ ਹੋਈ ਚਿੰਦ, ਚਿੰਤਾ ਵਿਚ ਦਿਤਾ ਸੁਣਾਈਆ । ਮੈਂ ਪੱਤੀ ਪੱਤੀ ਹੋ ਕੇ ਗਿਆ ਖਿੰਡ, ਪੰਖੜੀਆਂ ਨਾਤਾ ਗਈਆਂ ਤੁੜਾਈਆ । ਪੁਰਖ ਅਕਾਲ ਨੇ ਕਿਹਾ ਮੈਂ ਤੈਨੂੰ ਅਗਲਾ ਦੱਸਾਂ ਇਕੋ ਪਿੰਡ, ਘਰਾਨਾ ਦਿਆਂ ਸਮਝਾਈਆ । ਜਿਥੇ ਨਾ ਕੋਈ ਗ਼ਮੀ ਨਾ ਕੋਈ ਚਿੰਦ, ਚਿੰਤਾ ਅਗਨ ਨਾ ਕੋਇ ਤਪਾਈਆ । ਇਕੋ ਦਾਤਾ ਗੁਣੀ ਗਹਿੰਦ, ਗਹਿਰ ਗੰਭੀਰ ਡੇਰਾ ਲਾਈਆ । ਮਾਲਕ ਹੋ ਬਖ਼ਸ਼ਿੰਦ, ਰਹਿਮਤ ਦਏ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਰਮ ਭੁਲੇਖਾ ਦਏ ਮਿਟਾਈਆ । ਫੁੱਲ ਕਹੇ ਮੇਰਾ ਪ੍ਰੇਮ ਓਸੇ ਨਾਲ ਇਕ ਨਰਾਇਣ, ਜੋ ਬੱਚਿਆਂ ਦਏ ਵਡਿਆਈਆ । ਜਿਸ ਦੇ ਕੋਲ ਨਾਮ ਰਸਾਇਣ, ਖ਼ਾਕੀ ਮਾਟੀ ਦਏ ਤਰਾਈਆ । ਜਿਸ ਦੇ ਪ੍ਰੇਮ ਸਾਗਰ ਦਾ ਵਹਿਣ, ਕੂੜੀ ਕਿਰਿਆ ਦਏ ਰੁੜ੍ਹਾਈਆ । ਉਹ ਦਰਸ ਦਿਖਾਵੇ ਐਨ, ਬਿਨਾ ਖ਼ੁਸ਼ਾਮਦ ਆਮਦ ਵਿਚ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਝਗੜਾ ਦੇਣਾ ਚੁਕਾਈਆ । ਫੁੱਲ ਕਹੇ ਮੇਰਾ ਨਾਤਾ ਨਾਲ ਰਾਮ ਪਰਸ, ਪਰਸ ਰਾਮ ਦਿਆਂ ਜਣਾਈਆ । ਜਿਸ ਵੇਲੇ ਸ਼ਤਰੀਆਂ ਉਤੇ ਖਾਧਾ ਤਰਸ, ਫੁੱਲ ਕਹੇ ਓਸ ਵੇਲੇ ਮੈਨੂੰ ਤੋੜ ਕੇ ਆਪਣੇ ਕੰਨ ਦੇ ਵਿਚ ਟਿਕਾਈਆ । ਮੈਂ ਲੁਕਿਆ ਰਿਹਾ ਵਿਚ ਸਵਾ ਬਰਸ, ਆਪਣਾ ਆਪ ਛੁਪਾਈਆ । ਇਕ ਦਿਨ ਵੱਖੀ ਭਾਰ ਸੁੱਤਾ ਉਤੇ ਫ਼ਰਸ਼, ਉਂਗਲੀ ਨਾਲ ਹਲੂਣਾ ਦਿਤਾ ਲਗਾਈਆ । ਮੈਂ ਬਾਹਰ ਆਇਆ ਨਿਧੜਕ, ਧਰਨੀ ਉਤੇ ਡਿੱਗ ਕੇ ਦਿਤੀ ਹਾਲ ਦੁਹਾਈਆ । ਜੇ ਪ੍ਰਭੂ ਤੂੰ ਮੁੜ ਕੇ ਆਵੇਂ ਪਰਤ, ਮੇਰਾ ਪੱਤਾ ਪੱਤਾ ਲੈਣਾ ਤਰਾਈਆ । ਮੈਂ ਤਿੰਨ ਜੁਗ ਬੈਠਾ ਰਹਿਣਾ ਰਖ ਕੇ ਵਰਤ, ਮੁਖ ਨਾਲ ਨਾ ਕੁਛ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਨੂੰ ਆਪਣਾ ਲੈਣਾ ਬਣਾਈਆ । ਫੁੱਲ ਕਹੇ ਜਿਸ ਵੇਲੇ ਰਾਮ ਗਿਆ ਵਸ਼ਿਸ਼ਟ ਕੋਲ, ਗੁਰੂ ਗੁਰਦੇਵ ਸੇਵ ਕਮਾਈਆ । ਵਸ਼ਿਸ਼ਟ ਨੇ ਮੇਰਾ ਰੂਪ ਵੇਖ ਕੇ ਗੋਲ, ਓਸ ਨੂੰ ਦਿਤਾ ਫੜਾਈਆ । ਰਾਮ ਨੇ ਪੰਜਾਂ ਉਂਗਲਾਂ ਵਿਚ ਲਿਆ ਤੋਲ, ਪੁੱਠੇ ਤੋਂ ਸਿੱਧਾ ਦਿਤਾ ਕਰਾਈਆ । ਮੈਂ ਅੱਗੋਂ ਪਿਆ ਬੋਲ, ਕੂਕ ਕੂਕ ਸੁਣਾਈਆ । ਜੇ ਰਾਮ ਤੇਰਾ ਰਾਮ ਉਪਰ ਆਵੇ ਧੌਲ, ਕਿਸ ਬਿਧ ਉਸਦੀ ਸੇਵ ਕਮਾਈਆ । ਓਸ ਕਿਹਾ ਸੁਣ ਰਹੀਂ ਨਾ ਅਨਭੋਲ, ਸਹਿਜੇ ਦਿਆਂ ਜਣਾਈਆ । ਜਿਸ ਵੇਲੇ ਮੇਰਾ ਰਾਮ ਆਵੇ ਉਸਦੇ ਨਾਮ ਦੇ ਵੱਜ ਜਾਣੇ ਢੋਲ, ਡੰਕੇ ਦੋ ਜਹਾਨ ਖੜਕਾਈਆ । ਓਨ ਸਭ ਦੇ ਖ਼ਾਲੀ ਕਰਨੇ ਖੋਲ, ਖੋਖੇ ਦੇਣੇ ਬਣਾਈਆ । ਗੁਰਮੁਖ ਭਗਤ ਕੱਢਣੇ ਨਿਰੋਲ, ਨਿਰਪੱਖ ਦੇਣੇ ਵਖਾਈਆ । ਓਸ ਵੇਲੇ ਫੁੱਲਾ ਤੈਨੂੰ ਕੋਈ ਨਾ ਦੇਵੇ ਮਧੋਲ, ਗੁਰਮੁਖ ਵੇਖਣ ਚਾਈਂ ਚਾਈਂਆ । ਮੇਰਾ ਤੇਰੇ ਨਾਲ ਕੌਲ, ਇਕ਼ਰਾਰਨਾਮਾ ਦਿਤਾ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਫੁੱਲ ਕਹੇ ਮੈਨੂੰ ਨੌ ਵਾਰ ਸੁੰਘਿਆ ਵੇਦ ਵਿਆਸ, ਨਾਸਿਕਾਂ ਢਾਈ ਇੰਚ ਪਰੇ ਹਟਾਈਆ । ਇਕ ਦਿਨ ਮੈਂ ਓਸ ਨੂੰ ਪੁਛਿਆ ਖ਼ਾਸ, ਸਹਿਜ ਨਾਲ ਬੁਲਾਈਆ । ਮੈਨੂੰ ਇਕ ਦੇ ਮਿਲਣ ਦੀ ਆਸ, ਜੋ ਟੁੱਟਿਆਂ ਲਏ ਜੁੜਾਈਆ । ਓਸ ਨੇ ਭਰ ਕੇ ਪਾਣੀ ਦਾ ਇਕ ਗਿਲਾਸ, ਸਹਿਜੇ ਮੈਨੂੰ ਦਿਤਾ ਟਿਕਾਈਆ । ਜਿਸ ਵੇਲੇ ਤੇਰਾ ਤੇ ਮੇਰਾ ਆਵੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਫੇਰਾ ਪਾਈਆ । ਭਗਤਾਂ ਦਾ ਹੋਵੇ ਸਾਥ, ਗੁਰਮੁਖਾਂ ਸੰਗ ਜੁੜਾਈਆ । ਤੈਨੂੰ ਦਰਸ

੧੧੮
੧੯

ਦਿਖਾਏ ਸਾਖਿਆਤ, ਵਿਛੋੜਾ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਫੁੱਲ ਕਹੇ ਜਿਸ ਵੇਲੇ ਕ੍ਰਿਸ਼ਨ ਦਾ ਮੇਲ ਹੋਇਆ ਨਾਲ ਸੁਦਾਮੇ, ਸੱਦਾ ਮਿਲਿਆ ਧੁਰ ਦਰਗਾਹੀਆ । ਮੈਂ ਰਾਹ ਵਿਚ ਜਾਂਦਿਆਂ ਬ੍ਰਾਹਮਣ ਦੇ ਲੁਕ ਗਿਆ ਵਿਚ ਪਜਾਮੇ, ਗਿਟੇ ਤੋਂ ਪੰਜ ਉਂਗਲਾਂ ਉਤੇ ਡੇਰਾ ਲਾਈਆ । ਮੈਨੂੰ ਇਕੋ ਤੱਕਿਆ ਕ੍ਰਿਸ਼ਨ ਸ਼ਾਮੇ, ਨਜ਼ਰ ਅੱਖ ਉਠਾਈਆ । ਮਖ਼ੌਲ ਨਾਲ ਕਿਹਾ ਉਠ ਗੁਲਦਾਨੇ, ਤੇਰਾ ਗੁਲਸ਼ਨ ਦੇਣਾ ਸੁਹਾਈਆ । ਮੈਂ ਹੋਇਆ ਬਹੁਤ ਹੈਰਾਨੇ, ਹੈਰਾਨੀ ਮੇਰੇ ਅੰਦਰ ਆਈਆ । ਜਿੰਨਾਂ ਚਿਰ ਮੇਰੀ ਬੇਨੰਤੀ ਨਾ ਮਾਨੇਂ, ਆਪਣਾ ਹੁਕਮ ਵਰਤਾਈਆ । ਮੈਂ ਅੰਤ ਜਾਣਾ ਓਸ ਨਿਸ਼ਾਨੇ, ਜਿਸ ਦਾ ਨਿਸ਼ਾਨਾ ਸਾਰੇ ਰਹੇ ਤਕਾਈਆ । ਮੈਂ ਮਿਲਣਾ ਓਸ ਭਗਵਾਨੇ, ਜੋ ਭਗਤਾਂ ਦਏ ਵਡਿਆਈਆ । ਕ੍ਰਿਸ਼ਨ ਕਿਹਾ ਓਸ ਦੇ ਤ੍ਰੈਲੋਕੀ ਚੋਂ ਪਰੇ ਟਿਕਾਣੇ, ਜਿਥੇ ਟਿੱਕੇ ਨਾ ਕੋਇ ਵਖਾਈਆ । ਉਸ ਨੇ ਕਲਜੁਗ ਅੰਤਮ ਪਹਿਰਨੇ ਬਾਨੇ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਤੇਰੇ ਉਪਰ ਹੋਵੇ ਮਿਹਰਵਾਨੇ, ਮਿਹਰ ਨਜ਼ਰ ਨਾਲ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਗਿਆ ਸੁਣਾਈਆ । ਫੁੱਲ ਕਹੇ ਜਿਸ ਵੇਲੇ ਮੂਸਾ ਡਿੱਗਾ ਕੋਹਤੂਰ, ਕਰਮ ਕਾਂਡ ਦਾ ਲੇਖਾ ਰਿਹਾ ਨਾ ਰਾਈਆ । ਮੈਂ ਉਹਦੇ ਥੱਲੇ ਆਇਆ ਜਰੂਰ, ਮਸਤਕ ਮੇਰੇ ਨਾਲ ਛੁਹਾਈਆ । ਮੈਂ ਤੱਕਿਆ ਛੋਟਾ ਜਿਹਾ ਨੂਰ, ਜੋ ਝਲਕ ਵਿਚ ਰੁਸ਼ਨਾਈਆ । ਸੁਣ ਅਗੰਮੀ ਤੂਰ, ਸੰਦੇਸ਼ੇ ਰਹੀ ਸੁਣਾਈਆ । ਮੇਰੇ ਨਾਮ ਨੂੰ ਕਰਨਾ ਮਸ਼ਹੂਰ, ਕਲਮਿਆਂ ਵਿਚ ਗਾਈਆ । ਮੈਂ ਅੰਤਮ ਆਵਾਂ ਬਣ ਮਹਿਬੂਬ, ਮੁਹੱਬਤ ਨੂਰ ਖ਼ੁਦਾਈਆ । ਫੁੱਲ ਕਿਹਾ ਮੈਂ ਉਹਦੇ ਥੱਲੇ ਰਗੜ ਕੇ ਗਿਆ ਝੂਜ, ਆਪਣਾ ਆਪ ਮਿਟਾਈਆ । ਮੈਨੂੰ ਅਗਲੀ ਆਈ ਸੂਝ, ਪੜਦਾ ਦਿਤਾ ਉਠਾਈਆ । ਮੈਂ ਦਵਾਰਾ ਵੇਖਿਆ ਡੂੰਘ, ਜਿਸ ਦਾ ਪੈਮਾਨਾ ਨਾਪ ਨਾ ਕੋਇ ਬਣਾਈਆ । ਓਸ ਵੇਲੇ ਹੁਕਮ ਮਿਲਿਆ ਫੁੱਲਾ ਵੇਖੀਂ ਤੇਰੇ ਨਾਲ ਮਿਲ ਕੇ ਕੋਈ ਭਗਤ ਨਾ ਜਾਵੇ ਊਂਘ, ਸੁਤਿਆਂ ਲੈਣਾ ਉਠਾਈਆ । ਫੇਰ ਮੈਂ ਆਪੇ ਲਵਾਂ ਢੂੰਡ, ਲੱਭਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਨਾਮ ਦੀ ਪਾਵੇ ਗੂੰਜ, ਗੁੰਜਾਇਸ਼ ਅਵਰ ਨਾ ਕੋਇ ਰਖਾਈਆ । ਫੁੱਲ ਕਹੇ ਮੇਰੀ ਯਾਦ ਈਸਾ ਨਾਲ ਪਿਛਲੀ, ਪਿਛਾ ਦਏ ਗਵਾਹੀਆ । ਜਿਸ ਵੇਲੇ ਮੈਨੂੰ ਫੜ ਕੇ ਮਾਰਿਆਂ ਸ਼ਿਬਲੀ, ਸਿੰਮਤ ਦਿਤੀ ਬਦਲਾਈਆ । ਓਸ ਵੇਲੇ ਸੱਤਾਂ ਪੱਤਿਆਂ ਵਾਲੀ ਕੋਲ ਉਗੀ ਹੋਈ ਸੀ ਪਿਪਲੀ, ਫੁਟ ਇਕੋ ਨਜ਼ਰੀ ਆਈਆ । ਉਸ ਦੇ ਅੰਦਰ ਖੇਲ ਸੀ ਵਿਚਲੀ, ਜਿਹੜੀ ਵਿਚੋਂ ਰਹੀ ਜਣਾਈਆ । ਜਿਹੜੀ ਫਾਸੀ ਈਸਾ ਨੂੰ ਪਾਈ ਉਤੇ ਗਿੱਚੀ, ਪਿਛੇ ਅਗੇ ਦਿਤੀ ਬੰਧਾਈਆ । ਓਸ ਵੇਲੇ ਓਸ ਕਿਹਾ ਮੇਰੇ ਨਾਲੋਂ ਮੇਰੇ ਪੁਰਖ ਅਕਾਲ ਦੀ ਚੰਗੀ ਹੋਣੀ ਸਿੱਖੀ, ਜਿਸ ਨੇ ਇਕੋ ਕਰਨੀ ਪੜ੍ਹਾਈਆ । ਓਸ ਵੇਲੇ ਕ਼ਲਮ ਨੇ ਸ਼ਾਹੀ ਨਾਲ ਧਾਰ ਨਹੀਂ ਲਿਖੀ, ਸ਼ਬਦੀ ਸ਼ਬਦ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਵਰਤਾਈਆ । ਫੁੱਲ ਕਹੇ ਜਿਸ ਵੇਲੇ ਮੁਹੰਮਦ ਨੇ ਯਾਦ ਕੀਤਾ ਅਲੀ, ਅਲੀ ਮਦਦ ਕਹਿ ਕੇ ਗਾਈਆ । ਓਸ ਵੇਲੇ ਮੇਰੀ ਢਾਈਆਂ ਕਰਮਾਂ ਦੀ ਲੱਗੀ ਸੀ ਇਕ ਪੈਲੀ, ਲੰਮੀ ਨੌ ਕਰਮ ਅਖਵਾਈਆ । ਉਸ ਦੇ ਬਾਹਰ ਸੀ ਇਕ ਗੈਲੀ, ਫੁਟ ਢਾਈ ਵੰਡ ਵੰਡਾਈਆ । ਫੁੱਲ ਕਹੇ ਮੁਹੰਮਦ ਮੈਨੂੰ ਤੋੜਿਆ ਮੈਂ ਪੀੜ ਦਰਦ ਸਹਿ ਲਈ, ਦੁੱਖ ਵਿਚ ਦਿਤੀ ਦੁਹਾਈਆ । ਇਕ ਗਲ ਅਗੰਮੀ ਕਹਿ ਲਈ, ਇਸ਼ਾਰਾ ਦਿਤਾ ਲਗਾਈਆ । ਮੁਹੰਮਦ ਕਿਹਾ ਫੁੱਲਾ ਸਦੀ ਚੌਧਵੀਂ ਮੇਰੀ ਉਮਤ ਆਪੇ

ਵਹਿਣੀ, ਵਹਿੰਦੀ ਧਾਰ ਵਗਾਈਆ । ਤੂੰ ਵੇਖੀਂ ਆਪਣੀ ਨੈਣੀ, ਨੇਤਰ ਅੱਖ ਖੁਲ੍ਹਾਈਆ । ਤੇਰਾ ਸੱਜਣ ਬਣਨਾ ਇਕੋ ਸੈਣੀ, ਪਰਵਰਦਿਗਾਰ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਲੇਖਾ ਵੇਖ ਵਖਾਈਆ । ਫੁੱਲ ਕਹੇ ਮੇਰਾ ਲੇਖਾ ਨਾਲ ਸਤਿਗੁਰ ਨਾਨਕ, ਤਿੰਨੇ ਦੇਣ ਗਵਾਹੀਆ । ਜਿਸ ਵੇਲੇ ਭੁੱਖੇ ਸੰਤ ਮਿਲੇ ਸੀ ਅਚਾਨਕ, ਖ਼ੈਰ ਖ਼ੈਰੀਅਤ ਦਿਤੀ ਵਰਤਾਈਆ । ਉਹ ਵੇਲਾ ਸੀ ਬੜਾ ਭਿਆਨਕ, ਬੱਚੇ ਨੂੰ ਕਹਿਣ ਸ਼ੁਦਾਈਆ । ਉਨ੍ਹਾਂ ਨੇ ਨਾਨਕ ਨੂੰ ਦਿਤੀ ਅਮਾਨਤ, ਫੁੱਲ ਗੁਲਾਬ ਦਾ ਭੇਟ ਚੜ੍ਹਾਈਆ । ਨਾਨਕ ਕਿਹਾ ਇਹ ਰਹੇ ਸਹੀ ਸਲਾਮਤ, ਕਲਜੁਗ ਅੰਤਮ ਵੱਜੇ ਵਧਾਈਆ । ਇਹਨੂੰ ਮਿਲਣੀ ਭਗਤਾਂ ਦੇ ਪ੍ਰੇਮ ਦੀ ਨਿਆਮਤ, ਨੇਮ ਇਕੋ ਨਾਲ ਰਖਾਈਆ । ਜਿਸ ਵੇਲੇ ਸਦੀ ਚੌਧਵੀਂ ਦੀ ਆਉਣੀ ਕ਼ਿਆਮਤ, ਕਲਮਿਆਂ ਤੋਂ ਲੈਣੇ ਛੁਡਾਈਆ । ਮਨ ਨਹੀਂ ਕਰਨੀ ਬਗ਼ਾਵਤ, ਝਗੜਾ ਨਾ ਕਰੇ ਲੋਕਾਈਆ । ਓਸ ਵੇਲੇ ਏਸ ਨੇ ਭਗਤਾਂ ਦੀ ਮੇਟਣੀ ਅਦਾਵਤ, ਭਗਤ ਦਵਾਰੇ ਆ ਕੇ ਦਏ ਸਫ਼ਾਈਆ । ਗੁਰਮੁਖੋ ਸਦਾ ਕਰਨੀ ਸ਼ਰਾਫਤ, ਸ਼ਰਈਆਂ ਤੋਂ ਲਏ ਬਚਾਈਆ । ਪ੍ਰਭ ਦਾ ਨਾਮ ਭਾਵੇਂ ਹਕ਼ੀਕ਼ੀ ਸਮਝੋ ਭਾਵੇਂ ਮਾਰਫ਼ਤ, ਮਹਿਬੂਬ ਤੋਂ ਹੋਵੇ ਨਾ ਕਦੇ ਜੁਦਾਈਆ । ਜਿਸ ਨੂੰ ਸਮਝੇ ਕੋਇ ਨਾ ਆਰਫ਼, ਅਲਿਫ਼ ਯੇ ਨਾ ਪੜਦਾ ਉਠਾਈਆ । ਨਾਨਕ ਕਿਹਾ ਨਿਰਗੁਣ ਨਿਰਵੈਰ ਨਿਰਾਕਾਰ ਕਰੇ ਤੁਆਰਫ਼, ਸਫ਼ਾਰਸ਼ ਦੀ ਲੋੜ ਰਹੇ ਨਾ ਰਾਈਆ । ਓਸ ਵੇਲੇ ਕਿਸੇ ਨਹੀਂ ਲਿਖੀ ਇਬਾਰਤ, ਨਾਨਕ ਬਚਨ ਨਾ ਕੋਇ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਜਨਮ ਦਾ ਲੇਖ ਚੁਕਾਈਆ । ਫੁਲ ਕਹੇ ਜਿਸ ਵੇਲੇ ਅੰਗਦ ਆਇਆ ਦੇਵੀ ਦਾ ਪੁਜਾਰੀ, ਦੇਵਤਿਆਂ ਵਾਲਾ ਇਸ਼ਟ ਮਨਾਈਆ । ਓਸ ਨੂੰ ਦਿਸੀ ਜੋਤ ਨਿਰੰਕਾਰੀ, ਜੋਤ ਲਲਾਟ ਹੋਏ ਰੁਸ਼ਨਾਈਆ । ਓਸ ਵੇਲੇ ਇਕ ਮਾਲਣ ਫੁੱਲ ਲਈ ਔਂਦੀ ਸੀ ਵਿਚ ਪਟਾਰੀ, ਖਾਰੀ ਸੀਸ ਉਤੇ ਟਿਕਾਈਆ । ਉਹ ਸੋਲਾਂ ਸਾਲਾਂ ਦੀ ਕਵਾਰੀ, ਅੰਗੀ ਅੰਗ ਨਾ ਕੋਇ ਛੁਹਾਈਆ । ਉਸਨੂੰ ਰਮਜ਼ ਲੱਗੀ ਅਪਾਰੀ, ਕਿਸੇ ਅੰਦਰੋਂ ਦਿਤਾ ਉਠਾਈਆ । ਉਸਨੇ ਫੜ ਕੇ ਫੁੱਲ ਅੰਗਦ ਦੀ ਭੇਟਾ ਦਿਤੇ ਚਾੜ੍ਹੀ, ਅੰਗਦ ਨਾਨਕ ਦਿਆਂ ਚਰਨਾਂ ਉਤੇ ਟਿਕਾਈਆ । ਫੁੱਲ ਨੇ ਕਿਹਾ ਮੈਂ ਵੱਖਰੀ ਵੇਖੀ ਸਭ ਤੋਂ ਯਾਰੀ, ਗੁਰ ਚੇਲੇ ਵੱਜੇ ਵਧਾਈਆ । ਨਾਨਕ ਕਿਹਾ ਨਾਨਕ ਨਹੀਂ ਸ਼ਬਦ ਦੇ ਹੋਣਾ ਪੁਜਾਰੀ, ਜੋਤੀ ਜੋਤ ਸੀਸ ਝੁਕਾਈਆ । ਇਹਦਾ ਲੇਖਾ ਲਹਿਣਾ ਅਗੇ ਅਗਾੜੀ, ਕਲਜੁਗ ਅੰਤਮ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਆਪਣਾ ਇਕ ਸਮਝਾਈਆ । ਫੁੱਲ ਕਹੇ ਮੇਰਾ ਲੇਖਾ ਨਾਲ ਗੁਰ ਦਾਸ ਅਮਰ, ਅਮਲਾਂ ਵਿਚ ਜਣਾਈਆ । ਉਹ ਜਲ ਚੁੱਕਣ ਲੱਗਿਆਂ ਮੈਨੂੰ ਰਖਦਾ ਸੀ ਵਿਚ ਕਮਰ, ਕਮਰਕਸੇ ਵਿਚ ਟਿਕਾਈਆ । ਮੈਂ ਵੇਖ ਕੇ ਉਹਦਾ ਸਬਰ, ਪ੍ਰਭ ਦੇ ਅਗੇ ਵਾਸਤਾ ਦਿਤਾ ਪਾਈਆ । ਤੇਰਾ ਹੁਕਮ ਬੜਾ ਜਬਰ, ਨਾ ਕੋਇ ਮੇਟੇ ਮੇਟ ਮਿਟਾਈਆ । ਤੂੰ ਮਾਲਕ ਗਹਿਰ ਗਵਰ, ਤੇਰੀ ਬੇਪਰਵਾਹੀਆ । ਤੂੰ ਵਸੇਂ ਉਤੇ ਅੰਬਰ, ਨੂਰੋ ਨੂਰ ਰੁਸ਼ਨਾਈਆ । ਸਰਬ ਕਲਾ ਭਰਤੰਬਰ, ਘਟ ਘਟ ਰਿਹਾ ਸਮਾਈਆ । ਜੇ ਅੰਗਦ ਦਾ ਅਮਰਦਾਸ ਨਾਲ ਹੋ ਜਾਏ ਸਵੰਬਰ, ਅਮਲਾਂ ਦੀ ਲੋੜ ਰਹੇ ਨਾ ਰਾਈਆ । ਫੁੱਲ ਕਹੇ ਮੈਂ ਪ੍ਰੀਤੀ ਵਿਚ ਹੋ ਕੇ ਮਗਨ, ਇਕ ਧਿਆਨ ਲਿਆ ਲਗਾਈਆ । ਆਤਮ ਪਰਮਾਤਮ ਦਾ ਪੈਂਦਾ ਵੇਖਿਆ ਸਗਨ, ਅਮਰੂ ਦੇ ਘਰ ਵੱਜੀ ਵਧਾਈਆ । ਦੀਪਕ ਜੋਤ ਲੱਗਾ ਜਗਣ, ਹੋਈ ਸਚ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਹਿੱਸਾ ਦੇਣਾ ਵਖਾਈਆ । ਫੁੱਲ ਕਿਹਾ

ਮੇਰਾ ਪ੍ਰੇਮ ਨਾਲ ਰਾਮਦਾਸ, ਜੋ ਰਾਮ ਰਾਮ ਧਿਆਈਆ । ਜੋ ਛਾਬੜੀ ਚੁੱਕਣ ਲੱਗਾ ਮੈਨੂੰ ਸਿਰ ਉਤੇ ਰਖਦਾ ਸੀ ਖ਼ਾਸ, ਡੇਢ ਇੰਚ ਵਿਚ ਟਿਕਾਈਆ । ਜਿਥੇ ਸੁਣਦੀ ਸਵਾਸ ਦੀ ਅਵਾਜ਼, ਰਾਜ਼ ਅਗਲਾ ਦਏ ਜਣਾਈਆ । ਮੈਂ ਤੱਕਦਾ ਰਿਹਾ ਪਰਕਾਸ਼, ਜੋਤੀ ਜੋਤ ਡਗਮਗਾਈਆ । ਮੈਂ ਜੋੜ ਕੇ ਦੋਵੇਂ ਹਾਥ, ਸੀਸ ਦਿਤਾ ਨਿਵਾਈਆ । ਓਸ ਕਿਹਾ ਤੇਰਾ ਮੇਲਾ ਨਾਲ ਪੁਰਖ ਅਬਿਨਾਸ਼, ਕਲਜੁਗ ਅੰਤਮ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਫੁੱਲ ਕਹੇ ਮੈਨੂੰ ਪੰਜ ਵਾਰ ਗੁਰ ਅਰਜਨ ਕਿਹਾ ਫੁੱਲ ਗੁਲਾਬ, ਇਸ਼ਾਰਾ ਗੁਰਮੁਖਾਂ ਵਲ ਕਰਾਈਆ । ਜਿਸ ਵੇਲੇ ਇਕਾਵਨ ਬਾਵਨ ਕੀਤਾ ਹਿਸਾਬ, ਪੰਜ ਇਕ ਤੇ ਪੰਜ ਦੋ ਵੱਜੀ ਵਧਾਈਆ । ਗੁਰੂ ਗ੍ਰੰਥ ਲਿਖਣ ਲੱਗਾ ਵੱਖਰੀ ਕਿਤਾਬ, ਤੋੜ ਕੇ ਸਤਿਨਾਮ ਦੀ ਭੇਟਾ ਦਿਤਾ ਕਰਾਈਆ । ਨਾਲ ਦੱਸਿਆ ਇਕੋ ਪੁਰਖ ਅਕਾਲ ਸਭ ਦਾ ਬਾਪ, ਪਿਤਾ ਇਕ ਅਖਵਾਈਆ । ਜਿਸ ਦਾ ਇਕੋ ਚਲਣਾ ਜਾਪ, ਦੂਜੀ ਲੋੜ ਰਹੇ ਨਾ ਰਾਈਆ । ਓਸ ਕਲਜੁਗ ਅੰਤਮ ਆਉਣਾ ਆਪ, ਆਪਣਾ ਫੇਰਾ ਪਾਈਆ । ਭਗਤਾਂ ਨਾਲ ਜੋੜੇ ਤੇਰਾ ਸਾਥ, ਗੁਰਮੁਖ ਸੱਜਣ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਫੁਲ ਕਹੇ ਜਿਸ ਵੇਲੇ ਹਰਿ ਗੋਬਿੰਦ ਪਹਿਨੀ ਮੀਰੀ ਪੀਰੀ, ਪੀਰਾਂ ਦਾ ਪੀਰ ਨਜ਼ਰੀ ਆਈਆ । ਮੈਨੂੰ ਟੰਗਿਆ ਵਿਚ ਜ਼ੰਜੀਰੀ, ਦਸਵੇਂ ਕੁੰਡੇ ਵਿਚ ਫਸਾਈਆ । ਮੇਰੀ ਦੂਰ ਹੋਈ ਦਿਲਗੀਰੀ, ਗ਼ਮੀ ਦਿਤੀ ਗਵਾਈਆ । ਓਸ ਹੱਥ ਲਾਇਆ ਮੈਨੂੰ ਤਕਦੀਰੀ, ਪੱਤੀ ਪੱਤੀ ਦਿਤੀ ਤੁੜਾਈਆ । ਚਰਨਾਂ ਨਾਲ ਛੋਹ ਕੇ ਮੈਨੂੰ ਮਿਲੀ ਉਹ ਅਮੀਰੀ, ਜਿਸ ਦੀ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਖੇਲ ਵੇਖਿਆ ਫਿਰ ਕਸ਼ਮੀਰੀ, ਚਸ਼ਮੇ ਉਪਰ ਆਪਣਾ ਰੰਗ ਚਮਕਾਈਆ । ਫੁੱਲ ਕਹੇ ਮੇਰਾ ਪ੍ਰੇਮ ਨਾਲ ਹਰਿਰਾਏ, ਹਰ ਹਿਰਦੇ ਦਿਆਂ ਜਣਾਈਆ । ਨਹਾਉਣ ਤੋਂ ਪਹਿਲੋਂ ਮੈਨੂੰ ਚੌਕੀ ਦੇ ਪਾਵੇ ਹੇਠ ਟਿਕਾਏ, ਉਤੇ ਆਪਣਾ ਭਾਰ ਰਖਾਈਆ । ਇਕ ਦਿਨ ਮੇਰੇ ਅੰਦਰੋਂ ਨਿਕਲੀ ਹਾਏ ਹਾਏ, ਹਉਕਾ ਲੈ ਕੇ ਦਿਤਾ ਸੁਣਾਈਆ । ਓਸ ਖ਼ੁਸ਼ੀ ਨਾਲ ਕਿਹਾ ਤੇਰੇ ਉਤੇ ਪ੍ਰਭੂ ਦਇਆ ਕਮਾਏ, ਮਿਹਰ ਨਜ਼ਰ ਨਾਲ ਤਰਾਈਆ । ਤੈਨੂੰ ਭਗਤਾਂ ਨਾਲ ਰਲਾਏ, ਲੋਕਮਾਤ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸਗਲਾ ਸੰਗ ਬਣਾਈਆ । ਫੁੱਲ ਕਹੇ ਮੇਰਾ ਹਰਿਕ੍ਰਿਸ਼ਨ ਨਾਲ ਨਾਤਾ, ਅੱਠਾਂ ਤੱਤਾਂ ਦਿਆਂ ਜਣਾਈਆ । ਜਿਸ ਵੇਲੇ ਹਰਿਕ੍ਰਿਸ਼ਨ ਦਰਸ਼ਨ ਕਰਦਾ ਸੀ ਪਿਤਾ ਮਾਤਾ, ਮਾਤਾ ਪਿਤਾ ਦੀ ਮੈਨੂੰ ਭੇਟ ਚੜ੍ਹਾਈਆ । ਸਭ ਤੋਂ ਵੱਡੀ ਸਮਝ ਸੁਗਾਤਾ, ਵੱਖਰਾ ਰੰਗ ਵਖਾਈਆ । ਇਕ ਦਿਨ ਮੈਂ ਟੇਕ ਕੇ ਅਗੇ ਮਾਥਾ, ਸਾਲ ਸੱਤਵੇਂ ਮੰਗ ਮੰਗਾਈਆ । ਮੈਂ ਵੇਖਣਾ ਉਹ ਬਾਪਾ, ਜਿਸ ਨੂੰ ਪੁਰਖ ਅਕਾਲ ਕਹਿ ਕੇ ਸਾਰੇ ਗਾਈਆ । ਓਸ ਨੇ ਕਿਹਾ ਗੁਰ ਤੇਗ਼ ਬਹਾਦਰ ਤੇਰਾ ਬਦਲਣਾ ਸਾਕਾ, ਸਾਖੀ ਆਪਣੀ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਦਏ ਜਣਾਈਆ । ਫੁੱਲ ਕਹੇ ਮੇਰਾ ਗੁਰ ਤੇਗ਼ ਬਹਾਦਰ ਨਾਲ ਜੋੜ, ਨਾਤਾ ਧੁਰ ਦਾ ਨਜ਼ਰੀ ਆਈਆ । ਜਿਸ ਵੇਲੇ ਦਿੱਲੀ ਨੂੰ ਜਾਣ ਲੱਗਿਆਂ ਗੋਬਿੰਦ ਨੂੰ ਦਿਤਾ ਸੀ ਮੋੜ, ਇਕੋ ਫੁੱਲ ਹੱਥ ਫੜਾਈਆ । ਗੋਬਿੰਦ ਮੈਂ ਨਹੀਂ ਤੇਰਾ ਪਿਤਾ ਹੋਰ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਓਸ ਦਾ ਬੱਚਾ ਕੌਰ, ਸ਼ਹਿਜ਼ਾਦਾ ਸ਼ਹਿਨਸ਼ਾਹ ਅਖਵਾਈਆ । ਮੈਂ ਸੇਵਾ ਕਰਨ ਆਇਆ ਬਤੌਰ, ਪੱਲੂ ਰਿਹਾ ਛੁਡਾਈਆ । ਫੁੱਲ ਕਹੇ ਮੇਰੀ ਗੋਬਿੰਦ ਹੱਥ ਦੇ ਕੇ ਡੋਰ, ਤੰਦ ਤਾਰ


੧੨੦
੧੯

ਦਿਤੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਦ ਅਭੇਦਾ ਦਏ ਖੁਲ੍ਹਾਈਆ । ਫੁੱਲ ਕਹੇ ਮੇਰਾ ਗੋਬਿੰਦ ਨਾਲ ਪ੍ਰੇਮ, ਪ੍ਰੇਮੀਆਂ ਦਿਆਂ ਸਮਝਾਈਆ । ਦੁਸ਼ਟ ਦਮਨ ਵਾਲਾ ਨੇਮ, ਗੋਦਾਵਰੀ ਵੱਜੇ ਵਧਾਈਆ । ਸਭ ਨੂੰ ਆਇਆ ਕਹਿਣ, ਘਰ ਘਰ ਰਿਹਾ ਸੁਣਾਈਆ । ਜਿਸ ਵੇਲੇ ਮਾਧੋ ਦਾਸ ਦੇ ਦਵਾਰੇ ਕੱਟੀ ਰੈਣ, ਰੇਣ ਮਸਤਕ ਧੂੜੀ ਦਿਤੀ ਛੁਹਾਈਆ । ਮੈਨੂੰ ਹੱਥੀਂ ਆਇਆ ਲੈਣ, ਪੱਤ ਡਾਲੀ ਵੰਡ ਵੰਡਾਈਆ । ਮੇਰੇ ਨੀਰ ਛਲਕਿਆ ਨੈਣ, ਨੇਤਰਾਂ ਦਿਤਾ ਵਹਾਈਆ । ਮੈਨੂੰ ਮੂਲ ਨਾ ਆਇਆ ਚੈਨ, ਚਾਰੋਂ ਕੁੰਟ ਲਿਆ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੁਕਮ ਵਿਚ ਫਿਰਾਈਆ । ਫੁੱਲ ਕਹੇ ਗੋਬਿੰਦ ਤੋੜਿਆ ਨਾਲ ਹੱਥ, ਹਥੇਲੀ ਉਤੇ ਟਿਕਾਈਆ । ਮੈਂ ਅਗੋਂ ਕਿਹਾ ਹੱਸ, ਤੇਰੀ ਬੇਪਰਵਾਹੀਆ । ਕੋਈ ਮਾਰਗ ਸੱਚਾ ਦੱਸ, ਆਪਣੇ ਨਾਲ ਮਿਲਾਈਆ । ਓਸ ਗੁਰਮੁਖਾਂ ਵਲ ਕਰ ਕੇ ਅੱਖ, ਇਸ਼ਾਰਾ ਦਿਤਾ ਜਣਾਈਆ । ਇਕੋ ਢਈਆ ਰਖ ਹੱਠ, ਫੇਰ ਮਿਲੇ ਵਡਿਆਈਆ । ਜਿਸ ਤਰ੍ਹਾਂ ਮੇਰਾ ਤੇ ਮੇਰੇ ਪੁਰਖ ਅਕਾਲ ਦਾ ਹੋਣਾ ਇਕੱਠ, ਏਸੇ ਤਰ੍ਹਾਂ ਤੈਨੂੰ ਭਗਤਾਂ ਨਾਲ ਜੁੜਾਈਆ । ਸਚ ਦਵਾਰਾ ਖੋਲ੍ਹਣਾ ਹੱਟ, ਨਾਮ ਭੰਡਾਰਾ ਦੇਣਾ ਵਰਤਾਈਆ । ਹੁਣ ਮੈਨੂੰ ਵੇਖਿਆ ਗੋਦਾਵਰੀ ਤਟ, ਫੇਰ ਭਗਤਾਂ ਦੇ ਹੱਥ ਵਿਚ ਸੋਭਾ ਪਾਈਆ । ਜਿਥੇ ਹੋਣੀ ਇਕੋ ਮਤ, ਇਕੋ ਇਕ ਪੜ੍ਹਾਈਆ । ਭਗਤ ਵੇਖਣ ਹੱਕ, ਹੁਕਮ ਸ਼ਹਿਨਸ਼ਾਹੀਆ । ਜੇ ਕੋਈ ਜ਼ਰਾ ਵੀ ਪੈ ਗਿਆ ਸ਼ਕ, ਸ਼ਕਾਇਤ ਦਿਤੀ ਸੁਣਾਈਆ । ਮੈਂ ਦਵਾਰਿਉਂ ਦੇਵਾਂ ਧੱਕ, ਇਹੋ ਬੇਪਰਵਾਹੀਆ । ਫੁਲ ਰਗੜ ਕੇ ਆਪਣਾ ਮੱਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਫੁੱਲ ਕਹੇ ਮੈਂ ਲੈ ਕੇ ਵੱਡਾ ਹੌਕਾ, ਹਾ ਦਿਤੀ ਸੁਣਾਈਆ । ਕਿਸ ਵੇਲੇ ਆਵੇ ਗੋਬਿੰਦ ਤੇਰਾ ਮੌਕਾ, ਮੁਕੰਮਲ ਦੇ ਦ੍ਰਿੜਾਈਆ । ਗੋਬਿੰਦ ਕਿਹਾ ਮੈਨੂੰ ਇਕੋ ਢਈਏ ਦਾ ਲਾ ਲੈਣ ਦੇ ਢੌਂਕਾ, ਫਿਰ ਡੰਕਾ ਜਾਹਰ ਦਿਆਂ ਖੜਕਾਈਆ । ਮੈਨੂੰ ਵੀ ਭਗਤਾਂ ਨੂੰ ਪ੍ਰਭ ਦੇ ਨਾਲ ਮਿਲੌਣ ਦਾ ਸ਼ੌਕਾ, ਆਸ਼ਾ ਸਭ ਦੀ ਪੂਰ ਕਰਾਈਆ । ਮੈਂ ਗੁਰਮੁਖਾਂ ਸਚ ਚਲਾਵਾਂ ਰੌਸਾ, ਘਰ ਘਰ ਫੇਰਾ ਪਾਈਆ । ਝਗੜਾ ਮੁਕਾਵਾਂ ਮੈਂ ਹਉਂ ਕਾ, ਸਤਿ ਬ੍ਰਹਮ ਦਿਆਂ ਜਣਾਈਆ । ਭੇਵ ਖੁਲਾਵਾਂ ਅਗੰਮੀ ਨਾਉਂ ਕਾ, ਪਤਿਪਰੇਸ਼ਵਰ ਦਿਆਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚ ਸਰਨਾਈਆ । ਫੁੱਲ ਕਹੇ ਤੇਰਾ ਕਿਹੜਾ ਵੇਲਾ ਹੋਵੇ ਸੁਹਾਵਣਾ, ਸਚ ਦੇ ਸਮਝਾਈਆ । ਗੋਬਿੰਦ ਕਿਹਾ ਜਿਸ ਵੇਲੇ ਭਗਤ ਭਗਵਾਨ ਇਕੋ ਢੋਲਾ ਗਾਵਣਾ, ਤੇਰਾ ਮੇਰਾ ਰਹਿਣ ਨਾ ਪਾਈਆ । ਓਸ ਵੇਲੇ ਮੈਂ ਸ਼ਬਦੀ ਧਾਰ ਆਵਣਾ, ਜੋਤ ਜੋਤ ਵਿਚ ਸਮਾਈਆ । ਭਗਤ ਦਵਾਰਾ ਇਕ ਬਣਾਵਣਾ, ਸ਼ਿਵਦਵਾਲਾ ਮੱਠ ਤਜਾਈਆ । ਦੋਹਾਂ ਦਾ ਪਕੜਨਾ ਦਾਮਨਾ, ਦਾਮਨਗੀਰ ਅਖਵਾਈਆ । ਸਭ ਦੀ ਪੂਰੀ ਕਰਾਂ ਕਾਮਨਾ, ਕਰਮਾਂ ਤੋਂ ਲਵਾਂ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਦਏ ਚੁਕਾਈਆ । ਫੁੱਲ ਕਹੇ ਮੈਨੂੰ ਇਕੋ ਦੱਸ ਦੇ ਅੰਤ ਅਖ਼ੀਰ, ਦਰ ਠਾਂਡੇ ਮੰਗ ਮੰਗਾਈਆ । ਤੂੰ ਦਿਸੇਂ ਧੁਰ ਦਾ ਪੀਰ, ਪੈਗ਼ੰਬਰ ਧੁਰ ਦਰਗਾਹੀਆ । ਗੋਬਿੰਦ ਕਿਹਾ ਜਿਸ ਵੇਲੇ ਸੰਮਤ ਸ਼ਹਿਨਸ਼ਾਹੀ ਦੀ ਹੋਣੀ ਤਾਮੀਰ, ਲੋਕਮਾਤ ਜੜ੍ਹ ਲਗਾਈਆ । ਓਸ ਵੇਲੇ ਭਗਤ ਭਗਵਾਨ ਪਾਤਸ਼ਾਹ ਤੇ ਬਣੇ ਵਜ਼ੀਰ, ਦੂਜਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਫੁੱਲ ਕਹੇ ਅੱਜ ਉਹ ਆ ਗਿਆ ਵੇਲਾ, ਵਿਹਲਾ ਹੋ ਕੇ ਦਿਆਂ ਸੁਣਾਈਆ ।

ਇਕੋ ਰੰਗ ਨਜ਼ਰੀ ਆਏ ਗੁਰੂ ਚੇਲਾ, ਚੇਲਾ ਗੁਰੂ ਵਿਚ ਸਮਾਈਆ । ਪਿਛਲਾ ਤੂੰ ਵੀ ਜੋ ਕੁਛ ਲੈਣਾ ਲੈ, ਦੇਂਦਿਆਂ ਤੋਟ ਰਹੇ ਨਾ ਰਾਈਆ । ਸੱਚਿਆਂ ਭਗਤਾਂ ਦੀ ਗੋਦੀ ਵਿਚ ਬਹਿ ਲੈ, ਜੋ ਨਾਭੀ ਨਾਲ ਰਹੇ ਛੁਹਾਈਆ । ਜੇ ਹੋਰ ਵੀ ਕੁਛ ਕਹਿਣਾ ਈ ਤੇ ਕਹਿ ਲੈ, ਸਮਾਂ ਤੇਰੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਦਇਆ ਕਮਾਈਆ । ਫੁੱਲ ਕਹੇ ਮੈਂ ਦੇਣ ਆਇਆ ਸ਼ਹਾਦਤ, ਸਦੀਆਂ ਦੇ ਪਿਛੋਂ ਫੇਰਾ ਪਾਈਆ । ਜਨ ਭਗਤੋ ਸਿਖ ਲਓ ਇਕ ਅਬਾਦਤ, ਇਕੋ ਨਾਮ ਧਿਆਈਆ । ਤੁਹਾਡੀ ਜਿਸ ਨੇ ਦਿਤੀ ਜ਼ਮਾਨਤ, ਅੰਤਮ ਓਹੋ ਲਏ ਛੁਡਾਈਆ । ਤੁਹਾਡੇ ਵਿਛੋੜੇ ਦੀ ਰਹੇ ਨਾ ਕੋਈ ਅਲਾਮਤ, ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਕੁਛ ਵੇਖ ਵਖਾਈਆ । ਫੁੱਲ ਕਹੇ ਮੈਂ ਤੇਰਿਆਂ ਭਗਤਾਂ ਦੀ ਬੈਠਾ ਵਿਚ ਗੋਦੀ, ਅੰਦਰ ਬਾਹਰ ਵੇਖ ਵਖਾਈਆ । ਜਿਨ੍ਹਾਂ ਨੂੰ ਤੇਰੇ ਮਿਲਣ ਦੀ ਆਈ ਸੋਝੀ, ਅੰਦਰੇ ਅੰਦਰ ਰਹੇ ਗਾਈਆ । ਉਹਨਾਂ ਨੂੰ ਇਕੋ ਰੂਪ ਨਜ਼ਰੀ ਆਇਆ ਵੇਦੀ ਸੋਢੀ, ਵੰਡਣ ਵੰਡ ਨਾ ਕੋਇ ਵੰਡਾਈਆ । ਫੁੱਲ ਕਹੇ ਮੈਂ ਬੰਦ ਸਾਂ ਵਿਚ ਡੋਡੀ, ਆਪਣਾ ਆਪ ਛੁਪਾਈਆ । ਅੱਜ ਗੁਰਮੁਖ ਮਿਲ ਗਏ ਮੌਜੀ, ਜੋ ਹੱਥਾਂ ਉਤੇ ਰਹੇ ਨਚਾਈਆ । ਜਿਨ੍ਹਾਂ ਦੇ ਵਿਚੋਂ ਅੱਧਿਆਂ ਵਿਚੋਂ ਅੱਧੇ ਫ਼ੌਜੀ, ਫ਼ੌਜਾਂ ਦਾ ਮਾਲਕ ਵੇਖ ਖ਼ੁਸ਼ੀ ਮਨਾਈਆ । ਜਿਨ੍ਹਾਂ ਦੀ ਆਤਮ ਏਸੇ ਜੋਗੀ, ਜੋਗੀ ਬਣ ਕੇ ਬੈਠੇ ਡੇਰਾ ਲਾਈਆ । ਅਗੇ ਚਿੰਤ ਰਹੇ ਨਾ ਸੋਗੀ, ਸਾਚਾ ਸਗਨ ਰਹੇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਝੋਲੀ ਸਭ ਦੀ ਫੋਲ ਫੁਲਾਈਆ । ਫੁੱਲ ਕਹੇ ਜਨ ਭਗਤੋ ਮੈਨੂੰ ਫੜ ਲਓ ਸੱਜੇ ਹੱਥ, ਉਚੀ ਬਾਂਹ ਦੇਣੀ ਵਖਾਈਆ । ਤੁਹਾਡੀ ਪਤ ਲਏ ਰਖ, ਦਰ ਆਇਆ ਧੁਰ ਦਾ ਮਾਹੀਆ । ਤੁਸਾਂ ਮੇਰਾ ਕਰਨਾ ਪੱਖ, ਮੈਂ ਤੁਹਾਡੀ ਦਿਆਂ ਗਵਾਹੀਆ । ਪ੍ਰੇਮ ਪਿਆਰ ਮੁਹੱਬਤ ਅੰਦਰ ਜਾਣਾ ਰਚ, ਰੋਮ ਰੋਮ ਖ਼ੁਸ਼ੀ ਮਨਾਈਆ । ਦੇਹੀ ਮਾਟੀ ਸਮਝੋ ਕੱਚ, ਕੰਚਨ ਗੜ੍ਹ ਲੈਣਾ ਸੁਹਾਈਆ । ਓਹ ਰਲ ਮਿਲ ਕੇ ਦਰਸ਼ਨ ਕਰੀਏ ਰੱਜ, ਰੁਚੀ ਆਪਣੀ ਲੈਣੀ ਬਦਲਾਈਆ । ਭਾਵੇਂ ਤਾਅਨੇ ਦੇਵੇ ਜਗ, ਪ੍ਰਭ ਦੇ ਨਾਲੋਂ ਨਾ ਹੋਵੇ ਜੁਦਾਈਆ । ਤੁਸੀਂ ਪੈਂਡਾ ਮੁਕਾਇਆ ਘਰਾਂ ਤੋਂ ਭੱਜ ਭੱਜ, ਮੈਂ ਦੂਰ ਦੁਰਾਡਾ ਆਇਆ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਮਤ ਆਪਣੀ ਰਿਹਾ ਕਮਾਈਆ । ਫੁੱਲ ਕਹੇ ਮੈਨੂੰ ਲੈ ਲਓ ਹੱਥ ਖੱਬੇ, ਬਦਲੀ ਬਦਲੇ ਵਿਚੋਂ ਚੁਕਾਈਆ । ਏਥੇ ਓਥੇ ਤੁਹਾਡੇ ਨਾਲ ਹੋਣੇ ਨਹੀਂ ਦਗੇ, ਜਗਤ ਫ਼ਰੇਬ ਨਾ ਕੋਇ ਬਣਾਈਆ । ਜਨ ਭਗਤੋ ਤੁਸਾਂ ਪ੍ਰਭ ਦੇ ਬਹਿਣਾ ਅਗੇ, ਅਗੇ ਪਿਛੇ ਪਹਿਰੇਦਾਰ ਹੋਏ ਸਹਾਈਆ । ਰਾਹ ਵਿਚ ਵੇਖਿਓ ਕਿਸ ਤਰ੍ਹਾਂ ਵਿਸ਼ਨ ਬ੍ਰਹਮਾ ਸ਼ਿਵ ਫਿਰਦੇ ਭੱਜੇ, ਥਾਉਂ ਥਾਈਂ ਸੀਸ ਨਿਵਾਈਆ । ਇਹ ਮੇਰੇ ਨਿੱਕੇ ਨਿੱਕੇ ਅੱਡੇ, ਜੋ ਅੱਡੀਆਂ ਨਾਲ ਗੋਡੇ ਦੇਣੇ ਰਗੜਾਈਆ । ਭਾਵੇਂ ਤੁਸੀਂ ਘਰ ਵਿਚ ਵਾਹੁੰਦੇ ਗੱਡੇ, ਤੁਹਾਨੂੰ ਸ਼ਬਦ ਬਬਾਨੇ ਦੇਣਾ ਚੜ੍ਹਾਈਆ । ਫੁੱਲ ਕਹੇ ਸਾਡੇ ਨਾਤੇ ਹੋ ਗਏ ਪੱਕੇ, ਦੋਵੇਂ ਹੱਥ ਦੇਣ ਦੁਹਾਈਆ । ਸਭ ਨੇ ਪ੍ਰੇਮ ਨਾਲ ਬੱਧੇ, ਬੰਦਨਾ ਬੇਪਰਵਾਹੀਆ । ਝੁਕ ਜਾਓ ਸਿੱਧੇ ਅਗੇ, ਸੀਸ ਇਕੋ ਨੂੰ ਨਿਵਾਈਆ । ਤੁਹਾਡੇ ਸਾਫ਼ ਹੋ ਗਏ ਅਗੇ, ਪ੍ਰਭ ਨੇ ਕਰੀ ਸਫ਼ਾਈਆ । ਜਨ ਭਗਤੋ ਅਗਲੇ ਸਾਲ ਵੇਖਿਓ ਮਜ਼ੇ, ਮਿਜਾਜ ਨਾਲ ਚਲੋ ਚਾਈਂ ਚਾਈਂਆ । ਪੁਰਖ ਅਕਾਲ ਸਭ ਤੋਂ ਅਗੇ ਵਧੇ, ਬਿਨ ਕਦਮਾਂ ਕ਼ਦਮ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਅਗਲੀ ਅਗੇ ਦਏ ਵਰਤਾਈਆ । ਫੁੱਲ ਕਹੇ ਮੈਂ ਗੁਰਮੁਖ ਵੇਖੇ ਉਠੇ, ਪੈਰਾਂ ਭਾਰ ਨਜ਼ਰੀ ਆਈਆ । ਜਿਨ੍ਹਾਂ

ਦੇ ਉਤੇ ਮਾਲਕ ਤੁੱਠੇ, ਮਿਹਰ ਨਜ਼ਰ ਉਠਾਈਆ । ਮੈਂ ਵੇਖਿਆ ਕੋਈ ਸੁੱਤਾ ਰਹਿ ਨਾ ਜਾਵੇ ਕਿਸੇ ਗੁੱਠੇ, ਲੁਕਿਆਂ ਲਵਾਂ ਜਗਾਈਆ । ਜੇ ਕੋਈ ਘਰਦਿਆਂ ਨਾਲ ਹੋ ਕੇ ਆਇਆ ਗ਼ੁੱਸੇ, ਉਹਨੂੰ ਲਵਾਂ ਮਨਾਈਆ । ਸ੍ਰੀ ਭਗਵਾਨ ਕਹੇ ਜੇ ਕੋਈ ਮੈਨੂੰ ਪੁੱਛੇ, ਮੈਂ ਭਗਤ ਦਵਾਰੇ ਅੰਦਰ ਭਗਤ ਦਿਆਂ ਵਖਾਈਆ । ਜਿਨ੍ਹਾਂ ਦੇ ਫੁੱਲ ਨਾਲ ਬਣ ਗਏ ਗੁੱਛੇ, ਹੱਥ ਹੱਥ ਨਾਲ ਜੁੜਾਈਆ । ਤੁਹਾਡੇ ਬੂਟੇ ਕਦੇ ਨਾ ਸੁੱਕੇ, ਗੋਬਿੰਦ ਪਾਣੀ ਰਿਹਾ ਲਗਾਈਆ । ਤੁਹਾਡਾ ਮਾਲਕ ਸ਼ੇਰ ਅਗੰਮੀ ਬੁੱਕੇ, ਗੁਰਮੁਖੋ ਆਪਣੀ ਬੁੱਕਲ ਦਿਓ ਖੁਲ੍ਹਾਈਆ । ਤੁਸੀਂ ਹੁਣ ਮਾਤਲੋਕ ਰਹਿਣਾ ਨਹੀਂ ਸੁੱਤੇ, ਸੁਗੰਧ ਖਾ ਕੇ ਤੁਹਾਨੂੰ ਲਵਾਂ ਜਗਾਈਆ । ਬਿਨਾ ਦੀਨ ਦਿਆਲ ਪ੍ਰੇਮੀ ਪਿਆਰਿਆਂ ਕੋਈ ਨਾ ਪੁੱਛੇ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਤੁਸੀਂ ਬੱਝ ਜਾਓ ਇਕੋ ਮੁੱਠੇ, ਦੀਨ ਮਜ਼੍ਹਬ ਜਾਤ ਪਾਤ ਲੇਖਾ ਦਿਉ ਚੁਕਾਈਆ । ਊਚ ਨੀਚ ਸਾਰੇ ਬਣ ਜਾਓ ਸੁੱਚੇ, ਖ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਤਾ ਤੁਹਾਡੇ ਨਾਲ ਰਖਾਈਆ । ਫੁਲ ਕਹੇ ਮੈਂ ਜਨ ਭਗਤ ਵੇਖਾਂ ਖਲੋਤੇ, ਸੋਹਣੇ ਸੁਹੰਜਣੇ ਨਜ਼ਰੀ ਆਈਆ । ਜਿਹੜੇ ਪੁਰਖ ਅਕਾਲ ਦੇ ਪੋਤੇ, ਗੋਬਿੰਦ ਪੁੱਤਰ ਗਿਆ ਬਣਾਈਆ । ਪੰਜਾਂ ਨਾਲੋਂ ਹੁਣ ਬਣ ਗਏ ਚੋਖੇ, ਸੋਹਣੀ ਵੱਜੀ ਵਧਾਈਆ । ਇਕੋ ਗਾਉਣ ਨਾਮ ਸਲੋਕੇ, ਸੋਹੰ ਢੋਲਾ ਰਹੇ ਸੁਣਾਈਆ । ਭੱਥੇ ਤੀਰ ਦੇ ਗਏ ਮੌਕੇ, ਸ਼ਬਦੀ ਹੁਕਮ ਸਚ ਲੜਾਈਆ । ਗੁਰਮੁਖੋ ਤੁਹਾਨੂੰ ਫੜਨੇ ਪੈਣ ਨਾ ਸੋਟੇ, ਪੁਰਖ ਅਕਾਲ ਦਇਆ ਕਮਾਈਆ । ਕਲਜੁਗ ਭਵਰ ਨਾ ਖਾਇਓ ਗੋਤੇ, ਫੜ ਕੇ ਬਾਹੋਂ ਪਾਰ ਲੰਘਾਈਆ । ਰਖਣੇ ਪੈਣ ਮੂਲ ਨਾ ਰੋਜ਼ੇ, ਬਰਤਾਂ ਵਿਚ ਨਾ ਭੁੱਖ ਰਖਾਈਆ । ਤੁਹਾਡੇ ਪਿਛਲੇ ਦਿਨ ਲੰਘ ਗਏ ਔਖੇ, ਅਗੇ ਸਮਾਂ ਦਏ ਬਦਲਾਈਆ । ਤੁਹਾਡੀ ਸੋਚ ਆਪੇ ਸੋਚੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੱਕ ਹਕੀਕਤ ਰਿਹਾ ਦ੍ਰਿੜਾਈਆ । ਫੁੱਲ ਕਹੇ ਜਨ ਭਗਤੋ ਮੈਨੂੰ ਯਾਦ ਆਇਆ ਤੁਹਾਡਾ ਪਿਛਲਾ ਰਿਸ਼ਤਾ, ਰਿਸ਼ਤੇਦਾਰੀ ਦਏ ਜੁੜਾਈਆ । ਜਿਸ ਵੇਲੇ ਮੁਹੰਮਦ ਕੋਲ ਕੋਈ ਸੰਦੇਸ਼ਾ ਲੈ ਕੇ ਆਇਆ ਸੀ ਫ਼ਰਿਸ਼ਤਾ, ਆਹਿਸਤਾ ਆਹਿਸਤਾ ਹਦਾਇਤ ਦਿਤੀ ਸੁਣਾਈਆ । ਮੈਨੂੰ ਮੁਹੰਮਦ ਨੇ ਤੱਕਿਆ ਖ਼ੁਦਾਨਖ਼ਾਸਤਾ, ਇਕੋ ਪਲਕ ਉਤੋਂ ਉਠਾਈਆ । ਮੈਂ ਕੁਛ ਆ ਕੇ ਬੇਨੰਤੀ ਕੀਤੀ ਦਰਖ਼ਾਸਤਾ, ਆਪਣੀ ਬੇਨੰਤੀ ਦਿਤੀ ਸਮਝਾਈਆ । ਮੇਰਾ ਸੂਫ਼ੀਆਂ ਨਾਲ ਹੋਵੇ ਵਾਸਤਾ, ਬਾਕੀ ਮੁਰਸ਼ਦਾਂ ਤੋਂ ਪੈਂਡਾ ਲਿਆ ਮੁਕਾਈਆ । ਮੁਹੰਮਦ ਕਿਹਾ ਉਸ ਦੀ ਕਰਨੀ ਨਹੀਂ ਕਿਸੇ ਸ਼ਨਾਖ਼ਤਾ, ਅਮਾਮਾਂ ਦਾ ਅਮਾਮ ਫੇਰਾ ਪਾਈਆ । ਜਿਸ ਨੇ ਸਿੱਧਾ ਭਗਤਾਂ ਨਾਲ ਕਰਨਾ ਵਾਸਤਾ, ਵਾਸਤਵ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਰਿਹਾ ਵਖਾਈਆ । ਫੁੱਲ ਕਹੇ ਜਨ ਭਗਤੋ ਸਾਡੀ ਸਾਂਝੀ ਹੋ ਗਈ ਯੱਦ, ਇਕੋ ਮਿਲੀ ਵਡਿਆਈਆ । ਦੀਨ ਦੁਨੀ ਦੀ ਛੱਡ ਦਿਓ ਹੱਦ, ਪੈਂਡਾ ਲਓ ਮੁਕਾਈਆ । ਸਾਰੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇ ਜੈਕਾਰੇ ਗਾਓ ਗੱਜ, ਗ਼ਜ਼ਲ ਇਕੋ ਢੋਲਾ ਗਾਈਆ । ਫੁੱਲ ਕਹੇ ਸਭ ਨੂੰ ਵੱਡੀ ਖ਼ੁਸ਼ੀ ਹੋਈ ਅੱਜ, ਸੰਮਤ ਸ਼ਹਿਨਸ਼ਾਹੀ ਖ਼ੁਸ਼ੀ ਮਨਾਈਆ । ਅਗੇ ਹੋਣਾ ਨਹੀਂ ਕਦੇ ਅਲਗ, ਵੱਖਰਾ ਘਰ ਨਾ ਕੋਇ ਬਣਾਈਆ । ਜੇ ਯਾਦ ਕਰੋ ਤੇ ਆਪ ਦਰਸ਼ਨ ਦਏ ਤੁਹਾਨੂੰ ਉਪਰ ਸ਼ਾਹਰਗ, ਜਗਤ ਦਵਾਰ ਦਾ ਲੇਖਾ ਦਏ ਮੁਕਾਈਆ । ਵੇਖਿਓ ਹੰਸ ਨਾ ਬਣਿਓ ਕੱਗ, ਬੁਧੀ ਕਾਗ ਵਾਂਗ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚ ਸਰਨਾਈਆ । ਜਨ ਭਗਤ ਕਹਿਣ ਅਸੀਂ ਪ੍ਰਭ ਤੋਂ ਸੁਣਨੀ ਇਕ ਅਰਦਾਸ,



੧੨੩
੧੯

ਜੋ ਸਭ ਨੂੰ ਪਾਰ ਲੰਘਾਈਆ । ਜਿਸ ਵੇਲੇ ਸੱਦੀਏ ਉਸੇ ਵੇਲੇ ਆਵੇ ਪਾਸ, ਦੂਰ ਦੁਰਾਡਾ ਪੰਧ ਮੁਕਾਈਆ । ਰਾਤੀਂ ਸੁਤਿਆਂ ਦੇ ਸਰਹਾਣਿਓ ਪੀ ਜਾਏ ਪਾਣੀ ਦਾ ਗਲਾਸ, ਆਪਣੇ ਔਣ ਦੀ ਨਿਸ਼ਾਨੀ ਦਏ ਵਖਾਈਆ । ਆਤਮ ਸੇਜਾ ਸੁੱਤਾ ਰਹੇ ਸਾਰੀ ਰਾਤ, ਸੁਖਆਸਣ ਡੇਰਾ ਲਾਈਆ । ਜਾਣ ਲੱਗਾ ਜੇ ਪ੍ਰੇਮ ਵਿਚ ਦੱਸ ਜਾਏ ਆਪਣੀ ਇਕ ਨਿੱਕੀ ਜਿਹੀ ਬਾਤ, ਬਾਤਨ ਪੜਦਾ ਇਕ ਉਠਾਈਆ । ਸਚ ਪ੍ਰੇਮ ਦੀ ਦੇ ਕੇ ਜਾਏ ਇਕ ਸੁਗਾਤ, ਸੁਗੰਧੀ ਅੰਦਰ ਇਕ ਭਰਾਈਆ । ਫੇਰ ਪੱਕਾ ਰਿਸ਼ਤਾ ਸਮਝਿਓ ਨਾਲ ਫੁੱਲ ਗੁਲਾਬ, ਬੇਆਬ ਨਾ ਕੋਇ ਤੜਫਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹਿਰਾਬ ਦਏ ਸਮਝਾਈਆ । ਫੁੱਲ ਕਹੇ ਜਨ ਭਗਤੋ ਜਾਓ ਬਹਿ, ਖ਼ੁਸ਼ੀਆਂ ਨਾਲ ਆਸਣ ਲਾਈਆ । ਤੁਹਾਡੇ ਅੰਦਰ ਇਕੋ ਦੀ ਲੈ, ਲਾਇਕ ਬੱਚੇ ਲਏ ਬਣਾਈਆ । ਜੋ ਮੰਗੋ ਸੋਈ ਦਏ, ਦੇਵਣਹਾਰ ਅਖਵਾਈਆ । ਜੋ ਚਰਨ ਕਵਲਾਂ ਢਹੇ, ਫੜ ਬਾਹੋਂ ਗਲੇ ਲਗਾਈਆ । ਤੁਹਾਡਾ ਭਗਤ ਦਵਾਰਾ ਵਸਦਾ ਰਹੇ, ਜੁਗ ਚਾਰ ਚਾਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਰਿਹਾ ਬਣਾਈਆ । ਜਨ ਭਗਤੋ ਤੁਹਾਡਾ ਸਚਖੰਡ ਦਵਾਰ, ਥਿਰ ਘਰ ਆਸਣ ਇਕ ਵਖਾਈਆ । ਜਿਥੇ ਸ਼ਬਦ ਦੀ ਗੁੰਜਾਰ, ਨਾਮ ਦੀ ਵੱਜੇ ਵਧਾਈਆ । ਜੋਤ ਦਾ ਉਜਿਆਰ, ਨੂਰ ਨੂਰ ਰੁਸ਼ਨਾਈਆ । ਸਦਾ ਚਲਦਾ ਰਹੇ ਵਿਹਾਰ, ਵਿਵਹਾਰੀ ਦਏ ਵਡਿਆਈਆ । ਭਰਿਆ ਰਹੇ ਭੰਡਾਰ, ਅਤੋਟ ਅਤੁੱਟ ਰਖਾਈਆ । ਸ੍ਰਿਸ਼ਟੀ ਨੇ ਹੋਣਾ ਖ਼ੁਆਰ, ਧੀਰਜ ਧੀਰ ਨਾ ਕੋਇ ਰਖਾਈਆ । ਜੇ ਤੁਸਾਂ ਪਰਮ ਪੁਰਖ਼ ਤੇ ਰਖਿਆ ਇਤਬਾਰ, ਜਿਥੇ ਹੋਵੋ ਓਥੇ ਹੋਵਾਂ ਸਹਾਈਆ । ਤੁਹਾਡਾ ਇਨ੍ਹਾਂ ਅੰਕੜਿਆਂ ਵਿਚ ਕਰਾਂ ਸ਼ੁਮਾਰ, ਦੁਲੈਂਕੜਿਆਂ ਵਿਚ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਜਨ ਭਗਤ ਕਹਿਣ ਅਸਾਂ ਪ੍ਰਭ ਕੀ ਕਰਨੀ ਤੇਰੀ ਭਗਤੀ, ਅੱਖੀਂ ਮੀਟ ਧਿਆਨ ਨਾ ਕੋਇ ਲਗਾਈਆ । ਅਸਾਂ ਤੈਨੂੰ ਮਿਲਣਾ ਸ਼ਰਤੀ, ਸਿੱਧਾ ਨਾਤਾ ਤੇਰੇ ਨਾਲ ਰਖਾਈਆ । ਤੂੰ ਮਾਲਕ ਧੁਰ ਦਾ ਅਰਸ਼ੀ, ਪ੍ਰੀਤਮ ਬੇਪਰਵਾਹੀਆ । ਸਾਨੂੰ ਕੋਈ ਨਹੀਂ ਲੱਗਦੀ ਛੱਬੀ ਪੋਹ ਦੀ ਸਰਦੀ, ਸਿਰ ਦਰਦ ਨਾ ਕੋਇ ਜਣਾਈਆ । ਤੂੰ ਸਾਡੀ ਆਪਣੇ ਨਾਲ ਜੋੜ ਮਰਜ਼ੀ, ਮਰਜ਼ੀ ਜਗਤ ਵਾਲੀ ਦੇਣੀ ਗਵਾਈਆ । ਜੇ ਤੂੰ ਨਰ ਨਰਾਇਣ ਸੱਚਾ ਹਰਿਜੀ, ਹਿਰਦੇ ਅੰਦਰ ਡੇਰਾ ਲਾਈਆ । ਜਨ ਭਗਤ ਕਹਿਣ ਅੱਜ ਤੋਂ ਸਾਡੀ ਆਤਮਾ ਤੈਨੂੰ ਵਰਦੀ, ਦੂਜਾ ਖ਼ਸਮ ਨਾ ਕੋਇ ਹੰਢਾਈਆ । ਸੋਭਾਵੰਤ ਹੋਵੇ ਤੇਰੇ ਘਰ ਦੀ, ਦੋਹਾਗਣ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲਾ ਆਪਣਾ ਲੈਣਾ ਮਿਲਾਈਆ । ਜਨ ਭਗਤ ਕਹਿਣ ਪ੍ਰਭ ਸਾਡੇ ਕਮਲਾਪਤ, ਪਤ ਪਤਵੰਤੇ ਬੇਪਰਵਾਹੀਆ । ਕਿਉਂ ਬਹੁਤੇ ਸਾਥੋਂ ਜੁੜਾਉਂਦਾ ਹੱਥ, ਸੀਸ ਚਰਨਾਂ ਨਾਲ ਰਗੜਾਈਆ । ਅੰਦਰੋਂ ਖੋਲ੍ਹ ਦੇ ਅੱਖ, ਅੱਠੇ ਪਹਿਰ ਤੇਰਾ ਦਰਸ਼ਨ ਪਾਈਆ । ਅਸੀਂ ਕਦੀ ਨਹੀਂ ਕਹਿਣੀ ਬੱਸ, ਭਾਵੇਂ ਭਰ ਭਰ ਕੇ ਉਤੋਂ ਦੀ ਦੇ ਰੁੜ੍ਹਾਈਆ । ਜੇ ਤੂੰ ਸਾਡਾ ਗਾਵੇਂ ਜਸ, ਸ੍ਰੀ ਭਗਵਾਨ ਸੇਵ ਕਮਾਈਆ । ਫੇਰ ਖ਼ੁਸ਼ੀਆਂ ਨਾਲ ਜਾਈਏ ਹੱਸ, ਮੁਸਕਰਾਹਟ ਬੁੱਲਾਂ ਵਾਲੀ ਰਖਾਈਆ । ਸ੍ਰੀ ਭਗਵਾਨ ਕਿਹਾ ਮੈਂ ਤੁਹਾਡੇ ਕੋਲ ਜਾਵਾਂ ਵਸ, ਡੇਰਾ ਨੇੜੇ ਹੋ ਲਗਾਈਆ । ਤੁਸਾਂ ਕੀਤਾ ਪ੍ਰੇਮ ਦਾ ਇਕੱਠ, ਇਕੱਠਿਆਂ ਦਿਤਾ ਸੁਣਾਈਆ । ਹੁਣ ਮੈਂ ਕਿਧਰ ਜਾਵਾਂ ਨੱਠ, ਚਾਰੇ ਰਸਤੇ ਬੰਦ ਨਜ਼ਰੀ ਆਈਆ । ਤੁਹਾਡੇ ਪ੍ਰੇਮ ਅੰਦਰ ਜਾਵਾਂ ਢੱਠ, ਆਪਣਾ ਆਪ ਤੁਹਾਡੀ ਭੇਟ ਚੜ੍ਹਾਈਆ । ਜਨ ਭਗਤੋ ਕਦੇ ਨਾ ਸਮਝਿਓ

ਵੱਖ, ਵੱਖਰਾ ਡੇਰਾ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਦੇਵਣਹਾਰ ਗੁਸਾਈਆ । ਜਨ ਭਗਤੋ ਵੇਖੋ ਭੂਮਿਕਾ ਅਸਥਾਨ, ਅਸਥਲ ਰਿਹਾ ਵਖਾਈਆ । ਜਿਥੇ ਬਣਿਆ ਭਗਤਾਂ ਦਾ ਮਕਾਨ, ਬੇਮੁਕਾਮ ਆਸਣ ਲਾਈਆ । ਏਥੇ ਬਾਲਮੀਕ ਦਾ ਕ਼ਿਆਮ, ਸੁਨ ਸਮਾਧੀ ਵਿਚ ਸਮਾਈਆ । ਹਰਿ ਗੋਬਿੰਦ ਦਾ ਅਹਿਸਾਨ, ਤੁਹਾਡੇ ਸਿਰ ਚੜ੍ਹਾਈਆ । ਨਾਨਕ ਦਾ ਨਿਸ਼ਾਨ, ਝੰਡਾ ਰਿਹਾ ਲਹਿਰਾਈਆ । ਕ੍ਰਿਸ਼ਨ ਦਾ ਪੈਗ਼ਾਮ, ਬੰਸਰੀ ਨਾਮ ਸੁਣਾਈਆ । ਮੁਹੰਮਦ ਦਾ ਅਮਾਮ, ਨਿਰਗੁਣ ਫੇਰਾ ਪਾਈਆ । ਜਿਸਨੂੰ ਸਜਦਾ ਕਰਦੇ ਸਲਾਮ, ਸਹੀ ਸਲਾਮਤ ਆਪਣਾ ਖੇਲ ਵਖਾਈਆ । ਰੈਣ ਕਹੇ ਮੇਰੀ ਬੇਨੰਤੀ ਪ੍ਰਭੂ ਭਗਤਾਂ ਨੂੰ ਕਰ ਲੈਣ ਦੇ ਆਰਾਮ, ਬਿਸਰਾਮ ਚਰਨਾਂ ਵਿਚ ਰਖਾਈਆ । ਭਗਤਾਂ ਨੂੰ ਫ਼ਿਕਰ ਪੈ ਗਿਆ ਸਾਨੂੰ ਹੋ ਨਾ ਜਾਏ ਜ਼ੁਕਾਮ, ਹੱਥ ਮੱਥੇ ਉਤੇ ਘਸਾਈਆ । ਥੋੜੇ ਕਹਿਣ ਸੌਂ ਕੇ ਹੋ ਨਾ ਜਾਈਏ ਬਦਨਾਮ, ਅੰਦਰੇ ਅੰਦਰ ਦੇਣ ਦੁਹਾਈਆ । ਦਸ ਵੀਹ ਕਹਿਣ ਅਸਾਂ ਸਵੇਰੇ ਕਰਨਾ ਕਾਮ, ਸਾਡੀ ਕਰੇ ਨਾ ਕੋਇ ਰਿਹਾਈਆ । ਤਰੇਠ ਕਹਿਣ ਐਵੇਂ ਵਿਚ ਫਸੇ ਆਣ, ਬਿਨਾ ਸੁਤਿਆਂ ਰਾਤ ਗਵਾਈਆ । ਰੈਣ ਕਹੇ ਮੈਂ ਭਿੰਨੜੀ ਸਭ ਨੂੰ ਦੇਵਾਂ ਮਾਣ, ਜੋ ਚਲ ਆਏ ਸਰਨਾਈਆ । ਇਹ ਬਖ਼ਸ਼ਣਹਾਰ ਭਗਵਾਨ, ਭਗਤਾਂ ਦਾ ਸੰਗ ਨਿਭਾਈਆ । ਸਭ ਨੂੰ ਦੇਵੇ ਇਕੋ ਜਿਹਾ ਦਾਨ, ਜੋ ਭਗਤ ਦਵਾਰੇ ਦੇ ਅੰਦਰ ਬਹਿ ਕੇ ਪਿਉ ਦਾਦੇ ਦੀ ਯਾਦ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਰੈਣ ਕਹੇ ਮੈਂ ਬੇਸ਼ਕ ਭਿੰਨੀ, ਭਿੰਨੜੀ ਨਜ਼ਰੀ ਆਈਆ । ਕਈਂ ਘੜੀਆਂ ਵੱਲ ਵੇਂਹਦੇ ਬੀਤ ਗਈ ਕਿੰਨੀ, ਕਵਣ ਘੜਿਆਲ ਰਿਹਾ ਖੜਕਾਈਆ । ਜਿਸ ਦੀ ਰਹਿਮਤ ਜਾਏ ਨਾ ਗਿਣੀ, ਗਿਣਤੀਆਂ ਵਿਚ

੧੨੫ ਗਣਤ ਨਾ ਕੋਇ ਗਿਣਾਈਆ । ਜਨ ਭਗਤੋ ਤੁਹਾਨੂੰ ਦਾਤ ਦੇਣੀ ਇੰਨੀ, ਜੋ ਅੰਨ੍ਹਿਆਂ ਤੋਂ ਸੁਜਾਖੇ ਦਏ ਬਣਾਈਆ । ਤੁਹਾਡੇ ਅੰਦਰ ਧਾਰ ਪ੍ਰੇਮ ੧੨੫

੧੯ ੧੯

ਰਖਣੀ ਨਿੰਮ੍ਹੀ, ਨਿੰਮ੍ਹਾ ਨਿੰਮ੍ਹਾ ਰੰਗ ਚਮਕਾਈਆ । ਇਹ ਕੋਈ ਸਾਧੂ ਫ਼ਕੀਰ ਨਹੀਂ ਡੰਭੀ, ਡੰਭ ਜਗਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਹੋ ਸਹਾਈਆ । ਭਿੰਨੜੀ ਰੈਣ ਕਹੇ ਮੈਂ ਭਗਤਾਂ ਦੀ ਬਣਾਂ ਸਕੀ, ਸਖ਼ੀ ਪ੍ਰਭ ਦੀ ਨਜ਼ਰੀ ਆਈਆ । ਬਾਤ ਕਰਾਂ ਹੱਕੀ, ਹਕ਼ੀਕ਼ਤ ਦਿਆਂ ਦ੍ਰਿੜਾਈਆ । ਜਿਨ੍ਹਾਂ ਤੇਰੇ ਵਿਛੋੜੇ ਵਿਚ ਪਿਛੇ ਜੁਗ ਚੌਕੜੀ ਕਟੀ, ਅਗੇ ਨਾ ਕੋਇ ਜੁਦਾਈਆ । ਆਪਣੇ ਨਾਮ ਦੀ ਪੜ੍ਹਾ ਕੇ ਘੱਲਣਾ ਪੱਟੀ, ਢੋਲਾ ਇਕ ਸੁਣਾਈਆ । ਰੰਗ ਚੜ੍ਹੌਣਾ ਇਕੋ ਰੀ, ਰਤਨ ਅਮੋਲਕ ਹੀਰੇ ਲੈਣੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖੀਂ ਆਪਣੀ ਵੇਲੇ ਅਖ਼ੀਰ ਹੋਏ ਸਹਾਈਆ । ਫੁੱਲ ਕਹੇ ਜਨ ਭਗਤੋ ਦੋਹਾਂ ਦਾ ਮਿਲ ਕੇ ਬਣਿਆ ਗੁਲਦਸਤਾ, ਗੁਲਦਾਨ ਸਤਿਗੁਰ ਨਜ਼ਰੀ ਆਈਆ । ਨਾਮ ਖ਼ੁਮਾਰੀ ਵਿਚ ਕਰੇ ਮਸਤਾ, ਮਸਤੀ ਇਕੋ ਇਕ ਰਖਾਈਆ । ਤੁਹਾਨੂੰ ਬੰਨ੍ਹਣਾ ਪਏ ਕੋਈ ਨਾ ਬਸਤਾ, ਇਕੋ ਅੱਖਰ ਦਿਤਾ ਪੜ੍ਹਾਈਆ । ਇਸ ਤੋਂ ਹੋਰ ਨਾਮ ਨਹੀਂ ਕੋਈ ਸਸਤਾ, ਜੁਗ ਚੌਕੜੀ ਦਏ ਗਵਾਹੀਆ । ਤੁਹਾਡਾ ਹਾਲ ਹੋਵੇ ਨਾ ਖ਼ਸਤਾ, ਖ਼ੁਸ਼ੀਆਂ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਰਿਸ਼ਤਾ, ਆਤਮ ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਨ ਭਗਤਾਂ ਪੈਜ ਰਖਦਾ, ਰੱਖਿਆ ਕਰੇ ਥਾਉਂ ਥਾਈਆ । ਭਿੰਨੜੀ ਰੈਣ ਕਹੇ ਪ੍ਰਭ ਮੇਰੀ ਮੰਨੀ ਪੂਰੀ ਕਰੀਂ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਪ੍ਰੇਮੀਆਂ ਭਗਤਾਂ ਸੌਣ ਦੇ ਨਿਸ਼ੰਗ, ਸੁੱਤਿਆਂ ਦੇ ਅੰਦਰ ਪ੍ਰੇਮ ਦੇਣਾ

ਟਿਕਾਈਆ । ਤੇਰੇ ਕੋਲ ਅਨੋਖਾ ਢੰਗ, ਤਰੀਕਾ ਦੇਣਾ ਸਮਝਾਈਆ । ਅੰਤ ਅਖ਼ੀਰ ਇੱਕੀ ਵਾਰ ਗਾ ਲੈਣ ਦੇ ਤੇਰਾ ਛੰਦ, ਸੋਹਲਾ ਸਿਫ਼ਤਾਂ ਵਿਚ ਵਡਿਆਈਆ । ਖ਼ੁਸ਼ੀ ਕਰ ਕੇ ਬੰਦ ਬੰਦ, ਬੰਧਨ ਦੇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸੂਰੇ ਸਰਬੰਗ ਸਿਰ ਸਿਰ ਆਪਣਾ ਹੱਥ ਰਖਾਈਆ । ਜਨ ਭਗਤੋ ਭਿੰਨੜੀ ਰੈਣ ਕਹੇ ਇਹਨਾਂ ਦੇ ਦੇ ਛੁੱਟੀ, ਛੁਟਕਾਰਾ ਦੇ ਕਰਾਈਆ । ਵੇਖੇ ਕੋਈ ਨਾ ਵੜ ਜਾਇਓ ਤ੍ਰਿਕੁਟੀ, ਸੁਖਮਨ ਟੇਢੀ ਬੰਕ ਵਿਚ ਫੇਰਾ ਕੋਇ ਨਾ ਪਾਈਆ । ਈੜਾ ਪਿੰਗਲ ਦੀ ਹੱਟੀ ਗਈ ਲੁੱਟੀ, ਖ਼ਾਲੀ ਦੇਣ ਦੁਹਾਈਆ । ਤੁਹਾਨੂੰ ਚਾੜ੍ਹਿਆ ਚੋਟੀ ਉਚੀ, ਮੰਜ਼ਲ ਦਿਤੀ ਮੁਕਾਈਆ । ਜੇ ਆਤਮਾ ਕਰ ਲਓ ਸੁੱਚੀ, ਫਿਰ ਪਰਮਾਤਮਾ ਦੀ ਨਾ ਹੋਏ ਜੁਦਾਈਆ । ਤੁਹਾਡੀ ਸੋਂਹਦੀ ਰਹੇ ਰੁੱਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਤੁਹਾਡੀ ਹੁਣ ਪੈਂਡਿਆਂ ਵਿਚ ਘਸਣ ਨਹੀਂ ਦੇਣੀ ਜੁੱਤੀ, ਰਵਿਦਾਸ ਚੁਮਾਰਾ ਦਏ ਗਵਾਹੀਆ । ਤੁਹਾਡੀ ਮੈਂਢੀ ਰਹਿਣ ਨਹੀਂ ਦੇਣੀ ਖੁੱਥੀ, ਕੰਤ ਸੁਹਾਗੀ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਰਤ ਸਵਾਣੀ ਉਠਾਏ ਸੁੱਤੀ, ਆਲਸ ਨਿੰਦਰਾ ਦਏ ਗਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਾਤ ਦੇਵੇ ਰੁੱਖੀ ਰੁੱਖੀ, ਪੜਦੇ ਵਿਚ ਪੜਦਾ ਰਿਹਾ ਵਖਾਈਆ ।

## ✪ ੨੭ ਪੋਹ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ✪

ਸਤਿਗੁਰ ਸ਼ਬਦ ਕਹੇ ਨਾ ਕਰਿਓ ਜਲਦੀ, ਮਨ ਵਾਸਨਾ ਨਾ ਕੋਇ ਭਟਕਾਈਆ । ਜਨ ਭਗਤੋ ਤੁਹਾਡੀ ਬਾਕੀ ਰਹਿੰਦੀ ਕਲ੍ਹ ਦੀ, ਨਿਹਕਰਮੀ ਕਰਮ ਰਿਹਾ ਕਮਾਈਆ । ਕੋਈ ਖੇਲ ਨਹੀਂ ਕਪਟ ਛਲ ਦੀ, ਅਛਲ ਛਲਧਾਰੀ ਦਇਆ ਕਮਾਈਆ । ਤੁਸਾਂ ਅਜੇ ਕੁਸ਼ਤੀ ਵੇਖਣੀ ਓਸ ਮੱਲ ਦੀ, ਜੋ ਮਾਲਕ ਧੁਰ ਦਰਗਾਹੀਆ । ਜਿਸ ਦੀ ਧਾਰ ਅਗੰਮੀ ਚਲਦੀ, ਚਾਰ ਜੁਗ ਵਡਿਆਈਆ । ਜੋ ਖੇਲ ਜਾਣੇ ਜਲ ਥਲ ਦੀ, ਲੱਖ ਚੁਰਾਸੀ ਰਿਹਾ ਸਮਾਈਆ । ਜਿਸ ਕ਼ੀਮਤ ਪਾਉਣੀ ਆਪਣੇ ਫੁੱਲ ਦੀ, ਕੰਡਾ ਧੁਰ ਦਾ ਹੱਥ ਉਠਾਈਆ । ਜਗਤ ਸੰਖਿਆ ਮੁੱਕਣੀ ਕੂੜੇ ਧਨ ਦੀ, ਨਵ ਸੱਤ ਲੇਖ ਚੁਕਾਈਆ । ਕਿਸੇ ਨੂੰ ਖ਼ਬਰ ਨਹੀਂ ਅਗਲੇ ਪਲ ਦੀ, ਘੜੀ ਵੰਡ ਨਾ ਕੋਇ ਸਮਝਾਈਆ । ਜੋਤ ਅਕਾਲਣ ਇਕੋ ਬਣ ਕੇ ਮਾਲਣ ਪ੍ਰੇਮ ਸੁਗੰਧੀ ਫੁੱਲ ਘੱਲਦੀ, ਪੱਤ ਟਹਿਣੀ ਨਾਲ ਮਹਿਕਾਈਆ । ਗੁਰਮੁਖੋ ਵੇਦਾਂ ਪੁਰਾਨਾਂ ਸ਼ਾਸਤਰਾਂ ਵਿਚੋਂ ਸਮਝ ਨਹੀਂ ਆਈ ਇਕ ਗੱਲ ਦੀ, ਰਮਜ਼ ਹੱਕ ਨਾ ਕੋਇ ਲਗਾਈਆ । ਜੋਬਨ ਜਵਾਨੀ ਸਭ ਦੀ ਢਲਦੀ, ਥਿਰ ਰਹਿਣ ਕੋਇ ਨਾ ਪਾਈਆ । ਹੁਕਮੇਂ ਅੰਦਰ ਅਗਨੀ ਵੇਖੋ ਬਲਦੀ, ਤੱਤਾਂ ਦਏ ਜਲਾਈਆ । ਪ੍ਰਭ ਦੇ ਅਗੇ ਪੇਸ਼ ਨਾ ਕਿਸੇ ਦੀ ਚਲਦੀ, ਸਿਰ ਸਕੇ ਨਾ ਕੋਇ ਉਠਾਈਆ । ਭਾਵੀ ਕਿਸੇ ਤੋਂ ਨਹੀਂ ਟਲਦੀ, ਭਾਣੇ ਵਿਚ ਲੋਕਾਈਆ । ਕਿਸੇ ਨੇ ਤਾਕਤ ਨਹੀਂ ਸਮਝੀ ਪ੍ਰਭ ਦੇ ਬਲ ਦੀ, ਬਲਧਾਰੀ ਬਲ ਬਾਵਨ ਛਲ ਵਖਾਈਆ । ਹੁਣ ਖੇਲ ਨਹੀਂ ਕਿਸੇ ਤਨ ਦੀ, ਸ਼ਬਦੀ ਡੰਕ ਸੁਣਾਈਆ । ਜਿਸਨੂੰ ਜਣਨੀ ਕੋਈ ਨਾ ਜਣਦੀ, ਸੀਰ ਮੁਖ ਨਾ ਕੋਇ ਲਗਾਈਆ । ਜਿਸ ਦੀ ਆਵਾਜ਼ ਨਹੀਂ ਕੋਈ ਕੰਨ ਦੀ, ਰਸਨਾ ਨਾ ਰਾਗ ਅਲਾਈਆ । ਜਿਸ ਦੀ ਦੌਲਤ ਨਹੀਂ ਮਾਇਆ ਧੰਨ ਦੀ, ਟਕਿਆਂ ਟਕਸਾਲ ਨਾ ਕੋਇ ਬਣਾਈਆ । ਜਿਸ ਦੀ ਰੋਸ਼ਨੀ ਨਹੀਂ ਕਿਸੇ ਚੰਦ ਦੀ, ਸੂਰੀਆ ਰੂਪ ਨਾ ਕੋਇ ਵਟਾਈਆ । ਜਿਹਦੀ ਨਜ਼ਰ ਨਹੀਂ ਨੇਤਰ ਅੰਨ੍ਹ ਦੀ, ਦੂਰ ਨੇੜਾ ਵੇਖ ਵਖਾਈਆ । ਜਿਸ ਦੀ ਸਮਝ ਨਹੀਂ ਕਿਸੇ ਮਨ ਦੀ, ਬੁਧੀ ਨਾਲ ਲੜਾਈਆ ।

ਉਹ ਦਾਤ ਦੇਵੇ ਜਨ ਭਗਤਾਂ ਇਕੋ ਭਲ ਦੀ, ਭਾਲ ਭਾਲ ਕੇ ਜੋੜ ਜੁੜਾਈਆ । ਖੇਡ ਮੁਕਾਵੇ ਕੂੜੀ ਝੱਲ ਦੀ, ਝਲਕ ਆਪਣੀ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਨਾ ਕਰੋ ਛੇਤੀ, ਛੱਤੀ ਜੁਗ ਨਾਨਕ ਥੋੜੇ ਗਿਆ ਜਣਾਈਆ । ਪ੍ਰਭੂ ਆਦਿ ਅੰਤ ਦਾ ਭੇਤੀ, ਭੇਵ ਪੜਦੇ ਦਏ ਉਠਾਈਆ । ਜੁਗ ਚੌਕੜੀ ਤੁਸੀਂ ਮੇਰੇ ਨਾਲ ਕਰਦੇ ਰਹੇ ਨੇਕੀ, ਵੱਡਿਉਂ ਨਿੱਕੇ ਰੂਪ ਬਣਾਈਆ । ਜਗਤ ਵਲੋਂ ਬਣਦੇ ਰਹੇ ਬਿਬੇਕੀ, ਵਾਸਨਾ ਕੂੜ ਬਾਹਰ ਕਢਾਈਆ । ਚਰਨ ਕਵਲ ਰਖਦੇ ਰਹੇ ਟੇਕੀ, ਧੂੜੀ ਮਸਤਕ ਟਿੱਕੇ ਨਾਲ ਛੁਹਾਈਆ । ਰੂਪ ਧਰਦੇ ਰਹੇ ਬੇਟਾ ਬੇਟੀ, ਨਿਰਗੁਣ ਸਰਗੁਣ ਜੋੜ ਜੁੜਾਈਆ । ਜਗਤ ਮੁਹਾਣੇ ਬਣਦੇ ਰਹੇ ਖੇਵਟ ਖੇਟੀ, ਮਾਰਗ ਭਗਤ ਭਗਵਾਨ ਲਗਾਈਆ । ਵੇਖਿਓ ਕੋਈ ਚਰਨੀਂ ਨਾ ਝੁਕਿਓ ਵੇਖਾ ਵੇਖੀ, ਠੱਗਾਂ ਦੀ ਲੋੜ ਰਹੀ ਨਾ ਰਾਈਆ । ਜਿਸ ਨੇ ਜੁਗ ਚੌਕੜੀ ਵੇਖੀ, ਉਹ ਪਰਖਣਹਾਰਾ ਧੁਰ ਦਰਗਾਹੀਆ । ਜਿਸ ਨੇ ਨਾਨਕ ਦੇ ਮੋਢਿਆਂ ਉਤੇ ਧਰਾ ਕੇ ਖੇਸੀ, ਜੰਗਲਾਂ ਵਿਚ ਦਿਤਾ ਭਵਾਈਆ । ਉਹ ਜਗਤ ਵਾਸਤੇ ਪਰਦੇਸੀ, ਤੁਹਾਡੇ ਅੰਦਰ ਦਾ ਮਾਲਕ ਨਜ਼ਰੀ ਆਈਆ । ਸ੍ਰੀ ਭਗਵਾਨ ਭਗਤਾਂ ਕਾਰਨ ਆਪਣੇ ਸ਼ਬਦ ਦੀ ਕਰੇ ਸ਼ੇਖ਼ੀ, ਸ਼ਾਖ਼ ਆਪਣੀ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਨਾ ਬਣਿਓ ਕਾਹਲੇ, ਕਾਲਖ ਅੰਦਰੋਂ ਦੇਣੀ ਗਵਾਈਆ । ਮਾਣ ਵਿਚ ਨਾ ਸਮਝਿਓ ਅਸੀਂ ਭਗਤ ਹੋ ਗਏ ਬਾਹਲੇ, ਬਿਨ ਕਿਰਪਾ ਚਰਨ ਕਵਲ ਕੋਇ ਨਾ ਆਈਆ । ਚਾਰ ਜੁਗ ਤੁਹਾਡੇ ਸਭ ਨੇ ਦਿੰਦਿਆਂ ਰਹਿਣਾ ਹਵਾਲੇ, ਮੈਂ ਨਵੇਂ ਸ਼ਾਸਤਰ ਜਾਣਾ ਬਣਾਈਆ । ਬਿਨ ਹੱਥਾਂ ਤੋਂ ਵਜਦੇ ਰਹਿਣੇ ਤਾਲੇ, ਧਾਰ ਇਕੋ ਇਕ ਬੰਧਾਈਆ । ਤੁਸੀਂ ਹੋ ਗਏ ਪ੍ਰਭੂ ਦੇ ਹਵਾਲੇ, ਤੁਹਾਡੀ ਹਵਾਲਾਤ ਦੇਣੀ ਕਟਾਈਆ । ਤੁਸੀਂ ਕ੍ਰਿਸ਼ਨ ਨਾਲ ਖੇਡਣ ਵਾਲੇ ਨਹੀਂ ਗਵਾਲੇ, ਗਊਆਂ ਦੀ ਸੇਵ ਕਮਾਈਆ । ਤੁਸੀਂ ਪ੍ਰਭੂ ਦੇ ਸੱਚੇ ਬਾਲੇ, ਤੁਹਾਡਾ ਪਿਤਾ ਇਕੋ ਨਜ਼ਰੀ ਆਈਆ । ਤੁਹਾਨੂੰ ਸ਼ਬਦ ਗੋਦੀ ਵਿਚ ਪਾਲੇ, ਅੰਮ੍ਰਿਤ ਧੁਰ ਦਾ ਜਾਮ ਪਿਆਈਆ । ਤੁਹਾਡੇ ਪਿਛੇ ਘਾਲਣਾ ਘਾਲੇ, ਪੰਜ ਤਤ ਅੰਦਰ ਆਪਣਾ ਰੂਪ ਛੁਪਾਈਆ । ਤੁਸੀਂ ਹੁਣ ਸਮਝਦੇ ਨਹੀਂ ਪ੍ਰਭੂ ਦੇ ਕਿਹੜੇ ਵੱਖਰੇ ਚਾਲੇ, ਚਲਾਕੀ ਨਾਲ ਸਭ ਨੂੰ ਰਿਹਾ ਭੁਲਾਈਆ । ਮੈਨੂੰ ਦਿਸਦਾ ਤੁਸੀਂ ਬਹਿ ਗਏ ਮੇਰੇ ਦਵਾਲੇ, ਦਾਅਵੇਦਾਰ ਅਖਵਾਈਆ । ਹੁਣ ਤਦਬੀਰ ਨਾਲ ਤੁਹਾਡੇ ਉਤੋਂ ਤੁਹਾਡੀ ਤਕਦੀਰ ਟਾਲੇ, ਟਾਲਮਟੋਲ ਨਾ ਕੋਇ ਜਣਾਈਆ । ਪਰਖ ਪਰਖ ਕੇ ਵੇਖ ਵੇਖ ਕੇ ਪੇਖ ਪੇਖ ਕੇ ਵਰਨਾਂ ਬਰਨਾਂ ਚੁਰਾਸੀ ਵਿਚੋਂ ਥੋੜੇ ਉਠਾਲੇ, ਅੱਖ ਅੱਖ ਨਾਲ ਮਿਲਾਈਆ । ਤੁਹਾਡੇ ਹੱਲ ਕਰੇ ਸਵਾਲੇ, ਸਵਾਲ ਆਪਣਾ ਦਏ ਸੁਣਾਈਆ । ਅਗੇ ਚਲਣਾ ਤੁਹਾਡੇ ਨਾਲੇ, ਨਾਲਾਇਕ ਰਹਿਣ ਕੋਇ ਨਾ ਪਾਈਆ । ਏਥੇ ਓਥੇ ਕਰੇ ਪ੍ਰਿਤਪਾਲੇ, ਪ੍ਰਿਤਪਾਲਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਨਾ ਅੰਦਰੋਂ ਹੋਵੋ ਕੂੜੇ, ਕੂੜੀ ਕਿਰਿਆ ਦੇਣੀ ਤਜਾਈਆ । ਤੁਹਾਡੇ ਰੰਗ ਵੇਖਣੇ ਗੂੜ੍ਹੇ, ਗੋਬਿੰਦ ਆਪਣੇ ਰੰਗ ਰੰਗਾਈਆ । ਨਾਮ ਵਜਾ ਕੇ ਸਾਚੀ ਤੂਰੇ, ਤੁਰਤ ਪੜਦਾ ਦਏ ਖੁਲ੍ਹਾਈਆ । ਚਾਰ ਜੁਗ ਤੁਹਾਨੂੰ ਕਰੇ ਮਸ਼ਹੂਰੇ, ਢੋਲੇ ਧੁਰ ਦੇ ਨਾਲ ਵਡਿਆਈਆ । ਤੁਸੀਂ ਓਸ ਘਰ ਦੇ ਬਣੇ ਮਜ਼ਦੂਰੇ, ਜਿਥੋਂ ਨਾਮ ਭੰਡਾਰਾ ਮਿਲੇ ਚਾਈਂ ਚਾਈਂਆ । ਤੁਹਾਡਾ ਸਾਹਿਬ ਤੁਹਾਨੂੰ ਕਬੂਲੇ, ਮਾਲਕ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਅੰਦਰ ਕੋਈ ਨਾ ਕਰਿਓ ਘੁਸ ਘੁਸ,

ਮਨ ਘਮਮਾਨ* ਨਾ ਕੋਇ ਬਣਾਈਆ । ਦਰ ਤੇ ਆ ਕੇ ਬਹਿਓ ਨਾ ਰੁੱਸ ਰੁੱਸ, ਰੁੱਸੇ ਰਿਹਾ ਮਨਾਈਆ । ਓਸ ਤੋਂ ਬਹੁਤਾ ਨਹੀਂ ਤੇ ਥੋੜਾ ਲੈ ਕੇ ਜਾਇਓ ਕੁਛ ਕੁਛ, ਜਿਸ ਦੀ ਕਛਪ ਦਏ ਗਵਾਹੀਆ । ਹੰਕਾਰੀ ਜਾਇਓ ਝੁਕ ਝੁਕ, ਵਿਕਾਰੀ ਰੂਪ ਨਾ ਕੋਇ ਵਖਾਈਆ । ਇਕੋ ਸਿਖ ਕੇ ਜਾਇਓ ਆਪਣੇ ਨਾਮ ਦੀ ਤੁਕ, ਜੋ ਤੁਖ਼ਮ ਤਾਸੀਰ ਦਏ ਬਦਲਾਈਆ । ਜਗਤ ਵਾਸਨਾ ਉਤੇ ਜਾਇਓ ਥੁੱਕ, ਕੂੜੀ ਕਿਰਿਆ ਦੇਣੀ ਤਜਾਈਆ । ਤੁਹਾਡੇ ਲੈਣ ਦਾ ਵੇਲਾ ਆਇਆ ਢੁੱਕ, ਦੇਵਣਹਾਰ ਦੇਵੇ ਬੇਪਰਵਾਹੀਆ । ਕੋਈ ਪੜਦਾ ਰਹਿਣਾ ਨਹੀਂ ਲੁਕ, ਸਭ ਦਾ ਕਾਇਆ ਚੋਲਾ ਦੇਣਾ ਬਦਲਾਈਆ । ਜੇ ਨਹੀਂ ਬਣੇ ਹੁਣ ਬਣ ਜਾਓ ਉਸ ਪ੍ਰਭੂ ਦੇ ਪੁੱਤ, ਜੋ ਪੱਤਨ ਇਕੋ ਦਏ ਵਖਾਈਆ । ਵੇਖਿਓ ਬਿਨਾ ਪ੍ਰੇਮ ਦੇ ਖ਼ਾਲੀ ਰਹਿਣ ਨਾ ਦੇਵੇ ਕਾਇਆ ਬੁੱਤ, ਪੰਜ ਤਤ ਕੰਮ ਕਿਸੇ ਨਾ ਆਈਆ । ਇਹੋ ਜਹੀ ਓ ਭਗਤੋ ਕਦੀ ਨਹੀਂ ਮਿਲੀ ਕਿਸੇ ਨੂੰ ਲੁੱਟ, ਬਿਨਾ ਭਗਤੀ ਭਗਤੋ ਦਾਤ ਨਾ ਕਿਸੇ ਵਰਤਾਈਆ । ਕੋਈ ਨਾ ਜਾਣੇ ਕਿਉਂ ਪਿਆ ਤੁੱਠ, ਤੁਟਿਆਂ ਰਿਹਾ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਅੱਖ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਐਵੇਂ ਨਾ ਕਰਿਓ ਹੂੰ ਹੂੰ, ਹੋਕੇ ਨਾਲ ਸੁਣਾਈਆ । ਜਿੰਨਾਂ ਚਿਰ ਮੈਂ ਵਿਚ ਨਾ ਮਿਲੇ ਤੂੰ ਤੂੰ, ਮੈਂ ਤੂੰ ਵਿਚ ਸਮਾਈਆ । ਤੁਹਾਡਾ ਖ਼ੁਸ਼ੀ ਨਾ ਹੋਵੇ ਲੂੰ ਲੂੰ, ਘਰ ਵੱਜੇ ਨਾ ਸਚ ਵਧਾਈਆ । ਓਨਾਂ ਚਿਰ ਪ੍ਰਭ ਦੇ ਦਵਾਰੇ ਦੀ ਕਦੇ ਨਾ ਭੁੱਲਿਓ ਜੂਹ, ਅਗੇ ਪਿਛੇ ਕ਼ਦਮ ਨਾ ਕੋਇ ਟਿਕਾਈਆ । ਜੇ ਮੱਥੇ ਟੇਕਣੇ ਤੇ ਕੋਟਨ ਕੋਟ ਬਾਹਰ ਵੇਖਿਓ ਗੁਰੂ, ਘਰ ਘਰ ਬੈਠੇ ਡੇਰੇ ਲਾਈਆ । ਜੇ ਆਤਮ ਹੋ ਕੇ ਪਰਮਾਤਮ ਨਾਲ ਜਾਓ ਛੂਹ, ਫਿਰ ਸ਼ਰਮ ਹਯਾ ਰਹੇ ਨਾ ਰਾਈਆ । ਆਪਣੇ ਘਰ ਦੀ ਤੁਹਾਨੂੰ ਆਪੇ ਦੱਸ ਦਏ ਸੂਹ, ਇਸ਼ਾਰੇ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਕਾਰ ਕਮਾਈਆ । ਸ਼ਬਦ ਗੁਰੂ ਕਹੇ ਪ੍ਰਭੂ ਕੁਛ ਮੈਨੂੰ ਦੇ ਸਲਾਹ, ਲੋਕਮਾਤ ਸਤਿ ਜਣਾਈਆ । ਮੈਂ ਵੇਖਣਾ ਸਭ ਦੇ ਅੰਦਰ ਉਹ ਰਾਹ, ਜੋ ਅੰਧੇਰੇ ਵਿਚ ਬੈਠੇ ਆਪਣਾ ਆਪ ਛੁਪਾਈਆ । ਜੋ ਚੋਰਾਂ ਵਾਂਗ ਦਾਅ ਰਹੇ ਲਾ, ਠੱਗਾਂ ਵਾਲਾ ਰੂਪ ਵਟਾਈਆ । ਕੀ ਤੈਨੂੰ ਪਤਾ ਨਹੀਂ ਦਸ ਮਾਹ ਤਪਣਾ ਪਏ ਅਗਨੀ ਕੁੱਖ ਮਾਂ, ਸਕੇ ਨਾ ਕੋਇ ਬਚਾਈਆ । ਮਤਲਬ ਵਾਸਤੇ ਕੋਈ ਨਾ ਕਰਿਓ ਹਾਂ, ਬੇਗ਼ਰਜ਼ ਦੇਣੇ ਬਣਾਈਆ । ਕੱਚੀ ਯਾਰੀ ਲਾਉਣ ਦਾ ਮੈਨੂੰ ਕਦੀ ਨਹੀਂ ਆਇਆ ਚਾਅ, ਝੂਠਾ ਨਾਤਾ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਵਰਤਾਈਆ । ਸ਼ਬਦ ਗੁਰੂ ਕਹੇ ਮੈਂ ਫਿਰਦਾ ਸਦਾ ਅਨਭੋਲ, ਜੀਵਾਂ ਨਾਲ ਚੋਰੀ ਚੋਰੀ ਖੇਲ ਖਿਲਾਈਆ । ਜੁਗਾਂ ਪਿਛੋਂ ਆਵਾਂ ਉਤੇ ਧੌਲ, ਧਰਨੀ ਉਤੇ ਫੇਰਾ ਪਾਈਆ । ਲੱਖ ਚੁਰਾਸੀ ਦੇਵਾਂ ਮਧੌਲ, ਖ਼ਾਕ ਵਿਚ ਮਿਲਾਈਆ । ਭਗਤਾਂ ਵਸਾਂ ਕੋਲ, ਨੇਰਨ ਨੇਰ ਨਜ਼ਰੀ ਆਈਆ । ਜਿਹੜੇ ਮੇਰੇ ਨਾਲ ਮਾਰਨ ਆਵਣ ਰੋਲ, ਜੁਗ ਚੌਕੜੀ ਦੇਵਾਂ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸ਼ਬਦ ਗੁਰੂ ਕਹੇ ਮੈਂ ਵੇਖਣ ਆਇਆ ਮਰਦ ਇਸਤਰੀ, ਸਾਰੇ ਖੋਜ ਖੁਜਾਈਆ । ਕਦੇ ਮੈਨੂੰ ਕਹਿੰਦੇ ਸੀ ਜਗਤ ਦਾ ਮੁਸ਼ਤਰੀ, ਮਿਸ਼ਨ ਨਾ ਸਕੇ ਸਮਝਾਈਆ । ਹੁਣ ਮੈਂ ਕਰਨ ਆਇਆ ਮੁਖ਼ਬਰੀ, ਹੋਕਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਰਿਹਾ ਜਣਾਈਆ । ਸ਼ਬਦ ਗੁਰੂ ਕਹੇ ਪ੍ਰਭੂ ਮੇਰੀ ਅੱਜ ਤੱਕ ਕੀਤੀ ਨਹੀਂ ਕਿਸੇ ਪਹਿਚਾਣ, ਜਗਤ ਨੇਤਰ ਨਜ਼ਰ ਕੋਇ ਨਾ ਆਈਆ । ਐਵੇਂ ਤੈਨੂੰ ਮੰਨਦੇ ਰਹੇ ਭਗਵਾਨ, ਤੂੰ ਸਾਖਿਆਤ ਨਜ਼ਰ ਕਿਸੇ ਨਾ ਆਈਆ । ਹੁਕਮ ਨਾਮ ਤੇਰਾ ਸੰਦੇਸ਼ਾ ਦੇਂਦੇ ਰਹੇ

ਮਹਾਨ, ਕਾਗ਼ਜ਼ਾਂ ਉਤੇ ਵਡਿਆਈਆ । ਸਚ ਦੱਸ ਨੌ ਸੌ ਚੁਰਾਨਵੇਂ ਚੌਕੜੀ ਕਦੀ ਆਇਆ ਵਿਚ ਮੈਦਾਨ, ਸੂਰਬੀਰ ਹੋ ਕੇ ਫੇਰਾ ਪਾਈਆ । ਐਵੇਂ ਟਿੱਲਿਆਂ ਪਰਬਤਾਂ ਉਤੇ ਧਰਨ ਤੇਰਾ ਧਿਆਨ, ਮੂਰਤੀ ਬਣਾ ਕੇ ਤੈਨੂੰ ਸ਼ਰਮਿੰਦਾ ਰਹੇ ਕਰਾਈਆ । ਉਂਗਲੀਆਂ ਨਾਲ ਤੇਰਾ ਸਾਜ ਵਜਾ ਕੇ ਰਸਨਾ ਨਾਲ ਗਾਉਂਦੇ ਗਾਨ, ਸਾਹਮਣੇ ਹੋ ਕੇ ਦਰਸ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਕਰਦੇ ਰਹੇ ਬਿਆਨ, ਰਸਨਾ ਜਿਹਵਾ ਢੋਲਿਆਂ ਵਿਚ ਗਾਈਆ । ਤੇਰਾ ਦੱਸਦੇ ਰਹੇ ਨਾਮ, ਕਿਸੇ ਨਜ਼ਰ ਨਾ ਆਇਆ ਅਮਾਮ, ਜੋਤੀ ਜਲਵਾ ਕਰ ਰੁਸ਼ਨਾਈਆ । ਸੁਣ ਸੁਣ ਤੇਰਾ ਪੈਗ਼ਾਮ, ਬਗਲ ਕੁਰਾਨ ਵਿਚ ਟਿਕਾਈਆ । ਜਿੰਨਾਂ ਚਿਰ ਪਿਆਵੇਂ ਨਾ ਇਕੋ ਜਾਮ, ਜਾਮਨ ਹੋ ਕੇ ਲਏਂ ਛੁਡਾਈਆ । ਓਨ੍ਹਾਂ ਚਿਰ ਝਗੜੇ ਨਹੀਂ ਮੁੱਕਣੇ ਤਮਾਮ, ਤਮ੍ਹਾਂ ਤੋਂ ਲੈ ਛੁਡਾਈਆ । ਸ਼ਬਦ ਗੁਰੂ ਕਹੇ ਪ੍ਰਭੂ ਤੂੰ ਅਗੇ ਸਚਖੰਡ ਕਰਦਾ ਰਿਹੋਂ ਆਰਾਮ, ਹੁਕਮ ਨਾਲ ਪੈਗ਼ੰਬਰ ਗੁਰੂ ਬਣਾਈਆ । ਕਿਸੇ ਨੂੰ ਬਣਾ ਦਿਤਾ ਗੋਪੀਆਂ ਵਾਲਾ ਕਾਹਨ, ਕਿਸੇ ਨੂੰ ਬਣਾ ਕੇ ਸੀਤਾ ਤੇ ਰਾਮ, ਜੰਗਲਾਂ ਵਿਚ ਭਵਾਈਆ । ਛੋਟਾ ਛੋਟਾ ਕਰ ਕੇ ਅਹਿਸਾਨ, ਹਸਤੀਆਂ ਕੋਟ ਦਿਤੀਆਂ ਬਦਲਾਈਆ । ਪੀਰ ਪੈਗ਼ੰਬਰ ਕਰ ਕੇ ਗ਼ੁਲਾਮ, ਬਰਦੇ ਦਿਤੇ ਵਖਾਈਆ । ਆਪਣਾ ਦੱਸਿਆ ਨਹੀਂ ਕਿਸੇ ਨੂੰ ਸਚ ਮਕਾਨ, ਧਾਮ ਆਪਣਾ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਹੁਕਮ ਇਕ ਮਨਾਈਆ । ਸ਼ਬਦ ਗੁਰੂ ਕਹੇ ਸੁਣ ਮੇਰੇ ਭਗਵੰਤ, ਤੇਰੀ ਬੇਪਰਵਾਹੀਆ । ਮੈਂ ਤੇਰਾ ਕਿਸੇ ਕੋਲੋਂ ਸੁਣਨਾ ਨਹੀਂ ਮੰਤ, ਰਸਨਾ ਵਾਲੀ ਗੱਲ ਮੋਹੇ ਨਾ ਭਾਈਆ । ਜੇ ਕਦੀ ਨਹੀਂ ਮਿਲਿਆ ਹੁਣ ਵੇਖਿਆ ਅੰਤ, ਅੰਤਰ ਧਿਆਨ ਲਗਾਈਆ । ਪ੍ਰਭੂ ਤੇਰੇ ਇਹ ਦਰਵੇਸ਼ ਨਹੀਂ ਸੰਤ, ਇਹ ਹਮੇਸ਼ੀ ਨਜ਼ਰੀ ਆਈਆ । ਜਿਨ੍ਹਾਂ ਦੇ ਚਰਨਾਂ ਹੇਠਾਂ ਰੁਲਦਾ
੧੨੯ ੧੯ ਜੱਨਤ, ਬਹਿਸ਼ਤ ਰਿਹਾ ਕੁਰਲਾਈਆ । ਇਨ੍ਹਾਂ ਦਾ ਲੇਖਾ ਕੀ ਜਾਣੇ ਬ੍ਰਹਮਾ ਪੰਡਤ, ਜੋ ਵੇਦਾਂ ਦੀ ਕਰੇ ਪੜ੍ਹਾਈਆ । ਤੇਈ ਅਵਤਾਰ ਤੇਰਾ ਕੋਈ ਸਮਝ ਨਾ ਸਕੇ ਸੰਮਤ, ਸਚ ਦਾ ਹਾਲ ਨਾ ਕੋਇ ਦ੍ਰਿੜ੍ਹਾਈਆ । ਜੇ ਕਿਸੇ ਨੂੰ ਇਸ਼ਾਰਾ ਦਿਤਾ ਤੇ ਉਹਨੂੰ ਬੋਲਣ ਦੀ ਨਹੀਂ ਦਿਤੀ ਹਿੰਮਤ, ਭਵਿਖਤ ਵਿਚ ਨਾ ਕੋਇ ਦ੍ਰਿੜ੍ਹਾਈਆ । ਨਾ ਕੋਈ ਸਿਫ਼ਤੀ ਬਣਿਆ ਨਾ ਕੋਈ ਬਣਿਆ ਨਿੰਦਕ, ਦੋਹਾਂ ਉਤੇ ਪੜਦਾ ਦਿਤਾ ਪਾਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਕਰਦੇ ਗਏ ਮਿੰਨਤ, ਸੀਸ ਕ਼ਦਮਾਂ ਉਤੇ ਟਿਕਾਈਆ । ਦੀਨਾਂ ਮਜ਼੍ਹਬਾਂ ਦੀ ਪਾ ਕੇ ਚਿੰਨਤ, ਹੁਕਮੇਂ ਵਿਚ ਭਵਾਈਆ । ਕਿਸੇ ਨੂੰ ਦੱਸਿਆ ਕਾਅਬੇ ਵਾਲੀ ਸਿੰਮਤ, ਕਿਸੇ ਨਾਲ ਕਰ ਕੇ ਇੱਲਤ, ਕਿਸੇ ਨੂੰ ਦੇ ਕੇ ਤਨ ਖਤਾਬੀ ਖਿੱਲਤ, ਕਿਸੇ ਨਾਲ ਅੰਦਰੋਂ ਕਰ ਕੇ ਮਿਲਤ, ਕਿਸੇ ਨੂੰ ਦੇ ਕੇ ਜਗਤ ਦੀ ਜ਼ਿੱਲਤ, ਆਪ ਆਪਣਾ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਸਚ ਦੀ ਕਾਰ ਕਮਾਈਆ । ਸ਼ਬਦ ਗੁਰੂ ਕਹੇ ਪ੍ਰਭੂ ਮੈਂ ਨਹੀਂ ਸੁਣਨੇ ਤੇਰੇ ਪੋਥੀਆਂ ਵਾਲੇ ਛੰਦ, ਜੋ ਸ਼ੰਕਿਆਂ ਵਿਚ ਨਜ਼ਰੀ ਆਈਆ । ਮੈਂ ਤੇਰੇ ਤਾਜ ਨੂੰ ਤੇਰੇ ਉਤੇ ਦੇਣਾ ਟੰਗ, ਰਾਜ ਦੀ ਲੋੜ ਰਹੀ ਨਾ ਰਾਈਆ । ਜੋ ਕੁਛ ਸੋ ਤੇਰਿਆਂ ਭਗਤਾਂ ਦੇਣਾ ਵੰਡ, ਬਣ ਕੇ ਬੇਪਰਵਾਹੀਆ । ਏਸ ਤੋਂ ਅਗੇ ਰਹਿਣ ਨਹੀਂ ਦੇਣਾ ਭੇਖ ਭਖੰਡ, ਕੂੜੀ ਕਿਰਿਆ ਦੇਣੀ ਕਢਾਈਆ । ਭਗਤੋ ਤੁਸੀਂ ਨਾ ਹੋਇਓ ਹੈਰਾਨ ਤੇ ਦੰਗ, ਇਹ ਦੰਗਾ ਜਗਤ ਨੂੰ ਰਿਹਾ ਵਖਾਈਆ । ਤੁਸੀਂ ਤੇ ਮੇਰੇ ਲਾਡਲੇ ਚੰਦ, ਖ਼ੁਸ਼ੀ ਨਾਲ ਦਿਆਂ ਚਮਕਾਈਆ । ਜੇ ਕਿਤੋਂ ਨਹੀਂ ਮਿਲਿਆ ਅੱਜ ਦੇਣਾ ਉਹ ਅਨੰਦ, ਅਨੰਦ ਆਤਮਾ ਵਿਚ ਰਖਾਈਆ । ਤੁਸੀਂ ਨਹੀਂ ਜਾਣਦੇ ਤੁਹਾਡੇ ਪ੍ਰੇਮ ਵਾਲੇ ਰੰਗ, ਇਹ ਡੰਡਾ ਰਿਹਾ ਪਰਗਟਾਈਆ । ਜਿਸ ਨੇ ਤੁਹਾਡੀ ਸੇਵਾ ਕਰਨੀ ਪਿਛੇ ਹੋ ਕੇ ਕੰਡ, ਕੰਡਿਆਂ ਵਿਚੋਂ

ਬਾਹਰ ਕਢਾਈਆ । ਹੁਣ ਕੀ ਸਮਝੋਗੇ ਪ੍ਰਭੂ ਕਿ ਮਲੰਗ, ਕਿ ਲੰਗੜਾ ਲੂਲ੍ਹਾ ਫੇਰਾ ਪਾਈਆ । ਕਿਧਰੇ ਸਮਝ ਨਾ ਲਿਓ ਇਹਨੂੰ ਹੋ ਗਿਆ ਅਧਰੰਗ, ਲੱਤ ਬਾਂਹ ਹਿਲੇ ਨਾ ਰਾਈਆ । ਹੁਣ ਮੈਂ ਵਸਾਂ ਤੁਹਾਡੇ ਸੰਗ, ਸਗਲਾ ਸੰਗ ਨਿਭਾਈਆ । ਅੱਜ ਦੀ ਰੈਣ ਸਭ ਹੁਕਮ ਘਲ ਦੇਣੇ ਬੇਰੰਗ, ਮੋਹਰ ਆਪਣੀ ਨਾ ਕੋਇ ਵਖਾਈਆ । ਕੁਛ ਲਹਿਣਾ ਦੇਣਾ ਓਸ ਸੂਰੇ ਸਰਬੰਗ, ਜਿਸ ਸੀਸ ਤਾਜ ਦਿਤਾ ਟਿਕਾਈਆ । ਅੱਜ ਗੋਬਿੰਦ ਦੀ ਵੰਡ, ਗੁਰਮੁਖਾਂ ਝੋਲੀ ਪਾਈਆ । ਜਨ ਭਗਤੋ ਗਾ ਲਓ ਅਗੇ ਬਾਪੂ ਦਾ ਛੰਦ, ਬਖ਼ਸ਼ੰਦ ਮਲੰਗ ਬਣ ਕੇ ਸੇਵ ਕਮਾਈਆ । ਸ਼ਬਦ ਗੁਰੂ ਕਹੇ ਬਾਪੂ ਕਿਤੇ ਹੋ ਤੇ ਨਹੀਂ ਗਿਆ ਬੁੱਢਾ, ਬੁਢਾਪਾ ਦਏ ਵਖਾਈਆ । ਕੋਟਨ ਕੋਟ ਜੁਗਾਂ ਪਿਛੋਂ ਚਲਦਾ ਚਲਦਾ ਹੋ ਤੇ ਨਹੀਂ ਗਿਆ ਡੁੱਡਾ, ਚਰਨ ਪੈਰ ਨਾ ਕੋਇ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀਆਂ ਸਿਫ਼ਤਾਂ ਦਾ ਬੰਨ੍ਹਦੇ ਗਏ ਗੁੱਡਾ, ਸਿਫ਼ਤਾਂ ਵਿਚ ਸਾਲਾਹੀਆ । ਤੂੰ ਬੇਪਰਵਾਹ ਸਭ ਤੋਂ ਭੇਤ ਰੱਖਿਆ ਗੁੱਝਾ, ਗੁੰਝਲ ਵਿਚ ਸਰਬ ਫਸਾਈਆ । ਬੇਪਰਵਾਹ ਤੂੰ ਕਿਸੇ ਨਹੀਂ ਸਮਝਾਇਆ ਆਪਣਾ ਮੁੱਦਾ, ਮੁੱਦਤਾਂ ਤੋਂ ਤੇਰੀ ਆਦਤ ਨਾ ਕਿਸੇ ਬਦਲਾਈਆ । ਕਲਜੁਗ ਅੰਤ ਭਗਵੰਤ ਹੋ ਕੇ ਉਘਾ, ਨਿਰਗੁਣ ਹੋ ਕੇ ਫੇਰਾ ਪਾਈਆ । ਜਨ ਭਗਤ ਕੋਈ ਨਾ ਰਹੇ ਡੁੱਬਾ, ਮੰਝਧਾਰ ਵਿਚੋਂ ਪਾਰ ਕਢਾਈਆ । ਗੁਰਮੁਖੋ ਤੁਹਾਡਾ ਕੋਈ ਨਹੀਂ ਲੈਣਾ ਭੁੱਗਾ, ਭਗਵਨ ਹੋ ਕੇ ਦਇਆ ਕਮਾਈਆ । ਤੁਹਾਡਾ ਵਸਦਾ ਰਹੇ ਝੁੱਗਾ, ਹੁੰਦੀ ਰਹੇ ਰੁਸ਼ਨਾਈਆ । ਤੁਹਾਡੀ ਖ਼ਾਤਰ ਧੁਰ ਦਾ ਲੈ ਕੇ ਆਇਆ ਪੰਜਾਬੀ ਬੋਲੀ ਵਾਲਾ ਚੁੱਗਾ, ਚੁੱਗਤੇ ਸਾਰੇ ਦਏ ਭਜਾਈਆ । ਤੁਹਾਡੇ ਵਿਛੋੜੇ ਦਾ ਮੈਨੂੰ ਦੁੱਖਾ, ਦੂਜਾ ਦੁੱਖ ਨਾ ਕੋਇ ਸਮਝਾਈਆ । ਮੈਂ ਵੇਂਹਦਾ ਰਿਹਾ ਜਿਹੜਾ ਗੁਰਮੁਖ ਆਪਣੀ ਮਾਂ ਦੇ ਪੇਟ ਵਿਚ ਲਟਕਿਆ ਰਿਹਾ ਪੁੱਠਾ, ਬਿਨਾ ਸਾਹ ਸਾਹ ਧਿਆਈਆ । ਮੈਂ ਬੇਫ਼ਿਕਰ ਹੋ ਕੇ ਰਿਹਾ ਸੁੱਤਾ, ਆਪਣੀ ਨਾ ਲਈ ਅੰਗੜਾਈਆ । ਜਿਸ ਵੇਲੇ ਤੁਹਾਡਾ ਵੇਲਾ ਢੁੱਕਾ, ਨਿਰਗੁਣ ਹੋ ਕੇ ਆਇਆ ਜੋਤੀ ਜਾਮਾ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਫੇਰਾ ਪਾਈਆ । ਸ਼ਬਦ ਗੁਰੂ ਕਹੇ ਪੁਰਖ ਅਕਾਲ ਤੂੰ ਸਦਾ ਚਲਣ ਵਾਲਾ ਟੇਢਾ, ਸਿੱਧੀ ਧਾਰ ਨਾ ਕੋਇ ਸਮਝਾਈਆ । ਵੇਖੀਂ ਕਿਤੇ ਤੈਨੂੰ ਚਲਦਿਆਂ ਲੱਗ ਨਾ ਜਾਏ ਠੇਡਾ, ਰਾਹ ਵਿਚ ਨਾ ਕੋਇ ਅਟਕਾਈਆ । ਮੈਨੂੰ ਪਤਾ ਜਿਸ ਵੇਲੇ ਬ੍ਰਹਮੇ ਨੂੰ ਇਸ਼ਾਰਾ ਦਿਤਾ ਚਾਰ ਵੇਦਾ, ਵਿਦਿਆ ਆਪਣੀ ਫੇਰ ਨਾ ਕੋਇ ਪੜ੍ਹਾਈਆ । ਓਹਦਾ ਆਪਣੀ ਚਰਨ ਦੀ ਧੂੜੀ ਨਾਲ ਬਣਾ ਕੇ ਮੇਦਾ, ਮੱਧ ਵਿਚ ਹੱਦ ਦਿਤੀ ਰਖਾਈਆ । ਤੈਨੂੰ ਉਪਰ ਕਦੇ ਨਾ ਵੇਂਹਦਾ, ਚਰਨਾਂ ਵਿਚ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਕਾਰ ਕਮਾਈਆ । ਸ਼ਬਦ ਗੁਰੂ ਕਹੇ ਪ੍ਰਭੂ ਅੱਜੇ ਤਾਈਂ ਤੇਰੇ ਘਰ ਸੁਤ ਨਹੀਂ ਜੰਮਿਆ ਕਦੇ ਜੋੜਾ, ਸੱਜੇ ਖੱਬੇ ਨਾ ਕੋਇ ਲਗਾਈਆ । ਮੈਂ ਹੈਰਾਨ ਹੋਇਆ ਤੂੰ ਕਿਸ ਤਰ੍ਹਾਂ ਸੱਸੇ ਉਪਰ ਲਾਇਆ ਹੋੜਾ, ਹੋੜੇ ਦਾ ਮਤਲਬ ਜਾਣਿਆ ਕਿਸੇ ਨਾ ਰਾਈਆ । ਗੁਰੂ ਗੋਬਿੰਦ ਮਾਛੂਆੜੇ ਤੇਰਾ ਗਾਉਂਣ ਲੱਗਾ ਸੀ ਦੋਹਰਾ, ਫੜ ਕੇ ਕੰਨੋਂ ਚਾਰੋਂ ਕੁੰਟ ਦਿਤਾ ਭਵਾਈਆ । ਤੂੰ ਅੱਜੇ ਮੇਰਾ ਨਿੱਕਾ ਜਿਹਾ ਛੋਹਰਾ, ਸ਼ਹਿਨਸ਼ਾਹ ਹੋ ਕੇ ਤੈਨੂੰ ਲਵਾਂ ਉਠਾਈਆ । ਗੋਬਿੰਦ ਹੱਸ ਕੇ ਦਿਤਾ ਮਰੋੜਾ, ਪ੍ਰਭੂ ਤੇਰਾ ਖੇਲ ਬੇਪਰਵਾਹੀਆ । ਸ੍ਰੀ ਭਗਵਾਨ ਕਹੇ ਓ ਨਹੀਂ ਮੈਨੂੰ ਤੇਰੀ ਪੈਣੀ ਲੋੜਾ, ਲੋਹੜਾ ਪਏ ਜਗਤ ਲੋਕਾਈਆ । ਓਸ ਵੇਲੇ ਤੇਰੇ ਕੋਲ ਹੋਣਾ ਨਹੀਂ ਕੋਈ ਬਾਜ਼ ਘੋੜਾ, ਘੋੜਾ ਸ਼ਬਦੀ ਦਿਆਂ ਬਣਾਈਆ । ਤੇਰੇ ਸਿਰ ਉਤੇ ਕੋਈ ਝੁਲਦਾ ਨਹੀਂ ਦਿਸਣਾ ਚੌਰਾ, ਚਾਰੋਂ ਕੁੰਟ ਮੇਰੇ ਨਾਮ ਦੀ ਵੱਜੇ ਵਧਾਈਆ । ਜਿਹੜਾ ਨਾਨਕ ਤੁਹਾਡੇ ਅੰਦਰ ਰਖ ਕੇ ਗਿਆ ਮੋਹਰਾ, ਮੋਹਰ ਆਪਣੀ ਇਕ ਲਗਾਈਆ । ਓਹਦੇ ਪਿਛੇ

ਭਗਤ ਦਵਾਰੇ ਦੱਬਣਾ ਕਾਗ਼ਜ਼ ਕੋਰਾ, ਖ਼ੂਨ ਆਪਣੇ ਨਾਲ ਰੰਗਾਈਆ । ਫਿਰ ਬਣਨਾ ਭਗਤ ਭਗਵਾਨ ਦਾ ਜੋੜਾ, ਵੱਜਣੀ ਸਚ ਵਧਾਈਆ । ਕਿਉਂ ਤੇਰਾ ਓਹਨਾਂ ਦੇ ਅੰਦਰ ਹੋਣਾ ਪੌੜਾ, ਪਉੜੀ ਗਉੜੀ ਰਾਗ ਨਾ ਕੋਇ ਸੁਣਾਈਆ । ਜੇ ਤੂੰ ਗੋਬਿੰਦ ਹੋਇਓ ਕਮਜ਼ੋਰਾ, ਨੱਕ ਨਾਲ ਲਕੀਰਾਂ ਦਿਆਂ ਖਿਚਾਈਆ । ਤੂੰ ਮੇਰੇ ਉਤੇ ਵਾਰਿਆ ਅਜੀਤ ਜੁਝਾਰ ਫ਼ਤਿਹ ਸਿੰਘ ਜੋਰਾ, ਮਾਤ ਪਿਤ ਦੀ ਲੋੜ ਰਹੀ ਨਾ ਰਾਈਆ । ਇਹ ਵੀ ਦੁਨੀਆ ਵਿਚ ਤੇਰੀ ਨਿਸ਼ਾਨੀ ਡੋਰਾ, ਬਿਨਾ ਪੁਰਖ ਅਕਾਲ ਹੱਥ ਨਾ ਕੋਇ ਫੜਾਈਆ । ਜਿਸ ਵੇਲੇ ਕਲਜੁਗ ਅੰਤ ਹੋਇਆ ਘਨਘੋਰਾ, ਰੈਣ ਅੰਧੇਰੀ ਛਾਈਆ । ਤੇਰਾ ਹੋਣਾ ਭਾਗ ਮਥੋਰਾ, ਮਿਥਿਆ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸ਼ਬਦ ਗੁਰੂ ਕਹੇ ਓ ਗੋਬਿੰਦ ਤੈਨੂੰ ਕਿਸੇ ਬੰਨ੍ਹਣੇ ਨਹੀਂ ਸਿਰ ਤੇ ਫੁੱਲ ਛੱਬੇ, ਛੱਬੀ ਪੋਹ ਦਏ ਗਵਾਹੀਆ । ਤੇਰਾ ਨਾਤਾ ਜੁੜਨਾ ਓਸ ਨਾਲ ਸ਼ੇਰ ਬੱਗੇ, ਜਿਸ ਦੀ ਬਗ਼ਲ ਵਿਚ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਨੇ ਆਪਣੇ ਚਰਨਾਂ ਦੇ ਹੇਠੋਂ ਕੱਢੇ, ਲੋਕਮਾਤ ਪਰਗਟਾਈਆ । ਹੁਕਮੇਂ ਅੰਦਰ ਫਿਰਨ ਬੱਧੇ, ਬੰਦਨਾ ਸੀਸ ਝੁਕਾਈਆ । ਓਸ ਵੇਲੇ ਪਤਾ ਲੱਗੇ ਤੇਰੀ ਤੇ ਪਰਮਾਤਮਾ ਦੀ ਪ੍ਰੀਤੀ ਲੱਗੇ, ਇਕੋ ਨੂਰ ਨਜ਼ਰੀ ਆਈਆ । ਤੇਰਾ ਪੁਰਖ ਅਕਾਲ ਤੇਰੇ ਵਿਚੋਂ ਕੋਈ ਨਾ ਕੱਢੇ, ਦੋਵੇਂ ਰਲ ਕੇ ਖ਼ੁਸ਼ੀਆਂ ਲਓ ਮਨਾਈਆ । ਇਕੋ ਨੂਰ ਇਕੋ ਦੀਪਕ ਜੋਤ ਜਗੇ, ਇਕੋ ਸ਼ਬਦ ਹੋਏ ਸ਼ਨਵਾਈਆ । ਫੇਰ ਭਗਤਾਂ ਨੂੰ ਆਉਣੇ ਮਜ਼ੇ, ਓਹਨਾਂ ਖਾਣੀ ਛੱਡਣੀ ਮਠਿਆਈਆ । ਤੇਰਾ ਪੈਰ ਸਿਰ ਵੇਖ ਕੇ ਨੰਗੇ, ਨੰਗਿਆਂ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦਾਤਾ ਵੇਖ ਵਖਾਈਆ । ਸ਼ਬਦ ਕਿਹਾ ਮੈਂ ਸ਼ਬਦੀ ਕਾਫ਼ਰ, ਗਹਿਰ ਗੰਭੀਰ ਅਖਵਾਈਆ ।
੧੩੧ ੧੯
ਜੁਗ ਚੌਕੜੀ ਰਿਹਾ ਹੋਰ, ਕਲਜੁਗ ਹੋਰ ਰੂਪ ਬਦਲਾਈਆ । ਜਦ ਵੇਖੇ ਨਵਾਂ ਨਕੋਰ, ਬਿਰਧ ਬਾਲ ਨਾ ਰੂਪ ਜਣਾਈਆ । ਮੇਰਾ ਕਿਸੇ ਦੇ ਨਾਲ ੧੩੧ ੧੯
ਨਹੀਂ ਕੋਈ ਖੋਰ, ਭਗਤਾਂ ਦਾ ਖੋਜੀ ਬਣ ਕੇ ਫੇਰਾ ਪਾਈਆ । ਗੁਰਮੁਖੋ ਕੋਈ ਪ੍ਰਭੁ ਤੁਹਾਡੇ ਵਰਗਾ ਨਹੀਂ ਕਠੋਰ, ਜੋ ਦਰ ਆਇਆਂ ਨੂੰ ਦੇਵੇ ਦੁਰਕਾਈਆ । ਜੇ ਸਚ ਸਮਝੋ ਤੁਹਾਡੇ ਅੰਦਰ ਵਸਾਂ ਤੁਸਾਂ ਫੇਰ ਵੀ ਨਹੀਂ ਜਾਣੀ ਲੋੜ, ਲੋੜਾਂ ਜਗਤ ਪੂਰ ਕਰਾਈਆ । ਜਦੋਂ ਵੜਾਂ ਤੇ ਵੜਾਂ ਬਣ ਕੇ ਚੋਰ, ਰਾਤੀ ਸੁਤਿਆਂ ਦੇ ਅੰਦਰ ਡਾਕਾ ਆਵਾਂ ਪਾਈਆ । ਤੁਹਾਡਾ ਖ਼ਜ਼ਾਨਾ ਤੁਸੀਂ ਨਹੀਂ ਸਮਝੇ ਤੇ ਨਾ ਕੋਈ ਜਾਣੇ ਲੱਖ ਕਰੋੜ, ਅਸੰਖਾਂ ਵਾਲੀ ਗਣਤ ਨਾ ਕੋਇ ਗਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੋਬਿੰਦ ਕਹੇ ਮੈਂ ਕੀ ਕੁਛ ਜਾਤਾ, ਕੀ ਕੀਤੀ ਪ੍ਰਭ ਜਣਾਈਆ । ਕੀ ਸਮਝੀ ਰਮਜ਼ ਇਸ਼ਾਰੇ ਵਾਲੀ ਬਾਤਾ, ਬਾਤਨ ਹੋਈ ਪੜ੍ਹਾਈਆ । ਕੀ ਦੱਸੀ ਬਿਨ ਅੱਖਰਾਂ ਤੋਂ ਗਾਥਾ, ਬਿਨ ਸਤਰਾਂ ਸਤਰ ਸਮਝਾਈਆ । ਪੁਰਖ ਅਕਾਲ ਨੇ ਮੇਰੇ ਹੱਥ ਮਾਰ ਕੇ ਉਪਰ ਮਾਥਾ, ਮਸਤਕ ਦਿਤਾ ਬਦਲਾਈਆ । ਜਿਧਰ ਵੇਖਾਂ ਤੇ ਵੇਖਾਂ ਪੁਰਖ ਸਮਰਾਥਾ, ਦੂਸਰ ਨਜ਼ਰ ਕੋਇ ਨਾ ਆਈਆ । ਗੁਰਮੁਖ ਬਾਲਾ ਚੁੱਕਿਆ ਢਾਕਾ, ਸੱਜੇ ਖੱਬੇ ਰਿਹਾ ਲਟਕਾਈਆ । ਮੈਨੂੰ ਸਤਿਗੁਰ ਮਿਲ ਗਿਆ ਡਾਹਢਾ, ਜਿਸ ਲੱਕ ਵਿਚ ਡੰਡੇ ਦਿਤੇ ਟਿਕਾਈਆ । ਓਹਨੇ ਕਿਹੜੇ ਕਾਰਨ ਅੰਮ੍ਰਿਤ ਪਿਆਇਆ ਵਿਚ ਬਾਟਾ, ਜੋ ਤੈਨੂੰ ਗਏ ਭੁਲਾਈਆ । ਕੋਈ ਪੂਜੇ ਦੇਵੀ ਵਾਲੀ ਲਾਟਾ, ਨਿਰਗੁਣ ਜੋਤ ਦਰਸ ਕੋਇ ਨਾ ਪਾਈਆ । ਏਸੇ ਕਾਰਨ ਸਭ ਨੂੰ ਆਇਆ ਘਾਟਾ, ਘਾਟੇ ਵਿਚ ਲੋਕਾਈਆ । ਪੁਰਖ ਅਕਾਲ ਨਾਲੋਂ ਤੁੱਟਿਆ ਨਾਤਾ, ਨਾਤਵਾਂ ਹੋ ਕੇ ਦੇਣ ਦੁਹਾਈਆ । ਤਨ ਮਾਟੀ ਪਹਿਨ ਕੇ ਬਸਤਰ ਖ਼ਾਕਾ, ਖ਼ਾਲੀ ਹੱਥ ਰਹੇ ਵਖਾਈਆ । ਕਿਸੇ ਮਿਲਿਆ ਨਹੀਂ ਧੁਰ ਦਾ

ਆਕਾ, ਅਕ਼ਲ ਚਲੀ ਨਾ ਕੋਇ ਚਤੁਰਾਈਆ । ਜੇ ਸਚ ਸਮਝੋ ਪੁਰਖ ਅਕਾਲ ਸਭ ਦਾ ਨਿੱਕਾ ਕਾਕਾ, ਜੋ ਤੁਹਾਡੇ ਅੰਦਰ ਵੜ ਕੇ ਆਸਣ ਲਾਈਆ । ਜੇ ਉਸ ਦੇ ਨਾਮ ਦਾ ਸੁਣੋ ਕਲਾਕਾ, ਟਿਕ ਟਿਕ ਆਵਾਜ਼ ਸੁਣਾਈਆ । ਉਹ ਬਖ਼ਸ਼ੇ ਸਾਚੀਆਂ ਦਾਤਾਂ, ਦਇਆਵਾਨ ਹੋਏ ਸਹਾਈਆ । ਗੁਰਮੁਖੋ ਤੁਹਾਡੀਆਂ ਬਿਰਥੀਆਂ ਜਾਣ ਨਹੀਂ ਦੇਣੀਆਂ ਦੋਵੇਂ ਰਾਤਾਂ, ਜੁਗ ਜਨਮ ਦੀ ਜ਼ਿੰਦਗੀ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਅਲਖ ਜਗਾਈਆ । ਸ਼ਬਦ ਗੁਰੂ ਕਹੇ ਪ੍ਰਭੂ ਜਗਾ ਦੇ ਇਕ ਅਲੱਖ, ਸੋਹੰ ਢੋਲਾ ਗਾਈਆ । ਸ੍ਰੀ ਭਗਵਾਨ ਕਹੇ ਮੇਰੀ ਤੋਬਾ ਮੈਂ ਗੋਬਿੰਦ ਨਾਲੋਂ ਕਦੀ ਨਾ ਹੋਣਾ ਵੱਖ, ਵੱਖਰਾ ਧਾਮ ਨਾ ਕੋਇ ਬਣਾਈਆ । ਜਨ ਭਗਤੋ ਤੁਹਾਨੂੰ ਦੇ ਦੇਣੀ ਉਹ ਅੱਖ, ਜਿਸ ਨਾਲ ਸਾਖਿਆਤ ਨਜ਼ਰੀ ਆਈਆ । ਮੈਂ ਅੱਜ ਤਾਂਈ ਕਿਸੇ ਨੂੰ ਭੇਤ ਨਹੀਂ ਦਿਤਾ ਦੱਸ, ਬਹੁੜੀ ਤੁਹਾਨੂੰ ਦੇਣਾ ਸਮਝਾਈਆ । ਕਿਉਂ ਜੁਗ ਚੌਕੜੀ ਗੁਰ ਅਵਤਾਰ ਮੇਰੇ ਜੋਗਾ ਹਿੱਸਾ ਗਏ ਛੱਡ, ਭਵਿਖਤਾਂ ਵਿਚ ਗਾਈਆ । ਮੈਂ ਹੋਇਆ ਗਦ ਗਦ, ਖ਼ੁਸ਼ੀਆਂ ਛੰਦ ਅਲਾਈਆ । ਤੁਸੀਂ ਮੇਰੇ ਲਾਲ ਹੀਰੇ ਨਗ, ਲੋਕਮਾਤ ਕਰੋ ਰੁਸ਼ਨਾਈਆ । ਤੁਹਾਡੇ ਅੰਦਰ ਪ੍ਰੇਮ ਦੀ ਅੱਗ, ਜੋ ਕੂੜੀ ਕਿਰਿਆ ਰਹੀ ਜਲਾਈਆ । ਜਿਸ ਕਾਰਨ ਲਏ ਸੱਦ, ਹੁਕਮ ਰਿਹਾ ਸੁਣਾਈਆ । ਸੋਹਣੇ ਰਹੇ ਫਬ, ਆਸਣ ਰਹੇ ਜਮਾਈਆ । ਕਿਤੇ ਸਮਝ ਨਾ ਲਿਓ ਇਹ ਬੰਦਿਆਂ ਵਾਲਾ ਕੋਈ ਫਿਰਦਾ ਕੱਦ, ਬੁੱਢਾ ਨੱਢਾ ਆਪਣੀ ਧਾਰ ਬਦਲਾਈਆ । ਮੈਂ ਕੋਈ ਭੇਡਾਂ ਦੇ ਚਾਰਨ ਵਾਲਾ ਨਹੀਂ ਵਗ, ਸਾਂਹਸੀ ਡੂਮ ਨਾ ਨਜ਼ਰੀ ਆਈਆ । ਮੈਂ ਕੋਈ ਬ੍ਰਾਹਮਣਾਂ ਦਾ ਬੰਨ੍ਹਣ ਵਾਲਾ ਨਹੀਂ ਤਗ, ਜਨੇਊ ਗਲ ਦੇ ਵਿਚ ਪਾਈਆ । ਇਹ ਵੀ ਕੋਈ ਜਰਨੈਲ ਸਿੰਘ ਦਾ (ਸ਼ਕੱਗ), ਜਿਹੜਾ ਰਾਜਾ ਬਣ ਕੇ ਰਵਦਾਸ ਦੀ ਭੇਟ ਕਰਾਈਆ । ਰਵਦਾਸ ਨੇ ਬੋਲਿਆ ਹੱਕ, ਹੁਕਮ ਦਿਤਾ ਜਣਾਈਆ । ਇਹਨੂੰ ਪਹਿਨੇ ਪੁਰਖ ਸਮਰਥ, ਜਿਸ ਦੇ ਅਗੇ ਸੀਸ ਦਿਤਾ ਨਿਵਾਈਆ । ਤੂੰ ਸਾਂਭ ਕੇ ਛੱਡੀਂ ਰੱਖ, ਖ਼ਜ਼ਾਨੇ ਧੁਰ ਦੇ ਵਿਚ ਲੁਕਾਈਆ । ਜਿਸਨੂੰ ਕਿਸੇ ਨਹੀਂ ਲਾਉਣਾ ਹੱਥ, ਕਲਜੁਗ ਅੰਤਮ ਲਏ ਮਿਲਾਈਆ । ਜਨ ਭਗਤੋ ਕਿਸੇ ਨੂੰ ਨਾ ਹੋਵੇ ਸ਼ਕ, ਪਿਛਲਾ ਲਹਿਣਾ ਰਿਹਾ ਚੁਕਾਈਆ । ਏਸ ਤੋਂ ਬਹੁਤੀ ਹੋਰ ਦੇ ਕੇ ਵੱਥ, ਪ੍ਰੇਮ ਪ੍ਰੀਤੀ ਚਰਨਾਂ ਨਾਲ ਬੰਧਾਈਆ । ਕਿਉਂ ਇਸਨੇ ਗੋਬਿੰਦ ਚੁੱਕਿਆ ਕੰਧੇ ਉਤੇ ਵਿਚੋਂ ਢੱਕ, ਉਚ ਦਾ ਪੀਰ ਸੀਸ ਉਠਾਈਆ । ਅੰਦਰ ਲੱਗਾ ਹਿਜ਼ਰ ਦਾ ਫੱਟ, ਫ਼ਿਕਰ ਦੀ ਲੋੜ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਗੋਬਿੰਦ ਕਿਹਾ ਮੈਂ ਕਿਧਰ ਪੈ ਗਿਆ ਖਹਿੜੇ, ਰਵਦਾਸ ਕਹੇ ਮੇਰਾ ਬਾਕੀ ਲਹਿਣਾ ਨਜ਼ਰੀ ਆਈਆ । ਅਗੇ ਹੋਰ ਬਥੇਰੇ ਦੁਨੀਆ ਦੇ ਪੈਣੇ ਝੇੜੇ, ਝਗੜੇ ਵਿਚ ਰਹਿਣਾ ਲੋਕਾਈਆ । ਕੋਟਾਂ ਜੁਗਾਂ ਪਿਛੋਂ ਸ੍ਰੀ ਭਗਵਾਨ ਆਇਆ ਭਗਤਾਂ ਦੇ ਖੇੜੇ, ਖਿੜੇ ਮੱਥੇ ਸਭ ਨੂੰ ਵੇਖ ਵਖਾਈਆ । ਜਨ ਭਗਤੋ ਚੜ੍ਹ ਜਾਓ ਮੇਰੇ ਬੇੜੇ, ਬੇੜੀਆਂ ਦਾ ਨਾਤਾ ਦੇਣਾ ਤੁੜਾਈਆ । ਵੇਖਿਓ ਵੱਡੇ ਰਖਿਓ ਜੇਰੇ, ਜੇਰਜ ਅੰਡ ਫੇਰ ਨਾ ਮਿਲੇ ਸਜ਼ਾਈਆ । ਜੇ ਏਥੇ ਦੁੱਖ ਤੇ ਏਥੇ ਸੁਖ ਏਥੇ ਚਾਓ ਘਨੇਰੇ, ਘਨਘੋਰ ਰੈਣ ਰਹਿਣ ਨਾ ਪਾਈਆ । ਤੁਹਾਡਾ ਮਾਲਕ ਬਣ ਗਿਆ ਸਿੰਘ ਸ਼ੇਰੇ, ਸ਼ਰਅ ਦਾ ਲੇਖਾ ਦਏ ਚੁਕਾਈਆ । ਤੁਸੀਂ ਆ ਗਏ ਓਸ ਦੇ ਘੇਰੇ, ਜੋ ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਭਾਵੇਂ ਤੁਸੀਂ ਆਪਣੇ ਕਾਇਆ ਦੇ ਚੀਥੜ ਲਬੇੜੇ, ਪ੍ਰੇਮ ਪਿਆਰ ਨਾਲ ਧੋ ਕੇ ਸਾਫ਼ ਦਏ ਕਰਾਈਆ । ਇਹੋ ਬਖ਼ਸ਼ਿਸ਼ ਇਹੋ ਮਿਹਰੇ, ਮਿਹਰਵਾਨ ਆਪ ਸਮਝਾਈਆ । ਹੁਣ ਗੋਬਿੰਦ ਦੇ ਤਬੇਲਿਆਂ ਵਿਚ ਨਹੀਂ ਲੁਕਦੇ ਵਛੇਰੇ, ਸ਼ਬਦ ਤੁਰੰਗ ਭੱਜੇ ਚਾਈਂ ਚਾਈਂਆ । ਨਾਲੇ ਵੇਖੇ ਮੇਰੇ ਪ੍ਰੇਮੀ ਕਿਹੜੇ ਕਿਹੜੇ, ਕਿਥੇ ਬੈਠੇ

ਡੇਰਾ ਲਾਈਆ । ਓਹ ਪੁਰਖ ਅਕਾਲ ਤੂੰ ਰਹੀਂ ਨਾ ਕਿਤੇ ਵਿਚ ਅੰਧੇਰੇ, ਤੇਰੀਆਂ ਅੱਖੀਆਂ ਦਿਆਂ ਖੁਲ੍ਹਾਈਆ । ਗੋਬਿੰਦ ਕਿਹਾ ਮੈਂ ਸਭ ਤੋਂ ਦੂਰ ਸਭ ਤੋਂ ਨੇੜੇ, ਨੇਰਨ ਨੇਰਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਰੰਗ ਰਿਹਾ ਚਮਕਾਈਆ । ਗੋਬਿੰਦ ਕਹੇ ਪ੍ਰਭੂ ਤੂੰ ਭਗਤਾਂ ਦਾ ਖਾਧਾ ਨਿਮਕ, ਨਿਮਕ ਹਰਾਮ ਨਾ ਕੋਇ ਅਖਵਾਈਆ । ਪਰਕਾਸ਼ ਹੋ ਕੇ ਦਾਸ ਹੋ ਕੇ ਅਬਿਨਾਸ਼ ਹੋ ਕੇ ਚਮਕ, ਨੂਰ ਨੂਰ ਵਿਚੋਂ ਪਰਗਟਾਈਆ । ਇਨ੍ਹਾਂ ਦੀ ਬਣਾ ਦੇ ਬਣਤ, ਜੋ ਆਏ ਪੰਧ ਮੁਕਾਈਆ । ਸਭਨਾਂ ਦਾ ਬਣ ਕੰਤ, ਦੁਹਾਗਣ ਨਜ਼ਰ ਕੋਇ ਨਾ ਆਈਆ । ਇਹ ਸਭ ਤੋਂ ਵੱਡੇ ਸੰਤ, ਜੋ ਸਤਿਗੁਰ ਮਿਲ ਕੇ ਖ਼ੁਸ਼ੀ ਮਨਾਈਆ । ਮਾਇਆ ਮੋਹ ਤੋੜ ਕੇ ਮਮਤ, ਮਮਤਾ ਗਏ ਭੁਲਾਈਆ । ਤੇਰੀ ਆ ਗਏ ਅਨੋਖੀ ਸਿੰਮਤ, ਸਮਾਂ ਜਾਣ ਬਦਲਾਈਆ । ਸ੍ਰੀ ਭਗਵਾਨ ਪਿਛਲੇ ਵਿਛੋੜੇ ਦੀ ਇਨ੍ਹਾਂ ਅਗੇ ਕਰ ਮਿੰਨਤ, ਕਿਉਂ ਦਿਤੀ ਜੁਦਾਈਆ । ਲੱਖ ਚੁਰਾਸੀ ਵਿਚੋਂ ਇਹ ਤੇਰੀ ਥੋੜ੍ਹੀ ਜਹੀ ਜਿਨਸ, ਜਿਸ ਦਾ ਵਪਾਰੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੋਬਿੰਦ ਕਹੇ ਮੈਂ ਦੇਣਾ ਕੁਛ ਜਵਾਬ, ਜਨ ਭਗਤਾਂ ਮੰਗ ਮੰਗਾਈਆ । ਤਰਤਾਲੀਆਂ ਸਾਲਾਂ ਵਿਚ ਮੇਰਾ ਇਕ ਵੇਰਾਂ ਨੀਲੇ ਉਤੇ ਚੜ੍ਹਨ ਲੱਗਿਆਂ ਚਰਨ ਤਿਲਕਿਆ ਸੀ ਵਿਚੋਂ ਰਕਾਬ, ਬਿਨਾ ਰਕਾਬ ਰਮਜ਼ ਸਮਝ ਕਿਸੇ ਨਾ ਆਈਆ । ਇਸ ਦਾ ਹਰਿਕ੍ਰਿਸ਼ਨ ਨੂੰ ਦਿਤਾ ਖ਼ਵਾਬ, ਜੋ ਪਹਿਲੇ ਗਿਆ ਸੁਣਾਈਆ । ਤੇਗ਼ ਬਹਾਦਰ ਗਾ ਕੇ ਰਾਗ, ਤਿੰਨਾਂ ਅੱਖਰਾਂ ਵੰਡ ਵੰਡਾਈਆ । ਪੁਰਖ ਅਕਾਲ ਨੇ ਕਿਹਾ ਮੈਂ ਤੇਰਾ ਵੇਖਣਾ ਓਹ ਬਾਗ਼, ਜੋ ਬਗ਼ੀਚਾ ਸ਼ਹਿਨਸ਼ਾਹੀਆ । ਇਹ ਸੁਣ ਕੇ ਮੁਹੰਮਦ ਦੀ ਤਬੀਅਤ ਹੋਈ ਖ਼ਰਾਬ, ਸਚਖੰਡ ਬੈਠਾ ਹੌਕੇ ਰਿਹਾ ਸੁਣਾਈਆ । ਗੋਬਿੰਦ ਕਿਹਾ
੧੩੩ ੧੯ ਤੁਹਾਨੂੰ ਕਰਨਾ ਪਏ ਇਕ ਨੂੰ ਆਦਾਬ, ਅਦਬ ਨਾਲ ਦ੍ਰਿੜਾਈਆ । ਕਿਸੇ ਦੀ ਨਾ ਕਿੰਗ ਵਜਣੀ ਨਾ ਰਬਾਬ, ਰੱਬੀ ਨੂਰ ਨਜ਼ਰੀ ਆਈਆ । ਉਸਨੇ ੧੩੩ ੧੯
ਕੋਈ ਪੁੰਨ ਵੇਖਣਾ ਨਾ ਸਵਾਬ, ਸਭਾ ਭਗਤਾਂ ਦੀ ਲਏ ਬਣਾਈਆ । ਆਪ ਬਣ ਕੇ ਸ਼ਹਿਨਸ਼ਾਹ ਨਵਾਬ, ਨੌਬਤ ਹੱਕ ਦਏ ਵਜਾਈਆ । ਜਿਨ੍ਹਾਂ ਕਲਮਾ ਪੜ੍ਹ ਕੇ ਖਾਧਾ ਕਬਾਬ, ਪੁਸ਼ਤਿਆਂ ਦੇ ਪੁਸ਼ਤੇ ਦਏ ਵਖਾਈਆ । ਅੰਤ ਕਰੇ ਬਰਬਾਦ, ਹੁਕਮੀਂ ਹੁਕਮ ਵਰਤਾਈਆ । ਲਾਗਿਉਂ ਈਸਾ ਪਿਆ ਜਾਗ, ਹਾਏ ਹਾਏ ਇਹ ਕਿਸ ਆਵਾਜ਼ ਸੁਣਾਈਆ । ਮੂਸਾ ਕਹੇ ਮੇਰੀ ਕੌਣ ਕਰੇ ਇਮਦਾਦ, ਸਾਥੀ ਨਜ਼ਰ ਕੋਇ ਨਾ ਆਈਆ । ਗੋਬਿੰਦ ਕਹੇ ਉਹ ਜਿਸ ਨੇ ਇਕ ਬਣਾਉਣੀ ਜਮਾਤ, ਜਮ੍ਹਾਂ ਤਫਰੀਕ ਰਹਿਣ ਕੋਇ ਨਾ ਪਾਈਆ । ਜਿਸ ਦੇ ਝਲਕ ਦੀ ਝਲ ਨਾ ਸਕੇ ਕੋਈ ਤਾਬ, ਬੇਤਾਬ ਹੋਵੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਹੁਕਮ ਵਿਚੋਂ ਸੁਣਾਈਆ । ਗੋਬਿੰਦ ਕਿਹਾ ਮੈਨੂੰ ਅੱਖਰਾਂ ਵਾਲੇ ਕਹਿੰਦੇ ਗੋਬਿੰਦ, ਗੱਗਾ ਬੱਬਾ ਦੱਦਾ ਨਾਲ ਵਡਿਆਈਆ । ਜੇ ਹੋੜੇ ਦੀ ਬਣ ਜਾਂਦੇ ਬਿੰਦ, ਫਿਰ ਪੁਰਖ ਅਕਾਲ ਆਪੇ ਨਜ਼ਰੀ ਆਈਆ । ਝਗੜਾ ਛੁੱਟ ਜਾਂਦਾ ਉਸਤਤ ਨਿੰਦ, ਕੂੜੀ ਕਿਰਿਆ ਨਾ ਕੋਇ ਸੁਣਾਈਆ । ਅੰਮ੍ਰਿਤ ਮਿਲਦਾ ਸਾਗਰ ਸਿੰਧ, ਜੋ ਪੰਜਾਂ ਦੇ ਮੁਖ ਚੁਆਈਆ । ਏਸੇ ਕਰਕੇ ਸਾਰੇ ਗਏ ਖਿੰਡ, ਕਾਇਆ ਖੰਡਰ ਲਿਆ ਬਣਾਈਆ । ਨਾਲੇ ਮੈਨੂੰ ਕਹਿੰਦੇ ਵਾਲੀ ਹਿੰਦ, ਨਾਲੇ ਝਗੜਾ ਹਿੰਦੂਆਂ ਨਾਲ ਬਣਾਈਆ । ਮੈਂ ਸਾਰੇ ਦੇਣੇ ਪਿੰਜ, ਤਾੜਾ ਵੱਜੇ ਥਾਉਂ ਥਾਈਂਆ । ਮੈਂ ਮੂੰਹ ਦੇ ਭਾਰ ਸੁਟਣੇ ਇੰਜ, ਸਿਰ ਸਕੇ ਨਾ ਕੋਇ ਉਠਾਈਆ । ਜਨ ਭਗਤਾਂ ਦੇਣਾ ਨਿੱਘ, ਆਪਣੀ ਛਾਤੀ ਲਾਈਆ । ਕਦੀ ਕਿਸੇ ਨਹੀਂ ਸਮਝਿਆ ਵੇਦ ਰਿਗ, ਜੋ ਰਘੁਪਤ ਦੀ ਕਰੇ ਵਡਿਆਈਆ । ਨਾਨਕ ਦੀ ਗੋਦੀ ਵਿਚੋਂ ਸਾਰੇ ਗਏ ਡਿੱਗ,

ਡਿਗਿਆਂ ਨਾ ਕੋਇ ਉਠਾਈਆ । ਪਾਪਾਂ ਦੀ ਉਤੇ ਪੈ ਗਈ ਢਿੱਗ, ਭਾਰ ਨਾਲ ਦਬਾਈਆ । ਗੋਬਿੰਦ ਕਹੇ ਮੇਰੇ ਬਿਨਾ ਕਿਸੇ ਨਹੀਂ ਡਾਹੁਣੀ ਅਗੇ ਹਿੱਕ, ਬਾਹੂ ਬਲ ਨਾ ਕੋਇ ਵਖਾਈਆ । ਸਭ ਨੂੰ ਪਤਾ ਲਗ ਗਿਆ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਹੋ ਗਏ ਛਿਪ, ਪ੍ਰਭ ਸਿੰਘਾਸਣ ਦੇ ਥੱਲੇ ਬੈਠੇ ਸੀਸ ਨਿਵਾਈਆ । ਕੋਈ ਨਾ ਰਿਹਾ ਕਿਸੇ ਦਾ ਮਿਤ, ਮਿਤਰਾਂ ਕੀਤੀ ਜੁਦਾਈਆ । ਇਕੋ ਪਰਮ ਪੁਰਖ ਅਕਾਲ ਪਿਤ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦਾ ਖੇਲ ਦਿਸੇ ਅਨਡਿਠ, ਪੜਦਾ ਸਕੇ ਨਾ ਕੋਇ ਉਠਾਈਆ । ਜਨ ਭਗਤੋ ਤੁਹਾਨੂੰ ਕਦੇ ਨਹੀਂ ਦੇਣੀ ਪਿਠ, ਸਨਮੁਖ ਹੋ ਕੇ ਸੋਭਾ ਪਾਈਆ । ਤੁਸੀਂ ਭਾਵੇਂ ਯਾਦ ਨਾ ਕਰੋ ਚਿਤ, ਮੈਂ ਆਪਣਾ ਚਿਤਰ ਤੁਹਾਡੇ ਅੰਦਰ ਦੇਣਾ ਲੁਕਾਈਆ । ਪ੍ਰੇਮ ਨਾਲ ਲੈਣਾ ਖਿੱਚ, ਜ਼ੰਜੀਰ ਆਪਣੇ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮਾਂ ਦਾ ਲੇਖ ਮੁਕਾਈਆ । ਗੋਬਿੰਦ ਕਿਹਾ ਏ ਅਗੇ ਅਗੇ ਨਾ ਡਰ, ਭੱਜਿਆ ਕਿਥੇ ਜਾਏਂਗਾ ਵੜ, ਘੇਰਾ ਸਭ ਨੂੰ ਆਪੇ ਪਾਇੰਦਾ । ਏਧਰੋਂ ਓਧਰੋਂ ਸਭ ਨੂੰ ਲਏ ਫੜ, ਸਾਹਮਣੇ ਫਿਰ ਵੀ ਦਰਸ ਦਿਖਾਇੰਦਾ । ਤੁਹਾਡੀ ਚੋਟੀ ਤੇ ਤੁਹਾਡੀ ਜੜ੍ਹ, ਤੁਹਾਡੇ ਪਿਛੇ ਅਗਨੀ ਚ ਗਿਆ ਸੜ, ਤੁਹਾਨੂੰ ਰੁੜ੍ਹਾ ਕੇ ਪਹਿਲੋਂ ਵਿਚ ਸਰਸੇ ਦੇ ਸਰ, ਮਰਵਾ ਕੇ ਗੜ੍ਹੀ ਚਮਕੌਰ ਦੇ ਗੜ੍ਹ, ਖੇਲ ਖਤਰਾਣੇ ਵਾਲਾ ਕਰ, ਅੰਤਮ ਆਪੇ ਲਏ ਵਰ, ਆਪਣੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤੋ ਤੁਹਾਡਾ ਅਨੋਖਾ ਖੋਲ੍ਹਣਾ ਸਰ, ਸਰੋਵਰ ਇਕੋ ਇਕ ਵਖਾਇੰਦਾ । ਜਿਥੇ ਨਹਾਵਣ ਨਾਰੀ ਨਰ, ਕੂੜੀ ਵੰਡ ਨਾ ਕੋਇ ਬਣਾਈਆ । ਇਹ ਮੇਰਾ ਨਹੀਂ ਤੁਹਾਡਾ ਘਰ, ਮੈਂ ਤੇ ਮੁਸਾਫ਼ਰ ਬਣ ਕੇ ਜੁਗ ਜੁਗਾਂ ਦਾ ਬੁੱਢਾ ਗਠੜੀ ਕੰਧ ਉਠਾ ਕੇ, ਪਿਠ ਟਿਕਾ ਕੇ, ਬਗਲ ਵਿਚ ਦੀ ਬਦਲਾ ਕੇ,
੧੩੪ ੧੯ ਛਾਤੀ ਨਾਲ ਲਾ ਕੇ, ਸੀਸ ਉਤੇ ਟਿਕਾ ਕੇ, ਹੱਕ ਆਵਾਜ਼ ਲਗਾਈਆ । ਹੌਲੀ ਹੌਲੀ ਸਮਝਾ ਕੇ, ਚੁਰਾਸੀ ਵਿਚੋਂ ਉਠਾ ਕੇ, ਉਂਗਲੀਆਂ ਨਾਲ ੧੩੪ ੧੯
ਲਾ ਕੇ, ਸ਼ਬਦੀ ਪੁੱਤ ਬਣਾ ਕੇ, ਸੋਹੰ ਢੋਲਾ ਪੜ੍ਹਾ ਕੇ, ਅੰਦਰ ਜੋਤ ਜਗਾ ਕੇ, ਜਗਤ ਦਾ ਰਾਜ ਮੁਕਾ ਕੇ, ਲੋਕ ਪਰਲੋਕ ਦਿਤੀ ਵਡਿਆਈਆ । ਆਪਣੀ ਮੌਜ ਵਖਾ ਕੇ, ਪੜਦਾ ਪਰ੍ਹਾਂ ਹਟਾ ਕੇ, ਭਗਤਾਂ ਗਲੇ ਲਗਾ ਕੇ, ਇਕੋ ਰੰਗ ਦਿਤਾ ਚੜ੍ਹਾਈਆ । ਖ਼ਬਰਾਂ ਦਿਤੀਆਂ ਤੰਬੇ ਚੁੱਕੋ ਦਰਸ਼ਨ ਪਾਓ ਜਾ ਕੇ, ਇਹ ਬਾਵਨ ਵਾਲੀ ਪਿਛਲੀ ਯਾਦ ਨਜ਼ਰੀ ਆਈਆ । ਭਗਤਾਂ ਦੇ ਦਵਾਰੇ ਪੁੱਠੇ ਡਿੱਗੇ ਆ ਕੇ, ਪੱਤਰੀ ਖੋਲ੍ਹੇ ਬਣਾ ਕੇ, ਸਤਰੀਂ ਪੜ੍ਹੇ ਨਿਗਾਹ ਟਿਕਾ ਕੇ, ਰੱਬੀ ਜੋਤ ਨੂਰ ਜਗਾ ਕੇ, ਨਜ਼ਰ ਕਿਸੇ ਨਾ ਆਈਆ । ਧੰਨੇ ਦਾ ਹੱਲ ਵਾਹ ਕੇ, ਹੇਠਲੇ ਉਤਲੇ ਨੂੰ ਹਿਲਾ ਕੇ, ਮੋੜ ਉਤੋਂ ਭਾਰ ਟਿਕਾ ਕੇ, ਹੱਥ ਪਿਠ ਉਤੇ ਰਖਾ ਕੇ, ਕਲਜੁਗ ਸਤਿਜੁਗ ਦੋਵੇਂ ਰਿਹਾ ਭਜਾਈਆ । ਗੁਰਮੁਖੋ ਤੁਹਾਡੇ ਪਿਛੇ ਆਪਣਾ ਆਪ ਤਜਾ ਕੇ, ਸ਼ੇਰ ਸਿੰਘ ਦਾ ਨਾਮ ਪੂਰਨ ਜੋੜ ਜੁੜਾ ਕੇ, ਗੋਬਿੰਦ ਦਾ ਰੰਗ ਰੰਗਾ ਕੇ, ਗੁਰਸਿਖਾਂ ਦਾ ਜੋਗ ਕਮਾ ਕੇ, ਭਸਮ ਹੋ ਕੇ ਕ਼ਸਮ ਖਾ ਕੇ, ਇਸਮ ਆਪਣਾ ਰਿਹਾ ਵਖਾਈਆ । ਤੂੰ ਕੀ ਕਹਿਣਾ ਓਏ ਫ਼ਰੀਦ, ਫ਼ਰਦਰ ਦੇ ਸਮਝਾਈਆ । ਫ਼ਰੀਦ ਕਹੇ ਮੈਂ ਪ੍ਰਭੂ ਦਾ ਅਜ਼ੀਜ਼, ਬੱਚਾ ਨਜ਼ਰੀ ਆਈਆ । ਮੇਰੇ ਤਨ ਨਹੀਂ ਕ਼ਮੀਜ਼, ਪਟਕਾ ਸੀਸ ਨਾ ਕੋਇ ਟਿਕਾਈਆ । ਮੈਂ ਸਿਖਣੀ ਭਗਤਾਂ ਤੋਂ ਤਮੀਜ਼, ਜੋ ਸੁੱਤੇ ਪ੍ਰਭ ਨੂੰ ਰਹੇ ਪਾਈਆ । ਜਿਹੜੇ ਜਗਤ ਵਲੋਂ ਗ਼ਰੀਬ, ਨਾਮ ਵਲੋਂ ਮਿਲੀ ਸ਼ਹਿਨਸ਼ਾਹੀਆ । ਮਿਹਰ ਦੀ ਹੋਈ ਬਖ਼ਸ਼ੀਸ਼, ਰਹਿਮਤ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਗੋਬਿੰਦ ਕਹੇ ਕੁਛ ਆਵਾਜ ਆਈ ਵਲੋਂ ਚੜ੍ਹਦੇ, ਪੁਰਖ ਅਕਾਲ ਰਿਹਾ ਜਣਾਈਆ । ਇਸ਼ਾਰੇ ਕੀਤੇ

ਅਗਲੇ ਹੜ੍ਹ ਦੇ, ਜਿਸ ਨੇ ਹੜ੍ਹ ਦੇਣਾ ਵਹਾਈਆ । ਪੜਦੇ ਖੁਲ੍ਹੇ ਅਗੰਮੇ ਘਰ ਦੇ, ਜਿਥੇ ਵੱਜੇ ਸਚ ਵਧਾਈਆ । ਜਿਹੜੇ ਭਗਤ ਬੈਠੇ ਬਾਹਰ ਦਰ ਦੇ, ਦਰਸ਼ਨ ਉਹਨਾਂ ਆਉਣਾ ਵਖਾਈਆ । ਕਿਤੇ ਸਵੇਰੇ ਦੂਜਿਆਂ ਨਾਲ ਰਹਿਣ ਨਾ ਲੜਦੇ, ਸਾਨੂੰ ਬਾਹਰ ਮਿਲਿਆ ਨਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸ਼ਬਦ ਗੁਰੂ ਕਹੇ ਪ੍ਰਭੂ ਓਹ ਤੂੰ ਕੌਣ ਸ਼ੱਤਰੀ, ਕਿ ਛਤਰਧਾਰੀ ਨਜ਼ਰੀ ਆਈਆ । ਕਿ ਬ੍ਰਾਹਮਣ ਬਣਿਓ ਫੋਲਣ ਵਾਲਾ ਪੱਤਰੀ, ਕੁੰਡਲੀਆਂ ਵਿਚ ਹਿੱਸੇ ਰਿਹੋਂ ਪਾਈਆ । ਕਿ ਮੰਤਰ ਪੜ੍ਹੇਂ ਗਾਇਤਰੀ, ਬਾਰਾਂ ਅਕਸ਼ਰ ਨਾਲ ਮਿਲਾਈਆ । ਕਿ ਦੱਸੇਂ ਲਗਾਂ ਮਾਤਰੀ, ਸਿਹਾਰੀ ਬਿਹਾਰੀ ਵੰਡ ਵੰਡਾਈਆ । ਸ੍ਰੀ ਭਗਵਾਨ ਕਿਹਾ ਨਹੀਂ ਓਏ ਮੈਂ ਭਗਤਾਂ ਨੂੰ ਕਦੇ ਦਿਨੇ ਮਿਲਾਂ ਕਦੇ ਰਾਤ੍ਰੀ, ਨਿਰਗੁਣ ਹੋ ਕੇ ਖੇਲ ਖਿਲਾਈਆ । ਮੇਰਾ ਜਲਵਾ ਨੂਰ ਬਾਤਨੀ, ਜਾਹਰ ਕਰਾਂ ਰੁਸ਼ਨਾਈਆ । ਵੇਖਿਓ ਕੋਈ ਨਾ ਸਮਝਿਓ ਇਹ ਕੋਈ ਕਰਾਮਾਤਨੀ, ਕਰਮਾਂ ਦਾ ਲੇਖਾ ਰਿਹਾ ਮੁਕਾਈਆ । ਜਨ ਭਗਤੋ ਤੁਸਾਂ ਕਿਹੜੀ ਪੱਟੀ ਲਿਖ ਕੇ ਪੋਚਣੀ ਨਾਲ ਗਾਚਨੀ, ਸਤਿਗੁਰ ਦਾ ਅੱਖਰ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸ਼ਬਦ ਗੁਰੂ ਕਹੇ ਓ ਬ੍ਰਹਮੇ ਤੇਰੀ ਵੇਖੀ ਨਿੱਕੀ ਜਿਹੀ ਕ਼ਲਮ, ਜੋ ਅਗੇ ਪਿਛੇ ਰਹੀ ਲਿਖਾਈਆ । ਪਰ ਤੈਨੂੰ ਪ੍ਰਭ ਦਾ ਨਹੀਂ ਆਇਆ ਇਲਮ, ਕ਼ਾਨੂੰਨ ਸਕਿਆ ਨਾ ਕੋਇ ਸਮਝਾਈਆ । ਓ ਸ਼ਿਵ ਤੇਰੇ ਪੁਜਾਰੀ ਸੁਲਫ਼ਿਆਂ ਵਾਲੀ ਪੀਂਦੇ ਚਿਲਮ, ਸੂਟੇ ਖਿੱਚ ਕੇ ਬਾਹਰ ਕਢਾਈਆ । ਤੁਸੀਂ ਮੇਰੀ ਨਹੀਂ ਸਮਝੀ ਕਿਸਮ, ਪ੍ਰਭ ਦਾ ਨਾਤਾ ਨਾ ਕੋਇ ਜੁੜਾਈਆ । ਤੁਸੀਂ ਪੂਜਾ ਕਰਾਉਂਦੇ ਰਹੇ ਪੰਜ ਤਤ ਜਿਸਮ, ਸ਼ਬਦ ਦੀ ਸਾਰ ਕਿਸੇ ਨਾ ਆਈਆ । ਇਹ ਭਗਵਾਨ, ਵਿਸ਼ਨੂੰ ਕਹੇ ਤੇਰੀ ਸਮਝੇ ਨਹੀਂ ਰਸਮ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਬ੍ਰਹਮਾ ਕਹੇ ਮੈਂ ਕੰਨ ਫੜ ਕੇ ਖਾਵਾਂ ਕ਼ਸਮ, ਸਮਝ ਕੁਛ ਨਾ ਆਈਆ । ਜੇ ਤੇਰਾ ਗੁਰੂ ਨਾ ਹੁੰਦਾ ਦਸਮ, ਤੇਰਾ ਪੜਦਾ ਨਾ ਕੋਇ ਉਠਾਈਆ । ਓਹ ਮੁਲਾ ਬਣ ਕੇ ਦਾੜ੍ਹੀਆਂ ਨੂੰ ਲਾ ਕੇ ਗਏ ਵਸਮ, ਉਸਤਰਿਆਂ ਨਾਲ ਘਸਾਈਆ । ਜਗਤ ਮਾਇਆ ਵੇਖ ਕੇ ਹੱਸਣ, ਮੁਰੀਦਾਂ ਨਾਲ ਮੁਰਸ਼ਦਾਂ ਦੀ ਵੱਜਦੀ ਰਹੀ ਵਧਾਈਆ । ਜਗਤ ਨਾਰੀਆਂ ਨਾਲ ਵਸਣ, ਸੇਜਾ ਮਾਤ ਹੰਢਾਈਆ । ਜੇ ਪ੍ਰਭੂ ਤੂੰ ਆਇਓਂ ਸਾਰੇ ਲੱਗੇ ਨੱਸਣ, ਭੱਜੇ ਥਾਉਂ ਥਾਈਂਆ । ਸ੍ਰੀ ਭਗਵਾਨ ਕਹੇ ਮੈਂ ਏਸੇ ਕਰ ਕੇ ਆਇਆ ਦੱਸਣ, ਸੂਰਬੀਰ ਨਾਂਉ ਧਰਾਈਆ । ਬਿਨਾ ਭਗਤੋ ਤੁਹਾਡੇ ਹੁਕਮ ਤੋਂ ਅਗੇ ਮੂਲ ਨਾ ਲੰਘਣ, ਇਹ ਮੇਰੀ ਵਡਿਆਈਆ । ਇਹ ਨਾ ਸਮਝਿਓ ਕੋਈ ਡਹਾ ਪਲੰਘਣ, ਸਚਖੰਡ ਦਵਾਰਾ ਰਿਹਾ ਬਣਾਈਆ । ਮੈਂ ਕੋਈ ਛੱਲੇ ਛਾਪਾਂ ਨਹੀਂ ਪਹਿਨਣੇ ਕੰਗਣ, ਅਸ਼ਟਭੁਜ ਵਾਲੇ ਲਾਲ ਬਸਤਰ ਨਾ ਕੋਇ ਵਖਾਈਆ । ਮੇਰਾ ਇਕੋ ਮੁਤਹਿਰਾ ਇਕੋ ਮਰਦੰਗਣ, ਸਭ ਦੇ ਠੀਕਰ ਰਿਹਾ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਆਪਣਾ ਰਿਹਾ ਵਰਤਾਈਆ । ਗੋਬਿੰਦ ਕਹੇ ਪ੍ਰਭੂ ਮੈਨੂੰ ਜਾਪਦਾ ਤੇਰਾ ਕੋਈ ਰੇੜਕਾ, ਤੂੰ ਰਿੜਕੇਂ ਸਰਬ ਲੋਕਾਈਆ । ਓ ਗੋਬਿੰਦ ਨਹੀਂ, ਇਹ ਮੇਰਾ ਵਿਹਾਰ ਸ਼ਬਦੀ ਖੇਡ ਦਾ, ਪਿਛਲੀਆਂ ਖਿੜਕੀਆਂ ਸਾਰੀਆਂ ਬੰਦ ਕਰਾਈਆ । ਅਗੇ ਹੁਣ ਮੇਰਿਆਂ ਭਗਤਾਂ ਨੂੰ ਕੋਈ ਨਹੀਂ ਛੇੜਦਾ, ਸੱਤ ਰੰਗਾ ਸੱਤਾਂ ਲੋਕਾਂ ਕਰੇ ਸਫ਼ਾਈਆ । ਇਹ ਲੇਖਾ ਨੌ ਸੌ ਚੁਰਾਨਵੇਂ ਚੌਕੜੀ ਗੇੜ ਦਾ, ਗੇੜੇ ਵਿਚ ਭਵਾਈਆ । ਇਹ ਲਹਿਣਾ ਗੋਬਿੰਦ ਦੀ ਮਿਹਰ ਦਾ, ਮੁਹੱਬਤ ਦਾ ਮੂਲ ਚੁਕਾਈਆ । ਇਹ ਫੇਰਾ ਪ੍ਰਭੂ ਸ਼ੇਰ ਦਾ, ਸ਼ਰੀਅਤ ਦਏ ਬਦਲਾਈਆ । ਸੰਤ ਸੁਹੇਲੇ ਲੱਖ ਚੁਰਾਸੀ ਵਿਚੋਂ ਨਿਖੇੜਦਾ, ਨਿਖੜਿਆਂ ਜੋੜ ਜੁੜਾਈਆ । ਅਗੇ ਨਜ਼ਾਰਾ ਵੇਖਿਓ


੧੩੫
੧੯

ਅਗੰਮੀ ਕੇਹਰ ਦਾ, ਜੋ ਕਬਰਾਂ ਵਿਚੋਂ ਸੁੱਤੇ ਲਏ ਉਠਾਈਆ । ਕੁਛ ਲੇਖਾ ਸ਼ਰੀਫ ਅਜਮੇਰ ਦਾ, ਆਪਣੇ ਨਾਲ ਬਣਾਈਆ । ਕੁਛ ਝਗੜਾ ਗੋਬਿੰਦ ਦਾ ਗੋਦਾਵਰੀ ਵਾਲੇ ਡੇਰ ਦਾ, ਡੇਰਿਆਂ ਵਾਲੇ ਦਏ ਹਿਲਾਈਆ । ਨੰਗੀ ਪੈਰੀਂ ਫ਼ਰੰਗੀ ਵੇਖਿਓ ਘੇਰ ਦਾ, ਪਿਠ ਨੰਗੀ ਦਏ ਵਖਾਈਆ । ਜੰਗੀ ਛੇੜਾਂ ਆਪੇ ਛੇੜਦਾ, ਜੰਗਜੂ ਬਹਾਦਰ ਫੇਰਾ ਪਾਈਆ । ਰੰਗ ਵੇਖਿਓ ਪ੍ਰਭੂ ਦੀ ਸਵੇਰ ਦਾ, ਜੋ ਸੁਬਹ ਦੀ ਸੁਬਹ ਦਏ ਬਦਲਾਈਆ । ਸੱਤ ਰੰਗਾ ਕਹੇ ਮੈਨੂੰ ਕਿਉਂ ਬਣਾਇਆ ਡੰਡਾ, ਡੰਡੌਤ ਸਚ ਨਾ ਕੋਇ ਸਮਝਾਈਆ । ਮੇਰਾ ਲੇਖਾ ਗੋਦਾਵਰੀ ਕੰਢਾ, ਗੋਬਿੰਦ ਰਾਹ ਤਕਾਈਆ । ਗੁਲਾਬ ਕਹੇ ਮੇਰਾ ਲੇਖਾ ਨਾਲ ਬੰਦਾ, ਬੰਧਨ ਦਏ ਤੁੜਾਈਆ । ਪੁਰਖ ਅਕਾਲ ਕਿਹਾ ਤੂੰ ਬੱਚੂ ਸਭ ਨਾਲੋਂ ਚੰਗਾ, ਜੋ ਕਲਜੁਗ ਕੁੜੀਆਂ ਵੰਗਾਂ ਦਏਂ ਭੰਨਾਈਆ । ਤੂੰ ਕੀ ਲੱਭਣਾ ਓਹ ਜਿਹੜਾ ਭਗਤ ਸ਼ਮਅ ਤੇ ਜਾ ਕੇ ਕਦੀ ਸੜਿਆ ਨਹੀਂ ਵਾਂਗ ਪਤੰਗਾ, ਸ਼ਮਅ ਦੇ ਵਿਚ ਸਮਾਈਆ । ਲੱਕੋਂ ਕੁਬੀ ਰੋਵੇ ਭੁੱਬੀਂ ਉਹ ਬ੍ਰਾਹਮਣੋਂ ਤੁਹਾਡੀ ਮਾਈ ਗੰਗਾ, ਗੋਦਾਵਰੀ ਮੈਂਢੀ ਖੋਲ੍ਹ ਦਏ ਦੁਹਾਈਆ । ਹਾਏ ਪ੍ਰਭੂ ਕਿਉਂ ਫਿਰਦਾ ਪੈਰੀਂ ਨੰਗਾ, ਤੇਰੀ ਬੇਪਰਵਾਹੀਆ । ਸਾਨੂੰ ਦਿਸਦਾ ਕਿਸੇ ਤੀਰਥ ਵਿਚ ਪਾਣੀ ਰਹਿਣ ਨਹੀਂ ਦਿਤਾ ਚੰਗਾ, ਚੰਗਿਆਂ ਤੋਂ ਮੰਦੇ ਦਿਤੇ ਬਣਾਈਆ । ਸਾਧੂ ਕਲਜੁਗ ਕਰ ਕੇ ਰੰਡਾ, ਰੰਡਿਆਂ ਦਾ ਵਿਹੜਾ ਦਿਤਾ ਵਸਾਈਆ । ਸ਼ਾਹਰਗ ਉਤੇ ਮਾਰ ਕੇ ਡੰਡਾ, ਉਤੋਂ ਹੇਠਾਂ ਦਿਤੇ ਲਾਹੀਆ । ਐਵੇਂ ਕਹਿੰਦੇ ਸਾਨੂੰ ਦਿਸਦਾ ਸੂਰਜ ਚੰਦਾ, ਹਾਏ ਹਾਏ ਮਿਲਿਆ ਨਾ ਪੁਰਖ ਅਕਾਲ ਧੁਰ ਦਾ ਮਾਹੀਆ । ਅਗੇ ਪਿਛੇ ਸੱਜੇ ਖੱਬੇ ਵੇਖਣ ਕੋਈ ਹੋਰ ਵੀ ਹੈਗਾ ਸਾਡੇ ਵਰਗਾ ਗੰਦਾ, ਜੋ ਪ੍ਰਭ ਨਾਲ ਦਗ਼ਾ ਕਮਾਈਆ । ਵੇਸਵਾ ਵਾਂਗ ਡਾਹ ਕੇ ਮੰਜਾ, ਪਗੜੀਆਂ ਟੋਪੀਆਂ ਸਾਂਭ ਕੇ ਮੂੰਹ ਉਤੇ ਹੱਥ ਫਿਰਾਈਆ । ਪ੍ਰਭੂ ਨੇ ਕਿਹਾ ਤੁਹਾਡਾ ਏਥੋਂ ਫੜ ਕੇ ਪੜਦਾ ਕਰਨਾ ਨੰਗਾ, ਗੁੱਸੇ ਵਾਲੀ ਗੁੰਜਾਇਸ਼ ਨਾ ਕੋਇ ਰਖਾਈਆ । ਮੁਰੀਦਾਂ ਦੇ ਪਿਛੋਂ ਈਦਾਂ ਦੇ ਮਗਰੋਂ ਤਕਰੀਰਾਂ ਦੇ ਬਾਅਦ ਅੰਦਰ ਵੜ ਕੇ ਤੋਬਾ ਕਰ ਕੇ ਚਰਨੀ ਪੜ ਕੇ ਕਹਿਣ ਚੰਗਾ, ਜਿਵੇਂ ਤੇਰੀ ਰਜ਼ਾਈਆ । ਸ੍ਰੀ ਭਗਵਾਨ ਕਿਹਾ ਮੈਂ ਕੀ ਕਰਾਂ ਗੋਬਿੰਦ ਮੈਥੋਂ ਛੱਬੀ ਪੋਹ ਤੋਂ ਫੇਰ ਮੰਗ ਲਿਆ ਖੰਡਾ, ਜਿਸਨੂੰ ਮੁੱਠੀ ਪਿਛੇ ਨਹੀਂ ਕੋਈ ਡੰਡਾ, ਡੰਡੌਤ ਸਭ ਨੂੰ ਦਏ ਸਿਖਾਈਆ । ਵੇਖਿਓ ਪੂਰਨ ਨੂੰ ਕੋਈ ਨਾ ਕਹਿਓ ਬੰਦਾ, ਬੰਦਿਓ ਬੰਦਿਓ ਬੰਦਿਓ ਦੀਨਾ ਬੰਧੂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਪ੍ਰਭੂ ਤੇਰਾ ਖੇਲ ਕਿਥੇ, ਗੋਬਿੰਦ ਕਹੇ ਮੈਨੂੰ ਦੇ ਜਣਾਈਆ । ਪੁਰਖ ਅਕਾਲ ਕਹੇ ਭਗਤ ਵਸਣ ਜਿਥੇ, ਮੈਂ ਓਥੇ ਫੇਰਾ ਪਾਈਆ । ਓਹਨਾਂ ਦੇ ਕਰਮ ਜਨਮ ਪਾਪ ਸੰਤਾਪ ਚੁਕ ਕੇ ਇਕੱਠੇ, ਉਠਾ ਕੇ ਆਪਣੇ ਕ਼ਦਮਾਂ ਉਤੇ ਟਿਕਾਈਆ । ਇਹ ਸੁਣ ਕੇ ਦੁਰਗਾ ਅਸ਼ਟਭੁਜ ਪਿੱਟੇ, ਹਾਏ ਹਾਏ ਹਾਏ ਸ਼ੇਰ ਨੇ ਸਭ ਦੀ ਕੀਤੀ ਸਫ਼ਾਈਆ । ਮੇਰੇ ਲਾਲ ਬਸਤਰਾਂ ਨਾਲੋਂ ਗੁਰਮੁਖਾਂ ਦੇ ਚੰਗੇ ਕੀਤੇ ਬਸਤਰ ਚਿੱਟੇ, ਚਿੱਟੀ ਧਾਰੋਂ ਅਗੇ ਲਏ ਲੰਘਾਈਆ । ਹੈਂ ! ਸਾਰੇ ਤਾਰੇ ਵੱਡੇ ਨਿੱਕੇ, ਮੈਂਢੀ ਖੋਲ੍ਹ ਕੇ ਵੈਣ ਪਾਈਆ । ਗੋਬਿੰਦ ਕਿਹਾ ਮੈਂ ਕਿਹੜੇ ਲੁਕੇ ਰਹਿਣ ਦੇਣੇ ਕਿਸੇ ਗੁਠੇ, ਵਿਥਾਂ ਵਿਚੋਂ ਬਾਹਰ ਕਢਾਈਆ । ਅੰਤਮ ਬੰਨ੍ਹਣੇ ਇਕੋ ਮੁਠੇ, ਮੁਠੀ ਆਪਣੀ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਕਹੇ ਮੈਨੂੰ ਕੁਛ ਗਿਆ ਚੁੱਭ, ਤੀਰ ਦਿਤਾ ਲਗਾਈਆ । ਉੱਤਰ ਪੂਰਬ ਪੱਛਮ ਦੱਖਣ ਚਾਰੇ ਦਿਸ਼ਾਂ ਵੱਜੇ ਭੁੱਬ, ਰੋ ਰੋ ਸੁਣਾਈਆ । ਦੀਨ ਦੁਨੀ ਦਾ ਨਿਕਲ ਗਿਆ ਕੁੱਬ, ਵਿੰਗ ਸਕੇ ਨਾ ਕੋਇ ਕਢਾਈਆ । ਗੋਬਿੰਦ ਸ਼ਬਦੀ ਮਾਰਿਆ ਗੁੱਭ, ਸਾਰੇ ਦਿਤੇ ਸੁਟਾਈਆ । ਸ੍ਰੀ ਭਗਵਾਨ ਨੇ ਹੁਣ ਵੇਖਣਾ ਚੜ੍ਹ ਕੇ ਉਤੇ

ਲਕੜੀ ਦੇ ਮੁੱਢ, ਸੋਹਣਾ ਆਸਣ ਲਾਈਆ । ਇਹੋ ਜਿਹਾ ਕਦੀ ਨਹੀਂ ਸੀ ਬਦਲਿਆ ਜੁਗ, ਭਗਤ ਉਧਾਰੇ ਤੇ ਦੁਸ਼ਟਾਂ ਦੀ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਵਕਤ ਦਏ ਵਡਿਆਈਆ । ਗੋਬਿੰਦ ਕਹੇ ਮੈਨੂੰ ਅਜੇ ਚੜ੍ਹਨ ਲੱਗੀ ਜਵਾਨੀ ਸੰਮਤ ਪਹਿਲਾ ਨਜ਼ਰੀ ਆਈਆ । ਮੈਂ ਪਹਿਲੀ ਵਾਰ ਭਗਤਾਂ ਦੀ ਖਾਧੀ ਮਹਿਮਾਨੀ, ਬਲ ਆਪਣਾ ਲਿਆ ਵਧਾਈਆ । ਮੈਂ ਛੱਡ ਦਿਤੇ ਭੱਥੇ ਤੀਰ ਕਾਨੀ, ਸ਼ਬਦੀ ਚਿੱਲਾ ਇਕ ਉਠਾਈਆ । ਕੋਈ ਰਹਿਣ ਨਹੀਂ ਦੇਣਾ ਅਭਿਮਾਨੀ, ਕੂੜੀ ਕਿਰਿਆ ਦੇਣੀ ਗਵਾਈਆ । ਪੁਰਖ ਅਕਾਲ ਦੀ ਭਗਤਾਂ ਨਾਲ ਰਹਿਣੀ ਨਿਸ਼ਾਨੀ, ਨਿਸ਼ਾਨੇ ਸਾਰੇ ਦੇਣੇ ਚੁਕਾਈਆ । ਜਿਨ੍ਹਾਂ ਪਿਛੇ ਬੱਚਿਆਂ ਦੀ ਕੀਤੀ ਕ਼ੁਰਬਾਨੀ, ਆਪਣੀ ਦਿਤੀ ਜ਼ਿੰਦਗਾਨੀ, ਸ੍ਰਿਸ਼ਟੀ ਦੱਸੀ ਫ਼ਾਨੀ, ਮਾਇਆ ਦੀ ਕ਼ੀਮਤ ਨਹੀਂ ਪਾਈ ਦਵਾਨੀ, ਸਰਸੇ ਵਿਚ ਸੁਟਾਈਆ । ਏਸੇ ਕਾਰਨ ਕਰੇ ਮਿਹਰਬਾਨੀ, ਗੁਰਮੁਖੋ ਤੁਹਾਡੇ ਹੱਥ ਲਾਏ ਉਤੇ ਪੇਸ਼ਾਨੀ, ਹੈਰਾਨੀ ਅੰਦਰੋਂ ਦਏ ਗਵਾਈਆ । ਤੁਹਾਡਾ ਮੇਰਾ ਲਹਿਣਾ ਨਹੀਂ ਕੋਈ ਜ਼ਬਾਨੀ ਕਲਾਮੀ, ਮੈਂ ਤੁਹਾਡੇ ਪਿਛੇ ਕਰਨ ਆਇਆ ਗ਼ੁਲਾਮੀ, ਜੇ ਫੇਰ ਪੁਛੇ ਮਾਲਕ ਧੁਰ ਇਨਾਮੀ, ਬਦਨਾਮੀ ਤੁਹਾਡੀ ਆਪਣੀ ਝੋਲੀ ਪਾਈਆ । ਓ ਵੇਖਿਓ ਕਿਤੇ ਓਹ ਜੂਹ ਨਾ ਸਮਝਿਓ ਬੇਗਾਨੀ, ਏਥੇ ਗੁਰੂਆਂ ਅਵਤਾਰਾਂ ਪੈਗ਼ੰਬਰਾਂ ਦਾ ਮੁਕੱਦਮਾ ਦੀਵਾਨੀ, ਫ਼ੈਸਲਾ ਹੱਕੋ ਹੱਕ ਸੁਣਾਈਆ । ਤੁਹਾਡੀ ਅਜੇ ਸੁਰਤ ਅੰਞਾਣੀ, ਗੋਬਿੰਦ ਮਿਲਣਾ ਸੱਚਾ ਹਾਣੀ, ਜਿਸ ਜੁਝਾਰ ਨੂੰ ਦਿਤਾ ਨਹੀਂ ਪਾਣੀ, ਤੁਹਾਨੂੰ ਅੰਮ੍ਰਿਤ ਪਿਆਲੇ ਦਏ ਪਿਆਈਆ । ਨਾਲੇ ਆਉਣਾ ਵਿਚ ਮੈਦਾਨੀ, ਦੁਨੀਆ ਵੇਖਣੀ ਜਗਤ ਨਾਦਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਤ ਧਵਲ ਦਏ ਸੁਹਾਈਆ । ਧਰਨੀ ਕਹੇ ਮੇਰੇ ਉਤੇ ਐਥੇ ਪਿਆ ਧਮਾਕਾ, ਰਾਮ ਨੌਂ ਵੇਰਾਂ ਸੀਸ ਝੁਕਾਈਆ ।



ਮੱਥਾ ਟੇਕਿਆ ਆਪਣੇ ਬਾਪਾ, ਰਾਮ ਦਾ ਰਾਮ ਮਨਾਈਆ । ਮੈਂ ਤੇਰਾ ਨਿੱਕਾ ਜਿਹਾ ਕਾਕਾ, ਦਸਰਥ ਦਾ ਬੇਟਾ ਅਖਵਾਈਆ । ਪੁਰਖ ਅਕਾਲ ਕਿਹਾ ਇਹ ਫੇਰ ਕਰਾਂਗਾ ਬਾਤਾ, ਕਲਜੁਗ ਅੰਤਮ ਰਿਹਾ ਸਮਝਾਈਆ । ਸ਼ਹਿਨਸ਼ਾਹੀ ਸੰਮਤ ਦੀਆਂ ਆਉਣ ਰਾਤਾ, ਛੱਬੀ ਪੋਹ ਵੱਜੇ ਵਧਾਈਆ । ਜਿਸ ਵੇਲੇ ਭਾਗ ਲੱਗੇ ਸ੍ਰਿਸ਼ਟੀ ਦੀ ਧਰਤੀ ਮਾਤਾ, ਪ੍ਰਭੂ ਦੇ ਚਰਨਾਂ ਦੀ ਧੂੜ ਨਜ਼ਰੀ ਆਈਆ । ਮੇਰੀ ਕੋਈ ਜਾਤ ਨਹੀਂ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹਮਾਸਾ,, ਵੰਡਾਂ ਵਿਚ ਹਿੱਸਾ ਨਾ ਕੋਇ ਪਾਈਆ । ਜਦ ਆਵਾਂ ਵੇਖਣ ਜਗਤ ਤਮਾਸ਼ਾ, ਤਮਾਸ਼ਗੀਰ ਹੋ ਕੇ ਫੇਰਾ ਪਾਈਆ । ਸਚ ਪੁਛੋ ਤਾਂ ਮੈਨੂੰ ਖ਼ੁਸ਼ੀਆਂ ਵਿਚ ਆਵੇ ਹਾਸਾ, ਗੁਰਮੁਖਾਂ ਮਿਲ ਕੇ ਖ਼ੁਸ਼ੀ ਮਨਾਈਆ । ਸਭ ਨੇ ਜਾਣਿਆ ਗੋਬਿੰਦ ਦਾ ਪੰਜ ਤਤ ਕਾਇਆ ਚੋਲਾ ਪਾਟਾ, ਬਾਜ਼ ਘੋੜੇ ਹੋਏ ਜੁਦਾਈਆ । ਕੋਈ ਨਾ ਜਾਣੇ ਉਹ ਸ਼ਬਦੀ ਧੁਰ ਦਾ ਆਕਾ, ਅਕ਼ਲਾਂ ਤੋਂ ਬਾਹਰ ਡੇਰਾ ਲਾਈਆ । ਜਿਸ ਨੇ ਦੀਨਾਂ ਮਜ਼੍ਹਬਾਂ ਜਾਤਾਂ ਪਾਤਾਂ ਦਾ ਤੋੜਨਾ ਨਾਕਾ, ਸਿੱਧਾ ਵਹਿਣ ਦੇਣਾ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਮ ਕਿਹਾ ਮੈਂ ਚਾਰੋਂ ਕੁੰਟ ਵੇਖੀ ਇਕ ਹਸਤੀ, ਜਿਸ ਦਾ ਹਿਸਾਬ ਨਾ ਕੋਇ ਆਈਆ । ਫੇਰ ਵੇਖਿਆ ਤੇ ਉਹਦੀ ਭਗਤਾਂ ਅੰਦਰ ਮਸਤੀ, ਮਸਤਾਨੇ ਰਿਹਾ ਬਣਾਈਆ । ਤਰੇਤੇ ਤੋਂ ਅਗੇ ਦੁਆਪਰ ਤੋਂ ਪਰੇ ਕਲਜੁਗ ਅੰਤ ਜਿਨ ਗੁਰਮੁਖਾਂ ਦੀ ਬਣਾਉਣੀ ਬਸਤੀ, ਬਿਸਤਰੇ ਸਭ ਦੇ ਗੋਲ ਕਰਾਈਆ । ਆਪਣੀ ਪ੍ਰੀਤੀ ਕਰਨੀ ਸਸਤੀ, ਮਿਹਰ ਨਜ਼ਰ ਇਕ ਉਠਾਈਆ । ਪਹਿਰੇਦਾਰ ਬਣ ਕੇ ਚਾਰ ਕੁੰਟ ਫਿਰਨਾ ਗਸ਼ਤੀ, ਅੰਦਰ ਵੜ ਵੜ ਵੇਖ ਵਖਾਈਆ । ਕਿਹੜੀ ਆਤਮਾ ਮੇਰੇ ਨਾਲ ਵਸਦੀ, ਗਲਵਕੜੀ ਬੈਠੀ ਪਾਈਆ । ਪਿਆਰ ਵਿਚ ਕਦੇ ਨਾ ਨੱਸਦੀ, ਬਹੁੜੀ ਬਹੁੜੀ ਦਏ ਦੁਹਾਈਆ । ਜੇ ਕਦੀ ਸੁਣੀ ਤੇ ਕਹਾਣੀ ਓਸੇ

ਦੇ ਸਚ ਦੀ, ਜੋ ਸੁੱਚੇ ਗੁਰਮੁਖ ਰਿਹਾ ਬਣਾਈਆ । ਜਨ ਭਗਤੋ ਜੋਤ ਅਕਾਲਣ ਤੁਹਾਡੇ ਪਿਛੇ ਨੱਚਦੀ, ਆਪਣਾ ਰੰਗ ਰਹੀ ਚੜ੍ਹਾਈਆ । ਇਹ ਕ਼ੀਮਤ ਪਾਈ ਗੋਬਿੰਦ ਦੇ ਬਚਨ ਸਵਾ ਲੱਖ ਦੀ, ਲੱਖਾਂ ਦਾ ਸੇਵਾਦਾਰ ਲਖਮੀ ਨਰਾਇਣ ਦਿਤਾ ਬਣਾਈਆ । ਮੈਂ ਖੇਲ ਕਰਾਂ ਤੁਹਾਡੇ ਪੱਖ ਦੀ, ਦੋ ਜਹਾਨਾਂ ਪੰਧ ਮੁਕਾਈਆ । ਅਗੇ ਰੀਤੀ ਬਦਲ ਦੇਣੀ ਜਗ ਦੀ, ਜੁਗਤ ਨਾਲ ਦ੍ਰਿੜ੍ਹਾਈਆ । ਤੁਹਾਡੀ ਬੁਧੀ ਰਹਿਣ ਨਹੀਂ ਦੇਣੀ ਕਗ ਦੀ, ਹੰਸ ਦੇਣੇ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਸੂਰੇ ਸਰਬਗ ਦੀ, ਸਮਰਥ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਹੱਬਤ ਵੇਖੀ ਭਗਤਾਂ ਦੀ ਰਤ ਦੀ, ਰਤੀ ਰਤ ਰੰਗ ਵਿਚ ਰੰਗਾਈਆ ।

### ✪ ੨੮ ਪੋਹ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ✪

ਹਰਿ ਸ਼ਬਦ ਕਹੇ ਸਤਿ ਸਾਚੀ ਧਾਰ, ਜੁਗ ਚੌਕੜੀ ਗਏ ਰਾਹ ਤਕਾਈਆ । ਗੁਰ ਅਵਤਾਰ ਪੈਗ਼ੰਬਰ ਬਣ ਕੇ ਸੇਵਾਦਾਰ, ਨਿਤ ਨਵਿਤ ਸੇਵ ਕਮਾਈਆ । ਧੁਰ ਦਾ ਨਾਦ ਸ਼ਬਦ ਜੈਕਾਰ, ਨਾਅਰਾ ਕਲਮਾ ਜਗਤ ਕਾਇਨਾਤ ਸੁਣਾਈਆ । ਪੰਜ ਤਤ ਕਾਇਆ ਬੁਤ ਝੁਕਦੇ ਰਹੇ ਵਿਚ ਸੰਸਾਰ, ਨਿਰਗੁਣ ਨਿਉਂ ਨਿਉਂ ਲਾਗਣ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਕਰ ਕੇ ਗਏ ਇਜ਼ਹਾਰ, ਅੱਖਰਾਂ ਵਿਚ ਢੋਲੇ ਗਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਅਗੇ ਕਰ ਕੇ ਗਏ ਪੁਕਾਰ, ਤਨ ਮਾਟੀ ਖ਼ਾਕੀ ਦੋਏ ਜੋੜ ਵਾਸਤਾ ਪਾਈਆ ।
੧੩੮ ੧੯ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਖੇਲੇ ਖੇਲ ਅਪਰ ਅਪਾਰ, ਅਪਰੰਪਰ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਿਸੇ ਨਾ ਪਾਈ ਸਾਰ, ਲੱਖ ਚੁਰਾਸੀ ਜੀਵ ਜੰਤ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਧੁਰ ਦਾ ਇਕ ਪਰਗਟਾਈਆ । ਹਰਿ ਸ਼ਬਦ ਕਹੇ ਜੁਗ ਚੌਕੜੀ ਖੇਲ ਸ੍ਰੀ ਭਗਵਾਨ, ਨਿਰਗੁਣ ਸਰਗੁਣ ਗਿਆ ਜਣਾਈਆ । ਥੋੜ੍ਹਾ ਥੋੜ੍ਹਾ ਦੇ ਕੇ ਨਾਮ ਦਾਨ, ਸੋਈ ਸੁਰਤੀ ਜਗਤ ਉਠਾਈਆ । ਤੱਤਾਂ ਵਾਲੀ ਰੀਤੀ ਦੱਸ ਕੇ ਰਾਮ ਕਾਹਨ, ਬੰਸਰੀ ਉਂਗਲਾਂ ਨਾਲ ਵਜਾਈਆ । ਸਜਦਿਆਂ ਵਿਚ ਕਰ ਸਲਾਮ, ਈਸਾ ਮੂਸਾ ਮੁਹੰਮਦ ਗਏ ਸੀਸ ਝੁਕਾਈਆ । ਨਾਨਕ ਗੋਬਿੰਦ ਕਰ ਪਰਨਾਮ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਰਹੇ ਗਾਈਆ । ਬਿਨਾ ਅੱਖਰਾਂ ਤੋਂ ਵੱਖਰਾ ਵਸੇ ਭਗਵਾਨ, ਜਿਸ ਦੀ ਸਮਝ ਕਿਸੇ ਨਾ ਪਾਈਆ । ਜੁਗ ਚੌਕੜੀ ਬਦਲਦਾ ਰਿਹਾ ਵਿਧਾਨ, ਲੋਕਮਾਤ ਖੇਲ ਖਿਲਾਈਆ । ਰਿਖੀਆਂ ਮੁਨੀਆਂ ਬ੍ਰਹਮਵੇਤਾ ਦਏ ਗਿਆਨ, ਨਿਰੰਤਰ ਅੰਤਰ ਮੰਤਰ ਇਕ ਸਮਝਾਈਆ । ਧੁਰ ਦਾ ਕਲਮਾ ਸਚ ਕਲਾਮ, ਪੈਗ਼ੰਬਰਾਂ ਕਰੇ ਪੜ੍ਹਾਈਆ । ਮੁਹੱਬਤ ਵਿਚ ਕਰ ਅਹਿਸਾਨ, ਮਹਿਬੂਬ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਦੇਵਣ ਆਇਆ ਬਿਆਨ, ਨੌ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਧੁਰ ਦਾ ਰਾਮ ਹੋਇਆ ਮਿਹਰਵਾਨ, ਮਹਿਬੂਬ ਅੱਖ ਪ੍ਰਤਖ ਖੁਲ੍ਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖਿਆ ਅੱਖਰਾਂ ਵਾਲਾ ਗਿਆਨ, ਰਸਨਾ ਜਿਹਵਾ ਢੋਲਾ ਗਾਈਆ । ਸਾਚਾ ਮਿਲੇ ਨਾ ਕਿਸੇ ਮੰਦਰ ਮਕਾਨ, ਮਹੱਲ ਅਟਲ ਸੋਭਾ ਕੋਇ ਨਾ ਪਾਈਆ । ਤੱਤਾਂ ਵਾਲਾ ਦੇਂਦੇ ਰਹੇ ਦਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ੧੩੮ ੧੯

ਭੇਟ ਚੜ੍ਹਾਈਆ । ਆਤਮ ਪਰਮਾਤਮ ਮਿਲਿਆ ਕੋਈ ਨਾ ਮਾਣ, ਨਾਤਾ ਹੱਕ ਨਾ ਕੋਇ ਰਖਾਈਆ । ਚੌਥਾ ਜੁਗ ਹੋਇਆ ਵੈਰਾਨ, ਹੈਰਾਨੀ ਸਭ ਦੇ ਉਪਰ ਛਾਈਆ । ਗੁਰ ਅਵਤਾਰ ਪੈਗ਼ੰਬਰ ਹੋਏ ਪਰੇਸ਼ਾਨ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜਗਤ ਵਿਦਿਆ ਲਾਉਂਦੇ ਰਹੇ ਦੀਵਾਨ, ਨਿਰਅੱਖਰ ਨਾ ਕੋਇ ਪੜ੍ਹਾਈਆ । ਪੜ੍ਹਦੇ ਰਹੇ ਸ਼ਾਸਤਰ ਸਿਮਰਤ ਵੇਦ ਪੁਰਾਨ, ਚਾਰੇ ਖਾਣੀ ਚਾਰੇ ਬਾਣੀ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਮੈਂ ਦੇਣਾ ਇਕ ਸੰਦੇਸ਼ਾ, ਜਿਸ ਦੀ ਸਮਝ ਕਿਸੇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਜੁਗ ਜੁਗ ਵਟਾਉਂਦੇ ਰਹੇ ਵੇਸਾ, ਨਿਰਗੁਣ ਸਰਗੁਣ ਫੇਰਾ ਪਾਈਆ । ਆਦਿ ਜੁਗਾਦੀ ਕੋਈ ਜਾਣ ਨਾ ਸਕਿਆ ਲੇਖਾ, ਅੰਤ ਕਹਿਣ ਕੋਇ ਨਾ ਪਾਈਆ । ਦੀਨਾਂ ਮਜ਼੍ਹਬਾਂ ਵਾਲਾ ਪਾ ਭੁਲੇਖਾ, ਜਾਤੀ ਪਾਤੀ ਵੰਡ ਵੰਡਾਈਆ । ਦੀਨ ਦੁਨੀ ਦਾ ਦੇ ਕੇ ਠੇਕਾ, ਠੇਕੇਦਾਰ ਦਿਤੇ ਬਣਾਈਆ । ਆਤਮ ਪਰਮਾਤਮ ਕਿਸੇ ਨਾ ਦੱਸਿਆ ਏਕਾ, ਏਕੰਕਾਰ ਭੇਵ ਨਾ ਕੋਇ ਖੁਲ੍ਹਾਈਆ । ਬ੍ਰਹਮਾ ਸਮਝ ਨਾ ਸਕਿਆ ਵੇਤਾ, ਵਿਸ਼ਨੂੰ ਅਲਖ ਨਾ ਕੋਇ ਜਗਾਈਆ । ਸ਼ੰਕਰ ਖਾਂਦਾ ਰਿਹਾ ਠੇਡਾ, ਨੇਤਰ ਅੱਖ ਨਾ ਕੋਇ ਵਡਿਆਈਆ । ਚਾਰ ਜੁਗ ਬਦਲਦਾ ਰਿਹਾ ਭੇਖਾ, ਭੇਖਾਧਾਰੀ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਿਆ ਲੋਕਮਾਤ ਜਗ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਦੀਨਾਂ ਮਜ਼੍ਹਬਾਂ ਜਾਤਾਂ ਪਾਤਾਂ ਲੱਗੀ ਅੱਗ, ਅੱਖਰਾਂ ਕਰਨ ਪੜ੍ਹਾਈਆ । ਦੂਈ ਦਵੈਤ ਕੂੜੀ ਕਿਰਿਆ ਕੋਈ ਨਾ ਸਕੇ ਅੰਦਰੋਂ ਕੱਢ, ਮਾਇਆ ਮਮਤਾ ਮੋਹ ਨਾ ਕੋਇ ਮਿਟਾਈਆ । ਬਿਨ ਹਰਿ ਪਿਆਰ ਖ਼ਾਲੀ ਦਿਸਣ ਹੱਡ, ਨਾਰੀ ਕੰਤ ਜੋੜ ਨਾ ਕੋਇ ਜੁੜਾਈਆ । ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧੇ ਗ੍ਰੰਥੀ ਪੰਥੀ ਮਾਰਗ ਰਹੇ ਦੱਸ, ਦਸਮ ਦਵਾਰੀ ਮੇਲ ਨਾ ਕੋਇ ਕਰਾਈਆ । ਆਤਮ ਪਰਮਾਤਮ ਨਾਤਾ ਜੋੜੇ ਕੋਈ ਨਾ ਸਚ, ਕ਼ੀਮਤ ਰਤੀਆਂ ਰਹੇ ਪਾਈਆ । ਸਾਚਾ ਦਸਾਏ ਨਾ ਕੋਇ ਤੀਰਥ ਤਟ, ਅੰਮ੍ਰਿਤ ਸਰ ਸਰੋਵਰ ਨਾ ਕੋਇ ਬਣਾਈਆ । ਪੜ੍ਹ ਪੜ੍ਹ ਸਾਰੇ ਗਏ ਥੱਕ, ਚੌਦਾਂ ਵਿਦਿਆ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਜੁਗ ਚੌਕੜੀ ਵੇਂਹਦਾ ਰਿਹਾ ਵਿਆਹ, ਨਾਰੀ ਪੁਰਖ ਰਾਹ ਤਕਾਈਆ । ਕਿਸੇ ਦਾ ਵਿਚੋਲਾ ਬਣਿਆ ਨਾ ਬੇਪਰਵਾਹ, ਸਿਰ ਹੱਥ ਨਾ ਕੋਇ ਟਿਕਾਈਆ । ਨਾਈ ਬ੍ਰਾਹਮਣ ਜਜਮਾਨਾਂ ਘਰ ਜਾਂਦੇ ਆ, ਵਿਚੋਲੇ ਵਾਧੂ ਫੇਰਾ ਪਾਈਆ । ਧੀਆਂ ਪੁੱਤਾਂ ਵਾਲਿਆਂ ਦੋਹਾਂ ਘਰਾਂ ਤੋਂ ਲੈਂਦੇ ਖਾ, ਭੋਜਨ ਰਸਨਾ ਨਾਲ ਛੁਹਾਈਆ । ਨਿਰਗੁਣ ਨੂਰ ਕਹੇ ਮੈਂ ਗੁਰ ਅਵਤਾਰ ਪੈਗ਼ੰਬਰ ਬਣਾਏ ਗਵਾਹ, ਸ਼ਹਾਦਤ ਸਾਰੇ ਦੇਣ ਭੁਗਤਾਈਆ । ਕਿਸੇ ਨੂੰ ਪ੍ਰਭ ਦੇ ਉਤੇ ਵਿਸ਼ਵਾਸ ਨਾ ਆਇਆ ਵਸਾਹ, ਵਿਸਰੀ ਸਰਬ ਲੋਕਾਈਆ । ਧਰਮ ਦਵਾਰੇ ਬੈਠ ਕੇ ਜਗ ਨੀਤੀ ਕੂੜੀ ਕਿਰਿਆ ਰਹੇ ਤਕਾ, ਨਿਜ ਨੈਣ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਦਾ ਰਿਹਾ ਚੌਕੜੀ ਜੁਗ, ਸਤਿਜੁਗ ਤਰੇਤਾ ਦੁਆਪਰ ਕਲਜੁਗ ਮਾਤ ਹੰਢਾਈਆ । ਗੁਰ ਅਵਤਾਰ ਪੈਗ਼ੰਬਰ ਸੁਣਾਉਂਦੇ ਗਏ ਪ੍ਰਭੂ ਦੀ ਤੁਕ, ਪਰਵਰਦਿਗਾਰ ਨਾਮ ਸਾਲਾਹੀਆ । ਕਲਜੁਗ ਅੰਤ ਸ੍ਰਿਸ਼ਟੀ ਦ੍ਰਿਸ਼ਟੀ ਨਿਸ਼ਾਨਿਉਂ ਗਈ ਉਕ, ਤੀਰ ਗੁਣੀ ਗਹੀਰ ਨਾ ਕੋਇ ਚਲਾਈਆ । ਮਾਇਆ ਮਮਤਾ ਕੂੜੀ ਤ੍ਰਿਸ਼ਨਾ ਘਰ ਘਰ ਲੱਗੀ ਭੁੱਖ, ਤਾਅਨਿਆਂ

ਵਿਚ ਲੋਕਾਈਆ । ਪੁੱਤਰਾਂ ਵਾਲੇ ਧੀਆਂ ਵਾਲਿਆਂ ਨੂੰ ਰਹੇ ਲੁੱਟ, ਲੁਟੇਰੇ ਬਣ ਕੇ ਫੇਰਾ ਪਾਈਆ । ਪੁਰਖ ਅਕਾਲ ਦੀਨ ਦਿਆਲ ਭਗਤ ਸੁਹੇਲੇ ਬਣਾ ਕੇ ਆਪਣੇ ਪੁੱਤ, ਮਿਹਰ ਨਜ਼ਰ ਇਕ ਉਠਾਈਆ । ਅਗੇ ਸ੍ਰਿਸ਼ਟੀ ਦਾ ਬਦਲਣਾ ਰੁਖ਼, ਚਾਰ ਵਰਨ ਦੇਣੇ ਸਮਝਾਈਆ । ਨਾ ਕੋਈ ਪੜਦਾ ਨਾ ਕੋਈ ਲੁਕ, ਭਰਮ ਭੁਲੇਖਾ ਦੇਣਾ ਕਢਾਈਆ । ਭਾਵੇਂ ਇਸਤਰੀ ਹੋਵੇ ਭਾਵੇਂ ਮਨੁੱਖ, ਦੋਹਾਂ ਦਾ ਇਕੋ ਹੱਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਂਹਦਾ ਰਿਹਾ ਜਗਤ ਰੀਤੀ, ਚਾਰ ਕੁੰਟ ਧਿਆਨ ਲਗਾਈਆ । ਕੋਈ ਮੰਦਰ ਵੜੇ ਮਸੀਤੀ, ਗੁਰਦਵਾਰ ਫੇਰੀਆਂ ਪਾਈਆ । ਸਾਹਿਬ ਸਤਿਗੁਰ ਨਾਲ ਕਰੇ ਨਾ ਕੋਇ ਪ੍ਰੀਤੀ, ਹਿਰਦੇ ਹਰਿ ਨਾ ਕੋਇ ਵਸਾਈਆ । ਗੋਬਿੰਦ ਸੋਹਣੀ ਲਾ ਕੇ ਗਿਆ ਬਗ਼ੀਚੀ, ਫੁੱਲ ਫੁਲਵਾੜੀ ਮਾਤ ਮਹਿਕਾਈਆ । ਨਾਨਕ ਦੱਸ ਕੇ ਗਿਆ ਹਦੀਸੀ, ਧੁਰ ਦੀ ਕਰ ਪੜ੍ਹਾਈਆ । ਗੁਰਮੁਖੋ ਗੁਰਸਿਖੀ ਦੀ ਧਾਰ ਨੀਕੀ, ਨਿੱਕਿਆਂ ਤੋਂ ਵੱਡੇ ਦਏ ਬਣਾਈਆ । ਜਿੰਨਾਂ ਚਿਰ ਜਾਣੇ ਨਾ ਆਪਣੀ ਕੀਤੀ, ਕਰਮਾਂ ਦਾ ਰੋਗ ਕਟਾਈਆ । ਕਾਇਆ ਹੋਣੀ ਨਹੀਂ ਠੰਡੀ ਸੀਤੀ, ਅਗਨੀ ਤਤ ਨਾ ਕੋਇ ਬੁਝਾਈਆ । ਝਗੜਾ ਮੁੱਕਣਾ ਨਹੀਂ ਊਚ ਨੀਚੀ, ਰਾਓ ਰੰਕ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸਤਿਗੁਰ ਸ਼ਬਦ ਕਹੇ ਨਾਨਕ ਗੁਰ ਅਰਜਨ ਗਾ ਕੇ ਗਿਆ ਲਾਂਵ ਚਾਰ, ਚਾਰ ਵਰਨ ਚਾਰ ਜੁਗ ਗਿਆ ਸਮਝਾਈਆ । ਸੁਰਤੀ ਸ਼ਬਦ ਕਰੋ ਪਿਆਰ, ਤੱਤਾਂ ਦੀ ਲੋੜ ਰਹੇ ਨਾ ਰਾਈਆ । ਤੁਹਾਡੀ ਆਤਮ ਹੋਵੇ ਨਾਰ, ਪਰਮਾਤਮ ਕੰਤ ਬੇਪਰਵਾਹੀਆ । ਜਿੰਨਾਂ ਚਿਰ ਮਿਲਿਆ ਨਾ ਅਬਿਨਾਸ਼ੀ ਯਾਰ, ਯਰਾਨਾ ਹੱਕ ਨਾ ਕੋਇ ਵਖਾਈਆ । ਬਿਨਾ ਪੂਰਨ ਭਗਤਾਂ ਤੋਂ ਕਦੇ ਨਾ ਪੂਰਾ ਹੋਵੇ ਵਿਹਾਰ, ਭਰਮੇ ਭੁੱਲੀ ਸਰਬ ਲੋਕਾਈਆ । ਗ੍ਰੰਥੀ ਪੰਥੀ ਕਿਸੇ ਨਾ ਪਾਈ ਸਾਰ, ਭੇਵ ਕੋਇ ਨਾ ਪਾਈਆ । ਗੋਬਿੰਦ ਬੋਲ ਗਿਆ ਲਲਕਾਰ, ਢੋਲਾ ਇਕ ਜਣਾਈਆ । ਫ਼ਤਿਹ ਸਚ ਡੰਕਾ ਵਿਚ ਸੰਸਾਰ, ਸ਼ਬਦੀ ਨਾਮ ਸੁਣਾਈਆ । ਖੇਲ ਪੁਰਖ ਅਕਾਲ, ਦੂਜਾ ਇਸ਼ਟ ਨਾ ਕੋਇ ਮਨਾਈਆ । ਸ੍ਰਿਸ਼ਟ ਹੋਵੇ ਬੇਹਾਲ, ਚਾਰ ਕੁੰਟ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਣਾ ਮਾਰਗ ਸਚ, ਸਤਿਜੁਗ ਸਾਚਾ ਆਪ ਉਠਾਈਆ । ਭਾਗ ਲਗਾ ਕੇ ਕਾਇਆ ਮਾਟੀ ਕੱਚ, ਭਗਤ ਸੁਹੇਲੇ ਭੇਵ ਖੁਲ੍ਹਾਈਆ । ਲੂੰ ਲੂੰ ਅੰਦਰ ਪ੍ਰੇਮ ਪ੍ਰੀਤੀ ਰਚ, ਰਚਨਾ ਧੁਰ ਦੀ ਦੇਣੀ ਵਖਾਈਆ । ਮਨੂਆ ਮਨ ਨਾ ਪਏ ਨੱਚ, ਕੂੜ ਕੁੜਿਆਰ ਨਾ ਕੋਇ ਹਲਕਾਈਆ । ਮਾਰਗ ਦੱਸ ਪੁਰਖ ਸਮਰਥ, ਰਾਹ ਇਕੋ ਦੇਣਾ ਵਖਾਈਆ । ਜਿਸ ਨੂੰ ਜੁਗ ਚੌਕੜੀ ਗਾਉਂਦੇ ਰਹੇ ਨਾਲ ਗਥ, ਢੋਲਿਆਂ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਿਜੁਗ ਕਹੇ ਮੈਂ ਉਠਿਆ ਜਾਗ, ਪਰਮ ਪੁਰਖ ਪ੍ਰਭ ਤੇਰੀ ਓਟ ਤਕਾਈਆ । ਸਤਿਗੁਰ ਸ਼ਬਦ ਕਹੇ ਓਹ ਵੇਖ ਕਲਜੁਗ ਕਾਗ, ਜਿਹਵਾ ਕਾਗ ਵਾਂਗ ਕੁਰਲਾਈਆ । ਪੁਰਖ ਅਕਾਲ ਕਹੇ ਮੈਂ ਦੇਣਾ ਇਕ ਵੈਰਾਗ, ਜਨ ਭਗਤ ਦੇਣਾ ਸਮਝਾਈਆ । ਦੁਰਮਤ ਮੈਲ ਧੋ ਕੇ ਦਾਗ਼, ਪਤਿਤ ਪੁਨੀਤ ਦੇਣਾ ਵਖਾਈਆ । ਘਰ ਦੀਪਕ ਜੋਤ ਜਗਾ ਚਰਾਗ਼, ਨਿਰਗੁਣ ਨੂਰ ਕਰ ਰੁਸ਼ਨਾਈਆ । ਚਾਰ ਵਰਨ ਦਾ ਅਠਾਰਾਂ ਬਰਨ ਦਾ ਸ੍ਰਿਸ਼ਟੀ ਉਤੇ ਬਦਲ ਦੇਣਾ ਰਿਵਾਜ, ਪਿਛਲੀ ਰੀਤੀ ਰਹਿਣ ਕੋਇ ਨਾ ਪਾਈਆ । ਜਿਸ ਨੇ ਰਚਨਾ ਰਚੀ ਆਦਿ, ਉਹ ਵੇਖੇ ਵਿਚ

ਬ੍ਰਹਿਮਾਦ, ਬ੍ਰਹਿਮੰਡ ਆਪਣਾ ਹੁਕਮ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਯਾਦ, ਸੂਫ਼ੀ ਸੰਤ ਫ਼ਕੀਰ ਵਜਾਵਣ ਨਾਦ, ਢੋਲੇ ਧੁਰ ਦੇ ਇਕੋ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਸਾਚਾ ਦਏ ਵਖਾਈਆ । ਸਤਿਜੁਗ ਕਹੇ ਪ੍ਰਭੂ ਮਾਰਗ ਲਾ ਮਾਤ, ਮਨੁਖਤਾ ਦੇ ਵਡਿਆਈਆ । ਭੇਵ ਖੁਲ੍ਹਾ ਸੱਜਣ ਸਾਧ, ਸੰਤ ਸੁਹੇਲੇ ਗੋਦ ਉਠਾਈਆ । ਜਿਨ੍ਹਾਂ ਦੇ ਅੰਦਰ ਇਕੋ ਤੇਰੀ ਹੋਵੇ ਯਾਦ, ਦੂਜਾ ਇਸ਼ਟ ਨਾ ਕੋਇ ਮਨਾਈਆ । ਦੀਨਾਂ ਮਜ਼੍ਹਬਾਂ ਦਾ ਝਗੜਾ ਚੁੱਕੇ ਫ਼ਸਾਦ, ਪ੍ਰੇਮ ਰੰਗ ਵਿਚ ਸਮਾਈਆ । ਤੇਰੇ ਨਾਮ ਦੀ ਸੁਣਨ ਆਵਾਜ਼, ਦੂਜਾ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿਜੁਗ ਕਹੇ ਮੇਰਾ ਦੱਸ ਦੇ ਰਾਹ ਜਗਤ, ਇਕੋ ਵਾਰ ਦ੍ਰਿੜਾਈਆ । ਭਰਮ ਰਹੇ ਨਾ ਕਿਸੇ ਭਗਤ, ਭਗਵਨ ਪੜਦਾ ਦੇਣਾ ਉਠਾਈਆ । ਤੇਰੇ ਸੰਮਤ ਦਾ ਸੋਹਣਾ ਵਕ਼ਤ, ਜੁਗ ਜੁਗ ਰਿਹਾ ਬਦਲਾਈਆ । ਤੇਰੀ ਗੋਬਿੰਦ ਨਾਲ ਸ਼ਰਤ, ਸ਼ਬਦੀ ਹੁਕਮ ਸੁਣਾਈਆ । ਖੇਲ ਕਰਨਾ ਅਰਸ਼ ਤੇ ਫ਼ਰਸ਼, ਫ਼ੈਸਲਾ ਹੱਕ ਸੁਣਾਈਆ । ਗ਼ਰੀਬਾਂ ਉਤੇ ਕਰਨਾ ਤਰਸ, ਨਿਮਾਣਿਆਂ ਗੋਦ ਉਠਾਈਆ । ਜਾਤ ਪਾਤ ਦਾ ਮੇਟ ਕੇ ਹਰਖ਼, ਦੀਨ ਦੁਨੀ ਦੇਣੀ ਵਡਿਆਈਆ । ਜਨ ਭਗਤਾਂ ਕੋਲੋਂ ਕਿਸੇ ਨੂੰ ਲੈਣ ਨਹੀਂ ਦੇਣਾ ਧੜਤ, ਵੱਢੀ ਖੋਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਿਜੁਗ ਸੁਣ ਤੈਨੂੰ ਸਮਝਾਵਾਂਗਾ । ਤੇਰਾ ਮਾਰਗ ਮਾਤ ਲਗਾਵਾਂਗਾ । ਸੰਤ ਸੁਹੇਲਾ ਤੇਰਾ ਸਾਕ ਬਣਾਵਾਂਗਾ । ਗੁਰ ਚੇਲਾ ਰੰਗ ਰੰਗਾਵਾਂਗਾ । ਭਗਤਾਂ ਮੇਲਾ ਵਿਚ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਦਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵਾਂਗਾ । ਸਚ ਕਰਨੀ ਕਾਰ ਕਮਾਏਗਾ । ਪੁਰਖ ਅਬਿਨਾਸ਼ੀ ਦਇਆ ਕਮਾਏਗਾ । ਪੁਰਖ ਅਕਾਲਾ ਵੇਖ ਵਖਾਏਗਾ । ਦੀਨ ਦਿਆਲਾ ਫੇਰਾ ਪਾਏਗਾ । ਸਾਚੀ ਧਰਮਸਾਲਾ ਇਕ ਬਣਾਏਗਾ । ਚਾਰ ਵਰਨਾਂ ਫੜ ਬਹਾਏਗਾ । ਧੁਰ ਦੀ ਸਰਨ ਇਕ ਜਣਾਏਗਾ । ਮਰਨ ਡਰਨ ਭੌ ਮਿਟਾਏਗਾ । ਨੇਤਰ ਹਰਨਾ ਫਰਨਾ ਇਕ ਆਪ ਖੁਲ੍ਹਾਏਗਾ । ਕਿਸੇ ਗੁਰਮੁਖ ਨੂੰ ਜਗਤ ਵਿਹਾਰ ਵਿਚ ਫੜਨਾ ਪਏ ਨਾ ਪਰਨਾ, ਸ਼ਬਦ ਡੋਰੀ ਨਾਲ ਰਖਾਏਗਾ । ਘਰ ਵਿਚ ਜਾ ਕੇ ਫੇਰ ਪਏ ਨਾ ਲੜਨਾ, ਨਾਤਾ ਜਗਤ ਨਾ ਕੋਇ ਤੁੜਾਏਗਾ । ਗੁਰਮੁਖਾਂ ਮੰਜ਼ਲ ਓਸੇ ਚੜ੍ਹਨਾ, ਜਿਥੇ ਇਕੋ ਨੂਰ ਨਜ਼ਰੀ ਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਏਗਾ । ਸਤਿਜੁਗ ਕਹੇ ਪ੍ਰਭੂ ਕਿਸ ਬਿਧ ਭਗਤਾਂ ਕਰੇ ਸ਼ਾਦੀ, ਸ਼ਾਦਿਆਨਾ ਸਚ ਵਜਾਈਆ । ਪੁਰਖ ਅਕਾਲ ਕਿਹਾ ਇਹ ਮੈਨੂੰ ਧੁਰ ਦੀ ਵਾਦੀ, ਜੁਗ ਚੌਕੜੀ ਵੇਸ ਵਟਾਈਆ । ਕਲਜੁਗ ਅੰਤ ਹੋਣੀ ਬਰਬਾਦੀ, ਕਲਜੁਗ ਕੂੜ ਰਹਿਣ ਨਾ ਪਾਈਆ । ਕਰਨਾ ਖੇਲ ਪੁਰਖ ਅਬਿਨਾਸ਼ੀ, ਦੂਜਾ ਸੰਗ ਨਾ ਕੋਇ ਰਖਾਈਆ । ਝਗੜਾ ਮੁਕਣਾ ਪੰਡਤ ਕਾਸ਼ੀ, ਕਾਅਬੇ ਕ਼ੁਰਾਨ ਨਾ ਕੋਇ ਸੁਣਾਈਆ । ਗੁਰੂਦਵਾਰੇ ਰਹਿਣ ਨਹੀਂ ਦੇਣੀ ਕੋਈ ਬਦਮਾਸ਼ੀ, ਸਤਿਗੁਰ ਇਕੋ ਨਜ਼ਰੀ ਆਈਆ । ਇਕੋ ਮੰਡਲ ਵੇਖਣੀ ਰਾਸੀ, ਗੋਪੀ ਕਾਹਨ ਦੇਣੇ ਸਮਝਾਈਆ । ਜਨ ਭਗਤਾਂ ਦਾ ਸ੍ਰੀ ਭਗਵਾਨ ਬਣਨਾ ਸਾਥੀ, ਜਗਤ ਸੱਜਣਾਂ ਦੀ ਲੋੜ ਰਹੇ ਨਾ ਰਾਈਆ । ਕੂੜਾ ਨਾਤਾ ਤੁੱਟ ਜਾਏ ਮਾਤ ਪਿਤ ਭਾਈ ਭੈਣ ਫੁੱਫੀ ਮਾਸੀ, ਤਾਈ ਚਾਚੀ ਕੰਮ ਕਿਸੇ ਨਾ ਆਈਆ । ਅੰਤਮ ਸਭ ਨੂੰ ਮੰਨਣੀ ਪੈਣੀ ਆਖੀ, ਧੁਰ ਦਾ ਹੁਕਮ ਨਾ ਕੋਇ ਉਲਟਾਈਆ । ਜਿਸ ਦਾ ਥੋੜ੍ਹਾ ਸਮਾਂ ਬਾਕੀ, ਸੰਮਤ ਸਾਲ ਦਏ ਗਵਾਹੀਆ । ਚਾਰ ਕੁੰਟ ਰਹਿਣਾ

ਕੋਇ ਨਾ ਆਕੀ, ਨਵ ਨੌ ਚਾਰ ਵੱਜੇ ਵਧਾਈਆ । ਭਗਤਾਂ ਅੰਦਰ ਖੋਲ੍ਹ ਕੇ ਧੁਰ ਦੀ ਤਾਕੀ, ਪੜਦਾ ਉਹਲਾ ਦੇਣਾ ਉਠਾਈਆ । ਨਾਮ ਪਿਆਲਾ ਪਿਔਣਾ ਬਣ ਕੇ ਸਾਕੀ, ਸਾਖਿਆਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਿਜੁਗ ਕਹੇ ਪ੍ਰਭੂ ਮੈਂ ਵੇਖਣਾ ਸਚ ਸੰਜੋਗ, ਜੋੜੀ ਸੱਚੀ ਨਜ਼ਰੀ ਆਈਆ । ਜਿਨ੍ਹਾਂ ਹੋਵੇ ਨਾ ਤੇਰਾ ਵਿਜੋਗ, ਵਿਛੋੜਾ ਰੂਪ ਨਾ ਕੋਇ ਵਖਾਈਆ । ਮਾਇਆ ਮਮਤਾ ਰਹੇ ਨਾ ਰੋਗ, ਆਸਾ ਤ੍ਰਿਸ਼ਨਾ ਨਾ ਕੂੜ ਬਣਾਈਆ । ਭਾਗ ਲੱਗੇ ਕਾਇਆ ਕੋਟ, ਗ੍ਰਿਹ ਮੰਦਰ ਵੱਜੇ ਵਧਾਈਆ । ਸ਼ਬਦ ਅਗੰਮੀ ਲੱਗੇ ਚੋਟ, ਸੁਰਤੀ ਸੁਰਤ ਉਠਾਈਆ । ਪਰਕਾਸ਼ ਹੋਵੇ ਨਿਰਮਲ ਜੋਤ, ਨੂਰ ਨੂਰ ਰੁਸ਼ਨਾਈਆ । ਪਤ ਪਤਨੀ ਦੀ ਆਤਮ ਪਰਮਾਤਮ ਇਕੋ ਗੋਤ, ਪੜਦਾ ਉਹਲਾ ਦੇਣਾ ਉਠਾਈਆ । ਅਗੇ ਝਗੜਾ ਰਹੇ ਨਾ ਰੋਗ, ਰੋਜ਼ੇ ਨਮਾਜ਼ ਤੋਂ ਲੈਣੇ ਛੁਡਾਈਆ । ਜਨ ਭਗਤਾਂ ਦਾ ਸ੍ਰੀ ਭਗਵਾਨ ਤੇਰੇ ਅਗੇ ਇਕੋ ਵਾਰ ਪੈਣਾ ਭੋਗ, ਦੂਜੀ ਅਵਰ ਨਾ ਕੋਇ ਸਿਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇਣਾ ਬਣਾਈਆ । ਸਤਿਜੁਗ ਕਹੇ ਪ੍ਰਭੂ ਮੈਂ ਕੀ ਆਖਾਂ ਵਿਆਹ, ਵਿਵਾਹ ਸਮਝ ਕੋਇ ਨਾ ਆਈਆ । ਕੀ ਮੈਂ ਕਹਵਾਂ ਨਕਾਹ, ਨਕਾਬਾਂ ਮੁਖ ਲੁਕਾਈਆ । ਸਤਿਗੁਰ ਸ਼ਬਦ ਕਹੇ ਇਹ ਆਤਮ ਪਰਮਾਤਮ ਤਨ ਵਜੂਦ ਪੰਜ ਤਤ ਦੀ ਪਕੜੇ ਬਾਂਹ, ਦੋ ਜਹਾਨ ਦੀ ਲੋੜ ਨਾ ਕੋਇ ਰਖਾਈਆ । ਭਗਤ ਭਗਤ ਨਾਲ ਕਰ ਲੈਣ ਹਾਂ, ਵਿਚੋਲਿਆਂ ਨੂੰ ਧੱਕੇ ਮਾਰ ਕੇ ਘਰੋਂ ਦੇਣ ਕਢਾਈਆ । ਏਸ ਤਤ ਦਾ ਨਹੀਂ ਵਸਾਹ, ਥਿਰ ਰਹਿਣ ਕੋਇ ਨਾ ਪਾਈਆ । ਗੁਰ ਸ਼ਬਦ ਜਨ ਭਗਤੋ ਗੁਰਮੁਖੋ ਗੁਰਸਿਖੋ ਤੁਹਾਡਾ ਸਦਾ ਗਵਾਹ, ਸ਼ਹਾਦਤ ਏਥੇ ਓਥੇ ਦਏ ਭੁਗਤਾਈਆ । ਧਰਮ ਰੀਤੀ ਦਾ ਇਕੋ ਸੱਚਾ ਰਾਹ, ਦੂਜੀ ਤਾਰੀਖ ਨਾ ਕੋਇ ਬਦਲਾਈਆ । ਅਜੇ ਪਹਿਲਾ ਸੰਮਤ ਪੁਰਖ ਅਕਾਲ ਦਾ ਹੋਇਆ ਰਵਾਂ, ਰਵਾਦਾਰੀ ਸਾਰੀ ਦਏ ਮੁਕਾਈਆ । ਅੱਜ ਤੁਹਾਨੂੰ ਜਾਪਦਾ ਇਹ ਰਿਵਾਜ ਨਵਾਂ, ਅੰਤ ਸ੍ਰਿਸ਼ਟ ਸਬਾਈ ਲੈਣਾ ਅਪਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਾਕਾਰ ਨਿਰਵੈਰ ਧਾਰ ਚਲਾਈਆ ।

### ✪ ੨੮ ਪੋਹ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ✪

ਕੋਟਾਂ ਵਿਚੋਂ ਗੁਰਮੁਖ ਵਿਰਲਾ ਰਾਣਾ ਆਏ ਵਿਚ ਰਣ, ਰਣਭੂਮੀ ਕਾਇਆ ਅੰਦਰ ਦਏ ਵਖਾਈਆ । ਸਤਿਗੁਰ ਪੂਰਾ ਪ੍ਰੇਮ ਪਿਆਰ ਅੰਦਰ ਬੰਨ੍ਹੇ ਮਨ, ਮਮਤਾ ਸ਼ਬਦੀ ਗੁਰ ਜੁੜਾਈਆ । ਭਾਗ ਲਗਾ ਕੇ ਖ਼ਾਕੀ ਤਨ, ਵਜੂਦ ਦਏ ਵਡਿਆਈਆ । ਨਿਰਗੁਣ ਨੂਰ ਜੋਤ ਜਗਾ ਕੇ ਚੰਨ, ਅੰਧ ਅੰਧੇਰਾ ਦਏ ਮਿਟਾਈਆ । ਨਾਮ ਭੰਡਾਰਾ ਦੇ ਕੇ ਧਨ, ਸਿਰ ਆਪਣਾ ਹੱਥ ਰਖਾਈਆ । ਚਰਨ ਧੂੜੀ ਦੇ ਕੇ ਬਣਾਵੇ ਜਨ, ਜਨ ਜਨਨੀ ਲੇਖੇ ਲਾਈਆ । ਸਤਿ ਜੈਕਾਰਾ ਸੁਣਾਏ ਕੰਨ, ਕਲਮਾ ਹੱਕ ਹੱਕ ਅਲਾਈਆ । ਜਗਤ ਜਹਾਨ ਬੇੜਾ ਦੇਵੇ ਬੰਨ੍ਹ, ਮੰਝਧਾਰ ਨਾ ਕੋਇ ਰੁੜ੍ਹਾਈਆ । ਏਥੇ ਓਥੇ ਕਰੇ ਨਾ ਛਲ, ਵਲ ਛਲ ਨਾ ਕੋਇ ਵਖਾਈਆ । ਕਿਰਪਾ ਕਰੇ ਪਲਕ ਦੇ ਪਿਛੇ ਪਹਿਲੇ ਪਲ, ਖ਼ਲਕ ਪਲਕ ਫ਼ਲਕ ਉਤੇ ਜ਼ਿੰਦਗੀ ਜੀਵਣ ਦਾ ਸਵਾਲ ਹੋਵੇ ਹਲ, ਹਾਲਤ ਦਏ ਬਦਲਾਈਆ । ਜੋ ਪ੍ਰੇਮ ਪ੍ਰੀਤੀ ਅੰਦਰ ਆਵੇ ਚਲ, ਨਿਹਚਲ ਧਾਮ ਦਏ ਵਖਾਈਆ । ਜਿਥੇ ਇਕੋ

ਦੀਪਕ ਰਿਹਾ ਬਲ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਨਾ ਕੋਈ ਤਲਵਾਰ ਨਾ ਕੋਈ ਢਾਲ, ਰਣ ਆਪਣੇ ਹੱਥ ਵਖਾਈਆ । ਸ਼ਬਦ ਗੁਰੂ ਫਿਰੇ ਵਿਚ ਬਲ, ਸੂਰਬੀਰ ਨਜ਼ਰੀ ਆਈਆ । ਜਿਸ ਦੇ ਚਰਨਾਂ ਹੇਠਾਂ ਜਲ ਥਲ, ਬ੍ਰਹਿਮੰਡ ਖੰਡ ਰਿਹਾ ਰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸ਼ਰਨਾਈਆ । ਰਣਭੂਮੀ ਫਿਰੇ ਇਕੋ ਰਾਣਾ, ਸ਼ਾਹ ਸੁਲਤਾਨ ਬੇਪਰਵਾਹੀਆ । ਵੇਖੇ ਖੇਲ ਦੋ ਜਹਾਨਾਂ, ਪੁਰੀ ਲੋਅ ਆਕਾਸ਼ ਪਾਤਾਲ ਵੱਜੇ ਵਧਾਈਆ । ਹੁਕਮ ਸੰਦੇਸ਼ਾ ਦੇਵੇ ਧੁਰ ਫ਼ਰਮਾਨਾ, ਧੁਰ ਦੀ ਧਾਰ ਜਣਾਈਆ । ਜਨ ਭਗਤਾਂ ਦੇ ਕੇ ਨਾਮ ਨਿਧਾਨਾ, ਖ਼ਾਲੀ ਝੋਲੀ ਦਏ ਭਰਾਈਆ । ਭਾਗ ਲਗਾ ਕੇ ਸਾਢੇ ਤਿੰਨ ਹੱਥ ਕਾਇਆ ਮਕਾਨਾ, ਮੁਕਾਮੇ ਹੱਕ ਦਏ ਦ੍ਰਿੜ੍ਹਾਈਆ । ਇਕੋ ਰਾਗ ਸ਼ਬਦ ਸੁਣਾਏ ਤਰਾਨਾ, ਤੁਰਤ ਆਪਣਾ ਰੰਗ ਰੰਗਾਈਆ । ਇਕੋ ਬਖ਼ਸ਼ੇ ਸਚ ਧਿਆਨਾ, ਬਿਨ ਅੱਖਾਂ ਅੱਖ ਖੁਲ੍ਹਾਈਆ । ਮੁਹੱਬਤ ਵਿਚ ਹੋਵੇ ਮਿਹਰਵਾਨਾ, ਮਹਿਬੂਬ ਬੇਪਰਵਾਹ ਮਸਤੀ ਵਿਚ ਕਰੇ ਦੀਵਾਨਾ, ਦੂਹਰਾ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਰਣ ਕਹੇ ਮੈਂ ਵੇਖਾਂ ਰਾਓ ਰੰਕ, ਚੁਰਾਸੀ ਖੋਜ ਖੁਜਾਈਆ । ਵੱਜਦੇ ਵੇਖਾਂ ਡੰਕ, ਚਾਰ ਕੁੰਟ ਸ਼ਨਵਾਈਆ । ਫਿਰਦੇ ਵੇਖੇ ਸੰਤ, ਜੰਗਲ ਜੂਹ ਉਜਾੜ ਪਹਾੜ ਦੇਣ ਦੁਹਾਈਆ । ਬਿਨਾ ਹਰਿ ਕਿਰਪਾ ਕਿਸੇ ਨਾ ਮਿਲਿਆ ਭਗਵੰਤ, ਗ੍ਰਿਹ ਮੰਦਰ ਨਾ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰਣ ਕਹੇ ਰਾਣੇ ਦਾ ਵੱਜੇ ਨਗਾਰਾ ਰਣਜੀਤ, ਰਜੋ ਤਮੋ ਸਤੋ ਰਹਿਣ ਕੋਇ ਨਾ ਪਾਈਆ । ਭਗਤਾਂ ਕਰੇ ਅਤੀਤ, ਪੰਜਾਂ ਕਰੇ ਸਫ਼ਾਈਆ । ਅੰਦਰੋਂ ਬਦਲ ਕੇ ਨੀਤ, ਕੂੜੀ ਕਿਰਿਆ ਬਾਹਰ ਕਢਾਈਆ । ਇਕ ਸੁਣਾ ਕੇ ਗੀਤ, ਪੜਦਾ ਓਹਲਾ ਦਏ ਉਠਾਈਆ । ਘਰ ਸਵਾਮੀ ਨਜ਼ਰੀ ਆਏ ਮੀਤ, ਮਿੱਤਰ ਪਿਆਰਾ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਰਣ ਕਹੇ ਰਣਭੂਮੀ ਵੇਖਿਆ ਇਕ ਨਜ਼ਾਰਾ, ਬੇਨਜ਼ੀਰ ਨਜ਼ਰ ਬਦਲਾਈਆ । ਨਾਤਾ ਤੋੜ ਸਰਬ ਸੰਸਾਰਾ, ਗੁਰਮੁਖਾਂ ਦਏ ਵਡਿਆਈਆ । ਸਾਚਾ ਮੰਦਰ ਦੱਸ ਦਵਾਰਾ, ਦਰ ਦਰਬਾਰਾ ਇਕ ਵਖਾਈਆ । ਇਕੋ ਨਾਦ ਸ਼ਬਦ ਧੁੰਨਕਾਰਾ, ਅਗੰਮੀ ਰਾਗ ਸੁਣਾਈਆ । ਇਕੋ ਨੂਰ ਜੋਤ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਇਕੋ ਕਰੇ ਸਚ ਪਿਆਰਾ, ਆਤਮ ਪਰਮਾਤਮ ਮਿਲ ਕੇ ਖ਼ੁਸ਼ੀ ਵਖਾਈਆ । ਦੇਵਣਹਾਰਾ ਸਚ ਸਹਾਰਾ, ਪੁਸ਼ਤ ਪਨਾਹ ਹੱਥ ਟਿਕਾਈਆ । ਮਨ ਰਹਿਣ ਨਾ ਦੇਵੇ ਗਵਾਰਾ, ਹੰਕਾਰ ਅੰਦਰੋਂ ਦਏ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਲੈਣ ਨਾ ਦੇਵੇ ਦੋਬਾਰਾ, ਜੋ ਚਲ ਆਏ ਸਰਨਾਈਆ । ਰਣ ਕਹੇ ਮੈਂ ਵੇਖਾਂ ਰੰਗ ਰੰਗੀਲ, ਰੰਗਤ ਇਕੋ ਨਜ਼ਰੀ ਆਈਆ । ਮੇਰੀ ਅੰਦਰੋਂ ਬਦਲ ਦੇਵੇ ਦਲੀਲ, ਦਿਲਬਰ ਬੇਪਰਵਾਹੀਆ । ਸਤਿਗੁਰ ਪੂਰਾ ਆਪੇ ਬੰਧਾਵੇ ਯਕੀਨ, ਯਕ ਦਮ ਪੜਦਾ ਦਏ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਤੋਂ ਬਾਹਰ ਸਤਿਗੁਰ ਦੀ ਤਾਲੀਮ, ਜਿਸ ਦਾ ਭੇਵ ਕੋਇ ਨਾ ਪਾਈਆ । ਮਹੱਲ ਅਟਲ ਵਖਾਏ ਅਜ਼ੀਮ, ਆਲੀਸ਼ਾਨ ਨਜ਼ਰੀ ਆਈਆ । ਪਹਿਲਾ ਘਰ ਵਖਾਏ ਕ਼ਦੀਮ, ਜਿਸ ਦਵਾਰੇ ਤੋਂ ਹੋਈ ਜੁਦਾਈਆ । ਤੇਰਾਂ ਲੱਖ ਤਰੇਸਠ ਹਜ਼ਾਰ ਦਫ਼ਾ ਬਣਿਆ ਮਰਦ ਮੀਨ, ਨਾਰ ਸੰਸਾਰ ਵਿਚ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਰਣ ਕਹ ਰਣੇ ਵਿਚ ਹੱਸਦਾ, ਰਾਣਾ ਇਕੋ ਨਜ਼ਰੀ ਆਈਆ ।

ਜਿਸ ਦੇ ਹੱਥ ਨਗਾਰਾ ਜਸ ਦਾ, ਡੰਕਾ ਦਏ ਵਜਾਈਆ । ਜਿਸ ਦਾ ਇਸ਼ਾਰਾ ਅਗੰਮੀ ਅੱਖ ਦਾ, ਪ੍ਰਤਖ ਦਏ ਪਰਗਟਾਈਆ । ਪੂਰਬ ਲਹਿਣਾ ਦੇਣਾ ਹੱਕ ਦਾ, ਹਕੀਕਤ ਦਏ ਜਣਾਈਆ । ਲਹਿਣਾ ਸਚ ਦਾ, ਪੂਰਬ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਿਹਰ ਨਜ਼ਰ ਕਹੇ ਮੈਂ ਵੇਖਾਂ ਉਹ ਰਾਣਾ, ਪੂਰਬ ਲੇਖਾ ਯਾਦ ਆਈਆ । ਜਿਹੜਾ ਰਹਿੰਦਾ ਸੀ ਮਸਤਾਨਾ, ਚੀਥੜ ਲੀਰੋ ਲੀਰ ਬਣਾਈਆ । ਇਕ ਗੌਂਦਾ ਸੀ ਗਾਣਾ, ਗੋਬਿੰਦ ਗੋਬਿੰਦ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਪਿਛਲਾ ਨਜ਼ਰੀ ਆਏ ਹਿਸਾਬ, ਹਿੱਸਾ ਧੁਰ ਦਰਗਾਹੀਆ । ਪੂਰਬਲੇ ਜਨਮ ਦਾ ਜਵਾਨ ਅਵਸਥਾ ਦਾ ਨਵਾਬ, ਕੋਟਲਿਆਂ ਵਿਚੋਂ ਨਜ਼ਰੀ ਆਈਆ । ਜਿਸ ਢਾਈ ਸੈਕਿੰਡ ਗੋਬਿੰਦ ਨੂੰ ਕੀਤਾ ਸੀ ਆਦਾਬ, ਤੋਬਾ ਤੋਬਾ ਕਰ ਕੇ ਸੀਸ ਝੁਕਾਈਆ । ਓਸ ਦਿਤਾ ਇਕ ਖ਼ਿਤਾਬ, ਸ਼ਬਦੀ ਹੁਕਮ ਜਣਾਈਆ । ਜਿਸ ਵੇਲੇ ਆਵੇ ਮੇਰਾ ਪੁਰਖ ਅਕਾਲ ਬਾਪ, ਨਿਰਗੁਣ ਨਿਰਵੈਰ ਫੇਰਾ ਪਾਈਆ । ਤੇਰੀ ਪੂਰੀ ਕਰੇ ਆਸ, ਆਸਾ ਮਨਸਾ ਵੇਖ ਵਖਾਈਆ । ਮੈਂ ਉਸ ਦੇ ਹੋਣਾ ਸਾਥ, ਸ਼ਬਦੀ ਧਾਰਾ ਵੰਡ ਵੰਡਾਈਆ । ਤੇਰਾ ਬੁਤ ਕਰਨਾ ਪਾਕ, ਰੂਹ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਚੁਕਾਈਆ । ਲੇਖਾ ਕਹੇ ਕੋਈ ਨਾ ਜਾਣੇ ਲਿਖਤ, ਤਵਾਰੀਖ ਨਾ ਕੋਇ ਸਮਝਾਈਆ । ਇਹ ਗੋਬਿੰਦ ਦਾ ਭਵਿਖਤ, ਜਿਸ ਨੂੰ ਸਮਝੇ ਕੋਈ ਨਾ ਰਾਈਆ । ਗੁਰਮੁਖਾਂ ਖੋਲ੍ਹ ਕੇ ਦ੍ਰਿਸ਼ਟ, ਸਿਰ ਆਪਣਾ ਹੱਥ ਟਿਕਾਈਆ । ਪਾਰ ਉਤਾਰੇ ਵਿਚੋਂ ਗ੍ਰਹਿਸਤ, ਵੱਡੇ ਛੋਟੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਝੋਲੀ ਪਾਈਆ । ਪੂਰਬ ਲੇਖਾ ਕਹੇ ਮੈਂ ਲੇਖਾ ਆਇਆ ਲੈਣ, ਲੱਖ ਲੱਖ ਸ਼ੁਕਰ ਮਨਾਈਆ । ਦਰਸ਼ਨ ਕਰ ਕੇ ਨੈਨ, ਨੈਨ ਗਿਆ ਬਦਲਾਈਆ । ਬਣ ਕੇ ਸੱਜਣ ਸੈਣ, ਨਾਤਾ ਲਿਆ ਜੁੜਾਈਆ । ਰਾਣੇ ਤੇਰਾ ਬਾਲਮੀਕ ਨੇ ਲੇਖਾ ਥੋੜਾ ਜਿਹਾ ਲਿਖਿਆ ਵਿਚ ਰਮਾਇਣ, ਢਾਈ ਸਾਲ ਰਾਮ ਨਾਲ ਗੰਢ ਪਵਾਈਆ । ਓਸ ਵੇਲੇ ਤੇਰੀ ਜਾਤੀ ਸੀ ਉਜੈਨ, ਉਜੈਨੀਆਂ ਵਿਚੋਂ ਤਰਫ਼ੈਣ ਲਿਆ ਬਣਾਈਆ । ਤੇਰਾ ਕੁਟੰਬ ਤਿੰਨ ਭਾਈ ਤੇ ਪੰਜ ਭੈਣ, ਪਿਓ ਦਾ ਭਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਜਨਮ ਦਾ ਲਹਿਣਾ ਦਏ ਮੁਕਾਈਆ । ਜਨਮ ਕਹੇ ਮੇਰਾ ਜੁਗ ਜੁਗ ਲਹਿਣਾ ਮੁੱਕਦਾ, ਮਾਨਸ ਜਨਮ ਮਿਲੇ ਵਡਿਆਈਆ । ਆਤਮ ਹੋ ਕੇ ਪਰਮਾਤਮ ਦਾ ਰਾਹ ਰਿਹਾ ਪੁਛਦਾ, ਮਨ ਮਤ ਬੁਧ ਨਾਲ ਰਲਾਈਆ । ਮੈਨੂੰ ਸਾਰੇ ਇਸ਼ਾਰਾ ਕਰਦੇ ਗਏ ਇੱਕ ਤੁਕ ਦਾ, ਜਿਥੇ ਵੰਡ ਨਾ ਕੋਇ ਵੰਡਾਈਆ । ਨਾਤਾ ਜੁੜ ਜਾਏ ਪਿਤਾ ਪੁੱਤ ਦਾ, ਅਗੇ ਹੋਏ ਨਾ ਕੋਇ ਜੁਦਾਈਆ । ਜਨਮ ਜਨਮ ਦਾ ਪੈਂਡਾ ਮੁੱਕਦਾ, ਪੰਧ ਵਿਚ ਨਾ ਕੋਇ ਫਿਰਾਈਆ । ਰਾਏ ਧਰਮ ਮੂਲ ਨਾ ਪੁਛਦਾ, ਚਿਤਰ ਗੁਪਤ ਨਾ ਹਿਸਾਬ ਜਣਾਈਆ । ਲੇਖਾ ਮੁੱਕ ਜਾਏ ਜਨਣੀ ਦੀ ਕੁੱਖ ਦਾ, ਦਸ ਦਸ ਮਾਸ ਅਗਨ ਨਾ ਕੋਇ ਤਪਾਈਆ । ਝਗੜਾ ਮੁਕ ਜਾਏ ਕੂੜੇ ਦੁੱਖ ਦਾ, ਸਹਿੰਸਾ ਰੋਗ ਰਹੇ ਨਾ ਰਾਈਆ । ਜਨਮ ਫੇਰ ਮਿਲੇ ਮਨੁੱਖ ਦਾ, ਪੰਜ ਤਤ ਵੱਜੇ ਵਧਾਈਆ । ਪੁਰਖ ਅਕਾਲ ਸਮੇਂ ਅਨੁਸਾਰ ਆਪੇ ਢੁਕਦਾ, ਦੂਰ ਦੁਰਾਡਾ ਫੇਰਾ ਪਾਈਆ । ਗੁਰਮੁਖਾਂ ਗੋਦੀ ਚੁਕਦਾ, ਭਗਤਾਂ ਲਏ ਉਠਾਈਆ । ਰਸ ਦੇ ਕੇ ਅੰਮ੍ਰਿਤ ਦੁੱਧ ਦਾ, ਸੀਰ ਸਾਚਾ ਦਏ ਪਿਆਈਆ । ਝਗੜਾ ਮੁਕਾ ਕੇ ਵਿਦਿਆ ਬੁਧ ਦਾ, ਸ਼ਬਦੀ ਸ਼ਬਦ ਕਰੇ ਸ਼ਨਵਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਣਭੂਮੀ ਵੇਖ ਵਖਾਈਆ । ਰਣ ਅੰਦਰ ਵੇਖੇ ਡੰਕ ਨਗਾਰੇ, ਢੋਲ ਢਮੱਕੇ ਨਜ਼ਰੀ ਆਈਆ । ਚਾਰ ਕੁੰਟ ਦਹਿ ਦਿਸ਼ਾ ਲੱਗੇ ਅਖਾੜੇ, ਮਨ ਮਨਸਾ ਨਾਚ ਕਰਾਈਆ । ਕੋਟਨ ਕੋਟ ਚਮਕਦੇ ਸੂਰਜ ਚੰਦ ਸਤਾਰੇ, ਆਪਣਾ ਆਪ ਕਰਨ ਰੁਸ਼ਨਾਈਆ । ਨਿੰਮ੍ਹੇ ਨਿੰਮ੍ਹੇ ਝਿਰਦੇ ਅੰਮ੍ਰਿਤ ਫੁਹਾਰੇ, ਬੂੰਦ ਬੂੰਦ ਟਪਕਾਈਆ । ਕਵਲ ਖਿੜੀ ਰਹੇ ਗੁਲਜ਼ਾਰੇ, ਸਹੰਸ ਦਲ ਪੜਦਾ ਲਾਹੀਆ । ਦਸਮ ਦਵਾਰੀ ਤੱਕ ਦੇ ਰਹਿਣ ਨਜ਼ਾਰੇ, ਕੋਟਾਂ ਵਿਚੋਂ ਦੋ ਚਾਰ ਨਜ਼ਰੀ ਆਈਆ । ਬਿਨਾ ਪੁਰਖ ਅਕਾਲ ਸਚਖੰਡ ਦਵਾਰੇ ਚੜ੍ਹੇ ਨਾ ਕੋਇ ਚੁਬਾਰੇ, ਮੰਜ਼ਲ ਮੰਜ਼ਲ ਪੰਧ ਨਾ ਕੋਇ ਮੁਕਾਈਆ । ਜੋਗੀ ਜਤੀ ਸਤੀ ਸਨਿਆਸੀ ਵੈਰਾਗੀ ਤਿਆਗੀ ਹਾਰੇ, ਫ਼ਕੀਰ ਫ਼ੱਕਰ ਢੋਲਿਆਂ ਵਿਚ ਗਾਈਆ । ਬਹੁਤੇ ਖੜੇ ਸੁਖਮਨ ਬੰਕ ਦੇ ਕਿਨਾਰੇ, ਈੜਾ ਪਿੰਗਲ ਦਰ ਪਾਰ ਨਾ ਕੋਇ ਕਰਾਈਆ । ਬਹੁਤੇ ਕਲਜੁਗ ਫੜੇ ਬੇਗਾਰੇ, ਅੱਖਰਾਂ ਵਾਲੀ ਕਰਨ ਪੜ੍ਹਾਈਆ । ਬਹੁਤੇ ਵੇਖਦੇ ਰਹੇ ਇਸ਼ਾਰੇ, ਇਸ਼ਕ ਹਕੀਕੀ ਨਾ ਕੋਇ ਕਮਾਈਆ । ਰਾਣੇ ਤੇਰਾ ਜੋੜ ਗੋਬਿੰਦ ਨਾਲ ਜੁੜਿਆ ਦਰਬਾਰੇ, ਨਿਰਗੁਣ ਸਰਗੁਣ ਵੇਖ ਵਖਾਈਆ । ਪ੍ਰੇਮ ਪ੍ਰੀਤੀ ਅੰਦਰ ਵਾਜਾਂ ਮਾਰੇ, ਸੋਈ ਸੁਰਤੀ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਸਭ ਦੇ ਦਏ ਚੁਕਾਈਆ ।

### ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ



ਛੱਬੀ ਪੋਹ ਕਹੇ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਆਈ ਮੇਰੀ ਵਾਰ, ਦੋ ਜਹਾਨ ਬ੍ਰਹਿਮੰਡ ਖੰਡ ਵੱਜੀ ਵਧਾਈਆ । ਖ਼ੁਸ਼ੀ ਹੋਈ ਸਚਖੰਡ ਸਾਚੇ ਦਰਬਾਰ, ਮੁਕਾਮੇ ਹੱਕ ਖੇਲ ਅਗੰਮ ਅਥਾਹੀਆ । ਇਕੋ ਤੱਕਿਆ ਨਰ ਨਿਰੰਕਾਰ, ਨਿਰਗੁਣ ਨਿਰਵੈਰ ਨਿਰਾਕਾਰ ਨਜ਼ਰੀ ਆਈਆ । ਜੋਤੀ ਜਾਤਾ ਅਗੰਮ ਅਪਾਰ, ਅਲੱਖ ਅਗੋਚਰ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਬਿਨ ਤੇਲ ਬਾਤੀ ਹੋਏ ਉਜਿਆਰ, ਨੂਰੋ ਨੂਰ ਨੂਰ ਰੁਸ਼ਨਾਈਆ । ਸਤਿ ਸਤਿਵਾਦੀ ਨਜ਼ਰੀ ਆਏ ਧੁਰ ਸਿਕਦਾਰ, ਰਾਜਨ ਭੂਪ ਬੇਪਰਵਾਹੀਆ । ਹੁਕਮੇ ਅੰਦਰ ਕਰੇ ਖ਼ਬਰਦਾਰ, ਸ਼ਬਦੀ ਸ਼ਬਦ ਜਣਾਈਆ । ਬਿਨ ਕ਼ਦਮਾਂ ਝੁਕਦੇ ਵੇਖੇ ਗੁਰ ਅਵਤਾਰ, ਪੈਗ਼ੰਬਰ ਸੀਸ ਜਗਦੀਸ਼ ਝੁਕਾਈਆ । ਦਰ ਦਰਵੇਸ਼ ਵਿਸ਼ਨ ਬ੍ਰਹਮਾ ਸ਼ਿਵ ਭਿਖਾਰ, ਖ਼ਾਲੀ ਝੋਲੀ ਰਹੇ ਡਾਹੀਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਨਿਉਂ ਨਿਉਂ ਚਰਨਾਂ ਧੂੜੀ ਮੰਗਦੇ ਛਾਰ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਛੱਬੀ ਪੋਹ ਕਹੇ ਨਵ ਨੌਂ ਚਾਰ ਵੇਖੀ ਖੇਲ ਅਪਾਰੀ, ਅਲੱਖ ਅਗੋਚਰ ਅਗੰਮ ਅਥਾਹ ਦਿਤੀ ਵਡਿਆਈਆ । ਇਕੋ ਜੋਤ ਜਗੇ ਨਰਾਇਣ ਨਿਰੰਕਾਰੀ, ਦੂਜਾ ਨਜ਼ਰ ਕੋਇ ਨਾ ਆਈਆ । ਸ਼ਬਦ ਨਾਦ ਸੱਚਾ ਧੁੰਨਕਾਰੀ, ਅਨਾਦ ਅਨਾਦੀ ਰਿਹਾ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਨਿਮਸਕਾਰੀ, ਸਜਦਿਆਂ ਵਿਚ ਸੀਸ ਝੁਕਾਈਆ । ਭਗਤ ਸੁਹੇਲੇ ਬਣ ਭਿਖਾਰੀ, ਸੂਫ਼ੀ ਮੰਗਣ ਚਾਈਂ ਚਾਈਆ । ਜਲਵਾਗਰ ਨੂਰ ਉਜਿਆਰੀ, ਪਰਵਰਦਿਗਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਛੱਬੀ ਪੋਹ ਕਹੇ ਮੈਂ ਵੇਖਿਆ ਸਤਿ ਸਤਿਵਾਦੀ ਖੇਲ ਅਪਾਰਾ, ਅਪਰੰਪਰ ਸਵਾਮੀ ਆਪ ਜਣਾਈਆ । ਜਿਸ ਦਾ

ਭੇਵ ਨਾ ਪਾਇਆ ਕਿਸੇ ਜੁਗ ਚਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਸਮਝ ਕਿਸੇ ਨਾ ਆਈਆ । ਬੇਅੰਤ ਬੇਅੰਤ ਬੇਅੰਤ ਕਹਿ ਕੇ ਗਏ ਗੁਰ ਅਵਤਾਰਾ, ਪੈਗ਼ੰਬਰ ਤੋਬਾ ਤੋਬਾ ਕਹਿ ਸੁਣਾਈਆ । ਕਾਗਦ ਕ਼ਲਮ ਸ਼ਾਹੀ ਕੋਇ ਨਾ ਲਿਖਣਹਾਰਾ, ਕਾਗ਼ਜ਼ ਵੰਡ ਨਾ ਕੋਇ ਵੰਡਾਈਆ । ਕੋਟਨ ਕੋਟ ਰਸਨਾ ਜਿਹਵਾ ਬੱਤੀ ਦੰਦ ਕਰਦੇ ਗਏ ਪੁਕਾਰਾ, ਪੜਦਾ ਓਹਲਾ ਨਾ ਕੋਇ ਉਠਾਈਆ । ਨਾਦ ਧੁੰਨ ਸ਼ਬਦ ਰਾਗ ਗਾਉਂਦੇ ਗਏ ਵਾਰਾ, ਢੋਲੇ ਸੋਹਲੇ ਗੀਤ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਅੰਤਰਜਾਮੀ ਨਿਰਗੁਣ ਆਪਣੀ ਖੇਲ ਖਿਲਾਈਆ । ਛੱਬੀ ਪੋਹ ਕਹੇ ਮੈਂ ਵੇਖਿਆ ਪੁਰਖ ਅਕਾਲ, ਅਕਲ ਕਲਧਾਰੀ ਨਜ਼ਰੀ ਆਈਆ । ਆਦਿ ਜੁਗਾਦੀ ਦੀਨ ਦਿਆਲ, ਜੁਗ ਚੌਕੜੀ ਹੋਏ ਸਹਾਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਥਿਰ ਘਰ ਚਰਨ ਕਵਲ ਸਰਨਾਈਆ । ਨਿਤ ਨਵਿਤ ਭਗਤ ਸੁਹੇਲਾ ਇਕ ਇਕੇਲਾ ਪੁਛਣਹਾਰਾ ਮੁਰੀਦਾਂ ਹਾਲ, ਮੁਰਸ਼ਦ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਭਵਿਖਤਾਂ ਵਿਚ ਦੇ ਕੇ ਗਏ ਅਹਿਵਾਲ, ਬਿਨ ਨੇਤਰ ਨੈਣ ਅੱਖ ਖੁਲ੍ਹਾਈਆ । ਜਿਸ ਦੀ ਏਥੇ ਓਥੇ ਦੋ ਜਹਾਨਾਂ ਨਿਤ ਨਵਿਤ ਅਵਲੜੀ ਚਾਲ, ਸ਼ਾਸਤਰ ਸਿਮਰਤ ਵੇਦ ਪੁਰਾਨ ਸਮਝ ਕੋਇ ਨਾ ਪਾਈਆ । ਕੂੜੀ ਕਿਰਿਆ ਤ੍ਰੈਗੁਣ ਮਾਇਆ ਪੰਜ ਤਤ ਮੇਟਣਹਾਰਾ ਜਗਤ ਜੰਜਾਲ, ਜਾਗਰਤ ਜੋਤ ਬਿਨ ਵਰਨ ਗੋਤ ਕਰੇ ਰੁਸ਼ਨਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਖੇਲ ਕਰੇ ਕਮਾਲ, ਬੇਮਿਸਾਲ ਆਪਣੀ ਕਾਰ ਕਮਾਈਆ । ਜੋਤੀ ਜਲਵਾ ਨੂਰੀ ਕਰ ਜਮਾਲ, ਜਾਹਰ ਜਹੂਰ ਬੇਨਜ਼ੀਰ ਨਜ਼ਰ ਆਪਣੀ ਰਿਹਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਨੂਰ ਖ਼ੁਦਾਈਆ । ਛੱਬੀ ਪੋਹ ਕਹੇ ਮੈਂ ਵੇਖਿਆ ਜਲਵਾਗਰ, ਲਾਸਾਨੀ ਇਕੋ ਨਜ਼ਰੀ ਆਈਆ । ਅਬਿਨਾਸ਼ੀ ਕਰਤਾ ਧੁਰ ਦਾ ਹਰਿ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਸਚਖੰਡ ਦਵਾਰ ਜਿਸ ਦਾ ਅਗੰਮੜਾ ਘਰ, ਛੱਪਰ ਛੰਨ ਨਾ ਕੋਇ ਛੁਹਾਈਆ । ਬਿਨ ਪੌੜੀ ਡੰਡੇ ਜਾਏ ਚੜ੍ਹ, ਸਤਿ ਸਤਿਵਾਦੀ ਸੋਭਾ ਪਾਈਆ । ਜੁਗ ਚੌਕੜੀ ਖੇਲ ਕਰ, ਕਰਨੀ ਕਰਤਾ ਆਪ ਸਮਝਾਈਆ । ਹੁਕਮੇ ਅੰਦਰ ਗੁਰ ਅਵਤਰ, ਪੈਗ਼ੰਬਰ ਸੇਵ ਕਮਾਈਆ । ਲੇਖਾ ਜਾਣ ਨਾਰੀ ਨਰ, ਲੱਖ ਚੁਰਾਸੀ ਖੋਜ ਖੁਜਾਈਆ । ਨਿਰਭੌ ਭੈ ਜਣਾਏ ਡਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਇਕ ਅਖਵਾਈਆ । ਛੱਬੀ ਪੋਹ ਕਹੇ ਮੈਂ ਵੇਖਿਆ ਧੁਰ ਦਾ ਮਾਲਕ, ਪਰਵਰਦਿਗਾਰ ਨਜ਼ਰੀ ਆਈਆ । ਏਥੇ ਓਥੇ ਦੋ ਜਹਾਨਾਂ ਖ਼ਾਲਕ ਸਭ ਦਾ ਪਾਲਕ, ਪ੍ਰਿਤਪਾਲਕ ਬੇਪਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਬਣ ਕੇ ਆਇਆ ਸਾਲਸ, ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਫੇਰੀ ਪਾਈਆ । ਚਾਰ ਕੁੰਟ ਦਹਿ ਦਿਸ਼ਾ ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਗੁਰਮੁਖ ਕੱਢੇ ਖ਼ਾਲਸ, ਜਾਤ ਪਾਤ ਵਰਨ ਗੋਤ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੈ ਹੰਗਤਾ ਰਹਿਣ ਨਾ ਦੇਵੇ ਨਿੰਦਰਾ ਆਲਸ, ਜਗਜੀਵਣ ਦਾਤਾ ਜਾਗਰਤ ਜੋਤ ਕਰੇ ਰੁਸ਼ਨਾਈਆ । ਸੰਤ ਸੁਹੇਲੇ ਵੇਖੇ ਧੁਰ ਦੇ ਬਾਲਕ, ਸ਼ਬਦ ਸ਼ਬਦੀ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਕੂੜੀ ਕਿਰਿਆ ਮੇਟਣਹਾਰਾ ਨਾਲਿਸ਼, ਨਰ ਨਰਾਇਣ ਦਇਆ ਕਮਾਈਆ । ਛੱਬੀ ਪੋਹ ਕਹੇ ਮੈਂ ਵੇਖਿਆ ਪਰਵਰਦਿਗਾਰ, ਜਲਵਾ ਨੂਰ ਨੂਰ ਅਲਾਹੀਆ । ਚਾਰ ਕੁੰਟ ਦਹਿ ਦਿਸ਼ਾ ਸਾਂਝਾ ਯਾਰ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ ।

੧੪੬
੧੯

ਮੁਕਾਮੇ ਹੱਕ ਹੋ ਉਜਿਆਰ, ਹਕੀਕਤ ਆਪਣੀ ਰਿਹਾ ਦ੍ਰਿੜਾਈਆ । ਨੂਰੋ ਨੂਰ ਕਰ ਉਜਿਆਰ, ਉਜਾਲਾ ਇਕੋ ਰਿਹਾ ਵਖਾਈਆ । ਕਰੇ ਖੇਲ ਅਪਰ ਅਪਾਰ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਪਾ ਨਾ ਸਕੇ ਸਾਰ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਭੈ ਵਿਚ ਕਰਦੇ ਗਏ ਨਿਸਮਕਾਰ, ਡੰਡਾਵਤ ਵਿਚ ਆਪਣਾ ਆਪ ਮਿਟਾਈਆ । ਕਾਗ਼ਜ਼ ਕ਼ਲਮ ਸ਼ਾਹੀ ਨਾਲ ਕਰਦੇ ਗਏ ਇਜ਼ਹਾਰ, ਰਾਗਾਂ ਨਾਦਾਂ ਸ਼ਬਦਾਂ ਵਿਚ ਗਾਈਆ । ਲਿਖਦੇ ਗਏ ਵਾਰੋ ਵਾਰ, ਕ਼ਲਮ ਸ਼ਾਹੀ ਕਾਗ਼ਜ਼ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਇਕ ਅਖਵਾਈਆ । ਛੱਬੀ ਪੋਹ ਕਹੇ ਮੈਂ ਤੱਕਿਆ ਅਗੰਮ ਨਜ਼ਾਰਾ, ਬੇਨਜ਼ੀਰ ਬਿਨ ਨਜ਼ਰ ਦਇਆ ਕਮਾਈਆ । ਜਿਸ ਨੂੰ ਸਮਝੇ ਕੋਈ ਨਾ ਵਿਚ ਸੰਸਾਰਾ, ਲੱਖ ਚੁਰਾਸੀ ਭੇਵ ਨਾ ਕੋਇ ਖੁਲ੍ਹਾਈਆ । ਬਿਨ ਭਗਤਾਂ ਦੇਵੇ ਨਾ ਕਿਸੇ ਦੀਦਾਰਾ, ਈਦ ਚੰਦ ਨਾ ਕੋਇ ਰੁਸ਼ਨਾਈਆ । ਪੜਦਾ ਖੋਲ੍ਹੇ ਨਾ ਅੰਦਰ ਬਾਹਰਾ, ਗੁਪਤ ਜਾਹਰ ਰੰਗ ਨਾ ਕੋਇ ਰੰਗਾਈਆ । ਨਿਰਮਲ ਜੋਤ ਹੋਏ ਨਾ ਕੋਇ ਉਜਿਆਰਾ, ਅੰਧ ਅੰਧੇਰ ਨਾ ਕੋਇ ਮਿਟਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਪਰਮ ਪੁਰਖ ਦਾ ਦੇ ਕੇ ਗਏ ਇਸ਼ਾਰਾ, ਸੰਦੇਸ਼ਾ ਧੁਰ ਦਾ ਮਾਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਖੇਲ ਵਖਾਈਆ । ਛੱਬੀ ਪੋਹ ਕਹੇ ਮੈਂ ਵੇਖਿਆ ਹੁਕਮ ਏਕ, ਏਕੰਕਾਰ ਰਿਹਾ ਜਣਾਈਆ । ਜੁਗ ਚੌਕੜੀ ਧਰ ਕੇ ਭੇਖ, ਨਿਤ ਨਵਿਤ ਵੇਸ ਵਟਾਈਆ । ਗੁਰ ਅਵਤਾਰ ਪੈਗ਼ੰਬਰ ਦੇ ਕੇ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਅੰਦਰ ਵੜ ਕੇ ਦੇਵੇ ਭੇਤ, ਸ਼ਬਦੀ ਨਾਦ ਧੁੰਨ ਸ਼ਨਵਾਈਆ । ਹੁਕਮ ਸੰਦੇਸ਼ੇ ਲਿਖੇ ਲੇਖ, ਧੁਰ ਦੀ ਧਾਰ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਛੱਬੀ ਪੋਹ ਕਹੇ ਮੈਂ ਕਰਾਂ ਅੰਤ ਨਿਮਸਕਾਰ, ਨਮੋ ਨਮੋ ਸੀਸ ਝੁਕਾਈਆ । ਜਿਸ ਨੂੰ ਲੱਭਦੇ ਗਏ ਜੁਗ ਚਾਰ, ਚੌਕੜ ਆਪਣਾ ਪੰਧ ਮੁਕਾਈਆ । ਸੰਦੇਸ਼ਾ ਦੇ ਕੇ ਗਏ ਗੁਰ ਅਵਤਾਰ, ਪੈਗ਼ੰਬਰ ਕਲਮਿਆਂ ਵਿਚ ਜਣਾਈਆ । ਸੋ ਖੇਲ ਕਰੇ ਕਰਨੇਹਾਰ, ਕਰਤਾ ਪੁਰਖ ਸਹਿਜ ਸੁਖਦਾਈਆ । ਨਿਰਗੁਣ ਨੂਰ ਜੋਤ ਕਰ ਉਜਿਆਰ, ਨਿਰਵੈਰ ਵੇਸ ਵਟਾਈਆ । ਸ਼ਬਦੀ ਡੰਕਾ ਇਕ ਸੰਸਾਰ, ਚਾਰ ਕੁੰਟ ਰਿਹਾ ਸੁਣਾਈਆ । ਸੰਮਤ ਸ਼ਹਿਨਸ਼ਾਹੀ ਦੋ ਜਹਾਨਾਂ ਕਰੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਰਖਣਹਾਰ, ਘਟ ਭੀਤਰ ਵੇਖ ਵਖਾਈਆ । ਹੁਕਮੇ ਅੰਦਰ ਗੁਰ ਅਵਤਾਰ ਪੈਗ਼ੰਬਰਾਂ ਦਏ ਹੁਲਾਰ, ਸਵਾਧਾਨ ਲਏ ਕਰਾਈਆ । ਉਠੋ ਵੇਖੋ ਤਕੋ ਲੋਕਮਾਤ ਕਲਜੁਗ ਜੀਵ ਕਰਨ ਕੀ ਕੀ ਕਾਰ, ਕਰਮ ਕਾਂਡ ਸਾਰੇ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਛੱਬੀ ਪੋਹ ਕਹੇ ਪੁਰਖ ਅਕਾਲ ਦਿਤਾ ਇਕ ਸੰਦੇਸ਼ਾ, ਸਤਿ ਸਤਿਵਾਦੀ ਆਪ ਜਣਾਈਆ । ਕਲਜੁਗ ਅੰਤਮ ਪੂਰਾ ਹੋਣ ਵਾਲਾ ਲੇਖਾ, ਲਿਖਤ ਭਵਿਖਤ ਦਏ ਗਵਾਹੀਆ । ਝਗੜਾ ਚੁਕਣਾ ਪੀਰ ਪੈਗ਼ੰਬਰ ਮੁੱਲਾ ਸ਼ੇਖ਼ਾ, ਮੁਸਾਇਕ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਮੁਕਣਾ ਠੇਕਾ, ਅੰਤ ਅਖ਼ੀਰੀ ਦੇਵੇ ਗਵਾਹੀਆ । ਚਾਰ ਵਰਨ ਅਠਾਰਾਂ ਬਰਨ ਕਰਨੀ ਬੁਧ ਬਿਬੇਕਾ, ਮਨਮਤ ਕੂੜੀ ਬਾਹਰ ਕਢਾਈਆ । ਤ੍ਰੈਗੁਣ ਮਾਇਆ ਮੂਲ ਨਾ ਲਾਵੇ ਸੇਕਾ, ਪੰਜ ਤਤ ਨਾ ਕਰੇ ਲੜਾਈਆ । ਗੋਬਿੰਦ ਸ਼ਬਦ ਕਰੌਣਾ ਚੇਤਾ, ਚੇਤਨ ਸੁਰਤੀ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਕਰੋ ਖ਼ਿਆਲ, ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਰਿਹਾ ਜਣਾਈਆ । ਧਰਤੀ ਉਤੇ ਵੇਖੇ ਤੱਕੋ ਆਪਣੇ ਲਾਲ, ਮੁਰੀਦ ਮੁਰਸ਼ਦ ਅੱਖ ਉਠਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਵੇਖੋ ਧਰਮਸਾਲ, ਗੁਰੂਦਵਾਰਾ ਕੌਣ ਸੁਹਾਈਆ । ਚਾਰ ਕੁੰਟ ਦਹਿ ਦਿਸ਼ਾ ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਹੋਈ ਬੇਹਾਲ, ਸਾਚਾ ਰੰਗ ਨਾ ਕੋਇ ਰੰਗਾਈਆ । ਮਾਇਆ ਮਮਤਾ ਹਉਮੈ ਹੰਗਤਾ ਕੂੜੀ ਕਿਰਿਆ ਵੱਜੇ ਤਾਲ, ਕੂੜ ਕੁੜਿਆਰਾ ਨਟੂਆ ਆਪਣਾ ਸਵਾਂਗ ਵਰਤਾਈਆ । ਆਤਮ ਪਰਮਾਤਮ ਵਸੇ ਕਿਸੇ ਨਾ ਨਾਲ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਤ੍ਰੈਗੁਣ ਮਾਇਆ ਪਿਆ ਜਾਲ, ਨਾਤਾ ਸਕੇ ਨਾ ਕੋਇ ਤੁੜਾਈਆ । ਜੋ ਮੰਤਰ ਅੰਤਰ ਨਿਰੰਤਰ ਆਏ ਸਿਖਾਲ, ਸਿਖਿਆ ਜਗਤ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਲਓ ਤੱਕ, ਮਾਤਲੋਕ ਧਿਆਨ ਲਗਾਈਆ । ਕਵਣ ਜਾਣੇ ਹਕੀਕ਼ਤ ਹੱਕ, ਕਵਣ ਚਲੇ ਸਚ ਰਜ਼ਾਈਆ । ਸਤਿ ਧਰਮ ਸਾਰੇ ਗਏ ਛੱਡ, ਕਲਮਾ ਹੱਕ ਨਾ ਕੋਇ ਗਾਈਆ । ਪਰਮਾਤਮ ਨਾਲੋਂ ਆਤਮ ਕਰ ਕੇ ਅੱਡ, ਮਨ ਵਾਸਨਾ ਵੱਜੀ ਵਧਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਹੱਡ, ਧੁੰਨ ਆਤਮਕ ਰਾਗ ਨਾ ਕੋਇ ਸੁਣਾਈਆ । ਕੂੜੀ ਕਿਰਿਆ ਰਹੇ ਦਗ, ਅਗਨੀ ਤਤ ਤਪਾਈਆ । ਕਿਸੇ ਕੰਮ ਨਾ ਆਇਆ ਕਾਅਬਿਆਂ ਵਾਲਾ ਹੱਜ, ਹਜ਼ਰਤ ਮਿਲਿਆ ਨਾ ਬੇਪਰਵਾਹੀਆ । ਸਾਚੀ ਰੀਤੀ ਨੀਤੀ ਗਏ ਤਜ, ਪੜਦਾ ਉਹਲਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪੁਰਖ ਅਕਾਲ ਕਹੇ ਤੇਈ ਅਵਤਾਰ ਕਰੋ ਧਿਆਨ, ਸ਼ਬਦ ਸੰਦੇਸ਼ੇ ਨਾਲ ਜਣਾਈਆ । ਸਾਚਾ ਦਿਸੇ ਨਾ ਕੋਇ ਗਿਆਨ, ਅੰਤਰ ਮੰਤਰ ਨਾ ਕੋਇ ਸਮਝਾਈਆ । ਨਿਜ ਨੇਤਰ ਦਰਸ ਕਰੇ ਕੋਇ ਨਾ ਆਣ, ਘਰ ਮਿਲੇ ਬੇਪਰਵਾਹੀਆ । ਅੱਠ ਸੱਠ ਤੀਰਥ ਹੋਏ ਵੈਰਾਨ, ਅੰਮ੍ਰਿਤ ਧਾਰਾ ਮੇਘ ਨਾ ਕੋਇ ਬਰਸਾਈਆ । ਸੁਰਤ ਸਵਾਣੀ ਮਿਲੇ ਕਿਸੇ ਨਾ ਕਾਹਨ, ਬੰਸਰੀ ਨਾਮ ਨਾ ਕੋਇ ਸੁਣਾਈਆ । ਸਾਚੀ ਸੀਆ ਮਿਲੇ ਨਾ ਅਗੰਮਾ ਰਾਮ, ਕਾਇਆ ਬਨ ਖੋਜਣ ਕੋਇ ਨਾ ਜਾਈਆ । ਭਾਗ ਲੱਗਾ ਨਾ ਕਿਸੇ ਨਗਰ ਖੇੜਾ ਗਰਾਮ, ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਗਾਏ ਕੋਈ ਨਾ ਨਾਮ, ਘਰ ਸਵਾਮੀ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਖੇਲ ਵਾਲੀ ਦੋ ਜਹਾਨ, ਨਿਰਗੁਣ ਨਿਰਵੈਰ ਖੇਲ ਖਿਲਾਈਆ । ਪੁਰਖ ਅਕਾਲ ਕਹੇ ਈਸਾ ਮੂਸਾ ਮੁਹੰਮਦ ਤੱਕੋ ਖ਼ਿਆਲ, ਧੁਰ ਫ਼ਰਮਾਨਾ ਇਕ ਜਣਾਈਆ । ਹਕੀਕ਼ਤ ਦਿਸੇ ਨਾ ਹੱਕ ਹਲਾਲ, ਹਾਲਤ ਬਦਲੀ ਸਰਬ ਲੋਕਾਈਆ । ਚੌਦਾਂ ਤਬਕ ਸਰਬ ਕੁਰਲਾਣ, ਜ਼ਿਮੀਂ ਅਸਮਾਨ ਦੇਣ ਦੁਹਾਈਆ । ਕਿਸੇ ਕੰਮ ਨਾ ਆਈ ਪੜ੍ਹੀ ਕ਼ੁਰਾਨ, ਕਾਇਆ ਕਾਅਬੇ ਖੋਜ ਨਾ ਕੋਇ ਖੁਜਾਈਆ । ਸਾਚੀ ਬਸਤੀ ਹੋਈ ਵੈਰਾਨ, ਵੈਰੀ ਸਕੇ ਨਾ ਕੋਇ ਮਿਟਾਈਆ । ਮੁਹੰਮਦ ਦੇ ਕੇ ਗਿਆ ਬਿਆਨ, ਅਲਿਫ਼ ਯੇ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਦ੍ਰਿੜਾਈਆ । ਪੁਰਖ ਅਕਾਲ ਕਹੇ ਹੁਕਮ ਸੁਣੋ ਗੁਰੂ ਦਸ, ਦਹਿ ਦਿਸ਼ਾ ਦਿਆਂ ਜਣਾਈਆ । ਸਾਚਾ ਮਿਲਿਆ ਕਿਸ ਕਿਸ ਅੰਮ੍ਰਿਤ ਰਸ, ਲੇਖਾ ਦਿਉ ਬਤਾਈਆ । ਚਾਰ ਵਰਨ ਕਰਕੇ ਆਏ ਇਕੱਠ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਜੋੜ ਜੁੜਾਈਆ । ਧੁਰ ਦਾ ਮਾਰਗ ਆਏ ਦੱਸ,

ਪੁਰਖ ਅਕਾਲ ਇਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਛੱਬੀ ਪੋਹ ਕਹੇ ਮੈਂ ਵੇਖੇ ਗੁਰ ਅਵਤਾਰ ਪੈਗ਼ੰਬਰ ਇਕੱਠੇ, ਦਰ ਠਾਂਡੇ ਸੀਸ ਨਿਵਾਈਆ । ਚਰਨ ਕਵਲ ਧੁਰ ਦੇ ਢੱਠੇ, ਬੰਦਨਾ ਡੰਡਾਵਤ ਇਕ ਦ੍ਰਿੜਾਈਆ । ਤੇਰੇ ਹੁਕਮ ਅੰਦਰ ਬੱਧੇ, ਜੁਗ ਚੌਕੜੀ ਸੇਵ ਕਮਾਈਆ । ਸਚ ਦਵਾਰੇ ਆਏ ਸੱਦੇ, ਪੰਜ ਤਤ ਨਾਤਾ ਜਗਤ ਤੁੜਾਈਆ । ਤੇਰੇ ਫ਼ਰਮਾਨੇ ਦੇ ਕੇ ਅੱਧੇ, ਅਧਿਆਤਮਕ ਕਰੀ ਪੜ੍ਹਾਈਆ । ਤੇਰੇ ਨੂਰ ਅੰਦਰ ਜਗੇ, ਜੋਤੀ ਜੋਤ ਜੋਤ ਰੁਸ਼ਨਾਈਆ । ਦੀਨ ਮਜ਼੍ਹਬ ਪਾ ਕੇ ਹੱਦੇ, ਹੱਦਾਂ ਵੰਡ ਵੰਡਾਈਆ । ਕਲਜੁਗ ਅੰਤ ਅਖ਼ੀਰ ਕਲਜੁਗ ਜੀਵ ਸਾਡੇ ਆਖੇ ਮੂਲ ਨਾ ਲੱਗੇ, ਆਖ਼ਰ ਗਏ ਭੁਲਾਈਆ । ਮਾਇਆ ਮਮਤਾ ਮੋਹ ਵਿਕਾਰ ਅੰਦਰ ਬੱਝੇ, ਹੰਕਾਰ ਆਪਣਾ ਗੜ੍ਹ ਜਣਾਈਆ । ਕੂੜੀ ਕਿਰਿਆ ਤ੍ਰਿਸ਼ਨਾ ਅੰਦਰ ਲੱਗੇ, ਅਗਨੀ ਤਤ ਜਲਾਈਆ । ਤੇਰਾ ਦਰਸ਼ਨ ਪਾਵੇ ਕੋਈ ਨਾ ਉਪਰ ਸ਼ਾਹ ਰਗੇ, ਨੌ ਦਵਾਰੇ ਪੰਧ ਨਾ ਕੋਇ ਚੁਕਾਈਆ । ਹੰਸ ਰੂਪ ਬਣ ਗਏ ਕੱਗੇ, ਕਾਗ ਹੰਸ ਰੂਪ ਨਾ ਕੋਇ ਬਦਲਾਈਆ । ਤੇਰੇ ਅਗੇ ਪ੍ਰਭ ਸਭ ਨੇ ਹੱਥ ਬੱਧੇ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਝੁਕ ਝੁਕ ਕਰਨ ਸਲਾਮ, ਨਮੋਂ ਨਮੋਂ ਸੀਸ ਨਿਵਾਈਆ । ਤੂੰ ਦਾਤਾ ਮਾਲਕ ਮਿਹਰਵਾਨ, ਮਹਿਬੂਬ ਤੇਰੀ ਸਰਨਾਈਆ । ਕਲਜੁਗ ਜੀਵ ਭੁੱਲੇ ਜਗਤ ਜਹਾਨ, ਤੇਰੀ ਓਟ ਨਾ ਕੋਇ ਤਕਾਈਆ । ਅੰਤ ਅਖ਼ੀਰੀ ਹੋਏ ਅਸੀਂ ਹੈਰਾਨ, ਚਾਰੋਂ ਕੁੰਟ ਹੈਰਾਨੀ ਛਾਈਆ । ਮੰਦਰ ਮਸਜਿਦ ਸ਼ਿਵ ਦਵਾਲਾ ਮੱਠ ਬਣੀ ਦੁਕਾਨ, ਦਾਅਵੇਦਾਰ ਨਜ਼ਰ ਕੋਇ ਨਾ ਆਈਆ । ਹਿਰਦੇ ਵਸੇ ਨਾ ਕਿਸੇ ਰਾਮ, ਕਾਹਨ ਕ੍ਰਿਸ਼ਨ ਨਾ ਕੋਇ ਜਣਾਈਆ । ਈਸਾ ਮੂਸਾ ਮੁਹੰਮਦ ਸਾਚਾ ਦਏ ਨਾ ਕੋਇ ਪੈਗ਼ਾਮ, ਪੈਗ਼ੰਬਰ ਹੱਕ ਨਾ ਕੋਇ ਪੜ੍ਹਾਈਆ । ਨਾਨਕ ਗੋਬਿੰਦ ਮਿਲੇ ਕਿਸੇ ਨਾ ਆਣ, ਘਰ ਮੰਦਰ ਨਾ ਵੱਜੇ ਵਧਾਈਆ । ਧੂੜੀ ਮਿਲੇ ਨਾ ਕੋਇ ਇਸ਼ਨਾਨ, ਚਰਨ ਚਰਨੋਦਕ ਮੁਖ ਨਾ ਕੋਇ ਚੁਆਈਆ । ਮਨ ਵਾਸਨਾ ਫਿਰਨ ਸਵਾਨ, ਭੱਜਣ ਥਾਉਂ ਥਾਈਂਆ । ਬੁਧੀ ਦਾ ਕਰਨ ਗਿਆਨ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਦੇਣਾ ਵਰਤਾਈਆ । ਪੁਰਖ ਅਕਾਲ ਕਹੇ ਮੈਂ ਦੇਣਾ ਧੁਰ ਫ਼ਰਮਾਨਾ, ਸੰਮਤ ਪਹਿਲਾ ਦਏ ਗਵਾਹੀਆ । ਗੁਰ ਅਵਤਾਰ ਪੈਗ਼ਬੰਰਾਂ ਮੰਨਣਾ ਪਏ ਭਾਣਾ, ਸਿਰ ਸਕੇ ਨਾ ਕੋਇ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣਨਾ ਪਏ ਨਿਮਾਣਾ, ਨਿਉਂ ਨਿਉਂ ਸੀਸ ਝੁਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਚਾਰ ਜੁਗ ਦਾ ਬਦਲਣਾ ਪਏ ਗਾਣਾ, ਇਕੋ ਨਾਮ ਦਏ ਸਮਝਾਈਆ । ਦੋ ਜਹਾਨ ਸ੍ਰੀ ਭਗਵਾਨ ਸ਼ਾਹੋ ਭੂਪ ਬਿਨ ਰੰਗ ਰੂਪ ਮੰਨਣਾ ਪਏ ਰਾਣਾ, ਰਈਅਤ ਨੌ ਖੰਡ ਪ੍ਰਿਥਮੀ ਸੱਤ ਦੀਪ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਚੁਕਾਈਆ । ਛੱਬੀ ਪੋਹ ਕਹੇ ਮੈਂ ਵੇਖ ਕੇ ਹੋਇਆ ਖ਼ੁਸ਼, ਖ਼ੁਸ਼ਹਾਲੀ ਮੇਰੇ ਉਤੇ ਆਈਆ । ਪੁਰਖ ਅਕਾਲ ਗੁਰ ਅਵਤਾਰ ਪੈਗ਼ੰਬਰਾਂ ਲਿਆ ਪੁਛ, ਜੁਗ ਚੌਕੜੀ ਕੀ ਕੀ ਹੁਕਮ ਸੁਣਾਈਆ । ਕਿਉਂ ਕਲਜੁਗ ਅੰਤਮ ਹੋਇਆ ਅੰਧੇਰਾ ਘੁਪ, ਸਾਚਾ ਚੰਦ ਨਾ ਕੋਇ ਚਮਕਾਈਆ । ਝਗੜਾ ਪਿਆ ਪਿਤਾ ਪੁੱਤ, ਕੂੜੀ ਕਿਰਿਆ ਕਰੇ ਲੜਾਈਆ । ਅੰਮ੍ਰਿਤ ਜਾਮ ਮਿਲੇ ਕਿਸੇ ਨਾ ਘੁਟ, ਅੱਠ ਸੱਠ ਤੀਰਥ ਰਹੇ ਕੁਰਲਾਈਆ । ਸਤਿ ਧਰਮ ਦਾ ਬੂਟਾ ਗਿਆ ਸੁਕ, ਪੱਤ ਡਾਲੀ ਨਾ ਕੋਇ ਮਹਿਕਾਈਆ । ਸਾਚੀ ਮੌਲੀ ਕੋਈ ਨਾ ਰੁੱਤ, ਖਿਜਾਂ


੧੪੯
੧੯

ਬਸੰਤ ਗਈ ਬਦਲਾਈਆ । ਕਿਸੇ ਦੇ ਕੋਲ ਨਹੀਂ ਕੁਛ, ਸਾਧ ਸੰਤ ਖ਼ਾਲੀ ਝੋਲੀਆਂ ਰਹੇ ਵਖਾਈਆ । ਸਾਚੀ ਮੰਜ਼ਲ ਦਾ ਪੈਂਡਾ ਨਾ ਜਾਵੇ ਮੁਕ, ਮੁਕਾਮੇ ਹੱਕ ਨਾ ਕੋਇ ਰਸਾਈਆ । ਆਵਣ ਜਾਵਣ ਲੱਖ ਚੁਰਾਸੀ ਜਾਏ ਕਿਸੇ ਨਾ ਛੁੱਟ, ਬੰਦੀਖ਼ਾਨਾ ਨਾ ਕੋਇ ਤੁੜਾਈਆ । ਆਤਮ ਪਰਮਾਤਮ ਧਾਰ ਗਈ ਟੁੱਟ, ਬ੍ਰਹਮ ਪਾਰਬ੍ਰਹਮ ਵਿਚ ਨਾ ਕੋਇ ਸਮਾਈਆ । ਕਰਿਆ ਖੇਲ ਅਬਿਨਾਸ਼ੀ ਅਚੁਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਹੁਕਮ ਇਕ ਵਰਤਾਈਆ । ਛੱਬੀ ਪੋਹ ਕਹੇ ਮੇਰਾ ਸਮਾਂ ਬਦਲ ਕੇ ਆਈ ਪ੍ਰਭ ਦੀ ਪਹਿਲੀ ਮਾਘੀ, ਮਗਨ ਭਗਤਾਂ ਰਹੀ ਕਰਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦੁਨੀ ਵੇਖੀ ਦਾਗ਼ੀ, ਦੁਰਮਤ ਮੈਲ ਨਾ ਕੋਇ ਧਵਾਈਆ । ਗੁਰ ਕੇ ਸ਼ਬਦ ਕੋਇ ਨਾ ਜਾਗੀ, ਜਗਤ ਵਿਹਾਰਾਂ ਵਿਚ ਕੁਰਲਾਈਆ । ਰਸਨਾ ਜਿਹਵਾ ਬੱਤੀ ਦੰਦ ਬਣੇ ਰਹੇ ਰਾਗੀ, ਅਨਹਦ ਨਾਦ ਨਾ ਕੋਇ ਵਜਾਈਆ । ਮਿਲਿਆ ਮੇਲ ਨਾ ਮੋਹਨ ਮਾਧਵ ਮਾਧੀ, ਮਧੁਰ ਧੁੰਨ ਨਾ ਕੋਇ ਸੁਣਾਈਆ । ਬਾਣੀ ਪੜ੍ਹੀ ਨਾ ਬੋਧ ਅਗਾਧੀ, ਅੱਖਰ ਵੇਖ ਵੇਖ ਖ਼ੁਸ਼ੀ ਮਨਾਈਆ । ਸਾਚੀ ਮੰਜ਼ਲ ਬਣੇ ਨਾ ਪਾਂਧੀ, ਰਹਿਬਰ ਰਾਹ ਨਾ ਕੋਇ ਵਖਾਈਆ । ਬਿਨ ਮੱਕੇ ਕਾਅਬਿਉਂ ਬਣੇ ਨਾ ਸੱਚੇ ਹਾਜੀ, ਹੁਜਰਾ ਹੱਕ ਨਾ ਕੋਇ ਦ੍ਰਿੜਾਈਆ । ਬਿਨਾ ਸਜਦਿਉਂ ਕੋਈ ਪੜ੍ਹੇ ਨਾ ਸਚ ਨਿਵਾਜ਼ੀ, ਨਿਵਾਜ਼ਿਸ ਵਿਚ ਵੇਖੇ ਨਾ ਕੋਇ ਲੋਕਾਈਆ । ਕਰੋੜਾਂ ਅਰਬਾਂ ਦੀ ਵਧਦੀ ਵੇਖੀ ਆਬਾਦੀ, ਭਗਤ ਭਗਵੰਤ ਦਾ ਰੂਪ ਨਾ ਕੋਇ ਬਣਾਈਆ । ਅੰਤ ਅਖ਼ੀਰ ਸਭ ਨੇ ਹਾਰਨੀ ਬਾਜ਼ੀ, ਬਾਜਾਂ ਵਾਲਾ ਦਏ ਗਵਾਹੀਆ । ਜਿਸ ਦਾ ਇਕੋ ਅਸਵ ਘੋੜਾ ਤਾਜੀ, ਤਾਜਾਂ ਤਖ਼ਤਾਂ ਵਾਲਿਆਂ ਦਏ ਉਲਟਾਈਆ । ਕਿਸੇ ਦੀ ਸ਼ਹਿਨਸ਼ਾਹੀ ਨਾ ਰਹੇ ਨਵਾਬੀ, ਨੌਬਤ ਇਕੋ ਨਾਮ ਸੁਣਾਈਆ । ਸੋਲਵੇਂ ਸਾਲ ਤਕ ਨੌ ਖੰਡ ਪ੍ਰਿਥਮੀ ਸੱਤ ਦੀਪ ਪਰਗਟ ਕਰਨੀ ਪੰਜਾਬੀ, ਪੰਚਮ ਪੰਚ ਪੰਚ ਦੇਣਾ ਸਮਝਾਈਆ । ਮਨ ਵਾਸਨਾ ਕੋਈ ਰਹਿਣ ਨਹੀਂ ਦੇਣਾ ਬਾਗ਼ੀ, ਸ਼ਬਦ ਖੰਡਾ ਇਕ ਚਮਕਾਈਆ । ਜੋ ਪਰਮ ਪੁਰਖ ਨੂੰ ਰਹੇ ਅਰਾਧੀ, ਤਿਨ੍ਹਾਂ ਹੋਣਾ ਆਪ ਸਹਾਈਆ । ਝਗੜਾ ਮੁਕਣਾ ਪੰਡਤ ਕਾਜ਼ੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦਏ ਦ੍ਰਿੜਾਈਆ । ਮਾਘੀ ਕਹੇ ਮੈਂ ਹੋ ਗਈ ਮਗਨ, ਨਿਉਂ ਨਿਉਂ ਸੀਸ ਨਿਵਾਈਆ । ਜਨ ਭਗਤਾਂ ਆਈ ਸੱਦਣ, ਗੁਰਮੁਖ ਮਾਤ ਉਠਾਈਆ । ਪਰਮ ਪੁਰਖ ਪਰਮਾਤਮ ਕਰਨ ਆਇਆ ਅਗੰਮੀ ਅਦਲ, ਜਿਸ ਨੇ ਦੋ ਜਹਾਨ ਅਦਾਲਤ ਇਕ ਲਗਾਈਆ । ਜਿਸ ਨੇ ਬ੍ਰਹਿਮੰਡ ਖੰਡ ਦੇਣੇ ਬਦਲ, ਵਿਸ਼ਨ ਬ੍ਰਹਮਾ ਸ਼ਿਵ ਦਏ ਬਦਲਾਈਆ । ਜਿਸ ਨੇ ਲੇਖਾ ਜਾਣਨਾ ਮਕਤੂਲ ਕਾਤਲ ਕਤਲ, ਚੁਰਾਸੀ ਫਾਸੀ ਵੰਡ ਵੰਡਾਈਆ । ਉਸ ਦਾ ਇਕੋ ਦਰ ਤੇ ਇਕੋ ਪੱਤਨ, ਇਕੋ ਨਈਆ ਨੌਕਾ ਰਿਹਾ ਜਣਾਈਆ । ਜਨ ਭਗਤਾਂ ਵਖਾਏ ਆਪਣਾ ਪਿਛਲਾ ਵਤਨ, ਜਿਸ ਘਰ ਵਿਚੋਂ ਹੋਈ ਜੁਦਾਈਆ । ਪੈਜ ਅੰਤਮ ਆਇਆ ਰੱਖਣ, ਰਾਖਾ ਹੋ ਕੇ ਬੇਪਰਵਾਹੀਆ । ਲੱਖ ਚੁਰਾਸੀ ਵਿਚੋਂ ਵਿਰੋਲੇ ਮੱਖਣ, ਨਾਮ ਮਧਾਣਾ ਹੱਥ ਉਠਾਈਆ । ਸ਼ਬਦ ਗੁਰੂ ਨਿਵਾਸੀ ਪਟਣ, ਪਾਟਲ ਆਪਣੀ ਦਇਆ ਕਮਾਈਆ । ਸਚ ਦਵਾਰਾ ਖੋਲ੍ਹ ਕੇ ਹੱਟਣ, ਨਾਮ ਭੰਡਾਰਾ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਾਰ ਇਕ ਕਮਾਈਆ । ਮਾਘੀ ਕਹੇ ਮੈਂ ਪ੍ਰਭ ਦਰ ਹੋਈ ਮਨਜ਼ੂਰ, ਮੰਜ਼ਲ ਪੰਧ ਮੁਕਾਈਆ । ਜਲਵਾ ਤੱਕ ਅਗੰਮੀ ਨੂਰ, ਮੇਰੇ ਅੰਤਰ ਵੱਜੀ ਵਧਾਈਆ । ਜਿਸ ਨੂੰ ਕਹਿੰਦੇ ਦੂਰਨ ਦੂਰ, ਨੇਰਨ ਨੇਰਾ ਨਜ਼ਰੀ ਆਈਆ । ਮਿਹਰਵਾਨ ਮੁਹੱਬਤ ਵਿਚ ਹਾਜ਼ਰ ਹਜ਼ੂਰ, ਮਹਿਬੂਬ ਸ਼ਹਿਨਸ਼ਾਹੀਆ । ਭਗਤਾਂ

ਮਿਲਦਾ ਵੇਖਣਾ ਜ਼ਰੂਰ, ਜਾਹਰ ਜਹੂਰ ਫੇਰਾ ਪਾਈਆ । ਜਨਮ ਜਨਮ ਦੇ ਕਟ ਕ਼ਸੂਰ, ਕੂੜੀ ਕਿਰਿਆ ਦਏ ਗਵਾਈਆ । ਸਚ ਦਵਾਰੇ ਬਣਾ ਕੇ ਸਚ ਮਜ਼ਦੂਰ, ਕੀਤੀ ਘਾਲ ਝੋਲੀ ਪਾਈਆ । ਮਾਨਸ ਜਨਮ ਜਾਣ ਨਾ ਦੇਵੇ ਫ਼ਜ਼ੂਲ, ਫ਼ਜ਼ਲ ਰਹਿਮਤ ਨਾਲ ਤਰਾਈਆ । ਆਤਮ ਪਰਮਾਤਮ ਦਾ ਦੱਸਕੇ ਵੱਖਰਾ ਮਜਮੂਨ, ਬਿਨ ਅੱਖਰਾਂ ਕਰੇ ਪੜ੍ਹਾਈਆ । ਜਿਸ ਦਾ ਸਮਝ ਸਕੇ ਨਾ ਕੋਇ ਕ਼ਾਨੂੰਨ, ਕਾਇਦਾ ਆਪਣਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮਾਘੀ ਕਹੇ ਮੈਂ ਵੇਖ ਹੋਈ ਅਨੰਦ, ਅਨੰਦ ਇਕੋ ਨਜ਼ਰੀ ਆਈਆ । ਚੌਥੇ ਜੁਗ ਲੇਖਾ ਮੁੱਕਿਆ ਪੰਧ, ਪੈਂਡਾ ਬਾਕੀ ਰਿਹਾ ਨਾ ਰਾਈਆ । ਗੁਰ ਅਵਤਾਰ ਪੈਗ਼ੰਬਰ ਖ਼ੁਸ਼ੀਆਂ ਵਿਚ ਗਾਵਣ ਛੰਦ, ਤੂੰ ਹੀ ਤੂੰ ਹੀ ਰਾਗ ਅਲਾਈਆ । ਭਗਵਨ ਹੋਇਆ ਭਗਤਾਂ ਸੰਗ, ਸਗਲਾ ਸੰਗ ਬਣਾਈਆ । ਨਿਜ ਆਤਮ ਦੇਵੇ ਠੰਡ, ਪਰਮਾਨੰਦ ਸਮਾਈਆ । ਨਾਮ ਭੰਡਾਰਾ ਦੇਵੇ ਵੰਡ, ਵਸਤ ਅਮੋਲਕ ਝੋਲੀ ਪਾਈਆ । ਸਤਿ ਚੜ੍ਹਾ ਕੇ ਅਨੋਖਾ ਰੰਗ, ਮਜੀਠੀ ਦਏ ਵਖਾਈਆ । ਦੂਈ ਦਵੈਤੀ ਢਾਹ ਕੇ ਕੰਧ, ਭਾਂਡਾ ਭਰਮ ਭਉ ਭੰਨਾਈਆ । ਕੋਈ ਰਹੇ ਨਾ ਭਾਗਾਂ ਮੰਦ, ਵਿਛੜਿਆਂ ਜੋੜ ਜੁੜਾਈਆ । ਪੜਦਾ ਲਾਹ ਕੇ ਹੰ ਬ੍ਰਹਮ, ਪਾਰਬ੍ਰਹਮ ਰਿਹਾ ਵਖਾਈਆ । ਕੂੜੀ ਕਿਰਿਆ ਰਹੇ ਨਾ ਤ੍ਰਿਸ਼ਨਾ ਤਮ, ਤਾਮਸ ਮੋਹ ਨਾ ਕੋਇ ਜਣਾਈਆ । ਚਿੰਤਾ ਮੇਟ ਕੇ ਜਗਤ ਗ਼ਮ, ਖ਼ੁਸ਼ੀ ਅੰਦਰ ਦਏ ਪਰਗਟਾਈਆ । ਭਾਗ ਲਗਾ ਕੇ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਲੇਖੇ ਲਾ ਕੇ ਪਵਣ ਸਵਾਸੀ ਦਮ, ਪਵਣ ਉਨੰਜਾ ਸੇਵ ਕਮਾਈਆ । ਜਗਤ ਜਨਮ ਦਿਆਂ ਵਿਛੜਿਆਂ ਬੇੜਾ ਬੰਨ੍ਹ, ਧੁਰ ਦਾ ਸੰਗ ਦਏ ਜਣਾਈਆ । ਇਕੋ ਰਾਗ ਸੁਣਾ ਕੇ ਕੰਨ, ਨਾਦ ਅਗੰਮੀ ਦਏ ਵਜਾਈਆ । ਮਨ ਕਾ ਮਣਕਾ ਫੇਰ ਕੇ ਮਨ, ਮਨਸਾ ਮਨਸਾ ਵਿਚੋਂ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਵੇਖੋ ਸ਼ਹਿਨਸ਼ਾਹੀ ਮਾਘ ਚੜ੍ਹਿਆ, ਦੋ ਜਹਾਨ ਵੱਜੇ ਵਧਾਈਆ । ਭਗਤ ਭਗਵਾਨ ਨੇ ਮਿਲ ਕੇ ਅਗੰਮਾ ਅੱਖਰ ਪੜ੍ਹਿਆ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਜਨਮੇ ਨਾ ਕਦੇ ਮਰਿਆ, ਗੇੜ ਵਿਚ ਨਾ ਕਦੇ ਰਖਾਈਆ । ਜੋ ਕਰਨਾ ਸੋ ਆਪੇ ਕਰਿਆ, ਦੂਜੀ ਓਟ ਨਾ ਕੋਇ ਰਖਾਈਆ । ਨਿਰਭਓ ਭੈ ਵਿਚ ਕਦੇ ਨਾ ਡਰਿਆ, ਅਕਾਲ ਮੂਰਤ ਨਜ਼ਰੀ ਆਈਆ । ਧੁਰ ਦਰਗਾਹ ਸਚਖੰਡ ਦਵਾਰੇ ਖੜਿਆ, ਜਿਥੇ ਛੱਪਰ ਛੰਨ ਨਾ ਕੋਇ ਛੁਹਾਈਆ । ਅਗਨੀ ਅੱਗ ਕਦੇ ਨਾ ਸੜਿਆ, ਗੋਰ ਵਿਚ ਨਾ ਕੋਇ ਦਬਾਈਆ । ਮਿਹਰਵਾਨ ਹੋ ਕੇ ਆਪਣੀ ਕਿਰਪਾ ਕਰਿਆ, ਮਹਿਬੂਬ ਨੂਰ ਖ਼ੁਦਾਈਆ । ਲੋਕਮਾਤ ਕਲਜੁਗ ਅੰਤ ਸਾਢੇ ਤਿੰਨ ਹੱਥ ਵਸਾ ਕੇ ਸਾਚਾ ਘਰਿਆ, ਗ੍ਰਿਹਿ ਮੰਦਰ ਸੋਭਾ ਪਾਈਆ । ਪੁਰਖ ਅਕਾਲ ਦੀਨ ਦਿਆਲ ਪਰਮਾਤਮ ਆਤਮ ਹੋ ਕੇ ਵਰਿਆ, ਨਾਰ ਕੰਤ ਅੰਗ ਜੁੜਾਈਆ । ਦੀਨ ਮਜ਼੍ਹਬ ਜਾਤ ਪਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਚ ਕਰਨੀ ਕਾਰ ਕਮਾਈਆ । ਮਾਘ ਕਹੇ ਮੈਂ ਹੋਇਆ ਉਜਾਗਰ, ਪੁਰਖ ਅਕਾਲ ਦਿਤੀ ਸਰਨਾਈਆ । ਮੈਂ ਬਣਨਾ ਸਚ ਸੁਦਾਗਰ, ਚਾਰ ਕੁੰਟ ਫੇਰਾ ਪਾਈਆ । ਭਗਤਾਂ ਨਿਰਮਲ ਕਰਮ ਕਰਨਾ ਉਜਾਗਰ, ਦੁਰਮਤ ਮੈਲ ਧਵਾਈਆ । ਸੰਤ ਸੁਹੇਲੇ ਬਣਾਉਣੇ ਵਡ ਬਹਾਦਰ, ਸ਼ਬਦੀ ਬਲ ਪਰਗਟਾਈਆ । ਮੇਲ ਮਿਲਾਉਣਾ ਨਾਲ ਧੁਰ ਦੇ ਕ਼ਾਦਰ, ਕਰਤੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ

੧੫੧
੧੯

ਆਪਣੀ ਕਿਰਪਾ ਕਰ, ਸਚ ਕਰਨੀ ਦਏ ਸਮਝਾਈਆ । ਮਾਘ ਕਹੇ ਮੈਂ ਭਾਗਾਂਵੰਤ, ਗੁਰਮੁਖਾਂ ਦਿਆਂ ਬਣਾਈਆ । ਵਿਛੜਿਆਂ ਮੇਲਾ ਧੁਰ ਦਾ ਕੰਤ, ਸੱਜਣ ਸ਼ਹਿਨਸ਼ਾਹੀਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਿਆਂ ਸਮਝਾਈਆ । ਬੋਧ ਅਗਾਧ ਬਣ ਕੇ ਪੰਡਤ, ਇਕੋ ਕਰਾਂ ਪੜ੍ਹਾਈਆ । ਜੁਗ ਜਨਮ ਦੀ ਪੂਰਬ ਵੇਖਾਂ ਸਨਦ, ਸੰਤ ਸੁਹੇਲੇ ਖੋਜ ਖੁਜਾਈਆ । ਪ੍ਰੇਮੀਆਂ ਪਿਆਰਿਆਂ ਅੰਤਰ ਦੇ ਕੇ ਹਿੰਮਤ, ਹੌਸਲਾ ਦਿਆਂ ਵਧਾਈਆ । ਜਨ ਭਗਤੋ ਸ੍ਰੀ ਭਗਵਾਨ ਤੁਹਾਡੇ ਅੰਦਰ ਸਿਮਤ, ਉੱਤਰ ਪੂਰਬ ਪੱਛਮ ਦੱਖਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮਾਘ ਕਹੇ ਮੈਂ ਭਗਤਾਂ ਦੱਸਣਾ ਸਚ, ਸਹਿਜ ਸਹਿਜ ਜਣਾਈਆ । ਗੁਰਮੁਖੋ ਪੜਦਾ ਲਾਹ ਕੇ ਵੇਖੋ ਕਾਇਆ ਮਾਟੀ ਕੱਚ, ਕੰਚਨ ਗੜ੍ਹ ਸੁਹਾਈਆ । ਤੁਹਾਡੇ ਅੰਤਰ ਬੈਠਾ ਪੁਰਖ ਸਮਰਥ, ਘਰ ਵਿਚ ਆਪਣਾ ਡੇਰਾ ਲਾਈਆ । ਜਿਸ ਦਾ ਨੱਕ ਮੂੰਹ ਨਹੀਂ ਹੱਥ, ਤਤਵ ਤਤ ਨਾ ਕੋਇ ਪਰਗਟਾਈਆ । ਹਕੀਕਤ ਵਿਚ ਸਚ, ਸਤਿ ਦਏ ਸਮਝਾਈਆ । ਸਾਢੇ ਤਿੰਨ ਕਰੋੜ ਅੰਦਰ ਰਿਹਾ ਰਚ, ਰਚਨਾ ਆਪਣੀ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤੋ ਅੰਦਰ ਮਾਰ ਕੇ ਵੇਖੋ ਝਾਕੀ, ਪੜਦਾ ਪੜਦੇ ਵਿਚੋਂ ਉਠਾਈਆ । ਬੰਦ ਕਿਵਾੜਾ ਖੋਲ੍ਹ ਕੇ ਵੇਖੋ ਤਾਕੀ, ਬਜਰ ਕਪਾਟੀ ਕੁੰਡਾ ਲਾਹੀਆ । ਘਰ ਸੱਜਣ ਬੈਠਾ ਸਾਕੀ, ਜਾਮ ਪਿਆਲਾ ਰਿਹਾ ਪਿਆਈਆ । ਲੇਖਾ ਜਾਣੇ ਮਾਟੀ ਖ਼ਾਕੀ, ਖ਼ਾਲਸ ਆਪਣਾ ਰੂਪ ਦਏ ਸਮਝਾਈਆ । ਮਨੂਆ ਮਨ ਰਹੇ ਨਾ ਆਕੀ, ਮਮਤਾ ਮੋਹ ਦਏ ਚੁਕਾਈਆ ।ਆਤਮ ਪਰਮਾਤਮ ਦੱਸੇ ਜਾਤ ਅਜਾਤੀ, ਇਕੋ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਵੇ ਗਾਥੀ, ਕਰੇ ਸਚ ਪੜ੍ਹਾਈਆ । ਏਥੇ ਓਥੇ ਦੋ ਜਹਾਨਾਂ ਬਣ ਕੇ ਸਾਥੀ, ਸਗਲਾ ਸੰਗ ਨਿਭਾਈਆ । ਚੌਦਾਂ ਲੋਕ ਕਰੇ ਰਾਖੀ, ਫੜ ਫੜ ਅਗੇ ਲਏ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਦੇ ਕੇ ਗਏ ਸੰਦੇਸੇ ਪਾਤੀ, ਲੋਕਮਾਤ ਮਾਤ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਪਹਿਲੇ ਸੰਮਤ ਦੀ ਆਉਣੀ ਓਹ ਅਗੰਮੀ ਰਾਤੀ, ਜਿਸ ਰੈਣ ਦੀ ਰੇਣਿਕਾ ਹੱਥ ਕਿਸੇ ਨਾ ਆਈਆ । ਮਾਘ ਕਹੇ ਮੈਂ ਆਇਆ ਲੋਕਮਾਤ, ਪੁਰਖ ਅਕਾਲ ਦਿਤੀ ਵਡਿਆਈਆ । ਸਤਿਜੁਗ ਦਾ ਜਗਣਾ ਬਣ ਚਰਾਗ਼, ਨਿਰਗੁਣ ਨੂਰ ਨੂਰ ਰੁਸ਼ਨਾਈਆ । ਕੂੜੀ ਕਿਰਿਆ ਬਦਲ ਕੇ ਰਾਜ, ਕਲਜੁਗ ਸਫ਼ਾ ਦੇਣੀ ਉਠਾਈਆ । ਹੁਕਮ ਦੇ ਕੇ ਧੁਰ ਮਹਾਰਾਜ, ਸੰਦੇਸ਼ਾ ਦੇਣਾ ਸੁਣਾਈਆ । ਇਕੋ ਕਲਮਾ ਇਕੋ ਨਾਮ ਇਕੋ ਕਰਨਾ ਪਏ ਆਦਾਬ, ਇਕੋ ਸੀਸ ਜਗਦੀਸ਼ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇਂ ਅੰਦਰ ਹੁਕਮ ਮਨਾਈਆ । ਮਾਘ ਕਹੇ ਮੈਂ ਦੱਸਣਾ ਲੋਕਮਾਤ, ਪ੍ਰਭ ਦਾ ਹੁਕਮ ਬੇਪਰਵਾਹੀਆ । ਕਲਜੁਗ ਮਿਟਣੀ ਅੰਧੇਰੀ ਰਾਤ, ਕੂੜੀ ਰੈਣ ਰਹਿਣ ਨਾ ਪਾਈਆ । ਸਤਿਜੁਗ ਸਾਚੀ ਪਰਗਟ ਹੋਣੀ ਪਰਭਾਤ, ਪਰਭਾਤੀ ਢੋਲੇ ਗਾਈਆ । ਝਗੜਾ ਮੁੱਕਣਾ ਜਾਤ ਪਾਤ, ਦੀਨ ਦੁਨੀ ਇਕੋ ਨਜ਼ਰੀ ਆਈਆ । ਚਾਰ ਵਰਨ ਅਠਾਰਾਂ ਬਰਨ ਬਣਨੀ ਇਕ ਜਮਾਤ, ਇਕੋ ਕਰੇ ਸਚ ਪੜ੍ਹਾਈਆ । ਲਹਿਣਾ ਦੇਣਾ ਸਭ ਦਾ ਚੁਕਾਵੇ ਮਸਤਕ ਮਾਥ, ਪੂਰਬ ਕਰਮਾ ਨਿਹਕਰਮੀ ਵੇਖ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦਾ ਬਦਲ ਦੇਣਾ ਸਮਾਜ, ਸਮੇਂ ਅਗੇ ਚਲੇ ਨਾ ਕੋਇ ਚਤੁਰਾਈਆ । ਪ੍ਰਭ ਦਾ ਖੇਲ ਸਮਝੇ ਨਾ ਕੋਇ ਦਿਮਾਗ, ਚੌਦਾਂ ਵਿਦਿਆ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ


੧੫੨
੧੯

ਹੁਕਮ ਆਪ ਪਰਗਟਾਈਆ । ਮਾਘ ਕਹੇ ਮੈਂ ਪ੍ਰਭ ਦਾ ਹੁਕਮ ਸੁਣਨਾ ਹੋ ਕੇ ਮੌਜੂਦ, ਜੋ ਮੁਫਲਿਸਾਂ ਰਿਹਾ ਅਪਣਾਈਆ । ਜੁਗ ਜੁਗ ਬਦਲਦਾ ਗਿਆ ਅਰੂਜ, ਅਰਸ਼ ਫ਼ਰਸ਼ ਵੇਖ ਵਖਾਈਆ । ਕਲਜੁਗ ਰਹੇ ਨਾ ਅਖੀਰੀ ਹਦੂਦ, ਹਜ਼ਰਤ ਦਏ ਗਵਾਹੀਆ । ਕਰਨੀ ਨੇਸਤੋ ਨਾਬੂਦ, ਕੂੜੀ ਕਿਰਿਆ ਦੇਣੀ ਮਿਟਾਈਆ । ਨਾਨਕ ਗੋਬਿੰਦ ਦੇ ਕੇ ਗਿਆ ਸਬੂਤ, ਅੱਖਰ ਅੱਖਰਾਂ ਵੰਡ ਵੰਡਾਈਆ । ਕੋਈ ਖੇਲ ਨਾ ਸਮਝੇ ਪੰਜ ਤਤ ਕਾਇਆ ਕਲਬੂਤ, ਅੰਤਰ ਅੰਤਰ ਪੜਦਾ ਕੋਇ ਨਾ ਲਾਹੀਆ । ਅੱਖਰਾਂ ਵਿਚੋਂ ਪੱਥਰਾਂ ਵਿਚੋਂ ਸੱਥਰਾਂ ਵਿਚੋਂ ਲਭਦੇ ਮਹਿਬੂਬ, ਜਗਤ ਨੇਤਰਾਂ ਚਾਰ ਕੁੰਟ ਅੱਖ ਉਠਾਈਆ । ਭੇਦ ਸਮਝ ਕੇ ਏਕਾ ਦੂਜ, ਦੂਆ ਏਕਾ ਜੋੜ ਨਾ ਕੋਇ ਜੁੜਾਈਆ । ਅੰਤਮ ਸਭ ਨੇ ਕਰ ਕੇ ਜਾਣਾ ਕੂਚ, ਕੂਚਾ ਗਲੀ ਰਹਿਣ ਕੋਇ ਨਾ ਪਾਈਆ । ਬਿਨ ਭਗਤਾਂ ਕਿਸੇ ਨਹੀਂ ਆਉਣੀ ਸਾਚੀ ਸੂਝ, ਸਮਝ ਨਾਲ ਰਮਜ਼ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਮਾਘ ਕਹੇ ਮੈਂ ਵੇਖਣਾ ਖੇਲ ਹਕੀਕੀ, ਹਾਕਮ ਇਕੋ ਨਜ਼ਰੀ ਆਈਆ । ਜਿਸ ਕਲਜੁਗ ਕੂੜੀ ਕਿਰਿਆ ਮੇਟਣੀ ਤਾਰੀਕੀ, ਤਾਰਾ ਚੰਦ ਦਏ ਦੁਹਾਈਆ । ਜਿਸ ਦੇ ਹੱਥ ਦੋ ਜਹਾਨਾਂ ਤੌਫ਼ੀਕ਼ੀ, ਤੋਬਾ ਤੋਬਾ ਕਰੇ ਲੋਕਾਈਆ । ਜੋ ਆਦਿ ਜੁਗਾਦਿ ਸਭ ਦਾ ਰਫ਼ੀਕੀ, ਫ਼ਿਰਕਾਦਾਰੀ ਦਏ ਗਵਾਈਆ । ਜਿਸ ਦੇ ਚਰਨਾਂ ਹੇਠਾਂ ਜੁਗ ਚੌਕੜੀ ਕੋਟਨ ਵਾਰ ਬੀਤੀ, ਗੁਰ ਅਵਤਾਰ ਪੈਗ਼ੰਬਰ ਗਏ ਸੇਵ ਕਮਾਈਆ । ਉਹ ਲੱਖ ਚੁਰਾਸੀ ਜਾਨਣਹਾਰਾ ਨੀਤੀ, ਘਟ ਘਟ ਅੰਤਰ ਵੇਖ ਵਖਾਈਆ । ਪੁਰਖ ਅਕਾਲ ਦੀ ਇਕ ਸਾਲ ਦੀ ਬਰਸੀ ਅਜੇ ਨਹੀਂ ਬੀਤੀ, ਕੋਟਾਂ ਬਰਸਾਂ ਦੇ ਝਗੜੇ ਦਏ ਮੁਕਾਈਆ । ਜਨ ਭਗਤੋ ਥੋੜੀ ਤੋਂ ਬਹੁਤੀ ਵਟੋ ਕਚੀਚੀ, ਬਹੁਤੀ ਤੋਂ ਥੋੜੀ ਕਰ ਕੇ ਦਏ ਵਖਾਈਆ । ਬਿਨਾ ਗੋਬਿੰਦ ਤੋਂ ਵਸਦੀ ਰਹੇ ਨਾ ਕੋਇ ਬਗੀਚੀ, ਬਹਾਰ ਨਜ਼ਰ ਕੋਇ ਨਾ ਆਈਆ । ਪ੍ਰਭ ਦੀ ਖੇਲ ਸਭ ਤੋਂ ਨੀਕੀ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਕਲਜੁਗ ਅੰਤ ਸਭ ਨੇ ਭਰਨੀ ਆਪਣੀ ਕੀਤੀ, ਗੁਰ ਅਵਤਾਰ ਪੈਗ਼ੰਬਰ ਅਗੇ ਹੋ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਰਤਾਈਆ । ਮਾਘ ਕਹੇ ਮੈਂ ਉਠਾ ਉਠਾ ਵੇਖਾਂ ਅੱਖ, ਬਿਨ ਅੱਖਾਂ ਅੱਖ ਖੁਲ੍ਹਾਈਆ । ਨਿਰਗੁਣ ਰੂਪ ਪ੍ਰਭੂ ਪਰਤੱਖ, ਪਤਿਪਰਮੇਸ਼ਵਰ ਬੇਪਰਵਾਹੀਆ । ਲੱਖ ਚੁਰਾਸੀ ਕਾਇਆ ਮਾਟੀ ਭਾਂਡੇ ਵੇਖੇ ਸੱਖ, ਅੰਡਜ ਜੇਰਜ ਉਤਭੁਜ ਸੇਹਤਜ ਫੋਲ ਫੁਲਾਈਆ । ਗੁਰ ਅਵਤਾਰ ਪੈਗ਼ੰਬਰ ਜੋ ਮਾਰਗ ਗਏ ਦੱਸ, ਜੀਵ ਜੰਤ ਗਏ ਭੁਲਾਈਆ । ਸਤਿ ਧਰਮ ਧੀਰਜ ਛੱਡ ਕੇ ਹੱਠ, ਕੂੜੀ ਕਿਰਿਆ ਰਹੇ ਕਮਾਈਆ । ਮਨ ਵਾਸਨਾ ਰਹੇ ਨੱਠ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਮੰਦਰ ਮਸਜਿਦ ਸ਼ਿਵਦਵਾਲੇ ਕਰ ਇਕੱਠ, ਜਗਤ ਸਿਆਸਤ ਕਰਨ ਲੜਾਈਆ । ਹਿਰਦੇ ਨਾਮ ਲਏ ਕੋਈ ਨਾ ਰਟ, ਰੱਟਾ ਪਿਆ ਸਰਬ ਲੋਕਾਈਆ । ਨਿਰਮਲ ਜੋਤ ਜਗੇ ਨਾ ਲਟ ਲਟ, ਚਾਰੋਂ ਕੁੰਟ ਅੰਧੇਰਾ ਛਾਈਆ । ਸ਼ਬਦ ਅਗੰਮੀ ਲੱਗੇ ਮੂਲ ਨਾ ਸੱਟ, ਸੋਈ ਸੁਰਤ ਨਾ ਕੋਇ ਉਠਾਈਆ । ਪ੍ਰੇਮ ਰੰਗਣ ਰੰਗੇ ਕੋਈ ਨਾ ਰੱਤ, ਲਾਲ ਗੁਲਾਲਾ ਰੰਗ ਚੜ੍ਹਾਈਆ । ਧੀਰਜ ਰਿਹਾ ਕੋਈ ਨਾ ਸਤਿ, ਸੰਤੋਖ ਬੈਠਾ ਮੂੰਹ ਛੁਪਾਈਆ । ਸਾਧ ਸੰਤ ਧੀਆਂ ਭੈਣਾਂ ਰਹੇ ਤੱਕ, ਨੇਤਰ ਅੱਖ ਨਾ ਕੋਇ ਸ਼ਰਮਾਈਆ । ਗੁਰ ਅਵਤਾਰ ਪੈਗ਼ੰਬਰ ਸਭ ਦਾ ਖਹਿੜਾ ਗਏ ਛੱਡ, ਲੋਕਮਾਤ ਕਰ ਜੁਦਾਈਆ । ਸਰਗੁਣ ਕੋਲੋਂ ਹੋ ਕੇ ਅੱਡ, ਨਿਰਗੁਣ ਅਗੇ ਦੇਣ ਦੁਹਾਈਆ । ਪ੍ਰਭੂ ਤੇਰੇ ਬਿਨਾ ਭਗਤ ਭਗਵਾਨ

੧੫੪
੧੯

ਦੀ ਚਲੇ ਕੋਇ ਨਾ ਯੱਦ, ਪਿਤਾ ਪੂਤ ਨਾਤਾ ਨਾ ਕੋਇ ਜੁੜਾਈਆ । ਕਲਜੁਗ ਜੀਵ ਬੁਧੀ ਹੋਈ ਕੱਗ, ਹੰਸ ਬੈਠੇ ਰੰਗ ਬਦਲਾਈਆ । ਸਾਰੇ ਲਾ ਕੇ ਝੂਠੇ ਪੱਜ, ਪਾਠਸ਼ਾਲਾ ਵਿਚ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦੇ ਸੁਣਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੀਰ ਪੈਗ਼ੰਬਰੋ ਹਾਜ਼ਰ ਕਰੋ ਲਿਖਤ, ਹੁਕਮੀ ਹੁਕਮ ਜਣਾਈਆ । ਤੁਹਾਡਾ ਪੂਰਾ ਹੋਇਆ ਭਵਿਖਤ, ਬੀਸ ਇਕੀਸਾ ਪੰਧ ਚੁਕਾਈਆ । ਅਗੇ ਸਭ ਦਾ ਪੁਰਖ ਅਕਾਲ ਹੋਣਾ ਇਸ਼ਟ, ਦੂਜਾ ਗੁਰ ਨਾ ਕੋਇ ਮਨਾਈਆ । ਨਾ ਕੋਈ ਰਾਮ ਤੇ ਨਾ ਕੋਈ ਵਸ਼ਿਸ਼ਟ, ਵਿਸ਼ਿਆਂ ਵਾਲਾ ਸਤਿਗੁਰੂ ਕੰਮ ਕਿਸੇ ਨਾ ਆਈਆ । ਸਤਿਗੁਰੂ ਪੂਰਾ ਪੁਰਖ ਅਕਾਲ ਪੰਜ ਤਤ ਭੋਗੇ ਨਾ ਕਦੇ ਗ੍ਰਿਹਸਤ, ਜੋਤ ਸ਼ਬਦ ਕਰੇ ਕੁੜਮਾਈਆ । ਨਾ ਕੋਈ ਆਸਾ ਰਖੇ ਸਵਰਗ ਬਹਿਸ਼ਤ, ਸਚਖੰਡ ਸਚ ਇਕ ਸਮਝਾਈਆ । ਆਦਿ ਜੁਗਾਦਿ ਨਾ ਹੋਵੇ ਨਿਸ਼ਟ, ਠੀਕਰ ਭੰਨ ਨਾ ਕੋਇ ਵਖਾਈਆ । ਕੂੜੀ ਕਿਰਿਆ ਵਿਚ ਨਾ ਹੋਏ ਭ੍ਰਿਸ਼ਟ, ਭਰਮਾਂ ਵਿਚ ਨਾ ਕੋਇ ਭਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੀ ਹੁਕਮ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਕਰ ਦਿਉ ਇਕਬਾਲ, ਸਚਖੰਡ ਨਿਵਾਸੀ ਦਇਆ ਕਮਾਈਆ । ਸਾਡਾ ਵੇਲਾ ਅੰਤ ਪਹੁੰਚਿਆਂ ਆਣ, ਸਦੀ ਚੌਧਵੀਂ ਪੰਧ ਰਹੀ ਮੁਕਾਈਆ । ਤੁਹਾਡਾ ਹਲ ਹੋਵੇ ਸਵਾਲ, ਨਾਤਾ ਤੋੜੇ ਜਗਤ ਲੋਕਾਈਆ । ਪੁਰਖ ਅਕਾਲ ਸਭ ਨੂੰ ਆਪੇ ਲਏ ਸੰਭਾਲ, ਹੁਕਮੇ ਅੰਦਰ ਹੁਕਮ ਮਨਾਈਆ । ਜਿਸ ਦੇ ਹੁਕਮੇ ਅੰਦਰ ਕਾਲ ਮਹਾਂਕਾਲ, ਸਿਰ ਸਕੇ ਨਾ ਕੋਇ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਘਾਲਣਾ ਰਹੇ ਘਾਲ, ਭੱਜਣ ਵਾਹੋ ਦਾਹੀਆ । ਸ਼ਬਦ ਅਗੰਮੀ ਵੱਜੇ ਤਾਲ, ਤਲਵਾੜਾ ਸ਼ਹਿਨਸ਼ਾਹੀਆ । ਤ੍ਰੈਗੁਣ ਮਾਇਆ ਪੰਜ ਤਤ ਖੇਲ ਕਰੇ ਕਮਾਲ, ਨਿਰਗੁਣ ਸਰਗੁਣ ਨਾਤਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਛੇਤੀ ਕਰ ਲਓ ਤੁਸੀਂ ਸਲਾਹ, ਸਾਹਿਬ ਸਵਾਮੀ ਆਪ ਜਣਾਈਆ । ਵੇਲਾ ਵਕ਼ਤ ਗਿਆ ਆ, ਸੰਮਤ ਪਹਿਲਾ ਦਏ ਦ੍ਰਿੜਾਈਆ । ਤੁਹਾਡਾ ਸ਼ਹਾਦਤ ਦੇਣ ਵਾਲਾ ਕਿਹੜਾ ਗਵਾਹ, ਵੁਕਲਾ ਨਜ਼ਰ ਕੋਇ ਨਾ ਆਈਆ । ਸਚ ਦਵਾਰੇ ਇਕੋ ਅਰਜ਼ ਲਓ ਸੁਣਾ, ਆਰਜ਼ੂ ਵਿਚੋਂ ਬਾਹਰ ਕਢਾਈਆ । ਹੁਕਮ ਦੇਵੇ ਵਾਹਿਗੁਰੂ ਆਪ ਖ਼ੁਦਾ, ਖ਼ੁਦੀ ਦਾ ਲੇਖਾ ਦੇਣਾ ਚੁਕਾਈਆ । ਜਿਸ ਦੇ ਨਾਲੋਂ ਹੋਏ ਜੁਦਾ, ਅੰਤਮ ਆਪਣੇ ਵਿਚ ਮਿਲਾਈਆ । ਧੁਰ ਦਾ ਮਾਰਗ ਕਰ ਕੇ ਸਿਧਾ, ਦੋ ਜਹਾਨਾਂ ਦਏ ਸਮਝਾਈਆ । ਪ੍ਰੇਮ ਪਿਆਰ ਦੀ ਦੱਸ ਕੇ ਬਿਧਾ, ਬੰਧਨ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦਏ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰੀਤਮ ਸਾਡੀ ਅਰਜੋਈ, ਬੇਨੰਤੀ ਸਚ ਸੁਣਾਈਆ । ਤੇਰੇ ਅਗੇ ਉਜਰ ਨਾ ਕੋਈ, ਸਿਰ ਸਕੇ ਨਾ ਕੋਇ ਉਠਾਈਆ । ਈਸਾ ਮੂਸਾ ਮੁਹੰਮਦ ਕਹੇ ਸਾਡੀ ਦਰੋਹੀ, ਦਰੋਹੀ ਦਰੋਹੀ ਹਾਲ ਦੁਹਾਈਆ । ਗੁਰ ਅਵਤਾਰ ਕਹਿਣ ਤੇਰੇ ਚਰਨ ਬਿਨਾ ਮਿਲੇ ਕੋਈ ਨਾ ਢੋਈ, ਦਵਾਰਾ ਨਜ਼ਰ ਕੋਇ ਨਾ ਆਈਆ । ਕੋਟਾਂ ਅਰਬਾਂ ਵਿਚੋਂ ਸੰਤ ਸੁਹੇਲਾ ਲੋਕਮਾਤ ਰਹਿ ਗਿਆ ਕੋਈ ਕੋਈ, ਸਾਡੀ ਸਿਖਿਆ ਸਾਰੇ ਗਏ ਭੁਲਾਈਆ । ਕਲਜੁਗ ਕੂੜੇ ਕੂੜੀ ਵਾਸਨਾ ਹਰ ਘਟ ਅੰਦਰ ਬੋਈ, ਮਨ ਵਾਸਨਾ ਬੂਟਾ ਦਿਤਾ ਮਹਿਕਾਈਆ । ਗੁਰਮਤ ਕਲਮਿਆਂ ਤੋਂ ਬਾਹਰ ਹੋ ਕੇ ਰੋਈ, ਬਿਨ ਅੱਖਾਂ ਨੀਰ ਵਹਾਈਆ । ਸੋਈ ਸੁਰਤ ਨਾ ਉਠੇ ਨਵੀਂ ਨਰੋਈ, ਨਿਰਗੁਣ ਨਿਰਵੈਰ ਨਿਰਾਕਾਰ ਦਰਸ ਕੋਇ ਨਾ ਪਾਈਆ । ਆਤਮ ਪਰਮਾਤਮ

ਨਾਲ ਕੋਈ ਨਾ ਛੋਹੀ, ਪੜਦਾ ਦੂਈ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਮੇਰੇ ਜਗਦੀਸ਼, ਤੇਰੀ ਸੱਚੀ ਸੱਚੀ ਸ਼ਹਿਨਸ਼ਾਹੀਆ । ਬਿਨ ਚਰਨਾਂ ਝੁਕ ਜਾਏ ਹੁਕਮੇ ਵਾਲਾ ਸੀਸ, ਤਤ ਨਜ਼ਰ ਕੋਇ ਨਾ ਆਈਆ । ਤੇਰਾ ਨਾਮ ਕਲਮਾ ਇਕ ਹਦੀਸ, ਹੱਕ ਹੱਕ ਪੜ੍ਹਾਈਆ । ਅਸੀਂ ਆ ਗਏ ਲੰਘ ਤੇਰੀ ਦਹਿਲੀਜ਼, ਦਹਿ ਦਿਸ਼ਾ ਪੰਧ ਮੁਕਾਈਆ । ਸਾਡੀ ਆਸਾ ਮਨਸਾ ਪੂਰੀ ਕਰ ਉਮੀਦ, ਆਮਦ ਵਿਚ ਵੱਜੇ ਵਧਾਈਆ । ਲੋਕਮਾਤ ਤੇਰੇ ਹੁਕਮ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਵਿਚ ਕਰ ਕੇ ਆਏ ਤਾਈਦ, ਤੁਆਰਫ਼ ਵਿਚ ਸਮਾਈਆ । ਮਾਰਗ ਦੱਸ ਕੇ ਧਰਮ ਕਰਮ ਕਲਮਿਆਂ ਵਿਚ ਈਦ, ਆਦਤ ਸੱਚੀ ਸਚ ਵਖਾਈਆ । ਭਾਣਾ ਮੰਨਣਾ ਦੱਸ ਕੇ ਆਏ ਨਸੀਹਤ, ਹੁਕਮੀ ਹੁਕਮ ਸਮਝਾਈਆ । ਤੇਰਾ ਭਵਿਖਤ ਦੇ ਕੇ ਆਏ ਵਿਚ ਵਸੀਅਤ, ਵਸੀਹ ਜਗਤ ਸਮਝਾਈਆ । ਪ੍ਰਭੂ ਤੇਰੇ ਬਿਨਾ ਤੇਰੀ ਸਮਝਿਆ ਨਾ ਕੋਇ ਅਸਲੀਅਤ, ਅਸਲ ਵਸਲ ਯਾਰ ਨਾ ਕੋਇ ਕਰਾਈਆ । ਸਦੀ ਚੌਧਵੀਂ ਸਾਡੀ ਖ਼ਰਾਬ ਹੋਈ ਤਬੀਅਤ, ਤੁਧ ਬਿਨ ਤਬੀਬ ਨਜ਼ਰ ਕੋਇ ਨਾ ਆਈਆ । ਭਗਵੰਤ ਕੰਤ ਅਸੀਂ ਦੱਸ ਕੇ ਆਏ ਪੁਰਖ ਅਕਾਲ ਸਭ ਦੀ ਸਾਂਝੀ ਵਲਦੀਅਤ, ਵਾਲਦ ਵਾਲਦਾ ਹੋਰ ਨਾ ਕੋਇ ਬਣਾਈਆ । ਸਾਡੀ ਆਸਾ ਮਨਸਾ ਤੇਰੀ ਅਹਿਮੀਅਤ, ਅਹਿਬ ਮੁਸ਼ਕਲ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਪੁਰਖ ਅਕਾਲ ਕਹੇ ਲਿਖ ਦਿਉ ਨਾਲ ਹੱਥ ਕ਼ਲਮ ਸ਼ਾਹੀ, ਉਂਗਲੀ ਦੀ ਲੋੜ ਰਹੇ ਨਾ ਰਾਈਆ । ਕਲਜੁਗ ਜੀਵ ਹੋਏ ਗੁਮਰਾਹੀ, ਭੈ ਭਉ ਨਾ ਕੋਇ ਮਨਾਈਆ । ਜਗਤ ਪਾਂਧੀ ਭੁੱਲੇ ਰਾਹੀ, ਮੰਜ਼ਲ ਹੱਕ ਕੋਇ ਨਾ ਪਾਈਆ । ਮਿਲਿਆ ਮੇਲ ਨਾ ਧੁਰ ਦੇ ਮਾਹੀ, ਸੱਜਣ ਸਚ ਨਾ ਕੋਇ ਮਨਾਈਆ । ਮਨ ਵਾਸਨਾ ਹੋਏ ਤਬਾਹੀ, ਕਾਮਲ ਮੁਰਸ਼ਦ ਜੋੜ ਨਾ ਕੋਇ ਜੁੜਾਈਆ । ਗੁਰ ਅਵਤਾਰ ਪੈਗ਼ੰਬਰੋ ਸਚਖੰਡ ਦਵਾਰੇ ਦੇ ਦਿਉ ਇਕੋ ਵਾਰ ਗਵਾਹੀ, ਦੂਜੀ ਸ਼ਹਾਦਤ ਦੀ ਲੋੜ ਰਹੇ ਨਾ ਰਾਈਆ । ਮੈਂ ਗੋਬਿੰਦ ਸ਼ਬਦੀ ਸੁਤ ਉਠੌਣਾ ਜਿਸ ਨੇ ਚਾਰ ਜੁਗ ਦੇ ਇਕੱਠੇ ਕੀਤੇ ਛੀਂਬੇ ਨਾਈ, ਨੌਕਾ ਨਾਮ ਨਾ ਕੋਇ ਚਲਾਈਆ । ਕਿਸੇ ਨਹੀਂ ਜਾਣਿਆ ਕਿਉਂ ਗੋਬਿੰਦ ਪੁੱਟਿਆ ਬੂਟਾ ਕਾਹੀ, ਕਾਇਨਾਤ ਭੇਵ ਨਾ ਆਈਆ । ਕਿਉਂ ਢੋਲਾ ਇਕੋ ਗਿਆ ਗਾਈ, ਦੂਜਾ ਇਸ਼ਟ ਨਾ ਕੋਇ ਮਨਾਈਆ । ਕਿਉਂ ਪੁੱਤਰਾਂ ਭੇਟ ਚੜ੍ਹਾਈ, ਮਾਤ ਪਿਤ ਹੋਈ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਬਦਲਾਈਆ । ਗੁਰ ਅਵਤਾਰ ਪੈਗ਼ੰਬਰ ਝੁਕ ਕੇ ਸਰਨ, ਸਰਨਗਤ ਇਕੋ ਓਟ ਤਕਾਈਆ । ਪ੍ਰਭੂ ਜਗਤ ਦਾ ਛੱਡਿਆ ਜੀਵਣ ਮਰਨ, ਲੋਕਮਾਤ ਆਏ ਤਜਾਈਆ । ਤੇਰੇ ਪ੍ਰੇਮ ਦਾ ਸਾਚਾ ਕਰ ਕੇ ਪ੍ਰਣ, ਪਰਨਾਮ ਇਕੋ ਇਕ ਦ੍ਰਿੜ੍ਹਾਈਆ । ਝਗੜਾ ਮੁਕਾ ਦੇ ਵਰਨ ਬਰਨ, ਜਾਤ ਪਾਤ ਰਹੇ ਨਾ ਰਾਈਆ । ਆਤਮ ਪਰਮਾਤਮ ਢੋਲਾ ਸਾਰੇ ਪੜ੍ਹਨ, ਵਾਹਿਗੁਰੂ ਰਾਮ ਖ਼ੁਦਾ ਗਾਡ ਦੇ ਸਮਝਾਈਆ । ਤੇਰੀ ਮੰਜ਼ਲ ਸਾਚੀ ਚੜ੍ਹਨ, ਅਧਵਾਟੇ ਹੋਰ ਨਾ ਕੋਇ ਅਟਕਾਈਆ । ਤੂੰ ਸਭ ਨੂੰ ਆਇਉਂ ਵਰਨ, ਧੁਰ ਦਾ ਕੰਤ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਦੇ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਸਲਾਮ, ਬਿਨ ਸਜਦੇ ਸੀਸ ਝੁਕਾਈਆ । ਤੂੰ ਮਾਲਕ ਇਕ ਅਮਾਮ, ਕਾਮਲ ਨਜ਼ਰੀ ਆਈਆ । ਲੋਕ ਪਰਲੋਕ ਬਦਲ ਦੇ ਨਿਜ਼ਾਮ, ਚੌਦਾਂ ਤਬਕਾਂ ਅੱਖ ਬਦਲਾਈਆ । ਸਾਚਾ ਕਲਮਾ ਦੱਸ ਕਲਾਮ, ਇਕੋ ਕਰ ਪੜ੍ਹਾਈਆ । ਤੂੰ ਆਦਿ ਜੁਗਾਦੀ


੧੫੫
੧੯

ਰਾਮ, ਰਹਿਮਤ ਵਿਚ ਸਮਾਈਆ । ਤੂੰ ਨਿਰਗੁਣ ਨੂਰ ਕਾਹਨ, ਬੰਸਰੀ ਨਾਮ ਵਜਾਈਆ । ਤੂੰ ਸਤਿਗੁਰ ਸਾਚਾ ਵਾਲੀ ਦੋ ਜਹਾਨ, ਨਾਨਕ ਢੋਲਾ ਗਾਈਆ । ਤੇਰਾ ਸ਼ਬਦ ਅਨੋਖਾ ਬਾਣ, ਪੁਰੀਆਂ ਲੋਆਂ ਡੇਰਾ ਢਾਹੀਆ । ਤੇਰਾ ਸਚਖੰਡ ਦਵਾਰਾ ਸਚ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਤੇਰਾ ਦੀਵਾ ਬਾਤੀ ਜਗੇ ਮਹਾਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਤੇਰੇ ਸਿੰਘਾਸਣ ਸਚ ਆਰਾਮ, ਬਿਸਰਾਮ ਇਕੋ ਦਏ ਵਖਾਈਆ । ਤੇਰਾ ਹੁਕਮ ਇਕ ਫ਼ਰਮਾਨ, ਏਥੇ ਓਥੇ ਨਾ ਕੋਇ ਉਲਟਾਈਆ । ਅੰਤ ਅਖ਼ੀਰੀ ਸਭ ਦਾ ਇਕ ਬਿਆਨ, ਬੇਜ਼ਬਾਨ ਰਹੇ ਜਣਾਈਆ । ਕਿਰਪਾ ਕਰ ਸ੍ਰੀ ਭਗਵਾਨ, ਭਗਵਨ ਆਪੇ ਹੋ ਸਹਾਈਆ । ਅਸੀਂ ਤੇਰੇ ਦਰ ਦੇ ਦਰਵੇਸ਼, ਮੰਗਤੇ ਭਿਖਾਰੀ ਪ੍ਰੇਮ ਵਿਚ ਮਹਿਮਾਨ, ਮੁਹੱਬਤ ਵਿਚ ਮਹਿਬੂਬ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨਾਂ ਮਜ਼੍ਹਬਾਂ ਦੀ ਮੇਟ ਦੇ ਦੁਕਾਨ, ਦੂਆ ਏਕੇ ਨਾਲ ਮਿਲਾਈਆ । ਤੂੰ ਲੱਖ ਚੁਰਾਸੀ ਬਾਗ਼ਬਾਨ, ਬੂਟੀ ਕਲੀ ਕਲੀ ਤੇਰੀ ਮਹਿਕ ਮਹਿਕਾਈਆ । ਤੇਰੀ ਮਿਹਰ ਨਜ਼ਰ ਲੱਖ ਚੁਰਾਸੀ ਹੋ ਜਾਏ ਸਵਾਧਾਨ, ਸੋਇਆ ਰਹਿਣ ਕੋਇ ਨਾ ਪਾਈਆ । ਤੇਰੇ ਹੁਕਮੇ ਅੰਦਰ ਮੂਰਖ ਮੂੜ ਹੋਣ ਚਤੁਰ ਸੁਘੜ ਸੁਜਾਨ, ਬੁਧ ਬਿਬੇਕ ਦੇ ਕਰਾਈਆ । ਤੇਰਾ ਇਕੋ ਡੰਕਾ ਵੱਜੇ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦੇ ਲਗਾਈਆ । ਗੁਰ ਅਵਤਾਰ ਕਹਿਣ ਪ੍ਰਭੂ ਚਾਰ ਜੁਗ ਦੀ ਸਾਥੋਂ ਲੈ ਲੈ ਫ਼ੁਰਸਤ, ਫ਼ਰਿਸਤਿਆਂ ਦੀ ਲੋੜ ਰਹੇ ਨਾ ਰਾਈਆ । ਅਸੀਂ ਭੋਗ ਕੇ ਤੇਰੇ ਹੁਕਮ ਦਾ ਗਹ੍ਰਿਸਤ, ਤਜ ਆਏ ਜਗਤ ਲੋਕਾਈਆ । ਪੰਜ ਤਤ ਕਾਇਆ ਮਾਟੀ ਕਰ ਕੇ ਨਸ਼ਟ, ਨਿਸ਼ਾਨਾ ਤੇਰਾ ਆਏ ਜਣਾਈਆ । ਬਿਨ ਅੱਖਾਂ ਲਾ ਕੇ ਸ਼ਿਸ਼ਤ, ਨਿਸ਼ਾਨੇ

੧੫੬ ੧੯ ਤੀਰ ਰਹੇ ਵਖਾਈਆ । ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੁਰ ਅਵਤਾਰ ਪੈਗ਼ੰਬਰ ਤੇਰੀ ਦੱਸ ਨਾ ਸਕਿਆ ਕੋਈ ਹੈਸੀਅਤ, ਹਿਸਾਬ ੧੫੬ ੧੯

ਕਿਤਾਬ ਨਾ ਕੋਇ ਜਣਾਈਆ । ਤੇਰੀ ਜਾਣੇ ਨਾ ਕੋਈ ਅਸਲੀਅਤ, ਆਸਾ ਵਿਚ ਸਾਰੇ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਦੇ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਆਹ ਲੈ ਆਪਣੀ ਚਾਰ ਜੁਗ ਦੀ ਵਸਤ, ਵਸਤੂ ਤੇਰੀ ਝੋਲੀ ਪਾਈਆ । ਸਾਡੇ ਖ਼ਾਲੀ ਵੇਖ ਹਸਤ, ਦੋਏ ਹੱਥ ਜੋੜ ਸੀਸ ਨਿਵਾਈਆ । ਤੇਰੀ ਪ੍ਰੇਮ ਖ਼ੁਮਾਰੀ ਅੰਦਰ ਮਸਤ, ਮਸਲਾ ਅਵਰ ਨਾ ਕੋਇ ਜਣਾਈਆ । ਅਸੀਂ ਛੱਡ ਕੇ ਧਰਤੀ ਫ਼ਰਸ਼, ਅਰਸ਼ ਤੇਰੇ ਚਰਨਾਂ ਧੂੜ ਟਿੱਕੇ ਲਾਈਆ । ਪ੍ਰਭੂ ਸਾਨੂੰ ਤੇਰੀ ਸ੍ਰਿਸ਼ਟੀ ਦੀ ਨਹੀਂ ਕੋਈ ਗ਼ਰਜ਼, ਅਰਜ਼ ਆਪਣੀ ਰਹੇ ਜਣਾਈਆ । ਇਕੋ ਪ੍ਰੇਮੀ ਪਿਆਰਿਆਂ ਦੀ ਲੱਗੀ ਦਰਦ, ਜੋ ਦਿਵਸ ਰੈਣ ਤੇਰਾ ਨਾਮ ਧਿਆਈਆ । ਉਨ੍ਹਾਂ ਦੀ ਝੋਲੀ ਪਾ ਦੇ ਪੂਰਬ ਲਹਿਣੇ ਦਾ ਕ਼ਰਜ਼, ਮਕ਼ਰੂਜ ਲੇਖਾ ਦੇ ਮੁਕਾਈਆ । ਲੱਖ ਚੁਰਾਸੀ ਵਿਚੋਂ ਤੇਈ ਅਵਤਾਰ ਈਸਾ ਮੂਸਾ ਮੁਹੰਮਦ ਦਸ ਗੁਰ ਅਠਾਰਾਂ ਭਗਤ ਰਹਿਣ ਸਿਰਫ਼ ਦੁਨੀਆ ਉਤੇ ਯਾਰਾਂ ਲੱਖ ਦੀ ਫ਼ਰਦ, ਬਾਕੀ ਸ੍ਰਿਸ਼ਟੀ ਕੰਮ ਕਿਸੇ ਨਾ ਆਈਆ । ਅਗਲੇ ਸੰਮਤ ਨਾਮ ਛੁਰੀ ਫੜੇ ਕਰਦ, ਕ਼ਤਲਗਾਹ ਦਏ ਬਣਾਈਆ । ਜੋ ਤੇਰੇ ਨਾਮ ਦਾ ਲੈਂਦੇ ਰਹੇ ਧੜਤ, ਸਫ਼ਾ ਉਨ੍ਹਾਂ ਦੀ ਦੇ ਉਠਾਈਆ । ਪੁਰਖ ਅਕਾਲ ਤੇਰੇ ਨਾਲ ਸਾਡੀ ਪੱਕੀ ਹੋ ਜਾਏ ਲਿਖਤ ਪੜ੍ਹਤ, ਜਿਸ ਨੂੰ ਵਸੀਕਾ ਨਾ ਕੋਇ ਬਦਲਾਈਆ । ਅਗੇ ਔਣ ਨਾ ਦੇਵੇਂ ਫ਼ਰਕ, ਫ਼ਰੀਕ ਰਹਿਣ ਕੋਇ ਨਾ ਪਾਈਆ । ਚਾਰ ਜੁਗ ਦੀ ਪਿਛਲੀ ਕੀਤੀ ਸਭ ਦੀ ਕਰ ਦੇ ਤਰਕ, ਤੁਰਤ ਆਪਣਾ ਹੁਕਮ ਮਨਾਈਆ । ਅਸਾਂ ਦੀਨ ਦੀ ਛੱਡੀ ਹਰਸ, ਮਜ਼੍ਹਬਾਂ ਦਾ ਲੇਖਾ ਦਿਤਾ ਮੁਕਾਈਆ । ਜਿਉਂ

ਭਾਵੇ ਤਿਉਂ ਪੁੱਠੀ ਸਿੱਧੀ ਕਰ ਲੈ ਨਰਦ, ਨਰ ਨਰਾਇਣ ਤੇਰੀ ਵਡਿਆਈਆ । ਤੇਰੇ ਅਗੇ ਕੋਈ ਨਾ ਸਕੇ ਅਟਕ, ਚਾਰ ਜੁਗ ਨੇਤਰ ਰੋ ਰੋ ਨੀਰ ਵਹਾਈਆ । ਤੇਰਾ ਹੁਕਮ ਅਗੰਮਾ ਸਖ਼ਤ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰ ਅਵਤਾਰ ਕਹਿਣ ਕਲਜੁਗ ਅੰਤਮ ਸਭ ਦੇ ਉਤੇ ਪੈਣ ਵਾਲਾ ਬਖ਼ਤ, ਵਕ਼ਤ ਸਮਝ ਕਿਸੇ ਨਾ ਆਈਆ । ਸਿਰਫ ਭਗਤਾਂ ਨੂੰ ਚੜ੍ਹਨਾ ਖ਼ੁਸ਼ੀਆਂ ਦਾ ਬਰਸ, ਬਰਸੀ ਆਪਣੀ ਲਏ ਮਨਾਈਆ । ਆਤਮ ਪਰਮਾਤਮ ਕਰ ਕੇ ਦਰਸ, ਕੂੜੀ ਹਵਸ ਦੇਣ ਗਵਾਈਆ । ਜਿਸ ਨੂੰ ਲੱਭਦੇ ਉਤੇ ਅਰਸ਼, ਉਹ ਮਾਲਕ ਬਣ ਕੇ ਫ਼ਰਸ਼, ਘਟ ਘਟ ਨੂਰ ਕਰੇ ਰੁਸ਼ਨਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਬੂੰਦ ਸਵਾਂਤੀ ਮੁਖ ਚੁਆਈਆ । ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਸ਼ਬਦੀ ਪੂਰਾ ਆਇਆ ਪਰਤ, ਪਰਤੀਨਿਧ ਹੋ ਕੇ ਹੁਕਮ ਵਰਤਾਈਆ । ਜਿਸ ਦੀ ਗੁਰਮੁਖਾਂ ਨਾਲ ਸ਼ਰਤ, ਕਲਜੁਗ ਅੰਤਮ ਹੋਵਾਂ ਸਹਾਈਆ । ਜੋਧਾ ਸੂਰਬੀਰ ਬਣ ਕੇ ਮਰਦਾਨਾ ਮਰਦ, ਕਲ ਕਲਕੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦਏ ਚੁਕਾਈਆ । ਮਾਘੀ ਕਹੇ ਅਗੇ ਆਉਣ ਵਾਲਾ ਵੇਲਾ, ਵੇਲੇ ਨਾਲ ਦਿਆਂ ਸਮਝਾਈਆ । ਕਿਸੇ ਲੱਭਣਾ ਨਹੀਂ ਗੁਰੂ ਗੁਰ ਚੇਲਾ, ਚੇਲਾ ਗੁਰ ਨਜ਼ਰ ਕੋਇ ਨਾ ਆਈਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਫਿਰਨਾ ਵਿਚ ਜੰਗਲ ਬੇਲਾ, ਬੇਲੀ ਬੇਲੀ ਸੰਗ ਨਾ ਕੋਇ ਵਖਾਈਆ । ਪੁਰਖ ਅਕਾਲ ਦੀਨ ਦਿਆਲ ਨੌ ਖੰਡ ਪ੍ਰਿਥਮੀ ਥਾਂ ਕਰਨਾ ਵਿਹਲਾ, ਬਹੁਤਿਆਂ ਵਿਚੋਂ ਥੋੜੇ ਲਏ ਤਰਾਈਆ । ਜਿਨ੍ਹਾਂ ਦਾ ਬਣ ਕੇ ਸੱਜਣ ਸੁਹੇਲਾ, ਸਿਰ ਆਪਣਾ ਹੱਥ ਟਿਕਾਈਆ । ਧਾਮ ਜਣਾ ਕੇ ਇਕ ਨਵੇਲਾ, ਨਰ ਨਿਰੰਕਾਰ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਛੱਬੀ ਪੋਹ ਕਹੇ ਪ੍ਰਭ ਕਰਨ ਵਾਲਾ ਤਬਦੀਲੀ, ਤਬਾ ਸਭ ਦੀ ਦਏ ਬਦਲਾਈਆ । ਹੁਕਮ ਦੇਣਾ ਇਕ ਆਮੀਨੀ, ਆਲਮ ਸਮਝ ਸਕੇ ਨਾ ਰਾਈਆ । ਜੋ ਕਰਨਾ ਸੋ ਕਰਨਾ ਯਕੀਨੀ, ਯਕੇ ਬਾਅਦ ਦੀਗਰੇ ਖੇਲ ਨਾ ਕੋਇ ਵਖਾਈਆ । ਸ੍ਰਿਸ਼ਟੀ ਅੰਤ ਹੋਣੀ ਗ਼ਮਗੀਨੀ, ਖ਼ੁਸ਼ੀਆਂ ਰੰਗ ਨਾ ਕੋਇ ਚੜ੍ਹਾਈਆ । ਜਿਨ੍ਹਾਂ ਦੀ ਬੁਧੀ ਹੋਈ ਕਮੀਨੀ, ਚਾਰ ਕੁੰਟ ਦੇਣ ਦੁਹਾਈਆ । ਜਨ ਭਗਤਾਂ ਮੇਲ ਜਿਉਂ ਜਲ ਮੀਨੀ, ਆਤਮ ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੈਂ ਬਹੁ ਕੁਝ ਸੁਣਿਆਂ, ਜੁਗ ਜੁਗ ਅਵਤਾਰ ਗਏ ਸੁਣਾਈਆ । ਮੈਂ ਦੋ ਜਹਾਨ ਬ੍ਰਹਿਮੰਡ ਖੰਡ ਪੂਰੀ ਆਕਾਸ਼ ਪੁਣਿਆਂ, ਮੰਡਲ ਮੰਡਪ ਵੇਖ ਵਖਾਈਆ । ਵਿਦਿਆ ਬੁਧ ਬੋਧ ਵੇਖਿਆ ਗੁਣੀਆਂ, ਪੜਦਾ ਉਹਲਾ ਅੰਤਰ ਉਠਾਈਆ । ਸ਼ਬਦ ਰਾਗ ਧੁਨ ਸੁਣਦਾ ਰਿਹਾ ਧੁਨੀਆਂ, ਅਨਾਦੀ ਨਾਦ ਬੇਪਰਵਾਹੀਆ । ਆਸਾ ਮਨਸਾ ਵੇਂਹਦਾ ਰਿਹਾ ਰਿਸ਼ੀਆਂ ਮੁਨੀਆਂ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਰਮੇ ਵਿਚ ਭਰਮ ਭੁਲਾਈਆ । ਪੁਰਖ ਅਕਾਲ ਕਹੇ ਮੈਂ ਵੇਖਾਂ ਆਪਣਾ ਸਾਲ, ਜੁਗ ਚੌਕੜੀ ਪਿਛੇ ਦਿਤੀ ਬਿਤਾਈਆ । ਭਗਤ ਸੁਹੇਲੇ ਕਰਾਂ ਖ਼ੁਸ਼ਹਾਲ, ਖ਼ੁਸ਼ੀਆਂ ਰੰਗ ਰੰਗਾਈਆ । ਅੰਮ੍ਰਿਤ ਆਤਮ ਜਾਮ ਦੇਵਾਂ ਪਿਆਲ, ਨਿਝਰ ਰਸ ਚੁਆਈਆ । ਦੀਆ ਬਾਤੀ ਦੇਵਾਂ ਬਾਲ, ਕਮਲਾਪਾਤੀ ਹੋ ਕਰਾਂ ਰੁਸ਼ਨਾਈਆ । ਸਾਚਾ ਮੰਦਰ ਵਖਾਵਾਂ ਅਗੰਮੀ ਧਰਮਸਾਲ, ਸਚ ਸਿੰਘਾਸਣ ਵੱਜੇ ਵਧਾਈਆ । ਅੰਦਰ ਬਾਹਰ ਗੁਪਤ ਜਾਹਰ ਚਲਾਂ ਨਾਲ, ਨਾਲਿਸ਼ ਜਗਤ ਰਹੇ ਨਾ ਰਾਈਆ । ਝਗੜਾ ਮੁਕਾ ਕੇ ਕਾਲ ਮਹਾਂਕਾਲ, ਚਰਨ ਕਵਲ ਦਿਆਂ ਸਰਨਾਈਆ । ਦੀਨਾਂ

ਬੰਧਪ ਹੋ ਕੇ ਦੀਨ ਦਿਆਲ, ਦੀਨਨ ਆਪਣੀ ਗੋਦ ਉਠਾਈਆ । ਜੁਗ ਜਨਮ ਜੋ ਘਾਲਦੇ ਆਏ ਘਾਲ, ਲੇਖੇ ਲਾਵਾਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਨ ਆਪਣੇ ਰੰਗ ਰੰਗਾਈਆ । ਮਾਘ ਕਹੇ ਮੈਂ ਵੇਖਣਾ ਖੇਲ ਅਨਡੀਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਪ੍ਰਭੂ ਕਰਵਟ ਬਦਲ ਲੈ ਆਪਣੀ ਪੀਠ, ਪੁਸ਼ਤ ਪੁਸ਼ਤ ਨਾਲ ਬਦਲਾਈਆ । ਜੁਗ ਚੌਕੜੀ ਤੇਰੀ ਰੀਤ, ਨਿਤ ਨਵਿਤ ਵੇਸ ਵਟਾਈਆ । ਗੁਰ ਅਵਤਾਰ ਪੈਗ਼ੰਬਰ ਗਾ ਕੇ ਗਏ ਗੀਤ, ਢੋਲੇ ਹੁਕਮੇ ਅੰਦਰ ਸੁਣਾਈਆ । ਸ਼ਿਵਦਵਾਲੇ ਮਠ ਬਣਾ ਮਸੀਤ, ਤੇਰਾ ਰਾਹ ਗਏ ਦ੍ਰਿੜਾਈਆ । ਝਗੜਾ ਮੁਕਾ ਕੇ ਊਚ ਨੀਚ, ਚਾਰ ਵਰਨ ਇਕ ਸਮਝਾਈਆ । ਆਤਮ ਪਰਮਾਤਮ ਦਸ ਪ੍ਰੀਤ, ਪ੍ਰੀਤਮ ਅੰਦਰੇ ਗਏ ਸਮਝਾਈਆ । ਲਹਿਣਾ ਦੇਣਾ ਛੱਡ ਕੇ ਹਸਤ ਕੀਟ, ਨਿਵਣ ਸੁ ਅੱਖਰ ਇਕ ਦ੍ਰਿੜਾਈਆ । ਕਲਮਿਆਂ ਵਿਚ ਦੱਸ ਹਦੀਸ, ਹਜ਼ਰਤ ਕਰ ਪੜ੍ਹਾਈਆ । ਹੇ ਪ੍ਰਭ, ਸਭ ਦਾ ਲਹਿਣਾ ਦੇਣਾ ਪੂਰਾ ਹੋਇਆ ਵਿਚ ਬੀਸ ਇਕੀਸ, ਅਗੇ ਲੇਖਾ ਰਿਹਾ ਨਾ ਰਾਈਆ । ਨਵੇਂ ਜੁਗ ਦੀ ਨਵੀਂ ਦੇ ਤਰਤੀਬ, ਤਰ੍ਹਾ ਤਰ੍ਹਾ ਸਮਝਾਈਆ । ਤੇਰਾ ਖੇਲ ਸਦਾ ਅਜੀਬ, ਅਜਬ ਨਿਰਾਲਾ ਦੇ ਵਖਾਈਆ । ਜਨ ਭਗਤਾਂ ਵਸ ਕ਼ਰੀਬ, ਭਾਵੇਂ ਦੂਰ ਹੋਵੇ ਖ਼ੁਦਾਈਆ । ਤੇਰੇ ਪ੍ਰੇਮੀਆਂ ਕਿਹੜੀ ਪੜ੍ਹਨੀ ਕ਼ੁਰਾਨ ਮਜੀਦ, ਕਾਇਆ ਕਾਅਬਾ ਦੇ ਸੁਹਾਈਆ । ਤੇਰੇ ਉਤੇ ਇਹੋ ਉਮੀਦ, ਕਾਮਲ ਮੁਰਸ਼ਦ ਲੈ ਮਿਲਾਈਆ । ਬਿਨਾ ਅੱਖਾਂ ਕਰੀਏ ਦੀਦ, ਦੀਦਾ ਦਾਨਿਸਤਾ ਨਜ਼ਰੀ ਆਈਆ । ਤੇਰੀ ਅੱਖਰਾਂ ਵਿਚ ਅਗੇ ਸੁਣਨੀ ਨਹੀਂ ਤਮਹੀਦ, ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦੇ ਵਖਾਈਆ । ਸਾਚੇ ਘਰ ਦਾ ਖੋਲ੍ਹ ਪੜਦਾ, ਉਹਲਾ ਦੇ ਉਠਾਈਆ । ਰਾਹ ਦੱਸ ਗੁਰਮੁਖ ਕਿਸ ਬਿਧ ਪੌੜੇ ਚੜ੍ਹਦਾ, ਮੰਜ਼ਲ ਪੰਧ ਮੁਕਾਈਆ । ਪੈਂਡਾ ਮੁਕੇ ਨੌ ਘਰ ਦਾ, ਸੁਖਮਨ ਟੇਢੀ ਬੰਕ ਨਾ ਕੋਇ ਅਟਕਾਈਆ । ਈੜਾ ਪਿੰਗਲ ਮੂਲ ਨਾ ਅਗੇ ਖੜਦਾ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਸਹੰਸ ਦਲ ਨਾ ਕੋਈ ਅੜਦਾ, ਦਸਮ ਦਵਾਰੀ ਅੰਤ ਨਾ ਕੋਇ ਬਣਾਈਆ । ਤੇਰਾ ਭਗਤ ਪਹਿਲਾ ਕ਼ਦਮ ਤੇਰੇ ਦਵਾਰੇ ਧਰਦਾ, ਜਿਥੇ ਕਰਮ ਧਰਮ ਜਨਮ ਨਜ਼ਰ ਕੋਇ ਨਾ ਆਈਆ । ਬਿਨ ਰਸਨਾ ਜਿਹਵਾ ਸੁਰਤੀ ਢੋਲਾ ਪੜਦਾ, ਸ਼ਬਦੀ ਨਾਦ ਵਜਾਈਆ । ਬਣ ਕੇ ਗੋਲਾ ਤੇਰੇ ਘਰ ਦਾ, ਸੋਹਲਾ ਨਾਨਕ ਇਕੋ ਗਾਈਆ । ਝਗੜਾ ਮੁਕ ਜਾਏ ਚੋਟੀ ਜੜ੍ਹ ਦਾ, ਚੇਤਨ ਆਪਣੀ ਖੇਲ ਵਖਾਈਆ । ਰੰਗ ਵਖਾ ਦੇ ਅਗੰਮੀ ਗੜ੍ਹ ਦਾ, ਗੜ੍ਹੀ ਚਮਕੌਰ ਛੱਡ ਕੇ ਡੇਰਾ ਲਾਈਆ । ਉਥੇ ਗੁਰਮੁਖ ਗੁਰਸਿਖ ਤੇਰਾ ਕਦੇ ਨਾ ਡਰਦਾ, ਭੈ ਭਵਜਲ ਨਜ਼ਰ ਕੋਇ ਨਾ ਆਈਆ । ਨਾ ਜੀਉਂਦਾ ਨਾ ਕਦੇ ਮਰਦਾ, ਇਕੋ ਵਿਚ ਸਮਾਈਆ । ਨਿਤ ਦਰਸ਼ਨ ਕਰੇ ਹਰਿ ਦਾ, ਜੋ ਹਰਿ ਹਰ ਅੰਦਰ ਡੇਰਾ ਲਾਈਆ । ਝਗੜਾ ਮੁਕਾ ਦੇ ਕਲਜੁਗ ਕਲ ਦਾ, ਕਲੇਸ਼ ਰਹਿਣ ਕੋਇ ਨਾ ਪਾਈਆ । ਪਰਭਾਵ ਦੱਸ ਦੇ ਆਪਣੇ ਬਲ ਦਾ, ਬਲਧਾਰੀ ਹੋ ਸਹਾਈਆ । ਲੇਖਾ ਵੇਖ ਜਲ ਥਲ ਦਾ, ਮਹੀਅਲ ਆਪਣਾ ਹੁਕਮ ਵਰਤਾਈਆ । ਆਸਣ ਜਣਾ ਨਿਹਚਲ ਧਾਮ ਅਟਲ ਦਾ, ਸਿੰਘਾਸਣ ਸੋਭਾ ਪਾਈਆ । ਜਿਥੇ ਤੇਰਾ ਇਕੋ ਦੀਪਕ ਬਲਦਾ, ਆਦਿ ਜੁਗਾਦਿ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਦੇ ਖੁਲ੍ਹਾਈਆ । ਜਨ ਭਗਤ ਕਹੇ ਪ੍ਰਭ ਖੋਲ੍ਹ ਦੇ ਆਪਣੀ ਗੰਢ, ਦੌਲਤ ਨਾਮ ਵਰਤਾਈਆ । ਕਿਉਂ ਆਤਮ ਕੀਤੀ ਰੰਡ, ਪਰਮਾਤਮ ਮੁਖ ਛੁਪਾਈਆ । ਜਨਮ ਜਨਮ ਦੀ ਟੁੱਟੀ ਗੰਢ, ਤੇਰੇ ਹੱਥ ਵਡਿਆਈਆ । ਘਰ

੧੫੮
੧੯

ਸਵਾਮੀ ਦੇ ਅਨੰਦ, ਨਿਜਾਨੰਦ ਪਰਗਟਾਈਆ । ਕਰ ਪਰਕਾਸ਼ ਬਿਨ ਸੂਰਜ ਚੰਦ, ਨੂਰੋ ਨੂਰ ਡਗਮਗਾਈਆ । ਕੂੜੀ ਕਿਰਿਆ ਕਰ ਖੰਡ ਖੰਡ, ਨਾਮ ਖੰਡਾ ਹੱਥ ਉਠਾਈਆ । ਸਦਾ ਸੁਹੇਲੇ ਦੇ ਸੰਗ, ਸਗਲਾ ਸੰਗ ਬਣਾਈਆ । ਕਲਜੁਗ ਅੰਤ ਅਖ਼ੀਰ ਪ੍ਰਭੂ ਤੇਰਾ ਗਾਉਂਦੇ ਸੋਹੰ ਛੰਦ, ਦੂਜਾ ਰਾਗ ਨਾ ਕੋਇ ਅਲਾਈਆ । ਇਕੋ ਦਵਾਰਾ ਰਹੇ ਮੰਗ, ਘਰ ਘਰ ਫੇਰੀ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਲੋਕਮਾਤ ਪਰਾਹੁਣੇ ਬਣ ਕੇ ਖਾ ਕੇ ਗਏ ਡੰਗ, ਭੰਡਾਰਾ ਜਗਤ ਵਸਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸੂਰੇ ਸਰਬੰਗ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਪੁਰਖ ਅਕਾਲ ਕਹੇ ਮੈਂ ਵੇਖਾਂ ਕਲਜੁਗ ਅੰਤ ਅਖ਼ੀਰ, ਆਖ਼ਰ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣ ਕੇ ਹਕੀਰ, ਦਰ ਬੈਠੇ ਸੀਸ ਨਿਵਾਈਆ । ਮੈਂ ਸ਼ਰਅ ਤੋੜ ਜ਼ੰਜੀਰ, ਸ਼ਰੀਅਤ ਦੇਣੀ ਬਦਲਾਈਆ । ਨੇਤਰ ਰੋ ਕਹੇ ਕਬੀਰ, ਜੁਲਾਹਾ ਰਿਹਾ ਕੁਰਲਾਈਆ । ਪ੍ਰਭੂ ਅੰਦਰੋਂ ਬਦਲ ਸਰਬ ਜ਼ਮੀਰ, ਜ਼ਾਮਨ ਹੋ ਕੇ ਲੈ ਛੁਡਾਈਆ । ਤੂੰ ਪਾਤਸ਼ਾਹ ਤੇ ਭਗਤ ਤੇਰੇ ਵਜ਼ੀਰ, ਦੂਜਾ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਦੇ ਅੰਦਰ ਤੇਰੀ ਤਸਵੀਰ, ਬਿਨ ਤਸਬੀ ਮਾਲਾ ਮਨ ਕਾ ਮਣਕਾ ਦੇ ਭਵਾਈਆ । ਉਨ੍ਹਾਂ ਦੇ ਮੰਦਰ ਅੰਦਰ ਆਪਣੇ ਪ੍ਰੇਮ ਨੂੰ ਕਰ ਤਾਮੀਰ, ਤਮਅ ਕੂੜੀ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਾਘ ਕਹੇ ਮੈਂ ਵੇਖਣੀ ਪ੍ਰਭ ਦੀ ਸਚ ਤੌਫ਼ੀਕ, ਵਾਹਦ ਕੀ ਜਣਾਈਆ । ਕਵਣ ਸੱਜਣ ਕਵਣ ਰਫ਼ੀਕ, ਫ਼ਰੀਕ ਕਵਣ ਰੂਪ ਬਦਲਾਈਆ । ਕਵਣ ਸਮਝੇ ਧਾਰ ਬਾਰੀਕ, ਕਵਣ ਨੀਤ ਰਿਹਾ ਜਣਾਈਆ । ਕਵਣ ਵੇਖੇ ਹੱਕ ਹਕ਼ੀਕਤ, ਹੁਕਮੇ ਅੰਦਰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਇਕ ਜਣਾਈਆ । ਪੁਰਖ ਅਕਾਲ ਕਹੇ, ਅੰਤ ਕਲ ਵੇਖ ਵਖਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸਰਨੀ ਢਹੇ, ਫੜ ਬਾਹੋਂ ਗਲੇ ਲਗਾਵਾਂਗਾ । ਚਾਰ ਕੁੰਟ ਦਹਿ ਦਿਸ਼ਾ ਜੋ ਭਗਤ ਸੁਹੇਲਾ ਭਾਣਾ ਸਹੇ, ਪੜਦਾ ਓਹਲਾ ਆਪ ਉਠਾਵਾਂਗਾ । ਜੋ ਹਰਿ ਸਰਨਾਈ ਸਤਿਗੁਰ ਚਰਨੀ ਬਹੇ, ਫੜ ਬਾਹੋਂ ਗਲੇ ਲਗਾਵਾਂਗਾ । ਝਗੜਾ ਚੁਕਾ ਕੇ ਤੂੰ ਤੇ ਮੈਂ, ਮੁਹੱਬਤ ਇਕੋ ਨਾਲ ਜੁੜਾਵਾਂਗਾ । ਪ੍ਰੇਮ ਪ੍ਰੀਤੀ ਅੰਦਰ ਕਰ ਕੇ ਲੈ, ਮਸਤ ਖ਼ੁਮਾਰੀ ਇਕ ਵਖਾਵਾਂਗਾ । ਸਤਿਗੁਰ ਪੂਰਾ ਸ਼ਬਦ ਇਕੋ ਹੈ, ਪੰਜ ਤਤ ਨਾਤਾ ਜਗਤ ਤੁੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਾਰਗ ਇਕ ਲਗਾਵਾਂਗਾ । ਸਚ ਮਾਰਗ ਇਕ ਲਗਾਏਗਾ । ਦੀਨ ਦਿਆਲ ਦਇਆ ਕਮਾਏਗਾ । ਕਲ ਕਲਕੀ ਹੁਕਮ ਵਰਤਾਏਗਾ । ਨਿਰਗੁਣ ਜੋਤੀ ਜੋਤ ਡਗਮਗਾਏਗਾ । ਸ਼ਬਦ ਅਗੰਮੀ ਚੋਟ ਲਗਾਏਗਾ । ਕੂੜੀ ਕਿਰਿਆ ਕੱਢੇ ਖੋਟ, ਸਚ ਸੁਚ ਇਕ ਸਮਝਾਏਗਾ । ਪੜਦਾ ਲਾਹ ਕੇ ਚੌਦਾਂ ਲੋਕ, ਦੋ ਜਹਾਨਾਂ ਵੇਖ ਵਖਾਏਗਾ । ਲੱਖ ਚੁਰਾਸੀ ਦੱਸ ਕੇ ਇਕ ਸਲੋਕ, ਸਾਚਾ ਢੋਲਾ ਇਕ ਪੜ੍ਹਾਏਗਾ । ਆਤਮ ਪਰਮਾਤਮ ਦੇ ਕੇ ਮੌਜ, ਮਜਲਸ ਭਗਤਾਂ ਵਿਚ ਰਖਾਏਗਾ । ਜਨ ਭਗਤਾਂ ਦੀ ਆਪੇ ਕਰੇ ਖੋਜ, ਗੁਰਮੁਖ ਲੱਭਣ ਕੋਇ ਨਾ ਆਏਗਾ । ਮਾਇਆ ਮਮਤਾ ਕਟ ਕੇ ਰੋਗ, ਹਉਮੇਂ ਹੰਗਤਾ ਗੜ੍ਹ ਤੁੜਾਏਗਾ । ਚਿੰਤਾ ਗ਼ਮ ਨਾ ਰਹੇ ਸੋਗ, ਭਾਂਡਾ ਭਰਮ ਭੌ ਭੰਨਾਏਗਾ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਏਗਾ । ਦਰਸ਼ਨ ਦੇਵੇ ਰੋਜ਼, ਰਾਤੀਂ ਸੁਤਿਆਂ ਦਿਨੇ ਜਾਗਦਿਆਂ ਬਿਨ ਅੱਖਾਂ ਨਜ਼ਰੀ ਆਏਗਾ । ਮੰਜ਼ਲ ਕੋਈ ਨਾ ਰਹੇ ਔਖ, ਆਪਣੀ ਘਾਟੀ ਪਾਰ ਕਰਾਏਗਾ । ਪੜ੍ਹਨਾ ਪਏ ਨਾ ਕੋਈ ਪੋਥ, ਨਿਰਅੱਖਰ

ਜਾਪ ਜਪਾਏਗਾ । ਨਾਮ ਖ਼ੁਮਾਰੀ ਅੰਦਰ ਕਰ ਮਦਹੋਸ਼, ਮਧੁਰ ਧੁਨ ਰਾਗ ਸੁਣਾਏਗਾ । ਭਾਗ ਲਗਾ ਕੇ ਕਾਇਆ ਮਾਟੀ ਪੋਸ਼, ਪੁਸ਼ਤ ਪਨਾਹ ਹੱਥ ਟਿਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲੇ ਮੇਲ ਮਿਲਾਏਗਾ । ਜਨ ਭਗਤਾਂ ਮੇਲ ਮਿਲਾਵੇਗਾ । ਸੱਜਣ ਸੁਹੇਲ ਦਇਆ ਕਮਾਵੇਗਾ । ਰੰਗ ਨਵੇਲ ਇਕ ਚੜ੍ਹਾਵੇਗਾ । ਗੁਰ ਚੇਲ ਪੜਦਾ ਲਾਹਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਵੇਗਾ । ਸਚ ਕਰਨੀ ਕਾਰ ਕਰੇਗਾ । ਸੰਤ ਸੁਹੇਲੇ ਗੁਰਮੁਖ ਵਰੇਗਾ । ਆਤਮ ਪਰਮਾਤਮ ਸੇਜਾ ਚੜ੍ਹੇਗਾ । ਸਚ ਦਵਾਰੇ ਆਪੇ ਖੜੇਗਾ । ਨਿਰਭਓ ਭੈ ਵਿਚ ਕਦੇ ਨਾ ਡਰੇਗਾ । ਜੀਵਤ ਰੂਪ ਕਦੇ ਨਾ ਮਰੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪੇ ਕਰੇਗਾ । ਸਾਚੀ ਖੇਲ ਖਿਲਾਵਾਂਗਾ । ਜੁਗ ਜਨਮ ਦੇ ਵਿਛੜੇ ਮੇਲ ਮਿਲਾਵਾਂਗਾ । ਕਰਮ ਕਰਮ ਦਾ ਰੋਗ ਕਟਾਵਾਂਗਾ । ਜਨਮ ਜਨਮ ਦਾ ਲਹਿਣਾ ਝੋਲੀ ਪਾਵਾਂਗਾ । ਵਰਨ ਬਰਨ ਪੰਧ ਚੁਕਾਵਾਂਗਾ । ਸਾਚੀ ਸਰਨ ਇਕ ਦ੍ਰਿੜਾਵਾਂਗਾ । ਜੋ ਗੁਰਮੁਖ ਸੋਹੰ ਢੋਲਾ ਪੜ੍ਹਨ, ਤਿਨ੍ਹਾਂ ਦਾ ਆਤਮ ਪਰਮਾਤਮ ਪਰਮਾਤਮ ਆਤਮ ਇਕੋ ਰੰਗ ਵਖਾਵਾਂਗਾ । ਨੇਤਰ ਖੋਲ੍ਹ ਕੇ ਹਰਨ ਫਰਨ, ਨਿਜ ਲੋਚਣ ਅੱਖ ਖੁਲ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਪਰਗਟਾਵਾਂਗਾ । ਸਾਚਾ ਮੰਦਰ ਇਕ ਪਰਗਟਾਵੇਗਾ । ਕਾਇਆ ਅੰਦਰੇ ਅੰਦਰ ਜੋੜ ਜੁੜਾਵੇਗਾ । ਡੂੰਘੀ ਅੰਧੇਰੀ ਕੰਦਰ ਪਾਰ ਲੰਘਾਵੇਗਾ । ਮਨ ਮਨੂਆ ਬੰਨ੍ਹ ਕੇ ਬੰਦਰ, ਸ਼ਬਦੀ ਡੋਰੀ ਤੰਦ ਉਠਾਵੇਗਾ । ਲੇਖਾ ਚੁਕਾ ਕੇ ਸੂਰੀਆ ਚੰਦਰ, ਨਿਰਗੁਣ ਨੂਰ ਜੋਤ ਰੁਸ਼ਨਾਵੇਗਾ । ਸਾਚੇ ਨਾਮ ਦੀ ਦੱਸ ਕੇ ਬੰਦਨ, ਬੰਦੀਖ਼ਾਨਾ ਤੋੜ ਤੁੜਾਵੇਗਾ । ਸਾਚਾ ਦੇ ਕੇ ਪਰਮਾਨੰਦਨ, ਨਿਜਾਨੰਦ ਵਿਚ ਸਮਾਵੇਗਾ । ਜੋ ਆਇਆ ਟੁੱਟੀ ਗੰਢਣ, ਗੰਢਣਹਾਰ ਗੋਪਾਲ ਸਵਾਮੀ ਆਪਣੀ ਗੰਢ ਪਵਾਵੇਗਾ । ਦੀਨ ਦਿਆਲ ਸਦਾ ਬਖ਼ਸ਼ੰਦਨ, ਬਖ਼ਸ਼ਿਸ਼ ਰਹਿਮਤ ਆਪ ਕਮਾਵੇਗਾ । ਜੋ ਦਰ ਦਵਾਰੇ ਆਵੇ ਮੰਗਣ, ਵਸਤ ਅਮੋਲਕ ਝੋਲੀ ਪਾਵੇਗਾ । ਚਰਨ ਧੂੜੀ ਦੇ ਕੇ ਮਜਨ, ਦੁਰਮਤ ਮੈਲ ਪਾਪ ਧੁਆਵੇਗਾ । ਸਤਿਜੁਗ ਸਾਚਾ ਲੱਗਾ ਲੱਗਣ, ਪਹਿਲੀ ਮਾਘ ਖ਼ੁਸ਼ੀ ਮਨਾਵੇਗਾ । ਸਤਿਗੁਰ ਦੀਪਕ ਲੱਗਾ ਜਗਣ, ਚਾਰੋਂ ਕੁੰਟ ਨੂਰ ਰੁਸ਼ਨਾਵੇਗਾ । ਵੱਜੇ ਵਧਾਈ ਉਤੇ ਗਗਨ, ਬ੍ਰਹਿਮੰਡ ਖੰਡ ਉਠਾਵੇਗਾ । ਜਨ ਭਗਤਾਂ ਭਾਗ ਲਗਾਵੇ ਕਾਇਆ ਬਦਨ, ਬਦੀਆਂ ਤੋਂ ਆਪ ਬਚਾਵੇਗਾ । ਸ਼ਬਦੀ ਹੁਕਮ ਅੰਦਰ ਲੱਗਾ ਸੱਦਣ, ਕੋਟਾਂ ਸਦੀਆਂ ਦੇ ਵਿਛੜੇ ਜੋੜ ਜੁੜਾਵੇਗਾ । ਖੇਲ ਵੇਖੇ ਮਾਸ ਨਾੜੀ ਹੱਡਣ, ਪੜਦਿਆਂ ਵਿਚੋਂ ਪੜਦੇ ਆਪ ਖੁਲ੍ਹਾਵੇਗਾ । ਸਚ ਪ੍ਰੀਤੀ ਅੰਦਰ ਰਖ ਕੇ ਮਗਨ, ਪਿਛਲਾ ਲਹਿਣਾ ਦੇਣਾ ਮੁਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਵੇਗਾ । ਸਿਰ ਆਪਣਾ ਹੱਥ ਰਖਾਵਾਂਗਾ । ਸਮਰਥ ਪੁਰਖ ਅਖਵਾਵਾਂਗਾ । ਬੋਧ ਅਗਾਧਾ ਨਾਮ ਸ਼ਬਦ ਅਕੱਥ, ਅਕੱਥ ਕਥ ਦ੍ਰਿੜਾਵਾਂਗਾ । ਇਕੋ ਦੱਸ ਕੇ ਸਾਚਾ ਜਸ, ਸਿਫ਼ਤ ਸਾਲਾਹੀ ਪੰਧ ਮੁਕਾਵਾਂਗਾ । ਜਨ ਭਗਤਾਂ ਅੰਤਰ ਆਤਮ ਕਰ ਕੇ ਵਸ, ਵਾਸਤਾ ਇਕੋ ਨਾਲ ਜੁੜਾਵਾਂਗਾ । ਝਗੜਾ ਮੁਕ ਜਾਵੇ ਰਵ ਸਸ, ਜਲਵਾ ਜੋਤ ਨੂਰ ਰੁਸ਼ਨਾਵਾਂਗਾ । ਲੇਖਾ ਮੁੱਕਾ ਕੇ ਤਤ ਅੱਠ, ਨੌ ਦਰ ਡੇਰਾ ਆਪੇ ਢਾਵਾਂਗਾ । ਅੰਮ੍ਰਿਤ ਆਤਮ ਧੁਰ ਦਾ ਝੱਟ, ਝਿਰਨਾ ਇਕ ਝਿਰਾਵਾਂਗਾ । ਸ਼ਬਦ ਅਗੰਮੀ ਵੱਜੇ ਨਦ, ਅਨਹਦ ਨਾਦੀ ਨਾਦ ਸੁਣਾਵਾਂਗਾ । ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧੇਰ ਗਵਾਵਾਂਗਾ । ਬਿਨ ਗੋਪੀ ਕਾਹਨ ਵਖਾ ਕੇ ਰਾਸ, ਮੰਡਲ ਮੰਡਪ ਰਾਗ ਵਡਿਆਵਾਂਗਾ । ਕਲਜੁਗ

ਮੇਟ ਅੰਧੇਰੀ ਰਾਤ, ਸਤਿਜੁਗ ਸੱਚਾ ਚੰਦ ਚਮਕਾਵਾਂਗਾ । ਚਾਰ ਵਰਨ ਅਠਾਰਾਂ ਬਰਨ ਬਣਾ ਕੇ ਇਕ ਜਮਾਤ, ਅੱਖਰ ਇਕੋ ਨਾਮ ਪੜ੍ਹਾਵਾਂਗਾ । ਭਗਤ ਸੁਹੇਲੇ ਕਰ ਕੇ ਮੇਲੇ ਵਸਾਂ ਪਾਸ, ਦੂਰ ਦੁਰਾਡਾ ਪੰਧ ਮੁਕਾਵਾਂਗਾ । ਲੇਖੇ ਲਾ ਕੇ ਪਵਣ ਸਵਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਪਰਗਟਾਵਾਂਗਾ । ਅਗਲਾ ਰਾਹ ਆਪ ਜਣਾਏਗਾ । ਸੋ ਪੁਰਖ ਨਿਰੰਜਣ ਦਇਆ ਕਮਾਏਗਾ । ਹਰਿ ਪੁਰਖ ਨਿਰੰਜਣ ਭੇਵ ਖੁਲ੍ਹਾਏਗਾ । ਏਕੰਕਾਰ ਪੜਦਾ ਲਾਹੇਗਾ । ਆਦਿ ਨਿਰੰਜਣ ਜੋਤ ਰੁਸ਼ਨਾਏਗਾ । ਅਬਿਨਾਸ਼ੀ ਕਰਤਾ ਵੇਖ ਵਖਾਏਗਾ । ਸ੍ਰੀ ਭਗਵਾਨ ਹੁਕਮ ਵਰਤਾਏਗਾ । ਪਾਰਬ੍ਰਹਮ ਬ੍ਰਹਮ ਸਮਝਾਏਗਾ । ਵਿਸ਼ਨੂੰ ਵਿਸ਼ਵ ਸੇਵ ਕਮਾਏਗਾ । ਬ੍ਰਹਮਾ ਨਿਉਂ ਨਿਉਂ ਸੀਸ ਝੁਕਾਏਗਾ । ਸ਼ੰਕਰ ਧੂੜੀ ਟਿੱਕਾ ਖ਼ਾਕ ਰਮਾਏਗਾ । ਕਰੋੜ ਤੇਤੀਸਾ ਭਿੱਖਕ, ਦਰ ਦਰਵੇਸ਼ਾ ਝੋਲੀ ਡਾਹੇਗਾ । ਗੁਰ ਅਵਤਾਰ ਪੈਗ਼ੰਬਰ ਵਖਾਵੇ ਆਪਣੀ ਲਿਖਤ, ਕ਼ਲਮ ਸ਼ਾਹੀ ਫੇਰਾ ਪਾਏਗਾ । ਦੀਨ ਦੁਨੀ ਵੇਖ ਕੇ ਇਸ਼ਟ, ਸ੍ਰਿਸ਼ਟ ਸਬਾਈ ਖੋਜ ਖੁਜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਏਗਾ । ਕਲਜੁਗ ਅੰਤਮ ਵੇਖ ਵਖਾਵਾਂਗਾ । ਗੁਰਮੁਖ ਸੰਤ ਸੁਹੇਲੇ ਬਣਾ ਕੇ ਸਾਚੀ ਬਣਤ, ਬੰਧਨ ਦੂਈ ਦਵੈਤ ਮਿਟਾਵਾਂਗਾ । ਦੇ ਵਡਿਆਈ ਵਿਚੋਂ ਜੀਵ ਜੰਤ, ਜਾਗਰਤ ਜੋਤ ਨੂਰ ਰੁਸ਼ਨਾਵਾਂਗਾ । ਅੰਤਰ ਆਤਮ ਬਣਾ ਕੇ ਬਣਤ, ਬਣ ਖੰਡ ਪੈਂਡਾ ਪੰਧ ਮੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਵਖਾਵਾਂਗਾ । ਸਾਚਾ ਰਾਹ ਇਕ ਵਖਾਏਗਾ । ਤ੍ਰੈਗੁਣ ਮਾਇਆ ਡੇਰਾ ਢਾਹੇਗਾ । ਪੰਜ ਤਤ ਨਾ ਕੋਇ ਵਡਿਆਏਗਾ । ਪਰਕਿਰਤੀ ਬੰਧਨ ਨਾ ਕੋਇ ਰਖਾਏਗਾ । ਰਿਧ ਸਿਧ ਨਾ ਕੋਇ ਭਟਕਾਏਗਾ । ਮਨ ਵਾਸਨਾ ਨਾ ਕੋਇ
੧੯੧ ੧੯
ਹਲਕਾਏਗਾ । ਮਤ ਮਤਵਾਲੀ ਨਾ ਕੋਇ ਬਣਾਏਗਾ । ਬੁਧ ਬਿਬੇਕ ਨਾ ਵੰਡ ਵੰਡਾਏਗਾ । ਦੂਜੀ ਟੇਕ ਨਾ ਕੋਇ ਰਖਾਏਗਾ । ਅਗਨੀ ਸੇਕ ਨਾ ਕੋਇ ਲਗਾਏਗਾ । ਅੰਦਰ ਭੇਤ ਨਾ ਕੋਇ ਸਮਝਾਏਗਾ । ਕੂੜਾ ਵੇਸ ਨਾ ਕੋਇ ਵਟਾਏਗਾ । ਲੇਖਾ ਲਿਖ ਕੇ ਗਿਆ ਗੁਰੂ ਦਸ ਦਸਮੇਸ਼, ਬਿਨ ਪੁਰਖ ਅਕਾਲ ਦੂਜਾ ਨਜ਼ਰ ਕੋਇ ਨਾ ਆਏਗਾ । ਜੋ ਆਦਿ ਜੁਗਾਦਿ ਜੁਗ ਚੌਕੜੀ ਸਦਾ ਰਹੇ ਹਮੇਸ਼, ਹਮ ਸਾਜਣ ਜੋੜ ਜੁੜਾਏਗਾ । ਜਿਸ ਦੇ ਅਗੇ ਕਲਜੁਗ ਅੰਤ ਗੁਰ ਅਵਤਾਰ ਪੈਗ਼ੰਬਰ ਹੋਏ ਪੇਸ਼, ਪੇਸ਼ੀਨਗੋਈ ਅਗਲੀ ਆਪਣੇ ਹੱਥ ਰਖਾਵੇਗਾ । ਬੀਸ ਇਕੀਸਾ ਕਰ ਕੇ ਪੂਰਾ ਲੇਖ, ਸਦੀ ਚੌਧਵੀਂ ਪੰਧ ਚੁਕਾਵੇਗਾ । ਝਗੜਾ ਰਹੇ ਨਾ ਕੋਈ ਗਣਪਤ ਗਣੇਸ਼, ਦੁਰਗਾ ਇਸ਼ਟ ਨਾ ਕੋਇ ਸਮਝਾਵੇਗਾ । ਪੂਜਾ ਰਹੇ ਨਾ ਸ਼ੰਕਰ ਸ਼ੇਸ਼, ਸ਼ਮਾਂਦਾਨ ਨਾ ਕੋਇ ਜਗਾਵੇਗਾ । ਸਜਦਾ ਹੋਏ ਨਾ ਮੁੱਲਾ ਸ਼ੇਖ਼, ਬਗਲ ਕ਼ੁਰਾਨ ਨਾ ਕੋਇ ਉਠਾਵੇਗਾ । ਇਕੋ ਕਲਮਾ ਇਕੋ ਆਦੇਸ, ਸਜਦਾ ਇਕੋ ਇਕ ਜਣਾਵੇਗਾ । ਅਬਿਨਾਸ਼ੀ ਕਰਤਾ ਸਭ ਦੀ ਬਦਲ ਦੇਵੇ ਰੇਖ, ਰਿਖੀਆਂ ਮੁਨੀਆਂ ਪੰਧ ਮੁਕਾਵੇਗਾ । ਨੌ ਖੰਡ ਪ੍ਰਿਥਮੀ ਸੱਤ ਦੀਪ ਅੰਤਮ ਸਭ ਨੇ ਹੋਣਾ ਧਾਰੀ ਕੇਸ, ਧਰਮ ਦਾ ਧਰਮ ਇਕ ਬਣਾਵੇਗਾ । ਹੁਕਮੇ ਅੰਦਰ ਸਾਰੇ ਲੈਣੇ ਲਪੇਟ, ਸ਼ਬਦੀ ਗੁਰੂ ਖੇਲ ਖਿਲਾਵੇਗਾ । ਨਿਰਗੁਣ ਬਣ ਕੇ ਖੇਵਟ ਖੇਟ, ਨਈਆ ਨੌਕਾ ਨਾਮ ਚਲਾਵੇਗਾ । ਕੂੜ ਕੁੜਿਆਰੇ ਰਾਏ ਧਰਮ ਦੇ ਕੋਲ ਦੇਵੇ ਭੇਜ, ਅਗੇ ਹੋ ਨਾ ਕੋਇ ਬਚਾਵੇਗਾ । ਗੁਰਮੁਖ ਮਾਨਣ ਸਤਿਗੁਰ ਸਾਚੀ ਸੇਜ, ਜਿਥੇ ਸੁਤਿਆਂ ਨਾ ਕੋਇ ਉਠਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਲ ਆਪ ਵਰਤਾਵੇਗਾ । ਸਾਚੀ ਕਲ ਆਪ ਵਰਤਾਏਗਾ । ਅਛਲ ਅਛੱਲ ਖੇਲ ਖਿਲਾਏਗਾ । ਕਲਜੁਗ ਰਹੇ ਕੋਈ ਨਾ ਬਲ, ਬਲਹੀਣ ਸਰਬ ਬਣਾਏਗਾ ।

ਪ੍ਰਭ ਦਾ ਭਾਣਾ ਨਾ ਜਾਏ ਟਲ, ਮੰਦਰ ਟੱਲੀਆਂ ਨਾ ਕੋਇ ਖੜਕਾਏਗਾ । ਕੂੜੀ ਕਿਰਿਆ ਲੂਣ ਵਾਂਗ ਜਾਣਾ ਖਰ, ਹੁਕਮੀ ਹੁਕਮ ਵਖਾਏਗਾ । ਨੌ ਖੰਡ ਪ੍ਰਿਥਮੀ ਸੱਤ ਦੀਪ ਇਕ ਬਣਾਉਣਾ ਸੱਚਾ ਸਰ, ਸਰ ਅੰਮ੍ਰਿਤ ਆਪ ਸੁਹਾਏਗਾ । ਸਤਿਗੁਰ ਚਰਨ ਗੁਰੂ ਕਾ ਘਰ, ਗੁਰਦੁਆਰਾ ਨਜ਼ਰ ਕੋਇ ਨਾ ਆਏਗਾ । ਜਿਸ ਮੰਦਰ ਗੁਰਮੁਖ ਜਾਏ ਵੜ, ਫੜ ਬਾਹੋਂ ਬਾਹਰ ਨਾ ਕੋਇ ਕਢਾਏਗਾ । ਇਕੋ ਨਾਮ ਲਏ ਪੜ੍ਹ, ਕਲਮਾ ਇਕੋ ਇਕ ਜਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਏਗਾ । ਮਿਹਰ ਨਜ਼ਰ ਇਕ ਉਠਾਵਾਂਗਾ । ਦੁਨੀਆ ਇਸ਼ਾਰੀਏ ਕਸਰ ਨਾਲ ਉਡਾਵਾਂਗਾ । ਕੂੜੀ ਕਿਰਿਆ ਕਰ ਕੇ ਹਸ਼ਰ, ਹੈਸੀਅਤ ਸਭ ਦੀ ਆਪ ਬਦਲਾਵਾਂਗਾ । ਜਨ ਭਗਤ ਜ਼ਿੰਦਗੀ ਕਰਨ ਬਸਰ, ਬਿਸਤਰੇ ਪ੍ਰੇਮ ਹੇਠ ਵਿਛਾਵਾਂਗਾ । ਓਹਨਾਂ ਦਾ ਨਾਮ ਕਰ ਕੇ ਨਸ਼ਰ, ਨਸੀਅਤ ਦੋ ਜਹਾਨ ਜਣਾਵਾਂਗਾ । ਜਿਸ ਦਾ ਚਾਰ ਜੁਗ ਰਹੇ ਅਸਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਇਕੋ ਹੁਕਮ ਮਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਇਕ ਕਮਾਵਾਂਗਾ । ਧੁਰ ਦੀ ਕਾਰ ਕਮਾਵਾਂਗਾ । ਨਰ ਨਿਰੰਕਾਰ ਅਖਵਾਵਾਂਗਾ । ਜੋਤੀ ਜੋਤ ਰੁਸ਼ਨਾਵਾਂਗਾ । ਸ਼ਬਦ ਚੋਟ ਲਗਾਵਾਂਗਾ । ਕੋਟਨ ਕੋਟ ਖਪਾਵਾਂਗਾ । ਸੋਚਨ ਸੋਚ ਸਰਬ ਮਿਟਾਵਾਂਗਾ । ਜੋ ਪ੍ਰਭ ਦਰਸ਼ਨ ਨੂੰ ਰਹੇ ਲੋਚ, ਤਿਨ੍ਹਾਂ ਨਿਜ ਨੇਤਰ ਇਕ ਖੁਲ੍ਹਾਵਾਂਗਾ । ਪੜਦਾ ਲਾਹ ਕੇ ਲੋਕ ਪਰਲੋਕ, ਸਲੋਕ ਇਕੋ ਇਕ ਸਮਝਾਵਾਂਗਾ । ਜਨ ਭਗਤੋ ਕਿਸੇ ਕੰਮ ਨਹੀਂ ਆਉਣੀ ਮੋਖ, ਮੁਕਤੀ ਚਰਨਾਂ ਹੇਠ ਦਬਾਵਾਂਗਾ । ਨਾਤਾ ਜੋੜ ਕੇ ਇਕੋ ਜੋਤ, ਪੁਰਖ ਅਕਾਲ ਮਿਲਾਵਾਂਗਾ । ਜਿਸ ਦੀ ਨਾ ਕੋਈ ਵਰਨ ਨਾ ਕੋਈ ਗੋਤ, ਸ਼ਰਅ ਜ਼ੰਜੀਰ ਨਾ ਕੋਇ ਬੰਧਾਵਾਂਗਾ । ਸਚ ਦਵਾਰਾ ਸਾਚਾ ਕੋਟ, ਮੰਦਰ ਮਸਜਿਦ ਸ਼ਿਵਦਵਾਲਾ ਮਠ ਵੰਡ ਨਾ ਕੋਇ ਵੰਡਾਵਾਂਗਾ । ਹਉਮੈਂ ਰਹੇ ਕੋਈ ਨਾ ਰੋਗ, ਦੂਈ ਦਵੈਤ ਡੇਰਾ ਢਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਇਕ ਵਰਤਾਵਾਂਗਾ । ਸਾਚਾ ਖੇਲ ਇਕ ਵਰਤੇਗਾ । ਪੁਰਖ ਅਕਾਲ ਨਿਰਗੁਣ ਪਰਤੇਗਾ । ਗੋਬਿੰਦ ਲਹਿਣਾ ਲੇਖਾ ਦੇਵੇ ਸਰਸੇ ਦਾ । ਲੱਖ ਚੁਰਾਸੀ ਜੀਵ ਜੰਤ ਪਰਖੇਗਾ । ਗੁਰ ਅਵਤਾਰ ਪੀਰ ਪੈਗੰਬਰ ਜਵਾਬ ਦੇਵੇ ਨਾ ਕੋਈ ਪ੍ਰਭੂ ਦੇ ਪਰਚੇ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਪੂਰਾ ਕਰੇ ਪਿਛਲੇ ਅਗਲੇ ਅਰਸੇ ਦਾ । ਪਿਛਲਾ ਅਗਲਾ ਅਰਸਾ ਆਪ ਲੰਘਾਵੇਗਾ । ਜੋ ਕੀਤਾ ਕੌਲ ਇਕਰਾਰ ਕੰਢੇ ਸਰਸਾ, ਸਾਲਸ ਹੋ ਕੇ ਪੂਰ ਕਰਾਵੇਗਾ । ਪੁਰਖ ਅਕਾਲ ਦਾ ਪਹਿਲਾ ਆ ਗਿਆ ਬਰਸਾ, ਬਾਰੀ ਕੁੰਡਾ ਲਾਹਵੇਗਾ । ਵੇਖੇ ਖੇਲ ਦੋ ਜਹਾਨ ਘਰ ਘਰ ਕਾ, ਬ੍ਰਹਿਮੰਡ ਖੰਡ ਪੜਦਾ ਆਪ ਉਠਾਵੇਗਾ । ਜਗਤ ਜਹਾਨ ਵੇਖੇ ਸੜਦਾ, ਅਗਨੀ ਤਤ ਤਪਾਵੇਗਾ । ਗੁਰਮੁਖ ਭਗਤ ਮੰਜ਼ਲ ਵੇਖੇ ਚੜ੍ਹਦਾ, ਚੜ੍ਹਦੀਆਂ ਕਲਾਂ ਆਪ ਜਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਵੇਗਾ । ਮਿਹਰ ਨਜ਼ਰ ਆਪ ਉਠਾਏਗਾ । ਸਤਿਜੁਗ ਸੁਹੰਜਣੀ ਵੇਖ ਕੇ ਫ਼ਸਲ, ਫਜ਼ਲ ਰਹਿਮਤ ਆਪ ਕਮਾਏਗਾ । ਚਾਰ ਕੁੰਟ ਸਭ ਦੇ ਸਿਰ ਤੇ ਕੂਕੇ ਅਜ਼ਲ, ਉਜਲ ਮੁਖ ਨਾ ਕੋਇ ਰਖਾਏਗਾ । ਜੀਵ ਜਹਾਨ ਮਾਇਆ ਮਮਤਾ ਦੱਜਣ, ਅੰਮ੍ਰਿਤ ਮੇਘ ਨਾ ਕੋਇ ਬਰਸਾਏਗਾ । ਅਗਲੇ ਸਾਲ ਸਾਰੇ ਉਠ ਉਠ ਭੱਜਣ, ਭੱਜਿਆਂ ਫੜ ਨਾ ਕੋਇ ਬਹਾਏਗਾ । ਪੁੱਤਰਾਂ ਮਾਂ ਜਾਏ ਕੋਈ ਨਾ ਸੱਦਣ, ਪਿਤਾ ਪੂਤ ਨਾ ਗੋਦ ਉਠਾਏਗਾ । ਸ਼ਾਹ ਸੁਲਤਾਨਾਂ ਫੇਰੇ ਨਗਨ, ਓਢਣ ਸੀਸ ਨਾ ਕੋਇ ਟਿਕਾਏਗਾ । ਲੇਖਾ ਜਾਣੇ

ਪਹਿਲਾਂ ਅਦਨ, ਅਦਾਲਤ ਆਪਣੀ ਹੋਰ ਲਗਾਏਗਾ। ਉਸ ਤੋਂ ਅਗਲਾ ਹੋਰ ਪੱਤਨ, ਨੌ ਸੌ ਮੀਲ ਵੰਡ ਵੰਡਾਏਗਾ। ਸਿਆਸਤ ਦਾ ਚਲੇ ਕੋਈ ਨਾ ਯਤਨ, ਯਥਾਰਥ ਆਪਣਾ ਹੁਕਮ ਸੁਣਾਏਗਾ। ਸੁਖੀਂ ਲੋਕਮਾਤ ਨਾ ਵਸਣ, ਵਿਸਲ ਧੁਰ ਦਾ ਨਾਮ ਵਜਾਏਗਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਸਾਚੀ ਕਾਰ ਕਮਾਏਗਾ। ਮਾਘ ਕਹੇ ਮੈਂ ਹੋਇਆ ਮੰਗਤ, ਦਰ ਦਰਵੇਸ਼ ਫੇਰਾ ਪਾਈਆ। ਪ੍ਰਭੂ ਕਿਸ ਬਿਧ ਕਰਨਾ ਅੰਤ, ਅੰਤਮ ਦੇ ਜਣਾਈਆ। ਕਵਣ ਉਧਾਰੇਂ ਸਾਚੇ ਸੰਤ, ਸਤਿਗੁਰ ਦੇ ਸਰਨਾਈਆ। ਕਵਣ ਨਾਮ ਸੰਦੇਸ਼ਾ ਮੰਤ, ਮੰਤਰ ਦੇ ਦ੍ਰਿੜਾਈਆ। ਕਵਣ ਉਤਮ ਸ੍ਰੇਸ਼ਟ ਵਿਚ ਜੀਵ ਜੰਤ, ਬਿਬੇਕ ਨਜ਼ਰੀ ਆਈਆ। ਕਵਣ ਬੋਧ ਅਗਾਧਾ ਦਿਸੇ ਪੰਡਤ, ਜੋ ਕਰੇ ਸਚ ਪੜ੍ਹਾਈਆ। ਪੁਰਖ ਅਕਾਲ ਕਹੇ ਮੈਂ ਵੇਖਾਂ ਭਗਤਾਂ ਸੰਗਤ, ਜੋ ਆਤਮ ਪਰਮਾਤਮ ਸੰਗ ਨਿਭਾਈਆ। ਨਾਤਾ ਤੋੜ ਕੇ ਸਵਰਗ ਜੱਨਤ, ਓਟ ਇਕੋ ਇਕ ਤਕਾਈਆ। ਸ੍ਰਿਸ਼ਟੀ ਵਿਚੋਂ ਕਰ ਕੇ ਹਿੰਮਤ, ਪੁਰਖ ਅਕਾਲ ਰਹੇ ਮਨਾਈਆ। ਮਨ ਵਾਸਨਾ ਰਹੇ ਕੋਈ ਨਾ ਇੱਲਤ, ਕੂੜਾ ਰੰਗ ਨਾ ਕੋਇ ਚੜ੍ਹਾਈਆ। ਮਾਨਸ ਜਨਮ ਹੋਏ ਨਾ ਜ਼ਿੱਲਤ, ਖ਼ੁਆਰੀ ਦਏ ਮਿਟਾਈਆ। ਸਾਚੇ ਸ਼ਬਦ ਨਾਮ ਦੀ ਦੇ ਕੇ ਖਿੱਲਤ, ਪੋਸ਼ਾਕ ਪ੍ਰੇਮ ਪਿਆਰ ਪਹਿਨਾਈਆ। ਹੋਣ ਦੇਵੇ ਨਾ ਹਰਾਮ ਨਿਮਕ, ਨਮਸਤੇ ਇਕੋ ਦਏ ਸਮਝਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਦਏ ਉਠਾਈਆ। ਮਾਘ ਕਹੇ ਮੈਂ ਅੱਗਾ ਵੇਖਿਆ ਹੋ ਕੇ ਨੇੜੇ, ਬਿਨ ਅੱਖਾਂ ਅੱਖ ਖੁਲ੍ਹਾਈਆ। ਸ੍ਰਿਸ਼ਟੀ ਵਿਚ ਪੈਣ ਵਾਲੇ ਝੇੜੇ, ਝਗੜਾ ਹੋਏ ਲੋਕਾਈਆ। ਪ੍ਰਭੂ ਦੇਣ ਵਾਲਾ ਉਲਟੇ ਗੇੜੇ, ਲੱਠ ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਭਵਾਈਆ। ਕੂੜਿਆਂ ਸਾਧਾਂ ਦੇ ਰਹਿਣੇ ਨਹੀਂ ਡੇਰੇ, ਝੂਠਾ ਗੁਰੂ ਨਾ ਕੋਇ ਅਖਵਾਈਆ। ਸਭ ਦੇ ਫੜ ਕੇ ਡੋਬਣੇ ਬੇੜੇ, ਹੁਕਮੇ ਅੰਦਰ ਦਏ ਰੁੜ੍ਹਾਈਆ। ਸ਼ਬਦੀ ਹੁਕਮ ਅੰਦਰ ਆ ਗਏ ਘੇਰੇ, ਅਗੇ ਸਕੇ ਨਾ ਕੋਇ ਛੁਡਾਈਆ। ਧਰਮ ਰਾਜ ਦੇ ਅਗੇ ਢਹਿ ਢਹਿ ਹੋਣੇ ਢੇਰੇ, ਡੇਰੀ ਅਵਰ ਨਾ ਕੋਇ ਲਗਾਈਆ। ਜੇ ਪੁਛੇ ਕੋਈ ਕਿਹੜੇ ਕਿਹੜੇ, ਜੋ ਬਿਨਾ ਪੁਰਖ ਅਕਾਲ ਦੇ ਇਸ਼ਟ ਰਹੇ ਮਨਾਈਆ। ਗੁਰ ਅਵਤਾਰ ਪੈਗ਼ੰਬਰ ਹੁਕਮ ਦੇ ਕੇ ਗਏ ਬਥੇਰੇ, ਜੁਗ ਚੌਕੜੀ ਨਿਤ ਨਵਿਤ ਫੇਰੀਆਂ ਪਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਾਇਆ ਦੇਣੀ ਬਦਲਾਈਆ। ਕਲਜੁਗ ਕਾਇਆ ਬਦਲਣੀ ਕੂੜਾ ਕੱਪੜ, ਲੋਕਮਾਤ ਰਹਿਣ ਨਾ ਪਾਈਆ। ਤੀਰਥ ਤਟ ਨਜ਼ਰੀ ਆਉਣੇ ਛੱਪੜ, ਅੰਮ੍ਰਿਤ ਰਸ ਨਾ ਕੋਇ ਵਖਾਈਆ। ਕਲਜੁਗ ਜੀਵ ਹੋਏ ਬਗਲੇ ਬੱਪੜ, ਹੰਸ ਰੂਪ ਨਾ ਕੋਇ ਬਦਲਾਈਆ। ਕੂੜ ਕੁੜਿਆਰ ਵਿਕਾਰ ਡੱਡਾਂ ਰਹੇ ਪਕੜ, ਮਨ ਵਾਸਨਾ ਚੁੰਝ ਵਧਾਈਆ। ਮਨ ਵਾਸਨਾ ਭਰੇ ਚਿੱਕੜ, ਪਤਿਤ ਪੁਨੀਤ ਨਾ ਕੋਇ ਬਣਾਈਆ। ਪੁਰਖ ਅਕਾਲ ਦਾ ਕਰੇ ਕੋਈ ਨਾ ਜ਼ਿਕਰ, ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੈਗ਼ੰਬਰ ਸਾਰੇ ਸੀਸ ਨਿਵਾਈਆ। ਧੁਰ ਦੇ ਮਾਲਕ ਦਾ ਆਇਆ ਕਿਸੇ ਨਾ ਫ਼ਿਕਰ, ਫ਼ਿਕਰੇ ਸਿਫ਼ਤਾਂ ਵਾਲੇ ਗਾਈਆ। ਕਲਜੁਗ ਅੰਤ ਗੋਬਿੰਦ ਦਾ ਲੱਭਦੇ ਫਿਰਦੇ ਬਾਜ ਤਿੱਤਰ, ਗੋਬਿੰਦ ਦੀ ਆਸ ਨਾ ਕਿਸੇ ਰਖਾਈਆ। ਮਨ ਵਾਸਨਾ ਵਿਚ ਗਏ ਵਿੱਛੜ, ਵਿਛੜਿਆਂ ਜੋੜ ਨਾ ਕੋਇ ਜੁੜਾਈਆ। ਹਉਮੇ ਹੰਗਤਾ ਕੀਤੇ ਭਿੱਟੜ, ਏਕਾ ਰੰਗ ਨਾ ਕੋਇ ਸਮਾਈਆ। ਤੀਰਥ ਤਟਾਂ ਜਾਂਦਿਆਂ ਥੱਲਿਉਂ ਘਸ ਗਏ ਛਿੱਤਰ, ਟੁੱਟੇ ਜੁੱਤੇ ਕੰਮ ਕਿਸੇ ਨਾ ਆਈਆ। ਵੈਰਾਗੀ ਤਿਆਗੀ ਬੈਰਾਗੀ ਹੋ ਕੇ ਘਰੋਂ ਗਏ ਨਿਕਲ, ਬਣਖੰਡ ਫੇਰੀਆਂ ਪਾਈਆ। ਜਾਂ ਤੱਕਿਆ ਤੇ ਪਿੱਤਲ ਦਾ ਪਿੱਤਲ, ਪਾਰਸ ਰੰਗ ਨਾ ਕੋਇ ਛੁਹਾਈਆ।

ਜਗਤ ਪੂਜਾ ਪਾਠ ਨਾਮ ਸਿਮਰਨ ਜੋਗ ਅਭਿਆਸ ਕਰ ਕੇ ਕਾਇਆ ਮਾਟੀ ਬਾਹਰੋਂ ਕਰਦੇ ਸਿਕਲ, ਅੰਤਰ ਰੰਗ ਨਾ ਕੋਇ ਚੜ੍ਹਾਈਆ । ਸੀਲ ਸਡੋਲ ਛੈਲ ਛਬੀਲੇ ਬਣ ਕੇ ਬਣਦੇ ਬਾਂਕੇ ਚਿੱਤਰ, ਚਿਤ ਵਿਤ ਠਗੌਰੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰਦਾਤਾ ਇਕੋ ਨਜ਼ਰੀ ਆਈਆ । ਮਾਘ ਕਹੇ ਮੈਂ ਵੇਖਾਂ ਅਗਲਾ ਹਾਲ, ਹਾਲਤ ਦਿਸੇ ਲੋਕਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਲਮਿਆਂ ਵਾਲਿਆਂ ਨਾ ਕੋਇ ਬਚਾਈਆ । ਕੂੜਾ ਵੱਜਣਾ ਤਾਲ, ਤਲਵਾੜਾ ਦਏ ਦੁਹਾਈਆ । ਧਰਮ ਰਾਏ ਲੇਖਾ ਰਿਹਾ ਵਖਾਲ, ਚਿਤਰ ਗੁਪਤ ਵਰਕਾ ਵਰਕਾ ਉਲਟਾਈਆ । ਲਾੜੀ ਮੌਤ ਪਾਵੇ ਧਮਾਲ, ਨੱਚੇ ਟੱਪੇ ਕੁੱਦੇ ਚਾਈਂ ਚਾਈਂਆ । ਵਾਹਵਾ ਮੇਰਾ ਅਗਲਾ ਆਉਣ ਵਾਲਾ ਸਾਲ, ਪ੍ਰਭ ਸਾਲਮ ਹੁਕਮ ਦੇਣਾ ਵਰਤਾਈਆ । ਮੈਂ ਕੂੜ ਕੁੜਿਆਰੇ ਲੈਣੇ ਭਾਲ, ਚਾਰੇ ਕੁੰਟ ਵੇਖ ਵਖਾਈਆ । ਜੋ ਗੁਰੂ ਬਾਣੀ ਦੇ ਬਣਦੇ ਰਹੇ ਦਲਾਲ, ਵਿਚੋਲੇ ਜਗਤ ਅਖਵਾਈਆ । ਜੋ ਝਟਕਾ ਖਾਂਦੇ ਰਹੇ ਹਲਾਲੀ ਕਰ ਹਲਾਲ, ਹਲਵਾ ਸਭ ਦਾ ਦੇਣਾ ਬਣਾਈਆ । ਕੋਈ ਨਾ ਪੁਜੇ ਸਚਖੰਡ ਸੱਚੀ ਧਰਮਸਾਲ, ਅਗੇ ਗੋਬਿੰਦ ਖੰਡੇ ਨਾਲ ਡਰਾਈਆ । ਹੁਕਮ ਮੰਨੇ ਪੁਰਖ ਅਕਾਲ, ਦੇਵਣਹਾਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਵੇਖ ਵਖਾਈਆ । ਮਾਘ ਕਹੇ ਮੈਨੂੰ ਦਿਸਦਾ ਹੋਰ ਖਟਕਾ, ਭੈ ਭਉ ਨਜ਼ਰੀ ਆਈਆ । ਕਿਸੇ ਲਹਿਣਾ ਸਮਝਿਆ ਨਾ ਪੂਰੇ ਸਤਿਗੁਰ ਦਾ, ਪੜਦਾ ਉਹਲਾ ਨਾ ਕੋਇ ਉਠਾਈਆ । ਮਾਰਗ ਉਤੇ ਕੋਈ ਨਾ ਤੁਰਦਾ, ਛੱਤੀ ਰਾਗ ਗਾ ਗਾ ਐਵੇਂ ਜਨਮ ਰਹੇ ਗਵਾਈਆ । ਬਿਨਾ ਮੁਰਸ਼ਦ ਦੇ ਮੁਰੀਦ ਮੁਰਦਾ, ਮਾਤਾ ਦਾ ਜਨਮ ਕੰਮ ਕਿਸੇ ਨਾ ਆਈਆ । ਸਦੀ ਚੌਧਵੀਂ ਚੌਦਾਂ ਲੋਕ ਦਿਸੇ ਰੁੜ੍ਹਦਾ, ਅਗੇ ਹੋ ਨਾ ਕੋਇ ਅਟਕਾਈਆ । ਸਾਚੇ ਪਿਆਰ ਅੰਦਰ ਮੁਹੱਬਤ ਵਿਚ ਕੋਈ ਨਾ ਜੁੜਦਾ, ਮਨ ਵਾਸਨਾ ਸਾਰੇ ਰਹੇ ਗਾਈਆ । ਕਿਸੇ ਨੂੰ ਹੱਥ ਨਾ ਆਇਆ ਵਾਸੀ ਅਨੰਦਪੁਰ ਦਾ, ਜੋ ਸ਼ਬਦੀ ਗੋਬਿੰਦ ਰੂਪ ਵਟਾਈਆ । ਜਿਸ ਨੇ ਖੇਲ ਕਰਨਾ ਕਲਜੁਗ ਸਤਿਜੁਗ ਚੱਕੀ ਪੁੜ ਦਾ, ਪੀਸੇ ਸਰਬ ਲੋਕਾਈਆ । ਫੇਰ ਰਾਖੀ ਕਰਨੀ ਨਹੀਂ ਕਿਸੇ ਦੁਰਗਾ, ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਸਹਾਈਆ । ਤੇਈ ਅਵਤਾਰ ਨਾਲ ਕੋਈ ਨਾ ਤੁਰਦਾ, ਸਾਰੇ ਬੈਠੇ ਸੀਸ ਝੁਕਾਈਆ । ਅਗੇ ਵੇਖਿਓ ਹਾਲ ਸ਼ੁਰੂ ਦਾ, ਜੋ ਸ਼ਰੀਅਤ ਦਏ ਬਦਲਾਈਆ । ਹੁਕਮ ਚਲਣਾ ਇਕੋ ਗੋਬਿੰਦ ਸੱਚੇ ਸਤਿਗੁਰੂ ਦਾ, ਦੂਜੀ ਵੰਡ ਨਾ ਕੌਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਹੁਕਮ ਵਿਚੋਂ ਬਦਲਾਈਆ । ਮਾਘ ਕਹੇ ਮੈਂ ਵੇਖਿਆ ਹਰਿ ਨਿਰੰਕਾਰ, ਜੋਤੀ ਜਾਤਾ ਨਜ਼ਰੀ ਆਈਆ । ਜਿਸ ਦਾ ਸ਼ਬਦ ਗੁਰੂ ਸਿਕਦਾਰ, ਸ਼ਹਿਨਸ਼ਾਹ ਅਖਵਾਈਆ । ਨਾਮ ਖੰਡਾ ਕਟਾਰ, ਲੁਹਾਰ ਤਰਖਾਣ ਨਾ ਕਿਸੇ ਘੜਾਈਆ । ਹੁਕਮ ਚਲੇ ਸਦਾ ਜੁਗ ਚਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਕਲਜੁਗ ਆ ਗਈ ਅੰਤਮ ਵਾਰ, ਵਾਰਤਾ ਸਭ ਦੀ ਦਏ ਸੁਣਾਈਆ । ਕੂੜੀ ਕਿਰਿਆ ਕਰ ਨਾਕਾਰ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਪਤਿਪਰਮੇਸ਼ਵਰ ਹੋ ਤਿਆਰ, ਤ੍ਰੈਗੁਣ ਅਤੀਤਾ ਫੇਰੀ ਪਾਈਆ । ਪਰਵਰਦਿਗਾਰ ਸਾਂਝਾ ਯਾਰ, ਯਾਰਾਨਾ ਇਕੋ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਵਖਾਈਆ । ਸਾਚਾ ਰਹਿਬਰ ਦੱਸੇ ਰਾਹ, ਰਾਸਤਾ ਬਰਾਸਤਾ ਰਹਿਣ ਕੋਇ ਨਾ ਪਾਈਆ । ਸਤਿਗੁਰ ਸ਼ਬਦ ਹੋਏ ਮਲਾਹ, ਬੇੜਾ ਇਕੋ ਦਏ ਵਖਾਈਆ । ਇਕੋ ਸੰਦੇਸ਼ਾ ਦੇਵੇ ਧੁਰ ਦਾ ਨਾਂ, ਨਰ ਨਿਰੰਕਾਰਾ ਦਏ ਜਣਾਈਆ । ਇਕੋ ਦੱਸੇ ਪਿਤਾ

੧੬੪
੧੯

ਮਾਂ, ਪੁਰਖ ਅਕਾਲ ਬੇਪਰਵਾਹੀਆ । ਏਥੇ ਓਥੇ ਦੋ ਜਹਾਨਾਂ ਪਕੜੇ ਬਾਂਹ, ਬਿਨ ਹੱਥਾਂ ਹੱਥ ਉਠਾਈਆ । ਸਾਚਾ ਮਾਰਗ ਦੇਵੇ ਲਾ, ਸਮੁੰਦ ਸਾਗਰ ਖੋਜ ਖੁਜਾਈਆ । ਲੇਖਾ ਜਾਣੇ ਥਲ ਅਸਗਾਹ, ਬ੍ਰਹਿਮੰਡ ਖੰਡ ਪੜਦਾ ਲਾਹੀਆ । ਗੁਰ ਅਵਤਾਰ ਪੈਗ਼ੰਬਰ ਕਰਨ ਵਾਹ ਵਾਹ, ਵਾਹਿਗੁਰੂ ਤੇਰੀ ਸਰਨਾਈਆ । ਸੋਹੰ ਰੂਪ ਲਿਆ ਪਰਗਟਾ, ਆਤਮ ਪਰਮਾਤਮ ਜੋੜ ਜੁੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰਾ ਲਾ, ਵਿਸ਼ਵ ਹੁਕਮ ਦਿਤਾ ਵਰਤਾਈਆ । ਜਿਸ ਨੂੰ ਸਮਝਿਆ ਕੋਈ ਨਾ ਰਾ, ਰਾਰਾ ਮੱਮਾਂ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਗਾ ਨਾ ਸਕੀ ਕੋਈ ਕਲਾਮ, ਕਲਮਿਆਂ ਵਿਚ ਨਾ ਕੋਇ ਸ਼ਨਵਾਈਆ । ਜਿਸ ਦਾ ਦੇ ਨਾ ਸਕਿਆ ਕੋਈ ਪੈਗ਼ਾਮ, ਹੁਕਮੀ ਹੁਕਮ ਸੀਸ ਨਿਵਾਈਆ । ਸੋ ਖੇਲ ਕਰੇ ਸ੍ਰੀ ਭਗਵਾਨ, ਪਰਵਰਦਿਗਾਰਾ ਨੂਰ ਖ਼ੁਦਾਈਆ । ਕਲਜੁਗ ਅੰਤਮ ਵੇਖੇ ਆਣ, ਆਪ ਆਪਣਾ ਵੇਸ ਵਟਾਈਆ । ਜੋਧਾ ਸੂਰਬੀਰ ਬਣ ਬਲਵਾਨ, ਬਲਧਾਰੀ ਫੇਰਾ ਪਾਈਆ । ਜਿਸ ਦਾ ਸੰਮਤ ਹੋਇਆ ਰਵਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਧੁਰ ਸੰਦੇਸ਼ਾ ਸੁਣੋ ਦੋ ਜਹਾਂ, ਪਰਮ ਪੁਰਖ ਰਿਹਾ ਦ੍ਰਿੜਾਈਆ । ਹੇਠਾਂ ਉਪਰ ਉਪਰ ਹੇਠਾਂ ਕਰੋ ਧਿਆਂ, ਬਿਨਾ ਅੱਖ ਅੱਖ ਮਿਲਾਈਆ । ਆਪਣਾ ਘਰ ਛੱਡੋ ਗਰਾਂ, ਗਿਰਹਾ ਬੰਦ ਨਾ ਕੋਇ ਬੰਧਾਈਆ । ਅਗਲਾ ਹੁਕਮ ਸੁਣੋ ਨਵਾਂ, ਨਵ ਨੌ ਚਾਰ ਚਾਰ ਪੰਧ ਚੁਕਾਈਆ । ਧੁਰ ਫ਼ਰਮਾਨਾ ਸ਼ਬਦੀ ਕਹਾਂ, ਰਸਨਾ ਜਿਹਵਾ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੁਕਮ ਸੁਣਾਈਆ । ਹੁਕਮੇ ਅੰਦਰ ਸਾਚੀ ਰੀਤ, ਰੀਤੀਵਾਨ ਆਪ ਦ੍ਰਿੜਾਈਆ । ਪੁਰਖ ਅਕਾਲ ਕਰੋ ਪ੍ਰੀਤ, ਪ੍ਰੀਤਮ ਮਿਲੇ ਬੇਪਰਵਾਹੀਆ । ਜੋ ਵਸੇ ਧਾਮ ਅਨਡੀਠ,

੧੬੫
੧੯

ਸਚਖੰਡ ਸਾਚੇ ਸੋਭਾ ਪਾਈਆ । ਜਿਸ ਦਾ ਇਕੋ ਢੋਲਾ ਗੀਤ, ਇਕੋ ਕਰੇ ਪੜ੍ਹਾਈਆ । ਜਿਸ ਨੇ ਲੇਖਾ ਮੁਕੌਣਾ ਮੰਦਰ ਮਸੀਤ, ਮਸਲਾ ਹੱਕ ਦਏ ਸਮਝਾਈਆ । ਮੁਰੀਦਾਂ ਅੰਦਰ ਭਰ ਤੌਫ਼ੀਕ, ਮੁਰਸ਼ਦ ਦਏ ਮਿਲਾਈਆ । ਇਕੋ ਛਤਰ ਵਖਾਵੇ ਸੀਸ, ਛਤਰਧਾਰੀ ਰਹਿਣ ਕੋਇ ਨਾ ਪਾਈਆ । ਨਜ਼ਰੀ ਆਏ ਹਰਿ ਜਗਦੀਸ਼, ਕਰਤਾ ਕਰਤਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਵੀ ਭਓ ਵਿਚ ਜਣਾਈਆ । ਮਾਘ ਕਹੇ ਮੈਨੂੰ ਦੂਰੋਂ ਦਿਸਦੀ ਭਾਵੀ, ਭੱਜੇ ਵਾਹੋ ਦਾਹੀਆ । ਗੁਰ ਗੁਰ ਅਰਜਨ ਲੇਖਾ ਦਿਸੇ ਉਤੇ ਰਾਵੀ, ਰਾਓ ਰੰਕ ਦਏ ਦੁਹਾਈਆ । ਸਾਰੀ ਦ੍ਰਿਸ਼ਟੀ ਹੋਣੀ ਬਾਵੀ, ਬੌਰੀ ਰੂਪ ਵਟਾਈਆ । ਨਾ ਕੋਈ ਜਿੱਤੀ ਤੇ ਨਾ ਕੋਈ ਹਾਰੀ, ਹਾਰ ਜਿੱਤ ਸਮਝ ਕਿਸੇ ਨਾ ਆਈਆ । ਅਗਲੇ ਸਾਲ ਇਕ ਦੂਜੇ ਦੀ ਸਭ ਨੇ ਹੱਥ ਵਿਚ ਫੜਨੀ ਦਾੜ੍ਹੀ, ਦਾਅ ਹੱਥ ਨਾ ਕਿਸੇ ਵਖਾਈਆ । ਜਗਤ ਸਿਆਸੀ ਮਨ ਦੇ ਵਗਾਰੀ, ਬੁਧੀ ਵਾਲੀ ਕਰਨ ਚਤੁਰਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਝਾਤੀ ਕਿਸੇ ਨਾ ਮਾਰੀ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਛਤਰਧਾਰੀ ਅੰਤਮ ਬਾਜ਼ੀ ਗਏ ਹਾਰੀ, ਸਚ ਸਰਦਾਰੀ ਨਾ ਕੋਇ ਦਵਾਈਆ । ਆਤਮ ਪਰਮਾਤਮ ਬਿਨਾ ਰਹੀ ਕਵਾਰੀ, ਜਗਤ ਵਾਸਨਾ ਵੇਸਵਾ ਰੂਪ ਵਟਾਈਆ । ਕੋਟਨ ਕੋਟ ਮੰਦਰਾਂ ਦੇ ਬੈਠੇ ਪੁਜਾਰੀ, ਜੋ ਕਾਗਾਂ ਵਾਂਗ ਵਿਸ਼ਟੇ ਰਹੇ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੈਜ ਰਿਹਾ ਸਵਾਰੀ, ਜੁਗ ਜੁਗ ਆਪਣੀ ਦਇਆ ਕਮਾਈਆ । ਮਾਘ ਕਹੇ ਮੈਨੂੰ ਥੋੜੀ ਦਿਸਦੀ ਅੱਗ, ਅੱਗਾ ਨਜ਼ਰ ਕੋਇ ਨਾ ਆਈਆ । ਤ੍ਰਿਖਾ ਲੱਗੀ ਕੂੜੀ ਜਗ, ਤ੍ਰਿਸ਼ਨਾ ਸਕੇ ਨਾ ਕੋਇ ਮਿਟਾਈਆ । ਹਾਜੀਆਂ ਭੁੱਲਣੇ ਕਾਅਬੇ ਵਾਲੇ ਹੱਜ, ਮਦੀਨੇ ਮਦਦ ਕੋਇ ਨਾ ਆਈਆ । ਜਿਧਰ

ਵੇਖੇ ਹਾਏ ਤੋਬਾ ਰੱਬ, ਯਾਅਮੀਨ ਤੇਰੀ ਸਰਨਾਈਆ । ਮਸਜਿਦਾਂ ਅੰਦਰ ਰੋਣੇ ਸਭ, ਮੱਠ ਦੇਣ ਦੁਹਾਈਆ । ਮੰਦਰ ਜਾਣੇ ਢੱਠ, ਇੱਟ ਨਾਲ ਇੱਟ ਨਾ ਕੋਇ ਜੁੜਾਈਆ । ਲੇਖਾ ਮੁੱਕਣਾ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਲਾਟਾਂ ਵਾਲੀ ਜੋਤ ਜਗਣੀ ਨਾ ਲਟ ਲਟ, ਪੱਥਰਾਂ ਦੇ ਸੱਥਰ ਦੇਣੇ ਬਣਾਈਆ । ਸ਼ਾਹ ਸੁਲਤਾਨਾਂ ਵਿਛੌਣੇ ਮਿਲਣੇ ਨਹੀਂ ਸੇਜ ਪੱਟ, ਪਟਨੇ ਵਾਲੇ ਦੇਣੇ ਮਿਟਾਈਆ । ਜੋ ਭਗਤ ਸੁਹੇਲੇ ਪ੍ਰਭ ਮਿਲਣ ਦਾ ਕਰ ਕੇ ਬੈਠੇ ਹੱਠ, ਫੜ ਬਾਹੋਂ ਲੈਣੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਮਾਘ ਕਹੇ ਮੈਨੂੰ ਪੈਂਡਾ ਦਿਸਦਾ ਨਹੀਂ ਦੁਰਾਡਾ, ਬਹੁੜੀ ਬਹੁੜੀ ਦਿਆਂ ਦੁਹਾਈਆ । ਸਤਿਗੁਰੁ ਨਜ਼ਰੀ ਆਏ ਡਾਹਢਾ, ਜੋ ਡੰਕਾ ਰਿਹਾ ਵਜਾਈਆ । ਜਨ ਭਗਤਾਂ ਨੂੰ ਮਿਲਣਾ ਪੁਰਖ ਅਕਾਲ ਦਾਦਾ, ਗੋਬਿੰਦ ਪਿਤਾ ਬੇਪਰਵਾਹੀਆ । ਆਤਮ ਪਰਮਾਤਮ ਜੁੜਨਾ ਸਾਕਾ, ਸਾਖਿਆਤ ਹੋਏ ਸਹਾਈਆ । ਕਲਜੁਗ ਅਗਨੀ ਹੋਵੇ ਰਾਖਾ, ਤੱਤੀ ਵਾ ਨਾ ਲਾਗੇ ਰਾਈਆ । ਦੇਵੇ ਨਾਮ ਸਚ ਸੁਗਾਤਾ, ਬਿਨ ਅੱਖਰਾਂ ਅੱਖਰ ਸਮਝਾਈਆ । ਕਾਇਆ ਮੰਦਰ ਅੰਦਰ ਕਰੇ ਵਾਸਾ, ਵਾਸਨਾ ਕੂੜੀ ਦਏ ਕਢਾਈਆ । ਜਨ ਭਗਤੋ ਸ੍ਰੀ ਭਗਵਾਨ ਉਤੇ ਰੱਖਿਓ ਸਚ ਵਿਸ਼ਵਾਸ਼ਾ, ਵਿਸ਼ਿਆਂ ਤੋਂ ਲਏ ਬਚਾਈਆ । ਕਲਜੁਗ ਅੰਤਮ ਉਲਟਣ ਵਾਲਾ ਪਾਸਾ, ਪਾਸਾ ਸਕੇ ਨਾ ਕੋਇ ਬਦਲਾਈਆ । ਜਿਸ ਕਾਰਨ ਜੁਝਾਰ ਨੂੰ ਦਿਤਾ ਨਹੀਂ ਸੀ ਪਾਣੀ ਗਲਾਸਾ, ਉਹ ਗਲਾਸ ਹੱਥ ਕਿਸੇ ਨਾ ਆਈਆ । ਇਹ ਖੇਲ ਹੋਣਾ ਖ਼ਾਸਾ, ਖ਼ਾਸ ਦਏ ਸਮਝਾਈਆ । ਕੁਛ ਆਸਾ ਰਖ ਕੇ ਗਿਆ ਦੁਰਬਾਸ਼ਾ, ਕ੍ਰਿਸ਼ਨ ਨਾਲ ਸਲਾਹ ਪਕਾਈਆ । ਕੁਛ ਰਾਮ ਹਣਵੰਤ ਨਾਲ ਕਰਦਾ ਰਿਹਾ ਬਾਤਾ, ਕਲਜੁਗ ਅੰਤ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਜਗਤ ਤਮਾਸ਼ਾ, ਨਿਰਗੁਣ ਨਿਰਵੈਰ ਨਿਰਾਕਾਰ ਨਜ਼ਰੀ ਆਈਆ । ਮਾਘ ਕਹੇ ਮੈਨੂੰ ਦਿਸਦਾ ਅਗੇ ਅੰਧ, ਅੰਧੇਰਾ ਨਜ਼ਰੀ ਆਈਆ । ਕਲਜੁਗ ਮੁੱਕਣ ਵਾਲਾ ਪੰਧ, ਪਾਂਧੀ ਬੈਠੇ ਢੇਰੀਆਂ ਢਾਹੀਆ । ਝਗੜਾ ਮੁੱਕਣਾ ਸੂਰਜ ਚੰਦ, ਤਾਰਾ ਮੰਡਲ ਨਾ ਕੋਇ ਸਮਝਾਈਆ । ਸਾਥੀਆਂ ਦੇਣਾ ਨਹੀਂ ਕੋਈ ਸੰਗ, ਸੰਗਲ ਸ਼ਰਅ ਦੇਣੇ ਤੁੜਾਈਆ । ਕਲਜੁਗ ਜੀਵ ਦਰ ਦਰ ਫਿਰਨੇ ਮਲੰਗ, ਮੰਗਤਿਆਂ ਖ਼ੈਰ ਕੋਇ ਨਾ ਪਾਈਆ । ਸਿਰ ਤੇ ਚੁਕ ਪਾਪਾਂ ਦੀ ਪੰਡ, ਭੱਜਣ ਥਾਉਂ ਥਾਈਂਆ । ਟੁੱਟੀ ਕੋਈ ਨਾ ਸਕੇ ਗੰਢ, ਗੋਬਿੰਦ ਨਾਲੋਂ ਹੋਈ ਜੁਦਾਈਆ । ਚੋਰਾਂ ਯਾਰਾਂ ਠੱਗਾਂ ਡਾਕੂਆਂ ਨਾਲ ਲੈ ਕੇ ਚੜ੍ਹਦੇ ਜੰਞ, ਆਤਮ ਪਰਮਾਤਮ ਦੇ ਬਦਲੇ ਫੇਰੇ ਮਾਇਆ ਮਮਤਾ ਵਾਲੇ ਲੈ ਕੇ ਕਰਨ ਜਗਤ ਕੁੜਮਾਈਆ । ਵਿਸ਼ਿਆਂ ਵਿਚੋਂ ਲੱਭਦੇ ਫਿਰਦੇ ਕਿਥੇ ਵਾਸੀ ਪੁਰੀ ਅਨੰਦ, ਕਿੱਸਿਆਂ ਵਿਚੋਂ ਗਾ ਗਾ ਖ਼ੁਸ਼ੀ ਮਨਾਈਆ । ਦਇਆ ਸਿੰਘ ਵਾਂਗ ਚੜ੍ਹਿਆ ਕਿਸੇ ਨਾ ਰੰਗ, ਦੀਨ ਦਿਆਲ ਸੀਸ ਨਾ ਕੋਇ ਨਿਵਾਈਆ । ਮਾਇਆ ਮਮਤਾ ਕਾਰਨ ਬਣਿਆ ਢੰਗ, ਤਰੀਕਿਆਂ ਨਾਲ ਜਗਤ ਰਹੇ ਭਰਮਾਈਆ । ਅੰਤਮ ਸਭ ਦੀ ਨੰਗੀ ਹੋਣੀ ਕੰਡ, ਵੇਲਾ ਨੇੜੇ ਹੋ ਹੋ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਰਜੀਵਤ ਰੂਪ ਨਾ ਕੋਇ ਵਖਾਈਆ । ਮਾਘ ਕਹੇ ਮੈਨੂੰ ਆਉਂਦਾ ਵੱਡਾ ਹੌਕਾ, ਹਾਏ ਹਾਏ ਸੁਣਾਈਆ । ਕਲਜੁਗ ਡੁੱਬਣ ਵਾਲੀ ਨੌਕਾ, ਖੇਵਟ ਖੇਟੇ ਪਲੂ ਗਏ ਛੁਡਾਈਆ । ਜਨ ਭਗਤਾਂ ਪ੍ਰਭ ਮਿਲਣ ਦਾ ਚਾਉਕਾ, ਚਾਰ ਕੁੰਟ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਮ ਪੁਰਖ ਭੇਵ ਖੁਲ੍ਹਾਈਆ । ਛੱਬੀ ਪੋਹ ਕਹੇ ਮਾਘ ਤੂੰ ਕੀ ਦਿਤੀ ਦਲੀਲ, ਦਲਾਵਰ ਹੋ ਕੇ ਦਿਤਾ

ਸੁਣਾਈਆ । ਪੁਰਖ ਅਕਾਲ ਨੇ ਕਿਸੇ ਦੀ ਸੁਣਨੀ ਨਹੀਂ ਅਪੀਲ, ਹੁਕਮ ਸਕੇ ਨਾ ਕੋਇ ਬਦਲਾਈਆ । ਪੈਗ਼ੰਬਰ ਰਹਿਣ ਨਹੀਂ ਦਿਤਾ ਵਕੀਲ, ਜੋ ਸ਼ਰਅ ਦੀ ਕਰੇ ਲੜਾਈਆ । ਸ਼ਬਦੀ ਕਰ ਕੇ ਹੁਕਮ ਤਾਅਮੀਲ, ਦਰ ਦਵਾਰ ਲਏ ਬੁਲਾਈਆ । ਦੀਨ ਮਜ਼੍ਹਬ ਦੀ ਰਹਿਣ ਨਹੀਂ ਦੇਣੀ ਫ਼ਸੀਲ, ਫ਼ੈਸਲਾ ਹੱਕ ਸੁਣਾਈਆ । ਚਾਰ ਜੁਗ ਦੀ ਦੱਸ ਰਿਹਾ ਤਫ਼ਸੀਲ, ਪੜਦਿਆਂ ਓਹਲਿਆਂ ਵਿਚੋਂ ਕਢਾਈਆ । ਕਲਜੁਗ ਅੰਤ ਕਰਨਾ ਤਬਦੀਲ, ਸਤਿਜੁਗ ਸਚ ਲਏ ਅੰਗੜਾਈਆ । ਸਤਿ ਧਰਮ ਪਰਗਟੌਣਾ ਉਤੇ ਜ਼ਮੀਨ, ਜ਼ਾਮਨ ਹੋ ਕੇ ਵੇਖ ਵਖਾਈਆ । ਚਾੜ੍ਹਨਾ ਰੰਗ ਨਵੀਨ, ਨਵ ਨੌ ਚਾਰ ਖੋਜ ਖੁਜਾਈਆ । ਹੁਕਮ ਦੇ ਕੇ ਨਰ ਮਦੀਨ, ਮੁੱਦਾ ਦੇਣਾ ਸਮਝਾਈਆ । ਭਗਤਾਂ ਦੇ ਯਕੀਨ, ਯਕ ਹੁਕਮ ਲੈਣਾ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਚ ਵੇਖ ਵਖਾਈਆ । ਛੱਬੀ ਪੋਹ ਕਹੇ ਬੋਲ ਨਾ ਦੇਵੀਂ ਬੋਲ ਕੌੜਾ, ਪਹਿਲੀ ਮਾਘ ਦਿਆਂ ਜਣਾਈਆ । ਪਹਿਲੀ ਮਾਘ ਕਹੇ ਮੈਂ ਪੁਰਖ ਅਕਾਲ ਗੋਬਿੰਦ ਦਾ ਇਕੋ ਤੱਕਿਆ ਜੋੜਾ, ਦੂਜਾ ਰੂਪ ਨਾ ਕੋਇ ਵਖਾਈਆ । ਜਿਸ ਸੱਸੇ ਉਪਰ ਲਾ ਕੇ ਹੋੜਾ, ਨਿਰਗੁਣ ਸਰਗੁਣ ਦਿਤਾ ਮਿਲਾਈਆ । ਹੰ ਬ੍ਰਹਮ ਆਪੇ ਬਹੁੜਾ, ਬਹੁੜੀ ਬਹੁੜੀ ਕਰੇ ਲੋਕਾਈਆ । ਗੁਰੂ ਗੋਬਿੰਦ ਦਾ ਕਿਸੇ ਨੇ ਸਮਝਿਆ ਨਹੀਂ ਦੋਹਰਾ ਜੋ ਤੀਰ ਭੱਥਾ ਗਿਆ ਸਮਝਾਈਆ । ਘਰ ਵਿਚ ਫਿਰਦੇ ਵਾਂਗ ਚੋਰਾ, ਚੋਰੀ ਚੋਰੀ ਸੰਨ੍ਹ ਲਗਾਈਆ । ਸਿਫ਼ਤਾਂ ਕਰਦੇ ਨੀਲਾ ਘੋੜਾ, ਪਸ਼ੂਆਂ ਲਿਦ ਹਟਾਈਆ । ਗੋਬਿੰਦ ਰੂਪ ਬਿਨਾ ਤੱਤਾ ਤੋਂ ਨਵਾਂ ਨਕੋਰਾ, ਜਨਮ ਮਰਨ ਵਿਚ ਨਾ ਆਈਆ । ਪੁਰਖ ਅਕਾਲ ਦਾ ਬਾਂਕਾ ਛੋਹਰਾ, ਜਵਾਨੀ ਬੁਢੇਪਾ ਬਾਲ ਨਾ ਕੋਇ ਪਰਗਟਾਈਆ । ਪਿਛੇ ਹੋਰ ਤੇ ਅਗੇ ਹੋਰਾ, ਹੋਰ ਦਾ ਹੋਰ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਰਿਹਾ ਵਰਤਾਈਆ । ਮਾਘ ਕਹੇ ਛੱਬੀ ਪੋਹ ਨਾ ਹੋ ਹੈਰਾਨ, ਸਚ ਦਿਆਂ ਦ੍ਰਿੜਾਈਆ । ਮੈਂ ਤੱਕਿਆ ਉਹ ਭਗਵਾਨ, ਜਿਸ ਨੂੰ ਜਲਵਾ ਨੂਰ ਕਹੇ ਖ਼ੁਦਾਈਆ । ਜਿਸ ਦਾ ਇਕੋ ਇਕ ਈਮਾਨ, ਅਵਰੀ ਵੰਡ ਨਾ ਕੋਇ ਵੰਡਾਈਆ । ਦਰਗਾਹ ਸਾਚੀ ਸਚ ਮਕਾਨ, ਮਕ਼ਬਰਿਆਂ ਵਿਚ ਫੇਰਾ ਕੋਇ ਨਾ ਪਾਈਆ । ਈਸਾ ਮੂਸਾ ਮੁਹੰਮਦ ਜਿਸ ਦਾ ਨਿੱਕਾ ਜਿਹਾ ਨਿਸ਼ਾਨ, ਇਸ਼ਾਰਿਆਂ ਨਾਲ ਪੜ੍ਹਾਈਆ । ਤੱਤਾਂ ਉਤੇ ਕਰ ਅਹਿਸਾਨ, ਅਸਲ ਵਸਲ ਦਿਤਾ ਕਰਾਈਆ । ਚਾਰ ਜੁਗ ਵਿਚ ਗੁਰ ਅਵਤਾਰ ਪੈਗ਼ੰਬਰ ਥੋੜੀ ਜਿਹੀ ਮੀਜ਼ਾਨ, ਜਿਨ੍ਹਾਂ ਨੂੰ ਮਜ਼ਾ ਆਪਣਾ ਦਿਤਾ ਚਖਾਈਆ । ਬਾਕੀ ਦੇ ਅੰਦਰ ਭਰ ਕੇ ਹੰਕਾਰ ਗੁਮਾਨ, ਗ਼ਮੀ ਦੇ ਨਸ਼ਿਆਂ ਵਿਚ ਡੁਬਾਈਆ । ਥੋੜੇ ਭਗਤ ਕਰ ਬਲਵਾਨ, ਅਠਾਰਾਂ ਦਿਤੀ ਵਡਿਆਈਆ । ਨਿਰਗੁਣ ਸਰਗੁਣ ਜਾਮਾ ਧਰ ਕੇ ਆਉਦਾ ਰਿਹਾ ਇਨਸਾਨ, ਪੰਜਾਂ ਤੱਤਾਂ ਵੰਡ ਵੰਡਾਈਆ । ਨਾਮ ਕਲਮੇ ਦੇ ਫ਼ਰਮਾਨ, ਫ਼ਰਮਾਂਬਰਦਾਰ ਹੋ ਕੇ ਸੇਵ ਕਮਾਈਆ । ਭਵਿਖਤ ਸੰਦੇਸ਼ਾ ਦੇ ਕੇ ਜਗਤ ਜਹਾਨ, ਪੜਦਾ ਮਾਤ ਉਠਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋ ਗੁਣ ਨਿਧਾਨ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕ਼ੁਦਰਤ ਦਾ ਕ਼ਾਦਰ ਵੇਖ ਵਖਾਈਆ । ਮਾਘ ਕਹੇ ਵੇਖੀਂ ਪੋਹ ਕਿਤੇ ਬਚਨ ਨਾ ਕੱਢੀਂ ਬੇਹੂਦਾ, ਬਹਿਬੂਦੀ ਦਿਆਂ ਜਣਾਈਆ । ਗੁਰ ਅਵਤਾਰ ਇਕੱਠੇ ਹੋ ਕੇ ਆਪਣਾ ਘੜਨ ਮਨਸੂਬਾ, ਇਸ਼ਾਰਾ ਇਸ਼ਾਰੇ ਨਾਲ ਮਿਲਾਈਆ । ਵੇਖੋ ਕੀ ਖੇਲ ਕਰੇ ਪੁਰਖ ਅਕਾਲ ਮੌਜੂਦਾ, ਨਿਰਗੁਣ ਨਿਰਵੈਰ ਸ਼ਹਿਨਸ਼ਾਹੀਆ । ਜਿਸ ਦਾ ਕਲਮਾ ਪੜ੍ਹਦੇ ਰਹੇ ਹਜ਼ਾਰਾ ਦਰੂਦਾ, ਸਿਫ਼ਤਾਂ ਨਾਲ ਸਾਲਹੀਆ । ਉਹ ਖੇਲ ਕਰੇ ਹਕੀਕ਼ਤ ਵਾਲਾ ਮਹਿਬੂਬਾ, ਮਹਿਜ਼ ਆਪਣੀ ਧਾਰ

ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਖਿਲਾਈਆ । ਛੱਬੀ ਪੋਹ ਕਹੇ ਮਾਘ ਵੇਖੀਂ ਕੀ ਹੋਣਾ ਗ਼ਜ਼ਬ, ਗ਼ਰਜ਼ ਜਗਤ ਰਹੀ ਨਾ ਰਾਈਆ । ਪ੍ਰਭ ਦਾ ਭੁੱਲਣਾ ਅਦਬ, ਬੇਅਦਬੀ ਵਿਚ ਲੋਕਾਈਆ । ਝਗੜਾ ਦੀਨ ਮਜ਼੍ਹਬ, ਸ਼ਰਅ ਕਰੇ ਲੜਾਈਆ । ਪ੍ਰਭ ਦੇ ਛੋਹੇ ਕੋਈ ਨਾ ਕ਼ਦਮ, ਕ਼ਦਮਬੋਸੀ ਨਾ ਕੋਇ ਕਰਾਈਆ । ਮੁਹੱਬਤ ਉਪਜੇ ਨਾ ਕਿਸੇ ਬਦਨ, ਪਿਆਰ ਪਿਆਰ ਨਾ ਵੰਡ ਵੰਡਾਈਆ । ਅੰਦਰ ਸ਼ਮਅ ਹੋਈ ਮੱਧਮ, ਨੂਰ ਚਿਰਾਗ਼ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਦੇ ਵਰਤਾਈਆ । ਮਾਘ ਕਹੇ ਨਾ ਦੁਨੀ ਕਰੀਂ ਮਜ਼ਾਕ਼, ਮਸ਼ਵਰੇ ਨਾਲ ਜਣਾਈਆ । ਕਿਸੇ ਦਾ ਰਿਹਾ ਨਹੀਂ ਇਖਲਾਕ, ਆਖ਼ਰ ਦਏ ਦੁਹਾਈਆ । ਮੁਰੀਦ ਮੁਰਸ਼ਦ ਨਾ ਕੋਇ ਇਤਫਾਕ, ਜਗਤ ਮੁਲਾਣੇ ਰਹੇ ਕੁਰਲਾਈਆ । ਤਾਅਵੀਜ਼ ਲਿਖਦੇ ਕ਼ਲਮ ਦਵਾਤ, ਦਾਅਵਿਆਂ ਨਾਲ ਜਣਾਈਆ । ਸਜਦੇ ਕਰਦੇ ਵਿਚ ਜਮਾਤ, ਅੰਦਰ ਸਮਝ ਕਿਸੇ ਨਾ ਆਈਆ । ਬਗ਼ਲੀਂ ਰਖਣ ਕਿਤਾਬ, ਕੁਤਬਖ਼ਾਨੇ ਪੜਦਾ ਨਾ ਕੋਇ ਉਠਾਈਆ । ਰਸਨਾ ਜਿਹਵਾ ਲੈਣ ਸਵਾਦ, ਨਿਜ ਨਗ਼ਮਾ ਕੋਇ ਨਾ ਗਾਈਆ । ਮੁਰਸ਼ਦ ਤੋਂ ਹੋ ਕੇ ਲਾਜਵਾਬ, ਯਾਦਗਾਰ ਆਪਣੀ ਰਹੇ ਬਣਾਈਆ । ਵੇਖੋ ਕੀ ਖੇਲ ਹੁੰਦਾ ਵਿਚ ਬਗ਼ਦਾਦ, ਬਗ਼ਲੀਆਂ ਗਲਾਂ ਵਿਚ ਲਟਕਾਈਆ । ਤਿੰਨ ਸੌ ਤਰੇਠ ਮੀਲ ਤੇ ਹੋਰ ਫ਼ਸਾਦ, ਲਹਿੰਦੀ ਦਿਸ਼ਾ ਵੱਜੇ ਵਧਾਈਆ । ਇਹ ਵੀ ਪ੍ਰਭੂ ਥੋੜਾ ਥੋੜਾ ਦੇਣ ਲੱਗਾ ਪਰਸ਼ਾਦ, ਮੂਰਖ ਮੂਰਖਾਂ ਨਾਲ ਟਕਰਾਈਆ । ਜਨ ਭਗਤ ਕੋਈ ਨਾ ਜਾਏ ਗੁਆਚ, ਸੂਫ਼ੀ ਸੰਤ ਫ਼ਕੀਰ ਉਠਾਈਆ । ਈਸਾ ਵੇਖਣ ਲੱਗਾ ਆਪਣੀ ਘੜੀ ਕਲਾਕ ਵਾਚ, ਨੇਤਰ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇਂ ਅੰਦਰ ਕਾਰ ਕਮਾਈਆ । ਛੱਬੀ ਪੋਹ ਕਹੇ ਮੈਨੂੰ ਨਜ਼ਰ ਆਇਆ ਜਲਵਾ, ਜਲਵਾਗਰ ਕਰੇ ਰੁਸ਼ਨਾਈਆ । ਜਿਨ੍ਹਾਂ ਨੇ ਛੁਰੀ ਹਲਾਲੀ ਖਾਧਾ ਹਲਵਾ, ਹਾਲ ਹਾਲ ਕਰ ਕੁਰਲਾਈਆ । ਮਨ ਵਾਸਨਾ ਦਾ ਹੋਣ ਵਾਲਾ ਬਲਵਾ, ਬਾਲੂ ਰੇਤ ਰਿਹਾ ਤਪਾਈਆ । ਮਦੀਨੇ ਕੋਲ ਹੋਣਾ ਜਲਵਾ, ਮੁੱਦਤ ਪਿਛੋਂ ਬਾਰੀ ਆਈਆ । ਮੱਕੇ ਭੁੱਲਣਾ ਕਲਮਾ, ਕੁੱਲ ਦੇਣ ਦੁਹਾਈਆ । ਨਜ਼ਰ ਆਏ ਕੋਈ ਨਾ ਉਲਮਾ, ਇਲਮ ਤਾਲੀਮ ਨਾ ਕੋਇ ਵਡਿਆਈਆ । ਮਾਟੀ ਖ਼ਾਕ ਸਭ ਨੇ ਰੁਲਣਾ, ਸਿਰ ਸਕੇ ਨਾ ਕੋਇ ਉਠਾਈਆ । ਅੰਤ ਕ਼ੀਮਤ ਪੈਣੀ ਕੋਈ ਨਾ ਮੁਲਨਾ, ਮੁਲਾ ਸ਼ੇਖ਼ ਮੁਲੰਮਾ ਦਏ ਬਦਲਾਈਆ । ਆਬ ਲੱਗੇ ਕਿਸੇ ਨਾ ਬੁੱਲਾਂ, ਬੇਆਬ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਧੁਰ ਦਾ ਦਏ ਵਰਤਾਈਆ । ਮਾਘ ਕਹੇ ਮੈਨੂੰ ਦਿਸਦਾ ਦੱਖਣ ਪੱਛਮ ਪੂਰਬ ਉੱਤਰ, ਚਾਰੇ ਕੁੰਟ ਨਜ਼ਰੀ ਆਈਆ । ਮਾਂ ਖ਼ਾਲੀ ਗੋਦ ਕਰੇ ਪੁਤਰ, ਪਿਤਾ ਪੂਤ ਨਾ ਸੰਗ ਨਿਭਾਈਆ । ਕਿਸੇ ਹੱਥ ਨਹੀਂ ਆਉਣਾ ਟੁੱਕਰ, ਟੁਕੜੇ ਮੰਗੇ ਖ਼ਲਕ ਖ਼ੁਦਾਈਆ । ਭਾਈ ਭਾਈਆਂ ਤਾਈਂ ਲੁੱਟਣ, ਕੰਤ ਨਾਰ ਜਾਣ ਤਜਾਈਆ । ਜਗਤ ਕੂੜੇ ਨਾਤੇ ਛੁੱਟਣ, ਪ੍ਰੇਮੀ ਪ੍ਰੇਮ ਨਾ ਕੋਇ ਬਣਾਈਆ । ਸੰਗੀ ਸਾਥੀ ਮੂਲ ਨਾ ਪੁਛਣ, ਉਂਗਲੀ ਹੱਥ ਨਾ ਕੋਇ ਮਿਲਾਈਆ । ਮਾਂ ਪੁੱਤ ਇਕ ਦੂਜੇ ਤੋਂ ਰੁੱਸਣ, ਧੀ ਜਵਾਈ ਨਾ ਕੋਇ ਕੁੜਮਾਈਆ । ਥਾਂ ਮਿਲੇ ਕੋਈ ਨਾ ਲੁਕਣ, ਲੋਕ ਪਰਲੋਕ ਦਏ ਦੁਹਾਈਆ । ਨੇਤਰ ਨੀਰ ਰੋ ਰੋ ਫੁੱਟਣ, ਕੂਕ ਕੂਕ ਸੁਣਾਈਆ । ਕਿਉਂ ਪ੍ਰਭੂ ਸਭ ਦੀ ਜੜ੍ਹ ਆਇਉਂ ਪੁੱਟਣ, ਪਟਨੇ ਵਾਲਾ ਨਾਲ ਮਿਲਾਈਆ । ਸ਼ੇਰ ਹੋ ਕੇ ਆਇਉਂ ਬੁੱਕਣ, ਨਾਮ ਸ਼ਬਦੀ ਭਬਕ ਲਗਾਈਆ । ਸੰਤ ਸੁਹੇਲੇ ਆਇਉਂ ਗੋਦੀ ਚੁੱਕਣ, ਫੜ ਬਾਹੋਂ ਲਏ ਉਠਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਾਘ ਕਹੇ ਮੈਂ ਵੇਖਿਆ ਪਿਛਾ ਮਗਰ, ਪੂਰਬ ਲਹਿਣਾ ਨਜ਼ਰੀ ਆਈਆ । ਗੋਬਿੰਦ ਗੋਦਾਵਰੀ ਕੰਢੇ ਪਾਇਆ ਸੀ ਸਗਣ, ਪੁਰਖ ਅਕਾਲ ਅਗੇ ਸੀਸ ਨਿਵਾਈਆ । ਜਿਸ ਵੇਲੇ ਕਲਜੁਗ ਅੰਤਮ ਲੱਗੋਂ ਬਦਲਣ, ਮੇਰੀ ਤੇਰੇ ਨਾਲ ਹੋਵੇ ਕੁੜਮਾਈਆ । ਜਿਸ ਵੇਲੇ ਬ੍ਰਹਿਮੰਡ ਖੰਡ ਲੱਗੋਂ ਲੰਘਣ, ਮੇਰਾ ਆਪਣੇ ਆਪ ਵਿਚ ਲੈਣਾ ਮਿਲਾਈਆ । ਮੈਂ ਵਜਾਵਾਂ ਤੇਰੇ ਨਾਮ ਦਾ ਮਰਦੰਗਣ, ਦੋ ਜਹਾਨ ਕਰਨ ਸ਼ਨਵਾਈਆ । ਵੇਖਾਂ ਖੇਲ ਵਿਚ ਵਰਭੰਡਣ, ਬ੍ਰਹਿਮੰਡ ਖੋਜ ਖੁਜਾਈਆ । ਕੂੜੀ ਕਿਰਿਆ ਮੇਟਾਂ ਪਖੰਡਣ, ਮਾਇਆ ਮਮਤਾ ਮੋਹ ਮਿਟਾਈਆ । ਭਗਤਾਂ ਦੇਵਾਂ ਇਕ ਅਨੰਦਨ, ਆਤਮ ਪਰਮਾਤਮ ਰਸ ਵਖਾਈਆ । ਧੂੜੀ ਟਿੱਕਾ ਲਾਵਾਂ ਚੰਦਨ, ਦੁਰਮਤ ਮੈਲ ਧਵਾਈਆ । ਪਰਮ ਪੁਰਖ ਤੇਰੀ ਦੱਸਾਂ ਬੰਦਨ, ਬੰਦਨਾ ਇਕ ਸਮਝਾਈਆ । ਜਿਸ ਨੂੰ ਸਮਝੇ ਨਾ ਕੋਇ ਬ੍ਰਹਮਾ ਬ੍ਰਾਹਮਣ, ਪਾਰਬ੍ਰਹਮ ਤੇਰਾ ਅੰਤ ਕੋਇ ਨਾ ਆਈਆ । ਜੁਗ ਚੋਕੜੀ ਕੋਟਨ ਕੋਟ ਗੁਰ ਅਵਤਾਰ ਪੈਗ਼ੰਬਰ ਭਾਵੇਂ ਕਿਉਂ ਨਾ ਜੰਮਣ, ਬਿਨਾ ਗੋਬਿੰਦ ਪੁਰਖ ਅਕਾਲ ਪੁੱਤ ਨਾ ਕਿਸੇ ਬਣਾਈਆ । ਜੋ ਬੇੜਾ ਗੁਰਮੁਖਾਂ ਆਇਆ ਬੰਨ੍ਹਣ, ਫੜ ਆਪਣੇ ਕੰਧ ਉਠਾਈਆ । ਇਹ ਲੇਖਾ ਪਿਛਲਾ ਦੁਸ਼ਟ ਦਮਨ, ਦਮਦਮੇ ਦੇ ਕੇ ਗਿਆ ਗਵਾਹੀਆ । ਗੋਬਿੰਦ ਮੁੜ ਕੇ ਮਾਤਾ ਘਰ ਨਾ ਆਵੇ ਜੰਮਣ, ਸ਼ਬਦ ਗੁਰੂ ਬੇਪਰਵਾਹੀਆ । ਬਿਨਾ ਸਤਿਗੁਰੂ ਕਿਰਪਾ ਕਦੇ ਨਾ ਹੁੰਦਾ ਅਮਨ, ਸਾਂਤਕ ਸਤਿ ਨਾ ਕੋਇ ਕਰਾਈਆ । ਭਾਣੇ ਅੰਦਰ ਸਾਰੇ ਕੰਬਣ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਰਿਹਾ ਪਰਗਟਾਈਆ । ਮਾਘ ਕਹੇ ਮੈਂ ਗਿਆ ਜਾਗ, ਦੀਨ ਦਿਆਲ ਦਇਆ ਕਮਾਈਆ । ਘਰ ਵੇਖਿਆ ਕੰਤ ਸੁਹਾਗ, ਸਾਹਿਬ ਸਵਾਮੀ ਨਜ਼ਰੀ ਆਈਆ । ਜਿਸ ਦੀ ਇਕ ਅਗੰਮੀ ਆਵਾਜ਼, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਪੜ੍ਹਾਈਆ । ਆਤਮ ਪਰਮਾਤਮ ਖੋਲ੍ਹੇ ਰਾਜ਼, ਨਿਰਗੁਣ ਨਿਰਵੈਰ ਨਜ਼ਰੀ ਆਈਆ । ਧੁਰ ਸੰਜੋਗ ਕਰੇ ਕਾਜ, ਵਿਜੋਗ ਲੇਖਾ ਦਏ ਮੁਕਾਈਆ । ਆਪੇ ਸੌਹਰਾ ਭਈਆ ਬਣ ਦਾਮਾਦ, ਆਪੇ ਆਪ ਕਰੇ ਕੁੜਮਾਈਆ । ਆਪੇ ਸਵਾਲ ਆਪੇ ਜਵਾਬ, ਜਵਾਬਤਲਬੀ ਆਪਣੇ ਹੱਥ ਰਖਾਈਆ । ਜੁਗ ਚੌਕੜੀ ਰਚ ਰਚ ਕਾਜ, ਕਰਨੀ ਦਾ ਕਰਤਾ ਵੇਖ ਵਖਾਈਆ । ਆਪੇ ਸਰਬ ਵਿਆਪੀ ਆਪੇ ਹੋਏ ਵਾਹਦ, ਆਪੇ ਘਰ ਘਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਰਮੀ ਕਾਰ ਕਮਾਈਆ । ਮਾਘ ਕਹੇ ਮੈਂ ਵੇਖਿਆ ਪਰਮ ਪੁਰਖ ਨਿਹਕਰਮੀ, ਕਰਮ ਕਾਂਡ ਨਜ਼ਰ ਕੋਇ ਨਾ ਆਈਆ । ਜਿਸ ਦੀ ਧਾਰ ਕਦੇ ਨਾ ਜਨਮੀ, ਜੋਤੀ ਜੋਤ ਕਰੇ ਰੁਸ਼ਨਾਈਆ । ਵਾਸਾ ਕਰੇ ਨਾ ਵਰਨੀ ਬਰਨੀ, ਵੰਡ ਹਿੱਸਾ ਨਾ ਕੋਇ ਰਖਾਈਆ । ਜਿਸ ਨੇ ਤੁਕ ਕਦੇ ਕੋਈ ਨਹੀਂ ਪੜ੍ਹਨੀ, ਢੋਲਾ ਨਾਮ ਨਾ ਕੋਇ ਗਾਈਆ । ਜੋ ਬਖ਼ਸ਼ੀਸ਼ ਕਰਦਾ ਸਚ ਪ੍ਰੀਤੀ ਇਕੋ ਚਰਨੀ, ਚਰਨ ਸਰਨ ਦਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਰਨੀ ਵੇਖ ਵਖਾਈਆ । ਛੱਬੀ ਪੋਹ ਕਹੇ ਮੈਂ ਮੁਕਦਾ ਵੇਖਿਆ ਕਲਜੁਗ ਕਲੇਸ਼, ਵਕ਼ਤ ਸੁਹੰਜਣਾ ਨੇੜੇ ਆਈਆ । ਸ਼ਬਦੀ ਗੁਰੂ ਪਰਗਟ ਹੋ ਕੇ ਦਸ ਦਸਮੇਸ਼, ਦਹਿ ਦਿਸ਼ਾ ਫੋਲ ਫੁਲਾਈਆ । ਜਿਸ ਦੇ ਅਗੇ ਕੋਈ ਚਲਣੀ ਨਹੀਂ ਪੇਸ਼, ਪੇਸ਼ਵਾ ਸਾਰੇ ਦੇਣੇ ਮਿਟਾਈਆ । ਉਸ ਵਸਣਾ ਗੁਰਮੁਖਾਂ ਦੇ ਦੇਸ਼, ਜਿਸ ਦੀ ਕੂਟ ਨਜ਼ਰ ਕਿਸੇ ਨਾ ਆਈਆ । ਸਦਾ ਘਰ ਰਹੇ ਹਮੇਸ਼, ਹਮਸਾਜਣ ਲਏ ਬਣਾਈਆ । ਖ਼ੁਸ਼ੀ ਹੋਵੇ ਪੇਖ ਪੇਖ, ਨੇਤਰ ਨੈਣ ਅੱਖ ਮਿਲਾਈਆ । ਬਿਨਾ ਕ਼ਲਮ ਸ਼ਾਹੀ ਤੋਂ ਬਦਲ

ਦੇਵੇ ਰੇਖ, ਰੇਖ ਭੇਖ ਦਏ ਗਵਾਈਆ । ਜਿਧਰ ਤੱਕਣ ਓਧਰ ਨਜ਼ਰੀ ਆਵੇ ਏਕ, ਏਕੰਕਾਰ ਨੂਰ ਅਲਾਹੀਆ । ਮਾਲਕ ਧੁਰ ਦਾ ਨਰ ਨਰੇਸ਼, ਸ਼ਹਿਨਸ਼ਾਹ ਭੂਪ ਅਖਵਾਈਆ । ਉਹ ਕਲਜੁਗ ਅੰਤਮ ਦੇਸ ਛੱਡ ਕੇ ਲੋਕਮਾਤ ਆਇਆ ਪਰਦੇਸ, ਪਰਦੇਸੀ ਗੁਰਮੁਖ ਲੈ ਕੇ ਦੇਸ ਵਿਚ ਵਸਾਈਆ । ਜਿਥੇ ਨਜ਼ਰ ਨਾ ਆਵੇ ਵਿਸ਼ਨੂੰ ਸਾਂਗੋ ਪਾਂਗ ਸੁਤਾ ਸ਼ੇਸ਼, ਬ੍ਰਹਮਾਵੇਤਾ ਬ੍ਰਹਮ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਈਆ । ਛੱਬੀ ਪੋਹ ਕਹੇ ਮਾਘ ਵੇਖੀਂ ਕਰੀਂ ਨਾ ਜਲਦੀ, ਮੈਂ ਸਚ ਦਿਆਂ ਦ੍ਰਿੜਾਈਆ । ਮੈਂ ਉੱਤਰ ਵੇਖਾਂ ਅੱਗ ਬਲਦੀ, ਬਲੀਦਾਨ ਦੇਵੇ ਲੋਕਾਈਆ । ਜੋਤ ਅਕਾਲਣ ਹੁਕਮ ਸੁਨੇਹੜਾ ਘਲਦੀ, ਘੜੀ ਪਲ ਹੁਕਮ ਮਨਾਈਆ । ਖੇਲ ਹੋਣੀ ਜਲ ਵਿਚ ਜਲ ਦੀ, ਥਲ ਵਿਚ ਥਲ ਦੇਣ ਦੁਹਾਈਆ । ਸਜ਼ਾ ਮਿਲਣੀ ਸਭ ਨੂੰ ਕੀਤੇ ਫਲ ਦੀ, ਪ੍ਰਭੂ ਦਗ਼ਾ ਨਾ ਕੋਇ ਕਮਾਈਆ । ਕੀਤੀ ਕਰਨੀ ਨਾ ਕਿਸੇ ਤੋਂ ਟਲਦੀ, ਗੁਰ ਅਵਤਾਰ ਪੈਗ਼ੰਬਰ ਬਚਿਆ ਰਹਿਣ ਕੋਇ ਨਾ ਪਾਈਆ । ਕੀ ਹਾਲਤ ਹੋਈ ਬਲ ਦੀ, ਨੌ ਸੱਤ ਭੇਟ ਚੜ੍ਹਾਈਆ । ਇਹ ਖੇਲ ਅਛਲ ਅਛੱਲ ਦੀ, ਜੋ ਰਾਮ ਬਣਾਂ ਵਿਚ ਫਿਰਾਈਆ । ਇਹ ਧਾਰ ਓਸ ਪ੍ਰਬਲ ਦੀ, ਜੋ ਕਾਹਨ ਗੋਪੀਆਂ ਵਿਚ ਨਚਾਈਆ । ਇਹ ਧਾਰ ਓਸ ਅਟਲ ਦੀ, ਜੋ ਮੂਸਾ ਮੂੰਹ ਦੇ ਭਾਰ ਸੁਟਾਈਆ । ਇਹ ਖੇਲ ਓਸ ਮੱਲ ਦੀ, ਜੋ ਈਸਾ ਫੱਟਿਆਂ ਉਤੇ ਦਿਤਾ ਲਟਕਾਈਆ । ਇਹ ਧਾਰ ਓਸ ਸਲੱਲ ਦੀ, ਜੋ ਮੁਹੰਮਦ ਕਲਮਾ ਗਿਆ ਦ੍ਰਿੜਾਈਆ । ਇਹ ਵਿਚਾਰ ਓਸ ਅਟਲ ਦੀ, ਜੋ ਨਾਨਕ ਨਿਰਗੁਣ ਸਰਗੁਣ ਫੇਰਾ ਪਾਈਆ । ਇਹ ਸ਼ੁਮਾਰ ਓਸ ਮੱਲ ਦੀ, ਜੋ ਗੋਬਿੰਦ ਖੰਡਾ ਗਿਆ ਖੜਕਾਈਆ । ਅਗੇ ਖੇਲ ਵੇਖਣੀ ਜਗਤ ਦਲ ਦੀ, ਜਗਤ ਦਲਿੱਦਰੀਆਂ ਦਏ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੋਜਣਹਾਰਾ ਥਾਉਂ ਥਾਈਂਆ । ਸਤਿਗੁਰ ਸ਼ਬਦ ਕਹੇ ਮੈਂ ਬਲਿਹਾਰੀ ਸਦਕੇ, ਸਦ ਸਦ ਵਾਰ ਖ਼ੁਸ਼ੀ ਮਨਾਈਆ । ਪ੍ਰੇਮ ਪ੍ਰੀਤੀ ਦੱਸਾਂ ਗੁਰਮੁਖ ਸੱਜਣ ਲੱਭ ਕੇ, ਰੀਤੀ ਨੀਤੀ ਵਿਚੋਂ ਬਦਲਾਈਆ । ਬਾਹੋਂ ਪਕੜਾਂ ਭੱਜ ਭੱਜ ਕੇ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਮਾਣ ਦੇਵਾਂ ਉਤੇ ਜਗ ਦੇ, ਜਾਗਰਤ ਜੋਤ ਕਰ ਰੁਸ਼ਨਾਈਆ । ਝਗੜੇ ਮੁਕਾ ਕੇ ਜਨੇਊ ਤਗ ਦੇ, ਨਾਮ ਡੋਰੀ ਤੰਦ ਬੰਧਾਈਆ । ਲੇਖੇ ਮੁਕਾ ਕੇ ਸੜਨੀ ਅੱਗ ਦੇ, ਜਲਧਾਰਾ ਤੋਂ ਲਵਾਂ ਬਚਾਈਆ । ਜੋ ਹਰਿ ਸਰਨਾਈ ਲਗਦੇ, ਲਗਾਂ ਮਾਤਰ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਉਹ ਹੰਸ ਬਣ ਗਏ ਰੂਪ ਕੱਗ ਦੇ, ਸੋਹੰ ਢੋਲਾ ਗਾਈਆ । ਬਿਨ ਕ਼ਦਮਾਂ ਤੋਂ ਅਗੇ ਵਧਦੇ, ਪੰਧ ਵਿਚ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਰਿਹਾ ਕਮਾਈਆ । ਮਾਘ ਕਹੇ ਪ੍ਰਭ ਕਰਨ ਲੱਗਾ ਮਿਹਰਵਾਨੀ, ਮਿਹਰਵਾਨ ਨਜ਼ਰ ਉਠਾਈਆ । ਲਹਿਣਾ ਦੇਣ ਲੱਗਾ ਗੋਬਿੰਦ ਦੀ ਕ਼ੁਰਬਾਨੀ, ਕਰਬਲੇ ਵਾਲੇ ਪਰੇ ਹਟਾਈਆ । ਸਤਿ ਦਵਾਰੇ ਖਵਾਉਣ ਲੱਗਾ ਮਹਿਮਾਨੀ, ਨਾਮ ਭੰਡਾਰਾ ਇਕ ਵਰਤਾਈਆ । ਚਾਰ ਜੁਗ ਦਾ ਝਗੜਾ ਮੇਟਣ ਲੱਗਾ ਦੀਵਾਨੀ, ਫ਼ੈਸਲਾ ਹੱਕ ਦੇਵੇ ਸੁਣਾਈਆ । ਜਨ ਭਗਤਾਂ ਦੀ ਆਤਮ ਰਹੇ ਨਾ ਕੋਇ ਬੇਗਾਨੀ, ਬੇਵਾ ਰੂਪ ਨਾ ਕੋਇ ਵਖਾਈਆ । ਲਹਿਣਾ ਦੇਣਾ ਚੁਕਾਵੇ ਸੁਤ ਭਾਨੀ, ਅਰਜਨ ਅਰਜ਼ ਇਕ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਠਾਕਰ ਮੇਰੇ ਸਵਾਮੀ, ਸਮਾਂ ਦੇਣਾ ਬਦਲਾਈਆ । ਗੁਰਮੁਖਾਂ ਦੀ ਝੋਲੀ ਪਾਉਣੀ ਨੇਕਨਾਮੀ, ਨਿੱਕਿਆਂ ਤੋਂ ਵੱਡੇ ਦੇਣੇ ਬਣਾਈਆ । ਬੇਸ਼ਕ ਤੇਰੀ ਸ੍ਰਿਸ਼ਟੀ ਸਦਾ ਫ਼ਾਨੀ, ਲਾਸਾਨੀ ਤੇਰੀ ਮਿਹਰ ਨਜ਼ਰੀ ਆਈਆ । ਸਾਚਿਆਂ ਭਗਤਾਂ ਦੀ ਲੇਖੇ ਲਾਉਣੀ

੧੭੦
੧੯

ਲੋਕਮਾਤ ਜਵਾਨੀ, ਜਮਾਂ ਤੋਂ ਲੈਣਾ ਛੁਡਾਈਆ । ਨਾਤਾ ਜੋੜ ਕੇ ਸਾਂਝਾ ਬਾਹਮੀ, ਇਤਮੀਨਾਨ ਦੇਣਾ ਕਰਾਈਆ । ਤੇਰਾ ਭਗਤ ਪ੍ਰਭੂ ਕਿਸੇ ਦੀ ਕੱਟੇ ਨਾ ਕਦੇ ਗ਼ੁਲਾਮੀ, ਦੂਸਰ ਸੀਸ ਨਾ ਕੋਇ ਝੁਕਾਈਆ । ਤੂੰ ਪੁਰਖ ਅਕਾਲ ਧੁਰ ਦਾ ਅਨਾਮੀ, ਅਨਾਮ ਇਹਨਾਂ ਦੀ ਝੋਲੀ ਦੇਣਾ ਪਾਈਆ । ਬਿਨਾ ਗੁਰਸਿਖਾਂ ਸਤਿਗੁਰ ਦੀ ਸਾਰੇ ਕਰਦੇ ਬਦਨਾਮੀ, ਜੋ ਪੜ੍ਹ ਕੇ ਸੁਣ ਕੇ ਰਸਤਾ ਜਾਣ ਭੁਲਾਈਆ । ਓਹ ਗੁਰਮੁਖ ਨਹੀਂ ਗੁਰੂ ਘਰ ਦੇ ਹਰਾਮੀ, ਨਾਦੀ ਸੁਤ ਨਾ ਕੋਈ ਅਖਵਾਈਆ । ਭਾਵੇਂ ਪੰਡਤ ਹੋਵੇ ਭਾਵੇਂ ਹੋਵੇ ਗਿਆਨੀ, ਇਸ਼ਨਾਨੀ ਸਾਰ ਕੋਇ ਨਾ ਆਈਆ । ਭਾਵੇਂ ਧੋਤੀ ਬੰਨ੍ਹੇ ਤਹਿਮਤ ਭਾਵੇਂ ਪਾਵੇ ਪਜਾਮੀ, ਪੈਂਟ ਹੈਟ ਕੰਮ ਕਿਸੇ ਨਾ ਆਈਆ । ਤੂੰ ਮਾਲਕ ਖ਼ਾਲਕ ਸਭ ਦਾ ਅੰਤਰਜਾਮੀ, ਲੱਖ ਚੁਰਾਸੀ ਵੇਖੇਂ ਚਾਈਂ ਚਾਈਆ । ਕਲਜੁਗ ਅੰਤ ਅੰਧੇਰੀ ਸ਼ਾਮੀ, ਸ਼ਮਸ਼ਾਨ ਭੂਮੀ ਦਿਸੇ ਲੋਕਾਈਆ । ਤੂੰ ਪ੍ਰਭੂ ਭਗਤਾਂ ਨੂੰ ਮਿਲੇਂ ਨਾਲ ਆਸਾਨੀ, ਮਿਲ ਕੇ ਅਹਿਸਾਨ ਨਾ ਕੋਇ ਚੜ੍ਹਾਈਆ । ਕਿਉਂ ਇਹਨਾਂ ਗੋਬਿੰਦ ਪਿਛੇ ਦਿਤੀ ਕੁਰਬਾਨੀ, ਆਪ ਆਪਾ ਵਾਰ ਵਖਾਈਆ । ਸੇਵਾ ਕਰੀ ਮਹਾਨੀ, ਸੀਸ ਜਗਦੀਸ਼ ਭੇਟ ਕਰਾਈਆ । ਝੂਜੇ ਵਿਚ ਮੈਦਾਨੀ, ਮੁੱਦਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਵਖਾਈਆ । ਮਾਘ ਕਹੇ ਦੁਨੀਦਾਰੋ ਮੈਂ ਕੋਈ ਕਰਦਾ ਨਹੀਂ ਮਖ਼ੌਲ, ਮਸਖ਼ਰਿਆਂ ਵਾਲਾ ਰੂਪ ਨਾ ਕੋਈ ਬਦਲਾਈਆ । ਗੋਬਿੰਦ ਵਾਲਾ ਪੂਰਾ ਹੋਇਆ ਕੌਲ, ਇਕਰਾਰਨਾਮਾ ਵੇਖ ਵਖਾਈਆ । ਪੁਰਖ ਅਕਾਲ ਨਿਰਗੁਣ ਜੋਤ ਪਰਗਟ ਹੋ ਕੇ ਉਪਰ ਧੌਲ, ਧਰਤ ਧਰਮ ਦੋਵੇਂ ਵੇਖ ਵਖਾਈਆ । ਸ੍ਰਿਸ਼ਟੀ ਰਹੀ ਡੋਲ, ਡਾਂਵਾਡੋਲ ਲੁਕਾਈਆ । ਮਮਤਾ ਦਾ ਪਿਆ ਘੋਲ, ਮਾਇਆ ਰਹੀ ਲੜਾਈਆ । ਰੰਗ ਚੜ੍ਹਿਆ ਨਾ ਕਿਸੇ ਕਾਇਆ ਚੋਲ, ਚੋਲੇ ਵਿਚੋਂ ਚੋਲੀ ਨਾ ਕੋਇ ਬਦਲਾਈਆ । ਸਭ ਦਾ ਨਿਕਲਣਵਾਲਾ ਪੋਲ, ਪੋਪਾਂ ਦੇ ਪੜਦੇ ਦਏ ਉਠਾਈਆ । ਕੋਈ ਗ੍ਰੰਥੀ ਪੰਥੀ ਮੁੱਲਾ ਸ਼ੇਖ਼ ਪੰਡਤ ਰਹਿਣ ਨਾ ਦੇਵੇ ਗੋਲ, ਗੋਲਕ ਖ਼ਾਲੀ ਦਏ ਕਰਾਈਆ । ਸ਼ਬਦੀ ਕਲਮਾ ਸ਼ਰਾਰਤਾਂ ਨੂੰ ਮਾਰੇ ਧੌਲ, ਧੱਕਾ ਧਮਾਕੇ ਵਾਲਾ ਲਗਾਈਆ । ਕੂੜੀ ਕਿਰਿਆ ਵਿਚ ਦੇਵੇ ਰੋਲ, ਰੋਲ ਨੰਬਰ ਸਭ ਦੇ ਦਏ ਭੁਲਾਈਆ । ਪ੍ਰੀਤੀ ਰਹਿਣ ਨਾ ਦੇਵੇ ਚੰਦ ਚਕੋਰ, ਜੋ ਮੱਸਿਆ ਵਾਲੀ ਰੈਣ ਦਏ ਦੁਹਾਈਆ । ਥੋੜ੍ਹਾ ਜਿਹਾ ਹਲੂਣਾ ਦੇਣਾ ਕੋਲ ਪਸ਼ੌਰ, ਪੇਸ਼ਾਵਰ ਪੇਸ਼ਤਰ ਦਏ ਸਮਝਾਈਆ । ਅੱਧੋ ਅੱਧ ਕਰ ਕੇ ਕਮਜ਼ੋਰ, ਇਹਦਾ ਲੇਖਾ ਅਗੇ ਦਏ ਦ੍ਰਿੜਾਈਆ । ਚਾਰ ਕੁੰਟ ਅੰਧੇਰਾ ਘਨਘੋਰ, ਸਾਚਾ ਚੰਦ ਨਾ ਕੋਇ ਚਮਕਾਈਆ । ਪ੍ਰਭ ਦੀ ਕਿਸੇ ਨਾਲ ਨਹੀਂ ਕੋਈ ਖੋਰ, ਕਰਮਾਂ ਦੀ ਦਏ ਸਜ਼ਾਈਆ । ਜਨ ਭਗਤਾਂ ਦੀ ਸਦਾ ਲੋੜ, ਜੁਗ ਜੁਗ ਵੇਖ ਵਖਾਈਆ । ਅੰਤਮ ਵੇਲੇ ਜਾਏ ਬਹੁੜ, ਧਰੂ ਪ੍ਰਹਿਲਾਦ ਰਿਹਾ ਸਮਝਾਈਆ । ਆਤਮ ਪਰਮਾਤਮ ਨਾਤਾ ਲਏ ਜੋੜ, ਜੋੜੀ ਆਪਣੇ ਨਾਲ ਬਣਾਈਆ । ਕੂੜੀ ਕਿਰਿਆ ਰਹਿਣ ਨਾ ਦੇਵੇ ਕੌੜ, ਮਿੱਠਾ ਰਸ ਅੰਮ੍ਰਿਤ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਮਾਘ ਕਹੇ ਮੈਂ ਕੁਛ ਦੱਸਣ ਵਾਲਾ ਕਹਾਣੀ, ਕਹਾਵਤ ਅਗਲੀ ਦਿਆਂ ਜਣਾਈਆ । ਡੂੰਘੀ ਧਾਰ ਦਾ ਉਬਲਣ ਲੱਗਾ ਪਾਣੀ, ਅਗਨੀ ਅੱਗ ਲਗਾਈਆ । ਖੇਲ ਹੋਣੀ ਘਮਸਾਣੀ, ਸੋਹਣਾ ਰੰਗ ਚੜ੍ਹਾਈਆ । ਚਾਰ ਕੁੰਟ ਬੇਆਰਾਮੀ, ਆਰਾਮਗਾਹ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਮਾਘ ਕਹੇ ਮੈਂ ਵੇਖਣਾ ਖੇਲ ਰੋਜ਼ੇ ਸ਼ਬ, ਸ਼ਬਾਬੇ ਸ਼ਬੂਰ ਅਜ਼ੀਮੁਲ ਸ਼ਾਨ ਨਜ਼ਰੀ ਆਈਆ । ਮੁਹੰਮਦ ਹੁਜਰੇ ਹਬਾਬ ਕਿਹਾ ਹੱਬ, ਮਹਿਬੂਬ ਮਹਿਰਾਬ ਬੇਮਿਸਾਲ

੧੭੧
੧੯

ਨਜ਼ਰੀ ਆਈਆ । ਕ਼ਦਮੇ ਕ਼ਦੀਮ ਜਿਸ ਦਾ ਅਦਬ, ਜਲਵਾ ਜਲਾਲ ਜ਼ਾਹਿਰ ਜਹੂਰ ਜ਼ੱਰੇ ਜ਼ੱਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾਨਸ਼ੀਨ ਪੜਦਾ ਦਏ ਉਠਾਈਆ । ਮਾਘ ਕਹੇ ਕੁਛ ਹੁਕਮ ਦੇਵੇ ਰਾਮ, ਨਿਆਰਾ ਸਭ ਤੋਂ ਰਿਹਾ ਜਣਾਈਆ । ਜਿਸ ਖੇਲ ਕਰਨਾ ਤਮਾਮ, ਤਾਰਾ ਮੰਡਲ ਦਏ ਦੁਹਾਈਆ । ਕਲਜੁਗ ਕਰਨੀ ਕਰਨੀ ਨਾਕਾਮ, ਨਕਾਰਾ ਕੂੜ ਦੇਣਾ ਬਣਾਈਆ । ਸਭ ਦੇ ਉਤੇ ਲਾ ਕੇ ਅਲਜ਼ਾਮ, ਫਤਵਾ ਇਕੋ ਦੇਣਾ ਸਮਝਾਈਆ । ਤੁਸੀਂ ਭੁੱਲ ਗਏ ਪੈਗ਼ੰਬਰਾਂ ਦਾ ਪੈਗ਼ਾਮ, ਕ਼ਲਮੇ ਵਾਲੀ ਕ਼ਲਾਮ ਸਮਝ ਕਿਸੇ ਨਾ ਆਈਆ । ਅੰਤ ਹੋਣਾ ਪੈਣਾ ਬਦਨਾਮ, ਬਦੀ ਘਰ ਘਰ ਡੇਰਾ ਲਾਈਆ । ਰਾਏ ਧਰਮ ਦੇ ਬਣਨਾ ਪੈਣਾ ਗ਼ੁਲਾਮ, ਜ਼ੰਜੀਰ ਸਕੇ ਨਾ ਕੋਇ ਤੁੜਾਈਆ । ਅੰਤ ਅਖ਼ੀਰੀ ਭਾਵੇਂ ਵੁਜ਼ੂ ਕਰ ਲਓ ਭਾਵੇਂ ਇਸ਼ਨਾਨ, ਬੁਧੂ ਸਾਰੇ ਨਜ਼ਰੀ ਆਈਆ । ਰੋਣਾ ਪਏ ਵਿਚ ਬੀਆਬਾਨ, ਸਿਰ ਛਤਰ ਨਾ ਕੋਇ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਵਾਧਾਨ ਦਏ ਕਰਾਈਆ । ਛੱਬੀ ਪੋਹ ਕਹੇ ਪ੍ਰਭ ਰਹਿਣ ਨਹੀਂ ਦੇਣੀ ਪਗਡੰਡੀ, ਮਾਰਗ ਇਕੋ ਦਏ ਲਗਾਈਆ । ਸਤਿ ਧਰਮ ਦੀ ਪਾਵੇ ਕੋਈ ਨਾ ਵੰਡੀ, ਸਚ ਸਚ ਦਏ ਸਮਝਾਈਆ । ਮਨ ਵਾਸਨਾ ਰਹੇ ਨਾ ਕੋਇ ਪਖੰਡੀ, ਮਮਤਾ ਮੋਹ ਨਾ ਕੋਇ ਵਧਾਈਆ । ਭੇਵ ਖੁਲ੍ਹਾ ਕੇ ਚੰਦ ਨੌਂ ਚੰਦੀ, ਨਵ ਨੌਂ ਚਾਰ ਦਏ ਸਮਝਾਈਆ । ਵਾਸਨਾ ਰਹਿਣ ਨਾ ਦੇਵੇ ਗੰਦੀ, ਸੁਗੰਧੀ ਇਕੋ ਦਏ ਭਰਾਈਆ । ਦੀਨ ਮਜ਼੍ਹਬ ਦੀ ਤੋੜ ਕੇ ਪਾਬੰਦੀ, ਕਾਮਲ ਮੁਰਸ਼ਦ ਦਏ ਮਿਲਾਈਆ । ਨੇਤਰ ਨੈਣ ਅੱਖ ਰਹਿਣ ਨਾ ਦੇਵੇ ਅੰਧੀ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਪਰਮ ਪੁਰਖ ਪਰਮਾਤਮਾ ਆਦਿ ਜੁਗਾਦਿ ਜੁਗ ਚੌਕੜੀ ਬੜਾ ਢੰਗੀ, ਆਪਣਾ ਤਰੀਕਾ ਨਾ ਕਿਸੇ ਸਮਝਾਈਆ । ਗੋਬਿੰਦ
੧੭੨ ੧੯ ਬਣਾ ਦੇ ਇਕ ਭੁਯੰਗੀ, ਬਿਨਾ ਭੁਜਾਂ ਤੋਂ ਦਏ ਲੜਾਈਆ । ਸੂਰਬੀਰ ਬਲਵਾਨ ਬਣ ਕੇ ਜੰਗੀ, ਜੰਗ ਜਗਤ ਜਹਾਨ ਦਏ ਵਖਾਈਆ । ਅਗਲਾ ੧੭੨ ੧੯
ਸੰਮਤ ਕਹੇ ਮੈਂ ਹਿਲਾ ਦੇਣੇ ਫ਼ਰੰਗੀ, ਫ਼ਾਰ ਵਿਚ ਨਾ ਕੋਈ ਲਗਾਈਆ । ਧਾਰਾ ਰਹਿਣ ਨਹੀਂ ਦੇਣੀ ਦੋ ਰੰਗੀ, ਹੁਕਮ ਦੇਣਾ ਇਕੋ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਮਾਘ ਕਹੇ ਮੈਨੂੰ ਨਜ਼ਰ ਆਵੇ ਬੇਨਜ਼ੀਰ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਜਿਸ ਦੀ ਵੇਖੀ ਨਹੀਂ ਕਿਸੇ ਤਸਵੀਰ, ਮਸੱਵਰ ਤਸੱਵਰ ਨਾ ਕੋਈ ਕਰਵਾਈਆ । ਚੋਟੀ ਚੜ੍ਹਿਆ ਨਹੀਂ ਕੋਈ ਅਖ਼ੀਰ, ਨਾਨਕ ਕਬੀਰ ਚਰਨਾਂ ਵਿਚ ਬਹਿ ਕੇ ਸ਼ੁਕਰ ਮਨਾਈਆ । ਓਸ ਦੀ ਸਭ ਤੋਂ ਵੱਖਰੀ ਨਿਰਾਲੀ ਤਦਬੀਰ, ਜੁਗਤੀ ਜੁਗਤ ਵਿਚ ਬਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪੈਗ਼ੰਬਰਾਂ ਦਾ ਪੈਗ਼ੰਬਰ ਪੀਰਾਂ ਦਾ ਪੀਰ, ਦਸਤਗੀਰਾਂ ਦਾ ਦਸਤਗੀਰ ਨਜ਼ਰੀ ਆਈਆ । ਜਿਸ ਦੀ ਤਿੱਖੀ ਧਾਰ ਪ੍ਰੇਮ ਪਿਆਰ ਵਾਲੀ ਸ਼ਮਸ਼ੀਰ, ਆਰ ਪਾਰ ਆਪਣਾ ਆਪ ਕਰਾਈਆ । ਓਹ ਖੇਲ ਕਰੇ ਗਹਿਰ ਗੰਭੀਰ, ਗੁਣੀ ਗਹੀਰ ਦਇਆ ਕਮਾਈਆ । ਜਿਸ ਦੀ ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜਾਗੀਰ, ਜਗਹ ਬਜਗਹ ਨਜ਼ਰੀ ਆਈਆ । ਓਸ ਲੇਖਾ ਮੁਕੌਣਾ ਸ਼ਾਹ ਹਕੀਰ, ਸ੍ਰਿਸ਼ਟੀ ਦੀ ਕਰਨੀ ਨਵੀਂ ਤਾਅਮੀਰ, ਘਰ ਇਕੋ ਦੇਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਹੁਤਾ ਲੇਖਾ ਰਖ ਵਿਚ ਕਸ਼ਮੀਰ, ਕਿਸ਼ਨਾ ਸ਼ੁਕਲਾ ਦੋਵੇਂ ਪੱਖ ਦੇਣੇ ਉਠਾਈਆ । ਮਾਘ ਕਹੇ ਮੈਂ ਵੇਖਾਂ ਕੀ, ਕ਼ੀਮਤ ਕਹਿਣ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਸਤਿਜੁਗ ਦੀ ਸਾਚੀ ਰੱਖਣ ਲੱਗਾ ਨੀਂਹ, ਨੀਹਾਂ ਦੇ ਹੇਠੋਂ ਬਾਲੇ ਗੋਬਿੰਦ ਲਏ ਉਠਾਈਆ । ਜਿਨ੍ਹਾਂ ਅੰਮ੍ਰਿਤ ਜਾਮ ਲਿਆ

ਪੀ, ਪਿਆਲੇ ਮਦਿਰ ਗਏ ਸੁਟਾਈਆ । ਕਿਸੇ ਨੇ ਗੋਬਿੰਦ ਦੀ ਸਮਝੀ ਨਹੀਂ ਇੱਕੀ ਵੀਹ, ਵੀਹ ਇੱਕੀ ਸਾਰ ਕਿਸੇ ਨਾ ਪਾਈਆ । ਪੁਰਖ ਅਕਾਲ ਦੀ ਜਾਣੀ ਨਹੀਂ ਕਿਸੇ ਲੀਹ, ਰਸਤਾ ਰਾਹ ਨਾ ਕੋਇ ਸਮਝਾਈਆ । ਲਾਲਚ ਦੇ ਕੇ ਪੁੱਤਰ ਧੀ, ਨਾਤਾ ਜਗਤ ਵਿਚ ਫਸਾਈਆ । ਬਿਨਾ ਰਵਦਾਸ ਕਿਸੇ ਪੁਕਾਰ ਨਹੀਂ ਕੀਤੀ ਸਾਢੇ ਤਿੰਨ ਹੱਥ ਸੀਂ, ਭੁੱਖਾ ਰਹਿ ਕੇ ਝੱਟ ਨਾ ਕੋਇ ਲੰਘਾਈਆ । ਜਨ ਭਗਤੋ ਤੁਹਾਡਾ ਨਵੇਂ ਜੁਗ ਦਾ ਬੀਜਣਾ ਬੀ, ਬੂਟਾ ਗੁਰਮੁਖ ਲੈਣਾ ਲਾਈਆ । ਤੁਹਾਨੂੰ ਏਥੇ ਓਥੇ ਦੋ ਜਹਾਨਾਂ ਕਰ ਕੇ ਫ਼੍ਰੀ, ਫ਼ੈਸਲਾ ਹੱਕ ਦਿਤਾ ਸੁਣਾਈਆ । ਤੁਹਾਡੀ ਕੋਈ ਰੁਤ ਨਹੀਂ ਆਉਂਦੀ ਜੁਮਾਂਦੀ ਉਲਸਾਨੀ ਰਬੀ, ਰਹਿਮਤ ਰਹਿਮ ਖ਼ੁਦਾਈਆ । ਜਿਹੜਾ ਗੁਰ ਅਵਤਾਰ ਪੈਗ਼ੰਬਰਾਂ ਦਾ ਬਣਿਆ ਕਬੀ, ਤੁਖ਼ਮ ਤਾਸੀਰ ਦੇਣੀ ਮਿਟਾਈਆ । ਪਰਵਰਦਿਗਾਰ ਸਾਂਝਾ ਯਾਰ ਨਬੀਆਂ ਦਾ ਨਬੀ, ਰਸੂਲਾਂ ਮਾਅਕੂਲ ਹੁਕਮ ਸੁਣਾਈਆ । ਜਿਸ ਦੇ ਹੁਕਮ ਅੰਦਰ ਦੀਨ ਦੁਨੀ ਬੱਧੀ, ਬਦਲਾ ਰਿਹਾ ਚੁਕਾਈਆ । ਨਾਨਕ ਗੋਬਿੰਦ ਇਕੋ ਜੋਤ ਜਗੀ, ਨੂਰੋ ਨੂਰ ਹੋਵੇ ਰੁਸ਼ਨਾਈਆ । ਕੂੜ ਕੁੜਿਆਰਾਂ ਸਿਰ ਉਤੇ ਚੁੱਕ ਕੇ ਪਾਪਾਂ ਦੀ ਡੱਗੀ, ਭੱਜਣਾ ਵਾਹੋ ਦਾਹੀਆ । ਕਿਸੇ ਨੂੰ ਰੋਟੀ ਗੁੱਲੀ ਖਾਣ ਨੂੰ ਨਹੀਂ ਲੱਭਣੀ ਅੱਧੀ, ਅਧਵਾਟੇ ਦੇਣਾ ਰੁਲਾਈਆ । ਜਨ ਭਗਤੋ ਜੁਗਾਂ ਪਿਛੋਂ ਇਹ ਸਮਾਂ ਆਉਂਦਾ ਕਦੀ ਕਦੀ, ਕ਼ਦੀਮ ਤੋਂ ਪ੍ਰਭ ਦੀ ਰੀਤੀ ਚਲੀ ਆਈਆ । ਕਿਸੇ ਨੂੰ ਇਸ਼ਾਰਾ ਦੇ ਦਿਤਾ ਨੂਹ ਨਦੀ, ਕਿਸੇ ਨੂੰ ਕ਼ਿਆਮਤ ਦਿਤੀ ਵਖਾਈਆ । ਕਿਸੇ ਨੂੰ ਪੈਗ਼ੰਬਰਾਂ ਵਾਲੀ ਦੇ ਕੇ ਗੱਦੀ, ਸਿਰ ਤੇ ਛਤਰ ਦਿਤਾ ਝੁਲਾਈਆ । ਕਿਸੇ ਤੋਂ ਤਾਣਾ ਉਣਾ ਕੇ ਵਿਚ ਖੱਡੀ, ਖਟਕਾ ਦਿਤਾ ਮੁਕਾਈਆ । ਜਨ ਭਗਤੋ ਇਹ ਪੁਰਖ ਅਕਾਲ ਦੀ ਪਹਿਲੀ ਸਦੀ, ਸਦਮੇ ਤੁਹਾਡੇ ਦਏ ਚੁਕਾਈਆ । ਜਿਨ੍ਹਾਂ ਦੀ ਪ੍ਰੀਤ ਇਕੋ ਨਾਲ ਲੱਗੀ, ਲਾਗੀ ਲਾਗਣ ਹੋਰ ਨਾ ਕੋਇ ਬਣਾਈਆ । ਤੁਹਾਡੀ ਇਕੋ ਅੱਖ ਨਾ ਕੋਈ ਸੱਜੀ ਤੇ ਨਾ ਕੋਈ ਖੱਬੀ, ਜਿਸ ਨੇਤਰ ਵਿਚੋਂ ਨੂਰ ਨਜ਼ਰੀ ਆਈਆ । ਤੁਹਾਡੇ ਅੰਦਰ ਇਕ ਨਿੱਕੀ ਜਿਹੀ ਡੱਬੀ, ਜੋ ਘਰ ਵਿਚ ਘਰ ਦਿਤਾ ਬਣਾਈਆ । ਉਸ ਵਿਚ ਤੁਹਾਡੀ ਵਸਤ ਅਮੋਲਕ ਦੱਬੀ, ਉਹ ਆਪੇ ਤੁਹਾਡੀ ਆਤਮਾ ਨੂੰ ਲੱਗੇ ਚੰਗੀ, ਮਨ ਦੀ ਵਾਸਨਾ ਨਾ ਕੋਇ ਵਧਾਈਆ । ਤੁਸਾਂ ਕਿਹੜਾ ਨਹਾਉਣ ਜਾਣਾ ਕਿਸੇ ਗੰਗੀ, ਜਮਨਾ ਸੁਰਸਤੀ ਗੋਦਾਵਰੀ ਤੁਹਾਡੇ ਚਰਨ ਚੁੰਮੇ ਚਾਈਂ ਚਾਈਂਆ । ਤੁਹਾਡਾ ਝਗੜਾ ਮੁਕ ਗਿਆ ਸੁਦੀ ਵਦੀ, ਇਕੋ ਰੁਤ ਕਾਇਆ ਬੁਤ ਦਏ ਵਖਾਈਆ । ਤੁਹਾਡੀ ਵਾਸਨਾ ਅੰਦਰੋਂ ਰਿਹਾ ਕੱਢੀ, ਦੁਰਗੰਧੀ ਦਿਤੀ ਤਜਾਈਆ । ਤੁਸਾਂ ਕਿਹੜੀ ਖਾਣੀ ਮੱਛੀ ਡੱਡੀ, ਡੰਡੌਤ ਇਕੋ ਦਿਤੀ ਸਮਝਾਈਆ । ਧ੍ਰਿਗ ਗੁਰਸਿਖ ਜੋ ਖਾਵੇ ਹੱਡੀ, ਇਹ ਗੋਬਿੰਦ ਗਿਆ ਸਮਝਾਈਆ । ਗੋਬਿੰਦ ਦੀ ਕਿਰਪਾਨ ਧਾਰ ਕਿਸੇ ਬੱਕਰੇ ਦੀ ਗਰਦਨ ਨਹੀਂ ਵੱਢੀ, ਪ੍ਰੇਮ ਰਤ ਨਾਲ ਖੰਡਾ ਦਿਤਾ ਰੰਗਾਈਆ । ਗੋਦਾਵਰੀ ਕੰਢੇ ਮਾਧੋ ਨਾਲ ਕੀਤੀ ਨਹੀਂ ਕੋਈ ਠੱਗੀ, ਬੰਦੇ ਦਾ ਲਹਿਣਾ ਝੋਲੀ ਪਾਈਆ । ਕਿਰਪਾਨ ਮਿਆਨ ਵਿਚੋਂ ਨਹੀਂ ਕੱਢੀ, ਨਾ ਬੱਕਰਿਆਂ ਕੋਇ ਝਟਕਾਈਆ । ਸੋਲਵੇਂ ਸਾਲ ਵਿਚ ਸਾਰੇ ਹੁਕਮ ਕਰ ਦੇਣੇ ਰੱਦੀ, ਨਵਾਂ ਲੇਖਾ ਦੇਣਾ ਬਣਾਈਆ । ਚਾਰ ਵਰਨ ਸਿੱਖੀ ਆਵੇ ਭੱਜੀ, ਨੌ ਖੰਡ ਪ੍ਰਿਥਮੀ ਨੇਤਰ ਨੈਣਾਂ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਮਾਘ ਕਹੇ ਸ਼ਬਦੀ ਗੋਬਿੰਦ ਕੁਛ ਦੱਸ, ਆਪਣਾ ਹੁਕਮ ਮਨਾਈਆ । ਪੁਰਖ ਅਕਾਲ ਪਿਆ ਹੱਸ, ਹਸਤੀ ਦਏ ਸਮਝਾਈਆ । ਚਾਰ ਜੁਗ ਜਿਸ ਦਾ ਗਾਉਂਦੇ ਆਏ ਜਸ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਓਸੇ ਦਾ ਢੋਲਾ ਗਾਈਆ । ਅੱਜ ਹੋਇਆ ਉਹ ਪ੍ਰਤਖ,

ਜੋ ਸਭ ਦਾ ਪਿਤਾ ਮਾਈਆ । ਉਹਦਾ ਜੈਕਾਰਾ ਨਾਅਰਾ ਇਕ ਅਲੱਖ, ਅਲਖ ਅਗੋਚਰ ਦਏ ਸਮਝਾਈਆ । ਸਚ ਸੁਚ ਦਾ ਖੋਲ੍ਹ ਕੇ ਹੱਟ, ਹਟਵਾਣੇ ਗੁਰਮੁਖ ਲਏ ਬਣਾਈਆ । ਦੂਈ ਦਵੈਤ ਦਾ ਮੇਟ ਕੇ ਫੱਟ, ਪੱਟੀ ਆਪਣਾ ਨਾਮ ਬੰਧਾਈਆ । ਸ਼ਬਦ ਅਗੰਮੀ ਲਾ ਕੇ ਸੱਟ, ਸੋਈ ਸੁਰਤੀ ਲਏ ਉਠਾਈਆ । ਤੂੰ ਮੇਰਾ ਮੈਂ ਤੇਰਾ ਭਗਤ ਭਗਵਾਨ ਇਕੋ ਢੋਲਾ ਲੈਣਾ ਰਟ, ਰੱਟਾ ਜਗਤ ਦੇਣਾ ਪਾਈਆ । ਜਨ ਭਗਤੋ ਥੋੜਾ ਜਿਹਾ ਸਮਾਂ ਹੋਰ ਲਓ ਕਟ, ਕੱਟੇ ਵੱਛੇ ਖਾਣ ਵਾਲਾ ਰਹਿਣ ਕੋਇ ਨਾ ਪਾਈਆ । ਸ਼ਬਦੀ ਡੋਰੀ ਸਭ ਨੂੰ ਪਾਵੇ ਨੱਥ, ਨਾਮ ਕਿੱਲੇ ਨਾਲ ਬੰਧਾਈਆ । ਜੁਗ ਚੌਕੜੀ ਚਲਾਵਣਹਾਰਾ ਰਥ, ਨਿਰਗੁਣ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਹਭ ਕੁਛ ਵੇਖਿਆ, ਅਨਡਿਠ ਨਜ਼ਰੀ ਆਈਆ । ਪੁਰਖ ਅਕਾਲ ਲੈਣ ਆਇਆ ਪ੍ਰੀਖਿਆ, ਪ੍ਰਸ਼ਨ ਆਪਣਾ ਰਿਹਾ ਜਣਾਈਆ । ਚੌਥੇ ਜੁਗ ਅੰਤ ਕੋਈ ਨਾ ਸਮਝਿਆ ਬੀਸ ਇਕੀਸਿਆ, ਵੀਹ ਇੱਕੀ ਸਾਰ ਕਿਸੇ ਨਾ ਆਈਆ । ਸਤਿਗੁਰ ਨਾਮ ਬੁਧੀ ਵਿਚ ਘਸੀਟਿਆ, ਅਨੁਭਵ ਪੜਦਾ ਨਾ ਕੋਇ ਉਠਾਈਆ । ਅਗੇ ਵਿਚਾਰਾਂ ਦਾ ਸਮਾਂ ਬੀਤਿਆ, ਸਤਿਗੁਰ ਹੁਕਮ ਨਾ ਕੋਇ ਬਦਲਾਈਆ । ਕਿਸੇ ਨੂੰ ਪਤਾ ਨਹੀਂ ਕੀ ਫ਼ਰਮਾਨ ਕੀਤਾ ਗੋਬਿੰਦ ਬਹਿ ਕੇ ਵਿਚ ਅੰਗੀਠਿਆ, ਨੰਦੇੜ ਉਧੇੜ ਨਾ ਪੜਦਾ ਕੋਇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਹਿਰ ਗੰਭੀਰ ਖੇਲ ਖਿਲਾਈਆ । ਸਤਿਗੁਰ ਸ਼ਬਦ ਕਹੇ ਕੋਈ ਨਾ ਸਮਝੇ ਗੋਬਿੰਦ ਧਾਰ, ਵਿਦਵਾਨਾਂ ਵਿਦਿਆ ਵਿਚ ਦਿਤੀ ਰੁਲਾਈਆ । ਕਿਉਂ ਸ਼ਹੀਦ ਕਰਾਇਆ ਅਜੀਤ ਜੁਝਾਰ, ਸਿਰ ਧੜ ਵੰਡ ਵੰਡਾਈਆ । ਕਿਉਂ ਨੀਹਾਂ ਹੇਠ ਰਖ ਦਿਤੇ ਉਸਾਰ, ਇੱਟ ਇੱਟ ਨਾਲ ਜੁੜਾਈਆ । ਕਿਉਂ ਕਰ ਕੇ ਸਰਸਾ ਪਾਰ, ਸਰਦੀ ਸਰਦ ਵੇਖ ਵਖਾਈਆ । ਛੱਡ ਕੇ ਘਰਬਾਰ, ਨਾਤਾ ਮੋਹ ਜਗਤ ਤੁੜਾਈਆ । ਮਾਛੂਵਾੜੇ ਪੈਰ ਪਸਾਰ, ਨਿਗਾਹ ਨਿਗਾਹਬਾਨ ਵਿਚ ਟਿਕਾਈਆ । ਤੂੰ ਮੇਰਾ ਦਿਲਦਾਰ, ਦੂਜਾ ਰਿਹਾ ਨਾ ਕੋਇ ਪਿਆਰ, ਬੇਸ਼ੁਮਾਰ ਤੇਰਾ ਨੂਰ ਨਜ਼ਰੀ ਆਈਆ । ਅਗੋਂ ਹੱਸ ਕੇ ਕਿਹਾ ਅਕਾਲ, ਤੂੰ ਮੇਰਾ ਬੱਚਾ ਲਾਲ, ਕਲਜੁਗ ਅੰਤ ਹੋਣਾ ਦਲਾਲ, ਤੇਰੀ ਲੇਖੇ ਲਾਵਾਂ ਘਾਲ, ਘਾਇਲ ਹੋਵੇ ਸਰਬ ਲੋਕਾਈਆ । ਵੇਖ ਮੁਰੀਦਾਂ ਹਾਲ, ਖੇਲ ਹੋਵੇ ਕਮਾਲ, ਕਾਮਲ ਆਮਲ ਬਿਨਾ ਇਲਮੋਂ ਇਲਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਕੜਨਹਾਰਾ ਸੱਚਾ ਦਾਮਨ, ਦਾਮਨਗੀਰ ਮੇਲ ਮਿਲਾਈਆ । ਸ਼ਬਦ ਸਤਿਗੁਰ ਕਹੇ ਉਹ ਵੇਲਾ ਆ ਗਿਆ ਸ਼ਾਇਦ, ਸ਼ਦੀਦ ਨਜ਼ਰੀ ਆਈਆ । ਪੂਰਾ ਹੋਇਆ ਅਹਿਦ, ਔਹਦਾ ਬਖ਼ਸ਼ੇ ਬੇਪਰਵਾਹੀਆ । ਗੋਬਿੰਦ ਨੇ ਕਿਹੜੀ ਸਿਖਣੀ ਕਿਤੋਂ ਕਵਾਇਦ, ਮਾਸਟਰ ਟੀਚਰ ਉਸਤਾਦ ਨਾ ਕੋਇ ਬਣਾਈਆ । ਜਿਸ ਦਾ ਹੁਕਮ ਓਸੇ ਦਾ ਰਾਜ ਹੋਣਾ ਰਾਇਜ, ਰਈਅਤ ਇਕੋ ਲਏ ਬਣਾਈਆ । ਇਕੋ ਕਲਮਾ ਇਕੋ ਦੱਸੇ ਆਇਤ, ਇਕੋ ਨਾਮ ਸ਼ਬਦ ਸ਼ਨਵਾਈਆ । ਸਚ ਕਰਨਹਾਰ ਹਮਾਇਤ, ਹਮਸਾਜਣ ਦਇਆ ਕਮਾਈਆ । ਮੁਹੱਬਤ ਕਰਨਹਾਰ ਅਨਾਇਤ, ਦਇਆਵਾਨ ਅਖਵਾਈਆ । ਸਾਚੇ ਘਰ ਦੱਸੇ ਰਹਾਇਸ਼, ਮੁਕਾਮ ਇਕੋ ਇਕ ਜਣਾਈਆ । ਜਿਸ ਦੀ ਕਿਸੇ ਨੇ ਕੀਤੀ ਨਹੀਂ ਪੈਮਾਇਸ਼, ਪੈਮਾਨਾ ਵੰਡ ਨਾ ਕੋਇ ਵੰਡਾਈਆ । ਸੋ ਕਲਜੁਗ ਅੰਤਮ ਗੋਬਿੰਦ ਪੂਰੀ ਕਰਨ ਆਇਆ ਖ਼ਾਹਿਸ਼, ਖ਼ਸੂਸੀਅਤ ਵੇਖ ਜਗਤ ਲੋਕਾਈਆ । ਜਿਸ ਦੀ ਕਰ ਨਾ ਸਕੇ ਕੋਇ ਅਜ਼ਮਾਇਸ਼, ਸਮਝ ਚਲੇ ਨਾ ਕੋਇ ਚਤੁਰਾਈਆ । ਸੋ ਦੇਵਣਹਾਰਾ ਸਚ ਹਦਾਇਤ, ਹੁਕਮ ਇਕੋ ਇਕ ਮਨਾਈਆ । ਜੋਤੀ ਜੋਤ

੧੭੫
੧੯

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਿਬੂਬ ਬੇਪਰਵਾਹੀਆ । ਮਾਘ ਕਹੇ ਮੈਂ ਮੰਗਾਂ ਇਕੋ ਮਦਦ, ਜਨ ਭਗਤਾਂ ਹੋਈਂ ਸਹਾਈਆ । ਕੂੜੀ ਕਿਰਿਆ ਮੇਟ ਤਸ਼ੱਦਦ, ਮਮਤਾ ਮੋਹ ਚੁਕਾਈਆ । ਕੋਟਾਂ ਵਿਚੋਂ ਥੋੜੇ ਗਿਣਤੀ ਅਦਦ, ਲੱਖ ਕਰੋੜ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾਲ ਹੋ ਸਹਾਈਆ । ਕਿਰਪਾਲ ਕਹੇ ਮੈਂ ਕਰਮ ਕਮਾਵਾਂਗਾ । ਜਨਮ ਜਨਮ ਦਾ ਲੇਖ ਚੁਕਾਵਾਂਗਾ । ਭਾਂਡਾ ਭਰਮ ਭੌ ਭਨਾਵਾਂਗਾ । ਸਾਚਾ ਧਰਮ ਇਕ ਸਮਝਾਵਾਂਗਾ । ਝਗੜਾ ਮੇਟ ਕੇ ਵਰਨ ਬਰਨ, ਜਾਤ ਪਾਤ ਡੇਰਾ ਢਾਵਾਂਗਾ । ਮਾਲਕ ਹੋ ਕੇ ਤਰਨੀ ਤਰਨ, ਪਾਰ ਕਿਨਾਰਾ ਇਕ ਵਖਾਵਾਂਗਾ । ਧੁਰ ਦੀ ਦੱਸ ਕੇ ਸਾਚੀ ਸਰਨ, ਸਰਨਗਤ ਇਕ ਵਡਿਆਵਾਂਗਾ । ਸਾਚੇ ਪੌੜੇ ਦੱਸਾਂ ਚੜ੍ਹਨ, ਬਿਨ ਡੰਡਿਉਂ ਆਪ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਿਹ ਮੰਦਰ ਹੱਟ ਖੁਲ੍ਹਾਵਾਂਗਾ । ਗ੍ਰਿਹ ਮੰਦਰ ਹਟ ਖੁਲ੍ਹਾਵੇਗਾ । ਸਮਰਥ ਪੁਰਖ ਪੜਦਾ ਲਾਹਵੇਗਾ । ਮਹਿੰਮਾ ਅਕਥ ਕਥ ਜਣਾਵੇਗਾ । ਭਗਤ ਭਗਵਾਨ ਦਾ ਇਕੋ ਜਸ, ਦੂਜੀ ਵੰਡ ਨਾ ਕੋਇ ਵੰਡਾਵੇਗਾ । ਅੰਮ੍ਰਿਤ ਆਤਮ ਮਿਲੇ ਰਸ, ਨਿਝਰ ਝਿਰਨਾ ਆਪ ਝਿਰਾਵੇਗਾ । ਨਿਜ ਖੋਲ੍ਹ ਕੇ ਅੱਖ, ਪਰਤੱਖ ਦਰਸ ਵਖਾਵੇਗਾ । ਪੰਜ ਵਿਕਾਰੇ ਕਰ ਕੇ ਸਖ, ਕਾਮ ਕਰੋਧ ਲੋਭ ਮੋਹ ਹੰਕਾਰ ਮਿਟਾਵੇਗਾ । ਆਤਮ ਸੇਜ ਸੁਹੰਜਣੀ ਪਟ, ਪਤਿਪਰਮੇਸ਼ਵਰ ਆਪ ਹੰਢਾਵੇਗਾ । ਗ੍ਰਿਹ ਦੇ ਕੇ ਦਰਸ਼ਨ ਖਟ, ਖਟੀਆ ਸੇਜਾ ਆਪ ਸੁਹਾਵੇਗਾ । ਜਨ ਭਗਤੋ ਤੁਹਾਨੂੰ ਕਰਨਾ ਪਏ ਕੋਈ ਨਾ ਤਪ, ਤਪਦੇ ਹਿਰਦੇ ਸ਼ਾਂਤ ਕਰਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਵੇਗਾ । ਸਿਰ ਇਕੋ ਹੱਥ ਰਖਾਵਾਂਗਾ । ਸਤਿ ਸਚ ਮੇਲ ਮਿਲਾਵਾਂਗਾ । ਰਤੀ ਰੰਗ ਰੱਤ ਰੰਗਾਵਾਂਗਾ । ਧੁਰ ਦੀ ਦੇ ਕੇ ਸਾਚੀ ਮਤ, ਗੁਰਮਤ ਆਪ ਦ੍ਰਿੜਾਵਾਂਗਾ । ਘਰ ਸਵਾਮੀ ਮਿਲ ਕੇ ਕਮਲਾਪਤ, ਪਤਿਪਰਮੇਸ਼ਵਰ ਦਰਸ ਵਖਾਵਾਂਗਾ । ਬਿਨ ਰਸਨਾ ਜਿਹਵਾ ਗਾ ਕੇ ਜਸ, ਜਸ ਵੇਦ ਪੁਰਾਨਾਂ ਸਿਫ਼ਤ ਸਾਲਾਹ ਪੰਧ ਮੁਕਾਵਾਂਗਾ । ਕਾਇਆ ਖੇੜਾ ਹੋਣ ਨਾ ਦੇਵੇ ਭੱਠ, ਭਠਿਆਲਾ ਅਗਨ ਨਾ ਕੋਇ ਲਗਾਵਾਂਗਾ । ਸਤਿਗੁਰ ਸ਼ਬਦ ਅਗੰਮਾ ਜੱਟ, ਲਹਿਣਾ ਧੰਨੇ ਵਾਲਾ ਫੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੀਮ ਅਜ਼ੀਮ ਧਾਮ ਜਣਾਵਾਂਗਾ । ਮਾਘ ਕਹੇ ਮੈਂ ਕੱਢਾਂ ਇਕੋ ਹਾੜਾ, ਬੇਨੰਤੀ ਸਚ ਸੁਣਾਈਆ । ਗੋਬਿੰਦ ਤੇਰਾ ਲੇਖਾ ਮਾਛੂਵਾੜਾ, ਵਿਛੜਿਆਂ ਜੋੜ ਜੁੜਾਈਆ । ਨਿਰਗੁਣ ਬਣ ਕੇ ਧੁਰ ਦਾ ਲਾੜਾ, ਨਿਰਵੈਰ ਵੇਖ ਵਖਾਈਆ । ਸਾਚੀਆਂ ਸਖ਼ੀਆਂ ਵੇਖ ਅਖਾੜਾ, ਗੁਰਮੁਖ ਨੱਚਣ ਚਾਈਂ ਚਾਈਂਆ । ਤੇਰਾ ਸੋਹਣਾ ਲੱਗੇ ਨੌ ਉਂਗਲ ਦਾ ਦਾੜ੍ਹਾ, ਰੂਪ ਅਨੂਪ ਰਿਹਾ ਬਦਲਾਈਆ । ਕੁਛ ਲੇਖਾ ਬਾਕੀ ਨਜ਼ਰ ਆਇਆ ਦਾਰਾ, ਚਿੱਲਾ ਕਮਾਨ ਦਏ ਗਵਾਹੀਆ । ਓਸ ਦਾ ਅਗਲੇ ਸਾਲ ਕਾਬੁਲ ਵਿਚ ਦੇਣਾ ਇਸ਼ਾਰਾ, ਔਰੰਗੇ ਦਾ ਬੇਟਾ ਨੰਗਾ ਹੋ ਕੇ ਨਜ਼ਰੀ ਆਈਆ । ਇਕ ਦੂਜੇ ਦਾ ਮੱਲਣਾ ਪਏ ਦਵਾਰਾ, ਸਾਂਝਾ ਸੰਗ ਨਿਭਾਈਆ । ਜਿਸ ਦਾ ਮਜ਼ਮੂਨ ਛਪਣਾ ਨਹੀਂ ਵਿਚ ਅਖ਼ਬਾਰਾ, ਬੇਖ਼ਬਰਾਂ ਖ਼ਬਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਜਣਾਈਆ । ਛੱਬੀ ਪੋਹ ਕਹੇ ਮੈਨੂੰ ਪੈਂਦਾ ਹੋਰ ਭੁਲੇਖਾ, ਭਰਮ ਵਿਚ ਭਰਮਾਈਆ । ਚੜ੍ਹਦੀ ਦਿਸ਼ਾ ਵਾਲਾ ਲੇਖਾ, ਲਿਖਤ ਰਿਹਾ ਸਮਝਾਈਆ । ਪਿਛਲਾ ਚੁਕਣਾ ਠੇਕਾ, ਠੋਕਰ ਨਾਲ ਹਟਾਈਆ । ਪੰਜਾਂ ਮੁਲਕਾਂ ਹੋਣਾ ਏਕਾ, ਜੈਪਨ ਵਿਚ ਕਰੇ ਕੁੜਮਾਈਆ । ਭੁੱਖਿਆਂ ਭਰਨਾ ਮੂਲ ਨਾ ਪੇਟਾ, ਪਿਟੇ ਸਰਬ ਲੋਕਾਈਆ । ਇਕ ਪਰਧਾਨ ਦਾ ਮਰਨਾ ਬੇਟਾ,

ਜੋ ਕਲਜੁਗ ਕਲਾ ਦਏ ਵਰਤਾਈਆ । ਫੇਰ ਸਭ ਨੂੰ ਔਣਾ ਚੇਤਾ, ਕੌਣ ਜੜ੍ਹ ਰਿਹਾ ਉਖੜਾਈਆ । ਸ਼ਾਹ ਸੁਲਤਾਨਾਂ ਲੈ ਕੇ ਭੱਜਣਾ ਭੇਟਾ, ਦਮਾਂ ਦਮੜਿਆਂ ਦੀ ਲੋੜ ਨਾ ਕੋਇ ਵਖਾਈਆ । ਸ਼ਬਦ ਗੁਰੂ ਨੇ ਮਾਰਨਾ ਐਸਾ ਪੇਚਾ, ਪੱਛਮ ਦੱਖਣ ਸਾਰੇ ਲੈਣੇ ਬੰਨ੍ਹਾਈਆ । ਜਗਤ ਰੀਤੀ ਦਾ ਛੁਡਾ ਦੇਣਾ ਪੇਸ਼ਾ, ਪਿਛੋਂ ਹੌਲੀ ਹੌਲੀ ਸਾਰੇ ਇਹੋ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੁਕਮ ਸੁਣਾਈਆ । ਮਾਘ ਕਹੇ ਅਗਲਾ ਸਾਲ ਚੜ੍ਹਨ ਵਾਲਾ ਮਨਹੂਸ, ਮੁਸ਼ਕਲ ਮੁਸ਼ਕਲ ਨਜ਼ਰੀ ਆਈਆ । ਕੁਛ ਧੱਕਾ ਲੱਗਣਾ ਰੂਸ, ਰੁਸਤਮ ਸਾਰੇ ਲੈਣੇ ਉਠਾਈਆ । ਇਸ਼ਾਰਾ ਦੇ ਕੇ ਮਨ ਨੂੰ ਵਿਚ ਕਲਬੂਤ, ਕਲਮੇ ਦੇਣੇ ਭੁਲਾਈਆ । ਦੀਨ ਦੁਨੀ ਨੂੰ ਕਰ ਕੇ ਨੇਸਤੋ ਨਾਬੂਦ, ਨਵਾਂ ਜੁਗ ਦੇਣਾ ਲਗਾਈਆ । ਏਸ ਦਾ ਸ਼ਬਦ ਗੋਬਿੰਦ ਆਪੇ ਦਏ ਸਬੂਤ, ਸ਼ਹਾਦਤ ਦੀ ਲੋੜ ਨਾ ਕੋਇ ਵਖਾਈਆ । ਜਿਧਰ ਵੇਖੋ ਉਧਰ ਮੌਜੂਦ, ਮੁਫ਼ਲਿਸਾਂ ਦੇ ਅੰਦਰ ਵੜ ਕੇ ਆਪਣਾ ਆਸਣ ਲਾਈਆ । ਜਨ ਭਗਤੋ ਤੁਹਾਨੂੰ ਸਦਾ ਰਖੇ ਮਹਿਫ਼ੂਜ਼, ਮਿਹਰ ਨਜ਼ਰ ਇਕ ਉਠਾਈਆ । ਲੱਖ ਚੁਰਾਸੀ ਜੀਵ ਜੰਤ ਕਰੇ ਕਲਾਬੂਸ, ਹੱਥ ਹੱਥ ਨਾਲ ਬੰਧਾਈਆ । ਪੁਰਖ ਅਕਾਲ ਦਾ ਸਭ ਤੋਂ ਵੱਖਰਾ ਨਿਰਾਲਾ ਦੂਤ, ਜੋ ਦੋ ਜਹਾਨਾਂ ਭੱਜੇ ਥਾਉਂ ਥਾਈਂਆ । ਚਾਰ ਕੁੰਟ ਪਿਆਰ ਵਿਚ ਪਾਵੇ ਫੂਟ, ਫੁਟਕਲ ਵਿਚ ਲੋਕਾਈਆ । ਜਿਹੜੇ ਮਸੀਹ ਦੇ ਸੀਉਂਦੇ ਬੂਟ, ਬਟਨ ਉਨ੍ਹਾਂ ਦੇ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ਾਲਕ ਖ਼ਲਕ ਵੇਖ ਵਖਾਈਆ । ਮਾਘ ਕਹੇ ਮੈਂ ਵੀ ਲੱਗਾ ਸਭ ਦੇ ਪਿਛੇ, ਹੌਲੀ ਹੌਲੀ ਕ਼ਦਮ ਉਠਾਈਆ । ਜਿੰਨਾਂ ਚਿਰ ਕੂੜੀ ਕਿਰਿਆ ਦਾ ਕੂੜ ਨਾ ਛਿਪੇ, ਛਿਆਨਵੇਂ ਕਰੋੜ ਰਹੇ ਕੁਰਲਾਈਆ । ਪੁਰਖ ਅਕਾਲ ਇਕੋ ਨਾ ਦਿਸੇ, ਦਹਿ ਦਿਸ਼ਾ ਨਜ਼ਰੀ ਆਈਆ । ਭਗਤਾਂ ਦੀ ਪੂਰੀ ਹੋਵੇ ਨਾ ਇੱਛੇ, ਇੱਛਿਆ ਜਗਤ ਚੁਕਾਈਆ । ਨਾਮ ਭੰਡਾਰ ਦੇਵੇ ਨਾ ਹਿੱਸੇ, ਵਸਤ ਅਮੋਲਕ ਇਕ ਵਰਤਾਈਆ । ਗ਼ਰੀਬ ਨਿਮਾਣਿਆਂ ਨਾ ਚੁੱਕੇ ਪਿੱਠੇ, ਭੁੱਖੇ ਨੰਗਿਆਂ ਨਾ ਗਲੇ ਲਗਾਈਆ । ਮਾਇਆ ਰਾਣੀ ਨਾ ਰੋ ਰੋ ਪਿੱਟੇ, ਮਮਤਾ ਹੋਏ ਹਲਕਾਈਆ । ਆਪਣੇ ਹੁਕਮ ਦੇ ਅੰਤ ਅਖ਼ੀਰੀ ਨਾ ਕੱਢੇ ਸਿੱਟੇ, ਸਿੱਟਾ ਜਗਤ ਨਾਲ ਲਗਾਈਆ । ਪੱਥਰਾਂ ਨਾਲ ਨਾ ਲੜਾਵੇ ਇੱਟੇ, ਇੱਟ ਨਾਲ ਇੱਟ ਨਾ ਖੜਕਾਈਆ । ਜਨ ਭਗਤਾਂ ਦੇ ਪਾਪ ਦੁਰਮਤ ਮੈਲ ਧੋ ਅੰਦਰ ਨਾ ਕਰੇ ਚਿੱਟੇ, ਚਿੱਟੀ ਧਾਰ ਵਿਚ ਸਮਾਈਆ । ਇਕੋ ਰੰਗ ਰੰਗੇ ਵੱਡੇ ਨਿੱਕੇ, ਬਿਰਧ ਬਾਲ ਨਾ ਕੋਇ ਵਖਾਈਆ । ਦੀਨ ਦੁਨੀ ਦੇ ਬਦਲੇ ਸਿੱਕੇ, ਸਿੱਕਮ ਵਿਚ ਰੌਲਾ ਦੇਵੇ ਪਾਈਆ । ਖੇਲ ਵੇਖੇ ਨੱਕ ਫੀਨੇ ਨਿੱਕੇ, ਫਿੱਕੇ ਸਾਰੇ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਸੱਲ ਲਾਵੇ ਹਿੱਕੇ, ਹਿਕਮਤ ਆਪਣੀ ਨਾ ਕਿਸੇ ਜਣਾਈਆ । ਮਾਘ ਕਹੇ ਸਚ ਪ੍ਰਭੂ ਸਭ ਤੋਂ ਵੱਖਰਾ ਹਕੀਮ, ਹੁਕਮ ਵਾਲਾ ਨਜ਼ਰੀ ਆਈਆ । ਜਿਹੜਾ ਆਪਣੇ ਨਾਮ ਦੀ ਦੁਆ ਵਿਚ ਕਰਦਾ ਰਿਹਾ ਤਰਮੀਮ, ਰਾਮ ਅੱਲਾ ਵਾਹਿਗੁਰੂ ਅੱਖਰ ਦਿਤੇ ਪੜ੍ਹਾਈਆ । ਜਿਸ ਵੇਲੇ ਜਲਵਾ ਨੂਰ ਦੱਸੇ ਸੀਨ, ਫੇਰ ਸਾਰੇ ਇਕੋ ਰਹੇ ਗਾਈਆ । ਭਰੋਸੇ ਵਿਚ ਦੇ ਯਕੀਨ, ਕਲਮੇ ਦਿਤੇ ਸਮਝਾਈਆ । ਅੱਲਾ ਰਾਣੀ ਨਹੀਂ ਕੋਈ ਮਦੀਨ, ਮੁੱਦਾ ਇਕੋ ਦਿਤਾ ਸਮਝਾਈਆ । ਪੈਗ਼ੰਬਰ ਕਹਿਣ ਆਫ਼ਰੀਨ, ਵਾਹਵਾ ਤੇਰੀ ਬੇਪਰਵਾਹੀਆ । ਨਾਨਕ ਗੋਬਿੰਦ ਕੀਤਾ ਤਸਲੀਮ, ਪੁਰਖ ਅਕਾਲ ਇਕੋ ਸ਼ਹਿਨਸ਼ਾਹੀਆ । ਜਿਸ ਦੀ ਕਲਜੁਗ ਅੰਤ ਹੋਣੀ ਵੱਖਰੀ ਤਾਲੀਮ, ਕੁਨਬੇ ਗੁਰਮੁਖ ਲੈਣੇ ਬਣਾਈਆ । ਮਕਤਬ ਜਣਾ ਕੇ ਇਕ ਅਜ਼ੀਮ, ਆਲਾ ਅਦਨਿਆਂ ਕਰੇ ਪੜ੍ਹਾਈਆ । ਸਚ ਸਕੂਲ

ਵਿਚ ਰਹੇ ਨਾ ਕੋਇ ਗ਼ਮਗੀਨ, ਭੁੱਖਿਆਂ ਨੰਗਿਆਂ ਇਕੋ ਰੰਗ ਰੰਗਾਈਆ । ਕਿਸੇ ਨੂੰ ਕਦੇ ਨਾ ਕਰੇ ਬੇਦੀਨ, ਵੇਦ ਸ਼ਾਸਤਰਾਂ ਤੋਂ ਬਾਹਰ ਆਪਣੀ ਦੱਸੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਰਨੀ ਕਹੇ ਮੈਂ ਵੇਖਿਆ ਪ੍ਰਭੂ ਕਰਤਾ, ਕਰਤਾਰ ਨਿਰੰਕਾਰ ਪਰਵਰਦਿਗਾਰ ਨਜ਼ਰੀ ਆਈਆ । ਨਾ ਕਦੇ ਜੰਮਦਾ ਤੇ ਨਾ ਕਦੇ ਮਰਦਾ, ਮਦਦ ਵਾਲੀ ਮੰਗ ਨਾ ਕੋਇ ਮੰਗਾਈਆ । ਨਾ ਕਦੇ ਜਿੱਤਦਾ ਤੇ ਨਾ ਕਦੇ ਹਰਦਾ, ਹਾਰ ਜਿੱਤ ਨਾ ਕੋਇ ਵਖਾਈਆ । ਉਹ ਮਾਲਕ ਘਰ ਘਰ ਦਾ, ਗ੍ਰਿਹ ਗ੍ਰਿਹ ਡੇਰਾ ਲਾਈਆ । ਜੁਗ ਚੌਕੜੀ ਪਿਛੋਂ ਗੁਰਮੁਖ ਵਿਰਲਾ ਉਹਨੂੰ ਵਰਦਾ, ਵਰ ਵਰਿਆਮ ਹੋ ਕੇ ਆਪਣਾ ਆਪ ਮਿਲਾਈਆ । ਇਹ ਖੇਲ ਅਗੰਮਾ ਹਰਿ ਦਾ, ਜੋ ਹਿਰਦੇ ਵਿਚੋਂ ਹਿਰਦਾ ਦਏ ਬਦਲਾਈਆ । ਇਸ਼ਨਾਨ ਕਰਾ ਕੇ ਸਾਚੇ ਸਰ ਦਾ, ਸਰੋਵਰ ਇਕੋ ਦਏ ਵਖਾਈਆ । ਜਿਥੇ ਕਾਗ ਹੰਸ ਬਣਦਾ, ਬਗ ਬਪੜੇ ਹੋਏ ਸਫ਼ਾਈਆ । ਮੰਜ਼ਲ ਇਕੋ ਚੜ੍ਹਦਾ, ਕ਼ਦਮ ਕ਼ਦਮ ਨਾ ਕੋਇ ਬਦਲਾਈਆ । ਤੂੰ ਮੇਰਾ ਤੇਰਾ ਤੇਰਾ ਸੋਹੰ ਢੋਲਾ ਪੜ੍ਹਦਾ, ਢੋਲਕ ਛੈਣਾ ਨਾ ਕੋਇ ਖੜਕਾਈਆ । ਨਿਤ ਨਵਿਤ ਨਿਜ ਨੇਤਰ ਦਰਸ ਪ੍ਰਭੂ ਦਾ ਕਰਦਾ, ਜੋਤੀ ਜੋਤ ਜੋਤ ਰੁਸ਼ਨਾਈਆ । ਬਿਨਾ ਹੱਥਾਂ ਦੇ ਬੰਦਨਾ ਕਰਦਾ, ਬਿਨਾ ਸੀਸ ਦੇ ਸੀਸ ਝੁਕਾਈਆ । ਬਦੋਬਦੀ ਜੋਤੀ ਜੋਤ ਵਿਚ ਵੜਦਾ, ਆਪ ਆਪਣਾ ਆਪ ਮਿਟਾਈਆ । ਜਨ ਲੇਖਾ ਚੁਕਿਆ ਭੈ ਡਰ ਦਾ, ਭਿਆਨਕ ਵਿਚ ਭਾਵੀ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਮੀ ਮੇਲ ਮਿਲਾਈਆ । ਮਾਘ ਕਹੇ ਜਨ ਭਗਤੋ ਕੀ ਤੁਸੀਂ ਚਾਹੁੰਦੇ ਸਵਾਮੀ ਮਿਲਾਪ ? ਅੱਠੇ ਪਹਿਰ ਵਿਛੜ ਕਦੇ ਨਾ ਜਾਈਆ । ਤੁਹਾਨੂੰ ਪੁਛੇ ਆਪਣਾ ਆਪ, ਆਪਣੇ ਵਿਚੋਂ ਨਜ਼ਰੀ ਆਈਆ । ਤੁਹਾਡੇ ਅੰਦਰੋਂ ਪਰਗਟ ਹੋਵੇ ਉਹ ਜਾਪ, ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਰਾਗ ਰਹੇ ਗਾਈਆ । ਨਾ ਕੋਈ ਜਨਮ ਕਰਮ ਨਾ ਰਹੇ ਪਾਪ, ਦੁਰਮਤ ਮੈਲ ਦਏ ਧੁਆਈਆ । ਆਤਮ ਪਰਮਾਤਮ ਬਣ ਜਾਏ ਸਾਕ, ਸੱਜਣ ਇਕੋ ਵੇਖ ਵਖਾਈਆ । ਇਹ ਵੀ ਸਤਿਗੁਰ ਦੀ ਕਿਰਪਾ ਨਾਲ ਹੋਵੇ ਇਤਫ਼ਾਕ, ਬਿਨਾ ਕਿਰਪਾ ਮਿਲਣ ਕੋਇ ਨਾ ਪਾਈਆ । ਕਿਉਂ ਉਹ ਮਨ ਵੱਡਾ ਸੂਰਬੀਰ ਚਲਾਕ, ਰਿੱਧੀਆਂ ਸਿੱਧੀਆਂ ਵਿਚ ਲਏ ਭਰਮਾਈਆ । ਮੋਹਣੀ ਰੂਪ ਬਣ ਕੇ ਕਿਸੇ ਨੂੰ ਰਹਿਣ ਨਾ ਦੇਵੇ ਪਾਕ, ਸਾਧ ਸੰਤ ਰਿਖੀ ਮੁਨੀ ਕਾਮ ਵਿਚ ਹਲਕਾਈਆ । ਬਦੋਬਦੀ ਚੁੱਕ ਕੇ ਆਪਣੀ ਢਾਕ, ਮੁਖ ਘੁੰਗਟ ਦਏ ਉਠਾਈਆ । ਬਾਹਰ ਦਾ ਦੇ ਸਵਾਦ, ਰਾਜੇ ਰਾਣੇ ਦਏ ਜਣਾਈਆ । ਨਵਾਬਾਂ ਦਾ ਦੇ ਕੇ ਖ਼ਿਤਾਬ, ਚਕਲਿਆਂ ਵਿਚ ਭਵਾਈਆ । ਵੇਸਵਾ ਦਾ ਬਣਾ ਅਹਿਬਾਬ, ਮਿਤਰਾਂ ਵਿਚ ਵਡਿਆਈਆ । ਸੀਖਾਂ ਤੇ ਭੁੰਨ ਕਬਾਬ, ਕਾਅਬੇ ਨੂੰ ਦਏ ਭੁਲਾਈਆ । ਅੰਤ ਅਖ਼ੀਰੀ ਸਭ ਨੂੰ ਕੋਰਾ ਜਵਾਬ, ਮੁਕਾਮੇ ਹੱਕ ਨਾ ਕੋਇ ਪਹੁੰਚਾਈਆ । ਮਾਨਸ ਜਨਮ ਦੀ ਲੇਖੇ ਲੱਗੀ ਨਾ ਸਲਾਮ ਅਦਾਬ, ਅਲੈਕਮ ਕਹਿ ਕੇ ਐਵੇਂ ਝਟ ਲੰਘਾਈਆ । ਬਿਨਾ ਮੁਰਸ਼ਦ ਤੋਂ ਕੋਈ ਨਾ ਧੋਵੇ ਦਾਗ਼, ਦੁਰਮਤ ਮੈਲ ਸਾਫ ਨਾ ਕੋਇ ਕਰਾਈਆ । ਘਰ ਘਰ ਤੇਲ ਬੱਤੀ ਦੇ ਜਗਦੇ ਵੇਖੇ ਚਰਾਗ਼, ਬਿਨਾ ਸਤਿਗੁਰ ਤੋਂ ਆਤਮ ਜੋਤ ਨਾ ਕੋਇ ਰੁਸ਼ਨਾਈਆ । ਜੰਗਲਾਂ ਵਿਚ ਗਿਆਂ ਨਹੀਂ ਆਉਂਦਾ ਵੈਰਾਗ, ਬੰਸ ਛੱਡਿਆਂ ਨਹੀਂ ਹੁੰਦਾ ਤਿਆਗ, ਪੁੱਠੇ ਲਟਕਿਆਂ ਨਹੀਂ ਆਉਂਦੀ ਜਾਗ, ਜਲਧਾਰਾ ਵਹਾਇਆਂ ਨਹੀਂ ਬੁਝਦੀ ਪਿਆਸ, ਨੱਚਿਆਂ ਟੱਪਿਆਂ ਨਹੀਂ ਪੈਂਦੀ ਰਾਸ, ਜਿੰਨਾਂ ਚਿਰ ਨਜ਼ਰ ਨਾ ਆਵੇ ਸਾਖਿਆਤ, ਸਨਮੁਖ ਹੋ ਕੇ ਦਰਸ ਨਾ ਦਏ ਦਿਖਾਈਆ । ਓਨ੍ਹਾਂ ਚਿਰ ਕਿਸੇ ਕੰਮ ਨਹੀਂ ਆਉਣੀ ਨਾ ਪੱਟੀ ਨਾ ਕ਼ਲਮ ਦਵਾਤ, ਜਮਾਤ ਜੁਮਲਿਆਂ

ਵਾਲੀ ਨਾ ਕੋਇ ਜਣਾਈਆ । ਕੋਟ ਜਨਮ ਭਾਵੇਂ ਫੋਲਦੇ ਰਹੋ ਲੁਗਾਤ, ਅੱਖਰਾਂ ਵਿਚੋਂ ਅੱਖਰ ਹੋਰ ਕਢਾਈਆ । ਸਾਰੀ ਉਮਰ ਪੜ੍ਹਦੇ ਰਹੋ ਕਿਤਾਬ, ਵਰਕਾ ਵਰਕੇ ਨਾਲ ਉਲਟਾਈਆ । ਪੰਡਤਾਂ ਕੋਲੋਂ ਜਨਮ ਪਤਰੀਆਂ ਦਾ ਲਾਉਂਦੇ ਰਹੋ ਹਿਸਾਬ, ਗ੍ਰਹਿ ਨਛੱਤਰ ਵੇਖ ਵਖਾਈਆ । ਜਿੰਨਾਂ ਚਿਰ ਸਤਿਗੁਰ ਸ਼ਬਦ ਕਿਰਪਾ ਕਰੇ ਨਾ ਆਪ, ਆਪਣਾ ਆਪ ਮਿਲਣ ਕੋਇ ਨਾ ਪਾਈਆ । ਲੱਖ ਸੁੰਦਰੀਆਂ ਕੋਟਨ ਮੋਹਨੀਆਂ ਪਹਿਨ ਕੇ ਵੰਗਾਂ ਛੱਲੇ ਛਾਪ, ਭਗਤਾਂ ਨੂੰ ਕਦੇ ਨਾ ਸਕਣ ਭਰਮਾਈਆ । ਕਿਉਂ ਉਨ੍ਹਾਂ ਦਾ ਪ੍ਰਭੂ ਉਨ੍ਹਾਂ ਦੇ ਸਾਥ, ਅੰਦਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਵੇਖ ਵਖਾਈਆ । ਮਾਘ ਕਹੇ ਜਨ ਭਗਤੋ ਅਜੇ ਤਕ ਸਮਝਿਆ ਨਹੀਂ ਕੋਈ ਨਾਨਕ ਦਾ ਮੱਜਨ, ਸਚ ਇਸ਼ਨਾਨ ਨਾ ਕੋਇ ਕਰਾਈਆ । ਬਿਨਾ ਪੁਰਖ ਅਕਾਲ ਤੋਂ ਸੱਚਾ ਨਹੀਂ ਕੋਈ ਸੱਜਣ, ਸਗਲਾ ਸੰਗ ਨਾ ਕੋਇ ਨਿਭਾਈਆ । ਮੈਂ ਸਭ ਨੂੰ ਆਇਆ ਦੱਸਣ, ਦਹਿ ਦਿਸ਼ਾ ਹੁਕਮ ਮਨਾਈਆ । ਗੁਰਮੁਖੋ ਜਿੰਨਾਂ ਚਿਰ ਸਤਿਗੁਰ ਨਾ ਵੇਖਿਓ ਆਪਣੀ ਅੰਦਰਲੀ ਅੱਖਣ, ਜਗਤ ਅੱਖਾਂ ਵਾਲੇ ਗੁਰੂ ਕੰਮ ਕਿਸੇ ਨਾ ਆਈਆ । ਉਹ ਏਥੇ ਓਥੇ ਭਾਂਡੇ ਸੱਖਣ, ਮਲ ਮੂਤਰ ਵਾਲੀ ਦੇਹ ਰਹੇ ਵਧਾਈਆ । ਤਾਲਾਂ ਵਿਚ ਕੁੱਦਣ ਨੱਚਣ ਟੱਪਣ, ਟੱਪਾ ਅਗਲਾ ਨਾ ਕੋਇ ਸਮਝਾਈਆ । ਰਸਨਾ ਜਿਹਵਾ ਬੱਤੀ ਦੰਦ ਕੂਕ ਕੂਕ ਬਕਣ, ਬਗਲ ਵਿਚੋਂ ਘੁੰਡ ਨਾ ਕੋਇ ਖੁਲ੍ਹਾਈਆ । ਕੁਛ ਲਹਿਣਾ ਕੁਛ ਦੇਣਾ ਜੋ ਤੇਗ਼ ਬਹਾਦਰ ਨਾਲ ਮੱਖਣ, ਕੂੜ ਕੁੜਿਆਰੇ ਦਿਤੇ ਤਜਾਈਆ । ਕਲਜੁਗ ਅੰਤ ਜਨ ਭਗਤਾਂ ਸ੍ਰੀ ਭਗਵੰਤ ਪਤ ਆਏ ਰਖਣ, ਰਾਖਾ ਹੋ ਕੇ ਸੇਵ ਕਮਾਈਆ । ਆਤਮ ਪਰਮਾਤਮ ਹੋ ਕੇ ਆਏ ਵੱਸਣ, ਸਿੰਘਾਸਣ ਆਸਣ ਇਕੋ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਇਕ ਪਰਗਟਾਈਆ । ਸਤਿਗੁਰ ਸ਼ਬਦ ਕਹੇ ਮੇਰੀ ਆਉਂਦੀ ਜਾਂਦੀ ਵਾਰੀ, ਵਾਰਤਾ ਪਿਛਲੀ ਨਾਲ ਮਿਲਾਈਆ । ਜਨ ਭਗਤਾਂ ਆਤਮ ਰਹਿਣ ਨਹੀਂ ਦੇਣੀ ਕੁਆਰੀ, ਕਾਇਆ ਕੰਦਰ ਵੇਖ ਵਖਾਈਆ । ਨਾਮ ਨਿਧਾਨ ਦੇ ਖ਼ੁਮਾਰੀ, ਗ਼ਮਖ਼ਾਰ ਲੈਣਾ ਬਣਾਈਆ । ਸ੍ਰੀ ਭਗਵੰਤ ਦੀ ਕਦੇ ਨਹੀਂ ਕੱਚੀ ਯਾਰੀ, ਕੱਚਿਆਂ ਤੋਂ ਪੱਕੇ ਲਏ ਬਣਾਈਆ । ਤੁਹਾਡੀ ਦੂਰ ਕਰਾਵੇ ਬੇਇਤਬਾਰੀ, ਇਤਬਾਰ ਆਪਣਾ ਲਏ ਬੰਧਾਈਆ । ਨਿਰਗੁਣ ਜੋਤ ਕਰੇ ਜਾਹਰੀ, ਨੂਰੋ ਨੂਰ ਨੂਰ ਰੁਸ਼ਨਾਈਆ । ਤੁਹਾਡੀ ਨਵੇਂ ਜੁਗ ਦੀ ਆਉਣ ਵਾਲੀ ਹਾੜੀ, ਹਾੜੇ ਕੱਢਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੈਂ ਪੈਣਾ ਉਠ, ਵੇਲਾ ਵਕ਼ਤ ਦਏ ਵਡਿਆਈਆ । ਗੁਰ ਸ਼ਬਦੀ ਜਾਣਾ ਤੁਠ, ਦਇਆ ਦ੍ਰਿਸ਼ਟ ਖੁਲ੍ਹਾਈਆ । ਗੋਬਿੰਦ ਸ਼ਬਦ ਗੁਰਮੁਖ ਵੇਖਣੇ ਨਾਦੀ ਸੁਤ, ਸੁਤਿਆਂ ਲੈਣਾ ਜਗਾਈਆ । ਸੋਹਣੀ ਮੌਲੇ ਰੁਤ, ਪੱਤ ਡਾਲੀ ਫਲ ਫੁੱਲ ਮਹਿਕ ਮਹਿਕਾਈਆ । ਨਾ ਕੋਈ ਪੜਦਾ ਰਹਿਣਾ ਲੁਕ, ਓਹਲਾ ਦੇਣਾ ਚੁਕਾਈਆ । ਜੋ ਹਿਰਦਿਉਂ ਦਲੀਲੋਂ ਮਨ ਦੀ ਵਾਸਨਾ ਤੋਂ ਪਰੇ ਹੋ ਕੇ ਗਿਆ ਝੁਕ, ਉਸ ਨੂੰ ਗੋਦੀ ਲੈਣਾ ਚੁੱਕ, ਜਮਾਂ ਤੋਂ ਲੈਣਾ ਛੁਡਾਈਆ । ਸ਼ੇਰ ਹੋ ਕੇ ਸ਼ਬਦ ਅਗੰਮੀ ਪੈਣਾ ਬੁਕ, ਬੱਕਰੇ ਕਸਾਈ ਸਾਰੇ ਦੇਣੇ ਤਜਾਈਆ । ਦੀਨ ਦੁਨੀ ਵਿਚ ਇਕੋ ਗਾਉਣੀ ਸਭ ਨੇ ਤੁਕ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਜੈਕਾਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਕੁਛ ਦਾ ਕੁਛ, ਹੁਕਮ ਆਪਣਾ ਇਕ ਵਰਤਾਈਆ ।



੧੭੮
੧੯

## ੨ ਮਾਘ ਸ਼ਹਿਨਸ਼ਾਹੀ ਸੰਮਤ ੧ ਸ਼ੰਗਾਰਾ ਸਿੰਘ ਪਿੰਡ ਖੇੜਾ ਜ਼ਿਲਾ ਅੰਮ੍ਰਿਤਸਰ

ਹਰਿ ਸ਼ਬਦ ਕਹੇ ਮੈਂ ਵੇਖਿਆ ਨਵ ਖੰਡ, ਪੁਰੀ ਲੋਅ ਬ੍ਰਹਿਮੰਡ ਧਿਆਨ ਲਗਾਈਆ । ਆਤਮ ਪਰਮਾਤਮ ਗਾਵੇ ਕੋਈ ਨਾ ਛੰਦ, ਹਰਿ ਹਰਿ ਨਾਮ ਨਾ ਕੋਇ ਧਿਆਈਆ । ਕੂੜੀ ਕਿਰਿਆ ਭੇਖ ਪਖੰਡ, ਮਾਇਆ ਮਮਤਾ ਮੋਹ ਹਲਕਾਈਆ । ਆਤਮ ਜੋਤੀ ਚੜ੍ਹਿਆ ਕੋਈ ਨਾ ਚੰਦ, ਦੀਵਾ ਬਾਤੀ ਸਚ ਨਾ ਕੋਇ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਨੰਗ, ਪੜਦਾ ਓਢਣ ਸੀਸ ਨਾ ਕੋਇ ਟਿਕਾਈਆ । ਫਿਰੀ ਦਰੋਹੀ ਵਿਚ ਬ੍ਰਹਿਮੰਡ, ਬ੍ਰਹਿਮਾਂਡ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸ਼ਬਦ ਗੁਰੂ ਕਹੇ ਮੈਂ ਵੇਖਿਆ ਜਗਤ ਜਗ, ਚਾਰ ਵਰਨ ਅਠਾਰਾਂ ਬਰਨ ਖੋਜ ਖੁਜਾਈਆ । ਦੀਨ ਮਜ਼੍ਹਬ ਬੱਝੀ ਹੱਦ, ਜਾਤ ਪਾਤ ਰਹੀ ਕੁਰਲਾਈਆ । ਦਰਸ ਕਰੇ ਨਾ ਕੋਈ ਉਪਰ ਸ਼ਾਹਰਗ, ਘਰ ਸਵਾਮੀ ਠਾਕਰ ਨਜ਼ਰ ਕਿਸੇ ਨਾ ਆਈਆ । ਨਾਦ ਅਗੰਮੀ ਤਨ ਨਾ ਸਕੇ ਵੱਜ, ਅਨਹਦ ਨਾਦੀ ਨਾਦ ਨਾ ਕੋਇ ਸੁਣਾਈਆ । ਧੁਰ ਦਾ ਪ੍ਰੇਮ ਸ੍ਰਿਸ਼ਟੀ ਗਈ ਛੱਡ, ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਰੰਗਾਈਆ । ਕੂੜ ਨਿਸ਼ਾਨੇ ਸਾਰੇ ਰਹੇ ਗੱਡ, ਸਤਿ ਧਰਮ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਾਇਆ ਦੇ ਬਦਲਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖੀ ਕਲਜੁਗ ਕਾਇਆ ਕੂੜ, ਕੁੰਟ ਚਾਰ ਰਹੀ ਕੁਰਲਾਈਆ । ਮਨ ਵਾਸਨਾ ਮੂਰਖ ਹੋਏ ਮੂੜ੍ਹ, ਬੁਧ ਬਿਬੇਕ ਨਾ ਕੋਇ ਬਣਾਈਆ । ਸਾਚੀ ਮਿਲੇ ਨਾ ਸਾਹਿਬ ਪ੍ਰੀਤੀ ਧੂੜ, ਮਸਤਕ ਟਿੱਕਾ ਚਰਨ ਨਾ ਕੋਇ ਲਗਾਈਆ । ਨਿਰੰਤਰ ਉਪਜੇ ਨਾ ਕੋਇ ਨੂਰ, ਬਸੰਤਰ ਅੱਗ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਵਖਾਈਆ । ਲੱਖ ਚੁਰਾਸੀ ਵੇਖ ਨਿਰੰਕਾਰ, ਸਦੀ ਚੌਧਵੀਂ ਦਏ ਦੁਹਾਈਆ । ਚਾਰ ਕੁੰਟ ਅੰਧ ਅੰਧਿਆਰ, ਚੌਦਾਂ ਤਬਕ ਰਹੇ ਕੁਰਲਾਈਆ । ਮੁਹੱਬਤ ਹਕ ਨਾ ਮਿਲੇ ਪਿਆਰ, ਮਹਿਬੂਬ ਦਰਸ ਨਾ ਕੋਇ ਦਿਖਾਈਆ । ਰੋਂਦੇ ਵੇਖੇ ਨਰ ਨਾਰ, ਨਰ ਨਰਾਇਣ ਰੰਗ ਨਾ ਕੋਇ ਰੰਗਾਈਆ । ਸਾਢੇ ਤਿੰਨ ਹੱਥ ਕਾਇਆ ਮੰਦਰ ਸੁੰਞੇ ਦਿਸਣ ਘਰਬਾਰ, ਬੰਕ ਦਵਾਰ ਨਾ ਕੋਇ ਸੁਹਾਈਆ । ਹੰਸ ਰਲੇ ਕਾਗਾਂ ਡਾਰ, ਸੋਹੰ ਮਾਣਕ ਮੋਤੀ ਚੋਗ ਨਾ ਕੋਇ ਚੁਗਾਈਆ । ਤੂੰ ਮੇਰਾ ਮੈਂ ਤੇਰਾ ਭੁੱਲਿਆ ਆਤਮ ਪਰਮਾਤਮ ਸਾਂਝਾ ਯਾਰ, ਯਰਾਨੇ ਕੂੜੇ ਰਹੇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਦੇ ਮੁਕਾਈਆ । ਸ਼ਬਦ ਗੁਰੂ ਕਹੇ ਪ੍ਰਭ ਵੇਖ ਕਲਜੁਗ ਅੰਤਮ ਨੀਤ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਬੀਸ ਇਕੀਸਾ ਗਿਆ ਬੀਤ, ਪੜਦੇ ਵਿਚ ਦਿਤੇ ਲੁਕਾਈਆ । ਠਾਕਰ ਸਵਾਮੀ ਵਸੇ ਕਿਸੇ ਨਾ ਚੀਤ, ਚਿਤ ਵਿਤ ਠਗੌਰੀ ਰਿਹਾ ਵਖਾਈਆ । ਕਾਇਆ ਚੋਲੀ ਚੜ੍ਹੇ ਨਾ ਰੰਗ ਮਜੀਠ, ਦੁਰਮਤ ਮੈਲ ਨਾ ਕੋਇ ਧਵਾਈਆ । ਸਤਿਗੁਰ ਮਿਲੇ ਨਾ ਕਿਸੇ ਸਚ ਪ੍ਰੀਤ, ਪ੍ਰੀਤਮ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਘਟ ਅੰਤਰ ਪੜਦਾ ਦੇ ਉਠਾਈਆ । ਪੁਰਖ ਅਕਾਲ ਕਹੇ ਸੁਣ ਸਤਿਗੁਰ ਸ਼ਬਦੀ ਸਤਿ, ਸਤਿ ਦਿਆਂ ਦ੍ਰਿੜਾਈਆ । ਨਿਰਗੁਣ ਨੂਰ ਕਰ ਪਰਗਟ, ਜੋਤੀ ਜੋਤ ਜੋਤ ਰੁਸ਼ਨਾਈਆ । ਦੋ ਜਹਾਨਾਂ ਵੇਖਾਂ ਹੱਟ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਸੰਤ ਸੁਹੇਲੇ ਲਵਾਂ ਰਖ, ਗੁਰ ਚੇਲੇ ਜੋੜ ਜੁੜਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਨਿਰਗੁਣ ਦਰਸ ਨੂਰ ਰੁਸ਼ਨਾਈਆ । ਨਾਮ ਅਗੰਮੀ ਲਾ ਕੇ ਸੱਟ, ਸੋਈ ਸੁਰਤੀ

ਦਿਆਂ ਉਠਾਈਆ । ਅੰਮ੍ਰਿਤ ਜਾਮ ਪਿਆਵਾਂ ਝੱਟ, ਮਨ ਦਾ ਝਟਕਾ ਦਿਆਂ ਕਰਾਈਆ । ਦੂਈ ਦਵੈਤੀ ਮੇਟਾਂ ਫੱਟ, ਮਿਹਰ ਨਜ਼ਰ ਇਕ ਉਠਾਈਆ । ਲੇਖੇ ਲਾਵਾਂ ਪੰਜ ਤਤ ਕਾਇਆ ਮਾਟੀ ਕੱਚ, ਰਤਨ ਅਮੋਲਕ ਹੀਰੇ ਦਿਆਂ ਬਣਾਈਆ । ਆਪਣੀ ਸਮਝਾਵਾਂ ਮਿਤ ਗਤ, ਗਤਮਿਤ ਇਕੋ ਦੇਣੀ ਦ੍ਰਿੜਾਈਆ । ਅੰਤਰ ਰਹਿਣ ਨਾ ਦੇਵਾਂ ਵੱਖ, ਗੁਰਮੁਖ ਆਪਣੀ ਗੋਦ ਉਠਾਈਆ । ਜਗ ਸ੍ਰਿਸ਼ਟੀ ਖੇੜਾ ਹੋਣਾ ਭੱਠ, ਚਾਰ ਕੁੰਟ ਦੁਹਾਈਆ । ਬਾਕੀ ਮਹੀਨੇ ਰਹਿੰਦੇ ਦਿਸਣ ਅੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਸੁਣ ਸ਼ਬਦੀ ਸੁਤ ਦੁਲਾਰੇ, ਦੂਲ੍ਹਾ ਤੈਨੂੰ ਦਿਆਂ ਬਣਾਈਆ । ਦੋ ਜਹਾਨਾਂ ਵੱਜਣੇ ਹੱਕ ਨਗਾਰੇ, ਨੌਬਤ ਇਕੋ ਨਾਮ ਸੁਣਾਈਆ । ਚਰਨੀ ਝੁਕਣੇ ਗੁਰੂ ਅਵਤਾਰੇ, ਪੈਗ਼ੰਬਰ ਸਜਦਿਆਂ ਵਿਚ ਸੀਸ ਨਿਵਾਈਆ । ਕਲਜੁਗ ਕੂੜੇ ਰੰਗਣੇ ਕਾਲੇ, ਕਾਗ ਹੰਸ ਦੇਣੇ ਬਣਾਈਆ । ਕਰੇ ਖੇਲ ਬੇਮਿਸਾਲੇ ਮਿਸਲ ਜਗਤ ਨਾ ਕੋਇ ਸਮਝਾਈਆ । ਜਿਸ ਦੇ ਸਿਮਰਤ ਸ਼ਾਸਤਰ ਵੇਦ ਪੁਰਾਨ ਦੇਣ ਅਹਿਵਾਲੇ, ਖਾਣੀ ਬਾਣੀ ਰਾਗ ਅਲਾਈਆ । ਸੋ ਸਤਿ ਦਵਾਰਾ ਖੋਲ੍ਹ ਸੱਚੀ ਧਰਮਸਾਲੇ, ਧਰਮ ਦਵਾਰਾ ਇਕੋ ਦਏ ਬਣਾਈਆ । ਜਿਥੇ ਪੁਛੇ ਮੁਰੀਦਾਂ ਮੁਰਸ਼ਦ ਹਾਲੇ, ਅਹਿਵਾਲ ਅਗਲਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੁਰ ਸ਼ਬਦ ਕਹੇ ਪਰਮ ਪੁਰਖ ਤੂੰ ਦਾਤਾ ਮਿਹਰਵਾਨ, ਮਹਿਬੂਬ ਇਕੋ ਨਜ਼ਰੀ ਆਈਆ । ਮੁਕਾਮੇ ਹੱਕ ਤੇਰਾ ਮਕਾਨ, ਲਾਸ਼ਰੀਕ ਤੇਰੀ ਸ਼ਰਨਾਈਆ । ਧੁਰ ਦਾ ਕਲਮਾ ਦੇ ਕੇ ਦਾਨ, ਤੌਫ਼ੀਕ ਬੇਪਰਵਾਹੀਆ । ਹੁਕਮ ਵਰਤੇ ਵਿਚ ਦੋ ਜਹਾਨ, ਦੀਨ ਦੁਨੀ ਦੇ ਸਮਝਾਈਆ । ਤੈਨੂੰ ਸਕੇ ਨਾ ਕੋਇ ਪਹਿਚਾਣ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਮੈਂ ਵੇਖ ਹੋਇਆ ਹੈਰਾਨ, ਕਾਇਨਾਤ ਰਹੀ ਕੁਰਲਾਈਆ । ਪੈਗ਼ੰਬਰ ਦੇ ਕੇ ਗਏ ਬਿਆਨ, ਈਸਾ ਮੂਸਾ ਮੁਹੰਮਦ ਢੋਲਾ ਗਾਈਆ । ਚਾਰ ਕੁੰਟ ਕੂੜ ਤੂਫਾਨ, ਤੋਬਾ ਤੋਬਾ ਕਰੇ ਲੋਕਾਈਆ । ਤੇਰਾ ਨੂਰ ਨਜ਼ਰ ਨਾ ਆਏ ਸ੍ਰੀ ਭਗਵਾਨ, ਪੜਦਾ ਉਹਲਾ ਨਾ ਕੋਇ ਉਠਾਈਆ । ਸ੍ਰਿਸ਼ਟੀ ਸੁਤੀ ਵਿਚ ਬੀਆਬਾਨ, ਜਾਗਰਤ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦੇ ਸਮਝਾਈਆ । ਸਾਚਾ ਖੇਲ ਦੱਸ ਪ੍ਰਭ ਆਪ, ਸ਼ਬਦੀ ਸੁਤ ਮੰਗ ਮੰਗਾਇੰਦਾ । ਤ੍ਰੈਗੁਣ ਮਾਇਆ ਮੇਟ ਤਾਪ, ਤਤਵ ਤਤ ਤੱਤ ਸਰਬ ਸੁਣਾਇੰਦਾ । ਮਾਇਆ ਮੋਹ ਨਾ ਲੱਗੇ ਸੰਤਾਪ, ਝਗੜਾ ਕੂੜ ਤੇਰੀ ਝੋਲੀ ਪਾਇੰਦਾ । ਰੂਹ ਬੁਤ ਕਰਕੇ ਪਾਕ, ਪਤਿਤ ਪੁਨੀਤ ਤੇਰੀ ਆਸ ਰਖਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਚਾਰ ਵਰਨਾਂ ਅਠਾਰਾਂ ਬਰਨਾਂ ਇਕੋ ਦੱਸ ਦੇ ਜਾਪ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਇੰਦਾ । ਲੇਖੇ ਲਾ ਦੇ ਤਨ ਮਾਟੀ ਖ਼ਾਕ, ਖ਼ਾਲਸ ਰੂਪ ਤੇਰਾ ਨਜ਼ਰੀ ਆਇੰਦਾ । ਜਨ ਭਗਤਾਂ ਅੰਤਰ ਆਤਮ ਕਰਕੇ ਸਾਫ਼, ਦੁਰਮਤ ਮੈਲ ਨਾ ਕੋਇ ਵਖਾਇੰਦਾ । ਜਨਮ ਜਨਮ ਕਰਮ ਕਰਮ ਦਾ ਪਾਪ ਕਰ ਮੁਆਫ਼, ਮਿਹਰ ਨਜ਼ਰ ਨਜ਼ਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਪੁਰਖ ਅਕਾਲ ਕਹੇ ਮੈਂ ਬੇਪਰਵਾਹ, ਆਦਿ ਜੁਗਾਦਿ ਜੁਗ ਚੌਕੜੀ ਮੇਰੀ ਬੇਪਰਵਾਹੀਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗ਼ੰਬਰਾਂ ਦੇਵਾਂ ਰਾਹ, ਧੁਰ ਸੰਦੇਸ਼ਾ ਨਾਮ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਮਾਰਗ ਦਿਤੇ ਲਾ, ਇਸ਼ਾਰਿਆਂ ਨਾਲ ਚਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦਿਤੇ ਬਣਾ, ਖਾਣੀ ਬਾਣੀ ਵੰਡ ਬਣਾਈਆ । ਢੋਲੇ ਸੋਹਲੇ ਰਾਗ ਗੀਤ ਦਿਤੇ ਸੁਣਾ, ਕਲਮਾ ਕਾਇਨਾਤ

ਜਣਾਈਆ । ਪੰਜ ਤਤ ਕਾਇਆ ਮਾਟੀ ਅਮਾਮ ਦਿਤੇ ਬਣਾ, ਆਮਦ ਆਪਣੀ ਨਾ ਕੋਇ ਜਣਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਦਿਤੇ ਰਚਾ, ਰਚਨਾ ਆਪਣੀ ਨਾਲ ਵਡਿਆਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਸੱਤ ਦੀਪ ਦਿਤੇ ਵਸਾ, ਲੱਖ ਚੁਰਾਸੀ ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਨਿਤ ਨਵਿਤ ਨਿਰਗੁਣ ਸਰਗੁਣ ਆਵੇ ਵੇਸ ਵਟਾ, ਜੋਤੀ ਜਾਤਾ ਪੁਰਖ ਬਿਧਾਤਾ ਫੇਰਾ ਪਾਈਆ । ਸਚਖੰਡ ਦਵਾਰਾ ਏਕੰਕਾਰਾ ਪਰਵਰਦਿਗਾਰਾ ਰਿਹਾ ਸੁਹਾ, ਸਾਹਿਬ ਸੁਲਤਾਨ ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰੇ ਜਗਦੀਸ਼, ਜਗਦੀਸ਼ਰ ਤੇਰੀ ਇਕ ਸ਼ਰਨਾਈਆ । ਤੇਰੇ ਕ਼ਦਮਾਂ ਉਪਰ ਸੀਸ, ਨਿਉਂ ਨਿਉਂ ਲਾਗਾਂ ਪਾਈਆ । ਲੇਖਾ ਮੁਕ ਗਿਆ ਬੀਸ ਇਕੀਸ, ਜੋ ਗੋਬਿੰਦ ਗਿਆ ਦ੍ਰਿੜਾਈਆ । ਸਦੀ ਚੌਧਵੀਂ ਰਹੀ ਬੀਤ, ਮੁਹੰਮਦ ਨੇਤਰ ਅੱਖ ਖੁਲ੍ਹਾਈਆ । ਕਲਜੁਗ ਬਦਲਣ ਵਾਲੀ ਰੀਤ, ਸਤਿਜੁਗ ਸਾਚਾ ਲਏ ਅੰਗੜਾਈਆ । ਝਗੜਾ ਮੁਕੇ ਮੰਦਰ ਮਸੀਤ, ਕਾਅਬਾ ਵੰਡ ਨਾ ਕੋਇ ਵਖਾਈਆ । ਇਕੋ ਪੁਰਖ ਅਕਾਲ ਦੀਨ ਦਿਆਲ ਤੇਰੀ ਹੋਵੇ ਪ੍ਰੀਤ, ਪ੍ਰੀਤਮ ਅਵਰ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗ ਰੰਗ ਦੇ ਹਸਤ ਕੀਟ, ਊਚ ਨੀਚ ਡੇਰਾ ਢਾਹੀਆ । ਪੁਰਖ ਅਕਾਲ ਕਹੇ ਸੁਣ ਸ਼ਬਦੀ ਮੇਰੇ ਲਾਲ, ਲਾਲਨ ਦਿਆਂ ਸਮਝਾਈਆ । ਕਲਜੁਗ ਕੂੜੀ ਕਿਰਿਆ ਹੋਣਾ ਕਾਲ, ਕਾਲ ਨਗਾਰਾ ਡੰਕ ਵਜਾਈਆ । ਭਗਤ ਸੁਹੇਲੇ ਲਵਾਂ ਭਾਲ, ਲੱਖ ਚੁਰਾਸੀ ਖੋਜ ਖੁਜਾਈਆ । ਨਾਮ ਅਗੰਮਾ ਦੇਵਾਂ ਸਿਖਾਲ, ਬਿਨ ਅੱਖਰਾਂ ਕਰ ਪੜ੍ਹਾਈਆ । ਸਦ ਨੁਹਾਵਾਂ ਸਾਚੇ ਤਾਲ, ਸਰੋਵਰ ਇਕੋ ਦੇਣਾ ਬਣਾਈਆ । ਜੋਤ ਜਗਾ ਕੇ ਬੇਮਿਸਾਲ, ਜਲਵਾ ਨੂਰ ਕਰਾਂ ਰੁਸ਼ਨਾਈਆ । ਏਥੇ ਓਥੇ ਦੋ ਜਹਾਨ ਕਰਾਂ ਪ੍ਰਿਤਪਾਲ, ਸਿਰ ਆਪਣਾ ਹੱਥ ਰਖਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਘਾਲਣ ਆਏ ਘਾਲ, ਨਰ ਹਰਿ ਨਰਾਇਣ ਸਾਚੀ ਸੇਵ ਕਮਾਈਆ । ਫਲ ਲਗੇ ਨਾ ਕਾਇਆ ਮਾਟੀ ਡਾਲ, ਤਨ ਵਜੂਦ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿਗੁਰ ਸ਼ਬਦ ਕਹੇ ਮੈਂ ਮੰਗਾਂ ਮੰਗ ਏਕ, ਏਕੰਕਾਰ ਤੇਰੀ ਸਰਨਾਈਆ । ਦੂਜੀ ਰਹੇ ਨਾ ਕੋਈ ਟੇਕ, ਟਿੱਕਾ ਮਸਤਕ ਅਵਰ ਨਾ ਕੋਇ ਲਗਾਈਆ । ਅੰਦਰ ਬਾਹਰ ਗੁਪਤ ਜਾਹਰ ਬੁਧ ਕਰ ਬਿਬੇਕ, ਬਿਬੇਕੀ ਕਰ ਵਖਾਈਆ । ਜਿਧਰ ਤੱਕਾਂ ਤੈਨੂੰ ਲੈਣ ਵੇਖ, ਸਨਮੁਖ ਹੋ ਕੇ ਨਜ਼ਰੀ ਆਈਆ । ਆਤਮ ਪਰਮਾਤਮ ਖੋਲ੍ਹ ਭੇਤ, ਭਜਨ ਬੰਦਗੀ ਦੀ ਲੋੜ ਦੇ ਸਮਝਾਈਆ । ਤੂੰ ਮਾਲਕ ਖ਼ਾਲਕ ਜੁਗ ਚੌਕੜੀ ਖੇਵਟ ਖੇਟ, ਮਲਾਹ ਇਕੋ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਦੇ ਜਣਾਈਆ । ਸੱਚਾ ਮਾਰਗ ਦੱਸ ਪੁਰਖ ਅਕਾਲ, ਸਤਿਜੁਗ ਸੱਚਾ ਰਾਹ ਚਲਾਈਆ । ਸ਼ਬਦੀ ਗੁਰ ਬਣੇ ਦਲਾਲ, ਜਗਤ ਵਿਚੋਲਾ ਰਹਿਣ ਨਾ ਪਾਈਆ । ਕਲਜੁਗ ਸ੍ਰਿਸ਼ਟੀ ਹੋਈ ਬੇਹਾਲ, ਬਿਹਬਲ ਹੋ ਕੇ ਦਏ ਦੁਹਾਈਆ । ਕਿਸੇ ਕਰੇ ਨਾ ਕੋਇ ਸੰਭਾਲ, ਗੁਰ ਅਵਤਾਰ ਪੀਰ ਪੈਗ਼ੰਬਰ ਗਏ ਪਲੂ ਛੁਡਾਈਆ । ਜਲਵਾ ਦਿਸੇ ਨਾ ਕੋਇ ਜਲਾਲ, ਨੂਰੋ ਨੂਰ ਨਾ ਕੋਇ ਰੁਸ਼ਨਾਈਆ । ਸ਼ਬਦੀ ਵੱਜੇ ਨਾ ਕੋਇ ਤਾਲ, ਧੁਨ ਆਤਮਕ ਰਾਗ ਨਾ ਕੋਇ ਸੁਣਾਈਆ । ਕਾਇਆ ਮਾਟੀ ਸਾਚਾ ਦੀਪਕ ਸਕੇ ਨਾ ਕੋਈ ਬਾਲ, ਗ੍ਰਹਿ ਮੰਦਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮਿਲੇ ਸਤਿ ਤੇਰੀ ਸਰਨਾਈਆ । ਪੁਰਖ ਅਕਾਲ ਕਹੇ ਮੈਂ ਦੀਨਾਂ


੧੮੧
੧੯

ਬੰਧਨ, ਆਦਿ ਜੁਗਾਦਿ ਅਖਵਾਈਆ । ਜਨ ਭਗਤਾਂ ਦੇਵਾਂ ਪਰਮਾਨੰਦਨ, ਨਿਜਾਨੰਦ ਕਰਾਂ ਰਸਾਈਆ । ਧੂੜੀ ਟਿੱਕਾ ਲਾਵਾਂ ਅਗੰਮਾ ਚੰਦਨ, ਸ਼ਬਦੀ ਮਹਿਕ ਇਕ ਮਹਿਕਾਈਆ । ਜਿਸ ਨੂੰ ਸਮਝੇ ਕੋਈ ਨਾ ਪੰਡਨ, ਪੰਡਤ ਪਾਂਧਾ ਭੇਵ ਕੋਇ ਨਾ ਪਾਈਆ । ਲੱਖ ਚੁਰਾਸੀ ਜਮ ਕੀ ਫਾਸੀ ਤੋੜ ਬੰਧਨ, ਰਾਏ ਧਰਮ ਨਾ ਦਏ ਸਜਾਈਆ । ਆਤਮ ਪਰਮਾਤਮ ਨਾਤਾ ਆਇਆ ਗੰਢਣ, ਜੁਗ ਚੌਕੜੀ ਵਿਛੜੇ ਮੇਲ ਮਿਲਾਈਆ । ਕੂੜੀ ਕਿਰਿਆ ਮੇਟੇ ਭੇਖ ਪਖੰਡਨ, ਮਾਇਆ ਮਮਤਾ ਮੋਹ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਵੇਖ ਅੰਤ ਬ੍ਰਹਿਮੰਡਨ, ਵਰਭੰਡ ਦਏ ਦੁਹਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਿਆ ਤੇਰਾ ਨੂਰ ਨੀਕਨ ਨੀਕਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਪ੍ਰਭ ਪੜਦਾ ਖੋਲ੍ਹ ਜੀਵ ਜੀਅ ਕਾ, ਜਾਗਰਤ ਜੋਤ ਕਰ ਰੁਸ਼ਨਾਈਆ । ਸਤਿਜੁਗ ਆਪਣੇ ਮਿਲਣ ਦਾ ਵੱਖਰਾ ਦੱਸ ਤਰੀਕਾ, ਬਿਨ ਅੱਖੋਂ ਅੱਖ ਖੁਲ੍ਹਾਈਆ । ਅੰਮ੍ਰਿਤ ਰਸ ਰਹੇ ਨਾ ਫੀਕਾ, ਨਿਝਰ ਝਿਰਨਾ ਦੇ ਝਿਰਾਈਆ । ਗੁਰ ਅਵਤਾਰ ਪੈਗ਼ੰਬਰ ਚਾਰ ਜੁਗ ਤੇਰੀਆਂ ਕਰਦੇ ਗਏ ਉਡੀਕਾਂ, ਭਵਿਖਤਾਂ ਵਿਚ ਧਿਆਨ ਲਗਾਈਆ । ਤੂੰ ਸਭ ਦਾ ਸਾਂਝਾ ਮੀਤਾ, ਮਿੱਤਰ ਪਿਆਰਾ ਬੇਪਰਵਾਹੀਆ । ਨਾ ਕੋਈ ਉਲਟਾਵੇ ਤੇਰਾ ਕੀਤਾ, ਚਾਰ ਜੁਗ ਸਰਨਾਈਆ । ਲੱਖ ਚੁਰਾਸੀ ਪਰਖ ਨੀਤਾ, ਦੀਨ ਦੁਨੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਕਹੇ ਮੈਂ ਵੇਖਣਹਾਰਾ ਸ੍ਰਿਸ਼ਟੀ, ਘਟ ਘਟ ਅੰਦਰ ਡੇਰਾ ਲਾਈਆ । ਖੋਲ੍ਹਣਹਾਰਾ ਭਗਤਾਂ ਦ੍ਰਿਸ਼ਟੀ, ਦਿਬ ਨੇਤਰ ਕਰ ਰੁਸ਼ਨਾਈਆ । ਮਾਰਗ ਦੱਸਾਂ ਇਕੋ ਇਸ਼ਟੀ, ਇਸ਼ਟ ਦੇਵ ਸਮਝਾਈਆ । ਸੰਤ ਸੁਹੇਲੇ ਤਾਰਾਂ ਫੜਕੇ ਗ੍ਰਹਿਸਤੀ, ਗਹਿਰ ਗੰਭੀਰ ਨਾਲ ਮਿਲਾਈਆ । ਨਾਤਾ ਤੋੜ ਸਵਰਗ ਬਹਿਸ਼ਤੀ, ਸਚਖੰਡ ਦਿਆਂ ਵਸਾਈਆ । ਜਿਥੇ ਜਨਮ ਮਰਨ ਦੀ ਰਹੇ ਕੋਇ ਨਾ ਹਿਰਸੀ, ਹਵਸ ਅਵਰ ਨਾ ਕੋਇ ਵਧਾਈਆ । ਆਤਮ ਪਰਮਾਤਮ ਰਿਹਾ ਪਰਖੀ, ਪਤਿਪਰਮੇਸ਼ਵਰ ਫੇਰਾ ਪਾਈਆ । ਧਰਨੀ ਧਵਲ ਵੇਖੇ ਧਰਮ ਦਾ ਅਰਸ਼ੀ, ਸ਼ਹਿਨਸ਼ਾਹ ਵੇਸ ਵਟਾਈਆ । ਸਤਿਜੁਗ ਸਾਚੀ ਬਦਲ ਦੇਵੇ ਮਰਜ਼ੀ, ਮਰੀਜ਼ ਰਹਿਣ ਕੋਇ ਨਾ ਪਾਈਆ । ਕੂੜੀ ਕਿਰਿਆ ਮੇਟੇ ਅੰਧੇਰ ਗਰਦੀ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਜਨ ਭਗਤਾਂ ਬਣੇ ਦਰਦੀ, ਗੁਰਮੁਖਾਂ ਗੋਦ ਉਠਾਈਆ । ਜਿਹੜੀ ਆਤਮ ਪਰਮਾਤਮ ਢੋਲਾ ਪੜ੍ਹਦੀ, ਤਿਸ ਦਾ ਪੜਦਾ ਦਏ ਉਠਾਈਆ । ਖ਼ਬਰ ਦੇਵੇ ਆਪਣੇ ਘਰ ਦੀ, ਘਰ ਵਿਚ ਘਰ ਕਰੇ ਰੁਸ਼ਨਾਈਆ । ਇਹ ਖੇਲ ਅਗੰਮੇ ਹਰਿ ਦੀ, ਜੋ ਹਰ ਹਿਰਦਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸ਼ਬਦ ਗੁਰੂ ਕਹੇ ਮੇਰੇ ਦੇਵ ਸਵਾਮੀ, ਸਾਹਿਬ ਤੇਰੀ ਸਰਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਸਿਫ਼ਤਾਂ ਵਾਲੀ ਗਾਈ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਅਠਸਠ ਤੀਰਥ ਮਾਣ ਦਿਤਾ ਪਾਣੀ, ਪਨਘਟ ਉਤੇ ਵੇਖੀ ਲੋਕਾਈਆ । ਤੇਰੀ ਰਚਨ ਅੰਡਜ ਜੇਰਜ ਉਤਭੁਜ ਸੇਤਜ ਖਾਣੀ, ਚਾਰੋਂ ਕੁੰਟ ਫੇਰਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਭ ਦੀ ਦ੍ਰਿਸ਼ਟੀ ਹੋਈ ਨਿਮਾਣੀ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦੇ ਦ੍ਰਿੜਾਈਆ । ਸਾਚਾ ਖੇਲ ਦੱਸ ਭਗਵੰਤ, ਇਕੋ ਇਕ ਅਰਜ਼ੋਈਆ । ਆਤਮ ਪਰਮਾਤਮ ਮੇਲਾ ਕਰ ਦੇ ਨਾਲ ਕੰਤ, ਘਰ ਸਹਿਜੇ ਮਿਲੇ ਢੋਈਆ । ਕਾਇਆ ਚੋਲੀ ਚੜ੍ਹੇ ਰੰਗ ਬਸੰਤ, ਦੂਜੇ ਰੰਗ ਦੀ ਲੋੜ ਰਹੇ ਨਾ ਰਾਈਆ । ਗੜ੍ਹ ਤੁਟੇ ਹਉਮੇ ਹੰਗਤ, ਉਠੇ

ਸੁਰਤੀ ਸੋਈਆ । ਬੋਧ ਅਗਾਧਾ ਬਣ ਪੰਡਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਬਖ਼ਸ਼ ਇਕ ਸਰਨਾਈਆ । ਸਚ ਸਰਨਾਈ ਦੇ ਦੇ ਚਰਨ, ਚਰਨ ਕਵਲ ਧਿਆਨ ਲਗਾਈਆ । ਨੇਤਰ ਖੁਲ੍ਹੇ ਹਰਨ ਫਰਨ, ਨਿਜ ਨੈਣ ਸਦਾ ਰੁਸ਼ਨਾਈਆ । ਝਕੜਾ ਮੁਕ ਜਾਏ ਵਰਨ ਬਰਨ, ਜਾਤ ਪਾਤ ਨਾ ਵੰਡ ਵੰਡਾਈਆ । ਮਰਨ ਤੋਂ ਪਹਿਲੋਂ ਦੇ ਮਰਨ, ਜੀਵਣ ਜੀਵਨ ਵਿਚੋਂ ਬਦਲਾਈਆ । ਗੁਰਮੁਖ ਤੇਰਾ ਢੋਲਾ ਪੜ੍ਹਨ, ਤੂੰ ਹੀ ਤੂੰ ਹੀ ਰਾਗ ਅਲਾਈਆ । ਤੇਰੀ ਮੰਗਣ ਸਰਨ, ਦੂਸਰ ਸੀਸ ਨਾ ਕੋਇ ਝੁਕਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਤਰਨੀ ਤਰਨ, ਤਾਰਨਹਾਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦੇ ਜਣਾਈਆ । ਸਚ ਮਾਰਗ ਦੱਸ ਭਗਵਾਨ, ਸਤਿਜੁਗ ਸੱਚਾ ਰਾਹ ਜਣਾਈਆ । ਲੇਖਾ ਕੂੜ ਮਿਟੇ ਜਹਾਨ, ਮਮਤਾ ਮੋਹ ਨਾ ਕੋਇ ਹਲਕਾਈਆ । ਘਰ ਸਵਾਮੀ ਦਿਸੇ ਕਾਹਨ, ਸਖ਼ੀ ਸਹੇਲੀ ਵੱਜੇ ਵਧਾਈਆ । ਪ੍ਰੇਮ ਪ੍ਰੀਤੀ ਬਖ਼ਸ਼ ਦਾਨ, ਦਇਆਵਾਨ ਤੇਰੀ ਓਟ ਤਕਾਈਆ । ਸੀਤਾ ਸੁਰਤੀ ਮਿਲੇ ਰਾਮ, ਰਮਈਆ ਆਪਣਾ ਫੇਰਾ ਪਾਈਆ । (ਹੱਕ) ਪੈਗ਼ੰਬਰ ਦੇ ਪੈਗ਼ਾਮ, ਕਲਮਾ ਨਗ਼ਮਾ ਨਾਮ ਸੁਣਾਈਆ । ਨਾਨਕ ਨਿਰਗੁਣ ਮੰਤਰ ਦੇ ਸਤਿਨਾਮ, ਗੋਬਿੰਦ ਫ਼ਤਿਹ ਡੰਕਾ ਇਕ ਵਜਾਈਆ । ਸਾਚੇ ਮੰਦਰ ਹੋਵੇ ਵਿਸਰਾਮ, ਬਿਸਤਰ ਇਕੋ ਦੇਣਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਰਨੀ ਦੇਣੀ ਸਰਨਾਈਆ । ਸਾਚੀ ਸਰਨ ਦੇ ਦੇ ਇਕ, ਏਕੰਕਾਰ ਮੰਗ ਮੰਗਾਈਆ । ਚਾਰੋਂ ਕੁੰਟ ਆਵੇਂ ਦਿੱਸ, ਦਹਿ ਦਿਸ਼ਾ ਤੇਰੀ ਰੁਸ਼ਨਾਈਆ । ਕਰਵਟ ਲੈ ਬਦਲ ਲੈ ਪਿੱਠ, ਕਲਜੁਗ ਅੰਤਮ ਸਤਿਜੁਗ ਲਏ ਅੰਗੜਾਈਆ । ਭਗਤ ਸੁਹੇਲੇ ਕਰ ਹਿਤ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਤੇਰਾ ਦਰਸ਼ਨ ਕਰਨ ਨਿਤ, ਨਿਜ ਘਰ ਮਿਲ ਕੇ ਖ਼ੁਸ਼ੀ ਮਨਾਈਆ । ਤੂੰ ਮਾਲਕ ਸਭ ਦਾ ਪਿਤ, ਪਤਿਪਰਮੇਸ਼ਵਰ ਬੇਪਰਵਾਹੀਆ । ਨਿਹਕਰਮੀ ਹੋ ਕੇ ਆਪਣਾ ਲੇਖਾ ਲਿਖ, ਕਰਮਾਂ ਤੋਂ ਲੈ ਛੁਡਾਈਆ । ਪੂਜਣਾ ਪਏ ਨਾ ਕੋਈ ਪੱਥਰ ਇੱਟ, ਕਾਇਆ ਕਾਅਬਾ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਮੇਲ ਮਿਲਾਈਆ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਖੋਲ੍ਹਾਂ ਭੇਤ, ਅਭੇਦ ਦਿਆਂ ਜਣਾਈਆ । ਨਜ਼ਰੀ ਆਵਾਂ ਨੇਤਨ ਨੇਤ, ਨਿਜ ਨੈਣ ਕਰਾਂ ਰੁਸ਼ਨਾਈਆ । ਆਤਮ ਪਰਮਾਤਮ ਕਰਾਂ ਹੇਤ, ਮਨ ਵਾਸਨਾ ਦਿਆਂ ਮਿਟਾਈਆ । ਰੁੱਤ ਬਸੰਤੀ ਮੌਲੇ ਚੇਤ, ਚੇਤਨ ਸੁਰਤੀ ਦਿਆਂ ਕਰਾਈਆ । ਨਿਰਗੁਣ ਸਰਗੁਣ ਦੱਸਾਂ ਖੇਡ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲਾ ਸਹਿਜੇ ਲਏ ਮਿਲਾਈਆ । ਜਨ ਭਗਤਾਂ ਮੇਲਾ ਹੋਏ ਮਿਲਾਪ, ਸਚ ਸ਼ਬਦ ਸ਼ਨਵਾਈਆ । ਤੂੰ ਮੇਰਾ ਮੈਂ ਤੇਰਾ ਇਕੋ ਜਾਪ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਅੰਦਰ ਬਾਹਰ ਕਰ ਕੇ ਸਾਫ਼, ਪਤਿਤ ਪੁਨੀਤ ਲਏ ਬਣਾਈਆ । ਸ਼ਬਦ ਅਗੰਮੀ ਦੇ ਕੇ ਵਾਕ, ਵਾਕਫ਼ ਆਪਣਾ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਸਾਚੇ ਵੇਖ, ਆਪਣੀ ਦਇਆ ਕਮਾਈਆ । ਜਨਮ ਜਨਮ ਦੀ ਬਦਲ ਕੇ ਰੇਖ, ਕਰਮ ਕਾਂਡ ਦਏ ਗਵਾਈਆ । ਚਰਨ ਕਵਲ ਕਵਲ ਚਰਨ ਬਖ਼ਸ਼ ਕੇ ਸਾਚੀ ਟੇਕ, ਟਿੱਕਾ ਮਸਤਕ ਦਏ ਲਗਾਈਆ । ਕੂੜੀ ਕਿਰਿਆ ਤੋਂ ਕਰ ਕੇ ਨੇਕ, ਨਿੱਕਿਆਂ ਤੋਂ ਵੱਡੇ ਦਏ ਬਣਾਈਆ । ਨਾਮ ਨਿਧਾਨ ਦੇ ਕੇ ਧੁਰ ਸੰਦੇਸ਼, ਸੁਨੇਹੜਾ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਈਆ ।

ਹਰਿਜਨ ਤੇਰਾ ਸਤਿਗੁਰ ਘਰ ਵਸੇਰਾ, ਦਵਾਰਾ ਇਕੋ ਇਕ ਸਮਝਾਈਆ । ਨਜ਼ਰੀਂ ਆਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਓਥੇ ਕਦੇ ਨਾ ਹੋਏ ਅੰਧੇਰਾ, ਬਿਨ ਤੇਲ ਬਾਤੀ ਜੋਤੀ ਜੋਤ ਜੋਤ ਕਰੇ ਰੁਸ਼ਨਾਈਆ । ਲੱਖ ਚੁਰਾਸੀ ਕਟੇ ਗੇੜਾ, ਮਾਤ ਗਰਭ ਨਾ ਕੋਇ ਫਿਰਾਈਆ । ਮਾਨਸ ਜਨਮ ਬੰਨ੍ਹੇ ਬੇੜਾ, ਸਿਰ ਆਪਣਾ ਹੱਥ ਟਿਕਾਈਆ । ਢੋਲਾ ਦੱਸ ਕੇ ਤੂੰ ਮੇਰਾ ਮੈਂ ਤੇਰਾ, ਨਾਮ ਨਿਧਾਨਾ ਦਏ ਸਮਝਾਈਆ । ਮੁਹੱਬਤ ਵਿਚ ਮਿਹਰਵਾਨ ਮਹਿਬੂਬ ਕਰੇ ਮਿਹਰਾ, ਸ੍ਰੀ ਭਗਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਇਕੋ ਨਜ਼ਰੀ ਆਈਆ । ਸ੍ਰੀ ਭਗਵਾਨ ਤੂੰ ਆਦਿ ਜੁਗਾਦੀ ਦੀਨ ਦਿਆਲ, ਦਇਆਨਿਧ ਅਖਵਾਇੰਦਾ । ਭਾਗ ਲਗਾ ਕਾਇਆ ਸੱਚੀ ਧਰਮਸਾਲ, ਦੂਜਾ ਬੰਕ ਨਾ ਕੋਇ ਵਡਿਆਈਆ । ਦੀਪ ਜੋਤ ਜਗੇ ਬੇਮਿਸਾਲ, ਨੂਰੋ ਨੂਰ ਰੁਸ਼ਨਾਇੰਦਾ । ਸ਼ਬਦ ਅਗੰਮੀ ਵੱਜੇ ਧੁਨਕਾਨ, ਧੁਨ ਆਤਮਕ ਰਾਗ ਅਲਾਇੰਦਾ । ਅੰਮ੍ਰਿਤ ਮਿਲੇ ਆਤਮ ਪੀਣ ਖਾਣ, ਤ੍ਰਿਸ਼ਨਾ ਭੁੱਖ ਨਾ ਕੋਇ ਵਧਾਇੰਦਾ । ਤੂੰ ਸਾਹਿਬ ਸਵਾਮੀ ਧੁਰ ਦਾ ਕਾਹਨ, ਰਾਮ ਇਕੋ ਸੋਭਾ ਪਾਇੰਦਾ । ਦਵਾਰਾ ਸੁਹਾਉਣਾ ਸਾਢੇ ਤਿੰਨ ਹੱਥ ਮਕਾਨ, ਮੁਕਾਮ ਇਕੋ ਨਜ਼ਰੀ ਆਇੰਦਾ । ਆਤਮ ਸੇਜਾ ਕਰ ਆਰਾਮ, ਸੁਖ ਆਸਣ ਇਕ ਸੁਹਾਇੰਦਾ । ਚਰਨ ਪ੍ਰੀਤੀ ਬਖ਼ਸ਼ ਸਚ ਗਿਆਨ, ਅਗਿਆਨ ਅੰਧੇਰ ਰਹਿਣ ਕੋਇ ਨਾ ਪਾਇੰਦਾ । ਧੂੜੀ ਹੋਵੇ ਇਸ਼ਨਾਨ, ਤੀਰਥ ਤਟ ਵੰਡ ਨਾ ਕੋਇ ਵੰਡਾਇੰਦਾ । ਪ੍ਰੇਮ ਪਿਆਰ ਪ੍ਰੀਤੀ ਅੰਦਰ ਪਰਮ ਪੁਰਖ ਮਿਲੇ ਆਣ, ਸਤਿਗੁਰ ਸ਼ਬਦ ਤੇਰਾ ਰੂਪ ਅਨੂਪ ਨਜ਼ਰੀ ਆਇੰਦਾ । ਤੂੰ ਆਦਿ ਜੁਗਾਦੀ ਸਦਾ ਦਇਆਵਾਨ, ਦੀਨ ਦੁਨੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ੧੮੪
ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਟਨ ਭਾਨ ਤੇਰਾ ਨੂਰ ਚਮਕਾਇੰਦਾ ।



### ੪ ਮਾਘ ਸ਼ਹਿਨਸ਼ਾਹੀ ਸੰਮਤ ੧ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹ ਭਲਾਈਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ

ਮਾਘ ਕਹੇ ਮੈਂ ਗੁਰਮੁਖ ਵੇਖਾਂ ਮੰਗਦੇ, ਮਾਂਗਤ ਹੋ ਕੇ ਝੋਲੀ ਡਾਹੀਆ । ਅੰਤਰ ਆਤਮ ਤਨ ਵਜੂਦ ਰੰਗਦੇ, ਕਾਇਆ ਮਾਟੀ ਖ਼ਾਕੀ ਸੋਭਾ ਪਾਈਆ । ਦੁਰਮਤ ਮੈਲ ਪਾਪ ਧੋ ਕੇ ਚੰਮ ਦੇ, ਚੰਮ ਦ੍ਰਿਸ਼ਟੀ ਜਾਣ ਬਦਲਾਈਆ । ਭੇਵ ਮੁਕਾ ਕੇ ਹੰ ਬ੍ਰਹਮ, ਦੇ, ਪਾਰਬ੍ਰਹਮ ਪ੍ਰਭ ਪਤਿਪਰਮੇਸ਼ਵਰ ਦਰਸ਼ਨ ਪਾਈਆ । ਪੁਰਖ ਅਕਾਲ ਦੇ ਗ੍ਰਿਹ ਜੰਮਦੇ, ਜਨਮ ਜਨਮ ਵਿਚੋਂ ਬਦਲਾਈਆ । ਮਾਨਸ ਜਨਮ ਬੇੜਾ ਬੰਨ੍ਹਦੇ, ਨਾਤਾ ਜਗਤ ਵਾਲਾ ਤੁੜਾਈਆ । ਝਗੜੇ ਮੁਕਾ ਕੇ ਖ਼ੁਸ਼ੀ ਗ਼ਮ ਦੇ, ਇਕੋ ਰੰਗ ਰਹੇ ਸਮਾਈਆ । ਲੇਖੇ ਮੁਕਾ ਕੇ ਮਮਤਾ ਮਮ ਦੇ, ਸੀਸ ਜਗਦੀਸ਼ ਇਕ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦੇਵਣਹਾਰ ਸਰਨਾਈਆ । ਮਾਘ ਕਹੇ ਮੰਗਤਿਆਂ ਵਿਚੋਂ ਨਜ਼ਰੀ ਆਈ ਮੰਗਤੀ, ਜੁਗ ਚੌਕੜੀ ਦਏ ਗਵਾਹੀਆ । ਜਿਸ ਨੂੰ ਸਮਝੇ ਨਾ ਕੋਈ ਪੰਡਤੀ, ਵੇਦ ਸ਼ਾਸਤਰ ਪੁਰਾਨ ਨਾ ਕੋਇ ਦ੍ਰਿੜਾਈਆ । ਭੇਵ ਜਾਣੇ ਧਾਰ ਨਾ ਕੋਈ ਮਨ ਦੀ, ਬੁਧੀ ਪੜਦਾ ਨਾ ਕੋਇ ਉਠਾਈਆ । ਖੇਲ ਨਹੀਂ ਕਿਸੇ ਪੰਜ ਤਤ ਕਾਇਆ ਤਨ ਦੀ, ਤਤਵ ਤਤ ਨਾ ਕੋਇ ਵਡਿਆਈਆ । ਚਾਲ ਅਵੱਲੜੀ ਸ੍ਰੀ ਭਗਵਨ ਦੀ, ਪਾਰਬ੍ਰਹਮ ਪ੍ਰਭ ਖੇਲ ਖਿਲਾਈਆ । ਵਸਤ ਪਿਛਲੀ ਬਲ ਵਾਲੇ ਅੰਨ ਦੀ, ਹੁਕਮੇ ਅੰਦਰ ਲਈ ਮੰਗਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਮਾਘ ਕਹੇ ਮੈਂ ਮੰਗਤੇ ਵੇਖੇ ਜਗ, ਜੁਗ ਚੌਕੜੀ ਧਿਆਨ ਲਗਾਈਆ । ਗੁਰ ਅਵਤਾਰ ਪੈਗ਼ੰਬਰ ਪ੍ਰਭ ਨੂੰ ਰਹੇ ਲੱਭ, ਬਿਨ ਅੱਖਾਂ ਅੱਖ ਖੁਲ੍ਹਾਈਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਰਹੇ ਭੱਜ, ਭੱਜਣ ਵਾਹੋ ਦਾਹੀਆ । ਨਾਮ ਸੰਦੇਸ਼ਿਆਂ ਵਿਚ ਰਹੇ ਸੱਦ, ਨਾਅਰੇ ਕਲਮਿਆਂ ਵਿਚ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮਾਘ ਕਹੇ ਮੈਂ ਵੇਖਾਂ ਪੂਰਬ ਲਹਿਣਾ, ਲੇਖਾ ਲੇਖੇ ਵਿਚੋਂ ਪਰਗਟਾਈਆ । ਸਤਿਜੁਗ ਖੇਲ ਕੀਤਾ ਨਰ ਨਰਾਇਣਾ, ਨਰ ਹਰਿ ਦਇਆ ਕਮਾਈਆ । ਪੁਰਖ ਅਕਾਲ ਅਗੰਮੀ ਸ਼ਬਦੀ ਢੋਲਾ ਕਹਿਣਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਥੋੜਾ ਲੇਖਾ ਬਾਲਮੀਕ ਲਿਖਿਆ ਵਿਚ ਰਮਾਇਣਾ, ਸਤਰਾਂ ਸਾਢੇ ਤਿੰਨ ਵੰਡ ਵੰਡਾਈਆ । ਰਵਦਾਸ ਚਮਾਰ ਨੇਤਰ ਲੋਚਣ ਤੱਕ ਕੇ ਆਪਣੇ ਨੈਣਾਂ, ਅੱਖ ਪਰਤੱਖ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਰਨੀ ਕਹੇ ਮੈਂ ਕੀ ਦੱਸਾਂ ਕਾਰ, ਸੋਚ ਸਮਝ ਰਹੀ ਨਾ ਰਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਸੰਦੇਸ਼ੇ ਦੇ ਕੇ ਗਏ ਗੁਰੂ ਅਵਤਾਰ, ਪੈਗ਼ੰਬਰ ਕਲਮਾ ਕਾਇਨਾਤ ਪੜ੍ਹਾਈਆ । ਬੋਧ ਅਗਾਧਾ ਸ਼ਬਦ ਅਨਾਦਾ ਖੋਲ੍ਹੇ ਨਾ ਕੋਇ ਕਿਵਾੜ, ਪੜਦਾ ਪੜਦਾ ਨਾ ਕੋਇ ਚੁਕਾਈਆ । ਚਾਰ ਕੁੰਟ ਦਹਿ ਦਿਸ਼ਾ ਫਿਰੀ ਦਰੋਹੀ ਜੰਗਲ ਵਿਚ ਉਜਾੜ, ਪਹਾੜ ਰਹੇ ਕੁਰਲਾਈਆ । ਸਦਮਾ ਹੋਇਆ ਪੁਰਖ ਨਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਪੂਰਬ ਲੇਖਾ ਕਹੇ ਮੇਰੀ ਕਿਸੇ ਨਾ ਲਿਖੀ ਲਿਖਤ, ਕ਼ਲਮ ਸ਼ਾਹੀ ਵੰਡ ਨਾ ਕੋਇ ਵੰਡਾਈਆ । ਸਮਝ ਆਈ ਨਾ ਦੁਨੀ ਦ੍ਰਿਸ਼ਟ, ਸ੍ਰਿਸ਼ਟ ਜੀਵ ਨਾ ਕੋਇ ਵਡਿਆਈਆ । ਥੋੜਾ ਇਸ਼ਾਰਾ ਕੀਤਾ ਰਾਮ ਵਸ਼ਿਸ਼ਟ, ਵਾਸਨਾ ਸ਼ਬਦੀ ਇਕ ਜਣਾਈਆ । ਕੂੜੀ ਕਿਰਿਆ ਅੰਤਮ ਹੋਵੇ ਨਿਸ਼ਟ, ਨਸ਼ਟ ਕਰੇ ਬੇਪਰਵਾਹੀਆ । ਜਿਸ ਦੇ ਕੋਲ ਆਦਿ ਜੁਗਾਦਿ ਫ਼ਰਿਸਤ, ਨਿਹਕਰਮੀ ਕਰਮਾਂ ਖੋਜ ਖੁਜਾਈਆ । ਭੇਵ ਜਾਣੇ ਵੈਰਾਗੀ ਤਿਆਗੀ ਬੈਰਾਗੀ ਗ੍ਰਿਹਸਤ, ਕੰਤ ਸੁਹਾਗੀ ਖੋਜ ਖੁਜਾਈਆ । ਝਗੜਾ ਮੁਕਾਵੇ ਟਾਂਕ ਜਿਸਤ, ਇਕੋ ਏਕਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਕੀ ਦਸਾਂ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਆਦਿ ਜੁਗਾਦੀ ਦਾਤਾ ਦਾਨੀ ਗੁਣੀ ਗਹੀਰ, ਗਹਿਰ ਗਵਰ ਵਡ ਵਡਿਆਈਆ । ਜਿਸ ਦੀ ਅਕਸ ਵਿਚ ਨਹੀਂ ਤਸਵੀਰ, ਰੂਪ ਰੰਗ ਨਾ ਕੋਈ ਪਰਗਟਾਈਆ । ਦੋ ਜਹਾਨਾਂ ਮਾਲਕ ਖ਼ਾਲਕ ਵੱਡਾ ਪੀਰ, ਪਾਰਬ੍ਰਹਮ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਧੁਰ ਦਾ ਹੁਕਮ ਕਹੇ ਮੈਨੂੰ ਆਈ ਯਾਦ, ਬਲ ਦਵਾਰਾ ਨਜ਼ਰੀ ਆਈਆ । ਸ਼ਬਦ ਅਗੰਮੀ ਵੱਜੀ ਆਵਾਜ਼, ਹੁਕਮ ਰਹੀ ਸੁਣਾਈਆ । ਮੰਗਤੇ ਮੰਗਤਿਆਂ ਦਾ ਖੋਲ੍ਹ ਰਾਜ਼, ਪੜਦਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦੇ ਸਮਝਾਈਆ । ਪੜਦਾ ਕਹੇ ਮੈਂ ਰਖਣਾ ਉਹਲਾ, ਸਤਿ ਸਤਿ ਦੇਣਾ ਜਣਾਈਆ । ਸ਼ਬਦੀ ਹੁਕਮ ਬਣੇ ਵਿਚੋਲਾ, ਗੁਪਤ ਜਾਹਰ ਖੇਲ ਖਿਲਾਈਆ । ਕੂੜਾ ਪਾਏ ਕੋਈ ਨਾ ਰੌਲਾ, ਸਤਿ ਸਚ ਦਏ ਸਮਝਾਈਆ । ਯਾਦ ਕਰਾਏ ਧੁਰ ਦਾ ਬੋਲਾ, ਅਨਬੋਲਤ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਜਣਾਈਆ । ਮਾਘ

ਕਹੇ ਮੋਹੇ ਆਈ ਵੀਚਾਰ, ਸਤਿਜੁਗ ਪਿਛਲਾ ਯਾਦ ਆਈਆ । ਪੁਰਖ ਅਬਿਨਾਸ਼ੀ ਬਣ ਭਿਖਾਰ, ਮੰਗਣ ਜਾਏ ਚਾਈਂ ਚਾਈਆਂ । ਬਾਵਨ ਰੂਪ ਆਪਣਾ ਧਾਰ, ਦਰ ਠਾਂਡੇ ਆਸਣ ਲਾਈਆ । ਭੇਖੀ ਹੋ ਕੇ ਨਰ ਨਿਰੰਕਾਰ, ਮਾਲਾ ਮਣਕੇ ਰਿਹਾ ਵਖਾਈਆ । ਪਾਟੇ ਚੀਥੜ ਚੋਲੀ ਅਪਰ ਅਪਾਰ, ਬਹੱਤਰ ਕੰਨੀਆਂ ਗੰਢ ਪਵਾਈਆ । ਸੱਤ ਰੰਗ ਦੀ ਬੰਨ੍ਹ ਦਸਤਾਰ, ਲੀਰੋ ਲੀਰ ਲੀਰ ਵਖਾਈਆ । ਟੁੱਟਾ ਜੁਤਾ ਕਰ ਤਿਆਰ, ਅੱਧਾ ਖੱਬਾ ਚਰਨ ਨੰਗਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਮਾਘ ਕਹੇ ਮੈਂ ਮਾਂਗਤ ਵੇਖਿਆ ਦਰਵੇਸ਼, ਪੁਰਖ ਅਕਾਲਾ ਨਜ਼ਰੀ ਆਈਆ । ਜੋ ਵੇਸ ਵਟਾਏ ਨਿਤ ਹਮੇਸ਼, ਨਿਰਗੁਣ ਸਰਗੁਣ ਖੇਲ ਖਿਲਾਈਆ । ਬਲ ਦਵਾਰੇ ਕਰੇ ਆਦੇਸ਼, ਡੰਡੌਤ ਇਕੋ ਇਕ ਜਣਾਈਆ । ਨਾਲ ਲੈ ਕੇ ਪੰਜ ਰੇਠ, ਪੰਜਾਂ ਉਂਗਲੀਆਂ ਹੇਠ ਦਬਾਈਆ । ਜਿਸ ਦਾ ਸਮਝੇ ਕੋਈ ਨਾ ਭੇਤ, ਅਮੀਰ ਵਜ਼ੀਰ ਰਹੇ ਕੁਰਲਾਈਆ । ਸਭ ਤੋਂ ਵੱਖਰੀ ਕਰ ਕੇ ਖੇਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਰਨੀ ਕਹੇ ਮੈਂ ਵੇਖਿਆ ਕਰਤਾਰ, ਬਵਲਾ ਬੌਰਾ ਰੂਪ ਵਟਾਈਆ । ਬਿਰਧ ਅਵਸਥਾ ਵਿਚ ਸੰਸਾਰ, ਬਣਿਆਂ ਪਾਂਧੀ ਰਾਹੀਆ । ਇਕੋ ਢੋਲਾ ਗਾਵੇ ਅਪਰ ਅਪਾਰ, ਤੂੰ ਹੀ ਤੂੰ ਹੀ ਰਾਗ ਅਲਾਈਆ । ਭੁੱਖਿਆਂ ਬੀਤ ਗਏ ਜੁਗ ਚਾਰ, ਬ੍ਰਾਹਮਣ ਪੇਟ ਨਾ ਕੋਇ ਭਰਾਈਆ । ਖ਼ਾਲੀ ਦਿਸਦੇ ਸਰਬ ਦਵਾਰ, ਭੰਡਾਰਾ ਸਚ ਨਾ ਕੋਇ ਵਰਤਾਈਆ । ਗ਼ਰੀਬਾਂ ਕਰੇ ਨਾ ਕੋਇ ਪਿਆਰ, ਮੁਹੱਬਤ ਸਤਿ ਨਾ ਕੋਇ ਕਮਾਈਆ । ਨਾਲੇ ਰੋਵੇ ਧਾਹਾਂ ਮਾਰ, ਉਚੀ ਕੂਕ ਕੂਕ ਸੁਣਾਈਆ । ਮੈਂ ਨਹੀਂ ਵੇਖਿਆ ਰਾਜ ਦਰਬਾਰ, ਦਰ ਦਰਬਾਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਖੇਲ ਕਹੇ ਮੈਂ ਵੇਖਿਆ ਖਿਲਾਰੀ, ਹਰਿ ਕਰਤਾ ਬੇਪਰਵਾਹੀਆ । ਰੂਪ ਧਾਰ ਅਗੰਮ ਅਪਾਰੀ, ਨਿਰਗੁਣ ਸਰਗੁਣ ਆਸਣ ਲਾਈਆ । ਸਮਝ ਸਕੇ ਨਾ ਜੀਵ ਗਵਾਰੀ, ਦਰ ਦਰਬਾਨ ਭੇਵ ਕਿਸੇ ਨਾ ਪਾਈਆ । ਸਾਢੇ ਤਿੰਨ ਉਚੀ ਕੂਕ ਕੀਤੀ ਪੁਕਾਰੀ, ਹੋਕਾ ਦੇ ਕੇ ਦਿਤਾ ਸੁਣਾਈਆ । ਉਠ ਕੇ ਚਲਿਆ ਬੁੱਢਾ ਭਿਖਾਰੀ, ਬ੍ਰਾਹਮਣ ਵੇਤਾ ਫੇਰਾ ਪਾਈਆ । ਨੇਤਰ ਰੋਵੇ ਜ਼ਾਰੋ ਜ਼ਾਰੀ, ਨੈਣਾਂ ਨੀਰ ਵਹਾਈਆ । ਲੰਮੀ ਵਾਹਵਾ ਹਿੱਲੇ ਦਾੜ੍ਹੀ, ਢਾਈ ਹੱਥ ਨਜ਼ਰੀ ਆਈਆ । ਤਿੰਨ ਦਫਾ ਦੋਵਾਂ ਹੱਥਾਂ ਨਾਲ ਝਾੜੀ, ਦੋ ਜਹਾਨ ਰਹੇ ਸ਼ਰਮਾਈਆ । ਕੂਕ ਪੁਕਾਰੇ ਸੱਚੀ ਨਹੀਂ ਕੋਈ ਸਰਦਾਰੀ, ਛਤਰਧਾਰੀ ਪੂਰੀ ਆਸ ਨਾ ਕੋਇ ਕਰਾਈਆ । ਬਿਨਾ ਪੁਰਖ ਅਕਾਲ ਚੰਗੀ ਨਹੀਂ ਕੋਈ ਯਾਰੀ, ਯਾਰਾਨਾ ਤੋੜ ਨਾ ਕੋਇ ਨਿਭਾਈਆ । ਓਧਰੋਂ ਆ ਗਈ ਤੇਰਾਂ ਸਾਲ ਦੀ ਕੰਨਿਆਂ ਕਵਾਰੀ, ਜਿਸ ਦਾ ਪਿਤਾ ਯਸ਼ੀਮ ਨਜ਼ਰੀ ਆਈਆ । ਉਹਦਾ ਦਾਦਾ ਸੀ ਪਰਸ਼ੋਤਮ ਬੜਾ ਉਪਕਾਰੀ, ਨਿਤ ਬ੍ਰਾਹਮਣ ਸੇਵ ਕਮਾਈਆ । ਉਹ ਨੰਨ੍ਹੀ ਬੱਚੀ ਜਾ ਡਿੱਗੀ ਚਰਨ ਦਵਾਰੀ, ਮਸਤਕ ਧੂੜੀ ਟਿੱਕਾ ਲਾਈਆ । ਚਲੋ ਪਿਤਾ ਮੈਂ ਸੇਵ ਕਰਾਂ ਤੁਮਹਾਰੀ, ਘਰ ਭੋਜਨ ਦੇਵਾਂ ਛਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਿਰਧ ਕਹੇ ਤੂੰ ਅਜੇ ਬਾਲੀ ਬੱਚੀ, ਸਚ ਦਿਆਂ ਸਮਝਾਈਆ । ਪਹਿਲਾਂ ਦਿਆਂ ਪ੍ਰੇਮ ਦੀ ਰੱਤੀ, ਨਾਮ ਖ਼ੁਮਾਰੀ ਦਿਆਂ ਚੜ੍ਹਾਈਆ । ਫੇਰ ਪੜ੍ਹਾ ਕੇ ਅਗੰਮੀ ਪੱਟੀ, ਨਿਰ ਅੱਖਰ ਦਿਆਂ ਸਮਝਾਈਆ । ਫਿਰ ਵਖਾਵਾਂ ਸਾਚੀ ਹੱਟੀ, ਮੈਥੋਂ ਵਸਤ ਖ਼ਰੀਦਣੀ ਚਾਈਂ ਚਾਈਆ । ਨਿਰਗੁਣ ਜੋਤ ਦੀ ਦੇਵਾਂ ਸੱਚੀ ਬੱਤੀ, ਅਗਨੀ ਅੱਗ ਲਏ ਜਲਾਈਆ । ਤੇਰੀ ਪ੍ਰੀਤ ਸਮਝ ਕੇ ਹੱਕੀ, ਹਕੀਕਤ

੧੮੬
੧੯

ਦਿਆਂ ਦ੍ਰਿੜਾਈਆ । ਉਹ ਕੰਨਿਆਂ ਝਟ ਰੋ ਪਈ ਅੱਖੀਂ, ਨੇਤਰ ਨੀਰ ਰਹੀ ਵਖਾਈਆ । ਉਸ ਦੇ ਕੋਲ ਸੀ ਇਕ ਪੱਖੀ, ਹੌਲੀ ਹੌਲੀ ਝੱਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਿਰਧ ਕਹੇ ਮੈਂ ਬ੍ਰਾਹਮਣ ਬੁੱਢਾ, ਕ਼ਦਮ ਕ਼ਦਮ ਨਾ ਕੋਇ ਉਠਾਈਆ । ਮੈਂ ਕੀ ਦੱਸਾਂ ਭੇਵ ਗੁੱਝਾ, ਕਿਸ ਨੂੰ ਦਿਆਂ ਸਮਝਾਈਆ । ਸਤਿਜੁਗ ਪੈਂਡਾ ਦਿਸਦਾ ਮੁਕਾ, ਅੰਤ ਰਿਹਾ ਬਦਲਾਈਆ । ਮੈਨੂੰ ਟੁੱਕਰ ਦੇ ਦੇ ਸੁੱਕਾ, ਖਾ ਕੇ ਖ਼ੁਸ਼ੀ ਮਨਾਈਆ । ਕੰਨਿਆਂ ਰੋ ਪਈ ਮਾਰ ਕੇ ਭੁੱਬਾਂ, ਉਚੀ ਦਏ ਦੁਹਾਈਆ । ਮੈਨੂੰ ਬਖ਼ਸ਼ ਸਾਚੀ ਬੁਧਾ, ਭੇਵ ਦੇ ਖੁਲ੍ਹਾਈਆ । ਮੇਰਾ ਪਿਤਾ ਇਕ ਲੱਤ ਤੋਂ ਡੁੱਡਾ, ਲੰਗੜਾ ਨਜ਼ਰੀ ਆਈਆ । ਉਹਦਾ ਰਾਜੇ ਦੇ ਘਰ ਹੁੱਦਾ, ਹੋਕਾ ਦੇ ਕੇ ਸੱਦੇ ਲੋਕਾਈਆ । ਸਾਡਾ ਨੇੜੇ ਵਸਦਾ ਝੁੱਗਾ, ਵਿਚ ਮੇਰੀ ਬੁੱਢੀ ਮਾਈਆ । ਜਿਸ ਦੀਆਂ ਚਾਰ ਧੀਆਂ ਤੇ ਇਕੋ ਮੁੰਡਾ, ਨਰਾਇਣ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕੰਨਿਆਂ ਕਹੇ ਸੁਣ ਵੱਡੇ ਬਾਬੇ, ਬਾਬਲ ਦਿਆਂ ਜਣਾਈਆ । ਤੇਰੇ ਬਸਤਰ ਵੇਖੇ ਸਾਦੇ, ਗ਼ਰੀਬ ਨਿਮਾਣਾ ਨਜ਼ਰੀ ਆਈਆ । ਮੈਨੂੰ ਸਾਫ਼ ਦਿਸਦੇ ਇਰਾਦੇ, ਅੰਦਰੋਂ ਅੰਦਰ ਸਫ਼ਾਈਆ । ਤੂੰ ਵਸ ਪੈ ਗਿਉਂ ਡਾਢ੍ਹੇ, ਰਾਜ ਦਵਾਰ ਡੇਰਾ ਲਾਈਆ । ਮੇਰੀ ਇਛਿਆ ਤੈਨੂੰ ਭੋਜਨ ਛਕਾਵਾਂ ਆਪਣੇ ਹਾਂਡੇ, ਹਾਂਡੀ ਮੇਰੀ ਮਾਤਾ ਬਣਾਈਆ । ਨੰਨ੍ਹੇ ਨਿਕੇ ਬਾਲ ਮਿਲ ਕੇ ਖਾਂਦੇ, ਪੰਜੇ ਭੈਣ ਭਾਈ ਖ਼ੁਸ਼ੀ ਮਨਾਈਆ । ਪੁਰਖ ਅਕਾਲ ਦੇ ਗੀਤ ਗਾਂਦੇ, ਅੱਠੇ ਪਹਿਰ ਧਿਅਨ ਰਖਾਈਆ । ਤੇਰੇ ਗੋਡੇ ਦਿਸਦੇ ਥੱਕੇ ਮਾਂਦੇ, ਪੈਰ ਛਾਲੇ ਰਹੇ ਵਖਾਈਆ । ਤੇਰੇ ਗਿੱਟੇ ਦਿਸਣ ਨਾਂਗੇ, ਧੋਤੀ ਉਪਰ ਲਈ ਟਿਕਾਈਆ । ਸਾਡੇ ਗ੍ਰਿਹ ਚਰਨ ਪਾ ਜਾ ਜਾਂਦੇ ਜਾਂਦੇ, ਇਹੋ ਮੰਗ ਮੰਗਾਈਆ । ਬਿਰਧ ਕਿਹਾ ਮੈਂ ਵੇਖਾਂ ਆਂਢੇ ਗਵਾਂਢੇ, ਚਾਰੋਂ ਕੁੰਟ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਉਠ ਕੇ ਗਿਆ ਬੈਠ, ਪਿੱਠ ਦਵਾਰ ਨਾਲ ਲਗਾਈਆ । ਬੈਠ ਕੇ ਗਿਆ ਲੇਟ, ਬਾਜੂ ਹੇਠਾਂ ਰਖਾਈਆ । ਲੇਟ ਕੇ ਹੋਇਆ ਮੂੰਧੇ ਪੇਟ, ਹੱਥ ਗਰਦਨ ਉਤੇ ਟਿਕਾਈਆ । ਹੱਸ ਕੇ ਕਿਹਾ ਬੇਟ, ਬੇਟੀ ਕਹਿ ਕੇ ਲਿਆ ਬੁਲਾਈਆ । ਮੈਨੂੰ ਤੇਰਾ ਆਇਆ ਹੇਤ, ਪ੍ਰੇਮ ਨਾਲ ਸਮਝਾਈਆ । ਤੂੰ ਅੱਛੇ ਘਰਾਨੇ ਦੀ ਨੇਕ, ਨੰਨ੍ਹੀ ਨਜ਼ਰੀ ਆਈਆ । ਤੂੰ ਮੈਨੂੰ ਲਿਆ ਵੇਖ, ਮੈਂ ਤੈਨੂੰ ਦਿਆਂ ਵਡਿਆਈਆ । ਘਰ ਨੂੰ ਦੇਵਾਂ ਭੇਜ, ਸਹਿਜ ਨਾਲ ਸਮਝਾਈਆ । ਜੋ ਪੱਕਿਆ ਲਿਆਵੀਂ ਲਪੇਟ, ਬੁੱਕਲ ਵਿਚ ਛੁਪਾਈਆ । ਖ਼ੁਸ਼ੀਆਂ ਨਾਲ ਲਵੀਂ ਖੇਡ, ਹੌਲੀ ਜਹੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਰਤਾਈਆ । ਕੰਨਿਆਂ ਕਰ ਕੇ ਨਿਮਸਕਾਰ, ਭੱਜੀ ਚਾਈਂ ਚਾਈਂਆ । ਰਸਤੇ ਵਿਚ ਡਿੱਗੀ ਵਾਰੀ ਦੋ ਚਾਰ, ਆਪਣੀ ਸੁਰਤ ਭੁਲਾਈਆ । ਖ਼ੁਸ਼ੀਆਂ ਨਾਲ ਲੰਘਿਆਂ ਬਾਰ, ਕ਼ਦਮ ਅਗੇ ਦਿਤਾ ਵਧਾਈਆ । ਆਵਾਜ਼ ਮਾਂ ਨੂੰ ਲਈ ਮਾਰ, ਮਾਤਾ ਕਹਿ ਕੇ ਲਿਆ ਬੁਲਾਈਆ । ਭੁੱਖਾ ਬ੍ਰਾਹਮਣ ਵੇਖਿਆ ਦਰ ਦਰਬਾਰ, ਬਲ ਦਵਾਰੇ ਦਏ ਦੁਹਾਈਆ । ਮੈਨੂੰ ਓਸ ਦਾ ਆਇਆ ਪਿਆਰ, ਪ੍ਰੀਤੀ ਵਿਚ ਜਣਾਈਆ । ਓਸ ਨੇ ਕਰਨਾ ਆਹਾਰ, ਭੁੱਖੇ ਭੁੱਖ ਗਵਾਈਆ । ਮੈਨੂੰ ਦੁਪੜਾਂ ਦੇ ਦੇ ਦੋ ਚਾਰ, ਛੇ ਸੱਤ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਾਂ ਕਿਹਾ ਸੁਣ ਬੱਚੀ ਭੋਲੀ ਭਾਲੀ, ਸਚ ਦਿਆਂ ਸਮਝਾਈਆ । ਤੂੰ ਨੱਢੀ ਅਜੇ ਬਾਲੀ, ਸਮਝ ਕੋਇ ਨਾ ਆਈਆ । ਪਾਤਸ਼ਾਹਾਂ ਦੇ ਦਰ ਜੋ

ਮਿਲਦਾ ਸੋ ਲੈ ਕੇ ਜਾਵੇ ਡਾਲੀ, ਖ਼ਾਲੀ ਹੱਥ ਨਾ ਕੋਇ ਆਈਆ । ਪਤਾ ਨਹੀਂ ਉਹ ਕਿਹੋ ਜਿਹਾ ਸਵਾਲੀ, ਜਿਸ ਦੀ ਆਸ ਪੂਰੀ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਰਤਾਈਆ । ਬੱਚੀ ਕਿਹਾ ਦੇ ਦੇ ਜੋ ਰਿੱਦਾ ਪੱਕਾ, ਨਿਉਂ ਨਿਉਂ ਲਾਗੇ ਪਾਈਆ । ਓਧਰੋਂ ਆ ਗਿਆ ਭਈਆ ਸਕਾ, ਖ਼ੁਸ਼ੀ ਨਾਲ ਦ੍ਰਿੜਾਈਆ । ਮੈਂ ਵੀ ਬੁੱਢਾ ਵੇਖਿਆ ਢੱਠਾ, ਹੱਥ ਮੱਥੇ ਉਤੇ ਟਿਕਾਈਆ । ਛੋਟੀਆਂ ਭੈਣਾਂ ਪਾ ਲਿਆ ਰੱਟਾ, ਕੂਕ ਕੂਕ ਸੁਣਾਈਆ । ਬਿਰਧ ਨੂੰ ਤਾਪ ਵੇਖਿਆ ਚੜ੍ਹਿਆ ਮੱਠਾ ਮੱਠਾ, ਅੱਖਾਂ ਲਾਲ ਰਿਹਾ ਜਣਾਈਆ । ਵੱਡੀ ਭੈਣ ਨੇ ਫੜਿਆ ਪੱਖਾ, ਸੋਹਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਕੰਨਿਆਂ ਕਹੇ ਸੁਣ ਮਾਂ ਪਿਆਰੀ, ਮਮਤਾ ਵਿਚ ਦਿਆਂ ਜਣਾਈਆ । ਮੈਨੂੰ ਅੰਦਰੋਂ ਆਵਾਜ਼ ਆਏ ਇਕ ਨਿਆਰੀ, ਹੌਲੀ ਹੌਲੀ ਰਹੀ ਸੁਣਾਈਆ । ਛੇਤੀ ਛੇਤੀ ਕਰੋ ਤਿਆਰੀ, ਬੁੱਢਾ ਭੁੱਖਾ ਦਏ ਦੁਹਾਈਆ । ਚਾਰੇ ਭੈਣਾਂ ਚਲੋ ਇਕੋ ਵਾਰੀ, ਵਸਤ ਵੱਖੋ ਵੱਖ ਉਠਾਈਆ । ਕੋਈ ਵੇਖ ਨਾ ਲਏ ਰਾਜ ਦਰਬਾਰੀ, ਦਰ ਦਵਾਰੇ ਨਿਗਾਹ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਭੁਗਤਾਈਆ । ਖ਼ੁਸ਼ੀ ਨਾਲ ਮਾਤਾ ਦਿਤਾ ਭੱਤਾ, ਇਕ ਦੂਜੇ ਉਤੇ ਦਿਤਾ ਟਿਕਾਈਆ । ਨਾਲ ਬਚਨ ਕੀਤਾ ਸੱਚਾ, ਸੁਖ਼ਨ ਦਿਤਾ ਸੁਣਾਈਆ । ਪਹਿਲੋਂ ਜਾ ਕੇ ਟੇਕਿਓ ਮੱਥਾ, ਦੋਏ ਜੋੜ ਵਾਸਤਾ ਪਾਈਆ । ਫਿਰ ਬੋਲ ਬੋਲਿਓ ਕੱਠਾ, ਪ੍ਰਭ ਤੇਰੀ ਬੇਪਰਵਾਹੀਆ । ਥੋੜਾ ਨਮਕ ਦਿਤਾ ਮੱਠਾ, ਹਿੱਸਾ ਵੰਡ ਵੰਡਾਈਆ । ਬਿਨਾ ਚਖਿਉਂ ਪਾਇਆ ਖੱਟਾ, ਰਸ ਸਵਾਦ ਨਾ ਕੋਇ ਵਡਿਆਈਆ । ਉਤੇ ਦੇ ਕੇ ਹੱਥਾਂ ਨਾਲ ਦੋਪੱਟਾ, ਪਟਕਾ ਦਿਤਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣਾ ਆਪ ਵਰਤਾਈਆ । ਓਧਰ ਬੁੱਢਾ ਬ੍ਰਾਹਮਣ ਰਿਹਾ ਤੱਕ, ਅੱਖ ਆਪਣੀ ਆਪ ਉਠਾਈਆ । ਖੇਲ ਕਰਾਂ ਹੋ ਸਮਰਥ, ਪੜਦਾ ਜਗਤ ਜਗ ਜਣਾਈਆ । ਮੇਲ ਮਿਲਾਉਣਾ ਏਨ੍ਹਾਂ ਸਚ, ਜੋ ਸਾਚੀ ਸੇਵ ਕਮਾਈਆ । ਸਾਚਾ ਮਾਰਗ ਦੇਣਾ ਦੱਸ, ਕਰਨੀ ਇਕ ਪੜ੍ਹਾਈਆ । ਅੰਮ੍ਰਿਤ ਦੇਣਾ ਰਸ, ਰਸਤਾ ਦੇਣਾ ਸਮਝਾਈਆ । ਜਿਨ੍ਹਾਂ ਗਾਉਣਾ ਮੇਰਾ ਜਸ, ਪ੍ਰਭ ਦੀ ਸਿਫ਼ਤ ਸਾਲਾਹੀਆ । ਏਨ੍ਹਾਂ ਅੰਤਰ ਜਾਣਾ ਵਸ, ਨਾਤਾ ਪ੍ਰੇਮ ਪਿਆਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਓਧਰੋਂ ਕੰਨਿਆਂ ਰਲ ਕੇ ਭੈਣਾਂ ਚਾਰ, ਆਈਆਂ ਚਾਈਂ ਚਾਈਂਆ । ਖ਼ੁਸ਼ੀਆਂ ਨਾਲ ਬੋਲ ਜੈਕਾਰ, ਗੀਤ ਇਕੋ ਦਿਤਾ ਗਾਈਆ । ਬਾਪੂ ਤੇਰੇ ਨਾਲ ਪਿਆਰ, ਸਰਨ ਦੇ ਸਰਨਾਈਆ । ਜੋ ਚੁੱਕ ਕੇ ਲਿਆਂਦਾ ਭਾਰ, ਅਗੇ ਦਿਤਾ ਟਿਕਾਈਆ । ਓਸ ਹੱਸ ਕੇ ਕਿਹਾ ਹੋ ਖ਼ੁਸ਼ਹਾਲ, ਖ਼ੁਸ਼ੀਆਂ ਵਿਚ ਜਣਾਈਆ । ਕਿਥੇ ਤੁਹਾਡਾ ਵੀਰ ਪੰਜਵਾਂ ਲਾਲ, ਮੈਨੂੰ ਦਿਓ ਵਖਾਈਆ । ਉਹ ਪਿਛੇ ਪਿਛੇ ਕਰਦਾ ਆਵੇ ਹਾਲ ਹਾਲ, ਬਹੁੜੀ ਬਹੁੜੀ ਸੁਣਾਈਆ । ਮੈਂ ਵੀ ਕੰਨਿਆ ਹੁੰਦਾ ਮੈਨੂੰ ਲਿਆਉਂਦੀਆਂ ਨਾਲ, ਆਪ ਆਪਣਾ ਸੰਗ ਬਣਾਈਆ । ਅਬਿਨਾਸ਼ੀ ਕਰਤੇ ਕਿਹਾ ਮੈਂ ਵੀ ਤੇਰੀ ਕਰਾਂ ਸੰਭਾਲ, ਸਿਰ ਆਪਣਾ ਹੱਥ ਟਿਕਾਈਆ । ਜੇ ਤੂੰ ਪਿਛੋਂ ਮਿਲਿਉਂ ਆਣ, ਤੈਨੂੰ ਨਿੱਕਾ ਦਿਆਂ ਬਣਾਈਆ । ਜੇ ਕੰਨਿਆਂ ਬਣਨ ਦਾ ਧਿਆਨ, ਇਹ ਵੀ ਆਸਾ ਪੂਰ ਵਖਾਈਆ । ਪੰਜਾਂ ਇਕੱਠੇ ਕਰ ਕਰਾਂ ਕਲਿਆਣ, ਸਿਰ ਆਪਣਾ ਹੱਥ ਟਿਕਾਈਆ । ਅੱਜ ਤੁਹਾਡਾ ਬਣਿਆ ਮੈਂ ਮਹਿਮਾਨ, ਮਿਹਰਵਾਨ ਹੋ ਕੇ ਫੇਰਾ ਪਾਈਆ । ਪੜਦਾ ਲਾਹ ਕੇ ਉਤੋਂ ਪਕਵਾਨ, ਤਿੰਨ ਵੇਰਾਂ ਚਖ ਕੇ ਲਿਆ ਖਾਈਆ ।


੧੮੮
੧੯

ਤਿੰਨ ਜੁਗ ਦਾ ਲਹਿਣਾ ਕਰ ਪਰਵਾਨ, ਪਰਵਾਨਾ ਸ਼ਬਦੀ ਹੱਥ ਫੜਾਈਆ । ਹੁਕਮ ਦੇ ਕੇ ਧੁਰ ਫ਼ਰਮਾਨ, ਧੁਰ ਸੰਦੇਸ਼ਾ ਇਕ ਜਣਾਈਆ । ਜਿਸ ਵੇਲੇ ਕਲਜੁਗ ਅੰਤ ਨਿਰਗੁਣ ਹੋ ਕੇ ਆਵਾਂ ਵਿਚ ਜਹਾਨ, ਨਿਰਵੈਰ ਹੋ ਕੇ ਫੇਰਾ ਪਾਈਆ । ਲਹਿਣਾ ਦੇਣਾ ਚੁਕਾਵਾਂ ਲੱਖ ਚੁਰਾਸੀ ਵਿਚੋਂ ਕਰ ਪਹਿਚਾਨ, ਬੇਪਹਿਚਾਨ ਰਹਿਣ ਕੋਇ ਨਾ ਪਾਈਆ । ਓਸੇ ਦਾ ਲੇਖਾ ਮੁੱਕਿਆ ਆਣ, ਲਹਿਣਾ ਰਿਹਾ ਦਿਵਾਈਆ । ਸ਼ਬਦ ਸੰਦੇਸ਼ਾ ਦੇ ਸ੍ਰੀ ਭਗਵਾਨ, ਹੁਕਮੀ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਥੋੜਾ ਜਿਹਾ ਪਕਵਾਨ ਛਕ, ਸ਼ਹਿਨਸ਼ਾਹ ਦਿਤਾ ਜਣਾਈਆ । ਬੱਚਿਓ ਉਪਰ ਵੇਖੋ ਮੇਰੀ ਅੱਖ, ਅੱਖ ਚੋਂ ਅੱਖ ਪਾਰ ਦਿਤੀ ਲੰਘਾਈਆ । ਪਹਿਲੋਂ ਦੇਵਾਂ ਤੁਹਾਡਾ ਹੱਕ, ਲਹਿਣਾ ਜੁਗ ਜੁਗ ਝੋਲੀ ਪਾਈਆ । ਤਿੰਨ ਜੁਗ ਪੜਦਾ ਰਖਾਂ ਢੱਕ, ਚੌਥੇ ਜੁਗ ਕਰਾਂ ਰੁਸ਼ਨਾਈਆ । ਪ੍ਰੇਮ ਪ੍ਰੀਤੀ ਦੇ ਕੇ ਸਤਿ, ਸਤਿ ਸਤਵੰਤੇ ਲਵਾਂ ਬਣਾਈਆ । ਨਾਮ ਰੰਗਣ ਚਾੜ੍ਹ ਕੇ ਰਤ, ਰਤਨ ਅਮੋਲਕ ਹੀਰੇ ਲਵਾਂ ਬਣਾਈਆ । ਏਥੇ ਓਥੇ ਰਖਾਂ ਪਤ, ਪਤਿਪਰਮੇਸ਼ਵਰ ਹੋ ਕੇ ਦਇਆ ਕਮਾਈਆ । ਅੰਮ੍ਰਿਤ ਜਾਮ ਦਾ ਦੇਵਾਂ ਰਸ, ਰਸਤਾ ਇਕੋ ਦਿਆਂ ਵਖਾਈਆ । ਸਹਿਜ ਸਭਾਉ ਕਰਾਂ ਇਕੱਠ, ਮੇਲਾ ਆਪਣਾ ਲਵਾਂ ਮਿਲਾਈਆ । ਮਾਤ ਪਿਤਾ ਘਰ ਜਨਮ ਹੋਵੇ ਅੱਡ ਅੱਡ, ਨਾਤਾ ਜਗਤ ਵਾਲਾ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਜੇ ਰੋ ਪਏ ਬਾਲੇ ਨੱਢੇ, ਵੈਰਾਗ ਅੰਦਰੇ ਅੰਦਰ ਆਈਆ । ਹੁਣ ਕਿਸ ਬਿਧ ਸਾਨੂੰ ਛੱਡੇਂ, ਝੱਲੀ ਨਾ ਜਾਏ ਜੁਦਾਈਆ । ਨਾਤਾ ਜੁੜਿਆ ਮਾਸ ਨਾੜੀ ਹੱਡੇ, ਪੰਜ ਤਤ ਵੱਜੀ ਵਧਾਈਆ । ਦੀਨ ਦੁਨੀ ਵਿਚੋਂ ਕਿਹੜਾ ਕੱਢੇ, ਬਾਹਰ ਲਏ ਕਢਾਈਆ ।
੧੮੯ ੧੯ ਪੁਰਖ ਅਕਾਲ ਬਹਾ ਕੇ ਸੱਜੇ ਖੱਬੇ, ਬੁੱਢਾ ਰੂਪ ਆਪਣੇ ਉਤੇ ਲਏ ਟਿਕਾਈਆ । ਮੇਰੇ ਪ੍ਰੇਮ ਪਿਆਰ ਵਿਚ ਰਿਹੋ ਬੱਧੇ, ਨਾਤਾ ਸਕੇ ਨਾ ਕੋਇ ਤੁੜਾਈਆ । ੧੮੯ ੧੯
ਜਿਸ ਵੇਲੇ ਆਇਆ ਉਪਰ ਜਗ ਜਗੇ, ਕਲ ਕਲਕੀ ਫੇਰਾ ਪਾਈਆ । ਤੱਤੀ ਵਾਉ ਇਕੋ ਵਗੇ, ਚਾਰ ਕੁੰਟ ਦਏ ਜਲਾਈਆ । ਤੁਹਾਡਾ ਪ੍ਰੇਮ ਪਿਆਰ ਇਕੋ ਦਰ ਲੱਭੇ, ਦੂਜਾ ਦਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਰਨੀ ਕਹੇ ਮੈਂ ਵੇਖੀ ਉਹ ਕੰਨਿਆ, ਜੋ ਬਾਵਨ ਸੀਸ ਨਿਵਾਈਆ । ਜਿਸ ਉਤੇ ਹਰਿ ਜੂ ਮੰਨਿਆ, ਮਿਹਰ ਨਜ਼ਰ ਉਠਾਈਆ । ਜੁਗ ਚੌਕੜੀ ਬੇੜਾ ਬੰਨ੍ਹਿਆ, ਜਨਮ ਜਨਮ ਦਾ ਲਹਿਣਾ ਦੇਵੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਮਾਘ ਕਹੇ ਮੈਂ ਵੇਖਾਂ ਉਹ ਨਜ਼ਾਰਾ, ਬਿਨ ਅੱਖਾਂ ਨਜ਼ਰੀ ਆਈਆ । ਬਲਖ ਦਿਸੇ ਬਲ ਦਵਾਰਾ, ਬਾਹਰ ਵੱਜੇ ਵਧਾਈਆ । ਬਿਰਧ ਬਾਲਾਂ ਦਾ ਪਿਆਰਾ, ਸੋਹਣਾ ਰੂਪ ਨਜ਼ਰੀ ਆਈਆ । ਸ਼ਬਦੀ ਹੋਏ ਹੁਸ਼ਿਆਰਾ, ਕਲਜੁਗ ਅੰਤ ਰਿਹਾ ਜਣਾਈਆ । ਤੁਹਾਡਾ ਲੇਖਾ ਚੁਕਾਵਾਂ ਵਿਚ ਸੰਸਾਰਾ, ਸੰਸਾਰ ਸਾਗਰ ਵਿਚੋਂ ਪਾਰ ਲੰਘਾਈਆ । ਚੌਹਾਂ ਨੂੰ ਜਨਮ ਦਵਾਵਾਂ ਦੁਬਾਰਾ, ਇਕ ਨੂੰ ਸਿਹ ਬਾਰ ਰੂਪ ਬਦਲਾਈਆ । ਹਾਜ਼ਰ ਹੋ ਕੇ ਕਰਾਂ ਵਿਵਹਾਰਾ, ਹਜ਼ੂਰ ਹੋ ਕੇ ਹੋਵਾਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਬੱਚਿਆਂ ਕਿਹਾ ਤੂੰ ਬਹੁਤ ਬਿਰਧ ਉਤੇ ਦਿਸੇ ਬੁੜ੍ਹਾਪਾ, ਡੰਗੋਰੀ ਸਹਾਰਾ ਨਜ਼ਰੀ ਆਈਆ । ਤੇਰਾ ਸਾਡੇ ਨਾਲ ਜੁੜ ਗਿਆ ਸਾਕਾ, ਮਿਹਰਵਾਨ ਹੋ ਕੇ ਦਇਆ ਕਮਾਈਆ । ਸਾਨੂੰ ਅਗਲਾ ਦੱਸ ਖ਼ਾਕਾ, ਪੜਦਾ ਦੇ ਉਠਾਈਆ । ਭਾਵੇਂ ਤੂੰ ਬੱਚਿਆਂ ਨਾਲ ਚੰਗੀਆਂ ਕੀਤੀਆਂ ਬਾਤਾਂ, ਪ੍ਰੇਮ

ਨਾਲ ਜਣਾਈਆ । ਕੁਛ ਅਗਲੀਆਂ ਬਖ਼ਸ਼ ਦਾਤਾਂ, ਦਰ ਤੇਰੇ ਮੰਗ ਮੰਗਾਈਆ । ਪ੍ਰਭੂ ਕਿਹਾ ਮੈਂ ਮੰਗਤਾ ਤੁਹਾਡਾ, ਬੱਚਿਓ ਤੁਹਾਥੋਂ ਖਾ ਕੇ ਖ਼ੁਸ਼ੀ ਮਨਾਈਆ । ਕਲਜੁਗ ਅੰਤਮ ਹੋਵੇ ਖੇਲ ਤਮਾਸ਼ਾ, ਖ਼ਾਲਕ ਹੋ ਕੇ ਦਿਆਂ ਦ੍ਰਿੜਾਈਆ । ਤੁਹਾਡੀ ਪੂਰੀ ਕਰਾਂ ਆਸਾ, ਤ੍ਰਿਸ਼ਨਾ ਦਿਆਂ ਬੁਝਾਈਆ । ਤੁਹਾਡਾ ਪਿਆਰ ਨਾ ਕਦੇ ਗਵਾਚਾ, ਤੁਹਾਡੇ ਵਿਚੋਂ ਲਵਾਂ ਪਰਗਟਾਈਆ । ਸਾਢੇ ਤਿੰਨ ਹੱਥ ਦਾ ਬਣਾ ਕੇ ਢਾਂਚਾ, ਮਾਣਸ ਜਨਮ ਦਿਆਂ ਦਵਾਈਆ । ਪੰਜਾਂ ਦਾ ਬਣਾ ਕੇ ਸਾਥਾ, ਸਗਲਾ ਸੰਗ ਜੁੜਾਈਆ । ਤੁਸੀਂ ਹੁਣ ਮੇਰਾ ਮੰਨਿਓ ਆਖਾ, ਘਰਾਂ ਨੂੰ ਜਾਣਾ ਚਾਈਂ ਚਾਈਂਆ । ਮੇਰੀਆਂ ਹੁਣ ਕੁਛ ਬਲ ਨਾਲ ਬਾਤਾਂ, ਆਪਣਾ ਆਪ ਲੈਣਾ ਬਦਲਾਈਆ । ਕੰਨਿਆਂ ਕਿਹਾ ਉਹ ਰਾਜਾ ਸਭ ਦਾ ਪਿਤਾ ਮਾਤਾ, ਰਈਅਤ ਖ਼ੁਸ਼ੀ ਰਿਹਾ ਵਸਾਈਆ । ਬਾਵਨ ਕਿਹਾ ਫੇਰ ਵੀ ਤੁਹਾਡਾ ਰਖਾਵਾਂ ਸਾਥਾ, ਕਲਜੁਗ ਅੰਤਮ ਜੋੜ ਜੁੜਾਈਆ । ਦਾਸਾਂ ਦਾ ਹੋਵੇ ਦਾਸੀ ਦਾਸਾ, ਸੇਵਕਾਂ ਦਾ ਸੇਵਕ ਰੂਪ ਧਰਾਈਆ । ਮੇਰੇ ਉਤੇ ਕਰਿਓ ਭਰਵਾਸਾ, ਸ਼ਾਬਾਸ਼ ਕਹੇ ਲੋਕਾਈਆ । ਹੁਣ ਪਾਤਾਲ ਵਿਚ ਦੇਣਾ ਵਾਸਾ, ਸਿਤਲ ਲੋਕ ਰਾਹ ਤਕਾਈਆ । ਜਿਸ ਦਵਾਰੇ ਤੋਂ ਮੈਂ ਨਹੀਂ ਕੁਛ ਪੀਤਾ ਤੇ ਨਹੀਂ ਕੁਛ ਖਾਧਾ, ਰਾਜ ਭੋਜ ਰਸਨਾ ਨਾ ਕੁਛ ਲਗਾਈਆ । ਇਹ ਵੀ ਇਸ਼ਾਰਾ ਦੇ ਕੇ ਗਿਆ ਬਲ ਦਾ ਦਾਦਾ, ਦਇਆਵਾਨ ਹੋ ਕੇ ਪੂਰਾ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕੰਨਿਆਂ ਕਿਹਾ ਤੇਰਾ ਕਿਸ ਬਿਧ ਹੋਵੇ ਦਰਸ਼ਨ, ਦੀਦਾਰ ਸਮਝ ਕੋਇ ਨਾ ਆਈਆ । ਮਨ ਵਾਸਨਾ ਮਿਟੇ ਹਰਸਨ, ਹਵਸ ਰਹੇ ਨਾ ਰਾਈਆ । ਲੋਚਨ ਦੀਦ ਪਰਸਨ, ਪਰਸ ਤੇਰੀ ਖ਼ੁਸ਼ੀ ਮਨਾਈਆ । ਮਨ ਵੈਰਾਗੀ ਹੋ ਕੇ ਕਰੇ ਤੜਪਨ, ਕੂਕ ਕੂਕ ਸੁਣਾਈਆ । ਕਿਸ ਬਿਧ ਤੇਰਾ ਹੋਵੇ ਲੋਕਮਾਤ ਪਰਤਨ, ਪਤਿਪਰਮੇਸ਼ਵਰ ਦੇ ਸਮਝਾਈਆ । ਕਵਣ ਦਵਾਰ ਲੰਘੇਂ ਸਰਦਲ, ਦਰ ਦਹਿਲੀਜ਼ ਚਰਨ ਟਿਕਾਈਆ । ਕਵਣ ਕਰੇ ਤੇਰੀ ਅਰਦਲ, ਸ਼ਾਹੋ ਭੂਪ ਕਿਸ ਬਿਧ ਅਖਵਾਈਆ । ਪੁਰਖ ਅਕਾਲ ਕਿਹਾ ਮੈਂ ਜੋਤੀ ਸ਼ਬਦੀ ਧਾਰ ਹੋਵਾਂ ਮਰਦਨ, ਮਰਦ ਮਰਦਾਨਾ ਵੇਸ ਵਟਾਈਆ । ਸਭ ਦੀ ਜਗਤ ਆਸਾ ਪੂਰੀ ਕਰਾਂ ਅਰਜ਼ਨ, ਮਨਸਾ ਸਭ ਦੀ ਵੇਖ ਵਖਾਈਆ । ਮੈਂ ਸਭ ਦਾ ਲਹਿਣਾ ਦੇਣਾ ਦੇਵਾਂ ਕ਼ਰਜਨ, ਮਕ਼ਰੂਜ਼ ਹੋ ਕੇ ਦਿਆਂ ਚੁਕਾਈਆ । ਮੈਨੂੰ ਪਤਾ ਬਾਲੇ ਨੱਢੇ ਬੱਚੇ ਕਿਸ ਤਰ੍ਹਾਂ ਪਰਚਨ, ਓਸੇ ਤਰ੍ਹਾਂ ਲਵਾਂ ਪਰਚਾਈਆ । ਖ਼ੁਸ਼ੀਆਂ ਨਾਲ ਖੇਡਣ ਹੱਸਣ, ਹੰਸੀਆਂ ਵਿਚੋਂ ਹੰਸੀਆਂ ਦਿਆਂ ਵਟਾਈਆ । ਨਾਲੇ ਤੁਹਾਡਾ ਜਨਮ ਕਰਮ ਆਵਾਂ ਦੱਸਣ, ਪੜਦਾ ਓਹਲਾ ਮਾਤ ਉਠਾਈਆ । ਬੱਚੀ ਨੱਢੀ ਕੰਨਿਆ ਕੁਆਰੀ ਓਸ ਵੇਲੇ ਵਿਹਾਰੀ ਤੇਰਾ ਨਾਮ ਹੋਵੇ ਗੁਰਦਰਸ਼ਨ, ਦਰਸ਼ਨ ਦਾ ਦਰਸ਼ਨ ਦਾਸਾਂ ਦਾ ਦਾਸ ਨੂਰੋ ਨੂਰ ਚੰਦ ਦਾ ਚੰਦ ਚੰਦ ਨਿਰਗੁਣ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕੰਨਿਆ ਕਹੇ, ਪ੍ਰਭੂ ਕੀ ! ਮੈਂ ਕਿਹੜਾ ਥਾਲ ਪਰੋਸਾਂ, ਸੇਵਾ ਸਚ ਨਾ ਕੋਇ ਕਮਾਈਆ । ਤਿੰਨੇ ਭੈਣਾਂ ਕਹਿਣ ਸਾਨੂੰ ਏਸ ਉਤੇ ਰੋਸਾ, ਕਿਉਂ ਨਹੀਂ ਸਾਨੂੰ ਪਹਿਲੋਂ ਦਿਤਾ ਸਮਝਾਈਆ । ਭਾਵੇਂ ਸਾਡੇ ਪਿਉ ਦਾ ਨਿੱਕਾ ਜਿਹਾ ਕੋਠਾ, ਚੌਦਾਂ ਹੱਥਾਂ ਵਾਲਾ ਲਿਆ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਕਿਹਾ ਮੈਨੂੰ ਸਮਝੋ ਨਾ ਬਿਰਧ ਬ੍ਰਾਹਮਣ, ਬ੍ਰਾਹਮਣ ਬ੍ਰਹਮ ਨਾ ਕੋਇ ਵਡਿਆਈਆ । ਮੈਂ ਤੁਹਾਡਾ ਅਗੇ ਬਣਨਾ ਜ਼ਾਮਨ, ਜ਼ਾਮਨੀ ਆਪਣੀ ਵਿਚ ਰਖਾਈਆ । ਸ਼ਬਦੀ ਧਾਰ ਪਕੜਾਉਣਾ ਦਾਮਨ, ਦਮਾਂ ਦਾ ਲੇਖਾ ਆਪਣੇ ਵਿਚ ਲਟਕਾਈਆ । ਸਾਚਾ ਦੇ ਕੇ ਅਗੰਮੀ ਨਾਮਨ, ਨਾਮ ਰੰਗ ਲੈਣਾ ਰੰਗਾਈਆ ।

ਆਪ ਹੋਏ ਪਤਿਤ ਪਾਵਨ, ਦੁਰਮਤ ਮੈਲ ਦੇਣੀ ਧੁਆਈਆ । ਜਗਤ ਤ੍ਰਿਸ਼ਨਾ ਰਹੇ ਕੋਈ ਨਾ ਕਾਮਨ, ਕੂੜੀ ਕਿਰਿਆ ਤੋਂ ਲੈਣਾ ਬਚਾਈਆ । ਨੇਤਰ ਲੋਚਣ ਬਿਨਾ ਦਰਸ ਤੋਂ ਦਰਸ ਪਾਵਣ, ਅੱਠੇ ਪਹਿਰ ਨਜ਼ਰੀ ਆਈਆ । ਅੰਮ੍ਰਿਤ ਮੇਘ ਬਰਸਦਾ ਰਹੇ ਅਗੰਮੀ ਸਾਵਣ, ਜਿਸ ਦੀ ਥਿਤ ਵਾਰ ਨਾ ਕਿਸੇ ਬਦਲਾਈਆ । ਚਰਨ ਧੂੜੀ ਮਿਲੇ ਧੁਰ ਦਾ ਨਹਾਵਣ, ਸਰ ਸਰੋਵਰ ਨਾਤਾ ਦਏ ਤੁੜਾਈਆ । ਭਾਗ ਲਗਾ ਕੇ ਕਾਇਆ ਗਰਾਮਨ, ਘਰ ਗ੍ਰਿਹਿ ਦੇਣਾ ਵਖਾਈਆ । ਹੁਣ ਮੇਰਾ ਰੂਪ ਬਲ ਦਵਾਰੇ ਬਾਵਨ, ਬੱਲ ਦਵਾਰੇ ਵਲ ਛਲ ਸ੍ਰਿਸ਼ਟੀ ਨੂੰ ਛਲ ਕੇ, ਭਗਤਾਂ ਅੰਦਰ ਰਲ ਕੇ, ਸਚ ਦਵਾਰੇ ਘੱਲ ਕੇ, ਖ਼ਲਕਤ ਤੋਂ ਬਾਹਰ ਲੈਣਾ ਕਢਾਈਆ । ਬੱਚਿਉਂ ਆਪ ਆਵਾਂ ਚਲ ਕੇ, ਨਿਰਗੁਣ ਨਿਰਗੁਣ ਜੋਤ ਬਲ ਕੇ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਤੁਸੀਂ ਮੇਰਾ ਪਕਵਾਨ ਲਿਆਉਣਾ ਰਲ ਕੇ, ਭੈਣਾਂ ਭੈਣਾਂ ਨਾਤਾ ਦਿਆਂ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕੰਨਿਆ ਕਿਹਾ ਆਹ ਫੜ ਇਕ ਗਲਾਸ, ਜੋ ਕਲਸ ਵਾਲਾ ਨਜ਼ਰੀ ਆਈਆ । ਬਾਵਨ ਕਿਹਾ ਮੇਰੀ ਖ਼ੁਸ਼ੀ ਨਾਲ ਬੁਝ ਗਈ ਪਿਆਸ, ਤ੍ਰਿਸ਼ਨਾ ਰਹੀ ਨਾ ਰਾਈਆ । ਨਿੱਕੇ ਬੱਚੇ ਅਗੇ ਹੋ ਗਏ ਪਾਸ, ਨੇੜੇ ਹੋ ਕੇ ਰਹੇ ਸੁਣਾਈਆ । ਸਾਨੂੰ ਪਿਆਉਣ ਦੀ ਬੁੱਢਿਆਂ ਨੂੰ ਚੰਗੀ ਜਾਚ, ਛਾਤੀ ਉਤੇ ਚੜ੍ਹ ਕੇ ਮੂੰਹ ਵਿਚ ਦਈਏ ਉਲਟਾਈਆ । ਨਾਲ ਕਰਨ ਹਾਸ ਬਿਲਾਸ, ਖ਼ੁਸ਼ੀਆਂ ਲਾਲ ਸੁਣਾਈਆ । ਬਾਵਨ ਕਿਹਾ ਸੁਣੋ ਬਾਤ, ਤੁਹਾਨੂੰ ਦਿਆਂ ਜਣਾਈਆ । ਜਿਸ ਵੇਲੇ ਕਲਜੁਗ ਆਵੇ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਂ ਆਵਾਂ ਤੁਹਾਡੇ ਪਾਸ, ਨਿਰਗੁਣ ਵੇਸ ਵਟਾਈਆ । ਕਿਸੇ ਲੱਭਾਂ ਨਾ ਉਤੇ ਆਕਾਸ਼, ਪ੍ਰਿਥਮੀ ਨਾ ਅੱਖ ਖੁਲ੍ਹਾਈਆ । ਸ਼ਬਦ
੧੯੧ ੧੯ ਸੰਦੇਸ਼ਾ ਦੇ ਕੇ ਦੱਸਾਂ ਤੁਹਾਨੂੰ ਜਾਚ, ਰਾਹ ਦਿਆਂ ਵਖਾਈਆ । ਤਸਾਂ ਆਟਾ ਗੁੰਨ੍ਹਣਾ ਵਿਚ ਪਰਾਤ, ਪਾਣੀ ਵਿਚ ਛੁਹਾਈਆ । ਤੁਹਾਡੀ ਚਵਾਂ ੧੯੧ ੧੯
ਦੀ ਜਮਾਤ, ਸਹਿਜੇ ਦਿਆਂ ਰਲਾਈਆ । ਏਸੇ ਕਾਰਨ ਕਰ ਕੇ ਜਗਜੀਤ ਸੁਖਵੰਤ ਕਸ਼ਮੀਰ ਕੱਠੀਆਂ ਹੋਈਆਂ ਆਜ, ਪੰਜਵਾਂ ਭਾਈ ਦਵਿੰਦਰ ਨਿੱਕੀ ਨੰਨ੍ਹੀ ਬੱਚੀ ਨਜ਼ਰੀ ਆਈਆ । ਤੁਹਾਡਾ ਖਾਣਾ ਬੱਚਿਓ ਖਾਧਾ ਨਾਲ ਸਵਾਦ, ਇਹ ਵੀ ਰਵਦਾਸ ਦੀ ਵਡਿਆਈਆ । ਪਿਛਲਾ ਬਾਲਮੀਕ ਦਾ ਲਿਹਾਜ਼, ਜੋ ਨਾਤਾ ਰਿਹਾ ਜੁੜਾਈਆ । ਹੁਣ ਬੁੱਢਾ ਨਹੀਂ ਅਪਾਹਜ, ਰਾਜ ਦਰਬਾਰ ਨਾ ਕੋਇ ਵਖਾਈਆ । ਨਵੀਂ ਸਾਜਨ ਸਾਜ, ਭਗਵਨ ਭਗਤ ਰਿਹਾ ਬਣਾਈਆ । ਨਵੇਂ ਜੁਗ ਦਾ ਸਾਜਨ ਸਾਜ, ਸਤਿਜੁਗ ਬੂਟੇ ਰਿਹਾ ਲਗਾਈਆ । ਕਿਸੇ ਕਾਰਨ ਪੂਰਬ ਲੇਖੇ ਵਿਚੋਂ ਚੌਥੇ ਜੁਗ ਰਾਤ, ਰੈਣ ਭਿੰਨੜੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡੀ ਵੇਖ ਕੇ ਅਗੰਮੀ ਸੌਗਾਤ, ਆਪਣੀ ਝੋਲੀ ਪਾਈਆ । ਚਾਰ ਮਾਘ ਕਹੇ ਮੈਂ ਵੇਖਿਆ ਅੱਜ ਦਾ ਭੋਜਨ, ਭਜਨ ਬੰਦਗੀ ਵਾਲਿਆਂ ਹੱਥ ਕਿਸੇ ਨਾ ਆਈਆ । ਨਾਨਕ ਨੂੰ ਮਿਲਿਆ ਉਪਰ ਕਰੋੜਾਂ ਤੇ ਕੋਟਾਂ ਜੋਜਨ, ਪ੍ਰਭ ਚਰਨ ਮਿਲੀ ਸਰਨਾਈਆ । ਜਿਥੇ ਭਗਤ ਭਗਵਾਨ ਇਕ ਦੂਜੇ ਨੂੰ ਲੋਚਨ, ਦੂਜਾ ਨਜ਼ਰ ਕੋਇ ਨਾ ਆਈਆ । ਮਨ ਬੁਧ ਮਿਟੇ ਸੋਚਨ, ਆਤਮ ਪਰਮਾਤਮ ਰਾਹ ਤਕਾਈਆ । ਓਥੇ ਗੁਰ ਅਵਤਾਰ ਪੈਗ਼ੰਬਰ ਮੂਲ ਨਾ ਰੋਕਣ, ਵਿਸ਼ਨ ਬ੍ਰਹਮਾ ਸ਼ਿਵ ਨਾ ਸਿਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭੋਜਨ ਕਹੇ ਮੇਰੀ ਨਿੱਕੀ ਸੋਹਣੀ ਇਕ ਦੁਪੜ, ਵਿਚ ਨਿਮਕ ਦਿਤਾ ਲਗਾਈਆ । ਉਤੋਂ ਦਿਤਾ ਚੋਪੜ, ਘਿਰਤ ਨਾਲ ਵਡਿਆਈਆ । ਅਸੀਂ ਓਥੇ ਗਏ ਉਪੜ, ਜਿਥੇ ਪਿਛੇ ਨਾ ਕੋਇ ਪਰਤਾਈਆ । ਜਾਂ

ਵੇਖਿਆ ਭਗਤ ਭਗਵਾਨ ਦਾ ਨਾਤਾ ਪਿਤਾ ਪੁੱਤਰ, ਦੂਜਾ ਰੰਗ ਨਾ ਕੋਇ ਰੰਗਾਈਆ । ਜਿਸ ਨੂੰ ਨਾਨਕ ਕਿਹਾ ਆਪਣੀ ਧਾਰੋਂ ਆਏ ਉਤਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਓਸ ਦਾ ਸਾਰੇ ਕਰਦੇ ਸ਼ੁਕਰ, ਸ਼ੁਕਰਾਨੇ ਵਿਚ ਢੋਲੇ ਰਹੇ ਗਾਈਆ । ਓਹ ਕੌਲ ਇਕਰਾਰ ਤੋਂ ਕਦੇ ਨਾ ਜਾਏ ਮੁੱਕਰ, ਜੁਗ ਜੁਗ ਲਹਿਣੇ ਰਿਹਾ ਚੁਕਾਈਆ । ਗ਼ਰੀਬਾਂ ਦਾ ਖਾ ਕੇ ਟੁੱਕੜ, ਅਹਿਸਾਨ ਆਪਣੇ ਸਿਰ ਰਖਾਈਆ । ਅਗੇ ਭੰਡਾਰਾ ਨਾ ਦੇਵੇ ਮੁੱਕਣ, ਭੁੱਖਿਆਂ ਦਏ ਰਜਾਈਆ । ਗੋਦੀ ਆਇਆ ਚੁੱਕਣ, ਫੜ ਬਾਹੋਂ ਗਲੇ ਲਗਾਈਆ । ਵਿਛੜਿਆਂ ਨੂੰ ਆਇਆ ਪੁਛਣ, ਸਹਿਜੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਜਣਾਈਆ । ਟੁੱਕੜਾ ਕਹੇ ਟੁਕੜੇ ਦਾ ਬਣਿਆ ਪਰਸਾਦ, ਪਰਸਾਦ ਨਾਲ ਪਰਸਾਦਾ ਲਿਆ ਬਣਾਈਆ । ਜਿਸ ਨੇ ਪਿਛਲੀ ਕਰਾਈ ਯਾਦ, ਯਾਦ ਯਾਦ ਵਿਚੋਂ ਪਰਗਟਾਈਆ । ਸ੍ਰੀ ਭਗਵਾਨ ਦੇ ਕੇ ਜਾਵੇ ਦਾਦ, ਵਸਤ ਅਮੋਲਕ ਇਕ ਵਰਤਾਈਆ । ਜਨ ਭਗਤੋ ਤੁਹਾਡਾ ਭਗਤ ਭੰਡਾਰਾ ਦੇਂਦਾ ਰਹੇ ਸਵਾਦ, ਅਨਰਸ ਰਸ ਰਸ ਵਿਚ ਭਰਾਈਆ । ਹੁਣ ਕੋਈ ਬੱਲ ਵਾਲਾ ਨਹੀਂ ਰਾਜ, ਰਾਜਿਆਂ ਦੇ ਰਾਜੇ ਗੁਰਮੁਖ ਰਿਹਾ ਬਣਾਈਆ । ਤੁਹਾਡੇ ਪਿੱਛੇ ਆਇਆ ਭਾਜ, ਪੈਂਡਾ ਪੰਧ ਮੁਕਾਈਆ । ਸ਼ਬਦੀ ਦੇ ਕੇ ਆਵਾਜ਼, ਸੁਤਿਆਂ ਲਿਆ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪਰਸਾਦਾ ਕਹੇ ਮੈਂ ਚੜ੍ਹ ਗਿਆ ਉਸ ਦੀ ਭੇਟ, ਜਿਸਦੀ ਭੇਟਾ ਹੋਵੇ ਲੋਕਾਈਆ । ਮੈਂ ਭਰਿਆ ਓਸ ਦਾ ਪੇਟ, ਜੋ ਪਟਨੇ ਵਾਲਾ ਨਾਲ ਮਿਲਾਈਆ । ਪ੍ਰੇਮੀਆਂ ਕਰੇ ਹੇਤ, ਗੁਰਮੁਖਾਂ ਰੰਗ ਚੜ੍ਹਾਈਆ । ਨਜ਼ਰੀ ਆਵੇ ਨੇਤਨ ਨੇਤ, ਨਿਜ ਨੇਤਰ ਕਰ ਰੁਸ਼ਨਾਈਆ । ਪੂਰਬ ਲਹਿਣਾ ਵੇਖ, ਵਿਛੜਿਆਂ ਲਿਆ ਮਿਲਾਈਆ । ਪਿਛਲਾ ਦੱਸ ਕੇ ਭੇਤ, ਪੜਦਾ ਦਿਤਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮੰਗਤੀ ਕਹੇ ਮੈਂ ਮੰਗਣੀ ਸਚ ਪ੍ਰੀਤ, ਪ੍ਰੀਤਮ ਅਗੇ ਝੋਲੀ ਡਾਹੀਆ । ਪ੍ਰੀਤਮ ਕਹੇ ਮੈਂ ਦੱਸਣੀ ਸਾਚੀ ਰੀਤ, ਸੰਦੇਸ਼ਾ ਸਚ ਸੁਣਾਈਆ । ਤੂੰ ਮੇਰਾ ਮੈਂ ਤੇਰਾ ਗਾਣਾ ਇਕੋ ਗੀਤ, ਇਕੋ ਰਾਗ ਅਲਾਈਆ । ਕਾਇਆ ਹੋਵੇ ਠਾਂਡੀ ਸੀਤ, ਅਗਨੀ ਅੱਗ ਦੇਣੀ ਬੁਝਾਈਆ । ਸਾਫ਼ ਪਵਿਤਰ ਰਖਣੀ ਨੀਤ, ਨਿਜ ਨੇਤਰ ਕਰ ਰੁਸ਼ਨਾਈਆ । ਰਹਿਣਾ ਸਦਾ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਪੁਰਖ ਅਕਾਲ ਦੀਨ ਦਿਆਲ ਆਪੇ ਵਸੇ ਬੀਚ, ਪੜਦਾ ਦਏ ਉਠਾਈਆ । ਸਚ ਭੰਡਾਰੇ ਦੀ ਸਤਿ ਧਰਮ ਦੀ ਚਲਣ ਲੱਗੀ ਰੀਤ, ਰੀਤੀ ਦੇਣੀ ਬਦਲਾਈਆ । ਚੌਦਾਂ ਮਹੀਨੇ ਗੁਰਮੁਖ ਸਿੰਘ ਪਹਿਲੋਂ ਲਗਵਾਉਣਾ ਕਰਨਾ ਭੋਗ ਠੀਕ, ਠਾਕਰ ਅਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪਰਸ਼ਾਦਾ ਕਹੇ ਮੈਨੂੰ ਫਿਰ ਲੱਗਣ ਲੱਗਾ ਭੋਗ, ਗਿਆਰਾਂ ਸਾਲਾਂ ਪਿਛੋਂ ਵਾਰੀ ਆਈਆ । ਭਗਤਾਂ ਵਾਲਾ ਬਦਲਣ ਲੱਗਾ ਜੋਗ, ਜੁਗਤੀ ਦਏ ਗਵਾਹੀਆ । ਕੱਟਣ ਲੱਗਾ ਰੋਗ, ਹਉਮੈਂ ਦਏ ਮਿਟਾਈਆ । ਮਿਲਣ ਲੱਗਾ ਧੁਰ ਸੰਜੋਗ, ਵਿਛੜਿਆਂ ਲਏ ਜੁੜਾਈਆ । ਸ਼ਬਦੀ ਸ਼ਬਦ ਕਰੇ ਚੋਜ, ਸੁਤਿਆਂ ਲਏ ਉਠਾਈਆ । ਆਤਮ ਪਰਮਾਤਮ ਦੀ ਦੇਵੇ ਮੌਜ, ਮਨਸਾ ਮੋਹ ਮਨ ਦਏ ਮਿਟਾਈਆ । ਕਿਸੇ ਦਵਾਰੇ ਰਹਿਣ ਨਾ ਦੇਵੇ ਤੋਟ, ਅਤੁਟ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਇਕ ਜਣਾਈਆ । ਭੋਗ ਕਹੇ ਕਿਸੇ ਨਾ ਜਾਣਿਆ ਇਹ ਕਿਉਂ ਲਗਦਾ, ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ ਕੋਇ ਨਾ ਪਾਈਆ । ਸ੍ਰੀ ਭਗਵਾਨ ਆਦਿ ਜੁਗਾਦਿ


੧੯੨
੧੯

ਕਦੇ ਨਾ ਰੱਜਦਾ, ਤ੍ਰਿਸ਼ਨਾ ਸਕੇ ਨਾ ਕੋਇ ਮਿਟਾਈਆ । ਭਗਤਾਂ ਦੇ ਪ੍ਰੇਮ ਪਿਆਰ ਅੰਦਰ ਇਨ੍ਹਾਂ ਦਾ ਭੰਡਾਰਾ ਚਖਦਾ, ਰਸਨਾ ਜਿਹਵਾ ਨਾਲ ਛੁਹਾਈਆ । ਅਗੇ ਲਹਿਣਾ ਦੇਵੇ ਹੱਕ ਦਾ, ਹਕ਼ੀਕ਼ਤ ਝੋਲੀ ਪਾਈਆ । ਇਸ਼ਾਰਾ ਦੇ ਕੇ ਅੱਖ ਦਾ, ਅੱਖੀਆਂ ਦਏ ਬਦਲਾਈਆ । ਸਦਾ ਅੰਦਰ ਹੋਵੇ ਵਸਦਾ, ਵਿਛੋੜਾ ਕਟੇ ਜੁਦਾਈਆ । ਨਾਮ ਸੰਦੇਸ਼ਾ ਦੇਵੇ ਜਸ ਦਾ, ਸਿਫ਼ਤਾਂ ਵਿਚ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖੇ ਲਾਵੇ ਦਿਨ ਅੱਜ ਦਾ, ਜੋ ਚਲ ਆਏ ਸਰਨਾਈਆ ।

### ੫ ਮਾਘ ਸ਼ਹਿਨਸ਼ਾਹੀ ਸੰਮਤ ੧ ਪਾਲ ਸਿੰਘ ਲਾਂਗਰੀ ਦੇ ਘਰ ਪਿੰਡ ਭਲਾਈ ਪੁਰ ਡੋਗਰਾਂ

ਮਾਘ ਕਹੇ ਧੁਰ ਫ਼ਰਮਾਨਾ ਹੁਕਮ ਦਰੁਸਤ, ਟੇਢੀ ਧਾਰ ਨਾ ਕੋਇ ਬਣਾਈਆ । ਜਨ ਭਗਤ ਸੁਹੇਲੇ ਕਰੇ ਚੁਸਤ, ਆਲਸ ਨਿੰਦਰਾ ਕੂੜ ਮਿਟਾਈਆ । ਨਾਮ ਭੰਡਾਰਾ ਵੰਡੇ ਮੁਫ਼ਤ, ਅਨਡਿਠੜੀ ਦੌਲਤ ਝੋਲੀ ਪਾਈਆ । ਭੇਵ ਖੁਲ੍ਹਾ ਕੇ ਇਕ ਅੰਗੁਸ਼ਤ, ਬਾਲਿਸ਼ਤ ਲੇਖਾ ਦਏ ਮੁਕਾਈਆ । ਨਜ਼ਰ ਦਰਸਾਏ ਧੁਰ ਦਾ ਉਰਸ, ਅਰਸ਼ ਅਜ਼ੀਮ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਖਾਈਆ । ਮਾਘ ਕਹੇ ਮੈਂ ਸੁਣਾਂ ਫਰਮਾਣ ਅਨੋਖਾ, ਫੁਰਨਿਆਂ ਤੋਂ ਬਾਹਰ ਜਣਾਈਆ । ਜਿਸ ਦੇ ਵਿਚ ਨਹੀਂ ਕੋਈ ਧੋਖਾ, ਧੂੰਆਂਧਾਰ ਤੋਂ ਲਏ ਬਚਾਈਆ । ਚਰਨ ਪ੍ਰੀਤੀ ਬਖ਼ਸ਼ੇ ਇਕੋ ਓਟਾ, ਓੜਕ ਆਪਣਾ ਰੰਗ ਰੰਗਾਈਆ । ਸੰਤ ਸੁਹੇਲੇ ਲੱਭੇ ਵਿਚੋਂ ਕੋਟਾ, ਕੋਟੀ ਕੋਟ ਖੋਜ ਖੁਜਾਈਆ । ਸ਼ਬਦ ਦਮਾਮੇ ਮਾਰੇ ਚੋਟਾ, ਚੋਟੀ ਚੜ੍ਹ ਕੇ ਚੋਟ ਲਗਾਈਆ । ਸਚ ਪਰਕਾਸ਼ ਕਰੇ ਨਿਰਮਲ ਜੋਤਾ, ਜੋਤੀ ਜੋਤ ਜੋਤ ਰੁਸ਼ਨਾਈਆ । ਜਨ ਭਗਤਾਂ ਮੇਟੇ ਪਿਛਲੀ ਅਗਲੀ ਸੋਚਾ, ਸਚ ਸਚ ਦਏ ਜਣਾਈਆ । ਨਾਮ ਸੰਦੇਸ਼ਾ ਦੇ ਕੇ ਹੋਕਾ, ਹੁਕਮ ਇਕ ਮਨਾਈਆ । ਹਰਿ ਕਾ ਭਾਣਾ ਕਿਸੇ ਨਾ ਰੋਕਾ, ਨਾ ਕੋਈ ਮੇਟੇ ਮੇਟ ਮਿਟਾਈਆ । ਢੋਲਾ ਗਾਇਆ ਸਚ ਸਲੋਕਾ, ਵੱਜੇ ਸਚ ਵਧਾਈਆ । ਮਾਰਗ ਰਹੇ ਕੋਈ ਨਾ ਔਖਾ, ਮੰਜ਼ਲ ਇਕੋ ਦਏ ਚੜ੍ਹਾਈਆ । ਪੜ੍ਹਨਾ ਪਏ ਕੋਈ ਨਾ ਪੋਥਾ, ਬਗ਼ਲ ਕ਼ੁਰਾਨ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਮਾਘ ਕਹੇ ਮੈਂ ਸੁਣਦਾ ਸਦਾ ਖ਼ੁਸ਼ੰਜਰੀ, ਖ਼ੁਸ਼ੀਆਂ ਵਿਚ ਜਣਾਈਆ । ਪੁਰਖ ਅਕਾਲਾ ਸ਼ੇਰ ਬੱਬਰੀ, ਭਬਕ ਆਪਣਾ ਨਾਮ ਸੁਣਾਈਆ । ਫਿਰੇ ਦਰੋਹੀ ਉਪਰ ਅੰਬਰੀ, ਜ਼ਿਮੀਂ ਜ਼ਮਾਂ ਰਿਹਾ ਕੁਰਲਾਈਆ । ਜਿਸ ਨੇ ਭਗਤਾਂ ਭਰਤੀ ਕੀਤੀ ਜਬਰੀ, ਨਾਮ ਪੈਮਾਨਾਂ ਆਪਣੇ ਹੱਥ ਉਠਾਈਆ । ਆਸਾ ਕਹੇ ਆਸਾ ਰਹੇ ਨਾ ਕੋਈ ਬੇਸਬਰੀ, ਸਾਂਤਕ ਸਤਿ ਰਿਹਾ ਵਰਤਾਈਆ । ਕੂੜ ਕੁੜਿਆਰੀ ਕਰ ਕੇ ਪਧਰੀ, ਹਮਵਾਰ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਮਾਘ ਕਹੇ ਮੈਂ ਸੁਣਿਆ ਸਚ ਸੰਦੇਸ਼ਾ, ਸਦੀਆਂ ਦੇ ਪਿਛੋਂ ਆਵਾਜ਼ ਸੁਣਾਈਆ । ਦੋ ਜਹਾਨ ਮੁਕਣਾ ਠੇਕਾ, ਠੇਕੇਦਾਰੀ ਰਹਿਣ ਕੋਇ ਨਾ ਪਾਈਆ । ਭਗਤ ਭਗਵਾਨ ਕਰਨਾ ਏਕਾ, ਏਕੰਕਾਰ ਇਕੋ ਰੰਗ ਚੜ੍ਹਾਈਆ । ਨਵ ਨੌ ਚਾਰ ਪੂਰਬ ਕਰਾਉਣਾ ਚੇਤਾ, ਭੇਵ ਅਭੇਦਾ ਅੰਤ ਖੁਲ੍ਹਾਈਆ । ਦੋ ਜਹਾਨਾਂ ਬਣਨਾ ਧੁਰ ਦਾ ਨੇਤਾ, ਨਰ ਨਿਰੰਕਾਰ ਵੱਡੀ ਵਡਿਆਈਆ । ਮਿਹਰਵਾਨ ਰਹੇ ਹਮੇਸ਼ਾ, ਸਦਾ ਸਦ ਆਪਣੀ ਦਇਆ ਕਮਾਈਆ । ਜਨਮ

ਕਰਮ ਚੁਕਾਏ ਲੇਖਾ, ਲਿਖਤ ਭਵਿਖਤ ਦਏ ਸਮਝਾਈਆ । ਸ਼ਬਦੀ ਧਾਰ ਉਪਜਾ ਕੇ ਬੇਟਾ, ਪੇਟ ਆਪਣਾ ਕਰੇ ਸਫ਼ਾਈਆ । ਸੰਤ ਸੁਹੇਲਾ ਬਣ ਕੇ ਖੇਵਟ ਖੇਟਾ, ਨਈਆ ਨੌਕਾ ਨਾਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਮਾਘ ਕਹੇ ਮੈਂ ਸੁਣਾਂ ਆਵਾਜ ਅਗੰਮ, ਬਿਨਾ ਸਰਵਨ ਖ਼ੁਸ਼ੀ ਮਨਾਈਆ । ਲੇਖਾ ਚੁਕਾ ਕੇ ਮਾਟੀ ਚੰਮ, ਸ੍ਰੀ ਭਗਵਾਨ ਫੇਰਾ ਪਾਈਆ । ਹਰਖ਼ ਸੋਗ ਮੇਟ ਕੇ ਗ਼ਮ, ਚਿੰਤਾ ਚਿਖਾ ਦਿਤੀ ਤਜਾਈਆ । ਪਵਨ ਸਵਾਸ ਛੱਡ ਕੇ ਦਮ, ਘਟ ਘਟ ਰਿਹਾ ਸਮਾਈਆ । ਧੁਰ ਦਾ ਸੰਦੇਸ਼ਾ ਨਾਮ, ਨਰ ਨਿਰੰਕਾਰਾ ਆਪ ਵਰਤਾਈਆ । ਭਾਗ ਲਗਾ ਕੇ ਖੇੜਾ ਗਰਾਮ, ਗੁਰਮੁਖਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਰਨੀ ਕਹੇ ਪ੍ਰਭ ਦੀ ਨਹੀਂ ਕੋਈ ਕਰਾਮਾਤ, ਨਿਹਕਰਮੀ ਕਰਮ ਕਮਾਈਆ । ਲੇਖਾ ਲਿਖੇ ਨਾਲ ਕ਼ਲਮ ਦਵਾਤ, ਕਲਮਾ ਕਲਾਮ ਹੱਕ ਸੁਣਾਈਆ । ਆਪਣੀ ਦੱਸੇ ਵੱਖਰੀ ਜਾਤ, ਅਜਾਤੀ ਡੇਰਾ ਢਾਹੀਆ । ਕਲਜੁਗ ਮੇਟੇ ਕੂੜੀ ਅੰਧੇਰੀ ਰਾਤ, ਸਤਿ ਚੰਦ ਕਰੇ ਰੁਸ਼ਨਾਈਆ । ਸਚ ਉਜਲਾ ਹੋਏ ਪਰਭਾਤ, ਧੁੰਦੂਕਾਰਾ ਦਏ ਗੁਆਈਆ । ਭਗਤਾਂ ਪੂਰੀ ਹੋਵੇ ਆਸ, ਗੁਰਮੁਖਾਂ ਜੋੜ ਜੁੜਾਈਆ । ਚਿਤ ਆਵੇ ਸਵਾਸ ਸਵਾਸ, ਚੇਤਨ ਸੁਰਤੀ ਦਏ ਕਰਾਈਆ । ਅੰਦਰ ਬਾਹਰ ਵਸੇ ਪਾਸ, ਦੂਰ ਦੁਰਾਡਾ ਪੰਧ ਮੁਕਾਈਆ । ਮੰਜ਼ਲ ਵਖਾ ਕੇ ਅਗੰਮੀ ਘਾਟ, ਪੱਤਨ ਇਕੋ ਦਏ ਸਮਝਾਈਆ । ਭਗਤ ਸੁਹੇਲੇ ਮੇਲੇ ਆਪ, ਗੁਰ ਚੇਲੇ ਜੋੜ ਜੁੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਦਾ ਬਣ ਕੇ ਮਾਈ ਬਾਪ, ਪਾਪ ਕੋਟ ਜਨਮ ਕਾਇਆ ਕੁਟੀਆ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਸੱਦਿਆਂ ਦੇਵੇ ਸਾਥ, ਸਾਥੀ ਹੋ ਕੇ ਸਗਲਾ ਸੰਗ ਨਿਭਾਈਆ ।



੧੯੪
੧੯

## ੫ ਮਾਘ ਸ਼ਹਿਨਸ਼ਾਹੀ ਸੰਮਤ ੧ ਡਾ੦ ਪਾਲ ਸਿੰਘ ਦੇ ਗ੍ਰਿਹਿ ਪਿੰਡ ਭਲਾਈ ਪੁਰ ਡੋਗਰਾਂ

ਮਾਘ ਕਹੇ ਮੇਰਾ ਮੇਟਿਆ ਭਰਮ, ਸਹਿੰਸਾ ਨਜ਼ਰ ਕੋਇ ਨਾ ਆਇੰਦਾ । ਪੁਰਖ ਅਬਿਨਾਸ਼ੀ ਮਿਹਰ ਨਜ਼ਰ ਕਰ ਕਰੇ ਕਰਮ, ਨਿਹਕਰਮੀ ਵੇਖ ਵਖਾਇੰਦਾ । ਜਨ ਭਗਤਾਂ ਲੇਖੇ ਲਾਏ ਜਨਮ, ਜਰਮ ਆਪਣੇ ਘਰ ਜਣਾਇੰਦਾ । ਝਗੜਾ ਮੁਕਾ ਕੇ ਜਗਤ ਮਰਨ, ਮਰਨ ਤੋਂ ਪਹਿਲੇ ਮੁਰੀਦ ਮੁਰਸ਼ਦ ਵਿਚ ਟਿਕਾਇੰਦਾ । ਬਖ਼ਸ਼ੀਸ਼ ਵਿਚ ਬਖ਼ਸ਼ ਕੇ ਸਰਨ, ਸਰਨਗਤ ਇਕੋ ਇਕ ਦਰਸਾਇੰਦਾ । ਜੁਗ ਚੌਕੜੀ ਪੂਰਾ ਕਰਨ ਆਇਆ ਪਰਨ, ਪਰਨਾਮ ਬੰਦਨਾ ਡੰਡਾਵਤ ਇਕ ਦਸਾਇੰਦਾ । ਜੁਗ ਵਿਛੜੇ ਜਗ ਆਇਆ ਫੜਨ, ਪਾਂਧੀ ਹੋ ਕੇ ਪੰਧ ਚੁਕਾਇੰਦਾ । ਨਵੀਂ ਘਾੜਨ ਆਇਆ ਘੜਨ, ਠਠਿਆਰ ਹੋ ਕੇ ਠੋਕਰ ਨਾਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਗ੍ਰਿਹਿ ਵਸਾਇੰਦਾ । ਮਾਘ ਕਹੇ ਮੇਰਾ ਭੁਲੇਖਾ ਹੋਇਆ ਦੂਰ, ਭਰਮ ਰਿਹਾ ਨਾ ਰਾਈਆ । ਭਗਤ ਭਗਵਾਨ ਤੱਕਿਆ ਹਾਜ਼ਰ ਹਜ਼ੂਰ, ਹੁਜਰਿਆਂ ਦਾ ਲੇਖਾ ਦਿਤਾ ਮਿਟਾਈਆ । ਜੁਗ ਚੌਕੜੀ ਜੋ ਮਜ਼ਦੂਰੀ ਨਾਮ ਕਰਦੇ ਰਹੇ ਮਜ਼ਦੂਰ, ਲੇਖਾ ਓਹਨਾਂ ਝੋਲੀ ਪਾਈਆ । ਦੇਵਣਹਾਰਾ ਦੇਣ ਦੇਵੇ ਜ਼ਰੂਰ, ਜ਼ਰੂਰਤ ਆਪੇ ਪੂਰ ਕਰਾਈਆ । ਮੈਂ ਹੋਵਾਂ ਬੜਾ ਮਸ਼ਕੂਰ, ਖ਼ੁਸ਼ੀਆਂ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

ਮਾਘ ਕਹੇ ਮੈਂ ਬਿਨ ਰੁੱਤੀ ਹੋਵਾਂ ਖ਼ੁਸ਼ਹਾਲ, ਥਿਤ ਵਾਰ ਵੰਡ ਨਾ ਕੋਇ ਵੰਡਾਈਆ । ਇਕੋ ਜਲਵਾ ਨੂਰ ਤੱਕਾਂ ਪੁਰਖ ਅਕਾਲ, ਚਾਰ ਕੁੰਟ ਦਹਿ ਦਿਸ਼ਾ ਨਜ਼ਰੀ ਆਈਆ । ਸ਼ਬਦ ਅਗੰਮੀ ਸੁਣਾਂ ਤਾਲ, ਅਨਹਦ ਨਾਦੀ ਨਾਦ ਸ਼ਨਵਾਈਆ । ਜਿਸ ਦਾ ਸ਼ਾਸਤਰ ਵੇਦ ਪੁਰਾਨ ਦੇਣ ਅਹਿਵਾਲ, ਅੰਜੀਲ ਕ਼ੁਰਾਨ ਖਾਣੀ ਬਾਣੀ ਸਿਫ਼ਤ ਸਾਲਾਹ ਢੋਲੇ ਗਾਈਆ । ਉਹ ਠਾਕਰ ਸਵਾਮੀ ਕਰਨੀ ਕਰਤਾ ਦਇਆਨਿਧ ਦੀਨ ਦਿਆਲ, ਦਇਆਵਾਨ ਅਖਵਾਈਆ । ਭਗਤ ਸੁਹੇਲਾ ਇਕ ਇਕੇਲਾ ਆਤਮ ਅੰਤਰ ਨਿਰੰਤਰ ਮਿਲੇ ਆਣ, ਨਿਰਗੁਣ ਸਰਗੁਣ ਆਪਣਾ ਰੰਗ ਚੜ੍ਹਾਈਆ । ਜਗਤ ਨੇਤਰ ਚਾਰ ਕੁੰਟ ਦਹਿ ਦਿਸ਼ਾ ਨਜ਼ਰ ਨਾ ਆਵੇ ਜੀਵ ਜਹਾਨ, ਦੋਏ ਲੋਚਣ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਹਿਜ ਸੁਆਮੀ ਅੰਤਰਜਾਮੀ ਪਰਵਰਦਿਗਾਰ ਬੇਪਰਵਾਹੀਆ । ਮਾਘ ਕਹੇ ਮੈਂ ਤੱਕਾਂ ਚਾਰ ਕੁੰਟ ਦਹਿ ਦਿਸ਼ਾ ਖੋਲ੍ਹ ਅੱਖ, ਬਿਨ ਅੱਖਾਂ ਅੱਖ ਵਖਾਈਆ । ਕਾਇਆ ਮਾਟੀ ਸਾਢੇ ਤਿੰਨ ਹੱਥ ਭਾਂਡੇ ਦਿਸਣ ਸੱਖ, ਹਰਿ ਹਿਰਦੇ ਨਾਮ ਨਾ ਕੋਇ ਵਸਾਈਆ । ਰਸਨਾ ਜਿਹਵਾ ਬੱਤੀ ਦੰਦ ਜਗਤ ਵਿਦਿਆ ਪੜ੍ਹ ਪੜ੍ਹ ਗਏ ਥੱਕ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਭੇਵ ਖੁਲ੍ਹਿਆ ਨਾ ਹਕ਼ੀਕਤ ਹੱਕ, ਲਾਸ਼ਰੀਕ ਸ਼ਿਰਕਤ ਨਾ ਕੋਇ ਮਿਟਾਈਆ । ਸ਼ਬਦੀ ਨਾਦ ਨਾ ਸੁਣਿਆ ਸਚ, ਅਨਹਦ ਨਾਦੀ ਨਾਦ ਨਾ ਕੋਇ ਵਜਾਈਆ । ਨਾਮ ਰੰਗਣ ਰੰਗੇ ਕੋਈ ਨਾ ਰੱਤ, ਕੂੜੀ ਕਿਰਿਆ ਬਾਹਰ ਨਾ ਕੋਇ ਕਢਾਈਆ । ਸਚ ਸੁਆਮੀ ਅੰਤਰਜਾਮੀ ਦਰਸ਼ਨ ਪਾਏ ਨਾ ਕੋਇ ਪੁਰਖ ਸਮਰਥ, ਨਿਜ ਲੋਚਣ ਨੈਣ ਨੇਤਰ ਗਿਆਨ ਖੁਲ੍ਹਾਈਆ । ਮਾਇਆ ਮਮਤਾ ਹਉਮੇਂ ਹੰਗਤਾ ਸ੍ਰਿਸ਼ਟੀ ਦ੍ਰਿਸ਼ਟੀ ਕੀਤੀ ਵੱਖ, ਇਸ਼ਟੀ ਏਕੰਕਾਰ ਨਾ ਕੋਇ ਜਣਾਈਆ । ਸਵਰਗ ਬਹਿਸ਼ਤੀ ਰਹੇ ਲੱਭ, ਚੌਦਾਂ ਲੋਕ ਚੌਦਾਂ ਤਬਕ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਮਾਘ ਕਹੇ ਮੈਂ ਵੇਖਿਆ ਦੋ ਜਹਾਂ, ਬ੍ਰਹਿਮੰਡ ਖੰਡ ਜੇਰਜ ਅੰਡਜ ਉਤਭੁਜ ਸੇਤਜ ਖੋਜ ਖੁਜਾਈਆ । ਚਾਰ ਕੁੰਟ ਦਹਿ ਦਿਸ਼ਾ ਨਵ ਨੌ ਚਾਰ ਦਿਸੇ ਵੈਰਾਂ, ਪੱਤ ਡਾਲੀ ਫਲ ਫੁਲਵਾੜੀ ਹੱਕ ਨਾ ਕੋਇ ਮਹਿਕਾਈਆ । ਬਿਨਾ ਰਸਨਾ ਜਿਹਵਾ ਬੱਤੀ ਦੰਦ ਜਪੇ ਕੋਈ ਨਾ ਨਾਂ, ਅਜਪਾ ਜਾਪ ਸਮਝ ਕਿਸੇ ਨਾ ਆਈਆ । ਸਚ ਟਿਕਾਣਾ ਉਚ ਮਹੱਲ ਅਟਲ ਦਿਸੇ ਨਾ ਕਿਸੇ ਨਿਸ਼ਾਂ, ਨਿਸ਼ਾਨਾ ਜਗਤ ਗਿਆ ਭੁਲਾਈਆ । ਹੰਸ ਬੁਧੀ ਹੋਈ ਕਾਂ, ਮਨ ਵਾਸਨਾ ਕਾਗ ਵਾਂਗ ਕੁਰਲਾਈਆ । ਸਾਚਾ ਖੇੜਾ ਨਗਰ ਨਾ ਦਿਸੇ ਗਰਾਂ, ਗ੍ਰਿਹ ਮੰਦਰ ਅੰਦਰ ਬਜਰ ਕਪਾਟੀ ਪੜਦਾ ਨਾ ਕੋਇ ਉਠਾਈਆ । ਪੁਰਖ ਅਕਾਲ ਦੀਨ ਦਿਆਲ ਅਬਿਨਾਸ਼ੀ ਕਰਤਾ ਪਰਵਰਦਿਗਾਰ ਸਾਂਝਾ ਯਾਰ ਲੱਭਦੇ ਥਾਂ ਥਾਂ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਟਿੱਲੇ ਪਰਬਤ ਡੂੰਘੀ ਕੰਦਰ ਸਮੁੰਦ ਸਾਗਰ ਫੋਲ ਫੁਲਾਈਆ । ਕਾਇਆ ਅੰਦਰ ਮਾਰੇ ਨਾ ਕੋਈ ਧਿਆਨ, ਨਿਜ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਮਾਘ ਕਹੇ ਮੈਂ ਵੇਖਿਆ ਚਾਰ ਕੁੰਟ ਜਗ, ਜਗ ਜੀਵਨ ਦਾਤਾ ਅਚਰਜ ਖੇਲ ਵਰਤਾਈਆ । ਮਨ ਵਾਸਨਾ ਕੂੜੀ ਕਿਰਿਆ ਮਾਇਆ ਮਮਤਾ ਹਉਮੇਂ ਹੰਗਤਾ ਤ੍ਰਿਸ਼ਨਾ ਲੱਗੀ ਅੱਗ, ਤਨ ਵਜੂਦ ਪੰਜ ਤਤ ਕਾਇਆ ਮਾਟੀ ਰਿਹਾ ਜਲਾਈਆ । ਹੱਕ ਹਕ਼ੀਕ਼ਤ ਕਿਸੇ ਨਜ਼ਰ ਨਾ ਆਇਆ ਸਚ ਮਹਿਬੂਬ ਵਿਚ ਨਾ ਕੋਇ ਸਮਾਈਆ । ਦੀਨ ਮਜ਼੍ਹਬ ਜਾਤ ਪਾਤ ਹਿੱਸਿਆਂ ਵਾਲੀ ਹਦੂਦ, ਵਿਸ਼ਵ ਧਾਰ ਨਾ ਕੋਇ ਪਰਗਟਾਈਆ । ਭਗਤ ਸੁਹੇਲਾ ਇਕ ਇਕੇਲਾ ਸ੍ਰੀ ਭਗਵਾਨ ਏਥੇ ਓਥੇ ਦੋ ਜਹਾਨ

ਜਾਣੇ ਮੌਜੂਦ, ਖ਼ਾਲੀ ਬੁਤਖ਼ਾਨਾ ਨਜ਼ਰ ਕੋਇ ਨਾ ਆਈਆ । ਜਿਸ ਦਾ ਮਹੱਲ ਅਟਲ ਉਚ ਮੁਨਾਰਾ ਅਰਸ਼ ਕੁਰਸ਼ ਅਰੂਜ, ਮਹਿਫ਼ੂਜ਼ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਾਘ ਕਹੇ ਮੈਂ ਜਗਤ ਸਦੀ ਚੌਧਵੀਂ ਮਾਸਟਰ ਪੈਗ਼ੰਬਰ ਵੇਖੇ ਉਸਤਾਦ, ਜਗਤ ਇਲਮ ਕਰਨ ਪੜ੍ਹਾਈਆ । ਅੰਤਰ ਆਤਮ ਪਰਮਾਤਮ ਖੋਲ੍ਹੇ ਕੋਈ ਨਾ ਰਾਜ਼, ਹਕ਼ੀਕਤ ਹੱਕ ਨਾ ਕੋਇ ਸਮਝਾਈਆ । ਮਨੂਆ ਫੜੇ ਨਾ ਕੋਇ ਗੁਸਤਾਖ, ਮਨ ਕਾ ਮਣਕਾ ਨਾ ਕੋਇ ਭੁਆਈਆ । ਸਾਚੇ ਸੁਆਲ ਦਾ ਹੱਲ ਕਰੇ ਨਾ ਕੋਇ ਜੁਆਬ, ਜਮਾਂ ਤਫਰੀਕ ਸਾਰੇ ਰਹੇ ਸਮਝਾਈਆ । ਆਤਮ ਪਰਮਾਤਮ ਮੇਲ ਮਿਲਾਏ ਨਾ ਕੋਇ ਨਾਲ ਇਤਫ਼ਾਕ, ਦੂਈ ਦਵੈਤ ਬਾਹਰ ਨਾ ਕੋਇ ਕਢਾਈਆ । ਬਲੈਕ ਬੋਰਡਾਂ ਉਤੇ ਲਿਖ ਕੇ ਨਾਲ ਚਾਕ, ਕਾਲੇ ਉਤੇ ਚਿੱਟਾ ਪਾ ਕੇ ਕਾਲੀ ਧਾਰ ਮੇਟ ਨਾ ਕੋਇ ਮਿਟਾਈਆ । ਕੁਤਬਖ਼ਾਨਿਆਂ ਵਿਚੋਂ ਲੈ ਕਿਤਾਬ, ਸਤਰਾਂ ਵਾਲੀ ਕਰਨ ਪੜ੍ਹਾਈਆ । ਧੁਰ ਦਾ ਮੇਲ ਮਿਲਾਏ ਨਾ ਕੋਈ ਨਾਲ ਵਾਹਦ, ਵਾਕਿਫ਼ਕਾਰ ਨਜ਼ਰ ਕੋਇ ਨਾ ਆਈਆ । ਸਾਚੀ ਚੜ੍ਹੇ ਨਾ ਕੋਈ ਜਮਾਤ, ਵਿਦਿਆਰਥੀ ਵਿਦਿਆ ਸਮਝ ਕਿਸੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਕਰਨੀ ਕਾਰ ਕਮਾਈਆ । ਮਾਘ ਕਹੇ ਮੈਂ ਵੇਖੇ ਵਿਦਿਆਵਾਨ ਬਹੁ ਪੰਡਤੀ, ਗਿਆਨ ਧਿਆਨ ਰਹੇ ਦ੍ਰਿੜਾਈਆ । ਗੜ੍ਹ ਤੁੱਟਾ ਨਾ ਹਉਮੇਂ ਹੰਗਤੀ, ਹੰ ਬ੍ਰਹਮ ਨਾ ਕੋਇ ਜਣਾਈਆ । ਜਗਤ ਵਾਸਨਾ ਭੁੱਖੀ ਨੰਗਤੀ, ਵਾਹਵਾ ਘਰ ਘਰ ਅਲਖ ਰਹੀ ਜਗਾਈਆ । ਇਹ ਖੇਲ ਸਾਰੀ ਮਨ ਦੀ, ਬੁਧ ਬਿਬੇਕ ਨਾ ਕੋਇ ਵਡਿਆਈਆ । ਜਿਸ ਨੂੰ ਸਮਝ ਨਹੀਂ ਆਈ ਆਪਣੇ ਤਨ ਦੀ, ਸਾਢੇ ਤਿੰਨ ਹੱਥ ਅੰਦਰ ਪੜਦਾ ਓਹਲਾ ਨਾ ਸਕਿਆ ਉਠਾਈਆ । ਸਮਝ ਆਈ ਨਾ ਆਪਣੇ ਕੰਨ ਦੀ, ਜੋ ਧੁਰ ਸ਼ਬਦ ਅਗੰਮੀ ਸੁਣੇ ਚਾਈਂ ਚਾਈਂਆ । ਕਲਜੁਗ ਖੇਲ ਅੰਤ ਹੈਰਾਨ ਦੀ, ਹੈਰਾਨੀ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਮਾਘ ਕਹੇ ਮੈਂ ਕੋਟਨ ਕੋਟ ਵੇਖੇ ਪੜ੍ਹਦੇ, ਤਾਲੀਮ ਮਕਤਬ ਪਾਠਸ਼ਾਲਿਆਂ ਵਿਚ ਪਾਈਆ । ਸਾਚੀ ਮੰਜ਼ਲ ਕੋਈ ਨਾ ਚੜ੍ਹਦੇ, ਅਗਲਾ ਪੰਧ ਨਾ ਕੋਇ ਮੁਕਾਈਆ । ਦਰਸ਼ਨ ਪਾਉਣ ਨਾ ਨਿਰਗੁਣ ਨਿਰਵੈਰ ਨਰ ਹਰਿ ਦੇ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਸਚ ਸਰਨਾਈ ਬੇਪਰਵਾਹੀ ਪਤਿਪਰਮੇਸ਼ਵਰ ਮੂਲ ਨਾ ਪੜਦੇ, ਧੂੜੀ ਟਿੱਕਾ ਖ਼ਾਕ ਨਾ ਕੋਇ ਰਮਾਈਆ । ਜਗਤ ਕਿਤਾਬਾਂ ਵਰਕੇ ਰਹੇ ਉਥਲਦੇ, ਮਨ ਦਾ ਪਤਰਾ ਨਾ ਕੋਇ ਪਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਰਨੀ ਕਹੇ ਮੈਂ ਵੇਖੀ ਜਗਤ ਦਾਤ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਜਗਤ ਵਿਦਿਆ ਲੇਖਾ ਨਾਲ ਕ਼ਲਮ ਦਵਾਤ, ਕਾਗ਼ਜ਼ ਕਾਲੇ ਰਹੇ ਕਰਾਈਆ । ਆਪਣੀ ਸਮਝੀਂ ਕਿਸੇ ਨਾ ਜਾਤ, ਪੜਦਾ ਓਹਲਾ ਨਾ ਕੋਇ ਉਠਾਈਆ । ਹਕ਼ੀਕ਼ਤ ਵਿਚੋਂ ਖੋਲ੍ਹੇ ਕੋਈ ਨਾ ਰਾਜ਼, ਰਾਮ ਰਾਮ ਨਾ ਕੋਇ ਮਿਲਾਈਆ । ਪਿਛਲੀ ਕਰਦੇ ਯਾਦ, ਪੂਰਬ ਰਹੇ ਸੁਣਾਈਆ । ਆਪਣਾ ਖੇੜਾ ਕਰੇ ਨਾ ਕੋਇ ਆਬਾਦ, ਕਾਇਆ ਮੰਦਰ ਨਾ ਵੱਜੇ ਵਧਾਈਆ । ਹਿੱਸਿਆਂ ਵਾਲਾ ਸਮਝੇ ਕੋਈ ਨਾ ਬਾਬ, ਇਬਾਰਤ ਇਕ ਨਾ ਕੋਇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਮਾਘ ਕਹੇ ਮੈਂ ਵੇਖਿਆ ਭਗਤਾਂ ਅੰਦਰ ਰੰਗ, ਲਲਾਰੀ ਨਜ਼ਰ ਕੋਇ ਨਾ ਆਈਆ । ਸੁਣਿਆ ਅਗੰਮੀ ਛੰਦ, ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਰਹੇ ਗਾਈਆ । ਵੇਖਿਆ ਅਨੋਖਾ ਪਲੰਘ, ਜਿਸ ਦਾ ਪਾਵਾ ਚੂਲ ਬਾਡੀ ਵੰਡ ਨਾ ਕੋਇ

੧੯੬
੧੯

ਵੰਡਾਈਆ । ਆਤਮ ਪਰਮਾਤਮ ਬਿਨ ਅੱਖਾਂ ਤੱਕਿਆ ਸੰਗ, ਸਗਲਾ ਸੰਗ ਨਿਭਾਈਆ । ਬਿਨ ਸੂਰਜ ਚੰਦ ਚਾੜ੍ਹ ਕੇ ਚੰਦ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਹਰਖ਼ ਸੋਗ ਮੇਟ ਕੇ ਗ਼ਮ, ਖ਼ੁਸ਼ੀ ਖ਼ੁਸ਼ੀ ਵਿਚੋਂ ਬਦਲਾਈਆ । ਨਾਤਾ ਤੋੜ ਕੇ ਹੱਡ ਮਾਸ ਨਾੜੀ ਚੰਮ, ਚੰਮ ਦ੍ਰਿਸ਼ਟੀ ਦਏ ਗਵਾਈਆ । ਖੇਲ ਕਰੇ ਸ੍ਰੀ ਭਗਵਨ, ਭਗਤ ਸੁਹੇਲੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਵੇਖ ਵਖਾਈਆ । ਮਾਘ ਕਹੇ ਮੈਂ ਭਗਤਾਂ ਅੰਦਰ ਮਾਰੀ ਝਾਕੀ, ਪੜਦਾ ਅੰਦਰੋਂ ਦਿਤਾ ਉਠਾਈਆ । ਓਨ੍ਹਾਂ ਦੀ ਖੁਲ੍ਹੀ ਵੇਖੀ ਤਾਕੀ, ਤਕਵਾ ਇਕੋ ਉਪਰ ਰਖਾਈਆ । ਗ੍ਰਿਹ ਮੰਦਰ ਅੰਦਰ ਬੈਠਾ ਪੁਰਖ ਅਬਿਨਾਸ਼ੀ, ਪਰਵਰਦਿਗਾਰ ਸਾਂਝਾ ਯਾਰ ਜਲਵਾ ਨੂਰ ਖ਼ੁਦਾਈਆ । ਬਿਨ ਗੋਪੀ ਕਾਹਨ ਸੁਹਾਵੇ ਮੰਡਲ ਰਾਸੀ, ਖੇਲ ਆਪਣਾ ਆਪ ਜਣਾਈਆ । ਇਕੋ ਨੂਰ ਜੋਤ ਜੋਤ ਪਰਕਾਸ਼ੀ, ਰੂਪ ਰੰਗ ਰੇਖ ਨਾ ਕੋਇ ਦਰਸਾਈਆ । ਏਥੇ ਓਥੇ ਦੋ ਜਹਾਨ ਅੰਦਰ ਬਾਹਰ ਗੁਪਤ ਜਾਹਰ ਆਤਮ ਪਰਮਾਤਮ ਬਣ ਸਾਥੀ, ਪਾਰਬ੍ਰਹਮ ਬ੍ਰਹਮ ਆਪਣੇ ਵਿਚ ਸਮਾਈਆ । ਜਨ ਭਗਤਾਂ ਔਖੀ ਮੰਜ਼ਲ ਚਾੜ੍ਹ ਕੇ ਘਾਟੀ, ਸਚਖੰਡ ਦਵਾਰਾ ਏਕੰਕਾਰਾ ਨਰ ਨਿਰੰਕਾਰਾ ਦਏ ਵਖਾਈਆ । ਜਨਮ ਜਨਮ ਦੀ ਪੂਰੀ ਕਰੇ ਆਸੀ, ਆਸਾ ਤ੍ਰਿਸ਼ਨਾ ਇਕੋ ਵਾਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਮਾਘ ਕਹੇ ਮੈਂ ਭਗਤਾਂ ਅੰਦਰ ਸਹਿਜੇ ਲਿਆ ਤੱਕ, ਇਕ ਧਿਆਨ ਲਗਾਈਆ । ਉਹ ਸਭ ਕੁਛ ਬੈਠੇ ਛੱਡ, ਦੀਨ ਦੁਨੀ ਗਏ ਮੁਕਾਈਆ । ਸ੍ਰਿਸ਼ਟੀ ਤੋਂ ਹੋ ਕੇ ਅੱਡ, ਦ੍ਰਿਸ਼ਟੀ ਪ੍ਰਭ ਦੇ ਵਿਚ ਟਿਕਾਈਆ । ਪੁਰਖ ਅਕਾਲ ਦੀ ਬਣ ਕੇ ਯਦ, ਇਕੋ ਨਾਤਾ ਰਹੇ ਜੁੜਾਈਆ । ਨੌਂ ਦਵਾਰ ਪਾਰ ਕਰ ਕੇ ਹੱਦ, ਸੁਖਮਨ ਟੇਢੀ ਬੰਕ ਪੰਧ ਮੁਕਾਈਆ । ਸ਼ਬਦ ਅਗੰਮੀ ਨਾਦ ਗਾਵਣ ਇਕੋ ਛੰਦ, ਛੰਦ ਇਕੋ ਰਹੇ ਸੁਣਾਈਆ । ਨਿਜ ਆਤਮ ਪਰਮਾਤਮ ਲੈ ਕੇ ਅਨੰਦ, ਪਰਮਾਨੰਦ ਵਿਚ ਸਮਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ, ਪਾਰਬ੍ਰਹਮ ਮਿਲ ਕੇ ਖ਼ੁਸ਼ੀ ਵਖਾਈਆ । ਸਚ ਦਵਾਰੇ ਚੜ੍ਹ ਕੇ ਚੰਨ, ਜੋਤੀ ਜੋਤ ਕਰਨ ਰੁਸ਼ਨਾਈਆ । ਪੁਰਖ ਅਕਾਲ ਸਰਬ ਸਵਾਮੀ ਅੰਤਰਜਾਮੀ ਜਨ ਭਗਤਾਂ ਕਹੇ ਧੰਨ, ਧੰਨ ਧੰਨ ਧੰਨ ਜਗਤ ਵਡਿਆਈਆ । ਮਾਘ ਕਹੇ ਮੈਂ ਭਗਤਾਂ ਤੱਕਿਆਂ ਇਸ਼ਾਰਾ, ਬਿਨ ਅੱਖਾਂ ਰਹੇ ਲਗਾਈਆ । ਜੋਤ ਨੂਰ ਇਕ ਉਜਿਆਰਾ, ਨੂਰੋ ਨੂਰ ਕਰੇ ਰੁਸ਼ਨਾਈਆ । ਸ਼ਬਦ ਅਗੰਮ ਵੱਜੇ ਨਗਾਰਾ, ਸੋਈ ਸੁਰਤ ਰਿਹਾ ਉਠਾਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਵੇਦ ਕਤੇਬ ਅੰਤ ਕਹਿਣ ਕੋਇ ਨਾ ਪਾਈਆ । ਸਭ ਤੋਂ ਵੱਖਰਾ ਸਭ ਤੋਂ ਨਿਆਰਾ, ਨਿਰਵੈਰ ਨਿਰੰਕਾਰ ਆਪਣੀ ਕਾਰ ਕਮਾਈਆ । ਸਾਚੀ ਸਖ਼ੀਆਂ ਮਿਲ ਕੇ ਲਾਵੇ ਸਤਿ ਅਖਾੜਾ, ਧਰਮ ਦਵਾਰਾ ਇਕੋ ਸੋਭਾ ਪਾਈਆ । ਜਿਸ ਗ੍ਰਿਹ ਵਸੇ ਤੇਈ ਅਵਤਾਰਾ, ਈਸਾ ਮੂਸਾ ਮੁਹੰਮਦ ਬੈਠੇ ਸਜਦਿਆਂ ਵਿਚ ਸੀਸ ਝੁਕਾਈਆ । ਗੁਰ ਦਸ ਕਰ ਨਿਮਸਕਾਰਾ, ਭਗਤ ਅਠਾਰਾਂ ਚਰਨ ਧੂੜ ਖ਼ਾਕ ਰਮਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਵੇਖੇ ਵਿਗਸੇ ਵੇਖਣਹਾਰਾ, ਦੀਨ ਦਿਆਲ ਦਇਆਨਿਧ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਮਾਘ ਕਹੇ ਮੈਂ ਭਗਤ ਭਗਵਾਨ ਦਾ ਵੇਖਿਆ ਮਿਲਾਪ, ਦੂਜਾ ਨਜ਼ਰ ਕੋਇ ਨਾ ਆਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਕਰਦੇ ਜਾਪ, ਅਨਬੋਲਤ ਰਾਗ ਸੁਣਾਈਆ । ਬਿਰਹੋਂ ਵਿਛੋੜੇ ਅੰਦਰ ਬਿਨ ਨੈਣਾਂ ਨੀਰ ਤੋਂ ਵੈਰਾਗ, ਵੈਰਾਗੀ ਹੋ ਕੇ ਰਹੇ ਜਣਾਈਆ । ਇਕ ਦੂਜੇ ਨੂੰ ਮਿਲ ਕੇ ਨਾਤਾ ਜੁੜੇ ਨਾਰ ਕੰਤ ਸੁਹਾਗ, ਘਰ ਠਾਂਡੇ ਵੱਜੇ ਵਧਾਈਆ ।

ਸਚ ਦਵਾਰੇ ਸਚਖੰਡ ਮੁਕਾਮੇ ਹੱਕ ਹੋਣ ਵਿਸਮਾਦ, ਬਿਸਮਿਲ ਹੋ ਕੇ ਆਪਣਾ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਦੀਨ ਦੁਨੀ ਬਦਲ ਦੇਣ ਸਮਾਜ, ਸਾਚਾ ਹੁਕਮ ਇਕ ਪਰਗਟਾਈਆ । ਮਾਘ ਕਹੇ ਭਗਤ ਭਗਵਾਨ ਜੋੜਾ ਵੇਖਿਆ ਜੁੜਦਾ, ਕਲਜੁਗ ਅੰਤ ਵੱਜੇ ਵਧਾਈਆ । ਜੀਵ ਜਹਾਨ ਵੇਖਿਆ ਰੁੜ੍ਹਦਾ, ਮਾਇਆ ਮਮਤਾ ਧੱਕਾ ਰਹੀ ਲਾਈਆ । ਕੋਈ ਭੇਵ ਨਾ ਜਾਣੇ ਸ਼ਬਦੀ ਸਤਿਗੁਰ ਦਾ, ਜੋ ਸਤਿ ਸਤਿਵਾਦੀ ਨਾਦੀ ਬ੍ਰਹਿਮਾਦੀ ਵੇਖ ਵਖਾਈਆ । ਕੋਈ ਰਸ ਨਾ ਮਾਣੇ ਧੁਰ ਦੇ ਤਾਲ ਸੁਰ ਦਾ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਅੰਤਰ ਆਤਮ ਨਿਰੰਤਰ ਫੁਰਨਾ ਕਿਸੇ ਨਾ ਫੁਰਦਾ, ਮਨ ਵਾਸਨਾ ਸਾਰੇ ਰਹੇ ਗਾਈਆ । ਜੋ ਦਿਨੇ ਜਾਗਦਿਆਂ ਰਾਤੀਂ ਸੁਤਿਆਂ ਦਰਸ਼ਨ ਪਾਵੇ ਨਿਰਗੁਣ ਜੋਤ ਪੁਰਖ ਅਕਾਲ ਦਾ, ਪਰਕਾਸ਼ ਪਰਕਾਸ਼ ਵਿਚ ਸਮਾਈਆ । ਨਜ਼ਾਰਾ ਤੱਕੇ ਕਾਇਆ ਮੰਦਰ ਸੱਚੀ ਧਰਮਸਾਲ ਦਾ, ਬੰਕ ਦਵਾਰਾ ਸੋਭਾ ਪਾਈਆ । ਝਗੜਾ ਮੁੱਕੇ ਕਾਲ ਮਹਾਂਕਾਲ ਦਾ, ਰਾਏ ਧਰਮ ਨਾ ਦਏ ਸਜਾਈਆ । ਜਲਵਾ ਤੱਕੇ ਨੂਰ ਜਮਾਲ ਦਾ, ਨੂਰੋ ਨੂਰ ਨੂਰ ਰੁਸ਼ਨਾਈਆ । ਲੇਖਾ ਚੁੱਕੇ ਤ੍ਰੈਗੁਣ ਜੰਜਾਲ ਦਾ, ਜਾਗਰਤ ਜੋਤ ਹੋਏ ਰੁਸ਼ਨਾਈਆ । ਜਨ ਭਗਤਾਂ ਸ੍ਰੀ ਭਗਵਾਨ ਆਪੇ ਸੁਰਤ ਸੰਭਾਲਦਾ, ਲੱਖ ਚੁਰਾਸੀ ਵਿਚੋਂ ਲਏ ਉਠਾਈਆ । ਲੇਖਾ ਮੁਕਾ ਕੇ ਸ਼ਾਹ ਕੰਗਾਲ, ਦਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਊਚ ਨੀਚ ਵੰਡ ਨਾ ਕੋਇ ਵੰਡਾਈਆ । ਪਦਾਰਥ ਦੇਵੇ ਨਾਮ ਸਾਚੇ ਧਨ ਮਾਲ ਦਾ, ਭੰਡਾਰਾ ਇਕੋ ਇਕ ਵਰਤਾਈਆ । ਝਗੜਾ ਚੁਕਾਵੇ ਆਵਣ ਜਾਣ ਦਾ, ਲੱਖ ਚੁਰਾਸੀ ਪੈਂਡਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਗੁਰ ਚੇਲੇ ਧੁਰ ਦੇ ਰੰਗ ਲਏ ਰੰਗਾਈਆ । ਮਾਘ ਕਹੇ ਮੈਂ ਤੱਕਿਆਂ ਏਕੰਕਾਰ, ਇਕ ਇਕੱਲਾ ਨਜ਼ਰੀ ਆਈਆ । ਜਿਸ ਦਾ ਖੇਲ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਜੋ ਭਵਿਖਤਾਂ ਕਰੇ ਵਿਚਾਰ, ਗੁਰ ਅਵਤਾਰ ਪੈਗ਼ੰਬਰਾਂ ਲੇਖਾ ਪੂਰ ਕਰਾਈਆ । ਨਿਰਗੁਣ ਸਰਗੁਣ ਲੈ ਅਵਤਾਰ, ਵੇਸ ਅਨੇਕਾ ਰੂਪ ਵਟਾਈਆ । ਲੱਖ ਚੁਰਾਸੀ ਸੁਣੇ ਪੁਕਾਰ, ਗ੍ਰਹਿ ਗ੍ਰਹਿ ਮੰਦਰ ਖੋਜ ਖੁਜਾਈਆ । ਭਗਤਾਂ ਦਏ ਦੀਦਾਰ, ਨਿਜ ਨੇਤਰ ਲੋਚਨ ਅੱਖ ਖੁਲ੍ਹਾਈਆ । ਸੂਫੀਆਂ ਕਰੇ ਉਜਿਆਰ, ਨੂਰ ਉਜਾਲਾ ਇਕ ਰੁਸ਼ਨਾਈਆ । ਸਚ ਵਖਾ ਕੇ ਬਹਾਰ, ਗੁਲਸ਼ਨ ਇਕੋ ਦਏ ਮਹਿਕਾਈਆ । ਝਗੜਾ ਮੁਕਾ ਕੇ ਕੂੜ ਕੁੜਿਆਰ, ਸਤਿ ਸਚ ਦਏ ਦ੍ਰਿੜਾਈਆ । ਆਤਮ ਪਰਮਾਤਮ ਦੱਸ ਪਿਆਰ, ਦੀਨ ਮਜ਼੍ਹਬ ਜਾਤ ਪਾਤ ਲੇਖਾ ਦਏ ਮੁਕਾਈਆ । ਪੁਰਖ ਅਬਿਨਾਸ਼ੀ ਸਰਬ ਨਿਵਾਸੀ ਜੋਤ ਪਰਕਾਸ਼ੀ ਪਰਵਰਦਿਗਾਰ ਸਭ ਦਾ ਯਾਰ, ਅਕਲ ਕਲਧਾਰੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਖ਼ਸ਼ਿਸ਼ ਰਹਿਮਤ ਆਪਣਾ ਨਾਮ ਵਰਤਾਈਆ । ਮਾਘ ਕਹੇ ਮੈਂ ਚਾਰ ਕੁੰਟ ਵੇਖੀ ਮੰਡਪ ਮਾੜੀ, ਟਿੱਲੇ ਪਰਬਤ ਫੋਲ ਫੁਲਾਈਆ । ਮੈਂ ਲੱਖ ਚੁਰਾਸੀ ਮਾਨਵ ਜਾਤੀ ਤੱਕੀ ਨਰ ਨਾਰੀ, ਘਟ ਘਟ ਅੰਦਰ ਖੋਜ ਖੁਜਾਈਆ । ਮਨ ਵਾਸਨਾ ਤੱਕੀ ਦੁਰਾਚਾਰੀ, ਦੁਰਗੰਧ ਵਿਚ ਸਮਾਈਆ । ਮਨੂਆ ਹੋਇਆ ਹੰਕਾਰੀ, ਬੰਕ ਗੜ੍ਹ ਰਿਹਾ ਬਣਾਈਆ । ਕੋਟਾਂ ਵਿਚੋਂ ਜਨ ਭਗਤਾਂ ਇਕੋ ਲਾਈ ਪ੍ਰਭ ਨਾਲ ਯਾਰੀ, ਯਾਰਾਨੇ ਕੂੜੇ ਗਏ ਤਜਾਈਆ । ਇਕੋ ਮੇਲ ਜੋਤ ਨਿਰੰਕਾਰੀ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਿਸ ਦੇ ਕੋਲੋਂ ਗੁਰ ਅਵਤਾਰ ਪੈਗ਼ੰਬਰ ਲੈ ਕੇ ਆਏ ਸਰਦਾਰੀ, ਸਦੀਆਂ ਦੇ ਪਿਛੋਂ ਭੱਜੇ ਵਾਹੋ ਦਾਹੀਆ । ਢੋਲਾ ਗਾਉਂਦੇ ਗਏ ਵਾਰੋ ਵਾਰੀ, ਸਿਫ਼ਤਾਂ ਵਿਚ ਸਾਲਾਹੀਆ । ਕਾਤਬ ਬਣੇ ਲਿਖਾਰੀ,

੧੯੮
੧੯

ਕ਼ਲਮ ਸ਼ਾਹੀ ਵੰਡ ਵੰਡਾਈਆ । ਅੰਤਮ ਕਰ ਕੇ ਚਰਨ ਕਵਲ ਨਿਮਸਕਾਰੀ, ਬੇਅੰਤ ਬੇਅੰਤ ਬੇਅੰਤ ਕਹਿ ਕੇ ਪੱਲੂ ਗਏ ਛੁਡਾਈਆ । ਕਲਜੁਗ ਅੰਤ ਓਸੇ ਦੀ ਵਾਰੀ, ਵਾਰਤਾ ਅਗਲੀ ਦਏ ਦ੍ਰਿੜਾਈਆ । ਭਗਤ ਸੁਹੇਲਾ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਖੇਲ ਕਰੇ ਨਿਆਰੀ, ਨਿਰਗੁਣ ਨਿਰਾਕਾਰ ਆਪਣੀ ਕਾਰ ਕਮਾਈਆ । ਚਾਰ ਵਰਨ ਅਠਾਰਾਂ ਬਰਨ ਊਚ ਨੀਚ ਰਾਓ ਰੰਕ ਇਕੋ ਗ੍ਰਿਹਿ ਵਸੇ ਦਰਬਾਰੀ, ਦਰ ਦਰਬਾਰਾ ਇਕੋ ਦਏ ਵਖਾਈਆ । ਭਗਤ ਭਗਵਾਨ ਪ੍ਰੇਮ ਪਿਆਰ ਮੁਹੱਬਤ ਵਿਚ ਲਾਵਣ ਜੈਕਾਰੀ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਸੱਚਾ ਗਾਈਆ । ਜਿਸ ਨੂੰ ਸਮਝੇ ਨਾ ਕੋਇ ਸੰਸਾਰੀ, ਜਗਤ ਵਿਦਿਆ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਸਦਾ ਮਿਹਰਵਾਨ, ਮਹਿਬੂਬ ਮੁਹੱਬਤ ਅੰਦਰ ਮਿਹਰ ਨਜ਼ਰ ਬੇਨਜ਼ੀਰ ਆਪਣੀ ਇਕ ਉਠਾਈਆ ।

## ੫ ਮਾਘ ਸ਼ਹਿਨਸ਼ਾਹੀ ਸੰਮਤ ੧ ਸਰੂਪ ਸਿੰਘ ਦੇ ਨਵਿਤ ਮੰਗੂਪੁਰ ਜ਼ਿਲਾ ਕਪੂਰਥਲਾ

ਭਗਤ ਆਤਮਾ ਕਹੇ ਮੈਂ ਖ਼ੁਸ਼ੀ ਮਨੌਦੀ, ਪਰਮ ਪੁਰਖ ਪ੍ਰਭ ਤੇਰਾ ਢੋਲਾ ਗਾਈਆ । ਜੁਗ ਚੌਕੜੀ ਅਬਿਨਾਸ਼ੀ ਕਰਤੇ ਤੇਰੀ ਸੇਵ ਕਮਾਉਂਦੀ, ਹੁਕਮੇ ਅੰਦਰ ਨਿਤ ਨਵਿਤ ਵੇਸ ਵਟਾਈਆ । ਪੰਜ ਤਤ ਕਾਇਆ ਮਾਟੀ ਤਨ ਹਢਾਉਂਦੀ, ਧਰਨੀ ਧਰਤ ਧਵਲ ਸੋਭਾ ਪਾਈਆ । ਰਸਨਾ ਜਿਹਵਾ ਬੱਤੀ ਦੰਦ ਤੂੰਹੀ ਤੂੰਹੀ ਰਾਗ ਅਲਾਉਂਦੀ, ਅੰਤਰ ਅੰਤਰ ਤੇਰਾ ਧਿਆਨ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਤ ਹੰਡਾਉਂਦੀ, ਬਿਰਧ ਬਾਲ ਜਵਾਨ ਰੂਪ ਨਾ ਕੋਇ ਵਖਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਤੇਰਾ ਦਰਸ਼ਨ ਪਾਉਂਦੀ, ਸਤਿ ਸਰੂਪੀ ਸ਼ਾਹੋ ਭੂਪੀ ਸਾਖਿਆਤ ਨਜ਼ਰੀ ਆਈਆ । ਸੇਜ ਸੁਹੰਜਣੀ ਪਿਆਰ ਮੁਹੱਬਤ ਨਾਲ ਬਹਾਉਂਦੀ, ਸਿੰਘਾਸਣ ਆਸਣ ਇਕ ਬਣਾਈਆ । ਚਰਨ ਪ੍ਰੀਤੀ ਸਾਚੀ ਰੀਤੀ ਧੁਰ ਦੀ ਸੇਵ ਕਮਾਉਂਦੀ, ਚਾਕਰ ਖ਼ਾਕ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਨਾਤਾ ਇਕ ਬਣਾਈਆ । ਭਗਤ ਆਤਮਾ ਕਹੇ ਮੈਂ ਜੁਗ ਜੁਗ ਦਾਸੀ, ਸੇਵਕ ਸੇਵਾ ਵਿਚ ਸਮਾਈਆ । ਤੇਰਾ ਮਾਲਕ ਖ਼ਾਲਕ ਪ੍ਰਿਤਪਾਲਕ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਬੇਪਰਵਾਹੀਆ । ਜਿਸ ਦਾ ਖੇਲ ਬ੍ਰਹਿਮੰਡ ਖੰਡ ਮੰਡਲ ਰਾਸੀ, ਦੋ ਜਹਾਨਾਂ ਸੋਭਾ ਪਾਈਆ । ਸਦਾ ਸੁਹੇਲਾ ਇਕ ਇਕੇਲਾ ਪੂਰੀ ਕਰੇ ਆਸੀ, ਆਸਾ ਤ੍ਰਿਸ਼ਨਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਭਗਤ ਆਤਮਾ ਕਹੇ ਮੈਂ ਵੇਖਾਂ ਖੇਲ ਨਿਆਰਾ, ਨਿਰਗੁਣ ਨਿਰਵੈਰ ਰਿਹਾ ਵਖਾਈਆ । ਜਿਸ ਦੀ ਪਾਵੇ ਕੋਈ ਨਾ ਸਾਰਾ, ਭੇਦ ਸਕੇ ਨਾ ਕੋਇ ਖੁਲ੍ਹਾਈਆ । ਝੁਕਦੇ ਵੇਖੇ ਸਦਾ ਜੁਗ ਚਾਰਾ, ਚਾਰੇ ਵੇਦ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਭਿਖਾਰਾ, ਗੁਰ ਅਵਤਾਰ ਪੈਗੰਬਰ ਸੇਵ ਕਮਾਈਆ । ਜੋ ਵਸਣਹਾਰਾ ਸਚਖੰਡ ਧਾਮ ਨਿਆਰਾ, ਦਰਗਾਹ ਸਾਚੀ ਸੋਭਾ ਪਾਈਆ । ਉਸ ਦਾ ਹੁਕਮੀ ਇਕ ਇਸ਼ਾਰਾ, ਸ਼ਬਦ ਨਾਲ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਭਗਤ ਆਤਮਾ ਕਹੇ ਮੈਂ ਬੜੀ ਸੋਹਣੀ ਸੁਚੱਜੀ, ਜੁਗ ਚੌਕੜੀ ਮਿਲੇ ਵਡਿਆਈਆ । ਹੁਕਮੇ ਅੰਦਰ ਬੱਧੀ, ਭੱਜਾਂ ਚਾਈਂ ਚਾਈਂਆ । ਦਵਾਰੇ ਆਵਾਂ ਸੱਦੀ, ਨਿਉਂ ਨਿਉਂ ਸੀਸ ਨਿਵਾਈਆ ।

ਪ੍ਰੀਤ ਇਕੋ ਲੱਗੀ, ਨਾ ਸਕੇ ਕੋਇ ਤੁੜਾਈਆ । ਵਧਾਈ ਇਕੋ ਵੱਜੀ, ਦੋ ਜਹਾਨ ਕਰੀ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਭਗਤ ਆਤਮਾ ਕਹੇ ਮੈਂ ਸਦਾ ਰਵ੍ਹਾਂ ਹਮੇਸ਼, ਜਨਮ ਮਰਨ ਵਿਚ ਨਾ ਆਈਆ । ਮੇਰਾ ਨਾਤਾ ਨਾਲ ਸ਼ਬਦੀ ਗੁਰ ਦਸਮੇਸ਼, ਜੋ ਦਹਿ ਦਿਸ਼ਾ ਰਿਹਾ ਸਮਾਈਆ । ਮੈਂ ਮੰਨਿਆ ਮਾਲਕ ਪੁਰਖ ਅਕਾਲ ਏਕ, ਏਕੰਕਾਰ ਸੀਸ ਨਿਵਾਈਆ । ਜਗਤ ਜਹਾਨ ਛੱਡ ਕੇ ਟੇਕ, ਟਿੱਕਾ ਮਸਤਕ ਧੂੜੀ ਖ਼ਾਕ ਰਮਾਈਆ । ਮੁਹੱਬਤ ਵਿਚ ਕਰ ਕੇ ਹੇਤ, ਪ੍ਰੇਮੀ ਪ੍ਰੇਮਕਾ ਰੂਪ ਬਣਾਈਆ । ਬਿਨ ਅੱਖਾਂ ਲਵਾਂ ਵੇਖ, ਬਿਨ ਨੇਤਰ ਦਰਸ਼ਨ ਪਾਈਆ । ਬਿਨ ਰਸਨਾ ਖੁਲ੍ਹੇ ਭੇਤ, ਬਿਨ ਸਰਵਨ ਕਰੇ ਸ਼ਨਵਾਈਆ । ਬਿਨ ਕ਼ਲਮ ਲਿਖੇ ਲੇਖ, ਬਿਨ ਸ਼ਾਹੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਭੁਗਤਾਈਆ । ਭਗਤ ਆਤਮਾ ਕਹੇ ਮੈਂ ਸਦਾ ਸਦਾ ਖ਼ੁਸ਼ਹਾਲ, ਖ਼ੁਸ਼ੀਆਂ ਵਿਚ ਸਮਾਈਆ । ਲੋਕਮਾਤ ਆਵਾਂ ਪ੍ਰਭ ਦਾ ਬਣ ਕੇ ਬਾਲ, ਗੁਰਮੁਖ ਸਾਚਾ ਨਾਉਂ ਧਰਾਈਆ । ਕਾਇਆ ਮੰਦਰ ਸੋਹਵੇ ਸੋਹਵੇ ਮੇਰੀ ਧਰਮਸਾਲ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਅਬਿਨਾਸ਼ੀ ਕਰਤਾ ਹੋਵੇ ਨਾਲ, ਨਿਰਗੁਣ ਦਾਤਾ ਨਜ਼ਰੀ ਆਈਆ । ਮਾਰਗ ਦੱਸੇ ਅਗੰਮੜੀ ਚਾਲ, ਰਹਿਬਰ ਹੋ ਕੇ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਭਗਤ ਆਤਮਾ ਕਹੇ ਮੇਰਾ ਆਦਿ ਜੁਗਾਦੀ ਜੋੜਾ, ਵਿਛੋੜਾ ਨਜ਼ਰ ਕੋਇ ਨਾ ਆਈਆ । ਮੈਨੂੰ ਯਾਦ ਪਿਛਲਾ ਲੇਖਾ ਥੋੜਾ, ਸਹਿਜੇ ਦਿਆਂ ਸੁਣਾਈਆ । ਗੋਬਿੰਦ ਜਿਸ ਦਿਨ ਪਹਿਲੇ ਦਿਨ ਚੜ੍ਹਿਆ ਘੋੜਾ, ਪੁਰੀ ਅਨੰਦ ਵੱਜੀ ਵਧਾਈਆ । ਮੇਰਾ ਪੰਜ ਤਤ ਸ਼ਰੀਰ ਪਿਛਲਾ ਜਾਤ ਦਾ ਰੋੜਾ, ਸ਼ੱਤਰੀ ਬੰਸ ਦਿਆਂ ਸਮਝਾਈਆ । ਮੇਰਾ ਹੱਥ ਹੁੰਦਾ ਸੀ ਕੋਹੜਾ, ਉਂਗਲੀ ਪੰਜ ਨਾ ਕੋਇ ਚਤੁਰਾਈਆ । ਮੈਨੂੰ ਗੋਬਿੰਦ ਵੇਖ ਕੇ ਆਇਆ ਰੋਣਾ, ਹੌਕਾ ਦੇ ਕੇ ਦਿਤਾ ਸੁਣਾਈਆ । ਓਸ ਤੱਕਿਆ ਨਾਲ ਲੋਇਣਾ, ਨੇਤਰ ਅੱਖ ਖੁਲ੍ਹਾਈਆ । ਤੂੰ ਕਿੱਡਾ ਜਵਾਨ ਬਾਂਕਾ ਸੋਹਣਾ, ਸੂਰਬੀਰ ਨਜ਼ਰੀ ਆਈਆ । ਓਸ ਕਿਹਾ ਮੇਰਾ ਹੱਥ ਕਿਸੇ ਨਹੀਂ ਧੋਣਾ, ਦੁੱਖ ਦੁੱਖ ਰਿਹਾ ਸਤਾਈਆ । ਗੋਬਿੰਦ ਕਿਹਾ ਤੈਨੂੰ ਤੁਰਕਾਂ ਨਾਲ ਡਾਹੁਣਾ, ਬਲਧਾਰੀ ਦਿਆਂ ਵਖਾਈਆ । ਉਸ ਨੇ ਕਿਹਾ ਮੈਂ ਹੱਥ ਲਪੇਟਿਆ ਵਿਚ ਪੋਣਾ, ਪੁਰੀ ਅਨੰਦ ਵਾਲੇ ਤੇਰੇ ਅੱਗੇ ਸੀਸ ਨਿਵਾਈਆ । ਗੋਬਿੰਦ ਕਿਹਾ ਮੈਂ ਅੰਮ੍ਰਿਤ ਰਸ ਚੋਣਾ, ਦੁੱਖ ਦਲਿਦ੍ਰ ਦਿਆਂ ਮਿਟਾਈਆ । ਓਧਰੋਂ ਉਹਦਾ ਬਾਪ ਆ ਗਿਆ ਜਿਸ ਦਾ ਨਾਮ ਸੀ ਸੌਣਾ, ਸੌਣ ਮੱਲ ਕਹਿ ਕੇ ਸਾਰੇ ਜਗਤ ਸੁਣਾਈਆ । ਓਨ ਲੱਫੜ ਮਾਰਿਆ ਉਤੇ ਧੌਣਾ, ਬਾਲਾ ਘਰ ਨੂੰ ਲਿਆ ਭਜਾਈਆ । ਗੋਬਿੰਦ ਕਿਹਾ ਮੇਰੇ ਕੋਲੋਂ ਨਹੀਂ ਕਿਸੇ ਬਚਾਉਣਾ, ਲਹਿਣੇ ਦਾ ਦੇਣਾ ਝੋਲੀ ਦਿਆਂ ਪਾਈਆ । ਬਾਲੇ ਕਿਹਾ ਮੈਂ ਤੇਰੇ ਚਰਨੀ ਸੀਸ ਨਿਵਾਉਂਣਾ, ਦੂਜਾ ਨਜ਼ਰ ਨਾ ਕੋਇ ਰਖਾਈਆ । ਗੋਬਿੰਦ ਕਿਹਾ ਮੈਂ ਸ਼ਬਦੀ ਜਾਮਾ ਜੋਤੀ ਵੇਸ ਵਟਾਉਂਣਾ, ਪੁਰਖ ਅਕਾਲ ਮੇਰਾ ਪਿਤਾ ਮਾਈਆ । ਲੋਕਮਾਤ ਫੇਰ ਮੁੜ ਕੇ ਆਉਂਣਾ, ਦੋ ਜਹਾਨਾਂ ਡੰਕ ਵਜਾਈਆ । ਬੱਚੇ ਕਿਹਾ ਮੈਂ ਵੀ ਤੇਰਾ ਦਰਸ਼ਨ ਚਾਹੁੰਦਾ ਪਾਉਂਣਾ, ਨੇਤਰ ਨੈਣ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਭਗਤ ਆਤਮਾ ਕਹੇ ਮੈਨੂੰ ਯਾਦ ਆਇਆ ਪਿਛਲਾ ਤਤ ਸ਼ਰੀਰ, ਪੰਜ ਤਤ ਮਾਟੀ ਨਜ਼ਰੀ ਆਈਆ । ਗੋਬਿੰਦ ਮਿਲਕੇ ਕੱਟੀ ਗਈ ਪੀੜ, ਦੁੱਖ ਦਰਦ ਰਿਹਾ ਨਾ ਰਾਈਆ । ਮੈਂ ਨੱਕ ਨਾਲ ਕੱਢੀ ਲਕੀਰ, ਦੋਏ ਜੋੜ ਵਾਸਤਾ ਦਿਤਾ ਪਾਈਆ । ਮੇਰੀ ਬਦਲ

ਦਿਤੀ ਤਕਦੀਰ, ਮਿਹਰ ਨਜ਼ਰ ਨਜ਼ਰ ਉਠਾਈਆ । ਮੈਂ ਬੇਨੰਤੀ ਕੀਤੀ ਅਖ਼ੀਰ, ਪਲੂ ਗਲ ਵਿਚ ਇਕ ਰਖਾਈਆ । ਜਿਸ ਵੇਲੇ ਬਣ ਕੇ ਆਵੇਂ ਦੋ ਜਹਾਨਾਂ ਪੀਰ, ਪੈਗ਼ੰਬਰ ਬੇਪਰਵਾਹੀਆ । ਮੈਨੂੰ ਨਜ਼ਰੀਂ ਆਵੇ ਤੇਰੀ ਇਹੋ ਤਸਵੀਰ, ਤਸਬੀ ਮਾਲਾ ਗਲ ਨਾ ਕੋਇ ਲਟਕਾਈਆ । ਤੇਰੇ ਨਾਮ ਦੀ ਫੜਾਂ ਹੱਥ ਸ਼ਮਸ਼ੀਰ, ਜੋਧਾ ਸੂਰਬੀਰ ਅਖਵਾਈਆ । ਗੋਬਿੰਦ ਕਿਹਾ ਮੇਰੇ ਹੱਥ ਅਗੰਮੀ ਤਦਬੀਰ, ਜੁਗ ਚੌਕੜੀ ਕਿਸੇ ਸਮਝ ਨਾ ਆਈਆ । ਜਿਸ ਵੇਲੇ ਵੇਲਾ ਵਕ਼ਤ ਆਇਆ ਅਖ਼ੀਰ, ਤੇਰਾ ਲੇਖਾ ਦਿਆਂ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਬਾਲੇ ਕਿਹਾ ਮੈਂ ਹੋਵਾਂ ਸ਼ਸਤਰਧਾਰੀ, ਤੇਰਾ ਪੂਤ ਨਜ਼ਰੀ ਆਈਆ । ਗੋਬਿੰਦ ਕਹੇ ਮੈਂ ਦੇਵਾਂ ਨਾਮ ਕਟਾਰੀ, ਕਟਾਕਸ਼ ਆਪਣਾ ਨਾਮ ਲਗਾਈਆ । ਤੇਰੀ ਵੇਖਣੀ ਖੇਲ ਨਿਆਰੀ, ਨਿਰੰਕਾਰ ਨਾਲ ਜੁੜਾਈਆ । ਤੇਰੀ ਆਸਾ ਵਿਚ ਸੰਸਾਰੀ, ਮਨਸਾ ਪੂਰ ਕਰਾਈਆ । ਸਾਚੇ ਸੰਮਤ ਆਏ ਵਾਰੀ, ਸ਼ਹਿਨਸ਼ਾਹ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਚੁਕਾਈਆ । ਭਗਤ ਆਤਮਾ ਕਹੇ ਮੈਂ ਕਦੇ ਨਾ ਭੁੱਲਦੀ, ਪੁਰਖ ਅਕਾਲ ਦਿਤੀ ਵਡਿਆਈਆ । ਤੱਤਾਂ ਵਿਚ ਕਦੇ ਨਾ ਰੁਲਦੀ, ਅਲੋਪ ਹੋ ਕੇ ਝਟ ਲੰਘਾਈਆ । ਜਿਸ ਵੇਲੇ ਮੇਰੇ ਪ੍ਰਭੂ ਦੀ ਅੱਖ ਖੁੱਲਦੀ, ਮੈਂ ਬਿਨ ਅੱਖਾਂ ਦਰਸ਼ਨ ਪਾਈਆ । ਪ੍ਰੀਤੀ ਅੰਦਰ ਘੋਲ ਘੁਲਦੀ, ਆਪ ਆਪਾ ਮੇਟ ਮਿਟਾਈਆ । ਇਕੋ ਦੇ ਕੰਡੇ ਤੁਲਦੀ, ਦੂਜਾ ਤਰਾਜ਼ੂ ਨਜ਼ਰ ਨਾ ਕੋਇ ਰਖਾਈਆ । ਵਡਿਆਈ ਲਵਾਂ ਭਗਤਾਂ ਦੀ ਕੁਲ ਦੀ, ਕੁਲ ਮਾਲਕ ਹੋਏ ਸਹਾਈਆ । ਲੋਕਮਾਤ ਸਦਾ ਫਲਦੀ ਫੁਲਦੀ, ਪ੍ਰੇਮ ਮੁਹੱਬਤ ਵਿਚ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਗਤ ਆਤਮਾ ਕਹੇ ਮੈਂ ਦੇ ਕੇ ਗਈ ਸੰਦੇਸ਼ਾ, ਮੰਗੂਪੁਰ ਤਜਾਈਆ । ਮਨਜੀਤ ਨੂੰ ਕਿਹਾ ਤੇਰਾ ਮੇਰਾ ਕੁਛ ਮੁੱਕਣ ਵਾਲਾ ਲੇਖਾ, ਸਹਿਜ ਸਹਿਜ ਸਮਝਾਈਆ । ਉਸ ਸਮਝਿਆ ਮੂਲ ਨਾ ਭੇਤਾ, ਪੜਦਾ ਨਾ ਕੋਇ ਉਠਾਈਆ । ਮੈਨੂੰ ਗੋਬਿੰਦ ਅੰਦਰੋਂ ਦਿਤਾ ਸੰਦੇਸ਼ਾ, ਸਹਿਜੇ ਦਿਤਾ ਸੁਣਾਈਆ । ਮੈਨੂੰ ਪਿਛਲਾ ਆਇਆ ਚੇਤਾ, ਯਾਦਦਾਸ਼ਤ ਦਏ ਗਵਾਹੀਆ । ਹੁਣ ਮੈਂ ਕਿਸੇ ਦਾ ਨਹੀਂ ਬੇਟਾ, ਪਿਤਾ ਇਕੋ ਇਕ ਮਨਾਈਆ । ਜਿਸ ਦੀ ਧਾਰ ਉਤੇ ਲੇਟਾ, ਖਟੀਆ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਭਗਤ ਆਤਮਾ ਕਹੇ ਕਿਸੇ ਨਾ ਆਈ ਸਮਝ, ਸਮਝ ਕੋਇ ਨਾ ਪਾਈਆ । ਪੰਜ ਸਤੰਬਰ ਮਾਰ ਕੇ ਗਿਆ ਰਮਜ਼, ਅਰਬੀ ਫ਼ਾਰਸੀ ਵਿਚ ਛੁਪਾਈਆ । ਕਰਿਆ ਖੇਲ ਨੂਰਾਨੀ ਚਮਕ, ਦਮਕ ਦਿਤੀ ਵਡਿਆਈਆ । ਵਕ਼ਤ ਸੁਹਾ ਕੇ ਆਪਣੇ ਸੰਮਤ, ਸਮਾਂ ਦਿਤਾ ਬਦਲਾਈਆ । ਅੰਤਰ ਅੰਤਰ ਬਖ਼ਸ਼ ਕੇ ਹਿੰਮਤ, ਹੌਸਲਾ ਦਿਤਾ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਫ਼ਾਰਸੀ ਕਹੇ ਪ੍ਰਭ ਦਾ ਸਮਝੇ ਨਾ ਕੋਇ ਫ਼ਾਰਮੂਲਾ, ਪੜਦਾ ਓਹਲਾ ਨਾ ਕੋਇ ਉਠਾਈਆ । ਸ਼ਬਦੀ ਗੁਰ ਨਾ ਬਦਲੇ ਅਸੂਲਾ, ਅਸਲੀਅਤ ਆਪਣੀ ਧਾਰ ਚਲਾਈਆ । ਇਕੋ ਹੁਕਮ ਦੇਵੇ ਮਾਕੂਲਾ, ਨਾ ਕੋਇ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਭਗਤ ਆਤਮਾ ਕਹੇ ਮੈਨੂੰ ਮਿਲਿਆ ਹੁਕਮ ਅਕਾਲ, ਗੋਬਿੰਦ ਦਿਤੀ ਮਾਣ ਵਡਿਆਈਆ । ਮੈਂ ਤੱਕਿਆ ਨੂਰ ਜਲਾਲ, ਜਲਵਾ ਇਕ ਰੁਸ਼ਨਾਈਆ । ਵੇਖਿਆ ਦਵਾਰਾ ਸਚਖੰਡ ਸੱਚੀ ਧਰਮਸਾਲ, ਜਿਥੇ ਛੱਪਰ ਛੰਨ ਨਾ ਕੋਇ ਸੁਹਾਈਆ । ਸਚ ਸਿੰਘਾਸਣ ਬੈਠਾ ਦੀਨ ਦਿਆਲ, ਪਤਿਪਰਮੇਸ਼ਵਰ ਬੇਪਰਵਾਹੀਆ ।

ਭਗਤ ਆਤਮਾ ਰਿਹਾ ਸੰਭਾਲ, ਜੋਤੀ ਜੋਤ ਵਿਚ ਮਿਲਾਈਆ । ਓਥੇ ਪੋਹ ਨਾ ਸਕੇ ਕਾਲ, ਮਹਾਂਕਾਲ ਨਾ ਕੋਇ ਚਤੁਰਾਈਆ । ਮੇਰਾ ਹੱਲ ਕਰ ਸਵਾਲ, ਸਾਚਾ ਮਾਰਗ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਵਖਾਈਆ । ਭਗਤ ਆਤਮਾ ਕਹੇ ਮੈਂ ਵੇਖਿਆ ਸਿੰਘ ਪਾਲ, ਜੋ ਬ੍ਰਹਮਾ ਰਿਹਾ ਬਦਲਾਈਆ । ਜਗਦੀਸ਼ ਵੇਖਿਆ ਖ਼ੁਸ਼ਹਾਲ, ਜੋ ਸ਼ੰਕਰ ਡੇਰਾ ਢਾਹਿਆ । ਮਨਜੀਤ ਦਏ ਅਹਿਵਾਲ, ਜੋ ਇੰਦਰ ਕਰੇ ਸਫ਼ਾਈਆ । ਚੇਤ ਸਿੰਘ ਦਾ ਲਾਲ, ਪ੍ਰਭ ਦਵਾਰੇ ਬਹਿ ਕੇ ਖ਼ੁਸ਼ੀ ਮਨਾਈਆ । ਗੁਰਦਿਆਲ ਸਿੰਘ ਦਾ ਹਾਲ, ਚੌਥੇ ਜੁਗ ਖ਼ੁਸ਼ੀ ਮਨਾਈਆ । ਮੈਂ ਮਿਲਿਆ ਉਹਨਾਂ ਨਾਲ, ਗਲਵਕੜੀ ਲਈ ਪਾਈਆ । ਮੇਰੀ ਪੂਰੀ ਹੋਈ ਘਾਲ, ਲੇਖਾ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਭਗਤ ਆਤਮਾ ਕਹੇ ਮੇਰਾ ਹੋਇਆ ਛੁਟਕਾਰਾ, ਛੁੱਟੀ ਜਗਤ ਵਲੋਂ ਪਾਈਆ । ਮਿਲਿਆ ਮੀਤ ਹਰਿ ਨਿਰੰਕਾਰਾ, ਨਿਰਗੁਣ ਦਾਤਾ ਸਹਿਜ ਸੁਖਦਾਈਆ । ਜਿਸ ਦਾ ਇਕੋ ਇਕ ਚਮਤਕਾਰਾ, ਚਮਨ ਵੇਖੇ ਸਰਬ ਲੁਕਾਈਆ । ਗੁਰਮੁਖਾਂ ਕਰੇ ਪਿਆਰਾ, ਭਗਤਾਂ ਗੋਦ ਉਠਾਈਆ । ਮੈਂ ਜਾ ਕੇ ਸੁਣਿਆ ਬਿਨ ਰਸਨਾ ਜਿਹਵਾ ਜੈਕਾਰਾ, ਤੂੰ ਹੀ ਤੂੰ ਹੀ ਰਾਗ ਅਲਾਈਆ । ਮੈਨੂੰ ਭੁੱਲ ਗਿਆ ਸੰਸਾਰਾ, ਪਿਛਲੀ ਯਾਦ ਰਹੀ ਨਾ ਰਾਈਆ । ਦੋਏ ਜੋੜ ਕਰੀ ਨਿਮਸਕਾਰਾ, ਦਰ ਠਾਂਡੇ ਸੀਸ ਨਿਵਾਈਆ । ਸ਼ਬਦੀ ਗੋਬਿੰਦ ਕਰ ਇਸ਼ਾਰਾ, ਮੇਰੀ ਪਲਕ ਦਿਤੀ ਬਦਲਾਈਆ । ਕੁਛ ਮੰਗ ਲੈ ਮੰਗ ਬਣ ਭਿਖਾਰਾ, ਦਰ ਠਾਂਡੇ ਝੋਲੀ ਡਾਹੀਆ । ਭਗਤ ਆਤਮਾ ਕਹੇ ਮੈਂ ਕਰ ਕੇ ਗਿਰਿਆਜ਼ਾਰਾ, ਬਿਨ ਨੈਣਾਂ ਨੀਰ ਦਿਤਾ ਵਹਾਈਆ । ਕਿਰਪਾ ਕਰ ਮੇਰੇ ਗਿਰਧਾਰਾ, ਗਹਿਰ ਗੰਭੀਰ ਤੇਰੀ ਸਰਨਾਈਆ । ਮਿਹਰਵਾਨ ਹੋਇਆ ਪੁਰਖ ਅਕਾਲਾ, ਦੀਨ ਦਿਆਲਾ ਦਇਆ ਕਮਾਈਆ । ਫੜ ਕੇ ਵਖਾਇਆ ਸਚਖੰਡ ਸੱਚਾ ਧਰਮਸਾਲਾ, ਚਾਰੋਂ ਕੁੰਟ ਦਿਤਾ ਭਵਾਈਆ । ਸੱਚਿਆਂ ਭਗਤਾਂ ਦਾ ਦੇ ਕੇ ਹਵਾਲਾ, ਕਬੀਰ ਜੁਲਾਹਾ ਦਿਤਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਗਤ ਆਤਮਾ ਕਹੇ ਮੈਂ ਹੋ ਗਈ ਮੰਗਤੀ, ਮਾਂਗਤ ਰੂਪ ਵਟਾਈਆ । ਪਰਮ ਪੁਰਖ ਪਰਮਾਤਮ ਪਾ ਕੇ ਇਕੋ ਕੰਤੀ, ਘਰ ਸਾਚੇ ਖ਼ੁਸ਼ੀ ਮਨਾਈਆ । ਦੀਨ ਦਿਆਲ ਮੈਂ ਤੇਰਾ ਲੇਖਾ ਵੇਖਣਾ ਵਿਚ ਸੰਗਤੀ, ਸੱਜਣ ਹੋ ਕੇ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਭਗਤ ਆਤਮਾ ਕਹੇ ਮੈਂ ਮੰਗੀ ਮੰਗ ਅਪਾਰ, ਅਪਰੰਪਰ ਅਗੇ ਝੋਲੀ ਡਾਹੀਆ । ਕਿਰਪਾ ਕੀਤੀ ਆਪ ਨਿਰੰਕਾਰ, ਨਿਰਗੁਣ ਸਹਿਜ ਲਿਆ ਮਿਲਾਈਆ । ਤੇਰਾ ਬੇਅੰਤ ਬੇਅੰਤ ਭਰਿਆ ਭੰਡਾਰ, ਬੇਪਰਵਾਹ ਅਖਵਾਈਆ । ਕਲਜੁਗ ਕੂੜੀ ਕਿਰਿਆ ਵੇਖ ਸੰਸਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਸੱਜਣ ਦਿਸੇ ਨਾ ਕੋਇ ਮੀਤ ਮੁਰਾਰ, ਪਿਤਾ ਪੂਤ ਨਾ ਕੋਇ ਵਡਿਆਈਆ । ਸੌਹਰੇ ਪਈਏ ਕਰੇ ਨਾ ਕੋਇ ਸਚ ਵਿਹਾਰ, ਮਾਇਆ ਮਮਤਾ ਮੋਹ ਹਲਕਾਈਆ । ਤੇਰਾ ਦਰ ਦੇਵੇ ਨਾ ਕੋਇ ਦਵਾਰ, ਦਰਗਾਹ ਸਾਚੀ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਚੁਕਾਈਆ । ਭਗਤ ਆਤਮਾ ਕਹੇ ਮੈਂ ਬੇਨੰਤੀ ਕਰ ਅਰਦਾਸ, ਸੀਸ ਦਿਤਾ ਝੁਕਾਈਆ । ਮੈਂ ਆ ਗਈ ਤੇਰੇ ਪਾਸ, ਪ੍ਰਭ ਤੇਰੇ ਵਿਚ ਸਮਾਈਆ । ਮੇਰੀ ਹੋਰ ਅਗੰਮੀ ਆਸ, ਤ੍ਰਿਸ਼ਨਾ ਦਿਆਂ ਜਣਾਈਆ । ਜਿਨ੍ਹਾਂ ਨਾਲ ਮੇਰਾ ਸਾਥ, ਓਨ੍ਹਾਂ ਲੈਣਾ ਤਰਾਈਆ । ਲੱਖ ਚੁਰਾਸੀ ਕੱਟਣਾ ਫਾਸ, ਜਮ ਨਾ ਦਏ ਸਜ਼ਾਈਆ ।

੨੦੨
੧੯

ਲਾੜੀ ਮੌਤ ਨਾ ਕਰੇ ਘਾਤ, ਰਾਏ ਧਰਮ ਨਾ ਲੇਖ ਵਖਾਈਆ । ਮੇਰੇ ਵਾਂਗੂੰ ਲੇਖੇ ਲਾਉਣੀ ਰਾਤ, ਭਿੰਨੜੀ ਰੈਣ ਵੱਜੇ ਵਧਾਈਆ । ਮੈਂ ਵੇਖਾਂ ਹੋ ਕੇ ਦਾਸ, ਮਿਹਰ ਨਜ਼ਰ ਤੇਰੀ ਉਠਾਈਆ । ਤੂੰ ਮੈਨੂੰ ਕਹੀਂ ਸ਼ਾਬਾਸ਼, ਵਾਹਵਾ ਤੇਰੀ ਵਡਿਆਈਆ । ਮੈਂ ਖ਼ੁਸ਼ੀਆਂ ਨਾਲ ਸਭ ਨੂੰ ਦੇਵਾਂ ਆਖ, ਪੁਰਖ ਅਕਾਲ ਧੁਰ ਦਾ ਪਿਤਾ ਮਾਈਆ । ਜਿਸ ਦਾ ਇਕੋ ਪਤਣ ਕਿਨਾਰਾ ਘਾਟ, ਇਕੋ ਮੰਦਰ ਰਿਹਾ ਵਸਾਈਆ । ਜਿਥੇ ਝਗੜਾ ਨਹੀਂ ਕੋਈ ਜਾਤ ਪਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਨਾ ਕੋਈ ਪ੍ਰਿਥਮੀ ਨਾ ਆਕਾਸ਼, ਗਗਨ ਮੰਡਲ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਭਗਤ ਆਤਮਾ ਕਹੇ ਮੈਨੂੰ ਵਸਤ ਮੰਗਣ ਦਾ ਚਾ, ਪ੍ਰਭ ਅਗੇ ਝੋਲੀ ਡਾਹੀਆ । ਤੂੰ ਦਾਤਾ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਗਿਉਂ ਆ, ਨਿਰਗੁਣ ਨਿਰਵੈਰ ਹੋ ਕੇ ਫੇਰਾ ਪਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਗਵਾਹ, ਗੋਬਿੰਦ ਸ਼ਹਾਦਤ ਰਿਹਾ ਭੁਗਤਾਈਆ । ਤੂੰ ਭਗਤਾਂ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਨਈਆ ਨੌਕਾ ਨਾਮ ਚੜ੍ਹਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਸਾਚਾ ਰਸਤਾ ਦੇ ਵਖਾ, ਰਹਿਬਰ ਹੋ ਕੇ ਨੂਰ ਖ਼ੁਦਾਈਆ । ਮੈਨੂੰ ਗੋਬਿੰਦ ਪਹਿਲੋਂ ਲਾਰਾ ਲਾ ਕੇ ਗਿਆ ਸੁਣਾ, ਕਲਜੁਗ ਅੰਤਮ ਆਪਣਾ ਹੁਕਮ ਜਣਾਈਆ । ਮੈਂ ਤੱਤਾਂ ਵਾਲਾ ਨਾਤਾ ਆਇਆ ਤਜਾ, ਜਾਗਰਤ ਜੋਤ ਕਰ ਰੁਸ਼ਨਾਈਆ । ਸਚਖੰਡ ਵੇਖਿਆ ਧੁਰ ਦਾ ਥਾਂ, ਸਤਿ ਸੁਹੰਜਣਾ ਸੋਭਾ ਪਾਈਆ । ਜਿਥੇ ਨਾ ਕੋਈ ਪਿਤਾ ਨਾ ਕੋਈ ਮਾਂ, ਭਾਈ ਭੈਣ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਗਤ ਆਤਮਾ ਕਹੇ ਮੈਂ ਮੰਗੀ ਮੰਗ ਜ਼ਰੂਰ, ਖ਼ਾਲੀ ਰਹਿਣ ਮੂਲ ਨਾ ਪਾਈਆ । ਤੂੰ ਆਦਿ ਜੁਗਾਦੀ ਆਸਾ ਮਨਸਾ ਪੂਰ, ਭਰਪੂਰ ਬੇਪਰਵਾਹੀਆ । ਭਗਤ ਸੁਹੇਲੇ ਤੇਰੇ ਨਾਮ ਦੇ ਸਦਾ ਮਜ਼ਦੂਰ, ਜੁਗ ਚੌਕੜੀ ਸੇਵ ਕਮਾਈਆ । ਨਾਤਾ ਤੋੜ ਦੇ ਕੂੜੇ ਕੂੜ, ਕਾਇਆ ਕਪਟ ਬਾਹਰ ਕਢਾਈਆ । ਨਜ਼ਰ ਆ ਹਾਜ਼ਰ ਹਜ਼ੂਰ, ਨੂਰ ਨੁਰਾਨਾ ਕਰ ਰੁਸ਼ਨਾਈਆ । ਜਨਮ ਜਨਮ ਦਾ ਕਟ ਕ਼ਸੂਰ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ਾਂ ਸੱਚੀ ਸਰਨਾਈਆ । ਪੁਰਖ ਅਕਾਲ ਕਹੇ ਮੇਰੀ ਆਤਮ ਅਨੰਤੀ, ਅੰਤਮ ਦਿਆਂ ਜਣਾਈਆ । ਤੇਰੀ ਪਰਵਾਨ ਕਰਾਂ ਬੇਨੰਤੀ, ਵਿਨੈ ਆਪਣੀ ਝੋਲੀ ਪਾਈਆ । ਤੇਰੀ ਬਾਹਰ ਕਰਾਂ ਬਸੰਤੀ, ਧੁਰ ਦੀ ਰੁੱਤ ਮਹਿਕਾਈਆ । ਖੇਲ ਮੁਕਾ ਕੇ ਕੂੜੇ ਮਨ ਕੀ, ਮਮਤਾ ਦਿਆਂ ਗਵਾਈਆ । ਧਾਰ ਬਣਾ ਕੇ ਆਪਣੇ ਚੰਨ ਦੀ, ਚੰਦ ਕਰਾਂ ਰੁਸ਼ਨਾਈਆ । ਕੋਟਾਂ ਵਿਚੋਂ ਮਾਤਾ ਭਗਤ ਸੁਹੇਲਾ ਜੰਮਦੀ, ਅਰਬਾਂ ਵਿਚੋਂ ਮਿਲੇ ਪਿਤਾ ਵਡਿਆਈਆ । ਇਹ ਖੇਲ ਹੈ ਸਚ ਧਰਮ ਦੀ, ਗੋਬਿੰਦ ਆਪਣੇ ਹੱਥ ਰਖਾਈਆ । ਨਾ ਕੋਈ ਕਾਰ ਜਾਣੇ ਕਰਨ ਦੀ, ਨਿਹਕਰਮੀ ਪੜਦਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਝੋਲੀ ਪਾਈਆ । ਭਗਤ ਆਤਮਾ ਕਹੇ ਮੈਂ ਕਦੇ ਨਾ ਸੌਂਦੀ, ਆਲਸ ਨਿੰਦਰਾ ਵਿਚ ਨਾ ਆਈਆ । ਕੋਟਨ ਕੋਟ ਤਤ ਬੁਰਜ ਮੈਂ ਢਾਹੁੰਦੀ, ਆਪਣਾ ਆਪ ਨਾ ਕਦੇ ਮਿਟਾਈਆ । ਸਦਾ ਸਦਾ ਸਦ ਤੇਰਾ ਢੋਲਾ ਗਾਉਂਦੀ, ਤੂੰ ਹੀ ਤੂੰ ਹੀ ਰਾਗ ਅਲਾਹੀਆ । ਨੇਤਰ ਅੱਖ ਨਾ ਕਦੇ ਸ਼ਰਮਾਉਂਦੀ, ਨੈਣ ਤੇਰੇ ਵਿਚ ਮਿਲਾਈਆ । ਆਦਿ ਜੁਗਾਦਿ ਤੇਰਾ ਦਰਸ਼ਨ ਪਾਉਂਦੀ, ਦੂਜਾ ਇਸ਼ਟ ਨਾ ਕੋਇ ਮਨਾਈਆ । ਸਿਫ਼ਤਾਂ ਕਰਾਂ ਤੇਰੇ ਨਾਉਂ ਦੀ, ਆਪਣਾ ਆਪ ਨਾ ਕੋਇ ਜਣਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਭਗਤ ਆਤਮਾ ਕਹੇ ਮੈਂ ਆਈ ਤੇਰੇ ਦਵਾਰੇ, ਭਗਤਾਂ ਵੇਖ ਖ਼ੁਸ਼ੀ ਮਨਾਈਆ । ਥੋੜੇ ਬੈਠੇ ਤੇਰੇ ਚੁਬਾਰੇ, ਸਚਖੰਡ ਸਾਚੇ ਸੋਭਾ ਪਾਈਆ । ਕੋਟਨ ਕੋਟ ਲੱਭਣ ਧਰਮ ਰਾਏ ਦਵਾਰੇ, ਅਠਾਰਾਂ ਦਸ ਰਹੇ ਕੁਰਲਾਈਆ । ਗੁਰ ਅਵਤਾਰ ਪੈਗੰਬਰ ਕੱਢਣ ਹਾੜੇ, ਨਿਉਂ ਨਿਉਂ ਸੀਸ ਝੁਕਾਈਆ । ਲੱਖ ਚੁਰਾਸੀ ਵਿਚੋਂ ਥੋੜੇ ਪਹੁੰਚੇ ਵਿਚ ਅਖਾੜੇ, ਜੋ ਆਇਆ ਤੇਰੀ ਭੇਟ ਚੜ੍ਹਾਈਆ । ਵੇਖੀਂ ਹੁਣ ਨਾ ਦੇਵੀਂ ਲਾਰੇ, ਵੇਲਾ ਵਕਤ ਦਏ ਗਵਾਹੀਆ । ਤੇਰੇ ਸ਼ਬਦੀ ਇਕ ਇਸ਼ਾਰੇ, ਐਸ਼ੋ ਇਸ਼ਰਤ ਦੇਣੀ ਗਵਾਈਆ । ਕਾਰਜ ਕਰਨੇ ਪ੍ਰਭੂ ਹਮਾਰੇ, ਹਮਸਾਜਣ ਹੋ ਕੇ ਮੇਲ ਮਿਲਾਈਆ । ਅਸੀਂ ਕੋਈ ਭਗਤ ਨਹੀਂ ਦੋ ਚਾਰੇ, ਚਾਰ ਜੁਗ ਦੇ ਮਿਲ ਕੇ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣੀ ਇਕ ਸਰਨਾਈਆ । ਭਗਤ ਆਤਮਾ ਕਹੇ ਮੈਂ ਕਰਨੀ ਸਚ ਪ੍ਰੀਤ, ਪ੍ਰੀਤਮ ਤੇਰੀ ਓਟ ਤਕਾਈਆ । ਮੈਂ ਰਖਾਂ ਕੀ ਉਡੀਕ, ਮੈਨੂੰ ਦੇ ਸਮਝਾਈਆ । ਕਿਸ ਬਿਧ ਅਗੇ ਚਲਾਵੇਂ ਰੀਤ, ਸੰਤ ਸੁਹੇਲੇ ਲਏਂ ਮਿਲਾਈਆ । ਤੇਰਾ ਦਵਾਰਾ ਲੰਘਣ ਦਹਿਲੀਜ਼, ਬਿਨ ਕ਼ਦਮਾਂ ਕ਼ਦਮ ਟਿਕਾਈਆ । ਤੇਰੀ ਉਡੀਕ ਰਖਣ ਉਮੀਦ, ਬਿਨ ਅੱਖਾਂ ਅੱਖ ਖੁਲ੍ਹਾਈਆ । ਤੂੰ ਹੱਥ ਰਖਣਾ ਸੀਸ, ਸਿਰ ਸਿਰ ਦਇਆ ਕਮਾਈਆ । ਤੂੰ ਮਾਲਕ ਇਕ ਜਗਦੀਸ਼, ਜਗਦੀਸ਼ਰ ਬੇਪਰਵਾਹੀਆ । ਤੇਰਾ ਪਹਿਲਾ ਸੰਮਤ ਨਾ ਜਾਏ ਬੀਤ, ਏਸੇ ਅੰਦਰ ਝੋਲੀ ਡਾਹੀਆ । ਮਿਹਰਵਾਨ ਕਰਨੀ ਬਖ਼ਸ਼ੀਸ਼, ਬਖ਼ਸ਼ਿਸ਼ ਦੇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਰ ਦੇ ਕ਼ਾਦਰ, ਕ਼ੁਦਰਤ ਦੇ ਮਾਲਕ ਮੰਗ ਮੰਗਾਈਆ । ਮੈਂ ਤੇਰੀ ਆਤਮਾ ਸਦਾ ਬਹਾਦਰ, ਜੁਗ ਚੌਕੜੀ ਖ਼ੁਸ਼ੀ ਮਨਾਈਆ । ਤੇਰੇ ਦਵਾਰਿਉਂ ਵਣਜ ਕਰਾਂ ਬਣ ਸੌਦਾਗਰ, ਵਸਤ ਅਮੋਲਕ ਝੋਲੀ ਪਾਈਆ । ਧੁਰ ਦਾ ਕਰੇ ਇਕੋ ਆਦਲ, ਅਦਾਲਤ ਆਪਣੀ ਇਕ ਵਖਾਈਆ । ਤੇਰਾ ਰੂਪ ਨਾ ਮਕ਼ਤੂਲ ਤੇ ਨਾ ਕ਼ਾਤਲ, ਕ਼ਤਲਗਾਹ ਵਿਚ ਫੇਰਾ ਕੋਇ ਨਾ ਪਾਈਆ । ਮੈਂ ਜਲਵਾ ਤੱਕਾਂ ਬਾਤਨ, ਨੂਰ ਨੁਰਾਨਾ ਨਜ਼ਰੀ ਆਈਆ । ਮੈਂ ਮੱਲਿਆ ਤੇਰਾ ਪਾਤਨ, ਦਰ ਠਾਂਡੇ ਸੋਭਾ ਪਾਈਆ । ਮੈਂ ਕੁਛ ਭਗਤਾਂ ਜਾਣਾ ਆਖਣ, ਲੋਕਮਾਤ ਕਰਾਂ ਸ਼ਨਵਾਈਆ । ਇਹ ਇਕੋ ਸਭ ਦਾ ਬਾਪਨ, ਪਿਤਾ ਪੁਰਖ ਅਕਾਲ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦੇ ਸਮਝਾਈਆ । ਭਗਤ ਆਤਮਾ ਕਹੇ ਮੈਂ ਨਹੀਂ ਇਕਲੌਤੀ, ਇਕੱਲੀ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਤੇਰੇ ਸ਼ਬਦ ਦੀ ਧੀ ਤੇ ਤੇਰੀ ਪੋਤੀ, ਤੇਰਾ ਪੁੱਤਰ ਗੋਬਿੰਦ ਦਏ ਵਡਿਆਈਆ । ਮੈਂ ਕਦੀ ਖਾਧੀ ਨਹੀਂ ਕੋਈ ਜਗ ਵਿਚ ਰੋਟੀ, ਅੰਨ ਦਾਣੇ ਦੀ ਆਸ ਨਾ ਕੋਇ ਰਖਾਈਆ । ਅੰਤਮ ਚੜ੍ਹਕੇ ਤੇਰੀ ਚੋਟੀ, ਧੁਰ ਦੀ ਭਿਛਿਆ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਸਚ ਸਰਨਾਈਆ । ਪੁਰਖ ਅਕਾਲ ਕਹੇ ਦੱਸ ਮੰਗੇਂ ਕੀ, ਪੜਦਾ ਦੇ ਖੁਲ੍ਹਾਈਆ । ਭਗਤ ਆਤਮਾ ਕਹੇ ਮੈਂ ਤੇਰਾ ਪੁੱਤਰ ਤੇ ਤੇਰੀ ਧੀ, ਦੂਜਾ ਅਵਰ ਨਾ ਕੋਇ ਮਨਾਈਆ । ਕਲਜੁਗ ਅੰਤਮ ਨਾਤਾ ਛੱਡਿਆ ਸਾਢੇ ਤਿੰਨ ਹੱਥ ਸੀਂ, ਸੀਨੇ ਚੜ੍ਹ ਕੇ ਤੇਰੇ ਖ਼ੁਸ਼ੀ ਮਨਾਈਆ । ਝਗੜਾ ਪਿਛਲਾ ਮੁਕਿਆ ਇਕੀਹ ਵੀਹ, ਬੀਸ ਇਕੀਸ ਪੰਧ ਮੁਕਾਈਆ । ਅਗੇ ਲਾਉਣੀ ਸਤਿਜੁਗ ਨੀਂਹ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਉਠਾ ਦੇ ਸਵਾਮੀ, ਦਰ ਠਾਂਡੇ ਮੰਗ ਮੰਗਾਈਆ ।

ਤੂੰ ਆਦਿ ਜੁਗਾਦੀ ਅੰਤਰਜਾਮੀ, ਘਟ ਭੀਤਰ ਵੇਖ ਵਖਾਈਆ । ਤੂੰ ਭਗਤ ਸੁਹੇਲਾ ਜਾਣ ਜਾਣੀ, ਪੜਦਾ ਦੇ ਚੁਕਾਈਆ । ਤੇਰਾ ਖੇਲ ਦੋ ਜਹਾਨੀ, ਨਿਰਗੁਣ ਸਰਗੁਣ ਸੇਵ ਕਮਾਈਆ । ਮੈਨੂੰ ਦੇ ਦੇ ਭਗਤਾਂ ਵਾਸਤੇ ਇਕ ਨਿਸ਼ਾਨੀ, ਨਿਸ਼ਾਨੇ ਸਾਰੇ ਦੇਣੇ ਗਵਾਈਆ । ਮੈਂ ਸਭ ਨੂੰ ਦੱਸਣਾ ਇਹ ਦੀਨ ਦੁਨੀ ਫ਼ਾਨੀ, ਅੰਤ ਰਹਿਣ ਕੋਇ ਨਾ ਪਾਈਆ । ਜਨ ਭਗਤੋ ਲੋਕਮਾਤ ਕੂੜ ਮਹਿਮਾਨੀ, ਤ੍ਰਿਸ਼ਨਾ ਜਗਤ ਨਾ ਕੋਇ ਮਿਟਾਈਆ । ਪ੍ਰਭ ਨੂੰ ਮਿਲਣਾ ਨਾਲ ਆਸਾਨੀ, ਅਸਲ ਰਾਹ ਦਿਆਂ ਵਖਾਈਆ । ਗੋਬਿੰਦ ਚਿੱਲਾ ਫੜੇ ਨਾ ਤੀਰ ਕਮਾਨੀ, ਸ਼ਬਦ ਭੱਥਾ ਇਕ ਵਖਾਈਆ । ਜਗਤ ਸ੍ਰਿਸ਼ਟੀ ਸਮਝਿਓ ਬੇਗਾਨੀ, ਆਪਣਾ ਘਰ ਨਾ ਕੋਇ ਬਣਾਈਆ । ਕੂੜੀ ਕਿਰਿਆ ਚੜ੍ਹੇ ਤੁਗਿਆਨੀ, ਮਾਇਆ ਮਮਤਾ ਲਹਿਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਭਗਤ ਆਤਮਾ ਕੀ ਲੈ ਕੇ ਜਾਏਂ ਸੰਦੇਸ਼ਾ, ਸਦਾ ਕੀ ਸੁਣਾਈਆ । ਕੀ ਬਿਨ ਕ਼ਲਮ ਸ਼ਾਹੀ ਸਮਝਿਆ ਲੇਖਾ, ਬਿਨ ਅੱਖਰਾਂ ਕੀ ਪੜ੍ਹਾਈਆ । ਆਤਮ ਕਹੇ ਮੈਂ ਭਗਤਾਂ ਕਹਿਣਾ ਪੁਰਖ ਅਕਾਲ ਦਾ ਬਣ ਜਾਓ ਹੇਤਾ, ਨਾਤਾ ਕੂੜ ਜਗਤ ਤੁੜਾਈਆ । ਰਾਹ ਵਿਚ ਜਾਂਦਿਆਂ ਦੋ ਜਹਾਨ ਲੱਗੇ ਕੋਈ ਨਾ ਠੇਡਾ, ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਕਰਾਈਆ । ਭਗਤ ਆਤਮਾ ਕਹੇ ਮੇਰੇ ਮਾਲਕ ਹੱਕ, ਹਕ਼ੀਕਤ ਦੇ ਜਣਾਈਆ । ਮੈਂ ਲੋਕਮਾਤ ਜਾਵਾਂ ਨਠ, ਖ਼ੁਸ਼ੀਆਂ ਫੇਰਾ ਪਾਈਆ । ਪਿਛਲਿਆਂ ਕੱਢਾਂ ਸ਼ੱਕ, ਸਹਿੰਸਾ ਦਿਆਂ ਗਵਾਈਆ । ਭਗਤ ਸੁਹੇਲੇ ਤੱਕਾਂ ਸਖ, ਜੋ ਤੇਰਾ ਨਾਮ ਧਿਆਈਆ । ਦੁਨੀਆ ਨਾਲੋਂ ਵੱਖ, ਸੋਹਣੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੨੦੫ ੧੯ ਕਰ, ਸਚ ਸਚ ਦੇ ਦ੍ਰਿੜਾਈਆ । ਸ੍ਰੀ ਭਗਵਾਨ ਕਹੇ ਤੂੰ ਆਤਮ ਛੇਤੀ ਉਠ, ਦਿਆਂ ਮਾਣ ਵਡਿਆਈਆ । ਆ ਪੀ ਅੰਮ੍ਰਿਤ ਘੁਟ, ਜਾਮ ਰਿਹਾ ਚਖਾਈਆ । ਤੈਨੂੰ ਨਜ਼ਰੀਂ ਆਵੇ ਸਭ ਕੁਛ, ਤੈਨੂੰ ਵੇਖਣ ਕੋਇ ਨਾ ਪਾਈਆ । ਥਿਤ ਵਾਰ ਤੋਂ ਬਾਹਰ ਤੇਰੀ ਸੁਹਾਵਾਂ ਰੁੱਤ, ਮਾਘ ਪੰਜ ਵੱਜੇ ਵਧਾਈਆ । ਓਥੇ ਅਕੱਠੇ ਹੋਏ ਗੁਰਮੁਖ ਪੁੱਤ, ਪਿਤਾ ਪੂਤ ਇਕ ਮਨਾਈਆ । ਜਿਨ੍ਹਾਂ ਦੇ ਅੰਦਰ ਇਕੋ ਸਾਚੀ ਤੁਕ, ਸੋਹੰ ਢੋਲਾ ਰਹੇ ਗਾਈਆ । ਭਗਤ ਆਤਮਾ ਕਹੇ ਮੈਂ ਕੀ ਉਨ੍ਹਾਂ ਉਤੋਂ ਦੇਵਾਂ ਸੁੱਟ, ਮੈਨੂੰ ਦੇ ਸਮਝਾਈਆ । ਪੁਰਖ ਅਕਾਲ ਕਿਹਾ ਤੂੰ ਨੇੜੇ ਜਾ ਕੇ ਖ਼ੁਸ਼ੀਆਂ ਵਿਚ ਰੋਵੀਂ ਫੁੱਟ ਫੁੱਟ, ਨੇਤਰ ਨੈਣਾਂ ਛਹਿਬਰ ਲਾਈਆ । ਮੈਂ ਆਵਾਂ ਬਦਲ ਕੇ ਰੁਖ਼, ਨਿਰਗੁਣ ਨਿਰਾਕਾਰ ਵੇਸ ਵਟਾਈਆ । ਤੂੰ ਇਕੋ ਵਾਰ ਜਾਣਾ ਝੁਕ, ਨਿਰਗੁਣ ਸੀਸ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਆਤਮਾ ਕਹੇ ਪ੍ਰਭੂ ਕਿਉਂ ਦੱਸਿਆ ਪੰਜ ਮਾਘ, ਮੈਨੂੰ ਦੇ ਸਮਝਾਈਆ । ਪੁਰਖ ਅਕਾਲ ਕਿਹਾ ਆਦਿ ਸਭ ਤੋਂ ਪਹਿਲੋਂ ਭਗਤ ਭਗਵਾਨ ਦਾ ਜਗਿਆ ਸੀ ਚਿਰਾਗ਼, ਇਹੋ ਦਿਵਸ ਦੇਵੇ ਵਡਿਆਈਆ । ਦੁਰਮਤ ਮੈਲ ਧੋਇਆ ਸੀ ਦਾਗ਼, ਪਾਪਾਂ ਮੂਲ ਚੁਕਾਈਆ । ਸੁਰਤ ਗਈ ਸੀ ਜਾਗ, ਨਿਜ ਨੈਣ ਅੱਖ ਖੁਲ੍ਹਾਈਆ । ਤ੍ਰਿਸ਼ਨਾ ਬੁਝੀ ਸੀ ਆਗ, ਮਮਤਾ ਮੋਹ ਮਿਟਾਈਆ । ਧਰੂ ਨੂੰ ਏਸੇ ਦਿਨ ਦਿਤਾ ਸੀ ਰਾਜ, ਸਚ ਦਵਾਰ ਖ਼ੁਸ਼ੀ ਮਨਾਈਆ । ਅਗੇ ਸਤਿਜੁਗ ਦਾ ਚਲਣਾ ਹੋਰ ਰਿਵਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪਣੇ ਨਾਲ ਵਰਤਾਈਆ । ਭਗਤ ਆਤਮਾ ਕਹੇ ਮੈਂ ਸੁਣਾਉਂਣ ਆਈ ਬਾਤ, ਜਨ ਭਗਤੋ ਦਿਆਂ ਜਣਾਈਆ । ਹੁਕਮ ਦਿਤਾ ਧੁਰ ਦੇ ਬਾਪ, ਪਰਮ ਪੁਰਖ ਹੋਇਆ ਸਹਾਈਆ । ਅਗੇ ਲੇਖਾ

ਚੁਕਾਏ ਬਣ ਕੇ ਸੱਚਾ ਸਾਕ, ਸੱਜਣ ਸ਼ਹਿਨਸ਼ਾਹੀਆ । ਜਨ ਭਗਤਾਂ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਗੁਰਮੁਖ ਰੁਲੇ ਕੋਈ ਨਾ ਖ਼ਾਕ, ਮਿੱਟੀ ਢੇਰ ਨਾ ਕੋਇ ਭਵਾਈਆ । ਇਹ ਗੋਬਿੰਦ ਦਾ ਵਾਕ, ਵਾਕਿਆ ਸਾਹਮਣੇ ਦਿਤਾ ਵਖਾਈਆ । ਅਗਲਾ ਖੇਲ ਤਮਾਸ਼, ਸਰਬ ਰਿਹਾ ਸਮਝਾਈਆ । ਹੌਲੀ ਹੌਲੀ ਜੇ ਤੁਸਾਂ ਆਉਣਾ ਮੇਰੇ ਪਾਸ, ਲੋਕਮਾਤ ਪੰਧ ਮੁਕਾਈਆ । ਸੋਹੰ ਢੋਲਾ ਗਾਉਣਾ ਸਵਾਸ ਸਵਾਸ, ਰਸਨਾ ਜਿਹਵਾ ਜੋੜ ਜੁੜਾਈਆ । ਰੂਹ ਬੁੱਤ ਦੋਵੇਂ ਹੋਵਣ ਪਾਕ, ਦੁਰਮਤ ਮੈਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦਏ ਗਵਾਈਆ । ਭਗਤ ਆਤਮਾ ਕਹੇ ਮੈਂ ਦੱਸਣ ਆਈ ਅਖ਼ੀਰ, ਬਿਨ ਅੱਖਰਾਂ ਰਹੀ ਜਣਾਈਆ । ਜਨ ਭਗਤੋ ਬਦਲ ਲਓ ਤਕਦੀਰ, ਤਦਬੀਰ ਰਹੀ ਦ੍ਰਿੜਾਈਆ । ਵੇਖਿਆ ਧਾਮ ਜਿਥੇ ਨਾ ਕੋਈ ਪਾਤਸ਼ਾਹ ਵਜ਼ੀਰ, ਗੁਣੀ ਗਹੀਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਵਿਚ ਕਬੀਰ, ਪਾਲ ਪਲ ਪਲ ਦਰਸ ਦਿਖਾਈਆ । ਮੈਨੂੰ ਲੱਭਾ ਨਹੀਂ ਓਥੇ ਕੋਈ ਫ਼ਕੀਰ, ਫ਼ਿਕਰਿਆਂ ਵਾਲਾ ਢੋਲਾ ਨਾ ਕੋਇ ਸੁਣਾਈਆ । ਰਾਹ ਵਿਚ ਸਾਰੇ ਬੈਠੇ ਦਿਲਗੀਰ, ਅੱਧਵਾਟੇ ਬੈਠੇ ਪਾਂਧੀ ਰਾਹੀਆ । ਤੁਹਾਡਾ ਨਵਾਂ ਮਹੱਲ ਅਗੇ ਹੋਣ ਲੱਗਾ ਤਾਮੀਰ, ਪੁਰਖ ਅਕਾਲ ਸੇਵ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਭਗਤ ਆਤਮਾ ਕਹੇ ਮੈਂ ਸੰਦੇਸ਼ ਦੇਵਣ ਆਈ ਸੱਚਾ, ਸਚ ਦਿਆਂ ਜਣਾਈਆ । ਵੇਖਿਓ ਗੁਰਮੁਖ ਰਹੇ ਕੋਈ ਨਾ ਕੱਚਾ, ਭਾਵੇਂ ਟੁੱਟ ਜਾਏ ਲੋਕਾਈਆ । ਮਾਈ ਬਾਪ ਭੈਣ ਭਾਈ ਕਿਸੇ ਦਾ ਨਹੀਂ ਕੋਈ ਸਕਾ, ਅੰਤ ਹੋਵੇ ਸਰਬ ਜੁਦਾਈਆ । ਮਾਇਆ ਕਾਰਨ ਮੇਲਦੇ ਅੱਖਾਂ, ਅੰਤਰ ਆਤਮ ਪ੍ਰੇਮ ਨਾ ਕੋਇ ਬਣਾਈਆ । ਅੰਤਮ ਸਾੜ ਕੇ ਆਉਣ ਵਿਚ ਕੱਖਾਂ, ਅਗਨੀ ਅੱਗ ਭੇਟ ਕਰਾਈਆ । ਜਨ ਭਗਤ ਪਰਗਟ ਹੋਵੇ ਕੋਟਾਂ ਵਿਚੋਂ ਲੱਖਾਂ, ਲਖਮੀ ਨਰਾਇਣ ਦਏ ਸਰਨਾਈਆ । ਮੈਂ ਬਣਿਆ ਓਸ ਦਾ ਬੱਚਾ, ਜੋ ਬੱਚੇ ਨੀਹਾਂ ਹੇਠ ਦਬਾਈਆ । ਪ੍ਰੀਤੀ ਅੰਦਰ ਹੋਵੇ ਪੱਕਾ, ਪੱਕੀ ਯਾਰੀ ਤੋੜ ਨਿਭਾਈਆ । ਤੁਹਾਡੇ ਕਾਰਨ ਆਇਆ ਨੱਠਾ, ਪੰਜ ਪੋਹ ਫੇਰਾ ਪਾਈਆ । ਭਗਤ ਦਵਾਰੇ ਭਗਤਾਂ ਹੋਇਆ ਇਕੱਠਾ, ਇਕੱਠ ਸੋਹਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰ ਦਾ ਹੁਕਮ ਇਕ ਮਨਾਈਆ । ਧੁਰ ਦਾ ਹੁਕਮ ਸੁਣਾਵਾਂ ਇਕ, ਏਕੰਕਾਰ ਰਿਹਾ ਜਣਾਈਆ । ਗੁਰਮੁਖੋ ਪ੍ਰਭ ਸਰਨ ਆ ਕੇ ਬਣ ਜਾਓ ਉਹ ਸਿੱਖ, ਜੋ ਸਾਖਿਆਤ ਪ੍ਰਭ ਦਾ ਦਰਸ਼ਨ ਪਾਈਆ । ਜਗਤ ਦੁਨੀ ਵਖਾ ਦਿਓ ਪਿੱਠ, ਕਰਵਟ ਆਪੇ ਲਏ ਬਦਲਾਈਆ । ਸਾਚੇ ਭਗਤ ਕੋਈ ਨਾ ਲਵੇ ਪਿੱਟ, ਨੇਤਰ ਨੀਰ ਨਾ ਕੋਇ ਵਹਾਈਆ । ਸੀਸ ਨਿਵਾਉਣਾ ਨਹੀਂ ਕਿਸੇ ਪੱਥਰ ਇੱਟ, ਇਸ਼ਟ ਇਕੋ ਇਕ ਜਣਾਈਆ । ਜਿਧਰ ਵੇਖੋ ਓਧਰ ਪਏ ਦਿਸ, ਦਹਿ ਦਿਸ਼ਾ ਰਿਹਾ ਸਮਾਈਆ । ਜੇ ਹੋਰ ਜਾਣੋ ਤੇ ਵਸੇ ਤੁਹਾਡੇ ਵਿਚ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਭਗਤ ਆਤਮਾ ਕਹੇ ਮੇਰਾ ਤੱਤਾਂ ਵਾਲਾ ਨਹੀਂ ਕੋਈ ਸਰੂਪ, ਸਰੂਪ ਸਿੰਘ ਰਹਿਣ ਕੋਇ ਨਾ ਪਾਈਆ । ਮੈਂ ਓਸ ਦਾ ਬਣਿਆ ਪੂਤ, ਜਿਸ ਨੂੰ ਪਤਿਪਰਮੇਸ਼ਵਰ ਕਹਿ ਕੇ ਸਾਰੇ ਰਹੇ ਗਾਈਆ । ਮੈਂ ਫਿਰਨਾ ਦਹਿ ਦਿਸ਼ਾ ਚਾਰੇ ਕੂਟ, ਗੁਰਮੁਖ ਵੇਖਾਂ ਥਾਉਂ ਥਾਈਆ । ਪ੍ਰੇਮ ਪਿਆਲਿਆਂ ਵਿਚ ਪੀਣਾ ਦੂਧ, ਅੰਮ੍ਰਿਤ ਰਸ ਮੁਖ ਵਖਾਈਆ । ਵੇਖਿਓ ਜਗਤ ਵਾਸਨਾ ਬਦਲ ਨਾ ਲਿਓ ਬੁਧ, ਮਨ ਮਮਤਾ ਵਿਚ ਫਸਾਈਆ । ਅਗੇ ਕਿਸੇ ਨੂੰ ਕੋਈ ਨਾ ਰਿਹਾ ਪੁੱਛ,

ਰਾਏ ਧਰਮ ਦਏ ਸਜ਼ਾਈਆ । ਜਿਸ ਵੇਲੇ ਪ੍ਰਭ ਨੇ ਗੋਦੀ ਆਂਦਾ ਚੁੱਕ, ਚਿਤਰ ਗੁਪਤ ਨਿਉਂ ਨਿਉਂ ਸੀਸ ਨਿਵਾਈਆ । ਵੇਖਿਓ ਏਸ ਨਿਸ਼ਾਨਿਉਂ ਨਾ ਜਾਇਓ ਉਕ, ਉਕਾ ਫ਼ੈਸਲਾ ਲੈਣਾ ਕਰਾਈਆ । ਮੰਜ਼ਲ ਚੜ੍ਹਿਓ ਜਾਇਓ ਨਾ ਘੁੱਥ, ਪਾਂਧੀ ਹੋ ਕੇ ਚਲਣਾ ਚਾਈਂ ਚਾਈਆ । ਭਾਵੇਂ ਮਾਤਾ ਪਿਤਾ ਸਾਕ ਜਾਵੇ ਛੁੱਟ, ਪ੍ਰਭ ਦੇ ਨਾਲੋਂ ਨਾ ਹੋਏ ਜੁਦਾਈਆ । ਭਗਤਾਂ ਪਿਛਲਾ ਨਾਤਾ ਜਾਵੇ ਤੁੱਟ, ਸੌਹਰਾ ਪਈਆ ਨਾ ਕੋਇ ਸੁਹਾਈਆ । ਫਿਰ ਵੀ ਓਸ ਅਕਾਲ ਦੇ ਬਣਿਓ ਸੁਤ, ਜੋ ਆਦਿ ਜੁਗਾਦਿ ਗੋਦੀ ਰਿਹਾ ਉਠਾਈਆ । ਸਦ ਭਾਣੇ ਵਿਚ ਰਹਿਣਾ ਖ਼ੁਸ਼, ਚਿੰਤਾ ਗ਼ਮ ਨਾ ਕੋਇ ਵਧਾਈਆ । ਮੈਨੂੰ ਏਥੇ ਨਹੀਂ ਕੋਈ ਦੁੱਖ, ਤੁਹਾਨੂੰ ਦੁੱਖ ਨਾ ਕੋਇ ਸਤਾਈਆ । ਮੈਂ ਚਾਹੁੰਦੀ ਜਿਵੇਂ ਹੋਇਆ ਮੇਰਾ ਉਜਲ ਮੁਖ, ਇਹ ਸਭ ਨੂੰ ਮਿਲੇ ਵਡਿਆਈਆ । ਮੈਂ ਲੋਕਮਾਤ ਦਾ ਬੂਟਾ ਪੁੱਟ, ਸਚਖੰਡ ਦਵਾਰੇ ਜੜ੍ਹ ਦੇਣੀ ਲਗਾਈਆ । ਮੇਰੀ ਸਦਾ ਮੌਲੀ ਰਹੇ ਬਸੰਤੀ ਰੁੱਤ, ਖਿਜਾਂ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਜ ਮਾਘ ਕਹੇ ਕਿਉਂ ਮੇਰੀ ਆਈ ਰੁੱਤ, ਦਿਵਸ ਰੈਣ ਵੱਜੀ ਵਧਾਈਆ । ਮੈਂ ਸਭ ਨੂੰ ਰਿਹਾ ਪੁਛ, ਜੋ ਸਨਮੁਖ ਬੈਠੇ ਸੋਭਾ ਪਾਈਆ । ਕੀ ਤੁਸੀਂ ਰਹੋਗੇ ਇਕੋ ਦੇ ਪੁੱਤ, ਕਿ ਵੰਡਾਂ ਜਗ ਵਖਾਈਆ । ਜਾਓਗੇ ਓਸ ਨੂੰ ਝੁੱਕ, ਜੋ ਸਿਰ ਸਿਰ ਰਿਜ਼ਕ ਸਬਾਈਆ । ਪੜ੍ਹੋਗੇ ਇਕੋ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਵੇਖਿਓ ਹੰਕਾਰ ਵਿਚ ਕਦੇ ਨਾ ਜਾਇਓ ਰੁੱਠ, ਨਾਤਾ ਵਿਕਾਰ ਨਾਲ ਜੁੜਾਈਆ । ਅੰਤਮ ਕਾਇਆ ਬੂਟਾ ਸਭ ਦਾ ਜਾਣਾ ਸੁੱਕ, ਪੱਤ ਡਾਲੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਹੁਕਮ ਵਿਚੋਂ ਮਨਾਈਆ । ਮਾਘ ਕਹੇ ਉਹ ਦਰ ਸਰਬ ਖ਼ੁਸ਼ਹਾਲ, ਪੰਚ ਪਰਵਾਨ ਰਹੇ ਸੁਣਾਈਆ । ਪਰਧਾਨ ਹੋ ਕੇ ਬਣੇ ਲਾਲ, ਸਚਖੰਡ ਮਿਲੀ ਵਡਿਆਈਆ । ਸਾਚੇ ਦਰ ਸੋਹੇ ਰਾਜਾਨ, ਰਈਅਤ ਦੋ ਜਹਾਨ ਅਖਵਾਈਆ । ਮੁਕਾਮੇ ਹੱਕ ਪਾਇਆ ਮਾਣ, ਦਰਗਾਹ ਸਾਚੀ ਵੱਜੀ ਵਧਾਈਆ । ਮੈਂ ਦੇਵਣ ਆਇਆ ਧੁਰ ਫ਼ਰਮਾਨ, ਸੰਦੇਸ਼ਾ ਸਤਿ ਸਤਿ ਸੁਣਾਈਆ । ਵੇਖਿਓ ਜਨ ਭਗਤੋ ਕਿਸੇ ਭਗਤ ਦੀ ਕਦੇ ਲਾਹੁਣ ਨਾ ਜਾਇਓ ਮੁਕਾਣ, ਜਗਤ ਰੀਤੀ ਨਾ ਵੰਡ ਵੰਡਾਈਆ । ਗੁਰਮੁਖਾਂ ਦਾ ਮਾਲਕ ਸ੍ਰੀ ਭਗਵਾਨ, ਗ੍ਰੰਥੀ ਪੰਥੀ ਪੰਡਤ ਪਾਂਧਾ ਮੁੱਲਾ ਸ਼ੇਖ਼ ਨਾ ਕੋਇ ਛਡਾਈਆ । ਸਭ ਦਾ ਨਾਤਾ ਪੀਣ ਖਾਣ, ਬਸਤਰ ਓਢਣ ਲੈ ਕੇ ਖ਼ੁਸ਼ੀ ਮਨਾਈਆ । ਮਾਘ ਕਹੇ ਕੈਂ ਹੋਇਆ ਹੈਰਾਨ, ਗੋਬਿੰਦ ਫ਼ਰਮਾਨ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਰੀਤ ਰਿਹਾ ਬਦਲਾਈਆ । ਭਗਤ ਆਤਮਾ ਕਹੇ ਤੁਹਾਡਾ ਮਾਰਗ ਲਗਣਾ ਮਾਤ, ਮਤਾ ਰਿਹਾ ਜਣਾਈਆ । ਮੇਰੀ ਐਵੇਂ ਨਾ ਸਮਝਿਓ ਬਾਤ, ਫ਼ਰਮਾਨਾ ਧੁਰ ਦਾ ਇਕ ਦ੍ਰਿੜਾਈਆ । ਸੁਗੰਧ ਖਾ ਕੇ ਜਾਇਓ ਅੱਜ ਦੀ ਰਾਤ, ਅੰਤਰ ਧਿਆਨ ਲਗਾਈਆ । ਪੁਰਖ ਅਕਾਲ ਸਭ ਨੇ ਮੰਨਣਾ ਬਾਪ, ਓਟ ਇਕੋ ਇਕ ਤਕਾਈਆ । ਆਤਮਾ ਕਹੇ ਮੈਂ ਓਸਦੀ ਜਾਤ, ਅੰਤਮ ਓਸੇ ਵਿਚ ਸਮਾਈਆ । ਮੁਹੱਬਤ ਵਾਲਾ ਨਾਤ, ਪ੍ਰੇਮ ਵਿਚ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਗਤ ਆਤਮਾ ਕਹੇ ਜਨ ਭਗਤੋ ਕਰ ਲਓ ਇਕੋ ਪ੍ਰਣ, ਪਰਨਾਮ ਇਕ ਜਣਾਈਆ । ਜੀਵਣ ਨਾਲੋਂ ਚੰਗਾ ਸਮਝਿਓ ਮਰਨ, ਜਿਸ ਮਰਨ ਤੋਂ ਪਿਛੋਂ ਪ੍ਰਭ ਦੇ ਵਿਚ ਸਮਾਈਆ । ਸਾਚੀ ਮੰਜ਼ਲ ਪੌੜੀ ਸਿਖਿਓ ਚੜ੍ਹਨ, ਆਪਣਾ ਬਲ ਵਧਾਈਆ । ਜੇ ਕੋਈ ਮਨ ਵਾਸਨਾ ਤੁਹਾਡੇ ਨਾਲ ਆਵੇ ਲੜਨ, ਉਹਦੇ ਵੱਲ ਨਾ ਅੱਖ ਉਠਾਈਆ । ਜੇ ਕੋਈ ਤੁਹਾਡਾ ਧਰਮ ਸਤਿ ਆਵੇ ਹਰਨ, ਉਸ ਦਾ

ਮੁਖੜਾ ਦਿਓ ਭਵਾਈਆ । ਪੁਰਖ ਅਬਿਨਾਸ਼ੀ ਇਕੋ ਬਖ਼ਸ਼ ਸਾਚੀ ਸਰਨ, ਸਿਰ ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਆਸ਼ਾ ਕਹੇ ਜਨ ਭਗਤੋ ਭਗਤਾਂ ਨੂੰ ਕੋਈ ਨਾ ਕਿਹੋ ਸੁਹਾਗਣ ਰੰਡੀ, ਵਿਧਵਾ ਰੂਪ ਨਾ ਕੋਇ ਬਣਾਈਆ । ਆਤਮਾ ਦਾ ਪਰਮਾਤਮਾ ਸਦਾ ਸੰਗੀ, ਜੋ ਵਿਛੜਿਆਂ ਰਿਹਾ ਜੁੜਾਈਆ । ਕੋਈ ਨਾ ਕਿਹੋ ਹੋਈ ਸਿਰੋਂ ਨੰਗੀ, ਓਢਣ ਸੀਸ ਨਾ ਕੋਈ ਟਿਕਾਈਆ । ਜਿਸ ਦਾ ਮਾਲਕ ਸੂਰਾ ਸਰਬੰਗੀ, ਹਰ ਥਾਂ ਦੇਵੇ ਮਾਣ ਵਡਿਆਈਆ । ਗੁਰਮੁਖੋ ਭਾਣੇ ਵਿਚ ਨਾ ਕੱਟਿਓ ਤੰਗੀ, ਦੁੱਖ ਸੁਖ ਵਿਚ ਲੈਣਾ ਬਦਲਾਈਆ । ਏਸ ਧਰਤੀ ਨਾਲੋਂ ਪ੍ਰਭ ਦੀ ਚਰਨ ਪ੍ਰੀਤੀ ਚੰਗੀ, ਜੋ ਚੰਦ ਵਾਂਗ ਰੁਸ਼ਨਾਈਆ । ਤੁਹਾਡੇ ਉਤੇ ਸਮਾਜ ਦੀ ਰਹੇ ਨਾ ਕੋਇ ਪਾਬੰਦੀ, ਕਲਜੁਗ ਪਾਗਲ ਦਿਸੇ ਲੋਕਾਈਆ । ਗੁਰਮੁਖ ਹੱਡੀਆਂ ਪਾਇਓ ਕੋਈ ਨਾ ਵਿਚ ਗੰਗੀ, ਜਮਨਾ ਸੁਰਸਤੀ ਗੋਦਾਵਰੀ ਗੁਰਮੁਖਾਂ ਦੇ ਚਰਨਾਂ ਹੇਠਾਂ ਸੀਸ ਦਬਾਈਆ । ਇਕੋ ਢੋਲਾ ਗਾਉਣਾ ਛੰਦੀ, ਮੇਰਾ ਤੇਰਾ ਰਾਗ ਸੁਣਾਈਆ । ਗੁਰਸਿਖ ਨੇਤਰ ਅੱਖ ਰਹੇ ਨਾ ਅੰਧੀ, ਨਿਜ ਲੋਚਣ ਦਏ ਖੁਲ੍ਹਾਈਆ । ਭਗਤ ਆਤਮਾ ਤੁਹਾਡੇ ਕੋਲੋਂ ਰਹੀ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਵੇਖਿਓ ਧਾਰ ਰਖਿਓ ਨਾ ਕੋਇ ਦੁਰੰਗੀ, ਜੂਠਾ ਝੂਠਾ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਭਗਤ ਆਤਮਾ ਕਹੇ ਮੈਂ ਵੇਖਾਂ ਖ਼ੁਸ਼ੀਆਂ ਨੈਣ, ਨਿਗਾਹ ਨਿਗਾਹਬਾਨ ਟਿਕਾਈਆ । ਨਾਤਾ ਜੋੜ ਲਓ ਭਾਈ ਭੈਣ, ਦੂਜੀ ਅੱਖ ਨਾ ਕੋਇ ਬਦਲਾਈਆ । ਤੁਹਾਨੂੰ ਮਿਲ ਗਈ ਚਰਨ ਪ੍ਰੀਤੀ ਇਕ ਰਸੈਣ, ਜੋ ਕੰਚਨ ਸੋਨਾ ਦਏ ਵਖਾਈਆ । ਢਾਈ ਸਤਰਾਂ ਦਾ ਲੇਖਾ ਸਰੂਪ ਸਿੰਘ ਦਾ ਵਿਚ ਰਮਾਇਣ, ਬਾਲਮੀਕ ਗਿਆ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਭਗਤ ਆਤਮਾ ਕਹੇ ਮੈਂ ਭਗਤਾਂ ਦਾ ਵੇਖ ਇਕੱਠ, ਆਈ ਵਾਹੋ ਦਾਹੀਆ । ਗੁਰਮੁਖੋ ਰੱਖਿਓ ਹੱਠ, ਝੱਲਣੀ ਜਗਤ ਜੁਦਾਈਆ । ਤੁਹਾਡਾ ਵੱਖਰਾ ਖੁਲ੍ਹਣਾ ਹੱਟ, ਭੰਡਾਰਾ ਲੈਣਾ ਚਾਈਂ ਚਾਈਂਆ । ਕੀ ਹੋਇਆ ਜੇ ਸਾਥੀ ਸਾਥ ਗਿਆ ਛੱਡ, ਅਗੇ ਬੈਠਾ ਰਾਹ ਤਕਾਈਆ । ਤੁਹਾਡੇ ਨਾਲੋਂ ਹੋਣ ਨਹੀਂ ਦੇਣਾ ਅੱਡ, ਵੱਖਰੇ ਥਾਂ ਨਾ ਕੋਇ ਬਹਾਈਆ । ਨਾਤਾ ਛੁੱਟਿਆ ਨਾੜ ਮਾਸ ਹੱਡ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਸਚ ਦਵਾਰੇ ਰਿਹਾ ਗੱਜ, ਢੋਲਾ ਇਕੋ ਰਿਹਾ ਸੁਣਾਈਆ । ਕੀ ਹੋਇਆ ਜੇ ਠੀਕਰ ਗਿਆ ਭੱਜ, ਤੱਤਾਂ ਕੀਤੀ ਜੁਦਾਈਆ । ਮੈਂ ਤੁਹਾਡੇ ਵਿਚ ਹਾਜ਼ਰ ਅੱਜ, ਪੰਜ ਮਾਘ ਕਰੀ ਰੁਸ਼ਨਾਈਆ । ਦਰਸ਼ਨ ਕਰ ਕੇ ਗਿਆ ਰਜ, ਤੁਸਾਂ ਦਿਤੀ ਮਾਣ ਵਡਿਆਈਆ । ਪ੍ਰੀਤੀ ਅੰਦਰ ਗਿਆ ਬੱਝ, ਮੁਹੱਬਤ ਵਿਚ ਸ਼ਰਮਾਈਆ । ਮੈਂ ਨੀਵਾਂ ਹੋ ਕੇ ਝੁਕਾਵਾਂ ਮੱਥ, ਹੌਲੀ ਹੌਲੀ ਪਲਕ ਉਠਾਈਆ । ਮਨਜੀਤ ਨੂੰ ਰਿਹਾ ਦੱਸ, ਸਹਿਜ ਸਹਿਜ ਸਮਝਾਈਆ । ਪੁਰਖ ਅਕਾਲ ਦੀ ਰਖਣੀ ਪਤ, ਕੀ ਹੋਇਆ ਅੰਤ ਹੋਈ ਜੁਦਾਈਆ । ਧੀਰਜ ਰਖਣਾ ਸਤਿ, ਧਰਮ ਨਾ ਜਾਣਾ ਭੁਲਾਈਆ । ਛੇਤੀ ਹੋਵਣ ਵਾਲਾ ਇਕੱਠ, ਸਚਖੰਡ ਸਾਚੇ ਵੱਜੇ ਵਧਾਈਆ । ਬੇਸ਼ਕ ਭੈਣ ਭਰਾ ਸੱਜਣ ਸਾਕ ਸਾਰੇ ਜਾਣ ਨੱਠ, ਗੁਰਮੁਖ ਵੀਰ ਤੇਰੇ ਨਜ਼ਰੀ ਆਈਆ । ਅਗੇ ਨੂੰ ਇਹ ਮਾਰਗ ਚਲਣਾ ਸਚ, ਸਚ ਦਿਆਂ ਸਮਝਾਈਆ । ਸਭ ਨੇ ਇਕ ਦੂਜੇ ਨਾਲ ਮਿਲਾ ਕੇ ਚਲਣਾ ਹੱਥ, ਦੋ ਹੱਥਾਂ ਤਾਲੀ ਦੇਣੀ ਵਜਾਈਆ । ਪ੍ਰੇਮ ਪਿਆਰ ਅੰਦਰ ਬਹਿ ਕੇ ਇਕੱਠਿਆਂ ਲੈਣਾ ਛਕ, ਸ਼ੱਕ ਹੋਰ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ

ਉਠਾਈਆ । ਭਗਤ ਆਤਮਾ ਕਹੇ ਮੈਨੂੰ ਸੋਹਣਾ ਲੱਗਾ ਦਿਹਾੜਾ, ਤਿਉਹਾਰ ਖ਼ੁਸ਼ੀਆਂ ਨਾਲ ਮਨਾਈਆ । ਮੇਰਾ ਮਨਜ਼ੂਰ ਹੋਇਆ ਹਾੜਾ, ਬੇਨੰਤੀ ਲੇਖੇ ਲਾਈਆ । ਗੁਰਮੁਖਾਂ ਰੰਗ ਵੇਖਿਆ ਗਾੜ੍ਹਾ, ਰੂਪ ਆਪਣਾ ਰਿਹਾ ਬਦਲਾਈਆ । ਜਨ ਭਗਤੋ ਪ੍ਰਭ ਦੇ ਹੁਕਮ ਅਗੇ ਕਿਸੇ ਦਾ ਨਹੀਂ ਕੋਈ ਚਾਰਾ, ਚਾਰ ਜੁਗ ਰੋਂਦੇ ਦੇਂਦੇ ਗਏ ਦੁਹਾਈਆ । ਸਚ ਫ਼ਰਮਾਨ ਦਾ ਸਮਝਿਓ ਇਕ ਇਸ਼ਾਰਾ, ਜੋ ਅੰਦਰੇ ਅੰਦਰ ਰਿਹਾ ਵਖਾਈਆ । ਗੁਰਮੁਖ ਭਗਤ ਸ੍ਰੀ ਭਗਵਾਨ ਦਾ ਸੱਚਾ ਲਾੜਾ, ਜਿਸਨੂੰ ਖ਼ੁਸ਼ੀਆਂ ਨਾਲ ਲੈ ਕੇ ਜਾਏ ਚਾਈਂ ਚਾਈਂਆ । ਓਥੇ ਨਾ ਕੋਈ ਪੁਰਖ ਤੇ ਨਾ ਕੋਈ ਨਾਰਾ, ਨਾਰ ਪੁਰਖ ਜਗਤ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਜਨ ਭਗਤੋ ਤੁਹਾਡੀ ਲੇਖੇ ਲਾਉਣੀ ਭਗਤੀ, ਭਾਗ ਹਿੱਸਾ ਝੋਲੀ ਪਾਈਆ । ਭਾਣਾ ਮੰਨਣ ਦੀ ਦੇਣੀ ਸ਼ਕਤੀ, ਸ਼ਖ਼ਸੀਅਤ ਦੇਣੀ ਬਦਲਾਈਆ । ਤੁਹਾਡੀ ਧਾਰ ਰਖਣੀ ਦੋਹਰਫ਼ੀ, ਪੜ੍ਹਨੀ ਅਵਰ ਨਾ ਕੋਇ ਪੜ੍ਹਾਈਆ । ਗੁਰਮੁਖ ਆਤਮ ਕਦੇ ਨਾ ਹਰਦੀ, ਜੋ ਹਿਰਦੇ ਹਰਿ ਰਿਹਾ ਵਸਾਈਆ । ਦੀਨ ਦਿਆਲ ਓਸ ਦਾ ਦਰਦੀ, ਦੁਖੀਆਂ ਦਾ ਦੁੱਖ ਝੋਲੀ ਰਿਹਾ ਪਾਈਆ । ਸਦਾ ਧਾਰ ਰਖੇ ਚੜ੍ਹਦੀ, ਚੜ੍ਹਦਾ ਲਹਿੰਦਾ ਦੱਖਣ ਪਹਾੜ ਖੋਜ ਖੁਜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤ ਬਖ਼ਸ਼ੇ ਆਪਣੀ ਲੈ ਦੀ, ਨਾਲਾਇਕ ਲਾਇਕ ਆਪੇ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪਰਮਾਤਮ ਆਤਮ ਆਤਮ ਪਰਮਾਤਮ ਅੰਤਰ ਅੰਤ ਅੰਤਮ ਅੰਤਰੀਵ ਆਪਣੇ ਵਿਚ ਮਿਲਾਈਆ ।

੨੦੯
੧੯

### ✪ ੬ ਮਾਘ ਸ਼ਹਿਨਸ਼ਾਹੀ ਸੰਤ ੧ ਸੂਬੇਦਾਰ ਮੱਸਾ ਸਿੰਘ ਦੇ ਨਵਿਤ ਪਿੰਡ ਕੋਟਲੀ ਥਾਨ ਜ਼ਿਲਾ ਜਲੰਧਰ ✪

ਭਗਤ ਆਤਮਾ ਕਹੇ ਮੈਂ ਪ੍ਰੇਮ ਪਿਆਰ ਦੀ ਭੁੱਖੀ, ਆਦਿ ਜੁਗਾਦਿ ਜੁਗ ਚੌਕੜੀ ਇਕੋ ਦਰਸ ਧਿਆਨ ਲਗਾਈਆ । ਲੋਕਮਾਤ ਛੱਡ ਕੇ ਸਚਖੰਡ ਦਵਾਰ ਸਦਾ ਸੁਖੀ, ਚਿੰਤਾ ਗ਼ਮ ਨਜ਼ਰ ਕੋਇ ਨਾ ਆਈਆ । ਮੈਂ ਦੋ ਜਹਾਨਾਂ ਵਿਚੋਂ ਹੋ ਗਈ ਉਚੀ, ਬ੍ਰਹਿਮੰਡ ਖੰਡ ਪੁਰੀ ਲੋਅ ਦਿਤੇ ਤਜਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਦੀ ਗੋਦ ਵਿਚ ਸੁੱਤੀ, ਜਿਥੋਂ ਸਕੇ ਨਾ ਕੋਇ ਉਠਾਈਆ । ਬਿਨ ਤਤ ਸ਼ਰੀਰ ਮਨ ਵਾਸਨਾ ਮੇਰੀ ਲੱਗੀ ਰੁਚੀ, ਆਤਮ ਪਰਮਾਤਮ ਵਿਚ ਸਮਾਈਆ । ਮੇਰੀ ਔਧ ਕਦੇ ਨਾ ਮੁਕੀ, ਜਨਮ ਮਰਨ ਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਮੁਕਾਈਆ । ਭਗਤ ਆਤਮਾ ਕਹੇ ਮੈਂ ਹੋਈ ਸਦਾ ਖ਼ੁਸ਼ਹਾਲ, ਗੀਤ ਗੋਬਿੰਦ ਅਲਾਈਆ । ਸਚਖੰਡ ਦਵਾਰਾ ਤੱਕ ਸੱਚੀ ਧਰਮਸਾਲ, ਦਰਗਾਹ ਸਾਚੀ ਸੋਭਾ ਪਾਈਆ । ਪਤਿਪਰਮੇਸ਼ਵਰ ਮਿਲਿਆ ਦੀਨ ਦਿਆਲ, ਦੀਨਾ ਬੰਧਪ ਹੋਏ ਸਹਾਈਆ । ਕੂੜਾ ਨਾਤਾ ਤੁਟਿਆ ਵਿਚ ਜਹਾਨ, ਮਾਇਆ ਮਮਤਾ ਮੋਹ ਦਿਤਾ ਮਿਟਾਈਆ । ਨਿਰਗੁਣ ਨਿਰਵੈਰ ਨਿਰਾਕਾਰ ਦਰਸ ਪਾਇਆ ਸ੍ਰੀ ਭਗਵਾਨ, ਉਤੇ ਅਰਸ਼ ਵੱਜੀ ਵਧਾਈਆ । ਸਚ ਦਵਾਰੇ ਠਾਂਡੇ ਦਰਬਾਰ ਮਿਲਿਆ ਮਾਣ, ਚਰਨ ਕਵਲ ਕਵਲ ਚਰਨ ਸਰਨਾਈਆ । ਸੁਖ ਸਾਂਤਕ ਪਾਇਆ ਇਕ ਆਰਾਮ, ਦੁੱਖ ਦਰਦ ਨੇੜ ਨਾ ਆਈਆ । ਮੈਂ ਭਗਤਾਂ ਦੇਵਾਂ ਸਚ ਪੈਗ਼ਾਮ, ਸਚ ਸੰਦੇਸ਼ਾ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, . . . . . . . . . . . . . । ਭਗਤ ਆਤਮਾ ਕਹੇ ਮੈਨੂੰ ਆਵੇ ਅਗੰਮੜਾ ਹਾਸਾ, ਪੁਰਖ

ਅਕਾਲ ਦੀਨ ਦਿਆਲ ਮੇਰੀ ਹਸਤੀ ਦਿਤੀ ਮਿਟਾਈਆ । ਮੈਂ ਵੇਖਿਆ ਦੀਨ ਦੁਨੀ ਜਗਤ ਤਮਾਸ਼ਾ, ਮਾਨਸ ਮਾਨੁਖ ਮਾਨਵ ਤਨ ਹੰਢਾਈਆ । ਸਾਢੇ ਤਿੰਨ ਹੱਥ ਚਲਦਾ ਰਿਹਾ ਰਾਥਾ, ਪੰਜ ਤਤ ਭੱਜਿਆ ਵਾਹੋ ਦਾਹੀਆ । ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣ ਨਾਰ ਕੰਤ ਵੇਖਿਆ ਨਾਤਾ, ਨੇਤਰ ਨੈਣ ਵੇਖ ਵਖਾਈਆ । ਅੰਤ ਕਿਰਪਾ ਕਰੀ ਸ੍ਰੀ ਭਗਵੰਤ ਦਰਸ ਦਿਖਾਇਆ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣੀ ਮਿਹਰ ਨਜ਼ਰ ਉਠਾਈਆ । ਮੈਨੂੰ ਯਾਦ ਆਇਆ ਪਿਛਲਾ ਪੂਰਬ ਜਨਮ ਦਾ ਸਾਕਾ, ਸਾਖਿਆਤ ਦਿਆਂ ਦ੍ਰਿੜਾਈਆ । ਜਿਸ ਵੇਲੇ ਗੋਬਿੰਦ ਨੀਹਾਂ ਹੇਠ ਦਬਾਇਆ ਨਿੱਕਾ ਕਾਕਾ, ਛੋਟਾ ਬਾਲਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਭਗਤ ਆਤਮਾ ਕਹੇ ਮੈਨੂੰ ਪਿਛਲੀ ਆਈ ਯਾਦ, ਪੂਰਬ ਲਹਿਣਾ ਨਜ਼ਰੀ ਆਈਆ । ਨੇਤਰ ਵੇਖਿਆ ਖੇਲ ਤਮਾਸ਼, ਪੜਦਾ ਓਹਲਾ ਨਾ ਕੋਇ ਜਣਾਈਆ । ਸੁਣੀ ਅਗੰਮੀ ਆਵਾਜ਼, ਸ਼ਬਦ ਨਾਦ ਸ਼ਨਵਾਈਆ । ਪੜਦਾ ਖੁਲ੍ਹਿਆ ਰਾਜ਼, ਮਨ ਕਾ ਮਣਕਾ ਦਿਤਾ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਚ ਕਰਨੀ ਕਹੇ ਕਵਣ ਖੇਲ ਜਾਣੇ ਕਰਤਾਰ, ਦੋ ਜਹਾਨ ਸਮਝ ਕੋਇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕੂਕ ਕੂਕ ਕਰਨ ਪੁਕਾਰ, ਸੋਹਲੇ ਢੋਲੇ ਰਾਗ ਅਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਬਦਲਦੇ ਰਹੇ ਵਾਰੋ ਵਾਰ, ਨਿਤ ਨਵਿਤ ਆਪਣਾ ਫੇਰਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਸਰਗੁਣ ਲਏ ਅਵਤਾਰ, ਲੱਖ ਚੁਰਾਸੀ ਜੇਰਜ ਅੰਡਜ ਉਤਭੁਜ ਸੇਤਜ ਵੇਖੇ ਚਾਈਂ ਚਾਈਂਆ । ਭਗਤ ਸੁਹੇਲਾ ਗੁਰੂ ਗੁਰ ਚੇਲਾ ਸ਼ਬਦ ਅਗੰਮੀ ਧੁਨ ਆਤਮਕ ਬੋਲ ਇਕ ਜੈਕਾਰ, ਨਾਅਰਾ ਹੱਕ ਹੱਕ ਸੁਣਾਈਆ । ਸਚ ਤੌਫ਼ੀਕ ਪਰਵਰਦਿਗਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਭਗਤ ਆਤਮਾ ਕਹੇ ਲੇਖਾ ਜੁਗ ਚੌਕੜੀ ਸਾਖਿਆਤ, ਲੋਕਮਾਤ ਖੇਲ ਖਿਲਾਈਆ । ਪੰਜ ਤਤ ਕਾਇਆ ਮਾਟੀ ਦੇਵਾਂ ਸਾਥ, ਤ੍ਰੈਗੁਣ ਨਾਤਾ ਸਹਿਜ ਸੁਭਾਈਆ । ਮਨ ਮਤ ਬੁਧ ਕਰਾਂ ਪਰਕਾਸ਼, ਭੇਵ ਅਭੇਦ ਖੁਲ੍ਹਾਈਆ । ਨਿਰਗੁਣ ਨਿਰਵੈਰ ਕਰਾਂ ਯਾਦ, ਬਿਨ ਅੱਖਰਾਂ ਅੱਖਰ ਪੜ੍ਹਾਈਆ । ਮਾਟੀ ਖੇੜਾ ਕਰਾਂ ਆਬਾਦ, ਸਾਢੇ ਤਿੰਨ ਹੱਥ ਸੋਭਾ ਪਾਈਆ । ਸ਼ਬਦ ਵਜਾ ਸੱਚਾ ਧੁਨ ਨਾਦ, ਅਨਰਾਗੀ ਰਾਗ ਅਲਾਈਆ । ਰਸਨਾ ਜਿਹਵਾ ਬੱਤੀ ਦੰਦ ਛੱਡ ਸਵਾਦ, ਰਸ ਇਕੋ ਇਕ ਚਖਾਈਆ । ਦੀਨ ਦੁਨੀ ਸੁਹਾਵਾ ਬਾਗ਼, ਚਾਰ ਕੁੰਟ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਵਖਾਈਆ । ਭਗਤ ਆਤਮਾ ਕਹੇ ਮੈਨੂੰ ਨਜ਼ਰੀ ਆਏ ਓਹ ਲਿਖਤ, ਜਿਸ ਦਾ ਹਰਫ਼ ਹਰੂਫ਼ ਨਾ ਕੋਇ ਸਮਝਾਈਆ । ਜਿਸ ਦਾ ਕੋਈ ਨਾ ਜਾਣੇ ਭਵਿਖਤ, ਬੁੱਧੀਵਾਨ ਨਾ ਕੋਇ ਵਡਿਆਈਆ । ਪੜਦਾ ਲਾਹੇ ਨਾ ਕੋਇ ਦ੍ਰਿਸ਼ਟ, ਦ੍ਰਿਸ਼ਟਾਂਤ ਵਿਚ ਨਾ ਕੋਇ ਸਮਝਾਈਆ । ਮੇਰਾ ਆਦਿ ਜੁਗਾਦੀ ਇਕੋ ਇਸ਼ਟ, ਆਤਮ ਪਰਮਾਤਮ ਵਿਚ ਸਮਾਈਆ । ਥੋੜਾ ਇਸ਼ਾਰਾ ਰਾਮ ਨਾਲ ਵਸ਼ਿਸ਼ਟ, ਵਿਸ਼ੇਸ਼ਤਾ ਨਾਲ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਗਤ ਆਤਮਾ ਕਹੇ ਮੈਂ ਆਦਿ ਜੁਗਾਦੀ, ਨਿਤ ਨਿਤ ਵੇਸ ਵਟਾਈਆ । ਹੁਕਮੇ ਵਿਚ ਖੇਲ ਕਰਾਂ ਬ੍ਰਹਿਮਾਦੀ, ਬ੍ਰਹਿਮਾਂਡ ਖੋਜ ਖੁਜਾਈਆ । ਮੈਂ ਕੋਟਾਂ ਵਿਚੋਂ ਗੁਰਮੁਖਾਂ ਦੀ ਥੋੜੀ ਰਖਾਂ ਆਬਾਦੀ, ਜਿਨ੍ਹਾਂ ਅਬਾਦਤ ਇਕੋ ਦਿਆਂ ਸਮਝਾਈਆ । ਮੰਤਰ ਸੁਣਾਵਾਂ ਧੁਨ ਅਨਾਦੀ, ਬਿਨ ਰਸਨਾ ਜਿਹਵਾ ਗਾਈਆ । ਬਿਨ ਮੱਕੇ ਕਾਅਬੇ ਬਣਾਵਾਂ ਹਾਜੀ, ਹੁਜਰਾ

ਹੱਕ ਹੱਕ ਦਰਸਾਈਆ । ਦੀਨ ਮਜ਼੍ਹਬ ਜਾਤ ਪਾਤ ਵਰਨ ਗੋਤ ਤੋਂ ਕਰਾਂ ਆਜ਼ਾਦੀ, ਘਰ ਗ੍ਰਿਹ ਇਕੋ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਭਗਤ ਆਤਮਾ ਕਹੇ ਮੇਰਾ ਪੁਰਖ ਅਕਾਲ ਨਾਲ ਸਮਾਜ, ਦੂਜਾ ਸੰਗ ਨਾ ਕੋਇ ਰਖਾਈਆ । ਨਿਤ ਨਵਿਤ ਓਸ ਦੀ ਰਖਾਂ ਆਸ, ਬਿਨ ਅੱਖਾਂ ਅੱਖ ਖੁਲ੍ਹਾਈਆ । ਪ੍ਰੇਮ ਪ੍ਰੀਤ ਵਿਚ ਪਿਆਸ, ਤ੍ਰਿਸ਼ਨਾ ਕੂੜ ਮਿਟਾਈਆ । ਬਿਨ ਗੋਪੀ ਕਾਹਨ ਪਾਵਾਂ ਰਾਸ, ਮੰਡਲ ਮੰਡਪ ਵੱਜੇ ਵਧਾਈਆ । ਜੋਤੀ ਦਿਸੇ ਨੂਰ ਤੱਕਾਂ ਪਰਕਾਸ਼, ਅੰਧ ਅੰਧੇਰ ਰਹਿਣ ਕੋਇ ਨਾ ਪਾਈਆ । ਏਥੇ ਓਥੇ ਦੋ ਜਹਾਨਾਂ ਸਾਚਾ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਮੈਨੂੰ ਪਿਛਲੀ ਆਈ ਯਾਦ, ਤ੍ਰੇਤਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਸਦਾ ਵਰਤਾਈਆ । ਧੁਰ ਦਾ ਹੁਕਮ ਸਦਾ ਵਰਤੰਤ, ਨਾ ਕੋਈ ਮੇਟੇ ਮੇਟ ਮਿਟਾਈਆ । ਜੁਗ ਚੌਕੜੀ ਖੇਲ ਭਗਤ ਭਗਵੰਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਢੋਲੇ ਗਾਈਆ । ਧੰਨ ਵਡਿਆਈ ਗੁਰਮੁਖ ਸਾਚੇ ਸੰਤ, ਜਿਨ੍ਹਾਂ ਸੱਜਣ ਮਿਲਿਆ ਬੇਪਰਵਾਹੀਆ । ਉਨ੍ਹਾਂ ਅੰਤਰ ਆਤਮ ਨਿਰੰਤਰ ਇਕੋ ਮੰਤ, ਬਸੰਤਰ ਕੂੜੀ ਗਏ ਬੁਝਾਈਆ । ਗੜ੍ਹ ਤੋੜ ਕੇ ਹਉਮੇਂ ਹੰਗਤ, ਹੰ ਬ੍ਰਹਮ ਇਕੋ ਨਜ਼ਰੀ ਆਈਆ । ਲੇਖਾ ਮੁਕਾ ਕੇ ਬਹਿਸ਼ਤ ਜੰਨਤ, ਪ੍ਰਭ ਚਰਨ ਮਿਲੇ ਸਰਨਾਈਆ । ਸਦਾ ਖੁਲ੍ਹੀ ਰਹੇ ਦ੍ਰਿਸ਼ਟ, ਬੁਧੀ ਦੀ ਵੰਡ ਨਾ ਕੋਇ ਵੰਡਾਈਆ । ਜੋਤੀ ਜਾਤਾ ਪੁਰਖ ਬਿਧਾਤਾ ਇਕੋ ਨਜ਼ਰੀ ਆਏ ਇਸ਼ਟ, ਈਸ਼ਵਰ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਆਤਮਾ ਕਹੇ ਮੈਂ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਮੇਰੀ ਪਰਮ ਪੁਰਖ ਨਾਲ ਪ੍ਰੀਤ, ਪਤਿਪਰਮੇਸ਼ਵਰ ਸੰਗ ਨਿਭਾਈਆ । ਮੇਰਾ ਝਗੜਾ ਨਹੀਂ ਕੋਈ ਮੰਦਰ ਮਸੀਤ, ਸ਼ਿਵਦਵਾਲਾ ਮੱਠ ਵੰਡ ਨਾ ਕੋਇ ਵੰਡਾਈਆ । ਮੇਰਾ ਰੌਲਾ ਨਹੀਂ ਊਚ ਨੀਚ, ਘਟ ਘਟ ਅੰਦਰ ਡੇਰਾ ਲਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਦੱਸਾਂ ਪ੍ਰਭ ਦਾ ਸਾਚਾ ਗਾਉਂਦੇ ਗੀਤ, ਨਿਰਅੱਖਰ ਅੱਖਰ ਅੱਖਰ ਕਰ ਪੜ੍ਹਾਈਆ । ਚਰਨ ਪ੍ਰੀਤੀ ਦੱਸਾਂ ਧੁਰ ਦੀ ਰੀਤ, ਧੂੜੀ ਟਿੱਕਾ ਮਸਤਕ ਖ਼ਾਕ ਰਮਾਈਆ । ਝਗੜਾ ਮੁਕਾ ਕੇ ਹਸਤ ਕੀਟ, ਇਕੋ ਰੰਗ ਦਿਆਂ ਚੜ੍ਹਾਈਆ । ਸਾਹਿਬ ਸਵਾਮੀ ਅੰਤਰਜਾਮੀ ਜਿਸ ਉਪਰ ਆਪਣੀ ਆਪ ਕਰੇ ਬਖ਼ਸ਼ੀਸ਼, ਰਹਿਮਤ ਰਹੀਮ ਰਹਿਮਾਨ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਵਖਾਈਆ । ਭਗਤ ਆਤਮਾ ਕਹੇ ਮੈਂ ਨਹੀਂ ਤੱਕਿਆ ਕੋਈ ਲੋਕ, ਲੋਕ ਪਰਲੋਕ ਬ੍ਰਹਿਮੰਡ ਖੰਡ ਭੱਜੀ ਨਾ ਵਾਹੋ ਦਾਹੀਆ । ਪਰਮ ਪੁਰਖ ਪਰਮਾਤਮ ਨਿਰਗੁਣ ਨਿਰਵੈਰ ਨਿਰਾਕਾਰ ਆਦਿ ਨਿਰੰਜਣ ਮੈਨੂੰ ਦੱਸਿਆ ਸਚ ਸਲੋਕ, ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਦਿਤਾ ਸਮਝਾਈਆ । ਮੈਂ ਤੱਕ ਕੇ ਓਸ ਦੀ ਓਟ, ਓੜਕ ਨਾਤੇ ਝੂਠੇ ਦਿਤੇ ਤੁੜਾਈਆ । ਮੈਂ ਦਰਸ਼ਨ ਕਰਾਂ ਰੋਜ਼, ਬਿਨ ਅੱਖਾਂ ਅੱਖ ਖੁਲ੍ਹਾਈਆ । ਸਚ ਦਵਾਰੇ ਮਿਲੀ ਮੌਜ, ਮਜਲਸ ਭਗਤਾਂ ਵਿਚ ਲਗਾਈਆ । ਜਿਸ ਦੀ ਕੋਟਨ ਕੋਟ ਗੁਰ ਅਵਤਾਰ ਪੈਗ਼ੰਬਰ ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਅੰਦਰ ਕਰਦੇ ਖੋਜ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਭਗਤ ਆਤਮਾ ਕਹੇ ਮੈਂ ਪ੍ਰੇਮ ਪ੍ਰੀਤੀ ਅੰਦਰ ਬੱਝੀ, ਨਾਤੇ ਕੂੜੇ ਗਈ ਤੁੜਾਈਆ । ਮੈਂ ਸਚ ਦਵਾਰੇ ਆਈ ਸੱਦੀ, ਸੱਦਾ ਦਿਤਾ ਧੁਰਦਰਗਾਹੀਆ । ਮੇਰੀ ਆਯੂ ਕੋਈ ਨਾ ਸਮਝਿਓ ਅੱਧੀ, ਜੁਗ ਜਨਮ ਮਰਨ ਰੂਪ

ਨਾ ਕੋਇ ਵਟਾਈਆ । ਮੇਰਾ ਤਨ ਵਜੂਦ ਮੂਲ ਨਾ ਸਮਝਿਓ ਹੱਡੀ, ਹੱਡ ਮਾਸ ਰੰਗ ਨਾ ਕੋਇ ਰਖਾਈਆ । ਮੈਂ ਜੁਗ ਜੁਗ ਲੋਕਮਾਤ ਆਵਾਂ ਕਦੀ ਕਦੀ, ਕ਼ਦੀਮ ਤੋਂ ਰੀਤੀ ਪ੍ਰਭ ਬਣਾਈਆ । ਮੇਰਾ ਲੇਖਾ ਨਹੀਂ ਵਿਚ ਸੁਦੀ ਵਦੀ, ਨਛੱਤਰਾਂ ਵਿਚ ਨਾ ਕੋਇ ਗਿਣਾਈਆ । ਮੇਰੀ ਜੋਤ ਨਿਰਮਲ ਨਿਰਾਲਮ ਜਗੀ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੁਕਮ ਸੁਣਾਈਆ । ਆਤਮਾ ਕਹੇ ਮੇਰਾ ਪੂਰਬ ਕੋਈ ਲੇਖਾ, ਪਿਛਲਾ ਨਜ਼ਰੀ ਆਈਆ । ਮੈਂ ਜਿਸ ਸਰਹਿੰਦ ਲਿਆ ਸੀ ਠੇਕਾ, ਬੱਚਿਆਂ ਨੀਹਾਂ ਹੇਠ ਦਬਾਈਆ । ਮੇਰਾ ਓਸ ਦੇ ਨਾਲ ਥੋੜਾ ਜਿਹਾ ਹਿੱਸਾ, ਹਿੱਸੇਦਾਰ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਪੜਦਾ ਦਏ ਉਠਾਈਆ । ਆਤਮਾ ਕਹੇ ਮੈਂ ਪਿਛਲੀ ਦੱਸਾਂ ਬਾਤ, ਸਹਿਜ ਸਚ ਸੁਣਾਈਆ । ਜਿਸ ਵੇਲੇ ਇੱਟਾਂ ਲਾਉਣ ਲੱਗਾ ਰਾਜ, ਹੁਕਮ ਸ਼ਹਿਨਸ਼ਾਹੀਆ । ਮੇਰੇ ਅੰਦਰੋਂ ਨਿਕਲੀ ਇਕ ਆਵਾਜ, ਪ੍ਰਭੂ ਦਿਤਾ ਦ੍ਰਿੜਾਈਆ । ਕਿਉਂ ਡੋਬਣ ਲੱਗੋਂ ਬੇੜਾ ਭਰ ਜਹਾਜ਼, ਜਹਾਲਤ ਵਿਚ ਲੋਕਾਈਆ । ਕਿਸੇ ਕੰਮ ਨਹੀਂ ਆਉਣੀ ਵੁਜ਼ੂਆਂ ਵਾਲੀ ਨਿਮਾਜ਼, ਕਾਅਬਿਆਂ ਵਾਲਾ ਸੀਸ ਨਾ ਕੋਇ ਸੁਹਾਈਆ । ਕੂੜੀ ਕਿਰਿਆ ਲਾਉਣ ਲੱਗੋਂ ਦਾਗ਼, ਦੁਰਮਤ ਮੈਲ ਨਾ ਕੋਇ ਧਵਾਈਆ । ਇਹ ਗੋਬਿੰਦ ਦੇ ਚਿਰਾਗ਼, ਜੋ ਚਰਾਗਾਹਾਂ ਵਿਚ ਕਰਨ ਰੁਸ਼ਨਾਈਆ । ਜਿਨ੍ਹਾਂ ਦਾ ਖੇੜਾ ਹੋਣਾ ਆਬਾਦ, ਚਾਰ ਕੁੰਟ ਵੱਜੇ ਵਧਾਈਆ । ਇਹ ਓਸੇ ਵਿਚ ਵਿਸਮਾਦ, ਜਿਸ ਦਾ ਰੂਪ ਰੰਗ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਆਤਮਾ ਕਹੇ ਮੇਰਾ ਨਾਮ ਓਸ ਵਕਤ ਸੀ ਦਾਸ, ਦਾਸ ਕਹਿ ਕੇ ਸਾਰੇ ਗਾਈਆ । ਮੈਂ ਅੰਦਰ ਬਾਹਰ ਤੱਕਿਆ ਗੋਬਿੰਦ ਖੜ੍ਹਾ ਪਾਸ, ਸਨਮੁਖ ਹੋ ਕੇ ਰਿਹਾ ਵਖਾਈਆ । ਮੈਂ ਦੋਏ ਜੋੜ ਬੇਨੰਤੀ ਕੀਤੀ ਅਰਦਾਸ, ਨਿਉਂ ਕੇ ਸੀਸ ਨਿਵਾਈਆ । ਇਹ ਬਾਲੇ ਨੱਢੇ ਤੇਰੀ ਸ਼ਾਖ਼, ਲੋਕਮਾਤ ਲਹਿਰ ਲਹਿਰਾਈਆ । ਓਸ ਸ਼ਬਦੀ ਦੇ ਆਵਾਜ਼, ਮੇਰਾ ਖੋਲ੍ਹ ਦਿਤਾ ਰਾਜ਼, ਪੜਦਾ ਦਿਤਾ ਉਠਾਈਆ । ਇਹ ਹੁਕਮ ਪੁਰਖ ਅਕਾਲ, ਕਰਨੀ ਦਾ ਕਰਤਾ ਖੇਲ ਕਰੇ ਕਮਾਲ, ਜਗ ਜੀਵ ਸਮਝ ਕੋਇ ਨਾ ਆਈਆ । ਗੋਬਿੰਦ ਕਿਹਾ ਬੇਸ਼ਕ ਇਹ ਮੇਰੇ ਲਾਲ, ਜਗਤ ਦਾ ਬਣਾਂ ਦਲਾਲ, ਅਹਿਵਾਲ ਇਨ੍ਹਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਦਾਸ ਕਹੇ ਮੈਂ ਅਗੇ ਕੀਤਾ ਦਸਤ, ਕ਼ਦਮਾਂ ਵੱਲ ਧਿਆਨ ਲਗਾਈਆ । ਮੇਰੀ ਆਤਮਾ ਹੋ ਗਈ ਮਸਤ, ਖ਼ੁਮਾਰੀ ਵਿਚ ਲਈ ਅੰਗੜਾਈਆ । ਮੇਰੀ ਕੂੜ ਕੁੜਿਆਰੀ ਵਾਸ਼ਨਾ ਹੋਈ ਨਸ਼ਟ, ਸੁਗੰਧੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਕਮਾਈਆ । ਦਾਸ ਕਹੇ ਮੈਂ ਵੇਖਿਆ ਦਸਤਗੀਰ, ਸ਼ਾਹ ਪਾਤਸ਼ਾਹ ਨਜ਼ਰੀ ਆਈਆ । ਦੋ ਜਹਾਨਾਂ ਵਾਲੀ ਇਕੋ ਪੀਰ, ਪੈਗ਼ੰਬਰ ਬੇਪਰਵਾਹੀਆ । ਜਲਵਾਗਰ ਨੂਰ ਬੇਨਜ਼ੀਰ, ਨੇਤਰ ਅੱਖ ਨਾ ਕੋਇ ਤਕਾਈਆ । ਕਰ ਬੇਨੰਤੀ ਕਿਹਾ ਬਦਲ ਦੇ ਤਕਦੀਰ, ਹੁਕਮੇ ਵਿਚ ਰਜ਼ਾਈਆ । ਗੋਬਿੰਦ ਕਿਹਾ ਇਹ ਵੇਲਾ ਅੰਤ ਅਖ਼ੀਰ, ਖ਼ਬਰ ਦਿਆਂ ਸਮਝਾਈਆ । ਸ਼ਬਦੀ ਖੰਡੇ ਖਿੱਚ ਇਕ ਲਕੀਰ, ਨਿਸ਼ਾਨਾ ਧੁਰ ਦਾ ਦਿਤਾ ਵਖਾਈਆ । ਕਰੇ ਖੇਲ ਗੁਣੀ ਗਹੀਰ, ਗਹਿਰ ਗੰਭੀਰ ਗਵਰ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਆਤਮਾ ਕਹੇ ਮੈਂ ਰਖੀ ਇਕ ਉਮੀਦ, ਆਸ਼ਾ ਗੋਬਿੰਦ ਦਿਤੀ ਜਣਾਈਆ । ਇਨ੍ਹਾਂ


੨੧੨
੧੯

ਨਾਲ ਮੈਨੂੰ ਕਰ ਸ਼ਹੀਦ, ਸ਼ਹਾਦਤ ਆਪਣੀ ਦੇ ਭੁਗਤਾਈਆ । ਮੈਂ ਵੇਖ ਕੇ ਤੇਰੀ ਦੀਦ, ਦਾਮਨ ਫੜਾਂ ਚਾਈਂ ਚਾਈਂਆ । ਤੂੰ ਵਸਿਆ ਸਦਾ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਤੂੰ ਠਾਕਰ ਸਵਾਮੀ ਠੀਕ, ਠੋਕਰ ਆਪਣੀ ਦੇ ਲਗਾਈਆ । ਕਲਜੁਗ ਅੰਧੇਰਾ ਹੋਇਆ ਤਾਰੀਕ, ਸਾਚਾ ਚੰਦ ਨਾ ਕੋਇ ਚਮਕਾਈਆ । ਮਨ ਵਾਸਨਾ ਕੂੜੀ ਕਿਰਿਆ ਜਗਤ ਸ਼ਰਅ ਹੋਈ ਸ਼ਰੀਕ, ਸ਼ਿਰਕਤ ਵਿਚ ਲੋਕਾਈਆ । ਤੇਰੇ ਵਿਚ ਵਡ ਤੌਫ਼ੀਕ਼, ਤਾਬੇਦਾਰੀ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੋਬਿੰਦ ਕਿਹਾ ਇਹ ਹੁਕਮ ਪੁਰਖ ਅਕਾਲ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਕਾਰਨ ਨੀਹਾਂ ਹੇਠ ਦੱਬੇ ਬਾਲ, ਲਾਲ ਗੁਲਾਲਾ ਰੰਗ ਚੜ੍ਹਾਈਆ । ਕਲਜੁਗ ਅੰਤ ਸ੍ਰਿਸ਼ਟੀ ਦ੍ਰਿਸ਼ਟੀ ਹੋਣੀ ਬੇਹਾਲ, ਚਾਰ ਵਰਨ ਦਏ ਦੁਹਾਈਆ । ਮਾਇਆ ਮਮਤਾ ਹਉਮੇਂ ਹੰਗਤਾ ਕੂੜੀ ਕਿਰਿਆ ਵੱਜਣਾ ਤਾਲ, ਗੁਰੂ ਅਵਤਾਰ ਪੀਰ ਪੈਗ਼ੰਬਰ ਨੇੜੇ ਹੋ ਨਾ ਕੋਇ ਛੁਡਾਈਆ । ਤੇਰਾ ਮੰਨ ਲਿਆ ਸਵਾਲ, ਤੇਰੀ ਪੂਰੀ ਕਰਾਂ ਘਾਲ, ਮਿਹਰ ਨਜ਼ਰ ਇਕ ਉਠਾਈਆ । ਦਾਸ ਰੋ ਕੇ ਕੀਤਾ ਹਾਲ ਹਾਲ, ਤੂੰ ਸ਼ਹਿਨਸ਼ਾਹ ਮੈਂ ਕੰਗਾਲ, ਤੇਰਾ ਖੇਲ ਬੇਮਿਸਾਲ, ਦੋ ਜਹਾਨ ਖੇਲ ਨਾ ਕੋਇ ਬਤਾਈਆ । ਗੋਬਿੰਦ ਕਿਹਾ ਮੈਂ ਗੁਰਮੁਖਾਂ ਦੇ ਸਦਾ ਨਾਲ, ਨਾਤਾ ਤੋੜਾਂ ਕਾਲ ਮਹਾਂਕਾਲ, ਸੇਵਾ ਕਰਾਂ ਹੋ ਕੇ ਦੀਨ ਦਿਆਲ, ਰਕਸ਼ਕ ਪਾਲਕ ਪ੍ਰਿਤਪਾਲਕ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰਸਿਖ ਆਤਮਾ ਕਹੇ ਮੈਂ ਬੇਨੰਤੀ ਕਰ ਕੇ ਕਿਹਾ ਤੇਰੀ ਦਾਸੀ, ਦਾਸਤਾਨ ਦਿਤੀ ਸੁਣਾਈਆ । ਮੇਰੀ ਮਨਸਾ ਪੂਰੀ ਕਰਨੀ ਆਸੀ, ਆਸਰਾ ਤੇਰਾ ਇਕ ਤਕਾਈਆ । ਗਲ ਪਏ ਨਾ ਜਮ ਕੀ ਫਾਸੀ, ਰਾਏ ਧਰਮ ਨਾ ਦਏ ਸਜ਼ਾਈਆ । ਮੰਜ਼ਲ ਚਾੜ੍ਹੀਂ ਇਕੋ ਅਨੋਖੀ ਘਾਟੀ, ਅਧਵਿਚਕਾਰ ਨਾ ਕੋਇ ਅਟਕਾਈਆ । ਦੇਵੀਂ ਦਰਸ ਮੇਰੇ ਕਮਲਾਪਾਤੀ, ਪਤਿਪਰਮੇਸ਼ਵਰ ਹੋ ਕੇ ਨਜ਼ਰੀ ਆਈਆ । ਤੂੰ ਸਚਖੰਡ ਦਾ ਵਾਸੀ, ਨਿਵਾਸ ਅਸਥਾਨ ਆਪਣਾ ਦੇਣਾ ਵਖਾਈਆ । ਜਿਥੇ ਇਕੋ ਜੋਤ ਪਰਕਾਸ਼ੀ, ਦੀਵਾ ਬਾਤੀ ਨਜ਼ਰ ਕੋਇ ਨਾ ਆਈਆ । ਨਾ ਕੋਈ ਦਿਵਸ ਨਾ ਕੋਇ ਰਾਤੀ, ਘੜੀ ਪਲ ਨਾ ਵੰਡ ਵੰਡਾਈਆ । ਨਾ ਕੋਈ ਸੰਧਿਆ ਨਾ ਪਰਭਾਤੀ, ਇਕੋ ਰੰਗ ਰਿਹਾ ਰੰਗਾਈਆ । ਮੇਰੀ ਭੁੱਲ ਨਾ ਜਾਈਂ ਯਾਦੀ, ਨੇਤਰ ਰੋ ਕੇ ਦਿਆਂ ਦੁਹਾਈਆ । ਗੋਬਿੰਦ ਕਿਹਾ ਤੇਰੀ ਪੁਰਖ ਅਕਾਲ ਬਣਾਵੇ ਸਾਚੀ ਸਾਖੀ, ਸਾਖਿਆਤ ਹੋ ਕੇ ਦਇਆ ਕਮਾਈਆ । ਜਨਮ ਕਰਮ ਦੀ ਬੰਦ ਕਿਵਾੜੀ ਖੋਲ੍ਹੇ ਤਾਕੀ, ਪੜਦਾ ਅੰਦਰੋਂ ਦਏ ਉਠਾਈਆ । ਨਾਮ ਪਿਆਲਾ ਦੇਵੇ ਸਣ ਕੇ ਧੁਰ ਦਾ ਸਾਕੀ, ਇਕੋ ਰਸ ਦਏ ਚਖਾਈਆ । ਮਨੂਆ ਮਨ ਨਾ ਰਹੇ ਆਕੀ, ਮਤ ਮਤਵਾਲੀ ਦਏ ਮਿਟਾਈਆ । ਸਾਖਿਆਤ ਦਰਸ ਦਿਖਾਵੇ ਕਮਲਾਪਾਤੀ, ਪਤਿਪਰਮੇਸ਼ਵਰ ਦਇਆ ਕਮਾਈਆ । ਤੇਰੇ ਜੀਵਣ ਵਿਚੋਂ ਤੇਰੀ ਬਦਲ ਦੇਵੇ ਹਯਾਤੀ, ਹਰਿ ਹਰਿ ਆਪਣਾ ਰੰਗ ਚੜ੍ਹਾਈਆ । ਜੁਗ ਚੌਕੜੀ ਤੇਰਾ ਜਸ ਸ਼ਬਦ ਅਗੰਮਾ ਗਾਵੇ ਗਾਥੀ, ਨਿਤ ਨਿਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦਾਸ ਕਹੇ ਮੈਂ ਕਿਹਾ ਗੋਬਿੰਦ ਸ਼ਬਦੀ ਸੂਰ, ਸੂਰਬੀਰ ਤੇਰੀ ਸਰਨਾਈਆ । ਤੂੰ ਆਸਾ ਮਨਸਾ ਪੂਰ, ਤ੍ਰਿਸ਼ਨਾ ਭੁੱਖ ਦੇ ਮਿਟਾਈਆ । ਚਰਨ ਪ੍ਰੀਤੀ ਬਖ਼ਸ਼ ਸਾਚੀ ਧੂੜ, ਧੂੜੀ ਟਿੱਕਾ ਮਸਤਕ ਖ਼ਾਕ ਰਮਾਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹ, ਮਿਹਰ ਨਜ਼ਰ ਇਕ ਉਠਾਈਆ । ਤੇਰਾ ਭਾਣਾ ਤੇਰਾ ਹੁਕਮ ਤੇਰਾ ਫ਼ਰਮਾਨਾ ਸਾਨੂੰ ਮਨਜ਼ੂਰ, ਸਿਰ ਸਕੇ ਨਾ ਕੋਇ ਉਠਾਈਆ ।

ਗੋਬਿੰਦ ਕਿਹਾ ਤੇਰਾ ਲੇਖਾ ਲਹਿਣਾ ਕਲਜੁਗ ਅੰਤ ਚੁਕਾਵਾਂ ਜ਼ਰੂਰ, ਜ਼ਰੂਰਤ ਪਿਛਲੀ ਵੇਖ ਵਖਾਈਆ । ਮਨ ਮਨਸਾ ਮੇਟ ਦੇਵਾਂ ਵਾਂਗ ਕਾਫ਼ੂਰ, ਜਗਤ ਤ੍ਰਿਸ਼ਨਾ ਰਹੇ ਨਾ ਰਾਈਆ । ਜਿਧਰ ਤੱਕੇਂ ਹਾਜ਼ਰ ਹਜ਼ੂਰ, ਹਜ਼ਰਤ ਹੋ ਕੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਗੁਣਵੰਤਾ ਦਇਆ ਕਮਾਈਆ । ਭਗਤ ਆਤਮਾ ਕਹੇ ਮੈਂ ਵੇਖ ਕੇ ਖੇਲ ਅਗੰਮਾ, ਖ਼ੁਸ਼ੀਆਂ ਵਿਚ ਖ਼ੁਸ਼ੀ ਮਨਾਈਆ । ਪੁਰਖ ਅਕਾਲ ਇਕੋ ਮੰਨਾ, ਮਿਹਰਵਾਨ ਹੋਏ ਸਹਾਈਆ । ਨਾਤਾ ਛੱਡਿਆ ਪਿਛਲਾ ਮਾਟੀ ਕਾਇਆ ਚੰਮਾ, ਤਤ ਜਗਤ ਵਿਚ ਤਜਾਈਆ । ਹੁਕਮੇ ਅੰਦਰ ਆਇਆ ਭੰਨਾ, ਨਿਰਗੁਣ ਸਰਗੁਣ ਵੇਸ ਵਟਾਈਆ । ਨਾਮ ਨਿਧਾਨਾ ਸੁਣਿਆ ਕੰਨਾਂ, ਅਨਰਾਗੀ ਰਾਗ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦੇ ਚੁਕਾਈਆ । ਆਤਮਾ ਕਹੇ ਮੈਂ ਸੁਣਿਆ ਪਿਛਲਾ ਗੀਤ, ਗੋਬਿੰਦ ਅਗੰਮ ਗਾਈਆ । ਮੈਨੂੰ ਹੋਈ ਦੀਦ, ਦਰਸ਼ਨ ਪਾਇਆ ਸ਼ਹਿਨਸ਼ਾਹੀਆ । ਮੈਂ ਆਸ ਉਮੀਦ, ਤ੍ਰਿਸ਼ਨਾ ਦਿਤੀ ਮਿਟਾਈਆ । ਪੂਰੀ ਕਰ ਰੀਝ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਿਆ ਮਿਲਾਈਆ । ਭਗਤ ਆਤਮਾ ਕਹੇ ਮੈਂ ਧੰਨ ਹੋਇਆ ਹੋਇਆ ਮਿਲਾਪ, ਮੇਲਾ ਹਰਿ ਜੂ ਆਪ ਕਰਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਜਗਜੀਵਣ ਦਾਤੇ ਪੜਦਾ ਦਿਤਾ ਉਠਾਈਆ । ਕੋਟਨ ਜਨਮ ਦੇ ਮੇਟ ਕੇ ਪਿਛਲੇ ਪਾਪ, ਦੁਰਮਤ ਮੈਲ ਦਿਤੀ ਧਵਾਈਆ । ਆਤਮ ਪਰਮਾਤਮ ਬਣ ਕੇ ਸੱਚਾ ਸਾਕ, ਬ੍ਰਹਮ ਪਾਰਬ੍ਰਹਮ ਮੇਲਾ ਲਿਆ ਕਰਾਈਆ । ਭਾਗ ਲਗਾ ਕੇ ਕਾਇਆ ਮਾਟੀ ਤਨ ਵਜੂਦ ਖ਼ਾਕ, ਖ਼ਾਲਸ ਆਪਣਾ ਰੰਗ ਰੰਗਾਈਆ । ਏਥੇ ਓਥੇ ਦੋ ਜਹਾਨਾਂ ਸ੍ਰੀ ਭਗਵਾਨਾ ਦੇ ਕੇ ਸਾਥ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਭਗਤ ਆਤਮਾ ਕਹੇ ਮੇਰੇ ਉਤੇ ਹੋਇਆ ਮਿਹਰਵਾਨ, ਪ੍ਰਭ ਬੇਪਰਵਾਹੀਆ । ਜਿਸ ਵਿਛੜੀ ਮੇਲੀ ਆਣ, ਆਨਨ ਫ਼ਾਨਨ ਲੇਖਾ ਦਿਤਾ ਮੁਕਾਈਆ । ਘਰ ਜੋਤੀ ਮਿਲਿਆ ਕਾਹਨ, ਬੰਸਰੀ ਨਾਮ ਦਿਤੀ ਸੁਣਾਈਆ । ਸਾਚੀ ਸੀਤਾ ਮਿਲਿਆ ਰਾਮ, ਸੀਤਾ ਸੁਰਤੀ ਆਪ ਪਰਨਾਈਆ । ਸਚ ਪੈਗ਼ੰਬਰ ਦੇ ਪੈਗ਼ਾਮ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਮੰਤਰ ਦੱਸ ਕੇ ਸਾਚਾ ਸਤਿਨਾਮ, ਨਾਨਕ ਨਿਰਗੁਣ ਸਰਗੁਣ ਖੋਜ ਖੁਜਾਈਆ । ਗੋਬਿੰਦ ਖੇਲ ਕਰੇ ਮਹਾਨ, ਸ਼ਬਦੀ ਸ਼ਬਦ ਵੇਸ ਵਟਾਈਆ । ਬਿਨ ਨੇਤਰ ਨੈਣਾਂ ਅੱਖਾਂ ਮਾਰ ਧਿਆਨ, ਲੱਖ ਚੁਰਾਸੀ ਵਿਚੋਂ ਪੜਦਾ ਦਿਤਾ ਚੁਕਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਦੇ ਕੇ ਇਕ ਆਰਾਮ, ਆਰਾਮਗਾਹ ਦਿਤੀ ਵਖਾਈਆ । ਜਿਥੇ ਨਾ ਕੋਈ ਸਜਦਾ ਨਾ ਸਲਾਮ, ਡੰਡਾਵਤ ਵਾਲਾ ਰੂਪ ਨਾ ਕੋਇ ਬਦਲਾਈਆ । ਨਾ ਕੋਈ ਰਸਨਾ ਜਿਹਵਾ ਬੱਤੀ ਦੰਦ ਸਿਫ਼ਤੀ ਕਰੇ ਕਲਾਮ, ਢੋਲੇ ਰਾਗ ਨਾ ਕੋਇ ਸੁਣਾਈਆ । ਨਾ ਕੋਈ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਾ ਕੋਈ ਮੁਹੰਮਦ ਨਾ ਕੋਈ ਕਾਹਨ, ਤੱਤਾਂ ਵਾਲਾ ਰੂਪ ਨਾ ਕੋਇ ਵਖਾਈਆ । ਇਕੋ ਜੋਤੀ ਜਾਤਾ ਪੁਰਖ ਬਿਧਾਤਾ ਜਲਵਾਗਰ ਨੂਰ ਨੁਰਾਨ, ਇਨਸਾਨ ਨਜ਼ਰ ਕੋਇ ਨਾ ਆਈਆ । ਭਗਤ ਆਤਮਾ ਕਹੇ ਮੈਂ ਵੇਖ ਹੋਈ ਹੈਰਾਨ, ਨਾ ਕੋਈ ਬਿਰਧ ਨਾ ਬਾਲ ਜਵਾਨ, ਬੁਢੇਪਾ ਰੂਪ ਨਾ ਕੋਇ ਬਦਲਾਈਆ । ਨਾ ਕੋਈ ਮੰਦਰ ਨਾ ਮਕਾਨ, ਨਾ ਕੋਈ ਤੇਲ ਬਾਤੀ ਦੀਆ ਜਗੇ ਮਹਾਨ, ਇਕੋ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਝੋਲੀ ਪਾਈਆ । ਪੂਰਬ ਲੇਖਾ

ਵੇਖਿਆ ਚੁਕਦਾ, ਦਰ ਘਰ ਸਾਚੇ ਮਿਲੀ ਵਡਿਆਈਆ । ਗੋਬਿੰਦ ਨਿਸ਼ਾਨਾ ਕਦੇ ਨਾ ਉਕਦਾ, ਅਣਿਆਲਾ ਤੀਰ ਚਲਾਈਆ । ਜਨ ਭਗਤਾਂ ਸ਼ਬਦੀ ਧਾਰ ਪੁਛਦਾ, ਗੁਰਮੁਖਾਂ ਗੁਰ ਗੁਰ ਗੋਦ ਉਠਾਈਆ । ਭਾਗ ਸੁਲਖਣਾ ਕਰੇ ਮਾਤਾ ਦੀ ਕੁੱਖ ਦਾ, ਧੰਨ ਧੰਨ ਜਣੇਂਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੱਚੇ ਮੇਲ ਮਿਲਾਈਆ । ਹਰਿਜਨ ਸੱਚਾ ਕਹੇ ਮੇਰਾ ਸਵਾਮੀ ਇਕ, ਏਕੰਕਾਰ ਨਜ਼ਰੀ ਆਈਆ । ਦੂਸਰ ਕੋਈ ਨਾ ਆਵੇ ਦਿਸ, ਦਹਿ ਦਿਸ਼ਾ ਨਾ ਕੋਇ ਵਡਿਆਈਆ । ਜਿਸ ਮਨਸਾ ਪੂਰੀ ਕੀਤੀ ਇਛ, ਇਸ਼ਕ ਆਪਣਾ ਲਿਆ ਲਗਾਈਆ । ਜਗਤ ਵਾਸਨਾ ਵਿਚੋਂ ਲਿਆ ਖਿੱਚ, ਸਹਿਜ ਸਭਾਓ ਮੇਲ ਮਿਲਾਈਆ । ਅਗੇ ਦਰਸ਼ਨ ਦੇਵੇ ਨਿਤ, ਆਵਣ ਜਾਵਣ ਪੈਂਡਾ ਦਿਤਾ ਛੁਡਾਈਆ । ਮਾਲਕ ਬਣ ਕੇ ਧੁਰ ਦਾ ਪਿਤ, ਪਤਿਪਰਮੇਸ਼ਵਰ ਗੋਦ ਉਠਾਈਆ । ਸਚਖੰਡ ਦਵਾਰੇ ਕਰੇ ਸਾਚਾ ਹਿਤ, ਹਿਤਕਾਰੀ ਇਕੋ ਨੂਰ ਖ਼ੁਦਾਈਆ । ਨਿਹਕਰਮੀ ਹੋ ਕੇ ਕਰਮ ਕਾਂਡ ਦਾ ਲੇਖਾ ਦਿਤਾ ਨਜਿੱਠ, ਨਿਰਵੈਰ ਹੋ ਕੇ ਦਇਆ ਕਮਾਈਆ । ਸਵਾਮੀ ਹੋ ਕੇ ਨਾ ਦੇਵੇ ਪਿੱਠ, ਕਰਵਟ ਬਦਲੇ ਥਾਉਂ ਥਾਈਂਆ । ਸੰਤ ਸੁਹੇਲੇ ਰਖੇ ਸਾਇਆ ਹੇਠ, ਮਸਤ ਖ਼ੁਮਾਰੀ ਨਾਮ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਭਗਤ ਆਤਮਾ ਕਹੇ ਮੈਂ ਖ਼ੁਸ਼ੀਆਂ ਨਾਲ ਹੱਸਾਂ, ਢੋਲਾ ਧੁਰ ਦਾ ਇਕੋ ਗਾਈਆ । ਪ੍ਰੇਮੀਆਂ ਪਿਆਰਿਆਂ ਦੀਆਂ ਅੱਖਾਂ, ਲੋਕਮਾਤ ਧਿਆਨ ਲਗਾਈਆ । ਗੁਰਮੁਖ ਵੇਖਾਂ ਸੱਚਾ, ਜੋ ਪ੍ਰਭ ਨੂੰ ਰਿਹਾ ਧਿਆਈਆ । ਕਲਜੁਗ ਭਾਂਡਾ ਵੇਖਾਂ ਕੱਚਾ, ਜਗਤ ਵਾਸਨਾ ਵਿਚ ਹਲਕਾਈਆ । ਪ੍ਰੇਮ ਪ੍ਰੀਤੀ ਨਾਤਾ ਵੇਖਾਂ ਪੱਕਾ, ਕਵਣ ਗੁਰਮੁਖ ਰਿਹਾ ਹੰਢਾਈਆ । ਛੱਡ ਮਦੀਨਾ ਮੱਕਾ, ਕਾਇਆ ਕਾਅਬਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਕਹੇ ਮੈਂ ਖ਼ੁਸ਼ੀਆਂ ਵਿਚ ਹੱਸਿਆ, ਚਾਓ ਘਨੇਰਾ ਨਜ਼ਰੀ ਆਈਆ । ਜਗਤ ਅੰਧੇਰੀ ਵੇਖੀ ਮੱਸਿਆ, ਮੱਸਾ ਸਿੰਘ ਰਿਹਾ ਸੁਣਾਈਆ । ਮੇਰੇ ਘਰ ਦਾ ਖੇੜਾ ਵਸਿਆ, ਜਿਥੇ ਭਗਤ ਸੁਹੇਲੇ ਸੋਭਾ ਪਾਈਆ । ਜਿਨ੍ਹਾਂ ਨਾਲ ਰਹਿਣਾ ਸਦਾ ਇਕੱਠਿਆ, ਏਥੇ ਓਥੇ ਨਾ ਹੋਏ ਜੁਦਾਈਆ । ਮੇਰਾ ਸਾਢੇ ਤਿੰਨ ਹੱਥ ਬੁਰਜ ਵਜੂਦ ਕੂੜਾ ਢੱਠਿਆ, ਆਤਮ ਪਰਮਾਤਮ ਸਦਾ ਸਦਾ ਸਦ ਇਕੋ ਰੰਗ ਸਮਾਈਆ । ਪੁਰਖ ਅਕਾਲ ਦਾ ਬਣ ਕੇ ਬੱਚਿਆ, ਬਚਪਨ ਆਪਣਾ ਲਿਆ ਬਦਲਾਈਆ । ਇਕੋ ਢੋਲਾ ਨਾਮ ਰਟਿਆ, ਤੂੰ ਹੀ ਤੂੰ ਹੀ ਰਾਗ ਸੁਣਾਈਆ । ਮਾਨਸ ਜਨਮ ਵਿਚੋਂ ਹਰਿ ਕਾ ਨਾਮ ਲਾਹਾ ਖੱਟਿਆ, ਕੂੜ ਕੁੜਿਆਰਾ ਦਿਤਾ ਤਜਾਈਆ । ਮੈਂ ਖ਼ੁਸ਼ੀਆਂ ਨਾਲ ਸਚਖੰਡ ਦਵਾਰੇ ਗਿਆ ਨੱਠਿਆ, ਭੱਜਿਆ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਦਿਤੀ ਵਖਾਈਆ । ਭਗਤ ਕਹੇ ਮੈਂ ਵੇਖਿਆ ਦਵਾਰਾ, ਸਤਿ ਸਤਿ ਨਜ਼ਰੀ ਆਈਆ । ਜਿਥੇ ਭਗਤ ਭਗਵਾਨ ਦਾ ਇਕ ਜੈਕਾਰਾ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਬਿਨ ਅੱਖਾਂ ਹੋਏ ਇਸ਼ਾਰਾ, ਬਿਨ ਸੈਨਤ ਲਏ ਸਮਝਾਈਆ । ਬਿਨ ਤੇਲ ਬਾਤੀ ਹੋਏ ਉਜਿਆਰਾ, ਨੂਰੋ ਨੂਰ ਹੋਏ ਰੁਸ਼ਨਾਈਆ । ਬਿਨ ਸਖੀਆਂ ਲੱਗੇ ਅਖਾੜਾ, ਬਿਨ ਗੋਪੀ ਕਾਹਨ ਰਾਸ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮੱਸਾ ਸਿੰਘ ਕਹੇ ਮੈਂ ਹੋਇਆ ਮਸਤ, ਮਸਤ ਖ਼ੁਮਾਰੀ ਨਜ਼ਰੀ ਆਈਆ । ਮੈਂ ਚੜ੍ਹ ਕੇ ਵੇਖਿਆ ਉਤੇ ਅਰਸ਼, ਅਰਸ਼ੀ ਪ੍ਰੀਤਮ ਬੇਪਰਵਾਹੀਆ । ਜਿਸ ਦਾ ਏਥੇ ਓਥੇ ਇਕੋ ਦਰਸ, ਦਰਸ਼ਨ ਦੇ ਕੇ ਖ਼ੁਸ਼ੀ ਮਨਾਈਆ । ਜਨਮ


੨੧੫
੧੯

ਜਨਮ ਦੀ ਮੇਟ ਕੇ ਹਰਸ, ਹਵਸ ਦਿਤੀ ਗਵਾਈਆ । ਮੇਰੇ ਉਤੇ ਕਰਕੇ ਤਰਸ, ਵਿਛੜਿਆਂ ਲਿਆ ਜੁੜਾਈਆ । ਇਹ ਖੇਲ ਵੱਡਾ ਅਸਚਰਜ, ਅਚਰਜ ਲੀਲਾ ਰਿਹਾ ਵਰਤਾਈਆ । ਕਲਜੁਗ ਕੂੜਾ ਵੇਖ ਅੰਧੇਰਾ ਗਰਦ, ਧੁੰਆਂਧਾਰ ਵਿਚ ਲੋਕਾਈਆ । ਗੁਰਮੁਖ ਵਿਰਲਾ ਪ੍ਰਭ ਦਾ ਪ੍ਰੇਮੀ ਬਣੇ ਮਰਦ, ਮਰਦ ਮਰਦਾਨਾ ਰੂਪ ਵਟਾਈਆ । ਪੰਜ ਤਤ ਕਾਇਆ ਮਾਟੀ ਕਰਕੇ ਹਰਜ, ਹੁਜਰੇ ਸਚ ਦੇ ਬਹਿ ਕੇ ਖ਼ੁਸ਼ੀ ਮਨਾਈਆ । ਜਗਤ ਵਾਸਨਾ ਕੂੜੀ ਛੱਡ ਕੇ ਗਰਜ, ਓਟ ਇਕੋ ਇਕ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਗੁਰਮੁਖ ਆਤਮਾ ਕਹੇ ਮੇਰੀ ਲੈਣੀ ਇਕ ਸਲਾਹ, ਸਰਬ ਦਿਆਂ ਸਮਝਾਈਆ । ਪ੍ਰਭ ਦਾ ਨਾਉਂ ਭੁਲਿਓ ਕੋਈ ਨਾ, ਨਵ ਨੌ ਚਾਰ ਨਾ ਕੋਇ ਵਡਿਆਈਆ । ਬਿਨਾ ਹਰਿ ਸਰਨ ਨਹੀਂ ਕੋਈ ਥਾਂ, ਬ੍ਰਹਿਮੰਡ ਖੰਡ ਰਹੇ ਕੁਰਲਾਈਆ । ਅੰਤਮ ਨਾਤਾ ਤੁੱਟੇ ਪਿਤਾ ਮਾਂ, ਭੈਣ ਭਾਈ ਸੰਗ ਨਾ ਕੋਇ ਨਿਭਾਈਆ । ਬਿਨਾ ਸਤਿਗੁਰ ਸ਼ਬਦੀ ਕੋਈ ਨਾ ਦੇਵੇ ਠੰਡੀ ਛਾਂ, ਅਗਨੀ ਤਤ ਨਾ ਕੋਇ ਬੁਝਾਈਆ । ਜਨ ਭਗਤਾਂ ਪ੍ਰਭ ਨੇ ਸਿਧਾ ਦੱਸਿਆ ਰਾਹ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਵਿਸ਼ਨ ਬ੍ਰਹਮਾ ਸ਼ਿਵ ਸੀਸ ਰਹੇ ਝੁਕਾ, ਅਧਵਿਚਕਾਰ ਨਾ ਕੋਇ ਅਟਕਾਈਆ । ਸਚਖੰਡ ਦਵਾਰੇ ਚਰਨ ਕਵਲ ਮਿਲੇ ਸਰਨਾ, ਸਰਨਗਤ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਲਏ ਜੁੜਾਈਆ । ਗੁਰਮੁਖ ਆਤਮਾ ਕਹੇ ਮੈਂ ਦੱਸਾਂ ਅਨੋਖੀ ਗੱਲ, ਗਲਵਕੜੀ ਸਭ ਨੂੰ ਪਾਈਆ । ਜਿਹੜਾ ਲੇਖਾ ਹੋਇਆ ਅੱਜ ਤੇ ਕੱਲ, ਕਲਮਿਆਂ ਤੋਂ ਬਾਹਰ ਰਿਹਾ ਦ੍ਰਿੜਾਈਆ । ਸ਼ਬਦੀ ਗੋਬਿੰਦ ਦੇਵੇ ਫਲ, ਫਲੀਭੂਤ ਦੇਵੇ ਕਰਾਈਆ । ਚੁਰਾਸੀ ਵਿਚੋਂ ਸਵਾਲ ਹੋਇਆ ਹੱਲ, ਹਾਲਤ ਆਪਣੀ ਲਈ ਬਦਲਾਈਆ । ਜਿਸ ਨੇ ਹੁਕਮੇਂ ਅੰਦਰ ਦਿਤਾ ਘੱਲ, ਅੰਤਮ ਓਹ ਗੋਦ ਉਠਾਈਆ । ਵਿਛੋੜਾ ਹੋਵੇ ਨਾ ਘੜੀ ਪਲ, ਜੁਦਾ ਹੋਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਸਰਨਗਤ ਦੇਵੇ ਪੁਰਖ ਅਕਾਲ, ਅਕਲ ਕਲਧਾਰੀ ਦਇਆ ਕਮਾਈਆ । ਸਚਖੰਡ ਵਖਾਏ ਸੱਚੀ ਧਰਮਸਾਲ, ਧਰਮ ਦਵਾਰਾ ਇਕ ਵਖਾਈਆ । ਆਪੇ ਪੁਛੇ ਮੁਰੀਦਾਂ ਹਾਲ, ਮੁਰਸ਼ਦ ਬੇਪਰਵਾਹੀਆ । ਜਨ ਭਗਤਾਂ ਪੋਹ ਨਾ ਸਕੇ ਕਾਲ, ਲਾੜੀ ਮੌਤ ਨਾ ਵੰਡ ਵੰਡਾਈਆ । ਜਨਮ ਜਨਮ ਦੀ ਲੇਖੇ ਪਾਈ ਘਾਲ, ਘਾਲ ਪਿਛਲੀ ਵੇਖ ਵਖਾਈਆ । ਜਨ ਭਗਤੋ ਮੈਂ ਤੁਹਾਡਾ ਬਣਾਂ ਦਲਾਲ, ਵਿਚੋਲਾ ਧੁਰ ਦਾ ਨਜ਼ਰੀ ਆਈਆ । ਤੁਸਾਂ ਸਹਿਜੇ ਮਿਲਣਾ ਆਣ, ਆਪਣਾ ਪੰਧ ਮੁਕਾਈਆ । ਮਿਹਰਵਾਨ ਸ੍ਰੀ ਭਗਵਾਨ, ਭਗਤਾਂ ਦੇਵਣਹਾਰ ਸਰਨਾਈਆ । ਲੋਕਮਾਤ ਪੀਓ ਹਕੀਕੀ ਜਾਮ, ਕੂੜਾ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਲਏ ਬਹਾਈਆ । ਦਰ ਠਾਂਡਾ ਵੇਖੋ ਸਚ ਦਰਬਾਰ, ਦਰਗਹਿ ਸਾਚੀ ਨਜ਼ਰੀ ਆਈਆ । ਜਿਥੇ ਵਸੇ ਏਕਾ ਏਕੰਕਾਰ, ਨਿਰਗੁਣ ਨਿਰਵੈਰ ਸੋਭਾ ਪਾਈਆ । ਲੱਖ ਚੁਰਾਸੀ ਜਿਸ ਦਾ ਅਧਾਰ, ਸਰਗੁਣ ਵੱਜੇ ਵਧਾਈਆ । ਓਹ ਭਗਤ ਸੁਹੇਲੇ ਲਏ ਉਠਾਲ, ਗੁਰ ਚੇਲੇ ਮੇਲ ਮਿਲਾਈਆ । ਨਾਤਾ ਤੋੜ ਕੇ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣੇ ਰੰਗ ਰੰਗਾਈਆ । ਚੁਰਾਸੀ ਵਿਚੋਂ ਕਰੇ ਬਹਾਲ, ਬਿਹਬਲ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਮੱਸਾ ਸਿੰਘ ਕਹੇ ਮੇਰਾ ਕੋਮਲ ਸਮਝਿਓ ਨਾ ਕੋਇ ਸਰੀਰ ਮਲੂਕ, ਮਾਲਕ ਦੇਵਣਹਾਰ ਵਡਿਆਈਆ । ਜਨ ਭਗਤੋ ਚਾਰ ਵਰਨ ਰਖਿਓ ਸਲੂਕ,

ਦੀਨ ਮਜ਼੍ਹਬ ਕਰੇ ਨਾ ਕੋਇ ਲੜਾਈਆ । ਸਭ ਦਾ ਪੰਜ ਤਤ ਕਾਇਆ ਕਲਬੂਤ, ਅੰਦਰ ਨੂਰ ਨੂਰ ਰੁਸ਼ਨਾਈਆ । ਪੁਰਖ ਅਕਾਲ ਸਦਾ ਮੌਜੂਦ, ਹਾਜ਼ਰ ਹਜ਼ੂਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਅੰਦਰ ਕਰੇ ਮਸਰੂਫ਼, ਮੁਨਸਫ ਹੋ ਕੇ ਆਪਣਾ ਹੁਕਮ ਵਰਤਾਈਆ । ਜਨ ਭਗਤੋ ਜੇ ਆਏ ਭਗਤ ਦੀ ਖ਼ਾਤਰ, ਖ਼ਤਰਾ ਦਿਉ ਮਿਟਾਈਆ । ਬਣਿਓ ਧਰਮ ਪਿਆਰ ਦੇ ਚਾਤਰ, ਚਾਤਰਿਕ ਰੂਪ ਸਰਬ ਵਟਾਈਆ । ਦਰਸ਼ਨ ਕਰਿਓ ਬਾਤਨ, ਨਿਜ ਨੇਤਰ ਨੂਰ ਰੁਸ਼ਨਾਈਆ । ਮੈਂ ਆਇਆ ਤੁਹਾਨੂੰ ਆਖਣ, ਦੂਰ ਦੁਰਾਡਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚ ਸਰਨਾਈਆ । ਜਨ ਭਗਤ ਕਹੇ ਮੈਂ ਦੱਸਣ ਆਇਆ ਕਹਾਣੀ, ਕਹਾਵਤ ਨਾਲ ਰਲਾਈਆ । ਜਨ ਭਗਤੋ ਪ੍ਰਭੂ ਦੀ ਭੁਲਿਓ ਕਦੇ ਨਾ ਬਾਣੀ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਚੜ੍ਹਾਈਆ । ਸਤਿ ਧਰਮ ਦੀ ਰੱਖਿਓ ਯਾਦ ਨਿਸ਼ਾਨੀ, ਕੂੜ ਅਪਰਾਧ ਨਾ ਕੋਇ ਕਮਾਈਆ । ਤੁਹਾਡਾ ਆਤਮ ਜੋਤ ਨੁਰਾਨੀ, ਨੂਰੋ ਨੂਰ ਨੂਰ ਰੁਸ਼ਨਾਈਆ । ਖੇਲ ਵੇਖਣਾ ਦੋ ਜਹਾਨੀ, ਲੋਕ ਪਰਲੋਕ ਖ਼ੁਸ਼ੀ ਮਨਾਈਆ । ਅੰਮ੍ਰਿਤ ਜਲ ਪੀਣਾ ਠੰਡਾ ਪਾਣੀ, ਨਿਜ ਆਤਮ ਰਸ ਚਖਾਈਆ । ਤੁਹਾਡੀ ਸਤਿਗੁਰੂ ਦਵਾਰੇ ਮਨਜ਼ੂਰ ਸਦਾ ਕ਼ੁਰਬਾਨੀ, ਜੇ ਮਨ ਦੀ ਮਨਸਾ ਦਿਉ ਮਿਟਾਈਆ । ਤੁਹਾਡੀ ਚੜ੍ਹਦੀ ਸਦਾ ਜਵਾਨੀ, ਬੁਢੇਪਾ ਪਰਤ ਕੋਇ ਨਾ ਆਈਆ । ਮਿਲੇ ਵਡਿਆਈ ਵਿਚ ਚਾਰ ਖਾਣੀ, ਚਾਰੋਂ ਕੁੰਟ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਤਰਾਈਆ । ਮੈਂ ਦੇਵਾਂ ਸੰਦੇਸ਼ਾ ਇਕ ਕੌਰ ਭਜਨ, ਫ਼ਰਮਾਨਾ ਧੁਰ ਸੁਣਾਈਆ । ਪੁਰਖ ਅਕਾਲ ਧੁਰ ਦਾ ਸੱਜਣ, ਸਗਲਾ ਸੰਗ ਨਿਭਾਈਆ । ਧੂੜੀ ਚਰਨ ਮੱਜਨ, ਦੁਰਮਤ ਮੈਲ ਧਵਾਈਆ । ਜੋ ਘੜੇ ਠੀਕਰ ਸੋ ਭੱਜਣ, ਥਿਰ ਰਹਿਣ ਕੋਇ ਨਾ ਪਾਈਆ । ਪਿਆਰ ਅੰਦਰ ਰਹਿਣਾ ਮਗਨ, ਹਿਰਦੇ ਹਰਿ ਵਸਾਈਆ । ਪੁਰਖ ਅਕਾਲ ਦੀ ਲੱਗੇ ਲਗਨ, ਕੂੜੀ ਕਿਰਿਆ ਦੇਣੀ ਤਜਾਈਆ । ਸੀਸ ਹੋਵੇ ਨਾ ਕਦੇ ਨਗਨ, ਸਮਰਥ ਹੱਥ ਟਿਕਾਈਆ । ਕਿਸੇ ਦਵਾਰੇ ਨਾ ਜਾਣਾ ਮੰਗਣ, ਖ਼ਾਲੀ ਭੰਡਾਰੇ ਦਏ ਭਰਾਈਆ । ਸਤਿ ਧਰਮ ਨਾ ਪਾਰ ਕਰਨੀ ਉਲੰਘਣ, ਨੇਤਰ ਅੱਖ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਭਗਤ ਆਤਮਾ ਕਹੇ ਝੂਠਾ ਨਾਤਾ ਨਾਰ ਕੰਤ, ਤੱਤਾਂ ਵਾਲੀ ਵਡਿਆਈਆ । ਜਿਨ੍ਹਾਂ ਮਿਲਿਆ ਸ੍ਰੀ ਭਗਵੰਤ, ਓਹ ਭਗਵਨ ਵਿਚ ਗਏ ਸਮਾਈਆ । ਅੰਤਰ ਆਤਮਾ ਨਾਮ ਮੰਤ, ਢੋਲਾ ਇਕੋ ਗਾਈਆ । ਉਹ ਪਰਮ ਪੁਰਖ ਦੇ ਸੰਤ, ਅੰਤ ਸਤਿਗੁਰ ਵਿਚ ਸਮਾਈਆ । ਕੋਈ ਸਮਝ ਨਾ ਸਕੇ ਪਾਂਧਾ ਪੰਡਤ, ਮੁੱਲਾ ਸ਼ੇਖ਼ ਨਾ ਕੋਇ ਸਮਝਾਈਆ । ਗੁਰਮੁਖ ਤੇਰੀ ਸਭ ਤੋਂ ਵੱਡੀ ਹਿੰਮਤ, ਹੌਸਲਾ ਇਕ ਜਣਾਈਆ । ਤੇਰੇ ਨੇੜ ਨਾ ਆਵੇ ਕਾਮਨਾ ਵਾਲੀ ਇੱਲਤ, ਦੁਰਗੰਧੀ ਅੰਦਰੋਂ ਦੇਣੀ ਕਢਾਈਆ । ਕਿਸੇ ਦਾ ਬਣਨਾ ਨਹੀਂ ਕਦੇ ਵੀ ਨਿੰਦਕ, ਨਿੰਦਿਆ ਮੁਖ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਭਗਤ ਆਤਮਾ ਕਹੇ ਤੂੰ ਆਤਮ ਬਣੀ ਰਹੀਂ ਸੱਚੀ, ਸਚ ਵਿਚ ਸਮਾਈਆ । ਪੁਰਖ ਅਕਾਲ ਬਣਾਵਣਹਾਰਾ ਸਾਚੀ ਬੱਚੀ, ਗੁਰਮੁਖ ਆਪਣੀ ਗੋਦ ਉਠਾਈਆ । ਨਾਮ ਪਦਾਰਥ ਰੰਗਣ ਦੇ ਕੇ ਰਤੀ, ਰਤਨ ਅਮੋਲਕ ਹੀਰੇ ਮਾਣ ਦਏ ਵਡਿਆਈਆ । ਤੇਰਾ ਸਦਾ ਜੀਉਂਦਾ ਪਤੀ, ਪਤਣ ਬਹਿ ਕੇ ਖ਼ੁਸ਼ੀ ਮਨਾਈਆ । ਕੀ ਹੋਇਆ ਜੇ ਜਗਤ ਵਿਚੋਂ ਬੁਝ ਗਈ ਬੱਤੀ, ਅਗੇ ਨਿਰਗੁਣ ਜੋਤ ਵਿਚ ਸਮਾਈਆ ।

ਵਕ਼ਤ ਨਾਲ ਆ ਕੇ ਵੇਖੀਂ ਬਿਨਾ ਅੱਖੀਂ, ਆਖ਼ਰ ਉਹੋ ਨਜ਼ਰੀ ਆਈਆ । ਖ਼ੁਸ਼ੀਆਂ ਨਾਲ ਹੱਸੀਂ, ਗੀਤ ਗੋਬਿੰਦ ਅਲਾਈਆ । ਕਲਜੁਗ ਕੂੜੀ
ਤਪਣ ਵਾਲੀ ਭੱਠੀ, ਚਾਰੋਂ ਕੁੰਟ ਅਗਨੀ ਇਕ ਜਲਾਈਆ । ਧੰਨ ਭਾਗ ਜੇ ਭਗਤਾਂ ਸੰਗਤ ਹੋਈ ਇਕੱਠੀ, ਗੁਰਮੁਖ ਮਿਲ ਕੇ ਸੋਭਾ ਪਾਈਆ ।
ਜਿਨ੍ਹਾਂ ਪੜ੍ਹੀ ਇਕੋ ਪੱਟੀ, ਬਿਨ ਅੱਖਰਾਂ ਕਰਨ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ ।
ਭਗਤ ਆਤਮਾ ਕਹੇ ਰਖਣਾ ਸੱਚਾ ਸਤਿ, ਸਤਿ ਸਤਿਵਾਦੀ ਦਇਆ ਕਮਾਈਆ । ਕਿਸੇ ਵਲ ਵੇਖਣਾ ਨਹੀਂ ਬੇਗਾਨੀ ਅੱਖ, ਨੇਤਰ ਨੈਣ ਨੈਣ ਮਿਲਾਈਆ ।
ਜਗਤ ਵਾਸਨਾ ਦੇਣੀ ਛੱਡ, ਹੱਡਾਂ ਦੀ ਰਹੇ ਨਾ ਕੋਇ ਲੜਾਈਆ । ਆਤਮ ਪਰਮਾਤਮ ਮੇਲਾ ਕਰਨਾ ਸਚ, ਸਚ ਵਿਚ ਸਮਾਈਆ । ਨਾਮ
ਨਿਧਾਨਾ ਸਾਢੇ ਤਿੰਨ ਕਰੋੜ ਜਾਵੇ ਰਚ, ਰਚਨਾ ਅਗਲੀ ਦਏ ਵਖਾਈਆ । ਪੁਰਖ ਅਕਾਲ ਦੀ ਇਕੋ ਮਤ, ਮਤੇ ਅਵਰ ਨਾ ਕੋਇ ਜਣਾਈਆ ।
ਧੀਰਜ ਵਿਚ ਰਖਣਾ ਹਠ, ਸਤਿ ਸਤਿ ਵਿਚ ਟਿਕਾਈਆ । ਮਾਨਸ ਜਨਮ ਕਾਇਆ ਖੇੜਾ ਨਾ ਹੋਵੇ ਭੱਠ, ਆਤਮ ਪਰਮਾਤਮ ਵੱਜੇ ਵਧਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਪਾਰ ਲੰਘਾਈਆ । ਮੱਸਾ ਸਿੰਘ ਕਹੇ ਮੇਰਾ ਹੱਲ ਹੋਇਆ ਮਸਲਾ, ਪ੍ਰਭੂ
ਮਿਸਲ ਦਿਤੀ ਬਣਾਈਆ । ਮੇਰਾ ਰੂਪ ਪਰਗਟ ਹੋਇਆ ਅਸਲਾ, ਅਸਲੀਅਤ ਦਿਤੀ ਜਣਾਈਆ । ਮੈਂ ਸਚਖੰਡ ਦਵਾਰੇ ਵਸਣਾ, ਬਸਤੀ ਸੋਹਣੀ
ਨਜ਼ਰੀ ਆਈਆ । ਜਿਥੇ ਵਸੇ ਵਾਸੀ ਪਟਣਾ, ਸ਼ਬਦੀ ਧਾਰਾ ਇਕ ਪਰਗਟਾਈਆ । ਜਨ ਭਗਤੋ ਲੋਕਮਾਤ ਮਾਨਸ ਜਨਮ ਦੀ ਇਕੋ ਵਾਰ ਘਟਨਾ,
ਫਿਰ ਘਾਟਿਆਂ ਵਿਚੋਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਦਏ ਵਡਿਆਈਆ । ਭਗਤ
੨੧੮ ੧੯ ਆਤਮਾ ਕਹੇ ਮੇਰੀ ਆਸਾ ਪੁੰਨੀ, ਪੁਨਹ ਪੁਨਹ ਸਰਨਾਈਆ । ਗੁਰਮੁਖ ਵੇਖੇ ਵੱਡੇ ਗੁਣੀ, ਗਹਿਰ ਗੰਭੀਰ ਦਿਤੀ ਸਰਨਾਈਆ । ਜਿਨ੍ਹਾਂ ਦੇ ੨੧੮ ੧੯
ਹਿਰਦੇ ਅੰਦਰ ਇਕੋ ਆਵਾਜ਼ ਸੁਣੀ, ਤੂੰਹੀ ਤੂੰਹੀ ਢੋਲਾ ਗਾਈਆ । ਉਹ ਭਗਤ ਸੁਹਾਗਣ ਭੈਣ ਨੂੰ ਦੇਵਣ ਆਏ ਪ੍ਰੇਮ ਪਿਆਰ ਦੀ ਚੁੰਨੀ, ਓਢਣ
ਸੋਹਣਾ ਸੀਸ ਟਿਕਾਈਆ । ਕਿਸੇ ਪਾਸਿਉਂ ਨਾ ਰਹੇ ਊਣੀ, ਦਰਦੀ ਹੋ ਕੇ ਦਰਦ ਵੰਡਾਈਆ । ਸਭ ਦੇ ਵਿਚੋਂ ਪਿਆਰਾ ਦਿਸੇ ਮੁਨੀ, ਲਾਲ
ਲਾਲ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਗ ਸਭ ਦਾ ਝੋਲੀ ਪਾਈਆ । ਭਾਗ ਕਹੇ ਮੈਂ ਭਾਗਾਂ ਵਾਲਾ,
ਭਗਵਨ ਹੋਏ ਸਹਾਈਆ । ਜਨ ਭਗਤਾਂ ਵੇਖਾਂ ਘਰ ਸੱਚੀ ਧਰਮਸਾਲਾ, ਜਿਥੇ ਗੁਰਮੁਖ ਬਹਿ ਕੇ ਖ਼ੁਸ਼ੀ ਮਨਾਈਆ । ਇਕੋ ਮਰਦੰਗ ਇਕੋ ਵੱਜੇ
ਤਾਲਾ, ਤਲਵਾੜਾ ਰਾਗ ਇਕੋ ਇਕ ਗਾਈਆ । ਇਕੋ ਰਾਹ ਰਹਿਬਰ ਦੱਸੇ ਸੁਖਾਲਾ, ਸੁਖ ਸਾਗਰ ਵਿਚ ਸਮਾਈਆ । ਇਕੋ ਨੂਰ ਹੋਏ ਉਜਾਲਾ,
ਅੰਧ ਅੰਧੇਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਮਿਲਾਈਆ । ਜਨ ਭਗਤ
ਕਹੇ ਮੈਂ ਵੇਖ ਕੇ ਅੰਤ ਮੁੜਦਾ, ਆਪ ਆਪਣਾ ਰੁਖ਼ ਬਦਲਾਈਆ । ਸੰਦੇਸ਼ਾ ਸੁਨੇਹੜਾ ਦੇ ਕੇ ਧੁਰ ਦਾ, ਧਰਨੀ ਧਰਤ ਗਿਆ ਸੁਣਾਈਆ । ਲੇਖਾ
ਵੇਖੋ ਪੂਰੇ ਸਤਿਗੁਰ ਦਾ, ਸ਼ਬਦੀ ਸ਼ਬਦ ਦਇਆ ਕਮਾਈਆ । ਜੋ ਮਾਲਕ ਅਨੰਦਪੁਰ ਦਾ, ਪੁਰੀਆਂ ਲੋਆਂ ਤੋਂ ਬਾਹਰ ਡੇਰਾ ਲਾਈਆ । ਜਿਸ
ਦਾ ਕੀਤਾ ਕੌਲ ਇਕ਼ਰਾਰ ਕਦੇ ਨਾ ਥੁੜਦਾ, ਬਹੁਤਿਆਂ ਵਿਚੋਂ ਥੋੜੇ ਰਿਹਾ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਕਿਰਪਾਲ ਹੋ ਕੇ ਵੇਖ ਵਖਾਈਆ । ਭਗਤ ਆਸਾ ਕਹੇ ਮੈਂ ਦੇਂਦੀ ਜਾਵਾਂ ਅਸੀਸ, ਅਸ਼ੀਰਵਾਦ ਜਣਾਈਆ । ਪੁਰਖ ਅਕਾਲ ਕਰੇ ਬਖ਼ਸ਼ੀਸ਼, ਬਖ਼ਸ਼ਿਸ਼

ਬੇਪਰਵਾਹੀਆ । ਸਾਚਾ ਕਲਮਾ ਹੱਕ ਹਦੀਸ, ਨਗ਼ਮਾ ਨਾਮ ਇਕ ਦ੍ਰਿੜਾਈਆ । ਸੰਤ ਸੁਹੇਲੇ ਰਹਿਣ ਅਤੀਤ, ਤ੍ਰੈਗੁਣ ਕੂੜਾ ਪੰਧ ਮੁਕਾਈਆ । ਧੁਰ ਦਾ ਢੋਲਾ ਗਾਵਣ ਗੀਤ, ਗਹਿਰ ਗੰਭੀਰ ਗੋਬਿੰਦ ਸਾਲਾਹੀਆ । ਪੁਰਖ ਅਕਾਲ ਨਾਲ ਲੱਗੇ ਸਚ ਪ੍ਰੀਤ, ਪ੍ਰੇਮੀ ਹੋ ਕੇ ਤੋੜ ਨਿਭਾਈਆ । ਜਨ ਭਗਤਾਂ ਜੁਗ ਜੁਗ ਚਲਦੀ ਰਹੇ ਰੀਤ, ਰੀਤੀਵਾਨ ਰਿਹਾ ਵਖਾਈਆ । ਹਰਿ ਸੰਗਤ ਹਰਿ ਹਰ ਹਿਰਦੇ ਵਸੇ ਚੀਤ, ਚੇਤਨ ਸਭ ਨੂੰ ਦਏ ਕਰਾਈਆ । ਸ਼ਬਦ ਵਿਚੋਲਾ ਸਤਿਗੁਰ ਸਭ ਦੇ ਬੀਚ, ਵਿਚਾਲੇ ਹੋ ਕੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਲੇਖੇ ਲਾ ਕੇ ਹਸਤ ਕੀਟ, ਦਰ ਘਰ ਸਾਚੇ ਸਚਖੰਡ ਦਵਾਰੇ ਦੇਵੇ ਮਾਣ ਵਡਿਆਈਆ ।

### ✪ ੧੨ ਮਾਘ ਸ਼ਹਿਨਸ਼ਾਹੀ ਸੰਮਤ ੧ ਸਰਦੂਲ ਸਿੰਘ ਦੇ ਗ੍ਰਿਹ ਪਿੰਡ ਬਲ ਸਚੰਦਰ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਕਹੇ ਮੈਂ ਕਲਜੁਗ ਬਦਲ ਦੇਣੀ ਰੀਤ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਦੋ ਜਹਾਨ ਇਕੋ ਰੰਗ ਵਖਾਈਆ । ਜਨ ਭਗਤਾਂ ਦੱਸਣੀ ਸਚ ਪ੍ਰੀਤ, ਲੋਕਮਾਤ ਮਾਰ ਝਾਤ ਆਤਮ ਪਰਮਾਤਮ ਜੋੜ ਜੁੜਾਈਆ । ਕਾਇਆ ਮਾਟੀ ਪੰਜ ਤਤ ਕਰਨਾ ਠਾਂਡਾ ਸੀਤ, ਤ੍ਰੈਗੁਣ ਅਗਨੀ ਤਤ ਰਹਿਣ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਸੁਣਾਉਣਾ ਧੁਰ ਦਾ ਅਗੰਮੀ ਗੀਤ, ਗਹਿਰ ਗੰਭੀਰ ਬੇਨਜ਼ੀਰ ਗੋਬਿੰਦ ਦੇਣਾ ਮਿਲਾਈਆ । ਝਗੜਾ ਮੁਕਾ ਕੇ ਜਗਤ ਵਾਸਨਾ ਮੰਦਰ ਮਸੀਤ, ਕਾਇਆ ਕਾਅਬਾ ਹੁਜਰਾ ਹੱਕ ਦੇਣਾ ਵਖਾਈਆ । ਸੰਤ ਸੁਹੇਲਾ ਕਰ ਅਤੀਤ, ਕੂੜੀ ਕਿਰਿਆ ਬੰਧਨ ਦੇਣਾ ਤੁੜਾਈਆ । ਲੇਖਾ ਮੁਕਾ ਕੇ ਹਸਤ ਕੀਟ, ਊਚ ਨੀਚ ਰਾਓ ਰੰਕ ਜਾਤ ਪਾਤ ਦੀਨ ਮਜ਼੍ਹਬ ਖਹਿੜਾ ਲੈਣਾ ਛੁਡਾਈਆ । ਸਚ ਦਵਾਰ ਦੇ ਕਰ ਵਸਨੀਕ, ਦਰਗਾਹ ਸਾਚੀ ਸਚਖੰਡ ਧਾਮ ਦਵਾਰਾ ਦੇਣਾ ਵਖਾਈਆ । ਬੀਸ ਇਕੀਸਾ ਰਿਹਾ ਬੀਤ, ਹਰਿ ਜਗਦੀਸਾ ਜਲਵਾ ਨੂਰ ਕਰੇ ਰੁਸ਼ਨਾਈਆ । ਨਾਮ ਨਿਧਾਨਾ ਮਰਦ ਮਰਦਾਨਾ ਸ਼ਾਹ ਸੁਲਤਾਨਾ ਕਰੇ ਬਖ਼ਸ਼ੀਸ਼, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਸੁਹੇਲੇ ਖੋਜ ਖੁਜਾਈਆ । ਸਤਿਜੁਗ ਕਹੇ ਮੈਂ ਕਲਜੁਗ ਲਹਿਣਾ ਦੇਣਾ ਦੇਣਾ ਗਵਾ, ਲੋਕਮਾਤ ਰਹਿਣ ਨਾ ਪਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਇਕੋ ਦੱਸਣਾ ਰਾਹ, ਬੋਧ ਅਗਾਧੀ ਚਾਰ ਵਰਨ ਅਠਾਰਾਂ ਬਰਨ ਇਕ ਪੜ੍ਹਾਈਆ । ਪਾਰਬ੍ਰਹਮ ਬ੍ਰਹਮ ਆਤਮ ਪਰਮਾਤਮ ਦੱਸਣੀ ਇਕ ਸਲਾਹ, ਸਚ ਸੰਦੇਸ਼ਾ ਨਰ ਨਰੇਸ਼ਾ ਧੁਰ ਫ਼ਰਮਾਨਾ ਇਕ ਜਣਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਦੱਸਣਾ ਇਕ ਮਲਾਹ, ਠਾਕਰ ਸਵਾਮੀ ਬੇਪਰਵਾਹ ਬੇੜਾ ਆਪਣੇ ਕੰਧ ਉਠਾਈਆ । ਨਈਆ ਨੌਕਾ ਨਾਮ ਬ੍ਰਹਿਮੰਡ ਖੰਡ ਦੋ ਜਹਾਨਾਂ ਦੇਣੀ ਇਕ ਚਲਾ, ਚਾਰ ਕੁੰਟ ਦਹਿ ਦਿਸ਼ਾ ਵੱਜੇ ਸਚ ਵਧਾਈਆ । ਪੁਰਖ ਅਕਾਲਾ ਦੀਨ ਦਿਆਲਾ ਜੋਤੀ ਜਾਤਾ ਜਨ ਭਗਤਾਂ ਦੇਣਾ ਮਿਲਾ, ਦੂਈ ਦਵੈਤੀ ਰਹਿਣ ਕੋਇ ਨਾ ਪਾਈਆ । ਸ਼ਰਅ ਸ਼ਰਾਇਤੀ ਬੰਧਨ ਦੇਣਾ ਤੁੜਾ, ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਸਚ ਸਵਾਮੀ ਅੰਤਰਜਾਮੀ ਨਿਜ ਨੇਤਰ ਦੇਣਾ ਦਰਸਾ, ਦੋਏ ਲੋਚਨ ਪੰਧ ਦੇਣਾ ਮੁਕਾਈਆ । ਸ਼ਬਦ ਅਨਾਦੀ ਅਗੰਮੀ ਢੋਲਾ ਬਿਨ ਅੱਖਰਾਂ ਦੇਣਾ ਪੜ੍ਹਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬੈਠੀ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਦੱਸਦੇ ਗਏ ਰਾਹ, ਸਿਫ਼ਤੀ

ਢੋਲੇ ਰਸਨਾ ਬੱਤੀ ਦੰਦ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਘਟ ਭੀਤਰ ਵੇਖ ਵਖਾਈਆ । ਸਤਿਜੁਗ ਕਹੇ ਕਲਜੁਗ ਕੂੜੀ ਕਿਰਿਆ ਹੋਣੀ ਵੈਰਾਨ ਅੰਤ, ਅੰਤਸ਼ਕਰਨ ਸਭ ਦਾ ਵੇਖ ਵਖਾਈਆ । ਕਿਰਪਾ ਕਰਨਹਾਰ ਸ੍ਰੀ ਭਗਵੰਤ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦਾ ਖੇਲ ਆਦਿ ਅੰਤ, ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਵੇਸ ਵਟਾਈਆ । ਬੋਧ ਅਗਾਧਾ ਦੋ ਜਹਾਨਾਂ ਬਣ ਕੇ ਪੰਡਤ, ਨਿਰਅੱਖਰ ਵੱਖਰ ਕਰੇ ਸਚ ਪੜ੍ਹਾਈਆ । ਕੂੜੀ ਕਿਰਿਆ ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਪਾਰਬ੍ਰਹਮ ਇਕੋ ਦਏ ਸਮਝਾਈਆ । ਲੇਖ ਮੁਕਾ ਕੇ ਬਹਿਸ਼ਤ ਜੰਨਤ, ਸਵਰਗ ਲੇਖਾ ਦਏ ਮੁਕਾਈਆ । ਆਤਮ ਪਰਮਾਤਮ ਮੇਲਾ ਕਰੇ ਸਾਚਾ ਕੰਤ, ਜੁਗ ਜਨਮ ਵਿਛੋੜਾ ਦਏ ਮੁਕਾਈਆ । ਸਤਿਜੁਗ ਕਹੇ ਧੰਨ ਵਡਿਆਈ ਆ ਸ਼ਹਿਨਸ਼ਾਹੀ ਚਲਿਆ ਸੰਮਤ, ਸਮੇਂ ਦਾ ਲੇਖਾ ਲੇਖੇ ਵਿਚ ਰਖਾਈਆ । ਗੁਰ ਸ਼ਬਦੀ ਮਿਹਰਵਾਨ ਸਾਚੀ ਕਰੇ ਹਿੰਮਤ, ਹੌਸਲਾ ਭਗਤਾਂ ਦਏ ਵਧਾਈਆ । ਝਗੜਾ ਦਿਸੇ ਉੱਤਰ ਪੂਰਬ ਪੱਛਮ ਦੱਖਣ ਚਾਰ ਕੁੰਟ ਚਾਰੇ ਸਿੰਮਤ, ਚਾਰ ਵਰਨ ਅਠਾਰਾਂ ਬਰਨ ਧੀਰਜ ਧੀਰ ਨਾ ਕੋਇ ਧਰਾਈਆ । ਮੱਕਾ ਕਾਅਬਾ ਹਾਹਾਕਾਰ ਹੋਏ ਅਲਾਹੀ ਉਮਤ, ਈਸਾ ਮੂਸਾ ਮੁਹੰਮਦ ਦਏ ਗਵਾਹੀਆ । ਸਤਿਜੁਗ ਕਹੇ ਮੈਂ ਸਤਿ ਸਤਿਵਾਦੀ ਦੱਸਣਾ ਇਕੋ ਢੋਲਾ, ਨਾਮ ਸੰਦੇਸ਼ਾ ਜਗਤ ਸੁਣਾਈਆ । ਸ਼ਬਦ ਗੁਰੂ ਆਦਿ ਜੁਗਾਦਿ ਜੁਗ ਚੌਕੜੀ ਸਦਾ ਵਿਚੋਲਾ, ਰਹਿਬਰ ਏਥੇ ਓਥੇ ਇਕੋ ਨਜ਼ਰੀ ਆਈਆ । ਸਚ ਦਵਾਰ ਧੁਰ ਦਰਬਾਰ ਨਾਮ ਭੰਡਾਰ ਜਿਸ ਨੇ ਖੋਲ੍ਹਾ, ਊਚਾਂ ਨੀਚਾਂ ਰਾਓ ਰੰਕਾਂ ਆਦਿ ਜੁਗਾਦਿ ਸਤਿ ਵਰਤਾਈਆ । ਅੰਦਰ ਬਾਹਰ ਗੁਪਤ ਜਾਹਰ ਘਟ ਭੀਤਰ ਨਿਜ ਨੇਤਰ ਸਦਾ ਵਸੇ ਕੋਲਾ, ਨਿਜਾਨੰਦ ਪਰਮਾਨੰਦ ਵਿਚ ਸਮਾਈਆ । ਤੂੰ ਮੇਰਾ ਮੈਂ ਤੇਰਾ ਨਿਰੰਤਰ ਮੰਤਰ ਸੁਣਾਏ ਅਗੰਮੀ ਢੋਲਾ, ਰਸਨਾ ਜਿਹਵਾ ਬੱਤੀ ਦੰਦ ਕੋਇ ਨਾ ਗਾਈਆ । ਸਤਿ ਭੰਡਾਰ ਦੇਵੇ ਜਗਤ ਵਸਤ ਅਨਮੋਲਾ, ਅੰਮ੍ਰਿਤ ਰਸ ਨਿਝਰ ਧਾਰਾ ਮੁਖ ਚੁਆਈਆ । ਆਵਣ ਜਾਵਣ ਲੱਖ ਚੁਰਾਸੀ ਜਮ ਕੀ ਫਾਸੀ ਭਾਰ ਕਰੇ ਹੌਲਾ, ਹਿਰਦੇ ਹਰਿ ਜੂ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਸਤਿਜੁਗ ਕਹੇ ਮੈਂ ਕਲਜੁਗ ਅੰਤਮ ਦੇਣਾ ਬਦਲ, ਧਰਨੀ ਧਰਤ ਧਵਲ ਰਹਿਣ ਕੋਇ ਨਾ ਪਾਈਆ । ਸ੍ਰੀ ਭਗਵਾਨ ਸ਼ਾਹ ਸੁਲਤਾਨ ਕਰਨਹਾਰਾ ਸਾਚਾ ਅਦਲ, ਅਦਲ ਅਦਾਲਤ ਇਕੋ ਇਕ ਵਖਾਈਆ । ਕੂੜੀ ਕਿਰਿਆ ਕਾਮ ਕਰੋਧ ਲੋਭ ਮੋਹ ਹੰਕਾਰ ਮਾਇਆ ਮਮਤਾ ਹਉਮੇਂ ਹੰਗਤਾ ਕਰ ਕੇ ਕ਼ਤਲ, ਕ਼ੁਦਰਤ ਕ਼ਾਦਰ ਲੇਖਾ ਦਏ ਸਮਝਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਵ ਨੌ ਚਾਰ ਵੇਖੇ ਪੱਤਨ, ਜਗਤ ਜਗਦੀਸ਼ਾ ਆਪਣਾ ਫੇਰਾ ਪਾਈਆ । ਕੋਟਨ ਕੋਟ ਕੋਟਾਂ ਵਿਚੋਂ ਗੁਰਮੁਖ ਸੰਤ ਸੁਹੇਲੇ ਆਏ ਰੱਖਣ, ਭਗਤ ਭਗਵੰਤ ਆਪਣਾ ਜੋੜ ਜੁੜਾਈਆ । ਧੁਰ ਦਾ ਮਾਰਗ ਅਗੰਮ ਅਥਾਹ ਸਤਿ ਸਤਿਵਾਦੀ ਆਏ ਦੱਸਣ, ਬਿਨਾ ਅੱਖਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਸਤਿਜੁਗ ਕਹੇ ਮੈਂ ਕਲਜੁਗ ਬਦਲ ਦੇਣੀ ਧਾਰ, ਧਰਮ ਇਕੋ ਦੇਣਾ ਵਖਾਈਆ । ਜਿਸ ਦਾ ਰਾਹ ਤੱਕਦੇ ਗਏ ਗੁਰ ਅਵਤਾਰ, ਪੈਗ਼ੰਬਰ ਅੱਖ ਉਠਾਈਆ । ਸੋ ਮਨਾਉਣਾ ਹਰਿ ਨਿਰੰਕਾਰ, ਨਿਰਗੁਣ ਦਾਤਾ ਬੇਪਰਵਾਹੀਆ । ਜਿਸ ਦਾ ਖੇਲ ਸਦਾ ਜੁਗ ਚਾਰ, ਚੌਕੜ ਆਪਣੇ ਹੁਕਮ ਭਵਾਈਆ । ਜਿਸ ਦਰ ਤੇ ਵਿਸ਼ਨ ਬ੍ਰਹਮਾ ਸ਼ਿਵ ਭਿਖਾਰ, ਕਰੋੜ ਤੇਤੀਸਾ ਸੀਸ ਨਿਵਾਈਆ ।



੨੨੦
੧੯

ਰਵ ਸਸ ਨਾ ਕੋਇ ਚਮਤਕਾਰ, ਮੰਡਲ ਮੰਡਪ ਨਾ ਕੋਇ ਵਡਿਆਈਆ । ਕਾਗਤ ਕ਼ਲਮ ਨਾ ਲਿਖਣਹਾਰ, ਅਲਿਫ਼ ਯੇ ਨਾ ਕੋਇ ਪੜ੍ਹਾਈਆ । ਬਸਤਰ ਤਨ ਨਾ ਕੋਇ ਸ਼ਿੰਗਾਰ, ਸ਼ਸਤਰ ਹੱਥ ਨਾ ਕੋਇ ਉਠਾਈਆ । ਮੰਜ਼ਲ ਹੋਏ ਨਾ ਕੋਇ ਦੁਸ਼ਵਾਰ, ਪਾਂਧੀ ਪੰਧ ਨਾ ਕੋਇ ਭਵਾਈਆ । ਇਕੋ ਜੋਤ ਨੂਰ ਨਿਰੰਕਾਰ, ਨੂਰੋ ਨੂਰ ਨੂਰ ਰੁਸ਼ਨਾਈਆ । ਵਸਣਹਾਰਾ ਸਚਖੰਡ ਸੱਚੇ ਧਰਮ ਦਵਾਰ, ਦਰ ਦਰਵਾਜ਼ਾ ਵੇਖਣ ਕੋਇ ਨਾ ਪਾਈਆ । ਬੇਅੰਤ ਬੇਅੰਤ ਬੇਅੰਤ ਕਹਿ ਕੇ ਗਏ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਸੋ ਖੇਲ ਕਰੇ ਕਰਤਾਰ, ਕਲ ਕਲਕੀ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਰਾਹ ਵਖਾਈਆ । ਸਤਿਜੁਗ ਕਹੇ ਮੈਂ ਕਲਜੁਗ ਬਦਲ ਦੇਣਾ ਜੈਕਾਰ, ਨਾਅਰਾ ਇਕੋ ਨਾਮ ਸੁਣਾਈਆ । ਬ੍ਰਹਿਮੰਡ ਖੰਡ ਸਿਰ ਸਕੇ ਨਾ ਕੋਇ ਉਠਾਲ, ਸ਼ਾਹ ਸੁਲਤਾਨ ਬਲ ਨਾ ਕੋਇ ਵਧਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਊਚ ਨੀਚ ਇਕੋ ਰੰਗ ਰੰਗਾਈਆ । ਸ਼ਬਦ ਵਿਚੋਲਾ ਬਣਾ ਗੁਰੂ ਦਲਾਲ, ਗਹਿਰ ਗੰਭੀਰ ਬੇਨਜ਼ੀਰ ਦੇਣਾ ਮਿਲਾਈਆ । ਖਾਣੀ ਬਾਣੀ ਦੇਵੇ ਜਿਸ ਦਾ ਅਹਿਵਾਲ, ਪਰਮ ਪੁਰਖ ਪਰਮਾਤਮ ਓਹੋ ਦੇਣਾ ਮਿਲਾਈਆ । ਜਿਸ ਦੀ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਡੂੰਘੇ ਸਾਗਰ ਕਰਦੇ ਭਾਲ, ਸਮੁੰਦ ਖਾਈ ਖੋਜ ਖੁਜਾਈਆ । ਜੋ ਅੰਦਰ ਬਾਹਰ ਗੁਪਤ ਜਾਹਰ ਵਸੇ ਨਾਲ, ਜਗ ਨੇਤਰ ਲੋਚਣ ਨੈਣ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਪੂਰੀ ਕਰੇ ਘਾਲ, ਜੁਗ ਜਨਮ ਦੇ ਵਿਛੜੇ ਵੇਖ ਵਖਾਈਆ । ਸਾਢੇ ਤਿੰਨ ਹੱਥ ਕਾਇਆ ਅੰਦਰ ਵਖਾਏ ਸੱਚੀ ਧਰਮਸਾਲ, ਪੜਦਾ ਓਹਲਾ ਦਏ ਉਠਾਲ, ਦੀਵਾ ਬਾਤੀ ਕਮਲਾਪਾਤੀ ਇਕੋ ਦੇਵੇ ਬਾਲ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅੰਮ੍ਰਿਤ ਆਤਮ ਸੁਹਾਏ ਤਾਲ, ਨਿਝਰ ਰਸ ਇਕ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਵਾਰ ਦਏ ਵਖਾਲ, ਬਿਨ ਅੱਖਾਂ ਅੱਖ ਖੁਲ੍ਹਾਈਆ । ਸਤਿਜੁਗ ਕਹੇ ਮੈਂ ਕਲਜੁਗ ਅੰਤਮ ਦੇਣਾ ਇਕ ਸੰਦੇਸ਼ਾ, ਧੁਰ ਫ਼ਰਮਾਨਾ ਸ੍ਰੀ ਭਗਵਾਨ ਜਣਾਈਆ । ਪਰਮ ਪੁਰਖ ਪਤਿਪਰਮੇਸ਼ਵਰ ਆਦਿ ਜੁਗਾਦੀ ਇਕ ਨਰੇਸ਼ਾ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਜੁਗ ਚੌਕੜੀ ਬਦਲੇ ਵੇਸਾ, ਵੇਸ ਅਨੇਕਾ ਰੂਪ ਵਟਾਈਆ । ਨਾਮ ਸ਼ਬਦ ਕਲਮਾ ਕਲਾਮ ਦਏ ਸੰਦੇਸ਼ਾ, ਨਗ਼ਮਾ ਕਾਇਨਾਤ ਜਣਾਈਆ । ਖੇਲੇ ਖੇਲ ਦੇਸ ਪਰਦੇਸਾ, ਬ੍ਰਹਿਮੰਡ ਖੰਡ ਫੇਰਾ ਪਾਈਆ । ਲੱਖ ਚੁਰਾਸੀ ਦੇਵੇ ਠੇਕਾ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਜਨ ਭਗਤਾਂ ਕਰੇ ਬੁਧ ਬਿਬੇਕਾ, ਦੁਰਮਤ ਮੈਲ ਧਵਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਆਪਣਾ ਦੱਸੇ ਭੇਤਾ, ਨੌਂ ਦਵਾਰੇ ਡੇਰਾ ਢਾਹੀਆ । ਦਰ ਦਵਾਰੇ ਬਣ ਕੇ ਖੇਵਟ ਖੇਟਾ, ਬੇੜਾ ਆਪਣੇ ਕੰਧ ਉਠਾਈਆ । ਲਹਿਣਾ ਦੇਣਾ ਚੁਕਾ ਕੇ ਦਸ ਦਸਮੇਸਾ, ਦਹਿ ਦਿਸ਼ਾ ਇਕੋ ਨੂਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਇਕ ਘਰ, ਬੰਦ ਤਾਕੀ ਦਏ ਖੁਲ੍ਹਾਈਆ । ਸਤਿਜੁਗ ਕਹੇ ਮੈਂ ਕਲਜੁਗ ਬਦਲ ਦੇਵਾਂ ਰਿਵਾਜ, ਕੂੜੀ ਕਿਰਿਆ ਰਹਿਣ ਨਾ ਪਾਈਆ । ਸ਼ਾਹ ਸੁਲਤਾਨਾਂ ਸੀਸ ਨਹੀਂ ਰਹਿਣਾ ਤਾਜ, ਦਰ ਦਰ ਮੰਗਣ ਥਾਉਂ ਥਾਈਂਆ । ਕੂੜੀ ਕਿਰਿਆ ਰਹੇ ਨਾ ਨਾਚ, ਮਾਇਆ ਮਮਤਾ ਮੋਹ ਨਾ ਕੋਇ ਹਲਕਾਈਆ । ਸਤਿ ਧਰਮ ਜਣਾਉਣਾ ਸਾਚ, ਸਤਿ ਸਤਿਵਾਦ ਦੇਣਾ ਵਖਾਈਆ । ਗੜ੍ਹ ਹੰਕਾਰੀ ਕਰ ਬਰਬਾਦ, ਨਾਮ ਡੰਕਾ ਦੇਣਾ ਵਜਾਈਆ । ਦੀਨਾਂ ਮਜ਼੍ਹਬਾਂ ਤੋਂ ਕਰ ਆਜ਼ਾਦ, ਆਤਮ ਪਰਮਾਤਮ ਨਾਤਾ ਦੇਣਾ ਜੁੜਾਈਆ । ਧੁਨ ਆਤਮਕ ਸੁਣਾ ਕੇ ਆਵਾਜ਼, ਅਨਹਦ ਨਾਦੀ ਨਾਦ ਦੇਣਾ ਅਲਾਈਆ ।

ਪਾਰਬ੍ਰਹਮ ਬ੍ਰਹਮ ਰਚ ਕੇ ਕਾਜ, ਗ੍ਰਿਹਿ ਮੰਦਰ ਦੇਣਾ ਸੁਹਾਈਆ । ਸੋਈ ਸੁਰਤੀ ਆਵੇ ਜਾਗ, ਸ਼ਬਦ ਮਿਲਾਵਾ ਸਹਿਜ ਸੁਭਾਈਆ । ਇਕੋ ਜੋਤ ਹੋਵੇ ਪਰਕਾਸ਼, ਨੂਰੋ ਨੂਰ ਨੂਰ ਰੁਸ਼ਨਾਈਆ । ਭਗਤ ਭਗਵਾਨ ਵਸਣ ਇਕ ਦੂਜੇ ਦੇ ਪਾਸ, ਵਿਛੋੜਾ ਰਹਿਣ ਕੋਇ ਨਾ ਪਾਈਆ । ਝਗੜਾ ਮੁਕੇ ਪ੍ਰਿਥਮੀ ਆਕਾਸ਼, ਗਗਨ ਮੰਡਲ ਡੇਰਾ ਢਾਹੀਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਮਿਲੇ ਸਾਥ, ਨਾਤਾ ਜਗਤ ਵਾਲਾ ਤੁੜਾਈਆ । ਕੂੜੀ ਕਿਰਿਆ ਕਲਜੁਗ ਰਹੇ ਨਾ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਕਰੇ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਜੋ ਭਵਿਖਤਾਂ ਵਿਚ ਗਏ ਆਖ, ਆਖ਼ਰ ਸਭ ਦਾ ਲਹਿਣਾ ਦੇਣਾ ਝੋਲੀ ਪਾਈਆ । ਸਾਚੇ ਸੰਤਾਂ ਇਕੋ ਪੱਟੀ ਪੜ੍ਹਨੀ ਇਕੋ ਚੜ੍ਹਨੀ ਜਮਾਤ, ਜੁਮਲਾ ਅੱਖਰ ਵੰਡ ਨਾ ਕੋਇ ਵੰਡਾਈਆ । ਝਗੜਾ ਮੁਕਾਵੇ ਕ਼ਲਮ ਦਵਾਤ, ਕਾਤਬ ਲਿਖੇ ਨਾਲ ਕੋਇ ਨਾ ਸ਼ਾਹੀਆ । ਫੁਰਨੇ ਅੰਦਰ ਸਵਾਲ ਜਵਾਬ, ਹੁਕਮੇ ਅੰਦਰ ਕਰੇ ਸ਼ਨਵਾਈਆ । ਸਚ ਦਵਾਰਾ ਖੋਲ੍ਹ ਮਹਿਰਾਬ, ਮਹਿਬੂਬ ਇਕੋ ਦਏ ਵਖਾਈਆ । ਜਿਸ ਦੀ ਬਿਨਾ ਅੱਖਰਾਂ ਵਾਲੀ ਕਿਤਾਬ, ਜੁਗ ਚੌਕੜੀ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਚ ਦੇਣਾ ਦ੍ਰਿੜਾਈਆ । ਸਤਿਜੁਗ ਕਹੇ ਮੈਂ ਲੈਣਾ ਲੋਕਮਾਤ ਸਤਿ, ਸਤਿ ਦਵਾਰਾ ਵੱਜੇ ਵਧਾਈਆ । ਮਾਨਸ ਮਾਨੁਖ ਮਾਨਵ ਦੇਣੀ ਬ੍ਰਹਮ ਮਤ, ਵਿਦਿਆ ਇਕੋ ਦੇਣੀ ਜਣਾਈਆ । ਬਹੱਤਰ ਨਾੜ ਨਾ ਉਬਲੇ ਰਤ, ਅਗਨੀ ਅੱਗ ਨਾ ਕੋਇ ਤਪਾਈਆ । ਗਿਆਨ ਨੇਤਰ ਖੁੱਲ੍ਹੇ ਅੱਖ, ਨਿਜ ਨੇਤਰ ਹੋਏ ਰੁਸ਼ਨਾਈਆ । ਪੁਰਖ ਅਕਾਲ ਦੀਨ ਦਿਆਲ ਨਜ਼ਰੀ ਆਵੇ ਸਚ, ਨਾਤਾ ਕੂੜ ਦਏ ਤੁੜਾਈਆ । ਹਕ਼ੀਕ਼ਤ ਵਿਚੋਂ ਲੱਭੇ ਹੱਕ, ਸ਼ਿਕਵਾ ਸ਼ੱਕ ਨਾ ਕੋਇ ਜਣਾਈਆ । ਮਿਲੇ ਮੇਲ ਪੁਰਖ ਸਮਰਥ, ਮਹਿੰਮਾ ਅਕਥ ਅਕਥ ਦ੍ਰਿੜਾਈਆ । ਦ੍ਰਿਸ਼ਟੀ ਸ੍ਰਿਸ਼ਟੀ ਨਾਲੋਂ ਹੋ ਜਾਏ ਵੱਖ, ਇਸ਼ਟੀ ਇਕੋ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸਤਿਜੁਗ ਕਹੇ ਮੈਂ ਕਲਜੁਗ ਅੰਤਮ ਦੇਣਾ ਹੋਕਾ, ਲੋਕ ਪਰਲੋਕ ਦੇਣਾ ਸੁਣਾਈਆ । ਸਾਚੇ ਨਾਮ ਦਾ ਇਕ ਸਲੋਕਾ, ਚੌਦਾਂ ਵਿਦਿਆ ਦਏ ਦ੍ਰਿੜਾਈਆ । ਲੱਖ ਚੁਰਾਸੀ ਵਿਚੋਂ ਮਾਨਸ ਜਨਮ ਸਾਚਾ ਮੌਕਾ, ਮੁਕੰਮਲ ਪ੍ਰਭ ਦੇ ਨਾਲ ਮਿਲਾਈਆ । ਮੰਜ਼ਲ ਚੜ੍ਹਨਾ ਨਹੀਂ ਔਖਾ, ਸਤਿਗੁਰ ਸ਼ਬਦ ਹੋਏ ਸਹਾਈਆ । ਜਿਸ ਨੂੰ ਲੱਭਦੇ ਕੋਟਨ ਕੋਟਾ, ਖੋਜਿਆਂ ਹੱਥ ਕਿਸੇ ਨਾ ਆਈਆ । ਸੋ ਤਨ ਨਗਾਰੇ ਮਾਰੇ ਚੋਟਾ, ਸੋਈ ਸੁਰਤੀ ਰਿਹਾ ਉਠਾਈਆ । ਜਨ ਭਗਤ ਰਹਿਣ ਨਾ ਦੇਵੇ ਕੋਈ ਖੋਟਾ, ਕੂੜੀ ਕਿਰਿਆ ਬਾਹਰ ਕਢਾਈਆ । ਕਰੇ ਪਰਕਾਸ਼ ਨਿਰਮਲ ਜੋਤਾ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਸਤਿਜੁਗ ਕਹੇ ਮੈਂ ਭਗਤ ਭਗਵਾਨ ਮਿਲੌਣਾ ਵਿਚ ਜਗ, ਜਗ ਜੀਵਣ ਦਾਤਾ ਦਏ ਵਡਿਆਈਆ । ਦਰਸ ਦਿਖਾਉਣਾ ਉਪਰ ਸ਼ਾਹ ਰਗ, ਸੰਤ ਸੁਹੇਲੇ ਜੋੜ ਜੁੜਾਈਆ । ਹੰਸ ਰੂਪ ਬਣਾਉਣਾ ਕਗ, ਕਲਮਾ ਇਕੋ ਇਕ ਸਮਝਾਈਆ । ਕੂੜੀ ਕਿਰਿਆ ਵਿਚੋਂ ਕੱਢ, ਮਾਇਆ ਮਮਤਾ ਦੇਣੀ ਮਿਟਾਈਆ । ਸਚ ਦਵਾਰੇ ਧੁਰ ਦੇ ਸੱਦ, ਸਦਮਾ ਪਿਛਲਾ ਦੇਣਾ ਚੁਕਾਈਆ । ਇਕ ਸਰਨਾਈ ਜਾਓ ਲੱਗ, ਪੁਰਖ ਅਕਾਲ ਇਕੋ ਇਸ਼ਟ ਮਨਾਈਆ । ਜਿਸ ਦਵਾਰੇ ਪੂਰਾ ਹੋਵੇ ਹੱਜ, ਕਾਇਆ ਕਾਅਬਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਤਿਜੁਗ ਕਹੇ ਭਗਤ ਭਗਵਾਨ ਵੇਖਣਾ ਮਿਲਦਾ, ਪੰਜ ਤਤ ਨਜ਼ਰ ਕੋਇ ਨਾ ਆਈਆ । ਇਹ ਖੇਲ

ਅਗੰਮੀ ਪਿਰ ਦਾ, ਪੀਆ ਪ੍ਰੀਤਮ ਦਏ ਵਡਿਆਈਆ । ਜੋ ਗੁਰਮੁਖ ਵਿਛੁੰਨਾ ਚਿਰ ਦਾ, ਕਰ ਕਿਰਪਾ ਹੋਏ ਸਹਾਈਆ । ਸ੍ਰੀ ਭਗਵਾਨ ਨਿਤ ਨਵਿਤ ਭਗਤਾਂ ਪਿਛੇ ਫਿਰਦਾ, ਚਾਰ ਕੁੰਟ ਦਹਿ ਦਿਸ਼ਾ ਫਿਰੇ ਥਾਉਂ ਥਾਈਂਆ । ਕਲਜੁਗ ਅੰਤ ਕੂੜੀ ਕਿਰਿਆ ਗੇੜਾ ਗਿੜਦਾ, ਸਤਿਜੁਗ ਸਾਚੀ ਲੱਠ ਭਵਾਈਆ । ਲਹਿਣਾ ਦੇਣਾ ਸਭ ਨਿਬੜਦਾ, ਲੇਖਾ ਮੁਕੇ ਖ਼ਲਕ ਖ਼ੁਦਾਈਆ । ਜਗਤ ਵਾਸਨਾ ਭਰਿਆ ਕੂੜ ਚਿੱਕੜ ਦਾ, ਦੁਰਮਤ ਮੈਲ ਨਾ ਕੋਇ ਧਵਾਈਆ । ਕੋਟਾਂ ਵਿਚੋਂ ਸੰਤ ਸੁਹੇਲਾ ਨਿਤਰਦਾ, ਜੋ ਨਿਰਵੈਰ ਪੁਰਖ ਅਕਾਲ ਇਕੋ ਇਕ ਮਨਾਈਆ । ਉਹ ਮਾਲਕ ਬਣੇ ਚੋਟੀ ਸਿਖ਼ਰ ਦਾ, ਅਧਵਿਚਕਾਰ ਨਾ ਕੋਇ ਅਟਕਾਈਆ । ਇਹ ਖੇਲ ਨਹੀਂ ਜਗਤ ਵਾਲੇ ਇਸ਼ਕ ਦਾ, ਮੁਹੱਬਤ ਇਕੋ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਦਏ ਮੁਕਾਈਆ । ਸਤਿਜੁਗ ਕਹੇ ਮੈਂ ਕਲਜੁਗ ਬਦਲ ਦੇਣੀ ਭਗਤੀ, ਭਗਵਨ ਇਕੋ ਦੇਣਾ ਸਮਝਾਈਆ । ਜੋ ਆਦਿ ਜੁਗਾਦੀ ਸਚ ਵਿਅਕਤੀ, ਵਿਸ਼ਿਆਂ ਵਿਚ ਕਦੇ ਨਾ ਆਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਸ਼ਕਤੀ, ਸ਼ਮਅ ਦੀਪ ਜੋਤ ਰੁਸ਼ਨਾਈਆ । ਉਹ ਮਾਲਕ ਅਰਸ਼ੀ ਫ਼ਰਸ਼ੀ, ਦੋ ਜਹਾਨਾਂ ਖੇਲ ਖਿਲਾਈਆ । ਉਹ ਭਗਤ ਭਗਵਾਨ ਪ੍ਰੀਆ ਪ੍ਰੀਤਮ ਵਰਦੀ, ਦੀਨਾਂ ਅਨਾਥਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਿਜੁਗ ਕਹੇ ਮੈਂ ਕਲਜੁਗ ਅੰਤ ਦੇਣਾ ਇਕੋ ਧੱਕਾ, ਬਲ ਧੁਰ ਦਾ ਦੇਣਾ ਸਮਝਾਈਆ । ਲੇਖਾ ਮੁੱਕਣਾ ਮਦੀਨਾ ਮੱਕਾ, ਚਾਰ ਕੁੰਟ ਕੁੰਟ ਕੁਰਲਾਈਆ । ਝਗੜਾ ਪੈਣਾ ਬੂਰਾ ਕੱਕਾ, ਕੂੜੀ ਕਿਰਿਆ ਹੋਏ ਹਲਕਾਈਆ । ਖੇਲ ਹੋਣਾ ਉੱਤਰ ਦਿਸ਼ਾ, ਪੂਰਬ ਸਾਰ ਕੋਇ ਨਾ ਆਈਆ । ਦੱਖਣ ਥੋੜਾ ਆਉਣਾ ਹਿੱਸਾ, ਹਸਤੀ ਸਭ ਦੀ ਦੇਣੀ ਗਵਾਈਆ । ਸਮਝੇਕੋਈ ਨਾ ਵੱਡਾ ਨਿਕਾ, ਬੁਧੀਵਾਨ ਨਾ ਕੋਇ ਦ੍ਰਿੜਾਈਆ । ਸ਼ਾਹ ਸੁਲਤਾਨ ਨਾ ਰਹਿਣਾ ਟਿਕਾ, ਰਈਅਤ ਰੰਗ ਨਾ ਕੋਇ ਵਖਾਈਆ । ਪੁਰਖ ਅਕਾਲ ਦੀਨ ਦਿਆਲ ਅੰਤ ਅਖ਼ੀਰੀ ਕੱਢਣ ਵਾਲਾ ਸਿੱਟਾ, ਸੱਟੇਬਾਜੀ ਸਭ ਦੀ ਉਲਟਾਈਆ । ਇੱਟ ਨਾਲ ਰਹੇ ਨਾ ਇੱਟਾ, ਪਾਥਰ ਪਾਹਨ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਤਿਜੁਗ ਕਹੇ ਧੁਰ ਦਾ ਹੁਕਮ ਵਰਤੇ ਸ੍ਰੀ ਭਗਵਾਨ, ਭਗਵਨ ਆਪਣਾ ਖੇਲ ਖਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਸਵਾਧਾਨ, ਕਰੋੜ ਤੇਤੀਸਾ ਸੁਰਪਤ ਇੰਦ ਅੱਖ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਉਠਾਏ ਨੌਜਵਾਨ, ਸ਼ਬਦੀ ਸ਼ਬਦੀ ਕਾਰ ਕਮਾਈਆ । ਲੋਕਮਾਤ ਵੇਖੇ ਖੇਲ ਮਹਾਨ, ਨੌ ਖੰਡ ਸੱਤ ਦੀਪ ਰਿਹਾ ਕੁਰਲਾਈਆ । ਸ਼ਾਸਤਰ ਸਿਮਰਤ ਭੁੱਲਾ ਵੇਦ ਪੁਰਾਨ, ਖਾਣੀ ਬਾਣੀ ਅੰਜੀਲ ਕੁਰਾਨ ਕਲਮਾ ਹੱਕ ਨਾ ਕੋਇ ਦ੍ਰਿੜਾਈਆ । ਧੀਰਜ ਸਤਿ ਨਾ ਰਿਹਾ ਈਮਾਨ, ਧਰਮ ਦ੍ਰਿੜ ਨਾ ਕੋਇ ਬਣਾਈਆ । ਪੰਜ ਤਤ ਹੋਇਆ ਸ਼ੈਤਾਨ, ਸ਼ਰਅ ਕਰੇ ਲੜਾਈਆ । ਨੌ ਦਵਾਰੇ ਸਰਬ ਕੁਰਲਾਣ, ਸਾਂਤਕ ਸਤਿ ਨਾ ਕੋਇ ਵਰਤਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਜੋ ਦਿਤਾ ਮਾਤ ਗਿਆਨ, ਜਗਤ ਗਿਆਨ ਗਿਆ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਸਤਿਜੁਗ ਕਹੇ ਕਲਜੁਗ ਅੰਤ ਪ੍ਰਭ ਦੇਵਣਹਾਰਾ ਫ਼ਰਮਾਨਾ, ਫੁਰਨੇ ਸਭ ਦੇ ਬੰਦ ਕਰਾਈਆ । ਲਹਿਣਾ ਦੇਣਾ ਵੇਖੇ ਸੀਤਾ ਰਾਮਾ, ਰਾਮਾ, ਕ੍ਰਿਸ਼ਨਾ ਕਾਹਨਾ ਖੋਜ ਖੁਜਾਈਆ । ਈਸਾ ਮੂਸਾ ਮੁਹੰਮਦ ਦੇ ਕੇ ਗਏ ਪੈਗ਼ਾਮਾ, ਹਜ਼ਰਤ ਹੁਜਰਿਆਂ ਵਿਚ ਕਰ ਪੜ੍ਹਾਈਆ । ਕਾਇਨਾਤ ਵੇਖੇ ਮਾਰ ਧਿਆਨਾ, ਮਹਿਬੂਬ ਬੇਪਰਵਾਹੀਆ ।

ਨਾਨਕ ਨਿਰਗੁਣ ਗਾ ਕੇ ਗਿਆ ਤਰਾਨਾ, ਸ਼ਬਦ ਅਨਾਦੀ ਨਾਦ ਸੁਣਾਈਆ । ਗੋਬਿੰਦ ਚਿਲਾ ਫੜ ਤੀਰ ਕਮਾਨਾ, ਕਮੰਦ ਇਕੋ ਇਕ ਖਿਚਾਈਆ । ਸਾਰੇ ਲਿਖ ਕੇ ਗਏ ਪਰਵਾਨਾ, ਵੇਦ ਵਿਆਸਾ ਪੜਦਾ ਲਾਹੀਆ । ਕਲਜੁਗ ਅੰਤ ਹੋਏ ਵੈਰਾਨਾ, ਵੈਰੀ ਘਰ ਘਰ ਨਜ਼ਰੀ ਆਈਆ । ਪਿਤਾ ਪੂਤ ਹੋਏ ਬੇਗਾਨਾ, ਨਾਰ ਕੰਤ ਨਾ ਕੋਇ ਸੁਹਾਈਆ । ਸਾਚਾ ਮਿਲੇ ਨਾ ਕੋਇ ਟਿਕਾਣਾ, ਚਾਰ ਕੁੰਟ ਹੋਏ ਹਲਕਾਈਆ । ਪੁਰਖ ਅਕਾਲ ਪਹਿਰੇ ਬਾਣਾ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕ਼ੁਦਰਤ ਕ਼ਾਦਰ ਵੇਖ ਵਖਾਈਆ । ਸਤਿਜੁਗ ਕਹੇ ਕਲਜੁਗ ਅੰਤ ਹੋਏ ਹੈਰਾਨੀ, ਹਾਹਾਕਾਰ ਕਰੇ ਲੋਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਨਾਦਾਨੀ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਅੱਠ ਸੱਠ ਸਾਰ ਪਾਏ ਕੋਈ ਨਾ ਪਾਣੀ, ਤੀਰਥ ਤਟ ਨਾ ਕੋਇ ਵਡਿਆਈਆ । ਭਰਮੇਂ ਭੁੱਲੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਸਤਿ ਧਰਮ ਨਾ ਕੋਇ ਵਖਾਈਆ । ਝਗੜਾ ਪਿਆ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਆਪਣਾ ਰਾਗ ਅਲਾਈਆ । ਬਿਨਾ ਭਗਤਾਂ ਮਿਲੇ ਨਾ ਪਦ ਨਿਰਬਾਨੀ, ਸਚ ਦਵਾਰ ਨਾ ਕੋਇ ਬਿਠਾਈਆ । ਮਨ ਵਾਸਨਾ ਕੂੜੀ ਕਿਰਿਆ ਮਤ ਮਤਵਾਲੀ ਕਰੇ ਬੇਈਮਾਨੀ, ਬੁੱਧ ਬਿਬੇਕ ਨਾ ਕੋਇ ਜਣਾਈਆ । ਕਲਜੁਗ ਕੂੜੀ ਕਿਰਿਆ ਚਾਰ ਵਰਨ ਝਗੜਾ ਚਲਿਆ ਦੀਵਾਨੀ, ਫੈਸਲਾ ਹੱਕ ਨਾ ਕੋਇ ਸੁਣਾਈਆ । ਸਤਿਜੁਗ ਕਹੇ ਮੈਂ ਲੋਕਮਾਤ ਜਨ ਭਗਤਾਂ ਦੇਣੀ ਇਕ ਨਿਸ਼ਾਨੀ, ਨਾਮ ਨਿਧਾਨਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਦਏ ਜਣਾਈਆ । ਸਤਿਜੁਗ ਕਹੇ ਮੈਂ ਕਲਜੁਗ ਅੰਤਮ ਮਾਰਗ ਦੇਣਾ ਦੱਸ, ਦਹਿ ਦਿਸ਼ਾ ਕਰੇ ਪੜ੍ਹਾਈਆ । ਜਨ ਭਗਤਾਂ ਅੰਦਰ ਵਸ, ਵਾਸਤਾ ਇਕੇ ਨਾਲ ਰਖਾਈਆ । ਜਨਮ ਕਰਮ ਦੀ ਪੂਰੀ ਕਰ ਕੇ ਆਸ, ਤ੍ਰਿਸ਼ਨਾ ਦੇਣੀ ਬੁਝਾਈਆ । ਬਿਨ ਗੋਪੀ ਕਾਹਨ ਵਖਾ ਕੇ ਰਾਸ, ਮੰਡਲ ਮੰਡਪ ਡੇਰਾ ਦੇਣਾ ਢਾਹੀਆ । ਹਉਮੇਂ ਹੰਗਤਾ ਕਰ ਕੇ ਨਾਸ, ਸਵਾਸ ਸਵਾਸ ਇਕੋ ਦੇਣਾ ਸਮਝਾਈਆ । ਜੋ ਸਾਹਿਬ ਸੁਹੇਲਾ ਸਦਾ ਵਸੇ ਪਾਸ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਜੋਤੀ ਜਾਤਾ ਸਦ ਪਰਕਾਸ਼, ਅੰਧ ਅੰਧੇਰ ਨਾ ਕੋਇ ਵਖਾਈਆ । ਮਨ ਵਾਸਨਾ ਰਹਿਣ ਨਾ ਦੇਵੇ ਬਦਮਾਸ਼, ਸਚ ਸੁਚ ਦਏ ਦ੍ਰਿੜਾਈਆ । ਜਿਸ ਦਾ ਤੱਤਾਂ ਵਾਲਾ ਨਹੀਂ ਲਬਾਸ, ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਰਜੋ ਤਮੋ ਸਤੋ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸੁਹੇਲਾ ਇਕੋ ਨਜ਼ਰੀ ਆਈਆ । ਸਤਿਜੁਗ ਕਹੇ ਮੈਂ ਭਗਤਾਂ ਕਰਨਾ ਮਿਲਾਪ, ਭਗਵਨ ਜੋੜ ਜੁੜਾਈਆ । ਦੋਹਾਂ ਦਾ ਇਕੋ ਹੋਵੇ ਜਾਪ, ਸੋਹੰ ਢੋਲਾ ਸਚ ਸੁਣਾਈਆ । ਜਨਮ ਕਰਮ ਦਾ ਰਹੇ ਨਾ ਪਾਪ, ਦੁਰਮਤ ਮੈਲ ਧਵਾਈਆ । ਆਤਮ ਪਰਮਾਤਮ ਬਣੇ ਸਾਕ, ਸੱਜਣ ਇਕੋ ਨੂਰ ਖ਼ੁਦਾਈਆ । ਘਰ ਦੀਆ ਬਾਤੀ ਹੋਏ ਪਰਕਾਸ਼, ਅੰਧ ਅੰਧੇਰਾ ਦਏ ਮਿਟਾਈਆ । ਅੰਮ੍ਰਿਤ ਮਿਲੇ ਆਬੇ ਹਯਾਤ, ਹਯਾਤੀ ਵਿਚੋਂ ਹਯਾਤੀ ਦਏ ਬਦਲਾਈਆ । ਮਹੱਲ ਵੇਖੇ ਇਕ ਮਹਿਰਾਬ, ਮਹਿਬੂਬ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਦਰਸਾਈਆ । ਸਤਿਜੁਗ ਕਹੇ ਮੈਂ ਭਗਤਾਂ ਦੱਸਣਾ ਸਚ ਦਵਾਰ, ਦਵਾਰਕਾ ਵਾਸੀ ਦੀ ਲੋੜ ਰਹੇ ਨਾ ਰਾਈਆ । ਜਿਥੇ ਵਸਿਆ ਹਰਿ ਨਿਰੰਕਾਰ, ਸਚਖੰਡ ਸਾਚਾ ਸੋਭਾ ਪਾਈਆ । ਛੱਪਰ ਛੰਨ ਨਾ ਕੋਇ ਦੀਵਾਰ, ਮੰਡਲ ਮੰਡਪ ਨਾ ਕੋਇ ਵਡਿਆਈਆ । ਇਕੋ ਨੂਰ ਨੂਰ ਅਪਰ ਅਪਾਰ, ਅਪਰੰਪਰ ਸਵਾਮੀ ਆਪੇ ਰਿਹਾ ਵਖਾਈਆ । ਨਾ ਕੋਈ ਦੂਸਰ ਮੀਤ ਮੁਰਾਰ, ਸੱਜਣ ਸੰਗ ਨਾ ਕੋਇ ਬਣਾਈਆ ।

ਨਾ ਕੋਈ ਪੰਜ ਤਤ ਅਕਾਰ, ਨਾ ਸ਼ਬਦ ਨਾਦ ਸ਼ਨਵਾਈਆ । ਨਾ ਪੈਗ਼ੰਬਰ ਗੁਰ ਅਵਤਾਰ, ਨਾ ਢੋਲੇ ਗੀਤ ਪੜ੍ਹਾਈਆ । ਨਾ ਕਾਗਦ ਕ਼ਲਮ ਲਿਖਾਰ, ਨਾ ਸ਼ਾਹੀ ਵੰਡ ਵੰਡਾਈਆ । ਨਾ ਸਖ਼ੀਆਂ ਮੰਗਲਾਚਾਰ, ਨਾ ਮੰਡਲ ਰਾਸ ਰਚਾਈਆ । ਨਾ ਸ਼ਸਤਰ ਬਸਤਰ ਧਾਰ, ਕਮਰਕਸਾ ਕਸਾਈਆ । ਨਾ ਖੜਗ ਖੰਡਾ ਕਟਾਰ, ਨਾ ਤੀਰ ਤਲਵਾਰ ਬਣਾਈਆ । ਇਕੋ ਖੇਲ ਅਪਰ ਅਪਾਰ, ਪਤਿਪਰਮੇਸ਼ਵਰ ਆਪਣਾ ਆਪ ਰਚਾਈਆ । ਜੋਤੀ ਜੋਤ ਜੋਤ ਉਜਿਆਰ, ਨੂਰੋ ਨੂਰ ਡਗਮਗਾਈਆ । ਸਾਚੇ ਭਗਤਾਂ ਕਰੇ ਪਿਆਰ, ਪ੍ਰੀਤਮ ਹੋ ਕੇ ਪ੍ਰੇਮੀ ਲਏ ਬਣਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰ, ਜੁਗ ਚੌਕੜੀ ਫੇਰਾ ਪਾਈਆ । ਨਵ ਨੌ ਚਾਰ ਖੇਲ ਕਰੇ ਕਰਤਾਰ, ਕਰਨੀ ਦਾ ਕਰਤਾ ਦਇਆ ਕਮਾਈਆ । ਸਤਿਜੁਗ ਕਹੇ ਮੈਂ ਕਰਜ਼ਾ ਲਾਹੁਣਾ ਉਧਾਰ, ਪੂਰਬ ਝੋਲੀ ਪਾਈਆ । ਖੇਲ ਵੇਖ ਵਿਚ ਸੰਸਾਰ, ਸਗਲਾ ਸੰਗ ਦੇਣਾ ਬਣਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਾਂਝਾ ਯਾਰ, ਨਾਤਾ ਕੂੜ ਦੇਣਾ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਰਮੀ ਹੋ ਕੇ ਕਰਮ ਕਮਾਈਆ । ਸਤਿਜੁਗ ਕਹੇ ਭਗਵਨ ਭਗਤਾਂ ਦੇਣੀ ਦਾਤ, ਦਇਆਵਾਨ ਝੋਲੀ ਪਾਈਆ । ਆਪ ਮਿਲਾ ਕੇ ਆਪਣੀ ਜਾਤ, ਅਜਾਤੀ ਰੂਪ ਦੇਣਾ ਗਵਾਈਆ । ਸਚ ਸੁਹੰਜਣੀ ਦੱਸ ਪਰਭਾਤ, ਨਾਮ ਨਿਧਾਨਾ ਦੇਣਾ ਪੜ੍ਹਾਈਆ । ਇਕੋ ਸੁਣ ਅਗੰਮੀ ਆਵਾਜ਼, ਸੁਰਤ ਸ਼ਬਦ ਲੈਣਾ ਮਿਲਾਈਆ । ਮਿਹਰ ਨਜ਼ਰ ਖੋਲ੍ਹ ਰਾਜ਼, ਪੜਦਾ ਅੰਦਰੋਂ ਦੇਣਾ ਉਠਾਈਆ । ਪੂਰਬ ਲੇਖਾ ਕਰ ਬੇਬਾਕ, ਹਿਸਾਬ ਦੇਣਾ ਚੁਕਾਈਆ । ਬੰਦ ਕਿਵਾੜੀ ਖੋਲ੍ਹ ਤਾਕ, ਜਲਵਾ ਨੂਰ ਦੇਣਾ ਵਖਾਈਆ । ਜਨਮ ਜਨਮ ਦੀ ਪੂਰੀ ਕਰ ਕੇ ਖ਼ਾਹਿਸ਼, ਕਰਮ ਕਰਮ ਦਾ ਲੇਖਾ ਦੇਣਾ ਮੁਕਾਈਆ । ਝਗੜਾ ਮੁਕਾ ਕੇ ਮਾਤ ਗਰਭ ਦਸ ਦਸ ਮਾਸ, ਲੱਖ ਚੁਰਾਸੀ ਫੰਦ ਕਟਾਈਆ । ਏਥੇ ਓਥੇ ਦੋ ਜਹਾਨ ਜਨ ਭਗਤਾਂ ਮਿਲੇ ਪ੍ਰਭੂ ਚਰਨ ਨਿਵਾਸ, ਨਿਵਾਸ ਅਸਥਾਨ ਇਕੋ ਇਕ ਵਖਾਈਆ । ਜਿਹੜਾ ਹੋਵੇ ਕਦੇ ਨਾ ਨਾਸ, ਸ਼ਾਹ ਸੁਲਤਾਨ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵੰਤ ਨਾਰ ਕੰਤ, ਨਾਮ ਮੰਤ ਰੁੱਤ ਬਸੰਤ, ਪੱਤ ਡਾਲੀ ਫੁੱਲ ਫੁਲਵਾੜੀ, ਮਹਿਕ ਮਹਿਬੂਬ ਉਚ ਅਰੂਜ, ਅਰਸ਼ ਫ਼ਰਸ਼ ਦੋ ਜਹਾਨ ਸਚ ਨਿਸ਼ਾਨ ਮਿਹਰਵਾਨ ਇਕੋ ਇਕ ਵਖਾਈਆ ।



### ੧੯ ਮਾਘ ਸ਼ਹਿਨਸ਼ਾਹੀ ਸੰਮਤ ੧ ਜਰਨੈਲ ਸਿੰਘ ਦੇ ਗ੍ਰਿਹ ਮਾਲਵਾ ਸੰਗਤ ਪਿੰਡ ਸ਼ਾਹਵਾਲਾ ਜ਼ਿਲਾ ਫ਼ਿਰੋਜ਼ਪੁਰ

ਗੋਬਿੰਦ ਕਹੇ ਜਿਸ ਵੇਲੇ ਬਣਿਆ ਉਚ ਦਾ ਪੀਰ, ਉਚ ਅਗੰਮ ਅਥਾਹ ਦਿਤੀ ਵਡਿਆਈਆ । ਮੇਰੀ ਤੱਕ ਨਾ ਸਕਿਆ ਕੋਈ ਤਸਵੀਰ, ਸ਼ਾਹ ਹਕੀਰ ਸਮਝ ਕੋਇ ਨਾ ਪਾਈਆ । ਮੇਰਾ ਮੈਂ ਨਾ ਹੋਇਆ ਦਿਲਗੀਰ, ਖ਼ੁਸ਼ੀ ਅੰਦਰ ਖ਼ੁਸ਼ੀ ਵੱਜੀ ਵਧਾਈਆ । ਮੈਂ ਤੱਕ ਕੇ ਵੇਖਿਆ ਅਖ਼ੀਰ, ਆਖ਼ਰ ਇਕੋ ਨਜ਼ਰੀ ਆਈਆ । ਜਿਸ ਦੇ ਹੁਕਮ ਦੀ ਤਾਮੀਰ, ਤਾਮੀਲ ਅੰਦਰ ਅਗੇ ਸੇਵ ਕਮਾਈਆ । ਚਲੇ ਨਾ ਕੋਇ ਦਲੀਲ, ਵਾਸਨਾ ਵੰਡ ਨਾ ਕੋਇ ਵੰਡਾਈਆ । ਕਿਸੇ ਨਾ ਜਾਣਿਆ ਬਸਤਰ ਨੀਲ, ਭਰਮ ਪਿਆ ਤਹਿਸੀਲਾਂ ਠਾਣਿਆਂ । ਪੁਰਖ ਅਕਾਲ ਅਗੇ ਕੀਤੀ ਅਪੀਲ, ਬਿਨ ਰਸਨਾ ਜਿਹਵਾ ਬੱਤੀ ਦੰਦ ਕਰ ਕਲਿਆਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਖਾਨਿਆ । ਪੁਰਖ

ਅਕਾਲ ਅਗੰਮੀ ਕੀਤੀ ਤਦਬੀਰ, ਅਚਰਜ ਖੇਲ ਰਚਾਈਆ । ਸਤਿ ਧਰਮ ਦੀ ਦੇ ਕੇ ਧੀਰ, ਸਚ ਸਚ ਦਿਤਾ ਸਮਝਾਈਆ । ਬਿਨਾ ਕ਼ਲਮ ਸ਼ਾਹੀ ਦੱਸੀ ਲਕੀਰ, ਧਾਰ ਧਾਰ ਵਿਚੋਂ ਬਦਲਾਈਆ । ਨਜ਼ਰੀ ਆਇਆ ਪੈਗ਼ੰਬਰਾਂ ਦਾ ਪੀਰ, ਪੀਰਾਂ ਦਾ ਪੀਰ ਸ਼ਾਹ ਹਕੀਰ ਧੁਰਦਰਗਾਹੀਆ । ਮੈਂ ਤੱਕਿਆ ਨਾਲ ਨੀਝ, ਬੇਨਜ਼ੀਰ ਨੂਰ ਖ਼ੁਦਾਈਆ । ਜਿਸ ਦੀ ਮੇਰੇ ਅੰਦਰ ਤਾਸੀਰ, ਤਸਬੀ ਮਾਲਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਵਖਾਈਆ । ਗੋਬਿੰਦ ਕਹੇ ਜਿਸ ਵੇਲੇ ਮੈਂ ਚੜ੍ਹਿਆ ਉਪਰ ਖਾਟ, ਖਟਕਾ ਰਿਹਾ ਨਾ ਰਾਈਆ । ਦੋ ਜਹਾਨਾਂ ਮੁਕ ਗਈ ਵਾਟ, ਪਾਂਧੀ ਪੰਧ ਨਾ ਕੋਇ ਵਖਾਈਆ । ਪਰਮ ਪੁਰਖ ਪਰਮੇਸ਼ਵਰ ਤੱਕਿਆ ਸਾਥ, ਸਾਹਿਬ ਸਵਾਮੀ ਧੁਰਦਰਗਾਹੀਆ । ਸ਼ਬਦ ਅਗੰਮੀ ਸੁਣਾਏ ਬਾਤ, ਨਾਮ ਨਿਧਾਨਾ ਢੋਲਾ ਗਾਈਆ । ਗੋਬਿੰਦ ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਇਕੋ ਜਾਤ, ਸ਼ਾਹ ਫ਼ਕੀਰ ਇਕੋ ਰੰਗ ਵਖਾਈਆ । ਤੇਰਾ ਮੇਰਾ ਲੇਖਾ ਬਿਨਾ ਕ਼ਲਮ ਦਵਾਤ, ਕਾਗ਼ਜ਼ ਵੰਡ ਨਾ ਕੋਇ ਵੰਡਾਈਆ । ਨੇਤਰ ਖੋਲ੍ਹ ਬਿਨ ਅੱਖਾਂ ਝਾਕ, ਪੜਦਾ ਪਲਕ ਉਠਾਈਆ । ਚੌਂਹ ਦੀ ਦਿਸੀ ਜਮਾਤ, ਕਲਮਾ ਹੱਕ ਹੱਕ ਸੁਣਾਈਆ । ਸਚ ਦੀ ਵੇਖ ਮਹਿਰਾਬ, ਮਹਿਬੂਬ ਸੀਸ ਨਿਵਾਈਆ । ਸਜਦਿਆਂ ਵਿਚ ਅਦਾਬ, ਨੈਣਾਂ ਨੀਰ ਚਲਾਈਆ । ਆਈ ਅਗੰਮੀ ਆਵਾਜ਼ ਸ਼ਬਦ ਕਰੀ ਸ਼ਨਵਾਈਆ । ਸੰਦੇਸ਼ਾ ਦੇਵੇ ਪੈਗ਼ੰਬਰਾਂ ਦਾ ਬਾਪ, ਨੂਰ ਨੁਰਾਨਾ ਨੂਰ ਅਲਾਹੀਆ । ਗੋਬਿੰਦ ਦਾ ਸਾਕ, ਸੱਜਣਾਂ ਜੋੜ ਜੁੜਾਈਆ । ਭਵਿਖਤਾਂ ਦਾ ਵਾਕ, ਮੁਹੰਮਦ ਦਏ ਗਵਾਹੀਆ । ਗੋਬਿੰਦ ਸਾਖਿਆਤ, ਸੇਜਾ ਰਿਹਾ ਸੁਹਾਈਆ । ਗ਼ਰੂਬ ਹੋਣ ਵਾਲਾ ਆਫ਼ਤਾਬ, ਆਪਣਾ ਰੰਗ ਬਦਲਾਈਆ । ਸੋਹਣ ਵਾਲੀ ਅੰਧੇਰੀ ਰਾਤ, ਸ਼ਬੇ ਸ਼ਬਾਬ ਰਹੀ ਸ਼ਾਦਿਆਨਾ ਗਾਈਆ । ਮਿਲਣਾ ਇਕ ਅਹਿਬਾਬ, ਮੁਹੱਬਤ ਵਿਚ ਸਮਾਈਆ । ਅਗੰਮੀ ਆਵਾਜ਼ ਆਈ ਕਲਮੇ ਵਾਲਿਓ ਖਾਣਾ ਨਹੀਂ ਕਬਾਬ, ਕਾਅਬਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਹੇ ਜਿਸ ਵੇਲੇ ਮੈਂ ਸਿੰਘਾਸਣ ਚੜ੍ਹਿਆ, ਸਿੰਘ ਰੂਪ ਬਦਲਾਈਆ । ਪੰਜ ਤਤ ਦੀ ਗੁਫ਼ਾ ਅੰਦਰ ਵੜਿਆ, ਪੜਦੇ ਅੰਦਰ ਨੂਰ ਖ਼ੁਦਾਈਆ । ਬਿਨਾ ਅੱਖਰਾਂ ਤੋਂ ਕਲਮਾ ਪੜ੍ਹਿਆ, ਹਰਫ਼ ਹਰੂਫ਼ ਵੰਡ ਨਾ ਕੋਇ ਵੰਡਾਈਆ । ਮੇਰਾ ਨਿਰੰਤਰ ਅੰਤਰ ਠਰਿਆ, ਮੰਤਰ ਸੁਣਿਆ ਸ਼ਹਿਨਸ਼ਾਹੀਆ । ਖ਼ੁਸ਼ ਵੇਖਿਆ ਗਗਨ ਗਗਨੰਤਰ ਦੋ ਜਹਾਨ ਹਰਿਆ, ਰੂਪ ਅਨੂਪ ਬਦਲਾਈਆ । ਸਤਿ ਦਵਾਰੇ ਪੁਰਖ ਨਿਰੰਜਣ ਖੜਿਆ, ਪਰਵਰਦਿਗਾਰ ਸੋਭਾ ਪਾਈਆ । ਬਿਨਾ ਹੱਥਾਂ ਮੇਰੇ ਮਸਤਕ ਹੱਥ ਧਰਿਆ, ਦੱਸਿਆ ਹੁਕਮ ਅਲਾਹੀਆ । ਗੋਬਿੰਦ ਤੂੰ ਮੈਨੂੰ ਮੈਂ ਤੈਨੂੰ ਵਰਿਆ, ਵਰਿਆਂ ਦੀ ਗੰਢ ਦਿਤੀ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਵਰਤਾਈਆ । ਗੋਬਿੰਦ ਕਹੇ ਜਿਸ ਵੇਲੇ ਸੇਜੇ ਸੁੱਤਾ, ਬਿਨ ਤਕੀਏ ਸੀਸ ਟਿਕਾਈਆ । ਬਦਲੀ ਵੇਖੀ ਦੋ ਜਹਾਨ ਰੁੱਤਾ, ਬ੍ਰਹਿਮੰਡ ਖੰਡ ਰੂਪ ਵਟਾਈਆ । ਪੁਰਖ ਅਕਾਲ ਕਿਹਾ ਵਾਹ ਮੇਰਿਆ ਪੁੱਤਾ, ਵਾਹਿਗੁਰੂ ਕਹਿ ਕੇ ਵਾਹ ਵਾਹ ਗੁਰੂ ਮੈਨੂੰ ਦਿਤਾ ਸਮਝਾਈਆ । ਨਾਲੇ ਆਖਿਆ ਥੋੜਾ ਜਿਹਾ ਤੇਰੇ ਉਤੇ ਗ਼ੁੱਸਾ, ਇਸ਼ਾਰੇ ਨਾਲ ਦ੍ਰਿੜਾਈਆ । ਹੁਣ ਗੁਰਮੁਖਾਂ ਦੇ ਕੰਧੇ ਚੜ੍ਹ ਕੇ ਹੋਵੀਂ ਉਚਾ, ਫੇਰ ਗੁਰਮੁਖਾਂ ਦੇ ਅੰਦਰ ਦੇਣਾ ਸੁਆਈਆ । ਜਿਥੋਂ ਕਿਸੇ ਨੂੰ ਲੱਭੇਂ ਨਾ ਲੁਕਾ, ਖੋਜਿਆਂ ਫੜਨ ਕੋਇ ਨਾ ਪਾਈਆ । ਕਲਮੇਂ ਵਾਲਿਆਂ ਕਿਹਾ ਅਸੀਂ ਅੱਜ ਤੋਂ ਛੱਡ ਦਿਤਾ ਪੀਣਾ ਹੁੱਕਾ, ਹੁਕਮ ਮੰਨਿਆਂ ਬੇਪਰਵਾਹੀਆ । ਗੋਬਿੰਦ ਕਿਹਾ ਮੈਂ ਤੁਹਾਨੂੰ ਸੁਣਾਵਾਂ ਇਕ ਤੁਕਾ,


੨੨੬
੧੯

ਤੂੰ ਮੇਰਾ ਮੈਂ ਤੇਰਾ ਢੋਲਾ ਲੈਣਾ ਗਾਈਆ । ਇਕ ਕੋਲ ਸੀ ਟੁੱਕਰ ਸੁੱਕਾ, ਓਸ ਕੰਨੀ ਗੰਢ ਖੋਲ੍ਹ ਕੇ ਅਗੇ ਦਿਤਾ ਟਿਕਾਈਆ । ਗੋਬਿੰਦ ਪੰਜਾਂ ਉਂਗਲੀਆਂ ਨਾਲ ਚੁੱਕਾ, ਭੰਨ ਕੇ ਭੋਰ ਕੇ ਓਸੇ ਦੀ ਝੋਲੀ ਦਿਤਾ ਟਿਕਾਈਆ । ਬਚਨ ਦਿਤਾ ਇਹ ਸੁੱਚੇ ਦਾ ਸੁੱਚਾ, ਸਚ ਦੀ ਦਏ ਗਵਾਹੀਆ । ਹੁਣ ਮੈਂ ਗੋਬਿੰਦ ਤੱਤਾਂ ਵਾਲਾ ਮਨੁੱਖਾ, ਕਾਇਆ ਚੋਲਾ ਰਿਹਾ ਹੰਢਾਈਆ । ਜਿਸ ਵੇਲੇ ਸ਼ਬਦੀ ਧਾਰ ਹੋ ਕੇ ਉਠਾ, ਨਿਰਗੁਣ ਨਿਰਵੈਰ ਹੋ ਕੇ ਫੇਰਾ ਪਾਈਆ । ਬੇਪਰਵਾਹ ਪੁਰਖ ਅਕਾਲ ਮੇਰਾ ਤੁੱਠਾ, ਦੀਨ ਦਿਆਲ ਦਇਆ ਕਮਾਈਆ । ਲੋਕਮਾਤ ਲੱਖ ਚੁਰਾਸੀ ਵਿਚੋਂ ਫੇਰ ਤੈਨੂੰ ਫੜ ਉਠਾਵਾਂ ਆਪਣੇ ਹੱਥ ਗੁੱਟਾ, ਨਾਮ ਹਲੂਣਾ ਇਕ ਲਗਾਈਆ । ਮੇਰਾ ਪਿਆਰ ਦੋ ਜਹਾਨ ਕਦੇ ਨਾ ਤੁੱਟਾ, ਏਥੇ ਓਥੇ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲਣਹਾਰਾ ਜੋੜ ਜੁੜਾਈਆ । ਗੋਬਿੰਦ ਕਹੇ ਮੈਂ ਸੇਜੇ ਚੜ੍ਹ ਕੇ ਹੱਥ ਰੱਖਿਆ ਆਪਣੀ ਉਪਰ ਛਾਤੀ, ਦਸਤ ਦਸਤ ਨਾਲ ਦਬਾਈਆ । ਜਲਵਾਗਰ ਤੱਕਿਆ ਕਮਲਾਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੀ ਖੇਲ ਆਦਿ ਜੁਗਾਦਿ ਜੁਗ ਚੌਕੜੀ ਸਾਚੀ, ਸਤਿ ਸਤਿ ਰਿਹਾ ਵਰਤਾਈਆ । ਓਸ ਮੈਨੂੰ ਹੌਲੀ ਜਿਹੀ ਕਿਹਾ ਹੁਣ ਤੇਰੀ ਕਾਇਆ ਮਾਟੀ ਕਾਚੀ, ਤੱਤਾਂ ਵਾਲੀ ਨਜ਼ਰੀ ਆਈਆ । ਜਿਸ ਵੇਲੇ ਕਲਜੁਗ ਆਵੇ ਅੰਤ ਅੰਧੇਰੀ ਰਾਤੀ, ਤੇਰਾ ਰੂਪ ਦਿਆਂ ਬਦਲਾਈਆ । ਖੇਲਾਂ ਖੇਲ ਬਹੁ ਬਿਧ ਭਾਂਤੀ, ਬਿਧ ਆਪਣੀ ਨਾ ਕਿਸੇ ਸਮਝਾਈਆ । ਕੋਈ ਨਾ ਜਾਣੇ ਜੋਤ ਦੀ ਧਾਰ ਜਾਤੀ, ਜੋਤੀ ਜਾਤਾ ਆਪਣੇ ਹੱਥ ਰਖਾਈਆ । ਮੰਜ਼ਲ ਔਖੀ ਰਖਾਂ ਘਾਟੀ, ਬਿਨ ਮੇਰੇ ਚੜ੍ਹਨ ਕੋਇ ਨਾ ਪਾਈਆ । ਗੋਬਿੰਦ ਕਿਹਾ ਓਹ ਸਾਹਿਬ ਪੁਰਖ ਅਬਿਨਾਸ਼ੀ, ਤੇਰੀ ਬੇਪਰਵਾਹੀਆ । ਤੇਰਾ ਖੇਲ ਮੰਡਲ ਰਾਸੀ, ਦੋ ਜਹਾਨ



ਵੱਜੇ ਵਧਾਈਆ । ਮੇਰੀ ਇਕੋ ਇਛਿਆ ਇਕੋ ਆਸੀ, ਆਸ਼ਾ ਆਪਣੀ ਦਿਆਂ ਦ੍ਰਿੜਾਈਆ । ਮੇਰੇ ਗੁਰਮੁਖ ਮੇਰੇ ਸਦਾ ਹੋਵਣ ਸਾਥੀ, ਸਗਲਾ ਸੰਗ ਨਿਭਾਈਆ । ਮੰਜ਼ਲ ਪੂਰੀ ਕਰਾਂ ਉਹਨਾਂ ਦੀ ਵਾਟੀ, ਪੈਂਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਗੋਬਿੰਦ ਕਹੇ ਮੈਂ ਲੇਟ ਕੇ ਅੱਖਾਂ ਮੀਟੀਆਂ ਝਬ, ਪਲਕ ਪਲਕ ਨਾਲ ਦਬਾਈਆ । ਮੈਨੂੰ ਹੁਕਮ ਹੋਇਆ ਹੱਬ, ਹਮ ਸਾਜਣ ਦਿਤਾ ਦ੍ਰਿੜਾਈਆ । ਗੁਰਮੁਖ ਪ੍ਰੇਮੀ ਆਪਣੇ ਲੱਭ, ਨਿਜ ਨੇਤਰ ਲੋਚਣ ਕਰ ਰੁਸ਼ਨਾਈਆ । ਸ਼ਬਦੀ ਧਾਰ ਨਾਲ ਸੱਦ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਲੱਖ ਚੁਰਾਸੀ ਵਿਚੋਂ ਕੱਢ, ਪ੍ਰੇਮ ਪ੍ਰੀਤੀ ਇਕ ਬੰਧਾਈਆ । ਗੋਬਿੰਦ ਕਹੇ ਮੈਂ ਪੁਰਖ ਅਕਾਲ ਆਖਿਆ, ਮੈਨੂੰ ਤੱਤਾਂ ਨਾਲੋਂ ਹੋ ਲੈਣ ਦੇ ਅੱਡ, ਕਾਇਆ ਮਾਟੀ ਦੇ ਤਜਾਈਆ । ਫਿਰ ਸੰਤ ਸੁਹੇਲੇ ਆਪਣੀ ਬਣਾ ਕੇ ਯਦ, ਘਰ ਸਾਚੇ ਲਵਾਂ ਜੁੜਾਈਆ । ਇਕੋ ਪਦਵੀ ਇਕੋ ਮਾਰਗ ਇਕੇ ਦੇ ਕੇ ਪਦ, ਪਤਿਤ ਪਾਵਨ ਤੇਰੇ ਵਿਚ ਸਮਾਈਆ । ਮੈਂ ਨਜ਼ਰ ਨਾ ਆਵਾਂ ਦੀਨ ਦੁਨੀ ਵਿਚ ਜਗ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਗੁਰਮੁਖਾਂ ਦੇ ਅੰਦਰ ਵੜ ਕੇ ਉਪਰ ਸ਼ਾਹਰਗ, ਸ਼ਾਹ ਪਾਤਸ਼ਾਹ ਹੁਕਮ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਗੋਬਿੰਦ ਕਹੇ ਮੈਂ ਸਹਿਜ ਬਦਲਿਆ ਪਾਸਾ, ਤਨ ਵਜੂਦ ਬਦਲਾਈਆ । ਵੇਖਿਆ ਦੋ ਜਹਾਨ ਤਮਾਸ਼ਾ, ਬ੍ਰਹਿਮੰਡ ਖੰਡ ਦੁਹਾਈਆ । ਮੈਨੂੰ ਆਇਆ ਹਾਸਾ, ਖ਼ੁਸ਼ੀਆਂ ਵਿਚ ਢੋਲਾ ਦਿਤਾ ਗਾਈਆ । ਵਾਹ ਵਾਹ ਤੇਰਾ ਖੇਲ ਪੁਰਖ ਅਬਿਨਾਸ਼ਾ, ਤੇਰੀ ਬੇਪਰਵਾਹੀਆ । ਸ੍ਰੀ ਭਗਵਾਨ ਝਟ ਖੋਲ੍ਹ ਕੇ ਆਪਣਾ ਖਾਤਾ, ਬਿਨਾ ਖ਼ਤੂਤਾਂ ਤੋਂ ਮੈਨੂੰ ਦਿਤਾ ਜਣਾਈਆ । ਗੋਬਿੰਦ ਤੈਨੂੰ ਬਣਾਉਣਾ ਉਹ ਦਾਤਾ,

ਜੋ ਦੋ ਜਹਾਨ ਦੇਵਣਹਾਰ ਅਖਵਾਈਆ । ਜਨ ਭਗਤਾਂ ਪੂਰਾ ਕਰੇਂ ਘਾਟਾ, ਲੇਖਾ ਪਿਛਲਾ ਝੋਲੀ ਪਾਈਆ । ਹੁਣ ਤੂੰ ਅੰਮ੍ਰਿਤ ਪਿਆਇਆ ਨਾਲ ਬਾਟਾ, ਫੇਰ ਗੁਰਮੁਖਾਂ ਦੇ ਅੰਤਰ ਨਿਝਰ ਝਿਰਨਾ ਦੇਣਾ ਝਿਰਾਈਆ । ਆਤਮਾ ਦਾ ਬਣ ਕੇ ਆਕਾ, ਪਰਮਾਤਮਾ ਹੋ ਕੇ ਹੁਕਮ ਸੁਣਾਈਆ । ਹੁਣ ਤੇਰਾ ਮੁਸੱਵਰ ਖਿਚਕੇ ਖ਼ਾਕਾ, ਕਲਗੀ ਤੋੜਾ ਬਾਜ਼ ਰਹੇ ਜਣਾਈਆ । ਮਾਤ ਪਿਤਾ ਦਾ ਦੱਸਦੇ ਨਾਤਾ, ਪਟਨੇ ਢੋਲੇ ਰਹੇ ਗਾਈਆ । ਫੇਰ ਤੇਰਾ ਓਥੇ ਰਖਾਂ ਵਾਸਾ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਤੇਰਾ ਮੇਰਾ ਨੂਰ ਹੋਵੇ ਪਰਕਾਸ਼ਾ, ਸ਼ਬਦੀ ਡੰਕਾ ਥਾਉਂ ਥਾਈਂਆ । ਦੋਹਾਂ ਦਾ ਹੋਵੇ ਇਕ ਭਰਵਾਸਾ, ਦੂਜੀ ਧਾਰ ਨਾ ਕੋਇ ਬਦਲਾਈਆ । ਤੂੰ ਮੇਰਾ ਖੋਲ੍ਹਣਾ ਖੁਲਾਸਾ, ਮੈਂ ਤੇਰੀ ਕਰਾਂ ਪੜ੍ਹਾਈਆ । ਗੁਰਮੁਖਾਂ ਪੂਰੀ ਕਰਾਂ ਆਸਾ, ਆਹਿਸਤਾ ਆਹਿਸਤਾ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਗੋਬਿੰਦ ਕਹੇ ਜਿਸ ਵੇਲੇ ਹੋਇਆ ਸ਼ਬਦੀ ਫ਼ੁਰਨਾ, ਹੁਕਮੀ ਹੁਕਮ ਮਨਾਈਆ । ਕੁਹਾਰੋ ਅਗੇ ਹੁਣ ਤੁਰਨਾ, ਤੁਰਤ ਲੈਣਾ ਉਠਾਈਆ । ਇਕ ਪ੍ਰੀਤੀ ਅੰਦਰ ਜੁੜਨਾ, ਤੂੰਹੀ ਤੂੰਹੀ ਰਾਗ ਅਲਾਈਆ । ਇਕ ਕਹਾਰ ਕਿਹਾ ਕੁਛ ਤੇਰੇ ਕੋਲੋਂ ਸੁਣਨਾ, ਸਾਨੂੰ ਦੇ ਸਮਝਾਈਆ । ਗੋਬਿੰਦ ਕਿਹਾ ਮੈਂ ਫੇਰ ਲੋਕਮਾਤ ਵਿਚ ਮੁੜਨਾ, ਨਿਰਗੁਣ ਹੋ ਕੇ ਵੇਸ ਵਟਾਈਆ । ਓਸ ਕਿਹਾ ਮੈਨੂੰ ਕਦੇ ਨਾ ਭੁੱਲਣਾ, ਸਲਾਮਾਲੇਕਮ ਕਹਿ ਕੇ ਸਜਦਾ ਸੀਸ ਦਿਤਾ ਝੁਕਾਈਆ । ਗੋਬਿੰਦ ਕਿਹਾ, ਤੁਹਾਡਾ ਦਵਾਰਾ ਫੇਰ ਖੁਲ੍ਹਣਾ, ਖ਼ਾਲਸ ਖ਼ਾਲਸੇ ਦਿਆਂ ਬਣਾਈਆ । ਤੁਸਾਂ ਜਨਮ ਜਨਮ ਜਨਮ ਵਿਚ ਨਹੀਂ ਰੁਲਣਾ, ਮਾਣਸ ਦੇ ਮਾਣਸ ਆਪਣੇ ਨਾਲ ਮਿਲਾਈਆ । ਤੁਹਾਡੇ ਨਾਲ ਮਿਲ ਕੇ ਗੋਬਿੰਦ ਫਲਣਾ ਫੁਲਣਾ, ਪੱਤ ਡਾਲੀ ਨਾਲ ਮਹਿਕਾਈਆ । ਭਾਗ ਲਗਣਾ ਸਾਚੀ ਕੁਲਨਾ, ਕੁਲਵੰਤ ਹੋਏ ਸਹਾਈਆ । ਕਲਜੁਗ ਕੂੜ ਕੁੜਿਆਰ ਅੰਧੇਰ ਝੁਲਣਾ, ਸਤਿ ਸਚ ਮੁਖ ਛੁਪਾਈਆ । ਵਾਹਿਗੁਰੂ ਜਾਪ ਸਾਰਿਆਂ ਕਰਨਾ ਉਤੇ ਬੁੱਲਣਾਂ, ਹਿਰਦੇ ਹਰਿ ਨਾ ਕੋਇ ਵਸਾਈਆ । ਕੋਟਾਂ ਵਿਚੋਂ ਗੁਰਮੁਖ ਮੇਰੇ ਕੰਡੇ ਤੁਲਣਾ, ਨਾਮ ਕੰਡਾ ਲਵਾਂ ਉਠਾਈਆ । ਕੂੜੀ ਕਿਰਿਆ ਬੂਟਾ ਹੁਲਣਾ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਕਹਾਰ ਕਿਹਾ ਮੈਂ ਸਜਦਾ ਕਰਾਂ ਕਾਅਬਾ, ਕਿਬਲ ਇਕੋ ਨਜ਼ਰੀ ਆਈਆ । ਗੋਬਿੰਦ ਕਿਹਾ ਕਦੀ ਤੱਕਿਆ ਈ ਆਪਣਾ ਬਾਬਾ, ਜਿਸ ਨੂੰ ਮੁਹੰਮਦ ਅੱਬਾ ਕਹਿ ਕੇ ਸੀਸ ਨਿਵਾਈਆ । ਜਿਸ ਨੂੰ ਉਚੀ ਉਚੀ ਪੁਕਾਰੋ ਨਾਲ ਬਾਂਗਾਂ, ਉਂਗਲਾਂ ਕੰਨਾਂ ਵਿਚ ਪਾਈਆ । ਉਹ ਸਵਾਮੀ ਵਰਤਿਆ ਸਵਾਂਗਾ, ਖ਼ੁਦਾ ਖ਼ੁਦ ਆਪਣਾ ਵੇਸ ਵਟਾਈਆ । ਕਹਾਰ ਕਿਹਾ ਸਾਨੂੰ ਅਗੇ ਹੋਰ ਤਾਂਘਾਂ, ਧਿਆਨ ਧਿਆਨ ਵਿਚ ਰਖਾਈਆ । ਗੋਬਿੰਦ ਕਿਹਾ ਜ਼ਰਾ ਪਹਿਲੀ ਪੁੱਟੋ ਉਲਾਂਘਾ, ਕ਼ਦਮ ਅਗੇ ਲੈਣਾ ਉਠਾਈਆ । ਉਨ੍ਹਾਂ ਨੂੰ ਮੁਹੰਮਦ ਦਿਸਿਆ ਨਾਂਗਾ, ਰੋ ਰੋ ਰਿਹਾ ਕੁਰਲਾਈਆ । ਪਰਵਰਦਿਗਾਰ ਧੁਰਦਰਗਾਹੀ ਸਭ ਦਾ ਸਾਂਝਾ, ਕਲਮਿਆਂ ਵਾਲੀ ਵੰਡ ਨਾ ਕੋਇ ਵੰਡਾਈਆ । ਉਹ ਆਦਿ ਜੁਗਾਦਿ ਜੁਗ ਚੌਕੜੀ ਲੋਕ ਪਰਲੋਕ ਤਬਕਾਂ ਵਿਚ ਆਉਂਦਾ ਜਾਂਦਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਜਿਸ ਨੂੰ ਵੇਖ ਨਾ ਸਕੇ ਕੋਈ ਪੰਡਤ ਪਾਂਧਾ, ਮੁੱਲਾ ਸ਼ੇਖ਼ ਨਜ਼ਰ ਨਾ ਕੋਇ ਟਿਕਾਈਆ । ਨਾ ਉਹ ਸੂਰ ਖਾਏ ਨਾ ਉਹ ਖਾਏ ਢਾਂਡਾ, ਨਾ ਉਹ ਮਿੱਤਰ ਸੱਜਣ ਨਾ ਉਹ ਵਸੇ ਆਂਢ ਗਵਾਂਢਾ, ਲੱਖ ਚੁਰਾਸੀ ਅੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਜਿਸ ਵੇਲੇ ਕਹਾਰਾਂ ਕ਼ਦਮ ਚੁੱਕਿਆ ਅਗੇ, ਧੁਰ

ਦੀ ਸੇਵ ਕਮਾਈਆ । ਹੁਕਮ ਦਿਤਾ ਸੂਰੇ ਸਰਬੱਗੇ, ਸ਼ਹਿਨਸ਼ਾਹ ਕਰੀ ਜਣਾਈਆ । ਗੋਬਿੰਦ ਤੇਰੇ ਨਾਲ ਮਿਲ ਕੇ ਇਨ੍ਹਾਂ ਦੀ ਜੋਤ ਜਗੇ, ਜਗਤ ਹੋਵੇ ਰੁਸ਼ਨਾਈਆ । ਪੁਰਖ ਅਕਾਲ ਆਪਣੀ ਧਾਰੋਂ ਕੱਢੇ, ਦੇਵੇ ਮਾਣ ਵਡਿਆਈਆ । ਹੁਕਮੇਂ ਅੰਦਰ ਹਾਕਮ ਹੋ ਕੇ ਸੱਦੇ, ਸੰਦੇਸ਼ਾ ਇਕ ਜਣਾਈਆ । ਸਚ ਦਵਾਰੇ ਆਵਣ ਭੱਜੇ, ਭਜਨ ਬੰਦਗੀ ਦਏ ਸਮਝਾਈਆ । ਬਿਨਾ ਰਸਨਾ ਤੋਂ ਦੇਵੇ ਮਜ਼ੇ, ਮਜ਼ਾਕ ਮੁਕੇ ਜਗਤ ਖ਼ੁਦਾਈਆ । ਜੇ ਕੋਈ ਪੁਛੇ ਕੀ ਵਜਹ, ਵਜਹ ਸਕੇ ਨਾ ਕੋਇ ਸਮਝਾਈਆ । ਜਿਸ ਤੋਂ ਵਿਛੜੇ ਓਸੇ ਨੇ ਲੱਭੇ, ਓਹੋ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਚਲਦਿਆਂ ਚਲਦਿਆਂ ਵੈਰਾਗ ਅੰਦਰ ਜਰਨੈਲ ਸਿੰਘ ਤੇਰਾ ਅੱਖਾਂ ਚੋਂ ਨਿੱਕਲ ਗਿਆ ਨੀਰ, ਨੀਵਾਂ ਹੋ ਕੇ ਜ਼ਿਮੀਂ ਵਲ ਧਿਆਨ ਲਗਾਈਆ । ਓਸ ਵੇਲੇ ਹੱਸ ਕੇ ਕਿਹਾ ਕਬੀਰ, ਕਾਅਬਿਆਂ ਦਾ ਪੈਂਡਾ ਦੇਣਾ ਮੁਕਾਈਆ । ਸ਼ਰਅ ਦੀ ਤੋੜ ਜ਼ੰਜੀਰ, ਸ਼ਹਿਨਸ਼ਾਹ ਲੈਣਾ ਮਿਲਾਈਆ । ਮੈਂ ਤੈਨੂੰ ਦੱਸਾਂ ਤਦਬੀਰ, ਸਹਿਜ ਸਹਿਜ ਸਮਝਾਈਆ । ਇਸ ਤੋਂ ਪਰੇ ਨਹੀਂ ਅਖ਼ੀਰ, ਆਖ਼ਰ ਇਹੋ ਧੁਰ ਦਾ ਮਾਹੀਆ । ਹੋਵੀਂ ਨਾ ਦਿਲਗੀਰ, ਆਸ ਨਿਰਾਸ ਨਾ ਕੋਇ ਬਣਾਈਆ । ਹੱਥੋਂ ਸੁੱਟ ਕੇ ਸ਼ਮਸ਼ੀਰ, ਬਣ ਕੇ ਉਚ ਦਾ ਪੀਰ, ਆਸਣ ਤੁਹਾਡੇ ਉਤੇ ਰਖਾਈਆ । ਜਿਸ ਨੂੰ ਸਮਝੇ ਨਾ ਕੋਇ ਗ਼ਰੀਬ ਅਮੀਰ, ਸ਼ਾਹ ਸੁਲਤਾਨ ਨਾ ਕੋਇ ਦ੍ਰਿੜਾਈਆ । ਇਸਨੇ ਪਿਛਲੇ ਉਤੇ ਫੇਰ ਕੇ ਲਕੀਰ, ਅਗਲਾ ਲੇਖਾ ਦੇਣਾ ਬਣਾਈਆ । ਇਹਦਾ ਸਾਥੀ ਗਹਿਰ ਗੰਭੀਰ, ਨਰ ਨਿਰੰਕਾਰਾ ਨਜ਼ਰੀ ਆਈਆ । ਜਿਸ ਨੇ ਸੁਹਾਇਆ ਇਸ ਦਾ ਸਰੀਰ, ਤਤ ਦਿਤੀ ਵਡਿਆਈਆ । ਤੁਹਾਡੀ ਬਦਲ ਦੇਵੇ ਜ਼ਮੀਰ, ਜ਼ਾਮਨ ਹੋ ਕੇ ਦਇਆ ਕਮਾਈਆ । ਉਨ੍ਹਾਂ ਕਿਹਾ ਯਾ ਆਮੀਨ,
੨੨੯
੧੯
ਤੇਰੇ ਹੱਥ ਵਡਿਆਈਆ । ਕਬੀਰ ਕਿਹਾ ਮੈਂ ਜੁਲਾਹਿਆਂ ਘਰ ਕਮੀਨ, ਕਮਲਾਪਤ ਮਿਲ ਕੇ ਕਾਮਲ ਮੁਰਸ਼ਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਵੇਖ ਵਖਾਈਆ । ਕਹਾਰ ਕਿਹਾ ਕੀ ਮਾਲਕ ਚਲਿਉਂ ਆਖ, ਆਪਣਾ ਆਪ ਛੁਪਾਈਆ । ਓਸ ਕਿਹਾ ਮੈਂ ਦੱਸਿਆ ਸਾਫ਼, ਸਹਿਜ ਦਿਤਾ ਜਣਾਈਆ । ਅੰਤ ਤੁਹਾਡਾ ਹੋਣਾ ਸਾਥ, ਏਸੇ ਨਾਲ ਵਡਿਆਈਆ । ਖੇਲ ਵੇਖਣਾ ਪੁਰਖ ਅਬਿਨਾਸ਼, ਪਤਿਪਰਮੇਸ਼ਵਰ ਬੇਪਰਵਾਹੀਆ । ਤੁਹਾਡਾ ਮੇਲਾ ਹੋਣਾ ਸਾਖਿਆਤ, ਸਤਿ ਸਤਿਵਾਦੀ ਜੋੜ ਜੁੜਾਈਆ । ਪ੍ਰੇਮ ਪ੍ਰੀਤੀ ਬੱਝੇ ਨਾਤ, ਨਾਤਾ ਇਕੋ ਇਕ ਸਮਝਾਈਆ । ਹੁਣ ਲੇਖਾ ਨਹੀਂ ਨਾਲ ਕ਼ਲਮ ਦਵਾਤ, ਫੇਰ ਸ਼ਬਦਾਂ ਵਿਚ ਵਡਿਆਈਆ । ਸ਼ਹਿਨਸ਼ਾਹੀ ਸੰਮਤ ਵਿਚ ਤੁਹਾਡੇ ਜਨਮ ਦੀ ਤੁਹਾਨੂੰ ਵੀ ਮਿਲਣੀ ਦਾਤ, ਕਰਮ ਦੀ ਕਾਮਨਾ ਪੂਰ ਕਰਾਈਆ । ਸੋ ਸੁਹੰਜਣੀ ਆ ਗਈ ਰਾਤ, ਭਿੰਨੜੀ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਸਰਨਾਈਆ । ਭਿੰਨੜੀ ਰੈਣ ਕਹੇ ਮੈਂ ਭਾਗਾਂ ਭਰੀ, ਸੋਹਣੀ ਸੁਹੰਜਣੀ ਨਜ਼ਰੀ ਆਈਆ । ਜਿਸ ਵਿਚ ਗੋਬਿੰਦ ਗੁਰਮੁਖਾਂ ਉਪਰ ਕਿਰਪਾ ਕਰੀ, ਸ਼ਬਦੀ ਸ਼ਬਦ ਦਿਤੀ ਵਡਿਆਈਆ । ਸੁਲਖਣੀ ਹੋਈ ਘੜੀ, ਪਲ ਪਲ ਦਏ ਗਵਾਹੀਆ । ਜਨ ਭਗਤੋ ਤੁਹਾਡੀ ਪ੍ਰੇਮ ਪ੍ਰੀਤੀ ਸੇਵਾ ਬੜੀ, ਬਹੁਤਿਆਂ ਤੋਂ ਬਹੁਤੀ ਨਜ਼ਰੀ ਆਈਆ । ਰਵਦਾਸ ਵਾਲੀ ਪਿਛਲੀ ਬੱਝੀ ਲੜੀ, ਲੜ ਸਕਿਆ ਨਾ ਕੋਇ ਛੁਡਾਈਆ । ਅਗੇ ਆਵਣ ਜਾਵਣ ਤੋਂ ਸਾਫ਼ ਹੋਇਆ ਬਰੀ, ਬ੍ਰਹਮਾ ਵਿਸ਼ਨ ਸ਼ਿਵ ਸੀਸ ਨਿਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਉਤੇ ਕਿਰਪਾ ਕਰੀ, ਕਿਰਪਾਲ ਹੋ ਕੇ ਕਰਮਾਂ ਤੋਂ ਲਿਆ ਛੁਡਾਈਆ ।

## ✪ ੧੭ ਮਾਘ ਸ਼ਹਿਨਸ਼ਾਹੀ ਸੰਮਤ ੧ ਕਰਨੈਲ ਸਿੰਘ ਦੇ ਗ੍ਰਿਹ ਪਿੰਡ ਸ਼ਾਹਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਸ਼ਬਦ ਕਹੇ ਮੈਨੂੰ ਜਗਤ ਕਹੇ ਆਵਾਜ਼, ਸ਼ਬਦ ਗੋਬਿੰਦ ਸਮਝ ਕਿਸੇ ਨਾ ਆਇਆ । ਨਿਰਅੱਖਰ ਸਮਝੇ ਨਾ ਕੋਇ ਰਾਜ਼, ਅੱਖਰ ਅੱਖਰ ਮਿਲ ਮਿਲ ਢੋਲਾ ਗਾਇਆ । ਬਿਨਾ ਤਨ ਵਜੂਦੋਂ ਮੇਰਾ ਸਾਜਣ ਲਿਆ ਸਾਜ, ਸਤਿਗੁਰੂ ਮੇਰਾ ਨਾਮ ਪਰਗਟਾਇਆ । ਸ਼ਾਹ ਪਾਤਸ਼ਾਹ ਰਾਜਨ ਰਾਜ, ਨਵਾਬ ਇਕੋ ਇਕ ਅਖਵਾਇਆ । ਨਿਰਾਕਾਰ ਨਿਰੰਕਾਰ ਇਕੋ ਮੇਰਾ ਸਾਥ, ਮਾਤ ਪਿਤ ਕਿਸੇ ਨਾ ਜਾਇਆ । ਆਦਿ ਜੁਗਾਦਿ ਵੇਖੇ ਖੇਲ ਤਮਾਸ਼, ਜੁਗ ਚੌਕੜੀ ਹੁਕਮ ਮਨਾਇਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਨਿੱਕੀ ਜਿਹੀ ਦੱਸ ਕੇ ਗਾਥ, ਕਲਾਮ ਕਲਮਿਆਂ ਨਾਲ ਸਾਲਾਹਿਆ ਕਾਇਆ ਹੁਜਰੇ ਵਖਾ ਕੇ ਮਹਿਰਾਬ, ਮਹਿਬੂਬ ਨੂਰ ਜਹੂਰ ਚਮਕ ਚਮਕਾਇਆ । ਮੇਰਾ ਕੋਈ ਨਾ ਜਾਣੇ ਆਕਾਰ, ਆਪਣਾ ਭੇਵ ਨਾ ਕੋਇ ਖੁਲ੍ਹਾਇਆ । ਬ੍ਰਹਿਮੰਡ ਖੰਡ ਦੋ ਜਹਾਨ ਸਮਝੇ ਕੋਇ ਨਾ ਲਾਖ, ਬੇਅੰਤ ਬੇਅੰਤ ਬੇਅੰਤ ਗੁਰ ਅਵਤਾਰ ਪੈਗ਼ੰਬਰ ਗਾਇਆ । ਨਿਤ ਨਵਿਤ ਮੇਰਾ ਪਰਤਾਪ, ਪਰਮ ਪੁਰਖ ਪ੍ਰਭ ਰੰਗ ਚੜ੍ਹਾਇਆ । ਨਿਰਮਲ ਧਾਰਾ ਸਦਾ ਸਾਫ਼, ਪਤਿਤ ਰੂਪ ਨਾ ਕੋਇ ਜਣਾਇਆ । ਸਚ ਦਵਾਰ ਸੱਚਾ ਇਨਸਾਫ਼, ਹੁਕਮੀ ਹੁਕਮ ਇਕ ਸੁਣਾਇਆ । ਬਿਨ ਭਗਤਾਂ ਕਦੇ ਨਾ ਕਰਾਂ ਕਿਸੇ ਮੁਆਫ਼, ਲੱਖ ਚੁਰਾਸੀ ਹੱਥ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਪਰਗਟਾਇਆ । ਸ਼ਬਦ ਕਹੇ ਮੈਨੂੰ ਜਗਤ ਵਿਦਿਆ ਕਹੇ ਬੋਲ, ਰਾਗਾਂ ਨਾਦਾਂ ਵਾਲਾ ਜਣਾਈਆ । ਮੇਰਾ ਪੜਦਾ ਕਿਸੇ ਨਹੀਂ ਵੇਖਿਆ ਖੋਲ੍ਹ, ਜੁਗ ਚੌਕੜੀ ਭੇਵ ਨਾ ਕੋਇ ਖੁਲ੍ਹਾਈਆ । ਮੈਂ ਆਦਿ ਜੁਗਾਦਿ ਸਦਾ ਨਿਰਮੋਲ, ਨਿਰਵੈਰ ਨਿਰਾਕਾਰ ਸੋਭਾ ਪਾਈਆ । ਜੁਗ ਜੁਗ ਸਤਿ ਭੰਡਾਰਾ ਦੇਵਾਂ ਖੋਲ੍ਹ, ਵਸਤ ਅਨਮੁੱਲੜੀ ਆਪ ਵਰਤਾਈਆ । ਪੰਜ ਤਤ ਅੰਦਰ ਵੜ ਕੇ ਵਜਾਵਾਂ ਢੋਲ, ਗੁਰ ਅਵਤਾਰ ਪੈਗ਼ੰਬਰ ਲਵਾਂ ਉਠਾਈਆ । ਬੋਧ ਅਗਾਧਾ ਬਣ ਕੇ ਪੰਡਤ ਰੌਲ, ਸ਼ਾਸਤਰ ਸਿਮਰਤ ਕਰਾਂ ਲਿਖਾਈਆ । ਦੋ ਜਹਾਨਾਂ ਤੋਲ ਕੇ ਤੋਲ, ਬਿਨਾ ਤਰਾਜ਼ੂਉਂ ਹੱਥ ਉਠਾਈਆ । ਸੰਦੇਸ਼ਿਆਂ ਵਾਲੇ ਪੂਰੇ ਕਰਾਂ ਕੌਲ, ਇਕ਼ਰਾਰ ਆਪਣਾ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਈਆ । ਸ਼ਬਦ ਕਹੇ ਮੈਨੂੰ ਸਾਰੇ ਕਹਿੰਦੇ ਗੁਰੂ, ਗੁਰਦੇਵ ਮੰਨ ਕੇ ਸੀਸ ਨਿਵਾਈਆ । ਕਿਸੇ ਨਹੀਂ ਦੱਸਿਆ ਕਿਸ ਵੇਲੇ ਹੋਇਆ ਸ਼ੁਰੂ, ਸ਼ਰਅ ਆਪਣੀ ਆਪ ਜਣਾਈਆ । ਕਿਸੇ ਨਹੀਂ ਪਤਾ ਆਪਣੀ ਧਾਰ ਕਿਸ ਬਿਧ ਮੁੜ੍ਹ, ਬਿਨ ਪਾਂਧੀ ਪੰਧ ਮੁਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ, ਫੁਰਨਿਆਂ ਅੰਦਰ ਫੁਰੂ, ਸੁਰਤੀ ਸੁਰਤ ਉਠਾਈਆ । ਕਿਸੇ ਨਹੀਂ ਦੱਸਿਆ ਕਿਹੜੀ ਮੰਜ਼ਲ ਤੁਰੂ, ਚਲੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਵਖਾਈਆ । ਸ਼ਬਦ ਗੁਰੂ ਕਹੇ ਮੇਰੇ ਹੁਕਮ ਸੰਦੇਸ਼ੇ ਰਹੇ ਪੜ੍ਹਦੇ, ਮਨ ਮਤ ਬੁਧ ਧਿਆਨ ਲਗਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਦਰਸ਼ਨ ਰਹੇ ਕਰਦੇ, ਵਿਸ਼ਨ ਬ੍ਰਹਮਾ ਸ਼ਿਵ ਮਨਾਈਆ । ਸੂਫ਼ੀ ਸੰਤ ਫ਼ਕੀਰਾਂ ਸਜਦੇ ਰਹੇ ਕਰਦੇ, ਕਲਮਿਆਂ ਵਿਚ ਗਾਈਆ । ਚਰਨ ਕਵਲਾਂ ਉਪਰ ਸੀਸ ਰਹੇ ਧਰਦੇ, ਮਸਤਕ ਟਿੱਕੇ ਧੂੜੀ ਖ਼ਾਕ ਰਮਾਈਆ । ਬਿਨਾ ਵਜੂਦੋਂ ਮੈਨੂੰ ਮੂਲ ਨਾ ਮਿਲਦੇ, ਮਿਲ ਕੇ ਆਪਣਾ ਹਾਲ ਸੁਣਾਈਆ । ਖੇਲ ਸਮਝੇ ਨਹੀਂ ਅਸਲ ਦੇ, ਅਸਲੀਅਤ ਪੜਦਾ ਨਾ ਕੋਇ ਉਠਾਈਆ । ਰਸ ਮਾਣੇ ਨਹੀਂ ਅਗੰਮੀ ਵਸਲ ਦੇ, ਵਿਸ਼ਿਆਂ ਵਿਚ ਲੋਕਾਈਆ । ਕੋਟਾਂ ਵਿਚੋਂ ਜਨ ਭਗਤ ਵਿਰਲੇ ਮੇਰੀ ਨਸਲ ਦੇ,

ਜਿਨ੍ਹਾਂ ਦਾ ਇਕੋ ਪਿਤਾ ਮਾਈਆ । ਓਹ ਪ੍ਰੇਮ ਪਿਆਰ ਅੰਦਰ ਮਿਲ ਕੇ ਹੱਸਣਗੇ, ਹਸਤੀ ਹਸਤੀ ਵਿਚੋਂ ਬਦਲਾਈਆ । ਬਿਨਾ ਗੁਰੂਆਂ ਤੋਂ ਗੁਰੂ ਇਕੋ ਦੱਸਣਗੇ, ਜੋ ਗੋਬਿੰਦ ਧਾਰ ਸ਼ਬਦੀ ਬੇਪਰਵਾਹੀਆ । ਸਚ ਦਵਾਰ ਓਸੇ ਵਸਣਗੇ, ਜਿਥੇ ਇਕੋ ਸੇਜ ਸੁਹਾਈਆ । ਗੁਰੂ ਦੇਵ ਸਵਾਮੀ ਅੰਤਰਜਾਮੀ ਇਕੋ ਮੰਨਣਗੇ, ਬਿਨਾ ਸੀਸ ਸੀਸ ਨਿਵਾਈਆ । ਸਤਿਗੁਰ ਸ਼ਬਦ ਕਹੇ ਗੁਰਮੁਖ ਆਪਣਾ ਬੇੜਾ ਬੰਨ੍ਹਣਗੇ, ਦੂਸਰ ਕੰਧ ਭਾਰ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਦਾਤਾ ਇਕ ਸਰਨਾਈਆ ।

✪ ੧੭ ਮਾਘ ਸ਼ਹਿਨਸ਼ਾਹੀ ਸੰਮਤ ੧ ਗੁਰਦਾਸ ਸਿੰਘ ਦੇ ਗ੍ਰਹਿ ਪਿੰਡ ਸ਼ਾਹਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਸਤਿਗੁਰ ਸਰਨ ਜੋ ਜਾਵੇ ਆ, ਚਾਰੇ ਖਾਣੀ ਦਇਆ ਕਮਾਇੰਦਾ । ਸਤਿਗੁਰ ਦਾਤਾ ਬੇਪਰਵਾਹ, ਬੇਪਰਵਾਹੀ ਵਿਚ ਸਮਾਇੰਦਾ । ਪੂਰਬ ਲੇਖਾ ਵੇਖੇ ਥਾਉਂ ਥਾਂ, ਜੁਗ ਚੌਕੜੀ ਖੋਜ ਖੁਜਾਇੰਦਾ । ਲੱਕੜੀ ਕਾਠ ਜਿਸ ਦਾ ਨਾਂ, ਬਾਡੀ ਸੋਹਣੀ ਬਣਤ ਬਣਾਇੰਦਾ । ਕੁੰਡੀ ਕੁੰਡੀਆਂ ਨਾਲ ਜੁੜਾ, ਰੰਗ ਰੂਪ ਸੋਭਾ ਪਾਇੰਦਾ । ਪਿਛਲਾ ਲੇਖਾ ਰਿਹਾ ਸਮਝਾ, ਧੁਰ ਸੰਦੇਸ਼ ਸੁਣਾਇੰਦਾ । ਜਿਸ ਵੇਲੇ ਬੱਲ ਦਵਾਰੇ ਫੇਰਾ ਗਿਆ ਪਾ, ਬ੍ਰਾਹਮਣ ਜਗਤ ਰੂਪ ਵਟਾਇੰਦਾ । ਪੁਰਖ ਅਕਾਲ ਲੱਕੜੀ ਸਹਾਰਾ ਲਿਆ ਤਕਾ, ਸਮਰਥ ਹੱਥ ਵਿਚ ਉਠਾਇੰਦਾ । ਲੱਕੜੀ ਕਿਹਾ ਮੇਰੇ ਬਖ਼ਸ਼ੇ ਗਏ ਗੁਨਾਹ, ਜਨਮ ਕਰਮ ਨਜ਼ਰ ਕੋਇ ਨਾ ਆਇੰਦਾ । ਚਲਦਿਆਂ ਚਲਦਿਆਂ ਇਕ ਵਾਰ ਚਰਨੀ ਲੱਗੀ ਆ, ਠੋਕਰ ਸੱਜੇ ਚਰਨ ਨਾਲ ਲਗਾਇੰਦਾ, ਓਸ ਰੋ ਕੇ ਮਾਰੀ ਧਾਹ, ਨੇਤਰ ਨੈਣਾਂ ਛਹਿਬਰ ਇਕ ਵਖਾਇੰਦਾ । ਤੂੰ ਪਾਤਸ਼ਾਹਾਂ ਦਾ ਪਾਤਸ਼ਾਹ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਮੈਂ ਕੋਈ ਸੇਵ ਨਾ ਸਕੀ ਕਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਇੰਦਾ । ਲੱਕੜੀ ਕਹੇ ਜਿਸ ਵੇਲੇ ਮੈਂ ਲੱਗੀ ਬਾਵਨ ਚਰਨ, ਚਰਨ ਮਿਲੀ ਸਰਨਾਈਆ । ਮੈਨੂੰ ਭੁੱਲ ਗਿਆ ਅਗਲਾ ਮਰਨ, ਪਿਛਲਾ ਜੀਵਣ ਦਿਤਾ ਤਜਾਈਆ । ਮੇਰਾ ਖੁਲ੍ਹ ਗਿਆ ਹਰਨ ਫਰਨ, ਨੇਤਰ ਨੈਣ ਰੁਸ਼ਨਾਈਆ । ਮੈਂ ਲੱਗੀ ਬਹੁਤੀ ਡਰਨ, ਰੋ ਰੋ ਹਾਲ ਦੁਹਾਈਆ । ਅੰਦਰ ਕੀਤਾ ਪ੍ਰਣ, ਸੁਗੰਦ ਇਕੋ ਖਾਈਆ । ਢੋਲਾ ਲੱਗੀ ਪੜ੍ਹਨ, ਤੂੰਹੀ ਤੂੰਹੀ ਰਾਗ ਅਲਾਹੀਆ । ਬਿਰਹੋਂ ਅੰਦਰ ਲੱਗੀ ਸੜਨ, ਵਿਛੋੜਾ ਦਿਸੇ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਚੁਕਾਈਆ । ਲੱਕੜੀ ਕਹੇ ਜਿਸ ਵੇਲੇ ਮੈਂ ਚਰਨ ਕਵਲ ਗਈ ਲੱਗ, ਮਸਤਕ ਸੀਸ ਨਿਵਾਈਆ । ਮੇਰੀ ਪਿਆਸ ਬੁਝੀ ਅੱਗ, ਸਾਂਤਕ ਸਤਿ ਰੂਪ ਵਟਾਈਆ । ਮੈਂ ਦਰਸ਼ਨ ਕੀਤਾ ਰੱਜ, ਖ਼ੁਸ਼ੀਆਂ ਢੋਲਾ ਗਾਈਆ । ਹੱਸ ਕੇ ਕਿਹਾ ਕਿਤੇ ਮੈਨੂੰ ਨਾ ਜਾਵੀਂ ਛੱਡ, ਹੋਏ ਨਾ ਕਦੀ ਜੁਦਾਈਆ । ਬਾਵਨ ਕਿਹਾ ਮੈਂ ਤੱਤਾਂ ਤੋਂ ਹੋਣਾ ਅਲੱਗ, ਜੋਤੀ ਜੋਤ ਜੋਤ ਸਮਾਈਆ । ਜਿਸ ਵੇਲੇ ਪੁਰਖ ਅਕਾਲ ਹੋ ਕੇ ਆਵਾਂ ਸਮਰਥ, ਨਿਰਗੁਣ ਨਿਰਵੈਰ ਫੇਰਾ ਪਾਈਆ । ਫੇਰ ਦੇਵਾਂ ਤੇਰਾ ਹੱਕ, ਪੂਰਬ ਲੇਖਾ ਝੋਲੀ ਪਾਈਆ । ਲੱਕੜੀ ਕਿਹਾ ਮੈਨੂੰ ਥੋੜਾ ਜਿਹਾ ਸ਼ੱਕ, ਸਚ ਦੇਣਾ ਸਮਝਾਈਆ । ਮੇਰੀ ਵੇਖਣ ਵਾਲੀ ਨਹੀਂ ਅੱਖ, ਕਿਸ ਬਿਧ ਤੇਰਾ ਦਰਸ਼ਨ ਪਾਈਆ । ਬਨਾਸਪਤ ਵਿਚੋਂ ਕਿਵੇਂ ਹੋਵਾਂ ਵੱਖ, ਆਪਣਾ ਰੂਪ ਵਟਾਈਆ । ਪੁਰਖ ਅਕਾਲ ਕਿਹਾ ਮੈਂ ਤੇਰਾ ਖੇਲ ਕਰਾਂ ਪਰਤੱਖ, ਪੜਦਾ ਓਹਲਾ ਨਾ ਕੋਇ ਦਿਸਾਈਆ । ਤੇਰਾ ਮਾਣ ਬਣਾਵਾਂ ਸਚ, ਸਤਿ ਨਾਲ ਮਿਲਾਈਆ । ਜਿਨ੍ਹਾਂ ਸੱਤਾਂ ਰੰਗਾਂ ਵਿਚ ਬੱਲ ਸਮਗਰੀ

ਬੱਧੀ ਵੱਖ ਵੱਖ, ਅੱਡ ਅੱਡ ਟਿਕਾਈਆ । ਉਨ੍ਹਾਂ ਦਾ ਕਰਾਂ ਇਕੱਠ, ਸੱਤ ਰੰਗ ਨਿਸ਼ਾਨਾ ਦਿਆਂ ਸੁਹਾਈਆ । ਜੋਤੀ ਨੂਰ ਲਟ ਲਟ, ਜੋਤ ਸਤਿ ਰੁਸ਼ਨਾਈਆ । ਖੇਲ੍ਹ ਸਚ ਦਵਾਰ ਹੱਟ, ਭਗਤਾਂ ਵਣਜ ਕਰਾਈਆ । ਆਪਣੇ ਕਰ ਕੇ ਵੱਸ, ਨਾਤਾ ਦਿਆਂ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਰਿਹਾ ਮੁਕਾਈਆ । ਲੱਕੜੀ ਕਿਹਾ ਕੀ ਖੇਲ ਤੇਰਾ ਸੱਤ ਰੰਗ, ਬਲੀ ਬਾਵਨ ਦੇ ਜਣਾਈਆ । ਉਸ ਕਿਹਾ ਕੁਛ ਲੇਖਾ ਮੰਗ, ਖ਼ਾਲੀ ਝੋਲੀ ਅਗੇ ਡਾਹੀਆ । ਲੱਕੜੀ ਕਿਹਾ ਮੈਨੂੰ ਮਿਲੇ ਅਨੰਦ, ਅਗਨੀ ਤਤ ਨਾ ਲਾਗੇ ਰਾਈਆ । ਬਾਵਨ ਕਿਹਾ ਮੈਂ ਬਖ਼ਸ਼ਾਂ ਸਦਾ ਸੰਗ, ਸਗਲਾ ਸੰਗ ਬਣਾਈਆ । ਤੂੰ ਤੱਕੀਂ ਮੇਰੇ ਗੁਰਮੁਖ ਲਾਲ ਚੰਦ, ਗੋਬਿੰਦ ਨਾਲ ਕੁੜਮਾਈਆ । ਸ਼ਾਹ ਸੁਲਤਾਨਾਂ ਦੀ ਤੇਰੀ ਮੁਕਣੀ ਵੰਡ, ਬ੍ਰਹਿਮੰਡ ਖੰਡ ਵਧਾਈਆ । ਤੇਰਾ ਖ਼ੁਸ਼ੀ ਹੋਣਾ ਬੰਦ ਬੰਦ, ਬੰਦਗੀ ਇਕੋ ਦੇਣੀ ਸਮਝਾਈਆ । ਜਿਸ ਵੇਲੇ ਗੋਬਿੰਦ ਛੱਡੇ ਪੁਰੀ ਅਨੰਦ, ਸਾਢੇ ਤਿੰਨ ਹੱਥ ਲੱਕੜੀ ਤੇਰੀ ਧਾਰ ਸਰਸਾ ਵਿਚ ਰੁੜ੍ਹਾਈਆ । ਸੱਤਰਾਂ ਦੀ ਮੰਗ, ਸਿੰਘ ਵੀਰ ਉਂਗਲੀ ਇਕ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚੋਂ ਬੁਝਾਈਆ । ਲੱਕੜੀ ਕਹੇ ਮੇਰੀ ਅਰਜੋਈ ਅਰਦਾਸ ਇਕ, ਬੇਨੰਤੀ ਇਕ ਸਚ ਸੁਣਾਈਆ । ਕੁਛ ਮੇਰਾ ਲੇਖਾ ਲਿਖ, ਪ੍ਰਭੂ ਮਿਲੇ ਸਰਨਾਈਆ । ਬਾਵਨ ਕਹੇ ਜਿਸ ਵੇਲੇ ਸਰਗੁਣ ਤੋਂ ਨਿਰਗੁਣ ਹੋਕੇ ਆਵਾਂ ਇਕ, ਇਕ ਅਕੱਲਾ ਫੇਰਾ ਪਾਈਆ । ਭਗਤ ਸੁਹੇਲੇ ਗੁਰਮੁਖ ਪ੍ਰੇਮੀ ਹੋਵਣ ਸਿੱਖ, ਸੱਜਣ ਧੁਰ ਦੇ ਜੋੜ ਜੁੜਾਈਆ । ਤੇਰੇ ਨਾਲ ਕਰਾਂ ਹਿੱਤ, ਨਾਤਾ ਆਪਣੇ ਨਾਲ ਰਖਾਈਆ । ਲਕੜੀ ਕਿਹਾ ਮੈਨੂੰ ਕੁਛ ਲਿਖ ਕੇ ਦੇ ਦੇ ਚਿੱਟ, ਚਿਠੀ ਹੱਥ ਫੜਾਈਆ । ਬਾਵਨ ਕਿਹਾ ਆਹ ਵੇਖ ਮੇਰੀ ਗਿੱਠ, ਜੋ ਸਾਢੇ ਤਿੰਨ ਹੱਥ ਕਲਜੁਗ ਅੰਤਮ ਆਪਣਾ ਰੂਪ ਬਦਲਾਈਆ । ਤੇਰਾ ਲਹਿਣਾ ਦੇਣਾ ਦਏ ਨਜਿਠ, ਨੇਰਨ ਨੇਰੇ ਹੋ ਕੇ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਚੁਕਾਈਆ । ਲਕੜੀ ਕਹੇ ਮੈਨੂੰ ਵੇਖਿਓ ਨਾ ਛੜੀ, ਵਿਛੜਿਆਂ ਜੋੜ ਜੁੜਾਈਆ । ਮੇਰੀ ਇਕ ਦਿਨ ਦੀ ਪ੍ਰੀਤੀ ਬੜੀ, ਜੋ ਸਤਿਜੁਗ ਦੀ ਧਾਰ ਸਤਿਜੁਗ ਫੇਰ ਵਖਾਈਆ । ਮੈਂ ਮੰਜ਼ਲ ਓਸ ਚੜ੍ਹੀ ਜਿਥੇ ਵਸੇ ਬੇਪਰਵਾਹੀਆ । ਮੈਂ ਓਸ ਦਵਾਰੇ ਖੜੀ, ਜਿਥੇ ਭਗਤ ਭਗਵਾਨ ਹੋਏ ਕੁੜਮਾਈਆ । ਮੈਂ ਭਾਗ ਲਗਾਵਾਂ ਘਰ ਘਰੀ, ਸੱਤ ਰੰਗ ਨਿਸ਼ਾਨਾ ਉਪਰ ਝੁਲਾਈਆ । ਮੈਂ ਗੁਰਮੁਖਾਂ ਕਰਾਉਣਾ ਬਰੀ, ਅਗੇ ਦੇਵੇ ਨਾ ਕੋਇ ਸਜ਼ਾਈਆ । ਸਭ ਨੂੰ ਯਾਦ ਕਰਾਉਣਾ ਇਕੋ ਇਸ਼ਟ ਮੰਨਣਾ ਪ੍ਰਭ ਹਰੀ, ਹਰਿ ਹਰ ਹਿਰਦੇ ਸੋਭਾ ਪਾਈਆ । ਲਕੜੀ ਕਹੇ ਜਿਸ ਮੇਰੇ ਉਤੇ ਕਿਰਪਾ ਕਰੀ, ਉਹ ਸਭ ਦਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਭ ਦੀ ਲੇਖੇ ਲਾਵੇ ਪਲ ਘੜੀ, ਜੋ ਚਲ ਆਇਣ ਸਰਨਾਈਆ ।



### ✪ ੧੭ ਮਾਘ ਸ਼ਹਿਨਸ਼ਾਹੀ ਸੰਮਤ ੧ ਜਗੀਰ ਸਿੰਘ ਦੇ ਗ੍ਰਿਹ ਪਿੰਡ ਸ਼ਾਹਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਲਕੜੀ ਕਹੇ ਮੈਨੂੰ ਯਾਦ ਆਈ ਭੋਇ ਤਲਵੰਡੀ, ਤਲਬ ਪਿਛਲੀ ਦਿਆਂ ਸਮਝਾਈਆ । ਨਾਨਕ ਤੋੜਿਆ ਢਾਬ ਕੰਢੀ, ਜਿਸ ਦੀ ਵੰਡ ਚੌਦਾਂ ਚਵੀ ਕਰਮ ਕਰਮ ਸਮਝਾਈਆ । ਫੇਰ ਛਿਲ ਲਾਹੀ ਨਾਲ ਦੰਦੀ, ਬਾਲ ਅਵਸਥਾ ਖ਼ੁਸ਼ੀ ਮਨਾਈਆ । ਮੈਂ ਰੋ ਕੇ ਕਿਹਾ ਇਹ ਗੱਲ ਨਹੀਂ ਚੰਗੀ,

ਦੁਖੀਆਂ ਰਿਹਾ ਸਤਾਈਆ । ਨਾਨਕ ਕਿਹਾ ਮੈਂ ਤੈਨੂੰ ਕੱਢ ਕੇ ਵਿਚੋਂ ਬੇਲੇ ਝੰਗੀ, ਸਾਚੇ ਦਰ ਦਿਆਂ ਬਹਾਈਆ । ਜਿਸ ਵੇਲੇ ਭਾਰਤ ਵਿਚੋਂ ਜਾਣ ਫ਼ਰੰਗੀ, ਤੈਨੂੰ ਮਿਲੇ ਮਾਣ ਵਡਿਆਈਆ । ਤੇਰੀ ਧਾਰ ਹੋਵੇ ਸੱਤ ਰੰਗੀ, ਪੀਰ ਪੈਗ਼ੰਬਰ ਵੇਖ ਖ਼ੁਸ਼ੀ ਮਨਾਈਆ । ਪੁਰਖ ਅਕਾਲ ਹੋਵੇ ਸੰਗੀ, ਸਗਲਾ ਸੰਗ ਨਿਭਾਈਆ । ਗ਼ਰੀਬ ਨਿਮਾਣਿਆਂ ਕਟੇ ਤੰਗੀ, ਦੁਖੀਆਂ ਦਰਦੀਆਂ ਦਰਦ ਵੰਡਾਈਆ । ਵਸਤ ਅਮੋਲਕ ਝੋਲੀ ਪਾਏ ਮੰਗੀ, ਆਸਾ ਤ੍ਰਿਸ਼ਨਾ ਪੂਰ ਵਖਾਈਆ । ਸਚ ਸਿੰਘਾਸਣ ਰਹੀ ਟੰਗੀਂ, ਸੋਹਣਾ ਰੂਪ ਬਦਲਾਈਆ । ਵਾਸਨਾ ਵੇਖੀਂ ਇਕ ਠੰਡੀ, ਬਿਨ ਪਵਣਾਂ ਪਵਣ ਜਣਾਈਆ । ਤੇਰੀ ਪ੍ਰੀਤੀ ਟਾਹਣੀ ਨਾਲੋਂ ਤੋੜ ਕੇ ਓਸ ਨਾਲ ਗੰਢੀ, ਜਿਹੜਾ ਹਾਣੀ ਕਦੇ ਨਾ ਕਰੇ ਜੁਦਾਈਆ । ਮੈਂ ਸ਼ਬਦੀ ਲਿਖਤ ਦੇਵਾਂ ਸੰਧੀ, ਸੰਨਦ ਹੱਥ ਫੜਾਈਆ । ਜਿਸ ਵੇਲੇ ਪਰਮ ਪੁਰਖ ਭਗਤਾਂ ਉਤੋਂ ਸਭ ਦੀ ਤੋੜ ਪਾਬੰਦੀ, ਇਕੋ ਹੁਕਮ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਕਰਨੀ ਵੇਖ ਵਖਾਈਆ । ਲੱਕੜੀ ਕਹੇ ਮੈਂ ਜਾਵਾਂ ਬਲਿਹਾਰ, ਬਲਿਹਾਰੀ ਸੀਸ ਨਿਵਾਈਆ । ਮੇਰਾ ਲੇਖਾ ਲੱਗੇ ਵਿਚ ਸੰਸਾਰ, ਭੁਲੇਖਾ ਰਹੇ ਨਾ ਰਾਈਆ । ਮੈਂ ਟੁੱਟ ਗਈ ਨਾਲੋਂ ਡਾਲ, ਹੋਈ ਤਨ ਜੁਦਾਈਆ । ਮੇਰਾ ਸੁਣਿਆ ਕਿਸੇ ਹਾਲ, ਫਰਿਆਦ ਵਿਚ ਕੁਰਲਾਈਆ । ਨਾਨਕ ਸਾਚੀ ਸਿਖਿਆ ਦਿਤੀ ਸਿਖਾਲ, ਸਾਹਿਬ ਕਰ ਪੜ੍ਹਾਈਆ । ਜਿਸ ਵੇਲੇ ਮੇਰਾ ਆਵੇ ਦੀਨ ਦਿਆਲ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਚ ਦਵਾਰੇ ਤੈਨੂੰ ਲਏ ਉਠਾਲ, ਦੇਵੇ ਮਾਣ ਵਡਿਆਈਆ । ਲਹਿਣਾ ਚੁਕਾਏ ਸ਼ਾਹ ਕੰਗਾਲ, ਲੇਖਾ ਪੂਰ ਕਰਾਈਆ । ਦੇਵੇ ਮਾਣ ਵਿਚ ਜਹਾਨ, ਦੋ ਜਹਾਨ ਵੱਜੇ ਵਧਾਈਆ । ਤੇਰੇ ਉਤੇ ਝੁਲਣਾ ਉਹ ਨਿਸ਼ਾਨ, ਜਿਸ ਦੀ ਗੁਰ ਅਵਤਾਰ ਪੈਗ਼ੰਬਰ ਬੈਠੇ ਆਸ ਤਕਾਈਆ । ਕਲ ਕਲਕੀ ਹੋਣਾ ਮਿਹਰਵਾਨ, ਮਹਿਬੂਬ ਨੂਰ ਖ਼ੁਦਾਈਆ । ਸਚ ਦਵਾਰੇ ਮਿਲਣਾ ਮਾਣ, ਮਮਤਾ ਮੋਹ ਮਿਟਾਈਆ । ਲੱਕੜੀ ਕਿਹਾ ਮੈਂ ਸੀਸ ਨਿਵਾ ਕੇ ਕੀਤਾ ਪਰਵਾਨ, ਬਹੁ ਖ਼ੁਸ਼ੀ ਖ਼ੁਸ਼ੀ ਮਨਾਈਆ । ਗੁਰੂ ਨਾਨਕ ਦਿਤਾ ਦਾਨ, ਸਤਿਗੁਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਵਨਾ ਸਭ ਦੀ ਪੂਰ ਕਰਾਈਆ ।

### ✪ ੧੭ ਮਾਘ ਸ਼ਹਿਨਸ਼ਾਹੀ ਸੰਮਤ ੧ ਅਜੀਤ ਸਿੰਘ ਦੇ ਗ੍ਰਿਹ ਪਿੰਡ ਸ਼ਾਹ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਲੱਕੜੀ ਕਹੇ ਮੇਰੇ ਅੰਦਰ ਵਸਤ ਅੱਗ, ਜੋ ਸਭ ਨੂੰ ਰਹੀ ਜਲਾਈਆ । ਜਨ ਭਗਤੋ ਤੁਹਾਡੇ ਅੰਦਰ ਸੂਰਾ ਸਰਬੱਗ, ਪੁਰਖ ਅਕਾਲ ਸੋਭਾ ਪਾਈਆ । ਕਦੇ ਨਾ ਹੋਵੇ ਅਲੱਗ, ਵੱਖਰਾ ਘਰ ਨਾ ਕੋਇ ਵਸਾਈਆ । ਬੈਠਾ ਰਹੇ ਉਪਰ ਸ਼ਾਹਰਗ, ਸਚ ਸਿੰਘਾਸਣ ਡੇਰਾ ਲਾਈਆ । ਸਦ ਦਰਸ਼ਨ ਕਰੋ ਰੱਜ, ਤ੍ਰਿਸ਼ਨਾ ਭੁੱਖ ਮਿਟਾਈਆ । ਮੈਨੂੰ ਚੇਤਾ ਆਉਂਦਾ ਜਦ, ਪਿਛਲਾ ਲਹਿਣਾ ਪੂਰਬ ਇਕ ਦ੍ਰਿੜਾਈਆ । ਫ਼ਰੀਦ ਦੇ ਖ਼ਾਲੀ ਦਿਸਣ ਹੱਡ, ਮਾਸ ਮਾਟੀ ਸੋਭਾ ਕੋਇ ਨਾ ਪਾਈਆ । ਪੁੱਠਾ ਲੱਟਕਿਆ ਵਿਚ ਖੱਡ, ਨੇਤਰ ਨੈਣ ਤਸਾਈਆ । ਜਿਸ ਨਾਲ ਗਿਆ ਸੀ ਬੱਝ, ਉਹ ਵੀ ਲਕੜੀ ਕਾਠ ਮੇਰਾ ਰੂਪ ਨਜ਼ਰੀ ਆਈਆ । ਜਿਸ ਦੇ ਕਾਰਨ ਮਿਲੀ ਵਡਿਆਈ ਜਗ, ਜਾਗਰਤ ਜੋਤ ਹੋਈ ਰੁਸ਼ਨਾਈਆ । ਬਿਨਾ ਮੱਕੇ ਕਾਅਬਿਉਂ ਮਹਿਬੂਬ ਦਾ ਕੀਤਾ ਹੱਜ, ਮੁਹੱਬਤ ਵਿਚ ਸਮਾਈਆ । ਓਸ ਨਾਲੋਂ ਮੈਨੂੰ ਸਮਾਂ ਚੰਗਾ ਲੱਗੇ ਅੱਜ, ਕਹਾਣੀ ਨਹੀਂ ਕਹਾਵਤ ਰਹੀ

ਦੁਹਰਾਈਆ । ਨਿਰਗੁਣ ਧਾਰ ਸ਼ਬਦੀ ਰੂਪ ਆਇਆ ਭੱਜ, ਸਤਿ ਸਤਿਵਾਦੀ ਫੇਰਾ ਪਾਈਆ । ਜਿਸ ਦੇ ਨਾਲ ਮਿਲ ਕੇ ਵੀ ਰਹੀ ਸਜ, ਸਾਜਣ ਹੋ ਕੇ ਸੱਜਰਾ ਰੰਗ ਚੜ੍ਹਾਈਆ । ਤੁਹਾਨੂੰ ਰਹੀ ਸੱਦ, ਮਿੰਨਤਾਂ ਨਾਲ ਮਨਾਈਆ । ਜਨ ਭਗਤੋ ਹੁਣ ਵੱਖਰਾ ਰਹਿਣਾ ਨਹੀਂ ਅੱਡ, ਵਿਛੋੜਾ ਮੁੱਕਿਆ ਕੱਟੀ ਜਾਏ ਜੁਦਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਵੇਲੇ ਸੁਣਾਵੇ ਆਪਣਾ ਛਦ, ਛੰਦ ਸੋਹੰ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਾਰਸ ਹੋ ਕੇ ਵਿਰਸਾ ਝੋਲੀ ਪਾਈਆ ।

✪ ੧੭ ਮਾਘ ਸ਼ਹਿਨਸ਼ਾਹੀ ਸੰਮਤ ੧ ਕਰਤਾਰ ਸਿੰਘ ਦੇ ਗ੍ਰਿਹਿ ਪਿੰਡ ਸ਼ਾਹਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਲੱਕੜੀ ਕਹੇ ਮੇਰੀ ਪਰਵਾਨ ਹੋਈ ਡੰਡੌਤ, ਡੰਡਾਵਤ ਇਕਾ ਨਜ਼ਰੀ ਆਈਆ । ਮੈਨੂੰ ਜੁਗ ਚੌਕੜੀ ਬੀਤੇ ਬਹੁਤ, ਜੁਗ ਜੁਗ ਵੇਖਾਂ ਜਗਤ ਲੋਕਾਈਆ । ਬਿਨਾ ਭਗਤਾਂ ਦੇ ਸਾਰੀ ਸ੍ਰਿਸ਼ਟੀ ਗਈ ਔਂਤ, ਬੂਟਾ ਜੜ੍ਹ ਨਾ ਕੋਇ ਲਗਾਈਆ । ਸ਼ਾਹ ਸੁਲਤਾਨਾਂ ਖ਼ਾਕ ਰਲਾਇਆ ਮੌਤ, ਸਚਖੰਡ ਦਵਾਰ ਨਾ ਕੋਇ ਬਹਾਈਆ । ਨਾਤਾ ਜੁੜਿਆ ਰਿਹਾ ਨਾ ਨਾਰ ਖੌਂਤ, ਖਸਮ ਭਸਮ ਵਿਚ ਮਿਲਾਈਆ । ਮੈਂ ਕਲਜੁਗ ਅੰਤਮ ਗਈ ਚੌਂਕ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਜਗ ਵਾਸਨਾ ਰਹੀ ਭੌਂਕ, ਕੂਕਰ ਵਾਂਗ ਕੁਰਲਾਈਆ । ਪ੍ਰਭ ਮਿਲਣ ਦਾ ਥੋੜਿਆਂ ਮਿਲਿਆ ਸ਼ੌਂਕ, ਜੋ ਸ਼ਾਕਰ ਹੋ ਕੇ ਇਕੋ ਸੀਸ ਨਿਵਾਈਆ । ਕੂੜੀ ਕਿਰਿਆ ਮਨਮੁਖਤਾ ਜਗਤ ਗਲ ਵਿਚ ਪਿਆ ਤੌਂਕ, ਤਬਅ ਸਕੇ ਨਾ ਕੋਇ ਬਦਲਾਈਆ । ਹਿਰਸ ਹਵਸ ਵਿਚ ਰਹੇ ਹੌਂਕ, ਦਮਾ ਦਮ ਨਾ ਕੋਇ ਧਿਆਈਆ । ਸਾਚੀ ਮੰਜ਼ਲ ਮੂਲ ਨਾ ਸਕੇ ਪਹੁੰਚ, ਰਾਹ ਖਹਿੜਾ ਨਾ ਕੋਇ ਵਖਾਈਆ । ਜਗਤ ਰੀਤੀ ਕੂੜੀ ਵੇਖ ਕੇ ਰੌਂਸ, ਰਸਤੇ ਬਿਖੜੇ ਨਜ਼ਰੀ ਆਈਆ । ਬਿਨਾ ਪੁਰਖ ਅਕਾਲ ਦੇ ਦੋ ਜਹਾਨਾਂ ਕਿਸੇ ਦੀ ਨਹੀਂ ਕੋਈ ਧੌਂਸ, ਹੁਕਮ ਹੱਕ ਨਾ ਕੋਇ ਸੁਣਾਈਆ । ਸਿਰ ਚੁੱਕੇ ਨਾ ਕੋਈ ਗੁਰ ਅਵਤਾਰ ਪੈਗ਼ੰਬਰ ਮੁੱਲਾ ਕ਼ਾਜੀ ਗੌਂਸ, ਨੇਤਰ ਅੱਖ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਵਡਿਆਈਆ । ਲੱਕੜੀ ਕਹੇ ਮੈਨੂੰ ਕੋਈ ਨਾ ਸਮਝੇ ਲੱਕੜੀ ਲੱਕੜਹਾਰਾ, ਬਨਖੰਡ ਭੇਵ ਕੋਇ ਨਾ ਪਾਈਆ । ਮੇਰਾ ਆਦਿ ਜੁਗਾਦੀ ਇਕੋ ਨਾਲ ਪਿਆਰਾ, ਪ੍ਰੀਤਮ ਇਕੋ ਰਹੀ ਮਨਾਈਆ । ਜਿਸ ਵੇਲੇ ਰਾਮ ਗਿਆ ਜੰਗਲਾਂ ਵਿਚ ਉਜਾੜਾ, ਫਿਰਿਆ ਥਾਉਂ ਥਾਈਆ । ਪੰਚਵਟੀ ਨਿਸ਼ਾਨ ਖਿਚਿਆ ਏਕਾ ਵਾਰਾ, ਲਕੀਰ ਤਕ਼ਦੀਰ ਦਿਤੀ ਸਮਝਾਈਆ । ਓਸ ਵੇਲੇ ਮੈਂ ਕੱਢਿਆ ਹਾੜਾ, ਹੌਕਾ ਇਕ ਸੁਣਾਈਆ । ਜਿਸ ਸੀਤਾ ਦਾ ਤੂੰ ਲਾੜਾ, ਨੂਰ ਨੁਰਾਨਾ ਨਜ਼ਰੀ ਆਈਆ । ਓਸ ਦਾ ਔਖਾ ਦਿਸੇ ਦਿਹਾੜਾ, ਵਾੜ ਕੰਡਿਆਂ ਨਾ ਕੋਇ ਬਚਾਈਆ । ਰਾਮ ਕਿਹਾ ਮੇਰੇ ਰਾਮ ਦਾ ਖੇਲ ਨਿਆਰਾ, ਰਾਮ ਰਾਮ ਰਿਹਾ ਜਣਾਈਆ । ਲੱਕੜੀ ਕਿਹਾ ਮੈਂ ਕਰਨਾ ਸੱਚਾ ਵਣਜ ਲੱਭਣਾ ਇਕ ਵਣਜਾਰਾ, ਬ੍ਰਹਿਮੰਡ ਖੰਡ ਵੇਖ ਵਖਾਈਆ । ਰਾਮ ਕਿਹਾ ਜਿਸ ਵੇਲੇ ਕਲ ਕਲਕੀ ਲਏ ਅਵਤਾਰਾ, ਨਿਰਗੁਣ ਨਿਰਵੈਰ ਫੇਰਾ ਪਾਈਆ । ਮੇਰਾ ਪੂਰਾ ਕਰੇ ਇਸ਼ਾਰਾ, ਐਸ਼ੋਇਸ਼ਰਤ ਮੇਟੇ ਜਗਤ ਗੁਨਾਹੀਆ । ਧੁਰ ਦਾ ਬੋਲ ਇਕ ਜੈਕਾਰਾ, ਗੁਰ ਅਵਤਾਰ ਪੈਗ਼ੰਬਰ ਦਏ ਸਮਝਾਈਆ । ਤੈਨੂੰ ਬਖ਼ਸ਼ੇ ਚਰਨ ਚਰਨ ਸਹਾਰਾ, ਸਰਨ ਦੇਵੇ ਸਰਨਾਈਆ । ਤੇਰਾ ਲਹਿਣਾ ਹੋਵੇ ਉਜਿਆਰਾ, ਉਜਰਤ ਝੋਲੀ ਪਾਈਆ । ਭਗਤਾਂ ਦਾ ਬਣ ਰਖਵਾਲਾ, ਸਿਰ ਆਪਣਾ ਹੱਥ ਟਿਕਾਈਆ ।

ਓਸ ਵੇਲੇ ਤੇਰਾ ਦੇਵੇ ਸਚ ਅਹਿਵਾਲਾ, ਹਾਲਤ ਦਏ ਬਦਲਾਈਆ । ਕਲਜੁਗ ਅੰਤਮ ਬਦਲ ਕੇ ਚਾਲਾ, ਸਤਿਜੁਗ ਸਾਚਾ ਦਏ ਵਖਾਈਆ । ਤੇਰੀ ਪੂਰੀ ਕਰੇ ਘਾਲਾ, ਸੇਵਾ ਵੇਖੇ ਚਾਈਂ ਚਾਈਆ । ਜਿਸ ਦਾ ਨੂਰ ਅਜਬ ਨਿਰਾਲਾ, ਨੇਤਰ ਅੱਖ ਨਾ ਕੋਇ ਤਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਕਰੇ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਹੋ ਕੇ ਮਿਹਰ ਨਜ਼ਰ ਨਾਲ ਤਰਾਈਆ ।

### ✪ ੧੭ ਮਾਘ ਸ਼ਹਿਨਸ਼ਾਹੀ ਸੰਮਤ ੧ ਕਰਨੈਲ ਸਿੰਘ ਦੇ ਗ੍ਰਿਹ ਪਿੰਡ ਸ਼ਾਹ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਲੱਕੜੀ ਕਹੇ ਸ੍ਰੀ ਭਗਵਾਨ ਦਾ ਸ਼ਬਦੀ ਵੇਖੇ ਡੰਡਾ, ਡਰ ਭੈ ਭੌ ਆਪਣਾ ਇਕ ਰਖਾਈਆ । ਜੁਗ ਜੁਗ ਕੂੜੀ ਕਿਰਿਆ ਮੇਟੇ ਦੰਗਾ, ਮਮਤਾ ਮੋਹ ਕਰੇ ਸਫ਼ਾਈਆ । ਬਿਨਾ ਬੰਦਗੀਉਂ ਬਣਾਵੇ ਧੁਰ ਦਾ ਬੰਦਾ, ਬੰਧਨ ਝੂਠੇ ਦਏ ਤੁੜਾਈਆ । ਅੰਮ੍ਰਿਤ ਰਸ ਪਿਆਏ ਜਾਮ ਠੰਡਾ, ਅਗਨੀ ਅੱਗ ਗਵਾਈਆ । ਸਚ ਸਰੋਵਰ ਦਾ ਦੱਸੇ ਕੰਢਾ, ਜਿਥੇ ਅੱਠ ਸੱਠ ਬੈਠੇ ਰੂਪ ਛੁਪਾਈਆ । ਸਚ ਰਬਾਬ ਵਜਾਏ ਮਰਦੰਗਾ, ਤਨ ਨਗਾਰੇ ਚੋਟ ਲਗਾਈਆ । ਪੜਦਾ ਲਾਹ ਕੇ ਹੰ ਬ੍ਰਹਮ ਦਾ, ਪਾਰਬ੍ਰਹਮ ਦਏ ਮਿਲਾਈਆ । ਜਨ ਭਗਤਾਂ ਖਿਚ ਲਿਆਏ ਸਤਿਗੁਰ ਕਦਮਾਂ, ਚਾਰੋਂ ਕੁੰਟ ਲਏ ਉਠਾਈਆ । ਦੋ ਚਾਰ ਲੱਭੇ ਵਿਚੋਂ ਪਦਮਾਂ, ਅਰਬ ਖਰਬ ਗਣਤ ਨਾ ਕੋਇ ਗਣਾਈਆ । ਲਹਿਣਾ ਵੇਖੇ ਖਾਣੀ ਬਾਣੀ ਜੇਰਜ ਅੰਡਜ ਹੋਏ ਕੋਈ ਨਾ ਸਦਮਾ, ਸੱਦਾ ਦਏ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਲਕੜੀ ਕਹੇ ਮੈਂ ਕਿਸੇ ਖੰਡੇ ਦਾ ਨਹੀਂ ਦਸਤਾ, ਮੁੱਠੀ ਬੰਦ ਨਾ ਕੋਇ ਕਰਾਈਆ । ਮੈਂ ਭਗਤਾਂ ਦੱਸਾਂ ਰਸਤਾ, ਮਾਰਗ ਇਕ ਸਮਝਾਈਆ । ਗੁਰਮੁਖੋ ਪ੍ਰਭ ਨੂੰ ਮਿਲ ਕੇ ਬੰਨ੍ਹਣਾ ਪਏ ਕੋਈ ਨਾ ਬਸਤਾ, ਪੁਸਤਕ ਸੀਸ ਨਾ ਕੋਇ ਉਠਾਈਆ । ਜੁਗ ਚੌਕੜੀ ਪਿਛੋਂ ਤੁਹਾਨੂੰ ਨਾਮ ਮਿਲਿਆ ਸਸਤਾ, ਬਿਨ ਕ਼ੀਮਤ ਰਿਹਾ ਵਰਤਾਈਆ । ਜਿਸ ਨਾਲ ਤੁਹਾਡਾ ਘਰਾਣਾ ਰਹੇ ਵਸਦਾ, ਉਜੜੇ ਜਗਤ ਲੋਕਾਈਆ । ਤੁਹਾਡਾ ਆਤਮ ਰਹੇ ਹੱਸਦਾ, ਪਰਮਾਤਮ ਵਿਚ ਸਮਾਈਆ । ਢੋਲਾ ਬਣਿਆ ਰਹੇ ਸਵਾਮੀ ਦੇ ਜਸ ਦਾ, ਸਿਫ਼ਤਾਂ ਵਿਚ ਸਾਲਾਹੀਆ । ਮੇਲ ਹੁੰਦਾ ਰਹੇ ਅਗੰਮੀ ਅੱਖ ਦਾ, ਵਿਛੋੜਾ ਮਿਟੇ ਜਗਤ ਜੁਦਾਈਆ । ਜੋ ਜੁਗ ਜੁਗ ਜਨ ਭਗਤਾਂ ਦੀ ਪੈਜ ਰਖਦਾ, ਓਹ ਮਾਲਕ ਤੁਹਾਡਾ ਹੋਏ ਸਹਾਈਆ । ਜੋ ਦਵਾਰਾ ਦੇਵੇ ਸਚ ਦਾ, ਸਾਚੇ ਧਾਮ ਬਹਾਈਆ । ਲੂੰ ਲੂੰ ਅੰਦਰ ਰਚਦਾ, ਘਰ ਘਰ ਰਿਹਾ ਸਮਾਈਆ । ਜਿਸ ਵੇਲੇ ਕਾਇਆ ਮਾਟੀ ਭਾਂਡਾ ਭੰਨੇ ਕੱਚ ਦਾ, ਜੋਤ ਜੋਤ ਵਿਚ ਮਿਲਾਈਆ । ਅਗੇ ਝਗੜਾ ਮੁਕ ਜਾਏ ਵੱਖ ਦਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਇਹ ਵਿਹਾਰ ਪੁਰਖ ਸਮਰਥ ਦਾ, ਜੋ ਸਮੇਂ ਦਾ ਸਮਾਜ ਦਏ ਬਦਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮੇਲ ਮਿਲਾਇਆ ਭਗਤਾਂ ਦੇ ਇਕੱਠ ਦਾ, ਇਕ ਇਕ ਨਾਲ ਬੰਧਾਈਆ ।

### ✪ ੧੭ ਮਾਘ ਸ਼ਹਿਨਸ਼ਾਹੀ ਸੰਮਤ ੧ ਨਛੱਤਰ ਸਿੰਘ ਦੇ ਗ੍ਰਿਹ ਪਿੰਡ ਸ਼ਾਹਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਲੱਕੜੀ ਕਹੇ ਮੇਰੇ ਵਿਚੋਂ ਨਿਕਲੇ ਓਹ ਲਾਟ, ਜੋ ਲਲਾਟ ਕਰੇ ਰੁਸ਼ਨਾਈਆ । ਮੇਰੀ ਮੰਜ਼ਲ ਮੁਕ ਗਈ ਵਾਟ, ਬੈਠੀ ਪੰਧ ਚੁਕਾਈਆ ।

ਕਿਨਾਰਾ ਮਿਲਿਆ ਘਾਟ, ਪੱਤਨ ਧੁਰਦਰਗਾਹੀਆ । ਜਿਥੇ ਮਿਲੀ ਸ਼ਾਬਾਸ਼, ਸਿਰ ਆਪਣਾ ਹੱਥ ਰਖਾਈਆ । ਪੂਰੀ ਹੋਈ ਆਸ, ਤ੍ਰਿਸ਼ਨਾ ਦਿਤੀ ਮਿਟਾਈਆ । ਪੁੱਜ ਗਈ ਓਸ ਪਾਸ, ਜੋ ਪਾਸਾ ਰਿਹਾ ਉਲਟਾਈਆ । ਮੈਂ ਹੋ ਕੇ ਦਾਸੀ ਦਾਸ, ਸੇਵਾ ਸਚ ਕਮਾਈਆ । ਸੱਤ ਰੰਗ ਨਿਸ਼ਾਨਾ ਸਾਖਿਆਤ, ਸਭ ਨੂੰ ਰਹੀ ਵਖਾਈਆ । ਇਕੋ ਮੰਨਣਾ ਬਾਪ, ਪੁਰਖ ਅਕਾਲ ਇਕ ਧਿਆਈਆ । ਜਿਸ ਦਾ ਸਾਰੇ ਕਰਦੇ ਗਏ ਜਾਪ, ਅੱਖਰਾਂ ਵਿਚ ਪੜ੍ਹਾਈਆ । ਓਹ ਪਰਗਟ ਹੋਇਆ ਆਪ, ਜੋਤੀ ਜਾਤਾ ਸ਼ਹਿਨਸ਼ਾਹੀਆ । ਜਨ ਭਗਤੇ ਪ੍ਰੇਮ ਪ੍ਰੀਤਾਂ ਅੰਦਰ ਬਣ ਜਾਓ ਸਾਕ, ਸੱਜਣ ਇਕੋ ਇਕ ਮਨਾਈਆ । ਇਹ ਗੋਬਿੰਦ ਦਾ ਭਵਿਖਤ ਵਾਕ, ਵੇਲਾ ਵਕਤ ਦਏ ਗਵਾਹੀਆ । ਜਿਸ ਵੇਲੇ ਨੰਦੇੜ ਵਿਚ ਲੱਕੜੀ ਕਹੇ ਮੈਂ ਤਨ ਕੀਤਾ ਖ਼ਾਕ, ਸੁਆਹ ਦਿਤੀ ਬਣਾਈਆ । ਨਾ ਬਸਤਰ ਰਿਹਾ ਨਾ ਪੋਸ਼ਾਕ, ਪੋਸ਼ੀਦਾ ਸਭ ਕੁਝ ਦਿਤਾ ਛੁਪਾਈਆ । ਓਸ ਵੇਲੇ ਆਈ ਇਕ ਆਵਾਜ਼, ਜਿਸ ਮੈਨੂੰ ਦਿਤਾ ਉਠਾਈਆ । ਮੇਰੀ ਬਿਨ ਅੱਖਾਂ ਖੁਲ੍ਹ ਗਈ ਜਾਗ, ਬਿਨ ਤਨ ਲਈ ਅੰਗੜਾਈਆ । ਥੋੜੀ ਜਿਹੀ ਸੁਲਗਦੀ ਸੀ ਆਗ, ਢਾਈ ਪਾ ਨਜ਼ਰੀ ਆਈਆ । ਓਸ ਦੇ ਵਿਚ ਸੀ ਇਕ ਵੈਰਾਗ, ਹਾਏ ਹਾਏ ਕਰ ਸੁਣਾਈਆ । ਕੋਈ ਨਾ ਕਹੋ ਗੋਬਿੰਦ ਦਾ ਬੁਝਿਆ ਚਿਰਾਗ਼, ਦੋ ਜਹਾਨਾਂ ਹੋਈ ਰੁਸ਼ਨਾਈਆ । ਜਿਸ ਨੇ ਨਵਾਂ ਸਾਜਣ ਲੈਣਾ ਸਾਜ, ਵੱਖਰੀ ਨਵੀਂ ਬਣਤ ਬਣਾਈਆ । ਨਾਲ ਲੈ ਕੇ ਸਤਿਗੁਰੂ ਮਹਾਰਾਜ, ਪੁਰਖ ਅਕਾਲ ਫੇਰਾ ਪਾਈਆ । ਕਲਗੀ ਦਾ ਬਣਾ ਕੇ ਤਾਜ, ਲੋਕਮਾਤ ਹੋਵੇ ਸਹਾਈਆ । ਜਨ ਭਗਤ ਰਹਿਣ ਨਾ ਦੇਵੇ ਕਿਸੇ ਦੇ ਮੁਹਤਾਜ, ਨਾਮ ਭੰਡਾਰਾ ਇਕ ਖਵਾਈਆ । ਏਥੇ ਓਥੇ ਦੋ ਜਹਾਨਾਂ ਰਖੇ ਲਾਜ, ਸਿਰ ਆਪਣਾ ਹੱਥ ਟਿਕਾਈਆ । ਲੱਕੜੀ ਕਹੇ ਗੋਬਿੰਦ ਹੱਥ ਸੜਿਆ ਨਹੀਂ ਜਿਸ ਉਤੇ ਸੋਹਿਆ ਬਾਜ਼, ਬਾਜਾਂ ਵਾਲਾ ਬਾਜੀ ਜਾਏ ਉਲਟਾਈਆ । ਧਾਰ ਟੁੱਟੀ ਨਹੀਂ ਜਿਸ ਹੱਥ ਵਿਚ ਪਕੜੇ ਵਾਂਗ, ਨੀਲੇ ਵਾਲਾ ਸ਼ਾਹ ਅਸਵਾਰ ਬੇਪਰਵਾਹੀਆ । ਫੇਰ ਓਸ ਕਿਸੇ ਕੋਲੋਂ ਮੰਗਣੀ ਨਹੀਂ ਇਮਦਾਦ, ਇਕ ਇਕੱਲਾ ਹੋ ਕੇ ਹੁਕਮ ਵਰਤਾਈਆ । ਜਿਸ ਨੂੰ ਸਮਝੇ ਨਾ ਕੋਇ ਦਿਮਾਗ਼, ਬੁੱਧੀਵਾਨ ਨਾ ਕੋਇ ਸਮਝਾਈਆ । ਜਨ ਭਗਤਾਂ ਅੰਦਰ ਦੇਵੇ ਇਕ ਵੈਰਾਗ, ਵੈਰੀ ਦੁਸ਼ਮਣ ਅੰਦਰੋਂ ਦਏ ਭਜਾਈਆ । ਲੱਕੜੀ ਕਹੇ ਮੇਰੇ ਫੇਰ ਹੋਣੇ ਵਡ ਵਡਭਾਗ, ਭਾਗ ਹਿੱਸਾ ਭਗਵਨ ਮੇਰੀ ਝੋਲੀ ਪਾਈਆ । ਦੁਨੀਆ ਮੇਰੇ ਨਾਲ ਉਡਾਵੇ ਕਾਗ, ਗੁਰਮੁਖ ਮੇਰੇ ਨਾਲ ਨਿਸ਼ਾਨਾ ਲੈਣ ਝੁਲਾਈਆ । ਸੋ ਵੇਲਾ ਵਕ਼ਤ ਸੁਹੰਜਣਾ ਹੋਇਆ ਵਿਚ ਮਹੀਨਾ ਮਾਘ, ਸੰਮਤ ਸ਼ਹਿਨਸ਼ਾਹੀ ਸਮਝਾਈਆ । ਅਗਲਾ ਹੋਰ ਬਦਲ ਦੇਣਾ ਰਿਵਾਜ, ਨਵਾਂ ਨਵੀਨ ਹੁਕਮ ਮਨਾਈਆ । ਗੁਰਮੁਖ ਲੰਗੜਾ ਲੂਲ੍ਹਾ ਰਹੇ ਨਾ ਕੋਇ ਅਪਾਹਜ, ਮੰਜ਼ਲ ਪੌੜੀ ਦੇਣਾ ਚੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸੁਹੇਲਾ ਸਾਥ, ਸਮਰਥ ਆਪਣੀ ਦਇਆ ਕਮਾਈਆ ।

### ✪ ੧੭ ਮਾਘ ਸ਼ਹਿਨਸ਼ਾਹੀ ਸੰਮਤ ੧ ਸੋਭਾ ਸਿੰਘ ਦੇ ਗ੍ਰਹਿ ਪਿੰਡ ਵਲੂਰ ਜ਼ਿਲਾ ਫ਼ਿਰੋਜ਼ਪੁਰ ✪

ਦਇਆਵਾਨ ਹਰਿ ਦਾਤਾਰ, ਨਾਥ ਅਨਾਥਾਂ ਵੇਖ ਵਖਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਚਾਰੇ ਖਾਣੀ ਫੋਲ ਫੁਲਾਇੰਦਾ । ਆਸਾ ਮਨਸਾ ਪੂਰੀ ਕਰੇ ਵਿਚ ਸੰਸਾਰ, ਸਚ ਪ੍ਰੀਤੀ ਇਕ ਸਮਝਾਇੰਦਾ । ਭਗਤ ਸੁਹੇਲੇ ਦਏ ਉਧਾਰ, ਗੁਰ ਚੇਲੇ ਰੰਗ ਰੰਗਾਇੰਦਾ । ਘਟ ਘਟ ਅੰਤਰ ਪਾਵੇ

ਸਾਰ, ਗ੍ਰਿਹਿ ਮੰਦਰ ਅੰਦਰ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਮਿਹਰ ਨਜ਼ਰ ਕਰੇ ਸ੍ਰੀ ਭਗਵਾਨ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਜੀਂਵਦਿਆਂ ਜਗ ਦਏ ਨਿਸ਼ਾਨ, ਲੋਕਮਾਤ ਵਡਿਆਈਆ । ਮਾਨਸ ਜਨਮ ਕਰੇ ਕਲਿਆਣ, ਅੰਤ ਕੰਤ ਹੋਏ ਸਹਾਈਆ । ਵਸਤ ਅਮੋਲਕ ਦੇਵੇ ਦਾਨ, ਖ਼ਾਲੀ ਝੋਲੀ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਬਖ਼ਸ਼ੇ ਇਕ ਜਹਾਨ, ਅੰਤਰ ਆਤਮ ਮੇਲ ਮਿਲਾਈਆ । ਦਇਆਵਾਨ ਗਹਿਰ ਗੰਭੀਰ, ਪੁਰਖ ਅਕਾਲ ਇਕ ਅਖਵਾਇੰਦਾ । ਭਾਗ ਲਗਾਏ ਕਾਇਆ ਮਾਟੀ ਤਨ ਸਰੀਰ, ਸਾਢੇ ਤਿੰਨ ਹੱਥ ਸੋਭਾ ਪਾਇੰਦਾ । ਦੌਲਤ ਨਾਮ ਖ਼ਜ਼ਾਨਾ ਦੇਵੇ ਸਚ ਜਾਗੀਰ, ਪਿਤਾ ਪੂਤ ਰੰਗ ਰੰਗਾਇੰਦਾ । ਹੁਕਮੇ ਅੰਦਰ ਬਦਲ ਦੇਵੇ ਤਕ਼ਦੀਰ, ਤਦਬੀਰ ਆਪਣੀ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਮਿਹਰਵਾਨ ਹਰਿ ਭਗਵੰਤ, ਪਰਮ ਪੁਰਖ ਵੱਡੀ ਵਡਿਆਈਆ । ਮਾਣ ਰਖਾਏ ਹਰਿਜਨ ਸਾਚੇ ਸੰਤ, ਗੁਰਮੁਖ ਮੇਲੇ ਚਾਈਂ ਚਾਈਂਆ । ਨਾਮ ਨਿਧਾਨ ਦੇ ਕੇ ਮਣੀਆਂ ਮੰਤ, ਮਸਤ ਖ਼ੁਮਾਰੀ ਦਏ ਚੜ੍ਹਾਈਆ । ਗੜ੍ਹ ਤੋੜ ਕੇ ਹਉਮੇਂ ਹੰਗਤ, ਨਿਵਣ ਸੁ ਅੱਖਰ ਕਰੇ ਪੜ੍ਹਾਈਆ । ਮਾਨਸ ਜਨਮ ਬਣਾਏ ਬਣਤ, ਘੜਨ ਭੰਨਣਹਾਰ ਹੋਏ ਸਹਾਈਆ । ਨਾਤਾ ਜੋੜ ਕੇ ਧੁਰ ਦੀ ਸੰਗਤ, ਸਗਲਾ ਸੰਗ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਾਂ ਨਾਥਾ ਦਇਆ ਕਮਾਈਆ । ਦੀਨਾਂ ਨਾਥਾ ਦਇਆਨਿਧ ਸਾਗਰ, ਪਾਰਬ੍ਰਹਮ ਪਤਿਪਰਮੇਸ਼ਵਰ ਏਕੰਕਾਰ ਇਕੋ ਨਜ਼ਰੀ ਆਇੰਦਾ । ਵੇਖਣਹਾਰਾ ਦੀਨ ਦੁਨੀ ਡੂੰਘਾ ਸਾਗਰ, ਲੋਕ ਪਰਲੋਕ ਖੋਜ ਖੁਜਾਇੰਦਾ । ਗ਼ਰੀਬ ਨਿਮਾਣਿਆਂ ਜਨ ਭਗਤਾਂ ਸਚ ਦਵਾਰੇ ਦੇਵੇ ਆਦਰ, ਆਦਰਸ਼ ਇਕੋ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਕ਼ੁਦਰਤ ਕ਼ਾਦਰ ਵੇਖ ਵਖਾਈਆ । ਵਿਛੜਿਆਂ ਮੇਲਣਹਾਰਾ ਨਾਲ ਸੰਸਾਰ, ਨਾਤਾ ਜਗਤ ਨਾਲੋਂ ਤੁੜਾਈਆ । ਦੁਖੀਆਂ ਦੁੱਖ ਦਏ ਨਿਵਾਰ, ਦਲਿਦ੍ਰੀਆਂ ਦਲਿਦ੍ਰ ਦਏ ਮੁਕਾਈਆ । ਵਸਤ ਅਮੋਲਕ ਕਾਇਆ ਗੋਲਕ ਦੇਵੇ ਭੰਡਾਰ, ਅਤੋਟ ਅਤੁਟ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਖ਼ਸ਼ਿਸ਼ ਵਿਚ ਬਖ਼ਸ਼ੀਸ਼ ਰਹਿਮਤ ਆਪ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਜਨਮ ਕਰਮ ਕਰਮ ਦੀ ਮੇਟੇ ਜਹਿਮਤ, ਦੁੱਖ ਸੁਖ ਵਿਚ ਬਦਲਾਈਆ ।

### ੧੭ ਮਾਘ ਸ਼ਹਿਨਸ਼ਾਹੀ ਸੰਮਤ ੧ ਸਾਧੂ ਸਿੰਘ ਦੇ ਗ੍ਰਿਹਿ ਬਸਤੀ ਤੇਗਾ ਸਿੰਘ ਜ਼ਿਲਾ ਫ਼ਿਰੋਜ਼ਪੁਰ

ਮਾਘ ਕਹੇ ਨਵ ਨੌ ਚਾਰ ਪਿਛੋਂ ਮੇਰੀ ਆਈ ਮਾਘੀ, ਜਨ ਭਗਤਾਂ ਦੁਰਮਤ ਮੈਲ ਧੁਆਈਆ । ਸਾਚੇ ਸੰਤਾਂ ਸੋਈ ਸੁਰਤ ਮੰਦਰ ਅੰਦਰ ਕਾਇਆ ਜਾਗੀ, ਆਲਸ ਨਿੰਦਰਾ ਨਾ ਕੋਇ ਵਖਾਈਆ । ਮਨ ਵਾਸਨਾ ਕੂੜੀ ਕਿਰਿਆ ਬਣੇ ਤਿਆਗੀ, ਲੋਭ ਹੰਕਾਰ ਨਾ ਕੋਇ ਹਲਕਾਈਆ । ਸਚ ਪ੍ਰੇਮ ਦੇ ਬਣੇ ਵੈਰਾਗੀ, ਇਸ਼ਟ ਇਕੋ ਇਕ ਮਨਾਈਆ । ਕਾਇਆ ਕੱਪੜ ਧੋਵੇ ਦਾਗ਼ੀ, ਪਤਿਤ ਪੁਨੀਤ ਰੂਪ ਵਟਾਈਆ । ਸ਼ਬਦ ਸੁਣੇ ਅਗੰਮੀ ਨਾਦੀ, ਧੁਨ ਆਤਮਕ ਰਾਗ ਅਲਾਹੀਆ । ਅੰਮ੍ਰਿਤ ਰਸ ਪੀਓ ਅਨਡਿਠ ਸੁਆਦੀ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਸ਼ਾਹ ਪਾਤਸ਼ਾਹ

ਮਿਲੇ ਇਕ ਨਵਾਬੀ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਮਹੱਲ ਅਟਲ ਸੋਹਵੇ ਸਚ ਮਹਿਰਾਬੀ, ਮਹਿਬੂਬ ਹੁਜਰਾ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸਰਨ ਕਹੇ ਮੈਂ ਭਗਤਾਂ ਦੱਸਾਂ ਓਟ, ਓੜਕ ਇਕੋ ਇਕ ਜਣਾਈਆ । ਜਿਸ ਦਾ ਨਾਮ ਨਿਧਾਨਾ ਦੋ ਜਹਾਨਾਂ ਲਾਵੇ ਚੋਟ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਉਠਾਈਆ । ਲੱਖ ਚੁਰਾਸੀ ਵਿਚੋਂ ਕੂੜੀ ਕਿਰਿਆ ਮਾਇਆ ਮਮਤਾ ਕੱਢੇ ਖੋਟ, ਸਤਿ ਸਤਿ ਦਏ ਸਮਝਾਈਆ । ਕਰੇ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਦਏ ਗਵਾਈਆ । ਸਚ ਸੁਣਾਏ ਨਾਮ ਸਲੋਕ, ਸੋਹਲਾ ਇਕ ਦ੍ਰਿੜਾਈਆ । ਧੁਰਦਰਬਾਰ ਜਣਾਕੇ ਮੌਜ, ਮਜਲਸ ਭਗਤਾਂ ਵਿਚ ਰਖਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗੰਬਰ ਦੱਸਦੇ ਆਏ ਖੋਜ, ਸ਼ਾਸਤਰ ਵੇਦ ਪੁਰਾਨ ਸਿਮਰਤ ਢੋਲੇ ਗਾਈਆ । ਓਸ ਦਾ ਦਰਸ਼ਨ ਬਿਨਾ ਅੱਖਾਂ ਕਰੋ ਰੋਜ਼, ਨਿਜ ਨੇਤਰ ਨੈਣ ਅੱਖ ਖੁਲ੍ਹਾਈਆ । ਸਚ ਮੁਹੱਬਤ ਦੇਵੇ ਜੋਗ, ਜੋਗੀਸ਼ਰ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਹੋਏ ਸਹਾਈਆ । ਧੁਰ ਦਾ ਮਾਲਕ ਤੱਕੋ ਏਕ, ਏਕੰਕਾਰਾ ਨਜ਼ਰੀ ਆਇੰਦਾ । ਜੁਗ ਚੌਕੜੀ ਜਿਸ ਦੀ ਸਾਰੇ ਰਖਦੇ ਟੇਕ, ਵਿਸ਼ਨ ਬ੍ਰਹਮਾ ਸ਼ਿਵ ਸਿਰ ਨਾ ਕੋਇ ਉਠਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਬਦਲਣਹਾਰਾ ਭੇਖ, ਨਿਤ ਨਵਿਤ ਆਪਣਾ ਵੇਸ ਵਟਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਲਿਖਣਹਾਰਾ ਲੇਖ, ਭੇਵ ਅਭੇਦਾ ਅਛਲ ਅਛੇਦਾ ਆਪ ਖੁਲ੍ਹਾਇੰਦਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਧੁਰ ਦਾ ਮਾਲਕ ਇਕ ਨਰੇਸ਼, ਨਰ ਨਰਾਇਣ ਸੋਭਾ ਪਾਇੰਦਾ । ਪੁਰਖ ਬਿਧਾਤਾ ਸਦਾ ਵਸੇ ਭਗਤਾਂ ਦੇਸ, ਮਹੱਲ ਅਟਲ ਉਚ ਮਿਨਾਰ ਇਕ ਵਡਿਆਇੰਦਾ । ਨਿਰਗੁਣ

ਹੋ ਕੇ ਸਰਗੁਣ ਖੇਡੇ ਖੇਡ, ਜਗਤ ਖਿਲਾਰੀ ਦੋ ਧਾਰੀ ਚਾਲ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਸਮਝਾਇੰਦਾ । ਧੁਰ ਫ਼ਰਮਾਨ ਕਹੇ ਮੈਂ ਆਵਾਂ ਜੁਗ ਜੁਗ, ਸੰਦੇਸ਼ਾ ਲੋਕਮਾਤ ਸੁਣਾਈਆ । ਬ੍ਰਹਿਮੰਡ ਖੰਡ ਵੇਖਾਂ ਲੁਕ ਲੁਕ, ਦੋ ਜਹਾਨਾਂ ਖੋਜ ਖੁਜਾਈਆ । ਲੱਖ ਚੁਰਾਸੀ ਵਿਚੋਂ ਭਗਤਾਂ ਲਵਾਂ ਪੁਛ, ਗੁਰਮੁਖ ਗੁਰ ਗੁਰ ਨਾਲ ਜੁੜਾਈਆ । ਅੰਤਰ ਆਤਮ ਦੇ ਕੇ ਸਚ ਸੁਚ, ਸੰਜਮ ਨੇਮ ਇਕੋ ਦਿਆਂ ਵਖਾਈਆ । ਉਜਲ ਕਰਾਂ ਮਾਤ ਮੁਖ, ਦੁਰਮਤ ਮੈਲ ਰਹੇ ਨਾ ਰਾਈਆ । ਆਤਮ ਪਰਮਾਤਮ ਵਖਾਵਾਂ ਸੱਚਾ ਸੁਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਕਹੇ ਨਵ ਨੌਂ ਚਾਰ ਪਿਛੋਂ ਆਇਆ ਮਾਘ, ਮਗਨ ਭਗਤਾਂ ਆਪ ਰਖਾਈਆ । ਪੁਰਖ ਅਕਾਲ ਹੱਥ ਫੜਾਵੇ ਵਾਗ, ਡੋਰੀ ਤੰਦ ਨਜ਼ਰ ਕਿਸੇ ਨਾ ਆਈਆ । ਧੁਰ ਦਾ ਮੇਲਾ ਮੇਲ ਮਿਲਾਏ ਕੰਤ ਸੁਹਾਗ, ਸਾਹਿਬ ਸਵਾਮੀ ਅੰਤਰਜਾਮੀ ਜੋੜ ਜੁੜਾਈਆ । ਸ਼ਬਦ ਅਨਾਦੀ ਬੋਧ ਅਗਾਧੀ ਮਾਰੇ ਇਕ ਆਵਾਜ਼, ਬਿਨ ਅੱਖਰਾਂ ਆਪ ਸੁਣਾਈਆ । ਬੰਦ ਕਿਵਾੜੀ ਪੜਦਾ ਖੋਲ੍ਹ ਕੇ ਰਾਜ਼, ਰਾਮ ਰਹੀਮ ਜਲਵਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਪਰਗਟਾਈਆ । ਧੁਰ ਫ਼ਰਮਾਨ ਕਹੇ ਮੈਂ ਹੋਵਾਂ ਪਰਗਟ, ਲੋਕ ਪਰਲੋਕ ਹੁਕਮ ਸੁਣਾਈਆ । ਮੈਂ ਲੇਖਾ ਜਾਣਾ ਲੱਖ ਚੁਰਾਸੀ ਹਰ ਘਟ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਨਾੜ ਬਹੱਤਰ ਮਾਟੀ ਖ਼ਾਕ ਲੇਖਾ ਰੱਤ, ਨਾੜੀ ਨਾੜੀ ਪੜਦਾ ਦਿਆਂ ਉਠਾਈਆ । ਜਗਤ ਵਿਦਿਆ ਵੇਖਾਂ ਮਨ ਮਤ, ਬੁਧੀ ਖੋਜਾਂ ਸਹਿਜ ਸੁਭਾਈਆ । ਹੁਕਮ ਸੰਦੇਸ਼ਾ ਦੇਵਾਂ ਪੁਰਖ ਸਮਰਥ, ਧੁਰ ਦੀ ਧਾਰ ਆਪ ਜਣਾਈਆ । ਜਨ ਭਗਤਾਂ

ਝੋਲੀ ਪਾ ਅਗੰਮੀ ਵੱਥ, ਨਾਮ ਭੰਡਾਰਾ ਦਿਆਂ ਵਰਤਾਈਆ । ਸਚ ਹਕੀਕ਼ਤ ਲੇਖੇ ਲਾ ਕੇ ਹੱਕ, ਹੁਕਮ ਇਕੋ ਇਕ ਸੁਣਾਈਆ । ਗੁਰਮੁਖਾਂ ਖੋਲ੍ਹ ਅੱਖ, ਆਖ਼ਰ ਇਕੋ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਲੱਕੜੀ ਕਹੇ ਮੈਂ ਗੁਰਮੁਖਾਂ ਹੱਥੋਂ ਹੁੰਦੀ ਰਹੀ ਇਕੱਠੀ, ਬਿਖੜੀ ਬਿਖੜੀ ਜੋੜ ਜੁੜਾਈਆ । ਇਹ ਲਹਿਣਾ ਅਰਜਨ ਦੀ ਭੱਠੀ, ਚੱਨਾਬ ਕੰਢਾ ਦਏ ਗਵਾਹੀਆ । ਓਸ ਬ੍ਰਾਹਮਣ ਦੀ ਹੱਟੀ, ਜਿਹੜਾ ਹਟਵਾਣਾ ਹੋ ਕੇ ਹੱਟ ਚਲਾਈਆ । ਜਿਸ ਦਾ ਜੀਵਣ ਪਿਆ ਨੱਟੀ, ਸਾਰ ਪਾਸ਼ਾ ਖੇਲ ਨਾ ਕੋਇ ਸਮਝਾਈਆ । ਓਸ ਦੀ ਬੁਝਣ ਵਾਲੀ ਬੱਤੀ, ਬੱਤੀ ਦੰਦ ਦੇਣ ਗਵਾਹੀਆ । ਜਿਸ ਦਾ ਲੇਖਾ ਅਵਰ ਨਾ ਕੋਇ ਰਤੀ, ਰੱਤੀ ਰੱਤ ਦਏ ਸੁਕਾਈਆ । ਭਗਤਾਂ ਦਾ ਲੇਖਾ ਕਦੇ ਨਾ ਹੋਇਆ ਕੱਖੀਂ, ਕਾਠ ਮਿਲੇ ਨਾ ਕੋਇ ਚਤੁਰਾਈਆ । ਖੇਲ ਵੇਖਿਆ ਜੋ ਨੇਤਰ ਨੈਣ ਅੱਖੀਂ, ਆਖ਼ਰ ਓਹੋ ਰਿਹਾ ਭੁਗਤਾਈਆ । ਜੇ ਸਾਥ ਨਾ ਹੁੰਦਾ ਕਮਲਾਪਤੀ, ਬਿਨ ਪੱਤਿਆਂ ਟਹਿਣੀ ਦੇਣੀ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿਨਕਾ ਤਿਨਕਾ ਵੇਖ ਵਖਾਈਆ । ਲੱਕੜੀ ਕਹੇ ਮੇਰੇ ਹੁੰਦੇ ਰਹੇ ਟੋਟੇ, ਟੁਕੜਿਆਂ ਵਿਚ ਵੰਡ ਵੰਡਾਈਆ । ਇਕੱਠੇ ਕਰਦੇ ਰਹੇ ਵੱਡੇ ਛੋਟੇ, ਬਿਰਧ ਬਾਲ ਨਾਲ ਮਿਲਾਈਆ । ਮੇਰੇ ਸੋਹਣੇ ਬਣਦੇ ਰਹੇ ਸੋਟੇ, ਸੂਰਬੀਰਾਂ ਨਾਲ ਲੜਾਈਆ । ਛੱਪਰ ਛੰਨ ਛੁਹਾਏ ਕੋਠੇ, ਮੰਡਪ ਰੰਗ ਰੰਗਾਈਆ । ਮੇਰੀ ਧਾਰ ਕੋਈ ਨਾ ਸੋਚੇ, ਬਨਾਸਪਤ ਰੋ ਕੇ ਦਏ ਦੁਹਾਈਆ । ਜਿਸ ਵੇਲੇ ਲਾਲੋ ਪਾਏ ਮੋਛੇ, ਨਾਨਕ ਸੇਵ ਕਮਾਈਆ । ਕਿਸੇ ਨਹੀਂ ਤੱਕਿਆ ਕੌਣ ਵੇਖੇ ਓਹਲੇ ਗੋਸ਼ੇ, ਆਪਣਾ ਆਪ ਛੁਪਾਈਆ । ਚਾਰ ਜੁਗ ਮੇਰੇ ਨਾਲ ਹੁੰਦੇ ਰਹੇ ਧੋਖੇ, ਧੁਅੰਧਾਰ ਕਰੇ ਲੋਕਾਈਆ । ਨਵ ਨੌਂ ਚਾਰ ਪਿਛੋਂ ਮੈਨੂੰ ਮਿਲੇ ਮੌਕੇ, ਭਗਤਾਂ ਨਾਲ ਹੋਈ ਕੁੜਮਾਈਆ । ਮੈਂ ਭਾਵੇਂ ਕਹਿਣ ਆਈ ਮੁੜ ਕੇ ਭੌਂ ਕੇ, ਬਣ ਕੇ ਪਾਂਧੀ ਪੰਧ ਮੁਕਾਈਆ । ਜਨ ਭਗਤ ਜੋ ਸੇਵਾ ਕਰਨੀ ਨਿੰਦਰਾ ਵਿਚ ਸੌਂ ਕੇ, ਸੋਵਤ ਜਾਗਤ ਰੂਪ ਬਦਲਾਈਆ । ਇਹ ਖੇਲ ਅਗੰਮ ਅਥਾਹੋ ਕੇ, ਭੇਦ ਅਭੇਦ ਨਾ ਕੋਇ ਜਣਾਈਆ । ਜਗਤ ਦਿਹਾੜ ਖ਼ੁਸ਼ੀਆਂ ਚਾਓ ਕੇ, ਚਾਓ ਘਨੇਰਾ ਰਹੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਲੱਕੜੀ ਕਹੇ ਮੈਨੂੰ ਯਾਦ ਆਇਆ ਰਾਮ ਵਸ਼ਿਸ਼ਟ ਦਾ ਵੇਲਾ, ਤਰੇਤਾ ਜੁਗ ਦਏ ਗਵਾਹੀਆ । ਇਕੋ ਧਾਰ ਵੇਖੇ ਗੁਰੂ ਚੇਲਾ, ਇਕੋ ਰੰਗ ਸਮਾਈਆ । ਆਸਣ ਲਾਇਆ ਵਿਚ ਜੰਗਲ ਬੇਲਾ, ਦਿਨ ਤਿੰਨ ਚਾਰੋਂ ਕੁੰਟ ਨਜ਼ਰੀ ਆਈਆ । ਓਸ ਵੇਲੇ ਕੋਲ ਆਇਆ ਛੈਲ ਛਬੀਲਾ, ਬਾਲਾ ਨੱਢਾ ਖ਼ੁਸ਼ੀ ਮਨਾਈਆ । ਜਿਸ ਦੇ ਕੋਲ ਸੀ ਇਕ ਤੀਲਾ, ਸਹਿਜ ਨਾਲ ਵਸ਼ਿਸ਼ਟ ਦੇ ਚਰਨਾਂ ਉਤੇ ਟਿਕਾਈਆ । ਵਸ਼ਿਸ਼ਟ ਕਿਹਾ ਤੈਨੂੰ ਇਸ ਲੱਕੜੀ ਦਾ ਬਣਾਵਾਂ ਵਸੀਲਾ, ਵਿਚੋਲਾ ਵਿਚੇ ਵਿਚ ਜਣਾਈਆ । ਜਿਸ ਵੇਲੇ ਭਗਤ ਭਗਵਾਨ ਦਾ ਇਕੱਠਾ ਹੋਇਆ ਕ਼ਬੀਲਾ, ਕਲਜੁਗ ਅੰਤ ਲੋਕਮਾਤ ਵੱਜੇ ਵਧਾਈਆ । ਖ਼ੁਸ਼ੀਆਂ ਵਿਚ ਹੱਸੇ ਰੈਣ ਵਿਚ ਅੰਬਰ ਨੀਲਾ, ਨੀਲੇਵਾਲਾ ਨੀਲੀ ਧਾਰ ਪਾਰ ਕਰਾਈਆ । ਲਹਿਣਾ ਦੇਣਾ ਨਬੇੜੇ ਉਪਰ ਜ਼ਮੀਨਾ, ਜ਼ਾਮਨ ਹੋ ਕੇ ਦਏ ਗਵਾਹੀਆ । ਕਲਮਾ ਕੋਈ ਨਾ ਜਾਣੇ ਆਲਮੀਨਾ, ਕਾਮਲ ਮੁਰਸ਼ਦ ਆਪਣੀ ਖੇਲ ਖਿਲਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਵਿਰਲਾ ਨਿਕਲੇ ਨਗੀਨਾ, ਨਰ ਨਿਰੰਕਾਰਾ ਕ਼ੀਮਤ ਆਪੇ ਪਾਈਆ । ਨਵ ਨੌਂ ਚਾਰ ਪਿਛੋਂ ਸੁਹੰਜਣਾ ਹੋਏ ਜੀਣਾ, ਜੀਵਣ ਮੁਕਤ ਵਖਾਈਆ । ਕਿਰਪਾ ਕਰੇ ਪ੍ਰਭ ਦਾਨਾ ਬੀਨਾ, ਬੇਅੰਤ ਹੋਏ ਸਹਾਈਆ । ਲਹਿਣਾ ਦੇਣਾ ਚੁਕਾਏ ਲੋਕ ਤੀਨਾ, ਤ੍ਰੈਗੁਣ ਲੇਖਾ ਦੇਵੇ ਚੁਕਾਈਆ ।


੨੩੯
੧੯

ਜਿਸ ਨੇ ਆਤਮ ਪਰਮਾਤਮ ਰੰਗ ਚੜ੍ਹਾਇਆ ਭੀਨਾ, ਭਿੰਨੜੀ ਰੈਣ ਨਾਲ ਵਡਿਆਈਆ । ਗੁਰਮੁਖਾਂ ਠਾਂਡਾ ਕਰੇ ਸੀਨਾ, ਅਗਨੀ ਤਤ ਬੁਝਾਈਆ । ਮਾਘ ਹੋਵੇ ਮਹੀਨਾ, ਸੋਹਣੀ ਰੁੱਤ ਸੁਹਾਈਆ । ਲੱਕੜੀ ਕਹੇ ਓਸ ਵੇਲੇ ਮੈਨੂੰ ਕੋਈ ਹੱਥ ਨਾ ਲਾਵੇ ਕਮੀਨਾ, ਬਿਨ ਭਗਤਾਂ ਛੂਹ ਸਕੇ ਕੋਇ ਨਾ ਰਾਈਆ । ਮੈਂ ਇਕੋ ਨੂਰ ਤੱਕਾਂ ਨਰ ਮਦੀਨਾ, ਨਾਤਾ ਤੱਤਾਂ ਵਾਲਾ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਲੱਕੜੀ ਕਹੇ ਕਿਉਂ ਰਾਜ ਨਰੈਣ ਲਾਉਂਦਾ ਰਿਹਾ ਹੱਥ, ਹੋਕਾ ਗੁਰਮੁਖਾਂ ਆਪ ਸੁਣਾਈਆ । ਇਹ ਖੇਲ ਪੁਰਖ ਸਮਰਥ, ਪੜਦਾ ਓਹਲਾ ਰਿਹਾ ਚੁਕਾਈਆ । ਗੋਬਿੰਦ ਸਹਿਜ ਸੁਭਾਓ ਘਰ ਜਾ ਕੇ ਆਇਆ ਦੱਸ, ਹੁਕਮੀ ਹੁਕਮ ਬੇਪਰਵਾਹੀਆ । ਚੁਲ੍ਹੇ ਵਿਚੋਂ ਕੱਢ ਕੇ ਕੱਖ, ਅਗਨੀ ਚਰਨਾਂ ਨਾਲ ਬੁਝਾਈਆ । ਉਹ ਤਿੰਨਕੇ ਪਏ ਹੱਸ, ਖ਼ੁਸ਼ੀਆਂ ਢੋਲੇ ਗਾਈਆ । ਪਟਨੇ ਵਾਲੇ ਦੱਸ ਸਚ, ਨਿਉਂ ਕੇ ਸੀਸ ਝੁਕਾਈਆ । ਹੁਣ ਕਿਥੇ ਦੇਵੇਂ ਰਖ, ਆਸਣ ਸਿੰਘਾਸਣ ਕਵਣ ਟਿਕਾਈਆ । ਗੋਬਿੰਦ ਕਿਹਾ ਮੈਂ ਗੁਰਮੁਖਾਂ ਦੇ ਕਰਾਂ ਵਸ, ਭਗਤਾਂ ਨਾਲ ਮਿਲਾਈਆ । ਜਿਸ ਵੇਲੇ ਆਵੇ ਕਥਨਾ ਅਕਥ, ਅਗੰਮ ਅਥਾਹ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਬਣਾਈਆ । ਲੱਕੜੀ ਕਹੇ ਮੇਰੀ ਪੈਂਦੀ ਰਹੀ ਰੈਣ ਸਬਾਈ ਵੰਡ, ਮੰਡਲ ਮੰਡਪ ਵੇਖ ਖ਼ੁਸ਼ੀ ਮਨਾਈਆ । ਹੈਰਾਨ ਹੋਏ ਕੋਟ ਬ੍ਰਹਿਮੰਡ, ਪਰੇਸ਼ਾਨੀ ਵਿਚ ਲੋਕਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹਿ ਗਏ ਦੰਗ, ਕਰੋੜ ਤੇਤੀਸਾ ਨੈਣ ਨੈਣ ਅੱਖ ਸ਼ਰਮਾਈਆ । ਕੀ ਕਰਿਆ ਖੇਲ ਸੂਰੇ ਸਰਬੰਗ, ਧੁਰ ਦਾ ਹੁਕਮ ਇਕ ਵਰਤਾਈਆ । ਜਨ ਭਗਤਾਂ ਚਾੜ੍ਹ ਕੇ ਭਗਤੀ ਰੰਗ, ਚਰਨ ਕਵਲ ਦੇਵੇ ਸਰਨਾਈਆ । ਢੋਲਾ ਸੁਣਾ ਕੇ ਨਾਮ ਛੰਦ, ਪੜਦਾ ਓਹਲਾ ਦਿਤਾ ਮੁਕਾਈਆ । ਕੂੜੀ ਕਿਰਿਆ ਮੇਟ ਕੇ ਗੰਦ, ਗਹਿਰ ਗੰਭੀਰ ਕਰੀ ਰੁਸ਼ਨਾਈਆ । ਆਤਮ ਪਰਮਾਤਮ ਦੇ ਕੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਨਮ ਜਨਮ ਦੀ ਟੁੱਟੀ ਗੰਢ, ਸੁਰਤੀ ਸ਼ਬਦੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਲੱਕੜੀ ਕਹੇ ਮੈਂ ਰੈਣ ਸਬਾਈ ਨਹੀਂ ਦਿਤਾ ਸੌਣ, ਸਮੇਂ ਵਿਚੋਂ ਸਮਾਂ ਲਿਆ ਬਦਲਾਈਆ । ਏਸ ਭੇਵ ਨੂੰ ਜਾਣੇ ਕੌਣ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜਦਾ ਨਾ ਕੋਇ ਉਠਾਈਆ । ਸੰਦੇਸ਼ਾ ਦੇਵੇ ਨਾ ਉਨੰਜਾ ਪੌਣ, ਪਵਣ ਪਾਣੀ ਨਾ ਕੋਇ ਚਤੁਰਾਈਆ । ਹਿਸਾਬ ਲੱਗੇ ਨਾ ਅਵਣ ਗਵਣ, ਬਿਨਾ ਦੁਸ਼ਟ ਦਮਨ ਸਮਝ ਕਿਸੇ ਨਾ ਆਈਆ । ਬੇੜਾ ਲੇਖਾ ਨਾਲ ਬਲ ਬਾਵਨ, ਨਾਨਕ ਨਿਰਗੁਣ ਦਏ ਗਵਾਹੀਆ । ਲੱਕੜੀ ਕਹੇ ਮੈਂ ਗੁਰਮੁਖਾਂ ਦਰ ਵੇਖਣ ਆਈ ਉਹ ਚਮਨ, ਪੱਤ ਡਾਲ੍ਹੀ ਫਲ ਫੁੱਲ ਖ਼ੁਸ਼ੀਆਂ ਵਿਚ ਮਹਿਕਾਈਆ । ਅੰਮ੍ਰਿਤ ਮੇਘ ਬਰਸਦਾ ਵੇਖਿਆ ਸਵਣ, ਬੂੰਦ ਸਵਾਂਤੀ ਕਮਲਾਪਾਤੀ ਮੁਖ ਚੁਆਈਆ । ਅੰਤਰ ਅੰਤਰ ਮਨ ਹੰਕਾਰੀ ਕਰੇ ਅਮਨ, ਵਿਕਾਰੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਲੇਖਾ ਦਏ ਦ੍ਰਿੜਾਈਆ । ਲੱਕੜੀ ਕਹੇ ਮੈਂ ਚਾਰ ਜੁਗ ਰਹੀ ਬਿਖਰੀ, ਵਿਛੜੀ ਮੇਲ ਨਾ ਕੋਇ ਮਿਲਾਈਆ । ਜਿਸ ਵੇਲੇ ਤਿਨਕਾ ਮਾਰਿਆ ਸੀ ਸ਼ਿਬਲੀ, ਦੁੱਖ ਵਿਚੋਂ ਦੁੱਖ ਪਰਗਟਾਈਆ । ਮੈਂ ਓਸ ਦੀ ਧਾਰ ਦੇ ਵਿਚੋਂ ਬਾਹਰ ਨਿਕਲੀ, ਨਰ ਨਰਾਇਣ ਮੰਗੀ ਸਰਨਾਈਆ । ਇਹ ਲੱਕੜੀ ਕਹੇ ਵੀਹ ਸੌ ਬਿਕ੍ਰਮੀ ਛੱਬੀ ਪੋਹ ਪਹਿਲਾ ਸਮਾਂ ਖੇਲ ਹੋਇਆ ਵਿਚ ਇਟਲੀ, ਇਟਲਸ ਸਕੇ ਨਾ ਕੋਇ ਜਣਾਈਆ । ਜਿਸ ਦੀ ਕਥਾ ਕਹਾਣੀ ਦੋ ਜਹਾਨ ਨਾ ਕਿਸੇ ਲਿਖ ਲਈ, ਕਾਗਜ ਸ਼ਾਹੀ ਵੰਡ ਨਾ ਕੋਇ

੨੪੦
੧੯

ਵੰਡਾਈਆ । ਇਹ ਬਖ਼ਸ਼ਿਸ਼ ਰਹਿਮਤ ਇਕੋ ਗੁਰਸਿਖ ਲਈ, ਗੁਰਮੁਖਾਂ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਅਥਾਹ ਵੇਖ ਵਖਾਈਆ । ਲੱਕੜੀ ਕਹੇ ਕਿਉਂ ਰਾਜ ਨਰੈਣ ਰਾਤੀਂ ਰਿਹਾ ਚੁਣਦਾ, ਸੇਵਕ ਹੋ ਕੇ ਸੇਵ ਕਮਾਈਆ । ਇਹ ਲੇਖਾ ਬਹੁ ਵੱਡੇ ਗੁਣ ਦਾ, ਗਹਿਰ ਗੰਭੀਰ ਦਏ ਦ੍ਰਿੜਾਈਆ । ਜਿਸ ਵੇਲੇ ਭਾਗ ਉਚਾ ਹੋਇਆ ਭਗਤਾਂ ਦੀ ਕੁੱਲ ਦਾ, ਗੁਰਮੁਖਾਂ ਮਿਲੇ ਮਾਣ ਵਡਿਆਈਆ । ਔਣਾ ਹੋਵੇ ਲੋਕਮਾਤ ਸੁਲਹਕੁਲ ਦਾ, ਕੁੱਲ ਮਾਲਕ ਨੂਰ ਖ਼ੁਦਾਈਆ । ਉਹ ਲਹਿਣਾ ਦੇਣਾ ਚੁਕਾਵੇ ਕ਼ੀਮਤ ਮੁੱਲ ਦਾ, ਹਿਸਾਬ ਕਿਤਾਬ ਖਾਤਾ ਪਿਛਲਾ ਵੇਖ ਵਖਾਈਆ । ਟਹਿਣੀ ਨਾਲੋਂ ਔਖਾ ਜੁਦਾ ਹੋਣਾ ਫੁੱਲ ਦਾ, ਅਲੱਗ ਹੋ ਕੇ ਜੀਵਤ ਰਹੇ ਨਾ ਰਾਈਆ । ਬਿਨ ਸਤਿਗੁਰ ਤੋਂ ਜਗਤ ਜਹਾਨ ਸਾਰਾ ਭੁੱਲਦਾ, ਅਨਭੁੱਲ ਨਜ਼ਰ ਕੋਇ ਨਾ ਆਈਆ । ਨਵ ਨੌ ਚਾਰ ਪਿਛੋਂ ਸਚ ਦਵਾਰਾ ਖੁਲ੍ਹਦਾ, ਸ੍ਰੀ ਭਗਵਾਨ ਫੇਰਾ ਪਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲਾ ਕੰਡੇ ਤੁਲਦਾ, ਤਰਾਜੂ ਛੱਡੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਰਮੀ ਕਰਮ ਕਮਾਈਆ । ਲੱਕੜੀ ਕਹੇ ਮੈਨੂੰ ਕੋਈ ਨਾ ਸਮਝਿਓ ਬਾਲਣ, ਲੱਖ ਚੁਰਾਸੀ ਦਏ ਜਲਾਈਆ । ਮੈਂ ਵੀ ਓਸ ਦਰ ਦੀ ਸਵਾਲਣ, ਜਿਥੇ ਗੁਰ ਅਵਤਾਰ ਪੈਗ਼ੰਬਰ ਝੋਲੀ ਡਾਹੀਆ । ਸਾਚਾ ਮਾਰਗ ਜਨ ਭਗਤਾਂ ਆਈ ਸਿਖਾਲਣ, ਸੁਖ ਸੁਨੇਹੜਾ ਇਕ ਦ੍ਰਿੜਾਈਆ । ਹੁਕਮ ਦਿਤਾ ਜੋਤ ਅਕਾਲਣ, ਅਕਲ ਕਲਧਾਰੀ ਖੇਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਲੱਕੜੀ ਕਹੇ ਮੈਂ ਭਗਤਾਂ ਕਹਿਣ ਆਈ ਇਕੱਠੇ ਹੋ ਜਾਓ ਇਕ ਥਾਂ, ਵਿਛੜਿਆ ਰਹਿਣ ਕੋਈ ਨਾ ਪਾਈਆ । ਪੁਰਖ ਅਕਾਲ ਸਭ ਦਾ ਪਿਤਾ ਮਾਂ, ਗੋਦ ਸੁਹੰਜਣੀ ਲਏ ਸੁਹਾਈਆ । ਓਸ ਦਾ ਇਕੋ ਜਪੋ ਨਾਂ, ਦੂਜੇ ਦੀ ਲੋੜ ਰਹੇ ਨਾ ਰਾਈਆ । ਹੰਸ ਬਣੋ ਕਾਂ, ਮਨਮਤ ਦੇਣੀ ਤਜਾਈਆ । ਓਸ ਦੇ ਹੱਥ ਫੜਾਵਾਂ ਬਾਂਹ, ਜਿਥੋਂ ਸਕੇ ਨਾ ਕੋਇ ਛੁਡਾਈਆ । ਨਾ ਕੋਈ ਸੂਰ ਖਾਓ ਨਾ ਖਾਓ ਗਾਂ, ਦੋਹਾਂ ਦਾ ਮਾਲਕ ਇਕੋ ਨਜ਼ਰੀ ਆਈਆ । ਪੁਰਖ ਅਕਾਲ ਦਾ ਨਵਾਂ ਸਾਲ ਹੋਇਆ ਰਵਾਂ, ਰਵਾਨਗੀ ਸਭ ਦੀ ਦੇਵੇ ਕਰਾਈਆ । ਅਗੇ ਹੁਕਮ ਚਲਣਾ ਨਵਾਂ, ਨਵ ਨੌ ਚਾਰ ਵੱਜੇ ਵਧਾਈਆ । ਸਚ ਦਵਾਰੇ ਜਨ ਭਗਤਾਂ ਕੋਲ ਬਹਵਾਂ, ਕੂੜਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਪੂਰ ਕਰਾਈਆ । ਲੱਕੜੀ ਕਹੇ ਰਾਤ ਰਾਤ ਬਦਲ ਲਓ ਆਪਣੀ ਰੁਤੜੀ, ਰਤਨ ਅਮੋਲਕ ਹੀਰੇ ਨਜ਼ਰੀ ਆਈਆ । ਮੈਂ ਜੁਗ ਚਾਰ ਕੀਤੇ ਕੌਲ ਇਕ਼ਰਾਰ ਕਦੇ ਨਾ ਮੁਕਰੀ, ਮੁਕੰਮਲ ਆਪਣੀ ਸੇਵ ਕਮਾਈਆ । ਕਲਜੁਗ ਅੰਤ ਨਾ ਹੋਈ ਨਾਸ਼ੁਕਰੀ, ਸ਼ੁਕਰੀਆ ਕਹਿ ਕੇ ਖ਼ੁਸ਼ੀ ਮਨਾਈਆ । ਹੁਣ ਲੋੜ ਪੈਣੀ ਕਿਸੇ ਗੁਰਮੁਖ ਸੂਰੇ ਪੁੱਤਰ ਦੀ, ਗੋਬਿੰਦ ਆਪਣੀ ਭੇਟ ਚੜ੍ਹਾਈਆ । ਖੇਚਲ ਕਰਨੀ ਨਾ ਕਿਸੇ ਉਠਣ ਦੀ, ਨੇਤਰ ਅੱਖ ਬਦਲਾਈਆ । ਇਹ ਕਹਾਣੀ ਨਹੀਂ ਕੋਈ ਦੁੱਖਣ ਦੀ, ਸੁਖ ਸਾਗਰ ਵਿਚ ਸਮਾਈਆ । ਸਲਾਹ ਨਹੀਂ ਕਿਸੇ ਕੋਲੋਂ ਪੁਛਣ ਦੀ, ਆਤਮਾ ਦੀ ਪਰਮਾਤਮਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਲਾਹ ਦੇਵੇ ਸ਼ਬਦ ਅਗੰਮੀ ਧਾਰ ਉਠਣ ਦੀ, ਆਲਸ ਨਿੰਦਰਾ ਦਏ ਮਿਟਾਈਆ । ਲੱਕੜ ਕਹੇ ਰੈਣ ਰਹੀ ਭੱਜੀ, ਭੱਜ ਭੱਜ ਪੰਧ ਮੁਕਾਈਆ । ਤੱਕ ਕੇ ਜਲਵਾ ਨੂਰ ਰੱਬੀ, ਨੇਤਰ ਨੈਣ ਖ਼ੁਸ਼ੀ ਮਨਾਈਆ । ਮੈਂ ਕੂਕ ਸੁਣਾਵਾਂ ਸਭੀ, ਦਿਆਂ ਹੱਕ ਦੁਹਾਈਆ । ਜਿਹੜੀ ਧਾਰ ਨਵ ਨੌ ਚਾਰ ਪਿਛੋਂ ਮੈਨੂੰ ਲੱਭੀ, ਨੂਰ ਨੁਰਾਨੀ ਨਜ਼ਰੀ ਆਈਆ । ਓਸੇ ਦੇ ਹੁਕਮੇ ਅੰਦਰ ਬੱਧੀ, ਜੁਗ ਚੌਕੜੀ

ਸੇਵ ਕਮਾਈਆ । ਦਰਸ਼ਨ ਕਰ ਮੂਲ ਨਾ ਰੱਜੀ, ਭੁੱਖਿਆਂ ਭੁੱਖ ਨਾ ਕੋਇ ਮਿਟਾਈਆ । ਗੁਰਮੁਖੋ ਸੁਨੇਹੜੇ ਵਿਚ ਸਭ ਨੂੰ ਰਹੀ ਸੱਦੀ, ਭਗਤਾਂ ਰਹੀ ਜਗਾਈਆ । ਪੁਰਖ ਅਕਾਲ ਦੀ ਪਹਿਲੀ ਲੱਗੀ ਸਦੀ, ਸਦਮੇਂ ਸਭ ਦੇ ਦਏ ਗਵਾਈਆ । ਹੋਏ ਸਹਾਈ ਪਤਿਤ ਪੁਨੀਤ ਕਰੇ ਯਦੀ, ਯਦਪ ਆਪਣਾ ਰੰਗ ਰੰਗਾਈਆ । ਲੱਖ ਚੁਰਾਸੀ ਵਿਚੋਂ ਰਿਹਾ ਕੱਢੀ, ਫੜ ਬਾਹੋਂ ਪਾਰ ਕਰਾਈਆ । ਬ੍ਰਾਹਮਣ ਅੱਜ ਫੇਰ ਚੜ੍ਹਨ ਵਾਲਾ ਸੀ ਗੱਡੀ, ਬ੍ਰਾਹਮਣ ਕੋਲੋਂ ਬ੍ਰਾਹਮਣ ਲਿਆ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਾਰ ਬਦਲ ਕੇ ਸੰਸਾਰ ਵਾਲੀ ਜਗੀ, ਵਿਵਹਾਰ ਆਪਣੇ ਵਿਚ ਰਖਾਈਆ ।

## ✪ ੧੮ ਮਾਘ ਸ਼ਹਿਨਸ਼ਾਹੀ ਸੰਮਤ ੧ ਕਪੂਰ ਸਿੰਘ ਦੇ ਗ੍ਰਿਹ ਮੋਗਾ ਗੁਲਾਬੀ ਬਾਗ਼ ✪

ਫੁੱਲ ਕਹਿਣ ਸਾਡੀ ਮੌਲੀ ਬਹਾਰ, ਬਸੰਤ ਆਪਣਾ ਰੰਗ ਬਦਲਾਈਆ । ਖ਼ੁਸ਼ੀਆਂ ਵਿਚ ਹੋਏ ਤਿਆਰ, ਪੱਤ ਡਾਲੀ ਮਾਤ ਮਹਿਕਾਈਆ । ਸੋਹਣੀ ਖਿੜੀ ਗੁਲਜ਼ਾਰ, ਮਹਿਕ ਵਿਚੋਂ ਪਰਗਟਾਈਆ । ਇਕ ਇਕ ਜੁੜ ਕੇ ਬਣਿਆ ਸੋਹਣਾ ਹਾਰ, ਹਰ ਹਿਰਦਾ ਵੇਖ ਵਖਾਈਆ । ਅਸੀਂ ਦੱਸਣ ਆਏ ਕੂਕ ਪੁਕਾਰ, ਧੁਰ ਦਾ ਹੁਕਮ ਇਕ ਜਣਾਈਆ । ਜਨ ਭਗਤੋ ਸਾਂਝਾ ਕਰਨਾ ਸਚ ਪਿਆਰ, ਨਾਤਾ ਕੂੜ ਨਾ ਰਹੇ ਜੁਦਾਈਆ । ਪੁਰਖ ਅਕਾਲ ਮਨਾਉਣਾ ਇਕੋ ਧੁਰ ਦਾ ਯਾਰ, ਪਰਵਰਦਿਗਾਰ ਹੱਕ ਗੁਸਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਦੇਵੇ ਤਾਰ, ਨਿਤ ਨਵਿਤ ਹੋਏ ਸਹਾਈਆ ।

੨੪੨ ੧੯
ਜਿਸ ਦਾ ਏਥੇ ਓਥੇ ਦੋ ਜਹਾਨ ਠਾਂਡਾ ਦਰਬਾਰ, ਧਰਮਸਾਲ ਇਕੋ ਇਕ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਫੁੱਲ ਕਹਿਣ ਸਾਡਾ ਮੇਲ ਹੋਇਆ ਨਾਲ ਕੱਚੇ ਤੰਦ, ਨਾਤਾ ਨਾਤੇ ਨਾਲ ਜੁੜਾਈਆ । ਖ਼ੁਸ਼ੀ ਵੇਖਿਆ ਬੰਦ ਬੰਦ, ਬੰਦਗੀ ਇਕੋ ਢੋਲਾ ਗਾਈਆ । ਮਿਲ ਕੇ ਪਾਇਆ ਪਰਮਾਨੰਦ, ਅਨੰਦ ਵੱਜੀ ਵਧਾਈਆ । ਗਾਇਆ ਢੋਲਾ ਛੰਦ, ਮੇਰਾ ਤੇਰਾ ਇਕੋ ਨਜ਼ਰੀ ਆਈਆ । ਜਗਤ ਦੁਰਗੰਧੀ ਰਹੀ ਨਾ ਕੋਈ ਗੰਦ, ਸੁਗੰਧ ਵਿਚੋਂ ਨਜ਼ਰੀ ਆਈਆ । ਪ੍ਰੇਮ ਪ੍ਰੀਤੀ ਅੰਦਰ ਹੋ ਪਾਬੰਦ, ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਹਾਰ ਕਹੇ ਤੁਸੀਂ ਵੇਖਿਓ ਹਰਿਆ, ਹਰਿਆਵਲ ਨਜ਼ਰੀ ਆਈਆ । ਪ੍ਰੇਮ ਪ੍ਰੀਤੀ ਅੰਦਰ ਭਰਿਆ, ਸਿਫ਼ਤ ਵਿਚ ਵਡਿਆਈਆ । ਲੋਕਮਾਤ ਮੂਲ ਨਾ ਡਰਿਆ, ਭੈ ਭੌ ਨਾ ਕੋਇ ਜਣਾਈਆ । ਸਚ ਦਵਾਰੇ ਬੈਠਾ ਚੜ੍ਹਿਆ, ਜਿਥੇ ਮਿਲੇ ਮਾਣ ਵਡਿਆਈਆ । ਪਰਮ ਪੁਰਖ ਪਰਮਾਤਮ ਦਰਸ਼ਨ ਕਰਿਆ, ਨਿਜ ਨੈਣ ਲੋਚਣ ਅੱਖ ਖੁਲ੍ਹਾਈਆ । ਧੁਰ ਦਾ ਢੋਲਾ ਇਕੋ ਪੜ੍ਹਿਆ, ਇਕੋ ਨਾਮ ਜਣਾਈਆ । ਮੈਂ ਆਦਿ ਜੁਗਾਦਿ ਜੀਉਂਦਾ ਕਦੇ ਨਾ ਮਰਿਆ, ਮਰ ਜੀਵਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਹਾਰ ਕਹੇ ਮੇਰੀ ਸੋਹਣੀ ਵੇਖੋ ਲੜੀ, ਲੜੀਵਾਨ ਦਿਆਂ ਜਣਾਈਆ । ਕਲਜੁਗ ਵਿਚ ਬਦਲ ਕੇ ਆਈ ਸਤਿਜੁਗ ਸੁਹੰਜਣੀ ਘੜੀ, ਗੁਰ ਅਵਤਾਰ ਪੈਗ਼ੰਬਰ ਜਿਸ ਦੀ ਦੇਣ ਗਵਾਹੀਆ । ਪੁਰਖ ਅਕਾਲ ਦੀਨ ਦਿਆਲ ਸਚ ਪ੍ਰੇਮ ਦੀ ਲਾਈ ਝੜੀ, ਭਗਵਨ ਭਗਤਾਂ ਰੰਗ ਰੰਗਾਈਆ । ਨਾਮ ਨਿਧਾਨਾ ਪੋਸ਼ਾਕ ਦੇ ਕੇ ਜ਼ਰੀ, ਬਸਤਰ ਇਕੋ ਰਿਹਾ ਸੁਹਾਈਆ । ਕਿਰਪਾਲ ਹੋ ਕੇ ਨਰ ਹਰੀ, ਨਰਾਇਣ

ਦੇਵੇ ਵਡਿਆਈਆ । ਸਾਚੀ ਮੰਜ਼ਲ ਬਿਨ ਪੌੜੀ ਡੰਡੇ ਚੜ੍ਹੀ, ਅਧਵਿਚਕਾਰ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਸਿਰ ਆਪਣਾ ਹੱਥ ਟਿਕਾਈਆ । ਫੁੱਲ ਕਹਿਣ ਜਨ ਭਗਤੋ ਗੁਰਮੁਖ ਬਣ ਜਾਇਓ ਬੱਚੇ ਫੁੱਲ, ਦੋ ਜਹਾਨਾਂ ਆਪਣਾ ਆਪ ਬਦਲਾਈਆ ।
ਭਗਵਨ ਘਰ ਤੁਹਾਡੀ ਉਪਜੇ ਕੁਲ, ਕੁਲ ਮਾਲਕ ਬਣੇ ਪਿਤਾ ਮਾਈਆ । ਸਚਖੰਡ ਦਵਾਰੇ ਕ਼ੀਮਤ ਪਾਏ ਮੁੱਲ, ਬੇਅੰਤ ਹੋਏ ਸਹਾਈਆ । ਸਚ
ਪ੍ਰੀਤੀ ਅੰਦਰ ਜਾਣਾ ਘੁਲ, ਆਪ ਆਪਣਾ ਦੇਣਾ ਮਿਟਾਈਆ । ਸਚ ਦਵਾਰਾ ਗਿਆ ਖੁਲ੍ਹ, ਲੋਕਮਾਤ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਦੇਵਦਹਾਰਾ ਸਾਚਾ ਵਰ, ਪੜਦਾ ਓਹਲਾ ਆਪ ਉਠਾਈਆ । ਫੁੱਲ ਕਹੇ ਮੇਰੀ ਬਦਲ ਗਈ ਰੁਤ, ਰੁਤੜੀ ਪ੍ਰਭ ਰਿਹਾ
ਮਹਿਕਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਸਤਿ ਸਤਿਵਾਦੀ ਦਇਆ ਕਮਾਈਆ । ਭਗਤ ਸੁਹੇਲੇ ਭਗਵਨ ਦੇ ਬਣੇ ਅਨਾਦੀ ਸੁਤ, ਕੂੜੀ ਕਿਰਿਆ
ਨਾਤਾ ਤੋੜ ਤੁੜਾਈਆ । ਪਰਮ ਪੁਰਖ ਪਰਮਾਤਮ ਨਿਰਗੁਣ ਧਾਰ ਆਤਮ ਲਏ ਚੁੱਕ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਚ ਦਵਾਰਿਉਂ
ਸਚ ਨਿਰੰਕਾਰ ਨਿਰਵੈਰ ਧਾਰ ਪਏ ਉਠ, ਜੋਤੀ ਜੋਤ ਰੁਸ਼ਨਾਈਆ । ਸ਼ਬਦ ਅਗੰਮੀ ਨਾਦ ਅਨਹਦ ਲਾਏ ਚੋਟ, ਚੋਟੀ ਚੜ੍ਹ ਕੇ ਵੇਖ ਵਖਾਈਆ ।
ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਕਾਇਆ ਮੰਦਰ ਅੰਦਰੋਂ ਕੱਢੇ ਖੋਟ, ਦੁਰਮਤ ਮੈਲ ਆਪ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਫੁੱਲ ਕਿਹਾ ਹੁਕਮ ਇਕ ਨਿਰੰਕਾਰ, ਕਲਜੁਗ ਅੰਤ ਅੰਤ ਜਣਾਈਆ । ਸਤਿਜੁਗ
ਬਦਲ ਰਹੀ ਬਹਾਰ, ਦੋ ਜਹਾਨ ਵੱਜੇ ਵਧਾਈਆ । ਕਲ ਕਲਕੀ ਲੈ ਅਵਤਾਰ, ਚਾਰ ਵਰਨ ਕਰੇ ਪੜ੍ਹਾਈਆ । ਨਾਮ ਖੰਡਾ ਅਗੰਮ ਅਪਾਰ, ਦੋ

ਜਹਾਨਾਂ ਰਿਹਾ ਚਮਕਾਈਆ । ਸੋਹੰ ਛੰਦਾ ਸਚ ਜੈਕਾਰ, ਲੱਖ ਚੁਰਾਸੀ ਚਾਰੇ ਖਾਣੀ ਚਾਰੇ ਬਾਣੀ ਰਿਹਾ ਪੜ੍ਹਾਈਆ । ਸਾਚਾ ਮੰਦਰ ਇਕ ਦਵਾਰ,
ਧਰਮ ਦਵਾਰਾ ਰਿਹਾ ਵਖਾਈਆ । ਜੋਤ ਜਗੇ ਅਗੰਮ ਅਪਾਰ, ਤੇਲ ਬਾਤੀ ਨਾ ਕੋਇ ਟਿਕਾਈਆ । ਸ਼ਬਦ ਅਗੰਮੀ ਨਾਦ ਸੱਚੀ ਧੁਨਕਾਰ, ਅਨਰਾਗੀ
ਰਾਗ ਅਲਾਈਆ । ਗੁਰਮੁਖ ਸਖੀਆਂ ਮੰਗਲਾਚਾਰ, ਗੀਤ ਗੋਬਿੰਦ ਜਣਾਈਆ । ਸਾਚੀ ਕਰਨੀ ਕਰੇ ਆਪ ਕਰਤਾਰ, ਕ਼ੁਦਰਤ ਕ਼ਾਦਰ ਵੇਖ ਵਖਾਈਆ ।
ਜਿਸ ਦਾ ਰਾਹ ਤੱਕਦੇ ਗਏ ਗੁਰ ਅਵਤਾਰ, ਪੈਗ਼ੰਬਰ ਅੱਖ ਖੁਲ੍ਹਾਈਆ । ਭਵਿਖਤਾਂ ਵਿਚ ਕਰਦੇ ਗਏ ਇਜ਼ਹਾਰ, ਲੇਖਾ ਲਿਖ ਕੇ ਕ਼ਲਮ ਸ਼ਾਹੀਆ ।
ਸੋ ਸਾਹਿਬ ਸਵਾਮੀ ਅੰਤਰਜਾਮੀ ਪਰਗਟ ਹੋਏ ਵਿਚ ਸੰਸਾਰ, ਅਪਰੰਪਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਸਾਚੀ ਕਰਨੀ ਕਾਰ ਕਮਾਈਆ । ਫੁੱਲ ਕਹਿਣ ਅਸੀਂ ਵੇਖਿਆ ਦਰ ਦਰਵਾਜ਼ਾ, ਲੋਕਮਾਤ ਖ਼ੁਸ਼ੀ ਮਨਾਈਆ । ਸ਼ਾਹੋ ਭੂਪ ਵਡ ਰਾਜਨ ਰਾਜਾ,
ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਗ਼ਰੀਬ ਨਿਵਾਜ਼ਾ, ਲੱਖ ਚੁਰਾਸੀ ਵੇਖੇ ਥਾਉਂ ਥਾਈਆ । ਜਿਸ
ਨੂੰ ਸਜਦੇ ਕਰਦੇ ਮੁੱਲਾ ਸ਼ੇਖ਼ ਮੁਸਾਇਕ ਸੰਤ ਸਾਧਾ, ਭਗਤ ਭਗਵੰਤ ਕਹਿ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਧੁਰ ਦਾ ਹੁਕਮ ਇਕ ਵਰਤਾਈਆ । ਫੁੱਲ ਕਹਿਣ ਅਸੀਂ ਤੱਕਣਾ ਉਹ ਨਜ਼ਾਰਾ, ਜੋ ਬੇਨਜ਼ੀਰ ਰਿਹਾ ਵਖਾਈਆ । ਕਲਜੁਗ ਅੰਤ ਅੰਤ ਦਿਸੇ
ਕਿਨਾਰਾ, ਚਾਰ ਕੁੰਟ ਰਿਹਾ ਕੁਰਲਾਈਆ । ਕੂੜ ਨਾਤਾ ਚਾਰ ਵਰਨ ਅਠਾਰਾਂ ਬਰਨ ਦਿਸੇ ਸੰਸਾਰਾ, ਸਚ ਪ੍ਰੀਤ ਹੱਕ ਨਾ ਕੋਇ ਕਮਾਈਆ । ਪੜਦਾ
ਓਹਲਾ ਚੁੱਕੇ ਨਾ ਦੂਰ ਹੋਵੇ ਗੁਬਾਰਾ, ਸਚ ਚੰਦ ਨਾ ਕੋਇ ਰੁਸ਼ਨਾਈਆ । ਆਤਮ ਪਰਮਾਤਮ ਲੱਗੇ ਕੋਈ ਨਾ ਨਾਅਰਾ, ਰਸਨਾ ਜਿਹਵਾ ਬੱਤੀ ਦੰਦ

ਢੋਲੇ ਰਹੇ ਗਾਈਆ । ਦੀਨ ਦੁਨੀ ਜਗਤ ਵੇਖਿਆ ਅਖਾੜਾ, ਮਜਲਸਾਂ ਵਿਚ ਲੋਕਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਿਰਗੁਣ ਨਿਰਵੈਰ ਨਿਰਾਕਾਰਾ, ਨਿਰੰਕਾਰ ਨਜ਼ਰ ਨਾ ਆਇਆ ਧੁਰ ਦਾ ਲਾੜਾ, ਲਾੜੀ ਮੌਤ ਸਭ ਨੂੰ ਰਹੀ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਫੁੱਲ ਕਹਿਣ ਅਸੀਂ ਦੱਸਣ ਆਏ ਭੇਤ, ਪੜਦਾ ਓਹਲਾ ਰਹੇ ਚੁਕਾਈਆ । ਜਨ ਭਗਤੋ ਪਰਮ ਪੁਰਖ ਦਾ ਸਾਚਾ ਹੇਤ, ਜਿਸ ਦੀ ਪ੍ਰੀਤ ਨਾ ਕੋਇ ਤੁੜਾਈਆ । ਰੁੱਤ ਬਦਲਣ ਵਾਲੀ ਅਗੇ ਮਹੀਨਾ ਚੇਤ, ਚੇਤਨ ਸਭ ਨੂੰ ਦਏ ਕਰਾਈਆ । ਜਗਤ ਕਰਸਾਣਾ ਸੁੰਞਾ ਹੋਣਾ ਖੇਤ, ਦਹਿ ਦਿਸ਼ਾ ਪਏ ਦੁਹਾਈਆ । ਕੋਟਾਂ ਵਿਚੋਂ ਗੁਰਮੁਖ ਥੋੜੇ ਪਰਮ ਪੁਰਖ ਦੀ ਹੋਏ ਭੇਟ, ਆਪ ਆਪਣਾ ਝੋਲੀ ਪਾਈਆ । ਤਿਨ੍ਹਾਂ ਏਥੇ ਓਥੇ ਦੋ ਜਹਾਨਾਂ ਸਾਚੀ ਸੇਜਾ ਲੈਣਾ ਲੇਟ, ਸੋਹਣੀ ਸੇਜ ਰਹੇ ਸੁਹਾਈਆ । ਪੁਰਖ ਅਕਾਲਾ ਦੀਨ ਦਿਆਲਾ ਬਣਨਾ ਖੇਵਟ ਖੇਟ, ਬੇੜਾ ਦੋ ਜਹਾਨਾਂ ਪਾਰ ਕਰਾਈਆ । ਇਕੋ ਮਾਲਕ ਖ਼ਾਲਕ ਪ੍ਰਿਤਪਾਲਕ ਸਦਾ ਏਕ, ਏਕੰਕਾਰ ਦਏ ਸਰਨਾਈਆ । ਸਚਖੰਡ ਦਵਾਰੇ ਬਖ਼ਸ਼ੇ ਧੁਰ ਦੀ ਟੇਕ, ਟਿੱਕਾ ਮਸਤਕ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਚੁਕਾਈਆ । ਫੁੱਲ ਕਹਿਣ ਸਾਡਾ ਧਰਤ ਉਤੇ ਨਾ ਵੇਖਿਓ ਫ਼ਰਸ਼, ਫ਼ੈਸਲਾ ਹੱਕ ਹੱਕ ਸੁਣਾਈਆ । ਮਿਹਰਵਾਨ ਕਰ ਕੇ ਤਰਸ, ਨਜ਼ਰੇ ਕਰਮ ਰਿਹਾ ਉਠਾਈਆ । ਕੀ ਖੇਲ ਉਪਰ ਅਰਸ਼, ਸੂਰਜ ਚੰਦ ਸੀਸ ਨਿਵਾਈਆ । ਕਰੋੜ ਤੇਤੀਸਾ ਰਿਹਾ ਭਟਕ, ਵਿਸ਼ਨ ਬ੍ਰਹਮਾ ਸ਼ਿਵ ਨੇਤਰ ਅੱਖ ਨਾ ਕੋਇ ਤਕਾਈਆ । ਗੁਰ ਅਵਤਾਰ ਪੈਗ਼ੰਬਰ ਰਹੇ ਤਰਸ, ਆਦਿ ਜੁਗਾਦਿ ਧਿਆਨ ਲਗਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ



ਉਤੇ ਸਾਚਾ ਮੇਘ ਦੇਵੇ ਬਰਸ, ਬਰਖਾ ਫੂਲਨ ਇਕੋ ਲਾਈਆ । ਜਿਥੇ ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਸਤਾਈਆ । ਜਿਸ ਦੀ ਸਮਝ ਨਾ ਸਕੇ ਕੋਈ ਲਿਖਤ ਪੜ੍ਹਤ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਭੇਵ ਨਾ ਕੋਇ ਖੁਲ੍ਹਾਈਆ । ਸੋ ਸੂਰਬੀਰ ਜੋਧਾ ਮਰਦਾਨਾ ਮਰਦ, ਨਰ ਨਿਰੰਕਾਰਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਬੰਧਾਈਆ । ਧੁਰ ਦੀ ਧਾਰ ਕਹੇ ਮੈਂ ਵੇਖਣਾ ਦੋ ਜਹਾਨਾਂ ਧਰਮ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਲੱਖ ਚੁਰਾਸੀ ਜਾਨਣਾ ਕਰਮ, ਨਿਹਕਰਮੀ ਹੁਕਮ ਦਿਤਾ ਵਰਤਾਈਆ । ਅੰਦਰ ਬਾਹਰ ਗੁਪਤ ਜਾਹਰ ਪੜਦਾ ਲਾਹੁਣਾ ਚਾਰ ਵਰਨ ਅਠਾਰਾਂ ਬਰਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਲੁਕਿਆ ਰਹਿਣ ਕੋਇ ਨਾ ਪਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਲੋਕਮਾਤ ਵਿਚੋਂ ਆਈ ਫੜਨ, ਚਾਰ ਕੁੰਟ ਦਹਿ ਦਿਸ਼ਾ ਲੈਣੇ ਉਠਾਈਆ । ਨੇਤਰ ਖੋਲ੍ਹਣਾ ਨਿਜ ਨੈਣ ਹਰਨ ਫਰਨ, ਦੋਏ ਲੋਚਣ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਚਾ ਮਾਰਗ ਇਕ ਸਮਝਾਈਆ । ਫੁੱਲ ਕਹਿਣ ਅਸੀਂ ਸੋਹੇ ਉਤੇ ਧਰਤੀ ਖ਼ਾਕ, ਧਰਨੀ ਧਵਲ ਰਹੀ ਵਡਿਆਈਆ । ਸਾਡਾ ਬਣਿਆ ਸਾਂਝਾ ਸਾਕ, ਸੱਜਣ ਮਿਲਿਆ ਬੇਪਰਵਾਹੀਆ । ਉਚੀ ਕੂਕ ਸਾਰੇ ਰਹੇ ਆਖ, ਕੂਕ ਕੂਕ ਸੁਣਾਈਆ । ਜਨ ਭਗਤੋ ਪੁਰਖ ਅਕਾਲ ਇਕੋ ਮੰਨਣਾ ਬਾਪ, ਦੂਸਰ ਓਟ ਨਾ ਕੋਇ ਤਕਾਈਆ । ਜੋ ਏਥੇ ਓਥੇ ਦੋ ਜਹਾਨਾਂ ਲਏ ਰਾਖ, ਫੜ ਬਾਹੋਂ ਗੋਦ ਬਿਠਾਈਆ । ਜਿਧਰ ਤੱਕੋ ਓਧਰ ਨਜ਼ਰੀ ਆਵੇ ਸਾਖਿਆਤ, ਸਵੱਛ ਸਰੂਪੀ ਸੋਭਾ ਪਾਈਆ । ਕਰੇ ਖੇਲ ਅਗੰਮ ਅਥਾਹ ਪੁਰਖ ਅਬਿਨਾਸ਼ੀ ਆਪ, ਆਪ ਆਪਣੀ ਕਾਰ ਕਮਾਈਆ । ਜਿਸ ਦਾ ਆਤਮ ਪਰਮਾਤਮ ਸੋਹੰ

ਢੋਲਾ ਧੁਰ ਦਾ ਜਾਪ, ਗੁਰ ਅਵਤਾਰ ਪੀਰ ਪੈਗ਼ੰਬਰ ਗਏ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ੍ਹਣਹਾਰਾ ਤਾਕ, ਪੜਦਾ ਓਹਲਾ ਰਿਹਾ ਉਠਾਈਆ । ਫੁੱਲ ਕਹੇ ਮੇਰਾ ਵੇਖੋ ਖੇਲ ਅਗੰਮਾ, ਅਗੰਮੜਾ ਆਪ ਜਣਾਈਆ । ਮੈਂ ਕ਼ੀਮਤ ਵਿਚ ਨਕੰਮਾ, ਟਕਿਆਂ ਮੁੱਲ ਰਖਾਈਆ । ਕੰਡੇ ਖਾਰ ਜੰਮਾ, ਪੱਤ ਟਹਿਣੀ ਲਟਕਾਈਆ । ਜੁਗ ਚੌਕੜੀ ਬਦਲ ਕੇ ਪ੍ਰਭ ਮਿਲਣ ਨੂੰ ਮੇਰਾ ਆ ਗਿਆ ਸਮਾਂ, ਨਵ ਨੌ ਚਾਰ ਪੰਧ ਚੁਕਾਈਆ । ਅਗੇ ਓਸ ਦੀ ਸੇਜੇ ਸਵਾਂ, ਜਿਥੋਂ ਸੁਤਿਆਂ ਨਾ ਕੋਇ ਉਠਾਈਆ । ਧੁਰ ਸੰਦੇਸ਼ਾ ਇਕੋ ਕਹਵਾਂ, ਬਿਨ ਰਸਨਾ ਜਿਹਵਾ ਬੱਤੀ ਦੰਦ ਹਿਲਾਈਆ । ਜਨ ਭਗਤੋ ਤੁਹਾਡਾ ਜੋਬਨ ਏਥੇ ਓਥੇ ਰਹੇ ਸਦਾ ਨਵਾਂ, ਬਿਰਧ ਬਾਲ ਬੁੜ੍ਹਾਪਾ ਵੰਡ ਨਾ ਕੋਇ ਵੰਡਾਈਆ । ਕੂੜੀ ਕਿਰਿਆ ਕਰਿਓ ਕੋਈ ਨਾ ਤਮਅ, ਸਚ ਪ੍ਰੀਤੀ ਸਤਿਗੁਰੂ ਚਰਨ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਕਰਨੀ ਤੋਂ ਕਰ ਕੇ ਗਏ ਮੰਨ੍ਹਾਂ, ਉਹ ਹੁਕਮ ਦੇਣਾ ਭੁਗਤਾਈਆ । ਕਲਜੁਗ ਜੀਵ ਜੰਤ ਰਹਿਣ ਨਹੀਂ ਦੇਣਾ ਅੰਨ੍ਹਾਂ, ਅੱਖ ਪਰਤੱਖ ਪੜਦਾ ਦਏ ਉਠਾਈਆ । ਦੀਨ ਮਜ਼੍ਹਬ ਜਾਤ ਪਾਤ ਰਾਓ ਰੰਕ ਊਚ ਨੀਚ ਰਹਿਣ ਨਹੀਂ ਦੇਣਾ ਬੰਨਾ, ਆਤਮ ਪਰਮਾਤਮਾ ਇਕੋ ਦੇਣਾ ਸਮਝਾਈਆ । ਨਾਮ ਸੰਦੇਸ਼ਾ ਸੁਣ ਲਓ ਦੋ ਦੋ ਕੰਨਾਂ, ਦੋ ਜਹਾਨਾਂ ਵਾਲੀ ਆਪ ਦ੍ਰਿੜਾਈਆ । ਤੁਹਾਡਾ ਖੇਲ ਭਗਤ ਭਗਵੰਤ ਵਾਗ ਧੰਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਫੁੱਲ ਕਹੇ ਮੈਂ ਆਪਣਾ ਆਪ ਰਿਹਾ ਫੋਲ, ਪੜਦਿਆਂ ਵਿਚੋਂ ਪੜਦਾ ਰਿਹਾ ਖੁਲ੍ਹਾਈਆ । ਸਚ ਸੰਦੇਸ਼ਾ ਦੇਵਾਂ ਬੋਲ, ਨਿਆਰਾ ਹੱਕ ਜਣਾਈਆ । ਜਨ ਭਗਤੋ ਸ੍ਰੀ ਭਗਵਾਨ ਸਦਾ ਵਸੇ ਤੁਹਾਡੇ ਕੋਲ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਸਤਿਗੁਰ ਪ੍ਰੀਤੀ ਬਜਰ ਕਪਾਟੀ ਕੁੰਡਾ ਲਓ ਖੋਲ੍ਹ, ਗ੍ਰਿਹ ਮੰਦਰ ਅੰਦਰ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਫੁੱਲ ਕਹਿਣ ਮੈਂ ਵੇਖਣਾ ਹਰ ਹਿਰਦਾ, ਘਟ ਘਟ ਖੋਜ ਖੁਜਾਈਆ । ਜੁਗ ਚੌਕੜੀ ਰਿਹਾ ਫਿਰਦਾ, ਸ਼ਾਹ ਸੁਲਤਾਨਾਂ ਵੇਖ ਵਖਾਈਆ । ਮੈਂ ਨਜ਼ਾਰਾ ਤੱਕਿਆ ਥਿਰ ਘਰ ਦਾ, ਜਿਥੇ ਵੱਜੇ ਸਚ ਵਧਾਈਆ । ਮੈਂ ਵਿਛੁੰਨਾ ਨੌ ਸੌ ਚੁਰਾਨਵੇਂ ਚੌਕੜੀ ਜੁਗ ਚਿਰ ਦਾ, ਗਿਣਤੀ ਗਣਤ ਨਾ ਕੋਇ ਗਿਣਾਈਆ । ਧੰਨ ਭਾਗ ਦਰਸ਼ਨ ਪਾਇਆ ਅਗੰਮੀ ਪਿਰ ਦਾ, ਮਿਲ ਕੇ ਖ਼ੁਸ਼ੀ ਮਨਾਈਆ । ਏਸੇ ਕਾਰਨ ਗ਼ੁੰਚਿਆਂ ਵਿਚੋਂ ਪੱਤ ਪੱਤ ਹੋ ਖਿੜਦਾ, ਬੰਦ ਖਿੜਕੀ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਇਕ ਚੜ੍ਹਾਈਆ । ਧੁਰ ਦਾ ਰੰਗ ਚੜ੍ਹਾਏ ਹਰਿ ਰੰਗੀਲਾ, ਅਨਡਿਠੜਾ ਆਪ ਰੰਗਾਈਆ । ਜਨ ਭਗਤੋ ਬਣਾਂ ਤੁਹਾਡਾ ਇਕ ਵਸੀਲਾ, ਮੇਲਾ ਧੁਰ ਦਰਗਾਹੀਆ । ਚਾਰ ਵਰਨ ਸੋਹਣਾ ਲੱਗੇ ਸਚ ਕ਼ਬੀਲਾ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਇਕੋ ਰੂਪ ਨਜ਼ਰੀਂ ਆਏ ਨਰ ਮਦੀਨਾ, ਆਤਮ ਅੰਤਰ ਸੋਭਾ ਪਾਈਆ । ਜਗਤ ਵਿਛੋੜਾ ਥੋੜਾ ਜਲ ਮੀਨਾ, ਭਗਤ ਭਗਵਾਨ ਕਦੇ ਨਾ ਹੋਵੇ ਜੁਦਾਈਆ । ਆਦਿ ਜੁਗਾਦਿ ਜੁਗ ਚੌਕੜੀ ਠਾਂਡਾ ਰਖੇ ਸੀਨਾ, ਅਗਨੀ ਤਤ ਨਾ ਕੋਇ ਤਪਾਈਆ । ਤੁਹਾਡਾ ਸੋਹਣਾ ਸੰਮਤ ਅਗੇ ਬਦਲਣ ਵਾਲਾ ਚੇਤ ਮਹੀਨਾ, ਮਿਹਰਵਾਨ ਖੇਲ ਖਿਲਾਈਆ । ਗੁਰਮੁਖ ਰਹੇ ਨਾ ਕੋਇ ਕਮੀਨਾ, ਕਮਲਾਪਤ ਲਏ ਉਠਾਈਆ । ਮਾਣ ਦੇ ਕੇ ਉਪਰ ਜ਼ਮੀਨਾ, ਹੱਜਾਂ ਤੋਂ ਲਏ ਛੁਡਾਈਆ । ਚੌਥੇ ਜੁਗ ਦੀ ਕਰ ਤਰਮੀਮਾ, ਸੋਹਣੀ ਅਗਲੀ ਵੰਡ ਸਮਝਾਈਆ । ਖਹਿੜਾ ਛੁਡਾ ਦਏ ਕੋਲੋਂ ਹਕੀਮਾਂ, ਤਬੀਬਾਂ ਦੀ ਲੋੜ ਰਹੇ ਨਾ ਰਾਈਆ । ਲੇਖਾ ਮੁਕੇ ਜਗਤ ਗ੍ਰੰਥ ਮੁਨੀਮਾਂ, ਇਕੋ ਸ਼ਬਦ ਕਰੇ ਸ਼ਨਵਾਈਆ । ਧੁਰ ਦਾ ਹੁਕਮ ਸਭ ਨੂੰ


੨੪੫
੧੯

ਕਰਨਾ ਪਏ ਤਸਲੀਮਾ, ਸਿਰ ਸਕੇ ਨਾ ਕੋਇ ਉਠਾਈਆ । ਖੇਲ ਕਰੇ ਆਅਲਾ ਆਪ ਅਜ਼ੀਮਾ, ਆਲੀਸ਼ਾਨ ਆਪਣਾ ਰੰਗ ਬਦਲਾਈਆ । ਜੁਗ ਚੌਕੜੀ ਪੂਰਬ ਲਿਖਿਆ ਵੇਖੇ ਜ਼ਮੀਮਾ, ਅੱਖਰ ਅੱਖਰ ਖੋਜ ਖੁਜਾਈਆ । ਗੁਰਮੁਖ ਹਰਿਜਨ ਭਗਤ ਸੁਹੇਲਾ ਲੱਖ ਚੁਰਾਸੀ ਵਿਚੋਂ ਬਣਾਵੇ ਉਹ ਨਗੀਨਾ, ਜਿਸ ਦੀ ਕ਼ੀਮਤ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਲੇਖਾ ਜਾਣੇ ਥਾਨ ਥਨੰਤਰ, ਘਟ ਘਟ ਖੋਜ ਖੁਜਾਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਭੇਵ ਅਭੇਦਾ ਪੜਦਾ ਲਾਹੀਆ । ਨਾਮ ਨਜ਼ਾਰਾ ਦੇਵੇ ਮੰਤਰ, ਨਿਰੰਤਰ ਕਰੇ ਸੁਣਾਈਆ । ਪਾਵੇ ਸਾਰ ਹਰਿਜਨ ਸਾਚੇ ਸੰਤਨ, ਸਤਿ ਸਤਿਵਾਦੀ ਹੋਏ ਸਹਾਈਆ । ਮਾਣਸ ਜਨਮ ਸਾਢੇ ਤਿੰਨ ਹੱਥ ਕਾਇਆ ਮਾਟੀ ਪੰਜ ਤਤ ਬਣਾਏ ਬਣਤਨ, ਘਾੜਨ ਘੜਨਹਾਰ ਸਵਾਮੀ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਗਲਾ ਸੰਗ ਆਪ ਨਿਭਾਈਆ । ਸਗਲਾ ਸੰਗ ਪ੍ਰਭੂ ਨਿਭਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਰੁਤ ਰੁਤੜੀ ਆਪ ਮਹਿਕਾਵੇਗਾ । ਗੁਰਮੁਖ ਗੁਰਸਿਖ ਸੱਜਣ ਸੋਈ ਸੁਰਤ ਆਪ ਉਠਾਵੇਗਾ । ਚਰਨ ਧੂੜੀ ਕਰਾ ਕੇ ਇਕੋ ਮੱਜਨ, ਦੁਰਮਤ ਮੈਲ ਧੁਆਵੇਗਾ । ਸਚ ਸਰਨਾਈ ਜੋ ਜਨ ਲੱਗਣ, ਤਿਨ੍ਹਾਂ ਦੀ ਲਾਗਤ ਕ਼ੀਮਤ ਝੋਲੀ ਪਾਵੇਗਾ । ਏਥੇ ਓਥੇ ਦੋ ਜਹਾਨਾਂ ਕਰੇ ਅਦਲ, ਇਨਸਾਫ਼ ਇਕੋ ਇਕ ਦ੍ਰਿੜਾਵੇਗਾ । ਜਨਮ ਵਿਚੋਂ ਜਨਮ ਦੇਵੇ ਬਦਲ, ਬਦਲਾ ਪੂਰਬ ਲਹਿਣਾ ਆਪ ਮੁਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਵੇਗਾ । ਸਚ ਕਰਨੀ ਕਾਰ ਕਮਾਏਗਾ । ਦੀਨ ਦਿਆਲ ਵੇਖ ਵਖਾਏਗਾ । ਗੁਰਮੁਖ ਗੁਰ ਗੁਰ ਆਪ ਉਠਾਏਗਾ । ਮਸਤਕ ਲੇਖਾ ਲਹਿਣਾ ਜਾਣ ਕੇ ਧੁਰ, ਧੂੜੀ ਟਿੱਕਾ ਆਪ ਲਗਾਏਗਾ । ਸਾਚਾ ਮੰਤਰ ਅੰਤਰ ਜਾਏ ਫੁਰ, ਮਨ ਮਨਸਾ ਮੇਟ ਮਿਟਾਏਗਾ । ਮੇਲ ਮਿਲਾਵੇ ਨਿਵਾਸੀ ਵਾਸੀ ਅਨੰਦਪੁਰ, ਪੁਰੀਆਂ ਲੋਆਂ ਪਾਰ ਕਰਾਏਗਾ । ਸ਼ਬਦ ਅਗੰਮੀ ਸੁਣਾ ਕੇ ਸੁਰ, ਸੁਰਤੀ ਸਚ ਵਿਚ ਸਮਾਏਗਾ । ਨਿਰਗੁਣ ਸਰਗੁਣ ਬੰਨ੍ਹ ਡੋਰ, ਡੋਰੀ ਆਪਣਾ ਤੰਦ ਜੁੜਾਏਗਾ । ਕਰ ਪਰਕਾਸ਼ ਅੰਧੇਰੇ ਘੋਰ, ਜੋਤੀ ਜੋਤ ਜੋਤ ਰੁਸ਼ਨਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਏਗਾ । ਫੁੱਲ ਕਰੇ ਮੇਰੀ ਔਣ ਵਾਲੀ ਰੁਤੜੀ ਚੇਤ, ਸਭ ਨੂੰ ਦਿਆਂ ਕਰਾਈਆ । ਪੁਰਖ ਅਕਾਲ ਨਜ਼ਰੀ ਆਉਣਾ ਨੇਤਨ ਨੇਤ, ਹਰਿਜਨ ਸਾਚੇ ਨੈਣ ਖੁਲ੍ਹਾਈਆ । ਜਿਸ ਨੂੰ ਲੱਭਦੇ ਕੋਟਨ ਕੋਟੀ ਕੋਟ ਕੇਤ, ਜੁਗ ਚੌਕੜੀ ਬਣ ਕੇ ਪਾਂਧੀ ਰਾਹੀਆ । ਸੋ ਸਾਹਿਬ ਸਵਾਮੀ ਘਟ ਭੀਤਰ ਲੈਣਾ ਵੇਖ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਜਿਸ ਦੀ ਮੁੱਛ ਦਾੜ੍ਹੀ ਨਾ ਕੇਸ, ਨਾ ਕੋਇ ਮੂੰਡ ਮੁੰਡਾਈਆ । ਜਿਸ ਦਾ ਸੁਤ ਦਸ ਦਸਮੇਸ਼, ਦਹਿ ਦਿਸ਼ਾ ਕਰੇ ਰੁਸ਼ਨਾਈਆ । ਜੋ ਆਦਿ ਜੁਗਾਦਿ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਜਿਸ ਦੇ ਹੁਕਮੇਂ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਕਰੋੜ ਤੇਤੀਸ ਸੀਸ ਝੁਕਾਈਆ । ਸੋ ਬਖ਼ਸ਼ਣਹਾਰਾ ਸਾਚੀ ਟੇਕ, ਟਿੱਕੇ ਮਸਤਕ ਦਏ ਲਗਾਈਆ । ਗੁਰਮੁਖਾਂ ਬੁਧੀ ਕਰ ਬਿਬੇਕ, ਕੂੜੀ ਕਿਰਿਆ ਦਏ ਕਢਾਈਆ । ਅੰਤਮ ਦੱਸ ਕੇ ਏਕੋ ਏਕ, ਏਕੰਕਾਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਦਇਆ ਕਮਾਈਆ । ਫੁੱਲ ਕਹਿਣ ਸਾਡੀ ਰਹੀ ਰੁਤੜੀ ਮੌਲ, ਮੌਲਾ ਦਇਆ ਕਮਾਈਆ । ਚਾਰ ਜੁਗ ਦਾ ਪੂਰਾ ਕਰ ਕੇ ਕੌਲ, ਗੁਰ ਅਵਤਾਰ ਪੈਗ਼ੰਬਰਾਂ ਦਏ ਵਖਾਈਆ । ਨਵੇਂ ਜੁਗ ਦੀ ਧਾਰ ਦੱਸ ਕੇ ਉਪਰ ਧੌਲ, ਧਰਨੀ ਦਏ ਵਡਿਆਈਆ । ਜਨ ਭਗਤਾਂ ਅੰਤਰ ਆਤਮ ਦੇ ਕੇ ਇਕੋ ਪਾਹੁਲ, ਨਿਝਰ ਰਸ ਦਏ ਚਖਾਈਆ ।

ਅੰਦਰ ਬਾਹਰ ਗੁਪਤ ਜਾਹਰ ਸਦਾ ਵਸੇ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਨਾਮ ਸੰਦੇਸ਼ਾ ਵਜਾਉਂਦਾ ਰਹੇ ਢੋਲ, ਸ਼ਬਦੀ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਬਖ਼ਸ਼ੇ ਸਰਨ ਸਚ ਸਵਾਮੀ, ਸਮਾਂ ਦਏ ਗਵਾਹੀਆ । ਜਨ ਭਗਤਾਂ ਸੁਣਾ ਅਗੰਮੀ ਬਾਣੀ, ਬਿਨ ਅੱਖਰਾਂ ਆਪ ਪੜ੍ਹਾਈਆ । ਪਦ ਦੇਵੇ ਇਕ ਨਿਰਬਾਨੀ, ਨਿਰਵੈਰ ਹੋਏ ਸਹਾਈਆ । ਖੇਲੇ ਖੇਲ ਹਰ ਘਟ ਜਾਣ ਜਾਣੀ, ਜਾਨਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਦਰਸਾਈਆ । ਫੁੱਲ ਕਹਿਣ ਅਸੀਂ ਇਕ ਦੂਜੇ ਨਾਲ ਗਏ ਜੁੜ, ਸੋਹਣਾ ਜੋੜ ਬਣਾਈਆ । ਲੱਗੀ ਪ੍ਰੀਤੀ ਨਿਭ ਜਾਏ ਤੋੜ, ਅੱਧ ਵਿਚਕਾਰ ਨਾ ਕੋਇ ਅਟਕਾਈਆ । ਇਕ ਪ੍ਰਭੂ ਦੀ ਸਾਚੀ ਲੋੜ, ਕੂੜੇ ਨਾਤੇ ਦਿਤੇ ਮੁਕਾਈਆ । ਜੋ ਆਪਣੇ ਨਾਲ ਸਦਾ ਲਏ ਤੋਰ, ਤੁਰਤ ਆਪਣੇ ਘਰ ਵਸਾਈਆ । ਜਿਥੇ ਨਹੀਂ ਕੋਈ ਠੱਗ ਚੋਰ, ਯਾਰ ਕੂੜ ਕੁੜਿਆਰ ਨਾ ਕੋਇ ਦਿਸਾਈਆ । ਝਗੜਾ ਰਹੇ ਨਾ ਕੋਈ ਅੰਧਘੋਰ, ਇਕੋ ਨੂਰ ਸਚ ਰੁਸ਼ਨਾਈਆ । ਲੇਖਾ ਮੁਕੇ ਮੋਰ ਤੋਰ, ਸੋਹੰ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਹਾਰ ਕਹੇ ਤੁਸੀਂ ਵੇਖੋ ਮੇਰਾ ਮਿਲਾਪ, ਸੋਹਣਾ ਨਜ਼ਰੀਂ ਆਈਆ । ਸੋ ਪ੍ਰਭੂ ਦਾ ਜਾਪ, ਹੰ ਵਿਚ ਸਮਾਈਆ । ਤ੍ਰੈਗੁਣ ਮੇਟੇ ਤਾਪ, ਪੰਜ ਤਤ ਨਾ ਕੋਇ ਲੜਾਈਆ । ਰੂਹ ਬੁਤ ਹੋਵੇ ਪਾਕ, ਪਤਿਤ ਪੁਨੀਤ ਨਾ ਕੋਇ ਵਖਾਈਆ । ਨਾਤਾ ਤੁੱਟੇ ਕੂੜਾ ਸਾਕ, ਦੀਨ ਦੁਨੀ ਦਏ ਦੁਹਾਈਆ । ਆਤਮ ਪਰਮਾਤਮ ਹੋਏ ਇਤਫ਼ਾਕ, ਹਰਿ ਸਾਚੇ ਵੱਜੇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਸ਼ਾਖ਼, ਸੋ ਸ਼ਨਾਖ਼ਤ ਆਪਣੀ ਦਏ ਕਰਾਈਆ । ਜੁਗ ਜੁਗ ਦਾ ਪੂਰਾ ਕਰ ਭਵਿਖਤ ਵਾਕ, ਵਾਕਿਆ ਅਗਲਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਹਾਰ ਕਹੇ ਮੇਰਾ ਵੇਖੋ ਫੁੱਲਾਂ ਨਾਲ ਇਕੱਠ, ਸੋਹਣਾ ਨਜ਼ਰੀ ਆਈਆ । ਇਕੋ ਮਾਰਗ ਦੇਵਾਂ ਦੱਸ, ਕਰਾਂ ਸਚ ਪੜ੍ਹਾਈਆ । ਜਿਸ ਕਾਰਨ ਗੁਰਮੁਖੋ ਆਏ ਨੱਸ, ਦੂਰ ਦੁਰਾਡਾ ਪੰਧ ਮੁਕਾਈਆ । ਜਨ ਭਗਤਾਂ ਮਿਲਣਾ ਹੱਸ ਹੱਸ, ਆਪਣੀ ਹਸਤੀ ਦੇਣੀ ਮਿਟਾਈਆ । ਪ੍ਰੇਮ ਪ੍ਰੀਤੀ ਮਾਨਣਾ ਰਸ, ਕੂੜੀ ਕਿਰਿਆ ਨਾ ਕੋਇ ਦਿਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਰਿਹਾ ਜਣਾਈਆ । ਹਾਰ ਕਹੇ ਮੈਂ ਦੱਸਣ ਆਇਆ ਤਮਾਮ, ਕੂੜੀ ਤਮਅ ਦੇਣੀ ਗਵਾਈਆ । ਇਕੋ ਜਪਣਾ ਧੁਰ ਦਾ ਨਾਮ, ਨਾਮ ਨਿਧਾਨਾ ਇਕ ਸਮਝਾਈਆ । ਪੂਰਨ ਹੋਵਣ ਸਗਲੇ ਕਾਮ, ਨਿਹਕਰਮੀ ਕਰਮ ਕਮਾਈਆ । ਭਾਗ ਲੱਗੇ ਨਗਰ ਖੇੜਾ ਕਾਇਆ ਗਰਾਮ, ਸਾਢੇ ਤਿੰਨ ਹੱਥ ਸੋਭਾ ਪਾਈਆ । ਅੰਮ੍ਰਿਤ ਆਤਮ ਪੀਣਾ ਜਾਮ, ਨਿਝਰ ਝਿਰਨਾ ਰਸ ਝਿਰਾਈਆ । ਜੋਤ ਪਰਕਾਸ਼ ਕਰਨਾ ਭਾਨ, ਅੰਧ ਅੰਧੇਰਾ ਅੰਧ ਮਿਟਾਈਆ । ਸਤਿਗੁਰ ਸ਼ਬਦ ਸੁਣਨਾ ਗਿਆਨ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਇਕੋ ਬ੍ਰਹਮ ਹੋਵੇ ਧਿਆਨ, ਪਾਰਬ੍ਰਹਮ ਨਜ਼ਰੀ ਆਈਆ । ਸੋਹਣਾ ਮੰਦਰ ਸੋਹੇ ਮਕਾਨ, ਕਾਇਆ ਮਾਟੀ ਰੰਗ ਰੰਗਾਈਆ । ਜਿਥੇ ਪੁਰਖ ਅਕਾਲਾ ਦੀਨ ਦਿਆਲਾ ਕਰੇ ਕ਼ਿਆਮ, ਸਚ ਸਿੰਘਾਸਣ ਡੇਰਾ ਲਾਈਆ । ਠਾਕਰ ਸਵਾਮੀ ਮਿਲਣਾ ਹੋਵੇ ਆਸਾਨ, ਅਹਿਸਾਨ ਸਿਰ ਨਾ ਕੋਇ ਚੜ੍ਹਾਈਆ । ਜਨ ਭਗਤੋ ਕੋਟ ਜਨਮ ਭਾਵੇਂ ਲਾਉਂਦੇ ਰਹੋ ਦੀਵਾਨ, ਬਿਨਾ ਪ੍ਰਭ ਦਰਸ ਲੇਖਾ ਮਾਤ ਨਾ ਕੋਇ ਮੁਕਾਈਆ । ਹਰਿ ਕੇ ਨਾਮ ਪਿਛੇ ਭਾਵੇਂ ਹੋ ਜਾਓ ਬਦਨਾਮ, ਬਦੀ ਨੇਕੀ ਆਪਣਾ ਰੂਪ ਦਏ ਬਦਲਾਈਆ । ਤੁਹਾਡੇ ਅੰਦਰ ਰਹੇ ਨਾ ਅੰਧੇਰੀ ਸ਼ਾਮ, ਸਤਿ ਸਚ ਚੰਦ ਕਰੇ ਰੁਸ਼ਨਾਈਆ ।

੨੪੭
੧੯

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਇਕੋ ਰਿਹਾ ਦਿਸਾਈਆ । ਹਾਰ ਕਹੇ ਮੈਂ ਕਰਾਂ ਹਾਲ ਹਾਲ, ਸਭ ਨੂੰ ਰਿਹਾ ਜਣਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਅੰਤ ਨਗਾਰਾ ਰਿਹਾ ਵਜਾਈਆ । ਲਾੜੀ ਮੌਤ ਵਜਾਵੇ ਤਾਲ, ਘੁੰਗਟ ਮੁਖ ਨਾ ਕੋਇ ਰਖਾਈਆ । ਬਿਨ ਸਤਿਗੁਰ ਪੂਰੇ ਕਰੇ ਨਾ ਕੋਇ ਸੰਭਾਲ, ਸਾਕ ਸੱਜਣ ਸੈਣ ਕੰਮ ਕੋਇ ਨਾ ਆਈਆ । ਜੁਗ ਚੌਕੜੀ ਮੈਂ ਕਰਦਾ ਆਇਆ ਭਾਲ, ਖੋਜਤ ਖੋਜਤ ਪੰਧ ਮੁਕਾਈਆ । ਧੰਨ ਭਾਗ ਜੇ ਨਵ ਨੌ ਚਾਰ ਪਿਛੋਂ ਸ਼ਹਿਨਸ਼ਾਹੀ ਸੰਮਤ ਦਾ ਮਿਲਿਆ ਸਾਲ, ਰੁੱਤੜੀ ਰੁੱਤ ਨਾਲ ਬਦਲਾਈਆ । ਭਗਤ ਸੁਹੇਲੇ ਤੱਕੇ ਨੱਢੇ ਬਾਲ, ਗੁਰਮੁਖ ਗੁਰ ਗੁਰ ਰੂਪ ਬਦਲਾਈਆ । ਜਿਨ੍ਹਾਂ ਦੇ ਅੰਦਰ ਨਾਮ ਖ਼ਜ਼ਾਨਾ ਮਾਲ, ਅਤੋਟ ਅਤੁਟ ਦਿਸਾਈਆ । ਉਹ ਇਕੋ ਮੰਨਦੇ ਪੁਰਖ ਅਕਾਲ, ਦੂਸਰ ਸੀਸ ਨਾ ਕੋਇ ਨਿਵਾਈਆ । ਉਨ੍ਹਾਂ ਦੇ ਗਲ ਵਿਚ ਏਥੇ ਓਥੇ ਪਰਮ ਪੁਰਖ ਦੇ ਸੋਂਹਦੇ ਹਾਰ, ਤੰਦ ਤੰਦ ਨਾਲ ਬੰਧਾਈਆ । ਲੇਖੇ ਲੱਗ ਗਏ ਮੂਰਖ ਮੁਗਧ ਗਵਾਰ, ਜੋ ਜਨ ਆਏ ਸਰਨਾਈਆ । ਨੇਤਰ ਲੋਚਣ ਨੈਣ ਦਰਸ ਦੀਦਾਰ, ਅੰਤਰ ਆਤਮ ਵੱਜੇ ਵਧਾਈਆ । ਅੰਤਮ ਅੰਤ ਨਾ ਹੋਣ ਖ਼ੁਆਰ, ਖ਼ੁਆਰੀ ਕੂੜੀ ਦਿਤੀ ਕਟਾਈਆ । ਸਚ ਦਵਾਰਾ ਦੇ ਕੇ ਧਰਮਸਾਲ, ਧੁਰ ਧਾਮ ਆਪ ਬਹਾਈਆ । ਜਿਥੇ ਪੋਹ ਨਾ ਸਕੇ ਕਾਲ, ਮਹਾਕਾਲ ਭੈ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬਖ਼ਸ਼ੇ ਇਕ ਪਿਆਰ, ਵਿਵਹਾਰ ਵਿਵਹਾਰੀ ਆਪਣੇ ਨਾਲ ਰਖਾਈਆ ।



## ੨੪ ਮਾਘ ਸ਼ਹਿਨਸ਼ਾਹੀ ਸੰਮਤ ੧ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ

੨੪੮
੧੯

ਸਚਖੰਡ ਦਵਾਰੇ ਹੁਕਮ ਨਿਰੰਕਾਰ, ਨਿਰਗੁਣ ਨਿਰਵੈਰ ਨਿਰਾਕਾਰ ਆਪ ਚਲਾਈਆ । ਮਹੱਲ ਅਟਲ ਸੁਹਾਏ ਉਚ ਮੀਨਾਰ, ਸਤਿ ਸਤਿਵਾਦੀ ਸੋਭਾ ਪਾਈਆ । ਨਿਰਗੁਣ ਜੋਤ ਹੋਏ ਉਜਿਆਰ, ਨੂਰੋ ਨੂਰ ਨੂਰ ਰੁਸ਼ਨਾਈਆ । ਮੁਕਾਮੇ ਹੱਕ ਪਰਵਰਦਿਗਾਰ, ਲਾਸ਼ਰੀਕ ਡੇਰਾ ਲਾਈਆ । ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਆਪਣੀ ਕਾਰ ਕਰਾਈਆ । ਦੂਸਰ ਨਾ ਕੋਇ ਮੀਤ ਮੁਰਾਰ, ਸਗਲਾ ਸੰਗ ਨਾ ਕੋਇ ਜਣਾਈਆ । ਸਚ ਸੰਦੇਸ਼ਾ ਦੇਵੇ ਇਕੋ ਵਾਰ, ਧੁਰ ਫ਼ਰਮਾਨਾ ਆਪ ਦ੍ਰਿੜਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਵੇ ਬੇਦਾਰ, ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਰੇ ਖ਼ਬਰਦਾਰ, ਭੈ ਭੌ ਇਕ ਸਮਝਾਈਆ । ਚਾਰੇ ਜੁਗ ਵੇਖੇ ਨੈਣ ਉਘਾੜ, ਕਰਨੀ ਕਰਤਾ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਹੁਕਮ ਵਰਤਾਈਆ । ਸਚਖੰਡ ਦਵਾਰੇ ਸਤਿ ਫ਼ਰਮਾਨ, ਹਰਿ ਕਰਤਾ ਆਪ ਜਣਾਇੰਦਾ । ਦਰਗਾਹ ਸਾਚੀ ਖੇਲ ਮਹਾਨ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹੋਏ ਸਵਾਧਾਨ, ਆਲਸ ਨਿੰਦਰਾ ਨਜ਼ਰ ਕੋਇ ਨਾ ਆਇੰਦਾ । ਗੁਰ ਅਵਤਾਰ ਪੈਗ਼ੰਬਰ ਕਰਨ ਧਿਆਨ, ਸੀਸ ਜਗਦੀਸ਼ ਇਕ ਝੁਕਾਇੰਦਾ । ਜੁਗ ਚੌਕੜੀ ਵੇਖੇ ਏਕਾ ਹੁਕਮ ਦੇਵੇ ਬਿਆਨ, ਮਹਿੰਮਾ ਅਕਥ ਕਥ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਖਾਇੰਦਾ । ਧੁਰ ਦਾ ਖੇਲ ਦੱਸੇ ਭਗਵੰਤ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਸਾਚਾ ਸੁਣੇ ਅਗੰਮੀ ਮੰਤ, ਅੱਖਰਾਂ ਵਾਲੀ

ਨਾ ਕੋਇ ਪੜ੍ਹਾਈਆ । ਨਰ ਨਰਾਇਣ ਜਾਣੇ ਇਕੋ ਕੰਤ, ਸਤਿ ਸਤਿਵਾਦੀ ਸੋਭਾ ਪਾਈਆ । ਜਿਸ ਦੀ ਆਦਿ ਜੁਗਾਦਿ ਮਹਿੰਮਾ ਅਗਣਤ, ਵਿਦਿਆ ਵਿਚ ਨਾ ਕੋਇ ਦ੍ਰਿੜਾਈਆ । ਜੋ ਏਥੇ ਓਥੇ ਦੋ ਜਹਾਨਾਂ ਬਣੇ ਬੋਧ ਅਗਾਧਾ ਪੰਡਤ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਵਾਰ ਸੁਣਾਈਆ । ਸਚਖੰਡ ਦਵਾਰੇ ਖੇਲ ਸ੍ਰੀ ਭਗਵਾਨ, ਹਰਿ ਕਰਤਾ ਆਪ ਜਣਾਇੰਦਾ । ਸਤਿਵਾਦੀ ਵੇਖੇ ਇਕ ਨਿਸ਼ਾਨ, ਦੂਜਾ ਨਜ਼ਰ ਕੋਇ ਨਾ ਆਇੰਦਾ । ਇਕੋ ਮੰਦਰ ਸਚ ਮਕਾਨ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਇਕੋ ਦੀਪ ਜਗੇ ਮਹਾਨ, ਤੇਲ ਬਾਤੀ ਨਾ ਕੋਇ ਟਿਕਾਇੰਦਾ । ਇਕੋ ਤਖ਼ਤ ਨਿਵਾਸੀ ਨੌਜਵਾਨ, ਬਿਨ ਰੰਗ ਰੂਪ ਸੋਭਾ ਪਾਇੰਦਾ । ਜੋ ਆਦਿ ਜੁਗਾਦੀ ਸਾਚਾ ਕਾਹਨ, ਬਿਨ ਸਖੀਆਂ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਵਖਾਇੰਦਾ । ਧੁਰ ਦੀ ਖੇਲ ਕਰੇ ਹਰਿ ਕਰਤਾ, ਕਰਨੀ ਆਪਣੀ ਦਏ ਜਣਾਈਆ । ਆਦਿ ਜੁਗਾਦਿ ਧੁਰ ਦਾ ਭਰਤਾ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਸਾਚੀ ਮੰਜ਼ਲ ਅਗੰਮ ਅਥਾਹ ਉਚ ਮੀਨਾਰ ਆਪੇ ਚੜ੍ਹਦਾ, ਮੰਜ਼ਲ ਹੱਕ ਨਾ ਕੋਇ ਸਮਝਾਈਆ । ਨਿਰਅੱਖਰ ਵੱਖਰ ਢੋਲਾ ਆਪੇ ਪੜ੍ਹਦਾ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਨਿਰਵੈਰ ਹੋ ਕੇ ਆਪਣੀ ਕਾਰ ਕਰਦਾ, ਨਿਰੰਕਾਰ ਹੋ ਕੇ ਸਾਚੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਵੇਖ ਵਖਾਈਆ । ਸਾਚਾ ਘਰ ਵੇਖ ਸਚਖੰਡ, ਸਤਿ ਸਤਿਵਾਦੀ ਖ਼ੁਸ਼ੀ ਮਨਾਇੰਦਾ । ਪੜਦਾ ਲਾਹ ਕੇ ਕੋਟ ਬ੍ਰਹਿਮੰਡ, ਭੇਵ ਅਭੇਦਾ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਵਾਰੇ ਸੱਦ, ਸੱਦਾ ਇਕੋ ਨਾਮ ਅਲਾਇੰਦਾ । ਗੁਰ ਅਵਤਾਰ ਪੈਗ਼ੰਬਰ ਵੇਖੇ ਧੁਰ ਦੀ ਹੱਦ, ਹਦੂਦ ਵੰਡ ਨਾ ਕੋਇ ਵੰਡਾਇੰਦਾ । ਪਰਮ ਪੁਰਖ ਦੀ ਸਾਰੇ ਯਦ, ਸ਼ਬਦੀ ਧਾਰ ਆਪ ਪਰਗਟਾਇੰਦਾ । ਜੁਗ ਚੌਕੜੀ ਗਏ ਲੰਘ, ਸਤਿਜੁਗ ਤਰੇਤਾ ਦੁਆਪਰ ਕਲਜੁਗ ਮਾਤ ਹੰਢਾਇੰਦਾ । ਸਾਚੀ ਸੇਜਾ ਵੇਖੇ ਸੁਹੰਜਣਾ ਪਲੰਘ, ਪਾਵਾ ਚੂਲ ਨਾ ਕੋਇ ਬਣਾਇੰਦਾ । ਬੋਧ ਅਗਾਧ ਸ਼ਬਦ ਅਨਾਦ ਬਿਨ ਰਾਗ ਤਾਲ ਰਿਹਾ ਵੱਜ, ਵਜਹ ਸਚ ਨਾ ਕੋਇ ਸਮਝਾਇੰਦਾ । ਚਵੀ ਮਾਘ ਕਹੇ ਮੇਰਾ ਵਕ਼ਤ ਸੁਹੰਜਣਾ ਹੋਇਆ ਅੱਜ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾਇੰਦਾ । ਸ਼ਬਦ ਸੰਦੇਸ਼ਾ ਦੇਣਾ ਗੱਜ, ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਆਪ ਸੁਣਾਇੰਦਾ । ਪੁਰਖ ਅਕਾਲ ਦੀਨ ਦਿਆਲ ਕਰੇ ਖੇਲ ਆਪ ਸਮਰਥ, ਦੂਜਾ ਸੰਗ ਨਾ ਕੋਇ ਜਣਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਖਾਣੀ ਬਾਣੀ ਵੇਖਣਹਾਰਾ ਹੱਕ, ਹਕ਼ੀਕ਼ਤ ਪੜਦਾ ਆਪੇ ਲਾਹਿੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦਾ ਭੇਵ ਰਹੇ ਦੱਸ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹਿੰਦਾ । ਸੋ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਬਿਧਾਤਾ ਘਟ ਭੀਤਰ ਰਿਹਾ ਵਸ, ਗ੍ਰਿਹ ਗ੍ਰਿਹ ਆਪਣਾ ਡੇਰਾ ਲਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੇਵਣਹਾਰਾ ਅਗੰਮਾ ਰਸ, ਨਿਝਰ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਚਵੀ ਮਾਘ ਕਹੇ ਮੈਨੂੰ ਆ ਗਈ ਯਾਦ, ਪੂਰਬ ਲਹਿਣਾ ਨਜ਼ਰੀ ਆਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਮੰਗਦੇ ਗਏ ਦਾਦ, ਦਰ ਦਰਵੇਸ਼ ਹੋ ਕੇ ਅਗੇ ਝੋਲੀ ਡਾਹੀਆ । ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਫ਼ਰਿਆਦ, ਸਚਖੰਡ ਦਵਾਰੇ ਸੀਸ ਨਿਵਾਈਆ । ਪੁਰਖ ਅਕਾਲ ਦੀਨ ਦਿਆਲ ਤੂੰ ਰਚਨਾ ਰਚੀ ਆਦਿ, ਅੰਤ ਵੇਖੇ ਥਾਉਂ ਥਾਈਆ ।

ਤੂੰ ਵਾਹਿਗੁਰੂ ਰਾਮ ਕ੍ਰਿਸ਼ਨ ਅੱਲਾ ਗਾਡ, ਲਾਸ਼ਰੀਕ ਤੇਰੀ ਬੇਪਰਵਾਹੀਆ । ਤੇਰਾ ਨਾਮ ਖੰਡਾ ਇਕੋ ਦਿਸੇ ਰਾਡ, ਡੰਕਾ ਸਚ ਸਚ ਵਜਾਈਆ । ਬਿਨ ਅੱਖਰਾ ਬਿਨਾ ਲੇਖਾ ਲਿਖਤ ਤੇਰਾ ਰਾਗ, ਜੁਗ ਚੌਕੜੀ ਕਰੇ ਸ਼ਨਵਾਈਆ । ਸਾਚਾ ਖੋਲ੍ਹੇ ਕੋਈ ਨਾ ਰਾਜ਼, ਪੜਦਾ ਓਹਲਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਚਵੀ ਮਾਘ ਕਹੇ ਤੇਰਾ ਵੇਖਿਆ ਸਚਖੰਡ ਦਵਾਰ, ਸਚ ਦਵਾਰ ਵੱਜੀ ਵਧਾਈਆ । ਘਰ ਬੈਠ ਗੁਰੂ ਅਵਤਾਰ, ਪੈਗ਼ੰਬਰ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣ ਭਿਖਾਰ, ਖ਼ਾਲੀ ਝੋਲੀ ਡਾਹੀਆ । ਤੂੰ ਦਾਤਾ ਦਾਨੀ ਦੇਵਣਹਾਰ, ਦਇਆਵਾਨ ਅਖਵਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਲੋਕਮਾਤ ਆਪਣਾ ਪੰਧ ਮੁਕਾਈਆ । ਭਵਿਖਤਾਂ ਵਿਚ ਤੇਰਾ ਇਜ਼ਹਾਰ, ਕਾਗ਼ਜ਼ ਕ਼ਲਮ ਸ਼ਾਹੀ ਦਏ ਗਵਾਹੀਆ । ਚਾਰੇ ਖਾਣੀ ਦਏਂ ਅਧਾਰ, ਚਾਰੇ ਬਾਣੀ ਸਿਫ਼ਤ ਸਾਲਾਹੀਆ । ਧੰਨ ਵਡਿਆਈ ਤੇਰੀ ਪਰਵਰਦਿਗਾਰ, ਲਾਸ਼ਰੀਕ ਤੇਰੀ ਸਚ ਸਰਨਾਈਆ । ਤੇਰਾ ਵੇਖ ਠਾਂਡਾ ਦਰਬਾਰ, ਦਰਗਾਹ ਸਾਚੀ ਵੱਜੇ ਵਧਾਈਆ । ਹਉਂ ਬਾਲਕ ਸੇਵਕ ਖ਼ਿਦਮਤਗਾਰ, ਦਰ ਘਰ ਸਾਚੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦੇ ਸਮਝਾਈਆ । ਪੁਰਖ ਅਕਾਲ ਕਹੇ ਸੁਣੋ ਪੈਗ਼ੰਬਰ ਗੁਰ ਅਵਤਾਰ, ਸ਼ਬਦ ਸੰਦੇਸ਼ਾ ਦਿਆਂ ਸੁਣਾਈਆ । ਜੁਗ ਚੌਕੜੀ ਖੇਲ ਅਗੰਮ ਅਪਾਰ, ਨਿਰਗੁਣ ਸਰਗੁਣ ਹੁਕਮ ਵਰਤਾਈਆ । ਬੋਧ ਅਗਾਧਾ ਸ਼ਬਦ ਅਨਾਦਾ ਬਣ ਲਿਖਾਰ, ਕਾਤਬ ਹੋ ਕੇ ਕ਼ਲਮ ਚਲਾਈਆ । ਚਾਰ ਵਰਨ ਅਠਾਰਾਂ ਬਰਨ ਲੱਖ ਚੁਰਾਸੀ ਖੋਲ੍ਹ ਕਿਵਾੜ, ਵਰਨ ਬਰਨ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਮਾਰੋ ਲੋਕਮਾਤ ਝਾਕ, ਬਿਨ ਅੱਖਾਂ ਅੱਖ ਖੁਲ੍ਹਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਸਚ ਚੰਦ ਨਾ ਕੋਇ ਚਮਕਾਈਆ । ਝਗੜਾ ਪਿਆ ਜਾਤ ਪਾਤ, ਦੀਨ ਦੁਨੀ ਲੜਾਈਆ । ਆਤਮ ਪਰਮਾਤਮ ਕਰੇ ਨਾ ਕੋਇ ਇਤਫ਼ਾਕ, ਮਨ ਵਾਸਨਾ ਹੋਈ ਹਲਕਾਈਆ । ਸਤਿਗੁਰ ਸ਼ਬਦ ਨਾ ਦਿਸੇ ਕਿਸੇ ਸਾਥ, ਅਗੰਮੀ ਨਾਦ ਨਾ ਕੋਇ ਵਜਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਘਾਟ, ਪੈਂਡਾ ਪੰਧ ਨਾ ਕੋਇ ਮੁਕਾਈਆ । ਨਿਰੰਤਰ ਸੇਜਾ ਸੋਏ ਕੋਇ ਨਾ ਖਾਟ, ਸੁਹੰਜਣੀ ਸੇਜ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਲੋਕਮਾਤ ਲਓ ਤੱਕ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪ ਜਣਾਇੰਦਾ । ਸਾਚਾ ਮਿਲੇ ਕਿਸੇ ਨਾ ਹੱਕ, ਹਕ਼ੀਕ਼ਤ ਪੜਦਾ ਨਾ ਕੋਇ ਉਠਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਸਾਰੇ ਗਏ ਥੱਕ, ਸੰਸਾ ਰੋਗ ਨਾ ਕੋਇ ਮਿਟਾਇੰਦਾ । ਨਾਮ ਭੰਡਾਰਾ ਗ੍ਰਿਹਿ ਮੰਦਰ ਅੰਦਰ ਸਾਢੇ ਤਿੰਨ ਹੱਥ ਖੋਲ੍ਹੇ ਕੋਈ ਨਾ ਹੱਟ, ਵਣਜਾਰਾ ਵਣਜ ਨਾ ਕੋਇ ਕਰਾਇੰਦਾ । ਕੂੜੀ ਕਿਰਿਆ ਮਾਇਆ ਮਮਤਾ ਹਉਮੇਂ ਹੰਗਤਾ ਤਤ ਵਿਕਾਰਾ ਖੇਲ ਬਾਜ਼ੀਗਰ ਨਟ, ਸਚ ਸਵਾਂਗ ਨਾ ਕੋਇ ਵਖਾਇੰਦਾ । ਲੱਗੀ ਅੱਗ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਚਾਰ ਵਰਨ ਅਠਾਰਾਂ ਬਰਨ ਕੋਈ ਯਾਦ ਨਾ ਕਰੇ ਤੁਧ, ਸਜਦਾ ਸੀਸ ਨਾ ਕੋਇ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਦ੍ਰਿੜਾਇੰਦਾ । ਗੁਰ ਅਵਤਾਰ ਪੈਗ਼ੰਬਰ ਲੋਕਮਾਤ ਕਰੋ ਧਿਆਨ, ਸਦੀ ਚੌਧਵੀਂ ਦਏ ਗਵਾਹੀਆ । ਸਿਦਕ ਸਬੂਰੀ ਰਿਹਾ ਨਾ ਕੋਇ ਈਮਾਨ, ਅਮਲਾਂ ਵਿਚ ਨਾ

ਕੋਇ ਲੋਕਾਈਆ । ਕੂੜੀ ਕਿਰਿਆ ਚੜ੍ਹਿਆ ਤੂਫ਼ਾਨ, ਮਾਨਸ ਮਾਨਵ ਰਿਹਾ ਰੁੜ੍ਹਾਈਆ । ਸਾਚਾ ਨਾਦ ਸੁਣੇ ਕੋਈ ਨਾ ਕਾਨ, ਤੰਦ ਸਿਤਾਰ ਨਾ ਕੋਇ ਹਿਲਾਈਆ । ਨਿਰਗੁਣ ਜੋਤ ਪਰਕਾਸ਼ ਹੋਵੇ ਨਾ ਅਗੰਮੀ ਭਾਨ, ਭਾਂਡਾ ਭਰਮ ਨਾ ਕੋਇ ਭੰਨਾਈਆ । ਮੰਦਰ ਸੋਹੇ ਨਾ ਸਚ ਮਕਾਨ, ਕਾਇਆ ਮਾਟੀ ਨਾ ਕੋਇ ਰੁਸ਼ਨਾਈਆ । ਮਨ ਵਾਸਨਾ ਜਗਤ ਫਿਰੇ ਸੁਆਨ, ਭੱਜੇ ਵਾਹੋ ਦਾਹੀਆ । ਮੰਜ਼ਲ ਹੱਕ ਹਕੀਕੀ ਚੜ੍ਹੇ ਕੋਇ ਨਾ ਆਣ, ਨੌਂ ਦਵਾਰੇ ਪੰਧ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੈਗ਼ੰਬਰਾਂ ਰਿਹਾ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਲੋਕਮਾਤ ਕਰੋ ਇਸ਼ਾਰਾ, ਸ਼ਬਦੀ ਸ਼ਬਦ ਜਣਾਈਆ । ਆਤਮ ਪਰਮਾਤਮ ਕਰੇ ਨਾ ਕੋਇ ਪਿਆਰਾ, ਕੂੜੀ ਕਿਰਿਆ ਨਾਲ ਕੁੜਮਾਈਆ । ਝਗੜਾ ਪਿਆ ਪੁਰਖ ਨਾਰਾ, ਨਰ ਨਰਾਇਣ ਨਾ ਕੋਇ ਮਨਾਈਆ । ਹਉਮੇਂ ਹੰਗਤਾ ਲੱਗਾ ਅਖਾੜਾ, ਚਾਰ ਕੁੰਟ ਦਏ ਦੁਹਾਈਆ । ਸਾਚੀ ਮੰਜ਼ਲ ਪਾਰ ਕਰੇ ਨਾ ਕੋਇ ਕਿਨਾਰਾ, ਨਈਆ ਨੌਕਾ ਸਚ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਰਿਹਾ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪਰਮ ਪੁਰਖ ਸਮਰਥ, ਇਹ ਤੇਰੀ ਬੇਪਰਵਾਹੀਆ । ਜੋ ਨਿਰਗੁਣ ਸਰਗੁਣ ਲੋਕਮਾਤ ਆਏ ਦੱਸ, ਲੇਖਾ ਲਿਖ ਕੇ ਕ਼ਲਮ ਸ਼ਾਹੀਆ । ਤੇਰਾ ਨਾਉਂ ਨਿਰੰਕਾਰਾ ਦੱਸ ਕੇ ਆਏ ਸਚ, ਸਤਿ ਸਤਿਵਾਦੀ ਹੁਕਮ ਜਣਾਈਆ । ਨਿਜ ਨੇਤਰ ਨੈਣ ਖੋਲ੍ਹ ਕੇ ਆਏ ਅੱਖ, ਲੋਇਣ ਇਕੋ ਇਕ ਸਮਝਾਈਆ । ਸਤਿ ਧਰਮ ਦਾ ਪਰਗਟ ਕਰਕੇ ਆਏ ਹੱਟ, ਗੁਰਮੁਖ ਗੁਰ ਗੁਰ ਆਪ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਤੇਰੀ ਸਰਨਾਈਆ । ਪੈਗ਼ੰਬਰ ਕਹਿਣ ਪ੍ਰਭੂ ਦਰ ਸਜਦਾ, ਸੀਸ ਜਗਦੀਸ਼ ਝੁਕਾਈਆ । ਇਹ ਖੇਲ ਅਗੰਮਾ ਹਰਿ ਦਾ, ਹੈਰਾਨੀ ਸਭ ਦੇ ਉਤੇ ਛਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਆਪਣਾ ਖੇਲ ਕਰਦਾ, ਕ਼ੁਦਰਤ ਦਾ ਮਾਲਕ ਬੇਪਰਵਾਹੀਆ । ਬਿਨ ਤੇਰੇ ਭੈ ਕੋਈ ਨਾ ਡਰਦਾ, ਭੌ ਅਵਰ ਨਾ ਕੋਇ ਜਣਾਈਆ । ਕਲਜੁਗ ਅੰਤਮ ਲੇਖਾ ਸਭ ਦਾ ਜਾਏ ਹਰਦਾ, ਹਿਰਦੇ ਹਰਿ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਸਮਝਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਵੇਖੋ ਅੰਤ ਅਖ਼ੀਰ, ਆਖ਼ਰ ਦਿਆਂ ਸਮਝਾਈਆ । ਸਦੀ ਚੌਧਵੀਂ ਬਦਲਣ ਵਾਲੀ ਤਕ਼ਦੀਰ, ਤਦਬੀਰ ਆਪਣੇ ਹੱਥ ਰਖਾਈਆ । ਅੰਤਮ ਕੱਟਣਾ ਸ਼ਰਅ ਵਾਲਾ ਜ਼ੰਜੀਰ, ਸ਼ਰੀਅਤ ਇਕੋ ਦੇਣੀ ਦਰਸਾਈਆ । ਆਤਮ ਪਰਮਾਤਮ ਖੇਲ ਦੱਸਣਾ ਬੇਨਜ਼ੀਰ, ਜਗਤ ਨੇਤਰ ਨਜ਼ਰ ਕੋਇ ਨਾ ਪਾਈਆ । ਜਿਸ ਮੰਜ਼ਲ ਤੇ ਚੜ੍ਹ ਕੇ ਬੈਠਾ ਕਬੀਰ, ਸਚ ਦਵਾਰੇ ਡੇਰਾ ਲਾਈਆ । ਓਸ ਦੀ ਧੁਰ ਦੀ ਹੋਈ ਤਾਮੀਰ, ਬਾਡੀ ਵੰਡ ਨਾ ਕੋਇ ਵੰਡਾਈਆ । ਲੇਖਾ ਮੁੱਕੇ ਸ਼ਾਹ ਹਕੀਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਪੈਗ਼ੰਬਰ ਕਹਿਣ ਪ੍ਰਭ ਸਾਚੇ ਪਰਵਰਦਿਗਾਰ, ਜਲਵਾ ਤੇਰਾ ਨੂਰ ਖ਼ੁਦਾਈਆ । ਹਉਂ ਤੇਰੇ ਖ਼ਿਦਮਤਗਾਰ, ਬੈਠੇ ਸੀਸ ਝੁਕਾਈਆ । ਚੌਦਾਂ ਤਬਕ ਕਰਨ ਪੁਕਾਰ, ਤੋਬਾ ਤੋਬਾ ਕਰ ਦੁਹਾਈਆ । ਅਗਲਾ ਲੇਖਾ ਸਮਝ ਨਾ ਆਵੇ ਵਿਚ ਸੰਸਾਰ, ਅੰਤ ਅਖ਼ੀਰੀ ਵੰਡ ਨਾ ਕੌਇ ਕੋਇ ਵੰਡਾਈਆ । ਸਜਦੇ ਕਰਨ ਵਾਰੋ ਵਾਰ, ਨਿਉਂ ਨਿਉਂ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਸਮਝਾਈਆ । ਪੁਰਖ ਅਕਾਲ ਕਹੇ ਮੈਂ ਭੇਵ ਅਗਲਾ ਦੱਸਦਾ ਹਾਂ, ਪੈਗ਼ੰਬਰ ਹੁਕਮ ਜਣਾਈਆ ।

੨੫੧
੧੯

ਹਰ ਘਟ ਅੰਦਰ ਵਸਦਾ ਹਾਂ, ਲੱਖ ਚੁਰਾਸੀ ਡੇਰਾ ਲਾਈਆ । ਕੋਟਾਂ ਵਿਚੋਂ ਭਗਤ ਸੰਤ ਸੁਹੇਲੇ ਰਖਦਾ ਹਾਂ, ਸੂਫ਼ੀ ਆਪਣੇ ਰੰਗ ਰੰਗਾਈਆ । ਪਰਮਾਤਮ ਹੋ ਕੇ ਆਤਮ ਨਾਲ ਹੱਸਦਾ ਹਾਂ, ਨਿਜ ਨੇਤਰ ਕਰ ਰੁਸ਼ਨਾਈਆ । ਮਾਰਗ ਇਕੋ ਸਚ ਦਾ ਦੱਸਦਾ ਹਾਂ, ਦੂਜੀ ਅਵਰ ਨਾ ਕੋਇ ਚਤੁਰਾਈਆ । ਕੂੜੀ ਕਿਰਿਆ ਸ਼ੌਹ ਦਰਿਆਏ ਸਟਦਾ ਹਾਂ, ਨਿਤ ਨਵਿਤ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਧੁਰ ਦਾ ਹੁਕਮ ਕਹੇ ਮੈਂ ਦੇਣ ਆਇਆ ਫ਼ਰਮਾਨ, ਇਕੋ ਇਕ ਜਣਾਈਆ । ਪਰਮ ਪੁਰਖ ਹੋਣਾ ਪਰਧਾਨ, ਦੋ ਜਹਾਨ ਵੱਜੇ ਵਧਾਈਆ । ਸਚ ਝੁਲਣਾ ਸਚ ਨਿਸ਼ਾਨ, ਨਵ ਸੱਤ ਸੋਭਾ ਪਾਈਆ । ਚਾਰ ਵਰਨਾਂ ਦੇਣਾ ਇਕ ਗਿਆਨ, ਬਰਨ ਅਠਾਰਾਂ ਹੱਕ ਪੜ੍ਹਾਈਆ । ਸ਼ਬਦ ਖੰਡਾ ਨਿਕਲਣਾ ਵਿਚੋਂ ਮਿਆਨ ਬ੍ਰਹਿਮੰਡ ਖੰਡ ਕਰੇ ਰੁਸ਼ਨਾਈਆ । ਸ਼ਰਅ ਮੇਟੇ ਕੂੜ ਸ਼ੈਤਾਨ, ਅੰਧ ਅੰਧੇਰਾ ਦਏ ਗਵਾਈਆ । ਸਭ ਨੂੰ ਜਣਾਏ ਇਕੋ ਰਾਮ, ਸੀਤਾ ਸੁਰਤੀ ਆਪ ਉਠਾਈਆ । ਕ੍ਰਿਸ਼ਨ ਵਖਾਏ ਧੁਰ ਦਾ ਕਾਹਨ, ਜਿਸ ਦਾ ਨਾ ਕੋਈ ਪਿਤਾ ਨਾ ਕੋਈ ਮਾਈਆ । ਇਕੋ ਪੁੱਤਰ ਹੋਏ ਬਲਵਾਨ, ਪਰਵਰਦਿਗਾਰ ਨੂਰ ਖ਼ੁਦਾਈਆ । ਪੁਰਖ ਅਕਾਲਾ ਉਠੇ ਨੌਜਵਾਨ, ਬਿਰਧ ਬਾਲ ਨਾ ਕੋਇ ਜਣਾਈਆ । ਕਲਜੁਗ ਕੂੜੀ ਕਿਰਿਆ ਮੇਟੇ ਵਿਚੋਂ ਜਹਾਨ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸਾਚਾ ਦੇਵੇ ਦਾਨ, ਸਤਿ ਸਤਿਵਾਦੀ ਆਪ ਵਰਤਾਈਆ । ਇਕੋ ਨੂਰ ਕਰੇ ਭਾਨ, ਸਚ ਸਚ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਦੇ ਕੇ ਗਏ ਬਿਆਨ, ਭਵਿਖਤਾਂ ਵਿਚ ਪੜਦਾ ਦਏ ਉਠਾਈਆ । ਸੋ ਸੂਰਬੀਰਾ ਹਾਜ਼ਰ ਹਜ਼ੂਰਾ ਕਰਨਹਾਰਾ ਸਰਬ ਕਲਿਆਣ, ਕਲਮਾ ਕਾਇਨਾਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਾਚਾ ਹੁਕਮ ਵਰਤੇ ਜਗ, ਨਾ ਕੋਈ ਮੇਟੇ ਮੇਟ ਮਿਟਾਈਆ । ਮੱਕੇ ਕਾਅਬੇ ਰਹੇ ਨਾ ਹੱਜ, ਹੁਜਰਾ ਜਗ ਨਾ ਕੋਇ ਸੁਹਾਈਆ । ਸ਼ਾਹ ਸੁਲਤਾਨ ਤਖ਼ਤ ਤਾਜ ਜਾਣ ਤੱਜ, ਧੀਰਜ ਧੀਰ ਨਾ ਕੋਇ ਧਰਾਈਆ । ਸੱਜਣ ਸਾਥੀ ਜਾਣ ਭੱਜ, ਅਗਲਾ ਸੰਗ ਨਾ ਕੋਇ ਬਣਾਈਆ । ਮਾਇਆ ਮਮਤਾ ਲੱਗੇ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕਲਜੁਗ ਕਾਗ ਬੁਧੀ ਹੋਈ ਕਗ, ਹੰਸ ਰੂਪ ਨਾ ਕੋਇ ਵਟਾਈਆ । ਚੌਵੀ ਮਾਘ ਕਹੇ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਮੇਰਾ ਵਕਤ ਸੁਹੰਜਣਾ ਹੋਇਆ ਅੱਜ, ਆਜਿਜ਼ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਉਪਾਈਆ । ਧੁਰ ਫ਼ਰਮਾਨ ਕਹੇ ਮੈਂ ਧੁਰ ਦਾ ਮਾਲਕ, ਹੁਕਮ ਆਦਿ ਜੁਗਾਦਿ ਸੁਣਾਈਆ । ਲੋਕਮਾਤ ਬਣ ਕੇ ਆਵਾਂ ਸਾਲਸ, ਦੋ ਜਹਾਨਾਂ ਦੇਵਾਂ ਸਫ਼ਾਈਆ । ਮੇਰਾ ਸਭ ਤੋਂ ਵੱਖਰਾ ਅਨੋਖਾ ਕਾਲਜ, ਬਿਨਾ ਕਲਮਿਆਂ ਕਰਾਂ ਪੜ੍ਹਾਈਆ । ਮੇਰੀ ਸਮਝ ਸਕੇ ਕੋਈ ਨਾ ਨਾਲਜ, ਵਿਦਿਆ ਵਿਚ ਨਾ ਕੋਇ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਵੇਖੇ ਨੰਨ੍ਹੇ ਬਾਲਕ, ਸਤਿਜੁਗ ਤਰੇਤਾ ਦੁਆਪਰ ਕਲਜੁਗ ਸੇਵਾ ਗਏ ਕਮਾਈਆ । ਜੋ ਸਜਦਿਆਂ ਵਿਚ ਮੰਗਦੇ ਗਏ ਇਕੋ ਅਦਾਲਤ, ਅਦਲੀ ਹੋਵੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਹੁਕਮ ਕਹੇ ਮੈਂ ਧੁਰ ਸੰਦੇਸ਼ਾ, ਕਲਜੁਗ ਅੰਤਮ ਰਿਹਾ ਸੁਣਾਈਆ । ਪੁਰਖ ਅਕਾਲ ਦੱਸਾਂ ਹਰਿ ਨਰੇਸ਼ਾ, ਨਰ ਨਰਾਇਣ ਵੱਡੀ ਵਡਿਆਈਆ । ਜਿਸ ਦੋ ਜਹਾਨ ਬਦਲ ਦੇਣਾ ਪੇਸ਼ਾ, ਪੇਸ਼ਤਰ ਪਹਿਲੇ ਰਿਹਾ ਫ਼ੁਰਮਾਈਆ । ਝਗੜਾ ਮੁਕਣਾ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ਾ, ਕਰੋੜ ਤੇਤੀਸਾ ਨਾ ਕੋਇ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਚੁਕਣਾ

ਠੇਕਾ, ਲਹਿਣਾ ਦੇਣਾ ਸਭ ਦੀ ਝੋਲੀ ਪਾਈਆ । ਅੰਤਮ ਪਰਗਟ ਹੋਣਾ ਪਰਮ ਪੁਰਖ ਪ੍ਰਭ ਏਕਾ, ਏਕੰਕਾਰ ਇਕੋ ਨੂਰ ਖ਼ੁਦਾਈਆ । ਦੋ ਜਹਾਨਾਂ ਬਖ਼ਸ਼ੇ ਟੇਕਾ, ਟਿੱਕੇ ਮਸਤਕ ਧੂੜੀ ਲਾਈਆ । ਲੱਖ ਚੁਰਾਸੀ ਵਿਚੋਂ ਮਾਣ ਵਡਿਆਈ ਦੇਵੇ ਜਨ ਭਗਤ ਜਿਨ੍ਹ ਤ੍ਰੈਗੁਣ ਮਾਇਆ ਲੱਗੇ ਨਾ ਸੇਕਾ, ਅਗਨੀ ਤਤ ਨਾ ਕੋਇ ਬੁਝਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਨਿਰਗੁਣ ਸਰਗੁਣ ਦੱਸੇ ਭੇਤਾ, ਆਤਮ ਪਰਮਾਤਮ ਪਰਮਾਤਮ ਆਤਮ ਮੇਲਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਉਪਾਈਆ । ਹੁਕਮ ਕਹੇ ਮੈਂ ਆਉਂਦਾ ਜਾਂਦਾ, ਜੁਗ ਜੁਗ ਵੇਸ ਵਟਾਈਆ । ਗੁਰ ਅਵਤਾਰ ਪੈਗ਼ੰਬਰ ਵੇਖਾਂ ਥੱਕਾ ਮਾਂਦਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਸਚ ਭੰਡਾਰ ਦੇਵਾਂ ਇਕੋ ਨਾਉਂ ਦਾ, ਨਰ ਨਿਰੰਕਾਰਾ ਆਪ ਜਣਾਈਆ । ਵਸਣਾ ਦੱਸਾਂ ਸਾਚੇ ਗਾਉਂ ਦਾ, ਸਚਖੰਡ ਦਵਾਰਾ ਸੋਭਾ ਪਾਈਆ । ਭੇਵ ਚੁਕਾਵਾਂ ਪਿਤਾ ਮਾਉਂ ਦਾ, ਪੁਰਖ ਅਕਾਲ ਸਰਬ ਸਮਝਾਈਆ । ਮਸਤਕ ਟਿੱਕਾ ਲਾਵਾਂ ਧੁਰ ਦੇ ਪਾਉਂ ਦਾ, ਚਰਨ ਕਵਲ ਸਰਨਾਈਆ । ਗ੍ਰਹਿ ਵਖਾਵਾਂ ਸਚ ਨਿਆਉਂ ਦਾ, ਹਕ ਹਕ਼ੀਕ਼ਤ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਹੁਕਮ ਕਹੇ ਮੈਂ ਆਵਾਂ ਆਦਿ ਜੁਗਾਦਿ, ਜੁਗ ਚੌਕੜੀ ਫੇਰਾ ਪਾਈਆ । ਗੁਰ ਅਵਤਾਰ ਪੈਗ਼ੰਬਰ ਵੇਖਾਂ ਸਾਧ, ਸੰਤ ਸੂਫ਼ੀ ਫ਼ਕੀਰ ਖੋਜ ਖੁਜਾਈਆ । ਨਾਮ ਸੰਦੇਸ਼ਾ ਦੇਵਾਂ ਇਕੋ ਨਾਦ, ਧੁਨ ਆਤਮਕ ਰਾਗ ਸੁਣਾਈਆ । ਵਰਨ ਬਰਨ ਚੁਕਾ ਇਕ ਸਮਾਜ, ਜਾਤ ਪਾਤ ਪੜਦਾ ਲਾਹੀਆ । ਧੁਨ ਸੁਣਾ ਜਗਤ ਰਾਗ, ਤਾਲ ਤਲਵਾੜਾ ਕਰਾਂ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਧੁਰ ਹੁਕਮ ਕਹੇ ਮੈਂ ਦੱਸ ਗਿਆ ਤੇਈ ਅਵਤਾਰ, ਤਰ੍ਹਾਂ ਤਰ੍ਹਾਂ ਸਮਝਾਈਆ । ਸਭ ਨੇ ਰਹਿਣਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਪਹੁੰਚਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੀਤਿਆ ਵਿਚ ਸੰਸਾਰ, ਅੰਤਮ ਵੱਜੇ ਇਕ ਵਧਾਈਆ । ਪਰਗਟ ਹੋਣਾ ਨਰ ਨਿਰੰਕਾਰ, ਨਿਰਾਕਾਰ ਫੇਰਾ ਪਾਈਆ । ਜਿਸ ਨੂੰ ਸਦਾ ਕਰੋ ਨਿਮਸਕਾਰ, ਨਿਉਂ ਨਿਉਂ ਸੀਸ ਨਿਵਾਈਆ । ਜਿਸ ਦੀ ਜੋਤ ਜਗਤ ਅਧਾਰ, ਜੋਤੀ ਜਾਤਾ ਬੇਪਰਵਾਹੀਆ । ਓਹ ਆਵੇ ਆਪਣੀ ਧਾਰ, ਨਾ ਕੋਇ ਜਨਮੇ ਪਿਤਾ ਮਾਈਆ । ਨਿਰਗੁਣ ਨੂਰ ਹੋਏ ਉਜਿਆਰ, ਰੂਪ ਰੰਗ ਵੇਖ ਨਾ ਕੋਇ ਸਮਝਾਈਆ । ਕਾਗਦ ਕ਼ਲਮ ਨਾ ਲਿਖਣਹਾਰ, ਕਾਤਬ ਚਲੇ ਨਾ ਕੋਇ ਚਤੁਰਾਈਆ । ਸਿਫ਼ਤਾਂ ਵਿਚ ਨਾ ਕੋਇ ਇਜ਼ਹਾਰ, ਢੋਲਿਆਂ ਵਿਚ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਧੁਰ ਹੁਕਮ ਮੈਂ ਦੱਸਿਆ ਪੀਰ ਪੈਗ਼ੰਬਰ, ਈਸਾ ਮੂਸਾ ਮਹੰਮਦ ਸ਼ਬਦੀ ਨਾਦ ਵਜਾਈਆ । ਪਰਵਰਦਿਗਾਰ ਸਾਂਝੇ ਯਾਰ ਕਰਨਾ ਇਕ ਸੁਅੰਬਰ, ਲੋਕਮਾਤ ਵੇਸ ਵਟਾਈਆ । ਸਦੀ ਚੌਧਵੀਂ ਮੇਟਣਾ ਅੰਤ ਅਡੰਬਰ, ਏਕਾ ਚੌਕਾ ਖੋਜ ਖੁਜਾਈਆ । ਸਰਬ ਕਲਾ ਹੋਵੇ ਭਰਤੰਬਰ, ਬੇਪਰਵਾਹ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਧੁਰ ਦਾ ਹੁਕਮ ਕਹੇ ਮੈਂ ਦੱਸਿਆ ਮੂਸੇ, ਮੁਸਲਸਲ ਹਾਲ ਸੁਣਾਈਆ । ਭੇਵ ਰਿਹਾ ਨਾ ਕੋਇ ਦੂਜੇ, ਏਕਾ ਏਕ ਸੁਣਾਈਆ । ਪੜਦੇ ਖੋਲ੍ਹੇ ਸਭ ਦੇ ਗੂਝੇ, ਐਨ ਗੈਨ ਨਾ ਕੋਇ ਪੜ੍ਹਾਈਆ । ਕਾਇਆ ਮਾਟੀ ਭਾਂਡੇ ਕਰੇ ਮੂਧੇ, ਤਨ ਖ਼ਾਕੀ ਖੋਜ ਖੁਜਾਈਆ । ਸਾਚਾ ਲਾਹਾ ਕਿਸੇ ਨਾ ਸੂਝੇ, ਨੇਤਰ ਨੈਣ ਨਾ ਕੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ

ਦਾ ਹੁਕਮ ਇਕ ਉਪਾਈਆ । ਧੁਰ ਦਾ ਹੁਕਮ ਕਹੇ ਮੈਂ ਦੱਸਿਆ ਹੱਕ ਈਸਾ, ਇਸ਼ਟ ਇਕੋ ਇਕ ਜਣਾਈਆ । ਖੇਲ ਕਰੇ ਜਗਤ ਜਗਦੀਸ਼ਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਝਗੜਾ ਮੁਕਾ ਕੇ ਬੀਸ ਇਕੀਸਾ, ਏਕੰਕਾਰ ਕਰੇ ਰੁਸ਼ਨਾਈਆ । ਸਾਚਾ ਹੁਕਮ ਹੱਕ ਹਦੀਸਾ, ਇਕੋ ਕਰੇ ਪੜ੍ਹਾਈਆ । ਪਿਛਲਾ ਲੇਖਾ ਜਾਣੇ ਬੀਤਾ, ਚਾਰ ਜੁਗ ਫੋਲ ਫੁਲਾਈਆ । ਅਗੇ ਸਤਿਜੁਗ ਲਾਵੇ ਰੀਤਾ, ਮਾਰਗ ਆਪਣਾ ਦਏ ਸਮਝਾਈਆ । ਲੱਖ ਚੁਰਾਸੀ ਪਰਖੇ ਨੀਤਾ, ਚਾਰੇ ਖਾਣੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਹੁਕਮ ਕਹੇ ਮੈਂ ਦੱਸਿਆ ਮੁਹੰਮਦ ਗ਼ੁਲਾਮ, ਗ਼ਮੀ ਖ਼ੁਸ਼ੀ ਵਿਚੋਂ ਬਾਹਰ ਕਢਾਈਆ । ਤੇਰਾ ਮੰਤਰਾਂ ਵਾਲਾ ਸਲਾਮ, ਤਰ੍ਹਾਂ ਤਰ੍ਹਾਂ ਵਿਚ ਵੰਡਾਈਆ । ਜਿਸ ਵੇਲੇ ਆਵੇ ਆਪ ਅਮਾਮ, ਅਮਲਾਂ ਦਾ ਮਾਲਕ ਨੂਰ ਖ਼ੁਦਾਈਆ । ਦੇਵੇ ਸਚ ਪੈਗ਼ਾਮ, ਹਕੀਕਤ ਇਕ ਸਮਝਾਈਆ । ਖੋਜੇ ਉਪਰ ਅਸਮਾਨ, ਜ਼ਿਮੀਂ ਅਸਮਾਨ ਪੜਦਾ ਲਾਹੀਆ । ਵਖਾ ਕੇ ਇਕ ਨਿਸ਼ਾਨ, ਤਾਰਾ ਚੰਦ ਨੂਰ ਰੁਸ਼ਨਾਈਆ । ਲਏ ਹਲਫ਼ੀਆ ਬਿਆਨ, ਬਿਨਾ ਇਬਾਰਤ ਕਰ ਪੜ੍ਹਾਈਆ । ਦੱਸ ਅਗੰਮੀ ਕਲਾਮ, ਕਲਮਿਆਂ ਕਰੇ ਵਡਿਆਈਆ । ਤੂੰ ਬਾਲਕ ਇਕ ਨਿਧਾਨ, ਹੁਕਮੇ ਵਿਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਕਹੇ ਮੈਂ ਸ਼ਬਦ ਸੰਦੇਸ਼ਾ ਦਿਤਾ ਦਸ ਗੁਰੂ, ਇਸ਼ਟ ਦੇਵ ਸਵਾਮੀ ਇਕੋ ਇਕ ਸਮਝਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਖੇਲ ਹੁੰਦਾ ਸ਼ੁਰੂ, ਸ਼ਹਿਨਸ਼ਾਹ ਦਾਤਾ ਬੇਪਰਵਾਹੀਆ । ਜਿਸ ਦਾ ਭਾਣਾ ਦੋ ਜਹਾਨ ਕਦੇ ਨਾ ਮੁੜੂ, ਸਤਿ ਸਮੁੰਦਰ ਸਾਰ ਕੋਇ ਨਾ ਪਾਈਆ । ਜਿਸਦਾ ਇਕੋ ਮੰਤਰ ਨਾਮ ਢੋਲਾ ਸ਼ਬਦੀ ਫੁਰੂ, ਫੁਰਨੇ ਮੇਟੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਰਮੀ ਕਰਮ ਕਮਾਈਆ । ਸੰਦੇਸ਼ਾ ਕਹੇ ਮੈਂ ਦੱਸਦਾ ਰਿਹਾ ਭਗਤ, ਭਗਵਾਨ ਭੇਵ ਖੁਲ੍ਹਾਈਆ । ਪ੍ਰਭ ਆਉਣਾ ਲੋਕਮਾਤ ਜਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਦਾ ਬਿਨਾ ਗੋਬਿੰਦ ਤੋਂ ਕੋਈ ਨਾ ਸਮਝੇ ਵਕ਼ਤ, ਚਾਰੇ ਖਾਣੀ ਸਾਰ ਕੋਇ ਨਾ ਪਾਈਆ । ਜਿਸ ਦਾ ਹੁਕਮ ਹੋਣਾ ਨਾਮ ਸਖ਼ਤ, ਦੇਵੇ ਅੰਤ ਸਜ਼ਾਈਆ । ਚਾਰ ਜੁਗ ਗੁਰ ਅਵਤਾਰ ਪੈਗ਼ੰਬਰ ਇਕੱਠਾ ਕਰ ਕੇ ਵਫ਼ਦ, ਸਚਖੰਡ ਖੇਲ ਵਰਤਾਈਆ । ਨਾ ਕੋਈ ਸ਼ਿਵਦਵਾਲਾ ਮੱਠ ਮੰਦਰ ਹੋਵੇ ਮਸਜਿਦ, ਚਾਰ ਦਵਾਰ ਨਾ ਕੋਇ ਜਣਾਈਆ । ਨਾ ਕੋਈ ਖਾਣ ਪੀਣ ਪਹਿਨਣ ਹੋਵੇ ਰਸਦ, ਰਸਤਾ ਦੀਨ ਦੁਨੀ ਨਾ ਕੋਇ ਵਡਿਆਈਆ । ਨਾ ਕੋਈ ਜਾਤ ਪਾਤ ਦੀਨ ਮਜ਼੍ਹਬ ਕਰੇ ਹਸਦ, ਨਾ ਕੋਈ ਝਗੜਿਆਂ ਵਾਲੀ ਲੋਕਾਈਆ । ਨਾ ਕੋਈ ਪੰਡਤ ਪਾਂਧਾ ਮੁੱਲਾ ਸ਼ੇਖ਼ ਮੁਸਾਇਕ ਹੋਵੇ ਸਈਅਦ, ਅੱਖਰਾਂ ਵਾਲੀ ਵੰਡ ਨਾ ਕੋਇ ਵੰਡਾਈਆ । ਇਕੋ ਏਕੰਕਾਰ ਜੋਤੀ ਧਾਰ ਹੋਵੇ ਮਸਤ, ਮਤਵਾਲੇ ਗੁਰ ਅਵਤਾਰ ਪੈਗ਼ੰਬਰ ਲਏ ਬਣਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਹੋਵੇ ਨਸ਼ਟ, ਨਿਸਚੇ ਨਾਲ ਆਪਣਾ ਹੁਕਮ ਵਰਤਾਈਆ । ਸਚ ਮੁਨਾਰੇ ਏਕੰਕਾਰ ਇਕੋ ਦੱਸੇ ਆਪਣਾ ਦਰਸ, ਦ੍ਰਿਸ਼ ਇਕੋ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਧੁਰ ਦਾ ਹੁਕਮ ਕਹੇ ਮੈਂ ਦੱਸਦਾ ਆਇਆ ਸੰਤ, ਸੱਜਣ ਸਚ ਜਣਾਈਆ । ਪਰਮ ਪੁਰਖ ਪਰਮਾਤਮ ਇਕ ਭਗਵੰਤ, ਭਗਵਨ ਬੇਪਰਵਾਹੀਆ । ਲੱਖ ਚੁਰਾਸੀ ਜਿਸ ਦਾ ਜੀਵ ਜੰਤ, ਘਟ ਘਟ ਡੇਰਾ ਲਾਈਆ । ਕਲਜੁਗ ਪਰਗਟ ਹੋਣਾ ਅੰਤ, ਅਖ਼ੀਰੀ ਵੇਸ ਵਟਾਈਆ । ਜਿਸਦਾ ਇਕੋ ਨਾਮ ਇਕੋ ਮੰਤ, ਇਕੋ ਕਰੇ ਪੜ੍ਹਾਈਆ । ਗੜ੍ਹ ਤੋੜੇ

ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਲੱਖ ਚੁਰਾਸੀ ਵਿਚੋਂ ਜਨ ਭਗਤ ਬਣਾਏ ਥੋੜੇ ਸੰਗਤ, ਸਗਲਾ ਸਾਥੀ ਆਪ ਹੋ ਜਾਈਆ । ਝਗੜਾ ਪਏ ਮੰਡਲ ਮੰਡਪ, ਪੁਰੀ ਲੋਅ ਕੁਰਲਾਈਆ । ਹੋਏ ਦੁਹਾਈ ਜੇਰਜ ਅੰਡਜ, ਉਤਭੁਜ ਸੇਤਜ ਸਾਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਭੁਗਤਾਈਆ । ਧੁਰ ਦਾ ਹੁਕਮ ਕਹੇ ਮੈਂ ਦੱਸਿਆ ਫ਼ਕੀਰ ਸੂਫ਼ੀ, ਸੁਫ਼ਨਿਆਂ ਵਿਚ ਸਮਝਾਈਆ । ਜਗਤ ਪਰਮਾਤਮਾ ਨੂੰ ਲੱਭਣਾ ਵਿਚੋਂ ਹਰੂਫ਼ੀ, ਬਿਨਾ ਹਰਫ਼ ਆਰਫ਼ ਸਮਝੇ ਕੋਇ ਨਾ ਰਾਈਆ । ਭੇਵ ਅਭੇਦ ਸਮਝ ਪਾਵੇ ਕੋਈ ਨਾ ਸੋਝੀ, ਪੜਦਿਆਂ ਵਿਚੋਂ ਪੜਦਾ ਨਾ ਕੋਇ ਉਠਾਈਆ । ਪੁਰਖ ਅਕਾਲ ਧਾਰ ਰਹਿਣ ਨਹੀਂ ਦੇਣੀ ਦੂਜੀ, ਏਕੰਕਾਰ ਇਕੋ ਰੰਗ ਰੰਗਾਈਆ । ਜਾਤ ਰਹੇ ਨਾ ਮੈਂ ਤੂੰ ਦੀ, ਤੂੰਹੀ ਤੂੰਹੀ ਸਾਰੇ ਗਾਈਆ । ਖੇਲ ਵੇਖਣੀ ਬੁਤ ਰੂਹ ਦੀ, ਆਤਮ ਪਰਮਾਤਮ ਜੋੜ ਜੁੜਾਈਆ । ਕਾਰ ਕਰਨੀ ਸ਼ਬਦੀ ਗੋਬਿੰਦ ਹੂਬਹੂ ਦੀ, ਹੋਕਾ ਹੱਕ ਹੱਕ ਜਣਾਈਆ । ਵਡਿਆਈ ਵੇਖਣੀ ਸਾਢੇ ਤਿੰਨ ਕਰੋੜ ਲੂੰ ਲੂੰ ਦੀ, ਗੁਰਮੁਖ ਲੇਖਾ ਰਹਿਣ ਕੋਇ ਨਾ ਪਾਈਆ । ਬੰਦਗੀ ਮੁਕਣੀ ਰਸਨਾ ਜਿਹਵਾ ਬੱਤੀ ਦੰਦ ਮੂੰਹ ਦੀ, ਅਜਪਾ ਜਾਪ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫ਼ਰਮਾਨਾ ਰਾਣਾ ਇਕ ਸਮਝਾਈਆ । ਹੁਕਮ ਕਹੇ ਮੈਂ ਸੱਦੇ ਦੇਂਦਾ ਰਿਹਾ ਵਾਰੋ ਵਾਰ, ਵਾਰਤਾ ਜਗਤ ਸੁਣਾਈਆ । ਕਲਜੁਗ ਅੰਤਮ ਆਉਣਾ ਕਲ ਕਲਕੀ ਅਵਤਾਰ, ਕਲਮਾ ਵੇਖੇ ਖ਼ਲਕ ਖ਼ੁਦਾਈਆ । ਅਮਾਮ ਅਮਾਮਾਂ ਦਾ ਸਰਦਾਰ, ਸਦੀਆਂ ਦਾ ਮਾਲਕ ਬੇਪਰਵਾਹੀਆ । ਜੋਤੀ ਦਾ ਜਾਤਾ ਹੋਵੇ ਉਜਿਆਰ, ਨੂਰ ਨੂਰ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਸਾਂਝਾ ਯਾਰ, ਪਰਵਰਦਿਗਾਰ ਫੇਰਾ ਪਾਈਆ । ਸਚਖੰਡ ਦਵਾਰਾ ਖੋਲ੍ਹ ਕਿਵਾੜ, ਧਾਮ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਈਆ । ਹੁਕਮ ਸੰਦੇਸ਼ਾ ਕਹੇ ਗੁਰ ਅਵਤਾਰ ਪੈਗ਼ੰਬਰ ਖੋਲ੍ਹ ਕੇ ਵੇਖੋ ਅੱਖ, ਬਿਨ ਅੱਖਰਾਂ ਦਿਆਂ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਜੋਤ ਤੱਕੋ ਪਰਤੱਖ, ਪਾਰਬ੍ਰਹਮ ਪਤਿਪਰਮੇਸ਼ਵਰ ਸਾਖਿਆਤ ਨਜ਼ਰੀ ਆਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਗਾਉਂਦੀ ਚਾਰ ਜੁਗ ਦੇ ਜਸ, ਸਿਫ਼ਤਾਂ ਵਾਲੇ ਢੋਲੇ ਮਾਤ ਸੁਣਾਈਆ । ਜਿਸ ਦੀ ਮਹਿੰਮਾ ਗਾਉਂਦੇ ਆਏ ਸਚ, ਸਤਿ ਸਤਿ ਸਤਿ ਦ੍ਰਿੜਾਈਆ । ਜਿਹੜਾ ਕਦੇ ਹੱਥ ਨਾ ਆਇਆ ਵਿਚੋਂ ਹੱਡ ਮਾਸ ਨਾੜੀ ਰੱਤ, ਰਤੀਆਂ ਵਾਲੀ ਵੰਡ ਨਾ ਕੋਇ ਵੰਡਾਈਆ । ਜਿਸ ਨੇ ਲੱਖ ਚੁਰਾਸੀ ਜੀਵ ਜੰਤ ਬਣਾਇਆ ਪੰਜ ਤਤ, ਵਿਸ਼ਨ ਬ੍ਰਹਮਾ ਸ਼ਿਵ ਲਏ ਉਪਜਾਈਆ । ਓਹ ਮਾਲਕ ਖ਼ਾਲਕ ਪ੍ਰਿਤਪਾਲਕ ਦੋ ਜਹਾਨਾਂ ਵਾਲੀ ਹਕੀਕਤ ਹੱਕ, ਹੁਕਮਰਾਨ ਇਕ ਅਖਵਾਈਆ । ਘੜਨ ਭੰਨਣਹਾਰ ਸਦਾ ਸਦਾ ਅਣਥਕ, ਥਕਾਵਟ ਜਗਤ ਮਾਤ ਨਾ ਕੋਇ ਬਣਾਈਆ । ਸੋ ਸਚ ਦਵਾਰਾ ਖੋਲ੍ਹ ਕੇ ਹੱਟ, ਭਗਤ ਸੁਹੇਲੇ ਗੁਰਮੁਖ ਚੇਲੇ ਸੰਤ ਸੱਜਣ ਰਿਹਾ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਵੇਖ ਵਖਾਈਆ । ਧੁਰ ਦਾ ਹੁਕਮ ਕਹੇ ਜੋ ਰਿਹਾ ਦੱਸਦਾ, ਦਹਿ ਦਿਸ਼ਾ ਹੁਕਮ ਸੁਣਾਈਆ । ਜਿਸ ਦਵਾਰੇ ਰਿਹਾ ਵਸਦਾ, ਸਚਖੰਡ ਸੋਭਾ ਪਾਈਆ । ਜਿਸ ਪ੍ਰੇਮੀ ਨਾਲ ਰਿਹਾ ਹੱਸਦਾ, ਪ੍ਰੀਤਮ ਤੱਕਿਆ ਬੇਪਰਵਾਹੀਆ । ਜਿਸ ਦਾ ਖੇਲ ਵੇਖਿਆ ਜੁਗ ਚੌਕੜੀ ਰਥ ਦਾ, ਰਥਵਾਹੀ ਹੋ ਕੇ ਸੇਵ ਕਮਾਈਆ । ਸੋ ਵੇਸ ਵਟਾਏ ਦਇਆ ਕਮਾਏ ਰੂਪ ਪਰਗਟਾਏ ਪੁਰਖ ਸਮਰਥ ਦਾ, ਸਮਾਂ ਸਮੇਂ ਵਿਚੋਂ ਬਦਲਾਈਆ । ਜੋ ਭਗਤ

ਸੁਹੇਲੇ ਸੱਦਦਾ, ਸੰਤਨ ਰੰਗ ਰੰਗਾਈਆ । ਝਗੜਾ ਮੁਕਾ ਕੇ ਸ਼ਾਹਰਗ ਦਾ, ਸ਼ਹਿਨਸ਼ਾਹ ਆਪਣਾ ਘਰ ਦਏ ਸਮਝਾਈਆ । ਜਿਥੇ ਇਕੋ ਦੀਪਕ ਜਗਦਾ, ਦਿਵਸ ਰੈਣ ਹੋਏ ਰੁਸ਼ਨਾਈਆ । ਝਗੜਾ ਮੁਕ ਜਾਏ ਕਾਅਬੇ ਵਾਲੇ ਹੱਜ ਦਾ, ਸ਼ਿਵਦਵਾਲਾ ਮੰਦਰ ਮੱਠ ਸੀਸ ਨਾ ਕੋਇ ਝੁਕਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਇਕੋ ਸਜਦਾ, ਸਜਦਿਆਂ ਦਾ ਲੇਖਾ ਦਏ ਮੁਕਾਈਆ । ਨੂਰ ਨੁਰਾਨਾ ਹੋ ਕੇ ਦਗਦਾ, ਦਗ਼ੇਬਾਜ਼ੀ ਦਏ ਗਵਾਈਆ । ਜੋ ਸਭ ਨੂੰ ਘਟ ਘਟ ਭੀਤਰ ਹੋ ਕੇ ਤੱਕਦਾ, ਬਿਨਾ ਅੱਖਾਂ ਅੱਖ ਖੁਲ੍ਹਾਈਆ । ਓਹ ਖੇਲ ਕਰੇ ਜਗ ਸਚ ਦਾ, ਸਾਚੇ ਦੀ ਸਾਚੀ ਸਚ ਵਡਿਆਈਆ । ਸਚਖੰਡ ਦਵਾਰਾ ਕਹੇ ਮੈਂ ਓਸੇ ਪੁਰਖ ਅਕਾਲ ਨਾਲ ਵਸਦਾ, ਜੋ ਮੇਰੇ ਅੰਦਰ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਚਰਨ ਦਵਾਰੇ ਸੱਦਦਾ, ਹੁਕਮੀ ਹੁਕਮ ਮਨਾਈਆ । ਕੋਈ ਲੇਖ ਨਾ ਜਾਣੇ ਅੱਜ ਦਾ, ਕਲਕਾਤੀ ਕਰਮ ਕਾਂਡ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫ਼ਰਮਾਨ ਆਪਣਾ ਰਿਹਾ ਸੁਣਾਈਆ । ਸੁਣੋ ਫ਼ਰਮਾਨਾ ਹਰਿ ਗੋਬਿੰਦ, ਪੁਰਖ ਅਕਾਲ ਜਣਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਬਿੰਦ, ਮਾਤ ਪਿਤ ਨਾ ਕੋਇ ਵਡਿਆਈਆ । ਤੁਹਾਡਾ ਮਾਲਕ ਗੁਣੀ ਗਹਿੰਦ, ਗਹਿਰ ਗੰਭੀਰ ਅਖਵਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਮੇਟੇ ਚਿੰਦ, ਚਿੰਤਾ ਦਏ ਮਿਟਾਈਆ । ਸੋ ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਨਿਰਗੁਣ ਨਿਰਵੈਰ ਨਿਰਾਕਾਰ ਸਦਾ ਬਖ਼ਸ਼ਿੰਦ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਜੋ ਅੰਮ੍ਰਿਤ ਧਾਰ ਦੇਵੇ ਸਾਗਰ ਸਿੰਧ, ਅਤੋਟ ਅਤੁਟ ਵਰਤਾਈਆ । ਜੋ ਮਾਲਕ ਜੀਓ ਪਿੰਡ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਕੀ ਉਸ ਦੀ ਕਰੇ ਨਿੰਦ, ਨਿੰਦਿਆ ਵਿਚ ਜਗਤ ਲੋਕਾਈਆ । ਜਿਸ ਦੀ ਤਾਰ ਸਿਤਾਰ ਸਮਝੇ ਕੋਈ ਨਾ ਕਿੰਗ, ਮਰਦੰਗ ਅਨਰੰਗ ਆਪ ਸੁਣਾਈਆ । ਜੋ ਲੇਖਾ ਜਾਣੇ ਸੁਰਪਤ ਇੰਦ, ਵਿਸ਼ਨ ਬ੍ਰਹਮਾ ਸ਼ਿਵ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਧੁਰ ਦਾ ਹੁਕਮ ਕਹੇ ਮੇਰੀ ਅੰਤਮ ਆ ਗਈ ਵਾਰੀ, ਵਾਰਤਾ ਪਿਛਲੀ ਦੇਣੀ ਬਦਲਾਈਆ । ਚੌਥੇ ਜੁਗ ਦੀ ਕਰ ਖ਼ੁਆਰੀ, ਖਾਹ ਮਖਾਹ ਦੇਣਾ ਮਿਟਾਈਆ । ਦੀਨ ਮਜ਼੍ਹਬ ਜਾਤ ਪਾਤ ਅੰਤਮ ਜਾਣੀ ਹਾਰੀ, ਜੋ ਹਰਿ ਜੂ ਆਪਣਾ ਹੁਕਮ ਸੁਣਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖਣੀ ਉਜਾੜੀ, ਸਾਚਾ ਰੰਗ ਨਾ ਕੋਇ ਰੰਗਾਈਆ । ਸਭ ਨੇ ਯਾਦ ਰਖਣੀ ਚੌਵ੍ਹੀ ਮਾਘ ਦੀ ਦਿਹਾੜੀ, ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਮਾਤ ਆਈਆ । ਉਠਣ ਲੱਗੀ ਮੌਤ ਲਾੜੀ, ਰਾਏ ਧਰਮ ਦਵਾਰੇ ਲਏ ਅੰਗੜਾਈਆ । ਮੈਂ ਫਿਰਨਾ ਜੰਗਲ ਜੂਹ ਪਹਾੜੀਂ, ਉਚੇ ਟਿੱਲੇ ਪਰਬਤ ਖੋਜ ਖੁਜਾਈਆ । ਮੈਂ ਸਤਿਜੁਗ ਤਰੇਤਾ ਦੁਆਪਰ ਕਲਜੁਗ ਰਹੀ ਕਵਾਰੀ, ਮੈਨੂੰ ਜੀਵਤ ਅੰਤ ਨਾ ਕੋਇ ਪਰਨਾਈਆ । ਮੈਂ ਲੱਖ ਚੁਰਾਸੀ ਵਿਚੋਂ ਲੱਭਣ ਚਲੀ ਨਾਰੀ, ਸਦੀ ਚੌਧਵੀਂ ਫੇਰਾ ਪਾਈਆ । ਮੇਰੇ ਸੀਸ ਅਗੰਮੀ ਖਾਰੀ, ਜਿਸ ਦੀ ਧਾਰ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਹੁਕਮ ਕਹੇ ਮੇਰਾ ਆ ਗਿਆ ਅੰਤਮ ਵੇਲਾ, ਵੇਲੇ ਸਿਰ ਦਿਆਂ ਸਮਝਾਈਆ । ਅਗਲੇ ਸਾਲ ਨਾਤਾ ਤੁੱਟਣਾ ਗੁਰੂ ਚੇਲਾ, ਚੇਲਾ ਗੁਰੂ ਸੀਸ ਨਾ ਕੋਇ ਨਿਵਾਈਆ । ਲਾੜੀ ਮੌਤ ਘਰ ਘਰ ਚਾੜ੍ਹਨ ਆਉਣਾ ਤੇਲਾ, ਸਗਨ ਆਪਣਾ ਰਹੀ ਵਖਾਈਆ । ਪੁਰਖ ਅਕਾਲ ਨੇ ਕਰਨਾ ਖੇਲ ਨਵੇਲਾ, ਨਿਰਾਕਾਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚੌਵ੍ਹੀ ਮਾਘ ਕਹੇ ਮੈਂ ਗਿਆ ਜਾਗ, ਜਾਗਣ ਵੇਲਾ ਦਿਆਂ ਦ੍ਰਿੜਾਈਆ ।

੨੫੬
੧੯

ਸ੍ਰਿਸ਼ਟੀ ਦਾ ਬੁਝਣ ਵਾਲਾ ਚਿਰਾਗ਼, ਇਸ਼ਟੀ ਨੂਰ ਨਾ ਕੋਇ ਰੁਸ਼ਨਾਈਆ । ਅਗੇ ਹੋ ਨਾ ਪਕੜੇ ਕੋਈ ਵਾਗ, ਸਹਾਰਾ ਸਚ ਨਾ ਕੋਇ ਜਣਾਈਆ । ਹੰਸ ਬੁਧੀ ਹੋਈ ਕਾਗ, ਮਾਣਕ ਮੋਤੀ ਚੋਗ ਨਾ ਕੋਇ ਚੁਗਾਈਆ । ਦੁਰਮਤ ਮੈਲ ਨਾ ਧੋਵੇ ਕੋਇ ਦਾਗ਼, ਪਾਪਾਂ ਪੁਨੀਤ ਪਵਿਤ ਨਾ ਕੋਇ ਵਖਾਈਆ । ਚਾਰ ਕੁੰਟ ਪੈਣੀ ਭਾਜ, ਭਾਂਡਾ ਭੱਜੇ ਜਗਤ ਲੋਕਾਈਆ । ਮਾਤਾ ਪੁੱਤ ਰਹੇ ਨਾ ਸਾਂਝ, ਨਾਰ ਕੰਤ ਨਾ ਕੋਇ ਹੰਢਾਈਆ । ਸ਼ਹਿਨਸ਼ਾਹੀ ਨਾ ਰਹੇ ਰਾਜ, ਰਈਅਤ ਦਏ ਦੁਹਾਈਆ । ਕਿਸੇ ਸਿਰ ਨਹੀਂ ਰਹਿਣਾ ਤਾਜ, ਤਖ਼ਤਾਂ ਵਾਲੇ ਦਏ ਉਲਟਾਈਆ । ਪ੍ਰਭ ਨੇ ਆਪਣਾ ਕਰਨਾ ਕਾਜ, ਸਚਖੰਡ ਦਵਾਰੇ ਹੁਕਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਰਹੇ ਭਾਜ, ਭੱਜਣ ਵਾਹੋ ਦਾਹੀਆ । ਲੋਕਮਾਤ ਕਿਸ ਨੂੰ ਦਈਏ ਇਮਦਾਦ, ਨੇੜੇ ਹੋ ਕੇ ਅੰਤ ਛੁਡਾਈਆ । ਸਭ ਨੂੰ ਸਾਂਝੀ ਪੁਰਖ ਅਕਾਲ ਦੀ ਆ ਗਈ ਆਵਾਜ਼, ਸੁਨੇਹੜਾ ਇਕ ਦ੍ਰਿੜਾਈਆ । ਕਿਸੇ ਕੰਮ ਨਹੀਂ ਆਉਣੀ ਜਗਤ ਦੀ ਪੜ੍ਹੀ ਨਿਮਾਜ਼, ਹੁਜਰਿਆਂ ਵਿਚ ਨਾ ਕੋਇ ਸਫ਼ਾਈਆ । ਰਾਮ ਨਾਮ ਕੋਈ ਨਾ ਬਣਿਆ ਸਾਕ, ਸੱਜਣ ਸੈਣ ਨਾ ਕੋਇ ਅਖਵਾਈਆ । ਜਿੰਨਾਂ ਚਿਰ ਪੁਰਖ ਅਕਾਲ ਨਾ ਮੰਨਿਆ ਸਭ ਨੇ ਬਾਪ, ਅਗਲਾ ਪੰਧ ਨਾ ਕੋਇ ਮੁਕਾਈਆ । ਅੰਤਮ ਖ਼ਾਕੀ ਹੋਣਾ ਖ਼ਾਕ, ਖ਼ਾਲਕ ਨਜ਼ਰ ਨਾ ਕੋਇ ਟਿਕਾਈਆ । ਆਉਣਾ ਜਾਣਾ ਰਹੇ ਆਣ ਬਾਟ, ਮਾਤ ਗਰਭ ਫੰਦ ਨਾ ਕੋਇ ਕਟਾਈਆ । ਕੋਟਾਂ ਵਿਚੋਂ ਥੋੜਿਆਂ ਮੁਕਣੀ ਵਾਟ, ਜੋ ਇਕੋ ਰਹੇ ਮਨਾਈਆ । ਸੂਫ਼ੀ ਸੰਤ ਫ਼ਕੀਰ ਭਗਤ ਜਨ ਅੰਦਰੋਂ ਬਾਹਰੋਂ ਦਿਸਣ ਪਾਕ, ਰੂਹ ਬੁੱਤ ਹੋਈ ਸਫ਼ਾਈਆ । ਕਾਇਆ ਕਾਅਬਾ ਸੋਹੀ ਇਕ ਮਹਿਰਾਬ, ਮਹਿਬੂਬ ਇਕੋ ਨਜ਼ਰੀ ਆਈਆ । ਜਿਸ ਦੇ ਉਤੇ ਨਾ ਕੋਈ ਤਨ ਨਾ ਪੋਸ਼ਾਕ, ਨਾ ਕੋਈ ਬਸਤਰ ਰਿਹਾ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਾਘ ਕਹੇ ਮੇਰੀ ਕਿੱਡੀ ਸੋਹਣੀ ਆਈ ਦਿਹਾੜੀ, ਦਿਵਸ ਨਾਲੋਂ ਰੈਣ ਵੱਜੀ ਵਧਾਈਆ । ਅੱਜ ਸਗਨਾਂ ਨਾਲ ਉਠਣ ਲੱਗੀ ਮੌਤ ਲਾੜੀ, ਆਪਣਾ ਘੁੰਗਟ ਅੱਖ ਖੁਲ੍ਹਾਈਆ । ਮੈਂ ਤੇਰੀ ਵੇਖਣੀ ਚਾਰ ਯਾਰੀ, ਯਾਰਾਨੇ ਸਾਰੇ ਦੇਣੇ ਤੁੜਾਈਆ । ਚਾਰ ਜੁਗ ਮੈਂ ਬਣੀ ਰਹੀ ਬੇਇਤਬਾਰੀ, ਅਗੇ ਇਤਬਾਰ ਦੇਣਾ ਜਮਾਈਆ । ਚਾਰ ਕੁੰਟ ਫੇਰਦੀ ਜਾਵਾਂ ਬਹਾਰੀ, ਬਚਿਆ ਰਹਿਣ ਕੋਇ ਨਾ ਪਾਈਆ । ਮੁੱਲਾ ਸ਼ੇਖ਼ਾਂ ਰੱਤੜੀ ਕੀਤੀ ਦਾੜ੍ਹੀ, ਦਾਓ ਆਪਣਾ ਲੈਣਾ ਲਗਾਈਆ । ਅੱਗ ਲਗਾ ਕੇ ਨਾੜੀ ਨਾੜੀ, ਅੰਗ ਅੰਗ ਦੇਣਾ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਸਮਝਾਈਆ । ਚੌਵ੍ਹੀ ਮਾਘ ਕਹੇ ਮੇਰਾ ਹੋਣ ਲੱਗਾ ਵਾਧਾ, ਵਧੀਆ ਹੁਕਮ ਸੁਣਾਈਆ । ਪੁਰਖ ਅਕਾਲ ਸਭ ਦਾ ਦਾਦਾ, ਦਇਆਵਾਨ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਗਾਉਂਦੇ ਰਾਗਾ, ਨਾਦਾਂ ਵਿਚ ਸੁਣਾਈਆ । ਓਹ ਕਰਨ ਵਾਲਾ ਖੇਲ ਤਮਾਸ਼ਾ, ਖ਼ਾਲਕ ਖ਼ਲਕ ਬੇਪਰਵਾਹੀਆ । ਗੋਪੀ ਕਾਹਨ ਵਾਲੀ ਮੁੱਕਣੀ ਰਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦੁਨੀ ਹੱਦ ਬਦਲ ਦੇਵੇ ਪਾਸਾ, ਸਾਰ ਪਾਸ਼ਾ ਆਪਣੇ ਹੱਥ ਵਖਾਈਆ । ਚੌਵੀ ਮਾਘ ਕਹੇ ਵਿਸ਼ਨ ਬ੍ਰਹਮਾ ਸ਼ਿਵ ਸੁਣੋ ਸਤਿ, ਸਤਿ ਦਿਆਂ ਜਣਾਈਆ । ਕਲਜੁਗ ਅੰਤਮ ਸਭ ਨੂੰ ਭੁੱਲੀ ਬ੍ਰਹਮ ਮਤ, ਪਾਰਬ੍ਰਹਮ ਮੇਲ ਨਾ ਕੋਇ ਕਰਾਈਆ । ਮਿਲਿਆ ਮੇਲ ਨਾ ਕਮਲਾਪਤ, ਕੰਤ ਕੰਤੂਹਲ ਸੇਜ ਨਾ ਕੋਇ ਹੰਢਾਈਆ । ਏਸੇ ਕਾਰਨ ਕਲਜੁਗ ਅੰਤਮ ਸਕੇ ਕੋਈ ਨਾ ਰਖ, ਰਾਖਾ ਰਹਿਣ ਕੋਇ ਨਾ ਪਾਈਆ । ਸਤਿਗੁਰ ਭੁੱਲਿਆਂ ਕ਼ੀਮਤ ਪਏ ਕਿਸੇ ਨਾ ਕੱਖ, ਕੌਡੀ ਹੱਟ ਨਾ ਕੋਇ ਵਿਕਾਈਆ । ਭਾਵੇਂ ਮਣਕਾ ਮਣਕਾ ਮਨ ਦਾ ਨਾਮ ਰਹੇ ਰੱਟ,



੨੫੭
੧੯

ਹਿਰਦੇ ਹਰਿ ਨਾ ਕੋਇ ਵਸਾਈਆ । ਸਭ ਦੇ ਬੁਰਜ ਮੁਨਾਰੇ ਜਾਣੇ ਢੱਠ, ਸਾਢੇ ਤਿੰਨ ਹੱਥ ਨਾ ਕੋਇ ਚਤੁਰਾਈਆ । ਮੁਸਲਮ ਸੁੰਨੀ ਅਗੇ ਕਰਨ ਲੱਗੇ ਇਕੱਠ, ਮਹੀਨੇ ਥੋੜੇ ਬਾਕੀ ਨਜ਼ਰੀ ਆਈਆ । ਪੁਰਖ ਅਕਾਲ ਹੁਕਮ ਦੇਣਾ ਝਟ, ਕਲਮਾ ਕਲਮੇ ਵਿਚੋਂ ਅਲਾਈਆ । ਦੀਨ ਦੁਨੀ ਵੱਜਣ ਵਾਲੀ ਸੱਟ, ਦੀਨ ਮਜ਼੍ਹਬ ਰਹੇ ਕੁਰਲਾਈਆ । ਹੁਕਮ ਕਹੇ ਮੇਰੇ ਉਤੇ ਕਰਿਓ ਕੋਈ ਨਾ ਸ਼ੱਕ, ਮੈਂ ਜੁਗ ਜੁਗ ਹੁਕਮ ਰਿਹਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਖਾਈਆ । ਚਵੀ ਮਾਘ ਕਹੇ ਮੇਰਾ ਲੇਖਾ ਕੁਝ ਕੁਝ, ਜੁਗ ਚਾਰ ਸੇਵ ਕਮਾਈਆ । ਭਗਤ ਸੁਹੇਲੇ ਉਠਾਵਾਂ ਜੁਗ ਜੁਗ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਪ੍ਰਭ ਦਾ ਦਰਸ ਕਰਾਵਾਂ ਲੁਕ ਲੁਕ, ਪੜਦਿਆਂ ਅੰਦਰੋਂ ਪੜਦਾ ਲਾਹੀਆ । ਨਾਮ ਸੰਦੇਸ਼ਾ ਦੇਵਾਂ ਰੁਕ ਰੁਕ, ਹੌਲੀ ਹੌਲੀ ਜਣਾਈਆ । ਮਨਮੁਖਾਂ ਕੋਲੋਂ ਰੁੱਸ ਰੁੱਸ, ਪੱਲਾ ਲਵਾਂ ਛੁਡਾਈਆ । ਗੁਰਮੁਖਾਂ ਕੋਲੋਂ ਪੁਛ ਪੁਛ, ਪਿਛਲਾ ਲੇਖਾ ਦਿਆਂ ਮੁਕਾਈਆ । ਪੁਰਖ ਅਕਾਲ ਦੇ ਬਣਾ ਕੇ ਪੁੱਤ ਪੁੱਤ, ਪਿਤਾ ਪੂਤ ਦਿਆਂ ਜੁੜਾਈਆ । ਓਨ੍ਹਾਂ ਦਾ ਆਵਣ ਜਾਵਣ ਲੱਖ ਚੁਰਾਸੀ ਲੇਖਾ ਜਾਏ ਛੁਟ, ਰਾਏ ਧਰਮ ਨਾ ਦਏ ਸਜ਼ਾਈਆ । ਸਤਿਗੁਰ ਸ਼ਬਦ ਸੁਹੇਲਾ ਫੜ ਕੇ ਅਗੰਮੀ ਗੁੱਟ, ਦੋ ਜਹਾਨਾਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਵਕਤ ਦਏ ਸਫ਼ਾਈਆ । ਚਵੀ ਮਾਘ ਕਹੇ ਮੈਂ ਭਗਤਾਂ ਜੋਗਾ, ਜੋਗੀ ਜੁਗੀਸ਼ਰ ਗਏ ਜਣਾਈਆ । ਮੇਰਾ ਨਾਮ ਸੰਦੇਸ਼ਾ ਸਦਾ ਹੋਕਾ, ਹੁਕਮ ਬੇਪਰਵਾਹੀਆ । ਡੰਕਾ ਵਜਾਵਾਂ ਚੌਦਾਂ ਲੋਕਾ, ਚੌਦਾਂ ਤਬਕ ਸ਼ਨਵਾਈਆ । ਗੁਰਮੁਖਾਂ ਦੇਵਾਂ ਅਗੰਮੀ ਮੌਜਾ, ਮਜਲਸ ਪ੍ਰਭ ਦੇ ਨਾਲ ਬਣਾਈਆ । ਨਵ ਨੌ ਚਾਰ ਪਿਛੋਂ ਮਿਲਿਆ ਮੌਕਾ, ਮੁਕੰਮਲ ਪੜਦਾ ਦਿਆਂ ਉਠਾਈਆ । ਗੁਰਮੁਖੋ ਤੁਹਾਡੇ ਨਾਲ ਹੋਵੇ ਕਦੇ ਨਾ ਧੋਖਾ, ਸਚ ਸਚ ਸਚ ਸਮਝਾਈਆ । ਤੁਹਾਡਾ ਮਾਰਗ ਦੱਸਿਆ ਸੌਖਾ, ਲਿਖਣ ਪੜ੍ਹਨ ਦੀ ਲੋੜ ਰਹੀ ਨਾ ਰਾਈਆ । ਤੁਹਾਡੇ ਚਰਨਾਂ ਹੇਠਾਂ ਫਿਰੇ ਮੁਕਤੀ ਮੋਖਾ, ਮੁਫ਼ਤ ਸੇਵ ਕਮਾਈਆ । ਸਾਚੇ ਨਾਮ ਦੀ ਲਗਦੀ ਰਹੇ ਚੋਟਾ, ਚੋਟੀ ਚੜ੍ਹ ਕੇ ਕਰੇ ਸ਼ਨਵਾਈਆ । ਜਨ ਭਗਤ ਸਚ ਦਵਾਰੇ ਜਗਦੀ ਰਹੇ ਜੋਤਾ, ਦੀਵਾ ਬਾਤੀ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਹੁਕਮ ਪਾਰ ਲੰਘਾਈਆ । ਚਵੀ ਮਾਘ ਕਹੇ ਮੈਂ ਜਾਗਰਤ ਹੋਇਆ, ਦੋ ਜਹਾਨਾਂ ਵੱਜੀ ਵਧਾਈਆ । ਭਗਤ ਸੁਹੇਲਾ ਕਦੇ ਨਾ ਸੋਇਆ, ਸੁਤਿਆਂ ਲਵਾਂ ਉਠਾਈਆ । ਨਾਮ ਨਿਧਾਨ ਲੈ ਕੇ ਆਇਆ ਧੁਰ ਦਾ ਢੋਆ, ਸੋਹੰ ਸੋ ਝੋਲੀ ਪਾਈਆ । ਬਿਨ ਸਤਿਗੁਰ ਨਾਨਕ ਅਵਰ ਨਾ ਜਾਣੇ ਕੋਆ, ਭਰਮੇਂ ਭੁੱਲੀ ਸਰਬ ਲੋਕਾਈਆ । ਜਾਂ ਗੋਬਿੰਦ ਜਾਣੇ ਨਵਾਂ ਨਰੋਆ, ਜੋ ਅੰਤਮ ਗਿਆ ਜਣਾਈਆ । ਆਤਮ ਪਰਮਾਤਮ ਪ੍ਰਭ ਨੇ ਆਪਣਾ ਬੀਜ ਬੋਆ, ਦੂਜਾ ਰੂਪ ਨਾ ਕੋਇ ਵਖਾਈਆ । ਆਪੇ ਆਤਮ ਆਪੇ ਪਰਮਾਤਮ ਪਾਰਬ੍ਰਹਮ ਬ੍ਰਹਮ ਆਪੇ ਹੋਆ, ਪੰਜ ਤਤ ਕਾਇਆ ਮਾਟੀ ਰਿਹਾ ਹੰਢਾਈਆ । ਸਚ ਪਰਕਾਸ਼ ਨਿਰਮਲ ਜੋਤ ਕਰੇ ਲੋਆ, ਨਿਜ ਲੋਚਨ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਕਹੇ ਇਹੋ ਹੁਕਮ ਨਿਰੰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਆਦਿ ਜੁਗਾਦਿ ਜੁਗ ਚੌਕੜੀ ਵਰਤੇ ਵਿਚ ਸੰਸਾਰ, ਦੋ ਜਹਾਨ ਸੀਸ ਝੁਕਾਈਆ । ਲਿਖ ਲਿਖ ਲੇਖਾ ਗਏ ਗੁਰੂ ਅਵਤਾਰ, ਭਵਿਖਤਾਂ ਵਿਚ ਜਣਾਈਆ । ਕਲਜੁਗ ਅੰਤਮ ਨਿਹਕਲੰਕ ਲਏ ਅਵਤਾਰ, ਜਿਸ ਦਾ ਪਿਤਾ ਨਾ ਕੋਈ ਮਾਈਆ । ਮਹਾਂਬਲੀ ਉਤਰੇ ਆਪਣੀ ਧਾਰ, ਨੂਰੋ ਨੂਰ ਕਰ ਰੁਸ਼ਨਾਈਆ । ਪੀਰ ਪੈਗੰਬਰਾਂ ਦਾ

ਸਰਦਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅੰਤਮ ਪਾਵੇ ਸਾਰ, ਮਹਾਂਸਾਰਥੀ ਵੇਸ ਵਟਾਈਆ । ਕਰਨੀ ਦਾ ਕਰਤਾ ਹੋ ਕੇ ਖ਼ਬਰਦਾਰ, ਬੇਖ਼ਬਰਾਂ ਦਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨ ਦਏ ਦ੍ਰਿੜਾਈਆ । ਚਵੀ ਮਾਘ ਕਹੇ ਮੈਂ ਲਾਹਿਆ ਪੜਦਾ, ਓਹਲਾ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਜਿਸ ਮੰਦਰ ਅੰਦਰ ਵੜਦਾ, ਓਹੋ ਤਨ ਮਾਟੀ ਖ਼ਾਕੀ ਸੋਭਾ ਪਾਈਆ । ਸਚਖੰਡ ਦਵਾਰ ਓਹੋ ਬਣਦਾ, ਜਿਥੇ ਨਿਰਗੁਣ ਜੋਤ ਹੋਵੇ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਓਹੋ ਜਣਦਾ, ਜਿਸਦਾ ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਬੇੜਾ ਓਹੋ ਬੰਨ੍ਹਦਾ, ਖੇਵਟ ਖੇਟਾ ਸ਼ਾਹ ਪਾਤਸ਼ਾਹ ਇਕ ਅਖਵਾਈਆ । ਉਹ ਲੇਖਾ ਜਾਣੇ ਕਾਚੀ ਮਾਟੀ ਤਨ ਦਾ, ਤਤਵ ਤਤ ਖੋਜ ਖੁਜਾਈਆ । ਉਹ ਝਗੜਾ ਮੁਕਾਵੇ ਤਾਰਾ ਚੰਦ ਦਾ, ਚਾਰ ਕੁੰਟ ਕਰੇ ਰੁਸ਼ਨਾਈਆ । ਜੋ ਹੁਕਮ ਸੰਦੇਸ਼ੇ ਘੱਲਦਾ, ਸੁਨੇਹੜੇ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਚੌਵੀ ਮਾਘ ਕਹੇ ਮੈਂ ਜੁਗ ਚੌਕੜੀ ਆਇਆ ਚਲਦਾ, ਬਣ ਪਾਂਧੀ ਪੰਧ ਮੁਕਾਈਆ । ਸਚ ਸੁਨੇਹੜੇ ਆਇਆ ਘੱਲਦਾ, ਸ਼ਾਸਤਰ ਸਿਮਰਤ ਵੇਦ ਪੁਰਾਨ ਲਿਖਾਈਆ । ਭੇਵ ਦੱਸਦਾ ਆਇਆ ਜਲ ਥਲ ਦਾ, ਪੜਦਾ ਮਹੀਅਲ ਆਪ ਉਠਾਈਆ । ਸਚ ਦਵਾਰਾ ਆਇਆ ਮੱਲਦਾ, ਪ੍ਰਭ ਚਰਨ ਮਿਲੀ ਸਰਨਾਈਆ । ਖੇਲ ਵੇਖਦਾ ਰਿਹਾ ਘੜੀ ਪਲ ਦਾ, ਪਲਕ ਪਲਕ ਵਿਚੋਂ ਬਦਲਾਈਆ । ਭਗਤਾਂ ਦੇ ਅੰਦਰ ਰਿਹਾ ਰਲਦਾ, ਬਿਨ ਤਤ ਵਜੂਦ ਸੋਭਾ ਪਾਈਆ । ਪ੍ਰੇਮ ਮੁਹੱਬਤ ਅੰਦਰ ਰਿਹਾ ਫਲਦਾ, ਫੁੱਲ ਫੁਲਵਾੜੀ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਰੰਗ ਰਿਹਾ ਬਦਲਾਈਆ । ਚੌਵੀ ਮਾਘ ਕਹੇ ਮੇਰੀ ਹੋਣ ਵਾਲੀ ਬਦਲੀ, ਬਦਲਾ ਚੁੱਕੇ ਸਰਬ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਸਚ ਦਵਾਰੇ ਪੁੱਜੇ ਮਜ਼ਲੋ ਮਜ਼ਲੀ, ਮੰਜ਼ਲ ਆਪਣੀ ਪੂਰ ਕਰਾਈਆ । ਪੁਰਖ ਅਕਾਲ ਬਣ ਕੇ ਅਦਲੀ, ਅਦਾਲਤ ਇਕੋ ਇਕ ਜਣਾਈਆ । ਜਿਸ ਦੀ ਵੇਲ ਅਗੇ ਵਧ ਗਈ, ਵਾਧਾ ਭਗਤਾਂ ਵਿਚ ਬਣਾਈਆ । ਜੋ ਕਰਿਆ ਸੋ ਆਪਣੀ ਯਦ ਲਈ, ਯਾਦਦਾਸ਼ਤ ਪਿਛਲੀ ਰਿਹਾ ਦੁਹਰਾਈਆ । ਗੋਬਿੰਦ ਬਿਨ ਅੱਖਰਾਂ ਉਹ ਕਿਤਾਬ ਕੱਢ ਲਈ, ਜਿਸਦੀ ਸੱਤਾਂ ਸਤਰਾਂ ਵਿਚ ਲਿਖਾਈਆ । ਅਗੇ ਪੁਰਖ ਅਕਾਲ ਨਾਲੋਂ ਰਹਿਣਾ ਅੱਡ ਨਹੀਂ, ਜੋਤ ਸ਼ਬਦ ਹੋਵੇ ਕੁੜਮਾਈਆ । ਸਚ ਪ੍ਰੀਤੀ ਇਕੋ ਬੱਝ ਗਈ, ਡੋਰੀ ਤੰਦ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਰਮੀ ਆਪਣਾ ਹੁਕਮ ਵਰਤਾਈਆ । ਚਵੀ ਮਾਘ ਕਹੇ ਮੈਂ ਵੇਖਿਆ ਚਾਰ ਕੁੰਟ, ਦਹਿ ਦਿਸ਼ਾ ਧਿਆਨ ਲਗਾਈਆ । ਥਰ ਥਰ ਕੰਬ ਰਿਹਾ ਬੈਕੁੰਠ, ਸਵਰਗ ਰਿਹਾ ਕੁਰਲਾਈਆ । ਲੱਖ ਚੁਰਾਸੀ ਵਿਚੋਂ ਥੋੜੇ ਦਿਸੇ ਮੁਖ, ਜੋ ਭਗਤ ਭਗਵੰਤ ਵਿਚ ਸਮਾਈਆ । ਇਕੋ ਰਖ ਕੇ ਓਟ, ਓੜਕ ਇਕੋ ਰਹੇ ਮਨਾਈਆ । ਤਨ ਨਗਾਰੇ ਨਾਮ ਦੀ ਲਾ ਕੇ ਚੋਟ, ਪੰਜਾਂ ਰਹੇ ਮਿਟਾਈਆ । ਮਮਤਾ ਦਾ ਕੱਢ ਕੇ ਖੋਟ, ਹੰਗਤਾ ਦੂਰ ਕਰਾਈਆ । ਸਚ ਮਿਲਣ ਦੀ ਸੋਚ, ਇਕੋ ਇਕ ਪੜ੍ਹਾਈਆ । ਦਰਸ਼ਨ ਕਰ ਕੇ ਨੇਤਰ ਲੋਚ, ਲੋਚਣ ਰੰਗ ਚੜ੍ਹਾਈਆ । ਜਨਮ ਜਨਮ ਦੀ ਪੂਰੀ ਹੋਵੇ ਖੋਜ, ਅਗੇ ਲੱਭਣ ਦੀ ਲੋੜ ਰਹੇ ਨਾ ਰਾਈਆ । ਆਤਮ ਪਰਮਾਤਮ ਮਿਲ ਕੇ ਮਾਨਣ ਮੌਜ, ਮੌਜੂਦਾ ਪ੍ਰਭ ਦਾ ਦਰਸ਼ਨ ਪਾਈਆ । ਨਾ ਹਰਖ ਰਿਹਾ ਨਾ ਸੋਗ, ਚਿੰਤਾ ਗ਼ਮ ਨਾ ਕੋਇ ਸਤਾਈਆ । ਭਾਵੇਂ ਤਾਅਨੇ ਦੇਵਣ ਲੋਕ, ਨਿੰਦਿਆਂ ਵਿਚ ਲੋਕਾਈਆ । ਫੇਰ ਵੀ ਤੂੰ ਮੇਰਾ

ਮੈਂ ਤੇਰਾ ਸੋਹੰ ਗਾਂਦੇ ਸਲੋਕ, ਸੁਲਹਕੁਲ ਇਕੋ ਰਹੇ ਮਨਾਈਆ । ਜਿਸ ਦਾ ਰੂਪ ਨਿਰਮਲ ਜੋਤ, ਨੂਰ ਨੂਰ ਵਿਚ ਰੁਸ਼ਨਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਦੀਨ ਮਜ਼੍ਹਬ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਹੁਕਮ ਪਰਗਟਾਈਆ । ਹੁਕਮ ਕਹੇ ਮੈਂ ਹੁਕਮੀ ਧੰਦਾ, ਆਦਿ ਜੁਗਾਦਿ ਜਣਾਈਆ । ਗੁਰਮੁਖ ਲੱਭਾਂ ਧੁਰ ਦਾ ਬੰਦਾ, ਬੰਦਗੀ ਇਕੋ ਇਕ ਸਮਝਾਈਆ । ਕਲਜੁਗ ਅੰਤ ਅਖ਼ੀਰੀ ਵੇਖ ਕੇ ਕੰਢਾ, ਕੰਡਿਆਂ ਵਿਚੋਂ ਬਾਹਰ ਕਢਾਈਆ । ਪੜਦਾ ਲਾਹ ਕੇ ਬ੍ਰਹਿਮੰਡਾਂ, ਮੰਡਲ ਮੰਡਪ ਦਿਤਾ ਬਦਲਾਈਆ । ਓਸ ਗੋਬਿੰਦ ਨੂੰ ਮਿਲੋ ਜਿਸ ਦਾ ਸ਼ਬਦ ਅਗੰਮੀ ਖੰਡਾ, ਲੁਹਾਰ ਤਰਖਾਣ ਨਾ ਕੋਇ ਘੜਾਈਆ । ਲੱਖ ਚੁਰਾਸੀ ਮਾਰਦਿਆਂ ਕਦੇ ਪਵੇ ਨਾ ਦੰਦਾ, ਸਾਣ ਉਤੇ ਨਾ ਕੋਇ ਰਗੜਾਈਆ । ਧੋਣਾ ਪਏ ਨਾ ਵਿਚ ਜਲ ਗੰਗਾ, ਨੀਰ ਦੀ ਧਾਰ ਨਾ ਕੋਇ ਵਖਾਈਆ । ਬਿਨਾ ਮਿਆਨੋਂ ਕਦੇ ਨਾ ਹੋਵੇ ਨੰਗਾ, ਜਗ ਨੇਤਰ ਦਰਸ ਕੋਇ ਨਾ ਪਾਈਆ । ਓਸ ਗੋਬਿੰਦ ਦਾ ਵੇਖੋ ਕੰਘਾ, ਜੋ ਦੁਰਮਤ ਮੈਲ ਰਿਹਾ ਧਵਾਈਆ । ਨਾਲ ਨੇਜ਼ੇ ਦਾ ਸੋਹਣਾ ਡੰਡਾ, ਜੋ ਬ੍ਰਹਿਮੰਡ ਖੰਡ ਰਿਹਾ ਹਿਲਾਈਆ । ਸਾਚੀ ਢਾਲ ਦੀ ਇਕੋ ਵੰਡਾ, ਜੋ ਪਾਪਾਂ ਤੋਂ ਪਰੇ ਲਏ ਕਰਾਈਆ । ਉਹ ਸ਼ਸਤਰ ਕਦੇ ਨਾ ਹੋਵੇ ਗੰਦਾ, ਰਗੜ ਦੇ ਨਾਲ ਰਗੜ ਨਾ ਕੋਇ ਰਗੜਾਈਆ । ਉਹਨੂੰ ਖੋਹ ਸਕੇ ਨਾ ਕੋਈ ਬੰਦਾ, ਬੰਦੀਖ਼ਾਨੇ ਨਾ ਕੋਇ ਛੁਪਾਈਆ । ਉਹ ਦੋ ਜਹਾਨਾਂ ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਸਦਾ ਕਰਦਾ ਰਹੇ ਦੰਗਾ, ਡੰਕਾ ਸਚ ਵਜਾਈਆ । ਉਹ ਪਰਖਣਹਾਰਾ ਮੰਦਾ ਚੰਗਾ, ਲੱਖ ਚੁਰਾਸੀ ਵੇਖ ਵਖਾਈਆ । ਬਿਨਾ ਨੇਤਰਾਂ ਕਦੀ ਨਾ ਹੋਵੇ ਅੰਧਾ, ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਅੱਖ ਖੁਲ੍ਹਾਈਆ । ਮਾਘ ਕਹੇ ਮੈਂ ਵੇਖਣਾ ਉਹ ਮਹਿਬੂਬ, ਜੋ ਮੁਹੱਬਤ ਵਿਚ ਸਮਾਈਆ । ਜਿਸ ਦੀ ਹੱਦ ਨਾ ਹੋਵੇ ਕਦੇ ਮਹਿਦੂਦ, ਵੰਡਾਂ ਵਿਚ ਨਾ ਕੋਇ ਵੰਡਾਈਆ । ਅਰਸ਼ਾਂ ਤੋਂ ਉਤੇ ਜਿਸ ਦਾ ਉਚ ਅਰੂਜ, ਸ਼ਹਿਨਸ਼ਾਹ ਅਖਵਾਈਆ । ਨਾ ਤਨ ਵਜੂਦ, ਕਲਬੂਤ ਨਾ ਕੋਈ ਪਰਗਟਾਈਆ । ਜੋ ਮੰਜ਼ਲ ਵਸੇ ਇਕ ਮਕਸੂਦ, ਮਹਿਫ਼ਲ ਸਚ ਸਮਝਾਈਆ । ਜਿਥੇ ਚੜ੍ਹ ਕੇ ਪੜ੍ਹਨਾ ਪਏ ਨਾ ਹਜ਼ਾਰਾ ਦਰੂਦ, ਹਜ਼ਰਤਾਂ ਦਾ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦਏ ਪਰਗਟਾਈਆ । ਹੁਕਮ ਕਹੇ ਮੈਂ ਵੇਖੇ ਸ਼ਾਹ ਹਕੀਰ, ਨਵ ਸੱਤ ਖੋਜ ਖੁਜਾਈਆ । ਮੈਂ ਤੱਕਣੇ ਜਗਤ ਫ਼ਕੀਰ, ਜੋ ਫ਼ਿਕਰਿਆਂ ਵਿਚ ਢੋਲੇ ਗਾਈਆ । ਮੈਂ ਵੇਖਣੇ ਮਾਤ ਅਮੀਰ, ਜੋ ਮਮਤਾ ਰਹੇ ਹੰਢਾਈਆ । ਮੈਂ ਵੇਖਣੇ ਕਾਅਬਿਆਂ ਵਾਲੇ ਪੀਰ, ਜੋ ਪੈਰ ਰਹੇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਕੋ ਇਕ ਸੁਣਾਈਆ । ਹੁਕਮ ਕਹੇ ਮੈਂ ਹੁਕਮੀ ਆਇਆ, ਕਲਜੁਗ ਅੰਤਮ ਫੇਰਾ ਪਾਈਆ । ਮੈਂ ਵੇਖਣੀ ਤ੍ਰੈਗੁਣ ਜਗਤ ਮਾਇਆ, ਮਮਤਾ ਮੋਹ ਖੋਜ ਖੁਜਾਈਆ । ਕੂੜੀ ਕਿਰਿਆ ਵੇਖਣੀ ਛਾਇਆ, ਜੋ ਜਗਤ ਸ਼ਹਿਨਸ਼ਾਹ ਰਹੇ ਲਗਾਈਆ । ਮੈਂ ਚਾਰ ਵਰਨ ਅਠਾਰਾਂ ਬਰਨ ਵੇਖਣਾ ਜੋ ਦਿਵਸ ਰੈਣ ਰਿਹਾ ਕੁਰਲਾਇਆ, ਕੂਕ ਕੂਕ ਕੂਕ ਸੁਣਾਈਆ । ਮੈਂ ਚੌਵੀ ਮਾਘ ਵੇਖਣਾ ਜੋ ਲੋਕਮਾਤ ਆਪਣਾ ਨਾਉਂ ਪਰਗਟਾਇਆ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ । ਗ੍ਰਹਿ ਨਛੱਤਰ ਨਾ ਸੰਗ ਰਲਾਇਆ, ਘੜੀ ਪਲ ਨਾ ਕੋਇ ਜਣਾਈਆ । ਇਕੋ ਏਕ ਸੀਸ ਝੁਕਾਇਆ, ਜਗਦੀਸ਼ ਮਿਲੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਆਪਣਾ ਨਾਮ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ

ਹੋਵੇ ਸਵਾਧਾਨ, ਸਾਂਝਾ ਯਾਰ ਹੁਕਮ ਸੁਣਾਈਆ । ਸਾਰੇ ਸੁਣੋ ਇਕ ਕਲਾਮ, ਚਾਰ ਜੁਗ ਦਾ ਪੰਧ ਮੁਕਾਈਆ । ਇਕੋ ਇਸ਼ਟ ਕਰ ਦੋ ਜਹਾਨ, ਦ੍ਰਿਸ਼ਟ ਸਚ ਖੁਲ੍ਹਾਈਆ । ਪ੍ਰਭ ਚਰਨ ਬਣੇ ਮਹਿਮਾਨ, ਨਿਰਗੁਣ ਅਗੇ ਨਿਰਗੁਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਮਾਣ, ਨਿਸ਼ਾਨ ਇਕੋ ਰਿਹਾ ਵਖਾਈਆ । ਗੁਰ ਅਵਤਾਰ ਪੈਗ਼ੰਬਰ ਤੱਕੋ ਨਿਸ਼ਾਨਾ, ਨਿਸ਼ਾ ਸਭ ਦੀ ਦਏ ਕਰਾਈਆ । ਜਿਸ ਦਾ ਲੇਖਾ ਆਤਮ ਪਰਮਾਤਮ ਵਿਸ਼ਨੂੰ ਭਗਵਾਨਾ, ਪਾਰਬ੍ਰਹਮ ਪ੍ਰਭ ਫੇਰਾ ਪਾਈਆ । ਜੋ ਏਥੇ ਓਥੇ ਦੋ ਜਹਾਨ ਹੋਵੇ ਪਰਧਾਨਾ, ਬ੍ਰਹਿਮੰਡ ਖੰਡ ਪੁਰੀ ਲੋਅ ਹੁਕਮ ਸੁਣਾਈਆ । ਜਿਸ ਦਾ ਰਾਗ ਸ਼ਬਦ ਨਾਦ ਧੁਨ ਕਲਾਮਾ, ਕਾਇਨਾਤ ਕਰੇ ਪੜ੍ਹਾਈਆ । ਜਿਸ ਦਾ ਵਜਣਾ ਸਚ ਦਮਾਮਾ, ਡੰਕਾ ਇਕੋ ਇਕ ਸੁਣਾਈਆ । ਜੋ ਕਲ ਕਲਕੀ ਪਹਿਰ ਕੇ ਬਾਣਾ, ਬਾਵਨ ਲੇਖਾ ਪੂਰ ਕਰਾਈਆ । ਜੋ ਬਣ ਕੇ ਵਡ ਅਮਾਮਾ, ਈਸਾ ਮੂਸਾ ਮੁਹੰਮਦ ਲੇਖਾ ਦਏ ਸਮਝਾਈਆ । ਕਲਜੁਗ ਮਿਟੇ ਅੰਧੇਰੀ ਸ਼ਾਮਾ, ਸਤਿਜੁਗ ਸਚ ਕਰੇ ਰੁਸ਼ਨਾਈਆ । ਜਨ ਭਗਤਾਂ ਬਖ਼ਸ਼ੇ ਉਹ ਮਾਣਾ, ਅਭਿਮਾਨ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਉਪਰ ਜ਼ਿਮੀਂ ਅਸਮਾਨਾ, ਆਸ਼ਾ ਸਭ ਦੀ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਪੂਰਬ ਆਸਾ, ਆਹਿਸਤਾ ਆਹਿਸਤਾ ਸਾਰੇ ਰਹੇ ਜਣਾਈਆ । ਜੁਗ ਚੌਕੜੀ ਪ੍ਰਭੂ ਤੇਰਾ ਦੇ ਕੇ ਗਏ ਭਰਵਾਸਾ, ਭਾਗ ਇਕੋ ਇਕ ਸਮਝਾਈਆ । ਲੇਖਾ ਲਿਖ ਕੇ ਗਏ ਖ਼ੁਲਾਸਾ, ਖ਼ਾਲਸ ਤੇਰਾ ਰੰਗ ਰੰਗਾਈਆ । ਦੱਸ ਕੇ ਗਏ ਜੋਗ ਅਭਿਆਸਾ, ਨਾਮ ਨਗ਼ਮਾ ਇਕ ਸੁਣਾਈਆ । ਨਿਰਗੁਣ ਜੋਤ ਤੇਰੀ ਅਗੰਮੀ ਸ਼ਿਨਾਖਾ, ਤਤਵ ਤਤ ਨਾ ਕੋਇ ਰਖਾਈਆ । ਤੇਰਾ ਗ੍ਰਿਹ ਪੁਰਖ ਅਬਿਨਾਸ਼ਾ, ਸਚਖੰਡ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਆਪਣੇ ਨਾਮ ਦੀ ਦੱਸ ਕੇ ਭਾਸ਼ਾ, ਭਾਖਿਆ ਦਿਤੀ ਜਗਤ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਦੱਸਦਾ ਰਿਹਾ ਬੋਲੀ, ਅਨਬੋਲਤ ਰਾਗ ਸੁਣਾਈਆ । ਅੰਦਰੇ ਅੰਦਰ ਦ੍ਰਿਸ਼ਟੀ ਖੋਲ੍ਹੀ, ਖ਼ਾਲਕ ਖ਼ਲਕ ਦਿਤੀ ਵਡਿਆਈਆ । ਮਨੂਆ ਮਨ ਨਾ ਪਾਵੇ ਰੌਲੀ, ਬੁਧੀ ਚਲੇ ਨਾ ਕੋਇ ਚਤੁਰਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਰੰਗ ਮੌਲੀ, ਮੌਲਾ ਆਪਣਾ ਪੜਦਾ ਆਪ ਉਠਾਈਆ । ਕੋਈ ਕਰੇ ਨਾ ਬਹੁੜੀ ਬਹੁੜੀ, ਕੂਕ ਕੂਕ ਨਾ ਕੋਇ ਸੁਣਾਈਆ । ਮੰਜ਼ਲ ਨਜ਼ਰ ਨਾ ਆਏ ਲੰਮੀ ਚੌੜੀ, ਸਫ਼ਰੀ ਸਫ਼ਰ ਨਾ ਕੋਇ ਚੁਕਾਈਆ । ਕੋਈ ਸਮਝਿਆ ਰਾਗ ਨਾ ਗਉੜੀ, ਪੜਦਾ ਉਹਲਾ ਨਾ ਕੋਇ ਉਠਾਈਆ । ਜਗਤ ਵਾਸਨਾ ਹੋ ਗਈ ਬਉਰੀ, ਬਾਵਲੀ ਹੋਈ ਲੋਕਾਈਆ । ਸਤਿਗੁਰ ਅੱਖਰ ਕੋਈ ਨਾ ਜਾਣੇ ਧੁਰੀ, ਧੁਰਾਂ ਦਾ ਲੇਖ ਨਾ ਕੋਇ ਦ੍ਰਿੜਾਈਆ । ਗਿਆਨ ਧਿਆਨ ਵਿਚ ਹਰਿ ਜੋਤ ਕਿਸੇ ਨਾ ਔੜੀ, ਬਿਨ ਅੱਖਾਂ ਦਰਸ ਕੋਇ ਨਾ ਪਾਈਆ । ਸਮਝ ਆਈ ਨਾ ਸਲੋਕ ਪੌੜੀ, ਛੱਤੀ ਰਾਗ ਰਹੇ ਕੁਰਲਾਈਆ । ਮਾਨਸ ਦੇਹੀ ਕਿਸੇ ਨਾ ਸੌਰੀ, ਲੱਖ ਚੁਰਾਸੀ ਪੰਧ ਨਾ ਕੋਇ ਮੁਕਾਈਆ । ਮੰਤਰ ਸੁਣੇ ਕੋਇ ਨਾ ਫੌਰੀ, ਫੁਰਨਾ ਮਨ ਨਾ ਕੋਇ ਚੁਕਾਈਆ । ਜਨ ਭਗਤਾਂ ਜੁਗ ਜੁਗ ਪ੍ਰਭ ਆਪਣੇ ਨਾਲ ਜਾਵੇ ਤੋਰੀ, ਤੁਰਤ ਆਪਣਾ ਹੁਕਮ ਮਨਾਈਆ । ਸ੍ਰਿਸ਼ਟੀ ਨਾਲੋਂ ਦਰਸ ਦੇਵੇ ਚੋਰੀ, ਕੋਲ ਬੈਠਿਆਂ ਨਜ਼ਰ ਕਿਸੇ ਨਾ ਆਈਆ । ਏਸੇ ਕਾਰਨ ਕਿਹਾ ਦਰਸ ਦੇ ਜਾ ਭੋਰੀ, ਕਾਇਆ ਭੋਰੇ ਅੰਦਰ ਫੇਰਾ ਪਾਈਆ । ਪ੍ਰੀਤੀ ਜੁੜ ਜਾਏ ਤੋਰੀ ਮੋਰੀ, ਮੁਹਰੇ ਹੋ ਕੇ ਕਰ ਰੁਸ਼ਨਾਈਆ । ਮੈਂ ਤੇਰੀ ਸਦਾ ਉਡੀਕ ਰਖੀ ਲੋੜੀ, ਲੋੜੀਂਦਾ ਸਾਜਣ ਨਜ਼ਰੀ

ਆਈਆ । ਪ੍ਰਭੂ ਬਿਨਾ ਭਗਤ ਭਗਵਾਨ ਦੇ ਨਿਰਗੁਣ ਸਰਗੁਣ ਕਦੇ ਨਾ ਸੋਂਹਦੀ ਜੋੜੀ, ਨਾਰ ਕੰਤ ਰੂਪ ਨਾ ਕੋਇ ਵਟਾਈਆ । ਕਲਜੁਗ ਅੰਤ ਮੁਨਿਆਦ ਰਹਿ ਗਈ ਥੋੜੀ, ਸਦੀਆਂ ਦੇ ਸਾਲ ਸਾਲਾਂ ਦੇ ਮਹੀਨੇ ਮਹੀਨਿਆਂ ਦੇ ਦਿਨ ਦੇਣ ਗਵਾਹੀਆ । ਕਲਜੁਗ ਜੀਵਾਂ ਕਰਨਾ ਬਹੁੜੀ ਬਹੁੜੀ, ਭਈਆ ਬੇਬਾ ਮੇਲ ਨਾ ਕੋਇ ਮਿਲਾਈਆ । ਚੁਲ੍ਹੇ ਚੜ੍ਹਨ ਵਾਲੀ ਤੌੜੀ, ਹਾਂਡੀ ਸਭ ਦੀ ਦੇਣੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸ਼ਬਦੀ ਬਣ ਕੇ ਘੋਰੀ, ਘੋਰ ਅੰਧੇਰੇ ਵਿਚ ਵੇਖੇ ਲੋਕਾਈਆ । ਘੋਰ ਅੰਧੇਰਾ ਕਹੇ ਪੁਰਖ ਅਕਾਲ ਗਿਆ ਛੁਪ, ਸਦੀ ਚੌਧਵੀਂ ਨਜ਼ਰ ਕਿਸੇ ਨਾ ਆਈਆ । ਜਿਨ੍ਹਾਂ ਮਿਲਿਆ ਉਹ ਕਰ ਗਏ ਚੁੱਪ, ਨਾਤਾ ਜਗਤ ਵਾਲਾ ਤੁੜਾਈਆ । ਇਕੋ ਭਗਵਾਨ ਦੇ ਬਣ ਗਏ ਪੁੱਤ, ਮਾਤ ਪਿਤਾ ਦੀ ਯਾਦ ਨਾ ਕੋਇ ਸਤਾਈਆ । ਗੋਬਿੰਦ ਦੇ ਬਣ ਕੇ ਸੁਤ, ਗੋਦੀ ਸੌਂ ਕੇ ਖ਼ੁਸ਼ੀ ਮਨਾਈਆ । ਜੋਤ ਅਕਾਲਣ ਦੀ ਸਫ਼ਲ ਕਰਕੇ ਕੁੱਖ, ਲੱਖ ਚੁਰਾਸੀ ਡੇਰਾ ਢਾਹੀਆ । ਉਜਲ ਕਰਕੇ ਮੁਖ, ਦੁਰਮਤ ਮੈਲ ਧੁਆਈਆ । ਦੁੱਖ ਵਿਚ ਰਹਿੰਦਿਆਂ ਮਾਣਨ ਸੁਖ, ਸੁਖ ਵਿਚ ਮਿਲਿਆ ਬੇਪਰਵਾਹੀਆ । ਓਹ ਬਾਹਰੋਂ ਤੱਤਾਂ ਵਾਲੇ ਮਨੁੱਖ, ਅੰਦਰ ਜਲਵਾ ਨੂਰ ਖ਼ੁਦਾਈਆ । ਇਹ ਖੇਲ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪ੍ਰਭ ਆਪ ਕਰਾਈਆ । ਜਨ ਭਗਤਾਂ ਮੌਲੀ ਰੁਤ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਭਾਵੇਂ ਦੁਨੀਆ ਕਹੇ ਕੁਛ, ਉਹ ਇਕੋ ਦਾ ਢੋਲਾ ਰਹੇ ਸੁਣਾਈਆ । ਅਗੇ ਰਹਿਣ ਨਹੀਂ ਦੇਣਾ ਪੜਦਾ ਉਹਲਾ ਲੁਕ, ਨੌਂ ਖੰਡ ਪ੍ਰਿਥਮੀ ਸੱਤ ਦੀਪ ਡੰਕਾ ਦੇਣਾ ਵਜਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਨਿਵਾਸੀ ਕਹਿ ਕੇ ਰਹੇ ਝੁਕ, ਨਿਉਂ ਨਿਉਂ ਸੀਸ ਨਿਵਾਈਆ । ਸੋ ਪੁਰਖ ਅਕਾਲ ਆਪਣੀ ਧਾਰੋਂ ਆਇਆ ਉਠ, ਨਿਰਵੈਰ ਹੋ ਕੇ ਫੇਰਾ ਪਾਈਆ । ਜਨ ਭਗਤਾਂ ਉਤੇ ਰਿਹਾ ਤੁਠ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸ਼ਬਦ ਅਗੰਮੀ ਸ਼ੇਰ ਹੋ ਕੇ ਰਿਹਾ ਬੁੱਕ, ਭਬਕ ਇਕੋ ਨਾਮ ਲਗਾਈਆ । ਜਿਨ੍ਹਾਂ ਨੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾ ਲਈ ਤੁਕ, ਵਿਸ਼ਨ ਬ੍ਰਹਮਾ ਸ਼ਿਵ ਅਗੇ ਸੀਸ ਨਿਵਾਈਆ । ਉਹ ਸਚਖੰਡ ਦਵਾਰੇ ਜਾਣ ਤੋਂ ਕਦੇ ਨਾ ਜਾਣ ਰੁਕ, ਗੁਰ ਅਵਤਾਰ ਸਾਰੇ ਹੋਣ ਸਹਾਈਆ । ਦੀਨ ਮਜ਼੍ਹਬ ਜਾਤ ਪਾਤ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਪੰਡਤ ਪਾਂਧੇ ਮੁੱਲਾ ਸ਼ੇਖ਼ ਗ੍ਰੰਥੀ ਪੰਥੀ ਭਾਵੇਂ ਸਾਰੇ ਕਰਨ ਦੁੱਖ, ਗੁਰਮੁਖ ਗੁਰ ਗੁਰ ਵਿਚ ਸਮਾਈਆ । ਉਨ੍ਹਾਂ ਮਾਤ ਗਰਭ ਫੇਰ ਲਟਕਣਾ ਨਹੀਂ ਉਲਟਾ ਰੁੱਖ, ਜਮਾਂ ਵਾਲੀ ਨਾ ਕੋਇ ਸਜ਼ਾਈਆ । ਜਿਸ ਨੇ ਭੇਜਿਆ ਓਸ ਨੇ ਗੋਦੀ ਲੈਣਾ ਚੁੱਕ, ਚਾਰ ਜੁਗ ਦਾ ਲੇਖਾ ਦਏ ਮੁਕਾਈਆ । ਜਨ ਭਗਤਾਂ ਭਾਵੇਂ ਲੋਕਮਾਤ ਵਿਚ ਖਾਣ ਨੂੰ ਮਿਲੇ ਨਾ ਰਜਵਾਂ ਟੁੱਕ, ਅਗੇ ਭੁੱਖਿਆਂ ਦੀ ਭੁੱਖ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਚੌਵੀ ਮਾਘ ਕਹੇ ਮੈਂ ਪਾਵਣ ਆਇਆ ਸਗਨ, ਸਗਲ ਸ੍ਰਿਸ਼ਟੀ ਵੇਖ ਵਖਾਈਆ । ਜਨ ਭਗਤੋ ਤੁਹਾਨੂੰ ਇਕੋ ਦੀ ਲੱਗੇ ਲਗਨ, ਲਗ ਮਾਤਰ ਦੀ ਲੋੜ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਉਣਾ ਭਜਨ, ਜੋ ਭਾਂਡਾ ਭਰਮ ਭੰਨਾਈਆ । ਅੰਦਰ ਬਾਹਰ ਗੁਪਤ ਜਾਹਰ ਏਥੇ ਓਥੇ ਦੋ ਜਹਾਨਾਂ ਬਣੇ ਸੱਜਣ, ਸਗਲਾ ਸੰਗ ਨਿਭਾਈਆ । ਚਰਨ ਪ੍ਰੀਤੀ ਵਿਚ ਰਖੇ ਮਗਨ, ਮਾਧੋ ਆਪਣਾ ਰੰਗ ਚੜ੍ਹਾਈਆ । ਤੁਹਾਡਾ ਪੰਜ ਤਤ ਲੇਖੇ ਲਾਏ ਖ਼ਾਕੀ ਬਦਨ, ਬਦਲਾ ਪਿਛਲਾ ਦਏ ਚੁਕਾਈਆ । ਸ਼ਹਿਨਸ਼ਾਹੀ ਸੰਮਤ ਤੋਂ ਤੁਸੀਂ ਹੁਣ ਅਗੇ ਲੱਗੇ ਵਧਣ, ਪਿਛਲਾ ਪੈਂਡਾ ਮੁਕਾਈਆ । ਦੀਪਕ ਹੋ ਕੇ ਲੱਗੇ ਜਗਣ, ਚਾਰ ਵਰਨ ਰੁਸ਼ਨਾਈਆ । ਸਚ ਦਵਾਰੇ ਲੱਗੇ ਵਸਣ,

੨੬੨
੧੯

ਹਰਿ ਸਰਨ ਸਰਨਾਈਆ । ਗੀਤ ਗੋਬਿੰਦ ਗਾ ਕੇ ਲੱਗੇ ਹੱਸਣ, ਹਸਤੀ ਵਿਚੋਂ ਹਸਤੀ ਲਈ ਬਦਲਾਈਆ । ਦਰਸ਼ਨ ਕਰਕੇ ਨੇਤਰ ਲੋਚਣ ਅੱਖਣ, ਆਖ਼ਰ ਮੇਲਾ ਮਿਲਿਆ ਸਹਿਜ ਸੁਭਾਈਆ । ਲੱਖ ਚੁਰਾਸੀ ਵਿਚੋਂ ਵਰੋਲ ਕੇ ਮੱਖਣ, ਨਾਮ ਮਧਾਣੇ ਲਏ ਹਿਲਾਈਆ । ਜਿਨ੍ਹਾਂ ਨੇ ਪੁਰਖ ਅਕਾਲ ਦਾ ਅੰਤ ਅਖ਼ੀਰੀ ਮੰਨਿਆ ਬਚਨ, ਬੱਚਿਆਂ ਵਾਂਗ ਗੋਦ ਉਠਾਈਆ । ਸੋਹਣਾ ਰੂਪ ਹੀਰੇ ਬਣ ਗਏ ਕੰਚਨ, ਕੱਚਿਆਂ ਤੋਂ ਪੱਕੇ ਰਿਹਾ ਬਣਾਈਆ । ਤੁਹਾਡਾ ਮਨ ਰਹਿਣ ਨਾ ਦੇਵੇ ਚੰਚਲ, ਚਿਤ ਵਿਤ ਠਗੋਰੀ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਕਰੇ ਪਰਵਰਦਿਗਾਰ, ਵੇਖੇ ਲੋਕਮਾਤ ਅੱਖ ਖੁਲ੍ਹਾਈਆ । ਮੁਹੰਮਦ ਕਹੇ ਓਹ ਸਾਂਝਾ ਯਾਰ, ਸਗਲਾ ਹੁਕਮ ਵਰਤਾਈਆ । ਮੂਸਾ ਕਹੇ ਮੈਂ ਕਰਾਂ ਕੀ ਇਜ਼ਹਾਰ, ਲਿਖਣ ਦੀ ਲੋੜ ਰਹੇ ਨਾ ਰਾਈਆ । ਈਸਾ ਕਹੇ ਮੈਂ ਦੇ ਕੇ ਆਇਆ ਇਸ਼ਤਿਹਾਰ, ਹੁਕਮੇ ਹੁਕਮੇ ਹੁਕਮੇ ਅੰਦਰ ਸੁਣਾਈਆ । ਮੇਰਾ ਬਾਪ ਪਰਵਰਦਿਗਾਰ, ਪਰਤਾਪ ਇਕ ਜਣਾਈਆ । ਗੁਸਤਾਖ ਵੇਖੇ ਵਿਚ ਸੰਸਾਰ, ਮੁਸ਼ਤਾਕ ਮੁਹੱਬਤ ਵਿਚ ਰਲਾਈਆ । ਨਾਲ ਇਤਫ਼ਾਕ ਦਏ ਦੀਦਾਰ, ਸਾਖਿਆਤ ਕਰ ਰੁਸ਼ਨਾਈਆ । ਸ਼ਾਹ ਨਵਾਬ ਬਣ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਪੂਰਬ ਲੇਖਾ ਕਹੇ ਮੈਂ ਵੇਖੀ ਪਿਛਲੀ ਲਿਖਤ, ਬਿਨ ਅੱਖਾਂ ਨਜ਼ਰੀ ਆਈਆ । ਜਗਤ ਨੂੰ ਥੋੜਾ ਦੱਸਿਆ ਭਵਿਖਤ, ਇਸ਼ਾਰੇ ਇਸ਼ਾਰੇ ਨਾਲ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਪ੍ਰਭ ਦੀ ਬੰਦਨ ਵਿਚ ਫ਼ਰਿਸਤ, ਯਕੇ ਬਾਦ ਦੀਗਰੇ ਸੇਵ ਕਮਾਈਆ । ਮੰਨਦੇ ਗਏ ਇਸ਼ਟ, ਹੱਕ ਹਕੀਕਤ ਜਗਤ ਜਣਾਈਆ । ਕੁਛ ਪੜਦਾ ਰੱਖਿਆ ਰਾਮ ਵਸ਼ਿਸ਼ਟ, ਉਂਗਲਾਂ ਪੰਜ ਚੁਕਾਈਆ । ਪੁਰਖ ਅਕਾਲ ਭਗਤਾਂ ਨਾਲ ਭੋਗਣਾ ਗ੍ਰਿਹਿਸਤ, ਆਤਮ ਪਰਮਾਤਮ ਸੇਜ ਹੰਢਾਈਆ । ਕਲਜੁਗ ਕੂੜੀ ਕਿਰਿਆ ਕਰਨੀ ਨਸ਼ਟ, ਨਿਸਚੇ ਨਾਲ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਲੇਖਾ ਕਹੇ ਮੈਨੂੰ ਕੋਈ ਨਾ ਲਿਖਦਾ, ਕਾਤਬ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਨਾਤਾ ਜੁੜਿਆ ਗੋਬਿੰਦ ਨਾਲ ਸਿੱਖ ਦਾ, ਸ਼ਬਦ ਇਸ਼ਾਰੇ ਨਾਲ ਗਿਆ ਸਮਝਾਈਆ । ਬਿਨ ਨੇਤਰ ਨੈਣਾਂ ਨੂਰ ਨੁਰਾਨਾ ਦਿਸਦਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਓਸ ਵੇਲੇ ਨਜ਼ਾਰਾ ਤੱਕਿਆ ਏਕੰਕਾਰ ਇਕ ਦਾ, ਇਕੋ ਵੱਜੀ ਵਧਾਈਆ । ਨਾ ਕੋਈ ਹਾਰਦਾ ਤੇ ਨਾ ਕੋਈ ਜਿੱਤਦਾ, ਨਾ ਕੋਈ ਕਰੇ ਲੜਾਈਆ । ਘਰ ਸੋਹੇ ਪੁਰਖ ਅਕਾਲ ਅਗੰਮੇ ਪਿਤ ਦਾ, ਪਤਿਪਰਮੇਸ਼ਵਰ ਡੇਰਾ ਲਾਈਆ । ਅਵੱਲੜਾ ਧਾਮ ਸਦਾ ਅਨਡਿਠ ਦਾ, ਅਨਡਿਠੜੀ ਕਾਰ ਕਮਾਈਆ । ਕੁਛ ਲੇਖਾ ਓਸ ਨਿਰਾਲੀ ਚਿਟ ਦਾ, ਜੋ ਚਿੱਠੀ ਗੋਬਿੰਦ ਬਿਨ ਅੱਖਰਾਂ ਕੋਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਖੋਜ ਖੁਜਾਈਆ । ਸਚਖੰਡ ਦਵਾਰਾ ਕਹੇ ਗੁਰ ਅਵਤਾਰ ਪੈਗ਼ੰਬਰ ਮੇਰੇ ਵਸਨੀਕ, ਜੁਗ ਚੌਕੜੀ ਬਹਿ ਬਹਿ ਢੋਲੇ ਗਾਈਆ । ਬਿਨ ਅੱਖਰਾਂ ਸਾਰੇ ਵੇਖਦੇ ਰਹੇ ਤਰੀਕ, ਤਾਰੀਖ ਰਹੇ ਸਮਝਾਈਆ । ਹਿਰਸ ਹਵਸ ਵਿਚ ਕਰਦੇ ਰਹੇ ਉਡੀਕ, ਆਸ਼ਾ ਆਸਾ ਵਿਚ ਬਦਲਾਈਆ । ਤੇਰੇ ਵਿਚ ਸਚ ਤੌਫ਼ੀਕ, ਦਰ ਠਾਂਡੇ ਸੀਸ ਨਿਵਾਈਆ । ਤੂੰ ਸੱਜਣ ਸਾਹਿਬ ਰਫ਼ੀਕ, ਇਕੋ ਬੇਪਰਵਾਹੀਆ । ਤੇਰੇ ਉਤੇ ਉਮੀਦ, ਅਮਲਾਂ ਵਿਚ ਸੁਣਾਈਆ । ਕਲਮੇ ਤੇਰੀ ਤੌਹੀਦ, ਅੱਖਰ ਤੇਰੀ ਵਡਿਆਈਆ । ਫ਼ਿਦਾ ਹੋਏ ਸ਼ਹੀਦ, ਸ਼ਹਾਦਤ ਗਏ ਭੁਗਤਾਈਆ । ਮੰਗ ਕੇ ਦਰਸ ਦੀਦ,

ਚੰਦ ਨੂਰ ਰੁਸ਼ਨਾਈਆ । ਸਦੀ ਚੌਧਵੀਂ ਸਭ ਨੇ ਆਪਣੀ ਕੱਢਣੀ ਰਸੀਦ, ਜੋ ਪੁਰਖ ਅਕਾਲ ਜੁਗ ਜੁਗ ਹੱਥ ਫੜਾਈਆ । ਹੁਕਮ ਨਾਲ ਕਰੀ ਤਾਈਦ, ਭੈ ਵਿਚ ਸਮਝਾਈਆ । ਜਿਸ ਵੇਲੇ ਦੀਨ ਮਜ਼੍ਹਬ ਦੀ ਮੇਟਣੀ ਲੀਕ, ਲਾਇਕ ਸਾਰੇ ਲੈਣੇ ਬਣਾਈਆ । ਲੋਕਮਾਤ ਬਿਰਹੋਂ ਵਿਛੋੜੇ ਦੀ ਵੱਜਣੀ ਚੀਕ, ਤੋਬਾ ਤੋਬਾ ਸੁਣਾਈਆ । ਤੁਸਾਂ ਮੇਰੇ ਦਰ ਤੋਂ ਮੰਗਣੀ ਇਕੋ ਭੀਖ, ਬਣ ਭਿਖਾਰੀ ਝੋਲੀ ਢਾਹੀਆ । ਵਿਚੋਂ ਗੋਬਿੰਦ ਕਰੇ ਤਸਦੀਕ, ਸ਼ਹਾਦਤ ਦਏ ਭੁਗਤਾਈਆ । ਪ੍ਰਭੂ ਚਾਰ ਜੁਗ ਦੀ ਸਾਡੀ ਗਈ ਕਾਬਲੀਅਤ, ਕਾਅਬੇ ਕਲਜੁਗ ਰਹੇ ਕੁਰਲਾਈਆ । ਇਕੋ ਤੇਰੇ ਹੱਥ ਅਹਮੀਅਤ, ਆਮਦ ਵਿਚ ਹੋ ਸਹਾਈਆ । ਸਭ ਦੀ ਬਦਲ ਦੇ ਤਬੀਅਤ, ਤਮਅ ਦੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇਂ ਅੰਦਰ ਸਰਬ ਭਵਾਈਆ । ਹੁਕਮ ਕਹੇ ਮੈਨੂੰ ਯਾਦ ਆਈ ਆਦਿ ਸ਼ਕਤ ਭਵਾਨੀ, ਜੋ ਭਾਵਨੀ ਵਿਚ ਫੇਰਾ ਪਾਈਆ । ਸਿੰਘ ਪੀਠ ਦਿਤੀ ਨਿਸ਼ਾਨੀ, ਨਿਸ਼ਾਨਾ ਇਕ ਜਣਾਈਆ । ਨੇਤਰ ਤੱਕ ਉਪਰ ਅਸਮਾਨੀ, ਇਸਮ ਇਕੋ ਇਕ ਵਖਾਈਆ । ਜਿਸ ਦੇ ਪਿਛੇ ਸਭ ਨੇ ਦੇਣੀ ਕੁਰਬਾਨੀ, ਗੁਰ ਅਵਤਾਰ ਪੈਗ਼ੰਬਰ ਬਚਿਆ ਰਹਿਣ ਕੋਇ ਨਾ ਪਾਈਆ । ਜਿਸ ਦੀ ਧਾਰ ਪਰਗਟ ਹੋਣੀ ਸਰਗੁਣ ਰੂਪ ਇਨਸਾਨੀ, ਜਿਸਮਾਨੀ ਕਾਰ ਕਮਾਈਆ । ਓਸ ਦੀ ਖੇਲ ਹੋਣੀ ਰੂਹਾਨੀ, ਰੂਪੋਸ਼ ਹੋ ਕੇ ਡੇਰਾ ਲਾਈਆ । ਜਿਸ ਨੇ ਵੇਖਣੀ ਜੂਹ ਬੇਗਾਨੀ, ਦੂਰ ਦੁਰਾਡਾ ਪੰਧ ਚੁਕਾਈਆ । ਜਿਸ ਦੀ ਆਦਿ ਜੁਗਾਦਿ ਇਕੋ ਜਿਹੀ ਰਹੇ ਜਵਾਨੀ, ਬਿਰਧ ਬਾਲ ਨਾ ਰੂਪ ਵਟਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਜਿਸ ਦੀ ਗਾਣੀ ਬਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਆਪਣਾ ਰਾਗ ਅਲਾਈਆ । ਜਿਸ ਦਾ ਨਿਝਰ ਰਸ ਅੰਮ੍ਰਿਤ ਪੀਣਾ ਠੰਡਾ ਪਾਣੀ, ਸਰੋਵਰ ਇਕੋ ਇਕ ਸੁਹਾਈਆ । ਜੋ ਦਾਤਾ ਦਾਨੀ ਹੋਣਾ ਦੋ ਜਹਾਨੀ, ਅਤੋਟ ਅਤੁਟ ਆਪ ਵਰਤਾਈਆ । ਜੋ ਨਾਮ ਸੰਦੇਸ਼ੇ ਦਏ ਪੈਗ਼ਾਮੀ, ਪੈਗ਼ੰਬਰਾਂ ਕਰੇ ਪੜ੍ਹਾਈਆ । ਜਿਸ ਦੇ ਹੁਕਮੇਂ ਅੰਦਰ ਖੇਲੇ ਖੇਲ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੱਜੇ ਵਧਾਈਆ । ਜਿਸ ਦੁਨੀਆ ਕਰਨੀ ਫ਼ਾਨੀ, ਫ਼ੈਸਲਾ ਹੱਕ ਹੱਕ ਸੁਣਾਈਆ । ਓਹ ਕਲਜੁਗ ਅੰਤ ਸਦੀ ਚੌਧਵੀਂ ਲੋਕਮਾਤ ਰਹਿਣ ਨਾ ਦੇਵੇ ਬੇਈਮਾਨੀ, ਬੇਵਾ ਵੇਖੇ ਜਗਤ ਲੋਕਾਈਆ । ਝਗੜਾ ਮੁਕਾ ਕੇ ਅੰਜੀਲ ਕੁਰਾਨੀ, ਇਕੋ ਨਗ਼ਮਾ ਦਏ ਸੁਣਾਈਆ । ਜਨ ਭਗਤਾਂ ਉਪਰ ਕਰੇ ਮਿਹਰਵਾਨੀ, ਮਹਿਬੂਬ ਹੋ ਕੇ ਆਪਣਾ ਦਰਸ ਕਰਾਈਆ । ਅਗੇ ਮੰਜ਼ਲ ਦੱਸੇ ਆਸਾਨੀ, ਅਹਿਸਾਨ ਸਿਰ ਨਾ ਕੋਇ ਉਠਾਈਆ । ਪੰਧ ਮੁਕਾ ਕੇ ਆਵਣ ਜਾਣੀ, ਜਾਨਸ਼ੀਨ ਆਪਣੇ ਲਏ ਬਣਾਈਆ । ਲੇਖਾ ਮੁਕਾ ਕੇ ਤੀਰ ਕਮਾਨੀ, ਚਿੱਲਾ ਇਕੋ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਕਾਂਡ ਦਏ ਗਵਾਈਆ । ਕਰਮ ਕਾਂਡ ਕਹੇ ਸਾਡਾ ਕੋਈ ਨਾ ਰਹਿਣਾ ਝਗੜਾ, ਪ੍ਰਕਿਰਤੀ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਮਾਰਗ ਦੱਸਣਾ ਸਗਲਾ, ਸੱਚਾ ਰਾਹ ਵਖਾਈਆ । ਗੁਰਮੁਖੋ ਭਉਣਾ ਪਏ ਨਾ ਵਿਚ ਜੰਗਲਾਂ, ਟਿੱਲੇ ਪਰਬਤ ਨਾ ਕੋਇ ਜਾਈਆ । ਕੋਈ ਦਵਾਰਾ ਪਏ ਨਾ ਮੰਗਣਾ, ਦੂਸਰ ਸੀਸ ਨਾ ਕੋਇ ਝੁਕਾਈਆ । ਕੋਈ ਤਟ ਕਿਨਾਰਾ ਪਏ ਨਾ ਲੰਘਣਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾ ਕੋਇ ਵਡਿਆਈਆ । ਪ੍ਰਭ ਦਵਾਰਿਉਂ ਪਏ ਨਾ ਮੰਗਣਾ, ਸਭ ਕੁਛ ਆਪੇ ਝੋਲੀ ਪਾਈਆ । ਫਿਰਨਾ ਪਏ ਨਾ ਪੈਰੀਂ ਨੰਗਣਾ, ਤਨ ਭਬੂਤ ਨਾ ਕੋਇ ਰਮਾਈਆ । ਛੁਹਾਉਣਾ ਪਏ ਨਾ ਕੋਇ ਕੰਗਣਾ, ਦਾੜ੍ਹੀ ਮੁੱਛ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ ।

ਚਵੀ ਮਾਘ ਕਹੇ ਮੈਂ ਵੇਖੇ ਭਗਤ ਮੀਤ, ਮਿੱਤਰ ਪਿਆਰੇ ਨਜ਼ਰੀ ਆਈਆ । ਜੋ ਪੰਧ ਮੁਕਾ ਕੇ ਮੰਦਰ ਮਸੀਤ, ਮਿਸ਼ਨ ਆਪਣਾ ਰਹੇ ਬਦਲਾਈਆ । ਤੂੰ ਮੇਰਾ ਮੈਂ ਤੇਰਾ ਗਾ ਕੇ ਧੁਰ ਦਾ ਗੀਤ, ਗੋਬਿੰਦ ਰਹੇ ਸੁਣਾਈਆ । ਪਾਰਬ੍ਰਹਮ ਤੇਰੀ ਅਚਰਜ ਵੇਖੀ ਰੀਤ, ਕਲਜੁਗ ਅੰਤਮ ਵੱਜੀ ਵਧਾਈਆ । ਇਕੋ ਨਾਮ ਕਰ ਬਖ਼ਸ਼ੀਸ਼, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਇਕੋ ਕਲਮਾ ਦੱਸ ਹਦੀਸ, ਹੱਕ ਕਰੀ ਪੜ੍ਹਾਈਆ । ਤੇਰੀ ਰਖੀਏ ਸਦਾ ਉਡੀਕ, ਨਿਤ ਲੋਚਨ ਰਾਹ ਤਕਾਈਆ । ਚਵੀ ਮਾਘ ਕਹੇ ਉਹ ਸੁਹੰਜਣੀ ਆ ਗਈ ਤਾਰੀਕ, ਤਰੀਕਾ ਪਿਛਲਾ ਦਏ ਬਦਲਾਈਆ । ਜਨ ਭਗਤੋ ਤੁਹਾਡੀ ਆਸਾ ਪੂਰੀ ਹੋਵੇ ਉਮੀਦ, ਨਿਰਾਸ਼ਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਉਠਾਈਆ । ਸਿਰ ਹੱਥ ਰਖੇ ਪ੍ਰਭ ਸਵਾਮੀ, ਸਮਾਂ ਸਮੇਂ ਵਿਚੋਂ ਬਦਲਾਈਆ । ਆਦਿ ਜੁਗਾਦੀ ਅੰਤਰਜਾਮੀ, ਅੰਤਰ ਆਤਮ ਵੇਖ ਵਖਾਈਆ । ਸਾਚੀ ਦੱਸ ਕੇ ਅਗੰਮੀ ਬਾਣੀ, ਅਗੰਮ ਕਰੇ ਪੜ੍ਹਾਈਆ । ਅੰਮ੍ਰਿਤ ਦੇ ਕੇ ਠੰਡਾ ਪਾਣੀ, ਅਗਨੀ ਤਤ ਬੁਝਾਈਆ । ਆਤਮ ਬਣਾ ਕੇ ਸਾਚੀ ਰਾਣੀ, ਸਚਖੰਡ ਦਵਾਰੇ ਦਏ ਟਿਕਾਈਆ । ਜਿਥੇ ਇਕੋ ਮਿਲੇ ਹਾਣੀ, ਦੂਜਾ ਨਜ਼ਰ ਨਾ ਕੋਇ ਟਿਕਾਈਆ । ਝਗੜਾ ਮੁਕ ਜਾਏ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਹਤਜ ਨਾ ਕੋਇ ਭਵਾਈਆ । ਤੁਹਾਡਾ ਮਿਲਣਾ ਹੋਇਆ ਆਸਾਨੀ, ਅਸਲ ਰੂਪ ਦਿਤਾ ਵਖਾਈਆ । ਭਾਵੇਂ ਕ਼ਲਮ ਨਾਲ ਲਿਖੇ ਭਾਵੇਂ ਨਾਲ ਕਾਨੀ, ਭਾਵੇਂ ਸ਼ਾਹੀ ਦਏ ਗਵਾਹੀਆ । ਗੁਰਮੁਖਾਂ ਉਤੇ ਹੋਈ ਧੁਰੋਂ ਮਿਹਰਬਾਨੀ, ਲੋਕਮਾਤ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਂਡਾ ਭਰਮ ਭੌ ਭੰਨਾਈਆ । ਭਾਂਡਾ ਭਰਮ ਕਹੇ ਮੈਂ ਸਤਿਗੁਰ ਬਿਨਾ ਨਾ ਭੱਜਦਾ, ਭੈ ਭੌ ਨਾ ਕੋਇ ਚੁਕਾਈਆ । ਸੁਭਾਗ ਦਿਹਾੜਾ ਹੋਇਆ ਅੱਜ ਦਾ, ਵੱਜੀ ਸਚ ਵਧਾਈਆ । ਗੁਰਮੁਖ ਸੰਤ ਸੁਹੇਲਾ ਸੱਜਦਾ, ਦਰ ਠਾਂਡੇ ਸੋਭਾ ਪਾਈਆ । ਨਾਮ ਪਿਆਲਾ ਪੀਤਾ ਮਧ ਦਾ, ਖ਼ੁਮਾਰੀ ਇਕ ਚੜ੍ਹਾਈਆ । ਝਗੜਾ ਮੁੱਕਿਆ ਨੌ ਦਵਾਰੇ ਹੱਦ ਦਾ, ਸੁਖਮਨ ਟੇਢੀ ਬੰਕ ਨਾ ਕੋਇ ਸੁਹਾਈਆ । ਈੜਾ ਪਿੰਗਲ ਕੋਇ ਨਾ ਡੱਕਦਾ, ਪੰਚ ਵਿਕਾਰ ਨਾ ਕੋਇ ਲੜਾਈਆ । ਜਿਨ੍ਹਾਂ ਦੇ ਅੰਦਰ ਇਕੋ ਦੀਪਕ ਜਗਦਾ, ਨੂਰ ਜੋਤ ਹੋਵੇ ਰੁਸ਼ਨਾਈਆ । ਨਾਦ ਵੱਜੇ ਅਨਹਦ ਨਦ ਦਾ, ਆਤਮਕ ਧੁਨ ਸ਼ਨਵਾਈਆ । ਹੰਸ ਰੂਪ ਬਣਿਆ ਗੁਰਮੁਖ ਕੱਗ ਦਾ, ਕਾਗੋਂ ਹੰਸ ਬਣਾਈਆ । ਦਰਸ਼ਨ ਮਿਲਿਆ ਉਪਰ ਸ਼ਾਹਰਗ ਦਾ, ਘਰ ਸਾਚੇ ਵੱਜੇ ਵਧਾਈਆ । ਜਨ ਭਗਤਾਂ ਜੁਗ ਜੁਗ ਪ੍ਰਭੂ ਲੱਭਦਾ, ਭਗਤ ਸੁਹੇਲਾ ਬਾਹਰ ਖੋਜਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚ ਸਰਨਾਈਆ । ਸਰਨ ਕਹੇ ਮੈਂ ਆ ਗਈ ਦਵਾਰੇ, ਥੱਕੀ ਮਾਂਦੀ ਫੇਰਾ ਪਾਈਆ । ਹਰਿਜਨ ਵੇਖਣੇ ਭਗਤ ਪਿਆਰੇ, ਪ੍ਰੇਮੀ ਪ੍ਰੀਤਮ ਖੋਜ ਖੁਜਾਈਆ । ਜਿਹੜੇ ਮੰਨਦੇ ਇਕੋ ਇਸ਼ਟ ਨਿਰੰਕਾਰੇ, ਦ੍ਰਿਸ਼ਟ ਰਹੇ ਭੁਲਾਈਆ । ਮੰਜ਼ਲ ਚੜ੍ਹੇ ਓਸ ਚੁਬਾਰੇ, ਜਿਥੋਂ ਫੇਰ ਨਾ ਕੋਇ ਕਢਾਈਆ । ਮਿਲਿਆ ਮੀਤ ਸਚ ਮੁਰਾਰੇ, ਮਿਲ ਕੇ ਮਿੱਤਰ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਹੱਕ ਨਜ਼ਾਰੇ ਹਕ਼ੀਕ਼ਤ ਆਪਣੀ ਵੇਖ ਵਖਾਈਆ । ਚੌਵੀ ਮਾਘ ਕਹੇ ਮੈਂ ਹੋਇਆ ਖ਼ੁਸ਼, ਖ਼ੁਸ਼ਹਾਲੀ ਦਿਆਂ ਜਣਾਈਆ । ਸੰਤ ਸੁਹੇਲੇ ਵੇਖੇ ਅਨਾਦੀ ਸੁਤ, ਜੋ ਸੁੱਤੇ ਪ੍ਰਭ ਨੇ ਲਏ ਉਠਾਈਆ । ਕਲਜੁਗ ਅੰਤਮ ਓਹਨਾਂ ਮੌਲੀ ਰੁਤ, ਜੋ ਮੌਲਾ ਵਿਚ ਸਮਾਈਆ । ਜਿਨ੍ਹਾਂ ਦੇ ਅੰਦਰ ਵੜ ਕੇ ਰਿਹਾ ਪੁਛ, ਪੁਸ਼ਤ ਪਨਾਹ ਹੱਥ ਟਿਕਾਈਆ । ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ

ਗਏ ਰੁਸ, ਅੰਤ ਅਖ਼ੀਰੀ ਲਏ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਮਿਲੀ ਵਡਿਆਈ ਭਗਤ ਜਨ, ਧੰਨ ਜਣੇਂਦੀ ਮਾਈਆ । ਭਾਗ ਲੱਗਾ ਕਾਇਆ ਮਾਟੀ ਤਨ, ਤੰਦ ਸਤਾਰ ਹਿਲਾਈਆ । ਕੂੜ ਵਾਸਨਾ ਬੱਧਾ ਮਨ, ਮਮਤਾ ਮੋਹ ਚੁਕਾਈਆ । ਜੋਤੀ ਨੂਰ ਚਾੜ੍ਹ ਕੇ ਚੰਨ, ਅੰਧ ਅੰਧੇਰ ਦਿਤਾ ਗਵਾਈਆ । ਜੋ ਸਤਿਗੁਰ ਸ਼ਬਦ ਸੁਣਦੇ ਸਰਵਣ ਆਪਣੇ ਕੰਨ, ਕਰਨੀ ਦਾ ਮਾਲਕ ਕਰਤਾ ਹੋਏ ਸਹਾਈਆ । ਕਰ ਵਸੇਰਾ ਬਿਨ ਛੱਪਰੀ ਛੰਨ, ਸਚ ਦਵਾਰੇ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਵਡਿਆਈਆ । ਵਡਿਆਈ ਕਹੇ ਮੈਂ ਗੁਰਮੁਖ ਵੇਖੇ ਵੱਡੇ, ਸੋਹਣੇ ਸੁੱਚਜੇ ਨਜ਼ਰੀ ਆਈਆ । ਜੋ ਆਤਮ ਪਰਮਾਤਮ ਪ੍ਰੀਤੀ ਬੱਝੇ, ਤੰਦ ਸਤਾਰ ਨਾ ਕੋਇ ਤੁੜਾਈਆ । ਪਰਕਾਸ਼ ਹੋ ਕੇ ਦੀਪਕ ਜਗੇ, ਜਾਗਰਤ ਜੋਤ ਰੁਸ਼ਨਾਈਆ । ਲੋਕਮਾਤ ਜਨਮ ਮਿਲੇ ਅਜੇ, ਵਾਧਾ ਹੋਰ ਦਏ ਵਖਾਈਆ । ਅਬਿਨਾਸ਼ੀ ਕਰਤਾ ਪੜਦਾ ਕੱਜੇ, ਸ੍ਰੀ ਭਗਵਾਨ ਹੋਏ ਸਹਾਈਆ । ਜੋ ਪ੍ਰੇਮ ਪਿਆਰ ਪ੍ਰੀਤੀ ਅੰਦਰ ਦੂਰ ਨੇੜਿਉਂ ਆਏ ਭੱਜੇ, ਬਣ ਪਾਂਧੀ ਪੰਧ ਮੁਕਾਈਆ । ਹਰਿ ਸੰਗਤ ਵਿਚ ਬਹਿ ਕੇ ਸਜੇ, ਸੋਹਣਾ ਜੋੜ ਜੁੜਾਈਆ । ਉਨ੍ਹਾਂ ਦੇ ਆਵਣ ਜਾਵਣ ਲੇਖੇ ਲੱਗੇ, ਖ਼ਾਲੀ ਹੱਥ ਨਾ ਕੋਇ ਮੁੜਾਈਆ । ਸਭ ਨੂੰ ਦਰਸ਼ਨ ਹੋਏ ਉਪਰ ਸ਼ਾਹਰਗੇ, ਰਾਤੀਂ ਸੁਤਿਆਂ ਲਏ ਉਠਾਈਆ । ਪ੍ਰੇਮ ਪਿਆਰ ਦੇ ਦੇਵੇ ਮਜ਼ੇ, ਰਸ ਇਕੋ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚ ਸਰਨਾਈਆ । ਚੌਵੀ ਮਾਘ ਕਹੇ ਮੈਂ ਗਾਵਾਂ ਧੁਰ ਦਾ ਢੋਲਾ, ਬਿਨ ਢੋਲਕ ਛੈਣੇ ਰਾਗ ਅਲਾਹੀਆ । ਸਤਿਗੁਰ ਸ਼ਬਦ ਬਣਿਆ ਜਿਨ੍ਹਾਂ ਵਿਚੋਲਾ, ਦੋ ਜਹਾਨਾਂ ਪਾਰ ਕਰਾਈਆ । ਪੜਦਾ ਅੰਦਰੋਂ ਚੁੱਕਿਆ ਓਹਲਾ, ਅੰਧੇਰ ਰਿਹਾ ਨਾ ਰਾਈਆ । ਘਰ ਸੱਜਣ ਮਿਲਿਆ ਮੌਲਾ, ਮਲਕੁਲਮੌਤ ਨਾ ਦਏ ਸਜ਼ਾਈਆ । ਉਲਟਾ ਹੋਇਆ ਨਾਭ ਕਵਲਾ, ਅੰਮ੍ਰਿਤ ਝਿਰਨਾ ਰਿਹਾ ਝਿਰਾਈਆ । ਨੂਰੀ ਨਜ਼ਰੀ ਆਇਆ ਅਵਲਾ, ਨੂਰੋ ਨੂਰ ਰੁਸ਼ਨਾਈਆ । ਜਨ ਭਗਤ ਜਗਤ ਵਾਸਤੇ ਸਦਾ ਬਣਿਆ ਰਹੇ ਕਮਲਾ, ਕਮਲਾ ਕਹੇ ਲੋਕਾਈਆ । ਪੁਰਖ ਅਬਿਨਾਸ਼ੀ ਵੇਖਣਹਾਰਾ ਸਭ ਦੇ ਅਮਲਾ, ਕਾਮਲ ਮੁਰਸ਼ਦ ਫੇਰਾ ਪਾਈਆ । ਜਨ ਭਗਤੋ ਤੁਸਾਂ ਕਿਹੜਾ ਨਹਾਵਣ ਜਾਣਾ ਉਪਰ ਜਮਨਾ, ਗੋਦਾਵਰੀ ਸੁਰਸਤੀ ਗੰਗਾ ਫੇਰਾ ਪਾਈਆ । ਤੀਰਥਾਂ ਉਪਰ ਮੂਲ ਨਾ ਭਵਣਾ, ਅੱਠ ਸੱਠ ਨਾ ਖੋਜ ਖੁਜਾਈਆ । ਜੰਗਲਾਂ ਵਿਚ ਮੂਲ ਨਾ ਲੱਭਣਾ, ਟਿੱਲੇ ਪਰਬਤ ਨਾ ਪੰਧ ਮੁਕਾਈਆ । ਤੁਹਾਡੇ ਅੰਦਰ ਦੀਪਕ ਹੋ ਕੇ ਜਗਣਾ, ਗ੍ਰਿਹ ਗ੍ਰਿਹ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਕੋ ਰਿਹਾ ਸੁਣਾਈਆ । ਹੁਕਮ ਕਹੇ ਮੇਰੀ ਤਾਲੀਮ, ਤੁਲਬੇ ਗੁਰਮੁਖ ਨਜ਼ਰੀ ਆਈਆ । ਸਬਕ ਦੱਸਾਂ ਇਕ ਅਜ਼ੀਮ, ਆਅਲਾ ਅਦਨੇ ਨਾਲ ਮਿਲਾਈਆ । ਜੋ ਕੋਈ ਸਮਝੇ ਡੰਡਾ ਮੀਮ, ਮਾਤ ਪਿਤਾ ਹੋਵੇ ਜੁਦਾਈਆ । ਜੇ ਕੋਈ ਅੱਖ ਖੋਲ੍ਹ ਕੇ ਵੇਖੇ ਸੀਨ, ਸਮਾਂ ਦਏ ਗਵਾਹੀਆ । ਜੇ ਮੁਰਸ਼ਦ ਉਤੇ ਕਰੇ ਯਕੀਨ, ਯਕਾ ਯਕ ਆਪਣਾ ਨੂਰ ਕਰੇ ਰੁਸ਼ਨਾਈਆ । ਸਾਚੀ ਸਿਖਿਆ ਵਿਚ ਕਰੇ ਮਸਕੀਨ, ਮਸਲਾ ਇਕੋ ਇਕ ਸਮਝਾਈਆ । ਨੇਤਰ ਰਹੇ ਨਾ ਕੋਇ ਨਾਬੀਨ, ਅੰਧ ਅੰਧੇਰ ਮਿਟਾਈਆ । ਬਿਨਾ ਸਜਦਿਉਂ ਕਹੇ ਆਮੀਨ, ਵਾਹਵਾ ਤੇਰੀ ਬੇਪਰਵਾਹੀਆ । ਇਹ ਮਾਰਗ ਧਾਰ ਜਗਤ ਮਹੀਨ, ਮਹਿਰਮ ਨਜ਼ਰ ਕੋਇ ਨਾ ਆਈਆ । ਬਿਨਾ ਸ਼ਬਦ ਤੋਂ ਪ੍ਰਭ ਦਾ ਨਹੀਂ ਕੋਈ ਜਾਨਸ਼ੀਨ, ਗੁਰ ਅਵਤਾਰ ਪੈਗ਼ੰਬਰ ਦੇਣ ਗਵਾਹੀਆ । ਸਤਿਗੁਰ ਰੂਪ ਨਾ ਨਰ ਤੇ ਨਾ ਮਦੀਨ,

ਨਾਰੀ ਪੁਰਖ ਨਜ਼ਰ ਕੋਇ ਨਾ ਆਈਆ । ਨਾ ਚਿੰਤਾ ਨਾ ਗ਼ਮਗੀਨ, ਖ਼ੁਸ਼ੀ ਗ਼ਮੀ ਨਾ ਕੋਇ ਰਖਾਈਆ । ਦਰ ਆਇਆਂ ਸਭ ਨੂੰ ਕਰੇ ਤਸਲੀਮ, ਬਿਨ ਤਸਬੀ ਮਾਲਾ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਬੀਆਂ ਦਾ ਨਬੀ ਰਸੂਲਾਂ ਦਾ ਰਸੂਲ, ਰਸਮ ਆਪਣੀ ਦਏ ਸਮਝਾਈਆ । ਹੁਕਮ ਕਹੇ ਮੈਂ ਦੱਸਣੀ ਆਪਣੀ ਅਗੰਮੀ ਰਸਮ, ਰਸਤਾ ਇਕ ਸਮਝਾਈਆ । ਈਸਾ ਮੂਸਾ ਮੁਹੰਮਦ ਖਾਧੀ ਕ਼ਸਮ, ਸੁਗੰਦ ਨਾਲ ਵਡਿਆਈਆ । ਗੋਬਿੰਦ ਵਡਿਆਈ ਦਿਤੀ ਆਪਣੀ ਭਸਮ, ਖ਼ਾਕੀ ਖ਼ਾਕ ਨਾ ਕੋਇ ਉਠਾਈਆ । ਨਾਤਾ ਝੂਠਾ ਛੱਡਕੇ ਜਿਸਮ, ਮਮਤਾ ਦਿਤੀ ਮੁਕਾਈਆ । ਪੁਰਖ ਅਕਾਲ ਦਾ ਇਕੋ ਇਸਮ, ਇਸ਼ਾਰੇ ਨਾਲ ਸਮਝਾਈਆ । ਦੀਦ ਵੇਖੇ ਚਸ਼ਮ, ਨੂਰ ਨੂਰ ਰੁਸ਼ਨਾਈਆ । ਅਗੇ ਲੇਖਾ ਕੁਛ ਹੋਣ ਵਾਲਾ ਵਿਚ ਪੱਛਮ, ਪਸ਼ਚਾਤਾਪ ਕਰੇ ਲੋਕਾਈਆ । ਲਾੜੀ ਮੌਤ ਲੱਗੇ ਹੱਸਣ, ਹਸਤੀਆਂ ਦੇਣੀਆਂ ਮਿਟਾਈਆ । ਪੰਜ ਚੇਤ ਨੂੰ ਮੇਰਾ ਲੋਕਮਾਤ ਹੋਣਾ ਜਸ਼ਨ, ਖ਼ੁਸ਼ੀਆਂ ਵਿਚ ਸਾਲਾਹੀਆ । ਜਿਸ ਵੇਲੇ ਦਿੱਲੀ ਦਰਬਾਰੇ ਮੇਰਾ ਮੇਰਾ ਲੱਗੇ ਰਖਣ, ਮੇਰੀ ਮੇਰੀ ਦੇਣੀ ਉਲਟਾਈਆ । ਸ਼ਾਹ ਸੁਲਤਾਨ ਸੁਖ ਨਾਲ ਨਹੀਂ ਦੇਣੇ ਵੱਸਣ, ਵਸਦੇ ਦੇਣੇ ਹਿਲਾਈਆ । ਭੱਜਿਆਂ ਨਹੀਂ ਦੇਣੇ ਭੱਜਣ, ਭਵਜਲ ਵਿਚ ਲੋਕਾਈਆ । ਸੱਜਣਾਂ ਦੇ ਬਣੇ ਰਹਿਣ ਨਹੀਂ ਦੇਣੇ ਸੱਜਣ, ਮਿੱਤਰਾਂ ਨਾਲੋਂ ਮਿੱਤਰ ਤੁੜਾਈਆ । ਹੌਲੀ ਹੌਲੀ ਲਗਾ ਕੇ ਅਗਨ, ਚਾਰ ਕੁੰਟ ਖੇਹ ਦੇਣੀ ਉਡਾਈਆ । ਕੁਛ ਝਗੜਾ ਪੈਣਾ ਅਦਨ, ਅੱਧਿਆਂ ਨੂੰ ਲਏ ਜਗਾਈਆ । ਫੇਰ ਅਗੇ ਜਾਏ ਸੱਦਣ, ਸੁਤਿਆਂ ਦਏ ਉਠਾਈਆ । ਉੱਤਰ ਡੰਕੇ ਫੇਰ ਵੱਜਣ, ਡੌਰੂ ਨਾਲ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਖੇਲ ਦਏ ਪਰਗਟਾਈਆ । ਖੇਲ ਕਹੇ ਮੈਂ ਪਰਗਟ ਹੋਣਾ, ਹੋਣੀ ਨਾਲ ਮਿਲਾਈਆ । ਘਰ ਘਰ ਸਭ ਨੂੰ ਪਏ ਰੋਣਾ, ਖ਼ੁਸ਼ੀਆਂ ਰੰਗ ਨਾ ਕੋਇ ਰੰਗਾਈਆ । ਦਰ ਦਰ ਸਭ ਨੂੰ ਪਏ ਭੌਣਾ, ਬਿਸਤਰ ਸੇਜ ਨਾ ਕੋਇ ਹੰਢਾਈਆ । ਪੁਰਖ ਅਕਾਲ ਹੁਕਮ ਵਰਤਾਉਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਨ ਭਗਤਾਂ ਇਕੋ ਢੋਲਾ ਗਾਉਣਾ, ਗਾ ਗਾ ਖ਼ੁਸ਼ੀ ਵਖਾਈਆ । ਤੂੰ ਮੇਰਾ ਮੈਂ ਤੇਰਾ ਇਕੋ ਨਾਮ ਧਿਆਉਣਾ, ਧਿਆਨ ਇਕੇ ਵਿਚ ਰਖਾਈਆ । ਚੌਵੀ ਮਾਘ ਕਹੇ ਮੈਂ ਮਜ਼ਾ ਸਚ ਚਖਾਉਣਾ, ਅੰਮ੍ਰਿਤ ਧਾਰ ਵਹਾਈਆ । ਜਨ ਭਗਤ ਦਵਾਰਾ ਇਕ ਸੁਹਾਉਣਾ, ਜਿਥੇ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗੰਮ ਅਥਾਹ ਬੇਪਰਵਾਹ ਪਰਵਰਦਿਗਾਰ ਸਾਂਝਾ ਯਾਰ ਨਰ ਨਿਰੰਕਾਰ ਆਪਣਾ ਹੁਕਮ ਆਪ ਵਰਤਾਉਣਾ, ਵਾਰਤਾ ਪਿਛਲੀ ਵੇਖ ਵਖਾਈਆ ।

## ✪ ੨੫ ਮਾਘ ਸ਼ਹਿਨਸ਼ਾਹੀ ਸੰਮਤ ੧ ਹਰੀ ਸਿੰਘ ਦੇ ਗ੍ਰਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ✪

ਧੁਰ ਹੁਕਮ ਕਹੇ ਮੈਂ ਸੰਦੇਸ਼ਾ ਦੇਵਾਂ ਸੱਚਾ ਨਾਮਾ, ਨਾਉਂ ਨਿਰੰਕਾਰ ਇਕ ਜਣਾਈਆ । ਮੁਕਾਮੇ ਹੱਕ ਸੁਣਾਵਾਂ ਸਚ ਪੈਗ਼ਾਮਾ, ਕਲਮਾ ਅਗੰਮ ਅਥਾਹ ਦ੍ਰਿੜਾਈਆ । ਅਬਿਨਾਸ਼ੀ ਕਰਤੇ ਪਹਿਰਿਆ ਜਾਮਾ, ਨਿਰਵੈਰ ਨਿਰਾਕਾਰ ਨਿਰੰਕਾਰ ਵੇਸ ਵਟਾਈਆ । ਜਿਸ ਦਾ ਦੋ ਜਹਾਨਾਂ ਵੱਜਣਾ ਇਕ ਦਮਾਮਾ, ਦਾਮਨਗੀਰ ਹੋਵੇ ਲੋਕਾਈਆ । ਜਿਸ ਨੂੰ ਸੀਸ ਨਿਵਾਉਂਦੇ ਕ੍ਰਿਸ਼ਨਾ ਰਾਮਾ, ਆਦਿ ਜੁਗਾਦਿ ਨਿਉਂ ਨਿਉਂ ਲਾਗਣ ਪਾਈਆ । ਜਿਸ

ਨੂੰ ਈਸਾ ਮੂਸਾ ਮੁਹੰਮਦ ਕਰਨ ਸਲਾਮਾ, ਸੀਸ ਸਜਦਿਆਂ ਵਿਚ ਝੁਕਾਈਆ । ਜਿਸ ਨੂੰ ਨਾਨਕ ਗੋਬਿੰਦ ਕਰੇ ਪਰਨਾਮਾ, ਨਮਸਤੇ ਕਹਿ ਕੇ ਧੂੜੀ ਟਿੱਕਾ ਖ਼ਾਕ ਰਮਾਈਆ । ਜਿਸ ਦਾ ਨਿਤ ਨਵਿਤ ਅਵੱਲੜਾ ਬਾਣਾ, ਪੰਜ ਤਤ ਵੇਖੇ ਥਾਉਂ ਥਾਈਆ । ਜੋ ਸਤਿ ਪੁਰਖ ਨਿਰੰਜਣ ਗੁਣ ਨਿਧਾਨਾ, ਗਹਿਰ ਗੰਭੀਰ ਵੱਡੀ ਵਡਿਆਈਆ । ਜਿਸ ਦਾ ਸਤਿ ਧਰਮ ਸਚ ਨਿਸ਼ਾਨਾ, ਨਵ ਨੌ ਚਾਰ ਆਪ ਖੁਲ੍ਹਾਈਆ । ਜਿਸ ਦਾ ਸਮਝ ਨਾ ਸਕੇ ਕੋਈ ਪੈਮਾਨਾ, ਪੈਮਾਇਸ਼ ਆਪਣੇ ਹੱਥ ਰਖਾਈਆ । ਜੋ ਦੇਵਣਹਾਰਾ ਨਿਰਗੁਣ ਸਰਗੁਣ ਧੁਰ ਦਾ ਦਾਨਾ, ਵਸਤ ਅਮੋਲਕ ਕਾਇਆ ਗੋਲਕ ਝੋਲੀ ਪਾਈਆ । ਜੋ ਜੋਧਾ ਸੂਰਬੀਰ ਮਰਦ ਮਰਦਾਨਾ, ਬਲਧਾਰੀ ਨਜ਼ਰੀ ਆਈਆ । ਜਿਸ ਦਾ ਸਚਖੰਡ ਦਵਾਰਾ ਇਕੋ ਨਗਰ ਗਰਾਮਾ, ਮੁਕਾਮੇ ਹੱਕ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਧੁਰ ਦਾ ਹੁਕਮ ਕਹੇ ਮੈਂ ਦੇਵਣ ਆਇਆ ਸਚ ਦਲੀਲ, ਦਹਿ ਦਿਸ਼ਾ ਆਪ ਜਣਾਈਆ । ਸਤਿਗੁਰ ਸ਼ਬਦ ਆਦਿ ਜੁਗਾਦੀ ਲੱਖ ਚੁਰਾਸੀ ਇਕ ਵਕੀਲ, ਵਾਕਿਆ ਸਭ ਦਾ ਖੋਜ ਖੁਜਾਈਆ । ਦੂਸਰ ਅਵਰ ਨਾ ਕੋਇ ਅਪੀਲ, ਹਕ਼ੀਕ਼ਤ ਹੱਕ ਨਾ ਕੋਇ ਦ੍ਰਿੜਾਈਆ । ਸਦੀ ਚੌਧਵੀਂ ਕਲਜੁਗ ਅੰਤ ਸਭ ਦੀ ਕਰਨ ਆਇਆ ਤਾਤੀਲ, ਕੂੜੀ ਤਮਅ ਵੇਖ ਵਖਾਈਆ । ਭਗਤ ਸੁਹੇਲੇ ਵੇਖੇ ਜਗਤ ਮਸਕੀਨ, ਲੱਖ ਚੁਰਾਸੀ ਪੜਦਾ ਲਾਹੀਆ । ਹੁਕਮੇ ਅੰਦਰ ਕਰੇ ਤਲਕੀਨ, ਧੁਰ ਫ਼ਰਮਾਨਾ ਇਕ ਸੁਣਾਈਆ । ਅਗੇ ਦੀਨ ਮਜ਼੍ਹਬ ਜਾਤ ਪਾਤ ਰਹਿਣ ਨਹੀਂ ਦੇਣੀ ਕੋਈ ਤਕ਼ਸੀਮ, ਜਗਤ ਵੰਡ ਨਾ ਕੋਇ ਵੰਡਾਈਆ । ਕ਼ੁਦਰਤ ਦਾ ਕ਼ਾਦਰ ਇਕ ਰਹੀਮ, ਰਹਿਮਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਹੁਕਮ ਕਹੇ ਨਾਮ ਸੁਨੇਹੜਾ ਦੇਵਾਂ ਸੱਦਾ, ਸਦ ਸਦ ਮਾਤ ਸੁਣਾਈਆ । ਹੁਕਮੇ ਅੰਦਰ ਹੁਕਮ ਫਿਰੇ ਭੱਜਾ, ਭਜਨ ਬੰਦਗੀ ਇਕ ਦ੍ਰਿੜਾਈਆ । ਚਾਰ ਕੁੰਟ ਦਹਿ ਦਿਸ਼ਾ ਨੂਰ ਸਮਝਾਏ ਇਕੋ ਸੱਚਾ, ਜਹੂਰ ਜਾਹਰ ਕਰੇ ਰੁਸ਼ਨਾਈਆ । ਕਲਜੁਗ ਕੂੜ ਰਹੇ ਨਾ ਕੱਚਾ, ਪੁਰਖ ਅਬਿਨਾਸ਼ੀ ਡੇਰਾ ਢਾਹੀਆ । ਸਤਿਜੁਗ ਸਾਚਾ ਉਪਜੇ ਬੱਚਾ, ਪੁਰਖ ਅਕਾਲ ਗੋਦੀ ਇਕ ਸੁਹਾਈਆ । ਜੋ ਆਤਮ ਪਰਮਾਤਮ ਸੰਦੇਸ਼ਾ ਦੇਵੇ ਪਤਾ, ਪਤਿਪਰਮੇਸ਼ਵਰ ਨਾਲ ਮਿਲਾਈਆ । ਮਨ ਵਾਸਨਾ ਕਰੇ ਹਤਾ, ਹੱਤਿਆ ਕੂੜੀ ਮੇਟੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕ਼ਾਦਰ ਕ਼ੁਦਰਤ ਵੇਖ ਵਖਾਈਆ । ਹੁਕਮ ਕਹੇ ਮੈਂ ਬਣਨਾ ਨਾਮ ਵਣਜਾਰਾ, ਵਾਜਾ ਅਨਹਦ ਰਾਗ ਸੁਣਾਈਆ । ਬੰਦ ਕਿਵਾੜੀ ਖੋਲ੍ਹਣਾ ਤਾਲਾ, ਤਾਲੀਮ ਇਕੋ ਦੇਣੀ ਪੜ੍ਹਾਈਆ । ਸਚ ਖ਼ੁਦਾਏ ਦੱਸਣਾ ਆਲਾ, ਪਤਿਪਰਮੇਸ਼ਵਰ ਬੇਪਰਵਾਹੀਆ । ਲੇਖਾ ਮੁਕੇ ਜੋਤ ਜਵਾਲਾ, ਜਾਗਰਤ ਨੂਰ ਹੋਵੇ ਰੁਸ਼ਨਾਈਆ । ਸਜਦਾ ਹੋਵੇ ਹੱਕ ਤਆਲਾ, ਤਾਲਬ ਤੁਲਬਾ ਬਣੇ ਲੋਕਾਈਆ । ਕਰੇ ਖੇਲ ਪੁਰਖ ਅਕਾਲਾ, ਅਕਲ ਕਲਧਾਰੀ ਕਾਰ ਕਮਾਈਆ । ਸਚ ਪਰਗਟਾਏ ਸੱਚੀ ਧਰਮਸਾਲਾ, ਚਾਰ ਵਰਨ ਅਠਾਰਾਂ ਬਰਨ ਸਰਨਾਈਆ । ਲੇਖੇ ਲਾਏ ਸਭ ਦੀ ਘਾਲਾ, ਜੋ ਦਿਵਸ ਰੈਣ ਰਹੇ ਧਿਆਈਆ । ਨਾਮ ਪਾਏ ਅਗੰਮੀ ਮਾਲਾ, ਮਨ ਕਾ ਮਣਕਾ ਦਏ ਭਵਾਈਆ । ਗੁਰਮੁਖ ਵੇਖੇ ਸੱਚਾ ਬਾਲਾ, ਬਾਲੀ ਬੁਧ ਲਏ ਉਠਾਈਆ । ਕਲਜੁਗ ਅੰਧੇਰਾ ਮੇਟੇ ਕਾਲਾ, ਸਤਿਜੁਗ ਸਤਿ ਕਰੇ ਰੁਸ਼ਨਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਤਤਵ ਤਤ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਉਠਾਈਆ । ਧੁਰ ਹੁਕਮ ਕਹੇ ਮੈਂ ਬਣਨਾ ਰੰਗ ਰੰਗੀਲਾ, ਰੰਗਤ ਆਪਣੀ ਦੇਣੀ ਵਖਾਈਆ । ਭਗਤ ਬਣਾਉਣੇ

੨੬੮
੧੯

ਸਚ ਕ਼ਬੀਲਾ, ਕਾਮਲ ਮੁਰਸ਼ਦ ਮੇਲ ਮਿਲਾਈਆ । ਮਾਰਗ ਦੱਸਣਾ ਨਵਾਂ ਨਵੀਨਾ, ਨਾਮ ਇਕੋ ਇਕ ਪੜ੍ਹਾਈਆ । ਜੋ ਸਭ ਨੂੰ ਕਰਨਾ ਪਏ ਤਸਲੀਮਾ, ਤਸਬੀ ਮਾਲਾ ਨਾ ਕੋਇ ਲਟਕਾਈਆ । ਧਾਮ ਵਖਾਉਣਾ ਇਕ ਅਜ਼ੀਮਾ, ਆਲੀਸ਼ਾਨ ਦਏ ਵਡਿਆਈਆ । ਖੇਲ ਵੇਖਣਾ ਉਤੇ ਜ਼ਮੀਨਾ, ਜ਼ਾਮਨੀ ਭਰਨੀ ਸਰਬ ਲੋਕਾਈਆ । ਰਾਹ ਤੱਕਦਾ ਚੇਤ ਮਹੀਨਾ, ਚਾਤਰ ਸਾਰੇ ਦੇਣ ਦੁਹਾਈਆ । ਕੋਟਾਂ ਵਿਚੋਂ ਗੁਰਮੁਖ ਲੱਭਿਆ ਆਪ ਨਗੀਨਾ, ਕ਼ੀਮਤ ਕਰਤਾ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਮੱਕਾ ਮਦੀਨਾ, ਮਕ਼ਬਰਿਆਂ ਅੰਦਰ ਫੋਲ ਫੁਲਾਈਆ । ਹੁਕਮ ਕਹੇ ਮੈਂ ਦੇਵਣ ਆਇਆ ਇਤਲਾਹ, ਸਚ ਸੰਦੇਸ਼ਾ ਸਰਬ ਜਣਾਈਆ । ਕਰਨਾ ਖੇਲ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਿਸ ਨੂੰ ਮੰਨਿਆਂ ਨੂਰ ਖ਼ੁਦਾ, ਖ਼ੁਦੀ ਵੇਖੇ ਥਾਉਂ ਥਾਈਂਆ । ਜਿਸ ਦੇ ਨਾਲੋਂ ਹੋਏ ਜੁਦਾ, ਪੱਲੂ ਰਿਹਾ ਛੁਡਾਈਆ । ਉਸ ਨੇ ਮਾਰਗ ਲਾਉਣਾ ਸਿਧਾ, ਸਾਧਕ ਸਿਧ ਦੇਣ ਦੁਹਾਈਆ । ਝਗੜਾ ਮੁਕਾਉਣਾ ਨੌਂ ਨਿਧਾ, ਅਠਾਰਾਂ ਸਿਧਾਂ ਨਾ ਕੋਇ ਵਡਿਆਈਆ । ਆਤਮ ਪਰਮਾਤਮ ਮਿਲਣ ਦੀ ਦੱਸਣੀ ਬਿਧਾ, ਪਾਰਬ੍ਰਹਮ ਬ੍ਰਹਮ ਮੇਲਾ ਲਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਕੇ ਖੇਲ ਵੇਖ ਵਖਾਈਆ । ਧੁਰ ਹੁਕਮ ਕਹੇ ਮੈਂ ਦੱਸਣਹਾਰਾ ਸਚ ਸਲਾਹ, ਸਹੀ ਸਲਾਮਤ ਰਿਹਾ ਜਣਾਈਆ । ਪੁਰਖ ਅਬਿਨਾਸ਼ੀ ਇਕ ਮਲਾਹ, ਗੁਰ ਅਵਤਾਰ ਪੈਗ਼ੰਬਰ ਜਿਸ ਨੂੰ ਸੀਸ ਝੁਕਾਈਆ । ਏਥੇ ਓਥੇ ਦੋ ਜਹਾਨਾਂ ਬਣੇ ਹੱਕ ਮਲਾਹ, ਨਈਆ ਨੌਕਾ ਪਾਰ ਲੰਘਾਈਆ । ਰਹਿਬਰ ਹੋ ਕੇ ਦੱਸੇ ਰਾਹ, ਰਾਸਤਾ ਬਰਾਸਤਾ ਇਕੋ ਦਏ ਸਮਝਾਈਆ । ਕੋਟ ਜਨਮ ਦੇ ਕੱਟੇ ਗੁਨਾਹ, ਮਿਹਰ ਨਜ਼ਰ ਨਾਲ ਤਰਾਈਆ । ਧੂੜੀ ਟਿੱਕਾ ਮਸਤਕ ਦੇਵੇ ਲਾ, ਚਰਨ ਕਵਲ ਕਵਲ ਸਰਨਾਈਆ । ਦੋ ਜਹਾਨਾਂ ਬਖ਼ਸ਼ੇ ਠੰਡੀ ਛਾਂ, ਸਿਰ ਆਪਣਾ ਹੱਥ ਰਖਾਈਆ । ਏਥੇ ਓਥੇ ਬਣੇ ਪਿਤਾ ਮਾਂ, ਬਾਲਕ ਗੁਰਮੁਖ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਹੋਣਹਾਰ ਸਹਾਈਆ । ਹੁਕਮ ਕਹੇ ਮੈਂ ਦੱਸਿਆ ਨਾਮ ਇਲਾਹੀ ਅੱਲਾ, ਆਲਮ ਉਲਮਾ ਕਰ ਪੜ੍ਹਾਈਆ । ਦਰਗਾਹ ਸਾਚੀ ਸਚ ਮਹੱਲਾ, ਹੁਕਮੇ ਹੱਕ ਨੂਰ ਰੁਸ਼ਨਾਈਆ । ਕਲਮਾ ਕਾਇਨਾਤ ਘੱਲਾ, ਅਨਾਇਤ ਕੀਤੀ ਧੁਰਦਰਗਾਹੀਆ । ਆਤਮ ਪਰਮਾਤਮ ਫੜ ਕੇ ਪੱਲਾ, ਪਲਕ ਪਲਕ ਵਿਚੋਂ ਬਦਲਾਈਆ । ਦਰ ਦਵਾਰਾ ਇਕੋ ਮੱਲਾ, ਨਵ ਨੌਂ ਨਾਤਾ ਦਿਤਾ ਤੁੜਾਈਆ । ਘਰ ਵਖਾਇਆ ਨਿਹਚਲ ਧਾਮ ਅਟਲਾ, ਜਿਥੇ ਇਕੋ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਹਰਿ ਨਾਮ ਕਹੇ ਮੈਂ ਵਸਾਂ ਹਰ ਹਰ ਹਿਰਦੇ, ਘਟ ਘਟ ਆਪਣਾ ਡੇਰਾ ਲਾਈਆ । ਕੋਟਨ ਕੋਟ ਮੈਨੂੰ ਲੱਭਦੇ ਫਿਰਦੇ, ਭੱਜਣ ਵਾਹੋ ਦਾਹੀਆ । ਜੋ ਭਗਤ ਵਿਛੁੰਨੇ ਚਿਰ ਦੇ, ਕਲਜੁਗ ਸਹਿਜੇ ਰਿਹਾ ਮਿਲਾਈਆ । ਨਾਤੇ ਜੋੜ ਕੇ ਧੁਰ ਦੇ ਪਿਰ ਦੇ, ਪਤਿਪਰਮੇਸ਼ਵਰ ਦਿਆਂ ਮਿਲਾਈਆ । ਨਜ਼ਾਰੇ ਵਖਾ ਕੇ ਘਰ ਥਿਰ ਦੇ, ਸਚਖੰਡ ਸਾਚੇ ਦਿਆਂ ਬਹਾਈਆ । ਕਲਜੁਗ ਕੂੜੀ ਕਿਰਿਆ ਗੇੜੇ ਵੇਖੋ ਗਿੜਦੇ, ਲੱਖ ਚੁਰਾਸੀ ਰਿਹਾ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਹੁਕਮ ਕਹੇ ਮੈਂ ਜੁਗ ਜੁਗ ਆਵਾਂ ਜਗ, ਨਿਤ ਨਿਤ ਵੇਸ ਵਟਾਈਆ । ਲੇਖਾ ਜਾਣਾ ਉਪਰ ਸ਼ਾਹ ਰਗ, ਪਰਦਾ ਪੜਦਾ ਪੜਦਿਆਂ ਵਿਚੋਂ ਚੁਕਾਈਆ । ਧੁਰ ਦਾ ਕਰਾਵਾਂ ਅਗੰਮੀ ਹੱਜ, ਹੁਜਰਾ ਇਕੋ ਦਿਆਂ ਵਖਾਈਆ । ਜਿਥੇ ਮਨ ਵਾਸਨਾ ਸਾਰੇ ਜਾਣਾ ਤਜ, ਮਮਤਾ ਮੋਹ ਨਾ ਕੋਇ ਹਲਕਾਈਆ ।

ਸਚ ਦਵਾਰੇ ਬਹਿਣਾ ਸਜ, ਸੱਜਣ ਮਿਲੇ ਬੇਪਰਵਾਹੀਆ । ਦਰਸ਼ਨ ਕਰਨ ਰੱਜ, ਨਿਜ ਨੇਤਰ ਅੱਖ ਖੁਲ੍ਹਾਈਆ । ਖ਼ੁਸ਼ੀਆਂ ਅੰਦਰ ਹੋਵਣ ਗਦ ਗਦ, ਗਦਾਗਰ ਬਣਨ ਦੀ ਲੋੜ ਰਹੇ ਨਾ ਰਾਈਆ । ਜਨਮ ਜਨਮ ਦੀ ਕਰਨੀ ਕੀਤੀ ਹੋ ਜਾਏ ਰੱਦ, ਸਮਰਥ ਦੇਵੇ ਮਾਣ ਵਡਿਆਈਆ । ਪਿਛਲੀ ਪਿਛੇ ਮੁਕੇ ਹੱਦ, ਅਗੇ ਮਾਰਗ ਇਕ ਦਰਸਾਈਆ । ਜਿਥੇ ਨਾਮ ਨਗਾਰਾ ਰਿਹਾ ਵੱਜ, ਤੂੰ ਹੀ ਤੂੰ ਹੀ ਰਾਗ ਸੁਣਾਈਆ । ਇਕੋ ਬੋਲ ਜੈਕਾਰਾ ਅਲੱਖ, ਅਲਖ ਅਗੋਚਰ ਦਏ ਵਡਿਆਈਆ । ਸਤਿ ਸਰੂਪ ਹੋ ਪਰਤੱਖ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਤਮ ਪਰਮਾਤਮ ਕਰਕੇ ਵੱਸ, ਵਾਸਤਾ ਆਪਣੇ ਨਾਲ ਜੁੜਾਈਆ । ਅੰਮ੍ਰਿਤ ਅੰਮਿਉਂ ਦੇ ਕੇ ਰਸ, ਜਾਮ ਅਗੰਮੀ ਦਏ ਪਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੰਦਰ ਇਕ ਖੁਲ੍ਹਾਈਆ । ਧੁਰ ਹੁਕਮ ਕਹੇ ਮੈਂ ਦੱਸਣਾ ਇਕੋ ਮੰਦਰ, ਚਾਰ ਦੀਵਾਰੀ ਨਜ਼ਰ ਕੋਇ ਨਾ ਆਈਆ । ਜਿਸ ਦਾ ਸਮਝੇ ਕੋਇ ਨਾ ਜੰਦਰ, ਤ੍ਰੈਗੁਣ ਵੇਸ ਨਾ ਕੋਇ ਬਣਾਈਆ । ਮਨ ਵਾਸਨਾ ਰਹੇ ਨਾ ਬੰਦਰ, ਦਹਿ ਦਿਸ਼ਾ ਨਾ ਕੋਇ ਭਵਾਈਆ । ਸੋਹਣਾ ਸੁਹੰਜਣਾ ਦਿਸੇ ਅੰਦਰ, ਇਕੋ ਇਕ ਸੋਭਾ ਪਾਈਆ । ਨਾ ਕੋਈ ਸੂਰੀਆ ਨਾ ਕੋਈ ਚੰਦਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਾ ਕੋਈ ਮਹੱਲ ਅਟਲ ਮੁਨਾਰਾ ਦਿਸੇ ਕੰਦਰ, ਛੱਪਰ ਛੰਨ ਨਾ ਕੋਇ ਛੁਹਾਈਆ । ਨਾ ਕੋਈ ਸੀਸ ਡੰਡਾਵਤ ਕਰੇ ਬੰਦਨ, ਸਿਰ ਕ਼ਦਮ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਾ ਕੋਈ ਮਸਤਕ ਟਿੱਕਾ ਲਾਏ ਲਲਾਟੀ ਚੰਦਨ, ਰੰਗਣ ਕੂੜ ਨਾ ਕੋਇ ਰੰਗਾਈਆ । ਧੁਰ ਸ਼ਬਦ ਕਹੇ ਮੈਂ ਮੇਟਣ ਵਾਲਾ ਹੰਗਤਾ, ਹੰ ਬ੍ਰਹਮ ਦਿਆਂ ਸਮਝਾਈਆ । ਬੋਧ ਅਗਾਧਾ ਬਣ ਕੇ ਆਵਾਂ ਪੰਡਤਾ, ਪਾਰਬ੍ਰਹਮ ਬ੍ਰਹਮ ਵਿਦਿਆ ਇਕ ਪੜ੍ਹਾਈਆ । ਜਨ ਭਗਤਾਂ ਦੇਵਾਂ ਸਾਚੀ ਸੰਥਾ, ਸਿਖਿਆ ਇਕੋ ਇਕ ਸਮਝਾਈਆ । ਲੇਖਾ ਮੁਕਾ ਕੇ ਮੰਜ਼ਲ ਕੰਠਾ, ਪੜਦਾ ਅਗਲਾ ਦਿਆਂ ਖੁਲ੍ਹਾਈਆ । ਲੇਖਾ ਚੁਕ ਜਾਵੇ ਆਵਾਜ਼ ਸੁਣਨ ਦਾ ਸੰਖਾ, ਧੁਨ ਆਤਮਕ ਰਾਗ ਅਲਾਈਆ । ਪਵਣ ਉਨੰਜਾ ਕਰੇ ਕੋਈ ਨਾ ਪੰਖਾ, ਸਾਂਤਕ ਸਤਿ ਦਿਆਂ ਕਰਾਈਆ । ਕਾਗ ਰੂਪ ਬਣਾ ਕੇ ਹੰਸਾ, ਸੋਹੰ ਜਾਪ ਦਿਆਂ ਜਣਾਈਆ । ਮਨ ਹੰਕਾਰ ਰਹੇ ਨਾ ਕੰਸਾ, ਕਾਹਨ ਕ੍ਰਿਸ਼ਨਾ ਨਜ਼ਰੀ ਆਈਆ । ਦੇ ਵਡਿਆਈ ਵਿਚੋਂ ਸਹੰਸਾ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਇਕੋ ਪੁਰਖ ਅਕਾਲ ਦੀ ਕਰਾਂ ਮੰਨਤਾ, ਦੂਜਾ ਇਸ਼ਟ ਨਾ ਕੋਇ ਰਖਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਬਣਾਵੇ ਬਣਤਾ, ਪੰਜ ਤਤ ਕਰੇ ਰੁਸ਼ਨਾਈਆ । ਸੋ ਦਇਆ ਕਮਾਏ ਗੁਰਮੁਖ ਸਾਚੇ ਸੰਤਾ, ਭਗਤ ਭਗਵੰਤ ਵੇਖ ਵਖਾਈਆ । ਆਤਮ ਪਰਮਾਤਮ ਨਾਤਾ ਜੋੜੇ ਨਾਰੀ ਕੰਤਾ, ਕੰਤ ਕੰਤੂਹਲ ਇਕੋ ਨਜ਼ਰੀ ਆਈਆ । ਅੰਦਰ ਬਾਹਰ ਰੰਗ ਚੜ੍ਹੇ ਬਸੰਤਾ, ਏਥੇ ਓਥੇ ਦੋ ਜਹਾਨ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਮੇਲ ਧੁਰ ਦੀ ਸੰਗਤਾ, ਸੰਗ ਆਪਣਾ ਨਾਲ ਰਖਾਈਆ । ਧੁਰ ਸ਼ਬਦ ਕਹੇ ਮੈਂ ਸੰਗਤ ਵਸਾਂ ਸੰਗ, ਸਗਲਾ ਸੰਗ ਆਪ ਬਣਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਹੋਵੇ ਮੰਗ, ਆਸਾ ਤ੍ਰਿਸ਼ਨਾ ਰਹੇ ਨਾ ਰਾਈਆ । ਨਾਮ ਨਿਧਾਨ ਵੱਜੇ ਮਰਦੰਗ, ਬ੍ਰਹਿਮੰਡ ਖੰਡ ਸ਼ਨਵਾਈਆ । ਗੁਰਮੁਖਾਂ ਮਿਲੇ ਆਨੰਦ, ਆਤਮ ਰਸ ਚਖਾਈਆ । ਦੂਈ ਦਵੈਤੀ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਤੂੰ ਮੇਰਾ ਮੈਂ ਤੇਰਾ ਧੁਰ ਦਾ ਛੰਦ, ਸੰਸਾ ਰੋਗ ਰਹੇ ਨਾ ਰਾਈਆ । ਨੰਗੀ ਹੋਣ ਨਾ ਦੇਵੇ ਕੰਡ, ਸਿਰ ਆਪਣਾ ਹੱਥ ਟਿਕਾਈਆ । ਸਜਦੇ ਕਰਨ ਸੂਰਜ ਚੰਦ, ਮੰਡਲ ਮੰਡਪ ਸੀਸ ਝੁਕਾਈਆ ।

ਜਿਨ੍ਹਾਂ ਦਾ ਮਾਲਕ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਉਹ ਜਗਤ ਮੰਜ਼ਲ ਪੈਂਡਾ ਗਏ ਲੰਘ, ਅਧਵਿਚਕਾਰ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡਾ ਦਏ ਵਖਾਈਆ । ਘਰ ਠਾਂਡਾ ਇਕੋ ਠੰਡਾ ਠਾਰ, ਅਗਨੀ ਤਤ ਨਜ਼ਰ ਨਾ ਆਈਆ । ਜਿਥੇ ਵਸੇ ਪੁਰਖ ਅਕਾਲ, ਹਰਿ ਨਿਰੰਕਾਰ ਸੋਭਾ ਪਾਈਆ । ਚਰਨ ਬਹਿਣ ਗੁਰੂ ਅਵਤਾਰ, ਪੈਗ਼ੰਬਰ ਕ਼ਦਮਬੋਸੀ ਕਰਕੇ ਖ਼ੁਸ਼ੀ ਮਨਾਈਆ । ਬਿਨ ਰਸਨਾ ਜਿਹਵਾ ਕਲਮਾ ਰਹੇ ਉਚਾਰ, ਤੂੰ ਹੀ ਤੂੰ ਹੀ ਰਾਗ ਅਲਾਈਆ । ਬਿਨ ਦੀਵਾ ਬਾਤੀ ਵੇਖਣ ਉਜਿਆਰ, ਨਿਰਗੁਣ ਜੋਤ ਹੋਏ ਰੁਸ਼ਨਾਈਆ । ਬਿਨ ਰਸਨਾ ਜਿਹਵਾ ਸੁਣ ਧੁਨਕਾਰ, ਅਗੰਮੀ ਨਾਮ ਕਰੇ ਸ਼ਨਵਾਈਆ । ਬਿਨ ਕਾਤਬ ਲਿਖਦਾ ਰਹੇ ਲਿਖਾਰ, ਅੱਖਰ ਵੰਡ ਨਾ ਕੋਇ ਵੰਡਾਈਆ । ਸਦ ਭਰਿਆ ਰਹੇ ਭੰਡਾਰ, ਅਤੋਟ ਅਤੁਟ ਆਪ ਜਣਾਈਆ । ਭਗਤ ਵਛਲ ਗਿਰਵਰ ਗਿਰਧਾਰ, ਗਹਿਰ ਗੰਭੀਰ ਬੇਪਰਵਾਹੀਆ । ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਪਾਉਂਦਾ ਰਹੇ ਸਾਰ, ਲੱਖ ਚੁਰਾਸੀ ਖੋਜ ਖੁਜਾਈਆ । ਕਲਜੁਗ ਅੰਤਮ ਹੋ ਤਿਆਰ, ਤ੍ਰੈਗੁਣ ਅਤੀਤਾ ਵੇਸ ਵਟਾਈਆ । ਜੋਤੀ ਜਲਵਾ ਕਰ ਉਜਿਆਰ, ਸ਼ਬਦੀ ਡੰਕਾ ਇਕ ਸੁਣਾਈਆ । ਸੰਤ ਸੁਹੇਲੇ ਗੁਰਮੁਖ ਵੇਖੇ ਆਣ, ਆਨਨ ਫ਼ਾਨਨ ਲੇਖਾ ਦਏ ਮੁਕਾਈਆ । ਮਿਹਰਵਾਨ ਮੁਹੱਬਤ ਵਿਚ ਮਹਿਬੂਬ ਕਰੇ ਪਿਆਰ, ਮਹਿਵਖ਼ਾਨਾ ਇਕੋ ਇਕ ਸਮਝਾਈਆ । ਮਸਤ ਖ਼ੁਮਾਰੀ ਚਾੜ੍ਹੇ ਅਪਰ ਅਪਾਰ, ਏਥੇ ਓਥੇ ਉਤਰ ਕਦੇ ਨਾ ਜਾਈਆ । ਸਚ ਪ੍ਰੀਤੀ ਬਖ਼ਸ਼ੇ ਇਕ ਪਿਆਰ, ਪੀਆ ਪ੍ਰੀਤਮ ਪਰਮ ਪੁਰਖ ਪਰਮਾਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਬਣ ਕੇ ਹਾਕਮ, ਹਾਕਮ ਹੋ ਕੇ ਆਪਣਾ ਹੁਕਮ ਸੁਣਾਈਆ । ਹੁਕਮ ਕਹੇ ਮੈਂ ਆਦਿ ਜੁਗਾਦੀ ਵੱਡਾ, ਗੁਰ ਅਵਤਾਰ ਪੈਗ਼ੰਬਰਾਂ ਸੇਵਾ ਲਾਈਆ । ਦੋ ਜਹਾਨ ਹੁਕਮੇ ਅੰਦਰ ਬੱਧਾ, ਵਿਸ਼ਨ ਬ੍ਰਹਮਾ ਸ਼ਿਵ ਸਿਰ ਨਾ ਕੋਇ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਦੇਂਦਾ ਰਿਹਾ ਸੱਦਾ, ਸੁਨੇਹੜਾ ਸੁਨੇਹੜੇ ਵਿਚੋਂ ਸੁਣਾਈਆ । ਕਰਦਾ ਰਿਹਾ ਖੇਲ ਚਾਰੇ ਜੁਗ ਲੈਂਦਾ ਰਿਹਾ ਮਜ਼ਾ, ਮਜਲਸ ਵੇਖ ਬੇਪਰਵਾਹੀਆ । ਮੰਨਦਾ ਰਿਹਾ ਇਕੋ ਰਜ਼ਾ, ਰਾਜ਼ਕ ਰਹੀਮ ਹੋਏ ਸਹਾਈਆ । ਕਲਜੁਗ ਅੰਤ ਕੂੜ ਕੁੜਿਆਰਾਂ ਦੇਣੀ ਉਹ ਸਜ਼ਾ, ਜਿਸ ਤੋਂ ਸਕੇ ਕੋਇ ਬਚਾਈਆ । ਸਭ ਦੇ ਸਿਰ ਤੇ ਕੂਕਦੀ ਕ਼ਜ਼ਾ, ਕ਼ਸਮ ਖਾ ਕੇ ਰਿਹਾ ਸੁਣਾਈਆ । ਜਿਸਦੀ ਸਮਝੇ ਨਾ ਕੋਇ ਵਜਹ, ਵਜ਼ਾਹਤ ਵਿਚ ਨਾ ਕੋਇ ਦ੍ਰਿੜਾਈਆ । ਪੁਰਖ ਅਕਾਲ ਕਿਸੇ ਨਾਲ ਕਰਨਾ ਨਹੀਂ ਕੋਈ ਦਗ਼ਾ, ਨਿਹਕਰਮੀ ਕਰਮਾਂ ਦੀ ਦੇਣੀ ਸਜਾਈਆ । ਉਹ ਵੇਖਣਹਾਰਾ ਬ੍ਰਹਿਮੰਡ ਖੰਡ ਪੁਰੀ ਲੋਅ ਗਗਨ ਮੰਡਲ ਜ਼ਿਮੀਂ ਅਸਮਾਨ ਜਗਹ ਜਗਹ, ਕੋਨਾ ਕੋਨਾ ਗੋਸ਼ਾ ਗੋਸ਼ਾ ਕਿਨਾਰਾ ਵੇਖ ਵਖਾਈਆ । ਬਿਨ ਭਗਤਾਂ ਲੋਕਮਾਤ ਵਧੇ ਨਾ ਕਿਸੇ ਦਾ ਅੱਗਾ, ਅਗਲਾ ਲੇਖਾ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੀਤੀ ਅੰਤਰ ਅੰਤਰ ਅੰਤਰ ਆਪੇ ਲੱਗਾ, ਲਾਗਤ ਸੰਗ ਨਾ ਕੋਇ ਰਖਾਈਆ ।

## ੨੫ ਮਾਘ ਸ਼ਹਿਨਸ਼ਾਹੀ ਸੰਮਤ ੧ ਸਰਮੁਖ ਸਿੰਘ, ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ

ਧੁਰ ਹੁਕਮ ਕਹੇ ਮੇਰਾ ਲਿਖੇ ਕੋਈ ਨਾ ਲੇਖ, ਜੁਗ ਚੌਕੜੀ ਭੇਵ ਨਾ ਕੋਇ ਖੁਲ੍ਹਾਇੰਦਾ । ਨਜ਼ਰ ਨਾ ਆਏ ਕਿਸੇ ਰੰਗ ਰੂਪ ਰੇਖ, ਕਾਗ਼ਜ਼ ਸ਼ਾਹੀ ਵੰਡ ਨਾ ਕੋਇ ਵੰਡਾਇੰਦਾ । ਨਿਤ ਨਵਿਤ ਸਦਾ ਦੇਵਣਹਾਰਾ ਏਕ, ਏਕੰਕਾਰ ਆਪ ਜਣਾਇੰਦਾ । ਜਨ ਭਗਤਾਂ ਦੱਸ ਕੇ ਅਗੰਮੜਾ ਹੇਤ, ਆਤਮ ਪਰਮਾਤਮ ਮੇਲ ਮਿਲਾਇੰਦਾ । ਲੱਖ ਚੁਰਾਸੀ ਵਿਚੋਂ ਲਏ ਵੇਖ, ਦਹਿ ਦਿਸ਼ਾ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਦ੍ਰਿੜਾਇੰਦਾ । ਧੁਰ ਹੁਕਮ ਕਹੇ ਮੇਰਾ ਮਾਲਕ ਇਕ ਜਗਦੀਸ਼, ਜਗਦੀਸ਼ਰ ਬੇਪਰਵਾਹੀਆ । ਜਿਸ ਦੇ ਛਤਰ ਝੁੱਲੇ ਸੀਸ, ਸਚਖੰਡ ਦਵਾਰੇ ਸੋਭਾ ਪਾਈਆ । ਜੋ ਨਿਤ ਨਵਿਤ ਬਦਲਣਹਾਰਾ ਰੀਤ, ਜੁਗ ਚੌਕੜੀ ਕਾਰ ਕਮਾਈਆ । ਪਾਰਬ੍ਰਹਮ ਬ੍ਰਹਮ ਦੱਸਣਹਾਰਾ ਹੱਕ ਪ੍ਰੀਤ, ਮੁਹੱਬਤ ਇਕੋ ਇਕ ਸਮਝਾਈਆ । ਲੱਖ ਚੁਰਾਸੀ ਪਰਖੇ ਨੀਤ, ਘਟ ਭੀਤਰ ਵੇਖ ਵਖਾਈਆ । ਗੁਰਮੁਖਾਂ ਬਖ਼ਸ਼ਣਹਾਰਾ ਨਾਮ ਭੰਡਾਰਾ ਵਡ ਬਖ਼ਸ਼ੀਸ਼, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਪੈਗ਼ੰਬਰਾਂ ਦੱਸਣਹਾਰ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਲੇਖਾ ਚੁਕਾ ਕੇ ਬੀਸ ਇਕੀਸ, ਸੰਮਤ ਸ਼ਹਿਨਸ਼ਾਹੀ ਪਰਗਟਾਈਆ । ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਹੋਵੇ ਭੈ ਭੀਤ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਸਮਝਾਈਆ । ਧੁਰ ਦਾ ਖੇਲ ਕਹੇ ਮੈਂ ਅਗੰਮ ਅਥਾਹ, ਸ਼ਾਸਤਰ ਸਿਮਰਤ ਵੇਦ ਪੁਰਾਨ ਸਮਝ ਕਿਸੇ ਨਾ ਆਈਆ । ਮੇਰਾ ਮਾਲਕ ਖ਼ਾਲਕ ਪ੍ਰਿਤਪਾਲਕ ਦਾਤਾ ਬੇਪਰਵਾਹ, ਬੇਅੰਤ ਬੇਐਬ ਪਰਵਰਦਿਗਾਰ ਨੂਰ ਖ਼ੁਦਾਈਆ । ਜੋ ਜਲਾਂ ਥਲਾਂ ਰਿਹਾ ਸਮਾ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਸੀਸ ਰਹੇ ਝੁਕਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਪੈਗ਼ੰਬਰਾਂ ਕਿਹਾ ਨੂਰੀ ਖ਼ੁਦਾ, ਜਲਵਾਗਰ ਨੂਰ ਰੁਸ਼ਨਾਈਆ । ਭਗਤਾਂ ਕਿਹਾ ਮਿਹਰਵਾਂ, ਮਹਿਬੂਬ ਇਕ ਗੁਸਾਈਂਆ । ਜਿਸ ਦਾ ਝੁੱਲੇ ਸਚ ਨਿਸ਼ਾਂ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਦ੍ਰਿੜਾਈਆ । ਧੁਰ ਦਾ ਖੇਲ ਕਰੇ ਸਮਰਥ, ਸ਼ਾਹ ਪਾਤਸ਼ਾਹ ਰਿਹਾ ਸੁਣਾਈਆ । ਕਲਜੁਗ ਅੰਤ ਹੋ ਪਰਗਟ, ਪਾਰਬ੍ਰਹਮ ਪ੍ਰਭ ਆਪਣਾ ਵੇਸ ਵਟਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਜੋ ਗਏ ਦੱਸ, ਦਹਿ ਦਿਸ਼ਾ ਕਰੇ ਸ਼ਨਵਾਈਆ । ਕੋਟਾਂ ਵਿਚੋਂ ਭਗਤ ਸੁਹੇਲੇ ਖੋਲ੍ਹ ਕੇ ਅੱਖ, ਨਿਰਅੱਖਰ ਕਰੇ ਪੜ੍ਹਾਈਆ । ਸਤਿ ਸਰੂਪ ਹੋ ਪਰਤੱਖ, ਜੋਤੀ ਜੋਤ ਜੋਤ ਰੁਸ਼ਨਾਈਆ । ਨਾਮ ਨਿਧਾਨ ਸੁਣਾਏ ਅਨਹਦ, ਨਾਦੀ ਧੁੰਨ ਆਪ ਉਪਜਾਈਆ । ਭੇਵ ਖੁਲ੍ਹਾ ਕੇ ਉਪਰ ਸ਼ਾਹਰਗ, ਪੜਦਾ ਓਹਲਾ ਰਿਹਾ ਉਠਾਈਆ । ਨਾਮ ਪਿਆਲਾ ਦੇ ਕੇ ਅਨਰਸ, ਮਧੁਰ ਰਸ ਖ਼ੁਮਾਰੀ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਹਰਿ ਰਘੁਰਾਈਆ । ਖੇਲੇ ਖੇਲ ਕਰਤਾ ਪੁਰਖ, ਕਰਨੀ ਆਪਣੇ ਹੱਥ ਰਖਾਇੰਦਾ । ਜਨ ਭਗਤਾਂ ਖੋਲ੍ਹ ਕੇ ਅੰਦਰੋਂ ਸੁਰਤ, ਸੁੱਤੀ ਆਤਮ ਆਪ ਉਠਾਇੰਦਾ । ਨਜ਼ਰੀ ਆਏ ਅਕਾਲ ਮੂਰਤ, ਅਕਲ ਕਲਧਾਰੀ ਆਪਣਾ ਰਾਹ ਜਣਾਇੰਦਾ । ਨਾਦ ਵਜਾਵੇ ਸ਼ਬਦੀ ਤੁਰਤ, ਤੁਰੀਆ ਪਦ ਪੰਧ ਮੁਕਾਇੰਦਾ । ਚਤੁਰ ਸੁਘੜ ਬਣਾਵੇ ਮੂਰਖ ਮੁੜ੍ਹਤ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਜਨ ਭਗਤਾਂ ਚਰਨ ਧੂੜੀ ਦੇ ਕੇ ਧੂੜਤ, ਧੁਰ ਦਾ ਟਿੱਕਾ ਆਪ ਵਖਾਇੰਦਾ । ਕਾਇਆ ਚੋਲੀ ਚਾੜ੍ਹ ਕੇ ਰੰਗ ਗੂੜ੍ਹਤ, ਦੁਰਮਤ ਮੈਲ ਧੁਆਇੰਦਾ । ਆਸਾ

ਮਨਸਾ ਕਰ ਕੇ ਪੂਰਤ, ਪੂਰਬ ਇਛਿਆ ਵੇਖ ਵਖਾਇੰਦਾ । ਲੇਖਾ ਜਾਣੇ ਉੱਤਰ ਪੱਛਮ ਦੱਖਣ ਪੂਰਬ, ਦਹਿ ਦਿਸ਼ਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਖੁਲ੍ਹਾਇੰਦਾ । ਚਾਰ ਕੁੰਟ ਕਹੇ ਅਸਾਂ ਵੇਖਿਆ ਕਲਜੁਗ ਕੂੜ, ਦਹਿ ਦਿਸ਼ਾ ਨਜ਼ਰੀ ਆਈਆ । ਮਨ ਮਮਤਾ ਹੋਈ ਭਰਪੂਰ, ਆਸਾ ਤ੍ਰਿਸ਼ਨਾ ਵੱਜੀ ਵਧਾਈਆ । ਹਉਮੇਂ ਹੰਗਤਾ ਬਣਿਆ ਗੜ੍ਹ ਗਰੂਰ, ਨਿਵਣ ਸੁ ਅੱਖਰ ਨਾ ਕੋਇ ਪੜ੍ਹਾਈਆ । ਤ੍ਰੈਗੁਣ ਤਪੇ ਵਾਂਗ ਤੰਦੂਰ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਤਿਗੁਰ ਸਵਾਮੀ ਦਿਸੇ ਨਾ ਕਿਸੇ ਹਜ਼ੂਰ, ਹਜ਼ਰਤ ਦਰਸ ਕਿਸੇ ਨਾ ਪਾਈਆ । ਨਾਦ ਸੁਣੇ ਨਾ ਕੋਇ ਕੋਹਤੂਰ, ਸ਼ਬਦੀ ਡੰਕ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੈਂਡਾ ਮੁਕਾ ਕੇ ਨੇੜੇ ਦੂਰ, ਘਰ ਮੰਦਰ ਪੜਦਾ ਲਾਹੀਆ । ਜਨ ਭਗਤਾਂ ਪੈਂਡਾ ਜਾਏ ਮੁਕ, ਮੁਕੰਮਲ ਅਗਲਾ ਪੰਧ ਮੁਕਾਈਆ । ਜਿਨ੍ਹਾਂ ਇਕੋ ਢੋਲਾ ਗਾਇਆ ਧੁਰ ਦੀ ਤੁਕ, ਤੁਖਮ ਤਾਸੀਰ ਦਏ ਬਦਲਾਈਆ । ਆਤਮ ਪਰਮਾਤਮ ਦੇਵੇ ਸੁਖ, ਘਰ ਸੱਜਣ ਖ਼ੁਸ਼ੀ ਵਖਾਈਆ । ਬਿਨ ਬਾਹੋਂ ਲਏ ਘੁੱਟ, ਗੋਦੀ ਆਪਣੀ ਆਪ ਟਿਕਾਈਆ । ਮਿਹਰਵਾਨ ਹੋ ਕੇ ਅਬਿਨਾਸ਼ੀ ਅਚੁਤ, ਚਾਤ੍ਰਿਕ ਵੇਖੇ ਥਾਉਂ ਥਾਈਂਆ । ਰੁੱਤ ਬਸੰਤੀ ਮੌਲੇ ਸੰਤ ਸੁਹੇਲਾ ਹੋਵੇ ਖ਼ੁਸ਼, ਪੱਤ ਡਾਲੀ ਆਪ ਮਹਿਕਾਈਆ । ਲੱਖ ਚੁਰਾਸੀ ਨਾਲੋਂ ਬਦਲ ਕੇ ਰੁਖ਼, ਹਰਿਜਨ ਸਾਚੇ ਲਏ ਉਠਾਈਆ । ਭਾਗ ਲਗਾ ਕੇ ਜਨਣੀ ਕੁੱਖ, ਦੇਵਣਹਾਰ ਦਏ ਸੱਚੀ ਸਰਨਾਈਆ । ਉਜਲ ਕਰੇ ਮਾਤ ਮੁਖ, ਦੁਰਮਤ ਮੈਲ ਮੈਲ ਧਵਾਈਆ । ਜੋ ਚਰਨ ਦਵਾਰੇ ਗਏ ਪੁੱਜ, ਪੂਜਾ ਪਾਠ ਸਿਮਰਨ ਜੋਗ ਅਭਿਆਸ ਦੀ ਲੋੜ ਰਹੇ ਨਾ ਰਾਈਆ । ਸਭ ਕੁਛ ਅਗਲਾ ਗਿਆ ਸੁਝ, ਪਿਛਲਾ ਪੰਧ ਮੁਕਾਈਆ । ਮਹੱਲ ਅਟਲ ਸਚਖੰਡ ਦਵਾਰ ਮਿਲੇ ਉਚ, ਊਚੋ ਊਚ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸਰਨਾਈ ਕਹੇ ਜੋ ਪ੍ਰਭ ਦੀ ਆਇਆ ਸਰਨ, ਸਮੇਂ ਸਮੇਂ ਮਿਲੀ ਵਡਿਆਈਆ । ਨੇਤਰ ਖੁਲ੍ਹੇ ਹਰਨ ਫਰਨ, ਜਗਤ ਵਿਦਿਆ ਦੀ ਲੋੜ ਰਹੇ ਨਾ ਰਾਈਆ । ਬਿਨ ਪੂਜਾ ਪਾਠ ਧੁਰ ਦੀ ਮੰਜ਼ਲ ਚੜ੍ਹਨ, ਅਧਵਿਚਕਾਰ ਨਾ ਕੋਇ ਅਟਕਾਈਆ । ਨਿਜ ਨੇਤਰ ਇਕੋ ਦਰਸ਼ਨ ਕਰਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਝਗੜਾ ਮੁਕ ਜਾਏ ਜਨਮ ਮਰਨ, ਲੱਖ ਚੁਰਾਸੀ ਨਾ ਕੋਇ ਭਵਾਈਆ । ਨਾਤਾ ਰਹੇ ਨਾ ਵਰਨ ਬਰਨ, ਆਤਮ ਪਰਮਾਤਮ ਵੱਜੇ ਵਧਾਈਆ । ਇਕੋ ਪਰਸੇ ਸਤਿਗੁਰ ਚਰਨ, ਧੂੜੀ ਅਵਰ ਨਾ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਜਨ ਭਗਤ ਕਹੇ ਮੇਰਾ ਅੰਤਰ ਹੋਇਆ ਪਾਕ, ਪਵਿਤ ਦਿਤਾ ਬਣਾਈਆ । ਹਰਿ ਸਤਿਗੁਰ ਖੋਲ੍ਹਿਆ ਤਾਕ, ਪੜਦਾ ਰਿਹਾ ਨਾ ਰਾਈਆ । ਅੰਤਰ ਅੰਤਰ ਆਤਮ ਪਰਮਾਤਮ ਜੁੜਿਆ ਸਾਕ, ਜਗਤ ਸੱਜਣ ਗਏ ਤਜਾਈਆ । ਨਜ਼ਰੀ ਆਇਆ ਸਾਖਿਆਤ, ਜੋਤ ਸਰੂਪੀ ਜੋਤ ਰੁਸ਼ਨਾਈਆ । ਜਿਸ ਨੂੰ ਈਸਾ ਮੂਸਾ ਮੁਹੰਮਦ ਮੰਨਿਆ ਬਾਪ, ਪਤਿਪਰਮੇਸ਼ਵਰ ਬੇਪਰਵਾਹੀਆ । ਉਸ ਨੇ ਇਕੋ ਦੱਸ ਕੇ ਆਪਣਾ ਜਾਪ, ਜੀਵਣ ਜਗਤ ਜੁਗਤ ਦਿਤੀ ਬਦਲਾਈਆ । ਏਥੇ ਓਥੇ ਦੋ ਜਹਾਨਾਂ ਬਦਲ ਕੇ ਆਪਣਾ ਸਾਥ, ਸਗਲਾ ਸੰਗ ਬਣਾਈਆ । ਜੋ ਭਵਿਖਤਾਂ ਵਿਚ ਗਏ ਆਖ, ਸੋ ਲਿਖਤਾਂ ਵੇਖੇ ਥਾਉਂ ਥਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਤਿ ਸਤਿਵਾਦੀ ਸਚ ਚੰਦ ਕਰੇ ਰੁਸ਼ਨਾਈਆ । ਝਗੜਾ ਮੇਟ ਕੇ ਜਾਤ ਪਾਤ, ਇਕੋ ਬ੍ਰਹਮ ਦਏ ਸਮਝਾਈਆ । ਸਤਿਗੁਰ ਸ਼ਬਦ ਕੋਈ ਨਾ ਸਕਿਆ

ਵਾਚ, ਖੋਜਤ ਖੋਜ ਨਾ ਕੋਇ ਖੁਜਾਈਆ । ਤਨ ਮਾਟੀ ਪੁਤਲੇ ਵੇਖੇ ਖ਼ਾਕ, ਖ਼ਾਲਕ ਰੂਪ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਹਰਿਜਨ ਸਾਚਾ ਜਾਏ ਉਠ, ਆਲਸ ਨਿੰਦਰਾ ਰਹੇ ਨਾ ਰਾਈਆ । ਪੁਰਖ ਅਕਾਲਾ ਦੀਨ ਦਿਆਲਾ ਜਾਏ ਤੁਠ, ਸਤਿਗੁਰ ਪੂਰਾ ਹੋਏ ਸਹਾਈਆ । ਅੰਮ੍ਰਿਤ ਜਾਮ ਪਿਆਏ ਅਗੰਮੀ ਘੁਟ, ਅਠਸਠ ਦੀ ਲੋੜ ਰਹੇ ਨਾ ਰਾਈਆ । ਜਗਤ ਵਾਸਨਾ ਜਾਏ ਛੁਟ, ਆਤਮ ਪਰਮਾਤਮ ਨਾਲ ਜੁੜਾਈਆ । ਘਰ ਬਸੰਤੀ ਮੌਲੇ ਰੁੱਤ, ਪੱਤ ਡਾਲੀ ਆਪ ਮਹਿਕਾਈਆ । ਗੁਰਮੁਖ ਬੂਟਾ ਕਦੇ ਨਾ ਜਾਵੇ ਸੁੱਕ, ਗੋਬਿੰਦ ਸੂਰਾ ਹੋਏ ਸਹਾਈਆ । ਜਿਸ ਦਾ ਰੂਪ ਅਗੰਮੀ ਜੋਤ, ਸ਼ਬਦੀ ਡੰਕ ਵਜਾਈਆ । ਬੁਧੀ ਸਕੇ ਕੋਈ ਨਾ ਸੋਚ, ਵਿਦਿਆ ਵਡ ਨਾ ਕੋਇ ਵਡਿਆਈਆ । ਜਿਸ ਨੂੰ ਲੱਭਦੇ ਚੌਦਾਂ ਲੋਕ, ਚੌਦਾਂ ਤਬਕ ਰਹੇ ਕੁਰਲਾਈਆ । ਉਸ ਦਾ ਇਕੋ ਨਿਰਾਲਾ ਅੱਖਰ ਸਲੋਕ, ਸੋਲਾਂ ਕਲਧਾਰੀ ਸੀਸ ਨਾ ਸਕੇ ਉਠਾਈਆ । ਜਨ ਭਗਤ ਓਸ ਦਾ ਦਰਸ਼ਨ ਕਰਨ ਰੋਜ਼, ਕਾਇਆ ਮੰਦਰ ਅੰਦਰ ਮਿਲੇ ਬੇਪਰਵਾਹੀਆ । ਬਿਨਾ ਗੁਰਮੁਖਾਂ ਤੋਂ ਕਿਸੇ ਹੱਥ ਨਾ ਆਵੇ ਮੌਜ, ਖ਼ਾਲੀ ਦਿਸੇ ਲੋਕਾਈਆ । ਗੁਰ ਸ਼ਬਦੀ ਕਰੇ ਨਿਰਾਲਾ ਚੋਜ, ਚੋਜੀ ਪ੍ਰੀਤਮ ਫੇਰਾ ਪਾਈਆ । ਗੁਰਮੁਖਾਂ ਜਨਮ ਜਨਮ ਦਾ ਕਟ ਵਿਛੋੜਾ ਰੋਗ, ਵਿਛੜਿਆਂ ਲਿਆ ਮਿਲਾਈਆ । ਮਿਟਾ ਕੇ ਹਰਖ਼ ਚਿੰਤਾ ਸੋਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਪ ਵਡਿਆਈਆ । ਵਡਿਆਈ ਕਹੇ ਮੈਂ ਵੇਖਿਆ ਵੱਡਾ, ਦਾਤਾ ਇਕੋ ਨਜ਼ਰੀ ਆਈਆ । ਜਿਸ ਦਾ ਸਚਖੰਡ ਦਵਾਰੇ ਸਚ ਨਿਸ਼ਾਨਾ ਗੱਡਾ, ਸਤਿ ਸਤਿਵਾਦੀ ਆਪ ਲਹਿਰਾਈਆ । ਜਿਸ ਦਾ ਰੂਪ ਬਿਰਧ ਬਾਲ ਨਾ ਬੱਚਾ ਨੱਢਾ, ਜੋਬਨ ਵੰਡ ਨਾ ਕੋਇ ਵੰਡਾਈਆ ।
੨੭੪ ੧੯ ਜਿਸ ਦੇ ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਬੱਧਾ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਉਸ ਦਾ ਖੇਲ ਜਾਣੇ ਨਾ ਕੋਈ ਸਮਝੇ ਨਾ ਵਜਹ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਨਿਰਗੁਣ ਦਾਤਾ ਪੁਰਖ ਬਿਧਾਤਾ ਪਤਿਪਰਮੇਸ਼ਵਰ ਭਗਤ ਸੁਹੇਲਾ ਲੋਕਮਾਤ ਜਾਵੇ ਭੱਜਾ, ਨਿਰਗੁਣ ਸਰਗੁਣ ਫੇਰਾ ਪਾਈਆ । ਭਗਤਾਂ ਨਾਲ ਕਰੇ ਕਦੇ ਨਾ ਦਗ਼ਾ, ਫ਼ਰੇਬਾਂ ਵਿਚ ਰਖੇ ਲੋਕਾਈਆ । ਆਪਣੇ ਨਾਲ ਪ੍ਰੇਮ ਦਾ ਆਤਮ ਦੇ ਕੇ ਮਜ਼ਾ, ਮਿਜ਼ਾਜ ਪਿਛਲਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਜਗਾਈਆ । ਭਗਤ ਸੁਹੇਲਾ ਜਾਵੇ ਜਾਗ, ਜੁਗਤੀ ਸਤਿਗੁਰ ਆਪ ਜਣਾਇੰਦਾ । ਅੰਤਰ ਆਤਮ ਦੇ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਇੰਦਾ । ਦੁਰਮਤ ਮੈਲ ਧੋ ਕੇ ਦਾਗ਼, ਪਤਿਤ ਪੁਨੀਤ ਰੂਪ ਵਟਾਇੰਦਾ । ਝਗੜਾ ਮੇਟ ਜਗਤ ਸਮਾਜ, ਦੀਨਾਂ ਮਜ਼੍ਹਬਾਂ ਬਾਹਰ ਕਰਾਇੰਦਾ । ਧੁਨ ਆਤਮਕ ਸੁਣਾਏ ਰਾਗ, ਛੱਤੀ ਰਾਗਾਂ ਪੰਧ ਚੁਕਾਇੰਦਾ । ਹੰਸ ਬਣਾਏ ਕਾਗ, ਮਾਣਕ ਮੋਤੀ ਚੋਗ ਚੁਗਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰ ਮਿਟਾਇੰਦਾ । ਗੁਪਤ ਜਾਹਰ ਹੋਵੇ ਸਾਥ, ਸਗਲਾ ਸੰਗ ਨਿਭਾਇੰਦਾ । ਇਕੋ ਦੱਸ ਕੇ ਪੂਜਾ ਪਾਠ, ਸਿਮਰਨ ਜੋਗ ਅਭਿਆਸ ਰਖਾਇੰਦਾ । ਇਕੋ ਮੰਡਲ ਦੱਸ ਕੇ ਰਾਸ, ਗੋਪੀ ਕਾਹਨ ਨਾਚ ਨਚਾਇੰਦਾ । ਇਕੋ ਸੀਤਾ ਰਾਮ ਦੱਸ ਬਨਵਾਸ, ਜੰਗਲ ਜੂਹ ਉਜਾੜ ਪਹਾੜ ਇਕ ਵਖਾਇੰਦਾ । ਇਕੋ ਈਸਾ ਮੂਸਾ ਮੁਹੰਮਦ ਮਾਰ ਆਵਾਜ਼, ਸੋਏ ਸੋਏ ਆਪ ਉਠਾਇੰਦਾ । ਨਾਨਕ ਗੋਬਿੰਦ ਖੋਲ੍ਹ ਕੇ ਰਾਜ਼, ਰਾਜ਼ਕ ਰਿਜ਼ਕ ਰਹੀਮ ਵੇਖ ਵਖਾਇੰਦਾ । ਨੂਰ ਨੁਰਾਨਾ ਲੱਖ ਚੁਰਾਸੀ ਦੱਸੇ ਪ੍ਰਭ ਦੀ ਜਾਤ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਆਦਿ ਜੁਗਾਦੀ ਸਾਕ, ਸੱਜਣ

ਪੁਰਖ ਅਕਾਲ ਇਕ ਅਖਵਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਬਣ ਕੇ ਧੁਰ ਦਾ ਕੰਤ ਜਨ ਭਗਤਾਂ ਦੇਵਣ ਆਇਆ ਦਾਦ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਨਾਲ ਪਾਰ ਲੰਘਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਇੰਦਾ । ਜਨ ਭਗਤ ਕਹਿਣ ਸਾਡੀ ਪੋਹ ਫੁੱਟੀ, ਜੋਤੀ ਨੂਰ ਨਜ਼ਰੀ ਆਈਆ । ਲੱਖ ਚੁਰਾਸੀ ਵਿਚੋਂ ਮਿਲੀ ਛੁੱਟੀ, ਜਨਮ ਜਨਮ ਨਾ ਕੋਇ ਭਵਾਈਆ । ਮੰਜ਼ਲ ਕੱਟਣੀ ਪਏ ਨਾ ਕੋਇ ਤ੍ਰੈਕੁਟੀ, ਸੁਖਮਨ ਟੇਢੀ ਬੰਕ ਨਾ ਕੋਇ ਫਿਰਾਈਆ । ਵਿਕਾਰਾਂ ਦੀ ਕਰਨੀ ਪਏ ਨਾ ਬੁੱਤੀ, ਬੁੱਤਖ਼ਾਨੇ ਵੱਜੇ ਵਧਾਈਆ । ਆਤਮ ਉਠਾਏ ਸੁੱਤੀ, ਸੁੱਤਿਆਂ ਲਿਆ ਜਗਾਈਆ । ਮਿਹਰਵਾਨ ਮਿਹਰ ਨਜ਼ਰ ਨਾਲ ਕੀਤੀ ਸੁੱਚੀ, ਦੁਰਮਤ ਮੈਲ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਖਾਈਆ । ਆਤਮ ਕਹੇ ਮੈਨੂੰ ਮਿਲਿਆ ਸ਼ਬਦ ਇਸ਼ਾਰਾ, ਹਰਿ ਜੂ ਹਰਿ ਹਰਿ ਆਪ ਦਵਾਈਆ । ਮੈਂ ਮਨ ਦਾ ਛੱਡ ਸਹਾਰਾ, ਉਠੀ ਨਾਲ ਚਤੁਰਾਈਆ । ਕੀਤਾ ਜਗਤ ਕਿਨਾਰਾ, ਨਾਤਾ ਕੂੜ ਤੁੜਾਈਆ । ਪਾਇਆ ਦਰਸ ਅਗੰਮ ਅਪਾਰਾ, ਘਰ ਸੱਜਣ ਬੇਪਰਵਾਹੀਆ । ਦੀਵਾ ਬਾਤੀ ਹੋਇਆ ਉਜਿਆਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸੁਹੰਜਣਾ ਸ਼ਬਦ ਨਗਾਰਾ, ਨੌਬਤ ਇਕੋ ਹੱਕ ਵਜਾਈਆ । ਠਾਕਰ ਬਣਿਆ ਪਰਵਰਦਿਗਾਰਾ, ਸਾਂਝਾ ਯਾਰ ਨੂਰ ਖ਼ੁਦਾਈਆ । ਮੁਕਾਮੇ ਹੱਕ ਕਰ ਪਸਾਰਾ, ਪਿਛਲਾ ਲੇਖਾ ਦਿਤਾ ਚੁਕਾਈਆ । ਸਚਖੰਡ ਵਸਿਆ ਸਚ ਦਵਾਰਾ, ਦਰਗਾਹ ਸਾਚੀ ਸੋਭਾ ਪਾਈਆ । ਮਿਲਿਆ ਏਕਾ ਏਕ ਏਕੰਕਾਰਾ, ਅਕਲ ਕਲਧਾਰੀ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਆਤਮਾ ਕਹੇ ਮੈਂ ਸੁਣਿਆ ਇਕੋ ਛੰਦੀ, ਢੋਲਾ ਬੇਪਰਵਾਹੀਆ । ਦੀਨਾਂ ਮਜ਼੍ਹਬਾਂ ਦੀ ਰਹੀ ਨਾ ਕੋਈ ਪਾਬੰਦੀ, ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਮਨ ਵਾਸਨਾ ਰਹੀ ਨਾ ਗੰਦੀ, ਆਸਾ ਤ੍ਰਿਸ਼ਨਾ ਨਾ ਕੋਇ ਹਲਕਾਈਆ । ਹੱਥ ਫੜਨੀ ਪਈ ਨਾ ਚੰਡੀ, ਖੰਡਾ ਖੜਗ ਨਾ ਕੋਇ ਖੜਕਾਈਆ । ਮੁਨਿਆਦ ਮੁਕ ਗਈ ਰਹਿਣ ਦੀ ਰੰਡੀ, ਕੰਤ ਸੁਹਾਗੀ ਇਕ ਹੰਢਾਈਆ । ਮੈਂ ਮੰਦਿਉਂ ਬਣ ਗਈ ਚੰਗੀ, ਚਾਰੇ ਕੁੰਟ ਵੱਜੀ ਵਧਾਈਆ । ਪ੍ਰਭ ਦਰਸ਼ਨ ਦੀ ਅਗੇ ਰਹੇ ਨਾ ਤੰਗੀ, ਤੰਗਦਸਤ ਨਾ ਕੋਇ ਵਖਾਈਆ । ਮੈਂ ਅੰਤਰ ਗਈ ਰੰਗੀ, ਬਾਹਰੋਂ ਨਜ਼ਰ ਕੋਇ ਨਾ ਆਈਆ । ਘਰ ਠਾਕਰ ਸਵਾਮੀ ਮਿਲਿਆ ਸੰਗੀ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਦਏ ਵਖਾਈਆ । ਘਰ ਮੰਦਰ ਵਖਾਏ ਸਵਾਮੀ ਸੋਹਣਾ, ਹਰਿ ਕਰਤਾ ਪੜਦਾ ਲਾਹੀਆ । ਜਿਥੇ ਭਗਤ ਸੁਹੇਲਾ ਗੁਰਮੁਖ ਸੋਹਣਾ, ਆਲਸ ਨਿੰਦਰਾ ਰੂਪ ਨਾ ਕੋਇ ਵਟਾਈਆ । ਨੇਤਰ ਅੱਖ ਪਏ ਕਦੇ ਨਾ ਰੋਣਾ, ਚਿੰਤਾ ਗ਼ਮ ਨਾ ਕੋਇ ਪਰਗਟਾਈਆ । ਦੁਰਮਤ ਮੈਲ ਪਏ ਨਾ ਧੋਣਾ, ਇਕੋ ਰੰਗ ਰਿਹਾ ਰੰਗਾਈਆ । ਲੋਕਮਾਤ ਫਿਰ ਪਏ ਨਾ ਰੋਣਾ, ਮਾਤ ਗਰਭ ਨਾ ਕੋਇ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਰਖਾਈਆ । ਆਤਮ ਕਹੇ ਮੈਂ ਪਾਇਆ ਇਕ ਅਬਿਨਾਸ਼ੀ, ਪਰਮ ਪੁਰਖ ਨਜ਼ਰੀ ਆਈਆ । ਓਸ ਦੀ ਰਹਿਣਾ ਬਣ ਕੇ ਦਾਸੀ, ਸੇਵਕ ਬਣ ਕੇ ਸੇਵ ਕਮਾਈਆ । ਜਿਥੇ ਖ਼ੁਸ਼ੀਆਂ ਵਾਲੀ ਹਾਸੀ, ਹਸਤੀ ਅਵਰ ਨਾ ਕੋਇ ਵਖਾਈਆ । ਉਹ ਸਚਖੰਡ ਦਾ ਨਿਵਾਸੀ, ਦੂਜੇ ਘਰ ਕਦੇ ਨਾ ਜਾਈਆ । ਜਿਥੇ ਨਿਰਮਲ ਜੋਤ ਪਰਕਾਸ਼ੀ, ਨੂਰ ਨੂਰ ਰੁਸ਼ਨਾਈਆ । ਨਾ ਕੋਈ ਸੱਜਣ ਨਾ ਕੋਈ ਸਾਥੀ, ਦੂਜੀ ਵੰਡ ਨਾ ਕੋਇ ਬਣਾਈਆ । ਨਾ ਕੋਈ ਮੰਜ਼ਲ ਨਾ ਕੋਈ

ਘਾਟੀ, ਨਾ ਕੋਈ ਪੌੜੀ ਡੰਡਾ ਚੜ੍ਹਾਈਆ । ਨਾ ਕੋਈ ਦਿਵਸ ਨਾ ਕੋਈ ਰਾਤੀ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਨਾ ਕੋਈ ਸੰਧਿਆ ਨਾ ਪਰਭਾਤੀ, ਘੜੀ ਪਲ ਨਾ ਕੋਇ ਵਖਾਈਆ । ਇਕੋ ਜੋਤ ਸਦਾ ਇਕਾਂਤੀ, ਇਕ ਅਕੱਲਾ ਨਜ਼ਰੀ ਆਈਆ । ਜੋ ਦੇਵੇ ਸੱਚੀ ਦਾਤੀ, ਦਇਆਵਾਨ ਵਰਤਾਈਆ । ਆਤਮ ਕਹੇ ਮੈਂ ਓਸੇ ਦੀ ਜਾਤੀ, ਅੰਤਮ ਓਸੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਉਠਾਈਆ । ਆਤਮ ਕਹੇ ਮੈਂ ਵੇਖਿਆ ਸਚ ਅਨੰਦ, ਅਨੰਦ ਅਨੰਦ ਵਿਚੋਂ ਆਈਆ । ਮੇਰਾ ਖ਼ੁਸ਼ੀ ਬੰਦ ਬੰਦ, ਬੰਦਗੀ ਇਕੋ ਢੋਲਾ ਗਾਈਆ । ਵਡਭਾਗਣ ਹੋਈ ਮਿਟਿਆ ਪੰਧ, ਮੰਜ਼ਲ ਰਹੀ ਨਾ ਰਾਈਆ । ਝਗੜਾ ਮੁੱਕਿਆ ਸੂਰਜ ਚੰਦ, ਮੰਡਲ ਮੰਡਪ ਗਈ ਪਾਰ ਕਰਾਈਆ । ਮੈਂ ਨਹੀਂ ਰਹੀ ਹੰ ਬ੍ਰਹਮ, ਪਾਰਬ੍ਰਹਮ ਵਿਚ ਸਮਾਈਆ । ਮੁੜ ਕੇ ਫੇਰ ਨਹੀਂ ਪੈਣਾ ਜੰਮ, ਜਨਣੀ ਗੋਦ ਨਾ ਕੋਇ ਉਠਾਈਆ । ਮੇਰਾ ਪੂਰਾ ਹੋਇਆ ਕੰਮ, ਨਿਹਕਰਮੀ ਕਰਮ ਕਮਾਈਆ । ਸਚ ਦਵਾਰੇ ਖੜਿਆ ਬੰਨ੍ਹ, ਡੋਰੀ ਤੰਦੀ ਤੰਦ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਦ ਸਰਨਾਈਆ । ਆਤਮ ਕਹੇ ਮੇਰਾ ਹੋਇਆ ਮਿਲਾਪ, ਕੂੜਾ ਨਾਤਾ ਦਿਤਾ ਤੁੜਾਈਆ । ਜਿਸ ਦਾ ਜਪਿਆ ਸਾਚਾ ਜਾਪ, ਮਿਲਿਆ ਧੁਰ ਦਾ ਮਾਹੀਆ । ਵਿਛੋੜੇ ਵਿਚ ਕੱਟਣੀ ਔਖੀ ਹੋ ਗਈ ਰਾਤ, ਰੈਣ ਨੈਣ ਨੀਰ ਵਹਾਈਆ । ਅਗੇ ਬਣਿਆ ਸੱਚਾ ਸਾਥ, ਸਗਲਾ ਜੋੜ ਜੁੜਾਈਆ । ਲੇਖਾ ਮੁਕਾ ਕੇ ਪੂਜਾ ਪਾਠ, ਪੂਰਨ ਬ੍ਰਹਮ ਦਿਤਾ ਦ੍ਰਿੜਾਈਆ । ਆਪਣੇ ਨਾਲ ਕਰ ਇਤਫ਼ਾਕ, ਨਫ਼ਾਕ ਬਾਹਰ ਦਿਤਾ ਕਰਾਈਆ । ਪੂਰਾ ਕਰ ਭਵਿਖਤ ਵਾਕ, ਵਾਕਿਫ਼ ਹੋ ਕੇ ਜੋੜ ਜੁੜਾਈਆ । ਦਰਸ਼ਨ ਦੇ ਕੇ ਸਾਖਿਆਤ, ਸਤਿ ਜੋਤ ਕਰੇ ਰੁਸ਼ਨਾਈਆ । ਕਰੇ ਖੇਲ ਬਹੁ ਬਿਧ ਭਾਂਤ, ਭਾਓ ਆਪਣਾ ਦਏ ਦ੍ਰਿੜਾਈਆ । ਜਨ ਭਗਤਾਂ ਮੇਲਾ ਕਰ ਕੇ ਸਾਚ, ਸਚ ਆਪਣੇ ਵਿਚ ਮਿਲਾਈਆ । ਧੁਰ ਦਾ ਮਾਲਕ ਬਣ ਕੇ ਬਾਪ, ਪਿਤਾ ਪੂਤ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜ ਵਿਛੋੜਾ ਦਿਤਾ ਮੁਕਾਈਆ । ਕੂੜ ਵਿਛੋੜਾ ਮੁੱਕਿਆ ਨਾਤਾ, ਨਾਤਵਾਂ ਰਹੀ ਨਾ ਰਾਈਆ । ਘਰ ਸਵਾਮੀ ਪਾਇਆ ਆਕ਼ਾ, ਅਕ਼ਲ ਬੁਧ ਨਾ ਕੋਇ ਚਤੁਰਾਈਆ । ਜੋ ਹੋਏ ਸਹਾਈ ਨਾਥ ਅਨਾਥਾ, ਦੀਨਾਂ ਦਏ ਵਡਿਆਈਆ । ਸੰਤਾਂ ਜੋੜ ਕੇ ਸਾਚਾ ਨਾਤਾ, ਸਤਿ ਸਤਿਵਾਦੀ ਮੇਲ ਮਿਲਾਈਆ । ਪੂਰਬ ਜਨਮ ਦੀਆਂ ਪੂਰੀਆਂ ਕਰ ਕੇ ਆਸਾਂ, ਆਸ਼ਾ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਰਿਹਾ ਮਿਲਾਈਆ । ਆਤਮ ਕਹੇ ਮੇਰਾ ਹੋਇਆ ਮਿਲਾਪ, ਮਿਲਿਆ ਧੁਰਦਰਗਾਹੀਆ । ਸਚ ਸੁਣਾਵਾਂ ਬਾਤ, ਕਹਾਣੀ ਇਕ ਬਣਾਈਆ । ਗੁਰਮੁਖ ਨਾਰ ਬਣੇ ਨਾ ਕੋਈ ਕਮਜਾਤ, ਕੁਲੱਖਣੀ ਰੂਪ ਨਾ ਕੋਇ ਬਣਾਈਆ । ਆਤਮ ਪਰਮਾਤਮ ਨਾਤਾ ਜੋੜ ਕੇ ਸਾਕ, ਘਰ ਸੱਜਣ ਲੈਣਾ ਮਿਲਾਈਆ । ਅੰਮ੍ਰਿਤ ਦੇਵੇ ਬੂੰਦ ਸਵਾਂਤ, ਨਿਝਰ ਰਸ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਸੁਹੇਲਾ ਇਕ ਅਕੇਲਾ, ਏਕੰਕਾਰ ਹਰਿ ਨਿਰੰਕਾਰ ਦੀਨ ਦਿਆਲ, ਭਗਤ ਸੁਹੇਲੇ ਵੇਖੇ ਆਪਣੇ ਨਾਲ, ਲਾਲਨ ਆਪਣੇ ਰੰਗ ਰੰਗਾਈਆ ।

✪ ੨੫ ਮਾਘ ਸ਼ਹਿਨਸ਼ਾਹੀ ਸੰਮਤ ੧ ਕਰਨੈਲ ਸਿੰਘ ਦੇ ਗ੍ਰਿਹ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਹੁਕਮ ਸਾਚਾ ਜੋਗ, ਜੁਗੀਸ਼ਰ ਬੈਠੇ ਧਿਆਨ ਲਗਾਈਆ । ਰਾਹ ਤੱਕਣ ਚੌਦਾਂ ਲੋਕ, ਚੌਦਾਂ ਤਬਕ ਅੱਖ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਮਾਨਣ ਮੌਜ, ਸੰਤ ਸੁਹੇਲੇ ਖ਼ੁਸ਼ੀ ਵਖਾਈਆ । ਸਦਾ ਖੁਲ੍ਹਾ ਰਹੇ ਲੋਚਣ ਲੋਚ, ਨੇਤਰ ਨੈਣ ਹੋਵੇ ਰੁਸ਼ਨਾਈਆ । ਬੁਧੀ ਰਹੇ ਕੋਈ ਨਾ ਸੋਚ, ਸ਼ਬਦੀ ਨਾਦ ਧੁੰਨ ਸ਼ਨਵਾਈਆ । ਯਾਦ ਆਏ ਧੁਰ ਸਲੋਕ, ਸੋਹੰ ਢੋਲਾ ਇਕੋ ਗਾਈਆ । ਮੰਜ਼ਲ ਸਕੇ ਕੋਈ ਨਾ ਰੋਕ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਪੁਰਖ ਅਕਾਲ ਸਾਚੀ ਓਟ, ਓੜਕ ਆਪਣੇ ਰੰਗ ਰੰਗਾਈਆ । ਤਨ ਨਗਾਰੇ ਲਾਵੇ ਚੋਟ, ਡੰਕਾ ਇਕੋ ਇਕ ਸੁਣਾਈਆ । ਕਰ ਪਰਕਾਸ਼ ਨਿਰਮਲ ਜੋਤ, ਨੂਰ ਜਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਸਾਚੇ ਤਾਰਨਹਾਰਾ, ਕਰਤਾ ਪੁਰਖ ਬੇਪਰਵਾਹੀਆ । ਆਤਮ ਪਰਮਾਤਮ ਬਖ਼ਸ਼ਣਹਾਰ ਸਹਾਰਾ, ਸੋਈ ਸੁਰਤੀ ਆਪ ਉਠਾਈਆ । ਪੰਧ ਮੁਕਾਵੇ ਕੂੜ ਦਵਾਰਾ, ਨੌਂ ਦਵਾਰੇ ਡੇਰਾ ਢਾਹੀਆ । ਨਾਦ ਸੁਣਾਏ ਅਪਰ ਅਪਾਰਾ, ਧੁਨ ਆਤਮਕ ਰਾਗ ਅਲਾਈਆ । ਕਾਇਆ ਮਾਟੀ ਹਾਟੀ ਅੰਦਰ ਕਰੇ ਉਜਿਆਰਾ, ਅੰਧ ਅੰਧੇਰ ਦਏ ਗਵਾਈਆ । ਬ੍ਰਹਮ ਨਿਰੰਤਰ ਕਰੇ ਪਿਆਰਾ, ਅੰਤਰ ਆਪਣਾ ਰੰਗ ਰੰਗਾਈਆ । ਸੇਜ ਸੁਹੰਜਣੀ ਸਹਾਏ ਸਚ ਦਵਾਰਾ, ਮਹੱਲ ਅਟਲ ਵੱਜੇ ਵਧਾਈਆ । ਬੇਨਜ਼ੀਰ ਨਜ਼ਰ ਆਏ ਮੀਤ ਮੁਰਾਰਾ, ਲਾਤਸਵੀਰ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਧੁਰ ਸ਼ਬਦ ਕਹੇ ਮੈਂ ਦੱਸੇ ਨਾਮ ਏਕਾ ਟੇਕ,* ਆਦਿ ਜੁਗਾਦੀ ਨਜ਼ਰੀ ਆਈਆ । ਜੁਗ ਚੌਕੜੀ ਧਾਰੇ ਭੇਖ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਸ ਵਟਾਈਆ । ਅੱਖਰਾਂ ਵਾਲੇ ਲਿਖੇ ਲੇਖ, ਨਾਤਾ ਸਤਰਾਂ ਵਿਚ ਜੁੜਾਈਆ । ਆਤਮ ਪਰਮਾਤਮ ਖੋਲ੍ਹੇ ਭੇਤ, ਅਨੁਭਵ ਆਪਣਾ ਰਾਗ ਅਲਾਈਆ । ਨਜ਼ਰੀਂ ਆਏ ਨੇਤਨ ਨੇਤ, ਨਿਜ ਨੇਤਰ ਨੈਣ ਅੱਖ ਖੁਲ੍ਹਾਈਆ । ਸੰਤ ਸੁਹੇਲੇ ਕਰੇ ਹੇਤ, ਪ੍ਰੇਮ ਪ੍ਰੀਤੀ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਮੁਕਾ ਕੇ ਮੁਲਾ ਸ਼ੇਖ਼ ਮੁਸਾਇਕ, ਮੁਸੱਮਮ ਇਕੋ ਰੰਗ ਰੰਗਾਈਆ । ਸਤਿਗੁਰ ਸ਼ਬਦ ਕਹੇ ਮੇਰਾ ਰੰਗ ਅਵੱਲਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਰੰਗੇ ਅਵੱਲੜਾ ਪੱਲਾ, ਪੱਲੂ ਆਪਣੇ ਨਾਲ ਗੰਢਾਈਆ । ਦੂਈ ਦਵੈਤੀ ਮੇਟ ਕੇ ਸੱਲਾ, ਸਾਲਸ ਇਕੋ ਦਏ ਵਖਾਈਆ । ਘਰ ਵਖਾ ਕੇ ਨਿਹਚਲ ਧਾਮ ਅਟਲਾ, ਗ੍ਰਿਹ ਮੰਦਰ ਕਰੇ ਰੁਸ਼ਨਾਈਆ । ਦੂਈ ਦਵੈਤੀ ਮੇਟ ਕੇ ਸੱਲਾ, ਹਉਮੇਂ ਹੰਗਤਾ ਗੜ੍ਹ ਤੁੜਾਈਆ । ਨਿਰਗੁਣ ਨਿਰਵੈਰ ਨਿਰਾਕਾਰ ਦਰਸ਼ਨ ਦੇਵੇ ਇਕ ਇਕੱਲਾ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਵੇਖ ਵਖਾਈਆ । ਨਿਤ ਨਵਿਤ ਵੇਖਣਹਾਰਾ, ਵਾਹਵਾ ਸਤਿ ਨੂਰ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ, ਲੋਕਮਾਤ ਫੇਰਾ ਪਾਇੰਦਾ । ਸ਼ਬਦ ਅਨਾਦੀ ਧੁਨ ਜੈਕਾਰਾ, ਨਾਅਰਾ ਇਕੋ ਇਕ ਸੁਣਾਇੰਦਾ । ਸਤਿ ਧਰਮ ਦਾ ਖੋਲ੍ਹ ਦਵਾਰਾ, ਪੜਦਾ ਆਪ ਉਠਾਇੰਦਾ । ਪ੍ਰੇਮ ਪ੍ਰੀਤੀ ਸਚ ਪਿਆਰਾ, ਪਤਿਪਰਮੇਸ਼ਵਰ ਆਪ ਸਮਝਾਇੰਦਾ । ਭਗਤ ਭਗਵੰਤ ਨਾਤਾ ਜੋੜ ਕੰਤ ਭਤਾਰਾ, ਸੇਜ ਸੁਹੰਜਣੀ ਸੋਭਾ ਪਾਇੰਦਾ । ਢੋਲਾ ਗੀਤ ਸੁਣਾਏ ਅਗੰਮ ਅਪਾਰਾ, ਸੋਹਲਾ ਆਪਣਾ ਰਾਗ ਅਲਾਇੰਦਾ । ਮੌਲਾ ਹੋ ਕੇ ਮੌਲੇ ਮੌਲਣਹਾਰਾ, ਮਹਿਕ ਆਪਣੀ ਇਕ ਉਪਜਾਇੰਦਾ । ਤੋਲਾ

੨੭੭
੧੯

ਹੋ ਕੇ ਤੋਲੇ ਤੋਲਣਹਾਰਾ, ਸ਼ਬਦ ਤਰਾਜ਼ੂ ਹੱਥ ਉਠਾਇੰਦਾ । ਜੁਗ ਚੌਕੜੀ ਖੇਲ ਕਰੇ ਅਪਾਰ ਅਪਾਰਾ, ਅਪਰੰਪਰ ਸਵਾਮੀ ਆਪਣੀ ਕਾਰ ਕਮਾਇੰਦਾ । ਕਲਜੁਗ ਅੰਤ ਲਏ ਅਵਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਇੰਦਾ । ਹਰਿ ਸ਼ਬਦ ਕਹੇ ਮੇਰਾ ਖੇਲ ਲੋਕਮਾਤ, ਮਤਾ ਇਕੋ ਨਾਲ ਪਕਾਈਆ । ਕਲਜੁਗ ਵੇਖ ਅੰਧੇਰੀ ਰਾਤ, ਚਾਰੋਂ ਕੁੰਟ ਖੋਜ ਖੁਜਾਈਆ । ਹੱਕ ਦਿਸੇ ਨਾ ਕਿਸੇ ਜਾਤ, ਅਜਾਤੀ ਦੀਨ ਦੁਨੀ ਦਏ ਦੁਹਾਈਆ । ਧਰਮ ਦਵਾਰਾ ਨਜ਼ਰ ਨਾ ਆਏ ਹਾਟ, ਲੁਟੇਰੇ ਬੈਠੇ ਥਾਉਂ ਥਾਈਂਆ । ਦੁਰਮਤ ਮੈਲ ਸਕੇ ਨਾ ਕੋਇ ਕਾਟ, ਕਾਇਆ ਕੰਚਨ ਗੜ੍ਹ ਨਾ ਕੋਇ ਸੁਹਾਈਆ । ਝਗੜਾ ਮੁਕਾਏ ਨਾ ਕੋਇ ਆਣ ਬਾਟ, ਲੱਖ ਚੁਰਾਸੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਖਿਲਾਈਆ । ਹਰਿ ਸ਼ਬਦ ਕਹੇ ਮੈਂ ਵੇਖਿਆ ਖੇਲ ਖ਼ਾਲਕ, ਮਖ਼ਲੂਕ ਖੋਜ ਖੁਜਾਈਆ । ਪੁਰਖ ਅਕਾਲਾ ਬਣ ਕੇ ਸਾਲਸ, ਦੋ ਜਹਾਨਾਂ ਦੇਵੇ ਸਿਫ਼ਤ ਸਾਲਾਹੀਆ । ਕੂੜੀ ਕਿਰਿਆ ਰਹੇ ਨਾ ਕਲਜੁਗ ਆਲਸ, ਲੋਚਣ ਨੈਣ ਦਏ ਖੁਲ੍ਹਾਈਆ । ਮੇਲ ਮਿਲਾਏ ਧੁਰ ਦਾ ਮਾਲਕ, ਆਤਮ ਪਰਮਾਤਮ ਜੋੜ ਜੁੜਾਈਆ । ਹੋਏ ਸਹਾਈ ਸਦਾ ਪ੍ਰਿਤਪਾਲਕ, ਪਾਰਬ੍ਰਹਮ ਪ੍ਰਭ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲਏ ਮਿਲਾਈਆ । ਸਾਚੇ ਘਰ ਹੋਵੇ ਮੇਲਾ, ਵੱਜੇ ਸਚ ਵਧਾਈਆ । ਇਕੋ ਰੰਗ ਰਵੇ ਗੁਰ ਚੇਲਾ, ਚੇਲਾ ਗੁਰੂ ਵਿਚ ਸਮਾਈਆ । ਨਾਤਾ ਜੋੜੇ ਸੱਜਣ ਸੁਹੇਲਾ, ਅਗਲਾ ਸੰਗ ਨਾ ਕੋਇ ਤੁੜਾਈਆ ।

੨੭੮ ਲੋਕਮਾਤ ਵਕ਼ਤ ਨਾ ਹੋਏ ਦੁਹੇਲਾ, ਦੁਬਧਾ ਵਿਚੋਂ ਦਏ ਕਢਾਈਆ । ਧਾਮ ਵਖਾ ਕੇ ਇਕ ਨੇਵਲਾ, ਬਖ਼ਸ਼ਣਹਾਰ ਬਖ਼ਸ਼ੇ ਸਚ ਸਰਨਾਈਆ । ਜੋਤੀ ੨੭੮

੧੯ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਚੁਕਾਈਆ । ਪੜਦਾ ਓਹਲਾ ਚੁੱਕੇ ਤਨ, ਅੰਧੇਰਾ ਅੰਧ ਰਹੇ ਨਾ ਰਾਈਆ । ੧੯

ਮਨ ਵਾਸਨਾ ਬੱਝੇ ਮਨ, ਮਮਤਾ ਮੋਹ ਤਜਾਈਆ । ਗੁਰਮੁਖ ਗੁਰ ਬਣਾਏ ਸਾਚਾ ਜਨ, ਜਨਣੀ ਦਏ ਵਡਿਆਈਆ । ਪੰਚ ਵਿਕਾਰਾ ਦੇਵੇ ਡੰਨ, ਡੰਕਾ ਸ਼ਬਦ ਨਾਮ ਸ਼ਨਵਾਈਆ । ਸਾਚਾ ਰਾਗ ਸੁਣਾਵੇ ਕੰਨ, ਅਗੰਮੀ ਆਵਾਜ਼ ਅਲਾਹੀਆ । ਮਾਨਸ ਜਨਮ ਬੇੜਾ ਦੇਵੇ ਬੰਨ੍ਹ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਘਰ ਪਰਕਾਸ਼ ਵਖਾਏ ਅਗੰਮੀ ਚੰਨ, ਜੋਤੀ ਚੰਦ ਦਏ ਚਮਕਾਈਆ । ਲੇਖਾ ਮੁਕਾ ਕੇ ਖ਼ੁਸ਼ੀ ਗ਼ਮ, ਇਕੋ ਰੰਗ ਦਏ ਵਖਾਈਆ । ਲੇਖੇ ਲਾ ਕੇ ਪਵਣ ਸਵਾਸ ਦਮ, ਦਾਮਨ ਆਪਣਾ ਲਏ ਫੜਾਈਆ । ਭਾਗ ਲਗਾ ਕੇ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਦਏ ਤਜਾਈਆ । ਮੇਲ ਮਿਲਾ ਕੇ ਗ੍ਰਿਹਿ ਮੰਦਰ ਸਾਜਣ ਹਮ, ਹੰ ਬ੍ਰਹਮ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਨਾਮ, ਨਿਰਅੱਖਰ ਦਏ ਪੜ੍ਹਾਈਆ । ਨਾਮ ਕਹੇ ਮੇਰਾ ਰੂਪ ਸਦਾ ਨਿਰਅੱਖਰ, ਅੱਖਰ ਮੇਰੀ ਸਿਫ਼ਤ ਸਾਲਾਹੀਆ । ਮੈਂ ਸਭ ਨੂੰ ਦੱਸਾਂ ਵੱਖਰ, ਵਖਰਾ ਘਰ ਬਣਾਈਆ । ਜਿਥੇ ਨਾ ਕੋਈ ਸਿਲਾ ਨਾ ਕੋਈ ਪੱਥਰ, ਨਾ ਕੋਈ ਕ਼ਲਮ ਸ਼ਾਹੀਆ । ਚੋਟੀ ਚੜ੍ਹ ਕੇ ਸਿਖਰ, ਬੈਠਾ ਡੇਰਾ ਲਾਈਆ । ਇਕੋ ਪ੍ਰਭ ਦੀ ਯਾਦ ਦਾ ਫ਼ਿਕਰ, ਦੂਜਾ ਫ਼ਿਕਰਾ ਨਾ ਕੋਇ ਗਾਈਆ । ਜੁਗ ਚੌਕੜੀ ਪਿਛੋਂ ਨਿਰਗੁਣ ਧਾਰੋਂ ਆਇਆ ਨਿਕਲ, ਨਿਰਵੈਰ ਹੋ ਕੇ ਸੇਵ ਕਮਾਈਆ । ਭਗਤ ਉਧਾਰਨਾ ਮੈਨੂੰ ਇਸ਼ਕ, ਆਸ਼ਕ ਮਾਸ਼ੂਕ ਦੋਵੇਂ ਰੰਗ ਵਟਾਈਆ । ਅੰਦਰੋਂ ਖੋਲ੍ਹ ਕੇ ਦ੍ਰਿਸ਼ਟ, ਦ੍ਰਿਸ਼ਟੀ ਗਿਆ ਬਦਲਾਈਆ । ਨਾਤਾ ਤੋੜ ਕੇ ਸਵਰਗ ਬਹਿਸ਼ਤ, ਸਚਖੰਡ ਦਵਾਰਾ ਦਿਆਂ ਸਮਝਾਈਆ । ਜਿਥੇ ਇਕੋ ਪੁਰਖ ਅਕਾਲ ਦਾ ਇਸ਼ਟ,

ਦੂਜਾ ਗੁਰੂ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਿਆ ਸਤਿ ਸਤਿ ਸਤਿਵਾਦ, ਜੁਗ ਜੁਗ ਫੇਰਾ ਪਾਈਆ । ਬਿਨ ਭਗਤਾਂ ਮਿਲੇ ਨਾ ਕਿਸੇ ਦਾਦ, ਨਾਨਕ ਦਾਦਕ ਸਾਰੇ ਦੇਣ ਦੁਹਾਈਆ । ਆਤਮ ਹੋਏ ਨਾ ਕਿਸੇ ਆਜ਼ਾਦ, ਮਨ ਕਾ ਮਣਕਾ ਨਾ ਕੋਇ ਭਵਾਈਆ । ਕਾਇਆ ਮਾਟੀ ਖੇੜੇ ਹੁੰਦੇ ਵੇਖੇ ਬਰਬਾਦ, ਸਾਢੇ ਤਿੰਨ ਹੱਥ ਅਗਨੀ ਤਤ ਜਲਾਈਆ । ਸਤਿਗੁਰ ਸ਼ਬਦ ਸੁਣੇ ਨਾ ਕੋਇ ਆਵਾਜ਼, ਪੜ੍ਹ ਪੜ੍ਹ ਥੱਕੀ ਲੋਕਾਈਆ । ਸਜਦਿਆਂ ਵਿਚ ਪੜ੍ਹਨ ਨਿਮਾਜ਼, ਰੋਜ਼ਿਆਂ ਵਿਚ ਝਟ ਲੰਘਾਈਆ । ਜਿੰਨਾਂ ਚਿਰ ਮਿਲੇ ਨਾ ਪਰਵਰਦਿਗਾਰ ਆਪ, ਆਪਣਾ ਪੜਦਾ ਲਾਹੀਆ । ਓਨਾ ਚਿਰ ਕਿਸੇ ਦਾ ਪੂਰਾ ਹੋਇਆ ਨਹੀਂ ਜਾਪ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਦਏ ਗਵਾਹੀਆ । ਜਿਨ੍ਹਾਂ ਦੇ ਵਸ ਗਿਆ ਅੰਤਰ ਆਤਮ ਸਾਥ, ਸਗਲਾ ਸੰਗ ਬਣਾਈਆ । ਉਹਨਾਂ ਦੀ ਪੂਰੀ ਹੋਈ ਆਸ, ਜ਼ਿਮੀਂ ਅਸਮਾਨ ਦੋਵੇਂ ਗਏ ਤਜਾਈਆ । ਇਕੋ ਤੱਕ ਕੇ ਜੋਤ ਪਰਕਾਸ਼, ਪਰਕਾਸ਼ ਵਿਚ ਆਪਣਾ ਡੇਰਾ ਲਾਈਆ । ਆਤਮ ਪਰਮਾਤਮ ਪਰਮਾਤਮ ਆਤਮ ਆਦਿ ਜੁਗਾਦਿ ਸਦਾ ਅਬਿਨਾਸ਼, ਅਬਿਨਾਸ਼ੀ ਆਪਣੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਖੇ ਆਪਣੇ ਪਾਸ, ਪੁਸ਼ਤ ਦਰ ਪੁਸ਼ਤ ਆਪਣਾ ਹੁਕਮ ਮਨਾਈਆ ।



### ✪ ੨੫ ਮਾਘ ਸ਼ਹਿਨਸ਼ਾਹੀਆ ਸੰਮਤ ੧ ਨਰੈਣ ਸਿੰਘ ਦੇ ਗ੍ਰਹਿ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ✪

ਸੁਣੋ ਸਤਿਗੁਰ ਢੋਲਾ ਨਵਾਂ, ਨਾਉਂ ਨਿਰੰਕਾਰਾ ਇਕ ਜਣਾਈਆ । ਜੋ ਖਹਿੜਾ ਛੁੜਾਵੇ ਕੋਲੋਂ ਜਮਾਂ, ਜ਼ਾਮਨ ਹੋ ਕੇ ਦਏ ਸਫ਼ਾਈਆ । ਕੂੜੀ ਕਿਰਿਆ ਮੇਟੇ ਤਮਾਂ, ਤਮੰਨਾ ਪਿਛਲੀ ਦਏ ਗਵਾਈਆ । ਲੇਖਾ ਚੁਕਾ ਕੇ ਹਰਖ ਸੋਗ ਗ਼ਮਾਂ, ਚਿੰਤਾ ਚਿਖਾ ਪਰੇ ਹਟਾਈਆ । ਲੇਖੇ ਲਾਵੇ ਪਵਣ ਸਵਾਸ ਦਮਾਂ, ਦਾਮਨਗੀਰ ਪੱਲੂ ਇਕ ਫੜਾਈਆ । ਜਨ ਭਗਤ ਰਹਿਣ ਨਾ ਦੇਵੇ ਕੋਈ ਨਿਕੰਮਾ, ਗੁਰਮੁਖ ਆਪਣੇ ਰੰਗ ਰੰਗਾਈਆ । ਨਿਰਗੁਣ ਨੂਰ ਚਾੜ੍ਹੇ ਚੰਨਾ, ਚੰਦ ਚਾਂਦਨੀ ਇਕ ਰੁਸ਼ਨਾਈਆ । ਹਰਿਜਨ ਦਿਸੇ ਕੋਈ ਨਾ ਅੰਨ੍ਹਾ, ਨਿਜ ਲੋਇਨ ਪੜਦਾ ਲਾਹੀਆ । ਜਿਨ੍ਹਾਂ ਧੁਰ ਦਾ ਹੁਕਮ ਮੰਨਾ, ਮਨ ਵਾਸਨਾ ਦਏ ਬੁਝਾਈਆ । ਜੋ ਸਤਿਗੁਰ ਸ਼ਬਦ ਸੁਣਨ ਕੰਨਾਂ, ਸਰਵਣ ਵੱਜੇ ਵਧਾਈਆ । ਕਿਸੇ ਨਹੀਂ ਵੇਖਿਆ ਗੁਰੂ ਗ੍ਰੰਥ ਦਾ ਤੇਰਾਂ ਸੌ ਦਸ ਪੰਨਾ, ਪਾਰਬ੍ਰਹਮ ਪ੍ਰਭ ਕੀ ਕੀ ਖੇਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਤਿਗੁਰ ਹੁਕਮ ਨਵਾਂ ਨਿਰੋਲ, ਜੁਗ ਜੁਗ ਫੇਰਾ ਪਾਈਆ । ਸੰਦੇਸ਼ਾ ਦੇਵੇ ਅਨਮੋਲ, ਅਨਮੁਲੜੀ ਖੇਲ ਕਰਾਈਆ । ਨਾਦ ਵਜਾਵੇ ਢੋਲ, ਡੰਕਾ ਇਕ ਸ਼ਨਵਾਈਆ । ਦਵਾਰਾ ਦੇਵੇ ਖੋਲ੍ਹ, ਪੜਦਾ ਓਹਲਾ ਉਠਾਈਆ । ਤੋਲੇ ਪੂਰਾ ਤੋਲ, ਨਾਮ ਕੰਡਾ ਇਕ ਜਣਾਈਆ । ਜਨ ਭਗਤਾਂ ਵਸੇ ਸਦਾ ਕੋਲ, ਘਰ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸ਼ਬਦ ਕਹੇ ਮੇਰਾ ਵੇਖਣਾ ਨਵਾਂ ਜੁਗ, ਨਵੀਂ ਮਿਲੀ ਵਡਿਆਈਆ । ਭਗਤ ਸੁਹੇਲੇ ਗੁਰਮੁਖ ਚੇਲੇ ਚੁਣ ਚੁਣ, ਇਕੋ ਰੰਗ ਵਖਾਈਆ । ਪੜਦਾ ਲਾਹ ਕੇ ਅੰਦਰ ਲੁਕ, ਲਾਇਕ ਸਾਰੇ ਦੇਣੇ ਬਣਾਈਆ । ਕ਼ੀਮਤ ਪੌਣੀ ਧੁਰ ਦੀ ਤੁਕ, ਤੂੰ ਮੈਂ ਰਹੇ ਨਾ ਰਾਈਆ । ਉਨ੍ਹਾਂ ਲੈਣਾ ਪੁਛ, ਜੋ ਪਿਛਲੇ ਜਨਮ ਆਏ

੨੮੦
੧੯

ਗਾਈਆ । ਅਗਲਾ ਲਹਿਣਾ ਕੁਛ, ਦੇਵੇ ਥਾਉਂ ਥਾਈਂਆ । ਸਤਿਗੁਰ ਦਵਾਰੇ ਬਖ਼ਸ਼ੇ ਧੁਰ ਦਾ ਸੁਖ, ਦੁੱਖ ਦਰਦ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰੋਂ ਆਇਆ ਉਠ, ਨਿਰਗੁਣ ਨਿਰਵੈਰ ਵੇਸ ਵਟਾਈਆ । ਨਵਾਂ ਜੁਗ ਕਹੇ ਮੈਂ ਸਦਾ ਨਵੀਨ, ਬਹੁਰੰਗਾ ਨਜ਼ਰੀ ਆਈਆ । ਥੋੜਿਆਂ ਵਿਚੋਂ ਥੋੜਿਆਂ ਦੇਵਾਂ ਯਕੀਨ, ਬਹੁਤਿਆਂ ਵਿਚੋਂ ਬਹੁਤੇ ਦਿਆਂ ਭੁਲਾਈਆ । ਪਰਮ ਪੁਰਖ ਦੀ ਵੱਖਰੀ ਨਿਰਾਲੀ ਤਾਲੀਮ, ਅੱਖਰ ਵੱਖਰ ਵੱਖਰ ਅੱਖਰ ਵਿਚ ਸਮਝਾਈਆ । ਜਿਸ ਦਾ ਹਰਫ਼ ਹਰੂਫ਼ ਬੜਾ ਮਹੀਨ, ਕ਼ਲਮ ਸੇਵ ਨਾ ਕੋਇ ਕਮਾਈਆ । ਉਹ ਕਰਤਾ ਕ਼ਾਦਰ ਕਰਨੀ ਦਾ ਕਰੀਮ, ਕਰਾਇਮ ਜਰਾਇਮ ਸਭ ਦੇ ਵੇਖ ਵਖਾਈਆ । ਗੁਰਮੁਖ ਰਹਿਣ ਨਾ ਦੇਵੇ ਗ਼ਮਗੀਨ, ਗ਼ਮੀ ਖ਼ੁਦੀ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਵੇਂ ਜੁਗ ਦੀ ਨਵੀਂ ਗਿਣਤੀ, ਹੱਥੋ ਹੱਥ ਭਗਤਾਂ ਦਏ ਸਮਝਾਈਆ । ਗੁਰਮੁਖੋ ਤੁਹਾਡੇ ਚਰਨ ਚੁੰਮੇ ਘੁੰਡੀ ਲੋੜੇ ਮੁਕਤੀ, ਰੋ ਰੋ ਲਾਗੇ ਪਾਈਆ । ਤੁਹਾਡੇ ਜਨਮ ਕਰਮ ਵਿਚ ਕੀਤੀ ਆਪ ਦਰੁਸਤੀ, ਲੇਖੇ ਦਾ ਲੇਖਾ ਦਿਤਾ ਬਣਾਈਆ । ਵੇਖਿਓ ਪ੍ਰਭ ਮਿਲਣ ਤੋਂ ਕਰਿਓ ਨਾ ਕੋਇ ਸੁਸਤੀ, ਜਗਤ ਆਲਸ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਪੁਸਤ ਦਰ ਪੁਸ਼ਤੀ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਨਵਾਂ ਜੁਗ ਕਹੇ ਮੇਰਾ ਨਵਾਂ ਨਵਾਂ ਸੰਦੇਸ਼, ਨਵਿਆਂ ਨਵਿਆਂ ਮਾਤ ਸੁਣਾਈਆ । ਮੇਰਾ ਲੇਖਾ ਆਦਿ ਜੁਗਾਦਿ ਸਦਾ ਨਾਲ ਦਸਮੇਸ਼, ਦਹਿ ਦਿਸ਼ਾ ਵੱਜਦੀ ਰਹੇ ਵਧਾਈਆ । ਨੇੜੇ ਆ ਕੇ ਮੇਰੇ ਹੋ ਕੇ ਪੜਦਾ ਲਾਹ ਕੇ ਲਓ ਵੇਖ, ਪਲਕ ਪਲਕ ਵਿਚੋਂ ਬਦਲਾਈਆ । ਜੋਤੀ ਸ਼ਬਦੀ ਧਰ ਕੇ ਭੇਖ, ਭੇਖਾਧਾਰੀ ਵੇਸ ਵਟਾਈਆ । ਮਾਲਕ ਬਣ ਕੇ ਧੁਰ ਨਰੇਸ਼, ਨਰ ਨਰਾਇਣ ਰਿਹਾ ਸਮਝਾਈਆ । ਆਦਿ ਜੁਗਾਦਿ ਭਗਤ ਭਗਵੰਤ ਏਕੇ ਦਾ ਏਕ, ਏਕਾ ਇਕ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਬਣੇ ਦਰਵੇਸ਼, ਦਰਦੀ ਹੋ ਕੇ ਦਰਦ ਮੰਗ ਮੰਗਾਈਆ ।

### ✪ ੨੯ ਮਾਘ ਸ਼ਹਿਨਸ਼ਾਹੀ ਸੰਮਤ ੧ ਗੁਰਨਾਮ ਸਿੰਘ ਦੇ ਗ੍ਰਿਹ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ✪

ਆਤਮ ਪਰਮਾਤਮ ਸੱਚਾ ਨਾਮ, ਸਤਿ ਸਤਿ ਸਤਿ ਦਏ ਗਵਾਹੀਆ । ਬਿਨਾ ਬਨਾਂ ਤੋਂ ਮਿਲੇ ਰਾਮ, ਹਠ ਤਪ ਨਾ ਕੋਇ ਵਖਾਈਆ । ਨਜ਼ਰੀ ਆਵੇ ਧੁਰ ਦਾ ਕਾਹਨ, ਬੰਸਰੀ ਅਗੰਮ ਅਥਾਹ ਵਜਾਈਆ । ਹਜ਼ਰਤ ਹੋ ਕੇ ਦੇਵੇ ਪੈਗ਼ਾਮ, ਪੈਗ਼ੰਬਰ ਹੋ ਕੇ ਕਰੇ ਪੜ੍ਹਾਈਆ । ਸਤਿਗੁਰ ਹੋ ਕੇ ਦੇਵੇ ਜਾਮ, ਨਾਮ ਖ਼ੁਮਾਰੀ ਇਕ ਰਖਾਈਆ । ਕੂੜੀ ਕਿਰਿਆ ਝਗੜੇ ਮੇਟੇ ਤਮਾਮ, ਤਮਅ ਮਮਤਾ ਰਹੇ ਨਾ ਰਾਈਆ । ਸਚ ਮਾਰਗ ਜਣਾ ਕੇ ਇਕ ਆਸਾਨ, ਰਾਹ ਇਕੋ ਸੋਭਾ ਪਾਈਆ । ਜਿਸ ਮੰਜ਼ਲ ਉਤੇ ਮਿਲੇ ਭਗਵਾਨ, ਘਰ ਭਗਤਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਏ ਸਹਿਜ ਸੁਭਾਈਆ । ਮੇਲਣਹਾਰਾ ਆਪੇ ਮਿਲਦਾ, ਜੁਗ ਜੁਗ ਵੇਸ ਵਟਾਈਆ । ਲੇਖਾ ਜਾਣੇ ਘੜੀ ਪਲ ਛਿੰਨ ਦਾ, ਅਛਲ ਛਲਧਾਰੀ ਫੇਰਾ ਪਾਈਆ । ਲਹਿਣਾ ਦੇਣਾ ਚੁਕਾਵੇ ਆਦਿ ਜੁਗਾਦਿ ਜੁਗ ਚੌਕੜੀ ਘੜੀ ਪਲ ਦਿਨ ਦਾ, ਜਨਮ ਕਰਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਬੇਪਰਵਾਹੀਆ । ਮਿਹਰਵਾਨ ਸਦਾ ਮਹਿਬੂਬ, ਮੁਹੱਬਤ

ਵਿੱਚ ਸਮਾਇੰਦਾ । ਗੁਰਮੁਖਾਂ ਕੱਢ ਕੇ ਏਕਾ ਦੂਜ, ਏਕਾ ਦੂਜਾ ਰੰਗ ਚੜ੍ਹਾਇੰਦਾ । ਸਚ ਦਵਾਰਾ ਜਾਏ ਸੂਝ, ਨਾਤਾ ਕੂੜੋ ਕੂੜ ਮਿਟਾਇੰਦਾ । ਭਾਗ ਲਗਾ ਕੇ ਕਾਇਆ ਪੰਜ ਤਤ ਭੂਤ, ਭੂਤ ਭਵਿਖਤ ਕਾਲ ਆਪ ਸਮਝਾਇੰਦਾ । ਨਾਮ ਸੰਦੇਸ਼ਾ ਦੇ ਕੇ ਸ਼ਬਦੀ ਦੂਤ, ਹੁਕਮ ਇਕੋ ਇਕ ਦ੍ਰਿੜ੍ਹਾਇੰਦਾ । ਚਾਰੋਂ ਕੁੰਟ ਦਿਸੇ ਮੌਜੂਦ, ਘਰ ਸਾਚੇ ਸੋਭਾ ਪਾਇੰਦਾ । ਕਰਮ ਕਰਮ ਦਾ ਲੇਖਾ ਕਰੇ ਮੌਕੂਫ਼, ਸਿਰ ਆਪਣਾ ਹੱਥ ਟਿਕਾਇੰਦਾ । ਨਰ ਨਿਰੰਕਾਰਾ ਨਿਰਗੁਣ ਆਪਣਾ ਦੱਸੇ ਉਹ ਹਰੂਫ਼, ਜਿਸਦੀ ਹਰਫ਼ ਹਰਫ਼ ਸਿਫ਼ਤ ਸਾਲਾਹਿੰਦਾ । ਜੋ ਆਦਿ ਜੁਗਾਦਿ ਜੁਗ ਚੌਕੜੀ ਸਦਾ ਰਹੇ ਮਸਰੂਫ਼, ਵੇਲਾ ਵਕ਼ਤ ਨਾ ਕੋਇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦ ਸ਼ਬਦ ਅਨਾਦ ਬੋਧ ਅਗਾਧ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਸ਼ਾਹ ਪਾਤਸ਼ਾਹ ਆਪਣੀ ਦਇਆ ਕਮਾਇੰਦਾ ।

### ✪ ੨੬ ਮਾਘ ਸ਼ਹਿਨਸ਼ਾਹੀ ਸੰਮਤ ੧ ਕੁੰਦਨ ਸਿੰਘ ਦੇ ਗ੍ਰਿਹ ਪਿੰਡ ਮਾਲ ਚਕ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਮੈਂ ਮੇਟਣਾ ਕਲਜੁਗ ਕੂੜ, ਲੱਖ ਚੁਰਾਸੀ ਕਾਇਆ ਕੱਪੜ ਖੋਜ ਖੁਜਾਈਆ । ਸੁਘੜ ਸਿਆਣੇ ਬਣੌਣੇ ਮਨਮੁਖ ਮੁਗਧ ਮੂੜ੍ਹ, ਅੰਮ੍ਰਿਤ ਆਤਮ ਅੰਤਰ ਰਸ ਚੁਆਈਆ । ਪੁਰਖ ਅਕਾਲ ਦੀਨ ਦਿਆਲ ਸਾਚੀ ਬਖ਼ਸ਼ਣੀ ਇਕ ਧੂੜ, ਮਸਤਕ ਟਿੱਕਾ ਧੁਰ ਦਾ ਇਕ ਵਖਾਈਆ । ਆਤਮ ਪਰਮਾਤਮ ਨਿਰਗੁਣ ਨਿਰਗੁਣ ਰੰਗ ਚਾੜ੍ਹਨਾ ਗੂੜ੍ਹ, ਸਰਗੁਣ ਕਾਇਆ ਮਾਟੀ ਪੰਜ ਤਤ ਵੱਜੇ ਵਧਾਈਆ । ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਬੋਧ ਅਗਾਧੀ ਬਖ਼ਸ਼ਣੀ ਤੂਰ, ਨਾਦ ਅਨਾਦੀ ਨਾਦ ਸੁਣਾਈਆ । ਜੋਤੀ ਜੋਤ ਸਤਿ ਪਰਕਾਸ਼ ਦੇਣਾ ਨੂਰ, ਅੰਧ ਅੰਧੇਰਾ ਦੇਣਾ ਮਿਟਾਈਆ । ਦਾਤਾ ਜੋਧਾ ਦੱਸਣਾ ਇਕ ਸੂਰਬੀਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਨਾਮ ਅਣਿਆਲਾ ਦੋ ਜਹਾਨਾਂ ਤੀਰ, ਬ੍ਰਹਿਮੰਡ ਖੰਡ ਵੇਖ ਵਖਾਈਆ । ਸੋ ਸਵਾਮੀ ਅੰਤਰਜਾਮੀ ਗਹਿਰ ਗੰਭੀਰ, ਬੇਨਜ਼ੀਰ ਦੇਣਾ ਮਿਲਾਈਆ । ਜਿਸ ਦੀ ਨਜ਼ਰ ਨਾ ਆਏ ਕਿਸੇ ਸ਼ਮਸ਼ੀਰ, ਸ਼ਮਸ਼ਾਨ ਭੂਮੀ ਕਰੇ ਸਰਬ ਲੋਕਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਬਦਲ ਦੇਵੇ ਤਕਦੀਰ, ਤਦਬੀਰ ਆਪਣੀ ਆਪਣੇ ਹੱਥ ਰਖਾਈਆ । ਜੋ ਲਹਿਣਾ ਦੇਣਾ ਲੇਖਾ ਜਾਣੇ ਸ਼ਾਹ ਹਕੀਰ, ਵਰਨ ਬਰਨ ਜਾਤ ਪਾਤ ਤਤ ਵਜੂਦ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦਏ ਕਰਾਈਆ । ਸਤਿਗੁਰ ਸ਼ਬਦ ਕਹੇ ਮੈਂ ਦੀਨ ਦੁਨੀ ਨੂੰ ਦੱਸਣਾ ਜੋਗ, ਜੁਗੀਸ਼ਰ ਇਕੋ ਇਕ ਸਮਝਾਈਆ । ਮਾਇਆ ਮਮਤਾ ਹਉਮੇਂ ਹੰਗਤਾ ਕੱਟਣਾ ਰੋਗ, ਹੰ ਬ੍ਰਹਮ ਕਰ ਪੜ੍ਹਾਈਆ । ਸਤਿਗੁਰ ਨਾਮ ਦੀ ਦੱਸਣੀ ਖੋਜ, ਚੌਦਾਂ ਵਿਦਿਆ ਡੇਰਾ ਢਾਹੀਆ । ਸਚ ਉਪਜੌਣਾ ਇਕ ਸਲੋਕ, ਸੋਹਲਾ ਤੂੰਹੀ ਤੂੰਹੀ ਰਾਗ ਅਲਾਈਆ । ਭਾਗ ਲਗਾ ਕੇ ਕਾਇਆ ਮੰਦਰ ਸਾਚੇ ਕੋਟ, ਕੋਟ ਜਨਮ ਦੇ ਪਾਪ ਦੇਣੇ ਮਿਟਾਈਆ । ਨਾਮ ਨਗਾਰੇ ਲਾ ਕੇ ਚੋਟ, ਸੋਈ ਸੁਰਤ ਦੇਣੀ ਉਠਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅਗਿਆਨ ਦੇਣਾ ਗਵਾਈਆ । ਸਚ ਦਵਾਰੇ ਦੱਸਣੀ ਮੌਜ, ਪ੍ਰਭ ਚਰਨ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਦਏ ਬਦਲਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਣੇ ਜਗਤ ਸੰਸਾਰ, ਲੱਖ ਚੁਰਾਸੀ ਪੜਦਾ ਲਾਹੀਆ । ਨਵ ਨੌ ਚਾਰ ਮੇਟਣਾ ਧੂੰਆਂਧਾਰ, ਬ੍ਰਹਿਮੰਡ ਖੰਡ ਕਰ ਰੁਸ਼ਨਾਈਆ ।

ਅੰਡਜ ਜੇਰਜ ਉਤਭੁਜ ਸੇਤਜ ਪਾਉਣੀ ਸਾਰ, ਚਾਰੇ ਖਾਣੀ ਚਾਰੇ ਬਾਣੀ ਸ਼ਬਦ ਸ਼ਨਵਾਈਆ । ਭਗਤ ਸੁਹੇਲੇ ਸੰਤ ਸੱਜਣ ਲੈਣੇ ਉਠਾਲ, ਗੁਰਮੁਖ ਗੁਰ ਗੁਰ ਰੰਗ ਰੰਗਾਈਆ । ਸ਼ਬਦ ਅਗੰਮੀ ਵਜਾਉਣਾ ਤਾਲ, ਧੁਨ ਆਤਮਕ ਰਾਗ ਸੁਣਾਈਆ । ਝਗੜਾ ਮਕਾਉਣਾ ਸ਼ਾਹ ਕੰਗਾਲ, ਸ਼ਹਿਨਸ਼ਾਹ ਇਕੋ ਦੇਣਾ ਵਖਾਈਆ । ਜਿਸ ਦਾ ਸਚ ਦਵਾਰਾ ਸਚਖੰਡ ਸੱਚੀ ਧਰਮਸਾਲ, ਸ਼ਿਵਦਵਾਲਾ ਮੱਠ ਮੰਦਰ ਮਸਜਿਦ ਵੰਡ ਨਾ ਕੋਇ ਵੰਡਾਈਆ । ਨਿਤ ਨਵਿਤ ਨਿਰਗੁਣ ਸਰਗੁਣ ਪੁੱਛੇ ਮੁਰੀਦਾਂ ਹਾਲ, ਹਰਿ ਮੁਰਸ਼ਦ ਬੇਪਰਵਾਹੀਆ । ਮਾਨਵ ਮਾਨੁਖ ਮਾਨਸ ਵਿਚੋਂ ਕਰੇ ਬਹਾਲ, ਤਤਵ ਤਤ ਖੋਜ ਖੁਜਾਈਆ । ਸਤਿ ਸਤਿਵਾਦੀ ਹੋ ਕੇ ਆਪ ਦਲਾਲ, ਦੀਨ ਦੁਨੀ ਦਾ ਮਾਲਕ ਫੇਰਾ ਪਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਦੇਂਦੇ ਗਏ ਅਹਿਵਾਲ, ਵਾਕ ਭਵਿਖਤਾਂ ਵਿਚ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਕਾਰ ਕਮਾਈਆ । ਹਰਿ ਸ਼ਬਦ ਕਹੇ ਮੈਂ ਬਦਲ ਦੇਣਾ ਸਮਾਜ, ਚਾਰ ਵਰਨ ਅਠਾਰਾਂ ਬਰਨ ਦੇਣਾ ਸਮਝਾਈਆ । ਆਤਮ ਅੰਤਰ ਦੇ ਕੇ ਦਾਤ, ਦਾਤਾ ਦਾਨੀ ਦੇਣਾ ਮਿਲਾਈਆ । ਕੂੜੀ ਕਿਰਿਆ ਮੇਟ ਕੇ ਰਾਤ, ਸਤਿ ਚੰਦ ਕਰ ਰੁਸ਼ਨਾਈਆ । ਨਾਮ ਨਿਧਾਨਾ ਦੱਸ ਕੇ ਬੋਧ ਅਗਾਧ, ਅੱਖਰ ਵੱਖਰ ਇਕ ਸਮਝਾਈਆ । ਭਗਤ ਸੁਹੇਲੇ ਵੇਖ ਕੇ ਸਾਧ, ਸੱਜਣ ਲੈਣੇ ਜਗਾਈਆ । ਜੋ ਅਬਿਨਾਸ਼ੀ ਕਰਤਾ ਰਹੇ ਅਰਾਧ, ਦੂਜਾ ਇਸ਼ਟ ਨਾ ਕੋਇ ਮਨਾਈਆ । ਮਨ ਆਤਮਾ ਹੋਏ ਵਿਸਮਾਦ, ਬਿਸਮਿਲ ਆਪਣਾ ਆਪ ਕਰਾਈਆ । ਝਗੜਾ ਕੂੜ ਨਾ ਰਹੇ ਫ਼ਸਾਦ, ਫ਼ੈਸਲਾ ਹੱਕ ਦੇਣਾ ਸੁਣਾਈਆ । ਸੁਰਤੀ ਸ਼ਬਦੀ ਕਰ ਇਮਦਾਦ, ਕਾਮਲ ਮੁਰਸ਼ਦ ਦੇਣਾ ਮਿਲਾਈਆ । ਬਿਨ ਅੱਖੋਂ ਜਾਵਣ ਜਾਗ, ਨਿਜ ਨੇਤਰ ਹੋਏ ਰੁਸ਼ਨਾਈਆ । ਤ੍ਰੈਗੁਣ ਮਾਇਆ ਪੰਜ ਤਤ ਬੁਝੇ ਆਗ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਹੰਸ ਬੁਧੀ ਨਾ ਰਹੇ ਕਾਗ, ਕਾਗ ਹੰਸ ਰੂਪ ਵਖਾਈਆ । ਘਰ ਮਿਲਾਉਣਾ ਕੰਤ ਸੁਹਾਗ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਜਿਸ ਦੇ ਹੱਥ ਦੋ ਜਹਾਨਾਂ ਵਾਗ, ਜੁਗ ਚੌਕੜੀ ਖੇਲ ਖਿਲਾਈਆ । ਸ਼ਬਦ ਨਾਦ ਸੁਣਾਏ ਧੁਰ ਦੀ ਆਵਾਜ਼, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਘਰ ਵਿਚ ਘਰ ਖੋਲ੍ਹੇ ਰਾਜ਼, ਪੜਦਾ ਓਹਲਾ ਦਏ ਉਠਾਈਆ । ਝਗੜਾ ਚੁੱਕੇ ਵੁਜ਼ੂ ਨਮਾਜ਼, ਮੁਰਸ਼ਦ ਇਕੋ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰ ਦਾ ਹੁਕਮ ਇਕ ਸਮਝਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਣਾ ਦੀਨ ਦੁਨੀ, ਕਾਇਨਾਤ ਫੋਲ ਫੁਲਾਈਆ । ਪੜਦਾ ਲਾਹੁਣਾ ਰਿਖੀ ਮੁਨੀ, ਸੂਫ਼ੀ ਸੰਤ ਫ਼ਕੀਰ ਉਠਾਈਆ । ਸੱਜਣ ਵੇਖਣੇ ਧੁਰ ਦੇ ਗੁਣੀ, ਗਹਿਰ ਗੰਭੀਰ ਹੋਏ ਸਹਾਈਆ । ਸ੍ਰਿਸ਼ਟੀ ਸਾਰੀ ਛਾਣੀ ਪੁਣੀ, ਪੁਰਖ ਅਕਾਲਾ ਸੇਵ ਕਮਾਈਆ । ਯਾਦ ਆਉਣੀ ਕ੍ਰਿਸ਼ਨ ਵਾਲੀ ਅਠਾਰਾਂ ਖੂਹਣੀ, ਚਾਰ ਕੁੰਟ ਪਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਪੁਕਾਰ ਰਿਹਾ ਸੁਣੀ, ਘਟ ਭੀਤਰ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਣਾ ਇਕੋ ਬੋਲ, ਏਕੰਕਾਰ ਦੇਣਾ ਜਣਾਈਆ । ਜੋ ਸਭ ਦੇ ਵਸੇ ਕੋਲ, ਘਟ ਘਟ ਡੇਰਾ ਲਾਈਆ । ਜੋ ਤੱਤਾਂ ਅੰਦਰ ਗਿਆ ਮੌਲ, ਮੌਲਾ ਨੂਰ ਖ਼ੁਦਾਈਆ । ਜੋ ਅੰਮ੍ਰਿਤ ਝਿਰੇ ਨਾਭ ਕੌਲ, ਕੌਲ ਇਕਰਾਰ ਪਿਛਲਾ ਪੂਰ ਕਰਾਈਆ । ਜੋ ਲੇਖਾ ਜਾਣੇ ਧਰਨੀ ਧਰਤ ਧੌਲ, ਧਵਲਾ ਭਾਰ ਵੇਖ ਵਖਾਈਆ । ਜਿਸ ਦਾ ਲਹਿਣਾ ਦੇਣਾ ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਜਗਤ ਵਿਦਿਆ ਸਮਝ ਕਿਸੇ ਨਾ ਆਈਆ । ਸਚ ਦਵਾਰਾ ਹਰਿ ਨਿਰੰਕਾਰਾ ਨਿਰਗੁਣ ਸਰਗੁਣ ਦੇਵੇ ਖੋਲ੍ਹ, ਚਾਰ ਵਰਨ ਅਠਾਰਾਂ ਬਰਨ ਇਕ ਸਰਨਾਈਆ । ਨਾਮ

੨੮੨
੧੯

ਨਾਦ ਅਨਾਦ ਵਜਾਵੇ ਢੋਲ, ਢਮੱਕਾ ਇਕੋ ਦਏ ਸੁਣਾਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇਂ ਹੰਗਤਾ ਕੱਢੇ ਪੋਲ, ਪੜਦਾ ਓਹਲਾ ਦਏ ਚੁਕਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਮੁਖ ਸੱਜਣ ਲਏ ਵਿਰੋਲ, ਲੱਖ ਚੁਰਾਸੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਦਏ ਸਮਝਾਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਣੀ ਸਤਿਜੁਗ ਧਾਰਾ, ਸਤਿ ਸਤਿਵਾਦੀ ਖੇਲ ਕਰਾਇੰਦਾ । ਸ੍ਰਿਸ਼ਟ ਸਬਾਈ ਮੰਨੇ ਇਕ ਨਿਰੰਕਾਰਾ, ਨਿਰਗੁਣ ਸਰਗੁਣ ਸੋਭਾ ਪਾਇੰਦਾ । ਜਿਸ ਦਾ ਅਗੰਮ ਅਥਾਹ ਜੈਕਾਰਾ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਸਾਲਾਹਿੰਦਾ । ਜੋ ਆਦਿ ਜੁਗਾਦੀ ਪਰਵਰਦਿਗਾਰਾ, ਯਾਰ ਸਾਂਝਾ ਇਕ ਅਖਵਾਇੰਦਾ । ਜਿਸ ਦਾ ਮੁਕਾਮੇ ਹੱਕ ਦਵਾਰਾ, ਸਚਖੰਡ ਸਾਚੇ ਸੋਭਾ ਪਾਇੰਦਾ । ਜਿਸ ਦਾ ਸ਼ਬਦੀ ਸੁਤ ਦੁਲਾਰਾ, ਗੋਬਿੰਦ ਆਪਣੀ ਕਾਰ ਕਮਾਇੰਦਾ । ਜਿਸ ਦਾ ਨਾਮ ਖੰਡਾ ਦੋ ਧਾਰਾ, ਲੁਹਾਰ ਤਰਖਾਣ ਨਾ ਕੋਇ ਘੜਾਇੰਦਾ । ਜੋ ਨਿਰਗੁਣ ਸਰਗੁਣ ਖੇਲ ਕਰੇ ਅਪਰ ਅਪਾਰਾ, ਅਗੰਮ ਅਗੋਚਰ ਆਪਣਾ ਵੇਸ ਵਟਾਇੰਦਾ । ਸੋ ਲੇਖਾ ਜਾਣੇ ਕਲਜੁਗ ਅੰਤਮ ਵਾਰਾ, ਵਾਰਤਾ ਪਿਛਲੀ ਫੋਲ ਫੁਲਾਇੰਦਾ । ਨਵੇਂ ਜੁਗ ਦਾ ਨਵਾਂ ਵਿਹਾਰਾ, ਵਿਵਹਾਰੀ ਹੋ ਕੇ ਆਪ ਕਰਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦਾ ਦੇ ਕੇ ਗਏ ਇਸ਼ਾਰਾ, ਸੋ ਸਾਹਿਬ ਸਵਾਮੀ ਅੰਤਰਜਾਮੀ ਪੜਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੂੜ ਕੁੜਿਆਰਾ ਵੇਖੇ ਦਰ ਦਰ ਨਵ ਸੱਤ ਬ੍ਰਹਮ ਮਤ ਬਿਨ ਤਤਵ ਤਤ, ਤ੍ਰੈਗੁਣ ਅਤੀਤਾ ਠਾਂਡਾ ਸੀਤਾ, ਸਤਿ ਸਵਾਮੀ ਅੰਤਰਜਾਮੀ ਗ੍ਰਿਹਿ ਭੀਤਰ ਮੰਦਰ ਵੇਖ ਵਖਾਇੰਦਾ ।



੨੮੩
੧੯

✪ ੨੬ ਮਾਘ ਸ਼ਹਿਨਸ਼ਾਹੀ ਸੰਮਤ ੧ ਰਾਧਾ ਸਵਾਮੀ ਪਰਤਾਪ ਸਿੰਘ ਦੇ ਨਾਲ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ✪

ਰੂਹ ਕਹੇ ਮੇਰਾ ਧਾਮ ਸਚਖੰਡ, ਸਤਿ ਸਤਿ ਇਕੋ ਨਜ਼ਰੀ ਆਈਆ । ਜਿਥੇ ਦੂਈ ਦਵੈਤ ਨਹੀਂ ਕੋਈ ਵੰਡ, ਬ੍ਰਹਿਮੰਡ ਖੰਡ ਰਚਨ ਨਾ ਕੋਇ ਵਖਾਈਆ । ਢੋਲਾ ਗੀਤ ਨਹੀਂ ਕੋਈ ਛੰਦ, ਨਾਦ ਧੁਨ ਨਾ ਕੋਇ ਸ਼ਨਵਾਈਆ । ਰਸਨਾ ਜਿਹਵਾ ਨਹੀਂ ਬੱਤੀ ਦੰਦ, ਤਨ ਵਜੂਦ ਨਾ ਬਣਤ ਬਣਾਈਆ । ਇਕੋ ਨੂਰ ਨੁਰਾਨਾ ਸਗਲਾ ਸੰਗ, ਸੰਗੀ ਸਾਥੀ ਬੇਪਰਵਾਹੀਆ । ਪਾਰਬ੍ਰਹਮ ਪਤਿਪਰਮੇਸ਼ਵਰ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਧੁਰ ਦੀ ਡੋਰੀ ਬੰਨ੍ਹ ਨਾਲ ਕਮੰਦ, ਕਾਮਲ ਹੋ ਕੇ ਆਪਣਾ ਅਮਲ ਜਣਾਈਆ । ਨਾ ਕੋਈ ਲਹਿਣਾ ਦੇਣਾ ਲੇਖਾ ਸੂਰੀਆ ਚੰਦ, ਜਲਵਾ ਇਕੋ ਇਕ ਰੁਸ਼ਨਾਈਆ । ਨਾ ਕੋਈ ਵੰਡ ਹੰ ਬ੍ਰਹਮ, ਤਤਵ ਤਤ ਨਾ ਕੋਇ ਦਰਸਾਈਆ । ਨਾ ਕੋਈ ਜਨਮ ਕਰਮ ਭਰਮ, ਵਰਨ ਬਰਨ ਨਾ ਕੋਇ ਦਰਸਾਈਆ । ਇਕੋ ਇਕ ਅਗੰਮੀ ਸਰਨ, ਸਰਨਗਤ ਸਹਿਜ ਸੁਖਦਾਈਆ । ਜਿਥੇ ਨਾ ਕੋਈ ਜਨਮ ਮਰਨ, ਚੁਰਾਸੀ ਗੇੜ ਨਾ ਕੋਇ ਭਵਾਈਆ । ਨਾ ਕੋਈ ਨੇਤਰ ਹਰਨ ਫਰਨ, ਨੈਣ ਅੱਖ ਨਾ ਕੋਇ ਬਦਲਾਈਆ । ਗਹਿਰ ਗੰਭੀਰ ਗੁਣੀ ਗਹੀਰ ਇਕੋ ਕਰਨੀ ਕਰਨ, ਕਰਤਾ ਪੁਰਖ ਦਏ ਵਡਿਆਈਆ । ਜਿਸ ਦੀ ਮੰਜ਼ਲ ਆਦਿ ਜੁਗਾਦਿ ਜੁਗ ਚੌਕੜੀ ਆਤਮ ਪਰਮਾਤਮ ਹੋ ਕੇ ਚੜ੍ਹਨ, ਬਿਨ ਕਦਮਾਂ ਪੰਧ ਮੁਕਾਈਆ । ਅਗਨੀ ਤਤ ਕਦੇ ਨਾ ਸੜਨ, ਮਾਇਆ ਮਮਤਾ ਨਾ ਮੋਹ ਹਲਕਾਈਆ । ਬਿਨ ਵੇਖਿਆਂ ਬਿਨ ਜਾਣਿਆਂ ਬੁਝਿਆਂ ਸੂਝ ਆਵੇ ਉਹ ਚਰਨ, ਜਿਸ

ਚਰਨ ਦਾ ਚਰਨਾਮਿਤ ਚਰਨੋਦਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਚ ਦਰ, ਦਰਗਾਹ ਸਾਚੀ ਹੱਕ ਮੁਕਾਮ ਸਚਖੰਡ ਦਵਾਰ ਏਕੰਕਾਰ ਇਕੋ ਘਰ ਬਣਾਈਆ । ਰੂਹ ਕਹੇ ਮੇਰਾ ਸਚ ਵਸੇਰਾ, ਬਿਸਤਰ ਸੇਜ ਨਾ ਕੋਇ ਹੰਢਾਈਆ । ਕ੍ਰਿਸ਼ਨਾ ਸ਼ੁਕਲਾ ਪੱਖ ਨਾ ਕੋਇ ਅੰਧੇਰਾ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਦੂਈ ਦਵੈਤ ਨਾ ਕੋਇ ਝੇੜਾ, ਝਗੜਾ ਬ੍ਰਹਮ ਨਾ ਕੋਇ ਸਮਝਾਈਆ । ਚਾਰ ਦੀਵਾਰੀ ਛੱਪਰ ਛੰਨ ਨਾ ਕੋਇ ਖੇੜਾ, ਮਹੱਲ ਅਟਲ ਸੋਭਾ ਪਾਈਆ । ਜਿਥੇ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਨਿਰਵੈਰ ਨਿਰਾਕਾਰ ਵਸੇ ਸੱਜਣ ਮੇਰਾ, ਪੀਆ ਪ੍ਰੀਤਮ ਬੇਪਰਵਾਹੀਆ । ਸਚ ਸਰਨਾਈ ਬੇਪਰਵਾਹੀ ਦੱਸੇ ਇਕ ਵਸੇਰਾ, ਵਿਸ਼ਵ ਆਪਣਾ ਰੰਗ ਰੰਗਾਈਆ । ਇਸ ਤੋਂ ਅਗਲਾ ਭੇਵ ਜਾਣੇ ਜਿਹੜਾ, ਬਿਨ ਪੂਰਨ ਸੰਤਾਂ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਰੂਹ ਕਹੇ ਮੈਂ ਵਸਾਂ ਧਾਮ ਅਥਾਹ, ਸਚ ਦਵਾਰੇ ਸੋਭਾ ਪਾਈਆ । ਜਿਥੇ ਵਸਿਆ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਨੂਰ ਖ਼ੁਦਾਈਆ । ਜੋ ਹੁਕਮੇਂ ਅੰਦਰ ਹੁਕਮ ਰਿਹਾ ਚਲਾ, ਹੁਕਮੀ ਹੁਕਮ ਸੁਣਾਈਆ । ਜਿਸ ਦੀ ਧਾਰ ਅਪਾਰ ਰੂਪ ਰੰਗ ਰੇਖ ਨਾ ਸਕੇ ਕੋਈ ਜਣਾ, ਸਮਝ ਵਿਚ ਸਮਝ ਨਾ ਕੋਇ ਟਿਕਾਈਆ । ਉਹ ਲਹਿਣਾ ਜਾਣੇ ਸਹਿਜ ਸੁਭਾ, ਸਤਿ ਸਵਾਮੀ ਅੰਤਰਜਾਮੀ ਆਪਣਾ ਖੇਲ ਖਿਲਾਈਆ । ਜਿਸ ਦਾ ਨੂਰ ਜਹੂਰ ਦੇਵੇ ਵੰਡ ਵੰਡਾ, ਮਿਹਰਵਾਨ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣੀ ਰਿਹਾ ਖਿਲਾਈਆ । ਰੂਹ ਕਹੇ ਮੇਰਾ ਮਾਲਕ ਇਕ, ਏਕੰਕਾਰ ਨਜ਼ਰੀ ਆਈਆ । ਜੋ ਬਿਨ ਅੱਖਰਾਂ ਤੋਂ ਲੇਖਾ ਦੇਵੇ ਲਿਖ, ਬਿਨ ਅੱਖਰਾਂ ਕਰੇ ਪੜ੍ਹਾਈਆ । ਬਿਨ ਅੱਖਾਂ ਤੋਂ ਆਵੇ ਦਿਸ, ਸਾਖਿਆਤ ਸੋਭਾ ਪਾਈਆ । ਬਿਨਾ ਮਨਸਾ ਤੋਂ ਪੂਰੀ ਕਰੇ ਇਛ, ਭਾਵਨਾ ਆਪਣੇ ਵਿਚ ਟਿਕਾਈਆ । ਜਿਸ ਦਾ ਜਗਤ ਨਿਰਾਲਾ ਦ੍ਰਿਸ਼, ਦ੍ਰਿਸ਼ਟੀ ਇਸ਼ਟੀ ਦਾ ਮਾਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦਏ ਸਮਝਾਈਆ । ਰੂਹ ਕਹੇ ਮੇਰਾ ਮੰਦਰ ਅਪਾਰ, ਹਰਿ ਪ੍ਰੀਤਮ ਸਵਾਮੀ ਦਇਆ ਕਮਾਈਆ । ਜਿਥੇ ਸਦਾ ਹੋਏ ਉਜਿਆਰ, ਦੀਵਾ ਬਾਤੀ ਦੀ ਲੋੜ ਰਹੇ ਨਾ ਰਾਈਆ । ਬਿਨ ਸਖ਼ੀਆਂ ਮੰਗਲਾਚਾਰ, ਗੀਤ ਅਗੰਮ ਰਿਹਾ ਸੁਣਾਈਆ । ਸੰਦੇਸ਼ਾ ਦੇਵੇ ਵਾਰੋ ਵਾਰ, ਬਿਨ ਤੰਦ ਸਿਤਾਰ ਹਿਲਾਈਆ । ਸਦਾ ਸਦਾ ਸਦ ਰਹੇ ਖ਼ੁਸ਼ਹਾਲ, ਗ਼ਮੀ ਰੰਗ ਨਾ ਕੋਇ ਬਦਲਾਈਆ । ਜਿਥੇ ਇਕੋ ਸ਼ਬਦੀ ਲਾਲ, ਦੁਲਾਰਾ ਦੂਲ੍ਹਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਬਹਿ ਕੇ ਆਪਣੀ ਕਾਰ ਕਮਾਈਆ । ਰੂਹ ਕਹੇ ਮੈਂ ਵੇਖਿਆ ਸਵਾਮੀ ਸਚ, ਸਤਿ ਸਤਿਵਾਦੀ ਵੇਖ ਵਖਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਰਿਹਾ ਹੱਸ, ਖ਼ੁਸ਼ੀ ਭਗਤਾਂ ਨਾਲ ਬਣਾਈਆ । ਆਪਣੀ ਧਾਰ ਕਰਕੇ ਆਪਣੇ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਅਗਲਾ ਮਾਰਗ ਨਿਰਗੁਣ ਹੋ ਕੇ ਨਿਰਗੁਣ ਦੱਸ, ਨਿਰਵੈਰ ਆਪਣੀ ਕਾਰ ਕਮਾਈਆ । ਤੁਹਾਡੇ ਢੋਲੇ ਸਿਫ਼ਤੀ ਗਾਵੇ ਜਸ, ਬਿਨ ਅੱਖਰਾਂ ਰਾਗ ਅਲਾਈਆ । ਜਿਸ ਦੀ ਕੋਈ ਨਾ ਸਮਝੇ ਹੱਦ, ਹਦੂਦ ਵਿਚ ਹਦੂਦ ਸਬੂਤ ਆਪਣਾ ਨਾਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੂਹ ਦਾ ਮਾਲਕ ਆਪਣਾ ਆਪ ਪਰਗਟਾਈਆ । ਰੂਹ ਕਹੇ ਮੈਂ ਵੇਖਿਆ ਉਹ ਬਾਪ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜਿਸ ਦਾ ਏਥੇ ਓਥੇ ਸਦਾ ਪਰਤਾਪ, ਪਰਤਾਪ ਸਿੰਘ ਪਰਤਾਪ ਨਾ

ਕੋਇ ਜਣਾਈਆ । ਜਿਸ ਦਾ ਨਿਰਗੁਣ ਨਾਲ ਨਿਰਗੁਣ ਸਾਕ, ਸਾਕ ਸੱਜਣ ਬੇਪਰਵਾਹੀਆ । ਸਭ ਦਾ ਲਹਿਣਾ ਦੇਣਾ ਕਰੇ ਬੇਬਾਕ, ਹਿੱਸਾ ਵੰਡ ਝੋਲੀ ਦਏ ਭਰਾਈਆ । ਜਿਸ ਵੇਲੇ ਸਚਖੰਡ ਦਾ ਖੋਲ੍ਹੇ ਤਾਕ, ਤਾਕ਼ਤਵਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਿਸ਼ਨ ਬ੍ਰਹਮਾ ਸ਼ਿਵ ਆਸਾ ਸਭ ਦੀ ਪੂਰ ਕਰਾਈਆ ।

## ✪ ੨੯ ਮਾਘ ਸ਼ਹਿਨਸ਼ਾਹੀ ਸੰਮਤ ੧ ਦੀਦਾਰ ਸਿੰਘ ਦੇ ਘਰ ਪਿੰਡ ਸ਼ਫ਼ੀਪੁਰ ਜ਼ਿਲਾ ਅੰਮ੍ਰਿਤਸਰ ✪

ਦਰ ਦਵਾਰੇ ਜੋ ਆਇਆ ਰੁਪਈਆ, ਮਾਇਆ ਮੋਹ ਰਿਹਾ ਜਣਾਈਆ । ਜਿਨ੍ਹਾਂ ਮਿਲ ਗਿਆ ਸਤਿਗੁਰ ਸ਼ਬਦ ਧੁਰ ਦਾ ਸਈਆ, ਹਰਿ ਸੱਜਣ ਬੇਪਰਵਾਹੀਆ । ਉਹ ਚੜ੍ਹ ਗਏ ਅਗੰਮੀ ਨਈਆ, ਜੋ ਦੋ ਜਹਾਨਾਂ ਪਾਰ ਕਰਾਈਆ । ਅਬਿਨਾਸ਼ੀ ਕਰਤਾ ਪਕੜੇ ਬਹੀਆ, ਸਗਲਾ ਸੰਗ ਬਣਾਈਆ । ਰਾਏ ਧਰਮ ਕੱਢੇ ਨਾ ਵਹੀਆ, ਚਿਤਰ ਗੁਪਤ ਨਾ ਹਿਸਾਬ ਜਣਾਈਆ । ਗੋਬਿੰਦ ਦਾ ਪੂਰਾ ਹੋਇਆ ਢਈਆ, ਸੁੱਤੀ ਉਠੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰੁਪਇਆ ਕਹੇ ਮੈਂ ਹੋਇਆ ਪੇਸ਼, ਆਪਣਾ ਆਪ ਜਣਾਈਆ । ਜਿਸ ਮਾਇਆ ਨੂੰ ਸਰਸੇ ਸੁੱਟ ਕੇ ਗਿਆ ਸਤਿਗੁਰ ਦਸਮੇਸ਼, ਜਲ ਧਾਰਾ ਵਿਚ ਵਹਾਈਆ । ਗਿਆਨ ਦੇ ਕੇ ਗਿਆ ਇਕ ਨਰੇਸ਼, ਨਰ ਨਰਾਇਣ ਸਚ ਸਮਝਾਈਆ । ਧੁਰ ਦਾ ਨਾਮ ਰਹੇ ਸਦਾ ਕੋਲ ਹਮੇਸ਼, ਖਾ ਖ਼ਰਚ ਤੋਟ ਨਾ ਆਈਆ । ਵਧਾਈ ਵੱਜਦੀ ਰਹੇ ਲੋਕਮਾਤ ਦੇਸ਼, ਸਚਖੰਡ ਸਾਚੇ ਮਿਲੇ ਵਡਿਆਈਆ । ਮਮਤਾ ਮੋਹ ਮਿਟਾ ਕੇ ਰੇਖ, ਚਿੰਤਾ ਗ਼ਮ ਗਿਆ ਚੁਕਾਈਆ । ਗੁਰਮੁਖੇ ਇਕੋ ਪੁਰਖ ਅਕਾਲ ਦੀ ਰਖਣੀ ਟੇਕ, ਦੂਜਾ ਨਜ਼ਰ ਕੋਇ ਨਾ ਆਈਆ । ਮਨ ਵਾਸਨਾ ਬੁਧੀ ਕਰਨੀ ਬਿਬੇਕ, ਦੁਰਮਤ ਮੈਲ ਧਵਾਈਆ । ਤ੍ਰੈਗੁਣ ਮਾਇਆ ਨਾ ਲਾਵੇ ਸੇਕ, ਅਗਨੀ ਅੱਗ ਨਾ ਕੋਇ ਜਲਾਈਆ । ਗੁਰਮੁਖ ਦਰਗਾਹ ਸਾਚੀ ਦਾ ਸਦਾ ਸੇਠ, ਟਕਿਆਂ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੀਰਜ ਧੀਰ ਦਏ ਧਰਾਈਆ । ਰੁਪਇਆ ਕਹੇ ਮੈਂ ਵੇਖੀ ਦੁਨੀਆ ਮਮਤਾ, ਮਾਇਆ ਮਮਤਾ ਵਿਚ ਲੋਕਾਈਆ । ਜਨ ਭਗਤਾਂ ਤੋੜਾਂ ਗੜ੍ਹ ਹੰਗਤਾ, ਹੰ ਬ੍ਰਹਮ ਸਮਝਾਈਆ । ਮੈਂ ਭਰਮ ਭੁਲਾਵਾਂ ਜਗਤ ਪੰਡਤਾਂ, ਪਾਂਧਿਆਂ ਦਿਆਂ ਰੁਲਾਈਆ । ਭੁਲੇਖੇ ਵਿਚ ਰਖਾਂ ਜੀਵ ਜੰਤਾਂ, ਜਗਿਆਸੂ ਤੱਤਾਂ ਦਿਆਂ ਲੜਾਈਆ । ਗੁਰਮੁਖ ਵਿਰਲੇ ਬਣਾਵਾਂ ਬਣਤਾ, ਨਾਤਾ ਕੂੜ ਕੂੜ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰੁਪਈਆ ਕਹੇ ਮੇਰਾ ਰੂਪ ਅਨੋਖਾ, ਦੀਨ ਦੁਨੀ ਵਿਚ ਨਜ਼ਰੀ ਆਈਆ । ਸ਼ਾਹ ਸੁਲਤਾਨਾਂ ਨਾਲ ਕਰਦਾ ਧੋਖਾ, ਰਾਜ ਰਾਜਾਨਾਂ ਖ਼ਾਕ ਮਿਲਾਈਆ । ਜਿਹੜਾ ਸੰਤ ਫ਼ਕੀਰ ਧੁਰ ਦੀ ਮੰਜ਼ਲ ਪਹੁੰਚਾ, ਉਸ ਦੇ ਦਰ ਕਦੇ ਨਾ ਭਾਈਆ । ਜਗਤ ਵਾਸਨਾ ਮੁਕ ਜਾਏ ਸੋਚਾ, ਸਮਝ ਰਹੇ ਨਾ ਰਾਈਆ । ਪੂਰੀ ਹੋ ਜਾਏ ਲੋਚਾ, ਨਿਜ ਲੋਚਨ ਦਰਸ਼ਨ ਪਾਈਆ । ਇਕੋ ਪੁਰਖ ਅਕਾਲ ਦੀ ਰਖਦੇ ਓਟਾ, ਓੜਕ ਓਹੋ ਹੋਏ ਸਹਾਈਆ । ਜਿਸ ਨੂੰ ਲੱਭਦੇ ਕੋਟਨ ਕੋਟਾ, ਲੱਖ ਚੁਰਾਸੀ ਰਹੀ ਕੁਰਲਾਈਆ । ਜਿਸ ਦਾ ਪਰਕਾਸ਼ ਨਿਰਮਲ ਜੋਤਾ, ਘਟ ਘਟ ਰਿਹਾ ਸਮਾਈਆ । ਉਸ ਦਾ ਨਾਮ ਭੰਡਾਰਾ ਇਕੋ ਬਹੁਤਾ, ਜੋ ਇਕੋ ਵਾਰ ਝੋਲੀ ਦਏ ਭਰਾਈਆ । ਝਗੜਾ ਮੁਕ ਜਾਏ ਚੌਦਾਂ ਲੋਕਾਂ, ਚੌਦਾਂ ਤਬਕ ਨਾ ਕੋਇ ਵਡਿਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਰੁਪਇਆ ਕਹੇ ਮੈਂ ਵੇਖਿਆ ਜਗਤ ਜੁਗ, ਚਾਰ ਵਰਨ ਅਠਾਰਾਂ ਬਰਨ ਖੋਜ ਖੁਜਾਈਆ । ਹਿਰਸ ਹਵਸ ਵਿਚ ਲੱਗੀ ਸਰਬ ਅੱਗ, ਤ੍ਰਿਸ਼ਨਾ ਸਕੇ ਨਾ ਕੋਇ ਬੁਝਾਈਆ । ਗੁਰਮੁਖ ਵਿਰਲੇ ਮੰਜ਼ਲ ਚੜ੍ਹ ਕੇ ਉਪਰ ਸ਼ਾਹ ਰਗ, ਗ੍ਰਿਹ ਮੰਦਰ ਡੇਰਾ ਲਾਈਆ । ਜਿਥੇ ਅਨਹਦ ਅਗੰਮੀ ਨਾਦ ਰਿਹਾ ਵੱਜ, ਅਨਰਾਗੀ ਰਾਗ ਸੁਣਾਈਆ । ਨਾਮ ਭੰਡਾਰਾ ਮਿਲੇ ਅੰਮ੍ਰਿਤ ਧੁਰ ਦੀ ਮਧ, ਮਧੁਰ ਧੁਨ ਨਾਲ ਸ਼ਨਵਾਈਆ । ਬਿਨ ਮੱਕੇ ਕਾਅਬਿਉਂ ਸਾਚੇ ਹੁਜਰੇ ਮਹਿਬੂਬ ਦਾ ਹੋ ਜਾਏ ਹੱਜ, ਹਾਜ਼ਰ ਹਜ਼ੂਰ ਦਰਸ ਦਿਖਾਈਆ । ਉਹ ਲਾਲਚ ਦੁਨੀਆ ਦੀਨ ਜਾਏ ਛੱਡ, ਮਮਤਾ ਮੋਹ ਨਾ ਕੋਇ ਹਲਕਾਈਆ । ਵਾਸਨਾ ਨਾਲੋਂ ਹੋ ਕੇ ਅੱਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਰੁਪਇਆ ਕਹੇ ਮੇਰਾ ਸੋਹਣਾ ਸੋਹਜੰਣਾ ਰੂਪ, ਬਣਤ ਸੋਹਣੀ ਨਜ਼ਰੀ ਆਈਆ । ਮੈਂ ਭਰਮ ਭੁਲਾ ਕੇ ਵੱਡੇ ਵੱਡੇ ਭੂਪ, ਰਈਅਤ ਰਾਉ ਰੰਕ ਦਿਤੇ ਰੁਲਾਈਆ । ਮੈਂ ਝਗੜਾ ਪਾਇਆ ਚਾਰੇ ਕੂਟ, ਦਹਿ ਦਿਸ਼ਾ ਹੋਏ ਲੜਾਈਆ । ਪਿਤਾ ਪੂਤ ਬਣਾਈ ਫੂਟ, ਮਾਂ ਧੀ ਰਹੀ ਕੁਰਲਾਈਆ । ਗੁਰਮੁਖਾਂ ਦੇ ਅੰਦਰੋਂ ਮੌਲੀ ਰੁਤ, ਰੁਤ ਰੁਤੜੀ ਨਾਲ ਮਿਲਾਈਆ । ਪੁਰਖ ਅਕਾਲ ਦੇ ਬਣ ਗਏ ਸੁਤ, ਅਬਿਨਾਸ਼ੀ ਕਰਤਾ ਇਕੋ ਰਹੇ ਧਿਆਈਆ । ਸਾਚੀ ਧਾਰੋਂ ਗਏ ਉਠ, ਜਿਥੇ ਜਨਮੇ ਕੋਇ ਨਾ ਮਾਈਆ । ਨਾਮ ਖ਼ਜ਼ਾਨਾ ਮਿਲਿਆ ਅਤੁਟ, ਦੀਨ ਦਿਆਲ ਦਇਆ ਕਮਾਈਆ । ਜਿਸ ਨੂੰ ਠੱਗ ਚੋਰ ਯਾਰ ਸਕੇ ਕੋਈ ਨਾ ਲੁੱਟ, ਪੱਲਿਉਂ ਗੰਢ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਈਆ । ਰੁਪਇਆ ਕਹੇ ਮੈਂ ਰੂਪਵੰਤ, ਸੁਚੱਜਾ ਨਜ਼ਰੀ ਆਈਆ । ਮੈਂ ਭਰਮ ਭੁਲਾਏ ਕੋਟੀ ਕੋਟ ਕਲਜੁਗ ਕਾਇਆ ਸੰਤ, ਭੁਲੇਖੇ ਵਿਚ ਲੋਕਾਈਆ । ਜਿਨ੍ਹਾਂ ਨੂੰ ਪਰਮ ਪੁਰਖ ਦਾ ਮਿਲ ਗਿਆ ਇਕੋ ਅੰਤਰ ਆਤਮ ਮੰਤ, ਢੋਲਾ ਇਕੋ ਰਹੇ ਗਾਈਆ । ਉਨ੍ਹਾਂ ਦੇ ਅਗੇ ਮੇਰੀ ਸਦਾ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਅਗੇ ਜਾਣ ਦੀ ਨਹੀਂ ਹਿੰਮਤ, ਹੌਸਲਾ ਦਿਤਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਨਾਮ ਸ਼ਬਦ ਸਾਚੀ ਦਿਤੀ ਖ਼ਿਲਤ, ਖ਼ਾਲਕ ਹੋ ਕੇ ਆਪਣੇ ਰੰਗ ਰੰਗਾਈਆ । ਰੁਪਇਆ ਕਹੇ ਮੈਂ ਸਤਿਗੁਰ ਕਿਰਪਾ ਸਦਾ ਮਨਜ਼ੂਰ, ਪੁਰਖ ਅਕਾਲ ਦਇਆ ਕਮਾਇੰਦਾ । ਸਾਚੀ ਸੇਵਾ ਕਰ ਕੇ ਹਜ਼ੂਰ, ਹਜ਼ਰਤ ਆਪਣਾ ਰੰਗ ਰੰਗਾਇੰਦਾ । ਨਾਤਾ ਤੋੜ ਕੇ ਕੂੜੇ ਕੂੜ, ਮਾਰਗ ਸਚ ਇਕ ਸਮਝਾਇੰਦਾ । ਸਚ ਪ੍ਰੀਤੀ ਕਰਨੀ ਬਣ ਮਜ਼ਦੂਰ, ਸੇਵਕ ਸੇਵਾ ਇਕ ਰਖਾਇੰਦਾ । ਆਸਾ ਮਨਸਾ ਮਨਸਾ ਵਿਚੋਂ ਪੂਰ, ਪੂਰਨ ਬ੍ਰਹਮ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਨਾਮ ਭੰਡਾਰਾ ਦੇਵੇ ਸਦਾ ਭਰਪੂਰ, ਪਾਰਬ੍ਰਹਮ ਪਤਿਰਮੇਸ਼ਵਰ ਪ੍ਰਭ ਆਪਣਾ ਰੰਗ ਰੰਗਾਇੰਦਾ ।



## ✪ ੨੬ ਮਾਘ ਸ਼ਹਿਨਸ਼ਾਹੀ ਸੰਮਤ ੧ ਦਲੀਪ ਸਿੰਘ ਦੇ ਘਰ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ✪

ਚਰਨ ਕਵਲ ਵਿਚ ਰਹੇ ਮਜ਼ਾ, ਸਰਨ ਬਖ਼ਸ਼ੇ ਸਚ ਸਰਨਾਈਆ । ਜਨ ਭਗਤ ਚਲਾਏ ਆਪਣੀ ਰਜ਼ਾ, ਭਾਣੇ ਅੰਦਰ ਖੇਲ ਖਿਲਾਈਆ । ਕੂੜੀ ਕਿਰਿਆ ਕਰਨ ਨਾ ਦੇਵੇ ਦਗ਼ਾ, ਕਲਜੁਗ ਫਰੇਬ ਦਏ ਮਿਟਾਈਆ । ਦਰਸ ਦਿਖਾ ਕੇ ਉਪਰ ਸ਼ਾਹ ਰਗਾ, ਸ਼ਹਾਦਤ ਆਪਣਾ ਨਾਮ ਭੁਗਤਾਈਆ ।

ਸਦਾ ਵਧਾਉਂਦਾ ਰਹੇ ਅੱਗਾ, ਜੁਗ ਚੌਕੜੀ ਸਿਰ ਆਪਣਾ ਹੱਥ ਟਿਕਾਈਆ । ਜੋ ਜਨ ਸ਼ਰਨਾਈ ਲੱਗਾ, ਫੜ ਬਾਹੋਂ ਪਾਰ ਕਰਾਈਆ । ਪਿਆਰ ਮੁਹੱਬਤ ਵਿਚ ਰਹੇ ਬੱਧਾ, ਬਦੀ ਅੰਦਰੋਂ ਦੇਵੇ ਕਢਾਈਆ । ਕੂੜਾ ਲਾਲਚ ਰਹਿਣ ਨਾ ਦੇਵੇ ਲਬਾ, ਹੰਕਾਰ ਵਿਕਾਰ ਦੇਵੇ ਖਪਾਈਆ । ਆਵਣ ਜਾਵਣ ਲੇਖ ਮੁਕਾ ਕੇ ਸਬਾ, ਸਭਨੀ ਥਾਈਂ ਹੋਏ ਸਹਾਈਆ । ਦੇ ਕੇ ਨਿਰਬਾਣ ਧੁਰ ਦਾ ਪਦਾ, ਪਤਿਪਰਮੇਸ਼ਵਰ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦੇਵੇ ਮਾਣ ਵਡਿਆਈਆ । ਚਰਨ ਕਵਲ ਸਦਾ ਲੱਗੀ ਰਹੇ ਪ੍ਰੀਤ, ਪੀਆ ਪ੍ਰੀਤਮ ਮੇਲ ਮਿਲਾਈਆ । ਜੁਗ ਚੌਕੜੀ ਬਦਲਦਾ ਰਹੇ ਰੀਤ, ਜਨ ਭਗਤਾਂ ਇਕੋ ਰੰਗ ਚੜ੍ਹਾਈਆ । ਸਿਫ਼ਤੀ ਢੋਲੇ ਸੁਣਾਉਂਦਾ ਰਹੇ ਗੀਤ, ਗੁਰਮੁਖਾਂ ਇਕੋ ਨਾਮ ਪੜ੍ਹਾਈਆ । ਸ਼ਿਵਦਵਾਲੇ ਮਠ ਬਣਾਉਂਦਾ ਰਹੇ ਮਸੀਤ, ਸੰਤ ਫ਼ਕੀਰਾਂ ਕਾਇਆ ਕਾਅਬਾ ਦਏ ਸਮਝਾਈਆ । ਜਗਤ ਵਾਸਨਾ ਕੁਨੀ ਕਾਇਆ ਕੱਪੜ ਕਰਦਾ ਰਹੇ ਪਲੀਤ, ਹਰਿਜਨ ਅੰਤਰ ਆਤਮ ਬ੍ਰਹਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਈਆ । ਚਰਨ ਕਵਲ ਜੁੜਿਆ ਰਹੇ ਨਾਤਾ, ਅਗੇ ਜੁਦਾਈ ਨਾ ਕੋਇ ਵਖਾਇੰਦਾ । ਘਰ ਸਵਾਮੀ ਮਿਲਦਾ ਰਹੇ ਦਾਤਾ, ਦੀਨ ਦਿਆਲ ਪੜਦਾ ਲਾਹਿੰਦਾ । ਮਾਤਲੋਕ ਬਣਿਆ ਰਹੇ ਰਾਖਾ, ਨਿਰਗੁਣ ਹੋ ਕੇ ਸੇਵ ਕਮਾਇੰਦਾ । ਪੂਰੀ ਕਰਦਾ ਰਹੇ ਆਸਾ, ਤ੍ਰਿਸ਼ਨਾ ਕੂੜ ਬੁਝਾਇੰਦਾ । ਚਰਨ ਕਵਲ ਬਖ਼ਸ਼ਦਾ ਰਹੇ ਭਰਵਾਸਾ, ਸਿਰ ਸਮਰਥ ਆਪਣਾ ਹੱਥ ਟਿਕਾਇੰਦਾ । ਲਹਿਣਾ ਦੇਣਾ ਮੁਕਾਉਂਦਾ ਰਹੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਚਰਨਾਂ ਹੇਠ ਦਬਾਇੰਦਾ । ਸਚਖੰਡ ਦਵਾਰੇ ਦਸਦਾ ਰਹੇ ਵਾਸਾ, ਵਾਸਤਾ ਆਪਣੇ ਨਾਲ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਰੰਗ ਰੰਗਾਇੰਦਾ । ਚਰਨ ਕਵਲ ਜੁੜਿਆ ਰਹੇ ਜੋੜ, ਜੋੜੀ ਧੁਰ ਦੀ ਆਪ ਬਣਾਈਆ । ਭਗਤ ਭਗਵਾਨ ਦੀ ਸਾਂਝੀ ਲੋੜ, ਵੱਖਰੀ ਵੰਡ ਨਾ ਕੋਇ ਵੰਡਾਈਆ । ਜੁਗ ਚੌਕੜੀ ਜਾਵੇ ਬਹੁੜ, ਨਿਰਗੁਣ ਸਰਗੁਣ ਹੋਏ ਸਹਾਈਆ । ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਪੰਧ ਮੁਕਾਵੇ ਦੌੜ ਦੌੜ, ਪਾਂਧੀ ਹੋ ਕੇ ਫੇਰਾ ਪਾਈਆ । ਲੱਖ ਚੁਰਾਸੀ ਜੀਵ ਜੰਤ ਵੇਖੇ ਮਿੱਠਾ ਕੌੜ, ਚਾਰੇ ਖਾਣੀ ਫੋਲ ਫੁਲਾਈਆ । ਜਿਨ੍ਹਾਂ ਗੁਰਮੁਖਾਂ ਪਰਮ ਪੁਰਖ ਦੇ ਮਿਲਣ ਦੀ ਲੱਗੀ ਔੜ, ਅੰਮ੍ਰਿਤ ਮੇਘ ਦਏ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਪਰਕਾਸ਼ ਅੰਧੇਰੇ ਘੋਰ, ਸਚ ਨੂਰ ਕਰੇ ਰੁਸ਼ਨਾਈਆ । ਚਰਨ ਪ੍ਰੀਤ ਕਹੇ ਮੈਂ ਭਗਤਾਂ ਸਦਾ ਬਣਦੀ, ਬਨ ਖੋਜਣ ਕੋਇ ਨਾ ਜਾਈਆ । ਦੁਰਮਤ ਮੈਲ ਧੋਵਾਂ ਤਨ ਦੀ, ਅੰਦਰੋਂ ਬਾਹਰੋਂ ਕਰਾਂ ਸਫ਼ਾਈਆ । ਵਾਸਨਾ ਬੰਨ੍ਹਾਂ ਮਨ ਦੀ, ਦਹਿ ਦਿਸ਼ਾ ਨਾ ਕੋਇ ਭਵਾਈਆ । ਧਾਰ ਪਰਗਟਾਵਾਂ ਜੋਤੀ ਚੰਨ ਦੀ, ਨੂਰ ਨੂਰ ਰੁਸ਼ਨਾਈਆ । ਆਵਾਜ਼ ਸੁਣਾਵਾਂ ਸ਼ਬਦੀ ਧੰਨ ਧੰਨ ਦੀ, ਅਗੰਮੀ ਰਾਗ ਅਲਾਈਆ । ਭੂਮਿਕਾ ਵਖਾਵਾਂ ਬਿਨਾ ਛੱਪਰ ਛੰਨ ਦੀ, ਸਚਖੰਡ ਸਾਚਾ ਸੋਭਾ ਪਾਈਆ । ਖੇਲ ਵਖਾਵਾਂ ਹੰ ਬ੍ਰਹਮ ਦੀ, ਪਾਰਬ੍ਰਹਮ ਨਾਲ ਮਿਲਾਈਆ । ਜਿਸ ਦੀ ਧਾਰ ਕਦੇ ਨਾ ਜੰਮਦੀ, ਮਰਨ ਵਿਚ ਕਦੇ ਨਾ ਆਈਆ । ਜੁਗ ਜੁਗ ਜਨ ਭਗਤਾਂ ਬੇੜਾ ਬੰਨ੍ਹਦੀ, ਫੜ ਬਾਹੋਂ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵੱਡੀ ਵਡਿਆਈਆ । ਚਰਨ ਪ੍ਰੀਤ ਕਹੇ ਮੇਰਾ ਭਗਤਾਂ ਨਾਲ ਸੰਜੋਗ, ਜੁਗ ਵਿਛੜਿਆਂ ਮੇਲ ਮਿਲਾਈਆ । ਜਨਮ ਜਨਮ ਦਾ ਕਟ ਵਿਜੋਗ, ਬਿਰਹੋਂ ਇਕ ਦਿਆਂ ਵਖਾਈਆ । ਮਾਇਆ ਮਮਤਾ ਕਟ ਕੇ ਰੋਗ, ਸੁਖ ਸਾਂਤਕ ਸਤਿ ਦਿਆਂ ਵਰਤਾਈਆ । ਝਗੜਾ


੨੮੭
੧੯

ਚੁਕਾ ਕੇ ਲੋਕ ਪਰਲੋਕ, ਸਚ ਦਵਾਰਾ ਦੇਣਾ ਸਮਝਾਈਆ । ਜਿਥੇ ਇਕੋ ਨਾਮ ਢੋਲਾ ਸੋਹਲਾ ਸਲੋਕ, ਨਾਮ ਨਿਧਾਨ ਸੱਚੀ ਸ਼ਨਵਾਈਆ । ਹੋਏ ਪਰਕਾਸ਼ ਨਿਰਮਲ ਜੋਤ, ਨੂਰੋ ਨੂਰ ਡਗਮਗਾਈਆ । ਸਚਖੰਡ ਦਵਾਰ ਨਜ਼ਰੀ ਆਏ ਅਗੰਮਾ ਕੋਟ, ਕੁਟੀਆ ਕੁਟੰਬ ਨਾਤਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਇਕ ਵਖਾਈਆ । ਚਰਨ ਪ੍ਰੀਤੀ ਕਹੇ ਮੈਂ ਜੁਗ ਜੁਗ ਭਗਤਾਂ ਨਾਲ ਲਗਦੀ, ਗੁਰਮੁਖਾਂ ਰੰਗ ਰੰਗਾਈਆ । ਤ੍ਰਿਸ਼ਨਾ ਬੁਝਾਵਾਂ ਮਮਤਾ ਵਾਲੀ ਅੱਗ ਦੀ, ਹੰਗਤਾ ਗੜ੍ਹ ਤੁੜਾਈਆ । ਰੀਤੀ ਬਦਲਾਵਾਂ ਸੰਸਾਰ ਵਾਲੇ ਜਗ ਦੀ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਹੱਦ ਮੁਕਾਵਾਂ ਜਗਤ ਹੱਦ ਦੀ, ਹਜ਼ਰਤ ਹਜ਼ੂਰ ਇਕੋ ਦਿਆਂ ਸਮਝਾਈਆ । ਜੋਤ ਪਰਗਟਾਵਾਂ ਲਟ ਲਟ ਦੀ, ਦੀਵਾ ਬਾਤੀ ਨਾ ਕੋਇ ਰੁਸ਼ਨਾਈਆ । ਖੇਲ ਜਣਾਵਾਂ ਪੁਰਖ ਸਮਰਥ ਦੀ, ਜੋ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਵਖਾਏ ਧੁਰ ਦੇ ਹੱਕ ਦੀ, ਹਕੀਕਤ ਵਿਚੋਂ ਪੜਦਾ ਲਾਹੀਆ । ਚਰਨ ਪ੍ਰੀਤ ਕਹੇ ਮੈਂ ਸਦਾ ਭਗਤਾਂ ਜੋਗੀ, ਜੋਗੀਆਂ ਹੱਥ ਕਦੇ ਨਾ ਆਈਆ । ਮੈਂ ਪ੍ਰੇਮ ਰਸ ਦੀ ਭੋਗੀ, ਆਤਮ ਪਰਮਾਤਮ ਮਿਲ ਕੇ ਸੋਭਾ ਪਾਈਆ । ਬਿਨ ਸਤਿਗੁਰ ਕਿਰਪਾ ਮੇਰਾ ਬਣਦਾ ਕੋਇ ਨਾ ਖੋਜੀ, ਲੱਖ ਚੁਰਾਸੀ ਜੀਵ ਜੰਤ ਹਲਕਾਈਆ । ਮੇਰਾ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਚੋਜੀ, ਚੋਜ ਨਿਰਾਲੇ ਰਿਹਾ ਵਖਾਈਆ । ਜਿਸ ਨੂੰ ਝੁਕਦੇ ਗਏ ਵੇਦੀ ਸੋਢੀ, ਨਮਸਤੇ ਕਹਿ ਕਹਿ ਸੀਸ ਨਿਵਾਈਆ । ਜਿਸ ਦਾ ਨਾਮ ਨਿਧਾਨਾ ਇਕ ਸਲੋਕੀ, ਢੋਲਾ ਰਾਗ ਇਕ ਅਲਾਈਆ । ਉਹ ਮੰਜ਼ਲ ਦੱਸੇ ਸੌਖੀ, ਰਾਹ ਵਿਚ ਨਾ ਕੋਇ ਅਟਕਾਈਆ । ਪੜ੍ਹਨੀ ਪਏ ਕੋਈ ਨਾ ਪੋਥੀ, ਪੁਸਤਕ ਹੱਥ ਨਾ ਕੋਇ ਵਖਾਈਆ । ਇਕੋ ਰਮਜ਼ ਇਸ਼ਾਰੇ ਵਾਲੀ ਬਹੁਤੀ, ਦੂਜਾ ਝਗੜਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਮੇਲਾ ਲਏ ਮਿਲਾਈਆ । ਚਰਨ ਪ੍ਰੀਤ ਕਹੇ ਮੈਂ ਵਸਦੀ ਸਦਾ ਪੁਰਖ ਅਕਾਲ ਦੇ ਚਰਨ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਜਨ ਭਗਤਾਂ ਖੋਲ੍ਹ ਕੇ ਨੇਤਰ ਹਰਨ ਫਰਨ, ਫੁਰਨਾ ਇਕੋ ਦਿਆਂ ਦ੍ਰਿੜਾਈਆ । ਝਗੜਾ ਮੁਕਾ ਕੇ ਜਾਤ ਪਾਤ ਵਰਨ ਬਰਨ, ਊਚ ਨੀਚ ਡੇਰਾ ਢਾਹੀਆ । ਸੁਰਤ ਸਵਾਣੀ ਆਵਾਂ ਫੜਨ, ਸ਼ਬਦ ਹਾਣੀ ਮੇਲ ਮਿਲਾਈਆ । ਬਿਨ ਪੌੜੇ ਡੰਡੇ ਮੰਜ਼ਲ ਆਵਾਂ ਚੜ੍ਹਨ, ਚੜ੍ਹਾਂ ਚਾਈਂ ਚਾਈਂਆ । ਨਿਰਭਉ ਚੁਕਾਇਆ ਮੇਰਾ ਮਰਨ ਡਰਨ, ਭੈ ਅਵਰ ਨਾ ਕੋਇ ਰਖਾਈਆ । ਮੈਂ ਭਗਤਾਂ ਆਉਂਦੀ ਸਦਾ ਵਰਨ, ਵਰ ਆਪਣਾ ਖੋਜ ਖੁਜਾਈਆ । ਮੇਰਾ ਦਰਗਾਹ ਸਾਚੀ ਦਾ ਸੱਚਾ ਪ੍ਰਣ, ਕੌਲ ਇਕਰਾਰ ਕੀਤਾ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਚਰਨ ਪ੍ਰੀਤ ਕਹੇ ਮੈਂ ਆਵਾਂ ਜੁਗ ਜੁਗ, ਆਪਣਾ ਫੇਰਾ ਪਾਈਆ । ਭਗਤ ਸੁਹੇਲੇ ਲੱਭਾਂ ਚੁਗ ਚੁਗ, ਲੱਖ ਚੁਰਾਸੀ ਖੋਜ ਖੁਜਾਈਆ । ਸ੍ਰਿਸ਼ਟੀ ਔਧ ਗਈ ਮੁੱਕ ਮੁੱਕ, ਕੋਟਨ ਕੋਟ ਹਾਲ ਬਤਾਈਆ । ਬਿਨਾ ਸਤਿਗੁਰ ਕਿਰਪਾ ਮਿਲੇ ਕਿਸੇ ਨਾ ਸੁਖ, ਸਾਂਤਕ ਸਤਿ ਨਾ ਕੋਇ ਵਰਤਾਈਆ । ਜਨ ਭਗਤਾਂ ਪ੍ਰਭ ਚਰਨ ਆ ਕੇ ਮਰਨ ਦਾ ਰਹੇ ਨਾ ਦੁੱਖ, ਦੁਖੀਆਂ ਦਰਦ ਲਵਾਂ ਵੰਡਾਈਆ । ਮਾਤ ਗਰਭ ਹੋਣ ਨਾ ਦੇਵਾਂ ਉਲਟਾ ਰੁਖ਼, ਅਗਨੀ ਤਤ ਨਾ ਕੋਇ ਤਪਾਈਆ । ਮਾਣਸ ਵਿਚੋਂ ਮਾਣਸ ਜਾਮਾ ਮਿਲੇ ਮਨੁੱਖ, ਆਤਮ ਪਰਮਾਤਮ ਪਰਮਾਤਮ ਆਤਮ ਆਪਣੀ ਗੰਢ ਰਖਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਦੇਵੇ ਵਡਿਆਈ ਅਬਿਨਾਸ਼ੀ ਅਚੁਤ, ਚੇਤਨ ਸਤਾ ਸੁਰਤ ਸ਼ਬਦ ਸ਼ਬਦ ਸੁਰਤ ਸੂਰਤ ਆਪਣੀ ਵਿਚ ਲੁਕਾਈਆ ।

## ✪ ਪਹਿਲੀ ਫੱਗਣ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ ✪

ਫਲਗੁਣ ਕਹੇ ਮੈਂ ਆਇਆ ਜਗਤ, ਫਲ ਆਪਣਾ ਨਾਲ ਲਿਆਈਆ । ਪਰਮ ਪੁਰਖ ਦੇ ਵੇਖ ਕੇ ਭਗਤ, ਭਗਵਨ ਸਮਝ ਕੇ ਸੀਸ ਨਿਵਾਈਆ । ਵੇਲਾ ਸੁਹੰਜਣਾ ਜਾਣ ਕੇ ਵਕ਼ਤ, ਵਾਕਿਆ ਵੇਖਿਆ ਚਾਈਂ ਚਾਈਂਆ । ਜਿਸ ਦਾ ਦੋ ਜਹਾਨਾਂ ਹੁਕਮ ਸਖ਼ਤ, ਨਾ ਕੋਈ ਮੇਟੇ ਮੇਟ ਮਿਟਾਈਆ । ਨਿਵਾਸੀ ਵਾਸੀ ਉਪਰ ਅਰਸ਼, ਫ਼ਰਸ਼ ਕਰੇ ਰੁਸ਼ਨਾਈਆ । ਨਿਰਗੁਣ ਹੋ ਕੇ ਦੇਵੇ ਦਰਸ, ਨੂਰ ਨੁਰਾਨਾ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਫਲਗੁਣ ਕਹੇ ਮੇਰੀ ਆਈ ਬਹਾਰ, ਸੰਮਤ ਸਾਹਿਬ ਮਿਲੇ ਵਡਿਆਈਆ । ਜਿਸ ਦੀ ਸੋਹਣੀ ਖਿਲੀ ਗੁਲਜ਼ਾਰ, ਗੁਰਮੁਖ ਬੂਟੇ ਰਹੇ ਮਹਿਕਾਈਆ । ਵੇਖਣਹਾਰਾ ਸਾਂਝਾ ਯਾਰ, ਜਲਵਾਗਰ ਨੂਰ ਖ਼ੁਦਾਈਆ । ਸਚ ਦਵਾਰੇ ਲਾ ਦਰਬਾਰ, ਭਗਤ ਦਵਾਰ ਵੱਜੇ ਵਧਾਈਆ । ਜੁਗ ਚੌਕੜੀ ਦਾ ਲੇਖਾ ਜਾਣੇ ਜਾਨਣਹਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਖੋਜ ਖੁਜਾਈਆ । ਲਹਿਣਾ ਦੇਣਾ ਨਾਲ ਚਮਿਆਰ, ਰਵਦਾਸੇ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਰਤਾਈਆ । ਫਲਗੁਣ ਕਹੇ ਮੈਂ ਆ ਗਿਆ ਅੰਤ, ਲੋਕਮਾਤ ਵੇਸ ਵਟਾਈਆ । ਜਿਸ ਦਾ ਲੇਖਾ ਲਿਖ ਕੇ ਗਏ ਗੁਰ ਅਵਤਾਰ ਪੈਗ਼ੰਬਰ ਸੰਤ, ਗੁਰ ਗੁਰ ਲੇਖ ਜਣਾਈਆ । ਸੋ ਅੰਤਰਜਾਮੀ ਵੇਖਿਆਂ ਕੰਤ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੀ ਮੌਲੀ ਰੁੱਤ ਬਸੰਤ, ਦੋ ਜਹਾਨ ਵੱਜੀ ਵਧਾਈਆ । ਉਹ ਜਨਮ ਜਨਮ ਦੇ ਪਾਪੀ ਤਾਰੇ ਪੰਡਤ, ਪਾਂਧੇ ਵੇਖ ਵਖਾਈਆ । ਕਿਰਪਾ ਨਾਲ ਮੇਲ ਕੇ ਸੰਗਤ, ਜਨਮ ਵਿਚੋਂ ਜਨਮ ਦਿਤਾ ਬਦਲਾਈਆ । ਗੜ੍ਹ ਤੋੜ ਕੇ ਹਉਮੇਂ ਹੰਗਤ, ਹੰ ਬ੍ਰਹਮ ਦਿਤਾ ਸਮਝਾਈਆ । ਭਿਖਾਰੀ ਬਣ ਕੇ ਆਏ ਸੰਗਤ, ਝੋਲੀ ਧੁਰ ਦੀ ਅਗੇ ਵਖਾਈਆ । ਲਹਿਣਾ ਦੇਣਾ ਮੁਕਾ ਭੁੱਖ ਨੰਗਤ, ਵਸਤ ਅਮੋਲਕ ਇਕ ਵਰਤਾਈਆ । ਝਗੜਾ ਮੁਕਾ ਕੇ ਬਹਿਸ਼ਤ ਜੰਨਤ, ਜਗਹ ਜਗਹ ਦਏ ਵਡਿਆਈਆ । ਮਨ ਮਨੂਆ ਮੇਟ ਕੇ ਦੰਤ, ਦੁਸ਼ਟ ਦੁਰਾਚਾਰੀ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਰਤਾਈਆ । ਫਲਗੁਣ ਕਹੇ ਮੈਂ ਵੇਖਣ ਆਇਆ ਭਿਖਾਰੀ, ਭਿਖਿਆ ਮੰਗਣ ਚਾਈਂ ਚਾਈਂਆ । ਤਖ਼ਤ ਨਿਵਾਸੀ ਤੱਕਿਆ ਇਕ ਦਰਬਾਰੀ, ਸਚਖੰਡ ਸਾਚੇ ਸੋਭਾ ਪਾਈਆ । ਜਿਸ ਦੀ ਆਦਿ ਅੰਤ ਇਕੋ ਯਾਰੀ, ਯਾਰਾਨਾ ਭਗਤਾਂ ਨਾਲ ਰਖਾਈਆ । ਗੁਰਮੁਖ ਆਤਮ ਰਹਿਣ ਨਾ ਦੇਵੇ ਕਵਾਰੀ, ਕੰਤ ਕੰਤੂਹਲ ਆਪਣਾ ਜੋੜ ਜੁੜਾਈਆ । ਜਿਹੜੇ ਮੰਗਤੇ ਦਰ ਤੇ ਆਏ ਵਪਾਰੀ, ਵਸਤ ਇਕੋ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਫਲਗੁਣ ਕਹੇ ਮੈਂ ਵੇਖਾਂ ਮੰਗਦੇ, ਮੰਗਤੇ ਆਪਣਾ ਰਾਹ ਤਕਾਈਆ । ਜੁਗ ਚੌਕੜੀ ਵੇਖਾਂ ਲੰਘਦੇ, ਨਿਰਗੁਣ ਸਰਗੁਣ ਫੇਰਾ ਪਾਈਆ । ਗੁਰਮੁਖ ਸੰਤ ਸੁਹੇਲੇ ਕੋਟਾਂ ਵਿਚੋਂ ਚੋਲੀ ਰੰਗਦੇ, ਨਾਮ ਅਗੰਮਾ ਰੰਗ ਚੜ੍ਹਾਈਆ । ਡੂਮ ਨਾਈ ਕਦੇ ਨਾ ਸੰਗਦੇ, ਪ੍ਰੀਤੀ ਮੰਗਣ ਥਾਉਂ ਥਾਈਂਆ । ਝਗੜੇ ਮੁਕਾ ਕੇ ਗੋਦਾਵਰੀ ਗੰਗ ਦੇ, ਗੰਗਾ ਸਾਗਰ ਹੱਥੋਂ ਦਿਤਾ ਸੁਟਾਈਆ । ਲੇਖੇ ਮੁਕਾ ਕੇ ਜਲਧਾਰ ਤਰੰਗ ਦੇ, ਤੁਰਤ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਫਲਗੁਣ ਕਹੇ ਮੰਗਤਿਓ ਮੰਗੋ ਕੀ, ਸਚ ਦਿਉ ਜਣਾਈਆ । ਜਿਸ ਨੇ ਤੁਹਾਨੂੰ ਬਣਾ ਲਿਆ ਆਪਣਾ ਪੁੱਤਰ ਧੀ, ਦੂਜਾ ਨਾਤਾ

ਨਾ ਕੋਇ ਰਖਾਈਆ । ਸਤਿ ਧਰਮ ਦਾ ਮਾਰਗ ਲਾ ਕੇ ਲੀਹ, ਰਾਹ ਇਕੋ ਰਿਹਾ ਦ੍ਰਿੜਾਈਆ । ਝਗੜਾ ਮੁਕਾ ਕੇ ਇਕੀਹ ਵੀਹ, ਸੰਮਤ ਸ਼ਹਿਨਸ਼ਾਹੀ ਵੱਜੀ ਵਧਾਈਆ । ਸਤਿਜੁਗ ਸਾਚੀ ਰਖ ਕੇ ਨੀਂਹ, ਨਿਵਣ ਸੁ ਅੱਖਰ ਦਿਤਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਫਲਗੁਣ ਕਹੇ ਮੰਗਤਿਓ ਮੰਗ ਲਓ ਆਪਣਾ ਦਾਨ, ਦਾਤਾ ਦਾਨੀ ਝੋਲੀ ਪਾਈਆ । ਇਸ ਤੋਂ ਪਰੇ ਹੋਰ ਨਹੀਂ ਭਗਵਾਨ, ਭਾਗਾਂ ਵਾਲਿਓ ਭਾਗ ਨਾ ਕੋਇ ਜਣਾਈਆ । ਇਸ ਤੋਂ ਉਪਰ ਨਹੀਂ ਕੋਈ ਕਾਹਨ, ਗੋਪੀ ਕਾਹਨ ਏਸੇ ਦੀ ਸੇਵ ਕਮਾਈਆ । ਇਸ ਤੋਂ ਵੱਡਾ ਨਹੀਂ ਰਾਮ, ਸੀਤਾ ਰਾਮ ਬਨ ਖੰਡ ਦੇਣ ਦੁਹਾਈਆ । ਇਸ ਤੋਂ ਪਰੇ ਨਹੀਂ ਅਮਾਮ, ਈਸਾ ਮੂਸਾ ਮੁਹੰਮਦ ਸੀਸ ਨਿਵਾਈਆ । ਇਸ ਤੋਂ ਦੂਰ ਨਹੀਂ ਕੋਇ ਨਿਰਗੁਣ ਨਿਰਵੈਰ ਨਿਰੰਕਾਰ ਸਚ ਨਿਸ਼ਾਨ, ਨਾਨਕ ਗੋਬਿੰਦ ਗਏ ਸਮਝਾਈਆ । ਜੋ ਵਸੇ ਸਚ ਭੂਮਿਕਾ ਅਗੰਮੀ ਅਸਥਾਨ, ਅਸਥਲ ਆਪਣਾ ਡੇਰਾ ਲਾਈਆ । ਸੋ ਪਰਤ ਕੇ ਆਇਆ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਖੇਲ ਖਿਲਾਈਆ । ਕਲਜੁਗ ਮੇਟੇ ਅੰਧੇਰੀ ਸ਼ਾਮ, ਸ਼ਮਅ ਗੁਰਮੁਖ ਦਏ ਜਗਾਈਆ । ਦਰ ਆਇਆਂ ਨੂੰ ਆਤਮ ਪਰਮਾਤਮ ਦੇਵੇ ਆਰਾਮ, ਦੀਨ ਦੁਨੀ ਦੇ ਦੁੱਖ ਦਏ ਗਵਾਈਆ । ਪ੍ਰੇਮ ਪ੍ਰੀਤੀ ਪਿਆਏ ਜਾਮ, ਜਮਾਂ ਤੋਂ ਲਏ ਛੁਡਾਈਆ । ਅੰਮ੍ਰਿਤ ਰਸ ਕਰਾਏ ਪਾਨ, ਨਿਝਰ ਝਿਰਨਾ ਆਪ ਝਿਰਾਈਆ । ਸਤਿ ਸਚ ਦਵਾਏ ਤੁਆਮ, ਕੂੜੀ ਤਮਅ ਦਏ ਗਵਾਈਆ । ਲੇਖਾ ਮੁਕਾ ਕੇ ਜਨਮ ਜਨਮ ਦਾ ਗੁਲਾਮ, ਫਾਸੀ ਅਵਰ ਕੋਇ ਨਾ ਪਾਈਆ । ਜਨ ਭਗਤ ਰਹੇ ਨਾ ਕੋਇ ਹਰਾਮ, ਸ਼ਬਦ ਅਨਾਦੀ ਸੁਤ ਲਏ ਉਪਜਾਈਆ । ਲੇਖੇ ਲਾਏ ਸੇਵਾ ਨਿਸ਼ਕਾਮ, ਜੋ ਚਲ ਆਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਫਲਗੁਣ ਕਹੇ ਮੰਗਤਿਓ ਡਾਹ ਲਓ ਝੋਲੀ, ਝੂਲੇ ਵਾਲਾ ਆਪਣੀ ਝਲਕ ਵਖਾਈਆ । ਜਿਸ ਦੀ ਚਾਰ ਜੁਗ ਤੋਂ ਵੱਖਰੀ ਬੋਲੀ, ਅਨਬੋਲਤ ਰਾਗ ਸੁਣਾਈਆ । ਜਿਸ ਦੀ ਬਿਨਾ ਕਹਾਰਾਂ ਤੋਂ ਅਗੰਮੀ ਡੋਲੀ, ਨਿਰਗੁਣ ਸਰਗੁਣ ਦਏ ਸਮਝਾਈਆ । ਜੋ ਆਪਣੇ ਪ੍ਰੇਮ ਪਿਆਰ ਦੀ ਖਿਲਾਏ ਸਾਚੀ ਹੋਲੀ, ਬਿਨ ਰੰਗਣ ਰੰਗ ਚੜ੍ਹਾਈਆ । ਜੋ ਨਿਰਗੁਣ ਧਾਰ ਬਣ ਕੇ ਤੁਹਾਡੀ ਬਣੀ ਡੋਲੀ, ਵਿਚਲੇ ਪੜਦੇ ਦਏ ਉਠਾਈਆ । ਮੰਗਤਿਓ ਜੇ ਮੰਗਣਾ ਸੋਹੰ ਸ਼ਬਦ ਦੀ ਪਾ ਲਓ ਰੌਲੀ, ਰੌਣਕ ਆਪਣੀ ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਵਰਤਾਈਆ । ਫਲਗੁਣ ਕਹੇ ਵੇਖੋ ਮੰਗਤਿਓ ਨਾ ਜਾਇਓ ਥੱਕ, ਥਕਾਵਟ ਜਗਤ ਨਾ ਕੋਇ ਵਖਾਈਆ । ਮੰਗਦੇ ਮੰਗਦੇ ਨਾ ਜਾਇਓ ਅੱਕ, ਜੁਗ ਚੌਕੜੀ ਗਏ ਵਿਹਾਈਆ । ਪੁਰਖ ਅਕਾਲਾ ਦੀਨ ਦਿਆਲਾ ਸਵਾਮੀ ਇਕ ਸਮਰਥ, ਸਾਹਿਬ ਸੁਲਤਾਨ ਬੇਪਰਵਾਹੀਆ । ਜਿਸ ਦਾ ਸਿਫ਼ਤੀ ਗਾਉਂਦੇ ਰਹੇ ਜਸ, ਵੇਦ ਪੁਰਾਨ ਦੀ ਲੋੜ ਰਹੇ ਨਾ ਰਾਈਆ । ਜਗਤ ਨਾਲੋਂ ਵੱਖਰੀ ਖੋਲ੍ਹ ਲਓ ਅੱਖ, ਤੱਕੋ ਪਰਤੱਖ ਰੂਪ ਗੁਸਾਈਆ । ਦਰਦੀ ਹੋ ਕੇ ਆਵੋ ਨੱਠ, ਭੱਜੋ ਵਾਹੋ ਦਾਹੀਆ । ਸਚ ਦਵਾਰੇ ਕਰ ਇਕੱਠ, ਇਕੋ ਬੋਲੀ ਦਿਉ ਸੁਣਾਈਆ । ਜੇ ਪ੍ਰਭ ਦੇਣਾ ਤੇ ਦੇ ਧੀਰਜ ਯਤ, ਸਤਿ ਹਠ ਸੰਤੋਖ ਆਪਣਾ ਨਾਮ ਝੋਲੀ ਪਾਈਆ । ਮਾਨਸ ਜਨਮ ਨਾ ਹੋਵੇ ਭੱਠ, ਖੇੜਾ ਧੁਰ ਦਾ ਦੇਣਾ ਵਸਾਈਆ । ਅਸੀਂ ਮੰਗਤੇ ਬ੍ਰਾਹਮਣ ਤੂੰ ਦੇਣ ਵਾਲਾ ਸਿੱਧਾ ਜਿਹਾ ਜੱਟ, ਹਾਣ ਲਾਭ ਨਾ ਕੋਇ ਰਖਾਈਆ । ਭਾਵੇਂ ਰੋੜੀ ਗੰਨਾ ਦੇ ਭਾਵੇਂ ਉਲਟ ਦੇ ਮੱਟ, ਕਾਇਆ ਮਟਕੀ ਦੇ ਭਰਾਈਆ । ਜੋ ਤੇਰੇ ਦਵਾਰੇ ਆਵੇ ਸੋ ਜਾਏ ਖੱਟ, ਖਟਕਾ ਰਹੇ ਨਾ ਰਾਈਆ ।



੨੯੦
੧੯

ਬ੍ਰਾਹਮਣ ਕਹੇ ਸਾਡੀ ਰੀਤੀ ਖਾ ਪੀ ਕੇ ਝਟ, ਠੂਠਾ ਬਗ਼ਲ ਵਿਚ ਛੁਪਾਈਆ । ਦਵਾਨੀ ਚਵਾਨੀ ਲੈ ਕੇ ਜਾਈਏ ਨੱਠ, ਪਿਛਾ ਫੇਰ ਨਾ ਕੋਇ ਬਦਲਾਈਆ । ਜੇ ਕੋਈ ਝੋਲੀ ਦਾਣੇ ਦੇਵੇ ਸੱਟ, ਗਠੜੀ ਭਾਰ ਸੀਸ ਚੁਕਾਈਆ । ਜੇ ਕੋਈ ਖੁਲ੍ਹਾ ਵੇਖੀਏ ਹੱਟ, ਸਸਤੇ ਦਾਮਾਂ ਦਈਏ ਲੁਟਾਈਆ । ਨਾਲੇ ਕਹੀਏ ਜਜਮਾਨਾਂ ਦੀ ਮਾਰੀ ਗਈ ਮਤ, ਖਾ ਕੇ ਸਾਡਾ ਸ਼ੁਕਰ ਮਨਾਈਆ । ਨਾਲੇ ਵੇਖੀਏ ਚੋਰੀ ਅੱਖ, ਹੱਥ ਮੱਥੇ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਿਹਰਵਾਨ ਕਹੇ ਮੰਗਤਿਓ ਮੰਗਣ ਦੀ ਸਿਖ ਲਓ ਜਾਚ, ਯਾਚਕ ਹੋ ਕੇ ਦਿਆਂ ਸਮਝਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਆਈ ਤੁਹਾਡੀ ਰਾਤ, ਭਗਤ ਭਗਵਾਨ ਵੱਜੇ ਵਧਾਈਆ । ਨਿੱਕੀ ਜਿਹੀ ਸਮਝ ਲਓ ਬਾਤ, ਬਾਤਨ ਪੜਦਾ ਦਿਆਂ ਖੁਲ੍ਹਾਈਆ । ਮਨ ਮਤ ਰੱਖਿਓ ਨਾ ਕੋਈ ਨਾਰ ਕਮਜਾਤ, ਕੁਲੱਖਣੀ ਅੰਦਰੋਂ ਦੇਣੀ ਕਢਾਈਆ । ਆਪਣੀ ਆਤਮ ਪਰਮਾਤਮ ਦੀ ਸਮਝ ਲਓ ਜਾਤ, ਦੂਜੀ ਵੰਡ ਨਾ ਕੋਇ ਵਖਾਈਆ । ਉਹ ਤੁਹਾਡਾ ਤੁਹਾਡੇ ਵਸੇ ਪਾਸ, ਸੇਜ ਸੁਹੰਜਣੀ ਡੇਰਾ ਲਾਈਆ । ਜਿਧਰ ਵੇਖੋ ਤੱਕੋ ਸਦਾ ਸਾਥ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਵਡਿਆਈਆ । ਫਲਗੁਣ ਕਹੇ ਧੰਨ ਭਾਗ ਜੇ ਮੰਗਣ ਆਏ ਮੰਗਤੇ, ਘਰ ਸਾਚੇ ਵੱਜੀ ਵਧਾਈਆ । ਜੋ ਮੰਜ਼ਲ ਅਗਲੀ ਲੰਘਦੇ, ਪਿਛਲਾ ਪੰਧ ਚੁਕਾਈਆ । ਝਗੜੇ ਮੁਕਾ ਕੇ ਕੂੜੇ ਸੰਗ ਦੇ, ਇਕੋ ਕੰਤ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਉਠਾਈਆ । ਫਲਗੁਣ ਕਹੇ ਮੰਗਤਿਓ ਕਰ ਲਓ ਫੁਰਤੀ, ਚੇਤਨ ਚਲਾਕ ਆਪਣਾ ਆਪ ਲੈਣਾ ਬਣਾਈਆ । ਸਤਿਗੁਰ ਸ਼ਬਦ ਦਾਨ ਪਾਓ ਝੋਲੀ ਸੁਰਤੀ, ਸੁਤੀ ਲਏ ਅੰਗੜਾਈਆ । ਸਾਢੇ ਤਿੰਨ ਹੱਥ ਕਾਇਆ ਚੋਲੀ ਦੀ ਸੋਹੇ ਕੁੜਤੀ, ਅੰਗੀ ਇਕੋ ਵੇਖ ਵਖਾਈਆ । ਜੇ ਕੁਛ ਹੋਰ ਨਹੀਂ ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਪ੍ਰਭੂ ਦੇ ਨਾਮ ਦੀ ਲੈ ਕੇ ਜਾਇਓ ਗੁੜਤੀ, ਅਗੇ ਦਾਈਆਂ ਦੀ ਲੋੜ ਰਹੇ ਨਾ ਰਾਈਆ । ਖੇਲ ਮੁਕ ਜਾਏ ਦੇਵਤ ਸੁਰ ਦੀ, ਸੁਤਿਆਂ ਲਏ ਉਠਾਈਆ । ਇਹ ਵਡਿਆਈ ਪੂਰੇ ਸਤਿਗੁਰ ਦੀ, ਜੋ ਗੋਦੀ ਆਪਣੀ ਲਏ ਟਿਕਾਈਆ । ਮੰਗਤਿਓ ਤੁਹਾਡੀ ਮਨਸਾ ਰਹੇ ਨਾ ਝੁਰਦੀ, ਹਿਰਸ ਹਵਸ ਦਏ ਮਿਟਾਈਆ । ਤੁਹਾਡੀ ਵਸਤ ਦਿਤੀ ਕਦੇ ਨਾ ਖੁਰਦੀ, ਖ਼ੁਦ ਮਾਲਕ ਹੋਏ ਸਹਾਈਆ । ਕੁਛ ਦਾਤ ਬਾਕੀ ਅਨੰਦਪੁਰ ਦੀ, ਜੋ ਪੁਰੀਆਂ ਲੋਆਂ ਤੋਂ ਬਾਹਰ ਤੁਹਾਡੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚ ਸਰਨਾਈਆ । ਫਲਗੁਣ ਕਹੇ ਮੰਗਤਿਓ ਤੁਹਾਡਾ ਦੇਵਣਵਾਲਾ ਦਾਤਾ, ਦਾਨੀ ਹੋ ਕੇ ਫੇਰਾ ਪਾਈਆ । ਉਸ ਨੂੰ ਦੱਸੋ ਆਪਣੀ ਗਾਥਾ, ਤਨ ਮਨ ਦਾ ਹਾਲ ਜਣਾਈਆ । ਅੰਧੇਰਾ ਮੁੱਕੇ ਨਾ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਲੇਖਾ ਮੁਕੇ ਨਾ ਬਿਧਨਾ ਮਾਤਾ, ਸਤਰਾਂ ਢਾਈ ਨਾ ਕੋਇ ਗਵਾਈਆ । ਚਿਤਰ ਗੁਪਤ ਦਾ ਚੁਕੇ ਨਾ ਖਾਤਾ, ਹਿਸਾਬ ਕਿਤਾਬ ਨਾ ਕੋਇ ਕਢਾਈਆ । ਲਾੜੀ ਮੌਤ ਦਾ ਮਿਟੇ ਨਾ ਹਾਸਾ, ਕੋਟਨ ਹਸਤੀਆਂ ਗਈ ਮਿਟਾਈਆ । ਧਰਮ ਰਾਏ ਦਾ ਤੁਟਾ ਨਾ ਸਾਕਾ, ਸੱਜਣ ਸਾਹਿਬ ਨਾ ਕੋਇ ਮਿਲਾਈਆ । ਜਨ ਭਗਤੋ ਤੁਹਾਡਾ ਮੇਲ ਹੋਇਆ ਇਤਫ਼ਾਕਾ, ਇਤਮੀਨਾਨ ਨਾਲ ਦਏ ਸਮਝਾਈਆ । ਤੁਹਾਨੂੰ ਪਿਛਲਾ ਦਾਨ ਦੇਣਾ ਖਾਸਾ, ਥੋੜਿਉਂ ਬਹੁਤਾ ਦਏ ਵਰਤਾਈਆ । ਆਤਮ ਪਰਮਾਤਮ ਜੋੜ ਕੇ ਨਾਤਾ, ਨਾਤਵਾਂ ਜੋਬਨ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਫਲਗੁਣ ਕਹੇ ਮੰਗਤਿਓ ਝੋਲੀ ਲਓ

ਅੱਡ, ਅਡਰਾ ਰਾਹ ਵਖਾਈਆ । ਜੁਗ ਚੌਕੜੀ ਜਿਸ ਨੂੰ ਆਏ ਛੱਡ, ਮੰਜ਼ਲ ਪੰਧ ਮੁਕਾਈਆ । ਉਹ ਪਾਰ ਕਰਕੇ ਦੋ ਜਹਾਨਾਂ ਹੱਦ, ਹਾਜ਼ਰ ਹੋ ਕੇ ਰਿਹਾ ਸਮਝਾਈਆ । ਜਨ ਭਗਤੋ ਇਕੋ ਵਾਰ ਤੁਹਾਨੂੰ ਬਣਾ ਲਿਆ ਆਪਣੀ ਯਦ, ਪਿਛੇ ਹੋਰ ਨਾ ਕੁਛ ਰਖਾਈਆ । ਆਪਣੇ ਨਾਲ ਸਾਂਝਾ ਬਣਾ ਕੇ ਛੰਦ, ਸੋਹੰ ਢੋਲਾ ਦਿਤਾ ਦ੍ਰਿੜਾਈਆ । ਛੱਡ ਕੇ ਪੁਰੀ ਅਨੰਦ, ਅਨੰਦ ਤੁਹਾਡੇ ਅੰਦਰ ਦਿਤਾ ਪਰਗਟਾਈਆ । ਅਗੇ ਜਾਣਾ ਪਏ ਨਾ ਕੋਲ ਗੰਗ, ਮਈਆ ਸੀਸ ਨਾ ਕੋਇ ਨਿਵਾਈਆ । ਦਾਨ ਲਵੋ ਭਾਵੇਂ ਨਿਸ਼ੰਗ, ਨਿਸ਼ਾਨਾ ਆਪਣਾ ਦਏ ਲਗਾਈਆ । ਜਿਹੜੇ ਭਗਤ ਦਵਾਰਾ ਆਏ ਲੰਘ, ਉਹ ਪ੍ਰਭੂ ਨੂੰ ਆਪਣੇ ਅੰਤਰ ਗਏ ਸਮਾਈਆ । ਸ੍ਰੀ ਭਗਵਾਨ ਤੁਹਾਡੇ ਦਵਾਰਿਉਂ ਖਾਵਣ ਵਾਲਾ ਡੰਗ ਡੰਗ, ਟੁਕੜਾ ਟੁਕੜਾ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਦਏ ਸਮਝਾਈਆ । ਫਲਗੁਣ ਕਹੇ ਮੈਂ ਵੇਖੇ ਫਲਦੇ ਫੁਲਦੇ, ਪੱਤ ਟਹਿਣੀ ਨਾਲ ਮਹਿਕਾਈਆ । ਜੋਬਨ ਵੇਖੇ ਗ਼ੁੰਚੇ ਗੁਲ ਦੇ, ਗੁਲਸ਼ਨ ਰਹੇ ਮਹਿਕਾਈਆ । ਭਾ ਵੇਖੇ ਜਗਤ ਮੁੱਲ ਦੇ, ਕ਼ੀਮਤ ਟਕਿਆਂ ਵਾਲੀ ਸਮਝਾਈਆ । ਜਿਸ ਵੇਲੇ ਸ੍ਰੀ ਭਗਵਾਨ ਦੇ ਸਚ ਦਵਾਰੇ ਖੁਲ੍ਹਦੇ, ਲੋਕਮਾਤ ਵੱਜੀ ਵਧਾਈਆ । ਜਿਹੜੇ ਮੰਗਤੇ ਪ੍ਰਭੂ ਦੀ ਕੁਲ ਦੇ, ਉਹ ਕੁੱਲ ਮਾਲਕ ਆਪਣੇ ਨਾਲ ਰਲਾਈਆ । ਭਗਤੋ ਤੁਸੀਂ ਮੰਗਣ ਵਾਲੀ ਵਸਤੂ ਅਜੇ ਭੁਲਦੇ, ਭੁੱਲਿਆਂ ਦਏ ਸਮਝਾਈਆ । ਜਿਨ੍ਹਾਂ ਦੇ ਅੰਤਰ ਮੇਰੇ ਪ੍ਰੇਮ ਪਿਆਰ ਦੇ ਹੰਝੂ ਡੁਲ੍ਹਦੇ, ਬਿਨ ਅੱਖਾਂ ਨੀਰ ਰਹੇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਮਾਈਆ । ਫਲਗੁਣ ਕਹੇ ਜਨ ਭਗਤੋ ਤੁਹਾਡੇ ਅੰਦਰ ਸਤਿ ਸੰਤੋਖ, ਸੰਤੁਸ਼ਟ ਦਏ ਕਰਾਈਆ । ਤੁਸੀਂ ਦਿਓ ਪ੍ਰਭੂ ਨੂੰ ਮੋਖ, ਆਪਣੇ ਪਾਪ ਇਸ ਦੀ ਝੋਲੀ ਪਾਈਆ । ਝਗੜਾ ਮੁਕਾ ਲਓ ਲੋਕ ਪਰਲੋਕ, ਆਵਣ ਜਾਵਣ ਰਹੇ ਨਾ ਰਾਈਆ । ਮਨ ਦੀ ਕੂੜੀ ਛੱਡ ਦਿਓ ਸੋਚ, ਸਮਝ ਬੁਧ ਨਾ ਕੋਇ ਵਡਿਆਈਆ । ਝਗੜਾ ਮੁਕ ਜਾਏ ਹਰਖ਼ ਸੋਗ, ਚਿੰਤਾ ਗ਼ਮ ਨਾ ਕੋਇ ਵਖਾਈਆ । ਜਿਸ ਨੇ ਤੁਹਾਨੂੰ ਆਪਣੇ ਨਾਮ ਦੀ ਦਿਤੀ ਚੋਗ, ਤ੍ਰਿਸ਼ਨਾ ਭੁੱਖ ਦਿਤੀ ਮਿਟਾਈਆ । ਦਰਸ਼ਨ ਦੇ ਕੇ ਇਕ ਅਮੋਘ, ਅਮਰਾਪਦ ਦਿਤਾ ਜਣਾਈਆ । ਪੰਧ ਮੁਕਾ ਕੇ ਜਗਤ ਵਿਜੋਗ, ਧੁਰ ਸੰਜੋਗ ਲਿਆ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦਏ ਉਠਾਈਆ । ਭਗਤੋ ਤੁਸੀਂ ਬ੍ਰਾਹਮਣ ਕੇ ਡੂੰਮ, ਢੋਲ ਢਮੱਕਾ ਨਜ਼ਰ ਕੋਇ ਨਾ ਆਈਆ । ਜਿਸ ਪ੍ਰਭੂ ਨੂੰ ਪਿਛੇ ਸਾਰੇ ਸਮਝਦੇ ਰਹੇ ਸੂੰਮ, ਕੰਜੂਸਾਂ ਦਾ ਕੰਜੂਸ ਦਏ ਜਣਾਈਆ । ਤੁਹਾਡੇ ਸਾਹਮਣੇ ਚਾਰ ਜੁਗ ਦਾ ਬਦਲ ਕੇ ਕ਼ਾਨੂੰਨ, ਕ਼ਾਇਮ ਕਰ ਕੇ ਤੁਹਾਨੂੰ ਦਿਤਾ ਵਖਾਈਆ । ਇਕੋ ਦੱਸ ਕੇ ਅਗੰਮਾ ਮਜ਼ਮੂਨ, ਸ਼ਾਸਤਰ ਸਿਮਰਤ ਵੇਦ ਪੁਰਾਨ ਦਿਤੇ ਭੁਲਾਈਆ । ਧੁਰ ਦਾ ਮਾਰਗ ਦੱਸ ਅਸੂਲ, ਅਸਲੀਅਤ ਇਕੋ ਦਿਤੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਿਰ ਆਪਣਾ ਹੱਥ ਰਖਾਈਆ । ਫਲਗੁਣ ਕਹੇ ਮੈਂ ਵੇਖਿਆ ਤੱਕਿਆ ਜਾਣਿਆ ਜਗ, ਜਗਦੀ ਜੋਤ ਨਜ਼ਰੀ ਆਈਆ । ਮੈਨੂੰ ਖ਼ੁਸ਼ੀ ਹੋਈ ਅੱਜ, ਮਿਲੀ ਸਚ ਵਡਿਆਈਆ । ਜੋ ਦੋ ਜਹਾਨਾਂ ਸ੍ਰੀ ਭਗਵਾਨਾ ਆਇਆ ਤਜ, ਨਿਰਵੈਰ ਆਪਣਾ ਵੇਸ ਵਟਾਈਆ । ਸਚ ਸਿੰਘਾਸਣ ਬੈਠਾ ਸਜ, ਸੱਜਣ ਗੁਰਮੁਖ ਨਾਲ ਮਿਲਾਈਆ । ਬਿਨਾ ਕਾਅਬਿਉਂ ਕਰਾ ਕੇ ਹੱਜ, ਹਾਜ਼ਰ ਹੋ ਕੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਰਮ ਭੁਲੇਖਾ ਦੂਰ ਕਰਾਈਆ । ਫਲਗੁਣ ਕਹੇ ਕੀ ਮੰਗਣ ਪੰਡਤ ਪਾਂਧੇ, ਮੰਗ ਮੰਗ ਥੱਕੇ ਵਿਚ

ਲੋਕਾਈਆ । ਗਊ ਨੂੰ ਕਹਿ ਕੇ ਗਊ ਮਾਤਾ ਚਰਾਉਂਦੇ ਰਹੇ ਢਾਂਡੇ, ਸੀਰ ਜਗਤ ਮੁਖ ਚੁਆਈਆ । ਗੰਗਾ ਗੋਦਾਵਰੀ ਰਹੇ ਨਹਾਂਦੇ, ਜੰਞੂ ਬੋਦੀ ਕਰ ਸਫ਼ਾਈਆ । ਸੂਰਜ ਨੂੰ ਪਾਣੀ ਰਹੇ ਚੜ੍ਹਾਂਦੇ, ਚੁਲੀਆਂ ਨਾਲ ਭਰਾਈਆ । ਨੌ ਨੌ ਟੁਭੀਆਂ ਰਹੇ ਲਾਂਦੇ, ਨੇਤਰ ਨੈਣ ਬੰਦ ਵਖਾਈਆ । ਪ੍ਰਭੂ ਦਾ ਦਰਸ ਮੂਲ ਨਾ ਪਾਂਦੇ, ਤਰਸੂਲ ਮੱਥੇ ਉਤੇ ਘਸਾਈਆ । ਅੱਗਾ ਪਿਛਾ ਤੱਕਣ ਆਉਂਦੇ ਜਾਂਦੇ, ਕਰਮੰਡਲ ਹੱਥਾਂ ਵਿਚ ਖੜਕਾਈਆ । ਖੀਰਾਂ ਵਾਲੇ ਤੱਕਣ ਭਾਂਡੇ, ਸੂਕਰ ਡੰਡਿਆਂ ਨਾਲ ਹਟਾਈਆ । ਮੂਰਖ ਮਤ ਨਾਲ ਰਹੇ ਖਾਂਦੇ, ਗੁਰਮਤ ਨਾ ਕੋਇ ਜਣਾਈਆ । ਪੁੱਤਰਾਂ ਜੰਮਿਆਂ ਤੋਂ ਘਰ ਘਰ ਰਹੇ ਜਾਂਦੇ, ਓਅੰ ਤਤ ਸਤਿ ਸੁਣਾਈਆ । ਪ੍ਰਭ ਚਰਨਾਂ ਤੋਂ ਰਹੇ ਵਾਂਝੇ, ਦਰਗਾਹ ਮਿਲੀ ਨਾ ਕੋਇ ਸਰਨਾਈਆ । ਅੰਤ ਹੱਥ ਗਏ ਨਾਂਗੇ, ਪੜਦਾ ਓਢਣ ਨਾ ਕੋਇ ਟਿਕਾਈਆ । ਹੋਈ ਸਹਾਈ ਨਾ ਮਾਈ ਗਾਂਗੇ, ਗੁੰਗੀ ਹੋ ਕੇ ਬੈਠੀ ਜ਼ਬਾਨ ਦਬਾਈਆ । ਨਾਤੇ ਬਣੇ ਨਾ ਸੱਚੇ ਸਾਂਝੇ, ਸੱਜਣ ਯਾਰ ਨਾ ਕੋਇ ਹੰਢਾਈਆ । ਅੰਤਮ ਰੋ ਰੋ ਨੀਰ ਵਹਾਂਦੇ, ਹੰਝੂਆਂ ਹਾਰ ਬਣਾਈਆ । ਬਿਨ ਸਾਹਿਬ ਸਵਾਮੀ ਪਛਤਾਂਦੇ, ਪਿਛਾ ਅਗੇ ਨਾ ਕੋਇ ਛੁਡਾਈਆ । ਸੋ ਕਲਜੁਗ ਅੰਤਮ ਮੰਗਣ ਆਏ ਨਾ ਮੂਲ ਸ਼ਰਮਾਂਦੇ, ਮਾਂਗਤ ਹੋ ਕੇ ਝੋਲੀ ਡਾਹੀਆ । ਜੋ ਦਰ ਆ ਗਏ ਝੱਖੜ ਮੀਂਹ ਝਾਂਜੇ, ਆਪਣਾ ਪੰਧ ਮੁਕਾਈਆ । ਉਹ ਬਹਿ ਗਏ ਘਰ ਠਾਂਡੇ, ਜਿਥੇ ਅਗਨ ਨਾ ਕੋਇ ਤਪਾਈਆ । ਏਸੇ ਕਰਕੇ ਚੌਲ ਪੱਕੇ ਵਿਚ ਹਾਂਡੇ, ਬ੍ਰਾਹਮਣ ਦੇਣੇ ਖਵਾਈਆ । ਜਿਨ੍ਹਾਂ ਦੀ ਪੂਰੀ ਕਰਨੀ ਤਾਂਘੇ, ਤ੍ਰਿਸ਼ਨਾ ਦੇਣੀ ਮਿਟਾਈਆ । ਖ਼ਾਲੀ ਭਰਨੇ ਭਾਂਡੇ, ਊਣਤਾ ਰਹੇ ਨਾ ਰਾਈਆ ।
੨੬੩ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਈਆ । ਜਨ ਭਗਤੋ ਪ੍ਰਭ ਦਾ ਨਾ ਕੋਈ ਪੁੱਤ ਨਾ ਕੋਈ ਪੋਤਰਾ, ੨੬੩
੧੯ ਪਿਤਾ ਸਭ ਦਾ ਨਜ਼ਰੀ ਆਈਆ । ਉਹ ਖ਼ੁਸ਼ੀਆਂ ਵਿਚ ਕਿਸੇ ਦਾ ਸਗਣਾਂ ਵਾਲਾ ਚੁੱਕੇ ਨਾ ਟੋਕਰਾ, ਭਾਰ ਗਠੜੀ ਹੱਥ ਨਾ ਕੋਇ ਉਠਾਈਆ । ੧੯
ਨਾ ਕੋਈ ਧੀ ਤੇ ਨਾ ਕੋਈ ਦੋਹਤਰਾ, ਨਾ ਕੋਈ ਬਣੇ ਜਵਾਈਆ । ਨਾ ਜਾਵੇ ਕਦੇ ਪ੍ਰਭ ਔਂਤਰਾ, ਸਦ ਵਜਦੀ ਰਹੇ ਵਧਾਈਆ । ਪੰਡਤੋ ਅਗੇ ਤੁਹਾਨੂੰ ਕਿਸੇ ਨਹੀਂ ਬਹਾਉਣਾ ਸਾਫ਼ ਕਰ ਕੇ ਚੌਂਤਰਾ, ਗਊ ਗੋਬਰ ਨਾ ਕੋਇ ਫਿਰਾਈਆ । ਤੁਹਾਨੂੰ ਬਹਿਣਾ ਪਏ ਨਾ ਮਾਰ ਕੇ ਚੌਂਕੜਾ, ਹੱਥ ਟਿੰਡਾ ਉਤੇ ਟਿਕਾਈਆ । ਤੁਹਾਡੇ ਅਗੇ ਕਿਸੇ ਗੁਰਮੁਖ ਨਹੀਂ ਰਖਣੀ ਰੋਕੜਾ, ਦੱਛਣਾਂ ਦਾਨ ਨਾ ਕੋਇ ਵਰਤਾਈਆ । ਤੁਹਾਡਾ ਵਿਹੜਾ ਰਹਿਣਾ ਨਹੀਂ ਮੋਕਲਾ, ਭੀੜੀ ਗਲੀ ਦੇਣੀ ਸਮਝਾਈਆ । ਡੂੰਘਾ ਦੱਸਣਾ ਕੋਠੜਾ, ਦਰਵਾਜ਼ਾ ਦਰ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਫਲਗੁਣ ਕਹੇ ਜਨ ਭਗਤੋ ਤੁਹਾਨੂੰ ਸਦਾ ਵਧਾਈ, ਵਾਧਾ ਤੁਹਾਡੇ ਵਿਚ ਬਣਾਈਆ । ਭਗਤਾਂ ਵਿਚ ਭਗਤ ਮਿਲ ਕੇ ਬਣਿਆ ਭਾਈ, ਵੱਡਾ ਛੋਟਾ ਨਾ ਕੋਇ ਵਖਾਈਆ । ਜਿਸ ਦਾ ਪਿਛਲਾ ਲੇਖਾ ਲਹਿਣਾ ਦੇਣਾ ਨਾਨਕ ਦੱਸ ਕੇ ਗਿਆ ਰਾਹੀ, ਰਹਿਬਰ ਹੋ ਕੇ ਆਪ ਜਣਾਈਆ । ਦਾਤਾ ਦਾਨੀ ਦੇਵਣਹਾਰ ਬੇਪਰਵਾਹੀ, ਬੇਪਰਵਾਹ ਆਪਣਾ ਰੰਗ ਚੜ੍ਹਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ, ਪੜਦਾ ਉਹਲਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਫਲਗੁਣ ਕਹੇ ਭਗਤੋ ਦੱਸਾਂ ਸਾਖਿਆਤ, ਸਹਿਜ ਸਹਿਜ ਸਮਝਾਈਆ । ਵੇਦ ਵਿਆਸਾ ਲਿਖ ਕੇ ਗਿਆ ਨਾਲ ਕਲਮ ਦਵਾਤ, ਪੁਰਾਨ ਭਵਿਖ ਵਿਚ ਦ੍ਰਿੜਾਈਆ । ਜੋ ਸ਼ੇਰਾ ਵਾਲੀ ਜਾਤ, ਸ਼ਹਿਨਸ਼ਾਹ ਸਰਨਾਈਆ । ਜਿਸ ਵੇਲੇ ਕਲ ਆਵੇ ਅੰਧੇਰੀ ਰਾਤ, ਕਲਮਾ ਭੁੱਲੇ ਲੋਕਾਈਆ । ਖੇਲ

ਹੋਵੇ ਚਾਰ ਕੁੰਟ ਦਹਿ ਦਿਸ਼ਾ ਸਮਝੇ ਕੋਈ ਨਾ ਬਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦਏ ਦ੍ਰਿੜਾਈਆ। ਫਲਗੁਣ ਕਹੇ ਵਧਾਨ ਨਹੀਂ ਇਹ ਵਾਧਾ, ਵਜ੍ਹਾ ਨਾਲ ਜਣਾਈਆ। ਜੇ ਪੂਰਨ ਸਿੰਘ ਸਮਝਿਓ ਦਾਦਾ, ਇਹ ਵੀ ਭੁੱਲ ਵਖਾਈਆ। ਜਿਸ ਦਾ ਪ੍ਰੇਮ ਸਭ ਨਾਲ ਸਾਂਝਾ, ਹਿੱਸਿਆਂ ਵਾਲੀ ਵੰਡ ਨਾ ਕੋਇ ਵੰਡਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ। ਧੁਰ ਫ਼ਰਮਾਨਾ ਸੁਣੋ ਅਜ਼ੀਜ਼, ਬੱਚਿਓ ਦਿਆਂ ਸਮਝਾਈਆ। ਸਾਚੀ ਦੱਸ ਤਮੀਜ਼, ਤਮਅ ਦਿਆਂ ਗਵਾਈਆ। ਤੱਕੋ ਲਾ ਕੇ ਨੀਝ, ਨੇਤਰ ਅੱਖ ਖੁਲ੍ਹਾਈਆ। ਤੁਹਾਨੂੰ ਚਾਅ ਤੇ ਤੁਸੀਂ ਕਰੋ ਰੀਝ, ਰੀਝ ਦੇ ਅਗੇ ਪ੍ਰਭ ਨੂੰ ਲਓ ਮਨਾਈਆ। ਜੋ ਪ੍ਰੇਮ ਪਿਆਰ ਪ੍ਰੀਤੀ ਅੰਦਰ ਜਾਏ ਪਤੀਜ, ਇਕੋ ਪਿਤਾ ਇਕੋ ਮਾਈਆ। ਜੇ ਗੁਰ ਪਰਨਾਲੀ ਦੀ ਸਮਝ ਲਓ ਤਰਤੀਬ, ਭਰਮ ਭੁਲੇਖਾ ਰਹੇ ਨਾ ਰਾਈਆ। ਜਨ ਭਗਤੋ ਤੁਸੀਂ ਪਾਤਸ਼ਾਹ ਮੈਂ ਮੰਗਤਾ ਤੁਹਾਡਾ ਗ਼ਰੀਬ, ਤੁਹਾਡੇ ਗੁਨਾਹਾਂ ਦਾ ਮਾਲਕ ਜਨਾਂਹ ਵਿਚੋਂ ਲਵਾਂ ਬਚਾਈਆ। ਤੁਸੀਂ ਮੰਗਤੇ ਨਹੀਂ ਮੈਂ ਮੰਗਤਾ ਤੁਹਾਡੀ ਲੰਘ ਕੇ ਆਇਆ ਦਹਿਲੀਜ਼, ਸਚਖੰਡ ਨਿਵਾਸੀ ਹੋ ਕੇ ਲੋਕਮਾਤ ਫੇਰਾ ਪਾਈਆ। ਕਿਸੇ ਗਿਆ ਨਹੀਂ ਮੰਦਰ ਮਸੀਤ, ਸ਼ਿਵਦਵਾਲਾ ਮੱਠ ਰਾਹ ਨਾ ਕੋਇ ਤਕਾਈਆ। ਜੁਗ ਚੌਕੜੀ ਦੀ ਤੁਹਾਡੀ ਲੱਗੀ ਪ੍ਰੀਤ, ਪ੍ਰੀਤਮ ਹੋ ਕੇ ਤੋੜ ਨਿਭਾਈਆ। ਤੁਹਾਡੇ ਨਾਲੋਂ ਮੈਨੂੰ ਤੁਹਾਡੀ ਬਹੁਤੀ ਉਡੀਕ, ਤੁਸੀਂ ਬੀਤੇ ਦਿਨ ਗਿਣੋ ਮੈਂ ਘੜੀ ਘੜੀ ਤੁਹਾਡਾ ਰਾਹ ਤਕਾਈਆ। ਸਚ ਪੁਛੋ ਮੈਂ ਤੁਹਾਡੇ ਅੰਦਰ ਸਦਾ ਨਜ਼ਦੀਕ, ਦੂਰ ਨੇੜਾ ਨਾ ਕੋਇ ਵਖਾਈਆ। ਤੁਹਾਨੂੰ ਚਿਰ ਲਗਦਾ ਬਦਲਣ ਲਗਿਆਂ ਕ਼ਮੀਜ਼, ਮੈਂ ਇਸ ਤੋਂ ਪਹਿਲੋਂ ਕੋਟਨ ਚੋਲੇ ਦਿਆਂ ਬਦਲਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ। ਮੰਗਤਿਓ ਤੁਹਾਨੂੰ ਹੋਈ ਖ਼ੁਸ਼ੀ, ਅਮਰਜੀਤ ਹੋਇਆ ਘਰ ਪੁੱਤਰ, ਵੱਜੀ ਇਕ ਵਧਾਈਆ। ਮੈਂ ਅਰਸ਼ਾਂ ਤੋਂ ਆਵਾਂ ਉਤਰ, ਉੱਤਰ ਪੂਰਬ ਪੱਛਮ ਦੱਖਣ ਆਪਣੀ ਧਾਰ ਚਲਾਈਆ। ਤੁਸੀਂ ਮੇਰਾ ਥੋੜਾ ਕਰੋ ਤੇ ਮੈਂ ਤੁਹਾਡਾ ਬਹੁਤਾ ਕਰਾਂ ਸ਼ੁਕਰ, ਸ਼ਾਇਦ ਤੁਸੀਂ ਨਹੀਂ ਸਮਝੇ ਮੈਂ ਦਿਆਂ ਸਮਝਾਈਆ। ਦੱਸੋ ਮੈਂ ਕਿਹਨੂੰ ਨਾ ਚੁਕਾਂ ਕੁਛੜ, ਸਾਰੇ ਇਕੋ ਜਿਹੇ ਨਜ਼ਰੀ ਆਈਆ। ਮੈਂ ਨਾ ਕਿਸੇ ਦਾ ਚਾਚਾ ਤਾਇਆ ਨਾ ਕਿਸੇ ਦਾ ਫੁੱਫੜ, ਭੈਣ ਭਾਈ ਵਾਲੀ ਵੰਡ ਨਾ ਕੋਇ ਵੰਡਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ। ਫਲਗੁਣ ਕਹੇ ਜਨ ਭਗਤੋ ਮੈਂ ਵੇਖਾਂ ਉਹ ਫੁੱਲ, ਜਿਸ ਦੀ ਡੋਡੀ ਬਿਨ ਗੋਡੀ ਸੋਭਾ ਪਾਈਆ। ਜੋ ਕਦੀ ਨਾ ਜਾਵੇ ਰੁਲ, ਆਪਣਾ ਰੂਪ ਨਾ ਸਕੇ ਬਦਲਾਈਆ। ਤੁਹਾਡੇ ਕੋਲ ਪਵਾਉਣ ਆ ਗਿਆ ਮੁੱਲ, ਕ਼ੀਮਤ ਤੁਸਾਂ ਦੇਣੀ ਚੁਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਲਗਾਈਆ। ਫਲਗੁਣ ਕਹੇ ਮੈਂ ਫਲਿਆ, ਰਸ ਆਪਣਾ ਲਿਆ ਬਣਾਈਆ। ਲੋਕਮਾਤ ਓਹਨਾਂ ਵਿਚ ਰਲਿਆ, ਜੋ ਰੰਗ ਰਲੀਆਂ ਪ੍ਰਭ ਦੇ ਨਾਲ ਰਹੇ ਮਨਾਈਆ। ਉਸ ਢਾਂਚੇ ਵਿਚ ਢਲਿਆ, ਜਿਥੋਂ ਬਾਹਰ ਨਾ ਕੋਇ ਕਢਾਈਆ। ਉਹ ਦਵਾਰਾ ਮੱਲਿਆ, ਜਿਥੇ ਵਜਦੀ ਰਹੇ ਵਧਾਈਆ। ਜਨ ਭਗਤੋ ਤੁਹਾਨੂੰ ਸੁਨੇਹੜਾ ਪ੍ਰਭ ਨੇ ਇਕ ਘਲਿਆ, ਅਗੇ ਘਲੂਘਾਰ ਹੋਵੇ ਲੜਾਈਆ। ਤੁਸੀਂ ਆਪਣੇ ਆਪ ਨੂੰ ਕਦੀ ਨਾ ਸਮਝਿਓ ਇਕੱਲਿਆ, ਜਿਧਰ ਵੇਖੋ ਉਧਰ ਨਜ਼ਰੀ ਆਈਆ। ਪ੍ਰੀਤਮ ਹੋ ਕੇ ਫੜਿਆ ਪੱਲਿਆ ਪਲ ਪਲ ਦੀ ਕਟੇ ਜੁਦਾਈਆ। ਤੁਹਾਡਾ ਬਿਰਹੋਂ ਨਾ ਜਾਵੇ ਝੱਲਿਆ, ਝਲਕ ਦੇਵੇ ਨੂਰ ਖ਼ੁਦਾਈਆ। ਮੇਰਾ ਜ਼ਖ਼ਮ ਅਜੇ ਅਲਿਆ, ਅੱਲਾ ਦੀ ਸੌਂਹ ਸੌਹ ਅੱਲਾ

ਰਾਣੀ ਅੰਤ ਆਪਣੇ ਨਾਲ ਪਰਨਾਈਆ । ਕਿਸੇ ਚੋਣਾ ਨਹੀਂ ਮਕਬਰਿਆਂ ਉਤੇ ਤੇਲ ਪਲੀਆ, ਦੀਵਾ ਚਰਾਗ਼ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਨਾਲ ਹੁਕਮ ਦਏ ਬਦਲਾਈਆ । ਹੁਕਮ ਕਹੇ ਮੈਂ ਦੱਸਣਾ ਸਭ ਦਾ ਇਕ ਹਕੀਮ, ਜਨਮ ਕਰਮ ਦਾ ਰੋਗੀ ਰਹਿਣ ਕੋਇ ਨਾ ਪਾਈਆ । ਦੂਜਾ ਰਹਿਣ ਨਹੀਂ ਦੇਣਾ ਨੀਮ, ਖ਼ਤਰਾ ਜਾਨ ਨਾ ਕੋਇ ਜਣਾਈਆ । ਇਕ ਦਾ ਇਕ ਨੂੰ ਦੇ ਕੇ ਯਕੀਨ, ਇਕ ਦਾ ਏਕੰਕਾਰ ਦੇਣਾ ਵਖਾਈਆ । ਧੁਰ ਦੀ ਦੱਸ ਤਾਲੀਮ, ਤੁਲਬਾ ਦੇਣੇ ਪੜ੍ਹਾਈਆ । ਮਹੱਲ ਦੱਸ ਅਜ਼ੀਮ, ਆਜ਼ਮ ਦੇਣਾ ਮਿਲਾਈਆ । ਵਡਿਆਈ ਦੇ ਕੇ ਉਤੇ ਜਮੀਨ, ਜਾਮਨ ਹੋ ਕੇ ਅਗੇ ਲੈਣਾ ਛੁਡਾਈਆ । ਸਭ ਨੇ ਕਹਿਣਾ ਯਾਮਬੀਨ, ਯਾਅਮੀਨ ਤੇਰੀ ਇਕ ਸਰਨਾਈਆ । ਜਨ ਭਗਤੋ ਤੁਸਾਂ ਬਣਨਾ ਨਹੀਂ ਕਿਸੇ ਦੇ ਕਮੀਨ, ਇਕੋ ਘਰ ਦੇ ਮੰਗਤੇ ਇਕੋ ਦੇਵਣਹਾਰ ਅਖਵਾਈਆ । ਰਹਿਣਾ ਨਹੀਂ ਗ਼ਮਗੀਨ, ਗ਼ਮਾਂ ਤੋਂ ਲਏ ਛੁਡਾਈਆ । ਤੁਸਾਂ ਮੇਰੀ ਦਿਤੀ ਹੋਈ ਦਾਤ ਕਰਨੀ ਤਸਲੀਮ, ਤਮ੍ਹਾਂ ਜਗਤ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਅਗਲਾ ਦਏ ਵਖਾਈਆ । ਫਲਗੁਣ ਕਹੇ ਜਨ ਭਗਤੋ ਮੈਂ ਚਲਿਆ ਮੁਕ, ਚੜ੍ਹਕੇ ਖ਼ੁਸ਼ੀ ਵਖਾਈਆ । ਅਗੇ ਬਦਲ ਦੇਣਾ ਰੁਖ਼, ਪਾਸਾ ਦੇਣਾ ਉਲਟਾਈਆ । ਕਿਸੇ ਘਰ ਰਹਿਣ ਨਹੀਂ ਦੇਣਾ ਸੁਖ, ਸੁਖੀ ਵਸੇ ਨਾ ਕੋਇ ਲੋਕਾਈਆ । ਬਿਨਾ ਭਗਤਾਂ ਭਾਗ ਲੱਗੇ ਨਾ ਕਿਸੇ ਕੁੱਖ, ਜਣੇਂਦੀ ਮਾਂ ਨਾ ਕੋਇ ਵਡਿਆਈਆ । ਗੁਰਮੁਖੋ ਤੁਹਾਡੀ ਭੁਖਿਆਂ ਦੀ ਮਿਟਾ ਕੇ ਭੁੱਖ, ਝੋਲੀ ਇਕੋ ਦੇਣੀ ਭਰਾਈਆ । ਤੁਸੀਂ ਜਦੋਂ ਆਓ ਮੇਰੇ ਨਾਲ ਮਾਨਸ ਜਨਮ ਵਿਚ ਮਨੁੱਖ, ਮੁੱਖੀਏ ਆਪਣੇ ਜਗਤ ਦਿਆਂ ਵਖਾਈਆ । ਭਗਵਾਨ ਨੂੰ ਸਦਾ ਭਗਤ ਦੇ ਵਿਛੋੜੇ ਦਾ ਦੁੱਖ, ਵਿਛੜਿਆਂ ਲਏ ਜੁੜਾਈਆ । ਜਿਸ ਵੇਲੇ ਮੈਥੋਂ ਜਾਓ ਰੁਠ, ਮੈਂ ਲੋਕਮਾਤ ਕਦੇ ਨਾ ਆਵਾਂ ਨਿਰਗੁਣ ਸਰਗੁਣ ਫੇਰਾ ਪਾਈਆ । ਜਿਸ ਵੇਲੇ ਸਾਂਝਾ ਵੇਲਾ ਜਾਵੇ ਢੁੱਕ, ਸਮਾਂ ਦਿਆਂ ਬਦਲਾਈਆ । ਤੁਹਾਡਾ ਇਕੋ ਪਿਤਾ ਤੇ ਤੁਸੀਂ ਇਕੇ ਦੇ ਪੁੱਤ, ਇਕੋ ਜੰਮਣ ਵਾਲੀ ਮਾਈਆ । ਧੁਰ ਦੀ ਧਾਰ ਦੇ ਕੇ ਸਾਚੇ ਸੁਤ, ਸੁਤਿਆਂ ਲਵਾਂ ਉਠਾਈਆ । ਫਲਗੁਣ ਵਾਲੀ ਮੌਲੇ ਰੁਤ, ਬਸੰਤ ਰਹੀ ਮਹਿਕਾਈਆ । ਜਿਹੜੇ ਮੰਗਤੇ ਮਨ ਰਸਨਾ ਤੋਂ ਬੈਠੇ ਚੁਪ, ਹੱਕ ਸਭ ਦਾ ਵੇਖ ਵਖਾਈਆ । ਜਿਨ੍ਹਾਂ ਸੋਹੰ ਗਾ ਲਈ ਤੁਕ, ਉਹ ਤੁਰਤ ਆਪਣੇ ਵਿਚ ਸਮਾਈਆ । ਜੋ ਪ੍ਰੇਮ ਨਾਲ ਗਿਆ ਝੁਕ, ਅਨਝੁਕ ਹੋ ਕੇ ਪੈਂਡਾ ਦਿਆਂ ਚੁਕਾਈਆ । ਜੋ ਲੋਕ ਲਜਿਆ ਵਿਚ ਗਏ ਰੁਕ, ਲੱਖ ਚੁਰਾਸੀ ਵਿਚ ਦਿਆਂ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਦੀ ਹੋ ਕੇ ਦਰਦ ਵੰਡਾਈਆ । ਮੰਗਤਿਓ ਮੰਗਣ ਦਾ ਵੇਲਾ, ਜੁਗ ਚੌਕੜੀ ਦਏ ਗਵਾਹੀਆ । ਇਕੋ ਰੂਪ ਹੋ ਜਾਓ ਗੁਰੂ ਚੇਲਾ, ਚਿੱਲ੍ਹਿਆਂ ਦੀ ਲੋੜ ਰਹੇ ਨਾ ਰਾਈਆ । ਓਸ ਨਾਲ ਹੋ ਜਾਏ ਮੇਲਾ, ਜਿਸਦੇ ਮਿਲਿਆਂ ਨਾ ਹੋਏ ਜੁਦਾਈਆ । ਗੁਰਮੁਖ ਕਦੇ ਨਾ ਰਹੇ ਅਕੇਲਾ, ਅਕਲ ਕਲਧਾਰੀ ਆਪਣਾ ਸਾਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਾਹਰ ਗੁਰਮੁਖ ਲਏ ਬਣਾਈਆ । ਫਲਗੁਣ ਕਹੇ ਮੈਂ ਤੱਕੀ ਸਚ ਫੁਲਵਾੜੀ, ਰਸ ਅਗੰਮਾ ਨਜ਼ਰੀ ਆਈਆ । ਜਿਸ ਦੀ ਯਾਦ ਆਵੇ ਸੌਣੀ ਹਾੜੀ, ਹਾੜਾ ਕੱਢੇ ਲੋਕਾਈਆ । ਉਹ ਮੰਗਤਿਆਂ ਦੀ ਲੇਖੇ ਲਾਵੇ ਚਰਨ ਛੁਹਾਈ ਦਾੜ੍ਹੀ, ਵਸਤ ਅਮੋਲਕ ਨਾਮ ਦਾਨ ਝੋਲੀ ਪਾਈਆ । ਸਦਾ ਰਹੇ ਪਿਛੇ ਅਗੇ ਅਗਾੜੀ, ਏਥੇ ਓਥੇ ਸੰਗ ਬਣਾਈਆ । ਸਭ ਦੀ ਲੇਖੇ ਲਾਵੇ ਦਿਹਾੜੀ ਦਿਉਹਾੜੀ ਸਦਵਾਰ, ਹੋੜਾ ਜੋੜਾ ਜੋੜਾ ਦਏ ਵਖਾਈਆ ।

ਜਿਹੜੇ ਮੰਗਤੇ ਜੁਗ ਜਨਮ ਦੇ ਉਮੀਦਵਾਰ, ਮੰਗਦੇ ਮੰਗਦੇ ਦਵਾਰੇ ਪਹੁੰਚੇ ਆਣ, ਤਿਨ੍ਹਾਂ ਦੇ ਖ਼ਾਲੀ ਭਰੇ ਭੰਡਾਰ, ਭੁੱਖਿਆਂ ਦਏ ਰਜਾਈਆ । ਬ੍ਰਾਹਮਣ ਗੁਰਸਿਖਾਂ ਨੂੰ ਅਗੇ ਕੋਈ ਨਾ ਕਹੇ ਚੰਗਾ ਨਹੀਂ ਸ਼ਨਿਚਰਵਾਰ, ਸ਼ੰਕੇ ਸਾਰੇ ਦਏ ਮਿਟਾਈਆ । ਜਨ ਭਗਤੋ ਫਲਗੁਣ ਕਹੇ ਤੁਹਾਡੀ ਜਨਮ ਤੋਂ ਲੈ ਕੇ ਅੰਤ ਤਕ ਅੰਤ ਤੋਂ ਲੈ ਕੇ ਕੰਤ ਤਕ ਸਦਾ ਇਕੋ ਜਿਹੀ ਬਹਾਰ, ਬਹਾਰ ਵਿਚ ਮਿਲੇ ਯਾਰ, ਯਾਰ ਵਿਚ ਨਿਰੰਕਾਰ ਨਿਰੰਕਾਰ ਵਿਚ ਆਪਣਾ ਦੀਦਾਰ ਦਏ ਦਖਾਈਆ । ਤੁਸੀਂ ਕਿਸੇ ਦਰ ਤੇ ਬਣਿਓ ਨਾ ਭਿਖਾਰ, ਮਾਂਗਤ ਹੋ ਕੇ ਮੰਗਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਵਾਲੀਆਂ ਦੇ ਮੰਨੇ ਸਾਰੇ ਸਵਾਲ, ਜ਼ਵਾਲ ਤੁਹਾਡਾ ਦਿਤਾ ਚੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਵਗਾਨ, ਝਗੜਾ ਮੁਕਾ ਕੇ ਜਗਤ ਕਾਲ, ਮਹਾਂਕਾਲ ਤੋਂ ਪਰੇ ਆਪਣੇ ਵਿਚ ਸਮਾਈਆ ।

### ੨ ਫੱਗਣ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ

ਕਰੇ ਖੇਲ ਪ੍ਰਭ ਅਗੰਮੀ ਹਸਤੀ, ਹਰਿ ਸਤਿਗੁਰ ਦਇਆ ਕਮਾਈਆ । ਮਾਰਗ ਦੱਸੇ ਧੁਰ ਦਾ ਅਰਸ਼ੀ, ਫ਼ਰਸ਼ੀ ਹੁਕਮ ਸੁਣਾਈਆ । ਜਨ ਭਗਤਾਂ ਨਾਮ ਖ਼ੁਮਾਰੀ ਦੇਕੇ ਮਸਤੀ, ਮਸਤੂਆਣਾ ਸਤਿਗੁਰ ਚਰਨ ਧਾਮ ਪਰਗਟਾਈਆ । ਜੋ ਆਤਮਾ ਜੁਗ ਜਨਮ ਆਈ ਨਸਦੀ, ਕਲਜੁਗ ਅੰਤਮ ਪੰਧ ਮੁਕਾਈਆ । ਜੋਤ ਅਕਾਲਣ ਅਕਲਾਂ ਵਾਲਿਆਂ ਸਚ ਦੱਸਦੀ, ਦਹਿ ਦਿਸ਼ਾ ਦਏ ਸਮਝਾਈਆ । ਇਹ ਖੇਲ ਨਹੀਂ ਕਿਸੇ ਦੇ ਵੱਸ ਦੀ, ਧੁਰ ਦਾ ਹੁਕਮ ਹਰਿ ਕਰਤਾ ਆਪ ਪਰਗਟਾਈਆ । ਜਿਹੜੀ ਪਿਛਲੇ ਜਨਮ ਦੀ ਰਾਣੀ ਇਸ ਜਨਮ ਦੀ ਸੁਰਸਤੀ, ਸੁੱਤਿਆਂ ਲਿਆ ਉਠਾਈਆ । ਉਸ ਦੀ ਭਾਵਨਾ ਅੰਦਰ ਦੀ ਅੱਖ ਦੀ, ਭਾਣੇ ਵਿਚ ਸਮਾਈਆ । ਅਗੇ ਵਾਸਤੇ ਉਹ ਭਗਤਾਂ ਨੂੰ ਤਿਲਕ ਲਾਵੇ ਹੱਸਦੀ ਹੱਸਦੀ, ਮੰਗਣੀ ਵਿਆਹ ਵਿਚ ਮਸਤਕ ਰੰਗ ਚੜ੍ਹਾਈਆ । ਹਰਿ ਸੰਗਤ ਭਰੀ ਹੋਵੇ ਜਸ ਦੀ, ਢੋਲੇ ਸਾਹਿਬ ਸਵਾਮੀ ਗਾਈਆ । ਪ੍ਰੀਤੀ ਵੇਖਣੀ ਸੱਜੇ ਹੱਥ ਦੀ, ਜਿਸ ਨਾਲ ਗੋਬਿੰਦ ਫੜ ਕੇ ਗੋਦੀ ਵਿਚ ਟਿਕਾਈਆ । ਕਥਾ ਕਹਾਣੀ ਨਹੀਂ ਅੱਜ ਦੀ, ਜੁਗ ਜਨਮ ਦੀ ਚਲੀ ਆਈਆ । ਜਨ ਭਗਤੋ ਤੁਹਾਡੀ ਰੀਤੀ ਨਹੀਂ ਜਗ ਦੀ, ਜਾਗਦੀ ਜੋਤ ਦਏ ਵਡਿਆਈਆ । ਖੇਲ ਮੁਕੀ ਵਰਨਾਂ ਬਰਨਾਂ ਵਾਲੀ ਹੱਦ ਦੀ, ਘਰ ਇਕੋ ਦਿਤਾ ਸਮਝਾਈਆ । ਆਵਾਜ਼ ਸੁਣ ਲਓ ਓਸ ਅਗੰਮੀ ਨੱਦ ਦੀ, ਜੋ ਧੁਨ ਆਤਮਕ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋੜੀ ਉਹ ਬਣਾਏ ਜੋ ਏਥੇ ਓਥੇ ਸਜਦੀ, ਸੱਜਣਾਂ ਨਾਲ ਸੱਜਣ ਲਏ ਮਿਲਾਈਆ । ਤਿਲਕ ਕਹੇ ਮੈਂ ਲੱਗਾਂ ਓਸ ਉਂਗਲੀ, ਜੋ ਪੰਜਾਂ ਵਿਚੋਂ ਵੱਡੀ ਨਜ਼ਰੀ ਆਈਆ । ਖੋਲ੍ਹਾਂ ਅੰਦਰ ਗੁੰਝਲੀ, ਪੜਦਾ ਦਿਆਂ ਉਠਾਈਆ । ਅਗੇ ਗੁਰਮੁਖ ਗੁਰਮੁਖ ਦੀ ਕਰੇ ਕੋਈ ਨਾ ਚੁਗਲੀ, ਨਿੰਦਿਆ ਵਾਲਾ ਮੁਖ ਨਾ ਕੋਇ ਵਖਾਈਆ । ਇਹ ਰੀਤੀ ਪ੍ਰਭ ਨੇ ਫੇਰ ਪਰਗਟਾਈ ਮੁਢਲੀ, ਜੋ ਵਿਸ਼ਨੂੰ ਬ੍ਰਹਮੇ ਦਿਤੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਉਂਗਲੀ ਕਹੇ ਨਵ ਨੌਂ ਚਾਰ ਪਿਛੋਂ ਮੈਂ ਵੱਡੀ ਤੋਂ ਹੋਈ ਵੱਡੀ, ਪੁਰਖ ਅਕਾਲ ਵੱਡੀ ਦਿਤੀ ਵਡਿਆਈਆ । ਮੈਂ ਪਿਛਲੀ ਰੀਤੀ ਛੱਡੀ, ਆਪਣੀ ਲਈ ਅੰਗੜਾਈਆ । ਦੋ ਜਹਾਨਾਂ ਦੀ ਬਦਲ ਕੇ ਗੱਦੀ, ਗਾਈਡ ਗਾਡ ਦਿਤਾ ਵਖਾਈਆ । ਪਰਮ ਪੁਰਖ ਦੀ ਜਣਾ

ਕੇ ਪਹਿਲੀ ਸਦੀ, ਬਰਸੀ ਪਹਿਲੀ ਰਹੀ ਮਨਾਈਆ । ਧੰਨ ਵਡਿਆਈ ਜੇ ਭਗਤਾਂ ਦੀ ਵੇਲ ਵਧੀ, ਵਾਧਾ ਹਰਿ ਸਤਿਗੁਰ ਰਿਹਾ ਵਖਾਈਆ । ਪ੍ਰੀਤੀ ਪ੍ਰੀਤਮ ਨਾਲ ਲੱਗੀ, ਪਤਿਪਰਮੇਸ਼ਵਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦਏ ਭੁਗਤਾਈਆ । ਉਂਗਲੀ ਕਹੇ ਜਿਸ ਵੇਲੇ ਮੈਂ ਲੱਗਣਾ ਨਾਲ ਸੰਧੂਰ, ਸਨਦ ਸਾਚੀ ਦੇਣੀ ਬਣਾਈਆ । ਗੁਰਮੁਖ ਸਾਫ਼ ਕਰ ਕੇ ਵਾਂਗ ਕਾਫ਼ੂਰ, ਕਾਮਲ ਮੁਰਸ਼ਦ ਦੇਣਾ ਮਿਲਾਈਆ । ਪੂਰਬ ਜਨਮ ਦਾ ਲਹਿਣਾ ਦੇਣਾ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਈਆ । ਅਗੇ ਭਗਤਾਂ ਦਾ ਦੱਸ ਕੇ ਸਚ ਦਸਤੂਰ, ਦਸਤ ਨਾਲ ਦਸਤ ਦੇਣਾ ਮਿਲਾਈਆ । ਬੇੜਾ ਭਰ ਕੇ ਸਾਚਾ ਪੂਰ, ਪਾਰਬ੍ਰਹਮ ਦਾ ਚਪੂ ਦੇਣਾ ਵਖਾਈਆ । ਲਹਿਣਾ ਦੇਣਾ ਝੋਲੀ ਪਾ ਕੇ ਹਾਜ਼ਰ ਹਜ਼ੂਰ, ਹਾਜ਼ਰ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਆਪਣੀ ਨਾਲ ਤਰਾਈਆ । ਉਂਗਲ ਕਹੇ ਮੇਰੀ ਕਿਸੇ ਨਹੀਂ ਪਾਈ ਸਾਰ, ਵੱਡੀ ਤੋਂ ਵੱਡੀ ਨਾ ਕੋਇ ਬਣਾਈਆ । ਜੁਗ ਚੌਕੜੀ ਬੀਤੇ ਚਾਰ, ਚਾਰਜ ਗੁਰੂ ਅਵਤਾਰ ਪੈਗ਼ੰਬਰ ਆਪਣੇ ਹੱਥ ਵਿਚ ਟਿਕਾਈਆ । ਕੋਟਾਂ ਵਿਚੋਂ ਭਗਤ ਲੱਭੇ ਦੋ ਚਾਰ, ਚਾਰ ਵਰਨ ਰੋ ਰੋ ਮਾਰੇ ਧਾਈਆ । ਪੁਰਖ ਅਬਿਨਾਸ਼ੀ ਆਇਆ ਆਪਣੀ ਵਾਰ, ਵਾਰਤਾ ਆਪਣੀ ਦਏ ਜਣਾਈਆ । ਭਗਤ ਸੁਹੇਲੇ ਕਰ ਕੇ ਖ਼ਬਰਦਾਰ, ਬੇਖ਼ਬਰੀ ਵਿਚੋਂ ਉਠਾਈਆ । ਜੁਗ ਜਨਮ ਦਾ ਕਰਮ ਵਿਚਾਰ, ਧਰਮ ਦੀ ਧਾਰ ਬਣਾਈਆ । ਦੱਸ ਕੇ ਸਾਂਝਾ ਪਿਆਰ ਘਰ ਇਕੋ ਰਿਹਾ ਵਖਾਈਆ । ਹੱਕ ਦੇ ਕੇ ਪੁਰਖ ਨਾਰ, ਸਮਰਥ ਬਖ਼ਸ਼ਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੀਤੀ ਵਿਚੋਂ ਨੀਤੀ ਦਏ ਬਦਲਾਈਆ । ਉਂਗਲੀ ਕਹੇ ਜਿਸ ਵੇਲੇ ਮੈਂ ਲੱਗਣਾ ਭਗਤਾਂ ਦੇ ਨਾਲ ਮਸਤਕ, ਮਸਤ ਖ਼ੁਮਾਰੀ ਦੇਣੀ ਚੜ੍ਹਾਈਆ । ਗੁਰਮੁਖ ਰਹੇ ਕੋਈ ਨਾ ਨਾਸਤਕ, ਕੂੜੀ ਕਰਿਆ ਬਾਹਰ ਕਢਾਈਆ । ਨਾਤਾ ਜੋੜ ਕੇ ਇਕੋ ਵਾਸਤਵਕ, ਵਿਸ਼ਵ ਰੂਪ ਦੇਣਾ ਸਮਝਾਈਆ । ਜਿਨ੍ਹਾਂ ਨੂੰ ਪੜ੍ਹਨਾ ਪਏ ਨਾ ਕੋਈ ਸ਼ਾਸਤਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਘਰ ਵਸਾਈਆ । ਮਸਤਕ ਕਹੇ ਜਿਸ ਵੇਲੇ ਮੈਂ ਸੁਰਸਤੀ ਦਾ ਤੱਕਣਾ ਹੱਥ, ਬਲ ਦੀ ਮਾਸੀ ਨਜ਼ਰੀ ਆਈਆ । ਜਿਸ ਦਾ ਲੇਖਾ ਗੁਰਦਿਆਲ ਸਿੰਘ ਹੌਲੀ ਜਿਹੀ ਗਿਆ ਸੀ ਦੱਸ, ਵੀਹ ਸੌ ਚੌਦਾਂ ਵਿਚ ਸਮਝਾਈਆ । ਓਸ ਦਾ ਪੂਰਾ ਮਿਲਣ ਲੱਗਾ ਹੱਕ, ਹਕ਼ੀਕਤ ਦਏ ਗਵਾਹੀਆ । ਅਗੇ ਰਹੇ ਕੋਈ ਨਾ ਸ਼ੱਕ, ਸ਼ਕਾਇਤ ਕਰਨ ਕੋਇ ਨਾ ਆਈਆ । ਹੁਕਮ ਦੇਵੇ ਪੁਰਖ ਸਮਰਥ, ਸਮਰਥ ਹੱਥ ਵਡਿਆਈਆ । ਜਿਸ ਦੇ ਨੱਕ ਸੁਹਾਗ ਦੀ ਨੱਥ, ਮੀਢੀ ਸੀਸ ਸਚ ਗੁੰਦਾਈਆ । ਉਹ ਗੁਰਮੁਖਾਂ ਤੱਕੇ ਇਕ ਅੱਖ, ਅੱਖ ਵਿਚੋਂ ਅੱਖ ਨਾ ਕੋਇ ਬਦਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ ਹੱਸ ਹੱਸ, ਗੁਰਮੁਖ ਹਸਤੀ ਆਪਣੀ ਮਸਤੀ ਵਿਚ ਰਖਾਈਆ ।

✪ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੧ ਬਲਵੰਤ ਸਿੰਘ ਦੇ ਗ੍ਰਹਿ ਤਲਵੰਡੀ ਜੁਲੇਖਾਂ ਜ਼ਿਲਾ ਫ਼ਿਰੋਜ਼ਪੁਰ ✪

ਫਲਗੁਣ ਕਹੇ ਮੇਰਾ ਆ ਗਿਆ ਵਕਤ ਸੁਭਾਗਾ, ਸਭਾ ਸਚ ਦੀ ਵੇਖ ਖ਼ੁਸ਼ੀ ਮਨਾਈਆ । ਗੁਰਮੁਖਾਂ ਗੋਬਿੰਦ ਪਿਤਾ ਪੁਰਖ ਅਕਾਲ ਮਿਲਿਆ

ਦਾਦਾ, ਦਾਅਵੇਦਾਰ ਆਪਣੇ ਰਿਹਾ ਬਣਾਈਆ । ਜਿਨ੍ਹਾਂ ਦੇ ਅੰਤਰ ਆਤਮ ਅਮਿਉਂ ਰਸ ਦਿਤਾ ਸਵਾਦਾ, ਅਨਡਿਠ ਆਪ ਚਖਾਈਆ । ਤੂੰ ਮੇਰਾ ਮੈਂ ਤੇਰਾ ਸੁਣਾ ਕੇ ਰਾਗਾ, ਨਾਤਾ ਲਿਆ ਜੁੜਾਈਆ । ਤੰਦੀ ਡੋਰ ਫੜ ਕੇ ਵਾਗਾ, ਵਾਕਫ਼ ਆਪਣੇ ਰਿਹਾ ਬਣਾਈਆ । ਮੇਲ ਮਿਲਾ ਕੇ ਕੰਤ ਸੁਹਾਗਾ, ਜਗਤ ਵਿਛੋੜਾ ਰਿਹਾ ਕਟਾਈਆ । ਦੀਪਕ ਜੋਤ ਜਗਾ ਚਿਰਾਗਾ, ਚਾਰ ਵਰਨ ਦਏ ਸਰਨਾਈਆ । ਸਤਿ ਪ੍ਰੇਮ ਦਾ ਸੰਤੋਖੀਆਂ ਕੋਲੋਂ ਖਾ ਪਰਸ਼ਾਦਾ, ਪਰਸ਼ਾਦ ਆਪਣਾ ਸਭ ਨੂੰ ਦਏ ਵਰਤਾਈਆ । ਲੇਖਾ ਲਿਖ ਕੇ ਗਿਆ ਬਿਨ ਕ਼ਲਮੋਂ ਇਸ਼ਾਰੇ ਵਿਚ ਬੁੱਢਾ ਬਾਬਾ, ਨਾਨਕ ਨਿਰਗੁਣ ਨਿਰਵੈਰ ਧਿਆਨ ਰਖਾਈਆ । ਆਸਾ ਵਿਚ ਆਸਾਵੰਦ ਰਿਹਾ ਨਾਲ ਕ੍ਰਿਸ਼ਨ ਰਾਧਾ, ਰਾਹ ਤੱਕ ਨੈਣ ਉਠਾਈਆ । ਰਾਮ ਸੀਤਾ ਭੋਜਨ ਖਾਧਾ ਸਾਦਾ, ਬਨਬਾਸ ਪੰਚਬਟੀ ਡੇਰਾ ਲਾਈਆ । ਬਲ ਬ੍ਰਾਹਮਣ ਬੁੱਢੇ ਨੂੰ ਮਾਰਦਾ ਰਿਹਾ ਆਵਾਜ਼ਾ, ਬਾਵਨ ਅੱਖ ਨਾ ਕੋਇ ਪੁਟਾਈਆ । ਸ਼ਬਦ ਅਗੰਮੀ ਖੇਲ੍ਹ ਦੇ ਰਾਜ਼ਾ, ਰਾਜ਼ਕ ਰਿਜ਼ਕ ਰਹੀਮ ਰਿਹਾ ਜਣਾਈਆ । ਮੁਹੰਮਦ ਆਸ ਰਖੀ ਵਿਚ ਨਿਮਾਜ਼ਾ, ਮਾਸ਼ਾਅੱਲਾ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਚੁਕਾਈਆ । ਫਲਗੁਣ ਕਹੇ ਮੈਨੂੰ ਯਾਦ ਆ ਗਿਆ ਭਵਿਖਤ, ਧੁਰ ਦੀ ਭਾਖਿਆ ਦਏ ਗਵਾਹੀਆ । ਜਿਸ ਵੇਲੇ ਈਸਾ ਲਿਖਣ ਲੱਗਾ ਸੀ ਲਿਖਤ, ਇਸ਼ਟ ਆਪਣਾ ਇਕ ਮਨਾਈਆ । ਖੁਲ੍ਹੀ ਅੰਦਰੋਂ ਦ੍ਰਿਸ਼ਟ, ਦਹਿ ਦਿਸ਼ਾ ਸੁਣੀ ਸ਼ਨਵਾਈਆ । ਲੇਖਾ ਮੁੱਕਿਆ ਬਹਿਸ਼ਤ, ਜਲਵਾ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਫਲਗੁਣ ਕਹੇ ਜਿਸ ਵੇਲੇ ਈਸਾ ਨੇ ਕੀਤਾ ਸਲਾਮ, ਸੀਸ ਸਜਦਿਆਂ ਵਿਚ ਝੁਕਾਈਆ । ਆਈ ਅਗੰਮੀ ਕਲਾਮ, ਕਲਮਾ ਇਕ ਜਣਾਈਆ । ਜਿਸ ਵੇਲੇ ਕਲਜੁਗ ਅੰਤਮ ਬਦਲੇ ਨਿਜ਼ਾਮ, ਨੌਬਤ ਵੱਜੇ ਬੇਪਰਵਾਹੀਆ । ਪਰਗਟ ਹੋਵੇ ਇਕ ਅਮਾਮ, ਕਾਮਲ ਮੁਰਸ਼ਦ ਫੇਰਾ ਪਾਈਆ । ਝਗੜਾ ਮੁਕਾਵੇ ਤਮਾਮ, ਤਮਅ ਕੂੜੀ ਦਏ ਗਵਾਈਆ । ਪ੍ਰੇਮੀਆਂ ਪਿਆਰਿਆਂ ਦਏ ਆਰਾਮ, ਸਚ ਦਵਾਰ ਸਚ ਸਰਨਾਈਆ । ਹੁਕਮੇਂ ਅੰਦਰ ਇਕ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਕਰੇ ਪੜ੍ਹਾਈਆ । ਸਾਚਾ ਦੱਸ ਕੇ ਧੁਰ ਨਿਸ਼ਾਨ, ਨਿਸ਼ਾਨੇ ਪਿਛਲੇ ਦਏ ਚੁਕਾਈਆ । ਕੂੜੀ ਕਿਰਿਆ ਦੱਸ ਕੇ ਖੇਲ ਹਰਾਮ, ਮਿਹਰ ਨਜ਼ਰ ਨਾਲ ਉਠਾਈਆ । ਝਗੜੇ ਮੁਕਾ ਕੇ ਤਮਾਮ, ਤਾਮਸ ਦਏ ਰੁੜ੍ਹਾਈਆ । ਸਤਿ ਪ੍ਰੇਮ ਦਾ ਪਕਾ ਕੇ ਇਕ ਪਕਵਾਨ, ਪੱਕੇ ਆਪਣੇ ਨਾਲ ਰਲਾਈਆ । ਈਸਾ ਕਿਹਾ ਉਹ ਕਿਹੜਾ ਦਾਨ, ਕਵਣ ਝੋਲੀ ਦਏ ਭਰਾਈਆ । ਪਰਵਰਦਿਗਾਰ ਕਿਹਾ ਮੈਂ ਆਪ ਹੋਵਾਂ ਮਿਹਰਵਾਨ, ਮਹਿਬੂਬ ਹੋ ਕੇ ਮੁਹੱਬਤ ਵਿਚੋਂ ਪਰਗਟਾਈਆ । ਤੂੰ ਬਾਲਾ ਨੱਢਾ ਅੰਞਾਣ, ਸਮਝ ਅਗੇ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਫਲਗੁਣ ਕਹੇ ਮੇਰੀ ਬਦਲਦੀ ਆਈ ਰੁੱਤ, ਰੁਤੜੀ ਵੇਸ ਵਟਾਈਆ । ਨਵ ਨੌਂ ਚਾਰ ਪਿਛੋਂ ਹੋਇਆ ਖ਼ੁਸ਼, ਖ਼ੁਸ਼ੀਆਂ ਵਿਚ ਸੁਣਾਈਆ । ਨਾਤਾ ਵੇਖ ਕੇ ਪਿਤਾ ਪੁੱਤ, ਗੁਰਮੁਖ ਗੁਰ ਗੁਰ ਵੱਜੀ ਵਧਾਈਆ । ਜੋ ਅੰਦਰ ਬੈਠਾ ਲੁਕ, ਸੋ ਬਾਹਰ ਕਰੇ ਪੜ੍ਹਾਈਆ । ਜਿਸ ਦੇ ਨਾਮ ਦੀ ਇਕੋ ਤੁੱਕ, ਤੁਖ਼ਮ ਤਾਸੀਰ ਦਏ ਬਦਲਾਈਆ । ਸੋ ਗੁਰਮੁਖਾਂ ਦਵਾਰੇ ਪ੍ਰੀਤੀ ਅੰਦਰ ਪ੍ਰੇਮ ਦਾ ਮੰਗੇ ਟੁੱਕ, ਟੁਕੜਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੇਮ ਦਾ ਦੇ ਕੇ ਸੁਖ, ਦੁੱਖ ਦਲਿੱਦਰ ਦਏ ਗਵਾਈਆ । ਫਲਗੁਣ ਕਹੇ ਮੇਰੇ ਉਤੇ ਆਈ ਹੈਰਾਨੀ, ਅੰਤਰ ਦਏ ਗਵਾਹੀਆ । ਪੁਰਖ


੨੯੮
੧੯

ਅਕਾਲ ਕਰ ਕੇ ਮਿਹਰਵਾਨੀ, ਮਹਿਬੂਬ ਫੇਰਾ ਪਾਈਆ । ਜਨ ਭਗਤਾਂ ਮੰਜ਼ਲ ਦੇ ਕੇ ਜਾਏ ਆਸਾਨੀ, ਸਿਰ ਆਪਣਾ ਹੱਥ ਟਿਕਾਈਆ । ਗੋਬਿੰਦ ਦੀ ਲੇਖੇ ਲਾਏ ਕੁਰਬਾਨੀ, ਕਾਮਲ ਮੁਰਸ਼ਦ ਬੇਪਰਵਾਹੀਆ । ਬਖ਼ਸ਼ਿਸ਼ ਕਰੇ ਗੁਣ ਨਿਧਾਨੀ, ਰਹਿਮਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਫਲਗੁਣ ਕਹੇ ਮੈਂ ਵੇਖਿਆ ਘਰ ਪ੍ਰੇਮ ਪਿਆਰ ਦਾ ਫੁਲਕਾ, ਖ਼ੁਸ਼ੀਆਂ ਨਾਲ ਬਣਾਈਆ । ਭਾਗ ਉਜਲ ਹੋਵੇ ਸਾਚੀ ਕੁਲ ਦਾ, ਜੋ ਕੁੱਲ ਮਾਲਕ ਮਿਲ ਕੇ ਖ਼ੁਸ਼ੀ ਮਨਾਈਆ । ਲਹਿਣਾ ਮੁੱਕਣਾ ਸਾਚੀ ਚੁਲ੍ਹ ਦਾ, ਸੰਮਤ ਸੋਲਾਂ ਪਾਈਆ । ਪੁਰਖ ਅਕਾਲ ਦੀਨ ਦਿਆਲ ਲਹਿਣਾ ਦੇਣਾ ਕਦੇ ਨਾ ਭੁੱਲਦਾ, ਮੱਘਰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਵਖਾਈਆ । ਫੁਲਕਾ ਕਹੇ ਮੈਂ ਆਦਿ ਜੁਗਾਦਿ ਰਿਹਾ ਪਕਦਾ, ਅਗਨੀ ਤਤ ਤਪਾਈਆ । ਮੇਰਾ ਲਹਿਣਾ ਦੇਣਾ ਮੁਕਿਆ ਨਾ ਸੱਜਣ ਸਚ ਦਾ, ਸਾਚੇ ਹੱਥ ਨਾ ਕੋਇ ਫੜਾਈਆ । ਮੈਂ ਅਧਾਰ ਬਣਿਆ ਰਿਹਾ ਮਾਟੀ ਭਾਂਡੇ ਕੱਚ ਦਾ, ਮਨ ਵਾਸਨਾ ਜਗਤ ਫਿਰਾਈਆ । ਨਵ ਨੌ ਚਾਰ ਪਿਛੋਂ ਮੇਰਾ ਸੁਭਾਗ ਦਿਹਾੜਾ ਹੋਇਆ ਅੱਜ ਦਾ, ਪ੍ਰਭ ਪ੍ਰੀਤੀ ਰੀਤੀ ਵਿਚੋਂ ਬਦਲਾਈਆ । ਖੇਲ ਨਿਰਾਲਾ ਭਗਤਾਂ ਵਿਚ ਜਗ ਦਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਝਗੜਾ ਮੁਕ ਗਿਆ ਹੱਜ ਦਾ, ਹਾਜਤ ਸਭ ਦੀ ਪੂਰ ਕਰਾਈਆ । ਜਿਨ੍ਹਾਂ ਦਵਾਰਿਉਂ ਪੁਰਖ ਅਕਾਲ ਖਾ ਖਾ ਕੇ ਆਪ ਰਜਦਾ, ਭੰਡਾਰੇ ਉਨ੍ਹਾਂ ਦੇ ਦਏ ਭਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੱਕ ਕਿਸੇ ਦਾ ਆਦਿ ਜੁਗਾਦਿ ਨਾ ਰਖਦਾ, ਜੁਗ ਚੌਕੜੀ ਖ਼ੁਸ਼ੀਆਂ ਨਾਲ ਝੋਲੀਆਂ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਸਾਜਣ ਸੱਦਦਾ, ਸਿੱਧੇ ਸਾਦੇ ਸਧਰਾਂ ਵਿਚ ਰਖਾਈਆ ।



## ੧੪ ਫੱਗਣ ਸ਼ਹਿਨਸ਼ਾਹੀ ਸੰਮਤ ੧ ਸਰਦਾਰਾ ਸਿੰਘ ਦੇ ਗ੍ਰਹਿ ਪਿੰਡ ਮਨਾਵਾ ਜ਼ਿਲਾ ਫ਼ਿਰੋਜ਼ਪੁਰ

ਚੌਦਾਂ ਫਲਗੁਣ ਕਹੇ ਮੈਂ ਜਲਵਾ ਤੱਕਿਆ ਨਿਰਗੁਣ ਜੋਤ, ਨੂਰ ਨੁਰਾਨਾ ਨੂਰ ਨਜ਼ਰੀ ਆਈਆ । ਦਰ ਦਰਬਾਰ ਵੇਖਿਆ ਸਚਖੰਡ ਦਵਾਰਾ ਅਗੰਮੀ ਕੋਟ, ਛੱਪਰ ਛੰਨ ਚਾਰ ਦਿਵਾਰ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਸੁਣੇ ਗਾਉਂਦੇ ਇਕ ਸਲੋਕ, ਤੂੰ ਮੇਰਾ ਮੈਂ ਤੇਰਾ ਧੁਰ ਦਾ ਰਾਗ ਇਕ ਅਲਾਈਆ । ਸੀਸ ਝੁਕਾਉਂਦੇ ਵੇਖੇ ਵਿਸ਼ਨ ਬ੍ਰਹਮਾ ਸ਼ਿਵ ਚੌਦਾਂ ਲੋਕ, ਚੌਦਾਂ ਤਬਕ ਧਿਆਨ ਲਗਾਈਆ । ਜੁਗ ਚੌਕੜੀ ਸਾਰੇ ਮੰਗਣ ਪ੍ਰਭੂ ਤੇਰੀ ਇਕੋ ਓਟ, ਦੂਜੀ ਆਸ ਨਾ ਕੋਇ ਰਖਾਈਆ । ਤੇਰਾ ਭਾਣਾ ਲੋਕਮਾਤ ਸਕੇ ਕੋਈ ਨਾ ਰੋਕ, ਨਿਰਗੁਣ ਸਰਗੁਣ ਮੇਟੇ ਨਾ ਕੋਇ ਮਿਟਾਈਆ । ਤੇਰਾ ਹੁਕਮ ਫ਼ਰਮਾਨਾ ਸੰਦੇਸ਼ਾ ਧੁਰ ਦਾ ਬਹੁਤ, ਜ਼ਿਮੀਂ ਅਸਮਾਨ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਦੇਣੀ ਦ੍ਰਿੜਾਈਆ । ਸਾਚੀ ਕਰਨੀ ਦੱਸ ਸ੍ਰੀ ਭਗਵੰਤ, ਦਰ ਠਾਂਡੇ ਮੰਗ ਮੰਗਾਈਆ । ਜੁਗ ਚੌਕੜੀ ਤੇਰੀ ਮਹਿੰਮਾ ਕਹਿ ਕੇ ਗਏ ਬੇਅੰਤ, ਸਿਫ਼ਤ ਸਾਲਾਹੀ ਢੋਲੇ ਗਾਈਆ । ਚਾਰ ਕੁੰਟ ਦਹਿ ਦਿਸ਼ਾ ਖੋਜਦੇ ਕੋਟਨ ਸੰਤ, ਸਚ ਸਵਾਮੀ ਨੈਣ ਉਠਾਈਆ । ਭੇਵ ਅਭੇਦੇ ਅਛਲ ਅਛੇਦੇ ਦੱਸ ਆਪਣਾ ਮੰਤ, ਮੰਤਰ ਇਕੋ ਇਕ ਜਣਾਈਆ । ਸਚ ਦਵਾਰੇ ਹਰਿ ਨਿਰੰਕਾਰੇ ਮੇਲਾ ਹੋਵੇ ਆਤਮ ਪਰਮਾਤਮ ਨਾਰ

ਕੰਤ, ਸੇਜ ਸੁਹੰਜਣੀ ਜੋਤ ਨਿਰੰਜਣੀ ਵੱਜੇ ਵਧਾਈਆ । ਝਗੜਾ ਚੁੱਕੇ ਲੱਖ ਚੁਰਾਸੀ ਮਾਇਆ ਮਮਤਾ ਹਉਮੇਂ ਹੰਗਤ, ਜੀਵ ਜੰਤ ਕਰੇ ਰੁਸ਼ਨਾਈਆ । ਦਰ ਭਿਖਾਰੀ ਦਰ ਦਰਵੇਸ਼ ਬੈਠੇ ਧੁਰ ਦੇ ਮੰਗਤ, ਮਨ ਵਾਸਨਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਦਏ ਸਰਨਾਈਆ । ਚਰਨ ਕਵਲ ਪ੍ਰਭ ਦੇਦੇ ਸਰਨ, ਦਰ ਠਾਂਡੇ ਮੰਗ ਮੰਗਾਈਆ । ਨੇਤਰ ਖੋਲ੍ਹ ਹਰਨ ਫਰਨ, ਨਿਜ ਨੈਣ ਹੋਵੇ ਰੁਸ਼ਨਾਈਆ । ਝਗੜਾ ਚੁਕਾ ਦੇ ਮਰਨ ਡਰਨ, ਭੈ ਭੌ ਨਾ ਕੋਇ ਜਣਾਈਆ । ਤੇਰਾ ਢੋਲਾ ਤੇਰੇ ਗੀਤ ਤੇਰੇ ਗੁਰਮੁਖ ਇਕੋ ਪੜ੍ਹਨ, ਚੌਦਾਂ ਵਿਦਿਆ ਲੋੜ ਰਹੇ ਨਾ ਰਾਈਆ । ਸਾਚੀ ਮੰਜ਼ਲ ਪਾਂਧੀ ਬਣ ਕੇ ਚੜ੍ਹਨ, ਅੰਤ ਅਖ਼ੀਰੀ ਕ਼ਦਮ ਉਠਾਈਆ । ਤ੍ਰੈਗੁਣ ਅਗਨੀ ਮਾਇਆ ਤਤ ਵਿਚ ਨਾ ਸੜਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਝਗੜਾ ਮੁਕ ਜਾਏ ਵਰਨ ਬਰਨ, ਅੱਠ ਦਸ ਨਾ ਕੋਇ ਲੜਾਈਆ । ਪੁਰਖ ਅਕਾਲ ਦੀਨ ਦਿਆਲ ਤੂੰ ਦਾਤਾ ਤਰਨੀ ਤਰਨ, ਤਾਰਨਹਾਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਉਠਾ ਸ੍ਰੀ ਭਗਵਾਨ, ਭਾਂਡਾ ਭਰਮ ਦੇ ਭੰਨਾਈਆ । ਆਤਮ ਸੇਜਾ ਕਰ ਬਿਸਰਾਮ, ਵਿਸ਼ਨ ਬ੍ਰਹਮਾ ਸ਼ਿਵ ਵੇਖਣ ਚਾਈਂ ਚਾਈਂਆ । ਢੋਲਾ ਸੁਣਾ ਅਗੰਮੀ ਨਾਮ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਕਲਮਾ ਦੇ ਅਗੰਮੀ ਕਲਾਮ, ਕਾਇਨਾਤ ਵਿਚੋਂ ਬਾਹਰ ਪੜ੍ਹਾਈਆ । ਸਚ ਵਖਾ ਇਕ ਨਿਸ਼ਾਨ, ਸਚ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਰੇ ਭਗਵੰਤ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਸੰਤ ਸੁਹੇਲੇ ਗੁਰਮੁਖ ਲੱਭੇ ਵਿਚੋਂ ਜੀਵ ਜੰਤ, ਘਟ ਭੀਤਰ ਖੋਜ ਖੁਜਾਈਆ । ਗੜ੍ਹ ਤੋੜ ਹਉਮੇਂ ਹੰਗਤ, ਹਿਰਦੇ ਹਰਿ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਦੇਵਣਹਾਰ ਸੱਚੀ ਸਰਨਗਤ, ਚਰਨ ਕਵਲ ਇਕ ਦ੍ਰਿੜਾਇੰਦਾ । ਆਤਮ ਪਰਮਾਤਮ ਧੁਰ ਦੀ ਮਤ, ਮਨਮਤ ਨਾ ਕੋਇ ਰਖਾਇੰਦਾ । ਸਤਿ ਸੰਤੋਖੀ ਧੀਰਜ ਜੱਤ, ਸਿਰ ਆਪਣਾ ਹੱਥ ਰਖਾਇੰਦਾ । ਮਨ ਵਾਸਨਾ ਨਾਲੋਂ ਕਰ ਕੇ ਵੱਖ, ਬੋਧ ਅਗਾਧ ਆਪ ਸਮਝਾਇੰਦਾ । ਹਕੀਕ਼ਤ ਵਿਚੋਂ ਦੇ ਕੇ ਹੱਕ, ਨਿਜ ਅੱਖ ਆਪ ਖੁਲ੍ਹਾਇੰਦਾ । ਅੰਮ੍ਰਿਤ ਅੰਮਿਉਂ ਦੇ ਕੇ ਰਸ, ਅਗਨੀ ਤਤ ਬੁਝਾਇੰਦਾ । ਤੂੰ ਮੇਰਾ ਮੈਂ ਤੇਰਾ ਤੇਰਾ ਆਤਮ ਪਰਮਾਤਮ ਗਾਉਣਾ ਜਸ, ਧੁਰ ਦਾ ਢੋਲਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਕਮਾਇੰਦਾ । ਚੌਦਾਂ ਫਲਗੁਣ ਕਹੇ ਮੇਰੀ ਆ ਗਈ ਲੋਕਮਾਤ ਰਾਤ, ਭਿੰਨੜੀ ਰੈਣ ਵੱਜੀ ਵਧਾਈਆ । ਮੈਂ ਵੇਖਣਾ ਖੇਲ ਤਮਾਸ਼, ਖ਼ਾਲਕ ਖ਼ਲਕ ਰਿਹਾ ਵਰਤਾਈਆ । ਜੁਗ ਚੌਕੜੀ ਪਿਛੋਂ ਪੂਰੀ ਹੋਣ ਲੱਗੀ ਆਸ, ਨੂਰ ਨੁਰਾਨਾ ਕਰ ਰੁਸ਼ਨਾਈਆ । ਜਨ ਭਗਤਾਂ ਹੋ ਕੇ ਸਾਥ, ਸਗਲਾ ਸੰਗ ਬਣਾਈਆ । ਨਿਰਅੱਖਰ ਵੱਖਰ ਦੱਸ ਕੇ ਗਾਥ, ਨਿਹਕਰਮੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣੇ ਦੇਣੇ ਵੇਖ ਵਖਾਈਆ । ਲਹਿਣਾ ਦੇਣਾ ਵੇਖਣਹਾਰਾ, ਦੇਵਤ ਸੁਰ ਖੋਜ ਖੁਜਾਈਆ । ਕਲਜੁਗ ਖੇਲ ਕਰੇ ਅਪਾਰਾ, ਨਿਰਵੈਰ ਵੇਸ ਵਟਾਈਆ । ਭਗਤਾਂ ਖੋਲ੍ਹ ਕੇ ਬੰਦ ਕਿਵਾੜਾ, ਤਾਕੀ ਕੁੰਡਾ ਦੇਵੇ ਲਾਹੀਆ । ਦੀਪਕ ਦੀਆ ਕਰ ਉਜਿਆਰਾ, ਜੋਤੀ ਜੋਤ ਕਰੇ ਰੁਸ਼ਨਾਈਆ । ਵੇਖੇ ਵਿਗਸੇ ਵੇਖਣਹਾਰਾ, ਗ੍ਰਿਹਿ ਗ੍ਰਿਹਿ ਮੰਦਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ

ਦਾ ਲੇਖਾ ਰਿਹਾ ਚੁਕਾਈਆ । ਫਲਗੁਣ ਕਹੇ ਮੇਰੀ ਆਸਾ ਹੋਈ ਪੂਰੀ, ਆਹਿਸਤਾ ਆਹਿਸਤਾ ਦਿਆਂ ਜਣਾਈਆ । ਸੁਣਿਆ ਨਾਦ ਅਗੰਮੀ ਤੂਰੀ, ਤੁਰੀਆ ਤੋਂ ਅਗੇ ਗਿਆ ਜਣਾਈਆ । ਜਿਥੇ ਵਸਤ ਨਹੀਂ ਕੋਈ ਕੂੜੀ, ਸਤਿ ਸਚ ਵੱਜੇ ਵਧਾਈਆ । ਪੰਜ ਤਤ ਚਰਨ ਨਾ ਕੋਈ ਧੂੜੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਧਰ ਤੱਕੋ ਹਾਜ਼ਰ ਹਜ਼ੂਰੀ, ਹਜ਼ਰਤ ਮਿਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਿਰ ਕਹੇ ਮੈਂ ਜਾਵਾਂ ਸਦਕੇ, ਬਲਿਹਾਰ ਮਿਲੀ ਸਰਨਾਈਆ । ਪੁਰਖ ਅਕਾਲ ਦੀਨ ਦਿਆਲ ਦਰਸ਼ਨ ਕਰਾਂ ਰੱਜ ਕੇ, ਤ੍ਰਿਸ਼ਨਾ ਭੁੱਖ ਨਾ ਅਵਰ ਵਧਾਈਆ । ਕਾਇਆ ਅੰਤਰ ਆਪਣੀ ਲੱਭ ਕੇ, ਖੋਜਤ ਖੋਜਤ ਵੇਖ ਵਖਾਈਆ । ਝਗੜੇ ਮੁਕਾ ਕੇ ਨੌ ਦਵਾਰੇ ਹੱਦ ਦੇ, ਸੁਖਮਨ ਟੇਢੀ ਬੰਕ ਪੰਧ ਚੁਕਾਈਆ । ਨਾਦ ਅਗੰਮੀ ਵੇਖਾਂ ਵਜਦੇ, ਧੁਨ ਆਤਮਕ ਹੋਏ ਸ਼ਨਵਾਈਆ । ਦੀਪਕ ਵੇਖਾਂ ਜਗਦੇ, ਘਰ ਵਿਚ ਘਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਉਠਾਈਆ । ਪੜਦਾ ਓਹਲਾ ਦੇਵੇ ਚੁੱਕ, ਚਾਕਰ ਹੋ ਕੇ ਸੇਵ ਕਮਾਈਆ । ਦੂਈ ਦਵੈਤ ਮੇਟ ਕੇ ਦੁੱਖ, ਸੁਖ ਆਤਮ ਦਏ ਉਪਜਾਈਆ । ਘਰ ਸਵਾਮੀ ਸੱਜਣ ਜੋ ਬੈਠਾ ਲੁਕ, ਨਕਾਬ ਪਰੇ ਦਏ ਸੁਟਾਈਆ । ਗਲੀ ਭੀੜੀ ਮੰਜ਼ਲ ਪੈਂਡਾ ਜਾਏ ਮੁਕ, ਘਰ ਮਿਲੇ ਬੇਪਰਵਾਹੀਆ । ਪਰਮਾਤਮ ਹੋ ਕੇ ਆਤਮ ਲਏ ਪੁਛ, ਜਨਮ ਜਨਮ ਦੀ ਕਟੇ ਆਪ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਆਪ ਵਡਿਆਈਆ । ਆਤਮ ਪਰਮਾਤਮ ਕਰੇ ਮਿਲਾਪ, ਮਿਲਣੀ ਜਗਦੀਸ਼ ਕਰਾਇੰਦਾ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਜਾਪ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਨਿਰਗੁਣ ਸਰਗੁਣ ਕਰ ਕੇ ਪਾਕ, ਪਤਿਤ ਪੁਨੀਤ ਦਇਆ ਕਮਾਇੰਦਾ । ਨਿਜ ਘਰ ਦਰਸ਼ਨ ਦੇਵੇ ਸਾਖਿਆਤ, ਜੋਤੀ ਜਾਤਾ ਡਗਮਗਾਇੰਦਾ । ਨਾਮ ਸੰਦੇਸ਼ਾ ਦੇਵੇ ਬਿਨਾ ਕ਼ਲਮ ਦਵਾਤ, ਅੱਖਰਾਂ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਤਾ ਜੋੜ ਕੇ ਧੁਰ ਦਾ ਸਾਕ, ਸੱਜਣ ਇਕੋ ਸੋਭਾ ਪਾਇੰਦਾ । ਸੱਜਣ ਮਿਲੇ ਸਾਹਿਬ ਸਵਾਮੀ, ਆਤਮ ਅੰਤਰ ਵੱਜੇ ਵਧਾਈਆ । ਬੋਧ ਅਗਾਧ ਦੱਸੇ ਇਕੋ ਬਾਣੀ, ਨਿਰਅੱਖਰ ਕਰ ਪੜ੍ਹਾਈਆ । ਭੇਵ ਅਭੇਦਾ ਖੋਲ੍ਹੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪ ਸਮਝਾਈਆ । ਸੰਤ ਸੁਹੇਲਾ ਬਣਾ ਕੇ ਬ੍ਰਹਮ ਗਿਆਨੀ, ਵਿਦਿਆ ਆਪਣੀ ਦਏ ਪੜ੍ਹਾਈਆ । ਝਗੜਾ ਮੁਕਾ ਕੇ ਅੱਠਸੱਠ ਪਾਣੀ, ਅੰਮ੍ਰਿਤ ਝਿਰਨਾ ਦਏ ਝਿਰਾਈਆ । ਸ਼ਬਦ ਅਗੰਮੀ ਮਾਰ ਕੇ ਤੀਰ ਕਾਨੀ, ਕਾਇਨਾਤ ਵਿਚੋਂ ਬਾਹਰ ਕਢਾਈਆ । ਤਤ ਵਜੂਦ ਲੇਖਾ ਚੁੱਕੇ ਸ੍ਰਿਸ਼ਟੀ ਦ੍ਰਿਸ਼ਟੀ ਫ਼ਾਨੀ, ਫ਼ੈਸਲਾ ਹੱਕ ਹੱਕ ਸੁਣਾਈਆ । ਜਨ ਭਗਤਾਂ ਉਤੇ ਕਰ ਕੇ ਆਪ ਮਿਹਰਵਾਨੀ, ਮਹਿਬੂਬ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਵੇਖ ਵਖਾਈਆ । ਫਲਗੁਣ ਕਹੇ ਮੈਂ ਕੀ ਦੱਸਾਂ, ਰਸਨਾ ਜਿਹਵਾ ਨਜ਼ਰ ਕੋਇ ਨਾ ਆਈਆ । ਜਗਤ ਨੇਤਰ ਨਾ ਕੋਈ ਅੱਖਾ, ਨੈਣ ਨੈਣ ਨਾ ਕੋਇ ਬਦਲਾਈਆ । ਇਕੋ ਹੁਕਮੇ ਅੰਦਰ ਵੱਸਾਂ, ਭਾਣੇ ਵਿਚ ਸਮਾਈਆ । ਸੇਵ ਕਰਾਂ ਬਿਨ ਹੱਥਾਂ, ਬਿਨ ਕ਼ਦਮਾਂ ਪੰਧ ਮੁਕਾਈਆ । ਵਣਜ ਕਰਾਂ ਬਿਨ ਹੱਟਾਂ, ਭੱਜਾਂ ਚਾਈਂ ਚਾਈਆ । ਸਾਚਾ ਲਾਹਾ ਇਕੋ ਖੱਟਾਂ, ਸਹਿਜੇ ਸਹਿਜ ਦਿਆਂ ਦ੍ਰਿੜਾਈਆ । ਪੁਰਖ ਅਕਾਲ ਦੀਨ ਦਿਆਲ ਵੇਸ ਵਟਾ ਕੇ ਵਾਂਗ ਨਟਾਂ, ਜੁਗ ਜੁਗ ਆਪਣਾ ਫੇਰਾ ਪਾਈਆ । ਜਿਸ ਨੂੰ ਸਮਝ ਨਾ ਸਕਣ ਕੋਟਨ ਮਤਾਂ, ਬੁੱਧੀਵਾਨ ਨਾ ਕੋਇ ਚਤੁਰਾਈਆ । ਜਗਤ ਜਹਾਨ ਰਹਿ ਜਾਏ


੩੦੧
੧੯

ਹੱਕਾ ਬੱਕਾ, ਹਕ਼ੀਕਤ ਹੱਕ ਨਾ ਕੋਇ ਦਰਸਾਈਆ । ਬਿਨਾ ਭਗਤਾਂ ਸ੍ਰੀ ਭਗਵਾਨ ਦਾ ਮਿਲੇ ਕਿਸੇ ਨਾ ਪਤਾ, ਪਤਿਪਰਮੇਸ਼ਵਰ ਜੋੜ ਨਾ ਕੋਇ ਜੁੜਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜੀ ਵਾਸਨਾ ਪਿਆ ਰੱਟਾ, ਝਗੜੇ ਵਿਚ ਲੋਕਾਈਆ । ਗੜ੍ਹ ਹੰਕਾਰ ਬੁਰਜ ਨਾ ਢੱਠਾ, ਦੂਈ ਦਵੈਤ ਨਾ ਕੋਇ ਗਵਾਈਆ । ਸਾਚਾ ਭੋਜਨ ਕਿਸੇ ਨਾ ਚੱਖਾ, ਅੰਮ੍ਰਿਤ ਰਸ ਕੋਇ ਨਾ ਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚੀ ਸਰਨਾਈਆ । ਫਲਗੁਣ ਕਹੇ ਘਰ ਘਰ ਪਕੇ ਪਕਵਾਨ, ਨਵ ਨੌ ਸੱਤ ਪੇਟ ਭਰਾਈਆ । ਸਵਾਮੀ ਮਿਲੇ ਨਾ ਕੋਇ ਭਗਵਾਨ, ਭਾਗਾਂ ਵੰਡ ਨਾ ਕੋਇ ਵੰਡਾਈਆ । ਜਗਤ ਬੁੱਧੀ ਹੋਈ ਅਨਜਾਣ, ਅਨੁਭਵ ਪੜਦਾ ਨਾ ਕੋਇ ਖੁਲ੍ਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਵੈਰਾਨ, ਵੈਰੀ ਹੋ ਕੇ ਦੇਣ ਦੁਹਾਈਆ । ਸਤਿ ਧਰਮ ਗਿਆ ਨਿਸ਼ਾਨ, ਨਿਸ਼ਾਨੇ ਸਾਰੇ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਬੇਪਰਵਾਹੀਆ । ਪਕਵਾਨ ਕਹੇ ਮੈਨੂੰ ਸਾਰੇ ਕਹਿੰਦੇ ਰੋਟੀ, ਜੁਗ ਚੌਕੜੀ ਰੀਤੀ ਚਲੀ ਆਈਆ । ਮੈਨੂੰ ਖਾ ਕੇ ਸਭ ਦੀ ਵਾਸਨਾ ਹੋਈ ਖੋਟੀ, ਕੂੜਾ ਕਰਮ ਕਮਾਈਆ । ਜੀਵਾਂ ਜੰਤਾਂ ਖਾ ਕੇ ਬੋਟੀ, ਮੇਰਾ ਸਵਾਦ ਰਹੇ ਵਧਾਈਆ । ਮੈਂ ਵੇਖਣ ਆਇਆ ਜਿਹੜੇ ਗੁਰਮੁਖ ਚੜ੍ਹੇ ਮੰਜ਼ਲ ਚੋਟੀ, ਪੈਂਡਾ ਆਪਣਾ ਰਹੇ ਮੁਕਾਈਆ । ਕਰ ਪਰਕਾਸ਼ ਨਿਰਮਲ ਜੋਤੀ, ਅੰਧ ਅੰਧੇਰ ਦਏ ਚੁਕਾਈਆ । ਭਾਵੇਂ ਤਾਅਨੇ ਦੇਵਣ ਲੋਕੀ, ਇਕੋ ਪੁਰਖ ਅਕਾਲ ਰਹੇ ਮਨਾਈਆ । ਉਨ੍ਹਾਂ ਪੜ੍ਹਨੀ ਪਏ ਨਾ ਪੋਥੀ, ਬਗਲ ਕ਼ੁਰਾਨ ਨਾ ਕੋਇ ਟਿਕਾਈਆ । ਉਨ੍ਹਾਂ ਦੀ ਸੋਚ ਸ੍ਰੀ ਭਗਵਾਨ ਰਿਹਾ ਸੋਚੀ, ਸਮਝ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਰਿਹਾ ਵਰਤਾਈਆ । ਪਕਵਾਨ ਕਹੇ ਮੈਂ ਰਿਹਾ ਪੱਕਦਾ, ਜੁਗ ਚੌਕੜੀ ਸੇਵ ਕਮਾਈਆ । ਮੇਰਾ ਲਹਿਣਾ ਮਿਲਿਆ ਨਾ ਹੱਕ ਦਾ, ਹਕ਼ੀਕ਼ਤ ਝੋਲੀ ਕੋਇ ਨਾ ਪਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਆਇਆ ਦੱਸਦਾ, ਰੋ ਰੋ ਦਿਆਂ ਦੁਹਾਈਆ । ਮਾਲਕ ਮਿਲਾਉਣਾ ਇਕੋ ਸਚ ਦਾ, ਜੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਅਖਵਾਈਆ । ਜੋ ਲੱਖ ਚੁਰਾਸੀ ਭਾਂਡਾ ਘੜੇ ਕੱਚ ਦਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਜੋ ਮਾਰਗ ਦੱਸੇ ਨਿਜ ਨੇਤਰ ਲੋਚਨ ਅੱਖ ਦਾ, ਅਗਿਆਨ ਅੰਧੇਰ ਮਿਟਾਈਆ । ਜੋ ਪੈਂਡਾ ਮੁਕਾਏ ਹਕ਼ੀਕਤ ਹੱਕ ਦਾ, ਮੰਜ਼ਲ ਇਕ ਚੜ੍ਹਾਈਆ । ਜੋ ਮੁਕਾਮੇ ਹੱਕ ਵਸਦਾ, ਸਚਖੰਡ ਸਾਚੇ ਸੋਭਾ ਪਾਈਆ । ਜਿਸ ਦਾ ਭੰਡਾਰਾ ਸਿਫ਼ਤੀ ਜਸ ਦਾ, ਜੁਗ ਚੌਕੜੀ ਰਹੀ ਸਾਲਾਹੀਆ । ਉਹ ਭਗਤਾਂ ਪੈਜ ਰਖਦਾ, ਨਿਤ ਨਵਿਤ ਦਇਆ ਕਮਾਈਆ । ਦਰਸ਼ਨ ਕਰਨਾ ਸੂਰੇ ਸਰਬਗ ਦਾ, ਚਰਨ ਕਵਲ ਮਿਲੇ ਸਰਨਾਈਆ । ਨਾਤਾ ਤੁੱਟ ਜਾਏ ਕੂੜੇ ਜਗ ਦਾ, ਜਗ ਜੀਵਣ ਦਾਤਾ ਦਏ ਵਡਿਆਈਆ । ਪੈਂਡਾ ਮੁਕ ਜਾਏ ਸ਼ਾਹ ਰਗ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਫਲਗੁਣ ਕਹੇ ਮੈਂ ਵੇਖਿਆ ਜੁਗ ਚੌਕੜੀ ਚਾਰ, ਚਾਰ ਕੁੰਟ ਧਿਆਨ ਲਗਾਈਆ । ਭਗਤ ਭਗਵਾਨ ਵੇਖਿਆ ਪਿਆਰ, ਪ੍ਰੇਮੀ ਪ੍ਰੇਮਿਕਾ ਰੂਪ ਬਦਲਾਈਆ । ਆਤਮ ਪਰਮਾਤਮ ਵੇਖਿਆ ਅਧਾਰ, ਤ੍ਰਿਸ਼ਨਾ ਮੋਹ ਨਾ ਕੋਇ ਰਖਾਈਆ । ਨਿਰਗੁਣ ਸਰਗੁਣ ਖੇਲ ਵੇਖਿਆ ਸੰਸਾਰ, ਜੀਵਣ ਜੀਵਣ ਰੰਗ ਰੰਗਾਈਆ । ਸੋ ਵੇਲਾ ਵਕਤ ਰਿਹਾ ਵਿਚਾਰ, ਘੜੀ ਪਲ ਥਿਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਸਮਝਾਈਆ । ਧੁਰ ਦੀ ਕਰਨੀ ਕਰੇ ਪ੍ਰਭ ਆਪ, ਆਪਣੀ ਦਇਆ ਕਮਾਇੰਦਾ । ਜਨ ਭਗਤਾਂ ਦੇ ਕੇ ਸਾਥ, ਸਗਲਾ ਸੰਗ

੩੦੨
੧੯

ਬਣਾਇੰਦਾ । ਪੜ੍ਹਾ ਅਗੰਮੀ ਗਾਥ, ਗਹਿਰ ਗੰਭੀਰ ਰੰਗ ਰੰਗਾਇੰਦਾ । ਮੰਤਰ ਦੱਸ ਕੇ ਸਾਚ, ਸਤਿ ਸਚ ਵਿਚ ਮਿਲਾਇੰਦਾ । ਸ਼ਬਦ ਚੜ੍ਹਾ ਕੇ ਰਾਕ, ਪੁਰੀਆਂ ਲੋਆਂ ਬਾਹਰ ਕਢਾਇੰਦਾ । ਆਤਮ ਪਰਮਾਤਮ ਕਰ ਇਤਫ਼ਾਕ, ਪੜਦਾ ਓਹਲਾ ਦੂਰ ਕਰਾਇੰਦਾ । ਪੂਰਾ ਕਰ ਭਵਿਖਤ ਵਾਕ, ਕਲਜੁਗ ਅੰਤਮ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਭੇਦਾ ਖੋਲ੍ਹੇ ਜਗ, ਪਾਰਬ੍ਰਹਮ ਦਇਆ ਕਮਾਈਆ । ਚਾਰੋਂ ਕੁੰਟ ਵੇਖੇ ਲੱਗੀ ਅੱਗ, ਅਗਨੀ ਤਤ ਰਹੀ ਜਲਾਈਆ । ਸਾਚਾ ਕਰੇ ਕੋਈ ਨਾ ਹੱਜ, ਹੁਜਰਾ ਹੱਕ ਨਾ ਕੋਇ ਸੁਹਾਈਆ । ਆਤਮ ਪਰਮਾਤਮ ਨਾਲੋਂ ਹੋਈ ਅਲਗ, ਮਨ ਵਾਸਨਾ ਕਰੀ ਜੁਦਾਈਆ । ਸਚ ਸਿੰਘਾਸਣ ਮੇਲ ਨਾ ਹੋਇਆ ਸਜ, ਸੱਜਣ ਮੀਤ ਜੋੜ ਨਾ ਕੋਇ ਜੁੜਾਈਆ । ਬਿਨ ਅੱਖਾਂ ਦਰਸ ਨਾ ਕੀਤਾ ਰੱਜ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹੇ ਏਕ, ਏਕੰਕਾਰ ਦਇਆ ਕਮਾਈਆ । ਜਨ ਭਗਤਾਂ ਦੇ ਕੇ ਧੁਰ ਦੀ ਟੇਕ, ਟਿੱਕੇ ਮਸਤਕ ਦਏ ਲਗਾਈਆ । ਤ੍ਰੈਗੁਣ ਮਾਇਆ ਨਾ ਲਾਗੇ ਸੇਕ, ਅਗਨੀ ਅੱਗ ਨਾ ਕੋਇ ਜਲਾਈਆ । ਸਚਖੰਡ ਦਵਾਰਾ ਵਖਾ ਕੇ ਆਪਣਾ ਦੇਸ, ਇਕੋ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਜੋਤ ਪਰਵੇਸ਼, ਤਤ ਵਜੂਦ ਨਾ ਕੋਇ ਬਣਾਈਆ । ਨਾ ਕੋਈ ਵਿਸ਼ਨ ਬ੍ਰਹਮਾ ਮਹੇਸ਼, ਗੁਰ ਅਵਤਾਰ ਪੈਗੰਬਰ ਨਿਰਗੁਣ ਧਾਰ ਬੈਠੇ ਸੀਸ ਨਿਵਾਈਆ । ਇਕੋ ਕਲਮਾ ਇਕੋ ਨਾਮ ਇਕੋ ਢੋਲਾ ਇਕੋ ਸੋਹਲਾ ਇਕੋ ਕਰਨ ਆਦੇਸ, ਇਕੋ ਨਾਦ ਰਹੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੱਸਣਹਾਰ ਪ੍ਰੀਤ, ਆਤਮ ਪਰਮਾਤਮ ਪਰਮਾਤਮ



ਆਤਮ ਰੰਗ ਰੰਗਾਈਆ । ਆਤਮ ਪਰਮਾਤਮ ਰੰਗੇ ਰੰਗ, ਭਗਤ ਭਗਵੰਤ ਵੱਜੇ ਵਧਾਈਆ । ਆਤਮ ਸੇਜਾ ਵੇਖ ਪਲੰਘ, ਸਚ ਸਵਾਮੀ ਸੋਭਾ ਪਾਈਆ । ਸ਼ਬਦ ਅਨਾਦ ਵੱਜੇ ਮਰਦੰਗ, ਤੰਦ ਸਤਾਰ ਨਾ ਕੋਇ ਹਿਲਾਈਆ । ਬਿਨ ਰਸਨਾ ਜਿਹਵਾ ਆਵੇ ਉਹ ਅਨੰਦ, ਜੋ ਅਨੰਦਪੁਰੀ ਵਾਲਾ ਆਪਣੇ ਵਿਚ ਛੁਪਾਈਆ । ਜਿਥੇ ਨਾ ਕੋਈ ਸੂਰਜ ਨਾ ਕੋਈ ਚੰਦ, ਮੰਡਲ ਮੰਡਪ ਨਾ ਕੋਇ ਵਡਿਆਈਆ । ਨਾ ਕੋਈ ਬੰਦਗੀ ਅੰਦਰ ਕਰੇ ਬੰਦ, ਨਾ ਕੋਈ ਕਲਮੇ ਰਿਹਾ ਪੜ੍ਹਾਈਆ । ਨਾ ਕੋਈ ਢੋਲਾ ਗੀਤ ਛੰਦ, ਸੋਹਲਾ ਰਾਗ ਨਾ ਕੋਇ ਸੁਣਾਈਆ । ਇਕ ਦੀਨ ਦਿਆਲ ਸਾਹਿਬ ਕਿਰਪਾਲ ਬੈਠਾ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਸਦਾ ਸੰਗ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਏ ਵਡਿਆਈਆ । ਵਡਿਆਈ ਕਹੇ ਮੈਂ ਸਿਫ਼ਤ ਕਰਾਂ ਕੀ ਭਗਤ, ਭਗਵਨ ਅੰਤਰ ਨਜ਼ਰੀ ਆਈਆ । ਮੈਂ ਨਮਸਤੇ ਕਰ ਕਰ ਥੱਕਾਂ ਵਿਚ ਜਗਤ, ਨਿਉਂ ਨਿਉਂ ਲਾਗਾਂ ਪਾਈਆ । ਜਿਨ੍ਹਾਂ ਦਾ ਮੇਲ ਨਾਲ ਇਕੋ ਹੋਇਆ ਫ਼ਕਤ, ਫ਼ਿਕਰਾ ਇਕੋ ਢੋਲਾ ਗਾਈਆ । ਓਹਨਾਂ ਦਾ ਏਥੇ ਓਥੇ ਸੁਹੰਜਣਾ ਵਕਤ, ਨਿਰਗੁਣ ਨਿਰਗੁਣ ਨਾ ਹੋਏ ਜੁਦਾਈਆ । ਨਾਤਾ ਛੱਡ ਕੇ ਬੂੰਦ ਰਕਤ, ਜੋਤੀ ਜੋਤ ਵਿਚ ਸਮਾਈਆ । ਨਾ ਕੋਈ ਦੂਈ ਦਵੈਤੀ ਰਹੇ ਹਸਦ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰਾਹ ਇਕ ਵਖਾਈਆ । ਧੁਰ ਦਾ ਰਾਹ ਦੱਸੇ ਗ਼ਰੀਬ ਨਿਵਾਜ਼, ਕਲਜੁਗ ਅੰਤਮ ਦਇਆ ਕਮਾਈਆ । ਸਤਿਜੁਗ ਸਾਚਾ ਹੋਵੇ ਪਰਕਾਸ਼, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜਨ ਭਗਤਾਂ ਪੂਰੀ ਕਰੇ ਖ਼ਾਹਸ਼, ਆਸਾ ਆਪਣੇ ਵਿਚ ਸਮਾਈਆ । ਪਰਮ

ਪੁਰਖ ਦੇ ਕਰਕੇ ਦਾਸ, ਦਸਤ ਬਦਸਤ ਸੀਸ ਝੁਕਾਈਆ । ਮਨ ਵਾਸਨਾ ਕਰ ਕੇ ਅਨਾਥਾਂ ਅਨਾਥ, ਗੜ੍ਹ ਹੰਕਾਰੀ ਦਏ ਤੁੜਾਈਆ । ਸ਼ਿਵਜੀ ਤੱਕੇ ਉਪਰ ਕੈਲਾਸ਼, ਬ੍ਰਹਮਾ ਨੇਤਰ ਨੈਣ ਅੱਖ ਖੁਲ੍ਹਾਈਆ । ਵਿਸ਼ਨੂੰ ਚਲੇ ਸਾਥ ਸਾਥ, ਸੇਵਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਬੇਪਰਵਾਹੀਆ । ਭਗਤ ਸੁਹੇਲਾ ਬੇਪਰਵਾਹ, ਬੇਪਰਵਾਹੀ ਵਿਚ ਸਮਾਇੰਦਾ । ਨਿਰਗੁਣ ਸਰਗੁਣ ਬਣ ਮਲਾਹ, ਬੇੜਾ ਲੋਕਮਾਤ ਚਲਾਇੰਦਾ । ਕਲਜੁਗ ਅੰਤਮ ਦਇਆ ਕਮਾ, ਦੀਨਾਂ ਅਨਾਥਾਂ ਆਪ ਉਠਾਇੰਦਾ । ਜਨਮ ਜਨਮ ਦਾ ਲੇਖਾ ਝੋਲੀ ਰਿਹਾ ਪਾ, ਪੂਰਬ ਵਿਛੜੇ ਜੋੜ ਜੁੜਾਇੰਦਾ । ਜਨਮ ਕਰਮ ਦੇ ਕਟ ਗੁਨਾਹ, ਗਹਿਰ ਗੰਭੀਰ ਰੰਗ ਰਗਾਇੰਦਾ । ਸਚ ਦਵਾਰਾ ਇਕ ਵਖਾ, ਪੜਦਾ ਓਹਲਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਸਮਝਾਇੰਦਾ । ਧੁਰ ਦਾ ਹੁਕਮ ਕਹੇ ਸਭ ਨੂੰ ਮੰਨਣਾ ਪਏ ਭਾਣਾ, ਭਾਣੇ ਵਿਚ ਲੋਕਾਈਆ । ਆਤਮ ਪਰਮਾਤਮ ਸਾਚਾ ਨਾਮ ਸਭ ਨੇ ਗਾਣਾ, ਗਾਵਤ ਗਾ ਗਾ ਖ਼ੁਸ਼ੀ ਮਨਾਈਆ । ਪੁਰਖ ਅਕਾਲ ਇਕੋ ਮੰਨਣਾ ਸਭ ਨੇ ਰਾਣਾ, ਰਈਅਤ ਦੋ ਜਹਾਨ ਨਜ਼ਰੀ ਆਈਆ । ਜਿਸ ਦਾ ਰੂਪ ਅਨੂਪ ਸ਼ਾਹ ਸ਼ਹਾਨਾ, ਸਿਫ਼ਤਾਂ ਵਿਚ ਨਾ ਕੋਇ ਸਾਲਾਹੀਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਦੇ ਕੇ ਗਏ ਬਿਆਨਾ, ਹੁਕਮ ਸੰਦੇਸ਼ੇ ਮਾਤ ਸੁਣਾਈਆ । ਉਹ ਪਰਗਟ ਹੋਵੇ ਵਾਲੀ ਦੋ ਜਹਾਨਾਂ, ਨੌਜਵਾਨਾਂ ਮਰਦ ਮਰਦਾਨਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਵਾਮੀ ਹੋਏ ਸਹਾਈਆ । ਸਾਹਿਬ ਸਵਾਮੀ ਪੁਰਖ ਸਮਰਥ, ਭਗਵਨ ਮੀਤਾ ਨਜ਼ਰੀ ਆਇੰਦਾ । ਜਿਸ ਦੀ ਮਹਿੰਮਾ ਸਦਾ ਅਕਥ, ਸਿਫ਼ਤਾਂ ਵਿਚ ਨਾ ਕੋਇ ਸਾਲਾਹਿੰਦਾ । ਉਹ ਕਲਜੁਗ ਸਤਿਜੁਗ ਲਹਿਣਾ ਦੇਣਾ ਚੁਕਾਵੇ ਹੱਥੋ ਹੱਥ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਸੰਤ ਭਗਤ ਗੁਰਮੁਖ ਗੁਰਸਿਖ ਕਰ ਕੇ ਵੱਖ, ਆਤਮ ਪਰਮਾਤਮ ਜੋੜ ਜੁੜਾਇੰਦਾ । ਵਸਤ ਅਮੋਲਕ ਦੇ ਕੇ ਹੱਕ, ਹਕ਼ੀਕ਼ਤ ਆਪਣੀ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰਨੇਹਾਰਾ, ਕਰਤਾ ਪੁਰਖ ਵਡੀ ਵਡਿਆਈਆ । ਕਲ ਕਲਕੀ ਨਿਰਗੁਣ ਲਏ ਅਵਤਾਰਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਸੰਬਲ ਵਸੇ ਧਾਮ ਨਿਆਰਾ, ਬੰਕ ਸੁਹੇਲਾ ਡੇਰਾ ਲਾਈਆ । ਨਾਮ ਸ਼ਬਦ ਇਕ ਜੈਕਾਰਾ, ਦੋ ਜਹਾਨਾਂ ਆਪ ਸੁਣਾਈਆ । ਭਗਤ ਵਛਲ ਕਰ ਪਿਆਰਾ, ਭਗਵਨ ਆਪਣਾ ਰੰਗ ਚੜ੍ਹਾਈਆ । ਨਾਮ ਖੰਡਾ ਪਰਚੰਡ ਦੋ ਧਾਰਾ, ਵਿਚ ਸੰਸਾਰਾ ਆਪ ਫਿਰਾਈਆ । ਬੁਧੀ ਕਰੇ ਨਾ ਕੋਈ ਵਿਚਾਰਾ, ਸੋਚ ਸਮਝ ਨਾ ਕੋਇ ਜਣਾਈਆ । ਜਿਸ ਦਾ ਲੇਖਾ ਸ਼ਾਸਤਰ ਸਿਮਰਤ ਵੇਦ ਪੁਰਾਨਾਂ ਬਾਹਰਾ, ਅਨੁਭਵ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਡੇਰਾ ਲਾਈਆ । ਗ੍ਰਿਹ ਮੰਦਰ ਸਾਚੇ ਵਸਿਆ, ਵਸਨੀਕ ਇਕੋ ਨਜ਼ਰੀ ਆਈਆ । ਨਿਰਗੁਣ ਹੋ ਕੇ ਆਤਮ ਨਾਲ ਹੱਸਿਆ, ਪਰਮਾਤਮ ਭੇਵ ਖੁਲ੍ਹਾਈਆ । ਬ੍ਰਹਿਮੰਡਾਂ ਖੰਡਾਂ ਫਿਰੇ ਨੱਸਿਆ, ਬਿਨ ਕ਼ਦਮਾਂ ਕ਼ਦਮ ਟਿਕਾਈਆ । ਢੋਲੇ ਗੀਤ ਸੁਣਾ ਕੇ ਜਸਿਆ, ਬਿਨ ਅੱਖਰਾਂ ਕਰ ਪੜ੍ਹਾਈਆ । ਕਲਜੁਗ ਕੂੜਾ ਮੇਟੇ ਰੱਟਿਆ, ਸਤਿ ਸਚ ਲਏ ਉਪਜਾਈਆ । ਮਨ ਮਮਤਾ ਕਰ ਕੇ ਹੱਤਿਆ, ਸ਼ਬਦ ਖੰਡਾ ਖੜਗ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮਾਰਗ ਲਾ ਕੇ ਸੱਚਿਆ, ਸਤਿ ਸਚ ਇਕ ਵਖਾਈਆ । ਸਤਿ ਸਚ ਦਾ ਮਾਰਗ ਏਕ, ਇਕੋ ਦਏ ਵਖਾਈਆ ।

ਕਲਜੁਗ ਅੰਤਮ ਧੁਰ ਦੀ ਟੇਕ, ਟਿੱਕੇ ਮਸਤਕ ਦਏ ਲਗਾਈਆ । ਝਗੜਾ ਮੁਕਣਾ ਮੁੱਲਾ ਸ਼ੇਖ਼, ਕ਼ਾਜ਼ੀ ਮੁਸਾਇਕ ਰਹਿਣ ਕੋਇ ਨਾ ਪਾਈਆ । ਗੁਰਮੁਖਾਂ ਖੋਲ੍ਹ ਕੇ ਅੰਤਰ ਭੇਤ, ਪੜਦਾ ਦੇਣਾ ਉਠਾਈਆ । ਅਗਲੇ ਸਾਲ ਦੀ ਰੁਤ ਬਦਲਣ ਵਾਲੀ ਚੇਤ, ਚੇਤਨ ਸੁਰਤੀ ਸਭ ਦੀ ਦਏ ਕਰਾਈਆ । ਪੁਰਖ ਅਕਾਲ ਦੀ ਵੇਖੋ ਖੇਡ, ਜੋ ਚਾਰ ਕੁੰਟ ਖੰਡੇ ਦਏ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਤਰਦਾ ਵੇਖਣਾ ਮਾਤ, ਤਾਰਨਹਾਰ ਦਇਆ ਕਮਾਈਆ । ਸੋਹਣੀ ਦੱਸੇ ਇਕ ਪਰਭਾਤ, ਅੰਧ ਅੰਧੇਰਾ ਦੂਰ ਕਰਾਈਆ । ਨਿਰਗੁਣ ਹੋ ਕੇ ਪੁਛੇ ਵਾਤ, ਸਰਗੁਣ ਗੋਦ ਉਠਾਈਆ । ਜਨ ਭਗਤਾਂ ਘਰ ਦੀ ਖਾ ਕੇ ਸੋਹਣੀ ਭਾਤ, ਭਰਮ ਭੁਲੇਖਾ ਦੂਰ ਕਰਾਈਆ । ਚਾਰ ਜੁਗ ਦੀ ਮੰਗ ਪੂਰੀ ਕਰ ਕੇ ਆਜ, ਸਤਿਜੁਗ ਨੀਂਹ ਰਿਹਾ ਵਖਾਈਆ । ਭਗਤ ਭਗਵਾਨ ਦਾ ਭੋਗ ਲੱਗਣ ਦਾ ਸਦਾ ਰਿਵਾਜ, ਸਤਿਜੁਗ ਸਾਚਾ ਦਏ ਗਵਾਹੀਆ । ਗੁਰਮੁਖ ਦੋ ਜਹਾਨ ਤੁਹਾਨੂੰ ਦੇਣ ਸ਼ਾਬਾਸ਼, ਖੁਸ਼ੀਆਂ ਵਿਚ ਸਾਰੇ ਢੋਲੇ ਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਹੋ ਕੇ ਤੁਹਾਡਾ ਦੇਵੇ ਸਾਥ, ਸਾਥੀ ਹੋ ਕੇ ਸਗਲਾ ਸੰਗ ਬਣਾਈਆ ।

### ✪ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਪੂਰਨ ਸਿੰਘ ਦੇ ਗ੍ਰਹਿ ਪਿੰਡ ਮਨਾਵਾਂ ਜ਼ਿਲਾ ਫ਼ਿਰੋਜ਼ਪੁਰ ✪

ਭਗਤ ਭਗਵਾਨ ਦਾ ਇਕੋ ਭੋਜਨ, ਭਜਨ ਬੰਦਗੀ ਸਚ ਵਡਿਆਈਆ । ਜਿਸਨੂੰ ਨਾਨਕ ਮਿਲਿਆ ਚੜ੍ਹ ਕੇ ਉਪਰ ਕੋਟਨ ਯੋਜਨ, ਜੁਜ਼ ਆਪਣਾ ਓਸੇ ਵਿਚ ਮਿਲਾਈਆ । ਨਾਮ ਸੰਦੇਸ਼ਾ ਲੈ ਕੇ ਆਇਆ ਅਗਾਧ ਬੋਧਨ, ਭੇਵ ਅਭੇਦਾ ਅਗੰਮ ਖੁਲ੍ਹਾਈਆ । ਸੋ ਭਗਤਾਂ ਦੇਵਣ ਆਇਆ ਸਾਚੀ ਮੌਜਣ, ਮੌਜੂਦਾ ਹੋ ਕੇ ਹੋਇਆ ਸਹਾਈਆ । ਜਨਮ ਜਨਮ ਦਾ ਕਟੇ ਰੋਗਣ, ਚਿੰਤਾ ਗ਼ਮ ਰਿਹਾ ਗਵਾਈਆ । ਨਾਮ ਦੁਸ਼ਾਲਾ ਦੇਵੇ ਓਢਣ, ਸੀਸ ਜਗਦੀਸ਼ ਹੱਥ ਰਖਾਈਆ । ਜਿਸ ਨੂੰ ਸੋਚੇ ਕੋਈ ਨਾ ਸੋਚਣ, ਬੁਧੀ ਚਲੇ ਨਾ ਕੋਇ ਚਤੁਰਾਈਆ । ਜਗ ਵੇਖੇ ਕੋਈ ਨਾ ਲੋਚਨ, ਨੈਣ ਅੱਖ ਸ਼ਰਮਾਈਆ । ਜਿਸ ਨੂੰ ਲੱਭਦੇ ਕੋਟੀ ਕੋਟਨ, ਭੱਜਣ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਰੰਗਾਈਆ । ਭਗਤ ਭਗਵਾਨ ਦਾ ਸਾਂਝਾ ਰਿਸ਼ਤਾ, ਆਤਮ ਪਰਮਾਤਮ ਵੱਜੇ ਵਧਾਈਆ । ਜੋ ਖੇਲੇ ਖੇਲ ਜੁਗ ਚੌਕੜੀ ਆਹਿਸਤਾ ਆਹਿਸਤਾ, ਹੌਲੀ ਹੌਲੀ ਭੇਵ ਖੁਲ੍ਹਾਈਆ । ਗੁਰਮੁਖਾਂ ਨਜ਼ਰੀ ਆਏ ਦੀਦਾ ਦਾਨਿਸਤਾ, ਦਾਸਤਾਨ ਪਿਛਲੀ ਰਿਹਾ ਦੁਹਰਾਈਆ । ਲੇਖਾ ਮੁਕਾ ਕੇ ਦੋਜ਼ਖ਼ ਬਹਿਸ਼ਤਾ, ਸਾਚਾ ਦਰ ਇਕ ਸੁਹਾਈਆ । ਜਿਥੇ ਲੇਖਾ ਮੰਗੇ ਕੋਈ ਨਾ ਫ਼ਰਿਸ਼ਤਾ, ਅਰਸ਼ ਫ਼ਰਸ਼ ਪੈਂਡਾ ਦਏ ਚੁਕਾਈਆ । ਲਹਿਣਾ ਦੇਣਾ ਜਾਨਣਹਾਰਾ ਰਾਮ ਵਸ਼ਿਸ਼ਟਾ, ਵਿਸ਼ਵ ਆਪਣਾ ਹੁਕਮ ਵਰਤਾਈਆ । ਨਿੰਦਰਾ ਵਿਚ ਖੋਲ੍ਹ ਕੇ ਦ੍ਰਿਸ਼ਟਾ, ਦ੍ਰਿਸ਼ ਆਪਣਾ ਦਏ ਜਣਾਈਆ । ਜੁਗ ਚੌਕੜੀ ਪਿਛਲੀ ਵੇਖ ਫਰਿਸਤਾ, ਗੁਰਮੁਖ ਗੋਦ ਲਏ ਉਠਾਈਆ । ਸਚ ਪ੍ਰੀਤੀ ਦੇ ਕੇ ਨਿਸਚਾ, ਨੀਤੀ ਅੰਦਰੋਂ ਦਏ ਬਦਲਾਈਆ । ਪੂਰਬ ਲੇਖਾ ਜਿਸ ਜਿਸ ਦਾ, ਦਰ ਦਰ ਘਰ ਘਰ ਜਾ ਚੁਕਾਈਆ । ਜਨਮ ਜਨਮ ਦਾ ਕਾਜ ਨਜਿਠਦਾ, ਤਨ ਮਾਟੀ ਵੇਖ ਵਖਾਈਆ । ਅਗੇ ਵੇਲਾ ਨਹੀਂ ਕਰਵਟ ਵਾਲੀ ਪਿੱਠ ਦਾ, ਸਨਮੁਖ ਹੋ ਕੇ ਨਜ਼ਰੀ ਆਈਆ । ਝਗੜਾ ਮੁੱਕ ਗਿਆ ਹਾਰ ਜਿੱਤ ਦਾ, ਰੰਗ ਇਕੋ ਦਏ ਰੰਗਾਈਆ । ਦਰਸ਼ਨ

ਬਖ਼ਸ਼ ਕੇ ਸਦਾ ਨਿਤ ਦਾ, ਨਿਜ ਆਤਮ ਮੇਲ ਮਿਲਾਈਆ । ਪਿਆਰ ਕਰ ਅਗੰਮੀ ਪਿਤ ਦਾ, ਗੁਰਮੁਖ ਪੂਤ ਗੋਦ ਉਠਾਈਆ । ਲੇਖਾ ਮੁਕਾ ਕੇ ਜਨਮਾਂ ਦੀ ਸਿਕ ਦਾ, ਸ਼ਿਖ਼ਰ ਚੋਟੀ ਦਏ ਚੜ੍ਹਾਈਆ । ਨਵ ਨੌ ਚਾਰ ਪਿਛੋਂ ਵਿਹਾਰ ਹੋਇਆ ਏਕੰਕਾਰ ਇਕ ਦਾ, ਇਕ ਇਕੱਲਾ ਬੇਪਰਵਾਹੀਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਲੇਖਾ ਗਿਆ ਲਿਖਦਾ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਸੋ ਮਾਲਕ ਬਣਿਆ ਗੁਰਮੁਖ ਪੂਰੇ ਸਿੱਖ ਦਾ, ਜਗਤ ਸਿਖਿਆ ਵਿਚੋਂ ਬਾਹਰ ਕਢਾਈਆ । ਦੀਨ ਦੁਨੀ ਕਿਸੇ ਨਾ ਦਿਸਦਾ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਭਗਤ ਭਗਵਾਨ ਸਦਾ ਮੀਤ, ਮਿੱਤਰਾਂ ਵਿਚੋਂ ਮਿੱਤਰ ਨਜ਼ਰੀ ਆਈਆ । ਜੁਗ ਚੌਕੜੀ ਬਦਲਦੇ ਰਹਿਣ ਰੀਤ, ਨਿਤ ਨਵਿਤ ਵੇਸ ਵਟਾਈਆ । ਸਾਂਝਾ ਗੌਂਦੇ ਰਹਿਣ ਗੀਤ, ਧੁਰ ਦਾ ਨਾਮ ਪੜ੍ਹਾਈਆ । ਝਗੜਾ ਛੱਡ ਕੇ ਮੰਦਰ ਮਸੀਤ, ਕਾਇਆ ਕਾਅਬੇ ਸੋਭਾ ਪਾਈਆ । ਮੇਲਾ ਮਿਲ ਕੇ ਹਰਿ ਜਗਦੀਸ਼, ਜਗਤ ਵਜੌਂਦੇ ਰਹਿਣ ਵਧਾਈਆ । ਵੱਖਰੀ ਨਿਰਾਲੀ ਕਰ ਪ੍ਰੀਤ, ਪ੍ਰੀਤਮ ਪ੍ਰੀਤੀ ਵਿਚੋਂ ਪਰਗਟਾਈਆ । ਬੈਠੇ ਰਹਿਣ ਸਦਾ ਅਤੀਤ, ਤ੍ਰੈਗੁਣ ਨੇੜ ਕੋਇ ਨਾ ਆਈਆ । ਜਿਸ ਦੀ ਕਰਦੇ ਰਹਿਣ ਉਡੀਕ, ਅੱਖਰਾਂ ਵਿਚ ਧਿਆਨ ਰਖਾਈਆ । ਸੋ ਸਾਹਿਬ ਆਇਆ ਨਜ਼ਦੀਕ, ਦੂਰ ਦੁਰਾਡਾ ਪੰਧ ਚੁਕਾਈਆ । ਜਨ ਭਗਤ ਦਵਾਰਿਉਂ ਮੰਗੇ ਭੀਖ, ਭਿਖਾਰੀ ਹੋ ਕੇ ਝੋਲੀ ਡਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਕਰੇ ਆਪ ਤਸਦੀਕ, ਸ਼ਹਾਦਤ ਅਵਰ ਨਾ ਕੋਇ ਭੁਗਤਾਈਆ ।



### ✪ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਗੁਰਬਚਨ ਸਿੰਘ ਦੇ ਗ੍ਰਿਹ ਪਿੰਡ ਸੱਦਾ ਸਿੰਘ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

੩੦੬
੧੯

ਜਨ ਭਗਤਾਂ ਅੰਦਰੋਂ ਚੁਕਣਾ ਪੜਦਾ, ਦੂਈ ਰਹਿਣ ਕੋਇ ਨਾ ਪਾਈਆ । ਭੇਵ ਖੁਲ੍ਹੌਣਾ ਸਾਚੇ ਘਰ ਦਾ, ਗ੍ਰਿਹ ਮੰਦਰ ਵੱਜੇ ਵਧਾਈਆ । ਲੇਖਾ ਚੁਕਾਉਣਾ ਭੈ ਡਰ ਦਾ, ਭਿਆਨਕ ਰੂਪ ਨਾ ਕੋਇ ਦਰਸਾਈਆ । ਮੇਲ ਮਿਲਾਉਣਾ ਨਰਾਇਣ ਨਰ ਦਾ, ਆਤਮ ਪਰਮਾਤਮ ਜੋੜ ਜੁੜਾਈਆ । ਘਰ ਵਖਾਉਣਾ ਥਿਰ ਘਰ ਦਾ, ਸਚਖੰਡ ਸਾਚਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਵੇਖ ਵਖਾਈਆ । ਲਹਿਣਾ ਦੇਣਾ ਚੁਕਾਉਣਾ ਜਗ, ਹਰਿਜਨ ਸਾਚੇ ਲਏ ਜਗਾਈਆ । ਤ੍ਰੈਗੁਣ ਮਾਇਆ ਮੇਟ ਕੇ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਕਾਇਆ ਕਾਅਬੇ ਕਰਾ ਕੇ ਹੱਜ, ਹੁਜਰਾ ਇਕੋ ਦਏ ਵਖਾਈਆ । ਸ਼ਬਦ ਅਗੰਮੀ ਸੁਣਾ ਕੇ ਨਦ, ਅਨਹਦ ਨਾਦੀ ਤਾਲ ਵਜਾਈਆ । ਦਇਆ ਕਮਾ ਕੇ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਰੰਗ ਚੜ੍ਹਾਈਆ । ਸਚ ਦਵਾਰੇ ਬਹੇ ਸਜ, ਸੱਜਣ ਹੋ ਕੇ ਸੋਭਾ ਪਾਈਆ । ਨਾਮ ਪਿਆਲਾ ਦੇਵੇ ਮਦਿ, ਅੰਮ੍ਰਿਤ ਰਸ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਸਰਨਾਈਆ । ਜਨ ਭਗਤਾਂ ਦੇਣਾ ਨਾਮ ਅਮੋਲਾ, ਬਿਨ ਰਸਨਾ ਜਿਹਵਾ ਆਪ ਜਣਾਈਆ । ਧੁਰ ਦਾ ਸੁਣਾਉਣਾ ਅਗੰਮੀ ਸੋਹਲਾ, ਤੂੰ ਮੇਰਾ ਮੈਂ ਤੇਰਾ ਦੂਜੀ ਵੰਡ ਨਾ ਕੋਇ ਵੰਡਾਈਆ । ਮਨ ਮਨੂਆ ਪਾਏ ਨਾ ਰੌਲਾ, ਮਤ ਮਤਵਾਲੀ ਨਾ ਕੋਇ ਕੁਰਲਾਈਆ । ਪੜਦਾ ਚੁਕਾਉਣਾ ਅੰਧ ਅੰਧੇਰ ਓਹਲਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਹਿਜ ਸੁਭਾਓ ਸਤਿਗੁਰ ਸ਼ਬਦ ਬਣੇ ਵਿਚੋਲਾ, ਭੇਵ ਅਭੇਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਾਚੇ ਮੰਦਰ ਸੋਭਾ ਪਾਈਆ । ਜਨ ਭਗਤਾਂ ਦੱਸਣੀ ਅਗੰਮੀ ਰੀਤ, ਨਿਰਗੁਣ ਨਿਰਵੈਰ ਕਰੇ ਪੜ੍ਹਾਈਆ । ਝਗੜਾ ਮੁੱਕੇ ਮੰਦਰ ਮਸੀਤ, ਸਚ ਦਵਾਰਾ ਸੋਭਾ ਪਾਈਆ । ਆਤਮ ਪਰਮਾਤਮ ਗਾਏ ਇਕੋ ਗੀਤ, ਗਹਿਰ ਗੰਭੀਰ ਕਰੇ ਰੁਸ਼ਨਾਈਆ । ਜੁਗ ਚੌਕੜੀ ਜਿਸ ਦੀ ਕਰਦੇ ਰਹੇ ਉਡੀਕ, ਸੋ ਸਵਾਮੀ ਵੇਖ ਵਖਾਈਆ । ਇਕੋ ਕਲਮਾ ਦੱਸੇ ਹਦੀਸ, ਇਕੋ ਹਜ਼ਰਤ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਉਠਾਈਆ । ਪੜਦਾ ਓਹਲਾ ਚੁੱਕੇ ਆਪ, ਦੇਵਣਹਾਰ ਸੱਚੀ ਸਰਨਾਈਆ । ਬੰਦ ਕਿਵਾੜੀ ਖੋਲ੍ਹੇ ਤਾਕ, ਗ੍ਰਿਹ ਮੰਦਰ ਹੋਵੇ ਰੁਸ਼ਨਾਈਆ । ਰੂਹ ਬੁਤ ਕਰੇ ਪਾਕ, ਪਤਿਤ ਪੁਨੀਤ ਦਏ ਜਣਾਈਆ । ਪਾਰਬ੍ਰਹਮ ਬ੍ਰਹਮ ਧੁਰ ਦਾ ਦੇਵੇ ਸਾਥ, ਸਗਲਾ ਸੰਗ ਬਣਾਈਆ । ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦਏ ਮਿਟਾਈਆ । ਸ਼ਬਦ ਅਗੰਮੀ ਵਜਾਏ ਨਾਦ, ਧੁਨ ਆਤਮਕ ਰਾਗ ਸੁਣਾਈਆ । ਪੂਰਬ ਲਹਿਣਾ ਦੇਣਾ ਕਰੇ ਬੇਬਾਕ, ਲੇਖਾ ਪਿਛਲਾ ਰਹੇ ਨਾ ਰਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਖੇਲ ਕਰੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਦਰਸਾਈਆ । ਜਨ ਭਗਤਾਂ ਸਚ ਦਵਾਰਾ ਵਖਾਏ ਦਰਸ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਨਮ ਮਰਨ ਦੀ ਮੇਟ ਕੇ ਹਰਸ, ਹਵਸ ਅਗਲੀ ਦਏ ਗਵਾਈਆ । ਕਰਮ ਕਰਮ ਦੀ ਮੇਟੇ ਭਟਕ, ਭਰਮ ਭਰਮ ਦਾ ਗੜ੍ਹ ਤੁੜਾਈਆ । ਨਾਤਾ ਤੋੜ ਕੇ ਕੂੜਾ ਜਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਰੀਤੀ ਦੱਸ ਕੇ ਭਗਵਾਨ ਭਗਤ, ਭਗਵਨ ਆਪਣਾ ਨੂਰ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਭਗਤ ਭਗਵਾਨ ਸਦਾ ਸੰਗ, ਜੁਗ ਜੁਗ ਖੇਲ ਖਿਲਾਇੰਦਾ । ਅੰਤਰ ਆਤਮ ਚਾੜ੍ਹੇ ਰੰਗ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਨਾਮ ਸਤਿ ਸਤਿ ਵਜਾਏ ਮਰਦੰਗ, ਨਾਦ ਅਨਾਦੀ ਰਾਗ ਅਲਾਇੰਦਾ । ਨਾਮ ਸੇਜਾ ਸੁਹਾ ਪਲੰਘ, ਸਿੰਘਾਸਣ ਆਸਣ ਇਕ ਵਡਿਆਇੰਦਾ । ਕਰ ਪਰਕਾਸ਼ ਬਿਨ ਸੂਰਜ ਚੰਦ, ਜੋਤੀ ਜੋਤ ਡਗਗਾਇੰਦਾ । ਗੁਰਮੁਖਾਂ ਦੇ ਕੇ ਅਗੰਮੀ ਅਨੰਦ, ਅਨੰਦ ਆਪਣੇ ਵਿਚ ਸਮਾਇੰਦਾ । ਦੀਨ ਦਿਆਲ ਹੋ ਬਖ਼ਸ਼ੰਦ, ਰਹੀਮ ਰਹਿਮਤ ਝੋਲੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਸੂਰਾ ਸਰਬੰਗ, ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਆਪਣੀ ਕਾਰ ਕਮਾਇੰਦਾ ।

੧੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਜੋਰਾ ਸਿੰਘ ਦੇ ਗ੍ਰਿਹਿ ਪਿੰਡ ਸੱਦਾ ਸਿੰਘ ਵਾਲਾ ਜ਼ਿਲਾ ਫ਼ਿਰੋਜ਼ਪੁਰ

ਜਨ ਭਗਤ ਕਹੇ ਪ੍ਰਭ ਖੋਲ੍ਹ ਪੜਦਾ, ਬੇਐਬ ਨਜ਼ਰੀ ਆਈਆ । ਦਰਸ਼ਨ ਕਰਾਂ ਤੇਰੇ ਸੱਚੇ ਘਰ ਦਾ, ਜਿਥੇ ਜਲਵਾ ਨੂਰ ਇਕ ਰੁਸ਼ਨਾਈਆ । ਦਰ ਦਰਵੇਸ਼ ਬਣਾ ਬਰਦਾ, ਬੰਦੀਖ਼ਾਨਾ ਰਹੇ ਨਾ ਰਾਈਆ । ਜਲ ਵੇਖਾਂ ਸਾਚੇ ਸਰ ਦਾ, ਅੰਮ੍ਰਿਤ ਇਕੋ ਨਜ਼ਰੀ ਆਈਆ । ਝਗੜਾ ਰਹੇ ਨਾ ਭੈ ਡਰ ਦਾ, ਭਵਜਲ ਵਿਚ ਨਾ ਕੋਇ ਭਵਾਈਆ । ਮੰਜ਼ਲ ਜਾਵਾਂ ਆਪਣੀ ਚੜ੍ਹਦਾ, ਰਾਹ ਵਿਚ ਨਾ ਕੋਇ ਅਟਕਾਈਆ । ਦਰਸ਼ਨ ਕਰਾਂ ਨਰਾਇਣ ਨਰ ਦਾ, ਨਰ ਨਿਰੰਕਾਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ

ਕਹੇ ਪ੍ਰਭ ਤੇਰੀ ਆਸ, ਤ੍ਰਿਸ਼ਨਾ ਜਗਤ ਨਾ ਕੋਇ ਜਣਾਈਆ । ਤੇਰੇ ਪ੍ਰੇਮ ਦੀ ਸਚ ਪਿਆਸ, ਬਿਲਪ ਕਰੇ ਕੁਰਲਾਈਆ । ਸਦ ਵਸਾਂ ਤੇਰੇ ਪਾਸ, ਹੋਵੇ ਨਾ ਕਦੇ ਜੁਦਾਈਆ । ਨਿਜ ਘਰ ਕਰ ਵਾਸ, ਨਿਵਾਸ ਅਸਥਾਨ ਦੇ ਸਮਝਾਈਆ । ਜੋਤੀ ਜੋਤ ਕਰ ਪ੍ਰਕਾਸ਼, ਪਰਕਾਸ਼ਵਾਨ ਤੇਰੀ ਬੇਪਰਵਾਹੀਆ । ਝਗੜਾ ਮੁਕ ਜਾਏ ਧਰਤੀ ਆਕਾਸ਼, ਗਗਨ ਪਾਤਾਲ ਦੀ ਲੋੜ ਰਹੇ ਨਾ ਰਾਈਆ । ਪਰਮ ਪੁਰਖ ਪਰਮਾਤਮ ਆਤਮ ਤੇਰੀ ਜਾਤ, ਕਿਉਂ ਨਾਤਾ ਬੈਠਾ ਤੁੜਾਈਆ । ਤੇਰਾ ਲੇਖਾ ਸਦਾ ਬਾਹਰ ਕ਼ਲਮ ਦਵਾਤ, ਅੱਖਰ ਸਕੇ ਨਾ ਕੋਇ ਸਮਝਾਈਆ । ਕਲਜੁਗ ਵੇਖ ਅੰਧੇਰੀ ਰਾਤ, ਚਾਰ ਕੁੰਟ ਅੰਧੇਰਾ ਛਾਈਆ । ਝਗੜਾ ਪਿਆ ਜਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਸਾਚਾ ਮਿਲੇ ਨਾ ਕੋਈ ਅਹਿਬਾਬ, ਮੁਹੱਬਤ ਵਿਚ ਨਾ ਕੋਇ ਸਮਾਈਆ । ਨਿਰਗੁਣ ਵਜਾਏ ਨਾ ਕੋਈ ਰਬਾਬ, ਹੱਕ ਆਵਾਜ਼ ਨਾ ਕੋਇ ਸ਼ਨਵਾਈਆ । ਲੱਖ ਚੁਰਾਸੀ ਵਿਚੋਂ ਕਰੇ ਨਾ ਕੋਈ ਆਜ਼ਾਦ, ਬੰਧਨ ਬੰਦੀਖ਼ਾਨਾ ਨਾ ਕੋਇ ਤੁੜਾਈਆ । ਦੀਨ ਦੁਨੀ ਹੁੰਦੀ ਵੇਖੀ ਬਰਬਾਦ, ਉਜੜਿਆ ਘਰ ਨਾ ਕੋਇ ਵਸਾਈਆ । ਰਾਏ ਧਰਮ ਦਏ ਅਜ਼ਾਬ, ਜੂਨੀ ਜੂਨ ਵਿਚ ਰਖਾਈਆ । ਬਿਨ ਅੱਖਰਾਂ ਵਾਲੀ ਦੱਸ ਦੇ ਆਪਣੀ ਅਗੰਮੀ ਕਿਤਾਬ, ਜਿਸ ਦੀ ਲੁਗ਼ਾਤ ਵੰਡ ਨਾ ਕੋਇ ਵੰਡਾਈਆ । ਤੂੰ ਸ਼ਹਿਨਸ਼ਾਹ ਪਾਤਸ਼ਾਹ ਨਵਾਬ, ਨੌਬਤ ਇਕੋ ਦੇ ਸੁਣਾਈਆ । ਮੇਰਾ ਸਜਦਾ ਤੈਨੂੰ ਆਦਾਬ, ਨਮਸਤੇ ਕਹਿ ਕੇ ਸੀਸ ਝੁਕਾਈਆ । ਮਹੱਲ ਅਟਲ ਵਖਾ ਮਹਿਰਾਬ, ਮਹਿਬੂਬ ਇਕੋ ਨਜ਼ਰੀ ਆਈਆ । ਲਹਿਣਾ ਦੇਣਾ ਦੇਦੇ ਹੋ ਕੇ ਦਸਤਯਾਬ, ਦਰੇ ਦਰਬਾਰ ਮੰਗ ਮੰਗਾਈਆ । ਤੇਰੀ ਮੰਜ਼ਲ ਮਿਲੇ ਸਚ ਖ਼ਤਾਬ, ਖ਼ਤਾ ਰਹਿਣ ਕੋਇ ਨਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸੰਤ ਸੁਹੇਲੇ ਇਕੋ ਮੰਗਣ ਤੇਰੀ ਇਮਦਾਦ, ਦੂਜੀ ਓਟ ਨਾ ਕੋਇ ਰਖਾਈਆ । ਸੋਈ ਸੁਰਤੀ ਜਾਏ ਜਾਗ, ਆਲਸ ਨਿੰਦਰਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲੈਣਾ ਮਿਲਾਈਆ । ਜਨ ਭਗਤ ਕਹਿਣ ਪ੍ਰਭ ਤੇਰੇ ਪ੍ਰੇਮ ਦੀ ਵੱਜੇ ਖਿਚ, ਮਨ ਸੁਰਤੀ ਦੇ ਬਦਲਾਈਆ । ਪਰਗਟ ਹੋ ਜਾ ਕਾਇਆ ਵਿਚ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਬਿਨਾ ਅੱਖਾਂ ਆਵੇਂ ਦਿਸ, ਨਿਜ ਨੇਤਰ ਕਰ ਰੁਸ਼ਨਾਈਆ । ਧੰਨ ਵਡਿਆਈ ਗੁਰਮੁਖ ਪਰਗਟਾ ਆਪਣੇ ਸਿੱਖ, ਗੋਬਿੰਦ ਸਾਚੇ ਹੋ ਸਹਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਆਦਿ ਜੁਗਾਦਿ ਦੋ ਜਹਾਨਾਂ ਪਿਤ, ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਤੂੰ ਸਾਹਿਬ ਸਵਾਮੀ ਇਕ, ਏਕੰਕਾਰ ਤੇਰੀ ਇਕੋ ਵਡਿਆਈਆ । ਕਰਵਟ ਦੇ ਬਦਲ ਲੈ ਪਿੱਠ, ਸਨਮੁਖ ਹੋ ਕੇ ਸੋਭਾ ਪਾਈਆ । ਸਾਚੀ ਧਾਰ ਦਾ ਦੇ ਕੇ ਹਿੱਤ, ਨਿਤ ਨਵਿਤ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਖਿਆਤ ਪੜਦਾ ਦੇ ਉਠਾਈਆ । ਜਨ ਭਗਤ ਕਹਿਣ ਕਿਉਂ ਲੁਕਿਉਂ ਓਹਲੇ, ਪ੍ਰਭ ਤੇਰੀ ਬੇਪਰਵਾਹੀਆ । ਅਸਾਂ ਤੱਕਣਾਂ ਤੈਨੂੰ ਕਾਇਆ ਚੋਲੇ, ਸਾਢੇ ਤਿੰਨ ਹੱਥ ਤੇਰੀ ਵੱਜੇ ਇਕ ਵਧਾਈਆ । ਤੇਰੇ ਪ੍ਰੇਮ ਦੇ ਗਾਉਣੇ ਢੋਲੇ, ਸੋਹਲਾ ਸਚ ਸਚ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਅਗੇ ਬਣਦੇ ਰਹੇ ਵਿਚੋਲੇ, ਅਗੇ ਤੇਰੀ ਓਟ ਰਖਾਈਆ । ਜਿਹੜਾ ਇਕੋ ਕੰਡਾ ਸਚ ਤਰਾਜ਼ੂ ਤੋਲੇ, ਧੜੀ ਵੱਟਾ ਹੱਥ ਨਾ ਕੋਇ ਰਖਾਈਆ । ਆਤਮ ਪਰਮਾਤਮ ਹੋ ਕੇ ਮੌਲੇ, ਮੌਲਾ ਆਪਣੀ ਕਾਰ ਕਮਾਈਆ । ਲੱਖ ਚੁਰਾਸੀ ਆਵਣ ਜਾਵਣ ਜਨਮ ਮਰਨ ਦੇ ਚੁਕਣ ਰੌਲੇ, ਮਾਤ ਗਰਭ ਨਾ ਕੋਇ ਫਿਰਾਈਆ । ਸਚ ਸਵਾਮੀ ਅੰਤਰਜਾਮੀ ਅੰਤਰ ਆਤਮ ਹੋ ਕੇ ਬੋਲੇ, ਅਨਬੋਲਤ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲੈਣਾ ਮਿਲਾਈਆ । ਜਨ ਭਗਤ ਕਹੇ ਪ੍ਰਭ ਤੇਰੀ ਵੇਖੀ ਬੇਦਰਦੀ, ਦਰਦਵੰਦ

ਰਹੇ ਕੁਰਲਾਈਆ । ਆਤਮ ਬਣਾ ਲੈ ਆਪਣੀ ਬਰਦੀ, ਬੰਦੀਖ਼ਾਨੇ ਵਿਚੋਂ ਬਾਹਰ ਕਢਾਈਆ । ਸਾਚੀ ਮੰਜ਼ਲ ਜਾਵੇ ਚੜ੍ਹਦੀ, ਰਾਹ ਵਿਚ ਨਾ ਕੋਇ ਅਟਕਾਈਆ । ਨਿਤ ਦਰਸ਼ਨ ਰਹੇ ਕਰਦੀ, ਬਿਨ ਅੱਖਾਂ ਅੱਖ ਖੁਲ੍ਹਾਈਆ । ਮਾਲਕ ਬਣੇ ਤੇਰੇ ਘਰ ਦੀ, ਦੂਜਾ ਦਰ ਨਾ ਕੋਇ ਫਿਰਾਈਆ । ਵਿਛੋੜੇ ਅੰਦਰ ਰਹੇ ਨਾ ਸੜਦੀ, ਆਦਿ ਅੰਤ ਦੀ ਕਟ ਜੁਦਾਈਆ । ਤੇਰਾ ਨਾਮ ਰਹੇ ਪੜ੍ਹਦੀ, ਤੂੰ ਹੀ ਤੂੰ ਹੀ ਰਾਗ ਅਲਾਈਆ । ਮੁਹੱਬਤ ਪਿਆਰ ਅੰਦਰ ਰਹੇ ਮਰਦੀ, ਮੁਰਦੇ ਮੁਰੀਦ ਗੁਫ਼ਤ ਸ਼ਨੀਦ ਮੁਰਸ਼ਦ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗ ਇਕੋ ਦੇਣਾ ਰੰਗਾਈਆ । ਜਨ ਭਗਤ ਕਹੇ ਪ੍ਰਭ ਮੇਰੇ ਠਾਕਰ, ਠੋਕਰ ਆਪਣੀ ਦੇ ਲਗਾਈਆ । ਤੂੰ ਗਹਿਰ ਗੰਭੀਰ ਡੂੰਘਾ ਸਾਗਰ, ਤੇਰੀ ਬੇਪਰਵਾਹੀਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਜੁਗ ਜਨਮ ਦਿਆਂ ਵਿਛੜਿਆਂ ਦੇ ਆਦਰ, ਆਦਰਸ਼ ਆਪਣਾ ਦੇ ਵਖਾਈਆ । ਤੂੰ ਪਰਵਰਦਿਗਾਰ ਸਾਂਝਾ ਯਾਰ ਧੁਰ ਦਾ ਕ਼ਾਦਰ, ਕ਼ੁਦਰਤ ਦਾ ਮਾਲਕ ਨਜ਼ਰੀ ਆਈਆ । ਸਚ ਦਵਾਰੇ ਕਰੀਂ ਸੱਚਾ ਆਦਲ, ਅਦਲ ਇਨਸਾਫ਼ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਤੱਕੀਏ ਜਲਵਾ ਨੂਰ ਬਾਤਨ, ਬੈਤੁਲਮੁਕੱਦਸ ਇਕੋ ਨਜ਼ਰੀ ਆਈਆ ।



### ✪ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਗੁਰਦਿਆਲ ਸਿੰਘ ਦੇ ਗ੍ਰਿਹ ਪਿੰਡ ਸੱਦਾ ਸਿੰਘ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਸ੍ਰੀ ਭਗਵਾਨ ਕਹੇ ਜਨ ਭਗਤ ਤੇਰਾ ਪ੍ਰੇਮ ਸੱਚਾ, ਸਤਿ ਸਚ ਮਿਲੇ ਵਡਿਆਈਆ । ਮੈਂ ਨਿਰਗੁਣ ਧਾਰ ਹੋ ਕੇ ਤੇਰੇ ਲੂੰ ਲੂੰ ਅੰਦਰ ਰਚਾ, ਸਾਢੇ ਤਿੰਨ ਕਰੋੜ ਦੇਵੇ ਗਵਾਹੀਆ । ਸ਼ਬਦੀ ਗੁਰੂ ਬਣਾਇਆ ਬੱਚਾ, ਪਿਤਾ ਪੂਤ ਵੇਖ ਖ਼ੁਸ਼ੀ ਮਨਾਈਆ । ਦਰਸ਼ਨ ਦੇਵੇ ਨਿਜ ਨੇਤਰ ਲੋਚਨ ਅੱਖਾ, ਆਖ਼ਰ ਆਪਣਾ ਘਰ ਦਰਸਾਈਆ । ਧੁਰ ਧਾਮ ਦਾ ਦੇ ਕੇ ਪਤਾ, ਪਤਿਪਰਮੇਸ਼ਵਰ ਪੜਦਾ ਦਏ ਉਠਾਈਆ । ਨਾਤਾ ਤੋੜ ਕੇ ਕੂੜਾ ਕੱਚਾ, ਕਾਇਆ ਕਾਚੀ ਮਾਟੀ ਰੰਗ ਦਏ ਰੰਗਾਈਆ । ਅੰਮ੍ਰਿਤ ਰਸ ਦੇਵੇ ਨਿਝਰ ਰਸਾ, ਝਿਰਨਾ ਇਕ ਝਿਰਾਈਆ । ਮੰਦਰ ਅੰਦਰ ਰਹੇ ਵਸਾ, ਸਾਢੇ ਤਿੰਨ ਹੱਥ ਅੰਦਰ ਡੇਰਾ ਲਾਈਆ । ਪ੍ਰੇਮ ਪਿਆਰ ਦਾ ਨਾਤਾ ਕਰ ਕੇ ਪੱਕਾ, ਪਾਰਬ੍ਰਹਮ ਦੇਵਣਹਾਰ ਸੱਚੀ ਸ਼ਰਨਾਈਆ । ਹੁਕਮ ਵਿਚ ਫ਼ਰਕ ਪਵੇ ਨਾ ਰਤਾ, ਰਤਨ ਅਮੋਲਕ ਗੁਰਮੁਖਾਂ ਹੀਰੇ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸੰਤੋਖ ਧੀਰਜ ਦੇਵਣਹਾਰਾ ਹਠਾ, ਤਪ ਇਕੋ ਇਕ ਦ੍ਰਿੜਾਈਆ । ਸ੍ਰੀ ਭਗਵਾਨ ਕਹੇ ਸੁਣ ਭਗਤ ਸੁਹੇਲੇ ਸੱਜਣ, ਧੁਰ ਦਾ ਹੁਕਮ ਦਿਆਂ ਦ੍ਰਿੜਾਈਆ । ਹਰਿ ਚਰਨ ਪ੍ਰੀਤੀ ਅੱਠ ਸੱਠ ਤੀਰਥ ਨਾਲੋਂ ਚੰਗਾ ਮਜਨ, ਦੁਰਮਤ ਮੈਲ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦਾ ਇਕੋ ਭਜਨ, ਭਜਨ ਬੰਦਗੀ ਸੀਸ ਨਿਵਾਈਆ । ਜਨਮ ਜਨਮ ਦੀ ਪੂਰੀ ਹੋਵੇ ਮਜ਼ਲ, ਮੰਜ਼ਲ ਦੇਵੇ ਬੇਪਰਵਾਹੀਆ । ਗੀਤ ਢੋਲਾ ਗੌਣਾ ਨਾਮ ਗਜ਼ਲ, ਗ਼ਰਜ਼ ਪੂਰੀ ਦਏ ਕਰਾਈਆ । ਸਾਚੇ ਕੰਡੇ ਤੋਲ ਕੇ ਵਜ਼ਨ, ਕ਼ੀਮਤ ਕਰਤਾ ਲਏ ਪਾਈਆ । ਲੇਖੇ ਲਾ ਕੇ ਸਾਢੇ ਤਿੰਨ ਹੱਥ ਮਾਟੀ ਬਦਨ, ਬਦੌਲਤ ਪ੍ਰੇਮ ਜਨਮ ਮਰਨ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਸ੍ਰੀ ਭਗਵਾਨ ਕਹੇ ਸੁਣ ਭਗਤ ਮੀਤ, ਮਿੱਤਰ ਪਿਆਰਾ ਹੋ

ਕੇ ਦਇਆ ਕਮਾਈਆ । ਲੱਖ ਚੁਰਾਸੀ ਨਾਲੋਂ ਤੇਰੀ ਵੱਖਰੀ ਪ੍ਰੀਤ, ਪ੍ਰੀਤਮ ਹੋ ਕੇ ਦਏ ਸਮਝਾਈਆ । ਕਲਜੁਗ ਅੰਤ ਅਖ਼ੀਰੀ ਰਿਹਾ ਬੀਤ, ਬਾਤਨ ਪੜਦਾ ਦਏ ਖੁਲ੍ਹਾਈਆ । ਲੇਖਾ ਮੁਕਾਵਣਹਾਰਾ ਹਸਤ ਕੀਟ, ਊਚ ਨੀਚ ਵੇਖ ਵਖਾਈਆ । ਸਾਚਾ ਕਲਮਾ ਦੇ ਹਦੀਸ, ਹਜ਼ਰਤ ਹੋ ਕੇ ਕਰੇ ਹੱਕ ਪੜ੍ਹਾਈਆ । ਤੇਰੇ ਅੰਤਰ ਬਖ਼ਸ਼ੇ ਇਕ ਤੌਫ਼ੀਕ, ਤੋਫ਼ਾ ਆਪਣਾ ਦਏ ਵਰਤਾਈਆ । ਨਾਮ ਨਿਧਾਨਾ ਗਾਉਣਾ ਗੀਤ, ਗਹਿਰ ਗੰਭੀਰ ਇਕੋ ਕਰੇ ਪੜ੍ਹਾਈਆ । ਪਰਮ ਪੁਰਖ ਦਾ ਬਣਿਆ ਰਹਿਣਾ ਅਜ਼ੀਜ਼, ਅਜ਼ਲ ਤੋਂ ਲਏ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਦਏ ਦਰਸਾਈਆ । ਸ੍ਰੀ ਭਗਵਾਨ ਕਹੇ ਜਨ ਭਗਤ ਤੇਰਾ ਸਦਾ ਸੰਗ, ਲੱਖ ਚੁਰਾਸੀ ਕੰਮ ਕਿਸੇ ਨਾ ਆਈਆ । ਦੋਹਾਂ ਦਾ ਮਿਲ ਕੇ ਵੱਜਦਾ ਰਹੇ ਮਰਦੰਗ, ਨਾਮ ਸਤਾਰ ਤੰਦ ਇਕ ਹਿਲਾਈਆ । ਸਚ ਦਵਾਰੇ ਬਣਿਆ ਰਹੇ ਅਨੰਦ, ਕੂੜੀ ਕਿਰਿਆ ਨਾ ਕੋਇ ਵਡਿਆਈਆ । ਚੜ੍ਹਿਆ ਰਹੇ ਅਗੰਮੀ ਚੰਦ, ਨਿਰਗੁਣ ਜੋਤ ਹੋਵੇ ਰੁਸ਼ਨਾਈਆ । ਤੇਰਾ ਮੇਰਾ ਢੋਲਾ ਸੋਹੰ ਛੰਦ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਕਰੇ ਸ਼ਨਵਾਈਆ । ਪੜਦਾ ਓਹਲਾ ਚੁੱਕੇ ਹੰ, ਬ੍ਰਹਮ ਪਾਰਬ੍ਰਹਮ ਦਏ ਸਮਝਾਈਆ । ਲੇਖੇ ਲਾਵੇ ਪਵਣ ਸਵਾਸ ਦਮ, ਦਮਾਂ ਆਪਣੇ ਲੇਖੇ ਪਾਈਆ । ਭਾਗ ਲਗਾ ਕੇ ਸਾਢੇ ਤਿੰਨ ਹੱਥ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਝਗੜਾ ਮੁਕਾ ਕੇ ਹਰਖ਼ ਸੋਗ ਗ਼ਮ, ਚਿੰਤਾ ਅੰਦਰ ਖ਼ੁਸ਼ੀ ਦਏ ਵਖਾਈਆ । ਮਾਨਸ ਜਨਮ ਬੇੜਾ ਦੇਵੇ ਬੰਨ੍ਹ, ਕੂੜੀ ਕਿਰਿਆ ਨਾ ਸਕੇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦੇ ਕੇ ਮਾਣ, ਮਨੂਆ ਮਨ ਦਏ ਸਮਝਾਈਆ । ਜਨ ਭਗਤ ਤੇਰਾ ਸਚ ਸਹਾਰਾ, ਸਾਹਿਬ ਸਤਿਗੁਰ ਸਵਾਮੀ ਰਾਹ ਤਕਾਈਆ । ਕਲਜੁਗ ਅੰਤਮ ਵੇਖ ਕਿਨਾਰਾ, ਨਈਆ ਨੌਕਾ ਤੇਰੇ ਹੱਥ ਫੜਾਈਆ । ਚਾਰ ਕੁੰਟ ਅੰਧ ਅੰਧਿਆਰਾ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਭਰਮੇ ਭੁੱਲਾ ਸਰਬ ਸੰਸਾਰਾ, ਭਰਮ ਗੜ੍ਹ ਨਾ ਕੋਇ ਤੁੜਾਈਆ । ਪੜ੍ਹ ਪੜ੍ਹ ਥੱਕੇ ਵੇਦ ਚਾਰਾ, ਸ਼ਾਸਤਰ ਸਿਮਰਤ ਢੋਲੇ ਰਹੇ ਗਾਈਆ । ਸਾਚਾ ਮੰਦਰ ਗ੍ਰਿਹ ਤੱਕਿਆ ਨਾ ਕਿਸੇ ਗੁਰਦਵਾਰਾ, ਮਿਲ ਮਾਲਕ ਖ਼ੁਸ਼ੀ ਨਾ ਕੋਇ ਮਨਾਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਸ਼ਾਹੀ ਨੇਤਰ ਨੈਣਾਂ ਨੀਰ ਵਹਾਈਆ । ਜਿਨ੍ਹਾਂ ਪਰਮ ਪੁਰਖ ਪਰਮਾਤਮ ਆਤਮ ਮਿਲ ਗਿਆ ਇਕ ਨਿਰੰਕਾਰ ਏਕੰਕਾਰਾ, ਇਕੋ ਰੰਗ ਚੜ੍ਹਾਈਆ । ਜਨ ਭਗਤ ਕਦੇ ਮੰਗਣ ਨਾ ਜਾਏ ਦੂਜੇ ਦਵਾਰਾ, ਦਵਾਰਕਾ ਵਾਸੀ ਬੈਠੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੱਚੀ ਸਰਕਾਰਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਇਕ ਦੇਵਣਹਾਰ ਦਇਆ ਕਮਾਈਆ ।



### ੧੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਪੰਜਾਬ ਕੌਰ ਦੇ ਗ੍ਰਿਹ ਪਿੰਡ ਸੱਦਾ ਸਿੰਘ ਵਾਲਾ ਜ਼ਿਲਾ ਫ਼ਿਰੋਜ਼ਪੁਰ

ਆਦਿ ਜੁਗਾਦਿ ਹਰਿ ਕਿਰਪਾ ਸੱਚੇ ਸਤਿਗੁਰ ਦੀ, ਗੁਰਮੁਖ ਗੁਰਸਿਖ ਲਏ ਪਰਗਟਾਈਆ । ਵਸਤ ਅਮੋਲਕ ਨਾਮ ਨਿਧਾਨ ਦੇਵੇ ਧੁਰ ਦੀ, ਪੂਰਬ ਲਹਿਣਾ ਝੋਲੀ ਪਾਈਆ । ਖੇਲ ਮੁਕਾ ਕੇ ਦੇਵਤ ਸੁਰ ਦੀ, ਸੁਰਤੀ ਆਪਣੇ ਨਾਲ ਜੁੜਾਈਆ । ਨਗਰੀ ਵਖਾ ਕੇ ਅਗੰਮੀ ਅਨੰਦਪੁਰ ਦੀ, ਪੁਰੀਆਂ ਲੋਆਂ ਵਿਚੋਂ ਬਾਹਰ ਕਢਾਈਆ । ਲੋੜ ਰਹੇ ਨਾ ਪ੍ਰੀਤ ਚੰਦ ਚਕੋਰ ਦੀ, ਰੰਗ ਇਕੋ ਦਏ ਵਖਾਈਆ । ਚਿੰਤਾ ਮੁਕਾ ਕੇ ਗ਼ਮ ਹਰਖ਼

ਸੋਗ਼ ਦੀ, ਗ਼ਮੀ ਖ਼ੁਸ਼ੀ ਵਿਚ ਬਦਲਾਈਆ । ਵਸਤ ਦੇ ਕੇ ਨਾਮ ਭੰਡਾਰੇ ਚੋਗ ਦੀ, ਚੋਜੀ ਪ੍ਰੀਤਮ ਮੇਲ ਮਿਲਾਈਆ । ਸਹਾਇਤਾ ਦੱਸ ਕੇ ਇਕੋ ਓਟ ਦੀ, ਓੜਕ ਇਕੋ ਦਏ ਵਖਾਈਆ । ਹੱਦ ਪਾਰ ਕਰ ਕੇ ਪੰਜ ਤਤ ਕਾਇਆ ਕੋਟ ਦੀ, ਮੁਕਾਮੇ ਹੱਕ ਦਏ ਸਮਝਾਈਆ । ਜਿਸ ਨੂੰ ਬੁਧੀ ਵਿਦਿਆ ਵਿਚ ਕਦੇ ਨਾ ਸੋਚਦੀ, ਸੋਚ ਸਮਝ ਦਏ ਸਮਝਾਈਆ । ਇਹ ਕਿਰਪਾ ਪੁਰਖ ਅਕਾਲ ਓਸ ਦੀ, ਜਿਸ ਦੀ ਉਸਤਤ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਚੁਕਾਈਆ । ਸਤਿਗੁਰ ਪੂਰਾ ਦਇਆ ਨਿਧ, ਦੀਨ ਦਿਆਲ ਦਇਆ ਕਮਾਇੰਦਾ । ਜਨ ਭਗਤਾਂ ਆਪਣੇ ਮਿਲਣ ਦੀ ਦੱਸ ਕੇ ਬਿਧ, ਅੰਤਰ ਆਤਮ ਆਪ ਸਮਝਾਇੰਦਾ । ਕਰ ਪਰਕਾਸ਼ ਗ੍ਰਹਿ ਘਰ ਨਿਝ, ਧੂੰਆਂਧਾਰ ਸਰਬ ਮਿਟਾਇੰਦਾ । ਆਤਮ ਪਰਮਾਤਮ ਕਾਰਜ ਕਰ ਕੇ ਸਿੱਧ, ਸਿੱਧਾ ਆਪਣਾ ਜੋੜ ਜੁੜਾਇੰਦਾ । ਕਲਜੁਗ ਤੇਰਾ ਅੰਤ ਅਖ਼ੀਰੀ ਲੇਖਾ ਬਹੁਤਾ ਲਿਖਿਆ ਵਿਚ ਵੇਦ ਰਿਗ, ਅਥਰਬਣ ਇਸ਼ਾਰਿਆਂ ਨਾਲ ਦ੍ਰਿੜ੍ਹਾਇੰਦਾ । ਕੋਈ ਸਮਝ ਨਾ ਸਕੇ ਰਿਧ ਸਿਧ, ਸ਼ਾਸਤਰ ਪੜਦਾ ਨਾ ਕੋਇ ਉਠਾਇੰਦਾ । ਕਰੇ ਖੇਲ ਅਬਿਨਾਸ਼ੀ ਕਰਤਾ ਏਕ ਓਅੰਕਾਰਾ ਇਕ, ਇਕ ਇਕੱਲਾ ਆਪਣੀ ਕਾਰ ਕਮਾਇੰਦਾ । ਜਗਤ ਨੇਤਰ ਦੋਏ ਲੋਚਨ ਕਿਸੇ ਨਾ ਸਕੇ ਦਿਸ, ਨਿਜ ਅੱਖ ਪਰਤੱਖ ਗੁਰਮੁਖ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਆਪ ਸੁਹਾਇੰਦਾ । ਸਤਿਗੁਰ ਸ਼ਬਦ ਸਰਬ ਸਵਾਮੀ, ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਨਜ਼ਰੀ ਆਈਆ । ਲੱਖ ਚੁਰਾਸੀ ਅੰਤਰ ਆਤਮ ਅੰਤਰਜਾਮੀ, ਘਟ ਭੀਤਰ ਵੇਖੇ ਥਾਉਂ ਥਾਈਂਆ । ਸ਼ਬਦ ਨਾਦ ਬੋਧ ਅਗਾਧ ਸੁਣਾਏ ਧੁਰ ਦੀ ਬਾਣੀ, ਆਤਮ ਪਰਮਾਤਮ ਪੜਦਾ ਦਏ ਉਠਾਈਆ । ਝਗੜਾ ਮੁਕਾਏ ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ, ਖ਼ਾਲਸ ਸਾਲਸ ਹੋ ਕੇ ਇਕੋ ਦਏ ਵਖਾਈਆ । ਉੱਤਮ ਸ੍ਰੇਸ਼ਟ ਨਿਰਾਲਮ ਆਲਮ ਇਕੋ ਦੱਸੇ ਅੰਮ੍ਰਿਤ ਜਲ ਪਾਣੀ, ਆਬੇਹਯਾਤ ਹਜ਼ਰਤ ਦਏ ਪਿਲਾਈਆ । ਮੰਜ਼ਲ ਮਹਿਬੂਬ ਦੱਸੇ ਸਚ ਰੂਹਾਨੀ, ਮਾਲਕ ਮਿਲਾਏ ਉਪਰ ਅਸਮਾਨੀ, ਪਰਕਾਸ਼ ਪਰਕਾਸ਼ ਵਿਚ ਛੁਪਾਈਆ । ਜਨ ਭਗਤਾਂ ਦੇਵੇ ਅਗੰਮ ਨਿਸ਼ਾਨੀ, ਨਿਸ਼ਾਨਾ ਇਕੋ ਦਏ ਵਖਾਈਆ । ਚਰਨ ਪ੍ਰੀਤੀ ਸਾਚੀ ਰੀਤੀ ਜਗ ਤੋਂ ਵੱਖਰੀ ਕ਼ੁਰਬਾਨੀ, ਕਾਇਆ ਕ਼ਤਲਗਾਹ ਨਾ ਕੋਇ ਫਿਰਾਈਆ । ਨਿਰਗੁਣ ਨਿਰਵੈਰ ਨਿਰਾਕਾਰ ਹੋ ਕੇ ਗੁਰਮੁਖਾਂ ਰਖੇ ਕਰੇ ਮਿਹਰਵਾਨੀ, ਨਜ਼ਰੇ ਕਰਮ ਆਪ ਉਠਾਈਆ । ਸੁਰਤੀ ਸੁਰਤ ਅਕਾਲ ਮੂਰਤ ਮੁਰਦੀ ਕਰੇ ਸਾਵਧਾਨੀ, ਸਾਲਸ ਹੋ ਕੇ ਆਪ ਉਠਾਈਆ । ਮੰਜ਼ਲ ਦਿਸੇ ਹੱਕ ਇਕ ਲਾਸਾਨੀ, ਲਾਸ਼ਰੀਕ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਹਿ ਪੜਦਾ ਦਏ ਉਠਾਈਆ । ਸਤਿਗੁਰ ਸ਼ਬਦ ਦੇਵੇ ਸੁਖ ਅੰਤਰ, ਅੰਤਸ਼ਕਰਨ ਵੇਖ ਵਖਾਈਆ । ਧੁਰ ਦਾ ਨਾਮ ਦੱਸੇ ਸਚ ਮੰਤਰ, ਮਤਲਬ ਅਵਰ ਨਾ ਕੋਇ ਕਢਾਈਆ । ਨਿਰਗੁਣ ਰੂਪ ਬ੍ਰਹਮ ਦਿਸੇ ਨਿਰੰਤਰ, ਨਿਰਵੈਰ ਪੜਦਾ ਲਾਹੀਆ । ਕਲਜੁਗ ਅਗਨੀ ਅੱਗ ਮੇਟੇ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਈਆ । ਜਨ ਭਗਤਾਂ ਲਹਿਣਾ ਦੇਣਾ ਦੇਵੇ ਜੁਗਾ ਜੁਗੰਤਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਖੋਜ ਖੁਜਾਈਆ । ਅਗੇ ਬਣਾਵੇ ਸਾਚੀ ਬਣਤਰ, ਘੜਨ ਭੰਨਣਹਾਰ ਸਮਰਥ ਸਵਾਮੀ ਸਿਰ ਆਪਣਾ ਹੱਥ ਟਿਕਾਈਆ । ਪਾਵੇ ਸਾਰ ਬ੍ਰਹਮਾ ਮਨਵੰਤਰ, ਮਨੂ ਸਿਮਰਤੀ ਖੋਜ ਖੁਜਾਈਆ । ਝਗੜਾ ਮੁਕਾ ਗਗਨ ਗਗਨੰਤਰ, ਗ੍ਰਹਿ ਮੰਦਰ ਕਰੇ ਰੁਸ਼ਨਾਈਆ । ਸਰਬ ਕਲਾ ਹੋ ਭਰਤੰਬਰ, ਭਰਮ ਭੁਲੇਖਾ ਦਏ ਕਢਾਈਆ । ਪੁਰਖ ਅਕਾਲਾ ਦੀਨ ਦਿਆਲਾ, ਆਤਮ ਪਰਮਾਤਮ ਜੁਗ ਚੌਕੜੀ ਜਨ ਭਗਤਾਂ ਰਚਦਾ

ਆਇਆ ਸੁਅੰਬਰ, ਸਤਿ ਸਤਿਵਾਦੀ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਇਕੋ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਵਡ ਭੰਡਾਰੀ, ਨਾਮ ਨਿਧਾਨਾ ਜਗਤ ਵਰਤਾਇੰਦਾ । ਮੇਰਾ ਖੇਲ ਬਾਹਰ ਜਗਤ ਸੰਸਾਰੀ, ਸਹਿੰਸਿਆਂ ਵਿਚ ਕਦੇ ਨਾ ਆਇੰਦਾ । ਮੇਰਾ ਰੂਪ ਜੋਤ ਨਿਰੰਕਾਰੀ, ਨਿਰਵੈਰ ਕਾਰ ਕਮਾਇੰਦਾ । ਮੈਂ ਵਸਾਂ ਸਚ ਦਰਬਾਰੀ, ਸਚਖੰਡ ਸਾਚੇ ਸੋਭਾ ਪਾਇੰਦਾ । ਜਿਥੇ ਝੁਕਦੇ ਗੁਰ ਅਵਤਾਰੀ, ਪੈਗ਼ੰਬਰ ਸਿਰ ਨਾ ਕੋਇ ਉਠਾਇੰਦਾ । ਭਗਤ ਸੰਤ ਮੰਗਣ ਵਾਰੋ ਵਾਰੀ, ਦਰਵੇਸ਼ ਸੀਸ ਨਿਵਾਇੰਦਾ । ਸੋ ਕੁਦਰਤ ਕ਼ਾਦਰ ਖੇਲ ਕਰੇ ਨਿਆਰੀ, ਪਰਵਰਦਿਗਾਰ ਸਾਂਝਾ ਯਾਰ ਆਪਣੀ ਕਾਰ ਕਮਾਇੰਦਾ । ਜੁਗ ਚੌਕੜੀ ਵੇਖੇ ਵਿਗਸੇ ਕਰੇ ਵਿਚਾਰੀ, ਲੱਖ ਚੁਰਾਸੀ ਜੀਵ ਜੰਤ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਸਤਿਗੁਰ ਸ਼ਬਦ ਕਹੇ ਮੈਂ ਮੇਲਾਂ ਓਹ ਮਹਿਬੂਬ, ਜੋ ਮੁਹੱਬਤ ਵਿਚ ਸਮਾਈਆ । ਜਿਸ ਦਾ ਸਭ ਤੋਂ ਉਚ ਅਰੂਜ਼, ਛੱਪਰ ਛੰਨ ਨਾ ਕੋਇ ਛੁਹਾਈਆ । ਸਾਚੀ ਮੰਜ਼ਲ ਸਚ ਮਕਸੂਦ, ਸਚ ਦਵਾਰੇ ਡੇਰਾ ਲਾਈਆ । ਜਿਥੇ ਦੀਨ ਮਜ਼੍ਹਬ ਨਹੀਂ ਹਦੂਦ, ਲਾਸ਼ਰੀਕ ਜਲਵਾ ਨੂਰ ਰੁਸ਼ਨਾਈਆ । ਨਾ ਕੋਈ ਤਤ ਨਾ ਵਜੂਦ, ਕਾਇਆ ਬੁੱਤ ਨਾ ਕੋਇ ਵਖਾਈਆ । ਨਾ ਕੋਈ ਰੂਪ ਪਰਗਟਾਏ ਪੰਜ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਨਾ ਕੋਇ ਖਿਲਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਸੰਦੇਸਿਆਂ ਵਿਚ ਦੇ ਕੇ ਗਏ ਸਬੂਤ, ਨਿਰਅੱਖਰ ਅੱਖਰਾਂ ਵਿਚ ਬਦਲਾਈਆ । ਜਿਧਰ ਵੇਖਣ ਓਧਰ ਸਦਾ ਮੌਜੂਦ, ਹਰ ਘਟ ਬੈਠਾ ਡੇਰਾ ਲਾਈਆ । ਜਿਸ ਦੀ ਸਿਫ਼ਤਾਂ ਵਿਚੋਂ ਸਿਫ਼ਤ ਭਰੀ ਹਜ਼ਾਰਾ ਦਰੂਦ, ਹਜ਼ਰਤਾਂ ਇਕੋ ਢੋਲਾ ਗਿਆ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਦਾਤਾ ਬੇਪਰਵਾਹੀਆ । ਸਤਿਗੁਰ ਦਾਤਾ ਗਹਿਰ ਗੰਭੀਰ, ਗੁਰ ਇਕੋ ਇਕ ਅਖਵਾਇੰਦਾ । ਜਿਸ ਦੀ ਨਜ਼ਰ ਨਾ ਆਏ ਤਸਵੀਰ, ਨੂਰ ਨੁਰਾਨਾ ਡਗਮਗਾਇੰਦਾ । ਜਿਸ ਦਾ ਖੇਲ ਬੇਨਜ਼ੀਰ, ਨਜ਼ਰ ਵਿਚ ਨਾ ਕੋਇ ਟਿਕਾਇੰਦਾ । ਜੋ ਮੰਜ਼ਲ ਚੋਟੀ ਚੜ੍ਹੇ ਅਖ਼ੀਰ, ਹੱਕ ਮੁਕਾਮੇ ਡੇਰਾ ਲਾਇੰਦਾ । ਸਚਖੰਡ ਸਾਚੇ ਬਹੇ ਪੀਰਾਂ ਦਾ ਪੀਰ, ਪੁਰਖ ਅਕਾਲਾ ਸੋਭਾ ਪਾਇੰਦਾ । ਸੋ ਆਦਿ ਅੰਤ ਜੁਗਾ ਜੁਗੰਤ ਬਣਾਉਂਦਾ ਰਹੇ ਤਦਬੀਰ, ਤਕ਼ਦੀਰ ਦੀਨ ਦੁਨੀ ਮੇਟ ਮਿਟਾਇੰਦਾ । ਜਿਸ ਦਾ ਨਾਮ ਖੰਡਾ ਤਿੱਖੀ ਧਾਰ ਸ਼ਮਸ਼ੀਰ, ਸ਼ਮਅ ਲੱਖ ਚੁਰਾਸੀ ਗੁੱਲ ਕਰਾਇੰਦਾ । ਜਿਸ ਦਾ ਰਾਹ ਤੱਕਦਾ ਗਿਆ ਕਬੀਰ, ਕਾਇਆ ਕਾਅਬਾ ਵੇਖ ਖ਼ੁਸ਼ੀ ਮਨਾਇੰਦਾ । ਸੋ ਜਨ ਭਗਤਾਂ ਪਿਆਵਣ ਹਾਰਾ ਨਾਮ ਸੱਚਾ ਸੀਰ, ਸ਼ੀਰਖ਼ਾਰ ਬੱਚੇ ਆਪਣੀ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਏਥੇ ਓਥੇ ਦੋ ਜਹਾਨਾਂ ਦਸਤਗੀਰ, ਆਤਮ ਪਰਮਾਤਮ ਆਪਣਾ ਜੋੜ ਜੁੜਾਇੰਦਾ ।

## ੧੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਸੀਤਲ ਸਿੰਘ ਦੇ ਗ੍ਰਿਹਿ ਪਿੰਡ ਡਗਰੂ ਜ਼ਿਲਾ ਫ਼ਿਰੋਜ਼ਪੁਰ

ਛੱਤੀ ਭੋਜਨ ਖਾਵਣ ਛਤਰਧਾਰੀ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਰਸਨ ਲਗਾਈਆ । ਮਨ ਵਾਸਨਾ ਭਰਦੇ ਰਹਿਣ ਪਟਾਰੀ, ਖ਼ੁਸ਼ੀ ਜਗਤ

ਵਿਚ ਵਧਾਈਆ । ਭਗਤ ਭਗਵਾਨ ਦੀ ਵੱਖਰੀ ਖੇਲ ਨਿਆਰੀ, ਨਿਰਗੁਣ ਸਰਗੁਣ ਦਏ ਸਮਝਾਈਆ । ਜੁਗ ਚੌਕੜੀ ਪਿਛੋਂ ਜਨ ਭਗਤਾਂ ਦੀ ਆਈ ਵਾਰੀ, ਲੋਕਮਾਤ ਮਿਲੇ ਵਡਿਆਈਆ । ਕਿਰਪਾ ਕਰੇ ਆਪ ਨਿਰੰਕਾਰੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਾਮ ਖ਼ੁਮਾਰੀ ਜਾਵੇ ਚਾੜ੍ਹੀ, ਰੰਗ ਇਕੋ ਇਕ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਸ ਦਏ ਵਖਾਈਆ । ਛੱਤੀ ਭੋਜਨ ਜਗਤ ਪਕਵਾਨ, ਰਸਨਾ ਜਿਹਵਾ ਰਸ ਵਖਾਈਆ । ਭਗਤਾਂ ਵਸਤ ਅਮੋਲਕ ਦੇਵੇ ਸ੍ਰੀ ਭਗਵਾਨ, ਸਤਿ ਸਚ ਸਤਿ ਦ੍ਰਿੜ੍ਹਾਈਆ । ਜਿਨ੍ਹਾਂ ਘਰ ਸਵਾਮੀ ਮਿਲਿਆ ਆਣ, ਅੰਤਰਜਾਮੀ ਵੇਖ ਵਖਾਈਆ । ਏਥੇ ਓਥੇ ਦੋ ਜਹਾਨਾਂ ਮਿਲੇ ਮਾਣ, ਅਧਵਿਚਕਾਰ ਨਾ ਕੋਇ ਅਟਕਾਈਆ । ਲੱਖ ਚੁਰਾਸੀ ਜੀਵ ਜੰਤ ਸਾਰੇ ਪੀਣ ਖਾਣ, ਅੰਦਰ ਅਧਾਰ ਇਕ ਰਖਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲਾ ਪਰਮ ਪੁਰਖ ਦਾ ਮੰਗੇ ਦਾਨ, ਨਾਮ ਨਿਧਾਨਾ ਆਸ ਰਖਾਈਆ । ਜਿਸ ਨੂੰ ਸਾਹਿਬ ਸਤਿਗੁਰ ਕਰੇ ਪਰਵਾਨ, ਮਿਹਰਵਾਨ ਦਇਆ ਕਮਾਈਆ । ਤਿਨ੍ਹਾਂ ਕਾਇਆ ਮਾਟੀ ਗ੍ਰਹਿ ਮੰਦਰ ਅੰਦਰ ਮਿਲੇ ਆਣ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਆਤਮ ਪਰਮਾਤਮ ਰਸ ਅਨਡਿਠਾ ਭੋਗ ਲਗਾਏ ਆਣ, ਗੁਣਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਜਨ ਭਗਤ ਕਦੇ ਨਾ ਹੋਵੇ ਗ਼ਰੀਬ, ਮਿਲਖ ਜਾਗੀਰ ਧੰਨ ਦੌਲਤ ਕੰਮ ਕਿਸੇ ਨਾ ਆਈਆ । ਜੁਗ ਚੌਕੜੀ ਲੋਕਮਾਤ ਗਏ ਬੀਤ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਭਗਤ ਭਗਵਾਨ ਦੀ ਚਲਦੀ ਆਈ ਰੀਤ, ਧਰੂ ਪ੍ਰਹਿਲਾਦ ਕਬੀਰ ਜੁਲਾਹਾ ਆਪਣਾ ਸੰਗ ਬਣਾਈਆ । ਰਵਦਾਸ ਚਮਾਰਾ ਦੇ ਕੇ ਗਿਆ ਇਕ ਨਸੀਹਤ, ਧੁਰ ਸੰਦੇਸ਼ਾ ਇਕ ਦ੍ਰਿੜ੍ਹਾਈਆ । ਸਚ ਪ੍ਰੀਤੀ ਜਨ ਭਗਤਾਂ ਮਿਲੀ ਵਸੀਅਤ, ਵਿਸ਼ਵ ਇਕੋ ਇਕ ਦਰਸਾਈਆ । ਜਿਨ੍ਹਾਂ ਦੇ ਅੰਤਰ ਸੱਚੇ ਪ੍ਰੇਮ ਪਿਆਰ ਦੀ ਅਸਲੀਅਤ, ਅਸਲ ਵਸਲ ਵੇਖੇ ਜਲਵਾ ਨੂਰ ਖ਼ੁਦਾਈਆ । ਧੁਰ ਦਰਬਾਰ ਸਚ ਦਵਾਰ ਮੁਕਾਮੇ ਹੱਕ ਉਹਨਾਂ ਮਿਲੇ ਅਹਿਮੀਅਤ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਵੇਖ ਵਖਾਈਆ । ਜਨ ਭਗਤ ਲੋਕਮਾਤ ਹੋਵੇ ਨਾ ਮੰਗਤਾ, ਦਰ ਭਿਖਾਰੀ ਨਾ ਰੂਪ ਵਟਾਈਆ । ਪੁਰਖ ਅਕਾਲ ਦੀਨ ਦਿਆਲ ਤੋੜਨਹਾਰਾ ਗੜ੍ਹ ਅੰਤਰ ਹਉਮੇਂ ਹੰਗਤਾ, ਹੰ ਬ੍ਰਹਮ ਦਏ ਸਮਝਾਈਆ । ਮੇਲ ਮਿਲਾ ਕੇ ਸਾਚੀ ਸੰਗਤਾ, ਸੱਜਣ ਇਕੋ ਇਕ ਵਖਾਈਆ । ਨਾਮ ਨਿਧਾਨਾ ਬੋਧ ਅਗਾਧਾ ਦੱਸੇ ਬਣ ਕੇ ਪੰਡਤਾ, ਅੱਖਰ ਵੱਖਰ ਆਪ ਸਮਝਾਈਆ । ਝਗੜਾ ਮੁਕਾ ਕੇ ਬਹਿਸ਼ਤ ਜੰਨਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਮਾਣ ਵਡਿਆਈ ਦੇ ਕੇ ਸਾਚੇ ਸੰਤਾ, ਸਹਿਜ ਸੁਭਾਓ ਅੰਤਰ ਪੜਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪਿਆਰ ਅੰਦਰ ਜਨ ਭਗਤਾਂ ਕਾਇਆ ਚੋਲੀ ਰੰਗਦਾ, ਜੁਗ ਚੌਕੜੀ ਉਤਰ ਕਦੇ ਨਾ ਜਾਈਆ । ਜਨ ਭਗਤ ਕਦੇ ਨਾ ਹੋਵੇ ਭੁੱਖਾ, ਜਗਤ ਤ੍ਰਿਸ਼ਨਾ ਨਾ ਕੋਇ ਵਧਾਈਆ । ਜਿਨ੍ਹਾਂ ਦਾ ਅੰਤਰ ਆਤਮ ਹੋ ਗਿਆ ਸੁੱਚਾ, ਕੂੜ ਮੈਲ ਰਹੇ ਨਾ ਰਾਈਆ । ਉਨ੍ਹਾਂ ਦਾ ਭੰਡਾਰਾ ਕਦੇ ਨਾ ਮੁਕਦਾ, ਦੇਵਣਹਾਰ ਦਇਆ ਕਮਾਈਆ । ਭਗਤ ਭਗਵਾਨ ਦਾ ਸਦਾ ਟੁੱਕਰ ਸੁੱਕਾ, ਸ਼ਾਹ ਪਾਤਸ਼ਾਹ ਘਰ ਫੇਰਾ ਕਦੇ ਨਾ ਪਾਈਆ । ਜਿਨ੍ਹਾਂ ਦਾ ਜੀਵਣ ਪ੍ਰਭੂ ਦੀ ਪ੍ਰੀਤੀ ਅੰਦਰ ਉਚਾ, ਉਹ ਨੀਚੋਂ ਊਚ ਕਰ ਕਰ ਦੇਵੇ ਵਡਿਆਈਆ । ਸ੍ਰੀ ਭਗਵਾਲ ਉਤੇ ਚਲੇ ਕਿਸੇ ਦਾ ਨਾ ਕੋਈ ਗ਼ੁੱਸਾ, ਕੋਝਿਆਂ ਕਮਲਿਆਂ ਗਲੇ ਲਗਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਲੋਕਮਾਤ ਆਪ ਉਠਾਏ ਸੁੱਤਾ, ਸੋਈ ਸੁਰਤੀ ਆਪ ਜਗਾਈਆ । ਜਨ ਭਗਤ ਜਗਤ ਵਾਸਨਾ ਨਾ ਬਣੇ ਭਿਖਾਰੀ, ਮਾਇਆ ਮਮਤਾ ਮੋਹ ਵਧਾਈਆ । ਜਿਸ ਦੇ ਅੰਦਰ ਨਿਰਗੁਣ ਨੂਰ ਜੋਤ ਨਿਰੰਕਾਰੀ, ਜਲਵਾਗਰ ਸੋਭਾ ਪਾਈਆ । ਦੇਵਣਹਾਰ ਵਡ ਦਾਤਾਰੀ, ਦਇਆਵਾਨ ਝੋਲੀ ਦਏ ਭਰਾਈਆ । ਮਾਤਲੋਕ ਜਨ ਭਗਤਾਂ ਨੇੜ ਨਾ ਆਵੇ ਖ਼ੁਆਰੀ, ਖ਼ਾਲਸ ਇਕੋ ਰੰਗ ਰੰਗਾਈਆ । ਜਿਨ੍ਹਾਂ ਦਾ ਲੇਖਾ ਕਾਗਦ ਕ਼ਲਮ ਨਾ ਲਿਖਣਹਾਰੀ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਜੁਗ ਚੌਕੜੀ ਪਿਛੋਂ ਲੋਕਮਾਤ ਪੰਜ ਤਤ ਕਾਇਆ ਅੰਦਰ ਸਾਚੇ ਮੰਦਰ ਉਨ੍ਹਾਂ ਦੀ ਆਏ ਵਾਰੀ, ਵਾਰਤਾ ਢੋਲੇ ਜਸ ਗੀਤ ਰਸਨਾ ਜਿਹਵਾ ਬੱਤੀ ਦੰਦ ਬੁਧੀ ਨਾਲ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਜਨ ਭਗਤਾਂ ਅੰਤਰ ਸਦਾ ਲਗਦਾ ਰਹਿੰਦਾ ਭੋਗ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਅੰਤਰ ਰਸ ਚਖ ਚਖ ਖ਼ੁਸ਼ੀ ਮਨਾਈਆ । ਜਗਤ ਵਿਛੜਿਆਂ ਹੁੰਦਾ ਰਹੇ ਸੰਜੋਗ, ਜਨਮ ਜਨਮ ਦਾ ਲਹਿਣਾ ਦੇਣਾ ਝੋਲੀ ਦੇਵੇ ਪਾਈਆ । ਕਰਮ ਕਰਮ ਦਾ ਕਟਦਾ ਰਹੇ ਰੋਗ, ਚਿੰਤਾ ਸੋਗ਼ ਦਏ ਗਵਾਈਆ । ਖ਼ੁਸ਼ੀਆਂ ਅੰਦਰ ਆਪਣੇ ਨਾਮ ਦੀ ਦੇਂਦਾ ਰਹੇ ਚੋਗ, ਚੁਗਲੀ ਨਿੰਦਿਆ ਅੰਦਰੋਂ ਬਾਹਰ ਕਢਾਈਆ । ਚਰਨ ਪ੍ਰੀਤੀ ਬਖ਼ਸ਼ਦਾ ਰਹੇ ਜੋਗ, ਜਗਤ ਜਗਦੀਸ਼ਰ ਆਪ ਸਮਝਾਈਆ । ਭਾਗ ਲਗਾ ਕੇ ਕਾਇਆ ਮਾਟੀ ਸਾਚੇ ਕੋਟ, ਕੂੜ ਕੁਟੰਬ ਦਏ ਮਿਟਾਈਆ । ਸਾਹਿਬ ਸੁਹੇਲਾ ਇਕ ਅਕੇਲਾ ਪੁਰਖ ਅਬਿਨਾਸ਼ੀ ਜਨ ਭਗਤਾਂ ਨਿਰਗੁਣ ਹੋ ਕੇ ਚੁੱਕੇ ਆਪਣੀ ਗੋਦ, ਬਿਨ ਭੁਜਾਂ ਫੜ ਬਾਹੋਂ ਆਪਣੀ ਗੋਦ ਬਿਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਰਸ਼ਨ ਦੇਵੇ ਰੋਜ਼, ਬਿਨ ਅੱਖਾਂ ਪਰਤੱਖ ਨਜ਼ਰੀ ਆਈਆ । ਜਨ ਭਗਤ ਸਦਾ ਮਾਣਦਾ ਮੌਜ, ਮਜਲਸ ਪ੍ਰਭ ਦੇ ਨਾਲ ਰਖਾਈਆ । ਸਾਚੇ ਪ੍ਰੀਤਮ ਦਾ ਅਗੰਮੀ ਚੋਜ, ਨਿਰਾਲਾ ਆਪਣਾ ਗ੍ਰਿਹ ਦ੍ਰਿੜਾਈਆ । ਇਕੋ ਨਾਮ ਨਿਧਾਨਾ ਸ੍ਰੀ ਭਗਵਾਨਾ ਦੱਸ ਸਲੋਕ, ਸੋਹਲਾ ਸਚ ਦਏ ਸਮਝਾਈਆ । ਝਗੜਾ ਚੁਕ ਜਾਏ ਲੋਕ ਪਰਲੋਕ, ਦੋ ਜਹਾਨਾਂ ਡੇਰਾ ਢਾਹੀਆ । ਚਰਨ ਪ੍ਰੀਤੀ ਸਾਚੀ ਰੀਤੀ ਦੱਸ ਕੇ ਧੁਰ ਦੀ ਓਟ, ਓੜਕ ਆਪਣੇ ਵਿਚ ਮਿਲਾਈਆ । ਜਨ ਭਗਤ ਤੇਰਾ ਰੂਪ ਨਿਰਮਲ ਜੋਤ, ਅੰਤ ਜੋਤੀ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਬੇਨਜ਼ੀਰ ਆਪ ਉਠਾਈਆ ।



### ੧੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਧੰਨਾ ਸਿੰਘ ਦੇ ਗ੍ਰਿਹਿ ਪਿੰਡ ਡਗਰੂ ਜ਼ਿਲਾ ਫ਼ਿਰੋਜ਼ਪੁਰ

ਜਨ ਭਗਤ ਤੇਰਾ ਸਚ ਪਦਾਰਥ, ਧਰਨੀ ਧਰਤ ਧਵਲ ਦਏ ਗਵਾਹੀਆ । ਪ੍ਰਭ ਦਾ ਖਾ ਕੇ ਸੌਰੇ ਸਵਾਰਥ, ਸਾਂਤਕ ਸਤਿ ਵੱਜੇ ਵਧਾਈਆ । ਗੁਰਮੁਖਾਂ ਬਣਿਆਂ ਰਹੇ ਪਰਮਾਰਥ, ਪ੍ਰੇਮ ਪ੍ਰੀਤੀ ਰੰਗ ਚੜ੍ਹਾਈਆ । ਮਾਨਸ ਜਨਮ ਨਾ ਜਾਏ ਅਕਾਰਥ, ਲੇਖਾ ਲੇਖੇ ਵਿਚੋਂ ਬਦਲਾਈਆ । ਗ਼ਰੀਬਾਂ ਪਿਛੇ ਔਣਾ ਪਿਆ ਯਥਾਰਥ, ਸਾਜਣ ਹੋ ਕੇ ਸਾਚੀ ਸੇਵ ਕਮਾਈਆ । ਪ੍ਰੀਤੀ ਪ੍ਰੇਮ ਦੀ ਲਿਖ ਕੇ ਜਾਏ ਇਬਾਰਤ, ਜੁਗ ਚੌਕੜੀ ਨਾ ਕੋਇ ਮਿਟਾਈਆ । ਪਾਰ ਕਰਾਏ ਬਿਨਾ ਸਫ਼ਾਰਸ਼, ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ

ਉਠਾਈਆ । ਭਗਤ ਘਰ ਸਦਾ ਭੋਗ ਲੱਗਦਾ, ਲਗਨ ਪ੍ਰਭ ਦੀ ਚਲੀ ਆਈਆ । ਜਗਤ ਵਿਹਾਰ ਛੱਡ ਜਗ ਦਾ, ਜਗ੍ਹਾ ਜਗ੍ਹਾ ਲਏ ਉਠਾਈਆ । ਕੂੜਾ ਲਾਲਚ ਤੁੜਾ ਮਾਇਆ ਮਮਤਾ ਅੱਗ ਦਾ, ਸਤਿ ਧਰਮ ਇਕ ਵਖਾਈਆ । ਜੋ ਸਾਹਿਬ ਸਰਨਾਈ ਲੱਗਦਾ, ਲਗ ਮਾਤਰ ਦਏ ਬਦਲਾਈਆ । ਸ਼ਹਾਦਤ ਦੇਵੇ ਵੇਲਾ ਵਕਤ ਅੱਜ ਦਾ, ਜੁਗ ਚੌਕੜੀ ਕਾਰ ਭੁਗਤਾਈਆ । ਵੇਖਿਆ ਖੇਲ ਪੂਰੇ ਪੁਰਖ ਸਮਰਥ ਦਾ, ਜੋ ਭਗਤਾਂ ਹੋਏ ਸਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰੇਮ ਬਖ਼ਸ਼ ਕੇ ਜਾਏ ਸਚ ਦਾ, ਕਾਇਆ ਕੱਚ ਮਿਲੇ ਵਡਿਆਈਆ ।

### ੧੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਮੇਲਾ ਸਿੰਘ ਦੇ ਗ੍ਰਿਹ ਪਿੰਡ ਡਗਰੂ ਜ਼ਿਲਾ ਫ਼ਿਰੋਜ਼ਪੁਰ

ਜਨ ਭਗਤ ਕਹੇ ਪ੍ਰਭੂ ਧੰਨ, ਧੰਨ ਧੰਨ ਤੇਰੀ ਬੇਪਰਵਾਹੀਆ । ਜਿਸ ਵਾਸਨਾ ਬਦਲ ਕੇ ਮਨੂਆ ਮਨ, ਮਮਤਾ ਕੂੜ ਦਿਤੀ ਗਵਾਈਆ । ਭਾਗ ਲਗਾ ਕੇ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਦਿਤੀ ਬਦਲਾਈਆ । ਘਰ ਚਾੜ੍ਹ ਕੇ ਸਾਚਾ ਚੰਨ, ਸਤਿ ਸਤਿ ਕੀਤੀ ਰੁਸ਼ਨਾਈਆ । ਨੇਤਰਹੀਣ ਰਿਹਾ ਨਾ ਅੰਨ੍ਹ, ਨੈਣ ਇਕੋ ਦਿਤਾ ਖੁਲ੍ਹਾਈਆ । ਤੇਰਾ ਨਾਉਂ ਸੁਣ ਕੇ ਜਸ ਸਰਵਣ ਕੰਨ, ਮਿਲੀ ਮਾਣ ਵਡਿਆਈਆ । ਲੋਕਮਾਤ ਬੇੜਾ ਦਿਤਾ ਬੰਨ੍ਹ, ਗੁਣ ਨਿਧਾਨ ਹੋ ਕੇ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਰਾਹ ਰਿਹਾ ਵਖਾਈਆ । ਜਨ ਭਗਤ ਕਹੇ ਤੂੰ ਪ੍ਰਭੂ ਆਦਿ ਜੁਗਾਦੀ ਖੋਜੀ, ਜਨ ਭਗਤਾਂ ਲਏਂ ਜਗਾਈਆ । ਕਿਸੇ ਹੱਥ ਨਾ ਆਵੇਂ ਅਭਿਆਸੀ ਜੋਗੀ, ਜੁਗਤੀਆਂ ਵਿਚ ਮਰੇ ਲੋਕਾਈਆ । ਗੁਰਮੁਖਾਂ ਦੇ ਕੇ ਆਪਣੀ ਸੋਝੀ, ਸੋਈ ਸੁਰਤੀ ਲਏਂ ਉਠਾਈਆ । ਆਤਮ ਰਸ ਰਹੇ ਭੋਗੀ, ਜਗਤ ਦੁੱਖੜਾ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਜਣ ਬਣ ਕੇ ਧੁਰ ਦਾ ਮੌਜੀ, ਮੇਲਾ ਰਿਹਾ ਕਰਾਈਆ । ਜਨ ਭਗਤ ਕਹੇ ਮੈਂ ਝਲਕ ਨਿਰਾਲੀ ਤੱਕੀ ਬਾਂਕੀ, ਨਿਰਵੈਰ ਨਿਰਾਕਾਰ ਨਜ਼ਰੀ ਆਈਆ । ਮੇਰੀ ਅੰਦਰੋਂ ਖੁਲ੍ਹ ਗਈ ਤਾਕੀ, ਭੇਵ ਰਿਹਾ ਨਾ ਰਾਈਆ । ਪ੍ਰਭ ਮਿਲਿਆ ਅੰਦਰ ਦਾ ਸਾਕੀ, ਜਾਮ ਪਿਆਲਾ ਇਕ ਪਿਆਈਆ । ਮਨੂਆ ਮਨ ਰਿਹਾ ਨਾ ਆਕੀ, ਮਨਮਤ ਦਿਤੀ ਗਵਾਈਆ । ਸੁਣਿਆ ਨਾਮ ਅਗੰਮਾ ਅਨਾਦੀ, ਨਾਦ ਧੁੰਨ ਰਿਹਾ ਵਜਾਈਆ । ਹੰਗਤਾ ਗੜ੍ਹ ਹੋਈ ਬਰਬਾਦੀ, ਗ੍ਰਿਹ ਮੰਦਰ ਦਏ ਵਸਾਈਆ । ਆਤਮ ਪਰਮਾਤਮ ਹੋਇਆ ਵਿਸਮਾਦੀ, ਮਿਹਰ ਨਜ਼ਰ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਹੋ ਕੇ ਭਗਤਾਂ ਕਰੇ ਆਪ ਵੈਰਾਗੀ, ਵੈਰਾਗੀਆਂ ਹੱਥ ਕਿਸੇ ਨਾ ਆਈਆ ।

### ੧੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਸੁਰੈਣ ਸਿੰਘ ਦੇ ਗ੍ਰਿਹ ਪਿੰਡ ਨਿਧਾਂ ਵਾਲਾ ਜ਼ਿਲਾ ਫ਼ਿਰੋਜ਼ਪੁਰ

ਸ੍ਰੀ ਭਗਵਾਨ ਕਹੇ ਮੈਂ ਕਰਤਾ ਕੁਦਰਤ, ਕਾਦਰ ਧੁਰ ਦਾ ਬੇਪਰਵਾਹੀਆ । ਜੁਗ ਚੌਕੜੀ ਮਾਲਕ ਬਣ ਕੇ ਧੁਰ ਦਾ ਮੁਰਸ਼ਦ, ਮੁਰੀਦਾਂ ਮੁੱਦਾ ਰਿਹਾ ਸਮਝਾਈਆ । ਲੱਖ ਚੁਰਾਸੀ ਨਾਲੋਂ ਵਿਹਲਾ ਹੋ ਕੇ ਪਾ ਕੇ ਫ਼ੁਰਸਤ, ਹਰਿਜਨ ਆਪਣੇ ਨਾਲ ਮਿਲਾਈਆ । ਕੂੜੀ ਕਿਰਿਆ ਮੇਟ

ਕੇ ਗ਼ੁਰਬਤ, ਗਹਿਰ ਗੰਭੀਰ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਇਕੋ ਰਿਹਾ ਵਖਾਈਆ । ਸ੍ਰੀ ਭਗਵਾਨ ਕਹੇ ਮੇਰਾ ਭਗਤਾਂ ਅੰਤਰ ਨਿਵਾਸ, ਭੂਮਿਕਾ ਇਕੋ ਇਕ ਜਣਾਈਆ । ਜੋਤੀ ਨੂਰ ਕਰ ਪਰਕਾਸ਼, ਅੰਧ ਅਗਿਆਨ ਗਵਾਈਆ । ਪਰਮਾਤਮ ਆਤਮ ਦੇ ਕੇ ਸਾਥ, ਧੁਰ ਦਾ ਜੋੜ ਜੁੜਾਈਆ । ਝਗੜਾ ਮੁਕਾ ਕੇ ਦਸ ਦਸ ਮਾਸ, ਮਸਤ ਖ਼ੁਮਾਰੀ ਵਿਚ ਰਖਾਈਆ । ਸਚ ਦਵਾਰੇ ਦੇ ਨਿਵਾਸ, ਅਸਥਲ ਇਕੋ ਘਰ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਦਏ ਵਡਿਆਈਆ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਹਿਤਕਾਰੀ, ਨਿਰਗੁਣ ਹੋ ਕੇ ਦਇਆ ਕਮਾਈਆ । ਨਿਰਮਲ ਨੂਰ ਜੋਤ ਕਰ ਉਜਿਆਰੀ, ਉਜਾਲਾ ਕਰਾਂ ਥਾਉਂ ਥਾਈਂਆ । ਸਚ ਪ੍ਰੇਮ ਦਾ ਬਣ ਭਿਖਾਰੀ, ਦਰ ਦਰ ਘਰ ਘਰ ਵੇਖਾਂ ਚਾਈਂ ਚਾਈਆ । ਪਵਿਤ੍ਰ ਭੋਜਨ ਬਣ ਅਹਾਰੀ, ਹਰਿਜਨ ਸਾਚੇ ਲਵਾਂ ਉਠਾਈਆ । ਸਚ ਦਵਾਰ ਦੀ ਬਖ਼ਸ਼ਸ਼ਾਂ ਇਕ ਸਰਦਾਰੀ, ਸਰਨ ਅਵਰ ਰਹੇ ਨਾ ਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਬਣਿਆ ਆਪ ਜੁਆਰੀ, ਸੰਤ ਸੁਹੇਲੇ ਰਿਹਾ ਉਭਾਰੀ, ਗੁਰ ਚੇਲੇ ਚਰਨ ਦਵਾਰੀ, ਦਰ ਦਵਾਰਾ ਇਕੋ ਇਕ ਸੁਹਾਈਆ ।

✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਹਜ਼ੂਰਾ ਸਿੰਘ ਦੇ ਗ੍ਰਹਿ ਪਿੰਡ ਸੋਸਣ ਜ਼ਿਲਾ ਫ਼ਿਰੋਜ਼ਪੁਰ ✪

ਧਰਨੀ ਕਹੇ ਮੇਰੇ ਜਾਗੇ ਭਾਗ, ਮਿੱਟੀ ਖ਼ਾਕ ਵੱਜੀ ਵਧਾਈਆ । ਘਰ ਸਵਾਮੀ ਪਾਇਆ ਪਰਮੇਸ਼ਵਰ ਆਪ, ਆਪਣੇ ਰੰਗ ਵਿਚ ਸਮਾਈਆ । ਗੁਰਮੁਖ ਦੀਪਕ ਜਗਾਏ ਅਗੰਮੇ ਚਿਰਾਗ, ਜੋਤੀ ਨੂਰ ਕਰ ਰੁਸ਼ਨਾਈਆ । ਦੁਰਮਤ ਮੈਲ ਧੋ ਕੇ ਦਾਗ਼, ਪਤਿਤ ਪੁਨੀਤ ਰਿਹਾ ਬਣਾਈਆ । ਮੇਲ ਮਿਲਾ ਕੇ ਕੰਤ ਸਹਾਗ, ਸੁਹੰਜਣੀ ਰੁਤ ਰਿਹਾ ਵਖਾਈਆ । ਜਿਸ ਨੇ ਰਚਨਾ ਰਚੀ ਆਦਿ, ਸੋ ਅੰਤਮ ਖੋਜੇ ਚਾਈਂ ਚਾਈਂਆ । ਜਿਸ ਦਾ ਲਹਿਣਾ ਹੋਣਾ ਜੁਗਾਦਿ, ਜੁਗ ਚੌਕੜੀ ਪੰਧ ਮੁਕਾਈਆ । ਸੋ ਬਦਲ ਕੇ ਜਗਤ ਸਮਾਜ, ਸਮਾਂ ਆਪਣਾ ਦਏ ਪਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਲਾਲਚ ਛੱਡ ਸੁਆਦ, ਰਸ ਪ੍ਰੇਮ ਵਿਚ ਸਮਾਈਆ । ਧਰਨੀ ਕਹੇ ਮੈਂ ਹੋਈ ਸੋਭਾਵੰਤ, ਦਰ ਠਾਂਡੇ ਵੱਜੀ ਵਧਾਈਆ । ਘਰ ਪਾਇਆ ਸਵਾਮੀ ਕੰਤ, ਨਿਰਗੁਣ ਨਿਰਵੈਰ ਨਜ਼ਰੀ ਆਈਆ । ਜੋ ਢੋਲਾ ਗਾਵੇ ਸੋਹੰ ਛੰਤ, ਕਰੇ ਸਚ ਪੜ੍ਹਾਈਆ । ਭਗਤਾਂ ਦਾ ਲਹਿਣਾ ਦੇਣਾ ਵੇਖਣਹਾਰ ਅੰਤ, ਅੰਤਸ਼ਕਰਨ ਫੋਲ ਫੁਲਾਈਆ । ਰੁੱਤ ਸੁਹੰਜਣੀ ਕਰੇ ਬਸੰਤ, ਫਲਗੁਣ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਰਿਹਾ ਉਠਾਈਆ । ਧਰਨੀ ਕਹੇ ਮੈਂ ਸੁੱਤੀ ਜਾਗੀ, ਆਲਸ ਨਿੰਦਰਾ ਰਿਹਾ ਨਾ ਰਾਈਆ । ਬਿਰਹੋਂ ਵਿਛੋੜੇ ਹੋਏ ਵੈਰਾਗੀ, ਵੈਰਾਗ ਵਿਚ ਕੁਰਲਾਈਆ । ਜਲਵਾ ਤੱਕਿਆ ਪੁਰਖ ਅਬਿਨਾਸ਼ੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋ ਜੁਗ ਚੌਕੜੀ ਭਗਤਾਂ ਬਣੇ ਸਾਥੀ, ਗੁਰਮੁਖਾਂ ਸੰਗ ਨਿਭਾਈਆ । ਜਿਨ੍ਹਾਂ ਨੇ ਓਸ ਦੀ ਮੰਨੀ ਆਖੀ, ਆਖ਼ਰ ਆਪਣੇ ਵਿਚ ਸਮਾਈਆ । ਏਥੇ ਓਥੇ ਸ਼ਬਦੀ ਧਾਰ ਕਰੇ ਰਾਖੀ, ਸਿਰ ਆਪਣਾ ਹੱਥ ਟਿਕਾਈਆ । ਜਨਮ ਜਨਮ ਦਾ ਲਹਿਣਾ ਦੇਵੇ ਬਾਕੀ, ਪੂਰਬ ਲੇਖਾ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਧਰਨੀ ਕਹੇ ਮੇਰਾ ਅੰਤਰ ਹੋਇਆ ਖ਼ੁਸ਼ਹਾਲ, ਖ਼ੁਸ਼ੀਆਂ


੩੧੯ ੧੯

ਵਿਚ ਢੋਲੇ ਗਾਈਆ । ਪ੍ਰਭ ਕਿਰਪਾ ਕੀਤੀ ਦੀਨ ਦਿਆਲ, ਸਾਹਿਬ ਸਵਾਮੀ ਫੇਰਾ ਪਾਈਆ । ਭਗਤ ਸੁਹੇਲੇ ਵੇਖੇ ਆਪਣੇ ਲਾਲ, ਲੋਕਮਾਤ ਵਿਚੋਂ ਬਾਹਰ ਕਢਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਇਕੋ ਰੰਗ ਰਿਹਾ ਰੰਗਾਈਆ । ਸਾਚਾ ਗ੍ਰਿਹਿ ਘਰ ਬਣਾ ਕੇ ਸੱਚੀ ਧਰਮਸਾਲ, ਧਰਮ ਦਵਾਰ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਸਮਝਾਈਆ । ਧਰਨੀ ਕਹੇ ਮੈਨੂੰ ਬਹੁਤਾ ਆਵੇ ਹਾਸਾ, ਹਸਤੀ ਵੇਖੀ ਬੇਪਰਵਾਹੀਆ । ਜਿਸ ਦਾ ਜੁਗ ਚੌਕੜੀ ਖੇਲ ਤਮਾਸ਼ਾ, ਨਿਰਗੁਣ ਸਰਗੁਣ ਵੇਸ ਵਟਾਈਆ । ਸੋ ਭਗਤਾਂ ਪੂਰੀ ਕਰੇ ਆਸਾ, ਨਿਰਾਸਾ ਰਹਿਣ ਕੋਇ ਨਾ ਪਾਈਆ । ਚਰਨ ਪ੍ਰੀਤੀ ਦੇ ਭਰਵਾਸਾ, ਭਾਵ ਆਪਣਾ ਦਏ ਸਮਝਾਈਆ । ਓਨ੍ਹਾਂ ਦਾ ਲੇਖੇ ਲਾਵੇ ਤੋਲਿਆਂ ਰਤੀਆਂ ਵਾਲਾ ਆਟਾ, ਮਾਸ਼ਿਆਂ ਵਿਚ ਮਿਸਾਲ ਅਗਲੀ ਦਏ ਬਣਾਈਆ । ਜਨ ਭਗਤਾਂ ਕਦੇ ਨਾ ਆਵੇ ਘਾਟਾ, ਨਾਮ ਭੰਡਾਰੇ ਨਾਲ ਭਰਾਈਆ । ਅਗਲੀ ਮੰਜ਼ਲ ਚੁਕਾ ਕੇ ਵਾਟਾ, ਚੁਰਾਸੀ ਗੇੜ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਸਮਰਾਥਾ, ਸਚ ਸਹਾਇਕ ਇਕੋ ਨਜ਼ਰੀ ਆਈਆ ।

### ੧੬ ਫੱਘਣ ਸ਼ਹਿਨਸ਼ਾਹੀ ਸੰਮਤ ੧ ਨੰਦ ਸਿੰਘ ਦੇ ਘਰ ਪਿੰਡ ਥੱਮਣ ਵਾਲਾ ਜ਼ਿਲਾ ਫ਼ਿਰੋਜ਼ਪੁਰ

ਸ੍ਰੀ ਭਗਵਾਨ ਕਹੇ ਮੇਰਾ ਭਗਤ ਸਤਿ, ਆਦਿ ਜੁਗਾਦਿ ਜੁਗ ਚੌਕੜੀ ਸਤਿ ਸਤਿ ਵਿਚ ਸਮਾਇੰਦਾ । ਜਿਸ ਦੇ ਅੰਤਰ ਆਤਮ ਬ੍ਰਹਮ ਮਤ, ਪਾਰਬ੍ਰਹਮ ਪਤਿਪਰਮੇਸ਼ਵਰ ਭੇਵ ਅਭੇਦ ਆਪ ਖੁਲ੍ਹਾਇੰਦਾ । ਨਿਰਮਲ ਜੋਤ ਜਗੇ ਲਟ ਲਟ, ਨੂਰ ਨੁਰਾਨਾ ਸ਼ਾਹ ਸੁਲਤਾਨਾ ਏਕੰਕਾਰਾ ਡਗਮਗਾਇੰਦਾ । ਸ਼ਬਦ ਅਗੰਮੀ ਨਾਦ ਵੱਜੇ ਸੱਟ, ਅਨਹਦ ਨਾਦੀ ਨਾਦ ਸੁਣਾਇੰਦਾ । ਆਤਮ ਪਰਮਾਤਮ ਜੋੜ ਕੇ ਨੱਤ, ਨਾਤਾ ਬਿਧਾਤਾ ਇਕ ਅਖਵਾਇੰਦਾ । ਮਿਲਿਆ ਰਹੇ ਮੇਲ ਸਦਾ ਪੁਰਖ ਸਮਰਥ, ਦੂਜਾ ਇਸ਼ਟ ਨਾ ਕੋਇ ਮਨਾਇੰਦਾ । ਨਿਜ ਨੇਤਰ ਖੁਲ੍ਹੀ ਰਹੇ ਅੱਖ, ਪਰਤੱਖ ਗੁਸਾਈਂ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਲਹਿਣਾ ਦੇਣਾ ਰੰਗ ਚੜ੍ਹਾਇੰਦਾ । ਸ੍ਰੀ ਭਗਵਾਨ ਕਹੇ ਜਨ ਭਗਤਾਂ ਅੰਤਰ ਆਤਮ ਸਦਾ ਅਨੰਦ, ਗ੍ਰਿਹਿ ਮੰਦਰ ਘਰ ਠਾਂਡੇ ਵੱਜੇ ਵਧਾਈਆ । ਝਗੜਾ ਮੁਕ ਜਾਏ ਗਾਉਣਾ ਰਸਨਾ ਜਿਹਵਾ ਬੱਤੀ ਦੰਦ, ਨਿਰਗੁਣ ਨਿਰਵੈਰ ਨਿਰੰਕਾਰ ਨਿਰਅੱਖਰ ਦਏ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਵਣ ਢੋਲਾ ਛੰਦ, ਨਗ਼ਮਾ ਨਾਮ ਕਲਮਾ ਕਾਇਆ ਕਾਅਬਾ ਇਕ ਸੁਣਾਈਆ । ਜਲਵਾਗਰ ਸਾਚਾ ਨੂਰ ਜੋਤ ਪਰਕਾਸ਼ ਚਾੜ੍ਹੇ ਚੰਦ, ਸੂਰਜ ਚੰਦ ਦੀ ਲੋੜ ਰਹੇ ਨਾ ਰਾਈਆ । ਆਵਣ ਜਾਵਣ ਲੱਖ ਚੁਰਾਸੀ ਜਨਮ ਜਨਮ ਦਾ ਮਿਟੇ ਪੰਧ, ਰਾਏ ਧਰਮ ਦੇਵੇ ਨਾ ਕੋਇ ਸਜ਼ਾਈਆ । ਅੰਤ ਵਸੇਰਾ ਹੋਵੇ ਦਰਗਾਹ ਸਾਚੀ ਮੁਕਾਮੇ ਹੱਕ ਦਵਾਰੇ ਸਚਖੰਡ, ਦਰ ਠਾਂਡੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ, ਸੰਤ ਸੁਹੇਲੇ ਗੁਰਮੁਖ ਮੇਲੇ, ਭਗਤ ਭਗਵਾਨ ਆਪਣੇ ਵਿਚ ਮਿਲਾਈਆ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਦੇਵਾਂ ਅੰਤਰ ਆਤਮ ਇਕੋ ਸੁਖ, ਜਗਤ ਵਾਸਨਾ ਕੂੜੀ ਕਿਰਿਆ ਬਾਹਰ ਕਢਾਈਆ । ਜਨਮ ਮਰਨ ਕਰਮ ਕਰਮ ਦਾ ਰਹੇ ਨਾ ਕੋਈ ਦੁੱਖ, ਅਗਨੀ ਤਤ ਤ੍ਰਿਸ਼ਨਾ ਮੋਹ ਨਾ ਕੋਇ ਦ੍ਰਿੜਾਈਆ । ਅੰਮ੍ਰਿਤ ਜਾਮ ਨਿਝਰ ਰਸ ਦੇ ਕੇ ਮਿਟਾਵਾਂ

ਭੁੱਖ, ਸਾਂਤਕ ਸਤਿ ਦਿਆਂ ਕਰਾਈਆ । ਸੁਫ਼ਲ ਕਰਾ ਕੇ ਜਨਣੀ ਕੁੱਖ, ਉਜਲ ਕਰਾਂ ਮਾਤ ਮੁਖ, ਦੁਰਮਤ ਮੈਲ ਅੰਦਰ ਬਾਹਰ ਗੁਪਤ ਜਾਹਰ ਧਵਾਈਆ । ਬਿਨ ਹੱਥਾਂ ਬਾਹਵਾਂ ਸ਼ਬਦ ਅਨਾਦੀ ਗੋਦੀ ਲਵਾਂ ਚੁੱਕ, ਖੰਡਾਂ ਬ੍ਰਹਿਮੰਡਾਂ ਪੁਰੀਆਂ ਲੋਆਂ ਬਾਹਰ ਧਾਮ ਆਪਣਾ ਇਕ ਵਖਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਹੋਵੇ ਢੋਲਾ ਗੀਤ ਛੰਦ, ਦੂਸਰ ਵੰਡ ਨਾ ਕੋਇ ਵੰਡਾਈਆ । ਇਕ ਇਕੇਲਾ ਹੋ ਕੇ ਵਸਾਂ ਸਦਾ ਸੰਗ, ਆਤਮ ਪਰਮਾਤਮ ਨਾਤਾ ਧੁਰ ਦਾ ਜੋੜ ਜੁੜਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਰਿਹਾ ਲੰਘ, ਸਦੀ ਚੌਧਵੀਂ ਰਹੀ ਕੁਰਲਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਕਿਸੇ ਨਜ਼ਰ ਨਾ ਆਏ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਚਾੜ੍ਹਾਂ ਨਾਮ ਰੰਗ, ਅਨਡਿਠੜਾ ਆਪ ਚੜ੍ਹਾਈਆ । ਨਾਮ ਸੇਜਾ ਸਚ ਪਲੰਘ, ਸਿੰਘਾਸਣ ਆਸਣ ਇਕ ਵਡਿਆਈਆ । ਸ਼ਬਦ ਅਗੰਮੀ ਗਾ ਕੇ ਛੰਦ, ਬਿਨ ਅੱਖਰਾਂ ਕਰਾਂ ਪੜ੍ਹਾਈਆ । ਨਾਮ ਨਿਧਾਨ ਵਜਾ ਮਰਦੰਗ, ਸੋਈ ਸੁਰਤੀ ਲਵਾਂ ਉਠਾਈਆ । ਦੂਈ ਦਵੈਤੀ ਭਰਮਾਂ ਢਾਹ ਕੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ, ਪਾਰਬ੍ਰਹਮ ਵਿਚ ਸਮਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਦੱਸਾਂ ਸਤਿ ਧਰਮ, ਦੂਜੀ ਵੰਡ ਨਾ ਕੋਇ ਵੰਡਾਈਆ । ਲੇਖੇ ਲਾ ਕੇ ਮਾਨਸ ਜਨਮ, ਜਰਮ ਆਪਣੀ ਝੋਲੀ ਪਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਨਾਲ ਜੋ ਕਰਦਾ ਰਿਹਾ ਪਰਨ, ਕੋਲ ਇਕਰਾਰ ਜੁਗ ਜੁਗ ਆਪ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਬਖ਼ਸ਼ੇ ਆਪਣੀ ਸਰਨ, ਸਰਨਗਤ ਇਕੋ ਨਜ਼ਰੀ ਆਈਆ । ਨੇਤਰ ਖੋਲ੍ਹੇ ਹਰਨ ਫਰਨ, ਨਿਜ ਲੋਚਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਮੇਲ ਮਿਲਾਈਆ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਅੰਦਰ ਦੇਣਾ ਇਕ ਸੰਦੇਸ਼ਾ, ਆਲਸ ਨਿੰਦਰਾ ਦੇਣੀ ਗਵਾਈਆ । ਝਗੜਾ ਮੁਕੇ ਗਣਪਤ ਗਣੇਸ਼ਾ, ਸ਼ਿਵ ਸ਼ੰਕਰ ਵਿਸ਼ਨ ਬ੍ਰਹਮਾ ਦੀ ਲੋੜ ਰਹੇ ਨਾ ਰਾਈਆ । ਜਿਨ੍ਹਾਂ ਮਿਲ ਗਿਆ ਪਾਰਬ੍ਰਹਮ ਪਤਿਪਰਮੇਸ਼ਵਰ ਪਰਤੱਖ ਇਕ ਨਰੇਸ਼ਾ, ਨਰ ਨਰਾਇਣ ਬੇਪਰਵਾਹੀਆ । ਉਹ ਸੰਤ ਸੁਹੇਲੇ ਸਦਾ ਵਸਦੇ ਸਚਖੰਡ ਦਵਾਰੇ ਦੇਸਾ, ਮੁਕਾਮੇ ਹੱਕ ਡੇਰਾ ਲਾਈਆ । ਜਿਥੇ ਵਸੇ ਏਕੰਕਾਰ ਏਕਾ, ਪੁਰਖ ਅਕਾਲ ਸੋਭਾ ਪਾਈਆ । ਜਨ ਭਗਤਾਂ ਦੇਵਣਹਾਰਾ ਸਾਚੀ ਟੇਕਾ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਮਨ ਵਾਸਨਾ ਬੁਧ ਕਰੇ ਬਿਬੇਕਾ, ਨਿਰਮਲ ਨਿਰਵੈਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਕੰਤ ਭਗਵੰਤ ਆਪਣੇ ਰੰਗ ਰੰਗਾਈਆ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਸਦਾ ਸੁਹੇਲਾ, ਸੱਜਣ ਧੁਰ ਦਾ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਖੇਲ ਕਰਾਂ ਇਕ ਇਕੇਲਾ, ਦੂਜਾ ਸੰਗ ਨਾ ਕੋਇ ਬਣਾਈਆ । ਆਤਮ ਪਰਮਾਤਮ ਕਾਇਆ ਮੰਦਰ ਅੰਦਰ ਕਰ ਕੇ ਧੁਰ ਦਾ ਮੇਲਾ, ਪੜਦਾ ਉਹਲਾ ਦਿਆਂ ਉਠਾਈਆ । ਇਕੋ ਘਰ ਬਹਾ ਕੇ ਗੁਰੂ ਚੇਲਾ, ਚੇਲਾ ਗੁਰ ਆਪਣੇ ਰੰਗ ਰੰਗਾਈਆ । ਨਵ ਨੌ ਚਾਰ ਪਿਛੋਂ ਕਰ ਕੇ ਵਕ਼ਤ ਸੁਹੇਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਮੀਤਾ ਠਾਂਡਾ ਸੀਤਾ, ਸਾਚੀ ਰੀਤਾ ਆਪ ਦ੍ਰਿੜਾਈਆ । ਸ੍ਰੀ ਭਗਵਾਨ ਕਹੇ ਮੈਂ ਭਗਤ ਜਨ ਵੇਖਾਂ ਲੋਕਮਾਤ, ਮਾਤਰ ਭੂਮੀ ਖੋਜ ਖੁਜਾਈਆ । ਕਲਜੁਗ ਵੇਖ ਅੰਧੇਰੀ ਰਾਤ, ਲੱਖ ਚੁਰਾਸੀ ਫੋਲ ਫੁਲਾਈਆ । ਜੋ ਇਕੋ ਢੋਲਾ

ਗਾਉਂਦੇ ਗਾਥ, ਧੁਰ ਦੀ ਕਰਨ ਪੜ੍ਹਾਈਆ । ਉਨ੍ਹਾਂ ਬਖ਼ਸ਼ਾਂ ਆਪਣੀ ਦਾਤ, ਨਾਮ ਭੰਡਾਰਾ ਝੋਲੀ ਪਾਈਆ । ਝਗੜਾ ਮੁਕਾ ਕੇ ਜਾਤ ਪਾਤ, ਦੀਨਾਂ ਮਜ਼੍ਹਬਾਂ ਵਿਚੋਂ ਬਾਹਰ ਕਢਾਈਆ । ਮੇਲ ਮਿਲਾ ਕੇ ਪੁਰਖ ਅਬਿਨਾਸ਼, ਆਤਮ ਬ੍ਰਹਮ ਦਿਆਂ ਸਮਝਾਈਆ । ਮਨ ਮਨੂਆ ਕਰ ਕੇ ਘਾਤ, ਸੋਈ ਸੁਰਤੀ ਦਿਆਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੁਛਣਹਾਰਾ ਵਾਤ, ਵਾਸਤਵਿਕ ਨਾਤਾ ਆਪਣੇ ਨਾਲ ਰਖਾਈਆ । ਸ੍ਰੀ ਭਗਵਾਨ ਕਹੇ ਜੁਗ ਚੌਕੜੀ ਬੀਤਦੇ ਗਏ ਵਿਚ ਸੰਸਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਸ਼ਬਦ ਸੰਦੇਸ਼ੇ ਦੇ ਕੇ ਗਏ ਗੁਰੂ ਅਵਤਾਰ, ਪੈਗ਼ੰਬਰ ਕਲਮਿਆਂ ਵਿਚ ਜਣਾਈਆ । ਕਲਜੁਗ ਅੰਤਮ ਖੇਲ ਹੋਣਾ ਅਗੰਮ ਅਪਾਰ, ਅਲਖ ਅਗੋਚਰ ਆਪਣੀ ਖੇਲ ਖਿਲਾਈਆ । ਭਵਿਖਤਾਂ ਵਿਚ ਕਰ ਕੇ ਗਏ ਇਜ਼ਹਾਰ, ਸ਼ਬਦੀ ਢੋਲੇ ਲੋਕਮਾਤ ਸੁਣਾਈਆ । ਕਲ ਕਲਕੀ ਆਵੇ ਅਵਤਾਰ, ਨਿਹਕਲੰਕ ਫੇਰਾ ਪਾਈਆ । ਅਮਾਮਾਂ ਦਾ ਅਮਾਮ ਵਡ ਸਿਕਦਾਰ, ਜਲਵਾਗਰ ਨੂਰ ਖ਼ੁਦਾਈਆ । ਲੇਖਾ ਜਾਣੇ ਦ੍ਰਿਸ਼ਟ ਇਸ਼ਟ ਦੀਨ ਦੁਨੀ ਕਾਇਨਾਤ, ਵੇਖਣਹਾਰਾ ਥਾਉਂ ਥਾਈਆ । ਕੋਟਾਂ ਵਿਚੋਂ ਜਨ ਭਗਤਾਂ ਦੇਵੇ ਧੁਰ ਦੀ ਦਾਤ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਬਦਲ ਦੇਵੇ ਸਮਾਜ, ਸਤਿ ਸੰਤੋਖ ਅੰਤਰ ਆਤਮ ਮੋਖ ਮੁਫ਼ਤ ਆਪਣੀ ਦਇਆ ਕਮਾਈਆ । ਊਚ ਨੀਚ ਰਾਓ ਰੰਕ ਬਣਾ ਕੇ ਇਕ ਜਮਾਤ, ਜ਼ਾਮਨ ਹੋ ਕੇ ਇਕੋ ਘਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਜੋੜ ਜੁੜਾਈਆ । ਸ੍ਰੀ ਭਗਵਾਨ ਕਹੇ ਮੈਂ ਜੁਗ ਚੌਕੜੀ ਦੇਂਦਾ ਲਹਿਣਾ, ਪੂਰਬ ਜਨਮਾਂ ਵੇਖ ਵਖਾਈਆ । ਗੁਰਮੁਖ ਵਿਰਲੇ ਦਰਸ ਦਿਖਾਵਾਂ ਨਿਜ ਨੇਤਰ ਲੋਚਨ ਨੈਣਾਂ, ਲੱਖ ਚੁਰਾਸੀ ਦੋਏ ਅੱਖਾਂ ਦਿਸ ਕਿਸੇ ਨਾ ਆਈਆ । ਆਤਮ ਪਰਮਾਤਮ ਬਣ ਕੇ ਸਾਕ ਸੱਜਣ ਸੈਣਾ, ਪਾਰਬ੍ਰਹਮ ਬ੍ਰਹਮ ਨਾਤਾ ਦਿਆਂ ਜੁੜਾਈਆ । ਸ਼ਬਦ ਅਗੰਮੀ ਹੁਕਮ ਸੰਦੇਸ਼ਾ ਇਕੋ ਕਹਿਣਾ, ਫ਼ਰਮਾਨ ਧੁਰ ਦਾ ਆਪ ਦ੍ਰਿੜਾਈਆ । ਹਰਿਜਨ ਸਾਚੇ ਹਰਿ ਚਰਨ ਦਵਾਰੇ ਸਚਖੰਡ ਸੱਚੇ ਘਰ ਬਾਹਰੇ ਪ੍ਰੇਮ ਪ੍ਰੀਤੀ ਅੰਦਰ ਬਹਿਣਾ, ਦੂਜਾ ਦਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਧੁਰ ਦਾ ਦਾਨ, ਦਰ ਦਰ ਘਰ ਘਰ ਜਨ ਭਗਤਾਂ ਝੋਲੀ ਰਿਹਾ ਭਰਾਈਆ ।



### ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਸੰਪੂਰਨ ਸਿੰਘ ਦੇ ਗ੍ਰਹਿ ਪਿੰਡ ਫ਼ਿਰੋਜ਼ਸ਼ਾਹ ਜ਼ਿਲਾ ਫ਼ਿਰੋਜ਼ਪੁਰ

ਅੰਨ ਕਹੇ ਮੇਰਾ ਹੋਇਆ ਅੰਤ ਨਿਆਂ, ਅਦਲ ਹਰਿ ਜੂ ਰਿਹਾ ਕਮਾਈਆ । ਮੈਂ ਵੇਖਿਆ ਚਾਈਂ ਚਾ, ਸਾਹਿਬ ਸੁਲਤਾਨ ਬੇਪਰਵਾਹੀਆ । ਨਿਰਗੁਣ ਨੂਰ ਹੋਇਆ ਰੁਸ਼ਨਾ, ਜੋਤੀ ਜੋਤ ਡਗਮਗਾਈਆ । ਭਗਤ ਵਛਲ ਦਇਆ ਕਮਾ, ਦੀਨਾਂ ਅਨਾਥਾਂ ਰਿਹਾ ਉਠਾਈਆ । ਲਹਿਣਾ ਪ੍ਰਭੂ ਵਾਲਾ ਚੁਕਾ, ਲੇਖਾ ਸਭ ਦੀ ਝੋਲੀ ਪਾਈਆ । ਹੁਕਮ ਧੁਰ ਦਾ ਇਕ ਸੁਣਾ, ਮਾਰਗ ਅਗਲਾ ਰਿਹਾ ਲਗਾਈਆ । ਨਿਰਵੈਰ ਹੋ ਕੇ ਫੇਰਾ ਪਾ, ਵੇਸ ਅਵੱਲੜਾ ਰੂਪ ਵਟਾਈਆ । ਦਰ ਦਰ ਘਰ ਘਰ ਖ਼ੁਸ਼ੀਆਂ ਰਿਹਾ ਮਨਾ, ਦੁਖੀਆਂ ਦਰਦ ਗਵਾਈਆ । ਗੁਰ ਅਵਤਾਰ ਪੈਗ਼ੰਬਰ

ਜਿਸ ਦੀ ਕਰਦੇ ਗਏ ਦੁਆ, ਹੱਥ ਜੋੜ ਸੀਸ ਨਿਵਾਈਆ । ਉਹ ਮਿਹਰਵਾਨ ਮਹਿਬੂਬ ਜਲਵਾਗਰ ਖ਼ੁਦਾ, ਜਲਾਲ ਆਪਣਾ ਰਿਹਾ ਵਖਾਈਆ । ਜਨ ਭਗਤ ਦਵਾਰੇ ਗਿਆ ਆ, ਆਮਦ ਵਿਚ ਆਦਮੀ ਬਾਹਰੋਂ ਨਜ਼ਰੀ ਆਈਆ । ਸਚ ਪਕਵਾਨ ਭਗਵਾਨ ਰਿਹਾ ਬਣਾ, ਕੱਚੇ ਪੱਕੇ ਦਏ ਵਡਿਆਈਆ । ਗ੍ਰਿਹਿ ਗ੍ਰਿਹਿ ਭੋਗ ਰਿਹਾ ਲਗਾ, ਮਨਸਾ ਨਾਮੇ ਪੂਰ ਕਰਾਈਆ । ਧੰਨਾ ਸੀਸ ਰਿਹਾ ਝੁਕਾ, ਧੰਨ ਧੰਨ ਤੇਰੀ ਵਡਿਆਈਆ । ਜੋ ਸੰਤ ਸੁਹੇਲੇ ਰਿਹਾ ਤਰਾ, ਤਾਰਨਹਾਰ ਆਪ ਅਖਵਾਈਆ । ਵੱਡੇ ਛੋਟੇ ਇਕੋ ਜਿਹੇ ਰਿਹਾ ਬਣਾ, ਅਮੀਰ ਗ਼ਰੀਬ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਵੇਖਣ ਦੋ ਜਹਾਂ, ਬ੍ਰਹਿਮੰਡ ਖ਼ੁਸ਼ੀ ਬਣਾਈਆ । ਉਹ ਗੁਰਮੁਖਾਂ ਪਰਗਟਾਉਂਦਾ ਜਾਏ ਨਾਂ, ਨਰ ਨਿਰੰਕਾਰਾ ਦਇਆ ਕਮਾਈਆ । ਪਾਂਧੀ ਬਣ ਬਣ ਤੱਕੇ ਰਾਹ, ਰਹਿਬਰ ਹੋ ਕੇ ਵੇਖ ਵਖਾਈਆ । ਬਿਨਾ ਬੇੜਿਉਂ ਬਣ ਮਲਾਹ, ਆਪ ਆਪਣੇ ਕੰਧ ਉਠਾਈਆ । ਤਿਨਕਾ ਤਿਨਕਾ ਬਣੇ ਗਵਾਹ, ਸ਼ਹਾਦਤ ਆਪਣੀ ਇਕ ਭੁਗਤਾਈਆ । ਤੇਰੀ ਖੇਲ ਸ਼ਹਿਨਸ਼ਾਹ, ਪਾਰਬ੍ਰਹਮ ਸਮਝ ਕਿਸੇ ਨਾ ਆਈਆ । ਗੋਬਿੰਦ ਇਸ਼ਾਰੇ ਨਾਲ ਗਿਆ ਜਣਾ, ਲਕੀਰ ਜ਼ਿਮੀਂ ਉਤੇ ਖਿਚਾਈਆ । ਪੁਰਖ ਅਕਾਲ ਜਨ ਭਗਤਾਂ ਦਏ ਜਗਾ, ਗੁਰਮੁਖਾਂ ਆਪ ਉਠਾਈਆ । ਲੱਖ ਚੁਰਾਸੀ ਨਾਲ ਕਰਕੇ ਦਗ਼ਾ, ਫ਼ਰੇਬ ਵਿਚ ਰਖੇ ਲੋਕਾਈਆ । ਸੰਤ ਫ਼ਕੀਰਾਂ ਬਣ ਕੇ ਧੁਰ ਦਾ ਅੱਬਾ, ਗੋਦੀ ਆਪਣੀ ਲਏ ਟਿਕਾਈਆ । ਨਾਮ ਭੰਡਾਰੇ ਦਾ ਦੇਵੇ ਮਜ਼ਾ, ਮਜਲਸ ਆਪਣੇ ਨਾਲ ਬਣਾਈਆ । ਅਗੇ ਦੇਵੇ ਨਾ ਕੋਈ ਸਜ਼ਾ, ਜਮਾਂ ਤੋਂ ਲਏ ਛੁਡਾਈਆ । ਜਿਹੜਾ ਚਾਰ ਜੁਗ ਕਦੇ ਨਾ ਰੱਜਾ, ਭੁੱਖੇ ਭੁੱਖ ਨਾ ਕੋਇ ਗਵਾਈਆ । ਉਹ ਗੁਰਮੁਖਾਂ ਦਵਾਰੇ ਦੇਵੇ ਆਪਣੀ ਸੱਦਾ, ਹੋਕਾ ਹੱਕ ਸੁਣਾਈਆ । ਪ੍ਰੇਮ ਪਿਆਰ ਅੰਦਰ ਆਵੇ ਭੱਜਾ, ਚਲੇ ਵਾਹੋ ਦਾਹੀਆ । ਉਹ ਰੁੱਖਾ ਸੁਖਾ ਟੁੱਕਰ ਖਾ ਕੇ ਅੱਧਾ, ਅਦਨਿਆਂ ਤੋਂ ਆਅਲਾ ਦਏ ਬਣਾਈਆ । ਜਨਮ ਕਰਮ ਦਾ ਰਹੇ ਨਾ ਧੱਬਾ, ਦੁਰਮਤ ਮੈਲ ਧਵਾਈਆ । ਲੇਖਾ ਚੁਕਾ ਕੇ ਪੂਰਬ ਹੱਬਾ, ਹਮਸਾਜਣ ਲਏ ਜੁੜਾਈਆ । ਨਾਮ ਨਿਧਾਨ ਸੁਣਾ ਕੇ ਨੱਦਾ, ਨਾਦੀ ਸੁਤ ਲਏ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਅੰਨ ਕਹੇ ਮੈਂ ਵੇਖਿਆ ਹੁੰਦਾ ਅਦਲ, ਇਨਸਾਫ਼ ਪ੍ਰਭ ਰਿਹਾ ਕਮਾਈਆ । ਜੁਗ ਚੌਕੜੀ ਧਾਰਾ ਬਦਲ, ਬਦਲਾ ਭਗਤਾਂ ਰਿਹਾ ਚੁਕਾਈਆ । ਦੂਰ ਦੁਰਾਡਾ ਪਹੁੰਚੇ ਮਾਰ ਕੇ ਮਜ਼ਲ, ਮੰਜ਼ਲ ਆਪਣੀ ਦਏ ਸਮਝਾਈਆ । ਨਾਮ ਨਿਗਾਹਬਾਨ ਸੁਣਾ ਇਕ ਗ਼ਜ਼ਲ, ਗ਼ਰਜ਼ ਸਭ ਦੀ ਵੇਖ ਵਖਾਈਆ । ਅੰਤਮ ਪੋਹ ਨਾ ਸਕੇ ਅਜ਼ਲ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਾ ਵਜ਼ਨ, ਵਜਹ ਆਪਣੀ ਦਏ ਸਮਝਾਈਆ । ਅੰਨ ਕਹੇ ਮੈਂ ਤੁਲਦਾ ਰਿਹਾ ਤਕੜੀ ਵਿਚ ਤਰਾਜ਼ੂ, ਸੇਰਾਂ ਮਣਾਂ ਵੰਡ ਵੰਡਾਈਆ । ਮਹਿਸੂਸ ਹੁੰਦ ਰਿਹਾ ਬਾਜ਼ੂ, ਕੰਧੇ ਤਾਈਂ ਜਣਾਈਆ । ਮੇਰੀ ਸਾਰ ਨਾ ਪਾਈ ਕਿਸੇ ਸਾਧੂ, ਸੰਤ ਲੇਖ ਨਾ ਕੋਇ ਜਣਾਈਆ । ਗੁਰ ਅਵਤਾਰ ਪੈਗ਼ੰਬਰ ਬਹੁਤੇ ਵੇਖੇ ਆਗੂ, ਜਗਤ ਕਰ ਕਰ ਗਏ ਪੜ੍ਹਾਈਆ । ਕੁਛ ਲਹਿਣਾ ਦੇਣਾ ਦੱਸਿਆ ਗੋਬਿੰਦ ਥੋੜਾ ਦਾਦੂ, ਧੀਰਜ ਧੀਰ ਨਾਲ ਜਣਾਈਆ । ਜਿਸ ਵੇਲੇ ਭਗਤਾਂ ਦਾ ਭਗਵਾਨ ਬਣ ਕੇ ਆਇਆ ਬਾਪੂ, ਬਾਬਲ ਹੋ ਕੇ ਫੇਰਾ ਪਾਈਆ । ਉਨ੍ਹਾਂ ਦੀ ਕਰਮ ਕਾਂਡ ਦੀ ਕਿਰਿਆ ਆਪੇ ਸਾਂਭੂ, ਸਾਧਨਾ ਸੱਚੀ ਇਕ ਜਣਾਈਆ । ਦਾਦੂ ਨੇ ਇਕ ਚੋਲੀ ਨੂੰ ਲਾ ਕੇ ਲਾਂਬੂ, ਅਗਨੀ ਭੇਟ ਕਰਾਈਆ । ਸਵਾਹ ਕਰਕੇ ਕਹੇ ਮੈਂ ਹੁਣ ਕੀ ਤੈਥੋਂ ਮਾਂਗੂ, ਮੈਨੂੰ ਦੇ ਜਣਾਈਆ । ਗੋਬਿੰਦ ਕਿਹਾ ਮੈਂ ਏਸੇ ਚੋਲੀ ਦੀ ਰਖੂੰ ਤਾਂਘੂ, ਚੋਲੀ

ਕਾਇਆ ਕੱਪੜ ਰੂਪ ਵਟਾਈਆ । ਜਿਸ ਵੇਲੇ ਮੇਰਾ ਭਗਵਾਨ ਮੇਰੇ ਨਾਲ ਭਗਤਾਂ ਦਾ ਬਣਿਆ ਆਗੂ, ਅਗਲਾ ਲੇਖਾ ਆਪਣੇ ਨਾਲ ਰਖਾਈਆ । ਦਿਉਹਰੇ ਮੰਦਰ ਮਸੀਤ ਮਠ ਜਗਤ ਤਿਆਗੂ, ਕਰੇ ਖੇਲ ਬੇਪਰਵਾਹੀਆ । ਓਧਰੋਂ ਓਸ ਦਾ ਇਕ ਚੇਲਾ ਆ ਗਿਆ ਭਾਗੂ, ਹੱਥ ਲੱਕੜੀ ਟੇਢੀ ਉਠਾਈਆ । ਹੱਸ ਕੇ ਕਹੇ ਚੁਰਾਸੀ ਵਿਚੋਂ ਕਿਹੜਾ ਕਾਬੂ, ਮੈਨੂੰ ਦੇ ਜਣਾਈਆ । ਗੋਬਿੰਦ ਕਿਹਾ ਜਿਸ ਦੇ ਹੱਥ ਸ਼ਬਦ ਵੱਡਾ ਡਾਂਗੂ, ਦੋ ਜਹਾਨਾਂ ਰਿਹਾ ਡਰਾਈਆ । ਉਹ ਇਕ ਇਕੱਲਾ ਆਪਣੀ ਧਾਰ ਵਿਚੋਂ ਜਾਗੂ, ਨਿੰਦਰਾ ਅੱਖ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਕਰਾਈਆ । ਅੰਨ ਕਹੇ ਦਾਦੂ ਕੋਲ ਸੀ ਦਾਣੇ ਨੌਂ, ਗੋਬਿੰਦ ਚਰਨਾਂ ਉਤੇ ਸੁਟਾਈਆ । ਆਪ ਮੱਥਾ ਰਗੜ ਕੇ ਭੌਂ, ਨੇਤਰ ਰੋਇਆ ਮਾਰ ਕੇ ਧਾਈਆਂ । ਪੁੱਠਾ ਹੋ ਕੇ ਗਿਆ ਸੌਂ, ਹੱਥ ਛਾਤੀ ਉਤੇ ਟਿਕਾਈਆ । ਕੀ ਭਗਵਾਨ ਨੂੰ ਭਗਤ ਮਿਲਣ ਦਾ ਗੌਂ, ਮੈਨੂੰ ਦੇ ਜਣਾਈਆ । ਗੋਬਿੰਦ ਕਿਹਾ ਪਰਤ ਕੇ ਆਵਾਂ ਹਉਂ, ਹਉਮੇਂ ਦੇ ਰੋਗ ਗਵਾਈਆ । ਵੱਖਰਾ ਧਰ ਕੇ ਨਾਉਂ, ਨਰ ਨਿਰੰਕਾਰਾ ਸੰਗ ਬਣਾਈਆ । ਗੁਰਮੁਖਾਂ ਦੇਵਾਂ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਈਆ । ਨੌਂ ਖੰਡ ਪ੍ਰਿਥਮੀ ਆਵਾਂ ਭੌਂ, ਕੋਟਾਂ ਵਿਚੋਂ ਥੋੜੇ ਲਵਾਂ ਉਠਾਈਆ । ਜਨ ਭਗਤਾਂ ਮਿਲਣ ਦਾ ਸਦਾ ਮੈਨੂੰ ਚਾਓ, ਚਾਓ ਘਨੇਰਾ ਇਕ ਜਣਾਈਆ । ਮੈਂ ਵੇਖਾਂ ਥਾਈਂ ਥਾਉਂ, ਥਾਨ ਥਨੰਤਰ ਪੜਦਾ ਲਾਹੀਆ । ਸੰਤ ਸੁਹੇਲੇ ਫੜ ਕੇ ਬਾਹੋਂ, ਪੁਰਖ ਅਕਾਲ ਨਾਲ ਜੁੜਾਈਆ । ਇਕੋ ਦੱਸ ਕੇ ਪਿਤਾ ਮਾਉਂ, ਸਾਚੀ ਗੋਦੀ ਦਿਆਂ ਟਿਕਾਈਆ । ਸਹਿਜੇ ਨਾਲ ਪੁਛਾਂ, ਕੀ ਤੁਸੀਂ ਮੈਨੂੰ ਖਵਾਉਂ, ਸਤਿ ਸਚ ਸਾਚੀ ਭੇਟ ਚੜ੍ਹਾਈਆ ? ਨੌਂ ਦਾਣੇ ਹੱਸ ਕੇ ਕਹਿਣ ਅਸੀਂ ਬਲ ਬਲ ਤੈਥੋਂ ਜਾਉਂ, ਜਾਨਣਹਾਰ ਤੇਰੀ ਸਰਨਾਈਆ । ਜਿਸ ਵੇਲੇ ਆਇਉਂ ਕਰਨ ਸੱਚਾ ਨਿਆਉਂ, ਨਿਆਮਤ ਹੋ ਕੇ ਤੈਨੂੰ ਆਪਣਾ ਰਸ ਦਈਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਨੌਂ ਦਾਣੇ ਕਹਿਣ ਤੇਰੀ ਚਰਨ ਲੱਗੇ, ਮਿੱਟੀ ਖ਼ਾਕ ਮਿਲ ਕੇ ਖ਼ੁਸ਼ੀ ਮਨਾਈਆ । ਕੁਛ ਅਗਲਾ ਭੇਵ ਦਿਸੇ ਅਗੇ, ਆਗਮਨ ਵਿਚ ਰਾਹ ਤੱਕੀਏ ਚਾਈਂ ਚਾਈਂਆ । ਜਿਸ ਵੇਲੇ ਨਿਰਗੁਣ ਧਾਰ ਜੋਤ ਜਗੇ, ਬ੍ਰਹਿਮੰਡ ਖੰਡ ਹੋਏ ਰੁਸ਼ਨਾਈਆ । ਸਾਡੀ ਮਾਣ ਵਡਿਆਈ ਵਧੇ, ਵਾਧਾ ਦਿਸੇ ਵਿਚ ਲੋਕਾਈਆ । ਭਗਤ ਸੁਹੇਲੇ ਨਾਲ ਸਾਡੇ ਫਬੇ, ਸੋਹਣੇ ਸੁਹੰਜਣੇ ਨਜ਼ਰੀ ਆਈਆ । ਸਚ ਦਵਾਰੇ ਆਵੀਂ ਸੱਦੇ, ਨਾਮ ਸੰਦੇਸ਼ਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਦਾਣਾ ਦਾਣਾ ਕਹੇ ਸਾਡੇ ਉਤੇ ਲਾ ਦੇ ਮੋਹਰ, ਗੋਬਿੰਦ ਤੇਰੇ ਹੱਥ ਵਡਿਆਈਆ । ਤੂੰ ਹੁਣ ਹੋਰ ਫੇਰ ਬਣ ਕੇ ਆਵੀਂ ਹੋਰ, ਅਵਰ ਦਾ ਅਵਰਾ ਰੂਪ ਵਟਾਈਆ । ਕਲਜੁਗ ਹੋਵੇ ਅੰਧੇਰਾ ਘੋਰ, ਸਾਚਾ ਚੰਦ ਨਾ ਕੋਇ ਚਮਕਾਈਆ । ਮਾਇਆ ਮਮਤਾ ਪਾਵੇ ਸ਼ੋਰ, ਵਾਸਨਾ ਮਨ ਕਰੇ ਲੜਾਈਆ । ਕੋਟਾਂ ਵਿਚੋਂ ਭਗਤ ਸੁਹੇਲੇ ਦਿਸਣੇ ਥੋੜ, ਗੁਰਮੁਖ ਸੱਚੇ ਨਜ਼ਰੀ ਆਈਆ । ਉਨ੍ਹਾਂ ਆਪਣੇ ਨਾਲ ਲੈਣਾ ਜੋੜ, ਮੇਲਾ ਧੁਰ ਦਾ ਸਚ ਮਿਲਾਈਆ । ਨਿਰਗੁਣ ਹੋ ਕੇ ਜਾਣਾ ਬਹੁੜ, ਸਰਗੁਣ ਲੇਖਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਦਾਣਾ ਦਾਣਾ ਕਹੇ ਅਸੀਂ ਵੇਖਿਆ ਤੇਰਾ ਸਵਾਦ, ਛੈਲ ਛਬੀਲਾ ਨਜ਼ਰੀ ਆਈਆ । ਫੇਰ ਰਖਣੀ ਤੇਰੀ ਤਾਂਘ, ਧਿਆਨ ਵਿਚੋਂ ਧਿਆਨ ਬਦਲਾਈਆ । ਮਿਹਰ ਮੁਹੱਬਤ ਵਿਚ ਜਾਣਾ ਜਾਗ, ਜਗ ਜੀਵਣ ਦਾਤੇ ਅੱਖ ਖੁਲ੍ਹਾਈਆ । ਤੇਰਾ ਬਦਲਦਾ ਵੇਖਣਾ ਸਮਾਜ, ਸਮਗਰੀ


੩੨੧
੧੯

ਹੋਵੇ ਬੇਪਰਵਾਹੀਆ । ਤੇਰਾ ਜਲਵਾ ਤੱਕਣਾ ਤਾਜ, ਤਖ਼ਤ ਨਿਵਾਸੀ ਸੋਭਾ ਪਾਈਆ । ਤੇਰੇ ਭਗਤਾਂ ਲਏ ਨਾ ਕੋਇ ਖ਼ਰਾਜ, ਦਾਅਵੇਦਾਰ ਨਾ ਕੋਇ ਬਣਾਈਆ । ਤੇਰਾ ਬੇੜਾ ਵੇਖਣਾ ਜਹਾਜ਼, ਨਾਮ ਨਿਧਾਨਾ ਇਕ ਪਰਗਟਾਈਆ । ਚਾਰ ਵਰਨ ਦਾ ਤੱਕਣਾ ਸਮਾਜ, ਰੀਤੀ ਨੀਤੀ ਇਕ ਪਰਗਟਾਈਆ । ਭਗਤ ਦਵਾਰੇ ਭਗਤਾਂ ਗ੍ਰਿਹ ਤੇਰੇ ਪ੍ਰੇਮ ਦਾ ਵੇਖਣਾ ਸਵਾਦ, ਰਸ ਭੋਗ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇਣਾ ਬਣਾਈਆ । ਦਾਨਾ ਕਹੇ ਮੈਂ ਨਹੀਂ ਰਹਿਣਾ ਦੁਨੀਆਦਾਰ, ਦੁਨੀ ਵਾਲੀ ਮੰਗ ਨਾ ਕੋਇ ਮੰਗਾਈਆ । ਮੈਂ ਵੇਖਣੇ ਤੇਰੇ ਸੰਤ ਸੁਹੇਲੇ ਯਾਰ, ਗੁਰਮੁਖ ਸੋਹਣੇ ਨਜ਼ਰੀ ਆਈਆ । ਜਿਨ੍ਹਾਂ ਅੰਤਰ ਹੋਵੇ ਤੇਰਾ ਪਿਆਰ, ਬਾਹਰ ਕਰੀਂ ਰੁਸ਼ਨਾਈਆ । ਉਹ ਤੇਰੇ ਖ਼ਿਦਮਤਗਾਰ, ਸੇਵਕ ਹੋ ਕੇ ਸੇਵ ਕਮਾਈਆ । ਤੂੰ ਚਲ ਆਵੀਂ ਦਵਾਰ, ਦਰ ਦਰ ਫੇਰਾ ਪਾਈਆ । ਖੇਲ ਕਰੀਂ ਕਮਾਲ, ਕਾਮਲ ਮੁਰਸ਼ਦ ਤੇਰੇ ਹੱਥ ਵਡਿਆਈਆ । ਮੇਰਾ ਰਸ ਤੈਨੂੰ ਰਸਾਂ ਵਿਚ ਦੇਣਾ ਖਵਾਲ, ਅਨਰਸ ਤੇਰੇ ਵਿਚ ਸਮਾਈਆ । ਉਨ੍ਹਾਂ ਦਾ ਜਨਮ ਜਨਮ ਦਾ ਕਟ ਕੇ ਜਾਈਂ ਕਾਲ, ਤ੍ਰਿਸ਼ਨਾ ਭੁੱਖ ਗਵਾਈਆ । ਦੂਜੇ ਦਵਾਰੇ ਕਰਨਾ ਨਾ ਪਏ ਸਵਾਲ, ਮਾਂਗਤ ਹੋ ਨਾ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਣਾ ਸੱਚਾ ਦਾਨ, ਦਾਨ ਇਕੋ ਇਕ ਵਰਤਾਈਆ ।

### ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਸੁੰਦਰ ਸਿੰਘ ਦੇ ਗ੍ਰਿਹ ਫਿਰੋਜ਼ਸ਼ਾਹ ਜ਼ਿਲਾ ਫ਼ਿਰੋਜ਼ਪੁਰ



ਅੰਨ ਕਹੇ ਮੈਂ ਹੁੰਦਾ ਰਿਹਾ ਹੈਰਾਨ, ਹੈਰਾਨੀ ਅੰਦਰ ਝਟ ਲੰਘਾਈਆ । ਮੈਨੂੰ ਦੁਨੀਆ ਕਹਿੰਦੀ ਰਹੀ ਭਗਵਾਨ, ਸ੍ਰੀ ਭਗਵਾਨ ਦੀ ਸਮਝ ਕਿਸੇ ਨਾ ਪਾਈਆ । ਜਗਤ ਮੰਗਤਿਆਂ ਨੂੰ ਮੇਰਾ ਦਿੰਦੇ ਰਹੇ ਦਾਨ, ਭੁੱਖਿਆਂ ਦੀ ਭੁੱਖ ਨਾਲ ਰਲਾਈਆ । ਮੇਰਾ ਲਹਿਣਾ ਯਾਦ ਕੀਤਾ ਨੌ ਵਾਰ ਸੀਤਾ ਰਾਮ, ਮਨ ਵਿਚ ਭੁੱਖੇ ਰਹਿ ਕੇ ਝੱਟ ਲੰਘਾਈਆ । ਤਿੰਨ ਦਿਨ ਹੁਕਮ ਮੰਨਦਾ ਰਿਹਾ ਕ੍ਰਿਸ਼ਨ ਕਾਹਨ, ਰਾਧਾ ਤੋਂ ਬਿਨਾ ਆਪਣਾ ਆਪ ਬਦਲਾਈਆ । ਈਸਾ ਮੂਸਾ ਮੁਹੰਮਦ ਸੁਣਦੇ ਰਹੇ ਪੈਗ਼ਾਮ, ਬਿਨ ਕੰਨਾਂ ਹੋਈ ਸ਼ਨਵਾਈਆ । ਨਾਨਕ ਉਤੇ ਹੋਇਆ ਪ੍ਰਭੂ ਥੋੜਾ ਮਿਹਰਵਾਨ, ਭਾਗ ਭੋਗ ਲਾਲੋ ਘਰ ਲਗਾਈਆ । ਓਸ ਵੇਲੇ ਅਬਿਨਾਸ਼ੀ ਕਰਤੇ ਕਿਹਾ ਮੈਂ ਸਭ ਦਾ ਲੇਖਾ ਦੇਵਾਂ ਵਿਚ ਜਹਾਨ, ਨਿਰਗੁਣ ਹੋ ਕੇ ਫੇਰਾ ਪਾਈਆ । ਤਰਖ਼ਾਣ ਦੇ ਪ੍ਰੇਮ ਵਿਚੋਂ ਬਣਾ ਤਰਖ਼ਾਣ, ਤ੍ਰਿਖਾ ਸਭ ਦੀ ਦਿਆਂ ਬੁਝਾਈਆ । ਅਰਜਨ ਮਾਰਿਆ ਇਕ ਧਿਆਨ, ਪੁਰਖ ਅਕਾਲ ਰਾਹ ਤਕਾਈਆ । ਤੱਤੀ ਲੋਹ ਦਿਸੇ ਵੈਰਾਨ, ਮੀਤ ਵੈਰੀ ਰੂਪ ਬਣਾਈਆ । ਗੋਬਿੰਦ ਹੋ ਕੇ ਮਿਹਰਵਾਨ, ਗੋਬਿੰਦ ਗੋਬਿੰਦ ਦਿਤਾ ਜਣਾਈਆ । ਜਿਸ ਵੇਲੇ ਪੰਜਾਂ ਪਿਆਰਿਆਂ ਅੰਮ੍ਰਿਤ ਲੱਗਾ ਸੀ ਪਿਆਣ, ਖੰਡਾ ਜਲ ਵਿਚ ਫਿਰਾਈਆ । ਓਸ ਵੇਲੇ ਕਿਰਪਾ ਕੀਤੀ ਸ੍ਰੀ ਭਗਵਾਨ, ਰਸ ਧੁਰ ਦਾ ਦਿਤਾ ਵਖਾਈਆ । ਸਚ ਦਵਾਰੇ ਪਕਦਾ ਵੇਖਿਆ ਪਕਵਾਨ, ਚਾਰ ਜੁਗ ਦੇ ਭਗਤ ਸੇਵ ਕਮਾਈਆ । ਨਾਲ ਝੁਲਦਾ ਵੇਖਿਆ ਨਿਸ਼ਾਨ, ਨਿਸ਼ਾਨਾ ਦਿਸਿਆ ਬੇਪਰਵਾਹੀਆ । ਹੱਸ ਕੇ ਕੀਤੀ ਪਰਨਾਮ, ਦੀਨ ਹੋ ਕੇ ਸੀਸ ਝੁਕਾਈਆ । ਖ਼ੁਸ਼ ਹੋ ਕੇ ਨਿਗਾਹਬਾਨ, ਹੁਕਮ ਦਿਤਾ ਸੁਣਾਈਆ । ਜਿਸ ਵੇਲੇ ਕੱਠੇ ਹੋ ਕੇ ਮਿਲ ਕੇ ਆਏ ਵਿਚ ਜਹਾਨ, ਜਹਾਲਤ ਦਿਸੇ ਸਰਬ ਲੋਕਾਈਆ । ਓਸ ਵੇਲੇ ਭਗਤਾਂ ਕੋਲੋਂ ਲੈਣਾ ਦਾਨ, ਦਰ ਦਰ ਘਰ ਘਰ ਮੰਗ ਮੰਗਾਈਆ ।

ਤੇਰਾ ਅੰਮ੍ਰਿਤ ਮੇਰਾ ਪਕਵਾਨ, ਦੋਹਾਂ ਦਾ ਕੱਠਾ ਪੀਣ ਖਾਣ, ਵਕ਼ਤ ਸੁਹੇਲਾ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਸੁਣਾਈਆ । ਹੁਕਮ ਸੁਣਿਆ ਸਚ ਜਗਦੀਸ਼, ਦਹਿ ਦਿਸ਼ਾ ਵੱਜੀ ਵਧਾਈਆ । ਗੋਬਿੰਦ ਕਿਹਾ ਪ੍ਰਭੂ ਠੀਕ, ਪਾਰਬ੍ਰਹਮ ਤੇਰੀ ਬੇਪਰਵਾਹੀਆ । ਸ੍ਰੀ ਭਗਵਾਨ ਕਿਹਾ ਰਖਣੀ ਉਡੀਕ, ਆਸਾ ਆਸਾ ਵਿਚ ਵਧਾਈਆ । ਮੇਰੇ ਸੰਮਤ ਦੀ ਸੋਹਣੀ ਹੋਵੇ ਤਾਰੀਖ਼, ਤਵਾਰੀਖ਼ ਦਏ ਬਦਲਾਈਆ । ਜਨ ਭਗਤ ਦਵਾਰਿਉਂ ਮੰਗਣਾ ਭੀਖ, ਭਿਖਾਰੀ ਹੋ ਕੇ ਭੇਖ ਵਟਾਈਆ । ਨਾਲ ਸ਼ਬਦ ਦੀ ਪਾਉਣੀ ਤਸਦੀਕ, ਸ਼ਹਾਦਤ ਤੇਰੀ ਦੇਣੀ ਭੁਗਤਾਈਆ । ਸਭ ਦੀ ਖ਼ੁਸ਼ ਕਰਦੇ ਜਾਣਾ ਤਬੀਅਤ, ਦੁਖੀਆ ਰਹਿਣ ਕੋਇ ਨਾ ਪਾਈਆ । ਮੇਰੀ ਤੇਰੇ ਨਾਲ ਵਸੀਅਤ, ਵਿਰਸਾ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਲੇਖਾ ਦੱਸ ਜਾਏ ਅਸਲੀਅਤ, ਅਸਲ ਅਸਲ ਵਿਚੋਂ ਪਰਗਟਾਈਆ ।

### ੧੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਅਮਰ ਸਿੰਘ ਦੇ ਗ੍ਰਿਹ ਫ਼ਿਰੋਜ਼ਸ਼ਾਹ ਜ਼ਿਲਾ ਫ਼ਿਰੋਜ਼ਪੁਰ

ਅੰਨ ਕਹੇ ਮੈਂ ਬਿਨ ਅੱਖਾਂ ਰਿਹਾ ਅੰਨ੍ਹਾ, ਨਰ ਨਰਾਇਣ ਦਰਸ ਕੋਇ ਨਾ ਪਾਈਆ । ਜੁਗ ਚੌਕੜੀ ਰਿਹਾ ਭੰਨਾ, ਸਾਲ ਬਸਾਲਾ ਆਪਣਾ ਪੰਧ ਮੁਕਾਈਆ । ਜਿਸ ਵੇਲੇ ਠਾਕਰ ਭੋਗ ਲਗਾਇਆ ਧੰਨਾ, ਨਿਰਗੁਣ ਸਰਗੁਣ ਵੇਸ ਵਟਾਈਆ । ਇਕ ਸੰਦੇਸ਼ਾ ਦਿਤਾ ਬਿਨਾ ਕੰਨਾਂ, ਸਹਿਜ ਗਿਆ ਸਮਝਾਈਆ । ਕਲਜੁਗ ਅੰਤ ਨਿਰਗੁਣ ਜੋਤ ਧੁਰ ਦਾ ਚੜ੍ਹਨਾ ਚੰਨਾ, ਸਚ ਕਰੇ ਰੁਸ਼ਨਾਈਆ । ਪਿਛਲਾ ਮੇਟਣਾ ਬੰਨਾਂ, ਅਗਲਾ ਰਾਹ ਵਖਾਈਆ । ਬਾਲਮੀਕ ਜੋ ਲਿਖਿਆ ਲੇਖ ਉਪਰ ਤਿੰਨ ਸੌ ਤਰੇਠ ਪੰਨਾ, ਉਹ ਸ਼ਹਾਦਤ ਨਜ਼ਰੀ ਆਈਆ । ਪੁਰਖ ਅਕਾਲ ਜਨ ਭਗਤਾਂ ਦੇਣਾ ਸਾਚਾ ਧਨਾ, ਧਨ ਪਦਾਰਥ ਝੋਲੀ ਪਾਈਆ । ਲੇਖਾ ਮੁਕਣਾ ਨਾਮਾ ਛੰਨਾ, ਦੁੱਧ ਕਟੋਰੀ ਲਹਿਣਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਅੰਨ ਕਹੇ ਮੈਨੂੰ ਯਾਦ ਆਈ ਗਾਥਾ, ਕਹਾਣੀ ਦਿਆਂ ਸੁਣਾਈਆ । ਸਤਿਜੁਗ ਦਾ ਸਾਕਾ, ਕਲਜੁਗ ਅੰਤਮ ਭੇਵ ਖੁਲ੍ਹਾਈਆ । ਪਿਰਥੂ ਕਟਦਾ ਸੀ ਫ਼ਾਕਾ, ਫ਼ਿਕਰਾਂ ਵਿਚ ਝੱਟ ਲੰਘਾਈਆ । ਹੁਕਮ ਦਿਤਾ ਧੁਰ ਦੇ ਆਕ਼ਾ, ਅਕਲ ਅਕ਼ਲ ਵਿਚੋਂ ਬਦਲਾਈਆ । ਚਰਨ ਕਵਲ ਪ੍ਰੀਤੀ ਕਰ ਬਣ ਕੇ ਦਾਸੀ ਦਾਸਾ, ਸੇਵਕ ਹੋ ਕੇ ਸੇਵ ਕਮਾਈਆ । ਅਗਲਾ ਦੱਸਾਂ ਭੇਵ ਖ਼ੁਲਾਸਾ, ਪੜਦਾ ਦਿਆਂ ਉਠਾਈਆ । ਕਲਜੁਗ ਅੰਤ ਪਰਗਟ ਹੋਣਾ ਪੁਰਖ ਅਬਿਨਾਸ਼ਾ, ਨਿਰਗੁਣ ਨਿਰਵੈਰ ਵੇਸ ਵਟਾਈਆ । ਜਨ ਭਗਤਾਂ ਦੇਣਾ ਸਾਥਾ ਸਗਲਾ ਸੰਗ ਨਿਭਾਈਆ । ਚਰਨ ਕਵਲ ਦੇਵੇ ਭਰਵਾਸਾ, ਦ੍ਰਿੜ ਨਿਸ਼ਚਾ ਆਪ ਬੰਧਾਈਆ । ਇਕੋ ਵਾਰੀ ਸਭ ਦਾ ਲੇਖੇ ਲਾ ਜਾਏ ਕੀਤਾ ਹੋਇਆ ਅਰਦਾਸਾ, ਅਗੇ ਅਰਜ਼ ਦੀ ਲੋੜ ਰਹੇ ਨਾ ਰਾਈਆ । ਜਿਹੜਾ ਪਕਵਾਨ ਪੱਕਾ ਹੋਇਆ ਜਾਹਰ ਹੋ ਕੇ ਕਿਸੇ ਨਹੀਂ ਖਾਧਾ, ਘਰ ਘਰ ਆਪਣਾ ਭੋਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਵਡ ਵਡ ਭਾਗਾ, ਸਾਚਾ ਭਾਗ ਹਿੱਸਾ ਭਗਤਾਂ ਝੋਲੀ ਪਾਈਆ ।

### ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਪ੍ਰੀਤਮ ਸਿੰਘ ਦੇ ਘਰ ਪਿੰਡ ਫ਼ਿਰੋਜ਼ਸ਼ਾਹ ਜ਼ਿਲਾ ਫ਼ਿਰੋਜ਼ਪੁਰ ✪

ਅੰਨ ਕਹੇ ਮੈਂ ਵੇਖੇ ਭੁੱਖੇ ਨੰਗੇ, ਜੁਗ ਜੁਗ ਮਾਂਗਤ ਰੂਪ ਵਟਾਈਆ । ਦਰ ਦਰ ਮੰਗਦੇ ਵੇਖੇ ਪੰਡੇ, ਤਿਲਕ ਸੰਧੂਰ ਮਾਤ ਚਮਕਾਈਆ । ਸੁਥਰੇ ਖੜਕਾਉਂਦੇ ਵੇਖੇ ਡੰਡੇ, ਮਨ ਵਾਸਨਾ ਦੇਣ ਦੁਹਾਈਆ । ਸਾਧੂ ਬੈਠੇ ਤੀਰਥਾਂ ਕੰਢੇ, ਝੋਲੀਆਂ ਰਹੇ ਡਾਹੀਆ । ਤਰਸਦੇ ਵੇਖੇ ਤਟਾਂ ਉਤੇ ਗੰਗੇ, ਗੋਦਾਵਰੀ ਜਮਨਾ ਸੁਰਸਤੀ ਧੀਰ ਨਾ ਕੋਇ ਧਰਾਈਆ । ਇਕ ਦੂਜੇ ਨੂੰ ਮਾਰਦੇ ਵੇਖੇ ਬੰਦੇ, ਬੰਦਗੀ ਗਏ ਭੁਲਾਈਆ । ਵਿਕਾਰੀ ਹੋ ਗਏ ਗੰਦੇ, ਸਤਿ ਧਰਮ ਨਾ ਕੋਇ ਸਮਝਾਈਆ । ਮੰਜ਼ਲ ਚੜ੍ਹੇ ਮੂਲ ਨਾ ਡੰਡੇ, ਸਾਚੇ ਘਰ ਨਾ ਵੱਜੀ ਵਧਾਈਆ । ਕੂੜੀ ਕਿਰਿਆ ਕਰਦੇ ਦੰਗੇ, ਘਰ ਘਰ ਕਰਨ ਲੜਾਈਆ । ਕੋਟਾਂ ਵਿਚੋਂ ਗੁਰਮੁਖ ਥੋੜੇ ਲੱਗੇ ਚੰਗੇ, ਜਿਹੜੇ ਪ੍ਰਭੂ ਨੂੰ ਰਹੇ ਮਨਾਈਆ । ਰਾਹ ਤੱਕਣ ਸੂਰੇ ਸਰਬੰਗੇ, ਰਸਤਾ ਦੂਜਾ ਗਏ ਭੁਲਾਈਆ । ਕਵਣ ਵੇਲਾ ਹਰਿ ਲਾਵੇ ਆਪਣੇ ਅੰਗੇ, ਅੰਗੀਕਾਰ ਇਕ ਅਖਵਾਈਆ । ਚੁਕੇ ਧੁਰ ਦੇ ਕੰਧੇ, ਫੜ ਬਾਹੋਂ ਲਏ ਉਠਾਈਆ । ਆਤਮ ਪਰਮਾਤਮ ਦੇਵੇ ਇਕ ਅਨੰਦੇ, ਰਸ ਆਪਣਾ ਦਏ ਚਖਾਈਆ । ਸਚ ਭੰਡਾਰਾ ਧੁਰ ਦਾ ਵੰਡੇ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਦ੍ਰਿੜਾਈਆ । ਅੰਨ ਕਹੇ ਮੈਂ ਵੇਖਿਆ ਖੇਲ ਅਨਾਦੀ, ਅੰਤਰ ਸਭ ਨੂੰ ਦਿਆਂ ਜਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਖੇਲ ਕਰੇ ਵਿਸਮਾਦੀ, ਬਿਸਮਿਲ ਆਪਣੀ ਧਾਰ ਪਰਗਟਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਬਣ ਕੇ ਆਇਆ ਇਮਦਾਦੀ, ਇਤਹਾਸ ਪਿਛਲਾ ਦਏ ਬਦਲਾਈਆ । ਨਵੀਂ ਸਾਜਣਾ ਰਿਹਾ ਸਾਜੀ, ਸਾਜਨ ਹੋ ਕੇ ਹੋਵੇ ਸਹਾਈਆ । ਭਗਤ ਸੁਹੇਲੇ ਕਰ ਕੇ ਜਾਏ ਰਾਜ਼ੀ, ਰਾਜਨ ਰਾਜ ਦਏ ਵਡਿਆਈਆ । ਜਿਨ੍ਹਾਂ ਜਨਮ ਦੀ ਜਿੱਤ ਲਈ ਬਾਜ਼ੀ, ਮਾਣਸ ਮਾਨਵ ਲੇਖੇ ਪਾਈਆ । ਪ੍ਰੇਮ ਪਿਆਰ ਦੀ ਖਾ ਕੇ ਭਾਜੀ, ਭਜਨ ਬੰਦਗੀ ਇਕੋ ਵਾਰ ਲੇਖੇ ਪਾਈਆ । ਦੇਵੇ ਵਸਤ ਜੋ ਜਨਮ ਜਨਮ ਦੀ ਗਵਾਚੀ, ਘਰ ਵਿਚ ਠਾਕਰ ਦਏ ਮਿਲਾਈਆ । ਇਕੋ ਧਾਰ ਦੱਸੇ ਸਾਚੀ, ਪਾਰਬ੍ਰਹਮ ਬ੍ਰਹਮ ਮੇਲਾ ਰਿਹਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣ ਕੇ ਕਾਇਆ ਮਾਟੀ ਕਾਚੀ, ਕੰਚਨ ਗੜ੍ਹ ਦਏ ਸੁਹਾਈਆ ।

### ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਜਗਤਾਰ ਸਿੰਘ ਦੇ ਗ੍ਰਿਹਿ ਪਿੰਡ ਫਿਰੋਜ਼ਸ਼ਾਹ ਜ਼ਿਲਾ ਫ਼ਿਰੋਜ਼ਪੁਰ ✪

ਅੰਨ ਕਹੇ ਕੋਟਨ ਕੋਟ ਖਾਂਦੇ ਗਏ ਆਪਣੀ ਮਰਜ਼ੀ, ਮਜ਼ੇ ਰਸਨਾ ਜਿਹਵਾ ਵਾਲੇ ਜਗਤ ਬਣਾਈਆ । ਵਸ਼ਿਸ਼ਟ ਨੇ ਪੁਰਖ ਅਕਾਲ ਕੋਲ ਦਿਤੀ ਅਰਜ਼ੀ, ਬਿਨ ਅੱਖਰਾਂ ਇਬਾਰਤ ਜਣਾਈਆ । ਤੁਧ ਬਿਨ ਸੱਚਾ ਦਿਸੇ ਕੋਇ ਨਾ ਦਰਦੀ, ਦੁਖੀਆਂ ਦੁੱਖ ਵੰਡਾਈਆ । ਤੂੰ ਮਾਲਕ ਅਗੰਮ ਅਥਾਹ ਅਰਸ਼ੀ, ਪ੍ਰੀਤਮ ਸ਼ਹਿਨਸ਼ਾਹੀਆ । ਜੁਗ ਚੌਕੜੀ ਵੇਖਣਹਾਰਾ ਦੀਨ ਦੁਨੀ ਗਰਦੀ, ਗੁਬਾਰ ਪੜਦਾ ਲਾਹੀਆ । ਸ੍ਰੀ ਭਗਵਾਨ ਤੇਰੀ ਪਿਆਰ ਧਾਰ ਕਿਸੇ ਨਾ ਵਰਲੀ, ਸੱਦਾ ਦੇ ਨਾ ਕੋਇ ਬੁਲਾਈਆ । ਸਾਰ ਪਾਈ ਨਾ ਕਿਸੇ ਆਪਣੇ ਘਰ ਦੀ, ਸੌਹਰੇ ਪਈਏ ਘਰ ਘਰ ਫੇਰੇ ਜਗਤ ਪਾਈਆ । ਆਤਮ ਸਤਿ ਸਚ ਤੈਨੂੰ ਕੋਈ ਨਾ ਵਰਦੀ, ਕੰਤ ਖ਼ਾਕੀ ਤਨ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਹਿਣਾ



੩੨੪
੧੯

ਦੇਣਾ ਮੁਕਾਈਆ । ਅੰਨ ਕਹੇ ਤੈਨੂੰ ਕਿਸੇ ਨਾ ਦਿਤਾ ਨੇਂਦਾ, ਸਵਾਮੀ ਸਾਚੇ ਘਰ ਨਾ ਕੋਇ ਬੁਲਾਈਆ । ਝਗੜਾ ਪਿਆ ਕਿਉਂ ਕਿਉਂ ਦਾ, ਹਉਂ ਹਉਂ ਰਹੀ ਸਤਾਈਆ । ਜੁੜਿਆ ਜੋੜ ਨਾ ਪਿਤਾ ਪਿਓ ਦਾ, ਭਗਤ ਭਗਵਾਨ ਨਾ ਰੰਗ ਸਮਾਈਆ । ਭਾਗ ਹੋਇਆ ਨਾ ਚੰਗਾ ਘਿਰਤ ਘਿਉ ਦਾ, ਚਾਰ ਜੁਗ ਦੇਣ ਦੁਹਾਈਆ । ਨਾਤਾ ਤੋੜ ਨਿਭਿਆ ਨਾ ਜਗਤ ਨਿਹੋਂ ਦਾ, ਸਾਚਾ ਮੇਲ ਨਾ ਕੋਇ ਮਿਲਾਈਆ । ਵਿਛੋੜਾ ਲੱਗਾ ਨਾ ਤੇਰੀ ਬਿਰਹੋਂ ਦਾ, ਅਗਨੀ ਅੱਗ ਰਹੀ ਜਲਾਈਆ । ਰਸ ਮਿਲਿਆ ਨਾ ਅੰਮ੍ਰਿਤ ਮੇਹੋਂ ਦਾ, ਬੂੰਦ ਸਵਾਂਤੀ ਨਾ ਕੋਇ ਚੁਆਈਆ । ਘਰ ਪਾਇਆ ਨਾ ਸਾਚੇ ਦੇਉ ਦਾ, ਦੇਵਤ ਸੁਰ ਰਹੇ ਮਨਾਈਆ । ਦਰਸ਼ਨ ਕੀਤਾ ਨਾ ਅਲਖ ਅਭੇਉ ਦਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਅੰਨ ਕਹੇ ਮੈਂ ਵੇਖਿਆ ਜੁਗ ਚੌਕੜੀ ਬੀਤਿਆ ਵਿਚ ਸੰਸਾਰ, ਕਲਜੁਗ ਅੰਤਮ ਗਿਆ ਆਈਆ । ਮੈਨੂੰ ਖਾ ਖਾ ਲੱਖ ਚੁਰਾਸੀ ਗਈ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਮੈਂ ਡਰ ਡਰ ਰੋਵਾਂ ਜ਼ਾਰੋ ਜ਼ਾਰ, ਉਚੀ ਕੂਕ ਕੂਕ ਸੁਣਾਈਆ । ਬਹੁੜੀ ਦਰੋਹੀ ਖ਼ੁਦਾਏ ਪਰਵਰਦਿਗਾਰ, ਯਾਮਬੀਨ ਤੇਰੀ ਸਰਨਾਈਆ । ਨਾਤਾ ਜੋੜ ਕਰ ਪਿਆਰ, ਪ੍ਰੇਮ ਪ੍ਰੀਤੀ ਵਿਚ ਰਖਾਈਆ । ਨਿਗਾਹਬਾਨ ਬਣ ਮਦਦਗਾਰ, ਤੇਰੀ ਓਟ ਤਕਾਈਆ । ਜਨ ਭਗਤਾਂ ਦੇ ਆਧਾਰ, ਸੂਫ਼ੀਆਂ ਸੁਖ ਦੇ ਉਪਜਾਈਆ । ਸਾਚੇ ਪ੍ਰੇਮ ਦਾ ਕਰ ਆਹਾਰ, ਭੋਗ ਇਕੋ ਵਾਰ ਲਗਾਈਆ । ਗੁਰਮੁਖਾਂ ਦਾ ਸਦਾ ਲੇਖਾ ਰਹਿ ਜਾਏ ਜੁਗ ਚਾਰ, ਚੌਕੜੀ ਸਕੇ ਨਾ ਕੋਇ ਬਦਲਾਈਆ । ਤੇਰਾ ਭਰਿਆ ਰਹੇ ਭੰਡਾਰ, ਦੇਵਣਹਾਰ ਤੇਰੀ ਵਡਿਆਈਆ । ਗ਼ਰੀਬ ਨਿਮਾਣੇ ਜਾਈਂ ਤਾਰ, ਕੋੜ੍ਹੇ ਕਮਲਿਆਂ ਗੋਦ ਉਠਾਈਆ । ਤੇਰਾ ਨਾਉਂ ਸੱਚਾ ਨਿਰੰਕਾਰ , ਨਿਰਵੈਰ ਹੋ ਕੇ ਵੇਖ ਵਖਾਈਆ । ਘਰ ਠਾਂਡਾ ਬਣਾ ਸੱਚਾ ਦਰਬਾਰ, ਸਚਖੰਡ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਕਰਿਆ ਵਿਹਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।



੩੨੫
੧੯

## ✪ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਆਤਮਾ ਸਿੰਘ ਤੇਜਾ ਸਿੰਘ ਦੇ ਗ੍ਰਿਹ ਫ਼ਿਰੋਜ਼ਸ਼ਾਹ ਜ਼ਿਲਾ ਫ਼ਿਰੋਜ਼ਪੁਰ ✪

ਅੰਨ ਕਹੇ ਜਨ ਭਗਤੋ ਸ਼ਾਬਾਸ਼, ਖ਼ੁਸ਼ੀਆਂ ਵਿਚ ਵੱਜੇ ਵਧਾਈਆ । ਤੱਕਿਆ ਪੁਰਖ ਅਬਿਨਾਸ਼, ਜੋ ਅਬਗਤਾਂ ਪਾਰ ਲੰਘਾਈਆ । ਸਭ ਦੀ ਪੂਰੀ ਕਰੀ ਜਾਏ ਆਸ, ਤ੍ਰਿਸ਼ਨਾ ਅਗਲੀ ਰਿਹਾ ਬੁਝਾਈਆ । ਕੂੜ ਕੁਕਰਮਾਂ ਕਰ ਕੇ ਨਾਸ, ਸਚ ਧਰਮਾ ਇਕ ਸਮਝਾਈਆ । ਸੱਜਣ ਹੋ ਕੇ ਵਸੇ ਪਾਸ, ਸਗਲਾ ਸੰਗ ਨਿਭਾਈਆ । ਗੁਰਮੁਖ ਰਹੇ ਨਾ ਕੋਇ ਉਦਾਸ, ਚਿੰਤਾ ਗ਼ਮ ਦਏ ਗਵਾਈਆ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦਏ ਮਿਟਾਈਆ । ਧੀਰਜ ਸੰਤੋਖ ਦੇਵੇ ਵਿਸ਼ਵਾਸ, ਕੂੜੇ ਵਿਸ਼ਿਆਂ ਵਿਚੋਂ ਬਾਹਰ ਕਢਾਈਆ । ਆਵਣ ਜਾਵਣ ਫੰਦ ਕਟਾ ਕੇ ਦਸ ਦਸ ਮਾਸ, ਲੱਖ ਚੁਰਾਸੀ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਚੜ੍ਹਾਈਆ । ਰੰਗ ਕਹੇ ਮੈਂ ਚੜ੍ਹਨਾ ਅੰਤਰ ਆਤਮ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੇਲ ਮਿਲਾਉਣਾ ਪਰਮ ਪੁਰਖ ਪਰਮਾਤਮ, ਵਿਛੋੜਾ ਰਹੇ ਨਾ ਰਾਈਆ ।

ਜਲਵਾ ਦੇਣਾ ਬਾਤਨ, ਨਿਜ ਨੂਰ ਕਰ ਰੁਸ਼ਨਾਈਆ । ਸਾਚੀ ਸੇਜ ਸੁਹਾਉਣਾ ਆਸਣ, ਧਰਮ ਦਵਾਰਾ ਇਕ ਪਰਗਟਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼ਣ, ਦਰ ਦਵਾਰਾ ਇਕੋ ਦੇਣਾ ਸਮਝਾਈਆ । ਜਿਥੇ ਵਸੇ ਪੁਰਖ ਅਬਿਨਾਸ਼ਣ, ਜੋਤੀ ਜਾਤਾ ਡੇਰਾ ਲਾਈਆ । ਮੰਜ਼ਲ ਦੱਸ ਕੇ ਇਕੋ ਘਾਟਣ, ਘਾਟਾ ਪਿਛਲਾ ਪੂਰ ਕਰਾਈਆ । ਸਾਹਿਬ ਸਵਾਮੀ ਮਿਲ ਜਾਏ ਸਾਥਣ, ਸਮਰਥ ਪੁਰਖ ਨਜ਼ਰੀ ਆਈਆ । ਸ਼ਾਹੋ ਭੂਪ ਵਡ ਰਾਜ ਰਾਜਨ, ਰਈਅਤ ਆਪਣੀ ਲਏ ਬਣਾਈਆ । ਏਥੇ ਓਥੇ ਦੋ ਜਹਾਨਾਂ ਪੂਰੇ ਕਰੇ ਕਾਜਣ, ਕਰਮ ਕਾਂਡ ਦਾ ਲੇਖਾ ਦਏ ਮੁਕਾਈਆ । ਮੁਰਦੇ ਆਇਆ ਜਵਾਲਣ ਗੁਰਮੁਖ ਸੰਭਾਲਣ, ਸੰਤ ਸੁਹੇਲੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਕਰੇ ਦੀਨ ਦਿਆਲਣ, ਦੀਨਾਂ ਅਨਾਥਾਂ ਵੇਖ ਵਖਾਈਆ । ਅਨਾਥ ਕਹਿਣ ਅਸਾਂ ਤੱਕਿਆ ਨਾਥ, ਧੁਰਦਰਗਾਹੀ ਬੇਪਰਵਾਹੀਆ । ਜਿਸ ਨੂੰ ਕਹਿੰਦੇ ਪੁਰਖ ਸਮਰਾਥ, ਮਾਲਕ ਧੁਰ ਦਾ ਇਕ ਅਖਵਾਈਆ । ਜਿਸ ਦੀ ਗਾ ਕੇ ਸੱਚੀ ਗਾਥ, ਆਪਣਾ ਆਪ ਲਿਆ ਬਦਲਾਈਆ । ਇਕੋ ਸਿਮਰਨ ਇਕੋ ਪਾਠ, ਇਕੋ ਅੱਖਰ ਦਿਤਾ ਪੜ੍ਹਾਈਆ । ਮੰਜ਼ਲ ਪਿਛਲੀ ਅਗਲੀ ਮੁਕ ਗਈ ਵਾਟ, ਪੈਂਡਾ ਅਵਰ ਰਿਹਾ ਨਾ ਰਾਈਆ । ਝਗੜਾ ਮੁਕ ਗਿਆ ਤੀਰਥ ਤਾਟ, ਅੰਮ੍ਰਿਤ ਜਾਮ ਦਿਤਾ ਪਿਆਈਆ । ਸਚ ਪ੍ਰੀਤੀ ਜੋੜ ਕੇ ਨਾਤ, ਸਾਥ ਸਗਲਾ ਲਿਆ ਬਣਾਈਆ । ਜਨਮ ਜਨਮ ਦੀ ਪੂਰੀ ਕਰ ਕੇ ਖ਼ਾਹਿਸ਼, ਖ਼ਾਲਸ ਆਪਣਾ ਰੰਗ ਚੜ੍ਹਾਈਆ । ਲੇਖੇ ਲਾ ਕੇ ਜਗਤ ਸਵਾਸ, ਪਵਣ ਪਵਣਾਂ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣਸ ਜਨਮ ਕਰ ਕੇ ਰਾਸ, ਰਸਤਾ ਧੁਰਦਾ ਦਿਤਾ ਵਖਾਈਆ ।


੩੨੬
੧੯

## ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਜਗੀਰ ਸਿੰਘ ਦੇ ਗ੍ਰਹਿ ਫ਼ਿਰੋਜ਼ਸ਼ਾਹ ਜ਼ਿਲਾ ਫ਼ਿਰੋਜ਼ਪੁਰ

ਹਰਿ ਨਾਮ ਸ਼ਬਦ ਜਗਤ ਨੇਤਾ, ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਸੰਗ ਨਿਭਾਇੰਦਾ । ਤਨ ਮਾਟੀ ਖ਼ਾਕੀ ਅੰਤਰ ਆਤਮ ਕਰੇ ਠਾਂਡਾ ਸੀਤਾ, ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਅਗਨੀ ਤਤ ਬੁਝਾਇੰਦਾ । ਸਚ ਸੁਚ ਸਤਿ ਧਰਮ ਨਿਰਗੁਣ ਸਰਗੁਣ ਦੱਸੇ ਅਗੰਮੀ ਰੀਤਾ, ਪਾਰਬ੍ਰਹਮ ਪਤਿਪਰਮੇਸ਼ਵਰ ਘਰ ਸਵਾਮੀ ਸੱਜਣ ਮੇਲ ਮਿਲਾਇੰਦਾ । ਮਹੱਲ ਅਟਲ ਉਚ ਮਨਾਰ ਗ੍ਰਹਿ ਮੰਦਰ ਵਖਾਏ ਇਕ ਅਨਡੀਠਾ, ਚਾਰ ਦਵਾਰ ਛੱਪਰ ਛੰਨ ਨਜ਼ਰ ਕੋਇ ਨਾ ਆਇੰਦਾ । ਸਾਚਾ ਕਲਮਾ ਧੁਰ ਦਾ ਨਗ਼ਮਾ ਦੱਸੇ ਇਕ ਹਦੀਸਾ, ਹਜ਼ਰਤ ਹੋ ਕੇ ਆਪ ਪੜ੍ਹਾਇੰਦਾ । ਨਿਰਵੈਰ ਪੁਰਖ ਨਿਰੰਕਾਰ ਧੁਰ ਦੀ ਦੱਸੇ ਇਕ ਪ੍ਰੀਤਾ, ਪ੍ਰੀਤਮ ਹੋ ਕੇ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਤ ਨਵਿਤ ਕਰ ਕਰ ਹਿਤ, ਸੰਤ ਸੁਹੇਲੇ ਗੁਰਮੁਖ ਆਪਣੇ ਵਿਚ ਮਿਲਾਇੰਦਾ । ਸਤਿਗੁਰ ਸ਼ਬਦ ਸਚ ਸਵਾਮੀ ਆਦਿ ਅੰਤ ਇਕੋ ਨਜ਼ਰੀ ਆਈਆ । ਗੁਪਤ ਜਾਹਰ ਅੰਦਰ ਬਾਹਰ ਘਟ ਭੀਤਰ ਅੰਤਰਜਾਮੀ ਕਾਇਆ ਮਾਟੀ ਹਾਟੀ ਖੋਜ ਖੁਜਾਈਆ । ਬੋਧ ਅਗਾਧ ਸ਼ਬਦ ਅਨਾਦ ਅਗੰਮੀ ਸੁਣਾਏ ਬਾਣੀ, ਨਿਰਅੱਖਰ ਅੱਖਰਾਂ ਵਿਚ ਪਰਗਟਾਈਆ । ਅੰਮਿਉਂ ਰਸ ਅੰਮ੍ਰਿਤ ਜਾਮ ਨਿਝਰ ਧਾਰ ਦੇਵੇ ਠੰਡਾ ਪਾਣੀ, ਅਗਨੀ ਤਤ ਤਤਵ ਵਿਚੋਂ ਬੁਝਾਈਆ । ਸ਼ਬਦ ਨਾਦ ਧੁੰਨ ਬਿਨ ਕੰਨਾਂ ਸੁਣਾਏ ਮਹਾਨੀ, ਅਨਰਾਗੀ ਆਪਣਾ ਰਾਗ ਅਲਾਈਆ । ਨਿਰਗੁਣ ਜੋਤ

ਪਰਕਾਸ਼ ਕਰੇ ਅੰਧ ਅੰਧੇਰ ਨਾ ਰਹੇ ਨਿਸ਼ਾਨੀ, ਘਰ ਵਿਚ ਘਰ ਕਰੇ ਰੁਸ਼ਨਾਈਆ । ਜਨ ਭਗਤਾਂ ਸਾਚੇ ਸੰਤਾਂ ਦੇਵੇ ਪਦ ਇਕ ਨਿਰਬਾਨੀ, ਮੰਜ਼ਲ ਪੈਂਡਾ ਪੰਧ ਜਗਤ ਦਵਾਰ ਮੁਕਾਈਆ । ਪਰਮ ਪੁਰਖ ਦਾ ਮਿਲਣਾ ਹੋਵੇ ਸਚ ਆਸਾਨੀ, ਰਾਹ ਵਿਚ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਸ਼ਬਦ ਗੁਰੂ ਗਹਿਰ ਗੰਭੀਰ, ਬੇਨਜ਼ੀਰ ਨਜ਼ਰ ਕਿਸੇ ਨਾ ਆਇੰਦਾ । ਮੰਜ਼ਲ ਚੋਟੀ ਚੜ੍ਹ ਕੇ ਕਹੇ ਅਖ਼ੀਰ, ਉਪਰ ਸ਼ਾਹਰਗ ਡੇਰਾ ਲਾਇੰਦਾ । ਮਿਹਰਵਾਨ ਹੋ ਕੇ ਕੋੜਿਆਂ ਕਮਲਿਆਂ ਬਦਲ ਦੇਵੇ ਤਕ਼ਦੀਰ, ਤਦਬੀਰ ਆਪਣੀ ਇਕ ਦ੍ਰਿੜਾਇੰਦਾ । ਦੀਨ ਮਜ਼੍ਹਬ ਸ਼ਰਅ ਕਟ ਜ਼ੰਜੀਰ, ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਜਿਸ ਦੇ ਢੋਲੇ ਗਾਉਂਦੇ ਫ਼ਿਕਰਿਆਂ ਵਿਚ ਫ਼ਕੀਰ, ਸਿਫ਼ਤਾਂ ਵਿਚ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਸਾਲਾਹਿੰਦਾ । ਸੋ ਸਾਹਿਬ ਸਵਾਮੀ ਅੰਤਰਜਾਮੀ ਜਨ ਭਗਤਾਂ ਕਦੇ ਹੋਣ ਨਾ ਦੇਵੇ ਦਿਲਗੀਰ, ਮਨ ਵਾਸਨਾ ਕੂੜੀ ਕਿਰਿਆ ਮਾਇਆ ਮਮਤਾ ਬਾਹਰ ਕਢਾਇੰਦਾ । ਦੂਈ ਦਵੈਤੀ ਬਜਰ ਕਪਾਟੀ ਪੜਦਾ ਦੇਵੇ ਚੀਰ, ਚਾਰ ਕੁੰਟ ਦਹਿ ਦਿਸ਼ਾ ਚਾਰ ਵਰਨ ਅਠਾਰਾਂ ਬਰਨ ਇਕੋ ਰੰਗ ਰੰਗਾਇੰਦਾ । ਲੇਖਾ ਜਾਣੇ ਸ਼ਾਹ ਪਾਤਸ਼ਾਹ ਹਕੀਰ, ਗ਼ਰੀਬ ਨਿਮਾਣੇ ਆਅਲਾ ਅਦਨੇ ਇਕੋ ਘਰ ਬਹਾਇੰਦਾ । ਜਿਸ ਦੀ ਮੰਜ਼ਲ ਚੜ੍ਹਕੇ ਸਚ ਦਵਾਰੇ ਖੜ੍ਹਕੇ ਕਹਿ ਕੇ ਗਿਆ ਕਬੀਰ, ਕਾਇਆ ਕਾਅਬਾ ਹੱਕ ਹਕੂਕ ਘਰ ਠਾਂਡਾ ਇਕ ਦਰਸਾਇੰਦਾ । ਉਹ ਲੇਖਾ ਜਾਣੇ ਪੰਜਾਂ ਤੱਤਾਂ ਵਾਲਾ ਸ਼ਰੀਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਤਰ ਆਤਮ ਦੇਵੇ ਠੰਡਾ ਸੀਰ, ਨਿਝਰ ਝਿਰਨਾ ਇਕ ਝਿਰਾਇੰਦਾ । ਸ਼ਬਦ ਗੁਰੂ ਧੁਰ ਦਾ ਸੁਲਤਾਨ, ਮੁਕਾਮੇ ਹੱਕ ਡੇਰਾ ਲਾਈਆ । ਸਚਖੰਡ ਬਹੇ ਦਾਤਾ ਬਣ ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰਾਂ ਪੈਗ਼ੰਬਰਾਂ ਦੇਂਦਾ ਰਹੇ ਦਾਨ, ਨਿਰਗੁਣ ਸਰਗੁਣ ਆਪਣੀ ਕਾਰ ਕਮਾਈਆ । ਭਗਤ ਸੁਹੇਲੇ ਲੋਕਮਾਤ ਜੁਗ ਚੌਕੜੀ ਲੱਭੇ ਆਣ, ਲੱਖ ਚੁਰਾਸੀ ਵਿਚੋਂ ਫੋਲ ਫੁਲਾਈਆ । ਨਾਮ ਪਦਾਰਥ ਦੇਵੇ ਦਾਨ, ਸ਼ਬਦ ਅਗੰਮਾ ਝੋਲੀ ਪਾਈਆ । ਅੰਤਰ ਆਤਮ ਦੇਵੇ ਬ੍ਰਹਮ ਗਿਆਨ, ਜਗਤ ਵਿਦਿਆ ਨਾ ਕੋਇ ਪੜ੍ਹਾਈਆ । ਸਾਚੀ ਮੰਜ਼ਲ ਦੇ ਹੱਕ ਮੁਕਾਮ, ਮੁਕਾਮੇ ਹਕ ਜਲਵਾ ਨੂਰ ਕਰੇ ਰੁਸ਼ਨਾਈਆ । ਘਰ ਵਿਚ ਘਰ ਠਾਕਰ ਸਵਾਮੀ ਪਾਰਬ੍ਰਹਮ ਪ੍ਰਭ ਮਿਲੇ ਆਣ, ਅਨੰਦ ਆਤਮ ਇਕ ਜਣਾਈਆ । ਭਗਤਾਂ ਦਾ ਬਣਿਆ ਭਗਤ ਵਛਲ ਭਗਵਾਨ, ਭਾਗ ਸਭ ਦਾ ਜੁਗ ਜੁਗ ਝੋਲੀ ਰਿਹਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਦਾ ਮੇਲਾ ਦੱਸੇ ਆਸਾਨ, ਮੁਸ਼ਕਲ ਅਗਲੀ ਹੱਲ ਕਰਾਈਆ ।



## ✪ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਅਰਜਨ ਸਿੰਘ ਦੇ ਗ੍ਰਹਿ ਬਸਤੀ ਖਲੀਲ ਜ਼ਿਲਾ ਫ਼ਿਰੋਜ਼ਪੁਰ ✪

ਅੰਨ ਕਹੇ ਮੈਨੂੰ ਖਾਧਾ ਜੀਵ ਜੰਤ, ਮਾਨਵ ਉਦਰ ਅਧਾਰ ਬਣਾਈਆ । ਖਿਟਾ ਭਰਦੇ ਰਹੇ ਸੰਤ, ਰਸਨ ਸਵਾਦ ਵਖਾਈਆ । ਛਕਦੇ ਰਹੇ ਪੰਡਤ, ਜਜਮਾਨਾਂ ਘਰ ਫੇਰਾ ਪਾਈਆ । ਬਹਿੰਦੇ ਰਹੇ ਬਣ ਕੇ ਪੰਗਤ, ਪੰਜ ਸੱਤ ਜੋੜ ਜੁੜਾਈਆ । ਇਕੋ ਅਖਵਾਉਂਦੇ ਰਹੇ ਗੁਰ ਕੀ ਸੰਗਤ, ਗੁਰ ਧਾਰ ਨਾ ਕੋਇ ਦਰਸਾਈਆ । ਦਰ ਭਿਖਾਰੀ ਵੇਖੇ ਮੰਗਤ, ਮੰਗਣ ਥਾਉਂ ਥਾਈਆ । ਝਗੜਦੇ ਰਹੇ ਜੇਰਜ ਅੰਡਜ, ਸਾਂਤਕ

ਸਤਿ ਨਾ ਕੋਇ ਕਰਾਈਆ । ਮੈਨੂੰ ਹੋਏ ਹੈਰਾਨੀ ਰੰਜਸ਼, ਗ਼ਮੀ ਰਹੀ ਸਤਾਈਆ । ਲੇਖਾ ਮੁਕਿਆ ਨਾ ਕਿਸੇ ਕਰਨ ਅੰਤਸ਼, ਹੱਕ ਹੱਕ ਨਾ ਕੋਇ ਸਮਝਾਈਆ । ਜਗਤ ਵਾਸਨਾ ਰਹੀ ਬੰਦਸ਼, ਬੰਦਗੀ ਪ੍ਰਭ ਨਾ ਕੋਇ ਵਡਿਆਈਆ । ਤ੍ਰਿਸ਼ਨਾ ਮਿਟੀ ਕਿਸੇ ਨਾ ਤਮਸ, ਤਾਮਸ ਦਏ ਦੁਹਾਈਆ । ਯਾਦ ਆਈ ਕੂਕ ਮਾਰੀ ਸ਼ੱਮਸ, ਹੌਕੇ ਨਾਲ ਸੁਣਾਈਆ । ਪਰਵਰਦਿਗਾਰ ਤੇਰੀ ਰਮਜ਼, ਇਸ਼ਾਰਿਆਂ ਵਿਚ ਵਖਾਈਆ । ਬੁਧੀ ਨਾ ਆਵੇ ਸਮਝ, ਵਿਦਿਆ ਨਾ ਕੋਇ ਦ੍ਰਿੜਾਈਆ । ਬਿਨਾ ਅੰਨ ਤੋਂ ਚਲੇ ਕੋਈ ਨਾ ਨਬਜ਼, ਨਬੀਆਂ ਨੂੰ ਰਹੀ ਸਤਾਈਆ । ਦੁੱਖ ਹੋਵੇ ਗ਼ਜ਼ਬ, ਗਰਜ਼ ਰਹੀ ਭੜਕਾਈਆ । ਮਿਲੇ ਨਾ ਮਾਣ ਅਦਬ, ਵਡਿਆਈ ਵਡ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਵਰਤਾਈਆ । ਅੰਨ ਕਹੇ ਮੈਨੂੰ ਖਾਂਦੀ ਰਹੀ ਦੁਨੀਆ, ਦਾਅਵੇਦਾਰ ਅਖਵਾਈਆ । ਸਹਾਰਾ ਦਿਤਾ ਰਿਖੀਆਂ ਮੁਨੀਆਂ, ਜ਼ਿਦਗੀ ਜ਼ਿੰਦਗੀ ਨਾਲ ਮਿਲਾਈਆ । ਭੰਡਾਰਾ ਬਖ਼ਸ਼ਿਆ ਗੁਣ ਗੁਣੀਆਂ, ਗਹਿਰ ਗੰਭੀਰ ਸਮਝਾਈਆ । ਕਿਸੇ ਲੇਖਾ ਨਹੀਂ ਜਾਣਿਆ ਸੰਮਤ ਉਨੀਆਂ, ਏਕਾ ਨਾਇਆ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਰੰਗ ਆਪ ਰੰਗਾਈਆ । ਦਾਣਾ ਕਹੇ ਮੈਨੂੰ ਖਾਂਦਾ ਰਿਹਾ ਜਗ, ਜਗਦੀਸ਼ਰ ਸਮਝ ਕਿਸੇ ਨਾ ਆਈਆ । ਮੇਰਾ ਲੇਖਾ ਬਣਦਾ ਰਿਹਾ ਵਿਚ ਹੱਜ, ਹਜ਼ਰਤ ਗਏ ਅਪਨਾਈਆ । ਗੁਰ ਅਵਤਾਰ ਸਵਾਦ ਲੈਂਦੇ ਗਏ ਰੱਜ ਰੱਜ, ਰਸਨਾ (ਜਿਹਵਾ) ਬੱਤੀ ਦੰਦ ਮੇਰਾ ਸੰਗ ਬਣਾਈਆ । ਮੈਂ ਜੁਗ ਚੌਕੜੀ ਵੇਂਹਦਾ ਰਿਹਾ ਸਭ, ਪੈਗ਼ੰਬਰਾਂ ਧਿਆਨ ਲਗਾਈਆ । ਮੈਨੂੰ ਖਾ ਕੇ ਸਾਰੇ ਸ਼ੁਕਰੀਆ ਕਰਨ ਇਕੋ ਰੱਬ, ਵਾਹਿਗੁਰੂ ਨਾਮ ਸਿਫ਼ਤ ਸਾਲਾਹੀਆ । ਸਚ ਦਵਾਰੇ ਪੁਰਖ ਅਕਾਲ ਕੋਲ ਕਿਸੇ ਨਾ ਖੜਿਆ ਸਦ, ਆਪਣਾ ਵਕਤ ਗਏ ਲੰਘਾਈਆ । ਮੈਂ ਪਾਲਦਾ ਰਿਹਾ ਸਭ, ਹਡ ਮਾਸ ਨਾੜੀ ਨਾਲ ਰਲਾਈਆ । ਬਹੁੜੀ ਮੈਨੂੰ ਸਾਰੇ ਗਏ ਛੱਡ, ਸਾਚਾ ਯਾਰ ਨਾ ਕੋਇ ਮਿਲਾਈਆ । ਅੰਤ ਅਖ਼ੀਰੀ ਸਭ ਦੀ ਮੁਕੀ ਹੱਦ, ਪੈਂਡਾ ਰਿਹਾ ਨਾ ਰਾਈਆ । ਮੈਂ ਕੂਕ ਪੁਕਾਰ ਕੀਤੀ ਗੱਜ, ਹੋਕਾ ਦਿਤਾ ਸੁਣਾਈਆ । ਜਨ ਭਗਤੋ ਮੈਂ ਤੁਹਾਨੂੰ ਲੈਣਾ ਲੱਭ, ਲੱਖ ਚੁਰਾਸੀ ਫੋਲ ਫੁਲਾਈਆ । ਤੁਹਾਡੇ ਕਾਰਨ ਪ੍ਰਭੂ ਨਾਲ ਮਿਲਣ ਦਾ ਬਣੇ ਸਬੱਬ, ਸਭਾ ਵੇਖ ਸਾਚੀ ਖ਼ੁਸ਼ੀ ਮਨਾਈਆ । ਜਿਸ ਨੇ ਪ੍ਰੇਮ ਪ੍ਰੀਤੀ ਅੰਦਰ ਭੋਗ ਲਗਾਉਣਾ ਜਗ, ਭਾਗ ਮੇਰਾ ਦਏ ਬਣਾਈਆ । ਮੈਂ ਚਰਨ ਕਵਲ ਝੁਕਣਾ ਵਧ, ਵਾਧਾ ਅਗਲਾ ਲੈਣਾ ਬਣਾਈਆ । ਦਰਸ਼ਨ ਕਰਨਾ ਰੱਜ, ਨੇਤਰ ਨੈਣ ਰਿਝਾਈਆ । ਸੁਨੇਹੜਾ ਦੱਸਣਾ ਸਚ, ਸਤਿ ਦੇਣਾ ਸਮਝਾਈਆ । ਪ੍ਰਭੂ ਜਨ ਭਗਤਾਂ ਸਿਰ ਤੇ ਰਖਣਾ ਹੱਥ, ਸਮਰਥ ਤੇਰੀ ਸਰਨਾਈਆ । ਮੈਨੂੰ ਭੇਟ ਕੀਤਾ ਇਹਨਾਂ ਸਮਝ ਕੇ ਚੰਗੀ ਵਥ, ਵਸਤ ਅਮੋਲਕ ਦੇ ਬਣਾਈਆ । ਤੇਰੇ ਪ੍ਰੇਮ ਪਿਆਰ ਦਾ ਚਾਰ ਜੁਗ ਮਿਲਦਾ ਰਹੇ ਰਸ, ਰਸਤਾ ਇਕੋ ਦੇ ਵਖਾਈਆ । ਭਗਤ ਭਗਵਾਨ ਦਾ ਸੰਗ ਵੇਖਦਾ ਰਹਾਂ ਹੱਸ ਹੱਸ, ਖ਼ੁਸ਼ੀਆਂ ਵਿਚ ਆਪਣੀ ਖ਼ੁਸ਼ੀ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਰਹੇ ਨਾ ਵੱਖ, ਵਿਛੜੇ ਲਏ ਮਿਲਾਈਆ ।


੩੨੮
੧੯

## ✪ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੧ ਹਰੀ ਸਿੰਘ ਦੇ ਗ੍ਰਿਹ ਬਸਤੀ ਖਲੀਲ ਜ਼ਿਲਾ ਫ਼ਿਰੋਜ਼ਪੁਰ ✪

ਭਗਤ ਲੇਖ ਕਹੇ ਮੈਨੂੰ ਦੇਂਦੇ ਗਏ ਸਹਾਰਾ, ਸ੍ਰਿਸ਼ਟੀ ਵਿਚ ਸਤਿ ਸਚ ਸਚ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਬੋਲਦੇ ਗਏ ਜੈਕਾਰਾ, ਇਕੋ ਪ੍ਰਭ ਦਾ ਨਾਮ ਧਿਆਈਆ । ਸਾਂਝਾ ਰੂਪ ਪਰਗਟ ਹੋਇਆ ਨਾ ਵਿਚ ਸੰਸਾਰਾ, ਸਗਲਾ ਸੰਗ ਨਾ ਕੋਇ ਬਣਾਈਆ । ਭਵਿਖਤਾਂ ਵਿਚ ਦੇ ਕੇ ਗਏ ਇਸ਼ਾਰਾ, ਸੰਦੇਸ਼ਿਆ ਵਿਚ ਸਮਝਾਈਆ । ਪਰਮ ਪੁਰਖ ਲਏ ਅਵਤਾਰਾ, ਕਲ ਅੰਤਮ ਵੇਸ ਵਟਾਈਆ । ਜੋਤੀ ਨੂਰ ਕਰੇ ਉਜਿਆਰਾ, ਜਹੂਰ ਵਿਚ ਸਮਾਈਆ । ਭਗਤਾਂ ਸੁਹਾ ਕੇ ਦਵਾਰਾ, ਦਵਾਰਕਾ ਵਾਸੀ ਦੀ ਲੋੜ ਰਹੇ ਨਾ ਰਾਈਆ । ਦੇਵੇ ਅਗੰਮ ਭੰਡਾਰਾ, ਅਥਾਹ ਆਪ ਵਰਤਾਈਆ । ਸੱਜਣ ਬਣ ਕੇ ਪਿਆਰਾ, ਪ੍ਰੀਤਮ ਆਪ ਅਖਵਾਈਆ । ਮੇਟ ਕੇ ਅੰਧ ਅੰਧਿਆਰਾ, ਸਾਚਾ ਚੰਦ ਦਏ ਚਮਕਾਈਆ । ਸਤਿਜੁਗ ਸਾਚਾ ਕਰ ਪਿਆਰਾ, ਧਰਮ ਇਕ ਦਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਹਰਿ ਆਪਣਾ ਹੁਕਮ ਵਰਤਾਈਆ । ਹੁਕਮ ਕਹੇ ਮੈਂ ਵੇਖਿਆ ਹਾਕਮ, ਹਰਿ ਕਰਤਾ ਬੇਪਰਵਾਹੀਆ । ਜਿਸ ਦਾ ਇਕੋ ਨਗਰ ਖੇੜਾ ਸਾਕਨ, ਦੂਜਾ ਘਰ ਨਾ ਕੋਇ ਬਣਾਈਆ । ਪੈਗ਼ੰਬਰ ਅਵਤਾਰ ਜਿਸ ਦੀ ਸਿਫ਼ਤ ਆਖਣ, ਕਲਮਿਆਂ ਵਿਚ ਸਾਲਾਹੀਆ । ਜਿਸ ਦਾ ਜਲਵਾ ਤੱਕਣ ਬਾਤਨ, ਜਾਹਰ ਕਰੇ ਰੁਸ਼ਨਾਈਆ । ਸੋ ਸਚ ਸੁਨੇਹੜਾ ਆਇਆ ਆਖਣ, ਗੁਰਮੁਖਾਂ ਹੱਕ ਪੜ੍ਹਾਈਆ । ਕਲਜੁਗ ਮਿਟੇ ਅੰਧੇਰੀ ਰਾਤਨ, ਸਤਿਜੁਗ ਸਚ ਹੋਵੇ ਰੁਸ਼ਨਾਈਆ । ਭਾਗ ਲੱਗੇ ਕਾਇਆ ਮਾਟਨ, ਮਟਕੀ ਮਿੱਟੀ ਸੋਭਾ ਪਾਈਆ । ਸਚ ਦਵਾਰਾ ਦੱਸੇ ਬਾਤਨ, ਮਾਹੀ ਮਿਲ ਮਿਲ ਖ਼ੁਸ਼ੀ ਇਕ ਵਖਾਈਆ । ਲੇਖਾ ਜਾਣ ਪੁਰਖ ਅਬਿਨਾਸ਼ਣ, ਪੜਦਾ ਓਹਲਾ ਰਿਹਾ ਉਠਾਈਆ । ਜਨ ਭਗਤਾਂ ਕੋਟ ਜਨਮ ਦੇ ਕਟ ਕੇ ਪਾਪਣ, ਪਤਿਤ ਪੁਨੀਤ ਰਿਹਾ ਬਣਾਈਆ । ਆਤਮ ਪਰਮਾਤਮ ਦੱਸ ਕੇ ਮਹਾਤਮ, ਮਹਿੰਮਾ ਇਕੋ ਇਕ ਸਮਝਾਈਆ । ਸਾਚਾ ਧਰਮ ਇਕ ਸਨਾਤਮ, ਆਤਮ ਦਰਸੀ ਦਏ ਦਰਸਾਈਆ । ਜਿਸ ਦਾ ਲੇਖਾ ਲਿਖੇ ਨਾ ਕੋਈ ਕਾਤਬ, ਕ਼ਲਮ ਸ਼ਾਹੀ ਨਾ ਕੋਇ ਵਡਿਆਈਆ । ਪੁਰਖ ਅਕਾਲ ਸਿਰਫ਼ ਆਇਆ ਭਗਤਾਂ ਬਾਬਤ, ਬਾਅਦ ਮੇਲ ਨਾ ਕੋਇ ਮਿਲਾਈਆ । ਪ੍ਰੇਮੀਆਂ ਪੂਰੀ ਕਰੇ ਹਾਜਤ, ਤ੍ਰਿਸ਼ਨਾ ਜਗਤ ਮਿਟਾਈਆ । ਨਿੰਦਰਾ ਲਾਹ ਕੇ ਆਲਸ, ਅਸਲ ਦਏ ਸਮਝਾਈਆ । ਸਚ ਦਾ ਬਣ ਕੇ ਸਾਲਸ, ਸਦਮਾ ਦਏ ਗਵਾਈਆ । ਗੁਰਮੁਖ ਕਰ ਕੇ ਖ਼ਾਲਸ, ਆਪਣਾ ਰੰਗ ਚੜ੍ਹਾਈਆ । ਜੋੜ ਜੁੜਾ ਕੇ ਧੁਰ ਦਾ ਮਾਲਕ, ਮੇਲਾ ਇਕੋ ਲਏ ਕਰਾਈਆ । ਗੁਰਮੁਖ ਵੇਖੇ ਨੰਨ੍ਹਾਂ ਬਾਲਕ, ਬਚਪਨ ਆਪਣੀ ਗੋਦ ਸੁਹਾਈਆ । ਪ੍ਰੇਮੀ ਪਿਆਰਾ ਬਣਾ ਕੇ ਯਾਚਕ, ਯਥਾਰਥ ਦੇਵੇ ਇਕ ਸਰਨਾਈਆ । ਗੁਰਮੁਖ ਰਸਨਾ ਜਿਹਵਾ ਰੌਲਾ ਪਾਵੇ ਨਾ ਕੋਈ ਜਾਚਕ, ਪਿਛਲਾ ਪੜਦਾ ਦਏ ਉਠਾਈਆ । ਮਨ ਮਨੂਆ ਰਹੇ ਨਾ ਕੋਈ ਰਾਕਸ਼, ਬੁਧੀ ਬਿਬੇਕ ਦਏ ਕਰਾਈਆ । ਚੁਗ਼ਲੀ ਨਿੰਦਿਆ ਕਰੇ ਕੋਈ ਨਾ ਸਾਂਤਕ, ਸਾਚੀ ਸਿਖਿਆ ਕਰੇ ਪੜ੍ਹਾਈਆ । ਹਰਿਜਨ ਰਹੇ ਕੋਈ ਨਾ ਨਾਸਤਕ, ਸੁਆਰਥ ਸਭ ਦਾ ਦਏ ਬਣਾਈਆ । ਸਾਚਾ ਨਾਮ ਦੇਵੇ ਕਿਰਪਾ ਕਰ ਕੇ ਧੁਰ ਦੀ ਆਪ ਵਿਰਾਸਤ, ਵਿਰਸਾ ਇਕੋ ਝੋਲੀ ਪਾਈਆ । ਨਿਰਗੁਣ ਹੋ ਕੇ ਕਰੇ ਸਫ਼ਾਰਸ਼, ਹੁਕਮੇਂ ਅੰਦਰ ਹੁਕਮ ਵਰਤਾਈਆ । ਖ਼ੁਸ਼ੀਆਂ ਨਾਲ ਲਿਖਦਾ ਜਾਏ ਇਬਾਰਤ, ਅੱਖਰਾਂ ਨਾਲ ਜੋੜ ਜੁੜਾਈਆ । ਨਿਉਂ ਨਿਉਂ ਕ਼ਦਮ ਚੁੰਮੇ ਭਾਰਤ, ਭਾਵਨੀ ਸਭ ਦੀ ਵੇਖੇ ਥਾਉਂ ਥਾਈਆ । ਸੂਫ਼ੀਆਂ ਕਰਾਏ ਸਚ ਜ਼ਿਆਰਤ, ਜ਼ੇਰ ਜ਼ਬਰ ਨਾ ਕੋਇ ਵਡਿਆਈਆ । ਕੂੜੀ ਕਿਰਿਆ ਬਦਲ ਵਜ਼ਾਰਤ, ਹੁਕਮ ਇਕੋ ਇਕ ਸਮਝਾਈਆ । ਸਚਖੰਡ

ਦਵਾਰੇ ਲਾ ਅਦਾਲਤ, ਅਦਲ ਇਨਸਾਫ਼ ਆਪ ਕਰਾਈਆ । ਜਗਤ ਕਰੇ ਨਾ ਕੋਈ ਵਕਾਲਤ, ਵੁਕਲਾ ਵਿਦਿਆ ਵਾਲਾ ਕੰਮ ਕਿਸੇ ਨਾ ਆਈਆ । ਹੰਗਤਾ ਗੜ੍ਹ ਨਾ ਰਹੇ ਬਗ਼ਾਵਤ, ਬਗ਼ਲਗੀਰ ਨੂਰ ਖ਼ੁਦਾਈਆ । ਸਚ ਭੰਡਾਰਾ ਕਰੇ ਸਖ਼ਾਵਤ, ਵਸਤ ਅਮੋਲਕ ਝੋਲੀ ਪਾਈਆ । ਤ੍ਰਿਸ਼ਨਾ ਰਹੇ ਨਾ ਕੋਇ ਅਦਾਵਤ, ਰੰਗ ਇਕੋ ਦਏ ਰੰਗਾਈਆ । ਕੂੜੀ ਰਖੇ ਨਾ ਕੋਇ ਬਨਾਵਟ, ਗੁਰਮੁਖ ਸਤਿ ਸਚ ਨਾਲ ਪਰਨਾਈਆ । ਤਨ ਮਾਟੀ ਬਾਹਰੋਂ ਕਰੇ ਨਾ ਕੋਇ ਸਜਾਵਟ, ਅੰਦਰੋਂ ਨਿਰਮਲ ਰੂਪ ਦਏ ਵਖਾਈਆ । ਜਨ ਭਗਤਾਂ ਪ੍ਰਭ ਮਿਲਣ ਦੀ ਕਰੇ ਨਾ ਕੋਈ ਰੁਕਾਵਟ, ਅਧਵਿਚਕਾਰ ਨਾ ਕੋਇ ਅਟਕਾਈਆ । ਗੁਰਮੁਖਾਂ ਮੰਜ਼ਲ ਚੜ੍ਹਦਿਆਂ ਆਵੇ ਨਾ ਕੋਈ ਥਕਾਵਟ, ਭੱਜਣ ਚਾਈਂ ਚਾਈਆ । ਸਚਖੰਡ ਦਵਾਰੇ ਪਹੁੰਚਣ ਸਹੀ ਸਲਾਮਤ, ਆਤਮ ਪਰਮਾਤਮ ਮਿਲ ਕੇ ਖ਼ੁਸ਼ੀ ਮਨਾਈਆ । ਗੁਰਮੁਖੋ ਸੱਚਾ ਪ੍ਰੇਮ ਜੁਗ ਜੁਗ ਦੀ ਤੁਹਾਡੀ ਰਖੀ ਅਮਾਨਤ, ਕਲਜੁਗ ਅੰਤਮ ਤੁਹਾਡੇ ਹੱਥ ਫੜਾਈਆ । ਸਾਚਾ ਪੀਰ ਗੁਣੀ ਗਹੀਰ ਬੇਨਜ਼ੀਰ ਹਰ ਘਟ ਜਾਣੀ ਜਾਣਤ, ਅਨਜਾਣਤ ਲਏ ਉਠਾਈਆ । ਜੇ ਤੁਹਾਨੂੰ ਮੇਰੀ ਨਹੀਂ ਸਿਆਣਤ, ਸੁਫ਼ਨਿਆਂ ਵਿਚ ਬਿਨ ਨੇਤਰਾਂ ਆਪਣਾ ਦਰਸ ਰਿਹਾ ਕਰਾਈਆ । ਸਦਾ ਸੁਹੇਲਾ ਬਣ ਕੇ ਪ੍ਰਿਤਪਾਲਕ, ਕਾਇਆ ਪਾਲਕੀ ਵਿਚ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਜਨਮ ਮਰਨ ਦੀ ਰਹਿਣ ਨਾ ਦੇਵੇ ਕੋਈ ਇਲਾਮਤ, ਬਿਨ ਇਲਮੋਂ ਆਲਮ ਦਏ ਬਣਾਈਆ ।



## ✪ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੧ ਧਰਮ ਸਿੰਘ ਦੇ ਗ੍ਰਹਿ ਬਸਤੀ ਦਰਿਆ ਜ਼ਿਲਾ ਫ਼ਿਰੋਜ਼ਪੁਰ ✪

੩੩੦
੧੯

ਜਨ ਭਗਤ ਆਸਾ ਕਹੇ ਮੇਰਾ ਲੇਖਾ ਲੱਗਾ, ਬਾਕੀ ਰਿਹਾ ਚੁਕਾਈਆ । ਪੁਰਖ ਅਕਾਲ ਦੇ ਕੇ ਸੱਦਾ, ਸਦਭਾਵਨਾ ਪੂਰ ਕਰਾਈਆ । ਲੱਖ ਚੁਰਾਸੀ ਨਾਲ ਕਰਕੇ ਦਗ਼ਾ, ਗੁਰਮੁਖ ਕੂੜੇ ਦੰਗੇ ਵਿਚੋਂ ਬਾਹਰ ਕਢਾਈਆ । ਲੇਖੇ ਲਾ ਕੇ ਭੁੱਖਾ ਨੰਗਾ, ਨਾਮ ਓਢਣ ਸੀਸ ਰਿਹਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਦਏ ਸਰਨਾਈਆ । ਆਸਾ ਕਹੇ ਮੈਂ ਅਗੇ ਨਹੀਂ ਜਾਣਾ ਬਿਛਰਤ, ਵਿਛੋੜਾ ਰਹੇ ਨਾ ਰਾਈਆ । ਜਗ ਵਾਸਨਾ ਛੱਡਿਆ ਐਸੋ-ਇਸ਼ਰਤ, ਰਾਹ ਇਕੋ ਇਕ ਤਕਾਈਆ । ਆਸਾ ਮਨਸਾ ਪੂਰੀ ਹੋਵੇ ਹਸਰਤ, ਅਸੂਲ ਇਕੋ ਦਏ ਸਮਝਾਈਆ । ਜਿਸ ਦੀ ਸਾਇਆ ਹੇਠ ਜੁਗ ਚੌਕੜੀ ਕੀਤੇ ਬਸਰਤ, ਬਿਸਵੇਦਾਰੀ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਨਈਆ ਦਏ ਚੜ੍ਹਾਈਆ । ਆਸਾ ਕਹੇ ਮੈਂ ਵੇਖਿਆ ਮਾਲਕ ਅਸਲੀ, ਅਸਲ ਰਿਹਾ ਜਣਾਈਆ । ਆਤਮ ਪਰਮਾਤਮ ਵਸਲੀ, ਮਹਿਬੂਬ ਨੂਰ ਖ਼ੁਦਾਈਆ । ਮਾਣ ਤੋੜ ਕੇ ਜਲ ਮਛਲੀ, ਪ੍ਰੀਤੀ ਧੁਰ ਦੀ ਰਿਹਾ ਬਣਾਈਆ । ਖੇਲ ਮੁਕਾ ਕੇ ਕਛ ਮਛ ਦੀ, ਇਕੋ ਰੰਗ ਰੰਗਾਈਆ । ਧਾਰ ਜਣਾ ਕੇ ਧੁਰ ਦੀ ਅੱਖ ਦੀ, ਅੱਖੀਆਂ ਰਿਹਾ ਬਦਲਾਈਆ । ਜਿਹੜੀ ਕਾਇਆ ਕ਼ੀਮਤ ਨਹੀਂ ਕੱਖ ਦੀ, ਕੰਚਨ ਰੂਪ ਰਿਹਾ ਜਣਾਈਆ । ਕੂੜੀ ਰੀਤੀ ਛੁਡਾ ਕੇ ਜਗ ਦੀ, ਜਾਗਰਤ ਜੋਤ ਰਿਹਾ ਜਗਾਈਆ । ਜਨ ਭਗਤਾਂ ਵੇਲ ਰਹੇ ਵਧਦੀ, ਵਾਧਾ ਆਪਣੇ ਨਾਲ ਪਵਾਈਆ । ਖੇਲ ਮੁਕੇ ਅੱਜ ਪੱਜ ਦੀ, ਭੁਲੇਖਾ ਭਰਮ ਨਾ ਕੋਇ ਭੁਲਾਈਆ । ਬਸਤੀ ਰਹੇ ਨਾ ਅਗੇ ਅੱਡ ਦੀ, ਬਸੇਰਾ ਇਕੋ ਘਰ ਬਣਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਇਕ ਟਿਕਾਈਆ । ਆਸਾ ਕਹੇ ਮੈਂ ਓਸ ਦਵਾਰੇ ਟਿਕਦੀ, ਜਿਥੇ ਟਿੱਕਾ ਇਕੋ ਨਜ਼ਰੀ ਆਈਆ । ਸਿਫ਼ਤ ਹੋਵੇ ਇਕ ਦੀ, ਇਕੋ ਢੋਲਾ ਗਾਈਆ । ਵਡਿਆਈ ਹੋਵੇ ਪਿਤ ਦੀ, ਪਿਤਾ ਪਰਮੇਸ਼ਵਰ ਬੇਪਰਵਾਹੀਆ । ਮੈਂ ਪਿਆਸੀ ਸਦਾ ਸਾਚੇ ਹਿਤ ਦੀ, ਹਿਤਕਾਰੀ ਵੇਖ ਵਖਾਈਆ । ਖੇਲ ਮੁਕਾ ਕੇ ਨਿਤ ਦੀ, ਨਿਜ ਘਰ ਬੈਠਾ ਚਾਈਂ ਚਾਈਂਆ । ਮੇਰੀ ਬਾਜ਼ੀ ਹੋ ਜਾਵੇ ਜਿੱਤ ਦੀ, ਹਾਰ ਨਜ਼ਰ ਕੋਇ ਨਾ ਆਈਆ । ਵਡਿਆਈ ਮਿਲ ਜਾਏ ਭਗਤਾਂ ਵਾਲੀ ਥਿਤ ਦੀ, ਘੜੀ ਪਲ ਸੋਭਾ ਪਾਈਆ । ਜਿਸ ਦੀ ਰੇਖ ਕਦੇ ਨਾ ਮਿਟਦੀ, ਮੇਟਣਹਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭਾਵਨਾ ਪੂਰ ਕਰਾਈਆ । ਆਸਾ ਕਹੇ ਮੈਂ ਧੁਰ ਦੀ ਆਸਾਵੰਦ, ਧਿਆਨ ਇਕ ਲਗਾਈਆ । ਵੇਖਣਾ ਧੁਰ ਦਾ ਚੰਦ, ਜੋਤ ਨੂਰ ਰੁਸ਼ਨਾਈਆ । ਮਾਨਣਾ ਇਕ ਅਨੰਦ, ਜੋ ਅਨੰਦ ਵਿਚੋਂ ਪਰਗਟਾਈਆ । ਗਾਉਣਾ ਇਕੋ ਛੰਦ, ਜੋ ਆਤਮ ਪਰਮਾਤਮ ਜੋੜ ਜੁੜਾਈਆ । ਸਿਖਣਾ ਇਕੋ ਢੰਗ, ਤਰੀਕਾ ਸ਼ਹਿਨਸ਼ਾਹੀਆ । ਕੂੜੀ ਢਾਹੁਣੀ ਕੰਧ, ਭਾਂਡਾ ਭਰਮ ਭੰਨਾਈਆ । ਮਿਲਣਾ ਸੂਰੇ ਸਰਬੰਗ, ਘਰ ਪ੍ਰੀਤਮ ਨਜ਼ਰੀ ਆਈਆ । ਸੁਣਨਾ ਇਕ ਮਰਦੰਗ, ਅਗੰਮੀ ਨਾਦ ਵਜਾਈਆ । ਸਚ ਦਵਾਰ ਵੇਖਣਾ ਲੰਘ, ਪ੍ਰਭ ਚਰਨ ਮਿਲੇ ਸਰਨਾਈਆ । ਸਿਰ ਰਹੇ ਨਾ ਪਾਪਾਂ ਪੰਡ, ਕੂੜ ਗਠੜੀ ਦੇਣੀ ਸੁਟਾਈਆ । ਧੁਰ ਦਾ ਬਣਾਉਣਾ ਇਕੋ ਸੰਗ, ਸੰਗੀ ਸਾਥੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਲੇਖਾ ਦਏ ਚੁਕਾਈਆ । ਆਸਾ ਕਹੇ ਮੈਂ ਜੁਗ ਚੌਕੜੀ ਰਹੀ ਤੱਕਦੀ, ਬਿਨ ਅੱਖਾਂ ਅੱਖ ਖੁਲ੍ਹਾਈਆ । ਕਿਸ ਵੇਲੇ ਕ਼ੀਮਤ ਪਵੇ ਹੱਕ ਦੀ, ਸਚ ਮਿਲੇ ਵਡਿਆਈਆ । ਤ੍ਰਿਸ਼ਨਾ ਰਹੇ ਨਾ ਕੋਈ ਸ਼ੱਕ ਦੀ, ਸੰਸੇ ਦਏ ਗਵਾਈਆ । ਧਾਰ ਰਹੇ ਨਾ ਮਨਮਤ ਦੀ, ਗੁਰਮਤ ਕਰੇ ਕੁੜਮਾਈਆ । ਸੂਰਤ ਨਜ਼ਰੀ ਆਵੇ ਕਮਲਾਪਤ ਦੀ, ਪਤਿਪਰਮੇਸ਼ਵਰ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਆਸਾ ਕਹੇ ਮੈਂ ਰਖਦੀ ਰਹੀ ਆਸ, ਆਸ਼ਾ ਵਿਚ ਧਿਆਨ ਲਗਾਈਆ । ਤੱਕਦੀ ਰਹੀ ਉਪਰ ਆਕਾਸ਼, ਚਾਰੇ ਕੁੰਟਾਂ ਫੋਲ ਫੁਲਾਈਆ । ਵੇਂਹਦੀ ਰਹੀ ਗੋਪੀ ਵਾਲੀ ਰਾਸ, ਮੁਖ ਘੁੰਗਟ ਇਕ ਉਠਾਈਆ । ਗੁਰ ਅਵਤਾਰਾਂ ਵਸੀ ਪਾਸ, ਪੈਗ਼ੰਬਰਾਂ ਨਾਲ ਕੁੜਮਾਈਆ । ਸੁਣਦੀ ਰਹੀ ਰਬਾਬ, ਜੋ ਤੂੰ ਹੀ ਤੂੰ ਹੀ ਗਾਈਆ । ਆਉਂਦੀ ਰਹੀ ਆਵਾਜ਼, ਗੋਬਿੰਦ ਬੇਪਰਵਾਹੀਆ । ਜਾਣਦੀ ਰਹੀ ਨਿਮਾਜ਼, ਸਜਦਿਆਂ ਵਿਚ ਸੀਸ ਝੁਕਾਈਆ । ਪੁਛਣੀ ਰਹੀ ਰਾਜ਼, ਘਰ ਘਰ ਫੇਰਾ ਪਾਈਆ । ਬਿਨ ਭਗਤਾਂ ਪ੍ਰਭ ਮਿਲਣ ਦੀ ਕਿਸੇ ਨਾ ਦੱਸੀ ਜਾਚ, ਤਤ ਇਸ਼ਟ ਸਾਰੇ ਰਹੇ ਮਨਾਈਆ । ਇਕੋ ਚੰਗੀ ਲੱਗੀ ਬਾਤ, ਹਭ ਕੁਛ ਪਿਛਲਾ ਗਈ ਭੁਲਾਈਆ । ਮਿਲਣਾ ਕਮਲਾਪਾਤ, ਘਰ ਸਵਾਮੀ ਨਜ਼ਰੀ ਆਈਆ । ਉਹ ਦੇਵੇ ਦਾਤ, ਚਰਨ ਪ੍ਰੀਤੀ ਧੁਰ ਦੀ ਝੋਲੀ ਪਾਈਆ । ਅੰਤਮ ਪੁਛੇ ਵਾਤ, ਕਦੇ ਨਾ ਹੋਵੇ ਜੁਦਾਈਆ । ਸੇਵਾ ਵਿਚ ਕਹੇ ਸ਼ਾਬਾਸ਼, ਮਿਹਰ ਨਜ਼ਰ ਉਠਾਈਆ । ਪ੍ਰੇਮ ਪਿਆਰ ਦੀ ਖਾ ਕੇ ਭਾਤ, ਭੋਜਨ ਆਪਣਾ ਲਏ ਬਣਾਈਆ । ਦੇ ਵਡਿਆਈ ਮਾਤ, ਮਤਲਬ ਅਗਲਾ ਹਲ ਕਰਾਈਆ । ਅੰਮ੍ਰਿਤ ਬੂੰਦ ਬਖ਼ਸ਼ ਸਵਾਂਤ, ਅਗਨੀ ਤਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਲਾ ਪਿਛਲਾ ਜਾਣੇ ਸਰਬ ਹਾਲਾਤ, ਲੇਖ ਲਿਖਾਵੇ ਨਾਲ ਕ਼ਲਮ ਦਵਾਤ, ਦਾਅਵੇਦਾਰ ਗੁਰਮੁਖ ਸਾਚੇ ਘਰ ਦਏ ਬਣਾਈਆ ।

## ✪ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੧ ਸੁਰਜਨ ਸਿੰਘ ਦੇ ਗ੍ਰਿਹ ਫ਼ਿਰੋਜ਼ਪੁਰ ਸ਼ਹਿਰ ✪

ਅੰਨ ਕਹੇ ਮੈਂ ਵੇਖੇ ਅਨੰਤ, ਅਰਬਾਂ ਖਰਬਾਂ ਫੇਲ ਫੁਲਾਈਆ । ਕੋਟਾਂ ਵਿਚੋਂ ਭਗਤ ਸੁਹੇਲਾ ਲੱਭੇ ਸੰਤ, ਗੁਰਮੁਖ ਸੂਫ਼ੀ ਨੂਰ ਖ਼ੁਦਾਈਆ । ਜਿਸ ਦੇ ਅੰਤਰ ਇਕੋ ਮੰਤ, ਢੋਲਾ ਧੁਰ ਦਾ ਗਾਈਆ । ਸਗਲੀ ਮੇਟ ਚਿੰਤ, ਦੁਖੜਾ ਰਿਹਾ ਮਿਟਾਈਆ । ਚੁਰਾਸੀ ਵਿਚੋਂ ਕਰ ਕੇ ਹਿੰਮਤ, ਹੌਸਲਾ ਰਿਹਾ ਵਧਾਈਆ । ਸਚ ਦਵਾਰ ਦੀ ਚੜ੍ਹ ਕੇ ਸਿੰਮਤ, ਸਾਹਿਬ ਸਵਾਮੀ ਅੰਤਰਜਾਮੀ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਅੰਨ ਕਹੇ ਮੈਂ ਵੇਖੇ ਅਨੇਕ, ਜੁਗ ਚੌਕੜੀ ਫੇਲ ਫੁਲਾਈਆ । ਜੋ ਖਾ ਕੇ ਰਹੇ ਲੇਟ, ਆਲਸ ਨਿੰਦਰਾ ਜਨਮ ਗਵਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਰਹੇ ਚੇਤ, ਚੇਤਨ ਸੁਰਤੀ ਆਪ ਕਰਾਈਆ । ਨਿਜ ਸਵਾਮੀ ਕਰਨ ਹੇਤ, ਪ੍ਰੀਤਮ ਆਪਣਾ ਆਪ ਮਨਾਈਆ । ਮਨ ਮਨਸਾ ਕਰ ਕੇ ਭੇਟ, ਗੜ੍ਹ ਹੰਕਾਰ ਤੁੜਾਈਆ । ਨਿਜ ਨੇਤਰ ਆਪਣੇ ਵੇਖ, ਪੇਖ ਖ਼ੁਸ਼ੀ ਮਨਾਈਆ । ਵੇਖ ਅਵੱਲੜਾ ਵੇਸ, ਗੀਤ ਗਾਵਣ ਚਾਈਂ ਚਾਈਂਆ । ਸਮਝ ਕੇ ਧੁਰ ਦਾ ਦੇਸ, ਦੱਸਣ ਥਾਉਂ ਥਾਈਂਆ । ਧੁਰ ਦੀ ਰਖ ਕੇ ਟੇਕ, ਪਿੱਛਾ ਜਾਣ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਵਖਾਈਆ । ਅੰਨ ਕਹੇ ਮੈਂ ਵੇਖੇ ਮਾਨੁਖ ਮਾਨੁਸ਼ ਮਾਨਵ ਆਦਮ, ਮਮਤਾ ਵਿਚ ਲੋਕਾਈਆ । ਬਹੁਤਿਆਂ ਵਿਚੋਂ ਥੋੜੇ ਖ਼ਾਦਮ, ਖ਼ਿਦਮਤਗਾਰ, ਹੋ ਕੇ ਸੇਵ ਕਮਾਈਆ । ਕਿਸੇ ਲੇਖਾ ਨਹੀਂ ਜਾਣਿਆ ਕ੍ਰਿਸ਼ਨ ਨਾਲ ਯਾਦਵ, ਯੁਧਿਸ਼ਟਰ ਸਮਝ ਰਤਾ ਨਾ ਆਈਆ । ਕਿਉਂ ਦੁਰਯੋਧਨ ਹੋਇਆ ਪਾਗ਼ਲ, ਬੁਧੀ ਮਤ ਗਵਾਈਆ । ਕਿਉਂ ਕ੍ਰਿਸ਼ਨ ਬਣਿਆ ਕ਼ਾਤਲ, ਕ਼ਤਲਗਾਹ ਵਡਿਆਈਆ । ਕਿਉਂ ਮੁਹੰਮਦ ਜਲਵਾ ਵੇਖਿਆ ਬੈਤੁਲ, ਮੁਕੱਦਸ ਨੂਰ ਖ਼ੁਦਾਈਆ । ਕਿਉਂ ਪੁਰਖ ਅਕਾਲ ਬਣਿਆ ਆਦਲ, ਅਦਾਲਤ ਇਕੋ ਇਕ ਪਰਗਟਾਈਆ । ਸੰਤ ਸੁਹੇਲੇ ਭਗਤ ਜਨ ਜਾਗਣ, ਜਗਾਵਣਹਾਰ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਭੁਗਤਾਈਆ । ਅੰਨ ਕਹੇ ਮੈਨੂੰ ਕਹਿੰਦੇ ਰਹੇ ਅਨਾਜ, ਰਸਨਾ ਨਾਲ ਵਡਿਆਈਆ । ਮੈਨੂੰ ਖਾਂਦੇ ਰਹੇ ਲੰਗੜੇ ਲੂਲ੍ਹੇ ਅਪਹਾਜ, ਰੋਗੀ ਸੋਗੀ ਆਪਣੇ ਮੁਖ ਲਗਾਈਆ । ਮੈਂ ਭੇਟਾ ਹੁੰਦਾ ਰਿਹਾ ਰਾਜਨ ਰਾਜ, ਸ਼ਾਹ ਸੁਲਤਾਨ ਮਿਲ ਕੇ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੇਰੀ ਦੇਂਦੇ ਗਏ ਦਾਤ, ਲੋਕਮਾਤ ਜੀਵ ਜੰਤ ਵਰਤਾਈਆ । ਮੇਰਾ ਸਤਿ ਸੁਚ ਨਾ ਵੇਖਿਆ ਕਿਸੇ ਸਵਾਦ, ਰਸ ਰਸੈਣ ਨਾ ਕੋਇ ਬਣਾਈਆ । ਲਹਿਣਾ ਦੇਣਾ ਚੁਕਾਇਆ ਨਾ ਮਾਤ, ਮਿਤੀਆਂ ਗਏ ਸਮਝਾਈਆ । ਸ਼ਬਦੀ ਢੋਲੇ ਗਾਏ ਗਾਥ, ਭਵਿਖਤ ਗਏ ਦ੍ਰਿੜਾਈਆ । ਲਹਿਣਾ ਦੇਣਾ ਫੜਾ ਕੇ ਹੱਥ ਪੁਰਖ ਅਬਿਨਾਸ਼, ਆਪਣਾ ਪਲੂ ਗਏ ਛੁਡਾਈਆ । ਜਿਸ ਵੇਲੇ ਕਲਜੁਗ ਅੰਤ ਆਵੇ ਅੰਧੇਰੀ ਰਾਤ, ਨਵ ਨੌਂ ਚਾਰ ਦਏ ਦੁਹਾਈਆ । ਅਬਿਨਾਸ਼ੀ ਕਰਤਾ ਘਟ ਘਟ ਵਾਸੀ ਜਨ ਭਗਤਾਂ ਹੋਵੇ ਦਾਸ, ਦਾਸ ਦਾਸੀ ਹੋਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦਵਾਰੇ ਦਏ ਵਡਿਆਈਆ । ਅੰਨ ਕਹੇ ਮੇਰੀ ਸਭ ਨੇ ਮੰਗੀ ਮੰਗ, ਵਿਸ਼ਨੂੰ ਪ੍ਰਭ ਦੇ ਅਗੇ ਝੋਲੀ ਡਾਹੀਆ । ਗੁਰ ਅਵਤਾਰ ਪੈਗ਼ੰਬਰ ਰਹੇ ਦੰਗ, ਹੈਰਾਨੀ ਵਿਚ ਧਿਆਈਆ । ਸਰਗੁਣ ਦਾ ਬਖ਼ਸ਼ੀਂ ਸਾਚਾ ਸੰਗ, ਸਾਹਿਬ ਤੇਰੀ ਸਰਨਾਈਆ । ਅਧਾਰ ਦੇ ਵਰਭੰਡ, ਬ੍ਰਹਿਮੰਡ ਤੇਰੀ ਵਡਿਆਈਆ । ਜਿਸ ਧਾਰੋਂ ਉਪਜਿਆ ਜੇਰਜ ਅੰਡ, ਉਤਭੁਜ ਉਤਪਤ ਦੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਮਿਹਰ ਨਜ਼ਰ ਇਕ ਉਠਾਈਆ । ਅੰਨ ਕਹੇ ਮੇਰਾ ਨਾਤਾ ਅਨਾਦੀ, ਨਾਦੀ ਸੁਤ ਬਣਾਈਆ । ਜੋਤ ਅਕਾਲਣ ਮੇਰੀ ਦਾਦੀ, ਮਾਤਾ ਧਰਤੀ ਸੇਵ ਕਮਾਈਆ । ਜਗਤ ਪਿਆਰ ਨਾਲ ਹੋਈ ਸ਼ਾਦੀ, ਵਿਸ਼ਵ ਨਾਲ ਕੁੜਮਾਈਆ । ਨਿਰਗੁਣ ਸਰਗੁਣ ਪ੍ਰਭ ਦਾ ਰੂਪ ਆਬਾਦੀ, ਨਰ ਨਰਾਇਣ ਵੇਖ ਵਖਾਈਆ । ਪ੍ਰਿਥੁ ਕਹੇ ਆਸ਼ਾ ਇਕੋ ਜਾਗੀ, ਅੰਤਰ ਅੰਤਰ ਮਿਲੀ ਵਧਾਈਆ । ਪੁਰਖ ਅਕਾਲ ਨੇ ਦਿਤੀ ਧੁਰ ਦੀ ਭਾਜੀ, ਵਸਤ ਅਮੋਲਕ ਝੋਲੀ ਪਾਈਆ । ਜਿਸ ਦੀ ਜੜ੍ਹ ਲੋਕਮਾਤ ਲਾਗੀ, ਜੁਗ ਚੌਕੜੀ ਧਾਰ ਦਿਤੀ ਬੰਧਾਈਆ । ਓਸਦਾ ਪੁਰਖ ਅਕਾਲ ਬਣਿਆ ਭਾਗੀ, ਵਿਭਾਗ ਪਿਛਲਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਵਿਭਾਗ ਕਹੇ ਮੇਰਾ ਹਿੱਸਾ ਭਾਗ ਕੋਈ ਨਾ ਜਾਣੇ ਵੰਡ, ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਮਝ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਨ ਭਗਤ ਹੋਏ ਦੰਗ, ਹੈਰਾਨੀ ਸਭ ਦੇ ਅੰਦਰ ਆਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਗਏ ਲੰਘ, ਜੁਗ ਚੌਕੜੀ ਆਪਣਾ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਗਦੇ ਗਏ ਮੰਗ, ਕਰੋੜ ਤੇਤੀਸਾ ਝੋਲੀਆਂ ਡਾਹੀਆ । ਕਿਰਪਾ ਕਰ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਜਨ ਭਗਤਾਂ ਲਾ ਆਪਣੇ ਅੰਗ, ਅੰਗੀਕਾਰ ਇਕ ਅਖਵਾਈਆ । ਨਵ ਨੌਂ ਚਾਰ ਦਾ ਲਹਿਣਾ ਮੁਕਾ ਦੇ ਵਿਚ ਇਕ ਡੰਗ, ਡੰਕਾ ਆਪਣਾ ਨਾਮ ਸੁਣਾਈਆ । ਹਰਿਜਨ ਰਹੇ ਨਾ ਕੋਈ ਭਾਗਾਂਮੰਦ, ਮੰਦਭਾਗੀ ਦੇ ਤਰਾਈਆ । ਝੂਠਾ ਭੇਖ ਪਾਖੰਡ ਨਾ ਰਹੇ ਵੇਖ ਡੰਬ, ਡਿੰਬ ਅਵਰ ਨਾ ਕੋਇ ਵਖਾਈਆ । ਪਰਮ ਪੁਰਖ ਪਰਮਾਤਮ ਤੂੰ ਕਿਹੜਾ ਓਡਣਾ ਲਾ ਕੇ ਖੰਭ, ਜੋਤ ਸਰੂਪ ਸ਼ਬਦੀ ਧਾਰ ਜੋਤੀ ਜੋਤ ਕਰ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਅੰਤ ਅਖ਼ੀਰੀ ਗਏ ਹੰਭ, ਬਲ ਤੇਰੇ ਚਰਨਾਂ ਵਿਚ ਰਖਾਈਆ । ਚਾਰ ਕੁੰਟ ਦਹਿ ਦਿਸ਼ਾ ਜਗਤ ਵਿਕਾਰ ਰਿਹਾ ਕੰਬ, ਧਰਤ ਧਵਲ ਨਾ ਕੋਇ ਸਹਾਈਆ । ਦਰ ਦਰਵੇਸ਼ ਦਰ ਦਵਾਰੇ ਰਹੇ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਖ਼ਸ਼ ਇਕ ਅਨੰਦ, ਦੁੱਖ ਸੁਖ ਵਿਚ ਬਦਲਾਈਆ । ਅੰਨ ਕਰੇ ਮੈਂ ਕੀ ਦੱਸਾਂ ਹਾਲ, ਹਾਲਤ ਬਦਲੀ ਸਰਬ ਲੋਕਾਈਆ । ਮੈਨੂੰ ਖਾਣ ਵਾਲਿਆਂ ਨੂੰ ਖਾ ਗਿਆ ਕਾਲ, ਅੰਤ ਸਕਿਆ ਨਾ ਕੋਇ ਬਚਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਹੋਏ ਬੇਹਾਲ, ਬਿਹਬਲ ਹੋਏ ਦੇਣ ਦੁਹਾਈਆ । ਸੁਰਤ ਸਕਿਆ ਨਾ ਕੋਇ ਸੰਭਾਲ, ਸੂਰਤ ਮੂਰਤ ਨੂਰ ਨੂਰ ਨਾ ਕੋਇ ਪਰਗਟਾਈਆ । ਜੁਗ ਚੌਕੜੀ ਮੈਂ ਕਰਦਾ ਰਿਹਾ ਭਾਲ, ਪੁਛਦਾ ਰਿਹਾ ਥਾਉਂ ਥਾਈਂਆ । ਗੁਰ ਅਵਤਾਰ ਪੈਗ਼ੰਬਰ ਬਣੇ ਦਲਾਲ, ਹੋਕਿਆਂ ਨਾਲ ਜਣਾਈਆ । ਮੇਲ ਮਿਲਾਇਆ ਨਾਲ ਸ੍ਰੀ ਭਗਵਾਨ, ਭਾਗ ਮੇਰਾ ਮੇਰੀ ਝੋਲੀ ਦੇਵੇ ਟਿਕਾਈਆ । ਸਾਰੇ ਦੇ ਕੇ ਗਏ ਗਿਆਨ, ਅੱਖਰ ਵੱਖਰ ਲੇਖ ਜਣਾਈਆ । ਬਿਨਾ ਭਗਤਾਂ ਦੇ ਪ੍ਰਭ ਦਾ ਮਿਲੇ ਨਾ ਕਿਸੇ ਨਿਸ਼ਾਨ, ਦੋ ਜਹਾਨਾਂ ਨਜ਼ਰ ਕੋਇ ਨਾ ਆਈਆ । ਉਨ੍ਹਾਂ ਉਪਰ ਹੋਵੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਤੇਰਾ ਲੇਖੇ ਲਾਵੇ ਪਕਵਾਨ, ਪਾਕ ਪਾਕੀਜ਼ਾ ਦਏ ਬਣਾਈਆ । ਦਰ ਘਰ ਬਣੇ ਮਹਮਾਨ, ਮਹਿਬੂਬ ਸਾਹਿਬ ਗੁਸਾਈਂਆ । ਤੇਰਾ ਲੇਖਾ ਚੁਕਾਏ ਆਣ, ਅਨਕ ਕਲਧਾਰੀ ਦਇਆ ਕਮਾਈਆ । ਸਾਚੇ ਨਾਮ ਦਾ ਦੇ ਗਿਆਨ, ਅਗਿਆਨ ਅੰਧੇਰਾ ਦਏ ਗਵਾਈਆ । ਭਗਤਾਂ ਨਾਲ ਤੇਰੀ ਕਰੇ ਕਲਿਆਣ, ਕਲਮਿਆਂ ਦਾ ਲੇਖਾ ਦਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰੇ ਪਰਵਾਨ, ਪਾਰਬ੍ਰਹਮ ਪਤਿਪਰਮੇਸ਼ਵਰ ਪਤ ਤੇਰੀ ਲਏ ਰਖਾਈਆ ।


੩੩੩
੧੯

## ✪ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੧ ਤਾਰਾ ਸਿੰਘ ਦੇ ਗ੍ਰਹਿ ਫ਼ਿਰੋਜ਼ਪੁਰ ਛਾਉਣੀ ✪



ਅੰਨ ਕਹੇ ਮੈਨੂੰ ਕੋਟਨ ਖਾ ਖਾ ਹੋ ਗਏ ਮੁਰਦੇ, ਮੁਰਦਾ ਮੁਰੀਦ ਵਿਚ ਨਾ ਕੋਇ ਸਮਾਈਆ । ਸ਼ਾਹ ਕੰਗਾਲ ਜਗਤ ਜਹਾਨ ਗਏ ਤੁਰਦੇ, ਬਣ ਕੇ ਪਾਂਧੀ ਅੰਤਮ ਪੰਧ ਨਾ ਕੋਇ ਚੁਕਾਈਆ । ਸ਼ੌਹ ਦਰਿਆਏ ਗਏ ਰੁੜ੍ਹਦੇ, ਵਹਿਣਾਂ ਵਿਚੋਂ ਮੁਹਾਰ ਨਾ ਕੋਇ ਬਦਲਾਈਆ । ਗੁਰਮੁਖ ਵਿਰਲੇ ਭੇਵ ਪਾਏ ਪੂਰੇ ਸਤਿਗੁਰ ਦੇ, ਧਿਆਨ ਚਰਨ ਕਵਲ ਲਗਾਈਆ । ਸੁਰਤੀ ਅੰਦਰ ਮਿਲ ਕੇ ਜੁੜਦੇ, ਸ਼ਬਦੀ ਵੱਜੇ ਵਧਾਈਆ । ਰਾਗ ਸੁਣ ਕੇ ਅਗੰਮੀ ਸੁਰ ਦੇ, ਸੁਤਿਆਂ ਲਈ ਅੰਗੜਾਈਆ । ਲੇਖੇ ਲਾ ਕੇ ਭਾਗ ਧੁਰ ਦੇ, ਮਸਤਕ ਰੇਖਾ ਲਈ ਬਦਲਾਈਆ । ਵਾਸੀ ਬਣ ਕੇ ਸੱਚੇ ਅਨੰਦ ਪੁਰ ਦੇ, ਪੁਰੀ ਇਕੋ ਇਕ ਵਡਿਆਈਆ । ਜਿਥੇ ਤੂੰ ਮੇਰਾ ਮੈਂ ਤੇਰਾ ਸਾਚੇ ਮੰਤਰ ਫੁਰਦੇ, ਫੁਰਨਾ ਮਨ ਨਾ ਕੋਇ ਵਖਾਈਆ । ਝਗੜੇ ਮੁਕਾ ਕੇ ਅੰਧ ਘੋਰ ਦੇ, ਸਚ ਨੂਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਅੰਨ ਕਹੇ ਮੈਨੂੰ ਜੁਗ ਚੌਕੜੀ ਖਾ ਖਾ ਗਏ ਲੁਕ, ਕੋਟਨ ਕੋਟਾਂ ਵਿਚੋਂ ਕੋਇ ਰਹਿਣ ਨਾ ਪਾਈਆ । ਮਾਨਸ ਮਾਨਵ ਬੂਟੇ ਗਏ ਸੁੱਕ, ਪੱਤ ਟਹਿਣੀ ਫਲ ਫੁੱਲ ਨਾ ਕੋਇ ਮਹਿਕਾਈਆ । ਅਸੰਖ ਜਨਨੀਆਂ ਗੋਦ ਉਠਾ ਕੇ ਗਈਆਂ ਸੁਤ, ਸੁਤਿਆਂ ਰੈਣ ਜਗਤ ਵਿਹਾਈਆ । ਸਹਾਰਾ ਬਣਿਆ ਰਿਹਾ ਪੰਜ ਤਤ ਕਾਇਆ ਮਾਟੀ ਬੁਤ, ਤਨ ਵਜੂਦ ਖ਼ੁਸ਼ੀ ਮਨਾਈਆ । ਸਿੱਧਾ ਕਿਸੇ ਮਿਲਿਆ ਨਾ ਅਬਿਨਾਸ਼ੀ ਅਚੁਤ, ਚਾਤਰਕ ਤ੍ਰਿਖਾ ਨਾ ਕੋਇ ਬੁਝਾਈਆ । ਨਵ ਨੌ ਚਾਰ ਪਿਛੋਂ ਆਈ ਸੁਹੰਜਣੀ ਰੁੱਤ, ਰੁਤੜੀ ਆਪਣਾ ਰੂਪ ਬਦਲਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਿਰਗੁਣ ਧਾਰ ਗਿਆ ਉਠ, ਨਿਰਵੈਰ ਨਿਰਾਕਾਰ ਦਇਆ ਕਮਾਈਆ । ਮਿਹਰਵਾਨ ਹੋ ਕੇ ਗੁਰਮੁਖਾਂ ਉਤੇ ਰਿਹਾ ਤੁਠ, ਦਇਆਵਾਨ ਹੋ ਕੇ ਆਪ ਜਗਾਈਆ । ਸਚ ਪ੍ਰੇਮ ਦਾ ਜਾਮ ਦੇਵੇ ਘੁਟ, ਕੂੜੀ ਤ੍ਰਿਸ਼ਨਾ ਅੱਗ ਬੁਝਾਈਆ । ਘਰ ਘਰ ਦਰ ਦਰ ਜਾ ਕੇ ਲਏ ਪੁਛ, ਪਸ਼ਚਾਤਾਪ ਦਏ ਵਡਿਆਈਆ । ਸਾਚੀ ਦੱਸੇ ਇਕੋ ਤੁਕ, ਸੋਹੰ ਢੋਲਾ ਸ਼ਹਿਨਸ਼ਾਹੀਆ । ਉਜਲ ਕਰੇ ਮਾਤ ਮੁਖ, ਮੁਫ਼ਤ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਤਮ ਅੰਤ ਅੰਦਰੋਂ ਨਿਕਲਣ ਨਾ ਦੇਵੇ ਹਾਏ ਉਫ਼, ਉਲਫ਼ਤ ਵਿਚ ਲੈ ਕੇ ਜਾਏ ਚਾਈਂ ਚਾਈਆ । ਅੰਨ ਕਹੇ ਮੈਨੂੰ ਖਾ ਖਾ ਅਨਕ ਅਨੇਕ ਥੱਕੇ, ਥਕਾਵਟ ਵਿਚ ਲੋਕਾਈਆ । ਮੈਂ ਫਿਰ ਫਿਰ ਵੇਖੇ ਮਦੀਨੇ ਮੱਕੇ, ਕਾਅਬੇ ਰਹੇ ਕੁਰਲਾਈਆ । ਨੌ ਅਠਾਰਾਂ ਮਿਲਦੇ ਧੱਕੇ, ਰਿਧ ਸਿਧ ਨਾ ਕੋਇ ਵਡਿਆਈਆ । ਕੋਟਾਂ ਵਿਚੋਂ ਗੁਰਮੁਖ ਥੋੜੇ ਮਿਲਦੇ ਸੱਚੇ, ਜੋ ਸਚ ਸੁਚ ਰਹੇ ਅਪਨਾਈਆ । ਸਿੱਧੇ ਪੁਰਖ ਅਕਾਲ ਦੇ ਬਣ ਕੇ ਬੱਚੇ, ਚਾਚਿਆਂ ਕੋਲੋਂ ਪੱਲੇ ਗਏ ਛੁਡਾਈਆ । ਉਨ੍ਹਾਂ ਦੇ ਲੂੰ ਲੂੰ ਅੰਦਰ ਰਚੇ, ਰਚਨਾ ਆਪਣੀ ਰਿਹਾ ਵਖਾਈਆ । ਉਨ੍ਹਾਂ ਲੋੜ ਨਾ ਰਹੇ ਪੜ੍ਹਨ ਦੀ ਕੱਕੇ ਖੱਖੇ, ਖ਼ਾਲਸ ਆਪਣੇ ਵਿਚ ਸਮਾਈਆ । ਲੋਕਮਾਤ ਵੇਖੇ ਆਪਣੀ ਅੱਖੇ, ਆਖ਼ਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਹਿਬਰ ਇਕ ਹੋ ਆਈਆ । ਅੰਨ ਕਹੇ ਮੈਨੂੰ ਖਾ ਖਾ ਵਧਦੀ ਗਈ ਜਗਤ ਦੀ ਖ਼ੁਦੀ, ਤਕੱਬਰ ਦਏ ਦੁਹਾਈਆ । ਸੁੱਧ ਨਾ ਰਹੀ ਬੁੱਧੀ, ਭ੍ਰਿਸ਼ਟੀ ਵਿਚ ਲੋਕਾਈਆ । ਨਿਰਮਲ ਜੋਤ ਨਾ ਹੋਈ ਉਘੀ, ਘਰ ਮੰਦਰ ਨਾ ਕੋਇ ਰੁਸ਼ਨਾਈਆ । ਸਾਢੇ ਤਿੰਨ ਹੱਥ ਨਾ ਵਸੀ ਝੁੱਗੀ, ਮਹੱਲ ਅਟਲ ਦੇਣ ਦੁਹਾਈਆ । ਮੈਂ ਝਗੜਾ ਵੇਖਿਆ ਚੌਹ ਜੁਗੀ, ਸਤਿਜੁਗ ਤ੍ਰੇਤਾ ਦੁਆਪਰ



੩੩੪
੧੯

ਕਲਜੁਗ ਫ਼ੈਸਲਾ ਨਾ ਕੋਇ ਸੁਣਾਈਆ । ਕਲਜੁਗ ਅੰਤਮ ਇਕੋ ਨਿਰਗੁਣ ਧਾਰ ਉਠੀ, ਨਿਰੰਕਾਰ ਆਪਣੀ ਕਲ ਵਰਤਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਲੱਭੇ ਇਕੋ ਮੁੱਠੀ, ਗੁਰਮੁਖ ਥੋੜੇ ਦਏ ਵਡਿਆਈਆ । ਸਤਿ ਆਤਮਾ ਰਹੇ ਕਦੇ ਨਾ ਰੁੱਠੀ, ਰੁਸਿਆਂ ਲਏ ਮਨਾਈਆ । ਮਨ ਵਾਸਨਾ ਜਾਏ ਕੁੱਠੀ, ਸ਼ਬਦ ਖੰਡਾ ਹੱਥ ਚਮਕਾਈਆ । ਜਨ ਭਗਤਾਂ ਗੰਢਦਾ ਜਾਏ ਤੁੱਟੀ, ਗੰਢਣਹਾਰ ਸਵਾਮੀ ਆਪਣੀ ਦਇਆ ਕਮਾਈਆ । ਸੁਹਾਉਂਦਾ ਜਾਏ ਸੁਹੰਜਣੀ ਰੁੱਤੀ, ਰੁੱਤ ਧੁਰ ਦੀ ਇਕ ਮਹਿਕਾਈਆ । ਦਰ ਦਰਵੇਸ਼ ਹੋ ਕੇ ਜਨ ਭਗਤਾਂ ਦਵਾਰੇ ਕੱਟੇ ਬੁੱਤੀ, ਬੁਤਖਾਨਿਆਂ ਕਰਦਾ ਜਾਏ ਸਫ਼ਾਈਆ । ਜੁਗ ਜਨਮ ਦਿਆਂ ਵਿਛੜਿਆਂ ਰਿਹਾ ਪੁੱਛੀ, ਬਿਨ ਸੱਦਿਆਂ ਲਏ ਉਠਾਈਆ । ਗੁਰਮੁਖੋ ਤੁਹਾਡੇ ਵਿਛੋੜੇ ਦੀ ਔਧ ਮੁਕੀ, ਵੱਖਰਾ ਰਾਹ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਗੋਦੀ ਰਿਹਾ ਚੁੱਕੀ, ਚੁਕ ਚੁਕ ਆਪਣੀ ਖ਼ੁਸ਼ੀ ਮਨਾਈਆ ।

### ✪ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੧ ਸੂਬੇਦਾਰ ਰਾਮ ਸਿੰਘ ਦੇ ਗ੍ਰਹਿ ਗਵਾਲ ਟੋਲੀ ਫ਼ਿਰੋਜ਼ਪੁਰ ✪

ਅੰਨ ਕਹੇ ਮੈਂ ਬਦਲਦੀ ਵੇਖੀ ਰੁੱਤ, ਜੁਗ ਚੌਕੜੀ ਧਿਆਨ ਲਗਾਈਆ । ਖੇਲ ਤੱਕਦਾ ਰਿਹਾ ਅਬਿਨਾਸ਼ੀ ਅਚੁਤ, ਕੀ ਵਰਤੇ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਬਦਲਦੇ ਰਹੇ ਰੁਖ਼, ਨਿਤ ਨਵਿਤ ਵੇਸ ਵਟਾਈਆ । ਤੱਕਦਾ ਰਿਹਾ ਅੰਧੇਰਾ ਘੁਪ, ਦੀਨ ਦੁਨੀ ਖੋਜ ਖੁਜਾਈਆ । ਬੈਠਾ ਰਿਹਾ ਉਹਲੇ ਲੁਕ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਦੁਨੀਦਾਰਾਂ ਤ੍ਰਿਸ਼ਨਾ ਲੱਗੀ ਰਹੀ ਭੁੱਖ, ਮਮਤਾ ਵਿਚ ਲੋਕਾਈਆ । ਬਿਨ ਭਗਤਾਂ ਸਾਚਾ ਮਿਲਿਆ ਕਿਸੇ ਨਾ ਸੁਖ, ਤ੍ਰਿਸ਼ਨਾ ਅਗਨ ਨਾ ਕੋਇ ਬੁਝਾਈਆ । ਸੁਫ਼ਲ ਹੋਈ ਨਾ ਜਨਨੀ ਕੁੱਖ, ਗੇੜਾ ਲੱਖ ਚੁਰਾਸੀ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਪੜਦਾ ਰਿਹਾ ਉਠਾਈਆ । ਅੰਨ ਕਹੇ ਮੈਂ ਵੇਖੇ ਕੋਟਨ ਕੋਟ ਅਨਕ, ਅਨਕ ਕਲਧਾਰੀ ਜੁਗ ਜੁਗ ਖੇਲ ਖਿਲਾਈਆ । ਧਾਰ ਵੇਂਹਦਾ ਰਿਹਾ ਜਨਕ, ਚਾਰੋਂ ਕੁੰਟ ਪੜਦਾ ਲਾਹੀਆ । ਤੱਕਦਾ ਰਿਹਾ ਸੱਜਣ ਸੰਤ, ਜੋ ਸਾਹਿਬ ਰਹੇ ਮਨਾਈਆ । ਵੇਖਦਾ ਰਿਹਾ ਪੁਰਖ ਅਬਿਨਾਸ਼ੀ ਕੰਤ, ਕੰਤ ਕੰਤੂਹਲ ਬੇਪਰਵਾਹੀਆ । ਜਿਸ ਦੀ ਸਭ ਤੋਂ ਵੱਖਰੀ ਨਿਰਾਲੀ ਰੰਗਤ, ਰੰਗ ਅਗੰਮਾ ਦਏ ਚੜ੍ਹਾਈਆ । ਬੋਧ ਅਗਾਧਾ ਬਣ ਕੇ ਪੰਡਤ, ਨਿਰਅੱਖਰ ਅੱਖਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਬਣਾਏ ਸਾਚੀ ਬਣਤ, ਘੜਨ ਭੰਨਣਹਾਰ ਸਮਰਥ ਸਵਾਮੀ ਅੰਤਰਜਾਮੀ ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੈਂ ਭਗਤਾਂ ਸਦਾ ਨਜ਼ਦੀਕ, ਦੂਰ ਦੁਰਾਡਾ ਪੰਧ ਨਾ ਕੋਇ ਰਖਾਈਆ । ਮੇਲ ਮਿਲਾਵਾਂ ਲਾਸ਼ਰੀਕ, ਸ਼ਿਰਕਤ ਕੂੜੀ ਦਿਆਂ ਗਵਾਈਆ । ਸਾਚਾ ਕਲਮਾ ਦੱਸ ਹਦੀਸ, ਹਜ਼ਰਤ ਇਕੋ ਏਕੰਕਾਰ ਦਿਆਂ ਮਿਲਾਈਆ । ਮਹੱਲ ਅਟਲ ਮੰਦਰ ਮਨਾਰਾ ਦੱਸਾਂ ਠੀਕ, ਠਾਕਰ ਸਵਾਮੀ ਘਰ ਘਰ ਨਜ਼ਰੀ ਆਈਆ । ਜਿਸ ਦੀ ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਉਡੀਕ, ਬਿਨ ਅੱਖਾਂ ਅੱਖ ਉਠਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਤਿਪਰਮੇਸ਼ਵਰ ਪਾਰਬ੍ਰਹਮ ਪਰਵਰਦਿਗਾਰ ਸਾਂਝਾ ਯਾਰ ਦੱਸੇ ਇਕ ਪ੍ਰੀਤ, ਰੀਤੀ ਨੀਤੀ ਅੰਦਰੋਂ ਦਏ ਬਦਲਾਈਆ । ਵਸਣਹਾਰਾ ਸਚ ਦਵਾਰ ਇਕ ਇਕੱਲਾ ਕਾਇਆ ਕਰੇ

ਠਾਂਡੀ ਸੀਤ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਧੁਨ ਆਤਮਕ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਅੰਤਸ਼ਕਰਨ ਹਰ ਘਟ ਖੋਜ ਖੁਜਾਈਆ । ਖੋਜ ਕਹੇ ਮੇਰੀ ਕਿਸੇ ਨਾ ਕੀਤੀ ਖੋਜ, ਭਰਮੇ ਭੁੱਲੀ ਸਰਬ ਲੋਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹਦੇ ਰੋਜ਼, ਰੋਜ਼ਿਆਂ ਵਿਚ ਆਪਣਾ ਆਪ ਮਿਟਾਈਆ । ਨਿਰਮਲ ਨੂਰ ਨਾ ਤੱਕਿਆ ਕਿਸੇ ਜੋਤ, ਦੀਆ ਬਾਤੀ ਕਮਲਾਪਾਤੀ ਕਾਇਆ ਮਾਟੀ ਕਰੇ ਨਾ ਕੋਇ ਰੁਸ਼ਨਾਈਆ । ਮਨ ਵਾਸਨਾ ਦੀਨ ਦੁਨੀ ਕਰਦੀ ਰਹੀ ਸੋਚ, ਬੁਧੀ ਸਮਝ ਨਾਲ ਚਤੁਰਾਈਆ । ਨਿਜ ਨੇਤਰ ਕਿਸੇ ਨਾ ਖੋਲ੍ਹਿਆ ਲੋਚਣ ਲੋਚ, ਆਸਾ ਮਨਸਾ ਮਾਨਵ ਸਕਿਆ ਨਾ ਕੋਇ ਬਦਲਾਈਆ । ਅਬਿਨਾਸ਼ੀ ਕਰਤਾ ਜਨ ਭਗਤਾਂ ਦੱਸੇ ਆਪਣਾ ਨਿਰਾਲਾ ਚੋਜ, ਚੋਜੀ ਪ੍ਰੀਤਮ ਹੋ ਕੇ ਜੋਗ ਇਕੋ ਇਕ ਸਮਝਾਈਆ । ਝਗੜਾ ਮੁਕਾ ਕੇ ਲੋਕ ਪਰਲੋਕ, ਆਵਣ ਜਾਵਣ ਡੇਰਾ ਢਾਹੀਆ । ਨਾਮ ਸੁਣਾ ਕੇ ਸਚ ਸਲੋਕ, ਅੰਤਰ ਮੋਖ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਮੁਕਾ ਕੇ ਹਰਖ਼ ਸੋਗ, ਚਿੰਤਾ ਗ਼ਮ ਜਨ ਭਗਤਾਂ ਦਏ ਮੁਕਾਈਆ । ਚਿੰਤਾ ਗ਼ਮ ਕਹੇ ਮੈਂ ਜਗਤ ਪਿਆਰੀ, ਘਰ ਘਰ ਬੈਠੀ ਡੇਰਾ ਲਾਈਆ । ਮਾਇਆ ਮਮਤਾ ਨਾਲ ਸਰਦਾਰੀ, ਕੂੜ ਕੁਟੰਬ ਰਹੀ ਬਣਾਈਆ । ਕਾਮ ਕਰੋਧ ਨਾਲ ਯਾਰੀ, ਯਾਰਾਨੇ ਘਰ ਘਰ ਰਹੀ ਵਖਾਈਆ । ਜਗਤ ਵਿਦਿਆ ਕਰ ਖ਼ੁਆਰੀ, ਚਾਰੋਂ ਕੁੰਟ ਕਰੀ ਹਲਕਾਈਆ । ਦਰ ਦਰਵੇਸ਼, ਬਣੇ ਭਿਖਾਰੀ, ਜੀਵ ਜੰਤ ਮੰਗਣ ਥਾਉਂ ਥਾਈਆ । ਬਿਨ ਭਗਤਾਂ ਸਾਚੀ ਮਿਲੀ ਨਾ ਕਿਸੇ ਖ਼ੁਮਾਰੀ, ਖ਼ਾਹਸ਼ ਪੂਰ ਨਾ ਕੋਇ ਬਣਾਈਆ । ਜਗੀ ਜੋਤ ਗ੍ਰਿਹ ਨਾ ਇਕ ਨਿਰੰਕਾਰੀ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ ।
੩੩੬ ੧੯ ਕਲਜੁਗ ਅੰਤਮ ਦੁਨੀਆ ਵੇਖੀ ਸਾਰੀ, ਸ੍ਰਿਸ਼ਟੀ ਖੋਜੀ ਥਾਉਂ ਥਾਈਆ । ਮਹੱਲ ਅਟਲ ਸੋਹੇ ਨਾ ਕੋਇ ਦਵਾਰੀ ਦੇਹੁਰੇ, ਧਾਮ ਰਹੇ ਕੁਰਲਾਈਆ । ੩੩੬ ੧੯
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵਣਹਾਰਾ ਚਰਨ ਕਵਲ ਧੂੜ ਸੱਚੀ ਛਾਰੀ, ਸ਼ਰਅ ਵਿਚੋਂ ਸ਼ਰਅ ਦਏ ਬਦਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਧੁਰ ਦਰਬਾਰੀ, ਦਰੇ ਦਰਬਾਰ ਆਪਣਾ ਹੁਕਮ ਮਨਾਈਆ ।

### ✪ ੧੮ ਫੱਗਣ ਸ਼ਹਿਨਸ਼ਾਹੀ ਸੰਮਤ ੧ ਸੁਲੱਖਣ ਸਿੰਘ ਦੇ ਗ੍ਰਿਹ ਪਿੰਡ ਮੂੰਗਲਾ ਜ਼ਿਲਾ ਫ਼ਿਰੋਜ਼ਪੁਰ ✪

ਅੰਨ ਕਹੇ ਮੈਨੂੰ ਜੁਗ ਚੌਕੜੀ ਰਹੇ ਖਾਂਦੇ, ਸਰਗੁਣ ਖ਼ੁਸ਼ੀਆਂ ਨਾਲ ਪਕਾਈਆ । ਰੰਗ ਮਾਣਦੇ ਰਹੇ ਪੰਡਤ ਪਾਂਧੇ, ਕ਼ਾਜ਼ੀਆਂ ਵਿਚ ਦੁਹਾਈਆ । ਸਾਧੂ ਖਾ ਖਾ ਫਿਰਨ ਨਾਂਗੇ, ਭਬੂਤੀ ਖ਼ਾਕ ਰਮਾਈਆ । ਵਿਦਿਆ ਵਾਲੇ ਵਿਦਿਆਰਥੀ ਰਹੇ ਗਾਂਦੇ, ਕੂਕ ਕੂਕ ਸੁਣਾਈਆ । ਫ਼ਕੀਰ ਸ਼ਾਹਾਂ ਘਰ ਰਹੇ ਜਾਂਦੇ, ਆਪਣਾ ਪੰਧ ਮੁਕਾਈਆ । ਭੇਟਾ ਚੜ੍ਹਦੀ ਰਹੀ ਮਾਤਾ ਗਾਂਗੇ, ਗੰਗਾ ਜਲ ਵਿਚ ਸਮਾਈਆ । ਗੁਰ ਅਵਤਾਰ ਪੈਗ਼ੰਬਰ ਮੈਨੂੰ ਹੌਲੀ ਹੌਲੀ ਰਹੇ ਆਂਹਦੇ, ਆਖ ਆਖ ਦ੍ਰਿੜਾਈਆ । ਤੇਰਾ ਲੇਖਾ ਮੁਕਾਵਾਂਗੇ ਅੰਤ ਮਾਲਕ ਕੋਲ ਧੁਰਾਂ ਦੇ, ਧੁਰ ਦਾ ਖੇਲ ਵਖਾਈਆ । ਮੈਂ ਸੁਣ ਕੇ ਬਚਨ ਤੱਤਾਂ ਵਾਲੇ ਗੁਰਾਂ ਦੇ, ਗੋਰ ਵਿਚ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਧੁਰ ਦਾ ਰਿਹਾ ਬਣਾਈਆ । ਮੈਨੂੰ ਖਾਂਦੇ ਰਹੇ ਹਜ਼ਰਤ ਹਕੀਰ ਵੱਡੇ ਹਾਜੀ, ਆਪਣੀ ਖ਼ੁਸ਼ੀ ਬਣਾਈਆ । ਰਸ ਲੈਂਦੇ ਰਹੇ ਪੈਗ਼ੰਬਰ ਬਣ ਨਮਾਜ਼ੀ,

ਆਅਲਾ ਅਦਨਾ ਇਕੋ ਰੰਗ ਵਖਾਈਆ । ਮੇਰੀ ਰਖੀ ਕਿਸੇ ਨਾ ਲਾਜੀ, ਜਵਾਬ ਦੇ ਕੇ ਸਾਰੇ ਪਲੂ ਗਏ ਛੁਡਾਈਆ । ਮੈਂ ਆਪਣੀ ਹਾਰਦੀ ਵੇਖ ਕੇ ਬਾਜ਼ੀ, ਬਾਜਾਂ ਵਾਲੇ ਅਗੇ ਦਿਤੀ ਦੁਹਾਈਆ । ਜਿਸ ਵੇਲੇ ਗੁਜਰੀ ਸਵਾਸ ਛੱਡਣ ਲੱਗੀ ਸੀ ਬੁੱਢੀ ਦਾਦੀ, ਧਿਆਨ ਇਕ ਨਾਲ ਲਗਾਈਆ । ਭੁੱਖੀ ਹੋ ਕੇ ਮਾਰੀ ਆਵਾਜ਼ੀ, ਦੁੱਖੀ ਹੋ ਸੁਣਾਈਆ । ਪੁਰਖ ਅਕਾਲ ਤੇਰਾ ਖੇਲ ਅਨਾਦੀ, ਜੁਗ ਚੌਕੜੀ ਨਾ ਕੋਇ ਬਦਲਾਈਆ । ਮੈਂ ਖ਼ੁਸ਼ੀਆਂ ਵਾਲੀ ਵੇਖੀ ਕੋਈ ਨਾ ਸ਼ਾਦੀ, ਸ਼ਾਦਿਆਨਾ ਨਾ ਕੋਇ ਵਜਾਈਆ । ਸੁਣਿਆ ਢੋਲਾ ਨਾ ਕੋਈ ਅਗੰਮੀ ਰਾਗੀ, ਤਾਲ ਵਜਿਆ ਨਾ ਥਾਉਂ ਥਾਈਂਆ । ਤੇਰਾ ਪਕਵਾਨ ਮਿਲਿਆ ਨਾ ਅਮ੍ਰਿਤ ਰੂਪ ਸਵਾਦੀ, ਹਾਵੇ ਅੰਨ ਦਿਤੀ ਦੁਹਾਈਆ । ਸ੍ਰੀ ਭਵਗਾਨ ਕਿਹਾ ਮੈਂ ਭਾਣੇ ਵਿਚ ਰਾਜ਼ੀ, ਖ਼ੁਸ਼ੀਆਂ ਵਿਚ ਸਮਾਈਆ । ਜਿਸ ਵੇਲੇ ਕਲਜੁਗ ਅੰਤਮ ਹੋਣ ਲਗੀ ਬਰਬਾਦੀ, ਘਰ ਬਾਹਰ ਦੇਣ ਦੁਹਾਈਆ । ਓਸ ਵੇਲੇ ਨਵੀਂ ਸਾਜਣ ਲਵਾਂ ਸਾਜੀ, ਧੁਰ ਦਾ ਸੱਜਣ ਹੋ ਕੇ ਫੇਰਾ ਪਾਈਆ । ਪ੍ਰੇਮੀਆਂ ਪਿਆਰਿਆਂ ਭਗਤਾਂ ਦਾ ਬਣਾਂ ਇਮਦਾਦੀ, ਆਮਦ ਵਿਚ ਖ਼ੁਸ਼ੀ ਪਰਗਟਾਈਆ । ਖੇਲ ਅਗੰਮੀ ਕਰਾਂ ਸਾਂਝੀ, ਆਤਮ ਪਰਮਾਤਮ ਪੜਦਾ ਲਾਹੀਆ । ਗੁਰਮੁਖ ਧਾਰ ਰਹੇ ਨਾ ਵਾਂਝੀ, ਵੰਝ ਮੁਹਾਣਾ ਇਕੋ ਦਿਆਂ ਜਣਾਈਆ । ਮਨੂਆ ਰਹੇ ਕੋਈ ਨਾ ਬਾਗ਼ੀ, ਬਗ਼ਾਵਤ ਭਗਤਾਂ ਅੰਦਰੋਂ ਦਿਆਂ ਕਢਾਈਆ । ਸਚ ਪ੍ਰੇਮ ਬਣਾ ਵੈਰਾਗੀ, ਵੈਰੀ ਕੂੜੇ ਦਿਆਂ ਖਪਾਈਆ । ਸਚ ਦਵਾਰਾ ਕਰਾਂ ਵਡ ਭਾਗੀ, ਭਾਗ ਉਨ੍ਹਾਂ ਦੀ ਝੋਲੀ ਪਾਈਆ । ਦਰ ਦਰ ਘਰ ਘਰ ਫਿਰਾਂ ਸਵਾਂਗੀ, ਵੇਸ ਅਵੇਸਾ ਰੂਪ ਵਟਾਈਆ । ਪ੍ਰੇਮ ਪਦਾਰਥ ਬਣਾਂ ਸਵਾਦੀ, ਗ੍ਰਿਹ ਗ੍ਰਿਹ ਆਪਣੀ ਖ਼ੁਸ਼ੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਲੇਖਾ ਕਹੇ ਮੈਂ ਵੇਖੀ ਲਿਖਤ, ਲੇਖ ਨੌ ਸਾਲ ਪਹਿਲੇ ਨਜ਼ਰੀ ਆਈਆ । ਮੇਰੀ ਅੰਦਰੋਂ ਖੁਲ੍ਹ ਗਈ ਦ੍ਰਿਸ਼ਟ, ਦਿਸ਼ਾ ਵੱਜੀ ਵਧਾਈਆ । ਪੁਰਖ ਅਕਾਲ ਦਾ ਆਪਣਾ ਇਕ ਭਵਿਖਤ, ਜਿਸ ਦੀ ਭਾਸ਼ਾ ਸਮਝ ਕਿਸੇ ਨਾ ਆਈਆ । ਸੋਚਦਾ ਰਿਹਾ ਰਾਮ ਵਸ਼ਿਸ਼ਟ, ਨੁਕਤਾ ਗੰਢ ਨਾ ਕੋਇ ਖੁਲ੍ਹਾਈਆ । ਜਿਸ ਅੰਤਰ ਨਵ ਨੌ ਚਾਰ ਦੀ ਲਿਸਟ, ਅੱਖਰ ਲੀਕ ਨਾ ਕੋਇ ਵੰਡਾਈਆ । ਚੌਥੇ ਜੁਗ ਦੀ ਅਖ਼ੀਰੀ ਕਿਸ਼ਤ, ਹਿੱਸਾ ਸੋਹਣਾ ਦਿਤਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਈਆ । ਖੇਲ ਕਹੇ ਮੈਂ ਜੁਗ ਜੁਗ ਵਰਤਾਂ, ਵਰਤਮਾਨ ਦਿਆਂ ਜਣਾਈਆ । ਜਿਸ ਵੇਲੇ ਰਾਮ ਤੋਂ ਵਿਛੜਿਆ ਭਰਤਾ, ਅਯੁੱਧਿਆ ਪਈ ਦੁਹਾਈਆ । ਉਸ ਹਾਲ ਸੁਣਾਇਆ ਘਰ ਦਾ, ਅੰਦਰੋਂ ਦਿਤੀ ਦੁਹਾਈਆ । ਰਾਮ ਕਿਹਾ ਇਹ ਖੇਲ ਅਗੰਮੇ ਹਰਿ ਦਾ, ਜੋ ਹੁਕਮ ਰਿਹਾ ਵਰਤਾਈਆ । ਭਰਤ ਕਿਹਾ ਜਿਹੜਾ ਭੋਗ ਤੈਨੂੰ ਸੀ ਲਗਦਾ, ਭੁੱਖ ਭੋਜ ਰੂਪ ਬਦਲਾਈਆ । ਜਿਸ ਨੂੰ ਖਾ ਕੇ ਮੈਂ ਸਾਂ ਰੱਜਦਾ, ਅੰਦਰੋਂ ਦੁੱਖ ਮਿਟਾਈਆ । ਰਾਮ ਕਿਹਾ ਮੈਂ ਹੁਕਮੇਂ ਅੰਦਰ ਸਭ ਕੁੱਛ ਤਜਦਾ, ਭਾਣੇ ਵਿਚ ਸਮਾਈਆ । ਤੈਨੂੰ ਸਭ ਕੁਛ ਦੱਸਦਾ, ਸਚ ਦਿਆਂ ਦ੍ਰਿੜਾਈਆ । ਬਚਨ ਯਾਦ ਰਖੀਂ ਅੱਜ ਦਾ, ਭੁਲ ਰਹੇ ਨਾ ਰਾਈਆ । ਤ੍ਰੇਤਾ ਦਆਪਰ ਜਾਵੇ ਭੱਜਦਾ ਕਲਜੁਗ ਅੰਤ ਕਰੇ ਰੁਸ਼ਨਾਈਆ । ਖੇਲ ਹੋਇਆ ਜਗਤ ਕਾਅਬਿਆਂ ਵਾਲੇ ਹੱਜ ਦਾ, ਮੰਦਰ ਮੱਠ ਵੰਡ ਵੰਡਾਈਆ । ਹੁਕਮ ਮਿਲਣਾ ਪੁਰਖ ਸਮਰਥ ਦਾ, ਅਕਥ ਕਰੇ ਪੜ੍ਹਾਈਆ । ਨੂਰ ਉਪਜਣਾ ਜੋਤ ਪਰਕਾਸ਼ ਦਾ, ਪਰਕਾਸ਼ਵਾਨ ਖ਼ੁਦਾਈਆ । ਲੇਖਾ ਮੁਕਣਾ ਤੇਰੀ ਆਸ ਦਾ, ਆਹਿਸਤਾ ਆਹਿਸਤਾ ਦਿਆਂ ਦ੍ਰਿੜਾਈਆ । ਮੇਰਾ ਵਸੇਰਾ ਹੋਣਾ ਜੰਗਲ ਪਰਭਾਸ ਦਾ, ਭਾਣੇ ਵਿਚ ਰਖਾਈਆ । ਅਗਲਾ ਲੇਖਾ ਐਉਂ ਜਾਪਦਾ, ਜਿਸ ਦੀ ਲਿਖਤ

ਨਾ ਕੋਇ ਦ੍ਰਿੜਾਈਆ । ਸਾਲ ਚੜ੍ਹਨਾ ਪੁਰਖ ਅਕਾਲ ਦਾ, ਸੰਮਤ ਸਾਚਾ ਸੋਭਾ ਪਾਈਆ । ਵਿਹਾਰ ਹੋਣਾ ਫੁੱਲ ਗੁਲਾਬ ਦਾ, ਗੁਰਮੁਖ ਮਹਿਕ ਦਏ ਮਹਿਕਾਈਆ । ਨਾਮ ਦੱਸਣਾ ਆਪਣੇ ਜਾਪ ਦਾ, ਅਵਰ ਨਾ ਕੋਇ ਪੜ੍ਹਾਈਆ । ਰਿਸ਼ਤਾ ਜੁੜਨਾ ਪਿਤਾ ਪੁਤ ਬਾਪ ਦਾ, ਪਤਿਪਰਮੇਸ਼ਵਰ ਗੋਦ ਉਠਾਈਆ । ਮੇਲਾ ਵੇਖਣਾ ਇਕੋ ਸਾਕ ਦਾ, ਦਰ ਸੱਜਣ ਨੂਰ ਖ਼ੁਦਾਈਆ । ਝਗੜਾ ਮੁਕਣਾ ਬੁਧੀ ਕਾਗ ਦਾ, ਗੁਰਮੁਖ ਹੰਸ ਦਏ ਬਣਾਈਆ । ਕੋਟਾਂ ਵਿਚੋਂ ਵਿਰਲਾ ਜਾਗਦਾ, ਜਿਸ ਦੀ ਅੱਖ ਆਪ ਖੁਲ੍ਹਾਈਆ । ਮਹੀਨਾ ਹੋਣਾ ਮਾਘ ਦਾ, ਰਵਦਾਸ ਮਿਲੇ ਵਡਿਆਈਆ । ਲੇਖਾ ਮੁਕਣਾ ਬਿਦਰ ਸਾਗ ਦਾ, ਸਾਹਿਬ ਦੇਵੇ ਸ਼ਰਨਾਈਆ । ਜਨ ਭਗਤਾਂ ਸੁਣਨਾ ਹੁਕਮ ਅਗੰਮੀ ਆਵਾਜ਼ ਦਾ, ਸ਼ਬਦੀ ਸ਼ਬਦ ਜਣਾਈਆ । ਅਬਿਨਾਸ਼ੀ ਕਰਤੇ ਰਸ ਲੈਣਾ ਓਸ ਸਵਾਦ ਦਾ, ਜੋ ਰਸ ਹੱਥ ਕਿਸੇ ਨਾ ਆਈਆ । ਜਨ ਭਗਤ ਦਵਾਰਿਉਂ ਲੇਖਾ ਪੂਰਾ ਕਰਨਾ ਖਾਜ ਦਾ, ਦੂਜੀ ਆਸ ਨਾ ਕੋਇ ਬਣਾਈਆ । ਮਾਰਗ ਲਾਉਣਾ ਅਗਲੇ ਰਿਵਾਜ ਦਾ, ਭਗਤ ਭਗਵਾਨ ਮਿਲ ਕੇ ਖ਼ੁਸ਼ੀ ਮਨਾਈਆ । ਰਾਮ ਕਿਹਾ ਭਰਤ ਹੁਣ ਅਗੇ ਕੋਈ ਵੇਲਾ ਨਹੀਂ ਸਵਾਲ ਜਵਾਬ ਦਾ, ਚੁਪ ਕਰ ਕੇ ਸੀਸ ਦੇਣਾ ਨਿਵਾਈਆ । ਸੋ ਲੇਖਾ ਪੂਰਾ ਹੋਣਾ ਓਸ ਅਹਿਬਾਬ ਦਾ, ਜੋ ਸ਼ਤਰੂ ਮਿੱਤਰ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦਖ਼ਲ ਦੇਵੇ ਧੁਰ ਦਰਗਾਹੀ ਸਚ ਨਵਾਬ ਦਾ, ਸਿਰ ਆਪਣਾ ਹੱਥ ਰਖਾਈਆ ।

### ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਗੁਰਦੀਪ ਸਿੰਘ ਦੇ ਗ੍ਰਿਹਿ ਪਿੰਡ ਤੂਤ ਜ਼ਿਲਾ ਫ਼ਿਰੋਜ਼ਪੁਰ ✪



ਸਤਿ ਕਹੇ ਸ਼ਾਹ ਪਾਤਸ਼ਾਹ ਮੇਰੇ ਹਜ਼ੂਰ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਅਰਜ਼ ਕਰ ਮਨਜ਼ੂਰ, ਦੋ ਜਹਾਨਾਂ ਵਾਲੀ ਤੇਰੀ ਓਟ ਤਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜੂਠ ਝੂਠ ਕੂੜੀ ਕਿਰਿਆ ਕੱਢ ਕੂੜ, ਲੋਕਮਾਤ ਧਰਨੀ ਧਰਤ ਧਵਲ ਰਹਿਣ ਨਾ ਪਾਈਆ । ਚਤੁਰ ਸੁਘੜ ਬਣਾ ਮਨਮੁਖ ਮੂਰਖ ਮੁਗਧ ਮੂੜ੍ਹ, ਗਿਆਨ ਨੇਤਰ ਨਿਜ ਲੋਚਨ ਕਰ ਰੁਸ਼ਨਾਈਆ । ਸਚ ਪ੍ਰੀਤੀ ਧੁਰ ਸਰਨਾਈ ਬਖ਼ਸ਼ ਅਗੰਮੀ ਚਰਨ ਧੂੜ, ਮਸਤਕ ਟਿੱਕੇ ਧੂੜੀ ਖ਼ਾਕ ਰਮਾਈਆ । ਮਾਇਆ ਮਮਤਾ ਹਉਮੇਂ ਹੰਗਤਾ ਜਗਤ ਤ੍ਰਿਸ਼ਨਾ ਕੱਢ ਗ਼ਰੂਰ, ਗਹਿਰ ਗੰਭੀਰ ਬੇਨਜ਼ੀਰ ਗੁਣਵੰਤ ਤੇਰੇ ਹੱਥ ਵਡਿਆਈਆ । ਜਗਤ ਵਾਸਨਾ ਪੰਚਮ ਪੰਚ ਕਰ ਚੂਰੇ ਚੂਰ, ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਨੂਰ ਕਰ ਰੁਸ਼ਨਾਈਆ । ਮਾਨਵ ਮਾਨੁਖ ਮਾਨਸ ਅੰਤਰ ਆਤਮ ਆਪਣਾ ਜੋਤੀ ਬਖ਼ਸ਼ ਨੂਰ, ਅੰਧ ਅੰਧੇਰਾ ਸੰਝ ਸਵੇਰਾ ਇਕੋ ਰੰਗ ਦੇ ਵਖਾਈਆ । ਸਾਹਿਬ ਸਵਾਮੀ ਅੰਤਰਜਾਮੀ ਤੂੰ ਸਰਬ ਕਲਾ ਭਰਪੂਰ, ਬੇਅੰਤ ਬੇਪਰਵਾਹ ਆਪਣੀ ਦਇਆ ਕਮਾਈਆ । ਮਨਮੁਖ ਜੀਵ ਜੋ ਤੈਥੋਂ ਵਿਛੜ ਹੋਏ ਮਫ਼ਰੂਰ, ਕਾਇਆ ਕਾਅਬੇ ਸਾਚੇ ਹੁਜਰੇ ਅੰਦਰ ਫੜ ਬਾਹੋਂ ਲੈ ਮਿਲਾਈਆ । ਸ਼ਬਦ ਅਗੰਮੀ ਨਾਦ ਅਨਾਦੀ ਨਿਜ ਗ੍ਰਿਹਿ ਦੇ ਆਪਣੀ ਤੂਰ, ਤੁਰਤ ਸੁਰਤ ਅਕਾਲ ਮੂਰਤ ਨਾਲ ਮਿਲਾਈਆ । ਜਗਤ ਤ੍ਰਿਸ਼ਨਾ ਮਨੂਆ ਮਨ ਨਾ ਪਾਵੇ ਫ਼ਤੂਰ, ਫ਼ਤਵਾ ਇਕੋ ਵਾਰ ਲਾ ਕੇ ਲੱਖ ਚੁਰਾਸੀ ਜੀਵ ਜੰਤ ਲੇਖਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਧਰਮ ਦੇ ਉਪਜਾਈਆ । ਸਤਿ ਕਹੇ ਪ੍ਰਭ ਕਲਜੁਗ ਮੇਟ ਦੇ ਕੂੜਾ ਧੰਦਾ, ਚਾਰ ਵਰਨ ਅਠਾਰਾਂ ਬਰਨ ਰਹਿਣ ਨਾ ਪਾਈਆ । ਆਤਮ ਪਰਮਾਤਮ ਤੇਰਾ

ਨੂਰ ਅਲਾਹੀ ਬੰਦਾ, ਬੰਦਗੀ ਇਕੋ ਦੇ ਸਮਝਾਈਆ । ਜਲਵਾਗਰ ਨੂਰੀ ਜੋਤ ਚਾੜ੍ਹ ਚੰਦਾ, ਜੋਤੀ ਜੋਤ ਕਰ ਰੁਸ਼ਨਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਸ਼ਬਦ ਅਗੰਮੀ ਦੇ ਖੰਡਾ, ਖੜਗ ਇਕੋ ਇਕ ਚਮਕਾਈਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਸੂਫ਼ੀ ਫ਼ਕੀਰ ਰਹੇ ਕੋਈ ਨਾ ਗੰਦਾ, ਜਗਤ ਤ੍ਰਿਸ਼ਨਾ ਅੰਦਰੋਂ ਬਾਹਰ ਕਢਾਈਆ । ਦਿਵਸ ਰੈਣ ਅੱਠੇ ਪਹਿਰ ਘੜੀ ਪਲ ਤੇਰੇ ਨਾਮ ਸ਼ਬਦ ਦਾ ਵਜਦਾ ਰਹੇ ਸੁਰੰਗਾ, ਧੁੰਨ ਆਤਮਕ ਅਨਰਾਗੀ ਆਪਣਾ ਰਾਗ ਸੁਣਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਅਕਾਲਾ ਦੀਨ ਦਿਆਲਾ ਦੋ ਜਹਾਨਾਂ ਵਾਲੀ ਜੋਧਾ ਸੂਰਬੀਰ ਸੂਰਾ ਸਰਬੰਗਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਕਾਇਆ ਮੰਦਰ ਅੰਦਰ ਅੱਠ ਸੱਠ ਤੀਰਥ ਜਮਨਾ ਸੁਰਸਤੀ ਗੋਦਾਵਰੀ ਵਖਾ ਅਗੰਮੀ ਗੰਗਾ, ਨਿਝਰ ਝਿਰਨਾ ਅੰਮ੍ਰਿਤ ਰਸ ਬੂੰਦ ਸਵਾਂਤੀ ਇਕ ਚੁਆਈਆ । ਪੜਦਾ ਲਾਹ ਦੇ ਨਿਜ ਆਤਮ ਪਰਮਾਤਮ ਭੇਵ ਖੁਲ੍ਹਾ ਦੇ ਹੰ ਬ੍ਰਹਮਾ, ਪਾਰਬ੍ਰਹਮ ਤੇਰਾ ਰੂਪ ਇਕੋ ਨਜ਼ਰੀ ਆਈਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਜਾਤ ਪਾਤ ਮਿਟਾ ਦੇ ਭਰਮਾ, ਕੂੜੀ ਕਿਰਿਆ ਗੜ੍ਹ ਤੁੜਾਈਆ । ਲੇਖੇ ਲਾ ਦੇ ਕਾਇਆ ਮਾਟੀ ਸਾਢੇ ਤਿੰਨ ਹੱਥ ਚਰਮਾ, ਚਾਨਣ ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਕਿਰਿਆ ਦੇ ਬਦਲਾਈਆ । ਸਤਿ ਕਹੇ ਸ੍ਰੀ ਭਗਵਾਨ ਕਲਜੁਗ ਕੂੜਾ ਦੇ ਬਦਲ, ਮਾਬਦੌਲਤ ਤੇਰੀ ਇਕ ਸਰਨਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦੋ ਜਹਾਨਾਂ ਕਰ ਇਕੋ ਅਦਲ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਗੁਰਮੁਖਾਂ ਸਾਚੀ ਇਕੋ ਦੱਸ ਮੰਜ਼ਲ, ਦੂਜਾ ਰਾਹ ਨਾ ਕੋਇ ਤਕਾਈਆ । ਧੁਰਦਾ ਢੋਲਾ ਸਚ ਨਗ਼ਮਾ ਦੱਸ ਅਗੰਮੀ ਗ਼ਜ਼ਲ, ਗ਼ਰਜ਼ ਸਭ ਦੀ ਪੂਰ ਕਰਾਈਆ । ਚਾਰ ਕੁੰਟ ਦਹਿ ਦਿਸ਼ਾ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਸਮੁੰਦ ਸਾਗਰ ਸਾਰੇ ਤੈਨੂੰ ਲੱਭਣ, ਵਰਨ ਬਰਨ ਖੋਜਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਲੇਖਾ ਦੇ ਮੁਕਾਈਆ । ਸਤਿ ਕਹੇ ਪ੍ਰਭ ਵੇਖ ਅੰਧੇਰਾ ਅੰਧ, ਸਾਚਾ ਚੰਦ ਨਾ ਕੋਇ ਚਮਕਾਈਆ । ਜਗਤ ਪਾਂਧੀਆਂ ਮੁਕਿਆ ਕਿਸੇ ਨਾ ਪੰਧ, ਮੰਜ਼ਲ ਮੰਜ਼ਲ ਤੇਰਾ ਦਰਸ ਕੋਇ ਨਾ ਪਾਈਆ । ਰਸਨਾ ਜਿਹਵਾ ਬੱਤੀ ਦੰਦ ਨਿਜਾਨੰਦ, ਨਿਜ ਤਾਲ ਨਾ ਕੋਇ ਵਜਾਈਆ । ਖ਼ੁਸ਼ੀਆਂ ਮਨਾਉਂਦੇ ਰਵ ਸਸ ਵੇਖ ਕੇ ਤਾਰਾ ਚੰਦ, ਘਰ ਜੋਤ ਪਰਕਾਸ਼ ਸਾਢੇ ਤਿੰਨ ਹੱਥ ਕਰੇ ਨਾ ਕੋਇ ਰੁਸ਼ਨਾਈਆ । ਜਗਤ ਜਗਿਆਸੂ ਜਗਤ ਵਸਤੂ ਸਾਰੇ ਰਹੇ ਮੰਗ, ਆਤਮ ਪਰਮਾਤਮ ਪਰਮਾਤਮ ਆਤਮ ਤੇਰਾ ਮੇਲਾ ਹੱਕ ਨਾ ਕੋਇ ਮਿਲਾਈਆ । ਨਾਮ ਨਿਧਾਨਾ ਇਕੋ ਵੰਡ, ਬ੍ਰਹਿਮੰਡ ਖੰਡ ਤੇਰੀ ਓਟ ਤਕਾਈਆ । . . . . . . . . ਸਤਿ ਕਹੇ ਪ੍ਰਭੂ ਮੈਂ ਵੇਖਣਾ ਚਾਹੁੰਦਾ ਤੇਰਾ ਇਕ ਅਗੰਮੀ ਦਰਬਾਰ, ਸਚਖੰਡ ਸਾਚਾ ਸੋਭਾ ਪਾਈਆ । ਜਿਥੇ ਦਰ ਦਰਵੇਸ਼ ਖੜ੍ਹੇ ਗੁਰ ਪੈਗ਼ੰਬਰ ਅਵਤਾਰ, ਵਿਸ਼ਨ ਬ੍ਰਹਮਾ ਸੀਸ ਨਿਵਾਈਆ । ਤੂੰ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ, ਜੋਤੀ ਜਾਤਾ ਪੁਰਖ ਬਿਧਾਤਾ ਸਚ ਸਿੰਘਾਸਣ ਸੋਭਾ ਪਾਈਆ । ਦੀਆ ਬਾਤੀ ਕਮਲਾਪਾਤੀ ਤੇਰਾ ਜਗੇ ਅਗੰਮ ਅਪਾਰ, ਆਦਿ ਜੁਗਾਦਿ ਜੁਗ ਚੌਕੜੀ ਸਕੇ ਨਾ ਕੋਇ ਬੁਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਲੱਖ ਚੁਰਾਸੀ ਜੀਵ ਜੰਤ ਕਰ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦੇ ਸੁਣਾਈਆ । ਮਨ ਵਾਸਨਾ ਕੂੜੀ ਕਿਰਿਆ ਤਜੇ ਹੰਕਾਰ, ਬੁਧ ਬਿਬੇਕ ਲਓ ਬਣਾਈਆ । ਕਾਗ਼ਜ਼ ਕ਼ਲਮ ਲਿਖ ਲਿਖ ਗਏ ਹਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਦਏ ਗਵਾਹੀਆ । ਬਿਨ ਸਾਹਿਬ ਸਤਿਗੁਰ ਪੁਰਖ

ਅਕਾਲ ਸਾਚੇ ਮੰਦਰ ਚੜ੍ਹੇ ਨਾ ਕੋਇ ਦਵਾਰ, ਦਰਗਹਿ ਸਾਚੀ ਹੱਕ ਮੁਕਾਮੇ ਸਚਖੰਡ ਸੋਭਾ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਤਿ ਕਹੇ ਪ੍ਰਭ ਵੇਖ ਕਲਜੁਗ ਕਾਲੀ ਰਾਤ, ਰਾਤੀ ਰੁੱਤੀ ਰੁੱਤੜੀ ਹੱਕ ਨਾ ਕੋਇ ਮਹਿਕਾਈਆ । ਸਾਚੀ ਵਸਤ ਨਾ ਕਿਸੇ ਕੋਲ ਦਾਤ, ਖ਼ਾਲੀ ਭਾਂਡੇ ਕਾਇਆ ਮਾਟੀ ਨਜ਼ਰੀ ਆਈਆ । ਅੰਦਰ ਵੜ ਮੰਦਰ ਚੜ੍ਹ ਨਾ ਵੇਖੇ ਕੋਈ ਝਾਕ, ਪੜਦਾ ਓਹਲਾ ਨਾ ਕੋਇ ਉਠਾਈਆ । ਅੰਮ੍ਰਿਤ ਪੀਵੇ ਨਾ ਕੋਇ ਬੂੰਦ ਸਵਾਤ, ਅਗਨੀ ਤਤ ਨਾ ਕੋਇ ਬੁਝਾਈਆ । ਤੂੰ ਮੇਰਾ ਮੈਂ ਤੇਰਾ ਪਰਮ ਪੁਰਖ ਪਰਮਾਤਮ ਆਤਮ ਗਾਵੇ ਕੋਈ ਨਾ ਗਾਥ, ਸਿਫ਼ਤੀ ਢੋਲੇ ਗਾ ਗਾ ਥੱਕੀ ਜਗਤ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਜੋ ਭਵਿਖਤਾਂ ਵਿਚ ਗਏ ਆਖ, ਸ਼ਬਦ ਸੰਦੇਸ਼ੇ ਲੋਕਮਾਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਜੋਤ ਕਰ ਪਰਕਾਸ਼, ਕਲਜੁਗ ਅੰਧ ਅੰਧੇਰਾ ਦੇ ਮਿਟਾਈਆ । ਸਤਿ ਕਹੇ ਮੇਰੇ ਅੰਤਰਜਾਮੀ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਤੂੰ ਸਰਬ ਕਲਾ ਸਮਰਥ ਮਹਿੰਮਾ ਅਕਥ ਅਗੰਮੀ ਤੇਰੀ ਬਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਭੇਵ ਕੋਇ ਨਾ ਪਾਈਆ । ਕਲਜੁਗ ਅੰਤਮ ਚਾਰ ਕੁੰਟ ਦਹਿ ਦਿਸ਼ਾ ਰੋਵੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਰਹੀ ਕੁਰਲਾਈਆ । ਰਾਹ ਤੱਕੇ ਤੇਰਾ ਅੱਠ ਸੱਠ ਤੀਰਥ ਪਾਣੀ, ਸ਼ਿਵਦਵਾਲੇ ਮੰਦਰ ਮਸਜਿਦ ਮਠ ਦਏ ਦੁਹਾਈਆ । ਕਿਰਪਾ ਕਰ ਪਰਮ ਪੁਰਖ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਤੇਰੀ ਆਸ ਰਖਾਈਆ । ਸਦੀ ਚੌਧਵੀਂ ਸਭ ਨੂੰ ਹੋਈ ਹੈਰਾਨੀ, ਬੇਈਮਾਨੀ ਅੰਦਰ ਮੰਦਰ ਬੈਠੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਬਖ਼ਸ਼ ਪਦ ਨਿਰਬਾਨੀ, ਆਪਣੀ ਦਇਆ ਕਮਾਈਆ । ਸਤਿ ਕਹੇ ਪ੍ਰਭੂ ਬਖ਼ਸ਼ ਸਤਿ ਸਤਿਵਾਦ, ਸਤਿ ਧਰਮ ਦੇ ਲਗਾਈਆ । ਕਲਜੁਗ ਕੂੜੀ ਕਿਰਿਆ ਕਰ ਬਰਬਾਦ, ਜੜ੍ਹ ਲੋਕਮਾਤ ਉਖੜਾਈਆ । ਹਰ ਹਿਰਦੇ ਅੰਦਰ ਆਪਣੀ ਦੇ ਦੇ ਉਹ ਯਾਦ, ਜਿਸ ਦੀ ਯਾਦਦਾਸ਼ਤ ਨਾ ਕੋਇ ਭੁਲਾਈਆ । ਕਾਇਆ ਖੇੜਾ ਕਰ ਦੇ ਆਬਾਦ, ਗ੍ਰਿਹਿ ਗ੍ਰਿਹਿ ਆਤਮ ਬੂਟਾ ਦੇ ਮਹਿਕਾਈਆ । ਧੁਨ ਆਤਮਕ ਸੁਣਾ ਆਪਣਾ ਨਾਦ, ਅਗੰਮੀ ਰਾਗ ਅਲਾਈਆ । ਬਿਨ ਰਸਨਾ ਦੇ ਸਵਾਦ, ਰਸ ਆਪਣਾ ਇਕ ਚਖਾਈਆ । ਸੋਈ ਸੁਰਤੀ ਜਾਵੇ ਜਾਗ, ਆਲਸ ਨਿੰਦਰਾ ਦੇ ਮਿਟਾਈਆ । ਸ੍ਰਿਸ਼ਟੀ ਬੁਧੀ ਨਾ ਰਹੇ ਕਾਗ, ਹੰਸ ਬੰਸ ਦੇ ਬਣਾਈਆ । ਸਾਚੀ ਪ੍ਰੀਤੀ ਦਾ ਬਖ਼ਸ਼ ਇਕ ਵੈਰਾਗ, ਵੈਰੀ ਦੁਸ਼ਮਣ ਇਕੋ ਰੰਗ ਰੰਗਾਈਆ । ਦੁਰਮਤ ਮੈਲ ਦੁਰਾਚਾਰੀਆਂ ਧੋ ਦਾਗ਼, ਪਤਿਤ ਪੁਨੀਤ ਦੇ ਕਰਾਈਆ । ਜਗਤ ਤ੍ਰਿਸ਼ਨਾ ਕੂੜੀ ਬੁੱਝੇ ਆਗ, ਅੰਮ੍ਰਿਤ ਮੇਘ ਬਰਸਾਈਆ । ਫਲ ਫੁਲਵਾੜੀ ਤੇਰੀ ਮੌਲੇ ਰੁਤ ਸੁਹੰਜਣੀ ਗੁਰਮੁਖ ਬੂਟਾ ਸੋਹਣਾ ਦਿਸੇ ਬਾਗ਼, ਚਾਰ ਕੁੰਟ ਇਕੋ ਮਹਿਕ ਦੇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਅਖ਼ੀਰੀ ਬਦਲ ਦੇ ਰਿਵਾਜ, ਧੁਰ ਫ਼ਰਮਾਨਾ ਇਕ ਸੁਣਾਈਆ । ਸਤਿ ਕਹੇ ਪੁਰਖ ਅਕਾਲ ਲੋਕਮਾਤ ਲਾ ਦੇ ਸਤਿ ਧਰਮ, ਸਤਿ ਸੰਤੋਖ ਦੇ ਜਣਾਈਆ । ਨਿਹਕਰਮੀ ਹੋ ਕੇ ਦੱਸ ਆਪਣਾ ਕਰਮ, ਕਰਮ ਕਾਂਡ ਦੇ ਗਵਾਈਆ । ਕੂੜੀ ਕਿਰਿਆ ਕਿਸੇ ਦੇ ਅੰਦਰ ਰਹੇ ਕੋਈ ਨਾ ਭਰਮ, ਭਾਂਡਾ ਭਰਮ ਭੌ ਭੰਨਾਈਆ । ਇਕੋ ਇਕ ਦੱਸ ਠਾਕਰ ਸਵਾਮੀ ਆਪਣੀ ਸਰਨ, ਸਰਨਗਤ ਇਕੋ ਦੇ ਜਣਾਈਆ । ਗੁਰਮੁਖ ਸੰਤ ਸੁਹੇਲੇ ਤੈਨੂੰ ਵਰਨ, ਆਤਮ ਪਰਮਾਤਮ ਜੋੜ ਜੁੜਾਈਆ । ਲੇਖਾ ਚੁੱਕੇ ਜਨਮ ਮਰਨ, ਲੱਖ ਚੁਰਾਸੀ ਰਹਿਣ ਨਾ ਪਾਈਆ । ਸਾਚੀ ਮੰਜ਼ਲ ਬਿਨ


੩੪੦
੧੯

ਪੌੜੇ ਡੰਡੇ ਚੜ੍ਹਨ, ਅਧਵਿਚਕਾਰ ਨਾ ਕੋਇ ਅਟਕਾਈਆ । ਸਚ ਦਵਾਰੇ ਤੇਰੇ ਖੜਨ, ਸਚਖੰਡ ਨਿਵਾਸੀ ਠਾਂਡੇ ਘਰ ਵੱਜੇ ਵਧਾਈਆ । ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਪੜ੍ਹਨ, ਦੂਜਾ ਗੀਤ ਨਾ ਕੋਇ ਸੁਣਾਈਆ । ਤੂੰ ਕਰਨੀ ਦਾ ਕਰਤਾ ਕਾਰਨ ਕਰਨ, ਕਰਤੇ ਪੁਰਖ ਤੇਰੀ ਬੇਪਰਵਾਹੀਆ । ਪ੍ਰੇਮੀਆਂ ਪਿਆਰਿਆਂ ਨਿਜ ਨੇਤਰ ਖੋਲ੍ਹਦੇ ਹਰਨ ਫਰਨ, ਦੋਏ ਲੋਚਨ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਸ਼ਟ ਦ੍ਰਿਸ਼ਟ ਸ੍ਰਿਸ਼ਟ ਵੇਖ ਵਖਾਈਆ । ਸਤਿ ਕਹੇ ਪ੍ਰਭੂ ਦੇ ਦੇ ਧੁਰ ਦਾ ਜੋਗ, ਜੋਗੀਸ਼ਰ ਤੇਰਾ ਧਿਆਨ ਲਗਾਈਆ । ਕੂੜੀ ਕਿਰਿਆ ਕੱਢ ਦੇ ਰੋਗ, ਰੰਗਤ ਆਪਣੀ ਦੇ ਰੰਗਾਈਆ । ਚਿੰਤਾ ਗ਼ਮ ਰਹੇ ਨਾ ਸੋਗ, ਦੁੱਖ ਦਰਦ ਨਾ ਲਾਗੇ ਰਾਈਆ । ਆਤਮ ਪਰਮਾਤਮ ਮਿਲ ਕੇ ਮਾਣੇ ਮੌਜ, ਦੂਜੀ ਓਟ ਨਾ ਕੋਇ ਤਕਾਈਆ । ਨਿਤ ਨਵਿਤ ਤੱਕਣ ਤੇਰਾ ਦਰਸ ਲੋਚਨ ਲੋਚ, ਅੱਖ ਪਰਤੱਖ ਮਿਲੇ ਗੁਸਾਈਆ । ਮਨ ਵਾਸਨਾ ਰਹੇ ਕੋਈ ਨਾ ਸੋਚ, ਮਤ ਮਤਵਾਲੀ ਨਾ ਦਏ ਦੁਹਾਈਆ । ਨਾਮ ਖ਼ੁਮਾਰੀ ਅੰਦਰ ਕਰ ਮਦਹੋਸ਼, ਜਗਤ ਮਦਿ ਨਾਤਾ ਦੇ ਤੁੜਾਈਆ । ਝਗੜਾ ਚੁਕਾ ਦੇ ਲੋਕ ਪਰਲੋਕ, ਸਲੋਕ ਇਕੋ ਦੇਣਾ ਸੁਣਾਈਆ । ਚਰਨਾਂ ਹੇਠਾਂ ਰੋਂਦੀ ਫਿਰਦੀ ਮੁਕਤੀ ਮੋਖ, ਜਨ ਭਗਤ ਤੇਰਾ ਨੂਰ ਤੇਰੇ ਵਿਚ ਆਪਣਾ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਸਾਚੀ ਦੱਸ ਦੇ ਖੋਜ, ਪੜਦਾ ਓਹਲਾ ਦੇ ਚੁਕਾਈਆ । ਸਤਿ ਕਹੇ ਪ੍ਰਭੂ ਮੇਰੇ ਧੰਨਵੰਤ, ਧੰਨ ਤੇਰੀ ਵਡਿਆਈਆ । ਤੂੰ ਲੱਖ ਚੁਰਾਸੀ ਕੰਤ, ਕੰਤ ਕੰਤੂਹਲ ਤੇਰੀ ਸਰਨਾਈਆ । ਗੜ੍ਹ ਤੋੜ ਹਉਮੇਂ ਹੰਗਤ, ਹੰ ਬ੍ਰਹਮ ਦੇ ਸਮਝਾਈਆ । ਬੋਧ ਅਗਾਧਾ ਬਣ ਪੰਡਤ, ਚਾਰ ਵਰਨ ਦੇ ਜਣਾਈਆ । ਗੁਰਮੁਖ ਵੇਖ ਧੁਰ ਦੇ ਸੰਤ, ਸੱਜਣ ਮੀਤ ਲੈ ਉਠਾਈਆ । ਨਾਮ ਨਿਧਾਨਾ ਦੱਸ ਮੰਤ, ਮੰਤਵ ਸਭ ਦਾ ਹਲ ਕਰਾਈਆ । ਸਤਿਜੁਗ ਸਚ ਬਣਾ ਬਣਤ, ਕਲਜੁਗ ਕੂੜੀ ਕਿਰਿਆ ਦੇ ਖਪਾਈਆ । ਜੁਗ ਚੌਕੜੀ ਬੀਤੇ ਲੋਕਮਾਤ ਅਨੰਤ, ਕਲਜੁਗ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦੇ ਪਰਗਟਾਈਆ । ਸਤਿ ਕਹੇ ਪਰਮ ਪੁਰਖ ਤੇਰੀ ਕਰਦੇ ਰਹੇ ਉਡੀਕ, ਸਤਿਜੁਗ ਤਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਗੁਰ ਅਵਤਾਰ ਪੈਗ਼ੰਬਰ ਦੱਸ ਕੇ ਗਏ ਠੀਕ, ਠਾਕਰ ਸਵਾਮੀ ਆਪਣਾ ਵੇਸ ਵਟਾਈਆ । ਜੁਗ ਜੁਗ ਚਲਾ ਕੇ ਅਵਲੱੜੀ ਰੀਤ, ਮੰਦਰ ਮਸੀਤ ਲੇਖਾ ਦਏ ਮੁਕਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਦੱਸ ਕੇ ਇਕੋ ਗੀਤ, ਗਹਿਰ ਗੰਭੀਰ ਬੇਨਜ਼ੀਰ ਨਜ਼ਰੀਆ ਅੰਦਰੋਂ ਦਏ ਬਦਲਾਈਆ । ਕਾਇਆ ਮਾਟੀ ਕਰ ਕੇ ਠਾਂਡੀ ਸੀਤ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਧੁਨ ਸੁਣਾਈਆ । ਝਗੜਾ ਮੁਕਾ ਕੇ ਊਚ ਨੀਚ, ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਹਕੀਰ ਫ਼ਕੀਰ ਇਕੋ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਜਗਦੀਸ਼, ਜੁਗ ਜਗਤ ਆਪਣਾ ਹੁਕਮ ਵਰਤਾਈਆ । ਸਤਿ ਕਹੇ ਪ੍ਰਭੂ ਦੇ ਦੇ ਫ਼ਰਮਾਨ, ਫੁਰਨੇ ਸਭ ਦੇ ਬੰਦ ਕਰਾਈਆ । ਤੂੰ ਆਦਿ ਜੁਗਾਦੀ ਪਰਮ ਪੁਰਖ ਸੁਲਤਾਨ, ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਤੈਨੂੰ ਝੁਕਦੇ ਦੋ ਜਹਾਨ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਤੂੰ ਲੱਖ ਚੁਰਾਸੀ ਸੱਚਾ ਕਾਹਨ, ਨਾਮ ਬੰਸਰੀ ਧੁਨ ਵਜਾਈਆ । ਕਲਜੁਗ ਕੂੜੀ ਕਿਰਿਆ ਮੇਟ ਸ਼ੈਤਾਨ, ਸ਼ਰਅ ਦੀ ਲੋੜ ਰਹੇ ਨਾ ਰਾਈਆ । ਇਕੋ ਢੋਲਾ ਤੇਰਾ ਗੀਤ ਗਾਣ, ਗੋਬਿੰਦ ਤੇਰੀ ਸਚ ਸਰਨਾਈਆ । ਕਾਇਆ ਮਾਟੀ ਭਾਗ ਲੱਗੇ ਸਾਢੇ ਤਿੰਨ ਹੱਥ ਮਕਾਨ, ਝੂਠੇ ਮਕ਼ਬਰਿਆਂ ਵਿਚੋਂ ਬਾਹਰ ਕਢਾਈਆ ।

ਆਪਣਾ ਮਿਲਣਾ ਕਰ ਆਸਾਨ, ਮੁਸ਼ਕਲ ਅਗਲੀ ਹਲ ਕਰਾਈਆ । ਤੂੰ ਰਹਿਮਤਾਂ ਦਾ ਰਹਿਮਾਨ, ਰਹੀਮ ਕਰੀਮ ਇਕੋ ਇਕ ਅਖਵਾਈਆ । ਤੇਰਾ ਕਲਮਾ ਸਚ ਕਲਾਮ, ਨਗ਼ਮਾ ਨੂਰ ਖ਼ੁਦਾਈਆ । ਤੂੰ ਜਲਵਾਗਰ ਅਮਾਮ, ਈਸਾ ਮੂਸਾ ਮੁਹੰਮਦ ਤੇਰੇ ਦਰ ਤੇ ਸੀਸ ਨਿਵਾਈਆ । ਸਚ ਬੇਨੰਤੀ ਕਰ ਪਰਵਾਨ, ਪਰਮ ਪੁਰਖ ਤੇਰਾ ਸਹਾਰਾ ਬੈਠੇ ਰਖਾਈਆ । ਕਲਜੁਗ ਜੂਠ ਝੂਠ ਮੇਟ ਮਾਤ ਨਿਸ਼ਾਨ, ਨਿਸ਼ਾਨਾ ਧਰਮ ਦੇ ਉਪਜਾਈਆ । ਮਾਨਵ ਬਖ਼ਸ਼ ਆਪਣਾ ਗਿਆਨ, ਅਗਿਆਨ ਅੰਧੇਰਾ ਦੇ ਚੁਕਾਈਆ । ਤੂੰ ਸਭ ਦਾ ਸਾਂਝਾ ਸ੍ਰੀ ਭਗਵਾਨ, ਹਿੱਸਿਆਂ ਵਾਲੀ ਵੰਡ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦਰ ਦਵਾਰ ਮਹਾਨ, ਮਹਿੰਮਾ ਅਕਥ ਨਾ ਕੋਇ ਸੁਣਾਈਆ ।

੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਹਜ਼ੂਰਾ ਸਿੰਘ ਦੇ ਗ੍ਰਿਹ ਪਿੰਡ ਗੋਲੇ ਵਾਲਾ ਜ਼ਿਲਾ ਫ਼ਿਰੋਜ਼ਪੁਰ

ਸਤਿ ਕਹੇ ਪ੍ਰਭ ਵੇਖ ਖੇਲ ਕਲਜੁਗ ਕਲ ਦੀ, ਕਾਇਨਾਤ ਰਹੀ ਕੁਰਲਾਈਆ । ਮੰਜ਼ਲ ਸਭ ਨੂੰ ਭੁਲੀ ਤੇਰੇ ਨਿਹਚਲ ਧਾਮ ਅਟਲ ਦੀ, ਸਚਖੰਡ ਦਵਾਰੇ ਮਿਲਣ ਕੋਇ ਨਾ ਆਈਆ । ਕੂੜ ਕੁੜਿਆਰੀ ਅਗਨੀ ਬਲਦੀ, ਬਲਧਾਰੀ ਜੋਧਾ ਸੂਰਬੀਰ ਸਕੇ ਨਾ ਕੋਇ ਬੁਝਾਈਆ । ਮਾਇਆ ਮਮਤਾ ਕੂੜ ਕੁੜਿਆਰੀ ਖੇਲ ਵੇਖੀ ਅਛਲ ਅਛੱਲ ਦੀ, ਸ਼ਾਂਤੀ ਸਤਿ ਸੰਤੋਖ ਧਰਮ ਨਾ ਕੋਇ ਵਡਿਆਈਆ । ਮਨ ਵਾਸਨਾ ਦੁਨੀਆਦਾਰੀ ਅੰਦਰ ਰਲਦੀ, ਕਾਗ ਹੰਸ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜਾ ਝਗੜਾ ਦੇ ਖਪਾਈਆ । ਸਤਿ ਕਹੇ ਪ੍ਰਭ ਕਲਜੁਗ ਅੰਤਮ ਕਰ ਛੇਤੀ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਆਤਮ ਪਰਮਾਤਮ ਬਣ ਭੇਸੀ, ਪਾਰਬ੍ਰਹਮ ਬ੍ਰਹਮ ਪੜਦਾ ਦੇ ਉਠਾਈਆ । ਜਨ ਭਗਤਾਂ ਆਤਮ ਰਹੇ ਨਾ ਕੋਇ ਪਰਦੇਸੀ, ਗੁਰਮੁਖ ਆਪਣੇ ਘਰ ਵਸਾਈਆ । ਨਿਜ ਨੇਤਰ ਲੋਚਨ ਨੈਣ ਆਪਣੇ ਪੇਖੀ, ਕਾਇਆ ਮੰਦਰ ਅੰਦਰ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦੇਣਾ ਰੰਗਾਈਆ । ਸਤਿ ਕਹੇ ਪ੍ਰਭ ਕਲਜੁਗ ਮੇਟ ਦੇ ਨਿੰਦਰਾ ਆਲਸ, ਅਸਲ ਵਸਲ ਆਪਣਾ ਦੇ ਕਰਾਈਆ । ਪੁਰਖ ਅਕਾਲ ਬਣ ਸਾਲਸ, ਝਗੜਾ ਕੂੜ ਰਹੇ ਨਾ ਰਾਈਆ । ਮਿਟੇ ਰੈਣ ਅੰਧੇਰੀ ਅਮਾਵਸ, ਸਤਿਜੁਗ ਸਾਚਾ ਚੰਦ ਕਰ ਰੁਸ਼ਨਾਈਆ । ਗੁਰਮੁਖ ਸੱਜਣ ਬਣਾ ਖ਼ਾਲਸ, ਖ਼ਾਲਸ ਆਪਣਾ ਦਰਸ ਦਿਖਾਈਆ । ਮਨ ਵਿਕਾਰਾ ਰਹੇ ਨਾ ਕੋਇ ਨਾਲਿਸ਼, ਕੂੜ ਕੁੜਿਆਰ ਵੰਡ ਨਾ ਕੋਇ ਵੰਡਾਈਆ । ਦੋ ਜਹਾਨ ਤੇਰੀ ਇਕੋ ਦਿਸੇ ਅਦਾਲਤ, ਲੋਕਮਾਤ ਵੱਜੇ ਵਧਾਈਆ । ਦੀਨ ਮਜ਼ਬ ਜਾਤ ਪਾਤ ਊਚ ਨੀਚ ਰਾਓ ਰੰਕ ਦੀ ਰਹੇ ਨਾ ਕੋਇ ਬਗ਼ਾਵਤ, ਬਗ਼ਲਗੀਰ ਬਣਨਾ ਆਪ ਗੁਸਾਈਆਂ । ਆਤਮਾ ਤੇਰੀ ਅਮਾਨਤ, ਪਰਮਾਤਮ ਆਪਣੇ ਲੇਖੇ ਲੈਣੀ ਲਾਈਆ । ਤੂੰ ਆਦਿ ਜੁਗਾਦੀ ਸਹੀ ਸਲਾਮਤ, ਸਾਹਿਬ ਸੁਲਤਾਨ ਤੇਰੀ ਸ਼ਰਨਾਈਆ । ਤੇਰੀ ਮਹਿੰਮਾ ਸਿਫ਼ਤ ਮਹਾਨਤ, ਨਾਦ ਸ਼ਬਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜ ਦੇ ਮਿਟਾਈਆ । ਕਲਜੁਗ ਕੂੜ ਮਿਟਾ ਦੇ ਅੰਧੇਰੀ ਰੈਣ, ਅੰਧਿਆਂ ਮਾਰਗ ਦੇ ਵਖਾਈਆ । ਖੋਲ੍ਹ ਦੇ ਨਿਜ ਨੇਤਰ ਨੈਣ, ਲੋਚਨ ਅੱਖ ਕਰ ਰੁਸ਼ਨਾਈਆ । ਚਾਰ ਵਰਨ ਅਠਾਰਾਂ

ਬਰਨ ਨਾਤਾ ਜੋੜ ਦੇ ਭਾਈ ਭੈਣ, ਦਵੈਤ ਵਿਚ ਕਰੇ ਨਾ ਕੋਇ ਲੜਾਈਆ । ਮਾਲਕ ਪ੍ਰਿਤਪਾਲਕ ਸਭ ਦਾ ਬਣ ਸਾਕ ਸੱਜਣ ਸੈਣ, ਸੁਹੇਲਾ ਇਕੋ ਇਕ ਅਖਵਾਈਆ । ਜਨ ਭਗਤਾਂ ਦੇ ਦੇ ਲਹਿਣਾ ਦੇਣ, ਦੇਵਣਹਾਰ ਤੇਰੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਸਿਫ਼ਤ ਕਹਿਣ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਤੇਰਾ ਨਾਮ ਨਿਧਾਨਾ ਇਕ ਰਸੈਣ, ਲੋਹਾ ਕੰਚਨ ਦੇ ਬਣਾਈਆ । ਤੂੰ ਸਚਖੰਡ ਨਿਵਾਸੀ ਨਰ ਨਰਾਇਣ, ਮੁਕਾਮੇ ਹੱਕ ਤੇਰੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਦੇ ਵਖਾਈਆ । ਸਤਿ ਕਹੇ ਪ੍ਰਭੂ ਤੇਰੇ ਉਤੇ ਇਕੋ ਓਟ, ਓੜਕ ਆਸ ਰਖਾਈਆ । ਜਗਤ ਵਾਸਨਾ ਕੱਢ ਦੇ ਕੂੜਾ ਖੋਟ, ਮਨ ਦੀ ਮਨਸਾ ਰਹੇ ਨਾ ਰਾਈਆ । ਸੋਈ ਸੁਰਤੀ ਲਾ ਦੇ ਚੋਟ, ਸ਼ਬਦ ਨਗਾਰੇ ਦੇ ਉਠਾਈਆ । ਭਾਗ ਲੱਗੇ ਸਾਢੇ ਤਿੰਨ ਹੱਥ ਕਾਇਆ ਕੋਟ, ਗ੍ਰਿਹਿ ਮੰਦਰ ਵੱਜੇ ਵਧਾਈਆ । ਹੋਏ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਨਾਮ ਸੰਦੇਸ਼ਾ ਪਵਣਾ ਦੇਵੇ ਚੌਦਾਂ ਲੋਕ, ਚੌਦਾਂ ਤਬਕ ਅੱਖ ਪਰਤੱਖ ਖੁਲ੍ਹਾਈਆ । ਜਨ ਭਗਤਾਂ ਬਖ਼ਸ਼ ਕੇ ਆਪਣੀ ਮੌਜ, ਮੌਜੂਦਾ ਹੋ ਕੇ ਨਜ਼ਰੀ ਆਈਆ । ਅੰਦਰ ਵੜ ਕੇ ਦੱਸ ਦੇ ਖੋਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਸਚ ਕਹੇ ਪ੍ਰਭ ਚਾੜ੍ਹ ਦੇ ਆਪਣਾ ਰੰਗ, ਪਤਿਪਰਮੇਸ਼ਵਰ ਤੇਰੀ ਆਸ ਰਖਾਈਆ । ਨਾਮ ਨਿਧਾਨਾ ਵਜਾ ਮਰਦੰਗ, ਜਗਤ ਤੰਬੂਰ ਨਾ ਕੋਇ ਖੜਕਾਈਆ । ਪ੍ਰੇਮ ਪ੍ਰੀਤੀ ਦੇ ਅਨੰਦ, ਪੁਰੀ ਅਨੰਦ ਇਕੋ ਨਜ਼ਰੀ ਆਈਆ । ਜਿਥੇ ਨਾ ਕੋਈ ਸੂਰਜ ਨਾ ਕੋਈ ਚੰਦ, ਮੰਡਲ ਮੰਡਪ ਨਾ ਕੋਇ ਵਡਿਆਈਆ । ਸੇਜ ਸੁਹੰਜਣੀ ਸੋਹੇ ਸਚ ਪਲੰਘ, ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਅੰਮ੍ਰਿਤ ਵਹਾਵੇ ਨਿਝਰ ਧਾਰਾ ਗੰਗ, ਗਹਿਰ ਗੰਭੀਰ ਆਪਣਾ ਮੇਘ ਬਰਸਾਈਆ । ਪਾਰਬ੍ਰਹਮ ਬ੍ਰਹਮ ਦੇ ਕੇ ਸੱਚਾ ਸੰਗ, ਸੱਜਣ ਹੋ ਕੇ ਸਵਾਮੀ ਨਜ਼ਰੀ ਆਈਆ । ਸਤਿਜੁਗ ਤਰੇਤਾ ਦੁਆਪਰ ਗਿਆ ਲੰਘ, ਕਲਜੁਗ ਅੰਤਮ ਲੇਖਾ ਦੇ ਚੁਕਾਈਆ । ਅਨਕ ਬਿਧੀ ਦਾ ਤੇਰਾ ਢੰਗ, ਬੁਧੀ ਸਮਝ ਸਕੇ ਨਾ ਰਾਈਆ । ਦਰੇ ਦਰਬਾਰ ਦਰ ਦਰਵੇਸ਼ ਦਰਦੀ ਹੋ ਕੇ ਮੰਗੀ ਮੰਗ, ਅਰਜ਼ ਇਕੋ ਇਕ ਜਣਾਈਆ । ਤੂੰ ਸਾਹਿਬ ਸੁਲਤਾਨ ਬੇਪਰਵਾਹ ਪਰਮ ਪੁਰਖ ਬਖ਼ਸ਼ੰਦ, ਮਿਹਰ ਨਜ਼ਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਖ਼ਸ਼ ਧੁਰ ਦਾ ਸੰਗ, ਪਿਛਲਾ ਲੇਖਾ ਦੇ ਚੁਕਾਈਆ । ਸਤਿ ਕਹੇ ਪ੍ਰਭੂ ਮਾਰ ਅਗੰਮੀ ਆਵਾਜ਼, ਸ਼ਬਦ ਧੁੰਨ ਸੁਣਾਈਆ । ਕਲਜੁਗ ਜੀਵ ਜਾਵਣ ਜਾਗ, ਸੁਤਿਆਂ ਲੈ ਉਠਾਈਆ । ਕਰ ਦੇ ਵਡ ਵਡਭਾਗ, ਭੁੱਖਿਆਂ ਦੇ ਰਜਾਈਆ । ਜੋਤ ਜਗਾ ਚਿਰਾਗ਼, ਘਰ ਮੰਦਰ ਕਰ ਰੁਸ਼ਨਾਈਆ । ਬਦਲ ਦੇ ਸਮਾਜ, ਚਾਰ ਵਰਨ ਮੰਗੇ ਇਕ ਸਰਨਾਈਆ । ਬਖ਼ਸ਼ ਅਗੰਮੀ ਦਾਤ, ਨਾਮ ਖ਼ਜ਼ਾਨਾ ਝੋਲੀ ਪਾਈਆ । ਮਿਟੇ ਅੰਧੇਰੀ ਰਾਤ, ਅੰਧ ਗੁਬਾਰ ਨਾ ਕੋਇ ਵਖਾਈਆ । ਤੂੰ ਵਸੇਂ ਭਗਤਾਂ ਸਾਥ, ਪੜਦਾ ਓਹਲਾ ਦੇਣਾ ਉਠਾਈਆ । ਇਕੋ ਸਿਮਰਨ ਇਕੋ ਪੂਜਾ ਪਾਠ, ਇਕੋ ਇਸ਼ਟ ਦੇਵ ਦੇਣਾ ਜਣਾਈਆ । ਇਕੋ ਮੰਜ਼ਲ ਇਕੋ ਪੌੜਾ ਚੜ੍ਹੇ ਘਾਟ, ਦਵਾਰਾ ਇਕੋ ਸੋਭਾ ਪਾਈਆ । ਜਿਸ ਘਰ ਵਸੇਂ ਪੁਰਖ ਅਬਿਨਾਸ਼, ਸੋ ਭਗਤਾਂ ਦੇਣਾ ਵਖਾਈਆ । ਲੇਖਾ ਮੁਕ ਜਾਏ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਉਪਰ ਡੇਰਾ ਲਾਈਆ । ਅੰਤ ਅਖ਼ੀਰੀ ਇਕ ਰਖੀ ਆਸ, ਆਸ਼ਾ ਪੂਰ ਦੇਣੀ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦੇਣਾ ਵਰਤਾਈਆ । ਸਤਿ ਕਹੇ ਪ੍ਰਭ ਦੇ ਦੇ ਹੁਕਮ ਸੰਦੇਸ਼ਾ, ਸਦਾ ਆਪਦਾ ਨਾਮ ਜਣਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ

ਨਰ ਨਰੇਸ਼ਾ, ਦੋ ਜਹਾਨ ਤੇਰੀ ਬੇਪਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਪੂਰਾ ਕਰ ਦੇ ਦੁਨੀਦਾਰ ਦਾ ਠੇਕਾ, ਠਾਕਰ ਸਵਾਮੀ ਆਪਣਾ ਹੁਕਮ ਵਰਤਾਈਆ । ਜੁਗ ਜਨਮ ਦਿਆਂ ਵਿਛੜਿਆਂ ਭਗਤਾਂ ਕਰ ਲੈ ਚੇਤਾ, ਕੌਲ ਇਕਰਾਰ ਵਿਚ ਸੰਸਾਰ ਪੂਰਾ ਦੇ ਕਰਾਈਆ । ਸੰਤ ਉਬਾਰਨਾ ਤੇਰਾ ਪੇਸ਼ਾ, ਗੁਰਮੁਖ ਗੁਰਸਿਖ ਦੇ ਵਡਿਆਈਆ । ਜੁਗ ਚੌਕੜੀ ਬਦਲਦਾ ਆਇਆ ਹਮੇਸ਼ਾ, ਵਿਸ਼ਨ ਬ੍ਰਹਮਾ ਸ਼ਿਵ ਸਕਿਆ ਨਾ ਕੋਇ ਉਲਟਾਈਆ । ਜੋ ਲੇਖਾ ਲਿਖ ਕੇ ਗਿਆ ਦਸ ਦਸਮੇਸਾ, ਦਹਿ ਦਿਸ਼ਾ ਦਏ ਭਵਾਈਆ । ਨਜ਼ਰੀ ਆਏ ਪੁਰਖ ਅਕਾਲ ਏਕਾ, ਏਕੰਕਾਰ ਤੇਰਾ ਨੂਰ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਕਲਜੁਗ ਕੂੜ ਕੁੜਿਆਰ ਰਹੇ ਨਾ ਵਿਚ ਸੰਸਾਰ, ਮਾਇਆ ਅਗਨੀ ਅੱਗ ਨਾ ਲੱਗੇ ਅੰਗਿਆਰ, ਅੰਮ੍ਰਿਤ ਮੇਘ ਆਪਣਾ ਨਾਮ ਘਰ ਘਰ ਦੇਣਾ ਬਰਸਾਈਆ ।

### ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਕਿਰਪਾਲ ਸਿੰਘ ਦੇ ਗ੍ਰਹਿ ਪਿੰਡ ਗੋਲੇ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਸਤਿ ਕਹੇ ਕਿਰਪਾ ਕਰ ਪੁਰਖ ਸਮਰਥ, ਸਾਹਿਬ ਸਤਿਗੁਰ ਤੇਰੀ ਇਕ ਸਰਨਾਈਆ । ਹਕ਼ੀਕ਼ਤ ਵਿਚੋਂ ਦੇ ਦੇ ਹੱਕ, ਮਿਹਰਵਾਨ ਦਇਆ ਕਮਾਈਆ । ਨਿਜ ਨੇਤਰ ਲੋਚਨ ਖੋਲ੍ਹ ਆਪਣੀ ਅੱਖ, ਆਖਰ ਆਪਣਾ ਪੜਦਾ ਦੇ ਉਠਾਈਆ । ਨਾਮ ਭੰਡਾਰੇ ਭਰ ਸਖ, ਵਸਤ ਅਮੋਲਕ ਵਿਚ ਟਿਕਾਈਆ । ਸਚ ਪ੍ਰੀਤੀ ਦੇ ਜਸ, ਜਿਸਮ ਜ਼ਮੀਰ ਦੇ ਬਦਲਾਈਆ । ਧੁਰ ਦਰਗਾਹੀ ਜੁੜੇ ਨਤ, ਸਾਕ ਸੱਜਣ ਇਕ ਅਖਵਾਈਆ । ਤੇਰਾ ਮੇਲਾ ਹੋਵੇ ਹੱਸ ਹੱਸ, ਗੁਰ ਚੇਲਾ ਮਿਲ ਕੇ ਵੱਜੇ ਵਧਾਈਆ । ਘਟ ਭੀਤਰ ਗ੍ਰਿਹ ਮੰਦਰ ਨਿਜ ਦਵਾਰ ਵਸੇ ਪਰਤੱਖ, ਵੱਖਰਾ ਧਾਮ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਣਾ ਧੁਰ ਦਾ ਘਰ, ਘਰ ਸਵਾਮੀ ਪੜਦਾ ਦੇਣਾ ਲਾਹੀਆ । ਸਤਿ ਕਹੇ ਪ੍ਰਭੂ ਆਪਣੇ ਨਾਮ ਦਾ ਸਚ ਦੇ ਸਬੂਤ, ਹੁਕਮ ਧੁਰ ਦਾ ਇਕ ਜਣਾਈਆ । ਭਾਗ ਲਗਾ ਕਾਇਆ ਕਾਅਬੇ ਸਚ ਕਲਬੂਤ, ਕਲਮਾ ਇਕੋ ਇਕ ਦ੍ਰਿੜਾਈਆ । ਮੁਹੱਬਤ ਵਿਚ ਮਿਲ ਆਪ ਮਹਿਬੂਬ, ਮਹਵ ਇਕੋ ਰੰਗ ਰੰਗਾਈਆ । ਲੇਖੇ ਲੱਗੇ ਤਤ ਕਾਇਆ ਪੰਜ ਭੂਤ, ਜਗ ਸੂਤ ਰਹੇ ਨਾ ਰਾਈਆ । ਜਲਵਾ ਨੂਰ ਦਿਸੇ ਚਾਰੇ ਕੂਟ, ਗ੍ਰਿਹ ਭੀਤਰ ਹੋਵੇ ਰੁਸ਼ਨਾਈਆ । ਜਗਤ ਰਹੇ ਨਾ ਜੂਠ ਝੂਠ, ਮਮਤਾ ਮੋਹ ਨਾ ਕੋਇ ਹਲਕਾਈਆ । ਅਰਸ਼ ਫ਼ਰਸ਼ ਇਕੋ ਦਿਸੇ ਅਰੂਜ, ਆਖ਼ਰ ਅਖ਼ੀਰ ਤੂੰਹੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਧੁਰ ਦਾ ਘਰ, ਦਰ ਦਰਵਾਜ਼ਾ ਦੇਣਾ ਖੁਲ੍ਹਾਈਆ । ਸਤਿ ਕਹੇ ਪੁਰਖ ਅਕਾਲ ਦੀਨ ਦਿਆਲ ਘਰ ਮਿਲ ਸਾਚੇ ਸੱਜਣ, ਸਾਜਣ ਤੇਰੀ ਓਟ ਤਕਾਈਆ । ਗੜ੍ਹ ਹੰਕਾਰੀ ਭਾਂਡੇ ਭੱਜਣ, ਨਿਰਅੱਖਰ ਵੱਖਰ ਕਰ ਪੜ੍ਹਾਈਆ । ਪ੍ਰੇਮ ਧੂੜੀ ਦੇ ਅਗੰਮੀ ਮੱਜਨ, ਸਰੋਵਰ ਇਕੋ ਇਕ ਨੁਹਾਈਆ । ਪਤਿਤ ਪੁਨੀਤ ਕਰ ਪਾਕ ਮਾਟੀ ਬਦਨ, ਬਦਲਾ ਪੂਰਬ ਦੇ ਚੁਕਾਈਆ । ਢੋਲ ਸੁਣਾ ਜਗਤ ਅਨਾਦੀ ਨਦਨ, ਅਨਾਹਦ ਆਪਣਾ ਰਾਗ ਅਲਾਈਆ । ਜੋਤੀ ਦੀਪਕ ਜਨ ਭਗਤਾਂ ਅੰਦਰ ਜਗਣ, ਅੰਧ ਅੰਧੇਰ ਦੇ ਮਿਟਾਈਆ । ਨਾਮ ਅਮੋਲਾ ਅਨਮੋਲਾ ਅਨਤੋਲਾ ਲਾ ਸਗਣ, ਸਮੁੰਦ ਸਾਗਰ ਲੇਖਾ ਰਹੇ ਨਾ ਰਾਈਆ । ਤੇਰਾ ਦਰਸ ਹੋਵੇ ਉਪਰ ਗਗਨ, ਕਾਇਆ ਗਾਗਰ ਵੱਜੇ ਵਧਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਧੁਰ ਦਾ ਘਰ, ਗ੍ਰਿਹਿ ਮੰਦਰ ਕਰ ਰੁਸ਼ਨਾਈਆ । ਸਤਿ ਕਹੇ ਮੈਂ ਤੱਕਣਾ ਸਾਖਿਆਤ, ਸਨਮੁਖ ਹੋ ਕੇ ਨਜ਼ਰੀ ਆਈਆ । ਅੰਮ੍ਰਿਤ ਦੇਵੇ ਅਗੰਮੀ ਆਬੇਹਯਾਤ, ਹਯਾਤੀ ਵਿਚੋਂ ਹਯਾਤੀ ਦਏ ਬਦਲਾਈਆ । ਮਹੱਲ ਅਟਲ ਵਖਾਏ ਇਕ ਮਹਿਰਾਬ, ਮਹਿਬੂਬ ਬੈਠਾ ਸੋਭਾ ਪਾਈਆ । ਡੰਡੌਤ ਬੰਦਨਾ ਸਜਦਾ ਦਿਸੇ ਇਕ ਆਦਾਬ, ਬਿਨ ਕ਼ਦਮਾਂ ਸੀਸ ਨਿਵਾਈਆ । ਆਤਮ ਪਰਮਾਤਮ ਖੋਲ੍ਹ ਕੇ ਰਾਜ਼, ਰਾਜ਼ਕ ਰਿਜ਼ਕ ਰਹੀਮ ਦਏ ਵਡਿਆਈਆ । ਦਿਵਸ ਰੈਣ ਅੱਠੇ ਪਹਿਰ ਘੜੀ ਪਲ ਵੱਜਦੀ ਰਹੇ ਆਵਾਜ਼, ਧੁਨ ਆਤਮਕ ਬੰਦ ਨਾ ਕੋਇ ਕਰਾਈਆ । ਜਨ ਭਗਤਾਂ ਤੇਰੇ ਮਿਲਣ ਦੀ ਖ਼ਾਹਿਸ਼, ਗਹਿਰ ਗੰਭੀਰ ਮਿਲਣਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਣਾ ਇਕ ਖ਼ਤਾਬ, ਖ਼ਤਾ ਪਿਛਲੀ ਮੁਆਫ਼ ਕਰਾਈਆ । ਸਤਿ ਕਹੇ ਜਨ ਭਗਤ ਉਠਾ ਸੁੱਤੇ, ਆਲਸ ਲਿੰਦਰਾ ਰਹਿਣ ਕੋਇ ਨਾ ਪਾਈਆ । ਤੂੰ ਮਿਹਰਵਾਨ ਅਬਿਨਾਸ਼ੀ ਅਚੁਤੇ, ਚਾਤ੍ਰਿਕਾਂ ਬੂੰਦ ਸਵਾਂਤੀ ਦੇ ਚੁਆਈਆ । ਤੇਰੀ ਮੌਲੇ ਸੁਹੰਜਣੀ ਰੁੱਤੇ, ਆਪਣਾ ਰੰਗ ਬਦਲਾਈਆ । ਤੇਰੀ ਧਾਰ ਨਿਰੰਕਾਰ ਨਿਰਵੈਰ ਹੋ ਕੇ ਉਠੇ, ਬ੍ਰਹਿਮੰਡ ਖੰਡ ਫਿਰੇ ਚਾਈਂ ਚਾਈਂਆ । ਦੀਨਾਂ ਅਨਾਥਾਂ ਭਗਤਾਂ ਸੰਤਾਂ ਫ਼ਕੀਰਾਂ ਫ਼ਿਕਰਿਆਂ ਵਿਚ ਪੁੱਛੇ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਵਖਾਉਂਣਾ ਧੁਰ ਦਾ ਦਰ, ਦਰਵਾਜ਼ਾ ਅੰਦਰੋਂ ਦੇਣਾ ਖੁਲ੍ਹਾਈਆ । ਸਤਿ ਕਹੇ ਪ੍ਰਭੂ ਤੇਰਾ ਸ਼ਬਦ ਅਗੰਮੀ ਬੋਲ, ਅਨਬੋਲਤ ਵੱਜੇ ਵਧਾਈਆ । ਨਾਦ ਅਨਾਦੀ ਢੋਲ, ਬ੍ਰਹਿਮੰਡਾਂ ਖੰਡਾਂ ਰਿਹਾ ਉਠਾਈਆ । ਭਗਤਾਂ ਅੰਦਰ ਜਾਵੇਂ ਮੌਲ, ਮੌਲਾ ਹੋ ਕੇ ਨਜ਼ਰੀ ਆਈਆ । ਅੰਤਰ ਪੜਦਾ ਦੇਵੀਂ ਖੋਲ੍ਹ, ਖ਼ਾਲਕ ਖ਼ਲਕ ਤੇਰੀ ਬੇਪਰਵਾਹੀਆ । ਸਦੀ ਚੌਧਵੀਂ ਪਰਗਟ ਹੋ ਕੇ ਉਪਰ ਧੌਲ, ਧਵਲਾ ਲੇਖ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਕੌਲ, ਕਵਲ ਨੈਣ ਬਿਨ ਨੈਣਾਂ ਵੇਖ ਵਖਾਈਆ ।



### ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਗੁਰਦੀਪ ਸਿੰਘ ਦੇ ਗ੍ਰਿਹਿ ਗੋਲੇ ਵਾਲਾ ਜ਼ਿਲਾ ਫ਼ਿਰੋਜ਼ਪੁਰ

ਸਤਿਗੁਰ ਸ਼ਬਦ ਪਿਆਰਾ ਮੀਤਾ, ਸੱਜਣ ਧੁਰ ਦਾ ਇਕ ਅਖਵਾਇੰਦਾ । ਗੁਰਮੁਖ ਕਾਇਆ ਕਰੇ ਠਾਂਡਾ ਸੀਤਾ, ਕੂੜੀ ਕਿਰਿਆ ਅਗਨੀ ਤਤ ਬੁਝਾਇੰਦਾ । ਮਨ ਵਾਸਨਾ ਡੂੰਘੀ ਭਵਰੀ ਲੱਖ ਚੁਰਾਸੀ ਜਾਣੇ ਰੀਤਾ, ਮਾਟੀ ਹਾਟੀ ਫੋਲ ਫੁਲਾਇੰਦਾ । ਧੁਰ ਦਾ ਨਾਮ ਅੰਮਿਉਂ ਰਸ ਦੇਵੇ ਅੰਮ੍ਰਿਤ ਜਾਮ ਮੀਠਾ, ਕੂੜ ਕੁੜਿਆਰਾ ਕਰੋਧ ਹੰਕਾਰ ਰਹਿਣ ਨਾ ਪਾਇੰਦਾ । ਧਾਮ ਅਵੱਲੜਾ ਸਚਖੰਡ ਵਖਾਏ ਅਨਡੀਠਾ, ਨਿਜ ਨੇਤਰ ਲੋਚਨ ਅੱਖ ਖੁਲ੍ਹਾਇੰਦਾ । ਸਾਚਾ ਮੰਦਰ ਘਰ ਵਿਚ ਘਰ ਵਖਾਏ ਅਗੰਮੀ ਮਸੀਤਾ, ਹੁਜਰਾ ਹੱਕ ਹੱਕ ਸਾਲਾਹਿੰਦਾ । ਜਿਥੇ ਇਕੋ ਕਲਮਾ ਨਾਮ ਸਿਫ਼ਤ ਸਾਲਾਹੀ ਹਦੀਸਾ, ਪੁਰਖ ਅਕਾਲਾ ਦੀਨ ਦਿਆਲਾ ਇਕੋ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਆਪਣਾ ਖੇਲ ਖਿਲਾਇੰਦਾ । ਸਤਿਗੁਰ ਸ਼ਬਦ ਸਦ ਗਹਿਰ ਗੰਭੀਰ, ਡੂੰਘਾ ਸਾਗਰ ਭਵਰ ਆਪਣਾ ਨਾਮ ਵਖਾਇੰਦਾ । ਨਿਤ ਨਵਿਤ ਜੁਗ ਚੌਕੜੀ ਬਦਲਦਾ ਰਹੇ ਤਦਬੀਰ, ਤਕ਼ਦੀਰ ਸ਼ਾਹ ਸੁਲਤਾਨ ਹਕੀਰ ਆਪਣੇ ਹੱਥ ਰਖਾਇੰਦਾ । ਵੇਖਦਾ ਰਹੇ

ਸ਼ਾਹ ਫ਼ਕੀਰ, ਅਮੀਰ ਗ਼ਰੀਬ ਦੀਨ ਦੁਨੀ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਇੰਦਾ । ਸ਼ਬਦ ਗੁਰੂ ਕਹੇ ਮੇਰਾ ਹੁਕਮ ਬਲਵਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਝੁਕਦੇ ਰਹੇ ਦੋ ਜਹਾਨ, ਬ੍ਰਹਿਮੰਡ ਖੰਡ ਸੀਸ ਨਾ ਕੋਇ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਗਦੇ ਰਹੇ ਦਾਨ, ਝੋਲੀਆਂ ਖ਼ਾਲੀ ਅਗੇ ਡਾਹੀਆ । ਗੁਰ ਅਵਤਾਰ ਪੈਗ਼ੰਬਰ ਕਰਦੇ ਰਹੇ ਪਰਵਾਨ, ਧੁਰ ਦੀ ਧਾਰ ਵਿਚ ਬੰਧਾਈਆ । ਰਸਨਾ ਜਿਹਵਾ ਬੱਤੀ ਦੰਦ ਨਿਰਗੁਣ ਸਰਗੁਣ ਕਰਦੇ ਰਹੇ ਕਲਿਆਣ, ਕਲਮਾ ਨਗ਼ਮਾ ਨਾਮ ਢੋਲਾ ਗੀਤ ਸੰਗੀਤ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸ਼ਬਦ ਗੁਰੂ ਕਹੇ ਮੇਰਾ ਹੁਕਮ ਏਕਾ, ਏਕੰਕਾਰ ਦਿਤੀ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਰਖਣਾ ਟੇਕਾ, ਦੂਜੀ ਓਟ ਨਾ ਕੋਇ ਤਕਾਈਆ । ਪ੍ਰੇਮ ਪਿਆਰ ਮੁਹੱਬਤ ਅੰਦਰ ਕਰਾਂ ਬੁਧ ਬਿਬੇਕਾ, ਕੂੜੀ ਕਿਰਿਆ ਬਾਹਰ ਕਢਾਈਆ । ਸਚ ਦਵਾਰਾ ਵਖਾਵਾਂ ਧੁਰ ਦਾ ਦੇਸਾ, ਜਿਥੇ ਵਸੇ ਪਾਤਸ਼ਾਹ ਬੇਪਰਵਾਹੀਆ । ਓਥੇ ਜਨ ਭਗਤਾਂ ਜਨਮ ਜਨਮ ਦਾ ਮੁਕੇ ਲੇਖਾ, ਕਰਮ ਕਰਮ ਦਾ ਰੋਗ ਰਹੇ ਨਾ ਰਾਈਆ । ਤ੍ਰੈਗੁਣ ਮਾਇਆ ਲਾਏ ਕੋਈ ਨਾ ਸੇਕਾ, ਤਤਵ ਤਤ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਹਿ ਮੰਦਰ ਅੰਦਰ ਕਾਇਆ ਮਾਟੀ ਪੜਦਾ ਓਹਲਾ ਦਏ ਚੁਕਾਈਆ । ਸਤਿਗੁਰ ਸ਼ਬਦ ਕਹੇ ਮੈਂ ਸੂਰਬੀਰ ਸੁਲਤਾਨ, ਦੋ ਜਹਾਨਾਂ ਵਾਲੀ ਨਜ਼ਰੀ ਆਈਆ । ਮੈਂ ਵੇਖੇ ਰਾਮ ਕਾਹਨ, ਸਤਿਜੁਗ ਤਰੇਤਾ ਦੁਆਪਰ ਕਲਜੁਗ ਫੇਰਾ ਪਾਈਆ । ਕਲਜੁਗ ਖੇਲ ਕੀਤਾ ਮਹਾਨ, ਵਰਨ ਬਰਨ ਜਗਤ ਰੀਤੀ ਵਿਚ ਫਸਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੇ ਕੇ ਦਾਨ, ਦਾਤਾ ਹੋ ਕੇ ਆਪਣੀ ਦਇਆ ਕਮਾਈਆ । ਭਵਿਖਤਾਂ ਵਿਚ ਕਰ ਕੇ ਗਏ ਕਲਿਆਣ, ਕਾਅਬਿਆਂ ਵਿਚ ਕੂਕ ਕੂਕ ਸੁਣਾਈਆ । ਹਰ ਘਟ ਵਿਚ ਵੱਸੇ ਸ੍ਰੀ ਭਗਵਾਨ, ਲਾਸ਼ਰੀਕ ਜਲਵਾ ਨੂਰ ਖ਼ੁਦਾਈਆ । ਸੋ ਵੇਲਾ ਵਕਤ ਪਹੁੰਚਿਆ ਆਣ, ਸਚ ਦਵਾਰੇ ਵੱਜੀ ਇਕ ਵਧਾਈਆ । ਗੁਰਮੁਖ ਸੰਤ ਸੁਹੇਲੇ ਹਰਿਜਨ ਵੇਖੇ ਆਣ, ਆਨਨ ਫ਼ਾਨਨ ਪੂਰਬ ਲੇਖਾ ਦਏ ਮੁਕਾਈਆ । ਨਾਮ ਭੰਡਾਰਾ ਵਸਤ ਅਮੋਲਕ ਧੁਰ ਦੀ ਦਾਤ ਦੇਵੇ ਦਾਨ, ਅਨਮੰਗੀ ਦੌਲਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਥੇ ਓਥੇ ਦੋ ਜਹਾਨਾਂ ਸਦਾ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ ।



✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਰਾਜ ਸਿੰਘ ਅਜੈਬ ਸਿੰਘ ਇਕਬਾਲ ਸਿੰਘ ਦੇ ਗ੍ਰਹਿ ਡੋਗਰ ਬਸਤੀ ਫ਼ਰੀਦਕੋਟ ✪

ਸਤਿ ਕਹੇ ਪ੍ਰਭ ਸ਼ਬਦ ਅਗੰਮੀ ਵਜਾ ਡੰਕਾ, ਦੋ ਜਹਾਨ ਬ੍ਰਹਿਮੰਡ ਖੰਡ ਵੱਜੇ ਸ਼ਨਵਾਈਆ । ਸਵਾਧਾਨ ਕਰਾ ਰਾਓ ਰੰਕਾ, ਲੱਖ ਚੁਰਾਸੀ ਚਾਰੇ ਖਾਣੀ ਪੜਦਾ ਦੇ ਉਠਾਈਆ । ਸਚ ਦਵਾਰ ਵਖਾ ਇਕੋ ਬੰਕਾ, ਗ੍ਰਹਿ ਮੰਦਰ ਧੁਰ ਦਰਬਾਰ ਇਕੋ ਨਜ਼ਰੀ ਆਈਆ । ਮਨ ਵਾਸਨਾ ਕੂੜੀ ਕਿਰਿਆ ਹਉਮੇਂ ਹੰਗਤਾ ਮੇਟ ਸ਼ੰਕਾ, ਆਤਮ ਬ੍ਰਹਮ ਸਰਬ ਦੇ ਸਮਝਾਈਆ । ਨਾਮ ਨਿਧਾਨ ਜੋਤੀ ਨੂਰ ਦੇ ਆਪਣਾ ਕਣਕਾ, ਕਿਣਕਾ ਅੰਦਰ ਦੇ ਪਰਗਟਾਈਆ । ਭਾਗ ਮਥੋਰ ਹੋਵੇ ਗੁਰਮੁਖ ਸੱਜਣ ਜਨ ਕਾ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਫੇਰ ਦੇ ਅੰਤਰ ਮਨ ਕਾ ਮਣਕਾ,

ਜੋਗ ਅਭਿਆਸ ਦੀ ਲੋੜ ਰਹੇ ਨਾ ਰਾਈਆ । ਝਗੜਾ ਮੁਕਾ ਦੇ ਹਰਖ ਸੋਗ ਚਿੰਤਾ ਗ਼ਮ ਕਾ, ਗਹਿਰ ਗੰਭੀਰ ਬੇਨਜ਼ੀਰ ਆਪਣੀ ਦਇਆ ਕਮਾਈਆ । ਮੰਦਰ ਸੁਹਾ ਦੇ ਕਾਇਆ ਮਾਟੀ ਸਾਢੇ ਤਿੰਨ ਹੱਥ ਚੰਮ ਕਾ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਭੈ ਭੌ ਚੁਕਾ ਦੇ ਰਾਏ ਧਰਮ ਜਨ ਕਾ, ਜ਼ਾਮਨ ਹੋ ਕੇ ਅਗੇ ਲੈ ਛੁਡਾਈਆ । ਜਗਤ ਖੇਲ ਤੇਰੇ ਪਵਣ ਸਵਾਸ ਦਮ ਕਾ, ਦਾਮਨਗੀਰ ਹੋ ਕੇ ਆਪਣਾ ਮੇਲ ਲੈ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਦੇਣਾ ਪਰਗਟਾਈਆ । ਸਤਿ ਕਹੇ ਮੇਰੇ ਸਾਹਿਬ ਪੁਰਖ ਸਮਰਥ, ਪੁਰਖ ਅਕਾਲ ਦੀਨ ਦਿਆਲ ਤੇਰੀ ਓਟ ਤਕਾਈਆ । ਆਦਿ ਜੁਗਾਦਿ ਜੁਗ ਚੌਕੜੀ ਚਲਾਵਣਹਾਰਾ ਰਥ, ਪੁਰੀ ਲੋਅ ਬ੍ਰਹਿਮੰਡ ਖੰਡ ਆਕਾਸ਼ (ਪਾਤਾਲ) ਹੁਕਮੇਂ ਅੰਦਰ ਭਵਾਈਆ । ਜਨ ਭਗਤਾਂ ਸ਼ਬਦ ਅਗੰਮੀ ਦੇ ਵੱਥ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਗਿਆਨ ਨੇਤਰ ਨਿਜ ਲੋਚਨ ਖੋਲ ਅੱਖ ਪਰਤੱਖ, ਸਾਖਿਆਤ ਆਪਣਾ ਦਰਸ ਵਖਾਈਆ । ਕਿਉਂ ਵਿਛੋੜੇ ਵਿਚ ਬੈਠਾ ਵੱਖ, ਪੜਦੇ ਵਿਚੋਂ ਪੜਦਾ ਦੇ ਚੁਕਾਈਆ । ਤੇਰਾ ਦੇਣ ਦਾ ਆਦਿ ਜੁਗਾਦੀ ਹੱਕ, ਹਕੀਕਤ ਆਪਣੀ ਦੇ ਸਮਝਾਈਆ । ਤੂੰ ਪੁਰਖ ਅਕਾਲਾ ਸਾਹਿਬ ਸਵਾਮੀ ਸਚ, ਸਤਿ ਤੇਰਾ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਰਸਤਾ ਦੇ ਬਣਾਈਆ । ਸਤਿ ਕਹੇ ਪਰਮ ਪੁਰਖ ਨਿਰੰਕਾਰ, ਨਿਰਵੈਰ ਤੇਰੀ ਆਸ ਰਖਾਈਆ । ਮੈਂ ਮੰਗਦਾ ਰਿਹਾ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਝੋਲੀ ਡਾਹੀਆ । ਦਰ ਦਰਵੇਸ਼ ਨਰ ਨਰੇਸ਼ ਬਣਿਆ ਰਿਹਾ ਭਿਖਾਰ, ਦਰ ਠਾਂਡੇ ਅਲਖ ਜਗਾਈਆ । ਕ਼ੁਦਰਤ ਦੇ ਕ਼ਾਦਰ ਜਲਵਾਗਰ ਖ਼ੁਦਾਈ ਯਾਰ, ਬੇਪਰਵਾਹ ਤੇਰੀ ਆਸ ਰਖਾਈਆ । ਜਨ ਭਗਤਾਂ ਇਕੋ ਬਖ਼ਸ਼ ਸਚ ਪਿਆਰ, ਆਤਮ ਪਰਮਾਤਮ ਮੇਲਾ ਮਿਲੇ ਸਹਿਜ ਸੁਭਾਈਆ । ਚਾਰ ਕੁੰਟ ਦਹਿ ਦਿਸ਼ਾ ਮਨ ਵਾਸਨਾ ਹੋਏ ਨਾ ਕੋਇ ਖ਼ੁਆਰ, ਕੂੜੀ ਕਿਰਿਆ ਬਾਹਰ ਦੇਣੀ ਕਢਾਈਆ । ਤੂੰ ਸਾਜਣ ਮੀਤਾ ਧੁਰ ਦਰਬਾਰ, ਮਹਿੰਮਾ ਅਕਥ ਅਕਥ ਸਿਫ਼ਤਾਂ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਰੰਗ ਆਪਣਾ ਦੇਣਾ ਰੰਗਾਈਆ । ਸਤਿ ਕਹੇ ਮੈਂ ਸਦਕੇ ਵਾਰੀ ਜਾਵਾਂ ਤੈਥੋਂ ਘੋਲੀ, ਨਿਉਂ ਨਿਉਂ ਲਾਗਾਂ ਪਾਈਆ । ਪੁਰਖ ਅਕਾਲ ਦੀਨ ਦਿਆਲ ਚਾਰ ਵਰਨ ਅਠਾਰਾਂ ਬਰਨ ਆਪਣੀ ਦੱਸ ਅਗੰਮੀ ਬੋਲੀ, ਅਨਬੋਲਤ ਆਪਣਾ ਰਾਗ ਜਣਾਈਆ । ਸਚ ਦਵਾਰਾ ਜਾਣਾ ਖੋਲ੍ਹੀ, ਖ਼ਾਲਕ ਖ਼ਲਕ ਮਖ਼ਲੂਕ ਮਾਲਕ ਹੋ ਕੇ ਦੇਣਾ ਜਣਾਈਆ । ਸਤਿਗੁਰ ਸ਼ਬਦ ਤੇਰਾ ਅਗੰਮੀ ਨਾਦ ਬਣੇ ਦੋ ਜਹਾਨਾਂ ਢੋਲੀ, ਢੋਲਾ ਸੋਹਲਾ ਬਣ ਵਿਚੋਲਾ ਇਕੋ ਇਕ ਜਣਾਈਆ । ਤੇਰੀ ਆਤਮਾ ਪਰਮਾਤਮਾ ਸਦਾ ਬਣੀ ਰਹੇ ਗੋਲੀ, ਰੀਤੀ ਨੀਤੀ ਅੰਦਰ ਸਾਚੀ ਸੇਵ ਕਮਾਈਆ । ਮਨੂਆ ਮਨ ਜਗਤ ਵਾਸਨਾ ਪਾਏ ਨਾ ਰੌਲੀ, ਰਹਿਬਰ ਹੋ ਕੇ ਦੇ ਵਡਿਆਈਆ । ਮਤ ਮਤਵਾਲੀ ਰਹੇ ਮੂਲ ਨਾ ਬੌਰੀ, ਬਵਰੀ ਬਾਬਲ ਦੇ ਸਮਝਾਈਆ । ਤੇਰੀ ਖੇਲ ਆਦਿ ਜੁਗਾਦਿ ਜੁਗ ਚੌਕੜੀ ਸਦਾ ਬੇਖ਼ਬਰੀ, ਬਿਨ ਭਗਤਾਂ ਸਮਝ ਕਿਸੇ ਨਾ ਆਈਆ । ਕਲਜੁਗ ਦੀਨ ਦੁਨੀ ਸ੍ਰਿਸ਼ਟੀ ਦ੍ਰਿਸ਼ਟੀ ਹੋਈ ਬੇਸਬਰੀ, ਨਾਮ ਪਿਆਲਾ ਸ਼ਬਦੀ ਜਾਮ ਰਸ ਦੇਣਾ ਪਿਆਈਆ । ਸਾਚੀ ਧੁਨ ਗਾਏ ਕੋਇ ਨਾ ਮਧੁਰੀ, ਰਸਨਾ ਜਿਹਵਾ ਢੋਲੇ ਗਾ ਕੇ ਮਨ ਰਹੇ ਬਹਿਲਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਦੋ ਜਹਾਨਾਂ ਅਦਲੀ, ਅਦਾਲਤ ਵਕਾਲਤ ਇਕੋ ਦੇ ਸਮਝਾਈਆ । ਕਲਜੁਗ ਕੂੜੀ ਕਿਰਿਆ ਧਰਤ ਧਵਲ ਉਤੋਂ ਕਰ ਬਦਲੀ, ਬਾਦਲ ਅੰਧੇਰਾ ਅੰਧ ਰਹਿਣ ਕੋਇ ਨਾ ਪਾਈਆ । ਕਾਇਨਾਤ ਜਗਤ ਵਿਕਾਰ ਵਿਚ ਰਹੇ ਨਾ ਕੋਇ ਪਗ਼ਲੀ, ਸਗਲੀ ਚਿੰਤਾ ਦੇਣੀ ਮਿਟਾਈਆ ।

ਤੈਨੂੰ ਲੱਭਣ ਕੋਇ ਨਾ ਜਾਏ ਜੰਗਲੀਂ, ਗੁਰਮੁਖਾਂ ਦੇ ਅੰਦਰ ਡੇਰਾ ਦੇਣਾ ਵਖਾਈਆ । ਜਿਥੇ ਇਸ਼ਾਰਾ ਕਰੇ ਕੋਇ ਨਾ ਉਂਗਲੀ, ਹੱਥਾਂ ਦੀ ਲੋੜ ਰਹੇ ਨਾ ਰਾਈਆ । ਬਿਨ ਤੇਰੀ ਕਿਰਪਾ ਮੰਜ਼ਲ ਕਿਸੇ ਦੀ ਕਦੇ ਨਾ ਮੁਕ ਗਈ, ਮੁਕੰਮਲ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਆ ਕੇ ਪੁਛ ਲਈਂ, ਪਛੋਤਾਓ ਰਹੇ ਨਾ ਰਾਈਆ । ਸਤਿ ਕਹੇ ਪ੍ਰਭ ਪਰਗਟ ਕਰਦੇ ਸਤਿ ਸਤਿ ਸਤਿਵਾਦ, ਸਤਿ ਧਰਮ ਇਕੋ ਨਜ਼ਰੀ ਆਈਆ । ਘਟ ਘਟ ਅੰਤਰ ਤੇਰੀ ਹੋਵੇ ਯਾਦ, ਬਿਨ ਰਸਨਾ ਜਿਹਵਾ ਢੋਲੇ ਆਤਮ ਬ੍ਰਹਮ ਪੜ੍ਹਾਈਆ । ਅਨਰਸ ਦੇ ਆਪਣਾ ਅਗੰਮੀ ਸਵਾਦ, ਜਿਸ ਦੀ ਸਮਝ ਕੋਇ ਨਾ ਪਾਈਆ । ਨਾਮ ਨਿਧਾਨਾ ਦੱਸ ਬੋਧ ਅਗਾਧ, ਅੱਖਰਾਂ ਦੀ ਲੋੜ ਰਹੇ ਨਾ ਰਾਈਆ । ਨਿਜ ਗ੍ਰਹਿ ਪੜਦਿਆਂ ਦੇ ਅੰਤਰ ਖੋਲ੍ਹ ਰਾਜ਼, ਨਿਮਾਜ਼ ਵੰਡ ਨਾ ਕੋਇ ਵੰਡਾਈਆ । ਮਿਹਰਵਾਨ ਮੁਹੱਬਤ ਵਿਚ ਮਹਿਬੂਬ ਕਰ ਇਸ਼ਾਇਤ, ਆਸ਼ਰਮ ਇਕੋ ਦੇ ਸਮਝਾਈਆ । ਜਿਥੇ ਤੇਰਾ ਧਾਮ ਅਵੱਲਾ ਤੇ ਨਿਰਗੁਣ ਰੂਪ ਰਿਹਾਇਸ਼, ਆਸਣ ਸਿੰਘਾਸਣ ਸੋਭਾ ਪਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਕਰ ਨਾ ਸਕੇ ਪੈਮਾਇਸ਼, ਅੰਤ ਕਹਿ ਕੋਇ ਨਾ ਗਾਈਆ । ਜੁਗ ਚੌਕੜੀ ਆਈ ਨਾ ਵਿਚ ਕਿਸੇ ਅਜ਼ਮਾਇਸ਼, ਇਲਮ ਆਲਮ ਦਏ ਦੁਹਾਈਆ । ਤੇਰਾ ਖੇਲ ਅਨੋਖਾ ਨਹਾਇਤ, ਕਲਜੁਗ ਅੰਤ ਜ਼ਰੂਰੀ ਨਜ਼ਰੀ ਆਈਆ । ਚਾਰ ਵਰਨ ਅਠਾਰਾਂ ਬਰਨ ਬਣਾ ਇਕ ਜਮਾਇਤ, ਤੁਲਬਿਆਂ ਇਕੋ ਕਰ ਪੜ੍ਹਾਈਆ । ਭਗਤਾਂ ਨਾਲ ਮਿਹਰ ਨਜ਼ਰ ਕਰੀਂ ਰਿਆਇਤ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਹਿ ਇਕੋ ਦੇਣਾ ਵਖਾਈਆ । ਸਤਿ ਕਹੇ ਪ੍ਰਭੂ ਸਤਿ ਸਚ ਕਰ ਪਰਗਟ, ਪਰਗਟ ਹੋ ਕੇ ਆਪਣਾ ਹੁਕਮ ਵਰਤਾਈਆ । ਤੂੰ ਵਸਣ ਵਾਲਾ ਹਰ ਘਟ, ਘਟ ਘਟ ਰਿਹਾ ਸਮਾਈਆ । ਤੇਰੇ ਹੁਕਮੇਂ ਅੰਦਰ ਗੁਰ ਅਵਤਾਰ ਪੈਗ਼ੰਬਰ ਰਹੇ ਨਠ, ਜੁਗ ਚੌਕੜੀ ਭੱਜਣ ਵਾਹੋ ਦਾਹੀਆ । ਸੇਵਾ ਕਰਲ ਅੱਠ ਸੱਠ, ਜਲਧਾਰਾ ਨਿਉਂ ਨਿਉਂ ਲਾਗੇ ਪਾਈਆ । ਅਗਨੀ ਬਲੇ ਲਟ ਲਟ, ਨੂਰ ਨੂਰ ਰੁਸ਼ਨਾਈਆ । ਧੁਨ ਸ਼ਨਵਾਈ ਕਥ ਅਕੱਥ, ਕਾਤਬ ਲਿਖ ਲਿਖ ਦੇਣ ਗਵਾਹੀਆ । ਤੇਰਾ ਨਾਮ ਨਿਧਾਨਾ ਇਕੋ ਸਚ, ਸਤਿ ਦਏ ਸਮਝਾਈਆ । ਭਾਗ ਲਗਾ ਦੇ ਕਾਇਆ ਮਾਟੀ ਕੱਚ, ਗੁਰਮੁਖ ਕੰਚਨ ਗੜ੍ਹ ਦਏ ਸੁਹਾਈਆ । ਲੂੰ ਲੂੰ ਅੰਦਰ ਜਾਣਾ ਰਚ, ਰਚਨਾ ਆਪਣੀ ਦੇਣੀ ਵਖਾਈਆ । ਮਨੂਆ ਮਨ ਨਾ ਜਾਵੇ ਨੱਚ, ਨਾਟਕ ਚੇਟਕ ਦੋਵੇਂ ਦੇਣੇ ਗਵਾਈਆ । ਸਾਚੀ ਜੋਤ ਜਗੇ ਲੱਟ ਲੱਟ, ਲਾਟਾਂ ਵਾਲੀ ਨਿਉਂ ਨਿਉਂ ਲਾਗੇ ਪਾਈਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਮੇਟਦੇ ਫੱਟ, ਪੱਟੀ ਆਪਣਾ ਨਾਮ ਬੰਧਾਈਆ । ਨਾੜ ਬਹੱਤਰ ਕੂੜੀ ਕਿਰਿਆ ਉਬਲੇ ਕੋਈ ਨਾ ਰਤ, ਰਤੀ ਰਤ ਆਪਣਾ ਰੰਗ ਦੇ ਰੰਗਾਈਆ । ਸਤਿ ਸੰਤੋਖ ਧੀਰਜ ਨਾਮ ਦੇ ਜੱਤ, ਯਥਾਰਥ ਆਪਣੀ ਦਇਆ ਕਮਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਸੂਫ਼ੀ ਸੰਤ ਫ਼ਕੀਰ ਕਰ ਆਪਣੇ ਵੱਸ, ਵਾਸਤਾ ਆਪਣੇ ਨਾਲ ਜੁੜਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਖ਼ੁਸ਼ੀਆਂ ਵਿਚ ਹੱਸ, ਆਕਾਸ਼ ਪਰਕਾਸ਼ ਤੇਰੀ ਵਜਦੀ ਰਹੇ ਵਧਾਈਆ । ਭਗਤ ਉਧਾਰਨੇ ਤੇਰਾ ਧੁਰ ਦਾ ਹੱਕ, ਦਰ ਠਾਂਡੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਾਉਂ ਰਖਣਾ ਅਲਖੱਣਾ ਅਲਖ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਤੇਰੀ ਓਟ ਤਕਾਈਆ ।


੩੪੮
੧੯

## ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਤੇਜਾ ਸਿੰਘ ਦੇ ਗ੍ਰਿਹ ਪਿੰਡ ਸਾਦਕ ਜ਼ਿਲਾ ਫ਼ਿਰੋਜ਼ਪੁਰ

ਜਨ ਭਗਤ ਕਹੇ ਪ੍ਰਭ ਸੁਣਾ ਅਗੰਮੀ ਰਾਗ, ਰਸਨਾ ਜਿਹਵਾ ਬੱਤੀ ਦੰਦ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਸੋਈ ਸੁਰਤੀ ਜਾਏ ਜਾਗ, ਆਲਸ ਨਿੰਦਰਾ ਮੋਹ ਵਿਕਾਰਾ ਮਮਤਾ ਰਹੇ ਨਾ ਰਾਈਆ । ਮਨ ਵਾਸਨਾ ਕੂੜ ਰਹੇ ਨਾ ਕਾਗ, ਹੰਸ ਆਪਣਾ ਰੂਪ ਦੇ ਸਮਝਾਈਆ । ਦੁਰਮਤ ਮੈਲ ਧੋ ਦਾਗ਼, ਪਤਿਤ ਪੁਨੀਤ ਦੇ ਬਣਾਈਆ । ਗ੍ਰਿਹ ਮੰਦਰ ਨਿਰਮਲ ਜੋਤ ਹੋਏ ਪਰਕਾਸ਼, ਅਬਿਨਾਸ਼ੀ ਕਰਤੇ ਆਪਣੀ ਦਇਆ ਕਮਾਈਆ । ਪਾਰਬ੍ਰਹਮ ਬ੍ਰਹਮ ਵਸੀਂ ਸਦਾ ਸਾਥ, ਸਗਲਾ ਸੰਗ ਬਣਾਈਆ । ਨਿਰਗੁਣ ਤੇਰੀ ਸਰਗੁਣ ਧਾਰ ਅੰਦਰ ਵੇਖੀਏ ਰਾਸ, ਗੋਪੀ ਕਾਹਨ ਦੀ ਲੋੜ ਰਹੇ ਨਾ ਰਾਈਆ । ਬਿਨ ਅੱਖਾਂ ਨਜ਼ਰੀ ਆਵੇਂ ਸਾਖਿਆਤ, ਨੇਤਰ ਗਿਆਨ ਕਰ ਰੁਸ਼ਨਾਈਆ । ਚਰਨ ਚਰਨੋਦਕ ਅੰਮ੍ਰਿਤ ਰਸ ਦੇ ਆਬੇਹਯਾਤ, ਹਯਾਤੀ ਵਿਚੋਂ ਹਯਾਤੀ ਦੇ ਬਦਲਾਈਆ । ਤਨ ਵਜੂਦ ਵਜਾ ਅਗੰਮੀ ਰਬਾਬ, ਅਹਿਬਾਬ ਹੋ ਕੇ ਢੋਲਾ ਦੇ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਇਕੋ ਤੇਰੀ ਮੰਗੀ ਇਮਦਾਦ, ਨਾਤੇ ਸਾਰੇ ਦਿਤੇ ਤੁੜਾਈਆ । ਘਟ ਭੀਤਰ ਖੋਲ੍ਹ ਰਾਜ਼, ਪੜਦਾ ਉਹਲਾ ਰਹੇ ਨਾ ਰਾਈਆ । ਝਗੜਾ ਮਿਟ ਜਾਏ ਜਗਤ ਨਿਮਾਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਵਾਰਾ ਦੇ ਖੁਲ੍ਹਾਈਆ । ਜਨ ਭਗਤ ਕਹੇ ਪ੍ਰਭੂ ਆਪਣਾ ਪੂਰਾ ਕਰ ਫ਼ਰਜ਼, ਫ਼ੈਸਲਾ ਹੱਕ ਦੇ ਸੁਣਾਈਆ । ਗ਼ਰੀਬ ਨਿਮਾਣਿਆਂ ਕੋੜਿਆਂ ਕਮਲਿਆਂ ਦੀ ਸੁਣ ਅਰਜ਼, ਖ਼ਾਹਿਸ਼ ਤੇਰੇ ਅਗੇ ਟਿਕਾਈਆ । ਜੋਧਾ ਸੂਰਬੀਰ ਮਰਦਾਨਾ ਬਣ ਮਰਦ, ਮਿਹਰ ਨਜ਼ਰ ਇਕ ਟਿਕਾਈਆ । ਪੂਰਬ ਜਨਮ ਦਾ ਕਰਨੀ ਦੇ ਕਰਤੇ ਲਾਹ ਕ਼ਰਜ਼, ਲੇਖਾ ਧੁਰ ਦਾ ਫੋਲ ਫੁਲਾਈਆ । ਪ੍ਰੇਮ ਪਿਆਰ ਪ੍ਰੀਤੀ ਅੰਦਰ ਭਗਵਨ ਹੋ ਕੇ ਵੰਡ ਦਰਦ, ਦੁੱਖੀ ਮਜ਼ਲੂਮ ਰਹੇ ਕੁਰਲਾਈਆ । ਸ਼ਰਅ ਛੁਰੀ ਚਲੇ ਕੋਈ ਨਾ ਕਰਦ, ਕਾਇਨਾਤ ਕਾਤਲ ਰਹਿਣ ਕੋਇ ਨਾ ਪਾਈਆ । ਨਾਮ ਨਿਧਾਨ ਸ੍ਰੀ ਭਗਵਾਨ ਬਿਨ ਅੱਖਰਾਂ ਕਰ ਪੜ੍ਹਤ, ਕ਼ਲਮ ਸ਼ਾਹੀ ਕਾਗ਼ਜ਼ ਲਹਿਣਾ ਦੇ ਮੁਕਾਈਆ । ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਹੋ ਕੇ ਵੇਖ ਉਪਰ ਧਰਤ, ਧੌਲ ਧਵਲ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਚੁਕਾ ਫ਼ਰਸ਼ ਅਰਸ਼ਾਂ ਦੇ ਮਾਲਕ ਆਪਣਾ ਫੇਰਾ ਪਾਈਆ । ਜਨ ਭਗਤ ਕਹੇ ਪਰਮ ਪੁਰਖ ਪਰਮਾਤਮ ਆਤਮ ਦੇ ਵਸ ਨੇੜੇ, ਦੂਰ ਨੇੜਾ ਰਹਿਣ ਕੋਇ ਨਾ ਪਾਈਆ । ਦੀਨ ਦੁਨੀ ਚੁਕਾ ਦੇ ਝੇੜੇ, ਝਗੜਾ ਅਵਰ ਨਾ ਕੋਇ ਰਖਾਈਆ । ਭਾਗ ਲਗਾ ਦੇ ਸਾਢੇ ਤਿੰਨ ਹੱਥ ਕਾਇਆ ਮਾਟੀ ਖੇੜੇ, ਬੰਦ ਕਿਵਾੜੀ ਖਿੜਕੀ ਦੇ ਖੁਲ੍ਹਾਈਆ । ਝਗੜੇ ਚੁਕ ਜਾਣ ਤੇਰੇ ਮੇਰੇ, ਤੂੰ ਮੇਰਾ ਮੈਂ ਤੇਰਾ ਇਕੋ ਨੂਰ ਨਜ਼ਰੀ ਆਈਆ । ਇਕੋ ਰੰਗ ਰੰਗਾ ਸੰਝ ਸਵੇਰੇ, ਕਲਜੁਗ ਕਾਲੀ ਰੈਣ ਜਗਤ ਅੰਧੇਰਾ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਖੋਲ੍ਹ ਘਰ, ਗ੍ਰਿਹ ਮੰਦਰ ਕਰ ਰੁਸ਼ਨਾਈਆ । ਜਨ ਭਗਤ ਕਹੇ ਪ੍ਰਭ ਕਿਰਪਾ ਨਿਧਾਨ, ਦਇਆਨਿਧ ਤੇਰੀ ਸਰਨਾਈਆ । ਬਿਨ ਅੱਖਰਾਂ ਦੇ ਦੇ ਉਹ ਗਿਆਨ, ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਸਿਫ਼ਤ ਰਹੇ ਸਾਲਾਹੀਆ । ਧਰਮ ਵਖਾ ਸਚਖੰਡ ਨਿਸ਼ਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਇਕੋ ਨਜ਼ਰੀ ਆਏ ਸ਼ਹਿਨਸ਼ਾਹੀਆ । ਚਾਰ ਕੁੰਟ ਦਹਿ ਦਿਸ਼ਾ ਡੰਕਾ ਵੱਜੇ ਦੋ ਜਹਾਨ, ਨਾਉਂ ਨਿਰੰਕਾਰਾ ਸਚ ਜੈਕਾਰਾ ਕਰੇ ਸ਼ਨਵਾਈਆ । ਕੂੜੀ ਕਿਰਿਆ ਕਲਜੁਗ ਅੰਤ ਸ੍ਰੀ ਭਗਵੰਤ ਮੇਟ ਨਿਸ਼ਾਨ, ਹਰਾਮ ਨਜ਼ਰ ਕੋਇ ਨਾ ਆਈਆ । ਪਰਮ ਪੁਰਖ ਪਰਮਾਤਮ


੩੪੯
੧੯

ਆਤਮ ਆਪਣੀ ਦੱਸ ਸੱਚੀ ਪਛਾਣ, ਬਜਰ ਕਪਾਟੀ ਕਾਇਆ ਮਾਟੀ ਪੜਦਾ ਦੇਣਾ ਉਠਾਈਆ । ਹਰ ਘਟ ਰਵਿਆ ਨਜ਼ਰੀ ਆ ਅਗੰਮੇ ਰਾਮ, ਜਿਸ ਨੂੰ ਆਦਿ ਅੰਤ ਜੁਗਾ ਜੁਗੰਤ ਜਨਮੇ ਕੋਇ ਨਾ ਮਾਈਆ । ਮਨ ਮਨੂਆ ਜਗਤ ਵਿਕਾਰਾ ਰਹੇ ਨਾ ਕੋਈ ਸ਼ੈਤਾਨ, ਸ਼ੈਤਾਨਾਂ ਦੀ ਸ਼ਰਅ ਦੇ ਗਵਾਈਆ । ਮਾਨਸ ਮਾਨੁਖ ਮਾਨਵ ਤੇਰੇ ਪ੍ਰੇਮ ਅੰਦਰ ਬਣਨ ਇਨਸਾਨ, ਇਨਸਾਨੀਅਤ ਇਕੋ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਖ਼ਸ਼ ਇਕ ਪਰਨਾਮ, ਡੰਡਉਤ ਸਜਦਾ ਇਕੋ ਦੇ ਦਰਸਾਈਆ । ਜਨ ਭਗਤ ਕਹੇ ਪ੍ਰਭ ਆਪਣਾ ਵੇਖ ਕੌਲ ਇਕ਼ਰਾਰ, ਪੂਰਬ ਲਹਿਣਾ ਰਿਹਾ ਜਣਾਈਆ । ਲਿਖ ਕੇ ਗਏ ਗੁਰ ਅਵਤਾਰ, ਪੈਗ਼ੰਬਰ ਸੰਦੇਸ਼ਿਆਂ ਵਿਚ ਸੁਣਾਈਆ । ਕਲ ਕਲਕੀ ਆਵੇ ਅੰਤ ਅਵਤਾਰ, ਨਿਰਗੁਣ ਨਿਰਵੈਰ ਦਾਤਾ ਫੇਰਾ ਪਾਈਆ । ਰੂਪ ਰੰਗ ਰੇਖ ਤੋਂ ਵਸੇ ਬਾਹਰ, ਪੰਜ ਤਤ ਵੰਡ ਨਾ ਕੋਇ ਵੰਡਾਈਆ । ਬੇਖ਼ਬਰਾਂ ਕਰੇ ਖ਼ਬਰਦਾਰ, ਸ਼ਬਦ ਸੰਦੇਸ਼ਾ ਨਾਮ ਕਲਮਾ ਇਕੋ ਨਗ਼ਮਾ ਕਰੇ ਸ਼ਨਵਾਈਆ । ਮੁਕਾਮੇ ਹੱਕ ਦਾ ਸਾਂਝਾ ਯਾਰ, ਜਲਵਾਗਰ ਬੇਐਬ ਵੇਸ ਵਟਾਈਆ । ਸਚਖੰਡ ਸੁਹਾਏ ਮਹੱਲ ਅਟਾਰ, ਉਚ ਅਗੰਮ ਅਥਾਹ ਆਪਣੀ ਦਇਆ ਕਮਾਈਆ । ਰਹਿਬਰ ਬਣੇ ਸੰਸਾਰ, ਚਾਰੇ ਖਾਣੀ ਪਾਵੇ ਸਾਰ, ਬਾਣੀ ਆਪਣਾ ਨਾਮ ਢੋਲਾ ਗੀਤ ਸੁਣਾਈਆ । ਆਤਮ ਪਰਮਾਤਮ ਦੇਵੇ ਸਚ ਅਧਾਰ, ਉਦਰ ਅਗਨ ਨਾ ਕੋਇ ਤਪਾਈਆ । ਮੰਜ਼ਲ ਚੜ੍ਹ ਕੇ ਖੋਲ੍ਹੇ ਬੰਦ ਕਿਵਾੜ, ਪੌੜੀ ਡੰਡਾ ਬ੍ਰਹਿਮੰਡਾਂ ਖੰਡਾਂ ਉਪਰ ਆਪਣਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਜਨ ਭਗਤ ਕਹਿਣ ਪ੍ਰਭ ਪੂਰੀ ਕਰ ਦੇ ਆਸ, ਆਸਾ ਤ੍ਰਿਸ਼ਨਾ ਦੇ ਮਿਟਾਈਆ । ਜਨਮ ਜਨਮ ਦੀ ਕਰਮ ਕਰਮ ਦੀ ਮੇਟ ਪਿਆਸ, ਅੰਮ੍ਰਿਤ ਮੇਘ ਇਕ ਬਰਸਾਈਆ । ਤੂੰ ਦਾਤਾ ਦਾਨੀ ਸਾਹਿਬ ਸਰਬ ਗੁਣਤਾਸ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਤੇਰੇ ਅਗੇ ਕੀਤੀ ਇਕੋ ਇਕ ਅਰਦਾਸ, ਬੇਨੰਤੀ ਹੱਕ ਹੱਕ ਸੁਣਾਈਆ । ਚਾਰ ਕੁੰਟ ਦਹਿ ਦਿਸ਼ਾ ਦਿਵਸ ਰੈਣ ਘੜੀ ਪਲ ਵਸੀਂ ਪਾਸ, ਵਿਛੋੜਾ ਨਜ਼ਰ ਕੋਇ ਨਾ ਆਈਆ । ਸਚ ਕਿਨਾਰਾ ਪਾਰ ਕਰਾ ਦੇ ਘਾਟ, ਘਾਟਾ ਰਹਿਣ ਕੋਇ ਨਾ ਪਾਈਆ । ਜਨਮ ਜਨਮ ਦੀ ਅਗੇ ਮੁਕ ਜਾਏ ਵਾਟ, ਲੱਖ ਚੁਰਾਸੀ ਨਾ ਕੋਇ ਭੁਆਈਆ । ਤੂੰ ਇਕੋ ਦਾਤਾ ਇਕੋ ਤੇਰਾ ਨਾਮ ਸੌਗਾਤ, ਖ਼ਾਲੀ ਭੰਡਾਰੇ ਦੇ ਭਰਾਈਆ । ਕਲਜੁਗ ਅੰਤ ਵੇਖ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਗੁਰਮੁਖਾਂ ਸੰਤ ਸੁਹੇਲੇ ਸੂਫ਼ੀ ਫ਼ਕੀਰਾਂ ਜਨ ਭਗਤਾਂ ਅੰਤਰ ਆਤਮ ਅੰਤਸ਼ਕਰਨ ਪੁਛ ਵਾਤ, ਨਿਜਾਨੰਦ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਦਰਵੇਸ਼ ਹੋ ਕੇ ਅਲਖ ਜਗਾਈਆ । ਜਨ ਭਗਤ ਕਹਿਣ ਪੁਰਖ ਅਕਾਲ ਦੀਨ ਦਿਆਲ ਕਿਉਂ ਫਿਰੇਂ ਲੁਕਦਾ, ਆਪਣਾ ਪੜਦਾ ਪਾਈਆ । ਬਿਨ ਤੇਰੀ ਕਿਰਪਾ ਕਿਸੇ ਦਾ ਪੈਂਡਾ ਨਹੀਂ ਮੁੱਕਦਾ, ਚਾਰ ਜੁਗ ਲੱਖ ਚੁਰਾਸੀ ਪੰਧ ਨਾ ਕੋਇ ਮੁਕਾਈਆ । ਮਿਹਰਵਾਨ ਹੋ ਕੇ ਨਾਤਾ ਜੋੜ ਸ਼ਬਦੀ ਧਾਰ ਸੁਤ ਦਾ, ਅਬਿਨਾਸ਼ੀ ਅਚੁਤ ਤੇਰੀ ਇਕ ਸਰਨਾਈਆ । ਕਲਜੁਗ ਵੇਲਾ ਹੋਵੇ ਸੁਹੰਜਣਾ ਅਗੰਮੀ ਰੁਤ ਦਾ, ਰੁਤੜੀ ਆਪਣੇ ਨਾਲ ਮਹਿਕਾਈਆ । ਭਾਗ ਅਨੋਖਾ ਕਰਦੇ ਕਾਇਆ ਮਾਟੀ ਬੁੱਤ ਦਾ, ਪੰਜ ਤਤ ਵੱਜੇ ਵਧਾਈਆ । ਤੇਰਾ ਵਿਛੋੜਾ ਸਭ ਤੋਂ ਵੱਡਾ ਦੁਖ ਦਾ, ਪਾਰਬ੍ਰਹਮ ਝੱਲੇ ਨਾ ਤੇਰੀ ਜੁਦਾਈਆ । ਤੇਰੀ ਮੰਜ਼ਲ ਚੜ੍ਹ ਹੱਦ ਤੇਰਾ ਭਗਤ ਕਦੇ ਨਾ ਰੁਕਦਾ, ਰੁਕਾਵਟ ਅਗੇ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਸਹਾਰਾ ਦੱਸ ਨਿਰਮਲ

ਜੋਤ ਦਾ, ਜੋਤੀ ਜੋਤ ਹੋਵੇ ਰੁਸ਼ਨਾਈਆ । ਜਨ ਭਗਤ ਕਹੇ ਮੈਂ ਤੇਰਾ ਤੱਕਣਾ ਨੂਰ, ਨੂਰ ਨੁਰਾਨਾ ਇਕੋ ਨਜ਼ਰੀ ਆਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕਟ ਸਰਬ ਕ਼ਸੂਰ, ਕਸਰ ਅਸ਼ਾਰੀਏ ਨਾਲ ਉਡਾਈਆ । ਤੂੰ ਦਾਤਾ ਦਾਨੀ ਸਰਬ ਕਲਾ ਭਰਪੂਰ, ਦੇਵਣਹਾਰ ਇਕ ਅਖਵਾਈਆ । ਪੈਂਡਾ ਮੁਕਾ ਦੇ ਨੇੜੇ ਦੂਰ, ਘਰ ਵਿਚ ਬੈਠਾ ਘਰ ਹੀ ਨਜ਼ਰੀ ਆਈਆ । ਤੇਰਾ ਮਿਲਣਾ ਆਤਮ ਦਾ ਪਰਮਾਤਮ ਸਦਾ ਜ਼ਰੂਰ, ਜ਼ਰੂਰਤ ਸਭ ਦੀ ਪੂਰ ਕਰਾਈਆ । ਨਿਵਣ ਸੁ ਅੱਖਰ ਦੱਸ ਕੇ ਸੂਝ ਗੜ੍ਹ ਤੋੜ ਗ਼ਰੂਰ, ਹੰਗਤਾ ਅੰਦਰੋਂ ਦੇ ਕਢਾਈਆ । ਜਿਧਰ ਤੱਕਾਂ ਓਧਰ ਹਾਜ਼ਰ ਹਜ਼ੂਰ, ਹਰ ਘਟ ਬੈਠਾ ਸੋਭਾ ਪਾਈਆ । ਸਚ ਬੇਨੰਤੀ ਪਰਮ ਪੁਰਖ ਪਰਮਾਤਮ ਆਤਮ ਕਰਨੀ ਮਨਜ਼ੂਰ, ਮਨਸਾ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਿਰਪਾ ਨਿਧਾਨ ਕਿਰਪਨ ਆਪਣੇ ਗਲੇ ਲਗਾਈਆ ।

### ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਅਮਰ ਸਿੰਘ ਦੇ ਗ੍ਰਿਹ ਪਿੰਡ ਮਾਨ ਸਿੰਘ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਸਤਿ ਕਹੇ ਪ੍ਰਭ ਵੇਖ ਕਲਜੁਗ ਅੰਤ ਅਖ਼ੀਰ, ਚਾਰ ਕੁੰਟ ਦਹਿ ਦਿਸ਼ਾ ਬ੍ਰਹਿਮੰਡ ਖੰਡ ਨਿਰਗੁਣ ਆਪਣਾ ਧਿਆਨ ਲਗਾਈਆ । ਸਾਂਤਕ ਸਤਿ ਪੰਜ ਤਤ ਚੋਲੀ ਮਿਲੇ ਕਿਸੇ ਨਾ ਧੀਰ, ਮਨ ਵਾਸਨਾ ਕੂੜ ਕੁੜਿਆਰ ਸ੍ਰਿਸ਼ਟੀ ਦ੍ਰਿਸ਼ਟੀ ਹੋਏ ਹਲਕਾਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਕੋਇ ਨਾ ਝਿਰੇ ਧੁਰ ਦਾ ਸੀਰ, ਚਾਰ ਵਰਨ ਅਠਾਰਾਂ ਬਰਨ ਰਹੇ ਕੁਰਲਾਈਆ । ਹਉਮੇਂ ਹੰਗਤਾ ਮਾਇਆ ਮਮਤਾ ਕਟੇ ਕੋਈ ਨਾ ਭੀੜ, ਦੂਈ ਦਵੈਤੀ ਸ਼ਰਅ ਸ਼ਰਾਇਤੀ ਬਾਹਰ ਨਾ ਕੋਇ ਕਢਾਈਆ । ਪ੍ਰੇਮ ਪਿਆਲਾ ਆਬੇ ਹਯਾਤ ਦੇਵੇ ਕੋਇ ਨਾ ਸੀਰ, ਤ੍ਰੈਗੁਣ ਅਗਨੀ ਤਤ ਨਾ ਕੋਇ ਬੁਝਾਈਆ । ਝਗੜਾ ਪਿਆ ਸ਼ਾਹੋ ਭੂਪ ਰਾਓ ਰੰਕ ਫ਼ਕੀਰ, ਜਾਤ ਪਾਤ ਦੀਨ ਮਜ਼੍ਹਬ ਕਰੇ ਲੜਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਧੁਰ ਦਾ ਦਿਸੇ ਕੋਈ ਨਾ ਪੀਰ, ਸੰਤ ਸਤਿਗੁਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਲੋਕਮਾਤ ਵੇਖ ਵਖਾਈਆ । ਸਤਿ ਕਹੇ ਪ੍ਰਭ ਲੋਕਮਾਤ ਵੇਖ ਆਪਣੀ ਧਰਤ, ਧਰਨੀ ਧਰਤ ਧਵਲ ਦਏ ਦੁਹਾਈਆ । ਸਾਚਾ ਨੂਰ ਕਿਸੇ ਨਜ਼ਰ ਨਾ ਆਏ ਉਪਰ ਅਰਸ਼ ਫ਼ਰਸ਼, ਅੰਧ ਅੰਧੇਰ ਨਾ ਕੋਇ ਮਿਟਾਈਆ । ਤੇਰੇ ਮਿਲਣ ਦੀ ਜੀਵ ਜੰਤ ਰਖੇ ਕੋਇ ਨਾ ਗ਼ਰਜ਼, ਮਨ ਵਾਸਨਾ ਦੇਣ ਦੁਹਾਈਆ । ਸਚ ਅਰਦਾਸ ਪੂਰੀ ਹੋਵੇ ਨਾ ਕਿਸੇ ਅਰਜ਼, ਖ਼ਾਹਿਸ਼ ਮਿਟੇ ਨਾ ਖ਼ਲਕ ਖ਼ੁਦਾਈਆ । ਬਿਨ ਨਾਮ ਪੜ੍ਹਦੇ ਓਢਣ ਦੀਨ ਦੁਨੀ ਹੋਈ ਨਾਪੜਦ, ਸੀਸ ਜਗਦੀਸ ਹੱਥ ਨਾ ਕੋਇ ਟਿਕਾਈਆ । ਕੂੜੀ ਕਿਰਿਆ ਚਾਰ ਵਰਨ ਫੜੀ ਸ਼ਰਅ ਛੁਰੀ ਕਰਦ, ਸਤਿ ਸੰਤੋਖ ਧੀਰਜ ਜਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਵੇਖ ਸ੍ਰੀ ਭਗਵਾਨ, ਪਾਰਬ੍ਰਹਮ ਪ੍ਰਭ ਤੇਰੀ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਦੇ ਕੇ ਗਏ ਬਿਆਨ, ਭਵਿਖਤਾਂ ਵਿਚ ਸੰਦੇਸ਼ ਜਗਤ ਸੁਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਖਾਣੀ ਬਾਣੀ ਦਏ ਗਿਆਨ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀਆ । ਤੇਰਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਨਜ਼ਰ ਨਾ ਆਵੇ ਕਿਸੇ ਵਿਚ ਜਹਾਨ, ਜਹਾਲਤ ਦੂਰ ਨਾ ਕੋਇ ਕਰਾਈਆ । ਸੁਰਤ ਸਵਾਣੀ

ਸ਼ਬਦ ਹਾਣੀ ਧੁਰ ਦਾ ਮਿਲੇ ਕਿਸੇ ਨਾ ਰਾਮ, ਗੋਪੀ ਕਾਹਨ ਆਤਮ ਸੇਜਾ ਸਚ ਨਾ ਕੋਇ ਹੰਢਾਈਆ । ਤੀਰ ਅਨਿਆਲਾ ਲਾਏ ਕੋਇ ਨਾ ਬਾਣ, ਸ਼ਬਦੀ ਗੋਬਿੰਦ ਚਿੱਲਾ ਸਕਿਆ ਨਾ ਕੋਇ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਹੋਈ ਹੈਰਾਨ, ਹਰਿ ਕਾ ਮੰਦਰ ਕਾਇਆ ਸਾਢੇ ਤਿੰਨ ਹੱਥ ਵੱਜੇ ਨਾ ਕੋਇ ਵਧਾਈਆ । ਬਿਨ ਕੰਨਾਂ ਸੁਣੇ ਨਾ ਕੋਇ ਤੇਰਾ ਨਾਮ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਲੇਖਾ ਦੇ ਚੁਕਾਈਆ । ਸਤਿ ਕਹੇ ਪ੍ਰਭ ਤੇਰੀ ਉਡੀਕ, ਜੁਗ ਚੌਕੜੀ ਧਿਆਨ ਲਗਾਈਆ । ਨਵ ਨੌ ਚਾਰ ਬਦਲ ਦੇ ਤਾਰੀਖ਼, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਦਰ ਠਾਂਡੇ ਦਰੇ ਦਰਬਾਰ ਸਚਖੰਡ ਦਵਾਰੇ ਮੁਕਾਮੇ ਹੱਕ ਮੰਗਦੇ ਭੀਖ, ਭਿੱਖਕ ਹੋ ਕੇ ਝੋਲੀ ਡਾਹੀਆ । ਨਿਰਗੁਣ ਸਰਗੁਣ ਕਰ ਧੁਰ ਤਸਦੀਕ, ਸ਼ਹਾਦਤ ਅਵਰ ਨਾ ਕੋਇ ਭੁਗਤਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਬਣ ਰਫ਼ੀਕ, ਫ਼ਰੀਕ ਰਹਿਣ ਕੋਇ ਨਾ ਪਾਈਆ । ਦੂਰ ਦੁਰਾਡਾ ਨਜ਼ਰ ਆਵੇਂ ਨਜ਼ਦੀਕ, ਗ੍ਰਿਹ ਮੰਦਰ ਕਰ ਰੁਸ਼ਨਾਈਆ । ਮਨ ਮਮਤਾ ਠਗੌਰੀ ਪਾਏ ਕੋਇ ਨਾ ਚੀਤ, ਚੇਤਨ ਸੁਰਤੀ ਦੇ ਕਰਾਈਆ । ਆਤਮ ਪਰਮਾਤਮ ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਦੱਸ ਗੀਤ, ਨਿਰਅੱਖਰ ਵੱਖਰ ਸਚ ਪੜ੍ਹਾਈਆ । ਝਗੜਾ ਚੁੱਕੇ ਜਗਤ ਮੰਦਰ ਮਸੀਤ, ਗ੍ਰਿਹ ਗ੍ਰਿਹ ਅੰਤਰ ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਦੇ ਖਪਾਈਆ । ਸਤਿ ਕਹੇ ਪ੍ਰਭ ਕਲਜੁਗ ਵੇਖ ਕੂੜ ਕੁੜਿਆਰਾ, ਚਾਰੋਂ ਕੁੰਟ ਡੰਕ ਰਿਹਾ ਵਜਾਈਆ । ਸਾਚਾ ਰਿਹਾ ਨਾ ਕੋਇ ਮੀਤ ਮੁਰਾਰਾ, ਸ਼ੱਤਰੂ ਬਣੀ ਸਰਬ ਲੋਕਾਈਆ । ਨਾਤਾ ਤੋੜ ਕੇ ਕੂੜ ਕੁੜਿਆਰਾ, ਸਚਖੰਡ ਦਵਾਰੇ ਬੈਠਣ ਕੋਇ ਨਾ ਆਸਣ ਲਾਈਆ । ਹੱਕ ਸੁਣਾਏ ਨਾ ਕੋਈ ਨਾਅਰਾ, ਹਕੀਕਤ ਸਕੇ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣਾ ਫੇਰਾ ਪਾਈਆ । ਮਿਹਰਵਾਨ ਮੇਰੇ ਮਹਿਬੂਬ, ਮੁਹੱਬਤ ਤੇਰੀ ਬੇਪਰਵਾਹੀਆ । ਸਾਚੇ ਨਾਮ ਦਾ ਦੇ ਸਬੂਤ, ਭਗਤ ਸੁਹੇਲੇ ਮਾਤ ਉਠਾਈਆ । ਭਾਗ ਲਗਾ ਕੇ ਕਾਇਆ ਸਚ ਕਲਬੂਤ, ਤਨ ਮਾਟੀ ਕਰ ਰੁਸ਼ਨਾਈਆ । ਮਹੱਲ ਅਟਲ ਸੁਹਾ ਇਕ ਅਰੂਜ਼, ਅਰਸ਼ ਫ਼ਰਸ਼ ਤੇਰੀ ਵੱਜੇ ਵਧਾਈਆ । ਮੰਦਰ ਇਕੋ ਦੱਸ ਮੰਜ਼ਲੇ ਮਕਸੂਦ, ਗ੍ਰਿਹ ਇਕੋ ਸੋਭਾ ਪਾਈਆ । ਜਿਥੇ ਰਹੇ ਨਾ ਕੋਇ ਦੂਜ, ਤ੍ਰੈਗੁਣ ਲੇਖ ਨਾ ਕੋਇ ਜਣਾਈਆ । ਆਤਮ ਪਰਮਾਤਮ ਭੇਵ ਚੁਕਾ ਦੇ ਪੰਜ ਤਤ ਤਨ ਵਜੂਦ, ਵਾਜ਼ਿਹ ਕਰਕੇ ਦੇ ਸਮਝਾਈਆ । ਨੌ ਦਵਾਰ ਜਗਤ ਵਾਸਨਾ ਪਾਰ ਕਰ ਹਦੂਦ, ਸ਼ਾਹਰਗ ਉਪਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਲੇਖਾ ਦੇਣਾ ਚੁਕਾਈਆ । ਕਲਜੁਗ ਅੰਤਮ ਲੇਖਾ ਦੇ ਚੁਕਾ, ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਸਦੀ ਚੌਧਵੀਂ ਲੇਖਾ ਜਾਏ ਮੁਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਤੇਰਾ ਨਿਸ਼ਾਨਾ ਬਿਨ ਤੀਰ ਕਦੇ ਨਾ ਉਕਾ, ਅਗਿਆਨ ਅੰਧੇਰਾ ਦੇ ਖਪਾਈਆ । ਗੁਰਮੁਖ ਨਿਰਵੈਰ ਨਿਰੰਕਾਰ ਆਤਮ ਬੋਧ ਕਰ ਸੁੱਚਾ, ਅਗਾਧ ਬੋਧ ਕਰ ਪੜ੍ਹਾਈਆ । ਤੇਰਾ ਭੇਵ ਅਭੇਦਾ ਅਛਲ ਅਛੇਦਾ ਅਚਰਜ ਰਹੇ ਕੋਈ ਨਾ ਲੁਕਾ, ਲੋਕ ਪਰਲੋਕ ਇਕੋ ਸੋਹਲਾ ਸਚ ਸਲੋਕ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਕਲਜੁਗ ਕੂੜੀ ਕਿਰਿਆ ਦੇ ਚੁਕਾਈਆ । ਕਲਜੁਗ ਕੂੜਾ ਮੇਟ ਜਗ, ਦੀਨ ਦੁਨੀ (ਚੋਂ) ਦੇ ਕਢਾਈਆ । ਤੂੰ ਸਾਹਿਬ ਸਦਾ ਸਮਰਥ, ਸ਼ਾਹ ਪਾਤਸ਼ਾਹ ਤੇਰੀ ਇਕ ਸਰਨਾਈਆ । ਭਗਤ ਸੁਹੇਲੇ ਕਰ ਕੇ


੩੫੨
੧੯

ਵਖ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਗੁਰਸਿਖਾਂ ਨਿਰਗੁਣ ਖੋਲ੍ਹ ਅੱਖ, ਨਿਜ ਨੇਤਰ ਹੋਏ ਰੁਸ਼ਨਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਨਾਮ ਧੁਰ ਦਾ ਦੱਸ, ਜਿਸ ਦੀ ਬਦਲੀ ਅਗੇ ਨਾ ਕੋਇ ਕਰਾਈਆ । ਤੇਰੇ ਹੱਥ ਹਕੀਕਤ ਹੱਕ, ਲਾਸ਼ਰੀਕ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿ ਕਹੇ ਮੈਂ ਦਰ ਦਵਾਰੇ ਬਣਿਆ ਮੰਗਤਾ, ਮਾਂਗਤ ਹੋ ਕੇ ਸੀਸ ਨਿਵਾਈਆ । ਪੁਰਖ ਅਕਾਲ ਮਾਤਲੋਕ ਕੱਢ ਕੂੜੀ ਹੰਗਤਾ, ਹੰ ਬ੍ਰਹਮ ਦੇ ਸਮਝਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਬਣ ਅਗੰਮੀ ਪੜੰਤਾ, ਬਿਨ ਅੱਖਰਾਂ ਕਰ ਪੜ੍ਹਾਈਆ । ਜੋਤ ਜਗਾ ਸ਼ਬਦ ਨਾਦ ਸੁਣਾ ਗੁਰਮੁਖ ਸਾਚੇ ਸੰਤਾ, ਸਤਿ ਸਤਿਵਾਦ ਇਕ ਦ੍ਰਿੜਾਈਆ । ਸਤਿਜੁਗ ਸਾਚੀ ਬਣਾ ਬਣਤਾ, ਲੋਕਮਾਤ ਹੋਏ ਰੁਸ਼ਨਾਈਆ । ਚਾਰ ਕੁੰਟ ਦੀਨ ਦੁਖੀ ਦਿਸੇ ਜੰਤਾ, ਸਾਂਤਕ ਸਤਿ ਨਾ ਕੋਇ ਕਰਾਈਆ । ਕੋਟਨ ਕੋਟ ਤੇਰੇ ਨਾਮ ਰੰਗ ਧਾਰ ਤੇਰੀ ਸੰਗਤਾ, ਇਕੋ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਦੇ ਵਖਾਈਆ । ਸਤਿ ਕਹੇ ਪ੍ਰਭ ਕਰ ਦੇ ਸਾਂਤ, ਸਾਂਤਕ ਸਤਿ ਸਤਿ ਇਕੋ ਨਜ਼ਰੀ ਆਈਆ । ਨੌ ਖੰਡ ਪ੍ਰਿਥਮੀ ਇਕ ਪ੍ਰਾਂਤ, ਦੂਜੀ ਵੰਡ ਨਾ ਕੋਇ ਵੰਡਾਈਆ । ਝਗੜਾ ਮੁਕਾ ਦੇ ਜਾਤ ਪਾਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਗੁਰ ਅਵਤਾਰ ਪੈਗ਼ੰਬਰ ਭਵਿਖਤਾਂ ਵਿਚ ਗਏ ਆਖ, ਸ਼ਬਦ ਸੰਦੇਸ਼ੇ ਜਗਤ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋਵੇ ਪੁਰਖ ਅਬਿਨਾਸ਼, ਜਿਸ ਦਾ ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਕਰੇ ਖੇਲ ਸਰਬ ਗੁਣਤਾਸ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਗਗਨ ਪਾਤਾਲਾਂ ਖੋਜ ਖੁਜਾਈਆ । ਨਵੇਂ ਜੁਗ ਦੀ ਧਾਰ ਕਰ ਪਰਕਾਸ਼, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਆਪ ਸੁਣਾਈਆ । ਜਨ ਭਗਤਾਂ ਦੇ ਅੰਦਰ ਅੰਤਰ ਆਤਮ ਵਸ ਪਾਸ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਜਨਮ ਜਨਮ ਦੀ ਕਰਮ ਕਰਮ ਦੀ ਵਿਛੋੜੇ ਦੀ ਤ੍ਰਿਸ਼ਨਾ ਵਾਲੀ ਬੁਝਾ ਦੇ ਪਿਆਸ, ਮਨਸਾ ਪੂਰਨ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਂਣਾ ਸਚ ਘਰ, ਜਿਸ ਘਰ ਇਕੋ ਤੇਰੇ ਨਾਮ ਦੀ ਵੱਜੇ ਵਧਾਈਆ । ਸਤਿ ਕਹੇ ਪੁਰਖ ਅਬਿਨਾਸ਼ੀ ਦੇ ਹੁਲਾਰਾ, ਸ਼ਬਦ ਅਗੰਮੀ ਧਾਰ ਪਰਗਟਾਈਆ । ਕਲਜੁਗ ਕੂੜੀ ਕਿਰਿਆ ਹੋਵੇ ਪਾਰ ਕਿਨਾਰਾ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸਾਚਾ ਸਤਿ ਹੋਏ ਵਰਤਾਰਾ, ਵਾਰਤਾ ਆਪਣੀ ਦੇ ਸਮਝਾਈਆ । ਇਕੋ ਹੁਕਮ ਤੇਰਾ ਚਲੇ ਵਿਚ ਸੰਸਾਰਾ, ਦੂਜਾ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਤੇਰੇ ਨਾਮ ਦਾ ਹੋਏ ਜੈਕਾਰਾ, ਜੈ ਜੈਕਾਰ ਕਰੇ ਲੋਕਾਈਆ । ਤੂੰ ਵਾਹਿਦ ਸਰਬ ਗੁਣਤਾਸ ਆਦਿ ਅੰਤ ਪਰਵਰਦਿਗਾਰਾ, ਜਲਵਾ ਨੂਰ ਤੇਰਾ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜਾ ਲੇਖਾ ਦੇ ਚੁਕਾਈਆ । ਕਲਜੁਗ ਕੂੜਾ ਲੇਖਾ ਚੁਕਾ ਦੇ ਲੋਕਮਾਤ, ਮਾਤਰ ਭੂਮੀ ਦੇ ਸੁਹਾਈਆ । ਜਨ ਭਗਤਾਂ ਦੇ ਉਹ ਅਗੰਮੀ ਦਾਤ, ਜਿਹੜੀ ਲੋਕਮਾਤ ਜਗਤ ਵਣਜਾਰਿਆਂ ਕੋਲੋਂ ਹੱਥ ਕਿਸੇ ਨਾ ਆਈਆ । ਬਿਨ ਅੱਖਾਂ ਤੇਰਾ ਦਰਸ ਕਰਨ ਦਿਵਸ ਰਾਤ, ਨਿਜ ਨੇਤਰ ਆਪਣੀ ਦੇ ਰੁਸ਼ਨਾਈਆ । ਅੰਮ੍ਰਿਤ ਬੂੰਦ ਦੇ ਸਵਾਂਤ, ਨਿਝਰ ਝਿਰਨਾ ਇਕ ਝਿਰਾਈਆ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦੇ ਮਿਟਾਈਆ । ਜਿਧਰ ਵੇਖਣ ਉਧਰ ਨਜ਼ਰੀ ਆਵੇਂ ਸਾਥ, ਸਗਲਾ ਸੰਗ ਆਪਣਾ ਆਪ ਬਣਾਈਆ । ਆਤਮ ਪਰਮਾਤਮ ਤੇਰੀ ਇਕੋ ਜਾਤ, ਦੂਜਾ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ

੩੫੩
੧੯

ਆਪਣੀ ਕਿਰਪਾ ਕਰ, ਚਰਨ ਪ੍ਰੀਤੀ ਸਾਚਾ ਜੋੜਨਾ ਨਾਤ, ਰਿਸ਼ਤਾ ਅਵਰ ਨਾ ਕੋਇ ਵਖਾਈਆ । ਸਤਿ ਕਹੇ ਪ੍ਰਭ ਸ਼ਬਦ ਅਗੰਮੀ ਲਾ ਚੋਟ, ਸੁਤਿਆਂ ਦੇ ਉਠਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜਾਤੇ ਤੇਰੀ ਬੇਪਰਵਾਹੀਆ । ਭਾਗ ਲਗਾ ਦੇ ਜਨ ਭਗਤਾਂ ਦੇ ਕਿਲ੍ਹਾ ਕਾਇਆ ਕੋਟ, ਬਨ ਖੰਡ ਢੂੰਡਣ ਕੋਇ ਨਾ ਜਾਈਆ । ਤੇਰਾ ਦਰਸ਼ਨ ਕਰਨ ਰੋਜ਼, ਨਿਤ ਨਵਿਤ ਤੇਰੀ ਖ਼ੁਸ਼ੀ ਮਨਾਈਆ । ਆਤਮ ਪਰਮਾਤਮ ਨਾਲ ਮਿਲ ਕੇ ਮਾਣ ਲਏ ਮੌਜ, ਜਿਹੜੀ ਮਜਲਸ ਕਬੀਰ ਜੁਲਾਹੇ ਵਰਗੇ ਗਏ ਸਮਝਾਈਆ । ਭਾਗ ਲਗਾ ਦੇ ਕਾਇਆ ਮਾਟੀ ਚੰਮ ਪੋਸ਼, ਚੰਮ ਦ੍ਰਿਸ਼ਟੀ ਅੰਦਰੋਂ ਦੇ ਬਦਲਾਈਆ । ਗੁਰਮੁਖਾਂ ਦੀ ਜਨਮ ਮਰਨ ਦੀ ਮੁਕ ਜਾਏ ਸੋਚ, ਲੱਖ ਚੁਰਾਸੀ ਦਾ ਗੇੜਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੁਣਾ ਧੁਰ ਦਾ ਸਲੋਕ, ਜਿਸਨੂੰ ਸੁਣਦਿਆਂ ਤੇਰੀ ਕਦੇ ਨਾ ਹੋਵੇ ਜੁਦਾਈਆ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਮੀਤਾ, ਜੁਗ ਚੌਕੜੀ ਵੇਸ ਵਟਾਇੰਦਾ । ਨਿਤ ਨਵਿਤ ਜਣਾਵਾਂ ਆਪਣੀ ਰੀਤਾ, ਰਾਤੀ ਰੁੱਤੀ ਥਿਤੀ ਆਪ ਸਮਝਾਇੰਦਾ । ਗੁਰਮੁਖ ਗੁਰਸਿਖ ਸੰਤ ਸੁਹੇਲੇ ਰਖਾਂ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਆਪਣੇ ਰੰਗ ਰੰਗਾਇੰਦਾ । ਕਲਜੁਗ ਅੰਤ ਕਾਇਆ ਮਾਟੀ ਕਰ ਕੇ ਠਾਂਡੀ ਸੀਤਾ, ਅਗਨੀ ਤਤ ਬੁਝਾਇੰਦਾ । ਲੇਖਾ ਜਾਣਾਂ ਜੀਵ ਜੀ ਕਾ, ਲੱਖ ਚੁਰਸੀ ਖੋਜ ਖੁਜਾਇੰਦਾ । ਗੁਰਮੁਖਾਂ ਝਗੜਾ ਮੁਕਾ ਕੇ ਸਾਢੇ ਤਿੰਨ ਹੱਥ ਸੀਂ ਕਾ, ਆਵਣ ਜਾਵਣ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਤਮ ਪਰਮਾਤਮ ਸਾਚੀ ਦੱਸੇ ਪ੍ਰੀਤਾ, ਪ੍ਰੀਤੀਵਾਨ ਹੋ ਕੇ ਪ੍ਰੀਤਮ ਆਪਣੇ ਵਿਚ ਸਮਾਇੰਦਾ । ਦਇਆ ਕਰੇ ਪ੍ਰਭ ਧੁਰ ਦਾ ਠਾਕਰ, ਨਿਰਗੁਣ ਆਪਣਾ ਰੰਗ ਰੰਗਾਈਆ । ਭਾਗ ਲਗਾਵੇ ਕਾਇਆ ਗਾਗਰ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਦਏ ਧਵਾਈਆ । ਦਰ ਆਇਆਂ ਦਰਦੀਆਂ ਦੇਵੇ ਆਦਰ, ਅਦਲ ਅਦਾਲਤ ਇਕੋ ਇਕ ਸਮਝਾਈਆ । ਝਗੜਾ ਚੁਕ ਜਾਏ ਮਕਤੂਲ ਕ਼ਾਤਲ, ਕ਼ਤਲਗਾਹ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦਇਆ ਕਰੇ ਪ੍ਰਭ ਸਰਬ ਗੁਣਵੰਤ, ਹਰਿਜਨ ਵੇਖ ਵਖਾਈਆ । ਨਾਤਾ ਜੋੜ ਕੇ ਆਤਮ ਪਰਮਾਤਮ ਨਾਰੀ ਕੰਤ, ਸੇਜ ਸੁਹੰਜਣੀ ਦਏ ਸੁਹਾਈਆ । ਮੌਲੇ ਰੁੱਤ ਅਗੰਮੀ ਬਸੰਤ, ਫੁੱਲ ਫੁਲਵਾੜੀ ਆਪ ਮਹਿਕਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਜਨਮ ਵਿਚ ਮਰਨ ਤੋਂ ਬਾਦ ਕਿਸੇ ਦੀ ਕੱਢਣੀ ਨਾ ਪਏ ਮਿੰਨਤ, ਸਿੱਧਾ ਸਚਖੰਡ ਦਏ ਪੁਚਾਈਆ । ਲੋੜ ਰਹੇ ਨਾ ਕਿਸੇ ਬਹਿਸ਼ਤ ਜੱਨਤ, ਸਵਰਗਾਂ ਦਾ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰਾ ਇਕ ਵਖਾਈਆ । ਜਿਸ ਜਨ ਦਰਸ਼ਨ ਦੀ ਅੰਤਰ ਆਤਮ ਲੋੜ, ਆਸਾ ਆਸਾ ਨਾਲ ਵਧਾਈਆ । ਉਹ ਆਤਮ ਉਹ ਰੂਹ ਵਿਛੜੀ ਲਏ ਜੋੜ, ਜੋੜੀ ਸ਼ਬਦ ਨਾਲ ਕਰਾਈਆ । ਮਨ ਵਾਸਨਾ ਜਗਤ ਕਿਰਿਆ ਵਲੋਂ ਲਏ ਮੋੜ, ਸ਼ਬਦ ਖੰਡਾ ਹੱਥ ਉਠਾਈਆ । ਸਤਿਗੁਰ ਆਪਣੇ ਹੁਕਮ ਅੰਦਰ ਗੁਰਮੁਖਾਂ ਨੂੰ ਲਏ ਤੋਰ, ਠੱਗ ਚੋਰ ਯਾਰ ਸਾਧ ਸੰਤ ਲਏ ਬਣਾਈਆ । ਕਰ ਪਰਕਾਸ਼ ਅੰਧੇਰੇ ਘੋਰ, ਪੰਜਾਂ ਤੋਂ ਖਹਿੜਾ ਦਏ ਛੁਡਾਈਆ । ਲੱਗੀ ਪ੍ਰੀਤੀ ਆਤਮ ਪਰਮਾਤਮ ਦੀ ਨਿਭਾਏ ਤੋੜ, ਅਧਵਿਚਕਾਰ ਨਾ ਕੋਇ ਤੁੜਾਈਆ । ਮਾਨਸ ਜਨਮ ਜਾਏ ਸੌਰ, ਲੱਖ ਚੁਰਾਸੀ ਪੰਧ ਰਹਿਣ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਅੰਤਮ ਸਮੇਂ ਅੰਤਸ਼ਕਰਨ ਵਿਚ ਜਾਏ ਬਹੁੜ, ਆਤਮ

ਦਾ ਮਾਲਕ ਪਰਮਾਤਮ ਹੋ ਕੇ ਆਪਣੇ ਵਿਚ ਮਿਲਾਈਆ । ਬਿਮਾਰੀ ਤੇਰੀ ਜਾਏ ਨੱਠ, ਤਨ ਵਜੂਦ ਰਹਿਣ ਨਾ ਪਾਈਆ । ਹੌਲੀ ਜਿਹੀ ਮਾਰ ਕੇ ਪ੍ਰੇਮ ਵਾਲੀ ਸੱਟ, ਪ੍ਰੀਤੀ ਆਪਣੇ ਨਾਲ ਜੁੜਾਈਆ । ਜਨਮ ਜਨਮ ਦਾ ਰੋਗ ਜਾਵੇ ਕਟ, ਕਸ਼ਟਾਂ ਵਿਚ ਨਾ ਡੇਰਾ ਲਾਈਆ । ਸਾਚੇ ਨਾਮ ਦਾ ਵਖਾ ਕੇ ਹੱਟ, ਵਸਤ ਅਮੋਲਕ ਕਾਇਆ ਗੋਲਕ ਥੋੜੀ ਜਹੀ ਦੇਵੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਰਸ, ਰਸਤਾ ਬਿਨ ਰਸਤਿਉਂ ਦਏ ਸਮਝਾਈਆ ।

## ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਇੰਦਰ ਸਿੰਘ ਦੇ ਗ੍ਰਹਿ ਕੋਟਕਪੂਰਾ ਜ਼ਿਲਾ ਫ਼ਿਰੋਜ਼ਪੁਰ ✪

ਜਨ ਭਗਤਾਂ ਪ੍ਰਭ ਕਿਰਪਾ ਕਰਦਾ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਦੇਵਣਹਾਰ ਵਡਿਆਈਆ । ਮਾਰਗ ਸਮਝਾਵੇ ਅਗਲੇ ਘਰ ਦਾ, ਮੰਜ਼ਲ ਮੰਜ਼ਲ ਅਗਲਾ ਪਿਛਲਾ ਪੂਰਬ ਪੰਧ ਮੁਕਾਈਆ । ਇਸ਼ਨਾਨ ਕਰਾਏ ਅੰਮ੍ਰਿਤ ਆਤਮ ਸਰੋਵਰ ਸਾਚੇ ਸਰਦਾ, ਦੁਰਮਤ ਪਾਪਾਂ ਮੈਲ ਰਹਿਣ ਨਾ ਪਾਈਆ । ਜੋਤ ਪਰਕਾਸ਼ ਨੁਰਾਨਾ ਇਕੋ ਨੂਰ ਕਰਦਾ, ਅੰਧ ਅੰਧੇਰ ਦਏ ਗਵਾਈਆ । ਸਚ ਦਵਾਰੇ ਸਚਖੰਡ ਬ੍ਰਹਿਮੰਡਾਂ ਉਪਰ ਆਪੇ ਖੜ੍ਹਦਾ, ਦਰ ਦਵਾਰਾ ਦਏ ਵਡਿਆਈਆ । ਪਰਮਾਤਮ ਹੋ ਕੇ ਆਤਮ ਘਰ ਸਵਾਮੀ ਸੱਜਣ ਵਰਦਾ, ਕੰਤ ਕੰਤੂਹਲ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਢੋਲਾ ਇਕੋ ਪੜ੍ਹਦਾ, ਤੂੰ ਮੇਰਾ ਮੈਂ ਤੇਰਾ ਦੂਜਾ ਰਾਗ ਨਾ ਕੋਇ ਅਲਾਈਆ । ਜਨ ਭਗਤਾਂ ਪ੍ਰਭ ਦੇਵੇ ਆਪਣੀ ਮਤ, ਮਨਮਤ ਰਹਿਣ ਕੋਇ ਨਾ ਪਾਈਆ । ਸਤਿ ਸੰਤੋਖ ਧੀਰਜ ਦੇ ਯਤ, ਯਥਾਰਥ ਆਪਣਾ ਰੰਗ ਚੜ੍ਹਾਈਆ । ਭੇਵ ਅਭੇਦਾ ਖੋਲ੍ਹ ਕੇ ਤਤਵ ਤਤ, ਤਤਵੇਤਾ ਇਕੋ ਦੇਵੇ ਮਾਣ ਵਡਿਆਈਆ । ਨਾੜੀ ਨਾੜ ਉਬਲੇ ਕੋਇ ਨਾ ਰੱਤ, ਅਗਨੀ ਤਤ ਨਾ ਕੋਇ ਜਲਾਈਆ । ਨਾਮ ਨਿਧਾਨਾ ਦੇ ਕੇ ਵਸਤੂ ਸਚ, ਕੂੜ ਕੁੜਿਆਰਾ ਅੰਦਰੋਂ ਦਏ ਕਢਾਈਆ । ਲੂੰ ਲੂੰ ਅੰਦਰ ਜਾਵੇ ਰਚ, ਧੁੰਨ ਅਨਾਦੀ ਆਤਮਕ ਆਪਣਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਇਕ ਅਤੀਤਾ, ਠਾਂਡਾ ਸੀਤਾ ਮਿਹਰ ਨਜ਼ਰ ਨਾਲ ਤਰਾਈਆ । ਜਨ ਭਗਤਾਂ ਪ੍ਰਭ ਸਹਾਰਾ ਦੇਵੇ ਚਰਨ ਕਵਲ, ਸਰਨ ਮਿਲੇ ਸਚ ਸਰਨਾਈਆ । ਲੇਖਾ ਚੁਕਾ ਕੇ ਧਰਨੀ ਧਰਤ ਧਵਲ, ਧਾਮ ਇਕੋ ਦਏ ਵਖਾਈਆ । ਜਿਥੇ ਜੋਤ ਸਰੂਪੀ ਰਿਹਾ ਮਵਲ, ਨੂਰੋ ਨੂਰ ਡਗਮਗਾਈਆ । ਜਨਮ ਜਨਮ ਦਾ ਪੂਰਾ ਕਰੇ ਕਉਲ, ਕਮਲਾਪਤ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਚ ਪ੍ਰੀਤੀ ਦੱਸ ਕੇ ਧੁਰ ਦਾ ਹਵਨ, ਆਹੂਤੀ ਇਕੋ ਪ੍ਰੇਮ ਪਿਆਰ ਮਸਤੀ ਵਿਚ ਰਖਾਈਆ । ਜਨ ਭਗਤਾਂ ਪ੍ਰਭ ਜੁਗ ਜੁਗ ਬਣਦਾ ਰਿਹਾ ਸਹਾਰਾ, ਅਬਿਨਾਸ਼ੀ ਕਰਤਾ ਸ੍ਰੀ ਭਗਵਾਨ ਆਦਿ ਨਿਰੰਜਣ ਆਪਣੀ ਦਇਆ ਕਮਾਈਆ । ਨਈਆ ਨੌਕਾ ਲਾਉਂਦਾ ਰਿਹਾ ਕਿਨਾਰਾ, ਬਣ ਮਲਾਹ ਖੇਵਟ ਖੇਟਾ ਆਪਣੀ ਸੇਵ ਕਮਾਈਆ । ਨਿਜ ਨੇਤਰ ਲੋਚਣ ਨੈਣ ਦੇਂਦਾ ਰਿਹਾ ਦੀਦਾਰਾ, ਗਿਆਨ ਅੱਖ ਪਰਤੱਖ ਆਪ ਖੁਲ੍ਹਾਈਆ । ਰਾਗ ਨਾਦ ਸ਼ਬਦ ਧੁੰਨ ਸੁਣਾਉਂਦਾ ਰਿਹਾ ਜੈਕਾਰਾ, ਅਨਹਦ ਅਗੰਮੀ ਆਵਾਜ਼ ਅਲਾਈਆ । ਮਹੱਲ

ਅਟਲ ਸੁਹਾਉਂਦਾ ਰਿਹਾ ਕਾਇਆ ਕਾਅਬਾ ਉਚ ਮਨਾਰਾ, ਚਾਰ ਦੀਵਾਰ ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਉਠਾਈਆ । ਜਨ ਭਗਤ ਜੁਗ ਚੌਕੜੀ ਲੋਕਮਾਤ ਉਠਦਾ, ਪਰਮ ਪੁਰਖ ਪਰਮਾਤਮ ਆਤਮ ਦਏ ਜਗਾਈਆ । ਸਾਹਿਬ ਸਤਿਗੁਰ ਦੀਨ ਦਿਆਲ ਹੋ ਕੇ ਤੁਠਦਾ, ਵਸਤ ਅਮੋਲਕ ਕਾਇਆ ਗੋਲਕ ਨਾਮ ਨਿਧਾਨਾ ਦਏ ਟਿਕਾਈਆ । ਭੇਵ ਜਣਾ ਕੇ ਸੁਨ ਸਮਾਧ ਚੁਪ ਦਾ, ਚਾਤਰਿਕ ਅੰਮ੍ਰਿਤ ਮੇਘ ਬੂੰਦ ਸਵਾਂਤੀ ਮੁਖ ਦਏ ਚਖਾਈਆ । ਝਗੜਾ ਚੁਕਾਏ ਅੰਧੇਰੇ ਘੁਪ ਦਾ, ਗ੍ਰਹਿ ਮੰਦਰ ਘਟ ਭੀਤਰ ਤਨ ਵਜੂਦ ਕਰੇ ਰੁਸ਼ਨਾਈਆ । ਆਉਣਾ ਜਾਣਾ ਲੇਖਾ ਮੁਕਾ ਕੇ ਮਾਤ ਗਰਭ ਉਲਟੇ ਰੁਖ਼ ਦਾ, ਲੱਖ ਚੁਰਾਸੀ ਜਮ ਕੀ ਫਾਸੀ ਫੰਦਨ ਦਏ ਕਟਾਈਆ । ਏਥੇ ਓਥੇ ਦੋ ਜਹਾਨ ਨਾਤਾ ਜੋੜ ਕੇ ਪਿਤਾ ਪੁੱਤ ਦਾ, ਸੁਰਤੀ ਸ਼ਬਦੀ ਆਪਣੀ ਗੰਢ ਪਵਾਈਆ । ਸੰਦੇਸ਼ਾ ਦੇ ਕੇ ਇਕ ਅਗੰਮੇ ਸਲੋਕ ਦਾ, ਤੂੰ ਮੇਰਾ ਮੈਂ ਤੇਰਾ ਸੋਹੰ ਕਰੇ ਸਚ ਪੜ੍ਹਾਈਆ । ਜਨ ਭਗਤਾਂ ਮੰਜ਼ਲ ਚੜ੍ਹਦਿਆਂ ਅਗੇ ਕੋਈ ਨਾ ਰੋਕਦਾ, ਗੁਰ ਅਵਤਾਰ ਪੈਗ਼ੰਬਰ ਮਿਲ ਮਿਲ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵਰ ਬਖ਼ਸ਼ ਕੇ ਆਪਣੀ ਓਟ ਦਾ, ਓੜਕ ਆਪਣੇ ਵਿਚ ਟਿਕਾਈਆ । ਜਨ ਭਗਤ ਸਦਾ ਮੰਗੇ ਮੰਗ ਇਕ, ਏਕੰਕਾਰ ਅਗੇ ਝੋਲੀ ਡਾਹੀਆ । ਚਾਰ ਕੁੰਟ ਦਹਿ ਦਿਸ਼ਾ ਆਵੇਂ ਦਿਸ, ਹਿੱਸਾ ਵੰਡ ਨਾ ਕੋਇ ਵੰਡਾਈਆ ਪ੍ਰੇਮ ਪਿਆਰ ਦੀ ਅੰਤਰ ਲਾ ਸਿਕ, ਸ਼ਿਖ਼ਰ ਚੋਟੀ ਚੜ੍ਹ ਕੇ ਪੜਦਾ ਦੇ ਉਠਾਈਆ । ਬਿਨ ਅੱਖਰਾਂ ਨਿਹਕਰਮੀ ਹੋ ਕੇ ਸੱਚਾ ਲੇਖਾ ਦੇ ਲਿਖ, ਕਰਮ ਕਾਂਡ ਦਾ ਰੋਗ ਦੇ ਗਵਾਈਆ । ਨਾਮ ਸੰਦੇਸ਼ੇ ਵਿਚ ਅਗਲਾ ਦੱਸ ਭਵਿਸ਼, ਭਵਿਖ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਮਾਂਗਤ ਸੰਤ ਸੁਹੇਲਾ ਝੋਲੀ ਡਾਹੀਆ । ਜਨ ਭਗਤਾਂ ਪ੍ਰਭ ਦੇਵਣਹਾਰਾ ਸਾਚਾ ਜੋਗ, ਜੋਗੀਸ਼ਰ ਆਪਣਾ ਰੰਗ ਰੰਗਾਈਆ । ਜਨਮ ਕਰਮ ਦਾ ਹਉਮੈਂ ਹੰਗਤਾ ਕਟ ਕੇ ਰੋਗ, ਹੰ ਬ੍ਰਹਮ ਦਏ ਸਮਝਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਪੜਦਾ ਓਹਲਾ ਦਏ ਉਠਾਈਆ । ਝਗੜਾ ਮੁਕਾ ਕੇ ਵਰਨ ਗੋਤ, ਕਾਇਆ ਸੁਹਾ ਕੇ ਬੰਕ ਕਿਲਾ ਕੋਟ, ਦਵਾਰ ਇਕੋ ਇਕ ਵਖਾਈਆ । ਪਰਮ ਪੁਰਖ ਪਰਮਾਤਮ ਪ੍ਰੀਤਮ ਨਿਜ ਆਤਮ ਨਿਜ ਨੈਣ ਦੱਸੇ ਆਪਣਾ ਚੋਜ, ਚੋਜੀ ਹੋ ਕੇ ਆਪਣੀ ਖੇਲ ਖਿਲਾਈਆ । ਪੜਦਾ ਓਹਲਾ ਭੇਵ ਚੁਕਾਵੇ ਗੋਝ, ਦੂਈ ਦਵੈਤੀ ਬਜਰ ਕਪਾਟੀ ਕਾਇਆ ਮਾਟੀ ਹਾਟੀ ਅੰਦਰ ਰਹਿਣ ਕੋਇ ਨਾ ਪਾਈਆ । ਲੇਖਾ ਰਹੇ ਨਾ ਚਿੰਤਾ ਸੋਗ, ਗ਼ਮੀ ਖ਼ੁਸ਼ੀ ਵਿਚ ਬਦਲਾਈਆ । ਮਿਹਰਵਾਨ ਹੋ ਕੇ ਮਹਿਬੂਬ ਮੁਹੱਬਤ ਵਿਚ ਦੇਵੇ ਦਰਸ ਅਮੋਘ, ਜਾਗਤ ਸੋਵਤ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਖਾਵਣਹਾਰਾ ਧੁਰ ਦਾ ਦਰ, ਜਿਥੇ ਜਗਤ ਦਰਬਾਨ ਸਕੇ ਨਾ ਕੋਇ ਅਟਕਾਈਆ । ਜਨ ਭਗਤੋ ਤੁਹਾਡਾ ਇਕੋ ਦਰ ਦਰਵਾਜ਼ਾ, ਅਬਿਨਾਸ਼ੀ ਕਰਤਾ ਆਪ ਜਣਾਈਆ । ਜਿਸ ਘਰ ਵਸੇ ਗ਼ਰੀਬ ਨਿਵਾਜਾ, ਸਚਖੰਡ ਸਾਚੇ ਸੋਭਾ ਪਾਈਆ । ਤੁਹਾਡੀ ਸਦਾ ਸਦਾ ਜੁਗ ਚੌਕੜੀ ਕਰਦਾ ਰਹੇ ਇਮਦਾਦਾ, ਸਮਰਥ ਸਿਰ ਆਪਣਾ ਹੱਥ ਟਿਕਾਈਆ । ਨਾਮ ਜਣਾਉਂਦਾ ਰਹੇ ਬੋਧ ਅਗਾਧਾ, ਨਿਰਅੱਖਰ ਕਰ ਪੜ੍ਹਾਈਆ । ਸੁਰਤੀ ਅੰਦਰ ਮਾਰਦਾ ਰਹੇ ਆਵਾਜ਼ਾ, ਸੋਈ ਆਪ ਉਠਾਈਆ । ਦੇਂਦਾ ਰਹੇ ਸਚ ਵੈਰਾਗਾ, ਵੈਰੀ ਦੁਸ਼ਮਨ ਅੰਦਰੋਂ ਦਏ ਕਢਾਈਆ । ਹੰਸ ਬਣਾਉਂਦਾ ਰਹੇ ਕਾਗਾ, ਕਾਗ ਹੰਸ ਰੂਪ ਬਦਲਾਈਆ । ਮਿਲਦਾ ਰਹੇ ਮੇਲ ਬਣ ਕੇ ਕੰਤ ਸੁਹਾਗਾ, ਆਤਮ ਪਰਮਾਤਮ

ਨਾਤਾ ਆਪਣੇ ਨਾਲ ਜੁੜਾਈਆ । ਦੁਰਮਤ ਮੈਲ ਧੋਂਦਾ ਰਹੇ ਦਾਗ਼ਾ, ਪਤਿਤ ਪੁਨੀਤ ਹਰਿਜਨ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕੋ ਦਾਤਾ, ਦਇਆਵਾਨ ਦਇਆ ਕਮਾਈਆ ।

## ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਚਰਨ ਦਾਸ ਦੇ ਗ੍ਰਿਹ ਕੋਟ ਕਪੂਰਾ ਜ਼ਿਲਾ ਫ਼ਿਰੋਜ਼ਪੁਰ ✪

ਸ੍ਰੀ ਭਗਵਾਨ ਕਹੇ ਜਨ ਭਗਤ ਤੇਰੇ ਪਿਆਰ ਦੀ ਭੁੱਖ, ਤ੍ਰਿਸ਼ਨਾ ਜਗਤ ਨਾ ਕੋਇ ਵਖਾਈਆ । ਮਿਲ ਕੇ ਤੇਰਾ ਜਨਮ ਜਨਮ ਦਾ ਮੇਟਾਂ ਦੁਖ, ਦਲਿਦ੍ਰ ਦਿਆਂ ਗਵਾਈਆ । ਕੂੜੀ ਕਿਰਿਆ ਵਿਚੋਂ ਚੁਕ, ਸਚ ਦਵਾਰ ਇਕ ਸਮਝਾਈਆ । ਅਗਲਾ ਦੇ ਕੇ ਧੁਰ ਦਾ ਸੁਖ, ਚਿੰਤਾ ਗ਼ਮ ਦਿਆਂ ਮਿਟਾਈਆ । ਸੁਫਲ ਕਰ ਕੇ ਜਨਨੀ ਕੁੱਖ, ਮੁਖ ਉਜਲ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਦੇਵਣਹਾਰ ਸਰਨਾਈਆ । ਸ੍ਰੀ ਭਗਵਾਨ ਕਹੇ ਜਨ ਭਗਤ ਤੇਰੇ ਅੰਤਰ ਲਾਵਾਂ ਖਿੱਚ, ਸ਼ਬਦੀ ਤਾਰ ਸਤਾਰ ਹਿਲਾਈਆ । ਦਰਸ਼ਨ ਦੇ ਕੇ ਨਿਜ, ਨੈਣ ਦਿਆਂ ਖੁਲ੍ਹਾਈਆ । ਫੇਰ ਨਜ਼ਰੀ ਆਵਾਂ ਵਿੱਚ, ਹੋਏ ਨਾ ਕਦੇ ਜੁਦਾਈਆ । ਸਤਿਗੁਰ ਮਿਲਿਆਂ ਪੰਜ ਤਤ ਕਾਇਆ ਮਾਟੀ ਪੁਤਲਾ ਫੇਰ ਬਣਦਾ ਸਿੱਖ, ਸ਼ਿਸ਼ ਆਪਣਾ ਰੂਪ ਵਟਾਈਆ । ਅਗੇ ਮੇਲਾ ਨਾਲ ਇਕ, ਏਕੰਕਾਰ ਰੰਗ ਚੜ੍ਹਾਈਆ । ਮਾਨਸ ਜਨਮ ਬਾਜ਼ੀ ਲਈ ਜਿੱਤ, ਹਾਰ ਚਰਨਾਂ ਹੇਠ ਦਬਾਈਆ । ਸਚ ਪ੍ਰੇਮ ਪਿਆਰ ਦਾ ਮਿਲਿਆ ਹਿੱਤ, ਹਿਤਕਾਰੀ ਹੋਇਆ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਕਰਮ ਦਾ ਲੇਖਾ ਦੇਵੇ ਲਿਖ, ਲਿਖਤ ਲਲਾਟ ਦਏ ਬਦਲਾਈਆ ।



## ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਗੁਲਜ਼ਾਰ ਸਿੰਘ ਦੇ ਗ੍ਰਿਹ ਸਾਹੋ ਕੇ ਜ਼ਿਲਾ ਫ਼ਿਰੋਜ਼ਪੁਰ ✪

ਸ੍ਰੀ ਭਗਵਾਨ ਕਹੇ ਮੈਂ ਗੁਰਮੁਖ ਸੂਫ਼ੀ ਸੰਤ ਤੱਕਾਂ ਫ਼ਕੀਰ, ਲੱਖ ਚੁਰਾਸੀ ਖੋਜ ਖੁਜਾਈਆ । ਕਲਜੁਗ ਅੰਤ ਕੂੜੀ ਕਿਰਿਆ ਮੇਟ ਦੇਵਾਂ ਲਕੀਰ, ਮਾਇਆ ਮਮਤਾ ਮੋਹ ਰਹਿਣ ਨਾ ਪਾਈਆ । ਲੱਖ ਚੁਰਾਸੀ ਜੀਵ ਜੰਤ ਦੱਸ ਸਚ ਤਦਬੀਰ, ਗੁਰ ਗੁਰ ਸ਼ਬਦ ਕਰਾਂ ਪੜ੍ਹਾਈਆ । ਸ਼ਰਅ ਸ਼ਰੀਅਤ ਰਹਿਣ ਨਾ ਦੇਵਾਂ ਕੋਇ ਜੰਜੀਰ, ਜਾਹਰ ਜਹੂਰ ਨੂਰ ਕਰਾਂ ਰੁਸ਼ਨਾਈਆ । ਜਨ ਭਗਤਾਂ ਬਣਾਂ ਮਦਦਗੀਰ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਸਤਿ ਧਰਮ ਦਾ ਮਾਰਗ ਕਰ ਤਾਮੀਰ, ਤਮਅ ਤਮਾਚਾ ਦਿਆਂ ਲਗਾਈਆ । ਨਾਮ ਖੰਡਾ ਹੱਥ ਫੜ ਸ਼ਮਸ਼ੀਰ, ਸ਼ਮਅ ਕੂੜੀ ਦਿਆਂ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਮੈਂ ਭਗਤਾਂ ਦੇਣਾ ਇਕ ਸੰਦੇਸ਼ਾ, ਜੁਗ ਜਨਮ ਦਾ ਸਦਮਾ ਦੇਣਾ ਚੁਕਾਈਆ । ਪੁਰਖ ਅਕਾਲ ਮੇਲ ਮਿਲਾਉਣਾ ਏਕੰਕਾਰ ਏਕਾ, ਇਕ ਇਕੱਲਾ ਘਰ ਘਰ ਨਜ਼ਰੀ ਆਈਆ । ਮਨ ਵਾਸਨਾ ਵਿਚੋਂ ਕਰਨੀ ਬੁਧ ਬਿਬੇਕਾ, ਪੜਦਾ ਓਹਲਾ ਦੇਣਾ ਉਠਾਈਆ । ਸਦੀ ਚੌਧਵੀਂ ਅੰਤਮ ਪੂਰਾ ਹੋਣਾ ਠੇਕਾ, ਈਸਾ ਮੂਸਾ ਮੁਹੰਮਦ ਬਹਿ ਬਹਿ ਸੀਸ ਝੁਕਾਈਆ । ਦੋ ਜਹਾਨਾਂ ਪਰਮ ਪੁਰਖ ਪਰਮਾਤਮ ਬਣਨਾ ਧੁਰ ਦਾ ਨੇਤਾ, ਨਿਰਵੈਰ ਨਿਰਾਕਾਰ ਆਪਣਾ

ਹੁਕਮ ਵਰਤਾਈਆ । ਆਤਮ ਪਰਮਾਤਮ ਦੱਸਣਾ ਸਾਚਾ ਹੇਤਾ, ਸੁਰਤੀ ਸ਼ਬਦ ਵੱਜੇ ਵਧਾਈਆ । ਕਰਮ ਕੁਕਰਮ ਦ੍ਰਿਸ਼ਟੀ ਇਸ਼ਟੀ ਚੁਕਣਾ ਲੇਖਾ, ਭਵਿਖਤ ਅਗਲੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਸਮਝਾਈਆ । ਪੁਰਖ ਅਕਾਲ ਕਹੇ ਮੈਂ ਦੇਣਾ ਨਾਮ ਅਨਮੋਲ, ਅਨਮੁਲੜੀ ਵਸਤ ਜਨ ਭਗਤਾਂ ਲੋਕਮਾਤ ਵਰਤਾਈਆ । ਸ਼ਬਦ ਤਰਾਜ਼ੂ ਕੰਡੇ ਲੈਣਾ ਤੋਲ, ਦੋ ਜਹਾਨ ਹੁਲਾਰਾ ਇਕ ਵਖਾਈਆ । ਜਨ ਭਗਤਾਂ ਅੰਤਰ ਅੰਤਰ ਪੜਦਾ ਦੇਣਾ ਖੋਲ੍ਹ, ਜਗਤ ਬਸੰਤਰ ਦੇਣੀ ਬੁਝਾਈਆ । ਸਾਹਿਬ ਸਵਾਮੀ ਅੰਤਰਜਾਮੀ ਹੋ ਕੇ ਵਸਣਾ ਕੋਲ, ਕਲਮਾ ਕਾਇਨਾਤ ਨਗ਼ਮਾ ਇਕ ਸੁਣਾਈਆ । ਸਤਿ ਸਤਿਵਾਦੀ ਹੋ ਕੇ ਜਾਣਾ ਮੌਲ, ਕੌਲ ਇਕ਼ਰਾਰ ਆਪਣਾ ਤੋੜ ਨਿਭਾਈਆ । ਲਹਿਣਾ ਦੇਣਾ ਲੇਖ ਚੁਕਾਉਣਾ ਧਰਨੀ ਧਰਤ ਧੌਲ, ਧਵਲਾ ਆਪਣਾ ਹੁਕਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਆਪ ਸਮਝਾਈਆ । ਸ੍ਰੀ ਭਗਵਾਨ ਕਹੇ ਮੈਂ ਜਨ ਭਗਤਾਂ ਦੇਣੀ ਸੋਝੀ, ਸੁਤਿਆਂ ਲੈਣਾ ਉਠਾਈਆ । ਆਲਸ ਨਿੰਦਰਾ ਦਾ ਰਹੇ ਕੋਈ ਨਾ ਰੋਗੀ, ਪਤਿਤ ਪੁਨੀਤ ਦੇਣਾ ਬਣਾਈਆ । ਕਿਸੇ ਨੂੰ ਮੰਗਣਾ ਪਏ ਨਾ ਬਣ ਕੇ ਜੋਗੀ, ਦਰ ਦਰ ਅਲਖ ਨਾ ਕੋਇ ਜਗਾਈਆ । ਫੜ ਕੇ ਚਾੜ੍ਹਨਾ ਅਗੰਮੀ ਚੋਟੀ, ਚੋਟ ਇਕੋ ਦੇਣੀ ਲਗਾਈਆ । ਅੰਦਰੋਂ ਕੱਢ ਕੇ ਵਾਸਨਾ ਖੋਟੀ, ਕੂੜੇ ਕਰਮਾਂ ਡੇਰਾ ਦੇਣਾ ਢਾਹੀਆ । ਠਾਕਰ ਮਿਲਾ ਕੇ ਇਕੋ ਮੌਜੀ, ਮਹਿਬੂਬ ਇਕੋ ਦੇਣਾ ਸਮਝਾਈਆ । ਅੰਤਮ ਚੁੱਕਣਾ ਧੁਰ ਦੀ ਗੋਦੀ, ਗੋਬਿੰਦ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਦੇਵਾਂ ਵੰਡ, ਨਾਮ ਅੰਗਮਾ ਝੋਲੀ ਪਾਈਆ । ਦੂਈ ਦਵੈਤੀ ਢਾਹ ਕੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਤੂੰ ਮੇਰਾ ਮੈਂ ਤੇਰਾ ਸੁਣਾ ਕੇ ਛੰਦ, ਸੰਸਾ ਰੋਗ ਦੇਣਾ ਚੁਕਾਈਆ । ਨਿਜ ਆਤਮ ਦੇ ਕੇ ਅਨੰਦ, ਅਨੰਦ ਪਰਮਾਨੰਦ ਵਿਚ ਸਮਾਈਆ । ਸਚ ਸਰੋਵਰ ਨੁਹਾ ਕੇ ਅਗੰਮੀ ਗੰਗ, ਗੰਗਾ ਗੋਦਾਵਰੀ ਜਮਨਾ ਸੁਰਸਤੀ ਤੋਂ ਪੱਲੂ ਦੇਣਾ ਛੁਡਾਈਆ । ਨਾਮ ਨਿਧਾਨ ਵਜਾ ਕੇ ਮਰਦੰਗ, ਧੁਨ ਆਤਮਕ ਰਾਗ ਅਲਾਈਆ । ਖ਼ੁਸ਼ੀ ਕਰਾ ਕੇ ਬੰਦ ਬੰਦ, ਬੰਦਨਾ ਇਕੋ ਦੇਣੀ ਸਮਝਾਈਆ । ਨਿਰਗੁਣ ਜੋਤ ਚਾੜ੍ਹ ਕੇ ਚੰਦ, ਮੰਦਰ ਕਰਨੀ ਸਚ ਰੁਸ਼ਨਾਈਆ । ਮੰਜ਼ਲ ਮੁਕਾ ਕੇ ਪੈਂਡਾ ਪੰਧ, ਮਿਹਰਵਾਨ ਦੇਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰਾ ਸਰਬੰਗ, ਹੁਕਮ ਧੁਰ ਦਾ ਆਪ ਚਲਾਈਆ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਵੜਨਾ ਅੰਦਰ, ਅੰਤਸ਼ਕਰਨ ਵੇਖ ਵਖਾਈਆ । ਮਾਇਆ ਮਮਤਾ ਤੋੜ ਕੇ ਜੰਦਰ, ਜ਼ਿੰਦਗੀ ਅੰਦਰੋਂ ਦੇਣੀ ਬਦਲਾਈਆ । ਮਨ ਵਾਸਨਾ ਭਵੇ ਨਾ ਕੋਈ ਬੰਦਰ, ਦਹਿ ਦਿਸ਼ਾ ਨਾ ਕੋਇ ਫਿਰਾਈਆ । ਭਾਗ ਲਗਾ ਕੇ ਕਾਇਆ ਮੰਦਰ,* ਇਕੋ ਕਾਅਬਾ ਦੇਣਾ ਸਮਝਾਈਆ । ਡੰਡਉਤ ਦੱਸ ਕੇ ਅਗੰਮੀ ਬੰਦਨ, ਬੰਦਾ ਬੰਦੀਖ਼ਾਨੇ ਵਿਚੋਂ ਬਾਹਰ ਕਢਾਈਆ । ਚਰਨ ਧੂੜ ਲਗਾ ਕੇ ਟਿੱਕਾ ਮਸਤਕ ਚੰਦਨ, ਚੰਦ ਸੂਰਜ ਦਾ ਲੇਖਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਧੁਰ ਦਾ ਬਣ ਕੇ ਸੱਜਣ, ਸਹਿਜ ਸੁਭਾਉ ਸਚ ਘਰ ਸਾਚਾ ਦਏ ਵਖਾਈਆ ।

## ✪ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੧ ਚੰਨਣ ਸਿੰਘ ਦੇ ਘਰ ਪਿੰਡ ਵਾਂਦਰ ✪

ਭਗਤ ਭਗਵਾਨ ਦਾ ਨਾਤਾ ਅਗੰਮ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਆਤਮ ਪਰਮਾਤਮ ਪੜਦਾ ਦੇਵੇ ਭੰਨ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਇੰਦਾ । ਨਾਮ ਭੰਡਾਰਾ ਦੇਵੇ ਧੁਰ ਦਾ ਧਨ ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਇੰਦਾ । ਨਿਰਗੁਣ ਨੂਰ ਜੋਤ ਚਾੜ੍ਹੇ ਚੰਨ, ਜੋਤੀ ਜਾਤਾ ਜਲਵਾ ਨੂਰ ਡਗਮਗਾਇੰਦਾ । ਪਾਰਬ੍ਰਹਮ ਭੇਵ ਖੁਲ੍ਹਾਵੇ ਹੰ ਬ੍ਰਹਮ, ਪੜਦਾ ਉਹਲਾ ਕਾਇਆ ਮਾਟੀ ਰਹਿਣ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਭਗਤਾਂ ਵੇਖ ਵਖਾਇੰਦਾ । ਭਗਤ ਭਗਵਾਨ ਦਾ ਨਾਤਾ ਏਕ, ਏਕੰਕਾਰ ਦਏ ਵਡਿਆਈਆ । ਸਚ ਪ੍ਰੀਤੀ ਬਖ਼ਸ਼ ਧੁਰ ਦੀ ਟੇਕ, ਟਿੱਕਾ ਮਸਤਕ ਧੂੜੀ ਖ਼ਾਕ ਰਮਾਈਆ । ਅੰਤਰ ਅੰਤਰ ਬੁਧੀ ਕਰੇ ਬਿਬੇਕ, ਮਨ ਵਾਸਨਾ ਲੇਖਾ ਦਏ ਮੁਕਾਈਆ । ਜਨਮ ਕਰਮ ਦੀ ਬਦਲ ਦੇਵੇ ਰੇਖ, ਸਮਰਥ ਸਵਾਮੀ ਸਿਰ ਆਪਣਾ ਹੱਥ ਟਿਕਾਈਆ । ਸਚਖੰਡ ਦਵਾਰਾ ਦੱਸੇ ਅਗੰਮੜਾ ਦੇਸ, ਥਿਰ ਘਰ ਵੱਜੇ ਇਕ ਵਧਾਈਆ । ਪੁਰਖ ਅਕਾਲਾ ਦੀਨ ਦਿਆਲਾ ਨਜ਼ਰੀ ਆਵੇ ਇਕ ਨਰੇਸ਼, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰਦਰਗਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਕਰੇ ਵੇਸ, ਕਾਇਆ ਮਾਟੀ ਪੰਜ ਤਤ ਚੋਲਾ ਜਗਤ ਪਰਗਟਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਸਚ ਅਗੰਮਾ ਦਏ ਸੰਦੇਸ਼, ਖਾਣੀ ਬਾਣੀ ਹੁਕਮੀ ਹੁਕਮ ਸੁਣਾਈਆ । ਜਨ ਭਗਤਾਂ ਲਿਖੇ ਬਿਨ ਕ਼ਲਮ ਸ਼ਾਹੀ ਲੇਖ, ਲਿਖਤ ਭਵਿਖਤ ਆਪ ਦ੍ਰਿੜਾਈਆ । ਸੇਵ ਲਗਾ ਕੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਸਿਰ ਸਕੇ ਨਾ ਕੋਇ ਉਠਾਈਆ । ਭੇਵ ਅਭੇਦਾ ਅਛਲ ਅਛੇਦਾ ਲਹਿਣਾ ਦੇਣਾ ਦੇਵਣਹਾਰਾ ਗੁਰ ਦਸਮੇਸ਼, ਦਹਿ ਦਿਸ਼ਾ ਚਾਰ ਕੁੰਟ ਵੇਖੇ ਚਾਈਂ ਚਾਈਆ । ਗੁਰਮੁਖ ਹਰਿਜਨ ਸੰਤ ਪਿਆਰੇ ਅੰਦਰ ਵੜ ਕੇ ਦੇਵੇ ਭੇਤ, ਪੜਦਾ ਓਹਲਾ ਰਹਿਣ ਕੋਇ ਨਾ ਪਾਈਆ । ਸਾਜਣ ਮੀਤਾ ਠਾਂਡਾ ਸੀਤਾ ਨਜ਼ਰੀ ਆਵੇ ਨੇਤਨ ਨੇਤ, ਨਿਜ ਨੇਤਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਗੁਰਮੁਖ ਚੇਲੇ ਲਏ ਪੇਖ, ਲੋਕਮਾਤ ਦਹਿ ਦਿਸ਼ਾ ਵੇਖ ਵਖਾਈਆ । ਭਗਤ ਭਗਵਾਨ ਦਾ ਨਾਤਾ ਆਦਿ ਜੁਗਾਦਿ, ਜੁਗ ਚੌਕੜੀ ਰਹੇ ਹਮੇਸ਼, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਨਾਉਂ ਨਿਰੰਕਾਰਾ ਸੁਣਾਉਂਦਾ ਰਹੇ ਨਾਦ, ਆਤਮਕ ਧੁਨ ਅਗੰਮੀ ਆਪ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸਦਾ ਰਹੇ ਯਾਦ, ਭਰਮ ਵਿਚ ਭਰਮ ਨਾ ਕੋਇ ਰਖਾਈਆ । ਅੱਖਰ ਵੱਖਰ ਦੱਸਦਾ ਰਹੇ ਬੋਧ ਅਗਾਧ, ਕਲਮਾ ਹੱਕ ਹੱਕ ਸੁਣਾਈਆ । ਸੋਈ ਸੁਰਤੀ ਕਾਇਆ ਮਾਟੀ ਹਾਟੀ ਅੰਦਰ ਜਾਵੇ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਤ੍ਰੈਗੁਣ ਮਾਇਆ ਡੱਸਣੀ ਮੂਲ ਨਾ ਡੱਸੇ ਨਾਗ, ਪੰਚ ਵਿਕਾਰਾ ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਸਚ ਭੰਡਾਰਾ ਨਾਮ ਅਮੋਲਕ ਦੇਵੇ ਧੁਰ ਦੀ ਦਾਦ, ਦਾਤਾ ਦਾਨੀ ਦਇਆ ਕਮਾਈਆ । ਇਕ ਦੂਜੇ ਨੂੰ ਭਗਤ ਭਗਵਾਨ ਸਦਾ ਰਹੇ ਅਰਾਧ, ਮਿਲ ਮਿਲ ਆਪਣੀ ਖ਼ੁਸ਼ੀ ਮਨਾਈਆ । ਅੰਮ੍ਰਿਤ ਰਸ ਧੁਰ ਦਾ ਲੈਂਦੇ ਰਹਿਣ ਸਵਾਦ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਰਾਗ, ਸਾਚਾ ਸੋਹਲਾ ਇਕ ਸੁਣਾਈਆ । ਭਗਤ ਭਗਵਾਨ ਬਣਦਾ ਰਿਹਾ ਸੰਗ, ਸਤਿਜੁਗ ਤਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਨਾਮ ਨਿਧਾਨ ਵੱਜਦਾ ਰਿਹਾ ਮਰਦੰਗ, ਤਾਲ ਤਲਵਾੜੇ ਦੀ ਲੋੜ ਰਹੀ ਨਾ ਰਾਈਆ ।

ਸੋਹੰ ਤੂੰ ਮੇਰਾ ਮੈਂ ਤੇਰਾ ਬਣਦਾ ਰਿਹਾ ਛੰਦ, ਨਿਰਗੁਣ ਨਿਰਗੁਣ ਮੇਲਾ ਸਹਿਜ ਸੁਭਾਈਆ । ਕਾਇਆ ਮਾਟੀ ਚੜ੍ਹਦਾ ਰਿਹਾ ਰੰਗ, ਸਾਹਿਬ ਸਵਾਮੀ ਰੰਗਣ ਇਕ ਵਖਾਈਆ । ਆਤਮ ਪਰਮਾਤਮ ਦੇਂਦਾ ਰਿਹਾ ਨਿਜਾਨੰਦ, ਅੰਤਸ਼ਕਰਨ ਪਰਮਾਨੰਦ ਵਿਚ ਸਮਾਈਆ । ਖ਼ੁਸ਼ੀ ਵਿਚ ਵੇਖਦਾ ਰਿਹਾ ਬੰਦਗੀ ਵਾਲਾ ਬੰਦ ਬੰਦ, ਬੰਧਨ ਲੱਖ ਚੁਰਾਸੀ ਮਾਤ ਤੁੜਾਈਆ । ਸੁਰਤ ਸਵਾਣੀ ਸ਼ਬਦ ਹਾਣੀ ਰਹਿਣ ਨਾ ਦੇਵੇ ਰੰਡ, ਘਰ ਸੁਹੰਜਣਾ ਜੋਤ ਨਿਰੰਜਣਾ ਵੱਜਦੀ ਰਹੇ ਵਧਾਈਆ । ਸਚ ਦਵਾਰ ਏਕੰਕਾਰ ਘਰ ਸਵਾਮੀ ਠਾਕਰ ਜਾਏ ਲੰਘ, ਹੱਕ ਮੁਕਾਮੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪ ਵਰਤਾਈਆ । ਭਗਤ ਭਗਵਾਨ ਦਾ ਸੱਚਾ ਜਾਮਾ, ਜ਼ਾਮਨ ਇਕੋ ਨਜ਼ਰੀ ਆਈਆ । ਇਕ ਸੰਦੇਸ਼ ਇਕ ਨਰੇਸ਼ ਇਕੋ ਨਾਮਾ, ਨਿਰੰਕਾਰਾ ਨਾਉਂ ਇਕੋ ਗਾਈਆ । ਇਕੋ ਕਰਨੀ ਇਕੋ ਕਾਮਾ, ਇਕੋ ਕਰਤਾ ਪੁਰਖ ਰਿਹਾ ਵਖਾਈਆ । ਇਕੋ ਅੰਮ੍ਰਿਤ ਇਕੋ ਜਾਮਾ, ਆਬੇਹਯਾਤ ਪਿਆਲਾ ਇਕੋ ਹੱਥ ਉਠਾਈਆ । ਇਕੋ ਸੁਣਾਵਣਹਾਰਾ ਧੁਨ ਆਤਮਕ ਸਾਚਾ ਗਾਣਾ, ਢੋਲਾ ਗਹਿਰ ਗੰਭੀਰ ਅਲਾਈਆ । ਇਕੋ ਸੁਹਾਵਣਹਾਰਾ ਸਚ ਮਕਾਨਾ, ਕਾਇਆ ਮਾਟੀ ਹੋਏ ਰੁਸ਼ਨਾਈਆ । ਇਕੋ ਬਣ ਕੇ ਬੀਨਾ ਦਾਨਾ, ਦੀਨਾਂ ਅਨਾਥਾਂ ਲਏ ਉਠਾਈਆ । ਭਗਤ ਭਗਵਾਨ ਨਿਰਗੁਣ ਨਿਰਗੁਣ ਸਤਿ ਸਤਵਾਦੀ ਕਰੇ ਪਹਿਚਾਨਾ, ਸਚ ਸਚ ਆਪਣਾ ਜੋੜ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਤਿਗੁਰ ਇਕ ਅਖਵਾਈਆ । ਭਗਤ ਭਗਵਾਨ ਜੁੜਦਾ ਰਿਹਾ ਜੋੜ, ਜੁਗ ਚੌਕੜੀ ਵੱਜਦੀ ਰਹੀ ਵਧਾਈਆ । ਇਕ ਦੂਜੇ ਦੀ ਸਾਂਝੀ ਲੋੜ, ਹਿੱਸਾ ਵੰਡ ਨਾ ਕੋਇ ਵਖਾਈਆ । ਨਾਮ ਅਗੰਮਾ ਪਾਵੇ ਡੋਰ, ਆਤਮ ਪਰਮਾਤਮ ਆਪਣੀ ਗੰਢ ਜਣਾਈਆ । ਕੂੜੀ ਕਿਰਿਆ ਗ੍ਰਿਹਿ ਮੰਦਰ ਅੰਦਰ ਰਹਿਣ ਨਾ ਦੇਵੇ ਚੋਰ, ਠੱਗੀ ਠੱਗ ਨਾ ਕੋਇ ਕਮਾਈਆ । ਮਨ ਵਾਸਨਾ ਪਾਵੇ ਨਾ ਕੋਈ ਸ਼ੋਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਜਗਤ ਸ਼ਰਅ ਨਾ ਕੋਇ ਚਲਾਈਆ । ਕਰ ਪਰਕਾਸ਼ ਅੰਧੇਰੇ ਘੋਰ, ਸਚ ਚੰਦ ਕਰੇ ਰੁਸ਼ਨਾਈਆ । ਪਰਮਾਤਮ ਆਤਮ ਵਸੇ ਸਦਾ ਕੋਲ, ਪਾਰਬ੍ਰਹਮ ਬ੍ਰਹਮ ਲੇਖਾ ਦਏ ਮੁਕਾਈਆ । ਸ਼ਬਦ ਅਨਾਦਾ ਬੋਧ ਅਗਾਧਾ ਵਜਾਵੇ ਡੰਕਾ ਧੁਰ ਦਾ ਢੋਲ, ਆਲਸ ਨਿੰਦਰਾ ਦਏ ਮਿਟਾਈਆ । ਲੱਖ ਚੁਰਾਸੀ ਨਾਮ ਮਧਾਣੇ ਲਏ ਵਰੋਲ, ਕੋਟਾਂ ਵਿਚੋਂ ਗੁਰਮੁਖ ਵਿਰਲੇ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦ ਇਕ ਦਰਸਾਈਆ । ਭਗਤ ਭਗਵਾਨ ਹੁੰਦਾ ਰਿਹਾ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਇੰਦਾ । ਅੰਤਰ ਆਤਮ ਦੇਂਦਾ ਰਿਹਾ ਜਾਪ, ਅਜਪਾ ਜਾਪ ਆਪ ਸਮਝਾਇੰਦਾ । ਤ੍ਰੈਗੁਣ ਮਾਇਆ ਕੂੜੀ ਕਿਰਿਆ ਮੇਟਦਾ ਰਿਹਾ ਪਾਪ, ਤ੍ਰੈਗੁਣ ਅਗਨੀ ਅੱਗ ਨਾ ਕੋਇ ਤਪਾਇੰਦਾ । ਨਿਰਗੁਣ ਹੋ ਕੇ ਸਰਗੁਣ ਦੇਂਦਾ ਰਿਹਾ ਸਾਥ, ਲੋਕਮਾਤ ਫੇਰਾ ਪਾਇੰਦਾ । ਸਾਢੇ ਤਿੰਨ ਹੱਥ ਕਾਇਆ ਚਲਾਉਂਦਾ ਰਿਹਾ ਰਾਥ, ਬਣ ਰਥਵਾਹੀ ਸੇਵ ਕਮਾਇੰਦਾ । ਸਾਚੀ ਮੰਜ਼ਲ ਚੜ੍ਹਾਉਂਦਾ ਰਿਹਾ ਘਾਟ, ਦੂਰ ਦੁਰਾਡਾ ਪੰਧ ਆਪ ਮੁਕਾਇੰਦਾ । ਕਲਜੁਗ ਅੰਤ ਮੇਟੇ ਅੰਧੇਰੀ ਰਾਤ, ਸਤਿ ਸਤਿਵਾਦੀ ਸ਼ਬਦ ਅਨਾਦੀ ਇਕੋ ਰਾਗ ਅਲਾਇੰਦਾ । ਭਗਤ ਸੁਹੇਲਿਆਂ ਪੁੱਛੇ ਵਾਤ, ਗੁਰਮੁਖ ਗੁਰ ਗੁਰ ਖੋਜ ਖੁਜਾਇੰਦਾ । ਝਗੜਾ ਮੁਕਾ ਕੇ ਜਾਤ ਪਾਤ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਇੰਦਾ । ਨਾਮ ਪਦਾਰਥ ਦੇਵਣਹਾਰਾ ਸੱਚੀ ਸੌਗਾਤ, ਅਨਮੁਲੜੀ ਦੌਲਤ ਝੋਲੀ ਪਾਇੰਦਾ । ਮਨ ਵਾਸਨਾ ਕੂੜੀ ਕਿਰਿਆ ਘਰ ਰਹੇ ਨਾ ਨਾਰ ਕਮਜਾਤ, ਗੁਰਮੁਖ ਗੁਰ ਗੁਰ ਹੰਸ ਰੂਪ ਪਰਗਟਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਸਾਚਾ ਮੰਦਰ ਇਕ ਸੁਹਾਇੰਦਾ । ਭਗਤ ਭਗਵਾਨ ਗਾਉਂਦਾ ਰਿਹਾ ਇਕ ਸਲੋਕ, ਸੋਹਲਾ ਢੋਲਾ ਆਪਣਾ ਨਾਮ ਜਣਾਈਆ । ਲੇਖਾ ਚੁੱਕਦਾ ਰਿਹਾ ਚੌਦਾਂ ਲੋਕ, ਚੌਦਾਂ ਤਬਕ ਨਾ ਕੋਇ ਵਡਿਆਈਆ । ਚਰਨਾਂ ਹੇਠ ਦਬਾਉਂਦਾ ਰਿਹਾ ਮੁਕਤੀ ਮੋਖ, ਨਿਰਬਾਣ ਪਦ ਇਕ ਸਮਝਾਈਆ । ਘਰ ਠਾਕਰ ਸਵਾਮੀ ਜਗਾਉਂਦਾ ਰਿਹਾ ਜੋਤ, ਅੰਧ ਅੰਧੇਰ ਆਪ ਮਿਟਾਈਆ । ਸ਼ਬਦ ਨਗਾਰੇ ਲਾਉਂਦਾ ਰਿਹਾ ਚੋਟ, ਸੋਈ ਸੁਰਤ ਲਏ ਜਗਾਈਆ । ਕੂੜੀ ਕਿਰਿਆ ਕੱਢ ਕੇ ਖੋਟ, ਸਚ ਵਸਤੂ ਦਏ ਟਿਕਾਈਆ । ਆਤਮ ਪਰਮਾਤਮ ਸਾਚੇ ਧਾਮ ਦੱਸੇ ਅਗੰਮੀ ਮੌਜ, ਮਜਲਸ ਭਗਤਾਂ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਕਰੇ ਚੋਜ, ਚੋਲੇ ਅੰਦਰ ਉਹਲਾ ਦਏ ਮਿਟਾਈਆ । ਭਗਤ ਭਗਵਾਨ ਰਿਹਾ ਤੱਕਦਾ, ਨਿਜ ਨੈਣ ਵੇਖ ਵਖਾਈਆ । ਲਹਿਣਾ ਦੇਣਾ ਦੇਵੇ ਹਕ਼ੀਕ਼ਤ ਹੱਕ ਦਾ, ਹਾਕਮ ਹੋ ਕੇ ਬੇਪਰਵਾਹੀਆ । ਝਗੜਾ ਮੁਕਾ ਕੇ ਕੂੜੇ ਸ਼ੱਕ ਦਾ, ਸੰਸਾਂ ਦਏ ਗਵਾਈਆ । ਭੇਵ ਖੁਲ੍ਹਾ ਕੇ ਪੁਰਖ ਸਮਰਥ ਦਾ, ਪੜਦਾ ਦਏ ਉਠਾਈਆ । ਝਗੜਾ ਮੁਕਾ ਕੇ ਰਹਿਣਾ ਵੱਖ ਦਾ, ਇਕੋ ਘਰ ਦਏ ਵਸਾਈਆ । ਜਿਥੇ ਦੀਪਕ ਜੋਤੀ ਜਗਦਾ, ਜਲਵਾ ਨੂਰ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਵੱਜਦਾ, ਨਾਦ ਧੁਨ ਸ਼ਨਵਾਈਆ । ਅੰਮ੍ਰਿਤ ਝਿਰਨਾ ਰਿਸਦਾ, ਰਸਤਾ ਰਿਹਾ ਵਖਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਦਿਸਦਾ, ਜਿਸ ਜਨ ਆਪਣਾ ਰੰਗ ਰੰਗਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਭਗਤ ਸੁਹੇਲਾ ਇਕ ਇਕੇਲਾ ਨਿਤ ਨਵਿਤ ਭਗਤਾਂ ਲੇਖਾ ਲਿਖਦਾ, ਲੋਕਮਾਤ ਦਏ ਵਡਿਆਈਆ । ਨਾਤਾ ਜੋੜ ਕੇ ਪਿਤਾ ਪੁੱਤ ਦਾ, ਪਤਿਪਰਮੇਸ਼ਵਰ ਆਪਣੀ ਗੋਦ ਉਠਾਈਆ । ਉੱਤਮ ਜਨਮ ਸ੍ਰੇਸ਼ਟ ਜਾਮਾ ਪੂਰਨ ਗੁਰਸਿਖ ਦਾ, ਜੋ ਸਿੱਖ ਸਤਿਗੁਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਚੁਕਾਵੇ ਜਿਸ ਜਿਸ ਗਿ, ਚਾਰ ਵਰਨ ਅਠਾਰਾਂ ਬਰਨ ਵੇਖਣਹਾਰਾ ਥਾਉਂ ਥਾਈਆ ।



### ੨੦ ਫੱਗਣ ਸ਼ਹਿਨਸ਼ਾਹੀ ਸੰਮਤ ੧ ਭਾਗ ਸਿੰਘ ਦੇ ਗ੍ਰਿਹਿ ਪਿੰਡ ਦਬੜੀ ਖ਼ਾਨਾ ਜ਼ਿਲਾ ਬਠਿੰਡਾ

ਪਰਮ ਪੁਰਖ ਦਾ ਸਰਬ ਪਰਵਾਰ, ਲੱਖ ਚੁਰਾਸੀ ਇਕੋ ਨੂਰ ਨਜ਼ਰੀ ਆਈਆ । ਪੁਰਖ ਅਕਾਲ ਕਿਸੇ ਤੋਂ ਨਹੀਂ ਬਾਹਰ, ਘਟ ਘਟ ਮੰਦਰ ਰਿਹਾ ਸਮਾਈਆ । ਜਿਸ ਚਾਰੇ ਖਾਣੀ ਮਹੱਲ ਲਿਆ ਉਸਾਰ, ਅੰਡਜ ਜੇਰਜ ਉਤਭੁਜ ਸੇਤਜ ਡੇਰਾ ਲਾਈਆ । ਸੋ ਜੁਗ ਚੌਕੜੀ ਖੇਲ ਕਰੇ ਅਪਰ ਅਪਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਵਿਸ਼ਨ ਬ੍ਰਹਮਾ ਸ਼ਿਵ ਲਗਾ ਕੇ ਸੇਵਾਦਾਰ, ਨਿਤ ਨਵਿਤ ਹੋਏ ਸਹਾਈਆ । ਸੰਦੇਸ਼ੇ ਦੇਵੇ ਬਣ ਗੁਰੂ ਅਵਤਾਰ, ਪੈਗ਼ੰਬਰ ਹੋ ਕੇ ਕਲਮਾ ਹੱਕ ਜਣਾਈਆ । ਮਾਨਸ ਮਾਨੁਖ ਕਰ ਕੇ ਖ਼ਬਰਦਾਰ, ਜਗਤ ਨਿੰਦਰਾ ਸੁਤਿਆਂ ਲਏ ਉਠਾਈਆ । ਅੰਮ੍ਰਿਤ ਬਖ਼ਸ਼ ਕੇ ਠੰਡਾ ਠਾਰ, ਅਗਨੀ ਤਤ ਦਏ ਬੁਝਾਈਆ । ਧੁਰ ਦਾ ਨਾਮ ਸੁਣਾ ਕੇ ਸ਼ਬਦ ਸੱਚੀ ਧੁਨਕਾਨ, ਨਾਦ ਅਨਾਦੀ ਆਪ ਵਜਾਈਆ । ਨਿਰਮਲ ਜੋਤੀ ਕਰ ਉਜਿਆਰ, ਘਰ ਘਰ ਕਾਇਆ ਮੰਦਰ ਅੰਦਰ ਕਰੇ ਰੁਸ਼ਨਾਈਆ । ਸਰਬ ਜੀਆਂ ਪ੍ਰਭ ਪਾਵਣਹਾਰਾ, ਸਾਰ, ਲੁਕਿਆ ਰਹਿਣ ਕੋਇ ਨਾ ਪਾਈਆ । ਕਰੇ ਖੇਲ ਅਗੰਮ ਅਪਾਰ, ਨਿਰਗੁਣ ਸਰਗੁਣ ਧਾਰ ਚਲਾਈਆ । ਸਿਖਿਆ ਦੇ ਕੇ ਸਿੱਖਾਂ ਕਰੇ

ਪਿਆਰ, ਗੁਰਮੁਖਾਂ ਮੁਖ ਉਜਲ ਆਪ ਵਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਸਚ ਜੈਕਾਰ, ਨਾਅਰਾ ਇਕੋ ਦਏ ਸਮਝਾਈਆ । ਕਾਗਦ ਕ਼ਲਮ ਸ਼ਾਹੀ ਬਣ ਲਿਖਾਰ, ਸ੍ਰਿਸ਼ਟੀ ਢੋਲੇ ਦਏ ਪਰਗਟਾਈਆ । ਜੁਗ ਚੌਕੜੀ ਪਿਛੋਂ ਜਿਸ ਵੇਲੇ ਆਵੇ ਆਪ ਨਿਰੰਕਾਰ, ਨਿਰਗੁਣ ਹੋ ਕੇ ਵੇਸ ਵਟਾਈਆ । ਪ੍ਰੇਮੀ ਪ੍ਰੀਤਮ ਲਏ ਉਠਾਲ, ਜੀਵ ਜੰਤ ਵਿਚੋਂ ਖੋਜ ਖੁਜਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਇਕੋ ਰੰਗ ਦਏ ਰੰਗਾਈਆ । ਜਿਨ੍ਹਾਂ ਬਣਾ ਲਏ ਆਪਣੇ ਲਾਲ, ਲਾਲਨ ਦੇਵੇ ਮਾਣ ਵਡਿਆਈਆ । ਅੰਤਮ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਸਾਚਾ ਮੰਦਰ ਦਏ ਵਖਾਲ, ਸਚਖੰਡ ਸਾਚਾ ਸੋਭਾ ਪਾਈਆ । ਦੀਵਾ ਬਲੇ ਬੇਮਿਸਾਲ, ਜੋਤੀ ਜੋਤ ਹੋਵੇ ਰੁਸ਼ਨਾਈਆ । ਮਹੱਲ ਅਟਲ ਸੁਹਾਏ ਧਰਮਸਾਲ, ਦਵਾਰਾ ਇਕੋ ਇਕ ਵਖਾਈਆ । ਕੋਟਾਂ ਵਿਚੋਂ ਜਨ ਭਗਤਾਂ ਚਲੇ ਨਾਲ ਨਾਲ, ਅੰਦਰ ਬਾਹਰ ਆਪਣਾ ਸਾਥ ਬਣਾਈਆ । ਜਨਮ ਮਰਨ ਦਾ ਲੇਖਾ ਕਰ ਬਹਾਲ, ਲੱਖ ਚੁਰਾਸੀ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਪਰਮ ਪੁਰਖ ਦਾ ਦੋ ਜਹਾਨ ਵਡ ਬੰਸ, ਸਰਬੰਸ ਆਪਣਾ ਵੇਖ ਵਖਾਈਆ । ਆਤਮ ਪਰਮਾਤਮ ਨੂਰ ਨੁਰਾਨਾ ਅੰਸ, ਅੰਤਸ਼ਕਰਨ ਦਏ ਸਮਝਾਈਆ । ਕਾਗ ਲੇਖਾ ਜਾਣੇ ਹੰਸ, ਨਿਰਗੁਣ ਸਰਗੁਣ ਖੋਜ ਖੁਜਾਈਆ । ਮਾਨਸ ਜਨਮ ਬਣਾਏ ਬਣਤ, ਜਿਸ ਜਨ ਬਖ਼ਸ਼ੇ ਸਚ ਸਰਨਾਈਆ । ਹਉਮੇ ਗੜ੍ਹ ਨਾ ਰਹੇ ਹੰਗਤ, ਮਾਇਆ ਮਮਤਾ ਮੋਹ ਮਿਟਾਈਆ । ਕਰ ਕਿਰਪਾ ਜਿਨ੍ਹਾਂ ਮੇਲੇ ਆਪਣੀ ਸੰਗਤ, ਸੋ ਗੁਰਮੁਖ ਸੋਭਾ ਪਾਈਆ । ਝਗੜਾ ਚੁਕਾ ਕੇ ਸਵਰਗ ਜੱਨਤ, ਸਚਖੰਡ ਦਵਾਰਾ ਇਕ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਚਾਈਂ ਚਾਈਆ । ਭਗਤ ਸੁਹੇਲੇ ਪ੍ਰਭ ਦਾ ਸੱਚਾ ਪਰਵਾਰ, ਪਾਰਾਵਾਰ ਕਹਿਣ ਕੋਇ ਨਾ ਪਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਲਿਖ ਕੇ ਗਏ ਆਪਣੀ ਵਾਰ, ਵਾਰਤਾ ਅੱਖਰਾਂ ਵਾਲੀ ਜਣਾਈਆ । ਜਿਨ੍ਹਾਂ ਦਾ ਮਾਲਕ ਇਕ ਨਿਰੰਕਾਰ, ਨਿਰਗੁਣ ਨਿਰਵੈਰ ਨਜ਼ਰੀ ਆਈਆ । ਉਹ ਕਰੇ ਪ੍ਰੇਮ ਅੰਦਰ ਬਾਹਰ, ਗੁਪਤ ਜਾਹਰ ਵੇਖ ਵਖਾਈਆ । ਨਿਜ ਨੇਤਰ ਦੇਵੇ ਦੀਦਾਰ, ਦਰਸ ਆਪਣਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਪੁਰਖ ਅਕਾਲ ਦਾ ਸਭ ਦੇ ਨਾਲ ਸੰਗ, ਵਿਛੜਿਆ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਚਲਾਵੇ ਨਾਲ ਢੰਗ, ਹੁਕਮੇ ਵਿਚ ਭਵਾਈਆ । ਗੁਰਮੁਖਾਂ ਅੰਦਰ ਚਾੜ੍ਹ ਕੇ ਆਪਣਾ ਰੰਗ, ਦੁਰਮਤ ਮੈਲ ਦਏ ਧਵਾਈਆ । ਸੰਤ ਸੁਹੇਲੇ ਮੰਗਣ ਸਾਚੀ ਮੰਗ, ਖ਼ਾਲੀ ਝੋਲੀ ਅਗੇ ਡਾਹੀਆ । ਕਿਰਪਾ ਕਰੇ ਸੂਰਾ ਸਰਬੰਗ, ਨਾਮ ਭੰਡਾਰਾ ਦਏ ਵਰਤਾਈਆ । ਭਾਗ ਰਹਿਣ ਨਾ ਪਾਏ ਮੰਦ, ਮੰਦ ਵਾਸਨਾ ਦਏ ਕਢਾਈਆ । ਘਰ ਵਖਾ ਕੇ ਧੁਰ ਦਾ ਚੰਦ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਝਗੜਾ ਮੁਕ ਜਾਏ ਜੇਰਜ ਅੰਡ, ਉਤਭੁਜ ਸੇਹਤਜ ਲੇਖਾ ਨਾ ਕੋਇ ਰਖਾਈਆ । ਆਤਮ ਪਰਮਾਤਮ ਨਿਜ ਘਰ ਦੇਵੇ ਸੱਚਾ ਅਨੰਦ, ਸੁਖਆਸਣ ਸਿੰਘਾਸਣ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸ੍ਰੀ ਭਗਵਾਨ ਦਾ ਜਗਤ ਸਰਬ ਸੰਸਾਰ, ਸਾਥੀ ਗੁਰਮੁਖ ਲਏ ਬਣਾਈਆ । ਅੰਤਰ ਅੰਤਰ ਦੇ ਕੇ ਹੁਲਾਰ, ਸੁਤਿਆਂ ਲਏ ਜਗਾਈਆ । ਨੇਤਰ ਅੱਖ ਉਘਾੜ, ਦਰਸ਼ਨ ਦਏ ਕਰਾਈਆ । ਖ਼ੁਸ਼ੀ ਕਰਾ ਕੇ ਨਾੜ ਨਾੜ, ਪੰਜ ਤਤ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਚਾਈਂ ਚਾਈਂਆ । ਬੰਸ ਸਰਬੰਸ ਦਾ ਰਾਖਾ ਇਕ,

ਇਕ ਇਕੱਲਾ ਏਕੰਕਾਰ ਨਜ਼ਰੀ ਆਈਆ । ਜਿਨ੍ਹਾਂ ਗੁਰਮੁਖਾਂ ਸਿਖ ਲਈ ਸਾਚੀ ਸਿਖ, ਸਿੱਖ ਹੋ ਕੇ ਸਿਖਿਆ ਵਿਚ ਸਮਾਈਆ । ਓਨ੍ਹਾਂ ਦਾ ਅਗਲਾ ਲੇਖਾ ਦੇਵੇ ਲਿਖ, ਪਿਛਲੀ ਕਟੇ ਜੁਦਾਈਆ । ਨਾਮ ਭੰਡਾਰਾ ਪਾ ਕੇ ਭਿੱਖ, ਬਹਿਸ਼ਤਾਂ ਤੋਂ ਪਰੇ ਆਪਣੇ ਚਰਨਾ ਵਿਚ ਰਖਾਈਆ । ਆਤਮ ਦੀ ਪੂਰੀ ਕਰੇ ਸਿੱਕ, ਸ਼ਿਖ਼ਰ ਚੋਟੀ ਦਏ ਚੜ੍ਹਾਈਆ । ਜਿਧਰ ਵੇਖਣ ਓਧਰ ਆਵੇ ਦਿੱਸ, ਚਾਰ ਕੁੰਟ ਦਹਿ ਦਿਸ਼ਾ ਆਪਣਾ ਰੰਗ ਰੰਗਾਈਆ । ਜਨ ਭਗਤਾਂ ਦਾ ਬਣ ਕੇ ਧੁਰ ਦਾ ਮਿਤ, ਮਿੱਤਰ ਪਿਆਰਾ ਦੇਵੇ ਮਾਣ ਵਡਿਆਈਆ । ਸਚ ਪ੍ਰੀਤੀ ਕਰੇ ਹਿਤ, ਹਰਿ ਸੱਜਣ ਆਪ ਅਖਵਾਈਆ । ਦਰਸ਼ਨ ਦੇਵੇ ਨਿਤ, ਸਾਖ਼ਿਆਤ ਸੋਭਾ ਪਾਈਆ । ਠਗੋਰੀ ਮਨ ਨਾ ਪਾਏ ਚਿਤ, ਚੇਤਨ ਸੁਰਤੀ ਦਏ ਕਰਾਈਆ । ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਪ੍ਰਭੂ ਪਿਤ, ਪਿਤਾ ਪੂਤ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸ੍ਰੀ ਭਗਵਾਨ ਕਹੇ ਦੁਨੀਆ ਦਾ ਝੂਠਾ ਜਾਣੋ ਰਿਸ਼ਤਾ, ਸਗਲਾ ਸੰਗ ਨਾ ਕੋਇ ਬਣਾਈਆ । ਸਭ ਨੇ ਕੂਚ ਕਰਨਾ ਆਹਿਸਤਾ ਆਹਿਸਤਾ, ਅਗੇ ਪਿਛੇ ਭੱਜਣ ਵਾਹੋ ਦਾਹੀਆ । ਇਕ ਅਕਾਲ ਉਤੇ ਕਰ ਲਓ ਸੱਚਾ ਨਿਸਚਾ, ਜੋ ਨਿਹਚਲ ਧਾਮ ਦਏ ਪੁਚਾਈਆ । ਪਰਮ ਪੁਰਖ ਦਾ ਮੰਨੋ ਇਸ਼ਟਾ, ਗੁਰਦੇਵ ਇਕੋ ਸੋਭਾ ਪਾਈਆ । ਜੋ ਅੰਦਰੋਂ ਖੋਲ੍ਹੇ ਦ੍ਰਿਸ਼ਟਾ, ਦ੍ਰਿਸ਼ਟੀ ਦਏ ਬਦਲਾਈਆ । ਝਗੜਾ ਮੁਕਾ ਕੇ ਦੀਨ ਦੁਨੀ ਸ੍ਰਿਸ਼ਟਾ, ਸ੍ਰੇਸ਼ਟ ਆਪਣਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਦਏ ਚੁਕਾਈਆ । ਪਰਮ ਪੁਰਖ ਦਾ ਬਹੁ ਵੱਡਾ ਪਰਵਾਰ, ਬੱਚਿਆਂ ਦਾ ਮਾਲਕ ਇਕੋ ਨਜ਼ਰੀ ਆਈਆ । ਜੋ ਨਾਤਾ ਤੋੜੇ ਨਾ ਕਦੇ ਵਿਚ ਸੰਸਾਰ, ਸੰਸਾਰੀਆਂ ਵਾਲੀ ਕਾਰ ਨਾ ਕੋਇ ਕਮਾਈਆ । ਮਾਵਾਂ
੩੬੩ ੧੯ ਦੇ ਘਰ ਪੁੱਤ ਜੰਮਦੇ ਦੋ ਚਾਰ, ਅਬਿਨਾਸ਼ੀ ਕਰਤਾ ਲੱਖ ਚੁਰਾਸੀ ਜੂਨ ਰਿਹਾ ਉਪਾਈਆ । ਹੁਕਮੇਂ ਅੰਦਰ ਕਰ ਕੇ ਖ਼ਬਰਦਾਰ, ਸ਼ਬਦ ਸੰਦੇਸ਼ੇ ਜੁਗ ੩੬੩ ੧੯
ਜੁਗ ਸੁਣਾਈਆ । ਸੇਵਾ ਲਾ ਕੇ ਗੁਰੂ ਅਵਤਾਰ, ਪੈਗ਼ੰਬਰਾਂ ਕਰੀ ਪੜ੍ਹਾਈਆ । ਕਲਜੁਗ ਅੰਤ ਸ੍ਰਿਸ਼ਟੀ ਹੋਈ ਬੇਹਾਲ, ਭੁੱਲੀ ਨਾਮ ਖ਼ੁਦਾਈਆ । ਜੋ ਸਾਹਿਬ ਸਤਿਗੁਰ ਦਾ ਗੁਰਮੁਖ ਹੋ ਕੇ ਬਣ ਗਿਆ ਸਾਚਾ ਲਾਲ, ਸਚ ਸੁਚ ਵਿਚ ਸਮਾਈਆ । ਉਸ ਨੂੰ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਸਾਹਿਬ ਸਤਿਗੁਰ ਚਲੇ ਨਾਲ ਨਾਲ, ਹੁਕਮੇਂ ਅੰਦਰ ਆਪ ਭਵਾਈਆ । ਜਨਮ ਜਨਮ ਦੀ ਲੇਖੇ ਲਾਵੇ ਕੀਤੀ ਘਾਲ, ਘਾਇਲ ਹੋਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪੇ ਰਿਹਾ ਸੰਭਾਲ, ਸੁਬਹ ਸ਼ਾਮ ਵੇਖ ਵਖਾਈਆ । ਅਬਿਨਾਸ਼ੀ ਕਰਤਾ ਕਹੇ ਜਨ ਭਗਤਾਂ ਸਦਾ ਵੱਡਾ ਵੱਡ ਭਾਗ, ਭਾਗਾਂ ਵਾਲਾ ਦਿਆਂ ਬਣਾਈਆ । ਜੋ ਸਚ ਸਰਨਾਈ ਗਿਆ ਲਾਗ, ਲਗਨ ਇਕੋ ਦਿਆਂ ਵਖਾਈਆ । ਦੁਰਮਤ ਮੈਲ ਧੋ ਕੇ ਦਾਗ਼, ਦਗ਼ਾ ਫ਼ਰੇਬ ਦਿਆਂ ਛੁਡਾਈਆ । ਅੰਦਰ ਖੋਲ੍ਹ ਕੇ ਆਪਣਾ ਰਾਜ਼, ਪੜਦਾ ਦੇਵਾਂ ਲਾਹੀਆ । ਨਾਮ ਜਣਾ ਕੇ ਨਾਦ, ਸੋਈ ਸੁਰਤ ਲਵਾਂ ਉਠਾਈਆ । ਮੇਟ ਅੰਧੇਰੀ ਰਾਤ, ਸਚ ਚੰਦ ਕਰਾਂ ਰੁਸ਼ਨਾਈਆ । ਨਾਮ ਭੰਡਾਰ ਦੇ ਕੇ ਦਾਤ, ਭੁੱਖਿਆਂ ਦੇਵਾਂ ਰਜਾਈਆ । ਦਰਸ਼ਨ ਦੇ ਕੇ ਬਹੁ ਭਾਤ, ਬਿਧ ਆਪਣੀ ਦਿਆਂ ਸਮਝਾਈਆ । ਝਗੜਾ ਮੁਕਾ ਕੇ ਜਾਤ ਪਾਤ, ਦੀਨ ਦੁਨੀ ਤੋਂ ਬਰੀ ਦਿਆਂ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸ਼ਾਹ ਨਵਾਬ, ਨਈਆ ਨੌਕਾ ਇਕੋ ਨਾਮ ਵਖਾਈਆ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਸਦਾ ਸਦਾ ਸਦ ਸਹਾਰਾ, ਸਾਹਿਬ ਇਕੋ ਇਕ ਅਖਵਾਈਆ । ਕੂੜੀ ਕਿਰਿਆ

ਕਰਾਂ ਪਾਰ ਕਿਨਾਰਾ, ਜਗਤ ਵਹਿਣ ਨਾ ਕੋਇ ਵਹਾਈਆ । ਕਲਜੁਗ ਅੰਤਮ ਹੋ ਉਜਿਆਰਾ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਸਾਚਾ ਬੰਸ ਸਰਬੰਸ ਕਰ ਤਿਆਰਾ, ਤ੍ਰੈਗੁਣ ਤੋਂ ਪੱਲੂ ਦਿਆਂ ਛੁਡਾਈਆ । ਇਕੋ ਏਕੰਕਾਰਾ ਵਖਾ ਕੇ ਸਚ ਦਵਾਰਾ, ਦੂਜਾ ਲੇਖਾ ਦਿਆਂ ਮੁਕਾਈਆ । ਜੋ ਜਨ ਸਾਚੇ ਦਰ ਸੱਚਾ ਸਚ ਕਰੇ ਨਿਮਸਕਾਰਾ, ਸੀਸ ਜਗਦੀਸ਼ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲੇਖਾ ਵੇਖ ਵਖਾਈਆ । ਲੇਖਾ ਕਹੇ ਮੈਨੂੰ ਜੁਗ ਜੁਗ ਸਤਿਗੁਰ ਲਿਖਦਾ, ਦੂਜੀ ਕ਼ਲਮ ਨਾ ਕੋਇ ਚਤੁਰਾਈਆ । ਜਿਸ ਵੇਲੇ ਜੀਵ ਰੂਪ ਧਰੇ ਸਾਚੇ ਸਿੱਖ ਦਾ, ਗੁਰਮੁਖ ਆਪਣਾ ਆਪ ਪਰਗਟਾਈਆ । ਚਾਓ ਘਨੇਰਾ ਹੋਵੇ ਅਗੰਮੀ ਪਿਤ ਦਾ, ਪਤਿਪਰਮੇਸ਼ਵਰ ਵੇਖ ਖ਼ੁਸ਼ੀ ਮਨਾਈਆ । ਉਹ ਮਾਨਸ ਜਨਮ ਬਾਜ਼ੀ ਜਿੱਤਦਾ, ਲੱਖ ਚੁਰਾਸੀ ਮੰਜ਼ਲ ਤੈਅ ਕਰਾਈਆ । ਉਹ ਪ੍ਰੇਮੀ ਪਿਆਰਾ ਹੋ ਜਾਏ ਏਕੰਕਾਰ ਇਕ ਦਾ, ਇਕੋ ਵਿਚ ਸਮਾਈਆ । ਜਨ ਭਗਤਾਂ ਸ੍ਰੀ ਭਗਵਾਨ ਜੁਗ ਜੁਗ ਆਪਣੇ ਅੰਦਰ ਦਿਸਦਾ, ਬਾਹਰੋਂ ਲੱਭਣ ਕੋਇ ਨਾ ਜਾਈਆ । ਝਗੜਾ ਮੁਕਾ ਕੇ ਉਹਲੇ ਵਿਚ ਦਾ, ਵਿਚੋਂ ਆਪਣਾ ਆਪ ਪਰਗਟਾਈਆ । ਲੇਖਾ ਵਖਾਏ ਘਰ ਠਾਕਰ ਨਿਜ ਦਾ, ਨਿਜ ਨੇਤਰ ਕਰੇ ਰੁਸ਼ਨਾਈਆ । ਮੇਲ ਮਿਲਾਵਾ ਆਪਣੇ ਸ਼ਬਦੀ ਨਾਮ ਬਿਧ ਦਾ, ਤਰੀਕਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਜਾਣੇ ਸੱਚੇ ਪ੍ਰੇਮ ਪਿਆਰ ਵਾਲੀ ਸਿਕ ਦਾ, ਸਾਚੀ ਸਿਕ ਬਿਨ ਭਗਤਾਂ ਹੱਥ ਕਿਸੇ ਨਾ ਆਈਆ ।



## ੨੦ ਫੱਗਣ ਸ਼ਹਿਨਸ਼ਾਹੀ ਸੰਮਤ ੧ ਹਰਚੰਦ ਸਿੰਘ ਦੇ ਗ੍ਰਿਹ ਹਰਿਰਾਏ ਪੁਰ ਜ਼ਿਲਾ ਬਠਿੰਡਾ

ਆਦਿ ਜੁਗਾਦਿ ਖੇਲ ਅਗੰਮੀ ਸ਼ਬਦ ਸਤਿਗੁਰ ਦਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਆਤਮ ਪਰਮਾਤਮ ਸੁਰਤੀ ਧਾਰ ਹੋ ਕੇ ਜੁੜ ਦਾ, ਵਿਛੋੜਾ ਅੰਤਰ ਬਾਹਰ ਦਏ ਕਢਾਈਆ । ਨਾਦ ਅਨਾਦ ਵਜਾਏ ਬੇਪਰਵਾਹ ਆਪਣੇ ਤਾਲ ਸੁਰ ਦਾ, ਧੁਨ ਆਤਮਕ ਰਾਗ ਸੁਣਾਈਆ । ਸਰਜੀਵਤ ਰੂਪ ਕਰੇ ਜਨ ਭਗਤ ਗੁਰਮੁਖ ਮੁਰਦਾ, ਗ੍ਰਿਹ ਮੰਦਰ ਸਾਚੇ ਵੱਜੇ ਵਧਾਈਆ । ਭਗਤਾਂ ਦੇ ਅੰਦਰ ਫ਼ੁਰਨਾ ਹੋ ਕੇ ਫੁਰਦਾ, ਮਨ ਵਾਸਨਾ ਦਏ ਖਪਾਈਆ । ਲੇਖਾ ਜਣਾਵੇ ਪਿਛਲਾ ਅਗਲਾ ਧੁਰ ਦਾ, ਪੂਰਬ ਝੋਲੀ ਪਾਈਆ । ਪੰਧ ਮੁਕਾਵੇ ਵਿਛੋੜੇ ਵਾਲਾ ਅਨੰਦਪੁਰ ਦਾ, ਪੁਰੀ ਅਨੰਦ ਇਕੋ ਦਏ ਵਖਾਈਆ । ਜਿਥੇ ਸੂਰਜ ਚੰਦ ਕਦੇ ਨਾ ਚੜ੍ਹਦਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਭਗਤ ਭਗਵਾਨ ਇਕ ਦੂਜੇ ਦਾ ਢੋਲਾ ਪੜ੍ਹਦਾ, ਸੋਹੰ ਸੋ ਵੱਜੇ ਵਧਾਈਆ । ਪੜਦਾ ਲਹਿ ਜਾਵੇ ਸਚਖੰਡ ਸਾਚੇ ਘਰ ਦਾ, ਥਿਰ ਘਰ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਭਗਤ ਭਗਵਾਨ ਸਦ ਵਸਣ ਪਾਸ, ਪਾਸਾ ਸਕੇ ਨਾ ਕੋਇ ਬਦਲਾਈਆ । ਜਗਤ ਵਾਸਨਾ ਕਦੇ ਨਾ ਕਰੇ ਉਦਾਸ, ਚਿੰਤਾ ਗ਼ਮ ਨਾ ਕੋਇ ਰਖਾਈਆ । ਸਦਾ ਸਦਾ ਸਦ ਪ੍ਰਭ ਮਿਲਣ ਦੀ ਰਖੇ ਆਸ, ਆਸ਼ਾ ਅਵਰ ਨਾ ਕੋਇ ਵਧਾਈਆ । ਗਾਉਂਦਾ ਰਹੇ ਬਿਨ ਰਸਨਾ ਜਿਹਵਾ ਸਵਾਸ ਸਵਾਸ, ਸਾਹ ਸਾਹ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਨਸ ਜਨਮ ਕਰਨਹਾਰਾ ਰਾਸ, ਰਸਤਾ ਆਪਣਾ ਦਏ ਵਖਾਈਆ । ਭਗਤ ਭਗਵਾਨ ਆਦਿ ਜੁਗਾਦੀ ਇਕੋ ਰਾਹ, ਦੂਜੀ ਧਾਰ ਨਾ ਕੋਇ

ਵਖਾਈਆ । ਆਤਮ ਪਰਮਾਤਮ ਮਿਲ ਕੇ ਕਰਨ ਸੱਚੀ ਸਲਾਹ, ਝੂਠੀ ਵੰਡ ਨਾ ਕੋਇ ਵੰਡਾਈਆ । ਸ਼ਬਦੀ ਗੁਰੂ ਵਿਚੋਲਾ ਹੋਵੇ ਵਿਚ ਮਲਾਹ, ਨਾਤਾ ਧੁਰ ਦਾ ਦਏ ਬੰਧਾਈਆ । ਜੁਗ ਜਨਮ ਦਿਆਂ ਵਿਛੜਿਆਂ ਲਏ ਮਿਲਾ, ਫੜ ਬਾਹੋਂ ਗੋਦ ਉਠਾਈਆ । ਕਲਜੁਗ ਅੰਤਮ ਕੂੜੀ ਕਿਰਿਆ ਦਏ ਮਿਟਾ, ਸਤਿ ਸਚ ਇਕ ਦ੍ਰਿੜਾਈਆ । ਧੀਰਜ ਧਰਮ ਧਰਵਾਸ ਦਏ ਵਖਾ, ਨਿਹਕਰਮੀ ਕਰਮ ਬਣਾਈਆ । ਘਰ ਸੱਜਣ ਸਵਾਮੀ ਜਾਏ ਆ, ਠਾਕਰ ਹੋ ਕੇ ਫੇਰਾ ਪਾਈਆ । ਜਨਮ ਜਨਮ ਦਾ ਲੇਖਾ ਦਏ ਮੁਕਾ, ਚੁਰਾਸੀ ਗੇੜ ਨਾ ਕੋਇ ਭਵਾਈਆ । ਮਿਹਰਵਾਨ ਹੋ ਕੇ ਦਰਸ ਦਏ ਦਿਖਾ, ਪ੍ਰੀਖਿਆ ਜਗਤ ਨਾ ਕੋਇ ਜਣਾਈਆ । ਗ਼ਰੀਬ ਨਿਮਾਣੇ ਆਪਣੇ ਰੰਗ ਲਏ ਰੰਗਾ, ਰੰਗਤ ਇਕੋ ਇਕ ਚੜ੍ਹਾਈਆ । ਦਰ ਦਰਵੇਸ਼ਾਂ ਦਰਦ ਲਏ ਵੰਡਾ, ਦੀਨਾਂ ਅਨਾਥਾਂ ਹੋਏ ਸਹਾਈਆ । ਗ੍ਰਿਹ ਗ੍ਰਿਹ ਘਰ ਘਰ ਮੰਦਰ ਅੰਦਰ ਵੇਖੇ ਥਾਉਂ ਥਾਂ, ਘਟ ਭੀਤਰ ਸੋਭਾ ਪਾਈਆ । ਪ੍ਰੇਮ ਪਦਾਰਥ ਪਰਮ ਪੁਰਖ ਲਏ ਖਾ, ਨਿਰਗੁਣ ਹੋ ਕੇ ਸਰਗੁਣ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਵਾਰੇ ਭਾਵਨਾ ਦਾ ਭੋਗ ਦਏ ਲਗਾ, ਭਾਣਾ ਆਪਣਾ ਲਏ ਮਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਹੋ ਕੇ ਆਪ ਸਹਾ, ਦੂਜੀ ਸਹਾਇਤਾ ਦੀ ਲੋੜ ਰਹੇ ਨਾ ਰਾਈਆ ।



### ✪ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੧ ਜਗੀਰ ਦਾਸ ਦੇ ਗ੍ਰਿਹ ਖਿਆਲੀ ਵਾਲਾ ਜ਼ਿਲਾ ਬਠਿੰਡਾ ✪

੩੬੫
੧੯

ਜੁਗ ਜੁਗ ਖੇਲ ਹਰਿ ਨਿਰੰਕਾਰ ਦਾ, ਨਿਰਗੁਣ ਨਿਰਵੈਰ ਦਇਆ ਕਮਾਈਆ । ਲੇਖਾ ਵੇਖ ਜਗਤ ਸੰਸਾਰ ਦਾ, ਭਗਤ ਸੁਹੇਲੇ ਲਏ ਉਠਾਈਆ । ਪ੍ਰੇਮ ਰਸ ਦੇ ਕੇ ਆਪਣੀ ਧਾਰ ਦਾ, ਪੜਦਾ ਓਹਲਾ ਦਏ ਉਠਾਈਆ । ਜਲਵਾ ਦੇ ਕੇ ਨੂਰੀ ਚਮਤਕਾਰ ਦਾ, ਅੰਧ ਅੰਧੇਰ ਦਏ ਮਿਟਾਈਆ । ਮੇਲਾ ਕਰਾ ਕੇ ਸਾਚੇ ਯਾਰ ਦਾ, ਵਿਛੋੜਾ ਰਹਿਣ ਕੋਇ ਨਾ ਪਾਈਆ । ਝਗੜਾ ਮੁਕਾਵੇ ਰੋਗ ਸੋਗ ਚਿੰਤਾ ਕੁੜਿਆਰ ਦਾ, ਸਤਿ ਸਤਿ ਦਏ ਸਮਝਾਈਆ । ਗੜ੍ਹ ਤੋੜੇ ਹਉਮੇ ਹੰਗਤਾ ਹੰਕਾਰ ਦਾ, ਹੰ ਬ੍ਰਹਮ ਇਕ ਸਮਝਾਈਆ । ਦਰ ਵਖਾਵੇ ਸਚਖੰਡ ਨਿਵਾਸੀ ਸਚ ਦਰਬਾਰ ਦਾ, ਦਰਗਹਿ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਈਆ । ਸ੍ਰੀ ਭਗਵਾਨ ਜਨ ਭਗਤਾਂ ਜੁਗ ਜੁਗ ਦਿੰਦਾ ਰਹੇ ਦਲਾਸਾ, ਸੰਤੋਖ ਸਤਿ ਝੋਲੀ ਪਾਈਆ । ਇਸ਼ਟ ਦੇਵ ਬਣਿਆ ਰਹੇ ਭਰਵਾਸਾ, ਆਤਮ ਪਰਮਾਤਮ ਰੰਗ ਰੰਗਾਈਆ । ਗ੍ਰਿਹ ਮੰਡਲ ਅੰਦਰ ਵਖਾਉਂਦਾ ਰਹੇ ਰਾਸਾ, ਸੁਰਤੀ ਸ਼ਬਦੀ ਕਾਹਨ ਨਚਾਈਆ । ਨਿਜ ਗ੍ਰਿਹ ਕਰਦਾ ਰਹੇ ਵਾਸਾ, ਸਾਢੇ ਤਿੰਨ ਹੱਥ ਮੰਦਰ ਅੰਦਰ ਆਪਣਾ ਨੂਰ ਕਰੇ ਰੁਸ਼ਨਾਈਆ । ਭੇਵ ਖੁਲ੍ਹਾਉਂਦਾ ਰਹੇ ਬਣ ਕੇ ਦਾਸੀ ਦਾਸਾ, ਸੇਵਕ ਸੇਵ ਦੇਵਣਹਾਰ ਵਡਿਆਈਆ । ਜਨਮ ਜਨਮ ਦੀਆਂ ਪੂਰੀਆਂ ਕਰੇ ਆਸਾਂ, ਤ੍ਰਿਸ਼ਨਾ ਕੂੜੀ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਦਲਿਦ੍ਰ ਦਏ ਮਿਟਾਈਆ । ਜਨ ਭਗਤਾਂ ਮੇਟਣਹਾਰ ਪ੍ਰਭੂ ਪ੍ਰਭ ਦੁੱਖ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਘਰ ਸਵਾਮੀ ਦੇਵੇ ਸੁਖ, ਸੁਖ ਸਾਗਰ ਰੂਪ ਪਰਗਟਾਈਆ । ਚਿੰਤਾ ਗ਼ਮ ਦਾ ਪੈਂਡਾ ਜਾਏ ਮੁਕ, ਮਕੰਮਲ ਆਪਣਾ ਰੰਗ ਚੜ੍ਹਾਈਆ । ਨਿਝਰ ਧਾਰੋਂ ਅੰਮ੍ਰਿਤ ਸੋਮਾ ਪਏ ਫੁੱਟ ਫੁਟਕਲ ਰਹਿਣ ਕੋਇ ਨਾ ਪਾਈਆ ।

ਹਰਿਜਨ ਬਣਾਏ ਆਪਣੇ ਸੁਤ, ਅਬਿਨਾਸ਼ੀ ਅਚੁਤ ਦਇਆ ਕਮਾਈਆ । ਸੋਹਣੀ ਮੌਲੇ ਸੰਸਾਰ ਵਿਚ ਰੁੱਤ, ਪੱਤ ਟਹਿਣੀ ਆਪ ਮਹਿਕਾਈਆ । ਭਾਗ ਲਗਾ ਕੇ ਕਾਇਆ ਮਾਟੀ ਬੁਤ, ਬੁਤਖ਼ਾਨੇ ਵਿਚੋਂ ਅੰਤਮ ਬਾਹਰ ਕਢਾਈਆ । ਧੁਰ ਦੀ ਗੋਦੀ ਲਏ ਚੁੱਕ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰ ਸਰਨਾਈਆ । ਜਨ ਭਗਤਾਂ ਪ੍ਰਭ ਦੇਵੇ ਸਰਨ ਸਰਨਗਤ, ਸਹਾਰਾ ਇਕ ਵਖਾਇੰਦਾ । ਨਿਹਕਰਮੀ ਦੇ ਕੇ ਧੁਰ ਦੀ ਮਤ, ਮਨਮਤ ਕੂੜੀ ਪਰੇ ਹਟਾਇੰਦਾ । ਨਾਅਰਾ ਸੁਣਾ ਕੇ ਅਲੱਖਣਾ ਅਲਖ, ਜੈਕਾਰਾ ਇਕੋ ਇਕ ਜਣਾਇੰਦਾ । ਆਤਮ ਪਰਮਾਤਮ ਕਦੇ ਨਾ ਹੋਵੇ ਵੱਖ, ਹਿੱਸਾ ਵੰਡ ਨਾ ਕੋਇ ਵੰਡਾਇੰਦਾ । ਜਨ ਭਗਤਾਂ ਅੰਤਰ ਦੇ ਕੇ ਧੁਰ ਦਾ ਸਚ, ਸਤਿ ਆਪਣਾ ਨਾਮ ਸਮਝਾਇੰਦਾ । ਕਾਇਆ ਮਾਟੀ ਭਾਗ ਲਗਾ ਕੇ ਕੱਚ, ਕੰਚਨ ਗੜ੍ਹ ਵੇਖ ਵਖਾਇੰਦਾ । ਮਨੂਆ ਮਨ ਨਾ ਜਾਏ ਨੱਚ, ਨਟੂਆਂ ਸਵਾਂਗ ਨਾ ਕੋਇ ਬਣਾਇੰਦਾ । ਨਾੜੀ ਨਾੜ ਨਾ ਉਬਲੇ ਰੱਤ, ਅਗਨੀ ਤਤ ਨਾ ਕੋਇ ਵਖਾਇੰਦਾ । ਸਚ ਦਵਾਰੇ ਲਏ ਸੱਦ, ਹੁਕਮ ਸੰਦੇਸ਼ਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਖਾਵਣਹਾਰਾ ਧੁਰ ਦਾ ਘਰ, ਘਰ ਠਾਕਰ ਨਜ਼ਰੀ ਆਇੰਦਾ । ਜਨ ਭਗਤਾਂ ਪ੍ਰਭ ਮੇਟਣਹਾਰ ਦੁੱਖੜਾ, ਦੂਰ ਦੁਰਾਡਾ ਨੇਰਨ ਨੇਰਾ ਦਇਆ ਕਮਾਈਆ । ਉਜਲ ਲੋਕਮਾਤ ਕਰੇ ਮੁਖੜਾ, ਦੁਰਮਤ ਮੈਲ ਆਪ ਧਵਾਈਆ । ਲੇਖਾ ਚੁਕਾਵੇ ਮਾਤ ਗਰਭ ਕੁੱਖੜਾ, ਕੁੱਖ ਸੁਹੰਜਣੀ ਦਏ ਵਖਾਈਆ । ਉਲਟਾ ਫੇਰ ਨਾ ਹੋਵੇ ਰੁਖ਼ੜਾ, ਚਰਨ ਕਵਲ ਦੇਵੇ ਸਰਨਾਈਆ । ਮਿਹਰਵਾਨ ਮਹਿਬੂਬ ਅਬਿਨਾਸ਼ੀ ਅਚੁਤੜਾ, ਚੇਤਨ ਸੁਰਤੀ ਦਏ ਬਣਾਈਆ । ਜਿਸ ਦੀ ਧਾਰੋਂ ਸ਼ਬਦ ਅਗੰਮੀ ਧੁਰ ਦਾ ਉਠੜਾ, ਨਿਰਗੁਣ ਨਿਰਵੈਰ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੜਦਾ ਦਏ ਉਠਾਈਆ । ਸ੍ਰੀ ਭਗਵਾਨ ਜਨ ਭਗਤਾਂ ਪੜਦਾ ਚੁੱਕੇ ਅੰਤਰ ਅੱਖ, ਓਹਲਾ ਰਹਿਣ ਕੋਇ ਨਾ ਪਾਈਆ । ਨਜ਼ਰੀ ਆਏ ਸਾਖ਼ਿਆਤ ਪਰਤੱਖ, ਸਚ ਦਵਾਰੇ ਸੋਭਾ ਪਾਈਆ । ਜਗਤ ਕੂੜੀ ਕਿਰਿਆ ਕਰੇ ਭੱਠ, ਭਾਂਡਾ ਭਰਮ ਭਉ ਭੰਨਾਈਆ । ਸਚ ਭੰਡਾਰਾ ਖੋਲ੍ਹ ਕੇ ਹੱਟ, ਵਸਤੂ ਇਕੋ ਇਕ ਵਰਤਾਈਆ । ਬਿਨ ਅੱਖਰਾਂ ਦੇ ਕੇ ਬ੍ਰਹਮ ਮਤ, ਬ੍ਰਹਮ ਵਿਦਿਆ ਦਏ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਭੇਵ ਖੁਲ੍ਹਾ ਕੇ ਸਚ, ਸਚ ਸਾਜਣ ਹੋਏ ਸਹਾਈਆ । ਮਾਰਗ ਰਸਤਾ ਧੁਰ ਦਾ ਦੱਸ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਭਗਤ ਭਗਵਾਨ ਇਕ ਦੂਜੇ ਦਾ ਸਾਂਝਾ ਕਰ ਕੇ ਜਸ, ਯਥਾਰਥ ਆਪਣਾ ਰੰਗ ਚੜ੍ਹਾਈਆ । ਅਗੇ ਰਹਿਣ ਨਾ ਦੇਵੇ ਵੱਖ, ਘਰ ਵਿਚ ਘਰ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਲਏ ਰਖ, ਰੱਖਿਆ ਕਰੇ ਚਾਈਂ ਚਾਈਂਆ । ਸ੍ਰੀ ਭਗਵਾਨ ਜਨ ਭਗਤਾਂ ਹੋਏ ਸਾਜਣ ਮੀਤਾ, ਮਿੱਤਰ ਪਿਆਰਾ ਇਕ ਅਖਵਾਇੰਦਾ । ਜੁਗ ਜੁਗ ਦੀ ਪਰਗਟ ਕਰ ਕੇ ਰੀਤਾ, ਰੀਤੀਵਾਨ ਰਾਹ ਚਲਾਇੰਦਾ । ਸਚ ਦਵਾਰਾ ਦੱਸ ਕੇ ਠਾਂਡਾ ਸੀਤਾ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਜੁਗ ਚੌਕੜੀ ਕਰਨਹਾਰਾ ਖੇਲ ਅਨਡੀਠਾ, ਅਨਡਿਠੜੀ ਕਾਰ ਆਪ ਕਮਾਇੰਦਾ । ਗੁਰਮੁਖਾਂ ਕਾਇਆ ਚੋਲੀ ਚਾੜ੍ਹ ਕੇ ਰੰਗ ਮਜੀਠਾ, ਸਤਿ ਸਤਿਵਾਦੀ ਵੇਖ ਖ਼ੁਸ਼ੀ ਮਨਾਇੰਦਾ । ਮਨ ਮਨੂਆ ਕੂੜੀ ਵਾਸਨਾ ਵਿਚ ਰਹੇ ਨਾ ਰੀਠਾ, ਅੰਮ੍ਰਿਤ ਫਲ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕ ਵਰ, ਜਨਮ ਮਰਨ ਦਾ ਦੁੱਖ ਰੋਗ ਸੰਤਾਪ, ਲੱਖ ਚੁਰਾਸੀ ਵਿਚੋਂ ਕੱਢੇ ਆਪ, ਕੋਟ ਜਨਮ ਦੇ

ਮੇਟੇ ਪਾਪ, ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਜੀਵਣ ਜੁਗਤ ਜਗਤ ਦਏ ਬਦਲਾਈਆ । ਰੂਹ ਬੁੱਤ ਕਾਇਆ ਮਾਟੀ ਖ਼ਾਕੀ ਅੰਦਰ ਬਾਹਰ ਗੁਪਤ ਜਾਹਰ ਕਰ ਕੇ ਪਾਕ, ਪਤਿਤ ਪਾਵਨ ਅੰਮ੍ਰਿਤ ਮੇਘ ਬਰਸੇ ਸਾਵਨ, ਮਨ ਮਨੂਆ ਹੰਕਾਰੀ ਮਾਰੇ ਰਾਵਣ, ਸੀਤਾ ਸੁਰਤੀ ਧੁਰ ਦਾ ਰਾਮ, ਮਾਟੀ ਕਾਚੀ ਚਾਮ, ਚੰਮ ਦ੍ਰਿਸ਼ਟੀ ਵਿਚੋਂ ਇਸ਼ਟੀ ਆਪਣਾ ਇਸ਼ਟ ਦੇਵ ਸਮਝਾਈਆ । ਜਨ ਭਗਤ ਮੀਤਾ ਠਾਂਡਾ ਸੀਤਾ ਵੈਰਾਗੀ ਤਿਆਗੀ ਬੈਰਾਗੀ ਭਾਵੇਂ ਹੋ ਜਾਏ ਗ੍ਰਿਹਸਤੀ, ਨਾਤਾ ਤੋੜ ਕੇ ਜਗਤ ਬਹਿਸ਼ਤੀ, ਪਾਰ ਕਿਨਾਰਾ ਕਰਕੇ ਵਿਚੋਂ ਸ੍ਰਿਸ਼ਟੀ, ਸਾਹਿਬ ਸੁਲਤਾਨ ਸ੍ਰੀ ਭਗਵਾਨ ਹੋ ਮਿਹਰਵਾਨ ਦੇ ਕੇ ਦਾਨ, ਚਰਨ ਕਵਲ ਬਖ਼ਸ਼ੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵਣਹਾਰਾ ਇਕ ਵਰ, ਜਨਮ ਜਨਮ ਦਾ ਲੇਖਾ ਪੂਰਬ ਲਹਿਣਾ ਦੇਵਣਹਾਰਾ ਕਾਇਆ ਮਾਟੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦਾ ਬਖ਼ਸ਼ ਕੇ ਤਨ ਵਜੂਦ ਗਹਿਣਾ, ਗਹਿਰ ਗੰਭੀਰ ਬੇਨਜ਼ੀਰ ਲਾਤਸਵੀਰ ਆਪਣਾ ਦਰਸ ਦਏ ਕਰਾਈਆ ।

### ੨੦ ਫੱਗਣ ਸ਼ਹਿਨਸ਼ਾਹੀ ਸੰਮਤ ੧ ਬਖ਼ਤਾਵਰ ਸਿੰਘ ਦੇ ਗ੍ਰਿਹਿ ਪਿੰਡ ਖਿਆਲੀ ਵਾਲਾ ਜ਼ਿਲਾ ਬਠਿੰਡਾ



ਸ੍ਰੀ ਭਗਵਾਨ ਕਹੇ ਮੈਂ ਜਨ ਭਗਤਾਂ ਜਨਮ ਜਨਮ ਦੇ ਮੇਟਾਂ ਪੰਧ, ਜਗਤ ਪਾਂਧੀ ਰਹਿਣ ਕੋਇ ਨਾ ਪਾਈਆ । ਕੂੜੀ ਕਿਰਿਆ ਹਉਮੇਂ ਹੰਗਤਾ ਮਾਇਆ ਮਮਤਾ ਸ਼ਰਅ ਸ਼ਰਾਇਤੀ ਢਾਹ ਕੇ ਕੰਧ, ਪੜਦਾ ਓਹਲਾ ਬਣ ਵਿਚੋਲਾ ਅੰਦਰੋਂ ਦਿਆਂ ਚੁਕਾਈਆ । ਨਾਮ ਅਨਡੀਠਾ ਸਵਾਮੀ ਹੋ ਕੇ ਚਾੜ੍ਹਾਂ ਰੰਗ, ਜਗ ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਬੋਧ ਅਗਾਧੀ ਸ਼ਬਦ ਅਨਾਦੀ ਸੁਣਾਵਾਂ ਅਗੰਮੀ ਛੰਦ, ਢੋਲਾ ਸੋਹਲਾ ਗੀਤ ਨਗ਼ਮਾ ਇਕੋ ਨਾਮ ਖ਼ੁਦਾਈਆ । ਝਗੜਾ ਚੁਕਾਵਾਂ ਰਸਨਾ ਜਿਹਵਾ ਬੱਤੀ ਦੰਦ, ਬੰਦਨਾ ਡੰਡਉਤ ਬਖ਼ਸ਼ਾਂ ਇਕ ਸਰਨਾਈਆ । ਅੰਦਰ ਬਾਹਰ ਗੁਪਤ ਜਾਹਰ ਆਤਮ ਪਰਮਾਤਮ ਦੇਵਾਂ ਸੰਗ, ਸਗਲਾ ਸੰਗ ਅਗਲਾ ਦਿਆਂ ਬਣਾਈਆ । ਨਿਰਗੁਣ ਜੋਤ ਸਚ ਪਰਕਾਸ਼ ਚਾੜ੍ਹ ਕੇ ਚੰਦ, ਰਵ ਸਸ ਖਹਿੜਾ ਦਿਆਂ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਟ ਭੀਤਰ ਗ੍ਰਿਹਿ ਪੜਦਾ ਦਏ ਉਠਾਈਆ । ਸ੍ਰੀ ਭਗਵਾਨ ਕਹੇ ਮੈਂ ਦੇਣਾ ਭਗਤਾਂ ਭੰਡਾਰਾ ਏਕ, ਧੁਰਦਰਗਾਹੀ ਹੋ ਕੇ ਆਪ ਵਰਤਾਇੰਦਾ । ਚਰਨ ਕਵਲ ਸਚ ਸਹਾਰਾ ਬਖ਼ਸ਼ ਕੇ ਟੇਕ, ਚਰਨ ਧੂੜੀ ਟਿੱਕਾ ਮਸਤਕ ਨਾਮ ਖ਼ਾਕ ਰਮਾਇੰਦਾ । ਖ਼ੁਸ਼ੀ ਹੋਵਾਂ ਬਿਨਾ ਨੇਤਰਾਂ ਅੱਖਾਂ ਪੇਖ ਪੇਖ, ਲੋਚਨ ਨੈਣ ਧਾਰ ਨਾ ਕੋਇ ਬਣਾਇੰਦਾ । ਪਾਰਬ੍ਰਹਮ ਬ੍ਰਹਮ ਬਣਾ ਕੇ ਸਾਕ ਸੱਜਣ ਸੈਣ, ਸਚ ਦਵਾਰਾ ਏਕੰਕਾਰਾ ਇਕੋ ਇਕ ਸੁਹਾਇੰਦਾ । ਨਿਤ ਨਵਿਤ ਕਰੇ ਹਿਤ ਪਤਿਪਰਮੇਸ਼ਵਰ ਚੁਕਾਵਣਹਾਰਾ ਲਹਿਣਾ ਦੇਣ, ਦੀਨ ਦਿਆਲ ਹੋ ਕਿਰਪਾਲ ਵਸਤ ਅਮੋਲਕ ਕਾਇਆ ਗੋਲਕ ਸਚ ਦਵਾਰੇ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਧੁਰ ਦਾ ਘਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਸ੍ਰੀ ਭਗਵਾਨ ਜਨ ਭਗਤਾਂ ਖੋਲ੍ਹ ਦੇਵੇ ਦਰ ਦਰਵਾਜ਼ਾ, ਦਰਦੀ ਹੋ ਕੇ ਦਰਦ ਵੰਡਾਈਆ । ਨਜ਼ਰੀ ਆਏ ਨਰ ਨਰਾਇਣ ਸ਼ਾਹ ਨਵਾਬਾ, ਭੂਪਤ ਭੂਪ ਬੇਪਰਵਾਹੀਆ । ਝਗੜਾ ਮੁਕ ਜਾਏ ਮੱਕਾ ਮਦੀਨਾ ਜਗਤ ਕਾਅਬਾ, ਹੁਜਰੇ ਹੱਕ ਮਹਿਬੂਬ ਦਏ ਵਖਾਈਆ । ਧੁਰ ਨਾਮ ਦੀ ਮਾਰੇ ਇਕ ਆਵਾਜ਼ਾ, ਥਿਰ ਘਰ ਵਾਸੀ ਦਇਆ ਕਮਾਈਆ । ਸਚ ਦਵਾਰੇ

ਖੋਲ੍ਹੇ ਰਾਜ਼ਾ, ਸਚਖੰਡ ਦਵਾਰਾ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੀ ਦਾਤਾ, ਦਇਆਵਾਨ ਆਪ ਵਰਤਾਈਆ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਦੇਵਾਂ ਅੰਮਿਉਂ ਰਸ, ਬਿਨ ਰਸਨਾ ਜਿਹਵਾ ਆਪ ਚੁਆਈਆ । ਆਤਮ ਪਰਮਾਤਮ ਕਰ ਕੇ ਵੱਸ, ਵਾਸਤਕ ਆਪਣੇ ਘਰ ਵਸਾਈਆ । ਜਨਮ ਜਨਮ ਦਾ ਪੂਰਬ ਲੇਖਾ ਦੱਸ, ਬਿਨ ਸ਼ਾਸਤਰ ਸਿਮਰਤ ਕਰਾਂ ਪੜ੍ਹਾਈਆ । ਬਿਨ ਅੱਖਾਂ ਖੋਲ੍ਹ ਕੇ ਅੱਖ, ਦੋ ਜਹਾਨਾਂ ਦਿਆਂ ਵਖਾਈਆ । ਬਿਨ ਤੱਤਾਂ ਹੋ ਪਰਤੱਖ, ਜਲਵਾ ਨੂਰ ਕਰਾਂ ਰੁਸ਼ਨਾਈਆ । ਲਹਿਣਾ ਦੇਣਾ ਚੁਕਾ ਕੇ ਹੱਥ, ਨਾਭ ਕਵਲ ਦਿਆਂ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਦਵਾਰਾ ਪਾਰ ਕਰ ਕੇ ਹੱਦ, ਹਦੂਦ ਇਕੋ ਦਏ ਵਖਾਈਆ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਦੇਣੀ ਸ਼ਬਦ ਦਲੀਲ, ਜਗਤ ਵਿਦਿਆ ਵਾਲੀ ਨਾ ਕੋਇ ਪੜ੍ਹਾਈਆ । ਸ਼ਾਸਤਰ ਸਿਮਰਤ ਬਣਾਉਣਾ ਨਾ ਪਏ ਕੋਈ ਵਕੀਲ, ਵਿਚੋਲਾ ਰਹਿਣ ਕੋਇ ਨਾ ਪਾਈਆ । ਸਾਚੇ ਦਰ ਕਰ ਕੇ ਮਨਜ਼ੂਰ ਅਪੀਲ, ਅਪਰੰਪਰ ਸਵਾਮੀ ਹੋ ਕੇ ਹੋਵਾਂ ਸਹਾਈਆ । ਕਲਜੁਗ ਕੂੜੀ ਕਿਰਿਆ ਕਰ ਦੇਣੀ ਤਬਦੀਲ, ਤਬ੍ਹਾ ਸਭ ਦੀ ਵੇਖ ਵਖਾਈਆ । ਸ਼ਬਦੀ ਧਾਰ ਖੇਲ ਕਰਨਾ ਆਰ ਪਾਰ ਅੰਬਰ ਨੀਲ, ਨਿਰਵੈਰ ਹੋ ਕੇ ਆਪਣੀ ਕਾਰ ਕਮਾਈਆ । ਜੋਧਾ ਸਰਬੀਰ ਬਣ ਕੇ ਛੈਲ ਛਬੀਲ, ਸ਼ਬੇ ਰੋਜ਼ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਰ ਅਧੀਨ, ਦੀਨ ਮਜ਼੍ਹਬ ਖਹਿੜਾ ਦੇਣਾ ਛੁਡਾਈਆ । ਜਨ ਭਗਤ ਸੁਹੇਲਾ ਰਹੇ ਨਾ ਕੋਇ ਕਮੀਨ, ਕਮਲੇ ਕੋਝੇ ਆਪਣੇ ਗਲੇ ਲਗਾਈਆ । ਚਾਰ ਵਰਨ ਅਠਾਰਾਂ ਬਰਨ ਮਾਰਗ ਰਸਤਾ ਦੱਸ ਮਹੀਨ, ਮਾਰਗ ਇਕੋ ਦੇਣਾ ਵਖਾਈਆ । ਗੁਰਮੁਖ ਰਹੇ ਨਾ ਕੋਇ ਗ਼ਮਗ਼ੀਨ, ਗ਼ਮਾਂ ਦਾ ਰੋਗ ਦੇਣਾ ਮਿਟਾਈਆ । ਆਤਮ ਪਰਮਾਤਮ ਸਭ ਨੂੰ ਦੇਣੀ ਤਾਲੀਮ, ਤੁਲਬੇ ਗੁਰਮੁਖ ਦੇਣੇ ਬਣਾਈਆ । ਮਹੱਲ ਅਟਲ ਵਖਾ ਕੇ ਇਕ ਅਜ਼ੀਮ, ਆਲੀਸ਼ਾਨ ਦੇਣਾ ਸਮਝਾਈਆ । ਜਿਸ ਦਾ ਨਕਸ਼ਾ ਨਜ਼ਰ ਨਾ ਆਏ ਕਿਸੇ ਉਤੇ ਜ਼ਮੀਨ, ਜਾਹਰ ਜਹੂਰ ਅੰਦਰੋਂ ਪੜਦਾ ਦਏ ਉਠਾਈਆ । ਜਨ ਭਗਤਾਂ ਸ਼ਾਬਾਸ਼ ਕਹੇ ਆਫ਼ਰੀਨ, ਜੋ ਪੁਰਖ ਅਕਾਲਾ ਦੀਨ ਦਿਆਲਾ ਇਕੋ ਰਹੇ ਮਨਾਈਆ । ਕਲਜੁਗ ਅੰਤ ਸਤਿ ਸਤਿ ਦਾ ਦੱਸ ਕੇ ਦੀਨ, ਧਰਮ ਦਾ ਧਰਮ ਦਵਾਰਾ ਦਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਲਕ ਬਣ ਕੇ ਆਪ ਰਹੀਮ, ਰਹਿਮਤ ਵਿਚ ਸਹਿਮਤ ਕਰੇ ਲੋਕਾਈਆ ।

### ✪ ੨੧ ਫੱਗਣ ਸ਼ਹਿਨਸ਼ਾਹੀ ਸੰਮਤ ੧ ਮੁਕੰਦ ਸਿੰਘ ਦੇ ਗ੍ਰਹਿ ਪਿੰਡ ਮਰ੍ਹਾਜ ਜ਼ਿਲਾ ਬਠਿੰਡਾ ✪

ਭਗਤ ਭਗਵਾਨ ਆਦਿ ਜੁਗਾਦੀ ਲੇਖਾ ਧੁਰ ਦਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦੀਨ ਦੁਨੀ ਵੇਖ ਵਖਾਈਆ । ਭੇਵ ਅਭੇਦਾ ਅਛਲ ਅਛੇਦਾ ਲੇਖਾ ਚੁਕਾਵੇ ਪੂਰੇ ਗੁਰ ਦਾ, ਗਹਿਰ ਗੰਭੀਰ ਬੇਨਜ਼ੀਰ ਲਾਤਸਵੀਰ ਅੰਦਰੇ ਅੰਦਰ ਜਲਵਾ ਨੂਰ ਨਜ਼ਰੀ ਆਈਆ । ਭਗਤ ਸੁਹੇਲਾ ਗੁਰੂ ਗੁਰ ਚੇਲਾ ਸਾਹਿਬ ਸਵਾਮੀ ਅੰਤਰਜਾਮੀ ਹੋਣ ਨਾ ਦੇਵੇ ਮੁਰਦਾ, ਮੁਰੀਦ ਮੁਰਸ਼ਦ ਮਹਿਬੂਬ ਮੁਹੱਬਤ ਆਪਣੀ ਵਿਚ ਜਣਾਈਆ । ਸ਼ਬਦ ਅਨਾਦ ਬੋਧ ਅਗਾਧ ਤਾਲ ਸੁਣਾਵੇ ਅਗੰਮੀ ਸੁਰ ਦਾ, ਤਤ ਸ਼ਬਦ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਸਾਚਾ ਚਮਤਕਾਰ ਦੇਵੇ

ਆਪਣੇ ਨੂਰ ਨੁਰਾਨੇ ਨੂਰ ਦਾ, ਅੰਧ ਅੰਧੇਰ ਸੰਝ ਸਵੇਰ ਇਕੋ ਰੰਗ ਦਏ ਵਖਾਈਆ । ਆਸਾ ਮਨਸਾ ਜੁਗ ਜਨਮ ਵਿਛੜਿਆਂ ਪੁਰਖ ਅਕਾਲ ਪੂਰਦਾ, ਪੂਰਨ ਬ੍ਰਹਮ ਸਚ ਧਰਮ ਇਕੋ ਦਏ ਵਖਾਈਆ । ਨਾਤਾ ਤੋੜ ਕੇ ਹਉਮੇ ਹੰਗਤਾ ਗੜ੍ਹ ਗ਼ਰੂਰ ਦਾ, ਗ਼ੁਰਬਤ ਕੂੜੀ ਅੰਦਰੋਂ ਦਏ ਕਢਾਈਆ । ਇਸ਼ਾਰਾ ਦੇ ਕੇ ਨਾਮ ਖ਼ੁਮਾਰੀ ਸਰੂਰ ਦਾ, ਸ਼ਰਅ ਸ਼ਰੀਅਤ ਅੰਦਰੋਂ ਦਏ ਬਦਲਾਈਆ । ਪੰਧ ਮੁਕਾ ਕੇ ਮਨ ਮਨੂਏ ਮਫ਼ਰੂਰ ਦਾ, ਹੁਕਮੇਂ ਅੰਦਰ ਆਪਣੇ ਬੰਦ ਕਰਾਈਆ । ਨਿਜ ਆਤਮ ਨਿਜ ਗ੍ਰਿਹਿ ਸਾਚੇ ਘਰ ਦਰਸ਼ਨ ਪਾਵੇ ਸਚਖੰਡ ਹਜ਼ੂਰ ਦਾ, ਮੁਕਾਮੇ ਹੱਕ ਇਕੋ ਜਲਵਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਈਆ । ਭਗਤ ਭਗਵਾਨ ਹੁੰਦਾ ਰਿਹਾ ਮਿਲਾਪ, ਆਦਿ ਅੰਤ ਜੁਗਾ ਜੁਗੰਤ ਵਜਦੀ ਰਹੀ ਵਧਾਈਆ । ਤੂੰ ਮੇਰਾ ਮੈਂ ਤੇਰਾ ਇਕੋ ਰਿਹਾ ਦੋਹਾਂ ਦਾ ਜਾਪ, ਜਗਤ ਵਿਦਿਆ ਦੂਜੀ ਅਵਰ ਨਾ ਕੋਇ ਪੜ੍ਹਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਦੀਆ ਬਾਤੀ ਕਮਲਾਪਾਤੀ ਕਰਦਾ ਰਿਹਾ ਜੋਤ ਪਰਕਾਸ਼, ਜਲਵਾਗਰ ਜਾਹਰ ਜਹੂਰ ਇਕੋ ਨਜ਼ਰੀ ਆਈਆ । ਜਨਮ ਜਨਮ ਦਾ ਕਰਮ ਕਰਮ ਦਾ ਮੇਟਦਾ ਰਿਹਾ ਪਾਪ, ਪਤਿਤ ਪੁਨੀਤ ਹੋ ਕੇ ਦੁਰਮਤ ਮੈਲ ਅੰਦਰੋਂ ਆਪ ਧਵਾਈਆ । ਤੰਦ ਸਤਾਰ ਵਜਾਉਂਦਾ ਰਿਹਾ ਰਬਾਬ, ਅਹਿਬਾਬ ਪਿਆਰਾ ਮਿੱਤਰ ਹੋ ਕੇ ਆਪਣੀ ਖ਼ੁਸ਼ੀ ਵਖਾਈਆ । ਡੰਡਾਵਤ ਬੰਦਨਾ ਸਜਦਿਆਂ ਵਿਚ ਦੱਸਦਾ ਰਿਹਾ ਅਦਾਬ, ਸਿਰ ਸਰ ਸਾਹਿਬ ਸੀਸ ਨਿਵਾਈਆ । ਜਨ ਭਗਤਾਂ ਮੁਆਫ਼ ਕਰ ਕੇ ਦੇਂਦਾ ਰਿਹਾ ਖ਼ਤਾਬ, ਖ਼ਤੂਤ ਖ਼ਤ ਚਿੱਠੀ ਨਾ ਕੋਇ ਪੜ੍ਹਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਉਪਰ ਸ਼ਾਹਰਗ ਖੋਲ੍ਹਦਾ ਰਿਹਾ ਰਾਜ਼, ਘਰ ਵਿਚ ਘਰ ਪੜਦਾ ਰਿਹਾ ਉਠਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਬਿਨ ਅੱਖਰਾਂ ਦੇਂਦਾ ਰਿਹਾ ਦਾਤ, ਕਾਗ਼ਜ਼ ਕ਼ਲਮ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਅਮੋਲਕ ਕਰ ਅਨਾਇਤ, ਹਦਾਇਤ ਇਕੋ ਇਕ ਸਮਝਾਈਆ । ਜਨ ਭਗਤ ਹੁੰਦਾ ਰਿਹਾ ਇਕੱਠ, ਆਤਮ ਪਰਮਾਤਮ ਮਿਲ ਕੇ ਵਜਦੀ ਰਹੀ ਵਧਾਈਆ । ਸ਼ਬਦ ਅਗੰਮੀ ਲੌਂਦਾ ਰਿਹਾ ਸੱਟ, ਸੋਈ ਸੁਰਤੀ ਆਪ ਉਠਾਈਆ । ਦੇਂਦਾ ਰਿਹਾ ਸੰਤੋਖ ਧੀਰਜ ਜਤ, ਯਥਾਰਥ ਆਪਣਾ ਹੁਕਮ ਵਰਤਾਈਆ । ਬੋਧ ਅਗਾਧ ਸ਼ਬਦ ਅਨਾਦ ਸੁਣਾਉਂਦਾ ਰਿਹਾ ਗਾਥ, ਬਿਨ ਰਸਨਾ ਜਿਹਵਾ ਬੱਤੀ ਦੰਦ ਆਪ ਪੜ੍ਹਾਈਆ । ਘਰ ਸਵਾਮੀ ਅੰਤਰਜਾਮੀ ਹੋ ਕੇ ਕਰਦਾ ਰਿਹਾ ਵਾਸ, ਵਾਸਨਾ ਕੂੜੀ ਬਾਹਰ ਕਢਾਈਆ । ਤੂੰ ਮੇਰਾ ਮੈਂ ਤੇਰਾ ਮਿਲ ਕੇ ਸਾਚ, ਮੰਜ਼ਲ ਪੌੜਾ ਧੁਰ ਦਾ ਆਪ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਇਕ ਅਕੇਲਾ ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਹੁਕਮ ਵਰਤਾਈਆ । ਭਗਤ ਭਗਵਾਨ ਇਕ ਦੂਜੇ ਨੂੰ ਰਹੇ ਤੱਕਦੇ, ਬਿਨ ਅੱਖਾਂ ਅੱਖ ਮਿਲਾਈਆ । ਲੇਖੇ ਮਿਲਦੇ ਰਹੇ ਹਕ਼ੀਕ਼ਤ ਹੱਕ ਦੇ, ਸ਼ਰਅ ਸ਼ਰੀਅਤ ਨਾ ਕੋਇ ਵਖਾਈਆ । ਨਾਤੇ ਜੁੜਦੇ ਰਹੇ ਧੁਰਦਰਗਾਹੀ ਸਚ ਦੇ, ਸਚ ਸੁਚ ਵਿਚ ਸਮਾਈਆ । ਭੰਡਾਰੇ ਖੁਲ੍ਹਦੇ ਰਹੇ ਅਗੰਮੀ ਹੱਟ ਦੇ, ਜਗਤ ਵਣਜਾਰਾ ਨਜ਼ਰ ਕੋਇ ਨਾ ਆਈਆ । ਦੋਵੇਂ ਧਿਰਾਂ ਲਾਹਾ ਰਹੇ ਖਟਦੇ, ਭਗਤ ਭਗਵਾਨ ਮਿਲ ਕੇ ਖ਼ੁਸ਼ੀ ਆਈਆ । ਖੇਲ ਹੁੰਦੇ ਰਹੇ ਪੁਰਖ ਸਮਰਥ ਦੇ, ਮਹਿੰਮਾ ਅਕੱਥ ਕਥ ਦ੍ਰਿੜਾਈਆ । ਕਾਇਆ ਮੰਦਰ ਅੰਦਰ ਮਿਲ ਕੇ ਰਹੇ ਵਸਦੇ, ਵਸਲ ਯਾਰ ਇਕੋ ਇਕ ਜਣਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਰਹੇ ਹੱਸਦੇ, ਖ਼ੁਸ਼ੀਆਂ ਅੰਦਰ ਢੋਲੇ ਗੀਤ ਅਗੰਮੀ ਨਾਦ ਕਰਦੇ ਰਹੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਇਸ਼ਾਰੇ ਦੇਵਣਹਾਰਾ ਆਪਣੀ ਅੱਖ ਦੇ, ਗਿਆਨ ਨੇਤਰ ਪੜਦਾ ਦਏ ਉਠਾਈਆ । ਭਗਤ ਭਗਵਾਨ ਦੇਂਦੇ ਰਹੇ ਹੋਕਾ, ਉਚੀ ਕੂਕ ਕੂਕ ਸੁਣਾਈਆ । ਨਾਅਰਾ ਲਾਉਂਦੇ ਰਹੇ ਚੌਦਾਂ ਲੋਕਾ, ਚੌਦਾਂ ਤਬਕ ਦੇਣ ਦੁਹਾਈਆ । ਲੱਖ ਚੁਰਾਸੀ ਵਿਚੋਂ ਮਾਣਸ ਮਾਨੁਖ ਮਾਨਵ ਮਿਲਦਾ ਇਕ ਮੌਕਾ, ਜੋ ਮੁਕੰਮਲ ਪ੍ਰਭ ਦੇ ਨਾਲ ਮਿਲਾਈਆ । ਮੰਜ਼ਲ ਰਾਹ ਪੈਂਡਾ ਖਹਿੜਾ ਰਹੇ ਕੋਈ ਨਾ ਔਖਾ, ਅਧਵਿਚਕਾਰ ਨਾ ਕੋਇ ਅਟਕਾਈਆ । ਕਾਇਆ ਮੰਦਰ ਅੰਦਰ ਸਾਢੇ ਤਿੰਨ ਹੱਥ ਭਗਤਾਂ ਦਾ ਅਗੰਮੀ ਕੋਠਾ, ਗ੍ਰਿਹ ਪਰਮਾਤਮ ਮਿਲ ਕੇ ਵੱਜੇ ਵਧਾਈਆ । ਪ੍ਰਭ ਮਿਲਿਆਂ ਰਖਣਾ ਪਏ ਨਾ ਕੋਇ ਰੋਜ਼ਾ, ਨਿਮਾਜ਼ਾਂ ਵਿਚ ਸੀਸ ਨਾ ਕੋਇ ਝੁਕਾਈਆ । ਅੰਤਰ ਅੰਤਰ ਭੇਵ ਖੋਲ੍ਹੇ ਗੋਝਾ, ਗਹਿਰ ਗਵਰ ਆਪਣਾ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਨਾਮ ਬੋਧਾ, ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਭਗਤ ਭਗਵਾਨ ਬੋਲਦੇ ਰਹੇ ਇਕ ਜੈਕਾਰਾ, ਤੂੰ ਹੀ ਤੂੰ ਹੀ ਰਾਗ ਅਲਾਈਆ । ਵਰਨ ਬਰਨ ਤੋਂ ਹੋ ਕੇ ਬਾਹਰਾ, ਜਾਤ ਪਾਤ ਲੇਖਾ ਜਾਣ ਚੁਕਾਈਆ । ਇਕੋ ਨੂਰ ਨਜ਼ਰੀ ਆਏ ਦੀਆ ਬਾਤੀ ਕਮਲਾਪਾਤੀ ਕਰੇ ਉਜਿਆਰਾ, ਅੰਧ ਅੰਧੇਰ ਸੰਝ ਸਵੇਰ ਦਏ ਮਿਟਾਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਕਹਿਣ ਕੋਇ ਨਾ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਦ ਵਸਣਹਾਰਾ ਸਚਖੰਡ ਠਾਂਡੇ ਦਰਬਾਰਾ, ਮੁਕਾਮੇ ਹੱਕ ਆਸਣ ਸਿੰਘਾਸਣ ਇਕ ਸੁਹਾਈਆ । ਹੁਕਮੇਂ ਅੰਦਰ ਭੇਜ ਗੁਰ ਅਵਤਾਰਾ, ਪੈਗ਼ੰਬਰ ਕਲਮੇ ਨਗ਼ਮੇ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਇਕੋ ਇਕ ਵਡਿਆਈਆ । ਭਗਤ ਭਗਵਾਨ ਚੜ੍ਹਦਾ ਰਿਹਾ ਮਹੱਲ ਅਟਲ ਉਚ ਮਨਾਰੇ, ਮੰਜ਼ਲ ਮੰਜ਼ਲ ਆਪਣਾ ਪੰਧ ਮੁਕਾਈਆ । ਪੁਛਦਾ ਰਿਹਾ ਸ੍ਰੀ ਭਗਵਾਨ ਚਰਨ ਦਵਾਰੇ, ਦਵਾਰਕਾਵਾਸੀ ਜਿਥੇ ਬੈਠੇ ਸੀਸ ਨਿਵਾਈਆ । ਜਗਮਗ ਜੋਤ ਜਗੇ ਅਪਾਰੇ, ਅਪਰੰਪਰ ਸਵਾਮੀ ਨਿਰਗੁਣ ਨੂਰ ਕਰੇ ਰੁਸ਼ਨਾਈਆ । ਦੂਜਾ ਨਾ ਕੋਈ ਮੀਤ ਮੁਰਾਰੇ, ਸੱਜਣ ਸਾਚਾ ਸੰਗ ਨਾ ਕੋਇ ਬਣਾਈਆ । ਨਾ ਕੋਈ ਢੋਲਾ ਗੀਤ ਨਾ ਤੰਦ ਸਿਤਾਰੇ, ਰਾਗ ਰਾਗਨੀ ਸਿਫ਼ਤ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਦੇਵੇ ਇਕ ਘਰ, ਜਿਸ ਘਰ ਆਪਣਾ ਡੇਰਾ ਲਾਈਆ । ਭਗਤ ਭਗਵਾਨ ਤੱਕਦਾ ਰਿਹਾ ਮੰਦਰ, ਮਹਿਬੂਬ ਹੋ ਕੇ ਵੇਖ ਵਖਾਈਆ । ਤਨ ਮਾਟੀ ਖ਼ਾਕ ਖੋਲ੍ਹਦਾ ਰਿਹਾ ਜੰਦਰ, ਬਜਰ ਕਪਾਟੀ ਕੁੰਡਾ ਲਾਹੀਆ । ਮਨ ਮਨੂਆ ਵਸ ਕਰ ਕੇ ਬੰਦਰ, ਸ਼ਬਦੀ ਡੋਰੀ ਤੰਦ ਬੰਧਾਈਆ । ਲੇਖਾ ਚੁਕਾ ਕੇ ਸੂਰੀਆ ਚੰਦਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸੂਰਾ ਸਰਬੰਗਣ, ਹਰਿਜਨ ਆਪਣੀ ਗੋਦ ਉਠਾਈਆ । ਭਗਤ ਭਗਵਾਨ ਚੁਕਦਾ ਰਿਹਾ ਗੋਦ, ਬਿਨ ਹੱਥਾਂ ਆਪ ਉਠਾਈਆ । ਸਤਿ ਧਰਮ ਦਾ ਦੇਂਦਾ ਰਿਹਾ ਜੋਗ, ਜੋਗੀਸ਼ਰਾਂ ਤੋਂ ਬਾਹਰ ਪੜ੍ਹਾਈਆ । ਤੱਕਦਾ ਰਿਹਾ ਹਉਮੇਂ ਰੋਗ, ਹੰ ਬ੍ਰਹਮ ਸਮਝਾਈਆ । ਪਰਕਾਸ਼ ਕਰਦਾ ਰਿਹਾ ਨਿਰਮਲ ਜੋਤ, ਅੰਧ ਅੰਧੇਰ ਚੁਕਾਈਆ । ਮੇਟਦਾ ਰਿਹਾ ਕੂੜੀ ਸੋਚ, ਸਮਝ ਸਮਝ ਵਿਚੋਂ ਬਦਲਾਈਆ । ਚਰਨ ਪ੍ਰੀਤੀ ਸਾਚੀ ਰੀਤੀ ਦਸਦਾ ਰਿਹਾ ਮੌਜ, ਮਜਲਸ ਆਪਣੇ ਨਾਲ ਰਖਾਈਆ । ਜੁਗ ਚੌਕੜੀ ਨਿਤ ਨਵਿਤ ਕਰ ਕਰ ਹਿਤ ਭਗਤਾਂ ਕਰਦਾ ਰਿਹਾ ਖੋਜ, ਕਾਇਆ ਮਾਟੀ ਅੰਦਰ ਪੜਦਾ ਦਏ ਉਠਾਈਆ । ਝਗੜਾ ਮੁਕਾ ਕੇ ਲੋਕ ਪਰਲੋਕ, ਸਚ ਸਲੋਕ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਹਰਿਜਨ ਸਾਚੇ ਆਪਣੇ ਰੰਗ ਰੰਗਾਈਆ । ਜਨ ਭਗਤ ਕਹੇ ਮੈਂ ਪ੍ਰਭ ਦਾ ਕਰ ਕੇ ਦਰਸ, ਦੀਦਾਰ ਇਕੋ ਇਕ ਵੇਖ ਵਖਾਈਆ । ਮੇਰੀ ਜਨਮ ਜਨਮ ਦੀ ਮਿਟ ਗਈ ਹਰਸ, ਹਵਸ ਰਹੀ ਨਾ ਰਾਈਆ । ਪੁਰਖ ਅਕਾਲ ਦੀਨ ਦਿਆਲ ਕੀਤਾ ਤਰਸ, ਰਹਿਮਤ ਆਪਣੀ ਕਾਰ ਕਮਾਈਆ । ਮਾਣ ਵਡਿਆਈ ਦੇ ਕੇ ਉਪਰ ਫ਼ਰਸ਼, ਧਰਨੀ ਧਰਤ ਧਵਲ ਲੇਖਾ ਲੇਖੇ ਰਿਹਾ ਲਗਾਈਆ । ਪੂਰਬ ਜਨਮ ਦੇ ਕੇ ਕ਼ਰਜ਼ ਮਕ਼ਰੂਜ਼ ਹੋ ਕੇ ਝੋਲੀ ਰਿਹਾ ਪਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਦੀ ਮੰਨ ਕੇ ਅਰਜ਼, ਆਰਜ਼ੂ ਸਭ ਦੀ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਤਾਲ ਬਦਲ ਦੇਵੇ ਤਰਜ, ਢੋਲਾ ਗੀਤ ਇਕੋ ਆਪਣਾ ਨਾਮ ਸੁਣਾਈਆ । ਕਰੇ ਖੇਲ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਇਕ ਅਸਚਰਜ, ਅਚਰਜ ਲੀਲਾ ਆਪਣੀ ਇਕ ਵਰਤਾਈਆ । ਸ਼ਬਦ ਖੰਡਾਂ ਬ੍ਰਹਿਮੰਡਾਂ ਖੰਡਾਂ ਦੋ ਜਹਾਨਾਂ ਫਿਰੇ ਤਿੱਖੀ ਧਾਰ ਛੁਰੀ ਕਰਦ, ਕ਼ਤਲਗਾਹ ਵੇਖੇ ਲੋਕਾਈਆ । ਜੂਠ ਝੂਠ ਕੂੜ ਅਪਰਾਧ ਮੇਟ ਦੇਵੇ ਮਨ ਵਾਸਨਾ ਗਰਦ, ਬੁਧੀ ਬਿਬੇਕ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਜੋਧਾ ਸੂਰਬੀਰ ਬਣ ਮਰਦਾਨਾ ਮਰਦ, ਦੂਜੀ ਮਦਦ ਮੰਗ ਨਾ ਕੋਇ ਮੰਗਾਈਆ । ਜਨ ਭਗਤ ਕਹਿਣ ਖ਼ੁਸ਼ੀ ਹੋਈ ਵੇਖ ਕੇ ਸਚ ਮਹਿਬੂਬ, ਜੋ ਮੁਹੱਬਤ ਵਿਚ ਸਮਾਈਆ । ਜਿਸ ਦਾ ਆਅਲਾ ਅਰਸ਼ਾਂ ਤੋਂ ਪਰੇ ਇਕ ਅਰੂਜ਼, ਸਚ ਦਵਾਰੇ ਸੋਭਾ ਪਾਈਆ । ਜੋ ਮਿਹਰਵਾਨ ਹੋ ਕੇ ਜਨ ਭਗਤਾਂ ਰਖੇ ਮਹਿਫੂਜ਼, ਸਿਰ ਆਪਣਾ ਹੱਥ ਟਿਕਾਈਆ । ਚਾੜ੍ਹ ਕੇ ਮੰਜ਼ਲ ਸਾਚੀ ਮਕਸੂਦ, ਮਸਲਾ ਸਭ ਦਾ ਵੇਖ ਵਖਾਈਆ । ਲੋੜ ਰਹਿਣ ਨਾ ਦੇਵੇ ਹਜ਼ਾਰਾ ਦਰੂਦ, ਹਜ਼ਰਤ ਆਪਣੇ ਰੰਗ ਰੰਗਾਈਆ । ਚਾਰ ਕੁੰਟ ਦਹਿ ਦਿਸ਼ਾ ਜਿਧਰ ਵੇਖਣ ਓਧਰ ਮੌਜੂਦ, ਹਰ ਘਟ ਬੈਠਾ ਸੋਭਾ ਪਾਈਆ । ਕਾਇਆ ਮੰਦਰ ਅੰਦਰ ਵਸੇ ਸਾਚੀ ਕੂਟ, ਕੁਟੀਆ ਇਕੋ ਦਏ ਸੁਹਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਸਬੂਤ, ਸਾਬਤ ਹੋ ਕੇ ਅਪਣਾ ਭੇਵ ਦਏ ਖੁਲ੍ਹਾਈਆ । ਕਾਇਆ ਕਾਅਬਾ ਦੱਸ ਕੇ ਹੱਕ ਕਲਬੂਤ, ਮੰਦਰ ਮਸਜਿਦ ਗੁਰਦੁਵਾਰ ਇਕੋ ਦਏ ਵਖਾਈਆ । ਜਿਸ ਦਾ ਕਿਲ੍ਹਾ ਕੋਟ ਚਾਰ ਕੁੰਟ ਮਜ਼ਬੂਤ, ਜਗਤ ਸ਼ਸਤਰ ਪੋਹ ਸਕੇ ਕੋਇ ਨਾ ਰਾਈਆ । ਹੁਕਮ ਦੇਵਣਹਾਰਾ ਸ਼ਬਦ ਅਗੰਮਾ ਧੁਰ ਦਾ ਦੂਤ, ਦੁਤੀਆ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤ ਅਖ਼ੀਰ ਬੇਨਜ਼ੀਰ ਨਜ਼ਰ ਆਪਣੀ ਲਏ ਬਦਲਾਈਆ । ਭਗਤ ਕਹੇ ਮੈਂ ਪ੍ਰਭ ਦੀ ਵੇਖੀ ਨਜ਼ਰ (ਤਬਦੀਲ*), ਤਬਦੀਲੀ ਸਭ ਦੀ ਰਿਹਾ ਕਰਾਈਆ । ਸਦੀ ਚੌਧਵੀਂ ਅੰਤ ਅਖ਼ੀਰ ਸੁਣੇ ਨਾ ਕਿਸੇ ਦੀ ਅਪੀਲ, ਅਪਰੰਪਰ ਸਵਾਮੀ ਧੁਰਦਰਗਾਹੀ ਬੈਠਾ ਸੋਭਾ ਪਾਈਆ । ਚਾਰ ਜੁਗ ਦਾ ਪਿਛਲਾ ਰਹਿਣ ਨਾ ਦੇਵੇ ਕੋਈ ਵਕੀਲ, ਵੁਕਲੇ ਸਾਰੇ ਦਏ ਮੁਕਾਈਆ । ਅਗੇ ਹੋਣ ਨਾ ਦੇਵੇ ਤਅਤੀਲ, ਤਰ੍ਹਾਂ ਤਰ੍ਹਾਂ ਹੁਕਮ ਦਏ ਸੁਣਾਈਆ । ਕੂੜੀ ਕਿਰਿਆ ਕਲਜੁਗ ਰਹਿਣ ਨਾ ਦੇਵੇ ਕਮੀਨ, ਕਾਇਆ ਕੱਪੜ ਲੱਖ ਚੁਰਾਸੀ ਵੇਖ ਵਖਾਈਆ । ਸਾਚੀ ਸਿਖਿਆ ਆਤਮ ਪਰਮਾਤਮ ਦੇਵੇ ਇਕ ਤਾਲੀਮ, ਚਾਰ ਵਰਨ ਅਠਾਰਾਂ ਬਰਨ ਤੁਲਬਾ ਕਰੇ ਇਕ ਪੜ੍ਹਾਈਆ । ਨਿਰਅੱਖਰ ਦੱਸ ਕੇ ਬਿਨਾ ਨੁਕਤੇ ਮੀਮ, ਅਲਿਫ਼ ਤੋਂ ਯੇ ਹਰਫ਼ ਇਕੋ ਦਏ ਸਮਝਾਈਆ । ਜਿਸ ਦੀ ਸਾਰੇ ਕਰਦੇ ਗਏ ਤਅਜ਼ੀਮ, ਤਨਜ਼ੀਮ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਡਿਆਈਆ । ਜਨ ਭਗਤ ਕਹੇ ਮੈਂ ਮੁਰਸ਼ਦ ਦਾ ਬਣਿਆ ਮਰੀਜ਼, ਗੁਰਮੁਖ ਪੂਰਾ ਨਜ਼ਰੀ ਆਈਆ । ਬਿਨ ਅੱਖਾਂ ਕੀਤੀ ਦੀਦ, ਨੂਰ ਨੂਰ ਵਿਚ ਸਮਾਈਆ ।

ਜਿਸ ਦਾ ਹੁਕਮ ਕਰੇ ਤਾਈਦ, ਫ਼ਰਮਾਨਾ ਇਕ ਸੁਣਾਈਆ । ਅਗਲਾ ਲੇਖਾ ਦੱਸੇ ਕ਼ਰੀਬ, ਕਰਬਲਿਆਂ ਵਿਚ ਪਏ ਦੁਹਾਈਆ । ਇਹ ਖੇਲ ਹੋਣਾ ਅਜੀਬ, ਜਿਸ ਨੂੰ ਸਕੇ ਨਾ ਕੋਇ ਜਣਾਈਆ । ਬਗ਼ਲ ਰਹੇ ਨਾ ਕ਼ੁਰਾਨ ਮਜ਼ੀਦ, ਮੁੱਲਾ ਸ਼ੇਖ਼ ਮੁਸਾਇਕ ਸਾਰੇ ਰਹੇ ਕੁਰਲਾਈਆ । ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤਰ ਕਰਨੀ ਤਰਤੀਬ, ਬਸੰਤਰ ਜਗਤ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੂਰੀ ਕਰੇ ਉਮੀਦ, ਆਪ ਆਪਣੇ ਵਿਚ ਛੁਪਾਈਆ । ਜਨ ਭਗਤ ਕਹੇ ਮੈਂ ਵੇਖ ਹੋਇਆ ਖ਼ੁਸ਼ਹਾਲ, ਅਬਿਨਾਸ਼ੀ ਕਰਤਾ ਨਜ਼ਰੀ ਆਈਆ । ਤੂੰ ਆਦਿ ਜੁਗਾਦੀ ਦੀਨ ਦਿਆਲ, ਗ਼ਰੀਬ ਨਿਮਾਣਿਆਂ ਗੋਦ ਉਠਾਈਆ । ਸੂਫ਼ੀ ਸੰਤ ਫ਼ਕੀਰਾਂ ਕਰੇਂ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖੇ ਥਾਉਂ ਥਾਈਂਆ । ਸੁਣੇਂ ਮੁਰੀਦਾਂ ਹਾਲ, ਠਾਕਰ ਸਵਾਮੀ ਸ਼ਹਿਨਸ਼ਾਹੀਆ । ਝਗੜਾ ਮੁਕਾਵੇ ਸ਼ਾਹ ਕੰਗਾਲ, ਆਤਮ ਪਰਮਾਤਮ ਬ੍ਰਹਮ ਗਿਆਨ ਦ੍ਰਿੜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਗੁਰਮੁਖ ਵੇਖੇਂ ਆਪਣੇ ਲਾਲ, ਲਾਲਨ ਆਪਣੇ ਵਿਚ ਟਿਕਾਈਆ । ਗੋਦੀ ਚੁਕੇ ਨੰਨ੍ਹੇ ਬਾਲ, ਬਚਪਨ ਅਗਲਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਲੇਖਾ ਦਏ ਮੁਕਾਈਆ । ਜਨ ਭਗਤ ਕਹੇ ਕੂੜ ਕੁੜਿਆਰ ਖੇਲ ਵੇਖ ਮੁਕਦਾ, ਖ਼ੁਸ਼ੀ ਅੰਦਰੇ ਅੰਦਰ ਆਈਆ । ਨਗ਼ਾਰਾ ਸੁਣਨਾ ਇਕੇ ਤੁਕ ਦਾ, ਤੁਖ਼ਮ ਤਾਸੀਰ ਦਏ ਬਦਲਾਈਆ । ਵਿਹਾਰ ਵੇਖਣਾ ਸ਼ਬਦ ਅਨਾਦੀ ਸੁਤ ਦਾ, ਜੋ ਭਗਤਾਂ ਲਏ ਉਠਾਈਆ । ਵਕ਼ਤ ਵੇਖਣਾ ਅਬਿਨਾਸ਼ੀ ਅਚੁਤ ਦਾ, ਜੋ ਚਾਰ ਕੁੰਟ ਖੋਜ ਖੁਜਾਈਆ । ਜਿਸ ਦਾ ਭਾਣਾ ਕਦੇ ਨਾ ਰੁਕਦਾ, ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਨਿਵਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਹੋ ਕੇ ਆਪਣੀ ਧਾਰੋਂ ਉਠਦਾ, ਜੋਤੀ ਜੋਤ ਡਗਮਗਾਈਆ । ਜਨ ਭਗਤਾਂ ਉਪਰ ਤੁੱਠਦਾ, ਰੁਠਿਆਂ ਰਿਹਾ ਮਨਾਈਆ । ਨਾਤਾ ਜੋੜ ਕੇ ਪਿਤਾ ਪੁੱਤ ਦਾ, ਗੋਬਿੰਦ ਧਾਰ ਵਿਚ ਸਮਾਈਆ । ਝਗੜਾ ਰਹਿਣ ਨਹੀਂ ਦੇਣਾ ਓਹਲੇ ਲੁਕ ਦਾ, ਸਾਖਿਆਤ ਹੋ ਕੇ ਸਬਕ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਆਪਣੀ ਖੇਲ ਖਿਲਾਈਆ । ਜਨ ਭਗਤ ਕਹੇ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਆਈ ਪਰਮ ਪੁਰਖ ਦੀ ਵਾਰੀ, ਚਾਰ ਜੁਗ ਕਹਿਣ ਕਿਛ ਨਾ ਪਾਈਆ । ਨਿਰਮਲ ਜੋਤ ਜਗੇ ਇਕ ਨਿਰੰਕਾਰੀ, ਨਿਰਵੈਰ ਹੋ ਕੇ ਹੁਕਮ ਸੁਣਾਈਆ । ਸ਼ਬਦ ਅੰਦਰ ਕਰੇ ਖ਼ਬਰਦਾਰੀ, ਬੇਖ਼ਬਰਾਂ ਖ਼ਬਰ ਸੁਣਾਈਆ । ਕਲਜੁਗ ਕੂੜੀ ਰਹਿਣ ਨਹੀਂ ਦੇਣੀ ਸਿਕਦਾਰੀ, ਸਿੱਕਾ ਪਿਛਲਾ ਲੈਣਾ ਬਦਲਾਈਆ । ਨਵੀਂ ਰੁੱਤ ਉਪਜੇ ਬਹਾਰੀ, ਪੱਤ ਡਾਲੀ ਆਪ ਮਹਿਕਾਈਆ । ਜਨ ਭਗਤਾਂ ਖਿਲੇ ਫੁਲਵਾੜੀ, ਚਾਰ ਵਰਨ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਹੁਕਮ ਨਾ ਕੋਇ ਸੁਣਾਈਆ । ਜਨ ਭਗਤ ਕਹੇ ਮੈਂ ਪ੍ਰਭ ਦਾ ਹੁਕਮ ਸੁਣਦਾ, ਬਿਨ ਕੰਨਾਂ ਰਿਹਾ ਸੁਣਾਈਆ । ਭੇਵ ਖੁਲ੍ਹਾਵੇ ਆਪਣੇ ਅਗੰਮੀ ਗੁਣ ਦਾ, ਗਹਿਰ ਗੰਭੀਰ ਦਇਆ ਕਮਾਈਆ । ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਥੋੜੇ ਚੁਣਦਾ, ਨਵ ਨੌਂ ਚਾਰ ਵੇਖ ਵਖਾਈਆ । ਨਾਦ ਸੁਣਾ ਕੇ ਆਪਣੀ ਅਗੰਮੀ ਧੁਨ ਦਾ, ਧੁਨ ਆਤਮਕ ਰਾਗ ਅਲਾਈਆ । ਪੜਦਾ ਲਾਹ ਕੇ ਅਗੰਮੀ ਸੁੰਨ ਦਾ, ਸੁਤਿਆਂ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਤਾ ਜੋੜ ਕੇ ਆਪਣੇ ਖ਼ੂਨ ਦਾ, ਮਜ਼ਮੂਨ ਆਪਣਾ ਲਏ ਪੜ੍ਹਾਈਆ । ਜਨ ਭਗਤ ਕਹੇ

ਮੈਂ ਪ੍ਰਭ ਦਾ ਪੜ੍ਹਨਾ ਮਜ਼ਮੂਨ, ਕੁਤਬਖ਼ਾਨਿਆਂ ਵਿਚੋਂ ਕਿਤਾਬ ਨਾ ਕੋਇ ਵਖਾਈਆ । ਜਿਸ ਦਾ ਦੋ ਜਹਾਨਾਂ ਤੋਂ ਵੱਖਰਾ ਕ਼ਾਨੂੰਨ, ਜੁਗ ਚੌਕੜੀ ਧਾਰ ਨਾ ਕੋਇ ਬਦਲਾਈਆ । ਜਿਸ ਦਾ ਜਲਵਾ ਜਲਾਲ ਤੋਂ ਵਖਰਾ ਜਨੂੰਨ, ਜ਼ਾਵੀਏ ਵਿਚ ਸਕੇ ਨਾ ਕੋਇ ਸਮਝਾਈਆ । ਓਸ ਕਲਜੁਗ ਅੰਤ ਕੂੜੀ ਕਿਰਿਆ ਜਗਤ ਵਿਕਾਰ ਮਨ ਮਤ ਬੁਧ ਕਰ ਫ਼ਜ਼ੂਲ, ਫ਼ੈਸਲਾ ਹੱਕ ਦੇਣਾ ਸੁਣਾਈਆ । ਦੋ ਜਹਾਨਾਂ ਹੁਕਮ ਕਰਨਾ ਪਏ ਕ਼ਬੂਲ, ਸਿਰ ਸਕੇ ਨਾ ਕੋਇ ਉਠਾਈਆ । ਸਤਿ ਧਰਮ ਦਾ ਮਾਰਗ ਦੱਸਣਾ ਅਸੂਲ, ਅਸਲੀਅਤ ਇਕ ਸਮਝਾਈਆ । ਪ੍ਰਭ ਦੇ ਨਾਮ ਦਾ ਅਗੇ ਲਏ ਨਾ ਕੋਇ ਮਸੂਲ, ਦੀਨ ਮਜ਼੍ਹਬ ਜਾਤ ਪਾਤ ਚੁੰਗੀਖ਼ਾਨੇ ਦੇਣੇ ਮਿਟਾਈਆ । ਜਨ ਭਗਤਾਂ ਸਿੱਧੀ ਬਖ਼ਸ਼ੇ ਚਰਨ ਕਵਲ ਸੱਚੀ ਧੂਲ, ਚਰਨ ਧੂੜੀ ਟਿੱਕਾ ਮਸਤਕ ਆਪ ਰਮਾਈਆ । ਸਚ ਸਿੰਘਾਸਣ ਆਤਮ ਸੇਜਾ ਸੁਹਾਏ ਜਿਸ ਦੀ ਨਾ ਪਾਵਾ ਨਾ ਕੋਇ ਚੂਲ, ਬਿਨ ਤੇਲ ਬਾਤੀ ਦੀਪਕ ਜੋਤ ਹੋਵੇ ਰੁਸ਼ਨਾਈਆ । ਜਿਸ ਗ੍ਰਿਹ ਹੁਕਮ ਸੰਦੇਸ਼ਾ ਦੇਂਦਾ ਰਹੇ ਮਾਅਕੂਲ, ਮੁਕੰਮਲ ਆਪਣਾ ਨਾਮ ਜਣਾਈਆ । ਓਥੇ ਝਗੜਾ ਮੁਕਾ ਕੇ ਕ਼ਾਤਲ ਮਕ਼ਤੂਲ, ਮਿਹਰ ਨਜ਼ਰ ਇਕ ਉਠਾਈਆ । ਸੋ ਧਾਮ ਮੁਕ਼ਾਮ ਕ਼ਿਆਮ ਜਨ ਭਗਤਾਂ ਹੋਣਾ ਵਸੂਲ, ਸਤਿ ਸਚ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਰੂਪ ਸਦਾ ਅਭੂਲ, ਭੁੱਲਿਆਂ ਰਸਤੇ ਦਏ ਲਗਾਈਆ ।



## ੨੧ ਫੱਗਣ ਸ਼ਹਿਨਸ਼ਾਹੀ ਸੰਮਤ ੧ ਬਧਾਵਾ ਸਿੰਘ ਦੇ ਗ੍ਰਿਹਿ ਪਿੰਡ ਮਰ੍ਹਾਜ ਜ਼ਿਲਾ ਬਠਿੰਡਾ

ਜੁਗ ਚੌਕੜੀ ਪ੍ਰਭ ਭਗਤ ਸੁਹੇਲਾ, ਸਚ ਸਾਜਣ ਇਕ ਅਖਵਾਇੰਦਾ । ਵਸਣਹਾਰਾ ਧਾਮ ਨਵੇਲਾ, ਸਤਿ ਸਤਿਵਾਦੀ ਵੇਸ ਵਟਾਇੰਦਾ । ਕਰੇ ਖੇਲ ਅਗੰਮ ਅਥਾਹ ਇਕ ਅਕੇਲਾ, ਏਕੰਕਾਰ ਆਪਣੀ ਦਇਆ ਕਮਾਇੰਦਾ । ਸੰਤ ਗੁਰਮੁਖ ਕਰ ਕਰ ਮੇਲਾ, ਜਨਮ ਜਨਮ ਦਾ ਵਿਛੋੜਾ ਪੰਧ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਜਨ ਭਗਤਾਂ ਪ੍ਰਭ ਖੋਲ੍ਹੇ ਪੜਦਾ, ਪੜਦੇ ਅੰਦਰ ਕਰੇ ਰੁਸ਼ਨਾਈਆ । ਦਰਵਾਜ਼ਾ ਖੋਲ੍ਹ ਕੇ ਆਪਣੇ ਦਰ ਦਾ, ਦਰੇ ਦਰਬਾਰ ਦਏ ਵਖਾਈਆ । ਜਿਥੇ ਨਾਦ ਅਗੰਮੀ ਸ਼ਬਦ ਵੱਜਦਾ, ਜਗਤ ਸਤਾਰ ਨਾ ਕੋਇ ਸੁਣਾਈਆ । ਅੰਮ੍ਰਿਤ ਝਿਰਨਾ ਝਿਰਦਾ, ਬੂੰਦ ਰਿਸਕ ਰਿਸਕ ਟਪਕਾਈਆ । ਸਾਫ਼ ਹੋਵੇ ਹਿਰਦਾ, ਹਿਰਦੇ ਹਰਿ ਜੂ ਨਜ਼ਰੀ ਆਈਆ । ਮਿਲਾਪ ਹੋਵੇ ਪਤਿਪਰਮੇਸ਼ਵਰ ਪਿਰ ਦਾ, ਪ੍ਰੀਤਮ ਹੋ ਕੇ ਗੋਦ ਉਠਾਈਆ । ਦਵਾਰਾ ਵਖਾਵੇ ਘਰ ਥਿਰ ਦਾ, ਜਿਥੇ ਸੰਤ ਸੁਹੇਲਾ ਬਹਿ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਦਏ ਚੁਕਾਈਆ । ਜਨ ਭਗਤਾਂ ਵਖਾਏ ਘਰ ਇਕ, ਏਕੰਕਾਰਾ ਨਜ਼ਰੀ ਆਈਆ । ਬਿਨ ਅੱਖਾਂ ਆਵੇ ਦਿਸ, ਦਹਿ ਦਿਸ਼ਾ ਹੋਵੇ ਰੁਸ਼ਨਾਈਆ । ਜਿਸ ਮੰਜ਼ਲ ਉਤੇ ਚੜ੍ਹ ਕੇ ਸ਼ਬਦੀ ਧਾਰ ਬਣਦਾ ਸਿੱਖ, ਸਿਖਿਆ ਮੰਨੇ ਬੇਪਰਵਾਹੀਆ । ਗੋਬਿੰਦ ਓਸੇ ਦਾ ਲੇਖਾ ਗਿਆ ਲਿਖ, ਜਿਸ ਦਾ ਲੇਖ ਨਾ ਕੋਇ ਬਦਲਾਈਆ । ਸੋ ਸਮਰਥ ਹੋ ਕੇ ਹੱਥ ਰਖੇ ਪਿਠ, ਪੁਸ਼ਤ ਪਨਾਹ ਆਪ ਟਿਕਾਈਆ । ਸੁਹੇਲਾ ਬਣੇ ਨਵਿਤ ਨਿਤ, ਨਿਜ ਨੇਤਰ ਦਰਸ ਦਿਖਾਈਆ । ਬਿਰਹੋਂ ਵੈਰਾਗੀ ਲਾਏ

ਸਿੱਕ, ਸਿਖ਼ਰ ਚੋਟੀ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਮਿਲਦਾ ਸਾਚੇ ਤਾਟ, ਤਟ ਇਕੋ ਦਏ ਵਖਾਈਆ । ਜਿਥੇ ਅਗਲੀ ਮੰਜ਼ਲ ਰਹੇ ਨਾ ਵਾਟ, ਪੈਂਡਾ ਪੰਧ ਮੁਕਾਈਆ । ਅੰਧੇਰੀ ਰਹੇ ਨਾ ਰਾਤ, ਸਚ ਨੂਰ ਰੁਸ਼ਨਾਈਆ । ਕੂੜਿਆਂ ਦੀ ਰਹੇ ਨਾ ਜਮਾਤ, ਭਗਤਾਂ ਵਿਚ ਮਿਲ ਕੇ ਖ਼ੁਸ਼ੀ ਮਨਾਈਆ । ਅੰਮ੍ਰਿਤ ਮਿਲੇ ਬੂੰਦ ਸਵਾਂਤ, ਅਗਨੀ ਅੱਗ ਬੁਝਾਈਆ । ਦਰਸ ਦੇਵੇ ਇਕ ਇਕਾਂਤ, ਘਰ ਬੈਠਾ ਨਜ਼ਰੀ ਆਈਆ । ਬੰਦ ਕਿਵਾੜੀ ਖੁਲ੍ਹ ਜਾਏ ਤਾਕ, ਓਹਲਾ ਰਹੇ ਨਾ ਰਾਈਆ । ਘਰ ਸਵਾਮੀ ਸਾਹਿਬ ਸਤਿਗੁਰ ਮਿਲੇ ਆਪ, ਆਪ ਆਪਾ ਵਿਚੋਂ ਪਰਗਟਾਈਆ । ਬਿਨ ਅੱਖਰਾਂ ਵਾਲੀ ਦੱਸੇ ਉਹ ਅਗੰਮੀ ਬਾਤ, ਜੋ ਬਾਤਨ ਪੜਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਨਜ਼ਰੀ ਆਏ ਸਾਖਿਆਤ, ਸਖਾ ਸੁਹੇਲਾ ਇਕੋ ਇਕ ਅਖਵਾਈਆ । ਜਨ ਭਗਤ ਕਹਿਣ ਪ੍ਰਭ ਮੰਨ ਸਾਡੀ ਅਰਦਾਸ, ਅਰਜ਼ ਇਕੋ ਵਾਰ ਸੁਣਾਈਆ । ਸਦ ਰਖ ਆਪਣੇ ਪਾਸ, ਪਾਸਾ ਲੈ ਬਦਲਾਈਆ । ਨਿਜ ਆਤਮ ਹੋਵੇ ਵਾਸ, ਨਿਜ ਘਰ ਵੱਜੇ ਵਧਾਈਆ । ਮਨ ਮਮਤਾ ਹੋਏ ਨਾਸ, ਕੂੜੀ ਕਿਰਿਆ ਨਾ ਕੋਇ ਹਲਕਾਈਆ । ਸਾਚੇ ਮੰਡਲ ਪਵੇ ਰਾਸ, ਬਿਨ ਗੋਪੀ ਕਾਹਨ ਦੇ ਵਖਾਈਆ । ਤੇਰੇ ਵਿਛੋੜੇ ਵਿਚ ਹੋਵੇ ਨਾ ਕਦੇ ਉਦਾਸ, ਚਿੰਤਾ ਅੰਦਰੋਂ ਦੇ ਕਢਾਈਆ । ਸਦੀ ਚੌਧਵੀਂ ਅੰਤ ਅਖ਼ੀਰੀ ਪੂਰੀ ਕਰਨੀ ਆਸ, ਆਕਾਸ਼ ਪਾਤਾਲ ਲੇਖਾ ਦੇਣਾ ਮੁਕਾਈਆ । ਸਚ ਭੂਮਿਕਾ ਦੱਸ ਅਸਥਾਨ ਨਿਵਾਸ, ਅਸਥਲ ਇਕੋ ਨਜ਼ਰੀ ਆਈਆ । ਜਿਥੇ ਜੋਤ ਜੋਤ ਪਰਕਾਸ਼, ਸੂਰਜ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਮੁਹੱਬਤ ਵਿਚ ਰਖਾਈਆ । ਜਨ ਭਗਤ ਕਹੇ ਪ੍ਰਭੂ ਤੇਰੇ ਮਿਲਣ ਦਾ ਸਦਾ ਚਾਓ, ਜੁਗ ਚੌਕੜੀ ਧਿਆਨ ਲਗਾਈਆ । ਕਲਜੁਗ ਅੰਤ ਅਖ਼ੀਰੀ ਆਪ ਪਕੜ ਬਾਹੋਂ, ਲੱਖ ਚੁਰਾਸੀ ਵਿਚੋਂ ਲੈ ਉਠਾਈਆ । ਤੇਰੇ ਹੱਥ ਅਦਲ ਇਨਸਾਫ਼ ਨਿਆਉਂ, ਆਦਲ ਇਕੋ ਨਜ਼ਰੀ ਆਈਆ । ਮਿਹਰਵਾਨ ਹੋ ਕੇ ਸਿਰ ਦੇ ਠੰਡੀ ਛਾਉਂ, ਅਗਨੀ ਤਤ ਨਾ ਲਾਗੇ ਰਾਈਆ । ਨਿਵ ਨਿਵ ਲਾਗਾਂ ਤੇਰੇ ਪਾਉਂ, ਚਰਨ ਸਰਨ ਮਿਲੇ ਸਰਨਾਈਆ । ਹਉਂ ਬਾਲਕ ਤੂੰ ਧੁਰ ਦਾ ਪਿਤਾ ਮਾਉਂ, ਪਤਿਪਰਮੇਸ਼ਵਰ ਇਕ ਅਖਵਾਈਆ । ਤੇਰੇ ਉਤੋਂ ਸਦ ਸਦ ਬਲ ਬਲ ਜਾਉਂ, ਸਦ ਸਦ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੰਸ ਰੂਪ ਬਣਾ ਕਾਉਂ, ਕਾਗ ਬੁਧੀ ਰਹਿਣ ਨਾ ਪਾਈਆ । ਜਨ ਭਗਤ ਕਹੇ ਪ੍ਰਭੂ ਹੰਸ ਬਣਾ ਲੈ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਦੁਰਮਤ ਮੈਲ ਧੋ ਦਾਗ਼, ਕੂੜੀ ਕਿਰਿਆ ਦੇ ਖਪਾਈਆ । ਅੰਤਰ ਉਪਜਾ ਆਪਣਾ ਰਾਗ, ਸ਼ਬਦ ਅਗੰਮੀ ਧੁਨ ਸੁਣਾਈਆ । ਸੋਈ ਸੁਰਤੀ ਜਾਵੇ ਜਾਗ, ਆਲਸ ਨਿੰਦਰਾ ਦੇ ਮਿਟਾਈਆ । ਤੇਰੀ ਇਕੋ ਸੁਣ ਆਵਾਜ਼, ਲੱਖ ਚੁਰਾਸੀ ਨਾਤਾ ਜਾਈਏ ਤੁੜਾਈਆ । ਭੇਵ ਅਭੇਦਾ ਖੋਲ੍ਹ ਦੇ ਰਾਜ਼, ਰਾਜ਼ਕ ਰਿਜ਼ਕ ਰਹੀਮ ਤੇਰੀ ਓਟ ਤਕਾਈਆ । ਝਗੜਾ ਮੁਕ ਜਾਏ ਸ਼ਰਅ ਨਿਮਾਜ਼, ਲਿਖਣ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਕਾਇਆ ਖੇੜਾ ਕਰ ਆਬਾਦ, ਉਜੜੀ ਨਗਰੀ ਦੇ ਵਸਾਈਆ । ਜਿਸ ਵਿਚ ਸਦਾ ਤੇਰੀ ਰਹੇ ਯਾਦ, ਯਾਦਦਾਸ਼ਤ ਇਕੋ ਦੇ ਬੰਧਾਈਆ । ਇਸ਼ਕ ਰਹੇ ਨਾ ਕੋਈ ਦੂਜਾ ਹਕੀਕੀ ਮਜਾਜ਼, ਮਜ਼ਲਸ ਆਪਣੀ ਦੇ ਵਖਾਈਆ । ਲੱਖ ਚੁਰਾਸੀ ਵਿਚੋਂ ਕਰ ਆਜ਼ਾਦ, ਜਮ ਕੀ ਫਾਸੀ ਦੇ ਤੁੜਾਈਆ । ਬਿਨ ਤੇਰੇ ਦੂਸਰੇ ਡੰਡੌਤ ਨਾ ਹੋਵੇ ਅਦਾਬ, ਅਦਬ ਇਕੋ ਦੇ ਸਮਝਾਈਆ । ਸਚਖੰਡ ਦਵਾਰੇ ਚਰਨ ਪ੍ਰੀਤੀ ਸਚ

ਦਾ ਦੇ ਖ਼ਿਤਾਬ, ਸ਼ਾਹ ਨਵਾਬ ਸਿਰ ਆਪਣਾ ਹੱਥ ਟਿਕਾਈਆ । ਤੇਰਾ ਮੰਦਰ ਮਹੱਲ ਅਟਲ ਅਚਲ ਉਚ ਵੇਖਾਂ ਮਹਿਰਾਬ, ਮਹਿਬੂਬ ਸੋਹਣਾ ਨਜ਼ਰੀ ਆਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਹੋਏ ਲਾਜਵਾਬ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦੇ ਸਰਨਾਈਆ । ਸਾਚੇ ਘਰ ਪ੍ਰਭੂ ਦੇ ਦੇ ਸਰਨ, ਕਲਜੁਗ ਕੂੜੀ ਕਿਰਿਆ ਰਹਿਣ ਕੋਇ ਨਾ ਪਾਈਆ । ਆਪਣੇ ਲੇਖੇ ਲਾ ਲੈ ਜਨਮ ਮਰਨ, ਮਰਜੀਵਤ ਰੂਪ ਵਟਾਈਆ । ਤੂੰ ਸਾਹਿਬ ਸਵਾਮੀ ਤਾਰਨ ਤਰਨ, ਤਾਰਨਹਾਰ ਤੇਰੀ ਓਟ ਤਕਾਈਆ । ਨੇਤਰ ਖੁਲ੍ਹ ਜਾਏ ਹਰਨ ਫਰਨ, ਚਾਰੋਂ ਕੁੰਟ ਹੋਏ ਰੁਸ਼ਨਾਈਆ । ਝਗੜਾ ਚੁਕ ਜਾਏ ਵਰਨ ਬਰਨ, ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਰਾਏ ਧਰਮ ਨਾ ਆਵੇ ਫੜਨ, ਚਿਤਰ ਗੁਪਤ ਲੇਖਾ ਨਾ ਕੋਇ ਪਰਗਟਾਈਆ । ਤੇਰੇ ਭਗਤ ਤੇਰੀ ਮੰਜ਼ਲ ਚੜ੍ਹਨ, ਅਧਵਿਚਕਾਰ ਸਕੇ ਨਾ ਕੋਇ ਅਟਕਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਪੜ੍ਹਨ, ਬਾਕੀ ਦੀ ਲੋੜ ਰਹੇ ਨਾ ਰਾਈਆ । ਬਿਨ ਪੌੜੀਉਂ ਡੰਡਿਉਂ ਸਚਖੰਡ ਦਵਾਰੇ ਵੜਨ, ਨਿਰਗੁਣ ਹੋ ਕੇ ਨਿਰਗੁਣ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਨਾਲ ਪੂਰਾ ਕੌਲ ਇਕਰਾਰ ਕਰ ਪ੍ਰਨ, ਪਰਤੀਨਿਧ ਹੋ ਕੇ ਆਪੇ ਵੇਖ ਵਖਾਈਆ । ਜਨ ਭਗਤ ਕਹਿਣ ਪ੍ਰਭੂ ਵੇਖ ਕਲਜੁਗ ਅੰਤ ਆਪਣਾ ਸਮਾਜ, ਸਚ ਸਮਗਰੀ ਨਜ਼ਰ ਕੋਇ ਨ ਆਈਆ । ਸ਼ੌਹ ਦਰਿਆਏ ਡੁੱਬਣ ਵਾਲਾ ਜਹਾਜ਼, ਬੇੜਾ ਸਕੇ ਨਾ ਕੋਇ ਉਠਾਈਆ । ਮਨ ਵਾਸਨਾ ਕੂੜੀ ਕਿਰਿਆ ਘਰ ਘਰ ਕਰੇ ਨਾਚ, ਮੁਖ ਘੁੰਗਟ ਰਹੀ ਵਖਾਈਆ । ਸਾਚਾ ਸਜਦਾ ਪੜ੍ਹੇ ਨਾ ਕੋਈ ਨਿਮਾਜ਼, ਵੁਜ਼ੂ ਹੱਕ ਨਾ ਕੋਇ ਕਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਮੇਟ ਨਾ ਸਕੇ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਦੀਨ ਦੁਨੀ ਨਾਰ ਹੋਏ ਕਮਜਾਤ, ਹਰਿ ਕੰਤ ਨਾ ਕੋਇ ਹੰਢਾਈਆ । ਝਗੜੇ ਝਗੜਨ ਸੰਤ ਸਾਧ, ਸਾਧਨਾ ਸਚ ਨਾ ਕੋਇ ਸਮਝਾਈਆ । ਤੇਰੇ ਪ੍ਰੇਮ ਪਿਆਰ ਅੰਦਰ ਹੋਇਆ ਨਾ ਕੋਇ ਵਿਸਮਾਦ, ਬਿਸਮਿਲ ਹੋ ਕੇ ਆਪਣਾ ਆਪ ਮਿਟਾਈਆ । ਪਰਮ ਪੁਰਖ ਪਰਮਾਤਮ ਤੇਰੇ ਅਗੇ ਕੀਤੀ ਸਚ ਅਰਦਾਸ, ਫ਼ਰਮਾਬਰਦਾਰ ਹੋ ਕੇ ਅਰਜ਼ ਦਿਤੀ ਸੁਣਾਈਆ । ਮਾਇਆ ਮਮਤਾ ਕਲਜੁਗ ਕੂੜੀ ਕਿਰਿਆ ਕਰ ਬਰਬਾਦ, ਨੇਸਤੋ ਨਾਬੂਦ ਕਰ ਕੇ ਦੇ ਵਖਾਈਆ । ਤੇਰਿਆਂ ਭਗਤਾਂ ਦਾ ਗੁਲਸ਼ਨ ਮਹਿਕੇ ਅਗੰਮਾ ਬਾਗ਼, ਬਾਗ਼ਬਾਨ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜੂ ਆਪਣੀ ਕਾਰ ਕਮਾਈਆ । ਜਨ ਭਗਤ ਕਹੇ ਪ੍ਰਭੂ ਆਤਮ ਪਰਮਾਤਮ ਦਾ ਵਿਛੋੜਾ ਕਰ ਦੇ ਤਰਕ, ਤੁਰਤ ਆਪਣਾ ਹੁਕਮ ਸੁਣਾਈਆ । ਤੇਰਾ ਮੇਰਾ ਰਹੇ ਕੋਈ ਨਾ ਫ਼ਰਕ, ਫ਼ੈਸਲਾ ਹੱਕ ਦੇ ਕਰਾਈਆ । ਗੋਬਿੰਦ ਨਾਲ ਤੇਰੀ ਸ਼ਰਤ, ਸ਼ਰਤੀਆ ਦਏ ਗਵਾਹੀਆ । ਮੈਂ ਨਿਰਗੁਣ ਹੋ ਕੇ ਆਵਾਂ ਲੋਕਮਾਤ ਪਰਤ, ਪਤਿਪਰਮੇਸ਼ਵਰ ਰੂਪ ਵਟਾਈਆ । ਜੋਤੀ ਜਾਤਾ ਹੋਵਾਂ ਉਪਰ ਧਰਤ, ਧਰਨੀ ਧਰਤ ਧੌਲ ਦਿਆਂ ਵਡਿਆਈਆ । ਜਨ ਭਗਤਾਂ ਲਹਿਣਾ ਦੇਣਾ ਚੁਕਾਵਾਂ ਉਪਰ ਅਰਸ਼, ਅਜ਼ੀਮ ਕਰੀਮ ਬੇਨਜ਼ੀਰ ਨਜ਼ਮ ਨਗਮਾ ਨਾਮਾ ਨਾਮ ਸੁਣਾਈਆ । ਜਨਮ ਜਨਮ ਦੀ ਕਰਮ ਕਰਮ ਦੀ ਮੇਟਾਂ ਹਰਸ, ਹੈਸੀਅਤ ਅਸਲੀਅਤ ਇਕੋ ਦਿਆਂ ਵਖਾਈਆ । ਭਗਤਾਂ ਪ੍ਰੇਮੀਆਂ ਪਿਆਰਿਆਂ ਉਪਰ ਕਰ ਕੇ ਤਰਸ, ਰਹਿਮਤ ਮੇਘ ਇਕ ਬਰਸਾਈਆ । ਜੋ ਬਿਰਹੋਂ ਵਿਛੋੜੇ ਵਿਚ ਰਹੇ ਤੜਪ, ਫੜ ਬਾਹੋਂ ਗਲੇ ਲਗਾਈਆ । ਪੂਰੀ ਕਰਾਂ ਲਿਖਤ ਪੜ੍ਹਤ, ਕੀਤਾ ਕੌਲ ਇਕਰਾਰ ਨਾ ਕਦੇ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਕਰ ਮਰਦਾਨੇ

ਮਰਦ, ਜਨ ਭਗਤ ਤੇਰੀ ਇਕੋ ਮੰਗ ਮੰਗਾਈਆ । ਜਨ ਭਗਤ ਕਹੇ ਪ੍ਰਭੂ ਕਿਉਂ ਲੁਕਦਾ ਕਾਇਆ ਓਹਲੇ, ਪੜਦਾ ਓਹਲਾ ਦੇ ਚੁਕਾਈਆ । ਤੇਰੇ ਦਰ ਦੇ ਜੁਗ ਚੌਕੜੀ ਬਣੇ ਰਹੇ ਗੋਲੇ, ਨਾਨਕ ਨਿਰਗੁਣ ਸਰਗੁਣ ਗਿਆ ਸਮਝਾਈਆ । ਆਪਣੇ ਨਾਮ ਦੇ ਬਿਨ ਅੱਖਰਾਂ ਵਾਲੇ ਦੱਸ ਢੋਲੇ, ਢੋਲਕ ਛੈਣੇ ਦੀ ਲੋੜ ਰਹੇ ਨਾ ਰਾਈਆ । ਚਾਰ ਜੁਗ ਗੁਰ ਅਵਤਾਰ ਪੈਗ਼ੰਬਰ ਤੇਰੇ ਬਣੇ ਰਹੇ ਵਿਚੋਲੇ, ਲੋਕਮਾਤ ਨਾਤੇ ਗਏ ਜੁੜਾਈਆ । ਜਨ ਭਗਤ ਤੇਰੇ ਪ੍ਰੇਮ ਪਿਆਰ ਅੰਦਰ ਮੌਲੇ, ਮੌਲਾ ਹੋ ਕੇ ਦਰਸ ਦਿਖਾਈਆ । ਮੰਜ਼ਲ ਪੈਂਡਾ ਪੰਧ ਮੁਕਾ ਦੇ ਹੌਲੇ ਹੌਲੇ, ਆਹਿਸਤਾ ਆਹਿਸਤਾ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਉਪਰ ਧਵਲੇ, ਧਵਲ ਢਹਿ ਪਈ ਸਰਨਾਈਆ । ਜਨ ਭਗਤ ਕਹਿਣ ਪ੍ਰਭੂ ਵੇਖ ਖੇਲ ਉਪਰ ਧਰਤੀ, ਧਰਨੀ ਰਹੀ ਕੁਰਲਾਈਆ । ਗ਼ਰੀਬ ਨਿਮਾਣਿਆਂ ਸੁਣ ਅਰਜ਼ੀ, ਆਰਜ਼ੂ ਰਹੇ ਜਣਾਈਆ । ਮਿਹਰਵਾਨ ਮਹਿਬੂਬ ਬਣ ਦਰਦੀ, ਦੁਖੀਆਂ ਦੁੱਖ ਵੰਡਾਈਆ । ਲੱਖ ਚੁਰਾਸੀ ਮਾਣਸ ਜਨਮ ਜਾਏ ਹਰਦੀ, ਹਿਰਦੇ ਹਰਿ ਨਾ ਕੋਇ ਵਸਾਈਆ । ਸਮਝ ਨਾ ਆਈ ਪੁਰਖ ਅਕਾਲ ਤੇਰੇ ਘਰ ਦੀ, ਘਟ ਭੀਤਰ ਖੋਜ ਖ਼ੁਸ਼ੀ ਨਾ ਕੋਇ ਮਨਾਈਆ । ਚੌਦਾਂ ਵਿਦਿਆਂ ਜਗਤ ਬੁੱਧੀ ਪੜ੍ਹਦੀ, ਤੇਰੇ ਨਾਮ ਦੀ ਪੱਟੀ ਨਾ ਕਿਸੇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੂੰ ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਮਾਲਕ ਕਿਉਂ ਖੇਲ ਕਰੇ ਫ਼ਰਜ਼ੀ, ਫ਼ੈਸਲਾ ਹੱਕ ਦੇ ਦ੍ਰਿੜਾਈਆ । ਜਨ ਭਗਤ ਕਹਿਣ ਪ੍ਰਭੂ ਫ਼ੈਸਲਾ ਦੇ ਵਿਚੋਂ ਹੱਕ ਹਕ਼ੀਕਤ, ਹੁਕਮ ਆਪਣਾ ਇਕ ਸੁਣਾਈਆ । ਤੇਰੀ ਸ਼ਰਅ ਲਾਸ਼ਰੀਕਤ, ਲਾਸਾਨੀ ਤੇਰਾ ਨੂਰ ਨਜ਼ਰੀ ਆਈਆ । ਤੇਰੇ ਉਤੇ ਵਡ ਅਹਿਮੀਅਤ, ਆਮਦ ਵਿਚ ਬੈਠੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬਦਲ ਦੇ ਤਬੀਅਤ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹਿਣ ਪ੍ਰਭ ਵੇਖੀਂ ਅੰਤ ਨਾ ਦੇਵੀਂ ਪਿੱਛਾ, ਪਿਛਲੀ ਕਹਾਣੀ ਯਾਦ ਕਰਾਈਆ । ਸਾਚੇ ਸੰਤਾਂ ਪੂਰੀ ਕਰਨੀ ਇੱਛਾ, ਆਸਾ ਮਨਸਾ ਨਾਲ ਮਿਲਾਈਆ । ਕਲਜੁਗ ਅੰਤ ਕਰਨੀ ਰਿੱਛਾ, ਰੱਛਕ ਹੋ ਕੇ ਹੋਏਂ ਸਹਾਈਆ । ਨਾਮ ਪਦਾਰਥ ਪੌਣੀ ਭਿਛਾ, ਭਿਖਕ ਹੋ ਕੇ ਝੋਲੀ ਰਹੇ ਡਾਹੀਆ । ਜਿਨ੍ਹਾਂ ਗੁਰਮੁਖਾਂ ਸਿਖ ਲਈ ਤੇਰੀ ਸਾਚੀ ਸਿੱਖਾ, ਸਿਖ਼ਰ ਚੋਟੀ ਦੇਣੇ ਚੜ੍ਹਾਈਆ । ਨਾਮ ਨਿਧਾਨਾ ਹੱਥ ਫੜਾਉਣਾ ਤੀਰ ਤਿੱਖਾ, ਅਣਿਆਲਾ ਆਪ ਪਰਗਟਾਈਆ । ਜੋ ਰਹਿਣ ਨਾ ਦੇਵੇ ਅੱਧ ਵਿੱਚਾ, ਪਾਰ ਕਿਨਾਰੇ ਦਏ ਲਗਾਈਆ । ਤੂੰ ਮਾਲਕ ਪ੍ਰਿਤਪਾਲਕ ਸ੍ਰਿਸ਼ਟ ਸਬਾਈ ਖ਼ਾਲਕ ਪਿਤਾ, ਪਾਰਬ੍ਰਹਮ ਪ੍ਰਭ ਤੇਰੀ ਆਸ ਰਖਾਈਆ । ਜਨ ਭਗਤ ਉਧਾਰੀ ਵੱਡਾ ਨਿੱਕਾ, ਬੁਢਾ ਨੱਢਾ ਫ਼ਰਕ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਲੇਖਾ ਮੁਕਾਵਾਂ ਤੇਰਾ ਹਿਸਾ, ਹਿਸੇਦਾਰੀ ਪਿਛਲੀ ਦੇਣੀ ਗਵਾਈਆ ।



### ✪ ੨੧ ਫੱਗਣ ਸ਼ਹਿਨਸ਼ਾਹੀ ਸੰਮਤ ੧ ਲਾਭ ਸਿੰਘ ਦੇ ਗ੍ਰਿਹਿ ਪਿੰਡ ਚਕ ਫ਼ਤਿਹ ਸਿੰਘ ਜ਼ਿਲਾ ਬਠਿੰਡਾ ✪

ਧਰਨੀ ਕਹੇ ਜੋ ਮੇਰੇ ਉਪਰ ਬੈਠੇ ਅੱਜ, ਧਾਮ ਆਸਣ ਸਿੰਘਾਸਣ ਟਿਕਾਈਆ । ਧਾਰ ਵੇਖੀ ਅੰਦਰ ਵਾਸਨਾ ਰੂਪ ਜਗ, ਖ਼ਾਹਿਸ਼ ਖ਼ਾਸ ਰਹੀ ਦ੍ਰਿੜਾਈਆ । ਦੁਨੀ ਵਿਹਾਰਾਂ ਵਿਚ ਰਹੇ ਭੱਜ, ਭੱਜਣ ਚਾਈਂ ਚਾਈਆ । ਘਰ ਸਵਾਮੀ ਸੱਜਣ ਮਿਲਿਆ ਨਾ ਸਦ, ਸਦਕੇ ਵਾਰੀ ਨਾ

ਘੋਲ ਘੁਮਾਈਆ । ਨਿਜ ਨੇਤਰ ਦਰਸ਼ਨ ਕੀਤਾ ਨਾ ਰੱਜ, ਰਜੋ ਤਮੋ ਸਤੋ ਪੰਧ ਨਾ ਕੋਇ ਮੁਕਾਈਆ । ਨਾਮ ਪਿਆਲਾ ਪੀਤਾ ਨਾ ਧੁਰ ਦੀ ਮਦਿ, ਸਚ ਖ਼ੁਮਾਰੀ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਆਪਣੀ ਖ਼ਲਕ ਖ਼ੁਦਾਈਆ । ਧਰਨੀ ਕਹੇ ਮੈਨੂੰ ਆਵੇ ਹਾਸਾ, ਹਸਤੀ ਵਿਚੋਂ ਹਸਤੀ ਵੇਖ ਵਖਾਈਆ । ਸਾਚਾ ਜਲਵਾ ਨਜ਼ਰ ਨਾ ਆਏ ਜੋਤ ਪਰਕਾਸ਼ਾ, ਜਹੂਰ ਰੂਪ ਨਾ ਕੋਇ ਬਦਲਾਈਆ । ਜਗਤ ਵਾਸਨਾ ਵਿਚ ਤਮਾਸ਼ਾ, ਭੇਵ ਅਭੇਦ ਪੜਦਾ ਨਾ ਕੋਇ ਉਠਾਈਆ । ਧੁਰ ਦਾ ਹੁਕਮ ਸਮਝੇ ਨਾ ਕੋਈ ਆਖਾ, ਆਖ਼ਰ ਮੰਜ਼ਲ ਪੰਧ ਨਾ ਕੋਇ ਮੁਕਾਈਆ । ਜਗਤ ਇਤਹਾਸ ਜਾਨਣ ਸਾਕਾ, ਅਨੁਭਵ ਪੜਦਾ ਨਾ ਕੋਇ ਉਠਾਈਆ । ਠਾਕਰ ਸਵਾਮੀ ਸੱਜਣ ਮਿਲਿਆ ਨਾ ਪਤਿਪਰਮੇਸ਼ਵਰ ਆਕਾ, ਅਕਲ ਬੁਧੀ ਨਾ ਕੋਇ ਚਤੁਰਾਈਆ । ਸਚ ਸਮਝਿਆ ਨਾ ਜੋਤੀ ਜਾਤਾ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਜਗਤ ਵਿਦਿਆ ਬੋਧ ਗਿਆਤਾ, ਆਲਮ ਇਲਮ ਨਾ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਦੇ ਜਣਾਈਆ । ਧਰਨੀ ਕਹੇ ਮੇਰੇ ਅੰਦਰੋਂ ਬਦਲ ਗਈ ਰੁਚੀ, ਰਚਨਾ ਵੇਖ ਖ਼ੁਸ਼ੀ ਮਨਾਈਆ । ਅੰਗੜਾਈ ਲਈ ਸੁੱਤੀ, ਕਰਵਟ ਲਈ ਬਦਲਾਈਆ । ਝਗੜਾ ਵੇਖਿਆ ਕਾਇਆ ਬੁੱਤੀ, ਬੁੱਤਖ਼ਾਨੇ ਰਹੇ ਕੁਰਲਾਈਆ । ਮੰਜ਼ਲ ਮਹਿਬੂਬ ਚੜ੍ਹ ਵੇਖੀ ਨਾ ਉਚੀ, ਮਹੱਲ ਅਟਲ ਸੋਭਾ ਕੋਇ ਨਾ ਪਾਈਆ । ਸਚ ਕਹਾਣੀ ਅਗੰਮ ਅਥਾਹ ਬੇਪਰਵਾਹ ਕੋਲੋਂ ਕਿਸੇ ਨਾ ਪੁੱਛੀ, ਰਮਜ਼ ਰਾਜ਼ ਵਿਚ ਸਮਝਾਈਆ । ਜਿਸ ਦੀ ਵਧਾਈ ਵੱਜਦੀ ਰਹੀ ਆਦਿ ਜੁਗਾਦਿ ਚੌਂਹ ਜੁਗੀ, ਜੁਗ ਚੌਕੜੀ ਖੇਲ ਵਰਤਾਈਆ । ਉਹ ਸਭ ਦੀ ਵੇਖਣ ਪਰਖਣਹਾਰਾ ਬਿਬੇਕ ਬੁਧੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਧਰਨੀ ਕਹੇ ਮੈਂ ਵੇਖਿਆ ਸਤਿਸੰਗ, ਗੁਰਮੁਖ ਗੁਰਮੁਖ ਢੋਲੇ ਗਾਈਆ । ਪ੍ਰੇਮ ਪਿਆਰ ਦਾ ਵੇਖਿਆ ਤਰੰਗ, ਤੁਰੀਆ ਪਦ ਵੱਜੇ ਵਧਾਈਆ । ਆਤਮ ਪਰਮਾਤਮ ਤੱਕਿਆ ਸੰਗ, ਸੋਹਣਾ ਰੂਪ ਵਖਾਈਆ । ਸਚ ਗ੍ਰਹਿ ਆਇਆ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋਤੀ ਨੂਰ ਤੱਕਿਆ ਚੰਦ, ਜਲਵਾ ਇਕੋ ਇਕ ਰੁਸ਼ਨਾਈਆ । ਖ਼ੁਸ਼ੀ ਹੋਇਆ ਬੰਦ ਬੰਦ, ਬਿਨ ਤਨ ਵਜੂਦ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਵਖਾਈਆ । ਧਰਨੀ ਕਹੇ ਮੈਂ ਵੇਖੇ ਗੁਰਮੁਖ ਸੱਜਣ ਮੀਤ, ਸੁਹੇਲੇ ਧੁਰ ਦੇ ਨਜ਼ਰੀ ਆਈਆ । ਜਿਨ੍ਹਾਂ ਦੀ ਅੰਦਰੋਂ ਬਦਲੀ ਨੀਤ, ਨੀਤੀਵਾਨ ਸੋਹਣੇ ਸੋਭਾ ਪਾਈਆ । ਇਕੋ ਪਰਮ ਪੁਰਖ ਪਰਮਾਤਮ ਦਾ ਗਾਉਂਦੇ ਗੀਤ, ਗਹਿਰ ਗੰਭੀਰ ਰਹੇ ਧਿਆਈਆ । ਠਗੌਰੀ ਮੂਲ ਨਾ ਪਾਏ ਮਨੂਆ ਚੀਤ, ਚੇਤਨ ਸੁਰਤੀ ਦਏ ਕਰਾਈਆ । ਝਗੜਾ ਛੱਡ ਜਾਏ ਹਸਤ ਕੀਟ, ਊਚ ਨੀਚ ਬੈਠੇ ਪੰਧ ਮੁਕਾਈਆ । ਪਰਮ ਪੁਰਖ ਨਾਲ ਕਰ ਕੇ ਸਚ ਪ੍ਰੀਤ, ਪ੍ਰੀਤਮ ਇਕੋ ਰਹੇ ਮਨਾਈਆ । ਜੋ ਕਾਇਆ ਕਰੇ ਠਾਂਡੀ ਸੀਤ, ਅਗਨੀ ਤਤ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਵਕ਼ਤ ਸੁਹੰਜਣਾ ਦਏ ਸੁਹਾਈਆ । ਧਰਨੀ ਕਹੇ ਮੈਂ ਹੋਈ ਖ਼ੁਸ਼ਹਾਲ, ਖ਼ੁਸ਼ੀਆਂ ਵਿਚ ਨੱਚਾਂ ਟੱਪਾਂ ਕੁੱਦਾਂ ਚਾਈਂ ਚਾਈਆਂ । ਗੁਰਮੁਖ ਵੇਖੇ ਸੋਹਣੇ ਲਾਲ, ਸੱਜਣ ਸੁਹੇਲੇ ਸੋਭਾ ਪਾਈਆ । ਜਿਨ੍ਹਾਂ ਦੇ ਅੰਦਰ ਪ੍ਰੀਤਮ ਸਦਾ ਨਾਲ, ਪਾਰਬ੍ਰਹਮ ਪ੍ਰਭ ਆਪਣਾ ਸੰਗ ਨਿਭਾਈਆ । ਨਾਤਾ ਤੋੜ ਕੇ ਕਾਲ ਮਹਾਂਕਾਲ, ਧਰਮਸਾਲ ਸਚਖੰਡ ਇਕੋ ਦਏ ਵਖਾਈਆ । ਦਰਸ਼ਨ ਕਰ ਗੁਰਮੁਖਾਂ ਦਾ ਹੋਈ ਮੈਂ ਨਿਹਾਲ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਹਰਿਜਨ ਸਾਚੇ ਦਏ ਵਡਿਆਈਆ । ਧਰਨੀ ਕਹੇ ਮੈਂ ਵੇਖਿਆ ਅਜਬ ਨਜ਼ਾਰਾ, ਬਿਨ ਅੱਖਾਂ ਨਜ਼ਰੀ ਆਈਆ । ਹਰਿਜਨ ਹਰਿ ਹਰਿ ਸਾਚੀ ਧਾਰ ਵਿਚ ਲੱਗੇ ਪਿਆਰਾ, ਵਿਵਹਾਰ ਇਕੋ ਇਕ ਦ੍ਰਿੜ੍ਹਾਈਆ । ਗੁਰਮੁਖਾਂ ਨੂੰ ਸ਼ਬਦ ਅਗੰਮੀ ਅਨਾਦੀ ਧੁਨ ਦਾ ਬਿਨ ਰਮਜ਼, ਲੱਗੇ ਇਸ਼ਾਰਾ, ਐਸ਼ੋ ਇਸ਼ਰਤ ਦੋਵੇਂ ਦੇਣ ਗਵਾਈਆ । ਮਹੱਲ ਮਿਲੇ ਅਟਲ ਉਚ ਮੁਨਾਰਾ, ਘਰ ਵਿਚ ਘਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਪਰਮਾਤਮ ਆਤਮ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਕਰ ਕਰ ਹਿਤ, ਸਾਚਾ ਕਰਦਾ ਰਹੇ ਪ੍ਰੇਮ ਪਿਆਰਾ, ਪਰਮ ਪੁਰਖ ਪਤਿਪਰਮੇਸ਼ਵਰ ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ ।

### ✪ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੧ ਹਰਚਰਨ ਸਿੰਘ ਦੇ ਗ੍ਰਿਹ ਬਠਿੰਡਾ ✪

ਜਨ ਭਗਤਾਂ ਲਹਿਣਾ ਦੇਣਾ ਦੇਵੇ ਦੀਨ ਦਿਆਲ, ਦਿਆਲ ਆਪਣੀ ਦਇਆ ਕਮਾਈਆ । ਜੁਗ ਜਨਮ ਦਾ ਲੇਖਾ ਰੱਖਿਆ ਸੰਭਾਲ, ਸਹਿਜ ਸਹਿਜ ਦਏ ਵਰਤਾਈਆ । ਸ਼ਾਹ ਬਣਾ ਕੇ ਕੰਗਾਲ, ਨਾਮ ਭੰਡਾਰਾ ਝੋਲੀ ਪਾਈਆ । ਮਿਸਲ ਬਣਾ ਕੇ ਬੇਮਿਸਾਲ, ਮਸੱਰਤ ਖ਼ੁਸ਼ੀ ਇਕ ਪਰਗਟਾਈਆ । ਵਿਛੜਿਆਂ ਕਰ ਸੰਭਾਲ, ਰੁਠੜਿਆਂ ਲਏ ਮਨਾਈਆ । ਗੋਦੀ ਚੁਕ ਕੇ ਬਾਲ, ਗੋਬਿੰਦ ਹੋਏ ਸਹਾਈਆ । ਸੁਣੇ ਮੁਰੀਦਾਂ ਹਾਲ, ਮੁਰਸ਼ਦ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਵਰਤਾਈਆ । ਜਨ ਭਗਤ ਸਦਾ ਰਿਹਾ ਜਾਗ, ਜਾਗਣਹਾਰ ਆਪ ਜਗਾਈਆ । ਸੁਣਦਾ ਰਹੇ ਅਗੰਮੀ ਆਵਾਜ਼, ਧੁਨੀ ਖ਼ਾਹਿਸ਼ ਧੁਨੀ ਵਿਚ ਪਰਗਟਾਈਆ । ਸਦਾ ਵੇਖਦਾ ਰਹੇ ਸਾਥ, ਸੰਗੀ ਸਾਥੀ ਇਕੋ ਨਜ਼ਰੀ ਆਈਆ । ਜੋ ਪੂਰੀ ਕਰਦਾ ਰਹੇ ਆਸ, ਮਿਹਰ ਨਜ਼ਰ ਇਕ ਉਠਾਈਆ । ਦਰਸ ਵਿਛੋੜੇ ਦੀ ਬੁਝਾ ਕੇ ਪਿਆਸ, ਤਰਸ ਆਪਣਾ ਇਕ ਕਮਾਈਆ । ਬਹੁਤਾ ਦੁੱਖ ਆਉਣਾ ਸੀ ਤਿੰਨ ਵਸਾਖ, ਉਸਦਾ ਲੇਖਾ ਰਿਹਾ ਚੁਕਾਈਆ । ਸੱਜੇ ਅੰਗ ਵਲੋਂ ਹੋਣਾ ਸੀ ਪਸ਼ਚਾਤਾਪ, ਲੱਤ ਟੁੱਟੀ ਲਈ ਜੁੜਾਈਆ । ਸਹਾਇਤਾ ਕਰੇ ਬਣ ਕੇ ਬਾਪ, ਪਿਤਾ ਹੋ ਕੇ ਅੰਗ ਲਗਾਈਆ । ਦੁਖੀਆਂ ਦੇ ਮੇਟ ਰੋਗ ਸੰਤਾਪ, ਸੁਖ ਦਏ ਉਪਜਾਈਆ । ਗੁਰਮੁਖ ਬੂਟਾ ਵੇਖ ਕੇ ਵਿਚੋਂ ਬਾਗ਼, ਰੁੱਤੀ ਰੁੱਤ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਿਹਰ ਨਜ਼ਰ ਕਹੇ ਮੈਂ ਕਰਾਂ ਕਰਮ, ਕਰਮ ਭਗਤਾਂ ਦਿਆਂ ਬਦਲਾਈਆ । ਗੁਰਮੁਖ ਦਾ ਨਵਾਂ ਬਣਾਵਾਂ ਜਨਮ, ਮਿਲੇ ਜਗਤ ਵਡਿਆਈਆ । ਅਗਨੀ ਦੁੱਖ ਵਿਚ ਨਹੀਂ ਦਿਤਾ ਸੜਨ, ਹੋਇਆ ਆਪ ਸਹਾਈਆ । ਚਿੰਤਾ ਵਿਚ ਨਹੀਂ ਦਿਤਾ ਵੜਨ, ਗ਼ਮਾਂ ਤੋਂ ਲਿਆ ਬਚਾਈਆ । ਬਖ਼ਸ਼ ਕੇ ਆਪਣੀ ਸ਼ਰਨ, ਹੋਇਆ ਸਾਹਿਬ ਸਹਾਈਆ । ਕਰਨੀ ਆਇਆ ਕਰਨ, ਕਰਤਾ ਖ਼ੈਰਖ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਅਪਾਣਾ ਹੱਥ ਰਖਾਈਆ । ਵਿਸਾਖ ਕਹੇ ਮੇਰੀ ਅੰਦਰੋਂ ਨਿਕਲ ਗਈ ਧਾਹ, ਤਿੰਨਾਂ ਲੋਕਾਂ ਰਿਹਾ ਸੁਣਾਈਆ । ਕੀ ਕੀਤਾ ਬੇਪਰਵਾਹ, ਨਿਰਗੁਣ ਹੋ ਕੇ ਫੇਰਾ ਪਾਈਆ । ਭਗਤ ਸੁਹੇਲਾ ਲਿਆ ਬਚਾ, ਕਰਨੀ ਦਾ ਕਰਨ ਦਿਤਾ ਭੁਗਤਾਈਆ । ਹੁਕਮੇਂ ਅੰਦਰ ਲਿਆ ਛੁਡਾ, ਹੁਕਮੀ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਹੋਇਆ ਸਹਾਈਆ । ਵਸਾਖ ਕਹੇ

ਮੇਰੇ ਉਤੇ ਆਈ ਹੈਰਾਨੀ, ਹਿਰਦੇ ਵਿਚ ਬੂਝ ਬੁਝਾਈਆ । ਬਹੁਤੀ ਹੋਈ ਪਰੇਸ਼ਾਨੀ, ਸੁੱਧ ਬੁਧ ਭੁਲਾਈਆ । ਕਿਉਂ ਪ੍ਰਭੂ ਕਰਦਾ ਭਗਤਾਂ ਉਤੇ ਮਿਹਰਵਾਨੀ, ਮਿਹਰਵਾਨ ਹੋ ਕੇ ਫੇਰਾ ਪਾਈਆ । ਕਿਰਪਾ ਕਰ ਕੇ ਮੈਨੂੰ ਓਸ ਦਿਨ ਥੋੜੀ ਜਿਹੀ ਲਾ ਲੈਣ ਦੇਵੇ ਨਿਸ਼ਾਨੀ, ਤੀਰ ਇਕੋ ਇਕ ਚਲਾਈਆ । ਮੈਨੂੰ ਬਹੁਤਾ ਦੁੱਖ ਕਿਉਂ ਬਖ਼ਸ਼ ਦਿਤੀ ਜ਼ਿੰਦਗਾਨੀ, ਚਰਨ ਮਿਲੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਦੇ ਮੁਕਾਈਆ । ਪਿਛਲਾ ਲੇਖਾ ਕਹੇ ਮੈਂ ਮੰਗਾਂ ਕਰ ਇਕ ਅਰਦਾਸ, ਸਹਿਜੇ ਸੀਸ ਨਿਵਾਈਆ । ਤੂੰ ਪ੍ਰਭੂ ਸਾਹਿਬ ਗੁਣਤਾਸ, ਸਚ ਤੇਰੀ ਸਰਨਾਈਆ । ਸਦ ਵਸੇਂ ਭਗਤਾਂ ਪਾਸ, ਹੋਏਂ ਮਾਤ ਸਹਾਈਆ । ਵੇਖੀਂ ਕਿਤੇ ਮਿੰਨਤ ਮੰਨ ਨਾ ਲਈਂ ਤਿੰਨ ਵਸਾਖ, ਢੇਰੀ ਹੋ ਕੇ ਦਾਅ ਨਾ ਕੋਇ ਲਗਾਈਆ । ਤੇਰੇ ਕੋਲ ਅਛਲ ਅਛੱਲ ਦੀ ਬਹੁਤੀ ਜਾਚ, ਵਲ ਛਲ ਕਰ ਕੇ ਦੇਣਾ ਵਕ਼ਤ ਲੰਘਾਈਆ । ਅਗਲਾ ਦੇਣਾ ਸੱਚਾ ਸਾਥ, ਸੰਗੀ ਹੋ ਕੇ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਆ ਕੇ ਦਰ ਆ ਕੇ ਪਤ ਜਾਏ ਰਾਖ, ਪਿਤਰ ਹੋ ਕੇ ਜਨਮ ਦੇਣਾ ਬਦਲਾਈਆ ।

### ✪ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੧ ਬੁਗਰ ਸਿੰਘ ਦੇ ਗ੍ਰਿਹ ਪਿੰਡ ਬਰਗਾੜੀ ਜ਼ਿਲਾ ਬਠਿੰਡਾ ✪

ਜਨ ਭਗਤ ਕਹੇ ਪ੍ਰਭੂ ਕਿਸੇ ਹੱਥ ਨਾ ਰਹੀ ਤੇਰੀ ਕੁੰਜੀ, ਮੰਦਰ ਕੁਫ਼ਲ ਨਾ ਕੋਇ ਖੁਲ੍ਹਾਈਆ । ਜਗਤ ਵਾਸਨਾ ਲੁਟਾ ਬੈਠੇ ਪੂੰਜੀ, ਕਲਜੁਗ ਸੰਤ ਰਹੇ ਕੁਰਲਾਈਆ । ਕੋਈ ਰਮਜ਼ ਨਾ ਦਿਸੇ ਗੁਝੀ, ਸ਼ਬਦੀ ਧੁਨ ਨਾ ਕੋਇ ਸ਼ਨਵਾਈਆ । ਧਾਰ ਤੇਰੇ ਤੋਂ ਰਖ ਕੇ ਦੂਜੀ, ਬੁਧ ਮਤ ਕਰਨ ਪੜ੍ਹਾਈਆ । ਇਹ ਖੇਲ ਨਹੀਂ ਹੁਣ ਲੁਕੀ, ਓਹਲਾ ਪੜਦਾ ਰਿਹਾ ਨਾ ਰਾਈਆ । ਅੰਤਮ ਔਧ ਸਭ ਦੀ ਮੁਕੀ, ਵੇਲਾ ਵਕ਼ਤ ਦਏ ਗਵਾਹੀਆ । ਘਰਾਨਾ ਦਿਸੇ ਕੋਇ ਨਾ ਸੁਖੀ, ਨੇਤਰ ਰੋਵੇ ਜਗਤ ਲੋਕਾਈਆ । ਝਗੜਾ ਪਿਆ ਪਿਤਾ ਪੁੱਤੀਂ, ਸਾਚੀ ਗੋਦ ਨਾ ਕੋਇ ਸੁਹਾਈਆ । ਆਤਮ ਪਰਮਾਤਮ ਸੁਹਾਏ ਕੋਇ ਨਾ ਰੁੱਤੀ, ਰੁਤੜੀ ਤਨ ਨਾ ਕੋਇ ਮਹਿਕਾਈਆ । ਮਨ ਵਾਸਨਾ ਜਗਤ ਤ੍ਰਿਸ਼ਨਾ ਭੁੱਖੀ, ਚਾਰ ਕੁੰਟ ਦਹਿ ਦਿਸ਼ਾ ਭੱਜੇ ਵਾਹੋ ਦਾਹੀਆ । ਤੇਰੀ ਮੰਜ਼ਲ ਸ੍ਰੀ ਭਗਵੰਤ ਨਜ਼ਰ ਨਾ ਆਏ ਕਿਸੇ ਉਚੀ, ਉਚ ਅਗੰਮ ਅਥਾਹ ਤੇਰਾ ਦਰਸ ਕੋਇ ਨਾ ਪਾਈਆ । ਤੇਰੀ ਧਾਰ ਆਤਮ ਹੋ ਕੇ ਤੇਰੇ ਨਾਲੋਂ ਰੁੱਠੀ, ਸਨਮੁਖ ਦਰਸ ਕੋਇ ਨਾ ਪਾਈਆ । ਕਿਰਪਾ ਨਿਧਾਨ ਪਾਰਬ੍ਰਹਮ ਪਤਿਪਰਮੇਸ਼ਵਰ ਜਨ ਭਗਤਾਂ ਗੰਢ ਪਾ ਟੁੱਟੀ, ਨਾਮ ਡੋਰੀ ਜੋੜ ਜੁੜਾਈਆ । ਵਸਤ ਅਮੋਲਕ ਦੇ ਜਿਹੜੀ ਗ੍ਰਿਹ ਨਾ ਜਾਵੇ ਲੁੱਟੀ, ਠੱਗ ਚੋਰ ਯਾਰ ਸਕੇ ਨਾ ਕੋਇ ਚੁਰਾਈਆ । ਜੁਗ ਚੌਕੜੀ ਨਾਮ ਭੰਡਾਰਾ ਵਰਤਾਉਂਦਾ ਰਿਹੋਂ ਭੁੱਖ ਵਿਚ ਦੁੱਖੀ, ਹੌਲੀ ਹੌਲੀ ਆਪਣੀ ਗੰਢ ਖੁਲ੍ਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪ੍ਰੇਮੀ ਪਿਆਰਿਆਂ ਅੰਤਰ ਆਤਮ ਕਰ ਦੇ ਸੁੱਚੀ, ਸੰਜਮ ਇਕੋ ਦੇ ਜਣਾਈਆ । ਦਿਵਸ ਰੈਣ ਅੱਠੇ ਪਹਿਰ ਘੜੀ ਪਲ ਤੇਰੇ ਨਾਲ ਲੱਗੀ ਰਹੇ ਰੁਚੀ, ਰਚਨਾ ਵੇਖਣੀ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲ ਲਏ ਮਿਲਾਈਆ । ਜਨ ਭਗਤ ਕਹਿਣ ਕਿਸੇ ਕੋਲ ਨਾ ਦਿਸੇ ਚਾਬੀ, ਚਾਰ ਵਰਨ ਰਿਹਾ ਕੁਰਲਾਈਆ । ਕਿਰਪਾ ਕਰ ਪ੍ਰਭੂ ਸ਼ਤਾਬੀ, ਵੇਲਾ ਵਕ਼ਤ ਦਏ ਗਵਾਹੀਆ । ਕਲਜੁਗ ਜੀਵ ਹੋਏ ਬਾਗ਼ੀ,

ਮਨ ਵਾਸਨਾ ਨਾਲ ਹਲਕਾਈਆ । ਕੂੜੀ ਕਿਰਿਆ ਕੀਤੇ ਦਾਗ਼ੀ, ਦੁਰਮਤ ਮੈਲ ਨਾ ਕੋਇ ਧਵਾਈਆ । ਸੋਈ ਸੁਰਤ ਕਿਸੇ ਨਾ ਜਾਗੀ, ਜਾਗਰਤ ਜੋਤ ਕਰ ਰੁਸ਼ਨਾਈਆ । ਝਗੜਾ ਪਿਆ ਦੀਨ ਮਜ਼੍ਹਬ ਸਮਾਜੀ, ਜਾਤ ਪਾਤ ਕਰੇ ਲੜਾਈਆ । ਅੰਤਮ ਸਭ ਦੀ ਉਲਟੀ ਕਰ ਦੇ ਬਾਜ਼ੀ, ਬਾਜ਼ੀਗਰ ਹੋ ਕੇ ਸਵਾਮੀ ਆਪਣਾ ਡੰਕ ਵਜਾਈਆ । ਤੇਰੇ ਪ੍ਰੇਮ ਪਿਆਰ ਸਚ ਦਾ ਰਿਹਾ ਕੋਇ ਨਾ ਰਾਗੀ, ਬਿਨ ਤੰਦ ਸਤਾਰ ਸੁਰ ਨਾ ਕੋਇ ਬਣਾਈਆ । ਕੋਟਨ ਵਿਚੋਂ ਗੁਰਮੁਖ ਵਿਰਲਾ ਜਗਤ ਤ੍ਰਿਸ਼ਨਾ ਤਿਆਗੀ, ਵੈਰਾਗੀ ਹੋ ਕੇ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਬਣਾ ਲੈ ਆਧੀ, ਹਿੱਸਾ ਧੁਰ ਦਾ ਝੋਲੀ ਪਾਈਆ । ਜਨ ਭਗਤ ਕਹਿਣ ਚਾਰ ਕੁੰਟ ਦਹਿ ਦਿਸ਼ਾ ਦਿਸੇ ਖ਼ਾਲੀ, ਖ਼ਾਲਕ ਖ਼ਲਕ ਦਏ ਦੁਹਾਈਆ । ਸਤਿ ਵਸਤ ਨਜ਼ਰ ਨਾ ਆਏ ਕਿਤੋਂ ਭਾਲੀ, ਕੂੜੀ ਕਿਰਿਆ ਭਾਂਬੜ ਮੱਚੇ ਲੋਕਾਈਆ । ਚਾਰੋਂ ਕੁੰਟ ਮੰਦਰ ਅੰਦਰ ਦਿਸੇ ਰੈਣ ਕਾਲੀ, ਨਿਰਗੁਣ ਜੋਤ ਚੰਦ ਨਾ ਕੋਇ ਚਮਕਾਈਆ । ਆਤਮ ਪਰਮਾਤਮ ਬਣਿਆ ਕੋਇ ਨਾ ਵਾਲੀ, ਤੁਧ ਬਿਨ ਮਾਲਕ ਸੰਗ ਨਾ ਕੋਇ ਨਿਭਾਈਆ । ਗੁਰ ਅਵਤਾਰ ਪੈਗ਼ੰਬਰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦਰ ਤੇਰੇ ਸਵਾਲੀ, ਸਾਰੇ ਬੈਠੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਜਨ ਭਗਤ ਕਹਿਣ ਪ੍ਰਭ ਚਾਰ ਕੁੰਟ ਅੰਧੇਰਾ ਦਿਸੇ ਘੁਪ, ਕਾਇਆ ਮੰਦਰ ਅੰਦਰ ਹੋਵੇ ਨਾ ਕਿਸੇ ਰੁਸ਼ਨਾਈਆ । ਕਿਉਂ ਸਵਾਮੀ ਹੋ ਕੇ ਬੈਠੋਂ ਲੁਕ, ਠਾਕਰ ਹੋ ਕੇ ਪੜਦਾ ਦੇ ਉਠਾਈਆ । ਤੇਰੀ ਸਿਫ਼ਤ ਤੇਰੇ ਕੋਲੋਂ ਲਈਏ ਪੁਛ, ਬਾਹਰੋਂ ਪੁਛਣ ਦੀ ਲੋੜ ਰਹੇ ਨਾ ਰਾਈਆ । ਆਤਮ ਪਰਮਾਤਮ ਨਿਜ ਗ੍ਰਿਹਿ ਸਾਚੇ ਮੰਦਰ ਦੇ ਅਗੰਮਾ ਸੁਖ, ਜਿਸ ਵਿਚ

੩੮੦ ੧੯

ਦੁੱਖ ਨਾ ਲਾਗੇ ਰਾਈਆ । ਲੱਖ ਚੁਰਾਸੀ ਵਿਚੋਂ ਮਾਨਸ ਜਨਮ ਮਿਲਿਆ ਮਨੁੱਖ, ਮਾਇਆ ਮਮਤਾ ਮੋਹ ਦੇ ਮਿਟਾਈਆ । ਸਖਿਆਤ ਹੋ ਕੇ ਸੰਤ ਸੁਹੇਲੇ ਜਨ ਭਗਤ ਆਪਣੇ ਬਣਾ ਲੈ ਸੁਤ, ਅਪਰਾਧੀ ਰਹਿਣ ਕੋਇ ਨਾ ਪਾਈਆ । ਭਾਗ ਲਗਾ ਦੇ ਕਾਇਆ ਮਾਟੀ ਬੁੱਤ, ਸਾਢੇ ਤਿੰਨ ਹੱਥ ਵੱਜਦੀ ਰਹੇ ਵਧਾਈਆ । ਤੇਰੇ ਕੋਲ ਸਭ ਕੁਛ, ਕਿਉਂ ਬੈਠਾ ਪੜਦਾ ਪਾਈਆ । ਉਜਲ ਕਰ ਮਾਤ ਮੁਖ, ਜੋ ਤੇਰਾ ਨਾਮ ਬਿਨ ਰਸਨਾ ਜਿਹਵਾ ਰਹੇ ਗਾਈਆ । ਸਾਚੇ ਮਾਰਗ ਜਾਂਦਿਆਂ ਜਾਣ ਮੂਲ ਨਾ ਘੁਸ, ਰਸਤਾ ਇਕੋ ਦੇਣਾ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦੇਣਾ ਚੜ੍ਹਾਈਆ । ਜਨ ਭਗਤ ਕਹੇ ਪ੍ਰਭ ਅੰਦਰ ਖੁਲ੍ਹਾ ਵੇਖਿਆ ਨਾ ਕੋਇ ਜੰਦਰ, ਜ਼ਿੰਦਗੀ ਸਕੇ ਨਾ ਕੋਇ ਬਦਲਾਈਆ । ਲੱਗਾ ਭਾਗ ਨਾ ਕਾਇਆ ਮਾਟੀ ਮੰਦਰ, ਮੰਦ ਵਾਸਨਾ ਨਾ ਕੋਇ ਕਢਾਈਆ । ਚੁਰਾਸੀ ਤੋੜੇ ਨਾ ਕੋਇ ਬੰਧਨ, ਬੰਦਗੀ ਹੱਕ ਨਾ ਕੋਇ ਸੁਣਾਈਆ । ਦਰ ਮਿਲੇ ਨਾ ਪਰਮਾਨੰਦਨ, ਨਿਜਾਨੰਦ ਨਾ ਕੋਇ ਰਸਾਈਆ । ਚਾਰ ਵਰਨ ਅਠਾਰਾਂ ਬਰਨ ਟੁੱਟੀ ਆਏ ਕੋਈ ਨਾ ਗੰਢਣ, ਸੁਰਤੀ ਸ਼ਬਦੀ ਜੋੜ ਨਾ ਕੋਇ ਜੁੜਾਈਆ । ਬ੍ਰਹਮ ਵਿਦਿਆ ਦਾ ਰਿਹਾ ਨਾ ਕੋਈ ਬ੍ਰਾਹਮਣ, ਭਰਮੇਂ ਭਰੀ ਲੋਕਾਈਆ । ਤੇਰੇ ਨਾਮ ਦਾ ਬਿਨ ਅੱਖਰਾਂ ਤੋਂ ਕਰੇ ਕੋਈ ਨਾ ਵਰਨਣ, ਜਗਤ ਵਿਦਿਆ ਵਾਲੀ ਕਰਨ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਗਲਾ ਸੰਗ ਰਖਾਈਆ । ਜਨ ਭਗਤ ਕਹਿਣ ਪ੍ਰਭੂ ਜਨ ਭਗਤਾਂ ਖੋਲ੍ਹ ਖਿੜਕੀ, ਖੜਖੜਾਹਟ ਰਹਿਣ ਕੋਇ ਨਾ ਪਾਈਆ । ਆਸਾ ਲੱਗੀ ਪੂਰਬ ਜਨਮ ਚਿਰ ਕੀ, ਚਿਰੀ ਵਿਛੁੰਨੇ ਲੈ ਮਿਲਾਈਆ । ਇਹੋ ਖੇਲ ਆਦਿ ਜੁਗਾਦੀ ਸੱਚੇ ਪਿਰ ਦੀ, ਪ੍ਰੀਤਮ ਹੋ ਕੇ ਆਪਣੀ ਗੋਦ ਉਠਾਈਆ । ਨਿਗਾਹ ਬਦਲ ਦੇ ਆਪਣੀ

੩੮੦ ੧੯

ਮਿਹਰ ਦੀ, ਮਹਿਬੂਬ ਹੋ ਕੇ ਆਪਣਾ ਰੰਗ ਚੜ੍ਹਾਈਆ । ਹੁਣ ਖੇਲ ਨਹੀਂ ਬਹੁਤੀ ਦੇਰ ਦੀ, ਅਗਲਾ ਪੰਧ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਲੈ ਟਿਕਾਈਆ । ਜਨ ਭਗਤ ਕਹਿਣ ਪ੍ਰਭ ਸਦਾ ਖੁਲ੍ਹੀ ਰਖ ਬਜਰ ਕਪਾਟੀ, ਕਪਟ ਰਹਿਣ ਕੋਇ ਨਾ ਪਾਈਆ । ਵਸਤ ਦੇ ਘਰ ਦੀ ਹਾਟੀ, ਬਾਹਰ ਵਣਜ ਨਾ ਕੋਇ ਕਰਾਈਆ । ਭਾਗ ਲੱਗੇ ਕੰਚਨ ਧਾਰ ਮਾਟੀ, ਮਟਕੀ ਅੰਦਰ ਹੋਏ ਰੁਸ਼ਨਾਈਆ । ਬੂੰਦ ਦੇ ਅਗੰਮ ਸਵਾਂਤੀ, ਅਗਨੀ ਤਤ ਬੁਝਾਈਆ । ਝਗੜਾ ਮੇਟ ਜਗਤ ਵਾਲੀ ਜਾਤੀ, ਆਤਮ ਬ੍ਰਹਮ ਦੇ ਦਰਸਾਈਆ । ਤੂੰ ਸਾਹਿਬ ਕਮਲਾਪਾਤੀ, ਪਤਿਪਰਮੇਸ਼ਵਰ ਨਜ਼ਰੀ ਆਈਆ । ਜਨ ਭਗਤ ਤੇਰੇ ਹੁਕਮ ਦੀ ਮੰਨਣ ਆਖੀ, ਅੱਖਰਾਂ ਵਾਲੀ ਛੱਡਣ ਪੜ੍ਹਾਈਆ । ਵਸਤ ਅਮੋਲਕ ਦੇ ਦਾਤੀ, ਦਾਤਾ ਹੋ ਦੇ ਦਇਆ ਕਮਾਈਆ । ਤੇਰੇ ਵਿਛੋੜੇ ਵਿਚ ਪ੍ਰਭੂ ਲੰਘੇ ਕੋਇ ਨਾ ਰਾਤੀ, ਰਾਤੀਂ ਸੁਤਿਆਂ ਦਿਨੇ ਜਾਗਦਿਆਂ ਅੰਦਰ ਬਹਿ ਬਹਿ ਖ਼ੁਸ਼ੀ ਮਨਾਈਆ । ਕਿਉਂ ਤੂੰ ਸਾਹਿਬ ਪੁਰਖ ਅਬਿਨਾਸ਼ੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਦਾ ਸਚਖੰਡ ਨਿਵਾਸੀ, ਮੁਕਾਮੇ ਹੱਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਲੀ ਮੰਜ਼ਲ ਮੇਟ ਵਾਟੀ, ਪੰਧ ਪਿਛਲਾ ਰਹੇ ਨਾ ਰਾਈਆ ।



## ✪ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੧ ਸੁਹਾਵਾ ਸਿੰਘ ਦੇ ਗ੍ਰਹਿ ਪਿੰਡ ਪੰਜ ਗਰਾਈਆਂ ਜ਼ਿਲਾ ਬਠਿੰਡਾ ✪

੩੮੧
੧੯

ਧੰਨ ਵਡਿਆਈ ਦਰ ਆਈ ਸੰਗਤ, ਸੰਗੀ ਧੁਰ ਦਾ ਦਏ ਮਿਲਾਈਆ । ਕਾਇਆ ਚੋਲੀ ਚਾੜ੍ਹ ਅਗੰਮੀ ਰੰਗਤ, ਰੰਗ ਇਕੋ ਦਏ ਵਖਾਈਆ । ਸ਼ਬਦ ਅਨਾਦੀ ਦੇਵੇ ਬੋਧ ਅਗਾਧਾ ਬਣ ਕੇ ਪੰਡਤ, ਨਿਰਵੈਰ ਨਿਰਾਕਾਰ ਨਿਰੰਕਾਰ ਨਿਰਅੱਖਰ ਕਰੇ ਪੜ੍ਹਾਈਆ । ਕੂੜੀ ਕਿਰਿਆ ਮਾਇਆ ਮਮਤਾ ਮੋਹ ਗੜ੍ਹ ਤੋੜੇ ਹੰਗਤ, ਹੰ ਬ੍ਰਹਮ ਪਾਰਬ੍ਰਹਮ ਆਪ ਜਣਾਈਆ । ਗੁਰਮੁਖ ਸੰਤ ਸੁਹੇਲਾ ਏਥੇ ਓਥੇ ਦੋ ਜਹਾਨਾਂ ਦੂਸਰ ਕਰੇ ਕਿਸੇ ਨਾ ਮਿੰਨਤ, ਸਚ ਦਵਾਰੇ ਏਕੰਕਾਰੇ ਇਕੋ ਘਰ ਬਹਾਈਆ । ਲਹਿਣਾ ਦੇਣਾ ਝਗੜਾ ਮੁਕਾਵੇ ਬਹਿਸ਼ਤ ਜੰਨਤ, ਸਵਰਗ ਦਾ ਲੇਖਾ ਦਏ ਮੁਕਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਤਮ ਪਰਮਾਤਮ ਨਾਤਾ ਜੋੜੇ ਨਾਰ ਕੰਤ, ਸੇਜ ਸੁਹੰਜਣੀ ਸਾਢੇ ਤਿੰਨ ਹੱਥ ਕਾਇਆ ਮੰਦਰ ਆਪ ਸੁਹਾਈਆ । ਮਾਨਸ ਜਨਮ ਲੱਖ ਚੁਰਾਸੀ ਵਿਚੋਂ ਧੁਰਦਰਗਾਹੀ ਬਣਤ, ਘੜਨ ਭੰਨਣਹਾਰ ਸਮਰਥ ਸਵਾਮੀ ਦੀਨ ਦਿਆਲ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਵੇਖ ਵਖਾਈਆ । ਧੰਨ ਵਡਿਆਈ ਸੰਗਤ ਪਾਇਆ ਹਰਿ ਕਾ ਦਵਾਰ, ਹਰਿ ਮੰਦਰ ਦਏ ਸੁਹਾਈਆ । ਸਚ ਪ੍ਰੀਤੀ ਦੇਵਣਹਾਰ ਦਾਤਾ ਏਕੰਕਾਰ, ਅਕਲ ਕਲਧਾਰੀ ਪ੍ਰਭੂ ਆਪਣੀ ਦਇਆ ਕਮਾਈਆ । ਲੇਖਾ ਮੁਕਾ ਕੇ ਨੌ ਦਵਾਰ, ਅੰਧ ਅੰਧਿਆਰ ਕੂੜੀ ਕਿਰਿਆ ਦਏ ਮਿਟਾਈਆ । ਅੰਮ੍ਰਿਤ ਦੇ ਕੇ ਬੂੰਦ ਸਵਾਂਤ ਠਾਂਡੀ ਠਾਰ, ਨਿਝਰ ਝਿਰਨਾ ਦਏ ਝਿਰਾਈਆ । ਸ਼ਬਦ ਅਨਾਦੀ ਧੁਨ ਆਤਮਕ ਸੁਣਾਏ ਆਪਣੀ ਧਾਰ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਦੀਵਾ ਬਾਤੀ ਕਮਲਾਪਾਤੀ ਜੋਤੀ ਜਾਤਾ ਕਰੇ ਉਜਿਆਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਮਹੱਲ ਅਟਲ ਉਚ ਮਿਨਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ

੩੮੨
੧੯

ਲਹਿਣਾ ਵੇਖ ਵਖਾਈਆ । ਧੰਨ ਵਡਿਆਈ ਜੋ ਚਲ ਕੇ ਆਈ ਸੰਗਤ ਦਰ, ਕਾਇਆ ਮੰਦਰ ਅੰਦਰ ਦਰ ਦਰਵਾਜ਼ਾ ਦਏ ਖੁਲ੍ਹਾਈਆ । ਜਨਮ ਮਰਨ ਦਾ ਚੁਕਾਏ ਡਰ, ਲੱਖ ਚੁਰਾਸੀ ਗੇੜਾ ਦਏ ਮੁਕਾਈਆ । ਅੰਮ੍ਰਿਤ ਆਤਮ ਸਚ ਨੁਹਾਏ ਇਕੋ ਸਰ, ਦੁਰਮਤ ਮੈਲ ਰਹਿਣ ਨਾ ਪਾਈਆ । ਬਜਰ ਕਪਾਟੀ ਤੋੜ ਘਰ ਵਿਚ ਵਖਾ ਕੇ ਆਪਣਾ ਘਰ, ਠਾਕਰ ਸਵਾਮੀ ਬਿਨ ਅੱਖਾਂ ਨਜ਼ਰੀ ਆਈਆ । ਲੇਖੇ ਲਗਾ ਕੇ ਸੀਸ ਧੜ, ਆਤਮ ਪਰਮਾਤਮ ਪਰਮਾਤਮ ਆਤਮ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਸੰਤ ਸੁਹੇਲੇ ਸੱਜਣ ਵੇਖ ਵਖਾਈਆ । ਧੰਨ ਵਡਿਆਈ ਹਰਿ ਸੰਗਤ ਹੋਇਆ ਮੇਲ, ਪ੍ਰਭ ਆਪਣੀ ਦਇਆ ਕਮਾਈਆ । ਨਾਤਾ ਤੋੜ ਗੁਰੂ ਗੁਰ ਚੇਲ, ਚੇਲਾ ਗੁਰ ਇਕੋ ਰੰਗ ਵਖਾਈਆ । ਆਤਮ ਪਰਮਾਤਮ ਬਣ ਕੇ ਸੱਜਣ ਸੁਹੇਲ, ਪਾਰਬ੍ਰਹਮ ਬ੍ਰਹਮ ਲੇਖਾ ਦਏ ਚੁਕਾਈਆ । ਨਿਰਗੁਣ ਨਿਰਵੈਰ ਕਰੇ ਪਰਕਾਸ਼ ਬਿਨ ਬਾਤੀ ਤੇਲ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਘਟ ਭੀਤਰ ਵੇਖ ਵਖਾਈਆ । ਹਰਿ ਸੰਗਤ ਤੇਰਾ ਵੇਲਾ ਵਕ਼ਤ ਸੁਹੰਜਣਾ, ਪੁਰਖ ਅਕਾਲ ਦੇਵਣਹਾਰ ਵਡਿਆਈਆ । ਘਰ ਸਾਜਣ ਮਿਲਿਆ ਆਦਿ ਪੁਰਖ ਨਿਰੰਜਣਾ, ਪਾਰਬ੍ਰਹਮ ਬੇਪਰਵਾਹੀਆ । ਚਰਨ ਧੂੜ ਕਰਾਏ ਮਜਨਾ, ਅੱਠ ਸੱਠ ਤੀਰਥ ਲੋੜ ਰਹੇ ਨਾ ਰਾਈਆ । ਸ਼ਬਦ ਅਨਾਦੀ ਇਕੋ ਇਕ ਵੱਜਣਾ, ਬਿਨ ਅੱਖਰਾਂ ਕਰੇ ਪੜ੍ਹਾਈਆ । ਸਚ ਪਰਕਾਸ਼ ਕਾਇਆ ਮੰਦਰ ਅੰਦਰੇ ਅੰਦਰ ਜਗਣਾ, ਅੰਧ ਅੰਧੇਰਾ ਦਏ ਚੁਕਾਈਆ । ਪੁਰਖ ਅਕਾਲ ਦੀਨ ਦਿਆਲ ਆਤਮ ਸੇਜਾ ਦਰਸ਼ਨ ਕਰ ਕਰ ਰੱਜਣਾ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਸਚ ਖ਼ੁਮਾਰੀ ਵਿਚ ਮਘਣਾ, ਇਕੋ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਸਰਨਾਈਆ । ਹਰਿ ਸੰਗਤ ਤੇਰਾ ਪਰਮ ਪੁਰਖ ਨਾਲ ਹੋਏ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਇੰਦਾ । ਦੋਹਾਂ ਦਾ ਸਾਂਝਾ ਇਕੋ ਜਾਪ, ਤੂੰ ਮੇਰਾ ਮੈਂ ਤੇਰਾ ਦੂਜਾ ਰਾਗ ਨਾ ਕੋਇ ਅਲਾਇੰਦਾ । ਰੂਹ ਬੁੱਤ ਤਨ ਮਾਟੀ ਖ਼ਾਕ ਕਰੇ ਪਵਿਤ ਪਾਕ, ਪਤਿਤ ਪੁਨੀਤ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤ ਅੰਧੇਰੀ ਮੇਟੇ ਰਾਤ, ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਖੋਜ ਖੁਜਾਇੰਦਾ । ਅੰਮ੍ਰਿਤ ਆਤਮ ਦੇਵੇ ਠੰਡਾ ਠਾਰ ਬੂੰਦ ਸਵਾਂਤ, ਨਿਝਰ ਝਿਰਨਾ ਆਪ ਝਿਰਾਇੰਦਾ । ਦਰਸ ਦਿਖਾਵੇ ਇਕ ਅਕੇਲਾ ਇਕਾਂਤ, ਦੂਜਾ ਨਜ਼ਰ ਕੋਇ ਨਾ ਆਇੰਦਾ । ਵੇਸ ਵਟਾ ਕੇ ਜੁਗ ਚੌਕੜੀ ਬਹੁ ਭਾਂਤ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਜਨ ਭਗਤਾਂ ਬਖ਼ਸ਼ਣਹਾਰਾ ਦਾਤ, ਪੂਰਬ ਲਹਿਣਾ ਵੇਖ ਵਖਾਇੰਦਾ । ਨਾਮ ਪਦਾਰਥ ਦੇਵਣਹਾਰਾ ਦਾਤ, ਧੁਰਦਰਗਾਹੀ ਖ਼ਾਲੀ ਝੋਲੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਖ਼ੁਸ਼ੀਆਂ ਬਖ਼ਸ਼ੇ ਆਜ, ਅਗੇ ਅਜ਼ਲ ਤੋਂ ਆਪ ਬਚਾਇੰਦਾ । ਹਰਿ ਸੰਗਤ ਤੇਰਾ ਆਉਣਾ ਜਾਵੇ ਲੇਖੇ ਲੱਗ, ਕ਼ਦਮ ਕ਼ਦਮ ਦਏ ਵਡਿਆਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇਂ ਬੁਝਾਏ ਅਗਨੀ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਹੰਸ ਬੁਧ ਬਣਾਏ ਕਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਦਰਸ ਦੇਵੇ ਉਪਰ ਸ਼ਾਹ ਰਗ, ਨੌਂ ਦਵਾਰੇ ਲੇਖਾ ਰਹੇ ਨਾ ਰਾਈਆ । ਘਰ ਸੁਹੰਜਣਾ ਦਰਸ ਕਰਾਏ ਆਤਮ ਪਰਮਾਤਮ ਬਿਨ ਕਾਅਬੇ ਧੁਰ ਦਾ ਹੱਜ, ਮੁਕਾਮੇ ਹੱਕ ਇਕੋ ਕਰ ਰੁਸ਼ਨਾਈਆ । ਜੁਗ ਜਨਮ ਦੇ ਵਿਛੜੇ ਸ਼ਬਦੀ ਹੁਕਮ ਲਏ ਸੱਦ, ਹੋਕਾ ਸਦਾ ਨਾਮ ਘਟ

ਭੀਤਰ ਆਪ ਜਣਾਈਆ । ਕੂੜੀ ਕਿਰਿਆ ਕਲਜੁਗ ਵਾਸਨਾ ਦੂਈ ਦਵੈਤੀ ਸ਼ਰਅ ਸ਼ਰਾਇਤੀ ਮੇਟ ਕੇ ਹੱਦ, ਦੀਨ ਮਜ਼੍ਹਬ ਜਾਤ ਪਾਤ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਬਖ਼ਸ਼ਣਹਾਰ ਸਰਨਾਈਆ । ਹਰਿ ਸੰਗਤ ਤੇਰਾ ਲੇਖੇ ਲਾਵੇ ਅੰਤਰ ਆਤਮ ਧਿਆਨ, ਘਟ ਘਟ ਵਾਸੀ ਵੇਖ ਵਖਾਈਆ । ਸੋਹਲਾ ਢੋਲਾ ਗਾਇਆ ਕਰੇ ਪਰਵਾਨ, ਪਰਮ ਪੁਰਖ ਦਏ ਸਰਨਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਸਾਂਝੀ ਹੋਵੇ ਪਹਿਚਾਣ, ਦੋਹਾਂ ਦਾ ਭੇਵ ਰਹੇ ਨਾ ਰਾਈਆ । ਭਾਗ ਲੱਗੇ ਸਾਢੇ ਤਿੰਨ ਹੱਥ ਮਾਟੀ ਕਾਇਆ ਉਚ ਮਕਾਨ, ਮਕ਼ਬਰਿਆਂ ਵਿਚੋਂ ਕਾਅਬੇ ਦਏ ਵਖਾਈਆ । ਗੁਰਸਿਖ ਸੰਤ ਸੁਹੇਲਾ ਸਾਹਿਬ ਸਤਿਗੁਰ ਜੁਗ ਚੌਕੜੀ ਨਿਤ ਨਵਿਤ ਗੋਦੀ ਚੁੱਕੇ ਆਣ, ਬਿਨ ਹੱਥਾਂ ਬਾਹਾਂ ਆਪਣੇ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਮਿਹਰਵਾਨਾ ਮਹਿਬੂਬ ਮੁਹੱਬਤ ਵਿਚ ਸਮਾਈਆ । ਹਰਿ ਸੰਗਤ ਤੇਰਾ ਲੇਖਾ ਜਾਵੇ ਲੱਗ, ਲਗ ਮਾਤਰ ਦਾ ਫ਼ਰਕ ਰਹੇ ਨਾ ਰਾਈਆ । ਗੁਰਮੁਖੋ ਤੁਹਾਨੂੰ ਰਹਿਣ ਨਾ ਦੇਵੇ ਅਲੱਗ, ਵਿਛੋੜਾ ਜਨਮ ਜਨਮ ਕਟਾਈਆ । ਸ਼ਬਦ ਡੋਰੀ ਅਗੰਮੇ ਤੰਦ ਲਏ ਬੰਨ੍ਹ, ਬੰਧਨ ਇਕੋ ਦਏ ਸਮਝਾਈਆ । ਕਰ ਪਰਕਾਸ਼ ਬਿਨ ਸੂਰਜ ਚੰਦ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਜ ਆਤਮ ਦੇਵੇ ਆਪਣਾ ਪਰਮਾਨੰਦ, ਪਰਮਾਨੰਦ ਵਿਚ ਸਮਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਸਾਢੇ ਤਿੰਨ ਕਰੋੜ ਸ਼ਹਾਦਤ ਦਏ ਭੁਗਤਾਈਆ । ਜਨਮ ਕਰਮ ਦਾ ਭਾਰ ਸਿਰ ਚੁੱਕਣੀ ਪਵੇ ਨਾ ਪੰਡ, ਮਿਹਰ ਨਜ਼ਰ ਕਰ ਕੇ ਲੇਖਾ ਦਏ ਮੁਕਾਈਆ । ਮਨ ਵਾਸਨਾ ਕੂੜੀ ਕਿਰਿਆ ਰਹਿਣ ਨਾ ਦੇਵੇ ਗੰਦ, ਸੁਗੰਧੀ ਆਪਣਾ ਨਾਮ ਭਰਾਈਆ । ਕਲਜੁਗ ਕੂੜੀ ਕਿਰਿਆ ਮੇਟ ਕੇ ਭੇਖ ਪਖੰਡ, ਸਤਿਜੁਗ ਸਚ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਬੇਪਰਵਾਹੀਆ । ਹਰਿ ਸੰਗਤ ਤੇਰਾ ਵਕ਼ਤ ਸੁਹਾਵਾ, ਸੁਹਾਵਾ ਸਿੰਘ ਮਿਲੇ ਵਡਿਆਈਆ । ਪ੍ਰਭ ਮਿਲਣ ਦਾ ਤੁਹਾਡਾ ਪੂਰਾ ਹੋਵੇ ਦਾਅਵਾ, ਪਿਛਲੀ ਮਿਸਲ ਖ਼ਾਰਜ ਦਏ ਕਰਾਈਆ । ਸਚਖੰਡ ਦਵਾਰਾ ਬਿਨ ਅੱਖਰਾਂ ਲਾ ਦੇਵੇ ਨਾਵਾਂ, ਦੋ ਜਹਾਨ ਸਕੇ ਨਾ ਕੋਇ ਮਿਟਾਈਆ । ਧੰਨ ਜਣੇਦੀਆਂ ਮਾਵਾਂ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਏਥੇ ਓਥੇ ਰਖੇ ਠੰਡੀਆਂ ਛਾਂਵਾਂ, ਕਲਜੁਗ ਅਗਨੀ ਤਤ ਨਾ ਲਾਗੇ ਰਾਈਆ । ਨਿਤ ਨਵਿਤ ਜਨ ਭਗਤਾਂ ਪ੍ਰਭ ਦਾ ਢੋਲਾ ਮਿਲ ਕੇ ਸਾਚਾ ਗਾਵਾਂ, ਗਹਿਰ ਗੰਭੀਰ ਬੇਨਜ਼ੀਰ ਆਪਣੀ ਨਜ਼ਰ ਉਠਾਈਆ । ਅੰਤ ਅਖ਼ੀਰ ਲੱਖ ਚੁਰਾਸੀ ਭਰੇ ਕੋਈ ਨਾ ਹਾਵਾ, ਹਉਕਿਆਂ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਦਏ ਚੁਕਾਈਆ । ਹਰਿ ਸੰਗਤ ਤੇਰਾ ਪੁਰਖ ਅਕਾਲ ਇਕੋ ਸੱਜਣ ਮੀਤਾ, ਪਾਰਬ੍ਰਹਮ ਪਰਮ ਪੁਰਖ ਦਾਤਾ ਨਜ਼ਰੀ ਆਈਆ । ਜੋ ਦੇਵਣਹਾਰਾ ਅਨਡੀਠਾ ਧਾਮ ਤ੍ਰੈਗੁਣ ਅਤੀਤਾ, ਕੂੜੀ ਕਿਰਿਆ ਦਏ ਮਿਟਾਈਆ । ਕਾਇਆ ਮਾਟੀ ਠਾਂਡੀ ਕਰੇ ਸੀਤਾ, ਸੱਜਣ ਹੋ ਕੇ ਦਰਦੀ ਦੁੱਖ ਵੰਡਾਈਆ । ਧੁਰ ਦਾ ਰੰਗ ਚਾੜ੍ਹੇ ਇਕ ਮਜੀਠਾ, ਮਜਲਸ ਆਪਣੇ ਨਾਲ ਬਣਾਈਆ । ਆਤਮ ਪਰਮਾਤਮ ਜਣਾ ਕੇ ਸਚ ਪ੍ਰੀਤਾ, ਪ੍ਰੀਤਮ ਹੋ ਕੇ ਵੇਖ ਵਖਾਈਆ । ਸਤਿਜੁਗ ਸਾਚੀ ਚਲਾਵਣਹਾਰਾ ਰੀਤਾ, ਕਲਜੁਗ ਕੂੜੀ ਕਿਰਿਆ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਝੋਲੀ ਪਾਈਆ । ਹਰਿ ਸੰਗਤ ਤੇਰਾ ਸੋਹਣਾ ਹੋਇਆ ਵਕ਼ਤ, ਘੜੀ ਪਲ ਥਿਤ ਵਾਰ ਖ਼ੁਸ਼ੀ ਮਨਾਈਆ । ਸੁਫ਼ਲ

੩੮੩
੧੯

ਹੋਇਆ ਮਾਨਸ ਜਨਮ ਔਣਾ ਜਗਤ, ਜੀਵਣ ਜੁਗਤ ਮਿਲੀ ਵਡਿਆਈਆ । ਮਾਲਕ ਖ਼ਾਲਕ ਦਰਸ਼ਨ ਪਾਇਆ ਉਤੇ ਅਰਸ਼, ਫ਼ਰਸ਼ ਵੱਜੀ ਵਧਾਈਆ । ਗ਼ਰੀਬ ਨਿਮਾਣਿਆਂ ਉਤੇ ਕਰ ਕੇ ਤਰਸ, ਰਹਿਮਤ ਹਕ ਕਮਾਈਆ । ਮੇਘ ਨਿਆਰਾ ਦੇਵੇ ਬਰਸ, ਆਬੇਹਯਾਤ ਮੁਖ ਚੁਆਈਆ । ਦੀਨਾਂ ਅਨਾਥਾਂ ਵੰਡੇ ਦਰਦ, ਦੁਖੀਆਂ ਦੁੱਖ ਮਿਟਾਈਆ । ਸ਼ਰਅ ਛੁਰੀ ਚਲੇ ਕੋਈ ਨਾ ਕਰਦ, ਕ਼ਤਲਗਾਹ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਰੰਗ ਰੰਗਾਈਆ । ਹਰਿ ਸੰਗਤ ਤੇਰਾ ਅੰਤਰ ਆਤਮ ਸੋਹਣਾ ਰੂਪ, ਤਨ ਮਾਟੀ ਖਾਕੀ ਪੜਦਾ ਉਪਰ ਪਾਈਆ । ਜਿਸ ਦਾ ਮਾਲਕ ਸ਼ਹਿਨਸ਼ਾਹ ਸ਼ਾਹੋ ਭੂਪ, ਸੁਲਤਾਨ ਇਕ ਅਖਵਾਈਆ । ਜੋ ਵਸੇ ਚਾਰੋਂ ਕੂਟ, ਦਹਿ ਦਿਸ਼ਾ ਫੇਲ ਫੁਲਾਈਆ । ਝਗੜਾ ਮੁਕਾ ਕੇ ਜੂਠ ਝੂਠ, ਸਚ ਸੁਚ ਦਏ ਦ੍ਰਿੜਾਈਆ । ਮਿਹਰਵਾਨ ਹੋ ਕੇ ਜਾਵੇ ਤੁਠ, ਰੁਠਿਆਂ ਲਏ ਮਨਾਈਆ । ਪੰਚ ਵਿਕਾਰਾ ਦੇਵੇ ਕੁਠ, ਸ਼ਬਦੀ ਖੰਡਾ ਇਕ ਖੜਕਾਈਆ । ਪ੍ਰੇਮ ਪਿਆਰ ਸੁਹੰਜਣੀ ਮੌਲੇ ਰੁਤ, ਪੱਤਝੜ ਨਜ਼ਰ ਕੋਇ ਨਾ ਆਈਆ । ਦੇਵੇ ਵਡਿਆਈ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਦਏ ਕਰਾਈਆ । ਮਾਤ ਗਰਭ ਆਉਣਾ ਪਏ ਨਾ ਉਲਟਾ ਰੁੱਖ, ਦਸ ਦਸ ਮਾਸ ਅਗਨ ਨਾ ਕੋਇ ਤਪਾਈਆ । ਚਰਨ ਕਵਲ ਸਰਨਾਈ ਦੇਵੇ ਸੁਖ, ਸੁਖ ਆਤਮ ਇਕ ਉਪਜਾਈਆ । ਉਜਲ ਕਰੇ ਮਾਤ ਮੁਖ, ਦੁਰਮਤ ਮੈਲ ਰਹੇ ਨਾ ਰਾਈਆ । ਭਗਤ ਭਗਵਾਨ ਬਣਾਏ ਆਪਣੇ ਸੁਤ, ਧੁਰ ਦੀ ਬਣੇ ਜਣੇਂਦੀ ਮਾਈਆ । ਸ਼ਬਦੀ ਧਾਰ ਗੋਦੀ ਚੁਕ, ਦੋ ਜਹਾਨਾਂ ਪਾਰ ਟਿਕਾਈਆ । ਭਾਗ ਲਗਾ ਕੇ ਸਾਚੇ ਕੋਟ, ਸਚਖੰਡ ਸਾਚਾ ਦਏ ਸੁਹਾਈਆ । ਜਿਥੇ ਜਗੇ ਨਿਰਮਲ ਜੋਤ, ਦੀਵਾ ਬਾਤੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦੇਵੇ ਸਰਨਾਈਆ । ਹਰਿ ਸੰਗਤ ਤੇਰਾ ਮਹੱਲ ਅਟਲ ਉਚ ਮੁਨਾਰਾ, ਮਹਿਬੂਬ ਮੁਹੱਬਤ ਵਿਚ ਸੁਹਾਈਆ । ਜੋ ਲਹਿਣਾ ਦੇਣਾ ਚੁਕਾਵੇ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛਲਾ ਪੂਰ ਕਰੇ ਵਿਹਾਰਾ, ਵਿਵਹਾਰੀ ਅਗਲਾ ਲੇਖਾ ਦਏ ਸਮਝਾਈਆ । ਕਲਜੁਗ ਅੰਤਮ ਨਈਆ ਆਈ ਅੰਤ ਕਿਨਾਰਾ, ਦੋ ਜਹਾਨ ਡੋਲੇ ਥਾਉਂ ਥਾਈਂਆ । ਪੁਰਖ ਅਕਾਲ ਕਰੇ ਖੇਲ ਅਪਾਰਾ, ਅਪਰੰਪਰ ਸਵਾਮੀ ਆਪਣਾ ਹੁਕਮ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਸੱਦ ਦਵਾਰਾ, ਧੁਰ ਦਾ ਹੁਕਮ ਇਕ ਜਣਾਈਆ । ਚਾਰੋਂ ਕੁੰਟ ਵੇਖੋ ਹਾਹਾਕਾਰਾ, ਬਿਲਪ ਕਰੇ ਲੋਕਾਈਆ । ਸਾਚਾ ਲੱਗੇ ਕਿਸੇ ਨਾ ਨਾਮ ਪਿਆਰਾ, ਨਿਰਗੁਣ ਨੂਰ ਗਏ ਭੁਲਾਈਆ । ਮਨ ਵਾਸਨਾ ਹੋਇਆ ਹੰਕਾਰਾ, ਜਗਤ ਵਿਦਿਆ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਵੇਖੇ ਚਾਈਂ ਚਾਈਆ । ਹਰਿ ਸੰਗਤ ਤੇਰਾ ਮੇਲਾ ਅੰਤ ਅਖ਼ੀਰੀ ਪੁਰਖ ਅਕਾਲ, ਅਕਲ ਕਲਧਾਰੀ ਦਏ ਵਡਿਆਈਆ । ਸਚਖੰਡ ਦਵਾਰਾ ਜਿਸ ਦੀ ਸੱਚੀ ਧਰਮਸਾਲ, ਦਰਗਾਹ ਸਾਚੀ ਸੋਭਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੇ ਨੰਨ੍ਹੇ ਨੱਢੇ ਬਾਲ, ਨਿਤ ਨਵਿਤ ਜੁਗ ਚੌਕੜੀ ਸੇਵ ਕਮਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਖੇਲ ਕਰੇ ਕਮਾਲ, ਕਾਇਨਾਤ ਵੇਖ ਵਖਾਈਆ । ਹੁਕਮ ਸੰਦੇਸ਼ੇ ਦੇ ਕੇ ਗੁਰ ਅਵਤਾਰ, ਪੈਗ਼ੰਬਰਾਂ ਨਗ਼ਮੇ ਦਿਤੇ ਪੜ੍ਹਾਈਆ । ਭਵਿਖਤਾਂ ਵਿਚ ਕਰ ਇਜ਼ਹਾਰ, ਸੰਦੇਸ਼ੇ ਲੋਕਮਾਤ ਸੁਣਾਈਆ । ਕਲ ਕਲਕੀ ਅੰਤ ਇਕ ਅਵਤਾਰ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਆਕਾਸ਼ਾਂ ਗਗਨ ਗਗਨੰਤਰਾਂ ਪਾਵੇ ਸਾਰ, ਮਹਾਂਸਾਰਥੀ ਦਇਆ ਕਮਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਸੰਤ ਸੁਹੇਲੇ ਲਏ ਉਠਾਲ, ਘਟ ਭੀਤਰ ਖੋਜ

ਖੁਜਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਲੇਖਾ ਮੁਕਾ ਕੇ ਸ਼ਾਹ ਕੰਗਾਲ, ਚਾਰ ਵਰਨ ਇਕੋ ਸਰਨ, ਨੇਤਰ ਖੋਲ੍ਹ ਹਰਨ ਫਰਨ, ਆਤਮ ਬ੍ਰਹਮ ਦਏ ਸਮਝਾਈਆ । ਝਗੜਾ ਚੁਕਾ ਕੇ ਡਰਨ ਮਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰ ਸਚ ਘਰ, ਗ੍ਰਿਹ ਗ੍ਰਿਹ ਅੰਤਰ ਕਰ ਰੁਸ਼ਨਾਈਆ । ਹਰਿ ਸੰਗਤ ਤੇਰਾ ਅੰਦਰ ਬਾਹਰ ਏਕ, ਇਕੋ ਰੂਪ ਨਜ਼ਰੀ ਆਈਆ । ਅਬਿਨਾਸ਼ੀ ਕਰਤੇ ਰਖਣੀ ਟੇਕ, ਜੋ ਜੁਗ ਜੁਗ ਟਿੱਕੇ ਮਸਤਕ ਭਗਤਾਂ ਰਿਹਾ ਲਗਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਵੇ ਕਰਕੇ ਭੇਖ, ਵੇਸ ਅਵੇਸਾ ਰੂਪ ਵਟਾਈਆ । ਜਿਸ ਦੀ ਨਜ਼ਰ ਨਾ ਆਏ ਕਿਸੇ ਰੇਖ, ਰੰਗ ਰੂਪ ਨਾ ਕੋਇ ਸਮਝਾਈਆ । ਤਿਸ ਦਾ ਨਵਾਂ ਸੰਦੇਸ਼ਾ ਮਿਲਣਾ ਪਹਿਲੀ ਚੇਤ, ਚਾਤਰਕ ਗੁਰਮੁਖ ਲਏ ਬਣਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਨਿਜ ਆਤਮ ਖੋਲ੍ਹੇ ਭੇਤ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਜ਼ਰੀ ਆਵੇ ਨੇਤਨ ਨੇਤ, ਦੂਰ ਦੁਰਾਡਾ ਪੰਧ ਚੁਕਾਈਆ । ਹਰਿ ਸੰਗਤ ਜੋ ਪ੍ਰੇਮ ਪਿਆਰ ਅੰਦਰ ਮਾਰ ਕੇ ਆਈ ਪੰਧ, ਪਾਂਧੀ ਹੋ ਕੇ ਪੰਧ ਮੁਕਾਈਆ । ਢੋਲਾ ਗਾ ਕੇ ਇਕ ਛੰਦ, ਸੰਸੇ ਅੰਦਰੋਂ ਦਏ ਕਢਾਈਆ । ਲੇਖੇ ਲਾ ਕੇ ਬੱਤੀ ਦੰਦ, ਬੰਦਨਾ ਇਕੋ ਇਕ ਸਮਝਾਈਆ । ਜੋਤੀ ਚਾੜ੍ਹ ਕੇ ਨੂਰੀ ਚੰਦ, ਅਗਿਆਨ ਅੰਧੇਰਾ ਦਏ ਮਿਟਾਈਆ । ਭੇਵ ਰਹੇ ਨਾ ਹੰ ਬ੍ਰਹਮ, ਪਾਰਬ੍ਰਹਮ ਲੇਖਾ ਦਏ ਚੁਕਾਈਆ । ਮਾਣਸ ਜਨਮ ਪੂਰਾ ਕਰੇ ਕੰਮ, ਨਿਹਕਰਮੀ ਆਪਣੀ ਦਇਆ ਕਮਾਈਆ । ਜੀਂਵਦਿਆਂ ਜਗ ਬੇੜਾ ਦੇਵੇ ਬੰਨ੍ਹ, ਅੰਤ ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਅਗਲਾ ਦਏ ਬਣਾਈਆ । ਹਰਿ ਸੰਗਤ ਤੇਰਾ ਲੇਖਾ ਸੋਹਣਾ ਅਗੇ, ਆਗਮਨ ਵਿਚ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਹੱਕ ਮੁਕਾਮੇ ਸੱਦੇ, ਸਚਖੰਡ ਦਏ ਵਡਿਆਈਆ । ਸ਼ਬਦੀ ਧਾਰ ਕਰ ਪਿਆਰ ਆਤਮ ਅੰਤਰ ਅੰਤਰ ਜਾਣਾ ਬੱਝੇ, ਤਨ ਵਜੂਦ ਖ਼ਾਕੀ ਮਾਟੀ ਲੋਕਮਾਤ ਤਜਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਹੋਵੇ ਪਿੱਛੇ ਅਗੇ ਸੱਜੇ ਖੱਬੇ, ਏਥੇ ਓਥੇ ਦੋ ਜਹਾਨਾਂ ਸੇਵ ਕਮਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗੌਂਦੇ ਜਾਂਦਾ ਭੱਜੇ, ਜਸ ਵੇਦ ਪੁਰਾਨ ਦੀ ਲੋੜ ਰਹੇ ਨਾ ਰਾਈਆ । ਸਚ ਸਵਾਮੀ ਨਾਲ ਮਿਲ ਕੇ ਅੰਮ੍ਰਿਤ ਰਸ ਦੇ ਲੈਣੇ ਮਜ਼ੇ, ਤ੍ਰਿਸ਼ਨਾ ਭੁੱਖ ਰਹੇ ਨਾ ਰਾਈਆ । ਸਚਖੰਡ ਦਵਾਰਾ ਜਿਥੇ ਇਕੋ ਦੀਪਕ ਜਗੇ, ਨੂਰ ਨੂਰ ਵਿਚ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਲਹਿਣਾ ਦਏ ਮੁਕਾਈਆ । ਹਰਿ ਸੰਗਤ ਤੇਰਾ ਮੇਲਾ ਇਕ ਭਗਵੰਤ, ਜੋ ਮਾਲਕ ਖ਼ਾਲਕ ਪ੍ਰਿਤਪਾਲਕ ਆਦਿ ਜੁਗਾਦਿ ਜੁਗ ਚੌਕੜੀ ਧੁਰ ਦਾ ਨਜ਼ਰੀ ਆਈਆ । ਏਥੇ ਓਥੇ ਸਦਾ ਸਹਾਈ ਗੁਰਮੁਖ ਸੱਜਣ ਸੰਤ, ਮਨਮੁਖਾਂ ਅੱਖ ਨਾ ਕੋਇ ਖੁਲ੍ਹਾਈਆ । ਕੂੜੀ ਕਿਰਿਆ ਗ਼ਮੀ ਮੇਟ ਕੇ ਚਿੰਤ, ਸੁਖ ਸੁਖ ਵਿਚੋਂ ਉਪਜਾਈਆ । ਸਚ ਦਵਾਰੇ ਜਾਣ ਦੀ ਦੇ ਕੇ ਹਿੰਮਤ, ਸ਼ਬਦੀ ਹੌਸਲਾ ਦਏ ਵਧਾਈਆ । ਗੁਰਮੁਖੋ ਤੁਹਾਡੇ ਅੰਦਰ ਮਨ ਕਰੇ ਨਾ ਇੱਲਤ, ਸ਼ਰਅ ਸ਼ਰਾਇਤ ਨਾ ਕੋਇ ਲੜਾਈਆ । ਖ਼ਵਾਰੀ ਅੰਤ ਹੋਵੇ ਨਾ ਜ਼ਿੱਲਤ, ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹਣਹਾਰਾ, ਹਰਿ ਸੱਜਣ ਇਕ ਅਖਵਾਈਆ । ਕਲਜੁਗ ਅੰਤਮ ਪਾਵੇ ਸਾਰਾ, ਸਦੀ ਚੌਧਵੀਂ ਫੋਲ ਫੁਲਾਈਆ । ਲੇਖਾ ਜਾਣ ਗੁਰ ਅਵਤਾਰਾ, ਪੈਗ਼ੰਬਰਾਂ ਪੜਦਾ ਲਾਹੀਆ । ਪੁਰਖ ਅਕਾਲਾ ਦੀਨ ਦਿਆਲਾ ਕਰੇ ਖੇਲ ਨਿਆਰਾ, ਨਿਰਗੁਣ ਨਿਰਾਕਾਰ


੩੮੫
੧੯

ਆਪਣੀ ਕਾਰ ਕਮਾਈਆ । ਕਾਗਦ ਕ਼ਲਮ ਲੇਖ ਨਾ ਲਿਖਣਹਾਰਾ, ਕਾਤਬ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰਾ, ਧੁਰ ਦੀ ਕਰਨੀ ਆਪਣੇ ਹੱਥ ਰਖਾਈਆ । ਧੁਰ ਦੀ ਕਰਨੀ ਕਰਨੇ ਯੋਗ, ਹਰਿ ਕਰਤਾ ਇਕ ਅਖਵਾਇੰਦਾ । ਜਨ ਭਗਤਾਂ ਮੇਲਾ ਕਰ ਧੁਰ ਸੰਜੋਗ, ਆਤਮ ਪਰਮਾਤਮ ਨਾਤਾ ਇਕ ਜੁੜਾਇੰਦਾ । ਜਗਤ ਤ੍ਰਿਸ਼ਨਾ ਰਹਿਣ ਨਾ ਦੇਵੇ ਰੋਗ, ਕੂੜ ਕਪਟ ਬਾਹਰ ਕਢਾਇੰਦਾ । ਸਾਚੇ ਨਾਮ ਦੀ ਦੇ ਕੇ ਚੋਗ, ਚੁਗ਼ਲੀ ਨਿੰਦਿਆ ਕੋਲੋਂ ਪਲੂ ਛੁਡਾਇੰਦਾ । ਘਰ ਦੇ ਕੇ ਦਰਸ ਅਮੋਘ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਕ਼ਤ ਸੁਹੇਲਾ ਇਕ ਸੁਹਾਇੰਦਾ । ਵਕ਼ਤ ਸੁਹੇਲਾ ਹੋਇਆ ਸੁਹੰਜਣੀ ਹੋਈ ਰੁੱਤ, ਘਰ ਵੱਜੀ ਨਾਮ ਵਧਾਈਆ । ਜਨ ਭਗਤੋ ਗੁਰਮੁਖੋ ਹਰਿ ਸੰਗਤੇ ਜੋ ਕੁਛ ਲੈਣਾ ਸੋ ਲੈਣਾ ਪੁੱਛ, ਭਰਮ ਭਰਮ ਰਹੇ ਨਾ ਰਾਈਆ । ਏਥੇ ਓਥੇ ਦੇਵਣਹਾਰਾ ਦੋ ਜਹਾਨਾਂ ਸੁਖ, ਸਦਾ ਸਦਾ ਸਦ ਸੁਖ ਸਾਗਰ ਵਿਚ ਸਮਾਈਆ । ਜਿਸ ਦਾ ਭਾਣਾ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦਿ ਸ਼ਬਦੀ ਹੁਕਮ ਕਦੇ ਨਾ ਜਾਵੇ ਰੁਕ, ਨਾ ਕੋਈ ਮੇਟੇ ਮੇਟ ਮਿਟਾਈਆ । ਓਸ ਦਾ ਢੋਲਾ ਸੋਹਲਾ ਗੀਤ ਨਗ਼ਮਾ ਨਾਮ ਕਲਾਮ ਅਗੰਮੀ ਤੁਕ, ਜਿਸ ਦੀ ਵੰਡ ਨਾ ਕੋਇ ਵੰਡਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਕਲਜੁਗ ਅੰਤ ਸ੍ਰੀ ਭਗਵੰਤ ਬਦਲ ਕੇ ਆ ਗਿਆ ਆਪਣਾ ਰੁਖ਼, ਨਿਰਗੁਣ ਹੋ ਕੇ ਜੋਤੀ ਜਾਤਾ ਪੁਰਖ ਬਿਧਾਤਾ ਵੇਸ ਵਟਾਈਆ । ਜਿਸ ਦੀ ਸਮਝ ਸਮਝੇ ਕੋਈ ਨਾ ਕੁਛ, ਪੜਦਾ ਉਹਲਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਈਆ । ਹਰਿ ਸੰਗਤ ਗੁਰਮੁਖ ਦਰ ਆਏ ਜਾਣਾ ਰਾਜ਼ੀ, ਦੁੱਖ ਸਤਿਗੁਰ ਝੋਲੀ ਪਾਈਆ । ਮਾਣਸ ਜਨਮ ਜਿੱਤ ਕੇ ਜਾਣਾ ਬਾਜ਼ੀ, ਹਾਰ ਰਹਿਣ ਕੋਇ ਨਾ ਪਾਈਆ । ਅੰਤਰ ਰਹੇ ਕੋਇ ਨਾ ਦਾਗ਼ੀ, ਦੁਰਮਤ ਮੈਲ ਜਾਣੀ ਧਵਾਈਆ । ਮਨੂਆ ਰਹੇ ਮੂਲ ਨਾ ਬਾਗ਼ੀ, ਬਗ਼ਾਵਤ ਅੰਦਰੋਂ ਲੈਣੀ ਕਢਾਈਆ । ਸਤਿਗੁਰ ਸ਼ਬਦ ਮਿਲਣਾ ਸਾਕੀ, ਜੋ ਜਾਮ ਪਿਆਲਾ ਮਧਰ ਦਏ ਪਿਆਈਆ । ਅੰਦਰੋਂ ਖੋਲ੍ਹ ਕੇ ਕਿਰਪਾ ਨਾਲ ਤਾਕੀ, ਤਖ਼ਤਾ ਕੂੜਾ ਦਏ ਉਲਟਾਈਆ । ਸ਼ਬਦ ਅਗੰਮੀ ਚੜ੍ਹਾ ਕੇ ਰਾਕੀ, ਘਰ ਵਿਚੋਂ ਬਾਹਰ ਕਢਾਈਆ । ਜਿਥੇ ਮਿਲੇ ਇਕੋ ਬੂੰਦ ਸਵਾਂਤੀ, ਅੰਮ੍ਰਿਤ ਮੇਘ ਆਪ ਬਰਸਾਈਆ । ਜੋਤ ਜਗੇ ਕਮਲਾਪਾਤੀ, ਪਤਿਪਰਮੇਸ਼ਵਰ ਨਜ਼ਰੀ ਆਈਆ । ਓਥੇ ਲੇਖੇ ਲੱਗੇ ਅੱਜ ਦੀ ਰਾਤੀ, ਰੈਣ ਭਿੰਨੜੀ ਖ਼ੁਸ਼ੀ ਮਨਾਈਆ । ਮਿਲੇ ਮੇਲ ਸਚਖੰਡ ਨਿਵਾਸੀ, ਅਸਥਾਨ ਭੂਮਿਕਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਧਰਮ ਵਡਿਆਈਆ । ਹਰਿ ਸੰਗਤ ਤੇਰਾ ਸਤਿ ਸਚ ਦਾ ਧਰਮ, ਮਾਨਸ ਜਾਤੀ ਇਕੋ ਨਜ਼ਰੀ ਆਈਆ । ਪ੍ਰੇਮ ਪਿਆਰ ਪ੍ਰੀਤੀ ਦਾ ਸੱਚਾ ਕਰਮ, ਦੂਜਾ ਕਾਂਡ ਨਾ ਕੋਇ ਬਣਾਈਆ । ਆਤਮ ਬ੍ਰਹਮ ਅਗੰਮੀ ਵਰਨ, ਜਿਸ ਦੀ ਜਾਤ ਨਾ ਕੋਇ ਸਮਝਾਈਆ । ਪੁਰਖ ਅਕਾਲ ਸੱਚੀ ਸਰਨ, ਜਿਸ ਦੀ ਓਟ ਨਾ ਕੋਇ ਛੁਡਾਈਆ । ਧੁਰ ਦਾ ਢੋਲਾ ਨਾਮ ਪੜ੍ਹਨ, ਗੁਰ ਅਵਤਾਰ ਪੈਗ਼ੰਬਰ ਗਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿਖਿਆ ਇਕ ਸਮਝਾਈਆ । ਸਚ ਸੁਣ ਲਓ ਸਾਚੀ ਸਿਖਿਆ, ਸਤਿਜੁਗ ਸੱਚੀ ਧਾਰ ਜਣਾਈਆ । ਜੋ ਨਾਨਕ ਗੋਬਿੰਦ ਲੇਖਾ ਲਿਖਿਆ, ਕਲਜੁਗ ਅੰਤ ਸਕੇ ਨਾ ਕੋਇ ਮਿਟਾਈਆ । ਜਨ ਭਗਤਾਂ ਪੈਣੀ ਨਾਮ ਦੀ ਭਿਛਿਆ, ਕੂੜੇ ਕੂੜ ਕੂੜ ਕੁਰਲਾਈਆ । ਮਨਮੁਖ ਮਨ ਦੇ ਹੱਟ ਵਿਕਿਆ, ਅਗੇ ਚਲੇ ਨਾ ਕੋਇ ਚਤੁਰਾਈਆ । ਜਿਨ੍ਹਾਂ ਸਤਿਗੁਰ

੩੮੬
੧੯

ਸ਼ਬਦ ਚਿਤਵਿਆ, ਵੱਜਦੀ ਰਹੇ ਵਧਾਈਆ । ਮਾਣ ਇਕੋ ਜਿਹਾ ਵੱਡਿਆਂ ਨਿੱਕਿਆਂ, ਜੋ ਪ੍ਰਭ ਨੂੰ ਰਹੇ ਧਿਆਈਆ । ਜਿਨ੍ਹਾਂ ਦੇ ਅੰਦਰ ਅੰਦਰ ਦਿਸਿਆ, ਨਿਜ ਨੈਣ ਹੋਈ ਰੁਸ਼ਨਾਈਆ । ਕਰਵਟ ਬਦਲ ਕੇ ਬਦਲਿਆ ਪਿਛਿਆ, ਸਨਮੁਖ ਹੋ ਕੇ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਸਰਨ ਇਕ ਵਖਾਈਆ । ਧੁਰ ਦੀ ਸਰਨ ਸੱਚੀ ਸਰਨਾਗਤ, ਸਾਧ ਸੰਤ ਧਿਆਨ ਲਗਾਈਆ । ਗੁਰਸਿੱਖੋ ਇਕੋ ਸਿਖਣੀ ਬ੍ਰਹਮ ਮਤ, ਮਨਮਤ ਦੇਣੀ ਤਜਾਈਆ । ਅੰਦਰ ਰਖਣੀ ਧੀਰਜ ਜਤ, ਸਤਿ ਸੰਤੋਖ ਨਾਲ ਕੁੜਮਾਈਆ । ਸੰਗਤ ਵਿਚ ਕਦੀ ਬਦਲੋ ਨਾ ਆਪਣੀ ਅੱਖ, ਸਭ ਜਾਣੋ ਭੈਣ ਮਾਈਆ । ਪੁਰਖ ਅਕਾਲ ਨੂੰ ਮਿਲਣਾ ਤੁਹਾਡਾ ਹੱਕ, ਅਧਵਿਚਕਾਰ ਨਾ ਕੋਇ ਅਟਕਾਈਆ । ਜੇ ਸਤਿਗੁਰ ਉਤੇ ਮਨ ਵਾਸਨਾ ਪੈ ਜਾਏ ਸ਼ੱਕ, ਸਹਿੰਸਾ ਸ਼ਬਦੀ ਲਓ ਚੁਕਾਈਆ । ਆਤਮ ਪਰਮਾਤਮ ਕਦੇ ਨਾ ਹੋਵੇ ਵੱਖ, ਘਰ ਸਾਚੇ ਬਹਿ ਕੇ ਖ਼ੁਸ਼ੀ ਮਨਾਈਆ । ਸਭ ਦੀ ਰਖਣਹਾਰਾ ਪਤ, ਪਤਿਪਰਮੇਸ਼ਵਰ ਹੋਵੇ ਆਪ ਸਹਾਈਆ । ਹਰਿ ਸੰਗਤ ਤੇਰਾ ਸੋਹਣਾ ਸੱਚਾ ਧਾਮ, ਧਰਨੀ ਧਰਤ ਧਵਲ ਖ਼ੁਸ਼ੀ ਮਨਾਈਆ । ਜਿਥੇ ਮਿਲਦਾ ਇਕੋ ਰਾਮ, ਰਹਿਮਤ ਵਿਚ ਦਇਆ ਕਮਾਈਆ । ਦੱਸਦਾ ਧੁਰ ਦਾ ਨਾਮ, ਬਿਨ ਅੱਖਰਾਂ ਅੱਖ ਖੁਲ੍ਹਾਈਆ । ਦੇਵੇ ਸਚ ਪੈਗ਼ਾਮ, ਕਰੇ ਹਕ ਪੜ੍ਹਾਈਆ । ਚਰਨ ਪ੍ਰੀਤੀ ਇਕ ਬਿਸਰਾਮ, ਵਿਸ਼ਵ ਆਸਣ ਦਏ ਜਣਾਈਆ । ਜਿਥੇ ਕੋਟਨ ਕੋਟ ਬੈਠੇ ਕਾਹਨ, ਬੰਸਰੀਆਂ ਵਾਲੀ ਧੁਨ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰ ਆਪਣੀ ਕਾਰ ਕਮਾਈਆ । ਹਰਿ ਸੰਗਤ ਤੇਰਾ ਸਤਿ ਸਚ ਜੈਕਾਰਾ, ਪ੍ਰੀਤੀ ਪ੍ਰੀਤਮ ਨਾਲ ਬਣਾਈਆ । ਨਾਤਾ ਜਗਤ ਕੂੜ ਕੁੜਿਆਰਾ, ਥਿਰ ਰਹਿਣ ਕੋਇ ਨਾ ਪਾਈਆ । ਸਭ ਚਲਦੇ ਆਪਣੀ ਵਾਰਾ, ਵਾਰਤਾ ਵੇਖੋ ਜਗਤ ਲੋਕਾਈਆ । ਲਿਖ ਲਿਖ ਗਏ ਗੁਰੂ ਅਵਤਾਰਾ, ਪੈਗ਼ੰਬਰ ਕਲਮਿਆਂ ਵਿਚ ਸੁਣਾਈਆ । ਮਿਲੋ ਇਕ ਏਕੰਕਾਰਾ, ਜੋ ਅਕਲ ਕਲਧਾਰੀ ਨਜ਼ਰੀ ਆਈਆ । ਜਿਸ ਦਾ ਸਤਿ ਸਤਿ ਪਸਾਰਾ, ਚਾਰੇ ਖਾਣੀ ਚਾਰੇ ਬਾਣੀ ਹੁਕਮ ਮਨਾਈਆ । ਦਰ ਦਰਵੇਸ਼ ਹੋ ਕੇ ਮੰਗੋ ਬਣ ਭਿਖਾਰਾ, ਭਿੱਖਕ ਹੋ ਕੇ ਆਪਣੀ ਝੋਲੀ ਡਾਹੀਆ । ਉਹ ਦੇਵਣਹਾਰ ਦਾਤਾਰਾ, ਦਇਆਨਿਧ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਪਾਵਣਹਾਰਾ ਸਾਰਾ, ਬਚਿਆ ਰਹਿਣ ਕੋਇ ਨਾ ਪਾਈਆ । ਹਰਿ ਸੰਗਤ ਤੇਰਾ ਜਨਮ ਕਰਮ ਅਨਮੁਲ, ਕ਼ੀਮਤ ਕਹਿਣ ਕੋਇ ਨਾ ਪਾਈਆ । ਸਤਿਗੁਰ ਕੰਡੇ ਜਾਣਾ ਤੁਲ, ਸ਼ਬਦੀ ਵਜ਼ਨ ਆਪ ਸਮਝਾਈਆ । ਸ੍ਰੀ ਭਗਵਾਨ ਦੀ ਬਣਨਾ ਕੁਲ, ਪੁਸ਼ਤ ਪੁਨਾਹ ਹੱਥ ਟਿਕਾਈਆ । ਸਚ ਪ੍ਰੀਤੀ ਜਾਣਾ ਘੁਲ, ਸਾਚੀ ਸਿਖਿਆ ਇਕ ਸਮਝਾਈਆ । ਲੋਕਮਾਤ ਨਾ ਜਾਣਾ ਰੁਲ, ਮਾਇਆ ਮਮਤਾ ਮੋਹ ਹਲਕਾਈਆ । ਆਤਮ ਪਰਮਾਤਮ ਨਾਤਾ ਜਾਣਾ ਨਾ ਭੁੱਲ, ਭੁੱਲਿਆਂ ਹੋਏ ਜੁਦਾਈਆ । ਪੁਰਖ ਅਬਿਨਾਸ਼ੀ ਆਦਿ ਜੁਗਾਦਿ ਸਦਾ ਸੁਲਹਕੁਲ, ਕੁਲ ਮਾਲਕ ਆਪਣਾ ਰੰਗ ਚੜ੍ਹਾਈਆ । ਜਨ ਭਗਤ ਤੇਰੀ ਲੇਖੇ ਲੱਗੀ ਉਮੀਦ, ਆਮਦ ਖ਼ੁਸ਼ੀ ਮਨਾਈਆ । ਨੇਤਰ ਕਰ ਲੈ ਦੀਦ, ਦਰਸ਼ਨ ਬੇਪਰਵਾਹੀਆ । ਸ਼ਬਦ ਦੀ ਸੁਣ ਤਾਈਦ, ਹੁਕਮੀ ਹੁਕਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਧਰਮ ਵਡਿਆਈਆ । ਹਰਿ ਸੰਗਤ ਤੱਕੇ ਭਿੰਨੜੀ ਰੈਣ, ਬਿਨ ਅੱਖਾਂ ਅੱਖ ਖੁਲ੍ਹਾਈਆ । ਧੰਨ ਵਡਿਆਈ ਜੇ ਮਿਲਿਆ ਸੱਚਾ ਸੈਣ, ਸੱਜਣ ਨੂਰ ਖ਼ੁਦਾਈਆ । ਜੋ ਚੁਕਾਵਣਹਾਰਾ ਲਹਿਣਾ ਦੇਣ, ਪੂਰਬ ਲੇਖਾ ਝੋਲੀ ਪਾਈਆ । ਨਾਮ ਨਿਧਾਨਾ ਦੇ ਰਸੈਣ, ਕੂੜੀ ਕਿਰਿਆ


੩੮੭
੧੯

ਬਾਹਰ ਕਢਾਈਆ । ਲੇਖਾ ਮੁਕਾ ਕੇ ਐਨ ਗ਼ੈਨ, ਅਲਿਫ਼ ਯੇ ਤੋਂ ਦਿਤਾ ਛੁਡਾਈਆ । ਦਰਸ ਕਰਾ ਕੇ ਨਿਜ ਨੈਣ, ਮੇਲਾ ਮੇਲੇ ਸਹਿਜ ਸੁਭਾਈਆ । ਨਾਤਾ ਤੋੜ ਕੇ ਭਾਈ ਭੈਣ, ਸੱਜਣ ਇਕੋ ਇਕ ਸਮਝਾਈਆ । ਕਰੇ ਖੇਲ ਨਰ ਨਰਾਇਣ, ਨਰ ਹਰਿ ਆਪਣੀ ਧਾਰ ਬਦਲਾਈਆ । ਲੇਖਾ ਜਾਣ ਪੰਚ ਪੰਚਾਇਣ, ਪੰਚਮ ਰੰਗ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਘਰ, ਗ੍ਰਿਹ ਮੰਦਰ ਅੰਦਰ ਪੜਦਾ ਲਾਹੀਆ । ਗ੍ਰਿਹ ਮੰਦਰ ਪੜਦਾ ਜਾਏ ਲਥ, ਗੁਰਮੁਖ ਓਹਲਾ ਰਹਿਣ ਕੋਇ ਨਾ ਪਾਈਆ । ਮਿਲਣਾ ਮੇਲ ਪੁਰਖ ਸਮਰਥ, ਸਮਾਂ ਸ਼ਹਾਦਤ ਦਏ ਗਵਾਹੀਆ । ਝੋਲੀ ਪੈਣੀ ਹਕ਼ੀਕਤ ਹੱਕ, ਹਾਕਮ ਧੁਰ ਦਾ ਹੋਏ ਸਹਾਈਆ । ਜੋ ਮੰਜ਼ਲ ਉਤੇ ਪਾਂਧੀ ਬਣ ਕੇ ਲਏ ਨੱਠ, ਭੱਜੇ ਚਾਈਂ ਚਾਈਆ । ਹਰਿ ਸੰਗਤ ਮਿਲ ਕੇ ਕਰਿਆ ਇਕ ਇਕੱਠ, ਪ੍ਰੇਮ ਪ੍ਰੀਤੀ ਵਿਚ ਸਮਾਈਆ । ਸਤਿ ਸੰਤੋਖ ਧੀਰਜ ਲੈ ਕੇ ਹੱਠ, ਗ੍ਰਿਹ ਜਾਣਾ ਚਾਈਂ ਚਾਈਆ । ਤਨ ਮਾਟੀ ਖੁਲ੍ਹਿਆ ਰਹੇ ਹਟ, ਵਸਤ ਦੇਵੇ ਬੇਪਰਵਾਹੀਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਲੈਣਾ ਰਟ, ਰੱਟਾ ਰਹੇ ਨਾ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਜਨਮ ਦਾ ਕਰਮ ਕਰਮ ਦਾ ਪੂਰਬ ਲੇਖਾ ਦੇਵੇ ਕਟ, ਅਗਲਾ ਮਾਰਗ ਇਕੋ ਦਏ ਵਖਾਈਆ ।



### ✪ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੧ ਬਿਸ਼ਨ ਸਿੰਘ ਦੇ ਗ੍ਰਿਹ ਪਿੰਡ ਪੰਜ ਗਰਾਈਆਂ ✪

ਕਲਜੁਗ ਅੰਤਮ ਕੂੜ ਡੰਕਾ, ਜੂਠ ਝੂਠ ਵੱਜੇ ਵਧਾਈਆ । ਝਗੜਾ ਪਿਆ ਰਾਓ ਰੰਕਾ, ਦੁੱਖ ਭੁੱਖ ਵਿਚ ਲੋਕਾਈਆ । ਸਚ ਦਵਾਰਾ ਸੋਹੇ ਕੋਈ ਨਾ ਬੰਕਾ, ਕਾਇਆ ਮਾਟੀ ਸਾਢੇ ਤਿੰਨ ਹੱਥ ਅੰਤ ਵੱਜੇ ਨਾ ਕੋਇ ਵਧਾਈਆ । ਗੜ੍ਹ ਤੁਟੇ ਨਾ ਹਉਮੇ ਹੰਗਤਾ, ਹੰ ਬ੍ਰਹਮ ਭੇਵ ਨਾ ਕੋਇ ਚੁਕਾਈਆ । ਮਨ ਵਾਸਨਾ ਦੀਨ ਦੁਨੀ ਹੋਇਆ ਮੰਗਤਾ, ਚਾਰ ਕੁੰਟ ਦਹਿ ਦਿਸ਼ਾ ਭੱਜਣ ਵਾਹੋ ਦਾਹੀਆ । ਬੋਧ ਅਗਾਧਾ ਸ਼ਬਦ ਅਨਾਦਾ ਦਿਸੇ ਕੋਈ ਨਾ ਪੰਡਤਾ, ਚਾਰ ਵਰਨ ਅਠਾਰਾਂ ਬਰਨ ਚੌਦਾਂ ਵਿਦਿਆ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਕਲਜੁਗ ਅੰਤਮ ਕੂੜ ਪਸਾਰਾ, ਨਵ ਨੌਂ ਚਾਰ ਨਜ਼ਰੀ ਆਇੰਦਾ । ਸਾਚਾ ਮਿਲੇ ਨਾ ਮੀਤ ਮੁਰਾਰਾ, ਪਾਰਬ੍ਰਹਮ ਪਤਿਪਰਮੇਸ਼ਵਰ ਅੰਗ ਨਾ ਕੋਇ ਲਗਾਇੰਦਾ । ਸ੍ਰਿਸ਼ਟੀ ਦ੍ਰਿਸ਼ਟੀ ਰੋਵੇ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਕੋਟਨ ਕੋਟਾਂ ਵਿਚੋਂ ਗੁਰਮੁਖ ਵਿਰਲਾ ਸੰਤ ਭਗਵੰਤ ਭਗਤ ਕਰੇ ਪਿਆਰਾ, ਜਗਤ ਵਾਸਨਾ ਮਾਇਆ ਮਮਤਾ ਮੋਹ ਚੁਕਾਇੰਦਾ । ਤਨ ਮਾਟੀ ਖ਼ਾਕੀ ਵਜੂਦ ਸੁਹਾਏ ਇਕ ਦਵਾਰਾ, ਕਾਇਆ ਕਾਅਬਾ ਵੇਖ ਖ਼ੁਸ਼ੀ ਮਨਾਇੰਦਾ । ਨਾਦ ਧੁਨ ਸ਼ਬਦ ਸੁਣੇ ਅਗੰਮੀ ਵਾਰਾ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਪੀ ਲਏ ਠੰਡਾ ਠਾਰਾ, ਜਗਤ ਤ੍ਰਿਸ਼ਨਾ ਤ੍ਰਿਖਾ ਰਹੇ ਨਾ ਰਾਈਆ । ਘਰ ਦੀਆ ਬਾਤੀ ਜੋਤੀ ਜੋਤ ਵੇਖੇ ਉਜਿਆਰਾ, ਅੰਧ ਅੰਧੇਰਾ ਬਾਹਰ ਕਢਾਈਆ । ਸਗਲਾ ਸਾਥੀ ਕਮਲਾਪਾਤੀ ਪਤਿਪਰਮੇਸ਼ਵਰ ਮਿਲੇ ਮੀਤ ਮੁਰਾਰਾ, ਘਰ ਸੱਜਣ ਸੋਭਾ ਪਾਈਆ । ਰੋਗ ਸੋਗ ਚਿੰਤਾ ਦੁੱਖ ਤੋਂ ਵਸੇ ਬਾਹਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣਾ ਰਿਹਾ ਖਿਲਾਈਆ । ਕਲਜੁਗ ਵੇਖ ਜਗਤ ਅੰਧ, ਚਾਰ ਕੁੰਟ ਅੰਧੇਰਾ ਛਾਈਆ । ਸਾਚੀ ਮੰਜ਼ਲ ਪੂਰਾ ਕਰੇ ਕੋਈ ਨਾ ਪੰਧ, ਅਧਵਾਟੇ

ਦਿਸੀ ਲੋਕਾਈਆ । ਜਗਤ ਕਿਰਿਆ ਮਨ ਵਾਸਨਾ ਜੂਠ ਝੂਠ ਗੰਦ, ਗ੍ਰਿਹਿ ਗ੍ਰਿਹਿ ਨਜ਼ਰੀ ਆਈਆ । ਪਰਮ ਪੁਰਖ ਆਤਮ ਬ੍ਰਹਮ ਨਿਰਗੁਣ ਧਾਰ ਗਾਵੇ ਕੋਈ ਨਾ ਛੰਦ, ਸਰਗੁਣ ਹੋ ਕੇ ਸਗਣ ਨਾ ਕੋਇ ਮਨਾਈਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਹੰਕਾਰੀ ਢਾਏ ਕੋਈ ਨਾ ਕੰਧ, ਬਜਰ ਕਪਾਟੀ ਸਾਚੀ ਹਾਟੀ ਪੜਦਾ ਨਾ ਕੋਇ ਉਠਾਈਆ । ਅੰਦਰ ਬਾਹਰ ਗੁਪਤ ਜਾਹਰ ਤਨ ਵਜੂਦ ਸਾਚਾ ਨਾਮ ਚੜ੍ਹਾਏ ਕੋਈ ਨਾ ਰੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਰਨੀ ਵੇਖ ਵਖਾਈਆ । ਕਲਜੁਗ ਕੂੜਾ ਚਾਰ ਕੁੰਟ ਰਿਹਾ ਚਮਕ, ਨਵ ਸੱਤ ਆਪਣਾ ਬਲ ਧਰਾਈਆ । ਦੀਨ ਦੁਨੀ ਦੀ ਸ੍ਰਿਸ਼ਟੀ ਕੀਤੀ ਅਹਿਮਕ, ਮੁਹੱਬਤ ਵਿਚ ਨਾ ਕੋਇ ਲੋਕਾਈਆ । ਆਤਮ ਪਰਮਾਤਮ ਨਿਜ ਘਰ ਹੋਏ ਕੋਇ ਨਾ ਸਹਿਮਤ, ਪਾਰਬ੍ਰਹਮ ਬ੍ਰਹਮ ਦਰਸ ਕੋਇ ਨਾ ਪਾਈਆ । ਜਨ ਭਗਤਾਂ ਪਰਮ ਪੁਰਖ ਸਾਹਿਬ ਸਵਾਮੀ ਦੀਨ ਦਿਆਲਾ ਕਰੇ ਆਪ ਰਹਿਮਤ, ਬਖ਼ਸ਼ਿਸ਼ ਨਾਮ ਨਿਧਾਨਾ ਝੋਲੀ ਪਾਈਆ । ਜਨਮ ਜਨਮ ਦੀ ਕਰਮ ਕਰਮ ਦੀ ਕਟ ਕੇ ਜ਼ਹਿਮਤ, ਜਗਤ ਜਹਾਲਤ ਵਿਚੋਂ ਬਾਹਰ ਕਢਾਈਆ । ਸਾਚੇ ਨਾਮ ਦੀ ਦੇ ਕੇ ਨੇਅਮਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਫੋਲ ਫੁਲਾਈਆ । ਕਲਜੁਗ ਵੇਖ ਤਮਾਸ਼ਾ, ਚਾਰ ਕੁੰਟ ਦਹਿ ਦਿਸ਼ਾ ਸਦੀ ਚੌਧਵੀਂ ਹੈਰਾਨੀ ਗਈ ਛਾਈਆ । ਸਾਚਾ ਨੂਰ ਹੋਏ ਨਾ ਕੋਇ ਪਰਕਾਸ਼ਾ, ਅੰਧ ਅੰਧਿਆਰ ਨਾ ਕੋਇ ਮਿਟਾਈਆ । ਸੁਰਤੀ ਸ਼ਬਦੀ ਗੋਪੀ ਕਾਹਨ ਮਿਲ ਕੇ ਪਾਵੇ ਕੋਈ ਨਾ ਰਾਸਾ, ਨਾਮ ਬੰਸਰੀ ਹੱਕ ਨਾ ਕੋਇ ਸੁਣਾਈਆ । ਆਤਮ ਪਰਮਾਤਮ ਸੇਵਕ ਸੇਵਾ ਕਰੇ ਨਾ ਬਣ ਕੇ ਦਾਸੀ ਦਾਸਾ, ਦਾਸਤਾਨ ਪਿਛਲੀ ਗਏ ਭੁਲਾਈਆ । ਮਿਲੇ ਮੇਲ ਨਾ ਪੁਰਖ ਅਬਿਨਾਸ਼ਾ, ਘਰ ਸੱਜਣ ਦਰਸ ਕੋਇ ਨਾ ਪਾਈਆ । ਝਗੜਾ ਮੁਕਿਆ ਨਾ ਜਾਤ ਪਾਤਾ, ਦੀਨ ਮਜ਼੍ਹਬ ਕਰਨ ਲੜਾਈਆ । ਨਿਰਗੁਣ ਨਿਰਵੈਰ ਨਿਰੰਕਾਰ ਘਟ ਭੀਤਰ ਨਜ਼ਰ ਨਾ ਆਇਆ ਸਾਖਿਆਤਾ, ਜੋਤ ਸਰੂਪੀ ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖੇ ਥਾਉਂ ਥਾਈਂਆ । ਕਲਜੁਗ ਵੇਖ ਜਗਤ ਨਾਦਾਨੀ, ਵਿਦਵਾਨੀ ਭਰਮ ਨਾ ਕੋਇ ਤੁੜਾਈਆ । ਸਤਿ ਸਚ ਦੀ ਰਹੀ ਨਾ ਕੋਈ ਨਿਸ਼ਾਨੀ, ਸਚ ਨਿਸ਼ਾਨਾ ਸਾਰੇ ਗਏ ਭੁਲਾਈਆ । ਪਰਮ ਪੁਰਖ ਪਰਮਾਤਮ ਆਤਮ ਮਿਲਿਆ ਨਾ ਕੋਈ ਗਿਆਨੀ, ਜਗਤ ਵਿਦਿਆ ਕੰਮ ਕਿਸੇ ਨਾ ਆਈਆ । ਮੰਜ਼ਲ ਚੜ੍ਹੀ ਨਾ ਕਿਸੇ ਰੁਹਾਨੀ, ਜ਼ਿਮੀਂ ਅਸਮਾਨ ਪੈਂਡਾ ਨਾ ਕੋਇ ਮੁਕਾਈਆ । ਮਨ ਵਾਸਨਾ ਕੂੜੀ ਕਿਰਿਆ ਅੰਦਰੋਂ ਕੱਢੀ ਨਾ ਕਿਸੇ ਤੁਗ਼ਿਆਨੀ, ਜੀਵਾਂ ਜੰਤਾਂ ਰਹੀ ਰੁੜ੍ਹਾਈਆ । ਪੁਰਖ ਅਕਾਲ ਦੀਨ ਦਿਆਲ ਘਰ ਸੱਦ ਕੇ ਕਾਇਆ ਮੰਦਰ ਅੰਦਰ ਪ੍ਰੇਮ ਪਿਆਰ ਦੀ ਦਿਤੀ ਨਾ ਕਿਸੇ ਮਹਿਮਾਨੀ, ਸਤਿ ਸਚ ਦਾ ਭੋਜ ਭੋਜਨ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੂੜੀ ਕਿਰਿਆ ਫੋਲ ਫੁਲਾਈਆ । ਕਲਜੁਗ ਕੂੜ ਹੋਇਆ ਪਰਧਾਨ, ਚਾਰੋਂ ਕੁੰਟ ਡੰਕਾ ਰਿਹਾ ਵਜਾਈਆ । ਜਿਸ ਬੁਧੀ ਵਾਲੇ ਭੁਲਾ ਦਿਤੇ ਇਨਸਾਨ, ਸੁਧੀ ਸੁਧ ਰਹਿਣ ਕੋਇ ਨਾ ਪਾਈਆ । ਜਗਤ ਵਾਸਨਾ ਵਿਚ ਫਿਰਦੇ ਬੀਆਬਾਨ, ਜੰਗਲ ਜੂਹ ਉਜਾੜ ਪਹਾੜ ਭੱਜਣ ਵਾਹੋ ਦਾਹੀਆ । ਧੁਰ ਦਾ ਮਿਲਿਆ ਨਾ ਅਗੰਮੀ ਰਾਮ, ਸੁਰਤੀ ਸ਼ਬਦ ਨਾ ਕੋਇ ਕੁੜਮਾਈਆ । ਮੰਜ਼ਲ ਅਗਲੀ ਹੋਈ ਨਾ ਆਸਾਨ, ਪਿਛਲਾ ਪੰਧ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਵੇਖ ਵਖਾਈਆ । ਕਲਜੁਗ ਕੂੜ ਵੇਖ ਪਸਾਰਾ ਜਗਤ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਚਾਰ ਵਰਨ ਅਠਾਰਾਂ ਬਰਨ ਵਿਚੋਂ ਸੰਤ ਸੁਹੇਲੇ ਲੱਭ ਕੇ ਭਗਤ, ਭਗਵਾਨ ਆਪਣਾ

੩੮੯
੧੯

ਰੰਗ ਰੰਗਾਈਆ । ਆਤਮ ਸ਼ਬਦੀ ਸਤਿ ਸਚ ਦੇ ਕੇ ਫ਼ਕਤ, ਫ਼ਿਕਰਾ ਇਕੋ ਦਿਤਾ ਪੜ੍ਹਾਈਆ । ਅੰਤ ਸੁਹੇਲਾ ਹੋਏ ਵਕ਼ਤ, ਰਾਏ ਧਰਮ ਨਾ ਦਏ ਸਜ਼ਾਈਆ । ਨਾਮ ਖ਼ੁਮਾਰੀ ਅੰਦਰ ਕਰ ਕੇ ਮਸਤ, ਮਸਤਾਨੇ ਧੁਰ ਦੇ ਦਿਤੇ ਬਣਾਈਆ । ਲੇਖਾ ਚੁਕਾ ਕੇ ਕੀਟ ਹਸਤ, ਹਸਤੀ ਵਿਚੋਂ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਕਲਜੁਗ ਕੂੜੇ ਵੇਖ ਜਨ ਭਗਤਾਂ ਮਿਲੇ ਅਗੰਮਾ ਨਾਮ, ਸ਼ਬਦ ਭੰਡਾਰਾ ਝੋਲੀ ਪਾਈਆ । ਮੇਲਾ ਹੋਏ ਧੁਰ ਦੇ ਰਾਮ, ਅਗਲਾ ਪਿਛਲਾ ਵਿਛੋੜਾ ਦਏ ਚੁਕਾਈਆ । ਨਾਮ ਭੰਡਾਰਾ ਅੰਮ੍ਰਿਤ ਰਸ ਨਿਝਰ ਝਿਰਨਾ ਦੇਵੇ ਜਾਮ, ਅੰਮਿਉਂ ਰਸ ਇਕੋ ਮੁਖ ਚੁਆਈਆ । ਕਰਮ ਧਰਮ ਸਫ਼ਲ ਹੋਵੇ ਕਾਮ, ਮਰਨ ਪਿਛੋਂ ਜਨਮ ਸਤਿਗੁਰ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਸਾਚਾ ਜੁਗ ਚੌਕੜੀ ਸਦਾ ਉਧਰੇ, ਸ੍ਰੀ ਭਗਵਾਨ ਦਇਆ ਕਮਾਈਆ । ਮਾਨਸ ਜਨਮ ਜਿਸ ਦਾ ਸੁਧਰੇ, ਵਦੀ ਸੁਦੀ ਦਾ ਲੇਖਾ ਜਾਏ ਮੁਕਾਈਆ । ਪੂਰਬ ਲਹਿਣਾ ਦੇਣਾ ਉਤਰੇ, ਦੇਵਣਹਾਰ ਦੇ ਦੇ ਖ਼ੁਸ਼ੀ ਮਨਾਈਆ । ਨਵ ਨੌਂ ਚਾਰ ਜੁਗ ਖੋਜ ਵਿਚ ਗੁਜ਼ਰੇ, ਖੋਜਤ ਖੋਜਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਜੋੜ ਜੁੜਾਈਆ । ਹਰਿਜਨ ਤੇਰਾ ਸਦਾ ਜੋੜ ਜੁੜਦਾ, ਜੋੜੀ ਹਰਿ ਜੂ ਆਪ ਬਣਾਈਆ । ਸੰਗ ਬਣਾ ਕੇ ਪੁਰਖ ਅਕਾਲ ਅਗੰਮੀ ਧੁਰ ਦਾ, ਧੁਰ ਮਸਤਕ ਵੇਖ ਵਖਾਈਆ । ਨਾਮ ਨਿਧਾਨ ਸੁਣਾ ਕੇ ਆਪਣੀ ਸੁਰ ਦਾ, ਸੋਈ ਸੁਰਤੀ ਲਏ ਉਠਾਈਆ । ਗੁਰਮੁਖ ਜੀਵਤ ਰੂਪ ਹੋਏ ਕਦੇ ਨਾ ਮੁਰਦਾ, ਮੁਰੀਦ ਮੁਰਸ਼ਦ ਹੋਏ ਸਹਾਈਆ । ਜਿਨ੍ਹਾਂ ਦੇ ਅੰਤਰ ਸ਼ਬਦੀ ਫੁਰਨਾ ਹੋਵੇ ਫੁਰਦਾ, ਜਗਤ ਵਾਸਨਾ ਦਏ ਗਵਾਈਆ । ਇਹੋ ਲਹਿਣਾ ਆਦਿ ਜੁਗਾਦਿ ਜੁਗ ਚੌਕੜੀ ਪੂਰੇ ਸਤਿਗੁਰ ਦਾ, ਜੋ ਭਗਤਾਂ ਲਏ ਉਠਾਈਆ । ਦੇ ਪਰਕਾਸ਼ ਆਪਣੇ ਨੂਰ ਦਾ, ਜੋਤੀ ਜੋਤ ਕਰੇ ਰੁਸ਼ਨਾਈਆ । ਦਰਸ ਕਰਾ ਹਾਜ਼ਰ ਹਜ਼ੂਰ ਦਾ, ਹਜ਼ਰਤ ਧੁਰ ਦਾ ਦਏ ਮਿਲਾਈਆ । ਆਸਾ ਮਨਸਾ ਗ਼ਰੀਬ ਨਿਮਾਣਿਆਂ ਪੂਰਦਾ, ਪੂਰਨ ਬ੍ਰਹਮ ਇਕ ਦ੍ਰਿੜਾਈਆ । ਗੜ੍ਹ ਤੁੜਾ ਕੇ ਹਉਮੇ ਹੰਕਾਰ ਗ਼ਰੂਰ ਦਾ, ਗ਼ੁਰਬਤ ਅੰਦਰੋਂ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝਗੜਾ ਮੁਕਾ ਕੇ ਨੇੜ ਦੂਰ ਦਾ, ਘਰ ਵਿਚੋਂ ਘਰ ਗੁਰਮੁਖਾਂ ਦਏ ਵਖਾਈਆ ।



### ✪ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੧ ਭਗਤ ਸਿੰਘ ਦੇ ਗ੍ਰਹਿ ਪਿੰਡ ਪੰਜ ਗਰਾਈਆਂ ਜ਼ਿਲਾ ਬਠਿੰਡਾ ✪

ਕਲਜੁਗ ਕਹੇ ਮੈਨੂੰ ਡਰ ਇਕ ਭਗਵਾਨ, ਭੌ ਬਾਕੀ ਦਿਤੇ ਚੁਕਾਈਆ । ਸਤਿ ਸਚ ਦਾ ਮੇਟ ਨਿਸ਼ਾਨ, ਕੂੜ ਕੁੜਿਆਰੇ ਦਿਤੀ ਵਡਿਆਈਆ । ਮਨ ਵਾਸਨਾ ਕਰ ਸਵਾਨ, ਚਾਰੋਂ ਕੁੰਟ ਭਰਮਾਈਆ । ਮੂਰਖ ਮੁਗਧ ਕਰ ਅੰਞਾਣ, ਚਤੁਰ ਸੁਘੜ ਦਿਤੇ ਰੁਲਾਈਆ । ਨਾਮ ਕਲਮਾ ਭੁਲਾ ਕਲਾਮ, ਕਾਇਨਾਤ ਦਿਤੀ ਹਿਲਾਈਆ । ਸਾਧ ਸੰਤ ਕਰ ਬਦਨਾਮ, ਧੀਰਜ ਜਤ ਦਿਤਾ ਤੁੜਾਈਆ । ਜਗਤ ਮਦਿ ਦੇ ਕੇ ਜਾਮ, ਜਮਾਂ ਦੇ ਹੱਥ ਦਿਤਾ ਫੜਾਈਆ । ਸੱਚਾ ਮਿਲਣ ਨਹੀਂ ਦਿਤਾ ਕਿਸੇ ਨੂੰ ਰਾਮ, ਅੱਖਰਾਂ ਵਾਲੇ ਰਾਮ ਨਾਲ ਨਾਤੇ ਦਿਤੇ ਕਰਾਈਆ । ਵਰਨ ਬਰਨ ਦਿਸੇ ਹਰਾਮ, ਸਾਚੀ ਸਰਨ ਨਾ ਕੋਇ ਤਕਾਈਆ । ਅੰਤਮ ਮਿਲੇ ਨਾ ਕਿਸੇ ਅਰਾਮ, ਦੀਨ ਦੁਨੀ ਹੋਏ ਦੁਖਦਾਈਆ । ਸਭ ਦੀ ਕਰਨੀ ਕਰਕੇ ਨਾਕਾਮ, ਨਿਕੰਮੇ

ਜੀਵ ਦਿਤੇ ਵਖਾਈਆ । ਗ੍ਰਿਹਿ ਗ੍ਰਿਹਿ ਅੰਦਰ ਕਰ ਕ਼ਿਆਮ, ਕ਼ਿਸਮਤ ਸਭ ਦੀ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸਾਚੀ ਸੇਵ ਕਮਾਈਆ । ਕਲਜੁਗ ਕਹੇ ਸ੍ਰੀ ਭਗਵਾਨ ਨਾਲ ਮੇਰਾ ਨਹੀਂ ਕੋਈ ਯੁੱਧ, ਨਿਮਾਣਾ ਹੋ ਕੇ ਸੀਸ ਝੁਕਾਈਆ । ਵਿਦਿਆ ਦੀ ਮਾਰ ਕੇ ਬੁਧ, ਬੁੱਧੀਵਾਨ ਦਿਤੇ ਭੁਲਾਈਆ । ਕਿਸੇ ਕੋਲ ਰਹਿਣ ਨਹੀਂ ਦਿਤਾ ਕੁਝ, ਖ਼ਾਲੀ ਅੰਦਰੋਂ ਦਿਤੇ ਕਰਾਈਆ । ਪੜਦਾ ਰਿਹਾ ਨਾ ਲੁਕ, ਲੁਕਮਾ ਕੀਤੀ ਲੋਕਾਈਆ । ਏਸੇ ਕਾਰਨ ਗੁਰ ਅਵਤਾਰਾਂ ਪੈਗ਼ੰਬਰਾਂ ਪੁਰਖ ਅਕਾਲ ਲਿਆ ਪੁਛ, ਹੁਕਮ ਦੇ ਕੇ ਧੁਰਦਰਗਾਹੀਆ । ਕਿਉਂ ਮਾਨਵ ਬੂਟਾ ਰਿਹਾ ਸੁਕ, ਹਰਿਆਵਲ ਨਜ਼ਰ ਕੋਇ ਨਾ ਆਈਆ । ਸਾਰੇ ਗਏ ਝੁਕ, ਨਿਉਂ ਨਿਉਂ ਸੀਸ ਝੁਕਾਈਆ । ਸਭ ਦਾ ਲੇਖਾ ਗਿਆ ਮੁਕ, ਮੁਕੰਮਲ ਤੇਰੀ ਓਟ ਤਕਾਈਆ । ਪੁਰਖ ਅਕਾਲ ਹੋ ਕੇ ਖ਼ੁਸ਼, ਥਪਕੀ ਪੁਸ਼ਤ ਪਨਾਹ ਲਗਾਈਆ । ਤੁਸੀਂ ਵੇਖੋ ਕਰਕੇ ਚੁਪ, ਬਿਨ ਅੱਖਾਂ ਅੱਖ ਖੁਲ੍ਹਾਈਆ । ਮੈਂ ਗੁਰਮੁਖਾਂ ਨੂੰ ਲੱਖ ਚੁਰਾਸੀ ਵਿਚੋਂ ਆਪੇ ਲਵਾਂ ਪੁਛ, ਦੂਜੇ ਦੀ ਲੋੜ ਰਹੇ ਨਾ ਰਾਈਆ । ਕਾਇਆ ਮੰਦਰ ਅੰਦਰ ਜਾਵਾਂ ਘੁੱਸ, ਆਉਂਦਾ ਜਾਂਦਾ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਮਿਹਰ ਨਜ਼ਰ ਉਠਾਈਆ । ਕਲਜੁਗ ਕਹੇ ਮੈਂ ਇਕ ਸ੍ਰੀ ਭਗਵਾਨ ਕੋਲੋਂ ਡਰਦਾ, ਡੰਡੌਤ ਵਿਚ ਸੀਸ ਨਿਵਾਈਆ । ਬਾਕੀ ਸ੍ਰਿਸ਼ਟ ਸਬਾਈ ਹਰਦਾ, ਹਦ ਆਪਣੀ ਦਿਤੀ ਵਖਾਈਆ । ਜੋ ਮਰਜ਼ੀ ਸੋ ਕਰਦਾ, ਕ਼ੁਦਰਤ ਕ਼ਾਦਰ ਤੋਂ ਦਿਤੀ ਭੁਲਾਈਆ । ਜਨ ਭਗਤਾਂ ਚਰਨੀ ਪੜਦਾ, ਨਿਉਂ ਨਿਉਂ ਸੀਸ ਨਿਵਾਈਆ । ਭਗਤ ਦਵਾਰੇ ਬਾਹਰ ਖੜਦਾ, ਅਗੇ ਕ਼ਦਮ ਨਾ ਸਕਾਂ ਟਿਕਾਈਆ । ਜੋ ਸੋਹੰ ਢੋਲਾ ਪੜ੍ਹਦਾ, ਸ੍ਰੀ ਭਗਵਾਨ ਰਿਹਾ ਮਨਾਈਆ । ਮੈਂ ਉਨ੍ਹਾਂ ਦੇ ਦਰ ਦਾ ਬਰਦਾ, ਦਰਵੇਸ਼ ਹੋ ਕੇ ਅਲਖ ਜਗਾਈਆ । ਦਸਤ ਜੋੜ ਵਸਤ ਮੰਗਦਾ, ਬੇਨੰਤੀ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਕਾਇਆ ਚੋਲੀ ਆਪ ਰੰਗ ਦਾ, ਰੰਗਤ ਪਿਛਲੀ ਰਿਹਾ ਬਦਲਾਈਆ ।

## ੨੩ ਫੱਗਣ ਸ਼ਹਿਨਸ਼ਾਹੀ ਸੰਮਤ ੧ ਪ੍ਰੀਤਮ ਸਿੰਘ ਦੇ ਗ੍ਰਿਹਿ ਸਮਾਲ ਸਰ ਜ਼ਿਲਾ ਫ਼ਿਰੋਜ਼ਪੁਰ

ਸਚ ਬੇਨੰਤੀ ਸੁਣ ਅਰਦਾਸ, ਅਬਿਨਾਸ਼ੀ ਕਰਤਾ ਦਇਆ ਕਮਾਇੰਦਾ । ਜਨ ਭਗਤਾਂ ਵਸੇ ਸਦਾ ਪਾਸ, ਨਿਰਗੁਣ ਨਿਰਵੈਰ ਨਿਰਾਕਾਰ ਆਸਣ ਲਾਇੰਦਾ । ਜੁਗ ਜਨਮ ਦੀ ਪੂਰਬ ਪੂਰੀ ਕਰੇ ਆਸ, ਤ੍ਰਿਸ਼ਨਾ ਅਵਰ ਨਾ ਕੋਇ ਵਧਾਇੰਦਾ । ਕਾਇਆ ਮੰਦਰ ਅੰਦਰ ਨਿਰਗੁਣ ਜੋਤ ਕਰੇ ਪਰਕਾਸ਼, ਅੰਧ ਅੰਧੇਰਾ ਕੂੜ ਚੁਕਾਇੰਦਾ । ਨਿਝਰ ਝਿਰਨਾ ਅੰਮ੍ਰਿਤ ਦੇਵੇ ਬੂੰਦ ਸਵਾਂਤ, ਅਗਨੀ ਤਤ ਸਰਬ ਬੁਝਾਇੰਦਾ । ਮੰਜ਼ਲ ਚੜ੍ਹਾ ਕੇ ਆਪਣੇ ਘਾਟ, ਮਹੱਲ ਅਟਲ ਇਕ ਵਖਾਇੰਦਾ । ਆਤਮ ਪਰਮਾਤਮ ਜੋੜੇ ਨਾਤ, ਪਾਰਬ੍ਰਹਮ ਬ੍ਰਹਮ ਮੇਲਾ ਆਪ ਕਰਾਇੰਦਾ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥ, ਸੋਹੰ ਢੋਲਾ ਸਚ ਸੁਣਾਇੰਦਾ । ਝਗੜਾ ਮੁਕਾ ਕੇ ਜਾਤ ਪਾਤ, ਦੀਨ ਮਜ਼੍ਹਬ ਵੰਡ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਹਰਿਜਨ ਸਾਚੇ ਮੇਲ ਮਿਲਾਇੰਦਾ । ਜਨ ਭਗਤਾਂ ਪ੍ਰਭ ਸੁਣ ਬੇਨੰਤੀ, ਦੀਨ ਦਿਆਲ ਦਇਆ ਕਮਾਈਆ । ਸ਼ਬਦ ਨਾਦ ਸੁਣਾ ਕੇ ਬੋਧ ਅਗਾਧ ਭੇਵ ਚੁਕਾ ਕੇ ਪਰਾ ਪਸੰਤੀ, ਮਧਮ ਬੈਖਰੀ ਲੇਖਾ ਰਿਹਾ ਮੁਕਾਈਆ । ਨਾਤਾ ਰਹੇ ਕਿਸੇ

ਨਾ ਪੰਡਤੀ, ਮੁੱਲਾ ਸ਼ੇਖ਼ ਮੁਸਾਇਕ ਸੱਜਣ ਨਾ ਕੋਇ ਅਖਵਾਈਆ । ਗੜ੍ਹ ਤੋੜ ਕੇ ਹਉਮੇ ਹੰਗਤੀ, ਹੰ ਬ੍ਰਹਮ ਰਿਹਾ ਦ੍ਰਿੜਾਈਆ । ਕੂੜੀ ਮਮਤਾ ਮੇਟ ਕੇ ਮਨ ਦੀ, ਮਮਤਾ ਮੋਹ ਚੁਕਾਈਆ । ਦੁਰਮਤ ਮੈਲ ਧੋ ਕੇ ਤਨ ਦੀ, ਪਤਿਤ ਪੁਨੀਤ ਰਿਹਾ ਵਖਾਈਆ । ਖੇਲ ਮੁਕਾ ਕੇ ਨੇਤਰ ਅੰਨ੍ਹ ਦੀ, ਨਿਜ ਨੈਣ ਕਰੇ ਰੁਸ਼ਨਾਈਆ । ਝੋਲੀ ਭਰ ਕੇ ਨਾਮ ਧਨ ਦੀ, ਭੰਡਾਰਾ ਇਕੋ ਇਕ ਵਖਾਈਆ । ਸਜ਼ਾ ਰਹੇ ਨਾ ਰਾਏ ਧਰਮ ਡੰਨ ਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਜਨ ਭਗਤਾਂ ਪ੍ਰਭ ਸੁਣ ਕੇ ਅਰਜ਼, ਆਰਜ਼ੂ ਸਭ ਦੀ ਵੇਖ ਵਖਾਈਆ । ਮਿਹਰਵਾਨ ਹੋ ਕੇ ਮਹਿਬੂਬ ਕਰੇ ਤਰਸ, ਰਹਿਮਤ ਰਹੀਮ ਆਪ ਕਮਾਈਆ । ਜਨਮ ਜਨਮ ਦੀ ਕਰਮ ਕਰਮ ਦੀ ਵਿਛੋੜੇ ਵਾਲੀ ਮੇਟੇ ਹਰਸ, ਧੁਰ ਦਾ ਨਾਤਾ ਲਏ ਜੁੜਾਈਆ । ਦੀਨਾਂ ਦੁਖੀਆਂ ਵੰਡੇ ਦਰਦ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਸ਼ਰਅ ਛੁਰੀ ਕੋਹੇ ਕਿਸੇ ਨਾ ਕਰਦ, ਕ਼ਤਲਗਾਹ ਨਾ ਕੋਇ ਵਖਾਈਆ । ਜੋਧਾ ਸੂਰਬੀਰ ਬਣ ਕੇ ਮਰਦਾਨਾ ਮਰਦ, ਮਦਦ ਕਰੇ ਥਾਉਂ ਥਾਈਂਆ । ਪੁਰਖ ਅਕਾਲਾ ਦੀਨ ਦਿਆਲਾ ਹੋ ਕੇ ਪੂਰਾ ਕਰੇ ਫ਼ਰਜ਼, ਫ਼ਰਾਇਜ਼ ਆਪਣਾ ਆਪ ਨਿਭਾਈਆ । ਨਾਮ ਨਿਧਾਨਾ ਸੁਣਾਏ ਆਪਣੀ ਤਰਜ਼, ਚਾਰ ਜੁਗ ਦਾ ਲੇਖਾ ਦਏ ਚੁਕਾਈਆ । ਮਾਲਕ ਮਕ਼ਰੂਜ਼ ਹੋਕੇ ਕ਼ਰਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲਹਿਣਾ ਦਏ ਚੁਕਾਈਆ । ਜਨ ਭਗਤਾਂ ਪ੍ਰਭ ਵੇਖ ਕੇ ਅੰਤਰ ਆਤਮ ਖ਼ਾਸ, ਖ਼ਾਲਸ ਹੋ ਕੇ ਦਇਆ ਕਮਾਈਆ । ਨਿਜ ਆਤਮ ਹੋਣ ਨਾ ਦੇਵੇ ਉਦਾਸ, ਮਨ ਚਿੰਤਾ ਦਏ ਗਵਾਈਆ । ਭਾਗ ਲਗਾ ਕੇ ਕਾਇਆ ਪਰਭਾਸ, ਸਾਚੀ ਰੁਤੜੀ ਰੁਤ ਮਹਿਕਾਈਆ । ਲੇਖਾ ਲਿਖ ਕੇ ਬਿਨ ਕ਼ਲਮ ਦਵਾਤ, ਪੂਰਬ ਲਹਿਣਾ ਦਏ ਚੁਕਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ
੩੯੨ ੧੯ ਚੰਨ ਕਰੇ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਜੋ ਗਏ ਆਖ, ਸ਼ਬਦ ਸੰਦੇਸਿਆਂ ਵਿਚ ਸੁਣਾਈਆ । ਸੋ ਪੂਰਾ ਕਰੇ ਭਵਿਖਤ ਵਾਕ, ਵਾਤਾਵਰਨ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਜਨ ਭਗਤ ਜਿਸ ਦੀ ਕਰਦੇ ਗਏ ਉਡੀਕ, ਨਿਤ ਨਵਿਤ ਧਿਆਨ ਲਗਾਈਆ । ਸੋ ਨਜ਼ਰੀ ਆਏ ਕਾਇਆ ਮਾਟੀ ਅੰਦਰ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਬੇੜਾ ਬੰਨ੍ਹ ਦਇਆ ਕਰੇ ਲਾਸ਼ਰੀਕ, ਸ਼ਰਕਤ ਕੂੜੀ ਅੰਦਰੋਂ ਬਾਹਰ ਕਢਾਈਆ । ਮੁਹੱਬਤ ਵਿਚ ਦਏ ਤੌਫ਼ੀਕ, ਤਾਬਿਆਦਾਰੀ ਦਏ ਜਣਾਈਆ । ਜਨਮ ਜਨਮ ਦੀ ਆਸਾ ਮਨਸਾ ਪੂਰੀ ਕਰੇ ਉਮੀਦ, ਜਗਤ ਤ੍ਰਿਸ਼ਨਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਜਨ ਭਗਤਾਂ ਪ੍ਰਭ ਆਦਿ ਜੁਗਾਦੀ ਰਿਹਾ ਜੋੜ, ਜੋੜੀ ਆਪਣੇ ਨਾਲ ਮਿਲਾਈਆ । ਨਿਰਗੁਣ ਹੋ ਕੇ ਸਰਗੁਣ ਜਾਵੇ ਬਹੁੜ, ਨਿਤ ਨਵਿਤ ਵੇਸ ਵਟਾਈਆ । ਸ਼ਬਦੀ ਸੁਰਤੀ ਬੰਨ੍ਹ ਕੇ ਡੋਰ, ਬੰਧਨ ਇਕੋ ਦਏ ਵਖਾਈਆ । ਲੇਖਾ ਚੁਕਾ ਕੇ ਕਾਇਆ ਮਾਟੀ ਗੋਰ, ਜ਼ੋਰ ਆਪਣਾ ਇਕ ਪਰਗਟਾਈਆ । ਕਰ ਪਰਕਾਸ਼ ਅੰਧੇਰੇ ਘੋਰ, ਸਚ ਚਾਂਦਨੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰ ਵਡਿਆਈਆ । ਜਨ ਭਗਤਾਂ ਪ੍ਰਭ ਪੂਰੀ ਕਰੇ ਖ਼ਾਹਿਸ਼, ਲੱਖ ਚੁਰਾਸੀ ਵਿਚੋਂ ਵੇਖ ਵਖਾਇੰਦਾ । ਜੁਗ ਜਨਮ ਦਿਆਂ ਵਿਛੜਿਆਂ ਕਰੇ ਤਲਾਸ਼, ਘਰ ਆਪਣੇ ਬਹਿ ਬਹਿ ਡੇਰਾ ਲਾਇੰਦਾ । ਕਲਜੁਗ ਮੇਟ ਅੰਧੇਰੀ ਰਾਤ, ਰੁਤੜੀ ਆਪਣੇ ਨਾਮ ਰੰਗਾਇੰਦਾ । ਏਥੇ ਓਥੇ ਦੋ ਜਹਾਨਾਂ ਦੇਵੇ ਸਾਥ, ਸੰਗੀ ਇਕੋ ਇਕ ਅਖਵਾਇੰਦਾ । ਲਹਿਣਾ ਦੇਣਾ ਚੁਕਾ ਕੇ ਮਸਤਕ ਮਾਥ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਆਤਮ ਬ੍ਰਹਮ ਦੱਸ ਕੇ ਸਾਚੀ ਜਾਤ, ੩੯੨ ੧੯

ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਇੰਦਾ । ਜਨਮ ਜਨਮ ਦੇ ਅੰਤਰ ਬਦਲ ਦੇਵੇ ਹਾਲਾਤ, ਜੀਵਣ ਵਿਚ ਜੀਵਣ ਆਪਣਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਪੂਰੀ ਕਰਨਹਾਰਾ ਆਸ, ਆਸਾ ਮਨਸਾ ਸਭ ਦੀ ਪੂਰ ਕਰਾਇੰਦਾ । ਜਨ ਭਗਤ ਪਾਰਬ੍ਰਹਮ ਪਤਿਪਰਮਸ਼ਵਰ ਜੋ ਰਹੇ ਤੱਕ, ਤਕਵਾ ਇਕੋ ਉਪਰ ਰਖਾਈਆ । ਹਕ਼ੀਕਤ ਝੋਲੀ ਪਾਏ ਹੱਕ, ਹਾਕਮ ਹੋ ਕੇ ਧੁਰਦਰਗਾਹੀਆ । ਸਚ ਦਵਾਰੇ ਲਏ ਸੱਦ, ਨਾਮ ਸੁਨੇਹੜਾ ਇਕ ਸੁਣਾਈਆ । ਲੋਕਮਾਤ ਕੂੜੀ ਕਿਰਿਆ ਦੇਣੀ ਛੱਡ, ਜੂਠ ਝੂਠ ਨਾਤਾ ਦਏ ਤੁੜਾਈਆ । ਨੌ ਦਵਾਰੇ ਪਾਰ ਕਰ ਕੇ ਹੱਦ, ਸੁਖਮਨ ਟੇਢੀ ਬੰਕ ਪੈਂਡਾ ਦਏ ਮੁਕਾਈਆ । ਈੜਾ ਪਿੰਗਲ ਜਾਏ ਢੱਠ, ਮਨੂਆ ਮਨ ਨਾ ਕੋਇ ਚਤੁਰਾਈਆ । ਝਗੜਾ ਮੁਕਾ ਕੇ ਤੀਰਥ ਅੱਠ ਸੱਠ, ਅੰਮ੍ਰਿਤ ਸਚ ਸਰੋਵਰ ਦਏ ਨੁਹਾਈਆ । ਸ਼ਬਦ ਸੁਣਾਏ ਨਾਦ ਧੁਨ ਆਤਮਕ ਅਨਹਦ, ਅੱਖਰਾਂ ਵਾਲੀ ਨਾ ਕੋਈ ਪੜ੍ਹਾਈਆ । ਸਾਚੀ ਜੋਤ ਜਗਾ ਕੇ ਲਟ ਲਟ, ਨੂਰੋ ਨੂਰ ਕਰੇ ਰੁਸ਼ਨਾਈਆ । ਧਰਮ ਦਵਾਰਾ ਖੋਲ੍ਹ ਕੇ ਹੱਟ, ਵਸਤ ਅਮੋਲਕ ਇਕ ਵਰਤਾਈਆ । ਧੁਰਦਰਗਾਹੀ ਦੇ ਕੇ ਬ੍ਰਹਮ ਮਤ, ਵਿਦਿਆ ਆਪਣੀ ਦਏ ਸਮਝਾਈਆ । ਤੂੰ ਮੇਰਾ ਮੈਂ ਤੇਰਾ ਭਗਤ ਭਗਵਾਨ ਸਾਂਝਾ ਬਣ ਜਾਏ ਜਸ, ਵੇਦ ਪੁਰਾਨ ਸ਼ਾਸਤਰ ਸਿਮਰਤ ਜਿਸ ਦਾ ਢੋਲਾ ਗਾਈਆ । ਦੋਏ ਲੋਚਨ ਬੰਦ ਕਰ ਕੇ ਅੰਤਰ ਖੋਲ੍ਹੇ ਅੱਖ, ਆਖ਼ਰ ਆਪਣਾ ਮੰਦਰ ਦਏ ਵਖਾਈਆ । ਜਿਸ ਘਰ ਸਵਾਮੀ ਠਾਕਰ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਨਿਰਗੁਣ ਜੋਤ ਬਿਨ ਵਰਨ ਗੋਤ ਪੁਰਖ ਅਕਾਲਾ ਦੀਨ ਦਿਆਲਾ ਰਿਹਾ ਦਿਸ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇ ਕੇ ਸਾਚਾ ਆਪਣਾ ਰਸ, ਰਸਤਾ ਇਕੋ ਦਏ ਦ੍ਰਿੜਾਈਆ । ਜਨ ਭਗਤ ਜਿਸ ਦਾ ਵੇਖਦੇ ਰਹੇ ਰਸਤਾ, ਜ਼ਿਮੀਂ ਅਸਮਾਨਾਂ ਧਿਆਨ ਲਗਾਈਆ । ਸੋ ਪੁਰਖ ਅਕਾਲ ਦੀਨ ਦਿਆਲ ਕਾਇਆ ਅੰਦਰ ਮੰਦਰ ਮਿਲੇ ਹੱਸਦਾ, ਵਡ ਸ਼ਾਨ ਵਾਲੀ ਹਸਤੀ ਨਜ਼ਰੀ ਆਈਆ । ਭਰਿਆ ਭੰਡਾਰਾ ਦੇਵੇ ਧੁਰ ਦੇ ਜਸ ਦਾ, ਵਸਤ ਅਮੋਲਕ ਝੋਲੀ ਪਾਈਆ । ਤੀਰ ਨਿਸ਼ਾਨਾ ਕਰ ਕੇ ਅਗੰਮੀ ਅੱਖ ਦਾ, ਆਖ਼ਰ ਆਪਣੇ ਨਾਲ ਮਿਲਾਈਆ । ਲੱਖ ਚੁਰਾਸੀ ਵਿਚੋਂ ਰਖਦਾ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਦੱਸ ਕੇ ਸਚ ਦਾ, ਸੱਚਾ ਰਸਤਾ ਇਕ ਵਖਾਈਆ । ਜਨ ਭਗਤਾਂ ਜਿਸ ਦੀ ਸਦਾ ਸਦਾ ਸਦ ਰਖੀ ਓਟ, ਓੜਕ ਆਪਣੇ ਨਾਲ ਮਿਲਾਈਆ । ਮਨ ਵਾਸਨਾ ਕੱਢੇ ਖੋਟ, ਕੂੜੀ ਕਿਰਿਆ ਦਏ ਮਿਟਾਈਆ । ਸ਼ਬਦ ਅਗੰਮੀ ਲਾ ਕੇ ਚੋਟ, ਸੋਈ ਸੁਰਤੀ ਲਏ ਉਠਾਈਆ । ਹਉਮੇਂ ਹੰਗਤਾ ਰਹੇ ਨਾ ਰੋਗ, ਸੰਜੋਗੀ ਧੁਰ ਦਾ ਮੇਲ ਮਿਲਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੇ ਕੇ ਸਾਚੀ ਚੋਗ, ਚੁਗ਼ਲੀ ਨਿੰਦਿਆਂ ਤੋਂ ਬਾਹਰ ਕਢਾਈਆ । ਝਗੜਾ ਚੁਕਾ ਕੇ ਲੋਕ ਪਰਲੋਕ, ਸਚ ਸਲੋਕ ਇਕ ਸੁਣਾਈਆ । ਦੀਨ ਦੁਨੀ ਦਾ ਰਹੇ ਨਾ ਹਰਖ਼ ਸੋਗ, ਚਿੰਤਾ ਗ਼ਮ ਦਏ ਮੁਕਾਈਆ । ਚਰਨ ਪ੍ਰੀਤੀ ਬਖ਼ਸ਼ ਕੇ ਸਾਚੀ ਖੋਜ, ਮੁਫ਼ਤ ਆਪਣਾ ਦਰਸ ਦਿਖਾਈਆ । ਅੰਤਰ ਆਤਮ ਕਰ ਕੇ ਬੋਧ, ਬੁਧੀ ਤੋਂ ਪਰੇ ਕਰੇ ਪੜ੍ਹਾਈਆ । ਸਾਚੇ ਨਾਮ ਦਾ ਦੇ ਕੇ ਜੋਗ, ਜਗਤ ਜੋਗੀਆਂ ਤੋਂ ਲਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਜਨ ਭਗਤ ਜਿਸ ਦੀ ਕਰਦਾ ਰਿਹਾ ਖਿੱਚ, ਬਿਨ ਰਸਨਾ ਜਿਹਵਾ ਬੱਤੀ ਦੰਦ ਢੋਲਾ ਗਾਈਆ । ਸੋ ਪੁਰਖ ਅਕਾਲ ਨਿਰਗੁਣ ਰੂਪ ਰਹੇ ਸਦਾ ਵਿੱਚ, ਵਿਚਲਾ ਭੇਵ ਦਏ ਖੁਲ੍ਹਾਈਆ । ਅੰਮ੍ਰਿਤ ਮੇਘ ਬਰਸ ਕਾਇਆ ਦੇਵੇ ਸਿੰਚ, ਹਰਿਆਵਲ ਆਪਣੀ ਦਏ

ਪਰਗਟਾਈਆ । ਫਲ ਫੁੱਲ ਫੁਲਵਾੜੀ ਮੌਲੇ ਨਿਤ, ਮਹਿਕ ਮਹਿਕ ਵਿਚੋਂ ਪਰਗਟਾਈਆ । ਠਗੋਰੀ ਮੂਲ ਨਾ ਪਾਏ ਚਿਤ, ਚੇਤਨ ਸੁਰਤੀ ਦਏ ਕਰਾਈਆ । ਨਿਰਗੁਣ ਨਿਰਗੁਣ ਬਣਿਆ ਰਹੇ ਹਿਤ, ਆਤਮ ਪਰਮਾਤਮ ਵਜਦੀ ਰਹੇ ਵਧਾਈਆ । ਸਦਾ ਬਸੰਤੀ ਰਹੇ ਥਿਤ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਪੂਰੀ ਕਰ ਕੇ ਇੱਛ, ਆਸਾ ਦਏ ਬੁਝਾਈਆ । ਵਸਤ ਅਮੋਲਕ ਪਾ ਕੇ ਭਿੱਛ, ਭਿੱਖਕ ਦਏ ਵਡਿਆਈਆ । ਚਾਰ ਕੁੰਟ ਦਹਿ ਦਿਸ਼ਾ ਸਵਾਮੀ ਆਏ ਦਿੱਸ, ਅੰਧਾ ਨਜ਼ਰ ਕੋਇ ਨਾ ਆਈਆ । ਮਾਲਕ ਹੋ ਕੇ ਖ਼ਾਲਕ ਹੋ ਕੇ ਪ੍ਰਿਤਪਾਲਕ ਹੋ ਕੇ ਪਤੀ ਪਤਵੰਤਾ ਮਿਲੇ ਇੱਕ, ਏਕੰਕਾਰਾ ਬੇਪਰਵਾਹੀਆ । ਜਨਮ ਜਨਮ ਦਾ ਲਹਿਣਾ ਦੇਣਾ ਦਏ ਨਜਿੱਠ, ਕਰਮ ਕਾਂਡ ਦਾ ਲੇਖਾ ਦਏ ਮੁਕਾਈਆ । ਘਰ ਵਖਾ ਆਪਣਾ ਅਨਡਿੱਠ, ਸਚ ਦਵਾਰੇ ਦਏ ਟਿਕਾਈਆ । ਜਿਥੇ ਕਦੀ ਨਾ ਬਦਲੇ ਪਿੱਠ, ਕਰਵਟ ਵਾਲੀ ਖੇਲ ਨਾ ਕੋਇ ਖਿਲਾਈਆ । ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਦਰਸ਼ਨ ਦੇਵੇ ਨਿੱਤ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਗੋਦ ਉਠਾ ਲਏ ਪਿਤ, ਪਤਿਪਰਮੇਸ਼ਵਰ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਸਾਚੀ ਧਾਰ ਹਰਿ ਨਿਰੰਕਾਰ ਬਿਨ ਅੱਖਰਾਂ ਬਿਨ ਪੱਥਰਾਂ ਬਿਨ ਸਥਰਾਂ ਬਿਨ ਕ਼ਲਮ ਸ਼ਾਹੀ ਕਾਗ਼ਜ਼ ਗੁਰਮੁਖਾਂ ਲੇਖਾ ਦੇਵੇ ਲਿਖ, ਜਿਸ ਦਾ ਲੇਖ ਨਾ ਕੋਇ ਬਦਲਾਈਆ ।

## ✪ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੧ ਨਾਜ਼ਰ ਸਿੰਘ ਦੇ ਗ੍ਰਿਹਿ ਪਿੰਡ ਮਾੜੀ ਮੁਸਤਫਾ ਜ਼ਿਲਾ ਫ਼ਿਰੋਜ਼ਪੁਰ ✪



ਸ੍ਰੀ ਭਗਵਾਨ ਜੋ ਲੇਖਾ ਕਾਇਆ ਝੁੱਗੀ, ਝੁੱਗਾ ਆਪਣੇ ਦੇ ਵਖਾਈਆ । ਜਿਸ ਦਾ ਖੇਲ ਸਦਾ ਚੌਹੁ ਜੁਗੀਂ, ਜੁਗ ਜੁਗ ਵੱਜਦੀ ਰਹੇ ਵਧਾਈਆ । ਓਹ ਜਨ ਭਗਤਾਂ ਅੰਦਰੋਂ ਬਦਲ ਦੇਵੇ ਬੁਧੀ, ਬੁਧ ਬਿਬੇਕ ਆਪ ਕਰਾਈਆ । ਨਾਮ ਭੰਡਾਰਾ ਦੇਵੇ ਰੁੱਗੀਂ, ਮੁੱਠਾਂ ਨਾਲ ਨਾ ਕੋਇ ਵਰਤਾਈਆ । ਤੁਸਾਂ ਫਿਰਨਾ ਲੋਕਮਾਤ ਅੱਡੀ ਉਚੀ, ਉਚ ਅਗੰਮ ਅਥਾਹ ਦੇਵੇ ਸਰਨਾਈਆ । ਤੁਹਾਡੀ ਆਤਮ ਕਰ ਕੇ ਸੁੱਚੀ, ਸੰਜਮ ਇਕੋ ਦੇਣਾ ਸਮਝਾਈਆ । ਸਦਾ ਲੱਗੀ ਰਹੇ ਅੰਤਰ ਰੁਚੀ, ਰਚਨਾ ਆਪਣੀ ਦਏ ਵਖਾਈਆ । ਦੂਜੇ ਦੀ ਕਰਨੀ ਪਏ ਨਾ ਬੁੱਤੀ, ਦਰ ਦਵਾਰ ਮੰਗਣਾ ਪਏ ਨਾ ਥਾਉਂ ਥਾਈਆ । ਸੁਰਤ ਉਠਾਵੇ ਸੁੱਤੀ, ਆਲਸ ਨਿੰਦਰਾ ਦਏ ਗਵਾਈਆ । ਪਹਿਲੇ ਸੰਮਤ ਹੁਣ ਬਦਲਣ ਲੱਗਾ ਰੁੱਤੀ, ਫੁੱਲ ਬਹਾਰ ਅਗਲੀ ਲਏ ਪਰਗਟਾਈਆ । ਤੁਸੀਂ ਤਾਅ ਦੇਣਾ ਮੁੱਛੀਂ, ਮੁਸ਼ਕਲ ਸਭ ਦੀ ਹਲ ਕਰਾਈਆ । ਗੁਰਮੁਖ ਸਵਾਣੀ ਰਸਤਿਉਂ ਰਹੇ ਕੋਇ ਨਾ ਘੁੱਥੀ, ਮਾਰਗ ਇਕੋ ਦਏ ਜਣਾਈਆ । ਵਿਛੋੜੇ ਵਿਚ ਨਾ ਰੁੱਠੀ, ਰੁਠਿਆਂ ਲਏ ਮਨਾਈਆ । ਤੁਸਾਂ ਕਿਹੜੀ ਸਜ਼ਾ ਲੈਣੀ ਲਟਕ ਕੇ ਪੁੱਠੀ, ਪੁਠਿਆਂ ਤੋਂ ਸਿੱਧੇ ਦਏ ਕਰਾਈਆ । ਜਗਤ ਅੰਧੇਰੇ ਦੀ ਔਧ ਰਹੀ ਮੁੱਕੀ, ਮੁਕੰਮਲ ਆਪਣਾ ਦਰਸ ਦਿਖਾਈਆ । ਤੁਹਾਡੇ ਘਰਾਂ ਤੋਂ ਖਾ ਕੇ ਰੁੱਖੀ ਸੁੱਕੀ, ਸੁਖ ਤੁਹਾਨੂੰ ਦਏ ਉਪਜਾਈਆ । ਸਦਾ ਸੁਹੇਲਾ ਇਕ ਅਕੇਲਾ ਗੋਦੀ ਰਿਹਾ ਚੁੱਕੀ, ਚੁਕੰਨਾ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਜੋ ਕਾਇਆ ਅੰਦਰ ਸਦਾ ਸਦਾ ਰਿਹਾ ਲੁਕ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਦੇਵਣ ਲੱਗਾ ਥੋੜਾ ਕੁਛ, ਖ਼ਾਹਮਖ਼ਾਹ ਆਪਣੀ ਦਇਆ ਕਮਾਈਆ । ਪੰਡਤ ਕਿਤੇ ਖਾਣ ਪੀਣ ਤੋਂ ਨਾ ਜਾਈਂ ਰੁਸ, ਸਚ ਸੰਦੇਸ਼ਾ ਇਕ ਦ੍ਰਿੜਾਈਆ । ਸਭ

ਦੇ ਅੰਤਰ ਬਖ਼ਸ਼ ਕੇ ਇਕੋ ਓਟ, ਸਹਾਰਾ ਇਕੋ ਦਏ ਵਖਾਈਆ । ਹੋਵੇ ਪਰਕਾਸ਼ ਬਿਨ ਤੇਲ ਬਾਤੀ ਜੋਤ, ਕਮਲਾਪਾਤੀ ਕਰੇ ਰੁਸ਼ਨਾਈਆ । ਅਗੇ ਚਿੰਤਾ ਕਰਨ ਦੀ ਲੋੜ ਰਹੇ ਨਾ ਸੋਚ, ਸਚ ਆਪਣਾ ਰੰਗ ਚੜ੍ਹਾਈਆ । ਜਿਹੜਾ ਤੁਹਾਡੇ ਕਾਇਆ ਮਾਟੀ ਭਾਂਡੇ ਰਿਹਾ ਪੋਚ, ਵਸਤ ਆਪੇ ਦਏ ਟਿਕਾਈਆ । ਤੁਸਾਂ ਕਿਹੜਾ ਪੈਂਡਾ ਮਾਰਨਾ ਜੋਜਨਾ ਵਾਲਾ ਕੋਸ, ਦੂਰ ਦੁਰਾਡਾ ਆਪੇ ਹੋਏ ਸਹਾਈਆ । ਦਇਆ ਕਮਾਏ ਤੁਹਾਡੇ ਬਹਿ ਕੇ ਕਾਇਆ ਕੋਨੇ ਗੋਸ਼, ਗੋਸ਼ਟ ਆਪਣੀ ਦਏ ਸੁਣਾਈਆ । ਪਰਮ ਪੁਰਖ ਅਗੇ ਰਹੇ ਨਾ ਕਦੇ ਖ਼ਾਮੋਸ਼, ਖੁਸ਼ਖ਼ਬਰੀ ਆਪਣੀ ਦਏ ਦ੍ਰਿੜਾਈਆ । ਜੋ ਚਾਰ ਜੁਗ ਹੋਇਆ ਰਿਹਾ ਰੂਪੋਸ਼, ਪੇਸ਼ ਹੋ ਕੇ ਪੁਸ਼ਤ ਪਨਾਹ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਸ੍ਰੀ ਭਗਵਾਨ ਜੋ ਅੰਦਰ ਲੁਕਿਆ ਰਿਹਾ ਚੁੱਪ, ਬਚਨ ਬਿਲਾਸ ਨਾ ਕੋਇ ਜਣਾਈਆ । ਵੜਿਆ ਰਹੇ ਅੰਧੇਰੇ ਘੁੱਪ, ਆਪਣਾ ਆਪ ਛੁਪਾਈਆ । ਵਿਛੋੜੇ ਦਾ ਦੇਂਦਾ ਰਿਹਾ ਦੁੱਖ, ਬਿਰਹੋਂ ਵਿਚ ਸਤਾਈਆ । ਓਸਦਾ ਅਗਲਾ ਪੈਂਡਾ ਰਿਹਾ ਮੁਕ, ਮੁਕੰਮਲ ਆਪਣਾ ਰੰਗ ਚੜ੍ਹਾਈਆ । ਸੰਤ ਸੁਹੇਲੇ ਗੁਰਮੁਖ ਸੱਜਣ ਭਗਤ ਭਗਵਾਨ ਗ੍ਰਿਹ ਆਪਣੇ ਲੈ ਜਾਏ ਚੁੱਕ, ਗਿਰਹ ਆਪਣੀ ਵਿਚ ਟਿਕਾਈਆ । ਜਿਨ੍ਹਾਂ ਗਾ ਲਈ ਇਕ ਤੁਕ, ਧੁਰ ਦੇ ਤਗ਼ਮੇ ਦੇਵੇ ਸ਼ਹਿਨਸ਼ਾਹੀਆ । ਸਤਿਗੁਰ ਬਚਨ ਕੋਈ ਮੁਖੀਂ ਭਰਿਆ ਨਹੀਂ ਥੁੱਕ, ਲਾਅਨਤ ਵਾਲਾ ਰੂਪ ਨਾ ਕੋਇ ਬਣਾਈਆ । ਨਾਤਾ ਜੋੜ ਕੇ ਪਿਤਾ ਪੁੱਤ, ਵਸੀਅਤ ਸਚ ਦੀ ਦਏ ਲਿਖਾਈਆ । ਜਿਨ੍ਹਾਂ ਚਿਰ ਗੁਰਮੁਖ ਨਾ ਹੋਵਣ ਖ਼ੁਸ਼, ਖ਼ੁਸ਼ੀ ਮਿਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਕਾਇਆ ਝੁੱਗੀ ਕਹੇ ਮੈਂ ਪੜਦਾ ਦੇਣਾ ਪਾੜ, ਕਫਨੀ ਰਹਿਣ ਕੋਇ ਨਾ ਪਾਈਆ । ਪ੍ਰਭੂ ਨੂੰ ਲੁਕਿਆ ਨਹੀਂ ਰਹਿਣ ਦੇਣਾ ਵਿਚ ਕਿਸੇ ਝਾੜ, ਮਨ ਬਿਰਖ ਨਾ ਕੋਇ ਛੁਪਾਈਆ । ਪੜਦੇ ਵਾਲੀ ਰਹਿਣ ਨਹੀਂ ਦੇਣੀ ਆੜ, ਅੜਿੱਕੇ ਨਾਲ ਬਾਹਰ ਦੇਣਾ ਕਢਾਈਆ । ਜਿੰਨਾਂ ਚਿਰ ਪਰਕਾਸ਼ ਕਰੇ ਨਾ ਨਾੜ ਨਾੜ, ਅਨਾੜੀ ਇਸ ਦਾ ਨਾਂ ਦੇਣਾ ਪਰਗਟਾਈਆ । ਫਿਰ ਸੰਤ ਸੁਹੇਲੇ ਵੇਖੇ ਵਾਰੋ ਵਾਰ, ਚਾਰੋਂ ਕੁੰਟ ਖੋਜ ਖੁਜਾਈਆ । ਬੇਇਤਬਾਰਾਂ ਨੂੰ ਜ਼ਰੂਰ ਦੇਵੇ ਇਤਬਾਰ, ਬੇਪਰਤੀਤਿਆਂ ਨੂੰ ਪਰਤੀਤ ਵਾਲੇ ਬਣਾਈਆ । ਗ਼ਮੀਆਂ ਵਿਚ ਹੋਵੇ ਗ਼ਮਖ਼ਾਰ, ਖ਼ੁਸ਼ੀਆਂ ਵਿਚ ਖ਼ੁਸ਼ੀ ਰੰਗ ਵਖਾਈਆ । ਜਨ ਭਗਤੋ ਪ੍ਰਭ ਦੀ ਵੇਖਦੇ ਜਾਓ ਬਹਾਰ, ਰੁੱਤ ਆਪੇ ਦਏ ਮਹਿਕਾਈਆ । ਸਦੀਆਂ ਦੇ ਵਿਛੜੇ ਮੇਲੇ ਵਿਚ ਸੰਸਾਰ, ਜੁਗਾਂ ਦੇ ਲਹਿਣੇ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਧਾਰ ਕਰੇ ਬੇਦਾਰ, ਬੇਪਰਵਾਹ ਆਪਣਾ ਪੜਦਾ ਲਾਹੀਆ ।



੩੯੫
੧੯

### ✪ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੧ ਜਗੀਰ ਸਿੰਘ, ਈਸ਼ਵਰ ਸਿੰਘ, ਗੁਰਦਿਆਲ ਕੌਰ ਦੇ ਗ੍ਰਿਹ ਪਿੰਡ ਮਾੜੀ ਮੁਸਤਫਾ ਜ਼ਿਲਾ ਫ਼ਿਰੋਜ਼ਪੁਰ ✪

ਜਨ ਭਗਤ ਕਹੇ ਪ੍ਰਭ ਅਗੇ ਨਾ ਰਹੇ ਵਿਛੋੜਾ, ਵਿਛੜਿਆਂ ਮੇਲ ਮਿਲਾਈਆ । ਬਿਨਾ ਭਗਤ ਭਗਵਾਨ ਕਦੇ ਨਾ ਸੋਹੇ ਜੋੜਾ, ਜੁਗ ਚੌਕੜੀ ਦਏ ਗਵਾਹੀਆ । ਪੁਰਖ ਅਕਾਲ ਕਿਹਾ ਜਨ ਭਗਤੋ ਹੁਣ ਸੱਸੇ ਉਪਰ ਲਾ ਕੇ ਹੋੜਾ, ਨਿਰਗੁਣ ਸਰਗੁਣ ਖੇਲ ਦਿਤਾ ਵਖਾਈਆ । ਭਗਤ ਪ੍ਰੇਮ

ਪਾਰਬ੍ਰਹਮ ਹੋ ਕੇ ਬਹੁੜਾ, ਨਿਰਗੁਣ ਨਿਰਵੈਰ ਵੇਸ ਵਟਾਈਆ । ਲੱਖ ਚੁਰਾਸੀ ਜਵਾਬ ਦੇ ਕੇ ਕੋਰਾ, ਕਾਫ਼ਰ ਦੱਸੀ ਲੋਕਾਈਆ । ਗੁਰਮੁਖ ਉਠਾ ਕੇ ਬਾਂਕਾ ਛੋਹਰਾ, ਜੋਬਨ ਧੁਰ ਦਾ ਰੰਗ ਰੰਗਾਈਆ । ਕਲਜੁਗ ਕੂੜ ਕੁੜਿਆਰ ਕਟ ਕੇ ਅੰਧ ਘੋਰਾ, ਸਚ ਨੂਰ ਦਿਤਾ ਚਮਕਾਈਆ । ਝਗੜਾ ਮੁਕਾਏ ਜਗਤ ਵਾਸਨਾ ਚੋਰਾ, ਚੁਰਾਸੀ ਬੰਧਨ ਰਹੇ ਨਾ ਰਾਈਆ । ਸ਼ਬਦ ਅਗੰਮੀ ਦੇ ਕੇ ਤੋੜਾ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪਾਰ ਲੰਘਾਈਆ । ਹਰਿਜਨ ਕਰ ਕੇ ਭਾਗ ਮਥੋਰਾ, ਮਿਥਿਆ ਸ੍ਰਿਸ਼ਟੀ ਵਿਚੋਂ ਆਪ ਕਢਾਈਆ । ਜੋ ਗੁਰ ਅਵਤਾਰ ਪੈਗ਼ੰਬਰ ਨਿਰਗੁਣ ਧਾਰ ਗਾਇਆ ਦੋਹਰਾ, ਦੋਹਰੀ ਧਾਰ ਬਣ ਕੇ ਆਪਣਾ ਖੇਲ ਵਖਾਈਆ । ਜਗਤ ਸ੍ਰਿਸ਼ਟੀ ਬਿਨ ਸਾਰ ਪਾਸ਼ੇ ਬਦਲ ਦੇਵੇ ਮੋਹਰਾ, ਮੋਹਰ ਆਪਣਾ ਨਾਮ ਲਗਾਈਆ । ਖੇਲ ਕਰ ਕੇ ਹੋਰ ਦਾ ਹੋਰਾ, ਹੋਕਾ ਦੇ ਕੇ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ਾਲਕ ਖ਼ਲਕ ਵੇਖ ਵਖਾਈਆ । ਜਨ ਭਗਤ ਕਹੇ ਪ੍ਰਭੂ ਤੇਰੀ ਕਦੀ ਨਾ ਰਹਿਵੇ ਯਾਦ, ਯਾਦਗਾਰ ਨਾ ਕੋਇ ਬਣਾਈਆ । ਸਾਚਾ ਖੇੜਾ ਨਾ ਹੋਵੇ ਆਬਾਦ, ਅਬਾਦਤ ਸਮਝੇ ਨਾ ਕੋਇ ਲੋਕਾਈਆ । ਬਿਨ ਭਗਤਾਂ ਲੋਕਮਾਤ ਹੋ ਜਾਵੇਂ ਬਰਬਾਦ, ਨਿਸ਼ਾਨਾ ਰਹਿਣ ਕੋਇ ਨਾ ਪਾਈਆ । ਕਿਸੇ ਕੰਮ ਨਾ ਆਵੇ ਤੇਰੇ ਸਚਖੰਡ ਦਾ ਰਾਜ, ਜਿੰਨਾਂ ਚਿਰ ਗੁਰਮੁਖ ਰਈਅਤ ਨਾ ਲਏਂ ਬਣਾਈਆ । ਕਲਜੁਗ ਅੰਤਮ ਸਾਨੂੰ ਦੇ ਜਵਾਬ, ਧੁਰ ਦੇ ਮਾਲਕ ਧੁਰ ਦੀ ਮੰਗ ਮੰਗਾਈਆ । ਸ੍ਰੀ ਭਗਵਾਨ ਕਹੇ ਗੁਰਮੁਖੋ ਮੇਰੀ ਸੁਣੋ ਅਗੰਮੀ ਆਵਾਜ਼, ਨਾਮ ਸੰਦੇਸ਼ੇ ਵਿਚ ਜਣਾਈਆ । ਵਰਨ ਬਰਨ ਜਾਤ ਪਾਤ ਜਗਤ ਸਮਾਜ ਤੋਂ ਕਰ ਕੇ ਆਜ਼ਾਦ, ਸਿੱਧਾ ਆਪਣੇ ਨਾਲ ਮਿਲਾਈਆ । ਭੇਵ ਖੁਲ੍ਹਾ ਕੇ ਬੋਧ ਅਗਾਧ, ਧੁਰ ਸ਼ਬਦ ਕਰਾਂ ਪੜ੍ਹਾਈਆ । ਗੁਰਮੁਖ ਫੁਲਵਾੜੀ ਦਾ ਮੌਲੇ ਬਾਗ਼, ਮਾਲੀ ਹੋ ਕੇ ਵੇਖਾਂ ਚਾਈਂ ਚਾਈਆ । ਨਿਰਗੁਣ ਜੋਤ ਜਗਾ ਚਿਰਾਗ਼, ਅੰਧ ਅੰਧੇਰਾ ਦਿਆਂ ਗਵਾਈਆ । ਕਲਜੁਗ ਕੂੜੀ ਤ੍ਰਿਸ਼ਨਾ ਮੇਟ ਕੇ ਆਗ, ਕਪਟ ਕੁਟੰਬ ਦਿਆਂ ਖਪਾਈਆ । ਸ਼ਾਹੋ ਭੂਪ ਬਣ ਕੇ ਰਾਜਨ ਰਾਜ, ਹੁਕਮ ਇਕੋ ਇਕ ਸੁਣਾਈਆ । ਸਚ ਦਵਾਰੇ ਦੇ ਕੇ ਧਰਮ ਖ਼ਤਾਬ, ਮੁਖ਼ਾਤਬ ਹੋ ਕੇ ਆਪਣਾ ਹੁਕਮ ਮਨਾਈਆ । ਲੇਖੇ ਲਾ ਕੇ ਤੁਹਾਡਾ ਅਦਾਬ, ਅਦਬ ਨਾਲ ਸਚ ਦਵਾਰੇ ਦਿਆਂ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਲੇਖਾ ਦਏ ਮੁਕਾਈਆ । ਜਨ ਭਗਤ ਕਹੇ ਪ੍ਰਭ ਤੈਨੂੰ ਜਾਣੇ ਕੌਣ, ਲੋਕਮਾਤ ਤੇਰਾ ਰੰਗ ਰੂਪ ਨਜ਼ਰ ਕਿਸੇ ਨਾ ਆਈਆ । ਭਗਤ ਸੁਹੇਲੇ ਤੇਰੇ ਪ੍ਰੇਮ ਪਿਆਰ ਦੇ ਢੋਲੇ ਗਾਉਣ, ਗੁਣ ਗਾਵਤ ਖ਼ੁਸ਼ੀ ਮਨਾਈਆ । ਦਿਵਸ ਰੈਣ ਅੱਠੇ ਪਹਿਰ ਆਤਮ ਅੰਤਰ ਧਿਆਉਣ, ਧਿਆਨ ਤੇਰੇ ਵਿਚ ਟਿਕਾਈਆ । ਆਤਮਾ ਤੇਰੇ ਪ੍ਰੇਮ ਪਿਆਰ ਵਿਚ ਪਰਚੌਣ, ਦੂਜੀ ਮੰਗ ਨਾ ਕੋਇ ਮੰਗਾਈਆ । ਧੁਰ ਦੇ ਹੁਕਮੇਂ ਅੰਦਰ ਕਲਜੁਗ ਅੰਤ ਗੁਰਮੁਖ ਸੰਤ ਤੈਨੂੰ ਤੇਰਾ ਪਕਵਾਨ ਆਏ ਖਵਾਉਣ, ਖੁੱਲ੍ਹਾ ਭੰਡਾਰਾ ਤੇਰੇ ਹੱਥ ਫੜਾਈਆ । ਚਾਰ ਜੁਗ ਦੇ ਭੁਖਿਆ ਤੈਨੂੰ ਆਏ ਰਜਾਉਣ, ਰਜ਼ਾ ਵਿਚ ਚਲ ਕੇ ਸਚ ਦਵਾਰਾ ਮੱਲ ਕੇ ਬਲ ਆਪਣਾ ਆਪ ਧਰਾਈਆ । ਤੇਰਾ ਵਾਧਾ ਆਏ ਵਧਾਉਣ, ਤੇਰਾ ਨਾਮ ਆਏ ਜਪਾਉਣ, ਤੂੰ ਮੇਰਾ ਮੈਂ ਤੇਰਾ ਢੋਲੇ ਗਾ ਗਾ ਖ਼ੁਸ਼ੀ ਮਨਾਈਆ । ਸੋਈ ਦੁਨੀਆ ਆਏ ਉਠਾਉਣ, ਸਤਿ ਸਰੂਪ ਤੇਰਾ ਰੂਪ ਆਏ ਪਰਗਟਾਉਣ, ਜੋਤੀ ਜਾਤੇ ਪੁਰਖ ਬਿਧਾਤੇ ਤੇਰੀ ਧਾਰ ਵਿਚ ਆਪਣੀ ਧਾਰ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਚਾਰ ਜੁਗ ਸਤਿਗੁਰ ਸਤਿ ਸਤਿਵਾਦ ਦੇਣਾ ਦ੍ਰਿੜਾਈਆ । ਜਨ ਭਗਤ ਕਹੇ ਪ੍ਰਭੂ ਤੇਰੀ ਬਿਨਾ ਭਗਤਾਂ ਕਿਸ ਦੇ

੩੯੬
੧੯

ਨਾਲ ਯਾਰੀ, ਯਾਰਾਨਾ ਹੱਕ ਨਾ ਕੋਇ ਲਗਾਈਆ । ਲੱਖ ਚੁਰਾਸੀ ਹੋਈ ਬੇਇਤਬਾਰੀ, ਬੇਇਤਬਾਰਾ ਤੈਨੂੰ ਰਹੇ ਬਣਾਈਆ । ਤੂੰ ਨਜ਼ਰ ਨਾ ਆਵੇਂ ਕਿਸੇ ਜਗਤ ਅੱਖ ਸੰਸਾਰੀ, ਦੋਏ ਲੋਚਣ ਵੇਖਣ ਕੋਇ ਨਾ ਪਾਈਆ । ਚਾਰ ਵਰਨ ਅਠਾਰਾਂ ਬਰਨ ਨੇਤਰ ਨੈਣ ਨੀਰ ਵਹਾਵਣ ਧਾਰੀ, ਧਰਨੀ ਧਰਮ ਰਹਿਣ ਕੋਇ ਨਾ ਪਾਈਆ । ਠਾਕਰ ਸਵਾਮੀ ਧੁਰ ਦੇ ਦਾਤੇ ਮਨ ਵਾਸਨਾ ਤੇਰੀ ਦੁਨੀਆ ਬਣੀ ਤੇਰੀ ਪੁਜਾਰੀ, ਆਤਮ ਪਰਮਾਤਮ ਤੇਰਾ ਧਿਆਨ ਨਾ ਕੋਇ ਲਗਾਈਆ । ਤੇਰੀ ਜੋਤ ਅਕਾਲਣ ਬਿਨ ਭਗਤਾਂ ਸਦਾ ਰਹੇ ਕਵਾਰੀ, ਸੱਜਣ ਮੀਤ ਮਿੱਤਰ ਨਾ ਕੋਇ ਬਣਾਈਆ । ਉਠ ਵੇਖ ਕਲਜੁਗ ਅੰਤ ਰੈਣ ਦਿਸੇ ਅੰਧਿਆਰੀ, ਸਾਚਾ ਚੰਦ ਨੂਰ ਨਾ ਕੋਇ ਚਮਕਾਈਆ । ਜਨ ਭਗਤ ਤੇਰਾ ਰਾਹ ਤੱਕਣ ਰੈਣ ਦਿਵਸ ਦਿਹਾੜੀ, ਪਲ ਪਲ ਪਲਕ ਪਲਕ ਬਦਲਾਈਆ । ਤੂੰ ਦੇਵਣਹਾਰਾ ਦੀਨ ਦਿਆਲ ਦਰਸ ਦੀਦਾਰੀ, ਦਇਆਵਾਨ ਦਇਆ ਦੇ ਕਮਾਈਆ । ਵੇਖੀਂ ਭਗਤਾਂ ਨਾਲ ਨਾ ਕਰੀਂ ਗ਼ਦਾਰੀ, ਗਦਾਗਰ ਹੋ ਕੇ ਘਰ ਘਰ ਫੇਰਾ ਲੈਣਾ ਪਾਈਆ । ਤੇਰੇ ਚਰਨ ਕਵਲ ਸਦਾ ਨਮਸਕਾਰੀ, ਨਿਉਂ ਨਿਉਂ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਨਾਮ ਖ਼ੁਮਾਰੀ, ਖ਼ੁਸ਼ਾਮਦ ਅਵਰ ਰਹੇ ਨਾ ਰਾਈਆ । ਜਨ ਭਗਤ ਕਹਿਣ ਪ੍ਰਭੂ ਤੇਰਾ ਕਿਹੜਾ ਸੰਗੀ, ਚਾਰ ਕੁੰਟ ਦਹਿ ਦਿਸ਼ਾ ਨਜ਼ਰ ਕੋਇ ਨਾ ਆਈਆ । ਪਿਆਰ ਮੁਹੱਬਤ ਤੈਨੂੰ ਦੇਵੇ ਕੋਈ ਨਾ ਮੰਗੀ, ਖ਼ਾਲੀ ਫਿਰੇਂ ਥਾਉਂ ਥਾਈਂਆ । ਪੁਰਖ ਅਕਾਲ ਕਿਹਾ ਮੈਂ ਭਗਤੋ ਬੜਾ ਢੰਗੀ, ਤੌਰ ਤਰੀਕਾ ਆਪਣੇ ਹੱਥ ਰਖਾਈਆ । ਸਾਰੀ ਦੁਨੀਆ ਨਾਲੋਂ ਮੈਨੂੰ ਥੋੜੀ ਸਿੱਖੀ ਚੰਗੀ, ਜੋ ਸਿਖਿਆ ਵਿਚ ਰਖਾਈਆ । ਨਾਤਾ ਤੋੜ ਕੇ ਖ਼ਾਨਾਬੰਦੀ, ਬੰਦਗੀ ਵਾਲੇ ਬੰਦੇ ਲਵਾਂ ਉਪਜਾਈਆ । ਜਿਨ੍ਹਾਂ ਦੇ ਅੰਤਰ ਕੂੜ ਵਾਸਨਾ ਰਹੇ ਨਾ ਗੰਦੀ, ਸੁਗੰਧੀ ਨਾਮ ਦਿਆਂ ਭਰਾਈਆ । ਮਾਣ ਦੇ ਕੇ ਵਿਚ ਵਰਭੰਡੀ, ਬ੍ਰਹਿਮੰਡੀ ਕਰਾਂ ਰੁਸ਼ਨਾਈਆ । ਪੰਧ ਮੁਕਾ ਕੇ ਜੇਰਜ ਅੰਡੀ, ਉਤਭੁਜ ਸੇਤਜ ਖਹਿੜਾ ਦਿਆਂ ਛੁਡਾਈਆ । ਸਚ ਪ੍ਰੇਮ ਦਾ ਦੇ ਕੇ ਇਕ ਅਨੰਦੀ, ਅਨੰਦ ਅਨੰਦ ਵਿਚ ਟਿਕਾਈਆ । ਸਾਚਾ ਸੋਹਲਾ ਦੱਸ ਕੇ ਛੰਦੀ, ਅਗੰਮ ਅਥਾਹ ਕਰਾਂ ਪੜ੍ਹਾਈਆ । ਭਗਤ ਸੁਹੇਲੇ ਬਣਾ ਕੇ ਆਪ ਭੁਯੰਗੀ, ਭੁਜਾਂ ਤੋਂ ਲਵਾਂ ਉਠਾਈਆ । ਸਿੱਧਾ ਮਾਰਗ ਦਸ ਕੇ ਡੰਡੀ, ਡੰਡੌਤ ਇਕੋ ਦਿਆਂ ਜਣਾਈਆ । ਜਨ ਭਗਤੋ ਤੁਹਾਡੀ ਆਤਮਾ ਕਦੇ ਰਹੇ ਨਾ ਰੰਡੀ, ਪਰਮਾਤਮ ਹੋ ਕੇ ਕੰਤ ਸੁਹਾਗੀ ਲਏ ਪਰਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਦੀਨ ਦਿਆਲ ਸਦਾ ਬਖ਼ਸ਼ੰਦੀ, ਬਖ਼ਸ਼ਸ਼ ਰਹਿਮਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਵਸਤ ਅਮੋਲਕ ਦੇਵੇ ਬਿਨਾ ਮੂੰਹੋਂ ਮੰਗੀ, ਅਨਡਿਠੜੀ ਦੌਲਤ ਆਪ ਵਰਤਾਈਆ ।

### ✪ ੨੪ ਫੱਗਣ ਸ਼ਹਿਨਸ਼ਾਹੀ ਸੰਮਤ ੧ ਭਾਗ ਸਿੰਘ ਦੇ ਗ੍ਰਹਿ ਪਿੰਡ ਮਾੜੀ ਮੁਸਤਫ਼ਾ ਜ਼ਿਲਾ ਫ਼ਿਰੋਜ਼ਪੁਰ ✪

ਦੁਰਬਾਸ਼ੇ ਕਿਹਾ ਸੁਣ ਨਾਥ ਤਿਰਲੋਕੀ, ਕ੍ਰਿਸ਼ਨ ਦਿਆਂ ਜਣਾਈਆ । ਕਿਸ ਬਿਧ ਬਿਨਾ ਭਗਤੀ ਭਗਤਾਂ ਅੰਦਰ ਜਗੇ ਜੋਤੀ, ਪਰਕਾਸ਼ ਕਰੇ ਰੁਸ਼ਨਾਈਆ । ਸੁਰਤੀ ਉਠੇ ਸੋਤੀ, ਨਾਮ ਸ਼ਬਦ ਵੱਜੇ ਸ਼ਨਵਾਈਆ । ਚੜ੍ਹਨ ਮੰਜ਼ਲ ਚੋਟੀ, ਅੰਤਰ ਪੰਧ ਮੁਕਾਈਆ । ਵਾਸਨਾ ਨਿਕਲੇ ਖੋਟੀ, ਸੁਗੰਧ ਨਜ਼ਰੀ ਆਈਆ । ਜਨਮ ਕਰਮ ਰਹੇ ਨਾ ਰੋਗੀ, ਦੁਖੜਾ ਦਰਦ ਮਿਟਾਈਆ । ਮਿਲੇ ਮੇਲ ਸੰਜੋਗੀ, ਵਿਛੋੜਾ ਦਏ ਚੁਕਾਈਆ । ਬਣਨਾ

੩੯੮
੧੯

ਪਏ ਨਾ ਜੋਗੀ, ਬਨਖੰਡ ਫੇਰਾ ਪਾਈਆ । ਬਿਨ ਪੜ੍ਹਿਆਂ ਆਵੇ ਸੋਝੀ, ਸਮਝ ਮਿਲੇ ਚਤੁਰਾਈਆ । ਠਾਕਰ ਮਿਲੇ ਮੌਜੀ, ਮਿਲ ਕੇ ਰੰਗ ਚੜ੍ਹਾਈਆ । ਨਾਮ ਨਿਧਾਨ ਦੇਵੇ ਬੋਧੀ, ਬੁਧੀ ਤੋਂ ਪਰੇ ਸਮਝਾਈਆ । ਚੁੱਕੀ ਰਖੇ ਗੋਦੀ, ਸਿਰ ਆਪਣਾ ਹੱਥ ਟਿਕਾਈਆ । ਸ੍ਰੀ ਭਗਵਾਨ ਕਿਹਾ ਓ ਦੁਰਬਾਸ਼ੇ ਇਹ ਭਾਵ ਜਾਣੇ ਕੋਇ ਨਾ ਲੋਕੀ, ਪਰਲੋਕ ਦਏ ਦੁਹਾਈਆ । ਜਿਸ ਉਪਰ ਮਿਹਰਵਾਨ ਹੋ ਕੇ ਸ੍ਰੀ ਭਗਵਾਨ ਨਿਰਗੁਣ ਧਾਰ ਸਰਗੁਣ ਬਣ ਕੇ ਖਾ ਜਾਵੇ ਰੋਟੀ, ਰੱਟੇ ਦੋ ਜਹਾਨਾਂ ਦਏ ਮੁਕਾਈਆ । ਓਨ੍ਹਾਂ ਪੜ੍ਹਨੀ ਪਏ ਨਾ ਪੋਥੀ, ਪੁਸਤਕ ਬਗਲ ਨਾ ਕੋਇ ਉਠਾਈਆ । ਬੁਧੀ ਹੋਏ ਨਾ ਥੋਥੀ, ਸਵੱਛ ਦਏ ਕਰਾਈਆ । ਭਾਗ ਲੱਗੇ ਕਾਇਆ ਲੋਥੀ, ਚੰਮ ਦ੍ਰਿਸ਼ਟੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਕ੍ਰਿਸ਼ਨ ਕਿਹਾ ਸੁਣ ਦੁਰਬਾਸ਼ਾ ਰਿਖੀ, ਰਖੀਸ਼ਰ ਦਿਆਂ ਜਣਾਈਆ । ਸ੍ਰੀ ਭਗਵਾਨ ਦੀ ਧਾਰ ਤਿੱਖੀ, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਬਹੁ ਬਾਰੀਕ ਨਿੱਕੀ ਨੇਤਰ ਨੈਣ ਨਾ ਕੋਇ ਤਕਾਈਆ । ਜੋ ਜੁਗ ਚੌਕੜੀ ਦੇਵਣਹਾਰ ਅਗੰਮੀ ਚਿੱਠੀ, ਸ਼ਬਦੀ ਵੰਡ ਨਾ ਕੋਇ ਕਰਾਈਆ । ਕਰੇ ਖੇਲ ਅਨਡਿੱਠੀ, ਭੇਵ ਅਭੇਦਾ ਆਪਣੇ ਵਿਚ ਛੁਪਾਈਆ । ਜੁਗ ਚੌਕੜੀ ਬਦਲਦਾ ਰਹੇ ਮਿਤੀ, ਸਾਲ ਬਸਾਲਾ ਦਏ ਖਪਾਈਆ । ਲੇਖਾ ਜਾਣੇ ਆਪਣੀ ਥਿਤੀ, ਵਾਰਤਾ ਧੁਰ ਦੀ ਆਪ ਵਡਿਆਈਆ । ਕਲਜੁਗ ਅੰਤ ਸ੍ਰੀ ਭਗਵੰਤ ਤੇਰੇ ਵਰਗੇ ਭਗਤ ਬਣਾਉਣੀ ਆਪਣੀ ਸਿੱਖੀ, ਸਾਖਿਆਤ ਆਪਣੀ ਦਇਆ ਕਮਾਈਆ । ਓਨ੍ਹਾਂ ਦੀ ਧਾਰ ਜਾਣੀ ਲਿਖੀ, ਨਾ ਕੋਈ ਮੇਟੇ ਮੇਟ ਮਿਟਾਈਆ । ਗੋਬਿੰਦ ਦੀ ਧਾਰ ਹੋਣੀ ਬੀਸ ਇਕੀ, ਵੀਹ ਇਕੀਹ ਪੰਧ ਮੁਕਾਈਆ । ਜਿਹੜੀ ਦਾਤ ਕਿਸੇ ਨਹੀਂ ਦਿਤੀ, ਸੋ ਪੁਰਖ ਅਕਾਲ ਦੇਣੀ ਵਰਤਾਈਆ । ਵੇਖੀਂ ਤੂੰ ਵੀ ਕਰੀਂ ਕੋਈ ਨਾ ਛੇਤੀ, ਛੱਤੀ ਰਾਗ ਨਾ ਕੋਇ ਵਡਿਆਈਆ । ਮੇਰੇ ਬਚਨ ਦੀ ਸਮਝੀਂ ਨੇਕੀ, ਨਿਰਾਕਾਰ ਹੋ ਕੇ ਦਿਆਂ ਸਮਝਾਈਆ । ਸਾਹਿਬ ਸੁਲਤਾਨ ਦੀ ਇਕ ਟੇਕੀ, ਟਿਕਟਿਕੀ ਇਕੋ ਵਿਚ ਲਗਾਈਆ । ਲਹਿਣਾ ਚੁਕਣਾ ਸੋਢੀ ਬੇਦੀ, ਵੇਦ ਸ਼ਾਸਤਰ ਦੇਣ ਗਵਾਹੀਆ । ਪੁਰਖ ਅਕਾਲ ਆਉਣਾ ਧੁਰ ਦਾ ਭੇਦੀ, ਭੇਵ ਆਪਣਾ ਦਏ ਖੁਲ੍ਹਾਈਆ । ਭਗਤਾਂ ਬਣਨਾ ਹੇਤੀ, ਗੁਰਮੁਖ ਲਏ ਜਗਾਈਆ । ਸਾਰੀ ਸ੍ਰਿਸ਼ਟੀ ਰਹੇ ਵੇਂਹਦੀ, ਬੁਧੀ ਸਮਝ ਨਾ ਕੋਇ ਸਮਝਾਈਆ । ਰੀਤੀ ਬਣਾਏ ਧਰ ਦੇ ਨੇਹੋਂ ਦੀ, ਨਾਤਾ ਆਪਣੇ ਨਾਲ ਰਖਾਈਆ । ਧਾਰ ਬਖ਼ਸ਼ ਅੰਮ੍ਰਿਤ ਮੇਹੋਂ ਦੀ, ਅਗਨੀ ਤਤ ਦਏ ਬੁਝਾਈਆ । ਮੁਹੱਬਤ ਪਾ ਪਿਤਾ ਪਿਓ ਦੀ, ਪੂਤ ਸਪੂਤੇ ਗੋਦ ਉਠਾਈਆ । ਸ਼ਰੀਣੀ ਦੇ ਕੇ ਧੁਰ ਦੇ ਘਿਓ ਦੀ, ਘਿਰਤ ਸਾਚਾ ਲਏ ਉਪਜਾਈਆ । ਇਹ ਖੇਲ ਅਗੰਮੀ ਦੇਉ ਦੀ, ਜਿਸ ਨੂੰ ਦੇਵਤ ਸੁਰ ਸੀਸ ਨਿਵਾਈਆ । ਇਹ ਧਾਰ ਨਹੀਂ ਕਿਉਂ ਦੀ, ਕ਼ਿਸਮਤ ਜਨ ਭਗਤਾਂ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਬਖ਼ਸ਼ਣਹਾਰ ਵਡਿਆਈਆ । ਦੁਰਬਾਸ਼ੇ ਕਿਹਾ ਪ੍ਰਭੂ ਕੀ ਉਹ ਗੁਰਮੁਖ ਹੋਵਨ ਸੰਤ ਭਗਤ, ਭਗਵਾਨ ਦੇ ਜਣਾਈਆ । ਸ੍ਰੀ ਭਗਵਾਨ ਕਿਹਾ ਓਨ੍ਹਾਂ ਦੇ ਅੰਤਰ ਦੇਵਾਂ ਇਕੋ ਮੰਤ, ਮੰਤਵ ਸਭ ਦਾ ਹੱਲ ਕਰਾਈਆ । ਦੁਰਬਾਸ਼ੇ ਕਿਹਾ ਕੀ ਪਛਾਣ ਹੋਵੇ ਵਿਚ ਜੀਵ ਜੰਤ, ਕਿਸ ਬਿਧ ਕਰੇਂ ਰੁਸ਼ਨਾਈਆ । ਕ੍ਰਿਸ਼ਨ ਕਿਹਾ ਓਨ੍ਹਾਂ ਦਾ ਮੇਲਾ ਅੰਤ ਹੋਵੇ ਸ੍ਰੀ ਭਗਵੰਤ, ਨਾਤਾ ਪੁਰਖ ਅਕਾਲ ਜੁੜਾਈਆ । ਕਿਸੇ ਦਵਾਰੇ ਕਰਨ ਨਾ ਮਿੰਨਤ, ਸੀਸ ਅਵਰ ਨਾ ਕੋਇ ਝੁਕਾਈਆ । ਜਨਮ ਜਨਮ ਦੀ ਮੇਟ ਕੇ ਚਿੰਨਤ, ਦੁੱਖ ਦਰਦ ਦੇਣ ਗਵਾਈਆ । ਸਿੱਧੇ ਸਚਖੰਡ ਦੀ ਜਾਣ ਸਿੰਮਤ, ਦੂਜਾ ਰਾਹ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਓਨ੍ਹਾਂ ਦੇਵੇ ਮਾਣ ਵਡਿਆਈਆ । ਦੁਰਬਾਸ਼ੇ ਕਿਹਾ ਕੀ ਉਹ ਜਪਣ ਤੇਰਾ ਨਾਮ, ਕ੍ਰਿਸ਼ਨ ਕਹਿ ਕਹਿ ਖ਼ੁਸ਼ੀ ਮਨਾਈਆ । ਕ੍ਰਿਸ਼ਨ ਕਿਹਾ ਨਹੀਂ ਉਹ ਸਿਮਰਨ ਸ੍ਰੀ ਭਗਵਾਨ, ਜੋ ਮੇਰਾ ਪਿਤਾ ਮਾਈਆ । ਮੈਂ ਤੱਤਾਂ ਵਾਲਾ ਨਿਸ਼ਾਨ, ਥਿਰ ਰਹਿਣ ਕੋਇ ਨਾ ਪਾਈਆ । ਅੱਖਰਾਂ ਵਾਲਾ ਦੇ ਕੇ ਗਿਆਨ, ਗੀਤਾ ਗੁਣ ਜਾਣਾ ਸਮਝਾਈਆ । ਜਿਸ ਨੂੰ ਪੜ੍ਹ ਕੇ ਮਿਲੇ ਮਿਹਰਵਾਨ, ਮੁਹੱਬਤ ਮੇਲ ਮਿਲਾਈਆ । ਉਹ ਦਾਤਾ ਦਾਨੀ ਦੇਵਣਹਾਰਾ ਦਾਨ, ਜਨ ਭਗਤਾਂ ਦਇਆ ਕਮਾਈਆ । ਮੈਂ ਬਿਦਰ ਦਾ ਖਾਧਾ ਪਕਵਾਨ, ਉਹ ਦਲਿੱਦਰੀ ਸਾਰੇ ਪਾਰ ਕਰਾਈਆ । ਜਨਮ ਜਨਮ ਦੀ ਮੇਟ ਕੇ ਕਾਣ, ਕਾਇਨਾਤ ਵਿਚੋਂ ਬਾਹਰ ਕਢਾਈਆ । ਚਰਨ ਭੂਮਿਕਾ ਦੇ ਕੇ ਸਚ ਅਸਥਾਨ, ਸਚ ਦਵਾਰੇ ਦਏ ਟਿਕਾਈਆ । ਜਿਥੇ ਦੁਰਬਾਸ਼ਾ ਕੋਟਨ ਕੋਟ ਕ੍ਰਿਸ਼ਨ ਬੈਠੇ ਸੀਸ ਨਿਵਾਣ, ਗੋਪੀਆਂ ਵਾਲੀ ਰਾਸ ਨਾ ਕੋਇ ਵਖਾਈਆ । ਨਾ ਜਮਨਾ ਇਸ਼ਨਾਨ, ਗੋਕਲ ਬਿੰਦਰਾਬਨ ਨਾ ਕੋਇ ਵਡਿਆਈਆ । ਨਾ ਬੰਸਰੀ ਧੁਨਕਾਨ, ਨਾ ਮਧੁਰ ਧੁੰਨ ਸੁਣਾਈਆ । ਨਾ ਗਊਆਂ ਦਾ ਚਰਵਾਹਾ ਗਊਆਂ ਜਾਏ ਚਰਵਾਨ, ਨਾ ਬਛੜੇ ਮੋੜ ਮੁੜਾਈਆ । ਨਾ ਚਿੱਲਾ ਤੀਰ ਕਮਾਨ, ਨਾ ਰਥ ਬਣੇ ਰਥਵਾਹੀਆ । ਨਾ ਅਰਜਨ ਭੀਮ ਨੌਜਵਾਨ, ਨਾ ਦਰਯੋਧਨ ਜ਼ੁਲਮ ਕਮਾਈਆ । ਨਾ ਦੁਰਬਾਸ਼ੇ ਵਰਗੇ ਫਿਰਨ ਵਿਚ ਬੀਆਬਾਨ, ਨਾ ਕੋਈ ਪੱਟੀ ਪੇਟ ਬੰਧਾਈਆ । ਨਾ ਕੋਈ ਮਨ ਦਿਸੇ ਸ਼ੈਤਾਨ, ਨਾ ਸ਼ਰਅ ਦਿਸੇ ਲੜਾਈਆ । ਨਾ ਵਿਦਿਆ ਵਾਲਾ ਗਿਆਨ, ਨਾ ਅੱਖਰਾਂ ਵਾਲੀ ਪੜ੍ਹਾਈਆ । ਨਾ ਕੋਈ ਲੈਣ ਦੇਣ ਵਾਲਾ ਇਮਤਿਹਾਨ, ਪਾਠਸ਼ਾਲਾ ਨਾ ਕੋਇ ਵਖਾਈਆ । ਨਾ ਕੋਈ ਬਿਰਧ ਬਾਲ ਜਵਾਨ, ਨਾ ਕੋਈ ਸੂਰਬੀਰ ਚਤੁਰਾਈਆ । ਨਾ ਕੋਈ ਤੱਤਾਂ ਵਾਲਾ ਭਗਵਾਨ, ਦੁਰਬਾਸ਼ਿਆ ਨਿਰਗੁਣ ਨੂਰ ਜੋਤ ਜੋਤ ਰੁਸ਼ਨਾਈਆ । ਸੋ ਸਹਿਜ ਸੁਭਾਉ ਕਰ ਕਿਰਪਾ ਭਗਤਾਂ ਮਿਲੇ ਮਾਣ, ਮਿਲਣੀ ਜਗਦੀਸ਼ ਆਪਣੇ ਨਾਲ ਕਰਾਈਆ । ਦੁਖੀਆਂ ਦਾ ਦੁੱਖ ਵੰਡਾ ਕੇ ਖਾ ਜਾਏ ਪਕਵਾਨ, ਪਾਕ ਪਵਿੱਤਰ ਦੋ ਜਹਾਨ ਦਏ ਕਰਾਈਆ । ਦੁਰਬਾਸ਼ੇ ਕਿਹਾ ਕੀ ਓਸ ਵੇਲੇ ਓਸ ਦਾ ਹੋਵੇ ਨਾਮ, ਮੈਨੂੰ ਦੇ ਸਮਝਾਈਆ । ਕ੍ਰਿਸ਼ਨ ਕਿਹਾ ਉਹ ਆਤਮ ਪਰਮਾਤਮ ਹੋ ਕੇ ਢੋਲਾ ਗਾਏ ਆਪਣਾ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਸਭ ਦੇ ਝੋਲੀ ਪਾਈਆ । ਸਭ ਦਾ ਬਦਲ ਦੇਵੇ ਵਿਧਾਨ, ਵਾਧਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਕਰ ਜਾਏ ਕਲਿਆਣ, ਇਕ ਇਕੱਲਾ ਕੱਲਾ ਕੱਲਾ ਲੇਖੇ ਲਏ ਲਗਾਈਆ ।



### ✪ ੨੪ ਫੱਗਣ ਸ਼ਹਿਨਸ਼ਾਹੀ ਸੰਮਤ ੧ ਨਰਾਇਣ ਸਿੰਘ ਦੇ ਗ੍ਰਹਿ ਨਿਹਾਲ ਸਿੰਘ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਜਨ ਭਗਤ ਕਲਜੁਗ ਅੰਤਮ ਚੁੱਕੇ ਲੇਖਾ, ਪਰਮ ਪੁਰਖ ਪਰਮਾਤਮ ਆਤਮ ਲਹਿਣਾ ਦੇਣਾ ਦਏ ਚੁਕਾਈਆ । ਜਨਮ ਜਨਮ ਦਾ ਕਰਮ ਕਰਮ ਦਾ ਮੇਟੇ ਭਰਮ ਭੁਲੇਖਾ, ਪਤਿਪਰਮੇਸ਼ਵਰ ਬੇਪਰਵਾਹ ਜੁਗ ਜਨਮ ਦੇ ਵਿਛੜੇ ਲਏ ਮਿਲਾਈਆ । ਸਾਹਿਬ ਸਵਾਮੀ ਅੰਤਰਜਾਮੀ ਇਕੋ ਬਣ ਕੇ ਧੁਰ ਦਾ ਨੇਤਾ, ਨਰ ਨਰਾਇਣ ਨਰ ਹਰਿ ਆਪਣੀ ਗੋਦ ਉਠਾਈਆ । ਤ੍ਰੈਗੁਣ ਮਾਇਆ ਅਗਨੀ ਤਤ ਪੰਜ ਤਤ ਨਾ ਲਾਏ ਸੇਕਾ, ਅੰਮ੍ਰਿਤ ਮੇਘ ਨਿਝਰ ਝਿਰਨਾ ਅਨਰਸ ਆਪਣਾ ਦਏ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਂਆ । ਜਨ ਭਗਤਾਂ

ਲਹਿਣਾ ਦੇਣਾ ਚੁਕੇ ਲੋਕਮਾਤ, ਨਿਰਗੁਣ ਸਰਗੁਣ ਦਏ ਚੁਕਾਈਆ । ਨਾਮ ਭੰਡਾਰਾ ਅਗੰਮੀ ਵਸਤ ਧੁਰ ਦੀ ਦੇਵੇ ਦਾਤ, ਦਇਆਵਾਨ ਆਪਣੀ ਦਇਆ ਕਮਾਈਆ । ਮਨ ਵਾਸਨਾ ਕੂੜੀ ਕਿਰਿਆ ਹਉਮੇਂ ਹੰਗਤਾ ਮੇਟੇ ਅੰਧੇਰੀ ਰਾਤ, ਨਿਜ ਨੇਤਰ ਗਿਆਨ ਲੋਚਣ ਸਤਿ ਜੋਤ ਕਰੇ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੱਸ ਅਗੰਮੀ ਗਾਥ, ਬੋਧ ਅਗਾਧਾ ਸ਼ਬਦ ਅਨਾਦਾ ਧੁਨ ਆਤਮਕ ਕਰੇ ਸ਼ਨਵਾਈਆ । ਸਾਚੀ ਮੰਜ਼ਲ ਪੌੜੀ ਚੜ੍ਹਾਏ ਆਪਣੇ ਘਾਟ, ਨੌ ਦਵਾਰ ਜਗਤ ਵਾਸਨਾ ਮਨ ਮਤ ਬੁਧ ਲੇਖਾ ਦਏ ਮੁਕਾਈਆ । ਮੇਲ ਮਿਲਾਏ ਦਇਆ ਕਮਾਏ ਪਰਮ ਪੁਰਖ ਅਬਿਨਾਸ਼, ਸ਼ਾਹ ਸੁਲਤਾਨ ਵਾਲੀ ਦੋ ਜਹਾਨ ਚਰਨ ਕਵਲ ਦਏ ਸਰਨਾਈਆ । ਗ੍ਰਿਹਿ ਮਾਟੀ ਹਾਟੀ ਸਾਢੇ ਤਿੰਨ ਹਾਥ, ਕਾਇਆ ਬੰਕ ਅੰਦਰ ਖੋਲ੍ਹ ਬਜਰ ਕਪਾਟੀ ਤਾਕ, ਪੜਦਾ ਓਹਲਾ ਦੂਈ ਦਵੈਤੀ ਸ਼ਰਅ ਸ਼ਰਾਇਤੀ ਦਏ ਗਵਾਈਆ । ਜੋਤੀ ਜਾਤਾ ਪੁਰਖ ਬਿਧਾਤਾ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਨਜ਼ਰੀ ਆਏ ਸਾਖਿਆਤ, ਬਿਨ ਅੱਖਾਂ ਪਰਤੱਖ ਰੂਪ ਗੁਸਾਈਆ । ਜਨ ਭਗਤਾਂ ਅੰਦਰ ਸਚ ਦਵਾਰੇ ਕਰ ਕੇ ਆਪਣਾ ਵਾਸ, ਨਿਜ ਆਤਮ ਨਿਜਾਨੰਦ ਪਰਮਾਨੰਦ ਆਪਣਾ ਦਏ ਵਖਾਈਆ । ਬਿਨ ਤੇਲ ਬਾਤੀ ਨਿਰਗੁਣ ਜੋਤ ਕਰ ਪਰਕਾਸ਼, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਜਨ ਭਗਤਾਂ ਹੋਏ ਸਹਾਈਆ । ਜਨ ਭਗਤਾਂ ਪ੍ਰਭ ਦੇਵਣਹਾਰਾ ਮਾਣ, ਚਰਨ ਕਵਲ ਦਏ ਸਰਨਾਈਆ । ਨਾਤਾ ਤੋੜ ਕੂੜੀ ਕਿਰਿਆ ਜਹਾਨ, ਮਨ ਵਾਸਨਾ ਬਾਹਰ ਕਢਾਈਆ । ਬੁਧੀ ਦਾ ਰਹਿਣ ਨਾ ਦੇਵੇ ਗਿਆਨ, ਬੋਧ ਅਗਾਧ ਕਰੇ ਪੜ੍ਹਾਈਆ । ਚੌਦਾਂ ਵਿਦਿਆ ਕਰ ਹੈਰਾਨ, ਹਰਫ਼ ਆਪਣਾ ਦਏ ਸਮਝਾਈਆ । ਜਿਸ ਦੀ ਸਿਫ਼ਤ ਕਰੇ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਖਾਣੀ ਬਾਣੀ ਢੋਲੇ ਗਾਈਆ । ਜੋ ਗੁਰ ਅਵਤਾਰ ਪੈਗੰਬਰ ਦੇ ਕੇ ਦਾਨ, ਵਸਤ ਅਮੋਲਕ ਗੋਪੀ ਕਾਹਨ ਝੋਲੀ ਪਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਸੰਤ ਸੁਹੇਲੇ ਨਿਰਗੁਣ ਸਰਗੁਣ ਵੇਖੇ ਆਣ, ਲੱਖ ਚੁਰਾਸੀ ਵਿਚੋਂ ਜਨ ਭਗਤ ਪਿਆਰੇ ਆਪਣੇ ਰੰਗ ਰੰਗਾਈਆ । ਮਾਇਆ ਮਮਤਾ ਕੂੜੀ ਕਿਰਿਆ ਹਉਮੇ ਹੰਗਤਾ ਤੋੜ ਮਾਣ ਅਭਿਮਾਨ, ਪ੍ਰੇਮ ਪ੍ਰੀਤੀ ਸਾਚੀ ਨੀਤੀ ਸਚ ਮਹਿਬੂਬ ਮੁਹੱਬਤ ਵਿਚ ਸਮਝਾਈਆ । ਧੁਰ ਦਾ ਸ਼ਬਦ ਨਾਮ ਨਿਧਾਨ ਸੁਣਾ ਸੱਚੀ ਧੁਨਕਾਨ, ਸੋਈ ਸੁਰਤੀ ਆਲਸ ਨਿੰਦਰਾ ਗ਼ਫ਼ਲਤ ਵਿਚੋਂ ਬਾਹਰ ਕਢਾਈਆ । ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਉਤੇ ਹੋਏ ਮਿਹਰਵਾਨ, ਦਇਆਵਾਨ ਹੋ ਕੇ ਆਪਣੀ ਦਇਆ ਕਮਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸ਼ਬਦ ਦੱਸ ਕੇ ਸਾਚਾ ਗਾਨ, ਸੀਤਾ ਰਾਮ ਗੋਪੀ ਕਾਹਨ ਇਕੋ ਰੰਗ ਦਏ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਰਨਹਾਰਾ ਪਹਿਚਾਨ, ਲੱਖ ਚੁਰਾਸੀ ਕੋਟਨ ਕੋਟ ਜੀਵ ਜੰਤ ਘਟ ਭੀਤਰ ਕਾਇਆ ਮੰਦਰ ਅੰਦਰ ਵੇਖ ਵਖਾਈਆ । ਜਨ ਭਗਤਾਂ ਪ੍ਰਭੂ ਜੁਗ ਜੁਗ ਵਰਦਾ, ਨਾਤਾ ਆਤਮ ਪਰਮਾਤਮ ਜੋੜ ਜੁੜਾਈਆ । ਭੇਵ ਖੁਲ੍ਹਾਵੇ ਆਪਣੇ ਘਰ ਦਾ, ਘਰ ਘਰ ਵਿਚੋਂ ਆਪਣਾ ਪੜਦਾ ਦਏ ਚੁਕਾਈਆ । ਇਸ਼ਨਾਨ ਕਰਾ ਕੇ ਸਾਚੇ ਸਰ ਦਾ, ਦੁਰਮਤ ਮੈਲ ਦਏ ਧਵਾਈਆ । ਜਿਸ ਗ੍ਰਿਹਿ ਇਕੋ ਦੀਪਕ ਬਲਦਾ, ਸੋ ਮੰਦਰ ਦਏ ਸੁਹਾਈਆ । ਲੇਖਾ ਮੁਕਾ ਕੇ ਜਲ ਥਲ ਦਾ, ਸਿਰ ਆਪਣਾ ਹੱਥ ਟਿਕਾਈਆ । ਮਾਣ ਦਵਾ ਕੇ ਨਿਹਚਲ ਧਾਮ ਅਟਲ ਦਾ, ਸਚਖੰਡ ਦਵਾਰਾ ਇਕ ਵਖਾਈਆ । ਜਨ ਭਗਤ ਅੰਤਮ ਅੰਤ ਸ੍ਰੀ ਭਗਵੰਤ ਜੋਤੀ ਜੋਤ ਰਲਦਾ, ਦੂਜਾ ਹਿੱਸਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੪੦੦
੧੯

ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਹਰਿਜਨ ਸਾਚੇ ਆਪਣੇ ਰੰਗ ਰੰਗਾਈਆ । ਜਨ ਭਗਤਾਂ ਜੁਗ ਚੌਕੜੀ ਪ੍ਰਭੂ ਦੇਵਣਹਾਰ ਲਹਿਣਾ, ਦੇਵਣਹਾਰਾ ਇਕ ਅਖਵਾਈਆ । ਦਰਸ ਕਰਾਏ ਆਪਣੇ ਨੈਣਾਂ, ਦੋਏ ਲੋਚਨ ਸਮਝ ਕਿਸੇ ਨਾ ਆਈਆ । ਨਾਤਾ ਤੋੜ ਕੇ ਜਗਤ ਵਾਸਨਾ ਮਾਤ ਪਿਤ ਭਾਈ ਭੈਣਾ, ਸਾਕ ਸੱਜਣ ਸੈਣ ਆਪ ਇਕੋ ਇਕ ਅਖਵਾਈਆ । ਤਨ ਵਜੂਦ ਕਾਇਆ ਮਾਟੀ ਖ਼ਾਕੀ ਨਾਮ ਭੂਸ਼ਨ ਪਾਏ ਸਾਚਾ ਗਹਿਣਾ, ਪ੍ਰੇਮ ਰੰਗਣ ਰੰਗ ਰੰਗਾਈਆ । ਸਾਚੇ ਧਾਮ ਅਗੰਮ ਭੂਮਿਕਾ ਹਰਿ ਸਰਨਾਈ ਦੱਸੇ ਬਹਿਣਾ, ਕੂੜੀ ਮਜਲਸ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸੰਤ ਸੁਹੇਲੇ ਗੁਰਮੁਖ ਸੰਤ ਫ਼ਕੀਰ ਸੂਫ਼ੀ ਸੁਰਤੀ ਸ਼ਬਦ ਨਾਲ ਉਠਾਈਆ । ਜਨ ਭਗਤਾਂ ਪ੍ਰਭ ਕਰਨਹਾਰਾ ਜਨਮ ਜਨਮ ਦਾ ਪੂਰਾ ਜੋਗ, ਜੁਗਤੀ ਜਗਤ ਜਗਦੀਸ਼ਰ ਆਪ ਜਣਾਈਆ । ਆਤਮ ਦਰਸੀ ਦੇਵਣਹਾਰਾ ਦਰਸ ਅਮੋਘ, ਘਰ ਮੰਦਰ ਸਾਚੇ ਅੰਦਰ ਕਰੇ ਰੁਸ਼ਨਾਈਆ । ਭਾਗ ਲਗਾ ਕੇ ਕਾਇਆ ਮਾਟੀ ਸਾਚੇ ਕੋਟ, ਕੂੜ ਕੁਟੰਬ ਅੰਦਰੋਂ ਬਾਹਰ ਕਢਾਈਆ । ਸ਼ਬਦ ਅਨਾਦੀ ਲਾ ਕੇ ਚੋਟ, ਚੇਤਨ ਸੁਰਤੀ ਦਏ ਕਰਾਈਆ । ਪ੍ਰੇਮ ਪਿਆਰ ਪ੍ਰੀਤੀ ਅੰਦਰ ਦੱਸੇ ਆਪਣੀ ਖੋਜ, ਪੜਦਾ ਓਹਲਾ ਦਏ ਉਠਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਕਰੇ ਰੁਸ਼ਨਾਈਆ । ਨਾਤਾ ਤੋੜ ਕੇ ਵਰਨ ਗੋਤ, ਇਕੋ ਬ੍ਰਹਮ ਦਏ ਸਮਝਾਈਆ । ਨਾਮ ਖ਼ੁਮਾਰੀ ਅੰਦਰ ਕਰ ਕੇ ਮਦਹੋਸ਼, ਜਗਤ ਨਸ਼ਿਆਂ ਤੋਂ ਦਏ ਬਚਾਈਆ । ਸਾਹਿਬ ਸਵਾਮੀ ਅੰਤਰਜਾਮੀ ਘਟ ਭੀਤਰ ਗ੍ਰਿਹ ਮੰਦਰ ਆਤਮ ਪਰਮਾਤਮ ਦਰਸ਼ਨ ਦੇਵੇ ਰੋਜ਼, ਨਿਤ ਨਵਿਤ ਨਰ ਨਰਾਇਣ ਇਕੋ ਨਜ਼ਰੀ ਆਈਆ । ਭਾਗ ਲਗਾ ਕੇ ਪੰਜ ਤਤ ਚੋਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਸੁਹੇਲੇ ਗੁਰ ਚੇਲੇ ਆਪਣੀ ਗੋਦ ਉਠਾਈਆ । ਜਨ ਭਗਤਾਂ ਪ੍ਰਭੂ ਦੇਵਣਹਾਰਾ ਰਾਹ, ਰਹਿਬਰ ਹੋ ਕੇ ਦਇਆ ਕਮਾਈਆ । ਮੰਜ਼ਲ ਇਕੋ ਦਏ ਵਖਾ, ਪਾਂਧੀ ਹਰਿਜਨ ਲਏ ਬਣਾਈਆ । ਨਾਮ ਨਿਧਾਨਾ ਦੇ ਕੇ ਆਪਣਾ ਨਾਂ, ਨਾਉਂ ਨਿਰੰਕਾਰਾ ਦਏ ਦ੍ਰਿੜਾਈਆ । ਪਾਰ ਕਰਾਏ ਜਲ ਥਲ ਅਸਗਾਹ, ਬ੍ਰਹਿਮੰਡਾਂ ਖੰਡਾਂ ਉਪਰ ਦਏ ਚੜ੍ਹਾਈਆ । ਜਿਥੇ ਸੂਰਜ ਚੰਦ ਨਾ ਕੋਇ ਰੁਸ਼ਨਾ, ਮੰਡਲ ਮੰਡਪ ਨਾ ਕੋਇ ਵਡਿਆਈਆ । ਲੱਖ ਚੁਰਾਸੀ ਚਾਰ ਵਰਨ ਅਠਾਰਾਂ ਬਰਨ ਦਿਸੇ ਕੋਈ ਨਾ ਨਾਂ, ਹਿੱਸਿਆਂ ਵਾਲੀ ਵੰਡ ਨਾ ਕੋਇ ਵੰਡਾਈਆ । ਸਚਖੰਡ ਦਵਾਰ ਹੱਕ ਮੁਕਾਮੇ ਦਸਤਗੀਰ ਪਰਵਰਦਿਗਾਰ ਨੂਰ ਖ਼ੁਦਾ ਇਕੋ ਸੋਭਾ ਰਿਹਾ ਪਾ, ਜਲਵਾਗਰ ਨੂਰ ਨਜ਼ਰੀ ਆਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਨਾਲੋਂ ਕਦੇ ਨਾ ਹੋਵੇ ਜੁਦਾ, ਵੱਖਰਾ ਘਰ ਨਾ ਕੋਇ ਬਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਹੋ ਕੇ ਮਿਲਿਆ ਆ, ਆਪ ਆਪਣਾ ਪੜਦਾ ਰਿਹਾ ਉਠਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਬਣਿਆ ਮਲਾਹ, ਨਈਆ ਨੌਕਾ ਨਾਮ ਬੇੜਾ ਆਪਣਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵਣਹਾਰਾ ਸਦਾ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਕਲਜੁਗ ਅੰਤਮ ਹਕੀਕਤ ਵਿਚੋਂ ਦੇਵੇ ਹੱਕ, ਵਸਤ ਅਮੋਲਕ ਝੋਲੀ ਪਾਈਆ । ਜੋ ਮੰਜ਼ਲ ਮੰਜ਼ਲ ਪਾਂਧੀ ਬਣ ਕੇ ਗਏ ਥੱਕ, ਸਤਿਜੁਗ ਤਰੇਤਾ ਦੁਆਪਰ ਕਲਜੁਗ ਚਲੇ ਵਾਹੋ ਦਾਹੀਆ । ਜਗਤ ਵਿਦਿਆ ਪੜ੍ਹ ਪੜ੍ਹ ਗਏ ਅੱਕ, ਅਕਲ ਬੁਧੀ ਚਲੀ ਨਾ ਕੋਈ ਚਤੁਰਾਈਆ । ਫਿਰ ਫਿਰ ਥੱਕੇ ਤੀਰਥ ਤਟ, ਅਠਸਠ ਭੱਜੇ ਵਾਹੋ ਦਾਹੀਆ । ਖੋਜਦੇ ਰਹੇ ਜਗਤ ਦਵਾਰੇ ਮਠ, ਮਸੀਤਾਂ ਵਿਚੋਂ ਮਸਲਾ ਹੱਲ ਨਾ ਕੋਇ ਕਰਾਈਆ ।

ਜਾਂ ਵੇਖਿਆ ਤੱਕਿਆ ਬੁਝਿਆ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਾਇਆ ਮੰਦਰ ਅੰਦਰ ਵਸੇ ਸਮਰਥ, ਘਟ ਭੀਤਰ ਬੈਠਾ ਸੋਭਾ ਪਾਈਆ । ਜਿਸ ਦਾ ਆਤਮਾ ਨੇ ਗਾਉਣਾ ਜਸ, ਮਨ ਦੀ ਲੋੜ ਰਹੇ ਨਾ ਰਾਈਆ । ਸੋ ਸਾਹਿਬ ਸਵਾਮੀ ਭਗਤਾਂ ਹੋ ਕੇ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਕਲਜੁਗ ਕੂੜੀ ਨੀਂਦ ਵਿਚੋਂ ਖੋਲ੍ਹ ਜਾਵੇ ਅੱਖ, ਆਲਸ ਰਹਿਣ ਕੋਇ ਨਾ ਪਾਈਆ । ਸਾਖਿਆਤ ਦਰਸ ਦਿਖਾਵੇ ਪਰਤੱਖ, ਪਾਰਬ੍ਰਹਮ ਪਤਿਪਰਮੇਸ਼ਵਰ ਪੜਦਾ ਦਏ ਉਠਾਈਆ । ਲੱਖ ਚੁਰਾਸੀ ਵਿਚੋਂ ਲਏ ਰਖ, ਰਾਏ ਧਰਮ ਨਾ ਦਏ ਸਜ਼ਾਈਆ । ਚਰਨ ਪ੍ਰੀਤੀ ਸਾਚੀ ਨੀਤੀ ਧੁਰ ਦਾ ਮਾਰਗ ਦੱਸ, ਦਹਿ ਦਿਸ਼ਾ ਚਾਰ ਕੁੰਟ ਦਾ ਲੇਖਾ ਦਏ ਮੁਕਾਈਆ । ਪਾਰਬ੍ਰਹਮ ਮੇਲ ਮਿਲਾਏ ਹੱਸ ਹੱਸ, ਹਸਤੀ ਵਿਚੋਂ ਹੱਸਤੀ ਦਏ ਬਦਲਾਈਆ । ਜਨ ਭਗਤਾਂ ਗੁਰਮੁਖਾਂ ਪ੍ਰੇਮੀਆਂ ਨਾਲ ਰੰਗ ਕੇ ਅੰਦਰੋਂ ਰਤ, ਰਤਨ ਅਮੋਲਕ ਹੀਰੇ ਰੂਪ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆਵਾਨ ਇਕ ਸਮਰਥ, ਅਲਖ ਘਰ ਘਰ ਦਏ ਜਗਾਈਆ ।

### ✪ ੨੪ ਫੱਗਣ ਸ਼ਹਿਨਸ਼ਾਹੀ ਸੰਮਤ ੧ ਸੰਤ ਕੌਰ ਦੇ ਗ੍ਰਹਿ ਪਿੰਡ ਨਿਹਾਲ ਸਿੰਘ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਸ੍ਰੀ ਭਗਵਾਨ ਜਨ ਭਗਤਾਂ ਆਤਮ ਕਰੇ ਪਿਆਰੀ, ਅੰਤਰ ਅੰਤਰ ਵੇਖ ਵਖਾਇੰਦਾ । ਧਰਮ ਰਖੇ ਨਾ ਕੋਇ ਨਰ ਨਾਰੀ, ਤਨ ਵਜੂਦ ਆਪਣੇ ਹੁਕਮ ਚਲਾਇੰਦਾ । ਚਰਨ ਪ੍ਰੀਤੀ ਧੁਰ ਦੀ ਨੀਤੀ ਸਚ ਦੱਸੀ ਖ਼ੁਮਾਰੀ, ਖ਼ਾਲਸ ਆਪਣਾ ਰੰਗ ਰੰਗਾਇੰਦਾ । ਕੂੜੀ ਕਿਰਿਆ ਮਾਇਆ ਹਉਮੇ ਹੰਗਤਾ ਦੁਰਮਤ ਮੈਲ ਦੇਵੇ ਉਤਾਰੀ, ਉਤਮ ਸ੍ਰੇਸ਼ਟ ਆਪਣਾ ਨਾਮ ਜਪਾਇੰਦਾ । ਸਾਚੇ ਦਰ ਸੰਤ ਸੁਹੇਲੇ ਨਾਮ ਵਣਜ ਦੇ ਕਰ ਵਪਾਰੀ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਇੰਦਾ । ਨਿਰਗੁਣ ਜੋਤ ਜਗਾ ਨਿਰੰਕਾਰੀ, ਅੰਧ ਅੰਧੇਰਾ ਦੂਰ ਕਰਾਇੰਦਾ । ਸ਼ਬਦ ਅਨਾਦ ਦੇ ਸੱਚੀ ਧੁਨਕਾਰੀ, ਬੋਧ ਅਗਾਧਾ ਭੇਵ ਖੁਲ੍ਹਾਇੰਦਾ । ਅਗੇ ਮੰਜ਼ਲ ਰਹੇ ਨਾ ਕੋਇ ਦੁਸ਼ਵਾਰੀ, ਦੂਰ ਦੁਰਾਡਾ ਪੰਧ ਚੁਕਾਇੰਦਾ । ਮਹੱਲ ਅਟਲ ਦੇਵੇ ਉਚ ਮਨਾਰੀ, ਸਚਖੰਡ ਸਾਚੇ ਸੋਭਾ ਪਾਇੰਦਾ । ਜਿਥੇ ਵਸੇ ਆਪ ਨਰ ਨਰਾਇਣ ਨਿਰੰਕਾਰੀ, ਸੋ ਭਗਤਾਂ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਟਿਕਾਇੰਦਾ । ਜਨ ਭਗਤ ਕੋਈ ਭੇਵ ਨਾ ਜਾਣੇ ਮਦੀਨ ਨਰ, ਨਰ ਨਰਾਇਣ ਵੱਡੀ ਵਡਿਆਈਆ । ਜਿਨ੍ਹਾਂ ਵਖਾਏ ਆਪਣਾ ਘਰ, ਗ੍ਰਹਿ ਕੂੜਾ ਦਏ ਤਜਾਈਆ । ਜਨਮ ਜਨਮ ਦਾ ਮੇਟ ਕੇ ਡਰ, ਭੈ ਭਿਆਨਕ ਵਿਚੋਂ ਬਾਹਰ ਕਢਾਈਆ । ਆਤਮ ਪਰਮਾਤਮ ਜੋੜ ਕੇ ਲੜ, ਨਾਤਾ ਦੋ ਜਹਾਨ ਵਖਾਈਆ । ਸੋ ਗੁਰਮੁਖ ਸੰਤ ਸੁਹੇਲਾ ਸਾਚੀ ਮੰਜ਼ਲ ਪੌੜੀ ਜਾਏ ਚੜ੍ਹ, ਜਿਥੇ ਗੁਰ ਅਵਤਾਰ ਪੈਗ਼ੰਬਰ ਪ੍ਰਭੂ ਦਵਾਰੇ ਬੈਠੇ ਸੀਸ ਨਿਵਾਈਆ । ਸਾਚੇ ਧਾਮ ਉਪਰ ਦੇ ਰਾਮ ਪਾਸ ਜਾਵੇ ਖੜ੍ਹ, ਚਰਨ ਕਵਲ ਮਿਲੇ ਇਕ ਸਰਨਾਈਆ । ਆਦਿ ਜੁਗਾਦਿ ਜੁਗ ਚੌਕੜੀ ਨਾ ਜਨਮੇ ਨਾ ਜਾਵੇ ਮਰ, ਭਗਤ ਸੁਹੇਲਾ ਇਕ ਅਕੇਲਾ ਮਰ ਜੀਵਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੁਲ੍ਹਾ ਰਖੇ ਧੁਰ ਦਾ ਦਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪੜਦਾ ਭਗਤਾਂ ਦਏ ਉਠਾਈਆ । ਜਨ ਭਗਤ ਕੋਈ ਨਾ ਹੋਵੇ ਵੱਡਾ ਨਿੱਕਾ, ਨਿਕੰਮਾ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਜਿਨ੍ਹਾਂ ਦਾ ਪਿਤਾ, ਪਤਿਪਰਮੇਸ਼ਵਰ ਆਪਣੀ ਗੋਦ ਉਠਾਈਆ ।

ਚਰਨ ਪ੍ਰੀਤੀ ਧਰਮ ਨੀਤੀ ਕਾਇਆ ਅਤੀਤੀ ਝੋਲੀ ਪਾਏ ਧੁਰ ਦਾ ਹਿੱਸਾ, ਹਸਤੀ ਵਿਚੋਂ ਹਸਤੀ ਦਏ ਬਦਲਾਈਆ । ਯਾਦ ਰਹਿਣ ਨਾ ਦੇਵੇ ਕਰਮ ਕੁਕਰਮ ਦਾ ਪਿਛਾ, ਪਸਚਾਤਾਪ ਦਏ ਗਵਾਈਆ । ਨਿਤ ਨਵਿਤ ਕਰਦਾ ਆਇਆ ਰੱਛਾ, ਰੱਛਕ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਨਾਮ ਭੰਡਾਰਾ ਪਾਵੇ ਭਿੱਛਾ, ਖ਼ਾਲੀ ਭੰਡਾਰੇ ਦਏ ਭਰਾਈਆ । ਮਸਤਕ ਜੋਤ ਲਲਾਟੀ ਲਾਵੇ ਟਿੱਕਾ, ਕੂੜੀ ਕਿਰਿਆ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਜ਼ਰੀ ਆਵੇ ਦਹਿ ਦਿਸ਼ਾ, ਉੱਤਰ ਪੂਰਬ ਪੱਛਮ ਦੱਖਣ ਇਕੋ ਜਲਵਾ ਨੂਰ ਕਰੇ ਰੁਸ਼ਨਾਈਆ । ਜਨ ਭਗਤਾਂ ਪ੍ਰਭ ਚਾੜ੍ਹਨਹਾਰਾ ਅਗੰਮੀ ਰੰਗ, ਕਾਇਆ ਮਾਟੀ ਚੋਲੀ ਆਪ ਰੰਗਾਈਆ । ਨਿਜ ਆਤਮ ਦੇ ਕੇ ਸਚ ਅਨੰਦ, ਦੀਨ ਦੁਨੀਆ ਵਿਚੋਂ ਬਾਹਰ ਕਢਾਈਆ । ਤੂੰ ਮੇਰਾ ਮੈਂ ਤੇਰਾ ਸੁਣਾ ਕੇ ਧੁਰ ਢੋਲਾ ਛੰਦ, ਸਹਿੰਸੇ ਕੂੜੇ ਦਏ ਮਿਟਾਈਆ । ਖ਼ੁਸ਼ੀ ਕਰ ਕੇ ਬੰਦ ਬੰਦ, ਬੰਦਗੀ ਇਕੋ ਦਏ ਸਮਝਾਈਆ । ਲੋਕਮਾਤ ਚਾੜ੍ਹ ਕੇ ਨੂਰੀ ਚੰਦ, ਜੁਗ ਚੌਕੜੀ ਕਰੇ ਰੁਸ਼ਨਾਈਆ । ਜਨਮ ਜਨਮ ਦੀ ਟੁੱਟੀ ਗੰਢ, ਦਰ ਦਵਾਰੇ ਆਪਣੇ ਲਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਨ ਭਗਤਾਂ ਪ੍ਰਭ ਰਹਿਣ ਨਾ ਦੇਵੇ ਅੰਦਰ ਪੜਦਾ ਓਹਲਾ, ਭਾਂਡਾ ਭਰਮ ਭੌ ਭੰਨਾਈਆ । ਸਤਿਗੁਰ ਸ਼ਬਦ ਬਣੇ ਵਿਚੋਲਾ, ਜੁਗ ਜਨਮ ਦਿਆਂ ਰੁਠਿਆਂ ਲਿਆ ਮਨਾਈਆ । ਮਨੂਆ ਮਨ ਨਾ ਪਾਵੇ ਰੌਲਾ, ਬੁਧੀ ਬਲ ਨਾ ਕੋਇ ਧਰਾਈਆ । ਮਿਹਰ ਨਜ਼ਰ ਨਾਲ ਉਲਟਾ ਕਰੇ ਨਾਭ ਕਵਲਾ, ਅੰਮ੍ਰਿਤ ਝਿਰਨਾ ਨਿਝਰ ਰਸ ਦਏ ਚੁਆਈਆ । ਨਜ਼ਰੀ ਆਏ ਨੂਰ ਖ਼ੁਦਾਈ ਅੱਵਲਾ, ਆਲਮੀਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੇਖਾ ਜਾਣੇ ਉਪਰ ਧਰਨੀ ਧਵਲਾ, ਧਰਤ ਵੇਖ ਖ਼ੁਸ਼ੀ ਮਨਾਈਆ । ਜਨ ਭਗਤਾਂ ਲਹਿਣਾ ਦੇਣਾ ਦੇਵੇ ਜੁਗ ਚਾਰ, ਚਾਰ ਕੁੰਟ ਵਿਚੋਂ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਦੇ ਕੇ ਸਚ ਪਿਆਰ, ਪੀਆ ਪ੍ਰੀਤਮ ਪ੍ਰੀਤੀ ਇਕੋ ਦਏ ਸਿਖਾਈਆ । ਜਿਸ ਨੂੰ ਲੱਭਦੇ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਚੋਟੀ ਸਮੁੰਦ ਸਾਗਰ ਖੋਜ ਖੁਜਾਈਆ । ਸੋ ਖੇਲ ਕਰੇ ਨਿਰਾਕਾਰ ਸਾਕਾਰ, ਸਾਕਾਰ ਨਿਰਾਕਾਰ ਆਪਣਾ ਪੜਦਾ ਪਾਈਆ । ਜਿਸ ਉਪਰ ਕਿਰਪਾ ਕਰੇ ਮਿਹਰਵਾਨ ਹੋ ਕਰਤਾਰ, ਕੁਦਰਤ ਦਾ ਕ਼ਾਦਰ ਕਰਨੀ ਦਾ ਕਰਤਾ ਕਰਮਾਂ ਦਾ ਲੇਖਾ ਦਏ ਮੁਕਾਈਆ । ਘਰ ਮੰਦਰ ਵਿਚੋਂ ਨਿਕਲੇ ਬਾਹਰ, ਜੋਤੀ ਜਾਤਾ ਪੁਰਖ ਬਿਧਾਤਾ ਜਲਵਾਗਰ ਜਹੂਰ ਨਜ਼ਰੀ ਆਈਆ । ਜਨ ਭਗਤਾਂ ਨਜ਼ਰੀ ਆਏ ਸਾਖਿਆਤਾ, ਲੱਖ ਚੁਰਾਸੀ ਜੀਵ ਜੰਤ ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਗੁਰਮੁਖਾਂ ਪੂਰੀ ਕਰੇ ਆਸਾ, ਤ੍ਰਿਸ਼ਨਾ ਜਗਤ ਦਏ ਬੁਝਾਈਆ । ਜੀਵਣ ਵਿਚ ਜੀਵਣ ਦਾ ਦੇ ਕੇ ਭਰਵਾਸਾ, ਜ਼ਿੰਦਗੀ ਵਿਚੋਂ ਜ਼ਿੰਦਗੀ ਦਏ ਬਦਲਾਈਆ । ਘਰ ਠਾਕਰ ਮਿਲੇ ਪੁਰਖ ਸਮਰਾਥਾ, ਜਗਤ ਸਮਾਜ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਝਗੜਾ ਮੁਕਾ ਕੇ ਜਾਤ ਪਾਤਾ, ਦੀਨ ਦੁਨੀ ਦਾਅਵੇਦਾਰ ਕੂੜਾ ਰਹਿਣ ਕੋਇ ਨਾ ਪਾਈਆ ।


੪੦੩
੧੯

## ✪ ੨੪ ਫੱਗਣ ਸ਼ਹਿਨਸ਼ਾਹੀ ਸੰਮਤ ੧ ਤਾਰਾ ਸਿੰਘ ਦੇ ਗ੍ਰਹਿ ਪਿੰਡ ਗਾਜ਼ੀਆਣਾ ਜ਼ਿਲਾ ਫ਼ਿਰੋਜ਼ਪੁਰ ✪

ਜਨ ਭਗਤ ਤੇਰਾ ਲਹਿਣਾ ਗਿਆ ਚੁਕ, ਲੋਕਮਾਤ ਲੱਖ ਚੁਰਾਸੀ ਜੂਨ ਰਹਿਣ ਨਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਆਤਮ ਪਰਮਾਤਮ ਹੋ ਕੇ ਤੁਠ, ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਨਿਰਵੈਰ ਨਿਰਾਕਾਰ ਆਪਣੀ ਦਇਆ ਕਮਾਈਆ । ਅੰਮ੍ਰਿਤ ਜਾਮ ਨਿਝਰ ਝਿਰਨਾ ਦੇਵੇ ਅਗੰਮੀ ਘੁਟ, ਮਾਇਆ ਮਮਤਾ ਹਉਮੈਂ ਹੰਗਤਾ ਕੂੜੀ ਤ੍ਰਿਸ਼ਨਾ ਦਏ ਬੁਝਾਈਆ । ਤਨ ਮਾਟੀ ਖ਼ਾਕੀ ਕਾਇਆ ਮੰਦਰ ਅੰਦਰ ਮੌਲੇ ਬਸੰਤੀ ਰੁਤ, ਰੁਤੜੀ ਆਪਣੇ ਨਾਮ ਨਾਲ ਮਹਿਕਾਈਆ । ਕਿਰਪਾ ਕਰੇ ਸਾਹਿਬ ਸਵਾਮੀ ਅੰਤਰਜਾਮੀ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਆਪ ਕਰਾਈਆ । ਪੜਦਾ ਓਹਲਾ ਚੁਕਾਵੇ ਅੰਤਰ ਰਹੇ ਕੋਈ ਨਾ ਲੁਕ, ਜੋਤੀ ਜੋਤ ਡਗਮਗਾਈਆ । ਤੂੰ ਮੇਰਾ ਮੈਂ ਤੇਰਾ ਸ਼ਬਦ ਅਨਾਦ ਅਗੰਮੀ ਸੁਣਾ ਕੇ ਤੁਕ, ਧੁੰਨ ਆਤਮਕ ਕਰੇ ਸ਼ਨਵਾਈਆ । ਜਨਮ ਜਨਮ ਦਾ ਕਰਮ ਕਰਮ ਦਾ ਪੈਂਡਾ ਗਿਆ ਮੁਕ, ਆਵਣ ਜਾਵਣ ਲੇਖਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਹੇਲਾ ਇਕ ਅਕੇਲਾ ਹਰਿ ਸੱਜਣ ਮੇਲ ਮਿਲਾਈਆ । ਜਨ ਭਗਤ ਲਹਿਣਾ ਦੇਣਾ ਪਾਵੇ ਤੇਰੀ ਅੰਤਰ ਆਤਮ ਝੋਲੀ, ਸਾਢੇ ਤਿੰਨ ਹੱਥ ਘਰ ਮੰਦਰ ਸੋਭਾ ਪਾਈਆ । ਬਿਨ ਅੱਖਰਾਂ ਸੁਣਾਵੇ ਆਪਣੀ ਅਗੰਮੀ ਬੋਲੀ, ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਸਿਫ਼ਤ ਕਰ ਕਰ ਖ਼ੁਸ਼ੀ ਮਨਾਈਆ । ਮਨ ਵਾਸਨਾ ਕੂੜੀ ਕਿਰਿਆ ਜਗਤ ਵਿਚ ਪਾਏ ਨਾ ਰੌਲੀ, ਰਾਮ ਰਹੀਮ ਕਰੀਮ ਆਪਣਾ ਨਗ਼ਮਾ ਨਾਮ ਦਏ ਸੁਣਾਈਆ । ਉਲਟੀ ਕਰ ਕੇ ਨਾਭ ਕਵਲੀ, ਅੰਮ੍ਰਿਤ ਝਿਰਨਾ ਧੁਰ ਦਾ ਰਸ ਬੂੰਦ ਸਵਾਂਤੀ ਦੇਵੇ ਮੁਖ ਚੁਆਈਆ । ਮਾਣ ਵਡਿਆਈ ਉਪਰ ਧੌਲੀ, ਸਚਖੰਡ ਦਵਾਰੇ ਮਿਲ ਮਿਲ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਵੇਖ ਵਖਾਈਆ । ਹਰਿ ਭਗਤ ਤੇਰਾ ਲੇਖਾ ਲੱਗਾ ਅਪਾਰ, ਮਸਤਕ ਪੂਰਬ ਵੇਖ ਵਖਾਈਆ । ਕਿਰਪਾ ਕਰ ਆਪ ਨਿਰੰਕਾਰ, ਨਿਰਗੁਣ ਸਰਗੁਣ ਜੋੜ ਜੁੜਾਈਆ । ਨਾਮ ਸੰਦੇਸ਼ਾ ਦੇ ਕੇ ਆਪਣੀ ਧਾਰ, ਧਰਮ ਇਕੋ ਇਕ ਦ੍ਰਿੜਾਈਆ । ਚਾਰੇ ਖਾਣੀ ਵਿਚੋਂ ਕੱਢ ਕੇ ਬਾਹਰ, ਆਤਮ ਪਰਮਾਤਮ ਮੇਲ ਮਿਲਾਈਆ । ਚਾਰੇ ਵਰਨਾਂ ਕਰ ਖ਼ੁਆਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਾਤਾ ਗਏ ਤੁੜਾਈਆ । ਸਾਚਾ ਮੰਦਰ ਗ੍ਰਹਿ ਘਰ ਇਕ ਵਖਾਲ, ਸਾਢੇ ਤਿੰਨ ਹੱਥ ਪੜਦਾ ਓਹਲਾ ਦਏ ਉਠਾਈਆ । ਦੀਆ ਬਾਤੀ ਕਮਲਾਪਾਤੀ ਜਗਾਏ ਬੇਮਿਸਾਲ, ਜਿਸ ਦੀ ਮਿਸਲ ਗੁਰ ਅਵਤਾਰ ਪੈਗ਼ੰਬਰ ਸਿਫ਼ਤਾਂ ਵਿਚ ਸਾਲਾਹੀਆ । ਘਰ ਸਵਾਮੀ ਮਿਲੇ ਦੀਨ ਦਿਆਲ, ਠਾਕਰ ਹੋ ਕੇ ਠੋਕਰ ਆਪਣਾ ਨਾਮ ਲਗਾਈਆ । ਲੇਖਾ ਚੁਕਾ ਕੇ ਸ਼ਾਹ ਕੰਗਾਲ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਉਪਰ ਸ਼ਾਹ ਰਗ ਆਪਣਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਵਸੇ ਸਦਾ ਨਾਲ, ਜਗਤ ਵਿਛੋੜਾ ਰਹਿਣ ਕੋਇ ਨਾ ਪਾਈਆ । ਜਨ ਭਗਤ ਤੇਰੀ ਅੰਤਰ ਆਤਮ ਹਰਿ ਹਰਿ ਵੇਖ, ਘਰ ਠਾਂਡੇ ਖ਼ੁਸ਼ੀ ਮਨਾਈਆ । ਮਾਨਸ ਜਨਮ ਬਦਲ ਦੇਵੇ ਰੇਖ, ਪਿਛਲਾ ਅਗਲਾ ਲੇਖਾ ਦਏ ਚੁਕਾਈਆ । ਨਾਮ ਸੁਨੇਹੜਾ ਦੇ ਕੇ ਸੰਦੇਸ਼, ਸੋਈ ਸੁਰਤੀ ਦਏ ਉਠਾਈਆ । ਪੜਦਾ ਲਾਹ ਕੇ ਏਕੰਕਾਰਾ ਏਕ, ਇਕ ਇਕੱਲਾ ਦਇਆ ਕਮਾਈਆ । ਤ੍ਰੈਗੁਣ ਮਾਇਆ ਕੂੜੀ ਕਿਰਿਆ ਲਾਏ ਮੂਲ ਨਾ ਸੇਕ, ਪੰਚਮ ਪੰਚ ਨਾ ਕੋਇ ਵਡਿਆਈਆ । ਸ੍ਰੀ ਭਗਵਾਨ ਦੱਸ ਕੇ ਸਾਚੀ ਟੇਕ, ਟਿੱਕਾ ਮਸਤਕ ਧੂੜੀ ਖ਼ਾਕ ਰਮਾਈਆ । ਜੋਤੀ

ਜਾਤਾ ਪੁਰਖ ਬਿਧਾਤਾ ਨਿਰਗੁਣ ਨਿਰਵੈਰ ਨਿਰੰਕਾਰ ਧਾਰ ਕੇ ਆਪਣਾ ਭੇਸ, ਪਾਰਬ੍ਰਹਮ ਪਤਿਪਰਮੇਸ਼ਵਰ ਲੋਕਮਾਤ ਆਪਣਾ ਖੇਲ ਖਿਲਾਈਆ । ਜਨ ਭਗਤ ਸੁਹੇਲੇ ਵੇਖੇ ਆਪਣੇ ਦੇਸ, ਨੌ ਖੰਡ ਪ੍ਰਿਥਮੀ ਸੱਤ ਦੀਪ ਖੋਜਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰਾ ਸਾਚਾ ਹੇਤ, ਗ੍ਰਿਹਿ ਗ੍ਰਿਹਿ ਮੇਲਾ ਰਿਹਾ ਮਿਲਾਈਆ । ਜਨ ਭਗਤ ਤੇਰੀ ਆਸਾ ਮਨਸਾ ਪੂਰ, ਮੁਹੱਬਤ ਇਕੋ ਨਾਲ ਲਗਾਈਆ । ਪੰਧ ਮੁਕਾ ਕੇ ਨੇੜੇ ਦੂਰ, ਘਰ ਘਰ ਵਿਚ ਕਰੇ ਰੁਸ਼ਨਾਈਆ । ਸਾਹਿਬ ਸਤਿਗੁਰ ਸਵਾਮੀ ਹਾਜ਼ਰ ਹਜ਼ੂਰ, ਕਾਇਆ ਕਾਅਬੇ ਹਜ਼ਰਤ ਦਏ ਵਖਾਈਆ । ਜਨਮ ਜਨਮ ਦੀ ਭਗਤੀ ਕਰ ਮਨਜ਼ੂਰ, ਮਾਨਸ ਜਨਮ ਦਏ ਵਡਿਆਈਆ । ਸਰਬ ਕਲਾ ਆਪੇ ਭਰਪੂਰ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਜੋਤੀ ਜਾਤਾ ਦੇਵੇ ਨੂਰ, ਚੰਦ ਸੂਰਜ ਦੀ ਲੋੜ ਰਹੇ ਨਾ ਰਾਈਆ । ਸ਼ਬਦ ਨਾਦ ਧੁੰਨ ਸੁਣਾਏ ਅਗੰਮੀ ਤੂਰ, ਤੁਰੀਆ ਪਦ ਵਿਚੋਂ ਬਾਹਰ ਕਢਾਈਆ । ਜਿਧਰ ਤੱਕੇਂ ਹਾਜ਼ਰ ਹਜ਼ੂਰ, ਸਨਮੁਖ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵਣਹਾਰਾ ਧੁਰ ਦਾ ਘਰ, ਸਚਖੰਡ ਦਵਾਰਾ ਇਕ ਵਖਾਈਆ । ਜਨ ਭਗਤ ਤੇਰਾ ਦਵਾਰਾ ਸਚਖੰਡ, ਬ੍ਰਹਿਮੰਡ ਖੰਡ ਦੀ ਲੋੜ ਰਹੇ ਨਾ ਰਾਈਆ । ਜਿਥੇ ਵਸੇ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਡੇਰਾ ਲਾਈਆ । ਕਰੇ ਪਰਕਾਸ਼ ਬਿਨ ਸੂਰਜ ਚੰਦ, ਜੋਤੀ ਜੋਤ ਜੋਤ ਰੁਸ਼ਨਾਈਆ । ਦੂਸਰ ਅਵਰ ਨਾ ਕੋਇ ਸੰਗ, ਏਕੰਕਾਰਾ ਇਕ ਇਕੱਲਾ ਸੋਭਾ ਪਾਈਆ । ਗੁਰ ਅਵਤਾਰ ਪੈਗੰਬਰ ਵਿਸ਼ਨ ਬ੍ਰਹਮਾ ਸ਼ਿਵ ਕੋਟਨ ਦਰ ਦਰਵੇਸ਼ ਰਹੇ ਮੰਗ, ਭਿਖੱਕ ਹੋ ਕੇ ਝੋਲੀ ਅਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਭਗਤ ਸੁਹੇਲੇ ਗੁਰਮੁਖ ਸੰਤ ਘਟ ਭੀਤਰ ਖੋਜ ਖੁਜਾਈਆ । ਜਨ ਭਗਤ ਤੇਰਾ ਜਨਮ ਕਰਮ ਮੁਆਫ਼, ਮੁਫ਼ਤ ਆਪਣੀ ਦਇਆ ਕਮਾਇੰਦਾ । ਅਬਿਨਾਸ਼ੀ ਕਰਤਾ ਆਤਮ ਬ੍ਰਹਮ ਖੋਲ੍ਹ ਕੇ ਪੜਦਾ ਤਾਕ, ਦੂਈ ਦਵੈਤੀ ਡੇਰਾ ਢਾਹਿੰਦਾ । ਤੂੰ ਮੇਰਾ ਮੈਂ ਤੇਰਾ ਸਤਿ ਸਤਿਵਾਦੀ ਦੱਸ ਕੇ ਜਾਪ, ਸੁਤ ਨਾਦੀ ਆਪ ਬਣਾਇੰਦਾ । ਕੂੜੀ ਕਿਰਿਆ ਰਹੇ ਨਾ ਕੋਇ ਰੋਗ ਸੰਤਾਪ, ਜੂਠ ਝੂਠ ਨਾਤਾ ਮਾਤ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਜਨ ਭਗਤਾਂ ਅੰਤਰ ਆਤਮ ਦਰ ਦਰਵਾਜ਼ਾ ਦੇਵੇ ਖੋਲ੍ਹ, ਪੜਦਾ ਓਹਲਾ ਰਹਿਣ ਕੋਇ ਨਾ ਪਾਈਆ । ਬਿਨ ਅੱਖਰਾਂ ਸ਼ਬਦ ਅਗੰਮੀ ਦੱਸੇ ਬੋਲ, ਧੁਨ ਅਨਾਦੀ ਨਾਦ ਜਣਾਈਆ । ਨਿਰਗੁਣ ਹੋਕੇ ਵਸੇ ਕੋਲ, ਜੋਤੀ ਜੋਤ ਜੋਤ ਰੁਸ਼ਨਾਈਆ । ਪਰਮਾਤਮ ਹੋ ਕੇ ਜਾਵੇ ਮੌਲ, ਮੌਲਾ ਆਪਣੀ ਖੇਲ ਖਿਲਾਈਆ । ਪੂਰਬ ਜਨਮ ਦਾ ਲਹਿਣਾ ਦੇਣਾ ਲੇਖਾ ਪੂਰਾ ਕਰੇ ਕੌਲ, ਕੁਦਰਤ ਦਾ ਕ਼ਾਦਰ ਬੇਪਰਵਾਹੀਆ । ਜਨ ਭਗਤਾਂ ਮਾਣ ਵਡਿਆਈ ਦੇ ਕੇ ਉਪਰ ਧਰਨੀ ਧਰਤ ਧੌਲ, ਧਰਮ ਇਕੋ ਇਕ ਦਏ ਸਮਝਾਈਆ । ਜਿਸ ਨੂੰ ਸਮਝ ਨਾ ਸਕੇ ਵਿਦਿਆ ਵਾਲਾ ਕੋਈ ਪੰਡਤ ਪਾਂਧਾ ਰੌਲ, ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਸੁਹੇਲੇ ਘਰ ਠਾਂਡੇ ਲਏ ਮਿਲਾਈਆ । ਜਨ ਭਗਤ ਤੇਰਾ ਦਵਾਰਾ ਏਕ, ਦੂਜੀ ਟੇਕ ਨਾ ਕੋਇ ਰਖਾਈਆ । ਨਿਜ ਨੇਤਰ ਲੋਚਣ ਨੈਣ ਲੈਣਾ ਵੇਖ, ਗਿਆਨ ਅੱਖ ਇਕ ਖੁਲ੍ਹਾਈਆ । ਜਿਥੇ ਦੂਸਰ ਅਵਰ ਨਾ ਕੋਇ ਭੇਖ, ਏਕੰਕਾਰਾ ਇਕ ਅਕੱਲਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ ।

ਧੁਰ ਫ਼ਰਮਾਨ ਕਹੇ ਮੈਂ ਸੰਦੇਸ਼ਾ ਦੇਵਾਂ ਧੁਰ ਦਾ, ਜੁਗ ਚੌਕੜੀ ਲੋਕਮਾਤ ਸੇਵ ਕਮਾਈਆ । ਭਗਤਾਂ ਅੰਦਰ ਫੁਰਨਾ ਹੋ ਕੇ ਫੁਰਦਾ, ਫ਼ਰਮਾਬਰਦਾਰ ਹੋ ਕੇ ਸੇਵ ਕਮਾਈਆ । ਨਾਤਾ ਜੋੜਾਂ ਆਤਮ ਪਰਮਾਤਮ ਸ਼ਬਦ ਅਗੰਮੀ ਸੁਰ ਦਾ, ਸੁਰਤੀ ਸ਼ਬਦ ਨਾਲ ਮਿਲਾਈਆ । ਰਸ ਦੇਵਾਂ ਪਾਰਬ੍ਰਹਮ ਪਤਿਪਰਮੇਸ਼ਵਰ ਸਚ ਦਵਾਰੇ ਅਨੰਦਪੁਰ ਦਾ, ਪੁਰੀ ਅਨੰਦ ਇਕੋ ਦਿਆਂ ਵਖਾਈਆ । ਜਿਥੇ ਆਦਿ ਜੁਗਾਦਿ ਜੁਗ ਚੌਕੜੀ ਬੇੜਾ ਕਦੇ ਨਾ ਰੁੜ੍ਹਦਾ, ਵਿਛੋੜਾ ਰੂਪ ਨਾ ਕੋਇ ਬਦਲਾਈਆ । ਇਕੋ ਦਰਸ ਬਿਨ ਅੱਖਾਂ ਹੁੰਦਾ ਰਹੇ ਪ੍ਰਭੂ ਸਤਿਗੁਰ ਦਾ, ਜੋ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਆਪਣਾ ਨਾਉਂ ਜਣਾਈਆ । ਭੈ ਭਉ ਰਹੇ ਨਾ ਠੱਗ ਚੋਰ ਦਾ, ਕੂੜ ਕੁੜਿਆਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਈਆ । ਜਨ ਭਗਤ ਤੇਰਾ ਮੰਦਰ ਉਚ ਸੁਹੰਜਣਾ, ਸਚਖੰਡ ਇਕੋ ਨਜ਼ਰੀ ਆਈਆ । ਜਿਥੇ ਜਗੇ ਜੋਤ ਨਿਰੰਜਣਾ, ਦੀਆ ਬਾਤੀ ਲੋੜ ਰਹੇ ਨਾ ਰਾਈਆ । ਬਿਨ ਚਰਨ ਧੂੜੀ ਹੋਵੇ ਸਾਚਾ ਮਜਨਾ, ਦੁਰਮਤ ਮੈਲ ਨਾ ਕੋਇ ਰਖਾਈਆ । ਬਿਨ ਹੱਥਾਂ ਮਸਤਕ ਹੋਵੇ ਬੰਦਨਾ, ਸੀਸ ਜਗਦੀਸ ਝੁਕਾਈਆ । ਬਿਨ ਨਾਮ ਪਦਾਰਥ ਅਵਰ ਪਏ ਕੁਛ ਨਾ ਮੰਗਣਾ, ਵਸਤ ਅਮੋਲਕ ਝੋਲੀ ਦਏ ਭਰਾਈਆ । ਬਿਨ ਸੂਰਜ ਚੰਦ ਹੋਏ ਪਰਕਾਸ਼ ਧੁਰ ਦੇ ਚੰਦਨਾ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸੰਤ ਸਾਜਣ ਗੁਰਮੁਖ ਮੀਤ ਆਤਮ ਬ੍ਰਹਮ ਦੱਸ ਪ੍ਰੀਤ, ਸਤਿਜੁਗ ਬਖ਼ਸ਼ੇ ਧੁਰ ਦੀ ਰੀਤ, ਕਾਇਆ ਕਾਅਬਾ ਵਖਾਏ ਮੰਦਰ ਮਸੀਤ, ਅਸਲਾ ਮਸਲਾ ਜਨ ਭਗਤਾਂ ਹੱਲ ਕਰਾਈਆ । ਕਾਇਆ ਕਾਅਬਾ ਖੋਲ੍ਹ ਕੇ ਹੁਜਰਾ ਹੱਕ, ਹਕ਼ੀਕਤ ਦੇ ਦ੍ਰਿੜਾਈਆ । ਭਗਤ ਸੁਹੇਲੇ ਕਰ ਕੇ ਵੱਖ, ਵਾਸਤਾ ਇਕੋ ਨਾਲ ਕਰਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਦੋਏ ਲੋਚਣ ਨੈਣ ਦਏ ਵਖਾਈਆ । ਕਾਇਆ ਮਾਟੀ ਪਰਗਟਾ ਕੇ ਧੁਰ ਦਾ ਹੱਟ, ਨਾਮ ਅਮੋਲਕ ਦਏ ਵਰਤਾਈਆ । ਸ਼ਬਦੀ ਸ਼ਬਦ ਲਗਾ ਕੇ ਸੱਟ, ਸੋਈ ਸੁਰਤ ਅਕਾਲ ਮੂਰਤ ਤੁਰਤ ਦਏ ਉਠਾਈਆ । ਅੰਮਿਉਂ ਰਸ ਅੰਮ੍ਰਿਤ ਆਪਣਾ ਦੇ ਕੇ ਝੱਟ, ਝਟਕਾ ਕੂੜ ਕਿਰਿਆ ਕਰ ਵਖਾਈਆ । ਕਰ ਪਰਕਾਸ਼ ਜੋਤੀ ਨੂਰ ਲਟ ਲਟ, ਅੰਧ ਅੰਧੇਰਾ ਦਏ ਗਵਾਈਆ । ਕਿਰਪਾ ਕਰ ਪੁਰਖ ਸਮਰਥ, ਜਨ ਭਗਤਾਂ ਬਖ਼ਸ਼ੇ ਇਕ ਸਰਨਾਈਆ । ਏਥੇ ਓਥੇ ਦੋ ਜਹਾਨ ਰਹਿਣ ਨਾ ਦੇਵੇ ਵੱਖ, ਆਤਮ ਪਰਮਾਤਮ ਨਾਤਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਰਿਹਾ ਵਸ, ਸਤਿ ਸਤਿਵਾਦੀ ਸਤਿ ਸੰਦੇਸ਼ ਨਰ ਨਰੇਸ਼ ਜੁਗ ਚੌਕੜੀ ਨਿਤ ਨਵਿਤ ਲੋਕਮਾਤ ਮਾਰ ਝਾਤ ਲੱਖ ਚੁਰਾਸੀ ਘਟ ਭੀਤਰ ਮਾਨਵ ਮਾਨੁਖ ਮਾਨਸ ਆਪਣਾ ਹੁਕਮ ਵਰਤਾਈਆ ।

## ✪ ੨੪ ਫੱਗਣ ਸ਼ਹਿਨਸ਼ਾਹੀ ਸੰਮਤ ੧ ਜਸਵੰਤ ਸਿੰਘ ਦੇ ਗ੍ਰਿਹ ਰਾਜੇਆਣਾ ਜ਼ਿਲਾ ਫ਼ਿਰੋਜ਼ਪੁਰ ✪

ਜਸਵੰਤ ਤੇਰਾ ਸ਼ਬਦੀ ਧਾਰ ਜਸ, ਅਬਿਨਾਸ਼ੀ ਕਰਤਾ ਪੁਰਖ ਬਿਧਾਤਾ ਦਏ ਵਡਿਆਈਆ । ਸ੍ਰੀ ਭਗਵਾਨ ਅੰਤਰਜਾਮੀ ਸਾਹਿਬ ਸੁਲਤਾਨ ਕੀਤਾ ਵਸ, ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਨਿਰਵੈਰ ਨਜ਼ਰੀ ਆਈਆ । ਮਿਹਰਵਾਨ ਦਇਆਵਾਨ ਨਿਜ ਨੇਤਰ ਖੋਲ੍ਹੇ ਅੱਖ, ਪਰਤੱਖ ਨਜ਼ਰੀ

ਆਏ ਧੁਰ ਗੁਸਾਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਦੇਵੇ ਝੱਟ, ਅੰਮਿਉਂ ਰਸ ਆਪਣਾ ਆਪ ਬਰਸਾਈਆ । ਸ਼ਬਦ ਅਨਾਦੀ ਧੁਨ ਲਗਾਵੇ ਆਪਣੀ ਸੱਟ, ਸੋਈ ਸੁਰਤੀ ਮਾਤ ਉਠਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸਾਂਝਾ ਦੱਸ ਕੇ ਛੰਦ, ਸੰਸਾ ਰੋਗ ਦਏ ਗਵਾਈਆ । ਪਾਰਬ੍ਰਹਮ ਬ੍ਰਹਮ ਮਿਲਾ ਕੇ ਆਪਣਾ ਅਨੰਦ, ਨਿਜਾਨੰਦ ਕਰੇ ਰਸਾਈਆ । ਦੂਈ ਦਵੈਤੀ ਭਰਮ ਰਹੇ ਕੋਈ ਨਾ ਕੰਧ, ਸਾਚੀ ਮੰਜ਼ਲ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਸੁਹੇਲਾ ਇਕ ਇਕੇਲਾ ਏਕੰਕਾਰ ਆਪਣਾ ਪੜਦਾ ਦਏ ਉਠਾਈਆ । ਜਨ ਭਗਤ ਤੇਰਾ ਜਸ ਕਰਨ ਚਾਰ ਵੇਦ, ਸ਼ਾਸਤਰ ਸਿਮਰਤ ਦੇਣ ਗਵਾਹੀਆ । ਪੁਰਖ ਅਕਾਲ ਦੀਨ ਦਿਆਲ ਅੰਦਰ ਵੜ ਮੰਦਰ ਚੜ੍ਹ ਕਾਇਆ ਹਾਟੀ ਖੋਲ੍ਹੇ ਆਪਣਾ ਭੇਦ, ਕੂੜੀ ਮਾਟੀ ਪੜਦਾ ਰਹੇ ਨਾ ਰਾਈਆ । ਆਤਮ ਸੁਹਾਵੇ ਸੁਹੰਜਣੀ ਸੇਜ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਡੇਰਾ ਲਾਈਆ । ਜੋਤੀ ਜਲਵਾ ਅਗੰਮ ਅਥਾਹ ਬੇਪਰਵਾਹ ਨੂਰ ਨੁਰਾਨਾ ਦੇਵੇ ਤੇਜ, ਅੰਧ ਅੰਧੇਰਾ ਅੰਦਰੋਂ ਦਏ ਕਢਾਈਆ । ਜਿਸ ਕਾਰਨ ਲੋਕਮਾਤ ਜਨਮ ਦੇ ਕੇ ਦਿਤਾ ਭੇਜ, ਸੋ ਭਜਨ ਬੰਦਗੀ ਬਿਨ ਰਸਨਾ ਜਿਹਵਾ ਬੱਤੀ ਦੰਦ ਦਏ ਸਮਝਾਈਆ । ਬਿਨ ਅੱਖਾਂ ਸਾਹਿਬ ਸਤਿਗੁਰ ਹੋ ਕੇ ਲਏ ਵੇਖ, ਜਗਤ ਲੋਚਣ ਦੀ ਲੋੜ ਰਹੇ ਨਾ ਰਾਈਆ । ਜਨਮ ਜਨਮ ਦਾ ਕਰਮ ਕਰਮ ਦਾ ਬਦਲ ਦੇਵੇ ਲੇਖ, ਰੇਖਾ ਪਿਛਲੀ ਦਏ ਮਿਟਾਈਆ । ਆਤਮ ਪਰਮਾਤਮ ਕਰੇ ਸੱਚਾ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਨਜ਼ਰੀ ਆਵੇ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਹਰਿ ਭਗਤ ਤੇਰੀ ਸਿਫ਼ਤ ਸਲਾਹ, ਮਹਿੰਮਾ ਚਾਰ ਜੁਗ ਜਸ ਗਾਈਆ । ਤੇਰਾ ਏਕੰਕਾਰਾ ਇਕ ਮਲਾਹ, ਧੁਰਦਰਗਾਹੀ ਨਜ਼ਰੀ ਆਈਆ । ਜਿਸ ਦਾ ਨਿਤ ਨਵਿਤ ਜੁਗ ਚੌਕੜੀ ਸੱਚਾ ਨਾਂ, ਨਾਉਂ ਨਿਰੰਕਾਰਾ ਕਹਿ ਕੇ ਸਾਰੇ ਰਹੇ ਗਾਈਆ । ਸੋ ਸਾਹਿਬ ਸੁਹੇਲਾ ਜਨ ਭਗਤਾਂ ਬਣੇ ਪਿਤਾ ਮਾਂ, ਪੂਤ ਸਪੂਤੇ ਗੋਦ ਉਠਾਈਆ । ਹੰਸ ਬੁਧੀ ਬਣਾਏ ਕਾਂ, ਕਾਗ ਹੰਸ ਰੂਪ ਵਟਾਈਆ । ਮਹਿਬੂਬ ਮੁਹੱਬਤ ਵਿਚ ਦੇਵੇ ਸਿਰ ਠੰਡੀ ਛਾਂ, ਕਲਜੁਗ ਅਗਨੀ ਤਤ ਨਾ ਲਾਗੇ ਰਾਈਆ । ਸਾਚਾ ਮੰਦਰ ਮਹੱਲ ਅਟਲ ਘਰ ਠਾਕਰ ਦਏ ਵਖਾ, ਠੋਕਰ ਆਪਣਾ ਨਾਮ ਲਗਾਈਆ । ਆਵਣ ਜਾਵਣ ਲੱਖ ਚੁਰਾਸੀ ਜਮ ਕੀ ਫਾਸੀ ਦਏ ਤੁੜਾ, ਪਤਿਤ ਪਾਵਨ ਪਤਿਤ ਪੁਨੀਤ ਆਪਣੇ ਰੰਗ ਰੰਗਾਈਆ । ਅੰਮ੍ਰਿਤ ਮੇਘ ਨਿਝਰ ਝਿਰਨਾ ਬੂੰਦ ਸਵਾਂਤੀ ਬਖ਼ਸ਼ੇ ਸਾਵਣ, ਜਗਤ ਜਗ ਤ੍ਰਿਸ਼ਨਾ ਦਏ ਮਿਟਾਈਆ । ਮਨ ਹੰਕਾਰੀ ਕੂੜਾ ਮਾਰੇ ਰਾਵਣ, ਨਾਮ ਖੰਡਾ ਬ੍ਰਹਿਮੰਡਾਂ ਵਿਚ ਆਪਣਾ ਇਕ ਉਠਾਈਆ । ਸੰਤ ਸੁਹੇਲਾ ਹੋ ਕੇ ਪਕੜੇ ਦਾਮਨ, ਦਾਮਨਗੀਰ ਬੇਨਜ਼ੀਰ ਇਕੋ ਨਜ਼ਰੀ ਆਈਆ । ਏਥੇ ਓਥੇ ਦੋ ਜਹਾਨਾਂ ਨਿਰਗੁਣ ਨਿਰਗੁਣ ਹੋਵੇ ਜ਼ਾਮਨ, ਪੰਜਾਂ ਤੱਤਾਂ ਲੇਖਾ ਦਏ ਮੁਕਾਈਆ । ਜਨ ਭਗਤ ਇਕੋ ਰੰਗ ਰੰਗਾਏ ਭੇਵ ਨਾ ਜਾਣੇ ਸ਼ੱਤਰੀ ਸ਼ੂਦਰ ਵੈਸ਼ ਬ੍ਰਾਹਮਣ, ਬ੍ਰਹਮਵੇਤਾ ਬ੍ਰਹਮ ਨੇਤਾ ਪਾਰਬ੍ਰਹਮ ਬ੍ਰਹਮ ਇਕੋ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਹੇਲਾ ਸਤਿ ਸਤਿ ਇਕੋ ਇਕ ਦ੍ਰਿੜ੍ਹਾਈਆ । ਜਨ ਭਗਤ ਤੇਰੀ ਆਦਿ ਜੁਗਾਦਿ ਮਹਿੰਮਾ ਜਗ, ਚਾਰ ਕੁੰਟ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਤੇਰੀ ਵਸਿਆ ਉਪਰ ਸ਼ਾਹ ਰਗ, ਨੌਂ ਦਵਾਰੇ ਬੈਠਾ ਪੰਧ ਮੁਕਾਈਆ । ਬਿਨ ਮੱਕੇ ਕਾਅਬੇ ਕਰਾਏ ਸਾਚਾ ਹੱਜ, ਮੰਦਰ ਮਸੀਤ ਸ਼ਿਵਦਵਾਲੇ ਮੱਠ ਦੀ ਲੋੜ ਰਹੇ ਨਾ ਰਾਈਆ । ਘਰ ਸੱਜਣ ਸਵਾਮੀ ਮਿਲੇ ਭੱਜ, ਪੁਰਖ ਅਕਾਲਾ ਦੀਨ ਦਿਆਲਾ ਨਿਜ

ਨੇਤਰ ਲੋਚਣ ਨੈਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਧੁਰ ਦਾ ਦਰ, ਜਿਥੇ ਵਸੇ ਬੇਪਰਵਾਹੀਆ । ਜਨ ਭਗਤ ਤੇਰੀ ਮਹਿੰਮਾ ਜਗਤ ਅਥਾਹ, ਕ਼ਲਮ ਸ਼ਾਹੀ ਕਾਤਬ ਲਿਖਣ ਕੋਇ ਨਾ ਪਾਈਆ । ਤੇਰਾ ਮਾਲਕ ਬੇਪਰਵਾਹ, ਸਦ ਬੇਪਰਵਾਹੀ ਵਿਚ ਰਖਾਈਆ । ਇਕੋ ਦ੍ਰਿੜਾ ਕੇ ਆਪਣਾ ਨਾਂ, ਕੂੜੇ ਨਾਤੇ ਦਏ ਤੁੜਾਈਆ । ਸਚਖੰਡ ਦਵਾਰਾ ਏਕੰਕਾਰਾ ਦਰਗਹਿ ਸਾਚੀ ਵਖਾਵੇ ਅਗੰਮਾ ਥਾਂ, ਜਿਥੇ ਨਾ ਕੋਈ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਉਚ ਘਰ, ਜਿਸ ਘਰ ਦੀਆ ਬਾਤੀ ਕਮਲਾਪਾਤੀ ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਨ ਭਗਤ ਤੇਰਾ ਵੇਲਾ ਕਲਜੁਗ ਅੰਤ ਹੋਏ ਨਾ ਅਖ਼ੀਰ, ਆਖ਼ਰ ਦਏ ਸਮਝਾਈਆ । ਸ਼ਰਅ ਸ਼ਰਾਇਤੀ ਜਗਤ ਬੰਧਨ ਤੋੜ ਕੇ ਆਪ ਜ਼ੰਜੀਰ, ਇਕੋ ਰੰਗ ਦਏ ਰੰਗਾਈਆ । ਭਾਗ ਲਗਾ ਕੇ ਕਾਇਆ ਮਾਟੀ ਸਾਢੇ ਤਿੰਨ ਹੱਥ ਸਰੀਰ, ਸ਼ੀਰ ਧੁਰ ਦਾ ਅੰਮ੍ਰਿਤ ਦਏ ਪਿਆਈਆ । ਮਿਹਰਵਾਨ ਮੁਹੱਬਤ ਵਿਚ ਮਿਲ ਕੇ ਪੀਰਨ ਪੀਰ, ਪੈਗ਼ੰਬਰਾਂ ਦਾ ਮਾਲਕ ਸਾਲਸ ਹੋ ਕੇ ਸਮੁੰਦ ਸਾਗਰ ਪਾਰ ਕਰਾਈਆ । ਜਨਮ ਜਨਮ ਦੀ ਕਰਮ ਕਰਮ ਦੀ ਧਰਮ ਧਰਮ ਦੀ ਬਦਲ ਦੇਵੇ ਤਕ਼ਦੀਰ, ਵਰਨ ਵਰਨ ਦਾ ਬਰਨ ਬਰਨ ਦਾ ਲੇਖਾ ਦਏ ਮੁਕਾਈਆ । ਝਗੜਾ ਮੁਕਾ ਕੇ ਸ਼ਾਹ ਫ਼ਕੀਰ ਹਕੀਰ ਅਮੀਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਦਰ ਦਏ ਸੁਹਾਈਆ । ਨਾਮ ਭੰਡਾਰਾ ਵਸਤ ਅਮੋਲਕ ਕਾਇਆ ਗੋਲਕ ਦੇ ਕੇ ਧੁਰ ਦੀ ਜਾਗੀਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਬਿਨ ਅੱਖਾਂ ਨਿਰਗੁਣ ਜੋਤ ਨਜ਼ਰੀ ਆਏ ਬੇਨਜ਼ੀਰ, ਨੂਰ ਨੂਰ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਸਤਕ ਲੇਖਾ ਰਿਹਾ ਚੁਕਾਈਆ । ਜਨ ਭਗਤ ਤੇਰੀ ਮਹਿੰਮਾ ਅਕਥ, ਸਦੀ ਚੌਧਵੀਂ ਖ਼ੁਸ਼ੀ ਮਨਾਈਆ । ਮਿਲਿਆ ਮੇਲ ਪਰਮ ਪੁਰਖ ਸਮਰਥ, ਜਿਸ ਦੀ ਵੱਜਦੀ ਰਹੇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਭਵਿਖਤ ਗਏ ਦੱਸ, ਚਾਰ ਜੁਗ ਵੰਡ ਵੰਡਾਈਆ । ਨਿਰਗੁਣ ਤਕਦੇ ਰਹੇ ਖੋਲ੍ਹ ਅਗੰਮੀ ਅੱਖ, ਦੋ ਜਹਾਨਾਂ ਪਰੇ ਧਿਆਨ ਲਗਾਈਆ । ਜੋ ਪੁਰਖ ਅਕਾਲਾ ਦੀਨ ਦਿਆਲਾ ਵਸਣਹਾਰਾ ਘਟ ਘਟ, ਲੱਖ ਚੁਰਾਸੀ ਰਿਹਾ ਸਮਾਈਆ । ਸੋ ਆਪਣੀ ਧਾਰ ਏਕੰਕਾਰ ਨਿਰਗੁਣ ਹੋ ਕੇ ਆਇਆ ਨੱਠ, ਜੋਤੀ ਜਾਤਾ ਪੁਰਖ ਬਿਧਾਤਾ ਜਗਤ ਨੇਤਰ ਕਲਜੁਗ ਜੀਵ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਵਾਰਾ ਵੇਖ ਕੇ ਸਾਚਾ ਹੱਟ, ਬਣ ਹਟਵਾਣਾ ਫੇਰਾ ਪਾਈਆ । ਜਨ ਭਗਤ ਤੇਰੀ ਮਹਿੰਮਾ ਅਪਰ ਅਪਾਰ, ਅਪਰੰਪਰ ਸਵਾਮੀ ਦਏ ਵਡਿਆਈਆ । ਤੇਰਾ ਮੇਲ ਇਕ ਕਰਤਾਰ, ਦੂਜਾ ਰਿਸ਼ਤਾ ਨਾ ਕੋਇ ਵਖਾਈਆ । ਇਕੋ ਦਰਸ ਮੰਗੇ ਦੀਦਾਰ, ਦੂਜੀ ਓਟ ਨਾ ਕੋਇ ਤਕਾਈਆ । ਇਕੋ ਘਰ ਵਸੇ ਘਰਬਾਰ, ਸਚਖੰਡ ਸਾਚੇ ਵੱਜੇ ਵਧਾਈਆ । ਇਕੋ ਜੋਤ ਹੋਏ ਉਜਿਆਰ, ਨਿਰਗੁਣ ਨੂਰ ਰੁਸ਼ਨਾਈਆ । ਇਕੋ ਨਾਦ ਸ਼ਬਦ ਧੁਨਕਾਰ, ਢੋਲਕ ਛੈਣਾ ਨਾ ਕੋਇ ਖੜਕਾਈਆ । ਇਕੋ ਅੰਮ੍ਰਿਤ ਠੰਡਾ ਠਾਰ, ਅੱਠ ਸੱਠ ਤੀਰਥ ਲੱਭਣ ਕੋਇ ਨਾ ਜਾਈਆ । ਤੇਰਾ ਕਾਇਆ ਮੰਦਰ ਸੋਹਣਾ ਉਚ ਮਨਾਰ, ਘਰ ਵਿਚ ਘਰ ਮਿਲੇ ਬੇਪਰਵਾਹੀਆ । ਜਿਸ ਦੀ ਮੰਜ਼ਲ ਜਗਤ ਵਿਦਿਆ ਤੋਂ ਬਾਹਰ, ਚੌਦਾਂ ਲੋਕ ਚੌਦਾਂ ਤਬਕ ਸਿਫ਼ਤਾਂ ਵਿਚ ਸਾਲਾਹੀਆ । ਜਿਸ ਦਾ ਨਾਮ ਨਿਧਾਨ ਆਦਿ ਜੁਗਾਦਿ ਜੁਗ ਚੌਕੜੀ ਇਕ ਸਲੋਕ, ਗੁਰ ਅਵਤਾਰ ਪੈਗ਼ੰਬਰਾਂ ਕਰੇ ਪੜ੍ਹਾਈਆ । ਉਹ ਜਨਮ ਜਨਮ ਦੀ ਮੇਟੇ ਤੇਰੀ ਸੋਚ, ਬੁਧੀ ਸਮਝ ਦੀ ਲੋੜ ਰਹੇ ਨਾ ਰਾਈਆ । ਮਿਹਰਵਾਨ ਹੋ ਕੇ ਦਰਸ਼ਨ ਦੇਵੇ ਸਾਚੇ ਲੋਚ,

ਲੋਇਨ ਇਕੋ ਦਏ ਖੁਲ੍ਹਾਈਆ । ਰਾਤੀ ਸੁਤਿਆਂ ਦਿਨੇ ਜਾਗਦਿਆਂ ਆਪਣੇ ਪ੍ਰੇਮ ਦੀ ਅੰਤਰ ਆਤਮ ਪਰਮਾਤਮ ਦੇਵੇ ਮੌਜ, ਖ਼ੁਸ਼ੀ ਧੁਰ ਦੀ ਦਏ ਵਖਾਈਆ । ਦੂਜਾ ਕਰਨਾ ਪਏ ਕੋਈ ਨਾ ਜੋਗ, ਜਗਤ ਦੀ ਜੁਗਤੀ ਵਿਚੋਂ ਬਾਹਰ ਕਢਾਈਆ । ਆਵਣ ਜਾਵਣ ਲੱਖ ਚੁਰਾਸੀ ਮਾਤ ਗਰਭ ਦਾ ਕਟ ਕੇ ਰੋਗ, ਬੰਦਨਾ ਇਕੋ ਦਏ ਸਮਝਾਈਆ । ਧੁਰ ਮੇਲਾ ਸਚ ਦਵਾਰ ਕਰ ਸੰਜੋਗ, ਨਾਤਾ ਇਕੋ ਏਕੰਕਾਰ ਆਪਣੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਟ ਕੇ ਹਰਖ਼ ਸੋਗ, ਚਿੰਤਾ ਗ਼ਮ ਅੰਦਰੋਂ ਬਾਹਰ ਕਢਾਈਆ । ਜਨ ਭਗਤ ਤੇਰਾ ਦੇਵੇ ਨਾ ਕੋਈ ਸਚ ਸਬੂਤ, ਦੀਨ ਦੁਨੀ ਸਮਝ ਕੋਇ ਨਾ ਆਈਆ । ਤੇਰਾ ਅੱਖਾਂ ਤੋਂ ਓਹਲੇ ਮਹਿਬੂਬ, ਮੰਦਰਾਂ ਵਿਚੋਂ ਬਾਹਰ ਡੇਰਾ ਲਾਈਆ । ਮਹਿਲਾਂ ਤੋਂ ਦੂਰ ਜਿਸ ਦਾ ਅਰੂਜ, ਅਰਸ਼ ਤੋਂ ਉਤੇ ਸੋਭਾ ਪਾਈਆ । ਜਿਸ ਦੀ ਸਿਫ਼ਤਾਂ ਵਾਲੇ ਕੋਟਨ ਕੋਟ ਕਲਮੇ ਹਜ਼ਾਰਾ ਦਰੂਦ, ਹਜ਼ਰਤ ਕਰਨ ਪੜ੍ਹਾਈਆ । ਉਹ ਜਿਧਰ ਵੇਖੇ ਸਦਾ ਓਧਰ ਦਿਸੇ ਮੌਜੂਦ, ਘਟ ਘਟ ਵਿਚ ਰਿਹਾ ਸਮਾਈਆ । ਅੰਤਮ ਅੰਤ ਕਰ ਮਹਿਫ਼ੂਜ਼, ਜਨਮ ਮਰਨ ਤੋਂ ਲਏ ਛੁਡਾਈਆ । ਤੇਰਾ ਪ੍ਰੇਮ ਧੁਰ ਦਾ ਪਿਆਰ ਕਰ ਕ਼ਬੂਲ, ਕਾਮਲ ਮੁਰਸ਼ਦ ਦਇਆ ਕਮਾਈਆ । ਸਤਿਜੁਗ ਧਾਰ ਸਚ ਧਰਮ ਸਤਿ ਸਤਿਵਾਦ ਲਾ ਕੇ ਅਸੂਲ, ਅਸਲੀਅਤ ਦੋ ਜਹਾਨਾਂ ਦੇਣੀ ਵਖਾਈਆ । ਇਕੋ ਨਾਮ ਇਕੋ ਢੋਲਾ, ਇਕੋ ਗੀਤ ਇਕੋ ਸੋਹਲਾ, ਇਕੋ ਨਗ਼ਮਾ ਇਕੋ ਨਾਮ ਦੱਸਣਾ ਮਾਕੂਲ, ਜਿਸ ਨੂੰ ਦੀਨ ਦੁਨੀਦਾਰ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬਖ਼ਸ਼ਣਹਾਰਾ ਚਰਨ ਕਵਲ ਧੁਰ ਦੀ ਸਾਚੀ ਧੂਲ, ਧਰਮ ਦਵਾਰਾ ਇਕੋ ਦਏ ਵਖਾਈਆ ।



੪੦੯
੧੯

✪ ੨੪ ਫੱਗਣ ਸ਼ਹਿਨਸ਼ਾਹੀ ਸੰਮਤ ੧ ਸਾਧੂ ਸਿੰਘ, ਬਾਵਾ ਸਿੰਘ ਦੇ ਗ੍ਰਹਿ ਪਿੰਡ ਰੋਡੇ ਜ਼ਿਲਾ ਫ਼ਿਰੋਜ਼ਪੁਰ ✪

ਸਾਧੂ ਸਿੰਘ ਆਪਣੀ ਸਾਧ ਲੈਣੀ ਸਾਧ, ਸਦ ਭਾਵਨਾ ਇਕੋ ਦਏ ਦ੍ਰਿੜਾਈਆ । ਪੁਰਖ ਅਕਾਲ ਦੀਨ ਦਿਆਲ ਇਕੋ ਰਖਣਾ ਯਾਦ, ਯਾਦਦਾਸ਼ਤ ਪੂਰਬ ਜਨਮ ਦੀ ਦਏ ਕਰਾਈਆ । ਕੂੜੀ ਕਿਰਿਆ ਅੰਦਰੋਂ ਕੱਢੇ ਵਾਦ ਵਿਵਾਦ, ਵਿਖ ਰਹਿਣ ਕੋਇ ਨਾ ਪਾਈਆ । ਨਾਮ ਭੰਡਾਰਾ ਦੇਵੇ ਧੁਰ ਦੀ ਦਾਦ, ਵਸਤ ਅਮੋਲਕ ਆਪ ਵਰਤਾਈਆ । ਸ਼ਬਦ ਅਗੰਮੀ ਵਜਾ ਕੇ ਨਾਦ, ਬੋਧ ਅਗਾਧ ਕਰੇ ਸ਼ਨਵਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਸੁਣਾਏ ਰਾਗ, ਨਗ਼ਮਾ ਇਕੋ ਇਕ ਅਲਾਈਆ । ਝਗੜਾ ਮੁਕਾ ਕੇ ਜਗਤ ਜਾਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਕਲਜੁਗ ਕੂੜੀ ਰੈਣ ਮੇਟ ਅੰਧੇਰੀ ਰਾਤ, ਨੇਤਰ ਅੰਧ ਕਰੇ ਰੁਸ਼ਨਾਈਆ । ਸਾਚੇ ਮੰਦਰ ਲਾਵੇ ਭਾਗ, ਭਾਗ ਮਥੋਰ ਲਏ ਬਣਾਈਆ । ਧੁਰ ਦਾ ਦੀਆ ਜਾਗਾਵੇ ਚਰਾਗ਼, ਚਾਰੋਂ ਕੁੰਟ ਨਜ਼ਰੀ ਆਈਆ । ਲੇਖੇ ਲਾਵੇ ਦਿਵਸ ਆਜ, ਘੜੀ ਪਲ ਖ਼ੁਸ਼ੀ ਬਣਾਈਆ । ਨਾਮ ਬੇੜੇ ਚਾੜ੍ਹ ਜਹਾਜ਼, ਜਹਾਲਤ ਵਿਚੋਂ ਬਾਹਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਚਰਨ ਮਿਲੇ ਸਰਨਾਈਆ । ਸੱਚਾ ਸਾਧ ਮਿਲੇ ਸੰਤ, ਸਤਿ ਸਤਿਵਾਦੀ ਦਇਆ ਕਮਾਈਆ । ਘਰ ਠਾਕਰ ਸਵਾਮੀ ਮੇਲਾ ਹੋਵੇ ਕੰਤ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਕਾਇਆ ਚੋਲੀ ਚੜ੍ਹੇ ਰੰਗ ਬਸੰਤ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਗੜ੍ਹ ਰਹੇ ਨਾ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਲੋੜ

ਰਹੇ ਨਾ ਕਿਸੇ ਪੰਡਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ, ਇਕੋ ਇਕ ਸਮਝਾਈਆ । ਸਾਚਾ ਸੰਤ ਮਿਲੇ ਸਹਿਜ ਸਹਿਜ ਗੁਰ ਸਤਿ, ਸਤਿ ਸਤਿ ਸਤਿ ਵਿਚ ਸਮਾਈਆ । ਨਾਤਾ ਤੋੜ ਕੇ ਪੰਜ ਤਤ, ਤਤਵ ਇਕੋ ਇਕ ਦਰਸਾਈਆ । ਦੂਰ ਕਰਾ ਕੇ ਮਨ ਮਤ, ਬ੍ਰਹਮ ਮਤ ਦਏ ਜਣਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਪਰਤੱਖ ਮਿਲੇ ਗੁਸਾਈਆ । ਪੂਰਬ ਜਨਮ ਦਾ ਦੇਵੇ ਹੱਕ, ਹਕੀਕਤ ਵਿਚੋਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦੇ ਸਚ ਸਤਿ, ਸਤਿ ਆਪਣਾ ਰਾਹ ਵਖਾਈਆ । ਸਾਚੇ ਸਾਧ ਤੇਰਾ ਰਾਹ ਏਕ, ਏਕੰਕਾਰ ਦੇਵੇ ਵਡਿਆਈਆ । ਬਿਨ ਪੁਰਖ ਅਬਿਨਾਸ਼ੀ ਦੂਜੀ ਰਖਣੀ ਨਾ ਕੋਇ ਟੇਕ, ਟਿੱਕਾ ਮਸਤਕ ਧੁਰ ਦਾ ਦਏ ਛੁਹਾਈਆ । ਆਤਮ ਪਰਮਾਤਮ ਪਾਰਬ੍ਰਹਮ ਅੰਦਰ ਵੜ ਕੇ ਖੋਲ੍ਹੇ ਭੇਤ, ਭਾਂਡਾ ਭਰਮ ਭਉ ਭੰਨਾਈਆ । ਸਚ ਦਵਾਰਾ ਵਖਾਵੇ ਆਪਣਾ ਦੇਸ਼, ਜਿਥੇ ਵਸੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨਰ ਨਰੇਸ਼, ਨਰ ਨਰਾਇਣ ਧੁਰਦਰਗਾਹੀਆ । ਜਨ ਭਗਤ ਤੇਰੀ ਸਾਧਨਾ ਸਚ, ਸਤਿਗੁਰ ਮਿਲ ਕੇ ਮਿਲੇ ਵਡਿਆਈਆ । ਭਾਗ ਲੱਗੇ ਕਾਇਆ ਮਾਟੀ ਕਚ, ਕੂੜ ਕਪਟ ਅੰਦਰ ਰਹਿਣ ਨਾ ਪਾਈਆ । ਅੰਮ੍ਰਿਤ ਧਾਰ ਦੇਵੇ ਰਸ, ਨਿਝਰ ਝਿਰਨਾ ਆਪ ਝਿਰਾਈਆ । ਤੀਰ ਨਿਰਾਲਾ ਮਾਰੇ ਕਸ, ਬਜਰ ਕਪਾਟੀ ਪਾੜ ਵਖਾਈਆ । ਪੰਚ ਵਿਕਾਰਾ ਕਰੇ ਸਥ, ਸਿਰ ਸਕੇ ਨਾ ਕੋਇ ਉਠਾਈਆ । ਨਾਮ ਜੈਕਾਰਾ ਬੋਲ ਅਲੱਖ, ਅਲਖ ਨਿਰੰਜਣ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਰਖਣਹਾਰਾ ਦੇ ਕਰ ਹੱਥ, ਮਿਹਰ ਨਜ਼ਰ ਆਪ ਉਠਾਈਆ । ਜਨ ਭਗਤ ਤੇਰਾ ਸਹਾਰਾ ਇਕੋ ਓਟ, ਪੁਰਖ ਅਕਾਲ ਨਜ਼ਰੀ ਆਈਆ । ਤੇਰਾ ਮੇਲਾ ਨਿਰਗੁਣ ਜੋਤ, ਦੂਜੀ ਲੋੜ ਰਹੇ ਨਾ ਰਾਈਆ । ਤੇਰਾ ਮੁਕਾਮ ਧੁਰ ਦਾ ਕਿਲ੍ਹਾ ਕੋਟ, ਸਚਖੰਡ ਸਾਚਾ ਸੋਭਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਤੈਨੂੰ ਸਕੇ ਕੋਈ ਨਾ ਰੋਕ, ਗੁਰ ਅਵਤਾਰ ਪੈਗ਼ੰਬਰ ਮਿਲ ਕੇ ਖ਼ੁਸ਼ੀ ਮਨਾਈਆ । ਤੇਰਾ ਢੋਲਾ ਸੋਹਲਾ ਇਕੋ ਸਲੋਕ, ਸੋ ਪੁਰਖ ਨਿਰੰਜਣ ਆਪ ਸਮਝਾਈਆ । ਜਨਮ ਜਨਮ ਦੀ ਰਹੇ ਕੋਈ ਨਾ ਸੋਚ, ਸੋਚ ਸਮਝ ਵਿਚੋਂ ਬਾਹਰ ਲਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਵਾਰਾ ਏਕੰਕਾਰਾ ਬਖ਼ਸ਼ਣਹਾਰਾ ਧੁਰਦਰਗਾਹੀਆ । ਜਨ ਭਗਤ ਤੇਰਾ ਸਹਾਇਕ ਪੁਰਖ ਅਕਾਲ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਗੁਰਮੁਖ ਬਣਾਏ ਆਪਣੇ ਲਾਲ, ਆਪਣੀ ਗੋਦ ਉਠਾਈਆ । ਲੱਖ ਚੁਰਾਸੀ ਵਿਚੋਂ ਕਰੇ ਬਹਾਲ, ਜਮ ਕੀ ਫਾਸੀ ਦਏ ਤੁੜਾਈਆ । ਨੇੜ ਨਾ ਆਏ ਕਾਲ, ਮਹਾਂਕਾਲ ਬੈਠਾ ਸਿਰ ਨਿਵਾਈਆ । ਜੁਗ ਚੌਕੜੀ ਲੋਕਮਾਤ ਨਿਰਗੁਣ ਹੋ ਕੇ ਸਰਗੁਣ ਕਰੇ ਭਾਲ, ਗੁਰਮੁਖ ਵੇਖੇ ਥਾਉਂ ਥਾਈਂਆ । ਜੁਗ ਚੌਕੜੀ ਨਿਤ ਨਵਿਤ ਪਰਮ ਪੁਰਖ ਦੀ ਵੱਖਰੀ ਚਾਲ, ਜਗਤ ਵਿਦਿਆ ਸਮਝ ਕਿਸੇ ਨਾ ਆਈਆ । ਕਲਜੁਗ ਅੰਤਮ ਸਭ ਦੇ ਸਿਰ ਤੇ ਕੂੜਾ ਡੰਕਾ ਵੱਜੇ ਕਾਲ, ਚਾਰ ਕੁੰਟ ਨੌ ਖੰਡ ਸੱਤ ਦੀਪ ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਖਾਏ ਸਚ ਸਚ ਸਤਿ ਸੱਚੀ ਧਰਮਸਾਲ, ਕਾਇਆ ਮੰਦਰ ਅੰਦਰ ਪਰਮ ਪੁਰਖ ਪਰਮਾਤਮ ਬੈਠਾ ਡੇਰਾ ਲਾਈਆ । ਸਾਚੇ ਸੰਤ ਤੇਰਾ ਅਗੰਮਾ ਰੰਗ, ਜਗਤ ਲਲਾਰੀ ਰੰਗਣ ਕੋਇ ਨਾ ਪਾਈਆ । ਤੇਰਾ ਸਭ ਤੋਂ ਵੱਖਰਾ ਮਰਦੰਗ, ਢੋਲਕ ਛੈਣਾ ਸਮਝੇ ਕੋਇ ਨਾ ਰਾਈਆ । ਤੇਰਾ ਸਭ ਤੋਂ ਨਿਰਾਲਾ ਅਨੰਦ,


੪੧੦
੧੯

ਰਸਨਾ ਜਿਹਵਾ ਵਿਚ ਕਦੇ ਨਾ ਆਈਆ । ਤੇਰਾ ਉਚ ਮਹੱਲ ਅਟਲ ਸੁਹਾਵੇ ਪਲੰਘ, ਜਿਸ ਦਾ ਪਾਵਾ ਚੂਲ ਨਾ ਕਿਸੇ ਬਣਾਈਆ । ਜਿਥੇ ਮਿਲੇ ਸਾਹਿਬ ਸੂਰਾ ਸਰਬੰਗ, ਨਿਰਗੁਣ ਨਾਤਾ ਜੋੜੇ ਸਹਿਜ ਸੁਭਾਈਆ । ਸੁਰਤ ਸਵਾਣੀ ਮੁਕੇ ਪੰਧ, ਸ਼ਬਦ ਹਾਣੀ ਪੱਲੂ ਲਏ ਫੜਾਈਆ । ਦੋਹਾਂ ਮਿਲ ਕੇ ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਗਾਉਣਾ ਛੰਦ, ਸੰਸਾ ਰੋਗ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਦੀਨ ਦਿਆਲ ਬਣੇ ਜਨ ਭਗਤਾਂ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਵਰਤਾਈਆ । ਜਨ ਭਗਤ ਤੇਰਾ ਲੇਖਾ ਦਿਵਸ ਦਿਹਾੜਾ, ਫਲਗੁਣ ਰੁੱਤ ਮਿਲੇ ਵਡਿਆਈਆ । ਪੁਰਖ ਅਬਿਨਾਸ਼ੀ ਪਾਵਣਹਾਰਾ ਸਾਰਾ, ਘਟ ਭੀਤਰ ਖੋਜ ਖੁਜਾਈਆ । ਜਨਮ ਜਨਮ ਦਾ ਲੇਖਾ ਰਿਹਾ ਨਿਵਾਰਾ, ਨਵਿਰਤੀ ਪਰਕਿਰਤੀ ਪਰਮ ਪੁਰਖ ਆਪਣੇ ਅੰਦਰ ਲਏ ਛੁਪਾਈਆ । ਸਾਚਾ ਦੇ ਕੇ ਇਕ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਕੂੜੀ ਕਿਰਿਆ ਵਿਚੋਂ ਨਈਆ ਕਰੇ ਪਾਰਾ, ਸਈਆ ਹੋ ਕੇ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਅਗੰਮ ਅਥਾਹ ਬੇਪਰਵਾਹ ਬਿਨ ਅੱਖਰਾਂ ਤੋਂ ਨਾਮ ਭੰਡਾਰਾ, ਜਿਸ ਦੀ ਅੱਖਰ ਰਾਗਾਂ ਨਾਦਾਂ ਵਿਚ ਕਰਨ ਸਿਫ਼ਤ ਸਾਲਾਹੀਆ । ਜਨ ਭਗਤ ਤੇਰਾ ਨਾਮ ਸਦਾ ਨਿਰਅੱਖਰ, ਕ਼ਲਮ ਸ਼ਾਹੀ ਲਿਖ ਕੋਇ ਨਾ ਪਾਈਆ । ਜਿਸ ਨੂੰ ਕੋਟਾਂ ਵਿਚੋਂ ਸੰਤ ਫ਼ਕੀਰ ਜਾਣੇ ਫ਼ੱਕਰ, ਜੋ ਫ਼ਿਕਰਿਆਂ ਤੋਂ ਖਹਿੜਾ ਗਿਆ ਛੁਡਾਈਆ । ਉਹ ਲੱਖ ਚੁਰਾਸੀ ਆਵਣ ਜਾਵਣ ਤੋੜ ਕੇ ਚੱਕਰ, ਚਾਰ ਵਰਨ ਅਠਾਰਾਂ ਬਰਨ ਵਿਚੋਂ ਬਾਹਰ ਕਢਾਈਆ । ਚੋਟੀ ਚਾੜ੍ਹ ਕੇ ਧੁਰ ਦੀ ਸਿੱਖ਼ਰ, ਸਿਖਿਆ ਧੁਰ ਦੀ ਦਏ ਸਮਝਾਈਆ । ਜਨ ਭਗਤੋ ਪ੍ਰਭ ਨਾਲ ਮਿਲ ਕੇ ਦੂਜਾ ਰਹੇ ਕੋਇ ਨਾ ਫ਼ਿਕਰ, ਫ਼ਾਕਾ ਦਿਸੇ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਾਤਾ ਦਾਨੀ ਦਇਆ ਕਮਾਈਆ । ਜਨ ਭਗਤ ਵੇਖ ਆਪਣਾ ਹੱਕ ਮੁਕਾਮ, ਮਹਿਬੂਬ ਬੈਠਾ ਸੋਭਾ ਪਾਈਆ । ਜੋ ਸਭ ਤੋਂ ਵੱਖਰਾ ਰਾਮ, ਉਹ ਤੇਰਾ ਮਾਲਕ ਅਖਵਾਈਆ । ਜੋ ਲੱਖ ਚੁਰਾਸੀ ਕਾਹਨ, ਉਹ ਗੁਰਮੁਖ ਗੋਪੀ ਗੋਦ ਉਠਾਈਆ । ਜੋ ਪੈਗ਼ੰਬਰਾਂ ਦੇਵੇ ਪੈਗ਼ਾਮ, ਕਲਮਿਆਂ ਕਰੇ ਸ਼ਨਵਾਈਆ । ਜੋ ਗੁਰੂਆਂ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਜੋ ਭਗਤਾਂ ਦੱਸੇ ਪਰਨਾਮ, ਸੂਫ਼ੀਆਂ ਸਲਾਮ ਰਿਹਾ ਸਮਝਾਈਆ । ਉਸ ਦਾ ਤੁਹਾਡੇ ਅੰਦਰ ਕ਼ਿਆਮ, ਕ਼ਿਆਮਤ ਤੋਂ ਦਏ ਬਚਾਈਆ । ਗੁਰਮੁਖੋ ਤੁਹਾਡੀ ਜ਼ਿੰਦਗੀ ਹੋਣ ਨਾ ਦੇਵੇ ਬਦਨਾਮ, ਬਦੀਆਂ ਤੋਂ ਬਾਹਰ ਕਢਾਈਆ । ਸਤਿ ਧਰਮ ਦਾ ਗੁਰਮੁਖੋ ਤੁਹਾਡੇ ਦਰ ਝੁਲਾ ਕੇ ਨਿਸ਼ਾਨ, ਨਿਸ਼ਾਨਾ ਆਪਣਾ ਦਏ ਵਖਾਈਆ । ਜਿਥੇ ਮਿਲਣਾ ਹੋਵੇ ਆਸਾਨ, ਅਧਵਿਚਕਾਰ ਨਾ ਕੋਇ ਅਟਕਾਈਆ । ਰਾਏ ਧਰਮ ਦੇ ਹੋਣ ਨਾ ਦੇਵੇ ਗ਼ੁਲਾਮ, ਕੁੰਭੀ ਨਰਕ ਨਾ ਕੋਇ ਭਵਾਈਆ । ਜਨਮ ਜਨਮ ਦੇ ਤੁਹਾਡੇ ਮੇਟ ਦੇਵੇ ਲੱਗੇ ਇਲਜ਼ਾਮ, ਇਸਮ ਆਜ਼ਮ ਆਪਣਾ ਇਕ ਦਏ ਵਖਾਈਆ । ਸਚਖੰਡ ਦਵਾਰਾ ਏਕੰਕਾਰਾ ਦੇਵਣਹਾਰ ਆਰਾਮ, ਚਰਨ ਕਵਲ ਕਵਲ ਬਖ਼ਸ਼ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਦਰੋਂ ਮੇਟ ਕੇ ਅੰਧੇਰੀ ਸ਼ਾਮ, ਸਚ ਪਿਆ ਕੇ ਅੰਮ੍ਰਿਤ ਜਾਮ, ਜਮਾਂ ਤੋਂ ਪੱਲਾ ਦਏ ਛੁਡਾਈਆ ।

## ✪ ੨੪ ਫੱਗਣ ਸ਼ਹਿਨਸ਼ਾਹੀ ਸੰਮਤ ੧ ਸੁਦਾਗਰ ਸਿੰਘ ਦੇ ਗ੍ਰਿਹ ਪਿੰਡ ਨਾਥੇ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਨੀਲੀ ਧਾਰੋਂ ਪਰੇ ਆਇਆ ਮੁੜ ਕੇ, ਗੁਰਮੁਖ ਗੁਰਸਿਖ ਲਏ ਜਗਾਈਆ । ਸ਼ਬਦੀ ਧਾਰ ਜੋਤ ਨਾਲ ਜੁੜ ਕੇ, ਜੁਗ ਜੁਗ ਵਿਛੜੇ ਮੇਲ ਮਿਲਾਈਆ । ਕ਼ਦਮਾਂ ਨਾਲ ਨਹੀਂ ਮੁਕਾਇਆ ਪੈਂਡਾ ਤੁਰ ਕੇ, ਅਗੰਮੀ ਖੇਲ ਇਕ ਵਖਾਈਆ । ਭੇਵ ਖੁਲ੍ਹਾ ਕੇ ਪੂਰੇ ਸਤਿਗੁਰ ਦੇ, ਸੁੱਤੇ ਲਏ ਜਗਾਈਆ । ਭੈ ਰਹੇ ਨਾ ਠੱਗ ਚੋਰ ਦੇ, ਕੂੜੇ ਯਰਾਨੇ ਦਿਤੇ ਤੁੜਾਈਆ । ਝਗੜੇ ਮੁਕਾ ਕੇ ਅੰਧ ਘੋਰ ਦੇ, ਸਚ ਚੰਦ ਕੀਤੇ ਰੁਸ਼ਨਾਈਆ । ਲਹਿਣੇ ਦੇਣੇ ਮੁਕਾ ਕੇ ਤੋਰ ਮੋਰ ਦੇ, ਮੋਹ ਮੁਹੱਬਤ ਇਕੋ ਨਾਲ ਰਖਾਈਆ । ਜੋ ਗੁਰਮੁਖ ਦਰਸ਼ਨ ਧੁਰ ਦਾ ਲੋੜਦੇ, ਬਿਨ ਅੱਖਾਂ ਦਰ ਦਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੀਲੀ ਧਾਰੋਂ ਪਰੇ ਆਇਆ ਉਤਰ, ਉੱਤਰ ਦੱਖਣ ਪੂਰਬ ਪੱਛਮ ਆਪਣੀ ਕਰੇ ਰੁਸ਼ਨਾਈਆ । ਪੁਰਖ ਅਕਾਲ ਦਾ ਕਰ ਕੇ ਸ਼ੁਕਰ, ਸ਼ੁਕਰਾਨੇ ਵਿਚ ਖ਼ੁਸ਼ੀ ਮਨਾਈਆ । ਬੰਦਨਾ ਵਿਚ ਲੱਗਾ ਪੁਛਣ, ਆਸ ਇਕ ਵਧਾਈਆ । ਕਿਸ ਬਿਧ ਮੈਨੂੰ ਬਣਾਇਆ ਪੁਤਣ, ਪਿਤਾ ਪੂਤ ਦੇ ਸਮਝਾਈਆ । ਕਿਉਂ ਨਾ ਭਗਤਾਂ ਆਵੇਂ ਚੁੱਕਣ, ਜੋ ਤੇਰਾ ਰਾਹ ਤਕਾਈਆ । ਪੁਰਖ ਅਕਾਲ ਦੀਨ ਦਿਆਲ ਅੰਦਰੋਂ ਖੋਲ੍ਹਦੇ ਆਪਣੀ ਬੁੱਕਲ, ਕਿਉਂ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੀਲੀ ਧਾਰ ਤੋਂ ਪਰੇ ਗਿਆ ਆ, ਨਿਰਗੁਣ ਨਿਰਵੈਰ ਫੇਰਾ ਪਾਈਆ । ਗੁਰਮੁਖਾਂ ਪ੍ਰੇਮੀ ਪਿਆਰਿਆਂ ਬਣੇ ਮਲਾਹ, ਨਈਆ ਨੌਕਾ ਆਪਣੇ ਕੰਧ ਉਠਾਈਆ । ਇਬਾਦਤ ਵਿਚ ਸ਼ਹਾਦਤ ਗੁਰ ਅਵਤਾਰ ਦੇਣ ਭੁਗਤਾ, ਤਸਲੀਮ ਕਰ ਕੇ ਪੈਗ਼ੰਬਰ ਦੇਣ ਸੁਣਾਈਆ । ਜਨ ਭਗਤਾਂ ਸਿੱਧਾ ਦੱਸ ਕੇ ਮਾਰਗ ਰਾਹ, ਰਹਿਬਰ ਇਕੋ ਇਕ ਵਖਾਈਆ । ਜਿਸ ਦਾ ਲੇਖਾ ਜਾਣੇ ਕੋਈ ਨਾ, ਕਾਗਦ ਕ਼ਲਮ ਸ਼ਾਹ ਲੇਖਣੀ ਮਿਲੇ ਨਾ ਕੋਇ ਵਡਿਆਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਰੂਪ ਜੋਤ ਸਰੂਪ ਸ਼ਬਦੀ ਧਾਰ ਜਨ ਭਗਤਾਂ ਪਕੜੇ ਬਾਂਹ, ਬਿਨ ਹੱਥਾਂ ਆਪ ਉਠਾਈਆ । ਸਚ ਦਵਾਰਾ ਏਕੰਕਾਰਾ ਅਗੰਮੀ ਦੇ ਕੇ ਥਾਂ, ਕਵਲ ਚਰਨ ਬਖ਼ਸ਼ਣਹਾਰ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਨੀਲੀ ਧਾਰ ਤੋਂ ਪਰੇ ਆਇਆ ਚਲ ਕੇ, ਚਲਿਤ ਆਪਣੇ ਰਿਹਾ ਵਖਾਈਆ । ਜੋਤੀ ਜੋਤ ਆਇਆ ਬਲ ਕੇ, ਨੂਰੋ ਨੂਰ ਕਰੇ ਰੁਸ਼ਨਾਈਆ । ਜਨ ਭਗਤਾਂ ਅੰਦਰ ਸਿੰਘਾਸਣ ਮੱਲ ਕੇ, ਬੈਠਾ ਡੇਰਾ ਲਾਈਆ । ਆਤਮ ਪਰਮਾਤਮ ਰਲ ਕੇ, ਸੋਹਣਾ ਵਕਤ ਸੁਹਾਈਆ । ਲੋਕਮਾਤ ਪਹਿਲੋਂ ਘੱਲ ਕੇ, ਫੇਰ ਨਾਤਾ ਆਪਣੇ ਨਾਲ ਜੁੜਾਈਆ । ਲੱਖ ਚੁਰਾਸੀ ਸ੍ਰਿਸ਼ਟੀ ਦ੍ਰਿਸ਼ਟੀ ਛਲ ਕੇ, ਅਚਰਜ ਖੇਲ ਰਿਹਾ ਵਖਾਈਆ । ਸੁਹਾ ਕੇ ਦਵਾਰ ਦਵਾਰੇ ਵਾਲੇ ਬਲ ਦੇ, ਬਾਵਨ ਦਾ ਬਾਵਨ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਝਗੜੇ ਮੁਕਾ ਦੇਵੇ ਗੁਰਮੁਖਾਂ ਦੇ ਮਨ ਦੇ, ਮਮਤਾ ਵਿਚੋਂ ਬਾਹਰ ਕਢਾਈਆ । ਨੀਲੀ ਧਾਰ ਤੋਂ ਪਰੇ ਰਹਿਣ ਵਾਲਾ ਆ ਗਿਆ ਥੱਲੇ, ਜਲਾਂ ਥਲਾਂ ਵੇਖ ਵਖਾਈਆ । ਜਨ ਭਗਤੋ ਤੁਹਾਨੂੰ ਰਹਿਣ ਨਾ ਦੇਵੇ ਅਕੱਲੇ, ਇਕ ਇਕ ਹੋ ਕੇ ਇਕ ਇਕ ਨਜ਼ਰੀ ਆਈਆ । ਸਦਾ ਵਸੇ ਤੁਹਾਡੇ ਕਾਇਆ ਸਚ ਮਹੱਲੇ, ਮਹਵ ਮਹਿਰਾਬ ਮਹਿਬੂਬ ਇਕੋ ਇਕ ਸੁਹਾਈਆ । ਧਾਮ ਵਖਾ ਕੇ ਨਿਹਚਲ ਇਕ ਅਟਲੇ, ਅਟਲ ਪਦਵੀ ਦੇਵੇ ਮਾਣ ਵਡਿਆਈਆ । ਜਿਸ ਦੀ ਜੋਤ ਨਾਲ ਤੁਹਾਡੇ ਦੀਪਕ ਬਲੇ, ਉਹ ਘਰ ਘਰ ਕਰੇ ਰੁਸ਼ਨਾਈਆ ।



੪੧੨
੧੯

ਜਿਸ ਗੋਬਿੰਦ ਦੇ ਦਰਦਾਂ ਵਾਲੇ ਜ਼ਖ਼ਮ ਅੱਜੇ ਅੱਲੇ, ਉਹ ਆਲਮ ਦਾ ਮਾਲਕ ਹੋ ਕੇ ਆਪਣਾ ਫੇਰਾ ਪਾਈਆ । ਕੁਛ ਲਹਿਣਾ ਦੇਣਾ ਚੁਕਾਵੇ ਡੱਲੇ, ਧੁਰ ਦਾ ਲੇਖਾ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤੋ ਤੁਹਾਡਾ ਵਿਛੋੜਾ ਕਦੇ ਲਾ ਝੱਲੇ, ਝਲਕ ਆਪਣੀ ਦਏ ਵਖਾਈਆ । ਨੀਲੇ ਦੇ ਉਪਰ ਨੀਲੇ ਤੋਂ ਪਰੇ ਜਿਹੜਾ ਅਸਵਾਰ, ਸ਼ਾਹ ਸਵਾਰਾ ਫੇਰਾ ਪਾਈਆ । ਜਿਸ ਦਾ ਨਾਉਂ ਆਦਿ ਜੁਗਾਦੀ ਨਿਰੰਕਾਰ, ਨਿਰਗੁਣ ਹੋ ਕੇ ਖੇਲ ਖਿਲਾਈਆ । ਜਨ ਭਗਤ ਸੁਹੇਲੇ ਲਏ ਉਭਾਰ, ਲੱਖ ਚੁਰਾਸੀ ਵਿਚੋਂ ਵੇਖ ਵਖਾਈਆ । ਨਿਰਗੁਣ ਹੋ ਕੇ ਆਤਮ ਪਰਮਾਤਮ ਦੱਸੇ ਸਚ ਪਿਆਰ, ਪ੍ਰੀਤਮ ਪ੍ਰੀਤੀ ਆਪਣੀ ਦਏ ਸਮਝਾਈਆ । ਗੁਰਮੁਖੋ ਤੁਹਾਨੂੰ ਜਨਮ ਜਨਮ ਵਿਚ ਹੋਣ ਨਾ ਦੇਵੇ ਖ਼ੁਆਰ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਨਿਤ ਨਵਿਤ ਦਿੰਦਾ ਰਹੇ ਦਰਸ ਦੀਦਾਰ, ਦੀਦ ਈਦ ਚੰਦ ਕਰ ਰੁਸ਼ਨਾਈਆ । ਹੁਕਮੇਂ ਅੰਦਰ ਕਰਦਾ ਰਹੇ ਖ਼ਬਰਦਾਰ, ਸ਼ਬਦ ਸੰਦੇਸ਼ੇ ਨਾਲ ਜਗਾਈਆ । ਕਿਉਂ ਇਹ ਬਲ ਦਾ ਸੋਹਣਾ ਦਵਾਰ, ਬਾਵਨ ਹੋ ਕੇ ਪਤਿਤ ਪਾਵਨ ਵੇਸ ਵਟਾਈਆ । ਗੁਰਦਿਆਲ ਦਾ ਉਧਾਰ ਕੁਲ ਦਾ ਸੁਧਾਰ, ਭਗਤਾਂ ਦਾ ਸ਼ੰਗਾਰ, ਗੁਰਮੁਖਾਂ ਦਾ ਯਾਰ ਹੋ ਕੇ ਯਾਰਾਨਾ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਰਸ਼ ਦਾ ਮਾਲਕ ਫ਼ਰਸ਼ ਉਤੇ ਆਪਣਾ ਫ਼ਰਜ਼ ਰਿਹਾ ਨਿਭਾਈਆ । ਨੀਲੇ ਅੰਬਰ ਤੋਂ ਪਰੇ ਜਿਸ ਦਾ ਟਿਕਾਣਾ, ਧਰਨੀ ਧਰਤ ਧਵਲ ਵੇਖ ਵਖਾਈਆ । ਜਿਸ ਦਾ ਜੁਗ ਚੌਕੜੀ ਨਵੇਂ ਤੋਂ ਨਵਾਂ ਬਾਣਾ, ਨਿਰਗੁਣ ਸਰਗੁਣ ਫੇਰਾ ਪਾਈਆ । ਸ਼ਾਹੋ ਭੂਪ ਬਣ ਕੇ ਰਾਣਾ, ਹੁਕਮੀ ਹੁਕਮ ਸੁਣਾਈਆ । ਜਨ ਭਗਤੋ ਤੁਹਾਡਾ ਪ੍ਰਭੂ ਦੇ ਨਾਲ ਸਾਂਝਾ ਹੋ ਗਿਆ ਗਾਣਾ, ਗਾ ਗਾ ਇਕ ਦੂਜੇ ਦੀ ਖ਼ੁਸ਼ੀ ਵਿਚ ਸਮਾਈਆ । ਕਰਨੀ ਕਰਕੇ ਸਭ ਦਾ ਲਹਿਣਾ ਚੁਕਾਣਾ, ਪਿਛਲਾ ਲੇਖਾ ਝੋਲੀ ਪਾਈਆ । ਮਿਹਰ ਨਿਗਾਹ ਨਾਲ ਤੱਕੇ ਵਿਚ ਜਹਾਨਾ, ਚਾਰ ਕੁੰਟ ਖੋਜ ਖੁਜਾਈਆ । ਗੁਰਮੁਖੋ ਤੁਹਾਡੇ ਪ੍ਰੇਮ ਪਿਆਰ ਦਾ ਰਿਸ਼ਤਾ ਰਿਸ਼ੀਆਂ ਨਾਲੋਂ ਮਹਾਨਾ, ਜੁਗ ਚੌਕੜੀ ਰਖੀਸ਼ਰਾਂ ਜੋਗੀਸ਼ਰਾਂ ਤਪੀਸ਼ਰਾਂ ਮੁਨੀਸ਼ਰਾਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਹੋਏ ਮਿਹਰਵਾਨਾ, ਮਿਹਰ ਨਜ਼ਰ ਇਕ ਉਠਾਈਆ । ਨੀਲੇ ਵਾਲਾ ਕਹੇ ਮੈਂ ਕਲਜੁਗ ਅੰਤਮ ਕਰ ਦੇਣਾ ਨੀਲਾਮ, ਕੌਡੀ ਕ਼ੀਮਤ ਸਾਚੇ ਦਰ ਕੋਇ ਨਾ ਪਾਈਆ । ਭਗਤੋ ਤੁਹਾਨੂੰ ਰਹਿਣ ਨਹੀਂ ਦੇਣਾ ਗੁਲਾਮ, ਸ਼ਰਅ ਜ਼ੰਜੀਰ ਦੇਣੀ ਕਟਾਈਆ । ਕੂੜੀ ਕਿਰਿਆ ਵੜਨ ਨਹੀਂ ਦੇਣਾ ਵਿਚ ਦੁਕਾਨ, ਨਾਮ ਭੰਡਾਰਾ ਝੋਲੀ ਪਾਈਆ । ਤੁਸੀਂ ਜ਼ਿੰਦਗੀ ਵਿਚ ਇਨਸਾਨ ਅਗੇ ਮੇਰੇ ਮਹਿਮਾਨ, ਮੇਲਾ ਹੋਵੇ ਨਾਲ ਸ੍ਰੀ ਭਗਵਾਨ, ਸ਼ਾਹ ਸੁਲਤਾਨ ਆਪਣੇ ਘਰ ਬਹਾਈਆ । ਮੇਰੇ ਹੱਥ ਦੋ ਜਹਾਨ ਕਮਾਨ, ਹੁਕਮ ਦੇਵਾਂ ਫ਼ਰਮਾਨ, ਸ਼ਰਅ ਮੇਟਾਂ ਸ਼ੈਤਾਨ, ਗੁਰਮੁਖਾਂ ਲੱਭਾਂ ਆਣ, ਲੱਖ ਚੁਰਾਸੀ ਵੇਖ ਵਖਾਈਆ । ਸਚਖੰਡ ਦਵਾਰੇ ਕਰਾਂ ਪਰਵਾਨ, ਜਿਥੇ ਝੁਲਦਾ ਇਕ ਨਿਸ਼ਾਨ, ਖੇੜਾ ਵਸੇ ਭਗਤ ਭਗਵਾਨ, ਦੂਜਾ ਨਜ਼ਰ ਕਿਸੇ ਨਾ ਆਈਆ । ਜਨ ਭਗਤੋ ਕਿਉਂ ਤੁਸੀਂ ਹੋਏ ਹੈਰਾਨ, ਤੁਹਾਡਾ ਮਾਲਕ ਇਕੋ ਧੁਰ ਦਾ ਕਾਹਨ, ਜਿਸਨੂੰ ਕੋਟਨ ਕੋਟ, ਸਜਦੇ ਕਰਦੇ ਮੰਨ ਕੇ ਇਕ ਅਮਾਮ, ਡੰਡੌਤ ਬੰਦਨਾ ਵਿਚ ਰਾਮ ਬੈਠੇ ਸੀਸ ਝੁਕਾਈਆ । ਸੋ ਸੰਦੇਸ਼ਾ ਦੇਵਣ ਆਇਆ ਪੈਗ਼ਾਮ, ਉਠੋ ਜੋਧੇ ਸੂਰਬੀਰ ਨੌਜਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੀਲੀ ਧਾਰ ਤੋਂ ਪਰੇ ਆਪਣਾ ਮਾਰਗ ਦੱਸੇ ਆਸਾਨ, ਮੁਸ਼ਕਲ ਵਿਚੋਂ ਮੁਸ਼ਕਲ ਬਾਹਰ ਕਢਾਈਆ ।

✪ ੨੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਕਰਤਾਰ ਕੌਰ, ਬਲਜੀਤ ਕੌਰ ਦੇ ਨਵਿਤ ਪਿੰਡ ਨਾਥੇਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਜਨ ਭਗਤ ਕਦੇ ਨਾ ਮਰਦਾ, ਮੁਰਦਿਆਂ ਵਿਚੋਂ ਮੁਰੀਦ ਮੁਰਸ਼ਦ ਬਾਹਰ ਕਢਾਈਆ । ਮਾਨਸ ਜਨਮ ਲੱਖ ਚੁਰਾਸੀ ਤਰਨੀ ਬੈਤਰਨੀ ਤਰਦਾ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਮੇਲ ਮਿਲਾਵਾ ਹੋਵੇ ਅਗੰਮੀ ਧੁਰ ਦੇ ਹਰਿ ਦਾ, ਜੋ ਹਿਰਦੇ ਅੰਦਰ ਵਸ ਕੇ ਆਪਣਾ ਨਾਮ ਜਪਾਈਆ । ਭੈ ਭੌ ਚੁਕਾਵੇ ਅਗਲੇ ਪਿਛਲੇ ਡਰ ਦਾ, ਭਿਆਨਕ ਰਹਿਣ ਕੋਇ ਨਾ ਪਾਈਆ । ਇਸ਼ਨਾਨ ਕਰਾ ਕੇ ਅੰਮ੍ਰਿਤ ਸਰੋਵਰ ਸਾਚੇ ਸਰ ਦਾ, ਸੁਰਤੀ ਹੰਸ ਦਏ ਬਣਾਈਆ । ਪੜਦਾ ਓਹਲਾ ਲਾਹ ਕੇ ਧੁਰ ਧਾਮ ਸਾਚੇ ਘਰ ਦਾ, ਖਹਿੜਾ ਪਿਛਲਾ ਦਏ ਛੁਡਾਈਆ । ਆਤਮ ਪਰਮਾਤਮ ਹੋ ਕੇ ਵਰਦਾ, ਪੰਜਾਂ ਤੱਤਾਂ ਅਗਨੀ ਭੇਟ ਚੜ੍ਹਾਈਆ । ਜਨ ਭਗਤ ਪਰਮਾਤਮ ਮਿਲ ਕੇ ਇਕੋ ਢੋਲਾ ਪੜ੍ਹਦਾ, ਸੋਹੰ ਸੋਹਲਾ ਗਾਈਆ । ਦਰਸ਼ਨ ਕਰ ਨਰਾਇਣ ਨਰ ਦਾ, ਨਿਜ ਖ਼ੁਸ਼ੀਆਂ ਵਿਚ ਟਿਕਾਈਆ । ਮੰਜ਼ਲ ਅਗੰਮੀ ਚੜ੍ਹਦਾ, ਬਿਨ ਪੌੜੇ ਡੰਡੇ ਪੰਧ ਮੁਕਾਈਆ । ਸਚ ਦਵਾਰੇ ਖੜਦਾ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਦੇ ਨਾ ਹੋਵੇ ਮੁਰਦਾ, ਜੰਮਣ ਮਰਨ ਵਿਚ ਕਦੇ ਨਾ ਆਈਆ । ਨਾਤਾ ਜੁੜ ਗਿਆ ਪੁਰਖ ਅਕਾਲ ਪੂਰੇ ਸਤਿਗੁਰ ਦਾ, ਜੋ ਗੋਰ ਮੜ੍ਹੀ ਵਿਚੋਂ ਬਾਹਰ ਕਢਾਈਆ । ਜਿਸ ਦਾ ਨਾਮ ਫੁਰਨਾ ਮੰਤਰ ਅੰਦਰੇ ਅੰਦਰ ਫੁਰਦਾ, ਖ਼ੁਸ਼ੀਆਂ ਰੰਗ ਚੜ੍ਹਾਈਆ । ਉਹ ਜਨ ਭਗਤਾਂ ਲੇਖਾ ਮੁਕਾ ਕੇ ਕੂੜੇ ਲੋਕ ਦਾ, ਪਰਲੋਕ ਦਏ ਵਡਿਆਈਆ । ਜਨ ਭਗਤੋ ਇਹੋ ਮੁੱਲ ਪੈਂਦਾ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾਏ ਸਲੋਕ ਦਾ, ਜੋ ਸੁਲਹ ਨਾਲ ਗੁਰਮੁਖ ਆਪਣੇ ਘਰ ਰਖਾਈਆ । ਮੇਲ ਮਿਲਾਵਾ ਕਰ ਕੇ ਨਿਰਗੁਣ ਜੋਤ ਦਾ, ਜੋਤੀ ਜੋਤ ਵਿਚ ਸਮਾਈਆ । ਆਵਣ ਜਾਵਣ ਲੱਖ ਚੁਰਾਸੀ ਮਾਤ ਗਰਭ ਸੜਨਾ ਲੇਖਾ ਮੁਕ ਜਾਏ ਰੋਜ਼ ਦਾ, ਜੂਨ ਅਜੂਨ ਨਾ ਕੋਇ ਭਵਾਈਆ । ਜਨ ਭਗਤਾਂ ਕਾਰਨ ਸ੍ਰੀ ਭਗਵਾਨ ਆਪ ਸੋਚਦਾ, ਉਨ੍ਹਾਂ ਸੋਚਣ ਦੀ ਲੋੜ ਰਹੇ ਨਾ ਰਾਈਆ । ਜੋ ਮਾਨਸ ਜਨਮ ਵਿਚ ਇਕੋ ਆਸ ਲੋਚਦਾ, ਆਸ਼ਾ ਤ੍ਰਿਸ਼ਨਾ ਕੂੜ ਮਿਟਾਈਆ । ਉਸ ਦਾ ਖਹਿੜਾ ਛੁਟ ਜਾਵੇ ਮੁਕਤੀ ਮੋਖ ਦਾ, ਅਬਿਨਾਸ਼ੀ ਕਰਤਾ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਤੇਰਾ ਲਹਿਣਾ ਇਹੋ ਜਗ, ਜਗਜੀਵਣ ਦਾਤਾ ਦਏ ਜਣਾਈਆ । ਤਨ ਮਾਟੀ ਖ਼ਾਕੀ ਭੇਟ ਹੋਵੇ ਅਗਨੀ ਅੱਗ, ਆਤਮ ਪਰਮਾਤਮ ਆਪਣੇ ਵਿਚ ਸਮਾਈਆ । ਕੂੜ ਕੁਟੰਬ ਸਾਕ ਸੱਜਣ ਸੈਣ ਮਿੱਤਰ ਮਾਤ ਪਿਤ ਭਾਈ ਭੈਣ ਨਾਰ ਕੰਤ ਨਾਤੇ ਸਭ ਨੇ ਜਾਣੇ ਛੱਡ, ਸਗਲਾ ਸੰਗ ਨਾ ਕੋਇ ਰਖਾਈਆ । ਜਗ ਵੇਂਹਦਿਆਂ ਇਕ ਦੂਜੇ ਤੋਂ ਹੋ ਜਾਂਦੇ ਅੱਡ, ਬੰਧਨ ਬੰਨ੍ਹ ਨਾ ਕੋਇ ਵਖਾਈਆ । ਜਿਨ੍ਹਾਂ ਭਗਤਾਂ ਮਿਲਿਆ ਪੁਰਖ ਸਮਰਥ, ਦਾਤਾ ਦਾਨੀ ਧੁਰਦਰਗਾਹੀਆ । ਉਹ ਤਾਲੀ ਵਜਾਉਂਦੇ ਦੋ ਹੱਥ, ਖ਼ੁਸ਼ੀਆਂ ਵਾਲੇ ਢੋਲੇ ਗਾਈਆ । ਉਨ੍ਹਾਂ ਓਸ ਦਵਾਰੇ ਜਾਣਾ ਵਸ, ਜਿਥੇ ਵਸੇ ਬੇਪਰਵਾਹੀਆ । ਚਰਨ ਕਵਲ ਪਹੁੰਚਣਾ ਨੱਸ, ਸਚਖੰਡ ਸਾਚੇ ਵੱਜੇ ਵਧਾਈਆ । ਸਚ ਪ੍ਰੀਤ ਦਾ ਲੈਣਾ ਰਸ, ਪ੍ਰੀਤਮ ਧੁਰ ਦਾ ਝੋਲੀ ਪਾਈਆ । ਅਗੇ ਰਹਿਣਾ ਨਹੀਂ ਕਦੀ ਵੱਖ, ਵਿਛੋੜੇ ਵਿਚ ਨਾ ਕੋਇ ਜੁਦਾਈਆ । ਭਗਤ ਉਧਾਰਨੇ ਪ੍ਰਭ ਦਾ ਹੱਕ, ਹਕੀਕਤ ਰਿਹਾ ਸਮਝਾਈਆ । ਕਿਉਂ ਜਨ ਭਗਤ ਗਾਵੇ ਓਸ ਦਾ ਜਸ, ਦੂਜੀ ਓਟ ਨਾ ਕੋਇ ਰਖਾਈਆ । ਜੋ ਗੁਰਮੁਖ ਅੰਦਰ ਅੰਦਰ ਕਰਦੇ ਰਹਿਣ ਆਸ, ਧਿਆਨ ਧਿਆਨ ਵਿਚੋਂ

ਬਦਲਾਈਆ । ਉਨ੍ਹਾਂ ਦਾ ਲੇਖੇ ਲਾ ਕੇ ਪਵਣ ਸਵਾਸ, ਸਾਹਿਬ ਸਵਾਮੀ ਬਖ਼ਸ਼ੇ ਇਕ ਸਰਨਾਈਆ । ਝਗੜਾ ਮੁਕਾ ਕੇ ਪ੍ਰਿਥਮੀ ਆਕਾਸ਼, ਗਗਨ ਮੰਡਲ ਉਪਰ ਡੇਰਾ ਦਏ ਜਣਾਈਆ । ਜਿਥੇ ਨਿਰਗੁਣ ਜੋਤ ਪਰਕਾਸ਼, ਨੂਰ ਨੂਰ ਰੁਸ਼ਨਾਈਆ । ਪੁਰਖ ਅਕਾਲਾ ਦੀਨ ਦਿਆਲਾ ਸਰਬ ਸਵਾਮੀ ਅੰਤਰਜਾਮੀ ਦਿਸੇ ਮਾਈ ਬਾਪ, ਮਾਲਕ ਹੋ ਕੇ ਆਪਣੀ ਗੋਦ ਉਠਾਈਆ । ਜਨ ਭਗਤ ਨਾਤਾ ਛੱਡ ਤਤ ਸ਼ਰੀਰ, ਸ਼ਿਰਕਤ ਜਗਤ ਜਾਏ ਮੁਕਾਈਆ । ਮੰਜ਼ਲ ਚੜ੍ਹ ਚੋਟੀ ਅਖ਼ੀਰ, ਆਖ਼ਰ ਮਿਲੇ ਬੇਪਰਵਾਹੀਆ । ਜਿਸ ਦੀ ਨਜ਼ਰ ਨਾ ਆਵੇ ਤਸਵੀਰ, ਨੂਰੋ ਨੂਰ ਨੂਰ ਰੁਸ਼ਨਾਈਆ । ਸਚ ਦਵਾਰਾ ਲੰਘ ਦਹਿਲੀਜ਼, ਮੰਜ਼ਲ ਪਿਛਲੀ ਪੰਧ ਚੁਕਾਈਆ । ਪ੍ਰੇਮੀ ਪਿਆਰਾ ਬਣ ਅਜ਼ੀਜ਼, ਨਮਸਤੇ ਕਹਿ ਕੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਜਿਨ੍ਹਾਂ ਲੋਕਮਾਤ ਦਿਤੀ ਤਮੀਜ਼, ਤਾਮੀਰ ਆਪਣਾ ਆਪ ਗਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਚੋਲਾ ਬਦਲ ਦੇਵੇ ਕ਼ਮੀਜ਼, ਆਤਮ ਪਰਮਾਤਮ ਆਪਣੇ ਵਿਚ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰਖ ਤੌਫ਼ੀਕ, ਹਰਿਜਨ ਹਰਿਭਗਤ ਹਰਿ ਆਪਣੇ ਵਿਚ ਸਮਾਈਆ ।

### ✪ ੨੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਇੰਦਰ ਸਿੰਘ ਦੇ ਗ੍ਰਿਹ ਪਿੰਡ ਨਾਥੇਵਾਲਾ ਜ਼ਿਲਾ ਫ਼ਿਰੋਜ਼ਪੁਰ ✪



ਜਨ ਭਗਤ ਕਹੇ ਪ੍ਰਭ ਸਰਨ ਮਿਲੀ ਠੰਡੀ ਛਾਂ, ਸ਼ਾਮ ਅੰਧੇਰੀ ਰੈਣ ਰਹੀ ਨਾ ਰਾਈਆ । ਸ਼ਾਂਤੀ ਆਈ ਬਿਨ ਪਿਤਾ ਮਾਂ, ਗੋਦ ਸੁਹੰਜਣੀ ਵੱਜੀ ਵਧਾਈਆ । ਗਾ ਕੇ ਸੋਹਣਾ ਨਾਂ, ਨਾਮ ਆਪਣਾ ਲਿਆ ਪਰਗਟਾਈਆ । ਨਾਤਾ ਛੱਡ ਕੇ ਸੂਰ ਗਾਂ, ਗਹਿਰ ਗੰਭੀਰ ਮਿਲ ਕੇ ਖ਼ੁਸ਼ੀ ਮਨਾਈਆ । ਸਿਰਫ਼ ਕਰਨੀ ਪਈ ਹਾਂ ਵਿਚ ਹਾਂ, ਕਠਨ ਤਪਸਿਆ ਨਾ ਕੋਇ ਕਰਾਈਆ । ਭਗਤਾਂ ਮਿਲਣ ਨੂੰ ਜਿਸ ਦਾ ਚਾਅ, ਚਾਓ ਘਨੇਰਾ ਰਿਹਾ ਵਖਾਈਆ । ਤੂੰ ਛੱਡ ਕੇ ਥਲ ਅਸਗਾਹ, ਸਮੁੰਦ ਸਰੋਵਰ ਪਰੇ ਹਟਾਈਆ । ਗੁਰਮੁਖਾਂ ਪ੍ਰੇਮੀ ਪਿਆਰਿਆਂ ਦਾ ਤੱਕ ਕੇ ਰਾਹ, ਰਹਿਬਰ ਹੋ ਕੇ ਫੇਰਾ ਪਾਈਆ । ਆਤਮ ਪਰਮਾਤਮ ਕਰ ਕੇ ਜਾਏ ਸੁਲਹ, ਸੁਾਹਕੁਲ ਆਪਣੀ ਦਇਆ ਕਮਾਈਆ । ਭਾਗ ਲਗਾ ਕੇ ਜਾਏ ਜਨ ਭਗਤ ਸਾਚੇ ਕੁਲਾ, ਕੁਲਵੰਤ ਦਏ ਬਣਾਈਆ । ਜਿਨ੍ਹਾਂ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਾਇਆ ਨਾਲ ਬੁੱਲਾਂ, ਜਲ ਬੁਲਬੁਲੇ ਤਰੰਗ ਵਾਂਗ ਉਨ੍ਹਾਂ ਸਕੇ ਨਾ ਕੋਇ ਮਿਟਾਈਆ । ਗੁਰਮੁਖ ਲਾਲ ਅਮੋਲਕ ਹੀਰਾ ਲੋਕਮਾਤ ਕਦੇ ਨਾ ਰੁਲਾ, ਮਾਣਕ ਮੋਤੀ ਆਪਣੇ ਲਏ ਪਰਗਟਾਈਆ । ਜੋ ਚਰਨ ਪ੍ਰੀਤੀ ਸਾਚੀ ਘੋਲ ਘੁਲਾ, ਤਿਸ ਦੇਵੇ ਮਾਣ ਵਡਿਆਈਆ । ਦਇਆ ਕਮਾਵੇ ਜੋ ਦਰ ਤੇ ਆਵੇ ਭੁੱਲਾ, ਭੁੱਲਿਆਂ ਗਲੇ ਲਗਾਈਆ । ਪ੍ਰਭ ਦਾ ਬੂਟਾ ਕਦੇ ਨਾ ਹੁਲਾ, ਖ਼ਿਜ਼ਾਂ ਰੂਪ ਨਾ ਕੋਇ ਵਖਾਈਆ । ਸ੍ਰੀ ਭਗਵਾਨ ਦਾ ਸਦਾ ਦਵਾਰਾ ਖੁਲ੍ਹਾ, ਪਾਪੀ ਅਪਰਾਧੀ ਦੁਸ਼ਟ ਦੁਰਾਚਾਰੀ ਹੰਕਾਰੀ ਵਿਕਾਰੀ ਦਰ ਆਏ ਚਰਨ ਲਗਾਏ ਮਿਹਰ ਨਜ਼ਰ ਨਾਲ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨ ਭਗਤ ਕਹੇ ਮੈਂ ਕਦੇ ਨਾ ਮੋਇਆ, ਮਰਜੀਵਤ ਰੂਪ ਵਟਾਈਆ । ਮੈਂ ਪ੍ਰਭ ਦੀ ਗੋਦੀ ਸੋਇਆ ਜਿਥੋਂ ਸਕੇ ਨਾ ਕੋਇ ਉਠਾਈਆ । ਨਿਰਗੁਣ ਜੋਤ ਨਿਰਗੁਣ ਰੂਪ ਹੋਇਆ, ਨਿਰਗੁਣ ਨਿਰਗੁਣ ਵਿਚ ਸਮਾਈਆ । ਭਗਤ ਭਗਵਾਨ ਦਾ ਭੇਵ ਨਾ ਜਾਣੇ ਕੋਇਆ,

ਕੂਕ ਪੁਕਾਰ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਕੇ ਨਿਝਰ ਧਾਰ ਅੰਮ੍ਰਿਤ ਚੋਇਆ, ਚੌਹ ਜੁਗਾਂ ਦਾ ਲੇਖਾ ਦਿਤਾ ਮੁਕਾਈਆ । ਜਨ ਭਗਤ ਕਹੇ ਮੈਂ ਕਰਤਾ ਲੱਭਾ, ਲਭਾਂ ਦੇ ਅੰਦਰ ਵੇਖ ਵਖਾਈਆ । ਜਿਸ ਨੂੰ ਮਿਲ ਕੇ ਕਦੇ ਕਹਿਣਾ ਨਾ ਪਏ ਹਾਏ ਰੱਬਾ, ਬਹੁੜੀ ਬਹੁੜੀ ਢੋਲਾ ਨਾ ਕੋਇ ਜਣਾਈਆ । ਮਾਲਕ ਹੋ ਕੇ ਮਿਲ ਗਿਆ ਪਰਮਾਤਮ ਇਕੋ ਅੱਬਾ, ਜੋ ਅਦਬ ਨਾਲ ਆਪਣੇ ਘਰ ਬਹਾਈਆ । ਜਨ ਭਗਤਾਂ ਕਦੇ ਨਾ ਦੇਵੇ ਦਗ਼ਾ, ਦਾਅਵੇਦਾਰ ਆਪਣੇ ਦਏ ਵਖਾਈਆ । ਗੁਰਮੁਖਾਂ ਨਾਲ ਵਧਾਵੇ ਪ੍ਰਭੂ ਆਪਣਾ ਅੱਗਾ, ਲੋਕਮਾਤ ਕਰੇ ਵਡਿਆਈਆ । ਭਾਗ ਲਗਾ ਕੇ ਕਾਇਆ ਮਾਟੀ ਹੱਡਾ, ਨਾੜੀ ਨਾੜੀ ਸੋਭਾ ਪਾਈਆ । ਸਤਿ ਨਿਸ਼ਾਨਾ ਸਤਿ ਸਰੂਪੀ ਅੰਦਰ ਗੱਡਾ, ਗਾਇਡ ਹੋ ਕੇ ਵਾਹਿਦ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਲੇਖਾ ਸਭ ਦਾ ਛੱਡਾ, ਹਰਿਜਨ ਸਾਚੇ ਮੇਲ ਮਿਲਾਈਆ । ਜਨ ਭਗਤ ਕਹੇ ਮੈਂ ਕੀ ਜਾਣਾਂ ਪ੍ਰਭੂ ਦੀ ਸਿਫ਼ਤ, ਸਿਫ਼ਤਾਂ ਵਿਚ ਨਾ ਕੋਇ ਵਡਿਆਈਆ । ਮੈਂ ਪ੍ਰੇਮ ਪਿਆਰ ਅੰਦਰ ਹੋਇਆ ਗ੍ਰਿਫ਼ਤ, ਬਿਨਾ ਗ੍ਰਿਫ਼ਤਾਰੀ ਆਪਣਾ ਆਪ ਹਵਾਲੇ ਦਿਤਾ ਕਰਾਈਆ । ਮੇਰਾ ਇਕੋ ਬਣ ਗਿਆ ਇਸ਼ਟ, ਇਕੋ ਏਕ ਏਕੰਕਾਰਾ ਨਜ਼ਰੀ ਆਈਆ । ਮੈਨੂੰ ਝੂਠੀ ਦਿਸੀ ਸ੍ਰਿਸ਼ਟ, ਨਾਤਾ ਕੂੜ ਤੁੜਾਈਆ । ਝਗੜਾ ਮੁਕਾਇਆ ਸਵਰਗ ਬਹਿਸ਼ਤ, ਬਹਿਸ ਕਰਨ ਦੀ ਲੋੜ ਰਹੀ ਨਾ ਰਾਈਆ । ਮੇਰੀ ਪ੍ਰੀਤ ਲੱਗੀ ਬਾਹਰ ਹਕ਼ੀਕ਼ੀ ਮਜ਼ਾਜੀ ਇਸ਼ਕ, ਮਜ਼ਾਜੀ ਹਕ਼ੀਕ਼ੀ ਇਸ਼ਕ ਜਿਸ ਦਾ ਬਾਹਰ ਰੰਗ ਰਹੇ ਵਖਾਈਆ । ਜਿਸ ਦੇ ਬਿਰਹੋਂ ਵੈਰਾਗ ਅੰਦਰ ਜੁਗ ਚੌਕੜੀ ਆਤਮਾ ਰਹੀ ਸਿਸਕ, ਹੌਕਿਆਂ ਵਿਚ ਧਿਆਨ ਲਗਾਈਆ । ਉਹ ਖੋਲ੍ਹ ਕੇ ਅੰਦਰੋਂ ਦ੍ਰਿਸ਼ਟ, ਦਿਬ ਨੇਤਰ ਕਰੇ ਰੁਸ਼ਨਾਈਆ । ਆਦਿ ਜੁਗਾਦਿ ਦੀ ਜਿਸ ਦੇ ਕੋਲ ਫ਼ਰਿਸਤ, ਉਹ ਗੁਰਮੁਖ ਚੁਣ ਚੁਣ ਰਿਹਾ ਉਠਾਈਆ । ਜਿਹੜੇ ਜਗਤ ਵਾਸਨਾ ਕਰ ਕੇ ਬਿਨ ਪ੍ਰਭ ਦੀ ਕਿਰਪਾ ਗਏ ਖ਼ਿਸਕ, ਪੱਲੂ ਜਗਤ ਵਾਲਾ ਕਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਹੁਕਮ ਇਕ ਸੁਣਾਈਆ । ਜਨ ਭਗਤ ਤੇਰਾ ਵਕ਼ਤ ਵਿਚੋਂ ਵਕ਼ਤ, ਵਿਅਕਤੀਆਂ ਦਏ ਵਡਿਆਈਆ । ਲਹਿਣਾ ਦੇਣਾ ਉਪਰ ਜਗਤ, ਜੁਗਤੀਆਂ ਵਿਚੋਂ ਕਢਾਈਆ । ਨਾਮ ਖ਼ੁਮਾਰੀ ਦੇ ਕੇ ਸ਼ਕਤ, ਸ਼ੱਕਾਂ ਸਹਿੰਸਿਆਂ ਦੇ ਰੋਗ ਦਏ ਗਵਾਈਆ । ਜਨਮ ਜਨਮ ਦੀ ਪੂਰੀ ਕਰ ਕੇ ਸ਼ਰਤ, ਸ਼ਰੀਅਤ ਆਪਣੀ ਦਏ ਦ੍ਰਿੜ੍ਹਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਰਹਿਣ ਨਾ ਦੇਵੇ ਫ਼ਰਕ਼, ਫ਼ਿਰਕੇਦਾਰੀ ਅੰਦਰੋਂ ਬਾਹਰ ਕਢਾਈਆ । ਰਹਿਮਤ ਵਿਚ ਆ ਕੇ ਮੁਹੱਬਤ ਵਿਚ ਕਰੇ ਤਰਸ, ਸਹਿਮਤ ਹੋ ਕੇ ਆਪਣਾ ਦਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਰਸ਼ ਦਾ ਮਾਲਕ ਉਤੇ ਆ ਕੇ ਫ਼ਰਸ਼, ਫ਼ੈਸਲਾ ਹੱਕ ਹੱਕ ਸੁਣਾਈਆ ।



### ✪ ੨੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਮਹਿੰਦਰ ਸਿੰਘ ਦੇ ਗ੍ਰਹਿ ਪਿੰਡ ਨਾਥੇਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਸ੍ਰੀ ਭਗਵਾਨ ਕਹੇ ਜਨ ਭਗਤ ਤੇਰੇ ਉਤੇ ਹੋਏ ਭਰਵਾਸਾ, ਭਰਮਾਂ ਵਾਲਾ ਭਾਵ ਰਹੇ ਨਾ ਰਾਈਆ । ਜੁਗ ਚੌਕੜੀ ਗੁਰ ਅਵਤਾਰਾਂ ਪੈਗ਼ੰਬਰਾਂ ਦੀ ਪੂਰੀ ਕਰਨੀ ਆਸਾ, ਆਸਾਵੰਦ ਸਚਖੰਡ ਦਵਾਰ ਬੈਠੇ ਧਿਆਨ ਲਗਾਈਆ । ਖ਼ੁਸ਼ੀਆਂ ਵਿਚ ਗੀਤ ਗਾ ਕੇ ਸਚਖੰਡ ਦਵਾਰੇ ਕਰਨ ਹਾਸਾ,

ਹਸਤੀ ਵੇਖ ਬੇਪਰਵਾਹੀਆ । ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਮਾਨਸ ਜਨਮ ਕਰ ਰਹਿਰਾਸਾ, ਰਸਤਾ ਆਪਣਾ ਇਕ ਦ੍ਰਿੜਾਈਆ । ਨਿਰਗੁਣ ਨੂਰ ਕਰ ਪਰਕਾਸ਼ਾ, ਪਰਕਾਸ਼ਵਾਨ ਤੇਰੀ ਬੇਪਰਵਾਹੀਆ । ਦਰਸ਼ਨ ਦੀਦਾਰ ਦੇ ਸਾਖਿਆਤਾ, ਹਾਜ਼ਰ ਹੋ ਕੇ ਪੜਦਾ ਦਏ ਉਠਾਈਆ । ਜਿਨ੍ਹਾਂ ਗੁਰਮੁਖਾਂ ਮੰਨਿਆਂ ਤੇਰਾ ਆਖਾ, ਆਖ਼ਰ ਮੰਜ਼ਲ ਦੇ ਚੜ੍ਹਾਈਆ । ਮਾਨਸ ਜਨਮ ਰਹੇ ਕੋਇ ਨਾ ਘਾਟਾ, ਖ਼ਾਲੀ ਭੰਡਾਰੇ ਦੇ ਭਰਾਈਆ । ਤੇਰੇ ਵਿਹਾਰ ਅੰਦਰ ਜਿਹੜਾ ਲੱਗਿਆ ਆਟਾ, ਅੰਨ ਮਨ ਕਰੇ ਸਫ਼ਾਈਆ । ਸੇਜ ਸੁਹੰਜਣੀ ਸੁਹਾ ਖਾਟਾ, ਖਟੀਆ ਆਤਮ ਸੋਭਾ ਪਾਈਆ । ਜਿਸ ਕਾਰਨ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਧਾਰ ਕਟੇ ਵਾਟਾ, ਪਾਂਧੀ ਹੋ ਕੇ ਫੇਰਾ ਪਾਈਆ । ਸਤਿ ਸਚ ਦੇ ਕੇ ਜਾ ਦਾਤਾ, ਦਾਤਾਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਚੁਕਾ ਕੇ ਜਾਹ ਸਾਚਾ, ਸਤਿ ਸਚ ਆਪਣਾ ਆਪ ਸਮਝਾਈਆ । ਜਨ ਭਗਤ ਕਹੇ ਮੇਰਾ ਅੰਤਰ ਭੇਵ, ਅਭੇਦ ਦੇ ਖੁਲ੍ਹਾਈਆ । ਤੂੰ ਮਾਲਕ ਧੁਰ ਦਾ ਦੇਵੀ ਦੇਵ, ਦੀਵਾ ਬਾਤੀ ਕਰ ਰੁਸ਼ਨਾਈਆ । ਝਗੜਾ ਚੁਕਾ ਰਸਨਾ ਜਿਹਵ, ਅੰਤਰ ਮੰਤਰ ਦੇ ਚਲਾਈਆ । ਧਾਮ ਵਖਾ ਇਕ ਨਿਹਕੇਵ, ਨਿਹਚਲ ਅਸਥਲ ਨਜ਼ਰੀ ਆਈਆ । ਸਦਾ ਸਦਾ ਤੇਰੀ ਕਰਦੇ ਰਹੀਏ ਸੇਵ, ਸੇਵਾ ਵਿਚ ਮਿਲੇ ਵਡਿਆਈਆ । ਨਾਮ ਪਦਾਰਥ ਦੇ ਮੇਵ, ਰਸਨਾ ਤ੍ਰਿਸ਼ਨਾ ਕੂੜੀ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਿਰ ਆਪਣਾ ਹੱਥ ਰਖਾਈਆ । ਜਨ ਭਗਤ ਕਹੇ ਪ੍ਰਭ ਦੇਵੀਂ ਕਲਜੁਗ ਅੰਤ ਨਿਸ਼ਾਨੀ, ਨਿਸ਼ਾਨਾ ਅਗਲਾ ਪਿਛਲਾ ਦੇਣਾ ਚੁਕਾਈਆ । ਜਨ ਭਗਤ ਕਹੇ ਸਾਡੀ ਲੇਖੇ ਲੱਗੇ ਵਰਜੀ ਤੇਰੀ ਮਹਿਮਾਨੀ, ਮਿਹਰਵਾਨ ਹੋ ਕੇ ਦਇਆ ਕਮਾਈਆ । ਤੂੰ ਗਹਿਰ ਗੰਭੀਰ ਬੇਨਜ਼ੀਰ ਗੁਣਵੰਤ ਗੁਣਦਾਨੀ, ਦਰਦਮੰਦ ਅਖਵਾਈਆ । ਸਭ ਦੀ ਮੁਸ਼ਕਲ ਕਰ ਆਸਾਨੀ, ਅਸਲ ਆਪਣਾ ਰੰਗ ਚੜ੍ਹਾਈਆ । ਲੋਕਮਾਤ ਜੂਹ ਦਿਸੇ ਬੇਗਾਨੀ, ਸਚਖੰਡ ਦਵਾਰਾ ਇਕੋ ਦੇ ਦਰਸਾਈਆ । ਜਿਥੇ ਹੋਵੇ ਨਾ ਕੋਇ ਹੈਰਾਨੀ, ਪਰੇਸ਼ਾਨੀ ਨਾ ਕੋਇ ਤੜਫਾਈਆ । ਜਿਸ ਘਰ ਵਸਿਆ ਸੁਤ ਭਾਨੀ, ਅਰਜਨ ਬੈਠਾ ਡੇਰਾ ਲਾਈਆ । ਗੋਬਿੰਦ ਮਾਰੇ ਤੀਰ ਦੀ ਕਾਨੀ, ਚਿੱਲਾ ਸ਼ਬਦੀ ਇਕ ਵਖਾਈਆ । ਪੁਰਖ ਅਕਾਲ ਦੀਨ ਦਿਆਲ ਜਿਥੇ ਤੇਰੇ ਨਾਮ ਦੀ ਹੋਵੇ ਨਾ ਬਦਨਾਮੀ, ਉਹ ਦਵਾਰਾ ਦੇਣਾ ਵਖਾਈਆ । ਲੋੜ ਰਹੇ ਨਾ ਸੂਰਜ ਚੰਦ ਭਾਨੀ, ਨਿਰਗੁਣ ਜੋਤ ਹੋਵੇ ਰੁਸ਼ਨਾਈਆ । ਭੱਜਣਾ ਪਏ ਨਾ ਜੰਗਲ ਵਿਚ ਮੈਦਾਨੀ, ਘਰ ਮਹਿਬੂਬ ਨਜ਼ਰੀ ਆਈਆ । ਮੰਜ਼ਲ ਅਵਰ ਨਾ ਰਹੇ ਰੁਹਾਨੀ, ਰੂਹ ਬੁਤ ਦੋਹਾਂ ਕਰ ਸਫ਼ਾਈਆ । ਤੈਨੂੰ ਈਸਾ ਮੂਸਾ ਮੁਹੰਮਦ ਮੰਨਿਆਂ ਮਾਲਕ ਉਤੇ ਅਸਮਾਨੀ, ਆਸਮਾਂ ਤੇਰੇ ਕ਼ਦਮਾਂ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਣਾ ਇਕ ਘਰ, ਜਿਸ ਘਰ ਬਹਿ ਖ਼ੁਸ਼ੀ ਮਨਾਈਆ । ਜਨ ਭਗਤ ਕਹੇ ਪ੍ਰਭ ਆਪਣਾ ਗ੍ਰਿਹ ਦੱਸ, ਦਿਸ਼ਾ ਦਿਸ਼ਾ ਨਾ ਕੋਇ ਭਵਾਈਆ । ਮੁਹੱਬਤ ਵਿਚ ਮਿਲ ਕੇ ਪਈਏ ਹੱਸ, ਵਿਕਾਰ ਵਿਸ਼ਾ ਰਹੇ ਨਾ ਰਾਈਆ । ਸਿਫ਼ਤ ਸਾਲਾਹੀ ਇਕ ਦੂਜੇ ਦਾ ਕਰੀਏ ਜਸ, ਸੋਹੰ ਢੋਲਾ ਗਾਈਆ । ਦੋਹਾਂ ਦਾ ਇਕੋ ਜਿਹਾ ਹੋ ਜਾਏ ਹੱਕ, ਮੁਰੀਦ ਮੁਰਸ਼ਦ ਮਿਲ ਕੇ ਖ਼ੁਸ਼ੀ ਮਨਾਈਆ । ਜੁਗ ਚੌਕੜੀ ਮਜ਼ਲ ਕਰ ਕੇ ਗਏ ਥਕ, ਮੰਜ਼ਲ ਆਪਣੀ ਲੈ ਚੜ੍ਹਾਈਆ । ਜਿਥੇ ਨਾ ਕੋਈ ਸ਼ਿਕਵਾ ਸ਼ਕੂਕ ਰਹੇ ਸ਼ੱਕ, ਸ਼ਕਾਇਤ ਕਰਨਵਾਲਾ ਨਜ਼ਰ ਕੋਇ ਨਾ ਆਈਆ । ਜਿਧਰ ਵੇਖੀਏ ਤੱਕੀਏ ਓਧਰੇ ਸਤਿ, ਸਚ ਸ਼ਬਦ ਹੋਵੇ ਸ਼ਨਵਾਈਆ । ਤੇਰੇ ਨਾਮ ਦੀ ਹੋਵੇ ਮਤ, ਵਾਸਨਾ ਮਨ ਨਾ ਕੋਇ


੪੧੭
੧੯

ਹਲਕਾਈਆ । ਤੂੰ ਪਰਮੇਸ਼ਵਰ ਰਖਣਵਾਲਾ ਪਤ, ਪਤੀ ਪਤਵੰਤਾ ਬੇਪਰਵਾਹੀਆ । ਤੇਰੇ ਪਿਛੇ ਸਭ ਕੁਛ ਹੱਥੋ ਦਿਤਾ ਛੱਡ, ਹਵਸ ਜਗਤ ਦਿਤੀ ਗਵਾਈਆ । ਅਗੇ ਪ੍ਰਭੂ ਕਦੀ ਨਾ ਹੋਵੀਂ ਅੱਡ, ਵੱਖਰਾ ਹੋ ਨਾ ਡੇਰਾ ਲਾਈਆ । ਅਸੀਂ ਤਾਅਨੇ ਮੇਹਣੇ ਸਹਿੰਦੇ ਜਗ, ਆਂਢੀ ਗਵਾਂਢੀ ਠੋਕਰਾਂ ਰਹੇ ਲਾਈਆ । ਸਿਰਫ਼ ਪਵਿੱਤਰ ਹੁੰਦੇ ਤੇਰੀ ਅੰਮ੍ਰਿਤ ਧਾਰ ਨਹਾ ਕੇ ਵਿਚ ਗੰਗ, ਦੁਰਮਤ ਮੈਲ ਰਹੇ ਨਾ ਰਾਈਆ । ਪੁਰਖ ਅਕਾਲ ਗੁਰਮੁਖ ਕਹੇ ਸਾਡੇ ਨਾਲੋਂ ਜਗਤ ਪਿਤਾ ਵਿਛੜ ਜਾਵੇ ਭਾਵੇਂ ਨਿਸੰਗ, ਤੇਰੀ ਨਾ ਹੋਵੇ ਜੁਦਾਈਆ । ਇਹ ਆਦਿ ਜੁਗਾਦੀ ਜਗਤ ਜੁਗ ਰੀਤੀ ਚਲੀ ਆਈ ਤੇਰਾ ਖੇਲ ਸੂਰੇ ਸਰਬੰਗ, ਪਿਤਾ ਪੁੱਤ ਹਰਨਾਕਸ਼ ਪ੍ਰਹਿਲਾਦ ਦਿਤਾ ਲੜਾਈਆ । ਜਨ ਭਗਤਾਂ ਸਦਾ ਅੰਦਰ ਰਹੇ ਠੰਡ, ਅਗਨੀ ਤਤ ਨਾ ਕੋਇ ਤਪਾਈਆ । ਤੇਰੇ ਪ੍ਰੇਮ ਦਾ ਮਿਲੇ ਅਨੰਦ, ਇਕੋ ਰਸ ਦੇਣਾ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਸਾਹਿਬ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਬਖ਼ਸ਼ੀਸ਼ ਕਰ ਨਾਮ ਝੋਲੀ ਦੇਣੀ ਭਰਾਈਆ ।

### ੨੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਪ੍ਰੀਤਮ ਸਿੰਘ ਦੇ ਗ੍ਰਿਹ ਪਿੰਡ ਨਾਥੇਵਾਲਾ ਜ਼ਿਲਾ ਫ਼ਿਰੋਜ਼ਪੁਰ ਡ

ਜਨ ਭਗਤ ਤੇਰੇ ਪ੍ਰੇਮ ਦੀ ਸੱਚੀ ਆਹੂਤੀ, ਸਚ ਸਮਗਰੀ ਵਿਚ ਸਮਾਈਆ । ਸਮਗਰੀ ਵਿਚੋਂ ਸਾਚੇ ਚਰਨ ਦੀ ਦੇ ਕੇ ਭਬੂਤੀ, ਪੰਜ ਭੂਤ ਕਰੇ ਸਫ਼ਾਈਆ । ਸ਼ਬਦ ਅਗੰਮਾਂ ਭੇਜ ਕੇ ਦੂਤ ਦੂਤੀ, ਦੁਤੀਆ ਭਾਉ ਦਏ ਚੁਕਾਈਆ । ਘਰ ਆਤਮ ਉਠਾਏ ਸੁੱਤੀ, ਸੁੱਤਿਆਂ ਅੱਖ ਖੁਲ੍ਹਾਈਆ । ਮਹਿਕਾ ਕੇ ਧੁਰ ਦੀ ਰੁੱਤੀ, ਰੁਤੜੀ ਦਏ ਬਦਲਾਈਆ । ਘੜੀ ਸੁਹੰਜਣੀ ਆ ਕੇ ਪੁਜੀ, ਵੇਲਾ ਵਕਤ ਨਾਲ ਵਡਿਆਈਆ । ਲੇਖਾ ਬਣਿਆ ਰਿਹਾ ਸਵਾ ਚੌਂਹ ਜੁਗੀਂ, ਸਤਿਜੁਗ ਤਰੇਤਾ ਦੁਆਪਰ ਕਲਜੁਗ ਜੋੜੀ ਚਲੀ ਆਈਆ । ਤੇਰਾ ਕੁਛ ਲਹਿਣਾ ਦੇਣਾ ਪਿਛਲਾ ਪਿੰਡ ਯਾਦ ਆਏ ਬੁਘੀਂ, ਮਨੀ ਸਿੰਘ ਨੂੰ ਮਿਲ ਕੇ ਪੰਜ ਪੈਸੇ ਭੇਟ ਚੜ੍ਹਾਈਆ । ਓਸ ਪਰੇਰ ਕੇ ਤੇਰੀ ਬੁਧੀ, ਬਿਧ ਦਿਤੀ ਸਮਝਾਈਆ । ਤੇਰੀ ਆਤਮਾ ਹੋਵੇ ਉਘੀ, ਉਦੇ ਅਸਤ ਹੋਵੇ ਰੁਸ਼ਨਾਈਆ । ਜਿਸ ਵੇਲੇ ਮੇਰੇ ਪੁਰਖ ਅਕਾਲ ਨੇ ਧਾਰ ਬਦਲੀ ਦੂਜੀ, ਸਰਗੁਣ ਤੋਂ ਨਿਰਗੁਣ ਵੇਸ ਵਟਾਈਆ । ਆਪੇ ਗੋਦੀ ਲਏ ਚੁੱਕੀ, ਚਾਕਰ ਹੋ ਕੇ ਸੇਵ ਕਮਾਈਆ । ਓਸ ਵੇਲੇ ਕੋਈ ਅਗਲੀ ਗੱਲ ਹੋਰ ਨਹੀਂ ਪੁਛੀ, ਜੇ ਪੁਛਦਾ ਸਭ ਕੁਛ ਦੇਣਾ ਸੀ ਸਮਝਾਈਆ । ਏਸੇ ਕਾਰਨ ਪੁਰਖ ਅਕਾਲ ਮਾਰ ਕੇ ਆਪਣੀ ਬੁੱਤੀ, ਪੈਂਡਾ ਪੰਧ ਮੁਕਾਈਆ । ਪ੍ਰੀਤਮ ਨਾਲ ਪ੍ਰੀਤਮ ਦੀ ਰੁਤ ਹੋਵੇ ਸੁਚੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਦਾ ਲੇਖਾ ਲਹਿਣੇ ਦਾ ਲਹਿਣਾ ਦੇਣੇ ਦਾ ਦੇਣਾ ਝੋਲੀ ਪਾਈਆ ।

### ੨੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਬਲਵੰਤ ਸਿੰਘ ਦੇ ਗ੍ਰਿਹ ਨਾਥੇਵਾਲਾ ਜ਼ਿਲਾ ਫ਼ਿਰੋਜ਼ਪੁਰ

ਜੁਗ ਜੁਗ ਜਨ ਭਗਤਾਂ ਪ੍ਰਭ ਦੇਵੇ ਸਾਚੀ ਸਿਖਿਆ, ਪਾਠਸ਼ਾਲਾ ਕਾਇਆ ਮੰਦਰ ਦਏ ਵਖਾਈਆ । ਨਾਮ ਭੰਡਾਰਾ ਪਾਵੇ ਆਪਣੀ ਭਿਛਿਆ, ਵਸਤ ਅਗੰਮੀ ਆਪ ਵਰਤਾਈਆ । ਮਾਲਕ ਹੋ ਕੇ ਕਰੇ ਰਛਿਆ, ਰੱਛਕ ਹੋ ਕੇ ਵੇਖ ਵਖਾਈਆ । ਅਗਲਾ ਪਿਛਲਾ ਜਨਮ ਕਰਮ ਮਿਟਾਵੇ

੪੧੮
੧੯

ਲਿਖਿਆ, ਲੇਖਾ ਆਪਣੇ ਨਾਲ ਬਣਾਈਆ । ਮਾਇਆ ਮਮਤਾ ਮੋਹ ਪਿਆਰ ਦੱਸ ਕੇ ਮਿਥਿਆ, ਮਿਥਿਆ ਦੱਸੇ ਸਰਬ ਲੋਕਾਈਆ । ਸਚ ਪ੍ਰੀਤੀ ਝੋਲੀ ਪਾ ਕੇ ਹਿੱਸਿਆ, ਹਿਸਾਬ ਕੂੜਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਨ ਮਨ ਭਗਤਾਂ ਰਿਹਾ ਸਿੰਚਿਆ, ਕਲਜੁਗ ਕੂੜੀ ਅੱਗ ਬੁਝਾਈਆ । ਜਨ ਭਗਤਾਂ ਪ੍ਰਭ ਕੂੜੀ ਮੇਟਦਾ ਆਇਆ ਹਸਤੀ, ਹਸਤੀ ਆਪਣੀ ਇਕ ਸਮਝਾਈਆ । ਧਾਰ ਦੇ ਕੇ ਅੰਮ੍ਰਿਤ ਰਸ ਦੀ, ਰਸਤਾ ਧੁਰ ਦਾ ਦਏ ਵਖਾਈਆ । ਜਿਸ ਘਰ ਆਤਮ ਨਿਰਗੁਣ ਹੋ ਕੇ ਵਸਦੀ, ਪੜਦਾ ਦਏ ਉਠਾਈਆ । ਆਵਾਜ਼ ਸੁਣਾ ਕੇ ਧੁਰ ਦੇ ਜਸ ਦੀ, ਕਰੇ ਸਚ ਪੜ੍ਹਾਈਆ । ਖੇਲ ਮੁਕਾ ਕੇ ਰਹਿਣਾ ਵੱਖ ਦੀ, ਵੱਖਰਾ ਹੁਕਮ ਆਪ ਜਣਾਈਆ । ਸੱਚੀ ਪ੍ਰੀਤੀ ਪਰਮ ਪੁਰਖ ਨਾਲ ਸਚ ਦੀ, ਜੋ ਸਚ ਸਚ ਵਿਚ ਸਮਾਈਆ । ਕਾਇਆ ਮਾਟੀ ਖੇਲ ਕਾਚੀ ਵੰਗ ਦੀ, ਵੰਗਾਰ ਕੇ ਕਹੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੋਟ ਲਾ ਕੇ ਧੁਰ ਦੇ ਮਰਦੰਗ ਦੀ, ਸੰਤ ਸੁਹੇਲੇ ਲਏ ਜਗਾਈਆ । ਜਨ ਭਗਤਾਂ ਪ੍ਰਭ ਦੱਸੇ ਆਪਣੀ ਧਾਰ, ਧਰਮ ਧੁਰ ਦਾ ਇਕ ਜਣਾਈਆ । ਜਨ ਭਗਤੋ ਪਰਮ ਪੁਰਖ ਪਰਮਾਤਮ ਅਬਿਨਾਸ਼ੀ ਕਰਤਾ ਬਣਾਉਂਣਾ ਸਾਂਝਾ ਯਾਰ, ਯਾਰਾਨਾ ਅਵਰ ਨਾ ਕੋਇ ਰਖਾਈਆ । ਕ਼ਦਮਾਂ ਤੋਂ ਜਾਣਾ ਬਲਹਾਰ, ਚਰਨਾਂ ਸੀਸ ਝੁਕਾਈਆ । ਸੇਵਾ ਵਿਚ ਬਣਨਾ ਖ਼ਿਦਮਤਗਾਰ, ਖ਼ੁਸ਼ਾਮਦ ਵਿਚ ਆਪਣਾ ਆਪ ਲੈਣਾ ਬਦਲਾਈਆ । ਨੇਤਰ ਨੈਣਾਂ ਕਰ ਦੀਦਾਰ, ਦਾਅਵਾ ਕੂੜਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤ ਭਗਵਨ ਤੇਰੇ ਘਰ ਦਾ ਵਸਨੀਕ, ਦਰ ਠਾਂਡੇ ਸੋਭਾ ਪਾਈਆ । ਨਿਰਗੁਣ ਨਿਰਵੈਰ ਸਦਾ ਲਾਸ਼ਰੀਕ, ਸ਼ਿਰਕਤ ਵਿਚ ਕਦੇ ਨਾ ਆਈਆ । ਜੁਗ ਜੁਗ ਜਨ ਭਗਤਾਂ ਕਰੇ ਉਡੀਕ, ਗੁਰਮੁਖਾਂ ਰਾਹ ਤਕਾਈਆ । ਜਨਮ ਜਨਮ ਦੀ ਪੂਰੀ ਕਰੇ ਪ੍ਰੀਤ, ਪ੍ਰੀਤਮ ਹੋ ਕੇ ਵੇਖ ਵਖਾਈਆ । ਮਾਇਆ ਮਮਤਾ ਵਿਚੋਂ ਕਰੇ ਅਤੀਤ, ਤ੍ਰੈਗੁਣ ਡੇਰਾ ਦੇਵੇ ਢਾਹੀਆ । ਕਾਇਆ ਮਾਟੀ ਕਰ ਕੇ ਠਾਂਡੀ ਸੀਤ, ਸੀਤਲ ਧਾਰ ਦਏ ਵਹਾਈਆ । ਝਗੜਾ ਮੁਕਾ ਕੇ ਹਸਤ ਕੀਟ, ਕੂੜ ਕੁਟੰਬ ਵਿਚੋਂ ਬਾਹਰ ਕਢਾਈਆ । ਕਲਜੁਗ ਅੰਤ ਅਖ਼ੀਰੀ ਰਿਹਾ ਬੀਤ, ਦੀਆ ਬਾਤੀ ਕਰੇ ਆਪ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜੀ ਕਿਰਿਆ ਅੰਦਰੋਂ ਕਰ ਕੇ ਠੀਕ, ਠਾਕਰ ਆਪਣਾ ਰੰਗ ਚੜ੍ਹਾਈਆ ।

### ੨੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਜੋਗਿੰਦਰ ਸਿੰਘ, ਮਹਿੰਦਰ ਸਿੰਘ ਦੇ ਗ੍ਰਿਹਿ ਨਾਥੇਵਾਲਾ ਜ਼ਿਲਾ ਫ਼ਿਰੋਜ਼ਪੁਰ

ਨਿਆਮਤੇ ਨਾਮ ਕਿਆਮਤੇ ਪੈਗ਼ਾਮ ਸਦਾਕਤੇ ਸਲਾਮ, ਖ਼ੁਦਾਵੰਦ ਕਰੀਮ ਅਜ਼ੀਮਉਲਸ਼ਾਨ ਬੇਪਰਵਾਹੀਆ । ਨੂਰੇ ਨੂਰਾਨ ਵਾਲੀਏ ਦੋ ਜਹਾਨ, ਜ਼ਮੀਨਾਨੇ ਅਰਸ਼ਾਂ ਨੁਰਾਨੇ, ਫ਼ਰਸ਼ਾਂ ਫ਼ੈਸਲਾ ਹੱਕ ਹਕੀਕ਼ਤ ਇਕ ਦ੍ਰਿੜਾਈਆ । ਫ਼ਰਮਾਨੇ ਆਮ ਨਜ਼ਾਮੇ ਤਮਾਮ ਸ਼ਹਾਨੇ ਮਜ਼ਾਮ, ਜ਼ਮਾਨੇ ਅਲਜ਼ਾਮ ਬਦਨਾਮੇ ਖ਼ਲਕ ਖ਼ੁਦਾਈਆ । ਪੈਗ਼ੰਬਰੇ ਪੀਰ, ਦਸਤੇ ਦਸਤਗੀਰ, ਮੁਰਸ਼ਦੇ ਆਮੀਨ, ਫ਼ੁਰਸਤੇ ਅਜ਼ੀਨ, ਕੁਰਾਨੇ ਨਜ਼ੀਨ, ਤਸਲੀਮੇ ਤਲਕੀਨ, ਤਲਬਗਾਰੇ ਦੀਦ, ਦੁਆਏ ਸ਼ੁਨੀਦ, ਸ਼ਾਇਰੇ ਮਜ਼ੀਦ, ਸ਼ਮਾਏਗੁੱਲ, ਜਲਵਾ ਨੂਰ ਖ਼ੁਦਾਈਆ । ਕ਼ੁਦਰਤੇ ਕਾਦ, ਮੁਹੰਮਦੇ ਆਦਿ, ਮਸੀਹੇ ਆਦਾਬ,

ਯਸੂਏ ਖ਼ਤਾਬ, ਵਲੀਏ ਨਵਾਬ, ਹਜ਼ਰਤੇ ਮਹਿਰਾਬ, ਰਸੂਲੇ ਪਾਕ, ਮਾਟੀਏ ਖ਼ਾਕ, ਨਗ਼ਮਾਏ ਨਾਜ਼, ਕਲਮਾਏ ਆਵਾਜ਼, ਜ਼ੁਲਮਾਏ ਸਾਜ਼, ਉਲਮਾਏ ਖ਼ਾਹਸ਼, ਬੀ ਖ਼ੈਰ ਯਾ ਅਲਾਹ ਮਿਹਬਾਨ ਬੀਦੋ ਬੀ ਪਿਹਰ ਨਜ਼ਰੀ ਆਈਆ । ਦੁਆਏ ਰਫ਼ੀਕ, ਹੁਕਮੇ ਫ਼ਰੀਕ਼, ਸ਼ਬਦੇ ਤਾਈਦ, ਕ਼ਾਦਰੇ ਈਦ, ਬਹਾਦਰੇ ਰਸੀਦ, ਜਵਾਬੇ ਜਦੀਦ, ਮੁਦਾਏ ਅਜੀਬ, ਜਾਹਰ ਜਹੂਰ ਜਲਵਾ ਲਾਸਾਨੀ ਜਲਾਲ ਬੇਪਰਵਾਹੀਆ । ਕ਼ੁਦਰਤੇ ਕ਼ਾਨੂੰਨ ਫ਼ਿਤਰਤੇ ਮਮਨੂਨ, ਨੁਕ਼ਤਾਏ ਕ਼ਾਨੂੰਨ, ਹਮਜਾਏ ਮਜ਼ਮੂਨ, ਜਲਵਾਏ ਜਨੂੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਖ਼ਦੀਲੇ ਖ਼ੁਦਾ ਅਜ਼ੀਲੇ ਦੁਆ, ਜ਼ਮਾਨੇ ਰਹੀਮ, ਨੀਜ਼ਾਨੇ ਕਰੀਮ, ਨਿਰਾਕਾਰ ਨਜ਼ਰੀ ਆਈਆ । ਕੁਤਬੇ ਕਾਤਬ, ਮੁਰੀਦੇ ਮੁਖ਼ਾਤਬ, ਸ਼ੁਨੀਦੇ ਤੁਆਕ਼ਬ, ਅਹਿਮੀਯਤੇ ਰਖ਼ਾਕਤ ਦੀਦੇ ਸਵਾਗਤ, ਸਦਾ ਦਸ ਮੁਸਲਸਲ ਇਕੋ ਨੂਰੀ ਆਈਆ । ਜਵਾਬੇ ਮਰਗ਼ੂਬ, ਮਸਤੀਏ ਕਲਬੂਤ, ਹਸਤੀਏ ਮੌਜ਼ੂਦ, ਮਸਤੀਏ ਮਸਰੂਫ਼, ਅਰਸ਼ੀਏ ਬੇਹਰੂਫ਼, ਫ਼ਰਸ਼ੀਏ ਫ਼ੈਸਲਾਏ ਮਨਸੂਖ਼, ਮੰਜ਼ਲੇ ਮਕ਼ਸੂਦ, ਸਤਿ ਸਤਿਵਾਦ ਸਤਿ ਪੁਰਖ ਨਿਰੰਜਣ ਬੇਪਰਵਾਹੀਆ । ਕਿਸ਼ਤੇ ਕੁਨਾ, ਬਖ਼ਸ਼ੇ ਗੁਨਾਹ, ਦਾਨਿਸਤੇ ਸਯਾਹ, ਫ਼ਰਿਸ਼ਤੇ ਫ਼ਨਾਹ, ਬਹਿਸ਼ਤੇ ਮਵਾ ਗੁਲਦਸਤੇ ਗੁਲਾਂ, ਮੁਰੀਦੇ ਮਰਾ, ਦਾਨਿਸਤੇ ਨਜ਼ਾਂ, ਆਸ਼ਕੇ ਇਸ਼ਕ ਆਜ਼ਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫ਼ਜ਼ਲੇ ਫ਼ਿਜ਼ਾ, ਰਮਜ਼ੇ ਖ਼ੁਦਾ ਨਗ਼ਮੇ ਦੁਆ ਬਦਨੇ ਰੁਬਾ ਰਹਿਬਰ ਰਹੀਮ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਹਿਜ ਸੁਭਾਅ, ਹੁਕਮ ਅੰਦਰ ਹੁਕਮ ਰਿਹਾ ਵਰਤਾਈਆ ।



## ੨੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਪੂਰਨ ਸਿੰਘ ਦੇ ਗ੍ਰਹਿ ਪਿੰਡ ਨਾਬੇਵਾਲਾ ਜ਼ਿਲਾ ਫਿਰਜ਼ਪੁਰ

ਜਨ ਭਗਤਾਂ ਮਿਲਦੀ ਆਈ ਸਦਾ ਚਰਨ ਧੂੜ, ਧੂੜ ਮਸਤਕ ਟਿੱਕੇ ਰਹੀ ਰਮਾਈਆ । ਆਸਾ ਮਨਸਾ ਕਰਦਾ ਰਿਹਾ ਪੂਰ, ਨਿਰਾਸਾ ਆਸਾ ਵਿਚ ਬਦਲਾਈਆ । ਲੋਕਮਾਤ ਮਿਲਦਾ ਰਿਹਾ ਜ਼ਰੂਰ, ਨਿਰਗੁਣ ਹੋ ਕੇ ਸਰਗੁਣ ਦਏ ਵਡਿਆਈਆ । ਸਾਚੇ ਨਾਮ ਦਾ ਸੁਣਾਉਂਦਾ ਰਿਹਾ ਤੂਰ, ਤੁਰਤ ਆਪਣਾ ਭੇਵ ਖੁਲ੍ਹਾਈਆ । ਜਨ ਭਗਤ ਦਵਾਰੇ ਬਣਦਾ ਰਿਹਾ ਮਜ਼ਦੂਰ, ਮੁਫ਼ਲਿਸ ਹੋ ਕੇ ਸੇਵ ਕਮਾਈਆ । ਮੁਹੱਬਤ ਵਿਚ ਕਰਦਾ ਮੁਆਫ਼ ਕ਼ਸੂਰ, ਮਾਟੀ ਖ਼ਾਕੀ ਭਸਮ ਚਸ਼ਮ ਨਾਲ ਤਰਾਈਆ । ਪੰਧ ਮੁਕੌਂਦਾ ਰਿਹਾ ਨੇੜ ਦੂਰ, ਗ੍ਰਹਿ ਮਿਲ ਮਿਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਈਆ । ਧੂੜ ਕਹੇ ਮੈਨੂੰ ਸਮਝਿਆ ਕੋਈ ਨਾ ਲੋਕਮਾਤ, ਮੇਰਾ ਭੇਵ ਕੋਇ ਨਾ ਪਾਈਆ । ਧੂੜ ਕਹਿ ਕੇ ਸਾਰੇ ਗਾਉਂਦੇ ਗਏ ਗਾਥ, ਸਿਫ਼ਤਾਂ ਵਿਚ ਸਾਲਾਹੀਆ । ਵਡਿਆਈ ਵੇਂਹਦੇ ਗਏ ਲਗਦੀ ਰਹੀ ਮਾਥ, ਮਸਤਕ ਟਿੱਕੇ ਜਗਤ ਭਗਤ ਲਗਾਈਆ । ਧੂੜ ਕਹੇ ਮੇਰੀ ਸਭ ਤੋਂ ਵੱਖਰੀ ਬਾਤ, ਖਾਣੀ ਬਾਣੀ ਨਾ ਕੋਇ ਜਣਾਈਆ । ਇਹ ਉਹ ਅਗੰਮੀ ਦਾਤ, ਜਿਹੜੀ ਚਰਨ ਕਵਲ ਥੱਲੇ ਰਖੀ ਛੁਪਾਈਆ । ਜਿਸ ਦਾ ਸ਼ਾਸਤਰਾਂ ਵਿਚ ਮਿਲਦਾ ਨਹੀਂ ਹਾਲਾਤ, ਅਹਿਵਾਲ ਨਾ ਕੋਇ ਦ੍ਰਿੜਾਈਆ । ਲੇਖਾ ਲਿਖਿਆ ਨਹੀਂ ਕ਼ਲਮ ਦਵਾਤ, ਕਲਮਿਆਂ ਵਾਲਿਆਂ ਨੇ ਕਲਾਮ ਕ਼ਾਇਮ ਨਾ ਕੋਇ ਕਰਾਈਆ । ਬਿਨਾ ਗੁਰ ਅਵਤਾਰ ਪੈਗ਼ੰਬਰ ਇਹ ਕਿਸੇ ਨਾ ਆਈ ਹਾਥ, ਜਗਤ

ਖੋਜਿਆਂ ਖੋਜ ਨਾ ਕੋਇ ਖੁਜਾਈਆ । ਜਿਸ ਨੇ ਪਾਈ ਉਸ ਨੇ ਇਸ ਦੀ ਸਿਫ਼ਤੀ ਗਾਈ ਗਾਥ, ਵਜੂਦ ਵਜਹ ਨਾ ਕੋਇ ਜਣਾਈਆ । ਕਿਉਂ ਇਸ ਦਾ ਮਾਲਕ ਇਕ ਜਨਾਬ, ਜਿਸ ਦਾ ਸਵਾਲ ਜਵਾਬ ਜਵਾਬ ਤਲਬੀ ਵਿਚ ਕਦੇ ਨਾ ਆਈਆ । ਕੁਛ ਇਸ ਦਾ ਲੇਖਾ ਪੀਰਾਂ ਨੇ ਨਾਨਕ ਕੋਲੋਂ ਪੁਛਿਆ ਵਿਚ ਬਗ਼ਦਾਦ, ਨਾਨਕ ਨੇ ਖ਼ਾਲੀ ਪਗੜੀ ਝਾੜ ਕੇ ਦਿਤੀ ਵਖਾਈਆ । ਪੁਰਖ ਅਕਾਲ ਨੇ ਮਾਰੀ ਅਗੰਮੀ ਆਵਾਜ਼, ਸ਼ਬਦੀ ਧੁਨ ਸ਼ਨਵਾਈਆ । ਨਾਨਕ ਤੇਰਾ ਮੇਰਾ ਦੋ ਜਹਾਨਾਂ ਤੋਂ ਬਾਹਰ ਰਾਜ਼, ਪੜਦਾ ਨਾ ਦੇਣਾ ਖੁਲ੍ਹਾਈਆ । ਜੇ ਤੂੰ ਦੱਸਿਆ ਤੇ ਇਨ੍ਹਾਂ ਨੂੰ ਭੁੱਲ ਜਾਣੀ ਨਿਮਾਜ਼, ਵੁਜ਼ੂਆਂ ਦੀ ਲੋੜ ਰਹੇ ਨਾ ਰਾਈਆ । ਜਿਸ ਵੇਲੇ ਮੈਂ ਆਇਆ ਆਪ, ਭਗਤਾਂ ਦਾ ਬਣਿਆ ਬਾਪ, ਪਿਤਾ ਪੁਰਖ ਅਕਾਲ ਆਪੇ ਵੇਸ ਵਟਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਜੀਵਣ ਜੁਗਤ ਦਿਤੀ ਬਦਲਾਈਆ । ਓਸ ਵੇਲੇ ਚਰਨ ਧੂੜੀ ਜੋ ਚਰਨਾਂ ਦੇ ਉਤੇ ਦਿਸਦੀ ਖ਼ਾਕ, ਜ਼ੱਰਾ ਜ਼ੱਰਾ ਰੂਪ ਨਜ਼ਰੀ ਆਈਆ । ਮੇਰੇ ਚਰਨ ਕਵਲ ਦੇ ਥੱਲੇ ਹੋਵੇ ਪਾਕ, ਪਵਿਤ ਰੂਪ ਵਟਾਈਆ । ਇਹ ਭਗਤਾਂ ਦੀ ਆਦਿ ਦੀ ਪੂੰਜੀ ਤੇ ਜੁਗਾਦਿ ਦੀ ਰਾਸ, ਜੁਗਾਂ ਦੇ ਲਹਿਣੇ ਦਏ ਚੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸਾਂਭ ਕੇ ਰਖੇ ਰਾਸ, ਬਿਨ ਗੁਰਮੁਖਾਂ ਝੋਲੀ ਕਿਸੇ ਨਾ ਪਾਈਆ ।

✪ ੨੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਗੁਲਜ਼ਾਰ ਸਿੰਘ ਦੇ ਗ੍ਰਹਿ ਪਿੰਡ ਨਾਥੇਵਾਲਾ ਜ਼ਿਲਾ ਫ਼ਿਰੋਜ਼ਪੁਰ ✪



ਧੂੜ ਕਹੇ ਮੈਂ ਮਸਤਕ ਜਾਵਾਂ ਲੱਗ, ਲਗਨ ਇਕੋ ਦਿਆਂ ਲਗਾਈਆ । ਦੀਨ ਦੁਨੀ ਕਾਇਨਾਤ ਸ੍ਰਿਸ਼ਟੀ ਵਿਚੋਂ ਕਰ ਕੇ ਅਲੱਗ, ਅਗਲਾ ਭੇਵ ਦਿਆਂ ਖੁਲ੍ਹਾਈਆ । ਨਾਤਾ ਜੋੜ ਕੇ ਨਾਲ ਸੂਰੇ ਸਰਬਗ, ਅਲਪਗ ਜੀਵ ਦਿਆਂ ਵਡਿਆਈਆ । ਮਨ ਵਾਸਨਾ ਨੌ ਦਵਾਰ ਮੁਕੇ ਹੱਦ, ਜਗਤ ਤ੍ਰਿਸ਼ਨਾ ਰਹੇ ਨਾ ਰਾਈਆ । ਸ਼ਬਦ ਅਗੰਮੀ ਧੁਨ ਆਤਮਕ ਸੁਣੇ ਨਦ, ਅਨਹਦ ਨਾਦੀ ਨਾਦ ਵੱਜੇ ਵਧਾਈਆ । ਪੰਚ ਵਿਕਾਰਾ ਦੇਵੇ ਬੱਧ, ਬੰਦਨਾ ਇਕੋ ਦਏ ਸਮਝਾਈਆ । ਘਰ ਦੀਪਕ ਜੋਤੀ ਜਾਏ ਜਗ ਜਾਗਰਤ ਜੋਤ ਹੋਵੇ ਰੁਸ਼ਨਾਈਆ । ਭਗਤ ਭਗਵਾਨ ਰਹਿਣ ਕਦੇ ਨਾ ਅੱਡ, ਵਿਛੋੜਾ ਅੰਦਰੋਂ ਦਿਆਂ ਚੁਕਾਈਆ । ਧਰਮ ਦਵਾਰੇ ਇਕੋ ਸੱਦ, ਸਦਾ ਹੋਕਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਧੂੜ ਕਹੇ ਮੈਂ ਭਗਤਾਂ ਜੋਗੀ, ਜਗਜੀਵਣ ਦਾਤਾ ਪੁਰਖ ਅਕਾਲ ਦਏ ਵਡਿਆਈਆ । ਮੈਂ ਹੱਥ ਨਾ ਆਈ ਕਿਸੇ ਫ਼ਕੀਰ ਜੋਗੀ, ਚਾਰ ਕੁੰਟ ਖੋਜਣ ਥਾਉਂ ਥਾਈਂਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਦੇਵਾਂ ਸੋਝੀ, ਸੁਤਿਆਂ ਲਵਾਂ ਉਠਾਈਆ । ਨਾਮ ਭੰਡਾਰਾ ਦੇ ਕੇ ਰੋਜ਼ੀ, ਭੁਖਿਆਂ ਭੁੱਖ ਗਵਾਈਆ । ਬੁਧ ਬਿਬੇਕ ਕਰ ਕੇ ਬੋਧੀ, ਅਗਿਆਨ ਅੰਧੇਰ ਮਿਟਾਈਆ । ਜਨਮ ਕਰਮ ਦਾ ਰਹਿਣ ਦਾ ਦੇਵਾਂ ਰੋਗੀ, ਦੁੱਖ ਸੰਤਾਪ ਦਿਆਂ ਗਵਾਈਆ । ਠਾਕਰ ਮਿਲਾ ਕੇ ਧੁਰ ਦਾ ਮੌਜੀ, ਮਹਿਬੂਬ ਦਿਆਂ ਵਖਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਚੁਕਣਹਾਰਾ ਗੋਦੀ, ਜਿਸ ਨੂੰ ਗੋਦਾਵਰੀ ਕੰਢੇ ਗੋਬਿੰਦ ਗਿਆ ਗਾਈਆ । ਜਿਸ ਦਾ ਇਕ ਨਾਮ ਨਿਧਾਨ ਸਚ ਸਲੋਕੀ, ਸੋਹਲਾ ਢੋਲਾ ਇਕ ਦ੍ਰਿੜਾਈਆ । ਉਸ ਦੀ ਖੇਲ ਕਦੇ ਕਿਸੇ ਨਾ ਰੋਕੀ, ਦੋ ਜਹਾਨ ਬੈਠੇ ਸੀਸ ਨਿਵਾਈਆ । ਜਿਸ ਦੇ ਹੁਕਮੇਂ ਅੰਦਰ ਕੋਟਨ ਕੋਟ ਕ੍ਰਿਸ਼ਨ ਕਾਹਨ ਫਿਰਨ ਤ੍ਰੈਲੋਕੀ,

ਰਾਮ ਵਸ਼ਿਸ਼ਟ ਸੇਵ ਕਮਾਈਆ । ਜਿਸ ਨੇ ਪੜ੍ਹਾਉਣੀ ਕਦੇ ਨਹੀਂ ਕੋਈ ਪੋਥੀ, ਪੁਸਤਕ ਪਾਠਸ਼ਾਲਾ ਕਾਇਆ ਮੰਦਰ ਦਏ ਵਖਾਈਆ । ਆਦਿ ਨਿਰੰਜਣ ਨਿਰਗੁਣ ਨੂਰ ਜਗਾਏ ਜੋਤੀ, ਪੜਦਾ ਓਹਲਾ ਦਏ ਉਠਾਈਆ । ਭਗਤ ਸੁਹੇਲੇ ਵੇਖ ਕੇ ਮਾਣਕ ਮੋਤੀ, ਮਲ ਮੂਤਰ ਵਿਚੋਂ ਬਾਹਰ ਕਢਾਈਆ । ਦੁਰਮਤ ਮੈਲ ਜਾਏ ਧੋਤੀ, ਕੂੜੀ ਕਿਰਿਆ ਰਹੇ ਨਾ ਰਾਈਆ । ਵਾਸਨਾ ਕੱਢੇ ਖੋਟੀ, ਜੂਠ ਝੂਠ ਡੇਰਾ ਢਾਹੀਆ । ਮੰਜ਼ਲ ਚੜ੍ਹਾਵੇ ਚੋਟੀ, ਸਚਖੰਡ ਦਵਾਰਾ ਇਕ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਤਰਾਈਆ । ਧੂੜ ਕਹੇ ਮੈਂ ਨਿਸ਼ਾਨੀ ਧੁਰ ਦੀ, ਧੁਰ ਮਸਤਕ ਲੇਖ ਬਣਾਈਆ । ਮੈਂ ਵਸਤ ਅਮੋਲਕ ਪੂਰੇ ਸਤਿਗੁਰ ਦੀ, ਦੂਸਰ ਸਕੇ ਨਾ ਕੋਇ ਵਰਤਾਈਆ । ਮੈਂ ਖੇਲ ਵੇਖੀ ਅਨੰਦ ਪੁਰ ਦੀ, ਗੋਬਿੰਦ ਨਾਲ ਮਿਲ ਕੇ ਖ਼ੁਸ਼ੀ ਮਨਾਈਆ । ਮੈਂ ਚਾਲ ਵੇਖੀ ਦੇਵਤ ਸੁਰ ਦੀ, ਕਰੋੜ ਤੇਤੀਸਾ ਰਿਹਾ ਕੁਰਲਾਈਆ । ਮੈਂ ਕਲਜੁਗ ਲਹਿਰ ਵੇਖੀ ਅੰਧ ਘੋਰ ਦੀ, ਚਾਰੋਂ ਕੁੰਟ ਅੰਧੇਰਾ ਛਾਈਆ । ਹਕੂਮਤ ਬਣੀ ਠੱਗ ਚੋਰ ਦੀ, ਗੁਰਮੁਖ ਸੰਤ ਸਾਧ ਨਜ਼ਰ ਕੋਇ ਨਾ ਆਈਆ । ਐਸ ਵੇਲੇ ਜਨ ਭਗਤੇ ਜ਼ਰੂਰਤ ਪਈ ਉਸ ਦੀ ਲੋੜ ਦੀ, ਜੋ ਲੋੜੀਂਦਾ ਸਾਜਣ ਘਰ ਘਰ ਹੋਏ ਸਹਾਈਆ । ਮੈਂ ਉਸ ਪ੍ਰਭੂ ਦਾ ਹੁਕਮ ਕਦੇ ਨਾ ਮੋੜਦੀ, ਹੁਕਮੈਂ ਅੰਦਰ ਭੱਜਾਂ ਚਾਈਂ ਚਾਈਂਆ । ਆਵਾਜ਼ ਸੁਣ ਸ਼ਬਦ ਅਗੰਮੀ ਘਨਘੋਰ ਦੀ, ਘੋਰ ਅੰਧੇਰਾ ਘੁਪ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਦੇ ਖੇਲ ਨਾ ਕਰੇ ਕਮਜ਼ੋਰ ਦੀ, ਮਾਲਕ ਹੋ ਕੇ ਖ਼ਾਲਕ ਹੁਕਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਾਰ ਰਖੇ ਆਪਣੇ ਜ਼ੋਰ ਦੀ, ਜ਼ਰੂਰਤ ਭਗਤਾਂ ਪੂਰ ਕਰਾਈਆ ।



੪੨੨
੧੯

## ੨੫ ਫੱਗਣ ਸ਼ਹਿਨਸ਼ਾਹੀ ਸੰਮਤ ੧ ਬੂੜ ਸਿੰਘ ਦੇ ਗ੍ਰਿਹ ਪਿੰਡ ਨਾਥੇਵਾਲਾ ਜ਼ਿਲਾ ਫ਼ਿਰੋਜ਼ਪੁਰ

ਜਨ ਭਗਤ ਖ਼ੁਸ਼ੀਆਂ ਨਾਲ ਰਿਹਾ ਕੁੱਦ, ਕਦੀਮ ਦੀ ਯਾਦ ਨਜ਼ਰੀ ਆਈਆ । ਪੁਰਖ ਅਕਾਲ ਬੁਧੀ ਵਿਚੋਂ ਬਦਲ ਦਿਤੀ ਬੁੱਧ, ਬਿਧ ਆਪਣੀ ਦਿਤੀ ਸਮਝਾਈਆ । ਲੇਖਾ ਲਾ ਕੇ ਦਇਆ ਕਮਾ ਕੇ ਵਿਚੋਂ ਕਲਜੁਗ, ਜੁਗ ਜਨਮ ਦੇ ਵਿਛੜੇ ਰਿਹਾ ਮਿਲਾਈਆ । ਲੱਖ ਚੁਰਾਸੀ ਵਿਰੋਲ ਸੰਤ ਸੁਹੇਲੇ ਲਏ ਚੁਗ, ਚੁਗਲੀ ਨਿੰਦਿਆ ਵਿਚੋਂ ਬਾਹਰ ਕਢਾਈਆ । ਉਨ੍ਹਾਂ ਦਾ ਪੈਂਡਾ ਅਗਲਾ ਪਿਛਲਾ ਜਾਵੇ ਮੁਕ, ਮੁਫ਼ਤ ਆਪਣੀ ਦਇਆ ਕਮਾਈਆ । ਅਗਨੀ ਤਤ ਵਿਚੋਂ ਦੇਵੇ ਸੁਖ, ਆਤਮ ਦਰਸੀ ਦਇਆ ਕਮਾਈਆ । ਘਰ ਬੈਠਿਆਂ ਗ੍ਰਿਹ ਮੰਦਰ ਸਵਾਮੀ ਸਤਿਗੁਰ ਲਏ ਪੁਛ, ਪਸਚਾਤਾਪ ਦਏ ਗਵਾਈਆ । ਮਾਨਸ ਜਨਮ ਉਜਲ ਕਰੇ ਮੁਖ, ਦੁੱਖ ਦਰਦ ਡੇਰਾ ਢਾਹੀਆ । ਸਫ਼ਲ ਕਰ ਕੇ ਧਰਨੀ ਕੁੱਖ, ਧਰਮ ਦਾ ਧਰਵਾਸ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਜਨ ਭਗਤ ਸੁਹੇਲਾ ਖ਼ੁਸ਼ੀਆਂ ਵਿਚ ਨੱਚਿਆ, ਅੰਤਰ ਵੱਜੀ ਵਧਾਈਆ । ਕਿਉਂ ਪੁਰਖ ਅਕਾਲ ਨੇ ਮੈਨੂੰ ਕਿਹਾ ਬੱਚਿਆ, ਪਿਤਾ ਹੋ ਕੇ ਗੋਦ ਉਠਾਈਆ । ਮੈਂ ਉਸ ਦੇ ਚਰਨ ਕਵਲ ਦਵਾਰੇ ਵਸਿਆ, ਜਿਥੇ ਅਗਨੀ ਤਤ ਨਾ ਲਾਗੇ ਰਾਈਆ । ਖ਼ੁਸ਼ੀਆਂ ਦੇ ਵਿਚ ਹੱਸਿਆ, ਹਸਤੀ ਵੇਖ ਬੇਪਰਵਾਹੀਆ । ਦਰਸ਼ਨ ਪਾਇਆ ਅੱਖੀਆਂ, ਆਖ਼ਰ ਤੱਕਿਆ

ਨੂਰ ਖ਼ੁਦਾਈਆ । ਮੇਲਾ ਮਿਲਿਆ ਨਾਲ ਸਖੀਆਂ, ਗੁਰਮੁਖ ਬੈਠੇ ਨਜ਼ਰੀ ਆਈਆ । ਜਿਨ੍ਹਾਂ ਨੂੰ ਲੋੜ ਨਾ ਰਹੀ ਜਗਤ ਵਾਲੀਆਂ ਮੋਮਬੱਤੀਆਂ, ਬਾਤਨ ਜਲਵਾ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਨਾਲ ਰਖ ਕੇ ਆਪਣੇ ਹਿੱਸੇ ਪੱਤੀਆਂ, ਪਤਿਪਰਮੇਸ਼ਵਰ ਨਾਲ ਮਿਲ ਕੇ ਢੋਲੇ ਗਾਈਆ । ਜਿਨ੍ਹਾਂ ਲੱਭਣੀਆਂ ਜਗਤ ਵਾਲੀਆਂ ਮੂਲ ਨਹੀਂ ਹੱਟੀਆਂ, ਹੱਟ ਇਕੋ ਵੇਖਣ ਬੇਪਰਵਾਹੀਆ । ਜਿਥੇ ਵਸਤਾਂ ਅਗੰਮ ਸੱਟੀਆਂ, ਅਤੋਟ ਅਤੁਟ ਟਿਕਾਈਆ । ਤੋਲ ਤੁਲੇ ਨਾ ਕਦੇ ਧੜੀ ਵੱਟੀਆਂ, ਤਰਾਜ਼ੂ ਜਗਤ ਨਾ ਕੋਇ ਵਖਾਈਆ । ਓਨ੍ਹਾਂ ਦੇ ਅੰਦਰ ਪ੍ਰੀਤਾਂ ਲੱਗੀਆਂ ਪੱਕੀਆਂ, ਲੋਕਮਾਤ ਸਕੇ ਨਾ ਕੋਇ ਤੁੜਾਈਆ । ਸਰਨ ਸਰਨਾਈ ਸਾਚੀ ਢੱਠੀਆਂ, ਆਪਣਾ ਆਪ ਮਿਟਾਈਆ । ਸੋ ਰੂਹਾਂ ਰਹਿਬਰ ਦਵਾਰੇ ਹੋਈਆਂ ਇਕੱਠੀਆਂ, ਗੁਰਮੁਖ ਸੋਹਣਾ ਰੂਪ ਬਦਲਾਈਆ । ਇਕੋ ਪੜ੍ਹ ਕੇ ਨਾਮ ਦੀਆਂ ਪੱਟੀਆਂ, ਪਟਨੇ ਵਾਲੇ ਨੂੰ ਮਿਲ ਕੇ ਇਕੋ ਆਪਣੀ ਖ਼ੁਸ਼ੀ ਵਖਾਈਆ । ਇਹੋ ਮਾਨਸ ਜਨਮ ਦੀਆਂ ਖੱਟੀਆਂ ਖੱਟੀਆਂ, ਅਗੇ ਦਾ ਖਟਕਾ ਰਿਹਾ ਨਾ ਰਾਈਆ । ਵਿਕਣਾ ਪਿਆ ਨਾ ਵਾਂਗ ਯੂਸਫ ਅੱਟੀਆਂ, ਸੁਲੇਮਾਨ ਦਾ ਤਖ਼ਤ ਨਾ ਕੋਇ ਉਲਟਾਈਆ । ਓਸ ਪ੍ਰਭੂ ਦੇ ਨਾਲ ਮਿਲ ਕੇ ਵਸੀਆਂ, ਜਿਸ ਦਾ ਵਸਲ ਹੱਥ ਕਿਸੇ ਨਾ ਆਈਆ । ਜਿਸ ਆਦਿ ਜੁਗਾਦਿ ਲਾਜਾਂ ਦੋ ਜਹਾਨ ਰਖੀਆਂ, ਰੱਖਿਆ ਕਰੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਗ ਗਾਵੇ ਨਾ ਕੋਈ ਵਾਂਗ ਭੱਟੀਆਂ, ਹੁਕਮ ਧੁਰ ਦਾ ਰਿਹਾ ਸੁਣਾਈਆ ।



## ੨੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਕਰਤਾਰ ਸਿੰਘ ਦੇ ਗ੍ਰਹਿ ਚੜਿਕ ਜ਼ਿਲਾ ਫ਼ਿਰੋਜ਼ਪੁਰ

ਧਰਨੀ ਕਹੇ ਪ੍ਰਭੂ ਮੇਰੇ ਕਿਰਪਾ ਨਿਧਾਨ, ਪਤਿਪਰਮੇਸ਼ਵਰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਨਿਰਵੈਰ ਨਿਰਾਕਾਰ ਮਾਰ ਧਿਆਨ, ਆਦਿ ਨਿਰਜੰਣ ਬੇਪਰਵਾਹ ਆਪਣੀ ਅੱਖ ਉਠਾਈਆ । ਨਵ ਸੱਤ ਚਾਰ ਕੁੰਟ ਦਹਿ ਦਿਸ਼ਾ ਸਤਿ ਧਰਮ ਦਾ ਦਿਸੇ ਨਾ ਕੋਇ ਨਿਸ਼ਾਨ, ਚਾਰ ਵਰਨ ਅਠਾਰਾਂ ਬਰਨ ਦੀਨ ਮਜ਼੍ਹਬ ਜਾਤ ਪਾਤ ਕੂੜੀ ਕਿਰਿਆ ਕਰਨ ਲੜਾਈਆ । ਨਾਮ ਧੁਨ ਆਤਮਕ ਸੁਣੇ ਨਾ ਤੇਰਾ ਕੋਈ ਗਾਨ, ਅਨਹਦ ਨਾਦੀ ਨਾਦ ਕਾਇਆ ਮੰਦਰ ਅੰਦਰ ਸਾਢੇ ਤਿੰਨ ਹੱਥ ਨਾ ਕੋਇ ਸ਼ਨਵਾਈਆ । ਆਤਮ ਬ੍ਰਹਮ ਪਾਰਬ੍ਰਹਮ ਬ੍ਰਹਮ ਮਿਲੇ ਕੋਇ ਨਾ ਆਣ, ਸਾਚੇ ਪੌੜੇ ਅਗੰਮੀ ਮੰਜ਼ਲ ਧਾਮ ਅਵਲੜੇ ਡੇਰਾ ਕੋਇ ਨਾ ਲਾਈਆ । ਮਨ ਵਾਸਨਾ ਸ਼ਰਅ ਹੋਈ ਸ਼ੈਤਾਨ, ਬੁਧ ਬਿਬੇਕ ਸਾਚੀ ਟੇਕ ਏਕੰਕਾਰ ਤੇਰੇ ਉਤੇ ਨਾ ਕੋਇ ਰਖਾਈਆ । ਚਰਨ ਪ੍ਰੀਤੀ ਧੁਰ ਦੀ ਨੀਤੀ ਠਾਂਡੀ ਸੀਤੀ ਦਿਸੇ ਨਾ ਵਿਚ ਜਹਾਨ, ਨਿਰਗੁਣ ਜੋਤ ਸਚ ਪਰਕਾਸ਼ ਅੰਧ ਅੰਧੇਰ ਸਕੇ ਨਾ ਕੋਇ ਮਿਟਾਈਆ । ਰਸਨਾ ਜਿਹਵਾ ਬੱਤੀ ਦੰਦ ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹ ਪੜ੍ਹ ਥੱਕੇ ਅਲਿਫ਼ ਯੇ ਵਾਲੀ ਕ਼ੁਰਾਨ, ਕਾਇਆ ਕਾਅਬਾ ਹੱਕ ਮਹਿਬੂਬ ਧੁਰ ਦੇ ਮੰਦਰ ਸਤਿ ਗੁਰਦੁਆਰਾ ਪਾਰਬ੍ਰਹਮ ਤੇਰਾ ਦਰਸ ਕੋਇ ਨਾ ਪਾਈਆ । ਹਉਮੇਂ ਹੰਗਤਾ ਕੂੜ ਕੁੜਿਆਰਾ ਹੋਇਆ ਪਰਧਾਨ, ਨਾਮ ਸ਼ਬਦ ਅਜਪਾ ਜਾਪ ਅੰਤਰ ਅੰਤਰ ਨਾ ਕੋਇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਧਰਨੀ ਕਹੇ ਪ੍ਰਭ ਵੇਖ ਆ ਕੇ ਆਪਣੀ ਧੌਲ, ਧਰਮ ਦਇਆ ਰਹਿਣ ਕੋਇ ਨਾ ਪਾਈਆ । ਫੱਗਣ

ਰੁਤੜੀ ਰਹੀ ਕੋਇ ਨਾ ਮੌਲ, ਸਚ ਬਹਾਰ ਨਾ ਕੋਇ ਵਖਾਈਆ । ਸਦੀ ਚੌਧਵੀਂ ਤੇਰਾ ਪੈਗ਼ੰਬਰਾਂ ਵਾਲਾ ਪੂਰਾ ਹੋਣ ਵਾਲਾ ਕੌਲ, ਵਕ਼ਤ ਦੁਹੇਲਾ ਸੁਹੇਲਾ ਦਏ ਬਣਾਈਆ । ਤੇਰਾ ਲੇਖਾ ਅਗੰਮ ਅਥਾਹ ਬੇਪਰਵਾਹ ਭਵਿਖਤਾਂ ਵਾਲਾ ਕੋਈ ਜਾਣੇ ਨਾ ਮੁੱਲਾ ਸ਼ੇਖ਼ ਪੰਡਤ ਪਾਂਧਾ ਰੌਲ, ਗ੍ਰੰਥੀ ਪੰਥੀ ਸਾਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਹੋ ਸਹਾਈਆ । ਧਰਨੀ ਕਹੇ ਚਾਰ ਕੁੰਟ ਦਹਿ ਦਿਸ਼ਾ ਮੇਰੇ ਉਤੇ ਰਿਹਾ ਕੋਇ ਨਾ ਧਰਮ, ਤੀਰਥ ਤਟ ਅੱਠ ਸੱਠ ਦੇਣ ਦੁਹਾਈਆ । ਚੌਦਾਂ ਵਿਦਿਆ ਪਿਆ ਭਰਮ, ਚੌਦਾਂ ਲੋਕ ਹੱਕ ਸਚ ਨਾ ਕੋਇ ਸ਼ਨਵਾਈਆ । ਲੇਖਾ ਮੁੱਕਿਆ ਨਾ ਜਗਤ ਵਰਨ, ਬਰਨ ਰਹੇ ਕੁਰਲਾਈਆ । ਤੇਰੇ ਮਿਲਣ ਦਾ ਅਬਿਨਾਸ਼ੀ ਕਰਤੇ ਕੋਈ ਕਰੇ ਨਾ ਪ੍ਰਣ, ਸਾਚੀ ਮੰਜ਼ਲ ਚੜ੍ਹ ਕੇ ਦਰਸ ਕੋਇ ਨਾ ਪਾਈਆ । ਨਿਜ ਨੇਤਰ ਖੁੱਲ੍ਹਾ ਦਿਸੇ ਨਾ ਕਿਸੇ ਦਾ ਹਰਨ ਫਰਨ, ਲੋਚਨ ਅੱਖ ਨਾ ਕੋਇ ਰੁਸ਼ਨਾਈਆ । ਜਗਤ ਢੋਲੇ ਸਾਰੇ ਪੜ੍ਹਨ, ਆਤਮ ਪਰਮਾਤਮ ਰਾਗ ਨਾ ਕੋਇ ਜਣਾਈਆ । ਤੂੰ ਮੇਰਾ ਮੈਂ ਤੇਰਾ ਸਾਹਿਬ ਸਵਾਮੀ ਅੰਤਰਜਾਮੀ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਤਰਨੀ ਤਰਨ, ਤਾਰਨਹਾਰਾ ਏਕੰਕਾਰਾ ਪੁਰਖ ਬਿਧਾਤਾ ਨਜ਼ਰੀ ਆਈਆ । ਦਰ ਦਰਵੇਸ਼ ਹੋ ਕੇ ਆਈ ਤੇਰੀ ਸਰਨ, ਸਰਨ ਇਕੋ ਦਿਤੀ ਜਣਾਈਆ । ਕਿਸ ਬਿਧ ਸੰਤ ਸੁਹੇਲੇ ਤੇਰੀ ਮੰਜ਼ਲ ਕਲਜੁਗ ਅੰਤਮ ਅੰਧੇਰੀ ਰੈਣ ਚੜ੍ਹਨ, ਬਿਨ ਦੀਵੇ ਬਾਤੀ ਕਮਲਾਪਾਤੀ ਤੇਰਾ ਦਰਸ਼ਨ ਪਾਈਆ । ਸਚ ਦਵਾਰੇ ਦਰਗਹਿ ਸਾਚੀ ਖੜ੍ਹਨ, ਜਿਥੇ ਪੰਜ ਤਤ ਤਨ ਵਜੂਦ ਖ਼ਾਕੀ ਪੁਤਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਮੁਕਾਈਆ । ਧਰਨੀ ਕਹੇ ਪ੍ਰਭੂ ਤੇਰੀ ਚੌਧਵੀਂ ਸਦੀ ਦੀ ਆਉਂਦੀ ਜਾਂਦੀ ਹੱਦ, ਹਦੂਦ ਆਪਣੀ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਸਚ ਦਵਾਰੇ ਸੱਦ, ਹੁਕਮ ਧੁਰ ਦਾ ਲੈ ਮਨਾਈਆ । ਜਿਹੜੇ ਦੀਨਾਂ ਮਜ਼੍ਹਬਾਂ ਵਿਚ ਹੋ ਗਏ ਤੈਥੋਂ ਅੱਡ, ਫ਼ਕੀਰਾਂ ਦੇ ਫ਼ਿਕਰੇ ਦੇ ਗਵਾਈਆ । ਆਤਮ ਪਰਮਾਤਮ ਸਭ ਨੂੰ ਦੱਸਦੇ ਇਕੋ ਯਦ, ਬ੍ਰਹਮ ਪਾਰਬ੍ਰਹਮ ਆਪਣਾ ਨੂਰ ਕਰ ਰੁਸ਼ਨਾਈਆ । ਤੇਰਾ ਤੈਥੋਂ ਰਹੇ ਨਾ ਕੋਇ ਅਲੱਗ, ਭਗਤ ਸੁਹੇਲੇ ਸੰਤ ਸੂਫ਼ੀ ਫ਼ਕੀਰ ਲੈ ਉਠਾਈਆ । ਕਰ ਪਰਕਾਸ਼ ਉਪਰ ਸ਼ਾਹ ਰਗ, ਜਲਵਾਗਰ ਇਕੋ ਨੂਰ ਰੁਸ਼ਨਾਈਆ । ਬਿਨ ਮੱਕੇ ਕਾਅਬਿਉਂ ਕਰਾ ਦੇ ਹੱਜ, ਹੁਜਰਾ ਹੱਕ ਦੇ ਵਖਾਈਆ । ਜਿਸ ਮੰਦਰ ਸਵਾਮੀ ਕਾਇਆ ਅੰਦਰ ਬੈਠੋਂ ਸੱਜ, ਸੱਜਣ ਹੋ ਕੇ ਪੜਦਾ ਦੇ ਉਠਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਤੇਰੀ ਸਰਨ ਸਰਨਾਈ ਜਾਵਣ ਲੱਗ, ਜਾਤ ਪਾਤ ਰਹਿਣ ਕੋਇ ਨਾ ਪਾਈਆ । ਤੇਰਾ ਦੀਪਕ ਜੋਤੀ ਜਾਤੇ ਜਗ, ਜਗਜੀਵਣ ਦਾਤੇ ਤੇਰੀ ਵਡ ਵਡਿਆਈਆ । ਮਾਨਸ ਮਾਨੁਖ ਮਾਨਵ ਰਹੇ ਨਾ ਕੋਇ ਬੁਧੀ ਕਗ, ਕਾਗ ਹੰਸ ਦੇ ਬਣਾਈਆ । ਤ੍ਰੈਗੁਣ ਮਾਇਆ ਸਾੜੇ ਨਾ ਅੱਗ, ਅਗਨੀ ਤਤ ਨਾ ਕੋਇ ਜਲਾਈਆ । ਆਪਣੇ ਮਿਲਣ ਦਾ ਛੋਟਾ ਰਸਤਾ ਨਿੱਕਾ ਦੱਸ ਦੇ ਢੰਗ, ਬਹੁਤੀ ਲਿਖਣ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਚਾੜ੍ਹ ਦੇ ਰੰਗ, ਅਨਡਿਠੜੀ ਆਪਣੀ ਧਾਰ ਜਣਾਈਆ । ਭੇਵ ਖੁਲ੍ਹਾ ਦੇ ਹੰ ਬ੍ਰਹਮ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਜਨ ਭਗਤਾਂ ਆਪਣੇ ਗ੍ਰਿਹ ਸ਼ਬਦੀ ਧਾਰ ਵਿਚੋਂ ਦੇ ਦੇ ਜਨਮ, ਜਨਮ ਵਿਚੋਂ ਜਨਮ ਦੇ ਬਦਲਾਈਆ । ਲੇਖਾ ਰਹੇ ਨਾ ਕੋਇ ਸ਼ਾਹੀ ਕ਼ਲਮ, ਕਾਇਨਾਤ ਵਿਚੋਂ ਬਾਹਰ ਕਢਾਈਆ । ਧਰਨੀ ਕਹੇ ਧਰਮ ਵਿਚ ਰਹੇ ਕੋਈ ਨਾ ਭਰਮ, ਅੰਧਵਿਸ਼ਵਾਸ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਲੋਕਮਾਤ, ਗ੍ਰਿਹ ਗ੍ਰਿਹ ਪਈ

ਲੜਾਈਆ । ਧਰਨੀ ਕਹੇ ਪ੍ਰਭੂ ਆਪਣਾ ਸ਼ਬਦੀ ਭੇਜ ਦੇ ਦੂਤ, ਦੁਤੀਆ ਭਾਉ ਦੇ ਮਿਟਾਈਆ । ਪੜਦਾ ਲਾਹ ਕੇ ਵੇਖ ਪੰਜ ਤਤ ਕਾਇਆ ਭੂਤ, ਲੱਖ ਚੁਰਾਸੀ ਖੋਜ ਖੁਜਾਈਆ । ਝਗੜਾ ਮੁਕਾ ਦੇ ਜੂਠ ਝੂਠ, ਮਾਇਆ ਮਮਤਾ ਮੋਹ ਦੇ ਗਵਾਈਆ । ਭਾਗ ਲਗਾ ਦੇ ਆਪਣੀ ਕੂਟ, ਕਾਇਆ ਕੁਟੀਆਂ ਅੰਦਰ ਘਰ ਘਰ ਵਿਚ ਹੋਏ ਰੁਸ਼ਨਾਈਆ । ਜਿਧਰ ਵੇਖਣ ਉਧਰ ਦਿਸੇਂ ਮੌਜੂਦ, ਮੁਫ਼ਲਿਸਾਂ ਮਿਲ ਕੇ ਆਪਣਾ ਰੰਗ ਵਖਾਈਆ । ਜਨ ਭਗਤਾਂ ਕਰ ਮਹਿਫ਼ੂਜ਼, ਕਲਜੁਗ ਅਗਨੀ ਅੱਗ ਨਾ ਲਾਗੇ ਰਾਈਆ । ਨੌ ਦਵਾਰੇ ਮੁਕਾ ਹਦੂਦ, ਅੰਦਰ ਪੜਦਾ ਦੇ ਖੁਲ੍ਹਾਈਆ । ਆਪਣੇ ਪ੍ਰੇਮ ਦਾ ਦੇ ਸਬੂਤ, ਸ਼ਬਦੀ ਧੁਨ ਕਰ ਸ਼ਨਵਾਈਆ । ਲੇਖਾ ਮੁਕ ਜਾਏ ਕੰਚਨ ਮਾਟੀ ਕਲਬੂਤ, ਕਲਮਾ ਇਲਮਾਂ ਤੋਂ ਬਾਹਰ ਦੇ ਦ੍ਰੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਥਾਉਂ ਥਾਈਂਆ । ਧਰਨੀ ਕਹੇ ਪ੍ਰਭੂ ਉਠ ਵੇਖ ਆਪਣੇ ਚੌਦਾਂ ਲੋਕ, ਚੌਦਾਂ ਤਬਕ ਦਏ ਦੁਹਾਈਆ । ਸਾਚਾ ਗਾਏ ਨਾ ਕੋਇ ਸਲੋਕ, ਸੋਹੰ ਰੂਪ ਨਾ ਕੋਇ ਬਣਾਈਆ । ਮਨ ਵਾਸਨਾ ਸਕੇ ਨਾ ਕੋਈ ਰੋਕ, ਝਗੜਿਆਂ ਵਿਚ ਲੋਕਾਈਆ । ਤੇਰਾ ਨੂਰ ਸਚ ਪਰਗਟੇ ਨਾ ਨਿਰਮਲ ਜੋਤ, ਗ੍ਰਿਹ ਮੰਦਰ ਹੋਏ ਨਾ ਕੋਇ ਰੁਸ਼ਨਾਈਆ । ਠਾਕਰ ਮਿਲ ਕੇ ਮਾਣੇ ਕੋਈ ਨਾ ਮੌਜ, ਮਜਲਸ ਕੂੜੀ ਸੋਭਾ ਪਾਈਆ । ਨਿਜ ਘਰ ਲਵੇ ਤੈਨੂੰ ਕੋਈ ਨਾ ਖੋਜ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਭੱਜਣ ਥਾਉਂ ਥਾਈਂਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਪਰਮ ਪੁਰਖ ਪਰਮਾਤਮ ਆਤਮ ਆਸਾ ਮਨਸਾ ਪੂਰੀ ਕਰ ਦੇ ਲੋਚ, ਲੋਚਨ ਅੰਦਰੋਂ ਲੋਚਾਂ ਵਾਲਾ ਦੇ ਖੁਲ੍ਹਾਈਆ । ਮੇਰੀ ਅਗਲੀ ਮਿਟਾ ਦੇ ਸੋਚ, ਸਮਝ ਦੀ ਲੋੜ ਰਹੇ ਨਾ ਰਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਹੋ ਕੇ ਸਰਗੁਣ ਪਹੁੰਚ, ਭੇਵ ਅਭੇਦਾ ਦੇ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਚਾਰ ਕੁੰਟ ਦਹਿ ਦਿਸ਼ਾ ਵੇਖ ਧੱਕਾ, ਦੀਨ ਦੁਨੀਆ ਦਏ ਦੁਹਾਈਆ । ਹਕ਼ੀਕਤ ਰਹੀ ਨਾ ਕਾਅਬਾ ਮੱਕਾ, ਹੁਜਰਿਆਂ ਵਿਚੋਂ ਮੁਰਸ਼ਦ ਮੁਰੀਦਾਂ ਰਹੇ ਜਣਾਈਆ । ਪਿਆਰ ਮੁਹੱਬਤ ਵਿਚ ਰਿਹਾ ਕੋਈ ਨਾ ਸਕਾ, ਸ਼ਰਅ ਨਾਲ ਸ਼ਰਅ ਕਰੇ ਲੜਾਈਆ । ਪਰਵਰਦਿਗਾਰ ਦਾ ਬਣੇ ਕੋਈ ਨਾ ਬੱਚਾ, ਪੂਤ ਸਪੂਤਾ ਰੂਪ ਨਾ ਕੋਇ ਵਟਾਈਆ । ਕਲਜੁਗ ਜੀਵ ਮਨ ਵਾਸਨਾ ਹੋਇਆ ਕੱਚਾ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਜੂਠ ਝੂਠ ਮਮਤਾ ਮੋਹ ਤ੍ਰਿਸ਼ਨਾ ਅੰਦਰ ਮੱਚਾ, ਭੱਜੇ ਵਾਹੋ ਦਾਹੀਆ । ਘਰ ਸਵਾਮੀ ਮਿਲਣ ਦਾ ਨਹੀਂ ਪਤਾ, ਜੋ ਮੰਦਰ ਅੰਦਰ ਗ੍ਰਿਹ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਵੇਖ ਅੰਤਸ਼ਕਰਨ ਸਾਵਧਾਨ ਕਰ ਚੇਤਨ ਸਤਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੇ ਜਣਾਈਆ । ਧਰਨੀ ਕਹੇ ਪ੍ਰਭੂ ਸ਼ਬਦ ਅਨਾਦ ਦੇ ਦੇ ਅਗੰਮੀ ਤੂਰ, ਤੁਰੀਆ ਪਦ ਦੇ ਸਮਝਾਈਆ । ਮੇਰੀ ਆਸਾ ਮਨਸਾ ਪੂਰ, ਕੂੜੀ ਕਿਰਿਆ ਦੇ ਕਢਾਈਆ । ਤੂੰ ਸਰਬ ਕਲਾ ਭਰਪੂਰ, ਬੇਅੰਤ ਤੇਰੀ ਬੇਪਰਵਾਹੀਆ । ਆਦਿ ਜੁਗਾਦਿ ਜੁਗ ਚੌਕੜੀ ਸਦਾ ਹਾਜ਼ਰ ਹਜ਼ੂਰ, ਹਜ਼ਰਤ ਹੋ ਕੇ ਆਪਣਾ ਮੇਲ ਮਿਲਾਈਆ । ਕੂੜੀ ਕਿਰਿਆ ਕਾਇਆ ਕੱਪੜ ਕਟ ਦੇ ਕ਼ਸੂਰ, ਕ਼ਸਮ ਖਾ ਕੇ ਤੇਰੇ ਅਗੇ ਸੀਸ ਨਿਵਾਈਆ । ਕਲਜੁਗ ਅੰਤ ਅਖ਼ੀਰ ਪੁਰਖ ਅਕਾਲ ਦੀਨ ਦਿਆਲ ਪਰਗਟ ਹੋ ਜ਼ਰੂਰ, ਤੇਰੀ ਜ਼ਰੂਰਤ ਬਿਨਾ ਕਲਜੁਗ ਅੰਧੇਰ ਨਾ ਕੋਇ ਗਵਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਕਲਜੁਗ ਗੜ੍ਹ ਬਣਿਆ ਹਉਮੇਂ ਹੰਗਤ ਸੁਘੜ ਸੁਚੱਜੇ ਹੋਏ ਮੂਰਖ ਮੂੜ੍ਹ, ਸਤਿ ਸਚ ਸਚ ਨਾ ਕੋਇ ਜਣਾਈਆ । ਤੇਰਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਜੋਤੀ ਜਲਵਾ ਨਜ਼ਰ ਨਾ ਆਏ ਨੂਰ, ਨੌਬਤ ਨਾਮ ਹੱਕ ਨਾ

ਕੋਇ ਵਜਾਈਆ । ਉੱਤਰ ਪੂਰਬ ਪੱਛਮ ਦੱਖਣ ਜਗਤ ਵਾਸਨਾ ਪਿਆ ਫ਼ਤੂਰ, ਸਾਰੇ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਆਪਣੇ ਲੇਖੇ ਲਾਈਆ । ਧਰਨੀ ਕਹੇ ਮੈਂ ਨੇਤਰ ਰਹੀ ਰੋ, ਉਚੀ ਕੂਕ ਕੂਕ ਸੁਣਾਈਆ । ਆਤਮ ਪਰਮਾਤਮ ਕਿਸੇ ਨਾ ਸਕੇ ਛੋਹ, ਬੰਕ ਦਵਾਰੇ ਖ਼ਾਲੀ ਦੇਣ ਦੁਹਾਈਆ । ਘਰ ਪਰਕਾਸ਼ ਕਿਸੇ ਨਾ ਹੋਵੇ ਲੋ, ਦੋਏ ਲੋਚਨ ਕੰਮ ਕਿਸੇ ਨਾ ਆਈਆ । ਸਮਰਥ ਸਵਾਮੀ ਅੰਤਰ ਆਤਮ ਨਿਝਰ ਝਿਰਨਾ ਅੰਮ੍ਰਿਤ ਰਸ ਦੇ ਚੋ, ਚੋਰ ਯਾਰ ਠੱਗ ਪੰਜ ਅੰਦਰ ਰਹਿਣ ਕੋਇ ਨਾ ਪਾਈਆ । ਬੀਅ ਅਗੰਮ ਨਾਮ ਨਿਧਾਨ ਬੋਅ, ਸਤਿ ਧਰਮ ਦਾ ਬੂਟਾ ਦੇ ਉਪਜਾਈਆ । ਤੇਰਾ ਲੇਖਾ ਲਿਖਤ ਵਿਚ ਨਾ ਜਾਣੇ ਕੋ, ਭਵਿਖਤ ਵਿਚ ਗੁਰ ਅਵਤਾਰ ਪੈਗ਼ੰਬਰ ਇਸ਼ਾਰਿਆਂ ਨਾਲ ਸ੍ਰਿਸ਼ਟੀ ਦੀ ਦ੍ਰਿਸ਼ਟੀ ਗਏ ਸਮਝਾਈਆ । ਨਿਰਗੁਣ ਨਿਰਵੈਰ ਪਰਮ ਪੁਰਖ ਪਰਮਾਤਮ ਆਪੇ ਹੋ, ਹੋਕਾ ਦੇ ਕੇ ਦੇ ਸੁਣਾਈਆ । ਧਰਨੀ ਕਹੇ ਮੇਰੇ ਨਾਲ ਜਗਤ ਜੀਵ ਕਮੌਂਦੇ ਧਰੋ, ਧਰਮ ਦਾ ਅਧਰਮ ਗਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਵਾਸਨਾ ਕੂੜ ਕੁੜਿਆਰ ਸ਼ਬਦੀ ਹੁਕਮ ਸਭ ਤੋਂ ਲੈ ਖੋਹ, ਖ਼ਾਲਸ ਚਾਰ ਵਰਨ ਅਠਾਰਾਂ ਬਰਨ ਦੇ ਬਣਾਈਆ ।



## ✪ ੨੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਮਹਿੰਦਰ ਸਿੰਘ ਦੇ ਗ੍ਰਹਿ ਪਿੰਡ ਚੜਿਕ ਜ਼ਿਲਾ ਫ਼ਿਰੋਜ਼ਪੁਰ ✪

ਧਰਨੀ ਕਹੇ ਮੇਰੀ ਨਮੋ ਨਮੋ ਨਿਮਸਕਾਰ, ਨਮਸਤੇ ਕਹਿ ਕੇ ਸੀਸ ਝੁਕਾਈਆ । ਪਰਮ ਪੁਰਖ ਨਿਰੰਕਾਰ, ਨਿਰਵੈਰ ਤੇਰੀ ਓਟ ਤਕਾਈਆ । ਜੁਗ ਚੌਕੜੀ ਵੇਖਦਾ ਰਿਹੋਂ ਆਪਣਾ ਸੰਸਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਅੱਖ ਖੁਲ੍ਹਾਈਆ । ਕੂੜ ਕੁੜਿਆਰ ਕਰਦਾ ਰਿਹੋਂ ਖ਼ੁਆਰ, ਨਾਮ ਖੰਡਾ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਕਹੇ, ਸੁਣ ਧਰਤੀ, ਕੀ ਲੱਖ ਚੁਰਾਸੀ ਰੁੱਠੀ, ਸਾਰੇ ਗਏ ਭੁਲਾਈਆ ? ਧਰਨੀ ਕਿਹਾ ਪ੍ਰਭੂ ਨਹੀਂ ਕੋਟਾਂ ਵਿਚੋਂ ਮੁੱਠੀ, ਥੋੜੇ ਤੇਰੇ ਭਗਤ ਨਜ਼ਰੀ ਆਈਆ । ਜਿਨ੍ਹਾਂ ਦੀ ਅੰਤਰ ਆਤਮਾ ਉਠੀ ਸੁੱਤੀ, ਸਵਾਧਾਨ ਹੋ ਕੇ ਤੇਰਾ ਨਾਮ ਧਿਆਈਆ । ਏਕੰਕਾਰ ਤੇਰੇ ਨਾਲ ਲਾ ਕੇ ਰੁਚੀ, ਰਚਨਾ ਤੇਰੀ ਵੇਖ ਖ਼ੁਸ਼ੀ ਮਨਾਈਆ । ਓਨਾਂ ਦੀ ਬੁਧੀ ਮੈਨੂੰ ਦਿਸੇ ਸੁੱਚੀ, ਸਚ ਕਹਿ ਕੇ ਦਿਆਂ ਸੁਣਾਈਆ । ਇਹ ਕੋਈ ਖੇਲ ਨਹੀਂ ਲੁਕੀ, ਪੜਦਿਆਂ ਵਿਚ ਨਾ ਕੋਇ ਛੁਪਾਈਆ । ਮੈਂ ਵੇਖਿਆ ਪ੍ਰਭੂ ਤੂੰ ਓਨਾਂ ਪਿਛੇ ਕੱਟੇਂ ਬੁੱਤੀ, ਬੁਤਖ਼ਾਨੇ ਕਰਦਾ ਜਾਏਂ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਵੇਖ ਵਖਾਈਆ । ਧਰਨੀ ਕਹੇ ਪ੍ਰਭੂ ਗੁਰਮੁਖ ਥੋੜੇ, ਬਹੁਤਿਆਂ ਵਿਚੋਂ ਨਜ਼ਰੀ ਆਈਆ । ਜਿਨ੍ਹਾਂ ਅੰਤਰ ਆਤਮ ਆਪਣੇ ਨਾਲ ਜੋੜੇਂ, ਜੋੜ ਜਗਤ ਨਾ ਕੋਇ ਵਖਾਈਆ । ਆਪਣੇ ਨਾਮ ਦੇ ਸੁਣਾ ਕੇ ਧੁਰ ਦੇ ਦੋਹਰੇ, ਦੋਹਾ ਆਪਣਾ ਆਪ ਜਣਾਈਆ । ਸਦਾ ਸਦਾ ਸਦ ਆਪਣੀ ਰਖ ਲੋੜੇ, ਲੋਕਮਾਤ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਪਰਕਾਸ਼ ਅੰਧ ਘੋਰੇ, ਸਤਿ ਸਚ ਕਰ ਰੁਸ਼ਨਾਈਆ । ਸ੍ਰੀ ਭਗਵਾਨ ਕਹੇ ਗੁਰਮੁਖ ਥੋੜੇ ਨਹੀਂ ਅਨਕ, ਅੰਕ ਅਨੇਕ ਨਜ਼ਰੀ ਆਈਆ । ਜਿਨ੍ਹਾਂ ਦਾ ਭਾਗ ਵੱਡਾ ਨਾਲੋਂ

ਜਨਕ, ਜਾਮਨ ਹੋ ਕੇ ਮਿਲਿਆ ਬੇਪਰਵਾਹੀਆ । ਲਹਿਣਾ ਦੇਣਾ ਆਪਣੇ ਨਾਲ ਰਖੇ ਅੰਤ, ਅੰਤਮ ਹੋਏ ਨਾ ਕਦੇ ਜੁਦਾਈਆ । ਨਰਕਾਂ ਵਿਚ ਜਾ ਕੇ ਕੱਢਣੀ ਪਏ ਨਾ ਮਿੰਨਤ, ਤਰਾਜ਼ੂ ਧਰਮ ਨਾ ਕੋਇ ਟਿਕਾਈਆ । ਸਿੱਧੀ ਦੱਸੀ ਇਕੋ ਸਿੰਮਤ, ਸਹਿਮ ਫ਼ਹਿਮ ਰਹੇ ਨਾ ਰਾਈਆ । ਅਗੇ ਕਰਨੀ ਪਏ ਨਾ ਮਿੰਨਤ, ਸੀਸ ਅਵਰ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਮਿਟਾ ਚਿੰਤ, ਚਿੰਤਾ ਗ਼ਮ ਖ਼ੁਸ਼ੀ ਵਿਚ ਬਦਲਾਈਆ ।

### ✪ ੨੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਗੁਰਦਿਆਲ ਸਿੰਘ ਦੇ ਗ੍ਰਿਹਿ ਪਿੰਡ ਰਾਮੂ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਧਰਨੀ ਧਰਤ ਧਵਲ ਕਹੇ ਪ੍ਰਭ ਕਲਜੁਗ ਅੰਤਮ ਵੇਖ ਮੌਕਾ, ਦੀਨ ਦੁਨੀ ਵੇਖ ਵਖਾਈਆ । ਸਤਿ ਧਰਮ ਸੰਤੋਖ ਰਿਹਾ ਨਾ ਚੌਦਾਂ ਲੋਕਾ, ਚੌਦਾਂ ਵਿਦਿਆ ਲੋਕਮਾਤ ਕੁਰਲਾਈਆ । ਕਲਜੁਗ ਕੂੜੀ ਕਿਰਿਆ ਚਾਰ ਕੁੰਟ ਦਹਿ ਦਿਸ਼ਾ ਗ੍ਰਿਹਿ ਗ੍ਰਿਹਿ ਦੇਵੇ ਆਪਣਾ ਹੋਕਾ, ਮਨ ਮਨੂਆ ਆਪਣਾ ਹੁਕਮ ਰਿਹਾ ਚਲਾਈਆ । ਜੂਠ ਝੂਠ ਸਭ ਨਾਲ ਕਰੇ ਧੋਖਾ, ਕਪਟ ਹੰਕਾਰ ਅੰਦਰੋਂ ਸਕੇ ਨਾ ਕੋਇ ਗਵਾਈਆ । ਭਾਗ ਲੱਗਾ ਦਿਸੇ ਨਾ ਕਿਸੇ ਸਾਢੇ ਤਿੰਨ ਹੱਥ ਕਾਇਆ ਕੋਠਾ, ਕੁਟੀਆ ਸੁਹੰਜਣੀ ਨਜ਼ਰ ਕੋਇ ਨਾ ਆਈਆ । ਜੀਵ ਜੰਤ ਬਿਨ ਹਰਿ ਨਾਮੇ ਹੋਇਆ ਥੋਥਾ, ਅੰਤਰ ਆਤਮ ਰੰਗ ਨਾ ਕੋਇ ਰੰਗਾਈਆ । ਬਿਨ ਅੱਖਰਾਂ ਵਾਲਾ ਨਿਰਅੱਖਰ ਧਾਰ ਤੇਰਾ ਪੜ੍ਹੇ ਕੋਈ ਨਾ ਪੋਥਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਪੜ੍ਹ ਪੜ੍ਹ ਢੋਲੇ ਰਹੇ ਗਾਈਆ । ਸਤਿ ਪਰਕਾਸ਼ ਨੂਰ ਨੁਰਾਨਾ ਨਿਰਗੁਣ ਨਿਰਵੈਰ ਹੋਵੇ ਨਾ ਜੋਤਾ, ਪਾਰਬ੍ਰਹਮ ਬ੍ਰਹਮ ਪੜਦਾ ਨਾ ਕੋਇ ਉਠਾਈਆ । ਦੁਰਮਤ ਮੈਲ ਪਾਪ ਕਿਸੇ ਨਾ ਧੋਤਾ, ਅੱਠ ਸੱਠ ਤੀਰਥ ਫਿਰ ਫਿਰ ਥੱਕੀ ਮਾਤ ਲੋਕਾਈਆ । ਗਹਿਰ ਗੰਭੀਰ ਬੇਨਜ਼ੀਰ ਤੇਰੇ ਨਾਮ ਸਾਗਰ ਵਿਚ ਮਾਰਿਆ ਕਿਸੇ ਨਾ ਗੋਤਾ, ਮਾਣਕ ਮੋਤੀ ਹੱਥ ਕਿਸੇ ਨਾ ਆਈਆ । ਵਰਨ ਬਰਨ ਦੀਨ ਮਜ਼੍ਹਬ ਵੇਖਿਆ ਰੋਤਾ, ਰੁਤੜੀ ਰੁੱਤ ਨਾ ਕੋਇ ਸੁਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦਾ ਵਿਚਾਰ ਹੋਇਆ ਖੋਟਾ, ਇਸ਼ਟ ਪੁਰਖ ਅਕਾਲ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖ ਥਾਉਂ ਥਾਈਂਆ । ਧਰਨੀ ਕਹੇ ਪ੍ਰਭੂ ਮੇਰੀ ਤੇਰੇ ਚਰਨ ਕਵਲ ਨਿਮਸਕਾਰ, ਨਮੋ ਨਮੋ ਨਮਸਤੇ ਕਹਿ ਕੇ ਸੀਸ ਨਿਵਾਈਆ । ਕਲਜੁਗ ਅੰਤ ਹੋਈ ਦੁਖਿਆਰ, ਦੀਨਣ ਹੋ ਕੇ ਦਿਆਂ ਦੁਹਾਈਆ । ਚੁੱਕਿਆ ਨਾ ਜਾਏ ਭਾਰ, ਦਰੋਹੀ ਤੇਰਾ ਨਾਮ ਖ਼ੁਦਾਈਆ । ਸਦੀ ਚੌਧਵੀਂ ਆਉਂਦੀ ਦਿਸੇ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਭਵਿਖਤ ਪੂਰਾ ਹੋਇਆ ਗੁਰ ਅਵਤਾਰ, ਪੈਗ਼ੰਬਰ ਸ਼ਹਾਦਤ ਰਹੇ ਭਗਤਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਲੈ ਅਵਤਾਰ, ਜੋਤੀ ਜਾਤੇ ਪੁਰਖ ਬਿਧਾਤੇ ਆਪਣਾ ਨੂਰ ਕਰ ਰੁਸ਼ਨਾਈਆ । ਸਚ ਵਖਾ ਇਕ ਠਾਂਡਾ ਦਰਬਾਰ, ਮਾਨਵ ਮਾਨੁਖ ਆਤਮ ਬ੍ਰਹਮ ਦ੍ਰਿੜਾਈਆ । ਦੀਵਾ ਬਾਤੀ ਕਮਲਾਪਾਤੀ ਸਾਢੇ ਤਿੰਨ ਹੱਥ ਮੰਦਰ ਅੰਦਰ ਘਰ ਵਿਚ ਘਰ ਕਰ ਉਜਿਆਰ, ਤੇਲ ਬਾਤੀ ਦੀ ਲੋੜ ਰਹੇ ਨਾ ਰਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਸੰਤ ਸਾਜਣ ਸੂਫ਼ੀ ਲੈ ਉਠਾਲ, ਸੁਰਤ ਸ਼ਬਦ ਹਲੂਣੇ ਨਾਲ ਜਗਾਈਆ । ਝਗੜਾ ਮੁਕਾ ਦੇ ਸ਼ਾਹ ਕੰਗਾਲ, ਊਚ ਨੀਚ ਜਾਤ ਪਾਤ ਦੀਨ ਮਜ਼੍ਹਬ ਰਹੇ ਨਾ ਕੋਇ ਰਾਈਆ । ਆਪਣੇ ਭਗਤ ਸੰਤ ਵੇਖ ਆਪਣੇ ਲਾਲ, ਲਾਲਨ ਹੋ

ਕੇ ਖੋਜ ਖੁਜਾਈਆ । ਜੋ ਤੇਰੀ ਪ੍ਰੀਤੀ ਨੀਤੀ ਅੰਦਰ ਘਾਲਨਾ ਰਹੇ ਘਾਲ, ਦਿਵਸ ਰੈਣ ਘੜੀ ਪਲ ਇਕ ਧਿਆਨ ਲਗਾਈਆ । ਤਿਨ੍ਹਾਂ ਲੇਖਾ ਚੁਕਾ ਆਣ ਸ਼ਾਹ ਪਾਤਸ਼ਾਹ ਸ੍ਰੀ ਭਗਵਾਨ, ਭਗਵੰਤ ਕੰਤ ਤੇਰੀ ਓਟ ਤਕਾਈਆ । ਦੀਨ ਦੁਨੀ ਜਗਤ ਆਸਾ ਹੋਈ ਸ਼ੈਤਾਨ, ਸ਼ਰਅ ਕਰ ਕਰ ਗਏ ਲੜਾਈਆ । ਬੋਧ ਆਵੇ ਨਾ ਕਿਸੇ ਗਿਆਨ, ਅੱਖਰਾਂ ਕਰਨ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅੰਤਮ ਵੇਖ ਵਖਾਈਆ । ਧਰਨੀ ਕਹੇ ਮੈਂ ਰੋ ਕੇ ਮਾਰਾਂ ਧਾਹ, ਬਿਨ ਨੈਣਾਂ ਨੀਰ ਵਹਾਈਆ । ਪਰਵਰਦਿਗਾਰ ਨੂਰ ਖ਼ੁਦਾ, ਜਲਵਾਗਰ ਤੇਰੀ ਇਕ ਸਰਨਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪਤਿਪਰਮੇਸ਼ਵਰ ਇਕੋ ਓਟ ਤਕਾ, ਦੋ ਜਹਾਨਾਂ ਵਾਲੀ ਸਾਹਿਬ ਸੁਲਤਾਨ ਹੋ ਸਹਾਈਆ । ਨਿਰਗੁਣ ਨੂਰ ਜੋਤ ਕਰ ਰੁਸ਼ਨਾ, ਸ਼ਬਦ ਨਾਮ ਡੰਕਾ ਇਕ ਵਜਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਹੁਕਮ ਦੇ ਸੁਣਾਈਆ । ਆਤਮ ਪਰਮਾਤਮ ਨਿਝਰ ਧਾਰ ਬਣ ਮਲਾਹ, ਸਤਿ ਸਰੂਪ ਬਿਨ ਰੰਗ ਰੂਪ ਸ਼ਾਹੋ ਭੂਪ ਬੇਪਰਵਾਹ, ਸਾਚੀ ਦੱਸ ਇਕ ਸਲਾਹ, ਜੀਵ ਜੰਤ ਤੇਰਾ ਢੋਲਾ ਇਕੋ ਗਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਅਦਲ ਇਨਸਾਫ਼ ਵਿਚ ਕਰ ਨਿਆਂ, ਦੂਈ ਦਵੈਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਰਖ ਆਪਣੀ ਠੰਡੀ ਛਾਂ, ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਪ੍ਰਭੂ ਮੇਰਾ ਕਲਜੁਗ ਵੇਖ ਡੁਬਦਾ ਬੇੜਾ, ਨਈਆ ਨੌਕਾ ਨਾਮ ਨਜ਼ਰ ਕੋਇ ਨਾ ਆਈਆ । ਦੀਨ ਮਜ਼੍ਹਬ ਗ੍ਰਹਿ ਗ੍ਰਹਿ ਪਿਆ ਝੇੜਾ, ਆਤਮ ਬ੍ਰਹਮ ਪਾਰਬ੍ਰਹਮ ਮੇਲ ਨਾ ਕੋਇ ਮਿਲਾਈਆ । ਭਾਗ ਲੱਗਾ ਦਿਸੇ ਨਾ ਕੋਇ ਕਾਇਆ ਖੇੜਾ, ਬੰਦ ਕਿਵਾੜੀ ਖਿੜਕੀ ਬਜਰ ਕਪਾਟੀ ਨਾ ਕੋਇ ਤੁੜਾਈਆ । ਸਾਹਿਬ ਸਤਿਗੁਰ ਕਿਸੇ ਦਿਸੇ ਨਾ ਨੇਰਨ ਨੇਰਾ, ਨਿਜ ਨੇਤਰ ਲੋਚਨ ਨੈਣ ਹੋਵੇ ਨਾ ਕੋਇ ਰੁਸ਼ਨਾਈਆ । ਦਏ ਦੁਹਾਈ ਗੁਰੂ ਚੇਰਾ, ਚੇਲਾ ਗੁਰ ਦੋਵੇਂ ਤੇਰਾ ਰਾਹ ਤਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਆਪਣੇ ਨਾਮ ਦਾ ਅਗੰਮੀ ਦੱਸ ਦੇ ਗੇੜਾ, ਕੂੜੀ ਕਿਰਿਆ ਲੋਕਮਾਤ ਵਿਚੋਂ ਬਾਹਰ ਦੇ ਕਢਾਈਆ । ਸਤਿ ਧਰਮ ਦਾ ਖੁੱਲ੍ਹਾ ਕਰ ਦੇ ਵਿਹੜਾ, ਸਤਿ ਸੁਚ ਗੁਰਮੁਖਾਂ ਦੇ ਅੰਦਰ ਦੇ ਵਸਾਈਆ । ਤੇਰੇ ਨਾਉਂ ਦਾ ਸਭ ਦੇ ਅੰਦਰ ਹੋਵੇ ਚਾਓ ਘਨੇਰਾ, ਮਨ ਵਾਸਨਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਹੋ ਸਹਾਈਆ । ਧਰਨੀ ਕਹੇ ਪ੍ਰਭੂ ਮੈਂ ਨੇਤਰ ਨੀਰ ਵਹਾਵਾਂ ਨੈਣ, ਛਹਿਬਰ ਇਕੋ ਇਕ ਵਖਾਈਆ । ਚਾਰ ਕੁੰਟ ਅੰਧੇਰੀ ਰੈਣ, ਸਾਚਾ ਚੰਦ ਨਾ ਕੋਇ ਚਮਕਾਈਆ । ਪਿਆਰ ਮੁਹੱਬਤ ਰਿਹਾ ਨਾ ਮਾਤ ਪਿਤ ਭਾਈ ਭੈਣ, ਸਾਕ ਸੱਜਣ ਸੈਣ ਸਗਲਾ ਸੰਗ ਨਾ ਕੋਇ ਨਿਭਾਈਆ । ਮਾਇਆ ਰਾਣੀ ਘਰ ਘਰ ਖਾਵੇ ਡੈਣ, ਸ਼ਾਹ ਸੁਲਤਾਨ ਰਾਜਾ ਰਾਣਾ ਮੂੰਹ ਦੇ ਭਾਰ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਬਿਨ ਤੇਰੇ ਨਜ਼ਰ ਕਿਸੇ ਨਾ ਆਈਆ । ਧਰਨੀ ਕਹੇ ਮੇਰੀ ਪੁਨਹ ਪੁਨਹ ਨਮਸਤੇ, ਨਿਉਂ ਨਿਉਂ ਸੀਸ ਨਿਵਾਈਆ । ਸ੍ਰੀ ਭਗਵਾਨ ਆਪਣੀ ਦੁਨੀਆ ਨੂੰ ਪਾ ਦੇ ਰਸਤੇ, ਕਿਉਂ ਬੈਠੀ ਤੈਨੂੰ ਭੁਲਾਈਆ । ਇਨ੍ਹਾਂ ਦੇ ਸਾਢੇ ਤਿੰਨ ਹੱਥ ਸ਼ਰੀਰ ਦੇ ਘਰਾਣੇ ਰਹਿਣ ਵਸਦੇ, ਜਿਸ ਗ੍ਰਹਿ ਬੈਠਾ ਸੋਭਾ ਪਾਈਆ । ਇਸ਼ਾਰੇ ਦੇ ਦੇ ਆਪਣੀ ਨਿਝਰ ਅੱਖ ਦੇ, ਨਿਜ ਲੋਚਨ ਹੋਏ ਰੁਸ਼ਨਾਈਆ । ਰਾਹ ਦੱਸ ਦੇ ਬ੍ਰਹਮ ਮਤ ਦੇ, ਮਨਮਤ ਝਗੜਾ ਦੇ ਮੁਕਾਈਆ । ਭੰਡਾਰੇ ਭਰ ਦੇ ਧੀਰਜ ਸੰਤੋਖ ਜਤ ਦੇ, ਮਨ ਵਾਸਨਾ ਹੋਏ ਨਾ ਕੋਇ ਹਲਕਾਈਆ । ਆਵਣ ਜਾਵਣ ਗੇੜੇ ਲੱਖ ਚੁਰਾਸੀ ਕਟ ਦੇ, ਜਮ ਕੀ ਫਾਸੀ ਅੰਤ


੪੨੮
੧੯

ਰੀਹਣ ਕੋਇ ਨਾ ਪਾਈਆ । ਨਾਮ ਸੁਣਾ ਦੇ ਅਗੰਮੀ ਨਦ ਦੇ, ਧੁਨ ਆਤਮਕ ਹੋਏ ਸ਼ਨਵਾਈਆ । ਘਰ ਵਖਾਦੇ ਪ੍ਰਭੂ ਜਿਥੇ ਤੇਰੇ ਦੀਪਕ ਜੋਤ ਜਗਦੇ, ਇਕੋ ਨੂਰ ਹੋਵੇ ਰੁਸ਼ਨਾਈਆ । ਜਿਥੇ ਭਗਤ ਕਬੀਰ ਵਰਗੇ ਵਸਦੇ, ਸਚਖੰਡ ਬੈਠੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈਕਾਰੇ ਸੁਣਾ ਦੇ ਇਕ ਅਲੱਖ ਦੇ, ਅਲਖ ਅਗੋਚਰ ਬੇਪਰਵਾਹ ਤੇਰੀ ਵੱਜਦੀ ਰਹੇ ਵਧਾਈਆ । ਧਰਨੀ ਕਹੇ ਪ੍ਰਭੂ ਵਖਾ ਦੇ ਉਹ ਧਰਮ ਦਵਾਰ, ਜਨ ਭਗਤਾਂ ਦਇਆ ਕਮਾਈਆ । ਘਰ ਠਾਕਰ ਮਿਲੇਂ ਧੁਰ ਦਾ ਯਾਰ, ਕੂੜਾ ਨਾਤਾ ਦੇ ਤੁੜਾਈਆ । ਤੇਰੀ ਆਤਮ ਤੇਰੀ ਖ਼ਿਦਮਤਗਾਰ, ਦੂਜਾ ਕੰਤ ਨਾ ਕੋਇ ਹੰਢਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਘਰ ਵਿਚ ਘਰ ਕਰ ਪਿਆਰ, ਮੁਹੱਬਤ ਬਾਹਰ ਨਾ ਕੋਇ ਲਗਾਈਆ । ਇਹੋ ਸਿਖਿਆ ਦੇ ਕੇ ਗਏ ਗੁਰ ਅਵਤਾਰ, ਪੈਗ਼ੰਬਰ ਕਲਮਿਆਂ ਵਿਚ ਪੜ੍ਹਾਈਆ । ਦੁਖੀਆਂ ਦਾ ਦੁੱਖ ਸੁਣ ਬਣ ਦਿਲਦਾਰ, ਦੀਨਣ ਆਪਣੀ ਗੋਦ ਉਠਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਬਖ਼ਸ਼ਣਹਾਰ, ਬਖ਼ਸ਼ਿਸ਼ ਰਹਿਮਤ ਤੇਰੀ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦੇ ਚੁਕਾਈਆ । ਧਰਨੀ ਕਹੇ ਪੁਰਖ ਅਕਾਲ ਕਲਜੁਗ ਜੀਵ ਵੇਖ ਸੜਦੇ, ਮਾਇਆ ਮਮਤਾ ਮੋਹ ਰਹੇ ਜਣਾਈਆ । ਤੇਰੀ ਮੰਜ਼ਲ ਮੂਲ ਨਾ ਚੜ੍ਹਦੇ, ਪਾਂਧੀ ਬਣੇ ਨਾ ਸੱਚੇ ਰਾਹੀਆ । ਦਰਸ਼ਨ ਕਰੇ ਨਾ ਅਗੰਮੀ ਹਰਿ ਦੇ, ਹਿਰਦੇ ਹਰਿ ਨਾ ਕੋਇ ਵਸਾਈਆ । ਪਿਆਲੇ ਪੀਤੇ ਨਹੀਂ ਅੰਮ੍ਰਿਤ ਧਾਰ ਜਲ ਦੇ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਝਗੜੇ ਮੁਕੇ ਨਹੀਂ ਦੂਈ ਸਲ ਦੇ, ਤੀਰ ਅਣਿਆਲਾ ਪਾਰ ਨਾ ਕੋਇ ਕਰਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਰਹਿਣ ਵਾਲੇ ਤੇਰੇ ਵਿਚ ਮੂਲ ਨਹੀਂ ਰਲਦੇ, ਆਤਮ ਪਰਮਾਤਮ ਪਰਮਾਤਮ ਆਤਮ ਵਿਚ ਨਾ ਕੋਇ ਸਮਾਈਆ । ਗੋਬਿੰਦ ਸ਼ਬਦ ਸਾਹਿਬ ਸਤਿਗੁਰ ਇਕੋ ਘੱਲ ਦੇ, ਜੋ ਕਲਜੁਗ ਦਾ ਘਲੂਘਾਰਾ ਦਏ ਮਿਟਾਈਆ । ਝਗੜੇ ਚੁਕਾ ਦੇ ਜਲ ਥਲ ਦੇ, ਮਹੀਅਲ ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲਹਿਣਾ ਦੇ ਜਣਾਈਆ । ਧਰਨੀ ਕਹੇ ਕਿਰਪਾ ਕਰ ਸ੍ਰੀ ਭਗਵਾਨ, ਨਾਮ ਭਗੌਤੀ ਆਪਣੀ ਲੈ ਚਮਕਾਈਆ । ਜੋਧਾ ਸੂਰਬੀਰ ਸ਼ਬਦ ਗੁਰੂ ਤੇਰਾ ਬਲਵਾਨ, ਬਾਵਰੀ ਦੁਨੀਆ ਦੇ ਮਿਟਾਈਆ । ਸਤਿ ਧਰਮ ਦਾ ਚਾਰ ਕੁੰਟ ਦਹਿ ਦਿਸ਼ਾ ਝੁਲਾ ਇਕ ਨਿਸ਼ਾਨ, ਨਿਸ਼ਾਨੇ ਕੂੜੇ ਦੇ ਗਵਾਈਆ । ਸਭ ਦੇ ਹਿਰਦੇ ਅੰਦਰੋਂ ਕਾਇਆ ਮੰਦਰੋਂ ਮਿਲਾਦੇ ਉਹ ਅਗੰਮੀ ਰਾਮ, ਜਿਸ ਰਾਮ ਨੇ ਰਾਮ ਵਰਗੇ ਦਸ਼ਰਥ ਬੇਟੇ ਦਿਤੇ ਬਣਾਈਆ । ਲੱਖ ਚੁਰਾਸੀ ਦਾ ਬਣ ਕੇ ਆਜਾ ਉਹ ਅਗੰਮੀ ਕਾਹਨ, ਜਿਸ ਦੀ ਧੁਨ ਨਾਮ ਬੰਸਰੀ ਵੱਜੇ ਥਾਉਂ ਥਾਈਂਆ । ਪੈਗ਼ੰਬਰਾਂ ਨੂੰ ਦੇਣ ਵਾਲੇ ਪੈਗ਼ਾਮ, ਅਮਾਮਾਂ ਦੇ ਅਮਾਮ, ਝਗੜੇ ਮੁਕਾ ਦੇ ਦੂਨੀ ਦੇ ਤਮਾਮ, ਸ਼ਰਅ ਵਿਚੋਂ ਸ਼ਰਅ ਦੇ ਬਦਲਾਈਆ । ਆਤਮ ਪਰਮਾਤਮ ਦਾ ਦੇ ਕੇ ਸਚ ਗਿਆਨ, ਅਗਿਆਨੀਆਂ ਦਾ ਅੰਧੇਰਾ ਦੇ ਮਿਟਾਈਆ । ਤੇਰੀ ਮਿਹਰ ਨਜ਼ਰ ਨਾਲ ਤੈਨੂੰ ਸਮਝ ਜਾਣ ਇਨਸਾਨ, ਹੈਵਾਨ ਰਹਿਣ ਕੋਇ ਨਾ ਪਾਈਆ । ਤੂੰ ਸਭ ਦਾ ਮਾਲਕ ਪ੍ਰਿਤਪਾਲਕ ਖ਼ਾਲਕ ਵਾਲੀ ਦੋ ਜਹਾਨ, ਜਹਾਲਤ ਅੰਦਰੋਂ ਦੇ ਕਢਾਈਆ । ਸ੍ਰਿਸ਼ਟੀ ਦ੍ਰਿਸ਼ਟੀ ਤੇਰਾ ਇਸ਼ਟ ਕਰੇ ਪਰਵਾਨ, ਪਰਵਾਨਾ ਹੁਕਮੇ ਨਾਮ ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਧਰਨੀ ਕਹੇ ਮੇਰਾ ਧਰਮ ਤੇਰੀ ਲੱਜਿਆ ਨਜ਼ਰੀ ਆਈਆ ।

✪ ੨੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਮਾਧੋ ਸਿੰਘ ਦੇ ਗ੍ਰਹਿ ਪਿੰਡ ਰਾਮੂ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਧਰਨੀ ਕਹੇ ਪ੍ਰਭੂ ਬਿਨ ਹੱਥਾਂ ਮੇਰੀ ਅਰਜ਼, ਬਿਨ ਮਸਤਕ ਸੀਸ ਝੁਕਾਈਆ । ਜਨ ਭਗਤਾਂ ਆਪਣੇ ਮਿਲਣ ਦੀ ਪੂਰੀ ਕਰ ਗ਼ਰਜ਼, ਖ਼ਾਹਿਸ਼ ਅੰਦਰੇ ਅੰਦਰ ਆਪਣੇ ਵਿਚ ਮਿਲਾਈਆ । ਜਨਮ ਜਨਮ ਦਾ ਪੂਰਬ ਲਾਹ ਕ਼ਰਜ਼, ਮਕ਼ਰੂਜ਼ ਪਿਛਲਾ ਲਹਿਣਾ ਦੇ ਚੁਕਾਈਆ । ਤੇਰੇ ਹੱਥ ਜੁਗ ਚੌਕੜੀ ਦੀ ਫ਼ਰਦ, ਲੱਖ ਚੁਰਾਸੀ ਵਿਚੋਂ ਵੇਖ ਵਖਾਈਆ । ਦੀਨਾਂ ਦੁਖੀਆਂ ਦਾ ਵੰਡ ਦਰਦ, ਮਜ਼ਲੂਮਾਂ ਨੂੰ ਜ਼ੁਲਮ ਤੋਂ ਲੈ ਬਚਾਈਆ । ਸ਼ਰਅ ਛੁਰੀ ਰਹੇ ਨਾ ਕਰਦ, ਕ਼ਤਲਗਾਹ ਨਾ ਕੋਇ ਵਖਾਈਆ । ਜੋਧਾ ਸੂਰਬੀਰ ਬਣ ਮਰਦਾਨਾ ਮਰਦ, ਮੁੱਦਾ ਆਪਣਾ ਦੇ ਸਮਝਾਈਆ । ਤੇਰਾ ਖੇਲ ਸਦਾ ਅਸਚਰਜ, ਅਚਰਜ ਤੇਰੀ ਬੇਪਰਵਾਹੀਆ । ਮਿਹਰਵਾਨ ਮਹਿਬੂਬ ਹਕ਼ੀਕ਼ਤ ਵਿਚ ਜਨ ਭਗਤਾਂ ਪਾਰ ਕਰ ਨਿਧੜਕ, ਭੈ ਭੌ ਦੋਵੇਂ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰੀ ਚਰਨ ਕਵਲ ਦੁਆ, ਬਿਨ ਇਬਾਦਤ ਅੱਬਾ ਰਹੀ ਜਣਾਈਆ । ਤੂੰ ਸਰਬ ਵਿਆਪੀ ਖ਼ੁਦਾ, ਖ਼ੁਦੀ ਕਲਜੁਗ ਅੰਤਮ ਦੇ ਮਿਟਾਈਆ । ਜਿਹੜੇ ਤੇਰੇ ਨਾਲੋਂ ਹੋਏ ਜੁਦਾ, ਜੁਜ਼ ਹਿੱਸਾ ਓਨਾਂ ਦਾ ਆਪਣੇ ਨਾਲ ਮਿਲਾਈਆ । ਆਤਮ ਪਰਮਾਤਮ ਮਾਰਗ ਦੱਸਦੇ ਸਿੱਧਾ, ਸਿਦਕ ਸਬੂਰੀ ਅੰਦਰ ਦੇ ਵਸਾਈਆ । ਆਪਣੇ ਮਿਲਣ ਦੀ ਮਹਿਬੂਬ ਹੋ ਕੇ ਦੱਸ ਬਿਧਾ, ਬਿਧਨਾ ਦਾ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫ਼ਰਮਾਨਾ ਆਪਣਾ ਇਕ ਸੁਣਾਈਆ । ਧਰਨੀ ਕਹੇ ਪ੍ਰਭੂ ਧੁਰ ਦੀ ਸਾਚੀ ਦੇ ਤਾਅਲੀਮ, ਤੁਲਬੇ ਗੁਰਮੁਖ ਲੈ ਬਣਾਈਆ । ਝਗੜਾ ਮੁਕਾ ਅਲਿਫ਼ ਯੇ ਨੁਕਤੇ ਨੂਨ ਮੀਮ, ਐਨ ਗ਼ੈਨ ਭੇਵ ਰਹੇ ਨਾ ਰਾਈਆ । ਦੀਨ ਮਜ਼੍ਹਬ ਦੀ ਰਹੇ ਨਾ ਕੋਇ ਤਕਸੀਮ, ਝਗੜਾ ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਸਚ ਦਵਾਰਾ ਵਖਾ ਇਕ ਅਜ਼ੀਮ, ਸ਼ਾਹ ਸ਼ਾਹਾਨੇ ਆਪਣਾ ਪੜਦਾ ਲਾਹੀਆ । ਤੂੰ ਆਦਿ ਜੁਗਾਦੀ ਮਾਲਕ ਪ੍ਰਿਤਪਾਲਕ ਕ਼ਦੀਮ, ਕ਼ੁਦਰਤ ਦਾ ਕ਼ਾਦਰ ਨੂਰ ਖ਼ੁਦਾਈਆ । ਦਰ ਤੇਰੇ ਮੰਗਾਂ ਹੋ ਅਧੀਨ ਅਦਨਾ ਰੂਪ ਵਟਾਈਆ । ਅਬਿਨਾਸ਼ੀ ਕਰਤੇ ਸਦੀ ਚੌਧਵੀਂ ਦੇ ਯਕੀਨ, ਯੱਕ ਆਪਣਾ ਹੁਕਮ ਸੁਣਾਈਆ । ਧਰਨੀ ਕਹੇ ਮੈਂ ਸ਼ੁਕਰੀਏ ਵਿਚ ਕਹਾਂ ਆਮੀਨ, ਸਿਫ਼ਤਾਂ ਵਿਚ ਨਾਉਂ ਨਿਰੰਕਾਰ ਗਾਈਆ । ਮੇਰਾ ਅੰਤਰ ਨਾ ਰਹੇ ਗ਼ਮਗੀਨ, ਖ਼ੁਸ਼ੀਆਂ ਦਾ ਰੰਗ ਦੇਣਾ ਰੰਗਾਈਆ । ਬੇਸ਼ਕ ਤੇਰੀ ਧਾਰ ਜੁਗ ਚੌਕੜੀ ਬਾਰੀਕ ਮਹੀਨ, ਮਹਿੰਮਾ ਅਕਥ ਅਕਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦੇਣਾ ਰੰਗ ਰੰਗੀਨ, ਰੰਗਤ ਆਪਣੀ ਇਕ ਰੰਗਾਈਆ । ਧਰਨੀ ਕਹੇ ਪੁਰਖ ਅਕਾਲ ਆਪਣਿਆਂ ਭਗਤਾਂ ਚੁੱਕ ਲੈ ਗੋਦੀ, ਗੋਦਾਵਰੀ ਵਾਲੇ ਗੋਬਿੰਦ ਆਪਣੇ ਨਾਲ ਮਿਲਾਈਆ । ਝਗੜਾ ਮੁਕਾ ਦੇ ਵੇਦੀ ਸੋਢੀ, ਆਤਮ ਬ੍ਰਹਮ ਪੜਦਾ ਦੇ ਉਠਾਈਆ । ਜੰਗਲਾਂ ਵਿਚ ਵੈਰਾਗੀ ਬਣ ਕੇ ਫਿਰੇ ਕੋਇ ਨਾ ਜੋਗੀ, ਘਰ ਜਾਗਰਤ ਜੋਤ ਕਰੇ ਰੁਸ਼ਨਾਈਆ । ਤੇਰੇ ਵਿਛੋੜੇ ਵਿਚ ਰਹੇ ਕੋਈ ਨਾ ਰੋਗੀ, ਜਨਮ ਜਨਮ ਦਾ ਪੜਦਾ ਦੇ ਉਠਾਈਆ । ਚਸ਼ਮੇਂ ਦੀਦ ਦੀਦਾਰ ਦਰਸ ਦੇ ਅਮੋਘੀ, ਸਨਮੁਖ ਹੋ ਕੇ ਸੋਭਾ ਪਾਈਆ । ਇਕੋ ਨਾਮ ਨਿਧਾਨ ਸੁਣਾ ਸਚ ਸਲੋਕੀ, ਕਲਮਾ ਨਗ਼ਮਾ ਇਕ ਸ਼ਨਵਾਈਆ । ਜਨ ਭਗਤਾਂ ਆਪਣੇ ਪਿਆਰ ਦੀ ਦੇ ਸਾਚੀ ਸੋਝੀ, ਤੈਨੂੰ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣੇ ਹੱਥ ਟਿਕਾਈਆ । ਧਰਨੀ ਕਹੇ ਪ੍ਰਭ ਆਪਣੀ ਕਰ ਮਿਹਰ, ਨਜ਼ਰ ਵਿਚੋਂ ਨਜ਼ਰ ਬਦਲਾਈਆ ।

੪੩੦
੧੯

ਤੂੰ ਸ਼ਾਹੋ ਭੂਪ ਸੁਲਤਾਨ ਵੱਡਾ ਕੇਹਰ, ਸ਼ੇਰ ਸਿੰਘ ਤੇਰੀ ਓਟ ਰਖਾਈਆ । ਕੂੜੀ ਕਿਰਿਆ ਜਗਤ ਵਾਸਨਾ ਨੌ ਖੰਡ ਪ੍ਰਿਥਮੀ ਸੱਤ ਦੀਪ ਲੈ ਘੇਰ, ਚਾਰ ਕੁੰਟ ਦਹਿ ਦਿਸ਼ਾ ਆਪਣਾ ਹੁਕਮ ਵਰਤਾਈਆ । ਲੋਕਮਾਤ ਵਿਚੋਂ ਜੜ੍ਹ ਦੇ ਉਖੇੜ, ਬੂਟਾ ਸਤਿ ਧਰਮ ਅਗਲਾ ਸਤਿਜੁਗ ਦੇ ਲਗਾਈਆ । ਧਰਨੀ ਕਹੇ ਮੇਰਾ ਖੁਲ੍ਹਾ ਕਰ ਦੇ ਵਿਹੜ, ਭੀੜੀ ਗਲੀ ਦੇ ਗਵਾਈਆ । ਹੁਕਮੇਂ ਅੰਦਰ ਦੇ ਦੇ ਗੇੜ, ਕੂੜੀਆਂ ਸਫਾਂ ਦੇ ਉਠਾਈਆ । ਅੰਤ ਝਗੜਾ ਦੇ ਨਬੇੜ, ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗੇ ਬਹੁਤੀ ਨਾ ਲਾਵੀਂ ਦੇਰ, ਡੇਰੇ ਸਭ ਦੇ ਦੇ ਉਠਾਈਆ ।

### ✪ ੨੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਦਲੀਪ ਸਿੰਘ ਦੇ ਗ੍ਰਿਹ ਪਿੰਡ ਬਦਨੀ ਜ਼ਿਲਾ ਫ਼ਿਰੋਜ਼ਪੁਰ ✪

ਧਰਨੀ ਧਰਤ ਧਵਲ ਕਹੇ ਪ੍ਰਭ ਵੇਖ ਚਾਰ ਕੁੰਟ ਦਹਿ ਦਿਸ਼ਾ ਅੰਧੇਰੀ ਰਾਤਾ ਕਲਜੁਗ ਕੂੜ ਕੁੜਿਆਰ ਜੂਠ ਝੂਠ ਡੰਕ ਰਿਹਾ ਵਜਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀ ਪੜ੍ਹ ਪੜ੍ਹ ਥੱਕੇ ਤੇਰੀ ਗਾਥਾ, ਨਿਜਾਨੰਦ ਆਤਮਕ ਧੁਨ ਸੁਣਨ ਕੋਇ ਨਾ ਪਾਈਆ । ਨਾਤਾ ਤੁੱਟਾ ਆਤਮ ਪਰਮਾਤਮ ਪੁਰਖ ਬਿਧਾਤਾ, ਮਨ ਵਾਸਨਾ ਜਗਤ ਹਲਕਾਈਆ । ਤੇਰਾ ਨੂਰ ਜਹੂਰ ਲਾਸ਼ਰੀਕ ਪਰਵਰਦਿਗਾਰ ਕਿਸੇ ਨਾ ਜਾਤਾ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਦਰਸ ਕੋਇ ਨਾ ਪਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਾਇਆ ਮੰਦਰ ਅੰਦਰ ਆਇਆ ਘਾਟਾ, ਵਸਤ ਅਮੋਲਕ ਨਾਮ ਗੋਲਕ ਸਚ ਦਵਾਰੇ ਨਾ ਕੋਇ ਟਿਕਾਈਆ । ਨਿਜ ਗ੍ਰਿਹਿ ਨਿਜ ਮੰਦਰ ਨਿਜ ਘਰ ਮਹੱਲ ਅਟਲ ਪਾਰਬ੍ਰਹਮ ਬ੍ਰਹਮ ਕੋਇ ਨਾ ਵਾਸਾ, ਵਾਸਤਵਕ ਤੇਰਾ ਰੂਪ ਨਜ਼ਰ ਕਿਸੇ ਨਾ ਆਈਆ । ਮੈਂ ਜੁਗ ਚੌਕੜੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖਦੀ ਆਈ ਤਮਾਸ਼ਾ, ਗੁਰ ਅਵਤਾਰ ਪੈਗੰਬਰ ਨਿਤ ਨਵਿਤ ਆਪਣਾ ਹੁਕਮ ਗਏ ਸੁਣਾਈਆ । ਸਦੀ ਚੌਧਵੀਂ ਧੁਰ ਫ਼ਰਮਾਨ ਸਚ ਸੰਦੇਸ਼ਾ ਮੰਨੇ ਕੋਇ ਨਾ ਆਖਾ, ਆਖਰ ਅੱਖਰ ਨਿਰਵੈਰ ਨਿਰੰਕਾਰ ਤੇਰਾ ਗਏ ਭੁਲਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਸਾਚਾ ਦਿਸੇ ਕੋਇ ਨਾ ਰਾਖਾ, ਬੇਵਾਰਿਸ ਹੋਈ ਲੋਕਾਈਆ । ਸਤਿਗੁਰ ਸ਼ਬਦ ਬੁੱਧੀ ਤੋਂ ਪਰੇ ਕਿਸੇ ਨਾ ਜਾਤਾ, ਜਗਤ ਵਿਦਿਆ ਨਾਲ ਕਰਨ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦੀਨ ਦੁਨੀ ਵੇਖ ਵਖਾਈਆ । ਧਰਨੀ ਕਹੇ ਪ੍ਰਭੂ ਮੈਂ ਕੀ ਦੱਸਾਂ ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਦੀ ਹਾਲਤ, ਅਹਿਵਾਲ ਦੀਨ ਦੁਨੀ ਗੁਰ ਅਵਤਾਰ ਪੈਗ਼ੰਬਰ ਤੈਨੂੰ ਰਹੇ ਜਣਾਈਆ । ਕੂੜ ਕਿਰਿਆ ਜੂਠ ਝੂਠ ਮਨ ਵਾਸਨਾ ਕਾਇਆ ਮਾਟੀ ਹੋਈ ਜਹਾਲਤ, ਨਿਰਗੁਣ ਜੋਤ ਤਤਵ ਤਤ ਕਰੇ ਨਾ ਕੋਇ ਰੁਸ਼ਨਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰਦਵਾਰ ਤੇਰੀ ਸਿਫ਼ਤਾਂ ਵਾਲੀ ਕਰਦੇ ਇਬਾਦਤ, ਹੁਜਰਾ ਹੱਕ ਕਾਇਆ ਕਾਅਬਾ ਹਰਿ ਮੰਦਰ ਨਿਰਗੁਣ ਹੋ ਕੇ ਨਿਰਗੁਣ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਪਤਿਪਰਮੇਸ਼ਵਰ ਪਰਮ ਪੁਰਖ ਸੁਲਤਾਨ ਲੋਕਮਾਤ ਵੇਖ ਵਖਾਈਆ । ਧਰਨੀ ਕਹੇ ਪ੍ਰਭ ਵੇਖ ਆਪਣੀ ਦੀਨ ਦੁਨੀ ਮਖ਼ਲੂਕਾਤ, ਕਾਇਆ ਪੜਦਾ ਦੇ ਉਠਾਈਆ । ਦੀਨ ਮਜ਼੍ਹਬ ਝਗੜਾ ਪਿਆ ਜਾਤ ਪਾਤ, ਆਤਮ ਬ੍ਰਹਮ ਬ੍ਰਹਮ ਵਿਦਿਆ ਨਾ ਕੋਇ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ

ਸਾਚਾ ਦੇਵੇ ਕੋਇ ਨਾ ਸਾਥ, ਸਗਲੇ ਨਾਤੇ ਕੂੜੇ ਨਜ਼ਰੀ ਆਈਆ । ਸ਼ਾਹਰਗ ਤੋਂ ਉਪਰ ਤੇਰਾ ਜਪੇ ਕੋਈ ਨਾ ਜਾਪ, ਬਿਨ ਰਸਨਾ ਜਿਹਵਾ ਬੱਤੀ ਦੰਦ ਢੋਲਾ ਕੋਇ ਨਾ ਗਾਈਆ । ਜੋ ਗੁਰ ਅਵਤਾਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੁਕਮ ਸੰਦੇਸ਼ਾ ਤੇਰਾ ਫ਼ਰਮਾਨਾ ਗਏ ਆਖ, ਆਖਰ ਕਲਜੁਗ ਜੀਵ ਸਾਰੇ ਗਏ ਭੁਲਾਈਆ । ਵਸਤ ਅਮੋਲਕ ਧੁਰ ਦੀ ਨਜ਼ਰ ਨਾ ਆਵੇ ਦਾਤ, ਦਾਤਾਰ ਤੇਰੇ ਦਰ ਦਾ ਪਾਂਧੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵਾਰ ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਸਰਗੁਣ ਵੇਖ ਵਖਾਈਆ । ਧਰਨੀ ਕਹੇ ਪ੍ਰਭੂ ਮੈਂ ਸਚ ਬੇਨੰਤੀ ਕਰ ਕੇ ਮੰਗਾਂ ਚਰਨ ਧੂੜ, ਧੂਲ ਧੂਰ ਧੂੜ ਤੇਰੇ ਦਰ ਤੋਂ ਝੋਲੀ ਪਾਈਆ । ਜਗਤ ਵਾਸਨਾ ਭੁੱਲ ਗਿਆ ਸੰਸਾਰ ਤੇਰਾ ਮੂਲ, ਅਮੁਲ ਤੇਰਾ ਭੇਵ ਨਾ ਕੋਇ ਖੁਲ੍ਹਾਈਆ । ਜਗਤ ਰੀਤੀ ਬਦਲ ਗਿਆ ਅਸੂਲ, ਅਸਲ ਵਿਚ ਤੇਰਾ ਵਸਲ ਕਰਨ ਕੋਇ ਨਾ ਆਈਆ । ਆਪਣਾ ਹੁਕਮ ਨਾਮ ਸੰਦੇਸ਼ਾ ਇਕ ਦੇ ਮਾਅਕੂਲ, ਜੋ ਚਾਰ ਵਰਨਾਂ ਇਕੋ ਰੰਗ ਦਏ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜ੍ਹਾਈਆ । ਸ੍ਰੀ ਭਗਵਾਨ ਕਹੇ ਧਰਨੀ ਰਖ ਧਰਵਾਸਾ, ਧਰਮ ਦੀ ਧਾਰ ਦਿਆਂ ਜਣਾਈਆ । ਕੂੜੀ ਕਿਰਿਆ ਕਲਜੁਗ ਉਲਟ ਦੇਵਾਂ ਪਾਸਾ, ਲੋਕਮਾਤ ਰਹਿਣ ਕੋਇ ਨਾ ਪਾਈਆ । ਨਿਰਗੁਣ ਨੂਰ ਜੋਤ ਕਰਾਂ ਪਰਕਾਸ਼ਾ, ਸ਼ਬਦੀ ਡੰਕ ਇਕ ਵਜਾਈਆ । ਮਾਇਆ ਮਮਤਾ ਹਉਮੇ ਹੰਗਤਾ ਗ੍ਰਿਹ ਮੰਦਰ ਅੰਦਰ ਕਰਾਂ ਨਾਸਾ, ਅਬਿਨਾਸ਼ੀ ਹੋ ਕੇ ਖੇਲ ਵਰਤਾਈਆ । ਲੱਖ ਚੁਰਾਸੀ ਜੀਵ ਜੰਤ ਜਨ ਭਗਤ ਸੁਹੇਲੇ ਕਰਾਂ ਦਾਸੀ ਦਾਸਾ, ਆਤਮ ਬ੍ਰਹਮ ਪਾਰਬ੍ਰਹਮ ਹੋ ਕੇ ਪੜਦਾ ਦਿਆਂ ਉਠਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਇਕੋ ਗਾਥਾ, ਗਹਿਰ ਗੰਭੀਰ ਬੇਨਜ਼ੀਰ ਲਾਸ਼ਰੀਕ ਦਿਆਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਜੁਗ ਚੌਕੜੀ ਆਪਣੇ ਹੁਕਮ ਅੰਦਰ ਚਲਾਈਆ । ਅਬਿਨਾਸ਼ੀ ਕਰਤਾ ਕਹੇ ਧਰਨੀ ਮੇਰੇ ਦਰ ਤੇ ਵੇਖ ਝੁਕਦੇ ਗੁਰ ਅਵਤਾਰ, ਪੈਗ਼ੰਬਰ ਸਜਦਿਆਂ ਵਿਚ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਬੈਠੇ ਭਿਖਾਰ, ਖ਼ਾਲੀ ਝੋਲੀਆਂ ਰਹੇ ਵਖਾਈਆ । ਮੇਰਾ ਹੁਕਮ ਆਦਿ ਜੁਗਾਦਿ ਜੁਗ ਚੌਕੜੀ ਸਦਾ ਚਲੇ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸਿਰ ਸਕੇ ਨਾ ਕੋਇ ਉਠਾਈਆ । ਨਿਤ ਨਵਿਤ ਨਿਰਗੁਣ ਸਰਗੁਣ ਖੇਲ ਕਰਾਂ ਅਪਰ ਅਪਾਰ, ਅਪਰੰਪਰ ਸਵਾਮੀ ਹੋ ਕੇ ਆਪਣੀ ਕਲ ਵਰਤਾਈਆ । ਸਦੀ ਚੌਧਵੀਂ ਚੌਦਾਂ ਤਬਕ ਪਾਵਾਂ ਸਾਰ, ਪੜਦਾ ਓਹਲਾ ਕਾਇਆ ਚੋਲਾ ਸਾਢੇ ਤਿੰਨ ਹੱਥ ਮਾਟੀ ਅੰਦਰ ਰਹਿਣ ਕੋਇ ਨਾ ਪਾਈਆ । ਹੁਕਮੇਂ ਅੰਦਰ ਹੁਕਮੀਂ ਕਰਾਂ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਕਲ ਕਲਕੀ ਮੇਰਾ ਇਕ ਅਵਤਾਰ, ਜਿਸ ਦਾ ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਸੰਬਲ ਧਾਮ ਅਗੰਮ ਅਪਾਰ, ਛੱਪਰ ਛੰਨ ਮਾਟੀ ਖ਼ਾਕੀ ਬਣਤ ਨਾ ਕੋਇ ਬਣਾਈਆ । ਦੋ ਜਹਾਨਾਂ ਏਥੇ ਓਥੇ ਬ੍ਰਹਿਮੰਡ ਖੰਡ ਪੁਰੀ ਲੋਅ ਗਗਨ ਗਗਨੰਤਰ ਧੁਰ ਦਾ ਹੁਕਮ ਚਲੇ ਏਕਾ ਵਾਰ, ਦੂਜਾ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਆਪ ਦ੍ਰਿੜ੍ਹਾਈਆ । ਧਰਨੀ ਕਹੇ ਪ੍ਰਭੂ ਮੈਂ ਲੈਣਾ ਤੇਰਾ ਧੁਰ ਸੰਦੇਸ਼ਾ, ਖ਼ੁਸ਼ੀਆਂ ਵਿਚ ਖ਼ੁਸ਼ੀ ਪਰਗਟਾਈਆ । ਤੂੰ ਮਾਲਕ ਖ਼ਾਲਕ ਪਿਤਪਾਲਕ ਇਕ ਨਰੇਸ਼ਾ, ਨਰ ਨਰਾਇਣ ਤੇਰੀ ਬੇਪਰਵਾਹੀਆ । ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਧਾਰੇਂ ਵੇਸਾ, ਵਿਸ਼ਵ ਆਪਣੀ ਕਾਰ ਕਮਾਈਆ । ਕੋਟਾਂ ਵਿਚੋਂ ਜਨ ਭਗਤਾਂ ਖੋਲ੍ਹੇਂ ਆਪਣਾ ਭੇਤਾ, ਅੰਦਰ

ਵੜ ਕੇ ਮੰਦਰ ਚੜ੍ਹ ਕੇ ਦਰ ਦਵਾਰੇ ਸਾਚੇ ਸੋਭਾ ਪਾਈਆ । ਭਾਗ ਲਗਾਏਂ ਆਤਮ ਸੁਹੰਜਣੀ ਸੇਜਾ, ਸਾਜਣ ਹੋ ਕੇ ਆਪਣਾ ਜੋੜ ਜੁੜਾਈਆ । ਜਨਮ ਕਰਮ ਆਵਣ ਜਾਵਣ ਲੱਖ ਚੁਰਾਸੀ ਪਤਿਤ ਪਾਵਨ ਮੇਟੇਂ ਲੇਖਾ, ਜਮ ਕੀ ਫਾਸੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਧਰਨੀ ਕਹੇ ਦਾਤਾ ਦਰ ਤੇਰੇ ਸੀਸ ਨਿਵਾਈਆ । ਅਬਿਨਾਸ਼ੀ ਕਰਤਾ ਕਹੇ ਮੈਂ ਕਰਨੇ ਯੋਗ, ਆਦਿ ਜੁਗਾਦੀ ਇਕ ਅਖਵਾਇੰਦਾ । ਕਲਜੁਗ ਕਾਇਆ ਕੂੜ ਕੱਪੜ ਰਹੇ ਕੋਈ ਨਾ ਰੋਗ, ਦੁਰਮਤ ਮੈਲ ਅੰਦਰੋਂ ਬਾਹਰੋਂ ਆਪ ਧਵਾਇੰਦਾ । ਆਤਮ ਪਰਮਾਤਮ ਕਰ ਕੇ ਧੁਰ ਸੰਜੋਗ, ਜੁਗ ਜਨਮ ਦੀ ਵਿਛੜੀ ਸੁਰਤ ਸ਼ਬਦ ਨਾਲ ਮਿਲਾਇੰਦਾ । ਭਾਗ ਲਗਾ ਕੇ ਕਾਇਆ ਮਾਟੀ ਸਾਚੇ ਕੋਟ, ਟਿੱਲਾ ਪਰਬਤ ਸਚ ਸਿੰਘਾਸਣ ਇਕੋ ਵੇਖ ਵਖਾਇੰਦਾ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰਾ ਦੂਰ ਕਰਾਇੰਦਾ । ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਬ੍ਰਹਮ ਦੱਸ ਕੇ ਸਾਚੀ ਗੋਤ, ਜਾਤ ਪਾਤ ਦੀਨ ਮਜ਼੍ਹਬ ਲੇਖਾ ਅੰਤ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਅਗਲੀ ਮੇਟੇ ਸੋਚ, ਸਮਝ ਆਪਣੇ ਵਿਚ ਛੁਪਾਇੰਦਾ । ਧਰਨੀ ਕਹੇ ਪ੍ਰਭੂ ਮੈਂ ਰਖਾਂ ਤੇਰੀ ਉਡੀਕ, ਬਿਨ ਅੱਖਾਂ ਧਿਆਨ ਲਗਾਈਆ । ਸ੍ਰੀ ਭਗਵਾਨ ਕਹੇ ਮੈਂ ਦੀਨ ਦੁਨੀ ਦੀ ਬਦਲ ਦੇਣੀ ਤਾਰੀਖ, ਤਵਾਰੀਖ ਅਗਲੀ ਦੇਣੀ ਬਦਲਾਈਆ । ਦੂਰ ਦੁਰਾਡਾ ਚਲ ਕੇ ਆਵਾਂ ਨਜ਼ਦੀਕ, ਨੇੜਨ ਨੇਰਾ ਹੋ ਕੇ ਨਿਤ ਨਿਤ ਕਰਾਂ ਰੁਸ਼ਨਾਈਆ । ਲੱਖ ਚੁਰਾਸੀ ਜੀਵ ਜੰਤ ਚਾਰ ਵਰਨ ਅਠਾਰਾਂ ਬਰਨ ਦੱਸਣਾ ਇਕੋ ਢੋਲਾ ਗੀਤ, ਸੰਗੀਤ ਇਕੋ ਦੇਣਾ ਸਮਝਾਈਆ । ਪੁਰਖ ਅਕਾਲ ਦੀਨ ਦਿਆਲ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਕਰਨੀ ਇਕ ਪ੍ਰੀਤ, ਦੂਜਾ ਇਸ਼ਟ ਨਾ ਕੋਇ ਮਨਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਕਰ ਕੇ ਗਏ ਤਸਦੀਕ, ਦੂਜੀ ਸ਼ਹਾਦਤ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿ ਸਤਿਵਾਦੀ ਸਤਿ ਸਤਿ ਮਾਰਗ ਦਏ ਦ੍ਰਿੜਾਈਆ । ਧਰਨੀ ਕਹੇ ਮੈਂ ਉਹ ਤੱਕਾਂ ਰਾਹ, ਚਾਰੋਂ ਕੁੰਟ ਵੇਖ ਵਖਾਈਆ । ਜਿਸ ਵੇਲੇ ਪਰਮਾਤਮ ਆਤਮ ਦਾ ਮਿਲੇ ਮਲਾਹ, ਬਿਨ ਨਈਆ ਨੌਕਾ ਬੇੜਾ ਪਾਰ ਦਏ ਲੰਘਾਈਆ । ਮੰਜ਼ਲ ਰਹੇ ਨਾ ਕੋਈ ਥਲ ਅਸਗਾਹ, ਸਾਚੇ ਪੌੜੇ ਦਏ ਚੜ੍ਹਾਈਆ । ਬਿਨ ਅੱਖਰਾਂ ਤੋਂ ਜਣਾਵੇ ਆਪਣਾ ਨਾਂ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਲਕਾਈਆ । ਬਿਨ ਭੁਜਾਂ ਤੋਂ ਪਕੜੇ ਬਾਂਹ, ਬਿਨ ਅੱਖਾਂ ਤੋਂ ਅੱਖ ਖੁਲ੍ਹਾਈਆ । ਬਿਨ ਦੀਏ ਬਾਤੀ ਕਰੇ ਰੁਸ਼ਨਾ, ਜੋਤੀ ਜੋਤ ਜੋਤ ਡਗਮਗਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਦਏ ਬਦਲਾ, ਗ਼ਮੀ ਖ਼ੁਸ਼ੀ ਵਿਚ ਜਣਾਈਆ । ਸਤਿਜੁਗ ਸਤਿ ਸਤਿ ਬ੍ਰਹਮ ਮਤ ਵਿਚ ਦੇਵੇ ਲਾ, ਅਗਨੀ ਤਤ ਪੋਹ ਨਾ ਸਕੇ ਰਾਈਆ । ਮਹਿਬੂਬ ਮੁਹੱਬਤ ਵਿਚ ਮਿਲੇ ਜਲਵਾਗਰ ਨੂਰ ਨੂਰ ਖ਼ੁਦਾ, ਜੁਦਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਸੰਦੇਸ਼ਾ ਰਿਹਾ ਸੁਣਾ, ਜਿਸ ਦਾ ਲੇਖਾ ਬੁਧੀ ਵਿਚ ਕਦੇ ਨਾ ਆਈਆ ।

## ✪ ੨੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਕਪੂਰ ਸਿੰਘ ਦੇ ਗ੍ਰਹਿ ਮੋਗਾ ਜ਼ਿਲਾ ਫ਼ਿਰੋਜ਼ਪੁਰ ✪

ਧਰਨੀ ਕਹੇ ਪ੍ਰਭੂ ਮੈਂ ਜਗਤ ਵਿਕਾਰ ਨਾਲ ਗਈ ਦੱਬੀ, ਪੜਦਾ ਸਕੇ ਨਾ ਕੋਇ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਤੈਨੂੰ ਰਹੀ ਲੱਭੀ, ਵਰਨ ਬਰਨ ਦੀਨ ਮਜ਼੍ਹਬ ਖੋਜ ਖੁਜਾਈਆ । ਦਿਵਸ ਰੈਣ ਅੱਠੇ ਪਹਿਰ ਤੇਰੇ ਹੁਕਮ ਅੰਦਰ ਰਹੀ ਭੱਜੀ, ਚਲਾਂ ਵਾਹੋ ਦਾਹੀਆ । ਸਾਚੀ ਦਿਸੇ ਕੋਈ ਨਾ ਗੱਦੀ, ਸਾਧ ਸੰਤ ਅਵਧੂਤ ਬੈਠੇ ਕੋਟਨ ਆਸਣ ਲਾਈਆ । ਨਿਰਗੁਣ ਨਿਰਵੈਰ ਨਿਰੰਕਾਰ ਤੇਰੀ ਸਚ ਜੋਤ ਕਿਤੇ ਨਾ ਜਗੀ, ਜਾਗਰਤ ਨੂਰ ਨਾ ਕੋਇ ਰੁਸ਼ਨਾਈਆ । ਸਾਢੇ ਤਿੰਨ ਹੱਥ ਕਾਇਆ ਤ੍ਰੈਗੁਣ ਅਗਨੀ ਲੱਗੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮਨ ਵਾਸਨਾ ਵਿਚ ਦੀਨ ਦੁਨੀ ਦਝੀ, ਭਾਂਡਾ ਭਰਮ ਨਾ ਕੋਇ ਭੰਨਾਈਆ । ਸਚ ਪ੍ਰੀਤ ਤ੍ਰੈਗੁਣ ਅਤੀਤ ਤੇਰੇ ਨਾਲ ਕਿਸੇ ਨਾ ਲੱਗੀ, ਲਗਾਂ ਮਾਤਰਾਂ ਦੀ ਕਰਨ ਪੜ੍ਹਾਈਆ । ਨੌਬਤ ਹੱਕ ਮੁਕਾਮ ਬਿਨ ਸਜਦਿਆਂ ਕੋਈ ਨਾ ਵੱਜੀ, ਸੁਲਹਕੁਲ ਤੇਰੀ ਸਰਨ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਦੇ ਵਡਿਆਈਆ । ਧਰਨੀ ਕਹੇ ਪ੍ਰਭੂ ਮੈਂ ਚਾਰ ਕੁੰਟ ਵੇਖਿਆ ਝਗੜਾ, ਧੁਰ ਦਾ ਦਾਅਵੇਦਾਰ ਨਜ਼ਰ ਕੋਇ ਨਾ ਆਈਆ । ਕੋਈ ਮਾਰਗ ਸਮਝੇ ਨਾ ਅਗਲਾ, ਪਿਛਲੀਆਂ ਕਹਾਣੀਆਂ ਗਾ ਗਾ ਖ਼ੁਸ਼ੀ ਮਨਾਈਆ । ਕਲਜੁਗ ਜੀਵ ਬਗ ਬਪੜਾ ਹੋਇਆ ਬਗਲਾ, ਹੰਸ ਰੂਪ ਨਜ਼ਰ ਕੋਇ ਨਾ ਆਈਆ । ਧੁਰ ਦੇ ਠਾਕਰ ਤੈਨੂੰ ਲੱਭਦੇ ਵਿਚੋਂ ਜੰਗਲਾ, ਕਾਇਆ ਪਰਭਾਸ ਖੋਜਣ ਕੋਇ ਨਾ ਆਈਆ । ਬਿਨ ਸਾਚੇ ਨਾਮ ਜਗਤ ਜਹਾਨ ਹੋਇਆ ਕੰਗਲਾ, ਕੂੜੀ ਮਾਇਆ ਮਮਤਾ ਕੰਮ ਕਿਸੇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤ ਸ੍ਰੀ ਭਗਵੰਤ ਆਪਣਾ ਖੇਲ ਵੇਖ ਸਗਲਾ, ਸਗਲ ਸ੍ਰਿਸ਼ਟੀ ਰਹੀ ਕੁਰਲਾਈਆ । ਬੁਧੀਵਾਨ ਬੁਧੀ ਵਿਚ ਹੋਇਆ ਕਮਲਾ, ਅਨੁਭਵ ਪੜਦਾ ਨਾ ਕੋਇ ਉਠਾਈਆ । ਬਾਹਰੋਂ ਹੱਥਾਂ ਨਾਲ ਢੋਲਕ ਛੈਣਾ ਵਜਾਉਂਦੇ ਤਬਲਾ, ਧੁਨ ਆਤਮਕ ਰਾਗ ਸੁਣਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖ ਅੰਤ ਅਖ਼ੀਰੀ ਪਤਣਾ, ਨਈਆ ਨੌਕਾ ਨਾਮ ਨਿਧਾਨ ਸਚ ਨਾ ਕੋਇ ਵਖਾਈਆ । ਧਰਨੀ ਕਹੇ ਮੈਂ ਵੇਖ ਵੇਖ ਦੁਨੀਆ ਥੱਕੀ, ਹੈਰਾਨੀ ਮੇਰੇ ਅੰਦਰ ਆਈਆ । ਪਰਮ ਪੁਰਖ ਤੂੰ ਕਿਸੇ ਨਹੀਂ ਮਿਲਿਆ ਕਮਲਾਪਤੀ, ਪਤਿਪਰਮੇਸ਼ਵਰ ਹੋ ਕੇ ਘਰ ਸਾਚੇ ਸੋਭਾ ਪਾਈਆ । ਨਿਜ ਨੇਤਰ ਖੋਲ੍ਹੇ ਕੋਈ ਨਾ ਅੱਖੀ, ਜਗਤ ਅੱਖਾਂ ਨਾਲ ਤੱਕਣ ਲੋਕਾਈਆ । ਸਾਚੇ ਕਾਹਨ ਦੀ ਬਣੀ ਕੋਈ ਨਹੀਂ ਸਖ਼ੀ, ਸੀਤਾ ਸੁਰਤੀ ਧੁਰ ਦਾ ਰਾਮ ਨਾ ਕੋਇ ਪਰਨਾਈਆ । ਬਿਨ ਅੱਖਰਾਂ ਵਾਲੀ ਗੁਣ ਨਿਧਾਨ ਤੇਰੀ ਪੜ੍ਹੀ ਕਿਸੇ ਨਹੀਂ ਪੱਟੀ, ਕ਼ਲਮ ਸ਼ਾਹੀ ਨਾਲ ਲਿਖ ਕੇ ਕਾਗ਼ਜ਼ ਅੱਖਰਾਂ ਨਾਲ ਸਾਲਾਹੀਆ । ਸਚ ਦਵਾਰ ਏਕੰਕਾਰ ਦਰਗਹਿ ਸਾਚੀ ਤੇਰੀ ਵੇਖੀ ਕਿਸੇ ਨਹੀਂ ਹੱਟੀ, ਜਗਤ ਵਣਜਾਰੇ ਚਾਰ ਕੁੰਟ ਭੱਜਣ ਥਾਉਂ ਥਾਈਂਆ । ਅੰਤ ਅਖ਼ੀਰ ਬੇਨਜ਼ੀਰ ਲਾਤਸਵੀਰ ਜਗਤ ਜਹਾਨ ਲੇਖਾ ਮੁਕਾ ਆਪਣੇ ਹੱਥੀਂ, ਗੁਰ ਅਵਤਾਰ ਪੈਗ਼ੰਬਰ ਤੇਰੀ ਓਟ ਗਏ ਤਕਾਈਆ । ਦਰ ਨਿਮਾਣੀ ਨਵਾਜ਼ਿਸ਼ ਵਿਚ ਢੱਠੀ, ਡੰਡਾਵਤ ਬੰਦਨਾ ਕਰ ਕੇ ਸੀਸ ਨਮਸਤੇ ਵਿਚ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰੀ ਦੇ ਕਰਾਈਆ । ਧਰਨੀ ਕਹੇ ਮੈਨੂੰ ਕਿਉਂ ਕਹਿੰਦੇ ਧੌਲ, ਧਵਲ ਕਹਿ ਕੇ ਕਿਉਂ ਗਾਈਆ । ਜਿਸ ਦਾ ਲੇਖਾ ਸਮਝੇ ਕੋਈ ਨਾ ਪੰਡਤ ਪਾਂਧਾ ਰੌਲ, ਮੁੱਲਾ ਸ਼ੇਖ਼ ਨਾ ਸਿਫ਼ਤ ਸਾਲਾਹੀਆ । ਇਕ ਗੋਬਿੰਦ ਜਾਣੇ ਜਿਨ ਅੰਮ੍ਰਿਤ ਧਾਰ ਪਿਆਈ ਪਾਹੁਲ, ਰਸ ਧੁਰ ਦਾ ਦਿਤਾ ਵਰਤਾਈਆ ।

ਪੁਰਖ ਅਕਾਲ ਨਾਲ ਕਰ ਕੇ ਕੌਲ, ਕਵਲ ਨਾਭੀ ਬੂੰਦ ਸਵਾਂਤੀ ਦਿਤੀ ਟਿਕਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਨਿਰਗੁਣ ਹੋ ਕੇ ਨਿਰਗੁਣ ਵਿਚ ਗਿਆ ਮੌਲ, ਸਰਗੁਣ ਰੁੱਤ ਬਸੰਤ ਬਹਾਰ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦੱਸ ਅਗੰਮਾ ਬੋਲ, ਅਨਬੋਲਤ ਆਪਣਾ ਫ਼ਰਮਾਨ ਜਣਾਈਆ । ਧਰਨੀ ਕਹੇ ਮੈਂ ਚਾਰ ਕੁੰਟ ਵੇਖਿਆ ਮਾਰ ਕੇ ਚੱਕਰ, ਬਿਨ ਪਾਂਧੀ ਪੰਧ ਮੁਕਾਈਆ । ਕੋਈ ਨਾ ਦਿਸਿਆ ਯਾਰੜੇ ਦੇ ਲੱਥਾ ਸੱਥਰ, ਜਗਤ ਸੇਜਾ ਸਾਰੇ ਰਹੇ ਹੰਢਾਈਆ । ਤੇਰੇ ਪਿਆਰ ਵਿਚ ਨੇਤਰ ਵਰੋਲੇ ਕੋਈ ਨਾ ਅੱਥਰ, ਜਗਤ ਹਾਵੇ ਵਿਚ ਮਾਰਨ ਸਾਰੇ ਧਾਹੀਆ । ਬਜਰ ਕਪਾਟੀ ਤੋੜੇ ਕੋਈ ਨਾ ਪੱਥਰ, ਪੜਦਾ ਦੂਈ ਨਾ ਕੋਇ ਉਠਾਈਆ । ਤੇਰਾ ਸਮਝੇ ਨਾ ਕੋਈ ਨਿਰਅੱਖਰ, ਨਿਰਵੈਰ ਸੀਸ ਨਾ ਕੋਇ ਨਿਵਾਈਆ । ਕਲਜੁਗ ਅੰਤ ਪੁਰਖ ਅਕਾਲ ਆਪਣੀ ਦੁਨੀਆ ਦਾ ਵੇਖ ਕੀ ਹੋਇਆ ਹਸ਼ਰ, ਹੈਸੀਅਤ ਵਿਚੋਂ ਅਸਲੀਅਤ ਸਾਰੇ ਗਏ ਗਵਾਈਆ । ਚਾਰ ਕੁੰਟ ਮੈਨੂੰ ਕਰਦੇ ਨਸ਼ਰ, ਨਸ਼ਿਆਂ ਵਿਚ ਆ ਕੇ ਨਿਸ਼ਾਨਾ ਤੇਰਾ ਗਏ ਭੁਲਾਈਆ । ਕੂੜ ਕੁੜਿਆਰ ਜਗਤ ਵਿਕਾਰੀ ਆ ਕੇ ਪਕੜ, ਸ਼ਬਦ ਅਗੰਮੀ ਫੇਰਾ ਪਾਈਆ । ਸਚ ਝੂਠ ਤੋਲ ਆਪਣੇ ਤੱਕੜ, ਤਰਾਜ਼ੂ ਇਕੋ ਨਾਮ ਵਖਾਈਆ । ਗੁਰਮੁਖ ਸੰਤ ਸੁਹੇਲੇ ਜਨ ਭਗਤ ਮੇਲ ਧੁਰ ਦੇ ਫ਼ੱਕਰ, ਜੋ ਫ਼ਿਕਰਾ ਇਕੋ ਢੋਲਾ ਗਾਈਆ । ਚੋਟੀ ਚੜ੍ਹ ਕੇ ਵੇਖ ਸਿਖਰ ਮੰਜ਼ਲ ਆਪਣੀ ਪੰਧ ਮੁਕਾਈਆ । ਜਿਸ ਧਾਰੋਂ ਤੇਰੀ ਧਾਰ ਬਣ ਕੇ ਆਤਮ ਆਈ ਨਿੱਕਲ, ਪਰਮਾਤਮ ਅੰਤ ਓਸੇ ਵਿਚ ਮਿਲਾਈਆ । ਗੁਰਮੁਖ ਰਹੇ ਕੋਈ ਨਾ ਪਿੱਤਲ ਦਾ ਪਿੱਤਲ, ਪਾਰਸ ਦਾ ਪਾਰਸ ਆਪਣਾ ਲੈ ਮਿਲਾਈਆ । ਧਰਨੀ ਕਹੇ ਮੈਂ ਸਾਚਿਆਂ ਗੁਰਮੁਖਾਂ ਦੀ ਕਰਾਂ ਸਫ਼ਾਰਸ਼, ਜੋ ਮੇਰੇ ਉਤੇ ਬਹਿ ਕੇ ਤੇਰਾ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਹੁਕਮ ਦੀ ਲਿਖ ਇਬਾਰਤ, ਬਿਨ ਤਖ਼ਤੀ ਤਖ਼ਤਾ ਦੇ ਉਲਟਾਈਆ ।



੪੩੫ ੧੯

### ੨੯ ਫੱਗਣ ਸ਼ਹਿਨਸ਼ਾਹੀ ਸੰਮਤ ੧ ਅਜਮੇਰ ਸਿੰਘ ਦੇ ਗ੍ਰਿਹ ਮੋਗਾ

ਧਰਨੀ ਕਹੇ ਜੋ ਤੇਰੇ ਉਤੇ ਭਗਤ ਸੁਹੇਲੇ ਰਹੇ ਵਸ, ਸਦ ਇਕੋ ਧਿਆਨ ਲਗਾਈਆ । ਓਨ੍ਹਾਂ ਦੇ ਅੰਤਰ ਇਕ ਪ੍ਰੇਮ ਦਾ ਰਸ, ਰਸਤੇ ਚਲ ਕੇ ਖ਼ੁਸ਼ੀ ਮਨਾਈਆ । ਤਰਾਨਿਆਂ ਵਿਚ ਰਹੇ ਹੱਸ, ਗੀਤ ਗਹਿਰ ਗੰਭੀਰ ਸੁਣਾਈਆ । ਸਿਫ਼ਤਾਂ ਵਿਚ ਗਾਉਂਦੇ ਜਸ, ਧੁਰ ਦਾ ਰਾਗ ਅਲਾਈਆ । ਨਿਜ ਖੋਲ੍ਹ ਕੇ ਅੱਖ, ਨੇਤਰ ਦਰਸ਼ਨ ਪਾਈਆ । ਕੂੜ ਵਿਕਾਰਾ ਕਰ ਕੇ ਭੱਠ, ਖੇੜਾ ਇਕੋ ਰਹੇ ਸੁਹਾਈਆ । ਨਾਮ ਅਗੰਮੀ ਸ਼ਬਦੀ ਵੱਜੇ ਸੱਟ, ਸੋਈ ਸੁਰਤ ਜਗਾਈਆ । ਹਰਿ ਭੰਡਾਰ ਮਿਲੇ ਧੁਰ ਦਾ ਹੱਟ, ਵਸਤ ਅਮੋਲਕ ਨਜ਼ਰੀ ਆਈਆ । ਜਗੇ ਜੋਤ ਲਟ ਲਟ, ਦੀਵੇ ਬਾਤੀ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਦਰਦ ਰਿਹਾ ਵੰਡਾਈਆ । ਧਰਨੀ ਤੇਰਾ ਦਰਦ ਵੰਡਾਂ ਬਣ ਕੇ ਦਰਦੀ, ਦੀਨਾਂ ਅਨਾਥਾਂ ਦਇਆ ਕਮਾਈਆ । ਤੂੰ ਵੇਖੇਂ ਪ੍ਰੇਮੀਆਂ ਭਗਤਾਂ ਦੀ ਮਰਜੀ, ਜੋ ਮਰਜ਼ ਦੂਈ ਅੰਦਰੋਂ ਰਹੇ ਕਢਾਈਆ । ਸਤਿ ਦਵਾਰ ਦੇ ਕੇ ਅਰਜ਼ੀ, ਅਜ਼ਲ ਦਾ ਲੇਖਾ ਰਹੇ ਮੁਕਾਈਆ । ਪ੍ਰਭ ਮਿਲਣ ਦੇ ਹੋ ਕੇ ਗ਼ਰਜ਼ੀ, ਕੂੜੇ ਨਾਤੇ ਰਹੇ ਤੁੜਾਈਆ । ਖੇਲ ਨਾ ਵੇਖ ਸ੍ਰਿਸ਼ਟੀ ਜਗ ਦੀ, ਜਗ ਜੀਵਣ ਦਾਤਾ ਦਏ ਸਮਝਾਈਆ । ਤੇਰੀ ਧੂੜ ਜਿਹੜੀ ਮੇਰੇ ਭਗਤਾਂ ਦੇ ਚਰਨਾਂ ਉਤੇ ਲੱਗਦੀ, ਨਾਲ

ਛੋਹ ਕੇ ਖ਼ੁਸ਼ੀ ਮਨਾਈਆ । ਤੇਰੀ ਤ੍ਰਿਸ਼ਨਾ ਮਿਟਾ ਦੇਵੇ ਅੱਗ ਦੀ, ਅਗਲਾ ਲੇਖਾ ਦਏ ਚੁਕਾਈਆ । ਕੂੜੀ ਕਿਰਿਆ ਵਿਚ ਨਾ ਰਹੇ ਦਗਦੀ, ਦਗ਼ੇਦਾਰਾਂ ਦਾ ਝਗੜਾ ਰਿਹਾ ਮੁਕਾਈਆ । ਸਚ ਪ੍ਰੇਮ ਦੀ ਵਧਾਈ ਰਹੇ ਵੱਜਦੀ, ਭਗਤ ਭਗਵਾਨ ਮਿਲ ਕੇ ਢੋਲਾ ਗਾਈਆ । ਸਤਿਜੁਗ ਅੰਦਰ ਸੁਖਾਂ ਨਾਲ ਰਹੀ ਵਸਦੀ, ਵਸਲ ਇਕੋ ਯਾਰ ਖ਼ੁਦਾਈਆ । ਧਾਰ ਮਿਲ ਜਾਏ ਅਗੰਮੇ ਰਸ ਦੀ, ਅੰਮ੍ਰਿਤ ਅੰਮਿਉਂ ਦਏ ਚੁਆਈਆ । ਤੂੰ ਭਗਤਾਂ ਨਾਲ ਰਹੀ ਸਜਦੀ, ਸੱਜਣ ਸਵਾਮੀ ਦੇਵਣਹਾਰ ਵਡਿਆਈਆ । ਕਥਾ ਕਹਾਣੀ ਯਾਦ ਰਖ ਲਈਂ ਅੱਜ ਦੀ, ਧੁਰ ਫ਼ਰਮਾਨੇ ਵਿਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਇਆ ਮੁਰੀਦਾਂ ਦੇ ਓਸ ਅਗੰਮੇ ਹੱਜ ਲਈ, ਜੋ ਮੁਰਸ਼ਦਾਂ ਦਾ ਮੁਰਸ਼ਦ ਬਿਨਾ ਦੀਦ ਦਏ ਕਰਾਈਆ ।

### ੨੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਸੁਰਜੀਤ ਕੌਰ ਦੇ ਗ੍ਰਿਹਿ ਪਿੰਡ ਮਨਾਵਾ ਜ਼ਿਲਾ ਫ਼ਿਰੋਜ਼ਪੁਰ

੪੩੬ ੧੯

ਗੁਰਮੁਖ ਤੇਰੀ ਪੂਰੀ ਆਸਾ, ਜਨਮ ਜਨਮ ਦਾ ਲਹਿਣਾ ਦਏ ਚੁਕਾਈਆ । ਸਚ ਪ੍ਰੀਤੀ ਆਤਮ ਪਰਮਾਤਮ ਦੇ ਭਰਵਾਸਾ, ਕੂੜੀ ਕਿਰਿਆ ਨਾਤਾ ਦਏ ਤੁੜਾਈਆ । ਲੇਖੇ ਲਾਵੇ ਪਵਣ ਸਵਾਸਾ, ਸਾਹ ਸਾਹ ਯਾਦ ਵਿਚ ਸਮਾਈਆ । ਏਥੇ ਓਥੇ ਦੋ ਜਹਾਨਾਂ ਪਰਮ ਪੁਰਖ ਬਣਿਆ ਰਹੇ ਰਾਖਾ, ਸਮਰਥ ਸਵਾਮੀ ਅੰਤਰਜਾਮੀ ਨਿਹਕਰਮੀ ਹੋ ਕੇ ਆਪਣਾ ਕਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪਣੇ ਰੰਗ ਰੰਗਾਈਆ । ਗੁਰਮੁਖ ਆਸਾ ਮਨਸਾ ਪੂਰ, ਸਤਿਗੁਰ ਸ਼ਬਦ ਵੱਡੀ ਵਡਿਆਈਆ । ਘਰ ਠਾਕਰ ਸਵਾਮੀ ਦਿਸੇ ਹਾਜ਼ਰ ਹਜ਼ੂਰ, ਦੂਰ ਦੁਰਾਡਾ ਪੰਧ ਮੁਕਾਈਆ । ਹਉਮੇਂ ਹੰਗਤਾ ਗੜ੍ਹ ਤੋੜ ਗ਼ਰੂਰ, ਸਾਚੀ ਨੀਤੀ ਦਏ ਬਦਲਾਈਆ । ਕਰ ਪਰਕਾਸ਼ ਜੋਤੀ ਨੂਰ, ਅੰਧ ਅੰਧੇਰਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਦਏ ਮੁਕਾਈਆ । ਹਰਿਜਨ ਤੇਰਾ ਲਹਿਣਾ ਦੇਣਾ ਲੋਕਮਾਤ ਜਾਏ ਚੁੱਕ, ਆਵਣ ਜਾਵਣ ਲੱਖ ਚੁਰਾਸੀ ਰਹਿਣ ਕੋਇ ਨਾ ਪਾਈਆ । ਮਾਨਸ ਜਨਮ ਬੂਟਾ ਨਾ ਜਾਏ ਸੁੱਕ, ਅੰਮ੍ਰਿਤ ਸਿੰਚ ਸਤਿਗੁਰ ਹਰਾ ਦਏ ਕਰਾਈਆ । ਕੂੜੀ ਮੇਟੇ ਤ੍ਰਿਸ਼ਨਾ ਚਿੰਤ, ਚਿੱਖਾ ਅਗਨ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਸਾਚੀ ਸਰਨ ਦੇਵੇ ਚਰਨ ਦਵਾਰ, ਚਰਨੋਦਕ ਅੰਮ੍ਰਿਤ ਜਾਮ ਮੁਖ ਪਿਆਈਆ । ਜਨਮ ਜਨਮ ਦਾ ਰੋਗ ਨਿਵਾਰ, ਕਰਮ ਕਰਮ ਦਾ ਲੇਖਾ ਦਏ ਮੁਕਾਈਆ । ਘਰ ਮੰਦਰ ਅੰਦਰ ਵਖਾਵੇ ਠਾਂਡਾ ਦਰਬਾਰ ਜਿਥੇ ਸਦਾ ਵੱਜਦੀ ਰਹੇ ਇਕੋ ਨਾਮ ਵਧਾਈਆ । ਬਿਨ ਗੋਪੀ ਕਾਹਨ ਸਖ਼ੀਆਂ ਹੋਵੇ ਮੰਗਲਾਚਾਰ, ਸੁਰਤੀ ਸ਼ਬਦੀ ਢੋਲਾ ਗੀਤ ਅਨਹਦ ਨਾਦ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਈਆ । ਹਰਿਜਨ ਸਾਚਾ ਉਤਰੇ ਪਾਰ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਮਾਨਸ ਜਨਮ ਪੈਜ ਦਏ ਸਵਾਰ, ਲੱਖ ਚੁਰਾਸੀ ਆਵਣ ਜਾਵਣ ਗੇੜਾ ਦਏ ਕਟਾਈਆ । ਦਰ ਦਰ ਘਰ ਘਰ ਵੇਖੇ ਆਣ, ਨਿਰਗੁਣ ਨਿਰਵੈਰ ਦਾਤਾ ਬੇਪਰਵਾਹੀਆ । ਸਤਿ ਧਰਮ ਦਾ ਪੱਕਿਆ ਵੇਖ ਪਕਵਾਨ, ਪਵਿਤ ਪੁਨੀਤ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੪੩੬ ੧੯

ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਕਰਨਹਾਰ ਕਲਿਆਣ, ਕਾਇਨਾਤ ਦੁਨੀਆ ਵਿਚੋਂ ਅੰਤਮ ਬਾਹਰ ਦਏ ਕਢਾਈਆ ।

## ✪ ੨੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਸਵਿੰਦਰ ਕੌਰ ਦੇ ਗ੍ਰਹਿ ਪਿੰਡ ਦੁਨੇ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਗੁਰਮੁਖ ਤੇਰਾ ਵੇਲਾ ਆਇਆ ਸ਼ੁਕਰ ਦਾ, ਮਿਹਰ ਨਜ਼ਰ ਨਾਲ ਪਾਰ ਲੰਘਾਈਆ । ਆਤਮ ਪਰਮਾਤਮ ਨਾਤਾ ਬਣਿਆ ਰਹੇ ਪਿਤਾ ਪੁੱਤਰ ਦਾ, ਦੋ ਜਹਾਨ ਨਾ ਹੋਵੇ ਜੁਦਾਈਆ । ਪੁਰਖ ਅਕਾਲ ਆਪਣੀ ਧਾਰੋਂ ਉਤਰਦਾ, ਗੁਰਮੁਖ ਸੱਜਣ ਰਿਹਾ ਮਿਲਾਈਆ । ਭਾਵ ਰਹੇ ਨਾ ਕੋਈ ਦੁੱਤਰ ਦਾ, ਏਕਾ ਘਰ ਦਏ ਵਸਾਈਆ । ਲੇਖਾ ਲੱਗਾ ਕ਼ਦਮਾਂ ਉਤੇ ਸੀਸ ਝੁਕਣ ਦਾ, ਬਾਕੀ ਪਿਛਲੀ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਲਏ ਟਿਕਾਈਆ । ਜਨ ਭਗਤ ਕਿੱਡੀ ਸੋਹਣੀ ਮੌਲੀ ਰੁੱਤ, ਬਹਾਰ ਪ੍ਰਭ ਨੇ ਦਿਤੀ ਬਣਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਚਾਤਰਕ ਬਿਲਲਾਉਂਦੇ ਤ੍ਰਿਖਾ ਦਿਤੀ ਬੁਝਾਈਆ । ਸਚ ਦਵਾਰ ਬਣਾ ਕੇ ਆਪਣਾ ਸੁਤ, ਸੁਰਤੀ ਰੰਗ ਰੰਗਾਈਆ । ਅਗੇ ਵਿਛੋੜਨ ਦੀ ਕਿਸੇ ਦੀ ਰਹੇ ਕੋਈ ਨਾ ਜੁਰਤ, ਜ਼ੁਰਾਇਮ ਵਾਲੇ ਕ਼ਾਇਮ ਕਰ ਕੇ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਸਾ ਮਨਸਾ ਸਭ ਦੀ ਪੂਰਤ, ਇਛਿਆ ਅੰਦਰ ਭਿਛਿਆ ਨਾਮ ਅਮੋਲਾ ਝੋਲੀ ਪਾਈਆ । ਇਛਿਆ ਕਹੇ ਮੈਂ ਆਸਾਵੰਦ, ਸਦਾ ਸਦਾ ਰਾਹ ਤਕਾਈਆ । ਕਵਣ ਵੇਲਾ ਮੇਰਾ ਮਿਲੇ ਬਖ਼ਸ਼ੰਦ, ਮਿਹਰਵਾਨ ਹੋਏ ਸਹਾਈਆ । ਘਰ ਠਾਂਡੇ ਦੇਵੇ ਅਨੰਦ, ਅਗਨੀ ਅੱਗ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਵਣ ਜਾਵਣ ਲੱਖ ਚੁਰਾਸੀ ਕਟੇ ਫੰਦ, ਫਾਸੀ ਗਲ ਨਾ ਕੋਇ ਲਟਕਾਈਆ ।

## ✪ ੨੬ ਫੱਗਣ ਸ਼ਹਿਨਸ਼ਾਹੀ ਸੰਮਤ ੧ ਕੇਹਰ ਸਿੰਘ ਦੇ ਗ੍ਰਹਿ ਪਿੰਡ ਰਜੀ ਆਲਾ ਜ਼ਿਲਾ ਫ਼ਿਰੋਜ਼ਪੁਰ ✪

ਸ੍ਰੀ ਭਗਵਾਨ ਕਹੇ ਫਲਗੁਣ ਆਪਣਾ ਸੁਣ ਲੈ ਨਤੀਜਾ, ਮਜ਼ਮੂਨ ਅਗਲਾ ਦਿਆਂ ਜਣਾਈਆ । ਚਾਚਾ ਗੁਰੂ ਗੁਰਮੁਖ ਰਹੇ ਨਾ ਕੋਇ ਭਤੀਜਾ, ਪਿਤਾ ਪੁਰਖ ਅਕਾਲ ਇਕੋ ਨਜ਼ਰੀ ਆਈਆ । ਜੋ ਜਨ ਭਗਤਾਂ ਨਿਜ ਆਤਮ ਗ੍ਰਹਿ ਮੰਦਰ ਕਰੇ ਰੀਝਾ, ਮਹੱਲ ਅਟਲ ਚੜ੍ਹ ਕੇ ਖ਼ੁਸ਼ੀ ਵਖਾਈਆ । ਨਿਜ ਨੇਤਰ ਖੋਲ੍ਹ ਕੇ ਸਿੱਧਾ ਕਰੇ ਦੀਦਾ, ਅੱਖ ਪਰਤੱਖ ਪਰਗਟੇ ਆਪ ਗੁਸਾਈਂਆ । ਚਰਨ ਪ੍ਰੀਤੀ ਯਕੀਨ ਦੇਵੇ ਇਕ ਅਕ਼ੀਦਾ, ਅਕ਼ਲ ਬੁਧੀ ਤੋਂ ਬਾਹਰ ਆਪਣਾ ਨਾਮ ਦਏ ਦ੍ਰਿੜਾਈਆ । ਤ੍ਰੈਗੁਣ ਮਾਇਆ ਪੰਜ ਤਤ ਕਾਇਆ ਅੰਦਰ ਬਣੇ ਸਚ ਤਬੀਬਾ, ਚਿੰਤਾ ਰੋਗ ਕੂੜਾ ਵੇਖ ਵਖਾਈਆ । ਗ੍ਰਹਿ ਮੰਦਰ ਧਾਮ ਦੱਸੇ ਅਜੀਬਾ, ਅਜਬ ਨਿਰਾਲਾ ਪੁਰਖ ਅਕਾਲਾ ਆਪਣਾ ਘਰ ਦਿਸਾਈਆ । ਜਿਥੇ ਝਗੜਾ ਰਹੇ ਨਾ ਅਮੀਰ ਗ਼ਰੀਬਾ, ਦੀਨ ਮਜ਼੍ਹਬ ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਸਾਚਾ ਕਲਮਾ ਦੱਸੇ ਹਦੀਸਾ, ਹਜ਼ਰਤ ਹੋ ਕੇ ਕਰੇ ਪੜ੍ਹਾਈਆ । ਲਹਿਣਾ ਦੇਣਾ ਪੂਰਾ ਕਰੇ ਮੁਹੰਮਦ

ਮੂਸਾ ਈਸਾ, ਅਸਲ ਆਪਣੀ ਖੇਲ ਜਣਾਈਆ । ਜਲਵਾ ਜੋਤ ਉਜਿਆਰ ਕਰ ਜਗਦੀਸ਼ਾ, ਜਗਦੀਸ਼ਰ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਆਦਿ ਜੁਗਾਦਿ ਵੱਡੀ ਬਲਵਾਨ, ਬਲਧਾਰੀ ਰਹਿਣ ਕੋਇ ਨਾ ਪਾਈਆ । ਮੇਰਾ ਮਾਲਕ ਪਰਮ ਪੁਰਖ ਸੁਲਤਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਨਾਉਂ ਧਰਾਈਆ । ਵਸਣਹਾਰਾ ਸਚਖੰਡ ਸਚ ਮਕਾਨ, ਮੁਕਾਮੇ ਹੱਕ ਡੇਰਾ ਲਾਈਆ । ਜਿਸ ਦਾ ਸਮਝ ਨਾ ਸਕੇ ਕੋਇ ਸਲਾਮ, ਧਰਮ ਦਾ ਧਰਮ ਨਾ ਕੋਇ ਪਰਗਟਾਈਆ । ਸਿਫ਼ਤਾਂ ਵਿਚ ਸਾਰੇ ਗਾਣ ਕਲਾਮ, ਜੋ ਕਲਮੇ ਦਿਤੇ ਪੜ੍ਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਆਪਣਾ ਬਦਲ ਦੇਵੇ ਵਿਧਾਨ, ਜਗਤ ਵਿਦਿਆ ਵਿਦਿਆਲਾ ਨਾ ਕੋਇ ਵਖਾਈਆ । ਨਵ ਨੌਂ ਚਾਰ ਵੇਖੇ ਮਾਰ ਧਿਆਨ, ਲੱਖ ਚੁਰਾਸੀ ਅੰਦਰ ਪੜਦਾ ਦਏ ਉਠਾਈਆ । ਅਗਲਾ ਸੰਮਤ ਦੇਣ ਵਾਲਾ ਬਿਆਨ, ਬਿਆਨਾ ਲੋਕਮਾਤ ਟਿਕਾਈਆ । ਜੀਵ ਬੁਧੀ ਰਹੇ ਨਾ ਕੋਇ ਅਨਜਾਣ, ਸੁਤਿਆਂ ਸੁਰਤ ਹਿਲਾਈਆ । ਸੁਣੇ ਸਾਹਿਬ ਦਾ ਇਕ ਫ਼ਰਮਾਨ, ਫ਼ੁਰਨੇ ਸਭ ਦੇ ਬੰਦ ਕਰਾਈਆ । ਜਨ ਭਗਤ ਕਰੇ ਪਰਵਾਨ, ਪਰਵਾਨੇ ਧੁਰ ਦੇ ਹੱਥ ਫੜਾਈਆ । ਨਿਰਗੁਣ ਹੋ ਕੇ ਵੇਖੇ ਆਣ, ਅਨਕ ਕਲਧਾਰੀ ਆਪਣਾ ਵੇਸ ਵਟਾਈਆ । ਦਰ ਦਵਾਰੇ ਦੇਵੇ ਮਾਣ, ਮਨ ਕਾ ਮਣਕਾ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਮੇਟੇ ਅੰਧੇਰੀ ਸ਼ਾਮ, ਸ਼ਾਮਤ ਸਭ ਦੇ ਸਿਰ ਤੇ ਆਈਆ । ਸ਼ਾਮਤ ਕਹੇ ਮੈਂ ਚਾਰ ਕੁੰਟ ਮੇਟਣੀ ਸ਼ਮਅ, ਸ਼ਾਇਦ ਕੋਈ ਗੁਰਮੁਖ ਵਿਰਲਾ ਬਚਿਆ ਨਜ਼ਰੀ ਆਈਆ । ਕੂੜੀ ਰਹਿਣ ਨਹੀਂ ਦੇਣੀ ਜਗਤ ਵਿਚ ਤਮਅ, ਤਮਾਚੇ ਮਾਰ ਕੇ ਬਾਹਰ ਦੇਣੇ ਕਢਾਈਆ । ਮਨਮੁਖਤਾ ਦਾ ਲੇਖਾ ਰਹਿਣ ਨਹੀਂ ਦੇਣਾ ਜਮਾ, ਜਮਾਂ ਦੇ ਹੱਥ ਦੇਣਾ ਫੜਾਈਆ । ਬਿਨ ਪੁਰਖ ਅਕਾਲ ਤੋਂ ਦੁਨੀ ਦਾ ਦੀਨ ਕਰ ਨਿਕੰਮਾ, ਗ਼ਮਾਂ ਵਿਚ ਫਿਰੇ ਲੋਕਾਈਆ । ਪ੍ਰਭ ਦਾ ਕੋਈ ਨਾ ਸਮਝੇ ਸਮਾਂ, ਸਹਾਇਤਾ ਵਿਚ ਸਹਾਇਕ ਅੱਖ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਕਰੇ ਰਵਾਂ, ਰਵਾਨਗੀ ਪਰਵਾਨੇ ਬਿਨਾ ਪਤ੍ਰਿਕਾ ਘਰ ਘਰ ਦਏ ਪੁਚਾਈਆ । ਪਤ੍ਰਿਕਾ ਕਹੇ ਮੈਂ ਨਹੀਂ ਬਣਨਾ ਅੱਖਰਾਂ ਵਾਲੀ ਪਾਤੀ, ਪਾਤਨ ਹੋ ਕੇ ਵੇਖ ਵਖਾਈਆ । ਮੈਂ ਇਕੋ ਹੁਕਮ ਸੁਣਨਾ ਕਮਲਾਪਾਤੀ, ਜੋ ਪਤਿਪਰਮੇਸ਼ਵਰ ਆਪਣੀ ਧਾਰ ਵਿਚੋਂ ਪਰਗਟਾਈਆ । ਖੇਲ ਵੇਖਣਾ ਬਹੁ ਬਿਧ ਭਾਤੀ, ਭਾਵੀ ਭਉ ਸਭ ਨੂੰ ਰਹੀ ਜਣਾਈਆ । ਅੰਧੇਰਾ ਚੁਕਦਾ ਤੱਕਣਾ ਕਲਜੁਗ ਅੰਧੇਰੀ ਰਾਤੀ, ਅਮਾਵਸ ਆਪਣਾ ਰੂਪ ਲਏ ਬਦਲਾਈਆ । ਜਨ ਭਗਤਾਂ ਦਾ ਤੱਕਣਾ ਸਾਥੀ, ਗੁਰਮੁਖਾਂ ਗੁਰ ਗੁਰ ਆਪਣੀ ਗੋਦ ਉਠਾਈਆ । ਬਹੁਤਾ ਲੇਖਾ ਲਿਖਾ ਦੇਣਾ ਏਸੇ ਆਉਣ ਵਾਲੀ ਵਸਾਖੀ, ਵਿਸ਼ਵ ਭੁੱਲ ਰਹੇ ਨਾ ਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਨ ਵਿਚੋਂ ਮਨ ਕਰਾਏ ਸਭ ਦਾ ਬਾਗ਼ੀ, ਬਗ਼ਾਵਤ ਵਿਚ ਵੇਖੇ ਜਗਤ ਲੋਕਾਈਆ ।



✪ ੨੭ ਸ਼ਹਿਨਸ਼ਾਹੀ ਸੰਮਤ ੧ ਮਲ ਸਿੰਘ ਦੇ ਗ੍ਰਹਿ ਪਿੰਡ ਰਜੀ ਆਲਾ ਜ਼ਿਲਾ ਫ਼ਿਰੋਜ਼ਪੁਰ ✪

ਦਰਦੀਆਂ ਵੰਡੇ ਪ੍ਰਭੂ ਸਦਾ ਦਰਦ ਦੁੱਖ, ਮਨ ਦਾ ਰੋਗ ਦਏ ਗਵਾਈਆ । ਸਚ ਦਵਾਰ ਦਾ ਬਦਲ ਕੇ ਰੁਖ਼, ਰੁਖ਼ਸਤ ਕੂੜੀ ਕੋਲੋਂ ਦਵੇ

ਦਵਾਈਆ । ਪੜਦਾ ਰਹਿਣ ਨਾ ਦੇਵੇ ਓਹਲਾ ਲੁਕ, ਹਸਤੀ ਵਿਚੋਂ ਹਸਤੀ ਦਏ ਵਖਾਈਆ । ਬਿਨ ਹੱਥਾਂ ਬਾਹਵਾਂ ਗੋਦੀ ਲਏ ਚੁੱਕ, ਸਤਿਗੁਰ ਪੂਰਾ ਪੁਰਖ ਅਕਾਲ ਦਇਆ ਕਮਾਈਆ । ਹਿਰਦਿਉਂ ਪਰਨਾਮ ਬੰਦਨਾ ਵਿਚ ਜੋ ਗਿਆ ਝੁਕ, ਆਸਾਨ ਮੁਸ਼ਕਲ ਹਲ ਕਰਾਈਆ । ਭਗਤ ਸੁਹੇਲਾ ਉਜਲ ਕਰੇ ਮੁਖ, ਚੇਲਾ ਗੁਰੂ ਲਏ ਅਪਣਾਈਆ । ਅਗਲਾ ਪੈਂਡਾ ਜਾਵੇ ਮੁਕ, ਪਿਛਲਾ ਲੇਖਾ ਦੇਵੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜਗਾਦਿ ਜੁਗ ਚੌਕੜੀ ਦੇਵਣਹਾਰਾ ਸਭ ਕੁਛ, ਸਬੱਬ ਨਾਲ ਸਮਝ ਦਏ ਬਦਲਾਈਆ ।

✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ੧ ਇੰਦਰ ਸਿੰਘ ਦੇ ਗ੍ਰਿਹਿ ਪਿੰਡ ਕ਼ਾਦਰ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਜਨਮ ਜਨਮ ਦਾ ਲੇਖਾ ਰਿਹਾ ਮੁਕ, ਅਬਿਨਾਸ਼ੀ ਕਰਤਾ ਲਹਿਣਾ ਝੋਲੀ ਪਾਈਆ । ਆਵਣ ਜਾਵਣ ਮੇਟ ਕੇ ਦੁਖ, ਲੱਖ ਚੁਰਾਸੀ ਫੰਦ ਕਟਾਈਆ । ਆਤਮ ਪਰਮਾਤਮ ਦੇ ਕੇ ਸੁਖ, ਨਿਜਾਨੰਦ ਕਰੇ ਰਸ਼ਾਈਆ । ਸੜਨਾ ਪਏ ਨਾ ਜਨਣੀ ਕੁੱਖ, ਦਸ ਦਸ ਮਾਸ ਅਗਨੀ ਅੱਗ ਨਾ ਕੋਇ ਜਲਾਈਆ । ਪੁਰਖ ਅਕਾਲ ਦੀਨ ਦਿਆਲ ਗੋਦੀ ਲਏ ਚੁੱਕ, ਸਾਹਿਬ ਸਤਿਗੁਰ ਆਪਣਾ ਰੰਗ ਚੜ੍ਹਾਈਆ । ਅੰਮ੍ਰਿਤ ਪਿਆਏ ਅਗੰਮਾ ਘੁਟ, ਤ੍ਰਿਸ਼ਨਾ ਅੱਗ ਕੂੜ ਦੀ ਦਏ ਬੁਝਾਈਆ । ਕਰ ਪਰਕਾਸ਼ ਨਿਰਗੁਣ ਜੋਤ, ਜੋਤੀ ਜਾਤਾ ਕਰੇ ਰੁਸ਼ਨਾਈਆ । ਝਗੜਾ ਮੁਕਾ ਕੇ ਵਰਨ ਗੋਤ, ਇਕੋ ਬ੍ਰਹਮ ਦਏ ਦਰਸਾਈਆ । ਚਿੰਤਾ ਗ਼ਮ ਰਹੇ ਨਾ ਸੋਗ, ਹਿਰਸ ਕੂੜੀ ਦਏ ਗਵਾਈਆ । ਘਰ ਠਾਕਰ ਦਰਸ ਦੇਵਣਹਾਰ ਅਮੋਘ, ਸਨਮੁਖ ਹੋ ਕੇ ਨਜ਼ਰੀ ਆਈਆ ਨਾਮ ਸੰਦੇਸ਼ਾ ਦੇਕੇ ਇਕ ਸਲੋਕ, ਸੋਹੰ ਸਚ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਲਏ ਮਿਲਾਈਆ । ਹਰਿਜਨ ਲਹਿਣਾ ਰਿਹਾ ਵਸੂਲ, ਦਾਤਾ ਦੇਵਣਹਾਰ ਅਖਵਾਈਆ । ਜੋ ਦਰ ਆਇਆਂ ਕਰੇ ਕਬੂਲ, ਸਿਰ ਆਪਣਾ ਹੱਥ ਟਿਕਾਈਆ । ਮਾਨਸ ਜਨਮ ਜਾਣ ਨਾ ਦੇਵੇ ਫ਼ਜ਼ੂਲ, ਫ਼ਜ਼ਲ ਰਹਿਮਤ ਆਪ ਕਮਾਈਆ । ਨਾਮ ਨਿਧਾਨਾ ਦੱਸ ਮਜ਼ਮੂਨ, ਕਲਮਾ ਇਕੋ ਦਏ ਦ੍ਰਿੜਾਈਆ । ਕੂੜੀ ਕਿਰਿਆ ਬਦਲ ਕ਼ਾਨੂੰਨ, ਸਤਿ ਧਰਮ ਦਏ ਵਖਾਈਆ । ਸਾਚਾ ਗ੍ਰਿਹਿ ਕਰ ਮਾਲੂਮ, ਮੁਸ਼ਕਲ ਅਗਲੀ ਹੱਲ ਕਰਾਈਆ । ਜਿਸਨੂੰ ਸਮਝੇ ਨਾ ਕੋਇ ਅਲੂਮ, ਇਲਮ ਵਿਦਿਆ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰ ਵਡਿਆਈਆ । ਜਨ ਭਗਤ ਕਾਇਆ ਮਾਟੀ ਅੰਦਰ ਝੋਲੀ ਰਿਹਾ ਭਰ, ਅਗੰਮੀ ਵਸਤ ਸਤਿਗੁਰ ਸ਼ਬਦ ਨਾਮ ਟਿਕਾਈਆ । ਜਨਮ ਮਰਨ ਭੈ ਭੌ ਚੁਕਾਏ ਡਰ, ਕਰਮ ਕਾਂਡ ਰਹੇ ਨਾ ਰਾਈਆ । ਦੁਰਮਤ ਮੈਲ ਧੁਆਏ ਨੁਹਾ ਕੇ ਸਾਚੇ ਸਰ, ਸਰ ਸਰੋਵਰ ਇਕੋ ਇਕ ਵਖਾਈਆ । ਕਰੇ ਪਰਕਾਸ਼ ਸਾਢੇ ਤਿੰਨ ਹੱਥ ਧੁਰ ਦੇ ਘਰ, ਘਰ ਵਿਚ ਘਰ ਹੋਏ ਰੁਸ਼ਨਾਈਆ । ਸੰਤ ਸੁਹੇਲਾ ਗੁਰਮੁਖ ਗੁਰ ਸ਼ਬਦੀ ਢੋਲਾ ਜਾਏ ਪੜ੍ਹ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਧਾਮ ਸੁਹੰਜਣਾ ਵੇਖੇ ਕਾਇਆ ਬੰਕ ਗੜ੍ਹ, ਸ਼ਾਹਰਗ ਉਪਰ ਸੋਭਾ ਪਾਈਆ । ਸੁਰਤੀ ਲੱਗੇ ਸ਼ਬਦੀ ਲੜ, ਮਨ ਵੈਰਾਗੀ ਕੰਤ ਸੁਹਾਗੀ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੁਹੇਲੇ ਲਏ ਫੜ, ਲੱਖ ਚੁਰਾਸੀ ਵਿਚੋਂ ਕਰ ਕਿਰਪਾ ਬਾਹਰ ਕਢਾਈਆ । ਜਨ ਭਗਤ ਤੇਰਾ ਲਹਿਣਾ ਦੇਣਾ ਪੂਰਬ ਜਨਮ ਦਾ ਪਿਆਰ, ਪਰਮ ਪੁਰਖ ਪਰਮਾਤਮ ਆਤਮ ਦੇਵਣਹਾਰ ਵਡਿਆਈਆ । ਜਗ ਵੇਂਹਦਿਆਂ ਲੰਘ ਗਏ ਜੁਗ ਚਾਰ, ਸਤਿਜੁਗ ਤਰੇਤਾ

ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਹੁਕਮ ਸੰਦੇਸ਼ੇ ਦੇ ਕੇ ਗਏ ਗੁਰੂ ਅਵਤਾਰ, ਪੈਗ਼ੰਬਰ ਕਲਮਿਆਂ ਵਿਚ ਕਰ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰ, ਅੰਜੀਲ ਕੁਰਾਨ ਬਾਈਬਲ ਹੋਕਾ ਹੱਕ ਸੁਣਾਈਆ । ਜਨ ਭਗਤ ਕਹਿਣ ਭਗਤ ਵਛਲ ਗਿਰਵਰ ਗਿਰਧਾਰ, ਗ਼ਰੀਬ ਨਿਮਾਣੇ ਕੋੜ੍ਹੇ ਕਮਲੇ ਗਲੇ ਲਗਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਕਲਜੁਗ ਅੰਤ ਸ੍ਰੀ ਭਗਵੰਤ ਦੇਵਣਹਾਰ ਸਚ ਦੀਦਾਰ, ਗ੍ਰਿਹ ਮੰਦਰ ਕਾਇਆ ਮਾਟੀ ਖ਼ੁਸ਼ੀ ਮਨਾਈਆ । ਜੁਗ ਜਨਮ ਦੇ ਵਿਛੜੇ ਫੜ ਬਾਹੋਂ ਲਏ ਤਾਰ, ਤਾਰਨਹਾਰ ਸਮਰਥ ਆਪਣੀ ਦਇਆ ਕਮਾਈਆ । ਲੇਖਾ ਜਾਣੇ ਗ੍ਰਿਹ ਗ੍ਰਿਹ ਸੱਚੇ ਘਰ ਬਾਹਰ, ਘਟ ਭੀਤਰ ਵੇਖ ਖ਼ੁਸ਼ੀ ਜਣਾਈਆ । ਕਰਨੀ ਦਾ ਕਰਤਾ ਦੁੱਖਾਂ ਦਾ ਹਰਤਾ ਸੰਤ ਸੁਹੇਲੇ ਲਏ ਭਾਲ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ । ਲੇਖਾ ਰਹਿਣ ਨਾ ਦੇਵੇ ਸ਼ਾਹ ਕੰਗਾਲ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਊਚ ਨੀਚ ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਸਚ ਦਵਾਰਾ ਹਰਿ ਮੰਦਰ ਦੱਸਣਹਾਰਾ ਅਗੰਮੀ ਧਰਮਸਾਲ, ਜਿਥੇ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਬੈਠਾ ਡੇਰਾ ਲਾਈਆ । ਗੁਰਮੁਖਾਂ ਕਾਇਆ ਸੁਰਤੀ ਸਦਾ ਕਰੇ ਸੰਭਾਲ, ਅਕਾਲ ਮੂਰਤ ਹੋ ਕੇ ਮੂਰਤ ਨਾਦ ਤੂਰਤ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਹਿਜ ਸੁਭਾਈਆ । ਹਰਿਜਨ ਮੇਲਾ ਗਹਿਰ ਗੰਭੀਰ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਪੁਰਖ ਅਬਿਨਾਸ਼ੀ ਠਾਕਰ ਸਵਾਮੀ ਦੋ ਜਹਾਨਾਂ ਵਡ ਪੀਰਨ ਪੀਰ, ਪੈਗ਼ੰਬਰ ਸਵੰਬਰ ਆਪ ਰਚਾਇੰਦਾ । ਆਦਿ ਜੁਗਾਦਿ ਨਿਤ ਨਵਿਤ ਖੇਲੇ ਖੇਲ ਬੇਨਜ਼ੀਰ, ਸ਼ਾਹ ਸੁਲਤਾਨਾ ਸ੍ਰੀ ਭਗਵਾਨਾ ਆਪਣਾ ਹੁਕਮ ਵਰਤਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਸੱਜਣ ਲੱਭੇ ਅੰਤ ਅਖ਼ੀਰ, ਆਖ਼ਰ ਪੜਦਾ ਓਹਲਾ ਆਪ ਉਠਾਇੰਦਾ । ਪ੍ਰੇਮ ਵਿਛੋੜੇ

੪੪੦ ੧੯

ਵਿਚ ਹੋਣ ਨਾ ਦੇਵੇ ਦਿਲਗੀਰ, ਆਤਮ ਦਰਸੀ ਆਪਣਾ ਦਰਸ ਕਰਾਇੰਦਾ । ਹਰਿਜਨ ਬਣਾ ਕੇ ਸਾਚੇ ਸੰਤ ਫ਼ਕੀਰ, ਸਾਚਾ ਫ਼ਿਕਰਾ ਇਕੋ ਸੋਹੰ ਨਾਮ ਸਮਝਾਇੰਦਾ । ਜਿਸ ਨਾਲ ਜਨਮ ਜਨਮ ਦੀ ਕਰਮ ਕਰਮ ਦੀ ਬਦਲ ਦੇਵੇ ਤਕਦੀਰ, ਤਕਦੀਰ ਉਤੇ ਲਕੀਰ ਹੁਕਮ ਨਾਲ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਵੇਂ ਜੁਗ ਦੀ ਜਨ ਭਗਤਾਂ ਨਾਲ ਕਰੀ ਜਾਏ ਤਾਮੀਰ, ਮਹੱਲ ਅਟਲ ਇਕੋ ਇਕ ਸੁਹਾਇੰਦਾ ।

੪੪੦ ੧੯

### ੨੭ ਫੱਗਣ ਸ਼ਹਿਨਸ਼ਾਹੀ ਸੰਮਤ ੧ ਸੋਹਣ ਸਿੰਘ ਦੇ ਗ੍ਰਿਹ ਪਿੰਡ ਮੁੰਡੀ ਜਮਾਲ ਜ਼ਿਲਾ ਫ਼ਿਰੋਜ਼ਪੁਰ

ਜਨ ਭਗਤਾਂ ਵਕ਼ਤ ਸਦਾ ਰਹੇ ਸੁਹੰਜਣਾ, ਘੜੀ ਸੁਹੰਜਣੀ ਜੁਗ ਜੁਗ ਦੇਵੇ ਵਡਿਆਈਆ । ਹੁੰਦਾ ਰਹੇ ਪੁਰਖ ਅਕਾਲ ਚਰਨ ਧੂੜੀ ਮੱਜਨਾ, ਧੁਰ ਬਿਨ ਮਸਤਕ ਮਸਤਕ ਛੁਹਾਈਆ । ਜੰਗਲ ਜੂਹ ਉਜਾੜ ਪਹਾੜ ਵਿਚੋਂ ਪਏ ਨਾ ਲੱਭਣਾ, ਘਰ ਬੈਠਿਆਂ ਘਰ ਘਰ ਨਜ਼ਰੀ ਆਈਆ । ਮਿੰਨਤਾਂ ਕਰ ਕੇ ਪਏ ਨਾ ਸੱਦਣਾ, ਤਪਾਂ ਵਾਲੀ ਖ਼ੁਸ਼ਾਮਦ ਨਾ ਕੋਇ ਕਰਾਈਆ । ਭਿਖਾਰੀ ਹੋ ਕੇ ਪਏ ਨਾ ਮੰਗਣਾ, ਸਵਾਲੀ ਹੋ ਕੇ ਨਾ ਝੋਲੀ ਡਾਹੀਆ । ਸ੍ਰੀ ਭਗਵਾਨ ਆਪਣੀ ਕਿਰਪਾ ਨਾਲ ਚਾੜ੍ਹੇ ਰੰਗਣਾ, ਰੰਗਤ ਇਕੋ ਦਏ ਰੰਗਾਈਆ । ਕਰਮ ਰਹੇ ਕੋਈ ਨਾ ਮੰਦਨਾ, ਵਡਭਾਗ ਦਏ ਬਣਾਈਆ । ਦੂਸਰ ਕਰਨੀ ਪਏ ਕੋਇ ਨਾ ਬੰਦਨਾ, ਸੀਸ ਜਗਦੀਸ਼ ਇਕ ਝੁਕਾਈਆ । ਭੀੜੀ ਗਲੀ ਪਏ ਨਾ ਲੰਘਣਾ, ਸਚ ਦਵਾਰਾ

ਦਏ ਵਖਾਈਆ । ਕਰੇ ਪਰਕਾਸ਼ ਅਗੰਮੀ ਚੰਦਨਾ, ਚੰਦ ਸੂਰਜ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਚੜ੍ਹਾਈਆ । ਜਨ ਭਗਤਾਂ ਪੂਰੀ ਕਰੇ ਸਧਰ, ਸਦ ਸਦ ਦਇਆ ਕਮਾਈਆ । ਪ੍ਰੇਮੀ ਪਿਆਰਾ ਫਿਰੇ ਮਗਰ, ਘਰ ਘਰ ਅਲਖ ਜਗਾਈਆ । ਕੂੜੀ ਕਿਰਿਆ ਮੇਟੇ ਗ਼ਦਰ, ਵਾਸਨਾ ਮਨ ਨਾ ਕੋਇ ਲੜਾਈਆ । ਭਾਗ ਲਗਾਏ ਅੰਦਰ, ਕਾਇਆ ਮੰਦਰ ਵੱਜੇ ਵਧਾਈਆ । ਕਲਜੁਗ ਕੂੜ ਨਾ ਨਚਾਏ ਕਲੰਦਰ, ਜੂਠ ਝੂਠ ਡੰਕ ਨਾ ਕੋਇ ਵਜਾਈਆ । ਕੂੜੀ ਵਾਸਨਾ ਰਹੇ ਨਾ ਬੰਦਰ, ਮਨ ਸ਼ਬਦੀ ਡੋਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੋੜਨਹਾਰਾ ਕੂੜਾ ਸੰਗਲ, ਸੰਗ ਆਪਣਾ ਆਪ ਬਣਾਈਆ । ਜਨ ਭਗਤਾਂ ਦੇਵਣ ਦੀ ਆਪਣੇ ਹੱਥ ਰਖੇ ਜੁਗਤ, ਜਗਤ ਜੁਗਤ ਦੀ ਲੋੜ ਰਹੇ ਨਾ ਰਾਈਆ । ਮਿਹਰ ਮੁਹੱਬਤ ਵੰਡੇ ਮੁਫ਼ਤ, ਕ਼ੀਮਤ ਕਰਮਾਂ ਨਾ ਕੋਇ ਚੁਕਾਈਆ । ਖੇਲ ਕਰਦਾ ਜਾਏ ਗੁਪਤ, ਜਗਤ ਸੰਸਾਰੀ ਨਜ਼ਰ ਨਾ ਕੋਇ ਤਕਾਈਆ । ਉਠਾਉਂਦਾ ਜਾਏ ਸੋਈ ਸੁਰਤ, ਸੁਤਿਆਂ ਦਏ ਅੰਗੜਾਈਆ । ਹੁਕਮ ਵਰਤਾਈ ਜਾਏ ਤੁਰਤ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰਮੁਖ ਰਹੇ ਕੋਈ ਨਾ ਮੂਰਖ, ਚਤੁਰ ਸੁਘੜ ਸੁਚੱਜੇ ਦੇ ਜਣਾਈਆ । ਨਾਮ ਸੁਣਾ ਕੇ ਆਪਣੀ ਤੂਰਤ, ਤਨ ਮਾਟੀ ਕਰੇ ਸ਼ਨਵਾਈਆ । ਆਸਾ ਮਨਸਾ ਸਭ ਦੀ ਪੂਰਤ, ਤ੍ਰਿਸ਼ਨਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਕਲਾ ਭਰਪੂਰਤ, ਭਾਂਡਾ ਭਰਮ ਦਏ ਭੰਨਾਈਆ । ਜਨ ਭਗਤਾਂ ਹੱਥ ਰਖਦਾ ਜਾਏ ਪੁਸ਼ਤ ਪਨਾਹ, ਮਿਹਰ ਨਜ਼ਰ ਟਿਕਾਈਆ । ਜਨਮ ਜਨਮ ਦਾ ਮੇਟਦਾ ਜਾਏ ਗੁਨਾਹ, ਬਦੀਆਂ ਨੂੰ ਬਧ ਕਰ ਵਖਾਈਆ । ਦ੍ਰਿੜਾਉਂਦਾ ਜਾਏ ਇਕ ਨਾਂ, ਸੋਹੰ ਢੋਲਾ ਬੇਪਰਵਾਹੀਆ ।
੪੪੧ ੧੯ ਸਮਝੌਂਦਾ ਜਾਏ ਪੁਰਖ ਅਕਾਲ ਇਕੋ ਪਿਤਾ ਮਾਂ, ਦੋ ਜਹਾਨਾਂ ਗੋਦ ਟਿਕਾਈਆ । ਸਚਖੰਡ ਦਵਾਰਾ ਜਿਸ ਦਾ ਥਾਂ, ਤਖ਼ਤ ਨਿਵਾਸੀ ਹੋ ਕੇ ਸੋਭਾ ਪਾਈਆ । ਸੋ ਲੇਖਾ ਜਾਣੇ ਦੋ ਜਹਾਂ, ਨਿਰਗੁਣ ਸਰਗੁਣ ਹੁਕਮ ਵਰਤਾਈਆ । ਜਨ ਭਗਤਾਂ ਪਕੜੇ ਬਾਂਹ, ਕਲਜੁਗ ਅੰਤਮ ਹੋ ਸਹਾਈਆ । ਸਿਰ ਰਖ ਕੇ ਠੰਡੀ ਛਾਂ, ਅਗਨੀ ਤਤ ਦਏ ਗਵਾਈਆ । ਸਚ ਪ੍ਰੀਤੀ ਬਖ਼ਸ਼ ਕੇ ਚਰਨ ਧਿਆਂ, ਮਾਇਆ ਮਮਤਾ ਮੋਹ ਮਿਟਾਈਆ । ਸਾਚੀ ਸਿਖਿਆ ਦਏ ਸਿਖਾ, ਸਿਖਿਆ ਵਿਚੋਂ ਸਿੱਖੀ ਲਏ ਪਰਗਟਾਈਆ । ਸਤਿ ਸਰੂਪ ਦਰਸ਼ਨ ਜਾਏ ਦਿਖਾ, ਪੇਖ ਪੇਖ ਬਿਗਸਾਈਆ । ਜਨਮ ਜਨਮ ਦਾ ਲੇਖਾ ਜਾਏ ਚੁਕਾ, ਲਹਿਣਾ ਅਵਰ ਰਹੇ ਨਾ ਰਾਈਆ । ਭਗਤ ਸੁਹੇਲੇ ਦਏ ਤਰਾ, ਤਾਰਨਹਾਰਾ ਦਇਆ ਕਮਾਈਆ । ਆਤਮ ਪਰਮਾਤਮ ਨਾਲ ਲਏ ਮਿਲਾ, ਮਿਲਣੀ ਜਗਦੀਸ਼ ਕਰਾਈਆ । ਕਲਜੁਗ ਅੰਤਮ ਹੋ ਸਹਾ, ਸਹਾਇਤਾ ਦੇਵੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਪਕੜੇ ਬਾਂਹ, ਬਲ ਆਪਣੇ ਨਾਲ ਪਾਰ ਲੰਘਾਈਆ ।

### ✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ੧ ਬਗੀਚਾ ਸਿੰਘ ਦੇ ਗ੍ਰਿਹ ਪਿੰਡ ਮੁੰਡੀ ਜਮਾਲ ਜ਼ਿਲਾ ਫ਼ਿਰੋਜ਼ਪੁਰ ✪

ਜਨ ਭਗਤਾਂ ਪ੍ਰਭ ਲੇਖੇ ਲਾਵੇ ਜਨਮ ਜਨਮ ਦੀ ਬੰਦਗੀ, ਬੰਦੀਖ਼ਾਨੇ ਵਿਚੋਂ ਬੰਦਾ ਦਏ ਛੁਡਾਈਆ । ਕੂੜੀ ਕਿਰਿਆ ਜਗਤ ਵਾਸਨਾ ਅੰਦਰ ਰਹੇ ਨਾ ਗੰਦਗੀ, ਮਾਇਆ ਮੋਹ ਲੋਭ ਰਸਨਾ ਜਿਹਵਾ ਨਾ ਕੋਇ ਹਲਕਾਈਆ । ਅਗੇ ਕੱਟਣੀ ਪਏ ਨਾ ਕਿਸੇ ਦੀ ਮਸ਼ੰਦਗੀ, ਮੁਸ਼ਕਲ ਵਿਚੋਂ

ਖ਼ੁਸ਼ੀਆਂ ਨਾਲ ਬਾਹਰ ਕਢਾਈਆ । ਆਸਾ ਰਹੇ ਨਾ ਸੁਰਪਤ ਇੰਦ ਦੀ, ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਮਨਾਈਆ । ਧਾਰ ਬਣਾ ਕੇ ਅਗੰਮੀ ਬਿੰਦ ਦੀ, ਬਿੰਦਰਾਬਨ ਤੋਂ ਖਹਿੜਾ ਦਏ ਛੁਡਾਈਆ । ਇਹ ਖੇਲ ਅਗੰਮੀ ਦਾਤੇ ਗੁਣੀ ਗਹਿੰਦ ਦੀ, ਜੋ ਗਹਿਰ ਗੰਭੀਰ ਬੇਨਜ਼ੀਰ ਨਿਰਗੁਣ ਨਿਰੰਕਾਰ ਨਜ਼ਰੀ ਆਈਆ । ਮੰਜ਼ਲ ਮੁਕ ਜਾਏ ਜੀਓ ਪਿੰਡ ਦੀ, ਬ੍ਰਹਿਮੰਡਾਂ ਖੰਡਾਂ ਉਪਰ ਆਪਣਾ ਦਰਸ ਦਿਖਾਈਆ । ਜੀਵਣ ਵਿਚੋਂ ਨਵੀਂ ਮਿਲ ਜਾਏ ਜ਼ਿੰਦਗੀ, ਮਰਨ ਪਿਛੋਂ ਮਰਤਬਾ ਦੇਵੇ ਧੁਰਦਰਗਾਹੀਆ । ਧਾਰ ਮਿਲੇ ਅੰਮ੍ਰਿਤ ਰਸ ਸਿੰਧ ਦੀ, ਸੰਧਿਆ ਕੂੜੀ ਦੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨ ਭਗਤ ਹੋਵੇ ਨਾ ਕਿਸੇ ਅਧੀਨ, ਅਦਨਾ ਹੋ ਕੇ ਮੰਗ ਨਾ ਕੋਇ ਮੰਗਾਈਆ । ਇਕ ਪਰਮਾਤਮ ਆਤਮ ਹੋ ਕੇ ਰਖੇ ਯਕੀਨ, ਇਸ਼ਟ ਦੇਵ ਇਕ ਮਨਾਈਆ । ਸਤਿ ਧਰਮ ਦਾ ਲੱਭੇ ਸੱਚਾ ਦੀਨ, ਆਪਣੇ ਮਜ਼੍ਹਬ ਵਿਚ ਜਜ਼ਬ ਲਏ ਕਰਾਈਆ । ਭਗਤ ਸੁਹੇਲਾ ਰਹੇ ਨਾ ਕੋਇ ਕਮੀਨ, ਦਾਤ ਅਗੰਮੀ ਨਿਰਗੁਣ ਦਾਤਾ ਆਪ ਵਰਤਾਈਆ । ਸਚ ਦਵਾਰ ਬਣਾ ਮਸਕੀਨ, ਮਸਲਾ ਅਗਲਾ ਹੱਲ ਕਰਾਈਆ । ਚਿੰਤਾ ਵਿਚ ਨਾ ਰਹੇ ਗ਼ਮਗੀਨ, ਗ਼ਮਾਂ ਤੋਂ ਲਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਹੋਣ ਨਾ ਦੇਵੇ ਤਕਸੀਮ, ਰੰਗ ਇਕੋ ਇਕ ਚੜ੍ਹਾਈਆ । ਜਨ ਭਗਤ ਕਦੇ ਨਾ ਹੋਵੇ ਦੂਰ, ਕ਼ਦਮਾਂ ਉਪਰ ਕ਼ਦੀਮ ਤੋਂ ਰਿਹਾ ਟਿਕਾਈਆ । ਦਰਸ ਦਿਖਾ ਦਏ ਸਦਾ ਸਦਾ ਸਦ ਹਾਜ਼ਰ ਹਜ਼ੂਰ, ਹਾਜ਼ਰੀ ਆਪਣੇ ਘਰ ਲਗਾਈਆ । ਪੂਰਬ ਬਖ਼ਸ਼ ਦੇਵੇ ਕਸੂਰ, ਕ਼ਸਮ ਅਗੇ ਇਕੋ ਨਾਮ ਦਏ ਖਵਾਈਆ । ਮਨੂਆ ਮਨ ਨਾ ਰਹੇ ਗ਼ਰੂਰ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਕਾਇਆ ਤਪੇ ਨਾ ਅਗਨ ਤੰਦੂਰ, ਤ੍ਰੈਗੁਣ ਅਗਨ ਲੇਖਾ ਦੇਵੇ ਢਾਹੀਆ । ਜਨਮ ਜਨਮ ਦਾ ਬਖ਼ਸ਼ ਕਸੂਰ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤ ਮਿਲਣ ਵਾਸਤੇ ਆਤਮਾ ਕਰੇ ਮਜਬੂਰ, ਹੁਕਮੇਂ ਅੰਦਰ ਅੰਦਰ ਸੁਣਾਈਆ । ਜੋਤ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲੇ ਸਚ ਦਵਾਰੇ ਕਰ ਮਨਜ਼ੂਰ, ਮੰਜ਼ਲ ਪੈਂਡਾ ਦਿਤਾ ਮੁਕਾਈਆ ।



### ✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ੧ ਕਰਤਾਰ ਸਿੰਘ ਦੇ ਗ੍ਰਿਹ ਪਿੰਡ ਮੁੰਡੀ ਜਮਾਲ ਜ਼ਿਲਾ ਫ਼ਿਰੋਜ਼ਪੁਰ ✪

ਜਨ ਭਗਤ ਰਹੇ ਨਾ ਕਦੇ ਅਨਭੋਲ, ਅਭੁੱਲ ਭੁੱਲਿਆਂ ਲਏ ਮਿਲਾਈਆ । ਹਿਰਦਾ ਸ਼ਾਂਤ ਮਨ ਰਖੇ ਅਡੋਲ, ਜਗਤ ਤ੍ਰਿਸ਼ਨਾ ਦੇਵੇ ਬੁਝਾਈਆ । ਪ੍ਰੀਤੀ ਵਿਚ ਪ੍ਰੀਤਮ ਵਸੇ ਕੋਲ, ਕੌਲ ਇਕ਼ਰਾਰ ਤੋੜ ਨਿਭਾਈਆ । ਸਚ ਦਵਾਰਾ ਇਕੋ ਖੋਲ੍ਹ, ਖ਼ਾਲਸ ਗੁਰਮੁਖ ਰਿਹਾ ਪਰਗਟਾਈਆ । ਨਾਮ ਕੰਡੇ ਤੋਲ ਕੇ ਤੋਲ, ਕ਼ੀਮਤ ਸਾਚੀ ਰਿਹਾ ਚੁਕਾਈਆ । ਸਾਂਝਾ ਦੱਸ ਕੇ ਇਕ ਬੋਲ, ਸੋਹੰ ਢੋਲਾ ਰਿਹਾ ਪੜ੍ਹਾਈਆ । ਲੱਖ ਚੁਰਾਸੀ ਤਤ ਵਰੋਲ, ਗੁਰਮੁਖ ਗੁਰ ਗੁਰ ਬਾਹਰ ਕਢਾਈਆ । ਸ਼ਬਦ ਸਵਾਮੀ ਬਣ ਵਿਚੋਲ, ਵਿਚਲਾ ਭੇਵ ਖੁਲ੍ਹਾਈਆ । ਵਸਤ ਦੇ ਅਨਮੋਲ, ਅੰਨ੍ਹਿਆਂ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਬਖ਼ਸ਼ੇ ਇਕ ਸਰਨਾਈਆ । ਜਨ ਭਗਤ ਰਹੇ ਨਾ ਮਨ ਅਧੀਨ, ਸੁਰਤੀ ਅੰਦਰੋਂ ਦਏ ਲਗਾਈਆ । ਲੇਖਾ ਚੁਕਾ ਕੇ ਉਪਰ ਜ਼ਮੀਨ, ਫ਼ਰਸ਼ ਤੋਂ ਅਰਸ਼ ਦਏ ਚੜ੍ਹਾਈਆ । ਜਿਥੇ ਮਾਲਕ ਇਕ ਆਮੀਨ, ਅਮਲ ਰਹਿਤ ਅਖਵਾਈਆ ।

ਜਿਸ ਦਰ ਧਾਰ ਨਾ ਨਰ ਨਾ ਮਦੀਨ, ਜੋਤੀ ਨੂਰ ਨੂਰ ਰੁਸ਼ਨਾਈਆ । ਸੋ ਸਾਚਾ ਦੱਸੇ ਇਕ ਦੀਨ, ਧਰਮ ਹੰ ਬ੍ਰਹਮ ਦ੍ਰਿੜਾਈਆ । ਭੈ ਚੁਕਾ ਕੇ ਲੋਕ ਤੀਨ, ਮਾਇਆ ਤੀਨ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਹੇ ਆਫ਼ਰੀਨ, ਜੋ ਬਿਨਾ ਉਫ਼ ਹਾਏ ਤੋਂ ਸੀਸ ਨਿਵਾਈਆ ।

✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ੧ ਸੋਹਣ ਸਿੰਘ ਦੇ ਗ੍ਰਹਿ ਪਿੰਡ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ✪

ਫਲਗੁਣ ਕਹੇ ਮੈਂ ਕੀ ਦੱਸਾਂ ਸਿਫ਼ਤਾਂ, ਸਿਫ਼ਤ ਵਿਚ ਨਾ ਸਿਫ਼ਤ ਸਾਲਾਹੀਆ । ਜਨ ਭਗਤਾਂ ਰੰਗ ਵੇਖਾਂ ਆਪਣੀ ਅੱਖਾਂ, ਸ੍ਰੀ ਭਗਵਾਨ ਰਿਹਾ ਚੜ੍ਹਾਈਆ । ਬਿਨ ਦੰਦਾਂ ਤੋਂ ਖ਼ੁਸ਼ੀਆਂ ਨਾਲ ਹੱਸਾਂ, ਬਿਨ ਤਨ ਵਜੂਦ ਹਸਤੀ ਲਏ ਅੰਗੜਾਈਆ । ਪਰਮ ਪੁਰਖ ਦੇ ਕ਼ਦਮਾਂ ਉਤੇ ਢੱਠਾਂ, ਮਾਣ ਅਭਿਮਾਣ ਮੋਹ ਮਿਟਾਈਆ । ਚਾਰ ਕੁੰਟ ਦਹਿ ਦਿਸ਼ਾ ਨੱਠਾਂ, ਭੱਜਾਂ ਚਾਈਂ ਚਾਈਂਆ । ਜਿਸ ਕੋਟਾਂ ਅਰਬਾਂ ਵਿਚੋਂ ਗੁਰਮੁਖ ਥੋੜ੍ਹੇ ਲੱਭੇ ਦੀਪਾਂ ਸੱਤਾਂ, ਨੌ ਖੰਡ ਵੇਖ ਵਖਾਈਆ । ਗਲ ਪਲੜੂ ਆਪਣੇ ਇਕ ਘੱਤਾਂ, ਨਿਰਧਨ ਹੋ ਕੇ ਸੀਸ ਝੁਕਾਈਆ । ਤੇਰਾ ਖੇਲ ਬੇਅੰਤ ਸਮਰਥਾ, ਸਮਰਥ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਇਆ ਆਪ ਕਮਾਈਆ । ਫਲਗੁਣ ਕਹੇ ਮੇਰੇ ਅੰਦਰੋਂ ਆਉਂਦੀ ਹਾਸੀ, ਹਸਤੀ ਵੇਖੀ ਬੇਪਰਵਾਹੀਆ । ਜੋਤ ਪਰਕਾਸ਼ ਤੱਕਿਆ ਸਚਖੰਡ ਨਿਵਾਸੀ, ਨਿਰਗੁਣ ਦਾਤਾ ਬੇਪਰਵਾਹੀਆ । ਜਨ ਭਗਤ ਸੁਹੇਲੇ ਵੇਖੇ ਦਾਸ ਦਾਸੀ, ਦਸਤ ਬਦਸਤ ਸੇਵ ਕਮਾਈਆ । ਗੋਬਿੰਦ ਸ਼ਬਦ ਵੇਖਿਆ ਸਾਥੀ, ਜੋ ਅੰਦਰ ਵੜ ਕੇ ਸੇਵ ਕਮਾਈਆ । ਪੁਰਖ ਅਕਾਲ ਕਰਦਾ ਵੇਖਿਆ ਰਾਖੀ, ਸ਼ਬਦ ਖੰਡਾ ਹੱਥ ਉਠਾਈਆ । ਪ੍ਰੇਮ ਪਿਆਰ ਅੰਦਰ ਬਣਦਾ ਵੇਖਿਆ ਸਾਕੀ, ਨਾਮ ਪਿਆਲਾ ਅੰਦਰ ਮੁਖ ਲਗਾਈਆ । ਝਗੜਾ ਮੁਕੌਂਦਾ ਵੇਖਿਆ ਜਾਤ ਪਾਤੀ, ਵਰਨ ਬਰਨ ਡੇਰਾ ਢਾਹੀਆ । ਸੰਦੇਸ਼ਾ ਦੇਂਦਾ ਵੇਖਿਆ ਕਮਲਾਪਾਤੀ ਪਤਿਪਰਮੇਸ਼ਵਰ ਹੁਕਮ ਜਣਾਈਆ । ਦਰਸ਼ਨ ਦੇਂਦਾ ਵੇਖਿਆ ਦਿਵਸ ਰਾਤੀ, ਜਨ ਭਗਤਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰ ਖੇਲ ਸਾਚੀ, ਸਚ ਮਾਰਗ ਇਕ ਪਰਗਟਾਈਆ । ਫਲਗੁਣ ਕਹੇ ਮੈਂ ਕੁਛ ਨਹੀਂ ਦਸਣਯੋਗ, ਯਥਾ ਸ਼ਕਤ ਕਹਿਣ ਕੁਛ ਨਾ ਪਾਈਆ । ਜਨ ਭਗਤਾਂ ਦਵਾਰੇ ਲਗਦਾ ਵੇਖਦਾ ਰਿਹਾ ਭੋਗ, ਭਾਵਨਾ ਸਭ ਦੀ ਖੋਜ ਖੁਜਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਪੁਰਖ ਅਕਾਲ ਦਾ ਤੱਕਿਆ ਇਹ ਚੋਜ, ਚੋਜੀ ਪ੍ਰੀਤਮ ਹੋ ਕੇ ਆਪ ਕਰਾਈਆ । ਖ਼ੁਸ਼ੀ ਵਿਚ ਵੇਖਿਆ ਲੋਕ ਪਰਲੋਕ, ਸਲੋਕ ਢੋਲੇ ਰਾਗ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਖੇਲ ਵੇਖਣਾ ਨਿਰਗੁਣ ਜੋਤ, ਜੋਤੀ ਜਾਤਾ ਆਪਣੀ ਕਾਰ ਕਮਾਈਆ । ਭਗਤ ਤੱਕੇ ਰਖਦੇ ਗਏ ਇਕ ਓਟ, ਦੂਜੀ ਆਸ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਕਾਰ ਕਮਾਈਆ । ਫਲਗੁਣ ਕਹੇ ਮੈਂ ਰੁੱਤ ਬਸੰਤੀ ਕਲਜੁਗ ਅੰਤ ਗੁਰਮੁਖ ਫੁੱਲ, ਫੁਲਵਾੜੀ ਮਹਿਕੀ ਬੇਪਰਵਾਹੀਆ । ਨਾਲ ਤੱਕੇ ਗ਼ੁੰਚੇ ਗੁਲ, ਪੱਤ ਟਹਿਣੀ ਵੇਖ ਵਖਾਈਆ । ਜਿਸ ਦੀ ਨਾ ਕੋਈ ਕ਼ੀਮਤ ਨਾ ਕੋਈ ਮੁੱਲ, ਹੱਟ ਬਜ਼ਾਰ ਨਾ ਕੋਇ ਵਿਕਾਈਆ । ਜਿਨ੍ਹਾਂ ਦਾ ਮਾਲਕ ਏਕੰਕਾਰਾ ਸੁਲਹਕੁਲ, ਪਰਵਰਦਿਗਾਰ ਨੂਰ ਖ਼ੁਦਾਈਆ । ਸੋ ਕਰੇ ਖੇਲ ਅਨਤੁਲ, ਅਡੁਲ ਦਇਆ

ਕਮਾਈਆ । ਜਨ ਭਗਤ ਬਣਾ ਕੇ ਆਪਣੀ ਕੁਲ, ਵੇਖਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਧੁਰ ਦਾ ਇਕ ਪਰਗਟਾਈਆ । ਫਲਗੁਣ ਕਹੇ ਮੈਂ ਵੇਖਿਆ ਘਰ ਘਰ, ਜਨ ਭਗਤਾਂ ਵੱਜੀ ਵਧਾਈਆ । ਪੁਰਖ ਅਕਾਲਾ ਦੇ ਕੇ ਵਰ, ਦਰਦੀਆਂ ਦਰਦ ਵੰਡਾਈਆ । ਸਚ ਸਰੋਵਰ ਦੱਸ ਕੇ ਸਰ, ਬਿਨ ਤੀਰਥ ਤਟ ਇਸ਼ਨਾਨ ਕਰਾਈਆ । ਭਾਗ ਲਗਾ ਕੇ ਕਾਇਆ ਗੜ੍ਹ, ਕੂੜੀ ਗੜ੍ਹੀ ਦੇਵੇ ਵਡਿਆਈਆ । ਮੰਜ਼ਲ ਮਹੱਲ ਵੇਖੇ ਚੜ੍ਹ, ਪੌੜੀ ਡੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਫਲਗੁਣ ਕਹੇ ਮੈਂ ਭਗਤਾਂ ਅੰਦਰ ਵੇਖੀ ਸੋਹਣੀ ਸੁਗੰਧੀ, ਚਾਰ ਕੁੰਟ ਮਹਿਕਾਈਆ । ਜਿਨ੍ਹਾਂ ਦੀ ਨੇਤਰ ਅੱਖ ਰਹੇ ਨਾ ਅੰਧੀ, ਅੰਧਿਆਰਾ ਕੂੜਾ ਦਏ ਚੁਕਾਈਆ । ਮਨ ਵਾਸਨਾ ਰਹੇ ਨਾ ਗੰਦੀ, ਗੰਦਮ ਕਟਵਾ ਕੇ ਗੁਦਾਮ ਭਰਨ ਨਾਮ ਨਿਧਾਨ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਫਲਗੁਣ ਕਹੇ ਮੈਂ ਤੱਕਦਾ ਰਿਹਾ ਅਨਕ ਅਨੇਕ ਪਦਾਰਥ, ਚਾਰ ਜੁਗ ਖੋਜ ਖੁਜਾਈਆ । ਦੁਨੀਆ ਆਪਣਾ ਮੁੱਖ ਰਖਦੀ ਰਹੀ ਸਵਾਰਥ, ਜਗਤ ਆਸਾ ਵਿਚ ਲੋਕਾਈਆ । ਪ੍ਰਭੂ ਦਾ ਪ੍ਰਭੂ ਬਿਨ ਜਾਣੇ ਨਾ ਕੋਇ ਪਰਮਾਰਥ, ਪੜਦਾ ਪਰੇ ਨਾ ਕੋਇ ਹਟਾਈਆ । ਕਲਜੁਗ ਅੰਤ ਪੁਰਖ ਅਬਿਨਾਸ਼ੀ ਖੇਲ ਕਰਿਆ ਵਿਚ ਭਾਰਤ, ਧਰਨੀ ਹਿੱਸਾ ਸੋਹਣਾ ਵੰਡ ਵੰਡਾਈਆ । ਭਗਤ ਦਵਾਰ ਉਪਾ ਸੱਚੀ ਇਮਾਰਤ, ਮਹੱਲ ਅਟਲ ਕਰੇ ਰੁਸ਼ਨਾਈਆ । ਜਿਥੇ ਮਨਜ਼ੂਰ ਹੋਵੇ ਬਿਨ ਸਜਦਿਉਂ ਸਚ ਜ਼ਿਆਰਤ, ਸਫ਼ਾਰਸ਼ ਦੀ ਲੋੜ ਰਹੇ ਨਾ ਰਾਈਆ । ਜਿਸ ਦੀ ਬਦਲੇ ਨਾ ਕੋਇ ਵਜ਼ਾਰਤ, ਵੁਜ਼ੂਆਂ ਤੋਂ ਲਏ ਛੁਡਾਈਆ । ਜਨ ਭਗਤਾਂ ਮਹਿੰਮਾ ਧੁਰ ਦੀ ਗਾਥਾ ਸ਼ਬਦੀ ਨਾਮ ਲਿਖੇ ਇਬਾਰਤ, ਹੁਕਮੀ ਹੁਕਮ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਜਣਾਈਆ । ਫਲਗੁਣ ਕਹੇ ਮੈਂ ਵੇਖਿਆ ਘਰ ਘਰ ਦਾ ਹਿੱਸਾ, ਭਗਵਾਨ ਭਗਤ ਵੰਡ ਵੰਡਾਈਆ । ਗ਼ਰੀਬ ਨਿਮਾਣਿਆਂ ਦੇਵੇ ਕਿਸੇ ਨਾ ਪਿਛਾ, ਪਿਛਲੇ ਅਗੇ ਲਏ ਲਗਾਈਆ । ਸ਼ਾਹ ਸੁਲਤਾਨ ਹੋਕੇ ਕਰੇ ਰਿਛਾ, ਮਿਹਰ ਨਜ਼ਰ ਇਕ ਉਠਾਈਆ । ਭਗਤੀ ਦਾ ਭਾਵ ਨਾਮ ਪਾਏ ਭਿੱਛਾ, ਧੁਰ ਦੀ ਵਸਤ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਾ ਲਿਖਾ, ਲੱਖਪਤੀ ਸਮਝ ਕਿਸੇ ਨਾ ਆਈਆ । ਫਲਗੁਣ ਕਹੇ ਮੈਂ ਤੱਕਦਾ ਰਿਹਾ ਭਗਤ ਭਗਵਾਨ ਪਿਆਰ, ਪ੍ਰਿਥਮੀ ਆਕਾਸ਼ ਖੋਜ ਖੁਜਾਈਆ । ਵੇਂਹਦਾ ਰਿਹਾ ਜਗਤ ਸੰਸਾਰ, ਲੱਖ ਚੁਰਾਸੀ ਅੰਦਰ ਵੜ ਵੜ ਚਾਰੇ ਕੁੰਟ ਪੜਦਾ ਲਾਹੀਆ । ਸਾਚਾ ਦਿਸੇ ਨਾ ਕੋਇ ਦਿਲਦਾਰ, ਦਲਿਦ੍ਰੀਆਂ ਦੁੱਖ ਨਾ ਕੋਇ ਮਿਟਾਈਆ । ਹੰਗਤਾ ਵਿਚ ਭਰਿਆ ਸੰਸਾਰ, ਮਨੂਆ ਮਨ ਹੰਕਾਰ ਨਾ ਕੋਇ ਗਵਾਈਆ । ਪੁਰਖ ਅਕਾਲ ਹੋ ਤਿਆਰ, ਹਰਿਜਨ ਵੇਖੇ ਚਾਈਂ ਚਾਈਂਆ । ਗੁਰ ਅਵਤਾਰਾਂ ਪੈਗ਼ੰਬਰਾਂ ਦਾ ਪੂਰਬ ਵਿਹਾਰ, ਬਿਵਹਾਰੀ ਹੋ ਕੇ ਆਪ ਕਰਾਈਆ । ਜਿਸ ਦਾ ਲੇਖਾ ਓਸੇ ਦਾ ਲਹਿਣਾ ਸਦਾ ਜੁਗ ਚਾਰ, ਚੌਕੜ ਆਪਣੀ ਖੇਲ ਖਿਲਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਗ੍ਰਿਹਿ ਗ੍ਰਿਹਿ ਦੇ ਦੀਦਾਰ, ਦਲਿੱਦ੍ਰਾਂ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੁਕਮੇ ਅੰਦਰ ਆਪਣਾ ਹੁਕਮ ਕਰ ਵਰਤਾਰ, ਵਿਹਾਰ ਭਗਤਾਂ ਨਾਲ ਰਖਾਈਆ ।

## ੩੦ ਫੱਗਣ ਸ਼ਹਿਨਸ਼ਾਹੀ ਸੰਮਤ ੧ ਹਰਿ ਭਗਤ ਦਵਾਰ ਜੇਠੂਵਾਲ

ਸ਼ਹਿਨਸ਼ਾਹੀ ਸੰਮਤ ਕਹੇ ਪਹਿਲੀ ਸਦੀ ਦਾ ਪਹਿਲਾ ਸੁਹੰਜਣਾ ਬਰਸ, ਜਨ ਭਗਤਾਂ ਸਦੀਆਂ ਦੇ ਸਦਮੇ ਦਏ ਗਵਾਈਆ । ਸਚ ਪ੍ਰੇਮ ਪਿਆਰ ਮੁਹੱਬਤ ਦਾ ਦੇ ਕੇ ਦਰਸ, ਦਰਸੀ ਦਰਸ ਆਪਣੇ ਰੰਗ ਰੰਗਾਈਆ । ਅਗਲਾ ਖੇਲ ਕਰ ਉਤੇ ਫ਼ਰਸ਼, ਆਤਸ਼ਫ਼ਸ਼ਾਂ ਵੇਖੇ ਲੋਕਾਈਆ । ਲਹਿਣਾ ਦੇਣਾ ਦੇਵੇ ਸ਼ਰਕੁਲ ਸ਼ਰਕ, ਮਸ਼ਰਕ ਹੁਕਮ ਵਰਤਾਈਆ । ਮਗ਼ਰਬ ਪਏ ਭੜਕ, ਅਗਨੀ ਤਤ ਜਲਾਈਆ । ਸ਼ਮਾਲ ਉਠੇ ਨਿਧੜਕ, ਜਨੂਬ ਲਏ ਅੰਗੜਾਈਆ । ਪੁਰਖ ਅਕਾਲ ਹੁਕਮ ਦੇਵੇ ਕੜਕ, ਸਖ਼ਤੀ ਵਿਚ ਸੁਣਾਈਆ । ਫ਼ਰਮਾਨ ਅੰਦਰ ਰਹੇ ਨਾ ਅਟਕ, ਅਟਕ ਤੋਂ ਪਰੇ ਲਏ ਉਠਾਈਆ । ਸ਼ਮਅ ਉਤੇ ਪਤੰਗਿਆਂ ਦਾ ਚੜ੍ਹੇ ਕਟਕ, ਕਠਪੁਤਲੀ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਭੁਗਤਾਈਆ । ਬਰਸ ਕਹੇ ਮੈਂ ਪਹਿਲਾ ਇੱਕ, ਇੱਕ ਦੀ ਕਰਾਂ ਸ਼ਨਵਾਈਆ । ਪੂਰੀ ਕਰ ਕੇ ਸਿੱਕ, ਸਿਕਮ ਦਿਆਂ ਹਿਲਾਈਆ । ਧੁਰ ਦਾ ਹੁਕਮ ਲਿਖ, ਲੇਖਾ ਦਿਆਂ ਭੁਗਤਾਈਆ । ਭਗਤ ਸੁਹੇਲਾ ਵੇਖ ਕੇ ਸਿੱਖ, ਸਿਖਰ ਚੋਟੀ ਆਪ ਚੜ੍ਹਾਈਆ । ਮੇਰੇ ਵਿਚ ਦਰਸ਼ਨ ਕੀਤਾ ਜਿਸ, ਜਿਸਮ ਜ਼ਮੀਰ ਦੋਵੇਂ ਲੇਖੇ ਪਾਈਆ । ਸੰਮਤ ਕਹੇ ਜੋ ਕੁਛ ਕਰਨਾ ਸੋ ਇਸ, ਇਸ ਤੋਂ ਪਰੇ ਨਾ ਕੋਇ ਖ਼ੁਦਾਈਆ । ਜਗਤ ਅੱਖਾਂ ਨਾ ਆਵੇ ਦਿਸ, ਗਿਆਨ ਲੋਚਣ ਕਰੇ ਰੁਸ਼ਨਾਈਆ । ਕਲਜੁਗ ਅੰਤਮ ਲਾਹਵੇ ਵਿਖ, ਰਸ ਮਿੱਠਾ ਇਕ ਚਖਾਈਆ । ਜੋ ਭਗਤਾਂ ਭਗਤ ਦਵਾਰ ਲਿਆਏ ਖਿਚ, ਖਿਚ ਅੰਦਰੇ ਅੰਦਰ ਰਖਾਈਆ । ਓਸ ਸ੍ਰਿਸ਼ਟੀ ਕਰਨੀ ਜਿਚ, ਜੱਚਾਂ ਦੇਣ ਦੁਹਾਈਆ । ਸਾਚਾ ਰਹੇ ਕੋਈ ਨਾ ਹਿੱਤ, ਹਿੰਮਤ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਫਲਗੁਣ ਕਹੇ ਪਹਿਲੇ ਬਰਸ ਦਾ ਮੇਰਾ ਅੰਤ ਸੰਦੇਸ਼, ਸਾਚੇ ਸੰਤਾਂ ਦਿਆਂ ਜਣਾਈਆ । ਜਨ ਭਗਤੋ ਸਦਾ ਵਸਣਾ ਪ੍ਰਭ ਦੇ ਦੇਸ, ਦਿਸ਼ਾ ਵੰਡ ਨਾ ਕੋਇ ਵੰਡਾਈਆ । ਜਾਤ ਪਾਤ ਨਾ ਲੈਣੀ ਵੇਖ, ਵਿਸ਼ਿਆਂ ਵਿਚ ਨਾ ਵਕ਼ਤ ਗਵਾਈਆ । ਆਪਣਾ ਬਲ ਕੁਛ ਪਰਗਟਾਉਣਾ ਦਸ ਦਸਮੇਸ, ਦਹਿ ਦਿਸ਼ਾ ਕਰ ਰੁਸ਼ਨਾਈਆ । ਥੋੜਾ ਸ਼ਮਾਂ ਫਿਰ ਜੋਤ ਪਰਕਾਸ਼ ਰਹੇ ਹਮੇਸ਼, ਪੜਦਾ ਉਹਲਾ ਦੂਰ ਕਰਾਈਆ । ਸੁਣਾਉਂਦਾ ਰਹੇ ਸੰਦੇਸ਼, ਸੁਤਿਆਂ ਆਪ ਉਠਾਈਆ । ਮਾਲਕ ਬਣ ਨਰੇਸ਼, ਨਿਸ਼ਾਨਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਜਾ ਸਾਲ ਸੰਮਤ ਸਦੇ ਪੇਸ਼, ਪੇਸ਼ਤਰ ਆਪਣਾ ਹੁਕਮ ਸੁਣਾਈਆ । ਅਗਲਾ ਸਾਲ ਕਹੇ ਮੈਂ ਚੜ੍ਹਨ ਵਾਲਾ ਜਗ, ਜੁਗਤੀ ਪਿਛਲੇ ਸੰਮਤ ਦਿਤੀ ਸਮਝਾਈਆ । ਲਾ ਕੇ ਬੁਝਾਉਣੀ ਅੱਗ, ਇਹੋ ਮੇਰੀ ਵਡਿਆਈਆ । ਹੰਸ ਬਣਾਉਣੇ ਕਗ, ਚਾਰ ਕੁੰਟ ਹਲਕਾਈਆ । ਸੰਤ ਸੁਹੇਲੇ ਮਿਲ ਕੇ ਗਾਉਣਾ ਛਦ, ਛੰਦ ਇਕੋ ਇਕ ਸੁਣਾਈਆ । ਪਰਗਟ ਹੋਣੀ ਭਗਤ ਭਗਵਾਨ ਯਦ, ਯਥਾਰਥ ਬਖ਼ਸ਼ੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟੀ ਦ੍ਰਿਸ਼ਟੀ ਤੋਂ ਹੋ ਕੇ ਬੈਠਾ ਦੂਰ ਅੱਡ, ਮਾਸ ਨਾੜੀ ਹੱਡ ਨਜ਼ਰ ਕਿਸੇ ਨਾ ਆਈਆ । ਅਗਲਾ ਸਾਲ ਕਹੇ ਮੈਨੂੰ ਕਹੋ ਸੁਭਾਗਾ, ਭਾਗ ਸਭ ਦਾ ਦੇਣਾ ਬਦਲਾਈਆ । ਜਨ ਭਗਤਾਂ ਧੋਣਾ ਦੁਰਮਤ ਮੈਲ ਦਾਗ਼ਾ, ਦਗ਼ਿਆਂ ਦੀ ਲੋੜ ਰਹੇ ਨਾ ਰਾਈਆ । ਧੁਰ ਦਾ ਸੱਜਣ ਮਿਲਣਾ ਸਾਕਾ, ਸਕੀਰੀ ਅਗਲੀ ਲਏ ਬਣਾਈਆ । ਚਾਰ ਕੁੰਟ ਦਹਿ ਦਿਸ਼ਾ ਦਾ ਨਵਾਂ ਬਣਾਉਣਾ ਖ਼ਾਕਾ,

ਖ਼ਾਲਸ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਪ੍ਰਿਥਮੀ ਆਕਾਸ਼ਾ, ਆਕਾਸ਼ਾਂ ਤੋਂ ਉਪਰ ਆਪਣਾ ਹੁਕਮ ਵਰਤਾਈਆ ।

## ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ

ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ਪਹਿਲਾ ਸਾਲ ਗਿਆ ਮੁਕ, ਫਲਗੁਣ ਅੰਤ ਅਖ਼ੀਰ ਜਨ ਭਗਤਾਂ ਦਏ ਵਡਿਆਈਆ । ਤੂੰ ਮੇਰਾ ਮੈਂ ਤੇਰਾ ਦੋ ਜਹਾਨ ਜਿਨ੍ਹਾਂ ਪੜ੍ਹੀ ਅਗੰਮੀ ਤੁਕ, ਸੋਹੰ ਢੋਲਾ ਹੱਕ ਬੋਲਾ ਬਣ ਵਿਚੋਲਾ ਨਿਰਗੁਣ ਸਰਗੁਣ ਆਪ ਜਣਾਈਆ । ਪਾਰਬ੍ਰਹਮ ਬ੍ਰਹਮ ਨਿਜ ਦੇ ਕੇ ਸੁਖ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਭੇਵ ਅਭੇਦਾ ਅਛਲ ਅਛੇਦਾ ਨਿਰਗੁਣ ਆਪ ਖੁਲ੍ਹਾਈਆ । ਭਗਤ ਭਗਵਾਨ ਨੌਜਵਾਨ ਮਰਦ ਮਰਦਾਨ ਪੜਦਾ ਓਹਲਾ ਰਹੇ ਨਾ ਲੁਕ, ਬਜਰ ਕਪਾਟੀ ਸਾਚੀ ਹਾਟੀ ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨੂਰ ਕਰੇ ਰੁਸ਼ਨਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਨਵ ਨੌ ਚਾਰ ਪਿਛੋਂ ਆਪਣਾ ਬਦਲ ਕੇ ਆਇਆ ਰੁਖ਼, ਰੁਖ਼ਸਤ ਦੇ ਕੇ ਗੁਰ ਅਵਤਾਰ ਪੈਗ਼ੰਬਰ ਜੋਤੀ ਜੋਤ ਵਿਚ ਸਮਾਈਆ । ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਸ਼ਾਹ ਸੁਲਤਾਨਾ ਹੁਕਮ ਦੇਵੇ ਅਬਿਨਾਸ਼ੀ ਅਚੁੱਤ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਧੁਰ ਦਾ ਕਲਮਾ ਬਿਨ ਅੱਖਰਾਂ ਇਕ ਦ੍ਰਿੜਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਜ਼ਿਮੀਂ ਅਸਮਾਨ ਚਾਰ ਕੁੰਟ ਦਹਿ ਦਿਸ਼ਾ ਸਾਚਾ ਮਿਲੇ ਕਿਸੇ ਨਾ ਸੁਖ, ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਅੰਡਜ ਜੇਰਜ ਉਤਭੁਜ ਸੇਹਤਜ ਪੜਦਾ ਦਏ ਉਠਾਈਆ । ਦੀਨ ਦੁਨੀ ਜਾਤ ਪਾਤ ਰਿਖੀ ਮੁਨੀ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਸਮੁੰਦ ਸਾਗਰ ਸਭ ਨੂੰ ਹੋਣਾ ਦੁੱਖ, ਦੁਖੀਆਂ ਦਰਦ ਹਾ ਭਰਕੇ ਸਰਦ ਸੁਣ ਕੇ ਅਰਜ਼ ਅਗੇ ਹੋ ਨਾ ਕੋਇ ਬਚਾਈਆ । ਜ਼ਾਲਮ ਜ਼ੁਲਮ ਅਗੰਮੀ ਧਾਰ ਹੁਕਮੇ ਪਿਆਰ ਸ਼ਬਦੀ ਕਾਰ ਫੜਨੀ ਕਰਦ, ਬੇਪਨਾਹ ਬੇਗੁਨਾਹ ਬੇਜ਼ਨਾਹ ਬੇਰਫ਼ਾ ਬੇਵਫ਼ਾ ਕੋਈ ਨਾ ਸਕੇ ਅਟਕ, ਖਟਕਾ ਸਭ ਨੂੰ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਕਰਨੀ ਕਰਤਾ ਕੁਦਰਤ ਦਾ ਮਾਲਕ ਵਡ ਖ਼ਾਲਕ ਹੁਕਮ ਇਕੋ ਇਕ ਜਣਾਈਆ । ਪਹਿਲੀ ਚੇਤ ਕਹੇ ਮੈਂ ਦੱਸਾਂ ਇਕ ਸੰਦੇਸ਼ਾ, ਬਿਨ ਅੱਖਰਾਂ ਇਕ ਜਣਾਈਆ । ਕਲਜੁਗ ਜੀਵੋ ਰਿਹੋ ਨਾ ਵੇਖੀ ਵੇਖਾ, ਵੱਖਰਾ ਪੜਦਾ ਓਹਲਾ ਦਿਆਂ ਉਠਾਈਆ । ਪੁਰਖ ਅਕਾਲ ਦੀਨ ਦਿਆਲ ਨਿਰਗੁਣ ਜੋਤ ਧਾਰ ਕੇ ਭੇਖਾ, ਭੇਖਾਧਾਰੀ ਆਪਣਾ ਆਪ ਬਦਲਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਏਥੇ ਓਥੇ ਬ੍ਰਹਿਮੰਡ ਖੰਡ ਸਚਖੰਡ ਮੁਕਾਮੇ ਹੱਕ ਰੂਪ ਰੰਗ ਨਾ ਕੋਇ ਰੇਖਾ, ਲਾਸ਼ਰੀਕ ਵਾਹਿਦ ਜਲਵਾਗਰ ਆਪਣਾ ਨੂਰ ਕਰੇ ਰੁਸ਼ਨਾਈਆ । ਨਾ ਕੋਈ ਮੁੱਛ ਨਾ ਕੋਈ ਦਾੜ੍ਹੀ ਨਾ ਕੋਈ ਕੇਸਾ, ਪੰਜਾਂ ਤੱਤਾਂ ਵਾਲੀ ਧਾਰ ਨਾ ਦਿਸੇ ਦਸ ਦਸਮੇਸਾ, ਸ਼ਬਦ ਖੰਡਾ ਦੇਵੇ ਸਚ ਅਨੰਦਾ, ਪਰਮਾਨੰਦਾ ਆਤਮ ਵਿਚੋਂ ਦਏ ਦ੍ਰਿੜਾਈਆ । ਲੱਖ ਚੁਰਾਸੀ ਵਿਚੋਂ ਥੋੜਿਆਂ ਵਾਸਤੇ ਸੰਮਤ ਚੜ੍ਹਿਆ ਚੰਗਾ, ਨੇਤਰ ਰੋਂਦੀ ਵੇਖੀ ਜਮਨਾ ਸੁਰਸਤੀ ਗੰਗਾ, ਅੱਠ ਸੱਠ ਤੀਰਥ ਬਿਨ ਅੱਖਾਂ ਨੀਰ ਵਹਾਈਆ । ਸਾਧ ਸੰਤ ਚਾਰ ਕੁੰਟ ਦਹਿ ਦਿਸ਼ਾ ਚਾਰ ਵਰਨ ਅਠਾਰਾਂ ਬਰਨ ਬਿਨ ਸ਼ਬਦ ਓਢਣ ਫਿਰੇ ਨੰਗਾ, ਕੂੜੀ ਕਿਰਿਆ ਸੀਸ ਖ਼ਾਕ, ਰੂਹ ਬੁੱਤ ਨਾ ਹੋਇਆ

ਪਾਕ, ਪਤਿਤ ਪੁਨੀਤ ਨਜ਼ਰ ਕੋਇ ਨਾ ਆਈਆ । ਮਨ ਵਾਸਨਾ ਕੂੜੀ ਕਿਰਿਆ ਹਉਮੇਂ ਹੰਗਤਾ ਹੋਇਆ ਗੰਦਾ, ਧੁਨ ਅਨਾਦ ਸ਼ਬਦ ਅਨਰਾਗੀ ਰਾਗ ਨਾ ਕੋਇ ਸੁਣਾਈਆ । ਸਚ ਦਵਾਰੇ ਕਰ ਦਰਸ ਨਰ ਨਿਰੰਕਾਰੇ, ਨਿਰਮਲ ਜੋਤ ਜੋਤ ਉਜਿਆਰੇ, ਨੂਰ ਨੂਰ ਨੂਰ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਅੰਤਰਜਾਮੀ ਲੱਖ ਚੁਰਾਸੀ ਘਟ ਭੀਤਰ ਅੰਦਰ ਬਾਹਰ ਗੁਪਤ ਜਾਹਰ ਨਿਰਗੁਣ ਸਰਗੁਣ ਖੋਜ ਖੁਜਾਈਆ । ਪਹਿਲੀ ਚੇਤ ਕਹੇ ਮੈਂ ਦੱਸਣ ਆਇਆ ਧੁਰ ਦੀ ਬਾਤ, ਚੋਰੀ ਚੋਰੀ ਫੇਰਾ ਪਾਈਆ । ਕੀ ਕਰੇ ਪੁਰਖ ਅਬਿਨਾਸ਼, ਕਰਨੀ ਕਰਤਾ ਆਪਣਾ ਹੁਕਮ ਵਰਤਾਈਆ । ਜਨ ਭਗਤੋ ਸੁਣ ਲਓ ਤੁਸੀਂ ਖ਼ਾਸ, ਖਸੂਸੀਅਤ ਵਿਚ ਦ੍ਰਿੜਾਈਆ । ਚਾਰ ਕੁੰਟ ਸ੍ਰਿਸ਼ਟੀ ਦ੍ਰਿਸ਼ਟੀ ਕਰਨੀ ਉਦਾਸ, ਸਾਂਤਕ ਸਤਿ ਨਾ ਕੋਇ ਵਰਤਾਈਆ । ਗੋਪੀ ਕਾਹਨ ਵਾਲੀ ਭੁੱਲਣੀ ਸਭ ਨੂੰ ਰਾਸ, ਨਟੂਆ ਸਵਾਂਗੀ ਸਾਂਗ ਨਾ ਕੋਇ ਜਣਾਈਆ । ਮੰਦਰ ਮਸਜਿਦ ਗੁਰਦਵਾਰ ਸ਼ਿਵਦਵਾਲੇ ਮਠ ਕਿਸੇ ਨਾ ਪੁਛਣੀ ਬਾਤ, ਵਾਤਾਵਰਨ ਬਦਲੇ ਲੋਕਾਈਆ । ਦੀਨ ਮਜ਼੍ਹਬ ਵੱਡਾ ਛੋਟਾ ਇਕ ਦੂਜੇ ਦਾ ਕਰਨ ਘਾਤ, ਘਾਓ ਲੱਗੇ ਥਾਉਂ ਥਾਈਂਆ । ਬਿਨ ਗੁਰਮੁਖਾਂ ਸਾਚੀ ਦਿਸੇ ਨਾ ਕੋਇ ਜਮਾਤ, ਜੁਮਲਾ ਹੱਕ ਨਾ ਕੋਇ ਪੜ੍ਹਾਈਆ । ਪੁਰਖ ਅਕਾਲਾ ਦੀਨ ਦਿਆਲਾ ਸਮਰਥ ਸਵਾਮੀ ਅੰਤਰਜਾਮੀ ਵੇਖਣ ਆਇਆ ਆਪ, ਆਪਣੇ ਵਾਕਿਆਤ, ਵਾਕ ਭਵਿਖਤ ਗੁਰ ਅਵਤਾਰ ਪੈਗ਼ੰਬਰਾਂ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਇਕ ਸਰਨਾਈਆ । ਚੇਤ ਕਹੇ ਮੈਂ ਦੱਸਣ ਜੋਗਾ ਨਹੀਂ ਕੁਛ, ਕੱਛ ਮੱਛ ਮਾਰਨ ਸਰਬ ਧਾਈਆ । ਸ੍ਰਿਸ਼ਟੀ ਵੇਖ ਪ੍ਰਭੂ ਦੀ ਮੈਨੂੰ ਆਵੇ ਦੁੱਖ, ਦ੍ਰਿਸ਼ਟੀ ਅੰਦਰ ਧਿਅਨ ਲਗਾਈਆ । ਮਨੁੱਖਾਂ ਅੰਦਰ ਦਿਸੇ ਨਾ ਸੁੱਚ, ਸਤਿ ਬੈਠਾ ਮੁਖ ਭਵਾਈਆ । ਹੋਇਆ ਨਾ ਪਿਆਰ ਸਾਚੇ ਪਿਤਾ ਪੁੱਤ, ਜਗਤ ਵਾਸਨਾ ਨਾ ਕੋਇ ਤਜਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਗਏ ਰੁਸ, ਰੁੱਸਿਆਂ ਨਾ ਕੋਇ ਮਨਾਈਆ । ਪੰਜਾਂ ਤੱਤਾਂ ਵਾਲੇ ਛੱਡ ਕੇ ਜਿਸਮ ਜੁਸ, ਨਾਤਾ ਲੋਕਮਾਤ ਤੁੜਾਈਆ । ਝਗੜਾ ਰਿਹਾ ਨਾ ਕਾਇਆ ਬੁਤ, ਬੁਤਖ਼ਾਨੇ ਗਏ ਤਜਾਈਆ । ਅੰਤਮ ਵੇਖਣੀ ਪਰਮ ਪੁਰਖ ਦੀ ਮੌਲੀ ਰੁੱਤ, ਲੋਕਮਾਤ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਖੇਲ ਖਿਲਾਈਆ । ਚੇਤ ਕਹੇ ਮੈਂ ਵੇਖ ਕੇ ਹੋਇਆ ਆਪ ਹੈਰਾਨ, ਬਿਨ ਹੈਰਾਨਿਉਂ ਹੈਰਾਨੀ ਆਈਆ । ਧੁਰ ਫ਼ਰਮਾਨਾ ਸੁਣ ਕੇ ਸ਼ਬਦੀ ਸਮਝੇ ਨਾ ਕੋਇ ਬਿਆਨ, ਵਿਦਿਆ ਵਿਚ ਜਗਤ ਵਡਿਆਈਆ । ਪੈਗ਼ੰਬਰਾਂ ਦੀ ਖ਼ੁਸ਼ੀਆਂ ਨਾਲ ਪੜ੍ਹਨ ਕਲਾਮ, ਪਰਵਰਦਿਗਾਰ ਦਾ ਕਲਮਾ ਸੁਣਨ ਕੋਇ ਨਾ ਆਈਆ । ਪੱਥਰਾਂ ਵਾਲਾ ਤੱਤਾਂ ਵਾਲਾ ਪੂਜਦੇ ਸਾਰੇ ਰਾਮ, ਹਰ ਘਟ ਵਸਿਆ ਰਾਮ ਨਾ ਕੋਇ ਮਨਾਈਆ । ਗਊਆਂ ਚਰਾਵਣ ਵਾਲਾ ਬੰਸਰੀ ਵਜਾਵਣ ਵਾਲਾ ਸਖ਼ੀਆਂ ਖੇਲ ਖਿਲਾਵਣ ਵਾਲਾ ਮੰਨਦੇ ਕਾਹਨ, ਧੁਰ ਦਾ ਕਾਹਨ ਜਿਸ ਦਾ ਨਜ਼ਰ ਨਾ ਆਏ ਕੋਈ ਨਿਸ਼ਾਨ, ਘਰ ਘਰ ਬਣਿਆ ਰਹੇ ਮਹਿਮਾਨ, ਲੱਖ ਚੁਰਾਸੀ ਸੁਰਤੀ ਗੋਪੀ ਆਦਿ ਜੁਗਾਦਿ ਪਰਨਾਈਆ । ਸਾਚਾ ਬੇਨਜ਼ੀਰ ਨਜ਼ਰ ਨਾ ਆਏ ਕਿਸੇ ਅਮਾਮ, ਕਲਮਿਆਂ ਵਿਚ ਸੀਸ ਸਰਬ ਝੁਕਾਈਆ । ਵੁਜ਼ੂਆਂ ਵਿਚ ਕਰਨ ਇਸ਼ਨਾਨ, ਸ਼ਰਆ ਸ਼ਰੀਅਤ ਹੋਏ ਵੈਰਾਨ, ਲਾਸ਼ਰੀਕ ਦਰਸ ਕੋਇ ਨਾ ਪਾਈਆ । ਨਾਨਕ ਸਰਗੁਣ ਗਾਉਂਦੇ ਗਾਨ, ਤੱਤਾਂ ਵਾਲਾ ਕਰਨ ਧਿਆਨ, ਅੱਖਰਾਂ ਦਾ ਦੇਣ ਪਰਮਾਨ, ਨਿਰਗੁਣ ਜੋਤ ਤੱਕੇ ਨਾ ਕੋਈ ਭਗਵਾਨ, ਜੋ ਨਾਨਕ ਨਾਨਕ ਆਪਣੇ ਵਿਚ ਸਮਾਈਆ । ਗੋਬਿੰਦ ਗੋਬਿੰਦ ਕਹਿ ਕੇ ਥੱਕੀ ਜ਼ਬਾਨ, ਬਾਹਰ ਦਾ

ਵੇਖ ਕੇ ਚਿੱਲਾ ਕਮਾਨ, ਬਾਜ਼ ਉਡਦਾ, ਕਿਹੜੇ ਅਸਮਾਨ, ਨੀਲਾ ਹਿਣਕੇ ਕਿਹੜੇ ਦਾਲਾਨ, ਸਭ ਦਾ ਮਾਲਕ ਸ੍ਰੀ ਭਗਵਾਨ, ਵੇਖ ਕੇ ਸੀਸ ਨਾ ਕੋਇ ਨਿਵਾਈਆ । ਪਹਿਲੀ ਚੇਤ ਕਹੇ ਮੈਂ ਤੱਕਿਆ ਵੇਦ ਪੁਰਾਨ, ਸ਼ਾਸਤਰਾਂ ਮਾਰ ਧਿਆਨ ਅੰਜੀਲ ਕ਼ੁਰਾਨਾਂ ਵੇਖਿਆ ਬਿਆਨ, ਅੰਤਰ ਅੰਤਰ ਰੋਵਣ, ਆਦਿ ਜੁਗਾਦਿ ਕਦੇ ਨਾ ਸੌਵਣ, ਬਿਨ ਹਰਿ ਕਿਰਪਾ ਕੱਟੀ ਜਾਏ ਕੋਈ ਨਾ ਬਿਪਤਾ, ਬਿਨ ਸਤਿਗੁਰ ਸ਼ਬਦ ਕੋਈ ਨਾ ਲਿਖਦਾ, ਕ਼ਲਮ ਚਲੇ ਨਾ ਕੋਇ ਚਤੁਰਾਈਆ । ਖਾਣੀ ਬਾਣੀ ਲੇਖਾ ਜਿਸਦਾ, ਉਸਦੇ ਉਤੇ ਕੋਈ ਨਾ ਵਿਸਦਾ, ਮੰਦਰ ਮਸਜਿਦ ਸ਼ਿਵਦਵਾਲਿਆਂ ਵਿਚੋਂ ਨਹੀਂ ਦਿਸਦਾ, ਪੂਜਾ ਪਾਠ ਉਤੇ ਕਦੀ ਨਹੀਂ ਟਿਕਦਾ, ਉਹ ਮਾਲਕ ਬਣਿਆ ਨਹੀਂ ਕਿਸੇ ਗਾਰੇ ਇੱਟ ਦਾ, ਹਰ ਘਟ ਨਿਵਾਸੀ ਪੁਰਖ ਅਬਿਨਾਸ਼ੀ ਸਾਖਿਆਤ, ਜੋਤੀ ਜਾਤਾ ਨਿਰਗੁਣ ਧਾਰ ਨਿਰਵੈਰ ਚਾਰ ਵਰਨ ਅਠਾਰਾਂ ਬਰਨ ਬੁਧੀ ਵਿਚ ਕਿਸੇ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਗਾ ਗਾ ਰਿਹਾ ਕੁਰਲਾ, ਸਮੁੰਦ ਸਾਗਰ ਉਚੇ ਟਿੱਲੇ ਪਰਬਤ ਜੰਗਲ ਜੂਹਾਂ ਵਿਚੋਂ ਲੱਭਦੇ ਜਗਤ ਮਲਾਹ, ਪੰਡਤ ਪਾਂਧੇ ਮੁੱਲਾ ਸ਼ੇਖ਼ ਮੁਸਾਇਕ ਗ੍ਰੰਥੀ ਪੰਥੀ ਕਰਨ ਸਲਾਹ, ਸ਼ਬਦ ਸੰਦੇਸ਼ਾ ਨਰ ਨਰੇਸ਼ਾ ਧੁਰ ਫ਼ਰਮਾਨਾ ਵਿਚ ਜਹਾਨਾਂ ਕਲਜੁਗ ਅੰਤ ਸੁਣਨ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਕਾਰ ਕਮਾਈਆ । ਚੇਤ ਕਹੇ ਮੈਂ ਵੇਖਿਆ ਲੱਖ ਚੁਰਾਸੀ ਅੰਦਰ, ਅੰਦਰ ਵੜ ਵੜ ਵੇਖ ਵਖਾਈਆ । ਸਾਚਾ ਸੋਹਿਆ ਕੋਇ ਨਾ ਮੰਦਰ, ਮੰਦਭਾਗ ਦਿਸੇ ਲੋਕਾਈਆ । ਭਾਗ ਲੱਗਾ ਕਿਸੇ ਨਾ ਕੰਦਰ, ਦੀਪਕ ਜੋਤ ਨਾ ਕੋਇ ਰੁਸ਼ਨਾਈਆ । ਮਨੁੱਸ਼ਾਂ ਨਾਲੋਂ ਚੰਗੇ ਡੰਗਰ, ਜੋ ਮਵੇਸ਼ੀ ਹੋ ਕੇ ਦਰਸ਼ਨ ਪਾਈਆ । ਉਨ੍ਹਾਂ ਦੇ ਅੰਦਰ ਗੁਰਮੁਖਾਂ ਸਿੱਖਾਂ ਦਿਸੀ ਇਕੋ ਬੰਦਨ, ਦੂਜੀ ਕਰੀ ਨਾ ਕੋਇ ਪੜ੍ਹਾਈਆ । ਟਿੱਕੇ ਲੱਗ ਗਏ ਬਿਨਾ ਧੂੜੀ ਮਸਤਕ ਚੰਦਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਚੇਤ ਕਹੇ ਮੈਨੂੰ ਹੋ ਗਈ ਚਿੰਦਾ, ਦੁੱਖੀ ਹੋ ਕੇ ਦਿਆਂ ਦੁਹਾਈਆ । ਪਰਮ ਪੁਰਖ ਪਰਮਾਤਮ ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਕਰਦੀ ਵੇਖੀ ਨਿੰਦਾ, ਨਿੰਦਿਆ ਵਿਚ ਲੋਕਾਈਆ । ਤੇਰਾ ਹਾਹੇ ਵਾਲਾ ਉਪਰ ਸਮਝਿਆ ਕਿਸੇ ਨਾ ਬਿੰਦਾ, ਟਿੱਪੀ ਕਹਿ ਕੇ ਸਾਰੇ ਰਹੇ ਗਾਈਆ । ਇਹੋ ਖੇਲ ਜਿਹੜਾ ਖੁਲ੍ਹੇ ਨਾ ਕਿਸੇ ਕੋਲੋਂ ਜਿੰਦਾ, ਕੁੰਜੀ ਕਲਜੁਗ ਸੰਤ ਸਕੇ ਨਾ ਕੋਇ ਲਾਈਆ । ਔਝੜ ਵੇਖਦੇ ਸੁਖਮਨ ਦਾ ਰਾਹ ਡਿੰਗਾ, ਭੱਜਣ ਵਾਹੋ ਦਾਹੀਆ । ਮੁਰਲੀ ਨਾਦ ਸੁਣ ਕੇ ਕਿੰਗਾ, ਬੱਚਿਆਂ ਵਾਂਗ ਆਪਣਾ ਮਨ ਪਰਚਾਈਆ । ਬੂੰਦ ਸਵਾਂਤੀ ਲੈ ਕੇ ਬੂੰਦ ਕਹਿਣ ਮਿਲਿਆ ਸਾਗਰ ਸਿੰਧਾ, ਖ਼ੁਸ਼ੀਆਂ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਚੇਤ ਕਹੇ ਮੈਂ ਵੇਖ ਵੇਖ ਕੇ ਹੱਸਾਂ, ਹਸਤੀ ਬੇਪਰਵਾਹੀਆ । ਮੂਰਖਾਂ ਮੁਗਧਾਂ ਦੱਸਾਂ, ਧੁਰ ਸੰਦੇਸ਼ ਸੁਣਾਈਆ । ਨਿਜ ਨੇਤਰ ਖੋਲ੍ਹੋ ਅੱਖਾਂ, ਲੋਚਣ ਬਾਹਰ ਬੰਦ ਕਰਾਈਆ । ਕੂੜੀਆਂ ਛੱਡ ਦਿਓ ਢਕਾਂ, ਦਲੀਲਾਂ ਸਾਢੇ ਤਿੰਨ ਹੱਥ ਵੱਜੇ ਵਧਾਈਆ । ਮੇਰੇ ਸਾਥੀ ਬਣ ਜਾਓ ਤੁਹਾਡੇ ਅੰਦਰ ਪੜਦੇ ਚੁੱਕਾਂ ਇਹ ਚੇਤ ਰਿਹਾ ਜਣਾਈਆ । ਦੀਨ ਮਜ਼੍ਹਬ ਦੀਆਂ ਨਕੇਲਾਂ ਕੱਢ ਦਿਓ ਵਿਚੋਂ ਨੱਕਾਂ, ਇਕੋ ਮਿਲੇ ਬੇਪਰਵਾਹੀਆ । ਜਿਸ ਦੀਆਂ ਸ਼ਬਦ ਅਗੰਮੀ ਸੱਟਾਂ, ਸੁਤਿਆਂ ਲਏ ਉਠਾਈਆ । ਓਸੇ ਦੇ ਹੁਕਮੇ ਅੰਦਰ ਲੋਕਮਾਤ ਵਿਚ ਵਸਾਂ, ਵਾਸਤਾ ਭਗਤਾਂ ਨਾਲ ਜੁੜਾਈਆ । ਦੁਨੀਆਦਾਰੋ ਪਹਿਲੀ ਚੇਤ ਕਹੇ ਅਜੇ ਸੜਨ ਲਗੀਆਂ ਬੱਸਾਂ, ਬਿਸਤਰੇ ਸਭ ਦੇ ਦੇਣੇ ਜਲਾਈਆ । ਅਗਨੀ ਅੱਗ ਲੱਗੇ ਬਿਨ ਕੱਖਾਂ, ਕਾਮਲ ਮੁਰਸ਼ਦ ਦਏ ਗਵਾਹੀਆ । ਜਿਸ ਦੇ ਹੁਕਮ ਨਾਲ ਪੈਣ ਲੱਗਾ



੪੪੮
੧੯

ਰੱਟਾ, ਰੋਟੀਨ ਵਿਚ ਆਪਣੀ ਕਾਰ ਕਮਾਈਆ । ਸਭ ਨੂੰ ਛਾਨਣਾ ਪਏ ਘੱਟਾ, ਕੌਡੀ ਨਾਮ ਹੱਥ ਕਿਸੇ ਨਾ ਆਈਆ । ਮਾਵਾਂ ਪੁੱਤਾਂ ਹੱਥ ਮਾਰਨੇ ਉਤੇ ਪੱਟਾਂ, ਪਟਣੇਵਾਲਾ ਦਏ ਸਜਾਈਆ । ਕਿਉਂ, ਉਸ ਨੇ ਵੇਸ ਵਟਾਇਆ ਵਾਂਗ ਜੱਟਾਂ, ਚਾਰ ਕੁੰਟ ਦਏ ਹਿਲਾਈਆ । ਭਾਵੇਂ ਸਾਰੀ ਦੁਨੀਆ ਕਰੇ ਠੱਠਾ, ਫਿਰ ਵੀ ਲੱਖ ਚੁਰਾਸੀ ਵਿਚੋਂ ਗੁਰਮੁਖ ਲੈਣੇ ਮਿਲਾਈਆ । ਨਾ ਕੋਈ ਚੂੰਕਿ ਚੁਨਾਂਚਿ ਨਾ ਅਲਬੱਤਾ, ਬੱਤੀ ਅੰਦਰੋਂ ਕਰਨੀ ਰੁਸ਼ਨਾਈਆ । ਆਤਮ ਪਰਮਾਤਮ ਨਾਤਾ ਜੋੜ ਕੇ ਸਕਾ, ਸਕਿਆਂ ਤੋਂ ਲੈਣਾ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਜਣਾਈਆ । ਚੇਤ ਕਹੇ ਕਲਜੁਗ ਜੀਵ ਜਾਓ ਸੌਂ, ਆਪਣੀ ਅੱਖ ਬੰਦ ਕਰਾਈਆ । ਲੱਖ ਚੁਰਾਸੀ ਫਿਰਨ ਦਾ ਤੁਹਾਨੂੰ ਚਾਓ, ਪਤਿਪਰਮੇਸ਼ਵਰ ਦਏ ਭਵਾਈਆ । ਤੁਸੀਂ ਭੁੱਲੇ ਪੁਰਖ ਅਕਾਲ ਦਾ ਨਾਉਂ, ਸਿਫ਼ਤਾਂ ਵਾਲੇ ਢੋਲੇ ਸਾਰੇ ਰਹੇ ਗਾਈਆ । ਜਿਸ ਦੇ ਹੱਥ ਅੰਤ ਅਖ਼ੀਰੀ ਨਿਆਉਂ, ਦੋ ਜਹਾਨਾਂ ਖੋਜ ਖੁਜਾਈਆ । ਨਾਤਾ ਤੋੜ ਕੇ ਪਿਤਾ ਮਾਉਂ, ਜਗਤ ਜਰਵਾਣਿਆਂ ਕਰੇ ਜੁਦਾਈਆ । ਸਦੀ ਚੌਧਵੀਂ ਕਿਉਂ ਭੁੱਲੇ ਰਾਹੋਂ, ਰਹਿਬਰ ਹੋ ਕੇ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਚੇਤ ਕਹੇ ਮੈਂ ਰਖ ਕੇ ਜਾਣੀ ਲੋਕਮਾਤ ਯਾਦਗਾਰ, ਚਾਰ ਜੁਗ ਮੇਰਾ ਢੋਲਾ ਗਾਈਆ । ਸ੍ਰਿਸ਼ਟੀ ਦਾ ਦ੍ਰਿਸ਼ਟੀ ਨਾਲ ਰਹਿਣ ਨਹੀਂ ਦੇਣਾ ਪਿਆਰ, ਮੁਹੱਬਤ ਵਿਚ ਨਾ ਕੋਇ ਲੋਕਾਈਆ । ਚਾਰ ਕੁੰਟ ਕਰਾ ਕੇ ਹਾਹਾਕਾਰ, ਖ਼ੁਸ਼ੀਆਂ ਨਾਲ ਵੇਖਾਂ ਚਾਈਂ ਚਾਈਂਆ । ਦਹਿ ਦਿਸ਼ਾ ਪੁੱਛਣ ਕਿਥੇ ਨਿਹਕਲੰਕ ਕਲ ਕਲਕੀ ਅਵਤਾਰ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਜਿਸ ਗੁਰ ਅਵਤਾਰਾਂ ਪੈਗ਼ੰਬਰਾਂ ਦਾ ਲਹਿਣਾ ਦੇਣਾ ਪੂਰਬ ਝੋਲੀ ਦਿਤਾ ਡਾਰ, ਅਗੇ ਆਪਣਾ ਹੁਕਮ ਵਰਤਾਈਆ । ਦੋ ਜਹਾਨਾਂ ਬਣ ਕੇ ਹੱਕ ਸਿਕਦਾਰ, ਧੁਰ ਫ਼ਰਮਾਨਾ ਇਕ ਸੁਣਾਈਆ । ਦਗ਼ਿਆਂ ਵਾਲਾ ਵੇਖ ਸੰਸਾਰ, ਕੂੜੀ ਕਿਰਿਆ ਫੋਲੇ ਥਾਉਂ ਥਾਈਂਆ । ਬੁਧੀ ਵਿਚ ਕੋਈ ਨਾ ਕਰੇ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਪਹਿਲੀ ਚੇਤ ਕਹੇ ਪ੍ਰਭ ਮਾਰਨਾ ਆਪਣਾ ਚੌਂਕੜ, ਸੋਹਣਾ ਖੇਲ ਖਿਲਾਈਆ । ਦੋ ਜਹਾਨਾਂ ਪੈਣੀ ਔਕੜ, ਵਿਸ਼ਨ ਬ੍ਰਹਮਾ ਸ਼ਿਵ ਰਹੇ ਕੁਰਲਾਈਆ । ਦੀਨ ਮਜ਼੍ਹਬਾਂ ਦਾ ਝਗੜਾ ਹੋਣਾ ਵਾਂਗ ਸੌਂਕਣ, ਸੁੱਤੀ ਕਲਾ ਦਏ ਪਰਗਟਾਈਆ । ਸ਼ਾਹ ਸੁਲਤਾਨ ਕੂਕਰਾਂ ਵਾਂਗ ਭੌਂਕਣ, ਆਵਾਜ ਸੁਣਨ ਕੋਇ ਨਾ ਆਈਆ । ਪ੍ਰਭ ਦਾ ਭਾਣਾ ਮੇਟ ਨਾ ਸਕੇ ਵਿਚੋਂ ਕੋਟ ਕੋਟਨ, ਕਾਇਆ ਕੁਟੀਆ ਸਭ ਦੀ ਫੋਲ ਫੋਲਾਈਆ । ਗੁਰ ਅਵਤਾਰ ਪੈਗ਼ੰਬਰ ਵੇਲਾ ਵਕ਼ਤ ਅਖ਼ੀਰੀ ਸੋਚਣ, ਆਪਣੀ ਸਮਝ ਗਏ ਮਿਟਾਈਆ । ਜੋ ਲੇਖਾ ਇਕੋ ਇਕ ਲੋਚਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਚੇਤ ਕਹੇ ਪ੍ਰਭ ਨੇ ਆਪਣਾ ਚੁਕਣਾ ਗੋਡਾ, ਜਿਸ ਨੂੰ ਘੁਟਨਾ ਕਹੇ ਲੋਕਾਈਆ । ਸ੍ਰਿਸ਼ਟੀ ਨੂੰ ਲੱਗਣਾ ਰੋਗਾ, ਹਉਮੇ ਹੰਗਤਾ ਦਏ ਦੁਹਾਈਆ । ਸਾਚਾ ਮੇਲ ਨਾ ਹੋਣਾ ਧੁਰ ਸੰਜੋਗਾ, ਵਿਛੜ ਵਿਛੜ ਦਏ ਦੁਹਾਈਆ । ਇਕ ਧੁਰ ਸੰਦੇਸਾ ਸ਼ਬਦ ਅਨੋਖਾ ਗੋਬਿੰਦ ਕਿਹਾ ਸਿੰਘ ਜੋਗਾ, ਜਿਸ ਦੀ ਸਾਰ ਕਿਸੇ ਨਾ ਪਾਈਆ । ਗੁਰੂ ਚੇਲੇ ਦਾ ਇਕੋ ਘਰ ਇਕੋ ਸੇਜ ਤੇ ਇਕੋ ਭੋਗਾ, ਇਕੋ ਰਸ ਦਿਤਾ ਵਖਾਈਆ । ਇਕੋ ਅੰਦਰ ਵੜ ਕੇ ਮੰਦਰ ਚੜ੍ਹ ਕੇ ਵੇਸਵਾ ਦਵਾਰੇ ਖੜਕੇ ਤੂੰ ਮੇਰਾ ਮੈਂ ਤੇਰਾ ਗਾਇਆ ਸਲੋਕਾ, ਸੋਹੰ ਢੋਲਾ ਸੱਚਾ ਦਿਤਾ ਸੁਣਾਈਆ । ਜੋਗੇ ਕਿਹਾ ਸਾਹਿਬ ਇਹ ਕਿਹੋ ਜਿਹਾ ਮੌਕਾ, ਕੀ ਖੇਲ ਦਿਤੀ ਵਰਤਾਈਆ । ਗੋਬਿੰਦ ਕਿਹਾ ਮੈਂ ਤੇਰੇ ਕਾਰਨ ਪਹੁੰਚਾ, ਆਪਣਾ ਪੰਧ ਮੁਕਾਈਆ ।

ਇਕ ਢਈਆ ਲਾਉਣਾ ਪਏ ਢੌਂਕਾ, ਨੀਤੀ ਬਦਲੇ ਸਰਬ ਲੋਕਾਈਆ । ਕਿਸੇ ਦਾ ਕਾਇਆ ਮਾਟੀ ਸਾਫ਼ ਨਹੀਂ ਰਹਿਣਾ ਚੌਂਕਾ, ਪੰਡਤ ਪਾਂਧਾ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰੇ ਨਾ ਕੋਇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜੋਗੇ ਕਿਹਾ ਤੇਰੇ ਚਰਨ ਮੇਰੀ ਨਿਮਸਕਾਰ, ਬੰਦਨ ਕਹਿ ਕੇ ਖ਼ੁਸ਼ੀ ਮਨਾਈਆ । ਗੋਬਿੰਦ ਕਿਹਾ ਕਰ ਮੇਰਾ ਦੀਦਾਰ, ਬਿਨ ਤੱਤਾਂ ਤਤ ਦਿਆਂ ਵਖਾਈਆ । ਇਹ ਖੇਲ ਹੋਣਾ ਅਪਰ ਅਪਾਰ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਕਲਜੁਗ ਅੰਤ ਮਿਲ ਕੇ ਨਾਲ ਸ੍ਰੀ ਭਗਵੰਤ ਜੋਤੀ ਸ਼ਬਦੀ ਚਲਣੀ ਧਾਰ, ਨਿਹਕਲੰਕ ਕਲ ਕਲਕੀ ਨਾਉਂ ਧਰਾਈਆ । ਉਸ ਸਮੇਂ ਸਭ ਦੇ ਅੰਦਰ ਹੋਣਾ ਕੂੜ ਵਿਕਾਰ, ਹੰਕਾਰ ਮਮਤਾ ਮੋਹ ਜਲਾਈਆ । ਜੋਗਿਆ, ਚੋਗਾ ਬਦਲ ਕੇ ਮੈਂ ਭਗਤਾਂ ਪਾਵਾਂ ਸਾਰ, ਕਾਇਆ ਮੰਦਰ ਅੰਦਰ ਵੜ ਵੜ ਕਰਾਂ ਆਪ ਸਫ਼ਾਈਆ । ਬਿਨ ਅੱਖਾਂ ਦੇਵਾਂ ਦੀਦਾਰ, ਬਣਾ ਧੁਰ ਦਾ ਸਾਂਝਾ ਯਾਰ, ਲੇਖਾ ਮੁਕਾ ਕੇ ਪੁਰਖ ਨਾਰ, ਨਜ਼ਰੀ ਆਵਾਂ ਰੂਪ ਕਰਤਾਰ, ਕੁਦਰਤ ਦਾ ਕ਼ਾਦਰ ਕਰਨੀ ਦਾ ਕਰਤਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਚੇਤ ਕਹੇ ਮੈਂ ਗੋਬਿੰਦ ਤੱਕਿਆ, ਜਿਸ ਦਾ ਤਤ ਨਜ਼ਰ ਕੋਇ ਨਾ ਆਈਆ । ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਨਿਰਗੁਣ ਰੂਪ ਫਿਰੇ ਨੱਠਿਆਂ ਬਿਨ ਲੱਤਾਂ ਪੈਰਾਂ ਭੱਜੇ ਵਾਹੋ ਦਾਹੀਆ । ਜਿਸ ਨੇ ਗੁਰਮੁਖ ਗੁਰਸਿਖ ਸੰਤ ਸੁਹੇਲਾ ਕਰ ਇਕੱਠਿਆ, ਇਕੋ ਰੰਗ ਦਿਤਾ ਚੜ੍ਹਾਈਆ । ਜਨ ਭਗਤੋ ਤੁਹਾਡੀ ਰੈਣ ਅਗੇ ਰਹਿਣ ਨਹੀਂ ਦੇਣੀ ਮੱਸਿਆ, ਅੰਦਰੋਂ ਅੰਧੇਰਾ ਬਾਹਰ ਦੇਣਾ ਕਢਾਈਆ । ਜੋ ਗੋਬਿੰਦ ਦੇ ਤੀਰ ਨਾਲ ਗਿਆ ਫੱਟਿਆ, ਦੂਈ ਦਵੈਤੀ ਫੱਟ ਰਹੇ ਨਾ ਰਾਈਆ । ਜਿਨ੍ਹਾਂ ਪ੍ਰੇਮ ਰਸ ਅੰਮ੍ਰਿਤ ਨਿਝਰ ਧਾਰੋਂ ਚੱਟਿਆ, ਅੱਠ ਸੱਠ ਦੀ ਲੋੜ ਰਹੇ ਨਾ ਰਾਈਆ । ਗੁਰਮੁਖ ਕੋਈ ਨਾ ਪੂਜੇ ਸਿਲ ਪੱਥਰ ਤੇ ਵੱਟਿਆ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਤੋਂ ਅਗੇ ਪ੍ਰਭ ਦਾ ਦਰਸ਼ਨ ਪਾਈਆ । ਜਿਥੇ ਬੈਠਾ ਲਾਮੁਕਾਮ, ਸ਼ਰਅ ਦਾ ਦਿਸੇ ਨਾ ਕੋਇ ਤੁਫ਼ਾਨ, ਨਾ ਕੋਈ ਬੰਦਾ ਤੇ ਨਾ ਬੰਦਗੀ ਨਾ ਇਨਸਾਨ, ਨਾ ਕੋਈ ਨੌਬਤ ਨਾ ਕੋਈ ਨਗ਼ਮਾ ਨਾ ਕੋਈ ਨਾਮ ਨਾ ਕੋਈ ਗਾਵੇ ਗਾਨ, ਨਾ ਕੋਈ ਜ਼ਿਮੀਂ ਨਾ ਅਸਮਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਸੋਭਾ ਪਾਈਆ । ਸੋ ਖੇਲ ਕਰੇ ਮਹਾਨ, ਕਲਜੁਗ ਅੰਤ ਸੰਤ ਸੁਹੇਲੇ ਵੇਖੇ ਆਣ, ਨਿਰਗੁਣ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਆਪਣੇ ਰਿਹਾ ਉਠਾਈਆ । ਚੇਤ ਕਹੇ ਮੈਂ ਚਾਰ ਕੁੰਟ ਦਾ ਰਾਹੀ, ਤੱਕਾਂ ਸ੍ਰਿਸ਼ਟ ਸਬਾਈਆ । ਝਗੜਾ ਹੋਣਾ ਭਾਈ ਭਾਈ, ਸੱਜਣ ਜਾਣ ਰੂਪ ਬਦਲਾਈਆ । ਪ੍ਰਭ ਦਾ ਦੂਜਾ ਸੰਮਤ ਖ਼ੁਸ਼ੀਆਂ ਨਾਲ ਦੀਨ ਦੁਨੀ ਲਈ ਪੁੱਟੇ ਖਾਈ, ਡੂੰਘਾ ਘਾਓ ਲਗਾਈਆ । ਸੰਭਲ ਪੈਰ ਨਾ ਕੋਇ ਟਿਕਾਈ, ਗੋਬਿੰਦ ਦਾ ਲੇਖਾ ਭੁੱਲ ਗਿਆ ਜੋ ਇਕੱਠੇ ਕਰ ਗਿਆ ਛੀਂਬੇ ਝੀਵਰ ਨਾਈ, ਨੌਕਾ ਨਾਮ ਵਾਲੀ ਚਲਾਈਆ । ਉਸ ਨੇ ਆਪਣੇ ਹੁਕਮ ਨਾਲ ਬਦਲ ਦੇਣੀ ਸ਼ਾਹੀ, ਸ਼ਹਿਨਸ਼ਾਹ ਹੁਕਮ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਜਣਾਈਆ । ਧੁਰ ਦਾ ਹੁਕਮ ਕਹੇ ਮੈਂ ਆਇਆ ਲੋਕਮਾਤ, ਮਤਾ ਪ੍ਰਭ ਦੇ ਨਾਲ ਪਕਾਈਆ । ਅਬਿਨਾਸ਼ੀ ਕਰਤੇ ਦੇ ਕੇ ਅਗੰਮੀ ਦਾਤ, ਪੁਸ਼ਤ ਪਨਾਹ ਮੇਰੇ ਹੱਥ ਟਿਕਾਈਆ । ਜਾ ਕੇ ਮੇਟ ਕਲਜੁਗ ਅੰਧੇਰੀ ਰਾਤ, ਕੂੜੀ ਕਿਰਿਆ ਰਹੇ ਨਾ ਰਾਈਆ । ਭਗਤ ਸੁਹੇਲੇ ਸੱਜਣ ਬਣਾ ਮੇਰੇ ਸੱਜਣ ਸਾਕ, ਸੁੱਤਿਆਂ ਲੈ ਉਠਾਈਆ । ਅੰਦਰ ਵੜ ਕੇ ਬੰਦ ਕਿਵਾੜੀ

ਖੋਲ੍ਹ ਤਾਕ, ਬਜਰ ਕਪਾਟੀ ਪੜਦਾ ਰਹੇ ਨਾ ਰਾਈਆ । ਸ਼ਬਦ ਅਗੰਮੀ ਅਨਹਦ ਵਜਾ ਨਾਦ, ਧੁਨ ਆਤਮਕ ਕਰ ਸ਼ਨਵਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਸੁਣਾ ਰਾਗ, ਛੱਤੀ ਰਾਗ ਦੀ ਲੋੜ ਰਹੇ ਨਾ ਰਾਈਆ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਦੀਵਾ ਬਾਤੀ ਸੂਰਜ ਚੰਦ ਕਰੇ ਨਾ ਕੋਇ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰਨੀ ਖ਼ਾਹਿਸ਼, ਖ਼ਾਲਸ ਆਪਣਾ ਆਪ ਸਮਝਾਈਆ । ਸਭ ਦੀ ਲੇਖੇ ਲੌਣੀ ਪੂਰਬ ਆਸ, ਆਹਿਸਤਾ ਆਹਿਸਤਾ ਵੇਖਣਾ ਥਾਉਂ ਥਾਈਂਆ । ਚੌਥੇ ਜੁਗ ਦੀ ਫੋਲ ਕੇ ਵੇਖਣੀ ਦਰਖ਼ਾਸਤ, ਜੋ ਬਿਨਾ ਦਸਖ਼ਤਾਂ ਤੋਂ ਪ੍ਰਭ ਦੇ ਹੱਥ ਫੜਾਈਆ । ਜਿਸ ਨੂੰ ਚਾਰ ਜੁਗ ਕੋਈ ਨਾ ਸਕਿਆ ਵਾਚ, ਵਿਦਿਆ ਵਿਚ ਨਾ ਕੋਇ ਸਮਝਾਈਆ । ਸਿਫ਼ਤਾਂ ਦੀ ਗਾ ਕੇ ਥੱਕੇ ਗਾਥ, ਢੋਲਿਆਂ ਵਿਚ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਪਹਿਲੀ ਚੇਤ ਕਹੇ ਮੈਂ ਜੁਗ ਚੌਕੜੀ ਪਿਛੋਂ ਆਇਆ ਮਰ ਕੇ, ਆਪਣਾ ਫੇਰਾ ਪਾਈਆ । ਲੋਕਮਾਤ ਮੈਂ ਨਹੀਂ ਰਹਿਣਾ ਡਰ ਕੇ, ਸ੍ਰਿਸ਼ਟ ਸਬਾਈ ਦਿਆਂ ਹਲਾਈਆ । ਪੁਰਖ ਅਕਾਲ ਕੋਲੋਂ ਅਗੰਮੀ ਢੋਲਾ ਆਇਆ ਪੜ੍ਹ ਕੇ, ਦੂਜੀ ਕਰੀ ਨਾ ਕੋਇ ਪੜ੍ਹਾਈਆ । ਸਚਖੰਡ ਦਵਾਰੇ ਮੰਦਰ ਆਇਆ ਚੜ੍ਹ ਕੇ, ਮੁਕਾਮੇ ਹੱਕ ਵੇਖ ਖ਼ੁਸ਼ੀ ਮਨਾਈਆ । ਜੁਗ ਚੌਕੜੀ ਪਿਛੋਂ ਭਾਣਾ ਆਇਆ ਜ਼ਰ ਕੇ, ਜਿਹਵਾ ਕਥੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਚੇਤ ਕਹੇ ਮੈਨੂੰ ਕਹਿਣਾ ਬਰਸ ਦੂਜਾ, ਦੋ ਜਹਾਨ ਰਾਹ ਤਕਾਈਆ । ਮੈਂ ਭੇਵ ਖੁਲ੍ਹਾਉਣਾ ਗੁਝਾ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਜਿਸ ਕਾਰਨ ਅਜੀਤ ਜੁਝਾਰ ਝੂਜਾ, ਸੋ ਵੇਲਾ ਦੇਣਾ ਜਣਾਈਆ । ਕਲਜੁਗ ਦਾ ਠੂਠਾ ਕਰ ਕੇ ਮੂਧਾ, ਮੁੱਦਤਾਂ ਦੇ ਵਿਛੜੇ ਲੈਣੇ ਮਿਲਾਈਆ । ਜਿਸ ਦਾ ਦੇਵੇ ਨਾ ਕੋਇ ਸਬੂਤਾ, ਸੋ ਪੁਰਖ ਅਕਾਲਾ ਗਿਆ ਆਈਆ । ਕੋਈ ਨਾ ਜਾਣਿਉਂ ਇਹ ਪੰਜ ਤਤ ਕਲਬੂਤਾ, ਕਲਮਿਆਂ ਤੋਂ ਪਰੇ ਆਪਣਾ ਹੁਕਮ ਸੁਣਾਈਆ । ਸ਼ਬਦੀ ਧਾਰ ਹੋ ਮੌਜੂਦਾ, ਮੁਫ਼ਲਿਸਾਂ ਰਿਹਾ ਉਠਾਈਆ । ਮੁਹੱਬਤ ਵਾਲਾ ਮਹਿਬੂਬਾ, ਮਹਿਜ਼ ਇਕੋ ਜਾਮ ਪਿਆਈਆ । ਸ੍ਰਿਸ਼ਟੀ ਵਾਸਤੇ ਕੰਮ ਹੋ ਗਿਆ ਕਸੂਤਾ, ਕੁਸ਼ਤੀਆਂ ਵਿਚ ਲੜਦੀ ਵੇਖੇ ਲੋਕਾਈਆ । ਸਭ ਦੀ ਸਿਆਸਤ ਸਭ ਦੀ ਵਿਰਾਸਤ ਸਭ ਦੀ ਅਕ਼ਲ ਸਭ ਦੀ ਬੁਧੀ ਕਰਨੀ ਬੇਹੂਦਾ, ਬੇਵਾ ਚਾਰ ਕੁੰਟ ਨੂਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਸਰਨਾਈਆ । ਚੇਤ ਕਹੇ ਮੈਂ ਤੱਕਦਾ ਗੋਬਿੰਦ ਧਾਰ, ਬਿਨ ਅੱਖਾਂ ਨਜ਼ਰੀ ਆਈਆ । ਜਿਸ ਆਪਾ ਦਿਤਾ ਵਾਰ, ਕਰਤੇ ਪੁਰਖ ਨਾਲ ਕੁੜਮਾਈਆ । ਛੱਡ ਕੇ ਸੱਜਣ ਯਾਰ, ਨਾਤਾ ਇਕੋ ਨਾਲ ਰਖਾਈਆ । ਤੱਕ ਕੇ ਸਦਾ ਦੀਦਾਰ, ਅੱਖਾਂ ਗਿਆ ਤਕਾਈਆ । ਮੰਨ ਕੇ ਮਦਦਗਾਰ, ਡੰਕਾ ਦਿਤਾ ਵਜਾਈਆ । ਤੇਰੀ ਦੀਨ ਦੁਨੀ ਕਰਨੀ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਤੂੰ ਕਲ ਕਲਕੀ ਅਵਤਾਰ, ਮੈਂ ਤੇਰਾ ਨੂਰ ਉਜਿਆਰ, ਮੇਰਾ ਸ਼ਬਦ ਅਗੰਮੀ ਕਾਰ, ਕਰਤੇ ਪੁਰਖ ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਤੂੰ ਅਗੇ ਮੈਨੂੰ ਲਿਆ ਪਰਖ, ਮੈਂ ਕਰਾਉਣਾ ਭਗਤਾਂ ਨੂੰ ਦਰਸ, ਇਹ ਖ਼ੁਸ਼ੀਆਂ ਵਾਲਾ ਬਰਸ, ਸਭ ਦੀ ਮੇਟ ਕੇ ਚਿੰਤਾ ਹਰਖ, ਅੰਦਰੇ ਅੰਦਰ ਨੂਰੀ ਜੋਤ ਕਰਾਂ ਰੁਸ਼ਨਾਈਆ । ਸਿੱਧੀ ਕਰ ਕੇ ਦੀਨ ਮਜ਼੍ਹਬ ਦੀ ਸੜਕ, ਜਨਮ ਜਨਮ ਦੀ ਪਿਛਲੀ ਮੇਟ ਕੇ ਭਟਕ, ਕਾਇਆ ਮੰਦਰ ਅੰਦਰ ਰਹਿਣ ਨਾ ਦੇਵਾਂ ਕੋਈ ਰੜਕ, ਸਚ ਦਵਾਰਾ ਏਕੰਕਾਰਾ ਇਕੋ ਦਿਆਂ ਵਖਾਈਆ । ਪ੍ਰਭ ਦੇ ਨਾਲ ਪੂਰੀ ਹੋਈ ਸ਼ਰਤ, ਜਾਮਾ ਧਾਰ ਕੇ

ਆਇਆ ਪਰਤ, ਖੇਲ ਵੇਖਣਾ ਉਪਰ ਧਰਤ, ਕੂੜੀ ਕਿਰਿਆ ਕਰਨੀ ਗ਼ਰਕ, ਮਾਇਆ ਮਮਤਾ ਮੋਹ ਵਖਾਉਣਾ ਨਰਕ, ਨਾਮ ਖੰਡਾ ਵਿਚ ਬ੍ਰਹਿਮੰਡਾਂ ਜਾਣਾ ਖੜਕ, ਜਨ ਭਗਤੋ ਖਟਕਾ ਕੋਇ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਗੋਬਿੰਦ ਕਹੇ ਤੈਨੂੰ ਚਾਰ ਜੁਗ ਕਰਦੇ ਰਹੇ ਮਿੰਨਤਾ, ਪੁਰਖ ਅਕਾਲ ਤੇਰੇ ਅਗੇ ਸੀਸ ਨਿਵਾਈਆ । ਹੁਣ ਇਕੋ ਸ਼ਬਦ ਨੂੰ ਦੇ ਦੇ ਹਿੰਮਤਾ, ਦੂਜੇ ਦੀ ਲੋੜ ਰਹੇ ਨਾ ਰਾਈਆ । ਕੋਈ ਰਹਿਣ ਨਹੀਂ ਦੇਣਾ ਜਿਹੜਾ ਕਰਨ ਵਾਲਾ ਸੁੰਨਤਾ, ਸੁੰਨੀ ਮੁਸਲਿਮ ਸਾਰੇ ਦੇਣੇ ਖਪਾਈਆ । ਜਨ ਭਗਤੋ ਤੁਹਾਡੇ ਅੰਦਰ ਰਹੇ ਨਾ ਚਿੰਤਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਬੇੜਾ ਸ਼ੌਹ ਦਰਿਆਏ ਡੋਬਣਾ ਨਿੰਦਕਾ, ਉਚੀ ਕੂਕ ਦੇਣਾ ਸੁਣਾਈਆ । ਲੇਖਾ ਵੇਖਣਾ ਜੀਓ ਪਿੰਡ ਦਾ, ਬ੍ਰਹਿਮੰਡ ਖੰਡ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਧੁਰ ਫ਼ਰਮਾਨਾ ਕਹੇ ਮੈਂ ਗੋਬਿੰਦ ਰਖੀ ਆਸ, ਨਾਤੇ ਦੀਨ ਦੁਨੀ ਤੁੜਾਈਆ । ਜਿਸ ਬੱਚੇ ਦਾ ਮੋੜ ਕੇ ਖ਼ਾਲੀ ਗਲਾਸ, ਖ਼ਾਸ ਆਪਣਾ ਹੁਕਮ ਸੁਣਾਈਆ । ਮੈਂ ਸਦਾ ਭਗਤਾਂ ਗੁਰਮੁਖਾਂ ਦਾ ਦਾਸ, ਨਾਤਾ ਬੰਸ ਨਾ ਕੋਇ ਬਣਾਈਆ । ਸ਼ਬਦ ਅਗੰਮੀ ਦੇਵਾਂ ਦਾਤ, ਬਿਨ ਅੱਖਰਾਂ ਆਪ ਪੜ੍ਹਾਈਆ । ਅਗੇ ਮਾਰ ਕੇ ਵੇਖ ਝਾਤ, ਕਲਜੁਗ ਅੰਤ ਅਖ਼ੀਰੀ ਰਾਹ ਤਕਾਈਆ । ਜਿਸ ਵੇਲੇ ਮਿਲ ਕੇ ਆਵਾਂ ਨਾਲ ਪੁਰਖ ਅਬਿਨਾਸ਼, ਕਲ ਕਲਕੀ ਵੇਸ ਵਟਾਈਆ । ਲੇਖਾ ਜਾਣਾਂ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਖੁਜਾਈਆ । ਸਚ ਧਰਮ ਦਾ ਹੋਣਾ ਨਾਸ, ਕੂੜੀ ਕਿਰਿਆ ਵੱਜੇ ਵਧਾਈਆ । ਓਸ ਵੇਲੇ ਗੁਰਮੁਖਾਂ ਦੇ ਅੰਦਰ ਕਰਨਾ ਵਾਸ, ਵਾਸਤਾ ਆਪਣੇ ਨਾਲ ਜੁੜਾਈਆ । ਬਿਨਾ ਸਿਖਿਆ ਤੋਂ ਦੇ ਕੇ ਵਿਸ਼ਵਾਸ, ਵਿਸ਼ਿਆਂ ਤੋਂ ਲੈਣਾ ਬਾਹਰ ਕਢਾਈਆ । ਮਨ ਵਾਸਨਾ ਕਰ ਕੇ ਫ਼ਾਸ਼ ਫ਼ਾਸ਼, ਫ਼ੈਸਲਾ ਹੱਕ ਦੇਣਾ ਸੁਣਾਈਆ । ਗੁਰਮੁਖ ਰਹੇ ਨਾ ਕੋਇ ਗੁਸਤਾਖ਼, ਗ਼ੁੱਸੇ ਗਿਲੇ ਆਪਣੀ ਝੋਲੀ ਪਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਚ ਕਰਾਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਚੇਤ ਕਹੇ ਮੈਂ ਕੀ ਕੁਛ ਸੁਣਿਆ ਸਭ ਨੂੰ ਦਿਆਂ ਜਣਾਈਆ । ਗੋਬਿੰਦ ਕਿਹਾ ਹੁਣ ਪੁਰਖ ਅਕਾਲ ਆ, ਝੱਲੀ ਨਾ ਜਾਏ ਜੁਦਾਈਆ । ਮਿਹਰਵਾਨ ਤੂੰ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਤੂੰ ਕਿਹੜੀ ਕਿਸੇ ਕੋਲੋਂ ਲੈਣੀ ਸਲਾਹ, ਧੁਰ ਫ਼ਰਮਾਨਾ ਦੇ ਦ੍ਰਿੜਾਈਆ । ਤੇਰਾ ਹੁਕਮ ਬੇਪਰਵਾਹ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰ ਅਵਤਾਰ ਪੈਗ਼ੰਬਰ ਸਜਦਿਆਂ ਵਿਚ ਸੀਸ ਰਹੇ ਝੁਕਾ, ਸਿਰ ਸਕੇ ਨਾ ਕੋਇ ਉਠਾਈਆ । ਤੇਰੀ ਧਰਤੀ ਤੇਰੀ ਧਰਨੀ ਤੇਰੀ ਧਵਲ ਤੇਰੀ ਦੁਨੀਆ ਭਰੀ ਨਾਲ ਗੁਨਾਹ, ਹੱਕ ਹਕ਼ੀਕ਼ਤ ਨਾ ਕੋਇ ਸਮਝਾਈਆ । ਸੂਫ਼ੀ ਸੰਤ ਫ਼ਕੀਰਾਂ ਅੰਦਰ ਜਗੇ ਕੋਈ ਨਾ ਸ਼ਮਅ, ਤਾਰੀਕੀ ਚਾਰੋਂ ਕੁੰਟ ਨਜ਼ਰੀ ਆਈਆ । ਅੰਦਰ ਮੰਦਰ ਮਿਟੇ ਕਿਸੇ ਨਾ ਗ਼ਮਾ, ਸਾਂਤਕ ਸਤਿ ਨਾ ਕੋਇ ਕਰਾਈਆ । ਪੁਰਖ ਅਕਾਲ ਦੀਨ ਦਿਆਲ ਆਪਣਾ ਜੁਗ ਬਦਲ ਦੇ ਨਵਾਂ, ਨਵਾਂ ਰੰਗ ਆਤਮ ਸੇਜਾ ਪਲੰਘ ਸਭ ਨੂੰ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸ੍ਰੀ ਭਗਵਾਨ ਕਹੇ ਚੇਤ ਨਾ ਕਰ ਛੇਤੀ, ਛਤਰਧਾਰੀ ਸਰਬ ਵੇਖ ਵਖਾਈਆ । ਮੈਂ ਲੱਖ ਚੁਰਾਸੀ ਕਾਇਆ ਮੰਦਰ ਅੰਦਰ ਦਾ ਭੇਤੀ, ਬਾਹਰੋਂ ਵੇਖਣ ਦੀ ਲੋੜ ਰਹੇ ਨਾ ਰਾਈਆ । ਕਲਜੁਗ ਜਿਸ ਦੇ ਨਾਲ ਕਰਦਾ ਨੇਕੀ, ਨਿੱਕਿਆਂ ਤੋਂ ਵੱਡੇ ਦੇਣੇ ਬਣਾਈਆ । ਕਲਜੁਗ

ਕਹੇ ਪ੍ਰਭੂ ਤੇਰੇ ਹੁਕਮੇਂ ਅੰਦਰ ਮੈਂ ਪਵਿਤਰ ਰਹਿਣ ਨਹੀਂ ਦਿਤੀ ਕਿਸੇ ਬਹੁ ਬੇਟੀ, ਨੇਤਰ ਅੱਖ ਨਾਲ ਦ੍ਰਿਸ਼ਟੀ ਅੰਦਰ ਸ੍ਰਿਸ਼ਟੀ ਇਕ ਦੂਜੇ ਨੂੰ ਰਹੀ ਤਕਾਈਆ । ਮੈਂ ਗੁਰ ਅਵਤਾਰਾਂ ਪੈਗ਼ੰਬਰਾਂ ਦੀ ਲੇਖਣੀ ਵੇਖੀ, ਜੋ ਭਵਿਖਤਾਂ ਵਿਚ ਕਰ ਕੇ ਗਏ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਚਖੰਡ ਨਿਵਾਸੀ ਜੋਤ ਬਣ ਕੇ ਵੇਖ ਪਰਦੇਸੀ, ਪਰਦੇਸੀਆਂ ਨੂੰ ਲੈ ਕੇ ਆਪਣੇ ਘਰ ਖ਼ੁਸ਼ੀ ਮਨਾਈਆ । ਸ੍ਰੀ ਭਗਵਾਨ ਕਹੇ ਚੇਤ ਨਾ ਕਰ ਝਗੜਾ, ਧੁਰ ਦਾ ਹੁਕਮ ਜਣਾਈਆ । ਕਿਸੇ ਨੂੰ ਭੇਤ ਨਹੀਂ ਅਗਲਾ, ਪੜਦਾ ਓਹਲਾ ਨਾ ਕੋਇ ਉਠਾਈਆ । ਕਲਜੁਗ ਕੂੜ ਕੁੜਿਆਰ ਬਪੜਾ ਬਗਲਾ, ਬਾਹਰੋਂ ਦਏ ਸਫਾਈਆ । ਮਨ ਵਾਸਨਾ ਕਲਜੁਗ ਜੀਵ ਹੋਇਆ ਪਗ਼ਲਾ, ਬੁਧ ਬਿਬੇਕ ਨਾ ਕੋਇ ਬਣਾਈਆ । ਜੇ ਮੰਗਣਾ ਇਕ ਨਿਰਅੱਖਰ ਮੰਗ ਲੈ, ਅੱਖਰਾਂ ਦੀ ਲੋੜ ਰਹੇ ਨਾ ਰਾਈਆ । ਚੇਤ ਕਹੇ ਪ੍ਰਭੂ ਮੇਰਾ ਖੇੜਾ ਸਾਢੇ ਤਿੰਨ ਹੱਥ ਦਾ ਬੰਗਲਾ, ਜਿਥੇ ਰਹਿ ਕੇ ਬਹਿ ਕੇ ਖ਼ੁਸ਼ੀ ਮਨਾਈਆ । ਸ੍ਰੀ ਭਗਵਾਨ ਕਿਹਾ ਹੋਰ ਕਿਸੇ ਨੂੰ ਸੱਦ ਲੈ, ਸਾਥੀ ਲੈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਚੇਤ ਕਹੇ ਮੈਂ ਦੇਵਾਂ ਸੱਦਾ, ਕੋਟਨ ਕੋਟ ਕੂਕ ਸੁਣਾਈਆ । ਜਨ ਭਗਤੋ ਤੁਹਾਡੇ ਨਾਲ ਮਿਲ ਕੇ ਮੈਨੂੰ ਆਵੇ ਮਜ਼ਾ, ਮਜਾਜ ਵਿਚ ਸਰਬ ਲੋਕਾਈਆ । ਪੁਰਖ ਅਕਾਲ ਦੀਨ ਦਿਆਲ ਭਗਤਾਂ ਨਾਲ ਕਦੇ ਕਰੇ ਨਾ ਦਗ਼ਾ, ਦਗ਼ੇ ਫਰੇਬ ਤੋਂ ਲਏ ਬਚਾਈਆ । ਤੁਹਾਡੇ ਨਾਲ ਮਿਲ ਕੇ ਸ੍ਰੀ ਭਗਵਾਨ ਦਾ ਵਧਦਾ ਅੱਗਾ, ਪੁਸ਼ਤ ਦਰ ਪੁਸ਼ਤ ਵੱਜਦੀ ਰਹੇ ਵਧਾਈਆ । ਆਤਮ ਪਰਮਾਤਮ ਨਾਤਾ ਜੁੜ ਜਾਏ ਸਕਾ, ਸਾਜਣ ਹੋ ਕੇ ਮੇਲ ਮਿਲਾਈਆ । ਦਰਸ਼ਨ ਕਰਾਉਂਦਾ ਰਹੇ ਬਿਨ ਅੱਖਾਂ, ਨਿਜ ਲੋਚਨ ਕਰ ਰੁਸ਼ਨਾਈਆ । ਭਾਗ ਲਗਾਉਂਦਾ ਰਹੇ ਕੁੱਲੀ ਕੱਖਾਂ, ਬਿਨ ਕੱਖਾਂ ਮਹੱਲ ਅਟਲ ਨਾ ਕੋਇ ਵਡਿਆਈਆ । ਸੋ ਕਲਜੁਗ ਅੰਤਮ ਵੇਲਾ ਵਕਤ ਸੁਹੰਜਣਾ ਹੋਇਆ ਮਸਾਂ, ਮਸਤ ਖ਼ੁਮਾਰੀ ਲਓ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਜਨ ਭਗਤ ਕਹਿਣ ਕੀ ਰਿਹਾ ਆਖ, ਸਾਨੂੰ ਦੇ ਸਮਝਾਈਆ । ਅਸਾਂ ਪਰਮ ਪੁਰਖ ਨੂੰ ਤੱਕਣਾ ਸਾਖਿਆਤ, ਬਿਨਾ ਵੇਖਿਆਂ ਦੀਦ ਕਰ ਕੇ ਖ਼ੁਸ਼ੀ ਨਾ ਕੋਇ ਮਨਾਈਆ । ਅੱਠੇ ਪਹਿਰ ਦਿਵਸ ਰੈਣ ਸਾਡੀ ਖ਼ੁਸ਼ੀਆਂ ਵਾਲੀ ਰਖੇ ਪਰਭਾਤ, ਰੈਣ ਅੰਧੇਰੀ ਨਜ਼ਰ ਕੋਇ ਨਾ ਆਈਆ । ਅੰਮ੍ਰਿਤ ਆਤਮ ਸਚ ਪਿਆਲਾ ਦੇਵੇ ਆਬੇਹਯਾਤ, ਹਯਾਤੀ ਵਿਚੋਂ ਹਯਾਤੀ ਦਏ ਬਦਲਾਈਆ । ਬਿਨ ਦੀਏ ਬਾਤੀ ਕਮਲਾਪਾਤੀ ਨਿਰਗੁਣ ਜੋਤ ਕਰੇ ਪਰਕਾਸ਼, ਅੰਧ ਅੰਧੇਰ ਰਹਿਣ ਨਾ ਪਾਈਆ । ਬਿਨ ਮੰਦਰ ਪੌੜੇ ਸਚਖੰਡ ਦਵਾਰ ਕਰਾਏ ਨਿਵਾਸ, ਅਧਵਿਚਕਾਰ ਨਾ ਕੋਇ ਅਟਕਾਈਆ । ਅੰਦਰ ਬਾਹਰ ਗੁਪਤ ਜਾਹਰ ਸਦਾ ਸੁਹੇਲਾ ਵਸੇ ਪਾਸ, ਵਿਛੋੜਾ ਰਹਿਣ ਕੋਇ ਨਾ ਪਾਈਆ । ਬੇਸ਼ਕ ਭਗਤ ਬਾਲੇ ਨੱਢੇ ਬੱਚੇ ਜੇ ਹੋ ਜਾਣ ਗੁਸਤਾਖ਼, ਫੜ ਬਾਹੋਂ ਗਲੇ ਲਏ ਲਗਾਈਆ । ਮਿਹਰ ਨਜ਼ਰ ਨਾਲ ਕਰ ਦੇਵੇ ਪਾਕ, ਰੂਹ ਬੁਤ ਕਰੇ ਸਫ਼ਾਈਆ । ਜਨ ਭਗਤ ਕਹਿਣ ਚੇਤ ਅਸਾਂ ਇਹੋ ਜਿਹੇ ਪਰਮ ਪੁਰਖ ਦਾ ਕਰਨਾ ਸਾਥ, ਜੋ ਸਮਰਥ ਆਪ ਅਖਵਾਈਆ । ਜਿਹੜਾ ਝੋਲੀ ਡਾਹ ਕੇ ਮੰਗਣ ਵਾਲਾ ਦਾਤ, ਓਸ ਗੁਰੂ ਦੀ ਲੋੜ ਰਹੇ ਨਾ ਰਾਈਆ । ਓਸ ਨਾਲੋਂ ਚੰਗੀ ਕੰਤ ਤੋਂ ਵਿਛੜੀ ਨਾਰ ਕਮਜਾਤ, ਘਰ ਘਰ ਖ਼ਸਮ ਨਾ ਕੋਇ ਹੰਢਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿ ਕੇ ਗਏ ਸਭ ਦਾ ਮਾਲਕ ਪੁਰਖ ਅਬਿਨਾਸ਼, ਮੁਰੀਦਾਂ ਦਾ ਮੁਰਸ਼ਦ ਸ਼ਹਿਨਸ਼ਾਹੀਆ । ਜਿਸ ਦੀ ਨਾ ਕੋਈ ਜਾਤ ਨਾ ਕੋਈ ਪਾਤ, ਵਰਨ ਬਰਨ ਵੰਡ ਨਾ ਕੋਇ ਵੰਡਾਈਆ । ਨਾ

ਕੋਈ ਰਸਨਾ ਜਿਹਵਾ ਬੱਤੀ ਦੰਦ ਕਰੇ ਬਾਤ, ਬਾਤਨ ਆਪਣਾ ਪੜਦਾ ਦਏ ਖੁਲ੍ਹਾਈਆ । ਨਾ ਕੋਈ ਨੂਰ ਕਰੇ ਆਫ਼ਤਾਬ, ਜਲਵਾਗਰ ਜੋਤੀ ਜੋਤ ਡਗਮਗਾਈਆ । ਚੇਤ ਜੇ ਇਹੋ ਜਹੇ ਸਤਿਗੁਰ ਨਾਲ ਬਣ ਜਾਏ ਸਾਕ, ਮਿਲ ਕੇ ਝਟ ਲਈਏ ਲੰਘਾਈਆ । ਜੇ ਕੋਈ ਗੁਰੂ ਵਿਦਿਆ ਵਾਲਾ ਮਿਲੇ ਚਾਲਾਕ, ਮੂੰਹ ਦੇ ਭਾਰ ਸੁੱਟ ਕੇ ਡੰਡੇ ਦਈਏ ਲਗਾਈਆ । ਅਸੀਂ ਕੋਈ ਮੱਝਾਂ ਚਾਰਨ ਵਾਲੇ ਨਹੀਂ ਚਾਕ, ਵੰਝਲੀ ਵਜਾ ਕੇ ਆਪਣਾ ਮਨ ਪਰਚਾਈਆ । ਜਨ ਭਗਤ ਕਹਿਣ ਅਸੀਂ ਲੱਭਣਾ ਤੇ ਲੱਭਣਾ ਇਕੋ ਬਾਪ, ਜਿਸ ਨੂੰ ਮੂਸਾ ਈਸਾ ਬਾਪ ਕਹਿ ਕੇ ਸੀਸ ਨਿਵਾਈਆ । ਚੇਤ ਕਹੇ ਜਨ ਭਗਤੋ ਮੈਂ ਹੁਣ ਹੋ ਗਿਆ ਚੁਪ, ਹੈਰਾਨੀ ਮੇਰੇ ਅੰਦਰ ਆਈਆ । ਮੈਂ ਸ੍ਰੀ ਭਗਵਾਨ ਤੋਂ ਲਵਾਂ ਪੁਛ, ਜੋ ਸਭ ਦਾ ਪਿਤਾ ਮਾਈਆ । ਪ੍ਰਭੂ ਕੀ ਤੇਰੇ ਕੋਲ ਕੁਛ, ਜੋ ਭਗਤਾਂ ਦਏਂ ਵਰਤਾਈਆ । ਸ੍ਰੀ ਭਗਵਾਨ ਕਹੇ ਚੇਤ ਤੂੰ ਨਹੀਂ ਜਾਣਦਾ ਮੈਂ ਚਾਰ ਜੁਗ ਸਭ ਤੋਂ ਬੈਠਾ ਰਿਹਾ ਲੁਕ, ਜਗਤ ਅੱਖਾਂ ਨਾਲ ਨਜ਼ਰ ਕਿਸੇ ਨਾ ਆਈਆ । ਇਕੋ ਦੱਸ ਕੇ ਕਲਜੁਗ ਅੰਤ ਅਖ਼ੀਰੀ ਆਪਣੀ ਤੁਕ, ਤੋਹਮਤ ਸਭ ਨੂੰ ਦਿਤੀ ਲਗਾਈਆ । ਜਿਸ ਨੂੰ ਪੜ੍ਹਿਆਂ ਅਗਲਾ ਪਿਛਲਾ ਜਨਮ ਦਾ ਪੈਂਡਾ ਜਾਏ ਮੁਕ, ਮੁਕੰਮਲ ਮਿਲੇ ਬੇਪਰਵਾਹੀਆ । ਜਨ ਭਗਤ ਸੁਹੇਲੇ ਗੋਦੀ ਚੁੱਕ ਕੇ ਕਹੇ ਲਾਡਲੇ ਪੁੱਤ, ਸੁਤ ਦੁਲਾਰੇ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਸਰਨਾਈਆ । ਚੇਤ ਕਹੇ ਪ੍ਰਭੂ ਤੂੰ ਆਦਿ ਜੁਗਾਦਿ ਦੇਵੇਂ ਧੋਖਾ, ਸ਼ਾਸਤਰ ਸਿਮਰਤ ਵੇਦ ਪਰਾਨ ਦੇਣ ਗਵਾਹੀਆ । ਜਨ ਭਗਤਾਂ ਮਿਲਦਾ ਰਿਹੋਂ ਉਤੇ ਮੌਕਾ, ਸਜ਼ਾ ਜਗਤ ਵਾਲੀ ਭੁਗਤਾਈਆ । ਲੁਕਿਆ ਰਿਹਾ ਅਰਸ਼ਾਂ ਤੋਂ ਪਰੇ ਫ਼ਰਸ਼ਾਂ ਤੋਂ ਥੱਲੇ ਸ਼ੈਤਾਨੀ ਵਿਚ ਕਾਇਆ ਕਾਅਬੇ ਕੋਠਾ, ਮਕਬਰੇ ਵਿਚ ਆਪਣਾ ਆਪ ਛੁਪਾਈਆ । ਲੱਖ ਚੁਰਾਸੀ ਜੀਵ ਜੰਤ ਪੜ੍ਹਨ ਲਾ ਕੇ ਅੱਖਰਾਂ ਵਾਲਾ ਪੋਥਾ, ਨਿਰਅੱਖਰ ਭੇਵ ਨਾ ਕੋਇ ਸਮਝਾਈਆ । ਤੇਰਾ ਸਤਿ ਸਚ ਕਿਸੇ ਨਾ ਸੋਚਾ, ਬੁਧੀ ਵਿਚ ਦਿਤਾ ਫਸਾਈਆ । ਕਲਜੁਗ ਅੰਤਮ ਖੇਲ ਕਰ ਕੇ ਨਿਆਰਾ ਨਿਰੰਕਾਰ ਕਰ ਕੇ ਮੋਟਾ, ਮੋਟੀ ਮਤ ਕੀਤੀ ਲੋਕਾਈਆ । ਵੱਡਿਉਂ ਬਣ ਕੇ ਨਿੱਕਾ ਜਿਹਾ ਛੋਟਾ, ਬਿਨ ਰੂਪ ਰੰਗ ਰੇਖ ਡੇਰਾ ਲਾਈਆ । ਗੁਰਮੁਖ ਵੇਖੀਂ ਤੱਕੀਂ ਆਪਣਾ ਪੋਤਾ, ਗੋਬਿੰਦ ਪਿਤਾ ਨਾਲ ਮਿਲਾਈਆ । ਜਲਵਾ ਨੂਰ ਜਲਾ ਕੇ ਜੋਤਾ, ਜੋਤੀ ਜੋਤ ਕਰੀ ਰੁਸ਼ਨਾਈਆ । ਤੇਰਾ ਸਾਗਰ ਫੋਲ ਸਕੇ ਨਾ ਮਾਰ ਕੇ ਕੋਈ ਗੋਤਾ, ਡੂੰਘੀ ਹਾਥ ਕਿਸੇ ਨਾ ਆਈਆ । ਪਾਇਆ ਅੰਤ ਕਿਸੇ ਨਾ ਚੌਦਾਂ ਲੋਕਾ, ਤ੍ਰੈਲੋਕੀ ਰਹੇ ਕੁਰਲਾਈਆ । ਕਰ ਕਿਰਪਾ ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰਾਂ ਆਪਣਾ ਸਿਫ਼ਤੀ ਦੱਸਦਾ ਰਿਹੋਂ ਸਲੋਕਾ, ਸਾਚਾ ਨਾਮ ਨਾ ਕਿਸੇ ਸਮਝਾਈਆ । ਜੋਗੀ ਅਭਿਆਸੀ ਤਪੀ ਹਠੀ ਸਨਿਆਸੀ ਵੈਰਾਗੀ ਤਿਆਗੀ ਇਸ ਨੂੰ ਕਹਿੰਦੇ ਰਹੇ ਵੱਡਾ ਚੋਖਾ, ਬਹੁਤਾ ਕਰ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਰਿਹਾ ਵਰਤਾਈਆ । ਸ੍ਰੀ ਭਗਵਾਨ ਕਹੇ ਮੈਂ ਸਭ ਨੂੰ ਦੱਸੇ ਸਜਦੇ, ਸਰੀਰ ਤਤ ਤਤ ਸਰੀਰ ਵਾਲੇ ਜਣਾਈਆ । ਮੈਂ ਗੁਰ ਅਵਤਾਰ ਬਣਾ ਕੇ ਬਰਦੇ, ਪੈਗ਼ੰਬਰਾਂ ਕਰੀ ਪੜ੍ਹਾਈਆ । ਮੰਗਤੇ ਕੀਤੇ ਘਰ ਦੇ, ਦਰਵੇਸ਼ ਨਜ਼ਰੀ ਆਈਆ । ਮਿੰਨਤਾਂ ਵੇਖੇ ਕੱਢਦੇ, ਖ਼ਾਲੀ ਝੋਲੀਆਂ ਅਗੇ ਡਾਹੀਆ । ਸਿਰ ਕ਼ਦਮਾਂ ਉਤੇ ਸਟਦੇ, ਨੈਣ ਅੱਖ ਸ਼ਰਮਾਈਆ । ਵਣਜਾਰੇ ਬਣੇ ਰਹੇ ਸਚਖੰਡ ਦਵਾਰੇ ਹੱਟ ਦੇ, ਦਰ ਠਾਂਡੇ ਫੇਰਾ ਪਾਈਆ । ਸਾਰੇ ਮੇਰਾ ਨਾਮ ਗਏ ਰਟਦੇ, ਦਿਵਸ ਰੈਣ ਧਿਆਨ ਲਗਾਈਆ । ਝਗੜੇ ਪਾ ਕੇ ਦੀਨ ਮਜ਼੍ਹਬ ਵਾਲੀ ਵਟ ਦੇ, ਹੁਕਮੇਂ ਅੰਦਰ ਖੇਲ ਖਿਲਾਈਆ । ਹੁਕਮਨਾਮੇ ਦਿਤੇ ਬਿਨਾ ਆਪਣੇ ਦਸਤਖ਼ਤ

ਦੇ, ਸ਼ਬਦੀ ਖ਼ਤਾਂ ਨਾਲ ਕਰੀ ਪੜ੍ਹਾਈਆ । ਜਿਨ੍ਹਾਂ ਦੇ ਪਿਛੇ ਛੋਟੇ ਛੋਟੇ ਦਾਇਰੇ ਮਜ਼੍ਹਬਾਂ ਵਾਲੇ ਦੱਸਦੇ, ਨਿੱਕੇ ਨਿੱਕੇ ਕ਼ਸਬੇ ਨਜ਼ਰੀ ਆਈਆ ।
ਹੁਣ ਅਗੇ ਖੇਲ ਹੋਣੇ ਪੁਰਖ ਸਮਰਥ ਦੇ, ਦੋ ਜਹਾਨਾਂ ਝਗੜੇ ਦਏ ਮੁਕਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਮਸੀਤ ਵੇਖੇ ਕਿਵੇਂ ਢੱਠ ਦੇ,
ਅਗੇ ਹੋ ਨਾ ਕੋਇ ਬਚਾਈਆ । ਲਲਕਾਰੇ ਸੁਣਨੇ ਪੁਰਖ ਅਕਾਲ ਸ਼ਬਦੀ ਜੱਟ ਦੇ, ਜੋ ਜਟਾ ਜੂਟਧਾਰੀ ਸਾਰੇ ਦਏ ਖਪਾਈਆ । ਜਨ ਭਗਤ
ਸੁਹੇਲੇ ਕਾਇਆ ਚੋਲੀ ਅੰਦਰ ਚੋਲੇ ਆਪਣੇ ਰੰਗਦੇ, ਰੰਗ ਰਤੜਾ ਆਪੇ ਰਿਹਾ ਰੰਗਾਈਆ । ਗੁਰਮੁਖੋ ਲਹਿਣੇ ਚੁਕ ਗਏ ਜਗਤ ਵਾਲੀ ਮਨਮਤ
ਦੇ, ਗੁਰਮਤ ਇਕੋ ਦਏ ਸਮਝਾਈਆ । ਜੋ ਭਗਤ ਪ੍ਰਭੂ ਦੇ ਨਾਲ ਮਿਲ ਕੇ ਵਸਦੇ, ਦੋ ਜਹਾਨਾਂ ਰੰਡੇਪਾ ਨਾ ਕੋਇ ਕਰਾਈਆ । ਤੁਹਾਡੇ ਮੇਲ
ਹੋਣੇ ਅੰਦਰ ਵਾਲੀ ਅੱਖ ਦੇ, ਬਾਹਰੋਂ ਪੂਜਾ ਪਾਠ ਨਾ ਕੋਇ ਕਰਾਈਆ । ਜੋ ਸੋਹੰ ਢੋਲਾ ਰਟਦੇ, ਰੱਟਿਆਂ ਤੋਂ ਲੈਣੇ ਛੁਡਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਚੇਤ ਕਹੇ ਮੈਨੂੰ ਵੇਖ ਲੈਣ ਦਿਉ ਨਾਲ ਚੋਰੀ, ਚੋਰੀ ਚੋਰੀ ਅੱਖ
ਖੁਲ੍ਹਾਈਆ । ਕਲਜੁਗ ਵੇਖਾਂ ਰੈਣ ਅੰਧੇਰੀ ਘੋਰੀ, ਸਾਚਾ ਚੰਦ ਨਾ ਕੋਇ ਚਮਕਾਈਆ । ਪੁਰਖ ਅਕਾਲ ਕਿਸ ਬਿਧ ਦੁਨੀਆ ਨਾਲ ਕਰੇ ਹੇਰੀ
ਫੇਰੀ, ਫੇਰੀ ਵਿਚ ਆਇਆ ਫੇਰ ਨਾ ਕਿਸੇ ਸਮਝਾਈਆ । ਨਾ ਕੋਈ ਜਾਣੇ ਗੁਰੂ ਤੇ ਨਾ ਕੋਈ ਜਾਣੇ ਚੇਰੀ, ਕੋਟਾਂ ਵਿਚੋਂ ਚਿਰੀ ਵਿਛੁੰਨੇ ਗੁਰਮੁਖ
ਆਤਮ ਆਪਣੇ ਨਾਲ ਮਿਲਾਈਆ । ਜਨ ਭਗਤੋ ਤੁਹਾਡੇ ਅੰਦਰ ਵੜ ਕੇ ਮੰਦਰ ਚੜ੍ਹ ਕੇ ਠੋਕਰ ਲਾ ਕੇ ਦਇਆ ਕਮਾ ਕੇ ਦਰਸ ਵਖਾਵੇ ਨਾ ਲਾਵੇ
ਦੇਰੀ, ਦੁਰਗਾ ਇਸ਼ਟ ਦੀ ਲੋੜ ਰਹੇ ਨਾ ਰਾਈਆ । ਜਗਤ ਮਲਾਹਾਂ ਵਾਲੀ ਸਾਧਾਂ ਸੰਤਾਂ ਕੋਲ ਲੱਭਣੀ ਪਏ ਕਦੇ ਨਾ ਬੇੜੀ, ਇਕੋ ਨਾਮ ਜਹਾਜ਼
ਉਤੇ ਫੜ ਬਾਹੋਂ ਦਏ ਚੜ੍ਹਾਈਆ । ਫੇਰ ਦੱਸਿਓ ਭਗਤ ਆਤਮਾ ਵਿਛੜੀ ਕਿਹੜੀ, ਅਗਲੇ ਸਾਲ ਨੂੰ ਸਭ ਨੂੰ ਸੁੱਤਿਆਂ ਦਿਆਂ ਵਖਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣਾ ਰਿਹਾ ਵਰਤਾਈਆ । ਚੇਤ ਕਹੇ ਮੈਨੂੰ ਕੱਢ ਲੈਣ ਦੇ ਘੁੰਡ, ਪੜਦਾ ਲਵਾਂ ਪਾਈਆ ।
ਮੁਖ ਤੋਂ ਹੋ ਲੈਣ ਦੇ ਗੁੰਗ, ਰਸਨਾ ਜਿਹਵਾ ਨਾ ਕੋਇ ਸੁਣਾਈਆ । ਸ੍ਰੀ ਭਗਵਾਨ ਕਹੇ ਓਏ ਉਠ ਜਨ ਭਗਤਾਂ ਨੂੰ ਦੇ ਟੁੰਬ, ਸ਼ਬਦ ਇਸ਼ਾਰੇ
ਨਾਲ ਉਠਾਈਆ । ਜਨ ਭਗਤੋ ਬਿਨਾ ਰਸਨਾ ਜਿਹਵਾ ਤੋਂ ਪੁਰਖ ਅਕਾਲ ਦੇ ਉਹ ਚਰਨ ਲਓ ਚੁੰਮ, ਜਿਨ੍ਹਾਂ ਦੀ ਧੂੜ ਨਜ਼ਰ ਕਿਸੇ ਨਾ ਆਈਆ ।
ਤੁਸੀਂ ਨਾ ਕੋਈ ਰਿਖ ਨਾ ਕੋਈ ਮੁਨ, ਜਿਨ੍ਹਾਂ ਦਸਮ ਦਵਾਰੀ ਵਿਚ ਵੜ ਕੇ ਖੁਲ੍ਹਾਉਣੀ ਪਏ ਸੁਨ, ਨਾ ਕੋਈ ਗਿਆਨੀਆਂ ਵਾਲਾ ਰਖਣਾ ਪਏ ਗੁਣ,
ਲੱਖ ਚੁਰਾਸੀ ਵਿਚੋਂ ਥੋੜੇ ਲਏ ਚੁਣ, ਜਿਨ੍ਹਾਂ ਦੇ ਉਤੇ ਕਿਰਪਾ ਕਰਨੀ ਹੁਣ, ਅਗੇ ਆਪਣੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਚੇਤ ਕਹੇ ਮੈਨੂੰ ਥੋੜਾ ਪਿਛੇ ਲੈਣ ਦੇ ਖ਼ਿਸਕ, ਪਾਸਾ ਲਵਾਂ ਬਦਲਾਈਆ । ਪੁਰਖ ਅਕਾਲ
ਕਹੇ ਸਾਰਿਆਂ ਨੂੰ ਦੱਸ ਕੇ ਇਕੋ ਸਭ ਦਾ ਇਸ਼ਟ, ਹਰਿ ਕਰਤਾ ਬੇਪਰਵਾਹੀਆ । ਜੋ ਲੱਖ ਚੁਰਸੀ ਨਾਲ ਭੋਗਦਾ ਗ੍ਰਿਹਸਤ, ਆਤਮ ਪਰਮਾਤਮ
ਸੇਜ ਹੰਢਾਈਆ । ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਗੁਰ ਅਵਤਾਰਾਂ ਪੈਗ਼ੰਬਰਾਂ ਦੀ ਜਿਸ ਦੇ ਕੋਲ ਲਿਸਟ, ਫ਼ਰਿਸਤ ਆਪਣੇ ਹੱਥ ਰਖਾਈਆ । ਗੁਰਮੁਖੋ
ਤੁਹਾਨੂੰ ਕਿਹੜੀ ਲੋੜ ਸਵਰਗ ਤੇ ਬਹਿਸ਼ਤ, ਬਿਨਾ ਪ੍ਰਭ ਦੇ ਚਰਨਾਂ ਦੂਜਾ ਧਾਮ ਨਾ ਕੋਇ ਵਖਾਈਆ । ਬੇਸ਼ਕ ਤੁਹਾਡੀ ਕਾਇਆ ਹੋ ਜਾਏ ਨਸ਼ਟ,
ਤੁਹਾਡੀ ਆਤਮਾ ਪਰਮਾਤਮਾ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਚੇਤ

ਕਹੇ ਮੈਨੂੰ ਪਰਤ ਲੈਣ ਦੇ ਪਿਛਾ, ਕਰਵਟ ਲਵਾਂ ਬਦਲਾਈਆ । ਪੁਰਖ ਅਕਾਲ ਕਹੇ ਉਠ ਮੇਰੀ ਸੁਣ ਲੈ ਸਿਖਾ, ਬੱਚਿਆ ਤੈਨੂੰ ਦਿਆਂ ਦ੍ਰਿੜਾਈਆ । ਤੇਰੇ ਵਿਚ ਭਗਤਾਂ ਉਧਾਰਨਾ ਮੇਰੀ ਇੱਛਾ, ਇੱਛਾ ਸਭ ਦੀ ਪੂਰ ਕਰਾਈਆ । ਕੋਟਾਂ ਵਿਚੋਂ ਕਿਸੇ ਨਾ ਦਿਸਾ, ਗੁਰਮੁਖ ਥੋੜੇ ਅੱਖ ਖੁਲ੍ਹਾਈਆ । ਜਿਨ੍ਹਾਂ ਦੇ ਕੋਲ ਗੋਬਿੰਦ ਦੀ ਸ਼ਬਦੀ ਚਿੱਟਾ, ਚਿੱਟੀ ਧਾਰ ਵਿਚ ਫਿਰਾਈਆ । ਤਿਨ੍ਹਾਂ ਸੰਮਤ ਏਸੇ ਵਿਚ ਕੱਢ ਕੇ ਵੱਖਰਾ ਸਿੱਟਾ, ਸਿਟੇ ਦੀ ਬਾਜ਼ੀ ਸਭ ਨਾਲ ਦਿਆਂ ਲਗਾਈਆ । ਜਿਹੜਾ ਪੁਰਖ ਅਕਾਲ ਜਗਤ ਨੇਤਰਾਂ ਕਿਸੇ ਨਹੀਂ ਸੀ ਡਿਠਾ, ਸੋ ਸਨਮੁਖ ਸਭ ਨੂੰ ਦਿਆਂ ਸਮਝਾਈਆ । ਕੋਟਨ ਕੋਟ ਲੱਭਦੇ ਗਏ ਵਿਚੋਂ ਸਵਾ ਗਿਠਾ, ਸ਼ਾਸਤਰ ਸਿਮਰਤ ਵੇਦ ਪੁਰਾਨ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਚੇਤ ਕਹੇ ਮੈਂ ਪਿਛੋਂ ਹੋ ਜਾਂ ਅਗੇ, ਅਗਲੀ ਗਾਥ ਸੁਣਾਈਆ । ਨਿਰਮਲ ਜੋਤ ਇਕੋ ਜਗੇ, ਜੋ ਲੱਖ ਚੁਰਾਸੀ ਕਰੇ ਰੁਸ਼ਨਾਈਆ । ਜਿਸ ਦੇ ਹੁਕਮੇਂ ਅੰਦਰ ਬੱਧੇ, ਸਤਿਜੁਗ ਤਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਸਰਨ ਢੱਠੇ, ਕਰੋੜ ਤੇਤੀਸਾ ਰਿਹਾ ਕੁਰਲਾਈਆ । ਗੁਰ ਅਵਤਾਰ ਪੈਗ਼ੰਬਰ ਗਾ ਗਾ ਥੱਕੇ, ਢੋਲੇ ਗੀਤ ਨਗ਼ਮੇ ਗਏ ਜਣਾਈਆ । ਕਲਜੁਗ ਅੰਤਮ ਸਾਰੇ ਕਰ ਕੇ ਇਕੱਠੇ, ਧੁਰ ਫ਼ਰਮਾਨਾ ਦਿਤਾ ਦ੍ਰਿੜਾਈਆ । ਪੁਰਖ ਅਕਾਲ ਮੇਟਣ ਲੱਗਾ ਦੀਨ ਮਜ਼੍ਹਬ ਦੇ ਰੱਟੇ, ਜਾਤ ਪਾਤ ਕਰੇ ਸਫ਼ਾਈਆ । ਇਕੋ ਜੋਤ ਘਰ ਘਰ ਜਗੇ ਲਟ ਲੱਟੇ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਸਦੀ ਚੌਧਵੀਂ ਲਿਖਤ ਪੜ੍ਹਤ ਦੇ ਤੁਹਾਡੇ ਪੂਰੇ ਹੋ ਗਏ ਪਟੇ, ਅਗੇ ਤੁਹਾਡੀ ਨਾ ਕੋਇ ਵਡਿਆਈਆ । ਧੁਰ ਫ਼ਰਮਾਨਾ ਸ੍ਰੀ ਭਗਵਾਨਾ ਨਰ ਨਰੇਸ਼ਾ ਹੱਕ ਸੰਦੇਸ਼ਾ ਇਕੋ ਦੱਸੇ, ਦਹਿ ਦਿਸ਼ਾ ਕਰੇ ਪੜ੍ਹਾਈਆ । ਚਾਰ ਵਰਨ ਅਠਾਰਾਂ ਬਰਨ ਜਿਸ ਨੇ ਬਣਾਉਣੇ ਆਪਣੇ ਬੱਚੇ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਸਤਿ ਪ੍ਰੇਮ ਪ੍ਰੀਤੀ ਅੰਦਰ ਜਾਣ ਰੱਤੇ, ਰੰਗ ਅਗੰਮੜਾ ਦਏ ਚੜ੍ਹਾਈਆ । ਸਾਰੇ ਵੇਂਹਦੇ ਰਹਿ ਜਾਣ ਹੱਕੇ ਬੱਕੇ, ਪੜਦਾ ਹਕੀਕਤ ਨਾ ਕੋਇ ਉਠਾਈਆ । ਝਗੜਾ ਪੈਣਾ ਮਦੀਨੇ ਮੱਕੇ, ਮਕਬਰਿਆਂ ਵਿਚੋਂ ਮੁਰਸ਼ਦ ਰਹੇ ਕੁਰਲਾਈਆ । ਸਾਚੇ ਦੱਸੇ ਕਿਸੇ ਨਾ ਪਤੇ, ਇਸ਼ਾਰਿਆਂ ਵਿਚ ਗੁਰ ਅਵਤਾਰ ਗਏ ਜਣਾਈਆ । ਗੋਬਿੰਦ ਥੋੜੇ ਲੇਖ ਲਿਖੇ ਸੱਚੇ, ਜੋ ਸਰਸੇ ਵਿਚ ਗਏ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਚੇਤ ਕਹੇ ਮੇਰੀ ਚੇਤਨ ਹੋ ਗਈ ਸੁਰਤੀ, ਸੁੱਤਿਆਂ ਲਵਾਂ ਜਗਾਈਆ । ਜੋਤ ਵੇਖੀ ਅਕਾਲ ਮੂਰਤੀ, ਬਿਨ ਰੰਗ ਰੂਪ ਕਰੇ ਰੁਸ਼ਨਾਈਆ । ਜਿਸ ਦੀ ਆਵਾਜ਼ ਸ਼ਬਦ ਅਗੰਮੀ ਤੂਰਤੀ, ਤੁਰੀਆ ਪਦ ਸਾਰ ਨਾ ਆਈਆ । ਜਨ ਭਗਤੋ ਇਹ ਗੱਲ ਮਸ਼ਹੂਰ ਕਦ ਦੀ, ਕਲ ਕਲਕੀ ਫੇਰਾ ਪਾਈਆ । ਜਿਸ ਦੀ ਖੋਜ ਕਿਸੇ ਨਾ ਲੱਭਦੀ, ਵਿਦਵਾਨੀ ਗਿਆਨੀ ਰਹੇ ਕੁਰਲਾਈਆ । ਅਗੇ ਖੇਲ ਰਹਿਣ ਨਹੀਂ ਦੇਣੀ ਅਜ ਪਜ ਦੀ, ਸ਼ਾਹ ਸੁਲਤਾਨਾਂ ਦੇਣਾ ਸਮਝਾਈਆ । ਦੂਜਾ ਸਾਲ ਕਹੇ ਮੇਰੀ ਵੇਲ ਰਹਿਣੀ ਵੱਧਦੀ, ਵਾਧਾ ਪ੍ਰਭ ਦੇ ਘਰ ਬਣਾਈਆ । ਥੋੜੀ ਖੇਲ ਹੋਣੀ ਅਗਨੀ ਅੱਗ ਦੀ, ਅਗਲਾ ਪੜਦਾ ਪੜਦੇ ਵਿਚ ਛੁਪਾਈਆ । ਤਿੰਨ ਅਸੂ ਦੀ ਧਾਰ ਸਭ ਨੂੰ ਸੱਦ ਦੀ, ਸੱਦੇ ਦੇ ਕੇ ਰਹੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪਹਿਲੀ ਚੇਤ ਕਹੇ ਮੈਨੂੰ ਥੋੜਾ ਦਿਸਦਾ ਅਗੇ ਨਜ਼ਾਰਾ ਹੋਰ, ਪ੍ਰਭ ਨਜ਼ਰ ਰਿਹਾ ਬਦਲਾਈਆ । ਦੁਨੀਆ ਦੇ ਬਦਲੇ ਤੌਰ, ਤਰ੍ਹਾ ਤਰ੍ਹਾ ਖੇਲ ਵਰਤਾਈਆ । ਜਿਸ ਤੇ ਕਰੇ ਕੋਇ ਨਾ ਗ਼ੌਰ, ਉਹ ਸਮਝ ਦਏ ਸਮਝਾਈਆ ।


੪੫੬ ੧੯

ਜਿਸ ਨੂੰ ਕਹਿੰਦੇ ਬ੍ਰਾਹਮਣ ਗੌੜ, ਬਿਨ ਗੋਬਿੰਦ ਨਜ਼ਰ ਕਿਸੇ ਨਾ ਆਈਆ । ਚਾਰੋਂ ਕੁੰਟ ਕਰਨਾ ਚੌੜ, ਚਾਰ ਕੂਟ ਦਏ ਹਿਲਾਈਆ । ਜਨ ਭਗਤਾਂ ਜਾਣਾ ਬਹੁੜ, ਬਹੁੜੀ ਬਹੁੜੀ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਚੇਤ ਕਹੇ ਉਹ ਅਸੂ ਵੇਖੇ ਆਉਂਦਾ ਜਾਂਦਾ ਨੇੜੇ, ਨੇਤਰ ਨੈਣ ਉਠਾਈਆ । ਜਿਹੜੀ ਸ੍ਰਿਸ਼ਟੀ ਕਰਦੀ ਝੇੜੇ, ਧੱਕਾ ਲੱਗੇ ਥਾਉਂ ਥਾਈਆ । ਧਰਨੀ ਦੇ ਖੁਲ੍ਹੇ ਹੋਏ ਵਿਹੜੇ, ਚਾਰ ਕੁੰਟ ਹੋਏ ਰੁਸ਼ਨਾਈਆ । ਝੂਠੇ ਸਾਧਾਂ ਦੇ ਰਹਿਣੇ ਨਹੀਂ ਡੇਰੇ, ਡੰਕਾ ਇਕੋ ਨਾਮ ਵਜਾਈਆ । ਜਨ ਭਗਤਾਂ ਚਾੜ੍ਹ ਕੇ ਆਪਣੇ ਬੇੜੇ, ਬੇੜਾ ਦੋ ਜਹਾਨ ਪਾਰ ਕਰਾਈਆ । ਕਰੇ ਖੇਲ ਸਿੰਘ ਸੱਚਾ ਸ਼ੇਰੇ, ਸ਼ੇਰ ਭਬਕ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਤਿੰਨ ਅਸੂ ਕਹੇ ਕੁਛ ਮਿਲਣ ਵਾਲਾ ਫ਼ਰਮਾਨ, ਫਰਮਾਂਬਰਦਾਰਾਂ ਦਿਆਂ ਜਣਾਈਆ । ਪੁਰਖ ਅਕਾਲਾ ਕਰਨ ਵਾਲਾ ਧਿਆਨ, ਮਿਹਰ ਨਜ਼ਰ ਨਜ਼ਰ ਉਠਾਈਆ । ਰਾਸ਼ਟਰਪਤਿ ਦੇਣ ਵਾਲਾ ਗਿਆਨ, ਪਰਧਾਨ ਮੰਤਰੀਆਂ ਦਏ ਸਮਝਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦਾ ਲਿਖ ਕੇ ਨਿਸ਼ਾਨ, ਨੌ ਖੰਡ ਪ੍ਰਿਥਮੀ ਦਏ ਵਖਾਈਆ । ਸਭ ਨੂੰ ਮੰਨਣੀ ਪਏ ਇਸ ਦੀ ਆਨ, ਸਿਰ ਸਕੇ ਨਾ ਕੋਇ ਉਠਾਈਆ । ਸ਼ਬਦੀ ਆਨ ਨਾਲ ਸਭ ਨੂੰ ਮੰਨਣਾ ਪਏ ਸ੍ਰੀ ਭਗਵਾਨ, ਭਾਂਡਾ ਭਰਮ ਦੇਣਾ ਭੰਨਾਈਆ । ਪੁਰਖ ਅਬਿਨਾਸ਼ੀ ਆਦਿ ਜੁਗਾਦੀ ਵੱਡਾ ਬਲਵਾਨ, ਜਿਸ ਦਾ ਸਾਨੀ ਨਜ਼ਰ ਕੋਇ ਆਈਆ । ਵੇਖਿਓ ਕਦੇ ਭੁੱਲ ਨਾ ਜਾਇਓ ਇਹ ਚਲਣ ਫਿਰਨ ਵਾਲਾ ਇਨਸਾਨ, ਤੱਤਾਂ ਵਾਲਾ ਵੇਸ ਵਟਾਈਆ । ਇਹ ਖੇਲ ਲਾਮੁਕਾਮ, ਬੇਮੁਕਾਮ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਧੁਰ ਫ਼ਰਮਾਨ ਕਹੇ ਮੈਂ ਖ਼ਬਰ ਸੁਣਾਵਾਂ ਧੁਰ ਦੀ, ਧਰਮ ਦੀ ਧਾਰ ਦਿਆਂ ਜਣਾਈਆ । ਖੇਲ ਦੱਸਾਂ ਓਸ ਸੱਚੇ ਸਤਿਗੁਰ ਦੀ, ਜੋ ਆਦਿ ਜੁਗਾਦਿ ਸਤਿ ਸਤਿਵਾਦੀ ਨਜ਼ਰੀ ਆਈਆ । ਜਿਹੜੀ ਬਾਕੀ ਰਹਿ ਗਈ ਅਨੰਦਪੁਰ ਦੀ, ਪੁਰੀਆਂ ਲੋਆਂ ਤੋਂ ਬਾਹਰ ਝੋਲੀ ਪਾਈਆ । ਧਾਰ ਬਖ਼ਸ਼ੇ ਆਪਣੇ ਪ੍ਰੇਮ ਪਿਆਰ ਸੁਰ ਦੀ, ਸੋਈ ਸੁਰਤੀ ਲਏ ਉਠਾਈਆ । ਧਾੜ ਰਹੇ ਨਾ ਕੋਈ ਗੁਰਮੁਖੇ ਪੰਜ ਚੋਰ ਦੀ, ਤ੍ਰਿਸ਼ਨਾ ਮਾਤ ਨਾ ਕੋਇ ਹਲਕਾਈਆ । ਨਗਰੀ ਰਹੇ ਨਾ ਅੰਧਘੋਰ ਦੀ, ਤਨ ਮਾਟੀ ਅੰਦਰ ਕਰੇ ਰੁਸ਼ਨਾਈਆ । ਗੰਢ ਟੁੱਟੇ ਨਾ ਕਦੇ ਸ਼ਬਦ ਅਗੰਮੀ ਡੋਰ ਦੀ, ਮੇਲਾ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਚੇਤ ਕਹੇ ਮੈਨੂੰ ਕਹਿੰਦੇ ਪਹਿਲਾ ਮਾਹ, ਮਹਿਰਮ ਹੋ ਕੇ ਦਿਆਂ ਜਣਾਈਆ । ਜਲਵਾਗਰ ਇਕ ਖ਼ੁਦਾ, ਨੂਰੋ ਨੂਰ ਨੂਰ ਰੁਸ਼ਨਾਈਆ । ਜਿਹੜਾ ਆਤਮ ਕਰ ਕੇ ਹੋਇਆ ਜੁਦਾ, ਪਰਮਾਤਮ ਹੋ ਕੇ ਨਾਲ ਮਿਲਾਈਆ । ਮਾਰਗ ਦੋ ਜਹਾਨਾਂ ਕਰ ਕੇ ਸਿੱਧਾ, ਮੰਜ਼ਲ ਆਪਣੀ ਰਿਹਾ ਚੜ੍ਹਾਈਆ । ਸਚ ਦਵਾਰਾ ਦੇ ਕੇ ਨਿੱਘਾ, ਜਗਤ ਤ੍ਰਿਖਾ ਰਿਹਾ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਵਡਿਆਈਆ । ਚੇਤ ਕਹੇ ਮੈਨੂੰ ਕਹਿੰਦੇ ਪਹਿਲਾ ਮਾਸ, ਅੱਖਰਾਂ ਨਾਲ ਜੋੜ ਜੁੜਾਈਆ । ਥੋੜੀ ਸਮਝ ਆਈ ਗੁਰਦਾਸ, ਜੋ ਅਰਜਨ ਦਏ ਗਵਾਹੀਆ । ਜੋਤੀ ਉਪਜੀ ਲਲਾਟ, ਸ਼ਬਦੀ ਹੋਈ ਸ਼ਨਵਾਈਆ । ਕਲਜੁਗ ਵੇਖ ਘਾਟ, ਪ੍ਰਭ ਕਰੇ ਖੇਲ ਬੇਪਰਵਾਹੀਆ । ਅੰਤ ਦਿਸੇ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਆਤਮ ਪਰਮਾਤਮ ਪੜ੍ਹੇ ਕੋਈ ਨਾ ਗਾਥ, ਬਾਣੀ ਬੈਖਰੀ ਸਰਬ ਸਾਲਾਹੀਆ ।

ਹਰਿ ਕਾ ਸ਼ਬਦ ਸਕੇ ਕੋਈ ਨਾ ਵਾਚ, ਬੁਧੀ ਨਾਲ ਬੁਧੀ ਕਰੇ ਲੜਾਈਆ । ਮਨੂਆ ਕਰੇ ਨਾਚ, ਘਰ ਘਰ ਫੇਰਾ ਪਾਈਆ । ਗੁਰਦਾਸ ਬਿਨ ਤੇਰੇ ਕਿਸੇ ਹੱਥ ਨਹੀਂ ਆਉਣੀ ਕ਼ਲਮ ਦਵਾਤ, ਬਿਨਾ ਰਵਿਦਾਸ ਚੁਮਾਰ ਨਾ ਕੋਇ ਵਡਿਆਈਆ । ਬਿਨ ਭਗਤਾਂ ਪ੍ਰਭੂ ਨਹੀਂ ਦੇਣਾ ਸਾਥ, ਸਗਲਾ ਸੰਗ ਨਾ ਕੋਇ ਰਖਾਈਆ । ਗੁਰਮੁਖਾਂ ਹੋਣ ਨਾ ਦੇਵੇ ਉਦਾਸ, ਗੁਰਸਿਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਚੇਤ ਕਹੇ ਮੇਰਾ ਪਹਿਲਾ ਕਹਿੰਦੇ ਮਹੀਨਾ, ਰੁਤ ਰੁਤੜੀ ਵਿਚੋਂ ਬਦਲਾਈਆ । ਮੈਨੂੰ ਸਮਝੇ ਨਾ ਕੋਇ ਨਰ ਮਦੀਨਾ, ਪੜਦਾ ਸਕੇ ਨਾ ਕੋਇ ਉਠਾਈਆ । ਗ਼ਰੀਬ ਕਹਿੰਦੇ ਆਖ਼ਰੀ ਵਕ਼ਤ ਕਮੀਨਾ, ਭੁੱਖਿਆਂ ਭੁੱਖ ਨਾ ਕੋਇ ਮਿਟਾਈਆ । ਜਨ ਭਗਤ ਕਹਿਣ ਸਾਡਾ ਠਾਂਡਾ ਹੋਵੇ ਸੀਨਾ, ਅਗਨੀ ਤਤ ਬੁਝਾਈਆ । ਝਗੜਾ ਚੁਕ ਜਾਏ ਲੋਕ ਤੀਨਾ, ਤ੍ਰੈਗੁਣ ਲੇਖਾ ਰਹੇ ਨਾ ਰਾਈਆ । ਜਾਣਾ ਪਏ ਨਾ ਮੱਕਾ ਮਦੀਨਾ, ਮਕ਼ਬਰਿਆਂ ਸੀਸ ਨਾ ਕੋਇ ਝੁਕਾਈਆ । ਤੀਰਥ ਤਟਾਂ ਉਤੇ ਵਹਾਉਣਾ ਪਏ ਨਾ ਕੋਈ ਪਸੀਨਾ, ਪਾਂਧੀ ਬਣ ਨਾ ਪੰਧ ਮੁਕਾਈਆ । ਲੋੜ ਰਹੇ ਨਾ ਬਣਨ ਦੀ ਜਲਮੀਨਾ, ਭਗਤ ਭਗਵਾਨ ਵਿਚ ਸਮਾਈਆ । ਜਨ ਭਗਤੋ ਸ੍ਰੀ ਭਗਵਾਨ ਵਰਗੀ ਲੋਕਮਾਤ ਨਹੀਂ ਕੋਈ ਹੋਰ ਹੁਸੀਨਾ, ਜੋ ਜੋਬਨ ਆਪਣਾ ਸਦਾ ਰਖੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਚੇਤ ਕਹੇ ਮੈਂ ਕੀ ਬਣਨਾ ਚਾਤਰ, ਚਤੁਰਾਈ ਨਜ਼ਰ ਕੋਇ ਨਾ ਆਈਆ । ਮੈਨੂੰ ਯਾਦ ਆਈ ਗੋਬਿੰਦ ਵਾਲੀ ਪਾਤਰ, ਜੋ ਪਤਰਕਾ ਬਿਨ ਅੱਖਰਾਂ ਦਿਤੀ ਵਖਾਈਆ । ਪੁਰਖ ਅਕਾਲ ਆਉਣਾ ਭਗਤਾਂ ਖਾਤਰ, ਖਤਰੇ ਵਿਚ ਹੋਵੇ ਲੋਕਾਈਆ । ਜਿਸ ਵੇਲੇ ਧਰਮ ਦਾ ਨਿਸ਼ਾਨ ਰਿਹਾ ਨਾ ਤਿਲ ਮਾਤਰ, ਮਾਤਰਭੂਮੀ ਦਏ ਦੁਹਾਈਆ । ਅਬਿਨਾਸ਼ੀ ਕਰਤੇ ਪ੍ਰੇਮੀਆਂ ਦਾ ਬਣਨਾ ਯਾਚਕ, ਨਿਰਗੁਣ ਹੋ ਕੇ ਦਇਆ ਕਮਾਈਆ । ਗੁਰਮੁਖਾਂ ਦਾ ਲਹਿਣਾ ਲੇਖਾ ਦੇਣਾ ਬਣ ਵਿਦਿਆ ਦਾ ਵਾਚਕ, ਅੰਦਰ ਵੜ ਕੇ ਦੱਸਣੀ ਸਚ ਪੜ੍ਹਾਈਆ । ਗੁਰਮੁਖੋ ਕਲਜੁਗ ਦਾ ਅੰਤ ਵੇਖ ਲਓ ਨਾਟਕ, ਨਟੂਆ ਹੋ ਕੇ ਤੁਹਾਨੂੰ ਦਏ ਵਖਾਈਆ । ਕਿਰਪਾ ਕਰ ਕੇ ਤੁਹਾਡੇ ਅੰਦਰੋਂ ਖੋਲ੍ਹ ਦੇਵੇ ਫਾਟਕ, ਪੜਦਾ ਓਹਲਾ ਰਹੇ ਨਾ ਰਾਈਆ । ਤੁਸੀਂ ਬੱਚਿਓ ਸ੍ਰੀ ਭਗਵਾਨ ਦੇ ਨਿੱਕੇ ਜਿਹੇ ਜਾਤਕ, ਯਥਾ ਯੋਗ ਸਾਰੇ ਸੇਵ ਕਮਾਈਆ । ਉਹ ਤੁਹਾਨੂੰ ਲੈ ਕੇ ਜਾਵੇ ਆਪਣੇ ਪਾਤਨ, ਪਤਰਿਆਂ ਵਾਲੀ ਕਰੇ ਨਾ ਕੋਇ ਪੜ੍ਹਾਈਆ । ਤੁਹਾਡਾ ਮੇਲਾ ਜਾਹਰ ਤੇ ਰਾਤੀਂ ਸੁਤਿਆਂ ਬਾਤਨ, ਮੋਮਬੱਤੀਆਂ ਦੀ ਲੋੜ ਰਹੇ ਨਾ ਰਾਈਆ । ਗੁਰਮੁਖੋ ਤੁਹਾਡੇ ਪਿਛੇ ਪ੍ਰਭੂ ਆਇਆ ਸਦਾ ਜਾਗਣ, ਜਾਗਰਤ ਜੋਤ ਵਿਚ ਸਮਾਈਆ । ਸਭ ਦੇ ਕਰੇ ਵਡ ਵਡ ਭਾਗਣ, ਭਾਗ ਹਿੱਸਾ ਪਿਛਲਾ ਝੋਲੀ ਪਾਈਆ । ਵੇਖਿਓ ਭੁੱਲ ਕੇ ਕਦੇ ਨਾ ਲੱਭਿਓ ਤਿੱਤਰ ਬਾਜ਼ਨ, ਬਿਨਾ ਗੋਬਿੰਦ ਸਾਂਤ ਕਿਸੇ ਨਾ ਆਈਆ । ਸ਼ਬਦ ਅਗੰਮੀ ਸੁਣਿਉਂ ਆਵਾਜ਼ਨ, ਜੋ ਬਿਨਾ ਕਲਮਿਆਂ ਤੋਂ ਕਰੇ ਪੜ੍ਹਾਈਆ । ਤੁਹਾਡੀ ਸਾਜਣ ਆਵੇ ਸਾਜਣ, ਜਿਸ ਦੀ ਯਾਦ ਵਿਚ ਆਪਣਾ ਝਟ ਲੰਘਾਈਆ । ਤੁਹਾਡੀ ਲੇਖੇ ਲਾਵੇ ਰਾਤਣ, ਰੁੱਤ ਦੀ ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸ਼ਾਹੋ ਸ਼ਾਬਾਸ਼ਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਚੇਤ ਕਹੇ ਮੈਨੂੰ ਹੋਈ ਚਿਤਵਨਿ, ਚਿੰਤਾ ਗਈ ਆਈਆ । ਬੌਹੜੀ ਸਭ ਦਾ ਲੁੱਟਿਆ ਜਾਣਾ ਧਨ, ਕੂੜੀ ਮਾਇਆ ਰਹੀ ਕੁਰਲਾਈਆ । ਪੁਰਖ ਅਕਾਲ ਨੇ ਠੀਕਰ ਜਾਣਾ ਭੰਨ, ਠੱਗਾਂ ਚੋਰਾਂ ਕਰ ਲੜਾਈਆ । ਨਿਰਗੁਣ ਕੋਟਾਂ ਵਿਚੋਂ ਥੋੜੇ ਲੱਭੇ ਜਨ, ਲੇਖਾ ਚੁਕਾਉਣਾ


੪੫੮
੧੯

ਧਨ ਜਣੇਂਦੀ ਮਾਈਆ । ਜਿਨ੍ਹਾਂ ਦੇ ਸਚ ਪਰਵੇਸ਼ ਹੋਣਾ ਕਾਇਆ ਮਾਟੀ ਤਨ, ਤਿਨ੍ਹਾਂ ਬੁਧ ਤੋਂ ਸੁਧ ਦੇਣੀ ਕਰਾਈਆ । ਰਾਗ ਸੁਣਾਉਣਾ ਬਿਨਾ ਕੰਨ, ਅਨਹਦ ਨਾਦੀ ਨਾਦ ਧੁਨ ਸ਼ਨਵਾਈਆ । ਦੀਪਕ ਜੋਤ ਚਾੜ੍ਹਨਾ ਚੰਨ, ਸੂਰਜ ਚੰਦ ਲੋੜ ਰਹੇ ਨਾ ਰਾਈਆ । ਕਰਨਾ ਵਸੇਰਾ ਬਿਨ ਛੱਪਰ ਛੰਨ, ਹਰਿ ਚਰਨ ਕਵਲ ਬਿਨ ਚਰਨਾਂ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਚੇਤ ਕਹੇ ਮੈਂ ਖੇਲ ਵੇਖਿਆ ਚੌਂਹ ਜੁਗੀ, ਜੁਗ ਚੌਕੜੀ ਧਿਆਨ ਲਗਾਈਆ । ਕਲਜੁਗ ਅੰਤ ਔਧ ਰਹੀ ਪੁਗੀ, ਵੇਲਾ ਵਕ਼ਤ ਦਏ ਦੁਹਾਈਆ । ਵਸਦੀ ਰਹੇ ਕੋਇ ਨਾ ਝੁੱਗੀ, ਝਗੜਾ ਦਿਸੇ ਲੋਕਾਈਆ । ਪ੍ਰਭ ਦਾ ਨਾਮ ਜਪਣ ਤੋਂ ਜਗਤ ਰਸਨਾ ਹੋ ਗਈ ਗੁੰਗੀ, ਸਾਚਾ ਢੋਲਾ ਨਾ ਕੋਇ ਸੁਣਾਈਆ । ਸਾਧ ਸੰਤ ਜਗਤ ਫ਼ਕੀਰ ਪ੍ਰਭ ਦੇ ਨਾਮ ਦੀ ਲੈਂਦੇ ਚੁੰਗੀ, ਪੈਸਿਆਂ ਟਕਿਆਂ ਨਾਲ ਝਟ ਲੰਘਾਈਆ । ਸਤਿ ਵਸਤ ਹੱਥ ਨਾ ਆਵੇ ਢੂੰਡੀ, ਚਾਰ ਕੁੰਟ ਰਹੀ ਕੁਰਲਾਈਆ । ਚੇਤ ਕਹੇ ਮੈਂ ਚੇਤਨ ਹੋ ਕੇ ਸ਼ਬਦੀ ਧਾਰ ਵੇਖੀ ਉਹ ਅਗੰਮੀ ਖੂੰਡੀ, ਜੋ ਖੁਡਿਆਂ ਵਿਚੋਂ ਸਾਰੇ ਬਾਹਰ ਕਢਾਈਆ । ਜਨ ਭਗਤਾਂ ਨਾਭੀ ਕਰ ਕੇ ਉਂਧੀ, ਅੰਮ੍ਰਿਤ ਝਿਰਨਾ ਦਏ ਝਿਰਾਈਆ । ਅੰਮ੍ਰਿਤ ਬਰਖ ਕੇ ਆਪਣਾ ਬੂੰਦੀ, ਤ੍ਰਿਸ਼ਨਾ ਦਏ ਮਿਟਾਈਆ । ਸ਼ਰਅ ਦੱਸ ਕੇ ਸਚ ਗੁਰੂ ਦੀ, ਸਤਿਗੁਰੂ ਇਕੋ ਦਏ ਵਖਾਈਆ । ਜਨ ਭਗਤੋ ਦਸਮ ਦਵਾਰੀ ਤੋਂ ਤੁਹਾਡੀ ਮੰਜ਼ਲ ਸ਼ੁਰੂ ਦੀ, ਪਿਛੇ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਜਨ ਭਗਤ ਕਹੇ ਕੀ ਮੈਨੂੰ ਮਿਲਿਆ ਸੰਦੇਸ਼, ਕਵਣ ਰਿਹਾ ਜਣਾਈਆ । ਚੇਤ ਕਹੇ ਓਸ ਨੂੰ ਕਰ ਆਦੇਸ, ਜੋ ਸਭ ਦਾ ਪਿਤਾ ਮਾਈਆ । ਪੁਰਖ ਅਕਾਲ ਕਹੇ ਮੈਂ ਨਿਰਗੁਣ ਨਰ ਨਰੇਸ਼, ਦੋ ਜਹਾਨਾ ਹੁਕਮ ਦਿਆਂ ਵਰਤਾਈਆ । ਮੇਰੇ ਅਗੇ ਕਿਸੇ ਦੀ ਕੋਈ ਚਲੇ ਨਾ ਪੇਸ਼, ਪੇਸ਼ਵਾ ਗਏ ਸੀਸ ਝੁਕਾਈਆ । ਮਿੱਤਰ ਬਣ ਕੇ ਦਰਵੇਸ਼, ਖ਼ਾਲੀ ਬਗ਼ਲੀਆਂ ਗਏ ਫੜਾਈਆ । ਮੁਹੱਬਤ ਵਿਚ ਦਸ ਦਸਮੇਸ਼, ਪਿਤਾ ਪੁਰਖ ਅਕਾਲ ਮਨਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਰਹੇ ਹਮੇਸ਼, ਜਨਮ ਮਰਨ ਵਿਚ ਕਦੇ ਨਾ ਆਈਆ । ਓਸਦਾ ਦੇ ਕੇ ਗਿਆ ਸੰਦੇਸ਼, ਸ਼ਬਦ ਸੁਨੇਹੜਾ ਇਕ ਦ੍ਰਿੜਾਈਆ । ਕਲਜੁਗ ਅੰਤ ਕੂੜੀ ਕਿਰਿਆ ਹੋਏ ਕਲੇਸ਼, ਕਲਮਾ ਭੁੱਲੇ ਸਰਬ ਲੋਕਾਈਆ । ਪੁਰਖ ਅਕਾਲ ਦੀਨ ਦਿਆਲ ਲਵੇ ਵੇਖ, ਦੋ ਜਹਾਨਾਂ ਪੜਦਾ ਆਪ ਉਠਾਈਆ । ਸਚ ਧਰਮ ਦੀ ਮਿਟਦੀ ਵੇਖੇ ਰੇਖ, ਰੇਖਾ ਸਭ ਦੀ ਦਏ ਬਦਲਾਈਆ । ਸ਼ਬਦੀ ਸਤਿਗੁਰ ਆਪਣੀ ਧਾਰ ਭੇਜ, ਭਜਨ ਬੰਦਗੀ ਦਏ ਬਦਲਾਈਆ । ਜੋਤੀ ਜਲਵਾ ਦੇ ਕੇ ਤੇਜ, ਦੀਨ ਦੁਨੀ ਦਾ ਤਖ਼ਤਾ ਦਏ ਉਲਟਾਈਆ । ਜਨ ਭਗਤਾਂ ਮਾਣ ਕੇ ਸਾਚੀ ਸੇਜ, ਸੁਹੰਜਣੀ ਰੁਤ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਧੁਰ ਦਾ ਹੁਕਮ ਕਹੇ ਮੈਂ ਬਣ ਕੇ ਆਇਆ ਬਰਦਾ, ਧਰਮ ਸੰਦੇਸ਼ਾ ਦੇਵਾਂ ਥਾਉਂ ਥਾਈਂਆ । ਪੁਰਖ ਅਕਾਲ ਮਾਲਕ ਮੰਨੋ ਘਰ ਘਰ ਦਾ, ਲੱਖ ਚੁਰਾਸੀ ਅੰਦਰ ਡੇਰਾ ਲਾਈਆ । ਪੜਦਾ ਖੋਲ੍ਹੇ ਭੇਵ ਚੁੱਕੇ ਚੇਤਨ ਜੜ੍ਹ ਦਾ, ਓਹਲਾ ਅਵਰ ਨਾ ਕੋਇ ਜਣਾਈਆ । ਇਸ਼ਨਾਨ ਕਰੋ ਪੁਰਖ ਅਬਿਨਾਸ਼ੀ ਚਰਨ ਸਾਚੇ ਸਰ ਦਾ, ਸਰੋਵਰ ਅਵਰ ਨਾ ਕੋਇ ਨੁਹਾਈਆ । ਸੁਖ ਵੇਖਿਓ ਪੁਰਖ ਅਕਾਲ ਦੇ ਘਰ ਦਾ, ਜੋ ਘਰਾਨੇ ਰਿਹਾ ਬਣਾਈਆ । ਝਗੜਾ ਮੁੱਕੇ ਜਨਮ ਮਰਨ ਡਰ ਦਾ, ਲੱਖ ਚੁਰਾਸੀ ਨਾ ਕੋਇ ਫਿਰਾਈਆ । ਜੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਢੋਲਾ ਪੜ੍ਹਦਾ, ਅਬਿਨਾਸ਼ੀ ਕਰਤਾ ਆਪਣੀ ਗੋਦ ਉਠਾਈਆ ।

ਉਹ ਗੁਰਮੁਖ ਸੰਤ ਸੁਹੇਲਾ ਬਿਨ ਮੰਜ਼ਲ ਪੌੜੇ ਚੜ੍ਹਦਾ, ਅੱਧ ਵਿਚ ਨਾ ਕੋਇ ਅਟਕਾਈਆ । ਦਰਸ਼ਨ ਕਰੇ ਪੁਰਖ ਅਬਿਨਾਸ਼ੀ ਨਰਾਇਣ ਨਰ ਦਾ, ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚੇਤ ਕਹੇ ਮੈਂ ਨਿਊਂ ਨਿਊਂ ਕਰਾਂ ਸਲਾਮ, ਬੰਦਨਾ ਬੇਪਰਵਾਹੀਆ । ਤੱਕਿਆ ਇਕ ਅਮਾਮ, ਜੋ ਨੌਬਤ ਹੱਕ ਸੁਣਾਈਆ । ਪੈਗ਼ੰਬਰ ਜਿਸ ਦੇ ਗ਼ੁਲਾਮ, ਬਰਦੇ ਲੋਕਮਾਤ ਅਖਵਾਈਆ । ਸੁਣਦੇ ਰਹੇ ਪੈਗ਼ਾਮ, ਕਲਮਿਆਂ ਵਿਚ ਪੜ੍ਹਾਈਆ । ਦੇ ਕੇ ਗਏ ਬਿਆਨ, ਸ਼ਰਅ ਵਿਚ ਸਮਝਾਈਆ । ਅੰਤ ਆਵੇ ਅਮਾਮ, ਜਲਵਾ ਨੂਰ ਖ਼ੁਦਾਈਆ । ਜਿਸ ਦਾ ਹਕ਼ੀਕਤ ਹੱਕ ਮੁਕਾਮ, ਜਗ ਨੇਤਰ ਦਰਸ ਕੋਇ ਨਾ ਪਾਈਆ । ਉਹ ਮਾਰਗ ਦੱਸੇ ਆਸਾਨ, ਅਹਿਸਾਨ ਸਿਰ ਨਾ ਕੋਇ ਚੜ੍ਹਾਈਆ । ਆਵਣ ਜਾਵਣ ਚੁਕਾ ਕੇ ਕਾਨ, ਬਿਨ ਕੰਨਾਂ ਰਾਗ ਸੁਣਾਈਆ । ਸ਼ਬਦੀ ਖੰਡਾ ਲੈ ਕੇ ਆਵੇ ਵਿਚ ਮੈਦਾਨ, ਮਦਦ ਅਵਰ ਨਾ ਮੰਗ ਮੰਗਾਈਆ । ਜਿਸ ਦੀ ਕੋਈ ਨਾ ਕਰੇ ਪਹਿਚਾਨ, ਬੇਪਹਿਚਾਨ ਕਰੇ ਲੋਕਾਈਆ । ਸ਼ਬਦੀ ਖੇਲ ਕਰੇ ਬਣ ਰਹਿਮਾਨ, ਹੁਕਮ ਆਪਣਾ ਇਕ ਸੁਣਾਈਆ । ਕੁਛ ਲੇਖਾ ਜਾਨਣ ਵਾਲਾ ਈਰਾਨ, ਤਹਿਰਾਨ ਦਏ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਕਹੇ ਮੈਂ ਵਰਤਣਾ ਜਗ, ਜਗ ਜੀਵਣਦਾਤਾ ਦਇਆ ਕਮਾਈਆ । ਜਨ ਭਗਤਾਂ ਕਰਾਉਣਾ ਧੁਰ ਦਾ ਹੱਜ, ਕਾਇਆ ਕਾਅਬਾ ਕਰ ਰੁਸ਼ਨਾਈਆ । ਕੂੜ ਕੁੜਿਆਰਾਂ ਲਾਉਣੀ ਅਗਨੀ ਅੱਗ, ਅਗਨੀ ਤਤ ਜਲਾਈਆ । ਗੁਰਮੁਖੋ ਯਾਦ ਰਖਣਾ ਦਿਹਾੜਾ ਅੱਜ, ਅਗੇ ਅਜ਼ਲ ਤੋਂ ਲਏ ਬਚਾਈਆ । ਲੋਕਮਾਤ ਚਲਾ ਕੇ ਤੁਹਾਡੀ ਯੱਦ, ਸਿਰ ਆਪਣਾ ਹੱਥ ਰਖਾਈਆ । ਨਾਮ ਨਿਧਾਨਾ ਪਿਆਲਾ ਪਿਆ ਕੇ ਮੱਧ, ਮਧੁਰ ਖ਼ੁਮਾਰੀ ਦਏ ਚੜ੍ਹਾਈਆ । ਲੱਖ ਚੁਰਾਸੀ ਕੱਟਣ ਵਾਸਤੇ ਸਚ ਦਵਾਰੇ ਲਏ ਸੱਦ, ਜਮ ਕੀ ਫਾਸੀ ਰਹਿਣ ਨਾ ਪਾਈਆ । ਦਰਸ ਦੇਵੇ ਜਗਤ ਦਵਾਰਿਉਂ ਅਗੇ ਵੱਧ, ਅਨਡਿੱਠੀ ਮੰਜ਼ਲ ਪੰਧ ਮੁਕਾਈਆ । ਸਾਚਾ ਢੋਲਾ ਗਾਉਂਦੇ ਰਹਿਣਾ ਸਦ, ਛੰਦ ਇਕੋ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਵੱਡੀ ਵਡਿਆਈਆ । ਜਨ ਭਗਤੋ ਤੁਹਾਡਾ ਮੇਲ ਹੋਵੇ ਸਚ ਮਿਲਾਪ, ਅਸਥਾਨ ਇਕੋ ਦਿਆਂ ਜਣਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਹੋਵੇ ਜਾਪ, ਭੂਮਿਕਾ ਸੋਈ ਸੋਭਾ ਪਾਈਆ । ਓਥੇ ਰਹੇ ਕੋਈ ਨਾ ਪਾਪ, ਦੁਰਮਤ ਮੈਲ ਕਰੇ ਸਫ਼ਾਈਆ । ਸੱਜਣ ਬਣੇ ਸਾਕ, ਸਗਲਾ ਸੰਗ ਨਿਭਾਈਆ । ਖੋਲ੍ਹ ਕੇ ਅੰਦਰ ਤਾਕ, ਪੜਦਾ ਦਏ ਉਠਾਈਆ । ਕਰੇ ਹਿਸਾਬ ਬੇਬਾਕ, ਪਿਛਲਾ ਲੇਖ ਚੁਕਾਈਆ । ਨਜ਼ਰੀ ਆਵੇ ਸਾਖਿਆਤ, ਨਿਹਕਲੰਕ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਚ ਮਿਲਣ ਦਾ ਸਚ ਅਸਥਾਨ, ਭੂਮਿਕਾ ਨਜ਼ਰ ਕੋਇ ਨਾ ਆਈਆ । ਜਿਥੇ ਝੁੱਲੇ ਧਰਮ ਨਿਸ਼ਾਨ, ਨਿਸ਼ਾਨਾ ਅਵਰ ਨਾ ਕੋਇ ਵਖਾਈਆ । ਸੀਤਾ ਸੁਰਤੀ ਮਿਲੇ ਰਾਮ, ਰਘੁਪਤ ਦੇਵਣਹਾਰ ਵਡਿਆਈਆ । ਸਾਚੀ ਰਾਧਾ ਮਿਲੇ ਕਾਹਨ, ਬੰਸਰੀ ਨਾਮ ਸੁਣਾਈਆ । ਧੁਰ ਦਾ ਗੋਬਿੰਦ ਮਿਲੇ ਰਾਮ, ਨਾਨਕ ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਾਚੇ ਆਸਣ ਸਿੰਘਾਸਣ ਕਰੇ ਬਿਸਰਾਮ, ਆਤਮ ਸੇਜਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੰਦੇਸ਼ਾ ਬਿਨ ਅੱਖਰਾਂ ਵਾਲੀ ਚਿੱਠੀ ਦੇ ਕੇ ਜਾਵੇ ਗੁਮਨਾਮ, ਵਿਦਿਆ ਵੰਡ ਨਾ ਕੋਇ ਵੰਡਾਈਆ । ਚੇਤ ਕਹੇ ਮੈਂ ਵੇਖਾਂ ਉਹ ਚੇਤਰ, ਜਿਸ ਨੂੰ ਚਿੱਤਰਕਾਰ ਨਾ ਕੋਇ ਬਣਾਈਆ ।



੪੯੦
੧੯

੪੬੧
੧੯

ਉਹ ਭਗਤਾਂ ਤੱਕਿਆ ਨੇਰ ਨੇਰ ਮਿੱਤਰ, ਮਿੱਤਰ ਪਿਆਰਾ ਬੇਪਰਵਾਹੀਆ । ਜੋ ਆਪਣੀ ਧਾਰੋਂ ਆਵੇ ਨਿਕਲ, ਅਰਸ਼ ਫ਼ਰਸ਼ ਖੇਲ ਖਿਲਾਈਆ । ਚੋਟੀ ਚੜ੍ਹੇ ਸਿਖ਼ਰ, ਸਚ ਦਵਾਰੇ ਸੋਭਾ ਪਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਭਗਤਾਂ ਸਦਾ ਫ਼ਿਕਰ, ਫ਼ਿਕਰਾ ਨਾਮ ਸੁਣਾਈਆ । ਜਿਸ ਨਿਹਕਲੰਕ ਕਲ ਕਲਕੀ ਦਾ ਕਰਦੇ ਗਏ ਜ਼ਿਕਰ, ਸੋ ਜਾਹਰ ਜਹੂਰ ਵੇਸ ਵਟਾਈਆ । ਜੋ ਚਾਰ ਵਰਨ ਅਠਾਰਾਂ ਬਰਨ ਕਦੇ ਨਾ ਹੋਵੇ ਭਿੱਟੜ, ਭਾਂਡੇ ਕੁੱਲ ਦੇ ਸਾਫ਼ ਕਰਾਈਆ । ਜਿਸ ਦਾ ਨਾਮ ਨਿਧਾਨਾ ਸ਼ਬਦ ਅਗੰਮਾ ਬੋਲ ਮਿੱਠੜ, ਕੂੜੀ ਵਿਖ ਅੰਦਰੋਂ ਦਏ ਕਢਾਈਆ । ਜਿਸ ਦਾ ਧਾਮ ਅਸਥਾਨ ਟਿਕਾਣਾ ਅਨਡਿੱਠੜ, ਘਰ ਘਰ ਬੈਠਾ ਸੋਭਾ ਪਾਈਆ । ਸੋ ਭਗਤੋ ਤੁਹਾਡੇ ਨਾਲੋਂ ਕਦੇ ਜਾਵੇ ਨਾ ਵਿੱਛੜ, ਵਿੱਛੜਿਆਂ ਮੇਲ ਮਿਲਾਈਆ । ਜਨਮ ਜਨਮ ਦੀਆਂ ਭਰੀਆਂ ਗੁਰਮੁਖ ਸਖੀਆਂ ਚਿੱਕੜ, ਫੜ ਬਾਹੋਂ ਗਲੇ ਲਗਾਈਆ । ਜਗਤ ਪਿਆਰ ਵਿਚ ਕਦੇ ਨਾ ਜਾਵੇ ਵਿਸਰ, ਭਰਮ ਭਰਮ ਨਾ ਕੋਇ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡਾ ਦਏ ਵਖਾਈਆ । ਜਨ ਭਗਤੋ ਘਰ ਠੰਡਾ ਠਾਰ, ਤ੍ਰੈਗੁਣ ਅਗਨ ਨਾ ਲਾਗੇ ਰਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਇਹ ਬਣਿਆ ਭਗਤ ਦਵਾਰ, ਦਵਾਰਕਾਵਾਸੀ ਜਿਥੇ ਸੀਸ ਨਿਵਾਈਆ । ਚਲ ਕੇ ਆਉਣ ਗੁਰੂ ਅਵਤਾਰ, ਪੈਗ਼ੰਬਰ ਵੇਖ ਖ਼ੁਸ਼ੀ ਮਨਾਈਆ । ਭਗਤ ਭਗਵਾਨ ਇਕ ਦੂਜੇ ਦਾ ਕਰਨ ਦੀਦਾਰ, ਬਿਨ ਦੀਦ ਈਦ ਚੰਦ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਸੋਹਣੀ ਦਿਸੇ ਗੁਫ਼ਤਾਰ, ਗੁਫ਼ਤ ਸ਼ਨੀਦ ਵੱਜੇ ਵਧਾਈਆ । ਗੁਰਮੁਖੋ ਪ੍ਰਭ ਦੇ ਸੰਮਤ ਦੀ ਅਗੇ ਵੇਖਿਓ ਰਫ਼ਤਾਰ, ਜੋ ਚਲੇ ਵਾਹੋ ਦਾਹੀਆ । ਕੂੜ ਕੁੜਿਆਰਿਆਂ ਕਰੇ ਖ਼ਬਰਦਾਰ, ਡੋਰੀ ਹੁਕਮੀ ਤੰਦ ਬੰਧਾਈਆ । ਜਿਹੜੇ ਭਾਂਡੇ ਘੜੇ ਵਿਸ਼ਨ ਬ੍ਰਹਮਾ ਸ਼ਿਵ ਬਣ ਘੁਮਿਆਰ, ਸੋ ਠਠਿਆਰ ਠੋਕਰ ਨਾਲ ਠੁਕਰਾਈਆ । ਜਿਸ ਨੂੰ ਲੱਭਦੇ ਗਏ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਅੱਖ ਖੁਲ੍ਹਾਈਆ । ਸੋ ਆ ਗਿਆ ਸਾਂਝਾ ਯਾਰ, ਜਿਸ ਦੀ ਅਲੀ ਮੁਹੰਮਦ ਮੰਗ ਮੰਗਾਈਆ । ਹਕ਼ੀਕਤ ਦਾ ਸਰਦਾਰ, ਹੱਕ ਕਰੇ ਸ਼ਨਵਾਈਆ । ਜਿਸ ਦਾ ਲੋਕਮਾਤ ਕਿਸੇ ਨੇ ਬਣਾਇਆ ਨਹੀਂ ਕੋਈ ਮਜ਼ਾਰ, ਮਹਿਰਾਬਾਂ ਵਾਲੀ ਵੰਡ ਨਾ ਕੋਇ ਵੰਡਾਈਆ । ਜਿਸ ਦੀ ਕਲਾ ਦੀ ਲੱਭੇ ਨਾ ਕੋਈ ਮਿਕਦਾਰ, ਹਦ ਹਦੂਦ ਨਾ ਕੋਇ ਦ੍ਰਿੜਾਈਆ । ਉਹ ਮੁਰੀਦਾਂ ਦਾ ਬਣ ਕੇ ਤਲਬਗਾਰ, ਤਲਬ ਕਰ ਕੇ ਹੁਕਮ ਸੁਣਾਈਆ । ਭਗਤਾਂ ਦਾ ਹੋ ਕੇ ਖ਼ਿਦਮਤਗਾਰ, ਖ਼ਾਦਮ ਬਣ ਕੇ ਸੇਵ ਕਮਾਈਆ । ਗੁਰਮੁਖੋ ਜਿਸ ਦਾ ਜੁਗ ਚੌਕੜੀ ਕਰਦੇ ਰਹੇ ਇੰਤਜ਼ਾਰ, ਉਹ ਮਾਲਕ ਮਿਲਿਆ ਬੇਪਰਵਾਹੀਆ । ਜਿਸ ਨੂੰ ਮਿਲ ਕੇ ਹੋਣਾ ਨਾ ਪਏ ਖ਼ੁਆਰ, ਜੂਨੀ ਜੂਨ ਨਾ ਕੋਇ ਭਵਾਈਆ । ਦਰਗਾਹ ਵਿਚੋਂ ਦੇਵੇ ਨਾ ਕੋਇ ਦੁਰਕਾਰ, ਦਰੇ ਦਰਬਾਰ ਪਿਛੇ ਨਾ ਕੋਇ ਹਟਾਈਆ । ਜਿਨ੍ਹਾਂ ਦਾ ਕੋਟਾਂ ਵਿਚੋਂ ਥੋੜਾ ਸ਼ੁਮਾਰ, ਫਿਗਰਾਂ ਵਿਚ ਗਣਤ ਨਾ ਕੋਇ ਗਣਾਈਆ । ਉਨ੍ਹਾਂ ਪੁਰਖ ਅਕਾਲ ਦੇ ਦੇਣਾ ਇਤਬਾਰ, ਬੇਇਤਬਾਰੀ ਦਏ ਮਿਟਾਈਆ । ਸਾਚਾ ਨਾਮ ਦੇ ਕੇ ਸ਼ਬਦ ਖ਼ੁਮਾਰ, ਗ਼ਮੀਆਂ ਵਿਚੋਂ ਬਾਹਰ ਕਰਾਈਆ । ਪੂਰਬ ਜਨਮ ਦਾ ਦੇ ਉਧਾਰ, ਉਦਰ ਤੋਂ ਲਏ ਬਚਾਈਆ । ਕ਼ੁਦਰਤ ਦਾ ਕ਼ਾਦਰ ਬਣ ਕੇ ਯਾਰ, ਯਰਾਨਾ ਧੁਰ ਦਾ ਦਏ ਸਮਝਾਈਆ । ਜਨ ਭਗਤੋ ਰਹਿਣਾ ਬਣ ਕੇ ਬਰਖ਼ੁਰਦਾਰ, ਬਰਖਿਲਾਫ਼ੀ ਵਿਚ ਮਿਲੇ ਸਦਾ ਸਜ਼ਾਈਆ । ਸਦੀ ਚੌਧਵੀਂ ਆਈ ਹਾਰ, ਚੌਦਾਂ ਤਬਕ ਰਹੇ ਕੁਰਲਾਈਆ । ਪੁਰਖ ਅਕਾਲਾ ਸ਼ਬਦੀ ਖਿੱਚ ਕਟਾਰ, ਕਟੜਾ ਵੇਖੇ ਦੁਨੀ ਲੋਕਾਈਆ । ਸਭ ਨੂੰ ਮਾਰਨ ਵਾਲਾ ਮਾਰ, ਮੁਰਦਾ ਕਰੇ ਬੇਵਫ਼ਾਈਆ । ਕੋਟਾਂ ਵਿਚੋਂ ਲੱਭ ਕੇ ਦੋ ਚਾਰ, ਦੁਰਾਚਾਰਾਂ ਤੋਂ

ਲਏ ਬਚਾਈਆ । ਰੀਤੀ ਦੱਸ ਵੱਖਰੀ ਸੰਸਾਰ, ਧੁਰ ਦਾ ਹੁਕਮ ਇਕ ਜਣਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਬੋਲੋ ਜੈਕਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਘਰ ਦਾ ਮਾਲਕ ਸਦਾ ਪ੍ਰਿਤਪਾਲਕ ਗ੍ਰਿਹ ਮੰਦਰ ਮਿਲੇ ਸਾਚਾ ਯਾਰ, ਯਰਾਨਾ ਧੁਰ ਦਾ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਚੇਤ ਕਹੇ ਮੈਂ ਕਰਾਂ ਸਭ ਨੂੰ ਚੇਤਨ, ਚਿੰਤਾ ਵਿਚੋਂ ਕਢਾਈਆ । ਪਰਮ ਪੁਰਖ ਕਰੇ ਸੱਚਾ ਹੇਤਨ, ਹਿਤਕਾਰੀ ਇਕੋ ਲੈਣਾ ਬਣਾਈਆ । ਜੋ ਨਜ਼ਰੀ ਆਵੇ ਨੇਤ ਨੇਤਨ, ਨਿਤ ਨਵਿਤ ਹੋਵੇ ਸਹਾਈਆ । ਜਿਸ ਨੂੰ ਸਮਝੇ ਕੋਈ ਨਾ ਮੁੱਲਾ ਸ਼ੇਖ਼ਨ, ਸ਼ਖਸੀਅਤ ਤੋਂ ਬਾਹਰ ਆਪਣੀ ਦੱਸੇ ਸਿਫ਼ਤ ਸਾਲਾਹੀਆ । ਕਲਜੁਗ ਅੰਤ ਵਟਾ ਕੇ ਵੇਸਨ, ਜਨ ਭਗਤਾਂ ਬਣ ਕੇ ਭੇਤਨ, ਭੇਵ ਅੰਦਰੋਂ ਦਏ ਸਮਝਾਈਆ । ਸੰਤ ਸੁਹੇਲੇ ਆਇਆ ਵੇਖਣ, ਗੁਰਮੁਖ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਚੇਤ ਕਹੇ ਸਭ ਮੰਨਣਾ ਇਕ ਗਿਆਨ, ਅਗਿਆਨ ਅੰਧੇਰਾ ਦੇਣਾ ਮਿਟਾਈਆ । ਜਨ ਭਗਤੋ ਸੰਮਤ ਚੜ੍ਹਿਆ ਮਹਾਨ, ਜਗਤ ਮਸਤੀ ਸਭ ਦੀ ਦਏ ਗਵਾਈਆ । ਹੈਰਾਨੀ ਵਿਚ ਹੋਵੇ ਜਹਾਨ, ਜਵਾਨੀ ਸਭ ਦੀ ਦਏ ਦੁਹਾਈਆ । ਪ੍ਰਭੂ ਖੇਲ ਕਰਨ ਵਾਲਾ ਮਹਾਨ, ਜਿਸ ਨੂੰ ਲਿਖੇ ਕੋਇ ਕ਼ਲਮ ਨਾ ਸ਼ਾਹੀਆ । ਇਸ਼ਾਰੇ ਦੇਣ ਵਾਲਾ ਅਫ਼ਗਾਨ, ਆਫ਼ਤ ਕਲਜੁਗ ਧਾਰ ਨਾਲ ਮਿਲਾਈਆ । ਜਗਤ ਰੀਤੀ ਬਦਲਣ ਵਾਲਾ ਵਿਧਾਨ, ਵਿਦਿਆ ਵਿਚੋਂ ਵਿਦਿਆ ਦਏ ਸਮਝਾਈਆ । ਝਗੜਾ ਵੇਖਣਹਾਰਾ ਬੀਆਬਾਨ, ਕਾਇਆ ਅੰਦਰ ਮਨਮਤ ਮਨਸਾ ਨਾਲ ਦਏ ਦੁਹਾਈਆ । ਸਾਚਾ ਹੁਕਮ ਕਰੇ ਨਾ ਕੋਈ ਪਰਵਾਨ, ਪਰਵਾਨਾ ਬਣ ਕੇ ਆਪਣਾ ਆਪ ਨਾ ਕੋਇ ਜਲਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਤੋਂ ਲੈ ਕੇ ਕਮਾਨ, ਧੁਰ ਦਾ ਹੁਕਮ ਇਕ ਸੁਣਾਈਆ । ਕਲਜੁਗ ਅੰਤ ਪਰਗਟ ਹੋ ਸ੍ਰੀ ਭਗਵਾਨ, ਕਲ ਕਲਕੀ ਨਾਉਂ ਜਣਾਈਆ । ਜਿਸ ਦਾ ਦਿਸੇ ਨਾ ਕੋਇ ਨਿਸ਼ਾਨ, ਨਿਸ਼ਾਨੇ ਧੁਰ ਦੇ ਰਿਹਾ ਲਗਾਈਆ । ਸੋ ਸ਼ਬਦੀ ਧਾਰ ਆਇਆ ਮੈਦਾਨ, ਮਦਦ ਅਵਰ ਨਾ ਮੰਗ ਮੰਗਾਈਆ । ਸੰਤ ਸੁਹੇਲੇ ਵੇਖੇ ਆਣ, ਗੁਰਮੁਖ ਗੋਦ ਉਠਾਈਆ । ਆਤਮ ਪਰਮਾਤਮ ਮਿਲਣਾ ਦੱਸ ਆਸਾਨ, ਮੁਸ਼ਕਲ ਅਗਲਾ ਪੰਧ ਮੁਕਾਈਆ । ਪ੍ਰੇਮ ਪ੍ਰੀਤੀ ਕਰ ਪਰਵਾਨ, ਪਰਵਾਨੇ ਧੁਰ ਦੇ ਹੱਥ ਫੜਾਈਆ । ਜਨ ਭਗਤੋ ਤੁਹਾਡਾ ਮਾਰਗ ਸਚ ਜਹਾਨ, ਜਹਾਲਤ ਕੂੜੀ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਸਭ ਦਾ ਝੋਲੀ ਪਾਈਆ । ਭਾਗ ਕਹੇ ਪ੍ਰਭ ਦੇ ਦੇ ਪਿਛਲੀ ਵੰਡ, ਬਿਨ ਰਸਨਾ ਮੰਗ ਮੰਗਾਈਆ । ਜਨ ਭਗਤਾਂ ਆਤਮ ਗੰਢ, ਅਗੇ ਨਾ ਹੋਏ ਜੁਦਾਈਆ । ਸਾਂਤਕ ਸਤਿ ਦੇ ਠੰਡ, ਅਗਨੀ ਤਤ ਨਾ ਕੋਇ ਤਪਾਈਆ । ਸੁਰਤ ਸਵਾਣੀ ਨਾ ਹੋਵੇ ਰੰਡ, ਕੰਤ ਸੁਹਾਗੀ ਲੈਣਾ ਪਰਨਾਈਆ । ਸਾਚਾ ਸੁਣੌਣਾ ਛੰਦ, ਸੋਹੰ ਢੋਲਾ ਇਕ ਦ੍ਰਿੜ੍ਹਾਈਆ । ਆਦਿ ਜੁਗਾਦੀ ਧੁਰ ਦੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਤੇਰੇ ਨਾਮ ਦਾ ਵੱਜੇ ਮਰਦੰਗ, ਧੁਨ ਆਤਮਕ ਰਾਗ ਸੁਣਾਈਆ । ਰਸ ਅੰਮ੍ਰਿਤ ਧਾਰਾ ਵਹੇ ਗੰਗ, ਗੰਗਾ ਗੋਦਾਵਰੀ ਜਮਨਾ ਸੁਰਸਤੀ ਤੋਂ ਪਲੂ ਦੇਣਾ ਛੁਡਾਈਆ । ਨਵ ਨੌ ਚਾਰ ਚੌਕੜੀ ਗਈ ਲੰਘ, ਕਲਜੁਗ ਵੇਲਾ ਅੰਤਮ ਆਈਆ । ਆਤਮ ਸੇਜ ਸੁਹਾ ਪਲੰਘ, ਘਰ ਸਾਜਣ ਸੋਭਾ ਪਾਈਆ । ਤੇਰਾ ਸੁਣਾਂ ਅਗੰਮਾ ਮਰਦੰਗ, ਤੰਦ ਸਤਾਰ ਨਾ ਕੋਇ ਹਿਲਾਈਆ । ਦਵੈਤੀ ਢਾਹ ਦੇ ਅੰਦਰੋਂ ਕੰਧ, ਕੰਧੇ ਉਤੇ

੪੬੨
੧੯

ਚੁੱਕ ਕੇ ਪਾਰ ਲੰਘਾਈਆ । ਤੂੰ ਦੀਨ ਦਿਆਲ ਸਦਾ ਬਖ਼ਸ਼ੰਦ, ਰਹਿਮਤ ਤੇਰੀ ਬੇਪਰਵਾਹੀਆ । ਪੂਰੀ ਅਨੰਦ ਦਾ ਦੇ ਉਹ ਅਨੰਦ, ਜਿਸ ਅਨੰਦ ਵਿਚ ਰਿਹਾ ਸਮਾਈਆ । ਜਨ ਭਗਤ ਮਿਲਾਉਣਾ ਤੇਰਾ ਵੱਖਰਾ ਢੰਗ, ਤਰੀਕਾ ਹੱਥ ਕਿਸੇ ਨਾ ਆਈਆ । ਖੇਲੇਂ ਖੇਲ ਵਿਚ ਬ੍ਰਹਿਮੰਡ, ਵਰਭੰਡ ਹੁਕਮ ਵਰਤਾਈਆ । ਜਨ ਭਗਤ ਸੁਹੇਲੇ ਇਕੋ ਮੰਗ ਰਹੇ ਮੰਗ, ਦੂਜੀ ਓਟ ਨਾ ਕੋਇ ਤਕਾਈਆ । ਕਿਰਪਾ ਕਰ ਸੂਰੇ ਸਰਬੰਗ, ਹਰਿ ਤੇਰੀ ਸਚ ਸਰਨਾਈਆ । ਕੋਈ ਰਹੇ ਨਾ ਭਾਗਾਂਮੰਦ, ਤਕ਼ਦੀਰ ਦੇਣੀ ਬਦਲਾਈਆ । ਖ਼ੁਸ਼ੀ ਕਰ ਕੇ ਬੰਦ ਬੰਦ, ਬੰਦਗੀ ਇਕੋ ਦੇਣੀ ਸਮਝਾਈਆ । ਕਲਜੁਗ ਅੰਤ ਅਖ਼ੀਰੀ ਰਿਹਾ ਹੰਢ, ਹੋਣੀ ਅੰਤ ਜੁਦਾਈਆ । ਸਤਿਜੁਗ ਮਿਲ ਕੇ ਪਵੇ ਠੰਡ, ਅਗਨੀ ਤਤ ਨਾ ਲਾਗੇ ਰਾਈਆ । ਸਤਿ ਸਤਿਵਾਦੀ ਦੇਣੀ ਇਕ ਸੁਗੰਧ, ਦੁਰਗੰਧੀ ਬਾਹਰ ਕਢਾਈਆ । ਪੁਰਖ ਅਕਾਲ ਤੇਰੇ ਨਾਮ ਦੇ ਹੋਈਏ ਪਾਬੰਦ, ਗੁਰਮੁਖ ਸਾਰੇ ਖ਼ੁਸ਼ੀ ਮਨਾਈਆ । ਹੇ ਪ੍ਰਭੂ ਤੇਰਾ ਪਿਆਰ ਨਹੀਂ ਕੋਈ ਕਾਚੀ ਵੰਗ, ਜੋ ਹੱਥਾਂ ਬਾਹਾਂ ਨਾਲੋਂ ਸਕੇ ਤੁੜਾਈਆ । ਚੇਤ ਕਹੇ ਮੈਂ ਹੈਰਾਨ ਹੋਇਆ ਦੰਗ, ਦੰਗਾ ਦਿਸੇ ਸਰਬ ਲੋਕਾਈਆ । ਅਬਿਨਾਸ਼ੀ ਕਰਤੇ ਕਿਹਾ ਮੇਰਾ ਹੁਕਮ ਕੋਟਨ ਕੋਟ ਬ੍ਰਹਿਮੰਡ ਵਰਭੰਡ ਸਕੇ ਨਾ ਕੋਇ ਉਲਟਾਈਆ । ਸੰਮਤ ਸ਼ਹਿਨਸ਼ਾਹੀ ਦੋ ਵਿਚ ਝਗੜਿਆਂ ਵਾਲਾ ਝਗੜੇ ਵਿਚ ਲਗੇ ਜਗਤ, ਜਗ੍ਹਾ ਬਜਗ੍ਹਾ ਵਿਚ ਸਮਝ ਕਿਸੇ ਨਾ ਆਈਆ ।

## ✪ ਸੁਰਜੀਤ ਸਿੰਘ ਦੀ ਸ਼ਾਦੀ ਵਾਸਤੇ ਬੇਨਤੀ ✪


੪੬੩
੧੯

ਮਾਝਾ ਮਾਲਵਾ ਜੰਮੂ ਵੇਖੋ ਨਿਸ਼ਾਨ ਦੋਆਬਾ, ਦੋ ਧਾਰ ਖੇਲ ਖਿਲਾਈਆ । ਜਿਸ ਦਾ ਲੇਖਾ ਲਿਖ ਕੇ ਗਿਆ ਸ਼ਬਦ ਗੁਰੂ ਆਦਿ ਜੁਗਾਦੀ ਜੋਬਨਵੰਤਾ ਨੱਢਾ ਬਾਬਾ, ਜਿਸ ਦੀ ਉਮਰ ਸਕੇ ਨਾ ਕੋਇ ਸਮਝਾਈਆ । ਜਿਸ ਦਾ ਖੇਲ ਕਰਦਾ ਗਿਆ ਵਾਲਾ ਬਾਜ਼ਾਂ, ਬਾਜ਼ੀ ਅੰਤ ਲਗਾਈਆ । ਛੱਡ ਕੇ ਜਗਤ ਖ਼ਾਹਿਸ਼ ਤਖ਼ਤ ਤਾਜਾ, ਤਖ਼ਤਾ ਦੀਨ ਦੁਨੀ ਉਲਟਾਈਆ । ਕਰੇ ਖੇਲ ਵਡ ਰਾਜਨ ਰਾਜਾ, ਭੂਪਤ ਭੂਪ ਬੇਪਰਵਾਹੀਆ । ਜਿਸ ਨੇ ਜਗਤ ਦਾ ਬਦਲਣਾ ਸਮਾਜਾ, ਸਮੇਂ ਦੀ ਸ਼ਹਾਦਤ ਦਏ ਭੁਗਤਾਈਆ । ਜਿਸ ਦੇ ਹੁਕਮੇਂ ਅੰਦਰ ਹੋਣਾ ਕਾਜਾ, ਕਾਰ ਆਪਣੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿਗੁਰ ਸ਼ਬਦ ਆਦਿ ਬੁੱਢਾ ਨੱਢਾ ਨੌਜਵਾਨ, ਬਿਨ ਹੱਡਾਂ ਸੋਭਾ ਪਾਈਆ । ਹੁਕਮ ਸੰਦੇਸ਼ੇ ਦੇਂਦਾ ਰਹੇ ਫ਼ਰਮਾਨ, ਜੁਗ ਚੌਕੜੀ ਸੇਵ ਕਮਾਈਆ । ਪੂਰਬ ਲੇਖਾ ਵੇਖੇ ਮਾਰ ਧਿਆਨ, ਪੜਦਾ ਓਹਲਾ ਰਹਿਣ ਨਾ ਦੇਵੇ ਰਾਈਆ । ਦੇਵਣਹਾਰਾ ਸਭ ਨੂੰ ਵਰਦਾਨ, ਝੋਲੀ ਖ਼ਾਲੀ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਜਨ ਭਗਤੋ ਜਗਤ ਸਮਾਜ ਦੀ ਸਾਚੀ ਬਦਲਣੀ ਰੀਤ, ਰੀਤੀਵਾਨ ਦਏ ਦ੍ਰਿੜਾਈਆ । ਲੋੜ ਰਹੇ ਨਾ ਮੰਦਰ ਮਸੀਤ, ਸਾਚਾ ਕਲਮਾ ਦਏ ਜਣਾਈਆ । ਆਤਮ ਪਰਮਾਤਮ ਦੱਸੇ ਪ੍ਰੀਤ, ਪ੍ਰੀਤਮ ਇਕੋ ਲੈਣਾ ਮਨਾਈਆ । ਜੋ ਸਦਾ ਰਹੇ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਜਿਸ ਦਾ ਮਾਰਗ ਸਦਾ ਠੀਕ, ਲੋਕਮਾਤ ਨਾ ਕੋਇ ਬਦਲਾਈਆ । ਜਿਸ ਦੀ ਸਾਰੇ ਕਰਦੇ ਗਏ ਉਡੀਕ, ਬਿਨ ਅਖਾਂ ਅੱਖ ਖੁਲ੍ਹਾਈਆ । ਉਸ ਦੀ ਆ ਗਈ ਤਾਰੀਕ, ਤਵਾਰੀਖ ਵੇਖੇ ਥਾਉਂ ਥਾਈਂਆ । ਜਨ ਭਗਤੋ ਤੁਹਾਡੇ ਕੋਲੋਂ ਕਰਾਉਣੀ ਇਕ ਤਸਦੀਕ, ਸ਼ਹਾਦਤ ਇੱਕੀਆਂ ਦੇਣੀ ਭੁਗਤਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਹੁਕਮ ਆਪ ਦ੍ਰਿੜਾਈਆ । ਇੱਕੀ ਸਿੱਖ ਕਰੋ ਅਰਦਾਸ, ਬੇਨੰਤੀ ਇਕੋ ਇਕ ਜਣਾਈਆ ।
ਪੁਰਖ ਅਕਾਲ ਸਭ ਦੇ ਕਾਰਜ ਕਰਨੇ ਰਾਸ, ਜੋ ਤੇਰਾ ਧਿਆਨ ਲਗਾਈਆ । ਭਗਤ ਸਮਾਜ ਬਣਾਉਣਾ ਖ਼ਾਸ, ਵਰਨ ਬਰਨ ਨਾ ਕੋਇ ਲੜਾਈਆ ।
ਜਿਹੜੀ ਪੂਰਬ ਕੰਨਿਆਂ ਵਾਲੀ ਆਸ, ਗੋਬਿੰਦ ਸ਼ਬਦੀ ਹੁਕਮ ਸੁਣਾਈਆ । ਜੁਝਾਰ ਦਾ ਇਕ ਗਲਾਸ, ਪਿਆਸ ਸਭ ਦੀ ਦਏ ਬੁਝਾਈਆ । ਜਨ
ਭਗਤੋ ਸਾਰੇ ਕਰੋ ਕਿਆਸ, ਪੰਜ ਪੋਹ ਦਏ ਸਮਝਾਈਆ । ਲਛਮਣ ਸਿੰਘ ਗ੍ਰਿਹ ਕਰ ਨਿਵਾਸ, ਇਸ਼ਨਾਨ ਸਭ ਤੋਂ ਲਿਆ ਕਰਾਈਆ । ਓਸ ਵਿਚ
ਡੂੰਘੀ ਰਾਜ਼ ਵਾਲੀ ਬਾਤ, ਜੋ ਪੜਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ ।
ਜਨ ਭਗਤੋ ਜੇ ਤੁਸੀਂ ਖ਼ੁਸ਼ੀ ਨਾਲ ਕਰਾਉਣੀ ਚਾਹੁੰਦੇ ਜੀਤ ਦੀ ਸ਼ਾਦੀ, ਸੁਰਜੀਤ ਸਿੰਘ ਤੁਹਾਡੇ ਹੱਥ ਫੜਾਈਆ । ਮਜ਼੍ਹਬਾਂ ਵਿਚੋਂ ਦੇ ਕੇ ਆਜ਼ਾਦੀ, ਬਰਬਾਦੀ
ਵਿਚੋਂ ਬਾਹਰ ਕਢਾਈਆ । ਸਤਿਗੁਰੂ ਮਿਲਣ ਦੇ ਬਣ ਕੇ ਆਦੀ, ਆਦਤ ਦਿਆਂ ਬਦਲਾਈਆ । ਜਿਸ ਕੰਨਿਆਂ ਦੀ ਪੂਰਬਲੇ ਕਰਮ ਦੀ ਕਿਸਮਤ
ਜਾਗੀ, ਜਨਮ ਵਿਚੋਂ ਜਨਮ ਲਿਆ ਪਰਗਟਾਈਆ । ਹੋਵਣ ਮਾਤ ਵਡਭਾਗੀ, ਵੱਜੇ ਸਚ ਵਧਾਈਆ । ਨਵੀਂ ਸਾਜਣਾ ਦਿਤੀ ਸਾਜੀ, ਹੁਕਮ ਇਕ
ਮਨਾਈਆ । ਜਨ ਭਗਤੋ ਸੱਚਾ ਪ੍ਰੇਮ ਭਗਤਾਂ ਦਾ ਲਾਗਣ ਲਾਗੀ, ਦੂਸਰ ਸੇਵ ਨਾ ਕੋਇ ਕਮਾਈਆ । ਪੰਜ ਪੰਜ ਸਿਖ ਮਾਝਾ ਮਾਲਵਾ ਦੋਆਬਾ
ਜੰਮੂ ਇਕੱਠੇ ਹੋ ਕੇ ਮੰਗ ਮੰਗੋ ਨਾਲ ਆਜ਼ਾਦੀ, ਬੀਸ ਤੁਹਾਡੀ ਗਣਤ ਗਣਾਈਆ । ਇਕੀਵੀਂ ਨਾਲ ਰਲਾਓ ਬਿਸ਼ਨ ਕੌਰ ਦਾਦੀ, ਜੋ ਦਾਅਵੇਦਾਰ
ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਇੱਕੀ ਜਨ ਭਗਤ ਪੰਜ ਵਾਰ ਦੇਣ ਆਖ,

ਇਕੱਠੇ ਹੋ ਕੇ ਬਚਨ ਜਣਾਈਆ । ਪੁਰਖ ਅਕਾਲ ਖ਼ੁਸ਼ੀਆਂ ਵਾਲੀ ਵਖਾ ਓਹ ਰਾਤ, ਜਿਸ ਰਾਤ ਵਿਚੋਂ ਦਿਵਸ ਸਚ ਦਾ ਨਜ਼ਰੀ ਆਈਆ । ਸਾਚੀ
੪੬੪
੧੯
ਮਿਲੇ ਦਾਤ, ਦੌਲਤ ਬੇਪਰਵਾਹੀਆ । ਗੁਰਮੁਖ ਖ਼ੁਸ਼ੀਆਂ ਦੀ ਲੈ ਕੇ ਔਣ ਸੌਗਾਤ, ਫੂਲਣ ਬਰਖਾ ਇਕ ਲਗਾਈਆ । ਦੋ ਜਹਾਨ ਮਾਰਨ ਝਾਕ,
ਬ੍ਰਹਿਮੰਡ ਖੰਡ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਇੱਕੀ ਸਿੱਖ ਮੰਗਣ
ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਪੁਰਖ ਅਕਾਲ ਚਾੜ੍ਹੇ ਰੰਗ, ਰੰਗ ਪਿਛਲਾ ਦਏ ਬਦਲਾਈਆ । ਸੋਹਣਾ ਬਣੇ ਸੰਗ, ਵੱਜਦੀ ਰਹੇ ਪ੍ਰੇਮ
ਵਧਾਈਆ । ਚੜ੍ਹਿਆ ਰਹੇ ਚੰਦ, ਗੁਰਮੁਖਾਂ ਕਰ ਰੁਸ਼ਨਾਈਆ । ਗੁਰਦਰਸ਼ਨ ਪਏ ਠੰਡ, ਤ੍ਰਿਸ਼ਨਾ ਅਗਨ ਬੁਝਾਈਆ । ਸਤਿ ਦੀ ਪਏ ਗੰਢ,
ਸਕੇ ਨਾ ਕੋਇ ਤੁੜਾਈਆ । ਜਨ ਭਗਤੋ ਅਠਾਰਾਂ ਹਾੜ ਸਾਢੇ ਨੌਂ ਦਾ ਵੇਲਾ ਹੋਵੇ ਰਾਤ ਨਸ਼ੰਗ, ਨਿਸਚੇ ਨਾਲ ਤਕਾਈਆ । ਖ਼ੁਸ਼ੀਆਂ ਨਾਲ ਢੋਲੇ
ਗਾਉਣੇ ਧੁਰ ਦੇ ਛੰਦ, ਬਿਨ ਸਾਜਾਂ ਤਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ ।
ਇੱਕੀ ਸਿੱਖ ਇਕੀ ਲੈਣ ਹਾਰ, ਹਰ ਇਕ ਵਿਚ ਸੋਹੰ ਅੰਕ ਜੁੜਾਈਆ । ਪੰਜਾਂ ਪਿਆਰਿਆਂ ਦੇ ਸਿਰ ਉਤੇ ਪੀਲੀ ਹੋਵੇ ਦਸਤਾਰ, ਤਨ ਚੋਲਾ ਆਪਣਾ
ਰੰਗ ਰੰਗਾਈਆ । ਨੰਗੀ ਹੋਵੇ ਕਟਾਰ, ਚਮਕ ਵਿਚ ਰੁਸ਼ਨਾਈਆ । ਸੋਹਣਾ ਹੋਵੇ ਸ਼ੰਗਾਰ, ਅਗੰਮੀ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦਏ ਦ੍ਰਿੜਾਈਆ । ਇੱਕੀ ਹਾਰ ਇਕ ਇਕ ਦੀ ਵੰਡ, ਵੰਡੇ ਬੇਪਰਵਾਹੀਆ । ਦਸ ਦਸ ਦੀ ਗੰਢ,
ਇਕ ਨਾਲ ਜੁੜਾਈਆ । ਪਿਆਰ ਪਿਆਰ ਦਾ ਛੰਦ, ਸੋਹੰ ਢੋਲਾ ਬੇਪਰਵਾਹੀਆ । ਹੋਵੇ ਕਾਰਜ ਅਨੰਦ, ਕਰਜ਼ਾ ਪਿਛਲਾ ਦਏ ਚੁਕਾਈਆ । ਜੁਝਾਰ

ਪਿਛੇ ਗੁਰਮੁਖਾਂ ਕਰਨਾ ਪਏ ਨਾ ਜਗ, ਜਗਤ ਨਾ ਕੋਇ ਲੜਾਈਆ । ਖ਼ੁਸ਼ੀ ਰਖੇ ਬੰਦ ਬੰਦ, ਬੰਦੀਖ਼ਾਨੇ ਤੋਂ ਦਏ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਇੱਕੀ ਸਿੱਖ ਕਰੋ ਧਿਆਨ, ਸ਼ਬਦੀ ਹੁਕਮ ਜਣਾਈਆ । ਜੇ ਹਰਿ ਸੰਗਤ ਕਰੇ ਪਰਵਾਨ, ਫੇਰ ਸ਼ਾਦੀ ਪ੍ਰਭ ਨੂੰ ਭਾਈਆ । ਚਾਰ ਕੁੰਟ ਚਾਰ ਸੱਤ ਰੰਗੇ ਝੁਲਦੇ ਹੋਣ ਨਿਸ਼ਾਨ, ਰਾਜ ਨਰੈਣ ਸੇਵ ਕਮਾਈਆ । ਤਾਰਾ ਸਿੰਘ ਬ੍ਰਾਹਮਣ ਇਕ ਨਿੱਕਾ ਜਿਹਾ ਲਿਆਵੇ ਤੀਰ ਕਮਾਨ, ਰੰਗ ਸੱਤ ਨਾਲ ਰੰਗਾਈਆ । ਲਾਲ ਸਿੰਘ ਛੇ ਇੰਚ ਦੀ ਲਿਆਵੇ ਕਿਰਪਾਨ, ਵੱਡੀ ਛੋਟੀ ਨਾ ਕੋਇ ਬਣਾਈਆ । ਡਾਕਟਰ ਪਾਲ ਸਿੰਘ ਸਵਾ ਰੁਪਈਏ ਦਾ ਦੇਵੇ ਦਾਨ, ਹਰਿ ਸੰਗਤ ਹੱਥ ਵਡਿਆਈਆ । ਕੇਹਰ ਸਿੰਘ ਜਲ ਕਰਾਏ ਪਾਨ, ਗਲਾਸ ਫਾਈ ਉਂਗਲਾਂ ਵੰਡ ਵੰਡਾਈਆ । ਤੇਜ ਭਾਨ ਸਵਾ ਰਤੀ ਕਰੇ ਪਰਵਾਨ, ਕੇਸਰ ਕਿਸਮ ਵਾਲਾ ਬਦਲਾਈਆ । ਗੁਰਮੁਖੋ ਸੋਹਣੇ ਬਣ ਕੇ ਆਇਓ ਮਹਿਮਾਨ, ਮਹਿਮਾਨੀ ਆਪਣਾ ਨਾਮ ਪ੍ਰਭੂ ਸਭ ਨੂੰ ਦਏ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਹਰਿ ਸੰਗਤ ਆਉਣਾ ਨਾਲ ਚਾਓ, ਖ਼ੁਸ਼ੀਆਂ ਵਿਚ ਵਡਿਆਈਆ । ਤੁਹਾਡੇ ਨਾਲ ਸੱਚਾ ਭਾਓ, ਭਗਤ ਵੱਜੇ ਵਧਾਈਆ । ਧੁਰ ਦਾ ਢੋਲਾ ਗਾਓ, ਅਗੰਮੀ ਕਰ ਪੜ੍ਹਾਈਆ । ਹੋਣਾ ਸਚ ਨਿਆਉਂ, ਨਿਆਂਕਾਰ ਦਏ ਸਮਝਾਈਆ । ਜਨ ਭਗਤਾਂ ਬਿਨਾ ਪ੍ਰਭ ਨੂੰ ਮਿਲੇ ਕੋਈ ਨਾ ਥਾਉਂ, ਆਪਣੀ ਡੋਰ ਤੁਹਾਡੇ ਹੱਥ ਫੜਾਈਆ । ਤੁਹਾਡਾ ਪਰਤ ਕੇ ਬਣਿਆ ਪਿਤਾ ਮਾਉਂ, ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦੇਵੇ ਵਡਿਆਈਆ । ਮਾਝਾ ਮਾਲਵਾ ਜੰਮੂ ਦੋਆਬਾ ਖ਼ੁਸ਼ੀਆਂ ਵਾਲੀ ਲੈ ਕੇ ਆਇਓ ਸੌਗਾਤ, ਸੋਹਣਾ ਰੰਗ ਬਦਲਾਈਆ । ੪੬੫ ੧੯
ਗੋਬਿੰਦ ਦੀ ਤੁਹਾਡੇ ਨਾਲ ਮਿਲ ਕੇ ਸੁਹੰਜਣੀ ਹੋਵੇ ਰਾਤ, ਭਿੰਨੜੀ ਵੱਜੇ ਵਧਾਈਆ । ਸਤਿਜੁਗ ਦੀ ਹੋਣੀ ਪਰਭਾਤ, ਭਰਮ ਦਏ ਮਿਟਾਈਆ । ਗੁਰਮੁਖ ਸਿੰਘ ਲੇਖਾ ਲਿਖੇ ਨਾਲ ਕ਼ਲਮ ਦਵਾਤ, ਸ਼ਹਾਦਤ ਇਕ ਭੁਗਤਾਈਆ । ਲੇਖਾ ਰਹੇ ਜੁਗ ਆਦਿ, ਜੁਗ ਚੌਕੜੀ ਵਡਿਆਈਆ । ਸ਼ਬਦੀ ਗੋਬਿੰਦ ਦਾ ਗੁਰਮੁਖੋ ਘਰਾਨਾ ਕਰਨਾ ਆਬਾਦ, ਜੋ ਤੁਹਾਡੇ ਪਿਛੇ ਗਿਆ ਲੁਟਾਈਆ । ਇਸ ਦਾ ਹੋਰ ਨਾ ਕੋਈ ਲੱਭਿਓ ਜਵਾਬ, ਖ਼ਤਾਬ ਦੇਵੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਹੁਕਮ ਇਕ ਵਰਤਾਈਆ । ਜੋ ਦੱਸਿਆ ਸੋ ਸ਼ਬਦੀ ਹੁਕਮ ਠੀਕ, ਠਾਕਰ ਦਏ ਦ੍ਰਿੜਾਈਆ । ਕੁਛ ਲੇਖਾ ਸੁਰਜੀਤ ਦੀ ਮਾਤਾ ਕੌਰ ਰਣਜੀਤ, ਕ਼ਲਮ ਨਾਲ ਵਡਿਆਈਆ । ਪ੍ਰਭ ਦੇ ਕੋਲੋਂ ਮੰਗਣੀ ਪਏ ਭੀਖ, ਅਬਿਨਾਸ਼ੀ ਕਰਤੇ ਝੋਲੀ ਦੇਣੀ ਭਰਾਈਆ । ਇੱਕੀਆਂ ਨੂੰ ਕਰਨੀ ਪਏ ਤਸਦੀਕ਼, ਸ਼ਹਾਦਤ ਵਿਚ ਗਵਾਹੀਆ । ਹਰਿ ਸੰਗਤ ਵਿਚ ਤੌਫ਼ੀਕ਼, ਜੋ ਤੋਅਫ਼ੇ ਵਿਚ ਪ੍ਰੇਮ ਪਿਆਰ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਮਾਰਗ ਦੀ ਹੁਕਮ ਅੰਦਰ ਕਰ ਕੇ ਆਪ ਤਸਦੀਕ, ਅਗਲਾ ਲੇਖਾ ਦਏ ਬਣਾਈਆ ।

### ੫ ਚੇਤ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਕਿੰਗਜਵੇ ਕੈਂਪ ਧੀਰਪੁਰ ਦਿੱਲੀ-੯

ਸੰਮਤ ਸ਼ਹਿਨਸ਼ਾਹੀ ਦੋ ਕਹੇ ਮੇਰਾ ਪੰਚਮ ਚੇਤ, ਨਵ ਨੌ ਚਾਰ ਦਏ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਦਾ ਖੋਲ੍ਹੇ ਭੇਤ, ਭੇਵ

ਅਗਲਾ ਦਏ ਜਣਾਈਆ । ਜਨ ਭਗਤੋ ਸਭ ਤੋਂ ਪਹਿਲੋਂ ਸਾਖਿਆਤ ਤੱਕੋ ਨੇਤ ਨੇਤ, ਨਿਤ ਨਵਿਤ ਦਾ ਮਾਲਕ ਬੇਪਰਵਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਆਤਮ ਪਰਮਾਤਮ ਕਰੇ ਹੇਤ, ਪਾਰਬ੍ਰਹਮ ਬ੍ਰਹਮ ਮਾਲਕ ਇਕ ਅਖਵਾਈਆ । ਜੋ ਵਸਣਹਾਰਾ ਸਚਖੰਡ ਅਗੰਮੇ ਦੇਸ, ਲੋਕਮਾਤ ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਆਦੇਸ, ਸੀਸ ਸਜਦਿਆਂ ਵਿਚ ਝੁਕਾਈਆ । ਜਿਸਦਾ ਭਵਿਖਤ ਬਿਨ ਲਿਖਤ ਸ਼ਬਦੀ ਧਾਰ ਦੱਸ ਕੇ ਗਿਆ ਦਸਮੇਸ਼, ਗੋਬਿੰਦ ਖੋਜੀ ਖੋਜ ਖੁਜਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਖੇਲ ਕਰਨਹਾਰਾ ਹਮੇਸ਼, ਹਮਸਾਜਣ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪੰਜ ਚੇਤ ਕਹੇ ਸੰਮਤ ਸ਼ਹਿਨਸ਼ਾਹੀ ਦੂਜਾ, ਦੁਤੀਆ ਭਾਓ ਰਹੇ ਨਾ ਰਾਈਆ । ਜਨ ਭਗਤਾਂ ਭੇਵ ਖੁਲ੍ਹੇ ਅੰਦਰੋਂ ਗੁਝਾ, ਰਮਜ਼ ਇਸ਼ਾਰਾ ਆਪ ਲਗਾਈਆ । ਗੁਰਮੁਖ ਰਹੇ ਕੋਈ ਨਾ ਸੁੱਤਾ, ਨੇਤਰ ਲੋਚਨ ਅੱਖ ਖੁਲ੍ਹਾਈਆ । ਗੋਦ ਉਠਾਏ ਧੁਰ ਦਾ ਪਿਤਾ ਪੁਤਾਂ, ਪਤਿਪਰਮੇਸ਼ਵਰ ਗੋਦ ਉਠਾਈਆ । ਸਾਚਾ ਮਾਰਗ ਦੱਸੇ ਸੁਚਾ, ਸੰਜਮ ਇਕੋ ਇਕ ਸਮਝਾਈਆ । ਲੇਖਾ ਰਹੇ ਕੋਈ ਨਾ ਲੁਕਾ, ਸਨਮੁਖ ਹੋ ਕੇ ਦਏ ਦ੍ਰਿੜਾਈਆ । ਕਲਜੁਗ ਵੇਲਾ ਅੰਤਮ ਢੁੱਕਾ, ਪੈਂਡਾ ਆਪਣਾ ਪੰਧ ਮੁਕਾਈਆ । ਪੁਰਖ ਅਕਾਲ ਦੀਨ ਦਿਆਲ ਆਪਣੇ ਭਾਣੇ ਵਿਚ ਕਦੇ ਨਾ ਰੁਕਾ, ਨਾ ਕੋਈ ਹੁਕਮ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸੰਮਤ ਸ਼ਹਿਨਸ਼ਾਹੀ ਦੂਜਾ ਕਹੇ ਪੰਚਮ ਚੇਤ ਦਾ ਵੇਖੋ ਦਿਨ, ਰੁੱਤ ਬਦਲ ਕੇ ਗਿਆ ਆਈਆ । ਗੁਰ ਅਵਤਾਰ ਪੈਗ਼ੰਬਰ ਲਓ ਗਿਣ, ਚਾਰ ਜੁਗ ਦੇ ਬੈਠੇ ਸੀਸ ਨਿਵਾਈਆ । ਜਿਨ੍ਹਾਂ ਦਾ ਖੇਲ ਵੇਖਿਆ ਭਿੰਨ ਭਿੰਨ, ਨਿਰਗੁਣ ਸਰਗੁਣ ਕਾਰ ਕਮਾਈਆ । ਤੱਤਾਂ ਵਾਲਾ ਛੱਡ ਕੇ ਚਿੰਨ, ਚਿੰਤਾ ਜਗਤ ਵਾਲੀ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ । ਪੰਜ ਚੇਤ ਕਹੇ ਪ੍ਰਭ ਦਾ ਸ਼ਹਿਨਸ਼ਾਹੀ ਸੰਮਤ ਆ ਗਿਆ ਦੋ, ਦੋਹਰੀ ਧਾਰ ਰਿਹਾ ਬਣਾਈਆ । ਨਿਰਗੁਣ ਸਰਗੁਣ ਆਪੇ ਹੋ, ਹੋਕਾ ਦੇ ਕੇ ਰਿਹਾ ਸੁਣਾਈਆ । ਭਗਤ ਸੁਹੇਲੇ ਅੰਦਰ ਕਰ ਕੇ ਲੋ, ਲੋਚਣ ਆਪਣੀ ਅੱਖ ਖੁਲ੍ਹਾਈਆ । ਜਗਤ ਨਾਲੋਂ ਕਰ ਨਿਰਮੋਹ, ਮੁਹੱਬਤ ਆਪਣੇ ਨਾਲ ਬਣਾਈਆ । ਕੂੜੀ ਕਿਰਿਆ ਸਕੇ ਨਾ ਛੋਹ, ਧੁਰ ਦਾ ਮੇਲਾ ਰਿਹਾ ਜੁੜਾਈਆ । ਨਾਮ ਨਿਧਾਨਾ ਲੈ ਕੇ ਢੋਆ ਢੋ, ਸਚ ਦਵਾਰੇ ਗਿਆ ਆਈਆ । ਜਿਸ ਦਾ ਮਤਲਬ ਸਮਝੇ ਨਾ ਕੋ, ਸੋ ਸਾਹਿਬ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸ਼ਹਿਨਸ਼ਾਹੀ ਸੰਮਤ ਕਹੇ ਪੰਚ ਚੇਤ ਦਾ ਆ ਗਿਆ ਦਿਨ ਸੁਭਾਗਾ, ਦੋ ਜਹਾਨ ਵੱਜੀ ਵਧਾਈਆ । ਸ਼ਬਦ ਅਗੰਮੀ ਮਾਰੇ ਆਵਾਜ਼ਾ, ਸੁਤਿਆਂ ਰਿਹਾ ਉਠਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੱਕੋ ਰਾਜਨ ਰਾਜਾ, ਭੂਪਤ ਭੂਪ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਨਿਰਗੁਣ ਕਾਜਾ, ਸਰਗੁਣ ਹੁਕਮੇਂ ਅੰਦਰ ਫਿਰਾਈਆ । ਸੋ ਦੋ ਜਹਾਨ ਨਿਰਵੈਰ ਹੋ ਚਲਾਏ ਜਹਾਜ਼ਾ, ਦੂਜਾ ਰੂਪ ਨਾ ਕੋਇ ਬਦਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਵੇਖਣ ਆਇਆ ਜਗਤ ਤਮਾਸ਼ਾ, ਸ਼ਾਹ ਸੁਲਤਾਨ ਆਪਣਾ ਵੇਸ ਵਟਾਈਆ । ਜਿਸ ਨੂੰ ਜੁਗ ਚੌਕੜੀ ਦੀਨ ਦੁਨੀ ਕਰਦਾ ਰਿਹਾ ਹਾਸਾ, ਹਸਤੀ ਵੇਖੋ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਚਮ ਚੇਤ ਕਹੇ ਸੰਮਤ ਸ਼ਹਿਨਸ਼ਾਹੀ ਦੋ ਦਾ ਕੀ ਕਰਾਂ ਬਿਆਨ, ਮੇਰੀ ਚਲੇ ਨਾ ਕੋਇ ਚਤੁਰਾਈਆ ।

੪੬੬
੧੯

ਗੁਰ ਅਵਤਾਰ ਪੈਗ਼ੰਬਰ ਹੋਏ ਸਵਾਧਾਨ, ਆਪਣੀ ਆਪ ਲੈਣ ਅੰਗੜਾਈਆ । ਨੇਤਰ ਲੋਚਣ ਨੈਣ ਉਠਾਣ, ਬਿਨ ਅੱਖਾਂ ਅੱਖ ਖੁਲ੍ਹਾਈਆ । ਚਲੋ ਵੇਖੀਏ ਤੱਕੀਏ ਸ਼ਾਹ ਪਾਤਸ਼ਾਹ ਸ੍ਰੀ ਭਗਵਾਨ, ਜੋ ਆਦਿ ਜੁਗਾਦੀ ਪਿਤਾ ਮਾਈਆ । ਜੋ ਜੁਗ ਚੌਕੜੀ ਲਹਿਣਾ ਦੇਣਾ ਚੁਕਾਵੇ ਆਣ, ਨਿਰਗੁਣ ਹੋ ਕੇ ਫੇਰਾ ਪਾਈਆ । ਜਿਸ ਦਾ ਕੌਲ ਇਕਰਾਰ ਨਾਲ ਕ੍ਰਿਸ਼ਨਾ ਕਾਹਨ, ਕਾਇਨਾਤ ਸਮਝ ਸਕੇ ਨਾ ਰਾਈਆ । ਸੋ ਭਗਵੰਤ ਪਰਗਟ ਹੋਇਆ ਮਿਹਰਵਾਨ, ਮਹਿਬੂਬ ਆਪਣਾ ਵੇਸ ਵਟਾਈਆ । ਨਿਗਾਹ ਮਾਰ ਜ਼ਿਮੀਂ ਅਸਮਾਨ, ਲੇਖਾ ਜਾਣ ਦੋ ਜਹਾਨ, ਬ੍ਰਹਿਮੰਡ ਖੰਡ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਰਿਹਾ ਕਮਾਈਆ । ਸ਼ਹਿਨਸ਼ਾਹੀ ਸੰਮਤ ਕਹੇ ਪੰਜ ਚੇਤ ਸਭ ਤੋਂ ਵੱਡਾ ਮਾਤ, ਮਤਾ ਪ੍ਰਭ ਦੇ ਨਾਲ ਪਕਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਮੰਗਦੇ ਗਏ ਦਾਤ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਲੇਖਾ ਜਾਣੇ ਖੇਲ ਤਮਾਸ਼, ਖ਼ਾਲਕ ਖ਼ਲਕ ਭੇਵ ਖੁਲ੍ਹਾਈਆ । ਜਨ ਭਗਤਾਂ ਪੂਰੀ ਕਰੇ ਆਸ, ਆਸਾ ਤ੍ਰਿਸ਼ਨਾ ਰਹੇ ਨਾ ਰਾਈਆ । ਸਚ ਦਵਾਰੇ ਦੇਵਣਹਾਰ ਸ਼ਾਬਾਸ਼, ਮਿਹਰ ਨਜ਼ਰ ਇਕ ਉਠਾਈਆ । ਜੋ ਭਵਿਖਤਾਂ ਵਿਚ ਗਿਆ ਆਖ, ਅੰਤਮ ਓਹੋ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਬੇਪਰਵਾਹੀਆ । ਪੰਚ ਚੇਤ ਕਹੇ ਸੰਮਤ ਸ਼ਹਿਨਸ਼ਾਹੀ ਦੋ ਗਿਆ ਆ, ਆਗਮਨ ਵਿਚ ਸਾਰੇ ਖ਼ੁਸ਼ੀ ਮਨਾਈਆ । ਪੁਰਖ ਅਕਾਲ ਦੀਨ ਦਿਆਲ ਦਇਆ ਕਮਾ, ਮਿਹਰ ਨਜ਼ਰ ਇਕ ਉਠਾਈਆ । ਸਚ ਦਵਾਰਾ ਇਕ ਸੁਹਾ, ਸੋਭਾਵੰਤ ਵੇਖ ਵਖਾਈਆ । ਜਿਸ ਦਾ ਭੇਵ ਜਾਣੇ ਕੋਈ ਨਾ, ਸੋ ਪੜਦਾ ਰਿਹਾ ਉਠਾਈਆ । ਜਿਸਦਾ ਲੱਭੇ ਨਾ ਕੋਇ ਨਿਸ਼ਾਨ, ਸੋ ਨਿਸ਼ਾਨੇ ਰਿਹਾ ਗਡਾਈਆ । ਜਿਸ ਦਾ ਸਮਝੇ ਨਾ ਕੋਇ ਈਮਾਨ, ਸੋ ਅਮਲ ਆਪਣਾ ਨਾਮ ਗਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਜ ਚੇਤ ਕਹੇ ਮੈਂ ਕਰਾਂ ਖ਼ਬਰਦਾਰ, ਸ਼ਬਦ ਅਗੰਮੀ ਢੋਲਾ ਗਾਈਆ । ਜਨ ਭਗਤੋ ਆਪਣਾ ਵੇਖੋ ਸੱਚਾ ਘਰਬਾਰ, ਜੋ ਘਰਾਨੇ ਰਿਹਾ ਬਣਾਈਆ । ਜਿਸ ਦਾ ਰਾਹ ਤੱਕਦੇ ਗਏ ਜੁਗ ਚਾਰ, ਚੌਕੜ ਅੱਖ ਖੁਲ੍ਹਾਈਆ । ਭਿਛਿਆ ਮੰਗਦੇ ਗਏ ਗੁਰ ਅਵਤਾਰ, ਪੈਗ਼ੰਬਰ ਝੋਲੀਆਂ ਡਾਹੀਆ । ਸੋ ਦੇਵਣਹਾਰ ਦਾਤਾਰ, ਆਪਣੀ ਦਇਆ ਕਮਾਈਆ । ਜਿਸ ਦਾ ਲੇਖਾ ਸਿਫ਼ਤ ਤੋਂ ਬਾਹਰ, ਸਿਫ਼ਤ ਕਰੇ ਨਾ ਕ਼ਲਮ ਸ਼ਾਹੀਆ । ਰਸਨਾ ਸਕੇ ਨਾ ਕੋਈ ਉਚਾਰ, ਕਥਨੀ ਕਥ ਨਾ ਕੋਇ ਵਡਿਆਈਆ । ਸੋ ਭਗਤੋ ਤੁਹਾਡਾ ਬਣਾ ਸੱਚਾ ਦਰਬਾਰ, ਦਿਲਾਂ ਦਾ ਯਾਰ ਨਜ਼ਰੀ ਆਈਆ । ਜਿਸ ਨੂੰ ਕਿਤੋਂ ਨਾ ਲੱਭਿਆ ਪਿਆਰ, ਤਿਸ ਮਿਹਰ ਮੁਹੱਬਤ ਝੋਲੀ ਪਾਈਆ । ਜਸ ਦਾ ਨਿਸ਼ਾਨਾ ਰਹੇ ਸਦਾ ਜੁਗ ਚਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਜ ਚੇਤ ਕਹੇ ਦਿੱਲੀ ਦਰਬਾਰ ਦਾ ਵੇਖੋ ਤਖ਼ਤ, ਤਖ਼ਤਾ ਦੀਨ ਦੁਨੀ ਉਲਟਾਈਆ । ਸ਼ਬਦ ਅਗੰਮੀ ਇਕੋ ਸਖ਼ਤ, ਸਖ਼ਤੀ ਨਾਲ ਭੁਗਤਾਈਆ । ਦੂਜਾ ਰਹਿਣ ਨਹੀਂ ਦੇਣਾ ਵਕ਼ਤ, ਵੇਲਾ ਦਏ ਗਵਾਹੀਆ । ਹੋਏ ਖ਼ੁਆਰੀ ਜਗਤ, ਜਾਗਰਤ ਜੋਤ ਹੁਕਮ ਜਣਾਈਆ । ਸਾਂਤਕ ਸਤਿ ਰਹੇ ਜਨ ਭਗਤ, ਭਗਵਨ ਦਇਆ ਕਮਾਈਆ । ਗੁਰ ਅਵਤਾਰਾਂ ਪੂਰੀ ਕਰ ਕੇ ਲਿਖਤ, ਲੱਖਾਂ ਤੋਂ ਖ਼ਾਕ ਦਏ ਬਣਾਈਆ । ਗੁਰਮੁਖਾਂ ਖੋਲ੍ਹ ਕੇ ਅੰਦਰੋਂ ਦ੍ਰਿਸ਼ਟ, ਦ੍ਰਿਸ਼ਟੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਦਿੱਲੀ ਦਰਬਾਰ ਦਾ ਤੱਕੋ ਸਿੰਘਾਸਣ, ਸਿੰਘ ਆਸਣ ਨਜ਼ਰੀ ਆਈਆ ।


੪੬੭
੧੯

ਜਿਸ ਨੂੰ ਕਹਿੰਦੇ ਪੁਰਖ ਅਬਿਨਾਸ਼ਨ, ਉਹ ਪੁਰਖਾਂ ਤੋਂ ਪਰੇ ਬੈਠਾ ਡੇਰਾ ਲਾਈਆ । ਖੇਲੇ ਖੇਲ ਖੇਲ ਤਮਾਸ਼ਨ, ਹੁਕਮੀ ਹੁਕਮ ਆਪ ਸਮਝਾਈਆ । ਜਨ ਭਗਤਾਂ ਦੱਸੇ ਅਗੰਮੀ ਗਾਥਨ, ਨਿਰਗੁਣ ਨਿਰਵੈਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦਿੱਲੀ ਸਿੰਘਾਸਣ ਕਹੇ ਮੈਂ ਸੋਹਿਆ ਭਗਤ ਦਵਾਰ, ਭਾਗ ਬਣਿਆ ਬੇਪਰਵਾਹੀਆ । ਪਹਿਲਾ ਹੁਕਮ ਦਿਓ ਸੰਸਾਰ, ਸਚ ਸੰਦੇਸ਼ਾ ਇਕ ਅਲਾਈਆ । ਸੰਤ ਜਗਤ ਕਰੋ ਖ਼ਬਰਦਾਰ, ਬੇਅੰਤ ਹੱਥ ਵਡਿਆਈਆ । ਲੇਖਾ ਲਿਖ ਕੇ ਭੇਜੋ ਵਾਰੋ ਵਾਰ, ਆਇਆ ਧੁਰ ਦਾ ਇਕੋ ਮਾਹੀਆ । ਭਗਤ ਸੁਹੇਲੇ ਹੋ ਜਾਓ ਖ਼ਬਰਦਾਰ, ਬੇਖ਼ਬਰਾਂ ਖ਼ਬਰ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪੰਜ ਚੇਤ ਕਹੇ ਅੱਜ ਦਾ ਲਿਖ ਦਿਓ ਲੇਖ ਅਵੱਲਾ, ਆਲਮ ਸਮਝ ਕੋਇ ਨਾ ਪਾਈਆ । ਪੁਰਖ ਅਬਿਨਾਸ਼ੀ ਇਕ ਇਕੱਲਾ, ਕਲਜੁਗ ਕਾਇਆ ਰਿਹਾ ਬਦਲਾਈਆ । ਸਾਧ ਸੰਤ ਜਗਤ ਵਾਸਨਾ ਜੋ ਰਲ ਕੇ ਮਾਰਨ ਹੱਲਾ, ਕਿਸੇ ਦੀ ਚਲਣ ਨਾ ਦੇਵੇ ਚਤੁਰਾਈਆ । ਸ਼ਾਹ ਸੁਲਤਾਨ ਫੜਾਏ ਮੂਲ ਨਾ ਪੱਲਾ, ਭਰਮੇ ਵਿਚ ਭਰਮ ਲੋਕਾਈਆ । ਸਹਿਜ ਸੁਭਾਉ ਸ਼ਹਿਨਸ਼ਾਹੀ ਸੰਮਤ ਦੋ ਆ ਗਿਆ ਦਵਾਰੇ ਸਚ ਮਹੱਲਾ, ਪੜਦਾ ਉਹਲਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਕਮਾਈਆ । ਪੰਜ ਚੇਤ ਕਹੇ ਮੇਰਾ ਸੰਦਸ਼ਾ ਦੇ ਦਿਓ ਰਾਸ਼ਟਰਪਤ, ਨੌਂ ਚੇਤ ਨੂੰ ਘਰ ਘਰ ਹੋਏ ਸ਼ਨਵਾਈਆ । ਪੁਰਖ ਅਕਾਲ ਪਰਤ ਕੇ ਆ ਗਿਆ ਵਤ, ਜੋ ਬੇਵਤਨਾਂ ਤੋਂ ਵਤਨ ਕਰਾਈਆ । ਸ਼ਬਦ ਅਗੰਮੀ ਲਾਵੇ ਸੱਟ, ਸਿੱਟੇਬਾਜ਼ੀ ਵੇਖੇ ਜਗਤ ਲੋਕਾਈਆ । ਚਾਰ ਕੁੰਟ ਦਹਿ ਦਿਸ਼ਾ ਜਿਧਰ ਚਾਹੋ ਲਓ ਨੱਠ, ਬਿਨਾ ਪੁਰਖ ਅਕਾਲ ਨਾ ਕੋਇ ਸਰਨਾਈਆ । ਹੁਕਮੇ ਅੰਦਰ ਸਭ ਨੂੰ ਲਾਉਣਾ ਫੱਟ, ਨਾ ਕੋਈ ਮੇਟੇ ਮੇਟ ਮਿਟਾਈਆ । ਮਿਸਲ ਮਸ਼ਹੂਰ ਮੱਛੀ ਮੁੜਦੀ ਪੱਥਰ ਚੱਟ, ਸੋ ਵੇਲਾ ਗਿਆ ਆਈਆ । ਦਿੱਲੀ ਦਰਬਾਰ ਆਣ ਕੇ ਖੋਲ੍ਹ ਦਿਤਾ ਸੱਚਾ ਹੱਟ, ਸਚ ਵਣਜਾਰਾ ਬਣਿਆ ਬੇਪਰਵਾਹੀਆ । ਦੂਸਰ ਵਸਤ ਕਿਸੇ ਰਹਿਣ ਨਹੀਂ ਦੇਣੀ ਹੱਥ, ਸਾਧਾਂ ਸੰਤਾਂ ਦਿਓ ਸੁਣਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਪਰਧਾਨ ਸਾਰੇ ਕਰਨੇ ਵੱਸ, ਪ੍ਰੈਜ਼ੀਡੈਂਟ ਅਡੈਂਟੀ ਕਾਰਡਾਂ ਉਤੇ ਜਗਤ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਪੰਚਮ ਚੇਤ ਕਹੇ ਖ਼ਬਰ ਦੇ ਦਿਉ ਪਰਧਾਨ ਮੰਤਰੀ, ਜਗਤ ਮੰਤਰ ਕੰਮ ਕਿਸੇ ਨਾ ਆਈਆ । ਸਮਝ ਸਕੇ ਨਾ ਕੋਈ ਪੰਡਤਾਂ ਵਾਲੀ ਪੱਤਰੀ, ਨੈਣ ਨਜ਼ਰ ਆਵੇ ਨਾ ਬੇਪਰਵਾਹੀਆ । ਧੁਰ ਦਾ ਹੁਕਮ ਨਾ ਕਦੀ ਲਿਖਿਆ ਗਿਆ ਨਿਰਅੱਖਰੀ, ਫ਼ਰਮਾਨੇ ਵਿਚ ਜਣਾਈਆ । ਜੋ ਤੋਲਣਹਾਰਾ ਦੋ ਜਹਾਨ ਬਿਨਾ ਤੱਕੜੀ, ਕੰਡਾ ਇਕੋ ਇਕ ਉਠਾਈਆ । ਝਗੜਾ ਪੈਂਦਾ ਸ਼ੂਦਰ ਵੈਸ਼ ਬ੍ਰਾਹਮਣ ਸ਼ਤਰੀ, ਸ਼ਤਰੂ ਸਾਰੇ ਦੇਣੇ ਬਣਾਈਆ । ਸਿਆਸਤ ਰਹਿ ਜਾਏ ਹਕੜੀ ਬਕੜੀ, ਹੁਕਮ ਚਲੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਧੁਰ ਸੰਦੇਸ਼ਾ ਦੇ ਦਿਓ ਮਨਿਸਟਰ ਹੋਮ, ਧੁਰ ਦਾ ਹੁਕਮ ਹੁਕਮ ਮਨਾਈਆ । ਪੁਰਖ ਅਕਾਲ ਨੇ ਵਸ ਕਰ ਲਿਆ ਆਪਣੇ ਓਮ, ਵਿਸ਼ਨ ਬ੍ਰਹਮਾ ਸ਼ਿਵ ਦੀ ਚਲੇ ਨਾ ਕੋਇ ਚਤੁਰਾਈਆ । ਦੂਜਾ ਰਹਿਣ ਨਹੀਂ ਦੇਣਾ ਦੋਮ, ਦਵੈਤ ਭਾਵਨਾ ਬਾਹਰ ਕਢਾਈਆ । ਤੀਜਾ ਹੋਰ ਨਾ ਕੋਈ ਸੋਮ, ਸਵੰਬਰ ਇਕੋ ਦੇਣਾ ਰਚਾਈਆ । ਸ਼ਬਦੀ ਤੇਜ ਨਾਲ ਕਰਨੇ ਮੋਮ, ਵਜੂਦ ਸਾਰੇ ਜਾਣ ਬਦਲਾਈਆ । ਪੁਰਖ ਅਕਾਲ ਦੀ ਇਕੋ ਦੱਸਣੀ ਆਤਮ ਕ਼ੌਮ,

ਝਗੜੇ ਮਜ਼੍ਹਬਾਂ ਵਾਲੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਖ ਦੀ ਨੀਂਦੇ ਕਿਸੇ ਨਾ ਦੇਵੇ ਸੌਣ, ਸੋਹਣਾ ਹੁਕਮ ਵਰਤਾਈਆ । ਪੰਜ ਚੇਤ ਕਹੇ ਮੇਰਾ ਹੁਕਮ ਧੁਰ ਫ਼ਰਮਾਨਾ, ਫੁਰਤੀਆਂ ਵਿਚ ਸੁਣਾਈਆ । ਸਾਧੋ ਸੰਤੋ ਪ੍ਰਭ ਦੇ ਸਾਹਮਣੇ ਆ ਕੇ ਦੱਸੋ ਗਾ ਕੇ ਗਾਣਾ, ਜੋ ਬਿਨ ਰਸਨਾ ਜਿਹਵਾ ਰਾਗ ਅਲਾਈਆ । ਤਿੰਨ ਚੇਤ ਤੋਂ ਲੈ ਕੇ ਪੁਰਖ ਅਬਿਨਾਸ਼ੀ ਬਦਲ ਲਿਆ ਆਪਣਾ ਟਿਕਾਣਾ, ਭੂਮਿਕਾ ਸਮਝ ਕਿਸੇ ਨਾ ਆਈਆ । ਤਖ਼ਤ ਨਿਵਾਸੀ ਬਣ ਕੇ ਧੁਰ ਦਾ ਰਾਣਾ, ਮੁਕਾਮੇ ਹੱਕ ਸੋਭਾ ਪਾਈਆ । ਭਰਮ ਵਿਚ ਰਹੇ ਨਾ ਕੋਇ ਅੰਞਾਣਾ, ਬੋਧ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਕਾਰ ਕਮਾਈਆ । ਪੰਜ ਚੇਤ ਕਹੇ ਮੈਂ ਆਇਆ ਦਿੱਲੀ ਦਰਬਾਰ, ਦਵਾਰਾ ਇਕੋ ਦੇਣਾ ਸੁਹਾਈਆ । ਸਭ ਨੂੰ ਵੇਖਣਾ ਚੜ੍ਹ ਕੇ ਮੰਜ਼ਲ ਮਨਾਰ, ਪੜਦਾ ਪੜਦਿਆਂ ਵਿਚੋਂ ਉਠਾਈਆ । ਮਨ ਵਾਸਨਾ ਦਾ ਰਹਿਣ ਨਹੀਂ ਦੇਣਾ ਜੈਕਾਰ, ਜੈਕਾਰ ਜਗਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪੰਜ ਚੇਤ ਕਹੇ ਮੈਂ ਦੱਸਣਹਾਰਾ ਸਤਿ ਸਚ, ਸਹਿਜ ਨਾਲ ਜਣਾਈਆ । ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਅੰਦਰ ਗਿਆ ਰਚ, ਰਚਨਾ ਆਪਣੀ ਅਵਰ ਵਖਾਈਆ । ਚਰਨ ਕਵਲ ਦੇ ਕੇ ਬ੍ਰਹਮ ਮਤ, ਬਿਨ ਵਿਦਿਆ ਕਰੇ ਪੜ੍ਹਾਈਆ । ਬਿਨ ਅੱਖਾਂ ਖੋਲ੍ਹ ਕੇ ਅੱਖ, ਨੇਤਰ ਨੇਤਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੁਣੋ ਹੁਕਮ ਪੁਰਖ ਅਕਾਲ, ਅਕਲ ਕਲਧਾਰੀ ਰਿਹਾ ਜਣਾਈਆ । ਅਖ਼ੀਰੀ ਸੰਦੇਸ਼ਾ ਬਾਗ਼ ਦਿਆਲ, ਬਾਗ਼ਵਾਨ ਧੁਰ ਦਾ ਰਿਹਾ ਜਣਾਈਆ । ਸ਼ਬਦ ਅੰਦਰ ਜਾਗਣਾ ਸੰਤ ਕਿਰਪਾਲ, ਸਿੰਘ ਰਿਹਾ ਉਠਾਈਆ । ਮੁਨੀ ਸੁਸ਼ੀਲ ਮਾਰ ਧਿਆਨ, ਗਿਆਨ ਦੇਵੇ ਬੇਪਰਵਾਹੀਆ । ਨਿਰੰਕਾਰ ਨਿਰੰਕਾਰ ਨਿਰੰਕਾਰ ਕੋਲੋਂ ਪੁੱਛੇ ਸਚ ਭੂਮਿਕਾ ਅਸਥਾਨ, ਬਿਨ ਛੱਪਰ ਛੰਨ ਦੇਣਾ ਦ੍ਰਿੜਾਈਆ । ਮਹੀਨਾ ਅੱਸੂ ਭੱਜਿਆ ਆਉਂਦਾ ਵਿਚ ਜਹਾਨ, ਆਪਣਾ ਪੰਧ ਮੁਕਾਈਆ । ਫੇਰ ਖੇਲ ਕਰਨਾ ਸ੍ਰੀ ਭਗਵਾਨ, ਦਰ ਦਰ ਜਾ ਕੇ ਪੁਛੇ ਥਾਉਂ ਥਾਈਂਆ । ਕਿਸੇ ਨੂੰ ਲੁਕਣ ਨਾ ਦੇਵੇ ਹੁਕਮ ਫ਼ਰਮਾਨ, ਫੁਰਨਿਆਂ ਵਿਚੋਂ ਫੜ ਕੇ ਬਾਹਰ ਕਢਾਈਆ । ਵਿਦਿਆ ਵਾਲੀ ਚਲਣ ਨਾ ਦੇਵੇ ਕਲਾਮ, ਅਗੰਮਤਾ ਵਿਚੋਂ ਅਗੰਮਤਾ ਲਏ ਪਰਗਟਾਈਆ । ਆਦਿ ਜੁਗਾਦਿ ਜੁਗ ਚੌਕੜੀ ਗੁਰੂਆਂ ਵਿਚੋਂ ਸਤਿਗੁਰ ਦਾ ਝੁਲਦਾ ਇਕ ਨਿਸ਼ਾਨ, ਨਿਸ਼ਾਨਿਆਂ ਦੇ ਨਿਸ਼ਾਨੇ ਗਏ ਗਵਾਈਆ । ਸੋ ਚੜ੍ਹ ਗਿਆ ਜ਼ਿਮੀ ਤੋਂ ਉਤੇ ਅਸਮਾਨ, ਅਸਮਾਨਾਂ ਦੇ ਉਤੇ ਮਿਹਰਵਾਨ ਦਏ ਵਖਾਈਆ । ਸਭ ਨੂੰ ਮੰਨਣੀ ਪਏ ਇਸਦੀ ਆਨ, ਜੋ ਆਪਣਾ ਰੰਗ ਰਿਹਾ ਵਖਾਈਆ । ਸਚਿਆਈ ਦਾ ਸਭ ਨੂੰ ਹੋਣਾ ਪਏ ਗ਼ੁਲਾਮ, ਬੁਰਿਆਈ ਦੀ ਲੋੜ ਨਾ ਕੋਇ ਰਖਾਈਆ । ਨੌਂ ਸੌ ਚੁਰਾਨਵੇਂ ਜੁਗ ਚੌਕੜੀ ਪੁਰਖ ਅਕਾਲ ਹੁੰਦਾ ਰਿਹਾ ਬਦਨਾਮ, ਕਲਜੁਗ ਅੰਤਮ ਤੇਰਾ ਨੂਰ ਕਰਾਂ ਰੁਸ਼ਨਾਈਆ । ਪਰਗਟ ਹੋ ਕੇ ਜੋਧਾ ਸੂਰਬੀਰ ਬਲਵਾਨ, ਬਲੀਆਂ ਦੇ ਬਲ ਦੇਵੇ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੈਂ ਅੰਦਰ ਹੁਕਮ ਦਏ ਪਰਗਟਾਈਆ । ਨਿਸ਼ਾਨਾ ਕਹੇ ਮੈਂ ਚੜ੍ਹ ਗਿਆ ਓਸ ਦਰਬਾਰ, ਜਿਸ ਦਵਾਰ ਦਾ ਭੇਵ ਕੋਇ ਨਾ ਪਾਈਆ । ਜਿਸ ਨੂੰ ਡੰਡੌਤ ਬੰਦਨਾ ਕਰਦੇ ਗੁਰ ਅਵਤਾਰ, ਪੈਗ਼ੰਬਰ ਸੀਸ ਝੁਕਾਈਆ । ਅੰਤ ਬਦਲ ਕੇ ਆ ਗਈ ਓਸ ਦੀ ਵਾਰ, ਜਿਸ ਦੀ ਵਾਰਤਾ ਗਾ ਗਾ ਸਾਰੇ ਝਟ ਗਏ ਲੰਘਾਈਆ । ਲੇਖਾ ਲਿਖ ਲਿਖ ਗਏ ਵਿਚ ਸੰਸਾਰ, ਸ਼ਾਸਤਰ ਸਿਮਰਤ ਵੇਦ ਪੁਰਾਨ

ਅੰਜੀਲ ਕ਼ੁਰਾਨ ਦਏ ਗਵਾਹੀਆ । ਓਸ ਨੇ ਮਹੀਨੇ ਅੱਸੂ ਵਿਚ ਸਾਰਿਆਂ ਦੇ ਕੱਢ ਦੇਣੇ ਇਸ਼ਤਹਾਰ, ਹੋਏ ਫਰੰਟ ਕੱਢ ਕੇ ਵਾਰੰਟ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸਮਝਾਈਆ । ਧੁਰ ਫ਼ਰਮਾਨਾ ਕਹੇ ਮੈਂ ਬਲੀ ਬਲਧਾਰੀ, ਬਲ ਸਭ ਦਾ ਵੇਖ ਵਖਾਈਆ । ਆਦਿ ਜੁਗਾਦਿ ਜੁਗ ਚੌਕੜੀ ਸਦਾ ਜੋਤ ਜਗੇ ਇਕ ਨਿਰੰਕਾਰੀ, ਬਹੁਤੇ ਨਿਰੰਕਾਰ ਕੰਮ ਕਿਸੇ ਨਾ ਆਈਆ । ਸਭ ਦੀ ਇਕ ਨਾਲ ਪੱਕੀ ਰਹੇ ਯਾਰੀ, ਦੁਹਾਗਣਾਂ ਵਾਲੇ ਯਾਰਾਨੇ ਸਾਰੇ ਗਏ ਤੁੜਾਈਆ । ਇਹ ਖੇਲ ਅਗੰਮ ਅਪਾਰੀ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਮਨਾਈਆ । ਜਨ ਭਗਤਾਂ ਦੇ ਕੇ ਧੁਰ ਦੀ ਸੱਚੀ ਸਰਦਾਰੀ, ਸਦਾ ਦੇ ਦੁਖੜੇ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਜ ਚੇਤ ਕਹੇ ਮੇਰਾ ਵਕ਼ਤ ਹੋਇਆ ਚਾਲੂ, ਲੋਕਮਾਤ ਵੱਜੀ ਵਧਾਈਆ । ਸਾਹਿਬ ਸਤਿਗੁਰ ਤੱਕਿਆ ਪਰਮ ਪੁਰਖ ਕਿਰਪਾਲੂ, ਕਿਰਪਾ ਨਿਧਾਨ ਬੇਪਰਵਾਹੀਆ । ਆਦਿ ਜੁਗਾਦਿ ਦੀਨਾਂ ਨਾਥ ਸਦਾ ਦਿਆਲੂ, ਗ਼ਰੀਬ ਨਿਮਾਣੇ ਆਪਣੀ ਗੋਦ ਉਠਾਈਆ । ਜੋ ਕਲਜੁਗ ਅੰਤ ਅਖ਼ੀਰ ਗੁਰਮੁਖਾਂ ਸੁਰਤ ਸੰਭਾਲੂ, ਸਭਨਾਂ ਦੇ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਕਹੇ ਮੈਂ ਕਿਸੇ ਦੀ ਕਰਦਾ ਰਿਹਾ ਉਡੀਕ, ਪੂਰਬ ਲੇਖਾ ਵੇਖ ਵਖਾਈਆ । ਸੋ ਵੇਲਾ ਵਕਤ ਪਹੁੰਚਿਆਂ ਆਣ ਤਾਰੀਖ, ਤਰੀਕਾ ਅਗਲਾ ਦਿਆਂ ਦ੍ਰਿੜਾਈਆ । ਸਾਹਿਬ ਸਵਾਮੀ ਹੋ ਕੇ ਨਜ਼ਦੀਕ, ਦੂਰ ਦੁਰਾਡਾ ਰਿਹਾ ਸਮਝਾਈਆ । ਜਿਸ ਦੇ ਵਿਚ ਹੱਕ ਤੌਫ਼ੀਕ਼, ਵਾਹਿਦ ਨੂਰ ਖ਼ੁਦਾਈਆ । ਜੋ ਪੂਰੀ ਕਰੇ ਉਮੀਦ, ਕਾਮਲ ਮੁਰਸ਼ਦ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਜ ਚੇਤ ਕਹੇ ਮੈਂ ਕਿੱਡਾ ਵੱਡਾ ਬਣਿਆ ਲੋਕਮਾਤ, ਮਤ ਆਪਣੀ ਦਿਤੀ ਗਵਾਈਆ । ਪੁਰਖ ਅਕਾਲ ਦੀ ਸੁਣ ਕੇ ਅਗੰਮੀ ਬਾਤ, ਮੇਰੇ ਅੰਤਰ ਵੱਜੀ ਵਧਾਈਆ । ਨਵ ਨੌ ਚਾਰ ਪਿਛੋਂ ਆਉਣ ਵਾਲੀ ਅੱਜ ਦੀ ਉਹ ਰਾਤ, ਜਿਸ ਰਾਤ ਵਿਚ ਰੁਤ ਗੁਰ ਅਵਤਾਰ ਪੈਗ਼ੰਬਰ ਜਾਣ ਬਦਲਾਈਆ । ਮੈਨੂੰ ਯਾਦ ਆਈ ਕਾਹਨ ਵਾਲੀ ਉਹ ਬਾਤ, ਜੋ ਬਿਨਾ ਮੁਰਲੀ ਧੁਨ ਵਿਚ ਜਣਾਈਆ । ਜਿਸ ਦਾ ਸਭ ਤੋਂ ਵੱਖਰਾ ਸੁਆਦ, ਰਸਨਾ ਜਿਹਵਾ ਨਾ ਕੋਇ ਸਮਝਾਈਆ । ਜਿਸ ਦੇ ਕਾਰਨ ਏਥੇ ਬੱਧੀ ਮੁਨਿਆਦ, ਪਿਛਲਾ ਲੇਖਾ ਬਿਨ ਕ਼ਲਮ ਸ਼ਾਹੀ ਸ਼ਹਾਦਤ ਰਿਹਾ ਭੁਗਤਾਈਆ । ਓਸ ਵੇਲੇ ਗਵਾਲਿਆਂ ਦੀ ਇੱਕੀਆਂ ਦੀ ਜਮਾਤ, ਕਾਨੇ ਦੀਆਂ ਕਲਮਾਂ ਤੇ ਮਿੱਟੀ ਦੀ ਦਵਾਤ, ਫੱਟੀ ਜ਼ਮੀਨ ਲਈ ਬਣਾਈਆ । ਤੱਕ ਕੇ ਉਪਰ ਆਕਾਸ਼, ਖ਼ੁਸ਼ੀ ਵਿਚ ਕਰ ਕੇ ਹਾਸ, ਅੰਤਰ ਕਰ ਕੇ ਆਸ, ਪਿਆਸ ਲਈ ਵਧਾਈਆ । ਜਿੰਨਾਂ ਚਿਰ ਨਾ ਮਿਲੇ ਸਰਬ ਗੁਣਤਾਸ, ਸਾਚੇ ਮੰਦਰ ਨਾ ਕਰੇ ਨਿਵਾਸ, ਨਿਰਗੁਣ ਜੋਤ ਨਾ ਹੋਏ ਪਰਕਾਸ਼, ਕੂੜੀ ਕਿਰਿਆ ਨਾ ਹੋਵੇ ਫਾਸ਼ ਫਾਸ਼, ਦੁਖੜਾ ਰੋਗ ਨਾ ਦਰਦ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣਾ ਹੁਕਮ ਵਰਤਾਈਆ । ਹੁਕਮ ਕਹੇ ਮੈਂ ਤਕਿਆ ਪਿਛਲਾ ਵੇਲਾ, ਜੋ ਆਪਣਾ ਪੰਧ ਗਿਆ ਮੁਕਾਈਆ । ਪ੍ਰਭ ਤੱਕਿਆ ਸੱਜਣ ਸੁਹੇਲਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਵਕ਼ਤ ਨਾ ਹੋਏ ਦੁਹੇਲਾ, ਆਦਿ ਜੁਗਾਦਿ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਵੇਖ ਵਖਾਈਆ । ਧੁਰ ਦਾ ਖੇਲ ਕਹੇ ਮੈਂ ਬੜਾ ਖਿਲਾੜੀ, ਜੁਗ ਚੌਕੜੀ ਖੇਲ ਖਿਲਾਇੰਦਾ । ਮੈਂ ਲੇਖਾ ਜਾਣਾ ਕ੍ਰਿਸ਼ਨ ਮੁਰਾਰੀ, ਜੋ ਮੁਰਲੀ ਮਨੋਹਰ

ਆਪ ਸੁਣਾਇੰਦਾ । ਜਿਸ ਏਥੇ ਰਾਤ ਗੁਜਾਰੀ, ਧਿਆਨ ਇਕੋ ਵਿਚ ਟਿਕਾਇੰਦਾ । ਇੱਕੀਆਂ ਦੀ ਆਈ ਵਾਰੀ, ਏਕਾ ਆਪਣਾ ਰੂਪ ਬਦਲਾਇੰਦਾ । ਅਧਰਮੀ ਆ ਗਿਆ ਇਕ ਵੈਸ਼ ਵਪਾਰੀ, ਜੋ ਪਰਸ਼ੋਤਮ ਨਾਮ ਅਖਵਾਇੰਦਾ । ਉਹ ਵੇਖ ਕੇ ਖੇਲ ਅਪਾਰੀ, ਦੂਰ ਖਲੋਤਾ ਅੱਖ ਉਠਾਇੰਦਾ । ਕ੍ਰਿਸ਼ਨ ਸਹਿਜੇ ਆਵਾਜ਼ ਮਾਰੀ, ਇਸ਼ਾਰੇ ਨਾਲ ਸਮਝਾਇੰਦਾ । ਕੁਛ ਮੰਗ ਦਰ ਤੋਂ ਭਿਖਾਰੀ, ਬਿਨਾ ਮੰਗਿਆਂ ਭੇਟਾ ਤੇਰੀ ਝੋਲੀ ਪਾਇੰਦਾ । ਓਸ ਕਿਹਾ ਮੇਰੀ ਓਸਦੇ ਨਾਲ ਲਾ ਦੇ ਯਾਰੀ, ਜਿਸ ਦਾ ਯਾਰਾਨਾ ਨਾ ਕੋਇ ਤੁੜਾਇੰਦਾ । ਇੱਕੀਆਂ ਕਿਹਾ ਤੇਰੇ ਨਾਲੋਂ ਮੰਗਣ ਦੀ ਸਾਡੀ ਪਹਿਲੋਂ ਵਾਰੀ, ਕ੍ਰਿਸ਼ਨ ਸਾਡੇ ਨਾਲ ਮਿਲ ਕੇ ਝਟ ਲੰਘਾਇੰਦਾ । ਰਾਤ ਬੋਲੀ ਮੈਂ ਭਿੰਨੜੀ ਰੈਣ ਸਭ ਤੋਂ ਨਿਆਰੀ, ਨਿਰਾਕਾਰ ਆਪਣਾ ਹੁਕਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਇੰਦਾ । ਇੱਕੀਆਂ ਕਿਹਾ ਸਾਡੀ ਅਰਦਾਸ, ਬੇਨੰਤੀ ਇਕ ਸੁਣਾਈਆ । ਅਸੀਂ ਸਿੱਧੇ ਵਸਣਾ ਓਸ ਦੇ ਪਾਸ, ਜਿਸਦਾ ਪਾਸਾ ਨਾ ਕੋਇ ਬਦਲਾਈਆ । ਪਰਸ਼ੋਤਮ ਕਿਹਾ ਮੈਂ ਓਸ ਦੀ ਵੇਖਣੀ ਰਾਸ, ਜੋ ਬਿਨਾ ਗੋਪੀਆਂ ਕਾਹਨ ਰਿਹਾ ਨਚਾਈਆ । ਮੈਂ ਤੱਕਣਾ ਉਹ ਬਾਪ, ਜੋ ਪੂਤ ਸਪੂਤੇ ਗੋਦ ਉਠਾਈਆ । ਕ੍ਰਿਸ਼ਨ ਕਿਹਾ ਉਹ ਪੁਰਖ ਅਕਾਲ ਆਪ, ਜਿਸ ਮੇਰੀ ਬਣਤ ਬਣਾਈਆ । ਜੇ ਓਸ ਨਾਲ ਜੋੜ ਲਓ ਸਾਕ, ਮੈਂ ਸਭ ਨੂੰ ਦਿਆਂ ਸਮਝਾਈਆ । ਦੁਆਪਰ ਚਲਦਾ ਰਹਿਣਾ ਤ੍ਰੈਲੋਕੀ ਦਾ ਨਾਥ, ਅਨਾਥਾਂ ਦਇਆ ਕਮਾਈਆ । ਕਲਜੁਗ ਵੇਖਣਾ ਡੂੰਘਾ ਖਾਤ, ਜਗਤ ਅੰਧੇਰਾ ਨਜ਼ਰੀ ਆਈਆ । ਝਗੜਾ ਦਿਸਦਾ ਜਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਅੰਤਮ ਨਿਰਗੁਣ ਜੋਤ ਪਰਗਟ ਹੋਣਾ ਪੁਰਖ ਅਬਿਨਾਸ਼, ਜੋਤੀ ਜਾਤਾ ਸ਼ਹਿਨਸ਼ਾਹੀਆ । ਉਸਨੇ ਕਰਨਾ ਖੇਲ ਤਮਾਸ਼, ਅਗੰਮ ਅਗੰਮੜੀ ਕਾਰ ਕਮਾਈਆ । ਫੇਰ ਤੁਹਾਡੀ ਪੁਛਣੀ ਵਾਤ, ਲੇਖਾ ਹੁਣ ਦਾ ਦਏ ਚੁਕਾਈਆ । ਲੇਖੇ ਲਾਵੇ ਅੱਜ ਦੀ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਬੱਚੇ ਕਿਹਾ ਕੀ ਉਹ ਮੇਰਾ ਹੋਵੇ ਬਾਪ, ਕ੍ਰਿਸ਼ਨ ਕਿਹਾ ਨਹੀਂ ਉਸਦਾ ਸਭ ਤੋਂ ਵੱਖਰਾ ਪਰਤਾਪ, ਜਿਸ ਦਾ ਆਦਿ ਅੰਤ ਲੇਖਾ ਕਹਿਣ ਕੋਇ ਨਾ ਪਾਈਆ । ਇੱਕੀਆਂ ਕਿਹਾ ਕੀ ਉਹ ਸਾਨੂੰ ਰਖੇ ਯਾਦ, ਯਾਦਦਾਸ਼ਤ ਵਿਚ ਟਿਕਾਈਆ । ਕ੍ਰਿਸ਼ਨ ਕਿਹਾ ਹਾਂ ਤੁਹਾਡੇ ਕਾਇਆ ਖੇੜੇ ਕਰ ਕੇ ਆਬਾਦ, ਵਾਸਤਾ ਆਪਣੇ ਨਾਲ ਬਣਾਈਆ । ਪਰਸ਼ੋਤਮ ਕਿਹਾ ਕੀ ਮੈਨੂੰ ਦੇਵੇਂ ਦਾਤ, ਵਸਤ ਅਗੰਮੀ ਇਕ ਵਰਤਾਈਆ । ਕ੍ਰਿਸ਼ਨ ਕਿਹਾ ਸੁਣ ਮੇਰੀ ਬਾਤ, ਤੈਨੂੰ ਦਿਆਂ ਜਣਾਈਆ । ਉਹ ਤੇਰੇ ਬਾਪ ਦਾ ਹੋਵੇ ਬਾਪ, ਜਿਸ ਦੀ ਸਮਝ ਕਿਸੇ ਨਾ ਆਈਆ । ਇੱਕੀਆਂ ਕਿਹਾ ਕੀ ਸਚ ਦਿਤਾ ਆਖ, ਕ੍ਰਿਸ਼ਨ ਕਿਹਾ ਆਖ, ਬਿਨ ਕ਼ਲਮ ਸ਼ਾਹੀ ਲੇਖਾ ਦਿਤਾ ਬਣਾਈਆ । ਪਰਸ਼ੋਤਮ ਕਿਹਾ ਮੇਰਾ ਓਸ ਦੇ ਨਾਲ ਜੋੜ ਦੇ ਨਾਤ, ਜਿਸ ਦਾ ਨਾਤਾ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਇੱਕੀਆਂ ਕਿਹਾ ਸਾਨੂੰ ਇਸ ਵਿਚ ਦਿਸਦਾ ਕੋਈ ਧੋਖਾ, ਐਵੇਂ ਮਿਲ ਕੇ ਰਿਹਾ ਪਰਚਾਈਆ । ਕ੍ਰਿਸ਼ਨ ਕਿਹਾ ਮੈਂ ਮਾਰਗ ਦੱਸਾਂ ਸੌਖਾ, ਸਹਿਜ ਨਾਲ ਸਮਝਾਈਆ । ਜਿਸ ਵੇਲੇ ਪਰਮ ਪੁਰਖ ਦੇ ਸ਼ਹਿਨਸ਼ਾਹੀ ਸੰਮਤ ਦਾ ਆਇਆ ਮੌਕਾ, ਮੌਕੇ ਨਾਲ ਸਾਰੇ ਲਏ ਉਠਾਈਆ । ਆਪਣੇ ਨਾਮ ਦਾ ਦੇ ਕੇ ਹੋਕਾ, ਹੁਕਮ ਨਾਲ ਲਿਆਈਆ । ਹੁਣ ਤੇਰੀ ਬ੍ਰਾਹਮਣ ਮਾਟੀ ਦਾ ਪੋਚਦੇ ਚੌਂਕਾ, ਫੇਰ ਤੁਹਾਡੇ ਅੰਦਰੋਂ ਕਰੇ ਸਫ਼ਾਈਆ । ਪਰਸ਼ੋਤਮ ਤੂੰ ਹੋਵੇਂ ਓਸਦਾ ਪੋਤਾ, ਜਿਸ ਦਾ ਰੋਸਾ ਨਜ਼ਰ ਕਿਸੇ ਨਾ ਆਈਆ । ਪਰਸ਼ੋਤਮ ਕਿਹਾ ਕੀ ਪਹਿਚਾਣ ਤੇ ਕੀ ਸਲੋਕਾ, ਮੈਨੂੰ ਦੇ ਸਮਝਾਈਆ । ਓਧਰੋਂ ਮਾਲਣ ਆ ਗਈ ਦੇਂਦੀ ਹੋਕਾ, ਕੂਕ ਕੂਕ ਅਲਾਈਆ । ਇਕ

ਬੁੱਢਣੀ ਨਿਕਲੀ ਅੰਦਰੋਂ ਕੋਠਾ, ਕੁੰਡਾ ਦਿਤਾ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਦ੍ਰਿੜਾਈਆ । ਪੰਜ ਚੇਤ ਕਹੇ ਮੈਂ ਇਸ ਦਵਾਰ ਦੀ ਦੱਸਦਾ ਰਿਹਾ ਕਹਾਣੀ, ਜਿਸ ਦਾ ਲੇਖਾ ਨਾ ਕੋਇ ਸਮਝਾਈਆ । ਇਹ ਖੇਲ ਕੋਈ ਬਹੁਤੀ ਨਹੀਂ ਪੁਰਾਣੀ, ਦੁਆਪਰ ਦਾ ਵੇਲਾ ਯਾਦ ਕਰਾਈਆ । ਉਹ ਫੁੱਲਾਂ ਵਾਲੀ ਸਵਾਣੀ, ਪੁਰਖ ਅਕਾਲ ਆਪਣਾ ਵੇਸ ਰਹੀ ਬਦਲਾਈਆ । ਓਨ ਸਹਿਜ ਨਾਲ ਪੁਛਿਆ ਭੇਵ ਦੱਸੋ ਮਹਾਨੀ, ਬਿਨ ਮਹਿੰਮਾਂ ਮਹਿੰਮਾਂ ਦਿਓ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਕ੍ਰਿਸ਼ਨ ਕਿਹਾ ਇਹ ਖੇਲ ਅਪਾਰ, ਮੈਂ ਸਭ ਨੂੰ ਦਿਆਂ ਸਮਝਾਈਆ । ਇੱਕੀ ਕਰੋ ਵਿਚਾਰ, ਵੇਲਾ ਵਕਤ ਦਏ ਗਵਾਹੀਆ । ਜਿਸ ਵੇਲੇ ਕਲ ਕਲਕੀ ਲੈ ਕੇ ਆਇਆ ਅਵਤਾਰ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਏਸ ਧਰਤੀ ਉਤੇ ਬਣੇ ਓਸ ਦਾ ਧਰਮ ਦਵਾਰ, ਭਗਤ ਭਗਵਾਨ ਮਿਲ ਕੇ ਖ਼ੁਸ਼ੀ ਮਨਾਈਆ । ਤੁਹਾਡਾ ਪੂਰਬ ਲਹਿਣਾ ਦੇਣਾ ਦੇਵੇ ਉਧਾਰ, ਲੇਖਾ ਆਪਣੀ ਹੱਥੀਂ ਦਏ ਮੁਕਾਈਆ । ਓਸ ਮਾਲਣ ਨੇ ਫੁਲਾਂ ਵਾਲੇ ਗੁੰਦ ਕੇ ਹਾਰ, ਕ੍ਰਿਸ਼ਨ ਦੇ ਹੱਥੀਂ ਦਿਤੇ ਪਹਿਨਾਈਆ । ਖ਼ੁਸ਼ੀਆਂ ਨਾਲ ਗਾ ਕੇ ਤਾਲ, ਢੋਲਾ ਦਿਤਾ ਸੁਣਾਈਆ । ਆਹ ਵੇਖ ਮੇਰਾ ਹਾਲ, ਬਿਰਹੋਂ ਵਿਚ ਕੁਰਲਾਈਆ । ਇਹ ਬਚਨ ਸੁਣ ਕੇ ਪਰਸ਼ੋਤਮ ਬੱਚਾ ਲਾਲ, ਨੇਤਰ ਰੋ ਕੇ ਮਾਰੇ ਧਾਹੀਆ । ਮੈਂ ਬੱਚਾ ਨਹੀਂ ਗਵਾਲ, ਜਾਤ ਆਪਣੀ ਵੰਡ ਵੰਡਾਈਆ । ਕ੍ਰਿਸ਼ਨ ਕਿਹਾ ਮੈਂ ਤੇਰੀ ਕਰਾਂ ਭਾਲ, ਭੋਲੇ ਭਾਉ ਦਿਆਂ ਵਡਿਆਈਆ । ਤੂੰ ਉਸ ਦਾ ਬਣਨਾ ਲਾਲ, ਜਿਸ ਦੇ ਲਾਲ ਚਾਰ ਵਰਨ ਦੀ ਸੇਵ ਕਮਾਈਆ । ਤੇਰਾ ਲੇਖੇ ਲੱਗੇ ਇਹ ਸਵਾਲ, ਜਵਾਬ ਮੰਗਣ ਦੀ ਲੋੜ ਰਹੇ ਨਾ ਰਾਈਆ । ਜਿਸ ਵੇਲੇ ਸ੍ਰਿਸ਼ਟੀ ਹੋਈ ਬੇਹਾਲ, ਚਾਰ ਕੁੰਟ ਦਏ ਦੁਹਾਈਆ । ਕਿਰਪਾ ਕਰੇ ਪੁਰਖ ਅਕਾਲ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਝੋਲੀ ਪਾਈਆ । ਭਗਤ ਦਵਾਰ ਕਹੇ ਮੈਂ ਕਿਉਂ ਬਣ ਗਿਆ ਲੋਕਮਾਤ, ਮਤਾ ਆਪਣਾ ਦਿਆਂ ਸਮਝਾਈਆ । ਮੈਨੂੰ ਯਾਦ ਦੁਆਪਰ ਦੀ ਬਾਤ, ਬਾਤਨ ਹੋ ਕੇ ਭੇਦ ਖੁਲ੍ਹਾਈਆ । ਇੱਕੀਆਂ ਨੂੰ ਦਿਤੀ ਦਾਤ, ਸੁਗੰਦ ਖਾ ਕੇ ਆਪਣੀ ਗੰਢ ਬੰਧਾਈਆ । ਬੱਚੇ ਦਾ ਜੋੜ ਕੇ ਨਾਤ, ਪਰਸ਼ੋਤਮ ਦਿਤੀ ਵਡਿਆਈਆ । ਜਿਸ ਵੇਲੇ ਆਵੇ ਪੁਰਖ ਅਬਿਨਾਸ਼, ਮੇਲਾ ਸਭ ਦਾ ਲਏ ਕਰਾਈਆ । ਅਗਲੇ ਜੁਗ ਦੀ ਝੋਲੀ ਪਾ ਕੇ ਰਾਸ, ਰਸਤਾ ਸਭ ਦਾ ਦਏ ਉਲਟਾਈਆ । ਭਗਤਾਂ ਨੂੰ ਦੇ ਕੇ ਵਿਸ਼ਵਾਸ, ਵਿਸ਼ਿਆਂ ਵਿਚੋਂ ਬਾਹਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਖੇਲ ਤਮਾਸ਼, ਪੜਦਾ ਓਹਲਾ ਦਏ ਉਠਾਈਆ । ਇੱਕੀਆਂ ਕਿਹਾ ਆਹ ਲੈ ਪ੍ਰਭੂ ਆਪਣੇ ਹਾਰ, ਹਿਰਦੇ ਵਿਚ ਹਰਿ ਰੂਪ ਨਜ਼ਰੀ ਆਈਆ । ਕ੍ਰਿਸ਼ਨ ਕਿਹਾ ਨਾਲ ਪਿਆਰ, ਸਿਰ ਆਪਣਾ ਹੱਥ ਟਿਕਾਈਆ । ਜਿਸ ਵੇਲੇ ਕਲਜੁਗ ਹੋਵੇ ਅੰਧ ਅੰਧਿਆਰ, ਪਰਗਟ ਹੋਵੇ ਧੁਰਦਰਗਾਹੀਆ । ਤੁਹਾਡੇ ਕੋਲੋਂ ਕਰਾਵੇ ਆਪਣਾ ਸ਼ਿੰਗਾਰ, ਸੋਹਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪਰਸ਼ੋਤਮ ਕਿਹਾ ਦੱਸ ਮੇਰੇ ਭਗਵਾਨ, ਮੈਂ ਆਪਣੀ ਮੰਗ ਮੰਗਾਈਆ । ਕਲਜੁਗ ਅੰਤ ਕੀ ਹੋਵੇ ਨਿਸ਼ਾਨ, ਨਿਸ਼ਾਨਾ ਦੇ ਸਮਝਾਈਆ । ਕੀ ਮੈਂ ਮਾਨਸ ਹੋਵਾਂ ਕਿ ਇਨਸਾਨ, ਬਿਰਧ ਹੋਵਾਂ ਕਿ ਜਵਾਨ, ਬਾਲੀ ਬੁਧ ਦੇ ਦ੍ਰਿੜਾਈਆ । ਕ੍ਰਿਸ਼ਨ ਕਿਹਾ ਪ੍ਰਭੂ ਮੇਰਾ ਮਿਹਰਵਾਨ, ਆਦਿ ਜੁਗਾਦੀ ਜਾਣੀ ਜਾਣ, ਸਦ ਵੇਖੇ ਮਾਰ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ

੪੭੩
੧੯

ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਬਾਲਾ ਕਹੇ ਆਪਣੇ ਹੁਕਮ ਦੀ ਦੱਸ ਧਾਰ, ਬਿਨ ਸੰਗ ਦੇ ਸਮਝਾਈਆ । ਕ੍ਰਿਸ਼ਨ ਕਿਹਾ ਜਿਸ ਵੇਲੇ ਕਿਰਪਾ ਕਰੇ ਨਿਰੰਕਾਰ, ਮਿਹਰ ਨਜ਼ਰ ਇਕ ਉਠਾਈਆ । ਪਰਸ਼ੋਤਮ ਤੇਰੇ ਪ੍ਰੇਮ ਦੀ ਖਿੜੇ ਗੁਲਜ਼ਾਰ, ਗੁਲਜ਼ਾਰ ਸਿੰਘ ਤੇਰਾ ਨਾਮ ਰਖਾਈਆ । ਗਲ ਪਾ ਕੇ ਫੁੱਲਾਂ ਦੇ ਹਾਰ, ਪੂਰਬ ਲੇਖਾ ਦਏ ਮੁਕਾਈਆ । ਅਗੇ ਵੇਖਣਾ ਖੇਲ ਨਿਰੰਕਾਰ, ਦੀਨ ਦੁਨੀ ਦਏ ਹਿਲਾਈਆ । ਚਾਰ ਕੁੰਟ ਰੋਵਣ ਜ਼ਾਰੋ ਜ਼ਾਰ, ਦਹਿ ਦਿਸ਼ਾ ਪਏ ਦੁਹਾਈਆ । ਸੱਚੀ ਰਹੇ ਨਾ ਕੋਈ ਸਰਕਾਰ, ਸਰੋਕਾਰ ਨਾ ਖ਼ਲਕ ਖ਼ੁਦਾਈਆ । ਥੋੜੇ ਭਗਤਾਂ ਉਤੇ ਰਹੇ ਬਹਾਰ, ਬਾਕੀ ਖ਼ਿਜ਼ਾਂ ਰੂਪ ਜਾਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਪੂਰ ਕਰਾਈਆ । ਲੇਖਾ ਸਭ ਦਾ ਪੂਰਾ ਹੋਣਾ, ਹੋਣੀ ਘਰ ਘਰ ਵੇਖ ਵਖਾਈਆ । ਬਿਨ ਦੁੱਖਾਂ ਤੋਂ ਸਭ ਨੇ ਰੋਣਾ, ਦੁਖੀਆਂ ਦੀ ਸੁਣੇ ਕੋਇ ਨਾ ਆਹੀਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਭਗਤ ਸੁਹੇਲੇ ਪਰਮ ਪੁਰਖ ਨੂੰ ਪਾਉਣਾ, ਆਤਮ ਪਰਮਾਤਮ ਮਿਲ ਕੇ ਖ਼ੁਸ਼ੀ ਮਨਾਈਆ । ਜਨਮ ਜਨਮ ਦਾ ਕਰਮ ਕਰਮ ਦਾ ਦੁਰਮਤ ਦਾਗ਼ ਧਵਾਉਣਾ, ਮਨ ਕੀ ਮੈਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਜ ਚੇਤ ਕਹੇ ਮੈਂ ਕੋਈ ਕਰਨ ਨਹੀਂ ਲੱਗਾ ਖ਼ੁਦੀ, ਤਕੱਬਰ ਵਿਚ ਨਾ ਕੋਇ ਵਡਿਆਈਆ । ਮੈਂ ਸਭ ਦੀ ਭਰਿਸ਼ਟ ਕਰਨੀ ਬੁੱਧੀ, ਬੁਧੀਵਾਨ ਰਹਿਣ ਕੋਇ ਨਾ ਪਾਈਆ । ਜਿਹੜੀ ਖੇਲ ਕਿਸੇ ਨਹੀਂ ਕੀਤੀ ਚੌਂਹ ਜੁਗੀ, ਉਹ ਪੁਰਖ ਅਕਾਲ ਕੋਲੋਂ ਦੇਣੀ ਵਰਤਾਈਆ । ਵਸਦੀ ਰਹੇ ਕੋਇ ਨਾ ਝੁੱਗੀ, ਅੱਗ ਲੱਗੇ ਥਾਉਂ ਥਾਈਂਆ । ਲੁਕਿਆ ਰਹੇ ਕੋਇ ਨਾ ਖੁੱਡੀਂ, ਖੁਡਿਆਂ ਵਿਚੋਂ ਬਾਹਰ ਕਢਾਈਆ । ਲਾੜੀ ਮੌਤ ਚਾਰ ਕੁੰਟ ਦਹਿ ਦਿਸ਼ਾ ਆਪਣੇ ਪਿਆਰ ਦੀ ਪਾਵੇ ਲੁੱਡੀ, ਵਾਂਗ ਮਲੰਗਾਂ ਨੱਚੇ ਟੱਪੇ ਕੁੱਦੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਜਨ ਭਗਤੋ ਦਿੱਲੀ ਦਰਬਾਰ ਵਿਚ ਤੁਹਾਡੇ ਦਿਲਾਂ ਦਾ ਰਾਹ, ਰਹਿਬਰ ਹੋ ਕੇ ਰਸਤਾ ਦਏ ਵਖਾਈਆ । ਚੌਹਾਂ ਕੁੰਟਾਂ ਸਦਾ ਬਣਿਆ ਰਹੇ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਜਾਗਦਿਆਂ ਸੁਤਿਆਂ ਤੁਹਾਡੇ ਨਾਲ ਸ਼ਬਦੀ ਕਰੇ ਸਲਾਹ, ਅੱਖਰਾਂ ਵਾਲੀ ਕਰੇ ਨਾ ਕੋਇ ਪੜ੍ਹਾਈਆ । ਕੋਟ ਜਨਮ ਦੇ ਬਖ਼ਸ਼ ਦੇਵੇ ਗੁਨਾਹ, ਜੋ ਪ੍ਰੇਮ ਨਾਲ ਚਰਨਾਂ ਸੀਸ ਨਿਵਾਈਆ । ਅੱਜ ਤੋਂ ਬਣ ਕੇ ਦੋ ਜਹਾਨਾਂ ਦਾ ਸੱਚਾ ਸ਼ਹਿਨਸ਼ਾਹ, ਸਿਰ ਤੁਹਾਡੇ ਹੱਥ ਟਿਕਾਈਆ । ਹੋਕਾ ਦੇ ਦਿਉ ਥਾਂ ਥਾਂ, ਪਰਮ ਪੁਰਖ ਪਰਮਾਤਮ ਆ ਗਿਆ ਬੇਪਰਵਾਹੀਆ । ਖ਼ਬਰਦਾਰ ਹੋ ਜਾਓ ਜਿਹੜੇ ਖਾਂਦੇ ਸੂਰ ਗਾਂ, ਸਭ ਦੀ ਕਰਨੀ ਸਫ਼ਾਈਆ । ਮਾਤਲੋਕ ਵਿਚ ਉਡਣ ਨਹੀਂ ਦੇਣੇ ਵਿਸ਼ਟਾ ਫੋਲਣ ਵਾਲੇ ਕਾਂ, ਹੰਸ ਰੂਪ ਗੁਰਮੁਖ ਲੈਣੇ ਬਣਾਈਆ । ਬਿਨਾ ਭਗਤ ਤੋਂ ਜਨੇਂਦੀ ਕਿਸੇ ਕੰਮ ਨਹੀਂ ਆਉਣੀ ਮਾਂ, ਲੱਖ ਚੁਰਾਸੀ ਕੂਕਰ ਸੂਕਰ ਜਨਮਾਂ ਵਿਚ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਭਗਤ ਦਵਾਰ ਕਹੇ ਕੋਈ ਨਾ ਸਮਝਿਓ ਇਹ ਘਰਾਣਾ ਨਿੱਕਾ ਜਿਹਾ ਵਿਚ ਦਿੱਲੀ, ਦਲੀਲਾਂ ਦਾ ਮਾਲਕ ਦੇਵਣਹਾਰ ਵਡਿਆਈਆ । ਤੁਹਾਨੂੰ ਕੁਛ ਪਤਾ ਹੋਣਾ ਇਹਦੇ ਵਿਚ ਕਿੰਨੀ ਇੱਟ ਲਾਈ ਪਿੱਲੀ, ਜਿਸ ਦਾ ਲੇਖਾ ਪਿਛੇ ਦਿਤਾ ਲਿਖਾਈਆ । ਏਸੇ ਸਾਲ ਵਿਚ ਸਭ ਦੀ ਸੁਰਤੀ ਕਰ ਦੇਣੀ ਢਿੱਲੀ, ਸਿਰ ਸਕੇ ਨਾ ਕੋਇ ਉਠਾਈਆ । ਕੋਈ ਰਹਿਣ ਨਹੀਂ ਦੇਣਾ ਏਧਰ ਓਧਰ ਸ਼ੇਖ਼ ਚਿੱਲੀ, ਸ਼ਰਾਰਤ ਵਾਲੇ ਸਾਰੇ ਦੇਣੇ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਧੁਰ ਫ਼ਰਮਾਨਾ ਇਕ ਸੁਣਾਈਆ । ਦਿੱਲੀ ਦਰਬਾਰ ਕਹੇ ਮੇਰਾ ਵੇਖੋ ਜ਼ਰਾ ਦੱਬਾ, ਹੁਕਮ ਚਲੇ ਬੇਪਰਵਾਹੀਆ । ਸਭ ਨੂੰ ਭੁੱਲਿਆ ਚਾਚਾ ਅੱਬਾ, ਅੰਮੀ ਯਾਦ ਨਾ ਕੋਇ ਕਰਾਈਆ । ਤੋਬਾ ਹੋਈ ਹਾਏ ਰੱਬਾ, ਦੁਹਾਈ ਵਿਚ ਖ਼ੁਦਾਈਆ । ਕਾਇਆ ਖ਼ਾਲੀ ਹੋਣਾ ਸਭ ਦਾ ਡੱਬਾ, ਡੌਰੂ ਡੰਕ ਨਾ ਕੋਇ ਵਜਾਈਆ । ਏਸੇ ਕਾਰਨ ਸੱਤ ਰੰਗ ਨਿਸ਼ਾਨਾ ਗੱਡਾ, ਗੁਡਲਕ ਕਹਿਣ ਵਾਲੇ ਸਾਰੇ ਮੁਖ ਜਾਣ ਭਵਾਈਆ । ਇਹ ਝੁਲਦਾ ਰਹਿਣਾ ਸਦਾ, ਸ਼ਾਹ ਸੁਲਤਾਨਾਂ ਈਨ ਮਨਾਈਆ । ਇਸ ਦੇ ਹੁਕਮੇ ਅੰਦਰ ਗੁਰ ਅਵਤਾਰ ਪੈਗ਼ੰਬਰ ਬੱਧਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਰਹੇ ਕਮਾਈਆ । ਜਨ ਭਗਤੋ ਤੁਹਾਡਾ ਵੱਧਣ ਲੱਗਾ ਅੱਗਾ, ਅਗਲਵਾਂਢੀ ਹੋ ਕੇ ਤੁਹਾਨੂੰ ਮਿਲੇ ਚਾਈਂ ਚਾਈਂਆ । ਹੁਣ ਪੂਰੇ ਸਤਿਗੁਰ ਦਾ ਬਿਨਾ ਰਸਨਾ ਤੋਂ ਚਖਿਓ ਮਜ਼ਾ, ਜੋ ਆਪਣਾ ਰਸ ਬਿਨਾ ਰਸਤੇ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦਰਬਾਰ ਕਹੇ ਮੇਰਾ ਅਸਲੀ ਵੇਲਾ ਰਾਤ ਦੇ ਸਾਢੇ ਨੌਂ, ਪੂਰਾ ਲੇਖਾ ਦਿਆਂ ਜਣਾਈਆ । ਮੈਨੂੰ ਕੁਛ ਦੀਨ ਦੁਨੀਆ ਨਾਲ ਗੌਂ, ਗਾਉਂ ਗਾਉਂ ਦਿਆਂ ਹਿਲਾਈਆ । ਮੈਂ ਇਕ ਉਪਜਾਉਣਾ ਨਾਉਂ, ਨੌਂ ਨੌਂ ਦੇਣੇ ਭੁਲਾਈਆ । ਜਨ ਭਗਤਾਂ ਫੜ ਕੇ ਬਾਹੋਂ, ਸਿਧੇ ਪੁਰਖ ਅਕਾਲ ਨਾਲ ਮਿਲਾਈਆ । ਹੋਰ ਕਿਸੇ ਦਾ ਲੱਗਣ ਨਹੀਂ ਦੇਣਾ ਦਾਓ, ਬੁਧੀਵਾਨਾਂ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਾਢੇ ਨੌਂ ਕਹਿਣ ਮੈਂ ਲਿਖਾਉਣੀ ਅਗੰਮੀ ਇਬਾਰਤ, ਜਿਸ ਦਾ ਹਰਫ਼ ਹਰੂਫ਼ ਨਾ ਕੋਇ ਸਮਝਾਈਆ । ਥੋੜੀ ਜਿਹੀ ਅੱਧੇ ਘੰਟੇ ਲਈ ਸਾਰੀ ਦੁਨੀਆ ਉਤੇ ਕਰ ਦੇਣੀ ਸ਼ਰਾਰਤ, ਸ਼ਰਅ ਵਿਚ ਆਪਣੀ ਅੱਗ ਲਗਾਈਆ । ਸਾਢੇ ਬਾਰਾਂ ਸਕਿੰਟਾਂ ਵਿਚ ਜਨ ਭਗਤਾਂ ਦੀ ਕਰ ਕੇ ਸਫ਼ਾਰਸ਼, ਚਾਰ ਜੁਗ ਦੇ ਲਿਖੇ ਹੋਏ ਸਫ਼ੇ ਦੇਣੇ ਬਦਲਾਈਆ । ਸਾਢੇ ਤਿੰਨ ਹੱਥ ਦੀ ਸੋਹਣੀ ਸੁਹਾ ਕੇ ਇਮਾਰਤ, ਬਿਨ ਤੇਲ ਬੱਤੀ ਦੀਪਕ ਕਰਨਾ ਰੁਸ਼ਨਾਈਆ । ਮਨ ਦੀ ਰਹੇ ਕੋਈ ਨਾ ਸਾਜ਼ਸ਼, ਪੰਚ ਵਿਕਾਰ ਨਾ ਕੋਇ ਲੜਾਈਆ । ਤ੍ਰਿਸ਼ਨਾ ਦੀ ਮੇਟ ਦੇਣੀ ਆਤਸ਼, ਅਗਨੀ ਅੱਗ ਬੁਝਾਈਆ । ਇਕੋ ਨਾਤਾ ਜੋੜਨਾ ਆਪਣੇ ਨਾਲ ਵਾਸਤਵਕ, ਵਸਤੂ ਇਕੋ ਝੋਲੀ ਪਾਈਆ । ਢਾਈ ਮਹੀਨਿਆਂ ਪਿਛੋਂ ਝਗੜਾ ਛੇੜ ਦੇਣਾ ਵਿਚ ਨਾਸਤਕ, ਨਾਸਤਕਾਂ ਨੂੰ ਅੰਦਰੋਂ ਦੇਣਾ ਉਠਾਈਆ । ਸਾਰਿਆਂ ਪਰਧਾਨਾਂ ਦੀ ਕਿਸੇ ਕੰਮ ਨਹੀਂ ਆਉਣੀ ਸਿਆਸਤ, ਓਨ੍ਹਾਂ ਆਪੇ ਲੱਭਣਾ ਬੇਪਰਵਾਹੀਆ । ਓਨ੍ਹਾਂ ਦੇ ਕੋਲੋਂ ਸਾਢੇ ਤਿੰਨ ਹੱਥ ਸਰੀਰ ਦੀ ਖੋਹ ਲੈਣੀ ਰਿਆਸਤ, ਬਿਨਾ ਰਾਜੇ ਤੋਂ ਰਈਅਤ ਕੰਮ ਕਿਸੇ ਨਾ ਆਈਆ । ਕਿਸੇ ਨੇ ਕਰਨੀ ਨਹੀਂ ਹਿਫ਼ਾਜ਼ਤ, ਅਗੇ ਹੋ ਨਾ ਕੋਇ ਬਚਾਈਆ । ਵੇਖਿਓ ਕਿਸ ਤਰ੍ਹਾ ਚਾਰ ਕੁੰਟ ਬਦਲਦੀ ਵਜ਼ਾਰਤ, ਵਜ਼ੀਰਾਂ ਦੇ ਫ਼ਕੀਰ ਫ਼ਕੀਰਾਂ ਦੇ ਹਕੀਰ ਨਜ਼ਰੀ ਆਈਆ । ਇਹ ਅੱਜੇ ਥੋੜੀ ਜਿਹੀ ਕਰਨੀ ਵਿਚ ਬਨਾਵਟ, ਇਸ ਸਾਲ ਦਾ ਨਿਸ਼ਾਨਾ ਦੇਣਾ ਵਖਾਈਆ । ਅਗਲੇ ਸਾਲ ਤੋਂ ਕਿਸੇ ਨਹੀਂ ਕਰਨੀ ਰੁਕਾਵਟ, ਹੁਕਮ ਨਾਲ ਸਾਰੇ ਦੇਣੇ ਉਠਾਈਆ । ਪ੍ਰਭ ਦੇ ਨਾਮ ਦੀ ਲੱਗੀ ਹੋਈ ਕਿਹੜਾ ਮੇਟੇ ਬਗ਼ਾਵਤ, ਬਗ਼ਲਗੀਰ ਮਿਲ ਕੇ ਕੋਈ ਸੰਗ ਨਾ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿੱਲੀ ਦਵਾਰ ਦੀ ਬੜੀ ਸੋਹਣੀ ਨੀਂਹ ਰਿਹਾ ਰਖਾਈਆ । ਨੀਂਹ ਕਹੇ ਮੈਂ ਬੜੀ ਡੂੰਘੀ, ਚਾਰ ਜੁਗ ਹੱਥ ਕਿਸੇ ਨਾ ਆਈਆ । ਮੈਂ ਬਣੀ ਰਹੀ ਗੂੰਗੀ, ਬਾਲੇ ਆਪਣੇ ਵਿਚ ਛੁਪਾਈਆ । ਹੁਣ ਵੇਖਿਓ ਮੈਂ ਸਾਰਿਆਂ ਨੂੰ ਰਹੀ ਟੁੰਬੀ, ਸੋਇਆ ਕੋਇ ਨਜ਼ਰ ਨਾ ਆਈਆ । ਸਚ ਪੁਛੋ ਮੈਂ ਅੱਸੂ ਤੋਂ ਬਾਅਦ ਬਣ ਜਾਣਾ ਲੁੰਡੀ, ਲੰਡਿਆਂ

ਘਰ ਡੰਡੇ ਦੇਣੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਭਗਤ ਦਵਾਰ ਕਹੇ ਮੈਂ ਦਾਅਵੇ ਨਾਲ ਕਹਾਂ ਆ ਗਿਆ ਭਗਵਾਨ, ਹੋਕਾ ਸਭ ਨੂੰ ਦੇਣਾ ਸੁਣਾਈਆ । ਸਾਰੇ ਤੱਕ ਲਓ ਝੁਲਦਾ ਨਿਸ਼ਾਨ, ਜਿਸ ਨੇ ਧਰਮ ਧਰਮ ਵਿਚੋਂ ਦੇਣੇ ਬਦਲਾਈਆ । ਕੋਈ ਹੋ ਨਾ ਜਾਵੇ ਹੈਰਾਨ, ਹੈਰਾਨੀ ਸਭ ਦੀ ਦੇਣੀ ਕਢਾਈਆ । ਜੇ ਕੋਈ ਅੰਦਰ ਕਿਸੇ ਦੇ ਆਰਾਮ, ਪੜਦਾ ਉਸ ਦਾ ਦੇਣਾ ਉਠਾਈਆ । ਚਲੋ ਜ਼ਰਾ ਮਿਲ ਕੇ ਸਾਮ੍ਹਣੇ ਹੋ ਕੇ ਵੇਖੋ ਕਿੱਥੇ ਵਸਦਾ ਨਾਮ, ਕਿੱਥੇ ਮਿਲਦਾ ਜਾਮ, ਕਵਣ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਗਟ ਹੋਣਾ ਇਕੋ ਹੁਕਮਰਾਨ, ਹਕੂਮਤ ਸਭ ਦੀ ਦਏ ਗਵਾਈਆ । ਸਾਢੇ ਨੌ ਕਹੇ ਵੇਲੇ ਦੀ ਚੰਗੀ ਤਰ੍ਹਾ ਕਰਿਓ ਪਹਿਚਾਨ, ਪੱਛਮ ਦੱਖਣ ਉੱਤਰ ਪੂਰਬ ਧਿਆਨ ਲਗਾਈਆ । ਬਿਨਾ ਸ੍ਰੀ ਭਗਵਾਨ ਤੋਂ ਦੂਜੀ ਰਹਿਣ ਨਹੀਂ ਦੇਣੀ ਕੋਈ ਦੁਕਾਨ, ਹਟਵਾਣੇ ਬਨੀਏ ਭੱਜਣ ਥਾਉਂ ਥਾਈਆ । ਹੁਕਮ ਮਿਲਣਾ ਫ਼ਰਮਾਨ, ਫ਼ੁਰਨੇ ਧੁਰ ਦੇ ਦਏ ਸੁਣਾਈਆ । ਸਭ ਨੂੰ ਮੰਨਣਾ ਪਏ ਇਕ ਆਦਿ ਜੁਗਾਦੀ ਨੌਜਵਾਨ, ਜਿਸ ਦਾ ਰੂਪ ਰੰਗ ਰੇਖ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਹੁਤਾ ਲੇਖਾ ਅੱਜ ਦੀ ਰੈਣ ਦਏ ਲਿਖਾਈਆ ।



## ✪ ਰਾਤ ਸਾਢੇ ਨੌ ਵਜੇ ✪

ਸਤਿ ਧਰਮ ਤੇਰੀ ਸਾਚੀ ਜੜ੍ਹ, ਭਗਤ ਦਵਾਰ ਨੀਂਹ ਧਰਾਈਆ । ਪੁਰਖ ਅਬਿਨਾਸ਼ੀ ਵੇਖੇ ਖੜ, ਨਿਰਗੁਣ ਨਿਰਵੈਰ ਬੇਪਰਵਾਹੀਆ । ਧੁਰ ਦਾ ਢੋਲਾ ਅਗੰਮਾ ਪੜ੍ਹ, ਬੋਧ ਅਗਾਧ ਕਰੇ ਪੜ੍ਹਾਈਆ । ਸਾਚੀ ਮੰਜ਼ਲ ਆਪੇ ਚੜ੍ਹ, ਪੂਰਬ ਪਿਛਲਾ ਪੰਧ ਮੁਕਾਈਆ । ਕਿਲ੍ਹਾ ਤੋੜ ਹੰਕਾਰੀ ਗੜ੍ਹ, ਹਉਮੇ ਹੰਗਤਾ ਰਿਹਾ ਮਿਟਾਈਆ । ਸਤਿ ਦਵਾਰਾ ਖੋਲ੍ਹ ਕੇ ਧੁਰ ਦਾ ਸਾਚਾ ਸਰ, ਸਰੋਵਰ ਇਕੋ ਇਕ ਪਰਗਟਾਈਆ । ਦੁਰਮਤ ਮੈਲ ਧੁਆਉਣੀ ਨਾਰੀ ਨਰ, ਨਰ ਨਰਾਇਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਸਤਿ ਧਰਮ ਤੇਰਾ ਲੇਖਾ ਮਾਤ, ਹਰਿ ਕਰਤਾ ਆਪ ਬਣਾਈਆ । ਵਸਤ ਅਮੋਲਕ ਦੇ ਕੇ ਦਾਤ, ਜਨ ਭਗਤਾਂ ਸੰਗ ਰਲਾਈਆ । ਨਾਮ ਭੰਡਾਰਾ ਅਗੰਮ ਸੌਗ਼ਾਤ, ਧੁਰ ਦਾ ਸੋਹਲਾ ਸਚ ਸੁਣਾਈਆ । ਕਲਜੁਗ ਮੇਟ ਕੂੜ ਅੰਧੇਰੀ ਰਾਤ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਬਦਲ ਦੇਵੇ ਹਾਲਾਤ, ਧੁਰ ਦਾ ਹੁਕਮ ਇਕ ਮਨਾਈਆ । ਲੇਖਾ ਜਾਣੇ ਬ੍ਰਹਿਮੰਡ ਖੰਡ ਕਾਇਨਾਤ, ਲੱਖ ਚੁਰਾਸੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਤਿ ਧਰਮ ਤੇਰਾ ਲੇਖਾ ਜਗ, ਹਰਿ ਕਰਤਾ ਆਪ ਜਣਾਇੰਦਾ । ਕਲਜੁਗ ਅਗਨੀ ਵੇਖੇ ਕੂੜੀ ਅੱਗ, ਚਾਰ ਕੁੰਟ ਫੋਲ ਫੁਲਾਇੰਦਾ । ਸਾਚਾ ਸਮਝੇ ਕੋਈ ਨਾ ਹੱਜ, ਹਾਜਤ ਪੂਰ ਨਾ ਕੋਇ ਵਖਾਇੰਦਾ । ਮਨ ਵਾਸਨਾ ਸ੍ਰਿਸ਼ਟੀ ਰਹੀ ਭੱਜ, ਦਹਿ ਦਿਸ਼ਾ ਪੰਧ ਨਾ ਕੋਇ ਮੁਕਾਇੰਦਾ । ਸਾਚਾ ਸੁਣੇ ਕੋਈ ਨਾ ਨਦ, ਅਗੰਮੀ ਰਾਗ ਨਾ ਕੋਇ ਅਲਾਇੰਦਾ । ਜਗਤ ਵਿਕਾਰ ਪੀ ਕੇ ਮਧ, ਅੰਮ੍ਰਿਤ ਰਸ ਮੁਖ ਨਾ ਕੋਇ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਇੰਦਾ ।

ਸਤਿ ਧਰਮ ਤੂੰ ਵੇਖ ਧਰਮ ਦਵਾਰ, ਹਰਿ ਕਰਤਾ ਆਪ ਜਣਾਈਆ । ਸੋ ਪੁਰਖ ਨਿਰੰਜਣ ਖੋਲ੍ਹ ਕਿਵਾੜ, ਪੜਦਾ ਦੇਣਾ ਚੁਕਾਈਆ । ਹਰਿ ਪੁਰਖ ਨਿਰੰਜਣ ਪਾਵੇ ਸਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਦਿ ਨਿਰੰਜਣ ਕਰ ਉਜਿਆਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਏਕੰਕਾਰਾ ਦਏ ਅਧਾਰ, ਮਿਹਰ ਨਜ਼ਰ ਉਠਾਈਆ । ਅਬਿਨਾਸ਼ੀ ਕਰਤਾ ਕਰੇ ਪਿਆਰ, ਮੇਲ ਮਿਲਾਵਾ ਸਹਿਜ ਸੁਭਾਈਆ । ਸ੍ਰੀ ਭਗਵਾਨ ਦਏ ਹੁਲਾਰ, ਸਚ ਹੁਲਾਰਾ ਇਕ ਜਣਾਈਆ । ਪਾਰਬ੍ਰਹਮ ਪ੍ਰਭ ਖੇਲੇ ਖੇਲ ਅਗੰਮ ਅਪਾਰ, ਭੇਵ ਅਭੇਦਾ ਦਏ ਖੁਲ੍ਹਾਈਆ । ਆਤਮ ਪਰਮਾਤਮ ਲੇਖਾ ਜਾਣ ਆਪ ਕਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦਏ ਚੁਕਾਈਆ । ਸਤਿ ਧਰਮ ਤੇਰਾ ਏਕਾ ਏਕ, ਏਕੰਕਾਰ ਆਪ ਜਣਾਈਆ । ਕਲਜੁਗ ਕੂੜੀ ਕਿਰਿਆ ਚੁੱਕੇ ਟੇਕ, ਟਿੱਕਾ ਮਸਤ ਖ਼ੁਮਾਰੀ ਦਏ ਲਗਾਈਆ । ਮਾਇਆ ਮਮਤਾ ਮੋਹ ਕਰਨਾ ਭੇਟ, ਝਗੜਾ ਕੂੜ ਦਏ ਮੁਕਾਈਆ । ਠਾਕਰ ਬਣ ਕੇ ਖੇਵਟ ਖੇਟ, ਸਾਚਾ ਬੇੜਾ ਪਾਰ ਲੰਘਾਈਆ । ਜਨ ਭਗਤਾਂ ਦਾ ਸੁਹੰਜਣਾ ਹੋਵੇ ਚੇਤ, ਥਿਤ ਪੰਜ ਮਿਲੇ ਵਡਿਆਈਆ । ਸ੍ਰਿਸ਼ਟੀ ਸੰਸਾਰ ਕੱਟਣ ਵਾਲਾ ਖੇਤ, ਰੁੱਤ ਆਪਣੀ ਰਿਹਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਰਤਾਈਆ । ਸਤਿ ਧਰਮ ਤੇਰਾ ਲੇਖਾ ਸਚ ਗ੍ਰਿਹਿ, ਘਰ ਮੰਦਰ ਇਕੋ ਇਕ ਵਖਾਈਆ । ਜਿਥੇ ਪੁਰਖ ਅਬਿਨਾਸ਼ੀ ਰਹੇ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਚ ਦਵਾਰੇ ਧਾਮ ਬਹੇ, ਸਚਖੰਡ ਵੱਜਦੀ ਰਹੇ ਵਧਾਈਆ । ਹੁਕਮ ਅੰਦਰ ਆਦਿ ਜੁਗਾਦਿ ਜੁਗ ਚੌਕੜੀ ਸ੍ਰਿਸ਼ਟੀ ਦ੍ਰਿਸ਼ਟੀ ਕਰਦਾ ਆਇਆ ਲਯ, ਸਿਰ ਸਕੇ ਨਾ ਕੋਇ ਉਠਾਈਆ । ਏਕੰਕਾਰ ਖੇਲੇ ਖੇਲ ਅਗੰਮ ਅਪਾਰ ਆਦਿ ਜੁਗਾਦਿ ਜੁਗਾ ਜੁਗੰਤ ਇਕੋ ਹੈ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿ ਧਰਮ ਕਹੇ ਮੈਨੂੰ ਰੱਖਿਆ ਕਿਹੜੇ ਥਾਂ, ਪੁਰਖ ਅਕਾਲ ਦੇ ਜਣਾਈਆ । ਕਲਜੁਗ ਸ੍ਰਿਸ਼ਟੀ ਵੇਖੀ ਭਰੀ ਗੁਨਾਹ, ਪਤਿਤ ਪੁਨੀਤ ਰੂਪ ਨਾ ਕੋਇ ਬਣਾਈਆ । ਸਾਚਾ ਭੁੱਲਿਆ ਆਤਮ ਤੇਰਾ ਪਰਮਾਤਮ ਨਾਂ, ਧੁਰ ਦਾ ਢੋਲਾ ਹੱਕ ਨਾ ਕੋਇ ਪੜ੍ਹਾਈਆ । ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਤੁਧ ਬਿਨ ਕਰੇ ਨਾ ਕੋਈ ਨਿਆਂ, ਅਦਲ ਅਦਾਲਤ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਕਲਜੁਗ ਕੂੜ ਫਿਰੇ ਸ਼ੈਤਾਨ, ਸ਼ਰਅ ਕਰੇ ਲੜਾਈਆ । ਦੀਨ ਮਜ਼੍ਹਬ ਹੋਏ ਵੈਰਾਨ, ਵੈਰੀ ਘਰ ਘਰ ਬੈਠੇ ਡੇਰਾ ਲਾਈਆ । ਸਾਚਾ ਮਿਲੇ ਨਾ ਕੋਈ ਅਮਾਮ, ਈਮਾਨ ਹੱਕ ਨਾ ਕੋਇ ਦ੍ਰਿੜਾਈਆ । ਦੀਪਾਂ ਖੰਡਾਂ ਵਿਚ ਝੁਲਦੇ ਵੇਖੇ ਨਿਸ਼ਾਨ, ਨਿਸ਼ਾਨਾ ਪਾਰ ਨਾ ਕੋਇ ਕਰਾਈਆ । ਜੁਗ ਚੌਕੜੀ ਦੇਂਦੇ ਗਏ ਬਿਆਨ, ਸ਼ਹਾਦਤ ਅੰਤ ਨਾ ਕੋਇ ਭੁਗਤਾਈਆ । ਬਿਨ ਅੱਖਰਾਂ ਮਿਲੇ ਨਾ ਕਿਸੇ ਗਿਆਨ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਮੁਹੱਬਤ ਵਿਚ ਮਿਲੇ ਨਾ ਆਣ, ਮਹਿਬੂਬ ਬੇਪਰਵਾਹੀਆ । ਤੇਰਾ ਖੇਲ ਖ਼ਾਲਕ ਮਹਾਨ, ਖ਼ਲਕ ਸਮਝ ਸਕੇ ਨਾ ਰਾਈਆ । ਮੈਂ ਵੇਖਾਂ ਮਾਰ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਕਿਸ ਦਵਾਰੇ ਮਿਲੇ ਸ੍ਰੀ ਭਗਵਾਨ, ਭਗਤ ਸੁਹੇਲਾ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੜਦਾ ਦੇ ਉਠਾਈਆ । ਸਤਿ ਧਰਮ ਕਹੇ ਮੈਂ ਵਸਾਂ ਕਿਹੜੀ ਕੂਟ, ਅਬਿਨਾਸ਼ੀ ਕਰਤੇ ਦੇ ਜਣਾਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇ ਝੂਠ, ਵਰਨ ਬਰਨ ਕਰਨ ਲੜਾਈਆ । ਦਰ ਦਿਸੇ ਨਾ ਕੋਈ ਉਚੋ ਉਚ, ਅਗੰਮ ਅਥਾਹ ਮਿਲੇ ਨਾ ਕਿਸੇ ਸਰਨਾਈਆ । ਮਹੱਲ ਅਟਲ ਸਕੇ ਕੋਈ ਨਾ ਪਹੁੰਚ, ਮੰਜ਼ਲ ਵਿਚ ਥੱਕੇ ਪਾਂਧੀ ਰਾਹੀਆ । ਬੁਧੀ ਕਰੇ ਕੋਈ ਨਾ ਸੋਚ, ਅਨੁਭਵ ਭੇਵ ਨਾ

ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਜਣਾਈਆ । ਸ੍ਰੀ ਭਗਵਾਨ ਕਹੇ ਸੁਣ ਸਤਿ ਧਰਮ, ਪਹਿਲੀ ਵਾਰ ਦਿਆਂ ਜਣਾਈਆ । ਤੇਰਾ ਭਗਤ ਦਵਾਰੇ ਹੋਵੇ ਜਨਮ, ਜਨਮ ਭਗਤਾਂ ਨਾਲ ਸਮਝਾਈਆ । ਪੁਰਖ ਅਕਾਲ ਦਾ ਰਹੇ ਕੋਈ ਨਾ ਭਰਮ, ਭਾਂਡਾ ਭਰਮ ਭਉ ਭੰਨਾਈਆ । ਸ੍ਰਿਸ਼ਟੀ ਦਾ ਅੰਤਮ ਵੇਲਾ ਆਇਆ ਮਰਨ, ਜੀਵਤ ਰੂਪ ਨਾ ਕੋਇ ਵਖਾਈਆ । ਪੁਰਖ ਅਕਾਲ ਕਰਨੀ ਕਰਨ, ਕਰਤਾ ਬੇਪਰਵਾਹੀਆ । ਜਨ ਭਗਤਾਂ ਨੇਤਰ ਖੋਲ੍ਹ ਕੇ ਹਰਨ ਫਰਨ, ਹਰ ਹਿਰਦੇ ਦਏ ਸੁਣਾਈਆ । ਧੂੜੀ ਦੇ ਕੇ ਧੁਰ ਦੇ ਚਰਨ, ਮਸਤਕ ਭਬੂਤੀ ਦਏ ਰਮਾਈਆ । ਲੇਖਾ ਰਹੇ ਨਾ ਵਰਨ ਬਰਨ, ਜਾਤ ਪਾਤ ਨਾ ਕੋਇ ਲੜਾਈਆ । ਸੰਤ ਸੁਹੇਲੇ ਇਕ ਅਕੇਲੇ ਮੰਜ਼ਲ ਚੜ੍ਹਨ, ਅਧਵਿਚਕਾਰ ਨਾ ਕੋਇ ਅਟਕਾਈਆ । ਸੋਹੰ ਢੋਲਾ ਸੱਚਾ ਪੜ੍ਹਨ, ਗ੍ਰਿਹ ਮਿਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਧਰਮ ਤੇਰਾ ਲੇਖਾ ਸਚ ਹਿਸਾਬ, ਧੁਰ ਫ਼ਰਮਾਨੇ ਵਿਚ ਜਣਾਈਆ । ਜਿਹੜਾ ਲੇਖਾ ਨਹੀਂ ਕਿਸੇ ਵਿਚ ਕਿਤਾਬ, ਕਲਮ ਸ਼ਾਹੀ ਨਾ ਕੋਇ ਚਤੁਰਾਈਆ । ਉਸਨੂੰ ਪੂਰਾ ਕਰੇ ਆਪ, ਪਾਰਬ੍ਰਹਮ ਨੂਰ ਖ਼ੁਦਾਈਆ । ਜਨ ਭਗਤਾਂ ਖੋਲ੍ਹ ਕੇ ਅੰਦਰੋਂ ਤਾਕ, ਪੜਦਾ ਦਏ ਉਠਾਈਆ । ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਸਭ ਨੇ ਕਰਨਾ ਇਕੋ ਪਾਠ, ਇਕੋ ਮੰਤਰ ਦਏ ਦ੍ਰਿੜਾਈਆ । ਇਕੋ ਤੀਰਥ ਇਕੋ ਤਾਟ, ਕਿਨਾਰਾ ਇਕੋ ਇਕ ਸਮਝਾਈਆ । ਇਕੋ ਮੰਦਰ ਸ਼ਿਵਦਵਾਲਾ ਮਾਠ, ਹੱਟ ਇਕੋ ਇਕ ਪਰਗਟਾਈਆ । ਇਕੋ ਲੇਖਾ ਜਾਣੇ ਅੱਠ ਸੱਠ, ਇਕੋ ਪੜਦਾ ਦਏ ਉਠਾਈਆ । ਇਕੋ ਜੋੜਨਹਾਰਾ ਧੁਰ ਦਾ ਨੱਤ, ਆਤਮ ਪਰਮਾਤਮ ਮੇਲ ਮਿਲਾਈਆ । ਇਕੋ ਜਾਣੇ ਮਿਤ ਗਤ, ਆਦਿ ਜੁਗਾਦਿ ਵੇਖ ਵਖਾਈਆ । ਇਕੋ ਹੁਕਮ ਰਿਹਾ ਦੱਸ, ਦੋ ਜਹਾਨ ਕਰੇ ਸ਼ਨਵਾਈਆ । ਜਨ ਭਗਤ ਸਾਚਾ ਲੈਣਾ ਰਸ, ਰਸਤਾ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਦਏ ਵਡਿਆਈਆ । ਸਤਿ ਧਰਮ ਵੇਖ ਸਚ ਦਰਵਾਜ਼ਾ, ਭਗਤ ਦਵਾਰਾ ਨਜ਼ਰੀ ਆਈਆ । ਜਿਥੇ ਵਸੇ ਗ਼ਰੀਬ ਨਿਵਾਜ਼ਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਦਰ ਆਇਆਂ ਦੁਰਮਤ ਮੈਲ ਧੋਵੇ ਦਾਗ਼ਾ, ਬਿਨ ਕੱਪੜ ਕਰੇ ਸਫ਼ਾਈਆ । ਨਾਮ ਸੁਣਾਏ ਸ਼ਬਦ ਅਨਰਾਗਾ, ਧੁਨੀ ਨਾਦ ਇਕ ਵਜਾਈਆ । ਕੋਟਾਂ ਵਿਚੋਂ ਸੰਤ ਸੁਹੇਲਾ ਜਾਗਾ, ਹਰਿ ਸਰਨ ਮਿਲੇ ਸਰਨਾਈਆ । ਹੰਸ ਬੁਧੀ ਰਹੇ ਨਾ ਕਾਗਾ, ਨਾ ਕੋਈ ਹੰਸ ਰੂਪ ਵਟਾਈਆ । ਨੌ ਸੌ ਚੁਰਾਨਵੇਂ ਜੁਗ ਚੌਕੜੀ ਪਿਛੋਂ ਪੰਜ ਚੇਤ ਆਇਆ ਸੁਭਾਗਾ, ਭਾਗਾਂ ਵਾਲਿਆਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਭਗਤ ਦਵਾਰ ਕਹੇ ਮੈਂ ਬੂਟਾ ਲਾਉਣਾ ਉਹ, ਜਿਸ ਨੂੰ ਓੜਕ ਸਕੇ ਨਾ ਕੋਇ ਹਿਲਾਈਆ । ਜਿਸ ਦਾ ਮਾਲਕ ਬਣਿਆ ਜੋ ਆਦਿ ਜੁਗਾਦਿ ਜਗਤ ਨਿਰਮੋਹ, ਕੂੜ ਪਿਆਰ ਨਾ ਕੋਇ ਵਖਾਈਆ । ਲੱਖ ਚੁਰਾਸੀ ਜੀਵ ਜੰਤ ਦੇਵਣਹਾਰਾ ਲੋ, ਸਚ ਪਰਕਾਸ਼ ਕਰੇ ਰੁਸ਼ਨਾਈਆ । ਕਿਸੇ ਨਾਲ ਨਾ ਕਰੇ ਧਰੋਹ, ਕਰਮਾਂ ਦਾ ਲੇਖਾ ਦਏ ਭੁਗਤਾਈਆ । ਕਲਜੁਗ ਅੰਤਮ ਕੂੜੀ ਕਿਰਿਆ ਲਵੇ ਖੋਹ, ਸਤਿ ਸਚ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਭਗਤ ਦਵਾਰ ਕਹੇ ਮੇਰੇ ਭਗਵੰਤ, ਬੇਨੰਤੀ ਦਿਆਂ ਸੁਣਾਈਆ । ਜਨ ਭਗਤਾਂ ਦਾ ਬਣ ਅਗੰਮੀ ਕੰਤ, ਵਿਛੋੜਾ ਅਗੇ ਰਹੇ ਨਾ ਰਾਈਆ । ਝਗੜਾ ਰਹੇ ਨਾ ਕੂੜੇ ਸੰਤ, ਜਗਤ ਸਾਧਾਂ ਤੋਂ ਪੱਲੂ ਦੇਣਾ ਛੁਡਾਈਆ । ਆਤਮ ਪਰਮਾਤਮ ਦੱਸ ਕੇ ਆਪਣਾ ਮੰਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਗੜ੍ਹ ਤੋੜ ਕੇ ਹਉਮੈਂ


੪੧੧
੧੯

ਹੰਗਤ, ਹੰ ਬ੍ਰਹਮ ਦੇ ਸਮਝਾਈਆ । ਸਰਬ ਵਖਾਦੇ ਇਕੋ ਪੰਗਤ, ਦੂਜੀ ਵੰਡ ਨਾ ਕੋਇ ਵੰਡਾਈਆ । ਬੋਧ ਅਗਾਧਾ ਬਣ ਕੇ ਪੰਡਤ, ਨਿਰਗੁਣ ਢੋਲਾ ਦੇ ਜਣਾਈਆ । ਲੇਖਾ ਮੁਕ ਜਾਏ ਜੇਰਜ ਅੰਡਜ, ਉਤਭੁਜ ਸੇਤਜ ਨਾ ਕੋਇ ਭਵਾਈਆ । ਨਾਮ ਖ਼ੁਮਾਰੀ ਚਾੜ੍ਹ ਦੇ ਰੰਗਤ, ਅਨਡਿਠੜੇ ਆਪ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਭਗਤ ਦਵਾਰ ਕਹੇ ਮੈਂ ਵੇਖ ਹੋਇਆ ਖ਼ੁਸ਼ਹਾਲ, ਖ਼ੁਸ਼ੀ ਪ੍ਰਭੂ ਪਰਗਟਾਈਆ । ਸਤਿ ਧਰਮ ਦੇ ਵੇਖੇ ਲਾਲ, ਜੋ ਲਾਲਨ ਵਿਚ ਸਮਾਈਆ । ਜਨਮ ਜਨਮ ਦੀ ਪੂਰੀ ਕਰ ਕੇ ਘਾਲ, ਅਗੇ ਲੇਖਾ ਮੰਗਣ ਚਾਈਂ ਚਾਈਂਆ । ਆ ਪਹੁੰਚੇ ਸਚ ਦਵਾਰ ਦੀ ਸੱਚੀ ਧਰਮਸਾਲ, ਜਿਥੇ ਕਰਮ ਦਾ ਰੋਗ ਰਹੇ ਨਾ ਰਾਈਆ । ਜੁਗ ਚੌਕੜੀ ਦਾ ਪੂਰਾ ਹੋਇਆ ਸਵਾਲ, ਭਿਛਿਆ ਸਭ ਦੀ ਝੋਲੀ ਪਾਈਆ । ਭਗਤ ਰਹੇ ਨਾ ਕੋਇ ਕੰਗਾਲ, ਨਾਮ ਭੰਡਾਰਾ ਦਏ ਵਰਤਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਗੁਰਮੁਖਾਂ ਚਲੇ ਨਾਲ ਨਾਲ, ਅੰਦਰ ਬਾਹਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਕਹੇ ਮੈਂ ਆਦਿ ਜੁਗਾਦੀ ਨਾਲ ਫਿਰਾਂ ਜ਼ੋਰ, ਜਾਬਰ ਜਬਰ ਮਾਤ ਅਖਵਾਇੰਦਾ । ਨਾਤਾ ਤੋੜਾਂ ਕੂੜ ਕੁੜਿਆਰਾਂ ਠੱਗ ਚੋਰ, ਮਮਤਾ ਮੋਹ ਵੇਖ ਵਖਾਇੰਦਾ । ਮਨ ਵਾਸਨਾ ਕੂੜੀ ਕਿਰਿਆ ਤੱਕਾਂ ਢੋਰ, ਚੰਮ ਦ੍ਰਿਸ਼ਟੀ ਫੋਲ ਫੁਲਾਇੰਦਾ । ਲੱਖ ਚੁਰਾਸੀ ਅੰਦਰ ਵੜ ਕੇ ਵੇਖਾਂ ਅੰਧੇਰਾ ਘੋਰ, ਗੁਰਮੁਖ ਪੜਦਾ ਕਵਣ ਮਾਤ ਰਖਾਇੰਦਾ । ਕੋਟਾਂ ਵਿਚੋਂ ਥੋੜੇ ਲੱਭੇ ਜਿਨ੍ਹਾਂ ਨੂੰ ਇਕ ਦੀ ਲੋੜ, ਬਹੁਤੇ ਭੱਜਣ ਥਾਉਂ ਥਾਈਂਆ । ਸੁਰਤੀ ਸ਼ਬਦੀ ਬੰਨ੍ਹੇ ਕੋਈ ਨਾ ਡੋਰ, ਆਤਮ ਪਰਮਾਤਮ ਗੰਢ ਨਾ ਕੋਇ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਭਗਤ ਦਵਾਰ ਕਹੇ ਮੈਂ ਆਪਣਾ ਕਰਮ ਕਮਾਵਾਂਗਾ । ਜੋ ਪ੍ਰਭ ਸਰਨਾਈ ਬਹੇ, ਤਿਸਦਾ ਮੇਲਾ ਆਪ ਕਰਾਵਾਂਗਾ । ਜੋ ਧੁਰ ਦਾ ਭਾਣਾ ਸਹੇ, ਲੱਖ ਚੁਰਾਸੀ ਵਿਚੋਂ ਬਾਹਰ ਕਢਾਵਾਂਗਾ । ਜੋ ਨਾਮ ਇਕੋ ਲਏ, ਲਹਿਣਾ

ਉਸਦੀ ਝੋਲੀ ਆਪ ਟਿਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵਾਂਗਾ । ਭਗਤ ਦਵਾਰ ਕਹੇ ਮੈਂ ਆਵਣ ਵਾਲਾ ਆਪਣੀ ਵਿਚ ਬਹਾਰ, ਸਚ ਸੰਦੇਸ਼ੇ ਵਿਚ ਜਣਾਈਆ । ਖੇਲ ਵੇਖਣ ਵਾਲਾ ਵਿਚ ਸੰਸਾਰ, ਖ਼ਲਕ ਖੋਜ ਖੁਜਾਈਆ । ਮੇਰੇ ਉਤੇ ਕਰੇ ਨਾ ਕੋਇ ਇਤਬਾਰ, ਬੇਇਤਬਾਰੀ ਹੋਈ ਲੋਕਾਈਆ । ਮੈਂ ਕੂਕ ਕਹਾਂ ਪੁਕਾਰ, ਊਚੋ ਊਚ ਸੁਣਾਈਆ । ਸਾਰੇ ਹੋ ਜਾਓ ਖ਼ਬਰਦਾਰ, ਨੇਤਰ ਆਲਸ ਨਿੰਦਰਾ ਦਿਉ ਮਿਟਾਈਆ । ਜਿਸ ਨੇ ਸਾਢੇ ਤਿੰਨ ਹੱਥ ਭਾਂਡਾ ਘੜਿਆ ਬਣ ਠਠਿਆਰ, ਉਹ ਠੋਕਰ ਰਿਹਾ ਲਗਾਈਆ । ਪੂਰਬ ਜਨਮ ਦਾ ਲਹਿਣਾ ਦੇਣਾ ਨਾ ਕ਼ਰਜ਼ਾ ਰਹੇ ਉਧਾਰ, ਲੇਖਾ ਸਭ ਦੀ ਝੋਲੀ ਪਾਈਆ । ਕਰਨੀ ਦਾ ਕਰਤਾ ਆਪ ਕਰਤਾਰ, ਕ਼ੁਦਰਤ ਦਾ ਕ਼ਾਦਰ ਵੇਖ ਵਖਾਈਆ । ਬਿਨ ਭਗਤਾਂ ਸੰਤਾਂ ਸਾਚਾ ਵਸੇ ਨਾ ਕੋਇ ਘਰ ਬਾਹਰ, ਮਹੱਲ ਅਟਲ ਨਾ ਕੋਇ ਰੁਸ਼ਨਾਈਆ । ਮੁਹੱਬਤ ਵਿਚ ਨਾ ਮਿਲੇ ਯਾਰ, ਹਕ਼ੀਕ਼ਤ ਹੱਕ ਨਾ ਕੋਇ ਸਮਝਾਈਆ । ਮਨ ਵਾਸਨਾ ਸ੍ਰਿਸ਼ਟੀ ਦਿਸੇ ਖ਼ੁਆਰ, ਧੀਰਜ ਧੀਰ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਸੁਣਾਈਆ । ਭਗਤ ਦਵਾਰ ਕਹੇ ਮੈਂ ਆਦਿ ਜੁਗਾਦਿ ਸੰਜੋਗੀ, ਜਨ ਭਗਤਾਂ ਸਾਚਾ ਮੇਲ ਮਿਲਾਈਆ । ਮੇਰਾ ਭੇਵ ਸਮਝੇ ਕੋਇ ਨਾ ਜੋਗੀ, ਜੋਗੀਸ਼ਰ ਸਾਰ ਕਿਸੇ ਨਾ ਆਈਆ । ਜਗਤ ਵਾਸਨਾ ਕੀਤੇ ਰੋਗੀ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਆਤਮ ਪਰਮਾਤਮ

ਜਨ ਭਗਤਾਂ ਨਾਲ ਬਣਾਈ ਸੰਜੋਗੀ, ਮੇਲਾ ਇਕੋ ਘਰ ਬਣਾਈਆ । ਕੂੜੀ ਕਿਰਿਆ ਰਹੇ ਨਾ ਦੋਖੀ, ਹਰਖ ਚਿੰਤਾ ਦਿਆਂ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸਮਝਾਈਆ । ਭਗਤ ਦਵਾਰ ਕਹੇ ਮੈਂ ਭਗਵਨ ਤੇਰਾ ਮੀਤ, ਮਿੱਤਰ ਇਕ ਅਖਵਾਈਆ । ਕਲਜੁਗ ਕੂੜੀ ਬਦਲ ਦੇ ਰੀਤ, ਸਤਿਜੁਗ ਸਤਿ ਧਰਮ ਕਰ ਰੁਸ਼ਨਾਈਆ । ਲੱਖ ਚੁਰਾਸੀ ਵੇਖ ਕੇ ਰੀਤ, ਆਪਣਾ ਨਾਮ ਦੇ ਜਣਾਈਆ । ਚਾਰੇ ਵਰਨ ਗਾਉਂਣ ਇਕੋ ਗੀਤ, ਢੋਲਾ ਧੁਰ ਦਾ ਦੇ ਸਮਝਾਈਆ । ਚਰਨਾਂ ਸੰਗ ਦੱਸ ਪ੍ਰੀਤ, ਪ੍ਰੀਤਮ ਹੋ ਕੇ ਵੇਖ ਵਖਾਈਆ । ਲੇਖਾ ਰਹੇ ਨਾ ਊਚ ਨੀਚ, ਜਾਤ ਪਾਤ ਖਹਿੜਾ ਦੇ ਛੁਡਾਈਆ । ਨਿਰਗੁਨ ਧਾਰ ਵਸ ਤੂੰ ਬੀਚ, ਸਚ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਧੁਰ ਦਾ ਹੁਕਮ ਕਹੇ ਸੁਣੋ ਅਖ਼ੀਰੀ ਅੰਤ, ਅੰਤਮ ਦਿਆਂ ਜਣਾਈਆ । ਕੀ ਖੇਲ ਕਰੇ ਸ੍ਰੀ ਭਗਵੰਤ, ਚਾਰ ਕੁੰਟ ਖੋਜ ਖੁਜਾਈਆ । ਨਵੀਂ ਬਣਾਵਣ ਵਾਲਾ ਬਣਤ, ਸਚ ਸਾਜਣ ਹੋ ਕੇ ਸੇਵ ਕਮਾਈਆ । ਮਾਇਆ ਮਮਤਾ ਕੂੜ ਵਿਕਾਰ ਕਰ ਕੇ ਅੰਤ, ਅੰਤਸ਼ਕਰਨ ਵੇਖੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨ ਇਕ ਸਮਝਾਈਆ । ਪੰਜ ਚੇਤ ਕਹੇ ਮੈਂ ਸਭ ਨੂੰ ਦੱਸਾਂ ਹਾਲ, ਹਾਲਤ ਵੇਖੀ ਜਗਤ ਲੋਕਾਈਆ । ਕੀ ਕਰੇ ਖੇਲ ਪੁਰਖ ਅਕਾਲ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਮਨ ਵਾਸਨਾ ਦੀ ਬਣਾ ਕੇ ਧਰਮਸਾਲ, ਬਿਨ ਅੱਖਾਂ ਰਾਹ ਤਕਾਈਆ । ਜਗਤ ਵਾਸਨਾ ਬਣ ਕੰਗਾਲ, ਸਾਰੇ ਰਹੇ ਕੁਰਲਾਈਆ । ਚਾਰ ਕੁੰਟ ਹਾਲ ਹਾਲ, ਦਹਿ ਦਿਸ਼ਾ ਦਏ ਦੁਹਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਲਮੇ ਵਾਲਾ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਅਗਲਾ ਖੇਲ ਦੱਸੇ ਭਗਵਾਨ, ਸਾਹਿਬ ਸੁਲਤਾਨ ਦਇਆ ਕਮਾਈਆ । ਪੁਰਖ ਅਕਾਲ ਦਾ ਝੁਲਣਾ ਇਕ ਨਿਸ਼ਾਨ, ਨਿਸ਼ਾਨੇ ਸਾਰੇ ਦੇਣੇ ਮਿਟਾਈਆ । ਦੁਨੀਆ ਅੰਦਰ ਦੇਵੇ ਪਹਿਚਾਣ, ਪੜਦਾ ਆਪ ਉਠਾਈਆ । ਸਾਚਾ ਮੰਦਰ ਦੱਸ ਮਹਾਨ, ਮਹਿੰਮਾ ਅਕਥ ਕਥ ਸੁਣਾਈਆ । ਸੁਣੋ ਪੰਜਾਂ ਤੱਤਾਂ ਵਾਲੇ ਇਨਸਾਨ, ਹੁਕਮ ਵਿਚੋਂ ਹੁਕਮ ਆਪ ਬਦਲਾਈਆ । ਆਤਮ ਪਰਮਾਤਮ ਦਾ ਜਾਣੋ ਇਕ ਗਿਆਨ, ਦੂਜੀ ਲੋੜ ਰਹੇ ਨਾ ਰਾਈਆ । ਜਿਸ ਨੇ ਤਖ਼ਤ ਨਿਵਾਸੀ ਹਿਲਾ ਦੇਣੇ ਪਰਧਾਨ, ਪਰਧਾਨਗੀ ਵਿਚੋਂ ਲਏ ਉਠਾਈਆ । ਸ਼ਬਦ ਅਗੰਮੀ ਮਾਰ ਕੇ ਬਾਣ, ਬਾਲ ਅੰਞਾਣੇ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਿ ਧਰਮ ਕਹੇ ਮੈਂ ਕੀ ਦੱਸਾਂ ਅੰਤ, ਕਹਿਣ ਕੁਛ ਨਾ ਪਾਈਆ । ਪੁਰਖ ਅਕਾਲ ਦਾ ਢੋਲਾ ਸੁਣ ਕੇ ਇਕੋ ਮੰਤ, ਮੰਤਰ ਸਾਰੇ ਗਿਆ ਭੁਲਾਈਆ । ਜਿਸਦੇ ਹੁਕਮੇਂ ਅੰਦਰ ਜੀਵ ਜੰਤ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਓਨ੍ਹਾਂ ਭਗਤ ਸੁਹੇਲਾ ਮਾਲਕ ਖ਼ਾਲਕ ਪ੍ਰਿਤਪਾਲਕ ਬਣ ਕੇ ਬਣਾਵੇ ਬਣਤ, ਘੜਨ ਭੰਨਣਹਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਭਗਤ ਦਵਾਰ ਕਹੇ ਮੈਂ ਭਗਤਾਂ ਦਾ ਦਰਬਾਰ, ਦਿਲਾਂ ਦਾ ਮਾਲਕ ਨਜ਼ਰੀ ਆਈਆ । ਗੁਰਮੁਖਾਂ ਦੇ ਕੇ ਸਚ ਇਤਬਾਰ, ਬੇਇਤਬਾਰੀ ਦਿਆਂ ਗਵਾਈਆ । ਪੁਰਖ ਅਕਾਲ ਨੂੰ ਮੰਨੋ ਸਾਂਝਾ ਯਾਰ, ਜਿਸ ਨੇ ਵੰਡ ਨਾ ਕੋਇ ਵੰਡਾਈਆ । ਨਿਰਗੁਣ ਨਾਲ ਕਰੋ ਪਿਆਰ, ਸਰਗੁਣ ਇਸ਼ਟ ਦੇਵ ਸਮਝਾਈਆ । ਸ਼ਬਦੀ ਸ਼ਬਦ ਕਰੋ ਗੁਫ਼ਤਾਰ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਦੀਵਾ ਬਾਤੀ ਕਰੋ ਉਜਿਆਰ, ਨਿਰਗੁਣ ਜੋਤ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਨਜ਼ਰੀ ਆਈਆ । ਸਾਹਿਬ ਕਹੇ ਮੈਂ ਕੀ ਵੇਖੀ ਹਾਲਤ, ਹੱਲੇ ਵਿਚ ਲੋਕਾਈਆ । ਮਨਸਾ ਵਾਲੀ ਜਹਾਲਤ, ਮਮਤਾ ਕਰੇ ਲੜਾਈਆ । ਸਾਚਾ ਕਲਮਾ ਪੜ੍ਹੇ ਨਾ ਕੋਈ ਅਬਾਦਤ, ਕਰਨੀ ਕਾਰ ਨਾ ਕੋਇ ਕਮਾਈਆ । ਸੁਰਤੀ ਦਿਸੇ ਰੂਪ ਨਾ ਜਾਗਰਤ, ਆਲਸ ਨਿੰਦਰਾ ਨਾ ਕੋਇ ਮਿਟਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਦੀ ਲੈਂਦੇ ਸ਼ਹਾਦਤ, ਜੋ ਆਪਣੀ ਆਪ ਦੇ ਨਾ ਸਕਣ ਸਫ਼ਾਈਆ । ਜਿਨ੍ਹਾਂ ਨੂੰ ਪੜ੍ਹ ਸੁਣ ਕੇ ਮਨ ਨੂੰ ਹੋਵੇ ਬਗ਼ਾਵਤ, ਦੀਨ ਦੁਨੀ ਕਰੇ ਲੜਾਈਆ । ਕੋਟਨ ਕੋਟ ਅੱਖਰ ਮੇਟ ਨਾ ਸਕਣ ਅਦਾਵਤ, ਝਗੜਾ ਝਗੜ ਨਾ ਮੂਲ ਚੁਕਾਈਆ । ਜਿੰਨਾਂ ਚਿਰ ਪੁਰਖ ਅਕਾਲ ਦੀਨ ਦਿਆਲ ਆਪਣੇ ਪ੍ਰੇਮ ਦੀ ਕਰੇ ਨਾ ਆਪ ਸਿਖ਼ਾਵਤ, ਵਸਤ ਅਮੋਲਕ ਕਾਇਆ ਗੋਲਕ ਹੱਥ ਕਿਸੇ ਨਾ ਆਈਆ । ਸਿਖ਼ਾਵਤ ਕਹੇ ਮੈਂ ਪ੍ਰਭ ਨੂੰ ਕਹਿਣਾ ਬਣ ਜਾ ਸਖ਼ੀ, ਵਸਤ ਅਗੰਮੀ ਦੇ ਵਰਤਾਈਆ । ਜਿਹੜੀ ਜੁਗ ਚੌਕੜੀ ਸਾਂਭ ਕੇ ਰਖੀ, ਪੜਦਾ ਦੇ ਖੁਲ੍ਹਾਈਆ । ਜਨ ਭਗਤਾਂ ਵਖਾ ਆਪਣੀ ਅੱਖੀਂ, ਸਿਫ਼ਤਾਂ ਵਿਚੋਂ ਬਾਹਰ ਕਢਾਈਆ । ਮਿਹਰਵਾਨ ਹੋ ਕੇ ਪਤ ਰਖੀਂ, ਅੰਤ ਨਾ ਕਰੀਂ ਜੁਦਾਈਆ । ਸਭ ਨੂੰ ਤੇਰੀ ਪ੍ਰੀਤ ਲੱਗੇ ਅੱਛੀ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਮਿਹਰਵਾਨ ਮਹਿਬੂਬ ਬਿਨ ਅੱਖਾਂ ਮਿਲਾਏ ਆਪਣੀ ਅੱਖੀਂ, ਆਖ਼ਰ ਆਪਣੀ ਮੰਜ਼ਲ ਇਕ ਚੜ੍ਹਾਈਆ । ਜਿਥੇ ਤੱਤਾਂ ਵਾਲੀ ਨਜ਼ਰ ਨਾ ਆਵੇ ਸਖ਼ੀ, ਆਤਮ ਪਰਮਾਤਮ ਵੱਜੇ ਵਧਾਈਆ । ਮਾਲਕ ਧੁਰ ਦਾ ਬਣ ਜਾ ਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਤੇਰੇ ਨਾਮ ਦੀ ਪੜ੍ਹੀਏ ਪੱਟੀ, ਦੂਜੇ ਕਲਮੇ ਦੀ ਲੋੜ ਰਹੇ ਨਾ ਰਾਈਆ । ਬਿਰਹੋਂ ਵੈਰਾਗਣ ਗਈ ਫੱਟੀ, ਘਾਓ ਡੂੰਘਾ ਨਜ਼ਰ ਨਾ ਆਈਆ । ਬਿਨਾ ਦਾਨ ਤੋਲ ਤੋਂ ਦੇਦੇ ਨਾਮ ਦੀ ਰਤੀ, ਜੋ ਰਤਨ ਅਮੋਲਕ ਹੀਰੇ ਗੁਰਮੁਖ ਲਏ ਬਣਾਈਆ । ਤੇਰੀ ਧਾਰ ਆਦਿ ਜੁਗਾਦਿ ਕਦੇ ਨਾ ਥੱਕੀ, ਨਿਰਗੁਣ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਦੇ ਜਣਾਈਆ । ਧਰਮ ਦਵਾਰ ਕਹੇ ਭਗਤਾਂ ਦੇਣਾ ਰੰਗ, ਅਨਡਿਠੜਾ ਆਪ ਚੜ੍ਹਾਈਆ । ਸਭ ਦੀ ਪੂਰੀ ਕਰ ਕੇ ਮੰਗ, ਮੰਗਤੇ ਘਰ ਘਰ ਦੇਣੇ ਟਿਕਾਈਆ । ਕਿਸੇ ਰਹੇ ਨਾ ਭੁੱਖ ਨੰਗ, ਦੁਖੀਆਂ ਦਰਦ ਨਾ ਕੋਇ ਸਤਾਈਆ । ਕੂੜੀ ਕਿਰਿਆ ਮੇਟ ਘਮੰਡ, ਮਨ ਕਾ ਮਣਕਾ ਦੇਣਾ ਭਵਾਈਆ । ਸਤਿ ਸਚ ਚਾੜ੍ਹ ਕੇ ਚੰਦ, ਅੰਧ ਅੰਧੇਰਾ ਦੇਣਾ ਗਵਾਈਆ । ਢੋਲਾ ਇਕੋ ਗਾਓ ਛੰਦ, ਸਾਚੀ ਸਚ ਕਰੋ ਪੜ੍ਹਾਈਆ । ਜੋ ਸਚ ਦਰਬਾਰੇ ਗਿਆ ਲੰਘ, ਦਿੱਲੀ ਦਲੀਲ ਵੱਜੇ ਵਧਾਈਆ । ਧਰਮ ਦਵਾਰ ਦਾ ਲਏ ਅਨੰਦ, ਧੀਰਪੁਰ ਦੀ ਧਾਰ ਬਣਾਈਆ । ਭਗਤ ਉਧਾਰਨ ਵਾਲਾ ਕਰ ਕੇ ਢੰਗ, ਆਪਣਾ ਖੇਲ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਭਗਤ ਦਵਾਰ ਕਹੇ ਜੋ ਆ ਗਏ ਅਗੇ ਸਾਥੀ, ਪੂਰਬ ਪਿਛਲਾ ਪੰਧ ਮੁਕਾਈਆ । ਸਤਿ ਧਰਮ ਦੇ ਮੇਰੇ ਬਣ ਗਏ ਜਮਾਤੀ, ਜਿਨ੍ਹਾਂ ਦੀ ਇਕੋ ਇਕ ਪੜ੍ਹਾਈਆ । ਨਾਮ ਭੰਡਾਰਾ ਖ਼ੈਰ ਮਿਲਿਆ ਕੋਲੋਂ ਖ਼ੈਰਾਇਤੀ, ਖੈਰਖਾਹ ਹੋ ਕੇ ਝੋਲੀ ਪਾਈਆ । ਜਨ ਭਗਤੋ ਤੁਹਾਡੀ ਥੋੜੀ ਦਿਸੇ ਅਬਾਦੀ, ਬਹੁਤੇ ਛੇਤੀ ਦੇਣੇ ਖਪਾਈਆ । ਪ੍ਰਭ ਦੀ ਕਾਰ ਵਰਤਣੀ ਡਾਢ੍ਹੀ, ਨਾ ਕੋਈ ਮੇਟੇ ਮੇਟ ਮਿਟਾਈਆ । ਚੁਲ੍ਹੇ ਕੂੜ ਚੜ੍ਹੇ ਨਾ ਹਾਂਡੀ, ਢਾਂਡੀ ਮੁਖ ਕੋਇ ਨਾ ਖਾਈਆ । ਕਿਸੇ ਕੰਮ ਨਾ ਆਵੇ ਸੋਨਾ ਚਾਂਦੀ, ਰੁਪਾ ਰੰਗ ਨਾ ਕੋਇ ਵਖਾਈਆ । ਦੁਨੀਆ ਦੀਨ ਦੀ ਹੋਵੇ ਬਾਂਦੀ, ਬੰਦਨਾ ਭੁੱਲੇ ਲੋਕਾਈਆ । ਜਿਹੜੇ ਪੂਜਾ ਕਰਦੇ ਗਾਂਧੀ, ਗੰਦਲ ਉਨ੍ਹਾਂ ਦੀ ਦੇਣੀ ਤੁੜਾਈਆ । ਕਲਜੁਗ ਅੰਤ ਔਧ ਹੈ ਜਾਂਦੀ, ਨਾ ਸਕੇ ਕੋਇ ਬਚਾਈਆ । ਪੁਰਖ ਅਕਾਲ

ਆ ਗਿਆ ਫਾਂਦੀ, ਲੱਖ ਚੁਰਾਸੀ ਰਿਹਾ ਫਸਾਈਆ । ਜੋ ਤੀਰਥ ਤਟਾਂ ਰਹੀ ਧਿਆਂਦੀ, ਤਿਨ੍ਹਾਂ ਵੇਖੇ ਥਾਉਂ ਥਾਈਂਆ । ਜਿਹੜੇ ਰਸਨਾ ਢੋਲੇ ਰਹੀ ਗਾਂਦੀ, ਕੂਕ ਕੂਕ ਸੁਣਾਈਆ । ਪ੍ਰਭ ਖੇਲ ਜਾਣੇ ਥਾਂ ਥਾਂ ਦੀ, ਬਚਿਆ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਭਗਤ ਦਵਾਰ ਕਹੇ ਜੋ ਚਲ ਕੇ ਆਏ ਪਾਂਧੀ, ਦੂਰ ਦੁਰਾਡਾ ਪੰਧ ਮੁਕਾਈਆ । ਓਨ੍ਹਾਂ ਦੀ ਪੁਰਖ ਅਕਾਲ ਨਾਲ ਨਿਰਮਲ ਧਾਰ ਹੋਵੇ ਸ਼ਾਦੀ, ਆਤਮ ਪਰਮਾਤਮ ਜੋੜ ਜੁੜਾਈਆ । ਮਨ ਵਾਸਨਾ ਦਾ ਰਹਿਵੇ ਕੋਇ ਨਾ ਆਦੀ, ਆਦਤ ਅਗੇ ਦਏ ਬਦਲਾਈਆ । ਸੋਈ ਸੁਰਤ ਸਵਾਣੀ ਜਾਗੀ, ਸ਼ਬਦ ਹਲੂਣੇ ਲਿਆ ਉਠਾਈਆ । ਜਨ ਭਗਤ ਹੋਏ ਵਡ ਵਡਭਾਗੀ, ਭਾਗ ਹਿੱਸਾ ਸਭ ਦਾ ਝੋਲੀ ਪਾਈਆ । ਗੁਰਮੁਖੋ ਥੋੜੇ ਸਮੇਂ ਅੰਦਰ ਬਹੁਤੀ ਘਟ ਜਾਣੀ ਆਬਾਦੀ, ਅਬਾਦਤ ਵਾਲੇ ਗੁਰਮੁਖ ਲਏ ਬਚਾਈਆ । ਪ੍ਰਭ ਦਾ ਰਹਿਣ ਨਹੀਂ ਦੇਣਾ ਕੋਈ ਬਾਗ਼ੀ, ਬਗ਼ਾਵਤ ਵਾਲਿਆਂ ਦੀ ਕਰਨੀ ਸਫ਼ਾਈਆ । ਝਗੜਾ ਮੁਕਾ ਕੇ ਚਾਰ ਕੁੰਟ ਦਹਿ ਦਿਸ਼ਾ ਭੇਵ ਰਹੇ ਨਾ ਹਿੰਦੂ ਪੰਜਾਬੀ, ਪੰਜਾਂ ਦਾ ਮਾਲਕ ਇਕੋ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਕਰਨੀ ਕਾਰ ਕਮਾਈਆ । ਭਗਤ ਦਵਾਰ ਕਹੇ ਜੋ ਆ ਗਏ ਗੁਰਮੁਖ ਚਲ, ਚਲਿਤਰ ਪ੍ਰਭ ਦਾ ਵੇਖ ਵਖਾਈਆ । ਸਚ ਦਵਾਰ ਬੈਠੇ ਮੱਲ, ਮਲਕੁਲਮੌਤ ਨਾ ਦਏ ਸਜ਼ਾਈਆ । ਸਾਚੀ ਧਾਰ ਅੰਦਰ ਗਏ ਰਲ, ਜਿਥੋਂ ਹੋਵੇ ਨਾ ਕਦੇ ਜੁਦਾਈਆ । ਪਹਿਲਾ ਸਾਲ ਹੁਕਮ ਨਾਲ ਗਿਆ ਚਲ, ਦੂਜਾ ਆਪਣਾ ਰੰਗ ਬਦਲਾਈਆ । ਸ਼ਾਹ ਸੁਲਤਾਨ ਉਠਣੇ ਮਲ, ਮਲੀਨ ਬੁਧੀ ਵਾਲੇ ਦੇਣੇ ਲੜਾਈਆ । ਹੁਕਮ ਸੰਦੇਸ਼ਾ ਇਕੋ ਘੱਲ, ਘਲੂਘਾਰਾ ਦੇਣਾ ਵਖਾਈਆ । ਹਰਿ ਕਾ ਭਾਣਾ ਜਾਏ ਨਾ ਟਲ, ਕੋਟਨ ਟੱਲੀਆਂ ਰਹੇ ਖੜਕਾਈਆ । ਪੁਰਖ ਅਕਾਲ ਦੀਨ ਦਿਆਲ ਆਦਿ ਜੁਗਾਦਿ ਜੁਗ ਚੌਕੜੀ ਕਰੇ ਖੇਲ ਅਛਲ ਅਛੱਲ, ਵਲ ਛਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਧੁਰ ਫ਼ਰਮਾਨਾ ਕਹੇ ਭਗਤੋ ਤੁਹਾਡਾ ਲਹਿਣਾ ਜਗਤ ਅਨੋਖਾ, ਵੱਖਰੀ ਧਾਰ ਨਜ਼ਰੀ ਆਈਆ । ਪੁਰਖ ਅਕਾਲ ਨੇ ਮਾਰਗ ਦੱਸਿਆ ਸੌਖਾ, ਬਿਨ ਅੱਖਰਾਂ ਰਿਹਾ ਪੜ੍ਹਾਈਆ । ਨਾਤਾ ਤੁੱਟ ਗਿਆ ਜਗਤ ਪੋਥਾ, ਪੁਸਤਕ ਬਗ਼ਲ ਨਾ ਕੋਇ ਟਿਕਾਈਆ । ਧੁਰ ਦਾ ਮਾਲਕ ਮਿਲ ਗਿਆ ਕਾਇਆ ਕਾਅਬੇ ਸਾਚੇ ਕੋਠਾ, ਜਗਤ ਕੁਟੀਆ ਵਿਚ ਆਸਣ ਨਾ ਕੋਇ ਲਾਈਆ । ਕਰ ਪਰਕਾਸ਼ ਨਿਰਮਲ ਜੋਤਾ, ਜੋਤੀ ਜੋਤ ਡਗਮਗਾਈਆ । ਨਾਮ ਖ਼ੁਮਾਰੀ ਅੰਦਰ ਕਰ ਮਦਹੋਸ਼ਾ, ਦੂਨੀ ਦਾ ਦੀਨ ਦਿਤਾ ਬਦਲਾਈਆ । ਅਗੇ ਰਹਿਣ ਨਾ ਦੇਵੇ ਕੋਈ ਸੋਚਾ, ਸੋਚ ਸਮਝ ਤੋਂ ਬਾਹਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪਣੇ ਮਿਲਣ ਦਾ ਦੇ ਕੇ ਮੌਕਾ, ਸ੍ਰਿਸ਼ਟ ਸਬਾਈ ਦਏ ਰੁੜ੍ਹਾਈਆ । ਭਗਤ ਦਵਾਰ ਕਹੇ ਮੇਰੀ ਸੁਣ ਲਓ ਸੱਚੀ ਪੂਜਾ, ਪੁੱਜ ਕੇ ਦਿਆਂ ਸੁਣਾਈਆ । ਬਿਨਾ ਪੁਰਖ ਅਕਾਲ ਤੋਂ ਕੋਈ ਨਾਂ ਨਹੀਂ ਬਣਨਾ ਦੂਜਾ, ਢੋਲਾ ਸੋਹਲਾ ਇਕ ਸੁਣਾਈਆ । ਇਹ ਭੇਵ ਨਹੀਂ ਗੁਝਾ, ਸਨਮੁਖ ਹੋ ਕੇ ਰਿਹਾ ਸੁਣਾਈਆ । ਕਲਜੁਗ ਅੰਤ ਭਾਂਡਾ ਹੋਣਾ ਮੂਧਾ, ਫੜ ਕੇ ਸਕੇ ਨਾ ਕੋਇ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵਣਹਾਰ ਵਡਿਆਈਆ । ਜਨ ਭਗਤ ਤੇਰੀ ਆਈ ਸੱਚੀ ਵਾਰੀ, ਵਾਰਤਾ ਪਿਛਲੀ ਰਿਹਾ ਦੁਹਰਾਈਆ । ਪੁਰਖ ਅਕਾਲ ਨਾਲ ਲੱਗੀ ਅਨੋਖੀ ਯਾਰੀ, ਯਾਦਗਾਰ ਰਿਹਾ ਬਣਾਈਆ । ਪੰਜ ਚੇਤ ਚਾਰ ਜੁਗ ਤੱਕ ਲੇਖੇ ਲੱਗਦੀ ਰਹੇ ਦਿਹਾੜੀ, ਦਿਵਸ ਰੈਣ ਇਕੋ ਰੰਗ ਚੜ੍ਹਾਈਆ । ਕਲਜੁਗ

ਕੂੜੀ ਕਿਰਿਆ ਸਭ ਦੀ ਕਿਸਮਤ ਕੀਤੀ ਮਾੜੀ, ਮੜ੍ਹੀ ਗੋਰ ਬੈਠੀ ਰਾਹ ਤਕਾਈਆ । ਅੰਤ ਵਾਸਾ ਹੋਣਾ ਵਿਚ ਉਜਾੜੀ, ਉਜੜਿਆਂ ਫੇਰ ਨਾ ਕੋਇ ਵਸਾਈਆ । ਜਨ ਭਗਤੋ ਤੁਹਾਡੀ ਲੇਖੇ ਲੱਗੀ ਅੱਜ ਦੀ ਦਿਹਾੜੀ, ਅਗੇ ਪੂਜਾ ਪਾਠ ਸਿਮਰਨ ਜੋਗ ਅਭਿਆਸ ਤੋਂ ਦੇਵੇ ਲੰਘਾਈਆ । ਦਰਸ਼ਨ ਦੇਵੇ ਅਨੇਕ ਵਾਰੀ, ਗਿਣਤੀਆਂ ਵਿਚੋਂ ਲੇਖਾ ਬਾਹਰ ਦੇਵੇ ਕਢਾਈਆ । ਪੁਰਖ ਅਕਾਲ ਬਣ ਕੇ ਵੱਡਾ ਬਲਕਾਰੀ, ਬਲ ਆਪਣਾ ਦਏ ਜਣਾਈਆ । ਕੋਈ ਰਹਿਣ ਨਾ ਦੇਵੇ ਰਾਜਾ ਛਤਰਧਾਰੀ, ਸ਼ਤਰੂਆਂ ਨਾਲ ਸ਼ਤਰੂ ਦੇਣੇ ਲੜਾਈਆ । ਇਕੋ ਜੋਤ ਜਗੇ ਨਿਰੰਕਾਰੀ, ਦੋ ਜਹਾਨਾਂ ਕਰੇ ਰੁਸ਼ਨਾਈਆ । ਸਚ ਦਵਾਰ ਉਤੇ ਸਤਿ ਦੀ ਆਏ ਵਾਰੀ, ਵਾਰਤਾ ਪਿਛਲੀ ਜਾਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਭਗਤਾਂ ਲੇਖਾ ਰਿਹਾ ਵਖਾਈਆ । ਪੰਜ ਚੇਤ ਕਹੇ ਮੈਨੂੰ ਸਮਝੇ ਕੋਈ ਨਾ ਸਾਧ, ਜਗਤ ਸੰਤ ਸਾਰ ਕੋਇ ਨਾ ਆਈਆ । ਮੇਰੇ ਕੋਲੋਂ ਖਟੇ ਕੋਈ ਨਾ ਲਾਭ, ਵਸਤ ਅਮੋਲਕ ਝੋਲੀ ਨਾ ਕੋਇ ਪਵਾਈਆ । ਮੈਂ ਪ੍ਰਭ ਦੇ ਕੋਲੋਂ ਸਭ ਨੂੰ ਕੇਰਾ ਦਵਾ ਦੇਣਾ ਜਵਾਬ, ਅਗੇ ਗੁੰਜਾਇਸ਼ ਨਾ ਕੋਇ ਰਖਾਈਆ । ਸ੍ਰਿਸ਼ਟੀ ਨੇ ਤਰਸਣਾ ਬੂੰਦ ਸਵਾਂਤੀ ਆਬ, ਆਬੇਹਯਾਤ ਮੁਖ ਨਾ ਕੋਇ ਚੁਆਈਆ । ਕਿਸੇ ਕੰਮ ਨਾ ਆਉਣਾ ਖਾਧਾ ਕਬਾਬ, ਕ਼ਬਰਾਂ ਵਿਚ ਸਾਰੇ ਰਹੇ ਕੁਰਲਾਈਆ । ਸਾਰੇ ਕਰ ਕੇ ਲਾਜਵਾਬ, ਜਵਾਬਤਲਬੀ ਵਿਚ ਸਚ ਦਵਾਰੇ ਦਏ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਬਣ ਕੇ ਨਵਾਬ, ਨੌਬਤ ਇਕੋ ਦਏ ਸੁਣਾਈਆ । ਭਗਤ ਦਵਾਰ ਕਹੇ ਮੇਰਾ ਕਿੱਡਾ ਸੋਹਣਾ ਆਇਆ ਵਕ਼ਤ, ਭਵਿਖਤ ਪਿਛਲਾ ਲੇਖ ਮੁਕਾਈਆ । ਅਗੇ ਲਹਿਣਾ ਵਿਚ ਜਗਤ, ਜੁਗਤੀ ਭਗਤਾਂ ਰਿਹਾ ਸਮਝਾਈਆ । ਇਕੋ ਪੁਰਖ ਅਕਾਲ ਦੇ ਮਿਲਣ ਦਾ ਵਕ਼ਤ, ਦੂਜੀ ਘੜੀ ਵੰਡ ਨਾ ਕੋਇ ਵੰਡਾਈਆ । ਕਲਜੁਗ ਅੰਤ ਤਾਰਨ ਵਾਲਾ ਇਕੋ ਫ਼ਕਤ, ਜੋ ਫ਼ਿਕਰ ਸਾਰੇ ਦਏ ਮਿਟਾਈਆ । ਓਸ ਦੇ ਕੋਲ ਆਪਣੀ ਧੁਰ ਦੀ ਸ਼ਕਤ, ਦੂਜੇ ਦਰ ਮੰਗਣ ਨਾ ਜਾਈਆ । ਨਿਰਗੁਣ ਹੋ ਕੇ ਆਇਆ ਉਤੇ ਫ਼ਰਸ਼, ਸਰਗੁਣ ਦੇਵੇ ਮਾਣ ਵਡਿਆਈਆ । ਜਨ ਭਗਤੋ ਤੁਹਾਡੇ ਉਤੇ ਕਰ ਕੇ ਤਰਸ, ਰਹਿਮਤ ਆਪਣੀ ਰਿਹਾ ਕਮਾਈਆ । ਵੇਖਿਓ ਨਜ਼ਾਰਾ ਕੀ ਕੀ ਹੁੰਦਾ ਇਸ ਦੂਜੇ ਬਰਸ, ਬਰਸੀ ਗਾਵਣ ਵਾਲੇ ਸਾਰੇ ਦੇਣ ਦੁਹਾਈਆ । ਪੁਰਖ ਅਕਾਲ ਆਪ ਬੈਠਣਾ ਨਿਧੜਕ, ਧੜਕੇ ਵਿਚ ਦੀਨ ਦੁਨੀ ਦਏ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਅੰਦਰ ਪੈਣ ਨਾ ਦੇਵੇ ਫ਼ਰਕ਼, ਫ਼ਿਰਕਿਆਂ ਵਾਲੇ ਫ਼ਿਰਕੇ ਵੇਖ ਵਖਾਈਆ । ਭਗਤ ਦਵਾਰ ਕਹੇ ਮੈਂ ਕੋਈ ਖਿੱਚੀ ਨਹੀਂ ਭਗੌਤੀ, ਚੰਡੀ ਹੱਥ ਨਾ ਕੋਇ ਉਠਾਈਆ । ਮੈਂ ਕੋਈ ਖੇਲ ਦੱਸਣੀ ਨਹੀਂ ਬਹੁਤੀ ਧੁਰ ਦਾ ਹੁਕਮ ਸਹਿਜ ਨਾਲ ਜਣਾਈਆ । ਸ੍ਰਿਸ਼ਟੀ ਕੋਟਾਂ ਵਿਚ ਦਿਸੇ ਔਤੀ, ਅਗੇ ਜੜ੍ਹ ਨਾ ਕੋਇ ਲਗਾਈਆ । ਮੁਕਾਮੇ ਹੱਕ ਮੂਲ ਨਾ ਪਹੁੰਚੀ, ਸਚਖੰਡ ਨਾ ਕੋਇ ਰੁਸ਼ਨਾਈਆ । ਕਿਸੇ ਕੰਮ ਨਾ ਆਈ ਬੁਧੀ ਵਾਲੀ ਸੋਚ ਸੋਚੀ, ਜਗਤ ਵਾਲੀ ਪੜ੍ਹਾਈਆ । ਬਣ ਗਏ ਜਨਮ ਜਨਮ ਦੇ ਰੋਗੀ, ਕਰਮ ਕਰਮ ਦਾ ਗੇੜ ਰਖਾਈਆ । ਬਿਨਾ ਭਗਤਾਂ ਧੁਰ ਦੇ ਬਣੇ ਨਾ ਮੂਲ ਸੰਜੋਗੀ, ਸਾਚਾ ਮੇਲ ਨਾ ਕੋਇ ਕਰਾਈਆ । ਜਨ ਭਗਤੋ ਤੁਹਾਡੇ ਬਿਨਾ ਕਿਸੇ ਨੂੰ ਆਉਣ ਨਹੀਂ ਦੇਂਦਾ ਸੋਝੀ, ਸੁਤਿਆਂ ਦੀ ਰੈਣ ਰਹੀ ਵਿਹਾਈਆ । ਰੈਣ ਕਹੇ ਮੈਂ ਭਿੰਨੜ ਭਿੰਨੀ, ਭਾਗਾਂ ਵਾਲੀ ਫੇਰੀ ਪਾਈਆ । ਮੈਂ ਵੇਖੀ ਪਰਮ ਪੁਰਖ ਦੀ ਭਗਤਾਂ ਵਾਲੀ ਸੰਗਤ ਕਿੰਨੀ, ਕਿੰਨੇ ਆਪਣੇ ਨਾਲ ਮਿਲਾਈਆ । ਸਚ ਪੁਛੋ ਛੇ ਹਜ਼ਾਰ ਸੱਤ ਸੌ ਤਰੇਠ ਜਿਨ੍ਹਾਂ ਦੀ ਗਿਣਤੀ ਗਿਣੀ, ਗਿਣ ਕੇ ਦਿਆਂ ਸਮਝਾਈਆ । ਉਹਨਾਂ ਦੀ ਅੱਖ ਨਹੀਂ ਅੰਦਰੋਂ ਅੰਨ੍ਹੀ, ਅੰਨ੍ਹਿਆਂ ਦੇ

ਸੁਜਾਖੇ ਅੰਦਰੋਂ ਰੂਪ ਦਏ ਬਦਲਾਈਆ । ਪੰਜ ਚੇਤ ਤੋਂ ਬਾਅਦ ਬਹੁਤਿਆਂ ਨੂੰ ਦਰਸ਼ਨ ਹੋਵੇ ਦਿਨ ਦੀਵੀ, ਸਾਖਿਆਤ ਅਗੇ ਖਲੋਤਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਈਆ । ਭਗਤ ਦਵਾਰ ਕਹੇ ਭਗਵਾਨ ਬਦਲ ਲੈ ਆਪਣਾ ਰੂਪ, ਅਨੂਪ ਦੇ ਬਦਲਾਈਆ । ਤੂੰ ਮਾਲਕ ਧੁਰ ਦਾ ਭੂਪ, ਭੂਪਤ ਤੇਰੀ ਓਟ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਰ ਕੇ ਗਏ ਕੂਚ, ਕੂਚਾ ਗਲੀ ਖ਼ਾਲੀ ਦਏ ਦੁਹਾਈਆ । ਸਾਚੀ ਆਵੇ ਕਿਸੇ ਨਾ ਸੂਝ, ਭਰਮੇਂ ਵਿਚ ਲੋਕਾਈਆ । ਝਗੜਾ ਰਿਹਾ ਏਕਾ ਦੂਜ, ਭਰਮੇ ਵਿਚ ਲੋਕਾਈਆ । ਕੋਈ ਚੜ੍ਹੇ ਨਾ ਮੰਜ਼ਲੇ ਮਕਸੂਦ, ਨਾਅਰਾ ਹੱਕ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦੇ ਦ੍ਰਿੜਾਈਆ । ਸਾਚਾ ਹੁਕਮ ਕਹੇ ਮੈਂ ਕਰਨ ਵਾਲਾ ਫੁਰਤੀ, ਫੁਰਤੀਲਾ ਹੋ ਕੇ ਦਿਆਂ ਜਣਾਈਆ । ਮੈਂ ਕਿਸੇ ਨੂੰ ਪੂਜਣ ਨਹੀਂ ਦੇਣੀ ਕੋਈ ਮੂਰਤੀ, ਮੂਰਤ ਅਕਾਲ ਇਕੋ ਦੇਣੀ ਜਣਾਈਆ । ਜਨ ਭਗਤੋ ਹੁਣ ਇਹ ਗੱਲ ਨਹੀਂ ਦੂਰ ਦੀ, ਦੂਰ ਦੁਰਾਡਾ ਪੈਂਡਾ ਰਿਹਾ ਮੁਕਾਈਆ । ਇਹ ਖੇਲ ਹੋਣੀ ਸਰਬ ਕਲਾ ਭਰਪੂਰ ਦੀ, ਜੋ ਖ਼ਾਲੀ ਭਾਂਡੇ ਦਏ ਭਰਾਈਆ । ਇਹ ਧਾਰ ਪਰਗਟਾਉਣੀ ਇਕ ਨੂਰ ਦੀ, ਜੋ ਨੂਰੋ ਨੂਰ ਕਰੇ ਰੁਸ਼ਨਾਈਆ । ਇਹ ਕੋਈ ਚੋਟੀ ਨਹੀਂ ਕੋਹਤੂਰ ਦੀ, ਜੋ ਮੂਸਾ ਮੂੰਹ ਦੇ ਭਾਰ ਸੁਟਾਈਆ । ਇਹ ਖੇਲ ਹਾਜ਼ਰ ਹਜ਼ੂਰ ਦੀ, ਜੋ ਹਜ਼ਰਤਾਂ ਨਾਲੋਂ ਨਾਤੇ ਰਿਹਾ ਤੁੜਾਈਆ । ਤੁਹਾਡੀ ਸੇਵਾ ਨਹੀਂ ਕਿਸੇ ਮਜ਼ਦੂਰ ਦੀ, ਜੋ ਟਕਿਆਂ ਵਾਲੀ ਵੰਡ ਵੰਡਾਈਆ । ਤੁਹਾਡੀ ਮੁਹੱਬਤ ਸਦਾ ਮਨਜ਼ੂਰ ਦੀ, ਮਨਜ਼ੂਰੀ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦਏ ਵਡਿਆਈਆ । ਸਚ ਦਵਾਰਾ ਵੇਖਣਾ ਧੁਰ ਧਾਮ, ਹਰਿ ਕਰਤਾ ਆਪ ਜਣਾਈਆ । ਤੁਹਾਡਾ ਮਾਲਕ ਇਕੋ ਰਾਮ, ਹਰ ਘਟ ਰਮਿਆਂ ਦਏ ਵਖਾਈਆ । ਤੁਹਾਡਾ ਸਾਲਸ ਇਕੋ ਕਾਹਨ, ਜੋ ਫ਼ੈਸਲਾ ਧੁਰ ਦਾ ਏਕਾ ਦਏ ਸੁਣਾਈਆ । ਤੁਹਾਡਾ ਮਾਲਕ ਇਕ ਅਮਾਮ, ਜੋ ਅਮਲਾਂ ਤੋਂ ਬਾਹਰ ਦਏ ਕਢਾਈਆ । ਉਸਦਾ ਸਜਦਾ ਇਕ ਕਲਾਮ, ਜੋ ਕਲਮਾ ਕਾਇਨਾਤ ਵਿਚੋਂ ਬਾਹਰ ਦਏ ਸੁਣਾਈਆ । ਕਲਜੁਗ ਅੰਤਮ ਹੋ ਮਿਹਰਵਾਨ, ਹੁਕਮ ਆਪਣਾ ਰਿਹਾ ਜਣਾਈਆ । ਜਨ ਭਗਤੋ ਭਗਤ ਦਵਾਰੇ ਉਤੇ ਚੜ੍ਹ ਗਿਆ ਸੱਤ ਰੰਗ ਨਿਸ਼ਾਨ, ਨਿਸ਼ਾਨੇ ਸਭ ਦੇ ਦਏ ਉਠਾਈਆ । ਜਿਨ੍ਹਾਂ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦਾ ਗਾਇਆ ਗਾਣ, ਤਿਨ੍ਹਾਂ ਨੂੰ ਗਾਨੇ ਬੰਨ੍ਹ ਕੇ ਸਗਣਾਂ ਨਾਲ ਆਪਣੇ ਘਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਧਾਰ ਆਇਆ ਵਿਚ ਮੈਦਾਨ, ਮੈਦਾਨ ਸਾਰੇ ਸਾਫ਼ ਕਰਾਈਆ । ਮੈਦਾਨ ਆਇਆ ਵਿਚ ਅਖਾੜੇ, ਪੁਰਖ ਅਕਾਲ ਆਪਣੀ ਫੇਰੀ ਪਾਈਆ । ਨਿੱਕੇ ਨਿੱਕੇ ਰਹਿਣ ਨਹੀਂ ਦੇਣੇ ਵਾੜੇ, ਵਾੜ ਕੰਡਿਆਂ ਵਾਲੀ ਦੇਣੀ ਹਟਾਈਆ । ਇਕੋ ਪੁਰਖ ਅਕਾਲ ਦੇ ਸਭ ਨੂੰ ਕੱਢਣੇ ਪੈਣ ਹਾੜੇ, ਨਿਉਂ ਨਿਉਂ ਸੀਸ ਸਰਬ ਝੁਕਾਈਆ । ਜਨ ਭਗਤ ਸੁਹੇਲੇ ਜਿਸ ਆਪਣੇ ਬਣਾਉਂਣੇ ਧੁਰ ਦੇ ਲਾੜੇ, ਨਾਤਾ ਆਪਣੇ ਨਾਲ ਜੁੜਾਈਆ । ਇਹ ਖੇਲ ਹੋਣ ਵਾਲਾ ਵਿਚ ਹਾੜੇ, ਹਾੜੇ ਕੱਢੇ ਸਰਬ ਲੋਕਾਈਆ । ਕਲਜੁਗ ਜੀਵਾਂ ਬੁਧੀ ਵਾਲੇ ਆਏ ਦਿਨ ਮਾੜੇ, ਸੁਧੀ ਸਚ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਟ ਦੇਵੇ ਜੋ ਟਟੂ ਜਗਤ ਵਾਲੇ ਭਾੜੇ, ਸ਼ਾਹ ਅਸਵਾਰਾ ਇਕੋ ਆਪਣਾ ਅਸਵ ਦਏ ਦੁੜਾਈਆ । ਅਸਵ ਕਹੇ ਮੇਰੀ ਸ਼ਬਦੀ ਦੌੜ, ਕਦਮਾਂ ਵਾਲੀ ਵੰਡ ਨਾ ਕੋਇ ਵੰਡਾਈਆ । ਮੈਂ ਚਾਰ ਕੁੰਟ ਜਾਵਾਂ ਬੌਹੜ, ਭੱਜਾਂ ਚਾਈਂ ਚਾਈਆ । ਕਲਜੁਗ ਅੰਤ

ਸਦੀ ਚੌਧਵੀਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਬੇਈਮਾਨਾਂ ਮਾਰਾਂ ਅਗੰਮਾਂ ਪੌੜ, ਪੌੜੀ ਡੰਡੇ ਉਤੋਂ ਹੇਠਾਂ ਦਿਆਂ ਸੁਟਾਈਆ । ਕਿਸੇ ਨੂੰ ਸਮਝ ਆਉਣ ਨਾ ਦਿਆਂ ਕਿਸ ਧਾਰ ਵਿਚ ਖੇਲੇ ਖੇਲ ਬ੍ਰਾਹਮਣ ਗੌੜ, ਪਾਰਬ੍ਰਹਮ ਬ੍ਰਹਮ ਆਪਣਾ ਹੁਕਮ ਵਰਤਾਈਆ । ਲੱਖਾਂ ਕੋਟਾਂ ਅਰਬਾਂ ਵਿਚੋਂ ਥੋੜ੍ਹਿਆਂ ਉਤੇ ਕਰ ਕੇ ਗ਼ੌਰ, ਗੌਰਵ ਨਾਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤੋ ਵਿਛੜਿਆਂ ਨੂੰ ਰਿਹਾ ਜੋੜ, ਵਿਛੋੜਾ ਅਗਲਾ ਦਏ ਕਟਾਈਆ । ਵਿਛੋੜਾ ਕਹੇ ਮੈਂ ਭਗਤ ਦਵਾਰੇ ਖਾਵਾਂ ਸੁਗੰਦ, ਵਿਚੋਲਾ ਸ੍ਰੀ ਭਗਵਾਨ ਬਣਾਈਆ । ਜਨ ਭਗਤੋ ਤੁਹਾਡਾ ਬੰਦੀਖ਼ਾਨੇ ਵਿਚੋਂ ਨਿਕਲਿਆ ਬੰਦ ਬੰਦ, ਬੰਦਨਾ ਦੱਸੀ ਬੇਪਰਵਾਹੀਆ । ਤੁਹਾਡਾ ਜੋਤੀ ਨੂਰ ਚਮਕਣਾ ਚੰਨ, ਬਿਨਾ ਚੰਦ ਹੋਵੇ ਰੁਸ਼ਨਾਈਆ । ਤੁਹਾਡੇ ਜਨਮ ਮਰਨ ਦਾ ਲੇਖਾ ਹੋਇਆ ਬੰਦ, ਬੰਦੀਆਂ ਤੋਂ ਬੰਦਗੀ ਵਾਲੇ ਬੰਦੇ ਲਏ ਬਣਾਈਆ । ਪੰਜ ਚੇਤ ਦਾ ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਅਨੰਦ, ਸਾਲ ਬਸਾਲਾ ਹੱਥ ਕਿਸੇ ਨਾ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅਗੇ ਤੁਹਾਡਾ ਸਦਾ ਬਣਿਆ ਰਹੇ ਬਖ਼ਸ਼ੰਦ, ਰਹਿਮਤਾਂ ਦਾ ਮਾਲਕ ਹੋ ਕੇ ਆਪਣਾ ਰਹਿਮ ਕਮਾਈਆ । ਤੁਸਾਂ ਖ਼ੁਸ਼ੀ ਨਾਲ ਸੌਂਦਿਆਂ ਜਾਗਦਿਆਂ ਦੋਵੇਂ ਵੇਲੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਾ ਗਾਉਂਣਾ ਛੰਦ, ਅਗੇ ਦੇਵੇ ਨਾ ਕੋਇ ਸਜ਼ਾਈਆ । ਸੱਚਾ ਪ੍ਰੇਮ ਸਚ ਪਿਆਰ ਸਚ ਮੁਹੱਬਤ ਵਿਚ ਤੁਹਾਨੂੰ ਦੇਣਾ ਵੰਡ, ਗੰਢ ਆਪਣੀ ਰਿਹਾ ਖੁਲ੍ਹਾਈਆ । ਤੁਹਾਡੇ ਸੀਨੇ ਪਾ ਕੇ ਠੰਡ, ਆਪਣੇ ਲਾ ਕੇ ਅੰਗ, ਅੰਗਣ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਹੁਕਮ ਦੇ ਕਰ ਪਾਬੰਦ, ਪਾਬੰਦੀ ਸਾਰੀ ਦਏ ਕਟਾਈਆ । ਜਨ ਭਗਤੋ ਤੁਸਾਂ ਸਚ ਪ੍ਰੇਮ ਦੀ ਸਮਝਣਾ ਪਾਬੰਦੀ, ਮੁਹੱਬਤ ਇਕੋ ਨਾਲ ਰਖਾਈਆ । ਲੱਖ ਚੁਰਸੀ ਰਹੇ ਨਾ ਖ਼ਾਨਾਬੰਦੀ, ਬੰਦਗੀ ਆਪਣੀ ਦਏ ਦ੍ਰਿੜਾਈਆ । ਅਗੇ ਪ੍ਰਭ ਨੇ ਖੇਲ ਕਰਨੀ ਬਹੁਰੰਗੀ, ਭੇਵ ਅਭੇਦਾ ਦਏ ਖੁਲ੍ਹਾਈਆ । ਤੁਹਾਡੀ ਧਾਰ ਬਦਲ ਕੇ ਧਾਰ ਕਰਨੀ ਚੰਗੀ, ਚੰਗੀ ਤਰ੍ਹਾ ਆਪਣੇ ਨਾਲ ਰਖਾਈਆ । ਦੁਨੀਆ ਦੀ ਦ੍ਰਿਸ਼ਟੀ ਕਰਨੀ ਅੰਧੀ, ਅਗਿਆਨ ਵਿਚ ਲੋਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਸਦਾ ਪੌਣ ਠੰਡੀ, ਅਗਨੀ ਤਤ ਤੱਤ ਵਿਚ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਦਾ ਸਦਾ ਸਦ ਬਣਿਆ ਰਹੇ ਤੁਹਾਡਾ ਸੰਗੀ, ਸੰਗ ਅੰਦਰੋਂ ਦਏ ਕਢਾਈਆ ।



### ✪ ੭ ਚੇਤ ਸ਼ਹਿਨਸ਼ਾਹੀ ਸੰਮਤ ੨ ਭਗਤ ਸਿੰਘ ਦੇ ਗ੍ਰਿਹ ਇਟਾਰਸੀ ਮਧਿਆ ਪ੍ਰਦੇਸ਼ ✪

ਸੱਤ ਚੇਤ ਕਹੇ ਮੈਂ ਲਈ ਅੰਗੜਾਈ, ਅੰਗ ਅੰਗ ਲਿਆ ਉਠਾਈਆ । ਭਗਤ ਭਗਵਾਨ ਅੰਤਰ ਆਤਮ ਦੀ ਵੇਖਾਂ ਕੁੜਮਾਈ, ਕਰਮ ਕਾਂਡ ਦਾ ਲੇਖਾ ਰਹੇ ਨਾ ਰਾਈਆ । ਬਿਨ ਰਸਨਾ ਜਿਹਵਾ ਵੱਜੇ ਸਚ ਵਧਾਈ, ਨਾਦ ਅਗੰਮੀ ਰਾਗ ਅਲਾਈਆ । ਦੋ ਜਹਾਨ ਖ਼ੁਸ਼ੀਆਂ ਰਹੇ ਮਨਾਈ, ਗੁਰ ਅਵਤਾਰ ਪੈਗ਼ੰਬਰ ਸਿਫ਼ਤ ਸਾਲਾਹੀਆ । ਸੰਤ ਸੁਹੇਲੇ ਵੇਖੇ ਚਾਈਂ ਚਾਈਂ, ਚਾਓ ਘਨੇਰਾ ਇਕ ਦਸਾਈਆ । ਮਿਹਰ ਕਰੇ ਚੇਤ ਵਿਚ ਗੁਸਾਈਂ, ਗਹਿਰ ਗੰਭੀਰ ਵਡੀ ਵਡਿਆਈਆ । ਮਾਲਕ ਖ਼ਾਲਕ ਬਣ ਕੇ ਧੁਰ ਦਾ ਮਾਹੀ, ਮਹਿਬੂਬ ਹੋ ਕੇ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਭਗਤ ਭਗਵਾਨ ਦਾ ਨਾਤਾ ਵੇਖਾਂ ਜੁੜਦਾ, ਜਗ ਨੇਤਰ ਨਾ ਕੋਇ ਖੁਲ੍ਹਾਈਆ ।

ਹੁਕਮ ਸੁਣਾਂ ਅਗੰਮੀ ਸਤਿਗੁਰ ਦਾ, ਜੋ ਸੁਤਿਆਂ ਰਿਹਾ ਜਗਾਈਆ । ਖੇਲ ਕਰੇ ਆਪਣਾ ਆਪ ਸ਼ੁਰੂ ਦਾ, ਸ਼ਰਅ ਦੀ ਲੋੜ ਰਹੇ ਨਾ ਰਾਈਆ । ਜਿਸ ਦਾ ਇਕੋ ਮੰਤਰ ਸੋਹਲਾ ਢੋਲਾ ਫੁਰੂਗਾ, ਜਗਤ ਫੁਰਨੇ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਸਚ ਸਰਨਾਈਆ । ਭਗਤ ਭਗਵਾਨ ਵੇਖਣਾ ਮਿਲਾਪ, ਵਿਚੋਲਾ ਨਜ਼ਰ ਕੋਇ ਨਾ ਆਈਆ । ਨਿਰਗੁਣ ਧਾਰ ਜੋਤ ਸ਼ਬਦ ਦਾ ਜਾਪ, ਅਗੰਮ ਅਥਾਹ ਕਰੇ ਪੜ੍ਹਾਈਆ । ਆਤਮ ਪਰਮਾਤਮ ਨਾਤਾ ਜੋੜ ਕੇ ਲੇਖਾ ਜਾਣ ਕੇ ਪੂਤ ਬਾਪ, ਸਪੂਤ ਆਪਣੇ ਰੰਗ ਰੰਗਾਈਆ । ਨਿਜ ਗ੍ਰਿਹ ਨਿਜ ਮੰਦਰ ਘਰ ਸੁਹੰਜਣੇ ਕਰ ਕੇ ਵਾਸ, ਵਾਸਤਾ ਆਪਣੇ ਨਾਲ ਰਖਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਵਸਤ ਅਮੋਲਕ ਦੇ ਕੇ ਦਾਤ, ਦਾਨੀ ਦਇਆਵਾਨ ਦਇਆ ਕਮਾਈਆ । ਪੂਰਬ ਲੇਖਾ ਲਹਿਣਾ ਦੇਣਾ ਜੁਗ ਚੌਕੜੀ ਦੇਵਣਹਾਰਾ ਆਪ, ਅਨਡਿਠ ਬਿਨ ਮੰਗਿਆਂ ਝੋਲੀ ਪਾਈਆ । ਗੁਰਮੁਖਾਂ ਕਰ ਵਡ ਪਰਤਾਪ, ਜਗਤ ਪਾਪ ਤੋਂ ਲਏ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਕਰ ਕੇ ਦਾਸ, ਦਰਸ ਆਪਣਾ ਦਏ ਦਿਖਾਈਆ । ਜਨ ਭਗਤ ਵੇਖਣੇ ਪ੍ਰਭ ਦੀ ਮੰਜ਼ਲ ਚੜ੍ਹਦੇ, ਬਿਨ ਪੌੜੇ ਡੰਡੇ ਪੰਧ ਮੁਕਾਈਆ । ਸਚ ਦਵਾਰੇ ਵੇਖਣੇ ਖੜ੍ਹਦੇ, ਅਧਵਿਚਕਾਰ ਨਾ ਕੋਇ ਅਟਕਾਈਆ । ਬਿਨ ਅੱਖਾਂ ਦਰਸ਼ਨ ਕਰਦੇ, ਲੋਚਨ ਨੈਣ ਖ਼ੁਸ਼ੀ ਮਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਪੜ੍ਹਦੇ, ਜਸ ਵੇਦ ਪੁਰਾਨ ਨਾ ਸਿਫ਼ਤ ਸਾਲਾਹੀਆ । ਬਿਰਹੋਂ ਵਿਛੋੜੇ ਅੰਦਰ ਵੈਰਾਗੀ ਹੋ ਕੇ ਮਰਦੇ, ਮੁਰੀਦ ਬਿਨਾ ਮੁਰਸ਼ਦ ਆਪਣਾ ਆਪ ਮਿਟਾਈਆ । ਧੁਰ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਘੱਲਦੇ, ਹੱਕ ਹੱਕ ਆਵਾਜ਼ ਅਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਅਬਿਨਾਸ਼ੀ ਕਰਤੇ ਅਸੀਂ ਮੰਗਤੇ ਤੇਰੇ ਘਰ ਦੇ, ਦੂਜਾ ਦਵਾਰ ਨਾ ਕੋਇ ਤਕਾਈਆ । ਸ੍ਰੀ ਭਗਵਾਨ ਹੋ ਮਿਹਰਵਾਨ ਪੜਦੇ ਲਾਹ ਦੇ ਆਪਣੇ ਘਰ ਦੇ, ਓਹਲਾ ਵਿਚ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਭਗਤ ਭਗਵਾਨ ਮਿਲਣ ਦੀ ਰੀਤੀ, ਬਿਨਾ ਪੁਰਖ ਅਕਾਲ ਨਾ ਕੋਇ ਜਣਾਈਆ । ਪਿਛਲੀ ਗਾਥਾ ਅਜੇ ਬੀਤੀ, ਅਗਲਾ ਵਰਨਣ ਆਪਣੇ ਹੱਥ ਰਖਾਈਆ । ਮਿਹਰ ਨਜ਼ਰ ਨਾਲ ਜਨ ਭਗਤ ਚੜ੍ਹਾ ਆਪਣੀ ਚੋਟੀ ਟੀਸੀ, ਮੰਜ਼ਲ ਆਪਣੀ ਪੰਧ ਮੁਕਾਈਆ । ਸਤਿ ਧਰਮ ਦੀ ਬਦਲ ਕੇ ਰੀਤੀ, ਨੀਤੀਵਾਨ ਹੋਏ ਸਹਾਈਆ । ਜਨ ਭਗਤ ਆਤਮਾ ਸਦਾ ਰਹੇ ਜੀਤੀ, ਜਨਮ ਮਰਨ ਨਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆਵਾਨ ਦਇਆ ਆਪ ਕੀਤੀ, ਕੇਤੇ ਵਿਛੜੇ ਲਏ ਮਿਲਾਈਆ ।

### ✪ ੮ ਚੇਤ ਸ਼ਹਿਨਸ਼ਾਹੀ ਸੰਮਤ ੨ ਜੁਗਿੰਦਰ ਸਿੰਘ ਦੇ ਗ੍ਰਿਹ ਇਟਾਰਸੀ ਮਧਿਆ ਪ੍ਰਦੇਸ਼ ✪

ਜਨ ਭਗਤਾਂ ਪ੍ਰਭ ਸਦਾ ਦਰਦੀ, ਦੀਨਾਂ ਨਾਥ ਦਇਆ ਕਮਾਇੰਦਾ । ਜੁਗ ਚੌਕੜੀ ਨਿਤ ਨਵਿਤ ਆਸਾ ਮਨਸਾ ਦੀ ਵੇਖੇ ਅਰਜ਼ੀ, ਅਰਸ਼ੀ ਪ੍ਰੀਤਮ ਪਾਰਬ੍ਰਹਮ ਪਤਿਪਰਮੇਸ਼ਵਰ ਪੜਦਾ ਓਹਲਾ ਫੋਲ ਫੁਲਾਇੰਦਾ । ਪੁਰਖ ਅਕਾਲ ਦੀਨ ਦਿਆਲ ਪਤਿਪਰਮੇਸ਼ਵਰ ਸਹੇਲਾ ਬਣਿਆ ਕਦੇ ਨਾ ਫ਼ਰਜ਼ੀ, ਫ਼ੈਸਲਾ ਹੱਕ ਹਕੀਕਤ ਲਾਸ਼ਰੀਕ ਸ਼ਹਿਨਸ਼ਾਹ ਆਪ ਜਣਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਖੇਲੇ ਖੇਲ ਨਰਾਇਣ ਨਰ ਦੀ, ਬੋਧ ਅਗਾਧਾ ਸ਼ਬਦ

੪੮੫
੧੯

੪੮੬
੧੯

ਅਨਾਦਾ ਧੁਰ ਸੰਦੇਸ਼ਾ ਅਗੰਮ ਰਾਗ ਅਲਾਇੰਦਾ । ਖੇਲ ਜਾਣੇ ਲੱਖ ਚੁਰਾਸੀ ਜੀਵ ਜੰਤ ਘਰ ਘਰ ਦੀ, ਗ੍ਰਿਹ ਮੰਦਰ ਮੰਡਲ ਮੰਡਪ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਤਾਲ ਫੋਲ ਫੁਲਾਇੰਦਾ । ਗੁਰਮੁਖਾਂ ਖੇਲ ਦੱਸ ਕੇ ਪਰਮ ਪੁਰਖ ਪਰਮਾਤਮ ਆਤਮ ਸਾਚੇ ਘਰ ਦੀ, ਕਾਇਆ ਮਾਟੀ ਸਾਚੀ ਹਾਟੀ ਸੇਜਾ ਖਾਟੀ ਪੜਦਾ ਓਹਲਾ ਦਏ ਚੁਕਾਈਆ । ਆਸਾ ਮਨਸਾ ਪੂਰੀ ਕਰੇ ਜੁਗ ਚੌਕੜੀ ਵਰ ਦੀ, ਵਾਹਿਦ ਲਾਸ਼ਰੀਕ ਸਚ ਤੌਫ਼ੀਕ ਮਹਿਬੂਬ ਮੁਹੱਬਤ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਿਹ ਮੰਦਰ ਇਕ ਰੁਸ਼ਨਾਈਆ । ਜਨ ਭਗਤ ਤੇਰਾ ਮਿੱਤਰ ਪਿਆਰਾ ਏਕ, ਏਕੰਕਾਰਾ ਨਜ਼ਰੀ ਆਈਆ । ਏਥੇ ਓਥੇ ਦੋ ਜਹਾਨਾਂ ਦੇਵੇ ਟੇਕ, ਸ੍ਰੀ ਭਗਵੰਤ ਬਣ ਕੇ ਧੁਰ ਦਾ ਕੰਤ, ਸਮਰਥ ਸਵਾਮੀ ਅੰਤਰਜਾਮੀ ਸਿਰ ਆਪਣਾ ਹੱਥ ਟਿਕਾਈਆ । ਸ਼ਬਦ ਗਿਆਨ ਕਰੇ ਬੁਧ ਬਿਬੇਕ, ਮਨ ਵਾਸਨਾ ਕੂੜੀ ਤਨ ਮਾਟੀ ਖ਼ਾਕੀ ਵਜੂਦ ਪਤਿਤ ਪੁਨੀਤ ਦਏ ਬਣਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਨਿਰੰਤਰ ਹੋ ਕੇ ਅੰਤਰ ਖੋਲ੍ਹੇ ਭੇਤ, ਅਛਲ ਅਛੇਦ ਪੜਦਾ ਓਹਲਾ ਬਣ ਵਿਚੋਲਾ ਦੂਈ ਦਵੈਤੀ ਦਏ ਚੁਕਾਈਆ । ਬਿਨ ਕ਼ਲਮ ਸ਼ਾਹੀ ਸ਼ਾਹ ਸੁਲਤਾਨ ਵਡ ਮਿਹਰਵਾਨ ਲਿਖ ਦੇਵੇ ਅਗੰਮਾ ਲੇਖ, ਜੁਗ ਚੌਕੜੀ ਜਿਸ ਨੂੰ ਸਕੇ ਨਾ ਕੋਇ ਬਦਲਾਈਆ । ਏਥੇ ਓਥੇ ਦੋ ਜਹਾਨ ਨਿਰਗੁਣ ਸਰਗੁਣ ਕਰੇ ਆਪਣਾ ਹੇਤ, ਹਿਤਕਾਰੀ ਹੋ ਕੇ ਦਰਸ ਦਿਖਾਏ ਨੇਤਨ ਨੇਤ, ਨਿਜ ਲੋਚਨ ਨੈਣ ਅੱਖ ਖੁਲ੍ਹਾਈਆ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਦੱਸ ਕੇ ਆਪਣੀ ਖੇਡ, ਦੀਆ ਬਾਤੀ ਕਮਲਾਪਾਤੀ ਜੋਤੀ ਜਾਤਾ ਨਿਰਗੁਣ ਨੂਰ ਕਰੇ ਰੁਸ਼ਨਾਈਆ । ਸੰਤ ਸੁਹੇਲੇ ਗੁਰਮੁਖ ਮਿੱਤਰ ਨਿਰਗੁਣ ਸਰਗੁਣ ਧਾਰ ਲੋਕਮਾਤ ਭੇਜ, ਭਜਨ ਬੰਦਗੀ ਸਚ ਮਸ਼ੰਦਗੀ ਹੱਕ ਹਕੀਕਤ ਲਾਸ਼ਰੀਕ ਇਕੋ ਇਕ ਦ੍ਰਿੜਾਈਆ । ਧਾਰ ਦੱਸੇ ਸਚ ਦਵਾਰ ਆਪਣੇ ਅਨੰਦ ਦੀ, ਪਰਮਾਨੰਦ ਪਰਮ ਪੁਰਖ ਪਰਮਾਤਮ ਆਤਮ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਿਸ਼ ਬਖ਼ਸ਼ੇ ਆਪਣੇ ਛੰਦ ਦੀ, ਮਸ਼ੰਦਗੀ ਅਵਰ ਰਹੇ ਨਾ ਰਾਈਆ । ਜਨ ਭਗਤ ਤੇਰਾ ਸਦਾ ਕਿਆਸ, ਕ਼ੀਮਤ ਹਰਿ ਜੂ ਦਏ ਬਦਲਾਈਆ । ਲੇਖਾ ਲਿਖ ਕੇ ਗਿਆ ਵੇਦ ਵਿਆਸ, ਸ਼ਹਾਦਤ ਲੇਖਣੀ ਰਹੀ ਭੁਗਤਾਈਆ । ਸਾਹਿਬ ਸਤਿਗੁਰ ਪੁਰਖ ਬਿਧਾਤਾ ਭਗਵਨ ਹੋ ਕੇ ਵਸੇ ਭਗਤਾਂ ਪਾਸ, ਵੇਸ ਅਵੇਸਾ ਨਿਰਗੁਣ ਸਰਗੁਣ ਆਪਣਾ ਰੂਪ ਬਦਲਾਈਆ । ਨਿਰਗੁਣ ਨੂਰ ਜਲਵਾਗਰ ਜੋਤੀ ਜੋਤ ਕਰੇ ਪਰਕਾਸ਼, ਅੰਧ ਅਗਿਆਨ ਵਿਚ ਜਹਾਨ ਸ੍ਰੀ ਭਗਵਾਨ ਮੇਟੇ ਥਾਉਂ ਥਾਈਂਆ । ਲੇਖਾ ਜਾਣੇ ਪੌਣ ਪਵਣਾ ਵਿਚੋਂ ਸਵਾਸ, ਝਗੜਾ ਮੁਕਾ ਕੇ ਪ੍ਰਿਥਮੀ ਆਕਾਸ਼, ਪਰਕਾਸ਼ ਵਿਚੋਂ ਪਰਕਾਸ਼ ਦਏ ਪਰਗਟਾਈਆ । ਸਚ ਦਵਾਰਾ ਬਖ਼ਸ਼ੇ ਇਕ ਨਿਵਾਸ, ਪਰਭਾਸ ਵਿਚ ਲੱਭਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਮਾਨਸ ਜਨਮ ਕਰੇ ਰਾਸ, ਰਸਤਾ ਇਕੋ ਇਕ ਵਖਾਈਆ । ਜਨ ਭਗਤ ਤੇਰਾ ਮਾਰਗ ਪਰਮ ਪੁਰਖ ਦੱਸੇ ਸਤਿ, ਸਤਿ ਸਚ ਆਪ ਦ੍ਰਿੜਾਈਆ । ਬਿਨ ਅੱਖਰਾਂ ਤੋਂ ਦੇ ਕੇ ਬ੍ਰਹਮਮਤ, ਪਾਰਬ੍ਰਹਮ ਬ੍ਰਹਮ ਪੜਦਾ ਦਏ ਉਠਾਈਆ । ਹਕ਼ੀਕਤ ਵਿਚੋਂ ਮਿਲੇ ਹੱਕ, ਹੁਕਮ ਧੁਰ ਦਾ ਇਕ ਦ੍ਰਿੜਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸਾਂਝਾ ਜਸ, ਸਿਫ਼ਤ ਵੇਦ ਪੁਰਾਨ ਰਹੇ ਸੁਣਾਈਆ । ਨਿਜ ਨੇਤਰ ਅੰਦਰੋਂ ਖੋਲ੍ਹ ਕੇ ਅੱਖ, ਆਖ਼ਰ ਆਪਣਾ ਮੇਲਾ ਲਏ ਮਿਲਾਈਆ । ਤਨ ਵਜੂਦ ਮਾਟੀ ਖ਼ਾਕ ਰਹਿਣ ਨਾ ਦੇਵੇ ਵੱਖ, ਹਮਬਿਸਤਰ ਹਮਸਾਜਨ ਸੇਜ ਸੁਹਜੰਣੀ ਡੇਰਾ ਲਾਈਆ । ਸਾਖਿਆਤ ਨਿਰਗੁਣ ਧਾਰ ਜੋਤ ਕਰ ਪਰਤੱਖ, ਸ਼ਬਦੀ ਨਾਦ ਬ੍ਰਹਮ ਬ੍ਰਹਿਮਾਦ ਢੋਲਾ ਗੀਤ ਆਪ ਸੁਣਾਈਆ ।

ਪ੍ਰੇਮ ਪਿਆਰ ਅੰਮ੍ਰਿਤ ਧਾਰ ਨਿਝਰ ਦੇ ਕੇ ਰਸ, ਕੂੜੀ ਕਿਰਿਆ ਤ੍ਰਿਸ਼ਨਾ ਅਗਨ ਦੇਵੇ ਬੁਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇ ਸਿਰ ਤੇ ਰਖੇ ਹੱਥ, ਸਮਰਥ ਹੋ ਕੇ ਲੇਖਾ ਦਏ ਚੁਕਾਈਆ ।

✪ ੮ ਚੇਤ ਸ਼ਹਿਨਸ਼ਾਹੀ ਸੰਮਤ ੨ ਹਰਦਿਤ ਸਿੰਘ ਦੇ ਗ੍ਰਿਹ ਇਟਾਰਸੀ ਮਧਿਆ ਪ੍ਰਦੇਸ਼ ✪

ਸ੍ਰੀ ਭਗਵਾਨ ਕਹੇ ਮੈਂ ਭਗਤਾਂ ਜੋਗਾ, ਜਗਤ ਜੋਗੀਸ਼ਰ ਹੱਥ ਕਿਸੇ ਨਾ ਆਇੰਦਾ । ਕਲਜੁਗ ਅੰਤ ਅਖ਼ੀਰ ਨਿਰਗੁਣ ਧਾਰ ਬਦਲ ਕੇ ਚੋਗਾ, ਸਰਗੁਣ ਸਵਰੂਪ ਭੇਵ ਕੋਇ ਨਾ ਪਾਇੰਦਾ । ਹੁਕਮ ਸੰਦੇਸ਼ਾ ਨਾਮ ਨਿਧਾਨਾ ਦੇਵਾਂ ਚੌਦਾਂ ਲੋਕਾ, ਪਰਲੋਕ ਆਪਣੀ ਕਾਰ ਕਮਾਇੰਦਾ । ਨਾਮ ਨਿਧਾਨਾ ਦੱਸਾਂ ਇਕ ਸਲੋਕਾ, ਧੁਰ ਦਾ ਢੋਲਾ ਰਾਗ ਅਲਾਇੰਦਾ । ਲੱਖ ਚੁਰਾਸੀ ਵਿਚੋਂ ਜਨ ਭਗਤਾਂ ਬਖ਼ਸ਼ਣਾ ਆਪਣਾ ਮੌਕਾ, ਮੁਕੰਮਲ ਆਪਣਾ ਰੰਗ ਰੰਗਾਇੰਦਾ । ਗੁਰਮੁਖਾਂ ਨਾਲ ਕਦੇ ਕਰਾਂ ਨਾ ਧੋਖਾ, ਜੁਗ ਜਨਮ ਦੇ ਵਿਛੜੇ ਮੇਲ ਮਿਲਾਇੰਦਾ । ਸਚ ਦਵਾਰੇ ਚੜ੍ਹਨਾ ਮਾਰਗ ਦੱਸਾਂ ਸੌਖਾ, ਫੜ ਬਾਹੋਂ ਪਾਰ ਲੰਘਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਿਹ ਮੰਦਰ ਇਕ ਸੁਹਾਇੰਦਾ । ਜਨ ਭਗਤ ਗ੍ਰਿਹ ਮੰਦਰ ਤੇਰਾ ਸੁਹੰਜਣਾ, ਸੋਭਾਵੰਤ ਸੁਹਾਈਆ । ਦੀਪਕ ਜੋਤ ਜਗਾਏ ਆਦਿ ਨਿਰੰਜਣਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਸਾਹਿਬ ਸਵਾਮੀ ਅੰਤਰਜਾਮੀ ਸਗਲਾ ਸਾਥ ਦੇਵੇ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਬੇੜਾ ਪਾਰ ਕਰਾਈਆ । ਨਿਜ ਨੈਣ ਲੋਚਣ ਨਾਮ ਪਾਏ ਆਪਣਾ ਅੰਜਣਾ, ਅੰਧ ਅਗਿਆਨ ਕੂੜ ਅੰਧੇਰ ਦਏ ਚੁਕਾਈਆ । ਚਰਨ ਧੂੜੀ ਸਚ ਸਰੋਵਰ ਕਰਾਏ ਮਜਨਾ, ਦੁਰਮਤ ਮੈਲ ਕਾਇਆ ਮਾਟੀ ਅੰਦਰ ਬਾਹਰ ਰਹਿਣ ਕੋਇ ਨਾ ਪਾਈਆ । ਦਰਸ ਦਿਖਾਏ ਗੋਪਾਲ ਮੂਰਤ ਮਦਨਾ, ਨਰਾਲਮ ਆਲਮ ਬਾਹਰ ਕਰੇ ਰੁਸ਼ਨਾਈਆ । ਅੰਤ ਅਖ਼ੀਰ ਬੇਨਜ਼ੀਰ ਹੁਕਮੇਂ ਅੰਦਰ ਸੰਤ ਸੁਹੇਲਾ ਸੱਦਣਾ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਨਿਰਵੈਰ ਨਿਰੰਕਾਰ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਚਾੜ੍ਹੇ ਆਪਣੀ ਰੰਗਣਾ, ਰੰਗਤ ਅਵਰ ਰਹੇ ਨਾ ਰਾਈਆ । ਜਨ ਭਗਤ ਤੇਰਾ ਰੰਗ ਮਜੀਠ, ਲੱਖ ਚੁਰਾਸੀ ਨਜ਼ਰ ਨਾ ਕੋਇ ਪਾਇੰਦਾ । ਪੁਰਖ ਅਕਾਲ ਦੀਨ ਦਿਆਲ ਮਿਹਰਵਾਨ ਕਰਨਹਾਰ ਬਖ਼ਸ਼ੀਸ਼, ਮਹਿਬੂਬ ਮੁਹੱਬਤ ਵਿਚ ਦਇਆ ਕਮਾਇੰਦਾ । ਸਾਚਾ ਨਾਮ ਧੁਰ ਦਾ ਕਲਮਾ ਨਿਰਅੱਖਰ ਕਰ ਹਦੀਸ, ਹਜ਼ਰਤ ਹੋ ਕੇ ਹਜ਼ੂਰ ਧੁਰ ਫ਼ਰਮਾਨਾ ਇਕ ਸੁਣਾਇੰਦਾ । ਜੁਗ ਚੌਕੜੀ ਲੋਕਮਾਤ ਗਏ ਬੀਤ, ਕੋਟਨ ਕੋਟ ਕਾਲ ਚਰਨਾਂ ਹੇਠ ਦਬਾਇੰਦਾ । ਕਲਜੁਗ ਅੰਤ ਸਤਿਜੁਗ ਬਦਲ ਕੇ ਧੁਰ ਦੀ ਰੀਤ, ਰੀਤੀਵਾਨ ਮਾਰਗ ਮਿਹਰਵਾਨ ਪਰਗਟਾਇੰਦਾ । ਸੰਤ ਸੁਹੇਲਾ ਤ੍ਰੈਗੁਣ ਕਰ ਅਤੀਤ, ਤ੍ਰੈਭਵਨ ਧਨੀ ਕੰਨੀਂ ਆਪਣਾ ਰਾਗ ਸੁਣਾਇੰਦਾ । ਮਾਟੀ ਹਾਟੀ ਕਾਚੀ ਕਰ ਕੇ ਠਾਂਡੀ ਸੀਤ, ਸੀਤਲ ਧਾਰਾ ਹਰਿ ਨਿਰੰਕਾਰਾ ਬੂੰਦ ਸਵਾਂਤੀ ਰਸ ਮੁਖ ਚੁਆਇੰਦਾ । ਝਗੜਾ ਚੁਕਾ ਕੇ ਮੰਦਰ ਮਸੀਤ, ਨੀਤੀ ਅੰਦਰੋਂ ਬਦਲ ਕੇ ਨੀਤ, ਸਚ ਸਵਾਮੀ ਵਸ ਕੇ ਚੀਤ, ਜਗਤ ਠਗੌਰੀ ਬਾਹਰ ਕਢਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਧੁਰ ਪ੍ਰੇਮ ਦੀ ਦੱਸ ਕੇ ਪ੍ਰੀਤ, ਪ੍ਰੀਤ ਵਿਚੋਂ ਪ੍ਰੀਤਮ ਆਪਣਾ ਆਪ ਵਖਾਇੰਦਾ ।

## ੯ ਚੇਤ ਸ਼ਹਿਨਸ਼ਾਹੀ ਸੰਮਤ ੨ ਜਸਵੰਤ ਸਿੰਘ ਦੇ ਗ੍ਰਹਿ ਇਟਾਰਸੀ ਮਧਿਆ ਪ੍ਰਦੇਸ਼



ਜਨ ਭਗਤ ਤੇਰਾ ਜਸ, ਜੁਗ ਚੌਕੜੀ ਰਹੇ ਗਾਈਆ । ਆਤਮਾ ਪਰਮਾਤਮਾ ਨਾਲ ਮਿਲ ਕੇ ਰਿਹਾ ਵਸ, ਵਸਲ ਇਕੋ ਯਾਰ ਖ਼ੁਦਾਈਆ । ਬਿਨਾ ਰਸਨਾ ਤੋਂ ਮਿਲਦਾ ਰਿਹਾ ਅਗੰਮਾ ਰਸ, ਝਿਰਨਾ ਅੰਮ੍ਰਿਤ ਆਪ ਝਿਰਾਈਆ । ਮੇਲਾ ਹੁੰਦਾ ਰਿਹਾ ਹੱਸ ਹੱਸ, ਹਸਤੀ ਵਿਚੋਂ ਹਸਤੀ ਮਿਲੇ ਸ਼ਹਿਨਸ਼ਾਹੀਆ । ਨਜ਼ਾਰਾ ਦੇਂਦਾ ਰਿਹਾ ਅਗੰਮੀ ਅੱਖ, ਲੋਚਨ ਲੋਇਣ ਕਰ ਰੁਸ਼ਨਾਈਆ । ਨਾਮ ਸੰਦੇਸ਼ਾ ਦੇਂਦਾ ਰਿਹਾ ਸਚ, ਸਤਿ ਸਤਿ ਕਰ ਪੜ੍ਹਾਈਆ । ਭਾਗ ਲਗਾਉਂਦਾ ਰਿਹਾ ਮਾਟੀ ਕਾਇਆ ਕੱਚ, ਕੰਚਨ ਗੜ੍ਹ ਆਪ ਵਡਿਆਈਆ । ਲੂੰ ਲੂੰ ਅੰਦਰ ਆਪ ਰਚ, ਰੰਚਤ ਦੁੱਖ ਰਿਹਾ ਗਵਾਈਆ । ਜਿਸ ਸ਼ਬਦ ਨੂੰ ਕੋਈ ਨਾ ਸਕੇ ਵਾਚ, ਉਹ ਬਚਨ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਜਨ ਭਗਤ ਤੇਰਾ ਬਣਦਾ ਰਿਹਾ ਗੀਤ, ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜਦੀ ਰਹੀ ਵਧਾਈਆ । ਧਾਰਾ ਬਦਲਦੀ ਰਹੀ ਜਗ ਰੀਤ, ਦੀਨ ਦੁਨੀ ਭੇਵ ਖੁਲ੍ਹਾਈਆ । ਕਾਇਆ ਹੁੰਦੀ ਰਹੀ ਠੰਡੀ ਸੀਤ, ਅਗਨੀ ਅੱਗ ਨਾ ਕੋਇ ਜਲਾਈਆ । ਮਾਲਕ ਮਿਲਦਾ ਰਿਹਾ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਦੇਵਣਹਾਰ ਸਰਨਾਈਆ । ਛਤਰ ਝੁਲਾਉਂਦਾ ਰਿਹਾ ਉਪਰ ਸੀਸ, ਜਗਦੀਸ਼ ਹੋ ਸਹਾਈਆ । ਨਾਮ ਦੱਸਦਾ ਰਿਹਾ ਅਗੰਮੀ ਹਦੀਸ, ਹਕ਼ੀਕ਼ਤ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਸਚ ਪ੍ਰੀਤ, ਪ੍ਰਤੀਨਿਧ ਹੋ ਕੇ ਵੇਖ ਵਖਾਈਆ । ਜਨ ਭਗਤ ਤੇਰਾ ਕਟਦਾ ਰਿਹਾ ਬੰਧਨ, ਬੰਦਗੀ ਆਪਣੀ ਇਕ ਦ੍ਰਿੜਾਈਆ । ਦੇਂਦਾ ਰਿਹਾ ਅਗੰਮੀ ਅਨੰਦਨ, ਅੰਤਰ ਆਤਮਾ ਰਸ ਚਖਾਈਆ । ਧੂੜੀ ਟਿੱਕਾ ਲਾਉਂਦਾ ਰਿਹਾ ਚੰਦਨ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਸਚ ਦਵਾਰੇ ਰਖਦਾ ਰਿਹਾ ਅੰਗਣ, ਗੋਦੀ ਗੋਦ ਆਪ ਸੁਹਾਈਆ । ਨਾਮ ਨਿਧਾਨ ਚੜ੍ਹਾਉਂਦਾ ਰਿਹਾ ਰੰਗਣ, ਦੁਰਮਤ ਮੈਲ ਧਵਾਈਆ । ਜਨ ਭਗਤ ਦਵਾਰਾ ਜੁਗ ਚੌਕੜੀ ਔਂਦਾ ਰਿਹਾ ਮੰਗਣ, ਨਿਰਗੁਣ ਸਰਗੁਣ ਫੇਰਾ ਪਾਈਆ । ਕਰ ਖੇਲ ਸੂਰਾ ਸਰਬੰਗਣ, ਵੇਸ ਅਵੇਸਾ ਮਾਤ ਜਣਾਈਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਸਚ ਪ੍ਰੀਤੀ ਆਇਆ ਵੰਡਣ, ਅਨਮੰਗੀ ਦੌਲਤ ਝੋਲੀ ਪਾਈਆ । ਜਿਹੜਾ ਹੱਥ ਨਾ ਆਵੇ ਵਿਚ ਬ੍ਰਹਿਮੰਡਣ, ਵਰਭੰਡ ਰਹੀ ਕੁਰਲਾਈਆ । ਦੀਨ ਦਿਆਲ ਬਣ ਬਖ਼ਸ਼ੰਦਣ, ਬਖ਼ਸ਼ਿਸ਼ ਆਪਣੀ ਰਿਹਾ ਕਰਾਈਆ । ਲੱਖ ਚੁਰਾਸੀ ਤੋੜ ਕੇ ਆਵਣ ਜਾਵਣ ਫੰਦਨ, ਫ਼ੈਸਲਾ ਆਪਣਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਸੁਹੇਲਾ ਜੋੜ ਜੁੜਾਈਆ । ਜਨ ਭਗਤ ਤੇਰਾ ਉਪਜਦਾ ਰਹੇ ਨਾਉਂ, ਨਾਉਂ ਨਿਰੰਕਾਰ ਦਏ ਵਡਿਆਈਆ । ਤੇਰਾ ਵਸਦਾ ਰਹੇ ਸੱਚਾ ਖੇੜਾ ਗਾਉਂ, ਗਹਿਰ ਗੰਭੀਰ ਵੇਖ ਵਖਾਈਆ । ਪੁਰਖ ਅਕਾਲ ਪਕੜਦਾ ਰਹੇ ਬਾਹੋਂ, ਜਗਤ ਵਿਛੋੜਾ ਰਹੇ ਨਾ ਰਾਈਆ । ਮੁਹੱਬਤ ਵਿਚ ਕਰਦਾ ਰਹੇ ਨਿਆਉਂ, ਅਦਲ ਇਨਸਾਫ਼ ਆਪ ਸਮਝਾਈਆ । ਬਣਦਾ ਰਹੇ ਪਿਤਾ ਮਾਉਂ, ਦੋ ਜਹਾਨਾਂ ਗੋਦ ਚੁਕਾਈਆ । ਦੇਵਣਹਾਰਾ ਸਦਾ ਸਦਾ ਸਦ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸ਼ਾਨ ਅਗਲੀ ਰਿਹਾ ਬਣਾਈਆ ।

## ✪ ੯ ਚੇਤ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਿਹਿ ਪਿੰਡ ਜਾਤਰੀ ਮਧਿਆ ਪ੍ਰਦੇਸ਼ ✪

ਜਨ ਭਗਤ ਤੇਰੀ ਆਸਾ ਮਨਸਾ ਪੂਰੀ ਹੋਵੇ ਸ਼ੀਘਰ, ਸਾਹਿਬ ਸਤਿਗੁਰ ਪੁਰਖ ਅਕਾਲ ਦਇਆ ਕਮਾਈਆ। ਦੂਜਾ ਭੌ ਅੰਤਰ ਅਵਰ ਨਾ ਰਹੇ ਦੀਗਰ, ਦੀਦਾ ਦਾਨਿਸਤਾ ਇਕੋ ਨੂਰ ਕਰੇ ਰੁਸ਼ਨਾਈਆ। ਕੂੜੀ ਕਿਰਿਆ ਜਗਤ ਆਲਸ ਮੇਟੇ ਨੀਂਦਰ, ਸਵੱਛ ਸਰੂਪੀ ਆਪਣਾ ਦਰਸ ਕਰਾਈਆ। ਪੰਜ ਤਤ ਹੱਡ ਮਾਸ ਨਾੜੀ ਸੁੱਕਾ ਰਹੇ ਨਾ ਢੀਂਗਰ, ਪੱਤ ਟਹਿਣੀ ਫੁੱਲ ਫੁਲਵਾੜੀ ਆਪ ਮਹਿਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ। ਜਨ ਭਗਤ ਤੇਰਾ ਲਹਿਣਾ ਦੇਣਾ ਦੇਵਣਹਾਰਾ ਛੇਤੀ, ਸ਼ਹਿਨਸ਼ਾਹ ਦਇਆ ਕਮਾਈਆ। ਅੰਤਰ ਆਤਮ ਬਣ ਕੇ ਭੇਤੀ, ਪੜਦਾ ਓਹਲਾ ਦਏ ਚੁਕਾਈਆ। ਜੁਗ ਜਨਮ ਦੀ ਯਾਦ ਰਖੇ ਨਾਮ ਜਪਣ ਵਾਲੀ ਨੇਕੀ, ਨਿੱਕਿਆਂ ਤੋਂ ਵੱਡੇ ਦਏ ਬਣਾਈਆ। ਝਗੜਾ ਰਹਿਣ ਨਾ ਦੇਵੇ ਕੋਈ ਪਰਦੇਸੀ, ਦੇਸ ਆਪਣਾ ਦਏ ਵਖਾਈਆ। ਆਤਮ ਪਰਮਾਤਮ ਦਾ ਬਣ ਕੇ ਹੇਤੀ, ਪ੍ਰੇਮੀ ਪ੍ਰੀਤਮ ਮੁਹੱਬਤ ਇਕੋ ਇਕ ਜਣਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਦਏ ਵਡਿਆਈਆ। ਜਨ ਭਗਤ ਤੇਰਾ ਲਹਿਣਾ ਦੇਣਾ ਚੁਕਾਵੇ ਆਪ, ਦੂਸਰ ਹੱਥ ਨਾ ਕਿਸੇ ਫੜਾਈਆ। ਪਰਮ ਪੁਰਖ ਬਣ ਕੇ ਬਾਪ, ਪਤਿਪਰਮੇਸ਼ਵਰ ਹੋਏ ਸਹਾਈਆ। ਤੂੰ ਮੇਰਾ ਤੇਰਾ ਦੋਹਾਂ ਦਾ ਇਕੋ ਜਾਪ, ਜਗ ਜੀਵਣ ਦਾਤਾ ਦਏ ਵਡਿਆਈਆ। ਜਗਤ ਰੋਗ ਨਾ ਰਹੇ ਸੰਤਾਪ, ਸਹਿੰਸਿਆਂ ਵਿਚੋਂ ਬਾਹਰ ਕਢਾਈਆ। ਲੇਖੇ ਲਾਏ ਪ੍ਰੇਮ ਨਾਲ ਰਸਨਾ ਵਾਲੇ ਗਾਏ ਅਲਫ਼ਾਜ਼, ਆਰਫ਼ਾਂ ਤੋਂ ਅਗੇ ਤੇਰਾ ਪੰਧ ਚੁਕਾਈਆ। ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਾਚੀ ਜਾਤ ਵਿਚ ਮਿਲਾਈਆ। ਨਵ ਨੌ ਚਾਰ ਪਿਛੋਂ ਮਿਲਣ ਦਾ ਹੋਇਆ ਇਤਫ਼ਾਕ, ਇਤਮੀਨਾਨ ਨਾਲ ਦੇਵਣਹਾਰ ਵਡਿਆਈਆ। ਪੂਰਬ ਲਹਿਣਾ ਦੇਣਾ ਕਰੇ ਬੇਬਾਕ, ਹਿੱਸਾ ਹਿਸਾਬ ਪੂਰਬ ਵੇਖ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੱਸ ਕੇ ਇਕ ਆਦਾਬ, ਅਦਬ ਨਾਲ ਦਰ ਘਰ ਸਾਚੇ ਦਏ ਬਹਾਈਆ। ਜਨ ਭਗਤ ਤੇਰਾ ਦੇਣਾ ਪੂਰਬ ਜਨਮ ਦਾ ਮੂਲ, ਲੇਖਾ ਦੇਵੇ ਧੁਰਦਰਗਾਹੀਆ। ਭਗਤ ਉਧਾਰਨਾ ਪ੍ਰਭ ਦਾ ਅਸੂਲ, ਅਸਲੀਅਤ ਵਿਚੋਂ ਅਸਲ ਦਏ ਸਮਝਾਈਆ। ਨਾਮ ਸੰਦੇਸ਼ਾ ਦੇ ਕੇ ਇਕ ਮਾਕੂਲ, ਮੁਕੰਮਲ ਆਪਣਾ ਪੜਦਾ ਦਏ ਉਠਾਈਆ। ਮਸਤਕ ਲਾ ਕੇ ਬਿਨਾ ਚਰਨਾਂ ਤੋਂ ਧੂਲ, ਧੂੜੀ ਟਿੱਕੇ ਲੇਖੇ ਦਏ ਚੁਕਾਈਆ। ਘਰ ਸਵਾਮੀ ਮਿਲ ਕੇ ਸੱਜਣ ਕੰਤ ਕੰਤੂਹਲ, ਕਾਇਆ ਕੱਪੜ ਕਪਟ ਦਏ ਬਦਲਾਈਆ। ਆਪਣੇ ਨਾਮ ਦਾ ਅਗੰਮਾਂ ਦੱਸ ਕੇ ਮਜ਼ਮੂਨ, ਮਜਮੂਇਆਂ ਵਿਚੋਂ ਬਾਹਰ ਕਢਾਈਆ। ਜਿਸ ਦਾ ਮਾਰਗ ਅਗੰਮੜਾ ਇਕ ਕ਼ਾਨੂੰਨ, ਕਾਇਦੇ ਸਾਰੇ ਰਿਹਾ ਬਦਲਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਵੇਖੇ ਥਾਉਂ ਥਾਈਂਆ। ਹਰਿਜਨ ਤੇਰਾ ਲਹਿਣਾ ਦੇਣਾ ਉਧਾਰ ਦਾ ਵਿਚ ਉਦਰ, ਅਧਕ ਅਧਿਆਪਕ ਸਮਝ ਕੋਇ ਨਾ ਪਾਈਆ। ਜਿਸ ਕਾਰਨ ਮਾਣਸ ਜਨਮ ਜਾਵੇ ਸੁਧਰ, ਸ਼ੁਧ ਆਤਮਾ ਲਏ ਕਰਾਈਆ। ਨੇਤਰ ਰੋਣਾ ਨਾ ਪਏ ਵਾਗ ਰੁਦਰ, ਰਿਦਿਆਂ ਦੇ ਵਿਚੋਂ ਸਿੱਧਾ ਆਪਣਾ ਰਾਹ ਵਖਾਈਆ। ਕੁਛ ਨਾਤਾ ਨਾਲ ਬਿਦਰ, ਬੁੜ੍ਹਾਪਾ ਦਏ ਗਵਾਈਆ। ਜਿਸ ਕਾਰਨ ਆਇਆ ਇਧਰ, ਲੇਖਾ ਸ਼ਹਿਨਸ਼ਾਹੀਆ। ਪੁਰਖ ਅਕਾਲ ਕਰ ਕੇ ਫ਼ਿਕਰ, ਫ਼ਿਕਰਿਆਂ ਵਿਚ ਲਹਿਣਾ ਰਿਹਾ ਚੁਕਾਈਆ। ਪੂਰਬ ਜਨਮ ਦਾ ਦੁਆਪਰ ਜੁਗ ਦਾ ਤਿੱਤਰ, ਤੂੰ ਹੀ ਤੂੰ ਹੀ ਰਾਗ ਅਲਾਈਆ। ਸ਼ਰਅ ਸ਼ਿਕਾਰੀ ਵਿਚੋਂ ਗਿਆ ਨਿਕਲ,

ਭੱਜਿਆ ਵਾਹੋ ਦਾਹੀਆ । ਫਸਿਆ ਵਿਚ ਚਿੱਕੜ, ਅੰਗ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਮੰਜ਼ਲ ਚੜ੍ਹ ਕੇ ਚੋਟੀ ਸ਼ਿਖ਼ਰ, ਸਿਕ ਪਿਛਲੀ ਬਿਨਾ ਸਿਖਿਆ ਸਾਖਿਆਤ ਦਏ ਵਡਿਆਈਆ ।

## ✪ ੯ ਚੇਤ ਸ਼ਹਿਨਸ਼ਾਹੀ ਸੰਮਤ ੨ ਸਵਿੰਦਰ ਸਿੰਘ ਦੇ ਘਰ ਇਟਾਰਸੀ ਮਧਿਆ ਪ੍ਰਦੇਸ਼ ✪

ਪੰਜ ਚੇਤ ਸੋਹਿਆ ਦਿੱਲੀ ਦਰਬਾਰ, ਹਰਿ ਭਗਤ ਦਵਾਰ ਵੱਜੀ ਵਧਾਈਆ । ਸਚ ਸਿੰਘਾਸਣ ਬੈਠ ਆਪ ਨਿਰੰਕਾਰ, ਨਿਰਗੁਣ ਨਿਰਵੈਰ ਸ਼ਬਦ ਫ਼ਰਮਾਨ ਹੁਕਮ ਸੁਣਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸ਼ਾਹ ਸੁਲਤਾਨ ਹੋਣਾ ਖ਼ਬਰਦਾਰ, ਰਾਸ਼ਟਰਪਤਿ ਵਾਲੀ ਹਿੰਦ ਅੱਖ ਖੁਲ੍ਹਾਈਆ । ਪਰਧਾਨ ਮੰਤਰੀ ਸਿਆਸਤ ਵਿਚੋਂ ਹੋਣਾ ਬੇਦਾਰ, ਗਿਆਨ ਲੋਚਣ ਅੱਖ ਪਰਤੱਖ ਬਦਲਾਈਆ । ਅਬਿਨਾਸ਼ੀ ਕਰਤਾ ਧੁਰ ਦਾ ਮਾਲਕ ਸੰਦੇਸ਼ਾ ਦੇਵੇ ਅਗੰਮ ਅਪਾਰ, ਪਰਵਰਦਿਗਾਰ ਸਾਂਝਾ ਯਾਰ ਕਰੇ ਸ਼ਨਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਲੱਖ ਚੁਰਾਸੀ ਜਿਸ ਪੌਣੀ ਸਾਰ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਖੋਜ ਖੁਜਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਨਿਹਕਲੰਕ ਨਰਾਇਣ ਨਰ ਆ ਗਿਆ ਅਵਤਾਰ, ਪਰਮ ਪੁਰਖ ਪਤਿਪਰਮੇਸ਼ਵਰ ਆਪਣਾ ਵੇਸ ਵਟਾਈਆ । ਜਿਸ ਨੇ ਚਾਰ ਵਰਨ ਅਠਾਰਾਂ ਬਰਨ ਦੀਨਾਂ ਮਜ਼੍ਹਬਾਂ ਝਗੜਾ ਦੇਣਾ ਨਿਵਾਰ, ਨੌਬਤ ਨਾਮ ਆਪਣਾ ਡੰਕਾ ਇਕ ਵਜਾਈਆ । ਬੁਧੀ ਵਾਲੀ ਵਿਦਿਆ ਲਓ ਸੰਭਾਲ, ਕਰੇ ਖੇਲ ਹਰਿ ਕਮਾਲ, ਸਿਆਸਤ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸਮਝਾਈਆ । ਧੁਰ ਸੰਦੇਸ਼ਾ ਦੇਵੇ ਆਪ ਨਿਰੰਕਾਰ, ਨਿਰਗੁਣ ਨਿਰਵੈਰ ਹੁਕਮ ਜਣਾਈਆ । ਵੇਲਾ ਵਕ਼ਤ ਵੇਖੇ ਸੰਸਾਰ, ਸੰਸੇ ਵਿਚ ਸਰਬ ਲੋਕਾਈਆ । ਹੁਕਮ ਵਰਤੇ ਇਕ ਕਰਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਚਾਰ ਕੁੰਟ ਹੋਣਾ ਹਾਹਾਕਾਰ, ਸ੍ਰਿਸ਼ਟੀ ਨੇਤਰ ਰੋਵੇ ਮਾਰੇ ਧਾਹੀਆ । ਜਿਸ ਦੀ ਕਰੇ ਨਾ ਕੋਇ ਵਿਚਾਰ, ਮੰਤਰੀ ਮੰਡਲ ਭੇਵ ਕੋਇ ਨਾ ਪਾਈਆ । ਲੋਕ ਸਭਾ ਜਾਣੇ ਕੋਈ ਨਾ ਕਾਰ, ਪੜਦਾ ਓਹਲਾ ਨਾ ਕੋਇ ਉਠਾਈਆ । ਕਰੇ ਕਰਾਏ ਕਰਨੇਹਾਰ, ਕੁਦਰਤ ਦਾ ਮਾਲਕ ਬੇਪਰਵਾਹੀਆ । ਜਿਸ ਨੇ ਚਰਨ ਛੁਹਾਇਆ ਬਿਨ ਚਰਨਾਂ ਦਿੱਲੀ ਦਰਬਾਰ, ਦਵਾਰੇ ਸਭ ਦੇ ਫੋਲ ਫੁਲਾਈਆ । ਸੱਤ ਰੰਗ ਨਿਸ਼ਾਨ ਝੁਲਾਇਆ ਆਣ, ਦੋ ਜਹਾਨ ਕਰੇ ਰੁਸ਼ਨਾਈਆ । ਓਸ ਦੇ ਕੋਲੋਂ ਸਭ ਨੂੰ ਅਗਲਾ ਪੁਛਣਾ ਪਏ ਬਿਆਨ, ਭਰਮ ਵਿਚ ਭੁੱਲ ਰਹੇ ਨਾ ਰਾਈਆ । ਸੰਦੇਸ਼ਾ ਸੁਣਨਾ ਭਏ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈ ਜੈ ਕਾਰ ਥਾਉਂ ਥਾਈਂਆ । ਰਾਸ਼ਟਰਪਤ ਪਰਧਾਨ ਮੰਤਰੀ ਬਣੇ ਨਾ ਰਹਿਣਾ ਨਾਦਾਨ, ਬਿਨ ਅੱਖਾਂ ਅੱਖ ਲੈਣੀ ਖੁਲ੍ਹਾਈਆ । ਪਹਿਲਾ ਸੰਦੇਸ਼ਾ ਧੁਰ ਦਾ ਹੁਕਮ ਸੰਮਤ ਸ਼ਹਿਨਸ਼ਾਹੀ ਦੋ ਨੌ ਚੇਤ ਦਾ ਫ਼ਰਮਾਨ, ਸੰਦੇਸ਼ਾ ਇਕੋ ਇਕ ਦ੍ਰਿੜ੍ਹਾਈਆ । ਜਗਤ ਵਿਦਿਆ ਦਾ ਰਹਿਣ ਨਹੀਂ ਦੇਣਾ ਗਿਆਨ, ਅਨੁਭਵ ਆਪਣਾ ਖੇਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਬਣ ਕੇ ਹੁਕਮਰਾਨ, ਸੰਦੇਸ਼ਾ ਸਤਿ ਸਤਿ ਸੁਣਾਈਆ । ਧੁਰ ਦਾ ਸੰਦੇਸ਼ਾ ਸ਼ਬਦੀ ਧਾਰ, ਸ਼ਾਹ ਸੁਲਤਾਨਾਂ ਦਏ ਉਠਾਈਆ । ਮਿਲ ਕੇ ਸਭ ਨੇ ਕਰਨੀ ਵਿਚਾਰ, ਕਵਣ ਖ਼ਬਰ ਰਿਹਾ ਪੁਚਾਈਆ । ਜਿਸ ਦਾ ਲੇਖਾ ਮਿਲੇ ਨਾ ਵਿਚੋਂ ਕਿਸੇ ਅਖ਼ਬਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਭੇਵ ਨਾ ਕੋਇ ਜਣਾਈਆ । ਸਿਰਫ ਲੱਭੇ ਹਰਿ

ਭਗਤਾਂ ਦੇ ਦਵਾਰ, ਦਵਾਰਾ ਜਿਸ ਨੇ ਦਿਤਾ ਸੁਹਾਈਆ । ਓਸ ਦਾ ਪੂਰਾ ਪਤਾ ਧੁਰ ਸੰਦੇਸ਼ੇ ਸ਼ਬਦੀ ਵਿਚ ਇਜ਼ਹਾਰ, ਅੱਖਰਾਂ ਨਾਲ ਜੋੜ ਜੁੜਾਈਆ । ਧੀਰ ਪੁਰ ਦੀ ਧਰਤੀ ਬਣਾ ਕੇ ਧਰਮ ਦਵਾਰ, ਪ੍ਰਤੀਨਿਧ ਹੋ ਕੇ ਹੁਕਮ ਜਣਾਈਆ । ਅਗਲਾ ਭੇਵ ਖੋਲ੍ਹ ਦੇਵੇ ਬਿਨ ਪੜਦਿਆਂ ਵਾਲੇ ਕਿਵਾੜ, ਸਾਲ ਬਸਾਲਾ ਹਾਲ ਸੁਣਾਈਆ । ਕਲਜੁਗ ਅੰਤ ਉਠਣ ਵਾਲੀ ਧਾੜ, ਧੜੇਬਾਜ਼ੀ ਵਿਚ ਲੋਕਾਈਆ । ਇਕ ਵਾਰ ਇਕ ਦੀ ਕਰ ਲਓ ਭਾਲ, ਫੇਰ ਲੋੜ ਅਵਰ ਰਹੇ ਨਾ ਰਾਈਆ । ਜਿਸ ਦਾ ਲੇਖਾ ਨਾਲ ਸ਼ਾਹ ਕੰਗਾਲ, ਸ਼ਹਿਨਸ਼ਾਹਾਂ ਦਏ ਸਮਝਾਈਆ । ਉਹ ਵਸਿਆ ਧਰਮ ਦਵਾਰੇ ਸੱਚੀ ਧਰਮਸਾਲ, ਸਚ ਦਵਾਰਾ ਇਕੋ ਇਕ ਦ੍ਰਿੜਾਈਆ । ਅਗੇ ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਣਾ ਬੇਹਾਲ, ਬਿਹਬਲ ਹੋ ਕੇ ਰੋਵੇ ਸਰਬ ਲੋਕਾਈਆ । ਜਗਤ ਸਾਧ ਸੰਤ ਸਕੇ ਨਾ ਕੋਇ ਸੰਭਾਲ, ਸਿਆਸਤ ਜ਼ੋਰ ਨਾ ਕੋਇ ਚਤੁਰਾਈਆ । ਅੱਸੂ ਵਿਚ ਖੋਲ੍ਹ ਕੇ ਖੁਲਾਸਾ ਦੇਵੇ ਅਹਿਵਾਲ, ਭਵਿਖਤ ਭਵਿਸ਼ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਧਾਰ ਆ ਗਿਆ ਵਿਚ ਮੈਦਾਨ, ਸੰਦੇਸ਼ਾ ਦੇਵੇ ਮੰਤਰੀ ਪਰਧਾਨ, ਰਾਸ਼ਟਰਪਤ ਸਿਖਣਾ ਇਕ ਗਿਆਨ, ਦੂਜੀ ਵੰਡ ਨਾ ਕੋਇ ਵੰਡਾਈਆ ।

## ✪ ੧੦ ਚੇਤ ਸ਼ਹਿਨਸ਼ਾਹੀ ਸੰਮਤ ੨ ਕ੍ਰਿਸ਼ਨਾ ਕਾਂਤ ਤਿਵਾਰੀ ਦੇ ਘਰ ਇਟਾਰਸੀ ਮਧਿਆ ਪ੍ਰਦੇਸ਼ ✪

ਭਗਤ ਭਗਵਾਨ ਦਾ ਇਕ ਦਰ, ਦਰਵਾਜ਼ਾ ਅਵਰ ਨਾ ਕੋਇ ਵਖਾਇੰਦਾ । ਸਚਖੰਡ ਦਵਾਰਾ ਅਗੰਮੀ ਘਰ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਜਿਥੇ ਵਸੇ ਨਰਾਇਣ ਨਰ, ਦੂਜਾ ਰੂਪ ਨਾ ਕੋਇ ਬਦਲਾਇੰਦਾ । ਚਰਨ ਪ੍ਰੀਤੀ ਦੇਵੇ ਧੁਰ ਦਾ ਸਰ, ਸਰੋਵਰ ਇਕੋ ਇਕ ਸੁਹਾਇੰਦਾ । ਜਨ ਭਗਤ ਸੁਹੇਲੇ ਸਾਚੀ ਮੰਜ਼ਲ ਵੇਖਣ ਚੜ੍ਹ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਬਿਨ ਅੱਖਰਾਂ ਢੋਲਾ ਗੀਤ ਲੈਣ ਪੜ੍ਹ, ਪਰਮ ਪੁਰਖ ਪਰਮਾਤਮ ਆਤਮ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹਿ ਮੰਦਰ ਇਕ ਵਡਿਆਇੰਦਾ । ਭਗਤ ਭਗਵਾਨ ਘਰ ਸੁਹੰਜਣਾ, ਸੋਭਾਵੰਤ ਆਪ ਸੁਹਾਈਆ । ਦੀਪਕ ਜਗੇ ਆਦਿ ਜੋਤ ਨਿਰੰਜਣਾ, ਜਲਵਾਗਰ ਨੂਰ ਰੁਸ਼ਨਾਈਆ । ਮੇਲਾ ਮੇਲੇ ਦੀਨਾਂ ਨਾਥ ਦੁੱਖ ਦਰਦ ਭੈ ਭੰਜਨਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਨਜ਼ਰੀ ਆਵੇ ਅਕਾਲ ਮੂਰਤ ਮੋਹਨ ਮਦਨਾ, ਮਧਸੂਦਨ ਆਪਣਾ ਪੜਦਾ ਦਏ ਉਠਾਈਆ । ਨਾਮ ਸੰਦੇਸ਼ਾ ਧੁਰ ਦਾ ਦੇਵੇ ਦੱਸੇ ਸੱਚੀ ਬੰਦਨਾ, ਡੰਡਾਵਤ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਵੱਡ ਵਡਿਆਈਆ । ਭਗਤ ਭਗਵਾਨ ਅੰਤਰ ਅੰਤਰ ਏਕਾ ਬੋਲ, ਏਕੰਕਾਰਾ ਦਏ ਜਣਾਈਆ । ਸ਼ਬਦ ਨਾਦ ਵਜਾ ਕੇ ਢੋਲ, ਹੁਕਮ ਫ਼ਰਮਾਨਾ ਇਕ ਸੁਣਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਵਸੇਰਾ ਉਪਰ ਧੌਲ, ਧਰਨੀ ਧਰਤ ਖ਼ੁਸ਼ੀ ਮਨਾਈਆ । ਆਦਿ ਆਦਿ ਦਾ ਪੂਰਾ ਹੋਇਆ ਕੌਲ, ਇਕਰਾਰਨਾਮਾ ਰਿਹਾ ਵਖਾਈਆ । ਪਤਿਪਰਮੇਸ਼ਵਰ ਘਟ ਭੀਤਰ ਅੰਤਰ ਅੰਤਰ ਜਾਵੇ ਮੌਲ, ਨਿਰਗੁਣ ਹੋ ਕੇ ਸਰਗੁਣ ਦੇਵੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਬਖ਼ਸ਼ੇ ਅਨਮੋਲ, ਅਨਮੁਲੜੀ ਦਾਤ ਝੋਲੀ ਪਾਈਆ । ਜਨ ਭਗਤ ਤੇਰਾ ਘਰ ਸੁਹਾਇਆ

ਲੋਕਮਾਤ ਜਗ, ਜਗਜੀਵਣ ਦਾਤਾ ਦਏ ਵਡਿਆਈਆ । ਪਿਆਰ ਮੁਹੱਬਤ ਪ੍ਰੀਤੀ ਅੰਦਰ ਦਰਸ਼ਨ ਦੇਵੇ ਸਤਿ, ਸਚ ਸਚ ਦਏ ਸਮਝਾਈਆ । ਅੰਤਰ ਆਤਮ ਪਰਮਾਤਮ ਦੇ ਕੇ ਬ੍ਰਹਮਮਤ, ਬੋਧ ਅਗਾਧ ਸ਼ਬਦ ਅਨਾਦ ਅਨਾਦੀ ਕਰੇ ਪੜ੍ਹਾਈਆ । ਜਗਤ ਵਾਸਨਾ ਕੂੜੀ ਕਿਰਿਆ ਮਨ ਮਨਸਾ ਨਾ ਉਬਲੇ ਰੱਤ, ਰਤਨ ਅਮੋਲਕ ਨਾਮ ਪਦਾਰਥ ਧੁਰ ਦੀ ਧਾਰ ਦਏ ਦ੍ਰਿੜ੍ਹਾਈਆ । ਜੋ ਨਿਰਗੁਣ ਨਿਰਵੈਰ ਨਿਰੰਕਾਰ ਹੋ ਕੇ ਲੋਕਮਾਤ ਆਇਆ ਵਤ, ਵਾਸਤਵਕ ਨਾਤਾ ਬਿਧਾਤਾ ਬਿਨ ਜਾਤਾ ਇਕੋ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਸਮਰਥ, ਲਹਿਣਾ ਦੇਣਾ ਲੇਖਾ ਅਲੇਖ ਬਿਨਾ ਲਿਖਤ ਪੂਰਬ ਦੀ ਝੋਲੀ ਪਾਏ ਵੱਥ, ਬਿਰਥਾ ਜਨਮ ਨਾ ਮਾਤ ਗਵਾਈਆ ।

### ੧੦ ਚੇਤ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਔਰੰਗਾਬਾਦ ਵਾਲੇ ਦੇ ਨਵਿਤ ਇਟਾਰਸੀ ਮਧਿਆ ਪ੍ਰਦੇਸ਼

ਜਨ ਭਗਤ ਤੇਰਾ ਕਰਾਂ ਪਵਿਤ ਹਿਰਦਾ, ਪੁਨੀਤ ਅੰਦਰੋਂ ਦਿਆਂ ਕਰਾਈਆ । ਧਾਮ ਸੁਹਾਵਾਂ ਸੱਚੇ ਘਰ ਥਿਰ ਦਾ, ਥਿਰ ਘਰ ਦੇਵਾਂ ਮਾਣ ਵਡਿਆਈਆ । ਕਰਾਂ ਖੇਲ ਨਿਰਵੈਰ ਨਿਰੰਕਾਰ ਨਿਰ ਦਾ, ਨਿਰਾਕਾਰ ਹੋ ਕੇ ਨਜ਼ਰੀ ਆਈਆ । ਪੂਰਬ ਲਹਿਣਾ ਦੇਣਾ ਚੁਕਾਵਾਂ ਜੁਗ ਚੌਕੜੀ ਚਿਰ ਦਾ, ਚਿਰੀ ਵਿਛੁੰਨੇ ਮੇਲ ਮਿਲਾਈਆ । ਅੰਮ੍ਰਿਤ ਝਿਰਨਾਂ ਦੇਵਾਂ ਨਿਝਰ ਦਾ, ਬੂੰਦ ਸਵਾਂਤੀ ਕਮਲਾਪਾਤੀ ਹੋ ਕੇ ਆਪ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਜਨ ਭਗਤ ਤੇਰੀ ਵੇਖਾਂ ਧਾਰ ਧੁਰ ਦੀ, ਬਿਨ ਮਸਤਕ ਵੇਖ ਵਖਾਈਆ । ਇਹ ਵਡਿਆਈ ਪੁਰਖ ਅਕਾਲ ਪੂਰੇ ਸਤਿਗੁਰ ਦੀ, ਜੋ ਸਤਿ ਸਤਿਵਾਦੀ ਹੋ ਕੇ ਹੋਏ ਸਹਾਈਆ । ਸੇਵਾ ਕਰਨੀ ਨਾ ਪਏ ਕਿਸੇ ਦੇਵਤ ਸੁਰ ਦੀ, ਸੁਰਤੀ ਸਰਬ ਵਿਆਪੀ ਆਪਣੇ ਨਾਲ ਮਿਲਾਈਆ । ਜੋੜੀ ਨਿੱਖੜੇ ਨਾ ਪਿਤਾ ਪੁੱਤਰ ਦੀ, ਦੋ ਜਹਾਨਾਂ ਵੱਜਦੀ ਰਹੇ ਵਧਾਈਆ । ਘੜੀ ਸੁਹੰਜਣੀ ਇਕੋ ਲੱਖ ਚੁਰਾਸੀ ਵਿਚੋਂ ਸ਼ੁਕਰ ਦੀ, ਜਿਸ ਵੇਲੇ ਪਰਮ ਪੁਰਖ ਪ੍ਰਭ ਮਿਲੇ ਬੇਪਰਵਾਹੀਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਅਗੰਮੀ ਧਾਰ ਉਤਰਦੀ, ਚਾਰ ਜੁਗ ਗੁਰ ਅਵਤਾਰ ਪੈਗ਼ੰਬਰ ਜਨਮ ਵਿਚੋਂ ਜਨਮ ਲੈਣ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਤੇਰੀ ਅੰਤਰ ਆਤਮ ਵੇਖਾਂ ਨੰਗੀ, ਪੜਦਾ ਓਹਲਾ ਦਿਆਂ ਚੁਕਾਈਆ । ਮਨ ਮਨੂਆ ਨਾ ਰਹੇ ਫ਼ਰੰਗੀ, ਫੁਰਨਾ ਕੂੜਾ ਬੰਦ ਕਰਾਈਆ । ਸਤਿ ਪ੍ਰੇਮ ਧਾਰ ਦੇ ਕੇ ਇਕ ਅਨੰਦੀ, ਅਨੰਦ ਆਤਮ ਵਿਚੋਂ ਪਰਗਟਾਈਆ । ਜੁਗ ਜਨਮ ਦੀ ਟੁੱਟੀ ਜਾਏ ਗੰਢੀ, ਅਗੇ ਗੰਢ ਨਾ ਕੋਇ ਖੁਲ੍ਹਾਈਆ । ਪੁਰਖ ਅਕਾਲਾ ਦੀਨ ਦਿਆਲਾ ਗੋਬਿੰਦ ਧਾਰ ਬਣੇ ਸੰਗੀ, ਸਗਲਾ ਸੰਗ ਇਕ ਵਖਾਈਆ । ਨਾਮ ਭੰਡਾਰਾ ਧੁਰ ਦੀ ਦੌਲਤ ਦੇਵੇ ਬਿਨ ਰਸਨਾ ਜਿਹਵਾ ਦੰਦੀਂ, ਅਨਮੁਲੜੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਮਿਹਰ ਸੂਰਾ ਸਰਬੰਗੀ, ਸਰਬ ਵਿਆਪਕ ਆਤਮਕ ਅਧਿਆਪਕ ਕਰੇ ਸਚ ਪੜ੍ਹਾਈਆ । ਜਨ ਭਗਤ ਤੇਰਾ

ਅੰਤਰ ਵੇਖੇ ਹਾਲ, ਹਾਲਤ ਆਪ ਬਦਲਾਈਆ । ਸ਼ਬਦੀ ਵੱਜੇ ਤਾਲ, ਸਤਿ ਹੋਵੇ ਸ਼ਨਵਾਈਆ । ਲੇਖੇ ਲੱਗੇ ਘਾਲ, ਸੇਵਾ ਸਚ ਕਮਾਈਆ । ਟੁੱਟੇ ਜਗਤ ਜੰਜਾਲ, ਦੇਵੇ ਮਾਣ ਵਡਿਆਈਆ । ਏਥੇ ਓਥੇ ਸੁਰਤ ਸੰਭਾਲ, ਜਨ ਭਗਤਾਂ ਵਿਚ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋ ਦਿਆਲ, ਦੀਨਣ ਆਪਣੀ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤ ਸ੍ਰੀ ਭਗਵੰਤ ਜਗ ਚਲ ਅਵੱਲੜੀ ਚਾਲ, ਜਨ ਭਗਤ ਰਿਹਾ ਮਿਲਾਈਆ ।

### ✪ ੧੦ ਚੇਤ ਸ਼ਹਿਨਸ਼ਾਹੀ ਸੰਮਤ ੨ ਸ਼ਿੰਗਾਰਾ ਸਿੰਘ ਬੰਬਈ ਵਾਲੇ ਦੇ ਨਵਿਤ ਇਟਾਰਸੀ ਮਧਿਆ ਪ੍ਰਦੇਸ਼ ✪

ਜਨ ਭਗਤ ਕਦੇ ਨਾ ਹੋਣਾ ਡਾਵਾਂਡੋਲ, ਤਨ ਮਾਟੀ ਨਈਆ ਜਗਤ ਨਾ ਕੋਇ ਡੁਲਾਈਆ । ਅਗੇ ਰਹਿਣਾ ਨਾ ਮੂਲ ਅਨਭੋਲ, ਸੁਤਿਆਂ ਲਏ ਉਠਾਈਆ । ਪੁਰਖ ਅਬਿਨਾਸ਼ੀ ਸਦਾ ਸਮਝਣਾ ਆਪਣੇ ਕੋਲ, ਦੂਰ ਦੁਰਾਡਾ ਨਜ਼ਰ ਕੋਇ ਨਾ ਆਈਆ । ਮਨ ਵਿਚ ਰਹਿਣ ਨਹੀਂ ਦੇਣਾ ਚੋਰ, ਝਗੜਾ ਅਵਰ ਨਾ ਹੋਰ ਵਧਾਈਆ । ਸਾਹਿਬ ਸਵਾਮੀ ਅੰਤਰਜਾਮੀ ਅੰਤਮ ਹੱਥ ਆਪਣੇ ਪਕੜੇ ਡੋਰ, ਬਿਨ ਟੁੱਟਿਆਂ ਟੁੱਟੀ ਗੰਢ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਇਹ ਸ੍ਰਿਸ਼ਟੀ ਤਿਲਕਣਬਾਜ਼ੀ, ਕਲਜੁਗ ਬਾਜ਼ੀਗਰ ਆਪਣਾ ਡੰਕ ਵਜਾਈਆ । ਪਤਾ ਨਹੀਂ ਕਿਸੇ ਨੂੰ ਕੀ ਪਿਛਲਾ ਲੇਖਾ ਮਾਜ਼ੀ, ਪੂਰਬ ਲਹਿਣਾ ਵੇਖੇ ਬੇਪਰਵਾਹੀਆ । ਤੂੰ ਹਰਿ ਗੋਬਿੰਦ ਦੇ ਵੇਲੇ ਦਾ ਇਕ ਮੁਗਲ ਗ਼ਾਜ਼ੀ, ਸ਼ੱਮਸ਼ਦੀਨ ਨਾਮ ਧਰਾਈਆ । ਤੇਰੀ ਸੁਲਹਾ ਸੀ ਨਾਲ ਅਬੂਉਲ ਬੁਕਰ ਕ਼ਾਜ਼ੀ, ਕ਼ਸਮ ਖਾ ਕੇ ਅੰਦਰੋਂ ਸੇਵ ਕਮਾਈਆ । ਇਕ ਦਿਨ ਹਰਿ ਗੋਬਿੰਦ ਦਾ ਤੱਕ ਕੇ ਤਾਜ਼ੀ, ਅਸਵ ਦਿਤਾ ਸੀਸ ਝੁਕਾਈਆ । ਤੇਰੀ ਸੁਰਤੀ ਅੰਦਰੋਂ ਜਾਗੀ, ਦਿਤੀ ਹਾਲ ਦੁਹਾਈਆ । ਗੋਬਿੰਦ ਮਾਰੀ ਸ਼ਬਦ ਆਵਾਜ਼ੀ, ਢੋਲਾ ਦਿਤਾ ਸੁਣਾਈਆ । ਤੇਰੀ ਲੇਖੇ ਲੱਗੇ ਨਿਮਾਜ਼ੀ, ਨਿਵਾਜ਼ਿਸ਼ ਵਿਚ ਵਡਿਆਈਆ । ਜਿਸ ਵੇਲੇ ਪਰਮ ਪੁਰਖ ਅਕਾਲ ਆਵੇ ਵਡ ਸੁਭਾਗੀ, ਨਿਰਗੁਣ ਹੋ ਕੇ ਫੇਰਾ ਪਾਈਆ । ਤੇਰੀ ਸਾਧਨਾ ਜਾਵੇ ਸਾਧੀ, ਗੁਰਮੁਖ ਸੰਤ ਲਏ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਚੁਕਾਈਆ । ਪੂਰਬ ਲੇਖਾ ਕਹੇ ਮੈਂ ਆਦਿ ਜੁਗਾਦਿ ਜੁਗ ਜੁਗ ਮੁਕਦਾ, ਪੁਰਖ ਅਕਾਲ ਦਏ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀਆਂ ਸੁੱਖਣਾਂ ਰਿਹਾ ਸੁੱਖਦਾ, ਸੋ ਸਾਹਿਬ ਸਵਾਮੀ ਹੋਏ ਸਹਾਈਆ । ਜਿਸ ਦਾ ਨਾਮ ਨਿਧਾਨਾ ਇਕੋ ਤੁਕ ਦਾ, ਤੁਖ਼ਮ ਤਾਅਸੀਰ ਦਏ ਬਦਲਾਈਆ । ਉਸਦਾ ਭਾਣਾ ਕਦੇ ਨਾ ਰੁਕਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਦੋ ਜਹਾਨ ਜਿਸ ਨੂੰ ਝੁਕਦਾ, ਸਜਦਿਆਂ ਵਿਚ ਸੀਸ ਝੁਕਾਈਆ । ਓਹ ਹੋ ਮਿਹਰਵਾਨ ਜਨ ਭਗਤ ਪਿਆਰੇ ਪੁਛਦਾ, ਪੂਰਬ ਪਿਛਲੇ ਲੇਖੇ ਸਭ ਦੇ ਝੋਲੀ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗੇ ਲੇਖਾ ਮਿਟਾ ਦੇਵੇ ਜਗਤ ਵਾਲੇ ਦੁੱਖ ਦਾ, ਸੁਖ ਘਰ ਘਰ ਦਏ ਉਪਜਾਈਆ ।

## ੧੦ ਚੇਤ ਸ਼ਹਿਨਸ਼ਾਹੀ ਸੰਮਤ ੨ ਸਦਨ ਮਲ, ਕੌੜਾ ਮਲ ਦੇ ਗ੍ਰਹਿ ਇਟਾਰਸੀ ਮੱਧ ਪ੍ਰਦੇਸ਼

ਜਨ ਭਗਤ ਪੂਰੀ ਹੋਵੇ ਆਸਾ, ਨਿਰਾਸਤਾ ਅੰਦਰ ਰਹੇ ਨਾ ਰਾਈਆ । ਕਿਰਪਾ ਕਰੇ ਪਰਮ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਦਏ ਵਡਿਆਈਆ । ਸਚ ਪ੍ਰੀਤੀ ਬਖ਼ਸ਼ੇ ਚਰਨ ਭਰਵਾਸਾ, ਨਾਤਾ ਆਤਮ ਪਰਮਾਤਮ ਜੁੜਾਈਆ । ਮਾਨਸ ਜਨਮ ਕਰੇ ਰਹਿਰਾਸਾ, ਲੱਖ ਚੁਰਾਸੀ ਪੰਧ ਮੁਕਾਈਆ । ਕਾਇਆ ਮਾਟੀ ਵਸਤ ਅਮੋਲਕ ਪਾਏ ਸਾਚੇ ਕਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨਸਾ ਸਭ ਦੀ ਵੇਖ ਵਖਾਈਆ । ਜਨ ਭਗਤ ਤੇਰੀ ਆਤਮ ਅੰਤਰ ਪੂਰੀ ਹੋਵੇ ਮਨਸਾ, ਦੇਵਣਹਾਰ ਸੱਚੀ ਵਡਿਆਈਆ । ਸੋਹੰ ਰੂਪ ਬਣਾਏ ਸਾਚਾ ਹੰਸਾ, ਬੁਧੀ ਕਾਗ ਨਾ ਕੋਇ ਕੁਰਲਾਈਆ । ਜਗਤ ਨਾਤਾ ਬਣਿਆ ਰਹੇ ਸਰਬੰਸਾ, ਬੰਸ ਖ਼ੁਸ਼ੀ ਮਨਾਈਆ । ਭੰਡਾਰਾ ਦੇਵੇ ਅਗੰਮੀ ਧਨ ਦਾ, ਵਸਤ ਅਮੋਲਕ ਝੋਲੀ ਪਾਈਆ । ਭਾਂਡਾ ਭੰਨਾ ਕੇ ਕੂੜੇ ਜਨ ਦਾ, ਜਨ ਆਪਣਾ ਲਏ ਬਣਾਈਆ । ਪਰਕਾਸ਼ ਕਰ ਕੇ ਨੂਰੀ ਚੰਨ ਦਾ, ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਪ੍ਰਭ ਦੇਂਦਾ ਰਹੇ ਦਲਾਸਾ, ਜੁਗ ਚੌਕੜੀ ਆਪਣੀ ਦਇਆ ਕਮਾਈਆ । ਲੇਖੇ ਲਾਉਂਦਾ ਰਹੇ ਪਵਣ ਸਵਾਸਾ, ਜੋ ਸਾਹ ਸਾਹ ਹਿਰਦੇ ਰਹੇ ਧਿਆਈਆ । ਪੂਰਬ ਲੇਖਾ ਰਹਿਣ ਨਾ ਦੇਵੇ ਰਤੀ ਮਾਸਾ, ਬੇਪਰਵਾਹ ਹੋ ਕੇ ਝੋਲੀ ਪਾਈਆ । ਸਚ ਦਵਾਰੇ ਕਰ ਕੇ ਦਾਸੀ ਦਾਸਾ, ਸੇਵਕ ਸੇਵਾ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਜਨ ਭਗਤਾਂ ਪ੍ਰਭ ਦੇਵਣਹਾਰਾ ਮਾਣ, ਅਭਿਮਾਨ ਰਹਿਣ ਕੋਇ ਨਾ ਪਾਈਆ । ਸਚ ਪ੍ਰੀਤੀ ਦੇ ਕੇ ਦਾਨ, ਦਇਆਵਾਨ ਹੋਏ ਸਹਾਈਆ । ਜਨਮ ਕਰਮ ਦਿਆਂ ਵਿਛੜਿਆਂ ਮਿਲਿਆ ਆਣ, ਅਗੇ ਆਪਣਾ ਰੰਗ ਰੰਗਾਈਆ । ਵਸਤ ਅਮੋਲਕ ਦੇ ਕੇ ਜਾਏ ਸ੍ਰੀ ਭਗਵਾਨ, ਭਿਛਿਆ ਵਿਚੋਂ ਭਿਛਿਆ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾ ਕੇ ਵਿਚ ਜਹਾਨ, ਜਗਤ ਜਹਾਲਤ ਵਿਚੋਂ ਬਾਹਰ ਕਢਾਈਆ । ਜਨ ਭਗਤ ਤੇਰਾ ਲੇਖਾ ਹੱਥ ਭਗਵਾਨ, ਭਗਵਨ ਦੇਵਣਹਾਰ ਵਡਿਆਈਆ । ਸੋ ਵੇਲਾ ਵਕਤ ਪਹੁੰਚਿਆ ਆਣ, ਅਗਿਆਨ ਅੰਧੇਰਾ ਦਏ ਚੁਕਾਈਆ । ਸਾਚਾ ਦੇ ਕੇ ਸ਼ਬਦ ਗਿਆਨ, ਅੰਤਰ ਕਰੇ ਪੜ੍ਹਾਈਆ । ਰਸਨਾ ਜਿਹਵਾ ਦਾ ਲੈ ਕੇ ਬਿਆਨ, ਹੁਕਮੇ ਅੰਦਰ ਹੁਕਮ ਵਰਤਾਈਆ । ਆਸਾ ਮਨਸਾ ਪੂਰੀ ਕਰੇ ਵਿਚ ਜਹਾਨ, ਨਿਰਾਸਾ ਰੂਪ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਧੁਰ ਦਾ ਕਾਹਨ, ਦਇਆਵਾਨ ਰਖਿਅਕ ਹੋਵੇ ਥਾਉਂ ਥਾਈਂਆ ।



## ੧੦ ਚੇਤ ਸ਼ਹਿਨਸ਼ਾਹੀ ਸੰਮਤ ੨ ਟੋਪਨਰਾਮ ਦੇ ਗ੍ਰਹਿ ਇਟਾਰਸੀ ਮੱਧ ਪ੍ਰਦੇਸ਼

ਦਸ ਚੇਤ ਕਹੇ ਮੈਂ ਖ਼ੁਸ਼ੀਆਂ ਨਾਲ ਹੱਸਾਂ, ਹਸਤੀ ਵੇਖੀ ਬੇਪਰਵਾਹੀਆ । ਜਨ ਭਗਤਾਂ ਧੁਰ ਸੰਦੇਸ਼ਾ ਹੱਕ ਫ਼ਰਮਾਨ ਦੱਸਾਂ, ਸ਼ਬਦੀ ਢੋਲਾ ਨਾਦ ਜਣਾਈਆ । ਜਨ ਭਗਤੋ ਸ੍ਰੀ ਭਗਵਾਨ ਸਦਾ ਵਸੇ ਤੁਹਾਡੀ ਪਿਛੇ ਅੱਖਾਂ, ਸਚ ਦਵਾਰੇ ਡੇਰਾ ਲਾਈਆ । ਜਿਸ ਨੂੰ ਆਦਿ ਜੁਗਾਦਿ ਜੁਗ

ਚੌਕੜੀ ਨਿਤ ਨਵਿਤ ਲੱਭਦੇ ਗਏ ਲੱਖਾਂ, ਕੋਟਨ ਕੋਟ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਫੇਰਾ ਪਾਈਆ । ਜਿਸ ਦੀਆਂ ਚਾਰ ਕੁੰਟ ਦਹਿ ਦਿਸ਼ਾ ਦੋ ਜਹਾਨ ਬ੍ਰਹਿਮੰਡ ਖੰਡ ਸਾਰ ਨਾ ਪਾਈ ਕਿਸੇ ਹੱਦਾਂ, ਹਦੂਦ ਵਿਚ ਮਹਿਦੂਦ ਨਾ ਕੋਇ ਜਣਾਈਆ । ਓਸ ਦੇ ਹੁਕਮ ਅੰਦਰ ਦੋ ਜਹਾਨ ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੈਗ਼ੰਬਰ ਸੂਫ਼ੀ ਸੰਤ ਫ਼ਕੀਰ ਬੱਧਾ, ਬੰਧਨਾ ਵਿਚ ਦਿਸੇ ਸਰਬ ਲੋਕਾਈਆ । ਜੋ ਬੋਧ ਅਗਾਧ ਸ਼ਬਦ ਅਨਾਦ ਵਜਾਏ ਨੱਦਾ, ਧੁਨ ਆਤਮਕ ਰਾਗ ਘਟ ਭੀਤਰ ਸਰਬ ਸੁਣਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਬਿਧਾਤਾ ਨਾਮ ਨਿਧਾਨ ਦੇਵੇ ਸੱਦਾ, ਸੋਹਲਾ ਢੋਲਾ ਲੋਕ ਪਰਲੋਕ ਆਪ ਸੁਣਾਈਆ । ਨਿਰਗੁਣ ਨਿਰਵੈਰ ਨਿਰੰਕਾਰ ਦੀਨ ਦੁਨੀ ਦਾ ਮਾਲਕ ਹੋ ਕੇ ਆਪ ਭੱਜਾ, ਪਾਰਬ੍ਰਹਮ ਪਤਿਪਰਮੇਸ਼ਵਰ ਵੇਸ ਅਨੇਕਾ ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਵੇਸ ਵਟਾਈਆ । ਕੂੜੀ ਕਿਰਿਆ ਮਾਇਆ ਮਮਤਾ ਮੋਹ ਵਿਕਾਰ ਮਨਮੁਖਾਂ ਦੇਵੇ ਸਜ਼ਾ, ਹੁਕਮ ਫ਼ਰਮਾਨ ਨੌਜਵਾਨ ਦੋ ਜਹਾਨਾਂ ਇਕ ਸੁਣਾਈਆ । ਜਨ ਭਗਤਾਂ ਨਾਲ ਏਥੇ ਓਥੇ ਦੋ ਜਹਾਨ ਨਿਰਗੁਣ ਸਰਗੁਣ ਧਾਰ ਕਦੇ ਕਰੇ ਨਾ ਦਗ਼ਾ, ਸਾਚੀ ਸਿਖਿਆ ਬਿਨ ਰਸਨਾ ਜਿਹਵਾ ਬੱਤੀ ਦੰਦ ਅਗੰਮ ਅਥਾਹ ਬੇਪਰਵਾਹ ਨਿਰਅੱਖਰ ਆਪ ਜਣਾਈਆ । ਜਿਸ ਦਾ ਦੀਪਕ ਜੋਤੀ ਧਾਰ ਜਲਵਾ ਨੂਰ ਹੋ ਕੇ ਜਗਾ, ਜਾਗਰਤ ਜੋਤ ਬਿਨ ਵਰਨ ਗੋਤ ਲਾਸ਼ਰੀਕ ਹੱਕ ਤੌਫ਼ੀਕ਼, ਦਾਅਵੇਦਾਰ ਹਰਿ ਨਿਰੰਕਾਰ, ਨਿਰਗੁਣ ਧਾਰ ਹੁਕਮ ਵਰਤਾਈਆ । ਸੋ ਖੇਲ ਕਰੇ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੂਰਾ ਸਰਬਗਾ, ਧੁਰ ਫ਼ਰਮਾਨਾ ਨੌਜਵਾਨਾ ਮਰਦ ਮਰਦਾਨਾ ਧਰਮ ਦੀ ਧਾਰ ਇਕ ਦ੍ਰਿੜਾਈਆ । ਸਾਚਾ ਨਾਮ ਨਰ ਨਿਰੰਕਾਰ ਵਜਾਏ ਡੰਕਾ ਸ਼ਬਦੀ ਢੋਲ ਡੱਗਾ, ਚਾਰ ਵਰਨ ਅਠਾਰਾਂ ਬਰਨ ਅੰਦਰ ਬਾਹਰ ਗੁਪਤ ਜਾਹਰ ਹੱਕ ਸਚ ਕਰੇ ਸ਼ਨਵਾਈਆ ।
੪੯੫ ੧੯ ਕਲਜੁਗ ਕੂੜੀ ਕਿਰਿਆ ਹੰਸ ਰੂਪ ਬਣਾਏ ਕੱਗਾ, ਮਨ ਵਾਸਨਾ ਦੁਰਮਤ ਮੈਲ ਮਮਤਾ ਮੋਹ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ੪੯੫ ੧੯
ਆਪਣੀ ਜੋਤ ਧਰ, ਖੇਲ ਕਰੇ ਹਕ਼ੀਕ਼ਤ ਹੱਕਾ ਹੁਕਮ ਧੁਰ ਦਾ ਇਕ ਪਰਗਟਾਈਆ । ਹੁਕਮ ਕਹੇ ਮੈਂ ਹੋਣ ਲੱਗਾ ਤਾਮੀਰ, ਪੁਰਖ ਅਕਾਲ ਦੇਵੇ ਵਡਿਆਈਆ । ਕਲਜੁਗ ਲੇਖਾ ਅੰਤ ਅਖ਼ੀਰ, ਸ੍ਰਿਸ਼ਟੀ ਦ੍ਰਿਸ਼ਟੀ ਫੋਲ ਫੁਲਾਈਆ । ਝਗੜਾ ਮੁਕਾਵਾਂ ਅਮੀਰ ਗ਼ਰੀਬ, ਊਚ ਨੀਚ ਰਾਓ ਰੰਕ ਇਕੋ ਰੰਗ ਰੰਗਾਈਆ । ਸ਼ਰਅ ਦੇ ਕਟ ਜ਼ੰਜੀਰ, ਸ਼ਰੀਅਤ ਅਸਲੀਅਤ ਇਕੋ ਦਿਆਂ ਪਰਗਟਾਈਆ । ਪਰਮ ਪੁਰਖ ਦੀ ਇਕੋ ਦੱਸ ਕੇ ਤਦਬੀਰ, ਤਬਦੀਲੀ ਵਿਚ ਵੇਖਾਂ ਜਗਤ ਲੋਕਾਈਆ । ਭਗਤ ਸੁਹੇਲਾ ਕੋਈ ਰਹੇ ਨਾ ਦਲਗੀਰ, ਅੰਮ੍ਰਿਤ ਬਖ਼ਸ਼ ਕੇ ਠੰਡਾ ਨੀਰ, ਅਗਨੀ ਅੱਗ ਦੇਵਾਂ ਬੁਝਾਈਆ । ਮੁਹੱਬਤ ਵਿਚ ਦੇਵਾਂ ਧੀਰ, ਪਿਆਰ ਵਿਚ ਨਾਤਾ ਇਕ ਰਖਾਈਆ । ਗੁਰਮੁਖ ਸੰਤ ਸੁਹੇਲੇ ਸੱਜਣ ਸਚ ਦੁਲਾਰੇ ਬਣਾ ਅਜ਼ੀਜ਼, ਪ੍ਰੀਤਮ ਧੁਰ ਦੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਆਸਾ ਮਨਸਾ ਪੂਰੀ ਕਰੇ ਉਮੀਦ, ਨਿਰਾਸਾ ਰਹਿਣ ਕੋਇ ਨਾ ਪਾਈਆ ।

## ੧੧ ਚੇਤ ਸ਼ਹਿਨਸ਼ਾਹੀ ਸੰਮਤ ੨ ਸੰਤ ਸਿੰਘ ਦੇ ਗ੍ਰਿਹ ਇਟਾਰਸੀ ਮੱਧ ਪ੍ਰਦੇਸ਼

ਜਨ ਭਗਤਾਂ ਭਗਤੀ ਕਰੇ ਮਨਜ਼ੂਰ, ਮਨਜ਼ੂਰੀ ਆਪਣੇ ਹੱਥ ਰਖਾਇੰਦਾ । ਦਇਆ ਕਮਾ ਕੇ ਹਾਜ਼ਰ ਹਜ਼ੂਰ, ਹਾਜ਼ਰ ਹੋ ਕੇ ਵੇਖ ਵਖਾਇੰਦਾ ।

ਜਗਤ ਦੁੱਖੜੇ ਵਿਚ ਰਹਿਣ ਨਾ ਦੇਵੇ ਮਜਬੂਰ, ਮਹਿਬੂਬ ਆਪਣਾ ਰੰਗ ਰੰਗਾਇੰਦਾ । ਚਰਨ ਪ੍ਰੀਤੀ ਬਣਾ ਸੱਚਾ ਮਜ਼ਦੂਰ, ਮੁਸ਼ੱਕਤ ਆਪਣੀ ਝੋਲੀ ਪਾਇੰਦਾ । ਭਗਤ ਉਧਾਰਨਾ ਪ੍ਰਭ ਦਾ ਆਦਿ ਜੁਗਾਦੀ ਦਸਤੂਰ, ਮਿਹਰਵਾਨ ਸਿਰ ਆਪਣਾ ਹੱਥ ਰਖਾਇੰਦਾ । ਸਚ ਪ੍ਰੇਮ ਵਿਚ ਹੋ ਮਸ਼ਕੂਰ, ਮੁਸ਼ਕਲ ਅਗਲੀ ਆਪ ਕਟਾਇੰਦਾ । ਬਿਨਾ ਚੰਦ ਤੋਂ ਦੇ ਕੇ ਨੂਰ, ਅੰਧ ਅੰਧੇਰ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਜਨ ਭਗਤ ਜਗ ਕਟੇ ਦਲਿੱਦਰ, ਦਲਿੱਦਰੀ ਰਹਿਣ ਕੋਇ ਨਾ ਪਾਈਆ । ਦਇਆਵਾਨ ਹੋ ਕੇ ਆਇਆ ਇਧਰ, ਪੁਰਖ ਅਬਿਨਾਸ਼ੀ ਵੇਸ ਵਟਾਈਆ । ਦਏ ਵਡਿਆਈ ਵਾਂਗ ਬਿਦਰ, ਬਿਧ ਆਪਣੀ ਨਾਲ ਤਰਾਈਆ । ਹੋਏ ਸਹਾਈ ਜਾਵੇ ਜਿਧਰ, ਯਥਾਰਥ ਦੇਵੇ ਮਾਣ ਵਡਿਆਈਆ । ਪੁਰਖ ਅਕਾਲ ਬਣ ਕੇ ਧੁਰ ਦਾ ਪਿਤਰ, ਪਿਸਰ ਪਿਸਰਾਨ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਰਹਿਣ ਨਾ ਦੇਵੇ ਦੁੱਖ, ਦੁਖੀਆਂ ਦਰਦ ਮਿਟਾਇੰਦਾ । ਸਚ ਸਵਾਮੀ ਦੇਵਣਹਾਰਾ ਸੁਖ, ਸੁਖ ਨਿਰੰਤਰ ਇਕ ਪਰਗਟਾਇੰਦਾ । ਜਨਮ ਕਰਮ ਦੀ ਰਹੇ ਕੋਈ ਨਾ ਭੁੱਖ, ਨਾਮ ਭੰਡਾਰਾ ਝੋਲੀ ਪਾਇੰਦਾ । ਕਿਰਪਾ ਕਰ ਅਬਿਨਾਸ਼ੀ ਅਚੁਤ, ਚਾਰੋਂ ਕੁੰਟ ਰੰਗ ਰੰਗਾਇੰਦਾ । ਸੰਤ ਸੁਹੇਲਾ ਬਣਾ ਕੇ ਆਪਣਾ ਸੁਤ, ਜਗਤ ਅਪਰਾਧਾਂ ਵਿਚੋਂ ਬਾਹਰ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਕੁਛ ਦਾ ਕੁਛ, ਕ਼ਿਸਮਤ ਦੀ ਕਿਸਮ ਕਰਮਾਂ ਵਿਚੋਂ ਬਾਹਰ ਰਖਾਇੰਦਾ ।



## ੧੧ ਚੇਤ ਸ਼ਹਿਨਸ਼ਾਹੀ ਸੰਮਤ ੨ ਮੰਗਲ ਸਿੰਘ ਦੇ ਗ੍ਰਿਹਿ ਭੁਪਾਲ ਮੱਧ ਪ੍ਰਦੇਸ਼

ਜਨ ਭਗਤਾਂ ਮਿਲੇ ਮਾਣ ਅਗੰਮਾ ਮੁਫ਼ਤ, ਕਰਤਾ ਪੁਰਖ ਕਰਤਾਰ ਕ਼ੀਮਤ ਨਾ ਕੋਇ ਲਗਾਈਆ । ਸਚ ਫ਼ਰਮਾਨ ਧੁਰ ਸੰਦੇਸ਼ਾ ਅਗੰਮੀ ਧਾਰ ਦੇਵੇ ਦਰੁਸਤ, ਜਗਤ ਵਿਦਿਆ ਅੱਖਰ ਵੰਡ ਨਾ ਕੋਇ ਵੰਡਾਈਆ । ਮਨ ਵਾਸਨਾ ਕੂੜੀ ਕਿਰਿਆ ਕਲਜੁਗ ਰੈਣ ਅੰਧੇਰੀ ਰਹੇ ਨਾ ਕੋਇ ਸੁਸਤ, ਨਿਰਗੁਣ ਨੂਰੀ ਜੋਤੀ ਚੰਦ ਸਚ ਪਰਕਾਸ਼ ਕਰੇ ਰੁਸ਼ਨਾਈਆ । ਮਿਹਰਵਾਨ ਹੋ ਕੇ ਮਹਿਬੂਬ ਮੁਹੱਬਤ ਵਿਚ ਹੱਥ ਰਖੇ ਉਪਰ ਪੁਸ਼ਤ, ਪ੍ਰਿਤਪਾਲਕ ਹੋ ਕੇ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਜਨ ਭਗਤਾਂ ਦੇਵੇ ਪਰਮ ਪੁਰਖ ਪਰਮਾਤਮ ਨਾਮ ਅਨਮੁੱਲਾ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਭਾਗ ਲਗਾਏ ਸਾਢੇ ਤਿੰਨ ਹੱਥ ਮਨਾਰ ਕਾਇਆ ਕੁੱਲਾ, ਕਲਮਿਆਂ ਦਾ ਮਾਲਕ ਧੁਰ ਦਾ ਨਗ਼ਮਾ ਹੱਕ ਇਕ ਦ੍ਰਿੜਾਈਆ । ਭੇਵ ਖੁਲ੍ਹਾਏ ਦਇਆ ਕਮਾਏ ਹੁਕਮ ਜਣਾਏ ਸੁਲਹ ਕੁਲਾ, ਸਾਹਿਬ ਸਵਾਮੀ ਅੰਤਰਜਾਮੀ ਧੁਰ ਦੀ ਬਾਣੀ ਅਗੰਮੀ ਨਾਦ ਜਣਾਈਆ । ਚਰਨ ਦਵਾਰ ਬਣ ਭਿਖਾਰ ਦਰ ਦਰਵੇਸ਼ ਜੋ ਆਏ ਭੁੱਲਾ, ਅਭੁੱਲ ਗੁਰਦੇਵ ਪਾਰਬ੍ਰਹਮ ਪਤਿਪਰਮੇਸ਼ਵਰ ਦੀਨਾਂ ਬੰਧੂ ਹੋਏ ਆਪ ਸਹਾਈਆ । ਸੰਤ ਸੁਹੇਲਾ ਗੁਰਮੁਖ ਸੱਜਣ ਮੀਤ ਚਾਰ ਜੁਗ ਲੋਕਮਾਤ ਕਦੇ ਨਾ ਰੁਲਾ, ਮਾਣਕ ਮੋਤੀ ਧੁਰ ਦਾ ਹੀਰਾ ਹਰ ਹਿਰਦੇ ਅੰਦਰ ਵੜ ਕੇ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ

ਲੇਖਾ ਲੇਖੇ ਪਾਈਆ । ਜਨ ਭਗਤ ਸਦਾ ਤੱਕੇ ਘਰ ਅਗੰਮ, ਜਿਥੇ ਵੱਜੇ ਇਕ ਵਧਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਹੋਵੇ ਧੰਨ ਧੰਨ, ਬਿਨ ਢੋਲੇ ਗੀਤ ਸਤਿ ਸਚ ਸ਼ਨਵਾਈਆ । ਹੋਵੇ ਪਰਕਾਸ਼ ਬਿਨ ਸੂਰਜ ਚੰਨ, ਜਲਵਾ ਜੋਤ ਨੂਰ ਰੁਸ਼ਨਾਈਆ । ਤਤ ਵਿਕਾਰ ਨਾ ਦਿਸੇ ਤਨ, ਬੇਪਰਵਾਹ ਆਪਣਾ ਖੇਲ ਵਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸ੍ਰੀ ਭਗਵਨ, ਭਗਤ ਭਗਵੰਤ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਜਣ ਵੇਖ ਵਖਾਈਆ । ਜਨ ਭਗਤਾਂ ਦੇਵੇ ਏਕੰਕਾਰਾ ਇਕ ਪਿਆਰ, ਅਪਰੰਪਰ ਸਵਾਮੀ ਦਇਆ ਕਮਾਈਆ । ਬਿਨਾ ਅੱਖਾਂ ਨੇਤਰ ਲੋਚਨ ਦਰਸ ਦੇਵੇ ਦੀਦਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਭਾਗ ਲਗਾਏ ਮਹੱਲ ਅਟਲ ਉਚ ਮਨਾਰ, ਮਹਿਬੂਬ ਮੁਹੱਬਤ ਵਿਚ ਆਪਣਾ ਪੜਦਾ ਦਏ ਉਠਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਇਕ ਇਕੱਲਾ ਪਾਵੇ ਸਾਰ, ਅਕਲ ਕਲਧਾਰੀ ਜੋਤ ਉਜਿਆਰੀ ਪੜਦਿਆਂ ਵਿਚੋਂ ਪੜਦਾ ਲਏ ਉਠਾਈਆ । ਜਿਸ ਨੂੰ ਲੱਭਦੇ ਗਏ ਜੁਗ ਚਾਰ, ਸੋ ਖੇਲ ਕਰੇ ਕਰਤਾਰ, ਕੁਦਰਤ ਦਾ ਕ਼ਾਦਰ ਸ੍ਰਿਸ਼ਟੀ ਦਾ ਮਾਲਕ ਦ੍ਰਿਸ਼ਟੀ ਦਾ ਪਾਲਕ, ਪਰਵਰਦਿਗਾਰ ਪਰਦਾਨਸ਼ੀਨ ਪਰਦਾ ਦਏ ਉਠਾਈਆ । ਜਨ ਭਗਤਾਂ ਦੇਵੇ ਨਾਮ ਗੁਫ਼ਤਾਰ, ਦੋ ਜਹਾਨਾਂ ਕਰੇ ਨਾ ਕੋਇ ਤਕਰਾਰ, ਸਿਫ਼ਤੀ ਸਿਫ਼ਤ ਕਰੇ ਇਜ਼ਹਾਰ, ਪਾਵੇ ਕੋਇ ਅੰਤ ਨਾ ਪਾਰਾਵਾਰ, ਬੇਪਰਵਾਹ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖਲੇ ਸਾਚਾ ਹਰਿ, ਹਰ ਹਿਰਦਾ ਵੇਖੇ ਥਾਉਂ ਥਾਈਂਆ । ਜਨ ਭਗਤਾਂ ਪ੍ਰਭ ਦੇਵਣਹਾਰਾ ਸਚ ਦਲਾਸਾ, ਅੰਦਰ ਵੜ ਕੇ ਮੰਦਰ ਚੜ੍ਹ ਕੇ ਹੱਕ ਹਕ਼ੀਕ਼ਤ ਆਪ ਜਣਾਈਆ । ਚਰਨ ਪ੍ਰੀਤੀ ਧੁਰ ਦੀ ਰੀਤੀ ਬਿਨ ਮੰਦਰ ਮਸੀਤੀ ਦੇਵੇ ਇਕ

੪੯੭ ੧੯ ਭਰਵਾਸਾ, ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਕਾਇਆ ਚੋਲੀ ਕਾਇਆ ਮਾਟੀ ਸਾਢੇ ਤਿੰਨ ਹੱਥ ਰੰਗ ਚਾੜ੍ਹੇ ਅਗੰਮ ੪੯੭ ੧੯

ਮਜੀਠੀ, ਏਥੇ ਓਥੇ ਦੋ ਜਹਾਨ, ਬਿਨਾ ਨਿਸ਼ਾਨ ਵੇਖਣਹਾਰ ਸ੍ਰੀ ਭਗਵਾਨ, ਭਗਵਨ ਆਪਣੇ ਰੰਗ ਰੰਗਾਈਆ । ਅੰਤਰ ਧਾਰ ਕਰ ਪਿਆਰ ਪਰਮ ਪੁਰਖ ਪਰਮਾਤਮ ਆਤਮ ਦੱਸੇ ਇਕ ਪ੍ਰੀਤੀ, ਪ੍ਰੀਤੀਵਾਨ ਪ੍ਰੀਤਮ ਪ੍ਰਤੀਨਿਧ ਹੋ ਕੇ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਹੇਲਾ ਇਕ ਇਕੇਲਾ ਇਕੋ ਰੰਗ ਰੰਗਾਏ ਗੁਰੂ ਗੁਰ ਚੇਲਾ, ਚੇਲਾ ਗੁਰ ਆਪਣਾ ਹੁਕਮ ਵਰਤਾਈਆ । ਜਨ ਭਗਤ ਤੇਰਾ ਮੰਦਰ ਮਹੱਲ ਅਟਲ ਵੇਖੇ ਇਕ ਮਹਿਬੂਬ, ਏਕੰਕਾਰਾ ਦਇਆ ਕਮਾਈਆ । ਲੇਖਾ ਜਾਣੇ ਅਰਸ਼ ਉਪਰ ਸਚ ਅਰੂਜ, ਬੇਪਰਵਾਹ ਦਇਆ ਕਮਾਈਆ । ਤੇਰੀ ਮੰਜ਼ਲ ਹੱਕ ਝਗੜਾ ਰਹੇ ਨਾ ਦੂਜ, ਵਾਹਦ ਦੇਵਣਹਾਰ ਸ਼ਰਨਾਈਆ । ਸੋ ਸਾਹਿਬ ਸਵਾਮੀ ਕਲਜੁਗ ਅੰਤ ਸ੍ਰੀ ਭਗਵੰਤ ਹੱਕ ਦਾ ਮਾਲਕ ਹੋ ਮੌਜੂਦ, ਸੰਤ ਸੁਹੇਲੇ ਰਿਹਾ ਜਗਾਈਆ । ਜਿਸ ਦੀ ਏਥੇ ਓਥੇ ਦੋ ਜਹਾਨ ਚੌਦਾਂ ਲੋਕ ਚੌਦਾਂ ਤਬਕ ਚੌਦਾਂ ਵਿਦਿਆ ਵਿਚ ਸਮਝ ਸਕਿਆ ਨਾ ਕੋਇ ਹਦੂਦ, ਅਨੰਤ ਕਹਿ ਕੇ ਅੰਤ ਨਾ ਕੋਇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜੀ ਕਿਰਿਆ ਚਾਰ ਵਰਨ ਅਠਾਰਾਂ ਬਰਨ ਵਿਚੋਂ ਕਰਨਹਾਰਾ ਨੇਸਤੇ ਨਾਬੂਦ, ਨਿਜ ਆਤਮ ਪਰਮਾਤਮ ਨਿਜਾਨੰਦ ਪਰਮਾਨੰਦ ਗੁਰਮੁਖਾਂ ਅੰਦਰ ਕਾਇਆ ਮੰਦਰ, ਸਾਢੇ ਤਿੰਨ ਹੱਥ ਗ੍ਰਿਹ ਗ੍ਰਿਹ ਦੇਵੇ ਪਰਗਟਾਈਆ ।

## ✪ ੧੨ ਚੇਤ ਸ਼ਹਿਨਸ਼ਾਹੀ ਸੰਮਤ ੨ ਗੁਰਨਾਮ ਸਿੰਘ ਦੇ ਗ੍ਰਹਿ ਭੁਪਾਲ ਮਧਿਆ ਪ੍ਰਦੇਸ਼ ✪

ਜਨ ਭਗਤਾਂ ਅੰਮ੍ਰਿਤ ਆਤਮ ਨਾਮ ਦੇਵੇ ਸਾਂਤਕ ਸਤਿ, ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਆਪਣੀ ਦਇਆ ਕਮਾਈਆ । ਬੋਧ ਅਗਾਧ ਸ਼ਬਦ ਅਨਾਦ ਧੁਨ ਆਤਮਕ ਰਾਗ ਸੁਣਾ ਕੇ ਪਰਗਟਾਵੇ ਅਗੰਮੀ ਮਤ, ਬ੍ਰਹਮ ਮਤ ਬਿਨ ਵਿਦਿਆ ਅੱਖਰ ਦਏ ਪੜ੍ਹਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨਮਤ ਬੁਧ ਝਗੜਾ ਰਹੇ ਨਾ ਕੋਈ ਤੱਤ, ਭੇਵ ਅਭੇਦਾ ਅਛੱਲ ਅਛੇਦਾ ਬਿਨ ਚਾਰ ਵੇਦਾਂ ਆਪਣਾ ਦਏ ਜਣਾਈਆ । ਧੀਰਜ ਧਰਮ ਸੰਤੋਖ ਬਖ਼ਸ਼ੇ ਸਤਿ, ਕਰੇ ਖੇਲ ਅਲੱਖਣਾ ਅਲਖ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਬੇਪਰਵਾਹੀ ਵਿਚ ਦਇਆ ਕਮਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਿਰਗੁਣ ਸਰਗੁਣ ਨਾਤਾ ਜੁੜੇ ਸਚ, ਦੂਈ ਦਵੈਤ ਕੂੜੀ ਕਿਰਿਆ ਮਾਇਆ ਮਮਤਾ ਮੋਹ ਵਿਕਾਰ ਹੰਕਾਰ ਵਿਚੋਂ ਬਾਹਰ ਕਢਾਈਆ । ਨਿਜ ਨੇਤਰ ਲੋਚਣ ਨੈਣ ਪਰਮ ਪੁਰਖ ਪਰਮਾਤਮ ਖੋਲ੍ਹੇ ਅੱਖ, ਹਰਿਜਨ ਅੰਤਰ ਅੰਤਰ ਜਾਏ ਵਸ, ਵਾਸਤਾ ਵਾਬਸਤਾ ਹੋ ਕੇ ਆਪਣੇ ਨਾਲ ਜੁੜਾਈਆ । ਕੂੜ ਕੁੜਿਆਰ ਨੌ ਦਵਾਰ ਜਗਤ ਵਾਸਨਾ ਪਿਛਲਾ ਪੰਧ ਮੁਕੇ ਹੱਦ, ਹੱਦ ਹਦੂਦ ਹੱਕ ਮਹਿਬੂਬ ਪਾਰਬ੍ਰਹਮ ਪਤਿਪਰਮੇਸ਼ਵਰ ਮੁਕਾਮੇ ਹੱਕ ਸਚਖੰਡ ਦਵਾਰ ਇਕ ਜਣਾਈਆ । ਧੁਨ ਆਤਮਕ ਰਾਗ ਸੁਣਾਏ ਤਾਲ ਅਗੰਮੀ ਨਦ, ਰਸਨਾ ਜਿਹਵਾ ਬੱਤੀ ਦੰਦ ਬੁਧੀ ਢੋਲਾ ਨਾ ਕੋਇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰ ਘਟ ਵੇਖੇ ਚਾਈਂ ਚਾਈਂਆ । ਜਨ ਭਗਤ ਪ੍ਰਭ ਦੇਵਣਹਾਰਾ ਸਚ ਭਰਵਾਸਾ, ਭਾਂਡਾ ਭਰਮ ਭੌ ਕਾਇਆ ਮਾਟੀ ਅੰਦਰ ਦਏ ਤੁੜਾਈਆ । ਜੁਗ ਜਨਮ ਦੀ ਕਰਮ ਕਰਮ ਦੀ ਪੂਰੀ ਕਰੇ ਆਸਾ, ਤ੍ਰਿਸ਼ਨਾ ਤ੍ਰਿਖਾ ਮਾਇਆ ਮਮਤਾ ਮੋਹ ਦਏ ਚੁਕਾਈਆ । ਸਾਚੇ ਮੰਡਲ ਸਾਢੇ ਤਿੰਨ ਹੱਥ ਸਰੀਰ ਸੁਰਤੀ ਸ਼ਬਦੀ ਗੋਪੀ ਕਾਹਨ ਮਿਲ ਕੇ ਪਾਵੇ ਰਾਸਾ, ਨਾਮ ਸ਼ਬਦੀ ਧੁਰ ਦਾ ਰਾਗ ਵੈਰਾਗੀ ਹੋ ਕੇ ਆਪ ਅਲਾਈਆ । ਨਿਜ ਘਰ ਨਿਜ ਗ੍ਰਹਿ ਨਿਜ ਆਤਮ ਕਰ ਕੇ ਵਾਸਾ, ਨਿਰਮਲ ਨੂਰ ਜੋਤ ਜੋਤ ਪਰਕਾਸ਼ਾ, ਅੰਧ ਅਗਿਆਨ ਸ੍ਰੀ ਭਗਵਾਨ ਅੰਧੇਰਾ ਅੰਤਰ ਦਏ ਮੁਕਾਈਆ । ਮਾਨਸ ਜਨਮ ਲੱਖ ਚੁਰਾਸੀ ਵਿਚੋਂ ਕਰੇ ਰਹਿਰਾਸਾ, ਅੰਤਮ ਤੋੜਨਹਾਰਾ ਜਮ ਕੀ ਫਾਸਾ, ਫ਼ੈਸਲਾ ਹੱਕ ਹਕ਼ੀਕ਼ਤ ਇਕੋ ਇਕ ਜਣਾਈਆ । ਸੰਤ ਸੁਹੇਲਾ ਇਕ ਇਕੇਲਾ ਜੁਗ ਚੌਕੜੀ ਜਨ ਭਗਤਾਂ ਬਣ ਕੇ ਦਾਸੀ ਦਾਸਾ, ਪੁਰਖ ਅਬਿਨਾਸ਼ਾ ਸ਼ਾਹੋ ਸ਼ਾਬਾਸ਼ਾ, ਮਿਹਰ ਨਜ਼ਰ ਬੇਨਜ਼ੀਰ ਆਪਣੀ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਾ ਕਰੇ ਜਨਮ ਜਨਮ ਦਾ ਘਾਟਾ, ਅਗਲੀ ਮੰਜ਼ਲ ਪੰਧ ਮੁਕਾਵੇ ਵਾਟਾ, ਚਰਨ ਕਵਲ ਜੋੜ ਕੇ ਸੱਚਾ ਨਾਤਾ, ਨਰਾਇਣ ਨਰ ਨੂਰ ਆਪਣੇ ਵਿਚ ਮਿਲਾਈਆ ।

## ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ੨ ਕਿਸ਼ਨ ਚੰਦ ਨਾਰੰਗ ਦੇ ਨਾਲ ਨਿਰੰਕਾਰੀ ਸਟੋਰ ਕੋਆਪਰੇਟਿਵ ਦਿੱਲੀ ✪

ਏਕੰਕਾਰ ਨਿਰੰਕਾਰ ਸਤਿਗੁਰ ਜਿਸ ਨੂੰ ਦੇਵੇ ਸੱਚੀ ਅਸ਼ੀਰਵਾਦ, ਏਕਾ ਵਾਰ ਇਕ ਇਕੱਲਾ ਆਪਣੀ ਦਇਆ ਕਮਾਈਆ । ਸਤਿ ਵਸਤੂ ਸਚ ਘਰ ਕਾਇਆ ਮੰਦਰ ਸਾਚੇ ਅੰਦਰ ਕਦੀ ਨਾ ਹੋਏ ਬਰਬਾਦ, ਨਸ਼ਟ ਰੂਪ ਨਾ ਕੋਇ ਵਖਾਈਆ । ਨਾਮ ਨਿਧਾਨ ਮਿਹਰਵਾਨ ਜਿਸ ਅੰਤਰ

ਆਤਮ ਪਰਮਾਤਮ ਹੋ ਕੇ ਦੇਵੇ ਆਪਣੀ ਯਾਦ, ਮਨ ਵਾਸਨਾ ਜਗਤ ਮਾਇਆ ਵਿਚ ਵਿਸਰ ਕਦੇ ਨਾ ਜਾਈਆ । ਪ੍ਰੇਮ ਪਿਆਰ ਸਚ ਮੁਹੱਬਤ ਵਿਚ ਮਹਿਬੂਬ ਵਜਾਏ ਆਪਣਾ ਅਗੰਮੀ ਨਾਦ, ਧੁਨ ਆਤਮਕ ਅਨਹਦ ਨਾਦੀ ਨਾਦ ਸ਼ਨਵਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਦੇਵੇ ਸਚ ਸਵਾਦ, ਮਨ ਮਤ ਬੁਧ ਸਕੇ ਨਾ ਕੋਇ ਬਦਲਾਈਆ । ਧੁਰ ਦੀ ਵਸਤ ਬਿਨਾ ਹੱਥ ਦਸਤ ਦੇਵੇ ਦਾਤਾ ਦਾਤਾਰ, ਸ਼ਾਹ ਨਵਾਬ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਜਲਵਾਗਰ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਸ਼ੀਰਵਾਦ ਜਿਸ ਨੂੰ ਦੇਵੇ ਸਾਚੇ ਘਰ, ਸੋ ਦੂਜੇ ਦਰ ਮੰਗਣ ਕਦੇ ਨਾ ਜਾਈਆ । ਸਾਚੀ ਅਸ਼ੀਰਵਾਦ ਮਿਲ ਜਾਏ ਵਿਚ ਜਗ, ਜਗਜੀਵਣ ਦਾਤਾ ਦੇਵੇ ਮਾਣ ਵਡਿਆਈਆ । ਮਾਇਆ ਮਮਤਾ ਮੋਹ ਤ੍ਰਿਸ਼ਨਾ ਕੂੜੀ ਕਿਰਿਆ ਸੜੇ ਨਾ ਵਿਚ ਅੱਗ, ਹਉਮੇ ਹੰਗਤਾ ਰੋਗ ਨਾ ਕੋਇ ਸਤਾਈਆ । ਸਾਹਿਬ ਸਵਾਮੀ ਅੰਤਰਜਾਮੀ ਨਿਰਗੁਣ ਨਿਰਾਕਾਰ ਜੋਤ ਸਰੂਪ ਦਰਸ਼ਨ ਕਰੇ ਉਪਰ ਸ਼ਾਹ ਰਗ, ਨਵ ਨੌ ਚਾਰ ਲੇਖਾ ਰਹੇ ਨਾ ਰਾਈਆ । ਬਿਨ ਮੱਕੇ ਕਾਅਬੇ ਸਾਚੇ ਹੁਜਰੇ ਮੁਕਾਮੇ ਹੱਕ ਮੁਰੀਦ ਮੁਰਸ਼ਦ ਕਰਾਵੇ ਆਪਣਾ ਹੱਜ, ਮਹਿਵ ਮਹਿਬੂਬ ਮੁਹੱਬਤ ਵਿਚ ਮਿਲਾਈਆ । ਨਾਮ ਨਿਧਾਨ ਸਤਿ ਸਤਿਵਾਦ ਸ਼ਬਦ ਅਗੰਮੀ ਸੁਣਾਏ ਨਦ, ਸੁਰਤੀ ਸੁੱਤੀ ਲਏ ਉਠਾਈਆ । ਸੋ ਗੁਰਮੁਖ ਗੁਰਸਿਖ ਸੰਤ ਭਗਤ ਹਰਿਜਨ ਇਕੋ ਢੋਲਾ ਇਕੋ ਗੀਤ ਇਕੋ ਨਗ਼ਮਾ ਇਕੋ ਨਾਮ ਇਕੋ ਕਲਮਾ ਗਾਵਣ ਧੁਰ ਦਾ ਸਦ, ਛੰਦ ਇਕੋ ਇਕ ਸੁਣਾਈਆ । ਜੋ ਪੂਰੇ ਸਤਿਗੁਰ ਦੀ ਸ਼ਬਦ ਡੋਰੀ ਅੰਦਰ ਗਿਆ ਬੱਝ, ਮਨ ਵਾਸਨਾ ਵਿਚ ਚਾਰ ਕੁੰਟ ਦਹਿ ਦਿਸ਼ਾ ਨੱਠ ਨੱਠ ਕੋਇ ਨਾ ਜਾਈਆ । ਪੂਰਾ ਮਹਾਂਪੁਰਸ਼ ਜਿਸ ਦੇ ਅੰਦਰ ਜਾਵੇ ਵਸ, ਨਿਝਰ ਝਿਰਨਾ ਅੰਮ੍ਰਿਤ ਦੇਵੇ ਰਸ, ਜੋਤੀ ਜੋਤ ਕਰੇ ਪਰਕਾਸ਼, ਅੰਧ ਅੰਧੇਰ ਕਰੇ ਵਿਨਾਸ਼, ਅੰਦਰ ਬਾਹਰ ਗੁਪਤ ਜਾਹਰ ਰਖੇ ਨਿਵਾਸ, ਸਵਾਸ ਸਵਾਸ ਇਕੋ ਨਾਮ ਜਣਾਈਆ । ਆਤਮ ਪਰਮਾਤਮ ਪਰਮ ਪੁਰਖ ਕਦੇ ਟੁੱਟਣ ਨਾ ਦੇਵੇ ਸਾਥ, ਕਿਰਪਾ ਕਰੇ ਪੁਰਖ ਸਮਰਾਥ, ਅਸ਼ੀਰਵਾਦ ਵਿਚੋਂ ਅਸਰ ਮੁੱਕਣ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣੀ ਅਸ਼ੀਰਵਾਦ, ਤਿਸ ਦੀਨ ਮਜ਼੍ਹਬ ਜਾਤ ਪਾਤ ਵਰਨ ਗੋਤ ਊਚ ਨੀਚ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਲਮਾ ਕਲਾਮ ਸਿਫ਼ਤੀ ਨਾਮ ਵਿਚੋਂ ਕਰੇ ਆਜ਼ਾਦ, ਇਕੋ ਗ੍ਰਿਹ ਇਕੋ ਮੰਦਰ ਇਕੋ ਘਰ ਇਕੋ ਮੁਰੀਦ ਇਕੋ ਮੁਰਸ਼ਦ ਇਕੋ ਰਾਹ ਇਕੋ ਮੰਜ਼ਲ ਇਕ ਦਵਾਰਾ ਸਹਿਜੇ ਦਏ ਵਖਾਈਆ ।



✪ ੧੪ ਚੇਤ ਸ਼ਹਿਨਸ਼ਾਹੀ ਸੰਮਤ ੨ ਹਰਭਜਨ ਸਿੰਘ ਦੇ ਗ੍ਰਿਹਿ ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ ✪

ਜਨ ਭਗਤ ਤੇਰੀ ਇਛਿਆ ਪੂਰੀ, ਆਸਾ ਮਨਸਾ ਆਪਣਾ ਰੰਗ ਰੰਗਾਈਆ । ਜੁਗ ਜਨਮ ਕਰਮ ਦੀ ਲੇਖੇ ਲਾਏ ਮਜ਼ਦੂਰੀ, ਸੇਵਾ ਸੇਵਕ ਦਏ ਵਡਿਆਈਆ । ਕੂੜੀ ਕਿਰਿਆ ਜਗਤ ਵਾਸਨਾ ਦੂਰ ਕਰਾਏ ਨਾਲ ਚਰਨ ਧੂੜੀ, ਟਿੱਕਾ ਮਸਤਕ ਇਕ ਰਮਾਈਆ । ਨਿਰਗੁਣ ਜੋਤ ਪਰਕਾਸ਼ ਕਰੇ ਅਗੰਮੀ ਨੂਰੀ, ਅੰਧ ਅਗਿਆਨ ਦੇਵੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਜਨ ਭਗਤ ਤੇਰੀ ਜੁਗ ਜੁਗ ਇੱਛਾ, ਪ੍ਰਭ ਮੇਲਾ ਸਹਿਜ ਸੁਭਾਈਆ । ਜੁਗ ਚੌਕੜੀ ਲੇਖਾ ਜਾਣੇ ਧੁਰ ਦਾ ਲਿਖਾ, ਬਿਨ ਅੱਖਰਾਂ ਕਰ ਪੜ੍ਹਾਈਆ ।

ਕਰਮ ਕਰਮ ਦਾ ਝੋਲੀ ਪਾਏ ਹਿੱਸਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹੀਆ । ਧੁਰ ਫ਼ਰਮਾਨ ਸ੍ਰੀ ਭਗਵਾਨ ਜੋ ਕ਼ਲਮ ਸ਼ਾਹੀ ਬਿਨ ਅੱਖਰ ਲਿਖਾ, ਭਵਿਖਤ ਵਿਚ ਇਸ਼ਟ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਆਸਾ ਮਨਸਾ ਪੂਰੀ ਕਰੇ ਮੰਗ, ਦੂਜੇ ਦਰ ਮੰਗਣ ਨਾ ਜਾਈਆ । ਨਾਮ ਨਿਧਾਨ ਸ੍ਰੀ ਭਗਵਾਨ ਕਾਇਆ ਮੰਦਰ ਅੰਦਰ ਚਾੜ੍ਹੇ ਰੰਗ, ਅਗੰਮ ਅਗੰਮੜਾ ਆਪ ਰੰਗਾਈਆ । ਧੁਰਦਰਗਾਹੀ ਸੱਚਾ ਦੇਵੇ ਆਤਮ ਪਰਮਾਤਮ ਸੰਗ, ਜੁਗਤੀ ਜਗਤ ਨਾ ਹੋਏ ਜੁਦਾਈਆ । ਬਿਨ ਤਾਲ ਤਲਵਾੜੇ ਵਜਾਏ ਆਪਣਾ ਮਰਦੰਗ, ਨਾਦ ਅਨਾਦੀ ਅਨਹਦ ਰਾਗ ਸੁਣਾਈਆ । ਭੇਵ ਖੁਲ੍ਹਾਏ ਪਾਰਬ੍ਰਹਮ ਬ੍ਰਹਮ ਹੰ, ਪਤਿਪਰਮੇਸ਼ਵਰ ਆਪਣਾ ਪੜਦਾ ਦਏ ਉਠਾਈਆ । ਕਰਨੀ ਦਾ ਕਰਤਾ ਮਾਨਸ ਪੂਰਾ ਕਰੇ ਕੰਮ, ਨਿਹਕਰਮੀ ਹੋ ਕੇ ਕਰਮ ਕਾਂਡ ਦਏ ਮੁਕਾਈਆ । ਵਸਤ ਅਮੋਲਕ ਨਾਮ ਪਦਾਰਥ ਦੇਵੇ ਸੱਚਾ ਧਨ, ਬੇਪਰਵਾਹ ਆਪਣੀ ਦਾਤ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਚਾੜ੍ਹ ਇਕੋ ਚੰਦ, ਅੰਧ ਅੰਧੇਰਾ ਦਏ ਗਵਾਈਆ । ਜਨ ਭਗਤ ਤੇਰਾ ਲੇਖਾ ਲਿਖੇ ਬਿਨ ਸ਼ਾਹੀ ਕ਼ਲਮ ਦਵਾਤ, ਧੁਰ ਦਾ ਹੁਕਮ ਇਕ ਜਣਾਈਆ । ਸਚ ਪ੍ਰੀਤੀ ਜੋੜ ਕੇ ਨਿਰਗੁਣ ਸਰਗੁਣ ਨਾਤ, ਮੇਲਾ ਮੇਲੇ ਧੁਰਦਰਗਾਹੀਆ । ਝਗੜਾ ਮੁਕਾ ਕੇ ਵਿਛੋੜੇ ਵਾਲੀ ਜਾਤ, ਆਤਮ ਪਰਮਾਤਮ ਸੰਗ ਨਿਭਾਈਆ । ਲੇਖੇ ਲਾਵੇ ਸੁਹੰਜਣੀ ਰਾਤ, ਰੁਤ ਰੁਤੜੀ ਵਿਚੋਂ ਬਦਲਾਈਆ । ਲੇਖਾ ਦੇਵਣਹਾਰਾ ਆਦਿ, ਅੰਤ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਲੋਕਮਾਤ, ਅਗਲਾ ਸੰਗ ਸੰਗੀ ਹੋ ਕੇ ਤੋੜ ਨਿਭਾਈਆ ।



੫੦੦
੧੯

## ੧੫ ਚੇਤ ਸ਼ਹਿਨਸ਼ਾਹੀ ਸੰਮਤ ੨ ਹਰਚਰਨ ਸਿੰਘ ਦੇ ਗ੍ਰਿਹਿ ਧੀਰਪੁਰ ਦਿੱਲੀ

ਭਗਤ ਉਧਾਰੀ ਸਦਾ ਚੌਂਹ ਜੁਗੀ, ਜੁਗ ਕਰਤਾ ਦਇਆ ਕਮਾਇੰਦਾ । ਸਦ ਭਾਗ ਲਗਾਉਂਦਾ ਰਹੇ ਕਾਇਆ ਮਾਟੀ ਝੁੱਗੀ, ਗ੍ਰਿਹਿ ਮੰਦਰ ਆਪ ਸੁਹਾਇੰਦਾ । ਅੰਤਰ ਵਾਸਨਾ ਰਹਿਣ ਨਾ ਦੇਵੇ ਦੂਜੀ, ਏਕੰਕਾਰਾ ਏਕਾ ਰੰਗ ਰੰਗਾਇੰਦਾ । ਨਿਰਮਲ ਪਵਿੱਤਰ ਬਿਬੇਕ ਕਰੇ ਬੁਧੀ, ਗਿਆਨ ਧਿਆਨ ਵਿਚ ਬਦਲਾਇੰਦਾ । ਸ਼ਬਦੀ ਰਮਜ਼ ਲਗਾਏ ਗੁਝੀ, ਸੋਈ ਸੁਰਤੀ ਆਪ ਉਠਾਇੰਦਾ । ਧਾਰ ਰਹੇ ਨਾ ਮੂਲ ਲੁਕੀ, ਪੜਦਾ ਓਹਲਾ ਆਪ ਉਠਾਇੰਦਾ । ਜਗਤ ਕਿਰਿਆ ਵਿਚ ਰਹੇ ਨਾ ਦੁਖੀ, ਦੀਨਾਂ ਅਨਾਥਾਂ ਦਰਦ ਗਵਾਇੰਦਾ । ਉਜਲ ਕਰ ਕੇ ਮਾਤ ਮੁਖੀ, ਮੁਖੜਾ ਸਿਫ਼ਤ ਸਾਲਾਹ ਸਾਲਾਹਿੰਦਾ । ਮੰਜ਼ਲ ਕਰ ਕੇ ਉਚੀ, ਜਗਤ ਦਵਾਰਿਉਂ ਬਾਹਰ ਕਢਾਇੰਦਾ । ਆਤਮਾ ਕਰ ਕੇ ਸੁੱਚੀ, ਆਪਣੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਭਗਤ ਸੁਹੇਲਾ ਸਦਾ ਜੁਗ ਚਾਰ, ਚੌਕੜ ਆਪਣੀ ਦਇਆ ਕਮਾਈਆ । ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰ ਬੇਪਰਵਾਹੀਆ । ਵਸਤ ਅਮੋਲਕ ਦੇਵੇ ਅਪਰ ਅਪਾਰ, ਪਾਰਬ੍ਰਹਮ ਪ੍ਰਭ ਆਪ ਵਰਤਾਈਆ । ਚਰਨ ਪ੍ਰੀਤੀ ਬਖ਼ਸ਼ ਕੇ ਇਕ ਅਧਾਰ, ਆਦਤ ਕੂੜੀ ਦਏ ਬਦਲਾਈਆ । ਗ੍ਰਿਹਿ ਮੰਦਰ ਖੋਲ੍ਹ ਕਿਵਾੜ, ਪੜਦਾ ਓਹਲਾ ਦਏ ਚੁਕਾਈਆ । ਅਗਨੀ ਮੇਟ ਕੇ ਤੱਤੀ ਹਾੜ੍ਹ, ਬੂੰਦ ਸਵਾਂਤੀ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਬਖ਼ਸ਼ ਕੇ ਪ੍ਰੇਮ ਪਿਆਰ,

ਪ੍ਰੀਤਮ ਹੋ ਕੇ ਧੁਰ ਦਾ ਪਤਾ ਦਏ ਸਮਝਾਈਆ । ਜਨ ਭਗਤਾਂ ਮਿਲਦਾ ਰਹੇ ਸਦਾ ਸੁਹੇਲਾ, ਸਚ ਸਵਾਮੀ ਦਇਆ ਕਮਾਈਆ । ਨਜ਼ਰ ਆਉਂਦਾ ਰਹੇ ਇਕ ਅਕੇਲਾ, ਏਕੰਕਾਰ ਵੱਡ ਵਡਿਆਈਆ । ਮਾਣ ਦਿੰਦਾ ਰਹੇ ਗੁਰੂ ਗੁਰ ਚੇਲਾ, ਚੇਲਾ ਗੁਰੂ ਹੋਏ ਸਹਾਈਆ । ਸੁਹਾਉਂਦਾ ਰਹੇ ਭਗਤਾਂ ਅੰਤਰ ਸੁਹੰਜਣਾ ਵੇਲਾ, ਵਕ਼ਤ ਨਾਲ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤਾਂ ਦੱਸਦਾ ਰਿਹਾ ਇਬਾਦਤ, ਕਲਮਾ ਧੁਰ ਦਾ ਇਕ ਜਣਾਈਆ । ਜਗਤ ਸਮਾਜ ਵਿਚੋਂ ਬਦਲਦਾ ਆਇਆ ਆਦਤ, ਅਗਲਾ ਪੜਦਾ ਆਪ ਉਠਾਈਆ । ਨਾਤਾ ਤੁੜਾਉਂਦਾ ਰਿਹਾ ਨਿੰਦਕ ਸਾਕਤ, ਸਗਲਾ ਆਪਣਾ ਸੰਗ ਬਣਾਈਆ । ਨਿਰਗੁਣ ਹੋ ਕੇ ਕਰਦਾ ਰਿਹਾ ਹਿਫ਼ਾਜ਼ਤ, ਚਾਰੋਂ ਕੁੰਟ ਵੇਖ ਵਖਾਈਆ । ਮਨ ਵਾਸਨਾ ਮੇਟਦਾ ਰਿਹਾ ਸਾਜਸ਼, ਸੁਰਤੀ ਆਪਣੇ ਨਾਲ ਜੁੜਾਈਆ । ਅੰਮ੍ਰਿਤ ਮੇਘ ਬਰਸਦਾ ਰਿਹਾ ਬਾਰਸ਼, ਬੂੰਦ ਸਵਾਂਤੀ ਆਪ ਚੁਆਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਦੀ ਕਰਨ ਆਇਆ ਆਪ ਸਫ਼ਾਰਸ਼, ਦੂਜਾ ਵਿਚੋਲਾ ਨਾ ਕੋਇ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਧੀਰਜ ਨਾਲ ਦੇਵੇ ਸਚ ਦਵਾਰੇ ਦੀ ਸੱਚੀ ਢਾਰਸ, ਢਾਹ ਢੇਰੀ ਗੁਰਮੁਖ ਖ਼ਾਕ ਨਾ ਕੋਇ ਬਣਾਈਆ ।

## ✪ ੧੬ ਚੇਤ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਸਿੰਘ ਦੇ ਗ੍ਰਹਿ ਧੀਰਪੁਰ ਦਿੱਲੀ ✪

ਜਨ ਭਗਤਾਂ ਪੂਰਬ ਲਹਿਣਾ ਧੁਰ ਦਾ ਭਾਓ, ਭਗਤੀ ਭਗਤਾਂ ਵਿਚੋਂ ਪਰਗਟਾਈਆ । ਇਕੋ ਸਿਮਰਨ ਪੁਰਖ ਅਬਿਨਾਸ਼ੀ ਸਾਚਾ ਨਾਉਂ, ਨਰ ਨਿਰੰਕਾਰ ਨਿਰਾਕਾਰ ਇਕ ਮਨਾਈਆ । ਚਰਨ ਕਵਲ ਸਾਹਿਬ ਸਵਾਮੀ ਲਾਗਣ ਪਾਉਂ, ਪਵਿਤਰ ਪੁਨੀਤ ਆਪਣਾ ਆਪ ਬਣਾਈਆ । ਏਕਾ ਵੇਖਣ ਪਿਤਾ ਮਾਉਂ, ਸਦਾ ਸੁਹੇਲਾ ਸ਼ਹਿਨਸ਼ਾਹੀਆ । ਜੋ ਦੇਵਣਹਾਰਾ ਠੰਡੀ ਛਾਉਂ, ਸਮਰਥ ਪੁਰਖ ਬੇਪਰਵਾਹੀਆ । ਕਲਜੁਗ ਅੰਤ ਕਰਨ ਆਏ ਨਿਆਉਂ, ਨਈਆ ਨੌਕਾ ਵੇਖੇ ਜਗਤ ਲੋਕਾਈਆ । ਪੜਦਾ ਲਾਹਵੇ ਮੰਦਰ ਅੰਦਰ ਸਾਚੇ ਗਾਉਂ, ਗਹਿਰ ਗੰਭੀਰ ਹੋ ਕੇ ਵੇਖ ਵਖਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤ ਮਿਲਣ ਦਾ ਚਾਓ, ਚਾਓ ਘਨੇਰਾ ਇਕੋ ਇਕ ਦ੍ਰਿੜਾਈਆ । ਭਗਤ ਸੁਹੇਲੇ ਗੁਰਮੁਖ ਸੱਜਣ ਫੜ ਕੇ ਬਾਹੋਂ, ਪਾਰਬ੍ਰਹਮ ਬ੍ਰਹਮ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਾਲਕ ਹੋ ਕੇ ਧੁਰ ਦਾ ਸ਼ਾਹੋ, ਸ਼ਾਹੀ ਦੁਰਮਤ ਮੈਲ ਦਏ ਧਵਾਈਆ । ਜਨ ਭਗਤਾਂ ਜੁਗ ਚੌਕੜੀ ਅਗੰਮੀ ਦੱਸਦਾ ਰਹੇ ਜੁਗਤੀ, ਜਗਜੀਵਣ ਦਾਤਾ ਦਇਆ ਕਮਾਈਆ । ਸਿੱਧੀ ਆਪਣੇ ਨਾਲ ਮੇਲਦਾ ਰਹੇ ਸੁਰਤੀ, ਸੁੱਤੀ ਲੋਕਮਾਤ ਉਠਾਈਆ । ਧਾਰ ਦੱਸਦਾ ਰਹੇ ਆਦਿ ਜੁਗਾਦੀ ਧੁਰ ਦੀ, ਧੁਰ ਮਸਤਕ ਲੇਖਾ ਦਏ ਪਰਗਟਾਈਆ । ਮਹਿੰਮਾ ਅਕਥ ਅਗਾਧ ਬੋਧ ਜਣਾਉਂਦਾ ਰਹੇ ਸਾਚੇ ਸਤਿਗੁਰ ਦੀ, ਜੋ ਸਤਿ ਸਤਿਵਾਦੀ ਸ਼ਬਦ ਅਨਾਦੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਹਿ ਮੰਦਰ ਇਕ ਦਰਸਾਈਆ । ਜਨ ਭਗਤਾਂ ਜੁਗ ਚੌਕੜੀ ਦੇਂਦਾ ਆਇਆ ਦਰਸ, ਦੀਨਾਂ ਅਨਾਥਾਂ ਦਇਆ ਕਮਾਈਆ । ਜਨਮ ਕਰਮ ਦੀ ਮੇਟਦਾ ਆਇਆ ਹਰਸ, ਹਵਸ ਜਗਤ ਵਾਲੀ ਬੁਝਾਈਆ । ਮਿਹਰਵਾਨ ਹੋ ਕੇ ਸਰਗੁਣ ਉਤੇ ਕਰਦਾ ਆਇਆ ਤਰਸ, ਨਿਰਗੁਣ ਹੋ ਕੇ ਅੱਖ ਖੁਲ੍ਹਾਈਆ । ਜਨ ਭਗਤ ਪਿਆਰ ਮੁਹੱਬਤ ਵਿਚ ਪੈਣ ਨਾ ਦੇਵੇ

ਫ਼ਰਕ, ਫ਼ਿਰਕੇਦਾਰੀ ਵਿਚੋਂ ਬਾਹਰ ਕਢਾਈਆ । ਜਗਤ ਜੰਜ਼ਾਲਾ ਕਰ ਕੇ ਤਰਕ, ਤੁਰਤ ਆਪਣਾ ਰੰਗ ਚੜ੍ਹਾਈਆ । ਸਚ ਦਵਾਰ ਦੱਸ ਕੇ ਉਪਰ ਅਰਸ਼, ਐਸ਼ੋ ਇਸ਼ਰਤ ਇਕ ਸਮਝਾਈਆ । ਭੇਵ ਅਭੇਦਾ ਖੋਲ੍ਹ ਕੇ ਆਪ ਅਸਚਰਜ, ਅਚਰਜ ਲੀਲਾ ਦਏ ਵਖਾਈਆ । ਜਿਥੇ ਇਕੋ ਸ਼ਬਦੀ ਸ਼ੇਰ ਰਿਹਾ ਗਰਜ, ਗ਼ਰਜ਼ ਅਵਰ ਨਾ ਕੋਇ ਜਣਾਈਆ । ਗੁਰ ਅਵਤਾਰ ਪੈਗ਼ੰਬਰ ਭੈ ਵਿਚ ਕਰਦੇ ਅਰਜ਼, ਬੇਨੰਤੀ ਸਚ ਸੁਣਾਈਆ । ਕਲਜੁਗ ਕੂੜੀ ਕਿਰਿਆ ਪ੍ਰਭੂ ਲੋਕਮਾਤ ਪਏ ਮਰਜ਼, ਸਚ ਤਬੀਬ ਨਜ਼ਰ ਕੋਇ ਨਾ ਆਈਆ । ਨੂਰਾਨੀ ਚਿਹਰੇ ਹੋਏ ਜ਼ਰਦ, ਜਗਤ ਜ਼ਾਵੀਏ ਵਿਚੋਂ ਬਾਹਰ ਨਾ ਕੋਇ ਕਢਾਈਆ । ਜਿਸ ਬਿਧ ਸਾਡੀ ਫੋਲ ਲਈ ਫ਼ਰਦ, ਪੜਦਾ ਲਿਆ ਉਠਾਈਆ । ਜਨ ਭਗਤਾਂ ਨਾਲ ਵੰਡ ਆਪਣਾ ਦਰਦ, ਦੀਨ ਦਿਆਲ ਦਇਆ ਕਮਾਈਆ । ਕਲਜੁਗ ਕੂੜੀ ਸ਼ਰਅ ਛੁਰੀ ਰਹਿਣ ਨਾ ਦਏ ਕਰਦ, ਕੁਦਰਤ ਦੇ ਮਾਲਕ ਤੇਰੇ ਹੱਥ ਵਡਿਆਈਆ । ਜੋਧਾ ਸੂਰਬੀਰ ਮਰਦਾਨਾ ਤੂੰ ਆਦਿ ਜੁਗਾਦੀ ਇਕੋ ਮਰਦ, ਦੂਜੀ ਮਦਦ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਬਣਾਈਆ । ਜਨ ਭਗਤਾਂ ਜੁਗ ਜੁਗ ਸੁਣਾਉਂਦਾ ਰਿਹਾ ਢੋਲਾ, ਬਿਨ ਅੱਖਰਾਂ ਕਰ ਪੜ੍ਹਾਈਆ । ਸੁਣਾਉਂਦਾ ਰਿਹਾ ਸੋਹਲਾ, ਧੁਰ ਦਾ ਹੁਕਮ ਜਣਾਈਆ । ਚੁਕਾਉਂਦਾ ਰਿਹਾ ਓਹਲਾ, ਪੜਦਾ ਆਪ ਉਠਾਈਆ । ਪੜ੍ਹਾਉਂਦਾ ਰਿਹਾ ਬੋਲਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਬਣਦਾ ਰਿਹਾ ਵਿਚੋਲਾ, ਨਿਰਗੁਣ ਸਰਗੁਣ ਜੋੜ ਜੁੜਾਈਆ । ਅਖਵਾਉਂਦਾ ਰਿਹਾ ਮੌਲਾ, ਹਰ ਘਟ ਰਮਿਆ ਬੇਪਰਵਾਹੀਆ । ਬਣਿਆ ਰਿਹਾ ਭੋਲਾ, ਭਾਓ ਭਗਤਾਂ ਆਪ ਦ੍ਰਿੜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜੋ ਸਚ ਦਵਾਰਾ ਖੋਲ੍ਹਾ, ਖ਼ਾਲਕ ਖ਼ਲਕ ਦਏ ਦ੍ਰਿੜਾਈਆ । ਮਨ ਵਾਸਨਾ ਕੰਮ ਨਾ ਆਵੇ ਰੌਲਾ, ਰੌਣਕ ਹੋਵੇ ਆਤਮ ਪਰਮਾਤਮ ਮਿਲ ਕੇ ਘਰ ਵੱਜਦੀ ਰਹੇ ਵਧਾਈਆ । ਲੱਖ ਚੁਰਾਸੀ ਜੀਵ ਜੰਤ ਸਭ ਨੂੰ ਛੱਡਣਾ ਪਏ ਚੋਲਾ, ਚੋਲੀ ਤਨ ਮਾਟੀ ਖ਼ਾਕ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਤਰਾਈਆ । ਜਨ ਭਗਤਾਂ ਸਦਾ ਮਿਲਦਾ ਰਿਹਾ ਜਗਦੀਸ਼, ਜਗਦੀਸ਼ਰ ਹੋ ਕੇ ਵੇਖ ਵਖਾਇੰਦਾ । ਧੁਰ ਦਾ ਕਲਮਾ ਨਾਮ ਦੱਸਦਾ ਰਿਹਾ ਹਦੀਸ, ਹਜ਼ਰਤ ਹੋ ਕੇ ਆਪ ਪੜ੍ਹਾਇੰਦਾ । ਨਾਮ ਨਿਧਾਨ ਦੱਸਦਾ ਰਿਹਾ ਗੀਤ, ਧੁਰ ਦਾ ਰਾਗ ਆਪ ਸਾਲਾਹਿੰਦਾ । ਮਨ ਮਨੂਆ ਬਦਲਦਾ ਰਿਹਾ ਨੀਤ, ਨੀਤੀਵਾਨ ਰੰਗ ਰੰਗਾਇੰਦਾ । ਸਦਾ ਵਸਦਾ ਰਿਹਾ ਚੀਤ, ਜੁਗ ਵਿਛੜੇ ਮੇਲ ਮਿਲਾਇੰਦਾ । ਭਗਤ ਭਗਵਾਨ ਸਦਾ ਮਾਣਦਾ ਰਿਹਾ ਪ੍ਰੀਤ, ਪ੍ਰੀਤਮ ਹੋ ਕੇ ਜੋੜ ਜੁੜਾਇੰਦਾ । ਸਾਚਾ ਮਾਰਗ ਦੱਸ ਕੇ ਠਾਂਡਾ ਸੀਤ, ਅਗਨੀ ਤਤ ਤਤ ਵਿਚੋਂ ਬਦਲਾਇੰਦਾ । ਝਗੜਾ ਮੁਕਾ ਕੇ ਊਚ ਨੀਚ, ਰਾਓ ਰੰਕਾਂ ਇਕੋ ਘਰ ਵਖਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤ ਦਵਾਰਿਉਂ ਭਿਖਾਰੀ ਹੋ ਕੇ ਮੰਗੇ ਭੀਖ, ਭਿਛਿਆ ਲੈ ਕੇ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸੁਹੇਲੇ ਬਣਾ ਅਜ਼ੀਜ, ਅਜ਼ੀਮ ਆਜ਼ਮ ਆਪਣੇ ਰੰਗ ਰੰਗਾਇੰਦਾ ।

ਸਤਿਗੁਰ ਧਾਰ ਅੰਮ੍ਰਿਤ ਦੁੱਧ, ਮਿੱਠਾ ਰਸ ਨਾ ਕੋਇ ਜਣਾਇੰਦਾ । ਜਨ ਭਗਤਾਂ ਕਰੇ ਨਿਰਮਲ ਬੁਧ, ਵਿਵੇਕ ਵਿਵੇਕੀ ਆਪ ਬਣਾਇੰਦਾ । ਪੂਰਬ ਜਨਮ ਦੀ ਹੋਵੇ ਸੁੱਧ, ਮਾਨਸ ਜਨਮ ਆਤਮ ਪਰਮਾਤਮ ਰੰਗ ਚੜ੍ਹਾਇੰਦਾ । ਮਨ ਵਾਸਨਾ ਕੂੜੀ ਕਿਰਿਆ ਕਰੇ ਨਾ ਯੁੱਧ, ਜਗਤ ਵਿਕਾਰਾ ਮੋਹ ਮਿਟਾਇੰਦਾ । ਆਤਮ ਪਰਮਾਤਮ ਸਚ ਪ੍ਰੇਮ ਬਖ਼ਸ਼ ਕੇ ਸੁੱਧ, ਵਦੀ ਸੁਦੀ ਵੰਡ ਨਾ ਕੋਇ ਵੰਡਾਇੰਦਾ । ਕਲਜੁਗ ਧਾਰ ਬਦਲ ਕੇ ਫੇਰ ਰੁਤੜੀ ਆਉਣ ਲੱਗੀ ਸਤਿਜੁਗ, ਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਦੁੱਧ ਕਹੇ ਮੈਂ ਅੰਮਿਉਂ ਰਸ ਅੰਮ੍ਰਿਤ ਸੀਰ, ਸਰ ਸਰੋਵਰ ਵਿਚੋਂ ਹੱਥ ਕਿਸੇ ਨਾ ਆਈਆ । ਮੇਰਾ ਦਾਤਾ ਪੁਰਖ ਅਕਾਲ ਗਹਿਰ ਗੰਭੀਰ ਬੇਨਜ਼ੀਰ, ਨਰ ਨਰਾਇਣ ਵੱਡੀ ਵਡਿਆਈਆ । ਜੋ ਮਿਹਰ ਨਜ਼ਰ ਨਾਲ ਜਨ ਭਗਤਾਂ ਅੰਤਰ ਆਤਮ ਬਦਲ ਦੇਵੇ ਤਾਸੀਰ, ਲਾਤਸਵੀਰ ਜਲਵਾ ਨੂਰ ਨੁਰਾਨਾ ਕਰ ਰੁਸ਼ਨਾਈਆ । ਫੜ ਕੇ ਚੋਟੀ ਚਾੜ੍ਹੇ ਮੰਜ਼ਲ ਹੱਕ ਅਖ਼ੀਰ, ਕੂੜੀ ਕਿਰਿਆ ਪੰਧ ਮੁਕਾਈਆ । ਸਚ ਪਿਆਰ ਹੱਕ ਮੁਹੱਬਤ ਦੇ ਕੇ ਇਕੋ ਧੀਰ, ਧਰਮ ਧਰਵਾਸ ਆਪ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਜਨਮ ਦੀ ਕਟ ਲਕੀਰ, ਫ਼ਿਕਰਾ ਇਕੋ ਇਕ ਦਏ ਸਮਝਾਈਆ । ਦੁੱਧ ਕਹੇ ਮੇਰਾ ਓਸ ਦੇ ਨਾਲ ਹੋਣ ਲੱਗਾ ਮਿਲਾਪ, ਜਿਸ ਨੂੰ ਦਿਹੁਰਿਆਂ ਅੰਦਰ ਸਾਰੇ ਰਹੇ ਗਾਈਆ । ਗੁਰ ਅਵਤਾਰ ਪੈਗ਼ੰਬਰ ਭਗਤ ਸੂਫ਼ੀ ਜਿਸ ਦਾ ਦਸਦੇ ਗਏ ਭਵਿਖਤ ਵਾਕ, ਵਾਕਿਫ਼ਕਾਰ ਅੰਤਰ ਆਤਮ ਬੇਪਰਵਾਹੀਆ । ਬਖ਼ਸ਼ਣਹਾਰਾ ਸਚ ਸੌਗ਼ਾਤ, ਨਾਮ ਅਗੰਮੀ ਦੇਵੇ ਦਾਤ, ਕਾਇਆ ਮਾਟੀ ਹਾਟੀ ਸਰਗੁਣ ਨਿਰਗੁਣ ਝੋਲੀ ਆਪ ਭਰਾਈਆ । ਜਨ ਭਗਤਾਂ ਮੇਟਣਹਾਰ ਅੰਧੇਰੀ ਰਾਤ, ਦੇਵਣਹਾਰਾ ਅੰਮ੍ਰਿਤ ਬੂੰਦ ਸਵਾਂਤ, ਬੋਧ ਅਗਾਧ ਦੱਸ ਅਗੰਮੀ ਗਾਥ, ਕਰੇ ਸਚ ਪੜ੍ਹਾਈਆ । ਉਹ ਸਾਹਿਬ ਸਵਾਮੀ ਅੰਤਰਜਾਮੀ ਪਤਿਪਰਮੇਸ਼ਵਰ ਕਮਲਾਪਾਤ, ਦੇਵਣਹਾਰ ਸੱਚੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਜਨਮ ਕਰਮ ਲੇਖਾ ਦੇਵਣਹਾਰਾ ਸਾਖਿਆਤ, ਪੜਦਾ ਓਹਲਾ ਰਹਿਣ ਕੋਈ ਨਾ ਪਾਈਆ । ਦੁੱਧ ਕਹੇ ਮੈਨੂੰ ਯਾਦ ਆਈ ਦਾਦੂ ਵਾਲੀ ਗਾਥਾ, ਗੋਬਿੰਦ ਰਿਹਾ ਸਮਝਾਈਆ । ਜਿਸ ਨੇ ਭਰਿਆ ਹੱਕ ਗਲਾਸਾ, ਜਾਮ ਹਕੀਕੀ ਰਿਹਾ ਦਿਖਾਈਆ । ਨੇਤਰ ਰੋ ਕੇ ਕਿਹਾ ਮੈਂ ਕਿਸ ਬੂੰਦ ਦਾ ਪਿਆਸਾ, ਜਿਸ ਨੂੰ ਚਾਤਰਕ ਸਮਝੇ ਕੋਇ ਨਾ ਰਾਈਆ । ਗੋਬਿੰਦ ਕਿਹਾ ਸੁਣ ਅਗੰਮੀ ਬਾਤਾ, ਧੁਰ ਫ਼ਰਮਾਨ ਦਿਆਂ ਦ੍ਰਿੜਾਈਆ । ਜਿਸ ਵੇਲੇ ਕਲਜੁਗ ਅੰਤ ਹੋਵੇ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਗੁਰ ਅਵਤਰ ਪੈਗ਼ੰਬਰਾਂ ਪੁੱਛੇ ਕੋਇ ਨਾ ਵਾਤਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਸਾਰੇ ਦੇਣ ਦੁਹਾਈਆ । ਓਸ ਵੇਲੇ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਨਿਰਗੁਣ ਜੋਤ ਕਰੇ ਪਰਕਾਸ਼ਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਰੂਪ ਧਰਾਈਆ । ਭਗਤ ਭਗਵਾਨਾ ਖੇਲੇ ਲੋਕਮਾਤ ਤਮਾਸ਼ਾ, ਜਗਤ ਜੁਗਤ ਆਪਣੇ ਹੱਥ ਰਖਾਈਆ । ਬਾਵਨ ਦੀ ਯਾਦ ਰਖੇ ਗਾਥਾ, ਬਲ ਦਾ ਲਹਿਣਾ ਦਏ ਦੁਹਰਾਈਆ । ਬੱਚਿਆਂ ਦਾ ਪਿਛਲਾ ਦੇਵੇ ਬਾਕਾ, ਹਿਸਾਬ ਆਪਣੇ ਹੱਥ ਵਖਾਈਆ । ਪਹਿਲੀ ਧਾਰ ਬਣ ਕੇ ਅੰਨ ਦਾਤਾ, ਦੂਜੀ ਵਾਰ ਭੋਗ ਲਗਾਏ ਓਸ ਗਲਾਸਾ, ਜਿਸ ਨਾਲ ਭਗਤਾਂ ਦੀ ਬੁਝੇ ਪਿਆਸਾ, ਗੁਰਮੁਖਾਂ ਦੀ ਪੂਰਨ ਹੋਵੇ ਆਸਾ, ਤੂੰ ਮੇਰਾ ਮੈਂ ਤੇਰਾ ਚਲਦਾ ਰਹੇ ਸਵਾਸਾ, ਚਰਨ ਪ੍ਰੀਤੀ ਬਣਿਆ ਰਹੇ ਭਰਵਾਸਾ,

ਭਾਉ ਭਉ ਇਕੋ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੂਰਬ ਲੇਖਾ ਲੇਖੇ ਵਿਚੋਂ ਭਵਿਖਤ ਨਾਲ ਮਿਲਾਈਆ ।

## ੧੯ ਚੇਤ ਸ਼ਹਿਨਸ਼ਾਹੀ ਸੰਮਤ ੨ ਗੁਰਬਚਨ ਸਿੰਘ ਦੇ ਗ੍ਰਹਿ ਪਿੰਡ ਅਹਿਮਦਪੁਰ ਜ਼ਿਲਾ ਕਪੂਰਥਲਾ



ਚੇਤ ਕਹੇ ਮੈਂ ਕਰਨ ਆਇਆ ਆਦਾਬ, ਅਦਬ ਵਿਚ ਸੀਸ ਨਿਵਾਈਆ । ਜਲਵਾ ਤੱਕ ਮਹਿਰਾਬ, ਮਹਿਬੂਬ ਵੇਖ ਬੇਪਰਵਾਹੀਆ । ਜੋ ਭਗਤਾਂ ਦੇਵੇ ਖ਼ਤਾਬ, ਮੁਖ਼ਾਤਬ ਹੋ ਕੇ ਰਿਹਾ ਸੁਣਾਈਆ । ਹਕੀਕਤ ਵਾਲਾ ਹੱਕ ਜਨਾਬ, ਜਾਹਰ ਜਹੂਰ ਨੂਰ ਖ਼ੁਦਾਈਆ । ਹੱਕ ਨਿਵਾਸੀ ਇਕੋ ਵਾਹਿਦ, ਵਾਹਵਾ ਆਪਣੀ ਕਾਰ ਕਮਾਈਆ । ਨਾਮ ਨਿਧਾਨਾ ਕਰ ਅਨਾਇਤ, ਇਲਮ ਇਕੋ ਇਕ ਜਣਾਈਆ । ਆਤਮ ਪਰਮਾਤਮ ਸਚ ਸ਼ਰਾਇਤ, ਸ਼ਰੀਅਤ ਅਵਰ ਨਾ ਕੋਇ ਵਖਾਈਆ । ਸਚਖੰਡ ਦਵਾਰੇ ਕਰਨੀ ਇਕ ਰਿਹਾਇਸ਼, ਧਾਮ ਇਕੋ ਇਕ ਸਮਝਾਈਆ । ਜਿਸ ਦੀ ਕਰ ਸਕਿਆ ਨਾ ਕੋਇ ਪੈਮਾਇਸ਼, ਪੈਮਾਨਾ ਨਾਪ ਨਾ ਕੋਇ ਬਣਾਈਆ । ਧੁਰ ਦਾ ਸੰਦੇਸ਼ਾ ਦੇਵੇ ਸਚ ਹਦਾਇਤ, ਹਾਜ਼ਰ ਹਜ਼ੂਰ ਕਰੇ ਪੜ੍ਹਾਈਆ । ਜਨ ਭਗਤੋ ਏਥੇ ਓਥੇ ਤੁਹਾਡੀ ਕਰਾਂ ਹਮਾਇਤ, ਹਮ ਸਾਜਣ ਹੋ ਕੇ ਵੇਖ ਵਖਾਈਆ । ਮੁਹੱਬਤ ਵਿਚ ਕਰਾਂ ਇਤਾਇਤ, ਇਤਲਾਹ ਦੇਵਾਂ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਚੇਤ ਕਹੇ ਮੈਂ ਕਰਨ ਆਇਆ ਨਿਮਸਕਾਰ, ਨਮੋ ਨਮੋ ਸੀਸ ਝੁਕਾਈਆ । ਡੰਡਾਵਤ ਕਰਾਂ ਬਾਰੰਬਾਰ, ਬੇਨੰਤੀ ਇਕ ਸੁਣਾਈਆ । ਪਰਮ ਪੁਰਖ ਮੀਤ ਮੁਰਾਰ, ਪਾਰਬ੍ਰਹਮ ਤੇਰੀ ਸਚ ਸਰਨਾਈਆ । ਜਨ ਭਗਤਾਂ ਕਰੀਂ ਪਿਆਰ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਦੁਖੀਆਂ ਦਾ ਦਿਲਦਾਰ, ਦਰਦੀਆਂ ਹੋ ਕੇ ਦਰਦ ਆਪਣੀ ਝੋਲੀ ਪਾਈਆ । ਸ਼ਬਦ ਅਗੰਮੀ ਕਰੇ ਗੁਫ਼ਤਾਰ, ਗੁਫ਼ਤ ਸ਼ਨੀਦ ਇਕ ਪੜ੍ਹਾਈਆ । ਨਜ਼ਰ ਨਾ ਆਵੇ ਜਗਤ ਨੇਤਰ ਵਿਚ ਸੰਸਾਰ, ਸੰਸਾਰੀ ਸਮਝ ਨਾ ਕੋਇ ਰਖਾਈਆ । ਤੇਰਾ ਮਹੱਲ ਅਟਲ ਉਚ ਮਨਾਰ, ਮਹਿਬੂਬ ਹੋ ਕੇ ਵਸੇਂ ਬੇਪਰਵਾਹੀਆ । ਨਵ ਨੌ ਚਾਰ ਪਿਛੋਂ ਆਈ ਵਾਰ, ਵਾਰਤਾ ਪਿਛਲੀ ਰਹੇ ਨਾ ਰਾਈਆ । ਸਤਿ ਸਤਿਵਾਦੀ ਸ਼ਬਦ ਅਨਾਦੀ ਬਖ਼ਸ਼ ਦੇ ਧਾਰ, ਧਰਨੀ ਧਰਤ ਧਵਲ ਦਏ ਦੁਹਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਆਗਿਆਕਾਰ, ਸਿਰ ਸਕੇ ਨਾ ਕੋਇ ਉਠਾਈਆ । ਕੁਛ ਲਹਿਣਾ ਦੇਣਾ ਪਿਛਲਾ ਕੌਲ ਯਾਦ ਕਰ ਜੁਝਾਰ, ਜੋਗੀ ਜੋਗੀਸ਼ਰ ਦੇਣ ਗਵਾਹੀਆ । ਤੈਨੂੰ ਸਜਦਾ ਇਸਤਗੁਫ਼ਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚੇਤ ਕਹੇ ਮੈਂ ਕਰਨ ਆਇਆ ਬੰਦਨ, ਭੱਜਿਆ ਵਾਹੋ ਦਾਹੀਆ । ਮਸਤਕ ਟਿੱਕਾ ਧੂੜੀ ਲਾ ਕੇ ਚੰਦਨ, ਚੰਦ ਚਾਂਦਨਾ ਕਰਾਂ ਰੁਸ਼ਨਾਈਆ । ਜਨ ਭਗਤਾਂ ਦੱਸ ਕੇ ਇਕ ਅਨੰਦਨ, ਅਨੰਦ ਪਰਮਾਨੰਦ ਦਿਆਂ ਜਣਾਈਆ । ਲੱਖ ਚੁਰਾਸੀ ਕੱਟੇ ਬੰਧਨ, ਜਮ ਕੀ ਫਾਸੀ ਰਹੇ ਨਾ ਰਾਈਆ । ਦੂਜੇ ਦਰ ਨਾ ਜਾਇਓ ਮੰਗਣ, ਦੇਵਣਹਾਰਾ ਬੇਪਰਵਾਹੀਆ । ਜਿਸ ਦਾ ਖੁਲ੍ਹਾ ਸਦਾ ਅੰਗਣ, ਦੋ ਜਹਾਨ ਵਸਣ ਚਾਈਂ ਚਾਈਂਆ । ਨਾਮ ਨਿਧਾਨ ਸ੍ਰੀ ਭਗਵਾਨ ਚਾੜ੍ਹੇ ਆਪਣੀ ਰੰਗਣ, ਰੰਗ ਰੰਗੀਲਾ ਸ਼ਹਿਨਸ਼ਾਹੀਆ । ਜੋ ਤੁਹਾਡੇ ਕਾਇਆ ਮੰਦਰ ਅੰਦਰ ਆਇਆ ਲੰਘਣ, ਬਿਨ ਪੌੜੀ ਡੰਡੇ ਆਪਣਾ ਕ਼ਦਮ ਟਿਕਾਈਆ । ਨਾਮ ਪਦਾਰਥ ਆਇਆ ਵੰਡਣ, ਧੁਰ ਦੀ

੫੦੪
੧੯

ਵਸਤ ਝੋਲੀ ਪਾਈਆ । ਜਨ ਭਗਤੋ ਜਨਮ ਕਰਮ ਦਿਆਂ ਵਿਛੜਿਆਂ ਆਇਆ ਸੱਦਣ, ਸਧਨੇ ਤੋਂ ਅਗੇ ਲੇਖਾ ਤੁਹਾਡਾ ਦਏ ਰਖਾਈਆ । ਲੇਖੇ ਲਾ ਕੇ ਕਾਇਆ ਮਾਟੀ ਬਦਨ, ਬਦੀਆਂ ਤੋਂ ਲਏ ਬਚਾਈਆ । ਜਿਹੜਾ ਹੱਥ ਨਾ ਆਇਆ ਕੋਟਨ ਕੋਟ ਕੀਤਿਆਂ ਯਤਨ, ਯਥਾਰਥ ਤੁਹਾਡਾ ਲੇਖਾ ਦਏ ਚੁਕਾਈਆ । ਜਨ ਭਗਤੋ ਤੁਹਾਨੂੰ ਰਹਿਣ ਨਾ ਦੇਵੇ ਬੇਵਤਨ, ਵਤਨ ਦੇ ਮਾਲਕ ਘਰ ਠਾਂਡੇ ਦਏ ਬਣਾਈਆ । ਸਾਂਝਾ ਦੱਸ ਕੇ ਇਕੋ ਆਪਣਾ ਪੱਤਨ, ਨਾਮ ਬੇੜੇ ਦਏ ਚੜ੍ਹਾਈਆ । ਜੁਗ ਜਨਮ ਦੇ ਲੇਖੇ ਕਾਰਨ ਤੁਹਾਡਾ ਪਦਾਰਥ ਆਇਆ ਚੱਖਣ, ਚਸਕਾ ਜ਼ਬਾਨ ਨਾ ਕੋਇ ਰਖਾਈਆ । ਬਿਨਾ ਅੱਖਾਂ ਤੋਂ ਆਇਆ ਤੱਕਣ, ਦੋਏ ਲੋਚਨ ਜਗਤ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਵਿਚੋਂ ਵਿਰੋਲ ਕੇ ਮੱਖਣ, ਕ਼ੀਮਤ ਆਪਣੇ ਘਰ ਚੁਕਾਈਆ ।

## ੨੦ ਚੇਤ ਸ਼ਹਿਨਸ਼ਾਹੀ ਸੰਮਤ ੨ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਅਹਿਮਦਪੁਰ ਜ਼ਿਲਾ ਕਪੂਰਥਲਾ

ਸ੍ਰੀ ਭਗਵਾਨ ਕਹੇ ਜਨ ਭਗਤਾਂ ਦੱਸ ਕੇ ਨਿਰਅੱਖਰ ਆਪਣਾ ਊੜਾ, ਓੜਕ ਲੇਖਾ ਦਿਆਂ ਮੁਕਾਈਆ । ਬਿਨਾ ਲਲਾਰੀ ਨਾਮ ਅਗੰਮਾ ਰੰਗ ਚਾੜ੍ਹਾਂ ਗੂੜ੍ਹਾਂ, ਗੁਰਮੁਖ ਵਿਚ ਉਤਰ ਕਦੇ ਨਾ ਜਾਈਆ । ਚਤੁਰ ਸੁਘੜ ਬਣਾਵਾਂ ਮਿਹਰਵਾਨ ਹੋ ਕੇ ਮੂੜ੍ਹਾ, ਮੁਰਦਿਆਂ ਮੁਰਸ਼ਦ ਹੋ ਕੇ ਲਵਾਂ ਉਠਾਈਆ । ਸਰਗੁਣ ਚਰਨ ਪ੍ਰੀਤੀ ਮਸਤਕ ਦੇਵਾਂ ਧੂੜਾ, ਧੂੜ ਨਿਰਗੁਣ ਧਾਰ ਛੁਹਾਈਆ । ਮਨ ਵਾਸਨਾ ਨਾਤਾ ਤੋੜਾਂ ਕੂੜਾਂ, ਕੁਟੰਬ ਝੂਠ ਦਿਆਂ ਛੁਡਾਈਆ । ਪੂਰਬ ਜਨਮ ਦਾ ਲਹਿਣਾ ਦੇਣਾ ਕਰਾਂ ਪੂਰਾ, ਪੂਰਨ ਪਰਮੇਸ਼ਵਰ ਹੋ ਕੇ ਹੋਵਾਂ ਸਹਾਈਆ । ਹਰਿ ਭਗਤ ਦੂਜੇ ਗ੍ਰਿਹ ਬਣੇ ਨਾ ਕੋਇ ਮਜ਼ਦੂਰਾ, ਮਾਂਗਤ ਹੋ ਕੇ ਝੋਲੀ ਕੋਇ ਨਾ ਡਾਹੀਆ । ਨਾਮ ਖ਼ੁਮਾਰੀ ਬਖ਼ਸ਼ਾਂ ਸਚ ਸਰੂਰਾ, ਸਿਮਰਨ ਇਕੋ ਇਕ ਸਮਝਾਈਆ । ਸਚ ਪਰਕਾਸ਼ ਦੇ ਕੇ ਨੂਰਾ, ਨਿਰਗੁਣ ਜੋਤ ਕਰਾਂ ਰੁਸ਼ਨਾਈਆ । ਮਾਨਸ ਜਨਮ ਰਹਿਣ ਨਾ ਦੇਵਾਂ ਅਧੂਰਾ, ਹਾਜ਼ਰ ਹੋ ਕੇ ਪਾਰ ਲੰਘਾਈਆ । ਜਨ ਭਗਤ ਖੱਲ ਲਹਾਉਣੀ ਨਾ ਪਏ ਵਾਂਗ ਮਨਸੂਰਾ, ਮੁਸ਼ਕਲ ਅਗਲੀ ਆਪ ਚੁਕਾਈਆ । ਮੂਸੇ ਵਾਂਗ ਡਿਗਣਾ ਨਾ ਪਏ ਉਤੇ ਕੋਹਤੂਰਾ, ਕ਼ੁਦਰਤ ਦਾ ਮਾਲਕ ਕਾਇਆ ਕਿੱਤੇ ਵਿਚ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਹੇ ਜਿਸ ਨਿਰਗੁਣ ਧਾਰ ਪੜ੍ਹਿਆ ਊੜਾ ਅੱਖਰ, ਆਖ਼ਰ ਆਪਣੇ ਵਿਚ ਮਿਲਾਈਆ । ਬਿਨਾ ਪੌੜੀ ਡੰਡੇ ਚੜ੍ਹ ਕੇ ਸਿਖ਼ਰ, ਸਾਖਿਆਤ ਆਪਣਾ ਦਰਸ ਦਿਖਾਈਆ । ਜਨਮ ਕਰਮ ਆਵਣ ਜਾਵਣ ਲੱਖ ਚੁਰਾਸੀ ਮਿਟਾ ਕੇ ਫ਼ਿਕਰ, ਫ਼ਿਕਰਾ ਇਕੋ ਦਿਆਂ ਸੁਣਾਈਆ । ਧੁਰ ਦਾ ਰਸ ਦੇਵਾਂ ਅੰਮ੍ਰਿਤ ਧਾਰ ਨਿਝਰ, ਨਿਜ ਨੇਤਰ ਕਰ ਰੁਸ਼ਨਾਈਆ । ਜਿਸ ਦਰਸ ਨੂੰ ਤੜਪਦਾ ਰਿਹਾ ਬਿਦਰ, ਬਿਧ ਨਾਲ ਸਨਮੁਖ ਹੋ ਕੇ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਸ੍ਰੀ ਭਗਵਾਨ ਕਹੇ ਜਨ ਭਗਤ ਇਕੋ ਇਕ ਨਿਰਗੁਣ ਊੜੇ ਨਾਲ ਕਰੇ ਪਿਆਰ, ਪਰਮ ਪੁਰਖ ਪਰਮਾਤਮ ਦੇਵਣਹਾਰ ਸੱਚੀ ਸਰਨਾਈਆ । ਬਿਨਾ ਅੱਖਰਾਂ ਤੋਂ ਮੇਲਾ ਹੁੰਦਾ ਰਹੇ ਨਾਲ ਨਿਰੰਕਾਰ, ਨਿਰਗੁਣ ਆਪਣੀ ਧਾਰ ਵਿਚ ਸਮਾਈਆ । ਜਿਸ ਦੀਆਂ ਸਿਫ਼ਤਾਂ ਕਰਦੇ ਰਹੇ ਸਦਾ ਜੁਗ ਚਾਰ, ਚੌਕੜੀ ਪਾਠਸ਼ਾਲਾ ਵਿਚ ਕੁਰਲਾਈਆ । ਸਜਦਿਆਂ ਵਿਚ ਸਿਰ ਨਿਵਾਉਂਦੇ ਰਹੇ ਉਪਰ ਮਜ਼ਾਰ,

ਨੇਤਰ ਨੈਣਾਂ ਨੀਰ ਵਹਾਈਆ । ਕਹਿੰਦੇ ਰਹੇ ਸਿਫ਼ਤਾਂ ਵਿਚ ਸਾਂਝਾ ਯਾਰ, ਕਾਅਬਿਆਂ ਦਾ ਮਾਲਕ ਖ਼ਲਕ ਦਾ ਖ਼ਾਲਕ ਜਲਵਾ ਨੂਰ ਖ਼ੁਦਾਈਆ । ਜਿਸ ਦਾ ਸਦਾ ਸਦਾ ਨਿਤ ਬਣਿਆ ਰਿਹਾ ਬੇਇਤਬਾਰ, ਬੇਇਤਬਾਰੀ ਲੋਕਮਾਤ ਨਾ ਕੋਇ ਰਖਾਈਆ । ਉਹ ਭਗਤਾਂ ਮੀਤਾ ਪਰਗਟ ਹੋ ਕੇ ਵੇਖੇ ਠਾਂਡਾ ਦਰਬਾਰ, ਦਰ ਦਰਵਾਜ਼ਾ ਇਕ ਸੁਹਾਈਆ । ਸਤਿ ਵਰਤਾਰਾ ਬਣ ਕੇ ਦੇਵੇ ਇਕ ਭੰਡਾਰ, ਭੰਡੀ ਵਰਭੰਡੀ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਿਰਜਣਹਾਰ, ਸਤਿ ਸਵਾਮੀ ਅੰਤਰਜਾਮੀ ਗੁਣ ਨਿਧਾਨ ਗੁਣ ਆਪਣਾ ਭਗਤਾਂ ਝੋਲੀ ਪਾਈਆ ।

✪ ੨੦ ਚੇਤ ਸ਼ਹਿਨਸ਼ਾਹੀ ਸੰਮਤ ੨ ਫੁਮਣ ਸਿੰਘ ਦੇ ਗ੍ਰਿਹਿ ਅਹਿਮਦਪੁਰ ਜ਼ਿਲਾ ਕਪੂਰਥਲਾ ✪

ਸ੍ਰੀ ਭਗਵਾਨ ਕਹੇ ਨਿਰਗੁਣ ਉੜੇ ਦਾ ਸਮਝੇ ਨਾ ਕੋਇ ਆਕਾਰ, ਓਅੰਕਾਰ ਸਿਫ਼ਤ ਵਿਚ ਸਾਲਾਹੀਆ । ਜਿਸ ਧਾਰ ਵਿਚੋਂ ਨਿਕਲ ਕੇ ਧਾਰ, ਧੁਰ ਦਾ ਹੁਕਮ ਸਦਾ ਵਰਤਾਈਆ । ਉਹ ਲੇਖ ਲਿਖਣ ਤੋਂ ਬਾਹਰ, ਕ਼ਲਮ ਸ਼ਾਹੀ ਵੰਡ ਨਾ ਕੋਇ ਵੰਡਾਈਆ । ਓਸ ਦਾ ਹੁਕਮ ਸੁਣਦੇ ਰਹੇ ਗੁਰ ਅਵਤਾਰ, ਪੈਗ਼ੰਬਰ ਕਲਮਾ ਨਾਮ ਖ਼ੁਦਾਈਆ । ਪੁਰਖ ਅਕਾਲ ਦੀਨ ਦਿਆਲ ਆਪਣੇ ਅੰਤਰ ਰਖੀ ਸੰਭਾਲ, ਬਾਹਰ ਰੂਪ ਰੰਗ ਨਾ ਕੋਇ ਵਖਾਈਆ । ਜੁਗ ਚੌਕੜੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਖੋਜ ਵਿਚ ਕਰਦੇ ਗਏ ਭਾਲ, ਖ਼ੁਦ ਵਿਚੋਂ ਖ਼ੁਦੀ ਨਾ ਜਗਤ ਮਿਟਾਈਆ । ਕਿਸੇ ਦਾ ਹੱਲ ਨਾ ਹੋਇਆ ਅੰਤਰ ਸਵਾਲ, ਸਵਾਲ ਜਵਾਬ ਵਿਚ ਨਿਰਗੁਣ ਸਰਗੁਣ ਖੇਲ ਵਖਾਈਆ । ਸਿਫ਼ਤਾਂ ਵਾਲਾ ਸ਼ਾਸਤਰ ਦੇਣ ਅਹਿਵਾਲ, ਜੈਕਾਰਿਆਂ ਵਾਲੇ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪਣੇ ਵਿਚ ਛੁਪਾਈਆ । ਸ੍ਰੀ ਭਗਵਾਨ ਕਹੇ ਨਿਰਗੁਣ ਉੜੇ ਦੀ ਪਾਈ ਕਿਸੇ ਨਾ ਸਾਰ, ਸਰਬ ਵਿਆਪੀ ਪੜਦਾ ਨਾ ਕੋਇ ਉਠਾਈਆ । ਕਾਗ਼ਜ਼ ਕ਼ਲਮ ਲਿਖ ਲਿਖ ਗਏ ਹਾਰ, ਸ਼ਾਹੀ ਰੋ ਰੋ ਦਏ ਦੁਹਾਈਆ । ਜਿਸ ਦਾ ਅੰਤ ਨਾ ਪਾਰਾਵਾਰ, ਬੇਅੰਤ ਬੇਪਰਵਾਹੀਆ । ਉਹ ਸਿਖਿਆ ਦਏ ਸਿਖਾਲ, ਨਿਰਗੁਣ ਸਰਗੁਣ ਕਰ ਪੜ੍ਹਾਈਆ । ਜੁਗ ਚੌਕੜੀ ਦੋ ਜਹਾਨਾਂ ਵੱਖਰੀ ਰਖ ਕੇ ਚਾਲ, ਚਾਰ ਕੁੰਟ ਦਹਿ ਦਿਸ਼ਾ ਆਪਣਾ ਫੇਰਾ ਪਾਈਆ । ਜਿਸ ਦਾ ਹੁਕਮ ਬੇਮਿਸਾਲ, ਵਸ਼ਾਲ ਜਿਸ ਦੀ ਧਾਰ ਨਜ਼ਰੀ ਆਈਆ । ਢੋਲਾ ਗਾਏ ਕੋਇ ਨਾ ਕਵਾਲ, ਰਾਗ ਨਾਦ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣੇ ਵਿਚ ਰਖਾਈਆ । ਸ੍ਰੀ ਭਗਵਾਨ ਕਹੇ ਨਿਰਗੁਣ ਉੜੇ ਦਾ ਜੇ ਕੋਈ ਸਮਝ ਲੈਂਦਾ ਰਾਜ਼, ਇਸ਼ਾਰਾ ਧੁਰ ਦਾ ਇਕ ਜਣਾਈਆ । ਝਗੜਾ ਰਹਿੰਦਾ ਨਾ ਪੂਜਾ ਪਾਠ ਨਿਮਾਜ਼, ਸਿਮਰਨ ਜਗਤ ਨਾ ਕੋਇ ਵਖਾਈਆ । ਪੈਂਡਾ ਮੁਕ ਜਾਂਦਾ ਪ੍ਰਿਥਮੀ ਆਕਾਸ਼, ਸਮਾਧੀਆਂ ਵਾਲੀ ਸੁਨ ਨਾ ਕੋਇ ਵਡਿਆਈਆ । ਬਿਨ ਦੀਵਾ ਬਾਤੀ ਸਦਾ ਹੁੰਦਾ ਰਹੇ ਪਰਕਾਸ਼, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜੁਗ ਚੌਕੜੀ ਪਿਛੋਂ ਕੋਟਾਂ ਵਿਚੋਂ ਜਨ ਭਗਤਾਂ ਮਿਲਦੀ ਇਹ ਦਾਤ, ਲੱਖ ਚੁਰਾਸੀ ਪੜ੍ਹ ਪੜ੍ਹ ਥੱਕੇ ਮਾਤ ਲੋਕਾਈਆ । ਜਿਨ੍ਹਾਂ ਦੇ ਅੰਤਰ ਨਿਰੰਤਰ ਹੋ ਕੇ ਨਿਰਵੈਰ ਕਰੇ ਨਿਵਾਸ, ਆਸਣ ਸਿੰਘਾਸਣ ਇਕ ਸੁਹਾਈਆ । ਸਦਾ ਸੁਹੇਲਾ ਬਣ ਕੇ ਵਸੇ ਪਾਸ, ਕਰਵਟ ਪਾਸਾ ਆਪਣਾ ਲਏ ਬਦਲਾਈਆ । ਓਨ੍ਹਾਂ ਪੜ੍ਹਨ

ਲਿਖਣ ਦੀ ਰਹੇ ਕੋਈ ਨਾ ਖਾਹਸ਼, ਮਨਸਾ ਮਨਸਾ ਵਿਚੋਂ ਪੂਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆਵਾਨ ਹੋ ਕੇ ਦਇਆ ਕਰੇ ਸਾਖਿਆਤ, ਸਾਹਿਬ ਹੋ ਕੇ ਸਬੱਬ ਆਪਣਾ ਆਪ ਬਣਾਈਆ ।

## ੨੦ ਚੇਤ ਸ਼ਹਿਨਸ਼ਾਹੀ ਸੰਮਤ ੨ ਗੁਰਬਚਨ ਕੌਰ ਦੇ ਗ੍ਰਹਿ ਅਹਿਮਦਪੁਰ ਜ਼ਿਲਾ ਕਪੂਰਥਲਾ

ਸ੍ਰੀ ਭਗਵਾਨ ਕਹੇ ਨਿਰਗੁਣ ਊੜੇ ਦੀ ਜੇ ਸਮਝ ਜਾਵੇ ਜਨ ਉਸਤਤ, ਜਗਤ ਨਿੰਦਿਆ ਰਹੇ ਨਾ ਰਾਈਆ । ਪੜ੍ਹਨੀ ਪਏ ਨਾ ਕੋਈ ਵਾਚਕਾਂ ਵਾਲੀ ਪੁਸਤਕ, ਅੱਖਰਾਂ ਰਾਗ ਨਾ ਕੋਇ ਅਲਾਈਆ । ਜਗਤ ਜਹਾਨ ਵਿਚੋਂ ਮਿਲ ਜਾਏ ਫ਼ੁਰਸਤ, ਮਮਤਾ ਮੋਹ ਬੰਧਨ ਨਾ ਕੋਇ ਬੰਧਾਈਆ । ਇਕੋ ਮਾਲਕ ਮਿਲ ਜਾਏ ਧੁਰ ਦਾ ਮੁਰਸ਼ਦ, ਜੋ ਮੁਰੀਦਾਂ ਹਾਲ ਸੁਣ ਕੇ ਖ਼ੁਸ਼ੀ ਮਨਾਈਆ । ਮੁਹੱਬਤ ਵਿਚ ਦੱਸੇ ਅਗੰਮੀ ਉਲਫ਼ਤ, ਧੁਰ ਸੰਦੇਸ਼ਾ ਇਕ ਜਣਾਈਆ । ਮਨ ਵਾਸਨਾ ਰਹਿਣ ਨਾ ਦੇਵੇ ਦੁਰਮਤ, ਗੁਰਮਤ ਇਕੋ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਆਪਣਾ ਦਏ ਖੁਲ੍ਹਾਈਆ । ਸ੍ਰੀ ਭਗਵਾਨ ਕਹੇ ਨਿਰਗੁਣ ਊੜੇ ਦਾ ਜੋ ਲੇਖਾ ਜਾਣੇ ਮੁਕਤ, ਮੁਕੰਮਲ ਪੜਦਾ ਲਏ ਉਠਾਈਆ । ਓਸ ਕੋਲ ਧੁਰ ਭੰਡਾਰ ਰਹੇ ਮੁਫ਼ਤ, ਭਜਨ ਬੰਦਗੀ ਸਮਝ ਨਾ ਕੋਇ ਬਣਾਈਆ । ਆਤਮ ਸਵਾਧਾਨ ਰਹੇ ਚੁਸਤ, ਆਲਸ ਨਿੰਦਰਾ ਨਾ ਕੋਇ ਬਣਾਈਆ । ਸ੍ਰੀ ਭਗਵਾਨ ਮਿਲਦਾ ਰਹੇ ਦਰੁਸਤ, ਮੇਲਾ ਧੁਰ ਦਾ ਜੋੜ ਜੁੜਾਈਆ । ਝਗੜਾ ਰਹੇ ਨਾ ਬਾਲਿਸ਼ਤ ਅੰਗੁਸ਼ਤ, ਉਂਗਲੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦਏ ਵਖਾਈਆ । ਸ੍ਰੀ ਭਗਵਾਨ ਕਹੇ ਜਿਸ ਨਿਰਗੁਣ ਊੜਾ ਤੱਕਿਆ ਬਿਨ ਅੱਖ, ਨੇਤਰ ਨੈਣ ਬੰਦ ਕਰਾਈਆ । ਉਹ ਪਰਮ ਪੁਰਖ ਪਰਮਾਤਮ ਨਾਲ ਮਿਲ ਕੇ ਹੋ ਗਿਆ ਸਚ, ਸਤਿ ਸਤਿ ਵਿਚ ਸਮਾਈਆ । ਬਿਨਾ ਤਤ ਵਜੂਦ ਗਿਆ ਰਚ, ਰਚਨਾ ਵੇਖ ਬੇਪਰਵਾਹੀਆ । ਪਰਕਾਸ਼ ਹੋ ਕੇ ਜਗੇ ਲਟ ਲਟ, ਨੂਰ ਹੋ ਕੇ ਡਗਮਗਾਈਆ । ਸ਼ਬਦ ਹੋ ਕੇ ਮਾਰੇ ਅਗੰਮੀ ਸੱਟ, ਤਾਲ ਤਲਵਾੜਾ ਨਾ ਕੋਇ ਵਜਾਈਆ । ਨਿਰਵੈਰ ਹੋ ਕੇ ਨਜ਼ਰੀ ਆਏ ਪਰਤੱਖ, ਮਿਹਰਵਾਨ ਮਹਿਬੂਬ ਗੋਸਾਈਆ । ਜਨ ਭਗਤਾਂ ਇਕੋ ਮਾਰਗ ਦਏ ਦੱਸ, ਦਰ ਦਰਵਾਜ਼ਾ ਅੰਦਰੋਂ ਦਏ ਖੁਲ੍ਹਾਈਆ । ਮੋਹ ਮੁਹੱਬਤ ਵਿਚ ਹੋ ਕੇ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਨਿਰਗੁਣ ਊੜਾ ਕਹੇ ਭਗਤ ਭਗਵਾਨ ਦਾ ਸਾਂਝਾ ਜਸ, ਅੱਖਰ ਏਸੇ ਦੀ ਕਰਨ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸ੍ਰੀ ਭਗਵਾਨ ਕਹੇ ਨਿਰਗੁਣ ਊੜਾ ਬੁਧੀ ਵਿਚ ਕਦੇ ਨਾ ਆਵੇ ਵਿਚਾਰ, ਅਕਲ ਵਿਦਿਆ ਨਾ ਕੋਇ ਚਤੁਰਾਈਆ । ਲਿਖਣ ਵਿਚ ਨਾ ਕੋਇ ਸ਼ੁਮਾਰ, ਸਤਰਾਂ ਵੰਡ ਨਾ ਕੋਇ ਵੰਡਾਈਆ । ਬੋਲਣ ਵਿਚ ਨਾ ਕੋਇ ਜੈਕਾਰ, ਕਲਮੇ ਦੇਣ ਦੁਹਾਈਆ । ਅਦਦਾਂ ਵਿਚ ਨਾ ਕੋਇ ਆਧਾਰ, ਅੰਕੜਿਆਂ ਵਿਚ ਨਾ ਕੋਇ ਜਣਾਈਆ । ਤ੍ਰੈਗੁਣ ਮਾਇਆ ਨਾ ਕੋਇ ਪਿਆਰ, ਪੰਜ ਤਤ ਨਾ ਕੋਇ ਸਰਨਾਈਆ । ਇਕੋ ਖੇਲ ਵੇਖੇ ਪਰਵਰਦਿਗਾਰ, ਪਾਰਬ੍ਰਹਮ ਪ੍ਰਭ ਨਜ਼ਰੀ ਆਈਆ । ਜੋ ਭਗਤਾਂ ਦੇਵੇ ਅਧਾਰ, ਨਿਤ ਨਵਿਤ ਹੋਏ ਸਹਾਈਆ । ਜਿਸ ਨਿਰਗੁਣ ਅੱਖਰ ਪੁਰਖ ਅਕਾਲ ਲਿਆ ਵਿਚਾਰ, ਵਿਚਰਕੇ ਅਵਰ ਨਾ ਕਿਸੇ ਸੁਣਾਈਆ । ਜਿਸ ਨੂੰ ਬੀਤੇ ਨਹੀਂ ਜੁਗ ਦੋ ਚਾਰ, ਕੋਟਨ ਕੋਟ ਗਏ ਵਿਹਾਈਆ ।

ਸੋ ਕਲਜੁਗ ਅੰਤ ਜਨ ਭਗਤਾਂ ਕਰਨ ਆਇਆ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਇਕੋ ਅੱਖਰ ਪੜ੍ਹੋ ਜਿਸ ਨਾਲ ਦੋ ਜਹਾਨਾਂ ਬੇੜਾ ਹੋ ਜਾਏ ਪਾਰ, ਨਈਆ ਨੌਕਾ ਮਾਤ ਨਾ ਕੋਇ ਵਡਿਆਈਆ । ਧੁਰਦਰਗਾਹੀ ਮਿਲ ਜਾਏ ਅਬਿਨਾਸ਼ੀ ਕਰਤਾ ਧੁਰ ਦਾ ਯਾਰ, ਕੂੜਾ ਨਾਤਾ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਵ ਨੌ ਚਾਰ ਪਿਛੋਂ ਜਨ ਭਗਤਾਂ ਵਖਾ ਕੇ ਆਪਣੀ ਬਹਾਰ, ਵਿਹਾਰ ਵਿਚ ਬਿਵਹਾਰ ਵਿਚ ਤਿਵਹਾਰ ਵਿਚ ਆਪਣਾ ਰੰਗ ਰੰਗਾਈਆ ।

✪ ੨੦ ਚੇਤ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹਿ ਪਿੰਡ ਅਹਿਮਦਪੁਰ ਜ਼ਿਲਾ ਕਪੂਰਥਲਾ ✪

ਸ੍ਰੀ ਭਗਵਾਨ ਕਹੇ ਮੈਂ ਅੱਖਰਾਂ ਵਾਲਾ ਲੇਖ ਕਦੇ ਨਾ ਲਿਖਦਾ, ਵੱਖਰ ਦੀ ਧਾਰ ਹੁਕਮ ਜਣਾਈਆ । ਆਦਿ ਜੁਗਾਦਿ ਲੇਖਾ ਲਹਿਣਾ ਦੇਣਾ ਜਾਣਾਂ ਸਤਿਗੁਰ ਸਿੱਖ ਦਾ, ਜਨ ਭਗਤਾਂ ਖੋਜਾਂ ਥਾਉਂ ਥਾਈਂਆ । ਆਵਣ ਜਾਵਣ ਪੰਧ ਮੁਕਾਵਾਂ ਝਗੜਾ ਨਿਤ ਦਾ, ਲੱਖ ਚੁਰਾਸੀ ਦਿਆਂ ਕਟਾਈਆ । ਮੇਲ ਬਣਾਵਾਂ ਧੁਰ ਦੇ ਮਿਤ ਦਾ, ਮਿੱਤਰ ਪਿਆਰਾ ਹੋ ਕੇ ਸੰਗ ਨਿਭਾਈਆ । ਜੋ ਜਗ ਨੇਤਰ ਨੈਣ ਕਿਸੇ ਨਹੀਂ ਦਿਸਦਾ, ਗੁਰਮੁਖ ਵਿਰਲਾ ਦਰਸ਼ਨ ਪਾਈਆ । ਗੁਰਮੁਖੋ ਇਹ ਲਹਿਣਾ ਦੇਣਾ ਨਹੀਂ ਪਿਛਲੀ ਰੀਤੀ ਵਾਲੀ ਇੱਕ ਦਾ, ਇਕ ਇਕੱਲਾ ਜੁਗ ਜੁਗ ਦਿਆਂ ਵਿਛੜਿਆਂ ਪਾਰ ਕਰਾਈਆ । ਨਾਤਾ ਜੋੜ ਕੇ ਸ਼ਬਦੀ ਧਾਰ ਪਿਤਾ ਪੂਤ ਪਿਤ ਦਾ, ਪਤਿਪਰਮੇਸ਼ਵਰ ਹੋਏ ਸਹਾਈਆ । ਮਾਰਗ ਦੱਸੇ ਜਗਤ ਜਹਾਨ ਹਿੱਤ ਦਾ, ਹਿਤਕਾਰੀ ਹੋ ਕੇ ਜੋੜ ਜੁੜਾਈਆ । ਸਤਿਗੁਰ ਨਾਮ ਜਗਤ ਵਣਜਾਰਿਆਂ ਕੋਲ ਕਿਤੇ ਨਹੀਂ ਵਿਕਦਾ, ਹੱਟ ਹਟਵਾਣੇ ਖ਼ਾਲੀ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲੇ ਦਏ ਵਡਿਆਈਆ । ਸ੍ਰੀ ਭਗਵਾਨ ਕਹੇ ਮੈਂ ਪੜ੍ਹਾਵਣ ਆਇਆ ਅਗੰਮੀ ਪੱਟੀ, ਜਿਸ ਦਾ ਹਰੂਫ਼ ਨਾ ਕੋਇ ਸਮਝਾਈਆ । ਨਾਮ ਅਮੋਲਕ ਦੇਣ ਆਇਆ ਅਗੰਮੀ ਰਤੀ, ਰਤਨ ਜਵਾਹਰ ਮਾਣਕ ਮੋਤੀ ਜਿਸ ਦੀ ਕ਼ੀਮਤ ਨਾ ਕੋਇ ਚੁਕਾਈਆ । ਮਿਲਾਵਣ ਆਇਆ ਨਿਰਗੁਣ ਧਾਰ ਕਮਲਾਪਾਤੀ, ਪਤਿਤ ਉਧਾਰਨ ਜੋ ਆਦਿ ਜੁਗਾਦਿ ਅਖਵਾਈਆ । ਬਿਨ ਕਰਮ ਕਾਂਡ ਤੋਂ ਕਰਨ ਆਇਆ ਗਤੀ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਆਤਮਾ ਸੀਤ ਕਰਾਵਣ ਆਇਆ ਤੱਤੀ, ਅਗਨੀ ਤਤ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਸੁਹਾਈਆ । ਜਨ ਭਗਤੋ ਮੈਂ ਸਿਖਿਆ ਵਾਲਾ ਖੋਲ੍ਹਿਆ ਨਹੀਂ ਕੋਈ ਵਿਦਿਆਲਾ, ਵਿਦਿਆ ਵਾਲਾ ਇਲਮ ਨਾ ਕੋਇ ਪੜ੍ਹਾਈਆ । ਇਕੋ ਮਾਰਗ ਦੱਸ ਕੇ ਸੁਖਾਲਾ, ਸੋਹੰ ਢੋਲਾ ਦਿਤਾ ਸਮਝਾਈਆ । ਹੱਥ ਵਿਚ ਕਿਸੇ ਨੂੰ ਪਕੜਨੀ ਪਏ ਨਾ ਮਾਲਾ, ਮਨ ਕਾ ਮਣਕਾ ਦਿਆਂ ਭਵਾਈਆ । ਪੂਜਾ ਕਰਨੀ ਪਏ ਨਾ ਜੋਤ ਜਵਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਦੇਂਦੇ ਗਏ ਅਹਿਵਾਲਾ, ਉਹ ਹਾਲਤ ਵੇਖੇ ਥਾਉਂ ਥਾਈਂਆ । ਤੁਹਾਡਾ ਕਾਇਆ ਕਾਅਬਾ ਬਣਾ ਕੇ ਸੱਚੀ ਧਰਮਸਾਲਾ, ਧਰਮ ਦਵਾਰਾ ਆਪਣਾ ਦਿਆਂ ਵਖਾਈਆ । ਜਿਥੇ ਦੀਪਕ ਜੋਤ ਜਗੇ ਮਿਸਾਲਾ, ਆਦਿ ਅੰਤ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਥੇ ਓਥੇ ਦੋ ਜਹਾਨ ਸਦਾ ਬਣਿਆ ਰਿਹਾ ਰਖਵਾਲਾ, ਰੱਖਕ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਜਨ ਭਗਤੋ ਪ੍ਰਭ

ਦੇਣ ਨਹੀਂ ਆਇਆ ਕੋਈ ਇਸ਼ਾਰੇ, ਸੈਨਤ ਜਗਤ ਨਾ ਕੋਇ ਲਗਾਈਆ । ਮਿਹਰਵਾਨ ਹੋ ਕੇ ਪਾਰ ਲੰਘਾਉਂਣ ਆਇਆ ਆਪਣੇ ਕਿਨਾਰੇ, ਮੰਝਧਾਰ ਨਾ ਕੋਇ ਰੁੜ੍ਹਾਈਆ । ਜਿਸ ਨੂੰ ਝੁਕਦੇ ਗਏ ਸਦਾ ਜੁਗ ਚਾਰੇ, ਚੌਕੜੀ ਬੈਠੀ ਸੀਸ ਨਿਵਾਈਆ । ਸਜਦਿਆਂ ਵਿਚ ਗੁਰੂ ਅਵਤਾਰੇ, ਪੈਗੰਬਰ ਢੋਲੇ ਗਾਈਆ । ਉਹ ਆ ਭਗਤਾਂ ਦੇ ਦਵਾਰੇ, ਭਾਗ ਹਿੱਸਾ ਪਿਛਲਾ ਝੋਲੀ ਪਾਈਆ । ਨਿਹਕਰਮੀ ਹੋ ਕੇ ਕਰਮ ਕਾਂਡ ਤੋਂ ਕੱਢੇ ਬਾਹਰੇ, ਸਿਰ ਆਪਣਾ ਹੱਥ ਰਖਾਈਆ । ਮਾਨਸ ਜਨਮ ਗੁਰਮੁਖਾਂ ਪੈਜ ਸਵਾਰੇ, ਸੇਵਕ ਹੋ ਕੇ ਆਪਣੀ ਸੇਵ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਧਰਨੀ ਧਰਤ ਧਵਲ ਜਨ ਭਗਤ ਦਵਾਰੇ ਨਿਰਗੁਣ ਰੂਪ ਪਧਾਰੇ, ਸਰਗੁਣ ਲੇਖੇ ਲਏ ਲਗਾਈਆ ।

### ੨੦ ਚੇਤ ਸ਼ਹਿਨਸ਼ਾਹੀ ਸੰਮਤ ੨ ਚਰਨ ਸਿੰਘ ਦੇ ਗ੍ਰਹਿ ਅਹਿਮਦਪੁਰ ਜ਼ਿਲਾ ਕਪੂਰਥਲਾ

ਜਨ ਭਗਤੋ ਤੁਹਾਡਾ ਪਵਿੱਤਰ ਸਾਫ਼ ਕਰਨਾ ਹਿਰਦਾ ਚੰਗਾ, ਹਰਦਮ ਇਕੋ ਯਾਦ ਦੇਣੀ ਬੰਧਾਈਆ । ਸ਼ਬਦ ਅਨਾਦ ਧੁਨ ਆਤਮਕ ਵਜਾ ਅਗੰਮੀ ਮਰਦੰਗਾ, ਨਾਮ ਸੰਦੇਸ਼ਾ ਦੇਣਾ ਸੁਣਾਈਆ । ਅੰਤਰ ਆਤਮ ਚਾੜ੍ਹ ਕੇ ਆਪਣਾ ਰੰਗਾ, ਰੰਗਤ ਦੂਜੀ ਦੇਣੀ ਬਦਲਾਈਆ । ਸਾਚਾ ਢੋਲਾ ਸੁਣਾ ਕੇ ਛੰਦਾ, ਸੰਸਾ ਰੋਗ ਦੇਣਾ ਮਿਟਾਈਆ । ਨਿਜ ਆਤਮ ਦੇ ਕੇ ਇਕ ਅਨੰਦਾ, ਅਨੰਦ ਅਨੰਦ ਵਿਚ ਦੇਣਾ ਸਮਾਈਆ । ਬਿਨਾ ਬੰਦਗੀਉਂ ਬਣਾ ਦੇਣਾ ਉਹ ਬੰਦਾ, ਜੋ ਬੰਦੀਖ਼ਾਨਾ ਆਪਣਾ ਜਾਏ ਤੁੜਾਈਆ । ਸਦਾ ਮਿਲਿਆ ਮੇਲ ਰਹੇ ਨਾਲ ਸੂਰੇ ਸਰਬੰਗਾ, ਵਿਛੋੜੇ ਵਾਲੀ ਵੰਡ ਨਾ ਕੋਇ ਵਖਾਈਆ । ਤੁਹਾਡੇ ਚਰਨਾਂ ਦਾ ਰਾਹ ਤੱਕਦੀ ਰਹੇ ਜਮਨਾ ਸੁਰਸਤੀ ਗੋਦਾਵਰੀ ਗੰਗਾ, ਤ੍ਰਬੈਣੀ ਨੈਣ ਅੱਖ ਖੁਲ੍ਹਾਈਆ । ਅੰਮ੍ਰਿਤ ਰਸ ਨਿਝਰ ਮਿਲਦਾ ਰਹੇ ਠੰਡਾ, ਬੂੰਦ ਸਵਾਂਤੀ ਆਪ ਟਪਕਾਈਆ । ਸਚ ਪ੍ਰੇਮ ਦਾ ਚੜ੍ਹਿਆ ਰਹੇ ਚੰਦਾ, ਅੰਧ ਅਗਿਆਨ ਰਹੇ ਨਾ ਰਾਈਆ । ਬੇੜਾ ਪਾਰ ਕਰਨਾ ਚੁੱਕ ਕੇ ਆਪਣੇ ਕੰਧਾ, ਕ਼ਦਮ ਕ਼ਦਮ ਦਾ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸੀਸ ਰਹਿਣ ਨਾ ਦੇਵੇ ਨੰਗਾ, ਮਹਿਬੂਬ ਹੋ ਕੇ ਆਪਣਾ ਹੱਥ ਟਿਕਾਈਆ । ਜਨ ਭਗਤੋ ਪ੍ਰਭ ਨੇ ਚੁਕਣਾ ਓਸ ਗੋਦੀ, ਜਿਥੇ ਗੁਰ ਅਵਤਾਰ ਬੈਠੇ ਸੋਭਾ ਪਾਈਆ । ਪੁਰਖ ਅਕਾਲ ਦੀਨ ਦਿਆਲ ਦੇਣੀ ਉਹ ਸੋਝੀ, ਜਿਸ ਨੂੰ ਸਮਝ ਸਕੇ ਨਾ ਕੋਇ ਚਤੁਰਾਈਆ । ਜਿਥੇ ਜੰਗਲਾਂ ਵਿਚ ਫਿਰਨਾ ਨਾ ਪਏ ਬਣ ਕੇ ਜੋਗੀ, ਤਪੱਸਵੀਆਂ ਵਾਲਾ ਤਪ ਨਾ ਕੋਇ ਕਮਾਈਆ । ਤਿਆਗ ਵੈਰਾਗ ਦਾ ਬਣਨਾ ਨਾ ਪਏ ਰੋਗੀ, ਸੀਸ ਖ਼ਾਕ ਨਾ ਕੋਇ ਛੁਹਾਈਆ । ਬੰਸ ਲੱਭਣਾ ਨਾ ਪਏ ਵੇਦੀ ਸੋਢੀ, ਚਾਰ ਵਰਨ ਇਕੋ ਰੰਗ ਦਏ ਚੜ੍ਹਾਈਆ । ਝਗੜਾ ਮੁਕਾ ਕੇ ਜੰਞੂ ਬੋਦੀ, ਆਤਮ ਬ੍ਰਹਮ ਸਭ ਨੂੰ ਦਏ ਸਮਝਾਈਆ । ਨਾਮ ਸੰਦੇਸ਼ਾ ਦੇ ਕੇ ਇਕ ਸਲੋਕੀ, ਸੁਲਹਕੁਲ ਘਰ ਵਿਚ ਦਏ ਮਿਲਾਈਆ । ਸਾਚੇ ਨਾਮ ਦੀ ਦੇ ਕੇ ਅਗੰਮੀ ਰੋਜ਼ੀ, ਰੋਜ਼ ਦੇ ਮੰਗਤੇ ਮੰਗਣ ਦੀ ਆਦਤ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਜਨ ਭਗਤੋ ਆਤਮ ਪਰਮਾਤਮ ਬਣਾ ਕੇ ਇਕੋ ਯਾਚਕ, ਯਥਾਰਥ ਇਕੋ ਹੁਕਮ ਦਿਆਂ ਸੁਣਾਈਆ । ਤੁਹਾਡੇ ਅੰਤਰ ਦਾ ਬਣ ਕੇ ਵਾਚਕ, ਲੇਖਾ ਪੜ੍ਹਾਂ ਸਹਿਜ ਸੁਭਾਈਆ । ਗੁਰਮੁਖ ਰਹਿਣ ਨਾ ਦੇਵਾਂ ਕੋਈ ਸਾਕਤ, ਨਿੰਦਕ ਦੁਸ਼ਟ ਦੁਰਾਚਾਰ ਨਾ ਕੋਇ ਅਖਵਾਈਆ । ਪ੍ਰੇਮ ਪਿਆਰ ਮੁਹੱਬਤ

ਵਿਚ ਬਣਾਵਾਂ ਆਸਤਕ, ਇਸ਼ਟ ਇਕੋ ਇਕ ਜਣਾਈਆ । ਨਾਤਾ ਜੋੜ ਧੁਰ ਦਾ ਵਾਸਤਵਕ, ਵਸਲ ਇਕੋ ਦਿਆਂ ਵਖਾਈਆ । ਅਬਿਨਾਸ਼ੀ ਕਰਤਾ ਤੁਹਾਡਾ ਬਣੇ ਉਪਾਸ਼ਕ, ਉਪਨਿਸ਼ਦਾਂ ਦੀ ਕਰਨੀ ਨਾ ਪਏ ਪੜ੍ਹਾਈਆ । ਹਰਿ ਚਰਨ ਦਵਾਰ ਚੰਗੀ ਸੇਜ ਨਾਲੋਂ ਬਾਸ਼ਕ, ਵਿਸ਼ਨੂੰ ਸਾਗੋਂ ਧਾਂਗ ਉਤੇ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਜਨ ਭਗਤੋ ਤੁਹਾਡਾ ਲੇਖਾ ਰਿਹਾ ਕੋਇ ਦੀਨ ਨਾ ਮਜ਼੍ਹਬੀ, ਆਤਮ ਪਰਮਾਤਮ ਮਿਲ ਕੇ ਵੱਜਦੀ ਰਹੇ ਵਧਾਈਆ । ਪੁਰਖ ਅਕਾਲ ਬਣਿਆ ਰਹੇ ਮਦਦੀ, ਦੂਜਾ ਸਿਰ ਨਾ ਕੋਇ ਉਠਾਈਆ । ਤੁਹਾਡਾ ਮਨ ਨਾ ਰਹੇ ਤਸ਼ੱਦਦੀ, ਕੂੜ ਵਿਕਾਰਾ ਦਿਆਂ ਖਪਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਬੰਦਗੀ, ਬੰਦੀਖ਼ਾਨਾ ਦਿਆਂ ਤੁੜਾਈਆ । ਗੁਰਮੁਖੋ ਤੁਸੀਂ ਕੱਟਣੀ ਨਹੀਂ ਕਿਸੇ ਦੀ ਮੁਸ਼ੰਦਗੀ ਮੁਸ਼ਕਲਾਂ ਵਿਚੋਂ ਆਪੇ ਬਾਹਰ ਕਢਾਈਆ । ਮੌਜ ਲੈਣੀ ਅਗੇ ਸਤਿਗੁਰੂ ਦੇ ਅਨੰਦ ਦੀ, ਰਸਨਾ ਰਸ ਫੀਕੇ ਦਏ ਜਣਾਈਆ । ਕੂੜ ਵਿਕਾਰ ਦੀ ਖਾਣੀ ਨਾ ਪਏ ਗੰਦਗੀ, ਸੁਗੰਧੀ ਆਪਣਾ ਨਾਮ ਧਰਾਈਆ । ਇਹ ਖੇਲ ਓਸ ਅਗੰਮੀ ਚੰਦ ਦੀ, ਜਿਸ ਨੂੰ ਚੰਦ ਸੂਰਜ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਜਨ ਭਗਤੋ ਤੁਹਾਡਾ ਬਦਲ ਦੇਣਾ ਕ਼ਾਨੂੰਨ ਕਾਇਦਾ, ਕਾਮਲ ਮੁਰਸ਼ਦ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਪੂਰਾ ਕਰ ਕੇ ਵਾਅਦਾ, ਵਾਹਿਦ ਆਪਣਾ ਹੁਕਮ ਸੁਣਾਈਆ । ਸ਼ਬਦੀ ਗੋਬਿੰਦ ਦੋ ਜਹਾਨਾਂ ਬਣ ਕੇ ਆਇਆ ਨੁਮਾਇੰਦਾ, ਨਮੋ ਨਮਸਤੇ ਇਕੋ ਦਏ ਦ੍ਰਿੜਾਈਆ । ਜਿਸ ਦਾ ਹੁਕਮ ਫ਼ਰਮਾਨ ਚਲਣਾ ਆਇੰਦਾ, ਵੇਖੇ ਥਾਉਂ ਥਾਈਆ । ਸੋ ਸਵਾਮੀ ਅੰਤਰਜਾਮੀ ਖੇਲ ਕਰੇ ਬਾਕਾਇਦਾ, ਧੁਰ ਦੀ ਧਾਰ ਆਪ ਦ੍ਰਿੜਾਈਆ । ਅਗੇ ਗੁਰਮੁਖੋ ਤੁਹਾਡੇ ਨਾਲੋਂ ਹੋਵੇ ਨਾ ਕਦੇ ਅਲਾਇਦਾ, ਵੱਖਰਾ ਘਰ ਨਾ ਕੋਇ ਸੁਹਾਈਆ । ਜਨ ਭਗਤੋ ਤੁਹਾਨੂੰ ਮਿਲ ਕੇ ਤੁਹਾਡੇ ਨਾਲੋਂ ਪ੍ਰਭ ਨੂੰ ਬਹੁਤਾ ਫ਼ਾਇਦਾ, ਜੋ ਫ਼ੈਸਲੇ ਹੱਕ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੋ ਆਦਿ ਜੁਗਾਦਿ ਜੁਗ ਚੌਕੜੀ ਰਹੇਗਾ, ਲੋਕਮਾਤ ਨਾ ਕੋਈ ਮੇਟੇ ਮੇਟ ਮਿਟਾਈਆ ।

### ੨੦ ਚੇਤ ਸ਼ਹਿਨਸ਼ਾਹੀ ਸੰਮਤ ੨ ਜੁਗਿੰਦਰ ਸਿੰਘ ਦੇ ਗ੍ਰਿਹ ਪਿੰਡ ਅਹਿਮਦਪੁਰ ਜ਼ਿਲਾ ਕਪੂਰਥਲਾ

ਜਨ ਭਗਤ ਲੋਕਮਾਤ ਬਣਨਾ ਧਰਨੀ, ਧੁਰ ਦਾ ਧਾਮ ਇਕ ਜਣਾਈਆ । ਪੁਰਖ ਅਕਾਲ ਕਰਤਾ ਕਰਨੀ, ਕ਼ੁਦਰਤ ਦਾ ਕ਼ਾਦਰ ਬੇਪਰਵਾਹੀਆ । ਜਿਸ ਦੀ ਮੰਜ਼ਲ ਤੁਸਾਂ ਚੜ੍ਹਨੀ, ਨੌ ਦਵਾਰੇ ਪੰਧ ਮੁਕਾਈਆ । ਇਕੋ ਤੁਕ ਓਸ ਦੀ ਪੜ੍ਹਨੀ, ਜੋ ਤੋਹਮਤਾਂ ਤੋਂ ਲਏ ਬਚਾਈਆ । ਜਿਸ ਦੀ ਪਤ ਟਹਿਣੀ ਕਦੇ ਨਾ ਝੜਨੀ, ਬਸੰਤ ਖ਼ਿਜ਼ਾਂ ਨਾ ਰੂਪ ਵਖਾਈਆ । ਧਾਰ ਅਗਨੀ ਹਵਨ ਕਦੇ ਨਹੀਂ ਸੜਨੀ, ਮੜ੍ਹੀ ਗੋਰ ਨਾ ਕੋਇ ਦਬਾਈਆ । ਝਗੜਾ ਮੁਕ ਜਾਏ ਵਰਨੀ ਬਰਨੀ, ਜਾਤ ਪਾਤ ਨਾ ਕੋਇ ਜਣਾਈਆ । ਇਕੋ ਪਰਮ ਪੁਰਖ ਦੀ ਲੱਗਣਾ ਸਰਨੀ, ਦੂਜੀ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲੇ ਲਏ ਉਠਾਈਆ । ਜਨ ਭਗਤ ਪਰਮ ਪੁਰਖ ਪਰਮਾਤਮ ਵੇਖਣਾ ਚਾਰ ਕੂਟ, ਦਹਿ ਦਿਸ਼ਾ ਰਿਹਾ ਸਮਾਈਆ । ਖੋਟੇ ਖਰੇ ਪਰਖੇ ਜੂਠ ਝੂਠ, ਸਤਿ ਸਤਿਵਾਦ ਪੜਦਿਆਂ ਵਿਚੋਂ ਬਾਹਰ ਕਢਾਈਆ । ਕਲਜੁਗ ਅੰਤ ਤੁਹਾਡੇ ਉਪਰ



੫੧੦
੧੯

ਗਿਆ ਤੁਠ, ਤੁਛ ਤੋਂ ਕੁਛ ਦਏ ਬਣਾਈਆ । ਅੰਮ੍ਰਿਤ ਜਾਮ ਪਿਆ ਕੇ ਘੁਟ, ਘਾਟੀ ਮੰਜ਼ਲ ਪਾਰ ਕਰਾਈਆ । ਨਾਮ ਭੰਡਾਰੇ ਦੀ ਪਾ ਕੇ ਲੁੱਟ, ਲੁਟੇਰਿਆਂ ਤੋਂ ਲੁਕਾ ਕੇ ਤੁਹਾਡੇ ਅੰਦਰ ਦਏ ਟਿਕਾਈਆ । ਤੁਸਾਂ ਖ਼ੁਸ਼ੀਆਂ ਨਾਲ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੜ੍ਹਨੀ ਤੁਕ, ਤੁਰਤ ਨਿਰਤ ਸੁਰਤ ਅਕਾਲ ਮੂਰਤ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੁਹਾਡਾ ਅੰਦਰੋਂ ਬਦਲ ਦੇਵੇ ਰੁਖ਼, ਰੁੱਖਾ ਸੁੱਖਾ ਖਾ ਕੇ ਸੁਖ ਤੁਹਾਡੇ ਵਿਚ ਵਖਾਈਆ ।

### ✪ ੨੦ ਚੇਤ ਸ਼ਹਿਨਸ਼ਾਹੀ ਸੰਮਤ ੨ ਸੂਰਤ ਸਿੰਘ ਦੇ ਗ੍ਰਿਹ ਪਿੰਡ ਡਾਲਾ ਜ਼ਿਲਾ ਕਪੂਰਥਲਾ ✪

ਕਲਜੁਗ ਵੇਖ ਅੰਧੇਰੀ ਰਾਤ, ਪੁਰਖ ਅਕਾਲ ਦੀਨ ਦਿਆਲ ਦਇਆ ਕਮਾਇੰਦਾ । ਲੱਖ ਚੁਰਾਸੀ ਤੱਕੇ ਮਾਰ ਝਾਤ, ਚਾਰੇ ਖਾਣੀ ਫੋਲ ਫੁਲਾਇੰਦਾ । ਜਨ ਭਗਤਾਂ ਬੰਦ ਕਿਵਾੜੀ ਖੋਲ੍ਹ ਤਾਕ, ਪੜਦਾ ਓਹਲਾ ਆਪ ਉਠਾਇੰਦਾ । ਲੇਖੇ ਲਾ ਕੇ ਤਨ ਮਾਟੀ ਖ਼ਾਕ, ਅਸਲ ਵਸਲ ਵਜੂਦ ਆਪ ਕਰਾਇੰਦਾ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਜਾਪ, ਜੀਵਣ ਜੁਗਤ ਜਗਤ ਦ੍ਰਿੜਾਇੰਦਾ । ਕੋਟਨ ਕੋਟ ਜਨਮ ਦੇ ਮੇਟ ਕੇ ਪਾਪ, ਦੁਰਮਤ ਮੈਲ ਧਵਾਇੰਦਾ । ਸਤਿ ਸਤਿਵਾਦੀ ਹੋ ਕੇ ਦੇਵੇ ਸਾਥ, ਅੰਦਰ ਬਾਹਰ ਗੁਪਤ ਜਾਹਰ ਸਗਲਾ ਸੰਗ ਨਿਭਾਇੰਦਾ । ਮਿਹਰਵਾਨ ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਹੋ ਕੇ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਪੜਦਾ ਆਪ ਉਠਾਇੰਦਾ । ਕਲਜੁਗ ਅੰਤਮ ਵੇਖ ਅੰਧੇਰਾ ਅੰਧ, ਚਾਰ ਕੁੰਟ ਖੋਜ ਖੁਜਾਈਆ । ਸਾਚਾ ਦੇਵੇ ਕੋਇ ਨਾ ਸੰਗ, ਭਰਮੇ ਭੁੱਲੀ ਸਰਬ ਲੋਕਾਈਆ । ਆਤਮ ਪਰਮਾਤਮ ਚਾੜ੍ਹੇ ਕੋਈ ਨਾ ਰੰਗ, ਕੂੜੀ ਕਿਰਿਆ ਜਗਤ ਵਾਸਨਾ ਹੋਈ ਹਲਕਾਈਆ । ਨਾਮ ਅਗੰਮਾ ਸੁਣਾਏ ਕੋਇ ਨਾ ਛੰਦ, ਅੱਖਰਾਂ ਵਾਲੇ ਢੋਲੇ ਰਹੇ ਗਾਈਆ । ਨਿਜ ਘਰ ਨਿਜ ਗ੍ਰਿਹਿ ਪਾਏ ਕੋਇ ਨਾ ਨਿਜਾਨੰਦ, ਪਰਮਾਨੰਦ ਵਿਚ ਨਾ ਕੋਇ ਸਮਾਈਆ । ਚਾਰ ਕੁੰਟ ਦਹਿ ਦਿਸ਼ਾ ਅੰਤਰ ਆਤਮਾ ਦਿਸੇ ਰੰਡ, ਸੰਤ ਕੰਤ ਸੁਹਾਗੀ ਨਿਰਗੁਣ ਨਿਰਵੈਰ ਨਿਰਾਕਾਰ ਨਾ ਕੋਇ ਹੰਢਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਨੂੰ ਦੇਵਣਹਾਰਾ ਦੰਡ, ਨਾਮ ਖੰਡਾ ਬ੍ਰਹਿਮੰਡਾਂ ਇਕੋ ਰਿਹਾ ਉਠਾਈਆ । ਨੇਤਰ ਰੋਵਣ ਸੂਰੀਆ ਚੰਦ, ਪਾਤਾਲ ਆਕਾਸ਼ ਰਹੇ ਕੁਰਲਾਈਆ । ਭੇਵ ਚੁੱਕਿਆ ਨਾ ਕਿਸੇ ਬ੍ਰਹਮ ਹੰ, ਆਤਮ ਅੰਤਰ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਲੇਖਾ ਅਗਲਾ ਦਏ ਸਮਝਾਈਆ । ਕਲਜੁਗ ਕਹੇ ਮੇਰੀ ਅੰਧੇਰੀ ਘਟ, ਘਟ ਘਟ ਪੜਦਾ ਦਿਤਾ ਪਾਈਆ । ਕਰਿਆ ਖੇਲ ਬਾਜ਼ੀਗਰ ਸਵਾਂਗੀ ਹੋ ਕੇ ਨਟ, ਨਟੂਆ ਮਨ ਦਿਤਾ ਨਚਾਈਆ । ਵਸਤ ਅਮੋਲਕ ਰਹਿਣ ਨਾ ਦਿਤੀ ਕਿਸੇ ਸਾਢੇ ਤਿੰਨ ਹੱਥ ਕਾਇਆ ਹੱਟ, ਜਗਤ ਵਾਸਨਾ ਕੂੜੀ ਕਿਰਿਆ ਸ੍ਰਿਸ਼ਟੀ ਦ੍ਰਿਸ਼ਟੀ ਹੋਈ ਹਲਕਾਈਆ । ਨਿਜ ਨੇਤਰ ਖੋਲ੍ਹ ਕੇ ਵੇਖੇ ਕੋਇ ਨਾ ਅੱਖ, ਪਰਤੱਖ ਮਿਲੇ ਨਾ ਰੂਪ ਗੁਸਾਈਆ । ਮਾਇਆ ਮਮਤਾ ਗ੍ਰਿਹਿ ਗ੍ਰਿਹਿ ਨਾਤਾ ਤੋੜਿਆ ਸਚ, ਜੂਠ ਝੂਠ ਕੂੜ ਕੁਟੰਬ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰ ਕੁੰਟ ਦਹਿ ਦਿਸ਼ਾ ਆਪਣਾ ਹੁਕਮ ਰਿਹਾ ਵਰਤਾਈਆ । ਕਲਜੁਗ ਕਹੇ ਤੇਰਾ ਖੇਲ ਅਗੰਮਾ ਅਨੋਖਾ, ਜੀਵ ਬੁਧੀ ਸਮਝ

ਕੋਇ ਨਾ ਪਾਈਆ । ਜਗਤ ਵਿਦਿਆ ਰਹਿਣ ਨਾ ਦੇਵਾਂ ਸੋਚਾ, ਵਿਦਵਾਨ ਚਲੇ ਨਾ ਕੋਇ ਚਤੁਰਾਈਆ । ਹਾਹਾਕਾਰ ਕਰਾਏ ਚੌਦਾਂ ਲੋਕਾ, ਪਰਲੋਕ ਦਿਤਾ ਰਵਾਈਆ । ਦੀਵਾ ਬਾਤੀ ਜਗਣ ਨਾ ਦਿਤਾ ਕਿਸੇ ਕਾਇਆ ਮਾਟੀ ਕੋਠਾ, ਅੰਧ ਅੰਧੇਰ ਦਿਤਾ ਬਣਾਈਆ । ਜੀਵ ਜੰਤ ਸਾਧ ਸੰਤ ਪੜ੍ਹਨ ਲਗਾਇਆ ਅੱਖਰਾਂ ਵਾਲਾ ਪੋਥਾ, ਨਿਰਅੱਖਰ ਭੇਵ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਮੇਰਾ ਚਾਰ ਕੁੰਟ ਵੇਖੋ ਕਲੇਸ਼, ਕਲਮਾ ਹੱਕ ਨਾ ਕੋਇ ਜਣਾਈਆ । ਜੋ ਹੁਕਮ ਦੇ ਕੇ ਗਿਆ ਦਸ ਦਸਮੇਸ਼, ਦਹਿ ਦਿਸ਼ਾ ਗਈ ਭੁਲਾਈਆ । ਧੁਰ ਦਾ ਸੁਣੇ ਨਾ ਕੋਇ ਸੰਦੇਸ਼, ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਨਿਜ ਨੇਤਰ ਨਿਰਗੁਣ ਨਿਰਵੈਰ ਨਿਰੰਕਾਰ ਕੋਈ ਨਾ ਸਕੇ ਵੇਖ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਲੱਭਣ ਥਾਉਂ ਥਾਈਂਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਬਦਲਣਹਾਰਾ ਵੇਸ, ਵੇਸਾਧਾਰੀ ਆਪਣਾ ਰੂਪ ਵਖਾਈਆ । ਜਿਸ ਦਾ ਕ਼ਲਮ ਸ਼ਾਹੀ ਤੋਂ ਬਾਹਰ ਲਿਖਣ ਵਾਲਾ ਲੇਖ, ਕਾਗ਼ਜ਼ਾਂ ਉਤੇ ਵੰਡ ਨਾ ਕੋਇ ਵੰਡਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਕਲਜੁਗ ਅੰਤਮ ਖੇਲ ਦੇਣਾ ਖੇਡ, ਜਗਤ ਖਿਲਾਰੀ ਹੋ ਕੇ ਫੇਰਾ ਪਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਿਹਾ ਭੇਜ, ਭਜਨ ਬੰਦਗੀ ਨਾਮ ਕਲਮਾ ਉਲਮਾ ਇਲਮ ਵਿਚ ਕਰੇ ਪੜ੍ਹਾਈਆ । ਸੋ ਪੁਰਖ ਬਿਧਾਤਾ ਸੁਣਾਵੇ ਗਾਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣੀ ਕਾਰ ਕਮਾਈਆ । ਕਲਜੁਗ ਕਹੇ ਮੈਂ ਹੋਣ ਨਾ ਦੇਵਾਂ ਕਿਸੇ ਦਾ ਕਲਿਆਣ, ਕਲਮੇ ਵਾਲੇ ਦੇਵਾਂ ਭੁਲਾਈਆ । ਅੰਤਰ ਰਹਿਣ ਨਾ ਦੇਵਾਂ ਕੋਈ ਗਿਆਨ, ਸ਼ਾਸਤਰ ਸਿਮਰਤ ਵੇਦ ਪੁਰਾਨ ਸਾਰੇ ਰਹੇ ਕੁਰਲਾਈਆ । ਸਤਿ ਧਰਮ ਦਾ ਮੇਟ ਕੇ ਜਗਤ ਨਿਸ਼ਾਨ, ਕੂੜ ਕੁੜਿਆਰਾ ਦਿਆਂ ਝੁਲਾਈਆ । ਮੇਲਾ ਹੋਣ ਨਾ ਦੇਵਾਂ ਮਨ ਵਾਸਨਾ ਵਿਚ ਸ੍ਰੀ ਭਗਵਾਨ, ਤ੍ਰਿਸ਼ਨਾ ਵਿਚ ਰਖਾਂ ਜਗਤ ਲੋਕਾਈਆ । ਕਰਾਂ ਖੇਲ ਖ਼ਲਕ ਵਿਚ ਮਹਾਨ, ਮਹਿਬੂਬ ਦਾ ਹੁਕਮ ਮੰਨ ਕੇ ਆਪਣੀ ਕਾਰ ਕਮਾਈਆ । ਕੋਟਾਂ ਵਿਚੋਂ ਹਰਿਜਨ ਭਗਤ ਸੁਹੇਲੇ ਥੋੜੇ ਚਤੁਰ ਸੁਜਾਨ, ਜੋ ਬਿਨਾ ਵਿਦਿਆ ਬੁਧ ਬਿਬੇਕ ਰਹੇ ਕਰਾਈਆ । ਤਿਨ੍ਹਾਂ ਕਾਇਆ ਮੰਦਰ ਅੰਦਰ ਦੀਆ ਬਾਤੀ ਕਮਲਾਪਾਤੀ ਜਗਾਏ ਆਪ ਮਹਾਨ, ਸ਼ਬਦ ਨਾਦ ਬੋਧ ਅਗਾਧ ਅਕੱਥ ਕਥ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਆਪਣਾ ਹੁਕਮ ਵਰਤਾਈਆ । ਕਲਜੁਗ ਕਹੇ ਮੈਨੂੰ ਕਹਿੰਦੇ ਕੂੜ ਕੁੜਿਆਰ, ਕਾਇਆ ਕੱਪੜ ਸਭ ਦਾ ਦਿਤਾ ਬਦਲਾਈਆ । ਲਹਿਣਾ ਦੇਣਾ ਮੁਕਾ ਕੇ ਗੁਰੂ ਅਵਤਾਰ, ਪੈਗ਼ੰਬਰਾਂ ਧੁਰ ਦਾ ਹੁਕਮ ਦਿਤਾ ਸੁਣਾਈਆ । ਸਚਖੰਡ ਦਵਾਰੇ ਜਾ ਕੇ ਸਾਰੇ ਇਕੱਠੇ ਕਰੋ ਨਿਮਸਕਾਰ, ਦੀਨ ਮਜ਼੍ਹਬ ਦਾ ਝਗੜਾ ਰਹੇ ਨਾ ਰਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਰੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਜਿਸ ਨੂੰ ਜੁਗ ਚੌਕੜੀ ਸਿਫ਼ਤਾਂ ਵਿਚ ਗਾਉਂਦੇ ਗਏ ਵਾਰੋ ਵਾਰ, ਵਾਰਤਾ ਅੱਖਰਾਂ ਵਾਲੀ ਬਣਾਈਆ । ਸੋ ਨਿਰਗੁਣ ਜੋਤ ਬਿਨ ਵਰਨ ਗੋਤ ਕਲ ਕਲਕੀ ਲੈ ਅਵਤਾਰ, ਕਲਮਿਆਂ ਤੋਂ ਬਾਹਰ ਇਜ਼ਹਾਰ ਆਪਣਾ ਰਿਹਾ ਜਣਾਈਆ । ਜਿਸ ਦੀ ਰਸਨਾ ਜਿਹਵਾ ਬੱਤੀ ਦੰਦ ਵਾਲੀ ਨਹੀਂ ਕੋਈ ਗੁਫ਼ਤਾਰ, ਗੁਫ਼ਤ ਸ਼ਨੀਦ ਆਪਣਾ ਹੁਕਮ ਸੁਣਾਈਆ । ਸੋ ਸਾਹਿਬ ਸੁਹੇਲਾ ਇਕ ਅਕੇਲਾ ਜਨ ਭਗਤਾਂ ਦੇਵੇ ਆਪ ਦੀਦਾਰ, ਦਇਆਵਾਨ ਹੋ ਕੇ ਪੜਦਾ ਅੰਦਰੋਂ ਦਏ ਉਠਾਈਆ । ਗ੍ਰਿਹ ਮੰਦਰ ਘਰ ਮੇਲਾ ਮਿਲੇ ਮੀਤ ਮੁਰਾਰ, ਬਾਹਰ

ਲੱਭਣ ਦੀ ਲੋੜ ਰਹੇ ਨਾ ਰਾਈਆ । ਬਿਨ ਤੇਲ ਬਾਤੀ ਦੀਪਕ ਦੀਆ ਹੋਏ ਉਜਿਆਰ, ਦਿਵਸ ਰੈਣ ਅੱਠੇ ਪਹਿਰ ਕਰੇ ਰੁਸ਼ਨਾਈਆ । ਧੁਨ ਆਤਮਕ ਸੁਣਾਏ ਅਗੰਮੀ ਆਵਾਜ, ਬਿਨ ਸਰਵਣ ਜਸ ਧੁਰ ਦਾ ਆਪ ਦ੍ਰਿੜਾਈਆ । ਸੰਤ ਸੁਹੇਲੇ ਸੁਰਤੀ ਸ਼ਬਦ ਉਠਾਏ ਆਣ, ਸਿਰ ਆਪਣਾ ਹੱਥ ਟਿਕਾਈਆ । ਕਾਇਆ ਮਾਟੀ ਸਾਚੀ ਹਾਟੀ ਅੰਦਰ ਆਤਮ ਪਰਮਾਤਮ ਮਿਲੇ ਸ੍ਰੀ ਭਗਵਾਨ, ਭਾਵਨਾ ਜਨ ਭਗਤਾਂ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਧੁਰ ਦਾ ਦਾਨ, ਨਾਮ ਅਮੋਲਕ ਕਾਇਆ ਗੋਲਕ ਵਸਤ ਅਗੰਮੀ ਝੋਲੀ ਪਾਈਆ ।



### ✪ ੨੧ ਚੇਤ ਸ਼ਹਿਨਸ਼ਾਹੀ ਸੰਮਤ ੨ ਮੱਖਣ ਸਿੰਘ ਦੇ ਗ੍ਰਹਿ ਪਿੰਡ ਬਾਊਪੁਰ ਜ਼ਿਲਾ ਗੁਰਦਾਸਪੁਰ ✪

ਸ੍ਰੀ ਭਗਵਾਨ ਕਹੇ ਮੈਂ ਆਪਣੀ ਦੁਨੀਆ ਤੱਕੀ, ਲੱਖ ਚੁਰਾਸੀ ਜੀਵ ਜੰਤ ਵੇਖ ਵਖਾਈਆ । ਮਨ ਵਾਸਨਾ ਜਗਤ ਕਿਰਿਆ ਵਿਚ ਹੋਈ ਸ਼ੱਕੀ, ਗੁਰ ਅਵਤਾਰ ਪੈਗ਼ੰਬਰਾਂ ਹੁਕਮ ਗਈ ਭੁਲਾਈਆ । ਆਤਮ ਪਰਮਾਤਮ ਪ੍ਰੀਤ ਨਾ ਵੇਖੀ ਹੱਕੀ, ਹਕ਼ੀਕ਼ਤ ਵਿਚੋਂ ਹੱਕ ਕੀਤੀ ਜੁਦਾਈਆ । ਚਾਰ ਕੁੰਟ ਦਹਿ ਦਿਸ਼ਾ ਨਠ ਨਠ ਥੱਕੀ, ਜਗਤ ਮਾਇਆ ਭੱਜੀ ਵਾਹੋ ਦਾਹੀਆ । ਨਿਜ ਨੇਤਰ ਗਿਆਨ ਖੁਲ੍ਹੀ ਕਿਸੇ ਨਾ ਅੱਖੀ, ਅੱਖੀਆਂ ਵਾਲੇ ਅੰਧੇ ਨਜ਼ਰੀ ਆਈਆ । ਅੰਮ੍ਰਿਤ ਧਾਰ ਨਿਝਰ ਬੂੰਦ ਸਵਾਂਤ ਕਿਸੇ ਨਾ ਚੱਖੀ, ਚਸਕਾ ਰਸਨਾ ਪਿਆ ਲੋਕਾਈਆ । ਪਰਮ ਪੁਰਖ ਪਰਮਾਤਮ ਪਰਮੇਸ਼ਵਰ ਮਿਲਿਆ ਨਾ ਕਮਲਾਪਤੀ, ਪਤਿਤ ਉਧਾਰਨ ਨਜ਼ਰ ਕੋਇ ਨਾ ਪਾਈਆ । ਘਰ ਘਰ ਅੰਦਰ ਬੁਝੀ ਵੇਖੀ ਬੱਤੀ, ਸਤਿ ਜੋਤ ਨਾ ਕੋਇ ਰੁਸ਼ਨਾਈਆ । ਬਿਨ ਹਰਿਨਾਮੇ ਖ਼ਾਲੀ ਹੋਈ ਸਾਢੇ ਤਿੰਨ ਹੱਥ ਹੱਟੀ, ਮਨ ਹਟਵਾਣਾ ਪੂੰਜੀ ਬੈਠਾ ਲੁਟਾਈਆ । ਸਦੀ ਚੌਧਵੀਂ ਸਾਰੇ ਭਰਨ ਵਾਲੇ ਚੱਟੀ, ਚੋਟ ਪਰਵਰਦਿਗਾਰ ਇਕ ਲਗਾਈਆ । ਨਾਮ ਪਦਾਰਥ ਮਿਲੇ ਕੋਇ ਨਾ ਰਤੀ, ਰਤਨ ਅਮੋਲਕ ਹੀਰੇ ਮਾਟੀ ਖ਼ਾਕ ਮਿਲ ਕੇ ਆਪਣੀ ਪਤ ਗਏ ਗਵਾਈਆ । ਸਤਿ ਸੰਤੋਖ ਧੀਰਜ ਵਿਚ ਨਜ਼ਰ ਨਾ ਆਵੇ ਕੋਇ ਜਤੀ, ਸਤਿ ਵਿਚ ਸਤੀ ਨਾ ਕੋਇ ਸਮਾਈਆ । ਸ੍ਰੀ ਭਗਵਾਨ ਕਹੇ ਮੇਰੀ ਖਾਤਰ ਮਾਇਆ ਕਰਦੇ ਇਕੱਠੀ, ਭੱਠੀ ਕੂੜੀ ਅਗਨ ਤਪਾਈਆ । ਸਿਫ਼ਤਾਂ ਦੀ ਪੜ੍ਹਦੇ ਪੱਟੀ, ਪਟਨੇ ਵਾਲੇ ਨਾਲੋਂ ਹੋਈ ਜੁਦਾਈਆ । ਜਿਸ ਨੇ ਲੇਖ ਲੇਖਣੀ ਬਿਨ ਕਲਮ ਸ਼ਾਹੀ ਲਿਖੀ, ਇਬਾਰਤ ਵਿਚ ਨਾ ਕੋਇ ਪੜ੍ਹਾਈਆ । ਜਿਸ ਦੀ ਚਾਰ ਵਰਨ ਤੋਂ ਬਾਹਰ ਪ੍ਰੇਮ ਧਾਰ ਦੀ ਸਿੱਖੀ, ਸਖ਼ਾਵਤ ਵਿਚ ਚਰਨ ਪ੍ਰੀਤੀ ਝੋਲੀ ਪਾਈਆ । ਧਾਰ ਅਗੰਮੀ ਦੱਸ ਅਨਡਿੱਠੀ, ਬਿਨ ਨੇਤਰ ਕਰੇ ਰੁਸ਼ਨਾਈਆ । ਜਿਸ ਨੂੰ ਸਮਝੇ ਕੋਇ ਨਾ ਵਾਰ ਥਿੱਤੀ, ਜੁਗ ਚੌਕੜੀ ਦੇਣ ਦੁਹਾਈਆ । ਓਸ ਪ੍ਰਭੂ ਦੀ ਭਗਤ ਉਧਾਰਨ ਦੀ ਸਾਚੀ ਮਿੱਤੀ, ਮਿੱਤਰ ਪਿਆਰਾ ਹੋ ਕੇ ਨਜ਼ਰੀ ਆਈਆ । ਜਿਸ ਨੇ ਮੰਜ਼ਲ ਵੱਡਿਉਂ ਕੀਤੀ ਨਿੱਕੀ, ਨਿਕਿਆਂ ਤੋਂ ਵੱਡੇ ਦਏ ਬਣਾਈਆ । ਖੇਲ ਜਾਣੇ ਜੀਵ ਜੀਅ ਕੀ, ਲੱਖ ਚੁਰਾਸੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਬੇਪਰਵਾਹੀਆ । ਸ੍ਰੀ ਭਗਵਾਨ ਕਹੇ ਮੈਂ ਆਪਣਾ ਵੇਖਿਆ ਲੋਕਮਾਤ, ਚਾਰ ਕੁੰਟ ਦਹਿ ਦਿਸ਼ਾ ਫੋਲ ਫੁਲਾਈਆ । ਚਾਰ ਕੁੰਟ ਦਹਿ ਦਿਸ਼ਾ ਦਿਸੀ ਅੰਧੇਰੀ ਰਾਤ, ਗਿਆਨ ਗੁਰੂ ਚੰਦ ਨਾ ਕੋਇ ਚਮਕਾਈਆ । ਸਚ ਭੰਡਾਰਾ ਨਜ਼ਰ ਨਾ ਆਏ ਅਗੰਮੀ ਸੁਗ਼ਾਤ, ਜੋ

ਸਾਹਿਬ ਸਤਿਗੁਰ ਆਪ ਵਰਤਾਈਆ । ਆਤਮ ਪਰਮਾਤਮ ਜੁੜਿਆ ਨਾ ਵੇਖਿਆ ਨਾਤ, ਨਾਤਵਾਂ ਹੋਈ ਲੋਕਾਈਆ । ਸਿਫ਼ਤਾਂ ਵਾਲੀ ਗਾਉਂਦੇ ਗਾਥ, ਆਤਮ ਪਰਮਾਤਮ ਵੱਜੇ ਨਾ ਕੋਇ ਵਧਾਈਆ । ਪਿਛਲੀਆਂ ਕਥਾ ਕਹਾਣੀਆਂ ਕਰਦੇ ਯਾਦ, ਸਨਮੁਖ ਹੋ ਕੇ ਦਰਸ ਕੋਇ ਨਾ ਪਾਈਆ । ਸਾਢੇ ਤਿੰਨ ਹੱਥ ਕਾਇਆ ਖੇੜਾ, ਮਾਨਵ ਵੇਖਿਆ ਬਰਬਾਦ, ਮਨੁਸ਼ ਹੋ ਕੇ ਸੋਭਾ ਵਿਚ ਨਾ ਕੋਇ ਸੁਹਾਈਆ । ਜਨਮ ਕਰਮ ਵਿਚੋਂ ਕਰੇ ਨਾ ਕੋਇ ਆਜ਼ਾਦ, ਆਜ਼ਾਦੀ ਹੱਕ ਨਾ ਕੋਇ ਦਵਾਈਆ । ਲੇਖਾ ਮੁੱਕਿਆ ਨਾ ਵੁਜ਼ੂ ਵਿਚ ਨਿਮਾਜ਼, ਸਜਦਿਆਂ ਵਿਚ ਸਿਰ ਨਾ ਕੋਇ ਝੁਕਾਈਆ । ਸਚਖੰਡ ਦਵਾਰੇ ਵਸਿਆ ਤੱਕਿਆ ਨਾ ਕੋਇ ਆਬਾਦ, ਇਬਾਦਤ ਵਿਚ ਲੱਗੀ ਸਰਬ ਲੋਕਾਈਆ । ਸ੍ਰੀ ਭਗਵਾਨ ਮਿਹਰਵਾਨ ਮਹਿਬੂਬ ਮਾਲਕ ਖ਼ਾਲਕ ਗ੍ਰਿਹ ਮੰਦਰ ਅੰਦਰ ਸੁਣੇ ਨਾ ਕੋਇ ਫ਼ਰਿਆਦ, ਦੁਖੀਆਂ ਦਰਦ ਨਾ ਕੋਇ ਮਿਟਾਈਆ । ਅੱਲਾ ਰਾਮ ਵਾਹਿਗੁਰੂ ਕਹਿ ਕਹਿ ਗਾਡ, ਬੈਠੇ ਸੀਸ ਨਿਵਾਈਆ । ਸਚ ਦਵਾਰੇ ਕਰੇ ਨਾ ਕਿਸੇ ਲਾਡ, ਗੋਦੀ ਗੋਦ ਨਾ ਕੋਇ ਉਠਾਈਆ । ਦੀਨ ਦੁਨੀ ਦਾ ਲੱਗਾ ਦਾਗ਼, ਦੁਰਮਤ ਮੈਲ ਨਾ ਕੋਇ ਧਵਾਈਆ । ਦੀਪਕ ਜੋਤ ਨਾ ਜਗੇ ਚਿਰਾਗ਼, ਗ੍ਰਿਹ ਮੰਦਰ ਨਾ ਕੋਇ ਰੁਸ਼ਨਾਈਆ । ਜਿਸ ਨੇ ਰਚਨਾ ਰਚੀ ਆਦਿ, ਸੋ ਭੁੱਲਿਆ ਬੇਪਰਵਾਹੀਆ । ਰਸਨਾ ਜਿਹਵਾ ਦਾ ਲੈਂਦੇ ਸਵਾਦ, ਨਿਜ ਰਸ ਨਾ ਕੋਇ ਚਖਾਈਆ । ਕੰਨਾਂ ਨਾਲ ਸੁਣਦੇ ਆਵਾਜ਼, ਧੁਨ ਆਤਮਕ ਰਾਗ ਨਾ ਕੋਇ ਅਲਾਈਆ । ਜਗਤ ਨੀਂਦਰ ਵਿਚੋਂ ਜਾਣ ਜਾਗ, ਮਾਇਆ ਪੜਦਾ ਨਾ ਕੋਇ ਉਠਾਈਆ । ਵਿਦਿਆ ਨਾਲ ਵੱਡਾ ਹੋਇਆ ਦਿਮਾਗ਼, ਵੈਰਾਗ ਅੰਦਰ ਨਾ ਕੋਇ ਜਣਾਈਆ । ਹਰਿ ਕੰਤ ਕਿਸੇ ਨਾ ਪਾਇਆ ਸੁਹਾਗ, ਸੌਹਰੇ ਪਈਏ ਸਾਰੇ ਰਹੇ ਹੰਢਾਈਆ । ਸ੍ਰੀ ਭਗਵਾਨ ਕਹੇ ਮੈਂ ਵੇਖਿਆ ਜਗਤ ਵਿਵਾਦ, ਗੁਰ ਅਵਤਾਰ ਪੈਗ਼ੰਬਰ ਸਕਿਆ ਨਾ ਕੋਇ ਮਿਟਾਈਆ । ਸਚ ਪ੍ਰੇਮ ਦਾ ਉਜੜਿਆ ਹੋਇਆ ਬਾਗ਼, ਪੱਤ ਟਹਿਣੀ ਕਲੀ ਮੁਰਝਾਈਆ । ਏਸੇ ਕਾਰਨ ਕਲਜੁਗ ਅੰਤ ਸ੍ਰੀ ਭਗਵੰਤ ਵੇਖਣ ਆਇਆ ਆਪ, ਨਿਰਗੁਣ ਹੋ ਕੇ ਵੇਸ ਵਟਾਈਆ । ਜਨ ਭਗਤਾਂ ਖੋਲ੍ਹ ਕੇ ਅੰਦਰ ਤਾਕ, ਪੜਦਾ ਰਿਹਾ ਉਠਾਈਆ । ਸ਼ਬਦ ਸੁਨੇਹੜਾ ਦੇ ਕੇ ਸਾਫ਼, ਧੁਰ ਹੁਕਮ ਕਰੇ ਸ਼ਨਵਾਈਆ । ਪੂਰਬ ਜਨਮ ਦਾ ਕਰਮ ਕੀਤਾ ਮੁਆਫ਼, ਮੁਸਤਕਿਲ ਨਾਤਾ ਇਕੋ ਲਿਆ ਬੰਧਾਈਆ । ਅੰਦਰ ਬਾਹਰ ਰਹੇ ਕੋਈ ਨਾ ਨਾ ਪਾਕ, ਦੁਰਮਤ ਮੈਲ ਧਵਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਸੋਹੰ ਸਚ ਕਰੀ ਪੜ੍ਹਾਈਆ । ਪੁਰਖ ਅਕਾਲ ਮੇਲ ਕੇ ਬਾਪ, ਗੋਦੀ ਧੁਰ ਦੀ ਲਿਆ ਟਿਕਾਈਆ । ਜੋ ਗੁਰ ਅਵਤਾਰ ਪੈਗ਼ੰਬਰ ਗਏ ਆਖ, ਆਖ਼ਰ ਓਹੋ ਰਿਹਾ ਭੁਗਤਾਈਆ । ਲੇਖਾ ਜਾਣੇ ਭਵਿਖਤ ਵਾਕ, ਵਾਕਿਆ ਆਪਨਾ ਦਏ ਸਮਝਾਈਆ । ਸੰਤ ਸੁਹੇਲੇ ਕਰ ਕੇ ਦਾਸ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਜਿਥੇ ਵੱਜੇ ਅਗੰਮੀ ਨਾਦ, ਸ਼ਬਦ ਧੁਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਵਡ ਵਡਿਆਈਆ । ਸ੍ਰੀ ਭਗਵਾਨ ਕਹੇ ਮੈਂ ਵੇਖਿਆ ਲੋਕਮਾਤ ਜਗ, ਚਾਰ ਕੁੰਟ ਦਹਿ ਦਿਸ਼ਾ ਫੇਰਾ ਪਾਈਆ । ਘਟ ਘਟ ਅੰਦਰ ਲੱਗੀ ਅੱਗ, ਤ੍ਰਿਸ਼ਨਾ ਜਗਤ ਨਾ ਕੋਇ ਬੁਝਾਈਆ । ਕੂੜੀ ਕਿਰਿਆ ਪਾਰ ਕਰੇ ਨਾ ਕੋਇ ਹੱਦ, ਹਦੂਦ ਪੜਦਾ ਨਾ ਕੋਇ ਉਠਾਈਆ । ਘਰ ਸਵਾਮੀ ਸੱਜਣ ਲਏ ਕੋਈ ਨਾ ਸੱਦ, ਪੁਰਖ ਅਕਾਲ ਮਿਲਣ ਕਿਸੇ ਨਾ ਆਈਆ । ਮਨ ਵਾਸਨਾ ਜਗਤ ਤ੍ਰਿਸ਼ਨਾ ਰਹੇ ਨੱਠ, ਭੱਜਣ ਵਾਹੋ ਦਾਹੀਆ । ਸਾਚਾ ਕਰੇ ਕੋਈ ਨਾ ਹੱਠ, ਹਿਰਦੇ ਹਰਿ ਨਾ ਕੋਇ ਵਸਾਈਆ । ਲੱਭਦੇ ਤੀਰਥ ਤਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਖੋਜ ਖੁਜਾਈਆ । ਨਜ਼ਰ ਆਏ ਨਾ ਕਮਲਾਪਤ, ਪਤਿਪਰਮੇਸ਼ਵਰ

ਬੇਪਰਵਾਹੀਆ । ਸ੍ਰੀ ਭਗਵਾਨ ਕਹੇ ਮੈਂ ਦੁਨੀਆ ਕਰ ਕੇ ਵੱਸ, ਵਾਸਨਾ ਵਿਚ ਜਗਤ ਕੀਤੀ ਹਲਕਾਈਆ । ਮੋਹ ਮਮਤਾ ਵਿਚ ਗਏ ਫਸ, ਫ਼ਰਮਾਂਬਰਦਾਰ ਨਜ਼ਰ ਕੋਇ ਨਾ ਆਈਆ । ਕੋਟਾਂ ਵਿਚੋਂ ਸੰਤ ਸੁਹੇਲੇ ਗੁਰਮੁਖ ਥੋੜੇ ਲਏ ਰਖ, ਜਿਨ੍ਹਾਂ ਦੇ ਅੰਦਰ ਵੜ ਕੇ ਲਿਆ ਉਠਾਈਆ । ਬਿਨ ਅੱਖਾਂ ਤੋਂ ਖੋਲ੍ਹ ਕੇ ਅੱਖ, ਆਖ਼ਰ ਮੰਜ਼ਲ ਦਿਤਾ ਚੜ੍ਹਾਈਆ । ਨਾਅਰਾ ਜੈਕਾਰਾ ਬੋਲ ਕੇ ਹੱਕ, ਹਕੀਕਤ ਪੜਦਾ ਦਿਤਾ ਉਠਾਈਆ । ਪ੍ਰੇਮ ਪਿਆਰ ਦਾ ਦੇ ਕੇ ਰਸ, ਰਸਤਾ ਇਕੋ ਦਿਤਾ ਜਣਾਈਆ । ਆਤਮ ਪਰਮਾਤਮ ਕਰ ਕੇ ਵੱਸ, ਵਸਲ ਆਪਣਾ ਦਿਤਾ ਵਖਾਈਆ । ਅਬਿਨਾਸ਼ੀ ਕਰਤਾ ਰਖਣਹਾਰਾ ਪਤ, ਪਤਿਪਰਮੇਸ਼ਵਰ ਬੇਪਰਵਾਹੀਆ । ਜੋ ਭਗਤਾਂ ਕਾਰਨ ਆਇਆ ਵਤ, ਬੇਵਤਨ ਹੋ ਕੇ ਗੁਰਮੁਖ ਵਤਨ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਸਰਬ ਕਲਾ ਸਮਰਥ, ਧੁਰ ਦਾ ਲੇਖਾ ਦਏ ਚੁਕਾਈਆ । ਸ੍ਰੀ ਭਗਵਾਨ ਕਹੇ ਮੈਂ ਵੇਖੇ ਭਗਤ, ਜੋ ਬੈਠੇ ਧਿਆਨ ਲਗਾਈਆ । ਨਾਤਾ ਤੋੜ ਕੇ ਕੂੜਾ ਜਗਤ, ਜਾਗਰਤ ਜੋਤ ਕਰੀ ਰੁਸ਼ਨਾਈਆ । ਇਕੋ ਨਾਮ ਚੇਤਣ ਫ਼ਕਤ, ਫ਼ਿਕਰੇ ਸਾਰੇ ਗਏ ਭੁਲਾਈਆ । ਉਨ੍ਹਾਂ ਦਾ ਮਿਲਣ ਦਾ ਆਵੇ ਵਕ਼ਤ, ਵਾਰ ਥਿਤ ਦਏ ਗਵਾਹੀਆ । ਜਿਨ੍ਹਾਂ ਦੇ ਅੰਦਰ ਦੇਣੀ ਸ਼ਕਤ, ਸ਼ਖਸੀਅਤ ਦੇਣੀ ਬਦਲਾਈਆ । ਪਿਆਰ ਵਿਚ ਹੋਣ ਨਾ ਦੇਣਾਂ ਫ਼ਰਕ, ਫ਼ਿਰਕੇਦਾਰੀ ਦੇਣੀ ਖਪਾਈਆ । ਦੇਣੀ ਵਡਿਆਈ ਉਪਰ ਧਰਤ, ਧਰਨੀ ਧਵਲ ਵੱਜੇ ਵਧਾਈਆ । ਭਗਤ ਉਧਾਰਨਾ ਭਗਤਾਂ ਨਾਲ ਪ੍ਰਭ ਦੀ ਸ਼ਰਤ, ਸ਼ਰਅ ਵਿਚੋਂ ਬਾਹਰ ਕਢਾਈਆ । ਜੋ ਨਿਰਗੁਣ ਧਾਰ ਹੋ ਕੇ ਆਇਆ ਪਰਤ, ਪਤਪਰਮੇਸ਼ਵਰ ਬੇਪਰਵਾਹੀਆ । ਉਹ ਅਰਸ਼ ਵਿਚ ਲੈ ਕੇ ਜਾਏ ਉਤੋਂ ਫ਼ਰਸ਼, ਫ਼ੈਸਲਾ ਹੱਕ ਹੱਕ ਸੁਣਾਈਆ । ਜੋਧਾ ਸੂਰਬੀਰ

ਮਰਦਾਨਾ ਬਣ ਕੇ ਮਰਦ, ਜਨ ਭਗਤਾਂ ਮਦਦ ਕਰੇ ਚਾਈਂ ਚਾਈਂਆ । ਅਜ਼ਲ ਛੁਰੀ ਕੋਹੇ ਕੋਇ ਨਾ ਕਰਦ, ਕ਼ਤਲਗਾਹ ਵੰਡ ਨਾ ਕੋਇ ਵੰਡਾਈਆ । ਅਬਿਨਾਸ਼ੀ ਕਰਤਾ ਆਤਮ ਦਾ ਬਣੇ ਹਮਦਰਦ, ਦੀਨਾਂ ਅਨਾਥਾਂ ਦਇਆ ਕਮਾਈਆ । ਸਚ ਬੇਨੰਤੀ ਸੁਣ ਕੇ ਅਰਜ਼, ਆਰਜ਼ੂ ਆਪਣੇ ਵਿਚ ਸਮਾਈਆ । ਕਲਜੁਗ ਅੰਤਮ ਪੂਰਾ ਕਰੇ ਫ਼ਰਜ਼ ਪੁਰਖ ਅਕਾਲ ਹੋਏ ਸਹਾਈਆ । ਜਨ ਭਗਤੋ ਤੁਹਾਡੇ ਨਾਲ ਮਿਲਣ ਦੀ ਪ੍ਰਭ ਨੂੰ ਬਹੁਤੀ ਗ਼ਰਜ਼, ਪ੍ਰੇਮ ਦੀ ਖ਼ਾਤਰ ਚਾਤ੍ਰਿਕ ਹੋ ਕੇ ਚਲਿੱਤਰਾਂ ਵਿਚ ਬਿਲਪ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਧਾਰ ਸਭ ਦੀ ਜਾਣੇ ਬਿਨ ਅੱਖਰਾਂ ਵਾਲੀ ਫ਼ਰਦ, ਨਿਤ ਨਵਿਤ ਲੇਖਾ ਲੇਖੇ ਵਿਚੋਂ ਬਾਹਰ ਕਢਾਈਆ ।

ਦਲੀਪ ਕਹੇ ਮੈਂ ਹਾਜ਼ਰ ਹੋਇਆ, ਹਜ਼ੂਰੀ ਵਿਚ ਖ਼ੁਸ਼ੀ ਮਨਾਈਆ । ਗੁਰਮੁਖੋ ਮੈਨੂੰ ਕੋਈ ਨਾ ਜਾਣਿਓ ਮੋਇਆ, ਮੁਰਦਿਆਂ ਵਾਲੀ ਵੰਡ ਨਾ ਕੋਇ ਵੰਡਾਈਆ । ਮੈਂ ਓਸ ਦੀ ਗੋਦੀ ਸੋਇਆ, ਜਿਥੋਂ ਸੁਤਿਆਂ ਨਾ ਕੋਇ ਉਠਾਈਆ । ਜਿਹੜਾ ਮੇਰੇ ਮਰਨ ਉਤੇ ਨਹੀਂ ਰੋਇਆ, ਮੈਂ ਦੇਵਣ ਆਇਆ ਵਧਾਈਆ । ਮੈਂ ਅਬਿਨਾਸ਼ੀ ਕਰਤੇ ਦਾ ਰੂਪ ਹੋਇਆ, ਜੋਤੀ ਜੋਤ ਵਿਚ ਸਮਾਈਆ । ਮੈਂ ਪਰਕਾਸ਼ ਤੱਕਾਂ ਉਪਰ ਤ੍ਰੈਲੋਆ, ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਛੁਪਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਸਦਾ ਨਵਾਂ ਨਰੋਇਆ, ਜੋਬਨਵੰਤਾ ਸੋਭਾ ਪਾਈਆ । ਮੈਂ ਓਸ ਪਰਮ ਪੁਰਖ

ਦਾ ਹੋਇਆ, ਜਿਸ ਦਾ ਹੋਕਾ ਦੇਵੇ ਲੋਕਾਈਆ । ਮਾਤਾ ਪਿਤਾ ਨੇ ਲਾਲ ਨਹੀਂ ਖੋਇਆ, ਜਿਸ ਦੀ ਵਸਤ ਓਸੇ ਹੱਥ ਫੜਾਈਆ । ਮੈਂ ਸੰਦੇਸੇ ਵਿਚ ਲੈ ਕੇ ਆਇਆ ਢੋਆ, ਧੁਰ ਦਾ ਹੁਕਮ ਇਕ ਜਣਾਈਆ । ਜਨ ਭਗਤੋ ਤੁਹਾਡੇ ਪ੍ਰੇਮ ਪਿਆਰ ਦੀ ਮੁਹੱਬਤ ਮੈਨੂੰ ਮੋਹਿਆ, ਮਿਲ ਕੇ ਖ਼ੁਸ਼ੀ ਵਖਾਈਆ । ਅਬਿਨਾਸ਼ੀ ਕਰਤੇ ਵਰਗਾ ਅਵਰ ਨਾ ਕੋਆ, ਕੂਕ ਕੂਕ ਦਿਆਂ ਸੁਣਾਈਆ । ਜਿਸਨੇ ਅੰਮ੍ਰਿਤ ਰਸ ਨਿਝਰ ਧਾਰੋਂ ਚੋਇਆ, ਸਾਂਤਕ ਸਤਿ ਦਿਤਾ ਕਰਾਈਆ । ਮੇਰੇ ਕੋਲੋਂ ਕੁਛ ਨਹੀਂ ਲਕੋਇਆ, ਸਭ ਕੁਛ ਬਿਨ ਅੱਖਾਂ ਦਿਤਾ ਵਖਾਈਆ । ਮੈਨੂੰ ਓਸ ਧਾਰ ਵਿਚ ਪਰੋਇਆ, ਜਿਥੇ ਭਗਤ ਸੁਹੇਲੇ ਬੈਠੇ ਡੇਰੇ ਲਾਈਆ । ਮੈਂ ਓਸੇ ਦਾ ਰੂਪ ਤੇ ਓਸੇ ਦਾ ਹੋਇਆ, ਅਵਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦਲੀਪ ਕਹੇ ਮੈਂ ਕਹਿਣ ਆਇਆ ਧੰਨ ਧੰਨ, ਧੰਨ ਧੰਨ ਤੇਰੀ ਵਡਿਆਈਆ । ਜਿਸ ਪ੍ਰੇਮ ਧਾਰ ਅੰਦਰ ਕਹਿਣਾ ਲਿਆ ਮੰਨ, ਆਸਾ ਮਨਸਾ ਵੇਖ ਵਖਾਈਆ । ਭਗਤ ਸੁਹੇਲੇ ਚਾੜ੍ਹ ਕੇ ਸਾਚੇ ਚੰਨ, ਲੋਕਮਾਤ ਕੀਤੀ ਰੁਸ਼ਨਾਈਆ । ਨਾਮ ਸੰਦੇਸ਼ਾ ਸੁਣਾ ਕੇ ਅਗੰਮੀ ਕੰਨ, ਪੜਦਾ ਦਿਤਾ ਉਠਾਈਆ । ਸਾਚੇ ਸੰਤਾਂ ਨੇਤਰ ਨੈਣ ਰਿਹਾ ਨਾ ਅੰਨ੍ਹ, ਹੋਈ ਸਚ ਰੁਸ਼ਨਾਈਆ । ਉਨ੍ਹਾਂ ਅੱਗੇ ਬੇਨੰਤੀ ਕਰਾਂ ਸਭ ਨੇ ਲੈਣੀ ਮੰਨ, ਮਮਤਾ ਵਿਚ ਸੁਣਾਈਆ । ਜਨ ਭਗਤੋ ਪਿਛਲਾ ਸਾਂਭ ਕੇ ਰੱਖਿਆ ਤੁਸਾਂ ਖਾਧਾ ਅੱਜ ਅੰਨ, ਅਨੰਦ ਵਿਚ ਢੋਲੇ ਲੈਣੇ ਗਾਈਆ । ਮਾਲਕ ਹੋ ਕੇ ਬੇੜਾ ਜਾਵੇ ਬੰਨ੍ਹ, ਬੰਦਿਆਂ ਦੇ ਬੰਦੀਖਾਨੇ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਲਾਏ ਆਤਮ ਤਨ, ਪਰਮਾਤਮ ਹੋ ਕੇ ਆਪਣੇ ਵਿਚ ਮਿਲਾਈਆ ।


੫੧੬
੧੯

## ✪ ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਗੰਢਾ ਸਿੰਘ ਦੇ ਗ੍ਰਿਹ ਬਾਬੂਪੁਰ ਜ਼ਿਲਾ ਗੁਰਦਾਸਪੁਰ ✪

ਤਨ ਮਾਟੀ ਖ਼ਾਕੀ ਜਗਤ ਸਾਕ, ਲੋਕਮਾਤ ਰਹਿਣ ਨਾ ਪਾਇੰਦਾ । ਆਤਮ ਪਰਮਾਤਮ ਧੁਰ ਦਾ ਸਾਥ, ਅਬਿਨਾਸ਼ੀ ਕਰਤਾ ਆਪ ਬਣਾਇੰਦਾ । ਜਨ ਭਗਤਾਂ ਮਾਣਸ ਜਨਮ ਕਰ ਕੇ ਰਾਸ, ਰਸਤਾ ਧੁਰ ਦਾ ਇਕ ਜਣਾਇੰਦਾ । ਅੰਤ ਅਖ਼ੀਰੀ ਲੇਖੇ ਲਾ ਕੇ ਸਵਾਸ, ਸਾਹ ਸਾਹ ਆਪਣਾ ਰੰਗ ਰੰਗਾਇੰਦਾ । ਨਿਰਗੁਣ ਵਸਤ ਲੈ ਕੇ ਜਾਏ ਆਪਣੇ ਪਾਸ, ਸਰਗੁਣ ਆਪਣੀ ਭੇਟ ਜਣਾਇੰਦਾ । ਮੇਲਾ ਕਰ ਧੁਰ ਪਰਕਾਸ਼, ਪਿਛਲਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪਣੇ ਵਿਚ ਛੁਪਾਇੰਦਾ । ਤਨ ਮਾਟੀ ਖ਼ਾਕੀ ਜਗਤ ਮੀਤ, ਪਰਮਾਤਮ ਆਤਮ ਮਿੱਤਰ ਇਕ ਅਖਵਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਕਰਦਾ ਰਹੇ ਉਡੀਕ, ਨਿੱਤ ਨਵਿਤ ਧਿਆਨ ਲਗਾਈਆ । ਸੋ ਕਲਜੁਗ ਅੰਤ ਗੁਰਮੁਖਾਂ ਕਰਨ ਆਇਆ ਤਸਦੀਕ, ਸ਼ਹਾਦਤ ਸ਼ਬਦੀ ਨਾਲ ਭੁਗਤਾਈਆ । ਆਪਣੇ ਹੱਥ ਰੱਖ ਤੌਫ਼ੀਕ, ਤੋਹਫੇ ਦੇਵੇ ਥਾਉਂ ਥਾਈਂਆ । ਜਨਮ ਕਰਮ ਦੀ ਮੇਟ ਕੇ ਲੀਕ, ਪੂਰਬ ਲਹਿਣਾ ਦਏ ਚੁਕਾਈਆ । ਮਨਸਾ ਆਸਾ ਪੂਰੀ ਕਰ ਉਮੀਦ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖਾਏ ਆਪਣਾ ਘਰ, ਜਿਸ ਗ੍ਰਿਹ ਦਾ ਮਾਲਕ ਇਕੋ ਨਜ਼ਰੀ ਆਈਆ । ਤਨ ਮਾਟੀ ਖਾਕੀ ਕੂੜਾ ਰਿਸ਼ਤਾ ਖ਼ਾਕ, ਖ਼ਾਲਸ ਰੰਗ ਨਾ ਕੋਇ ਰੰਗਾਇੰਦਾ । ਬਿਨ ਸਤਿਗਰ ਪੂਰੇ ਕਰੇ ਨਾ ਕੋਇ ਸਾਫ਼,

ਦੁਰਮਤ ਮੈਲ ਨਾ ਕੋਇ ਧੁਆਇੰਦਾ । ਰੂਹ ਬੁੱਤ ਨਾ ਹੋਵੇ ਪਾਕ, ਪਤਤ ਪੁਨੀਤ ਨਾ ਰੂਪ ਬਦਲਾਇੰਦਾ । ਜਨ ਭਗਤ ਸੁਹੇਲੇ ਕਰ ਕੇ ਆਪਣੇ ਦਾਸ, ਸਿਰ ਆਪਣਾ ਹੱਥ ਟਿਕਾਇੰਦਾ । ਨਿਝ ਆਤਮ ਕਰ ਕੇ ਵਾਸ, ਵਿਸ਼ਵ ਆਪਣੀ ਧਾਰ ਸਮਝਾਇੰਦਾ । ਸਦ ਰੱਖਣਹਾਰਾ ਪਾਸ, ਪਾਸਾ ਜ਼ਿਮੀਂ ਅਸਮਾਨ ਉਲਟਾਇੰਦਾ । ਮੇਲਾ ਕਰ ਜੋਤ ਪਰਕਾਸ਼, ਪਰਕਿਰਤੀ ਬੰਧਨ ਆਪ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰੇ ਰਹਿਰਾਸ, ਰਿਸ਼ਤਾ ਆਤਮ ਪਰਮਾਤਮ ਆਪ ਰਖਾਇੰਦਾ ।

## ✪ ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਕੌਰ ਦੇ ਗ੍ਰਹਿ ਬਾਬੂਪੁਰ ਜ਼ਿਲਾ ਗੁਰਦਾਸਪੁਰ ✪

ਜਨ ਭਗਤ ਨਾਮ ਨਿਧਾਨਾ ਗੌਣਾ ਧੁਰ ਦਾ ਮੰਗਲ, ਸਤਿਜੁਗ ਕੀਤੀ ਸਚ ਪੜ੍ਹਾਈਆ । ਕੂੜੀ ਸ਼ਰਅ ਦਾ ਤੋੜ ਕੇ ਸੰਗਲ, ਸੰਗ ਰਹਿਣ ਬੇਪਰਵਾਹੀਆ । ਫਿਰਨਾ ਪਏ ਨਾ ਉਜਾੜ ਜੰਗਲ, ਜੂਹਾਂ ਵਿਚ ਨਾ ਕੋਇ ਭੁਆਈਆ । ਮਸਤਕ ਟਿੱਕਾ ਲੌਣਾ ਪਏ ਨਾ ਚੰਦਨ, ਸੰਧੂਰ ਕਸੂਰ ਨਾ ਮੁਆਫ਼ ਕਰਾਈਆ । ਮਮਤਾ ਮਨ ਰਹੇ ਨਾ ਗੰਧਲ, ਅਗਿਆਨ ਅੰਧੇਰ ਚੁਕਾਈਆ । ਚਰਨ ਪ੍ਰੀਤੀ ਕਰਨੀ ਧੁਰ ਦੀ ਬੰਦਨ, ਬੰਦਗੀ ਇਕ ਦ੍ਰਿੜਾਈਆ । ਦੂਜੇ ਦਰ ਨਾ ਜਾਣਾ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਅਬਿਨਾਸ਼ੀ ਕਰਤਾ ਚਾੜ੍ਹਨਹਾਰਾ ਆਪਣੀ ਰੰਗਣ, ਰੰਗ ਰੰਗੀਲਾ ਦਇਆ ਕਮਾਈਆ । ਸਚ ਦਵਾਰੇ ਦੇ ਕੇ ਧੁਰ ਦਾ ਅਨੰਦਨ, ਅਨੰਦ ਆਤਮ ਵਿਚੋਂ ਪਰਗਟਾਈਆ । ਲੱਖ ਚੁਰਾਸੀ ਵਿਚੋਂ ਆਇਆ ਕੱਢਣ, ਧੁਰ ਦਾ ਕਟੜਾ ਆਪਣਾ ਦਏ ਸਮਝਾਈਆ । ਸ਼ਬਦ ਸੰਦੇਸ਼ੇ ਵਿਚ ਆਇਆ ਸੱਦਣ, ਸੱਦਾ ਦੇਵੇ ਨਾਮ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਤੇਰਾ ਲੇਖਾ ਰਹਿਣ ਨਾ ਦੇਵੇ ਜਗ, ਜਗ੍ਹਾ ਜਗ੍ਹਾ ਵੇਖ ਵਖਾਈਆ । ਕੂੜੀ ਤ੍ਰਿਸ਼ਨਾ ਮੇਟ ਕੇ ਅੱਗ, ਅਗਲਾ ਪੜਦਾ ਦਏ ਉਠਾਈਆ । ਸਚ ਦਵਾਰੇ ਦਾ ਬਖ਼ਸ਼ ਕੇ ਹੱਜ, ਹਾਜਤ ਪੂਰੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਪੁਰਖ ਸਮਰਥ, ਸਮਾਂ ਸਮਝ ਵਿਚੋਂ ਬਦਲਾਈਆ ।

## ✪ ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਦਲੀਪ ਸਿੰਘ ਦੇ ਗ੍ਰਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✪

ਹਰਿ ਦਾਤਾ ਆਦਿ ਜੁਗਾਦਿ, ਜੁਗ ਚੌਕੜੀ ਦੇਵਣਹਾਰ ਅਖਵਾਇੰਦਾ । ਨਾਮ ਪਦਾਰਥ ਸ਼ਬਦ ਭੰਡਾਰਾ ਦੇਵੇ ਦਾਦ, ਵਸਤ ਅਮੋਲਕ ਝੋਲੀ ਪਾਇੰਦਾ । ਗੁਰਮੁਖ ਗੁਰਸਿੱਖ ਸੰਤ ਸੁਹੇਲੇ ਬਣਾਏ ਆਪਣੇ ਸਾਧ, ਸਾਧਨਾ ਧੁਰ ਦੀ ਇਕ ਵਖਾਇੰਦਾ । ਧੁਰ ਦੀ ਪ੍ਰੀਤੀ ਦੱਸੇ ਅਗੰਮੀ ਯਾਦ, ਆਤਮ ਪਰਮਾਤਮ ਮੇਲ ਮਿਲਾਇੰਦਾ । ਉਜੜੇ ਖੇੜੇ ਕਰ ਆਬਾਦ, ਰੁੱਤ ਸੁਹੰਜਣੀ ਨਾਲ ਸੁਹਾਇੰਦਾ । ਜਨ ਭਗਤਾਂ ਕਰ ਵਾਸ, ਨਿਵਾਸ ਅਸਥਾਨ ਇਕ ਵਡਿਆਇੰਦਾ । ਘਰ ਸਾਚੇ ਕਰ ਪ੍ਰਕਾਸ਼, ਅੰਧ ਅਗਿਆਨ ਚੁਕਾਇੰਦਾ । ਸਵਾਮੀ ਹੋ ਕੇ ਵਸੇ ਪਾਸ, ਅੰਤਰਜਾਮੀ ਹੋ ਕੇ ਪੜਦਾ ਲਾਹਿੰਦਾ । ਜੁਗ ਚੌਕੜੀ ਚਲੀ ਆਈ ਗਾਥ, ਸਤਿਜੁਗ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ

੫੧੮
੧੯

ਇਕ ਉਠਾਇੰਦਾ । ਸਤਿਜੁਗ ਕਹੇ ਇਹ ਪਿਛਲੀ ਪੁਰਾਣੀ ਬਸਤੀ, ਬਸਤਿਆਂ ਗ੍ਰੰਥਾਂ ਵਿਚੋਂ ਹੱਥ ਕਿਸੇ ਨਾ ਆਈਆ । ਰਾਜੇ ਬਲ ਦੇ ਨਾਲ ਸੀ ਵਸਦੀ, ਸੋਹਣਾ ਆਪਣਾ ਰੰਗ ਵਖਾਈਆ । ਏਥੇ ਕੁਟੀਆ ਸੀ ਰਾਮਜਸ ਦੀ, ਜੋ ਪੰਡਤ ਵੇਤਾ ਵੇਦਾਂ ਦਾ ਅਖਵਾਈਆ । ਉਸ ਦੀ ਰਮਜ਼ ਸੀ ਅੰਦਰਲੀ ਅੱਖ ਦੀ, ਬਿਨ ਅੱਖਾਂ ਰਾਹ ਤਕਾਈਆ । ਗਾਥਾ ਧੁਰ ਦੀ ਸਚ ਦੀ, ਸਚ ਸਚ ਸਮਝਾਈਆ । ਧਰਨੀ ਖ਼ੁਸ਼ੀਆਂ ਨਾਲ ਹੱਸਦੀ, ਢੋਲਿਆਂ ਵਿਚ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਏਥੇ ਰਾਮਜਸ ਪ੍ਰਭ ਦਾ ਭਗਤ, ਸਤਿਜੁਗ ਪਿਛਲਾ ਰਿਹਾ ਜਣਾਈਆ । ਜਿਸ ਦੀ ਬਲ ਨਾਲ ਸੀ ਸ਼ਰਤ, ਬਲਖ ਜਾ ਜਾ ਗਿਆ ਸੁਣਾਈਆ । ਮੈਨੂੰ ਐਂ ਦਿਸਦਾ ਪੁਰਖ ਅਕਾਲ ਕਲਜੁਗ ਔਣਾ ਏਥੇ ਪਰਤ, ਨਿਰਗੁਣ ਹੋ ਕੇ ਫੇਰਾ ਪਾਈਆ । ਸੋਹਣੀ ਹੋਣੀ ਧਰਤ, ਕਲਜੁਗ ਕੰਡਿਆਂ ਵਿਚੋਂ ਗੁਰਮੁਖ ਲਏ ਪਰਗਟਾਈਆ । ਮਾਲਕ ਬਣ ਕੇ ਅਰਸ਼, ਫ਼ਰਸ਼ ਦਏ ਵਡਿਆਈਆ । ਗੁਰਮੁਖਾਂ ਮੇਟੇ ਹਰਸ, ਸੰਸਾ ਰੋਗ ਗਵਾਈਆ । ਨਿਮਾਣਿਆਂ ਕਰੇ ਤਰਸ, ਰਹਿਮਤ ਨਾਲ ਤਰਾਈਆ । ਅੰਮ੍ਰਿਤ ਦੇਵੇ ਬਰਸ, ਬੂੰਦ ਸਵਾਂਤ ਚੁਆਈਆ । ਪਿਛਲੀ ਯਾਦ ਕਰੇ ਪੜ੍ਹਤ, ਲਿਖਤ ਅਗਲੀ ਦਏ ਬਣਾਈਆ । ਸੋਹਣਾ ਸ਼ਹਿਨਸ਼ਾਹੀ ਹੋਵੇ ਬਰਸ, ਸੰਮਤ ਸੰਮਤੀ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਚੁਕਾਈਆ । ਬਸਤੀ ਕਹੇ ਮੇਰੇ ਵਿਚ ਪਿਛੇ ਵਸੇ ਥੋੜੇ ਲੋਕ, ਇਕ ਸੌ ਉਨੱਤੀ ਨਜ਼ਰੀ ਆਈਆ । ਇਕ ਦਾ ਇਕੋ ਗਾਉਂਦੇ ਸਲੋਕ, ਦੋ ਦਾ ਦੂਆ ਗਏ ਮਿਟਾਈਆ । ਨੌ ਦਰ ਤੋਂ ਬਾਹਰ ਮਾਨਣ ਮੌਜ, ਮਜਲਸ ਕਰ ਕੇ ਬੇਪਰਵਾਹੀਆ । ਦਰਸ਼ਨ ਕਰ ਕੇ ਰੋਜ਼, ਖ਼ੁਸ਼ੀਆਂ ਝੱਟ ਲੰਘਾਈਆ । ਚੁਗਦੇ ਰਹੇ ਚੋਗ, ਨਾਮ ਅਮੋਲਕ ਰਸਨਾ ਲਾਈਆ । ਕਟਦੇ ਰਹੇ ਵਿਜੋਗ, ਸੰਜੋਗੀ ਜੋੜ ਜੁੜਾਈਆ । ਕਰਦੇ ਰਹੇ ਭੋਗ, ਆਤਮ ਸੇਜ ਹੰਢਾਈਆ । ਪੈਂਡਾ ਮੁਕਾਉਂਦੇ ਰਹੇ ਲੋਕ ਪਰਲੋਕ, ਪੰਧ ਵਿਚ ਨਾ ਕੋਇ ਅਟਕਾਈਆ । ਸੋਹੰ ਢੋਲਾ ਗਾਉਂਦੇ ਰਹੇ ਸਲੋਕ, ਜੋ ਰਾਮਜਸ ਦਿਤਾ ਸਮਝਾਈਆ । ਪੁਰਖ ਅਕਾਲ ਦੀ ਰੱਖਦੇ ਓਟ, ਓੜਕ ਮਿਲ ਕੇ ਵਿਚ ਸਮਾਈਆ । ਜੋ ਆਦਿ ਜੁਗਾਦੀ ਨਿਰਮਲ ਜੋਤ, ਜੋਤੀ ਜਾਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਰਬ ਸਵਾਮੀ ਵੇਖ ਵਖਾਈਆ ।

### ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਬਲਾਕਾ ਸਿੰਘ, ਆਸਾ ਸਿੰਘ ਦੇ ਗ੍ਰਿਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ

ਧਰਨੀ ਕਹੇ ਮੇਰੇ ਵਸਦਾ ਸੀ ਖੇੜਾ, ਸਤਿਜੁਗ ਪਿਛਲਾ ਰਿਹਾ ਜਣਾਈਆ । ਸਤਿ ਸਤਿਵਾਦੀ ਰਾਮਜਸ ਦਾ ਸੀ ਡੇਰਾ, ਬਾਵਨ ਬਾਵਨ ਕਰਮ ਵੰਡ ਵੰਡਾਈਆ । ਜਿਸ ਦੇ ਅੰਦਰ ਢੋਲਾ ਗੌਂਦਾ ਸੀ ਤੂੰ ਮੇਰਾ ਮੈਂ ਤੇਰਾ, ਦੂਜੀ ਆਵਾਜ਼ ਨਾ ਕੋਇ ਸੁਣਾਈਆ । ਬਾਈ ਚੇਤ ਨੂੰ ਪਿਛੇ ਹੋਇਆ ਅੰਧੇਰਾ, ਬਾਦਲ ਘਨਘੋਰ ਰਹੇ ਕੁਰਲਾਈਆ । ਮਨ ਵਿਚ ਉਲਟਾ ਆਇਆ ਗੇੜਾ, ਮਨੂਆਂ ਲਿਆ ਭੁਆਈਆ । ਜਿਨ੍ਹਾਂ ਚਿਰ ਸਾਹਿਬ ਘਰ ਆ ਮਿਲੇ ਨਾ ਮੇਰਾ, ਮਿੱਤਰ ਹੋ ਕੇ ਮੀਤ ਬਣਾਈਆ । ਨਜ਼ਰ ਨਾ ਆਏ ਨੇਰਨ ਨੇੜਾ, ਦੂਰ ਦੁਰਾਡਾ ਪੰਧ ਚੁਕਾਈਆ । ਜਗਤ ਮੋਹ ਨਾ ਮਿਟਾਏ ਝੇੜਾ, ਝਗੜਾ ਅੰਦਰੋਂ ਬਾਹਰ ਕਢਾਈਆ । ਚਾਰ ਕੁੰਟ ਨਾ ਪਾਏ ਘੇਰਾ, ਸ਼ਾਹਸਵਾਰਾ ਹੋ ਕੇ ਸੇਵ ਕਮਾਈਆ । ਮਿਹਰਵਾਨ ਹੋ ਕੇ ਕਰੇ ਨਾ

ਮਿਹਰਾ, ਮਿਹਰ ਨਜ਼ਰ ਨਾਲ ਤਰਾਈਆ । ਓਨ੍ਹਾਂ ਚਿਰ ਸੁਹੰਜਣਾ ਦਿਸੇ ਨਾ ਮੇਰਾ ਡੇਰਾ, ਜੇ ਡੇਰੀ ਲਾ ਕੇ ਆਵੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦਏ ਰੰਗਾਈਆ । ਅੰਧੇਰੀ ਰਾਤ ਰਾਮਜਸ ਦੇ ਪੈਰ ਹੇਠਾਂ ਆ ਗਈ ਕੀੜੀ, ਅੰਦਰੋਂ ਦਿਤੀ ਹਾਲ ਦੁਹਾਈਆ । ਮੈਂ ਦਰਦ ਨਾਲ ਗਈ ਪੀੜੀ, ਪੀੜ ਅੰਦਰੋਂ ਨਾ ਕੋਇ ਕਢਾਈਆ । ਮੇਰੀ ਜ਼ਿੰਦਗੀ ਦੀ ਮੰਜ਼ਲ ਅੰਤ ਅਖ਼ੀਰ, ਮੰਜ਼ਲ ਮਿਲੀ ਨਾ ਬੇਪਰਵਾਹੀਆ । ਹੋਈ ਮਾਤ ਦਿਲਗੀਰੀ, ਰੋ ਰੋ ਰਹੀ ਸੁਣਾਈਆ । ਧੀਰਜ ਮਿਲੇ ਨਾ ਕੋਇ ਧੀਰੀ, ਧਰਵਾਸ ਰਿਹਾ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਦਰਸਾਈਆ । ਕੀੜੀ ਕਹੇ ਜਿਸ ਵੇਲੇ ਮੈਨੂੰ ਪੈਰ ਨਾਲ ਦਿਤਾ ਦੱਬ, ਅੱਡੀ ਚੁੱਕ ਕੇ ਪੰਜੇ ਉਤੇ ਭਾਰ ਲਿਆ ਟਿਕਾਈਆ । ਮੇਰੇ ਅੰਦਰੋਂ ਨਿਕਲਿਆਂ ਹਾਏ ਰੱਬ, ਬਹੁੜੀ ਬਹੁੜੀ ਕਰ ਕੇ ਦਿਤਾ ਸੁਣਾਈਆ । ਰਾਮਜਸ ਨੂੰ ਸੁਰਤੀ ਆਈ ਝੱਬ, ਚਾਰੋਂ ਕੁੰਟ ਵੇਖੇ ਅੱਖ ਉਠਾਈਆ । ਮੈਂ ਥੱਲਿਉਂ ਕਿਹਾ ਮੈਨੂੰ ਮਿੱਟੀ ਵਿਚੋਂ ਲੈ ਲੱਭ, ਜਿਸ ਦਾ ਤਨ ਵਜੂਦ ਦਿਤਾ ਗਵਾਈਆ । ਓਸ ਅੰਧੇਰੇ ਵਿਚ ਮਾਰਿਆ ਹੱਥ, ਖਾਕ ਵਿਚ ਫਿਰਾਈਆ । ਮੈਂ ਅੱਗੋਂ ਬੋਲੀ ਹੱਸ, ਮਸਖ਼ਰੀ ਵਿਚ ਸੁਣਾਈਆ । ਰਾਮਜਸ ਜੇ ਤੂੰ ਪ੍ਰਭ ਦਾ ਗਾਉਂਦਾ ਜਸ, ਕਿਉਂ ਨਹੀਂ ਤੇਰੀ ਅੰਦਰੋਂ ਖੁਲ੍ਹੀ ਅੱਖ, ਨਿੱਕਿਆਂ ਨੂੰ ਵੇਖ ਖ਼ੁਸ਼ੀ ਮਨਾਈਆ । ਪ੍ਰਭ ਮਿਲਣ ਤੋਂ ਬਿਨਾ ਖੇੜਾ ਦਿਸੇ ਭੱਠ, ਸਾਢੇ ਤਿੰਨ ਹੱਥ ਮਾਟੀ ਚਾਰ ਗੁਣਾਂ ਦੀ ਚੌਗੁਣੀ ਕੰਮ ਕਿਸੇ ਨਾ ਆਈਆ । ਓਸ ਨੇ ਏਧਰ ਓਧਰ ਤੱਕਿਆ ਝੱਟ, ਅੰਦਰ ਝਟਕਾ ਵੱਜਾ ਸਹਿਜ ਸੁਭਾਈਆ । ਅਣਿਆਲੇ ਤੀਰ ਨਾਲ ਕਿਸੇ ਨੇ ਦਿਤਾ ਫੱਟ, ਘਾਉ ਇਕੋ ਦਿਤਾ ਵਖਾਈਆ । ਮੂੰਹ ਦੇ ਭਾਰ ਗਿਆ ਢੱਠ, ਨੇਤਰ ਨੈਣਾਂ ਨੀਰ ਵਹਾਈਆ । ਦੋਵੇਂ ਮਾਰੇ ਹੱਥ, ਖ਼ਾਕ ਰਿਹਾ ਉਡਾਈਆ । ਕੀੜੀ ਕਿਹਾ ਜੇ ਪ੍ਰਭ ਨੂੰ ਮਿਲਿਉਂ ਸਚ, ਮੈਨੂੰ ਓਸ ਦੀ ਸੂਚਨਾ ਦੇ ਸਮਝਾਈਆ । ਕੀ ਹੋਇਆ ਤੇਰੇ ਵਸ, ਕਿ ਬੈਠਾ ਕਰ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਪੂਰਬ ਲੇਖਾ ਲੇਖੇ ਵਿਚੋਂ ਕਢਾਈਆ ।



## ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਪਿਆਰਾ ਸਿੰਘ ਦੇ ਗ੍ਰਹਿ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ

ਕੀੜੀ ਕਹੇ ਮੇਰਾ ਸਬਰ, ਸੰਤੋਖ ਵਿਚ ਜਣਾਈਆ । ਮੇਰਾ ਬਹੁਤਾ ਵੱਡਾ ਟੱਬਰ, ਅਣਗਿਣਤ ਭੈਣ ਭਾਈਆ । ਜਿਨ੍ਹਾਂ ਨੂੰ ਮਿਲਣ ਦੀ ਮੇਰੀ ਰਹਿ ਗਈ ਸੱਧਰ, ਧਿਆਨ ਵਿਚ ਧਿਆਨ ਰਖਾਈਆ । ਮੈਂ ਰੋਂਦੀ ਕਿਉਂ ਆ ਗਈ ਇਧਰ, ਆਪਣਾ ਰੁਖ ਬਦਲਾਈਆ । ਦਰਦੀ ਨਹੀਂ ਕੋਈ ਜਿਧਰ, ਦੁਖੀਆਂ ਦੁੱਖ ਵੰਡਾਈਆ । ਮੈਨੂੰ ਬਹੁਤਾ ਲੱਗਾ ਫਿਕਰ, ਅੰਦਰੋਂ ਰਹੀ ਕੁਰਲਾਈਆ । ਮੈਂ ਫਸ ਗਈ ਕਿਸ ਚਿੱਕੜ, ਬਾਹਰ ਨਾ ਕੋਇ ਕਢਾਈਆ । ਕਿਸ ਬਿਧ ਜਾਵਾਂ ਨਿੱਕਲ, ਭੱਜਾਂ ਵਾਹੋ ਦਾਹੀਆ । ਕੋਈ ਧੁਰ ਦਾ ਮਿਲ ਜਾਏ ਮਿੱਤਰ, ਪਲੂ ਲਏ ਛੁਡਾਈਆ । ਮੈਂ ਓਸ ਦਾ ਕਰਾਂ ਜ਼ਿਕਰ, ਜੋ ਜਾਹਰ ਜਹੂਰ ਹੋਵੇ ਸਹਾਈਆ । ਚੋਟੀ ਚਾੜ੍ਹੇ ਸਿੱਖਰ, ਸਿਖਿਆ ਇਕ ਸੁਣਾਈਆ । ਧੁਰ ਦੇ ਪ੍ਰੇਮ ਦਾ ਲਾਵੇ ਇਸ਼ਕ, ਹਕੀਕਤ ਵਿਚ ਵਡਿਆਈਆ । ਔਖੀ ਵੇਲੇ ਨਾ ਜਾਵੇ ਖਿਸਕ, ਹੋਵੇ ਧੁਰ ਦਾ ਮਾਹੀਆ । ਰਾਮਜਸ ਤੇਰੇ ਵਰਗਾ ਜੇ ਓਸ ਦਾ ਵੀ ਹੋਵੇ ਝੂਠਾ ਤਿਲਕ, ਮੈਂ ਜਾਵਾਂ ਮੁਖ ਭੁਆਈਆ । ਰਾਮਜਸ ਕਿਹਾ ਮੇਰਾ ਵੀ ਇਹੋ ਇਸ਼ਟ, ਜੋ ਸਭ ਦਾ ਪਿਤਾ ਮਾਈਆ । ਮੇਰੀ ਖੁਲ੍ਹੀ ਅੰਦਰੋਂ ਦ੍ਰਿਸ਼ਟ,

ਜਿਸ ਦਿਸ਼ਾ ਦਿਤੀ ਬਦਲਾਈਆ । ਜਿਸ ਦਾ ਲੇਖਾ ਨਹੀਂ ਵਿਚ ਟਾਂਕ ਜਿਸਤ, ਇਕ ਦੋ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਕੀੜੀ ਕਿਹਾ ਖੁਲ੍ਹੀ ਦ੍ਰਿਸ਼ਟ ਵੇਖਿਆ ਕੀ, ਮੈਨੂੰ ਦੇ ਸਮਝਾਈਆ । ਮੈਂ ਵੀ ਨਿੱਕਾ ਜਿਹਾ ਓਸ ਦਾ ਜੀਅ, ਜੋ ਤੇਰੇ ਪੈਰਾਂ ਹੇਠ ਆ ਕੇ ਦਿਆਂ ਦੁਹਾਈਆ । ਉਸ ਦੀ ਸਹਾਦਤ ਦੇ ਤਸ਼ਬੀਹ, ਤਮਹੀਦ ਨਾਲ ਦ੍ਰਿੜਾਈਆ । ਕੀ ਧਾਰ ਜਲਵਾ ਨੂਰ ਰੱਬੀ, ਰਹਿਮਤ ਵਿਚ ਸਮਾਈਆ । ਕੋਈ ਕਰਨਾ ਨਹੀਂ ਅੱਜ ਪੱਜੀ, ਭਰਮ ਨਾ ਕੋਇ ਰਖਾਈਆ । ਮੈਂ ਓਸੇ ਦੇ ਪ੍ਰੇਮ ਅੰਦਰ ਬੱਧੀ, ਵਿਆਕੁਲ ਹੋ ਕੇ ਦਿਆਂ ਦੁਹਾਈਆ । ਹੁਕਮੇਂ ਅੰਦਰ ਆ ਗਈ ਸੱਦੀ, ਗਲੀ ਕੂਚੇ ਫਿਰਾਂ ਚਾਈਂ ਚਾਈਂਆ । ਮੇਰੀ ਤਾਰ ਸਿਤਾਰ ਓਸੇ ਨਾਲ ਵੱਜੀ, ਜੋ ਹਰ ਘਟ ਰਿਹਾ ਸਮਾਈਆ । ਪਰ ਮੈਨੂੰ ਮਿਲਦਾ ਕਦੀ ਕਦੀ, ਕਦੀਮ ਦਾ ਮਾਲਕ ਕਦਮ ਪੁੱਟ ਕੇ ਚਰਨ ਮੇਰੇ ਨਾਲ ਛੁਹਾਈਆ । ਮੈਂ ਓਸੇ ਦੀ ਧਾਰ ਵਿਚ ਬੱਧੀ, ਬੰਦਨਾ ਕਹਿ ਕੇ ਖ਼ੁਸ਼ੀ ਮਨਾਈਆ । ਜਿਸ ਦੇ ਕੋਲ ਪੰਡਤਾਂ ਪਾਂਧਿਆਂ ਵਾਲੀ ਨਹੀਂ ਕੋਈ ਗੱਦੀ, ਮੱਥੇ ਸੰਧੂਰ ਨਾ ਕੋਇ ਛੁਹਾਈਆ । ਇਕੋ ਜੋਤ ਅਗੰਮੀ ਜਗੀ, ਨਿਰਗੁਣ ਨੂਰ ਹੋਵੇ ਰੁਸ਼ਨਾਈਆ । ਮੈਂ ਓਸ ਨੂੰ ਰਹੀ ਲੱਭੀ, ਜੋ ਮਾਲਕ ਬੇਪਰਵਾਹੀਆ । ਰਾਮਜਸ ਕਿਹਾ ਕਲਜੁਗ ਅੰਤ ਜਿਸ ਵੇਲੇ ਬੀਤਣ ਵਾਲੀ ਹੋਈ ਚੌਧਵੀਂ ਸਦੀ, ਸਦਮਾ ਹੋਵੇ ਸਰਬ ਲੋਕਾਈਆ । ਓਸ ਵੇਲੇ ਨਿਰਗੁਣ ਧਾਰ ਆਵੇ ਉਹ ਰੱਬੀ, ਜੋ ਰਹਿਮਤਾਂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ ਕੀੜੀ ਕਿਹਾ ਚੌਧਵੀਂ ਸਦੀ ਦਾ ਕੀ ਲੱਗੇ ਪਤਾ, ਮੈਨੂੰ ਦੇ ਸਮਝਾਈਆ । ਹੁਣ ਮੇਲ ਮਿਲਾ ਦੇ ਰਤਾ, ਰੰਗ ਰਤੜੀ ਦੇ ਬਣਾਈਆ । ਮੇਰਾ ਅੰਦਰ ਰਹੇ ਨਾ ਤੱਤਾ, ਅਗਨੀ ਅੱਗ ਗਵਾਈਆ । ਤੇਰੇ ਪੈਰ ਥੱਲੇ ਆ ਕੇ ਮੇਰੀ ਹੋਈ ਹੱਤਾ, ਹੱਤਿਆ ਵਿਚ ਦਿਆਂ ਦੁਹਾਈਆ । ਮੈਂ ਓਸ ਦੀ ਵੇਖਣੀ ਸਤ੍ਹਾ, ਜੋ ਸਤਿ ਸਤਿਵਾਦੀ ਬੇਪਵਰਾਹੀਆ । ਦਰਸ ਕਰਨਾ ਨਾਲ ਅੱਖਾਂ, ਆਖ਼ਰ ਰਾਹ ਤਕਾਈਆ । ਮੈਂ ਸੜਨਾ ਨਹੀਂ ਵਿਚ ਕੱਖਾਂ, ਅਗਨੀ ਭੇਟ ਨਾ ਕੋਇ ਬਣਾਈਆ । ਮੈਂ ਅੰਤਰ ਧਾਰ ਦੱਸਾਂ, ਰੋ ਰੋ ਕੁਰਲਾਈਆ । ਮੈਂ ਬਿਨਾ ਪ੍ਰਭੂ ਦੇ ਚਰਨ ਹੋਰ ਕਿਤੇ ਨਾ ਵਸਾਂ, ਵਾਸਤਾ ਅਵਰ ਨਾ ਕੋਇ ਰਖਾਈਆ । ਇਕੋ ਪ੍ਰੇਮ ਪਿਆਰ ਦਾ ਰਸ ਚੱਖਾਂ, ਤ੍ਰਿਸ਼ਨਾ ਭੁੱਖ ਰਹੇ ਨਾ ਰਾਈਆ । ਚਰਨ ਕਵਲਾਂ ਢੱਠਾਂ, ਨਿਉਂ ਨਿਉਂ ਲਾਗਾਂ ਪਾਈਆ । ਸਾਚਾ ਲਾਹਾ ਖੱਟਾਂ, ਝੋਲੀ ਲਵਾਂ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦੀਆਂ ਮੱਤਾਂ, ਮਤਿਆਂ ਵਿਚੋਂ ਬਾਹਰ ਕਢਾਈਆ ।

### ✪ ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਰਵੇਲ ਕੌਰ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ✪

ਕੀੜੀ ਕਹੇ ਜਿਸ ਵੇਲੇ ਮੇਰੇ ਉਤੇ ਪਾਇਆ ਭਾਰ, ਭਾਵੀ ਸਿਰ ਤੇ ਨਜ਼ਰੀ ਆਈਆ । ਮੈਂ ਰੋਈ ਧਾਹਾਂ ਮਾਰ, ਉਚੀ ਕੂਕ ਕੂਕ ਸੁਣਾਈਆ । ਇਕੱਠੇ ਹੋ ਗਏ ਦੋ ਚਾਰ, ਬਹੁਤਿਆਂ ਰੌਲਾ ਦਿਤਾ ਪਾਈਆ । ਮੈਂ ਵੇਖ ਕੇ ਇਹ ਹਾਲ, ਆਪਣੀ ਹਾਲਤ ਲਈ ਬਦਲਾਈਆ । ਮੇਰਾ ਅੰਤ ਪਹੁੰਚਿਆ ਕਾਲ, ਆਪਣਾ ਗਰਾਸ ਲਏ ਬਣਾਈਆ । ਮੈਂ ਹੋ ਕੇ ਅੰਤਰ ਧਿਆਨ, ਧਿਆਨ ਲਿਆ ਲਗਾਈਆ । ਹੇ ਮੇਰੇ ਭਗਵਾਨ, ਪ੍ਰਭੂ

ਬੇਪਰਵਾਹੀਆ । ਸਹਾਇਤਾ ਕਰ ਆਣ, ਰੱਛਕ ਸ਼ਹਿਨਸ਼ਾਹੀਆ । ਮੇਰੀ ਕਰ ਕਲਿਆਣ, ਕਾਇਨਾਤ ਵਿਚੋਂ ਬਾਹਰ ਕਢਾਈਆ । ਹੋਇਆ ਧੁਰ ਫ਼ਰਮਾਣ, ਸ਼ਬਦ ਸੰਦੇਸ਼ਾ ਇਕ ਸੁਣਾਈਆ । ਗੌਣਾ ਧੁਰ ਦਾ ਗਾਣ, ਸੋਹੰ ਢੋਲਾ ਦਿਤਾ ਪੜ੍ਹਾਈਆ । ਮਿਲੇ ਮਿਹਰਵਾਨ, ਮਹਿਬੂਬ ਨਜ਼ਰੀ ਆਈਆ । ਤੇਰਾ ਲੇਖਾ ਚੁੱਕੇ ਵਿਚ ਜਹਾਨ, ਜਨਮ ਮਰਨ ਦਾ ਗੇੜ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਕੀੜੀ ਕਹੇ ਮੇਰੇ ਉਤੇ ਆਇਆ ਬੋਝ, ਬੋਝਲ ਹੋ ਕੇ ਦਿਤੀ ਦੁਹਾਈਆ । ਮੇਰੀ ਰਹੀ ਨਾ ਕੋਈ ਸੋਚ, ਸਮਝ ਦਿਤੀ ਗਵਾਈਆ । ਇਕੋ ਦਰਸ ਤੱਕਾਂ ਨੇਤਰ ਲੋਚ, ਲੋਚਣ ਲਏ ਉਠਾਈਆ । ਅੰਦਰੋਂ ਗਾ ਕੇ ਸਚ ਸਲੋਕ, ਸੋਹਲਾ ਲਿਆ ਗਾਈਆ । ਮਿਲੇ ਓਸ ਦੀ ਮੌਜ, ਜੋ ਮਜਲਸ ਭਗਤਾਂ ਸੰਗ ਰਖਾਈਆ । ਜੋ ਹੱਥ ਨਾ ਆਵੇ ਚੌਦਾਂ ਲੋਕ, ਚੌਦਾਂ ਤਬਕ ਦੇਣ ਦੁਹਾਈਆ । ਜਿਸ ਦਾ ਨਾਮ ਨਿਧਾਨਾ ਇਕ ਸਲੋਕ, ਧੁਰ ਦਾ ਅੱਖਰ ਦਏ ਦ੍ਰਿੜਾਈਆ । ਨਿੱਤ ਦਰਸ਼ਨ ਦੇਵੇ ਰੋਜ਼, ਨੇਤਰ ਗਿਆਨ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਚੀਊਂਟੀ ਕਹੇ ਮੈਂ ਥੋੜਾ ਜਿਹਾ ਕਰ ਲਿਆ ਚਲਿੱਤਰ, ਪੁੱਠੀ ਹੋ ਕੇ ਦਿਤੀ ਦੁਹਾਈਆ । ਕੋਈ ਮਿਲਾਵੇ ਮੇਰਾ ਮਿੱਤਰ, ਪ੍ਰੀਤਮ ਸ਼ਹਿਨਸ਼ਾਹੀਆ । ਜੋ ਨਿਰਗੁਣ ਧਾਰੋਂ ਆਵੇ ਨਿਕਲ, ਜੋਤੀ ਜਾਤਾ ਰੂਪ ਬਦਲਾਈਆ । ਮੰਜ਼ਲ ਚੜ੍ਹ ਕੇ ਵੇਖਾਂ ਸਿਖਰ, ਸਿਖਿਆ ਇਕੋ ਦਏ ਸੁਣਾਈਆ । ਅਕੱਲਾ ਰਹੇ ਕੋਈ ਨਾ ਫ਼ਿਕਰ, ਫ਼ਾਕਿਆਂ ਵਿਚੋਂ ਬਾਹਰ ਕਢਾਈਆ । ਆਦਿ ਜੁਗਾਦਿ ਨਾ ਜਾਏ ਵਿੱਛੜ, ਵਿਛੋੜਾ ਪੰਧ ਮੁਕਾਈਆ । ਗਲ ਲਾਵੇ ਭਰੀ ਚਿੱਕੜ, ਅਵਗੁਣ ਗੁਣ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਚੀਊਂਟੀ ਕਹੇ ਮੈਂ ਪਰਤ ਕੇ ਹੋ ਗਈ ਉਲਟੀ, ਆਪਣਾ ਆਪ ਬਦਲਾਈਆ । ਭਗਤ ਭਗਵਾਨ ਦੀ ਵੇਖਣੀ ਕੁਸ਼ਤੀ, ਬਲ ਜ਼ੋਰ ਨਾਲ ਮਿਲਾਈਆ । ਜਿਸ ਦੀ ਕਰੇ ਨਾ ਕੋਇ ਦਰੁਸਤੀ, ਅੱਗੇ ਹੋ ਨਾ ਕੋਇ ਸਮਝਾਈਆ । ਜੋ ਖੇਲ ਕਰੇ ਪੁਸ਼ਤ ਦਰ ਪੁਸ਼ਤੀ, ਪੋਸ਼ਾਕ ਕਾਇਆ ਚੋਲਾ ਬਦਲਾਈਆ । ਅੰਦਰ ਆਵੇ ਕਦੇ ਨਾ ਸੁਸਤੀ, ਨਿੰਦਰਾ ਆਲਸ ਨਾ ਕੋਇ ਰਖਾਈਆ । ਮੰਜ਼ਲ ਵੇਖਣੀ ਓਸ ਦੀ, ਜਿਸ ਦੀ ਉਸਤਤ ਸ਼ਾਸਤਰ ਸਿਮਰਤ ਰਹੇ ਗਾਈਆ । ਸੈਰ ਕਰਨੀ ਲੋਕ ਪਰਲੋਕ ਦੀ, ਦੋ ਜਹਾਨ ਪਰੇ ਡੇਰਾ ਲਾਈਆ । ਮੌਜ ਵੇਖਣੀ ਇਕ ਸਲੋਕ ਦੀ, ਜੋ ਸੋਹੰ ਢੋਲਾ ਰਿਹਾ ਸੁਣਾਈਆ । ਚਾਂਦਨੀ ਤੱਕਣੀ ਨਿਰਮਲ ਜੋਤ ਦੀ, ਜੋ ਬਿਨਾ ਸੂਰਜ ਚੰਦ ਕਰੇ ਰੁਸ਼ਨਾਈਆ । ਜਿਸ ਨੂੰ ਆਦਿ ਜੁਗਾਦਿ ਦ੍ਰਿਸ਼ਟੀ ਅੰਦਰ ਸ੍ਰਿਸ਼ਟੀ ਖੋਜ ਦੀ, ਲੱਭਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਦਇਆ ਕਮਾਈਆ ।

### ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਹਜ਼ਾਰਾ ਸਿੰਘ ਦੇ ਗ੍ਰਹਿ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ

ਚੀਊਂਟੀ ਕਿਹਾ ਦੱਸ ਰਾਮਜਸ ਪੰਡੇ, ਪੰਡਤ ਹੋ ਕੇ ਦੇਣਾ ਸਮਝਾਈਆ । ਕਿਸ ਬਿਧ ਚੜ੍ਹਾਂ ਮੰਜ਼ਲ ਅਖੀਰੀ ਡੰਡੇ, ਡੰਡਾਵਤ ਇਕੋ ਸੀਸ ਨਿਵਾਈਆ । ਖਲੋਤੀ ਰਹਿਵਾਂ ਨਾ ਕਿਸੇ ਕੰਢੇ, ਤਟ ਕਿਨਾਰ ਨਾ ਦਿਆਂ ਦੁਹਾਈਆ । ਧੁਰ ਦਾ ਮਾਲਕ ਹੋਵੇ ਸੰਗੇ, ਸਗਲਾ ਸੰਗ ਬਣਾਈਆ ।

ਦੇਵੇ ਭੰਡਾਰੇ ਬਿਨਾ ਮੰਗੇ, ਮਾਂਗਤ ਝੋਲੀ ਦਏ ਭਰਾਈਆ । ਕਰਮ ਕਰੇ ਚੰਗੇ, ਚੰਗਿਆਈਆਂ ਵਿਚ ਵਡਿਆਈਆ । ਸਿਰ ਧੜ ਰਹਿਣ ਨਾ ਦੇਵੇ ਨੰਗੇ, ਓਢਣ ਸੀਸ ਟਿਕਾਈਆ । ਨਹਾਵਣ ਦੇਵੇ ਨਾ ਕਿਸੇ ਗੰਗੇ, ਬਖ਼ਸ਼ੇ ਚਰਨ ਸਰਨਾਈਆ । ਨੇਤਰ ਰਹਿਣ ਮੂਲ ਨਾ ਅੰਧੇ, ਲੋਚਣ ਕਰੇ ਰੁਸ਼ਨਾਈਆ । ਜਿਸ ਨੂੰ ਲੱਭ ਨਾ ਸਕਣ ਬੁੱਧੀ ਵਾਲੇ ਬੰਦੇ, ਵਿਦਿਆ ਵਿਚੋਂ ਹੱਥ ਨਾ ਆਈਆ । ਆਪਣਾ ਨਿਰਾਲਾ ਦੱਸੇ ਢੰਗੇ, ਤਰਤੀਬ ਬੇਪਰਵਾਹੀਆ । ਵਸਤ ਅਮੋਲਕ ਭੋਜਨ ਖਾ ਕੇ ਇਕ ਡੰਗੇ, ਡੰਕਾ ਆਪਣਾ ਦਏ ਸੁਣਾਈਆ । ਮੰਜ਼ਲ ਓਸ ਅਗੰਮੀ ਲੰਘੇ, ਜਿਥੇ ਵੇਖਣ ਕੋਇ ਨਾ ਪਾਈਆ । ਨਾਮ ਅਨਮੁਲੜੇ ਵਿਚ ਰੰਗੇ, ਰੰਗ ਇਕੋ ਇਕ ਚੜ੍ਹਾਈਆ । ਜਿਧਰ ਵੇਖਾਂ ਓਧਰ ਆਵੇ ਸੰਗੇ, ਸਗਲਾ ਸੰਗ ਬਣਾਈਆ । ਨਾ ਮਰੇ ਨਾ ਕਦੇ ਜੰਮੇ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਭਗਤ ਸੁਹੇਲੇ ਹੋਣ ਨਾ ਦਏ ਨਿਕੰਮੇ, ਨਿਹਕਰਮਣ ਮਾਤਲੋਕ ਨਾ ਕੋਇ ਅਖਵਾਈਆ । ਸਦਾ ਖੇਲ ਦੱਸੇ ਨਵੇਂ, ਜੁਗ ਚੌਕੜੀ ਵੇਸ ਵਟਾਈਆ । ਜਿਹੜਾ ਗ਼ਰੀਬ ਨਿਮਾਣਿਆਂ ਦੀ ਮੰਨੇ, ਇਹੋ ਜਿਹਾ ਮਿਲੇ ਬੇਪਰਵਾਹੀਆ । ਕਰੇ ਪਰਕਾਸ਼ ਨੇਤਰ ਅੰਨ੍ਹੇ, ਅੰਧ ਦਏ ਚੁਕਾਈਆ । ਸੰਤ ਸੁਹੇਲੇ ਆਪੇ ਜਣੇ, ਬਣੇ ਧੁਰ ਦੀ ਮਾਈਆ । ਕੂੜੀ ਕਿਰਿਆ ਭਾਂਡੇ ਭੰਨੇ, ਭਰਮ ਭੌ ਗਵਾਈਆ । ਸਦਾ ਵਸੇ ਬਿਨ ਛੱਪਰ ਛੰਨੇ, ਦਰ ਸੁਹੰਜਣੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਮਜਸ ਕਹੇ ਚੀਊਂਟੀ ਮੈਨੂੰ ਵੇਖ ਲੈਣ ਦੇ ਪੱਤਰੀ, ਵਰਕਾ ਵਰਕਾ ਉਲਟਾਈਆ । ਉਹ ਪ੍ਰਭੂ ਬ੍ਰਾਹਮਣ ਹੋਵੇ ਕਿ ਸ਼ੱਤਰੀ, ਸ਼ੂਦਰ ਵੈਸ਼ ਕਵਣ ਰੂਪ ਧਰਾਈਆ । ਉਸ ਦਾ ਲੇਖਾ ਲਿਖਿਆ ਹੋਵੇ ਵਿਚ ਸਤਰੀਂ, ਕਿ ਅੱਖਰਾਂ ਵਿਚ ਵਡਿਆਈਆ । ਉਹ ਬੈਠਾ ਹੋਵੇ ਕਿਹੜੇ ਪਤਣੀਂ, ਪਤਿਪਰਮੇਸ਼ਵਰ ਹੋ ਕੇ ਡੇਰਾ ਲਾਈਆ । ਜਾਂ ਪੁਸਤਕ ਵੇਖੀ ਉਹ ਸਖਣੀ ਦੀ ਸਖਣੀ, ਪ੍ਰਭ ਦਾ ਰੂਪ ਨਾ ਕੋਇ ਬਦਲਾਈਆ । ਆਵਾਜ ਆਈ ਉਹ ਧੁਰ ਦਾ ਮਾਲਕ ਸਦਾ ਬੇਵਤਨੀ, ਜਿਸ ਦਾ ਵਤਨ ਨਾ ਕੋਇ ਸਮਝਾਈਆ । ਜਿਸ ਆਦਿ ਜੁਗਾਦਿ ਜੁਗ ਚੌਕੜੀ ਭਗਤਾਂ ਪਤ ਰਖਣੀ, ਭਗਤ ਦਵਾਰੇ ਬਹਿ ਕੇ ਖ਼ੁਸ਼ੀ ਮਨਾਈਆ । ਓਹਨੂੰ ਜਗਤ ਅੱਖ ਕਿਸੇ ਨਾ ਤੱਕਣੀ, ਤਾਕਤਵਰ ਲੱਭ ਨਾ ਸਕੇ ਕੋਇ ਆਪਣਾ ਬਲ ਰਖਾਈਆ । ਜਿਸ ਨੇ ਗ੍ਰਹਿ ਗ੍ਰਹਿ ਗਰਾਹੀ ਇਕ ਇਕ ਚੱਖਣੀ, ਚਾਰ ਜੁਗ ਦਾ ਲੇਖਾ ਦਏ ਮੁਕਾਈਆ । ਤੁਕ ਅਗੰਮੀ ਦੱਸਣੀ, ਇਕੋ ਕਰੇ ਪੜ੍ਹਾਈਆ । ਜਿਸ ਦੀ ਵਸਤੀ ਕਲਜੁਗ ਅੰਤਮ ਵਿਚ ਫੇਰ ਵਸਣੀ, ਘਰਾਨੇ ਸੋਹਣੇ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਰਾਮਜਸ ਕਹੇ ਮੇਰੇ ਹਿਸਾਬ ਵਿਚ ਨਾ ਆਈ ਕੋਈ ਕੁੰਡਲੀ, ਨਛੱਤਰ ਸਕਿਆ ਨਾ ਕੋਇ ਸਮਝਾਈਆ । ਪਤਾ ਲੱਗੇ ਨਾ ਧਾਰ ਮੁਢਲੀ, ਮੁੱਦਾ ਭੇਵ ਨਾ ਕੋਇ ਖੁਲ੍ਹਾਈਆ । ਇਹ ਅੱਖਰਾਂ ਵਾਲੀ ਖੇਲ ਬਣੀ ਬੁੱਧ ਲਈ, ਇਸ ਤੋਂ ਪਰੇ ਦਾ ਪੜਦਾ ਨਾ ਕੋਇ ਉਠਾਈਆ । ਮੈਂ ਅੰਦਰੇ ਅੰਦਰ ਓਸ ਦੀ ਰਮਜ਼ ਬੁੱਝ ਲਈ, ਜੋ ਸ਼ਬਦ ਵਿਚ ਸਮਝਾਈਆ । ਰਾਮਜਸ ਮੈਂ ਦੁਨੀਆਂ ਵਾਸਤੇ ਕੀਤਾ ਕੁਛ ਨਹੀਂ, ਭਗਤਾਂ ਵਾਸਤੇ ਸਭ ਕੁਛ ਅੰਦਰ ਦਿਤਾ ਟਿਕਾਈਆ । ਬੇਸ਼ਕ ਮੈਂ ਪ੍ਰੇਮ ਪਿਆਲਾ ਪੀਵਣ ਵਾਲਾ ਦੁੱਧ ਨਹੀਂ, ਅੰਮ੍ਰਿਤ ਧਾਰਾ ਸਭ ਦੇ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੱਤਰੀ ਕਹੇ ਜਿਸ ਵੇਲੇ ਮੇਰਾ ਫੋਲਿਆਂ ਪਤਰਾ, ਬੌਹੜੀ ਬੌਹੜੀ ਦੇ ਕੇ ਦਿਤੀ ਦੁਹਾਈਆ । ਮੈਨੂੰ ਪੈ ਗਿਆ ਖ਼ਤਰਾ, ਨੈਣਾਂ ਨੀਰ ਵਹਾਈਆ । ਜਿਸ ਦਾ ਲੇਖਾ ਨਹੀਂ ਵਿਚ ਸਤਰਾਂ, ਅੱਖਰਾਂ ਵੰਡ ਨਾ ਕੋਇ

ਵੰਡਾਈਆ । ਲੱਭਿਆਂ ਨਹੀਂ ਕੋਈ ਵਿਚੋਂ ਪੱਥਰਾਂ, ਧੰਨੇ ਨੂੰ ਬਜਰ ਕਪਟੀ ਅੰਦਰੋਂ ਦਰਸ ਦਿਖਾਈਆ । ਜਿਸ ਦਾ ਸ਼ੈਤਾਨਾਂ ਵਾਲਾ ਨਹੀਂ ਨਖ਼ਰਾ, ਵੇਸ ਅਵਲੜਾ ਲਏ ਵਟਾਈਆ । ਨਟੂਆਂ ਵਾਂਗ ਨਹੀਂ ਕੋਈ ਮਸਖ਼ਰਾ, ਮਸਤ ਖ਼ੁਮਾਰੀ ਨਾਮ ਚੜ੍ਹਾਈਆ । ਲੁਹਾਰ ਤਰਖਾਣ ਦਾ ਘੜਿਆ ਹੋਇਆ ਨਹੀਂ ਸ਼ਸਤਰਾ, ਸ਼ਬਦ ਖੰਡਾ ਖੜਗ ਖੜਕਾਈਆ । ਜਿਸ ਦਾ ਕੋਈ ਲੇਫ਼ ਤਲਾਈ ਵਾਲਾ ਨਹੀਂ ਬਿਸਤਰਾ, ਆਤਮ ਸੇਜਾ ਸਦਾ ਹੰਢਾਈਆ । ਪੱਤਰੀ ਕਹੇ ਮੈਂ ਓਸ ਦਾ ਬਿਆਨ ਕਰਾਂ ਕਿਸ ਤਰ੍ਹਾ, ਮੇਰੀ ਅਕਲ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੱਤਰੀ ਕਹੇ ਮੈਨੂੰ ਮੁੜ ਕੇ ਨਾ ਲੈਣਾ ਫੋਲ, ਸਹਿਜੇ ਦਿਆਂ ਸੁਣਾਈਆ । ਤੁਸੀਂ ਓਸ ਦਾ ਸੁਣੋ ਬੋਲ, ਜੋ ਅੰਦਰੇ ਅੰਦਰ ਕਰੇ ਸ਼ਨਵਾਈਆ । ਜਨ ਭਗਤਾਂ ਵਸੇ ਕੋਲ, ਦੂਜਿਆਂ ਅੱਖ ਨਾ ਕਦੇ ਮਿਲਾਈਆ । ਨਾਮ ਨਿਧਾਨ ਵਜਾ ਕੇ ਢੋਲ, ਸੁਤਿਆਂ ਲਏ ਉਠਾਈਆ । ਜਿਸ ਨੂੰ ਸਮਝੇ ਕੋਈ ਨਾ ਪਾਂਧਾ ਰੌਲ, ਪੰਡਤ ਵਿਦਿਆ ਨਾ ਕੋਇ ਚਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਪ ਆਪਣੀ ਖੇਲ ਵਖਾਈਆ ।

✪ ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਸੰਪੂਰਨ ਕੌਰ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✪

ਪੱਤਰੀ ਕਹੇ ਮੈਂ ਕੁਛ ਨਹੀਂ ਦੱਸਣ ਜੋਗੀ, ਜੁਗਤੀ ਨਾ ਕੋਇ ਜਣਾਈਆ । ਸ੍ਰੀ ਭਗਵਾਨ ਵੈਰਾਗੀ ਤਿਆਗੀ ਬੈਰਾਗੀ ਸਨਿਆਸੀ ਨਹੀਂ ਕੋਈ ਭੋਗੀ, ਭਾਵਨਾ ਜਗਤ ਨਾ ਕੋਇ ਵਖਾਈਆ । ਉਹ ਆਦਿ ਜੁਗਾਦਿ ਜੁਗ ਚੌਕੜੀ ਪ੍ਰੀਤਮ ਧੁਰ ਦਾ ਚੋਜੀ, ਖੇਲ ਨਿਰਾਲੀ ਆਪ ਬਣਾਈਆ । ਬਿਨਾ ਭਗਤਾਂ ਕਿਸੇ ਨਾ ਦੇਵੇ ਸੋਝੀ, ਬੁੱਧੀਵਾਨ ਨਾ ਕੋਇ ਚਤਰਾਈਆ । ਜਗਤ ਵਾਸਨਾ ਸਭ ਨੂੰ ਕਰੇ ਰੋਗੀ, ਹੰਗਤਾ ਗੜ੍ਹ ਬਣਾਈਆ । ਗੁਰਮੁਖ ਵਿਰਲਾ ਜਾਣੇ ਵਿਚੋਂ ਕੋਟਨ ਕੋਟੀ, ਕਾਇਆ ਕੁਟੀਆ ਫੋਲ ਫੁਲਾਈਆ । ਮੰਜ਼ਲ ਚੜ੍ਹ ਕੇ ਤੱਕੇ ਚੋਟੀ, ਚੋਟ ਜਿਸ ਨੂੰ ਦਏ ਲਗਾਈਆ । ਵਾਸਨਾ ਰਹਿਣ ਨਾ ਦੇਵੇ ਖੋਟੀ, ਕੂੜੀ ਕਿਰਿਆ ਬਾਹਰ ਕਢਾਈਆ । ਕਰ ਪਰਕਾਸ਼ ਨਿਰਮਲ ਜੋਤੀ, ਜੋਤ ਜੋਤੀ ਜੋਤ ਕਰੇ ਰੁਸ਼ਨਾਈਆ । ਭਗਤਾਂ ਪੜ੍ਹਨੀ ਪਏ ਕੋਈ ਨਾ ਪੋਥੀ, ਪੁਸਤਕ ਹੱਥ ਨਾ ਕੋਇ ਫੜਾਈਆ । ਤਿਲਕ ਮਾਲਾ ਨਾ ਕੋਇ ਧੋਤੀ, ਟਿੱਕਿਆਂ ਵਿਚ ਨਾ ਕਦੇ ਫਸਾਈਆ । ਮਿਹਰ ਨਜ਼ਰ ਨਾਲ ਅੰਦਰੋਂ ਵਾਸਨਾ ਕੱਢ ਦਏ ਖੋਟੀ, ਖੋਟਿਆਂ ਤੋਂ ਖਰੇ ਦਏ ਵਖਾਈਆ । ਆਪਣੇ ਆਪ ਬਣਾ ਕੇ ਗੋਤੀ, ਵਰਨਾਂ ਬਰਨਾਂ ਤੋਂ ਦਏ ਛੁਡਾਈਆ । ਜਿਹੜੀ ਸਮਝ ਕਿਸੇ ਨਾ ਸੋਚੀ, ਉਹ ਸੋਚ ਗੁਰਮੁਖਾਂ ਅੰਦਰ ਦਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਬੇਪਰਵਾਹੀਆ । ਪੱਤਰੀ ਕਹੇ ਮੈਂ ਦੱਸਾਂ ਅੰਤਮ ਏਕ, ਇਕੋ ਵਾਰ ਜਣਾਈਆ । ਪ੍ਰਭ ਬਿਨ ਅਵਰ ਨਾ ਕੋਈ ਦੂਜੀ ਟੇਕ, ਟਿਕਿਆਂ ਵਾਲੇ ਸਾਰੇ ਓਸੇ ਨੂੰ ਰਹੇ ਧਿਆਈਆ । ਸ਼ਾਸਤਰ ਸਿਮਰਤ ਪੜ੍ਹ ਪੜ੍ਹ ਲਏ ਵੇਖ, ਵਿਦਿਆ ਵਾਲੀ ਜਗਤ ਚਤਰਾਈਆ । ਹਰਿ ਦਾ ਸਮਝੇ ਕੋਇ ਨਾ ਭੇਖ, ਭੇਖਾਧਾਰੀ ਕੀ ਕੀ ਕਲ ਵਰਤਾਈਆ । ਮੈਂ ਬਿਨ ਅੱਖਾਂ ਲਿਆ ਵੇਖ, ਅਗਲਾ ਹਾਲ ਸੁਣਾਈਆ । ਜਿਸ ਵੇਲੇ ਕਲਜੁਗ ਕੂੜੀ ਕਿਰਿਆ ਮਿਟਣ ਲੱਗੀ ਰੇਖ, ਮਾਤਲੋਕ ਹੋਏ ਦੁਹਾਈਆ । ਓਸ ਵੇਲੇ ਫੇਰ ਇਹ ਨਗਰ ਖੇੜਾ ਵਸਣਾ ਦੇਸ, ਪਰਦੇਸਾ ਦੇ ਵਿਛੜੇ ਏਥੇ

ਲਏ ਮਿਲਾਈਆ । ਜਿਨ੍ਹਾਂ ਦਾ ਨਾਤਾ ਜੋੜ ਹਮੇਸ਼, ਹਮਸਾਜਣ ਲਏ ਬਣਾਈਆ । ਕੁਛ ਥੋੜਾ ਜਿਹਾ ਲੇਖਾ ਏਸ ਥਾਂ ਦਾ ਲਿਖਣਾ ਗੁਰ ਦਸਮੇਸ਼, ਬਰਿਜ ਭਾਸ਼ਾ ਵਿਚ ਬਿੰਝਲ ਕਹਿ ਕੇ ਨਾਉਂ ਗਾਈਆ । ਜਿਥੇ ਪੁਰਖ ਅਕਾਲ ਜਨ ਭਗਤਾਂ ਲਏ ਪੇਖ, ਵੇਖ ਵੇਖ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਸੰਦੇਸ਼, ਸੁਨੇਹੜਾ ਇਕੋ ਨਾਮ ਸੁਣਾਈਆ । ਪੱਤਰੀ ਕਹੇ ਮੈਥੋਂ ਫੇਰ ਨਾ ਪੁਛਿਓ ਕੋਈ ਬਾਤ, ਬਿਨ ਅੱਖਰਾਂ ਦਿਤੀ ਸਮਝਾਈਆ । ਜਿਸ ਵੇਲੇ ਆਏ ਕਲ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਚਾਰ ਜੁਗ ਦੇ ਭਗਤ ਏਥੇ ਹੋਣੇ ਆਬਾਦ, ਬਰਬਾਦੀ ਵਿਚੋਂ ਆਜ਼ਾਦੀ ਦੇਣੀ ਕਰਾਈਆ । ਜਿਨ੍ਹਾਂ ਦੇ ਅੰਦਰ ਇਕੋ ਹੋਣੀ ਆਵਾਜ਼, ਸੋਹੰ ਧੁਰ ਦਾ ਢੋਲਾ ਗਾਈਆ । ਅੰਦਰ ਖੁਲ੍ਹਣਾ ਰਾਜ਼, ਪੜਦਾ ਰਹੇ ਨਾ ਰਾਈਆ । ਧੁਰ ਦਾ ਮਿਲਣਾ ਸਾਥ, ਸਗਲਾ ਸੰਗ ਬਣਾਈਆ । ਪੂਰੀ ਹੋਵੇ ਆਸ, ਤ੍ਰਿਸ਼ਨਾ ਦਏ ਬੁਝਾਈਆ । ਪੱਤਰੀ ਕਹੇ ਮੇਰੇ ਉਤੇ ਕਰਿਓ ਵਿਸ਼ਵਾਸ਼, ਵਿਸ਼ਵ ਦਾ ਮਾਲਕ ਆਉਣਾ ਚਾਈਂ ਚਾਈਆ । ਜਿਸ ਦਾ ਨੂਰ ਨੂਰ ਹੋਣਾ ਪਰਕਾਸ਼, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਪੂਰੀ ਕਰੇ ਖ਼ਾਹਸ਼, ਖ਼ਾਸ ਆਪਣਾ ਰੰਗ ਚੜ੍ਹਾਈਆ ।

### ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਕੌਰ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ

ਰਾਮਜਸ ਕਿਹਾ ਮੇਰੀ ਰਹੇ ਕੋਈ ਨਾ ਸੁੱਧ, ਵਦੀ ਸੁਦੀ ਨਾ ਕੋਇ ਵਡਿਆਈਆ । ਪੁਰਖ ਅਕਾਲ ਆਪਣੀ ਕਰਨੀ ਦਾ ਖੇਲ ਲੈਣਾ ਬੁੱਝ, ਪੜਦਾ ਓਹਲਾ ਦਏ ਉਠਾਈਆ । ਲਹਿਣਾ ਚੁਕੌਣਾ ਅੰਤਮ ਕਲਜੁਗ, ਚੌਥੀ ਧਾਰ ਮਿਲੇ ਵਡਿਆਈਆ । ਜਨ ਭਗਤ ਬਣਾ ਕੇ ਆਪਣੇ ਪੁੱਤ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਨਿਰਮਲ ਕਰ ਕੇ ਬੁੱਧ, ਬਿਬੇਕ ਦੇਣਾ ਬਣਾਈਆ । ਮਨ ਮਨੂਆ ਬਦਲ ਕੇ ਰੁਖ਼, ਰਾਹ ਆਪਣਾ ਦੇਣਾ ਸਮਝਾਈਆ । ਜਿਥੇ ਆਤਮ ਪਰਮਾਤਮ ਮਿਲਦਾ ਸੁਖ, ਲੱਖ ਚੁਰਾਸੀ ਗੇੜ ਨਾ ਕੋਇ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਤਰਾਈਆ । ਕੀੜੀ ਕਿਹਾ ਮੈਂ ਨਿੱਕੀ ਜਿਹੀ ਚੀਊਂਟੀ, ਬੇਜਾਨ ਹੋ ਕੇ ਦਿਆਂ ਦੁਹਾਈਆ । ਕੋਲੋਂ ਬੋਲ ਪਈ ਨਿੱਕੀ ਜੇਹੀ ਬੂਟੀ, ਜੋ ਪਤ ਟਹਿਣੀ ਆਪਣੀ ਰਹੀ ਮਹਿਕਾਈਆ । ਮੈਂ ਜਾਗ ਪਈ ਸੁਤੀ, ਅੰਦਰੋਂ ਲਈ ਅੰਗੜਾਈਆ । ਕੁਛ ਸਹਿਜੇ ਰਹੀ ਪੁੱਛੀ, ਸਹਿਜ ਸੁਭਾਉ ਨਾਲ ਜਣਾਈਆ । ਤੇਰੀ ਕਿਧਰ ਲੱਗੀ ਰੁਚੀ, ਮੈਨੂੰ ਦੇ ਦ੍ਰਿੜਾਈਆ । ਚੀਊਂਟੀ ਕਿਹਾ ਮੇਰੀ ਔਧ ਰਹੀ ਮੁਕੀ, ਤਨ ਹੋਏ ਜੁਦਾਈਆ । ਮੈਨੂੰ ਏਸ ਖ਼ੁਸ਼ੀ ਦੀ ਖ਼ੁਸ਼ੀ, ਖ਼ੁਸ਼ਖ਼ਬਰੀ ਦਿਆਂ ਜਣਾਈਆ । ਜਿਸ ਪੁਰਖ ਅਕਾਲ ਦੀਨ ਦਿਆਲ ਭਗਤਾਂ ਦੀ ਗੰਢ ਪਵੌਣੀ ਵਾਂਗ ਪੁਤੀਂ, ਪਿਤਾ ਹੋ ਕੇ ਗੋਦ ਉਠਾਈਆ । ਜਿਸ ਲੇਖੇ ਲੌਣੀ ਰਵਦਾਸ ਦੀ ਗੰਢੀ ਜੁਤੀ, ਬਟਵਾਰੇ ਦਾ ਲਹਿਣਾ ਝੋਲੀ ਪਾਈਆ । ਗੁਰਮੁਖਾਂ ਪਿਛੇ ਕੱਟਣੀ ਬੁੱਤੀ, ਘਰ ਘਰ ਆਪਣਾ ਫੇਰਾ ਪਾਈਆ । ਓਨ੍ਹਾਂ ਦੀ ਰੋਟੀ ਖਾ ਕੇ ਸੁੱਕੀ, ਸੁਖ ਦੋ ਜਹਾਨਾਂ ਦਏ ਵਖਾਈਆ । ਮੰਜ਼ਲ ਦੇਣੀ ਉਚੀ, ਅਗੰਮ ਅਥਾਹ ਇਕ ਸਰਨਾਈਆ । ਆਪਣੇ ਵਿਚ ਲਗਾ ਕੇ ਰੁਚੀ, ਜਗਤ ਰਚਨਾ ਤੋਂ ਲੈਣਾ ਛੁਡਾਈਆ । ਧਾਰ ਚਲਾ ਕੇ ਸੱਚੀ ਮੁਖੀ, ਗੁਰਮੁਖ ਆਪਣੇ ਰੰਗ ਰੰਗਾਈਆ । ਚਾਰ ਜੁਗ ਦੀ ਜੋ ਆਤਮਾ ਪ੍ਰਭ ਪ੍ਰੇਮ ਤੋਂ ਭੁੱਖੀ, ਉਸ ਦਾ ਦੁਖੜਾ ਦਏ ਗਵਾਈਆ । ਮੈਂ ਕੂਕ ਸੁਣਾਵਾਂ

ਉਚੀ, ਦੋਹਿਆਂ ਵਿਚ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਝਾੜੀ ਕਹੇ ਮੈਂ ਨਿੱਕਾ ਜੇਹਾ ਪੌਦਾ, ਪਦਮ ਰੇਖਾ ਨਜ਼ਰ ਕੋਇ ਨਾ ਆਈਆ । ਮੈਂ ਕਿਸ ਬਿਧ ਕਰਾਂ ਸੌਦਾ, ਚੀਊਂਟੀ ਮੈਨੂੰ ਦੇ ਸਮਝਾਈਆ । ਓਸ ਹਸ ਕੇ ਕਿਹਾ ਚਰਨ ਕਵਲ ਝੁਕਣ ਵਿਚ ਮਿਲ ਜਾਏ ਉਹ ਔਹਦਾ, ਜਿਸ ਨੂੰ ਅਦਾਲਤ ਹੁਕਮ ਵਿਚ ਨਾ ਕੋਇ ਸੁਣਾਈਆ । ਮਿਲ ਜਾਏ ਉਹ ਚੋਗਾ, ਜਿਸ ਨੂੰ ਖਾ ਕੇ ਤ੍ਰਿਸ਼ਨਾ ਭੁੱਖ ਰਹੇ ਨਾ ਰਾਈਆ । ਮਿਲ ਜਾਏ ਉਹ ਜੋਗਾ, ਜਨਮ ਮਰਨ ਦਾ ਲੇਖਾ ਦਏ ਚੁਕਾਈਆ । ਸੁਣਾ ਦੇਵੇ ਅਗੰਮੀ ਹੋਕਾ, ਹੁਕਮ ਨਾਲ ਉਠਾਈਆ । ਜਨ ਭਗਤੋ ਝੂਠਾ ਨਾਤਾ ਚੌਦਾਂ ਲੋਕਾ, ਲੱਖ ਚੁਰਾਸੀ ਕੰਮ ਕਿਸੇ ਨਾ ਆਈਆ । ਬਨਾਸਪਤ ਵਿਚ ਰਹਿ ਕੇ ਪ੍ਰਭ ਮਿਲਣ ਦਾ ਮਿਲ ਜਾਏ ਮੌਕਾ, ਮੁਕੰਮਲ ਮਿਲੇ ਸ਼ਹਿਨਸ਼ਾਹੀਆ । ਅਗਲਾ ਮਾਰਗ ਦਿਸੇ ਸੌਖਾ, ਅਧਵਿਚਕਾਰ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚੀਊਂਟੀ ਕਹੇ ਮੈਂ ਦੱਸਾਂ ਕਹਾਣੀ ਧੁਰ ਦੀ, ਕੀੜੀ ਕੱਪੜ ਰੂਪ ਬਦਲਾਈਆ । ਕੀ ਸਿਫ਼ਤ ਕਰਾਂ ਪੂਰੇ ਸਤਿਗੁਰ ਦੀ, ਜੋ ਸੁਤਿਆਂ ਲਏ ਉਠਾਈਆ । ਜਿਸ ਦੇ ਨਾਲ ਆਤਮ ਪਰਮਾਤਮ ਹੋ ਕੇ ਜੁੜਦੀ, ਜੋੜੀ ਧੁਰ ਦੀ ਦਏ ਵਖਾਈਆ । ਕੁਛ ਕਥਾ ਕਹਾਣੀ ਹੋਣੀ ਅੱਗੇ ਅਨੰਦਪੁਰ ਦੀ, ਪੁਰ ਅਨੰਦ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਝਾੜੀ ਕਹੇ ਮੈਨੂੰ ਹੋਈ ਹੈਰਾਨੀ, ਅਨੰਦਪੁਰ ਕਹਿ ਕੇ ਕੀ ਸੁਣਾਈਆ । ਕੁਛ ਓਸ ਦੀ ਦੱਸ ਨਿਸ਼ਾਨੀ, ਨਿਸ਼ਾਨਾ ਦੇ ਲਗਾਈਆ । ਓਸ ਨੇ ਕਿਹਾ ਪ੍ਰਭ ਨੇ ਸਿਖਿਆ ਦੇਣੀ ਕਿਸ ਤਰ੍ਹਾਂ ਪ੍ਰਭ ਦੀ ਦਿਤੀ ਜਾਂਦੀ ਕੁਰਬਾਨੀ, ਜਗਤ ਮਾਣ ਨਾ ਕੋਇ ਵਡਿਆਈਆ । ਕਿਸ ਬਿਧ ਮੰਜ਼ਲ ਮਿਲਦੀ ਆਸਾਨੀ, ਅਹਿਸਾਨ ਸਿਰ ਨਾ ਕੋਇ ਰਖਾਈਆ । ਕਿਸ ਬਿਧ ਖਾਈ ਜਾਂਦੀ ਮਹਿਮਾਨੀ, ਚੀਊਂਟੀ ਮਾਛੂਵਾੜੇ ਦਾ ਰਾਹ ਤਕਾਈਆ । ਵੇਖੀਂ ਕਿਤੇ ਇਸ ਵਿਚ ਕਦੇ ਨਾ ਕਰੀਂ ਬੇਈਮਾਨੀ, ਬੇਵਫ਼ਾ ਹੋ ਨਾ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਧੁਰ ਦਾ ਹਰਿ, ਹਿਰਦਾ ਫੋਲੇ ਥਾਉਂ ਥਾਈਂਆ । ਚੀਊਂਟੀ ਕਹੇ ਮੈਨੂੰ ਦਿਸਦਾ ਚੰਮੜੇ ਲਾਹਣ ਵਾਲਾ ਚੁਮਿਆਰ, ਕਲਜੁਗ ਅੰਤਮ ਨਜ਼ਰੀ ਆਈਆ । ਜਿਸ ਦਾ ਪਰਮ ਪੁਰਖ ਹੋਣਾ ਯਾਰ, ਯਾਰਾਨਾ ਧੁਰ ਦਾ ਇਕ ਲਗਾਈਆ । ਲੇਖਾ ਲਿਖੇ ਅਪਰ ਅਪਾਰ, ਅਪਰੰਪਰ ਸਵਾਮੀ ਦਏ ਸਮਝਾਈਆ । ਪੂਰਬ ਜਨਮ ਲਾਹੇ ਉਧਾਰ, ਕਰਜ਼ਾ ਜਾਏ ਚੁਕਾਈਆ । ਜਨ ਭਗਤਾਂ ਕਰ ਬੇਦਾਰ, ਸੁਤਿਆਂ ਲਏ ਉਠਾਈਆ । ਪ੍ਰੀਤੀ ਬਖ਼ਸ਼ ਸਚ ਸੰਸਾਰ, ਸਿਖਿਆ ਇਕ ਦ੍ਰਿੜਾਈਆ । ਗੁਰਮੁਖੋ ਸਾਚਾ ਕਰੋ ਦਰਸ ਦੀਦਾਰ, ਦਰਸ ਵਿਚ ਖ਼ੁਸ਼ੀ ਆਪ ਪਰਗਟਾਈਆ । ਮੰਗਣ ਜਾਏ ਭਗਤਾਂ ਦਵਾਰ, ਘਰ ਘਰ ਫੇਰਾ ਪਾਈਆ । ਗੁਰਮੁਖ ਜੋ ਕੁਛ ਖ਼ੁਸ਼ੀਆਂ ਵਿਚ ਦੇਣ ਖੁਆਲ, ਖਾ ਕੇ ਸ਼ੁਕਰ ਮਨਾਈਆ । ਅੱਗੇ ਲੇਖਾ ਮੁਕਾ ਕੇ ਕਾਲ, ਕਰਮਾਂ ਵਿਚੋਂ ਬਾਹਰ ਕਢਾਈਆ । ਸਚਖੰਡ ਦਵਾਰੇ ਲੈ ਕੇ ਜਾਏ ਸੱਚੀ ਧਰਮਸਾਲ, ਧਰਮ ਦਵਾਰਾ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਵੇਖੇ ਆਣ, ਮੇਲਾ ਕਰ ਭਗਤ ਭਗਵਾਨ, ਦੇਵੇ ਨਾਮ ਪਦਾਰਥ ਦਾਨ, ਦਾਤਾ ਹੋ ਕੇ ਆਪ ਵਰਤਾਈਆ ।

## ✪ ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਦੀਦਾਰ ਸਿੰਘ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ✪

ਕੀੜੀ ਕਿਹਾ ਮੈਂ ਖਾ ਕੇ ਕਹਾਂ ਕਸਮ, ਸੁਗੰਧ ਨਾਲ ਜਣਾਈਆ । ਪੁਰਖ ਅਕਾਲ ਧੁਰ ਦਾ ਮਾਲਕ ਕਲ ਅੰਤਮ ਔਣਾ ਖ਼ਸਮ, ਲੱਖ ਚੁਰਾਸੀ ਜਗਤ ਹੰਢਾਈਆ । ਓਸ ਦਾ ਇਕੋ ਹੋਣਾ ਇਸਮ, ਵਾਹਦ ਇਕ ਸ਼ਰਨਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਕਿਸਮ, ਤਰ੍ਹਾਂ ਤਰ੍ਹਾਂ ਉਪਜਾਈਆ । ਮਾਣ ਵਡਿਆਈ ਦੇ ਕੇ ਖ਼ਾਕੀ ਜਿਸਮ, ਜੁਮਲਾ ਅੱਖਰ ਕਰੇ ਪੜ੍ਹਾਈਆ । ਉਸ ਨੇ ਵਖਰਾ ਚਲੌਣਾ ਆਪਣਾ ਧਰਮ ਮਿਸ਼ਨ, ਆਤਮ ਬ੍ਰਹਮ ਪਾਰਬ੍ਰਹਮ ਦ੍ਰਿੜਾਈਆ । ਜਿਸ ਨੂੰ ਝੁਕਦੇ ਰਾਮਾ ਕ੍ਰਿਸ਼ਨ, ਕਿਸ਼ਨਾ ਸ਼ੁਕਲਾ ਦੋਵੇਂ ਪੱਖ ਸੀਸ ਨਿਵਾਈਆ । ਦਰ ਮੰਗਤੇ ਸ਼ਿਵ ਬ੍ਰਹਮਾ ਵਿਸ਼ਨ, ਝੋਲੀਆਂ ਰਹੇ ਵਖਾਈਆ । ਚਾਰੇ ਜੁਗ ਭਿਖਾਰੀ ਦਿਸਣ, ਪੈਗ਼ੰਬਰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਝਾੜੀ ਕਹੇ ਕੁਛ ਮੈਨੂੰ ਲੱਗਾ ਝਟਕਾ, ਬਿਨਾ ਝਕੋਲੇ ਦਿਤਾ ਹਿਲਾਈਆ । ਮੇਰੇ ਅੰਤਰ ਹੋਇਆ ਖਟਕਾ, ਹੈਰਾਨੀ ਇਕੋ ਆਈਆ । ਖੇਲ ਹੋਣਾ ਉਪਰ ਫ਼ਰਸ਼ਾ, ਅਰਸ਼ ਦੇਣ ਦੁਹਾਈਆ । ਕੁਛ ਗੋਬਿੰਦ ਦਾ ਲਹਿਣਾ ਦਿਸੇ ਉਪਰ ਸਰਸਾ, ਕਲਜੁਗ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਧੁਰ ਹੁਕਮ ਕਹੇ ਪੱਤਰੀ ਸਮਝਿਆ ਨਾ ਰਾਮਜਸ ਪਾਂਧਾ, ਪੜਦਾ ਭੇਵ ਨਾ ਕੋਇ ਖੁਲ੍ਹਾਈਆ । ਜਗਤ ਵਿਚਾਰਾਂ ਰਿਹਾ ਗਾਂਦਾ, ਢੋਲੇ ਸਲੋਕਾਂ ਵਿਚ ਅਲਾਈਆ । ਬਿਨਾ ਮੰਜ਼ਲ ਥੱਕਿਆ ਮਾਂਦਾ, ਬੈਠਾ ਡੇਰਾ ਲਾਈਆ । ਪਰੋਹਤ ਬਣ ਕੇ ਰਿਹਾ ਖਾਂਦਾ, ਘਰ ਘਰ ਖ਼ੁਸ਼ੀ ਮਨਾਈਆ । ਜਜਮਾਨਾਂ ਘਰ ਰਿਹਾ ਜਾਂਦਾ, ਭੱਜਿਆ ਵਾਹੋ ਦਾਹੀਆ । ਗੰਗਾ ਸਾਗਰਾਂ ਵਿਚ ਰਿਹਾ ਨਹਾਂਦਾ, ਜਲਧਾਰਾ ਸੀਸ ਝੁਕਾਈਆ । ਪਤਾ ਲਗਿਆ ਨਾ ਸਚ ਥਾਂ ਦਾ, ਪੜਦਾ ਓਹਲਾ ਨਾ ਕੋਇ ਉਠਾਈਆ । ਗੋਬਰ ਵੇਂਹਦਾ ਰਿਹਾ ਗਊ ਮਾਂ ਦਾ, ਮਮਤਾ ਮੋਹ ਨਾ ਕੋਇ ਚੁਕਾਈਆ । ਜਿੰਨਾਂ ਚਿਰ ਰਸ ਲਿਆ ਨਾ ਪ੍ਰਭੂ ਦੇ ਨਾਂ ਦਾ, ਨੌਕਾ ਨਾਮ ਨਾ ਕੋਇ ਚੜ੍ਹਾਈਆ । ਹੰਸ ਬਦਲਿਆ ਨਾ ਰੂਪ ਕਾਂ ਦਾ, ਮਾਣਕ ਮੋਤੀ ਚੋਗ਼ ਨਾ ਕੋਇ ਚੁਗਾਈਆ । ਜਿਸ ਵੇਲੇ ਦਵਾਰਾ ਵੇਖਿਆ ਬਲ ਰਾਜੇ ਦੇ ਥਾਂ ਦਾ, ਜਿਥੇ ਹੁਕਮ ਬੇਪਰਵਾਹੀਆ । ਇਨਸਾਫ਼ ਹੋਵੇ ਨਿਆਂ ਦਾ, ਨਿਆਂਕਾਰੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਇਕ ਵਖਾਈਆ । ਰਾਮਜਸ ਜਿਸ ਵੇਲੇ ਆਇਆ ਸੀ ਇਸ ਗ੍ਰਿਹਿ, ਅਵਸਥਾ ਤੇਤੀ ਸਾਲ ਜਣਾਈਆ । ਹੁਕਮੇਂ ਅੰਦਰ ਗਿਆ ਬਹਿ, ਕਰੀ ਅਗੰਮ ਪੜ੍ਹਾਈਆ । ਅੰਦਰ ਉਪਜੀ ਇਕ ਲੈ, ਪ੍ਰੇਮ ਲਗਾਨ ਲਗਾਈਆ । ਪੁਰਖ ਅਕਾਲ ਅੰਦਰੋਂ ਕਹੈ, ਹੁਕਮ ਇਕ ਸੁਣਾਈਆ । ਕਲਜੁਗ ਕੂੜੀ ਵਗਣੀ ਨੈਂ, ਵੈਂਹਦੀ ਧਾਰ ਵਹਾਈਆ । ਓਸ ਵੇਲੇ ਪਰਗਟ ਹੋਣਾ ਨਿਰਗੁਣ ਰੂਪ ਮੈਂ, ਮਮਤਾ ਭਗਤਾਂ ਦੇਣੀ ਚੁਕਾਈਆ । ਸਾਰੀ ਸ੍ਰਿਸ਼ਟੀ ਨੇ ਕਰਨਾ ਹੈਂ, ਕੀ ਖੇਲ ਕੀਤਾ ਬੇਪਰਵਾਹੀਆ । ਇਕੋ ਮੇਰੇ ਨਾਮ ਦੀ ਹੋਣੀ ਜੈ, ਜੈ ਜੈਕਾਰ ਇਕ ਸ਼ਨਵਾਈਆ । ਤੂੰ ਵੀ ਔਣਾ ਏਸ ਗ੍ਰਿਹਿ, ਗ੍ਰਿਹਿ ਮੰਦਰ ਦੇਣਾ ਸੁਹਾਈਆ । ਤੇਰਾ ਲਹਿਣਾ ਦੇਣਾ ਪੂਰਬ ਦਏ, ਦੇਵਣਹਾਰ ਵਡੀ ਵਡਿਆਈਆ । ਲੰਘ ਜਾਣ ਦੇ ਜੁਗ ਤ੍ਰੈ, ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਧੁਰ ਫ਼ੁਰਮਾਣਾ ਸੱਚਾ ਕਹੈ, ਸ਼ਬਦੀ ਸ਼ਬਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਮਜਸ ਕਿਹਾ ਮੈਂ ਸੁਣਨਾ ਤੇਰਾ ਪੈਗ਼ਾਮ, ਸ਼ਬਦ ਵਿਚ

ਸ਼ਨਵਾਈਆ । ਕੀ ਮੇਰਾ ਲੇਖਾ ਹੋਣਾ ਨਾਲ ਰਾਮ, ਕ੍ਰਿਸ਼ਨ ਨਾਲ ਵਡਿਆਈਆ । ਕੀ ਪੈਗ਼ੰਬਰਾਂ ਕਰਨਾ ਅਹਿਸਾਨ, ਸਚ ਦਿਆਂ ਦ੍ਰਿੜਾਈਆ । ਕੀ ਗੁਰੂਆਂ ਦੇਣਾ ਦਾਨ, ਝੋਲੀ ਮਾਤ ਭਰਾਈਆ । ਕੀ ਤੀਰਥ ਤੱਟਾਂ ਮਿਲਣਾ ਮਾਣ, ਅਠ ਸਠ ਖੋਜ ਖੁਜਾਈਆ । ਕੀ ਪੜ੍ਹਿਆਂ ਹੋਣਾ ਗਿਆਨ, ਸ਼ਾਸਤਰ ਸਿਮਰਤ ਵੇਦ ਪੁਰਾਨ ਫੋਲ ਫੁਲਾਈਆ । ਕੀ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਵੇਖਣੇ ਨਿਸ਼ਾਨ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਹੁਕਮ ਵਿਚ ਕਿਹਾ ਸ੍ਰੀ ਭਗਵਾਨ, ਇਹ ਮੇਰੀ ਬੇਪਰਵਾਹੀਆ । ਜਿਸ ਵੇਲੇ ਕਲਜੁਗ ਅੰਤ ਪਹੁੰਚਿਆ ਆਣ, ਨਿਰਗੁਣ ਜੋਤ ਕਰਾਂ ਰੁਸ਼ਨਾਈਆ । ਭਗਤ ਸੁਹੇਲੇ ਪਰਗਟਾਵਾਂ ਵਿਚ ਜਹਾਨ, ਜਾਗਰਤ ਜੋਤ ਕਰ ਰੁਸ਼ਨਾਈਆ । ਨਾਮ ਸੰਦੇਸ਼ਾ ਦੇਵਾਂ ਮਹਾਨ, ਸ਼ਬਦੀ ਢੋਲਾ ਇਕ ਸਮਝਾਈਆ । ਸਾਚੀ ਬਸਤੀ ਦੇਵਾਂ ਦਾਨ, ਗ੍ਰਿਹਿਸਤੀ ਵੇਖਾਂ ਚਾਈਂ ਚਾਈਂਆ । ਜੋ ਮੰਜ਼ਲ ਚੜ੍ਹਨ ਆਸਾਨ, ਫੜ ਬਾਹੋਂ ਪਾਰ ਕਰਾਈਆ । ਘਰ ਘਰ ਦਾ ਖਾ ਕੇ ਪਕਵਾਨ, ਪੱਕੇ ਨਾਤੇ ਦੇਵਾਂ ਜੁੜਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਸਦਾ ਜਵਾਨ, ਬੁੜ੍ਹੇਪੇ ਵਾਲਾ ਰੂਪ ਨਾ ਕੋਇ ਵਖਾਈਆ । ਰਾਮਜਸ ਤੇਰਾ ਰੂਪ ਓਸ ਵੇਲੇ ਸਮਝੇ ਨਾ ਕੋਇ ਇਨਸਾਨ, ਇਨਸਾਨੀਅਤ ਤੋਂ ਬਾਹਰ ਦੇ ਵਡਿਆਈਆ । ਚਰਨ ਧੂੜੀ ਦੀ ਖ਼ਾਕ ਤੇਰੀ ਪਹਿਚਾਨ, ਵਸਤ ਚੋਰੀ ਦੀ ਆਪਣੇ ਵਿਚ ਛੁਪਾਈਆ । ਜਿਸ ਦਾ ਸਭ ਨੂੰ ਟਿੱਕਾ ਮਸਤਕ ਵਿਚ ਲਾਇਆ ਆਣ, ਪਿਛਲਾ ਸੰਮਤ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਸਤਿਗੁਰ ਦਇਆ ਕਮਾਈਆ ।



## ✪ ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਹਜ਼ਾਰਾ ਸਿੰਘ ਦੇ ਗ੍ਰਿਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✪

੫੨੭
੧੯

ਸੋਹਣੀ ਸੁਹੰਜਣੀ ਬਣੇ ਬਸਤੀ, ਬਿਸਰਾਮ ਘਰ ਧੁਰ ਦਾ ਰੂਪ ਬਦਲਾਈਆ । ਪੁਰਖ ਅਕਾਲ ਦੀ ਆਵੇ ਅਗੰਮੀ ਹਸਤੀ, ਜਿਸ ਨੂੰ ਹਜ਼ਰਤ ਰਹੇ ਗਾਈਆ । ਲਹਿਣਾ ਦੇਣਾ ਚੁਕਾਵੇ ਦਸਤੀ, ਜਗਤ ਉਧਾਰ ਨਾ ਕੋਇ ਬਣਾਈਆ । ਨਾਮ ਖ਼ੁਮਾਰੀ ਦੇ ਕੇ ਮਸਤੀ, ਮਸਤ ਦੀਵਾਨੇ ਦਏ ਵਖਾਈਆ । ਚਰਨ ਪ੍ਰੀਤੀ ਬਖ਼ਸ਼ ਕੇ ਸਸਤੀ, ਸੁਤਿਆਂ ਲਏ ਉਠਾਈਆ । ਹਰਿਜਨ ਉਧਾਰੇ ਗ੍ਰਿਹਿਸਤੀ, ਗ੍ਰਿਹਿ ਗ੍ਰਿਹਿ ਚਰਨ ਛੁਹਾਈਆ । ਸਭ ਦੀ ਧਾਰ ਜਿਸ ਨੂੰ ਦਿਸਦੀ, ਦਹਿ ਦਿਸ਼ਾਂ ਵੇਖ ਵਖਾਈਆ । ਉਹ ਕਰਨੀ ਵੇਖੇ ਕਿਸ ਕਿਸ ਦੀ, ਕਿਸਮਤ ਵਾਲੇ ਲਏ ਉਠਾਈਆ । ਖੇਲ ਹੋਵੇ ਇਕ ਦੀ, ਏਕੰਕਾਰ ਦਇਆ ਕਮਾਈਆ । ਧਾਰ ਚਲੇ ਪਿਤਾ ਪੁਰਖ ਅਕਾਲ ਪਿਤ ਦੀ, ਪਾਰਬ੍ਰਹਮ ਪ੍ਰਭ ਹੋਏ ਸਹਾਈਆ । ਖੇਲ ਮੁੱਕ ਜਾਏ ਆਵਣ ਜਾਵਣ ਨਿੱਤ ਦੀ, ਚੁਰਾਸੀ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਾਰ ਵੇਖੇ ਧੁਰ ਦੇ ਸਿੱਖ ਦੀ, ਜੋ ਸਿਖਿਆ ਵਿਚ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਨਗਰੀ ਦੇ ਲੰਘ ਜਾਏ ਵਿਚ ਦੀ, ਵਿਚਲੇ ਪੜਦੇ ਦਏ ਉਠਾਈਆ ।

## ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਸੰਤ ਸਿੰਘ ਦੇ ਗ੍ਰਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ

ਨਾਮ ਸੰਦੇਸ਼ਾ ਪਿਛਲਾ ਪਾਤਰ, ਪਤਵੰਤਿਆਂ ਰਿਹਾ ਉਠਾਈਆ । ਸ੍ਰੀ ਭਗਵਾਨ ਸਦ ਆਵੇ ਭਗਤਾਂ ਖਾਤਰ, ਖ਼ਤਮ ਕਰੇ ਅੱਗੇ ਜੁਦਾਈਆ । ਹਰਿਜਨ ਬਣਾਏ ਧੁਰ ਦੇ ਚਾਤਰ, ਚਾਤ੍ਰਿਕ ਵਾਂਗ ਜੋ ਰਹੇ ਬਿਲਲਾਈਆ । ਜਲਵਾ ਦੇ ਕੇ ਬਾਤਨ, ਨੂਰ ਕਰੇ ਰੁਸ਼ਨਾਈਆ । ਜੋ ਦਵਾਰੇ ਆਏ ਪਾਤਣ, ਫੜ ਬਾਹੋਂ ਪਾਰ ਕਰਾਈਆ । ਕਲਜੁਗ ਅੰਤਮ ਇਕ ਸੁਨੇਹੜਾ ਆਇਆ ਆਖਣ, ਧੁਰ ਦਾ ਹੁਕਮ ਜਣਾਈਆ । ਪੁਰਖ ਅਕਾਲ ਮੰਨਣਾ ਮਾਈ ਬਾਪਨ, ਪਿਤਾ ਪੂਤ ਗੋਦ ਲਏ ਬਹਾਈਆ । ਤਨ ਮਾਟੀ ਖ਼ਾਕੀ ਕਰੇ ਪਵਿਤ ਰਹੇ ਨਾ ਭਰੀ ਪਾਪਣ, ਪੁਨੀਤ ਆਪ ਬਣਾਈਆ । ਜਨ ਭਗਤਾਂ ਬਣ ਕੇ ਧੁਰ ਦਾ ਸਾਕਣ, ਸੱਜਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਲਏ ਕਮਾਈਆ । ਕੀੜੀ ਕਹੇ ਮੈਂ ਵੇਖੀ ਇਕ ਬਸਤੀ, ਅਗੰਮੀ ਨਜ਼ਰੀ ਆਈਆ । ਜਿਸ ਦੀ ਕਥਾ ਕਹਾਣੀ ਜੁਗ ਚੌਕੜੀ ਰਹੀ ਦੱਸਦੀ, ਹੁਕਮ ਬੇਪਰਵਾਹੀਆ । ਓਥੇ ਭਗਤਾਂ ਦੀ ਧਾਰਾ ਵੇਖੀ ਵਸਦੀ, ਵਸਣ ਚਾਈਂ ਚਾਈਂਆ । ਧਾਰ ਓਨ੍ਹਾਂ ਅੰਦਰ ਪ੍ਰੇਮ ਰਸ ਦੀ, ਰਸਤੇ ਚਲ ਕੇ ਖ਼ੁਸ਼ੀ ਮਨਾਈਆ । ਆਤਮ ਰਹਿੰਦੀ ਹਸਦੀ, ਖ਼ੁਸ਼ੀਆਂ ਢੋਲੇ ਗਾਈਆ । ਥੋੜੀ ਕਹਾਣੀ ਰਾਮਜਸ ਦੀ, ਜੋ ਸਿਫ਼ਤਾਂ ਵਿਚ ਸਲਾਹੀਆ । ਅੱਗੇ ਗਾਥਾ ਅਗੰਮੀ ਬਾਪ ਦੀ, ਜੋ ਪੁੱਤਰਾਂ ਕਰੇ ਪੜ੍ਹਾਈਆ । ਕੁਛ ਖੇਲ ਹੋਰ ਜਾਪ ਦੀ, ਜਗਜੀਵਣ ਦਾਤਾ ਦਏ ਦ੍ਰਿੜਾਈਆ । ਕਲਜੁਗ ਕਿਰਿਆ ਕੂੜੀ ਸੜਨੀ ਪਾਪ ਦੀ, ਮਾਇਆ ਮਮਤਾ ਅੱਗ ਲਗਾਈਆ । ਜਨ ਭਗਤੋ ਤੁਹਾਡੀ ਸੁਲੱਖਣੀ ਘੜੀ ਸੋਹੰ ਜਾਪ ਦੀ, ਸਵਾਸਾਂ ਵਿਚੋਂ ਭਰਵਾਸਾ ਦਿਤਾ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਵੇਖੇ ਸਾਖਿਆਤ ਦੀ, ਜੋ ਸਤਿ ਸਤਿਵਾਦੀ ਹੋ ਕੇ ਆਪਣੀ ਕਲ ਵਰਤਾਈਆ ।



## ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਮੁਨਸ਼ਾ ਸਿੰਘ ਦੇ ਗ੍ਰਹਿ ਜ਼ਿਲਾ ਗੁਰਦਾਸ ਪੁਰ

ਸਤਿ ਭੂਮਿਕਾ ਸੁਹੌਣਾ ਨਗਰ, ਨਾਗਰਕ ਗੁਰਮੁਖ ਸੋਭਾ ਪਾਈਆ । ਪੁਰਖ ਅਬਿਨਾਸ਼ੀ ਪੂਰੀ ਕਰੇ ਸਧਰ, ਸਦੀਆਂ ਦੇ ਵਿਛੜੇ ਜੋੜ ਜੁੜਾਈਆ । ਕਰਨੀ ਦਾ ਕਰਤਾ ਕਰੇ ਕਦਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਨਮ ਕਰਮ ਦੀ ਰੇਖਾ ਦੇਵੇ ਬਦਲ, ਬਦਲਾ ਚੁਕਾਵੇ ਬੇਪਰਵਾਹੀਆ । ਸਚ ਦਵਾਰੇ ਕਰੇ ਅਦਲ, ਇਨਸਾਫ਼ ਇਕੋ ਇਕ ਜਣਾਈਆ । ਜਨ ਭਗਤੋ ਤੁਹਾਡੀ ਪੂਰੀ ਹੋਈ ਮਜ਼ਲ, ਮੰਜ਼ਲ ਆਪਣੀ ਦਏ ਵਖਾਈਆ । ਨਾਮ ਗੌਣਾ ਧੁਰ ਦੀ ਗਜ਼ਲ, ਗਰਜ਼ ਸਭ ਦੀ ਵੇਖ ਵਖਾਈਆ । ਸਚ ਦਵਾਰੇ ਤੁਹਾਨੂੰ ਜਾਣਾ ਨਾ ਪਏ ਪੈਦਲ, ਸ਼ਬਦੀ ਧਾਰ ਵਿਚ ਪਹੁੰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਨਗਰੀ ਸੋਹਣੀ ਸੁਹੰਜਣਾ ਧਾਮ, ਧਰਮ ਮਿਲੇ ਵਡਿਆਈਆ । ਚਿਰੀ ਵਿਛੁੰਨਿਆਂ ਮਿਲਿਆ ਰਾਮ, ਰਹਿਮਤ ਆਪ ਕਮਾਈਆ । ਸੁਹਾਵਣਾ ਹੋਇਆ ਗਰਾਮ, ਗ੍ਰਹਿ ਗ੍ਰਹਿ ਵੱਜੇ ਵਧਾਈਆ । ਸੰਤ ਸੁਹੇਲੇ ਤਾਰੇ ਤਮਾਮ, ਤਮ੍ਹਾਂ ਵਿਚੋਂ ਬਾਹਰ ਕਢਾਈਆ । ਪ੍ਰਭ ਦਾ ਮਾਰਗ ਨਹੀਂ ਆਮ, ਸੰਤ ਸੁਹੇਲੇ ਜੋੜ ਜੁੜਾਈਆ । ਜਨ ਭਗਤਾਂ ਦੇ ਪੈਗ਼ਾਮ, ਪਰਤ

ਕੇ ਲਏ ਉਠਾਈਆ । ਸਚ ਪ੍ਰੀਤੀ ਬਖ਼ਸ਼ ਕੇ ਆਰਾਮ, ਦਵਾਰਾ ਧੁਰ ਦਾ ਦਏ ਵਖਾਈਆ । ਦੂਜੇ ਦੇ ਰਹਿਣਾ ਨਾ ਪਏ ਗੁਲਾਮ, ਚੁਰਾਸੀ ਫਾਸੀ ਦਏ ਕਟਾਈਆ । ਮਨ ਵਾਸਨਾ ਵਿਚ ਹੋਣਾ ਨਾ ਪਏ ਬਦਨਾਮ, ਬਦੀਆਂ ਤੋਂ ਬਾਹਰ ਰਖਾਈਆ । ਪੁਰਖ ਅਕਾਲ ਕਰੇ ਪਰਨਾਮ, ਅਵਰ ਅਵਰਾ ਸੀਸ ਨਾ ਕੋਇ ਝੁਕਾਈਆ । ਅਗਲੀ ਸੁਣੋ ਦਾਸਤਾਨ, ਪਿਛਲੀ ਕਹਾਣੀ ਨਾ ਕੋਇ ਦ੍ਰਿੜਾਈਆ । ਸਾਹਿਬ ਸਵਾਮੀ ਹੋ ਕੇ ਮਿਹਰਵਾਨ, ਮਹਿਵ ਆਪਣਾ ਹੁਕਮ ਚਲਾਈਆ । ਗੁਰਮੁਖ ਗੁਰਸਿੱਖ ਵੇਖੇ ਆਣ, ਬਿਨ ਅੱਖੀਆਂ ਅੱਖ ਖੁਲ੍ਹਾਈਆ । ਭੰਡਾਰਾ ਦੇ ਕੇ ਧੁਰ ਦਾ ਦਾਨ, ਨਾਮ ਅਨਮੋਲਾ ਝੋਲੀ ਪਾਈਆ । ਕਿਰਪਾ ਕਰ ਪ੍ਰਭੂ ਮਹਾਨ, ਮਹਿੰਮਾ ਆਪਣੀ ਦਏ ਸਮਝਾਈਆ । ਲੱਖ ਚੁਰਾਸੀ ਹੋਏ ਹੈਰਾਨ, ਹੈਰਾਨੀ ਅੰਦਰ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਇਕ ਨਿਸ਼ਾਨ, ਜਿਸ ਨੂੰ ਜਗਤ ਨਿਸ਼ਾਨੇ ਸੀਸ ਨਿਵਾਈਆ ।

## ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਭਾਗ ਸਿੰਘ ਦੇ ਗ੍ਰਿਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ

ਭੂਮਿਕਾ ਕਹੇ ਮੇਰੇ ਉਤੇ ਭਗਤਾਂ ਦੀ ਜਗੀ ਸ਼ਮਾਂ, ਸ਼ਮਸਾਨ ਭੂਮੀ ਦਏ ਪੰਧ ਮੁਕਾਈਆ । ਚਿੰਤਾ ਸੋਗ ਮਿਟਾਇਆ ਗ਼ਮਾਂ, ਹਰਖ਼ ਹਵਸ ਨਾ ਕੋਇ ਵਖਾਈਆ । ਪ੍ਰਭ ਮਿਲਣ ਦੀ ਰੱਖ ਕੇ ਤਮਅ, ਲਾਲਚ ਅਗਲਾ ਰਹੇ ਬਣਾਈਆ । ਝਗੜਾ ਮੁਕਾ ਕੇ ਰਾਏ ਧਰਮ ਜਮਾਂ, ਜਨਮ ਮਰਨ ਦਾ ਗੇੜ ਕਟਾਈਆ । ਪੁਰਖ ਅਕਾਲ ਦਾ ਨਾਮ ਸੁਣ ਕੇ ਨਵਾਂ, ਨਾਅਰਾ ਢੋਲਾ ਇਕੋ ਗਾਈਆ । ਜਿਸ ਦੀ ਉਡੀਕ ਕਰਦਾ ਰਿਹਾ ਲੋਕਮਾਤ ਦਾ ਸਮਾਂ, ਸਮਝ ਤੋਂ ਬਾਹਰ ਧਿਆਨ ਰਖਾਈਆ । ਕੋਈ ਭੇਵ ਨਾ ਜਾਣੇ ਕਾਇਆ ਮਾਟੀ ਚੰਮਾ, ਚੰਮਦ੍ਰਿਸ਼ਟੀ ਨਾ ਕੋਇ ਦ੍ਰਿੜਾਈਆ । ਤਿਸ ਦਾ ਖੇਲ ਹੋਇਆ ਰਵਾਂ, ਰੌਣਕ ਭਗਤਾਂ ਵਿਚ ਰਖਾਈਆ । ਕੀ ਸਿਫ਼ਤ ਓਸ ਦੀ ਕਹਾਂ, ਧਰਨੀ ਖ਼ੁਸ਼ੀਆਂ ਵਿਚ ਨੀਰ ਵਹਾਈਆ । ਕਿਸ ਬਿਧ ਨਾਮ ਅਗੰਮੀ ਲਵਾਂ, ਲਗ ਮਾਤਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਰਿਹਾ ਵਰਤਾਈਆ । ਭੂਮੀ ਕਹੇ ਮੇਰਾ ਮਿਟ ਗਿਆ ਭਰਮ, ਭੁਲੇਖਾ ਰਿਹਾ ਨਾ ਰਾਈਆ । ਲੱਜਿਆ ਰਹੀ ਨਾ ਸ਼ਰਮ, ਪੜਦਾ ਦਿਤਾ ਉਠਾਈਆ । ਕਾਂਡ ਰਿਹਾ ਨਾ ਕਰਮ, ਕੂੜ ਨਾ ਕੋਇ ਚਤੁਰਾਈਆ । ਜਿਸ ਵੇਲੇ ਤੱਕਿਆ ਪਿਤਾ ਪੁਰਖ ਪਰਮ, ਪਰਮੇਸ਼ਵਰ ਬੇਪਰਵਾਹੀਆ । ਝਗੜਾ ਰਿਹਾ ਨਾ ਵਰਨ, ਬਰਨ ਨਾ ਕੋਇ ਲੜਾਈਆ । ਜਨ ਭਗਤ ਢਹਿੰਦੇ ਵੇਖੇ ਸਰਨ, ਓਟ ਇਕ ਰਖਾਈਆ । ਢੋਲਾ ਇਕੋ ਪੜ੍ਹਨ, ਸੋਹੰ ਰਾਗ ਅਲਾਈਆ । ਮੰਜ਼ਲ ਅਗੰਮੀ ਚੜ੍ਹਨ, ਭੱਜਣ ਚਾਈਂ ਚਾਈਂਆ । ਇਕੋ ਦਾ ਪੱਲੂ ਫੜਨ, ਜਿਥੇ ਹੋਵੇ ਨਾ ਕਦੇ ਜੁਦਾਈਆ । ਖੋਲ੍ਹ ਕੇ ਹਰਨ ਫਰਨ, ਨਿਝ ਨੈਣ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਧਰਨੀ ਕਹੇ ਮੇਰੇ ਉਤੇ ਰਿਹਾ ਘੁੰਮ, ਘੁੰਮਣ ਘੇਰੀ ਵਿਚ ਜਗਤ ਲੋਕਾਈਆ । ਜਿਸ ਨੂੰ ਸਮਝੇ ਕੋਈ ਨਾ ਰਿਖ ਮੁਨ, ਮੁਨੀਸ਼ਰ ਅੱਖ ਨਾ ਕੋਇ ਖੁਲ੍ਹਾਈਆ । ਜਿਸ ਨੇ ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਲਏ ਚੁਣ, ਚੌਣਵੇਂ ਗੁਰਮੁਖ ਆਪਣੇ ਨਾਲ ਰਲਾਈਆ । ਇਸ ਦਾ ਕਵਣ ਜਾਣੇ ਗੁਣ, ਸਾਸ਼ਤਰ ਸਿਮਰਤ ਭੇਵ ਨਾ ਆਈਆ । ਮੈਂ ਅਗੰਮੀ ਆਵਾਜ਼ ਲਈ ਸੁਣ, ਜੋ ਗੁਰਮੁਖ ਰਹੇ ਗਾਈਆ । ਧਰਨੀ ਕਿਹਾ ਮੈਂ ਧਰਵਾਸ ਨਾਲ ਥੱਲੇ ਚਰਨ ਲਏ ਚੁੰਮ, ਚਰਨੋਦਕ ਧੂੜ ਆਪਣੇ

ਮੁਖ ਛੁਹਾਈਆ । ਰਸ ਪੀ ਕੇ ਹੋ ਗਈ ਗੁੰਮ, ਸੁਰਤੀ ਸੁਰਤ ਭੁਲਾਈਆ । ਅੰਦਰੋਂ ਆਈ ਧੁਨ, ਸ਼ਬਦੀ ਸ਼ਬਦ ਸ਼ਨਵਾਈਆ । ਪਰਮ ਪੁਰਖ ਦਾ ਲਹਿਣਾ ਵੇਖ ਹੁਣ, ਹਰਿਜਨ ਸਾਚੇ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਦਾ ਸੁਹੇਲਾ ਲੇਖਾ ਜਾਣੇ ਕੁਨ, ਕੁਨਬਾ ਜਨ ਭਗਤ ਵੇਖ ਵਖਾਈਆ ।

✪ ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਬਖ਼ਸ਼ੀਸ਼ ਸਿੰਘ ਦੇ ਗ੍ਰਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ✪

ਧਵਲ ਕਹੇ ਪ੍ਰਭ ਭਗਤਾਂ ਅੰਦਰੋਂ ਮੇਟ ਦੇ ਧੱਬਾ, ਨਾਮ ਅਗੰਮਾ ਰੰਗ ਚੜ੍ਹਾਈਆ । ਤੈਨੂੰ ਸਾਰੇ ਮੰਨਣ ਇਕੋ ਅੱਬਾ, ਮਾਲਕ ਹੋ ਕੇ ਦੇ ਦ੍ਰਿੜਾਈਆ । ਸਚ ਪਿਆਰ ਦਾ ਬਖ਼ਸ਼ ਮਜ਼ਾ, ਮਜਲਸ ਧੁਰ ਦੀ ਇਕ ਜਣਾਈਆ । ਅੰਤ ਦੇਵੇ ਕੋਈ ਨਾ ਸਜ਼ਾ, ਸੱਜਣ ਹੋ ਕੇ ਹੋਣਾ ਸਹਾਈਆ । ਕਲਜੁਗ ਅੰਤ ਨਾ ਦੇਵੀਂ ਦਗ਼ਾ, ਫਰੇਬਾਂ ਵਿਚ ਨਾ ਫੇਰ ਭਵਾਈਆ । ਨਵ ਨੌ ਚਾਰ ਪਿਛੋਂ ਤੈਨੂੰ ਨਿਰਗੁਣ ਧਾਰ ਲੱਭਾ, ਜੋਤੀ ਜੋਤ ਜੋਤ ਰੁਸ਼ਨਾਈਆ । ਜਗਤ ਵਿਕਾਰ ਮਿਟੌਣਾ ਹੱਭਾ, ਹਮਸਾਜਨ ਲੈਣੇ ਬਣਾਈਆ । ਧੁਰ ਧਾਮ ਵਖੌਣੀ ਜਗ੍ਹਾ, ਚਰਨ ਕਵਲ ਸਰਨਾਈਆ । ਜਿਥੇ ਸਤਿ ਨਿਸ਼ਾਨਾ ਗੱਡਾ, ਆਦਿ ਜੁਗਾਦਿ ਸੋਭਾ ਪਾਈਆ । ਤੇਰੇ ਨਾਲੋਂ ਨਹੀਂ ਕੋਈ ਵੱਡਾ, ਜਿਸ ਦੇ ਅੱਗੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇਣਾ ਬਣਾਈਆ । ਧਰਨੀ ਕਹੇ ਪ੍ਰਭੂ ਭਗਤਾਂ ਦੀ ਲੇਖੇ ਲੌਣੀ ਭਗਤੀ, ਵਡਭਾਗੀ ਲੈਣੇ ਬਣਾਈਆ । ਪਿਆਰ ਦੀ ਬਖ਼ਸ਼ਣੀ ਸ਼ਕਤੀ, ਸ਼ੱਕ ਦੇਣਾ ਕਢਾਈਆ । ਬਣ ਕੇ ਧੁਰ ਦਾ ਅਰਸ਼ੀ, ਫ਼ਰਸ਼ ਹੋਣਾ ਸਹਾਈਆ । ਦਰਖ਼ਾਸਤ ਵੇਖਣੀ ਅਰਜ਼ੀ, ਜੁਗ ਚੌਕੜੀ ਫੋਲ ਫੁਲਾਈਆ । ਵਰਤੀਂ ਨਾ ਆਪਣੀ ਮਰਜ਼ੀ, ਮਜ਼ਾਕ ਵਿਚ ਨਾ ਦੇਣਾ ਭੁਲਾਈਆ । ਵੇਖ ਕਲਜੁਗ ਅੰਧੇਰ ਗਰਦੀ, ਗ਼ਦਾਗਰ ਹੋਈ ਸਰਬ ਲੋਕਾਈਆ । ਆਤਮ ਦਾ ਪਰਮਾਤਮ ਬਣ ਕੇ ਹੋਏ ਨਾ ਕੋਇ ਦਰਦੀ, ਦੁਖੀਆਂ ਦੁੱਖ ਨਾ ਕੋਇ ਵੰਡਾਈਆ । ਧਾਰ ਬਦਲ ਦੇ ਜਗ ਦੀ, ਜਗਜੀਵਣ ਦਾਤੇ ਬੇਪਰਵਾਹੀਆ । ਲੇਖੇ ਲਾ ਦੇ ਸੇਵਾ ਕੀਤੀ ਸਭ ਦੀ, ਸਬੱਬ ਨਾਲ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣੀ ਇਕ ਸਰਨਾਈਆ । ਧਰਨੀ ਕਹੇ ਪ੍ਰਭ ਕੋਟ ਜਨਮ ਦੇ ਕਰ ਦੇ ਪਾਪ ਮੁਆਫ਼, ਮੁਫ਼ਤ ਆਪਣੀ ਦਇਆ ਕਮਾਈਆ । ਅੰਦਰੋਂ ਬਾਹਰੋਂ ਕਰ ਦੇ ਸਾਫ਼, ਸੁਥਰੇ ਗੁਰਮੁਖ ਲੈ ਬਣਾਈਆ । ਸਾਚਾ ਕਲਮਾ ਦੱਸ ਆਦਾਬ, ਨਮਸਤੇ ਇਕੋ ਦੇ ਸਿਖਾਈਆ । ਪ੍ਰੇਮ ਪਿਆਰ ਵਜਾ ਰਬਾਬ, ਅਹਿਬਾਬ ਹੋ ਕੇ ਨਾਲ ਰਖਾਈਆ । ਸਚ ਅੰਮ੍ਰਿਤ ਦਾ ਦੇ ਸਵਾਦ, ਰਸਨਾ ਰਸ ਨਾ ਕੋਇ ਵਡਿਆਈਆ । ਲੇਖਾ ਲਿਖ ਅਗੰਮੀ ਕਤਾਬ, ਜਿਸ ਨੂੰ ਕੁਤਬਖਾਨਾ ਨਾ ਕੋਇ ਵਖਾਈਆ । ਅੰਤ ਅਖੀਰੀ ਤੇਰੀ ਮੰਗਦੇ ਇਕ ਇਮਦਾਦ, ਕੂੜਿਆਂ ਅਮਲਾਂ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਰੱਖਣੀ ਲਾਜ, ਲੋਕਮਾਤ ਤੇਰੀ ਓਟ ਤਕਾਈਆ ।

## ✪ ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਹਜ਼ਾਰਾ ਸਿੰਘ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ✪

ਤਰੇਤਾ ਜੁਗ ਕਹੇ ਏਥੇ ਨਗਰੀ ਸੀ ਇਕ ਢੱਠੀ, ਨਿਸ਼ਾਨ ਪਿਛਲਾ ਰਹੀ ਜਣਾਈਆ । ਹਜ਼ਾਰਾ ਸਿੰਘ ਦੀ ਹੁੰਦੀ ਸੀ ਹੱਟੀ, ਵਣਜ ਕਰੇ ਚਾਈਂ ਚਾਈਂਆ । ਹਿਸਾਬ ਲਿਖਦਾ ਸੀ ਲੱਕੜ ਵਾਲੀ ਫੱਟੀ, ਅੱਖਰ ਵਿੰਗੇ ਟੇਢੇ ਪਾਈਆ । ਜਨਮ ਦੀ ਬਾਜ਼ੀ ਪੈਂਦੀ ਵੇਖੀ ਨੱਟੀ, ਹਾਰ ਵਿਚੋਂ ਰੂਪ ਬਦਲਾਈਆ । ਵਾਧਾ ਹੋਵੇ ਨਾ ਕਿਸੇ ਖੱਟੀ, ਅੰਦਰੇ ਅੰਦਰ ਮਾਰੇ ਧਾਹੀਆ । ਇਕ ਦਿਨ ਘਰ ਰਹੀ ਨਾ ਤੇਲ ਬੱਤੀ, ਅੰਧੇਰੇ ਬੈਠਾ ਰਾਹ ਤੱਕੇ ਹੱਕ ਗੋਸਾਈਂਆ । ਮੇਰੀ ਅਕਲ ਨਾ ਚਲੇ ਰੱਤੀ, ਰਤਨ ਪਦਾਰਥ ਘਰ ਦੇ ਗਏ ਮੁਕਾਈਆ । ਮੈਂ ਕਿਹੜਾ ਬਣਿਆ ਸ਼ਾਹ ਲੱਖੀ, ਪ੍ਰਭੂ ਸੁੱਕੇ ਟੁਕੜੇ ਨਾਲ ਪੇਟ ਦੇਣਾ ਭਰਾਈਆ । ਓਧਰੋਂ ਦਰਦ ਪਈ ਸੱਜੀ ਵੱਖੀ, ਰੋ ਰੋ ਰਿਹਾ ਕੁਰਲਾਈਆ । ਉਂਗਲ ਵੱਜ ਕੇ ਚੁਭ ਗਈ ਖੱਬੀ ਅੱਖੀ, ਦੁੱਖ ਦੁੱਖ ਨਾਲ ਬਣਾਈਆ । ਉਤੋਂ ਕੋਠੇ ਦੀ ਕੜੀ ਢੱਠੀ, ਜਿਸ ਕਮਰ ਦਿਤੀ ਹਿਲਾਈਆ । ਉਹਦੀ ਸਵਾਣੀ ਆਈ ਨੱਠੀ, ਕੁੰਤਲਾ ਵਾਹੋ ਦਾਹੀਆ । ਕੀ ਹੋਇਆ ਮੇਰੇ ਪਤੀ, ਪਤਾ ਦੇ ਜਣਾਈਆ । ਓਸ ਕਿਹਾ ਮੈਨੂੰ ਕੋਈ ਗਲ ਨਹੀਂ ਲਗਦੀ ਅੱਛੀ, ਰਸਨ ਕਹਿ ਨਾ ਸਕੇ ਰਾਈਆ । ਓਧਰੋਂ ਖੁਲ੍ਹ ਕੇ ਗਾਂ ਦੀ ਆ ਗਈ ਵੱਛੀ, ਜਿਸ ਮਾਰ ਕੇ ਟੱਕਰ ਮੂੰਹ ਦੇ ਭਾਰ ਦਿਤਾ ਸੁਟਾਈਆ । ਉਹਦੇ ਸੱਟ ਲੱਗੀ ਦੋ ਪੱਟੀਂ, ਪਿਟਿਆ ਵਾਹੋ ਦਾਹੀਆ । ਸਵਾਣੀ ਰੋਵੇ ਮੈਂ ਗਈ ਫੱਟੀ, ਦੁੱਖ ਦਰਦ ਨਾ ਕੋਇ ਕਟਾਈਆ । ਓਧਰੋਂ ਪੈਣ ਲੱਗੀ ਗ਼ਸ਼ੀ, ਹੋਸ਼ ਹਵਾਸ ਰਹੀ ਮਿਟਾਈਆ । ਗਵਾਂਢਣ ਲੈ ਕੇ ਆ ਗਈ ਖੱਟੀ ਲੱਸੀ, ਬਿਰਧ ਅਵਸਥਾ ਬੁੱਢੀ ਮਾਈਆ । ਸਹਿਜੇ ਕਿਹਾ ਏਸ ਨੂੰ ਉਂਗਲਾਂ ਨਾਲ ਚੱਟੀਂ, ਦੁੱਖੜਾ ਰਹੇ ਨਾ ਰਾਈਆ । ਆਪਣੇ ਲੀੜੇ ਦੀ ਪਾੜ ਕੇ ਪੱਟੀ, ਉਤੇ ਰਹੀ ਬੰਧਾਈਆ । ਇਹ ਸਭ ਕੁਛ ਵੇਖੇ ਖੇਲ ਲਖਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਓਧਰੋਂ ਰਾਵੀ ਕੰਢੇ ਬਾਲਮੀਕ ਨੇ ਖੋਲ੍ਹੀ ਅੱਖੀ, ਬਿਨਾ ਅੱਖ ਅੱਖ ਉਠਾਈਆ । ਓਹਨੂੰ ਨਜ਼ਰ ਆਈ ਸੱਚੀ, ਸਤਿ ਸਤਿਵਾਦੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਬਾਲਮੀਕ ਉਠਿਆ ਰਿਸ਼ੀ, ਮਹਾਂਰਿਸ਼ੀ ਲਈ ਅੰਗੜਾਈਆ । ਓਸ ਨੂੰ ਦੁਖੀ ਵਾਲੀ ਦੇਹ ਦਿਸੀ, ਜੋ ਦੁਖ ਵਿਚ ਰਹੀ ਕੁਰਲਾਈਆ । ਓਸ ਨੇ ਗੌਹ ਨਾਲ ਡਿੱਠੀ, ਬਿਨ ਨੈਣਾਂ ਨੈਣ ਪੰਧ ਮੁਕਾਈਆ । ਜਿਸ ਦੇ ਕੋਲ ਆਦਿ ਜੁਗਾਦੀ ਚਿੱਠੀ, ਸੋ ਸੰਦੇਸ਼ੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਬਾਲਮੀਕ ਰਿਖੀ ਇਕ ਲੈ ਅੰਗੜਾ, ਅੰਗਣਾ ਆਪਣਾ ਵੇਖ ਵਖਾਈਆ । ਕਵਣ ਸੰਦੇਸ਼ਾ ਰਿਹਾ ਸੁਣਾ, ਹੁਕਮੀ ਹੁਕਮ ਜਣਾਈਆ । ਓਧਰੋਂ ਆ ਗਿਆ ਬੇਪਰਵਾਹ, ਵੇਸ ਅਵੇਸਾ ਰੂਪ ਬਦਲਾਈਆ । ਹੱਥ ਕਰਮੰਡਲ ਰਿਹਾ ਲਟਕਾ, ਭੂਰੀ ਮੋਢਿਆਂ ਉਤੇ ਸੁਟਾਈਆ । ਕੇਸ ਸਾਰੇ ਰਿਹਾ ਖੁਲ੍ਹਾ, ਹੱਥ ਪੇਟ ਉਤੇ ਟਿਕਾਈਆ । ਖੱਬੇ ਹੱਥ ਨਾਲ ਮੰਗੇ ਦੁਆ, ਪੁੱਠਾ ਰਿਹਾ ਵਖਾਈਆ । ਬਾਲਮੀਕ ਵੇਖਿਆ ਸਹਿਜ ਸੁਭਾ, ਇਹ ਮੇਰਾ ਧੁਰ ਦਾ ਪਿਤਾ ਮਾਈਆ । ਅਬਿਨਾਸ਼ੀ ਕਰਤੇ ਸਹਿਜੇ ਦਿਤਾ ਸੁਣਾ, ਹੁਕਮ ਬੇਪਰਵਾਹੀਆ । ਉਹ ਜਾ ਕੇ ਵੇਖ ਜਿਸ ਨੂੰ ਮਿਲਦੀ ਸਜ਼ਾ, ਹੁਕਮੇਂ ਅੰਦਰ ਫਿਰਾਈਆ । ਉਹ ਮੰਨੇ ਮੇਰੀ ਰਜ਼ਾ, ਹਾਏ ਉਫ਼ ਨਾ ਕੋਇ ਕਢਾਈਆ । ਬਾਲਮੀਕ ਆਇਆ ਭੱਜਾ, ਚਲਿਆ ਵਾਹੋ ਦਾਹੀਆ । ਜਿਸ ਦਾ ਅਖ਼ੀਰੀ ਚਰਨ ਏਥੇ ਆ ਕੇ ਲੱਗਾ, ਜਿਥੇ ਸੋਭਾਵੰਤ ਰਿਹਾ ਸੁਹਾਈਆ । ਖੱਬੇ ਚਰਨ ਵਿਚ ਕੰਡਾ ਚੁਭਾ, ਦਰਦ ਦੁੱਖ ਨਾ ਕੋਇ ਵਖਾਈਆ ।

੫੩੧
੧੯

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਾਲਮੀਕ ਬਿਨ ਕਦਮਾਂ ਆਇਆ ਖੇੜੇ, ਸ਼ਬਦੀ ਪੰਧ ਮੁਕਾਈਆ । ਵੜਿਆ ਓਸ ਦੇ ਵਿਹੜੇ, ਜੋ ਰੋਵੇ ਮਾਰੇ ਧਾਹੀਂਆ । ਹੌਲੀ ਹੌਲੀ ਪਹੁੰਚਿਆ ਨੇੜੇ, ਸਹਿਜੇ ਸਹਿਜ ਹੁਕਮ ਦਿਤਾ ਸੁਣਾਈਆ । ਚੜ੍ਹਾਵਾਂ ਓਸ ਬੇੜੇ, ਜਿਸ ਦਾ ਮਾਲਕ ਇਕ ਅਖਵਾਈਆ । ਏਸ ਨੇ ਕਿਹਾ ਤੇਰੇ ਵਰਗੇ ਸਾਧੂ ਵੇਖੇ ਬਥੇਰੇ, ਜੋ ਲੁੱਟ ਲੁੱਟ ਰਹੇ ਖਾਈਆ । ਝੂਠੇ ਵੇਖੇ ਡੇਰੇ, ਦਗ਼ਿਆ ਵਾਲੀ ਦੁਹਾਈਆ । ਕਿਹੜਾ ਦੁੱਖ ਕੱਟੇ ਮੇਰੇ, ਮਿਹਰ ਨਜ਼ਰ ਨਾਲ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਰਿਹਾ ਵਖਾਈਆ । ਬਾਲਮੀਕ ਕਿਹਾ ਆਹ ਵੇਖ ਮੇਰਾ ਹੱਥ, ਹਥੇਲੀ ਹਥੇਲੀ ਨਾਲ ਲਗਾਈਆ । ਇਧਰ ਤੱਕ ਪੁਰਖ ਸਮਰਥ, ਸਹਿਜੇ ਦਿਆਂ ਜਣਾਈਆ । ਦੋਹਾਂ ਦਾ ਨਾਮ ਜਪ, ਸੋਹੰ ਢੋਲਾ ਗਾਈਆ । ਤੇਰਾ ਕਾਰਜ ਪੂਰਾ ਹੋਵੇ ਸਭ, ਦੁੱਖ ਦਰਦ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਹੱਥ ਨਾਲ ਜੋੜਿਆ ਹੱਥ, ਹਥੇਲੀ ਦਿਤੀ ਮਿਲਾਈਆ । ਅੱਖ ਨਾਲ ਮੇਲ ਕੇ ਅੱਖ, ਅੱਖ ਅੱਖ ਵਿਚ ਸਮਾਈਆ । ਨਾਅਰਾ ਬੋਲ ਕੇ ਹੱਕ ਹੱਕ, ਢੋਲਾ ਹਕੀਕਤ ਵਾਲਾ ਗਾਈਆ । ਬਾਲਮੀਕ ਪ੍ਰੇਮ ਪਿਆਰ ਦਾ ਦੇ ਕੇ ਰਸ, ਰਸਤਾ ਅੰਦਰੋਂ ਦਿਤਾ ਵਖਾਈਆ । ਦੁੱਖ ਦਲਿੱਦਰ ਗਿਆ ਨੱਸ, ਤਨ ਮਾਟੀ ਹੋਈ ਸਫ਼ਾਈਆ । ਚਰਨਾਂ ਉਤੇ ਢੱਠ, ਰੋ ਰੋ ਦਏ ਦੁਹਾਈਆ । ਮੈਨੂੰ ਓਸ ਦੇ ਕਰ ਵਸ, ਜੋ ਵਾਸਤਾ ਤੇਰੇ ਨਾਲ ਰਖਾਈਆ । ਬਾਲਮੀਕ ਕਿਹਾ ਮੈਂ ਦੱਸਾਂ ਤੈਨੂੰ ਸੱਚ, ਸੁਨੇਹੜੇ ਵਿਚ ਦ੍ਰਿੜਾਈਆ । ਹੁਣ ਤੂੰ ਗਿਉਂ ਬਚ, ਖ਼ੁਸ਼ੀਆਂ ਵਿਚ ਕੁਛ ਮੈਨੂੰ ਦੇ ਖਵਾਈਆ । ਮੈਂ ਖਾ ਕੇ ਜਾਣਾ ਨੱਸ, ਰਾਵੀ ਕੰਢੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਇਕ ਵਰਤਾਈਆ । ਓਸ ਕਿਹਾ ਮੇਰਾ ਨਾਮ ਗਣੇਸ਼, ਪੁੱਤਰ ਸ਼ੱਤਰੀ ਨਜ਼ਰੀ ਆਈਆ । ਮੈਂ ਤੈਨੂੰ ਯਾਦ ਕਰਾਂ ਹਮੇਸ਼, ਹਿਰਦੇ ਵਿਚ ਸਮਾਈਆ । ਮੈਨੂੰ ਭੇਵ ਦੱਸ ਦੇ ਏਕ, ਇਕੋ ਦੇ ਦ੍ਰਿੜਾਈਆ । ਜਿਸ ਤੈਨੂੰ ਦਿਤਾ ਭੇਜ, ਮੈਨੂੰ ਲਿਆ ਬਚਾਈਆ । ਬਾਲਮੀਕ ਰਿਖੀ ਕਿਹਾ ਉਹ ਆਦਿ ਜੁਗਾਦਿ ਰਹੇ ਹਮੇਸ਼, ਹਰ ਘਟ ਰਿਹਾ ਸਮਾਈਆ । ਭਗਤਾਂ ਦੀ ਮਾਣੇ ਸੇਜ, ਸਿੰਘਾਸਣ ਡੇਰਾ ਲਾਈਆ । ਗੁਰਮੁਖਾਂ ਦੇ ਆਵੇ ਦੇਸ, ਲੱਖ ਚੁਰਾਸੀ ਕਰ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗਣੇਸ਼ ਕਿਹਾ ਮੈਂ ਤੱਕਾਂ ਸਾਖਿਆਤ, ਮੰਗ ਇਕੋ ਇਕ ਮੰਗਾਈਆ । ਓਹ ਵੇਖ ਮੇਰੀ ਫੱਟੀ ਤੇ ਕਲਮ ਦਵਾਤ, ਜਿਸ ਨਾਲ ਲੇਖਾ ਰਿਹਾ ਬਣਾਈਆ । ਅੰਕੜਿਆਂ ਵਾਲਾ ਹਿਸਾਬ, ਅੱਖਰਾਂ ਵਾਲੀ ਪੜ੍ਹਾਈਆ । ਪਹਿਲਾ ਹਿਸਾ ਤੇ ਪਹਿਲਾ ਬਾਬ, ਦੂਜੀ ਵੰਡ ਨਾ ਕੋਇ ਵਖਾਈਆ । ਦੁੱਖ ਵਿਚੋਂ ਮੇਰਾ ਬਦਲ ਗਿਆ ਮਿਜ਼ਾਜ, ਖ਼ੁਸ਼ੀ ਮੇਰੇ ਅੰਦਰ ਆਈਆ । ਉਜੜੀ ਨਗਰੀ ਹੋਈ ਆਬਾਦ, ਤੂੰ ਚਰਨ ਦਿਤਾ ਟਿਕਾਈਆ । ਬਾਲਮੀਕ ਦਿਤਾ ਜਵਾਬ, ਸਹਿਜ ਦਿਤਾ ਸਮਝਾਈਆ । ਜਿਸ ਮੈਨੂੰ ਦਿਤਾ ਖ਼ਤਾਬ, ਉਹ ਸਭ ਦਾ ਪਿਤਾ ਮਾਈਆ । ਜੁਗ ਚੌਕੜੀ ਚਲਾਏ ਰਵਾਜ, ਭਗਵਨ ਹੋ ਕੇ ਭਗਤਾਂ ਗੋਦ ਉਠਾਈਆ । ਜਿਸ ਦਾ ਲਹਿਣਾ ਦੇਣਾ ਆਦਿ ਜੁਗਾਦਿ, ਵੇਖੇ ਥਾਉਂ ਥਾਈਆ । ਪੜਦਾ ਲਾਹੇ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਬੇਪਰਵਾਹੀਆ । ਸਾਚੀ ਦੇਵੇ ਸਦਾ ਸਦਾ ਇਮਦਾਦ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤ ਤੇਰੀ ਰੱਖੇ ਲਾਜ, ਲਾਜਾਵੰਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗਣੇਸ਼


੫੩੨
੧੯

ਕਿਹਾ ਮੇਰਾ ਦੁਖੜਾ ਹੋਇਆ ਦੂਰ, ਰਿਸ਼ੀ ਤੇਰੀ ਸਰਨਾਈਆ । ਮੈਂ ਤੱਕਿਆ ਹਾਜ਼ਰ ਹਜ਼ੂਰ, ਤੇਰੇ ਮੰਦਰ ਸੋਭਾ ਪਾਈਆ । ਮੇਰੇ ਮੁਆਫ ਕਰ ਕਸੂਰ, ਕਿਸਮਤ ਦੇ ਬਦਲਾਈਆ । ਮੈਂ ਮਿਲਣਾ ਓਸ ਜ਼ਰੂਰ, ਜੋ ਆਦਿ ਜੁਗਾਦਿ ਪਿਤਾ ਮਾਈਆ । ਭੰਡਾਰਾ ਕਰੇ ਭਰਪੂਰ, ਖਾਲੀ ਦਏ ਭਰਾਈਆ । ਸੇਵਕ ਬਣਾਏ ਮਜ਼ਦੂਰ, ਹੁਕਮੀ ਹੁਕਮ ਸੁਣਾਈਆ । ਬਖ਼ਸ਼ੇ ਆਪਣਾ ਨੂਰ, ਅੰਧ ਅੰਧੇਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਬਾਲਮੀਕ ਕਿਹਾ ਮੈਂ ਪੀਣਾ ਠੰਡਾ ਪਾਣੀ, ਪੱਤਣ ਵਾਲਾ ਮੰਗ ਮੰਗਾਈਆ । ਲੈ ਕੇ ਆਈ ਖ਼ੁਸ਼ੀਆਂ ਨਾਲ ਸਵਾਣੀ, ਭੱਜੀ ਚਾਈਂ ਚਾਈਂਆ । ਜਿਸ ਦੀ ਸਤਾਈ ਸਾਲ ਦੀ ਤਰਲ ਜਵਾਨੀ, ਜੋਬਨ ਵਿਚ ਸੁਦਾਈਆ । ਨੈਣ ਅੱਖ ਮਸਤਾਨੀ, ਰੂਪ ਅਨੂਪ ਦਰਸਾਈਆ । ਅੰਤਰ ਹੋਈ ਹੈਰਾਨੀ, ਬੁੱਧੀ ਰਹੀ ਸਮਝਾਈਆ । ਕੁਛ ਰਿਸ਼ੀ ਨੂੰ ਦੇ ਨਿਸ਼ਾਨੀ, ਜੋ ਆਇਆ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਦ੍ਰਿੜਾਈਆ । ਸਵਾਣੀ ਕਹੇ ਕੀ ਦੇਵਾਂ ਸੁਗ਼ਾਤ, ਵਸਤ ਨਜ਼ਰ ਕੋਇ ਨਾ ਆਈਆ । ਆਟੇ ਤੋਂ ਬਿਨਾ ਖਾਲੀ ਦਿਸੇ ਪਰਾਤ, ਭੋਜਨ ਪਕਵਾਨ ਨਾ ਕੋਇ ਬਣਾਈਆ । ਗਣੇਸ਼ ਕਿਹਾ ਓਹ ਪਟੀ ਓਹ ਲੈ ਕਲਮ ਦਵਾਤ, ਰਿਖੀ ਹੱਥ ਦੇਣੀ ਫੜਾਈਆ । ਸਾਡੇ ਕੋਲ ਨਹੀਂ ਕੁਛ ਦਾਤ, ਜੋ ਤੇਰੀ ਭੇਟਾ ਦੇਈਏ ਕਰਾਈਆ । ਭੁੱਖਿਆਂ ਦੇ ਘਰ ਕੱਟ ਕੇ ਜਾਵੀਂ ਰਾਤ, ਦੁਖੀਆਂ ਦਰਦ ਵੰਡਾਈਆ । ਬਾਲਮੀਕ ਕਿਹਾ ਸ਼ਾਬਾਸ਼, ਹੱਥ ਪੁਸ਼ਤ ਪਨਾਹ ਰਖਾਈਆ । ਤੁਹਾਡੀ ਪੂਰੀ ਹੋਵੇ ਆਸ, ਤ੍ਰਿਸ਼ਨਾ ਰਹੇ ਨਾ ਰਾਈਆ । ਮੇਰੇ ਨਾਲ ਜਿਸ ਵੇਲੇ ਆਵੇ ਪੁਰਖ ਅਬਿਨਾਸ਼, ਮੰਜ਼ਲ ਪੈਂਡਾ ਪੰਧ ਮੁਕਾਈਆ । ਤੁਹਾਡੇ ਕੋਲੋਂ ਮੰਗੇ ਉਹ ਸੁਗ਼ਾਤ, ਜੋ ਆਸਾ ਖ਼ਾਹਸ਼ਾਂ ਵਿਚ ਰਖਾਈਆ । ਸਹਿਜੇ ਜਿਹੇ ਲਿਖ ਕੇ ਗਿਆ ਅਗੰਮੀ ਬਾਤ, ਨੁਕਤਾ ਅੱਗੇ ਦਿਤਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਰਿਹਾ ਕਮਾਈਆ । ਬਾਲਮੀਕ ਕਿਹਾ ਮੇਰੀ ਜਾਤ ਕੁਲ ਹੀਣੀ, ਸਚ ਦਿਆਂ ਸਮਝਾਈਆ । ਮੇਰੇ ਪ੍ਰਭੂ ਦੀ ਭੇਟਾ ਚਾੜ੍ਹਨੀ ਉਹ ਸ਼ਰੀਣੀ, ਜਿਹੜੀ ਸ਼ਰਅ ਵਿਚੋਂ ਬਾਹਰ ਰਖਾਈਆ । ਭੁੱਖੇ ਨੇ ਫੜ ਲਈ ਵੀਣੀ, ਘੁੱਟ ਕੇ ਗਲੇ ਲਗਾਈਆ । ਥੋੜੀ ਨਾ ਦੇਵੀਂ ਦੇਵੀਂ ਦੂਣੀ ਤੇ ਤੀਣੀ, ਤਿੰਨਾਂ ਲੋਕਾਂ ਵਿਚੋਂ ਜਿਹੜੀ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੈਣਹਾਰਾ ਪੂਰਬ ਦਾਨ, ਦੇਵਣਹਾਰਾ ਦੇ ਕੇ ਖ਼ੁਸ਼ੀ ਮਨਾਈਆ ।

### ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਬੀਬੀ ਵੀਰੋ ਦੇ ਘਰ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ

ਭੂਮਿਕਾ ਕਹੇ ਮੇਰੀ ਸੁਹੰਜਣੀ ਹੋਈ ਕੁੱਲੀ, ਕਲਮਿਆਂ ਦਾ ਮਾਲਕ ਰਿਹਾ ਸੁਹਾਈਆ । ਜਿਸ ਨੂੰ ਸਤਿਜੁਗ ਤਰੇਤਾ ਯਾਦ ਨਹੀਂ ਭੁੱਲੀ, ਭਰਮ ਰਿਹਾ ਮਿਟਾਈਆ । ਚਰਨ ਧੂੜ ਦੇ ਕੇ ਧੂਲੀ, ਧਰਮ ਰਿਹਾ ਬਣਾਈਆ । ਕਲਜੁਗ ਕੂੜੀ ਕਿਰਿਆ ਬਦਲ ਬੇਅਸੂਲੀ, ਅਸਲ ਆਪਣਾ ਆਪ ਸਮਝਾਈਆ । ਜਨ ਭਗਤਾਂ ਕੋਲੋਂ ਕਰਾਵੇ ਸਚ ਵਸੂਲੀ, ਪਿਛਲਾ ਲੇਖਾ ਝੋਲੀ ਪਾਈਆ । ਮਿਹਰ ਕਰਨੀ ਪ੍ਰਭ ਦੀ ਧਾਰ ਮਾਮੂਲੀ, ਨਾ ਮਾਲੂਮ ਹੋਏ ਸਹਾਈਆ । ਭਰਦਾ ਜਾਏ ਅਗੰਮੀ ਝੋਲੀ, ਝੂਲਾ ਆਪਣਾ ਇਕ ਝੁਲਾਈਆ । ਸੁਣੌਂਦਾ ਜਾਏ ਸਾਚੀ ਬੋਲੀ, ਅਨਬੋਲਤ ਰਾਗ ਅਲਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰੇ ਉਤੇ ਭਗਤਾਂ ਦੀ ਸੋਹੀ ਝੁਗੀ, ਝਗੜਾ ਰਿਹਾ ਨਾ ਰਾਈਆ । ਅੰਤਮ ਔਧ ਪੁੱਗੀ, ਮੁਕਿਆ ਪੈਂਡਾ ਜੁਦਾਈਆ । ਨਿਰਮਲ ਹੋਈ ਬੁੱਧੀ, ਸਮਝ ਦਿਤੀ ਸਮਝਾਈਆ । ਨਾਮ ਜੈਕਾਰਾ ਦੱਸ ਕੇ ਉਚੀ, ਪੜਦਾ ਦਿਤਾ ਖੁਲ੍ਹਾਈਆ । ਹਰਿ ਸੰਗਤ ਬਣਾ ਕੇ ਸੁੱਚੀ, ਸੰਜਮ ਇਕੋ ਦਿਤਾ ਦਰਸਾਈਆ । ਗੁਰਮੁਖੇ ਕਟਣੀ ਨਾ ਕਿਸੇ ਦੀ ਬੁੱਤੀ, ਬੁਤਖਾਨਿਆਂ ਵਿਚੋਂ ਬਾਹਰ ਰਖਾਈਆ । ਤੁਹਾਡੀ ਆਤਮ ਰਹੇ ਨਾ ਸੁੱਤੀ, ਸੁੱਤੀ ਲਵਾਂ ਜਗਾਈਆ । ਸੁਹਾਵਾਂ ਆਪਣੀ ਰੁੱਤੀ, ਰੁਤ ਰੁਤੜੀ ਨਾਲ ਮਹਿਕਾਈਆ । ਘਰ ਘਰ ਬਖ਼ਸ਼ ਕੇ ਜਾਵਾਂ ਖ਼ੁਸ਼ੀ, ਗ਼ਮੀਆਂ ਦਾ ਗ਼ਮ ਨਾ ਕੋਇ ਸਤਾਈਆ । ਆਤਮ ਰਹੇ ਕੋਈ ਨਾ ਰੁੱਸੀ, ਰਸਤਾ ਇਕੋ ਦਿਆਂ ਜਣਾਈਆ । ਜੇ ਲੱਭ ਨਹੀਂ ਸਕੇ ਤੁਸੀਂ, ਸਹਿਜੇ ਲਿਆ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੀ ਵਾਸਨਾ ਕਰ ਕੇ ਉਚੀ, ਉਚ ਮਹੱਲ ਅਟੱਲ ਦਏ ਬਹਾਈਆ ।

### ✪ ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਹਰਨਾਮ ਕੌਰ ਦੇ ਗ੍ਰਿਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ✪

ਧਰਨੀ ਕਹੇ ਮੇਰਾ ਲੇਖਾ ਲੱਗਾ, ਮਾਲਕ ਮਿਲਿਆ ਧੁਰਦਰਗਾਹੀਆ । ਜਿਸ ਜਨ ਭਗਤਾਂ ਵਧੌਣਾ ਅੱਗਾ, ਅਗਲਾ ਹੁਕਮ ਮਨਾਈਆ । ਸਚ ਪ੍ਰੇਮ ਦਾ ਦੇਣਾ ਮਜਾ, ਰਸ ਅਗੰਮ ਚਖਾਈਆ । ਧੁਰ ਸੰਦੇਸ਼ਾ ਦੇਣਾ ਸੱਦਾ, ਸੁਤਿਆਂ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰੀ ਆਸਾ ਹੋਈ ਪੂਰੀ, ਅਰਸ਼ਾਂ ਤੋਂ ਪਰੇ ਖ਼ੁਸ਼ੀ ਮਨਾਈਆ । ਮਿਲਿਆ ਮਾਲਕ ਧੁਰ ਦਾ ਨੂਰੀ, ਜੋ ਸਤਿ ਸਚ ਕਰੇ ਰੁਸ਼ਨਾਈਆ । ਵਾਸਨਾ ਕੱਟੀ ਕੂੜੀ, ਦੁਰਗੰਧ ਦਿਤੀ ਮਿਟਾਈਆ । ਜਨ ਭਗਤਾਂ ਬਖ਼ਸ਼ ਕੇ ਚਰਨ ਧੂੜੀ, ਚਰਨੋਦਕ ਇਕੋ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ ।

### ✪ ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਵਿਰਸਾ ਸਿੰਘ ਦੇ ਗ੍ਰਿਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ✪

ਧਰਨੀ ਕਹੇ ਮੈਂ ਵੇਖਿਆ ਅੰਨਦਾਤਾ, ਦਾਤਾਰ ਹੋ ਕੇ ਵੇਖ ਵਖਾਇੰਦਾ । ਸਰਬ ਜੀਆਂ ਦਾ ਬਣ ਗਿਆਤਾ, ਗੁਰਮੁਖ ਸੱਜਣ ਆਪ ਉਠਾਇੰਦਾ । ਦੇਵੇ ਧੁਰ ਦੀਆਂ ਸਚ ਸੁਗ਼ਾਤਾਂ, ਨਾਮ ਭੰਡਾਰਾ ਝੋਲੀ ਪਾਇੰਦਾ । ਪੂਰੀਆਂ ਕਰੇ ਸਭ ਦੀਆਂ ਆਸਾਂ, ਤ੍ਰਿਸ਼ਨਾ ਜਗਤ ਬੁਝਾਇੰਦਾ । ਲੇਖੇ ਲਾਵੇ ਪਵਣ ਸੁਵਾਸਾ, ਸਾਹ ਸਾਹ ਵਿਚੋਂ ਬਦਲਾਇੰਦਾ । ਗੁਰ ਅਵਤਾਰ ਪੈਗ਼ੰਬਰ ਜਿਸ ਦੀਆਂ ਸ਼ਾਖ਼ਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਰਤਾਇੰਦਾ । ਧਰਨੀ ਕਹੇ ਮੈਂ ਵੇਖੇ ਪਕਦੇ ਪਕਵਾਨ, ਕਚਿਉਂ ਪੱਕੇ ਰਿਹਾ ਬਣਾਈਆ । ਦੇਂਦਾ ਜਾਏ ਮਾਣ, ਅਭਿਮਾਨ ਰਿਹਾ ਕਢਾਈਆ । ਝੁਲਾਉਂਦਾ ਜਾਏ ਨਿਸ਼ਾਨ, ਨਿਸ਼ਾਨੇ ਰਿਹਾ ਵਖਾਈਆ । ਬਣੌਂਦਾ ਜਾਏ ਚਤਰ ਸੁਜਾਨ, ਮੂਰਖ ਮੂੜ੍ਹਾਂ ਦਇਆ ਕਮਾਈਆ । ਚਰਨ ਪ੍ਰੀਤੀ ਬਖ਼ਸ਼ ਇਕ ਧਿਆਨ, ਦੂਜਾ ਰੋਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਦਾ ਲਹਿਣਾ ਕਰ ਪਰਵਾਨ, ਮਿਹਰਵਾਨ ਹੋ ਕੇ ਸਹਿਜੇ ਰਿਹਾ ਵਰਤਾਈਆ ।


੫੩੪ ੧੯

## ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਵਰਖਾ ਸਿੰਘ ਦੇ ਗ੍ਰਿਹ ਬਾਬੂਪੁਰ ਜ਼ਿਲਾ ਗੁਰਦਾਸ ਪੁਰ

ਧਰਤ ਕਹੇ ਮੇਰੇ ਜਾਗੇ ਭਾਗ, ਭਗਵਨ ਹੋਇਆ ਸਹਾਈਆ । ਜਨ ਭਗਤ ਜਗੇ ਚਿਰਾਗ, ਲੋਕਮਾਤ ਰੁਸ਼ਨਾਈਆ । ਸੁਣੀ ਅਗੰਮੀ ਆਵਾਜ਼, ਸ਼ਬਦੀ ਨਾਦ ਵਜਾਈਆ । ਸੰਤ ਸੁਹੇਲੇ ਰਹੇ ਜਾਗ, ਭਰਮੇ ਸੁਤੀ ਸਰਬ ਲੋਕਾਈਆ । ਗ੍ਰਿਹ ਗ੍ਰਿਹ ਲੱਗੀ ਆਗ, ਅਗਨੀ ਤੱਤ ਜਲਾਈਆ । ਬਿਨਾ ਗੁਰਮੁਖਾਂ ਮਿਲੇ ਨਾ ਕੰਤ ਸੁਹਾਗ, ਸੁਹੰਜਣੀ ਸੇਜ ਨਾ ਕੋਇ ਹੰਢਾਈਆ । ਬਿਰਹੋਂ ਮਿਲੇ ਨਾ ਕੋਇ ਵੈਰਾਗ, ਬਿਹਬਲ ਹੋ ਕੇ ਸਾਰੇ ਦੇਣ ਦੁਹਾਈਆ । ਝਗੜਾ ਪਿਆ ਕੂੜ ਸਮਾਜ, ਸਮਗਰੀ ਸਚ ਨਾ ਕੋਇ ਵਰਤਾਈਆ । ਜਿਸ ਨੇ ਰਚਨਾ ਰਚੀ ਆਦਿ, ਸੋ ਖੇਲੇ ਖੇਲ ਧੁਰਦਰਗਾਹੀਆ । ਜਨ ਭਗਤ ਦਵਾਰੇ ਸਾਚੇ ਰਸ ਦਾ ਲੈ ਸਵਾਦ, ਸਵਾਰਥ ਸਭ ਦਾ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਨੀ ਦਾ ਕਰਤਾ ਕਰ ਕੇ ਕਾਜ, ਕਾਰਜ ਆਪਣੇ ਵਿਚ ਰਖਾਈਆ ।

## ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਮੁਨਸਾ ਸਿੰਘ, ਮੇਲਾ ਸਿੰਘ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ

ਪੁਰਖ ਅਕਾਲ ਸਭ ਦਾ ਲਹਿਣਾ ਦੇਵੇ ਹੱਕ ਦਾ, ਠੱਗੀ ਚੋਰੀ ਨਾ ਕੋਇ ਕਮਾਈਆ । ਜੁਗ ਜੁਗ ਜਨ ਭਗਤਾਂ ਪੈਜ ਰਖਦਾ, ਲੋਕਮਾਤ ਹੋਏ ਸਹਾਈਆ । ਮਾਰਗ ਦੱਸੇ ਸਚ ਦਾ, ਸਾਧਨਾ ਇਕ ਦ੍ਰਿੜਾਈਆ । ਲੂੰ ਲੂੰ ਅੰਦਰ ਰਚਦਾ, ਰਚਨਾ ਆਪਣੀ ਦਏ ਪਰਗਟਾਈਆ । ਸੰਦੇਸ਼ਾ ਦੇ ਕੇ ਗੁਰਮਤ ਦਾ, ਮਨਮਤ ਅੰਦਰੋਂ ਬਾਹਰ ਕਢਾਈਆ । ਇਸ਼ਾਰਾ ਦੇ ਕੇ ਅਗੰਮੀ ਅੱਖ ਦਾ, ਬਿਨ ਅੱਖਰਾਂ ਕਰੇ ਪੜ੍ਹਾਈਆ । ਪੜਦਾ ਲਾਹ ਕੇ ਦੂਈ ਦਵੈਤ ਫਟ ਦਾ, ਸਤਿ ਸਚ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਪਿਛਲਾ ਅਗਲਾ ਦਏ ਮੁਕਾਈਆ । ਸ੍ਰੀ ਭਗਵਾਨ ਸਦਾ ਸੁਹੇਲਾ, ਸਰਬ ਵਿਆਪੀ ਇਕ ਅਖਵਾਇੰਦਾ । ਜਨ ਭਗਤਾਂ ਕਰੇ ਜੁਗ ਜੁਗ ਮੇਲਾ, ਵਿਛੜਿਆਂ ਜੋੜ ਜੁੜਾਇੰਦਾ । ਰੰਗ ਰੰਗਾ ਕੇ ਗੁਰੂ ਚੇਲਾ, ਚੇਲਾ ਗੁਰੂ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਿਰ ਆਪਣਾ ਹੱਥ ਰਖਾਇੰਦਾ । ਸਿਰ ਸਿਰ ਹੱਥ ਰੱਖੇ ਕਰਤਾਰ, ਕਰਨੀ ਦਾ ਮਾਲਕ ਦਇਆ ਕਮਾਈਆ । ਗੁਰਮੁਖਾਂ ਬਣ ਰਖਵਾਰ, ਰੱਛਿਆ ਕਰੇ ਚਾਈਂ ਚਾਈਆ । ਜਨਮ ਜਨਮ ਦਾ ਗੇੜ ਨਿਵਾਰ, ਕਰਮ ਕਰਮ ਦਾ ਰੋਗ ਮਿਟਾਈਆ । ਸਾਚੇ ਧਰਮ ਦਾ ਦੇ ਦਵਾਰ, ਦਰਵਾਜ਼ਾ ਇਕੋ ਦਏ ਖੁਲ੍ਹਾਈਆ । ਜਿਥੇ ਵਸੇ ਹਰਿ ਨਿਰੰਕਾਰ, ਸਚ ਦਵਾਰੇ ਸੋਭਾ ਪਾਈਆ । ਪ੍ਰੇਮ ਪਿਆਰ ਦਾ ਹੋਵੇ ਆਹਾਰ, ਭੋਜਨ ਆਪਣਾ ਰਸ ਬਣਾਈਆ । ਸਾਂਤਕ ਸਤਿ ਸਤਿ ਕਰ ਵਿਚ ਸੰਸਾਰ, ਗੁਰਮੁਖਾਂ ਅਗਨੀ ਤਤ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਅਪਾਰ, ਆਪ ਆਪਣੇ ਵਿਚ ਆਪਣੇ ਲਏ ਮਿਲਾਈਆ ।

## ✪ ੨੨ ਚੇਤ ਸ਼ਹਿਨਸ਼ਾਹੀ ਸੰਮਤ ੨ ਬੀਬੀ ਸਵਰਨੀ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ✪

ਜਗਤ ਨਿਆਸਰਿਆਂ ਦੇਵੇ ਸਹਾਰਾ, ਸਹਾਇਕ ਹੋ ਕੇ ਦਇਆ ਕਮਾਈਆ । ਚਰਨ ਪ੍ਰੀਤੀ ਦੇ ਆਧਾਰਾ, ਉਦਮ ਨਾਲ ਲਏ ਉਠਾਈਆ । ਪਾਰ ਕਰਾਏ ਕੂੜ ਕਿਨਾਰਾ, ਸਾਚਾ ਦਰ ਇਕ ਸੁਹਾਈਆ । ਨਾਮ ਨਿਧਾਨ ਜਣਾ ਕੇ ਨਾਅਰਾ, ਨਰ ਨਰਾਇਣ ਲਏ ਉਠਾਈਆ । ਜਨਮ ਕਰਮ ਕਰ ਉਜਿਆਰਾ, ਉਜਰਤ ਪਿਛਲੀ ਝੋਲੀ ਪਾਈਆ । ਧੁਰ ਦਾ ਸ਼ਬਦ ਕਰ ਇਸ਼ਾਰਾ, ਆਸਾ ਮਨਸਾ ਖੋਜ ਖੁਜਾਈਆ । ਵਡਿਆਈ ਦੇ ਧੁਰ ਦਰਬਾਰਾ, ਦਰ ਘਰ ਸਾਚਾ ਇਕ ਸੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਪਾਰ ਉਤਾਰਾ, ਉਤਰ ਪੂਰਬ ਪੱਛਮ ਦੱਖਣ ਚਾਰੇ ਕੁੰਟਾਂ ਹੋਏ ਸਹਾਈਆ ।

## ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਬੀਬੀ ਲਾਜੀ ਦੇ ਗ੍ਰਿਹ ਅਲ੍ਹੜ ਪਿੰਡੀ ਜ਼ਿਲਾ ਗੁਰਦਾਸ ਪੁਰ ✪

ਜਨ ਭਗਤ ਤੇਰਾ ਪਕਵਾਨ ਆਦਿ ਜੁਗਾਦਿ ਰਹੇ ਪੱਕਦਾ, ਸਾਹਿਬ ਸਤਿਗੁਰ ਖਾ ਖਾ ਖ਼ੁਸ਼ੀ ਮਨਾਈਆ । ਪ੍ਰੇਮੀਆਂ ਦੇ ਪਿਆਰ ਵਿਚੋਂ ਰਹੇ ਛਕਦਾ, ਨੇਮੀਆਂ ਦਾ ਨੇਮ ਆਪ ਜਣਾਈਆ । ਲੇਖਾ ਦੇਂਦਾ ਰਹੇ ਧੁਰ ਹੱਕ ਦਾ, ਮਸਤਕ ਆਪੇ ਵੇਖ ਵਖਾਈਆ । ਹੁਕਮ ਚਲਦਾ ਰਹੇ ਸਦਾ ਏਕੰਕਾਰ ਯੱਕ ਦਾ, ਯਥਾਰਥ ਆਪਣਾ ਰੰਗ ਚੜ੍ਹਾਈਆ । ਨਾਤਾ ਬਿਧਾਤਾ ਜੁੜਿਆ ਰਹੇ ਸਚ ਦਾ, ਸਚ ਵੱਜਦੀ ਰਹੇ ਵਧਾਈਆ । ਰਾਹ ਤੱਕਦਾ ਰਹੇ ਕਾਇਆ ਮਾਟੀ ਭਾਂਡਾ ਕੱਚ ਦਾ, ਜਗਤ ਨੇਤਰ ਅੱਖ ਉਠਾਈਆ । ਕਿਰਪਾ ਨਿਧਾਨ ਸਦਾ ਅੰਦਰ ਰਹੇ ਵਸਦਾ, ਨਿਝ ਲੋਚਣ ਕਰੇ ਰੁਸ਼ਨਾਈਆ । ਸਾਚਾ ਮਾਰਗ ਰਹੇ ਦੱਸਦਾ, ਜੁਗ ਜੁਗ ਕਰ ਪੜ੍ਹਾਈਆ । ਭੇਵ ਖਲ੍ਹੌਂਦਾ ਰਹੇ ਘਟ ਘਟ ਦਾ, ਘਾਟੀ ਮੰਜ਼ਲ ਆਪ ਚੜ੍ਹਾਈਆ । ਦਰਵਾਜ਼ਾ ਖੁਲ੍ਹਾ ਰੱਖੇ ਆਪਣੇ ਹੱਟ ਦਾ, ਭੰਡਾਰਾ ਵਰਤੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਹੋਵਣਹਾਰ ਸਹਾਈਆ । ਜਨ ਭਗਤ ਤੇਰਾ ਪੱਕਦਾ ਰਹੇ ਪਕਵਾਨ, ਪਾਰਬ੍ਰਹਮ ਪ੍ਰਭ ਵੇਖ ਵਖਾਈਆ । ਭੋਗ ਲਗੌਂਦਾ ਰਹੇ ਸ੍ਰੀ ਭਗਵਾਨ, ਨਿਰਗੁਣ ਸਰਗੁਣ ਦਇਆ ਕਮਾਈਆ । ਧੁਰ ਦਾ ਦੇਂਦਾ ਰਹੇ ਦਾਨ, ਦਾਤਾ ਹੋ ਕੇ ਆਪ ਵਰਤਾਈਆ । ਆਤਮ ਸੁਰਤੀ ਮਿਲਦਾ ਰਹੇ ਕਾਨ੍ਹ, ਘਨਈਆ ਹੋ ਕੇ ਘਰ ਘਰ ਫੇਰਾ ਪਾਈਆ । ਸਈਆ ਹੋ ਕੇ ਮੁਗਧ ਵੇਖੇ ਚਤਰ ਸੁਜਾਨ, ਮੂਰਖ ਮੂੜ੍ਹੇ ਦਏ ਵਡਿਆਈਆ । ਚਾਰ ਵਰਨ ਅਠਾਰਾਂ ਬਰਨ ਕਰ ਪਰਵਾਨ, ਪਰਮ ਪੁਰਖ ਦੇਵੇ ਇਕ ਸਰਨਾਈਆ । ਦੂਰ ਨੇੜੇ ਸਾਰੇ ਰੱਖੇ ਆਪਣੇ ਵਿਚ ਧਿਆਨ, ਉਹਲਾ ਜਗਤ ਨਾ ਕੋਇ ਬਣਾਈਆ । ਸਭ ਦੀ ਕਰਨ ਜਾਏ ਕਲਿਆਣ, ਕਾਇਨਾਤ ਵਿਚੋਂ ਬਾਹਰ ਕਢਾਈਆ । ਸੁਣੌਂਦਾ ਜਾਏ ਧੁਰ ਫ਼ਰਮਾਨ, ਸ਼ਬਦ ਸੰਦੇਸ਼ਾ ਬੇਪਰਵਾਹੀਆ । ਪ੍ਰੇਮ ਪਿਆਰ ਮੁਹੱਬਤ ਦਾ ਸੱਚਾ ਪੀਣ ਖਾਣ, ਤ੍ਰਿਸ਼ਨਾ ਤ੍ਰਿਖਾ ਰਹੇ ਨਾ ਰਾਈਆ । ਪੂਰਬ ਲੇਖਾ ਲਹਿਣਾ ਚੁਕਣਾ ਲਾਲੋ ਤਰਖਾਣ, ਸਗਲੇ ਸਾਥੀ ਸਰਬ ਤਜਾਈਆ । ਨਾਨਕ ਦਾ ਮਹਿਮਾਨ, ਭਗਤ ਵਛਲ ਬੇਪਰਵਾਹੀਆ । ਸਭ ਦੀ ਇਛਿਆ ਪੂਰੀ ਕਰੇ ਆਣ, ਭਿਛਿਆ ਦੇਵੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਤੇਰਾ ਚਲਦਾ ਰਹੇ ਭੰਡਾਰਾ, ਭੰਡਾਰੀ ਪੁਰਖ ਅਕਾਲ ਅਖਵਾਈਆ । ਜੁਗ ਚੌਕੜੀ

ਵਸਦਾ ਰਹੇ ਦਵਾਰਾ, ਦਰ ਘਰ ਵਜਦੀ ਰਹੇ ਵਧਾਈਆ । ਮਿਲਦਾ ਰਹੇ ਨਾਮ ਅਧਾਰਾ, ਅਗਨੀ ਅੱਗ ਨਾ ਕੋਇ ਜਲਾਈਆ । ਜੁਗ ਚੌਕੜੀ ਹੁੰਦਾ ਰਹੇ ਮੇਲਾ ਕੰਤ ਭਤਾਰਾ, ਆਤਮ ਪਰਮਾਤਮ ਮਿਲ ਕੇ ਸੋਭਾ ਪਾਈਆ । ਖੇਲ ਖੇਲ ਅਗੰਮ ਅਪਾਰਾ, ਅਲੱਖ ਨਿਰੰਜਣ ਆਪਣੀ ਦਇਆ ਕਮਾਈਆ । ਜੁਗ ਚੌਕੜੀ ਜਨਮ ਕਰਮ ਦਾ ਪਹਿਲਾ ਲਾਹੇ ਉਧਾਰਾ, ਪੂਰਬ ਲੇਖਾ ਲੇਖੇ ਵਿਚੋਂ ਵਰਤਾਈਆ । ਸੁਹੰਜਣਾ ਹੋਇਆ ਸੁਭਾਗੀ ਦਿਹਾੜਾ, ਭਾਗ ਆਪਣਾ ਰਿਹਾ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰੇਮ ਪ੍ਰੀਤੀ ਅੰਤਰ ਜਨ ਭਗਤ ਦਵਾਰੇ ਅੰਦਰ ਬਣੇ ਆਪ ਵਰਤਾਰਾ, ਵਰਤਮਾਨ ਵਾਰਤਾ ਆਪਣੇ ਨਾਲ ਮਿਲਾਈਆ ।

✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਬੀਬੀ ਬਿਸ਼ੀ ਦੇ ਗ੍ਰਿਹ ਪਿੰਡ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✪

ਸ੍ਰੀ ਭਗਵਾਨ ਕਹੇ ਉਠ ਵੇਖ ਕਬੀਰ, ਸਵਧਾਨ ਹੋ ਕੇ ਲੈ ਅੰਗੜਾਈਆ । ਕਰੇ ਖੇਲ ਕੀ ਪੁਰਖ ਅਕਾਲ ਪੀਰਾਂ ਦਾ ਪੀਰ, ਧੁਰ ਦਾ ਪੈਗ਼ੰਬਰ ਬੇਪਰਵਾਹੀਆ । ਜਨ ਭਗਤਾਂ ਲੇਖੇ ਲਾਏ ਪਦਾਰਥ ਧੁਰ ਦੀ ਖੀਰ, ਅੰਨ ਅਨੰਦ ਵਿਚ ਰਖਾਈਆ । ਕਿਸੇ ਨੂੰ ਟਿਕੌਣਾ ਨਾ ਪਏ ਕੰਡਿਆਂ ਵਿਚ ਸਰੀਰ, ਭੱਜਣਾ ਪਏ ਨਾ ਵਾਹੋ ਦਾਹੀਆ । ਕਿਸੇ ਨੂੰ ਬਣਨਾ ਨਾ ਪਏ ਹਕੀਰ, ਹੱਟੋ ਹੱਟ ਨਾ ਕੋਈ ਫਿਰਾਈਆ । ਕਲਜੁਗ ਅੰਤ ਝਗੜਾ ਮੁਕਾ ਕੇ ਸ਼ਾਹ ਹਕੀਰ, ਪੀਰ ਫਕੀਰ ਇਕੋ ਰੰਗ ਰੰਗਾਈਆ । ਸਾਚੇ ਮਾਰਗ ਦੀ ਕਰ ਤਾਮੀਰ, ਤਾਮੀਲ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਵਰਤਾਈਆ । ਵੇਖ ਕਬੀਰ ਉਠ ਸਾਧ ਸੰਤ, ਗੁਰਮੁਖ ਸੱਜਣ ਸੋਭਾ ਪਾਈਆ । ਜਿਨ੍ਹਾਂ ਦਾ ਮਾਲਕ ਇਕ ਬੇਅੰਤ, ਬੇਪਰਵਾਹੀ ਵਿਚ ਸਮਾਈਆ । ਭੰਡਾਰਾ ਦੇ ਅਗਣਤ, ਅਤੋਟ ਅਤੁਟ ਵਰਤਾਈਆ । ਸਾਚੀ ਬਣਾ ਕੇ ਬਣਤ, ਧੁਰ ਫੁਰਮਾਣਾ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਵੇਖ ਕਬੀਰ ਸੰਤ ਸੁਹੇਲੇ ਹੋਏ ਇਕੱਠੇ, ਗੁਰਮੁਖ ਮਿਲ ਮਿਲ ਖ਼ੁਸ਼ੀ ਮਨਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਫਿਰਦੇ ਨੱਠੇ, ਖ਼ੁਸ਼ੀਆਂ ਵਿਚ ਭੱਜਣ ਚਾਈਂ ਚਾਈਆ । ਜਿਨ੍ਹਾਂ ਖਾਤਰ ਪੁਰਖ ਅਕਾਲ ਪ੍ਰੇਮ ਪਦਾਰਥ ਪੱਕੇ, ਪਕਵਾਨ ਆਪਣਾ ਰੰਗ ਚੜ੍ਹਾਈਆ । ਤਿਨ੍ਹਾਂ ਦੇ ਅੰਦਰ ਜਾਣੇ ਰਤੇ, ਰੰਗ ਰਤੜੀ ਆਪ ਰੰਗਾਈਆ । ਧੁਰ ਸੰਦੇਸ਼ੇ ਦੇ ਕੇ ਪੱਕੇ, ਭਗਤ ਲਏ ਜਗਾਈਆ । ਨਾਤੇ ਜੋੜ ਕੇ ਭਾਈ ਭੈਣ ਸਕੇ, ਸੱਜਣ ਸੱਜਣਾਂ ਨਾਲ ਮਿਲਾਈਆ । ਜੋ ਇਸ ਭੰਡਾਰੇ ਵਿਚੋਂ ਛਕੇ, ਛਕ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਬੀਰ ਕਹੇ ਪ੍ਰਭੂ ਮੈਂ ਕੁਛ ਅੰਦਰ ਰਿਹਾ ਸੋਚ, ਚਲੇ ਨਾ ਕੋਈ ਚਤੁਰਾਈਆ । ਕਿਹੜੀ ਬਣੀ ਮੌਜ, ਮਜਲਸ ਬੇਪਰਵਾਹੀਆ । ਜਿਸ ਦੀ ਚਾਰ ਜੁਗ ਕੀਤੀ ਖੋਜ, ਨਵ ਨੌ ਧਿਆਨ ਲਗਾਈਆ । ਭੱਜ ਭੱਜ ਵੇਖਿਆ ਲੋਕ ਪਰਲੋਕ, ਸਾਖਿਆਤ ਸਤਿ ਨਾ ਕੋਇ ਵਖਾਈਆ । ਕਲਜੁਗ ਅੰਤ ਭਗਤਾਂ ਦੇ ਕੇ ਓਟ, ਓੜਕ ਆਪਣੇ ਨਾਲ ਮਿਲਾਈਆ । ਤਨ ਨਗਾਰੇ ਲਾ ਕੇ ਚੋਟ, ਚੋਟੀ ਚੜ੍ਹ ਕੇ ਰਿਹਾ ਉਠਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰਾ ਰਿਹਾ ਗਵਾਈਆ । ਸਚ ਭੰਡਾਰਾ ਦੇ ਕੇ ਬਹੁਤ, ਗ੍ਰਿਹ ਗ੍ਰਿਹ ਰਿਹਾ ਵਰਤਾਈਆ । ਗੁਰਮੁਖ ਕੋਈ ਲੋਕਮਾਤ ਨਾ ਜਾਵੇ ਔਤ,

ਨੇਂਦਾ ਖਾ ਕੇ ਨੇਤਾ ਅੱਗੇ ਲਏ ਬਣਾਈਆ । ਜਿਥੇ ਕਿਸੇ ਦੀ ਨਹੀਂ ਕੋਈ ਪਹੁੰਚ, ਪੰਜਾ ਲਾ ਕੇ ਪੰਜਾਂ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਕਬੀਰ ਕਹੇ ਮੈਂ ਘਰ ਘਰ ਪਕਦਾ ਵੇਖਿਆ ਲੰਗਰ, ਗੁਰ ਅਵਤਾਰ ਪੈਗ਼ੰਬਰਾਂ ਦਿਤਾ ਸੁਣਾਈਆ । ਗੌਹ ਨਾਲ ਤੱਕਿਆ ਰਾਮ ਚੰਦਰ, ਤਰੇਤਾ ਦੁਆਪਰ ਕਲਜੁਗ ਅੰਤ ਲੰਘਾਈਆ । ਕੁਛ ਰਮਜ਼ ਮਾਰੀ ਥੋੜੀ ਜਿਹੀ ਹਨਵੰਤ ਬਾਨਰ ਬੰਦਰ, ਸ਼ਬਦੀ ਸ਼ਬਦ ਜਣਾਈਆ । ਹੁਣ ਖਾਣਾ ਮੂਲਕੰਦਨ, ਪੱਤ ਡਾਲੀ ਨਾਲ ਵਡਿਆਈਆ । ਕਲਜੁਗ ਅੰਤ ਸ੍ਰੀ ਭਗਵਾਨ ਜਨ ਭਗਤਾਂ ਤੋੜ ਕੇ ਬੰਧਨ, ਬੰਦਗੀ ਇਕੋ ਇਕ ਸਮਝਾਈਆ । ਭਿਖਾਰੀ ਹੋ ਕੇ ਦਰਵੇਸ਼ ਹੋ ਕੇ ਦਰ ਦਰ ਆਏ ਮੰਗਣ, ਮਾਣਕ ਮੋਤੀ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਰਿਹਾ ਕਰਾਈਆ । ਕਬੀਰ ਕਹੇ ਮੈਂ ਵੇਖੇ ਗੁਰਮੁਖ ਕਾਬਲ, ਕਬੀਲੇ ਆਪਣੇ ਰਹੇ ਤਰਾਈਆ । ਜਿਨ੍ਹਾਂ ਦਾ ਮਾਲਕ ਧੁਰ ਦਾ ਬਾਬਲ, ਪਤਿਪਰਮੇਸ਼ਵਰ ਬੇਪਰਵਾਹੀਆ । ਸੋ ਬਣ ਕੇ ਆਇਆ ਆਦਲ, ਅਦਲ ਇਨਸਾਫ਼ ਇਕ ਦ੍ਰਿੜਾਈਆ । ਸਚ ਦਵਾਰ ਦੱਸ ਕੇ ਪਾਤਨ, ਪਤ੍ਰਿਕਾ ਧੁਰ ਦੀ ਰਿਹਾ ਪੜ੍ਹਾਈਆ । ਭਗਤ ਸੁਹੇਲੇ ਮਿਲ ਕੇ ਸਾਜਣ ਸੱਚੀ ਕਰੇ ਬਾਤਨ, ਢੋਲਾ ਗਾਏ ਬੇਪਰਵਾਹੀਆ । ਤੂੰ ਮੇਰਾ ਮੈਂ ਤੇਰਾ ਮਿਲ ਕੇ ਸਾਰੇ ਆਖਣ, ਦੂਜੀ ਆਵਾਜ਼ ਨਾ ਕੋਈ ਸੁਣਾਈਆ । ਅਬਿਨਾਸ਼ੀ ਕਰਤਾ ਕਲਜੁਗ ਅੰਤ ਕੋਈ ਖਾਣ ਨਹੀਂ ਆਇਆ ਮਾਖਣ, ਮਟਕੀ ਦਹੀਂ ਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਕਬੀਰ ਕਹੇ ਮੈਂ ਜੁਗ ਚੌਕੜੀ ਪ੍ਰਭ ਨੂੰ ਵੇਖਿਆ, ਤ੍ਰਿਸ਼ਨਾ ਸਕੇ ਨਾ ਕੋਇ ਬੁਝਾਈਆ । ਨਿਰਗੁਣ ਸਰਗੁਣ ਧਾਰ ਕਰਦਾ ਰਹੇ (ਵੇਸਿਆ), ... ... ... ... ... ... ... ਮਨੁੱਖ ਮਾਨਵ ਆਪਣੀ ਖੇਲ ਕਰਾਈਆ । ਕਲਜੁਗ ਅੰਤ ਜਨ ਭਗਤਾਂ ਦਿਵੌਣ ਆਇਆ ਸਾਚਾ ਸੁੱਖਾ, ਸੁੱਖ ਸਾਗਰ ਨਾਲ ਲਿਆਈਆ । ਜਨਮ ਮਰਨ ਦਾ ਰਹਿਣ ਨਾ ਦੇਵੇ ਦੁੱਖਾ, ਆਵਣ ਜਾਵਣ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੱਸ ਕੇ ਮਾਰਗ ਉਚਾ, ਉਚ ਅਗੰਮ ਅਥਾਹ ਆਪਣੇ ਵਿਚ ਮਿਲਾਈਆ ।



੫੩੮
੧੯

### ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਬੀਬੀ ਧਿਆਨੋ ਦੇ ਗ੍ਰਹਿ ਪਿੰਡ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✪

ਕਬੀਰ ਕਹੇ ਜਨ ਭਗਤੋ ਸੋਹਣਾ ਮਿਲ ਗਿਆ ਮੌਕਾ, ਵਕਤ ਆਪੇ ਰਿਹਾ ਸੁਹਾਈਆ । ਮੇਰੇ ਵਾਂਗ ਕਿਸੇ ਨੂੰ ਭਰਨਾ ਨਹੀਂ ਪਿਆ ਹੌਕਾ, ਦੁੱਖ ਭੁੱਖ ਨਾ ਕੋਇ ਸਤਾਈਆ । ਮਿਹਰਵਾਨ ਹੋ ਕੇ ਲੈ ਕੇ ਆ ਗਿਆ ਧੁਰ ਦੀ ਨੌਕਾ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਤੁਹਾਡਾ ਸਮਾਂ ਸੁਹਾਵਣਾ ਬਣਾਇਆ ਚਾਉ ਕਾ, ਖ਼ੁਸ਼ੀਆਂ ਰੰਗ ਵਖਾਈਆ । ਝਗੜਾ ਮੁਕਾ ਕੇ ਹਉਮੇ ਹਉਂ ਦਾ, ਹਰਿਜਨ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਰਨ ਇਕ ਦ੍ਰਿੜਾਈਆ । ਕਬੀਰ ਕਹੇ ਕਰਨੀ ਪਈ ਨਹੀਂ ਕੋਈ ਬੰਦਗੀ, ਬੰਧਨ ਦੂਨੀ ਦਿਤੇ ਤੁੜਾਈਆ । ਕੱਟਣੀ ਪਈ ਨਹੀਂ ਕੋਈ ਮੁਸ਼ੰਦਗੀ, ਮੁਸ਼ਕਲ ਆਪੇ ਹਲ ਕਰਾਈਆ । ਕਿਰਪਾ ਨਾਲ ਕੱਢ ਦੇ ਅੰਦਰੋਂ ਗੰਦਗੀ, ਮਨ ਵਾਸਨਾ ਕਰੇ ਸਫ਼ਾਈਆ ।

ਧਾਰ ਬਖ਼ਸ਼ ਕੇ ਆਪਣੇ ਅਨੰਦ ਦੀ, ਅਨੰਦ ਅੰਦਰੋਂ ਇਕ ਪਰਗਟਾਈਆ । ਖੇਲ ਕਰ ਸਾਹਿਬ ਬਖ਼ਸ਼ੰਦ ਦੀ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਇਹ ਵਸਤ ਅਮੋਲਕ ਅੰਨ ਦੀ, ਆਦਿ ਅੰਤ ਕਾਰ ਕਮਾਈਆ । ਤੁਹਾਡੀ ਖ਼ੁਸ਼ੀ ਸਦਾ ਧੰਨ ਧੰਨ ਦੀ, ਧੰਨ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਾਸਨਾ ਮੇਟ ਕੇ ਮਨੂਆ ਮਨ ਦੀ, ਮਮਤਾ ਆਪਣੇ ਵਿਚ ਰਖਾਈਆ ।

✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਅੱਛਰ ਸਿੰਘ ਦੇ ਗ੍ਰਹਿ ਪਿੰਡ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✪

ਜਿਸ ਗ੍ਰਹਿ ਲੱਗੇ ਭੋਗ, ਭਾਗੀਰਥ ਵੇਖ ਖ਼ੁਸ਼ੀ ਮਨਾਈਆ । ਗੁਰਮੁਖਾਂ ਮਿਲੇ ਅਗੰਮੀ ਚੋਗ, ਅੰਮ੍ਰਿਤ ਭੰਡਾਰਾ ਰਸ ਚਖਾਈਆ । ਓਨ੍ਹਾਂ ਦਾ ਪੂਰਾ ਹੋਵੇ ਜੋਗ, ਜੁਗਤੀ ਆਪਣੀ ਨਾਲ ਤਰਾਈਆ । ਸਚ ਦਾ ਹੋਵੇ ਸੰਜੋਗ, ਸਤਿ ਨਾਲ ਕੁੜਮਾਈਆ । ਹਉਮੇ ਮਿਟੇ ਰੋਗ, ਹੰ ਬ੍ਰਹਮ ਦਰਸਾਈਆ । ਸ਼ਬਦੀ ਵੱਜੇ ਚੋਟ, ਸੁਤਿਆਂ ਲਏ ਉਠਾਈਆ । ਨਾਤਾ ਜੋੜ ਕੇ ਨਿਰਮਲ ਜੋਤ, ਜੋਤੀ ਜਾਤਾ ਹੋਏ ਸਹਾਈਆ । ਕੋਟਾਂ ਵਿਚੋਂ ਸੰਤ ਸੁਹੇਲੇ ਗੁਰਮੁਖ ਖੋਜ, ਖ਼ੁਦ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਜਨ ਭਗਤਾਂ ਗ੍ਰਹਿ ਅਗੰਮ ਰਸ, ਰਸਨਾ ਸਕੇ ਨਾ ਕੋਇ ਸਮਝਾਈਆ । ਜਿਸ ਪਰਮ ਪੁਰਖ ਕੀਤਾ ਵਸ, ਵਾਸਤਵਕ ਆਪਣੇ ਨਾਲ ਮਿਲਾਈਆ । ਨਾਤਾ ਜੋੜਿਆ ਸੱਚ, ਸਚ ਵੱਜੇ ਵਧਾਈਆ । ਖ਼ੁਸ਼ੀ ਹੋਏ ਕਾਇਆ ਮਾਟੀ ਕੱਚ, ਕੰਚਨ ਰੂਪ ਹੋ ਕੇ ਸੋਭਾ ਪਾਈਆ । ਅੰਤਰ ਮਿਲੇ ਧੁਰ ਦੀ ਮਤ, ਮੰਤਰ ਨਾਮ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਦੇ ਖ਼ੁਸ਼ੀ ਵਖਾਈਆ । ਜਨ ਭਗਤੋ ਭੋਗ ਲੱਗੇ ਅਗੰਮੀ ਰਸਨਾ, ਰਾਸਤਾ ਇਕੋ ਇਕ ਜਣਾਈਆ । ਸਚ ਦਵਾਰੇ ਸਦਾ ਵਸਣਾ, ਗ੍ਰਹਿ ਮੰਦਰ ਵੱਜੇ ਵਧਾਈਆ । ਧੁਰ ਦੇ ਪਾਂਧੀ ਹੋ ਕੇ ਨੱਸਣਾ, ਭੱਜਣਾ ਵਾਹੋ ਦਾਹੀਆ । ਸੋਹੰ ਢੋਲਾ ਸਾਚਾ ਜਪਣਾ, ਰਸਨਾ ਜਿਹਵਾ ਨਾਲ ਵਡਿਆਈਆ । ਜਿਸ ਗ੍ਰਹਿ ਪਰਮ ਪੁਰਖ ਦਾ ਪਦਾਰਥ ਪੱਕਣਾ, ਤਿਸ ਪਕਵਾਨ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤੋ ਤੁਹਾਡੀ ਖਾਤਰ ਸਭ ਕੁਛ ਛਕਣਾ, ਇਛਿਆ ਆਪਣੀ ਨਾ ਕੋਇ ਬਣਾਈਆ ।


੫੩੯
੧੯

✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਸਰੂਪ ਸਿੰਘ ਦੇ ਗ੍ਰਹਿ ਪਿੰਡ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✪

ਜਨ ਭਗਤ ਤੇਰੀ ਧਾਰ ਉਚੀ, ਧਰਮ ਦਵਾਰ ਮਿਲੇ ਵਡਿਆਈਆ । ਜਨ ਭਗਤ ਤੇਰੀ ਆਤਮ ਸੁਚੀ, ਸਚ ਸੂਚਨਾ ਸੁਣੇ ਚਾਈਂ ਚਾਈਆ । ਜਨ ਭਗਤ ਤੇਰੀ ਡੂੰਘੀ ਰੁਚੀ, ਰਚਨਾ ਵੇਖੇ ਸ਼ਹਿਨਸ਼ਾਹੀਆ । ਜਨ ਭਗਤ ਤੇਰੀ ਆਤਮਾ ਰਹੇ ਨਾ ਸੁੱਤੀ, ਸੋਵਤ ਜਾਗਤ ਰੂਪ ਬਦਲਾਈਆ । ਜਨ ਭਗਤ ਤੇਰੀ ਆਵਣ ਜਾਵਣ ਖੇਲ ਮੁੱਕੀ, ਗੇੜਿਆਂ ਵਿਚੋਂ ਬਾਹਰ ਰਖਾਈਆ । ਜਨ ਭਗਤ ਤੇਰੀ ਆਸਾ ਸਦਾ ਸੁਖੀ, ਸੁਖਸਾਗਰ ਰੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤ ਤੇਰੀ ਵੱਡੀ ਦਲੀਲ, ਦਇਆਵਾਨ ਦਿਤੀ

ਬਣਾਈਆ । ਕਿਸੇ ਦੇ ਅੱਗੇ ਕਰਨੀ ਨਾ ਪਏ ਅਪੀਲ, ਅਪਰੰਪਰ ਸਵਾਮੀ ਹੋਏ ਸਹਾਈਆ । ਮਾਤਲੋਕ ਕਰੇ ਨਾ ਕੋਇ ਜ਼ਲੀਲ, ਜਗਤ ਖ਼ੁਆਰੀ ਵਿਚੋਂ ਬਾਹਰ ਕਢਾਈਆ । ਦਰਗਹਿ ਦਾ ਲੱਭਣਾ ਨਾ ਪਏ ਕੋਇ ਵਕੀਲ, ਬਿਨਾ ਸਫਾਰਸ਼ ਪਾਰ ਲੰਘਾਈਆ । ਸਚ ਦਵਾਰੇ ਕਰ ਕੇ ਤਸਲੀਮ, ਤਕਸੀਮ ਵੰਡ ਵਿਚੋਂ ਬਾਹਰ ਕਢਾਈਆ । ਬੁੱਧੀ ਹੋਣ ਨਾ ਦੇਵ ਮਲੀਨ, ਮਲ ਮੂਤਰ ਵਿਚੋਂ ਕਰੇ ਸਫ਼ਾਈਆ । ਗੁਰਮੁਖ ਹੋਵੇ ਨਾ ਕਦੇ ਬੇਦੀਨ, ਇਸ਼ਟ ਇਕੋ ਇਕ ਜਣਾਈਆ । ਝਗੜਾ ਚੁਕਾ ਕੇ ਨਰ ਮਦੀਨ, ਆਤਮ ਪਰਮਾਤਮ ਮਿਲ ਕੇ ਖ਼ੁਸ਼ੀ ਮਨਾਈਆ । ਅਬਿਨਾਸ਼ੀ ਕਰਤਾ ਸਚ ਭਰੋਸਾ ਦੇ ਕੇ ਯਕੀਨ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਾਰ ਬਦਲ ਕੇ ਨਵੀਂ ਨਵੀਨ, ਨਵਾਂ ਰੰਗ ਦਏ ਰੰਗਾਈਆ ।

## ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਸਾਂਝੀ ਰਾਮ ਦੇ ਗ੍ਰਹਿ ਪਿੰਡ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✪

ਜਨ ਭਗਤਾਂ ਸਦਾ ਰੰਗ ਏਕ, ਵੱਡਾ ਛੋਟਾ ਨਜ਼ਰ ਕੋਇ ਨਾ ਆਇੰਦਾ । ਅਬਿਨਾਸ਼ੀ ਕਰਤਾ ਬੁੱਧੀ ਕਰਨਹਾਰ ਬਿਬੇਕ, ਮਨ ਵਾਸਨਾ ਦੁਰਮਤ ਮੈਲ ਧੁਵਾਇੰਦਾ । ਚਰਨ ਪ੍ਰੀਤੀ ਸਾਚੀ ਰੀਤੀ ਦੱਸੇ ਧੁਰ ਦੀ ਟੇਕ, ਟਿੱਕਾ ਮਸਤਕ ਨਾਮ ਧੂੜੀ ਚਰਨ ਛਾਰ ਇਕ ਛੁਹਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਬਿਨ ਅੱਖਾਂ ਸਭ ਨੂੰ ਲਏ ਪੇਖ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖ ਵਖਾਇੰਦਾ । ਪੂਰਬ ਜਨਮ ਲਹਿਣਾ ਦੇਣਾ ਜਨਮ ਕਰਮ ਲੇਖਾ ਲਿਖਤ ਭਵਿਖਤ ਜਾਣੇ ਰੇਖ, ਰਿਖੀ ਮੁਨੀ ਗੁਰਮੁਖ ਸੰਤ ਸੁਹੇਲੇ ਆਪ ਉਠਾਇੰਦਾ । ਨਾਮ ਸੁਨੇਹੜਾ ਦੇਵਣਹਾਰਾ ਸਚ ਸੰਦੇਸ਼, ਧੁਰ ਫ਼ੁਰਮਾਣਾ ਸ੍ਰੀ ਭਗਵਾਨਾ ਆਪ ਸੁਣਾਇੰਦਾ । ਜਨ ਭਗਤਾਂ ਵੇਖਣਹਾਰਾ ਸੱਚਾ ਸੁੱਚਾ ਦੇਸ, ਜਿਸ ਗ੍ਰਹਿ ਆਤਮ ਨਾਲ ਪਰਮਾਤਮ ਰਹਿ ਕੇ ਸੋਭਾ ਪਾਇੰਦਾ । ਮਾਣ ਵਡਿਆਈ ਦੇਵਣਹਾਰਾ ਵਿਸ਼ੇਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸੱਚਾ ਘਰ, ਸਚ ਦਵਾਰਾ ਏਕੰਕਾਰਾ ਵਿਚ ਸੰਸਾਰਾ, ਚਰਨ ਕਵਲ ਉਪਰ ਧਵਲ ਧਰਮ ਧਾਰ ਇਕ ਜਣਾਇੰਦਾ ।

## ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਹਜ਼ਾਰਾ ਸਿੰਘ ਦੇ ਗ੍ਰਹਿ ਪਿੰਡ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✪

ਜਨ ਭਗਤ ਤੇਰੀ ਆਸਾ ਪੁੰਨੀ, ਪੂਰਨ ਬ੍ਰਹਮ ਦਇਆ ਕਮਾਈਆ । ਸਚ ਪੁਕਾਰ ਦਾਤਾਰ ਪ੍ਰਭ ਸੁਣੀ, ਸਚਖੰਡ ਨਿਵਾਸੀ ਆਪਣੀ ਅੱਖ ਖੁਲ੍ਹਾਈਆ । ਜਿਸ ਨੂੰ ਸਮਝੇ ਕੋਇ ਨਾ ਰਿਖੀ ਮੁਨੀ, ਮਨੀਮ ਜਗਤ ਹਿਸਾਬ ਨਾ ਕੋਇ ਦ੍ਰਿੜਾਈਆ । ਸੋ ਵੱਖਰੀ ਬਿਨ ਅੱਖਰੀ ਉਪਜਾ ਕੇ ਧੁਨੀ, ਅੰਦਰੇ ਅੰਦਰ ਲਏ ਜਗਾਈਆ । ਜਿਸ ਦਾ ਭੇਵ ਜਾਣੇ ਕੋਇ ਨਾ ਗੁਣੀ, ਸ਼ਾਸਤਰ ਸਿਮਰਤ ਵੇਦ ਸਿਫ਼ਤ ਸਾਲਾਹੀਆ । ਸੋ ਗੁਰਮੁਖ ਗੁਰਸਿੱਖ ਰਿਹਾ ਚੁਣੀ, ਚਾਰ ਵਰਨ ਫੋਲ ਫੁਲਾਈਆ । ਜਿਸ ਦੇ ਪ੍ਰੇਮ ਵਿਚ ਕਬੀਰ ਜੁਲਾਹੇ ਤਾਣੀ ਬੁਣੀ, ਭੱਜਿਆ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਹੋਏ ਸਹਾਈਆ । ਜਨ ਭਗਤ ਤੇਰੀ ਮੰਜ਼ਲ ਹੱਕ, ਹੁਕਮ ਮੰਨਿਆਂ ਬੇਪਰਵਾਹੀਆ । ਅੱਗੇ

ਰਹੇ ਕੋਈ ਨਾ ਸ਼ੱਕ, ਸ਼ਕਾਇਤ ਕਰਨ ਕੋਇ ਨਾ ਆਈਆ । ਮਾਲਕ ਮਿਲ ਗਿਆ ਇਕੋ ਸਤਿ, ਸਤਿਵਾਦੀ ਗੁਰਸਿੱਖ ਲਏ ਬਣਾਈਆ । ਧਰਮ ਧਾਰ ਦੀ ਦੇ ਕੇ ਮਤ, ਪ੍ਰੇਮ ਪਿਆਰ ਇਕ ਦ੍ਰਿੜਾਈਆ । ਨਾਤਾ ਜੋੜ ਕੇ ਸਚ, ਕੂੜੀ ਕਿਰਿਆ ਦਏ ਛੁਡਾਈਆ । ਅੰਦਰੋਂ ਬਦਲ ਕੇ ਅੱਖ, ਪਰਤੱਖ ਆਪਣਾ ਆਪ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਚੁਕਾਵੇ ਹੱਥੋ ਹੱਥ, ਅੱਗੇ ਉਧਾਰ ਨਾ ਕੋਇ ਰਖਾਈਆ ।

✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਗੰਡਾ ਸਿੰਘ ਦੇ ਗ੍ਰਿਹ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✪

ਜਨ ਭਗਤ ਤੇਰਾ ਬਣੇ ਆਪ, ਮਾਲਕ ਹੋ ਕੇ ਵੇਖ ਵਖਾਇੰਦਾ । ਸੋਹੰ ਢੋਲਾ ਦੱਸ ਕੇ ਜਾਪ, ਅੰਤਰ ਆਤਮ ਰੰਗ ਰੰਗਾਇੰਦਾ । ਲੇਖੇ ਲਾ ਕੇ ਤਨ ਮਾਟੀ ਖਾਕ, ਖਾਲਸ ਆਪਣਾ ਰੂਪ ਸਮਝਾਇੰਦਾ । ਹੋ ਸਹਾਈ ਅਨਾਥਾਂ ਨਾਥ, ਗਰੀਬ ਨਿਮਾਣੇ ਗਲੇ ਲਗਾਇੰਦਾ । ਏਥੇ ਓਥੇ ਦੋ ਜਹਾਨਾਂ ਦੇਵੇ ਸਗਲਾ ਸਾਥ, ਮੰਝਧਾਰ ਨਾ ਕੋਇ ਡੁਬਾਇੰਦਾ । ਮਿਹਰ ਵਿਚ ਮਹਿਬੂਬ ਸਿਰ ਰੱਖੇ ਹਾਥ, ਸਮਰਥ ਆਪਣਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਕਰ ਕੇ ਆਪਣੇ ਵਸ, ਵਾਸਤਾ ਏਥੇ ਓਥੇ ਆਪਣੇ ਨਾਲ ਰਖਾਇੰਦਾ ।


੫੪੧
੧੯

✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਬੰਤਾ ਸਿੰਘ ਦੇ ਗ੍ਰਿਹ ਪਿੰਡ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✪

ਜਨ ਭਗਤ ਤੇਰਾ ਵਡ ਘਰਾਨਾ, ਘਰਬਾਰ ਇਕੋ ਇਕ ਦਸਾਈਆ । ਉਚ ਅਗੰਮ ਅਥਾਹ ਟਿਕਾਣਾ, ਟਕਿਆਂ ਵਾਲਾ ਕੋਈ ਪਹੁੰਚ ਨਾ ਸਕੇ ਰਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਹੋਵੇ ਗਾਣਾ, ਗਾਵਣ ਵਾਲਾ ਨਜ਼ਰ ਕੋਇ ਨਾ ਆਈਆ । ਦੀਪਕ ਜੋਤ ਜਗੇ ਮਹਾਨਾ, ਬਿਨ ਨੂਰ ਨੂਰ ਰੁਸ਼ਨਾਈਆ । ਸੋਭਾਵੰਤ ਹੋਵੇ ਸਾਚਾ ਕਾਹਨਾ, ਰਾਧਾ ਆਪਣਾ ਖੇਲ ਖਿਲਾਈਆ । ਤਖ਼ਤ ਨਿਵਾਸੀ ਹੋਏ ਸ੍ਰੀ ਭਗਵਾਨਾ, ਸ਼ਾਹੋ ਸ਼ਾਬਾਸ਼ੀ ਸ਼ਹਿਨਸ਼ਾਹੀਆ । ਜੋ ਭਗਤਾਂ ਦੇਵਣ ਆਏ ਫ਼ਰਮਾਣਾ, ਧੁਰ ਦਾ ਹੁਕਮ ਇਕ ਸਮਝਾਈਆ । ਇਸ਼ਟ ਦੇਵ ਇਕ ਮਨਾਨਾ, ਦੂਜੀ ਟੇਕ ਨਾ ਕੋਇ ਬੰਧਾਈਆ । ਦਰਸ ਕਰੋ ਰੂਪ ਨਾਨਾ, ਨਰ ਨਰਾਇਣ ਹੋਏ ਸਹਾਈਆ । ਲੇਖਾ ਚੁੱਕੇ ਆਵਣ ਜਾਣਾ, ਜਾਨਸ਼ੀਂ ਆਪਣੇ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਉਪਰ ਹੋਏ ਆਪ ਮਿਹਰਵਾਨਾ, ਮਿਹਰ ਧੁਰ ਦੀ ਨਾਲ ਤਰਾਈਆ ।

✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਗਿਆਨ ਚੰਦ ਦੇ ਗ੍ਰਿਹ ਪਿੰਡ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✪

ਜਨ ਭਗਤਾਂ ਪ੍ਰਭ ਸਦਾ ਵਿਚੋਲਾ, ਜੁਗ ਵਿਛੜੇ ਮੇਲ ਮਿਲਾਇੰਦਾ । ਨਾਮ ਦੱਸ ਕੇ ਧੁਰ ਦਾ ਸਾਚਾ ਢੋਲਾ, ਢੋਲ ਮਾਹੀ ਹੋ ਕੇ ਦਇਆ ਕਮਾਇੰਦਾ । ਮਾਣ ਵਡਿਆਈ ਦੇ ਕੇ ਉਪਰ ਧਰਨੀ ਧਰਤ ਧੌਲਾ, ਧਰਮ ਧੁਰ ਦਾ ਇਕ ਸਮਝਾਇੰਦਾ । ਲੇਖੇ ਲਾਏ ਮੂਰਖ ਮੁਗਧ ਕਮਲਾ, ਕਮਲਾਪਾਤੀ

ਆਪਣੇ ਰੰਗ ਰੰਗਾਇੰਦਾ । ਬਿਰਥਾ ਜਾਣ ਨਾ ਦੇਵੇ ਮਾਨਸ ਜਨਮਾ, ਕੂੜਿਆਂ ਕਰਮਾਂ ਵਿਚੋਂ ਬਾਹਰ ਕਢਾਇੰਦਾ । ਸੰਸਾ ਰੋਗ ਚੁਕਾਏ ਭਰਮਾ, ਮਾਇਆ ਮਮਤਾ ਮੋਹ ਮਿਟਾਇੰਦਾ । ਝਗੜਾ ਮੁਕਾ ਕੇ ਵਰਨਾ ਬਰਨਾ, ਬ੍ਰਹਮ ਮਤ ਇਕ ਸਮਝਾਇੰਦਾ । ਇਕੋ ਪੁਰਖ ਅਕਾਲ ਦੀ ਸਾਚੀ ਸਰਨਾ, ਜੋ ਸਰਨ ਆਇਆ ਸਰਾਸਰ ਪਾਰ ਲੰਘਾਇੰਦਾ । ਝਗੜਾ ਰਹੇ ਨਾ ਫੇਰ ਮਰਨਾ, ਮਰਨ ਤੋਂ ਪਹਿਲੋਂ ਜਨਮ ਆਪਣੇ ਘਰ ਦਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਢੋਲਾ ਸਭ ਨੇ ਪੜ੍ਹਨਾ, ਪਾਟੇ ਚੀਥੜ ਰੰਗ ਅਗੰਮੀ ਆਪ ਰੰਗਾਇੰਦਾ ।

## ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਬੀਬੀ ਧੰਨੀ ਦੇ ਗ੍ਰਿਹ ਪਿੰਡ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✪

ਜਨ ਭਗਤੋ ਤੁਹਾਡਾ ਬੜਾ ਅਹਿਸਾਨ, ਜ਼ਿਮੀ ਅਸਮਾਨ ਵੇਖ ਖ਼ੁਸ਼ੀ ਮਨਾਈਆ । ਜਿਨ੍ਹਾਂ ਦੇ ਗ੍ਰਿਹ ਗ੍ਰਿਹ ਫਿਰੇ ਸ੍ਰੀ ਭਗਵਾਨ, ਜੋਤੀ ਜਾਤਾ ਭੱਜੇ ਵਾਹੋ ਦਾਹੀਆ । ਤਨ ਵਜੂਦ ਤੋਂ ਬਾਹਰ ਇਨਸਾਨ, ਇਨਸਾਨ ਦਾ ਮਹਿਮਾਨ ਜੁਗ ਜੁਗ ਆਪ ਅਖਵਾਈਆ । ਸਚ ਭਗਤੀ ਦੇ ਕੇ ਆਪਣਾ ਗਿਆਨ, ਪ੍ਰੀਤੀ ਪ੍ਰੇਮ ਵਾਲੀ ਵਖਾਈਆ । ਵਿਛੜਿਆਂ ਵਿਛੜ ਮੇਲੇ ਆਣ, ਵਿਛੋੜਾ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਵੇਖ ਪਦਾਰਥ ਅਮੋਲਕ ਪਕਵਾਨ, ਪੱਕਾ ਹੋ ਕੇ ਖਾ ਕੇ ਖ਼ੁਸ਼ੀ ਮਨਾਈਆ । ... ... ... ... ... ... ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਾਰਦ ਦੀ ਚਲਣ ਨਾ ਦੇਵੇ ਕੋਇ ਚਤਰਾਈਆ ।



੫੪੨
੧੯

## ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਬਾਵਾ ਰਾਮ ਦੇ ਗ੍ਰਿਹ ਪਿੰਡ ਅੱਲੜ ਪਿੰਡੀ ਗੁਰਦਾਸ ਪੁਰ ✪

ਜਨਮ ਕਰਮ ਨਾ ਵਿਆਪੇ ਰੋਗ, ਚੁਰਾਸੀ ਦੁੱਖ ਨਾ ਕੋਇ ਸਤਾਈਆ । ਜਿਨ੍ਹਾਂ ਸੋਹੰ ਆਤਮ ਪਰਮਾਤਮ ਚੁਗ ਲਈ ਚੋਗ, ਚਾਰ ਕੁੰਟ ਤੋਂ ਖਹਿੜਾ ਗਏ ਛੁਡਾਈਆ । ਸਚ ਪ੍ਰੀਤੀ ਸਿਖ ਕੇ ਸਾਚਾ ਜੋਗ, ਜੁਗਤੀ ਧੁਰ ਦੀ ਲਈ ਅਪਨਾਈਆ । ਜਗਤ ਵਿਛੋੜਾ ਰਹੇ ਨਾ ਕੋਇ ਵਿਜੋਗ, ਵਿਅਕਤੀ ਭਗਤੀ ਲੇਖੇ ਪਾਈਆ । ਪੁਰਖ ਅਕਾਲ ਦੀਨ ਦਿਆਲ ਦੇਵੇ ਦਰਸ ਅਮੋਘ, ਅਮੁੱਲ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਜਿਸ ਗ੍ਰਿਹ ਇਕੋ ਨਜ਼ਰੀ ਆਈਆ । ਜਨ ਭਗਤ ਤੇਰੀ ਸਾਚੀ ਮਿਲਖ ਜਾਗੀਰ, ਜਗ੍ਹਾ ਜਗ੍ਹਾ ਨਜ਼ਰੀ ਆਈਆ । ਤੇਰੇ ਹੱਥ ਵੱਡੀ ਤਦਬੀਰ, ਅਬਿਨਾਸ਼ੀ ਕਰਤੇ ਦਿਤੀ ਫੜਾਈਆ । ਸ਼ਰਅ ਦੇ ਕੱਟ ਜ਼ੰਜੀਰ, ਸੋਹੰ ਢੋਲਾ ਗਾਈਆ । ਮੰਜ਼ਲ ਚੜ੍ਹ ਅਖ਼ੀਰ, ਅੱਖ਼ਰਾਂ ਛੱਡ ਪੜ੍ਹਾਈਆ । ਤੱਕ ਬੇਨਜ਼ੀਰ, ਜੋ ਬਿਨਾ ਨਜ਼ਰ ਕਰੇ ਰੁਸ਼ਨਾਈਆ । ਜੋ ਤਾਰਨਹਾਰਾ ਅਮੀਰ ਗਰੀਬ, ਦੁਖੀਆਂ ਦੁੱਖ ਆਪ ਵੰਡਾਈਆ । ਜਿਸ ਦੇ ਪਿਛੇ ਘਰ ਮੰਦਰ ਘਰਾਨੇ ਛੱਡ ਕੇ ਹੋਏ ਫ਼ਕੀਰ, ਸੋ ਫ਼ਿਕਰ ਤੁਹਾਡਾ ਕਰ ਕੇ ਫ਼ਾਕਿਆਂ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜੀ ਮੇਟ ਕੇ ਜਗਤ ਲਕੀਰ, ਲਾਇਕ ਗੁਰਮੁਖ ਲਏ ਬਣਾਈਆ ।

✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਪੂਰਨ ਸਿੰਘ ਦੇ ਗ੍ਰਹਿ ਪਿੰਡ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✪

ਜਨ ਭਗਤਾਂ ਨਾਮ ਪਵਣ ਮਿਲੇ ਠੰਡੀ, ਜਗਤ ਬਵਲਾ ਰਹਿਣ ਕੋਇ ਨਾ ਪਾਈਆ । ਸ਼ਬਦ ਧਾਰ ਦੀ ਮਿਲੇ ਅਗੰਮੀ ਸੁਗੰਧੀ, ਦੁਰਗੰਧੀ ਅੰਦਰੋਂ ਬਾਹਰ ਕਢਾਈਆ । ਦੀਨ ਮਜ਼੍ਹਬ ਨਾ ਰਹੇ ਪਾਬੰਦੀ, ਜਾਤ ਪਾਤ ਨਾ ਕੋਇ ਲੜਾਈਆ । ਆਤਮਾ ਪਰਮਾਤਮਾ ਮਿਲ ਕੇ ਹੋ ਜਾਏ ਚੰਗੀ, ਚਾਰ ਕੁੰਟ ਵੱਜੇ ਵਧਾਈਆ । ਆਵਣ ਜਾਵਣ ਰਾਏ ਧਰਮ ਦੀ ਰਹੇ ਨਾ ਬੰਦੀ, ਚੁਰਾਸੀ ਗੇੜ ਨਾ ਕੋਇ ਭੁਵਾਈਆ । ਪੁਰਖ ਅਕਾਲ ਦੀਨ ਦਿਆਲ ਮਿਲ ਜਾਏ ਧੁਰ ਦਾ ਸੰਗੀ, ਸੰਗਤ ਵਲ ਹੋ ਕੇ ਧੁਰ ਦਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕ ਅਨੰਦੀ, ਅੰਤਰ ਅੰਤਰ ਰਸ ਨਿਝਰ ਨਿਝਰ ਝਿਰਨਾ ਝਰੋਕੇ ਵਿਚੋਂ ਆਪ ਝਿਰਾਈਆ ।

✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਬੀਬੀ ਚੰਨੋਂ ਦੇ ਗ੍ਰਹਿ ਪਿੰਡ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✪

ਜਨ ਭਗਤ ਤੇਰਾ ਸ਼ਬਦ ਗਿਆਨ, ਜਗਤ ਗਿਆਨੀਆਂ ਹੱਥ ਮੂਲ ਨਾ ਆਇੰਦਾ । ਸ਼ਾਸਤਰ ਸਿਮਰਤ ਜਿਸ ਦਾ ਦੇਂਦੇ ਪਰਮਾਣ, ਸੋ ਪਰਵਾਨਾ ਹੁਕਮ ਨਾਮ ਸੁਣਾਇੰਦਾ । ਚਰਨ ਪ੍ਰੀਤੀ ਏਕੰਕਾਰ ਇਕੋ ਵਾਰ ਕਰ ਧਿਆਨ, ਇਕ ਇਕੱਲਾ ਲੇਖਾ ਸਰਬ ਮੁਕਾਇੰਦਾ । ਜੋਧੇ ਸੂਰਬੀਰ ਬਣੇ ਬਲਵਾਨ, ਬਲਧਾਰੀ ਆਪ ਸਮਝਾਇੰਦਾ । ਆਤਮ ਪਰਮਾਤਮ ਮੇਲ ਮਿਲਾਓ ਸ੍ਰੀ ਭਗਵਾਨ, ਸਾਂਝਾ ਯਾਰ ਸਗਲਾ ਇਕ ਅਖਵਾਇੰਦਾ । ਬਿਨ ਸਾਹਿਬ ਸਤਿਗੁਰ ਕਿਸੇ ਦੀ ਹੋਵੇ ਨਾ ਮਾਤ ਕਲਿਆਣ, ਪੁਸਤਕ ਪੜ੍ਹਿਆਂ ਪਾਰ ਨਾ ਕੋਇ ਕਰਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਜੋ ਦਰਸ਼ਨ ਕਰੇ ਆਣ, ਦਾਸੀ ਦਾਸ ਹੋ ਕੇ ਵੇਖ ਵਖਾਇੰਦਾ । ਦਰਗਹਿ ਸਾਚੀ ਸਚ ਦਵਾਰੇ ਦੇਵੇ ਇਕੋ ਮਾਣ, ਮਿਹਰਵਾਨ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸ਼ਮਅ ਜਗਾਏ ਆਣ, ਦੀਪਕ ਆਪਣੇ ਨਾਲ ਡਗਮਗਾਇੰਦਾ ।

✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਵਕੀਲ ਸਿੰਘ ਦੇ ਗ੍ਰਹਿ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✪

ਜਨ ਭਗਤ ਤੇਰਾ ਪਦਾਰਥ ਚੰਗਾ ਨਾਲੋਂ ਭੋਜਨ ਛੱਤੀ, ਗਿਣਤੀ ਦੀ ਲੋੜ ਰਹੇ ਨਾ ਰਾਈਆ । ਇਸ ਦਾ ਰਸ ਸਵਾਦ ਸੋਹਣਾ ਅਵੱਲੜਾ ਨਾਲੋਂ ਦੰਦ ਬੱਤੀ, ਜਿਹਵਾ ਚੱਖ ਨਾ ਕੋਇ ਸਮਝਾਈਆ । ਇਕ ਇਕੱਲਾ ਸਾਹਿਬ ਸਵਾਮੀ ਅੰਤਰਜਾਮੀ ਜਾਣੇ ਕਮਲਾਪਾਤੀ, ਕਾਮਲ ਮੁਰਸ਼ਦ ਜੋ ਖਾ ਕੇ ਖ਼ੁਸ਼ੀ ਮਨਾਈਆ । ਜੁਗ ਚੌਕੜੀ ਨਿਤ ਨਵਿਤ ਜਿਸ ਦੀ ਧਾਰ ਚਲੇ ਸੁੱਚੀ, ਸਚ ਸਾਜਣ ਆਪ ਬਣਾਈਆ । ਇਹ ਕੋਈ ਜਗਤ ਵਿਹਾਰ ਵਾਲੀ ਨਹੀਂ ਪੱਕੀ ਰੋਟੀ, ਪੇਟ ਭਰਨ ਦੀ ਆਸ ਨਾ ਕੋਇ ਰਖਾਈਆ । ਮਿਹਰ ਨਜ਼ਰ ਕਰ ਕੇ ਸਿਰਫ ਗੁਰਮੁਖ ਚਾੜ੍ਹੇ ਚੋਟੀ, ਚੱਟੀਆਂ ਤੋਂ ਲੈਣੇ ਬਚਾਈਆ । ਅੰਤਮ ਮੇਲਾ ਕਰ ਕੇ ਧੁਰ ਦੀ ਜੋਤੀ, ਜੋਤ ਜੋਤ ਵਿਚ ਸਮਾਈਆ । ਘੜੀ ਆਵਣ ਨਾ ਦੇਵੇ ਔਖੀ, ਰਾਏ ਧਰਮ ਨਾ ਕੋਇ ਸਜ਼ਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਪੜ੍ਹ ਲਈ ਅਗੰਮੀ ਪੋਥੀ, ਪੁਸਤਕਾਂ ਤੋਂ ਪਲੂ ਗਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਭੰਡਾਰੇ ਦੀ ਖੋਲ੍ਹ ਕੇ ਕੋਠੀ, ਲੰਗਰ ਭਗਤਾਂ ਦਿਤਾ ਲਗਾਈਆ ।

## ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਬਚਨ ਸਿੰਘ ਪਿੰਡ ਸਿਮਲ ਸਕੋਰ ਜ਼ਿਲਾ ਗੁਰਦਾਸ ਪੁਰ ✪

ਭਗਤ ਆਤਮਾ ਕਹੇ ਖੇਲ ਵੇਖਿਆ ਪੂਰੇ ਸਤਿਗੁਰ ਦਾ, ਜੋ ਤਨ ਵਜੂਦ ਮਾਟੀ ਖ਼ਾਕੀ ਪਹਿਨ ਕੇ ਕੁੜਤਾ, ਕੋਮਲ ਕਮਲ ਕਵਲ ਰੰਗ ਰੰਗਾਈਆ । ਨਿਰਗੁਣ ਧਾਰ ਸਚਖੰਡ ਦੁਵਾਰਿਉਂ ਵਾਪਸ ਆਇਆ ਮੁੜਦਾ, ਅੱਵਲ ਆਪਣਾ ਹੁਕਮ ਮਨਾਈਆ । ਲਹਿਣਾ ਦੇਣਾ ਜੁਗ ਚੌਕੜੀ ਪੂਰਬ ਦੇਖ ਧੁਰ ਦਾ, ਮਸਤਕਾਂ ਵਿਚੋਂ ਮਸਤਕ ਖੋਜ ਖੁਜਾਈਆ । ਲਹਿਣਾ ਪੂਰਾ ਕਰਨਹਾਰਾ ਅਨੰਦ ਪੁਰ ਦਾ, ਦੁਸ਼ਟ ਦਮਨ ਦਮਨ ਆਪਣੇ ਵਿਚ ਕਰਾਈਆ । ਜਿਹੜਾ ਭਵਿਖਤਾਂ ਵਿਚ ਫੁਰਨਾ ਰਿਹਾ ਫੁਰਦਾ, ਪੈਗ਼ੰਬਰਾਂ ਪਹਿਰਾ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਈਆ । ਭਗਤ ਆਤਮਾ ਕਹੇ ਮੈਨੂੰ ਵੇਖ ਪੇਖ ਵੇਖ ਹੋਈ ਹੈਰਾਨੀ, ਹਰਿ ਮੰਦਰ ਕਵਣ ਪ੍ਰਭ ਸੁਹਾਈਆ । ਜਿਸ ਸੰਬਲ ਦੀ ਲੱਭੇ ਨਾ ਕੋਇ ਨਿਸ਼ਾਨੀ, ਨਸ਼ਿਆਂ ਵਿਚ ਸਾਰ ਕਿਸੇ ਨਾ ਆਈਆ । ਧੁਰ ਦੀ ਜੂਹ ਦਿਸੇ ਬੇਗਾਨੀ, ਗ੍ਰਿਹ ਮੰਦਰ ਨਾ ਖੋਜ ਖੁਜਾਈਆ । ਬਿਨ ਹੁਕਮੇ ਹੋਈ ਵੈਰਾਨੀ, ਖਿਜ਼ਾਂ ਆਪਣੀ ਰੁਤ ਬਦਲਾਈਆ । ਕੋਟਾਂ ਵਿਚੋਂ ਜਨ ਭਗਤਾਂ ਉਤੇ ਕਰ ਮਿਹਰਵਾਨੀ, ਨਜ਼ਰ ਮਿਹਰ ਇਕ ਉਠਾਈਆ । ਸ਼ਬਦੀ ਧਾਰ ਦੱਸ ਨਿਸ਼ਾਨੀ, ਜੋਤੀ ਜੋਤ ਕਰ ਰੁਸ਼ਨਾਈਆ । ਮਹਿੰਮਾ ਅਕੱਥ ਕਹਾਣੀ, ਧੁਰ ਦੀ ਆਪ ਪਰਗਟਾਈਆ । ਜਿਸ ਨੂੰ ਸਮਝ ਸਕੇ ਨਾ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਭਗਤ ਆਤਮਾ ਕਹੇ ਮੈਂ ਕੀ ਤੱਕਾਂ, ਤੱਕਣੀ ਸਮਝ ਕੁਛ ਨਾ ਆਈਆ । ਮੇਰੀਆਂ ਬਦਲ ਗਈਆਂ ਅੱਖਾਂ, ਅੱਖੀਆਂ ਪਿਛੇ ਅੱਖ ਖੁਲ੍ਹਾਈਆ । ਕਿਸੇ ਨੂੰ ਕਹਿ ਕੁਛ ਨਾ ਦਸਾਂ, ਪੜਦਾ ਭੇਵ ਨਾ ਕੋਇ ਉਠਾਈਆ । ਇਕੋ ਪੁਰਖ ਅਕਾਲ ਤੱਕਾਂ, ਧੁਰ ਦਾ ਮਾਲਕ ਬੇਪਰਵਾਹੀਆ । ਜਿਸ ਨੇ ਕਲਜੁਗ ਸਭ ਦੇ ਕੋਲੋਂ ਖੋਹਣੀਆਂ ਢੱਕਾਂ, ਢਾਕੇ ਵਿਚ ਪਏ ਦੁਹਾਈਆ । ਸ਼ਬਦ ਅਗੰਮੀ ਵੱਜਣ ਸੱਟਾਂ, ਸਿੱਟਾ ਸਕੇ ਨਾ ਕੋਇ ਕਢਾਈਆ । ਮੰਦਰ ਮਸਜਿਦ ਖੜਕਣ ਇੱਟਾਂ, ਇੱਟ ਇੱਟ ਰਹੀ ਕੁਰਲਾਈਆ । ਬਿਨ ਭਗਤਾਂ ਸਾਚੀ ਮਿਲੇ ਕਿਸੇ ਨਾ ਚਿਟਾ, ਚਿੱਠੀ ਹੱਥ ਨਾ ਕੋਇ ਫੜਾਈਆ । ਕੋਟਾਂ ਵਿਚੋਂ ਸਾਹਿਬ ਸਤਿਗੁਰ ਗੁਰਮੁਖ ਵਿਰਲੇ ਉਠਾਏ ਉਠ ਮੇਰਿਆਂ ਸਿੱਖਾ, ਸਿੱਖੀ ਵਿਚੋਂ ਸਾਖਿਆਤ ਨਜ਼ਰੀ ਆਈਆ । ਜਗ ਨੈਣ ਜਗਤ ਨੇਤਰ ਸ੍ਰਿਸ਼ਟੀ ਅੱਖ ਕਾਇਨਾਤ ਕਿਸੇ ਨਾ ਦਿਸਾ, ਹੈਵਾਨ ਇਨਸਾਨ ਸਾਰੇ ਦਿਤੇ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਗਤ ਆਤਮਾ ਕਹੇ ਮੈਂ ਕਦੇ ਨਾ ਸੌਂਦੀ, ਆਲਸ ਨਿੰਦਰਾ ਮਨ ਦੇ ਨਾਲ ਪਰਨਾਈਆ । ਨਿਰਗੁਣ ਧਾਰ ਹੋ ਕੇ ਰਹਾਂ ਭੌਂਦੀ, ਬ੍ਰਹਿਮੰਡ ਖੰਡ ਵੇਖ ਵਖਾਈਆ । ਸੁਣਦੀ ਰਹਾਂ ਸ਼ਬਦ ਅਗੰਮੀ ਦੀ ਡੌਂਡੀ, ਜੋ ਡੰਕੇ ਨਾਲ ਕਰੇ ਸ਼ਨਵਾਈਆ । ਕਿਸੇ ਹੱਥ ਨਾ ਆਵਾਂ ਲੱਭਿਆਂ ਢੂੰਡੀ, ਅੰਦਰ ਮੰਦਰ ਬਹਿ ਕੇ ਆਪਣਾ ਆਪ ਛੁਪਾਈਆ । ਮੈਂ ਬਿਨ ਰਸਨਾ ਤੋਂ ਹੋਈ ਗੂੰਗੀ, ਜਿਹਵਾ ਨਾਲ ਨਾ ਕੋਇ ਚਤਰਾਈਆ । ਸੈਨਤ ਜਾਣਾਂ ਨਾ ਹਾਂ ਹੂੰ ਦੀ, ਹਉਮੇ ਰੋਗ ਨਾ ਕੋਇ ਸਤਾਈਆ । ਮੇਰੀ ਇਕੋ ਆਵਾਜ਼ ਤੂੰ ਹੀ ਤੂੰ ਦੀ, ਦੂਜਾ ਰਾਗ ਨਾ ਕੋਇ ਅਲਾਈਆ । ਮੈਂ ਬੜਬੋਲੀ ਨਹੀਂ ਕਿਸੇ ਮੂੰਹ ਦੀ, ਲਬ ਹੋਂਟ ਨਾ ਕੋਇ ਹਿਲਾਈਆ । ਮੈਂ ਡੱਡੀ ਨਹੀਂ ਕਿਸੇ ਖੂਹ ਦੀ, ਮੈਂਡਕ ਵਾਂਗ ਬੰਦ ਨਾ ਕੋਇ ਕਰਾਈਆ । ਮੈਂ ਵਸਨੀਕ ਨਹੀਂ ਕਿਸੇ ਜੂਹ ਦੀ, ਜੰਗਲਾਂ ਵਿਚ ਭੁਵਾਈਆ । ਮੈਂ ਬਣੀ ਨਹੀਂ ਕਿਸੇ ਬਦਬੂ ਦੀ, ਗੰਦਗੀ ਵਿਚ ਸਮਾਈਆ । ਮੇਰੀ ਧਾਰ

ਪੁਰਖ ਅਕਾਲ ਹੂ ਬਹੂ ਦੀ, ਰੂਹ ਬੁੱਤ ਨਾਲ ਮਿਲ ਕੇ ਕਰੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਭਗਤ ਆਤਮਾ ਕਹੇ ਮੈਂ ਤੱਕਦੀ ਕੀ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਿਸ ਦਾ ਰੂਪ ਬਣੀ ਪੁੱਤਰ ਧੀ, ਪਿਤਾ ਪੁਰਖ ਅਕਾਲ ਮਨਾਈਆ । ਜੋ ਦਰ ਆਇਆ ਘਰ ਕਹੇ ਸਭ ਨੂੰ ਜੀ, ਜੀਵਣ ਜੁਗਤ ਇਕ ਜਣਾਈਆ । ਹਿੱਸੇ ਦੇ ਕੇ ਸਾਢੇ ਤਿੰਨ ਹੱਥ ਸੀਂ, ਕਾਇਆ ਮਾਟੀ ਦਿਤਾ ਟਿਕਾਈਆ । ਮੈਂ ਤੱਕਦੀ ਰਹੀ ਗੋਬਿੰਦ ਦੀ ਇਕੀ ਵੀਹ, ਬੀਸ ਇਕੀਸਾ ਅੱਖ ਖੁਲ੍ਹਾਈਆ । ਜਿਸ ਦੇ ਪਿਛੋਂ ਧਾਰ ਬਦਲਣੀ ਲੀਹ, ਮਾਰਗ ਮਾਰਗ ਵਿਚੋਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਦ੍ਰਿੜਾਈਆ । ਭਗਤ ਆਤਮਾ ਕਹੇ ਮੈਂ ਤੱਕਿਆ ਇਕ ਹਜ਼ੂਰ, ਹਜ਼ੂਰੀ ਵਿਚ ਬਹਿ ਕੇ ਸੀਸ ਨਿਵਾਈਆ । ਜੋ ਸਰਬ ਬੇਨੰਤੀ ਕਰੇ ਮਨਜ਼ੂਰ, ਮਜ਼ਦੂਰੀ ਸਭ ਦੀ ਝੋਲੀ ਪਾਈਆ । ਕਰਮ ਕਾਂਡ ਦਾ ਕੱਟ ਕਸੂਰ, ਕੂੜੀ ਕਿਰਿਆ ਬਾਹਰ ਕਢਾਈਆ । ਸਚ ਪ੍ਰੇਮ ਦਾ ਦੇ ਕੇ ਨੂਰ, ਉਜਿਆਲਾ ਕਰੇ ਰੁਸ਼ਨਾਈਆ । ਨਾਮ ਭੰਡਾਰਾ ਭਰ ਭਰਪੂਰ, ਭਗਤਾਂ ਦਏ ਰਜਾਈਆ । ਜਨ ਭਗਤਾਂ ਹੋ ਮਸ਼ਕੂਰ, ਸ਼ੁਕਰੀਆ ਕਹਿ ਖ਼ੁਸ਼ੀ ਮਨਾਈਆ । ਨਾਮ ਖ਼ੁਮਾਰੀ ਦੇ ਕਰੇ ਮਖ਼ਮੂਰ, ਮੁਫ਼ਤ ਆਪਣੀ ਦਇਆ ਕਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਗੁਰਮੁਖ ਸੰਤ ਨਿਰਗੁਣ ਧਾਰ ਆ ਕੇ ਮਿਲਿਆ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਮਰਥ ਪੁਰਖ ਸਰਬ ਕਲ ਭਰਪੂਰ, ਭਾਰ ਗੁਰਮੁਖਾਂ ਰਿਹਾ ਉਠਾਈਆ ।



੫੪੫
੧੯

✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਚਰਨ ਸਿੰਘ ਦੇ ਗ੍ਰਿਹ ਪਿੰਡ ਕਠਿਆਲੀ ਜ਼ਿਲਾ ਗੁਰਦਾਸ ਪੁਰ ✪

ਭਗਤ ਆਤਮਾ ਕਹੇ ਮੈਂ ਤੱਕਾਂ ਭਿੰਨੜੀ ਰਾਤੀ, ਰੈਣ ਸੁਹੰਜਣੀ ਵੇਖ ਖ਼ੁਸ਼ੀ ਮਨਾਈਆ । ਸ਼ਬਦ ਅਗੰਮੀ ਸੁਨੇਹੜਾ ਮਿਲਿਆ ਧੁਰ ਦੀ ਪਾਤੀ, ਪਤ੍ਰਿਕਾ ਵਾਚ ਪੱਤਣ ਬੈਠੀ ਆਈਆ । ਸੰਦੇਸ਼ਾ ਦਿਤਾ ਕਮਲਾਪਾਤੀ, ਪਤਿਪਰਮੇਸ਼ਵਰ ਲਿਆ ਬੁਲਾਈਆ । ਉਠ ਵੇਖ ਮਾਰ ਝਾਤੀ, ਝਾਕੀ ਆਪਣੀ ਇਕ ਦਿਖਲਾਈਆ । ਭਾਗ ਲਗਾ ਤਨ ਮਾਟੀ ਖ਼ਾਕੀ, ਖ਼ਾਲਸ ਆਪਣਾ ਨੂਰ ਕਰੇ ਰੁਸ਼ਨਾਈਆ । ਜਨ ਭਗਤਾਂ ਲਹਿਣਾ ਦੇਣਾ ਚੁਕਾਵੇ ਬਾਕੀ, ਬਕਾਇਦਾ ਆਪਣਾ ਹੁਕਮ ਮਨਾਈਆ । ਸੰਤ ਸੁਹੇਲੇ ਬਣਾ ਕੇ ਸਾਥੀ, ਸਗਲਾ ਸੰਗ ਨਿਭਾਈਆ । ਸੋਹੰ ਦੱਸ ਕੇ ਧੁਰ ਦੀ ਗਾਥੀ, ਗਹਿਰ ਗੰਭੀਰ ਦਏ ਵਡਿਆਈਆ । ਜੋ ਇਕੋ ਹੁਕਮ ਮੰਨ ਲੈਣ ਆਖੀ, ਬੰਦਗੀ ਦੀ ਲੋੜ ਰਹੇ ਨਾ ਰਾਈਆ । ਨਾਮ ਪਿਆਲਾ ਦੇਵੇ ਬਣ ਕੇ ਸਾਕੀ, ਸਾਕਤ ਨਿੰਦਕ ਦੁਸ਼ਟ ਦੁਰਾਚਾਰ ਪਾਰ ਕਰਾਈਆ । ਆਤਮ ਪਰਮਾਤਮ ਬਣਾ ਕੇ ਜਾਤੀ, ਯਾਤਰਾ ਧੁਰ ਦੀ ਦਏ ਕਰਾਈਆ । ਸਚ ਭੰਡਾਰਾ ਦੇਵੇ ਦਾਤੀ, ਦਾਤਾ ਦਾਨੀ ਆਪ ਵਰਤਾਈਆ । ਅੰਮ੍ਰਿਤ ਬਖ਼ਸ਼ੇ ਅਗੰਮੀ ਬਾਟੀ, ਜਿਸ ਬਾਟੇ ਨੂੰ ਲੁਹਾਰ ਤਰਖਾਣ ਨਾ ਕੋਇ ਘੜਾਈਆ । ਪ੍ਰੇਮ ਪਿਆਲਾ ਦੇ ਕੇ ਬਦਲ ਦੇਵੇ ਹਯਾਤੀ, ਹਜ਼ਰਤ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਈਆ । ਭਗਤ ਆਤਮਾ ਕਹੇ ਮੈਂ ਚੁੱਕ ਕੇ ਵੇਖਿਆ ਪੜਦਾ, ਉਹਲਾ ਦਿਤਾ ਉਠਾਈਆ । ਪੁਰਖ ਅਕਾਲ ਭਗਤਾਂ ਦੇ ਢੋਲੇ ਪੜ੍ਹਦਾ,

ਢੋਲਕ ਛੈਣਾ ਨਾ ਕੋਇ ਖੜਕਾਈਆ । ਬਿਨ ਸੱਦਿਆਂ ਪੁਛਿਆਂ ਅੰਦਰ ਵੜਦਾ, ਘਰ ਘਰ ਸੁਤਿਆਂ ਰਿਹਾ ਉਠਾਈਆ । ਦਰਵੇਸ਼ ਬਣਿਆ ਦਰ ਦਰ ਦਾ, ਦਰ ਦਰ ਮੰਗੇ ਚਾਈਂ ਚਾਈਆ । ਰੂਪ ਧਰ ਕੇ ਨਰਾਇਣ ਨਰ ਦਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸੰਤ ਸੁਹੇਲੇ ਸੱਜਣ ਫੜਦਾ, ਫਾਟਕ ਅੰਦਰੋਂ ਦਏ ਖੁਲ੍ਹਾਈਆ । ਚਰਨ ਪ੍ਰੀਤ ਬਣਾ ਕੇ ਬਰਦਾ, ਬੰਦੀਖਾਨਾ ਦਏ ਤੁੜਾਈਆ । ਜਿਹੜਾ ਕਾਰਜ ਕਿਸੇ ਕੋਲੋਂ ਨਹੀਂ ਸੀ ਸਰਦਾ, ਸੋ ਸਹਿਜੇ ਗੁਰਮੁਖ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪਰਮਾਤਮ ਹੋ ਕੇ ਆਤਮ ਵਰਦਾ, ਘਰ ਸੱਜਣ ਸਚ ਕਰੇ ਕੁੜਮਾਈਆ ।

✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਬੀਬੀ ਬਚਨੀ ਦੇ ਗ੍ਰਿਹ ਪਿੰਡ ਕਾਣਾ ਕੌਂਟਾ ਜ਼ਿਲਾ ਗੁਰਦਾਸ ਪੁਰ ✪

ਭਗਤ ਆਤਮਾ ਕਹੇ ਮੈਂ ਤੱਕਿਆ ਪਰਮਾਤਮ ਪਤੀ ਕਮਲੇਸ਼, ਕੁਸ਼ਲਤਾ ਵਿਚ ਬਹਿ ਕੇ ਖ਼ੁਸ਼ੀ ਮਨਾਈਆ । ਆਦਿ ਜੁਗਾਦਿ ਸਦਾ ਰਹੇ ਹਮੇਸ਼, ਸਚ ਘਰ ਬੈਠਾ ਡੇਰਾ ਲਾਈਆ । ਹੌਲੀ ਹੌਲੀ ਬਚਨ ਕਰਦਾ ਨਾਲ ਦਸਮੇਸ਼, ਸ਼ਬਦ ਸਤਿਗੁਰ ਸ਼ਬਦ ਗੁਰੂ ਸ਼ਨਵਾਈਆ । ਜਨ ਭਗਤਾਂ ਲਿਖ ਲੇਖ, ਲਿਖਤੀ ਲਿਖਤ ਬਦਲਾਈਆ । ਚੁਰਾਸੀ ਚੁਰਾਹੇ ਵਿਚੋਂ ਵੇਖ, ਦੋਰਾਹੇ ਵਿਚੋਂ ਪਾਰ ਕਢਾਈਆ । ਏਕੰਕਾਰ ਇਕ ਦਾ ਦੱਸ ਕੇ ਹੇਤ, ਨੇਤ ਨੇਤ ਦਏ ਸਮਝਾਈਆ । ਪ੍ਰਭ ਨੂੰ ਚੇਤਨ ਵਾਲਾ ਚੇਤ, ਚਿਤ ਮਨ ਚਿੰਦਿਆ ਦਏ ਮਿਟਾਈਆ । ਕਾਇਆ ਪਰਫੁੱਲਤ ਹੋਵੇ ਖੇਤ, ਪਤ ਟਹਿਣੀ ਖ਼ੁਸ਼ੀ ਮਨਾਈਆ । ਭਗਤ ਭਗਵਾਨ ਲਏ ਵੇਖ, ਘਰ ਸਾਜਣ ਫੇਰਾ ਪਾਈਆ । ਜਿਸ ਗੁਰਮੁਖ ਆਪ ਕੀਤਾ ਭੇਟ, ਪੇਟ ਓਨ੍ਹਾਂ ਦਾ ਲਏ ਭਰਾਈਆ । ਸ਼ਬਦ ਦੁਸ਼ਾਲੇ ਆਪ ਲਪੇਟ, ਧੁਰ ਦੀ ਗੋਦੀ ਲਏ ਉਠਾਈਆ । ਕੌੜਾ ਰਹਿਣ ਨਾ ਦੇਵੇ ਰੇਠ, ਮਿੱਠਾ ਰਸ ਆਪ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕੁਛ ਲਹਿਣਾ ਦੇਣਾ ਦੇਵੇ ਵਿਚ ਜੇਠ, ਮਹੀਨਾ ਪਸੀਨਾ ਮਿਹਨਤ ਲੇਖੇ ਲਾਈਆ ।

✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੨ ਕਿਸ਼ਨ ਸਿੰਘ, ਬੀਬੀ ਪੂਰੋ ਦੇ ਗ੍ਰਿਹ ਪਿੰਡ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✪

ਗੋਬਿੰਦ ਕਿਹਾ ਪ੍ਰਭ ਕੀ ਧਾਰ ਤੇਰੀ ਕਲ ਕਲਕੀ, ਕਲਗੀ ਵਾਲੇ ਮੰਗ ਮੰਗਾਈਆ । ਪੁਰਖ ਅਕਾਲ ਕਿਹਾ ਨਾ ਕਰ ਜਲਦੀ, ਭੇਵ ਅਭੇਦਾ ਦਿਆਂ ਦ੍ਰਿੜਾਈਆ । ਮੇਰੀ ਖੇਲ ਜਲ ਥਲ ਦੀ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਕਿਸੇ ਨੂੰ ਸਮਝ ਨਹੀਂ ਘੜੀ ਪਲ ਦੀ, ਸ਼ਬਦ ਇਸ਼ਾਰੇ ਵਿਚ ਨਚਾਈਆ । ਨਿਰਗੁਣ ਜੋਤ ਅਗੰਮੀ ਬਲਦੀ, ਲਟਾ ਲਟ ਕਰੇ ਰੁਸ਼ਨਾਈਆ । ਸਾਰ ਦੱਸਾਂ ਨਿਹਚਲ ਧਾਮ ਅਟੱਲ ਦੀ, ਜਿਥੇ ਬਹਿ ਕੇ ਹੁਕਮ ਵਰਤਾਈਆ । ਜੋ ਸਚ ਸੁਨੇਹੜੇ ਘਲਦੀ, ਹੁਕਮੇਂ ਅੰਦਰ ਹੁਕਮ ਪਰਗਟਾਈਆ । ਓਹ ਸਿੰਘਾਸਣ ਆਪਣਾ ਮਲਦੀ, ਜੋਤ ਅਕਾਲਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੋਬਿੰਦ ਕਿਹਾ ਕੀ ਧਾਰ ਹੋਵੇ ਕਲਕੀ, ਕਲਾ ਆਪਣੀ

ਦੇ ਜਣਾਈਆ । ਪੁਰਖ ਅਕਾਲ ਕਿਹਾ ਇਹ ਖੇਲ ਅਛਲ ਅਛੱਲ ਦੀ, ਜਗਤ ਬੁੱਧੀ ਨਾ ਕੋਈ ਵਡਿਆਈਆ । ਜਗਤ ਜਵਾਨੀ ਜਾਏ ਢਲਦੀ, ਫਹਿੰਦੀ ਕਲਾ ਸ੍ਰਿਸ਼ਟ ਸਬਾਈਆ । ਖੇਲ ਹੋਣੀ ਡੂੰਘੀ ਡਲ ਦੀ, ਸਮੁੰਦ ਸਾਗਰ ਦੇਣ ਦੁਹਾਈਆ । ਕੀਮਤ ਪੈਣੀ ਲੱਖ ਚੁਰਾਸੀ ਦੇ ਫਲ ਦੀ, ਗ੍ਰਿਹ ਗ੍ਰਿਹ ਫੋਲੇ ਸਰਬ ਲੁਕਾਈਆ । ਹਾਲਤ ਰਹਿਣੀ ਨਹੀਂ ਗੁਰ ਅਵਤਾਰ ਪੈਗ਼ੰਬਰ ਦੇ ਹਲ ਦੀ, ਹਾਹਾਕਾਰ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਗੋਬਿੰਦ ਕਿਹਾ ਕੁਛ ਮੈਨੂੰ ਦੇ ਦੇ ਭੇਦ, ਪੜਦਾ ਦੇ ਉਠਾਈਆ । ਮੈਂ ਛੱਡੇ ਚਾਰੇ ਵੇਦ, ਸ਼ਾਸਤਰ ਪੁਰਾਨ ਦਿਤੇ ਤਜਾਈਆ । ਤੱਕਣੀ ਨਹੀਂ ਕੋਈ ਕਤੇਬ, ਕੁਤਬਖਾਨਾ ਨਾ ਕੋਈ ਖੁਲ੍ਹਾਈਆ । ਮਮਤਾ ਵਾਲੀ ਭਰਨੀ ਨਹੀਂ ਜੇਬ, ਮਾਇਆ ਮੋਹ ਨਾ ਕੋਈ ਭਟਕਾਈਆ । ਮਨੌਣਾ ਨਹੀਂ ਕੋਈ ਦੇਵ, ਸੁਰ ਨਾ ਕੋਈ ਜਣਾਈਆ । ਪੁਰਖ ਅਕਾਲ ਇਕੋ ਕਰਨੀ ਤੇਰੀ ਸੇਵ, ਸਿਖਿਆ ਸਾਚੀ ਦੇਣੀ ਦ੍ਰਿੜਾਈਆ । ਮੈਂ ਕੁਛ ਬੋਲਨਾ ਨਹੀਂ ਨਾਲ ਜੇਹਵ, ਬੱਤੀ ਦੰਦ ਨਾ ਕੋਇ ਹਿਲਾਈਆ । ਸਚ ਦਵਾਰ ਦੱਸ ਨਿਹਕੇਵ, ਨਿਹਚਲ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੜਦਾ ਦੇ ਉਠਾਈਆ । ਗੋਬਿੰਦ ਕਹੇ ਪੜਦਾ ਰਹੇ ਨਾ ਓਹਲਾ, ਇਕੋ ਮੰਗ ਮੰਗਾਈਆ । ਸਚ ਦੱਸ ਦੇ ਢੋਲਾ, ਸੋਹਲਾ ਬੇਪਰਵਾਹੀਆ । ਪੁਰਖ ਅਕਾਲ ਕਿਹਾ ਤੂੰ ਬਣ ਮੇਰਾ ਵਿਚੋਲਾ, ਵਿਚਲਾ ਲੇਖਾ ਦਿਆਂ ਚੁਕਾਈਆ । ਨਾਮ ਕੰਡੇ ਦਾ ਬਣ ਤੋਲਾ, ਤਰਾਜ਼ੂ ਤੇਰੇ ਹੱਥ ਫੜਾਈਆ । ਪ੍ਰੀਤਮ ਦਾ ਬਣ ਗੋਲਾ, ਸੇਵਕ ਸੇਵਾ ਇਕੋ ਦਿਆਂ ਜਣਾਈਆ । ਸਾਚਿਆਂ ਭਗਤਾਂ ਦਾ ਕਰਨਾ ਭਾਰ ਹੌਲਾ, ਹੁਲੀਆਂ ਓਨ੍ਹਾਂ ਦਾ ਦਿਆਂ ਲਿਖਾਈਆ । ਜਿਨ੍ਹਾਂ ਦੇ ਨਾਲ ਮੇਰਾ ਜੁਗ ਜੁਗ ਦਾ ਕੌਲਾ, ਚੌਕੜੀ ਗਈ ਵਕਤ ਲੰਘਾਈਆ । ਓਨ੍ਹਾਂ ਪਰਗਟ ਹੋਣਾ ਉਪਰ ਧੌਲਾ, ਧਰਨੀ ਉਤੇ ਸੋਭਾ ਪਾਈਆ । ਓਨ੍ਹਾਂ ਦੱਸਣਾ ਜਾ ਕੇ ਮੇਰਾ ਬੋਲਾ, ਆਤਮ ਪਰਮਾਤਮ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚੀ ਕਰਨੀ ਇਕ ਸਮਝਾਈਆ । ਗੋਬਿੰਦ ਕਿਹਾ ਕੀ ਪ੍ਰਭੂ ਕਲ ਕਲਕੀ ਹੋਵੇਂ ਅਵਤਾਰ, ਅਵਤਰ ਆਪਣਾ ਦੇ ਸਮਝਾਈਆ । ਕਵਣ ਤੱਤ ਕਰੇਂ ਸ਼ੰਗਾਰ, ਮੰਦਰ ਅੰਦਰ ਡੇਰਾ ਲਾਈਆ । ਕਵਣ ਬੂਝ ਕਰੇਂ ਵਿਚਾਰ, ਕਵਣ ਧਾਰ ਪੜਦਾ ਦਏਂ ਉਠਾਈਆ । ਕੀ ਪੁਰਖ ਹੋਵੇਂ ਕਿ ਨਾਰ, ਤੱਤ ਤਨ ਵਜ਼ੂਦ ਦੇ ਸਮਝਾਈਆ । ਪੁਰਖ ਅਕਾਲ ਕਿਹਾ ਸੁਣ ਮੇਰੇ ਨੱਢੇ ਬਾਲ, ਭੇਵ ਅਭੇਦਾ ਦਿਆਂ ਜਣਾਈਆ । ਮੇਰੀ ਵਖਰੀ ਹੋਵੇ ਚਾਲ, ਨਿਰਾਲੀ ਖੇਲ ਵਖਾਈਆ । ਲੋਕਮਾਤ ਬਣਾ ਕੇ ਸਚਖੰਡ ਸਚੀ ਧਰਮਸਾਲ, ਸਚ ਦਵਾਰੇ ਦਿਆਂ ਵਡਿਆਈਆ । ਜਿਸ ਨੂੰ ਕੋਈ ਨਾ ਸਕੇ ਭਾਲ, ਨੇਤਰ ਨੈਣ ਨਾ ਕਿਸੇ ਵਖਾਈਆ । ਪਹਿਲੋਂ ਤੈਨੂੰ ਰੱਖਾਂ ਨਾਲ, ਆਪ ਆਪਣਾ ਜੋੜ ਜੁੜਾਈਆ । ਛੋਟੀ ਜਿਹੀ ਸਿਖਿਆ ਦੇਵਾਂ ਸਿਖਾਲ, ਢੋਲਾ ਇਕੋ ਇਕ ਦ੍ਰਿੜਾਈਆ । ਹੁਕਮ ਦੇਵਾਂ ਕਮਾਲ, ਫ਼ਰਮਾਣਾ ਬੇਪਰਵਾਹੀਆ । ਸਾਚੇ ਗੁਰਮੁਖਾਂ ਨੂੰ ਜਾ ਕੇ ਭਾਲ, ਸ਼ਬਦੀ ਰੂਪ ਧਰਾਈਆ । ਲੱਖ ਚੁਰਾਸੀ ਵਿਚੋਂ ਕਰ ਬਹਾਲ, ਗੇੜਾ ਆਵਣ ਜਾਣ ਕਟਾਈਆ । ਜਿਸ ਤਰ੍ਹਾਂ ਦਾ ਤੂੰ ਮੇਰਾ ਲਾਲ, ਇਹੋ ਜਿਹੇ ਲਾਲ ਗੁਰਮੁਖ ਮੇਰੀ ਗੋਦ ਦੇਣੇ ਸਵਾਈਆ । ਫੇਰ ਮੈਂ ਆਪੇ ਕਰਾਂ ਪ੍ਰਿਤਪਾਲ, ਮਿਹਰਵਾਨ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਜਿਧਰ ਵੇਖਣ ਓਧਰ ਚਲਾਂ ਨਾਲ, ਅੰਦਰ ਬਾਹਰ ਗੁਪਤ ਜਾਹਰ ਸਗਲਾ ਸੰਗ ਬਣਾਈਆ । ਸਭ ਦੀ ਲੇਖੇ ਲਾਵਾਂ ਪੂਰੀ ਘਾਲ, ਕੀਤੀ ਕਰਨੀ ਝੋਲੀ ਪਾਈਆ । ਤੂੰ ਮੇਰਾ ਮੈਂ ਤੇਰਾ ਭਗਤਾਂ ਦਾ ਬਣਿਆਂ ਰਹੀਂ ਦਲਾਲ, ਸ਼ਰਤਾਂ ਵਿਚੋਂ ਸ਼ਰਤ ਅਵਰ

ਨਾ ਕੋਇ ਵਖਾਈਆ । ਅੰਤ ਅਖ਼ੀਰੀ ਕਰੀਂ ਫੇਰ ਇਕ ਸਵਾਲ, ਸਵਾਲੀਆ ਫ਼ਿਕਰਾ ਨਾ ਕੋਇ ਬਣਾਈਆ । ਬਿਨਾ ਹੱਥਾਂ ਤੋਂ ਕਰ ਕੇ ਨਿਮਸਕਾਰ, ਮੰਗ ਵਾਸਤੇ ਬਿਨ ਝੋਲੀਉਂ ਝੋਲੀ ਦੇਣੀ ਡਾਹੀਆ । ਦਾਤਾ ਦੇਵਣਹਾਰ ਹੋਏ ਆਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬਾਗ਼ਬਾਨ, ਪਰਦਾ ਪਰ ਦੇਹ ਵਿਚੋਂ ਖੁਲ੍ਹਾਈਆ ।

### ✪ ੨੪ ਚੇਤ ਸ਼ਹਿਨਸ਼ਾਹੀ ਸੰਮਤ ੨ ਚਰਨ ਸਿੰਘ ਦੇ ਗ੍ਰਿਹ ਪਿੰਡ ਅਨਤੋਰ ਜ਼ਿਲਾ ਗੁਰਦਾਸ ਪੁਰ ✪

ਕਲ ਕਲਕੀ ਪ੍ਰਭ ਸਾਚੀ ਧਾਰ, ਕਲਗੀਧਰ ਕਲ ਪਰਗਟਾਈਆ । ਜੋਤ ਸ਼ਬਦ ਖੇਲ ਅਪਾਰ, ਤੱਤ ਵਜੂਦ ਨਾ ਕੋਇ ਵਖਾਈਆ । ਬੁੱਧੀ ਸਮਝੇ ਨਾ ਕੋਇ ਸੰਸਾਰ, ਮਨੂਆਂ ਖੋਜ ਨਾ ਕੋਇ ਵਖਾਈਆ । ਸ਼ਾਸਤਰ ਵੇਦ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਪੁਰਖ ਅਕਾਲ ਖੇਲ ਅਪਾਰ, ਅਪਰੰਪਰ ਆਪ ਵਖਾਈਆ । ਜਿਸ ਦਾ ਹੁਕਮ ਸਦਾ ਜੁਗ ਚਾਰ, ਚੌਕੜ ਰਿਹਾ ਭੁਵਾਈਆ । ਗੁਰ ਅਵਤਾਰ ਪੈਗ਼ੰਬਰ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਸੋ ਸਵਾਮੀ ਆਪਣੀ ਧਾਰੋਂ ਉਤਰਿਆ ਆਪਣੀ ਵਾਰ, ਵਾਰਤਾ ਅਗਲੀ ਦਏ ਜਣਾਈਆ । ਜਗਤ ਜੁਗ ਕੋਇ ਨਾ ਪਾਵੇ ਸਾਰ, ਪੜਦਾ ਓਹਲਾ ਨਾ ਕੋਇ ਉਠਾਈਆ । ਏਕੰਕਾਰਾ ਇਕ ਇਕੱਲਾ ਆਪਣਾ ਜਾਣੇ ਸਤਿ ਵਿਹਾਰ, ਬਿਵਹਾਰ ਆਪਣੇ ਨਾਲ ਵਖਾਈਆ । ਨਿਰਾਲਾ ਅਕਾਲਾ ਦਿਆਲਾ ਪ੍ਰਿਤਪਾਲਾ ਹੋ ਤਿਆਰ, ਸ਼ਾਹ ਕੰਗਾਲਾ ਫੇਰਾ ਪਾਈਆ । ਵਿਦਿਆਲਾ ਧਰਮਸਾਲਾ ਵੇਖ ਸੱਚਾ ਦਵਾਰ, ਪੜਦਾ ਓਹਲਾ ਆਪ ਚੁਕਾਈਆ । ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ਼ੀ ਪੁਰਖ ਅਬਿਨਾਸ਼ੀ ਹੋ ਹੁਸ਼ਿਆਰ, ਹੋਸ਼ ਸਭ ਦੀ ਰਿਹਾ ਭੁਲਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਨਿੱਤ ਨਵਿਤ ਸਿਫ਼ਤਾਂ ਦਾ ਇਜ਼ਹਾਰ, ਰਾਗਾਂ ਨਾਦਾਂ ਵਿਚ ਸ਼ਨਵਾਈਆ । ਸੋ ਖੇਲ ਕਰਨੇਹਾਰ ਅਗੰਮ ਅਪਾਰ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਸ਼ਹਿਨਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਸਚਖੰਡ ਨਿਵਾਸੀ ਸ਼ਾਹੋ ਸ਼ਾਬਾਸ਼ੀ ਲੋਕਮਾਤ ਮਾਰ ਝਾਤ ਅੰਧੇਰੀ ਰਾਤ ਪਾਵੇ ਸਾਰ, ਸਾਧ ਸੰਤ ਜੀਵ ਜੰਤ ਭਗਤ ਭਗਵੰਤ ਵੇਖ ਵਖਾਈਆ । ਬਿਨ ਰੂਪ ਰੰਗ ਰੇਖ ਜੋ ਵਸੇ ਧੁਰ ਦਰਬਾਰ, ਜੋਤੀ ਜਾਤਾ ਪੁਰਖ ਬਿਧਾਤਾ ਨੂਰ ਨੁਰਾਨਾ ਨੂਰ ਇਲਾਹੀਆ । ਸੋ ਸਾਹਿਬ ਨਰੇਸ਼ਾ ਇਕ ਸੰਦੇਸ਼ਾ ਨਾਮ ਡੰਕੇ ਦੇਵੇ ਵਿਚ ਸੰਸਾਰ, ਰਾਓ ਰੰਕਾਂ ਆਪ ਜਣਾਈਆ । ਜਗਤ ਵਿਦਿਆ ਹੋਵੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਜਿਸ ਦਾ ਅੱਖਰਾਂ ਵਿਚ ਕਰਦੇ ਇੰਤਜ਼ਾਰ, ਨੂਰ ਇਲਾਹੀ ਪਰਵਰਦਿਗਾਰ ਪਾਰਬ੍ਰਹਮ ਪ੍ਰਭ ਬੇਐਬ ਨਜ਼ਰੀ ਆਈਆ । ਜੋ ਭਗਤ ਸੁਹੇਲਾ ਇਕ ਇਕੇਲਾ ਨਿਰਗੁਣ ਸਰਗੁਣ ਕਰੇ ਮੇਲਾ ਆਪਣੀ ਧਾਰ, ਧਰਨੀ ਧਰਤ ਧਵਲ ਧਰਮ ਇਕੋ ਇਕ ਜਣਾਈਆ । ਉਠੋ ਵੇਖੋ ਨੇਤਰ ਲੋਚਣ ਨੈਣ ਅੱਖ ਪਰਤੱਖ ਕਰੋ ਦੀਦਾਰ, ਸਮਰਥ ਅਕੱਥ ਮਾਲਕ ਧੁਰਦਰਗਾਹੀਆ । ਜਿਸ ਦਾ ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਸਭ ਤੋਂ ਵੱਖਰਾ ਸ਼ਿੰਗਾਰ, ਭੂਸ਼ਨ ਬਸਤਰ ਜ਼ੇਵਰ ਓਢਨ ਸਮਝ ਕੋਇ ਨਾ ਪਾਈਆ । ਦੀਨ ਦੁਨੀ ਦਾ ਕਰਤਾ ਧਰਤਾ ਦਾਅਵੇਦਾਰ ਕਰਤਾਰ, ਕੁਦਰਤ ਕਾਦਰ ਵੱਡ ਬਹਾਦਰ ਸੂਰਬੀਰ ਅਖਵਾਈਆ । ਜਿਸ ਦਾ ਧੁਰਦਰਗਾਹੀ ਮੰਜ਼ਲ ਉਚ ਦਰਬਾਰ, ਬੁਜ਼ਦਿਲ ਕਾਇਰ ਰੂਪ ਨਾ ਕੋਇ ਵਖਾਈਆ । ਮਹੱਲ ਅਟੱਲ ਅਚੱਲ ਸੁਹਾਵਣਹਾਰਾ ਉਚ ਮਨਾਰ, ਜ਼ਿਮੀਂ ਅਸਮਾਨ ਦੋ ਜਹਾਨ ਗੋਰ ਮੜ੍ਹੀ ਕਬਰਸਤਾਨ ਨਾ ਕੋਇ ਦਬਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਇਕ ਅਖਵਾਈਆ । ਨਿਹਕਲੰਕ ਪ੍ਰਭ ਕਮਲਾਪਤੀ, ਪੱਤੀਦਾਰੀ ਨਾ ਕੋਇ ਰਖਾਈਆ । ਸਚਖੰਡ ਨਿਵਾਸੀ ਧਾਰ ਸੱਚੀ, ਆਸਣ ਸਿੰਘਾਸਣ ਨਾ ਕੋਇ ਬਦਲਾਈਆ । ਸ਼ਬਦ ਅਗੰਮੀ ਧੁਰ ਦੀ ਪੱਟੀ, ਪਾਰਬ੍ਰਹਮ ਹੋ ਕੇ ਕਰੇ ਆਪ ਪੜ੍ਹਾਈਆ । ਨਾਮ ਭੰਡਾਰ ਖੋਲ੍ਹੇ ਹੱਟੀ, ਆਦਿ ਜੁਗਾਦਿ ਵੱਡੀ ਵਡਿਆਈਆ । ਜਨ ਭਗਤਾਂ ਵਸਤ ਅਮੋਲਕ ਦੇਵੇ ਰਤੀ, ਜਗਤ ਰਤਨਾਂ ਦੀ ਲੋੜ ਰਹੇ ਨਾ ਰਾਈਆ । ਮੁਹੱਬਤ ਪਿਆਰ ਵਿਚ ਖੋਲ੍ਹੇ ਅੱਖੀ, ਅੱਖ ਆਪਣੇ ਨਾਲ ਮਿਲਾਈਆ । ਧੁਰ ਦਾ ਕਾਹਨ ਹੋ ਕੇ ਬਣਾਵੇ ਸੱਚੀ ਸਖੀ, ਸਖਾਵਤ ਨਾਮ ਇਕੋ ਝੋਲੀ ਪਾਈਆ । ਦਾਸਨ ਦਾਸੀ ਰੂਪ ਬਣਾਏ ਬੱਚੀ, ਬਚਪਨ ਆਪਣੀ ਗੋਦ ਟਿਕਾਈਆ । ਜਗਤ ਵਾਸਨਾ ਰਹਿਣ ਨਾ ਦੇਵੇ ਕੱਚੀ, ਕਾਇਆ ਕੰਚਨ ਗੜ੍ਹ ਸੁਹਾਈਆ । ਸਤਿ ਸੰਤੋਖ ਧੀਰਜ ਦੇਵੇ ਜਤੀ, ਮਿਹਰ ਨਜ਼ਰ ਇਕ ਉਠਾਈਆ । ਤ੍ਰੈਗੁਣ ਅਗਨੀ ਤਪਣ ਨਾ ਦੇਵੇ ਭੱਠੀ, ਅੰਮ੍ਰਿਤ ਮੇਘ ਇਕ ਬਰਸਾਈਆ । ਧਰਮ ਰਾਏ ਦੀ ਭਰਨ ਨਾ ਦੇਵੇ ਚੱਟੀ, ਚੇਟਕ ਅਵਰ ਨਾ ਕੋਇ ਲਗਾਈਆ । ਭਾਗ ਲਗਾ ਕੇ ਕਾਇਆ ਮੱਟੀ, ਮਨ ਕਾ ਮਣਕਾ ਦਏ ਭੁਵਾਈਆ । ਸਚ ਪਰਕਾਸ਼ ਕਰ ਕੇ ਆਪਣੀ ਬੱਤੀ, ਬਾਤਨ ਨੂਰ ਕਰੇ ਰੁਸ਼ਨਾਈਆ । ਬਿਰਹੋਂ ਵਿਛੋੜੇ ਵਿਚ ਜਾਏ ਫੱਟੀ, ਤੀਰ ਨਿਸ਼ਾਨਾ ਘਾਉ ਚਲਾਈਆ । ਸਚ ਦਵਾਰੇ ਆਵੇ ਨੱਠੀ, ਗੁਰਮੁਖ ਸਵਾਣੀ ਭੱਜੇ ਵਾਹੋ ਦਾਹੀਆ । ਪ੍ਰੇਮ ਡੋਰ ਕਦੇ ਨਾ ਜਾਵੇ ਕੱਟੀ, ਪੇਚਾ ਜਗਤ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਕਰਾਏ ਸੱਚੀ, ਸਤਿ ਸਤਿਵਾਦੀ ਧਾਰ ਚਲਾਈਆ । ਨਿਹਕਲੰਕ ਕੀ ਪ੍ਰਭੂ ਤੈਨੂੰ ਕਹਿਣ ਸਤਿ, ਸਚ ਦੇ ਦ੍ਰਿੜਾਈਆ । ਕਿਸ ਬਿਧ ਦਰਸ਼ਨ ਕਰਨ ਨੈਣ ਅੱਖ, ਪਰਤੱਖ ਮਿਲੇ ਗੋਸਾਈਆ । ਭਗਵਾਨ ਕਹੇ ਮੈਂ ਜੁਗ ਜੁਗ ਦੇਵਣਹਾਰਾ ਦੇਣ, ਦਾਤਾ ਦਾਨੀ ਧੁਰਦਰਗਾਹੀਆ । ਭਗਤ ਸੁਹੇਲੇ ਗੁਰਮੁਖ ਲੈਣ, ਲਾਇਕ ਨਾਲਾਇਕ ਜੋ ਚਲ ਆਇਣ ਸਰਨਾਈਆ । ਓਨ੍ਹਾਂ ਲੇਖਾ ਚੁਕਾਵਾਂ ਐਨ ਗੈਨ, ਗ਼ਮ ਨਾ ਕੋਇ ਵਖਾਈਆ । ਨਾਮ ਪਦਾਰਥ ਦੇ ਕੇ ਰਸਾਇਣ, ਘਰ ਭੰਡਾਰਾ ਦਿਆਂ ਭਰਾਈਆ । ਜੋ ਬਾਲਮੀਕੀ ਲੇਖਾ ਲਿਖਿਆ ਵਿਚ ਰਮਾਇਣ, ਤਿੰਨ ਸੌ ਬਿਆਸੀ ਅੰਕ ਦਏ ਗਵਾਹੀਆ । ਜਨ ਭਗਤਾਂ ਕਲਜੁਗ ਅੰਤਮ ਲੈਣ ਆਵੇ ਆਪ ਨਰਾਇਣ, ਨਰ ਨਾਰੀ ਵੇਖ ਵਖਾਈਆ । ਕੜਵੀ ਧਾਰ ਰਹਿਣ ਨਾ ਦੇਵੇ ਅਜਵਾਇਣ, ਰਸ ਮਿੱਠਾ ਇਕ ਭਰਾਈਆ । ਗੁਰਮੁਖ ਆਤਮ ਹੋਏ ਨਾ ਕੋਇ ਸ਼ੁਦੈਣ, ਬਾਵਲੀ ਪਗਲੀ ਰੂਪ ਨਾ ਕੋਇ ਵਖਾਈਆ । ਦੂਜੇ ਘਰ ਨਾ ਬਣੇ ਪਰਾਇਣ, ਪਰਮ ਪੁਰਖ ਆਪ ਪਰਨਾਈਆ । ਧੁਰ ਦਾ ਮਾਲਕ ਬਣ ਕੇ ਸੈਣ, ਸੱਜਣ ਹੋ ਕੇ ਸੰਗ ਨਿਭਾਈਆ । ਸ਼ਬਦੀ ਸ਼ਬਦ ਸੰਦੇਸ਼ਾ ਆਵੇ ਕਹਿਣ, ਕਹਿ ਕਹਿ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਹੁਕਮ ਆਪਣਾ ਨਾਮ ਫ਼ਰਮਾਣ ਇਕੋ ਇਕ ਦ੍ਰਿੜਾਈਆ । ਕੀ ਨਿਹਕਲੰਕ ਪ੍ਰਭ ਤੇਰਾ ਨਾਮ, ਸਚ ਦੇ ਸਮਝਾਈਆ । ਪੁਰਖ ਅਬਿਨਾਸ਼ੀ ਕਰੇ ਖੇਲ ਤਮਾਮ, ਹੁਕਮੇ ਅੰਦਰ ਹੁਕਮ ਵਰਤਾਈਆ । ਜਨ ਭਗਤਾਂ ਦੇਵਾਂ ਨਾਮ, ਜਾਮ ਪਿਆਲਾ ਅੰਮ੍ਰਿਤ ਇਕ ਵਖਾਈਆ । ਸਾਂਤਕ ਸਤਿ ਕਰ ਕੇ ਨਗਰ ਗਰਾਮ, ਕਾਇਆ ਖੇੜਾ ਵੱਜੇ ਵਧਾਈਆ । ਝਗੜਾ ਚੁੱਕੇ ਅੰਦਰ ਤਮਾਮ, ਤਮਅ ਰੋਗ ਨਾ ਕੋਇ ਸਤਾਈਆ । ਚਰਨ ਕਵਲ ਦਵਾਰ ਵਖਾਵਾਂ ਸਚ ਹਮਾਮ, ਇਸ਼ਨਾਨ ਇਕੋ ਇਕ ਕਰਾਈਆ । ਲੱਖ ਚੁਰਾਸੀ ਦਾ ਰਹੇ ਨਾ ਕੋਈ ਗੁਲਾਮ, ਬੰਦੀਖਾਨਾ ਦਿਆਂ ਤੁੜਾਈਆ । ਧੁਰ ਦਾ ਢੋਲਾ ਦੱਸ ਕਲਾਮ, ਕਾਇਨਾਤ

ਵਿਚੋਂ ਬਾਹਰ ਕਢਾਈਆ । ਮਹਿਬੂਬ ਬਣ ਕੇ ਸਚ ਅਮਾਮ, ਆਮਦ ਆਪਣੀ ਦਿਆਂ ਸਮਝਾਈਆ । ਕਲਜੁਗ ਮੇਟ ਅੰਧੇਰੀ ਸ਼ਾਮ, ਸ਼ਮਾਂ ਭਗਤਾਂ ਦਿਆਂ ਜਗਾਈਆ । ਸਚ ਦਵਾਰੇ ਦੇ ਕੇ ਮਾਣ, ਮਮਤਾ ਮੋਹ ਦਿਆਂ ਮਿਟਾਈਆ । ਬਿਨ ਸੱਦਿਆਂ ਪੁੱਛਿਆਂ ਪਿਛੋਂ ਅੱਗੇ ਮਿਲਾਂ ਆਣ, ਅਗਲਾ ਆਪਣਾ ਰੰਗ ਵਖਾਈਆ । ਬਿਨ ਕਿਰਪਾ ਕਰੇ ਨਾ ਕੋਇ ਪਛਾਣ, ਪਸਚਾਤਾਪ ਸਰਬ ਲੋਕਾਈਆ । ਨਿਹਕਲੰਕ ਜੋਤ ਧਾਰ ਨਾਮ ਰੱਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ੈਤਾਨ ਸਾਰੇ ਦਿਆਂ ਮਿਟਾਈਆ ।

✪ ੨੪ ਚੇਤ ਸ਼ਹਿਨਸ਼ਾਹੀ ਸੰਮਤ ੨ ਬੀਬੀ ਛਿੰਦੋ ਦੇ ਗ੍ਰਿਹ ਪਿੰਡ ਮਧੇ ਪੁਰ ਜ਼ਿਲਾ ਗੁਰਦਾਸ ਪੁਰ ✪

ਨਿਹਕਲੰਕ ਨਾਉਂ ਨਿਰੰਕਾਰ, ਨਿਰਵੈਰ ਨਿਰਅੱਖਰ ਧਾਰ ਚਲਾਇੰਦਾ । ਧੁਰ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਬਣ ਕੇ ਸਿਰਜਣਹਾਰ, ਪੁਰਖ ਸਮਰਥ ਹੁਕਮ ਇਕੋ ਇਕ ਵਰਤਾਈਆ । ਜੁਗ ਚੌਕੜੀ ਖੇਲ ਕਰ ਵਿਚ ਸੰਸਾਰ, ਸੰਸਾਰੀ ਭੰਡਾਰੀ ਲਾਏ ਦੀਬਾਣ ਸ਼ਬਦ ਡੋਰੀ ਤੰਦ ਬੰਧਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਕਲ ਕਲਕੀ ਲੈ ਅਵਤਾਰ, ਅਵਰ ਕਾ ਅਵਰਾ ਖੇਲ ਵਖਾਇੰਦਾ । ਭਗਤ ਸੁਹੇਲੇ ਗੁਰਮੁਖ ਸਾਚੇ ਤਾਰ, ਤੁਰਤ ਆਪਣੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਇੰਦਾ । ਸਾਚੀ ਕਰਨੀ ਕਰਤਾ ਪੁਰਖ, ਨਰ ਨਿਰੰਕਾਰ ਆਪਣੇ ਹੱਥ ਰਖਾਈਆ । ਜਨ ਭਗਤਾਂ ਅੰਤਰ ਅੰਤਰ ਖਿੱਚੇ ਸੁਰਤ, ਸੋਈ ਨੀਂਦਰ ਗਫ਼ਲਤ ਵਿਚੋਂ ਆਪ ਉਠਾਈਆ । ਭੇਵ ਖੁਲ੍ਹਾਵੇ ਦਇਆ ਕਮਾਵੇ ਪੜਦਾ ਲਾਹਵੇ ਤੁਰਤ, ਉਹਲਾ ਰਹਿਣ ਕੋਇ ਨਾ ਪਾਈਆ । ਰੂਪ ਦਰਸਾਵੇ ਸਤਿ ਸਰੂਪ ਅਕਾਲ ਮੂਰਤ, ਕਲ ਕਲੇਸ਼ ਦਰ ਦਰਵੇਸ਼ ਅੰਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਹਰਿਜਨ ਗੁਰਮੁਖ ਵਿਰਲਾ ਉਠਦਾ, ਉਠਾਏ ਗਹਿਰ ਗੰਭੀਰ । ਜਿਸ ਉਪਰ ਸਤਿਗੁਰ ਦੀਨ ਦਿਆਲਾ ਤੁੱਠਦਾ, ਪਾਰਬ੍ਰਹਮ ਪਤਿਪਰਮੇਸ਼ਵਰ ਬੇਨਜ਼ੀਰ । ਜਾਮ ਪਿਆਲਾ ਦੇ ਕੇ ਅੰਮ੍ਰਿਤ ਆਪਣੇ ਘੁੱਟ ਦਾ, ਧੁਰਦਰਗਾਹੀ ਬਖ਼ਸ਼ੇ ਸਾਚਾ ਸੀਰ । ਝਗੜਾ ਮੁਕ ਜਾਏ ਆਵਣ ਜਾਵਣ ਲੱਖ ਚੁਰਾਸੀ ਦੁੱਖ ਦਾ, ਪਾਰ ਕਿਨਾਰਾ ਕਰਾਏ ਦੋ ਜਹਾਨਾਂ ਪੈਂਡਾ ਚੀਰ । ਗ੍ਰਿਹ ਮਿਲ ਜਾਏ ਪੁਰਖ ਅਕਾਲ ਦੀ ਗੋਦੀ ਸੁਖ ਦਾ, ਦੁੱਖਾਂ ਵਿਚ ਨੈਣ ਵਹਾਏ ਕੋਇ ਨਾ ਨੀਰ । ਸੰਤ ਸੁਹੇਲੇ ਗੁਰਮੁਖ ਗੋਦੀ ਚੁੱਕਦਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਵਡ ਪੀਰਨ ਪੀਰ । ਘਰ ਸਾਜਣ ਆ ਆ ਪੁੱਛਦਾ, ਵਡ ਦਾਤਾ ਦਾਨੀ ਗਹਿਰ ਗੰਭੀਰ । ਨਾਤਾ ਜੋੜ ਕੇ ਧੁਰਦਰਗਾਹੀ ਪਿਤਾ ਪੁਤ ਦਾ, ਪੱਤਣ ਪਹੁੰਚੇ ਘਤ ਵਹੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਅਨਮੁਲਾ ਦੱਸੇ ਹੱਕ ਤਦਬੀਰ । ਹੱਕ ਤਦਬੀਰ ਸਚ ਤਰੀਕਾ, ਸਤਿਗੁਰ ਸ਼ਬਦੀ ਸ਼ਬਦ ਜਣਾਈਆ । ਭਰਮ ਮੇਟੇ ਜਨ ਜੀਵ ਜੀਅ ਕਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਫੁਹਾਰਾ ਬਰਖੇ ਅੰਮ੍ਰਿਤ ਮੀਂਹ ਕਾ, ਬੂੰਦ ਸਵਾਂਤੀ ਆਪ ਚੁਆਈਆ । ਲੇਖਾ ਜਾਣੇ ਪੁੱਤਰ ਧੀ ਕਾ, ਧੌਲ ਧਰਮ ਦਏ ਵਡਿਆਈਆ । ਲਹਿਣਾ ਦੇਣਾ ਚੁਕਾਏ ਘਿਰਤ ਘੀ ਕਾ, ਅਨੰਦ ਅਨੰਦ ਵਿਚ ਰਖਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸੱਚਾ ਦਾਨ, ਗੁਰਮੁਖ ਗੁਰਸਿੱਖ ਕਲਜੁਗ ਗੋਰ ਵਿਚੋਂ ਬਾਹਰ ਕਢਾਈਆ ।

### ✪ ੨੪ ਚੇਤ ਸ਼ਹਿਨਸ਼ਾਹੀ ਸੰਮਤ ੨ ਬੀਬੀ ਚੰਨੋ ਦੇ ਘਰ ਪਿੰਡ ਖ਼ੁਸ਼ੀਪੁਰ ਜ਼ਿਲਾ ਗੁਰਦਾਸ ਪੁਰ ✪

ਕਿਰਪਾ ਕਰ ਅਬਿਨਾਸ਼ੀ ਕਰਤਾ, ਕਰਨਹਾਰ ਦਇਆ ਕਮਾਇੰਦਾ । ਜਨ ਭਗਤ ਬਣਾਏ ਸਾਚੇ ਘਰ ਦਾ ਬਰਦਾ, ਸਚ ਦਵਾਰਾ ਇਕੋ ਇਕ ਵਖਾਇੰਦਾ । ਅੰਤਰ ਆਤਮ ਖੋਲ੍ਹੇ ਪੜਦਾ, ਦੂਈ ਦਵੈਤੀ ਡੇਰਾ ਢਾਹਿੰਦਾ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਪੜ੍ਹਦਾ, ਦੂਜਾ ਰਾਗ ਨਾ ਕੋਇ ਅਲਾਇੰਦਾ । ਸਾਚੀ ਮੰਜ਼ਲ ਅਗੰਮ ਅਥਾਹ ਚੜ੍ਹਦਾ, ਹੱਕ ਮੁਕਾਮੇ ਸੋਭਾ ਪਾਇੰਦਾ । ਅਸ਼ਨਾਨ ਕਰੇ ਧੁਰ ਅਗੰਮੇ ਸਰ ਦਾ, ਅੱਠ ਸੱਠ ਤੀਰਥ ਵੰਡ ਨਾ ਕੋਇ ਵੰਡਾਇੰਦਾ । ਨਿਜ ਨੇਤਰ ਦਰਸ ਕਰੇ ਜੋਤ ਸਰੂਪੀ ਹਰਿ ਦਾ, ਲੋਚਣ ਨੈਣ ਅੱਖ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮੇਲਾ ਆਦਿ ਜੁਗਾਦਿ, ਭਗਤ ਭਗਵਾਨ ਮਿਲ ਕੇ ਵੱਜੇ ਵਧਾਈਆ । ਸ਼ਬਦ ਅਗੰਮੀ ਧੁਨ ਆਤਮਕ ਸੁਣਾਏ ਨਾਦ, ਅਨਹਦ ਰਾਗੀ ਰਾਗ ਅਲਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਦੇਵੇ ਸਚ ਸਵਾਦ, ਅੰਮ੍ਰਿਤ ਅੰਮਿਉਂ ਰਸ ਆਪ ਚੁਵਾਈਆ । ਕੂੜੀ ਕਿਰਿਆ ਮਨ ਵਾਸਨਾ ਮੇਟੇ ਵਾਦ ਵਿਵਾਦ, ਬ੍ਰਹਿਮਾਦ ਬ੍ਰਹਿਮਾਂਡ ਬ੍ਰਹਿਮੰਡ ਖੰਡ ਪੜਦਾ ਦਏ ਉਠਾਈਆ । ਵਸਤ ਅਮੋਲਕ ਕਾਇਆ ਗੋਲਕ ਸ਼ਬਦ ਅਗੰਮੀ ਦੇਵੇ ਦਾਦ, ਦਾਤਾ ਦਾਨੀ ਕਰ ਮਿਹਰਵਾਨੀ, ਨਿਰਗੁਣ ਨਿਰਵੈਰ ਆਪ ਵਰਤਾਈਆ । ਅੰਦਰ ਬਾਹਰ ਗੁਪਤ ਜਾਹਰ ਸਦਾ ਸੁਹੇਲਾ ਇਕ ਇਕੇਲਾ ਬਖ਼ਸ਼ੇ ਆਪਣੀ ਯਾਦ, ਦੀਨ ਦੁਨੀ ਕੂੜਾ ਨਾਤਾ ਮਾਇਆ ਮਮਤਾ ਮੋਹ ਚੁਕਾਈਆ । ਕਾਇਆ ਖੇੜਾ ਸਾਢੇ ਤਿੰਨ ਹੱਥ ਕਰ ਆਬਾਦ, ਰੁੱਤ ਬਸੰਤੀ ਸਤਿ ਸੁਹਾਵਣੀ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਖੋਲ੍ਹੇ ਆਪਣਾ ਰਾਜ਼, ਰਾਜ਼ਕ ਰਿਜ਼ਕ ਰਹੀਮ ਦਇਆ ਕਮਾਈਆ । ਜਨ ਭਗਤਾਂ ਪ੍ਰਭ ਦੇਵਣਹਾਰਾ ਮਾਣ, ਜੁਗ ਚੌਕੜੀ ਦਇਆ ਕਮਾਈਆ । ਨਿਰਗੁਣ ਸਰਗੁਣ ਵੇਖੇ ਆਣ, ਸਤਿ ਸਰੂਪੀ ਸ਼ਾਹੋ ਭੂਪੀ ਵੇਸ ਅਵੱਲੜਾ ਰੂਪ ਵਟਾਈਆ । ਧੁਰ ਸੰਦੇਸ਼ਾ ਨਰ ਨਰੇਸ਼ਾ ਨਾਮ ਨਿਧਾਨਾ ਦੇਵੇ ਇਕ ਫ਼ਰਮਾਣ, ਧੁਰ ਦਾ ਢੋਲਾ ਇਕ ਜਣਾਈਆ । ਜਿਸ ਨੂੰ ਜਗਤ ਬੁੱਧੀ ਸਮਝੇ ਨਾ ਕੋਇ ਗਿਆਨ, ਚੌਦਾਂ ਵਿਦਿਆ ਭੇਵ ਆਵੇ ਨਾ ਰਾਈਆ । ਪੁਰਖ ਅਕਾਲਾ ਦੀਨ ਦਿਆਲਾ ਗੁਰਮੁਖਾਂ ਉਪਰ ਹੋ ਮਿਹਰਵਾਨ, ਅਬਿਨਾਸ਼ੀ ਕਰਤਾ ਮਹਿਬੂਬ ਮੁਹੱਬਤ ਵਿਚ ਪੜਦਾ ਦਏ ਉਠਾਈਆ । ਸਚ ਦਵਾਰਾ ਏਕੰਕਾਰਾ ਧਰਮ ਵਖਾਏ ਇਕ ਨਿਸ਼ਾਨ, ਕੂੜੀ ਕਿਰਿਆ ਜੂਠ ਝੂਠ ਕਾਇਆ ਮਾਟੀ ਖਾਕੀ ਅੰਦਰੋਂ ਬਾਹਰ ਕਢਾਈਆ । ਸਾਚਾ ਮੰਤਰ ਧੁਨ ਆਤਮਕ ਦੇਵੇ ਗਾਣ, ਗਹਿਰ ਗੰਭੀਰ ਬੇਨਜ਼ੀਰ ਆਪਣਾ ਹੁਕਮ ਸੁਣਾਈਆ । ਸੰਤ ਸੁਹੇਲੇ ਸਾਚੇ ਮੰਦਰ ਅੰਦਰ ਕਾਇਆ ਕਾਅਬੇ ਦਰਸ਼ਨ ਪਾਣ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਭਗਤਨ ਮੇਲਾ ਹੁੰਦਾ ਰਹੇ ਨਾਲ ਸ੍ਰੀ ਭਗਵਾਨ, ਪਾਰਬ੍ਰਹਮ ਬ੍ਰਹਮ ਮਿਲ ਕੇ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭਗਤ ਭਗਵਾਨ ਜੋੜਾ ਰਿਹਾ

ਜੁੜਦਾ, ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਭੇਵ ਖੁਲ੍ਹਦਾ ਰਿਹਾ ਸਾਚੇ ਸਤਿਗੁਰ ਦਾ, ਸ਼ਬਦੀ ਸ਼ਬਦ ਵੱਜੇ ਵਧਾਈਆ । ਤਾਲ ਬਣਿਆ ਰਿਹਾ ਸੁਰਤ ਸਵਾਣੀ ਸੁਰ ਦਾ, ਆਲਸ ਨਿੰਦਰਾ ਪਰੇ ਹਟਾਈਆ । ਅੰਤਰ ਅੰਤਰ ਫੁਰਨਾ ਰਿਹਾ ਫੁਰਦਾ, ਗੁਰਮੁਖ ਗੁਰ ਗੁਰ ਆਪ ਪੜ੍ਹਾਈਆ । ਮੰਜ਼ਲ ਮਾਰਗ ਸੰਤ ਸੁਹੇਲਾ ਰਿਹਾ ਤੁਰਦਾ, ਭੱਜਿਆ ਵਾਹੋ ਦਾਹੀਆ । ਘਰ ਵੇਖਿਆ ਸੱਚੇ ਅਨੰਦ ਪੁਰ ਦਾ, ਜਿਥੇ ਪਰਮ ਪੁਰਖ ਪਰਮਾਤਮ ਬੈਠਾ ਸੋਭਾ ਪਾਈਆ । ਝਗੜਾ ਰਹੇ ਨਾ ਦੇਵਤ ਸੁਰ ਦਾ, ਵਿਸ਼ਨ ਬ੍ਰਹਮਾ ਸ਼ਿਵ ਇਸ਼ਟ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਭਗਤ ਭਗਵਾਨ ਵੇਖ ਵਖਾਈਆ । ਜਨ ਭਗਤਾਂ ਪ੍ਰਭ ਤੱਕਦਾ ਰਹੇ ਰਾਹ, ਨਿੱਤ ਨਵਿਤ ਧਿਆਨ ਲਗਾਈਆ । ਨਿਰਗੁਣ ਸਰਗੁਣ ਬਣਦਾ ਰਹੇ ਮਲਾਹ, ਨਈਆ ਨੌਕਾ ਆਪਣਾ ਨਾਮ ਚਲਾਈਆ । ਗੁਰ ਅਵਤਾਰ ਪੈਗ਼ੰਬਰ ਬਣੌਂਦਾ ਰਹੇ ਗਵਾਹ, ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਸ਼ਹਾਦਤ ਦਏ ਭੁਗਤਾਈਆ । ਨਿਤ ਨਵਿਤ ਦੇਂਦਾ ਰਹੇ ਸ਼ਬਦ ਅਗੰਮੀ ਸਲਾਹ, ਮਸ਼ਵਰਾ ਧੁਰ ਦਾ ਆਪ ਸਮਝਾਈਆ । ਨੌਜਵਾਨਾ ਮਰਦ ਮਰਦਾਨਾ ਜਣੌਂਦਾ ਰਹੇ ਆਪਣਾ ਨਾਂ, ਨਰ ਨਿਰੰਕਾਰਾ ਹੋ ਕੇ ਕਰੇ ਹੱਕ ਪੜ੍ਹਾਈਆ । ਵਾਹਦ ਕਲਮਾ ਦੱਸਦਾ ਰਹੇ ਨੂਰੀ ਖ਼ੁਦਾ, ਨਗ਼ਮਾ ਇਕੋ ਇਕ ਸੁਣਾਈਆ । ਜਨ ਭਗਤਾਂ ਆਪਣੇ ਮਿਲਣ ਦੀ ਜਣੌਂਦਾ ਰਹੇ ਬਿਧਾ, ਬਿਧਨਾ ਲੇਖ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਆਤਮ ਪਰਮਾਤਮ ਕਰ ਕਰ ਮੇਲੇ, ਮਿਲਣੀ ਜਗਦੀਸ਼ ਜਗਜੀਵਣ ਦਾਤਾ ਆਪ ਕਰਾਈਆ । ਜਨ ਭਗਤਾਂ ਪ੍ਰਭ ਦੇਂਦਾ ਰਿਹਾ ਦਾਤ, ਨਾਮ ਭੰਡਾਰਾ ਝੋਲੀ ਪਾਈਆ । ਕਲਜੁਗ ਅੰਤਮ ਵੇਖ ਅੰਧੇਰੀ ਰਾਤ, ਪੁਰਖ ਅਕਾਲਾ ਹੋਏ ਸਹਾਈਆ । ਸ਼ਬਦ ਅਗੰਮੀ ਲੈ ਕੇ ਆਏ ਸੁਗ਼ਾਤ, ਵਸਤ ਅਮੋਲਕ ਆਪ ਵਰਤਾਈਆ । ਅੰਤਰ ਬਾਤਨ ਕਰੇ ਬਾਤ, ਸ਼ਬਦ ਸ਼ਨੀਦ ਇਕ ਸ਼ਨਵਾਈਆ । ਮਨ ਮਨੂਆ ਕੂੜੀ ਕਿਰਿਆ ਕਰੇ ਘਾਤ, ਨਾਮ ਖੰਡਾ ਇਕ ਖੜਕਾਈਆ । ਜਨ ਭਗਤਾਂ ਪੁਛੇ ਵਾਤ, ਵਾਤਾਵਰਨ ਦਏ ਬਦਲਾਈਆ । ਸਚ ਪ੍ਰੀਤੀ ਚਰਨ ਕਵਲ ਉਪਰ ਧਵਲ ਜੋੜ ਕੇ ਨਾਤ, ਸਾਕ ਸੱਜਣ ਇਕੋ ਇਕ ਅਖਵਾਈਆ । ਸੋਹੰ ਢੋਲਾ ਬਣ ਵਿਚੋਲਾ ਦੱਸ ਅਗੰਮੀ ਗਾਥ, ਆਦਿ ਜੁਗਾਦੀ ਇਕੋ ਨਾਮ ਸੁਣਾਈਆ । ਖੇਲਣਹਾਰਾ ਨਿਤ ਨਵਿਤ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਮਾਲਕ ਹੋ ਕੇ ਘਰ ਘਰ ਦਾ, ਲੱਖ ਚੁਰਾਸੀ ਗ੍ਰਿਹ ਗ੍ਰਿਹ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਬਣਾ ਕੇ ਧੁਰ ਦੇ ਦਾਸ, ਦਸਤ ਆਪਣੇ ਨਾਲ ਮਿਲਾਈਆ । ਪ੍ਰਭ ਦੇਂਦਾ ਰਿਹਾ ਮਾਣ, ਊਚ ਨੀਚ ਜਾਤ ਪਾਤ ਰਾਓ ਰੰਕ ਨਾ ਕੋਇ ਵਡਿਆਈਆ । ਵਖੌਂਦਾ ਰਿਹਾ ਸਚ ਨਿਸ਼ਾਨ, ਨਿਸ਼ਾਨਾ ਅਪਾਣਾ ਨਾਮ ਦ੍ਰਿੜਾਈਆ । ਸੁਣੌਂਦਾ ਰਿਹਾ ਧੁਰ ਦਾ ਗਾਣ, ਬਿਨ ਅੱਖਰਾਂ ਕਰ ਪੜ੍ਹਾਈਆ । ਬਿਨ ਅੱਖਾਂ ਦੇਂਦਾ ਰਿਹਾ ਪਹਿਚਾਨ, ਨਿਝ ਲੋਚਨ ਅੱਖ ਖੁਲ੍ਹਾਈਆ । ਮਿਹਰ ਨਜ਼ਰ ਕਰਦਾ ਰਿਹਾ ਗੁਣ ਨਿਧਾਨ, ਗੁਣਵੰਤਾ ਆਪਣੇ ਹੱਥ ਰੱਖੇ ਵਡਿਆਈਆ । ਕਲਜੁਗ ਅੰਤਮ ਖੇਲ ਮਹਾਨ, ਮਹਿੰਮਾਂ ਅਕੱਥ ਕਥ ਸੁਣਾਈਆ । ਜਿਸ ਨੂੰ ਸਮਝੇ ਨਾ ਕੋਇ ਇਨਸਾਨ, ਪੰਜ ਤਤ ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਧੁਰ ਦਾ ਕਲਮਾ ਸਾਚਾ ਨਗ਼ਮਾ ਸ਼ਬਦ ਅਗੰਮੀ ਦਸੇ ਆਣ, ਹੰ ਬ੍ਰਹਮ ਪਾਰਬ੍ਰਹਮ ਪੜਦਾ ਦਏ ਉਠਾਈਆ । ਸਦੀ ਚੌਧਵੀਂ ਜਿਸ ਦਾ ਖੇਲ ਮਹਾਨ, ਹਜ਼ਰਤ ਪੈਗ਼ੰਬਰ ਪੀਰ ਈਸਾ ਮੂਸਾ ਮੁਹੰਮਦ ਬੈਠੇ ਸੀਸ ਨਿਵਾਈਆ ।

੫੫੨
੧੯

ਜਿਸ ਦਾ ਧੁਰ ਦਰਗਹਿ ਹੁਕਮ ਚਲੇ ਫੁਰਮਾਣ, ਜੁਗ ਚੌਕੜੀ ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਵਰਤਾਈਆ ।

## ੨੪ ਚੇਤ ਸ਼ਹਿਨਸ਼ਾਹੀ ਸੰਮਤ ੨ ਬੀਬੀ ਕਰਤਾਰੀ ਦੇ ਗ੍ਰਹਿ ਦੁਰਾਂਗਲਾ ਜ਼ਿਲਾ ਗੁਰਦਾਸ ਪੁਰ

ਭਗਤ ਸੁਹੇਲਾ ਜੁਗਾਦਿ ਆਦਿ ਆਦਿ ਜੁਗਾਦਿ ਇਕ, ਆਦਿ ਪੁਰਖ ਅਬਿਨਾਸ਼ੀ ਕਰਤਾ ਏਕੰਕਾਰ ਬੇਪਰਵਾਹੀਆ । ਜਿਸ ਦਾ ਜੁਗ ਚੌਕੜੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗੰਬਰ ਸਮਝ ਨਾ ਸਕੇ ਭਵਿਖਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜਦਾ ਅਗੰਮ ਨਾ ਕੋਇ ਉਠਾਈਆ । ਕਲਮ ਸ਼ਾਹੀ ਕਾਗਜ਼ ਸ਼ਬਦ ਸੰਦੇਸ਼ਾ ਸਿਫ਼ਤ ਸਾਲਾਹੀ ਲਿਖਦੇ ਗਏ ਲਿਖਤ, ਰਾਗ ਨਾਦ ਨਗ਼ਮੇ ਗੀਤ ਢੋਲੇ ਸਲੋਕ ਵਾਰਤਾ ਵਾਰਾਂ ਵਿਚ ਗਾਈਆ । ਵਿਸ਼ਨ ਬ੍ਰਹਮਾ ਸ਼ਿਵ ਰਿਖ ਮੁਨ ਖੋਜ ਖੋਜ ਗਏ ਇਸ਼ਟ, ਦ੍ਰਿਸ਼ਟ ਵਿਚ ਦਹਿ ਦਿਸ਼ਾਂ ਧਿਆਨ ਲਗਾਈਆ । ਲੱਖ ਚੁਰਾਸੀ ਜੀਵ ਜੰਤ ਚਾਰ ਖਾਣੀ ਅੰਡਜ਼ ਜੇਰਜ ਉਤਭੁਜ ਸੇਤਜ ਭੋਗਦੇ ਗਏ ਗ੍ਰਹਿਸਤ, ਗਹਿਰ ਗੰਭੀਰ ਬੇਨਜ਼ੀਰ ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੋਟਨ ਵਿਚੋਂ ਗੁਰਮੁਖ ਸੰਤ ਸੁਹੇਲੇ ਲਏ ਮਿਲਾਈਆ । ਆਦਿ ਜੁਗਾਦਿ ਜੁਗ ਚੌਕੜੀ ਖੇਲ ਪੁਰਖ ਸਮਰਥ, ਅਬਿਨਾਸ਼ੀ ਕਰਤਾ ਨਿਰਗੁਣ ਸਰਗੁਣ ਧਾਰ ਚਲਾਇੰਦਾ । ਜੋਤ ਸਰੂਪ ਸ਼ਾਹੋ ਭੂਪ ਨਿਰਗੁਣ ਸਰਗੁਣ ਹੋ ਪਰਗਟ, ਸ਼ਬਦ ਅਨਾਦ ਬ੍ਰਹਮ ਬ੍ਰਹਿਮਾਦ ਧੁਰ ਸੰਦੇਸ਼ਾ ਰਾਗ ਅਲਾਇੰਦਾ । ਸਚ ਦਵਾਰਾ ਨਾਉਂ ਨਿਰੰਕਾਰਾ ਲੋਕਮਾਤ ਖੋਲ੍ਹ ਕੇ ਹੱਟ, ਭਗਤ ਭਗਵਾਨ ਦੇਵੇ ਦਾਨ ਨਾਮ ਪਦਾਰਥ ਝੋਲੀ ਪਾਇੰਦਾ । ਚਾਰ ਵਰਨ ਅਠਾਰਾਂ ਬਰਨ ਨੌ ਖੰਡ ਪ੍ਰਿਥਮੀ ਸਤ ਦੀਪ ਮਨ ਵਾਸਨਾ ਸਾਰੇ ਰਹੇ ਨੱਠ, ਅੰਤਰ ਅੰਤਰ ਬ੍ਰਹਮ ਵਿਦਿਆ ਨਾ ਕੋਇ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪਣੇ ਰੰਗ ਰੰਗਾਇੰਦਾ । ਆਦਿ ਜੁਗਾਦੀ ਹੁਕਮਰਾਨ, ਪੁਰਖ ਅਕਾਲ ਇਕ ਅਖਵਾਈਆ । ਜੁਗ ਚੌਕੜੀ ਦੇਵਣਹਾਰ ਫ਼ਰਮਾਨ, ਸ਼ਬਦ ਸੰਦੇਸ਼ ਨਰ ਨਰੇਸ਼ ਇਕ ਦ੍ਰਿੜਾਈਆ । ਚਾਰ ਜੁਗ ਕਰਦੇ ਰਹਿਣ ਪਰਵਾਨ, ਸਿਰ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਗਾ ਗਾ ਗਏ ਗਾਨ, ਢੋਲੇ ਸਿਫ਼ਤਾਂ ਵਾਲੇ ਸੁਣਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਦੇ ਕੇ ਗਏ ਅਹਿਵਾਲ, ਭੇਖ ਭਵਿਖਤਾਂ ਵਿਚ ਦ੍ਰਿੜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਹੋਵੇ ਪਰਧਾਨ, ਪਤਿਪਰਮੇਸ਼ਵਰ ਪਾਰਬ੍ਰਹਮ ਪਵਰਦਿਗਾਰ ਜਲਵਾ ਨੂਰ ਕਰੇ ਰੁਸ਼ਨਾਈਆ । ਏਥੇ ਓਥੇ ਦੋ ਜਹਾਨ ਜ਼ਿਮੀ ਅਸਮਾਨ ਪ੍ਰਿਥਮੀ ਆਕਾਸ਼ ਗਗਨ ਗਗਨੰਤਰ ਵੇਖੇ ਮਾਰ ਧਿਆਨ, ਧਰਨੀ ਧਰਤ ਧਵਲ ਖੋਜੇ ਥਾਉਂ ਥਾਈਆ । ਗੁਰਮੁਖ ਸਾਚੇ ਸੰਤ ਜਨਾਂ ਅੰਤਰ ਅੰਤਰ ਦੇਵੇ ਸਚ ਗਿਆਨ, ਨਾਮ ਮੰਤਰ ਧੁਰ ਦਾ ਇਕ ਸਮਝਾਈਆ । ਰਸਨਾ ਜਿਹਵਾ ਬੱਤੀ ਦੰਦ ਜਗਤ ਕਰੇ ਨਾ ਕੋਇ ਵਖਾਣ, ਜਨ ਭਗਤਾਂ ਅੰਦਰੋਂ ਵਿਖ ਦਏ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਦਰ, ਦਰ ਦਵਾਰਾ ਇਕ ਵਖਾਈਆ । ਆਦਿ ਜੁਗਾਦੀ ਪਰਮ ਪੁਰਖ ਪ੍ਰਭ ਦਾਤਾ, ਦਇਆਵਾਨ ਇਕ ਅਖਵਾਇੰਦਾ । ਜਿਸ ਦੀ ਚਾਰ ਜੁਗ ਗੌਂਦੇ ਗਏ ਗਾਥਾ, ਚਾਰੇ ਖਾਣੀ ਵੰਡ ਵੰਡਾਇੰਦਾ ।


੫੫੩ ੧੯

ਚਾਰੇ ਬਾਣੀ ਦੱਸੇ ਸਾਕਾ, ਪਰਾ ਪਸੰਤੀ ਮਧਮ ਬੈਖਰੀ ਆਪਣਾ ਹੁਕਮ ਵਰਤਾਇੰਦਾ । ਹੁੰਦਾ ਰਿਹਾ ਸਹਾਈ ਨਾਥ ਅਨਾਥਾ, ਦੀਨ ਦਿਆਲ ਦੀਨਾਂ ਆਪਣੇ ਰੰਗ ਰੰਗਾਇੰਦਾ । ਨਾਮ ਸੰਦੇਸ਼ਾ ਦੇਂਦਾ ਰਿਹਾ ਸਾਚਾ, ਸੁੱਚ ਸੰਜਮ ਇਕ ਸਮਝਾਇੰਦਾ । ਭਾਗ ਲਗੌਂਦਾ ਰਿਹਾ ਸਾਢੇ ਤਿੰਨ ਹੱਥ ਮਾਟੀ ਕਾਚਾ, ਕੰਚਨ ਗੜ੍ਹ ਮਹੱਲ ਅਟੱਲ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਕਰ ਕਰ ਹਿੱਤ, ਭਗਤ ਸੁਹੇਲਾ ਇਕ ਇਕੇਲਾ ਲੇਖਾ ਜਾਣ ਗੁਰੂ ਗੁਰ ਚੇਲਾ, ਗੁਰਮੁਖ ਗੁਰ ਗੁਰ ਆਪਣੀ ਗੋਦ ਉਠਾਇੰਦਾ । ਆਦਿ ਪੁਰਖ ਅਪਰੰਪਰ ਸਵਾਮੀ, ਆਦਿਨ ਅੰਤਾ ਇਕ ਅਖਵਾਈਆ । ਲੱਖ ਚੁਰਾਸੀ ਘਟ ਭੀਤਰ ਹੋਵੇ ਅੰਤਰਜਾਮੀ, ਪੜਦਾ ਉਹਲਾ ਨਾ ਕੋਇ ਵਖਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਦੱਸਣਹਾਰਾ ਅਗੰਮੀ ਬਾਣੀ, ਸ਼ਬਦ ਨਿਧਾਨਾ ਨਾਮ ਦ੍ਰਿੜਾਈਆ । ਅੰਮ੍ਰਿਤ ਆਤਮ ਸਰ ਸਰੋਵਰ ਬਖ਼ਸ਼ਣਹਾਰਾ ਠੰਡਾ ਪਾਣੀ, ਨਿਝਰ ਝਿਰਨਾ ਆਪ ਝਿਰਾਈਆ । ਸੋਈ ਸੁਰਤੀ ਉਠਾ ਕੇ ਦੇਵਣਹਾਰਾ ਪਦ ਨਿਰਬਾਣੀ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪਣਾ ਰੰਗ ਰੰਗਾਈਆ । ਸਤਿ ਦਵਾਰ ਏਕੰਕਾਰ ਸਚਖੰਡ ਬਖ਼ਸ਼ੇ ਇਕ ਨਿਸ਼ਾਨੀ, ਨਿਸ਼ਾਨੇ ਕੂੜੇ ਦਏ ਗਵਾਈਆ । ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦਾ ਕੰਤ ਨਾਮ ਸੰਦੇਸ਼ਾ ਦੇਵੇ ਮਣੀਆਂ ਮੰਤ, ਆਤਮ ਪਰਮਾਤਮ ਪਰਮਾਤਮ ਆਤਮ ਮਿਲ ਕੇ ਵੱਜੇ ਵਧਾਈਆ । ਕੋਈ ਭੇਵ ਨਾ ਜਾਣੇ ਬੋਧ ਅਗਾਧਾ ਪੰਡਤ, ਚੌਦਾਂ ਵਿਦਿਆ ਸਾਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਆਦਿ ਜੁਗਾਦੀ ਹਰਿ ਭਗਤਾਂ ਸੰਗ, ਸਗਲਾ ਸੰਗ ਬਣਾਈਆ । ਨਾਮ ਮਜੀਠੀ ਚਾੜ੍ਹੇ ਰੰਗ, ਰੰਗਤ ਅਗਲੀ ਦਏ ਬਦਲਾਈਆ । ਮਾਨਸ ਜਨਮ ਹੋਣ ਨਾ ਦੇਵੇ ਭੰਗ, ਭਾਂਡਾ ਭਰਮ ਭੌ ਤੁੜਾਈਆ । ਨਿਰਗੁਣ ਨੂਰ ਚਾੜ੍ਹੇ ਚੰਦ, ਜੋਤੀ ਜੋਤ ਜੋਤ ਰੁਸ਼ਨਾਈਆ । ਪਵਣ ਸਵਾਸ ਲੇਖੇ ਲਾਏ ਦਮ, ਸਾਹ ਸਾਹ ਆਪਣਾ ਭੇਵ ਖੁਲ੍ਹਾਈਆ । ਝਗੜਾ ਰਹੇ ਨਾ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਅੰਦਰੋਂ ਦਏ ਬਦਲਾਈਆ । ਆਤਮ ਪਰਮਾਤਮ ਕੂੜੀ ਕਿਰਿਆ ਮੇਟ ਕੇ ਭਰਮ, ਪਾਰਬ੍ਰਹਮ ਬ੍ਰਹਮ ਆਪਣਾ ਰੂਪ ਦਏ ਦਰਸਾਈਆ । ਝਗੜਾ ਮੁਕਾ ਕੇ ਚਾਰ ਵਰਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਦਏ ਸੁਹਾਈਆ । ਗੁਰਮੁਖਾਂ ਨੇਤਰ ਖੋਲ੍ਹ ਕੇ ਅੰਤਰ ਹਰਨ ਫਰਨ, ਨਿਜ ਗ੍ਰਹਿ ਦਰਸ਼ਨ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮੰਜ਼ਲ ਆਪੇ ਆਇਆ ਚੜ੍ਹਨ, ਬਿਨ ਪੌੜੇ ਡੰਡੇ ਪਾਰਬ੍ਰਹਮ ਪਾਰ ਬ੍ਰਹਿਮੰਡੇ ਸਚ ਦਵਾਰ ਏਕੰਕਾਰ ਕਰਨੀ ਦਾ ਕਰਤਾ ਹਰਿਜਨ ਆਪਣੇ ਵਿਚ ਸਮਾਈਆ ।



੫੫੪
੧੯

✪ ੨੪ ਚੇਤ ਸ਼ਹਿਨਸ਼ਾਹੀ ਸੰਮਤ ੨ ਬੀਬੀ ਵੀਰੋ ਦੇ ਗ੍ਰਹਿ ਪਿੰਡ ਦੁਰਾਂਗਲਾ ਜ਼ਿਲਾ ਗੁਰਦਾਸ ਪੁਰ ✪

ਪ੍ਰੇਮ ਪਿਆਰ ਦਾ ਮਿਲਿਆ ਪਰਸਾਦਿ, ਪਰਸਾਦਾ ਮੁਹੱਬਤ ਰੂਪ ਬਦਲਾਈਆ । ਅੰਤਰ ਆਤਮ ਦਾ ਸੁਵਾਦ, ਰਸਨਾ ਜਿਹਵਾ ਨਾ ਸਕੇ ਸਮਝਾਈਆ । ਜਿਸ ਦੀ ਸਿਫਤ ਅੰਦਰ ਲੇਖੇ ਲਿਖੇ ਗਏ ਬੋਧ ਅਗਾਧ, ਅੱਖਰ ਅੱਖਰਾਂ ਨਾਲ ਜੁੜਾਈਆ । ਸੋ ਸਾਹਿਬ ਸਵਾਮੀ ਦੇਵਣਹਾਰਾ ਦਾਦ, ਦਾਤ ਆਪਣੀ ਇਕ ਵਰਤਾਈਆ । ਜਿਨ੍ਹਾਂ ਦੇ ਅੰਤਰ ਰਿਹਾ ਯਦ, ਯਾਦਾਸ਼ਤ ਉਨ੍ਹਾਂ ਜਾਏ ਬਣਾਈਆ । ਆਤਮਾ ਹਰਿਮੰਦਰ ਸਦਾ ਰਹੇ ਆਬਾਦ, ਖੇੜਾ ਕੂੜ

ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਵਸਾ ਕੇ ਜਾਏ ਸਾਚਾ ਘਰ, ਜਿਸ ਗ੍ਰਿਹਿ ਗਿਰਹਾਬਾਨ ਹੋ ਕੇ ਵੇਖ ਵਖਾਈਆ ।

## ੨੪ ਚੇਤ ਸ਼ਹਿਨਸ਼ਾਹੀ ਸੰਮਤ ੨ ਬੂੜ ਸਿੰਘ ਦੇ ਗ੍ਰਿਹਿ ਪਿੰਡ ਵਜ਼ੀਰਪੁਰ ਜ਼ਿਲਾ ਗੁਰਦਾਸ ਪੁਰ

ਜਨ ਭਗਤ ਕਹੇ ਪ੍ਰਭ ਵੇਖ ਕਲਜੁਗ ਅੰਤ ਅਖ਼ੀਰ, ਬਿਨ ਅੱਖਾਂ ਧਿਆਨ ਲਗਾਈਆ । ਚਾਰ ਕੁੰਟ ਦਹਿ ਦਿਸ਼ਾ ਵਰਨ ਬਰਨ ਹੋਇਆ ਦਿਲਗੀਰ, ਸਾਂਤਕ ਸਤਿ ਨਾ ਕੋਇ ਕਰਾਈਆ । ਨਾਤਾ ਛੱਡ ਗਏ ਪੈਗ਼ੰਬਰ ਗੁਰ ਅਵਤਾਰ ਪੀਰ, ਸਗਲਾ ਸੰਗ ਨਾ ਕੋਇ ਨਿਭਾਈਆ । ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਸ਼ਰਅ ਕੱਟੇ ਨਾ ਕੋਇ ਜੰਜ਼ੀਰ, ਇਕੋ ਰੰਗ ਸੂਰੇ ਸਰਬੰਗ ਸਾਚੇ ਘਰ ਨਾ ਕੋਇ ਰੰਗਾਈਆ । ਅੰਮ੍ਰਿਤ ਆਤਮ ਸਾਚਾ ਮਿਲੇ ਕਿਸੇ ਨਾ ਨੀਰ, ਅੱਠ ਸੱਠ ਤੀਰਥ ਸ੍ਰਿਸ਼ਟੀ ਦ੍ਰਿਸ਼ਟੀ ਭੱਜੀ ਵਾਹੋ ਦਾਹੀਆ । ਹੱਕ ਹਕੀਕਤ ਮੰਜ਼ਲ ਪੈਂਡਾ ਲਏ ਕੋਇ ਨਾ ਚੀਰ, ਚਾਰ ਕੁੰਟ ਦਹਿ ਦਿਸ਼ਾ ਵੇਖਣ ਥਾਉਂ ਥਾਈਂਆ । ਮਿਹਰਵਾਨ ਬੇਨਜ਼ੀਰ, ਨਜ਼ਰ ਆਪਣੀ ਇਕ ਉਠਾਈਆ । ਜਨ ਭਗਤਾਂ ਬਦਲ ਦੇ ਤਕਦੀਰ, ਤਕੱਬਰ ਮਾਣ ਅੰਦਰੋਂ ਬਾਹਰ ਕਢਾਈਆ । ਤੇਰੀ ਯਾਦ ਵਿਚ ਸ਼ਾਹ ਸੁਲਤਾਨ ਹੋਏ ਫ਼ਕੀਰ, ਫ਼ਿਕਰੇ ਢੋਲੇ ਤੇਰਾ ਨਾਮ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦੇ ਚੁਕਾਈਆ । ਜਨ ਭਗਤ ਕਹੇ ਪ੍ਰਭ ਕਲਜੁਗ ਵੇਖ ਕੂੜ ਕੁੜਿਆਰ, ਸਾਚਾ ਧਰਮ ਨਾ ਕੋਇ ਵਖਾਈਆ । ਝਗੜਾ ਪਿਆ ਪੁਰਖ ਨਾਰ, ਪਿਤਾ ਪੂਤ ਕਰੇ ਲੜਾਈਆ । ਘਰ ਘਰ ਗ੍ਰਿਹਿ ਗ੍ਰਿਹਿ ਮੰਦਰ ਮੰਦਰ ਦਿਸੇ ਵਿਭਚਾਰ, ਸਤਿ ਸਚ ਨਾ ਕੋਇ ਸਮਝਾਈਆ । ਦੁਖੀਆਂ ਸੁਣੇ ਨਾ ਕੋਇ ਪੁਕਾਰ, ਭੁੱਖਿਆਂ ਭੁੱਖ ਨਾ ਕੋਇ ਗਵਾਈਆ । ਚਾਰ ਵਰਨ ਹਾਹਾਕਾਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਰਹੇ ਕੁਰਲਾਈਆ । ਨਵ ਨੌਂ ਚਾਰ ਦਿਸੇ ਅੰਧਿਆਰ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਕਿਰਪਾ ਕਰ ਆਪ ਨਿਰੰਕਾਰ, ਨਿਰਗੁਣ ਆਪਣਾ ਹੁਕਮ ਸੁਣਾਈਆ । ਸਦੀ ਚੌਧਵੀ ਦਿਸੇ ਖੁਆਰ, ਖਾਲਸ ਰੂਪ ਨਾ ਕੋਇ ਪਰਗਟਾਈਆ । ਪੀਰ ਪੈਗ਼ੰਬਰ ਈਸਾ ਮੂਸਾ ਮੁਹੰਮਦ ਨੇਤਰ ਲੋਚਣ ਨੈਣ ਰਹੇ ਉਠਾਲ, ਚੌਦਾਂ ਲੋਕ ਚੌਦਾਂ ਤਬਕ ਵੇਖਣ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦੇ ਸਮਝਾਈਆ । ਜਨ ਭਗਤ ਕਹਿਣ ਪ੍ਰਭ ਕਲਜੁਗ ਵੇਖ ਅੰਤ, ਚਾਰ ਕੁੰਟ ਰਿਹਾ ਕੁਰਲਾਈਆ । ਮਾਇਆ ਭੁੱਲੇ ਭੇਖਾਧਾਰੀ ਸੰਤ, ਸਹਿਬ ਸਤਿਗੁਰ ਤੇਰਾ ਭੇਵ ਨਾ ਕੋਇ ਖੁਲ੍ਹਾਈਆ । ਬੋਧ ਅਗਾਧਾ ਸ਼ਬਦ ਅਨਾਦਾ ਦਿਸੇ ਕੋਇ ਨਾ ਪੰਡਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਪੜ੍ਹ ਪੜ੍ਹ ਰਹੇ ਸੁਣਾਈਆ । ਤੇਰੇ ਮਿਲਣ ਦੀ ਕਿਸੇ ਅੰਤਰ ਸਤਿ ਨਾ ਦਿਸੇ ਹਿੰਮਤ, ਹੌਸਲੇ ਸਾਰੇ ਬੈਠੇ ਢਾਹੀਆ । ਕਲਜੁਗ ਕੂੜੀ ਕਿਰਿਆ ਘਰ ਘਰ ਕੀਤੀ ਇੱਲਤ, ਇਲਮ ਵਾਲੇ ਆਲਮ ਦਿਤੇ ਭੁਲਾਈਆ । ਦਰ ਦਰਵੇਸ਼ ਤੇਰੇ ਅੱਗੇ ਜਨ ਭਗਤ ਕਰਦੇ ਮਿੰਨਤ, ਪੁਰਖ ਅਕਾਲ ਦੀਨ ਦਿਆਲ ਨਿਉਂ ਨਿਉਂ ਸੀਸ ਝੁਕਾਈਆ । ਮਨੂਆ ਮਨ ਜਗਤ ਵਾਸਨਾ ਕਰੇ ਕੋਇ ਨਾ ਇੱਲਤ, ਸ਼ਬਦ ਡੋਰੀ ਤੰਦ ਲੈਣਾ ਬੰਧਾਈਆ । ਮਾਨੁਖ ਜਨਮ ਮਨੁਸ਼ ਨਾ ਆਵੇ ਜ਼ਿੱਲਤ, ਮਾਨਵ ਦੇਣੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਦੇਣਾ

੫੫੬
੧੯

ਵਖਾਈਆ । ਜਨ ਭਗਤ ਕਹਿਣ ਪ੍ਰਭੂ ਵੇਖ ਆਪਣਾ ਕਲਜੁਗ ਕੂੜ ਕੁੜਿਆਰਾ ਵਕਤ, ਵਾਕਿਆ ਵਾਕਿਆਤ ਦੇਵੇ ਗਵਾਹੀਆ । ਭਰਮੇ ਭੁੱਲਾ ਮਾਇਆ ਮਮਤਾ ਜਗਤ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਫਿਰੇ ਦਰੋਹੀ ਉਤੇ ਫ਼ਰਸ਼, ਅਰਸ਼ ਰਿਹਾ ਕੁਰਲਾਈਆ । ਗਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਉਤੇ ਕਰ ਤਰਸ, ਮਿਹਰ ਨਜ਼ਰ ਨਜ਼ਰ ਇਕ ਉਠਾਈਆ । ਅੰਮ੍ਰਿਤ ਮੇਘ ਅਗੰਮੀ ਬਰਸ, ਬੂੰਦ ਸਵਾਂਤੀ ਮੁਖ ਚੁਆਈਆ । ਲੋਕਮਾਤ ਮਾਰ ਝਾਤ ਖੋਲ੍ਹ ਤਾਕ ਪੁਰਖ ਅਬਿਨਾਸ਼ੀ ਨਿਰਗੁਣ ਧਾਰ ਆਇਉਂ ਪਰਤ, ਪਤਿ ਪਤਵੰਤੇ ਤੇਰੇ ਹੱਥ ਵੱਡੀ ਵਡਿਆਈਆ । ਗੁਰ ਅਵਤਾਰਾਂ ਪੈਗ਼ੰਬਰਾਂ ਨਾਲ ਪੂਰੀ ਹੋ ਗਈ ਸ਼ਰਤ, ਸ਼ਰੀਅਤ ਵਿਚੋਂ ਸ਼ਰਅ ਦੇ ਬਦਲਾਈਆ । ਤੇਰੇ ਹੁਕਮੇਂ ਅੰਦਰ ਏਥੇ ਓਥੇ ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਪਏ ਕੋਈ ਨਾ ਫ਼ਰਕ, ਰਵ ਸਸ ਸੂਰੀਆ ਚੰਦ ਮੰਡਲ ਮੰਡਪ ਸੀਸ ਨਾ ਕੋਇ ਉਠਾਈਆ । ਪਿਛਲਾ ਹੁਕਮ ਮਨਸੂਖ਼ ਕਰ ਕਰਦੇ ਤਰਕ, ਤੁਰਤ ਆਪਣਾ ਹੁਕਮ ਦੇ ਦ੍ਰਿੜਾਈਆ । ਜਨ ਭਗਤਾਂ ਨਾਲ ਕਰ ਆਤਮ ਪਰਮਾਤਮ ਹੋ ਕੇ ਦਰਦ, ਦੀਨਾਂ ਅਨਾਥਾਂ ਦੀਨ ਦੁਨੀ ਵਿਚੋਂ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਮਨਜ਼ੂਰ ਕਰ ਅਰਜ਼, ਅਰਜ਼ ਖਾਹਸ਼ ਗੁਰਮੁਖ ਰਹੇ ਜਣਾਈਆ । ਜਨ ਭਗਤ ਕਹਿਣ ਪ੍ਰਭ ਇਕ ਵਾਰਾਂ ਵੇਖ ਚੁੱਕ ਕੇ ਪੜਦਾ, ਲੋਕਮਾਤ ਧਿਆਨ ਲਗਾਈਆ । ਤੇਰਾ ਨਾਮ ਕੋਈ ਨਾ ਪੜ੍ਹਦਾ, ਸਿਫ਼ਤੀ ਢੋਲੇ ਸਾਰੇ ਗਾਈਆ । ਹੱਕ ਮੰਜ਼ਲ ਕੋਇ ਨਾ ਚੜ੍ਹਦਾ, ਅਧਵਾਟੇ ਦਿਸੀ ਲੋਕਾਈਆ । ਤੇਰਾ ਦਰਸ ਕੋਇ ਨਾ ਕਰਦਾ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਰਹੇ ਕੁਰਲਾਈਆ । ਤੇਰਾ ਪ੍ਰੇਮ ਪਿਆਰ ਮੁਹੱਬਤ ਵਿਚ ਕੋਇ ਨਾ ਵਰਦਾ, ਵਾਰਤਾ ਸਾਰੇ ਰਹੇ ਸੁਣਾਈਆ । ਪੜਦਾ ਖੋਲ੍ਹਿਆ ਨਾ ਕਿਸੇ ਆਪਣੇ ਘਰ ਦਾ, ਸਾਢੇ ਤਿੰਨ ਹੱਥ ਵੱਜੀ ਨਾ ਕੋਇ ਵਧਾਈਆ । ਨਿਰੰਕਾਰ ਤੇਰਾ ਨਾਮ ਅੱਖਰ ਕੋਇ ਨਾ ਪੜ੍ਹਦਾ, ਜਗਤ ਵਿਦਿਆ ਪੜ੍ਹ ਪੜ੍ਹ ਢੋਲੇ ਰਹੇ ਸੁਣਾਈਆ । ਬਿਰਹੋਂ ਵੈਰਾਗ ਵਿਛੋੜੇ ਅੰਦਰ ਕੋਇ ਨਾ ਮਰਦਾ, ਮਰ ਜੀਵਤ ਰੂਪ ਬਦਲਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਨਿੱਤ ਨਵਿਤ ਆਪਣਾ ਖੇਲ ਕਰਦਾ, ਕਰਨੀ ਦਾ ਕਰਤਾ ਇਕ ਅਖਵਾਈਆ । ਜਨ ਭਗਤ ਸੁਹੇਲਾ ਤੇਰਾ ਦੀਦਾਰ ਦੀਦ ਨਾਲ ਇਕ ਮੰਗਦਾ, ਦਰੇ ਦਵਾਰ ਹੋਣਾ ਸਹਾਈਆ । ਪੜਦਾ ਲਾਹ ਦੇ ਹੰ ਬ੍ਰਹਮ ਦਾ, ਪਾਰਬ੍ਰਹਮ ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਲਹਿਣਾ ਦੇਣਾ ਮੁੱਕ ਜਾਏ ਕਾਇਆ ਮਾਟੀ ਚੰਮ ਦਾ, ਆਵਣ ਜਾਵਣ ਪਤਤ ਪਾਵਨ ਰਹੇ ਨਾ ਰਾਈਆ । ਤੂੰ ਸਾਹਿਬ ਸੁਹੇਲਾ ਸਦਾ ਸਦਾ ਜਨ ਭਗਤਾਂ ਬੇੜਾ ਬੰਨ੍ਹਦਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣੇ ਕੰਧ ਉਠਾਈਆ । ਕਲਜੁਗ ਅੰਤ ਸ੍ਰੀ ਭਗਵੰਤ ਵਕਤ ਸੁਹੰਜਣਾ ਕਰ ਤੇਰਾ ਢੋਲਾ ਗਾਈਏ ਧੰਨ ਧੰਨ ਧੰਨ ਦਾ, ਧਰਮ ਦਵਾਰ ਏਕੰਕਾਰ ਕਿਰਪਾ ਧਾਰ ਵਿਚ ਸੰਸਾਰ ਇਕੋ ਦੇ ਬਣਾਈਆ ।

✪ ੨੪ ਚੇਤ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਕੌਰ ਦੇ ਗ੍ਰਿਹ ਪਿੰਡ ਵਜ਼ੀਰਪੁਰ ਜ਼ਿਲਾ ਗੁਰਦਾਸ ਪੁਰ ✪

ਜਨ ਭਗਤ ਤੇਰੀ ਮੰਜ਼ਲ ਰੁਹਾਨੀ, ਰੂਹੇ ਰਵਾਂ ਦਇਆ ਕਮਾਇੰਦਾ । ਕਿਰਪਾ ਕਰੇ ਖਾਕ ਜਿਸਮਾਨੀ, ਜਿਸਮ ਇਸਮ ਇਕ ਦ੍ਰਿੜਾਇੰਦਾ । ਮਿਲੇ ਮੇਲ ਮਹਿਬੂਬ ਅਸਮਾਨੀ, ਅਹਿਸਾਨ ਸਿਰ ਨਾ ਕੋਇ ਰਖਾਇੰਦਾ । ਸਚ ਦਵਾਰ ਬਖ਼ਸ਼ੇ ਇਕ ਮਹਿਮਾਨੀ, ਮਹਿਮਾਨ ਨਿਵਾਜ਼ ਆਪਣੀ ਦਇਆ

ਕਮਾਇੰਦਾ । ਹਰਿਜਨ ਵਸਤ ਦਿਸੇ ਨਾ ਕੋਇ ਬੇਗਾਨੀ, ਧੁਰ ਦੀ ਦਾਤ ਝੋਲੀ ਪਾਇੰਦਾ । ਕਿਰਪਾ ਕਰੇ ਸਾਹਿਬ ਗੁਣ ਨਿਧਾਨੀ, ਗੁਣਵੰਤ ਗੁਣ ਵਖਾਇੰਦਾ । ਜਿਨ੍ਹਾਂ ਬਖ਼ਸ਼ੇ ਚਰਨ ਪ੍ਰੀਤੀ ਸਚ ਧਿਆਨੀ, ਪੜਦਾ ਉਹਲਾ ਦਵੈਤ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਵੇਖੇ ਪਵਿਤ ਪੁਨੀਤ ਪਰਾਨੀ, ਪੂਰਨ ਬ੍ਰਹਮ ਆਪ ਸਮਝਾਇੰਦਾ ।

✪ ੨੪ ਚੇਤ ਸ਼ਹਿਨਸ਼ਾਹੀ ਸੰਮਤ ੨ ਸਲਵਿੰਦਰ ਕੌਰ ਦੇ ਗ੍ਰਿਹਿ ਪਿੰਡ ਜੀਵਣ ਚਕ ਜ਼ਿਲਾ ਗੁਰਦਾਸ ਪੁਰ ✪

ਅਗੰਮ ਅਥਾਹ ਖੇਲ ਸਤਿਗੁਰ ਦਾ, ਸਰਬ ਸਵਾਮੀ ਆਪ ਵਖਾਇੰਦਾ । ਲੱਖ ਚੁਰਾਸੀ ਨਾਲੋਂ ਤੁਟ ਭਗਤਾਂ ਨਾਲ ਜੁੜਦਾ, ਜੋੜਾ ਧੁਰ ਦਾ ਆਪ ਸੁਹਾਇੰਦਾ । ਗੁਰਮੁਖ ਸਵਾਧਾਨ ਕਰੇ ਮਨ ਵਾਸਨਾ ਮੁਰਦਾ, ਮੁਰੀਦ ਮੁਰਸ਼ਦ ਆਪਣੇ ਰੰਗ ਰੰਗਾਇੰਦਾ । ਲੇਖਾ ਮੁਕਾਵੇ ਅਵਰ ਹੋਰ ਦਾ, ਹਰਿ ਹਰ ਹਿਰਦੇ ਆਪਣਾ ਨਾਮ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਗ੍ਰਿਹਿ ਆਪ ਸੁਹਾਇੰਦਾ । ਸਾਚਾ ਗ੍ਰਿਹਿ ਗਰੀਬ ਨਿਵਾਜ਼, ਦਰ ਠਾਂਡਾ ਇਕ ਵਖਾਈਆ । ਜਿਸ ਦੀ ਨਿਰਗੁਣ ਸਾਜਣ ਲਈ ਸਾਜ, ਬਾਡੀ ਬਣਤ ਨਾ ਕੋਇ ਬਣਾਈਆ । ਧੁਰਦਰਗਾਹੀ ਬਹਿ ਕੇ ਕਰੇ ਰਾਜ, ਰਈਅਤ ਦੋ ਜਹਾਨਾਂ ਵੇਖ ਵਖਾਈਆ । ਭਗਤਾਂ ਸੁਆਰੇ ਕਾਜ, ਭਗਵਨ ਮੀਤਾ ਬੇਪਰਵਾਹੀਆ । ਸਚ ਬਣਾਏ ਸਮਾਜ, ਸਿਖਿਆ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜੁਗਤ ਜਨ ਭਗਤਾਂ ਰੱਖੇ ਲਾਜ, ਬਿਧ ਆਪਣੀ ਨਾਲ ਤਰਾਈਆ ।



੫੫੭ ੧੯

✪ ੨੪ ਚੇਤ ਸ਼ਹਿਨਸ਼ਾਹੀ ਸੰਮਤ ੨ ਗੁਰਬਖ਼ਸ਼ ਸਿੰਘ ਦੇ ਗ੍ਰਿਹਿ ਪਿੰਡ ਨਸ਼ਹਿਰਾ ਜ਼ਿਲਾ ਗੁਰਦਾਸ ਪੁਰ ✪

ਜੈ ਜੈਕਾਰ ਸ੍ਰੀ ਭਗਵੰਤ, ਜਿਸ ਅੱਗੇ ਜ਼ਿਮੀਂ ਅਸਮਾਨ ਸੀਸ ਝੁਕਾਈਆ । ਆਦਿ ਜੁਗਾਦਿ ਜਿਸ ਦੀ ਮਹਿੰਮਾਂ ਅਗਣਤ, ਅਕਲ ਕਲਧਾਰੀ ਖੇਲ ਖਿਲਾਈਆ । ਸਤਿ ਧਰਮ ਬਣੌਂਦਾ ਰਹੇ ਬਣਤ, ਜੂਠ ਝੂਠ ਆਪਣਾ ਹੁਕਮ ਵਰਤਾਈਆ । ਪਰਗਟੌਂਦਾ ਰਹੇ ਗੁਰਮੁਖ ਸੱਜਣ ਸੰਤ, ਸਤਿ ਸਤਿਵਾਦੀ ਬੇਪਰਵਾਹੀਆ । ਨਾਤਾ ਜੋੜਦਾ ਰਹੇ ਆਤਮ ਪਰਮਾਤਮ ਨਾਰ ਕੰਤ, ਸੱਜਣ ਸੁਹੇਲਾ ਇਕ ਇਕੇਲਾ ਸ਼ਹਿਨਸ਼ਾਹੀਆ । ਕਾਇਆ ਚੋਲੀ ਜਨ ਭਗਤਾਂ ਚਾੜ੍ਹਦਾ ਰਹੇ ਰੰਗ ਬਸੰਤ, ਮੌਸਮ ਖ਼ਿਜ਼ਾ ਬਸੰਤ ਬਹਾਰ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਾਚੀ ਸੇਵ ਜਣਾਈਆ । ਜਨ ਭਗਤਾਂ ਦੇਂਦਾ ਆਇਆ ਹੱਕ, ਹਕੀਕਤ ਇਕ ਸਮਝਾਈਆ । ਸੇਵਾ ਕਰਾਉਂਦਾ ਆਇਆ ਅਨਥੱਕ, ਥਕਾਵਟ ਰੂਪ ਨਾ ਕੋਇ ਵਖਾਈਆ । ਮਿਲਦਾ ਰਿਹਾ ਹੱਸ ਹੱਸ, ਹਸਤੀ ਦਾ ਮਾਲਕ ਬੇਪਰਵਾਹੀਆ । ਖੋਲ੍ਹਦਾ ਰਿਹਾ ਅੱਖ, ਨਿਜ ਨੇਤਰ ਨੈਣ ਵਡਿਆਈਆ । ਜਣਾਉਂਦਾ ਰਿਹਾ ਸਚ, ਜੂਠ ਝੂਠ ਡੇਰਾ ਢਾਹੀਆ । ਬੰਧਾਉਂਦਾ ਰਿਹਾ ਨੱਤ, ਆਤਮ ਪਰਮਾਤਮ ਜੋੜ ਜੁੜਾਈਆ । ਸਿਰ ਟਿਕਾਉਂਦਾ ਰਿਹਾ ਹੱਥ, ਮਿਹਰਵਾਨ ਹੋ ਗੁਸਾਈਆ । ਜਨ ਭਗਤਾਂ ਕਰਦਾ ਰਿਹਾ ਵਸ, ਵਾਸਾ ਆਪਣਾ ਉਨ੍ਹਾਂ ਅੰਦਰ ਕਰਾਈਆ । ਦੇਂਦਾ ਰਿਹਾ ਅਮੋਲਕ ਰਸ, ਅੰਮ੍ਰਿਤ

ਝਿਰਨਾ ਇਕ ਝਿਰਾਈਆ । ਕਲਜੁਗ ਅੰਤਮ ਗਾਵਣ ਆਇਆ ਜਸ, ਸੋਹੰ ਢੋਲਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੇਲਾ ਸਹਿਜ ਮਿਲਾਈਆ । ਜਨ ਭਗਤਾਂ ਪ੍ਰਭ ਪੌਂਦਾ ਰਿਹਾ ਸਾਰ, ਮਹਾਂਸਾਰਥੀ ਹੋ ਕੇ ਸੇਵ ਕਮਾਈਆ । ਹਭ ਕੁਛ ਰੱਖੇ ਆਪਣੇ ਅਖਤਿਆਰ, ਮੁਖਤਿਆਰ ਗੁਰ ਅਵਤਾਰ ਪੈਗੰਬਰ ਮਾਤ ਜਣਾਈਆ । ਸੰਦੇਸ਼ੇ ਦਿੰਦਾ ਰਿਹਾ ਵਾਰੋ ਵਾਰ, ਵਾਰਤਾ ਅੱਖਰਾਂ ਵਿਚ ਦੁਹਰਾਈਆ । ਕਲਜੁਗ ਅੰਤਮ ਉਤਰ ਆਪਣੀ ਧਾਰ, ਧਰਨੀ ਧਰਤ ਧਵਲ ਉਤੇ ਸੋਭਾ ਪਾਈਆ । ਨਿਰਗੁਣ ਨੂਰ ਜੋਤ ਉਜਿਆਰ, ਜੋਤੀ ਜਾਤਾ ਡਗਮਗਾਈਆ । ਭਗਤ ਸੁਹੇਲੇ ਲਏ ਉਭਾਰ, ਲੱਖ ਚੁਰਾਸੀ ਵਿਚੋਂ ਆਪ ਉਠਾਈਆ । ਵੇਖੇ ਵਿਗਸੇ ਪਾਵੇ ਸਾਰ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਕਲ ਕਲਕੀ ਲਏ ਅਵਤਾਰ, ਕਲਧਾਰੀ ਆਪਣੀ ਕਲ ਵਰਤਾਈਆ ।

### ✪ ੨੪ ਚੇਤ ਸ਼ਹਿਨਸ਼ਾਹੀ ਸੰਮਤ ੨ ਮੁਨਸ਼ਾ ਸਿੰਘ ਦੇ ਗ੍ਰਿਹ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ✪

ਜਨ ਭਗਤ ਤੇਰੀ ਜਗਦੀ ਜੋਤ, ਜੋਤੀ ਜਾਤਾ ਆਪ ਜਗਾਇੰਦਾ । ਭਾਗ ਲਗਾ ਕੇ ਕਾਇਆ ਮੰਦਰ ਸਾਚੇ ਕੋਟ, ਮਹੱਲ ਅਟੱਲ ਉਚ ਮਨਾਰ ਆਪ ਸੁਹਾਇੰਦਾ । ਸ਼ਬਦ ਅਗੰਮੀ ਲਾ ਕੇ ਆਪਣੀ ਚੋਟ, ਸੋਈ ਸੁਰਤੀ ਮਾਤ ਉਠਾਇੰਦਾ । ਝਗੜਾ ਮੁਕਾ ਕੇ ਵਰਨ ਗੋਤ, ਆਤਮ ਬ੍ਰਹਮ ਸਚ ਸਮਝਾਇੰਦਾ । ਬੁੱਧੀ ਵਾਲੀ ਰਹੇ ਨਾ ਕੋਈ ਸੋਚ, ਅਨੁਭਵ ਆਪਣਾ ਖੇਲ ਵਖਾਇੰਦਾ । ਨਾਮ ਖ਼ੁਮਾਰੀ ਅੰਦਰ ਕਰੇ ਮਦਹੋਸ਼, ਮਨ ਵਾਸਨਾ ਕੂੜੀ ਕਿਰਿਆ ਆਪ ਬਦਲਾਇੰਦਾ । ਸਚ ਪ੍ਰੀਤੀ ਅੰਤਰ ਕਰੇ ਸੰਤੋਸ਼, ਅਗਨੀ ਅੱਗ ਨਾ ਕੋਇ ਤਪਾਇੰਦਾ । ਗੁਣ ਨਿਧਾਨਾ ਦੱਸ ਕੇ ਇਕ ਸਲੋਕ, ਸੋਹੰ ਢੋਲਾ ਆਪ ਪੜ੍ਹਾਇੰਦਾ । ਲੇਖਾ ਮੁਕਾ ਕੇ ਲੋਕ ਪਰਲੋਕ, ਸਚਖੰਡ ਦਵਾਰਾ ਇਕ ਵਖਾਇੰਦਾ । ਜਿਥੇ ਆਦਿ ਜੁਗਾਦਿ ਇਕੋ ਮੌਜ, ਦੂਜਾ ਰੂਪ ਨਾ ਕੋਇ ਬਦਲਾਇੰਦਾ । ਜਨ ਭਗਤਾਂ ਸੰਗ ਜੁਗ ਚੌਕੜੀ ਕਰਦਾ ਰਹੇ ਚੋਜ, ਚੋਜੀ ਪ੍ਰੀਤਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਇੰਦਾ । ਜਨ ਭਗਤ ਤੇਰਾ ਸਾਚਾ ਨੂਰ, ਅਰਸ਼ਾਂ ਤੋਂ ਪਰੇ ਨਜ਼ਰੀ ਆਈਆ । ਜਿਥੇ ਵਸੇ ਹਰਿ ਹਜ਼ੂਰ, ਸਰਬ ਕਲਾ ਭਰਪੂਰ ਡੇਰਾ ਲਾਈਆ । ਪੈਂਡਾ ਰਹੇ ਨਾ ਨੇੜੇ ਦੂਰ, ਮੰਜ਼ਲ ਪੰਧ ਨਾ ਕੋਇ ਵਖਾਈਆ । ਜੋਤੀ ਜਾਤਾ ਇਕੋ ਨਜ਼ਰੀ ਆਏ ਜਹੂਰ, ਜ਼ਰੂਰਤ ਅਵਰ ਰਹੇ ਨਾ ਰਾਈਆ । ਨਾਤਾ ਤੁਟ ਜਾਏ ਕੂੜੋ ਕੂੜ, ਸਤਿ ਸਚ ਮਿਲੇ ਵਡਿਆਈਆ । ਮਸਤਕ ਮਿਲਦੀ ਰਹੇ ਅਗੰਮੀ ਧੂੜ, ਧੂੜੀ ਟਿੱਕਾ ਸਰਗੁਣ ਆਪ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਵੇਖ ਵਖਾਈਆ । ਹਰਿਜਨ ਤੇਰੀ ਪੂਰੀ ਮਨਸਾ, ਮਨ ਮਮਤਾ ਮੋਹ ਮਿਟਾਇੰਦਾ । ਸੋਹੰ ਰੂਪ ਬਣਾ ਕੇ ਹੰਸਾ, ਮਾਣਕ ਮੋਤੀ ਚੋਗ ਚੁਗਾਇੰਦਾ । ਕੋਟਨ ਜਨਮ ਦਾ ਲਹਿਣਾ ਚੁਕਾ ਕੇ ਸਹੰਸਾ, ਸਿਰ ਆਪਣਾ ਹੱਥ ਰਖਾਇੰਦਾ । ਭਗਤ ਭਗਵਾਨ ਮਿਲ ਕੇ ਬਣਾਏ ਧੁਰ ਦਾ ਬੰਸਾ, ਬੰਸਾਵਲੀ ਆਪਣੀ ਆਪਣੇ ਹੱਥ ਰਖਾਇੰਦਾ । ਮਨੂਆ ਰੱਖੇ ਨਾ ਕੋਇ ਸੰਸਾ, ਹਉਮੇ ਰੋਗ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਇੰਦਾ ।

ਜਨ ਭਗਤ ਤੇਰੀ ਧੁਰ ਦੀ ਪੂਜਾ, ਸਿਲ ਪੂਜਸ ਲੋੜ ਰਹੇ ਨਾ ਰਾਈਆ । ਭਾਓ ਭੇਵ ਖੁਲ੍ਹੇ ਗੂਝਾ, ਪੜਦਾ ਓਹਲਾ ਦਏ ਉਠਾਈਆ । ਨਿਰਮਲ ਨਿਰਮਲ ਸਾਫ਼ ਪਵਿਤਰ ਕਰੇ ਬੁੱਧਾ, ਚਿੱਟੀ ਧਾਰ ਵਿਚ ਪਰਗਟਾਈਆ । ਜੋ ਪ੍ਰਭ ਸਰਨਾਈ ਝੂਜਾ, ਸਚ ਦਵਾਰੇ ਦਏ ਟਿਕਾਈਆ । ਜਿਥੇ ਅਵਰ ਨਾ ਕੋਈ ਦੂਜਾ, ਨਿਰਗੁਣ ਨਿਰਵੈਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੋਕਮਾਤ ਲਾਏ ਬੂਟਾ, ਪੱਤ ਡਾਲੀ ਆਪ ਮਹਿਕਾਈਆ । ਜਨ ਭਗਤ ਤੇਰਾ ਲੇਖਾ ਵਿਚ ਜਹਾਨ, ਜਹਾਲਤ ਵਿਚੋਂ ਬਾਹਰ ਕਢਾਈਆ । ਮੇਲ ਮਿਲਾ ਸ੍ਰੀ ਭਗਵਾਨ, ਭਗਵਨ ਆਪਣਾ ਰੰਗ ਚੜ੍ਹਾਈਆ । ਮੁਹੱਬਤ ਵਿਚ ਬਣ ਮਹਿਮਾਨ, ਦਰ ਦਰ ਆਪਣੀ ਅਲਖ ਜਗਾਈਆ । ਲੇਖੇ ਲਾ ਪੱਕਾ ਪਕਵਾਨ, ਪਾਕੀਜ਼ਾ ਅੰਦਰੋਂ ਦਏ ਕਰਾਈਆ । ਦਰਗਹਿ ਸਾਚੀ ਦੇਵੇ ਮਾਣ, ਸਚਖੰਡ ਮਿਲ ਕੇ ਖ਼ੁਸ਼ੀ ਵਖਾਈਆ । ਕਲਜੁਗ ਅੰਤ ਕਰ ਪਰਵਾਨ, ਮਿਹਰਵਾਨ ਹੋਇਆ ਸਹਾਈਆ । ਜਿਸ ਦਵਾਰੇ ਝੁਲਾ ਕੇ ਜਾਏ ਸਚ ਨਿਸ਼ਾਨ, ਤਿਸਦਾ ਨਿਸ਼ਾਨਾ ਨਾ ਕੋਇ ਮਿਟਾਈਆ । ਚਾਰ ਜੁਗ ਦੇਂਦੇ ਰਹੇ ਬਿਆਨ, ਸਤਿਜੁਗ ਤਰੇਤਾ ਦੁਆਪਰ ਕਲਜੁਗ ਸੋਹਲਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਕਰੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਭਰਮ ਵਿਚੋਂ ਬਾਹਰ ਕਢਾਈਆ ।



✪ ੨੪ ਚੇਤ ਸ਼ਹਿਨਸ਼ਾਹੀ ਸੰਮਤ ੨ ਤਰਲੋਕ ਸਿੰਘ ਦੇ ਗ੍ਰਿਹਿ ਪਿੰਡ ਓਗਰਾ ਜ਼ਿਲਾ ਗੁਰਦਾਸ ਪੁਰ ✪

ਜਨ ਭਗਤ ਤੇਰੀ ਅੰਤਰ ਯਾਦ, ਯਾਦ ਪੂਰਬ ਰਹੀ ਕਰਾਈਆ । ਜਿਸ ਕਾਰਨ ਪੰਜ ਤੱਤ ਖੇੜਾ ਹੋਇਆ ਆਬਾਦ, ਸਾਢੇ ਤਿੰਨ ਹੱਥ ਵੱਜੀ ਵਧਾਈਆ । ਸ਼ਬਦ ਅਗੰਮੀ ਸੁਣ ਨਾਦ, ਸੁਰ ਤਾਲ ਬਦਲਾਈਆ । ਖੁਲ੍ਹੇ ਅੰਦਰੋਂ ਰਾਜ਼, ਪੜਦਾ ਦਏ ਉਠਾਈਆ । ਝਗੜਾ ਮੁਕ ਜਾਏ ਸਿਮਰਨ ਪੂਜਾ ਨਿਮਾਜ਼, ਸੀਸ ਇਕੋ ਇਕ ਝੁਕਾਈਆ । ਕਿਰਪਾ ਕਰੇ ਆਪ ਮਹਾਰਜ, ਪੁਰਖ ਅਕਾਲਾ ਦੀਨ ਦਿਆਲਾ ਬੇਪਰਵਾਹੀਆ । ਨਵੇਂ ਜਨਮ ਦੀ ਸਾਜਣ ਦੇਵੇ ਸਾਜ, ਜਨਮ ਜਨਮ ਵਿਚੋਂ ਬਦਲਾਈਆ । ਸ਼ਬਦ ਅਗੰਮੇ ਚਾੜ੍ਹ ਜਹਾਜ, ਦੋ ਜਹਾਨਾਂ ਪਾਰ ਲੰਘਾਈਆ । ਮਾਇਆ ਮਮਤਾ ਮੇਟ ਕੇ ਵਾਦ ਵਿਵਾਦ, ਅੰਮ੍ਰਿਤ ਇਕੋ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਈਆ । ਜਨ ਭਗਤ ਤੇਰੀ ਉਜਲ ਬੁੱਧੀ, ਮਨ ਵਿਕਾਰ ਰਹੇ ਨਾ ਰਾਈਆ । ਅੰਤਰ ਆਤਮ ਆਪੇ ਕਰੇ ਸੁੱਧੀ, ਅੰਤ ਪਵਿਤ ਆਪ ਬਣਾਈਆ । ਰਮਜ਼ ਲਾਏ ਸ਼ਬਦੀ ਗੁਝੀ, ਸੋਈ ਸੁਰਤੀ ਆਪ ਉਠਾਈਆ । ਖੇਲ ਰਹੇ ਕੋਈ ਨਾ ਲੁਕੀ, ਪੜਦਾ ਆਪ ਉਠਾਈਆ । ਅੰਤ ਅੰਤਸ਼ਕਰਨ ਵਿਚ ਰਹੇ ਕੋਈ ਨਾ ਦੁਖੀ, ਸੁਖ ਸਾਗਰ ਰੂਪ ਸਮਾਈਆ । ਉਜਲ ਕਰੇ ਮਾਤ ਮੁਖੀ, ਮੁਫ਼ਤ ਆਪਣਾ ਰੰਗ ਚੜ੍ਹਾਈਆ । ਸਚਖੰਡ ਦਵਾਰੇ ਗੋਦੀ ਫਿਰੇ ਚੁੱਕੀ, ਦਰ ਘਰ ਸਾਚੇ ਦਏ ਬਹਾਈਆ । ਲੋਕਮਾਤ ਰੋਟੀ ਖਾ ਕੇ ਸੁੱਕੀ, ਸੁੱਕੇ ਰੁਖੜੇ ਹਰੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਕੋਲੋਂ ਸਲਾਹ ਨਹੀਂ ਕੋਈ ਪੁੱਛੀ, ਪੁਸ਼ਤ ਪਨਾਹ ਜਨ ਭਗਤਾਂ ਆਪਣਾ ਹੱਥ ਟਿਕਾਈਆ ।

✪ ੨੪ ਚੇਤ ਸ਼ਹਿਨਸ਼ਾਹੀ ਸੰਮਤ ੨ ਸਵਰਨ ਸਿੰਘ ਦੇ ਗ੍ਰਿਹ ਪਿੰਡ ਓਗਰਾ ਜ਼ਿਲਾ ਗੁਰਦਾਸ ਪੁਰ ✪

ਜਨ ਭਗਤ ਤੇਰਾ ਉਚ ਟਿਕਾਣਾ, ਟਕਿਆਂ ਵਾਲਾ ਪਹੁੰਚਣ ਕੋਇ ਨਾ ਪਾਈਆ । ਜਿਥੇ ਖੜੇ ਇਕੋ ਸ਼ਬਦ ਬਬਾਨਾ, ਖ਼ਾਕੀ ਤਨ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਗਾਉਂਦੀ ਜਾਏ ਗਾਣਾ, ਸੋਹੰ ਢੋਲਾ ਸਹਿਜ ਸੁਭਾਈਆ । ਅੰਤ ਪਏ ਨਾ ਪਛੋਤਾਣਾ, ਸਾਚੇ ਦਰ ਨਾ ਹੋਏ ਜੁਦਾਈਆ । ਮਿਲੇ ਮੇਲ ਸ੍ਰੀ ਭਗਵਾਨਾ, ਭਗਵਨ ਆਪਣੇ ਘਰ ਵਸਾਈਆ । ਚਰਨ ਕਵਲ ਬਖ਼ਸ਼ੇ ਸਚ ਧਿਆਨਾ, ਦੂਜੀ ਓਟ ਨਾ ਕੋਇ ਤਕਾਈਆ । ਮੰਦਰ ਸੋਹੇ ਸਚ ਮਕਾਨਾ, ਸਚਖੰਡ ਵੱਜਦੀ ਰਹੇ ਵਧਾਈਆ । ਲੇਖੇ ਲੱਗੇ ਆਵਣ ਜਾਣਾ, ਜਾਨਣਹਾਰ ਹੋਏ ਸਹਾਈਆ । ਚਲੇ ਚਲਾਏ ਸਦਾ ਆਪਣੇ ਭਾਣਾ, ਭਾਵੀ ਭੌ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦਵਾਰੇ ਦੇਵੇ ਇਕੋ ਮਾਣਾ, ਮਾਨ ਅਭਿਮਾਨ ਰਹੇ ਨਾ ਰਾਈਆ । ਜਨ ਭਗਤ ਤੇਰੀ ਉਚੀ ਚੋਟੀ, ਚੋਟ ਸਤਿਗੁਰ ਸ਼ਬਦ ਆਪ ਲਗਾਇੰਦਾ । ਜਿਥੇ ਪਹੁੰਚ ਨਾ ਸਕਣ ਕੋਟਨ ਕੋਟੀ, ਕੂੜ ਕੁਟੰਬ ਭੇਵ ਕੋਇ ਨਾ ਆਇੰਦਾ । ਜਿਸ ਗ੍ਰਿਹ ਜਗੇ ਇਕੋ ਨਿਰਮਲ ਜੋਤੀ, ਜਾਗਰਤ ਜੋਤ ਡਗਮਗਾਇੰਦਾ । ਉਹ ਮੰਜ਼ਲ ਤੇਰੀ ਹੋਵੇ ਸੌਖੀ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਪੜ੍ਹਨੀ ਪਏ ਕੋਈ ਨਾ ਪੋਥੀ, ਪੁਸਤਕ ਹੱਥ ਨਾ ਕੋਇ ਫੜਾਇੰਦਾ । ਕਿਸੇ ਦਵਾਰਿਉਂ ਭਿਖਿਅਕ ਹੋ ਕੇ ਮੰਗਣੀ ਪਏ ਨਾ ਰੋਟੀ, ਸਚ ਭੰਡਾਰਾ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹੱਲ ਅਟੱਲ ਇਕੋ ਇਕ ਸੁਹਾਇੰਦਾ । ਜਨ ਭਗਤ ਤੇਰਾ ਘਰ ਬਹੁਰੰਗਾ, ਸਿਫ਼ਤੀ ਸਿਫ਼ਤ ਨਾ ਕੋਇ ਸਲਾਹੀਆ । ਜਿਥੇ ਸਤਿ ਸਤਿਵਾਦੀ ਡੱਠਾ ਇਕ ਪਲੰਘਾ, ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਵਜਾਏ ਮਰਦੰਗਾ, ਤਾਰ ਸਤਾਰ ਨਾ ਕੋਇ ਹਲਾਈਆ । ਬਿਨਾ ਰਸਨਾ ਤੋਂ ਆਵੇ ਰਸ ਅਨੰਦਾ, ਰਸਤਾ ਦਿਸੇ ਬੇਪਰਵਾਹੀਆ । ਅੰਮ੍ਰਿਤ ਧਾਰ ਵਹੇ ਬਿਨਾ ਗੰਗਾ, ਗਹਿਰ ਗੰਭੀਰ ਆਪਣੀ ਦਇਆ ਕਮਾਈਆ । ਮਨ ਵਾਸਨਾ ਦਿਸੇ ਕੋਇ ਨਾ ਦੰਗਾ, ਕਿਰਿਆ ਕੂੜ ਨਾ ਕੋਇ ਲੜਾਈਆ । ਸਤਿ ਪੁਰਖ ਨਿਰੰਜਣ ਇਕ ਲਹਿਰਾਏ ਧੁਰ ਦਾ ਝੰਡਾ, ਬ੍ਰਹਿਮੰਡਾਂ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਅਗੰਮੀ ਫੜ ਕੇ ਖੰਡਾ, ਖੰਡਰਾਂ ਵਿਚੋਂ ਜਨ ਭਗਤਾਂ ਪਾਰ ਕਰਾਈਆ ।

✪ ੨੪ ਚੇਤ ਸ਼ਹਿਨਸ਼ਾਹੀ ਸੰਮਤ ੨ ਦਿਆਲ ਸਿੰਘ ਦੇ ਗ੍ਰਿਹ ਪਿੰਡ ਓਗਰਾ ਗੁਰਦਾਸ ਪੁਰ ✪

ਕਿਰਪਾ ਕਰੇ ਹਰਿ ਜਗਦੀਸ, ਕਿਰਪਾਲ ਹੋ ਕੇ ਵੇਖ ਵਖਾਇੰਦਾ । ਧੁਰ ਦਾ ਨਾਮ ਦੱਸ ਹਦੀਸ, ਹਾਜ਼ਰ ਹੋ ਕੇ ਹਰਿਜਨ ਆਪ ਪੜ੍ਹਾਇੰਦਾ । ਲੇਖਾ ਮੁਕਾ ਕੇ ਬੀਸ ਇਕੀਸ, ਇਕੀ ਵੀਹ ਆਪਣਾ ਹੁਕਮ ਸੁਣਾਇੰਦਾ । ਛਤਰ ਝੁਲਾ ਕੇ ਧੁਰ ਦੇ ਸੀਸ, ਸੀਸ ਜਗਦੀਸ਼ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਇੰਦਾ । ਸਾਚਾ ਖੇਲ ਕਰੇ ਹਰਿ ਕਰਨੀ ਦਾ ਕਰਤਾ ਮਾਲਕ ਕੁਦਰਤ, ਲੇਖਾ ਕਦੀਮ ਵੇਖ ਵਖਾਇੰਦਾ । ਮਹਿਬੂਬ ਮਾਲਕ ਬਣ ਕੇ ਧੁਰ ਦਾ ਮੁਰਸ਼ਦ, ਮੁਰੀਦਾਂ ਮਰਨ ਤੋਂ ਆਪ ਬਚਾਇੰਦਾ । ਲੱਖ ਚੁਰਾਸੀ ਵਿਚੋਂ ਦੇ

ਕੇ ਫੁਰਸਤ, ਗ੍ਰਹਿ ਮੰਦਰ ਸਾਚੇ ਘਰ ਆਪ ਟਿਕਾਇੰਦਾ । ਜਿਥੇ ਇਕੋ ਨਾਮ ਸਾਚੀ ਉਲਫਤ, ਦੂਜਾ ਰਾਗ ਨਾ ਕੋਇ ਸੁਣਾਇੰਦਾ । ਅੱਗੇ ਰਹੀ ਕੋਈ ਨਾ ਮੁਸ਼ਕਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਇੰਦਾ । ਹਰਿਜਨ ਵਸਣਾ ਘਰ ਮਹਿਬੂਬ, ਮੁਹੱਬਤ ਵਿਚ ਸਮਾਈਆ । ਜਿਸ ਦੀ ਸਮਝੇ ਨਾ ਕੋਇ ਹਦੂਦ, ਜਗਤ ਵੰਡ ਨਾ ਕੋਇ ਵਖਾਈਆ । ਸਾਚੀ ਮੰਜ਼ਲ ਦੱਸ ਮਕਸੂਦ, ਧਾਮ ਇਕੋ ਇਕ ਦ੍ਰਿੜਾਈਆ । ਜਿਥੇ ਹਾਜ਼ਰ ਰਹੇ ਸਦਾ ਮੌਜੂਦ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਅੰਤਮ ਕੂੜੀ ਕਿਰਿਆ ਕਰ ਮੌਕੂਫ਼, ਮਸਰੂਫ਼ ਆਪਣੇ ਨਾਲ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਰਹਿਣ ਨਾ ਦੇਵੇ ਕੋਈ ਬੇਵਕੂਫ਼, ਬੇਵਾ ਦੀ ਸੇਵਾ, ਸੇਵਾ ਦਾ ਮੇਵਾ, ਮੇਵਾ ਦਾ ਦੇਵਾ, ਦੇਵਾ ਦਾ ਧਾਮ ਨਿਹਚਲ ਨਿਹਕੇਵਾ, ਇਕੋ ਘਰ ਦਏ ਵਸਾਈਆ ।

✪ ੨੫ ਚੇਤ ਸ਼ਹਿਨਸ਼ਾਹੀ ਸੰਮਤ ੨ ਚੰਨਣ ਕੌਰ ਦੇ ਗ੍ਰਹਿ ਪਿੰਡ ਓਗਰਾ ਜ਼ਿਲਾ ਗੁਰਦਾਸ ਪੁਰ ✪

ਹਰਿ ਕਿਰਪਾ ਹੋਏ ਜਨਮ ਰਹਿਰਾਸ, ਕਰਮ ਰੋਗ ਨਾ ਕੋਇ ਸਤਾਈਆ । ਆਤਮ ਪਰਮਾਤਮ ਹੋਵੇ ਦਾਸ, ਬਣ ਸੇਵਕ ਸੇਵ ਕਮਾਈਆ । ਘਰ ਸਾਚੇ ਕਰੇ ਨਿਵਾਸ, ਦਰ ਠਾਂਡੇ ਡੇਰਾ ਲਾਈਆ । ਸਦਾ ਸਦਾ ਸਦ ਵਸੇ ਪਾਸ, ਬਿਸਤਰ ਇਕੋ ਸੇਜ ਸੁਹਾਈਆ । ਜੁਗ ਚੌਕੜੀ ਨਾ ਹੋਵੇ ਨਾਸ, ਅਬਿਨਾਸ਼ੀ ਦੇਵੇ ਮਾਣ ਵਡਿਆਈਆ । ਤਨ ਮਾਟੀ ਚੋਲਾ ਲੱਖ ਚੁਰਾਸੀ ਬਦਲਣਾ ਨਾ ਪਏ ਲਬਾਸ, ਜੂਨਾਂ ਵਿਚ ਨਾ ਕੋਇ ਭਵਾਈਆ । ਫਿਰਨਾ ਪਏ ਨਾ ਪ੍ਰਿਥਮੀ ਆਕਾਸ਼, ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਵਾਰਾ ਇਕ ਵਸਾਈਆ । ਦਰ ਦਵਾਰਾ ਵੇਖ ਅਥਾਹ, ਵੱਜੇ ਸਚ ਵਧਾਈਆ । ਜਿਥੇ ਬੈਠਾ ਬੇਪਰਵਾਹ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਚ ਸਿੰਘਾਸਣ ਰਿਹਾ ਸੁਹਾ, ਸਤਿ ਸਤਿਵਾਦੀ ਡੇਰਾ ਲਾਈਆ । ਜੋਤੀ ਜੋਤ ਕਰ ਰੁਸ਼ਨਾ, ਨੂਰੋ ਨੂਰ ਡਗਮਗਾਈਆ । ਧੁਰ ਫੁਰਮਾਣੇ ਰਿਹਾ ਸੁਣਾ, ਸ਼ਬਦ ਅਗੰਮੀ ਹੁਕਮ ਵਰਤਾਈਆ । ਸਚ ਇਸ਼ਾਰੇ ਰਿਹਾ ਸਮਝਾ, ਬਿਨ ਸੈਨਤ ਅੱਖ ਹਿਲਾਈਆ । ਵਿਸ਼ਨ ਬ੍ਰਹਮਾ ਰਿਹਾ ਜਗਾ, ਸ਼ੰਕਰ ਨੇਤਰ ਅੱਖ ਖੁਲ੍ਹਾਈਆ । ਚਾਰੇ ਜੁਗ ਰਿਹਾ ਭਵਾ, ਚੌਕੜ ਆਪਣਾ ਬੰਧਨ ਪਾਈਆ । ਗੁਰ ਅਵਤਾਰ ਪੈਗੰਬਰ ਸੇਵਾ ਰਿਹਾ ਲਾ, ਸਿਖਿਆ ਇਕੋ ਇਕ ਸਮਝਾਈਆ । ਵਰਨ ਬਰਨ ਵੰਡ ਰਿਹਾ ਵੰਡਾ, ਦੀਨ ਮਜ਼੍ਹਬ ਖੇਲ ਖਿਲਾਈਆ । ਮਨ ਮਮਤਾ ਹਉਮੇ ਹੰਗਤਾ ਗੜ੍ਹ ਰਿਹਾ ਸੁਹਾ, ਸਾਢੇ ਤਿੰਨ ਹੱਥ ਨਾਚ ਨਚਾਈਆ । ਘਰ ਵਿਚ ਘਰ ਰਿਹਾ ਬਣਾ, ਦੀਆ ਬਾਤੀ ਕਮਲਾਪਾਤੀ ਇਕੋ ਨੂਰ ਕਰ ਰੁਸ਼ਨਾਈਆ । ਕਲਜੁਗ ਅੰਤਮ ਵੇਖਣ ਗਿਆ ਆ, ਅਗਲਾ ਪਿਛਲਾ ਲੇਖਾ ਦਏ ਚੁਕਾ, ਜਨ ਭਗਤ ਸੁਹੇਲੇ ਲਏ ਤਰਾ, ਤਾਰਨਹਾਰ ਹੱਥ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਵਿਆਪੀ ਇਕ ਖ਼ੁਦਾ, ਖ਼ੁਦੀ ਕੂੜੀ ਦਏ ਮਿਟਾਈਆ ।

### ੨੫ ਚੇਤ ਸ਼ਹਿਨਸ਼ਾਹੀ ਸੰਮਤ ੨ ਅੱਤਰ ਸਿੰਘ ਦੇ ਗ੍ਰਿਹ ਪਿੰਡ ਓਗਰਾ ਜ਼ਿਲਾ ਗੁਰਦਾਸ ਪੁਰ

ਹੱਕ ਖ਼ੁਦਾ ਸਚ ਤੌਫ਼ੀਕ, ਹਦੀਸ ਪਨਹਾ ਆਪ ਜਣਾਇੰਦਾ । ਸੱਜਣ ਸਾਹਿਬ ਸਵਾਮੀ ਰਫ਼ੀਕ, ਜਗਦੀਸ਼ ਕਰਤਾ ਸੋਭਾ ਪਾਇੰਦਾ । ਨਾਮ ਸਚ ਸਤਿ ਉਮੀਦ, ਕਾਮਲ ਮੁਰਸ਼ਦ ਵੇਖ ਵਖਾਇੰਦਾ । ਦਰਸ ਅਗੰਮ ਦਰਸ਼ਨ ਦੀਦ, ਦਾਸਤਾਨ ਪਿਛਲੀ ਆਪ ਸਮਝਾਇੰਦਾ । ਧੁਰ ਦਾ ਖੇਲ ਜਗਤ ਸ਼ਦੀਦ, ਸ਼ਕਾਇਤ ਸਭ ਦੀ ਖੋਜ ਖੁਜਾਇੰਦਾ । ਜਾਬਰ ਜ਼ੋਰ ਜ਼ਬਰ ਹਮੀਦ, ਹਮਜ਼ਾ ਹਾਰਬ ਹਰਿ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਇੰਦਾ । ਨੂਰ ਪਰਕਾਸ਼ ਪੁਰਖ ਅਬਿਨਾਸ਼ ਮੰਡਲ ਰਾਸ ਸ਼ਾਹੋ ਸ਼ਾਬਾਸ਼ ਪ੍ਰਿਥਮੀ ਆਕਾਸ਼ ਪਵਣ ਸਵਾਸ ਦਾਸੀ ਦਾਸ ਨਿਰਗੁਣ ਸਰਗੁਣ ਨਜ਼ਰੀ ਆਈਆ । ਨੂਰੇ ਨੁਰਾਨਾ ਸ਼ਾਹ ਸੁਲਤਾਨਾ ਸ੍ਰੀ ਭਗਵਾਨਾ ਮਰਦ ਮਰਦਾਨਾ ਨੌਜਵਾਨਾ ਰਹੀਮ ਰਹਿਮਾਨਾ ਕਲਮਾ ਕਲਾਮਾ ਉਲਮਾਏ ਆਲਮਾਨਾ ਜ਼ਜ਼ਦਾਏ ਜੁਦਾਰਾਨਾ ਵੈਰੀ ਬੇਗਾਨਾ ਰੂਪ ਨਾ ਕੋਇ ਵਟਾਈਆ । ਹਜਰਤੇ ਹਜ਼ੂਰ ਸਰਬ ਕਲਾ ਭਰਪੂਰ ਸ਼ਬਦ ਨਾਦ ਤੂਰ ਨਾਮ ਖ਼ੁਮਾਰ ਸਰੂਰ ਮੁਰੀਦਾਂ ਮੁਰਸ਼ਦ ਹੋ ਕੇ ਮਿਲੇ ਜ਼ਰੂਰ ਫਜ਼ੂਲ ਵਕਤ ਨਾ ਕੋਇ ਲੰਘਾਈਆ । ਹੱਕ ਰੁਸ਼ਨਾ ਸਚ ਰਹਿਨੁਮਾ ਦੋ ਜਹਾਨਾਂ ਦੁਆ ਰਾਇਮਾ ਖ਼ੁਦਾ ਨਾਇਮਾ ਜੁਦਾ ਵਾਇਮਾ ਫਿਦਾ ਸਾਇਮਾ ਸਿਦਾ ਕਲਮਾ ਕਰਮ ਨਾ ਕੋਇ ਬਣਾਈਆ । ਅਦਲੋ ਆਦਲ ਅਦਲੇ ਇਨਸਾਫ ਗੁਸਾਏ ਗ਼ਮ ਗੁਸਤਾਖੀ ਮੁਆਫ਼ ਪਰਦਾਨਸ਼ੀਂ ਫਰਾਮੋਸ਼ੇ ਨਕਾਬ ਬਰਦਾ ਅਜ਼ੀ, ਅਨਾਇਤ ਤਰਮੀਮੇ ਕਫਾਇਤ ਕਫਨੇ ਕਾਫਰ ਨਾ ਕੋਇ ਰਖਾਈਆ । ਸਵਾਮੀ ਮਹਿਬੂਬ ਉਚ ਅਰੂਜ਼ ਮੁਹੱਬਤੇ ਮਹਿਦੂਦ ਮੰਜ਼ਲੇ ਮਕਸੂਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਰਸ਼ਦੇ ਮੁਰੀਦ ਮੁਰੀਦੇ ਮੁਰਸ਼ਦ ਮਰਾਸ਼ਲਾ ਇਕੋ ਦਏ ਵਖਾਈਆ ।

### ੨੫ ਚੇਤ ਸ਼ਹਿਨਸ਼ਾਹੀ ਸੰਮਤ ੨ ਚਤਰ ਸਿੰਘ ਦੇ ਗ੍ਰਿਹ ਪਿੰਡ ਓਗਰਾ ਜ਼ਿਲਾ ਗੁਰਦਾਸ ਪੁਰ

ਦਾਇਰਾਏ ਤਜਦੀਦ, ਮੁਸ਼ਾਇਰਾਏ ਤਮਹੀਦ, ਜ਼ਾਹਿਰਾਏ ਪੁਸ਼ੀਦ, ਬਾਹਿਰਾਏ ਅਦੀਬ, ਨੂਰੇ ਖ਼ੁਦਾ ਖ਼ਾਲਕ ਖ਼ਲਕ ਬੇਪਰਵਾਹੀਆ । ਸਦਮਾਏ ਸਦਾਕ, ਕਦਮਾਏ ਪਾਕ, ਬਦਨਾਏ ਖ਼ਾਕ, ਯਦਨਾਏ ਤਾਕ, ਰਸਨਾਏ ਮੁਸਤਾਕ, ਕੁਸ਼ਤਾਏ ਇਲਹਾਕ, ਇਤਫ਼ਾਕ ਇਤਮਿਨਾਨ ਮੁਰੀਦੇ ਮੁਰਸ਼ਦ ਆਪ ਬਨਾਈਆ । ਜਾਹਿਰਾਏ ਬਾਤਨ, ਪਿਸਰਾਏ ਸਾਕਨ, ਸ਼ੋਹਰਾਏ ਫ਼ਾਕਬ, ਜੀਰਾਏ ਨਾਕਨ, ਅਮੀਰਾਏ ਵਾਚਨ ਵਫਦੇ ਵਫਾ, ਜਸਤੇ ਜੁਦਾ, ਆਸਮਾਨੇ ਖ਼ੁਦਾ, ਪੈਮਾਨੇ ਰੁਬਾ, ਜਮਾਨੇ ਦੁਵਾ, ਅਹਿਮਕਾਨੇ ਹਵਾ, ਬੇਗਾਨੇ ਗੁਨਾਹ, ਰਹਿਨੁਮਾਏ ਰਾਜ਼ੇ ਰਜ਼ੂਹ, ਨਮਾਜ਼ੇ ਵੁਜ਼ੂ, ਆਤਸ਼ੇ ਫ਼ਸ਼ੋ, ਸ਼ਾਇਰੇ ਸ਼ਾਇਰਾਨ, ਮੁਹੱਬਤੇ ਮਿਹਰਵਾਨ ਸਜਦੇ ਨਿਸ਼ਾਨ, ਬਰਦੇ ਗੁਲਾਮ, ਦਰਦੇ ਦੁਹਾਨ, ਅਜ਼ਮਤੇ ਈਮਾਨ, ਬਸ਼ਰਤੇ ਆਸਮਾਨ, ਜ਼ਮੀਨੋ ਦੀਨਾਨ, ਦਾਮਨੇਗੀਰ ਦਸਤ ਬਦਸਤ ਮੇਲ ਮਿਲਾਈਆ । ਚਸ਼ਮੇ ਚਰੋਗ, ਸ਼ਦਮੇ ਅਲੋਗ, ਕਦਮੇ ਤਲੋਕ, ਜ਼ਾਬਤੇ ਸਲੋਕ, ਰਾਸਤੇ ਬਹੋਸ਼, ਅਸ਼ਾਇਤੇ ਅਸ਼ਾਂ ਅਨਾਇਤ ਨਹਾਂ, ਜਮਾਨੇ ਜ਼ਮੀਨ, ਇਨਸਾਨੇ ਅਜ਼ੀਮ, ਫਸਾਨੇ ਤਕਸੀਮ, ਦੀਵਾਨੇ ਨਗ਼ਮੀਮ ਦਾਮਨੇਗੀਰ ਜਾਹਿਰਾ ਪੀਰ ਬੇਨਜ਼ੀਰ ਖ਼ਾਲਕੇ ਖ਼ੁਦਾ, ਦਿਲ ਦਿਲਰੁਬਾ, ਹੱਕ ਮੁਕਾਮ, ਪਕੇ ਅਵਾਮ, ਅਮਾਮ ਧੁਰ ਦਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਕੁਦਰਤੇ ਕਾਦਰ, ਫਿਤਰਤੇ ਬਹਾਦਰ, ਮੁਸਰਤੇ ਆਦਰ, ਅਦਲੇ ਇਨਸਾਫ, ਪੁਰਖ ਅਬਿਨਾਸ਼, ਸਰਬ ਘਟ ਵਾਸ, ਜੋਤ ਪਰਕਾਸ਼, ਜਨ ਭਗਤਾਂ ਪੂਰੀ ਕਰੇ ਆਸ, ਆਸਾਨੀ ਨਾਲ ਅਸਲ ਵਸਲ ਹੱਕ ਮਹਿਬੂਬ ਦਏ ਤਰਾਈਆ ।

### ੨੫ ਚੇਤ ਸ਼ਹਿਨਸ਼ਾਹੀ ਸੰਮਤ ੨ ਉਜਾਗਰ ਸਿੰਘ ਦੇ ਗ੍ਰਹਿ ਪਿੰਡ ਚੋਬੇ ਜ਼ਿਲਾ ਗੁਰਦਾਸ ਪੁਰ

ਰਾਵੀ ਦਾ ਕੰਢਾ, ਗੁਰਮੁਖ ਪ੍ਰੇਮ ਰਸ ਠੰਡਾ, ਅੰਮ੍ਰਿਤ ਧਾਰ ਸਚ ਸੁਗੰਧਾ, ਪਿਆਰ ਮੁਹੱਬਤ ਵਿਚ ਅਨੰਦਾ, ਸਚ ਪਰਕਾਸ਼ ਵਿਚ ਚੰਦਾ, ਬਿਨਾ ਬੰਦਗੀਉਂ ਬਣਿਆ ਧੁਰ ਦਾ ਬੰਦਾ, ਮੰਜ਼ਲ ਪੌੜੀ ਚੜ੍ਹਿਆ ਡੰਡਾ, ਮੇਲ ਹੋਇਆ ਸਵਾਮੀ ਸੰਦਾ, ਸੰਗ ਸਗਲਾ ਆਪ ਬਣਾਈਆ । ਰਾਵੀ ਕਿਨਾਰਾ, ਅਰਜਨ ਭਠਿਆਰਾ, ਸ਼ਬਦੀ ਸਹਾਰਾ, ਸੁਰਤੀ ਦਵਾਰਾ, ਸਾਚੀ ਕਾਰਾ, ਮੱਦਦਗਾਰਾ, ਪਰਮ ਪੁਰਖ ਪਰਮਾਤਮ ਦਇਆ ਕਮਾਈਆ । ਰਾਵੀ ਦੇ ਕੋਲ, ਸ਼ਬਦ ਅਗੰਮੀ ਬੋਲ, ਪ੍ਰੇਮ ਪ੍ਰੀਤੀ ਢੋਲ, ਚਰਨ ਪ੍ਰੀਤੀ ਘੋਲ, ਸਚ ਦਵਾਰਾ ਖੋਲ੍ਹ, ਤੋਲਿਆ ਪੂਰਾ ਤੋਲ, ਕੰਡਾ ਨਾਮ ਤਰਾਜ਼ੂ ਆਪਣਾ ਹੱਥ ਉਠਾਈਆ । ਰਾਵੀ ਦੇ ਨੇੜੇ, ਵਸਦੇ ਖੇੜੇ, ਚੁੱਕ ਗਏ ਝੇੜੇ, ਚੜ੍ਹ ਗਏ ਬੇੜੇ, ਹੋ ਗਏ ਮੇਰੇ, ਲੱਗੀ ਨਾ ਦੇਰੇ, ਆ ਗਏ ਘੇਰੇ, ਚਾਰ ਕੁੰਟ ਸਿੰਘ ਸ਼ੇਰੇ, ਲੇਖਾ ਮੁਕੇ ਅੰਡਜ ਜੇਰੇ, ਜ਼ਾਹਰ ਹੋ ਕੇ ਬਾਹਰ ਹੋ ਕੇ ਹਰਿਜਨ ਲਏ ਤਰਾਈਆ । ਰਾਵੀ ਦੇ ਪਿਛੇ ਅੱਗੇ, ਗੁਰਮੁਖ ਦੀਪਕ ਜੋਤੀ ਜਗੇ, ਠੰਡੀ ਪਵਣ ਅਗੰਮੀ ਵਗੇ, ਨੂਰ ਨੁਰਾਨੀ ਮਸਤਕ ਦਗੇ, ਆਤਮ ਪਰਮਾਤਮ ਆਵਣ ਮਜੇ, ਭਗਤ ਭਗਵਾਨ ਮਿਲ ਕੇ ਸਜੇ, ਸਚ ਮੁਹੱਬਤ ਅੰਦਰ ਬੱਧੇ, ਵਿਛੋੜਾ ਅੱਗੇ ਹੋਵੇ ਨਾ ਕਦੇ, ਜਨਮ ਜਨਮ ਨਾ ਹੋਵਣ ਦਗੇ, ਸਰਨ ਤੱਕੀ ਸ਼ਬਦੀ ਸ਼ੇਰ ਬੱਗੇ, ਲਾਜ ਰੱਖੀ ਚਿੱਟੀ ਪੱਗੇ, ਨਾਮ ਖ਼ੁਮਾਰੀ ਦੇਵੇ ਮਧੇ, ਹੁਕਮੇ ਅੰਦਰ ਗੁਰਮੁਖ ਰਹਿਣ ਬੱਝੇ, ਸਚ ਦਵਾਰੇ ਨਿਰਗੁਣ ਧਾਰ ਸੱਦੇ, ਸਦਾ ਸੁਨੇਹੜਾ ਆਪਣਾ ਨਾਮ ਸੁਣਾਈਆ । ਰਾਵੀ ਦਾ ਆਰ ਪਾਰ, ਪੁਰਖ ਅਕਾਲ ਦਾ ਖੇਲ ਨਿਆਰ, ਭਗਤ ਭਗਵਾਨ ਦਾ ਸਚ ਪਿਆਰ, ਬਾਲੂ ਥਲ ਦਏ ਅਧਾਰ, ਕਿਰਪਾਲੂ ਹੋ ਕੇ ਸਿਰਜਣਹਾਰ, ਸੰਤ ਸੁਹੇਲੇ ਵੇਖੇ ਆਣ, ਗੁਰਮੁਖ ਗੁਰ ਗੁਰ ਕਰ ਪਰਵਾਨ, ਦੇਵੇ ਨਾਮ ਪਦਾਰਥ ਦਾਨ, ਭੰਡਾਰਾ ਖਾ ਕੇ ਇਕ ਪਕਵਾਨ, ਚਰਨ ਧੂੜ ਕਰਾਏ ਇਸ਼ਨਾਨ, ਮੀਜ਼ਾਨ ਵਿਚ ਗੁਰਮੁਖ ਥੋੜੇ ਨਜ਼ਰੀ ਆਈਆ । ਰਾਵੀ ਦੇ ਪਿਛੇ ਅੱਗੇ, ਅਗਲਾ ਹੁਕਮ ਜਣਾਈਆ । ਦੀਵੇ ਬੁਝਣੇ ਜਗੇ, ਜਾਗਰਤ ਜੋਤ ਖੇਲ ਖਿਲਾਈਆ । ਸਾਰੇ ਫਿਰਨ ਭੱਜੇ, ਭੱਜਣ ਵਾਹੋ ਦਾਹੀਆ । ਪੁਰਖ ਅਕਾਲ ਕਿਸੇ ਨੂੰ ਨਾ ਲੱਭੇ, ਨੇਤਰ ਰੋਵਣ ਮਾਰਨ ਧਾਈਆ । ਜਿਨ੍ਹਾਂ ਦੇ ਅੰਦਰ ਪ੍ਰੇਮ ਡੋਰੀ ਬੱਧੇ, ਨਾਤਾ ਸਕੇ ਨਾ ਕੋਇ ਤੁੜਾਈਆ । ਸੋਹੰ ਗਾਵਣ ਛੰਦੇ, ਢੋਲਾ ਸ਼ਹਿਨਸ਼ਾਹੀਆ । ਗੁਰਮੁਖ ਗੁਰਸਿੱਖ ਕਲਜੁਗ ਦੀ ਅੰਤਮ ਚੜ੍ਹਨ ਜੰਝੇ, ਲਾੜੇ ਸੋਹਣੇ ਨਜ਼ਰੀ ਆਈਆ । ਪਾਰ ਕਰੌਣਾ ਬਿਨ ਮੁਹਾਣੇ ਵੰਝੇ, ਬੇੜਾ ਅਧਵਿਚਕਾਰ ਨਾ ਕੋਇ ਡੁਬਾਈਆ । ਜਿਹੜਾ ਕੌਲ ਇਕਰਾਰ ਕੀਤਾ ਕ੍ਰਿਸ਼ਨ ਨਾਲ ਸੰਜੇ, ਬਿਨ ਅੱਖਾਂ ਅੱਖ ਦਿਆਂ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੁਕਮੇ ਅੰਦਰ ਗੁਰਮੁਖ ਗੁਰਸਿੱਖ ਬੰਨ੍ਹੇ, ਬੰਧਨ ਆਪਣਾ ਆਪ ਪਾਈਆ ।

## ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ੨ ਉਜਾਗਰ ਸਿੰਘ ਦੇ ਗ੍ਰਹਿ ਪਿੰਡ ਮੱਮੀਆਂ ਜ਼ਿਲਾ ਗੁਰਦਾਸ ਪੁਰ ✪

ਰਾਵੀ ਦੀ ਰੇਤ, ਕਿਣਕਾ ਕਿਣਕਾ ਰਹੀ ਜਣਾਈਆ । ਦਿਲਬਰ ਦਾ ਭੇਤ, ਦਿਲਦਾਰ ਹੋ ਕੇ ਆਪ ਖੁਲ੍ਹਾਈਆ । ਪ੍ਰੇਮ ਦਾ ਖੇਤ, ਫੁਲਵਾੜੀ ਇਕ ਮਹਿਕਾਈਆ । ਮਹੀਨਾ ਹੋਇਆ ਚੇਤ, ਰੁੱਤ ਬਸੰਤੀ ਸੋਭਾ ਪਾਈਆ । ਦਰਸ਼ਨ ਕੀਤਾ ਨੇਤ ਨੇਤ, ਨਿਝ ਘਰ ਵੱਜੀ ਸਚ ਵਧਾਈਆ । ਪਰਮ ਪੁਰਖ ਮਿਲਿਆ ਖੇਵਟ ਖੇਟ, ਨਈਆ ਨੌਕਾ ਪਾਰ ਲੰਘਾਈਆ । ਸਚਖੰਡ ਲੈ ਕੇ ਜਾਏ ਧੁਰ ਦੇ ਦੇਸ, ਜਿਥੇ ਬਹਿ ਕੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਰਾਵੀ ਕੰਢਾ ਆਰ ਪਾਰ ਜਲ ਧਾਰ ਸੋਹਣੀ ਲਹਿਰ, ਪਵਣ ਝਕੋਲਿਆਂ ਵਿਚ ਸਮਾਈਆ । ਇਕੋ ਰਾਗ ਤਰਜ਼ ਇਕੋ ਬਹਿਰ, ਇਕੋ ਢੋਲਾ ਰਹੀ ਗਾਈਆ । ਕਲਜੁਗ ਕਾਇਆ ਕੱਪੜ ਹੋਣਾ ਕਹਿਰ, ਭਾਣਾ ਸਕੇ ਨਾ ਕੋਇ ਮਿਟਾਈਆ । ਵਸਣਾ ਨਹੀਂ ਕੋਈ ਮੇਰੇ ਉਤੇ ਸ਼ਹਿਰ, ਵਸਦਿਆਂ ਢੇਰੀ ਦਿਆਂ ਬਣਾਈਆ । ਇਹ ਵੀ ਪਰਮ ਪੁਰਖ ਦੀ ਮਿਹਰ, ਜੋ ਹੁਕਮੇਂ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਰ ਵਖਾਈਆ । ਰਾਵੀ ਦੀ ਧਾਰ ਪਾਣੀ ਦਾ ਸ਼ੋਰ, ਜਲ ਥਲ ਦੋਵੇਂ ਰੂਪ ਬਦਲਾਈਆ । ਪੁਰਖ ਅਕਾਲ ਦਾ ਖੇਲ ਹੋਰ, ਗੁਰ ਅਵਤਾਰ ਪੈਗ਼ੰਬਰ ਰਹੇ ਲੋੜ, ਜੋੜ ਦੋਵੇਂ ਸੀਸ ਝੁਕਾਈਆ । ਕਲਜੁਗ ਜੀਵ ਮਨ ਵਾਸਨਾ ਹੋਏ ਢੋਰ, ਮਮਤਾ ਮੋਹ ਬਣਾਇਆ ਚੋਰ, ਜਗਤ ਅੰਧ ਹੋਇਆ ਘਨਘੋਰ, ਗੋਰ ਵਿਚ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਖੇਲ ਰਿਹਾ ਵਰਤਾਈਆ । ਪਾਣੀ ਪਵਿਤ, ਗੁਰਮੁਖ ਮਿਤ, ਹਰਿਜਨ ਹਿਤ, ਸਤਿਗੁਰ ਦਰਸ਼ਨ ਨਿੱਤ, ਅਬਿਨਾਸ਼ੀ ਕਰਤਾ ਵਸੇ ਚਿਤ, ਚੇਤਨ ਸੁਰਤੀ ਆਪ ਕਰਾਈਆ । ਜਲ ਦਾ ਵਹਿਣ, ਗੁਰ ਅਵਤਾਰ ਪੈਗ਼ੰਬਰ ਕਹਿਣ, ਭਗਤ ਸੁਹੇਲਾ ਤੱਕੇ ਨੈਣ, ਨਾਮ ਨਿਧਾਨਾ ਲਏ ਰਸੈਣ, ਦਰਸ਼ਨ ਪਾਏ ਹੂਬ ਹੂ ਐਨ, ਨਿਰਗੁਣ ਨਿਰਵੈਰ ਨਿਰੰਕਾਰ ਆਪਣੀ ਦਇਆ ਕਮਾਈਆ । ਭਗਤੀ ਦੀ ਧਾਰ, ਪ੍ਰਿਥਮੀ ਪੁਕਾਰ ਪਵਣ ਦੀ ਹਾਹਾਕਾਰ, ਆਕਾਸ਼ ਦੀ ਗਿਰਿਆਜ਼ਾਰ, ਬ੍ਰਹਿਮੰਡਾਂ ਖੰਡਾਂ ਕੋਈ ਨਾ ਦੇਵੇ ਸਹਾਰ, ਸਹਾਇਕ ਨਾਇਕ ਏਕੰਕਾਰ, ਇਕੋ ਅਕਲ ਕਲਧਾਰੀ ਜਨ ਭਗਤਾਂ ਬਣ ਵਾਪਾਰੀ, ਪ੍ਰੇਮ ਪ੍ਰੀਤੀ ਖਰੀਦੇ ਥਾਉਂ ਥਾਈਂਆ । ਰਾਵੀ ਦਾ ਹਾਸਾ, ਜਗਤ ਤਮਾਸ਼ਾ, ਉਲਟੇ ਪਾਸਾ, ਭਗਤਾਂ ਭਰਵਾਸਾ, ਕੂੜੀ ਖਾਹਿਸ਼ਾ, ਲੇਖਾ ਰਵਦਾਸਾ, ਬਟਵਾਰੇ ਦਾ ਸਾਥਾ, ਬਾਲਮੀਕ ਦਾ ਆਖਾ, ਅਰਜਨ ਦਾ ਸਾਕਾ, ਗੋਬਿੰਦ ਦਾ ਵਾਕਾ, ਪੁਰਖ ਅਕਾਲ ਖੋਲ੍ਹ ਕੇ ਤਾਕਾ, ਤਕਦੀਰ ਦਾ ਮਾਲਕ ਤਦਬੀਰ ਆਪਣੀ ਇਕ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲ ਹੋ ਸਮਰਾਥਾ, ਸਾਮਰਾਜੀ ਵੇਖੇ ਥਾਉਂ ਥਾਈਂਆ ।

## ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ੨ ਲੱਖਾ ਸਿੰਘ ਦੇ ਗ੍ਰਹਿ ਪਿੰਡ ਓਗਰਾ ਜ਼ਿਲਾ ਗੁਰਦਾਸ ਪੁਰ ✪

ਰਾਵੀ ਦੇ ਉਰ੍ਹੇ, ਗੁਰਮੁਖ ਪ੍ਰੀਤੀ ਜੁੜੇ, ਸਚ ਭੰਡਾਰ ਕਦੇ ਨਾ ਰੁੜੇ, ਸ਼ੌਹ ਦਰਿਆ ਮੂਲ ਨਾ ਰੁੜ੍ਹੇ, ਰੰਗ ਅਗੰਮ ਚੜ੍ਹੇ ਗੂੜ੍ਹੇ, ਚਰਨ ਪ੍ਰੀਤੀ ਮਿਲੇ ਧੂੜੇ, ਚਤਰ ਸੁਘੜ ਬਣ ਮੂਰਖ ਮੂੜ੍ਹੇ, ਚਿੰਤਾ ਰੋਗ ਸੋਗ ਜਾਣ ਵਸੂਰੇ, ਪੁਰਖ ਅਕਾਲ ਨਜ਼ਰੀ ਆਏ ਹਾਜਰ ਹਜੂਰੇ, ਜਨਮ ਕਰਮ

ਦੇ ਕਾਰਜ ਕਰੇ ਪੂਰੇ, ਅਧੂਰੇ ਗੁਰਮੁਖ ਜਗਤ ਨਾ ਕੋਇ ਵਖਾਈਆ । ਰਾਵੀ ਤੋਂ ਉਰ੍ਹੀ, ਕੰਢੀ ਦਾ ਕੰਢਾ ਆਪ ਸੁਹਾਈਆ । ਭਗਤਾਂ ਦੀ ਪੁਰੀ, ਗੁਰਮੁਖਾਂ ਵਧਾਈਆ । ਹੋਏ ਨਾ ਕੂੜੀ, ਜਗਤ ਕੁਟੰਬ ਤਰਾਈਆ । ਮੁਹੱਬਤ ਵਿਚ ਜੁੜੀ, ਨਾਤਾ ਰਹੀ ਬੰਧਾਈਆ । ਸ੍ਰਿਸ਼ਟੀ ਨਾਲ ਹੋਣੀ ਬੁਰੀ, ਬੁਰਿਆਈ ਨਾਲ ਲੜਾਈਆ । ਸ਼ਰਅ ਚਲਣੀ ਛੁਰੀ, ਸ਼ਾਇਦ ਕੋਈ ਬਚਿਆ ਨਜ਼ਰੀ ਆਈਆ । ਜਨ ਭਗਤਾਂ ਪ੍ਰਭ ਸੇਵਾ ਕਦੇ ਨਾ ਖੁਰੀ, ਲੂਣ ਡਲੀ ਨਾ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਰਾਵੀ ਦੇ ਪਿਛੇ, ਪਸ਼ਚਾਤਾਪ ਮੁਕਾਈਆ । ਜੋ ਸੋਹੰ ਢੋਲਾ ਸਿਖੇ, ਸਿੱਖ ਸਤਿਗੁਰ ਲਏ ਬਣਾਈਆ । ਨਾਮ ਨਿਧਾਨਾ ਦੇਵੇ ਹਿਸੇ, ਵਸਤ ਅਮੋਲਕ ਆਪ ਵਰਤਾਈਆ । ਘਰ ਸਵਾਮੀ ਠਾਕਰ ਦਿਸੇ, ਨਿਝ ਗ੍ਰਿਹਿ ਹੋਵੇ ਰੁਸ਼ਨਾਈਆ । ਗੁਰਮੁਖ ਉਧਾਰੇ ਜਿਥੇ ਜਿਥੇ, ਦੂਰ ਦੁਰਾਡਾ ਪੰਧ ਮੁਕਾਈਆ । ਪੁਰਖ ਅਬਿਨਾਸ਼ੀ ਕਰੇ ਹਿਤੇ, ਪ੍ਰੇਮ ਪ੍ਰੀਤੀ ਵਿਚ ਵਡਿਆਈਆ । ਅਗਲੇ ਲੇਖ ਆਪੇ ਲਿਖੇ, ਪੂਰਬ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਰਾਵੀ ਕਹੇ ਮੇਰੇ ਉਰਾਰ, ਬਹੁ ਕੁਛ ਨਜ਼ਰੀ ਆਇੰਦਾ । ਬਾਲਮੀਕ ਦੀ ਧਾਰ, ਕੰਢੀ ਦਾ ਕੰਢਾ ਕੰਢੇ ਵਿਚੋਂ ਰਸ ਚੁਆਇੰਦਾ । ਨਾਮ ਦਾ ਜੈਕਾਰ, ਸ਼ਬਦ ਸ਼ਿੰਗਾਰ ਸੋਭਾ ਪਾਇੰਦਾ । ਭਗਤਾਂ ਦਾ ਉਧਾਰ, ਪੁਰਖ ਅਕਾਲ ਆਪ ਅਖਵਾਇੰਦਾ । ਕਲ ਦਾ ਅਵਤਾਰ, ਕਲਕੀ ਨਾਉਂ ਪਰਗਟਾਇੰਦਾ । ਅਸਵ ਦਾ ਅਸਵਾਰ, ਘੋੜਾ ਸ਼ਬਦੀ ਆਪ ਦੌੜਾਇੰਦਾ । ਸੰਤ ਸੁਹੇਲੇ ਲਏ ਉਠਾਲ, ਗੁਰਮੁਖ ਗੁਰ ਗੁਰ ਗੋਦ ਟਿਕਾਇੰਦਾ । ਸਤਿ ਸਤਿਵਾਦੀ ਹੋ ਦਿਆਲ, ਦੀਨ ਦਿਆਲ ਅੰਗ ਲਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਕਰੇ ਸੰਭਾਲ, ਸੰਬਲ ਦਾ ਵਾਸੀ ਪੁਰਖ ਅਬਿਨਾਸ਼ੀ ਘਾਟੀ ਮੰਜ਼ਲ ਰਾਹ ਔਝੜ ਪਾਰ ਕਰਾਇੰਦਾ ।



੫੬੫
੧੯

### ੨੫ ਚੇਤ ਸ਼ਹਿਨਸ਼ਾਹੀ ਸੰਮਤ ੨ ਦੇਵਰਾਜ ਦੇ ਗ੍ਰਿਹ ਭੀਮ ਪੁਰਾ ਜ਼ਿਲਾ ਗੁਰਦਾਸ ਪੁਰ

ਜਨ ਭਗਤ ਕਹੇ ਪ੍ਰਭ ਵੇਖ ਕਲਜੁਗ ਕੂੜ ਕੁੜਿਆਰ, ਚਾਰ ਵਰਨ ਅਠਾਰਾਂ ਬਰਨ ਧੁਰ ਦਾ ਮੀਤ ਨਜ਼ਰ ਕੋਇ ਨਾ ਆਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਹਾਹਾਕਾਰ, ਚਾਰ ਕੁੰਟ ਦਹਿ ਦਿਸ਼ਾ ਦਏ ਦੁਹਾਈਆ । ਮਨ ਵਾਸਨਾ ਸ੍ਰਿਸ਼ਟੀ ਦ੍ਰਿਸ਼ਟੀ ਗਈ ਹਾਰ, ਧੁਰ ਦਾ ਇਸ਼ਟ ਏਕੰਕਾਰ ਨਾ ਕੋਇ ਮਨਾਈਆ । ਜੂਠ ਝੂਠ ਮਾਇਆ ਮਮਤਾ ਹਉਮੇ ਗੜ੍ਹ ਬਣਿਆ ਹੰਕਾਰ, ਸਤਿ ਸਚ ਹਿਰਦੇ ਹਰਿ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਹੋ ਸਹਾਈਆ । ਜਨ ਭਗਤ ਕਹੇ ਪ੍ਰਭ ਵੇਖ ਆਪਣਾ ਲੋਕਮਾਤ, ਕਲਜੁਗ ਅੰਤ ਧਿਆਨ ਲਗਾਈਆ । ਸਦੀ ਚੌਧਵੀਂ ਦਿਸੇ ਅੰਧੇਰੀ ਰਾਤ, ਨਿਰਗੁਣ ਨੂਰ ਸਾਚਾ ਚੰਦ ਨਾ ਕੋਇ ਚਮਕਾਈਆ । ਆਤਮ ਪਰਮਾਤਮ ਮਿਲ ਕੇ ਕਰੇ ਕੋਇ ਨਾ ਬਾਤ, ਜਗਤ ਵਿਦਿਆ ਪੜ੍ਹ ਪੜ੍ਹ ਮਨ ਮਮਤਾ ਹੋਈ ਹਲਕਾਈਆ । ਨਿਜ ਮੰਦਰ ਕਾਇਆ ਅੰਦਰ ਅਗੰਮੀ ਸੁਣੇ ਕੋਇ ਨਾ ਗਾਥ, ਅਨਹਦ ਨਾਦੀ ਧੁਨ ਨਾ ਕੋਇ ਸ਼ਨਵਾਈਆ । ਝਗੜਾ ਪਿਆ ਜਾਤ ਪਾਤ, ਆਤਮ ਬ੍ਰਹਮ ਪਾਰਬ੍ਰਹਮ ਭੇਵ ਨਾ ਕੋਇ ਖੁਲ੍ਹਾਈਆ । ਵਸਤ ਅਮੋਲਕ ਸਚ ਪਦਾਰਥ ਤੇਰਾ ਨਾਮ ਦੇਵੇ ਕੋਈ ਨਾ ਦਾਤ, ਮਾਇਆ ਮਮਤਾ ਮੋਹ ਹੋਈ ਹਲਕਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਘਾਟ, ਅਧਵਾਟੇ ਬੈਠੀ ਸਰਬ ਲੋਕਾਈਆ । ਦੁਰਮਤ

ਮੈਲ ਸਕੇ ਕੋਇ ਨਾ ਕਾਟ, ਅੱਠ ਸੱਠ ਤੀਰਥ ਪਤਤ ਪੁਨੀਤ ਨਾ ਕੋਇ ਬਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਧੁਰ ਦਾ ਸੰਗ ਨਾ ਬਣਿਆ ਕਮਲਾਪਾਤ, ਪਤਿਪਰਮੇਸ਼ਵਰ ਬੇਪਰਵਾਹ ਤੇਰੀ ਸਿਫ਼ਤ ਸਾਲਾਹ ਸਾਰੇ ਰਹੇ ਗਾਈਆ । ਗੁਰ ਅਵਤਾਰ ਪੈਗ਼ੰਬਰ ਸ਼ਬਦ ਸੰਦੇਸ਼ਾ ਭਵਿਖਤਾਂ ਵਿਚ ਜੋ ਗਏ ਆਖ, ਨਾਮ ਨਿਧਾਨ ਸ੍ਰੀ ਭਗਵਾਨ ਮਿਹਰਵਾਨ ਮਿਹਰ ਝੋਲੀ ਨਾ ਕੋਇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਖ਼ਲਕ ਖ਼ੁਦਾਈਆ । ਜਨ ਭਗਤ ਕਹਿਣ ਪ੍ਰਭ ਵੇਖ ਲੋਕਮਾਤ ਆਪਣਾ ਜਗਤ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਨਿਰਗੁਣ ਨਿਰਵੈਰ ਨਿਰੰਕਾਰ ਤੇਰਾ ਕਰੇ ਕੋਈ ਨਾ ਦਰਸ, ਦ੍ਰਿਸ਼ਟ ਇਸ਼ਟ ਵਿਚ ਤੇਰਾ ਧਿਆਨ ਨਾ ਕੋਇ ਲਗਾਈਆ । ਕੂੜੀ ਕਿਰਿਆ ਹਉਮੇ ਲੱਗੀ ਹਿਰਸ, ਹਵਸ ਸਕੇ ਨਾ ਕੋਇ ਮਿਟਾਈਆ । ਕੋਟਾਂ ਵਿਚੋਂ ਸੰਤ ਸੁਹੇਲੇ ਥੋੜੇ ਰਹੇ ਤਰਸ, ਜੋ ਦਿਵਸ ਰੈਣ ਅੱਠੇ ਪਹਿਰ ਬਿਨ ਨੇਤਰ ਨਿਜ ਨੈਣ ਤੇਰਾ ਰਾਹ ਤਕਾਈਆ । ਸਾਹਿਬ ਸਵਾਮੀ ਅੰਤਰਜਾਮੀ ਪੁਰਖ ਬਿਧਾਤੇ ਕਰ ਤਰਸ, ਮਹਿਬੂਬ ਮੁਹੱਬਤ ਵਿਚ ਆਪਣਾ ਫੇਰਾ ਪਾਈਆ । ਲਹਿਣਾ ਦੇਣਾ ਚੁਕਾ ਉਪਰ ਫਰਸ਼, ਅਰਸ਼ੀ ਪ੍ਰੀਤਮ ਆਸਾ ਭਗਤਾਂ ਪੂਰ ਕਰਾਈਆ । ਦੀਨ ਦੁਖੀਆਂ ਵੰਡ ਦਰਦ, ਗ਼ਰੀਬ ਨਿਮਾਣੇ ਕੋੜੇ ਕਮਲੇ ਆਪਣੀ ਗੋਦ ਉਠਾਈਆ । ਸਚ ਬੇਨੰਤੀ ਸੁਣ ਅਰਜ਼, ਡੰਡੌਤ ਬੰਦਨਾ ਨਮਸਤੇ ਕਹਿ ਕੇ ਸੀਸ ਝੁਕਾਈਆ । ਆਦਿ ਜੁਗਾਦਿ ਜੁਗ ਚੌਕੜੀ ਭਗਤ ਉਧਾਰਨਾ ਤੇਰਾ ਫਰਜ਼, ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰਾ ਰਾਹ ਤਕਾਈਆ । ਕਲਜੁਗ ਕੂੜੀ ਕਿਰਿਆ ਵੇਖ ਅੰਧੇਰਾ ਗਰਦ, ਸਤਿ ਸਚ ਬੈਠਾ ਮੁਖ ਛੁਪਾਈਆ । ਸ਼ਰਅ ਛੁਰੀ ਮਾਰੀ ਜਾਏ ਸਭ ਨੂੰ ਕਰਦ, ਹਕ ਹਕੀਕਤ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਹੋ ਕੇ ਵੇਖ ਦਰ, ਗ੍ਰਿਹਿ ਮੰਦਰ ਪੜਦਾ ਆਪ ਉਠਾਈਆ । ਜਨ ਭਗਤ ਕਹਿਣ ਪ੍ਰਭ ਕਲਜੁਗ ਅੰਤਮ ਵੇਖ ਮਾਰ ਝਾਕੀ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰੀ ਓਟ ਤਕਾਈਆ । ਪਰਵਰਦਿਗਾਰ ਸਾਂਝੇ ਯਾਰ ਮੁਕਾਮੇ ਹੱਕ ਖੋਲ੍ਹ ਤਾਕੀ, ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ਼ੀ ਆਪਣੀ ਦਇਆ ਕਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦੇ ਕੰਤ ਭਗਤਾਂ ਬਣ ਸਾਥੀ, ਸੰਤ ਸੁਹੇਲੇ ਸੂਫ਼ੀ ਫ਼ਕੀਰ ਬੈਠੇ ਰਾਹ ਤਕਾਈਆ । ਨਿਜ ਆਤਮ ਕਾਇਆ ਮੰਦਰ ਅੰਦਰ ਨਿਰਗੁਣ ਜੋਤ ਕਰ ਪਰਕਾਸ਼ੀ, ਅੰਧ ਅੰਧੇਰਾ ਸੰਝ ਸਵੇਰਾ ਇਕੋ ਰੰਗ ਰੰਗਾਈਆ । ਮਨ ਚਿੰਦਿਆ ਰਹੇ ਨਾ ਕੋਇ ਉਦਾਸੀ, ਸੰਸਾ ਰੋਗ ਨਾ ਕੋਇ ਸਤਾਈਆ । ਲੱਖ ਚੁਰਾਸੀ ਕੱਟ ਜਾ ਫਾਸੀ, ਆਵਣ ਜਾਵਣ ਪਤਤ ਪਾਵਣ ਅਗਲਾ ਗੇੜ ਕਟਾਈਆ । ਨਿਤ ਨਵਿਤ ਨਿਰਗੁਣ ਸਰਗੁਣ ਜਨ ਭਗਤਾਂ ਮੰਨਦਾ ਰਹੇਂ ਆਖੀ, ਅੱਖਰ ਆਪਣਾ ਦੇ ਪੜ੍ਹਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਬਿਧਾਤਾ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹ ਬੇਨਜ਼ੀਰ ਨਜ਼ਰ ਆਪਣੀ ਲੈ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਜਨ ਭਗਤ ਕਹਿਣ ਪ੍ਰਭ ਵੇਖ ਕਲਜੁਗ ਅੰਤਮ ਵੇਲਾ, ਵੇਲਾ ਵਕਤ ਦਏ ਗਵਾਹੀਆ । ਸਾਚਾ ਦਿਸੇ ਨਾ ਕੋਇ ਗੁਰੂ ਗੁਰ ਚੇਲਾ, ਚੇਲਾ ਗੁਰ ਇਕ ਰੰਗ ਨਾ ਕੋਇ ਸਮਾਈਆ । ਦਰਗਹਿ ਸਾਚੀ ਬਣੇ ਨਾ ਕੋਇ ਸੱਜਣ ਸੁਹੇਲਾ, ਸਚਖੰਡ ਦਵਾਰੇ ਸਹਿਜੇ ਸਹਿਜ ਨਾ ਕੋਇ ਪੁਚਾਈਆ । ਸ਼ਬਦੀ ਧਾਰ ਕਰੇ ਕੋਈ ਨਾ ਮੇਲਾ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਤੂੰ ਸਮਰਥ ਮਹਿੰਮਾ ਅਕੱਥ ਜਨ ਭਗਤਾਂ ਮਿਲਦਾ ਰਿਹਾ ਇਕੇਲਾ, ਏਕੰਕਾਰ ਨਿਹਕਰਮੀ ਆਪਣਾ ਕਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਕੇ ਵੇਖ ਵਖਾਈਆ । ਜਨ ਭਗਤ ਕਹਿਣ

ਪ੍ਰਭ ਲੋਕਮਾਤ ਆ, ਧਰਨੀ ਧਰਤ ਧਵਲ ਰਹੀ ਕੁਰਲਾਈਆ । ਅੰਤਰ ਆਤਮ ਪਰਮਾਤਮ ਹੋ ਕੇ ਬਣ ਮਲਾਹ, ਨਈਆ ਨੌਕਾ ਨਾਮ ਇਕ ਚਲਾਈਆ । ਸਚ ਦਵਾਰ ਦੀ ਦੇਣੀ ਹੱਕ ਸਲਾਹ, ਲਾਸ਼ਰੀਕ ਸ਼ਰਕਤ ਅੰਦਰੋਂ ਦੇਣੀ ਕਢਾਈਆ । ਮਿਹਰਵਾਨ ਮਹਿਬੂਬ ਕੋਟਨ ਕੋਟ ਬਖ਼ਸ਼ ਗੁਨਾਹ, ਗਹਿਰ ਗੰਭੀਰ ਆਪਣਾ ਰੰਗ ਚੜ੍ਹਾਈਆ । ਤੇਰੇ ਦਵਾਰੇ ਦਰਵੇਸ਼ ਹੋ ਕੇ ਇਕ ਅਲਖ ਰਹੇ ਜਗਾ, ਜਾਗਰਤ ਜੋਤ ਕਰ ਰੁਸ਼ਨਾਈਆ । ਬਿਨ ਦੀਵੇ ਬਾਤੀ ਕਮਲਾਪਾਤੀ ਹੋਵੇ ਰੁਸ਼ਨਾ, ਦਿਵਸ ਰੈਣ ਇਕੋ ਰੰਗ ਸਮਾਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਬੂੰਦ ਸਵਾਂਤੀ ਦੇ ਚੁਆ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਨਿਝ ਨੇਤਰ ਲੋਚਨ ਨੈਣ ਦਰਸ ਦੀਦ ਈਦ ਦਰਸਾ, ਪੜਦਾ ਉਹਲਾ ਦੇ ਉਠਾਈਆ । ਰਹਿਮਤ ਕਰ ਪਰਵਰਦਿਗਾਰ ਐ ਖ਼ੁਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹਿਣ ਪ੍ਰਭ ਕਲਜੁਗ ਕੂੜੀ ਕਿਰਿਆ ਵੇਖ ਜਹਾਲਤ, ਚਾਰ ਕੁੰਟ ਸਚ ਸੁਚ ਨਜ਼ਰ ਕੋਇ ਨਾ ਆਈਆ । ਧੁਰ ਦਰਗਾਹੀ ਬੇਪਰਵਾਹੀ ਹਕੀਕਤ ਵਿਚ ਕਰੇ ਨਾ ਕੋਇ ਹੱਕ ਅਦਾਲਤ, ਜੂਠ ਝੂਠ ਚਾਰ ਵਰਨ ਅਠਾਰਾਂ ਬਰਨ ਕਰੀ ਕੁੜਮਾਈਆ ਸਚ ਸਰੂਪ ਦਿਸੇ ਨਾ ਕੋਇ ਸਹੀ ਸਲਾਮਤ, ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਹੋਈ ਹਲਕਾਈਆ । ਕਲਜੁਗ ਅੰਤ ਅਖ਼ੀਰ ਸਚ ਦਵਾਰੇ ਦੇਵੇ ਨਾ ਕੋਇ ਜ਼ਮਾਨਤ, ਗੁਰ ਅਵਤਾਰ ਪੈਗ਼ੰਬਰ ਪਲੂ ਗਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਗੁਰਮੁਖ ਵਰ, ਦੂਰ ਦੁਰਾਡੇ ਨੇਰਨ ਨੇਰਾ ਫੇਰਾ ਪਾਈਆ । ਜਨ ਭਗਤ ਕਹਿਣ ਪ੍ਰਭ ਕਾਇਆ ਮੰਦਰ ਚੜ੍ਹ ਜਾ ਉਪਰ ਚੋਟੀ, ਚੋਟ ਸ਼ਬਦ ਨਗਾਰੇ ਦੇ ਲਗਾਈਆ । ਕਰ ਪਰਕਾਸ਼ ਨਿਰਮਲ ਜੋਤੀ, ਅੰਧ ਅੰਧੇਰ ਦੇ ਮਿਟਾਈਆ । ਮਨ ਵਾਸਨਾ ਰਹੇ ਨਾ ਖੋਟੀ, ਕੂੜੀ ਕਿਰਿਆ ਬਾਹਰ ਕਢਾਈਆ । ਆਤਮ ਪਰਮਾਤਮ ਪਰਮਾਤਮ ਆਤਮ ਤੂੰ ਆਦਿ ਜੁਗਾਦੀ ਗੋਤੀ, ਦੂਜਾ ਨਜ਼ਰ ਕੋਇ ਨਾ ਆਈਆ । ਨਾਮ ਇਸ਼ਾਰੇ ਸੁਰਤ ਉਠਾ ਸੋਤੀ, ਆਲਸ ਨਿੰਦਰਾ ਦੇ ਗਵਾਈਆ । ਗਲ ਲਗਾ ਕਮਲੀ ਕੋਝੀ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਬਿਨ ਤੇਰੀ ਕਿਰਪਾ ਸ੍ਰੀ ਭਗਵੰਤ ਕਿਸੇ ਨਾ ਆਵੇ ਸੋਝੀ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਜਗਤ ਵਾਸਨਾ ਸਾਰੇ ਹੋਏ ਰੋਗੀ, ਹੰ ਬ੍ਰਹਮ ਪੜਦਾ ਨਾ ਕੋਇ ਉਠਾਈਆ । ਵਿਛੋੜੇ ਵਿਚ ਬਣ ਵਿਜੋਗੀ, ਧੁਰ ਸੰਜੋਗੀ ਮੇਲ ਨਾ ਕੋਇ ਕਰਾਈਆ । ਤੇਰੀ ਧਾਰ ਨਿਰਗੁਣ ਸਰਗੁਣ ਵੇਦੀ ਸੋਢੀ, ਸੋ ਪੁਰਖ ਨਿਰੰਜਣ ਲੇਖਾ ਲਹਿਣਾ ਦੇਣਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਲਾਹ ਲੋਕ ਪਰਲੋਕੀ, ਸਲੋਕ ਇਕੋ ਦੇ ਜਣਾਈਆ । ਜਨ ਭਗਤ ਕਹਿਣ ਪ੍ਰਭ ਦੱਸ ਅਗੰਮਾ ਸਲੋਕ, ਨਿਰਅੱਖਰ ਵਿਚੋਂ ਅੱਖਰ ਦੇ ਸਮਝਾਈਆ । ਜਿਸ ਦੇ ਨਾਲ ਆਤਮ ਪਰਮਾਤਮ ਮਿਲੇ ਮੌਜ, ਮਜਲਸ ਤੇਰੇ ਵਿਚ ਸਮਾਈਆ । ਸਚ ਦਵਾਰੇ ਕਰ ਖੋਜ, ਪੜਦਿਆਂ ਵਿਚੋਂ ਬਾਹਰ ਕਢਾਈਆ । ਨਿਰਗੁਣ ਧਾਰ ਤੇਰਾ ਦਰਸ਼ਨ ਹੋਵੇ ਰੋਜ਼, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕਰਨਾ ਪਏ ਕੋਈ ਨਾ ਬੋਧ, ਸਿਮਰਨ ਪੂਜਾ ਜੋਗ ਅਭਿਆਸ ਤਤ ਸਾਧਨ ਦੀ ਲੋੜ ਰਹੇ ਨਾ ਰਾਈਆ । ਮਨ ਮਤ ਬੁੱਧੀ ਦੀ ਰਹੇ ਕੋਈ ਨਾ ਸੋਚ, ਅਨੁਭਵ ਪੜਦਾ ਦੇ ਉਠਾਈਆ । ਬਿਨ ਅੱਖਾਂ ਪੈਂਡਾ ਮੁੱਕ ਜਾਏ ਚੌਦਾਂ ਲੋਕ, ਜ਼ਿਮੀਂ ਅਸਮਾਨਾਂ ਪਰੇ ਆਪਣਾ ਡੇਰਾ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਹਰਿ, ਭਗਤ ਸੁਹੇਲੇ ਮੰਗਣ ਵਰ, ਦੀਨ ਦਿਆਲ ਦਇਆਵਾਨ ਜੋਤੀ ਜਾਤੇ ਪੁਰਖ ਬਿਧਾਤੇ ਵਸਤ ਅਨਮੋਲ ਗੁਰਮੁਖਾਂ ਝੋਲੀ ਦੇਣੀ ਪਾਈਆ ।

## ੨੫ ਚੇਤ ਸ਼ਹਿਨਸ਼ਾਹੀ ਸੰਮਤ ੨ ਲਾਲ ਸਿੰਘ ਦੇ ਗ੍ਰਿਹਿ ਗੁਜਰਾਤ ਜ਼ਿਲਾ ਗੁਰਦਾਸ ਪੁਰ

ਜਨ ਭਗਤ ਤੇਰਾ ਧੁਰ ਦਾ ਜ਼ਾਮਨ, ਕਰਤਾ ਅਬਿਨਾਸ਼ੀ ਇਕ ਅਖਵਾਇੰਦਾ । ਬਿਨ ਹੱਥਾਂ ਪਕੜੇ ਦਾਮਨ, ਦਾਮਨਗੀਰ ਪੱਲੂ ਗੰਢ ਪੁਆਇੰਦਾ । ਜਗਤ ਅੰਧੇਰਾ ਮੇਟੇ ਸ਼ਾਮਨ, ਸ਼ਾਮ ਹੋ ਕੇ ਸ਼ਮ੍ਹਾਂ ਆਪ ਜਗਾਇੰਦਾ । ਮੇਲਾ ਮਿਲਿਆ ਰਹੇ ਅਗੰਮੀ ਰਾਮਨ, ਰਾਮ ਹੋ ਕੇ ਰਹਿਬਰ ਦਇਆ ਕਮਾਇੰਦਾ । ਜਣੌਂਦਾ ਰਹੇ ਧੁਰ ਦਾ ਨਾਮਨ, ਨਾਮ ਨਿਧਾਨਾ ਝੋਲੀ ਪਾਇੰਦਾ । ਵਖੌਂਦਾ ਰਹੇ ਸੱਚਾ ਆਰਾਮਨ, ਸਿੰਘਾਸਣ ਆਸਣ ਇਕ ਵਡਿਆਇੰਦਾ । ਜਣੌਂਦਾ ਰਹੇ ਧੁਰ ਪੈਗ਼ਾਮਨ, ਧੁਰ ਦਾ ਧਰਮ ਇਕ ਦਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਵਡਿਆਇੰਦਾ । ਜਨ ਭਗਤ ਤੇਰਾ ਡਾਹਢਾ ਜ਼ੋਰ, ਜ਼ੋਰਾਵਰ ਦਏ ਬਣਾਈਆ । ਆਤਮ ਪਰਮਾਤਮ ਬੱਝੀ ਰਹੇ ਡੋਰ, ਜਗਤ ਜਹਾਨ ਸਕੇ ਨਾ ਕੋਇ ਤੁੜਾਈਆ । ਝਗੜਾ ਮੁੱਕਿਆ ਰਹੇ ਪੰਜ ਚੋਰ, ਮਮਤਾ ਮੋਹ ਨਾ ਕੋਇ ਸਤਾਈਆ । ਮੰਦਰ ਲੱਭਣਾ ਪਏ ਨਾ ਕੋਈ ਹੋਰ, ਘਟ ਦਵਾਲੇ ਵੱਜੇ ਵਧਾਈਆ । ਮਨੂਆਂ ਮਨ ਨਾ ਪਾਵੇ ਸ਼ੋਰ, ਛੋਹਰਾ ਬਾਂਕਾ ਸ਼ਬਦੀ ਆਪਣੀ ਲਏ ਅੰਗੜਾਈਆ । ਸਦਾ ਸਦਾ ਸਦ ਰੱਖੇ ਤੇਰੀ ਲੋੜ, ਅਬਿਨਾਸ਼ੀ ਕਰਤਾ ਧਿਆਨ ਲਗਾਈਆ । ਸਮੇਂ ਸਮੇਂ ਲਏ ਜੋੜ, ਮੇਲਾ ਕਰੇ ਸਹਿਜ ਸੁਭਾਈਆ । ਅੰਤ ਕਾਲ ਕਲਜੁਗ ਇਕੱਲਾ ਕਦੇ ਨਾ ਜਾਵੇ ਛੋੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੁਟਕੀ ਲਿਵ ਆਪ ਲਗਾਈਆ ।



੫੬੮
੧੯

## ੨੫ ਚੇਤ ਸ਼ਹਿਨਸ਼ਾਹੀ ਸੰਮਤ ੨ ਬੀਬੀ ਮਹੰਤੀ ਦੇ ਗ੍ਰਿਹਿ ਪਿੰਡ ਗੁਜਰਾਤ ਜ਼ਿਲਾ ਗੁਰਦਾਸਪੁਰ

ਜਨ ਭਗਤ ਵੇਖੇ ਸਚਖੰਡ, ਧਰਮ ਦਵਾਰਾ ਇਕੋ ਸੋਭਾ ਪਾਇੰਦਾ । ਜਿਥੇ ਨਾ ਕੋਈ ਸੂਰਜ ਨਾ ਕੋਈ ਚੰਦ, ਮੰਡਲ ਮੰਡਪ ਨਾ ਕੋਇ ਰੁਸ਼ਨਾਇੰਦਾ । ਨਾ ਕੋਈ ਢੋਲਾ ਗੀਤ ਗਾਵੇ ਛੰਦ, ਰਾਗਾਂ ਤਾਲ ਨਾ ਕੋਇ ਅਲਾਇੰਦਾ । ਨਾ ਕੋਈ ਦਰ ਦਰਵੇਸ਼ ਭਿਖਿਆ ਰਿਹਾ ਮੰਗ, ਜਗਤ ਅਲੱਖ ਨਾ ਕੋਇ ਜਗਾਇੰਦਾ । ਨਾ ਕੋਈ ਮਨ ਵਾਸਨਾ ਦਿਸੇ ਅਨੰਦ, ਬੁੱਧੀ ਬਿਬੇਕ ਨਾ ਕੋਇ ਬਣਾਇੰਦਾ । ਨਾ ਕੋਈ ਤੀਰਥ ਤੱਟਾਂ ਵਾਲਾ ਪੰਧ, ਮੰਦਰ ਮਸਜਿਦ ਸ਼ਿਵਦਵਾਲਾ ਮੱਠ ਨਾ ਕੋਇ ਪਰਗਟਾਇੰਦਾ । ਨਾ ਕੋਈ ਅੰਮ੍ਰਿਤ ਧਾਰ ਦਿਸੇ ਗੰਗ, ਜਲ ਵਹਿਣ ਨਾ ਕੋਇ ਵਹਾਇੰਦਾ । ਨਾ ਕੋਈ ਸਾਕ ਸੱਜਣ ਸੈਣ ਹੋਵੇ ਸੰਗ, ਨਾਰ ਕੰਤ ਸੇਜ ਨਾ ਕੋਇ ਹੰਢਾਇੰਦਾ । ਨਾ ਕੋਈ ਪੂਜਾ ਪਾਠ ਸਿਮਰਨ ਜੋਗ ਅਭਿਆਸ ਮਿਲਣ ਦਾ ਢੰਗ, ਜੰਗਲ ਜੂਹ ਉਜਾੜ ਪਹਾੜ ਉਚਾ ਟਿੱਲਾ ਪਰਬਤ ਨਜ਼ਰ ਕੋਇ ਨਾ ਆਇੰਦਾ । ਨਾ ਕੋਈ ਆਵਣ ਜਾਵਣ ਲੱਖ ਚੁਰਾਸੀ ਪਾਵੇ ਫੰਦ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਇੰਦਾ । ਨਾ ਕੋਈ ਧਰਨੀ ਧਰਤ ਧਵਲ ਦਿਸੇ ਵਰਭੰਡ, ਬ੍ਰਹਿਮੰਡ ਖੰਡ ਪੁਰੀ ਲੋਅ ਨਾਚ ਨਾ ਕੋਇ ਨਚਾਇੰਦਾ । ਨਾ ਕੋਈ ਕਿਰਿਆ ਜੂਠ ਝੂਠ ਮਮਤਾ ਦਿਸੇ ਗੰਦ, ਸੁਗੰਧ ਧਾਰ ਨਾ ਕੋਇ ਬਣਾਇੰਦਾ । ਨਾ ਕੋਈ ਸੇਜ ਸੁਹੰਜਣੀ ਦਿਸੇ ਪਲੰਘ, ਜਗਤ ਆਸਣ ਨਾ ਕੋਇ ਵਿਛਾਇੰਦਾ । ਨਾ ਕੋਈ ਦੂਈ ਦਵੈਤ ਭਰਮਾਂ ਦਿਸੇ ਕੰਧ, ਭਾਂਡਾ ਭਰਮ ਨਾ ਕੋਇ ਵਡਿਆਇੰਦਾ । ਇਕ ਇਕੱਲਾ ਏਕੰਕਾਰਾ ਬੈਠਾ ਸੂਰਾ ਸਰਬੰਗ, ਜੋਤੀ ਜਾਤਾ ਪੁਰਖ ਬਿਧਾਤਾ ਨੂਰੋ ਨੂਰ ਨੂਰ ਰੁਸ਼ਨਾਇੰਦਾ । ਜਨ ਭਗਤਾਂ ਕੋਲੋਂ ਸਚ ਪ੍ਰੀਤੀ ਪ੍ਰੇਮ ਪਿਆਰ ਮੁਹੱਬਤ ਰਿਹਾ ਮੰਗ, ਦੂਜੀ

ਆਸ ਨਾ ਕੋਇ ਵਖਾਇੰਦਾ । ਇਕੋ ਨਾਮ ਸੰਦੇਸ਼ਾ ਦੇਵੇ ਸੋਹੰ ਢੋਲਾ ਸੁਣਾਏ ਛੰਦ, ਨਿਰਗੁਣ ਨਿਰਗੁਣ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਖਾਇੰਦਾ । ਜਨ ਭਗਤ ਵੇਖ ਪ੍ਰਭੂ ਦਾ ਦੇਸ, ਪਰਦੇਸੀ ਹੋ ਕੇ ਫੇਰਾ ਪਾਈਆ । ਜਿਥੇ ਵਸੇ ਇਕ ਨਰੇਸ਼, ਨਰ ਨਰਾਇਣ ਡੇਰਾ ਲਾਈਆ । ਜੁਗ ਚੌਕੜੀ ਦੇਵੇ ਸੰਦੇਸ਼, ਧੁਰ ਫ਼ਰਮਾਣੇ ਹੁਕਮ ਸੁਣਾਈਆ । ਚਰਨ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਦੇਵਤ ਸੁਰ ਬੈਠੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਰਦੇ ਹੇਤ, ਚਰਨ ਧੂੜੀ ਖਾਕ ਰਮਾਈਆ । ਸ਼ਬਦੀ ਗੁਰ ਪੁਛਦੇ ਭੇਤ, ਪੜਦਾ ਉਹਲਾ ਰਿਹਾ ਉਠਾਈਆ । ਸੰਤ ਸੁਹੇਲੇ ਤੱਕਦੇ ਨੇਤ ਨੇਤ, ਬਿਨ ਅੱਖਾਂ ਅੱਖ ਮਿਲਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਰੁਤ ਬਦਲ ਕੇ ਚੇਤ, ਚੇਤਨ ਸੁਰਤੀ ਸਭ ਦੀ ਦਏ ਕਰਾਈਆ । ਸ਼ਬਦੀ ਧਾਰ ਅਗੰਮੀ ਲਿਖੇ ਲੇਖ, ਲਿਖਤ ਭਵਿਖਤ ਨਾਲ ਵਡਿਆਈਆ । ਜਿਨ੍ਹਾਂ ਪਹਿਲੋਂ ਲਿਆ ਭੇਜ, ਅੰਤਮ ਸਹਿਜ ਲਿਆ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰੇਮ ਪ੍ਰੀਤੀ ਅੰਦਰ ਲਏ ਪੇਖ, ਰੇਖ ਪਿਛਲੀ ਦਏ ਬਦਲਾਈਆ ।

### ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ੨ ਕੌਸ਼ਲਿਆ ਦੇਵੀ ਦੇ ਗ੍ਰਿਹਿ ਪਿੰਡ ਗੁਜਰਾਤ ਜ਼ਿਲਾ ਗੁਰਦਾਸ ਪੁਰ ✪



ਜਨ ਭਗਤ ਸਾਚੀ ਪ੍ਰਭ ਦੀ ਪ੍ਰੀਤ, ਆਦਿ ਜੁਗਾਦਿ ਜੁਗ ਚੌਕੜੀ ਲੋਕਮਾਤ ਬਣੀ ਆਈਆ । ਆਤਮ ਪਰਮਾਤਮ ਸਾਹਿਬ ਸੁਹੇਲਾ ਇਕੋ ਵਸੇ ਚੀਤ, ਚੇਤਨ ਸੁਰਤੀ ਅੰਦਰੋਂ ਦਏ ਕਰਾਈਆ । ਤੂੰ ਮੇਰਾ ਮੈਂ ਤੇਰਾ ਸਦਾ ਗੌਂਦੇ ਰਹਿਣਾ ਗੀਤ, ਪਾਰਬ੍ਰਹਮ ਬ੍ਰਹਮ ਮਿਲ ਕੇ ਖ਼ੁਸ਼ੀ ਮਨਾਈਆ । ਕਾਇਆ ਮਾਟੀ ਤਨ ਵਜੂਦ ਹੋਵੇ ਠਾਂਡਾ ਸੀਤ, ਅਗਨੀ ਤਤ ਮੋਹ ਵਿਕਾਰ ਨਾ ਕੋਇ ਸਤਾਈਆ । ਸਾਚਾ ਕਲਮਾ ਧੁਰ ਦਾ ਨਗ਼ਮਾ ਸੁਣਦੇ ਰਹਿਣ ਹਦੀਸ, ਹਜ਼ਰਤ ਹੋ ਕੇ ਹਰਿ ਜੂ ਕਰੇ ਪੜ੍ਹਾਈਆ । ਮਨ ਮਨੂਆ ਨਿਜ਼ ਗ੍ਰਿਹਿ ਬਦਲ ਜਾਵੇ ਨੀਤ, ਬੁੱਧ ਬਿਬੇਕ ਸਾਚੀ ਟੇਕ ਦਏ ਸਮਝਾਈਆ । ਝਗੜਾ ਮੁਕ ਜਾਏ ਊਚ ਨੀਚ, ਰਾਓ ਰੰਕ ਹਸਤ ਕੀਟ ਜਾਤ ਪਾਤ ਵਰਨ ਬਰਨ ਵੰਡ ਨਾ ਕੋਇ ਵੰਡਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਅਬਿਨਾਸ਼ੀ ਕਰਤਾ ਸਭ ਦਾ ਮੀਤ, ਦਵੈਤ ਭਾਵਨਾ ਵਿਚ ਕਦੇ ਨਾ ਆਈਆ । ਸਦਾ ਛਤਰ ਝੁਲਦਾ ਰਹੇ ਜਿਸ ਦੇ ਸੀਸ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਚ ਦਵਾਰੇ ਨਿਰਗੁਣ ਜੋਤ ਸੋਭਾ ਪਾਈਆ । ਨਾਮ ਭੰਡਾਰਾ ਹਰਿ ਨਿਰੰਕਾਰਾ ਨਿਤ ਨਵਿਤ ਭਗਤਾਂ ਕਰਦਾ ਰਹੇ ਬਖ਼ਸ਼ੀਸ਼, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਜਨ ਭਗਤ ਪ੍ਰਭੂ ਦਾ ਸੱਚਾ ਪਿਆਰ, ਬਿਨ ਕਿਰਪਾ ਹੱਥ ਕਿਸੇ ਨਾ ਆਇੰਦਾ । ਜੁਗ ਚੌਕੜੀ ਖੇਲੇ ਖੇਲ ਅਗੰਮ ਅਪਾਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਸੰਤ ਸੁਹੇਲੇ ਲਏ ਉਠਾਲ, ਗੁਰ ਚੇਲੇ ਰੰਗ ਰੰਗਾਇੰਦਾ । ਦੀਆ ਬਾਤੀ ਕਮਲਾਪਾਤੀ ਕਾਇਆ ਮੰਦਰ ਅੰਦਰ ਦੇਵੇ ਬਾਲ, ਆਦਿ ਨਿਰੰਜਣ ਜੋਤ ਨਿਰੰਜਣ ਡਗਮਗਾਇੰਦਾ । ਸਾਢੇ ਤਿੰਨ ਹੱਥ ਵਖਾਏ ਸੱਚੀ ਧਰਮਸਾਲ, ਧਰਮ ਦਵਾਰਾ ਇਕੋ ਇਕ ਵਡਿਆਇੰਦਾ । ਜਿਸ ਗ੍ਰਿਹਿ ਮਿਲੇ ਦੀਨ ਦਿਆਲ, ਸੋ ਮੰਦਰ ਸੋਭਾਵੰਤ ਅਖਵਾਇੰਦਾ । ਅੰਦਰ ਬਾਹਰ ਗੁਪਤ ਜਾਹਰ ਦਿਵਸ ਰੈਣ ਚਲੇ ਨਾਲ, ਮਨ ਨਾਲਿਸ਼ ਮੇਟ ਮਿਟਾਇੰਦਾ । ਝਗੜਾ ਮੁਕਾ ਕੇ ਸ਼ਾਹ

ਕੰਗਾਲ, ਸ਼ਹਿਨਸ਼ਾਹ ਇਕੋ ਦਰ ਵਖਾਇੰਦਾ । ਜਨ ਭਗਤਾਂ ਜੁਗ ਜੁਗ ਸੁਰਤ ਰਿਹਾ ਸੰਭਾਲ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਇੰਦਾ । ਨਿਰਵੈਰ ਹੋ ਕੇ ਬਣਦਾ ਰਿਹਾ ਦਲਾਲ, ਨਿਰੰਕਾਰ ਹੋ ਕੇ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਵਿਚ ਸਮਾਇੰਦਾ । ਜਨ ਭਗਤ ਆਦਿ ਜੁਗਾਦੀ ਪ੍ਰਭ ਦਾ ਸੱਚਾ ਨਾਤਾ, ਦੋ ਜਹਾਨ ਨਾ ਕੋਇ ਤੁੜਾਈਆ । ਮਾਰਗ ਦੱਸੇ ਧੁਰ ਦਾ ਸਾਚਾ, ਮੰਜ਼ਲ ਮੰਜ਼ਲ ਰਾਹ ਵਿਚ ਨਾ ਕੋਇ ਅਟਕਾਈਆ । ਆਤਮ ਪਰਮਾਤਮ ਦੱਸੇ ਗਾਥਾ, ਧੁਰ ਦੀ ਕਰੇ ਸਚ ਪੜ੍ਹਾਈਆ । ਜੋਤੀ ਦਾ ਬਣ ਕੇ ਜਾਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਅੰਤਰ ਮੇਟ ਅੰਧੇਰੀ ਰਾਤਾ, ਨਿਰੰਤਰ ਨੂਰ ਕਰੇ ਰੁਸ਼ਨਾਈਆ । ਗ੍ਰਿਹ ਮੰਦਰ ਵਖਾਏ ਸਾਚਾ, ਦਰ ਘਰ ਠਾਂਡੇ ਵੱਜੇ ਵਧਾਈਆ । ਜਿਸ ਗ੍ਰਿਹ ਭਗਤਾਂ ਬਣੇ ਰਾਖਾ, ਸਿਰ ਆਪਣਾ ਹੱਥ ਟਿਕਾਈਆ । ਪਿਆਵਣਹਾਰਾ ਅੰਮ੍ਰਿਤ ਬਾਟਾ, ਆਬੇਹਯਾਤ ਬੂੰਦ ਸਵਾਂਤੀ ਮੁਖ ਚੁਆਈਆ । ਸੁਹਾਵਣਹਾਰਾ ਆਤਮ ਸੁਹੰਜਣੀ ਸੇਜ ਖਾਟਾ, ਬਿਸਤਰ ਨਾ ਕੋਇ ਟਿਕਾਈਆ । ਜਨਮ ਜਨਮ ਕਰਮ ਕਰਮ ਲੱਖ ਚੁਰਾਸੀ ਆਵਣ ਜਾਵਣ ਮੇਟਣਹਾਰਾ ਵਾਟਾ, ਜਮ ਕੀ ਫਾਸੀ ਦਏ ਤੁੜਾਈਆ । ਅੰਤਮ ਮੇਲ ਮਿਲਾਏ ਪੁਰਖ ਸਮਰਾਥਾ, ਸਮਰਥ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਵਖਾਏ ਇਕ ਘਰ, ਜਿਥੇ ਅਵਰ ਨਾ ਕੋਇ ਸਾਕਾ, ਸੱਜਣ ਸਾਹਿਬ ਸਤਿਗੁਰ ਇਕੋ ਨਜ਼ਰੀ ਆਈਆ ।



## ੨੫ ਚੇਤ ਸ਼ਹਿਨਸ਼ਾਹੀ ਸੰਮਤ ੨ ਕੰਸ ਰਾਜ ਦੇ ਗ੍ਰਿਹ ਪਿੰਡ ਗੁਜਰਾਤ ਜ਼ਿਲਾ ਗੁਰਦਾਸ ਪੁਰ

ਜਨ ਭਗਤ ਨਿਰਗੁਣ ਧਾਰ ਵੇਖ ਪ੍ਰਭ ਚਰਨ, ਕਵਲ ਮਿਲੇ ਸਰਨਾਈਆ । ਦੋ ਜਹਾਨਾਂ ਬਖ਼ਸ਼ੇ ਸਰਨ, ਸਰਨਗਤ ਇਕੋ ਇਕ ਸਮਝਾਈਆ । ਸਾਚੀ ਮੰਜ਼ਲ ਹੋਵੇ ਚੜ੍ਹਨ, ਅੱਗੇ ਹੋ ਨਾ ਕੋਇ ਅਟਕਾਈਆ । ਧੁਰ ਦਾ ਢੋਲਾ ਪੈਣਾ ਪੜ੍ਹਨ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਝਗੜਾ ਚੁੱਕ ਜਾਏ ਜਾਤ ਪਾਤ ਵਰਨ ਬਰਨ, ਹਿੰਸਾ ਵਾਲੀ ਵੰਡ ਨਾ ਕੋਇ ਵੰਡਾਈਆ । ਕਲਜੁਗ ਅਗਨੀ ਅੱਗ ਨਾ ਪਵੇ ਸੜਨ, ਅੰਤਰ ਆਤਮ ਮੇਘ ਬਰਸਾਈਆ । ਮਰਨ ਵਿਚੋਂ ਮਿਲੇ ਮਰਨ, ਜੀਵਣ ਵਿਚੋਂ ਜੀਵਣ ਦਏ ਬਦਲਾਈਆ । ਨਿਝ ਨੇਤਰ ਖੁਲ੍ਹਾ ਰਹੇ ਹਰਨ ਫਰਨ, ਦਰਸ਼ਨ ਦੇਵੇ ਚਾਈਂ ਚਾਈਂਆ । ਕਰਨੀ ਦਾ ਕਰਤਾ ਆਪ ਹਾਰਕਰਨ, ਕਰਤਾ ਪੁਰਖ ਬੇਪਰਵਾਹੀਆ । ਸੰਤ ਸੁਹੇਲੇ ਜੁਗ ਜੁਗ ਆਵੇ ਫੜਨ, ਭਗਤ ਭਗਵੰਤ ਵਿਛੜੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਲਏ ਮਿਲਾਈਆ । ਜਨ ਭਗਤ ਵੇਖ ਪ੍ਰਭੂ ਦਾ ਨੂਰ, ਨਿਰਗੁਣ ਜੋਤ ਡਗਮਗਾਈਆ । ਸਰਬ ਕਲਾ ਭਰਪੂਰ, ਖਾਲੀ ਭੰਡਾਰੇ ਦਏ ਭਰਾਈਆ । ਜਨ ਭਗਤਾਂ ਮਿਲੇ ਜ਼ਰੂਰ, ਨਿਤ ਨਵਿਤ ਵੇਸ ਵਟਾਈਆ । ਨਾਤਾ ਤੋੜ ਕੇ ਕੂੜੋ ਕੂੜ, ਸਤਿ ਸਚ ਇਕ ਸਮਝਾਈਆ । ਲੇਖੇ ਲਾ ਕੇ ਮੂਰਖ ਮੂੜ੍ਹ, ਮੁਗਧਾਂ ਦਏ ਵਡਿਆਈਆ । ਬੇੜੇ ਚਾੜ੍ਹ ਕੇ ਆਪਣੇ ਪੂਰ, ਜਗਤ ਜਹਾਨ ਪਾਰ ਕਰਾਈਆ । ਸਾਚੇ ਨਾਮ ਦਾ ਦੇ ਸਰੂਰ, ਸੁਖਸਾਗਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾਵੇ ਇਕ ਘਰ, ਪਰਮ ਪੁਰਖ ਆਤਮ ਪਰਮਾਤਮ ਭਗਤ ਭਗਵਾਨ ਦਰ ਦਵਾਰਾ ਇਕੋ ਇਕ ਸੁਹਾਈਆ ।

## ੨੫ ਚੇਤ ਸ਼ਹਿਨਸ਼ਾਹੀ ਸੰਮਤ ੨ ਜੀਤ ਸਿੰਘ ਦੇ ਗ੍ਰਿਹਿ ਪਿੰਡ ਕਤੋਵਾਲ ਜ਼ਿਲਾ ਗੁਰਦਾਸ ਪੁਰ

ਜਨ ਭਗਤ ਕਹੇ ਮੈਂ ਗਿਆ ਜਾਗ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਦਇਆ ਕਮਾਈਆ । ਮੇਰੇ ਅੰਤਰ ਉਪਜਿਆ ਇਕ ਵੈਰਾਗ, ਵੈਰੀ ਦੁਸ਼ਮਣ ਅੰਦਰੋਂ ਦਿਤੇ ਕਢਾਈਆ । ਬਿਨ ਨਗ਼ਮੇ ਸੁਣੀ ਆਵਾਜ਼, ਬਿਨ ਗੀਤ ਸੰਗੀਤ ਵੱਜੇ ਵਧਾਈਆ । ਬਿਨ ਤੇਲ ਬਾਤੀ ਹੋਏ ਪਰਕਾਸ਼, ਨਿਰਗੁਣ ਨੂਰ ਜੋਤ ਰੁਸ਼ਨਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਵਸੇ ਪਾਸ, ਸਦਾ ਸੁਹੇਲਾ ਸ਼ਹਿਨਸ਼ਾਹੀਆ । ਕਾਇਆ ਮੰਦਰ ਅੰਦਰ ਪਾਵੇ ਧੁਰ ਦੀ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਰੂਪ ਵਟਾਈਆ । ਸਾਢੇ ਤਿੰਨ ਹੱਥ ਕੱਟਦਾ ਫਿਰੇ ਬਨਬਾਸ, ਸੀਤਾ ਸੁਰਤੀ ਰਾਮ ਰਾਮ ਦੁਹਾਈਆ । ਪੂਰਬ ਜਨਮ ਕਰੌਂਦਾ ਫਿਰੇ ਯਾਦ, ਲੇਖਾ ਲਹਿਣਾ ਲਹਿਣੇ ਵਿਚੋਂ ਪਰਗਟਾਈਆ । ਧੁਰ ਦਾ ਖੇੜਾ ਕਰ ਆਬਾਦ, ਗੁਲਸ਼ਨ ਇਕੋ ਇਕ ਮਹਿਕਾਈਆ । ਜਿਥੇ ਦਿਸੇ ਕੋਈ ਨਾ ਦਾਗ਼, ਪਤਤ ਪੁਨੀਤ ਰਿਹਾ ਬਣਾਈਆ । ਗੁਰਮੁਖ ਹੰਸ ਬਣਾ ਕੇ ਕਾਗ, ਕਾਗੋਂ ਹੰਸ ਰਿਹਾ ਉਡਾਈਆ । ਮੇਲ ਮਿਲਾ ਕੇ ਕੰਤ ਸੁਹਾਗ, ਵਿਛੋੜਾ ਜਗਤ ਰਿਹਾ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਚ ਘਰ, ਜਿਸ ਘਰ ਵਜਦੀ ਰਹੇ ਵਧਾਈਆ । ਜਨ ਭਗਤ ਤੱਕ ਇਕ ਮਹਿਬੂਬ, ਜੋ ਮੁਹੱਬਤ ਵਿਚ ਸਮਾਈਆ । ਅਰਸ਼ ਕੁਰਸ਼ ਤੋਂ ਉਚਾ ਜਿਸ ਦਾ ਅਰੂਜ਼, ਆਲੀਸ਼ਾਨ ਬੈਠਾ ਡੇਰਾ ਲਾਈਆ । ਜਿਸ ਦੀ ਹੱਕ ਮੰਜ਼ਲ ਮਕਸੂਦ, ਹੱਕ ਮੁਕਾਮ ਡੇਰਾ ਲਾਈਆ । ਜਿਸ ਦੀਆਂ ਸਿਫ਼ਤਾਂ ਕਰੇ ਹਜ਼ਾਰਾ ਦਰੂਦ, ਅਲਫ਼ ਯੇ ਨਾਲ ਵਡਿਆਈਆ । ਜਿਸ ਦੀ ਕੋਈ ਸਮਝ ਨਾ ਸਕੇ ਹਦੂਦ, ਆਰ ਪਾਰ ਨਾ ਕੋਇ ਸਮਝਾਈਆ । ਜਗਤ ਤੱਤ ਨਾ ਕੋਇ ਵਜੂਦ, ਵਸਲ ਸਭ ਨੂੰ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਬਿਨ ਅੱਖਾਂ ਵੇਖ ਸ੍ਰੀ ਭਗਵਾਨ, ਪਾਰਬ੍ਰਹਮ ਪਤਿਪਰਮੇਸ਼ਵਰ ਨਜ਼ਰੀ ਆਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਸਭ ਤੋਂ ਵੱਖਰਾ ਗਿਆਨ, ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਸੂਝ ਦਏ ਸਮਝਾਈਆ । ਨਿੱਤ ਨਵਿਤ ਨਿਰਗੁਣ ਸਰਗੁਣ ਖੇਲੇ ਖੇਲ ਜਹਾਨ, ਜੁਗ ਚੌਕੜੀ ਹੁਕਮੇ ਹੁਕਮ ਆਪ ਸੁਣਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਕਾਇਆ ਮੰਦਰ ਅੰਦਰ ਵੇਖੇ ਆਣ, ਪੜਦਾ ਓਹਲਾ ਮਾਟੀ ਚੋਲਾ ਰਹਿਣ ਕੋਇ ਨਾ ਪਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲਧਾਰੀ ਆਪਣੀ ਖੇਲ ਦਏ ਵਖਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਕਰਦਾ ਆਇਆ ਕਲਿਆਣ, ਕਾਇਨਾਤ ਦੀਨ ਦੁਨੀ ਵੇਖੇ ਚਾਈਂ ਚਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਰੂਪ ਹੋ ਪਰਧਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਆਪਣਾ ਹੁਕਮ ਸੁਣਾਈਆ । ਨਾਮ ਪਦਾਰਥ ਵਸਤ ਅਮੋਲਕ ਕਾਇਆ ਗੋਲਕ ਦੇਵਣਹਾਰਾ ਦਾਨ, ਬਿਨ ਹੱਥਾਂ ਜਨ ਭਗਤਾਂ ਝੋਲੀ ਦਏ ਭਰਾਈਆ । ਸ੍ਰਿਸ਼ਟੀ ਦਾ ਮਾਲਕ ਦ੍ਰਿਸ਼ਟੀ ਦਾ ਖ਼ਾਲਕ ਇਸ਼ਟੀ ਦਾ ਪ੍ਰਿਤਪਾਲਕ ਵਿਸ਼ੇਸ਼ ਨਰੇਸ਼ ਹਮੇਸ਼, ਹਰਿਜਨ ਹਮਸਾਜਣ ਲਏ ਬਣਾਈਆ । ਜਿਸ ਦੇ ਅੱਗੇ ਆਦਿ ਜੁਗਾਦਿ ਏਥੇ ਓਥੇ ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਚਲੇ ਕੋਇ ਨਾ ਪੇਸ਼, ਪੇਸ਼ਵਾ ਪੇਸ਼ਤਰ ਸੰਦੇਸ਼ੇ ਗਏ ਸੁਣਾਈਆ । ਜੋ ਸਾਹਿਬ ਸਵਾਮੀ ਅੰਤਰਜਾਮੀ ਸਦਾ ਸੁਹੇਲਾ ਰਹੇ ਹਮੇਸ਼, ਸਚਖੰਡ ਦਵਾਰ ਏਕੰਕਾਰ ਇਕ ਇਕੱਲਾ ਸਚ ਮਹੱਲਾ ਆਪ ਵਸਾਈਆ । ਗੁਰ ਅਵਤਾਰ ਪੈਗ਼ੰਬਰ ਸਜਦਿਆਂ ਵਿਚ ਬਣੇ ਦਰਵੇਸ਼, ਵਿਸ਼ਨ ਬ੍ਰਹਮਾ ਸ਼ਿਵ ਨਮੋ ਕਹਿ ਕੇ ਸੀਸ ਨਿਵਾਈਆ । ਜੋ ਪੁਰਖ ਅਕਾਲਾ ਦੀਨ ਦਿਆਲਾ

ਸੁਹਾਵਣਹਾਰਾ ਸਚਖੰਡ ਸੱਚੀ ਧਰਮਸਾਲਾ ਕਲਜੁਗ ਅੰਤ ਸੁਨੇਹੜਾ ਦੇਵੇ ਇਕ ਸੰਦੇਸ਼, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਧੁਰ ਦੀ ਧਾਰ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਟ ਭੀਤਰ ਗ੍ਰਹਿ ਮੰਦਰ ਹਰ ਘਟ ਲਏ ਵੇਖ, ਪੇਖਤ ਪੇਖ ਦਇਆ ਕਮਾਈਆ ।

## ✪ ੨੯ ਚੇਤ ਸ਼ਹਿਨਸ਼ਾਹੀ ਸੰਮਤ ੨ ਗੁਰਚਰਨ ਸਿੰਘ ਦੇ ਗ੍ਰਹਿ ਪਿੰਡ ਕਤੋਵਾਲ ਜ਼ਿਲਾ ਗੁਰਦਾਸ ਪੁਰ ✪

ਸਾਹਿਬ ਸਤਿਗੁਰ ਸਦਾ ਬੰਨ੍ਹੇ ਬੇੜਾ, ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਦਇਆ ਕਮਾਇੰਦਾ । ਚਰਨ ਕਵਲ ਸਚ ਸਰਨਾਈ ਆਏ ਜਿਹੜਾ, ਆਵਣ ਜਾਵਣ ਲੱਖ ਚੁਰਾਸੀ ਜਮ ਕੀ ਫਾਸੀ ਫੰਦ ਕਟਾਇੰਦਾ । ਭਾਗ ਲਗਾਵੇ ਕਾਇਆ ਮਾਟੀ ਸਾਢੇ ਤਿੰਨ ਹੱਥ ਖੇੜਾ, ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਪੜਦਾ ਆਪ ਉਠਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਜ਼ਰੀ ਆਏ ਨੇਰਨ ਨੇਰਾ, ਦੋ ਜਹਾਨਾਂ ਵਾਲੀ ਦੂਰਨ ਦੂਰ ਪੰਧ ਮੁਕਾਇੰਦਾ । ਕੂੜੀ ਕਿਰਿਆ ਮਨ ਵਾਸਨਾ ਰਹਿਣ ਨਾ ਦੇਵੇ ਅੰਧੇਰਾ, ਨਿਰਗੁਣ ਜੋਤ ਸਤਿ ਪ੍ਰਕਾਸ਼ ਗ੍ਰਹਿ ਮੰਦਰ ਅੰਦਰ ਆਪ ਕਰਾਇੰਦਾ । ਭੇਵ ਖੁਲ੍ਹਾਏ ਦਇਆ ਕਮਾਏ ਸਚ ਬੁਝਾਏ ਤੇਰਾ ਮੇਰਾ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਜਨ ਭਗਤਾਂ ਬੇੜਾ ਦੇਵੇ ਬੰਨ੍ਹ, ਸਤਿਗੁਰ ਪੂਰੇ ਹੱਥ ਵਡਿਆਈਆ । ਨਿਤ ਨਵਿਤ ਨਾਮ ਨਿਧਾਨਾ ਦੇਵੇ ਧੁਰ ਦਾ ਧਨ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਲੋਕਮਾਤ ਸਤਿ ਸਰੂਪੀ ਸੰਤ ਸੁਹੇਲੇ ਚਾੜ੍ਹੇ ਚੰਨ, ਪਰਕਾਸ਼ ਵਿਚੋਂ ਆਪਣਾ ਪਰਕਾਸ਼ ਪਰਗਟਾਈਆ । ਮਨਸਾ ਕੂੜੀ ਰਹਿਣ ਨਾ ਦੇਵੇ ਮਨੂਆ ਮਨ, ਮਮਤਾ ਮੋਹ ਦਏ ਗਵਾਈਆ । ਭੇਵ ਖੁਲ੍ਹਾ ਕੇ ਅੰਤਰ ਆਤਮ ਬ੍ਰਹਮ ਹੰ, ਪਾਰਬ੍ਰਹਮ ਪ੍ਰਭ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਲਏ ਉਠਾਈਆ । ਜਨ ਭਗਤਾਂ ਬੇੜਾ ਬੰਨ੍ਹੇ ਪੁਰਖ ਅਕਾਲ, ਦੀਨ ਦੁਨੀ ਦਾ ਮਾਲਕ ਦਇਆ ਕਮਾਇੰਦਾ । ਸਚਖੰਡ ਦਵਾਰਾ ਵਖਾਏ ਸੱਚੀ ਧਰਮਸਾਲ, ਛੱਪਰ ਛੰਨ ਨਜ਼ਰ ਕੋਇ ਨਾ ਆਇੰਦਾ । ਦੀਵਾ ਬਾਤੀ ਕਮਲਾਪਾਤੀ ਜੋਤ ਅਗੰਮੀ ਦੇਵੇ ਬਾਲ, ਦੂਸਰ ਵੰਡ ਨਾ ਕੋਇ ਵੰਡਾਇੰਦਾ । ਬੋਧ ਅਗਾਧੀ ਸ਼ਬਦ ਅਨਾਦੀ ਸੁਣਾਏ ਆਪਣਾ ਤਾਲ, ਭੇਵ ਅਭੇਦਾ ਅਛਲ ਅਛੇਦਾ ਪੜਦਾ ਉਹਲਾ ਆਪ ਚੁਕਾਇੰਦਾ । ਪੂਰਬ ਜਨਮ ਜੋ ਸੰਤ ਸੁਹੇਲੇ ਘਾਲਣ ਆਏ ਘਾਲ, ਕੀਤੀ ਘਾਲ ਸਭ ਦੀ ਝੋਲੀ ਪਾਇੰਦਾ । ਗੁਰਮੁਖ ਸੱਜਣ ਵੇਖੇ ਆਪਣੇ ਲਾਲ, ਪੂਤ ਸਪੂਤੇ ਆਪਣੀ ਗੋਦ ਉਠਾਇੰਦਾ । ਅੰਦਰ ਬਾਹਰ ਗੁਪਤ ਜਾਹਰ ਨਿਰਗੁਣ ਸਰਗੁਣ ਚਲੇ ਨਾਲ, ਚਾਲ ਨਿਰਾਲੀ ਭਗਤਾਂ ਆਪ ਜਣਾਇੰਦਾ । ਜਿਸ ਨੂੰ ਚਾਰ ਕੁੰਟ ਦਹਿ ਦਿਸ਼ਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਰੇ ਭਾਲ, ਖੋਜਿਆਂ ਹੱਥ ਕਿਸੇ ਨਾ ਆਇੰਦਾ । ਉਹ ਪੁਰਖ ਬਿਧਾਤਾ ਲੇਖੇ ਲਾਏ ਸ਼ਾਹ ਕੰਗਾਲ, ਗੁਰਮੁਖ ਗੁਰਸਿੱਖ ਹਰਿਜਨ ਭਗਤ ਸੁਹੇਲੇ ਮੇਲ ਮਿਲਾਇੰਦਾ । ਸ਼ਬਦ ਸਰੂਪੀ ਬਿਨ ਰੰਗ ਰੂਪੀ ਬਣਿਆ ਮਾਤ ਦਲਾਲ, ਨਾਮ ਵਿਚੋਲਾ ਇਕੋ ਇਕ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣਾ ਰਾਹ ਵਖਾਇੰਦਾ । ਜਨ ਭਗਤਾਂ ਬੇੜਾ ਬੰਨ੍ਹੇ ਪਹਿਲੇ ਪੂਰ, ਪੂਰਨ ਗੁਰ ਹੱਥ ਵਡਿਆਈਆ । ਕੋਟ ਜਨਮ ਦੇ

ਮੁਆਫ ਕਰ ਕਸੂਰ, ਦੁਰਮਤ ਮੈਲ ਦਏ ਧਵਾਈਆ । ਆਪਣੇ ਨਾਮ ਦਾ ਦੇ ਸਰੂਰ, ਸ਼ਬਦ ਖ਼ੁਮਾਰੀ ਇਕ ਰਖਾਈਆ । ਜੋਤੀ ਜਲਵਾ ਕਰ ਨੂਰ, ਅੰਧ ਅੰਧੇਰਾ ਦਏ ਗਵਾਈਆ । ਜਿਧਰ ਤੱਕਣ ਓਧਰ ਹਾਜ਼ਰ ਹਜ਼ੂਰ, ਸਨਮੁਖ ਹੋ ਕੇ ਸੋਭਾ ਪਾਈਆ । ਕੂੜੀ ਕਿਰਿਆ ਅੰਦਰੋਂ ਕੱਢੇ ਗਰੂਰ, ਹਉਮੇ ਹੰਗਤਾ ਗੜ੍ਹ ਤੁੜਾਈਆ । ਸਚ ਬੇਨੰਤੀ ਦਰੇ ਦਰਬਾਰ ਕਰੇ ਮਨਜ਼ੂਰ, ਮਿਹਰਵਾਨ ਮਿਹਰ ਨਜ਼ਰ ਨਾਲ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬੇੜਾ ਪਾਰ ਕਰੇ ਜ਼ਰੂਰ, ਮੰਝਧਾਰ ਅਧਵਿਚਕਾਰ ਸ਼ੌਹ ਦਰਿਆ ਜਗਤ ਵਹਿਣ ਨਾ ਕੋਇ ਡੁਬਾਈਆ । ਜਨ ਭਗਤਾਂ ਬੇੜਾ ਲਾਏ ਆਪਣੇ ਪਤਣ, ਖੇਵਟ ਖੇਟਾ ਦਇਆ ਕਮਾਈਆ । ਪੁਰਖ ਅਕਾਲਾ ਦੀਨ ਦਿਆਲਾ ਸੰਤ ਸੁਹੇਲੇ ਆਇਆ ਰੱਖਣ, ਗੁਰ ਚੇਲੇ ਮੇਲ ਮਿਲਾਈਆ । ਭਗਤ ਭਗਵਾਨ ਮਿਲ ਕੇ ਇਕੋ ਮੰਦਰ ਵਸਣ, ਦੂਜਾ ਦਰ ਨਾ ਕੋਇ ਬਣਾਈਆ । ਖ਼ੁਸ਼ੀਆਂ ਅੰਦਰ ਗੀਤ ਗਾ ਕੇ ਹੱਸਣ, ਸੋਹੰ ਰਾਗ ਅਲਾਈਆ । ਮੁੜ ਕੇ ਜਾਣਾ ਆਪਣੇ ਓਸ ਵਤਨ, ਜਿਸ ਵਿਚੋਂ ਹੋਈ ਮਾਤ ਜੁਦਾਈਆ । ਸਾਹਿਬ ਸਤਿਗੁਰ ਪਤ ਆਇਆ ਰੱਖਣ, ਸਿਰ ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਜੀਵ ਜੰਤ ਅਨਕ ਬਿਧੀ ਕਰਦੇ ਯਤਨ, ਹਰਿ ਕਾ ਦਰਸ ਕੋਇ ਨਾ ਪਾਈਆ । ਗੁਰਮੁਖ ਸੰਤ ਸੁਹੇਲੇ ਸਹਿਜ ਸੁਭਾਉ ਪਤਿਪਰਮੇਸ਼ਵਰ ਤੱਕਣ, ਤਕਵਾ ਇਕੋ ਉਪਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਜਨ ਭਗਤਾਂ ਬੇੜਾ ਬੰਨੇ ਦੇਵੇ ਲਾ, ਲੱਖ ਚੁਰਾਸੀ ਰਹਿਣ ਨਾ ਪਾਈਆ । ਪਰਮ ਪੁਰਖ ਪਰਮਾਤਮ ਬਣੇ ਮਲਾਹ, ਨਈਆ ਨੌਕਾ ਆਪਣਾ ਨਾਮ ਵਖਾਈਆ । ਸੰਤ ਸੁਹੇਲੇ ਲਏ ਚੜ੍ਹਾ, ਸਤਿ ਸਤਿਵਾਦੀ ਹੋ ਸਹਾਈਆ । ਗੁਰ ਅਵਤਾਰ ਪੈਗ਼ੰਬਰ ਬਣਾਏ ਗਵਾਹ, ਸ਼ਹਾਦਤ ਇਕੋ ਵਾਰ ਭੁਗਤਾਈਆ । ਜਿਨ੍ਹਾਂ ਨੂੰ ਪਰਮ ਪੁਰਖ ਪਰਮਾਤਮ ਮਿਲ ਗਿਆ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣਾ ਰੰਗ ਚੜ੍ਹਾਈਆ । ਉਹ ਵਸਣ ਸਾਚੇ ਥਾਂ, ਸਚਖੰਡ ਦਵਾਰੇ ਸਾਚੇ ਡੇਰਾ ਲਾਈਆ । ਜਿਥੇ ਨਾ ਕੋਈ ਪਿਤਾ ਨਾ ਕੋਈ ਮਾਂ, ਭੈਣ ਭਾਈ ਸਾਕ ਸੈਣ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਜਿਸ ਗ੍ਰਿਹ ਜਨ ਭਗਤਾਂ ਮਿਲ ਕੇ ਖ਼ੁਸ਼ੀ ਮਨਾਈਆ । ਜਨ ਭਗਤ ਤੇਰਾ ਬੇੜਾ ਪਾਰ ਕੰਢੇ, ਕੰਢੀਵਾਲਾ ਪਾਰ ਲੰਘਾਈਆ । ਮੰਜ਼ਲ ਚਾੜ੍ਹੇ ਓਸ ਡੰਡੇ, ਜਿਸ ਨੂੰ ਡਡੌਤ ਕਹਿ ਕੇ ਸਾਰੇ ਸੀਸ ਨਿਵਾਈਆ । ਬਿਨਾ ਭੁਜਾਂ ਤੋਂ ਚੁੱਕੇ ਨਿਰਗੁਣ ਨਿਰਗੁਣ ਕੰਧੇ, ਦੋ ਜਹਾਨਾਂ ਪੈਂਡਾ ਦਏ ਮੁਕਾਈਆ । ਕੂੜੀ ਕਿਰਿਆ ਰਹਿਣ ਨਾ ਦੇਵੇ ਧੰਦੇ, ਧਰਮ ਦਵਾਰ ਇਕੋ ਇਕ ਵਖਾਈਆ । ਜਿਥੇ ਭਗਤ ਸੁਹੇਲੇ ਸੁਹੰਦੇ, ਸਵਾਮੀ ਮਿਲ ਕੇ ਖ਼ੁਸ਼ੀ ਮਨਾਈਆ । ਚਰਨ ਕਵਲ ਸਰਨਾਈ ਸਾਚੀ ਢਹਿੰਦੇ, ਬਿਨ ਧੂੜੀ ਮਸਤਕ ਟਿੱਕੇ ਖ਼ਾਕ ਰਹੇ ਲਗਾਈਆ । ਤੂੰ ਹੀ ਤੂੰ ਬਿਨ ਰਸਨਾ ਜਿਹਵਾ ਕਹਿੰਦੇ, ਗੀਤ ਅਗੰਮੀ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਧੁਰ ਵਡਿਆਈਆ । ਜਨ ਭਗਤੋ ਬੇੜੇ ਦਾ ਕਰੇ ਕੋਈ ਨਾ ਸ਼ੰਕਾ, ਸੰਸਾ ਅੰਦਰੋਂ ਦਏ ਕਢਾਈਆ । ਤੁਸਾਂ ਵਸਣਾ ਓਸ ਦਵਾਰੇ ਬੰਕਾ, ਜਿਥੇ ਬੈਠਾ ਬੇਪਰਵਾਹੀਆ । ਮਾਣ ਵਡਿਆਈ ਦੇਂਦਾ ਸਾਚੇ ਸੰਤਾ, ਭਗਤ ਸੁਹੇਲੇ ਗੋਦ ਉਠਾਈਆ । ਗੜ੍ਹ ਰਹੇ ਨਾ ਹਉਮੇ ਹੰਗਤਾ, ਹੰ ਬ੍ਰਹਮ ਇਕ ਦਰਸਾਈਆ । ਝਗੜਾ ਚੁਕ ਜਾਏ ਵਿਦਿਆ ਵਾਲਿਆਂ ਪੰਡਤਾਂ, ਸੋਹੰ ਢੋਲਾ ਸਚ ਸੁਣਾਈਆ । ਗੁਰਮੁਖੋ ਤੁਹਾਨੂੰ ਕਿਸੇ ਦੀ ਕਰਨੀ ਪਏ ਨਾ ਮਿੰਨਤਾ ਦੀਨ ਦੁਨੀ ਤੋਂ ਪੱਲਾ ਦੇਣਾ ਛੁਡਾਈਆ । ਸਚਖੰਡ ਦਵਾਰ ਤੁਹਾਡੀ ਸਿਧੀ

ਸਿੰਮਤਾ, ਉਤਰ ਪੂਰਬ ਪੱਛਮ ਵੰਡ ਨਾ ਕੋਇ ਵੰਡਾਈਆ । ਪ੍ਰਭੂ ਕਦੀ ਨਾ ਹੋਵੇ ਹਰਾਮ ਨਿਮਕਾ, ਜਨ ਭਗਤਾਂ ਖਾ ਕੇ ਅਹਿਸਾਨ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬੇੜਾ ਪਾਰ ਕਰੇ ਜਿਥੇ ਜਗਤ ਮਲਾਹ ਕੋਇ ਨਾ ਮਿਲਦਾ, ਵਹਿਣਾਂ ਗਹਿਣਾਂ ਨੈਣਾਂ ਤੋਂ ਪਰੇ ਪਾਰਬ੍ਰਹਮ ਆਪਣੇ ਘਰ ਵਸਾਈਆ ।

### ੨੬ ਚੇਤ ਸ਼ਹਿਨਸ਼ਾਹੀ ਸੰਮਤ ੨ ਜਸਵੰਤ ਸਿੰਘ ਦੇ ਗ੍ਰਿਹ ਨਵਾਂ ਪਿੰਡ ਜ਼ਿਲਾ ਗੁਰਦਾਸ ਪੁਰ

ਜਨ ਭਗਤ ਰਹੇ ਨਾ ਔਖੀ ਘਾਟੀ, ਆਵਣ ਜਾਵਣ ਲੇਖਾ ਦਏ ਮੁਕਾਈਆ । ਕੂੜੀ ਕਿਰਿਆ ਰਹੇ ਨਾ ਅੰਧੇਰੀ ਰਾਤੀ, ਨਾਮ ਨਿਧਾਨਾ ਸਾਚਾ ਚੰਦ ਚਮਕਾਈਆ । ਦੀਨ ਮਜ਼੍ਹਬ ਝਗੜਾ ਰਹੇ ਨਾ ਜਾਤ ਪਾਤੀ, ਕ਼ਸ਼ੱਤਰ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਮੇਲਾ ਹੋਵੇ ਕਮਲਾਪਾਤੀ, ਪਤਿਪਰਮੇਸ਼ਵਰ ਆਪਣਾ ਰੰਗ ਦਏ ਰੰਗਾਈਆ । ਨਾਮ ਪਿਆਲਾ ਜਾਮ ਦੇਵੇ ਬਣ ਕੇ ਧੁਰ ਦਾ ਸਾਕੀ, ਰਸ ਖ਼ੁਮਾਰੀ ਇਕੋ ਇਕ ਚੜ੍ਹਾਈਆ । ਪ੍ਰੇਮ ਪ੍ਰੀਤੀ ਮੁਹੱਬਤ ਅੰਦਰ ਦੇਵੇ ਸੱਚੀ ਦਾਤੀ, ਦਾਤਾ ਦਇਆਵਾਨ ਆਪਣੀ ਦਇਆ ਕਮਾਈਆ । ਨਿਜ ਗ੍ਰਿਹ ਨਿਜ ਮੰਦਰ ਸਾਚੇ ਘਰ ਨਿਰਗੁਣ ਧਾਰ ਕਰੇ ਵਾਸੀ, ਪੁਰਖ ਅਬਿਨਾਸ਼ੀ ਸਚ ਦਵਾਰਾ ਇਕ ਸੁਹਾਈਆ । ਅੰਮ੍ਰਿਤ ਬੂੰਦ ਅਗੰਮ ਪਿਆਏ ਸਵਾਂਤੀ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਏਥੇ ਓਥੇ ਦੋ ਜਹਾਨਾਂ ਜਨ ਭਗਤਾਂ ਬਣਿਆ ਰਹੇ ਧੁਰ ਦਾ ਸਾਥੀ, ਨਿਰਗੁਣ ਨਿਰਵੈਰ ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਲੇਖੇ ਲਾਈਆ । ਜਨ ਭਗਤਾਂ ਲੇਖਾ ਰਹੇ ਨਾ ਮਾਤਲੋਕ, ਜੂਨੀ ਜੂਨ ਨਾ ਕੋਇ ਭਵਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਰ ਨਰਾਇਣ ਆਤਮ ਪਰਮਾਤਮ ਦੱਸੇ ਇਕ ਸਲੋਕ, ਸੋਹੰ ਢੋਲਾ ਸਚ ਸੁਣਾਈਆ । ਘਟ ਭੀਤਰ ਗ੍ਰਿਹ ਮੰਦਰ ਹੋਵੇ ਪਰਕਾਸ਼ ਜੋਤ, ਨਿਰਮਲ ਨੂਰ ਡਗਮਗਾਈਆ । ਜੰਗਲ ਜੂਹ ਉਜਾੜ ਪਹਾੜ ਕਰਨੀ ਨਾ ਪਏ ਖੋਜ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰਦਵਾਰ ਨਾ ਕੋਇ ਭਵਾਈਆ । ਕੂੜੀ ਕਿਰਿਆ ਹਉਮੇ ਹੰਗਤਾ ਸੰਸਾ ਮੇਟੇ ਚਿੰਤਾ ਸੋਗ, ਹਰਖ ਹਵਸ ਨਾ ਕੋਇ ਵਧਾਈਆ । ਚਰਨ ਪ੍ਰੀਤੀ ਧੁਰ ਦੀ ਨੀਤੀ ਮਿਲੇ ਧੁਰ ਦਾ ਜੋਗ, ਜੋਗੀਸ਼ਰ ਰਿਖੀਸ਼ਰ ਮੁਨੀਸ਼ਰ ਲੱਭਣ ਦੀ ਲੋੜ ਰਹੇ ਨਾ ਰਾਈਆ । ਭਾਗ ਲੱਗੇ ਕਾਇਆ ਮਾਟੀ ਸਾਚੇ ਕੋਟ, ਕਿਲਾ ਬੰਕ ਦਵਾਰ ਇਕ ਸੁਹਾਈਆ । ਸ਼ਬਦ ਨਾਦ ਵੱਜਦੀ ਰਹੇ ਚੋਟ, ਸੋਈ ਸਵਾਣੀ ਸੁਰਤੀ ਸ਼ਬਦ ਹਾਣੀ ਆਪ ਉਠਾਈਆ । ਭਗਤ ਭਗਵਾਨ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਗੁਣ ਮਿਲ ਕੇ ਮਾਨਣ ਮੌਜ, ਸਰਗੁਣ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਗੰਮੀ ਆਪ ਵਰਤਾਈਆ । ਜਨ ਭਗਤ ਸਦਾ ਮਿਲਦਾ ਰਹੇ ਓਸ, ਜੋ ਏਕ ਏਕੰਕਾਰਾ ਆਪਣਾ ਨਾਉਂ ਧਰਾਈਆ । ਨਿਝ ਘਰ ਸਦ ਵਸਿਆ ਰਹੇ ਪੜੋਸ, ਮੰਦਰ ਅੰਦਰ ਡੇਰਾ ਲਾਈਆ । ਨਾਮ ਖ਼ੁਮਾਰੀ ਅੰਦਰ ਰੱਖੇ ਸਦਾ ਮਦਹੋਸ਼, ਜਗਤ ਪਿਆਲਾ ਮਧਰ ਨਾ ਕੋਇ ਪਿਆਈਆ । ਬੁਧੀ ਤੋਂ ਪਰੇ ਸ਼ਬਦੀ ਧਾਰ ਦੱਸੇ ਸੋਚ, ਜਗਤ ਵਿਦਿਆ ਲੋੜ ਰਹੇ ਨਾ ਰਾਈਆ । ਜਿਸ ਮੰਜ਼ਲ ਜਗਿਆਸੂ ਜੀਵ ਨਾ ਸਕੇ ਪਹੁੰਚ, ਜਨ ਭਗਤ ਸੁਹੇਲੇ ਸਹਿਜੇ ਬੈਠੇ ਡੇਰਾ ਲਾਈਆ । ਝਗੜਾ ਮੁਕ ਗਿਆ ਚੌਦਾਂ ਲੋਕ, ਚੌਦਾਂ ਤਬਕ

ਓਟ ਨਾ ਕੋਇ ਰਖਾਈਆ । ਇਕੋ ਢੋਲਾ ਗੀਤ ਗੌਂਦੇ ਤੂੰ ਮੇਰਾ ਮੈਂ ਤੇਰਾ ਸਲੋਕ, ਸੋਹਲਾ ਸਾਹਿਬ ਸਵਾਮੀ ਅੰਤਰ ਆਪ ਜਣਾਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਕੱਟ ਰੋਗ, ਸਚ ਸੁੱਚ ਸੰਜਮ ਵਿਚ ਗਏ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਵਖਾਏ ਧੁਰ ਦਾ ਘਰ, ਸਚਖੰਡ ਦਵਾਰਾ ਏਕੰਕਾਰਾ ਨਿਰਗੁਣ ਧਾਰਾ ਜੋਤੀ ਜਾਤਾ ਜਾਗਰਤ ਜੋਤ ਕਰੇ ਰੁਸ਼ਨਾਈਆ । ਜਨ ਭਗਤ ਤੇਰਾ ਦਵਾਰਾ ਧੁਰ ਦਾ ਇਕ, ਅਬਿਨਾਸ਼ੀ ਕਰਤੇ ਦਿਤਾ ਬਣਾਈਆ । ਬਿਨਾ ਕਲਮ ਸ਼ਾਹੀ ਲੇਖ ਦਿਤਾ ਲਿਖ, ਏਥੇ ਓਥੇ ਦੋ ਜਹਾਨ ਸਕੇ ਨਾ ਕੋਇ ਮਿਟਾਈਆ । ਨਾਮ ਪਦਾਰਥ ਅਗੰਮੀ ਪਾਏ ਭਿੱਖ, ਭਿਛਿਆ ਇਕੋ ਵਾਰ ਵਰਤਾਈਆ । ਸਚ ਦਵਾਰੇ ਜੋ ਬਣਿਆ ਸਿੱਖ ਸ਼ਿਸ਼, ਸਿੱਧਾ ਆਪਣੇ ਨਾਲ ਮਿਲਾਈਆ । ਜਨਮ ਜਨਮ ਦੀ ਕਰਮ ਕਰਮ ਦੀ ਪੂਰੀ ਕਰੇ ਪੂਰਬ ਇਛ, ਇਛਿਆ ਅੰਦਰ ਆਸਾ ਦਏ ਭਰਾਈਆ । ਪੁਰਖ ਅਕਾਲਾ ਦੀਨ ਦਿਆਲਾ ਸਾਖਿਆਤ ਨਿਜ ਮਹਲ ਅਟੱਲ ਪਏ ਦਿਸ, ਦਹਿ ਦਿਸ਼ਾ ਲੱਭਣ ਦੀ ਲੋੜ ਰਹੇ ਨਾ ਰਾਈਆ । ਜਨ ਭਗਤਾਂ ਸੰਗ ਆਦਿ ਜੁਗਾਦਿ ਸਦਾ ਕਰੇ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਲੋਕਮਾਤ ਔਂਦਾ ਰਹੇ ਨਵਿਤ, ਜੋਤੀ ਜਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਭਗਵਾਨ ਦੇਵੇ ਜੀਆ ਦਾਨ, ਜੀਵਣ ਜੁਗਤਾ ਮੁਫਤ ਦਰੁਸਤ ਦੀਨ ਦਿਆਲ ਦਏ ਸਮਝਾਈਆ ।



## ✪ ੨੯ ਚੇਤ ਸ਼ਹਿਨਸ਼ਾਹੀ ਸੰਮਤ ੨ ਬੀਬੀ ਗਿਆਨੋ ਦੇ ਗ੍ਰਹਿ ਨਵਾਂ ਪਿੰਡ ਜ਼ਿਲਾ ਗੁਰਦਾਸ ਪੁਰ ✪

੫੭੫
੧੯

ਜਨ ਭਗਤਾਂ ਪ੍ਰਭ ਆਪ ਬਣਦਾ, ਬੰਧਨਾਂ ਵਿਚੋਂ ਦਏ ਕਢਾਈਆ । ਗੁਰਮੁਖ ਸੁਹੇਲੇ ਸ਼ਬਦੀ ਧਾਰੋਂ ਜਣਦਾ, ਆਦਿ ਜੁਗਾਦੀ ਬਣੇ ਧੰਨ ਜਣੇਂਦੀ ਮਾਈਆ । ਲਹਿਣਾ ਦੇਣਾ ਚੁਕਾਏ ਪੰਜ ਤੱਤ ਖ਼ਾਕੀ ਮਾਟੀ ਤਨ ਦਾ, ਵਜੂਦ ਮਹਿਬੂਬ ਕਰੇ ਸਫ਼ਾਈਆ । ਝਗੜਾ ਮੇਟ ਕੇ ਅੰਦਰੋਂ ਮਨ ਦਾ, ਪਤਤ ਪੁਨੀਤ ਦਏ ਬਣਾਈਆ । ਇਕੋ ਨਾਮ ਅੱਖਰ ਦੇਵੇ ਧੰਨ ਧੰਨ ਧੰਨ ਦਾ, ਖ਼ੁਸ਼ੀਆਂ ਵਿਚ ਖ਼ੁਸ਼ੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਓਨ੍ਹਾਂ ਦੇ ਬੇੜੇ ਬੰਨ੍ਹਦਾ, ਜੋ ਪੂਰਬ ਜਨਮ ਵਿਛੜੇ ਰਾਹ ਤਕਾਈਆ ।

## ✪ ੨੯ ਚੇਤ ਸ਼ਹਿਨਸ਼ਾਹੀ ਸੰਮਤ ੨ ਬੀਬੀ ਦੁਰਗੀ ਦੇ ਗ੍ਰਹਿ ਨਵਾਂ ਪਿੰਡ ਜ਼ਿਲਾ ਗੁਰਦਾਸ ਪੁਰ ✪

ਭਗਤ ਸੁਹੇਲੇ ਜੁਗ ਜੁਗ ਲੱਭਦਾ, ਲਾਵਾਰਸ ਰਹਿਣ ਕੋਇ ਨਾ ਪਾਈਆ । ਮੇਲਾ ਕਰੇ ਆਪਣੇ ਸਬੱਬ ਦਾ, ਸਹਿਜ ਸੁਭਾਉ ਲਏ ਉਠਾਈਆ । ਹੁਕਮੇਂ ਅੰਦਰ ਸ਼ਬਦੀ ਧਾਰ ਸੱਦਦਾ, ਸੁਨੇਹੜਾ ਇਕ ਜਣਾਈਆ । ਕੂੜਾ ਨਾਤਾ ਸਮਝੋ ਜਗ ਦਾ, ਬਿਨਾ ਸ੍ਰੀ ਭਗਵਾਨ ਲੇਖਾ ਨਾ ਕੋਇ ਮੁਕਾਈਆ । ਮਨ ਵਿਕਾਰ ਅੰਦਰ ਸੜਨਾ ਅੱਗ ਦਾ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਬੁਝਾਈਆ । ਜੋ ਸਾਹਿਬ ਸਤਿਗੁਰ ਸਰਨਾਈ ਲਗਦਾ, ਸੋ ਮੰਜ਼ਲ ਚੜ੍ਹ ਕੇ

ਸੋਭਾ ਪਾਈਆ । ਜਿਥੇ ਨਾਉਂ ਨਿਰੰਕਾਰਾ ਡੰਕਾ ਵੱਜਦਾ, ਦੂਜਾ ਰਾਗ ਨਾ ਕੋਇ ਅਲਾਈਆ । ਝਗੜਾ ਮੁੱਕੇ ਜਗਤ ਜਹਾਨ ਕੂੜੀ ਹੱਦ ਦਾ, ਦੀਨ ਦੁਨੀ ਨਾ ਕੋਇ ਲੜਾਈਆ । ਦਰਸ਼ਨ ਹੋਵੇ ਇਕੋ ਸੂਰੇ ਸਰਬਗ ਦਾ, ਸਰਬ ਵਿਆਪੀ ਨਜ਼ਰੀ ਆਈਆ । ਵਿਛੋੜਾ ਰਹੇ ਨਾ ਅੱਗ ਅਲੱਗ ਦਾ, ਪਿਛਲਾ ਪੰਧ ਦਏ ਮੁਕਾਈਆ । ਪਿਆਰ ਬਣਿਆ ਰਹੇ ਸਚੇ ਜਸ ਦਾ, ਮੁਹੱਬਤ ਵਿਚ ਢੋਲਾ ਗਾਈਆ । ਇਸ਼ਾਰਾ ਮਿਲ ਜਾਏ ਓਸ ਅੱਖ ਦਾ, ਜੋ ਆਖਰ ਇਕੋ ਘਰ ਟਿਕਾਈਆ । ਜੁਗ ਜੁਗ ਜਨ ਭਗਤਾਂ ਪੈਜ ਆਪੇ ਰੱਖ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਮੁਕਾ ਕੇ ਜਗਤ ਰੂਪ ਕੱਗ ਦਾ, ਹੰਸ ਗੁਰਮੁਖ ਆਪ ਪਰਗਟਾਈਆ ।

### ✪ ੨੬ ਚੇਤ ਸ਼ਹਿਨਸ਼ਾਹੀ ਸੰਮਤ ੨ ਤੇਜਕੌਰ ਦੇ ਗ੍ਰਿਹਿ ਪਿੰਡ ਨਵਾਂ ਪਿੰਡ ਜ਼ਿਲਾ ਗੁਰਦਾਸ ਪੁਰ ✪

ਜਨ ਭਗਤਾਂ ਪ੍ਰਭ ਸਦਾ ਸੰਗ, ਆਦਿ ਜੁਗਾਦਿ ਜੁਗ ਚੌਕੜੀ ਧੁਰ ਦਾ ਸੰਗ ਨਿਭਾਇੰਦਾ । ਆਤਮ ਪਰਮਾਤਮ ਚਾੜ੍ਹੇ ਅਗੰਮੀ ਰੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਦਇਆ ਕਮਾਇੰਦਾ । ਨਾਮ ਨਿਧਾਨ ਸ੍ਰੀ ਭਗਵਾਨ ਵਜਾਏ ਆਪਣਾ ਮਰਦੰਗ, ਧੁਨ ਆਤਮਕ ਰਾਗ ਅਨਰਾਗੀ ਆਪ ਸੁਣਾਇੰਦਾ । ਜਗਤ ਦਵਾਰਾ ਵੇਖੇ ਪਾਰ ਲੰਘ, ਘਰ ਵਿਚ ਘਰ ਗ੍ਰਿਹਿ ਵਿਚ ਗ੍ਰਿਹਿ ਆਪ ਵਡਿਆਇੰਦਾ । ਜਿਥੇ ਨਾਉਂ ਨਿਰੰਕਰਾ ਵੱਜੇ ਮਰਦੰਗ, ਸੁਰ ਤਾਲ ਰੂਪ ਨਾ ਕੋਇ ਬਦਲਾਇੰਦਾ । ਹੋਵੇ ਪ੍ਰਕਾਸ਼ ਬਿਨ ਸੂਰਜ ਚੰਦ, ਜੋਤੀ ਜਾਤਾ ਡਗਮਗਾਇੰਦਾ । ਸਾਚਾ ਅੰਮ੍ਰਿਤ ਦੇਵੇ ਨਿਜਾਨੰਦ, ਰਸ ਉਮੰਗ ਬੇਪਰਵਾਹ ਆਪਣਾ ਭੇਵ ਖੁਲ੍ਹਾਇੰਦਾ । ਤੂੰ ਮੇਰਾ ਮੈਂ ਤੇਰਾ ਢੋਲਾ ਦੱਸ ਕੇ ਛੰਦ, ਸੋਹੰ ਸਤਿ ਸਰੂਪ ਆਪ ਸਮਝਾਇੰਦਾ । ਪੜਦਾ ਰਹੇ ਨਾ ਹੰ ਬ੍ਰਹਮ, ਪਾਰਬ੍ਰਹਮ ਪ੍ਰਭ ਆਪਣੇ ਵਿਚ ਮਿਲਾਇੰਦਾ । ਸੰਤ ਸੁਹੇਲਾ ਦੂਜੀ ਵਾਰ ਨਾ ਪਏ ਜੰਮ, ਲੱਖ ਚੁਰਾਸੀ ਗੇੜ ਨਾ ਕੋਇ ਭੁਵਾਇੰਦਾ । ਧੁਰ ਸੰਜੋਗੀ ਮੇਲਾ ਹੋਵੇ ਨਾਲ ਸ੍ਰੀ ਭਗਵਨ, ਭਗਤ ਭਗਵਾਨ ਇਕੋ ਘਰ ਸੋਭਾ ਪਾਇੰਦਾ । ਜਿਥੇ ਝੁੱਲੇ ਸਤਿ ਸਚ ਇਕ ਨਿਸ਼ਾਨ, ਨਿਸ਼ਾਨਾ ਅਵਰ ਨਾ ਕੋਇ ਵਖਾਇੰਦਾ । ਬਿਨ ਪੜ੍ਹਿਆਂ ਹੋਵੇ ਗਿਆਨ, ਨਿਰਅੱਖਰ ਧਾਰ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਪੜਦਾ ਆਪ ਉਠਾਇੰਦਾ । ਹਰਿਜਨ ਮਿਲੇ ਨਾਲ ਜਗਦੀਸ਼, ਜਗਦੀਸ਼ ਆਪਣੇ ਵਿਚ ਸਮਾਈਆ । ਸਾਚਾ ਨਾਮ ਕਲਮਾ ਦੱਸੇ ਹੱਕ ਹਦੀਸ, ਹਜ਼ਰਤ ਹੋ ਕੇ ਕਰੇ ਪੜ੍ਹਾਈਆ । ਅੰਤਰ ਅੰਤਰ ਮਨ ਵਾਸਨਾ ਬਦਲ ਦੇਵੇ ਰੀਤ, ਜਗਤ ਵਿਦਿਆ ਦੀ ਲੋੜ ਰਹੇ ਨਾ ਰਾਈਆ । ਝਗੜਾ ਮੁਕ ਜਾਏ ਮੰਦਰ ਮਸੀਤ, ਕਾਇਆ ਕਾਅਬਾ ਦਏ ਵਖਾਈਆ । ਜਿਥੇ ਬੈਠਾ ਸਦਾ ਅਤੀਤ, ਤ੍ਰੈਗੁਣ ਡੇਰਾ ਦੇਵੇ ਢਾਹੀਆ । ਲੇਖਾ ਰਹੇ ਨਾ ਹਸਤ ਕੀਟ, ਊਚ ਨੀਚ ਰਾਓ ਰੰਕ ਨਾ ਕੋਇ ਵਖਾਈਆ । ਆਤਮ ਪਰਮਾਤਮ ਦੱਸੇ ਸਚ ਪ੍ਰੀਤ, ਪਰਮ ਪੁਰਖ ਪ੍ਰਭ ਆਪਣਾ ਭੇਵ ਖੁਲ੍ਹਾਈਆ । ਜਨ ਭਗਤਾਂ ਸਾਚੀ ਮੰਜ਼ਲ ਚੜ੍ਹ ਕੇ ਵੇਖੇ ਠੀਕ, ਠੀਕਰ ਕੂੜਾ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੰਘਣਹਾਰਾ ਓਸ ਦਹਿਲੀਜ਼, ਜਿਥੇ ਜਗਤ ਵਾਸਨਾ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਪ੍ਰਭ ਦੇਵਣਹਾਰਾ ਜੁਗਤ, ਸ਼ਬਦੀ ਸ਼ਬਦ ਭੇਵ ਖੁਲ੍ਹਾਈਆ । ਸਚ ਦਵਾਰੇ ਚੜ੍ਹੀ ਰਹੇ ਸੁਰਤ, ਸੁਤਿਆਂ ਆਲਸ ਨਿੰਦਰਾ ਦਏ ਗਵਾਈਆ । ਨਜ਼ਰੀ ਆਏ ਅਕਾਲ ਮੂਰਤ, ਅਕਲ ਕਲਧਾਰੀ ਬੇਪਰਵਾਹੀਆ ।

ਜਿਸ ਦਾ ਨਾਮ ਅਗੰਮੀ ਸਾਚਾ ਤੂਰਤ, ਤੁਰੀਆ ਪਦ ਤੋਂ ਆਪਣਾ ਅਗਲਾ ਖੇਲ ਵਖਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹਤ, ਸੰਤ ਸੁਹੇਲੇ ਸਾਚੇ ਦਰ ਦਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਤ ਨਵਿਤ ਕਰ ਕਰ ਹਿਤ, ਪੁਰਖ ਅਬਿਨਾਸ਼ੀ ਧੁਰ ਦਾ ਪਿਤ, ਪਤਿਪਰਮੇਸ਼ਵਰ ਪਾਰਬ੍ਰਹਮ ਬ੍ਰਹਮ ਆਪਣੇ ਵਿਚ ਸਮਾਈਆ ।

✪ ੨੯ ਚੇਤ ਸ਼ਹਿਨਸ਼ਾਹੀ ਸੰਮਤ ੨ ਚਰਨ ਸਿੰਘ ਦੇ ਗ੍ਰਹਿ ਪਿੰਡ ਨਵਾਂ ਪਿੰਡ ਜ਼ਿਲਾ ਗੁਰਦਾਸ ਪੁਰ ✪

ਜਨ ਭਗਤਾਂ ਬਖ਼ਸ਼ੇ ਅੰਮ੍ਰਿਤ ਸੀਰ, ਧੁਰ ਦਾ ਜਾਮ ਇਕ ਪਿਲਾਈਆ । ਮਨ ਕਲਪਣਾ ਆਵੇ ਧੀਰ, ਧਾਮ ਰਾਮ ਦਏ ਜਣਾਈਆ । ਹਉਮੇ ਰਹੇ ਨਾ ਕੋਈ ਪੀੜ, ਸੋਗ ਰੋਗ ਦਏ ਗਵਾਈਆ । ਮਾਨਸ ਜਨਮ ਬੰਨ੍ਹੇ ਬੀੜ, ਬੇੜਾ ਆਪਣੇ ਕੰਧ ਉਠਾਈਆ । ਸਚਖੰਡ ਦਵਾਰੇ ਭਗਤਾਂ ਦੀ ਕੋਈ ਬਹੁਤੀ ਨਹੀਂ ਭੀੜ, ਕੋਟਾਂ ਵਿਚੋਂ ਥੋੜੇ ਬੈਠੇ ਸੋਭਾ ਪਾਈਆ । ਜਿਨ੍ਹਾਂ ਦਾ ਉਪਦੇਸ਼ਕ ਇਕ ਕਬੀਰ, ਕਾਮਲ ਮੁਰਸ਼ਦ ਨਾਲ ਮਿਲਾਈਆ । ਦਰਸ ਕਰਾਵੇ ਬੇਨਜ਼ੀਰ, ਨਜ਼ਰ ਨਜ਼ਰ ਵਿਚੋਂ ਬਦਲਾਈਆ । ਲਹਿਣਾ ਰਹੇ ਨਾ ਕੋਈ ਤਤ ਸਰੀਰ, ਸ਼ਰਅ ਛੁਰੀ ਨਾ ਕੋਇ ਚਲਾਈਆ । ਜਗਤ ਖੜਗ ਨਾ ਕੋਇ ਸ਼ਮਸ਼ੀਰ, ਚਿੱਲਾ ਤੀਰ ਨਾ ਕੋਇ ਉਠਾਈਆ । ਕਿਰਪਾ ਕਰੇ ਦਾਤਾ ਗਹਿਰ ਗੰਭੀਰ, ਗੁਣਵੰਤਾ ਹੋਏ ਸਹਾਈਆ । ਜਨ ਭਗਤਾਂ ਚਰਨ ਪ੍ਰੀਤੀ ਦੇ ਕੇ ਧੀਰ, ਧੀਰਜ ਧਰਵਾਸ ਇਕ ਦ੍ਰਿੜਾਈਆ । ਸਚ ਦਵਾਰੇ ਰਹੇ ਨਾ ਕੋਇ ਗ਼ਰੀਬ, (ਗ਼ਰੀਬ) ਅਮੀਰ ਇਕੋ ਰੰਗ ਦਏ ਵਖਾਈਆ ।
੫੭੭ ੧੯ ਜੋ ਸੋਹੰ ਢੋਲਾ ਗਾਏ ਫ਼ਿਕਰਾ ਸੋ ਹੱਕ ਫ਼ਕੀਰ, ਫ਼ੱਕਰ ਹੋ ਕੇ ਫ਼ਕਤ ਜਾਤੀ ਨਾਤਾ ਜਾਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਦਰੋਂ ਬਦਲ ਦੇਵੇ ਤਾਸੀਰ, ਬਿਨ ਤਸਬੀ ਮਾਲਾ ਆਤਮ ਪਰਮਾਤਮ ਨਾਮ ਜਪਾਈਆ । ੫੭੭ ੧੯

✪ ੨੯ ਚੇਤ ਸ਼ਹਿਨਸ਼ਾਹੀ ਸੰਮਤ ੨ ਤਾਰਾ ਸਿੰਘ ਦੇ ਗ੍ਰਹਿ ਪਿੰਡ ਨਵਾ ਪਿੰਡ ਜ਼ਿਲਾ ਗੁਰਦਾਸ ਪੁਰ ✪

ਜਨ ਭਗਤ ਤੇਰੀ ਰਹੇ ਨਾ ਗਿਰਿਅਜ਼ਾਰੀ, ਗ੍ਰਿਹਾ ਗ੍ਰਹਿ ਵੇਖ ਵਖਾਈਆ । ਚੁਰਾਸੀ ਕੱਟੇ ਜਗਤ ਬੇਜ਼ਾਰੀ, ਬੇਵਾ ਨਾਤਾ ਦਏ ਤੁੜਾਈਆ । ਕਿਰਪਾ ਕਰੇ ਅਪਰ ਅਪਾਰੀ, ਅਪਰੰਪਰ ਹੋਵੇ ਆਪ ਸਹਾਈਆ । ਆਤਮ ਰਹਿਣ ਨਾ ਦੇਵੇ ਕੁਵਾਰੀ, ਪਰਮਾਤਮ ਹੋ ਕੇ ਆਪ ਪਰਨਾਈਆ । ਚਰਨ ਕਵਲ ਸਚ ਪ੍ਰੀਤ ਦੇਵੇ ਆਧਾਰੀ, ਸਿਰ ਆਪਣਾ ਹੱਥ ਟਿਕਾਈਆ । ਜਗਤ ਵਿਛੁੰਨਿਆਂ ਮੇਲੀ ਜਾਏ ਵਾਰੋ ਵਾਰੀ, ਵਾਰਤਾ ਪਿਛਲੀ ਵੇਖ ਵਖਾਈਆ । ਲੇਖਾ ਜਾਣੇ ਧੁਰਦਰਬਾਰੀ, ਪੜਦਾ ਉਹਲਾ ਦਏ ਉਠਾਈਆ । ਮੇਲਾ ਮਿਲੇ ਜੋਤ ਨਿਰੰਕਾਰੀ, ਨਿਰਗੁਣ ਆਪਣੇ ਵਿਚ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਲਕ ਬਣ ਕੇ ਧੁਰ ਦਰਬਾਰੀ, ਦਰਗਾਹ ਸਾਚੀ ਸਾਚੇ ਧਾਮ ਧੁਰ ਦਾ ਰਾਮ ਆਰਾਮ ਨਾਲ ਗੁਰਮੁਖ ਦਏ ਟਿਕਾਈਆ ।

## ੨੯ ਚੇਤ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਸਿੰਘ ਦੇ ਗ੍ਰਿਹ ਪਿੰਡ ਨਇਆ ਸ਼ਾਲਾ ਜ਼ਿਲਾ ਗੁਰਦਾਸ ਪੁਰ

ਜਨ ਭਗਤ ਕਹਿਣ ਪ੍ਰਭ ਵੇਖ ਕਲ ਅੰਧੇਰੀ ਰਾਤੀ, ਅੰਤਰ ਆਤਮ ਪਾਰਬ੍ਰਹਮ ਬ੍ਰਹਮ ਗਿਆਨ ਨਾ ਕੋਇ ਦ੍ਰਿੜਾਈਆ । ਸੰਤ ਸੁਹੇਲੇ ਕਹਿਣ ਪੁਰਖ ਅਕਾਲ ਅੰਮ੍ਰਿਤ ਮਿਲੇ ਨਾ ਬੂੰਦ ਸਵਾਂਤੀ, ਚਾਰ ਕੁੰਟ ਦਹਿ ਦਿਸ਼ਾ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਤ੍ਰਿਸ਼ਨਾ ਭੁੱਖ ਨਾ ਕੋਇ ਮਿਟਾਈਆ । ਗੁਰਮੁਖ ਕਹਿਣ ਦੀਨ ਦਿਆਲ ਸਾਚੀ ਦੇਵੇ ਵਸਤ ਕੋਇ ਨਾ ਦਾਤੀ, ਚਾਰ ਵਰਨ ਅਠਾਰਾਂ ਬਰਨ ਵਸਤ ਅਮੋਲਕ ਕਾਇਆ ਗੋਲਕ ਹੱਕ ਹਕ਼ੀਕ਼ਤ ਝੋਲੀ ਕੋਇ ਨਾ ਪਾਈਆ । ਗੁਰਮੁਖ ਕਹਿਣ ਸਾਚਾ ਜੁੜੇ ਨਾ ਕੋਇ ਨਾਤੀ, ਧਰਨੀ ਧਰਤ ਧਵਲ ਸਾਚੀ ਧਾਰਾ ਕੋਇ ਨਾ ਰਿਹਾ ਮਵਲ, ਪੱਤ ਟਹਿਣੀ ਫੁੱਲ ਫੁਲਵਾੜੀ ਨਾ ਕੋਇ ਮਹਿਕਾਈਆ । ਅਬਿਨਾਸ਼ੀ ਕਰਤੇ ਤੁਧ ਬਿਨ ਦੂਜਾ ਦਿਸੇ ਨਾ ਕੋਇ ਸਾਥੀ, ਗੁਰ ਅਵਤਾਰ ਪੈਗ਼ੰਬਰ ਆਪਣਾ ਲਹਿਣਾ ਗਏ ਚੁਕਾਈਆ । ਨਵ ਨੌ ਚਾਰ ਲਹਿਣਾ ਰਹੇ ਕੋਇ ਨਾ ਬਾਕੀ, ਪਰਵਰਦਿਗਾਰ ਸਾਂਝੇ ਯਾਰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰਾ ਮੇਲ ਨਾ ਕੋਇ ਮਿਲਾਈਆ । ਮਨੂਆਂ ਮਨ ਵਿਕਾਰੀ ਹੋਇਆ ਆਕੀ, ਮਮਤਾ ਮੋਹ ਹੰਕਾਰ ਨਾ ਕੋਇ ਗਵਾਈਆ । ਸਾਚਾ ਜਾਮ ਪਿਆਏ ਕੋਇ ਨਾ ਬਣ ਕੇ ਸਾਕੀ, ਮਧਰ ਪਿਆਲੇ ਪੀਵੇ ਖ਼ਲਕ ਖ਼ੁਦਾਈਆ । ਪੁਰਖ ਅਕਾਲ ਦੀਨ ਦਿਆਲ ਜੀਵਣ ਵਿਚੋਂ ਜੀਵਣ ਬਦਲੇ ਨਾ ਕੋਇ ਹਯਾਤੀ, ਕਾਇਆ ਮੰਦਰ ਅੰਦਰ ਤੇਰਾ ਰੂਪ ਸਤਿ ਸਰੂਪ ਸਤਿ ਸਤਿਵਾਦੀ ਦਰਸ ਨਾ ਕੋਇ ਕਰਾਈਆ । ਕੋਟਾਂ ਅਰਬਾਂ ਵਧਦੀ ਦਿਸੇ ਆਬਾਦੀ, ਸਾਚਾ ਮੀਤ ਮਿੱਤਰ ਪਿਆਰਾ ਬਿਨ ਰਸਨਾ ਜਿਹਵਾ ਗਾਵਣਹਾਰਾ ਗੀਤ, ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਲੋਕਮਾਤ ਆਪਣਾ ਦਰ, ਧੁਰ ਦਰਬਾਰੀ ਆਪਣਾ ਫੇਰਾ ਪਾਈਆ । ਜਨ ਭਗਤ ਕਹਿਣ ਪ੍ਰਭ ਵੇਖ ਕਲਜੁਗ ਅੰਧੇਰੀ ਰੈਣ, ਸਾਚਾ ਚੰਦ ਜਲਵਾ ਨੂਰ ਨਾ ਕੋਇ ਰੁਸ਼ਨਾਈਆ । ਤੇਰਾ ਦਰਸ ਕਰੇ ਨਾ ਕੋਈ ਨਿਝ ਲੋਚਣ ਨੈਣ, ਆਤਮ ਪਰਮਾਤਮ ਮਿਲ ਕੇ ਖ਼ੁਸ਼ੀ ਨਾ ਕੋਇ ਮਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਢੋਲੇ ਸਾਰੇ ਕਹਿਣ, ਗਾ ਗਾ ਥੱਕੀ ਜਗਤ ਲੋਕਾਈਆ । ਚਾਰ ਕੁੰਟ ਦਹਿ ਦਿਸ਼ਾ ਅਠਸਠ ਤੀਰਥ ਭੱਜ ਭੱਜ ਨਹਾਇਣ, ਦੁਰਮਤ ਮੈਲ ਅੰਤਰ ਭੀਤਰ ਬਾਹਰ ਨਾ ਕੋਇ ਕਢਾਈਆ । ਪਾਰਬ੍ਰਹਮ ਬ੍ਰਹਮ ਮਿਲਿਆ ਨਾ ਸਾਕ ਸੱਜਣ ਸੈਣ, ਮਾਤ ਪਿਤ ਭਾਈ ਭੈਣ ਨਾਰ ਪਤ ਕੋਟਨ ਕੋਟ ਸੱਜਣ ਜਗਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਦਰ, ਦਰ ਦਰਵਾਜ਼ਾ ਗ਼ਰੀਬ ਨਿਵਾਜਾ ਮਿਹਰ ਨਜ਼ਰ ਇਕ ਖੁਲ੍ਹਾਈਆ । ਜਨ ਭਗਤ ਕਹਿਣ ਪ੍ਰਭ ਵੇਖ ਕਲਜੁਗ ਵੇਲਾ ਅੰਤ ਅਖ਼ੀਰ, ਚਾਰੋਂ ਕੁੰਟ ਅੰਧੇਰਾ ਛਾਈਆ । ਸ਼ਰਅ ਕੱਟੇ ਨਾ ਕੋਇ ਜੰਜੀਰ, ਲਾਸ਼ਰੀਕ ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਝਗੜਾ ਪਿਆ ਗ਼ਰੀਬ ਅਮੀਰ, ਨਾਸਤਕ ਰੂਪ ਬਣੀ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਜੋ ਦੀਨ ਮਜ਼੍ਹਬ ਦੇ ਕੇ ਗਏ ਤਰਤੀਬ, ਹੁਕਮ ਹੁਕਮੇ ਅੰਦਰ ਸੁਣਾਈਆ । ਸੋ ਖੇਲ ਨਿਰਾਲਾ ਹਰਿ ਨਿਰੰਕਾਰਾ ਵੇਖ ਅਜਬ ਅਜੀਬ, ਜਿਸ ਦੀ ਚੌਦਾਂ ਵਿਦਿਆ ਸਾਰ ਕੋਇ ਨਾ ਪਾਈਆ । ਸਚ ਸਵਾਮੀ ਅੰਤਰਜਾਮੀ ਪੁਰਖ ਬਿਧਾਤੇ ਤੇਰੇ ਨਾਮ ਦੀ ਦੇਵੇ ਕੋਈ ਨਾ ਭੀਖ, ਗੁਰਦਵਾਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਨੇਤਰ ਰੋਵਣ ਮਾਰਨ ਧਾਹੀਆ । ਭਵਿਖਤਾਂ ਵਿਚ ਲਿਖਤਾਂ ਵਿਚ ਤੇਰੀ ਰੱਖਦੇ ਗਏ ਸਰਬ ਉਡੀਕ, ਬਿਨ ਅੱਖਾਂ ਅੱਖ ਖੁਲ੍ਹਾਈਆ । ਪਰਵਰਦਿਗਾਰ ਸਾਂਝੇ ਯਾਰ ਕਲਜੁਗ ਅੰਤਮ ਬਦਲ ਦੇ ਤਵਾਰੀਖ਼, ਜੂਠ ਝੂਠ

੫੭੮
੧੯

ਕੂੜ ਕੁੜਿਆਰ ਡੇਰਾ ਢਾਹੀਆ । ਚਾਰ ਵਰਨ ਅਠਾਰਾਂ ਬਰਨ ਆਤਮ ਪਰਮਾਤਮ ਸਾਚੀ ਦੱਸ ਇਕ ਪ੍ਰੀਤ, ਪ੍ਰੀਤਮ ਹੋ ਕੇ ਅੰਦਰੋਂ ਪੜਦਾ ਦੇ ਉਠਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਸਾਚਾ ਦੱਸ ਗੀਤ, ਜੋ ਗੁਰ ਅਵਤਾਰ ਪੈਗ਼ੰਬਰ ਭਗਤ ਭਗਵਾਨ ਮਿਲ ਕੇ ਆਦਿ ਜੁਗਾਦਿ ਜੁਗ ਚੌਕੜੀ ਮਿਲ ਮਿਲ ਸਦਾ ਗਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਬਦਲ ਦੇ ਅੰਦਰੋਂ ਨੀਤ, ਕਾਇਆ ਕਾਅਬੇ ਅੰਦਰ ਕਰ ਰੁਸ਼ਨਾਈਆ । ਸਾਹਿਬ ਸਵਾਮੀ ਅੰਤਰਜਾਮੀ ਨਜ਼ਰੀ ਆ ਇਕ ਅਤੀਤ, ਤ੍ਰੈਗੁਣ ਲੇਖਾ ਦੇ ਮੁਕਾਈਆ । ਸਦੀ ਚੌਧਵੀਂ ਰਹੀ ਬੀਤ, ਵਾਤਾਵਰਨ ਵੇਖ ਆਪਣੀ ਜਗਤ ਲੋਕਾਈਆ । ਨਿਰਗੁਣ ਹੋ ਕੇ ਸਰਗੁਣ ਕਰ ਤਸਦੀਕ, ਸ਼ਹਾਦਤ ਇਕੋ ਵਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟੀ ਦ੍ਰਿਸ਼ਟੀ ਵੇਖ ਘਰ, ਨਿਰਗੁਣ ਹੋ ਕੇ ਵੇਸ ਵਟਾਈਆ । ਜਨ ਭਗਤ ਕਹਿਣ ਪ੍ਰਭ ਆ ਜਲਦੀ, ਲੋਕਮਾਤ ਫੇਰਾ ਪਾਈਆ । ਚਾਰੋਂ ਕੁੰਟ ਕੂੜੀ ਕਿਰਿਆ ਅੱਗ ਬਲਦੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕਲ ਵਰਤੀ ਕਲਜੁਗ ਕਲ ਦੀ, ਕਾਲਖ ਮਸਤਕ ਟਿੱਕੇ ਲੱਗੇ ਸ਼ਾਹੀਆ । ਕਿਸੇ ਸਾਰ ਨਾ ਜਲ ਥਲ ਦੀ, ਮਹੀਅਲ ਖੋਜ ਨਾ ਕੋਇ ਖੁਜਾਈਆ । ਦੀਪਕ ਜੋਤ ਕੋਇ ਨਾ ਬਲਦੀ, ਸ਼ਮਾਂ ਗੁਲ ਹੋਈ ਲੋਕਾਈਆ । ਕਿਸੇ ਨੂੰ ਖ਼ਬਰ ਨਹੀਂ ਘੜੀ ਪਲ ਦੀ, ਭੇਵ ਅਭੇਦਾ ਅਛਲ ਅਛੇਦਾ ਤੇਰਾ ਪੜਦਾ ਨਾ ਕੋਇ ਉਠਾਈਆ । ਆਤਮ ਪਰਮਾਤਮ ਵਿਚ ਮੂਲ ਨਾ ਰਲਦੀ, ਰਸਨਾ ਜਿਹਵਾ ਢੋਲੇ ਗਾ ਗਾ ਖ਼ੁਸ਼ੀ ਮਨਾਈਆ । ਲਹਿਰ ਮੁੱਕੇ ਨਾ ਅੰਦਰੋਂ ਦੂਈ ਦਵੈਤੀ ਸਲ ਦੀ, ਤੰਦ ਸਤਾਰ ਅੰਤਰ ਆਤਮ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਘਰ, ਗ੍ਰਹਿ ਮੰਦਰ ਫੋਲ ਫੁਲਾਈਆ । ਜਨ ਭਗਤ ਕਹਿਣ ਪ੍ਰਭ



ਦੀਨ ਦੁਨੀ ਦੀ ਵੇਖ ਆਦਤ, ਅਦਲੀ ਹੋ ਕੇ ਫੇਰਾ ਪਾਈਆ । ਸਾਚੀ ਕਰੇ ਨਾ ਕੋਇ ਇਬਾਦਤ, ਹਿਰਦੇ ਹਰਿ ਨਾ ਕੋਇ ਵਸਾਈਆ । ਮਨੂਆਂ ਘਰ ਘਰ ਕਰੇ ਬਗ਼ਾਵਤ, ਪੰਜ ਤੱਤ ਕਰਨ ਲੜਾਈਆ । ਮਮਤਾ ਮੋਹ ਨਾ ਮਿਟੇ ਅਲਾਮਤ, ਹਉਮੇ ਰੋਗ ਰਿਹਾ ਸਤਾਈਆ । ਗੁਰ ਅਵਤਾਰ ਪੈਗ਼ੰਬਰ ਦੇਵੇ ਨਾ ਕੋਇ ਜ਼ਮਾਨਤ, ਬਰੀਖ਼ਾਨਾ ਨਾ ਕੋਇ ਵਖਾਈਆ । ਚਾਰ ਵਰਨ ਅਠਾਰਾਂ ਬਰਨ ਜਗਤ ਵਾਸਨਾ ਹੋਈ ਜਹਾਲਤ, ਜਾਹਰ ਜਹੂਰ ਤੇਰਾ ਦਰਸ ਕੋਇ ਨਾ ਪਾਈਆ । ਦੀਨਾਂ ਮਜ਼੍ਹਬਾਂ ਦਿਸੇ ਅਦਾਵਤ, ਹੱਕ ਇਨਸਾਫ਼ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਜੀਵ ਜੰਤ ਤਨ ਮਾਟੀ ਖ਼ਾਕੀ ਵੇਖ ਬਨਾਵਟ, ਘਟ ਭੀਤਰ ਖੋਜ ਖੁਜਾਈਆ । ਜਨ ਭਗਤ ਕਹਿਣ ਪ੍ਰਭ ਵੇਖ ਆਪਣੀ ਦੁਨੀਆ ਦੁਨੀਆ ਦੇ ਦੁਨੀਦਾਰ, ਕਾਅਬਿਆਂ ਵਿਚ ਜਗਤ ਲੋਕਾਈਆ । ਜੂਠ ਝੂਠ ਵਧਿਆ ਹੰਕਾਰ, ਹਉਮੇ ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹ ਪੜ੍ਹ ਗਏ ਹਾਰ, ਆਤਮ ਬ੍ਰਹਮ ਬੋਧ ਨਾ ਕੋਇ ਵਖਾਈਆ । ਤੇਰਾ ਸ਼ਬਦ ਕਰੇ ਨਾ ਕੋਇ ਪਿਆਰ, ਧੁਨ ਆਤਮਕ ਅਨਾਦੀ ਨਾਦ ਨਾ ਕੋਇ ਸ਼ਨਵਾਈਆ । ਅੰਮ੍ਰਿਤ ਜਲ ਨਿਝਰ ਝਿਰਨਾ ਕੋਈ ਨਾ ਪੀਵੇ ਠੰਡਾ ਠਾਰ, ਅੱਠਸੱਠ ਤੀਰਥ ਸ੍ਰਿਸ਼ਟੀ ਦ੍ਰਿਸ਼ਟੀ ਹੋਈ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਖ਼ਬਰ ਕਰ ਖ਼ਬਰਦਾਰ, ਸ਼ਬਦ ਸੰਦੇਸ਼ਾ ਨਰ ਨਰੇਸ਼ਾ ਏਕੰਕਾਰ ਇਕ ਸੁਣਾਈਆ । ਜਨ ਭਗਤ ਕਹਿਣ ਪ੍ਰਭ ਸਾਚੇ ਭਗਵੰਤ, ਭਗਵਨ ਤੇਰੀ ਓਟ ਰਖਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਧੁਰ ਦਾ ਕੰਤ, ਕੰਤ ਕੰਤੂਹਲ ਤੇਰੇ ਹੱਥ ਵਡਿਆਈਆ । ਨਾਮ ਸੰਦੇਸ਼ਾ ਇਕੋ ਦੇ ਧੁਰ ਦਾ ਮੰਤ, ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਪੜ੍ਹ ਕੇ ਖ਼ੁਸ਼ੀ ਮਨਾਈਆ ।

ਵਿਸ਼ਨ ਬ੍ਰਹਮਾ ਸ਼ਿਵ ਤੇਰੀ ਗਾਥਾ ਕਹਿਣ ਅਨੰਤ, ਢੋਲੇ ਗੀਤ ਸੰਗੀਤ ਬਿਨ ਰਾਗਾਂ ਰਾਗ ਸੁਣਾਈਆ । ਤੂੰ ਬੋਧ ਅਗਾਧਾ ਸ਼ਬਦ ਅਨਾਦਾ ਦੋ ਜਹਾਨਾਂ ਸੱਚਾ ਪੰਡਤ, ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਦੂਜੀ ਕਰੇਂ ਨਾ ਕੋਇ ਪੜ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਸੰਤ ਸੁਹੇਲੇ ਗੁਰ ਅਵਤਾਰ ਪੈਗ਼ੰਬਰ ਬਣਾ ਅਗੰਮੀ ਸੰਗਤ, ਜਿਸ ਦੇ ਸੰਗ ਰਹਿ ਕੇ ਆਪਣਾ ਰੰਗ ਚੜ੍ਹਾਈਆ । ਜਨ ਭਗਤ ਕਿਸੇ ਦਵਾਰੇ ਨਾ ਜਾਏ ਮੰਗਤ, ਖਾਲੀ ਝੋਲੀ ਨਾ ਕੋਇ ਵਖਾਈਆ । ਦੂਜੇ ਦਰ ਨਾ ਕੱਢੇ ਮਿੰਨਤ, ਸੀਸ ਅਵਰ ਨਾ ਕੋਇ ਝੁਕਾਈਆ । ਮਨੂਆ ਮਨ ਨਾ ਕਰੇ ਇੱਲਤ, ਵਾਸਨਾ ਜਗਤ ਨਾ ਕੋਇ ਹਲਕਾਈਆ । ਸਿੱਧੀ ਦੱਸ ਦੇ ਆਪਣੀ ਸਿੰਮਤ, ਸਿਮਰਨ ਪੂਜਾ ਜੋਗ ਅਭਿਆਸ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਹੋ ਸਹਾਈਆ । ਜਨ ਭਗਤ ਕਹਿਣ ਪ੍ਰਭ ਦੇ ਦੇ ਉਹ ਜਾਪ, ਜਿਸ ਨੂੰ ਰਸਨਾ ਨਾਲ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਖੋਲ੍ਹ ਦੇ ਤਾਕ, ਪੜਦਾ ਓਹਲਾ ਦੇ ਉਠਾਈਆ । ਨਿਰਗੁਣ ਨਿਰਵੈਰ ਜੋਤ ਸਰੂਪ ਨਜ਼ਰੀਂ ਆਵੀਂ ਸਾਖਿਆਤ, ਸਵੱਛ ਸਰੂਪੀ ਰੂਪ ਆਪਣਾ ਦਰਸਾਈਆ । ਆਤਮ ਪਰਮਾਤਮ ਹੋ ਕੇ ਵਸੀਂ ਸਾਥ, ਸਗਲਾ ਸੰਗ ਆਪ ਬਣਾਈਆ । ਰੂਹ ਬੁਤ ਦੋਵੇਂ ਕਰ ਦੇ ਪਾਕ, ਖ਼ਾਕੀ ਖ਼ਾਕ ਮਿਲੇ ਵਡਿਆਈਆ । ਕਲਜੁਗ ਅੰਧੇਰੀ ਰਹਿਣ ਨਾ ਪਾਏ ਰਾਤ, ਨਿਰਗੁਣ ਨੂਰ ਕਰ ਰੁਸ਼ਨਾਈਆ । ਝਗੜਾ ਮੁਕ ਜਾਏ ਜਾਤ ਪਾਤ, ਵਰਨ ਗੋਤ ਵੰਡ ਨਾ ਕੋਇ ਵੰਡਾਈਆ । ਸਾਚੀ ਦੱਸ ਦੇ ਪ੍ਰੀਤੀ ਚਰਨ ਨਾਤ, ਚਰਨ ਕਵਲ ਇਕ ਸਰਨਾਈਆ । ਤੂੰ ਆਦਿ ਜੁਗਾਦੀ ਸ਼ਾਹੋ ਸ਼ਾਬਾਸ਼, ਪੁਰਖ ਅਬਿਨਾਸ਼ੀ ਅਬਿਨਾਸ਼ੀ ਕਰਤੇ ਤੇਰੇ ਹੱਥ ਵਡਿਆਈਆ । ਭਗਤ ਸੁਹੇਲੇ ਕਰ ਦਾਸੀ ਦਾਸ, ਸੇਵਕ ਸੇਵਾ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਾਤੀ ਵੇਖ ਵਖਾਈਆ । ਜਨ ਭਗਤ ਕਹਿਣ ਪ੍ਰਭੂ ਵੇਖ ਆਪਣਾ ਪਰਦੇਸ, ਜੋ ਲੋਕਮਾਤ ਦਿਤਾ ਬਣਾਈਆ । ਜਿਥੇ ਆਵੇਂ ਨਿੱਤ ਨਵਿਤ ਕਰ ਅਵੱਲੜਾ ਵੇਸ, ਪੰਜ ਤੱਤ ਕਾਇਆ ਮਾਟੀ ਚੋਲਾ ਤਨ ਹੰਢਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਦੇਂਦਾ ਰਿਹੋਂ ਸੰਦੇਸ਼, ਨਿਰਅੱਖਰ ਅੱਖਰ ਵਿਚ ਬਦਲਾਈਆ । ਕਲਮ ਸ਼ਾਹੀ ਕਾਗਜ਼ ਲਿਖੌਂਦਾ ਰਿਹੋਂ ਲੇਖ, ਕਾਤਬ ਹੋ ਕੇ ਕਰਮ ਕਮਾਈਆ । ਜਨ ਭਗਤਾਂ ਅੰਦਰ ਵੜ ਕੇ ਦਸਦਾ ਰਿਹੋਂ ਭੇਤ, ਪੜਦਾ ਉਹਲਾ ਆਪ ਉਠਾਈਆ । ਨਜ਼ਰੀ ਔਂਦਾ ਰਿਹੋਂ ਨੇਤ ਨੇਤ, ਨਿਝ ਨੇਤਰ ਕਰ ਰੁਸ਼ਨਾਈਆ । ਕਲਜੁਗ ਅੰਤ ਸਵਾਮੀ ਆਤਮ ਪਰਮਾਤਮ ਕਰ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਅੰਤ ਸੁਹੰਜਣਾ ਸੁਹਾਵਣਾ ਕਰ ਮਹੀਨਾ ਚੇਤ, ਚੇਤਨ ਸੁਰਤੀ ਭਗਤ ਕਰਾਈਆ । ਸਭ ਕੁਛ ਤੇਰੇ ਅੱਗੇ ਅਰਪਨ ਕੀਤਾ ਭੇਟ, ਆਤਮ ਪਰਮਾਤਮ ਤੇਰੀ ਝੋਲੀ ਪਾਈਆ । ਤੂੰ ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਬਣ ਖੇਵਟ ਖੇਟ, ਨਈਆ ਨੌਕਾ ਆਪਣੀ ਇਕ ਚੜ੍ਹਾਈਆ । ਧੁਰ ਫ਼ਰਮਾਣ ਸ੍ਰੀ ਭਗਵਾਨ ਸ਼ਬਦ ਅਗੰਮੀ ਦੇ ਸੰਦੇਸ਼, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪ ਦ੍ਰਿੜਾਈਆ । ਗ੍ਰਿਹਿ ਮੰਦਰ ਤੇਰਾ ਤੱਕੀਏ ਮਹੱਲ ਅਟੱਲ ਉਚ ਮੁਨਾਰ ਏਕ, ਏਕੰਕਾਰ ਜਿਸ ਘਰ ਬੈਠਾ ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅੰਤਮ ਫੇਰਾ ਪਾਈਆ । ਜਨ ਭਗਤ ਕਹਿਣ ਪ੍ਰਭ ਕਿਰਪਾ ਕਰ ਧੁਰ ਮਿਹਰਵਾਨ, ਮਹਿਬੂਬ ਤੇਰੀ ਇਕ ਸਰਨਾਈਆ । ਬੁੱਧੀ ਤੋਂ ਪਰੇ ਦੇ ਗਿਆਨ, ਅੱਖਰਾਂ ਦੀ ਲੋੜ ਰਹੇ ਨਾ ਰਾਈਆ । ਧੁਰ ਦਾ ਮੰਦਰ ਵਖਾ ਮਕਾਨ, ਪੌੜੀ ਡੰਡਾ ਨਾ ਕੋਇ ਚੜ੍ਹਾਈਆ । ਝਗੜਾ ਚੁੱਕੇ ਜ਼ਿਮੀਂ ਅਸਮਾਨ,


੫੮੦ ੧੯

ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਈਆ । ਬਿਨਾ ਅੱਖਾਂ ਤੋਂ ਪਰਤੱਖ ਨਜ਼ਰੀ ਆਏਂ ਸ੍ਰੀ ਭਗਵਾਨ, ਸਵੱਛ ਆਪਣੀ ਕਾਰ ਕਮਾਈਆ । ਬਿਨ ਤੇਰੀ ਕਿਰਪਾ ਲੋਕਮਾਤ ਕਿਸੇ ਨਾ ਹੋਵੇ ਕਲਿਆਣ, ਕਲਮਿਆਂ ਵਾਲੇ ਕਾਅਬੇ ਦੇਣ ਦੁਹਾਈਆ । ਤੂੰ ਪਰਵਰਦਿਗਾਰ ਸਾਂਝਾ ਯਾਰ ਮਾਲਕ ਹੱਕ ਮਕਾਨ, ਸਾਢੇ ਤਿੰਨ ਹੱਥ ਸਮਰਥ ਤੇਰੀ ਧਾਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦੇ ਵਰ, ਵਾਰਤਾ ਅਗਲੀ ਦੇ ਸਮਝਾਈਆ । ਜਨ ਭਗਤ ਕਹਿਣ ਪ੍ਰਭ ਪਿਛਲਾ ਲੇਖਾ ਦੇ ਚੁਕਾ, ਪੂਰਬ ਰਹੇ ਨਾ ਰਾਈਆ । ਅਗਲੀ ਮੰਜ਼ਲ ਦੇ ਚੜ੍ਹਾ, ਜਿਥੇ ਵਸੇਂ ਬੇਪਰਵਾਹੀਆ । ਇਕੋ ਨੂਰ ਹੋਵੇ ਰੁਸ਼ਨਾ, ਦੀਆ ਬਾਤੀ ਨਾ ਕੋਇ ਜਗਾਈਆ । ਇਕੋ ਸਿੰਘਾਸਣ ਰਿਹਾ ਸੁਹਾ, ਸਾਹਿਬ ਸੁਲਤਾਨ ਡੇਰਾ ਲਾਈਆ । ਭਗਤਾਂ ਨਾਲ ਮਿਲ ਕੇ ਭਗਵਨ ਆਪਣੇ ਵਿਚ ਸਮਾ, ਸਮਾਪਤ ਹੋਵੇ ਖੇਲ ਜਗਤ ਲੋਕਾਈਆ । ਤੂੰ ਦਾਤਾ ਦਾਨੀ ਦਇਆਵਾਨ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਲਵਾਗਰ ਨੂਰ ਖ਼ੁਦਾ, ਮੁਕਾਮੇ ਹੱਕ ਡੇਰਾ ਲਾਈਆ । ਵਾਹਦ ਲਾਸ਼ਰੀਕ ਸਚ ਤੌਫੀਕ ਹਕ ਰਫੀਕ ਚਰਨ ਕਵਲ ਕਦਮੇ ਕਦੀਮ ਦੇ ਪਨਾਹ, ਸਹਾਰਾ ਇਕੋ ਇਕ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਤਮ ਪਰਮਾਤਮ ਹੋਵੇ ਨਾ ਕਦੇ ਜੁਦਾ, ਜੁਜ਼ ਅੰਗ ਵੱਖਰੀ ਵੰਡ ਨਾ ਕੋਇ ਵੰਡਾਈਆ ।



## ✪ ਪਹਿਲੀ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ✪

ਵਤਨ ਵਲ ਫੇਰਾ ਪਾਇਆ ਸਾਖਿਆਤ, ਬੇਵਤਨ ਗੁਰਮੁਖ ਰਿਹਾ ਉਠਾਈਆ । ਨਵ ਨੌ ਚਾਰ ਪਿਛੋਂ ਆਇਆ ਉਹ ਵਿਸਾਖ, ਜੋ ਵਸਾਹ ਕੇ ਸ੍ਰਿਸ਼ਟੀ ਵਿਚੋਂ ਭਗਤਾਂ ਦੀ ਦ੍ਰਿਸ਼ਟੀ ਲਏ ਬਦਲਾਈਆ । ਬਿਨ ਅੱਖਰਾਂ ਤੋਂ ਜੋ ਗੋਬਿੰਦ ਗਿਆ ਆਖ, ਬਿਨ ਸਤਰਾਂ ਸਤਿ ਸਤਿ ਸਮਝਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਨਿਰਗੁਣ ਧਾਰ ਵੇਖਣ ਆਇਆ ਆਪ, ਆਪ ਆਪਣਾ ਫੇਰਾ ਪਾਈਆ । ਜਿਸ ਦਾ ਏਥੇ ਓਥੇ ਦੋ ਜਹਾਨ ਆਦਿ ਜੁਗਾਦਿ ਕਰੇ ਕੋਈ ਨਾ ਨਾਪ, ਪੈਮਾਨਿਆਂ ਵਿਚੋਂ ਪੈਮਾਇਸ਼ ਨਾ ਕੋਇ ਰਖਾਈਆ । ਸੋ ਕਰਨ ਆਇਆ ਖੇਲ ਅੰਤਰਜਾਮੀ ਪੁਰਖ ਅਬਿਨਾਸ਼, ਕਰਨੀ ਦਾ ਕਰਤਾ ਦਇਆ ਕਮਾਈਆ । ਵਿਛੜੀ ਰਹਿਣ ਨਾ ਦੇਵੇ ਕੋਈ ਸਖੀ ਨਾਰ ਕਮਜਾਤ, ਕੁਲਖਣੀ ਰੂਪ ਨਾ ਕੋਇ ਬਣਾਈਆ । ਅੰਦਰ ਬਾਹਰ ਗੁਪਤ ਜਾਹਰ ਰੂਹ ਬੁੱਤ ਦੋਵੇਂ ਕਰ ਦਏ ਪਾਕ, ਪੁਨੀਤ ਪਵਿਤ ਆਪ ਕਰਾਈਆ । ਇਕ ਜਪਾ ਕੇ ਧੁਰ ਦਾ ਜਾਪ, ਜੀਵਣ ਜੁਗਤ ਜੁਗਤ ਦਏ ਬਦਲਾਈਆ । ਬਿਨਾ ਬੇਨਤੀ ਕੀਤੀ ਅਰਦਾਸ, ਆਸ ਸਭ ਦੀ ਵੇਖ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਅਠਸਠ ਤੀਰਥ ਅੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰਮੁਖ ਕਿਸੇ ਲੱਭਣੀ ਨਾ ਪਏ ਖ਼ਾਕ, ਦਰ ਦਰ ਅਲਖ ਨਾ ਕੋਇ ਜਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲਾ ਆਪਣੇ ਮਿਲਣ ਦੀ ਆਪੇ ਦੱਸ ਦਏ ਜਾਚ, ਯਾਚਕ ਆਪਣੇ ਲਏ ਉਠਾਈਆ । ਕੋਟ ਜਨਮ ਦੀ ਭਗਤੀ ਨਾਲੋਂ ਸੁਹੰਜਣੀ ਹੋ ਜਾਏ ਅੱਜ ਦੀ ਰਾਤ, ਗੁਰ ਅਵਤਾਰ ਪੈਗ਼ੰਬਰ ਵੇਖ ਵੇਖ ਖ਼ੁਸ਼ੀ ਮਨਾਈਆ । ਭਗਤ ਸੁਹੇਲਾ ਇਕ ਇਕੇਲਾ ਸ਼ਾਹ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਪੁੱਛਣਹਾਰਾ ਧੁਰ ਦੀ ਵਾਤ, ਲੋਕਮਾਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਵਤਨਾਂ ਵਲ

ਪਾਈ ਫੇਰੀ, ਫਿਰ ਕੇ ਆਪਣਾ ਆਪ ਬਦਲਾਈਆ । ਜੋ ਲੇਖਾ ਜਾਣੇ ਆਦਿ ਜੁਗਾਦਿ ਗੁਰੂ ਗੁਰ ਚੇਰੀ, ਲੱਖ ਚੁਰਾਸੀ ਖੋਜ ਖੁਜਾਈਆ । ਗੁਰਮੁਖੋ ਸਤਿਗੁਰ ਪੂਰਾ ਜਾਣਦਾ ਵਿਛੜੀ ਕਿਹੜੀ ਕਿਹੜੀ, ਜੁਗ ਜਨਮ ਦੀ ਪੂਰਬ ਰਾਹ ਤਕਾਈਆ । ਵਿਛੋੜੇ ਦੀ ਰੁਤੜੀ ਪਿਛੇ ਬੀਤ ਗਈ ਬਥੇਰੀ, ਚੌਕੜੀ ਦਏ ਗਵਾਹੀਆ । ਕਲਜੁਗ ਰੈਣ ਵੇਖੋ ਅੰਧੇਰੀ, ਸਾਚਾ ਚੰਦ ਨਾ ਕੋਇ ਚਮਕਾਈਆ । ਬਿਨ ਪੁਰਖ ਅਕਾਲ ਸਾਗਰ ਵਿਚੋਂ ਕੱਢ ਲਈ ਸਭ ਨੇ ਆਪਣੀ ਆਪਣੀ ਬੇੜੀ, ਨੌਕਾ ਨਾਮ ਨਾ ਕੋਇ ਵਖਾਈਆ । ਅਬਿਨਾਸ਼ੀ ਕਰਤਾ ਦੀਨ ਦਿਆਲ ਨਿਰਗੁਣ ਧਾਰ ਹੋ ਕੇ ਲਾਵੇ ਕੋਇ ਨਾ ਦੇਰੀ, ਡੇਰਿਆਂ ਵਿਚੋਂ ਡੰਡੇ ਦਏ ਉਠਾਈਆ । ਧੰਨ ਭਾਗ ਜੇ ਗੁਰਮੁਖੋ ਤੁਸਾਂ ਇਹ ਅੰਦਰੋਂ ਛੇੜ ਛੇੜੀ, ਮਾਂਗਤ ਹੋ ਕੇ ਮੰਗ ਮੰਗਾਈਆ । ਅੱਗੇ ਕੂੜ ਦੀ ਰਹਿਣ ਨਾ ਦੇਵੇ ਅੰਧੇਰੀ, ਅੰਧ ਅੰਧੇਰਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਵਤਨ ਵਿਚ ਆ ਕੇ ਪੜ੍ਹਨ ਨਾ ਦੇਵੇ ਕੋਈ ਪੋਥੀ, ਪੁਸਤਕਾਂ ਤੋਂ ਖਹਿੜਾ ਲਏ ਛੁਡਾਈਆ । ਇਕੋ ਮੰਜ਼ਲ ਦੱਸੇ ਸੌਖੀ, ਸਹਿਜ ਪੜਦਾ ਦਏ ਉਠਾਈਆ । ਘਾਟੀ ਰਹੇ ਨਾ ਕੋਈ ਔਖੀ, ਪਲੂ ਆਪਣੇ ਨਾਲ ਬੰਧਾਈਆ । ਜਨ ਭਗਤ ਸੁਹੇਲੇ ਧੁਰ ਦੇ ਬਣਾ ਸੌਂਕੀ, ਸ਼ਾਨ ਆਪਣੇ ਨਾਲ ਵਧਾਈਆ । ਆਤਮਾ ਚੁਰਾਸੀ ਵਿਚ ਰਹੇ ਨਾ ਭੌਂਦੀ, ਭਵਜਲ ਵਿਚ ਨਾ ਕੋਇ ਰੁੜ੍ਹਾਈਆ । ਜਿਹੜੀ ਤੂੰਹੀ ਤੂੰਹੀ ਢੋਲਾ ਗੌਂਦੀ, ਗਹਿਰ ਗੰਭੀਰ ਵਿਚ ਸਮਾਈਆ । ਪੁਰਖ ਅਕਾਲ ਖੇਲ ਕਰ ਕੇ ਆਪਣੇ ਗੌਂ ਦੀ, ਖੇੜਾ ਤੁਹਾਡਾ ਦਏ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਵਤਨ ਵਲ ਆ ਕੇ ਤੱਕਣ ਲੱਗਾ, ਲਗ ਮਾਤਰ ਪਿਛਲੀ ਵੇਖ ਵਖਾਈਆ । ਦੋ ਜਹਾਨ ਕੂਕ ਪੁਕਾਰ ਉਠੇ ਪ੍ਰਭੂ ਬਿਨ ਭਗਤਾਂ ਤੇਰਾ ਵਧੇ ਕੋਈ ਨਾ ਅੱਗਾ, ਅਗਲਾ ਖੇਲ ਨਾ ਕੋਇ ਦ੍ਰਿੜਾਈਆ । ਬਿਨ ਧਰਮ ਦਵਾਰਿਉਂ ਦੂਜੀ ਨਜ਼ਰ ਨਾ ਆਏ ਕੋਈ ਜਗ੍ਹਾ, ਚਾਰ ਕੁੰਟ ਕੂੜ ਕੁੜਿਆਰ ਹੋਇਆ ਹਲਕਾਈਆ । ਚੇਲੇ ਗੁਰੂਆਂ ਨਾਲ ਤੇ ਗੁਰੂ ਚੇਲਿਆਂ ਨਾਲ ਕਰਨ ਦਗ਼ਾ, ਕਲਜੁਗ ਰੀਤੀ ਸੋਹਣੀ ਦਿਤੀ ਬਣਾਈਆ । ਤੇਰੇ ਸ਼ਬਦ ਧਾਰ ਵਿਚ ਸ਼ਬਦ ਰੂਪ ਕੋਇ ਨਾ ਬੱਝਾ, ਭਜਨ ਬੰਦਗੀ ਵਿਚ ਲੱਗੀ ਜਗਤ ਲੋਕਾਈਆ । ਪੇਟ ਕਾਰਨ ਕਰਦੇ ਮਨ ਵਾਸਨਾ ਗਜਾ, ਸਦਾ ਹੱਕ ਨਾ ਕੋਇ ਸੁਣਾਈਆ । ਤੇਰਾ ਨੂਰ ਜਹੂਰ ਬੇਮਨਜ਼ੂਰ ਕਿਸੇ ਨਾ ਲੱਭਾ, ਮਨਜ਼ੂਰੀ ਵਿਚ ਮਨਸੂਰ ਰੂਪ ਨਾ ਕੋਇ ਬਦਲਾਈਆ । ਕਿਸੇ ਕੰਮ ਨਾ ਆਇਆ ਪੜ੍ਹਿਆ ਗੱਗਾ ਘੱਘਾ, ਘਰ ਆਪਣੇ ਚੜ੍ਹ ਕੇ ਹਰਿ ਕੰਤ ਮਿਲ ਨਾ ਖ਼ੁਸ਼ੀ ਮਨਾਈਆ । ਆਤਮ ਪਰਮਾਤਮ ਰਸ ਮਾਣਿਆ ਨਾ ਉਹ ਮਜ਼ਾ, ਜਿਸ ਦਾ ਮਜ਼ਾਕ ਦੁਨੀਆਂ ਰਹੀ ਉਡਾਈਆ । ਅਬਿਨਾਸ਼ੀ ਕਰਤਾ ਕਹੇ ਜਨ ਭਗਤੋ ਮੈਂ ਤੁਹਾਡੀ ਚਲਾਂ ਸਦਾ ਵਿਚ ਰਜ਼ਾ, ਰਮਜ਼ ਆਪਣੀ ਅੰਦਰੇ ਅੰਦਰ ਲਗਾਈਆ । ਬੇਵਤਨ ਹੋਣ ਦੀ ਜੇ ਸੱਚੀ ਪੁੱਛੋ ਵਜ੍ਹਾ, ਭੇਵ ਅਭੇਦਾ ਦਿਆਂ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦਏ ਉਠਾਈਆ । ਜਨ ਭਗਤ ਕਹਿਣ ਬੇਵਤਨ ਹੋਏ ਕਿਉਂ, ਅਬਿਨਾਸ਼ੀ ਕਰਤੇ ਦੇ ਦ੍ਰਿੜਾਈਆ ? ਸ੍ਰੀ ਭਗਵਾਨ ਕਹੇ ਤੁਹਾਡਾ ਗੋਬਿੰਦ ਨਾਲ ਨੇਹੋਂ, ਏਸੇ ਕਾਰਨ ਲੋਕਮਾਤ ਜਨਮ ਦਿਤਾ ਦਵਾਈਆ । ਜੋ ਅੰਤ ਅਖ਼ੀਰ ਬੇਨਜ਼ੀਰ ਬਿਨ ਅੱਖਰ ਬਿਨ ਲੇਖ ਲਿਖਤ ਕਹਿ ਕੇ ਗਿਉਂ, ਓੜਕ ਲੇਖਾ ਪੂਰਾ ਕਰਾਈਆ । ਕੁਛ ਈਸਾ ਮੰਗ ਮੰਗੀ ਅੱਗੇ ਦੇਉ, ਦੀਨ ਹੋ ਕੇ ਸੀਸ ਝੁਕਾਈਆ । ਸੋ ਖੇਲ ਕਰੇ ਅਲੱਖ ਅਭੇਉ, ਅਗੰਮ ਅਥਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਜਨ

ਭਗਤ ਕਹਿਣ ਨਹੀਂ ਕੁਛ ਪਿਆ ਪੱਲੇ, ਭੇਵ ਧੁਰ ਦਾ ਦੇ ਖੁਲ੍ਹਾਈਆ । ਕਿਉਂ ਤੇਰੀ ਧਾਰ ਨਹੀਂ ਰਲੇ, ਹੁੰਦੀ ਰਹੀ ਜੁਦਾਈਆ । ਕੀ ਮਨ ਵਾਸਨਾ ਰਹੇ ਝੱਲੇ, ਬੁੱਧੀ ਚਲੀ ਨਾ ਕੋਇ ਚਤਰਾਈਆ । ਕਿਉਂ ਵਿਛੋੜੇ ਤੀਰ ਰਹੇ ਸਲੇ, ਸਲਲ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਦੇ ਉਠਾਈਆ । ਸ੍ਰੀ ਭਗਵਾਨ ਕਹੇ ਭਗਤੋ ਕੀ ਦੱਸਾਂ, ਦਾਸਤਾਨ ਪਿਛਲੀ ਦਿਆਂ ਦੋਹਰਾਈਆ । ਜਿਸ ਵੇਲੇ ਗੋਬਿੰਦ ਮਾਛੂਵਾੜੇ ਮੇਰੇ ਨਾਲ ਲਾਈਆ ਅੱਖਾਂ, ਅੱਖਾਂ ਅੱਖਾਂ ਵਿਚੋਂ ਬਦਲਾਈਆ । ਸੇਜ ਸੁਹੌਣੀ ਹੋਈ ਕੱਖਾਂ, ਓਢਣ ਨਜ਼ਰ ਕੋਇ ਨਾ ਆਈਆ । ਹੱਥ ਮਾਰ ਕੇ ਉਤੇ ਪੱਟਾਂ, ਪਟਨੇ ਵਾਲੇ ਖ਼ੁਸ਼ੀ ਮਨਾਈਆ । ਮੇਰਾ ਰਾਗ ਕੋਈ ਕਿਸੇ ਨਹੀਂ ਗੌਣਾ ਭੱਟਾਂ, ਵਾਰਾਂ ਵਿਚ ਨਾ ਕੋਇ ਛਪਵਾਈਆ । ਪੁਰਖ ਅਕਾਲ ਮੈਂ ਆਪਣਾ ਪਿਆਰ ਤੇਰੇ ਅੰਦਰ ਰੱਖਾਂ, ਦੁਨੀਆਂ ਹੱਥ ਨਾ ਕਦੇ ਫੜਾਈਆ । ਮੈਂ ਤੈਨੂੰ ਸਦਾ ਬਣਾਉਣਾ ਆਪਣੀ ਜਨਨੀ ਜ਼ੱਚਾ, ਤੇਰੀ ਗੋਦ ਬਹਿ ਕੇ ਖੁਸ਼ੀ ਵਖਾਈਆ । ਮੈਂ ਕੋਈ ਖਾਣ ਪੀਣ ਵਾਲਾ ਗੁਰੂ ਨਹੀਂ ਕੱਚਾ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਮੈਂ ਤੇਰੀ ਧਾਰ ਵਿਚ ਰਚਾ, ਪੰਜ ਤਤ ਨਾ ਕੋਇ ਵਡਿਆਈਆ । ਲੋਕਮਾਤ ਆਇਆ ਤੇ ਕਰਕੇ ਤੇਰੇ ਨਾਲ ਮਤਾ, ਦੂਜੇ ਨਾਲ ਸਲਾਹ ਨਾ ਕੋਇ ਰਖਾਈਆ । ਹੁਣ ਤੇਰੇ ਸੱਥਰ ਲੱਥਾ, ਦੂਜੀ ਸੇਜ ਨਾ ਕੋਇ ਹੰਢਾਈਆ । ਪੁਰਖ ਅਕਾਲ ਖੁਸ਼ੀਆਂ ਵਿਚ ਹੱਸਾ, ਹਸਤੀ ਆਪਣੀ ਲਈ ਬਦਲਾਈਆ । ਗੋਬਿੰਦ ਮੈਂ ਮੁੜ ਕੇ ਤੇਰੇ ਖੇੜੇ ਅੰਦਰ ਵਸਾਂ, ਬਿਨ ਤੇਰੇ ਮੰਦਰ ਡੇਰਾ ਅਵਰ ਨਾ ਕੋਇ ਸੁਹਾਈਆ । ਗੋਬਿੰਦ ਕਿਹਾ ਪ੍ਰਭੂ ਕੀ ਤੈਨੂੰ ਮੇਰੇ ਵਰਗੇ ਲੱਖਾਂ, ਕੋਟਨ ਕੋਟ ਨਜ਼ਰੀ ਆਈਆ । ਸ੍ਰੀ ਭਗਵਾਨ ਕਿਹਾ ਨਹੀਂ ਮੈਂ ਤੇਰੇ ਅੰਦਰ ਆਪਣਾ ਆਪ ਢਕਾਂ, ਢਈਆ ਤੇਰਾ ਮੇਰਾ ਦਏ ਗਵਾਹੀਆ । ਗੋਬਿੰਦ ਕਿਹਾ ਕੀ ਬਾਪ ਨਹੀਂ ਸਕਾ, ਸਕਿਆਂ ਤੋਂ ਲਏਂ ਛੁਡਾਈਆ । ਪੁਰਖ ਅਕਾਲ ਕਿਹਾ ਅੱਛਾ, ਅੱਛੀ ਤਰ੍ਹਾਂ ਦਿਆਂ ਵਖਾਈਆ । ਜਿਹੜਾ ਲੇਖ ਕਿਸੇ ਨਾ ਲਿਖਾ, ਉਹ ਤੇਰੇ ਨਾਲ ਲਵਾਂ ਬਣਾਈਆ । ਗੋਬਿੰਦ ਕਿਹਾ ਪਹਿਲੋਂ ਤਾਰੀਂ ਮੇਰਿਆਂ ਸਿਖਾਂ, ਜੋ ਸਿਖਿਆ ਵਿਚ ਤੇਰਾ ਮੇਰਾ ਨਾਮ ਧਿਆਈਆ । ਪੁਰਖ ਅਕਾਲ ਦੀਨ ਦਿਆਲ ਜੇ ਓਨ੍ਹਾਂ ਨੂੰ ਦੇਵੇਂ ਪਿਛਾ, ਮੈਨੂੰ ਤੇਰੀ ਲੋੜ ਰਹੇ ਨਾ ਰਾਈਆ । ਮੈਂ ਕਿਸੇ ਹੱਥ ਨਹੀਂ ਔਣਾ ਮੰਦਰ ਇੱਟਾਂ, ਪੱਥਰਾਂ ਵਿਚ ਨਾ ਡੇਰਾ ਲਾਈਆ । ਮੇਰੇ ਪੁੱਤਰਾਂ ਪਿਛੇ ਗੁਰਮੁਖਾਂ ਦੀਆਂ ਲਿਖੀਆਂ ਚਿਟਾਂ, ਜਿਨ੍ਹਾਂ ਦਾ ਹਰਫ਼ ਨਾ ਕੋਇ ਬੁਝਾਈਆ । ਸ੍ਰੀ ਭਗਵਾਨ ਕਿਹਾ ਮੈਂ ਓਨ੍ਹਾਂ ਦਾ ਲੇਖਾ ਨਜਿੱਠਾਂ, ਨੇਰਨ ਨੇਰ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਿਹਾ ਵੇਖ ਪ੍ਰਭੂ ਬੇਵਤਨ, ਧੁਰ ਸੰਦੇਸ਼ਾ ਇਕ ਜਣਾਈਆ । ਮੈਂ ਛੱਡਿਆਂ ਕਿਹੜਾ ਪਤਣ, ਡੇਰਾ ਕਵਣ ਕਿਨਾਰ ਟਿਕਾਈਆ । ਕੁਛ ਥੋੜਾ ਹਾਲ ਆਇਆ ਦੱਸਣ, ਸਭ ਨਾਲੋਂ ਕਰ ਜੁਦਾਈਆ । ਜ਼ਰਾ ਤੱਕ ਆਪਣੀ ਅੱਖਨ, ਬੇਨਜ਼ੀਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਵੇਖ ਵਖਾਈਆ । ਪੁਰਖ ਅਕਾਲ ਕਿਹਾ ਗੋਬਿੰਦ ਤੇਰਾ ਬੇਵਤਨ ਨਹੀਂ ਲੋਕਮਾਤ, ਵਤਨ ਸਾਚਾ ਦਿਆਂ ਵਖਾਈਆ । ਬਿਨ ਤੇਰੀ ਧਾਰ ਮੇਰੀ ਪਰਗਟ ਨਾ ਹੋਵੇ ਜਾਤ, ਜਾਹਰ ਜਹੂਰ ਨਾ ਕੋਇ ਰੁਸ਼ਨਾਈਆ । ਧੁਰ ਦਾ ਦੇਵੇ ਨਾ ਕੋਇ ਸਾਥ, ਸਗਲਾ ਸੰਗ ਨਾ ਕੋਇ ਬਣਾਈਆ । ਢੋਲਾ ਗਾਏ ਨਾ ਕੋਈ ਪੁਰਖ ਅਬਿਨਾਸ਼, ਬੇਪਰਵਾਹ ਦੀ ਬੇਪਰਵਾਹੀ ਨਾ ਕੋਇ ਦ੍ਰਿੜਾਈਆ । ਸਾਚਾ ਮੇਲਾ ਕਰੇ ਕੋਈ ਨਾ ਆਪ, ਆਪਣਾ ਆਪ ਭੇਟ ਨਾ ਕੋਇ ਕਰਾਈਆ । ਮੈਂ ਕਿਸ ਦਾ ਬਣਾਂ ਬਾਪ, ਸੁੱਤ ਦੁਲਾਰਾ ਕਵਣ ਅਖਵਾਈਆ ।

ਇਹ ਅਗੰਮੀ ਖੇਲ ਤਮਾਸ਼, ਕਲਮ ਸ਼ਾਹੀ ਨਾ ਸਕੇ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਗੋਬਿੰਦ ਕਿਹਾ ਮੈਨੂੰ ਵਤਨ ਬੇਵਤਨ ਦੀ ਨਹੀਂ ਲੋੜ, ਲੋੜੀਂਦੇ ਸਾਜਣ ਦਿਆਂ ਦ੍ਰਿੜਾਈਆ । ਸਭ ਤੋਂ ਪਹਿਲੇ ਗੁਰਮੁਖ ਮੇਰੇ ਸੱਜਣ ਲੈਣੇ ਜੋੜ, ਜੋੜੀ ਧੁਰ ਦੀ ਆਪ ਬਣਾਈਆ । ਜੋ ਆਪਣਾ ਆਪ ਘੋਲੀ ਗਏ ਘੋਲ, ਅੰਤਰ ਆਤਮ ਪ੍ਰੇਮ ਵਧਾਈਆ । ਮੇਰੇ ਨਾਲ ਪੂਰਾ ਕਰ ਕੌਲ, ਇਕਰਾਰਨਾਮਾ ਦੇ ਬਣਾਈਆ । ਪੁਰਖ ਅਕਾਲ ਹੌਲੀ ਜਿਹੀ ਕਿਹਾ ਬੋਲ, ਸ਼ਬਦ ਅਗੰਮੀ ਆਵਾਜ਼ ਸੁਣਾਈਆ । ਕਲਜੁਗ ਅੰਤ ਅਖ਼ੀਰ ਬੇਨਜ਼ੀਰ ਗੁਰਮੁਖ ਸੰਤ ਸੁਹੇਲਾ ਰਹਿਣ ਨਾ ਦੇਵਾਂ ਕੋਈ ਅਨਭੋਲ, ਸੁਰਤੀ ਵਿਚੋਂ ਸੁਰਤੀ ਆਪ ਜਗਾਈਆ । ਗੋਬਿੰਦ ਸਦਾ ਤੈਨੂੰ ਰੱਖਾਂ ਕੋਲ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕ ਸਰਨਾਈਆ । ਗੋਬਿੰਦ ਕਿਹਾ ਸੁਣ ਠਾਕਰ ਮੇਰੇ ਸਵਾਮੀ, ਪਰਮ ਪੁਰਖ ਦਿਆਂ ਦ੍ਰਿੜਾਈਆ । ਤੂੰ ਆਦਿ ਜੁਗਾਦੀ ਅੰਤਰਜਾਮੀ, ਅੰਤਰ ਆਤਮ ਵੇਖ ਵਖਾਈਆ । ਮੇਰੇ ਗੁਰਮੁਖਾਂ ਦੀ ਵਖਰੀ ਹੋਵੇ ਨਿਸ਼ਾਨੀ, ਨਿਸ਼ਾਨਾ ਤੀਰ ਇਕ ਦਰਸਾਈਆ । ਨਿਰਗੁਣ ਢੋਲਾ ਆਤਮ ਪਰਮਾਤਮ ਪੜ੍ਹਨ ਬਾਣੀ, ਬਨਾਂ ਵਿਚ ਖੋਜਨ ਦੀ ਲੋੜ ਰਹੇ ਨਾ ਰਾਈਆ । ਓਨ੍ਹਾਂ ਵਾਸਤੇ ਕਰਨ ਆਇਆ ਆਸਾਨੀ, ਅਸਲ ਵਿਚ ਏਸੇ ਕਾਰਨ ਸੱਥਰ ਰਿਹਾ ਹੰਢਾਈਆ । ਤੂੰ ਪੁਰਖ ਅਕਾਲ ਕਰਨੀ ਮਿਹਰਵਾਨੀ, ਮਹਿਬੂਬ ਹੋ ਕੇ ਮਿਲ ਕੇ ਖ਼ੁਸ਼ੀ ਮਨਾਈਆ । ਜਨ ਭਗਤਾਂ ਅੰਦਰ ਮੇਰੀ ਸ਼ਬਦੀ ਧਾਰ ਜ਼ਿੰਦਗਾਨੀ, ਤੱਤਾਂ ਦੇ ਜੀਵਣ ਦੀ ਲੋੜ ਨਾ ਕੋਇ ਵਖਾਈਆ । ਜਿਨ੍ਹਾਂ ਦਾ ਸਦਾ ਪਦ ਨਿਰਬਾਣੀ, ਨਿਰਵੈਰ ਹੋ ਕੇ ਨਿਰਵੈਰ ਆਪਣੀ ਦਇਆ ਦੇਣੀ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸ੍ਰੀ ਭਗਵਾਨ ਕਹੇ ਮੈਂ ਦਇਆ ਕਮਾਵਾਂਗਾ । ਗੋਬਿੰਦ ਤੇਰੀ ਧਾਰ, ਧਰਮ ਦਾ ਰੂਪ ਸਚ ਪਰਗਟਾਵਾਂਗਾ । ਕਲਜੁਗ ਵੇਖ ਅੰਤਮ ਵਾਰ, ਕਲ ਕਲਕੀ ਨਾਉਂ ਪਰਗਟਾਵਾਂਗਾ । ਸੰਤ ਸੁਹੇਲੇ ਆਪ ਉਬਾਰ, ਗੁਰਮੁਖ ਗੁਰ ਗੁਰ ਰੰਗ ਰੰਗਾਵਾਂਗਾ । ਲੱਖ ਚੁਰਾਸੀ ਵਿਚੋਂ ਭਾਲ, ਸੱਜਣ ਸੁਹੇਲੇ ਆਪ ਜਗਾਵਾਂਗਾ । ਜਿਨ੍ਹਾਂ ਪਿਛੇ ਭੇਟਾ ਕੀਤੇ ਲਾਲ, ਉਹ ਲਾਲ ਆਪਣੇ ਰੰਗ ਰੰਗਾਵਾਂਗਾ । ਸਚ ਦਵਾਰਾ ਵਖਾ ਸੱਚੀ ਧਰਮਸਾਲ, ਬੇਵਤਨਾਂ ਦਾ ਵਤਨ ਆਪ ਵਸਾਵਾਂਗਾ । ਰੰਗ ਚੜ੍ਹਾ ਕੇ ਸ਼ਾਹ ਕੰਗਾਲ, ਊਚ ਨੀਚ ਪੰਧ ਮੁਕਾਵਾਂਗਾ । ਲੱਖ ਚੁਰਾਸੀ ਵਿਚੋਂ ਕਰ ਬਹਾਲ, ਜਮ ਕੀ ਫਾਸੀ ਫੰਦ ਤੁੜਾਵਾਂਗਾ । ਫਲ ਲਗਾ ਕੇ ਤੇਰੀ ਡਾਲ, ਮਾਲੀ ਹੋ ਕੇ ਵੇਖ ਵਖਾਵਾਂਗਾ । ਆਪੇ ਵੇਖ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਖ਼ੁਸ਼ੀ ਮਨਾਵਾਂਗਾ । ਤ੍ਰੈਗੁਣ ਮਾਇਆ ਤੋੜ ਜ਼ੰਜਾਲ, ਜਾਗਰਤ ਜੋਤ ਇਕ ਰੁਸ਼ਨਾਵਾਂਗਾ । ਲੇਖਾ ਚੁਕਾ ਕੇ ਮਾਜ਼ੀ ਹਾਲ, ਅਗਲਾ ਆਪਣੇ ਹੱਥ ਵਖਾਵਾਂਗਾ । ਓਨ੍ਹਾਂ ਪੋਹ ਨਾ ਸਕੇ ਕਾਲ, ਕਲਜੁਗ ਕੂੜ ਕਲੇਸ਼ ਮਿਟਾਵਾਂਗਾ । ਜਿਸ ਵੇਲੇ ਗੁਰਮੁਖ ਅੱਗੇ ਕਰਨ ਸਵਾਲ, ਸਭ ਦਾ ਲੇਖਾ ਪਲਟ ਕੇ ਝੋਲੀ ਪਾਵਾਂਗਾ । ਸਾਚੇ ਵਤਨ ਦੇਵਾਂ ਸਵਾਲ, ਫੜ ਬਾਹੋਂ ਆਪ ਟਿਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਵਾਂਗਾ । ਗੋਬਿੰਦ ਕਿਹਾ ਪ੍ਰਭੂ ਇਹ ਕਿਹੜੀ ਤੇਰੀ ਮਿਹਰਵਾਨੀ, ਬਹੁਤੀ ਖ਼ੁਸ਼ੀ ਨਾ ਮੈਂ ਮਨਾਈਆ । ਜਿਨ੍ਹਾਂ ਤੇਰੇ ਪਿਛੇ ਜੋਬਨ ਲਾਈ ਜਵਾਨੀ, ਆਪਣਾ ਆਪ ਭੇਟ ਕਰਾਈਆ । ਕੀ ਹੋਇਆ ਤੂੰ ਤੱਤਾਂ ਦਾ ਬਣ ਗਿਉਂ ਦਾਨੀ, ਪੰਜ ਤੱਤ ਦਏਂ ਵਡਿਆਈਆ । ਇਹ ਨਾਟਕਾਂ ਵਾਲੀ ਖੇਲ ਆਸਾਨੀ, ਗੋਬਿੰਦ ਸ਼ਬਦ ਕਦੇ ਨਾ ਭਾਈਆ । ਮੇਰਾ ਝਗੜਾ ਰਹਿਣਾ ਨਹੀਂ ਕੋਈ

ਦੀਵਾਨੀ, ਫ਼ੈਸਲਾ ਇਕੋ ਵਾਰ ਸੁਣਾਈਆ । ਜੇ ਮਿਲਣਾ ਫੇਰ ਕਾਹਦੀ ਮਿਹਰਵਾਨੀ, ਅਹਿਸਾਨ ਸਿਰ ਨਾ ਕੋਇ ਰਖਾਈਆ । ਮੇਰਾ ਸਿੱਖ ਪ੍ਰਭੂ ਤੇਰੀ ਕੀਮਤ ਟਕਿਆਂ ਵਿਚ ਨਾ ਚੁਕਾਏ ਕੋਈ ਦਵਾਨੀ, ਮੱਥੇ ਟਿਕੌਣ ਦੀ ਲੋੜ ਰਹੇ ਨਾ ਰਾਈਆ । ਜਿਨ੍ਹਾਂ ਪਿਛੇ ਤੇਰੀ ਲੋਹ ਉਤੇ ਬਹਿ ਗਿਆ ਸੁੱਤ ਭਾਨੀ, ਆਪ ਆਪਣਾ ਤੇਰੀ ਗੋਦ ਟਿਕਾਈਆ । ਕਲਜੁਗ ਅੰਤ ਗੁਰਮੁਖ ਮੇਰੀ ਹੋਏ ਉਹ ਨਿਸ਼ਾਨੀ, ਜੋ ਨਿਸ਼ਾਨਾ ਤੇਰਾ ਨਾਉਂ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਉਠਾਈਆ । ਪੁਰਖ ਅਕਾਲ ਕਿਹਾ ਮੇਰੇ ਉਤੇ ਨਾ ਕਰ ਅਹਿਸਾਨ, ਅਸਲ ਦਿਆਂ ਜਣਾਈਆ । ਗੋਬਿੰਦ ਕਿਹਾ ਓ ਪ੍ਰਭੂ ਤੂੰ ਕਿਹੜਾ ਮੇਰਾ ਜਜਮਾਨ, ਮੈਂ ਮਰਾਸੀ ਡੂਮ ਬਣ ਕੇ ਮੰਗਣ ਆਈਆ । ਮੈਂ ਤੇਰਾ ਬਾਲ ਨਾਦਾਨ, ਬੱਚਿਆਂ ਵਾਂਗ ਗੋਦੀ ਬਹਿ ਕੇ ਸਭ ਕੁਛ ਲੈ ਕੇ ਖਾ ਕੇ ਖ਼ੁਸ਼ੀ ਮਨਾਈਆ । ਮੈਂ ਕੋਈ ਹਜ਼ਾਰਾਂ ਲੱਖਾਂ ਸਖੀਆਂ ਦਾ ਗਿਣਤੀ ਵਾਲਾ ਨਹੀਂ ਕਾਹਨ, ਹਿੰਦਸਿਆਂ ਵਿਚ ਅੰਕ ਨਾ ਕੋਇ ਬਣਾਈਆ । ਬਿਨ ਮੇਰੇ ਤੇਰਾ ਝੁੱਲੇ ਨਾ ਕੋਇ ਨਿਸ਼ਾਨ, ਨਿਸ਼ਾਨਾ ਸਚ ਨਾ ਕੋਇ ਵਖਾਈਆ । ਮੈਂ ਤੇਰਾ ਹੁਕਮ ਕਰਾਂ ਪਰਵਾਨ, ਮੰਨਾਂ ਚਾਈਂ ਚਾਈਂਆ । ਤੈਨੂੰ ਦੇਣਾ ਪਏ ਸਚ ਪ੍ਰੀਤੀ ਦਾ ਦਾਨ, ਦੂਜੀ ਮੰਗ ਨਾ ਕੋਇ ਮੰਗਾਈਆ । ਜਿਸ ਵੇਲੇ ਨਿਰਗੁਣ ਧਾਰ ਸਤਿ ਸਚ ਦਾ ਆਵੇਂ ਭਗਵਾਨ, ਭਾਗ ਗੁਰਮੁਖਾਂ ਦੇਣਾ ਬਦਲਾਈਆ । ਅਬਿਨਾਸ਼ੀ ਕਰਤੇ ਤੇਰੇ ਦਰ ਤੇ ਕਿਹੜੇ ਢੋਲਕ ਛੈਣਿਆਂ ਵਾਲੇ ਲੱਗਣੇ ਦੀਵਾਨ, ਮਸਤ ਦੀਵਾਨੇ ਨਾਮ ਖ਼ੁਮਾਰੀ ਵਿਚ ਦੇਣੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਗੋਬਿੰਦ ਕਹੇ ਗੁਰਮੁਖੋ ਤੁਹਾਡੇ ਵਤਨ ਆਵਾਂ, ਆਵਾ ਗਵਣ ਦਿਆਂ ਮੁਕਾਈਆ । ਆ ਕੇ ਸਾਂਝਾ ਢੋਲਾ ਗਾਵਾਂ, ਆਪਣਾ ਨਾਮ ਨਾ ਕੋਇ ਜਪਾਈਆ । ਤੁਹਾਡਾ ਕੰਡਾ ਆਪਣੇ ਨਾਲ ਰੱਖਾਂ ਸਾਂਵਾਂ, ਤਰਾਜ਼ੂ ਦੂਜੇ ਹੱਥ ਨਾ ਕਦੇ ਫੜਾਈਆ । ਬੱਚਿਆਂ ਨੂੰ ਲਾਡ ਲਡਾਵਾਂ ਵਾਂਗ ਮਾਂਵਾ, ਪਿਤਾ ਹੋ ਕੇ ਪੂਤ ਗੋਦ ਸੁਹਾਈਆ । ਤੁਹਾਡਾ ਲੱਖ ਚੁਰਾਸੀ ਦਾ ਲੇਖਾ ਮੁਕਾਵਾਂ ਨਾਲ ਚਾਵਾਂ, ਜੁਗ ਚੌਕੜੀ ਪਿਛੋਂ ਵਾਰੀ ਆਈਆ । ਉਚੀ ਕੂਕ ਕੇ ਲੰਮੀਆਂ ਕਰੋ ਬਾਹਵਾਂ, ਬੇਵਤਨਾਂ ਦਾ ਮਾਲਕ ਮਿਲਿਆ ਬੇਪਰਵਾਹੀਆ । ਗੁਰਮੁਖ ਕੁਵਾਰੀ ਆਤਮ ਇਕੋ ਵਾਰ ਲੈ ਲਵੇ ਲਾਵਾਂ, ਲੱਖ ਚੁਰਾਸੀ ਵਿਚੋਂ ਦੂਜਾ ਖੌਂਤ ਲੱਭਣ ਦੀ ਲੋੜ ਰਹੇ ਨਾ ਰਾਈਆ । ਜਨ ਭਗਤੋ ਤੁਹਾਨੂੰ ਕਿਸੇ ਦਾ ਲੈਣਾ ਨਾ ਪਏ ਪਰਛਾਵਾਂ, ਪਿਛਲਿਆਂ ਤੋਂ ਪਿਛੇ ਅਗਲਿਆਂ ਤੋਂ ਅੱਗੇ ਲੇਖਾ ਦਿਤਾ ਮੁਕਾਈਆ । ਬੇਵਤਨ ਹੋ ਕੇ ਤੁਹਾਡੇ ਦਵਾਰੇ ਆਵਾਂ, ਵਤਨਾਂ ਦੇ ਮਾਲਕ ਤੁਹਾਨੂੰ ਦਿਆਂ ਬਣਾਈਆ । ਆਪਣਾ ਤਤ ਸਰੀਰ ਤੁਹਾਡੇ ਪਿਛੇ ਗਵਾਵਾਂ, ਜੋਤੀ ਜੋਤ ਕਰ ਰੁਸ਼ਨਾਈਆ । ਭੁੱਖਾ ਦਰਵੇਸ਼ ਹੋ ਕੇ ਟੁਕੜੇ ਮੰਗ ਕੇ ਖਾਵਾਂ, ਭੰਡਾਰਾ ਅਤੋਟ ਅਤੁਟ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਵਤਨ ਵਿਚ ਆਇਆ, ਅਵਣ ਗਵਣ ਮੁਕਾਈਆ । ਲੇਖਾ ਰਹੇ ਨਾ ਤ੍ਰੈਗੁਣ ਮਾਇਆ, ਮਾਇਆ ਮਮਤਾ ਮੋਹ ਦਏ ਚੁਕਾਈਆ । ਜਿਸ ਦੇ ਅੰਤਰ ਆਪਣਾ ਨਾਮ ਦ੍ਰਿੜਾਇਆ, ਦ੍ਰਿੜ ਵਿਸ਼ਵਾਸ਼ ਦਏ ਬੰਧਾਈਆ । ਅੰਤਮ ਲੇਖਾ ਰਹੇ ਨਾ ਰਾਇਆ, ਜਮਾਂ ਤੋਂ ਲਏ ਛੁਡਾਈਆ । ਚੁਰਾਸੀ ਲੱਖ ਨਾ ਕੋਇ ਭੁਵਾਇਆ, ਚਾਰੇ ਖਾਣੀ ਨਾ ਕੋਇ ਕੁਰਲਾਈਆ । ਸਾਚਾ ਮੰਦਰ ਦਏ ਵਖਾਇਆ, ਜਿਥੇ ਵਸੇ ਬੇਪਰਵਾਹੀਆ । ਬੇਵਤਨਾਂ ਵਤਨ ਵਿਚ ਬਹਿ ਕੇ ਢੋਲਾ ਇਕੋ ਗਾਇਆ, ਵੱਜੇ ਸਚ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਜਨ ਭਗਤੋ ਜੇ ਤੁਸੀਂ ਨਾ ਹੁੰਦੇ ਬੇਵਤਨ, ਲੋਕਮਾਤ ਨਾ ਜਨਮ


੫੮੫
੧੯

੫੮੬
੧੯

ਦਿਵਾਈਆ । ਫਿਰ ਕਿਸ ਦੀ ਪਤ ਔਂਦਾ ਰੱਖਣ, ਨਿਰਗੁਣ ਆਪਣਾ ਵੇਸ ਧਰਾਈਆ । ਕਿਸ ਦਵਾਰੇ ਸੋਂਹਦਾ ਪਤਣ, ਕਵਣ ਘਾਟ ਡੇਰਾ ਲਾਈਆ । ਲੱਖ ਚੁਰਾਸੀ ਕਿੰਨਾਂ ਕਰੇ ਯਤਨ, ਅਬਿਨਾਸ਼ੀ ਕਰਤਾ ਹੱਥ ਕਿਸੇ ਨਾ ਆਈਆ । ਜੁਗ ਜਨਮ ਪਿਛੋਂ ਤੁਹਾਡੇ ਪੜਦੇ ਆਇਆ ਢਕਣ, ਓਢਨ ਆਪਣਾ ਨਾਮ ਵਖਾਈਆ । ਸਾਚੇ ਵਤਨ ਆਇਆ ਛੱਡਣ, ਫੜ ਕੇ ਬਾਹੋਂ ਪਾਰ ਕਰਾਈਆ । ਤੁਹਾਡਾ ਨੂਰ ਹੋ ਕੇ ਆਇਆ ਜਗਣ, ਲੋਕਮਾਤ ਕਰੇ ਰੁਸ਼ਨਾਈਆ । ਗੁਰਮੁਖੋ ਸਚ ਪ੍ਰੇਮ ਦਾ ਮੁਖ ਤੇ ਲਾ ਕੇ ਸਗਨ, ਅੰਮ੍ਰਿਤ ਜਾਮ ਦਏ ਪਿਆਈਆ । ਜਿਸ ਦੇ ਨਾਲ ਆਪਣੀ ਮੰਜ਼ਲ ਸਾਰੇ ਲੰਘਣ, ਅਧਵਿਚਕਾਰ ਨਾ ਕੋਇ ਅਟਕਾਈਆ । ਸਾਚੀ ਚੜ੍ਹੀ ਰਹੇ ਰੰਗਣ, ਦੁਰਮਤ ਮੈਲ ਦਏ ਮਿਟਾਈਆ । ਦੂਜੇ ਦਰ ਜਾਣਾ ਪਏ ਨਾ ਮੰਗਣ, ਘਰ ਘਰ ਅਲਖ ਨਾ ਕੋਇ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਬਖ਼ਸ਼ਣਹਾਰ ਸਰਨਾਈਆ । ਵਤਨ ਆਇਆ ਜਾਏ ਮਿਲ ਕੇ, ਵਿਛੋੜਾ ਰਹਿਣ ਕੋਇ ਨਾ ਪਾਈਆ । ਭੇਵ ਜਾਣੇ ਹਰ ਘਟ ਅੰਤਰ ਦਿਲ ਦੇ, ਦਿਲਦਾਰ ਹੋ ਕੇ ਖੋਜ ਖੁਜਾਈਆ । ਸੋਚ ਰਹਿਣ ਨਾ ਦੇਵੇ ਕੀ ਨਜ਼ਾਰੇ ਮਿਲਦੇ ਤੇਰੇ ਤਿਲ ਦੇ, ਤਿਲਕਣਬਾਜ਼ੀ ਵਿਚੋਂ ਬਾਹਰ ਕਢਾਈਆ । ਜਿਹੜੇ ਵਿਕਾਰ ਅੰਦਰੋਂ ਕੱਢਿਆਂ ਬਾਹਰ ਨਹੀਂ ਹਿਲਦੇ, ਸ਼ਬਦ ਇਸ਼ਾਰੇ ਨਾਲ ਲੇਖਾ ਦਏ ਚੁਕਾਈਆ । ਖੇਲ ਵਖਾ ਕੇ ਧਾਰ ਬਿਸਮਲ ਦੇ, ਪੜਦੇ ਉਹਲੇ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦਏ ਵਸਾਈਆ । ਵਤਨ ਵਿਚ ਆ ਕੇ ਕੁਰਲਾਵੇ ਕੋਈ ਨਾ ਕੂੰਜ, ਬਿਹਬਲ ਹੋ ਨਾ ਦਏ ਦੁਹਾਈਆ । ਜਨ ਭਗਤੋ ਤੁਸੀਂ ਕਿਹੜੀ ਲੱਭਣੀ ਸਵਾਂਤੀ ਬੂੰਦ, ਜਾਮ ਪਿਆਲੇ ਧੁਰ ਦੇ ਰਿਹਾ ਪਿਆਈਆ । ਅੰਤ ਅਖ਼ੀਰੀ ਤੁਹਾਡੀ ਦੁਰਮਤ ਮੈਲ ਦੇਵੇ ਪੂੰਜ, ਕੂੜ ਕੁੜਿਆਰ ਗਠੜੀ ਗੰਢ ਆਪ ਖੁਲ੍ਹਾਈਆ । ਆਤਮ ਪਰਮਾਤਮ ਰਹੇ ਨਾ ਕੋਇ ਦੂਜ, ਦੁਤੀਆ ਭਾਉ ਦਏ ਚੁਕਾਈਆ । ਤੂੰ ਮੇਰਾ ਮੈਂ ਤੇਰਾ ਸਾਚੀ ਆ ਜਾਏ ਸੂਝ, ਸਮਝ ਵਿਚੋਂ ਆਪਣੀ ਸਮਝ ਦਏ ਬਦਲਾਈਆ । ਕੀ ਹੋਇਆ ਥੋੜੇ ਸਮੇਂ ਵਾਸਤੇ ਚੋਲਾ ਮਿਲਿਆ ਪੰਜ ਤੱਤ ਕਾਇਆ ਭੂਤ, ਹੱਡ ਮਾਸ ਨਾੜੀ ਖੇਲ ਖਿਲਾਈਆ । ਅੰਤ ਫੇਰ ਤੁਸੀਂ ਪੂਤ ਦੇ ਪੂਤ, ਪਿਤਾ ਆਪਣੀ ਗੋਦ ਉਠਾਈਆ । ਲੇਖਾ ਮੁਕਾ ਕੇ ਚਾਰੇ ਕੂਟ, ਦਹਿ ਦਿਸ਼ਾ ਲਹਿਣਾ ਰਹੇ ਨਾ ਰਾਈਆ । ਮਹੱਲ ਅਟੱਲ ਵਖਾ ਕੇ ਊਚੋ ਊਚ, ਸਚ ਦਵਾਰ ਦਏ ਟਿਕਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਕਰ ਕੇ ਗਏ ਕੂਚ, ਓਸੇ ਕੂਚੇ ਗਲੀ ਵਿਚ ਤੁਹਾਡੇ ਢੋਲੇ ਦਏ ਸੁਣਾਈਆ । ਅੰਤ ਸੁਨੇਹੜਾ ਦੇਵਣਹਾਰਾ ਇਕੋ ਸ਼ਬਦੀ ਦੂਤ, ਆਦਿ ਜੁਗਾਦਿ ਜੁਗ ਚੌਕੜੀ ਭੱਜੇ ਵਾਹੋ ਦਾਹੀਆ । ਜਿਸ ਦਾ ਜਸਬੀਰ ਸਿੰਘ ਕੋਲੋਂ ਲੈ ਲਓ ਸਬੂਤ, ਗੁਰਮੇਜ ਕੌਰ ਗੁਰ ਕੇ ਧਾਮ ਪੁਚਾਈਆ । ਹਾਜ਼ਰਾਂ ਵਿਚ ਹਾਜ਼ਰ ਮੌਜੂਦਾ ਵਿਚ ਮੌਜੂਦ, ਬੇਵਤਨਾਂ ਨੂੰ ਵਤਨਾਂ ਵਿਚ ਦਏ ਪੁਚਾਈਆ । ਖ਼ੁਸ਼ੀਆਂ ਵਿਚ ਰੱਖੇ ਖ਼ੂਬ, ਮਹਿਬੂਬ ਹੋ ਕੇ ਵੇਖ ਵਖਾਈਆ । ਸਭ ਨੇ ਛੱਡਣਾ ਤਨ ਵਜੂਦ, ਤੱਤਾਂ ਦਾ ਨਾਤਾ ਤੋੜ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਵਤਨ ਵਿਚ ਆਇਆ ਜਾਏ ਵਸ ਕੇ, ਭਾਗਾਂ ਵਾਲਿਆਂ ਭਾਗ ਬਣਾਈਆ । ਜਨ ਭਗਤੋ ਤੁਹਾਡੇ ਨਾਲ ਜਾਏ ਹੱਸ ਕੇ, ਹਸਤੀ ਵਿਚੋਂ ਹਸਤੀ ਆਪ ਸਮਝਾਈਆ । ਧੁਰ ਦਾ ਮਾਰਗ ਜਾਏ ਦੱਸ ਕੇ, ਦਸਾਂ ਗੁਰੂਆਂ ਦੀ ਜੋ ਪੜ੍ਹਾਈਆ । ਏਸੇ ਕਾਰਨ ਗੋਬਿੰਦ ਅੰਗੀਠੇ ਵਿਚ ਬਹਿ ਗਿਆ ਅੱਕ ਕੇ, ਅਕਲਾਂ ਵਾਲਿਆਂ ਦੀ ਚਲੀ ਨਾ ਕੋਇ ਚਤੁਰਾਈਆ । ਗੁਰਸਿਖਾਂ ਕੋਲੋਂ ਅੰਮ੍ਰਿਤ ਆਪ ਛਕ ਕੇ, ਆਪਣਾ ਭਰੋਸਾ ਗੁਰਮੁਖਾਂ ਉਤੇ ਟਿਕਾਈਆ ।

ਬੇਸ਼ਕ ਗੁਰਮੁਖ ਗਏ ਭੱਜ ਕੇ, ਗੋਬਿੰਦ ਹਾਜ਼ਰ ਹੋ ਕੇ ਦਰਸ ਦਿਖਾਈਆ । ਇਹ ਬਚਨ ਨਹੀਂ ਕੋਈ ਅੱਜ ਦੇ, ਜੁਗ ਚੌਕੜੀ ਰੀਤੀ ਰਿਹਾ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਔਂਦੇ ਰਹੇ ਜਗ ਤੇ, ਹੁਕਮੇਂ ਅੰਦਰ ਖੇਲ ਵਰਤਾਈਆ । ਭਗਤ ਭਗਵਾਨ ਨੂੰ ਰਹੇ ਸੱਦ ਦੇ, ਅੰਤਰ ਰੋ ਰੋ ਮਾਰਨ ਧਾਹੀਆ । ਦੂਰ ਦੁਰਾਡੇ ਰਹੇ ਭੱਜਦੇ, ਭੱਜਣ ਵਾਹੋ ਦਾਹੀਆ । ਇਕੱਠੇ ਹੋ ਕੇ ਤੁਹਾਡੇ ਵਾਂਗ ਨਹੀਂ ਰਹੇ ਸਜਦੇ, ਭਗਤ ਦਵਾਰਾ ਨਾ ਕੋਇ ਵਖਾਈਆ । ਦੁਖ ਝੱਲਦੇ ਰਹੇ ਪਾਣੀ ਅੱਗ ਦੇ, ਠੋਕਰਾਂ ਪੱਥਰਾਂ ਨਾਲ ਖਾਈਆ । ਜਨ ਭਗਤੋ ਤੁਹਾਡੇ ਨਾਲ ਖ਼ੁਸ਼ੀਆਂ ਤਾਲ ਵੇਖੋ ਵੱਜਦੇ, ਵਜ੍ਹਾ ਸਕੇ ਨਾ ਕੋਇ ਸਮਝਾਈਆ । ਜੇ ਗੋਬਿੰਦ ਦੇ ਬੱਚੇ ਨੀਹਾਂ ਹੇਠਾਂ ਨਾ ਦੱਬਦੇ, ਪ੍ਰਭ ਦਾ ਦਾਉ ਲੱਗੇ ਨਾ ਵਿਚ ਲੋਕਾਈਆ । ਇਹ ਖੇਲ ਰੋਜ਼ੇ ਸ਼ਬ ਦੇ, ਦਿਵਸ ਦਿਵਸ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਮੁਕਾ ਕੇ ਪਿਛਲੀ ਹੱਦ ਦੇ, ਹਾਜ਼ਰ ਹੋ ਕੇ ਦਇਆ ਕਮਾਈਆ । ਵਤਨ ਵਿਚ ਆਏ ਦੇਵੇ ਹੋਕਾ, ਹੁਕਮ ਧੁਰ ਦਾ ਇਕ ਸੁਣਾਈਆ । ਗੁਰਮੁਖੋ ਗਾਵੋ ਸਚ ਸਲੋਕਾ, ਜੋ ਸੁਲ੍ਹਾਕੁਲ ਰਿਹਾ ਦ੍ਰਿੜਾਈਆ । ਲੱਖ ਚੁਰਾਸੀ ਵਿਚੋਂ ਮਾਣਸ ਜਨਮ ਇਕੋ ਮੌਕਾ, ਜੋ ਮੁਕੰਮਲ ਪ੍ਰਭ ਦੇ ਨਾਲ ਮਿਲਾਈਆ । ਸ਼ਬਦੀ ਧਾਰ ਗੋਬਿੰਦ ਕਦੇ ਕਰੇ ਨਾ ਧੋਖਾ, ਧਰੂ ਪ੍ਰਹਿਲਾਦ ਦੇਣ ਗਵਾਹੀਆ । ਕਿਸੇ ਕੰਮ ਨਹੀਂ ਔਣਾ ਸਾਢੇ ਤਿੰਨ ਹੱਥ ਕਾਇਆ ਮਾਟੀ ਕੋਠਾ, ਜਿੰਨਾਂ ਚਿਰ ਆਤਮ ਪਰਮਾਤਮ ਮਿਲ ਕੇ ਵੱਜੇ ਨਾ ਵਧਾਈਆ । ਗੁਰਮੁਖੋ ਸਤਿਗੁਰੂ ਪ੍ਰੀਤ ਸੱਤ ਸਮੁੰਦਰ ਨਾਲੋਂ ਡੂੰਘਾ ਮਾਰਨਾ ਗੋਤਾ, ਮੋਤੀਆਂ ਵਾਲੇ ਸਿੱਪ ਹੱਥ ਨਾ ਕੋਇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚੀ ਸਰਨਾਈਆ । ਵਤਨ ਕਹੇ ਵਤਨਾਂ ਵਾਲਿਓ ਬੇਵਤਨ ਦੀ ਵਤ ਆਈ ਵਸਾਖੀ, ਵਾਤਾਵਰਨ ਦਏ ਬਦਲਾਈਆ । ਜੇ
੫੮੭ ੧੯ ਵੇਖੋ ਗੋਬਿੰਦ ਦੀ ਇਕਸਠ ਵਾਲੀ ਸਾਖੀ, ਜੋ ਸਿਖਿਆ ਸਿੱਖ ਦ੍ਰਿੜਾਈਆ । ਵਿਦਿਆ ਵਿਚ ਕਿਸੇ ਨਾ ਭਾਖੀ, ਕਲਜੁਗ ਸੰਤ ਕੰਤ ਭੇਵ ਨਾ ਕੋਇ ੫੮੭ ੧੯
ਦ੍ਰਿੜਾਈਆ । ਗੋਬਿੰਦ ਵਾਰ ਗਾਏ ਕੋਈ ਨਾ ਢਾਡੀ, ਸਰੰਗਾ ਸਾਰ ਨਾ ਕੋਇ ਜਣਾਈਆ । ਤਾਲ ਕੱਢੇ ਕੋਈ ਨਾ ਭਾਟੀ, ਭੱਟਾਂ ਵਿਚ ਨਾ ਕੋਇ ਵਡਿਆਈਆ । ਬਿਨਾ ਪੁਰਖ ਅਕਾਲ ਖੇਲ ਦੱਸੇ ਕੋਈ ਨਾ ਸਾਚੀ, ਬੁੱਧੀ ਦੀ ਬੁੱਧੀ ਨਾਲ ਲੜਾਈਆ । ਗੋਬਿੰਦ ਬਾਣੀ ਜਗਤ ਵਿਦਿਆ ਵਿਚ ਕਿਸੇ ਨਾ ਭਾਖੀ, ਅੱਖਰਾਂ ਨਾਲ ਬਹੁਤੇ ਰਹੇ ਸਮਝਾਈਆ । ਸ਼ਬਦ ਸਤਿਗੁਰੂ ਦੀ ਮੰਨੇ ਕੋਇ ਨਾ ਆਖੀ, ਅੱਖਰਾਂ ਦੀ ਕਰਨ ਲੜਾਈਆ । ਏਸ ਤੋਂ ਵੱਡੀ ਹੋਰ ਨਹੀਂ ਕੋਈ ਗੁਸਤਾਖੀ, ਏਸੇ ਕਰ ਕੇ ਮਿਲੇ ਸਜ਼ਾਈਆ । ਗੋਬਿੰਦ ਦੀ ਅੰਮ੍ਰਿਤ ਪਿਆਉਣ ਛਕਾਉਣ ਵਾਲੀ ਨਹੀਂ ਵਿਸਾਖੀ, ਬਸਤਰ ਪਹਿਨੌਣ ਨਾ ਕੋਇ ਚਤੁਰਾਈਆ । ਕਿਉਂ, ਗੋਬਿੰਦ ਨੂੰ ਪਤਾ ਸੀ ਮੈਂ ਸ਼ਬਦੀ ਧਾਰ ਹੋ ਕੇ ਜਨ ਭਗਤਾਂ ਅੰਦਰ ਕਟਣੀ ਦਿਨ ਤੇ ਰਾਤੀ, ਦੂਜਾ ਦਰ ਨਜ਼ਰ ਨਾ ਆਈਆ । ਏਨ੍ਹਾਂ ਦੇ ਅੰਤਰ ਮੇਰੇ ਪ੍ਰੇਮ ਦੀ ਹਾਟੀ, ਜਿਥੇ ਅੰਮ੍ਰਿਤ ਦੇਣਾ ਟਿਕਾਈਆ । ਅਜੇ ਤੱਕ ਕਿਸੇ ਨੂੰ ਸਮਝ ਨਹੀਂ ਕੋਈ ਭਾਖੀ, ਭਰਮ ਸਕੇ ਨਾ ਕੋਇ ਚੁਕਾਈਆ । ਗੁਰਮੁਖੋ ਵਤਨ ਵਿਚ ਰਹਿ ਕੇ ਤੁਹਾਡੀ ਕਰਦਾ ਰਹੇ ਰਾਖੀ, ਖ਼ਬਰਦਾਰ ਹੋ ਕੇ ਹੋਕਾ ਆਪ ਸੁਣਾਈਆ । ਬੁੱਤ ਕਰਕੇ ਅੰਦਰੋਂ ਬਾਹਰੋਂ ਪਾਕੀ, ਆਤਮ ਪਰਮਾਤਮ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਿਸੇ ਨਹੀਂ ਜਾਣਿਆ ਕਿਉਂ ਗੋਬਿੰਦ ਗੁਰਮੁਖਾਂ ਕੋਲੋਂ ਅੰਮ੍ਰਿਤ ਪੀਤਾ, ਹੱਥਾਂ ਅੱਗੇ ਹੱਥ ਫਲਾਈਆ । ਕੀ ਪੁਰਖ ਅਕਾਲ ਨੇ ਹੁਕਮ ਕੀਤਾ, ਅੰਦਰੋਂ ਕਰੀ ਪੜ੍ਹਾਈਆ । ਕੀ ਦਾਨ ਦਿਤਾ ਖੋਲ੍ਹ ਕੇ ਖੀਸਾ, ਵਸਤ ਅਮੋਲਕ ਇਕ ਵਰਤਾਈਆ । ਧੁਰ ਸੰਦੇਸ਼ ਹੋਇਆ ਗੋਬਿੰਦ

ਤੇਰਾ ਨੂਰ ਗੁਰਮੁਖ ਸ਼ੀਸ਼ਾ, ਆਪਣਾ ਆਪ ਇਸ ਦੇ ਵਿਚ ਟਿਕਾਈਆ । ਤੈਨੂੰ ਪੰਜਾਂ ਤੱਤਾਂ ਵਾਲਾ ਸਰੀਰ ਧਰਨਾ ਪਏ ਵਿਚ ਅੰਗੀਠਾ, ਵਜੂਦ ਰਹਿਣ ਕੋਇ ਨਾ ਪਾਈਆ । ਫੇਰ ਕਿਥੇ ਰਹੇਂ ਤੂੰ ਜੀਤਾ, ਕਵਣ ਦਵਾਰ ਰਹਿ ਕੇ ਝਟ ਲੰਘਾਈਆ । ਗੋਬਿੰਦ ਚਾਰ ਕੁੰਟ ਵੇਖ ਕੇ ਕਿਹਾ ਪ੍ਰਭੂ ਠੀਕ ਆ, ਠੀਕਰ ਭੱਜਿਆਂ ਮੇਰਾ ਨਿਸ਼ਾਨ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਕਿਹਾ ਸੁਣ ਮੇਰੀ ਸਚ ਹਦੀਸਾ, ਹੁਕਮ ਨਾਲ ਸੁਣਾਈਆ । ਜਿਸ ਵੇਲੇ ਕਲਜੁਗ ਅੰਤ ਅਖ਼ੀਰੀ ਬੀਤਾ, ਵੇਲਾ ਵਕਤ ਦਏ ਗਵਾਹੀਆ । ਤੇਰੀ ਫੁਲਵਾੜੀ ਦਾ ਮਹਿਕਣਾ ਇਕ ਬਗ਼ੀਚਾ, ਮਹਿਕ ਅੰਤਰ ਅੰਤਰ ਮਹਿਕਾਈਆ । ਝਗੜਾ ਰਹੇ ਨਾ ਊਚਾ ਨੀਚਾ, ਰਾਓ ਰੰਕ ਵੰਡ ਨਾ ਕੋਇ ਵੰਡਾਈਆ । ਤੇਰਾ ਖੇਲ ਹੋਣਾ ਠੰਡਾ ਸੀਤਾ, ਅਗਨੀ ਤਤ ਨਾ ਕੋਇ ਜਲਾਈਆ । ਤੂੰ ਜਨ ਭਗਤਾਂ ਬਣਨਾ ਮੀਤਾ, ਮਿੱਤਰ ਪਿਆਰਾ ਹੋ ਕੇ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਹੇ ਮੈਂ ਕਿਉਂ ਗੁਰਮੁਖਾਂ ਅੱਗੇ ਡਾਹੇ ਹੱਥ, ਹਥੇਲੀ ਹਥੇਲੀ ਉਤੇ ਟਿਕਾਈਆ । ਹੁਕਮ ਦਿਤਾ ਪੁਰਖ ਸਮਰਥ, ਸਹਿਜੇ ਸਹਿਜ ਦ੍ਰਿੜਾਈਆ । ਛੱਡ ਕੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦੇਣਾ ਤੁੜਾਈਆ । ਸ਼ਬਦੀ ਧਾਰ ਹੋ ਕੇ ਆਉਣਾ ਸਚ, ਸਤਿ ਤੇਰੀ ਵਡਿਆਈਆ । ਓਸ ਵੇਲੇ ਜਨ ਭਗਤਾਂ ਅੰਦਰ ਜਾਣਾ ਵਸ, ਵਾਸਤਾ ਆਪਣੇ ਨਾਲ ਰਖਾਈਆ । ਅੰਤਰ ਆਤਮ ਧੁਰ ਦਾ ਰਸ ਦੇਣਾ ਝੱਟ, ਅੱਖ ਆਪਣੇ ਨਾਲ ਮਿਲਾਈਆ । ਰਹਿਣਾ ਓਸ ਹੱਟ, ਨਾਮ ਦੇਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦਿਤਾ ਸੁਣਾਈਆ । ਸਾਚਾ ਹੁਕਮ ਸੁਣ ਗੋਬਿੰਦ ਧਾਰ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਵਤਨ ਵੇਖਣਾ ਗੁਰਮੁਖਾਂ ਦਾ ਘਰਬਾਰ, ਕਾਇਆ ਮਾਟੀ ਸੋਭਾ ਪਾਈਆ । ਬਣਨਾ ਮਿੱਤਰ ਯਾਰ, ਪ੍ਰੀਤਮ ਹੋ ਕੇ ਪ੍ਰੀਤੀ ਤੋੜ ਨਿਭਾਈਆ । ਵੇਖਣਾ ਸਦਾ ਜੁਗ ਚਾਰ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਕ਼ਰਜ਼ਾ ਲਹਿਣਾ ਦੇਣਾ ਤੇਰੇ ਕੋਲ ਰੱਖਿਆ ਉਧਾਰ, ਵੇਲੇ ਵਕ਼ਤ ਨਾਲ ਝੋਲੀ ਦੇਣਾ ਪਾਈਆ । ਹੋ ਕੇ ਰਹਿਣਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦੇਣੀ ਪੁਚਾਈਆ । ਸੋ ਵੇਲਾ ਵਕ਼ਤ ਪਹੁੰਚਿਆਂ ਆਣ, ਕਲਜੁਗ ਅੰਤ ਦਏ ਗਵਾਹੀਆ । ਵਤਨਾਂ ਵਾਲਿਓ ਹੋ ਜਾਓ ਸਵਾਧਾਨ, ਜਗਤ ਸਵਾਦਾਂ ਵਿਚੋਂ ਤੁਹਾਨੂੰ ਸਾਧ ਦਏ ਬਣਾਈਆ । ਆਪਣੇ ਘਰ ਦੀ ਕਰੋ ਪਹਿਚਾਨ, ਜਿਸ ਗ੍ਰਿਹ ਵਿਚੋਂ ਹੋਈ ਅੰਤ ਜੁਦਾਈਆ । ਨਾਤਾ ਜੋੜੇ ਨਾਲ ਸ੍ਰੀ ਭਗਵਾਨ, ਭਾਗ ਹਿੱਸਾ ਤੁਹਾਡੀ ਝੋਲੀ ਪਾਈਆ । ਦਸਰਥ ਦਾ ਬੇਟਾ ਲੱਭਣਾ ਪਏ ਨਾ ਰਾਮ, ਗੋਪੀਆਂ ਵਾਲਾ ਕਾਹਨ ਬੰਸਰੀ ਬਾਂਸ ਨਾ ਕੋਇ ਸੁਣਾਈਆ । ਈਸਾ ਮੂਸਾ ਮੁਹੰਮਦ ਕਰਨਾ ਨਾ ਪਏ ਧਿਆਨ, ਨਾਨਕ ਗੋਬਿੰਦ ਸਿਫ਼ਤ ਨਾ ਕੋਇ ਸਾਲਾਹੀਆ । ਇਕੋ ਵਤਨ ਦਾ ਮਾਲਕ ਪਹੁੰਚੇ ਆਣ, ਦੋ ਜਹਾਨ ਲੇਖਾ ਦਏ ਮੁਕਾਈਆ । ਦਇਆ ਕਮਾ ਕੇ ਪੁਚਾਏ ਓਸ ਮੁਕਾਮ, ਜੋ ਮੁਕੀਮ ਕ਼ਦੀਮ ਤੋਂ ਬਣਾਇਆ ਬੇਪਰਵਾਹੀਆ । ਜਿਥੇ ਰਹਿ ਕੇ ਗੁਰਸਿਖੋ ਹੋਣਾ ਨਾ ਪਏ ਬਦਨਾਮ, ਬਦੀ ਨੇਕੀ ਦਾ ਲੇਖਾ ਦਏ ਚੁਕਾਈਆ । ਲੱਖ ਚੁਰਾਸੀ ਰਹਿਣਾ ਨਾ ਪਏ ਗ਼ੁਲਾਮ, ਰਾਏ ਧਰਮ ਦਏ ਨਾ ਕੋਇ ਸਜ਼ਾਈਆ । ਸਤਿਗੁਰ ਚਰਨ ਧੂੜੀ ਹੋਵੇ ਇਸਨਾਨ, ਮਜਨ ਇਕੋ ਇਕ ਕਰਾਈਆ । ਸਾਚੇ ਦਰ ਮਿਲੇ ਬਿਸਰਾਮ, ਬਿਸਤਰ ਖਟੀਆ ਦੋਵੇਂ ਦੇਣਾ ਤਜਾਈਆ । ਕਲਜੁਗ ਅੰਤ ਨਾ ਰਹੇ ਬੇਪਹਿਚਾਨ, ਅੱਖਾਂ ਵਿਚੋਂ ਅੱਖ ਲੈਣੀ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਜਨ ਭਗਤੋ ਤੁਹਾਡਾ ਵਤਨ ਸਦਾ ਵਸਦਾ, ਆ ਕੇ ਵੇਖੇ ਸ਼ਹਿਨਸ਼ਾਹੀਆ । ਜਿਥੇ ਢੋਲਾ


੫੮੮
੧੯

ਭਗਤ ਭਗਵਾਨ ਦੇ ਜਸ ਦਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਇਸ਼ਟ ਬਣਿਆ ਇਕੋ ਗਿਆਨ ਨੇਤਰ ਅੱਖ ਦਾ, ਅਗਿਆਨ ਬੈਠਾ ਮੁਖ ਭਵਾਈਆ । ਪਰਕਾਸ਼ ਹੋਵੇ ਸਚ ਸਤਿ ਦਾ, ਵੱਜੇ ਹੱਕ ਵਧਾਈਆ । ਜੋ ਜਨ ਭਗਤ ਸੁਹੇਲਾ ਸੋਹੰ ਢੋਲਾ ਰਟਦਾ, ਰੱਟਾ ਅਗਲਾ ਪਿਛਲਾ ਜਾਏ ਮੁਕਾਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਗਗਨ ਗਗਨੰਤਰਾਂ ਆਪੇ ਟੱਪਦਾ, ਭੱਜਾ ਜਾਏ ਵਾਹੋ ਦਾਹੀਆ । ਗੁਰਮੁਖ ਨੂਰ ਕਦੇ ਨਾ ਛਪਦਾ, ਜੁਗ ਚੌਕੜੀ ਕਰੇ ਰੁਸ਼ਨਾਈਆ । ਮੰਜ਼ਲ ਚੜ੍ਹਦਾ ਕਦੇ ਨਾ ਅੱਕਦਾ, ਪੈਂਡਾ ਸਹਿਜੇ ਜਾਏ ਮੁਕਾਈਆ । ਓਸ ਘਰਾਨੇ ਵਿਚ ਵਸਦਾ, ਜਿਥੇ ਗੁਰਮੁਖ ਘਰ ਦੇ ਬੈਠੇ ਡੇਰਾ ਲਾਈਆ । ਸਚ ਸਿੰਘਾਸਣ ਸਾਹਿਬ ਸਵਾਮੀ ਸਜਦਾ, ਸੱਜਣ ਬੇਪਰਵਾਹੀਆ । ਜੋ ਜਨ ਭਗਤਾਂ ਦਰਸ਼ਨ ਕਰ ਕਰ ਜੁਗ ਜੁਗ ਰੱਜਦਾ, ਦੂਜਿਆਂ ਮਿਲਣ ਕਦੇ ਨਾ ਆਈਆ । ਲੱਖ ਚੁਰਾਸੀ ਖੇਲ ਰਚਾਇਆ ਦੁਨੀ ਜਗ ਦਾ, ਕਾਇਨਾਤ ਰਿਹਾ ਭਵਾਈਆ । ਗੁਰਮੁਖੋ ਤੁਹਾਡਾ ਸੁਹਾਵਣਾ ਸਮਾਂ ਹੋਇਆ ਅੱਜ ਦਾ, ਅਗੇ ਅਜ਼ਲ ਨਾ ਕੋਇ ਸਤਾਈਆ । ਵਤਨ ਅਨੋਖਾ ਰਹੇ ਵਸਦਾ, ਜਿਥੇ ਵਸਲ ਯਾਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਲਕ ਬਣਿਆ ਤੁਹਾਡਾ ਸਭ ਦਾ, ਸਭਨਾ ਦਾ ਲੇਖਾ ਲਹਿਣਾ ਆਪਣਿਆਂ ਚਰਨਾਂ ਵਿਚ ਰਖਾਈਆ ।



## ✪ ੨ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਹਰਚਰਨ ਸਿੰਘ ਦੇ ਗ੍ਰਹਿ ਬਠਿੰਡਾ ✪

ਜਨ ਭਗਤ ਕਦੇ ਨਾ ਹੋਵੇ ਬੇਘਰ, ਘਰਾਨਾ ਵਸਦਾ ਰਹੇ ਬੇਪਰਵਾਹੀਆ । ਅਬਿਨਾਸ਼ੀ ਕਰਤਾ ਪਰਮ ਪੁਰਖ ਜਿਨ੍ਹਾਂ ਦਾ ਵਰ, ਅੰਤਰ ਮਿਲ ਕੇ ਦਏ ਵਡਿਆਈਆ । ਸਦਾ ਸਦਾ ਸਦ ਨੁਹਾਏ ਅਗੰਮੀ ਸਰ, ਸਰੋਵਰ ਇਕੋ ਇਕ ਵਖਾਈਆ । ਭੈ ਭੌ ਚੁਕਾਵੇ ਕੂੜਾ ਡਰ, ਚੁਰਾਸੀ ਗੇੜ ਨਾ ਕੋਇ ਭਵਾਈਆ । ਦੀਨ ਦੁਨੀ ਵਿਚੋਂ ਲਏ ਫੜ, ਨਿਰਗੁਣ ਸਰਗੁਣ ਖੋਜ ਖੁਜਾਈਆ । ਪੱਲੂ ਨਾਲ ਸ਼ਬਦੀ ਡੋਰ ਬੰਧਾਏ ਲੜ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਸਾਚੇ ਮੰਦਰ ਅੰਦਰ ਜਾਵੇ ਚੜ੍ਹ, ਗ੍ਰਹਿ ਵੱਜੇ ਇਕ ਵਧਾਈਆ । ਧੁਰ ਦਾ ਢੋਲਾ ਗੀਤ ਸੋਹਲਾ ਲਏ ਪੜ੍ਹ, ਸੋਹੰ ਰਾਗ ਇਕ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਵਡਿਆਈਆ । ਜਨ ਭਗਤ ਕਦੇ ਨਾ ਹੋਵੇ ਖ਼ਾਨਾਬਦੋਸ਼, ਬੇਦਰ ਨਾ ਮਾਤ ਅਖਵਾਈਆ । ਜਿਨ੍ਹਾਂ ਦੇ ਅੰਦਰ ਅਬਿਨਾਸ਼ੀ ਕਰਤਾ ਵਸਦਾ ਰਹੇ ਖ਼ਾਮੋਸ਼, ਸਚ ਸਿੰਘਾਸਣ ਆਸਣ ਡੇਰਾ ਲਾਈਆ । ਨਾਮ ਖ਼ੁਮਾਰੀ ਅੰਦਰ ਰਖੇ ਮਦਹੋਸ਼, ਪਿਆਲਾ ਮਧਰ ਜਾਮ ਜਾਣ ਭੁਲਾਈਆ । ਜਨਮ ਜਨਮ ਦੀ ਮੇਟੇ ਸੋਚ, ਸਮਝ ਸਮਝ ਵਿਚੋਂ ਬਦਲਾਈਆ । ਚਰਨ ਪ੍ਰੀਤੀ ਦੱਸ ਕੇ ਮੌਜ, ਮਜਲਸ ਆਪਣੇ ਸੰਗ ਵਖਾਈਆ । ਪੂਰਬ ਜਨਮ ਦੀ ਮਨਸਾ ਪੂਰੀ ਕਰ ਕੇ ਲੋਚ, ਲੋਚਣ ਅੰਦਰੋਂ ਦਏ ਖੁਲ੍ਹਾਈਆ । ਨਾਮ ਸੁਣਾ ਕੇ ਧੁਰ ਸਲੋਕ, ਸੋਹੰ ਢੋਲਾ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਵਡਿਆਈਆ । ਜਨ ਭਗਤ ਕਦੇ ਨਾ ਹੋਏ ਬੇਗਾਨਾ, ਦੂਸਰ ਵੰਡ ਨਾ ਕੋਇ ਵੰਡਾਇੰਦਾ । ਜਿਨ੍ਹਾਂ ਦਾ ਮਾਲਕ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਦੋ ਜਹਾਨਾਂ ਸੋਭਾ ਪਾਇੰਦਾ । ਸੋ ਆਤਮ ਪਰਮਾਤਮ ਨਿਰਗੁਣ ਧਾਰ ਨਿਰਗੁਣ ਲਾਏ ਯਾਰਾਨਾ, ਮੁਹੱਬਤ ਮਿਹਰ ਵਿਚ ਰਖਾਇੰਦਾ । ਸਾਚੇ ਨਾਮ

ਦਾ ਸੁਣਾਏ ਅਗੰਮੀ ਅਫ਼ਸਾਨਾ, ਅਫ਼ਸੋਸ ਚਿੰਤਾ ਨਾ ਕੋਇ ਰਖਾਇੰਦਾ । ਸਚ ਪ੍ਰੀਤੀ ਅੰਦਰ ਕਰੇ ਦੀਵਾਨਾ, ਮਸਤੀ ਹਸਤੀ ਵਿਚੋਂ ਪਰਗਟਾਇੰਦਾ । ਧੁਰ ਦਾ ਧਾਮ ਦੱਸ ਨਿਸ਼ਾਨਾ, ਤੀਰ ਨਿਸ਼ਾਨਾ ਇਕੋ ਇਕ ਚਲਾਇੰਦਾ । ਜੋਧਾ ਸੂਰਬੀਰ ਬਣ ਮਰਦ ਮਰਦਾਨਾ, ਮਦਦ ਆਪਣੀ ਨਾਲ ਉਠਾਇੰਦਾ । ਪਹਿਲੋਂ ਲੋਕਮਾਤ ਜਨ ਭਗਤਾਂ ਕਰੇ ਰਵਾਨਾ, ਪਿਛੇ ਆਪਣਾ ਨੂਰ ਚਮਕਾਇੰਦਾ । ਮੇਲ ਮਿਲਾਏ ਗੁਣ ਨਿਧਾਨਾ, ਗੁਣਵੰਤਾ ਆਪਣਾ ਭੇਵ ਖੁਲ੍ਹਾਇੰਦਾ । ਪਰਗਟ ਹੋ ਕੇ ਆਵੇ ਵਿਚ ਮੈਦਾਨਾ, ਸਚ ਸੁਹਾਨਾ ਵਕ਼ਤ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਜਨ ਭਗਤ ਕਦੇ ਨਾ ਜਾਵੇ ਔਝੜ ਰਾਹ, ਉਜੜਿਆ ਖੇੜਾ ਨਾ ਕਦੇ ਵਖਾਈਆ । ਜਿਨ੍ਹਾਂ ਦਾ ਪਰਮ ਪੁਰਖ ਪਰਮਾਤਮ ਬਣੇ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਸ਼ਬਦੀ ਸ਼ਬਦ ਦਏ ਸਲਾਹ, ਮਸ਼ਵਰਾ ਇਕੋ ਨਾਮ ਕਰਾਈਆ । ਕੋਟ ਜਨਮ ਦੇ ਬਖ਼ਸ਼ ਗੁਨਾਹ, ਦੁਰਮਤ ਮੈਲ ਕਰੇ ਸਫਾਈਆ । ਚਰਨ ਕਵਲ ਦੇ ਪਨਾਹ, ਮਿਹਰ ਨਜ਼ਰ ਇਕ ਉਠਾਈਆ । ਜੀਵਣ ਵਿਚੋਂ ਜੀਵਣ ਦੇ ਕੇ ਨਵਾਂ, ਨਵ ਜੋਬਨ ਆਪਣਾ ਦਏ ਵਖਾਈਆ । ਮਨ ਮਮਤਾ ਮੇਟ ਦੇ ਤਮਅ, ਸਮਝ ਮਸਝ ਵਿਚੋਂ ਬਦਲਾਈਆ । ਲੇਖੇ ਲਾ ਕੇ ਪਵਣ ਸਵਾਸ ਦਮਾਂ, ਦਾਮਨ ਹੋ ਕੇ ਦਾਮਨਗੀਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਜਨ ਭਗਤ ਕਦੇ ਨਾ ਹੋਵੇ ਦੂਰ, ਦੁਰਾਡਾ ਪੰਧ ਨਾ ਕੋਇ ਵਖਾਈਆ । ਜਿਨ੍ਹਾਂ ਦੇ ਅੰਤਰ ਇਕੋ ਨੂਰ, ਮੰਤਰ ਢੋਲਾ ਇਕੋ ਗਾਈਆ । ਸਚ ਨਾਮ ਸਰੂਰ, ਸੁਰਤੀ ਸ਼ਬਦ ਵਿਚ ਸਮਾਈਆ । ਨਾਤਾ ਤੋੜ ਕੂੜ ਮਫ਼ਰੂਰ, ਮਾਇਆ ਮਮਤਾ ਮੋਹ ਚੁਕਾਈਆ । ਨਿਤ ਦਰਸ਼ਨ ਕਰਨ ਹਾਜ਼ਰ ਹਜ਼ੂਰ, ਹਜ਼ਰਤ ਵੇਖਣ ਸ਼ਹਿਨਸ਼ਾਹੀਆ । ਜਿਸ ਦਾ ਸ਼ੁਕਰੀਏ ਵਿਚ ਸਾਰੇ ਕਰਦੇ ਮਸ਼ਕੂਰ, ਮੁਸ਼ਕਲ ਸਭ ਦੀ ਹੱਲ ਕਰਾਈਆ । ਸਰਬ ਕਲਾ ਭਰਪੂਰ, ਅਤੋਟ ਅਤੁਟ ਰਿਹਾ ਵਰਤਾਈਆ । ਜਨ ਭਗਤਾਂ ਮਾਨਸ ਜਨਮ ਕਰ ਮਨਜ਼ੂਰ, ਕਲਜੁਗ ਕੂੜ ਫਤੂਰ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਵੇਖੇ ਪ੍ਰੇਮ ਭਗਤੀ ਵਾਲੇ ਮਜ਼ਦੂਰ, ਮਿਹਨਤ ਮੁਸ਼ੱਕਤ ਬਾਵਕ਼ਤ ਸਭ ਦੀ ਝੋਲੀ ਪਾਈਆ ।



### ੪ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਮੈਹਿੰਗਾ ਸਿੰਘ ਦੇ ਗ੍ਰਹਿ ਪਿੰਡ ਹਰੀ ਪੁਰ

ਤੇਰਾ ਖੇਲ ਪੁਰਖ ਸਮਰਥ, ਆਦਿ ਜੁਗਾਦਿ ਜੁਗ ਚੌਕੜੀ ਭੇਵ ਕੋਈ ਨਾ ਪਾਇੰਦਾ । ਬੋਧ ਅਗਾਧ ਸ਼ਬਦ ਅਨਾਦ ਮਹਿੰਮਾ ਅਕੱਥ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸਿਫ਼ਤ ਸਾਲਾਹਿੰਦਾ । ਗੁਰ ਅਵਤਾਰ ਪੈਗ਼ੰਬਰ ਗਾਉਂਦੇ ਤੇਰਾ ਜਸ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹਿੰਦਾ, ਸੰਤ ਭਗਤ ਸੂਫ਼ੀ ਦਿਵਸ ਰੈਣ ਰਹੇ ਲੱਭ, ਅੰਤਰ ਆਤਮ ਖੋਜ ਖੁਜਾਇੰਦਾ । ਨੌ ਸੱਤ ਆਰ ਪਾਰ ਤੇਰੀ ਕੋਈ ਨਾ ਜਾਣੇ ਹੱਦ, ਚੌਦਾਂ ਲੋਕ ਚੌਦਾਂ ਤਬਕ ਪੜਦਾ ਨਾ ਕੋਇ ਉਠਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੇਵੇ ਅਗੰਮੀ ਵਥ, ਵਸਤ ਅਮੋਲਕ ਨਾਮ ਨਿਧਾਨਾ ਝੋਲੀ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਵੇ ਨਠ ਨਠ, ਜੁਗ ਚੌਕੜੀ ਆਪਣੀ ਧਾਰ ਚਲਾਇੰਦਾ । ਗੰਗਾ ਗੋਦਾਵਰੀ ਜਮਨਾ ਸੁਰਸਤੀ ਤੀਰਥ ਸਰੋਵਰ ਅੱਠ ਸੱਠ ਸਮੁੰਦ ਸਾਗਰ ਜਲਧਾਰਾ ਤੇਰੀ ਓਟ ਤਕਾਇੰਦਾ । ਹੁਕਮੇ ਅੰਦਰ ਖੇਲੇ ਖੇਲ ਚੁਰਾਸੀ ਲੱਖ, ਅੰਡਜ ਜੇਰਜ

ਉਤਭੁਜ ਸੇਤਜ ਚਾਰੇ ਖਾਣੀ ਆਪ ਵਡਿਆਇੰਦਾ । ਨਿਤ ਨਵਿਤ ਨਿਰਵੈਰ ਨਿਰਾਕਾਰ ਨਿਰਗੁਣ ਜੋਤ ਹੋਏ ਪਰਗਟ, ਸਾਖਿਆਤ ਸਵੱਛ ਸਰੂਪੀ ਅਨੁਭਵ ਪਰਕਾਸ਼ ਆਪਣਾ ਇਕ ਦ੍ਰਿੜਾਇੰਦਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੋ ਜਹਾਨ ਸ੍ਰੀ ਭਗਵਾਨ ਖੋਲ੍ਹ ਆਪਣਾ ਹੱਟ, ਕਲਮਾ ਹੱਕ ਹੱਕ ਸਮਝਾਇੰਦਾ । ਜੋਤੀ ਨੂਰ ਜਾਹਰ ਜਹੂਰ ਹੋਵੇ ਲਟ ਲਟ, ਕਰਨੀ ਦਾ ਕਰਤਾ ਕ਼ੁਦਰਤ ਦਾ ਕ਼ਾਦਰ ਮਹਿਬੂਬ ਮੁਹੱਬਤ ਵਿਚ ਆਪਣਾ ਖੇਲ ਖਿਲਾਇੰਦਾ । ਸੋਈ ਸੁਰਤੀ ਹੁਕਮੈਂ ਅੰਦਰ ਆਤਮ ਪਰਮਾਤਮ ਲਾਵੇ ਸੱਟ, ਪਾਰਬ੍ਰਹਮ ਬ੍ਰਹਮ ਪੜਦਾ ਆਪ ਉਠਾਇੰਦਾ । ਨਿਝਰ ਝਿਰਨਾ ਅੰਮ੍ਰਿਤ ਧਾਰ ਅੰਮਿਉਂ ਦੇਵੇ ਰਸ, ਰਸਤਾ ਰਹਿਬਰ ਹੋ ਕੇ ਆਪ ਵਖਾਇੰਦਾ । ਘਰ ਘਟ ਭੀਤਰ ਜਗਤ ਨਿਰਾਲਾ ਰਿਹਾ ਦੱਸ, ਭੇਵ ਅਭੇਦਾ ਅਛਲ ਅਛੇਦਾ ਆਪਣੇ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਤੇਰਾ ਕੋਈ ਨਾ ਪਾਵੇ ਭੇਵ, ਪੜਦਾ ਓਹਲਾ ਧੁਰ ਦਰਗਾਹ ਸਚ ਮਲਾਹ ਨਾ ਕੋਇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਕਰਦੇ ਰਹੇ ਸੇਵ, ਨਿਰਗੁਣ ਸਰਗੁਣ ਅੱਖਰਾਂ ਵਾਲੀ ਜਗਤ ਪੜ੍ਹਾਈਆ । ਢੋਲੇ ਗਾਉਂਦੇ ਗਏ ਬੱਤੀ ਦੰਦ ਜੇਹਵ, ਰਾਗ ਨਾਦ ਸ਼ਬਦ ਧੁਨ ਕਲਮਿਆਂ ਵਿਚ ਸ਼ਨਵਾਈਆ । ਤੇਰਾ ਮਹੱਲ ਅਟਲ ਉਚ ਮਨਾਰ ਸਦਾ ਨਿਹਕੇਵ, ਅਗੰਮ ਅਥਾਹ ਬੇਪਰਵਾਹ ਤੇਰਾ ਅੰਤ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਸਰਗੁਣ ਧਾਰ ਚਲਾਈਆ । ਪਾਰਬ੍ਰਹਮ ਬੇਅੰਤ ਅਗੰਮ ਅਥਾਹ, ਬੇਪਰਵਾਹ ਬੇਪਰਵਾਹੀ ਵਿਚ ਸਮਾਇੰਦਾ । ਨਿਤ ਨਵਿਤ ਜੁਗ ਚੌਕੜੀ ਨਿਰਗੁਣ ਸਰਗੁਣ ਬਣੇ ਮਲਾਹ, ਆਤਮ ਪਰਮਾਤਮ ਪਰਮਾਤਮ ਆਤਮ ਬ੍ਰਹਮ

ਪੜਦਾ ਆਪ ਉਠਾਇੰਦਾ । ਸ਼ਬਦ ਅਨਾਦੀ ਬੋਧ ਅਗਾਧੀ ਬਿਨ ਅੱਖਰਾਂ ਦੇਵੇ ਇਕ ਸਲਾਹ, ਨਿਸ਼ਅੱਖਰ ਆਪਣਾ ਹੁਕਮ ਵਰਤਾਇੰਦਾ । ਸਾਹਿਬ ਸਵਾਮੀ ਅੰਤਰਜਾਮੀ ਆਪੇ ਬਣੇ ਮਲਾਹ, ਖੇਵਟ ਖੇਟਾ ਬੇੜਾ ਆਪਣੇ ਕੰਧ ਉਠਾਇੰਦਾ । ਸੰਤ ਸੁਹੇਲੇ ਗੁਰ ਗੁਰ ਚੇਲੇ ਲਏ ਉਠਾ, ਜਾਗਰਤ ਜੋਤ ਬਿਨ ਵਰਨ ਗੋਤ ਆਪ ਡਗਮਗਾਇੰਦਾ । ਜਲਵਾਗਰ ਨੂਰੀ ਨੂਰ ਇਕ ਖ਼ੁਦਾ, ਖ਼ੁਦੀ ਤਕੱਬਰ ਮਾਇਆ ਮਮਤਾ ਮੋਹ ਮੇਟ ਮਿਟਾਇੰਦਾ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਕਦੇ ਨਾ ਹੋਵੇ ਜੁਦਾ, ਜੁਜ਼ ਵੰਡ ਨਾ ਕੋਇ ਵੰਡਾਇੰਦਾ । ਸੂਫ਼ੀ ਸੰਤ ਫ਼ਕੀਰਾਂ ਅੰਦਰ ਵੜ ਕੇ ਮੰਦਰ ਚੜ੍ਹ ਕੇ ਸਾਚਾ ਮਾਰਗ ਦਏ ਸਿੱਧਾ, ਰਿੱਧ ਸਿੱਧ ਕੂੜ ਕੁੜਿਆਰ ਡੇਰਾ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਘਟ ਭੀਤਰ ਨਿਰੰਤਰ ਅੰਤਰ ਮੰਤਰ ਇਕੋ ਨਾਮ ਦ੍ਰਿੜਾਇੰਦਾ । ਪਾਰਬ੍ਰਹਮ ਤੇਰਾ ਖੇਲ ਅਗੰਮ, ਅਗੋਚਰ, ਕਹਿਣ ਕੋਇ ਨਾ ਪਾਈਆ । ਰਸਨ ਸਵਾਸੀ ਕੋਈ ਨਾ ਗਾਵੇ ਪਵਣੀ ਦਮ, ਵਿਦਿਆ ਵਿਚ ਨਾ ਕੋਇ ਚਤੁਰਾਈਆ । ਲੇਖਾ ਜਾਣੇ ਨਾ ਕੋਈ ਕਾਇਆ ਮਾਟੀ ਹੱਡ (ਚੰਮ), ਚੰਮ ਇਸ਼ਟੀ ਦ੍ਰਿਸ਼ਟੀ ਭੇਵ ਨਾ ਕੋਇ ਖੁਲ੍ਹਾਈਆ । ਤੇਰੀ ਧਾਰ ਨੂਰੋ ਨੂਰ ਜਲਵਾਗਰ ਬ੍ਰਹਮ, ਇਸਮ ਆਜ਼ਮ ਇਕ ਰੁਸ਼ਨਾਈਆ । ਨਿਹਕਰਮੀ ਹੋ ਕੇ ਕਰੇ ਅਗੰਮ ਕਰਮ, ਜਗਤ ਕਾਂਡ ਦਾ ਝਗੜਾ ਦਏ ਚੁਕਾਈਆ । ਮਨ ਵਾਸਨਾ ਕੂੜੀ ਕਿਰਿਆ ਮੇਟਣਹਾਰ ਭਰਮ, ਭਾਂਡਾ ਭਰਮ ਭੌ ਭੰਨਾਈਆ । ਮਾਨਵ ਜਾਤੀ ਮਨੁੱਖਤਾ ਇਕੋ ਦੱਸੇ ਧਰਮ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਈ ਵੰਡਾਈਆ । ਪਾਰਬ੍ਰਹਮ ਬ੍ਰਹਮ ਸਤਿ ਸਤਿਵਾਦੀ ਸਾਚੀ ਸਰਨ, ਦੂਸਰ ਓਟ ਨਾ ਕੋਇ ਤਕਾਈਆ । ਸਾਚਾ ਢੋਲਾ ਧੁਰ ਦਾ ਸੰਗੀਤ ਨਾਮ ਨਿਧਾਨ ਗੁਰਮੁਖ ਸੰਤ ਸੁਹੇਲੇ ਪੜ੍ਹਨ,

ਦੂਈ ਦਵੈਤੀ ਰਹੇ ਨਾ ਰਾਈਆ । ਬਿਨ ਪੌੜੀ ਡੰਡੇ ਮੰਜ਼ਲ ਆਪਣੀ ਚੜ੍ਹਨ, ਨੌ ਦਵਾਰ ਸੁਖਮਨ ਟੇਡੀ ਬੰਕ ਜਗਤ ਵਾਸਨਾ ਅਧਵਿਚਕਾਰ ਨਾ ਕੋਇ ਅਟਕਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜੋਤ ਪਰਕਾਸ਼ੀ ਨਿਰਗੁਣ ਨੂਰ ਜੋਤ ਦਰਸ਼ਨ ਕਰਨ, ਦੀਦਾਰ ਦੀਦ ਦੂਰ ਕਰੇ ਨਾ ਬੀਨਾਈਆ । ਆਤਮ ਹੋ ਕੇ ਪਰਮਾਤਮ ਪੀਆ ਪਤਿਪਰਮੇਸ਼ਵਰ ਵਰਨ, ਪਾਰਬ੍ਰਹਮ ਬ੍ਰਹਮ ਨਾਤਾ ਜੋੜੇ ਸਹਿਜ ਸੁਭਾਈਆ । ਭਗਤ ਭਗਵਾਨ ਮਿਲ ਕੇ ਬਿਨ ਅੱਖਰਾਂ ਢੋਲੇ ਪੜ੍ਹਨ, ਬਿਨ ਨਾਦ ਧੁਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਗ੍ਰਹਿ ਆਪਣੀ ਖ਼ੁਸ਼ੀ ਮਨਾਈਆ । ਪਾਰਬ੍ਰਹਮ ਬੇਅੰਤ ਅਬਿਨਾਸ਼ਾ, ਅਬਿਨਾਸ਼ੀ ਆਪਣੀ ਖੇਲ ਖਿਲਾਈਆ । ਜੁਗ ਚੌਕੜੀ ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਵੇਖਣਹਾਰਾ ਤਮਾਸ਼ਾ, ਤਮਅ ਤ੍ਰਿਸ਼ਨਾ ਜਗਤ ਵਾਸਨਾ ਫੋਲ ਫੁਲਾਈਆ । ਜਨ ਭਗਤਾਂ ਅੰਤਰ ਆਤਮਾ ਨਿਜ ਗ੍ਰਹਿ ਮੰਦਰ ਅੰਦਰ ਵੇਖੇ ਪੂਰਬ ਜਨਮ ਦੀ ਆਸਾ, ਆਸਾ ਮਨਸਾ ਤ੍ਰਿਸ਼ਨਾ ਮਮਤਾ ਮੋਹ ਮੇਟ ਮਿਟਾਈਆ । ਸਚ ਪ੍ਰੀਤੀ ਚਰਨ ਕਵਲ ਉਪਰ ਧਵਲ ਦੇਵੇ ਧੁਰ ਭਰਵਾਸਾ, ਭਾਂਡਾ ਭਰਮ ਭੌ ਕੂੜੀ ਕਿਰਿਆ ਆਪ ਭੰਨਾਈਆ । ਬਿਨ ਦੀਆ ਬਾਤੀ ਕਮਲਾਪਾਤੀ ਜੋਤ ਕਰ ਪਰਕਾਸ਼ਾ, ਮੰਡਲ ਰਾਸੀ ਸੁਰਤੀ ਸ਼ਬਦੀ ਗੋਪੀ ਕਾਹਨ ਆਪ ਨਚਾਈਆ । ਜਨ ਭਗਤਾਂ ਅੰਦਰ ਬਾਹਰ ਗੁਪਤ ਜਾਹਰ ਨਿਤ ਨਵਿਤ ਸਦਾ ਸੁਹੇਲਾ ਵਸੇ ਪਾਸਾ, ਉੱਤਰ ਪੂਰਬ ਪੱਛਮ ਦੱਖਣ ਚਾਰ ਕੁੰਟ ਦਹਿ ਦਿਸ਼ਾ ਵਿਛੜ ਕਦੇ ਨਾ ਜਾਈਆ । ਏਥੇ ਓਥੇ ਦੋ ਜਹਾਨ ਭਗਤ ਭਗਵਾਨ ਬਣਿਆ ਰਹੇ ਰਾਖਾ, ਰੱਖਕ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਹਰਿਜਨ ਹਰਿ ਹਰਿ ਮੇਲੇ ਸਹਿਜ ਸੁਭਾਈਆ ।



੫੯੨
੧੯

### ✪ ੫ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਪਰਗਟ ਸਿੰਘ ਦੇ ਗ੍ਰਹਿ ਹਰਿ ਭਗਤ ਦਵਾਰ ਧੀਰ ਪੁਰ ਦਿੱਲੀ ✪

ਬ੍ਰਹਮ ਕਹੇ ਤੇਰੀ ਬੇਪਰਵਾਹੀ, ਪਾਰਬ੍ਰਹਮ ਤੇਰੇ ਵਿਚ ਸਮਾਈਆ । ਆਤਮ ਪਰਮਾਤਮ ਹੋਈ ਜੁਦਾਈ, ਤਨ ਵਜੂਦ ਤਤ ਡੇਰਾ ਲਾਈਆ । ਨੂਰੋ ਨੂਰ ਕਰ ਰੁਸ਼ਨਾਈ, ਦੀਪਕ ਦੀਆ ਡਗਮਗਾਈਆ । ਲੱਖ ਚੁਰਾਸੀ ਖੇਲ ਰਚਾਈ, ਅੰਡਜ ਜੇਰਜ ਉਤਭੁਜ ਸੇਤਜ ਅਗੰਮੀ ਬਣਤ ਬਣਾਈਆ । ਘਟ ਭੀਤਰ ਗ੍ਰਹਿ ਡੇਰਾ ਲਾਈ, ਸੁਹੰਜਣਾ ਦਰ ਸੁਹਾਈਆ । ਨਾਮ ਧੁਨ ਸ਼ਬਦ ਸ਼ਨਵਾਈ, ਬਿਨ ਰਸਨਾ ਜਿਹਵਾ ਬੱਤੀ ਦੰਦ ਗਾਈਆ । ਖ਼ਾਲਕ ਖ਼ਲਕ ਬਣ ਨੂਰ ਖ਼ੁਦਾਈ, ਜਲਵਾਗਰ ਆਪ ਅਖਵਾਈਆ । ਜੁਗ ਚੌਕੜੀ ਵੰਡ ਵੰਡਾਈ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਗੁਰ ਅਵਤਾਰ ਬਣਤ ਬਣਾਈ, ਨਿਰਗੁਣ ਸਰਗੁਣ ਸੇਵ ਲਗਾਈਆ । ਨਾਤਾ ਜੋੜ ਕਾਗ਼ਜ਼ ਕ਼ਲਮ ਸ਼ਾਹੀ, ਅੱਖਰਾਂ ਅੰਦਰ ਸਧਰਾਂ ਜੋੜ ਜੁੜਾਈਆ । ਹੁਕਮ ਦੇ ਕੇ ਧੁਰਦਰਗਾਹੀ, ਫ਼ਰਮਾਨਾ ਇਕ ਸਮਝਾਈਆ । ਕਲਜੁਗ ਅੰਤਮ ਕੂੜ ਦੁਹਾਈ, ਦੋਹਰਾ ਹੱਕ ਨਾ ਕੋਈ ਸੁਣਾਈਆ । ਚਾਰ ਵਰਨ ਰਹੇ ਕੁਰਲਾਈ, ਅਠਾਰਾਂ ਬਰਨ ਰੋਵਣ ਮਾਰਨ ਧਾਹੀਆ । ਮਿਲਿਆ ਮੇਲ ਨਾ ਮਹਿਬੂਬ ਮੁਹੱਬਤ ਵਿਚ ਗੁਸਾਈਂ, ਗਹਿਰ ਗੰਭੀਰ ਜੋੜ ਨਾ ਕੋਇ ਜੁੜਾਈਆ । ਅਲਖ ਅਗੋਚਰ ਤੇਰਾ ਭੇਵ ਕੋਈ ਜਾਣੇ ਨਾਹੀਂ, ਜੀਵ ਜੰਤ ਸਾਰ ਕੋਇ ਨਾ ਆਈਆ । ਸਮੁੰਦ ਸਾਗਰ ਹਾਹਾਕਾਰ ਮਚਾਈ, ਜ਼ਿਮੀਂ

ਅਸਮਾਨ ਧੀਰ ਨਾ ਕੋਇ ਧਰਾਈਆ । ਜਗਤ ਵਾਸਨਾ ਮਾਤ ਨਚਾਈ, ਨਟੂਆ ਨਟ ਸਵਾਂਗ ਬਣਾਈਆ । ਮਮਤਾ ਮੋਹ ਕਰ ਕੁੜਮਾਈ, ਨਾਤਾ ਦੀਨ ਦੁਨੀ ਬੰਧਾਈਆ । ਆਪਣਾ ਭੇਵ ਨਾ ਕਿਸੇ ਖੁਲ੍ਹਾਈ, ਉਹਲਾ ਅੰਦਰੋਂ ਨਾ ਕੋਈ ਉਠਾਈਆ । ਸੰਤ ਸੁਹੇਲੇ ਵੇਖਣ ਚਾਈਂ ਚਾਈਂ, ਚਾਰੋਂ ਕੁੰਟ ਫੇਲ ਫੁਲਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹੀ, ਸ਼ਹਿਨਸ਼ਾਹ ਸੁਲਤਾਨ ਮਿਹਰਵਾਨ ਬੇਅੰਤ ਅੰਤ ਕਹਿਣ ਕੋਇ ਨਾ ਪਾਈਆ । ਸਦੀ ਚੌਧਵੀਂ ਹੁਕਮੇਂ ਅੰਦਰ ਹੋਵੇ ਤਬਾਹੀ, ਤੋਬਾ ਤੋਬਾ ਸਾਰੇ ਫਿਰੇ ਦੁਹਾਈਆ । ਕੋਈ ਨਾ ਪਕੜੇ ਬਾਂਹੀ, ਬਲਧਾਰੀ ਨਜ਼ਰ ਕੋਇ ਨਾ ਆਈਆ । ਗੋਬਿੰਦ ਲੇਖਾ ਲਿਖਿਆ ਜੀਵ ਸਮਝੇ ਨਾਹੀਂ, ਅੰਮ੍ਰਿਤ ਆਤਮ ਜਾਮ ਨਾ ਕੋਇ ਪਿਆਈਆ । ਸਾਚੀ ਮੰਜ਼ਲ ਬਣੇ ਕੋਇ ਨਾ ਰਾਹੀ, ਪਾਂਧੀ ਹੋ ਕੇ ਪੰਧ ਨਾ ਕੋਇ ਮੁਕਾਈਆ । ਅੰਤਮ ਸਭ ਦੇ ਗਲ ਵਿਚ ਪੈਣੀ ਫਾਹੀ, ਫਾਂਸੀ ਧਰਮ ਰਾਏ ਲਟਕਾਈਆ । ਗੁਰ ਅਵਤਾਰ ਪੈਗ਼ੰਬਰ ਦੇਵੇ ਨਾ ਕੋਇ ਗਵਾਹੀ, ਅੰਤ ਸਹਾਈ ਨਾ ਕੋਇ ਛੁਡਾਈਆ । ਜਗਤ ਵਿਦਿਆ ਡੂੰਘੀ ਖਾਈ, ਖ਼ਾਲਸ ਖ਼ਾਲਕ ਨਾ ਕੋਇ ਮਿਲਾਈਆ । ਲਹਿਣਾ ਦੇਣਾ ਤੇਰਾ ਦੋ ਜਹਾਨਾਂ ਥਾਉਂ ਥਾਈਂ, ਥਾਨ ਥਨੰਤਰ ਸਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਧੁਰ ਦਾ ਘਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਤੇਰੀ ਓਟ ਸਹਾਰੇ ਛੱਡੇ ਕੋਟਨ ਕੋਟ, ਕਾਇਆ ਕੁਟੀਆ ਸਾਚੇ ਕਟੜੇ ਅੰਦਰੋਂ ਕਾਮਲ ਮੁਰਸ਼ਦ ਮਿਲ ਕੇ ਕ਼ਬੀਲਾ ਭਗਤ ਭਗਵਾਨ ਇਕੋ ਨਜ਼ਰੀ ਆਈਆ ।



## ੫ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਰਤਨ ਸਿੰਘ ਨੂਰ ਪੁਰ (ਜ਼ਿਲਾ ਜਲੰਧਰ) ਨਿਵਾਸੀ ਦੇ ਪਰਸ਼ਾਦ ਕਰਾਉਂਣ ਤੇ, ਹਰਿ ਭਗਤ ਦਵਾਰ ਦਿੱਲੀ

ਬੇਪਰਵਾਹ ਤੇਰੀ ਬੇਪਰਵਾਹੀ, ਆਦਿ ਅੰਤ ਭੇਵ ਨਾ ਕੋਇ ਜਣਾਇੰਦਾ । ਗੁਰ ਅਵਤਾਰ ਪੈਗ਼ੰਬਰ ਬਣ ਕੇ ਪਾਂਧੀ ਰਾਹੀ, ਆਦਿ ਜੁਗਾਦਿ ਜੁਗ ਚੌਕੜੀ ਹੁਕਮੇ ਅੰਦਰ ਫਿਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਭੱਜਣ ਥਾਉਂ ਥਾਈਂ, ਦੇਵਤ ਸੁਰ ਸੇਵਕ ਹੋ ਕੇ ਸੀਸ ਨਿਵਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਦੁਹਾਈ, ਅੰਜੀਲ ਕ਼ੁਰਾਨ, ਨਾਅਰਾ ਹੱਕ ਹੱਕ ਦ੍ਰਿੜਾਇੰਦਾ । ਖਾਣੀ ਬਾਣੀ ਢੋਲਾ ਰਹੀ ਗਾਈ, ਗਹਿਰ ਗੰਭੀਰ ਬੇਨਜ਼ੀਰ ਤੇਰੀ ਸਿਫ਼ਤੀ ਸਿਫ਼ਤ ਸਾਲਾਹਿੰਦਾ । ਜਨ ਭਗਤ ਸੁਹੇਲੇ ਧਿਆਨ ਰਹੇ ਲਗਾਈ, ਨਿਜ ਨੇਤਰ ਲੋਚਨ ਨੈਣ ਪੜਦਾ ਉਹਲਾ ਇਕ ਉਠਾਇੰਦਾ । ਸੰਤ ਸੱਜਣ ਲੱਭਣ ਥਾਉਂ ਥਾਈਂ, ਖੋਜਤ ਖੋਜਤ ਆਪਣਾ ਮੇਲ ਵਖਾਇੰਦਾ । ਗੁਰਮੁਖ ਗੁਰਸਿਖ ਨਾਮ ਰਹੇ ਧਿਆਈ, ਦਿਵਸ ਰੈਣ ਅੱਠੇ ਪਹਿਰ ਇਕੋ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮੀ ਦਰ, ਧੁਰ ਦਰਬਾਰੇ ਧਾਰ ਨਾ ਕੋਇ ਜਣਾਇੰਦਾ । ਧੁਰ ਦਰਬਾਰੇ ਤੇਰੀ ਧਾਰ, ਧਰਨੀ ਧਰਤ ਧਵਲ ਸਮਝ ਕੋਇ ਨਾ ਆਈਆ । ਹੁਕਮੇ ਅੰਦਰ ਹੁਕਮ ਗੁਰੂ ਅਵਤਾਰ, ਹੁਕਮੀ ਹੁਕਮ ਖ਼ੁਸ਼ੀ ਮਨਾਈਆ । ਗਾਵਤ ਗਾ ਗਾ ਤੇਰਾ ਨਾਮ ਸਿਫ਼ਤ ਅਪਾਰ, ਪਰਾ ਪਸੰਤੀ ਮਧਮ ਬੈਖਰੀ ਗਏ ਜਣਾਈਆ । ਚਾਰ ਜੁਗ ਜੁਗਤੀ ਨਾਲ ਕਰਦੇ ਗਏ ਇਜ਼ਹਾਰ, ਸੁਰਤੀ ਅਕਾਲ ਮੂਰਤੀ ਸੁਰਤੀ ਨਾਲ ਮਿਲਾਈਆ । ਨਾਮ ਨਿਧਾਨਾ ਸੁਣਦੇ ਗਏ ਸ਼ਬਦ ਸੱਚੀ ਧੁਨਕਾਰ, ਧੁਨਕੀ ਤੂੰਬਾ ਤਨ ਰਬਾਬ ਵਜਾਈਆ ।

ਬਿਨ ਜੁਗਤ ਪੈਗ਼ੰਬਰ ਕਰਦੇ ਗਏ ਦੀਦਾਰ, ਸਤਿ ਸਰੂਪ ਅਨੂਪ ਵੇਖ ਵਖਾਈਆ । ਰਾਹ ਤੱਕਦੇ ਗਏ ਪਰਵਰਦਿਗਾਰ, ਸਚ ਗ਼ਮਖ਼ਾਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਸੋਭਾ ਪਾਈਆ । ਬੇਅੰਤ ਬੇਪਰਵਾਹ ਤੇਰੀ ਅਪਰੰਪਰ ਵੇਖੀ ਲੀਲਾ, ਲਾਲਚ ਵਿਚ ਜਗਤ ਲੋਕਾਈਆ । ਕੋਈ ਨਾ ਜਾਣੇ ਤੇਰਾ ਅੰਬਰ ਰੰਗ ਨੀਲਾ, ਨੀਲੀ ਧਾਰੋਂ ਪਰੇ ਸਾਰੇ ਕਹਿਣ ਬੇਪਰਵਾਹੀਆ । ਜੀਵ ਜੰਤ ਸਾਧ ਸੰਤ ਸਚ ਬਣਾਏ ਨਾ ਤੈਨੂੰ ਕੋਈ ਵਸੀਲਾ, ਵਾਸਤਾ ਵਾਸਤਵਿਕ ਤੇਰੇ ਨਾਲ ਜੁੜਾਈਆ । ਗੁਰ ਅਵਤਾਰ ਪੈਗ਼ੰਬਰ ਬਣ ਕੇ ਤੇਰਾ ਕ਼ਬੀਲਾ, ਕ਼ਿਬਲਾ ਕਾਮਲ ਮੁਰਸ਼ਦ ਗਏ ਜਣਾਈਆ । ਖੇਲ ਕਰ ਕੇ ਉਤੇ ਧਰਨੀ ਧਰਤ ਜ਼ਮੀਨਾ, ਜ਼ਾਮਨ ਹੋ ਕੇ ਜ਼ਮੀਮਾ ਗਏ ਸਮਝਾਈਆ । ਠੰਡਾ ਕਰਕੇ ਸੀਨਾ, ਸੀਤਲ ਧਾਰ ਅੰਮ੍ਰਿਤ ਵਿਚ ਸਮਾਈਆ । ਦਰਵੇਸ਼ ਸੇਵਕ ਹੋ ਅਧੀਨਾ, ਅਦਨੇ ਹੋ ਕੇ ਆਅਲਾ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਬਹਿ ਕੇ ਖ਼ੁਸ਼ੀ ਮਨਾਈਆ । ਅਦਨੇ ਹੋ ਕੇ ਕਿਸੇ ਕਹਿੰਦੇ ਗਏ ਆਅਲਾ, ਆਲਮਗੀਰ ਇਲਮ ਨਾ ਕੋਇ ਚਤੁਰਾਈਆ । ਸਚ ਖ਼ੁਦਾਏ ਮੰਨਦੇ ਗਏ ਤਾਅਲਾ, ਤੁਲਬਾ ਹੋ ਕੇ ਕਰੀ ਹੱਕ ਪੜ੍ਹਾਈਆ । ਪਿਆਰ ਮੁਹੱਬਤ ਮਿਹਰ ਪਾ ਕੇ ਮਾਲਾ, ਮਸਲਾ ਮਿਸਲ ਵਿਚੋਂ ਹੱਲ ਕਰਾਈਆ । ਮਾਰਗ ਵੇਖ ਸੁਖਾਲਾ, ਸੁਖਸਾਗਰ ਅੰਦਰ ਤਾਰੀਆਂ ਲਾਈਆ । ਹੁਕਮੇ ਅੰਦਰ ਦੇ ਅਹਿਵਾਲਾ, ਸਵਾਲ ਸਭ ਦੇ ਅੰਦਰ ਟਿਕਾਈਆ । ਤ੍ਰੈਗੁਣ ਮਾਇਆ ਕਰ ਖੇਲ ਨਿਰਾਲਾ, ਜ਼ੰਜਾਲਾ ਜੀਵਣ ਜੁਗਤ ਜਗਤ ਜਣਾਈਆ । ਸਾਰ ਪਾਸ਼ੇ ਵਾਲੀ ਚਲ ਕੇ ਚਾਲਾ, ਸ਼ਤਰੂ ਮਿੱਤਰ ਆਪਣਾ ਆਪ ਛੁਪਾਈਆ । ਗੋਪ ਬਣ ਗਵਾਲਾ, ਮਟਕੀ ਠੋਕਰ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪਿਆਰ ਅੰਦਰ ਜਨ ਭਗਤ ਦਵਾਰੇ ਨਾਸ਼ਤਾ ਕਰਨ ਵਾਲਾ, ਸਵਾਲ ਪਿਛਲਾ ਹੱਲ ਕਰਾਈਆ । ਸਚ ਗ੍ਰਿਹਿ ਜਨ ਸੱਚੀ ਧਰਮਸਾਲਾ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਜਿਥੇ ਦੀਪਕ ਜੋਤ ਜਗੇ ਬੇਮਿਸਾਲਾ, ਮਿਸਲ ਵਿਚ ਮਸਲਾ ਨਾ ਕੋਇ ਸਮਝਾਈਆ । ਹੁਕਮੇ ਅੰਦਰ ਹੁਕਮ ਵਰਤਾ ਕੇ ਪੁਰਖ ਅਕਾਲਾ, ਕਲਧਾਰੀ ਆਪਣੀ ਕਲ ਜਣਾਈਆ । ਗੁਰਮੁਖਾਂ ਪੂਰਬ ਜਨਮ ਲੇਖੇ ਲਾ ਕੇ ਘਾਲਾ, ਕੀਤੀ ਘਾਲ ਪਾਏ ਥਾਈਆ । ਹਰਿਜਨ ਗੋਦ ਉਠਾਏ ਧੁਰ ਦਾ ਬਾਲਾ, ਬਾਲੀ ਬੁੱਧ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਖਾਈਆ । ਸਚ ਦਵਾਰਾ ਧੁਰ ਦਾ ਧਾਮ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਸਭ ਤੋਂ ਨਿਰਾਲਾ ਆਅਲਾ ਵਸੇ ਰਾਮ, ਰਹਿਮਤ ਵਿਚ ਰਹਿਮ ਆਪ ਕਮਾਈਆ । ਪੈਗ਼ੰਬਰਾਂ ਦਾ ਪੈਗ਼ੰਬਰ ਸਾਚਾ ਦਿਸੇ ਅਮਾਮ, ਆਮਦ ਵਿਚ ਵੇਖੇ ਖ਼ਲਕ ਲੋਕਾਈਆ । ਹੱਕ ਹਕ਼ੀਕ਼ੀ ਦੇਵੇ ਅਗੰਮੀ ਜਾਮ, ਜਾਮਾਵੰਤ ਬੈਠਾ ਸੀਸ ਨਿਵਾਈਆ । ਜਨ ਭਗਤ ਦਵਾਰੇ ਭਗਵਨ ਕਰ ਬਿਸਰਾਮ, ਵਿਸ਼ਵ ਆਪਣਾ ਹੁਕਮ ਵਰਤਾਈਆ । ਸਤਿ ਧਰਮ ਝੁਲਾ ਨਿਸ਼ਾਨ, ਨਿਸ਼ਾਨੇ ਕੂੜੇ ਦਏ ਬਦਲਾਈਆ । ਸੰਤ ਸੁਹੇਲੇ ਵੇਖੇ ਆਣ, ਚਾਰ ਕੁੰਟ ਦਹਿ ਦਿਸ਼ਾ ਖੋਜ ਖੁਜਾਈਆ । ਪਰਗਟ ਹੋ ਸ੍ਰੀ ਭਗਵਾਨ, ਭਾਗ ਉਨ੍ਹਾਂ ਦਾ ਝੋਲੀ ਪਾਈਆ । ਜੋਧੇ ਸੂਰਬੀਰ ਬਣਾ ਮਰਦ ਮਰਦਾਨ, ਮਦਦ ਦਾ ਲੇਖਾ ਦਏ ਚੁਕਾਈਆ । ਅੰਤਰ ਆਤਮ ਪਰਮਾਤਮ ਹੋ ਕੇ ਮਿਲੇ ਆਣ, ਸਰੋਸਮਾਨ ਦੀ ਲੋੜ ਰਹੇ ਨਾ ਰਾਈਆ । ਜਿਸ ਦਾ ਸਚਖੰਡ ਦਵਾਰਾ ਬਦਲੇ ਨਾ ਕਦੇ ਵਿਧਾਨ, ਅਜ਼ੀਮ ਤਰਮੀਮ ਨਾ ਕੋਇ ਰਖਾਈਆ । ਸਦ ਸੁਹੇਲਾ ਬਣਿਆ ਰਹੇ ਨਿਗਾਹਬਾਨ, ਵੇਖ ਵਖਾਣੇ ਚਾਈਂ ਚਾਈਆ । ਕਲਜੁਗ ਅੰਤਮ ਹੋ ਮਿਹਰਵਾਨ, ਮਹਿਬੂਬ

ਹੋ ਕੇ ਵੇਸ ਵਟਾਈਆ । ਜਨ ਭਗਤਾਂ ਸਹਿਜ ਸੁਭਾਓ, ਮਿਲੇ ਆਣ, ਬਨ ਖੰਡ ਖੋਜਣ ਦੀ ਲੋੜ ਰਹੇ ਨਾ ਰਾਈਆ । ਜਨਮ ਕਰਮ ਦੇ ਝਗੜੇ ਸਹਿੰਸੇ ਮੇਟੇ ਤਮਾਮ, ਤਮਅ ਤਕੱਬਰ ਅੰਦਰੋਂ ਬਾਹਰ ਕਢਾਈਆ । ਚੁਰਾਸੀ ਵਿਚ ਰਹਿਣ ਨਾ ਦਏ ਗ਼ੁਲਾਮ, ਗ਼ੁਲਾਮਾਂ ਦੀ ਗ਼ਮੀ ਦਏ ਗਵਾਈਆ । ਸਾਚਾ ਦੱਸ ਕੇ ਇਕੋ ਨਾਮ, ਸੋਹੰ ਢੋਲਾ ਸਤਿ ਪੜ੍ਹਾਈਆ । ਅੰਤ ਕੰਤ ਭਗਵੰਤ ਕਰੇ ਕਰਮ ਕਾਂਡ ਕਲਿਆਣ, ਪ੍ਰੇਮ ਪ੍ਰੀਤੀ ਬ੍ਰਹਮ ਬ੍ਰਹਿਮਾਂਡ ਵੱਜੇ ਵਧਾਈਆ । ਸਚ ਸੰਦੇਸ਼ਾ ਦੇਂਦਾ ਰਹੇ ਫ਼ਰਮਾਨ, ਫੁਰਨਿਆਂ ਵਿਚੋਂ ਫੁਰਨਾ ਆਪ ਪਰਗਟਾਈਆ । ਗੁਰਮੁਖ ਗੁਰਸਿਖ ਹਰਿ ਸੰਤ ਸੁਹੇਲੇ ਕਰ ਪਰਵਾਨ, ਪ੍ਰੇਮ ਪਿਆਰ ਵਿਚ ਆਪ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰੇ ਦੇਵੇ ਇਕ ਆਰਾਮ, ਅਗੇ ਹੋਣਾ ਨਾ ਪਏ ਬਦਨਾਮ, ਮਹਿਮਾਨ ਆਪਣੇ ਲਏ ਬਣਾਈਆ ।

### ✪ ੬ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਤਰਲੋਕ ਸਿੰਘ ਸਨਾਮ ਨਿਵਾਸੀ ਦੇ ਪਰਸ਼ਾਦ ਕਰਾਉਣ ਤੇ, ਦਿੱਲੀ ਹਰਿ ਭਗਤ ਦਵਾਰ ✪

ਪੁਰਖ ਅਕਾਲ ਭੇਵ ਕਿਸੇ ਕੀ ਕਹਿਣਾ, ਗੁਰ ਅਵਤਾਰ ਪੈਗ਼ੰਬਰ ਕਥਨੀ ਢੋਲਾ ਗਾਈਆ । ਅਬਿਨਾਸ਼ੀ ਕਰਤਾ ਆਦਿ ਜੁਗਾਦਿ ਜੁਗ ਚੌਕੜੀ ਸਭ ਕੁਛ ਵੇਖੇ ਬਿਨ ਆਪਣੇ ਨੈਣਾਂ, ਅੱਖ ਜਲਵਾ ਨੂਰ ਰੁਸ਼ਨਾਈਆ । ਜਨ ਭਗਤਾਂ ਜੁਗ ਚੌਕੜੀ ਦੇਵੇ ਦੇਣਾ, ਦੇ ਦੇ ਖ਼ੁਸ਼ੀ ਵਖਾਈਆ । ਸਾਚੇ ਸੰਤਾਂ ਭਾਣਾ ਦੱਸੇ ਸਹਿਣਾ, ਸਿਰ ਆਪਣਾ ਹੱਥ ਰਖਾਈਆ । ਗੁਰਮੁਖਾਂ ਆਤਮ ਪਰਮਾਤਮ ਜੁੜ ਕੇ ਦੱਸੇ ਰਹਿਣਾ, ਘਰ ਸੱਚੇ ਵੱਜੇ ਵਧਾਈਆ । ਗੁਰਮੁਖਾਂ ਬਣੇ ਸਾਕਸੱਜਣ ਧੁਰ ਦਾ ਸੈਣਾ, ਸਰਬ ਸਵਾਮੀ ਦਇਆ ਕਮਾਈਆ । ਨਾਮ ਅਮੋਲਕ ਵਸਤ ਤਨ ਸਾਚਾ ਪਾਏ ਗਹਿਣਾ, ਜਗਤ ਮੁਲੱਮਾ ਰੂਪ ਨਾ ਕੋਇ ਵਖਾਈਆ । ਤਨ ਮਾਟੀ ਖ਼ਾਕੀ ਸਾਚੀ ਵਸਤ ਵਖਾਏ ਰਸਾਇਣਾ, ਜਿਸ ਅੰਤਰ ਅਨਮੁਲੜੀ ਵਸਤ ਦਿਤੀ ਟਿਕਾਈਆ । ਸ਼ਬਦੀ ਸ਼ਬਦ ਧੁਰ ਦੀ ਧਾਰ ਬਣੇ ਅਲਾਇਣਾ, ਆਲਮ ਉਲਮਾ ਆਪ ਸਮਝਾਈਆ । ਭਗਤ ਵਛਲ ਵਿਸ਼ਵ ਬਣੇ ਤਰਾਇਣਾ, ਤਾਰਨਹਾਰ ਸਮਰਥ ਆਪ ਅਖਵਾਈਆ । ਜਿਸ ਦਾ ਲੇਖਾ ਕੋਈ ਲਿਖ ਨਾ ਸਕੇ ਗੀਤਾ ਰਮਾਇਣਾ, ਵੇਦ ਸ਼ਾਸਤਰ ਬਿਧ ਰਹੇ ਸਮਝਾਈਆ । ਕਰੇ ਖੇਲ ਅਗੰਮ ਅਥਾਹ ਨਿਰਗੁਣ ਨੂਰ ਨਰਾਇਣਾ, ਨਰ ਹਰਿ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਰਤਾਈਆ । ਪਾਰਬ੍ਰਹਮ ਤੇਰੀ ਸਾਰੇ ਕਰਦੇ ਗਏ ਸਿਫ਼ਤ, ਸਾਲਾਹੀ ਸਾਲਾਹ ਵੱਡੀ ਵਡਿਆਈਆ । ਹੁਕਮੇ ਅੰਦਰ ਹੋ ਕੇ ਗ੍ਰਿਫਤ, ਗ੍ਰਹਿ ਅੰਦਰ ਨਿਗਾਹਬਾਨ ਖੋਜ ਖੁਜਾਈਆ । ਨਾਮ ਸੰਦੇਸ਼ਾ ਸੁਨੇਹੜਾ ਦੇਂਦੇ ਗਏ ਸ੍ਰਿਸ਼ਟ, ਸ਼ਰੇਆਮ ਢੋਲਾ ਗਾਈਆ । ਪੁਰਖ ਅਕਾਲ ਜਣਾਉਂਦੇ ਗਏ ਇਸ਼ਟ, ਈਸ਼ ਜੀਵ ਜਗਦੀਸ਼ ਕਰ ਪੜ੍ਹਾਈਆ । ਰਸੀਏ ਭੋਗੀ ਹੋ ਕੇ ਭੋਗਦੇ ਗਏ ਗ੍ਰਹਿਸਤ, ਨਾਤਾ ਤਨ ਮਾਟੀ ਖ਼ਾਕ ਜੁੜਾਈਆ । ਅਦਦਾਂ ਅੰਕਾਂ ਵਿਚ ਬਣਦੀ ਰਹੀ ਫਰਿਸਤ, ਮੀਜ਼ਾਨ ਵਿਚ ਬਹੁਤੇ ਰੰਗ ਰੰਗਾਈਆ । ਨਿਜ ਨੇਤਰ ਨੈਣ ਤੀਰ ਨਿਸ਼ਾਨੇ ਲਾਉਂਦੇ ਰਹੇ ਸ਼ਿਸਤ, ਬਣ ਸ਼ਿਕਾਰੀ ਸ਼ਿਕਾਰ ਪਿਛੇ ਭੱਜੇ ਵਾਹੋ ਦਾਹੀਆ । ਸਾਚੇ ਨਾਮ ਦੀ ਲੋਕਮਾਤ ਬੇੜ੍ਹੀ ਬੇੜ੍ਹੀ ਤਾਰਦੇ ਰਹੇ ਕਿਸ਼ਤ, ਕੇਸ਼ਵ ਕ੍ਰਿਸ਼ਨ ਕਹਿ ਕੇ ਆਕਾਸ਼ ਉਪਰ ਧਿਆਨ ਲਗਾਈਆ । ਅੰਤਮ ਹੁੰਦੇ ਰਹੇ ਨਿਸ਼ਟ, ਨਸ਼ਟ ਪੰਜ ਤਤ ਤਨ ਵਜੂਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ

ਵਖਾਈਆ । ਖੇਲ ਤੇਰਾ ਸਦਾ ਅਨੋਖਾ, ਬਿਨ ਅਨੁਭਵ ਸਮਝ ਕਿਸੇ ਨਾ ਆਈਆ । ਬੁਧੀ ਵਿਚ ਸਭ ਨੇ ਖਾਧਾ ਧੋਖਾ,ਸਾਧ ਸੰਤ ਚਲੇ ਨਾ ਕੋਇ ਚਤੁਰਾਈਆ । ਅੱਖਰਾਂ ਵਾਲਾ ਗ੍ਰੰਥ ਪੋਥਾ, ਤੇਰੀ ਮਹਿੰਮਾ ਰਿਹਾ ਸੁਣਾਈਆ । ਸ਼ਨਵਾਈ ਕਰਦਾ ਰਿਹਾ ਲੋਕਾਂ, ਲੁਕਵਾਂ ਭੇਵ ਨਾ ਕੋਇ ਖੁਲ੍ਹਾਈਆ । ਗੁਰ ਅਵਤਾਰਾਂ ਦਾ ਉਚੀ ਹੋਕਾ, ਹੁਕਮ ਬੇਪਰਵਾਹੀਆ । ਬਿਨ ਹਰਿ ਕਿਰਪਾ ਕੋਈ ਨਾ ਉਠੇ ਸੋਤਾ, ਆਲਸ ਨਿੰਦਰਾ ਨਾ ਕੋਇ ਮਿਟਾਈਆ । ਆਦਿ ਜੁਗਾਦਿ ਜੁਗ ਚੌਕੜੀ ਇਕੋ ਸਤਿਗੁਰ ਬਹੁਤਾ, ਬਹੁ ਗਿਣਤੀ ਵਿਚ ਕਦੇ ਨਾ ਆਈਆ । ਨਿਤ ਨਵਿਤ ਕਦੇ ਨਾ ਪਏ ਹੋਛਾ, ਹੁਸ਼ਿਆਰੀ ਵਿਚ ਹੁਸ਼ਿਆਰਾਂ ਦਏ ਬਤਲਾਈਆ । ਕਿਸੇ ਨਾਲ ਕਰੇ ਨਾ ਗੁੱਸਾ ਰੋਸਾ, ਜੁਗ ਜਨਮ ਦਿਆਂ ਵਿਛੜਿਆਂ ਰੁਸਿਆਂ ਲਏ ਮਨਾਈਆ । ਬਿਨਾ ਭਗਤਾਂ ਕਿਸੇ ਦਵਾਰਿਉਂ ਨਾ ਖਾਵੇ ਤੋਸਾ, ਭੋਗ ਭਗਵਾਨ ਨਾ ਕਦੇ ਲਗਾਈਆ । ਪ੍ਰੇਮ ਪਿਆਰ ਦਾ ਰਸ ਜਗਤ ਪਦਾਰਥਾਂ ਵਿਚੋਂ ਬਹੁਤਾ, ਪ੍ਰੇਮ ਪਿਆਰਿਆਂ ਵਿਚੋਂ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਜਨਮ ਮਰਨ ਦੀ ਦੂਰ ਕਰਾਏ ਸੋਚਾ, ਸੋਚ ਵਿਚੋਂ ਸਚ ਸਚ ਵਿਚੋਂ ਸਤਿ ਸਤਿ ਵਿਚੋਂ ਹੋ ਪਰਗਟ ਆਪਣੇ ਵਿਚ ਸਮਾਈਆ ।

### ✪ ੬ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਲਛਮਣ ਸਿੰਘ ਦੇ ਗ੍ਰਿਹਿ ਹਰਿ ਭਗਤ ਦਵਾਰ ਦਿੱਲੀ ✪

ਸਤਿਗੁਰ ਸ਼ਬਦ ਕਹੇ ਜਨ ਭਗਤਾਂ ਭਗਤੀ ਕਰਾਵਾਂ ਆਪਣੀ ਰੁਚੀਆ, ਕੋਟਨ ਕੋਟ ਜਗਤ ਅੱਖਾਂ ਵਾਲੇ ਵੇਖਣ ਕੋਇ ਨਾ ਪਾਈਆ । ਜਿਥੇ ਇਕੋ ਪ੍ਰੇਮ ਪਿਆਰ ਮੁਹੱਬਤ ਸੋਹਵੇ ਸਾਚੀ ਰੁਤੀਆ, ਰੁੱਤ ਅਗੰਮੀ ਆਪਣੇ ਰੰਗ ਰੰਗਾਈਆ । ਏਕਾ ਦੂਜਾ ਭੌ ਰਹੇ ਕੋਇ ਨਾ ਦੁਤੀਆ, ਏਕਾ ਏਕ ਮਿਲੀ ਵਡਿਆਈਆ । ਸੁਰਤ ਸਵਾਣੀ ਰਹੇ ਮੂਲ ਨਾ ਸੁਤੀਆ, ਆਲਸ ਨਿੰਦਰਾ ਵਿਚੋਂ ਬਾਹਰ ਕਢਾਈਆ । ਮਨ ਵਾਸਨਾ ਲੱਗੇ ਕੋਇ ਨਾ ਰੁਚੀਆ, ਰਚਨਾ ਮਾਇਆ ਨਾ ਕੋਇ ਭਰਮਾਈਆ । ਸ਼ਾਹੋ ਭੂਪ ਸਤਿ ਸਰੂਪ ਮਿਲੇ ਪੰਜ ਮੁਖੀਆ, ਜੋ ਪੰਚਮ ਦੇਵਣਹਾਰ ਵਡਿਆਈਆ । ਜਿਸ ਦਾ ਲੇਖਾ ਬੋਧ ਅਗਾਧ ਰਹੇ ਨਾ ਲੁਕਿਆ, ਪੜਦਿਆਂ ਵਿਚੋਂ ਪੜਦਾ ਦਏ ਉਠਾਈਆ । ਜਿਸ ਦੇ ਦਵਾਰ ਉਤੇ ਰਹੇ ਨਾ ਕੋਇ ਦੁਖੀਆ, ਜਨਮ ਮਰਨ ਦਾ ਰੋਗ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਦਏ ਵਡਿਆਈਆ । ਜਨ ਭਗਤਾਂ ਅੰਦਰ ਦੱਸੇ ਉਹ ਸਮਾਧੀ, ਜਿਸ ਵਿਚ ਜਗਤ ਅੰਗੜਾਈ ਨਾ ਕੋਇ ਰਖਾਈਆ । ਮਨ ਵਾਸਨਾ ਰਹੇ ਬਾਂਧੀ, ਬੰਧਨ ਕੂੜਾ ਮੋਹ ਚੁਕਾਈਆ । ਸੁਰਤੀ ਢੋਲੇ ਰਹੇ ਗਾਂਦੀ, ਤੂੰ ਹੀ ਤੂੰ ਰਾਗ ਅਲਾਈਆ । ਭੂਮਿਕਾ ਮਿਲੇ ਅਗੰਮੀ ਠਾਂਡੀ, ਅਗਨੀ ਅੱਗ ਨਾ ਕੋਇ ਜਲਾਈਆ । ਲੱਖ ਚੁਰਾਸੀ ਬਣਨਾ ਪਏ ਨਾ ਪਾਂਧੀ, ਜੂਨਾਂ ਵਿਚ ਨਾ ਕੋਇ ਭਵਾਈਆ । ਮਿਲੇ ਵਡਿਆਈ ਜਨਮ ਕਰਮ ਧੁਰਾਂ ਦੀ, ਧੁਰ ਲਹਿਣਾ ਮਸਤਕ ਵਿਚੋਂ ਚੁਕਾਈਆ । ਲੋੜ ਰਹੇ ਨਾ ਦੀਪਕ ਸ਼ਮਅ ਦੀ, ਸ਼ਮਸ਼ਾਨ ਭੂਮੀ ਵਿਚੋਂ ਬਾਹਰ ਕਢਾਈਆ । ਤ੍ਰਿਸ਼ਨਾ ਰਹੇ ਨਾ ਕੋਈ ਤਮਅ ਦੀ, ਤਮੰਨਾ ਅੰਦਰੋਂ ਪੂਰ ਕਰਾਈਆ । ਮਾਰ ਖਾਣੀ ਨਾ ਪਏ ਜਮਾਂ ਦੀ, ਰਾਏ ਧਰਮ ਨਾ ਦਏ ਸਜ਼ਾਈਆ । ਘੜੀ ਵੇਖਣੀ ਨਾ ਪਏ ਗ਼ਮਾਂ ਦੀ, ਹਿਰਸ ਹਵਸ ਦਏ ਗਵਾਈਆ । ਲੇਖੇ ਲਾਏ ਧਾਰ ਦਮਾਂ ਦੀ, ਦਾਮਨਗੀਰ ਹੋ ਕੇ ਦਮਨ ਆਪਣੇ ਵਿਚ ਕਰਾਈਆ । ਚਲੇ ਚਤੁਰਾਈ ਨਾ ਕੋਈ ਨਾਵਾਂ ਦੀ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ ।

ਮੰਜ਼ਲ ਮੁਕੇ ਜੁਗ ਚਵ੍ਹਾਂ ਦੀ, ਚੌਥੇ ਪਦ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਾਇਆ ਕੁਟੀਆ ਅੰਦਰ ਦੱਸੇ ਧੁਰ ਦਾ ਜੋਗ, ਜਗਤ ਜੁਗੀਸ਼ਰਾਂ ਵਾਲੀ ਨਾ ਕੋਇ ਪੜ੍ਹਾਈਆ । ਮਮਤਾ ਮਨ ਰਹੇ ਨਾ ਰੋਗ, ਹਉਮੇ ਹੰਗਤਾ ਨਾ ਕੋਇ ਭਰਮਾਈਆ । ਝਗੜਾ ਰਹੇ ਨਾ ਲੋਕ ਪਰਲੋਕ, ਸਲੋਕ ਇਕੋ ਇਕ ਸੁਣਾਈਆ । ਚਿੰਤਾ ਗ਼ਮ ਰਹੇ ਨਾ ਦੋਖ, ਦੁਖੀਆਂ ਦਰਦ ਦਏ ਮਿਟਾਈਆ । ਸਚ ਦਵਾਰੇ ਬਖ਼ਸ਼ੇ ਮੌਜ, ਮੇਲਾ ਮੇਲੇ ਸਹਿਜ ਸੁਭਾਈਆ । ਨਾਮ ਨਿਧਾਨਾ ਦੇਵੇ ਚੋਗ, ਚੁਗਲੀ ਨਿੰਦਿਆ ਵਿਚੋਂ ਬਾਹਰ ਕਢਾਈਆ । ਅੰਤਰ ਪਿਆਰ ਦਰਸ਼ਨ ਦੇਵੇ ਰੋਜ਼, ਰੋਜ਼ਿਆਂ ਵਿਚ ਫਾਕਾ ਨਾ ਕੋਇ ਕਟਾਈਆ । ਸਮਝ ਵਿਚ ਕਿਸੇ ਨਾ ਆਵੇ ਸੋਚ, ਬੁਧੀ ਵਿਚ ਪੜਦਾ ਨਾ ਕੋਇ ਉਠਾਈਆ । ਜਨ ਭਗਤਾਂ ਕਿਰਪਾ ਕਰਕੇ ਦੱਸੇ ਆਪਣੀ ਖੋਜ, ਬਿਨ ਖੋਜਤ ਖ਼ਬਰ ਦਏ ਪਹੁੰਚਾਈਆ । ਜਗਤ ਜਨਮ ਦਾ ਦਾਤਾ ਬਣ ਕੇ ਬਖ਼ਸ਼ੇ ਸਾਚੀ ਮੌਜ, ਮਜਲਸ ਆਪਣੇ ਨਾਲ ਰਖਾਈਆ । ਸੰਤ ਸੁਹੇਲਾ ਸਾਚੀ ਮੰਜ਼ਲ ਜਾਵੇ ਪਹੁੰਚ, ਪੰਚਾਂ ਦਾ ਪਰਪੰਚ ਦਏ ਗਵਾਈਆ । ਜਿਥੇ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਖੌਂਤ, ਖ਼ਤਰਾ ਲੱਖ ਚੁਰਾਸੀ ਦਏ ਗਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਦੇ ਨਾ ਜਾਵੇ ਔਂਤ, ਭਗਤ ਭਗਵਾਨ ਮਿਲ ਕੇ ਸਾਚੀ ਧਾਰ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਕਾਇਆ ਕੁਟੀਆਂ ਅੰਦਰ ਦੱਸੇ ਧੁਰ ਦਾ ਗੀਤ, ਗਹਿਰ ਗੰਭੀਰ ਗੋਬਿੰਦ ਆਪ ਜਣਾਈਆ । ਭਗਤ ਭਗਵਾਨ ਦੀ ਸਾਚੀ ਚਲੇ ਰੀਤ, ਹੱਡ ਮਾਸ ਨਾੜੀ ਰਤ ਰਤੀ ਰਤ ਨਾ ਕੋਇ ਡੁਲ੍ਹਾਈਆ । ਧਾਰ ਹੋ ਕੇ ਵਸੇ ਅੰਤਰ ਚੀਤ, ਚੇਤਨ ਹੋ ਕੇ ਚਾਤਰਕ ਲਏ ਉਠਾਈਆ । ਤਨ ਵਜੂਦ ਕਾਇਆ ਮਾਟੀ ਕਰ ਕੇ ਠਾਂਡੀ ਸੀਤ, ਅਗਨੀ ਅੱਗ ਦਏ ਬੁਝਾਈਆ । ਜਨ ਭਗਤ ਆਪਣਾ ਹਮਸਾਇਆ ਬਣਾ ਕੇ ਨਜ਼ਦੀਕ, ਵਾਸਤਾ ਇਕੋ ਘਰ ਰਖਾਈਆ । ਆਪਣੇ ਹੱਥ ਰਖ ਤੌਫ਼ੀਕ਼, ਹੁਕਮ ਸੰਦੇਸ਼ਾ ਇਕ ਦ੍ਰਿੜਾਈਆ । ਕਰੇ ਕਰਾਏ ਠਾਕਰ ਠੀਕ, ਠੋਕਰ ਵਿਚ ਜਗਤ ਲੋਕਾਈਆ । ਜੁਗ ਚੌਕੜੀ ਜਿਸ ਦੀ ਕਰਦੇ ਗਏ ਉਡੀਕ, ਓਢਣ ਆਪਣਾ ਰਿਹਾ ਬਦਲਾਈਆ । ਜਿਸ ਦੀ ਸ਼ਬਦੀ ਸਤਿਗੁਰ ਕਰੇ ਤਸਦੀਕ਼, ਸ਼ਹਾਦਤ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰਖੇ ਤੌਫ਼ੀਕ਼, ਤੁਆਰਫ਼ ਵਿਚ ਸਿਫ਼ਾਰਸ਼ ਵਿਚ ਇਬਾਰਤ ਵਿਚ ਜਨ ਭਗਤਾਂ ਬਖ਼ਸ਼ਿਸ਼ ਕਰੇ ਚਰਨ ਪ੍ਰੀਤੀ ਮਾਣ ਵਡਿਆਈਆ ।



੫੯੭
੧੯

੭ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਅਰਜਨ ਸਿੰਘ ਦੇ ਗ੍ਰਿਹ ਬਲੋਚਪੁਰਾ ਜ਼ਿਲਾ ਕਰਨਾਲ

ਪੁਰਖ ਅਕਾਲ ਅਗੰਮ ਅਥਾਹ, ਅਲਖ ਅਗੋਚਰ ਸ਼ਹਿਨਸ਼ਾਹੀਆ । ਜਨ ਭਗਤਾਂ ਦੱਸੇ ਏਕੰਕਾਰਾ ਇਕੋ ਰਾਹ, ਰਹਿਬਰ ਹੋ ਕੇ ਦਇਆ ਕਮਾਈਆ । ਦਰ ਦਵਾਰਾ ਧੁਰ ਦਰਬਾਰਾ ਦਏ ਵਖਾ, ਨਰ ਨਿਰੰਕਾਰਾ ਸੋਭਾ ਪਾਈਆ । ਸ਼ਬਦ ਇਸ਼ਾਰਾ ਇਕ ਜਣਾ, ਨਾਮ ਨਿਧਾਨਾ ਸ੍ਰੀ ਭਗਵਾਨਾ ਪੜਦਾ ਆਪ ਉਠਾਈਆ । ਮੇਲਾ ਮਿਲਾਏ ਸਹਿਜ ਸੁਭਾ, ਦੂਈ ਦਵੈਤੀ ਅੰਦਰੋਂ ਦਏ ਚੁਕਾ, ਚਾਰ ਕੁੰਟ ਦਹਿ ਦਿਸ਼ਾ ਕਰ ਰੁਸ਼ਨਾਈਆ । ਜਲਵਾਗਰ ਨਜ਼ਰੀ ਆਏ ਖ਼ੁਦਾ, ਆਤਮ ਪਰਮਾਤਮ ਰਹਿਣ ਨਾ ਦੇਵੇ ਜੁਦਾ, ਜਾਗਰਤ ਜੋਤ ਡਗਮਗਾਈਆ । ਧੁਰ ਦਾ ਨਗ਼ਮਾ ਨਾਮ ਸੁਣਾਏ ਸਦਾ, ਸੂਫ਼ੀ

ਸੰਤ ਫ਼ਕੀਰ ਲਏ ਉਠਾ, ਆਲਸ ਨਿੰਦਰਾ ਮਾਤ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸਰਨ ਕਹੇ ਮੈਂ ਭਗਤਾਂ ਜੋਗੀ, ਜਗਤ ਜੋਗੀਸ਼ਰਾਂ ਹੱਥ ਕਦੇ ਨਾ ਆਈਆ । ਮੇਲ ਮਿਲਾਵਾਂ ਪ੍ਰੀਤਮ ਚੋਜੀ, ਜੋ ਚਾਰ ਜੁਗ ਦਾ ਲੇਖਾ ਰਿਹਾ ਚੁਕਾਈਆ । ਅੰਤਰ ਆਤਮ ਬਖ਼ਸ਼ ਕੇ ਇਕੋ ਸੋਝੀ ਸੂਝ ਸਮਝ ਦਿਆਂ ਬਦਲਾਈਆ । ਜਨ ਭਗਤ ਕਰਮ ਦਾ ਰਹੇ ਕੋਈ ਨਾ ਰੋਗੀ, ਨਿਹਕਰਮੀ ਮੇਲਾ ਮੇਲੇ ਸਹਿਜ ਸੁਭਾਈਆ । ਜਿਸ ਦੀ ਧਾਰ ਸਮਝੇ ਕੋਈ ਨਾ ਬੋਧੀ, ਵਿਦਿਆ ਵਿਚ ਨਾ ਕੋਇ ਵਡਿਆਈਆ । ਸੋ ਗੁਰਮੁਖਾਂ ਚੁੱਕੇ ਆਪਣੀ ਗੋਦੀ, ਬਾਲ ਅੰਞਾਣੇ ਆਪਣੇ ਰੰਗ ਰੰਗਾਈਆ । ਠਾਕਰ ਹੋ ਕੇ ਸਚਖੰਡ ਦਾ ਮੌਜੀ, ਮਜਲਸ ਧੁਰ ਦੀ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਸਰਨਾਈਆ । ਸਰਨ ਕਹੇ ਮੈਂ ਵੇਖਾਂ ਖੇਲ ਦੇਵਤ ਸੁਰ ਦੀ, ਵਿਸ਼ਨ ਬ੍ਰਹਮਾ ਸ਼ਿਵ ਓਟ ਰਖਾਈਆ । ਖੇਲ ਜਾਣਾਂ ਅਨੰਦ ਪੁਰ ਦੀ, ਪੁਰੀ ਅਨੰਦ ਪੜਦਾ ਉਹਲਾ ਚੁਕਾਈਆ । ਸੇਵਾ ਵੇਖਾਂ ਪੂਰੇ ਸਤਿਗੁਰ ਦੀ, ਜੋ ਸਤਿ ਸਤਿਵਾਦੀ ਹੋ ਕੇ ਦਇਆ ਕਮਾਈਆ । ਮੰਜ਼ਲ ਵੇਖਾਂ ਓਸ ਘਰ ਦੀ, ਜਿਸ ਗ੍ਰਿਹਿ ਮਿਲੇ ਮਾਣ ਵਡਿਆਈਆ । ਗੁਰਮੁਖ ਆਤਮ ਮਰਨ ਵਿਚ ਕਦੇ ਨਾ ਮਰਦੀ, ਜਨਮ ਵਿਚ ਜਨਮ ਨਾ ਕੋਇ ਭਵਾਈਆ । ਸਾਚੀ ਮੰਜ਼ਲ ਅਗੰਮੀ ਚੜ੍ਹਦੀ, ਸਚਖੰਡ ਸਾਚੇ ਸੋਭਾ ਪਾਈਆ । ਕੰਤ ਸੁਹਾਗੀ ਇਕੋ ਵਰ ਦੀ, ਵਾਰਤਾ ਪਿਛਲੀ ਜਾਏ ਭੁਲਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਦੀ, ਪੁਸਤਕ ਹੱਥ ਨਾ ਕੋਇ ਉਠਾਈਆ । ਬਿਨ ਅੱਖਾਂ ਦਰਸ਼ਨ ਕਰਦੀ, ਬਿਨ ਦੀਦ ਈਦ ਚੰਦ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਵਖਾ ਦੇ ਆਪਣੇ ਦਰ ਦੀ, ਜਿਥੇ ਇਕੋ ਵਜਦੀ ਰਹੇ ਵਧਾਈਆ ।


੫੯੮
੧੯

## ੧੩ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ

ਸੱਚ ਦਵਾਰੇ ਲੱਗਾ ਨਾਵਾਂ, ਗੁਰਮੁਖਾਂ ਮਿਲੇ ਮਾਣ ਵਡਿਆਈਆ । ਭਗਤ ਭਗਵਾਨ ਦੀਆਂ ਸਾਂਝੀਆਂ ਹੋਈਆਂ ਬਾਹਵਾਂ, ਚਤੁਰਭੁਜ ਵਾਲੀ ਪਿਛਲੀ ਵੰਡ ਰਹੀ ਨਾ ਰਾਈਆ । ਧੰਨ ਧੰਨ ਧੰਨ ਜਣੇਂਦੀਆਂ ਮਾਵਾਂ, ਜਿਨ੍ਹਾਂ ਅੰਦਰ ਵੱਜੇ ਵਧਾਈਆ । ਅਗੇ ਪ੍ਰੇਮ ਪਿਆਰ ਦਾ ਰਿਸ਼ਤਾ ਹੋਇਆ ਸਾਂਵਾਂ, ਦੂਜੀ ਵੰਡ ਨਾ ਕੋਇ ਵੰਡਾਈਆ । ਗੋਬਿੰਦ ਦਾ ਲੇਖਾ ਪਤਰਿਆਂ ਵਿਚੋਂ ਵਰਕਾ ਨਿਕਲੇ ਬੇਦਾਅਵਾ, ਦਾਅਵੇਦਾਰ ਅਗਲੇ ਦਿਤਾ ਬਣਾਈਆ । ਜਨਮ ਤੋਂ ਪਹਿਲਾਂ ਬਾਅਦ ਭਰਨਾ ਪਏ ਕਿਸੇ ਨਾ ਹਾਵਾ, ਹੌਕਿਆਂ ਵਿਚ ਆਪਣਾ ਆਪ ਨਾ ਕੋਇ ਮਿਟਾਈਆ । ਬਿਨ ਰਸਨਾ ਜਿਹਵਾ ਗੀਤ ਆਤਮ ਪਰਮਾਤਮ ਧੁਰ ਦੇ ਗਾਵਾਂ, ਗੁਰਮੁਖ ਗੁਰ ਗੁਰ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਵਡਿਆਈ ਕਹੇ ਮੈਂ ਕੀ ਦੱਸਾਂ ਸਲਾਹ, ਸਾਹਿਬ ਹੁਕਮ ਇਕ ਜਣਾਈਆ । ਪੂਰਬ ਲਹਿਣਾ ਰਿਹਾ ਚੁਕਾ, ਚਾਰ ਜੁਗ ਦਾ ਲੇਖਾ ਰਿਹਾ ਗਵਾਈਆ । ਸਾਚੇ ਦਰ ਰਿਹਾ ਬਹਾ, ਮਹੱਲ ਅਟਲ ਵੱਜੇ ਵਧਾਈਆ । ਪੂਰਬ ਦਾ ਪੂਰਬ ਲਹਿਣਾ ਝੋਲੀ ਪਾ, ਅਗਲਾ ਹੁਕਮ ਇਕ ਸੁਣਾਈਆ । ਜਿਨ੍ਹਾਂ ਨੇ ਸੇਵਾ ਲਈ ਕਮਾ, ਸਰਸੇ ਦੇ ਵਿਛੜੇ ਸਹਿਜੇ ਲਏ ਮਿਲਾਈਆ । ਏਸੇ ਕਾਰਨ ਲਏ ਬੁਲਾ, ਮਾਝੇ ਵਿਚੋਂ ਮਹਿਬੂਬ ਆਪਣੇ ਬਾਹਰ ਕਢਾਈਆ । ਜਿਸ ਨੂੰ ਦੂਜਾ ਬਦਲੇ ਨਾ ਕੋਇ ਖ਼ੁਦਾ, ਖ਼ੁਦ ਆਪਣੇ ਹੁਕਮ ਵਿਚ ਰਖਾਈਆ । ਏਥੇ ਓਥੇ ਅਗੇ ਪਿਛੇ ਦੋ ਜਹਾਨ ਹੋਣ

ਨਾ ਦੇਵੇ ਕਦੇ ਜੁਦਾ, ਵੱਖਰਾ ਅੰਗ ਨਾ ਕੋਇ ਰਖਾਈਆ । ਗੋਬਿੰਦ ਇਕ ਅੰਤ ਅਖ਼ੀਰ ਬਿਨ ਅੱਖਰਾਂ ਢੋਲਾ ਗਿਆ ਗਾ, ਜਿਸ ਦੀ ਸਮਝ ਕਿਸੇ ਨਾ ਆਈਆ । ਅੰਗੀਠੇ ਵਿਚ ਬਹਿਣ ਲੱਗੇ ਨੇਤਰ ਆਂਸੂ ਲਿਆ ਵਹਾ, ਧਿਆਨ ਮਾਝੇ ਵਿਚ ਟਿਕਾਈਆ । ਪੁਰਖ ਅਕਾਲ ਲਿਆ ਮਨਾ, ਬੇਨੰਤੀ ਬਿਨ ਹੱਥਾਂ ਦਿਤੀ ਸੁਣਾਈਆ । ਜੇ ਬਣੇਂ ਪਿਤਾ ਮਾਂ, ਇਕੋ ਗੋਦ ਬਹਿ ਕੇ ਖ਼ੁਸ਼ੀ ਮਨਾਈਆ । ਅਗੇ ਗੁਰਮੁਖਾਂ ਦਾ ਮੇਰਾ ਲੇਖਾ ਇਕੋ ਘਰ ਦਏਂ ਸੁਹਾ, ਦੂਜਾ ਦਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੈਂ ਕੀ ਦੱਸਾਂ ਹਾਲਤ ਅੱਜ, ਕਹਿਣ ਵਾਲੀ ਕਥਾ ਨਾ ਕੋਇ ਬਣਾਈਆ । ਕੀ ਬਹਾਨਾ ਪ੍ਰਭ ਨੇ ਲਾਇਆ ਪੱਜ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਜਿਸ ਨੂੰ ਕੋਈ ਜਾਣ ਨਾ ਸਕੇ ਵਕੀਲ ਜੱਜ, ਅੱਖਰਾਂ ਵਿਚ ਵੰਡ ਨਾ ਕੋਇ ਵੰਡਾਈਆ । ਪੂਰਬ ਜਨਮ ਦਾ ਲਹਿਣਾ ਦੇਣਾ ਹੱਕ, ਹਕੀਕਤ ਵਿਚੋਂ ਝੋਲੀ ਰਿਹਾ ਭਰਾਈਆ । ਜਿਨ੍ਹਾਂ ਉਤੇ ਕੋਈ ਨਹੀਂ ਰਿਹਾ ਸ਼ੱਕ, ਸ਼ਕੂਕ ਸ਼ਿਕਵੇ ਸਾਰੇ ਦਿਤੇ ਮਿਟਾਈਆ । ਅਗੇ ਮਿਹਰ ਦਾ ਸਿਰ ਉਤੇ ਰਖੇ ਹੱਥ, ਹਥੇਲੀ ਉਤੇ ਆਪਣਾ ਆਪ ਜਮਾਈਆ । ਨਾਮ ਪਿਆਰ ਦੀ ਦੇ ਕੇ ਵਥ, ਵੱਖਰੇ ਸਭ ਤੋਂ ਲਏ ਕਰਾਈਆ । ਬਿਨਾ ਅੱਖਾਂ ਤੋਂ ਦੇ ਕੇ ਅੱਖ, ਦਰਸ਼ਨ ਦੇਵੇ ਚਾਈਂ ਚਾਈਂਆ । ਜਨ ਭਗਤੋ ਤੁਹਾਡਾ ਪਿਛਲੇ ਜਨਮ ਦਾ ਜਸ, ਗਾਵਣ ਦਾ ਵੇਲਾ ਰਿਹਾ ਸੁਹਾਈਆ । ਕੋਈ ਨਾ ਕਿਹੋ ਅਸੀਂ ਗਏ ਥੱਕ, ਥਕਾਵਟ ਜਨਮ ਜਨਮ ਦੀ ਦਿਤੀ ਮਿਟਾਈਆ । ਤੁਹਾਡੇ ਅੰਦਰ ਜਾਵਾਂ ਵਸ, ਵਾਸਤਾ ਆਪਣੇ ਨਾਲ ਰਖਾਈਆ । ਗੋਬਿੰਦ ਨੰਦੇੜ ਵਿਚ ਬਹਿ ਕੇ ਇਕ ਬਚਨ ਬੋਲਿਆ ਸਚ, ਸਤਿ ਕਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਹੇ ਮੈਂ ਵੇਖਾਂ ਮਾਝਾ ਦੇਸ, ਜਿਥੇ ਮਹਿਬੂਬ ਫੇਰਾ ਪਾਈਆ । ਹੋਵੇ ਸਚ ਨਰੇਸ਼, ਨਰਾਇਣ ਬੇਪਰਵਾਹੀਆ । ਦੇਵੇ ਇਕ ਸੰਦੇਸ਼, ਭਗਤਾਂ ਆਪ ਉਠਾਈਆ । ਮੇਰੇ ਲੇਖੇ ਲਾਵੇ ਮੁੱਛ ਦਾੜ੍ਹੀ ਕੇਸ, ਕਿਸਮਤ ਸਭ ਦੀ ਦਏ ਬਦਲਾਈਆ । ਮੈਂ ਓਨ੍ਹਾਂ ਲਵਾਂ ਵੇਖ, ਜੋ ਮੇਰੇ ਪਿਛੇ ਆਪਣਾ ਆਪ ਮਿਟਾਈਆ । ਮੈਨੂੰ ਫੇਰ ਕਿਸੇ ਨਹੀਂ ਕਹਿਣਾ ਦਸ ਦਸਮੇਸ, ਦਹਿ ਦਿਸ਼ਾ ਵਿਚ ਨਜ਼ਰ ਕਿਸੇ ਨਾ ਆਈਆ । ਮੇਰੀ ਬਦਲ ਜਾਣੀ ਰੇਖ, ਰੇਖਾ ਜਗਤ ਦੇਣੀ ਬਦਲਾਈਆ । ਮੈਂ ਰਹਿਣਾ ਸਦਾ ਹਮੇਸ਼, ਜਨਮ ਮਰਨ ਵਿਚ ਕਦੇ ਨਾ ਫੇਰਾ ਪਾਈਆ । ਬਦਲ ਕੇ ਆਵਾਂ ਭੇਸ, ਜੋਤੀ ਜਾਤਾ ਆਪਣਾ ਲੈ ਕੇ ਨਾਲ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਜਨ ਭਗਤੋ ਕੋਈ ਨਾ ਕਿਹੋ ਅਸੀਂ ਵਾਢੀ ਨਾਲ ਕੀਤੀ ਦਾਤੀ, ਬਲ ਬਾਹਵਾਂ ਵਾਲਾ ਵਖਾਈਆ । ਤੁਹਾਡੇ ਪਿਛੇ ਸਚਖੰਡ ਵਿਚ ਖੇਲ ਕੀਤਾ ਰਾਤੀਂ, ਗੁਰ ਅਵਤਾਰ ਪੈਗ਼ੰਬਰ ਇਕੱਠੇ ਕਰ ਕੇ ਸਭ ਨੂੰ ਦਿਤਾ ਵਖਾਈਆ । ਜ਼ਰਾ ਵੇਖੋ ਮਾਰ ਕੇ ਝਾਤੀ, ਬੇਦਾਅਵਿਆਂ ਦੇ ਹਾਵੇ ਦਿਤੇ ਗਵਾਈਆ । ਮੇਰੀ ਲੇਟੇ ਉਤੇ ਛਾਤੀ, ਬੱਚਿਆਂ ਨਾਲੋਂ ਬੱਚੇ ਪਿਆਰੇ ਲਏ ਬਣਾਈਆ । ਮੇਰੀ ਅੱਜ ਦੀ ਨਹੀਂ ਕੋਈ ਬਾਤੀ, ਜੁਗ ਚੌਕੜੀ ਚਲੀ ਆਈਆ । ਤੁਹਾਡੀ ਮੰਜ਼ਲ ਪਾਰ ਕਰ ਦਿਤੀ ਘਾਟੀ, ਘਾਟਾ ਏਥੇ ਓਥੇ ਦੋ ਜਹਾਨ ਰਹੇ ਨਾ ਰਾਈਆ । ਤੁਹਾਡੀ ਮੰਜ਼ਲ ਮੁਕੀ ਵਾਟੀ, ਸਚਖੰਡ ਦਵਾਰਾ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਮਾਝੇ ਵਾਲਿਓ ਕਿਉਂ ਤੁਹਾਨੂੰ ਸੱਦਿਆਂ ਇਕੱਲੇ, ਸਦਮਾ ਪਿਛਲਾ ਦਿਤਾ ਚੁਕਾਈਆ । ਜੇ ਤੁਸੀਂ ਭੱਜੇ ਸੋ ਕਿਸੇ ਵਿਚੋਂ ਹੱਲੇ, ਹਾਲਤ ਤੁਹਾਡੀ ਦਿਤੀ ਬਦਲਾਈਆ ।

੫੯੯
੧੯

ਤੁਹਾਨੂੰ ਫੇਰ ਵਸਾਵਾਂ ਓਸੇ ਮਹੱਲੇ, ਜਿਥੇ ਗੋਬਿੰਦ ਸੋਭਾ ਪਾਈਆ । ਤੁਸੀਂ ਮਾੜੇ ਨਹੀਂ ਚੰਗੇ ਜੇ ਭਲੇ, ਭਾਰ ਤੁਹਾਡਾ ਦਿਤਾ ਉਠਾਈਆ । ਕਿਉਂ ਸਾਹਿਬ ਸੁਲਤਾਨ ਮਿਹਰਵਾਨ ਤੁਹਾਡੇ ਹੋ ਗਿਆ ਵਲੇ, ਵਲਵਲੇ ਅੰਦਰੋਂ ਦਏ ਕਢਾਈਆ । ਨਾਮ ਵਸਤ ਅਮੋਲਕ ਬੰਨ੍ਹੇ ਤੁਹਾਡੇ ਪੱਲੇ, ਖ਼ਾਲੀ ਹੱਥ ਨਾ ਕੋਇ ਜਾਈਆ । ਤੁਸੀਂ ਓਸ ਸਾਹਿਬ ਨਾਲ ਰਲੇ, ਜਿਥੋਂ ਕਰੇ ਨਾ ਕੋਇ ਜੁਦਾਈਆ । ਤੁਹਾਨੂੰ ਕਲਜੁਗ ਮਾਇਆ ਮੂਲ ਨਾ ਛਲੇ, ਮਮਤਾ ਮੋਹ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੁਰਮੁਖੋ ਤੁਸੀਂ ਮਾੜੇ ਦੇ ਨਹੀਂ ਵਾਸੀ, ਪੁਰਖ ਅਕਾਲ ਚਰਨ ਦਏ ਸਰਨਾਈਆ । ਤੁਹਾਡੇ ਅੰਦਰ ਨਿਰਮਲ ਜੋਤ ਪਰਕਾਸ਼ੀ, ਜੋ ਬਿਨ ਦੀਪਕ ਕਰੇ ਰੁਸ਼ਨਾਈਆ । ਤੁਹਾਡੀ ਮੰਡਲ ਤੋਂ ਪਰੇ ਰਾਸੀ, ਜਿਥੇ ਗੋਪੀ ਕਾਹਨ ਨਾਚ ਨਾ ਕੋਇ ਵਖਾਈਆ । ਤੁਹਾਡਾ ਇਕ ਇਕੱਲਾ ਨਿਰਗੁਣ ਨਿਰਵੈਰ ਪੁਰਖ ਅਬਿਨਾਸ਼ ਸਾਥੀ, ਦੂਜਾ ਸੰਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਕਵਲ ਬਖ਼ਸ਼ੇ ਅਗੰਮੀ ਦਾਤੀ, ਦਾਤਾਰ ਦਾਤਾ ਹੋ ਕੇ ਆਪੇ ਜੋਤ ਜਗਾਈਆ ।

### ✪ ੨੧ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਇੰਦਰਜੀਤ ਸਿੰਘ, ਅਜਮੇਰ ਸਿੰਘ ਦੇ ਗ੍ਰਿਹ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਮੈਂ ਦੋ ਜਹਾਨ ਵੇਖੀ ਕੁਟੀਆ, ਕੋਟਨ ਕੋਟ ਬ੍ਰਹਿਮੰਡ ਖੰਡ ਵੇਖ ਵਖਾਈਆ । ਬਿਨ ਭਗਤਾਂ ਲੱਖ ਚੁਰਾਸੀ ਖ਼ਾਲੀ ਵੇਖੀ ਲੁਟੀਆ, ਆਬੇ ਹਯਾਤ ਅੰਮ੍ਰਿਤ ਧਾਰਾ ਨਾ ਕੋਇ ਸੁਹਾਈਆ । ਸਚ ਸੁਹੰਜਣੀ ਸੋਹੇ ਕੋਈ ਨਾ ਰੁਤੀਆ, ਰੁਤੜੀ ਰੁਤ ਅਬਿਨਾਸ਼ੀ ਅਚੁਤ ਨਾ ਕੋਇ ਮਹਿਕਾਈਆ । ਚਾਰ ਵਰਨ ਅਠਾਰਾਂ ਬਰਨ ਭਾਉ ਜਾਣਿਆ ਦੁਤੀਆ, ਏਕਾ ਏਕੰਕਾਰ ਏਕਾ ਰੰਗ ਨਾ ਕੋਇ ਸਮਾਈਆ । ਜਗਤ ਵਾਸਨਾ ਸ੍ਰਿਸ਼ਟੀ ਦ੍ਰਿਸ਼ਟੀ ਵੇਖੀ ਸੁਤੀਆ, ਸੋਵਤ ਜਾਗਤ ਹਰਿ ਕਾ ਦਰਸ ਕੋਇ ਨਾ ਪਾਈਆ । ਮਾਨਸ ਜਨਮ ਕਲਜੁਗ ਜੀਵ ਕਰਨ ਆਏ ਬੁੱਤੀਆ, ਬੁਤਖ਼ਾਨੇ ਅੰਦਰ ਮਨ ਵਾਸਨਾ ਰਹੀ ਕੁਰਲਾਈਆ । ਸੁਰਤ ਸਵਾਣੀ ਸ਼ਬਦ ਹਾਣੀ ਮਿਲ ਕੋਈ ਨਾ ਉਠੀਆ, ਸਤਿ ਸਚ ਲਏ ਨਾ ਕੋਇ ਅੰਗੜਾਈਆ । ਆਤਮ ਪਰਮਾਤਮ ਪਰਮ ਪੁਰਖ ਲੱਗੇ ਕੋਇ ਨਾ ਰੁਚੀਆ, ਰਚਨਾ ਕੂੜੀ ਤੱਕੇ ਜਗਤ ਲੋਕਾਈਆ । ਬਿਨ ਸਤਿਗੁਰ ਚਰਨ ਤਨ ਮਾਟੀ ਖ਼ਾਕ ਹੋਏ ਕੋਇ ਨਾ ਸੁਚੀਆ, ਸੁਚ ਸੰਜਮ ਕੀਤੇ ਕੰਮ ਕਿਸੇ ਨਾ ਆਈਆ । ਜਿਸ ਦੀ ਯਾਦ ਵਿਚ ਜੁਗ ਚੌਕੜੀ ਮੁਕੀਆ, ਮੁਕੰਮਲ ਗੁਰ ਅਵਤਾਰ ਪੈਗ਼ੰਬਰ ਬੈਠੇ ਧਿਆਨ ਲਗਾਈਆ । ਜੋ ਗੁਰਮੁਖ ਸੰਤ ਸੁਹੇਲੇ ਕਰੇ ਮੁੱਖੀਆ, ਮੁਖ ਅੰਤਰ ਨਰੰਤਰ ਬਸੰਤਰ ਦਏ ਬੁਝਾਈਆ । ਸੰਤ ਸੁਹੇਲੇ ਗੁਰ ਚੇਲੇ ਕਰੇ ਸੁਖੀਆ, ਸੁਖਆਸਣ ਸਿੰਘਾਸਣ ਪੁਰਖ ਅਬਿਨਾਸ਼ਣ ਇਕ ਦਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸਰਨ ਕਹੇ ਮੈਂ ਤੱਕਾਂ ਲੱਖ ਚੁਰਾਸੀ, ਧੁਰ ਹੁਕਮ ਧਿਆਨ ਲਗਾਈਆ । ਬਿਨ ਭਗਤਾਂ ਸਭ ਦੇ ਗਲੇ ਦਿਸੇ ਫਾਸੀ, ਫ਼ੈਸਲਾ ਹੱਕ ਨਾ ਕੋਇ ਸੁਣਾਈਆ । ਸਚਖੰਡ ਦਵਾਰ ਦਾ ਬਣੇ ਕੋਇ ਨਾ ਵਾਸੀ, ਵਸਲ ਯਾਰ ਕਰੇ ਨਾ ਕੋਇ ਨੂਰ ਖ਼ੁਦਾਈਆ । ਕਲਮਿਆਂ ਅੰਦਰ ਭੁੱਲਿਆ ਬੰਦਾ ਖ਼ਾਕੀ, ਖ਼ਾਲਸ ਰੰਗ ਨਾ ਕੋਇ ਚੜ੍ਹਾਈਆ । ਬਿਨਾ ਮਹਿਬੂਬ ਖੋਲ੍ਹੇ ਕੋਇ ਨਾ ਤਾਕੀ, ਤਕਵਾ ਹੱਕ ਨਾ ਕੋਇ ਜਣਾਈਆ । ਜਿਨ੍ਹਾਂ

ਦਾ ਮੇਲ ਹੋਇਆ ਇਤਫ਼ਾਕੀ, ਇਤਮੀਨਾਨ ਦਏ ਜਣਾਈਆ । ਪ੍ਰੇਮ ਪਿਆਲਾ ਦੇਵੇ ਬਣ ਕੇ ਸਾਕੀ, ਸਕਿਆਂ ਤੋਂ ਲਏ ਛੁਡਾਈਆ । ਵਸਤ ਅਮੋਲਕ ਦੇ ਕੇ ਦਾਤੀ, ਦਾਤਾਰ ਆਪਣਾ ਭੇਵ ਖੁਲ੍ਹਾਈਆ । ਪੂਰਬ ਲਹਿਣਾ ਜਾਣ ਕੇ ਬਾਕੀ, ਬੰਧਨ ਅਗਲੇ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਹੁਕਮ ਕਹੇ ਮੇਰਾ ਹੁਕਮੀ ਸੰਦੇਸ਼ਾ, ਫ਼ਰਮਾਨਾ ਇਕ ਦ੍ਰਿੜਾਈਆ । ਪੁਰਖ ਅਕਾਲਾ ਦੀਨ ਦਿਆਲਾ ਵਡ ਨਰੇਸ਼ਾ, ਨਰ ਨਰਾਇਣ ਸ਼ਹਿਨਸ਼ਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਰਹੇ ਹਮੇਸ਼ਾ, ਸਦਾ ਸਦਾ ਸਦ ਆਪਣਾ ਖੇਲ ਵਖਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਦੋ ਜਹਾਨਾਂ ਬਣਿਆ ਰਹੇ ਮੀਤਾ, ਨਿਤ ਨਵਿਤ ਆਪਣੀ ਕਾਰ ਕਮਾਈਆ । ਭਗਤ ਸੁਹੇਲਾ ਇਕ ਇਕੇਲਾ ਕਰਦਾ ਰਹੇ ਹੇਤਾ, ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਰੰਗ ਰੰਗਾਈਆ । ਸਤਿ ਸਵਾਮੀ ਅੰਤਰਜਾਮੀ ਹੋ ਕੇ ਭੁੱਲੇ ਕਦੇ ਨਾ ਚੇਤਾ, ਚਾਤਰਕ ਗੁਰਮੁਖ ਗੁਰਸਿਖ ਗੁਰ ਗੁਰ ਲਏ ਉਠਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਸਚ ਦਵਾਰ ਖੜ ਕੇ ਖੋਲ੍ਹੇ ਭੇਤਾ, ਭਾਵਨਾ ਭਾਉ ਭੈ ਭੌ ਭਾਵੀ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਹਰਿ ਹਰਿ ਆਪਣੇ ਰੰਗ ਵਖਾਈਆ । ਹਰਿ ਹਰਿ ਰੰਗ ਆਦਿ ਜੁਗਾਦਿ ਅਨੋਖਾ, ਜਗਤ ਲਲਾਰੀ ਸਮਝ ਕੋਇ ਨਾ ਪਾਈਆ । ਜਿਸ ਦੇ ਵਿਚ ਏਥੇ ਓਥੇ ਨਹੀਂ ਧੋਖਾ, ਅਗਨੀ ਵਾਲੀ ਭੱਠੀ ਨਾ ਕੋਇ ਤਪਾਈਆ । ਮੰਜ਼ਲ ਮਾਰਗ ਰਾਹ ਦੱਸ ਕੇ ਸੌਖਾ, ਸੋਹਣੇ ਮਨਮੋਹਣੇ ਗੁਰਮੁਖ ਲਏ ਤਰਾਈਆ । ਝਗੜਾ ਰਹੇ ਨਾ ਚੌਦਾਂ ਲੋਕਾ, ਲੁਕਵਾਂ ਭੇਵ ਅਗਲਾ ਦਏ ਖੁਲ੍ਹਾਈਆ । ਪੜ੍ਹਨਾ ਪਏ ਨਾ ਕੋਈ ਪੋਥਾ, ਵਰਕਾ ਵਰਕਾ ਨਾ ਕੋਇ ਉਲਟਾਈਆ । ਲੱਭਣਾ ਪਏ ਕੋਈ ਨਾ ਕੋਠਾ, ਮੰਜ਼ਲ ਆਪਣੀ ਦਏ ਚੜ੍ਹਾਈਆ । ਜਿਥੇ ਰਹੇ ਕੋਈ ਨਾ ਰੋਗਾ, ਹੰ ਬ੍ਰਹਮ ਨਾ ਕੋਇ ਵਡਿਆਈਆ । ਤੱਤਾਂ ਵਾਲਾ ਦਿਸੇ ਕੋਈ ਨਾ ਚੋਗਾ, ਤਨ ਵਜੂਦ ਨਾ ਕੋਇ ਸਫ਼ਾਈਆ । ਬੈਰਾਗੀਆਂ ਵਾਲਾ ਧਾਰਨਾ ਪਏ ਨਾ ਜੋਗਾ, ਜਗਤ ਜੋਗੀਸ਼ਰ ਨਾ ਕੋਇ ਸਮਝਾਈਆ । ਅਲਖ ਜਗਾ ਕੇ ਦੇਣਾ ਪਏ ਨਾ ਹੋਕਾ, ਰਸਨਾ ਢੋਲਾ ਗੀਤਾ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਚਰਨ ਪ੍ਰੀਤੀ ਦੇ ਕੇ ਇਕੋ ਮੌਕਾ, ਮੁਫ਼ਤ ਆਪਣੇ ਨਾਲ ਰਲਾਈਆ । ਮੁਫ਼ਤ ਕਹੇ ਮੇਰੀ ਕੋਈ ਨਾ ਜਾਣੇ ਕ਼ੀਮਤ, ਕ਼ਿਆਮਗਾਹ ਵਿਚ ਗੁਰ ਅਵਤਾਰ ਨਾ ਕੋਇ ਚੁਕਾਈਆ । ਜਨ ਭਗਤਾਂ ਵਕਤ ਦੱਸਾਂ, ਗ਼ਨੀਮਤ, ਗ਼ਮੀ ਦੇ ਵਿਚੋਂ ਗੁਮਨਾਮ ਬਾਹਰ ਕਢਾਈਆ । ਪੜਦਾ ਰਹੇ ਨਾ ਤਿਰੀਆ ਤ੍ਰੀਮਤ, ਤਵਾਮ ਆਮ ਬਮਕਾਮ ਨਿਸ਼ਾਨ ਨਾ ਕੋਇ ਵਖਾਈਆ । ਵਿਚਾਰਨੀ ਪਏ ਨਾ ਕੋਇ ਜ਼ਹਿਨੀਅਤ, ਜ਼ਿਹਨ ਜਹਾਨ ਨਾ ਕੋਇ ਰੁਸ਼ਨਾਈਆ । ਵਡਿਆਈ ਦਿਸੇ ਨਾ ਕੋਇ ਵਿਚ ਜ਼ੀਨਤ, ਜ਼ੋਰ ਜ਼ਬਰ ਜ਼ਬਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਸਦਮੇ ਦਏ ਮਿਟਾਈਆ । ਸਦ ਕਹੇ ਸਦਾ ਮੇਟਦਾ ਰਹਾਂ ਸਦਮਾ, ਸਦੀ ਸਦੀਵੀ ਸਮਝ ਕੋਇ ਨਾ ਪਾਈਆ । ਗੁਰਮੁਖ ਤਾਰਾਂ ਵਿਚੋਂ ਪਦਮਾਂ, ਪਦਮ ਦੀ ਰੇਖਾ ਦਏ ਗਵਾਹੀਆ । ਪੁਰਖ ਅਕਾਲ ਦੇ ਰਖਾਂ ਵਿਚ ਕ਼ਦਮਾਂ, ਕ਼ਦੀਮ ਤੋਂ ਧਾਰਾ ਜਿਸ ਦੀ ਚਲੀ ਆਈਆ । ਨਾਮ ਨਿਧਾਨ ਸੁਣਾਵਾਂ ਨਗ਼ਮਾ, ਨਬੀਆਂ ਦੀ ਸੇਵਾ ਇਕ ਸਮਝਾਈਆ । ਨੂਰ ਨੁਰਾਨਾ ਦੇਵਾਂ ਚਸ਼ਮਾ, ਚਸ਼ਮੇ ਦੀਦ ਸ਼ਮਾਂ ਗੁਲ ਗੁਲੇ ਗੁਲਸ਼ਨ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੈਂ ਸਦਾ

ਬੇਨਜ਼ੀਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਵੇਖਾਂ ਸ਼ਾਹ ਫ਼ਕੀਰ, ਆਅਲਾ ਅਦਨਾ ਖੋਜ ਖੁਜਾਈਆ । ਮੈਂ ਫਿਰਦੇ ਵੇਖੇ ਫ਼ਕੀਰ, ਫ਼ਿਕਰੇ ਢੋਲੇ ਰਹੇ ਗਾਈਆ । ਪ੍ਰਭੂ ਦੀ ਵੇਖੀ ਤਦਬੀਰ, ਤਾਲੀਮ ਵਿਚ ਸਕੇ ਨਾ ਕੋਇ ਸਮਝਾਈਆ । ਸ਼ਰਅ ਦੀ ਵੇਖੀ ਜ਼ੰਜੀਰ, ਸ਼ਰੀਅਤ ਨਾਲ ਲੜਾਈਆ । ਦੁਨੀ ਦੀ ਵੇਖੀ ਤਕਦੀਰ, ਤਕੱਬਰ ਵਿਚ ਲੋਕਾਈਆ । ਦੁੱਧ ਦੀ ਵੇਖੀ ਤਾਸੀਰ, ਤਬਾ ਰਹੀ ਬਦਲਾਈਆ । ਝਗੜਾ ਪਿਆ ਅਮੀਰ ਗ਼ਰੀਬ, ਅਮਰਾਪਦ ਨਾ ਕੋਇ ਸਮਝਾਈਆ । ਸਾਚੀ ਦਏ ਨਾ ਕੋਇ ਤਰਤੀਬ, ਦੀਨ ਮਜ਼੍ਹਬ ਪਲੂ ਨਾ ਕੋਇ ਛੁਡਾਈਆ । ਖੇਲ ਵੇਖਿਆ ਅਜੀਬ, ਅਜਬ ਨਿਰਾਲਾ ਹਰਿ ਕਰਾਈਆ । ਜਨ ਭਗਤਾਂ ਪੂਰੀ ਹੋਈ ਉਮੀਦ, ਆਮਦ ਵਿਚ ਖ਼ੁਸ਼ਾਮਦ ਵਿਚ ਦਰ ਪਾਇਆ ਬੇਪਰਵਾਹੀਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕਰੇ ਤਮਹੀਦ, ਸਿਫ਼ਤਾਂ ਵਿਚ ਸਿਫ਼ਤੀ ਸਿਫ਼ਤ ਸਾਲਾਹੀਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਦੱਸੇ ਇਕ ਪ੍ਰੀਤ, ਪ੍ਰੀਤਮ ਹੋ ਕੇ ਪਰਮ ਪੁਰਖ ਆਪਣਾ ਰੰਗ ਰੰਗਾਈਆ । ਦੂਰ ਦੁਰਾਡਾ ਨੇਰਨ ਨੇਰਾ ਭੀਤਰ ਹੋ ਕੇ ਵਸਿਆ ਭੀਤ, ਕਰੇ ਕਰਾਏ ਠਾਂਡਾ ਸੀਤ, ਸੀਤਲ ਧਾਰਾ ਸਤਿ ਸਵਾਮੀ ਇਕ ਵਹਾਈਆ । ਜਨ ਭਗਤ ਅੰਦਰ ਬਾਹਰ ਹੋਣ ਨਾ ਦੇਵੇ ਪਲੀਤ, ਫ਼ਰੀਕ ਫ਼ਿਰਕਾ ਮਨ ਨਾ ਕੋਇ ਬਣਾਈਆ । ਨਾਉਂ ਨਿਰੰਕਾਰਾ ਦੇ ਕੇ ਇਕ ਤੌਫ਼ੀਕ, ਹਦੀਸ ਕਲਮਾ ਸਚ ਪੜ੍ਹਾਈਆ । ਨੇੜੇ ਆਏ ਨਾ ਕੋਇ ਅਬਲੀਸ, ਲਾਅਨਤ ਜਾਮਾ ਨਾ ਕੋਇ ਛੁਹਾਈਆ । ਮੁਰਸ਼ਦ ਮੁਰੀਦ ਬਣਾ ਕੇ ਅਜ਼ੀਜ਼, ਮੁਹੱਬਤ ਵਿਚ ਆਪਣੀ ਗੋਦ ਉਠਾਈਆ । ਸਾਚੇ ਘਰ ਦੀ ਦੱਸ ਤਮੀਜ਼, ਤਮਾ ਕੂੜੀ ਦਏ ਗਵਾਈਆ । ਝਗੜਾ ਰਹੇ ਨਾ ਊਚ ਨੀਚ, ਇਕੋ ਰੰਗ ਦਏ ਚੜ੍ਹਾਈਆ । ਜਨ ਭਗਤ ਜਗਜੀਵਣ ਦਾਤਾ ਮਿਲ ਕੇ ਜਗਤ ਜਾਵਣ ਜੀਤ, ਹਾਰ ਹਿਰਦੇ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਬਖ਼ਸ਼ਣਹਾਰ ਪ੍ਰੇਮ ਪਿਆਰ ਦੀ ਇਕ ਬਖ਼ਸ਼ੀਸ਼, ਬਖ਼ਸ਼ਸ਼ ਵਿਚੋਂ ਬਖ਼ਸ਼ਸ਼ ਰਹਿਮਤ ਵਿਚੋਂ ਰਹਿਮ ਕਾਇਮ ਮੁਕਾਮ ਮੁਕੀਮ ਮੁਕੰਮਲ ਆਪਣੀ ਦਇਆ ਕਮਾਈਆ ।



### ✪ ੨੩ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਊਧਮ ਸਿੰਘ ਦੇ ਗ੍ਰਿਹ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ✪

ਭਗਤ ਭਗਵਾਨ ਆਦਿ ਜੁਗਾਦੀ ਬੰਧਨ, ਬੰਦਗੀ ਦੀ ਲੋੜ ਰਹੇ ਨਾ ਰਾਈਆ । ਆਤਮ ਪਰਮਾਤਮ ਦੇਵੇ ਸਾਚਾ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਈਆ । ਧੂੜੀ ਟਿੱਕਾ ਮਸਤਕ ਲਾਏ ਚੰਦਨ, ਨਿਰਗੁਣ ਚਾਂਦਨੀ ਚੰਦ ਜੋਤੀ ਜੋਤ ਜੋਤ ਰੁਸ਼ਨਾਈਆ । ਸਾਹਿਬ ਸਵਾਮੀ ਅੰਤਰਜਾਮੀ ਹੋ ਕੇ ਲਾਏ ਅੰਗਨ, ਅੰਗੀਕਾਰ ਖ਼ੁਦ ਮੁਖਤਿਆਰ ਇਕ ਅਖਵਾਈਆ । ਲਹਿਣਾ ਦੇਣਾ ਮੂਲ ਚੁਕਾਏ ਲੋਕਮਾਤ ਵਰਭੰਡਨ, ਬ੍ਰਹਿਮੰਡ ਖੰਡ ਪੁਰੀ ਲੋਅ ਲੇਖਾ ਰਹੇ ਨਾ ਰਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦੀ ਧਾਰ ਆਏ ਮੰਗਣ, ਪ੍ਰੇਮ ਪ੍ਰੀਤੀ ਸਾਚੀ ਨੀਤੀ ਆਪਣੀ ਝੋਲੀ ਪਾਈਆ । ਸਚ ਦਵਾਰ ਏਕੰਕਾਰ ਨਿਰਗੁਣ ਨਿਰਵੈਰ ਆਏ ਲੰਘਣ, ਜਗਤ ਦਵਾਰਕਾ ਲੇਖਾ ਰਹੇ ਨਾ ਰਾਈਆ । ਨਿਰਗੁਣ ਨਿਰਗੁਣ ਨਾਤਾ ਆਏ ਗੰਢਣ, ਸਰਗੁਣ ਮੇਲਾ ਮੇਲੇ ਸਹਿਜ ਸੁਭਾਈਆ । ਚਰਨ ਧੂੜੀ ਅੰਮ੍ਰਿਤਸਰ ਨੁਹਾਏ ਸਾਚੀ ਗੰਗਨ, ਅੰਦਰ ਬਾਹਰ ਗੁਪਤ ਜਾਹਰ ਦੁਰਮਤ ਮੈਲ ਰਹੇ ਨਾ

ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਭਗਤ ਭਗਵਾਨ ਆਦਿ ਜੁਗਾਦੀ ਮੇਲਾ ਧੁਰ ਦਾ, ਧੁਰ ਮਸਤਕ ਲੇਖਾ ਆਪ ਬਣਾਈਆ । ਜੁਗ ਚੌਕੜੀ ਮੇਲਾ ਮਿਲਦਾ ਰਹੇ ਸੱਚੇ ਸਤਿਗੁਰ ਦਾ, ਸਤਿ ਸਵਾਮੀ ਸ਼ਬਦ ਅਨਾਮੀ ਇਕੋ ਬੇਪਰਵਾਹੀਆ । ਅੰਤਰ ਅੰਤਰ ਨਿਰੰਤਰ ਸਾਚਾ ਫੁਰਨਾ ਰਹੇ ਫੁਰਦਾ, ਮਨ ਵਾਸਨਾ ਝਗੜਾ ਦਏ ਚੁਕਾਈਆ । ਤਾਲ ਬਣਿਆ ਰਹੇ ਸੁਰਤ ਸਵਾਣੀ ਸ਼ਬਦੀ ਸੁਰ ਦਾ, ਸੋਵਤ ਜਾਗਤ ਇਕੋ ਰੰਗ ਵਖਾਈਆ । ਲਹਿਣਾ ਦੇਣਾ ਆਦਿ ਜੁਗਾਦਿ ਜੁਗ ਚੌਕੜੀ ਮੁਕਾਉਂਦਾ ਰਹੇ ਅਨੰਦ ਪੁਰ ਦਾ, ਪੂਰਨ ਬ੍ਰਹਮ ਪਾਰਬ੍ਰਹਮ ਪ੍ਰਭ ਆਪ ਜਣਾਈਆ । ਝਗੜਾ ਚੁਕਾਉਂਦਾ ਰਹੇ ਕਲਜੁਗ ਕੂੜੀ ਕਿਰਿਆ ਅੰਧ ਘੋਰ ਦਾ, ਸਤਿ ਸਤਿਵਾਦੀ ਆਪਣਾ ਨੂਰ ਕਰ ਰੁਸ਼ਨਾਈਆ । ਲੇਖਾ ਰਹਿਣ ਨਾ ਦੇਵੇ ਪੰਜ ਚੋਰ ਦਾ, ਠਗੌਰੀ ਮਨ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਾਰਜ ਕਰੇ ਲੋੜ ਦਾ, ਲੋੜੀਂਦਾ ਸਾਜਣ ਦਇਆ ਕਮਾਈਆ । ਜਨ ਭਗਤਾਂ ਮੇਲਾ ਆਦਿ ਅੰਤ, ਅੰਤਸ਼ਕਰਨ ਲੇਖਾ ਰਹੇ ਨਾ ਰਾਈਆ । ਮੇਲਾ ਮਿਲਦਾ ਰਹੇ ਗੁਰਮੁਖ ਸਾਚੇ ਸੰਤ, ਸਤਿ ਸਤਿਵਾਦੀ ਆਪਣਾ ਜੋੜ ਜੁੜਾਈਆ । ਜੋੜ ਜੁੜਦਾ ਰਹੇ ਧੁਰ ਦੇ ਕੰਤ, ਨਿਰਗੁਣ ਸਰਗੁਣ ਸੋਭਾ ਪਾਈਆ । ਤੂੰ ਮੇਰਾ ਮੈਂ ਤੇਰਾ ਚਲਦਾ ਰਹੇ ਇਕੋ ਮੰਤ, ਮੰਤਵ ਸਾਰੇ ਹੱਲ ਕਰਾਈਆ । ਰੁੱਤ ਮੌਲੀ ਰਹੇ ਸਦਾ ਬਸੰਤ, ਫੁੱਲ ਫੁਲਵਾੜੀ ਪੱਤ ਡਾਲੀ ਆਪ ਮਹਿਕਾਈਆ । ਭਗਤ ਭਗਵਾਨ ਜੋੜਾ ਜੁੜਦਾ ਰਹੇ ਵਿਚੋਂ ਜੀਵ ਜੰਤ, ਜੀਵਣ ਜੁਗਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਵੇਖ ਵਖਾਈਆ । ਭਗਤ ਭਗਵਾਨ ਇਕੋ ਗ੍ਰਿਹਿ ਹੁੰਦਾ ਰਹੇ ਵਾਸ, ਨਿਵਾਸ ਅਸਥਾਨ ਮਿਲੇ ਵਡਿਆਈਆ । ਇਕੋ ਮੰਦਰ ਹੁੰਦਾ ਰਹੇ ਪਰਕਾਸ਼, ਪਰਕਾਸ਼ਵਾਨ ਨੂਰ ਖ਼ੁਦਾਈਆ । ਬਿਨ ਮੰਜ਼ਲ ਬਣਿਆ ਰਹੇ ਸਾਥ, ਸਗਲਾ ਸੰਗ ਆਪ ਜਣਾਈਆ । ਪੂਰਬ ਜਨਮ ਪੂਰੀ ਕਰਦਾ ਰਹੇ ਆਸ, ਆਸਾ ਮਨਸਾ ਆਪਣੇ ਰੰਗ ਰੰਗਾਈਆ । ਨਿਰਗੁਣ ਹੋ ਕੇ ਵਸਦਾ ਰਹੇ ਪਾਸ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਪ੍ਰੇਮ ਪ੍ਰੀਤੀ ਅੰਦਰ ਦੇਂਦਾ ਰਹੇ ਸ਼ਾਬਾਸ਼, ਸ਼ਹਿਨਸ਼ਾਹ ਹੋ ਕੇ ਆਪਣੀ ਖ਼ੁਸ਼ੀ ਵਖਾਈਆ । ਝਗੜਾ ਮੁਕਾਉਂਦਾ ਰਹੇ ਪ੍ਰਿਥਮੀ ਆਕਾਸ਼, ਅਕਲ ਕਲਧਾਰੀ ਆਪਣੀ ਖੇਲ ਵਖਾਈਆ । ਲੇਖੇ ਲਾਉਂਦਾ ਰਹੇ ਪਵਣ ਸਵਾਸ, ਸਾਹ ਸਾਹ ਆਪਣਾ ਨਾਮ ਜਪਾਈਆ । ਤੂੰ ਮੇਰਾ ਮੈਂ ਤੇਰਾ ਇਕੋ ਦੱਸ ਕੇ ਜਾਪ, ਜ਼ਾਮਨ ਹੋ ਕੇ ਲਏ ਛੁਡਾਈਆ । ਕੋਟ ਜਨਮ ਦੇ ਮੇਟ ਦੇਵੇ ਪਾਪ, ਮਿਹਰਵਾਨ ਹੋ ਕੇ ਆਪਣਾ ਦਰਸ ਕਰਾਈਆ । ਤਨ ਮਾਟੀ ਖ਼ਾਕੀ ਕਰੇ ਪਾਕ, ਪਤਿਤ ਪੁਨੀਤ ਦਏ ਬਣਾਈਆ । ਜੁਗ ਚੌਕੜੀ ਪੂਰਾ ਕਰੇ ਵਾਕ, ਭਵਿਖਤ ਲੇਖਾ ਆਪਣੇ ਹੱਥ ਰਖਾਈਆ । ਗੁਰਮੁਖ ਗੁਰ ਗੁਰ ਬਣਾ ਸਾਕ, ਸੱਜਣ ਹੋ ਕੇ ਮੇਲ ਮਿਲਾਈਆ । ਆਤਮ ਪਰਮਾਤਮ ਵੇਖ ਆਪਣੀ ਜਾਤ, ਪੜਦਾ ਉਹਲਾ ਦਏ ਚੁਕਾਈਆ । ਭਗਤ ਭਗਵਾਨ ਇਕੋ ਮੰਦਰ ਅੰਦਰ ਧੁਰ ਦਾ ਵਾਸ, ਦੂਜਾ ਗ੍ਰਿਹਿ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਰਖੇ ਆਪਣੇ ਹਾਥ, ਦੂਸਰ ਹੱਥ ਨਾ ਕਿਸੇ ਫੜਾਈਆ ।

⭐ ਪਹਿਲੀ ਜੇਠ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ⭐

ਬਿਜਲੀ ਕਹੇ ਆਦਿ ਜੁਗਾਦਿ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਖੇਲ ਤਮਾਸ਼ਾ, ਜਲ ਵਿਚ ਥਲ ਵਿਚ ਜਲ ਵਿਚ ਪਲ ਵਿਚ ਖੇਲ ਕੋਇ ਨਾ ਪਾਈਆ । ਸੰਤ ਭਗਵੰਤ ਆਦਿ ਅੰਤ ਜੁਗਾ ਜੁਗੰਤ ਸਾਖਿਆਤ ਪ੍ਰਭੂ ਵੇਖੇ ਆਪ ਤਮਾਸ਼ਾ, ਤਮਾਸ਼ਬੀਨ ਦੀਨ ਦੁਨੀ ਜਗਤ ਲੋਕਾਈ ਨਾਲ ਮਿਲਾਈਆ । ਮੈਂ ਤੂੰ ਤੂੰ ਮੈਂ ਹੰ ਬ੍ਰਹਮ ਪਾਰਬ੍ਰਹਮ ਆਤਮ ਪਰਮਾਤਮ ਨਿਰਗੁਣ ਨਿਰਗੁਣ ਸਰਗੁਣ ਸਰਗੁਣ ਜਾਤ ਅਜਾਤੀ ਖੇਲ ਬਹੁਭਾਂਤਾ, ਦਿਵਸ ਰਾਤਾ ਆਪਣੀ ਕਾਰ ਕਮਾਈਆ । ਸੂਫ਼ੀ ਸੰਤ ਫ਼ਕੀਰ ਸ਼ਾਹ ਹਕੀਰ ਬੇਨਜ਼ੀਰ ਲਾਸ਼ਰੀਕ ਸਚ ਤੌਫ਼ੀਕ ਅਗੰਮੀ ਕਰਨ ਅਗੰਮ ਬਾਤਾ, ਅਜਪਾ ਜਾਪ ਬਿਨ ਪੁੰਨ ਪਾਪ, ਬਿਨ ਰਸਨਾ ਜਿਹਵਾ ਬੱਤੀ ਦੰਦ ਵਾਕ, ਵਾਕਾ ਖ਼ਾਕਾ ਨਾਲ ਇਤਫਾਕਾ ਧੁਰ ਦਾ ਦਾਤਾ ਵੇਖ ਵਖਾਈਆ । ਸਹਿਜ ਸੁਭਾਉ ਬੇਪਰਵਾਹੋ ਸਚ ਨਿਆਉਂ ਸ਼ਬਦੀ ਧਾਰ ਸਚ ਜੈਕਾਰ ਏਕੰਕਾਰ ਨਿਰਾਕਾਰ ਕਰ ਪਸਾਰ ਬਿਨ ਰਸਨਾ ਜਿਹਵਾ ਬੱਤੀ ਦੰਦ ਸੂਰਾ ਸਰਬੰਗ ਮਾਰੇ ਅਗੰਮੀ ਹਾਕਾ, ਹਾਕਮ ਧੁਰ ਦਾ ਲੇਖਾ ਕੋਈ ਨਾ ਜਾਣੇ ਤਾਲ ਸੁਰ ਦਾ ਸਾਰੰਗਾ ਸਤਿ ਮਰਦੰਗਾ ਅਨਹਦ ਨਾਦੀ ਬ੍ਰਹਮ ਬ੍ਰਹਿਮਾਦੀ ਸਾਚੀ ਧਾਰ ਜਣਾਈਆ । ਪਤਾਸੇ ਨਾਲੋਂ ਭਗਤ ਭਗਵਾਨ ਦਾ ਮੇਲ ਚੰਗਾ, ਜਿਥੇ ਅਠਸਠ ਤੀਰਥ ਨਾ ਕੋਈ ਜਮਨਾ ਸੁਰਸਤੀ ਗੋਦਾਵਰੀ ਗੰਗਾ, ਤੰਦ ਤਨ ਤੰਬੂਰ ਰਬਾਬ ਵਜਾਏ ਮਰਦੰਗਾ, ਖੇਲੇ ਖੇਲ ਨਿਰਗੁਣ ਸਰਗੁਣ ਮੇਲ ਚੜ੍ਹੇ ਰੰਗ ਤਨ ਵਜੂਦ ਖ਼ਾਕੀ ਬੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਅੰਤਰਜਾਮੀ ਘਟ ਘਟ ਵਾਸੀ ਪੁਰਖ ਅਬਿਨਾਸ਼ੀ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸੰਤ ਸੁਹੇਲਾ ਇਕ ਇਕੇਲਾ ਗ੍ਰਿਹ ਭੀਤਰ ਗ੍ਰਿਹ ਗ੍ਰਿਹ ਵੇਖ ਵਖਾਈਆ । ਬਿਜਲੀ ਕਹੇ ਮੈਂ ਖ਼ੁਰਦਾ ਵੇਖਿਆ ਉਹ ਪਤਾਸਾ, ਜਿਸ ਦਾ ਵਜੂਦ ਨਜ਼ਰ ਕਿਸੇ ਨਾ ਆਈਆ । ਜਿਸ ਨੂੰ ਦੀਨ ਦੁਨੀ ਦੋਵੇਂ ਕਰੇ ਹਾਸਾ, ਹਸਤੀ ਵਿਚ ਹਸਤੀ ਬੇਪਰਵਾਹੀਆ । ਜਿਹਦਾ ਇਕੋ ਨਾਲ ਇਕੋ ਨਾਤਾ, ਦੂਜੇ ਵਿਚ ਦੂਜਾ ਹੋ ਨਾ ਕਦੇ ਸਮਾਈਆ । ਇਕੋ ਮਾਲਕ ਇਕੋ ਪਾਲਕ ਇਕੋ ਹੋਵੇ ਸਾਕਾ, ਸੱਜਣ ਸੈਣ ਬਿਨ ਨੇਤਰ ਲੋਚਨ ਨੈਣ ਬਿਨ ਅੱਖਾਂ ਇਕ ਅਖਵਾਈਆ । ਇਕੋ ਨੂਰ ਜਹੂਰ ਇਕੋ ਹੋਵੇ ਜਾਤਾ, ਆਦਿ ਜੁਗਾਦਿ ਧੁਰ ਦਾ ਦੇਵੇ ਸਾਥਾ, ਸਗਲਾ ਸੰਗ ਬਣਾਈਆ । ਬਿਨ ਕਰਮ ਕਾਂਡ ਵਿਚ ਬ੍ਰਹਿਮਾਂਡ ਨਿਰਾਕਾਰ ਕਰੇ ਖੇਲ ਤਮਾਸ਼ਾ, ਤਮਅ ਤਰੰਗ ਸੂਰਾ ਸਰਬੰਗ ਨਾ ਕੋਇ ਉਠਾਈਆ । ਭਗਤ ਸੁਹੇਲਾ ਇਕ ਇਕੇਲਾ ਖੇਲ ਜਾਣੇ ਗੁਰੂ ਗੁਰ ਚੇਲਾ ਸੱਜਣ ਸੁਹੇਲਾ ਪੂਰਨ ਪਾਰਬ੍ਰਹਮ ਪਤਿਪਰਮੇਸ਼ਵਰ ਕਰਨਹਾਰਾ ਅੰਤਰ ਅੰਤਰ ਪੂਰੀ ਆਸਾ, ਨਿਰਾਸ਼ਾ ਵਿਚ ਕਰਕੇ ਵਾਸਾ, ਨਿਰਗੁਣ ਨੂਰ ਜੋਤ ਨਿਰਗੁਣ ਪਰਕਾਸ਼ਾ, ਅਬਿਨਾਸ਼ਾ ਆਪਣਾ ਰੰਗ ਚੜ੍ਹਾਈਆ । ਕੋਟ ਜਨਮ ਦੇ ਪਿਛੋਂ ਪਰਮ ਪੁਰਖ ਦੇ ਨਾਲ ਸੁਭਾਵਕ ਮਿਲਣ ਦਾ ਹੁੰਦਾ ਵਾਕਿਆ, ਵਾਕਫ਼ਕਾਰ ਬਿਨਾ ਇਲਮ ਦੇ ਪਾਵਣ ਸਾਰ, ਬਿਨਾ ਮੰਜ਼ਲ ਦੇ ਚੜ੍ਹਨ ਦਵਾਰ, ਬਿਨਾ ਲੱਭਣ ਤੋਂ ਵੇਖਣ ਯਾਰ, ਬਿਨਾ ਸੁਣਨ ਤੋਂ ਸੁਣਨ ਜੈਕਾਰ, ਜੈ ਜੈਕਾਰਾ ਹਰਿ ਹਰਿ ਪਿਆਰਾ ਹਰਿ ਮੰਦਰ ਮਹਿਬੂਬ ਉਚ ਅਰੂਜ, ਅਰਸ਼ੇ ਆਜ਼ਮ ਇਕੋ ਧੁਨ ਧਨਵਾਦੀ ਹੋ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਸਚ ਘਰ ਯਾਰ, ਬਿਨ ਤੇਲ ਬਾਤੀ ਦੀਵੇ ਕਰ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਬਿਜਲੀ ਕਹੇ ਮੈਂ ਪਤਾਸੇ ਨੂੰ ਵੇਖਣਾ ਖੁਰਦਾ, ਬਿਨ ਅੱਖਾਂ ਧਿਆਨ ਲਗਾਈਆ । ਲਹਿਣਾ ਦੇਣਾ ਜਾਨਣਾ ਓਸ ਸਤਿਗੁਰ ਦਾ, ਜੋ ਸੁਤਿਆਂ ਰਿਹਾ

ਉਠਾਈਆ । ਜੋ ਬਿਨਾ ਭਜਨ ਬੰਦਗੀ ਪਰਮਾਤਮ ਹੋ ਕੇ ਆਤਮ ਜੁੜਦਾ, ਜੋੜੀ ਧੁਰ ਦੀ ਸਦਾ ਬਣਾਈਆ । ਜੋ ਏਥੇ ਓਥੇ ਦੋ ਜਹਾਨ ਜਗਤ ਪਿਆਰ ਵਿਚ ਕਦੇ ਨਾ ਮੁੜਦਾ, ਮਾਇਆ ਮਮਤਾ ਮੋਹ ਨਾ ਕੋਇ ਫਸਾਈਆ । ਕਰੇ ਖੇਲ ਅਗੰਮੀ ਅਗੰਮ ਹੋਰ ਹੋਰ ਦਾ, ਚੰਦ ਚਕੋਰ ਨਾ ਕੋਇ ਵਡਿਆਈਆ । ਲੇਖਾ ਲਹਿਣਾ ਦੇਣਾ ਜਾਣੇ ਆਪਣੀ ਲੋੜ ਦਾ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਝਗੜਾ ਚੁਕਾਏ ਮਨ ਵਾਸਨਾ ਚੋਰ ਦਾ, ਨੌਂ ਦਵਾਰ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਿਜਲੀ ਕਹੇ ਮੈਂ ਵੇਖਾਂ ਪਤਾਸਾ ਭੁਰਦਾ, ਕਿਣਕਾ ਕਿਣਕਾ ਰੂਪ ਬਦਲਾਈਆ । ਲਹਿਣਾ ਦੇਣਾ ਜਾਣਾਂ ਠੱਗ ਚੋਰ ਦਾ, ਲੱਖ ਚੁਰਾਸੀ ਖੋਜ ਖੁਜਾਈਆ । ਸ਼ਾਹਸਵਾਰਾ ਵੇਖਾਂ ਅਗੰਮੀ ਘੋੜ ਦਾ, ਜੋ ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਜਨ ਭਗਤਾਂ ਲੇਖਾ ਕਰੇ ਆਪਣੇ ਭਾਗ ਮਥੋਰ ਦਾ, ਮਿਥਿਆ ਦੱਸੇ ਅਵਰ ਲੋਕਾਈਆ । ਸਚ ਦਵਾਰਾ ਜਿਥੇ ਝਗੜਾ ਨਹੀਂ ਕਿਸੇ ਸ਼ੋਰ ਦਾ, ਸੁਨ ਸਮਾਧ ਨਾ ਕੋਇ ਲਗਾਈਆ । ਅੰਧ ਰਹੇ ਨਾ ਕੋਈ ਅੰਧ ਘੋਰ ਦਾ, ਜਗਤ ਬਿਜਲੀ ਨਾ ਕੋਇ ਡਗਮਗਾਈਆ । ਇਕੋ ਪਰਕਾਸ਼ ਪੁਰਖ ਅਬਿਨਾਸ਼ ਕਰੇ ਮੋਰ ਤੋਰ ਦਾ, ਤੁਰੀਆ ਪਦ ਤੋਂ ਤੁਰਤ ਅਗਲਾ ਪੈਂਡਾ ਦਏ ਵਖਾਈਆ । ਜਨ ਭਗਤਾਂ ਬਿਨਾ ਕਾਰਜ ਕਿਸੇ ਨਾ ਸੌਰ ਦਾ, ਸੋਵਤ ਜਾਗਤ ਵੇਖੀ ਜਗਤ ਲੋਕਾਈਆ । ਜਗਤ ਵਾਸਨਾ ਲਹਿਣਾ ਦੇਣਾ ਨਹੀਂ ਫੁੱਲ ਤੇ ਭੌਰ ਦਾ, ਗੁਰਮੁਖ ਆਸਾ ਸਚ ਵਾਸਨਾ ਜਗਤ ਕਵਲ ਕਲਮਬੰਦ ਨਾ ਕੋਇ ਕਰਾਈਆ । ਇਹ ਨਾਤਾ ਨਹੀਂ ਗੁੱਡੀ ਤੰਦ ਡੋਰ ਦਾ, ਪੇਚਾ ਲਾ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਿਜਲੀ ਕਹੇ ਮੈਂ ਪਤਾਸਾ ਰੂਪ ਵੇਖਣਾ ਦੀਨ ਦੁਨੀ, ਦੋ ਜਹਾਨਾਂ ਨਜ਼ਰ ਉਠਾਈਆ । ਕੋਟਨ ਕੋਟ ਖੁਰ ਗਏ ਰਿਖੀ ਮੁਨੀ, ਮੁਨੀਸ਼ਰ ਆਪਣਾ ਆਪ ਮਿਟਾਈਆ । ਵਿਦਿਆ ਵਾਲੇ ਵਿਦਵਾਨ ਗਏ ਬਹੁ ਗੁਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਕਰ ਪੜ੍ਹਾਈਆ । ਬਿਨ ਹਰਿ ਭਗਤਾਂ ਪ੍ਰਭ ਨੇ ਪੁਕਾਰ ਨਾ ਕਿਸੇ ਦੀ ਸੁਣੀ, ਅਨਸੁਣਤ ਕਰੀ ਲੋਕਾਈਆ । ਸਾਚੇ ਸੰਤਾਂ ਅੰਦਰ ਆਪਣੀ ਰਖ ਕੇ ਸ਼ਬਦ ਧੁਨੀ, ਧੁਨ ਆਤਮਕ ਰਾਗ ਦਏ ਦ੍ਰਿੜਾਈਆ । ਦਸਮ ਦਵਾਰੀ ਨਿੱਕੀ ਜਿਹੀ ਕੁੰਨੀ, ਕੁੱਲੀ ਚੋਂ ਬਾਹਰ ਕੱਢ ਕੇ ਆਪਣੇ ਕੁੰਭ ਵਿਚ ਟਿਕਾਈਆ । ਯਾਦ ਰਖੀ ਜੁਲਾਹੇ ਦੀ ਤਾਣੀ ਬੁਣੀ, ਜਿਸ ਦਾ ਲੇਖਾ ਰਿਹਾ ਮੁਕਾਈਆ । ਗੁਰਮੁਖ ਹਰਿਜਨ ਆਸਾ ਰਹੇ ਕਦੇ ਨਾ ਊਣੀ, ਊਣਤਾ ਵਿਚ ਨਾ ਕਦੇ ਜਣਾਈਆ । ਵਸਤ ਨਾਮ ਭੰਡਾਰਾ ਦੇਵੇ ਦੂਣੀ, ਦੁਨੀਆ ਤੋਂ ਬਾਹਰ ਲੇਖਾ ਦਏ ਕਰਾਈਆ । ਜਿਨ੍ਹਾਂ ਦੀ ਸੱਚੀ ਦਰਗਾਹ ਪੁਕਾਰ ਗਈ ਸੁਣੀ, ਪਤਾਸੇ ਵਾਂਗ ਖੁਰ ਕੇ ਆਪਣਾ ਆਪ ਨਾ ਕਦੇ ਮਿਟਾਈਆ । ਅਗੇ ਤੌਣੀ ਪਏ ਨਾ ਧੂਣੀ, ਅਗਨੀ ਤਤ ਨਾ ਕੋਇ ਤਪਾਈਆ । ਨਹੌਣਾ ਪਏ ਨਾ ਕਿਸੇ ਖੂਣੀ, ਜਲਧਾਰਾ ਨਾ ਕੋਇ ਵਹਾਈਆ । ਦੀਵੇ ਵਿਚ ਵੱਟੀ ਪਾਉਣੀ ਪਏ ਨਾ ਨਾਲੋਂ ਪੂਣੀ, ਗੋਹੜੇ ਹੱਥ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਿਜਲੀ ਕਹੇ ਮੈਂ ਪਤਾਸੇ ਦੀ ਵੇਖੀ ਹਾਲਤ, ਜੁਗ ਚੌਕੜੀ ਧਿਆਨ ਲਗਾਈਆ । ਸਚ ਦਵਾਰੇ ਦੀ ਤੱਕਾਂ ਅਦਾਲਤ, ਪ੍ਰਭ ਚਰਨ ਧਿਆਨ ਰਖਾਈਆ । ਲੱਖ ਚੁਰਾਸੀ ਦੀ ਵੇਖਾਂ ਬਗ਼ਾਵਤ, ਮਨੂਆ ਘਰ ਘਰ ਕਰੇ ਲੜਾਈਆ । ਪਰਵਰਦਿਗਾਰ ਦੀ ਵੇਖਾਂ ਸਖ਼ਾਵਤ, ਜੋ ਸੂਫ਼ੀਆਂ ਖ਼ੈਰ ਝੋਲੀ ਦੇਵੇ ਪਾਈਆ । ਜਨਮ ਮਰਨ ਦੀ ਰਹਿਣ ਨਾ ਦੇਵੇ ਅਲਾਮਤ, ਝਗੜਾ ਅਵਰ ਨਾ ਕੋਇ ਲੋਕਾਈਆ । ਜਨ ਭਗਤਾਂ ਸਦਾ ਰਖੇ ਸਹੀ ਸਲਾਮਤ, ਸੁਲ੍ਹਾਕੁਲ ਆਪਣੇ

ਵਿਚ ਸਮਾਈਆ । ਆਉਂਦਿਆਂ ਜਾਂਦਿਆਂ ਏਥੇ ਓਥੇ ਦੋ ਜਹਾਨਾਂ ਕਰੇ ਨਾ ਕੋਇ ਮਮਾਨਤ, ਅਧਵਿਚਕਾਰ ਨਾ ਕੋਇ ਅਟਕਾਈਆ । ਲੋਕਮਾਤ ਆ ਕੇ ਦਇਆ ਕਮਾ ਕੇ ਆਪਣੇ ਸ਼ਬਦ ਦੀ ਦੇ ਕੇ ਜਾਏ ਜ਼ਮਾਨਤ, ਅਗਲਾ ਹੁਕਮ ਹੁਕਮ ਵਿਚੋਂ ਸੁਣਾਈਆ । ਸਚ ਪ੍ਰੇਮ ਦੀ ਬਖ਼ਸ਼ ਕੇ ਜਾਏ ਨਿਆਮਤ, ਅੰਮ੍ਰਿਤ ਫਲ ਇਕੋ ਦਏ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਬਿਜਲੀ ਕਹੇ ਮੈਂ ਪਤਾਸੇ ਨਾਲ ਕਰਾਂ ਕੁਛ ਗੱਲ, ਅੰਤਰ ਅੰਤਰ ਜਣਾਈਆ । ਸਚ ਦੱਸ ਕੀ ਪੁਰਖ ਅਬਿਨਾਸ਼ੀ ਕਰਦਾ ਵਲ ਛਲ, ਲੱਖ ਚੁਰਾਸੀ ਭਵਰੀ ਵਿਚ ਭਵਾਈਆ । ਕੀ ਖੇਲ ਹੋਣਾ ਅੱਜ ਕਲ੍ਹ, ਕਲਮਿਆਂ ਤੋਂ ਬਾਹਰ ਦੇਣਾ ਦ੍ਰਿੜਾਈਆ । ਕੀ ਕਰਨੀ ਦਾ ਦੇਵੇ ਫਲ, ਹਰਿ ਕਰਤਾ ਬੇਪਰਵਾਹੀਆ । ਤੂੰ ਸਦਾ ਖ਼ੁਰਦਾ ਰਿਹੋਂ ਵਿਚ ਜਲ, ਧਾਰਾ ਵਿਚ ਆਪਣਾ ਆਪ ਬਦਲਾਈਆ । ਮਸਲੇ ਵਿਚੋਂ ਮਸਲਾ ਕਰ ਦੇ ਹੱਲ, ਅਹਿਵਾਲ ਅਗਲਾ ਦੇ ਦ੍ਰਿੜਾਈਆ । ਪਤਾਸਾ ਕਹੇ ਸੁਣ ਮੇਰੀ ਗੱਲ, ਸਹਿਜੇ ਦਿਆਂ ਜਣਾਈਆ । ਦੀਨ ਦਿਆਲਾ ਸਾਹਿਬ ਸਵਾਮੀ ਜਿਨ੍ਹਾਂ ਹੋਇਆ ਵੱਲ, ਵਲਵਲੇ ਅੰਦਰੋਂ ਦਏ ਕਢਾਈਆ । ਨਿਤ ਨਵਿਤ ਜੁਗ ਚੌਕੜੀ ਜਨ ਭਗਤਾਂ ਕਾਰਨ ਲੋਕਮਾਤ ਆਏ ਚਲ, ਚਲਿੱਤਰ ਆਪਣਾ ਨਾ ਕਿਸੇ ਸਮਝਾਈਆ । ਵੈਂਹਦੀ ਧਾਰ ਦੋ ਜਹਾਨ ਸਮੁੰਦ ਸਾਗਰ ਸਾਰੇ ਦੇਵੇ ਠੱਲ੍ਹ, ਸਿਰ ਸਕੇ ਨਾ ਕੋਇ ਉਠਾਈਆ । ਕੀ ਹੋਇਆ ਜੇ ਲੇਖਾ ਮੁਕ ਜਾਏ ਕਾਇਆ ਮਾਟੀ ਤਨ ਵਜੂਦ ਖੱਲ, ਫਲਕ ਖ਼ੁਦਾ ਰਹਿਣ ਨਾ ਪਾਈਆ । ਭਗਤਾਂ ਦੀ ਆਤਮ ਪਰਮਾਤਮ ਵਿਚ ਜਾਏ ਰਲ, ਜਲ ਵਿਚ ਮਿਲ ਕੇ ਆਪਣਾ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪਤਾਸਾ ਕਹੇ ਸੁਣਾ ਬਿਜਲੀ ਭੈਣ, ਤੈਨੂੰ ਦਿਆਂ ਜਣਾਈਆ । ਕੀ ਤੂੰ ਮੈਨੂੰ ਆਈ ਕੁਛ ਕਹਿਣ, ਆਪਣਾ ਖ਼ਿਆਲ ਦ੍ਰਿੜਾਈਆ । ਜ਼ਰਾ ਖੋਲ੍ਹ ਕੇ ਵੇਖ ਨੈਣ, ਮੈਂ ਭਗਤਾਂ ਦਿਆਂ ਦਰਸਾਈਆ । ਜਿਸ ਨੂੰ ਸਭ ਨੇ ਮੰਨਿਆਂ ਆਪਣਾ ਸਾਕ ਸੱਜਣ ਸੈਣ, ਸਮਰਥ ਪੁਰਖ ਬੇਪਰਵਾਹੀਆ । ਜੋ ਜੁਗ ਚੌਕੜੀ ਦੇਵੇ ਦੇਣ ਦੇਣ, ਗੁਰ ਅਵਤਾਰ ਪੈਗ਼ੰਬਰ ਝੋਲੀ ਆਪ ਭਰਾਈਆ । ਉਹ ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਨਾਲ ਮਿਲ ਕੇ ਆਪਣੀ ਸੁਹਾਵਣ ਆਇਆ ਰੈਣ, ਭਿੰਨੜੀ ਆਪਣੇ ਰੰਗ ਰੰਗਾਈਆ । ਸੋ ਗੁਰਮੁਖ ਸੰਤ ਸੁਹੇਲੇ ਮੇਰੇ ਵਾਂਗ ਖੁਰ ਕੇ ਪਾਣੀ ਵਿਚ ਕਦੇ ਨਾ ਵਹਿਣ, ਵਹਿੰਦੀ ਧਾਰ ਕਦੇ ਨਾ ਜਾਈਆ । ਜੋ ਬਿਨ ਰਸਨਾ ਜਿਹਵਾ ਬੱਤੀ ਦੰਦ ਅਜਪਾ ਜਾਪ ਓਸ ਦਾ ਨਾਮ ਲੈਣ, ਜੋ ਬਿਨ ਸੱਦਿਆਂ ਪੁੱਛਿਆਂ ਘਰ ਘਰ ਡੇਰਾ ਲਾਈਆ । ਜਿਸ ਨੂੰ ਸਮਝ ਨਾ ਸਕੇ ਸ਼ਾਸਤਰ ਸਿਮਰਤ ਵੇਦ ਪੁਰਨ ਅੰਜੀਲ ਕੁਰਾਨ ਖਾਣੀ ਬਾਣੀ ਬਾਲਮੀਕ ਦੀ ਲਿਖੀ ਹੋਈ ਰਮਾਇਣ, ਰਮਤਾ ਰਾਮ ਰਮਿਆ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਬਿਜਲੀ ਕਹੇ ਸੁਣ ਪਤਾਸੇ ਵੀਰ, ਵਾਰਤਾ ਤੈਨੂੰ ਦਿਆਂ ਜਣਾਈਆ । ਮੈਂ ਜੁਗ ਜੁਗ ਵੇਖੇ ਸੰਤ ਫ਼ਕੀਰ, ਜੋ ਫ਼ਿਕਰੇ ਢੋਲੇ ਰਹੇ ਗਾਈਆ । ਜਿਨ੍ਹਾਂ ਤੋੜੇ ਸ਼ਰਅ ਜ਼ੰਜੀਰ, ਸੂਲੀ ਚੜ੍ਹ ਕੇ ਖ਼ੁਸ਼ੀ ਮਨਾਈਆ । ਜਿਨ੍ਹਾਂ ਮੰਨਿਆਂ ਇਕੋ ਪੀਰ, ਪੈਗ਼ੰਬਰ ਗਏ ਤਜਾਈਆ । ਜਿਨ੍ਹਾਂ ਦਾ ਅੰਤਰ ਹੋਇਆ ਦਿਲਗੀਰ, ਬਿਰਹੋਂ ਰਹੀ ਕੁਰਲਾਈਆ । ਉਨ੍ਹਾਂ ਪਿਆਰ ਦੀ ਵੇਖੀ ਸ਼ਮਸ਼ੀਰ, ਸ਼ਮਅ ਗਏ ਜਗਾਈਆ । ਬਦਲਦੀ ਵੇਖੀ ਤਕਦੀਰ, ਤਦਬੀਰ ਬੇਪਰਵਾਹੀਆ । ਤੱਕਿਆ ਬੇਨਜ਼ੀਰ, ਜੋ ਮਿਹਰ ਨਜ਼ਰ ਨਾਲ ਪਾਰ ਕਰਾਈਆ । ਜੁਲਾਹੇ ਦਾ ਤਾਣਾ ਜਾਣੇ ਨਹੀਂ ਕਬੀਰ, ਬਿਨ ਕਾਅਬਿਉਂ ਜਿਸ ਕਾਅਬਾ ਦਿਤਾ ਸਮਝਾਈਆ । ਤੁਹਾਡੀ ਸਚਖੰਡ ਵਿਚ


੬੦੬
੧੯

ਸਚ ਤਸਵੀਰ, ਜਿਨ੍ਹਾਂ ਦੇ ਹਥੋਂ ਤਸਬੀ ਮਾਲਾ ਦਿਤੀ ਸੁਟਾਈਆ । ਤੁਹਾਡੇ ਪਿਛੇ ਤੁਹਾਡਾ ਮਾਲਕ ਬਣਿਆ ਹਕੀਰ, ਹਿਕਮਤ ਨਾਲ ਹਾਕਮ ਧੁਰ ਦੇ ਦਏ ਬਣਾਈਆ । ਸਤਿ ਸਚ ਦੀ ਬਖ਼ਸ਼ ਇਕ ਜਾਗੀਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਤੁਹਾਡਾ ਨਾ ਕੋਈ ਆਦਿ ਨਾ ਕੋਈ ਅਖ਼ੀਰ, ਨਾ ਕੋਈ ਅੰਤਸ਼ਕਰਨ ਨਾ ਕੋਈ ਜ਼ਮੀਰ, ਨਾ ਕੋਈ ਸੁਖਮਨ ਟੇਢੀ ਬੰਕ ਨਾ ਨੌਂ ਦਵਾਰੇ ਦਿਲਗੀਰ, ਨਾ ਰਾਓ ਰੰਕ ਨਾ ਸ਼ਾਹ ਸੁਲਤਾਨ ਨਾ ਫੜਨੀ ਪਏ ਸ਼ਮਸ਼ੀਰ, ਤੁਹਾਡਾ ਇਕੋ ਦਵਾਰਾ ਬੰਕ ਜਿਥੇ ਵਸੇ ਬੇਨਜ਼ੀਰ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਫ਼ਰੀ ਜੀ ਬਿਜਲੀ ਕਦੇ ਕੱਟਣ ਨਾ ਦੇਵੇ ਨੰਬਰ, ਮਾਰਕ ਹੱਕ ਹੱਕ ਲਗਾਈਆ । ਜਿਨ੍ਹਾਂ ਦਾ ਹੋ ਗਿਆ ਸਚ ਸਵੰਬਰ, ਏਥੇ ਓਥੇ ਨਾ ਹੋਏ ਜੁਦਾਈਆ । ਪੁਰਖ ਅਕਾਲ ਦੀਨ ਦਿਆਲ ਸਰਬ ਕਲਾ ਭਰੰਤਬਰ, ਭਰਪੂਰ ਰਿਹਾ ਸਰਬ ਠਾਈਆ । ਬਿਨ ਕ਼ਲਮ ਸ਼ਾਹੀ ਦੇ ਲੇਖਾ ਜਾਣੇ ਅਮਲ, ਆਲਮ ਉਲਮਾ ਸਾਰੇ ਖੋਜ ਖੁਜਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਦ ਬੈਠਾ ਰਹੇ ਨਾਲ ਤਹੱਮਲ, ਸਚ ਸਿੰਘਾਸਣ ਡੇਰਾ ਲਾਈਆ । ਜਨ ਭਗਤਾਂ ਤੋੜ ਕੇ ਆਦਿ ਜੁਗਾਦੀ ਬੰਧਨ, ਬੰਦਗੀ ਇਕੋ ਦਏ ਸਮਝਾਈਆ । ਸਚ ਪਿਆਰ ਦਾ ਦੇ ਅਨੰਦਨ, ਅਨੰਦ ਅਨੰਦ ਵਿਚ ਟਿਕਾਈਆ । ਜੋ ਆਵੇ ਟੁੱਟੀ ਗੰਢਣ, ਨਾਤਾ ਆਪਣੇ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਮੇਲੇ ਸਹਿਜ ਸੁਭਾਈਆ । ਬਿਜਲੀ ਕਹੇ ਮੈਂ ਪਤਾਸੇ ਨੂੰ ਦੱਸਣਾ ਅੰਦਰਲਾ ਭੇਤ, ਜਿਸ ਨੂੰ ਕਥਨੀ ਕਥ ਨਾ ਸਕੇ ਰਾਈਆ । ਇਕ ਬਚਨ ਕਿਹਾ ਗੁਰੂ ਅਰਜਨ ਜਿਸ ਵੇਲੇ ਸੀਸ ਤੱਤੀ ਪਈ ਰੇਤ, ਬਿਨ ਰਸਨਾ ਜਿਹਵਾ ਆਖ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਤੇਰੀ ਵੇਖ ਅਗੰਮੀ ਖੇਡ, ਮੇਰਾ ਅੰਤਰ ਖ਼ੁਸ਼ੀ ਮਨਾਈਆ । ਜਿਸ ਕਾਰਨ ਮੈਨੂੰ ਦਿਤਾ ਭੇਜ, ਬਿਨਾ ਭਜਨ ਭੈ ਭੰਜਨ ਲਿਆ ਮਿਲਾਈਆ । ਧੰਨਭਾਗ ਤੂੰ ਤੱਤੀ ਤਵੀ ਉਤੇ ਮਾਣੀ ਮੇਰੀ ਸੇਜ, ਸੰਗੀ ਹੋ ਕੇ ਸੰਗ ਰਖਾਈਆ । ਕੁਛ ਪ੍ਰੇਮ ਪਿਆਰ ਅੰਦਰ ਲਿਖਦੇ ਲੇਖ, ਜਿਸ ਨੂੰ ਲਿਖੇ ਕੋਇ ਨਾ ਸ਼ਾਹੀਆ । ਜਿਸ ਵੇਲੇ ਨਿਰਗੁਣ ਹੋ ਕੇ ਧਾਰੇਂ ਭੇਖ, ਜੋਤੀ ਜੋਤ ਹੋ ਕੇ ਜੋਤੀ ਜੋਤ ਰੂਪ ਵਟਾਈਆ । ਐ ਪ੍ਰਭੂ ਆਪਣਿਆਂ ਭਗਤਾਂ ਨੂੰ ਲਈਂ ਵੇਖ, ਕਿਸੇ ਗੁਰੂ ਅਵਤਾਰ ਪੈਗ਼ੰਬਰ ਦੀ ਲੋੜ ਰਹੇ ਨਾ ਰਾਈਆ । ਬਦਲ ਦੇਵੀਂ ਰੇਖ, ਰਿਖੀਆਂ ਮੁਨੀਆਂ ਵਿਚੋਂ ਬਾਹਰ ਕਢਾਈਆ । ਵਖਾਵੀਂ ਆਪਣਾ ਦੇਸ, ਜਿਥੇ ਨਿਰਗੁਣ ਹੋ ਕੇ ਸੋਭਾ ਪਾਈਆ । ਸੁਣਾਵੀਂ ਇਕ ਸੰਦੇਸ਼, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਸਦਾ ਕੋਲ ਰਖੀਂ ਹਮੇਸ਼, ਵਿਛੋੜੇ ਵਾਲੀ ਰੁੱਤ ਮਿਟਾਈਆ । ਓਨ੍ਹਾਂ ਪਿਛੇ ਜੇ ਤੈਨੂੰ ਜਾਣਾ ਪਏ ਲੋਕਮਾਤ ਬਦੇਸ਼, ਪਰਦੇਸ਼ੀ ਹੋ ਕੇ ਆਪਣੇ ਦੇਸੀ ਲੈਣੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰੂ ਅਰਜਨ ਕਿਹਾ ਮੈਂ ਨੀਲਾ ਨਹੀਂ ਤਰੰਗ, ਤਰੰਗ ਜਗਤ ਨਜ਼ਰ ਨਾ ਆਈਆ । ਤੂੰ ਮੇਰਾ ਮੈਂ ਤੇਰਾ ਵਜੂਦ ਮੇਰਾ ਵਜਦਾ ਰਹੇ ਵਜੂਦ ਤੇਰਾ ਅੰਗ, ਅੰਗੀਕਾਰ ਇਕ ਅਖਵਾਈਆ । ਸਦਾ ਭਗਤਾਂ ਦਾ ਮੰਗਾਂ ਸੰਗ, ਗੁਰਮੁਖਾਂ ਨਾਲ ਕੁੜਮਾਈਆ । ਅਬਿਨਾਸ਼ੀ ਕਰਤੇ ਕਦੇ ਨਾ ਨੰਗੀ ਕਰੀਂ ਕੰਡ, ਜੋ ਤੇਰੀ ਓਟ ਤਕਾਈਆ । ਲੱਖ ਚੁਰਾਸੀ ਵਿਚੋਂ ਥੋੜਾ ਹਿੱਸਾ ਤੇਰੀ ਵੰਡ, ਤੇਰੀ ਕਿਰਪਾ ਨਾਲ ਨਜ਼ਰੀ ਆਈਆ । ਆਪਣੀ ਪੀਚ ਕੇ ਰਖੀਂ ਗੰਢ, ਸਹਿਜੇ ਸਕੇ ਨਾ ਕੋਇ ਖੁਲ੍ਹਾਈਆ । ਪ੍ਰੇਮ ਪਿਆਰ ਪ੍ਰੀਤੀ ਮੁਹੱਬਤ ਦਾ ਚਾੜ੍ਹਨਾ ਰੰਗ, ਹਕੀਕ਼ਤ ਵਿਚੋਂ ਹਕੀਕ਼ਤ ਦੇਣੀ ਸਮਝਾਈਆ । ਨੂਰ ਜਹੂਰ ਦਾ ਬਖ਼ਸ਼ਣਾ ਆਨੰਦ, ਫ਼ਜ਼ੂਲ ਜਨਮ ਨਾ ਕੋਇ ਗਵਾਈਆ । ਬਿਨ ਭਗਤਾਂ

ਤੇਰਾ ਸਚ ਚੜ੍ਹੇ ਕੋਈ ਨਾ ਚੰਦ, ਜੋ ਅੱਠੇ ਪਹਿਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਿਹਾ ਮੈਂ ਦਿਆਂ ਸੰਦੇਸ਼ਾ, ਧੁਰ ਸ਼ਬਦੀ ਹੁਕਮ ਜਣਾਈਆ । ਲੱਖ ਚੁਰਾਸੀ ਖੇਲ ਖਿਲਾਉਣਾ ਮੇਰਾ ਪੇਸ਼ਾ, ਗੁਰ ਅਵਤਾਰ ਪੈਗ਼ੰਬਰ ਹੁਕਮੇਂ ਵਿਚ ਭਵਾਈਆ । ਕੋਟਾਂ ਵਿਚੋਂ ਗੁਰਮੁਖਾਂ ਸੰਤਾਂ ਖੋਲ੍ਹਾਂ ਆਪਣਾ ਭੇਤਾ, ਅੰਤਰ ਨਿਰੰਤਰ ਪੜਦਾ ਇਕ ਉਠਾਈਆ । ਸਾਚੇ ਭਗਤਾਂ ਪੂਰਾ ਕਰਾਂ ਲੇਖਾ, ਜਿਨ੍ਹਾਂ ਦੀ ਲਿਖਤ ਮੇਰਾ ਭਵਿਖਤ ਦਏ ਬਣਾਈਆ । ਜਿਨ੍ਹਾਂ ਦਾ ਸਦਾ ਸਦਾ ਸਦ ਮਾਰਗ ਏਕਾ, ਦੀਨ ਮਜ਼੍ਹਬ ਜਾਤ ਪਾਤ ਵਰਨ ਗੋਤ ਵੰਡ ਨਾ ਕੋਇ ਵੰਡਾਈਆ । ਤ੍ਰੈਗੁਣ ਮਾਇਆ ਪੰਜ ਤਤ ਪੰਜ ਵਿਕਾਰ ਨਾ ਲਾਏ ਸੇਕਾ, ਅਗਨੀ ਅੱਗ ਨਾ ਕੋਇ ਜਲਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਤਿਨ੍ਹਾਂ ਦਾ ਰਖਾਂ ਸਦਾ ਸਦਾ ਸਦ ਚੇਤਾ, ਚੇਤਨ ਹੋ ਕੇ ਚਤੁਰ ਦਿਆਂ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਹੇ ਜਗਤ ਮਿਸਾਲ ਵਿਦਿਆ ਵਿਚ ਪਰਚਾਰ, ਪਰਚਾ ਹਰਿ ਸਮਝ ਕੋਇ ਨਾ ਪਾਈਆ । ਬਿਨ ਭਗਤਾਂ ਕਰੇ ਨਾ ਕੋਇ ਦੀਦਾਰ, ਸਨਮੁਖ ਹੋ ਕੇ ਖ਼ੁਸ਼ੀ ਨਾ ਕੋਇ ਮਨਾਈਆ । ਅੱਖਰਾਂ ਵਾਲਾ ਜਗਤ ਵਿਵਹਾਰ, ਵਿਦਿਆ ਨਾਲ ਵਿਦਿਆ ਕਰੇ ਲੜਾਈਆ । ਸੰਤ ਸੁਹੇਲਾ ਕਰੇ ਨਾ ਕੋਇ ਇਤਬਾਰ, ਬਿਨ ਮਿਲਿਆਂ ਸਾਂਤ ਕੋਇ ਨਾ ਆਈਆ । ਲੱਖ ਚੁਰਾਸੀ ਰੁੜ੍ਹਦੀ ਜਾਏ ਵਿਚ ਸੰਸਾਰ, ਭਵਸਾਗਰ ਪਾਰ ਨਾ ਕੋਇ ਕਰਾਈਆ । ਗੁਰਮੁਖ ਰਾਹ ਤੱਕਣ ਧੁਰ ਦੇ ਯਾਰ, ਜੋ ਯਾਰਾਨਾ ਸ਼ਾਹ ਸੁਲਤਾਨਾ ਇਕੋ ਇਕ ਰਖਾਈਆ । ਬਿਨਾ ਗੁਲਸ਼ਨ ਦੇ ਦਿਸੇ ਉਹ ਬਹਾਰ, ਜਿਥੇ ਉਡਣਵਾਲੀ ਬੁਲਬੁਲ ਨਾ ਕੋਇ ਚਹਿਚਹਾਈਆ । ਜਿਥੇ ਖ਼ਿਜ਼ਾਂ ਦੀ ਆਵੇ ਕਦੇ ਨਾ ਵਾਰ, ਪਤਝੜ ਰੂਪ ਨਾ ਕੋਇ ਬਦਲਾਈਆ । ਇਕੋ ਰੰਗ ਰਹੇ ਸੱਚੀ ਗੁਲਜ਼ਾਰ, ਕਲੀ ਕਲੀ ਆਪ ਮਹਿਕਾਈਆ । ਖ਼ੁਦ ਖ਼ੁਦਾ ਬਣਿਆ ਰਹੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਸੂਫ਼ੀ ਸੰਤ ਬਣਾ ਕੇ ਵਫ਼ਾਦਾਰ, ਮਿਹਰ ਨਜ਼ਰ ਇਕ ਟਿਕਾਈਆ । ਸਚ ਭਰੋਸਾ ਦੇ ਇਤਬਾਰ, ਬੇਇਤਬਾਰੀ ਦਏ ਚੁਕਾਈਆ । ਜਨ ਭਗਤੋ ਤੁਹਾਨੂੰ ਖੁਰਨ ਨਹੀਂ ਦੇਣਾ ਵਿਚ ਸੰਸਾਰ, ਪਤਾਸੇ ਵਾਲਾ ਪਤਾ ਆਪਣੇ ਨਾਲ ਲਗਾਈਆ । ਤੁਹਾਡਾ ਉਹ ਸੱਚਾ ਘਰਬਾਰ, ਜਿਥੇ ਛੱਪਰ ਛੰਨ ਨਾ ਕੋਇ ਛੁਹਾਈਆ । ਬਿਨ ਤੇਲ ਬਾਤੀ ਹੋਏ ਉਜਿਆਰ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਬਿਨ ਜ਼ਿਮੀਂ ਅਸਮਾਨਾਂ ਹੋਏ ਬਹਾਰ, ਬਿਨ ਬਾਰਸ਼ ਰੁੱਤ ਦਏ ਮਹਿਕਾਈਆ । ਸਹਿਜ ਸਹਿਜ ਅੰਦਰ ਵੜ ਕੇ ਮੰਦਰ ਚੜ੍ਹ ਕੇ ਸੁਰਤ ਸਵਾਣੀ ਸ਼ਬਦੀ ਫੜ ਕੇ, ਪ੍ਰੇਮ ਪ੍ਰੀਤੀ ਅੰਦਰ ਕਰੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਬਿਨ ਹੱਥਾਂ ਬਾਹਵਾਂ ਫੜ ਕੇ ਬੇੜਾ ਕਰ ਕੇ ਜਾਏ ਪਾਰ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਜਿਥੇ ਰਾਗਾਂ ਦਾ ਨਹੀਂ ਸ਼ੁਮਾਰ, ਸ਼ਮਅ ਦੀਪ ਨਾ ਕੋਇ ਰੁਸ਼ਨਾਈਆ । ਲੈ ਜਾਏ ਓਸ ਦਰਬਾਰ, ਜਿਸ ਦਰਬਾਰ ਦਾ ਮਾਲਕ ਬੇਪਰਵਾਹੀਆ । ਦਰਗਹਿ ਸਾਚੀ ਦਾ ਹਕ਼ੀਕ਼ਤ ਵਾਲਾ ਯਾਰ, ਹੁਕਮ ਇਕ ਮਨਾਈਆ । ਜਿਸ ਦਾ ਪਿਆਰ ਮੁਹੱਬਤ ਵਿਚੋਂ ਹੋਵੇ ਨਮੂਦਾਰ, ਨੁਮਾਇੰਦੇ ਪੀਰ ਪੈਗ਼ੰਬਰ ਗਏ ਸੁਣਾਈਆ । ਜਲਵਾਗਰ ਜਲਵਾ ਵਖਾਏ ਬੇਮਿਸਾਲ, ਜਿਸ ਦੀ ਮਿਸਲ ਨਾ ਕਿਸੇ ਬਣਾਈਆ । ਜਨ ਭਗਤੋ ਤੁਹਾਡਾ ਵੱਡਾ ਕਰੇ ਇਕਬਾਲ, ਇਕਬਾਲ ਤੁਹਾਥੋਂ ਲੈ ਕੇ ਬਿਆਨ ਕਲਮਬੰਦ ਰਖਾਈਆ । ਜਿਸ ਨੂੰ ਗਾ ਨਾ ਸਕੇ ਕੋਈ ਜ਼ਬਾਨ, ਸੋ ਤੁਹਾਡੇ ਧਿਆਨ ਵਿਚ ਟਿਕਾਈਆ । ਜਿਸ ਨੂੰ ਵਿਦਿਆ ਨਾ ਜਾਣੇ ਗਿਆਨ, ਬ੍ਰਹਮਗਿਆਨ ਰਮਜ਼ ਵਿਚ ਸਮਾਈਆ । ਸਾਚੇ ਸੰਤ ਓਸ ਹੁਕਮ ਨੂੰ ਕਰਨ

ਪਰਵਾਨ, ਜੋ ਬਿਨਾ ਪਰਵਾਨਿਆਂ ਦੇ ਦਏ ਪੁਚਾਈਆ । ਬਿਨਾ ਸਫ਼ਰ ਦੇ ਸਫ਼ਰ ਅੰਦਰ ਰਹੇ ਆਣ, ਕਾਇਆ ਕਫ਼ਨੀ ਭਾਗ ਲਗਾਈਆ । ਬਿਨਾ ਜਗਹ ਤੋਂ ਜਗਹ ਲਏ ਪਹਿਚਾਣ, ਜਿਥੇ ਨਾ ਜ਼ਿਮੀ ਤੇ ਨਾ ਅਸਮਾਨ, ਨਾ ਪੀਣ ਤੇ ਨਾ ਖਾਣ, ਨਾ ਹੈਵਾਨ ਤੇ ਨਾ ਇਨਸਾਨ, ਨਾ ਦੁਨੀ ਨਾ ਜਹਾਨ, ਨਾ ਵਿਦਿਆ ਨਾ ਕੋਈ ਗਿਆਨ, ਨਾ ਸੀਤਾ ਨਾ ਕੋਈ ਰਾਮ, ਨਾ ਕੋਈ ਰਾਧਾ ਨਾ ਕੋਈ ਕਾਹਨ, ਨਾ ਕੋਈ ਗੁਰ ਅਵਤਾਰ ਪੈਗੰਬਰ ਦੇਵੇ ਬਿਆਨ, ਜਿਥੇ ਇਕੋ ਨੂਰ ਜੋਤ ਨਿਸ਼ਾਨ, ਦੂਜਾ ਨਜ਼ਰ ਕੋਇ ਨਾ ਆਈਆ । ਬਿਨਾ ਬਿਜਲੀ ਤੋਂ ਚਾਨਣ ਦੇਵੇ ਉਹ ਚਾਨਾਣ, ਜਿਥੇ ਜਲਵਾ ਨੂਰ ਮਹਾਨ, ਨਿਰਗੁਣ ਰੂਪ ਸ੍ਰੀ ਭਗਵਾਨ, ਜੋ ਸਭ ਨੂੰ ਦੇਵੇ ਦਾਨ, ਘਰ ਸਵਾਮੀ ਮਿਲੇ ਆਣ, ਲੱਖ ਚੁਰਾਸੀ ਚੁਕੇ ਕਾਣ, ਆਵਣ ਜਾਵਣ ਦੀ ਲੋੜ ਰਹੇ ਨਾ ਰਾਈਆ । ਬਿਨਾ ਚਪਾਤੀਆਂ ਤੋਂ ਦੇਵੇ ਪਕਵਾਨ, ਬਿਨਾ ਪਰੋਸਿਆਂ ਤੋਂ ਦੇਵੇ ਧਿਆਨ, ਬਿਨਾ ਮੰਜ਼ਲ ਤੋਂ ਦੇਵੇ ਨਿਸ਼ਾਨ, ਸਾਖਿਆਤ ਉਤਰ ਆਵੇ ਜਿਸਨੂੰ ਮੰਨਦੇ ਗਏ ਰਾਮ, ਰਮਤਾ ਰਮਤਾ ਸਭ ਦੇ ਅੰਦਰ ਰਸਤੇ ਦਏ ਬਣਾਈਆ । ਨਾ ਤਹਿਸੀਲ ਨਾ ਕੋਈ ਡਿਸਟਿਕ, ਕਰ ਕਿਰਪਾ ਜਿਸ ਨੂੰ ਮਾਰੇ ਆਪਣੀ ਹਿਟ, ਬਿਨ ਕਿਰਪਾ ਦੇ ਦਏ ਚਿਟ, ਹਰਿ ਸੰਗਤ ਦੇ ਕਰ ਦਏ ਫਿਟ, ਭਾਵੇਂ ਉਸ ਨੂੰ ਵੱਟ ਕਹੋ ਭਾਵੇਂ ਇੱਟ, ਥ੍ਰੀ ਆਈ ਦੀ ਸਮਝ ਕਿਸੇ ਨਾ ਆਈਆ । ਭਾਵੇਂ ਸਭ ਦਾ ਮਾਨਸ ਜਨਮ ਲਏ ਨਜਿਠ, ਬਿਨ ਅੱਖਾਂ ਤੋਂ ਨਜ਼ਰੀ ਆਵੇ ਵਿਚ, ਬਿਨ ਕਿਰਪਾ ਤੋਂ ਸ੍ਰਿਸ਼ਟੀ ਸਮਝੇ ਟਿਚ, ਦਿਆਲ ਹੋ ਕੇ ਜਨ ਭਗਤਾਂ ਲੇਖਾ ਦਏ ਲਿਖ, ਜਿਸ ਨੂੰ ਦੋ ਜਹਾਨ ਨਾ ਕੋਇ ਮਿਟਾਈਆ । ਨਾ ਕੋਈ ਬੀਕਾਨੇਰ ਨਾ ਕੋਈ ਗੰਗਾ ਨਗਰ, ਬਾਲੂ ਰੇਤ ਨਾ ਕੋਇ ਵਖਾਈਆ । ਜਿਨ੍ਹਾਂ ਦੇ ਅੰਦਰ ਵੜ ਕੇ ਪ੍ਰੇਮ ਪਿਆਰ ਦਾ ਪਾਵੇ ਸਗਨ, ਸਗਲ ਸ੍ਰਿਸ਼ਟੀ ਤੋਂ ਬਾਹਰ ਕਢਾਈਆ । ਆਤਮ ਪਰਮਾਤਮ ਕਰਕੇ ਲਗਨ, ਪਿਛਲਿਆਂ ਤੋਂ ਲਏ ਛੁਡਾਈਆ । ਬਿਨਾ ਬਿਜਲੀ ਤੋਂ ਅੰਦਰ ਦੀਪਕ ਜਗਣ, ਏਸ ਬਿਜਲੀ ਦੀ ਲੋੜ ਰਹੇ ਨਾ ਰਾਈਆ । ਇਸ ਬਿਜਲੀ ਵਾਲੇ ਭਾਖੜੇ ਦਾ (ਰਾਹ) ਤੱਕਣ, ਗੁਰਮੁਖ ਬੇਪਰਵਾਹ ਵਿਚ ਸਮਝਾਈਆ । ਜੋ ਥੋੜੇ ਜਿਹੇ ਹੋ ਜਾਣ ਸ਼ੱਕਣ, ਸ਼ਿਕਵੇ ਅੰਦਰੋਂ ਦਏ ਕਢਾਈਆ । ਜਿਸ ਦੇ ਹੱਥ ਦਸਮ ਦਵਾਰੀ ਦਾ ਨਿੱਕਾ ਜਿਹਾ ਢੱਕਣ, ਸਹਿਜੇ ਦਏ ਉਠਾਈਆ । ਬਿਨਾ ਪਤਾਸਿਆਂ ਤੋਂ ਅੰਮ੍ਰਿਤ ਬਹਿ ਕੇ ਛਕਣ, ਅੰਮ੍ਰਿਤ ਰਸ ਨਿਝਰ ਧਾਰ ਦਏ ਝਿਰਾਈਆ । ਬਿਨਾ ਬੋਲਿਆਂ ਤੋਂ ਨਾਦ ਅਗੰਮੀ ਵੱਜਣ, ਜਿਨ੍ਹਾਂ ਦੀ ਸਦਾ ਵਜਦੀ ਰਹੇ ਵਧਾਈਆ । ਜੇ ਚੰਦ ਚਕੋਰ ਨੂੰ ਜਾਂਦਾ ਨਹੀਂ ਸੱਦਣ, ਸ੍ਰੀ ਭਗਵਾਨ ਭਗਤਾਂ ਦੇ ਅੰਦਰ ਵੜ ਕੇ ਦਏ ਉਠਾਈਆ । ਜੁਗ ਜੁਗ ਪੈਜ ਆਵੇ ਰੱਖਣ, ਇਹ ਓਸੇ ਦੀ ਬੇਪਰਵਾਹੀਆ । ਭਾਂਡੇ ਰਹਿਣ ਨਾ ਦੇਵੇ ਕਾਇਆ ਮਾਟੀ ਸੱਖਣ, ਸਹਿਜੇ ਦਏ ਭਰਾਈਆ । ਜੋ ਸਤਿਗੁਰ ਪੂਰੇ ਦੇ ਆ ਗਏ ਪੱਤਨ, ਬੇੜਾ ਅਗਲੇ ਕਿਨਾਰੇ ਤੋਂ ਅਗੇ ਦਏ ਲੰਘਾਈਆ । ਜਿਥੇ ਉਹ ਸਾਹਿਬ ਸੁਹੇਲੇ ਵਸਣ, ਜਿਨ੍ਹਾਂ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਰਾਗਾਂ ਨਾਦਾਂ ਵਿਚ ਢੋਲੇ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮਿਹਰ ਨਜ਼ਰ ਟਿਕਾਈਆ । ਪਤਾਸਾ ਕਹੇ ਮੈਂ ਮਨਮੁਖਾਂ ਸਦਾ ਖੋਰਦਾ, ਜਿਨ੍ਹਾਂ ਪ੍ਰੇਮ ਨਜ਼ਰ ਨਾ ਆਈਆ । ਜਿਨ੍ਹਾਂ ਦਾ ਨਾਤਾ ਪੰਜ ਚੋਰ ਦਾ, ਪੰਜਾਂ ਵਿਚ ਮਿਲ ਕੇ ਖ਼ੁਸ਼ੀ ਮਨਾਈਆ । ਓਨ੍ਹਾਂ ਸ਼ੌਹ ਦਰਿਆਏ ਰੋੜ੍ਹਦਾ, ਚੁਰਾਸੀ ਪਾਰ ਨਾ ਕੋਇ ਕਰਾਈਆ । ਅਗੇ ਹੋ ਕੋਇ ਨਾ ਹੋੜਦਾ, ਸਚ ਸੰਦੇਸ਼ਾ ਨਾ ਕੋਇ ਦ੍ਰਿੜਾਈਆ । ਰਾਏ ਧਰਮ ਅਗੇ ਤੋਰਦਾ, ਜੋ ਤੁਰਤ ਦਏ ਸਜ਼ਾਈਆ । ਖੇਲ ਵੇਖਾਂ ਪੈਂਦੇ ਸ਼ੋਰ ਦਾ, ਹਾਹਾਕਾਰ ਵਿਚ ਖ਼ੁਸ਼ੀ ਮਨਾਈਆ । ਕਲਜੁਗ ਲਹਿਣਾ ਜਾਣਾ ਅੰਧ ਘੋਰ ਦਾ, ਚਾਰ


੬੦੯
੧੯

ਕੁੰਟ ਸਾਚਾ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਰਤਾਈਆ । ਪਤਾਸਾ ਕਹੇ ਮੈਂ ਦੱਸਾਂ ਸਚ ਸਲੋਕਾ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਉਚੀ ਕੂਕ ਜਣਾਵਾਂ ਹੋਕਾ, ਹੁਕਮ ਮੰਨੋ ਬੇਪਰਵਾਹੀਆ । ਜਿਸ ਦੇ ਵਿਚ ਨਹੀਂ ਕੋਈ ਧੋਖਾ, ਕੂੜੀ ਕਿਰਿਆ ਨਾ ਕੋਇ ਜਣਾਈਆ । ਮਾਨਸ ਜਨਮ ਮਿਲਿਆ ਮੌਕਾ, ਮੁਕੰਮਲ ਮਿਲੇ ਸ਼ਹਿਨਸ਼ਾਹੀਆ । ਜਿਸ ਦਾ ਮਾਰਗ ਸਭ ਤੋਂ ਸੌਖਾ, ਔਖੀ ਮੰਜ਼ਲ ਦਏ ਮੁਕਾਈਆ । ਪੜ੍ਹਨਾ ਪਏ ਕੋਈ ਨਾ ਪੋਥਾ, ਪੁਸਤਕ ਬਗ਼ਲ ਨਾ ਕੋਇ ਟਿਕਾਈਆ । ਭਿਖਾਰੀ ਬਣ ਕੇ ਫੜਨਾ ਪਏ ਨਾ ਸੋਟਾ, ਸਵਾਨਾਂ ਪਰੇ ਹਟਾਈਆ । ਭੇਖੀਆਂ ਵਿਚ ਬੰਨ੍ਹਣਾ ਨਾ ਪਏ ਲੰਗੋਟਾ, ਤਨ ਖ਼ਾਕ ਨਾ ਕੋਇ ਰਮਾਈਆ । ਕੱਖਾਂ ਦਾ ਬਣਾਉਣਾ ਪਏ ਨਾ ਕੋਠਾ, ਅਗਨੀ ਅੱਗ ਨਾ ਕੋਇ ਜਲਾਈਆ । ਗ੍ਰਿਹਸਤੀਆਂ ਘਰੋਂ ਮੰਗਣਾ ਪਏ ਨਾ ਤੋਸਾ, ਬਗਲੀ ਬਾਂਹ ਨਾ ਕੋਇ ਟਿਕਾਈਆ । ਗੋਬਰ ਨਾਲ ਦੇਣਾ ਪਏ ਨਾ ਕੋਈ ਚੌਂਕਾ, ਸੀਸ ਹਦੀਸ ਨਾ ਕੋਇ ਨਿਵਾਈਆ । ਜਿਨ੍ਹਾਂ ਨੂੰ ਪ੍ਰਭ ਮਿਲਣ ਦਾ ਸੌਂਕਾ, ਸਿਧੇ ਮਿਲੇ ਬੇਪਰਵਾਹੀਆ । ਜਿਸਨੂੰ ਮਿਲਿਆਂ ਕੋਈ ਜਾਵੇ ਨਾ ਔਂਤਾ, ਔਂਤ ਗਿਆਂ ਦੇ ਘਰ ਜਨਮ ਕੋਇ ਨਾ ਪਾਈਆ । ਮਾਲਕ ਮਿਲ ਜਾਏ ਖ਼ਾਲਕ ਇਕੋ ਧੌਂਤਾ, ਜਿਸ ਨੂੰ ਖ਼ਸਮ ਕਹਿ ਕੇ ਸਾਰੇ ਗਏ ਗਾਈਆ । ਓਸ ਦੀ ਗੋਦ ਵਿਚ ਲਾਓ ਢੌਂਕਾ, ਜਿਥੇ ਸੁਤਿਆਂ ਨਾ ਕੋਇ ਉਠਾਈਆ । ਸਾਚੀ ਮੰਜ਼ਲ ਚੜ੍ਹੋ ਜਿਥੇ ਕੋਇ ਨਾ ਪਹੁੰਚਾ, ਸਚ ਦਵਾਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾਲ ਹੋ ਕੇ ਕਿਰਪਨ ਲਏ ਤਰਾਈਆ । ਪਤਾਸਾ ਕਹੇ ਜਨ ਭਗਤੋ ਤੁਹਾਨੂੰ ਕੋਈ ਰਹੇ ਨਾ ਸੋਗ, ਚਿੰਤਾ ਅੰਦਰੋਂ ਦੇਣੀ ਕਢਾਈਆ । ਤੁਹਾਡਾ ਜਨਮ ਜਨਮ ਦਾ ਕੱਟਿਆ ਗਿਆ ਰੋਗ, ਜਗਤ ਰੋਗੀਆਂ ਵਿਚੋਂ ਬਾਹਰ ਕਢਾਈਆ । ਓਸ ਦੇ ਨਾਲ ਹੋਇਆ ਸੰਜੋਗ, ਜੋ ਪਰਮਾਤਮ ਆਤਮ ਆਪਣੀ ਖੇਲ ਖਿਲਾਈਆ । ਏਥੇ ਓਥੇ ਸਦਾ ਮਾਣੋ ਮੌਜ, ਮਜਲਸ ਇਕੋ ਨਜ਼ਰੀ ਆਈਆ । ਤੁਹਾਡਾ ਪੂਰਾ ਹੋਇਆ ਜੋਗ, ਜੁਗਤੀ ਪ੍ਰਭ ਨੇ ਦਿਤੀ ਸਮਝਾਈਆ । ਤੁਹਾਡੇ ਬਦਲੇ ਆਪ ਤੁਹਾਨੂੰ ਲਿਆ ਖੋਜ, ਗੁਰਸਿਖਾਂ ਲੱਭਣ ਦੀ ਲੋੜ ਰਹੀ ਨਾ ਰਾਈਆ । ਜਗਤ ਵਿਛੋੜਾ ਗਵਾਏ ਵਿਜੋਗ, ਵਿਚਲਾ ਲੇਖਾ ਦਏ ਮਿਟਾਈਆ । ਪ੍ਰੇਮ ਪਿਆਰ ਦਾ ਪ੍ਰੀਤਮ ਨਾਲ ਕਰੋ ਭੋਗ, ਭਗਵਨ ਹੋ ਕੇ ਭਗਤਾਂ ਵਿਚ ਸਮਾਈਆ । ਕਲਜੁਗ ਅੰਤਮ ਪ੍ਰਭ ਨੂੰ ਦੇਵੋ ਰੋਹਬ, ਆਪਣਾ ਬਲ ਦਿਓ ਵਖਾਈਆ । ਨਾਲੇ ਕਹੋ, ਹੇ ਪ੍ਰਭੂ, ਜੇ ਅਸੀਂ ਨਾ ਆਉਂਦੇ ਤੇਰੇ ਨਾਮ ਦਾ ਪੈ ਜਾਂਦਾ ਭੋਗ, ਕਲਜੁਗ ਜੀਵ ਭੋਗੀ ਵਿਸ਼ਿਆਂ ਵਿਚ ਤੇਰਾ ਨਾਮ ਮਿਟਾਈਆ । ਸਚ ਪੁਛੇਂ ਜੇ ਤੈਨੂੰ ਸਿੱਧੇ ਯਾਦ ਕਰੀਏ ਸਾਰੇ ਕਰਦੇ ਵਿਰੋਧ, ਕਿਉਂ ਤੇਰੀ ਸਿਫ਼ਤ ਨੂੰ ਪੜ੍ਹ ਕੇ ਮੂਰਖ ਝਟ ਲੰਘਾਈਆ । ਚੰਗਾ ਕੀਤਾ ਗੁਰਮੁਖਾਂ ਨਾਲ ਮਨਮੁਖਾਂ ਦੀ ਲੜਨ ਵਾਸਤੇ ਭੇਜੀ ਫ਼ੌਜ, ਬਿਨਾ ਸੀਮਾਂ ਹੱਦ ਤੋਂ ਅਗੇ ਪਿਛੇ ਕਰਨ ਲੜਾਈਆ । ਥੋੜਾ ਜਿਹਾ ਵਿਦਿਆ ਦਾ ਦੇ ਕੇ ਬੋਧ, ਬੁਧੀ ਸਭ ਦੀ ਦਿਤੀ ਬਦਲਾਈਆ । ਮਾਇਆ ਰਾਣੀ ਨੇ ਬਣਾ ਕੇ ਸਾਰੇ ਨਰ ਤੈਥੋਂ ਭੁੱਲੇ ਭੋਜ, ਅੱਡੀਆਂ ਮਾਰ ਕੇ ਸੁਰਤ ਦਿਤੀ ਭੁਲਾਈਆ । ਕਿਸੇ ਨੂੰ ਹੱਥ ਆਵੇ ਨਾ ਮੁਕਤੀ ਮੋਖ, ਮੁਫ਼ਤ ਵਿਚ ਟੱਲੀਆਂ ਰਹੇ ਖੜਕਾਈਆ । ਅੰਮ੍ਰਿਤ ਰਸ ਦੀ ਮਿਲੇ ਨਾ ਅੰਤਰ ਚੋਗ, ਚੁਗ਼ਲੀ ਨਿੰਦਿਆਂ ਕਰ ਕੇ ਝੱਟ ਰਹੇ ਲੰਘਾਈਆ । ਸ੍ਰੀ ਭਗਵਾਨ ਤੇਰੇ ਉਤੇ ਰਖੇ ਕੋਈ ਨਾ ਓਟ, ਗੁਰ ਅਵਤਾਰ ਪੈਗ਼ੰਬਰ ਮੰਨ ਕੇ ਓਨ੍ਹਾਂ ਦਾ ਹੁਕਮ ਰਹੇ ਉਲਟਾਈਆ । ਅੰਦਰੋਂ ਕੱਢੇ ਕੋਈ ਨਾ ਖੋਟ, ਖੋਟੇ ਹੋ ਕੇ ਖਟੀਆ ਸੇਜ ਹੰਢਾਈਆ । ਬਿਨ ਭਗਤਾਂ ਤੋਂ ਲੱਗੇ ਕਿਸੇ ਨਾ ਚੋਟ, ਜੋ ਚੁਟਕੀ ਅੰਦਰ



੬੧੦ ੧੯

ਚੋਰੀ ਚੋਰੀ ਤੇਰਾ ਦਰਸ਼ਨ ਅੰਦਰੋਂ ਪਾਈਆ । ਜਿਥੇ ਬੁਧੀ ਦੀ ਨਹੀਂ ਸੋਚ, ਵਿਦਿਆ ਨਾ ਕੋਇ ਪੜ੍ਹਾਈਆ । ਹਰਖ ਨਹੀਂ ਕੋਈ ਸੋਗ, ਚਿੰਤਾ ਗ਼ਮ ਨਾ ਕੋਇ ਵਖਾਈਆ । ਸੰਜੋਗ ਨਹੀਂ ਵਿਜੋਗ, ਨਾਤਾ ਧੁਰ ਨਾ ਕੋਇ ਜੁੜਾਈਆ । ਬਿਨ ਤੇਰੇ ਮਿਲੇ ਨਾ ਸਾਚੀ ਮੌਜ, ਮੌਜੂਦਾ ਹੋ ਕੇ ਦਰਸ ਨਾ ਕੋਇ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਧ ਸਭ ਦਾ ਦੇ ਚੁਕਾਈਆ । ਪਤਾਸਾ ਕਹੇ ਜਨ ਭਗਤੋ ਮੈਂ ਵੇਖਾਂ ਤੁਹਾਡਾ ਪੱਤਨ ਪਤਿਤ ਪੁਨੀਤ ਦਇਆ ਕਮਾਈਆ । ਜਿਸ ਦਾ ਇਕੋ ਧੁਰ ਦਾ ਬਚਨ, ਬੱਚਿਆਂ ਵਾਂਗ ਰਿਹਾ ਮਨਾਈਆ । ਨਿਰਗੁਣ ਹੋ ਕੇ ਲੱਜਿਆ ਆਇਆ ਰੱਖਣ, ਸਰਗੁਣ ਦੇਵੇ ਮਾਣ ਵਡਿਆਈਆ । ਕਾਇਆ ਗੜ੍ਹ ਸੁਹਾਏ ਕੰਚਨ, ਮਾਟੀ ਖ਼ਾਕ ਵੱਜੇ ਵਧਾਈਆ । ਨਿਰਾਕਾਰ ਹੋ ਕੇ ਸਾਚੇ ਮੰਦਰ ਆਇਆ ਵਸਣ, ਘਟ ਭੀਤਰ ਡੇਰਾ ਲਾਈਆ । ਧੁਰ ਦਾ ਦੀਪਕ ਹੋ ਕੇ ਆਇਆ ਜਗਣ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਚ ਪ੍ਰੀਤੀ ਅੰਦਰ ਰਖੇ ਮਗਨ, ਮਾਰਗ ਇਕੋ ਰਿਹਾ ਵਖਾਈਆ । ਅਗਨੀ ਪੋਹ ਨਾ ਸਕੇ ਤ੍ਰੈਗੁਣ ਅਗਨ, ਅੰਮ੍ਰਿਤ ਮੇਘ ਰਿਹਾ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਸਤੀ ਵਿਚੋਂ ਹਸਤੀ ਆਪ ਬਦਲਾਈਆ । ਬਿਜਲੀ ਕਹੇ ਮੈਂ ਸੰਤਾਂ ਕੋਲੋਂ ਕਦੇ ਨਾ ਜਾਵਾਂ ਮੁੱਕਰ, ਪਾਸਾ ਦੇ ਨਾ ਪੱਲੂ ਛੁਡਾਈਆ । ਜੋ ਸਾਹਿਬ ਦਾ ਕਰਦੇ ਸ਼ੁਕਰ, ਸ਼ੁਕਰੀਏ ਵਿਚ ਓਨ੍ਹਾਂ ਸੀਸ ਨਿਵਾਈਆ । ਜਿਨ੍ਹਾਂ ਦੀ ਖਾਤਰ ਨਿਰਗੁਣ ਧਾਰੋਂ ਆਇਆ ਉਤਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਬਿਨਾ ਮਾਤ ਪਿਤਾ ਬਣਾ ਕੇ ਆਪਣੇ ਪੁੱਤਰ, ਪਿਤਾ ਪੂਤ ਗੋਦ ਸੁਹਾਈਆ । ਸਵਾਮੀ ਹੋ ਕੇ ਆਇਆ ਪੁਛਣ, ਪੂਰਬ ਜਨਮਾਂ ਲੇਖਾ ਰਿਹਾ ਮੁਕਾਈਆ । ਸ਼ਬਦੀ ਧਾਰ ਹੋ ਕੇ ਆਇਆ ਬੁੱਕਣ, ਬੁਕਲ ਵਿਚੋਂ ਬੁਕਲ ਦਏ ਖੁਲ੍ਹਾਈਆ । ਸੰਤ ਸੁਹੇਲੇ ਜਨਮ ਕਰਮ ਦੇ ਕਰ ਕੇ ਮੇਲੇ ਅਗੇ ਦੇਵੇ ਨਾ ਰੁੱਸਣ, ਰੁਸਿਆਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਿਜਲੀ ਕਹੇ ਮੇਰੀ ਜਗਤ ਕੜਾਵੀ ਚਮਕ, ਸਹਾਰਾ ਪਿਛਲਾ ਨਜ਼ਰ ਨਾ ਆਈਆ । ਮੇਰੀ ਸਮਝ ਨਾ ਆਵੇ ਸਮਝ, ਬੇਸਮਝ ਦਿਆਂ ਦੁਹਾਈਆ । ਜਿਨ੍ਹਾਂ ਨੂੰ ਮੁਰਸ਼ਦ ਵਾਲੀ ਵੱਜ ਗਈ ਰਮਜ਼, ਉਹ ਰਮਜ਼ਾਨ ਦਾ ਲੇਖਾ ਗਏ ਮੁਕਾਈਆ । ਉਹ ਛਡ ਕੇ ਪੜ੍ਹਾਈ ਯੇ ਅਲਿਫ਼, ਆਰਫ਼ਾਂ ਵਾਲੀ ਮਤ ਮਿਟਾਈਆ । ਇਕੇ ਦੀ ਹੋ ਗਏ ਤਰਫ਼, ਜਿਸ ਦੀ ਸਿੰਮਤ ਨਾ ਕੋਇ ਬਦਲਾਈਆ । ਜਿਸ ਦਾ ਲਿਖਿਆ ਨਾ ਜਾਵੇ ਕਦੇ ਹਰਫ਼, ਹਰੂਫ਼ਾਂ ਵਿਚ ਜਮ੍ਹਾਂ ਨਾ ਕੋਇ ਕਰਾਈਆ । ਕਰਵਟ ਦੇ ਕੇ ਦੀਨ ਦੁਨੀਆ ਕਰ ਦੇਵੇ ਬੇਤਰਫ਼, ਪਾਸਾ ਲਏ ਉਲਟਾਈਆ । ਮਿਹਰਵਾਨ ਹੋ ਕੇ ਸੂਫ਼ੀ ਸੰਤਾਂ ਮੇਟੇ ਹਰਸ, ਹਵਸ ਅੰਦਰੋਂ ਦਏ ਚੁਕਾਈਆ । ਕੌਣ ਜਾਣੇ ਕੀ ਰਮਜ਼ ਮਾਰੀ ਸ਼ੱਮਸ, ਪੁਠੀ ਖੱਲ ਲੁਹਾਈਆ । ਵਿਦਿਆ ਵਾਲੇ ਅਹਮਕ਼, ਝਗੜਾ ਕਰੇ ਲੋਕਾਈਆ । ਮੁੱਲਾ ਕੀ ਜਾਣੇ ਸਿਰ ਉਤੇ ਕੁੱਲਾ ਤੇੜ ਤਹਿਮਤ, ਤੁਹਮਤ ਸਭਨਾਂ ਰਿਹਾ ਲਗਾਈਆ । ਪਤਾਸਾ ਕਹੇ ਓਨ੍ਹਾਂ ਨੂੰ ਮੇਰੇ ਵਾਂਗ ਕਦੇ ਨਾ ਆਵੇ ਜ਼ਹਿਮਤ, ਬਿਨਾ ਖੁਰਿਆਂ ਤੋਂ ਖ਼ੁਦ ਓਸੇ ਵਿਚ ਸਮਾਈਆ । ਜਿਨ੍ਹਾਂ ਉਤੇ ਹੋ ਗਈ ਰਹਿਮਤ, ਰਹਿਮ ਵਿਚ ਲਏ ਉਠਾਈਆ । ਸਫ਼ਰ ਕਰਨ ਦੀ ਸਭ ਦੀ ਲੇਖੇ ਲਾ ਦਏ ਮਿਹਨਤ, ਦਰ ਆਇਆਂ ਦਏ ਵਡਿਆਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਬਿਨ ਅੱਖ ਤੋਂ ਲਾ ਦਏ ਸੈਨਤ, ਬਿਨਾ ਇਸ਼ਾਰਿਉਂ ਇਸ਼ਾਰਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋ ਬਿਨ ਹਥਿਆਰਾਂ ਲੱਖ ਚੁਰਾਸੀ ਬਣਿਆ ਰਹੇ ਮਕੈਨਕ, ਬਿਨ ਬਿਜਲੀ ਬਿਨ ਅਲੈਕਟ੍ਰਿਕ ਆਪਣਾ ਸੁਚ ਕਰ ਸਿਲੈਕਟ,

੬੧੧
੧੯

ਡਾਇਰੈਕਟ ਸਿੱਧਾ ਦਏ ਮਿਲਾਈਆ । ਜਿਸ ਦੇ ਕੋਲ ਬਿਨਾ ਖੰਬਿਆਂ ਤੋਂ ਵੱਡਾ ਪ੍ਰਜੈਕਟ, ਕਦੀ ਬੰਦ ਨਾ ਹੋਵੇ ਵਿਚ ਬਰੈਕਟ, ਕੋਈ ਵਿਦਿਆ ਵਾਲਾ ਕਰ ਨਾ ਸਕੇ ਸਿਲੈਕਟ, ਸੀਲਾਂ ਨਾਲ ਬੰਦ ਨਾ ਕੋਇ ਕਰਾਈਆ । ਜਿਸ ਦਾ ਮਾਲ ਬੰਦ ਹੋ ਕੇ ਆਵੇ ਨਾ ਵਿਚ ਕਿਸੇ ਪੈਕਟ, ਰਾਹ ਵਿਚ ਰੋਕੇ ਨਾ ਕੋਈ ਸੰਤਰੀ ਖੜ੍ਹਾ ਉਤੇ ਟਰੈਫਕ, ਪੜਦਾ ਬਾਹਰੋਂ ਨਾ ਕੋਇ ਚੁਕਾਈਆ । ਜਿਸ ਨੂੰ ਜਾਣੇ ਕੋਈ ਨਾ ਈਸਟ ਵੈਸਟ, ਜਿਸ ਦੀ ਕਵਾਲਟੀ ਸਭ ਤੋਂ ਬੈਸਟ, ਜਿਸ ਦੇ ਮਾਲਕ ਨੂੰ ਇਨਕਮ ਟੈਕਸ ਵਿਚ ਕਰੇ ਕੋਈ ਨਾ ਅਰੈਸਟ, ਇਨਕੁਆਇਰੀ ਕਰਨ ਕੋਇ ਨਾ ਆਈਆ । ਜੇ ਉਹ ਕਿਰਪਾ ਕਰੇ ਭਾਵੇਂ ਮਾਰਕ ਦੇਵੇ ਅਨਪੜ੍ਹਿਆਂ ਨੂੰ ਕਲਾਸ ਫ਼ਸਟ, ਦਇਆ ਨਾਲ ਬਣਾ ਲਏ ਆਪਣੇ ਗੈਸਟ, ਆਪਣੀ ਮੁਹੱਬਤ ਦਾ ਰਖ ਦੇਵੇ ਟੈਸਟ, ਪਰਚਾ ਜਗਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਤੋਂ ਵੱਖਰੀ ਰਖੇ ਲਿਸਟ, ਜਿਨ੍ਹਾਂ ਦਾ ਇਕੋ ਇਕ ਇਸ਼ਟ, ਜਿਸ ਨੂੰ ਮੰਨਦੇ ਗਏ ਰਾਮਾ ਨਾਲ ਗੁਰੂ ਵਸ਼ਿਸ਼ਟ, ਜਿਸ ਨੇ ਗੁਰ ਅਵਤਾਰ ਪੈਗੰਬਰ ਦੀ ਹੁਕਮੇ ਅੰਦਰ ਰਖੀ ਫ਼ਰਿਸਤ, ਮੁਕਤੀ ਤੋਂ ਪਰੇ ਜੁਗਤੀ ਤੋਂ ਦੂਰ ਲਹਿਣੇ ਵਿਚ ਨਾ ਰਖੇ ਦੋਜ਼ਖ਼ ਬਹਿਸ਼ਤ, ਤਨ ਵਜੂਦ ਵਾਲਾ ਤੱਤਾਂ ਵਾਲਾ ਕਦੇ ਕਰੇ ਨਾ ਇਸ਼ਕ, ਜੇ ਬਖ਼ਤ ਪਏ ਤੇ ਭਗਤਾਂ ਕੋਲੋਂ ਕਦੇ ਜਾਏ ਨਾ ਖ਼ਿਸਕ, ਧਰੂ ਪ੍ਰਹਿਲਾਦ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਬਿਜਲੀ ਤੋਂ ਜਨ ਭਗਤਾਂ ਅੰਦਰ ਪ੍ਰੇਮ ਪਿਆਰ ਦੀ ਮਾਰ ਕੇ ਲਿਸ਼ਕ, ਲਸ਼ਕਰ ਅੰਦਰੋਂ ਚੋਰਾਂ ਵਾਲਾ ਦਏ ਕਢਾਈਆ । ਪਤਾਸਾ ਕਹੇ ਮੈਂ ਫ਼ਰਕ ਰਖਾਂ ਨਾ ਰਤੀ, ਖੇਲ ਦੱਸਾਂ ਬੇਪਰਵਾਹੀਆ । ਜੋ ਕੁਛ ਵੇਖਾਂ ਅੱਖੀਂ, ਸੋ ਸਚ ਦਿਆਂ ਦ੍ਰਿੜਾਈਆ । ਜਿਨ੍ਹਾਂ ਨੂੰ ਮਿਲ ਗਿਆ ਕਮਲਾਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਉਹ ਗੁਰਮੁਖ ਸਵਾਣੀ ਬਣ ਗਈ ਧੁਰ ਦੀ ਸਖ਼ੀ, ਨਾਤਾ ਸਕਿਆਂ ਨਾਲੋਂ ਤੁੜਾਈਆ । ਓਹਨੂੰ ਲੋੜ ਨਾ ਰਹੀ ਕਿਸੇ ਮੋਮਬੱਤੀ, ਘਰ ਘਰ ਵਿਚ ਘਰ ਦਾ ਮਾਲਕ ਕਰੇ ਰੁਸ਼ਨਾਈਆ । ਝਲਣੀ ਪਏ ਨਾ ਹੱਥਾਂ ਨਾਲ ਪੱਖੀ, ਪਵਣ ਉਨੰਜਾ ਸੇਵ ਕਮਾਈਆ । ਪੜ੍ਹਨੀ ਪਏ ਕੋਈ ਨਾ ਪੱਟੀ, ਹਰਫ਼ਾਂ ਵਾਲੀ ਨਾ ਕੋਇ ਲਿਖਾਈਆ । ਲੱਭਣੀ ਪਏ ਕੋਈ ਨਾ ਹੱਟੀ, ਜਗਤ ਵਣਜਾਰਾ ਰਾਹ ਨਾ ਕੋਇ ਤਕਾਈਆ । ਇਕੋ ਮਾਲਕ ਪ੍ਰਿਤਪਾਲਕ ਸਾਚਾ ਸਾਹਿਬ ਮਿਲ ਜਾਏ ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਨਾਮ ਕਹਾਣੀ ਸਦਾ ਸੱਚੀ, ਸਤਿ ਸਤਿ ਦਏ ਦ੍ਰਿੜਾਈਆ । ਜਿਸ ਦੀ ਨਗਰੀ ਜੋਤ ਉਜਗਰੀ ਇਕੋ ਦਵਾਰ ਵਸੀ, ਵਾਸਤਾ ਇਕੋ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਜਣਾਈਆ । ਬਿਜਲੀ ਕਹੇ ਮੈਂ ਭਗਤੋ ਕਦੇ ਨਾ ਬੁਝਦੀ, ਜਿਨ੍ਹਾਂ ਨੇ ਧੁਰਦਰਗਾਹੋਂ ਮੇਰਾ ਨਾਤਾ ਲਿਆ ਜੁੜਾਈਆ । ਮੈਂ ਖੇਲ ਅੰਦਰਲੀ ਬੁੱਝਦੀ, ਬੁਝਿਆਂ ਲਵਾਂ ਉਠਾਈਆ । ਇਹ ਖੇਲ ਨਹੀਂ ਕੋਈ ਲੁਕ ਦੀ, ਪੜਦਿਆਂ ਵਿਚੋਂ ਪੜਦੇ ਦਿਆਂ ਚੁਕਾਈਆ । ਮੈਨੂੰ ਯਾਦ ਕਹਾਣੀ ਆਈ ਗੁਜਰੀ ਦੀ ਕੁੱਖ ਦੀ, ਜਿਸ ਦੀ ਲਿਖਤ ਨਾ ਕੋਇ ਸੁਣਾਈਆ । ਉਹ ਅੰਤ ਅਖ਼ੀਰੀ ਘੜੀ ਵੇਖੀ ਸੁਖ ਦੀ, ਜਿਸ ਵੇਲੇ ਗੋਬਿੰਦ ਮਿਲੀ ਵਡਿਆਈਆ । ਧਾਰ ਜਾਣੀ ਪਿਤਾ ਪੁੱਤ ਦੀ, ਅੰਦਰ ਬਾਹਰ ਇਕੋ ਰੰਗ ਸਮਾਈਆ । ਜਿਸ ਨੂੰ ਝੁਕਿਆਂ ਤੋਂ ਬਿਨਾ ਝੁਕਦੀ, ਝੁਕੀ ਨੂੰ ਝੁਕਿਆਂ ਲਏ ਜਗਾਈਆ । ਇਹ ਮੈਂ ਕਥਾ ਦੱਸੀ ਨਹੀਂ ਕਿਸੇ ਉਲਟੇ ਰੁੱਖ ਦੀ, ਨਾ ਤੱਤਾਂ ਵਾਲੇ ਮਨੁੱਖ ਦੀ, ਅਬਿਨਾਸ਼ੀ ਸੁਤ ਮਿਲੀ ਮਾਣ ਵਡਿਆਈਆ । ਕਵਣ ਖੇਲ ਜਾਣੇ ਓਸ ਰੁੱਤ ਦੀ, ਰੁਤੜੀਆਂ ਵਿਚੋਂ ਰੁੱਤੀ ਰੁੱਤ ਨਾ ਕੋਇ ਬਦਲਾਈਆ । ਮੈਨੂੰ ਘਰ ਘਰ ਆਸਾ ਆਸਾ ਵਿਚੋਂ ਆਸ ਕਦੇ ਨਾ ਮੁਕਦੀ, ਚੁਰਾਸੀ ਵਿਚ

੬੧੨
੧੯

ਚੌਰਸਤਾ ਆਪਣਾ ਲਿਆ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਸਮਾਈਆ । ਬਿਜਲੀ ਕਹੇ ਮੈਂ ਧੋਖੇ ਵਾਲੀ ਕਰਾਂ ਕਦੇ ਨਾ ਬਾਤ, ਬਾਤਨ ਦਿਆਂ ਸਮਝਾਈਆ । ਸੁਹੰਜਣੀ ਹੋਈ ਰਾਤ, ਰੈਣ ਮਿਲੀ ਵਡਿਆਈਆ । ਭਗਤਾਂ ਬਣਿਆਂ ਸਾਥ, ਗੁਰਮੁਖ ਢੋਲੇ ਗਾਈਆ । ਮੈਨੂੰ ਆਇਆ ਵਿਸ਼ਵਾਸ, ਵਿਸ਼ਵ ਇਕੋ ਰੂਪ ਦਰਸਾਈਆ । ਉਸ ਦੇ ਪਹੁੰਚੀ ਪਾਸ, ਜੋ ਪਾਸਾ ਸਭ ਦਾ ਦਏ ਉਲਟਾਈਆ । ਜਿਥੇ ਸਦਾ ਨਿਰਗੁਣ ਨੂਰ ਜੋਤ ਪਰਕਾਸ਼, ਇਕੋ ਰੂਪ ਰਿਹਾ ਦਰਸਾਈਆ । ਜਨ ਭਗਤਾਂ ਪੂਰੀ ਕਰੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਦੁਰਮਤ ਮੈਲ ਦੇਵੇ ਕਾਟ, ਕਟਾਖਸ਼ ਇਕੋ ਨਾਮ ਲਗਾਈਆ । ਸਭ ਦੀ ਲੇਖੇ ਲਾਵੇ ਦੂਰ ਨੇੜੇ ਦੀ ਵਾਟ, ਵਟ ਅੰਦਰ ਰਹੇ ਨਾ ਰਾਈਆ । ਜਨ ਭਗਤਾਂ ਦੇਵੇ ਉਹ ਅਗੰਮੀ ਦਾਤ, ਜੋ ਦਾਤਾ ਹੋ ਕੇ ਆਪ ਵਰਤਾਈਆ । ਲਹਿਣਾ ਦੇਣਾ ਚੁੱਕੇ ਤਨ ਮਾਟੀ ਖ਼ਾਕ, ਖ਼ਾਲਸ ਆਪਣਾ ਰੰਗ ਰੰਗਾਈਆ । ਪੂਰਾ ਕਰੇ ਭਵਿਖਤ ਵਾਕ, ਵਾਕਿਫ਼ਕਾਰ ਹੋ ਕੇ ਵੇਖ ਵਖਾਈਆ । ਜਨ ਭਗਤ ਸੁਹੇਲੇ ਅੰਤਰ ਕਰ ਕੇ ਸਾਫ਼, ਸਫ਼ਾ ਕੂੜੀ ਦਏ ਮਿਟਾਈਆ । ਜਨਮ ਜਨਮ ਦੀ ਕਿਰਿਆ ਕਰ ਮੁਆਫ਼, ਮਿਹਰ ਨਜ਼ਰ ਇਕ ਉਠਾਈਆ । ਹਰਿਜਨ ਰਹੇ ਨਾ ਕੋਇ ਗੁਸਤਾਖ, ਗ਼ੁਸਾ ਗ਼ਮੀ ਵਿਚੋਂ ਕਢਾਈਆ । ਲਹਿਣਾ ਦੇਣਾ ਕਰੇ ਬੇਬਾਕ, ਪੂਰਬ ਲੇਖਾ ਝੋਲੀ ਪਾਈਆ । ਸੋਭਾਵੰਤ ਸੁਹਾਏ ਸੁਹੰਜਣੀ ਰਾਤ, ਰੈਣ ਨੈਣ ਅੱਖ ਰਹੀ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰਾ ਇਕੋ ਵਰ, ਵਾਰਤਾ ਜਗਤ ਨਾ ਕੋਇ ਸਿਖਾਈਆ । ਪਤਾਸਾ ਕਹੇ ਧੰਨ ਵਡਿਆਈ ਸਾਚੇ ਸੰਤ, ਜੋ ਸਾਹਿਬ ਸਤਿਗੁਰ ਵਿਚ ਸਮਾਈਆ । ਜਿਨ੍ਹਾਂ ਦਾ ਮਾਲਕ ਇਕੋ ਕੰਤ, ਸੇਜ ਸੁਹੰਜਣੀ ਸਚ ਹੰਢਾਈਆ । ਨਾਮ ਦੱਸ ਕੇ ਧੁਰ ਦਾ ਮੰਤ, ਮੰਤਵ ਜਨਮ ਜਨਮ ਦਾ ਹੱਲ ਕਰਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਬਿਨ ਅੱਖਰਾਂ ਕਰੇ ਪੜ੍ਹਾਈਆ । ਲੇਖਾ ਮੁਕਾ ਕੇ ਸਵਰਗ ਜੰਨਤ, ਚਰਨ ਕਵਲ ਦਏ ਸਰਨਾਈਆ । ਕਿਸੇ ਦੀ ਕਰਨੀ ਪਏ ਨਾ ਮਿੰਨਤ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਸਚਖੰਡ ਦਵਾਰਾ ਦੱਸ ਕੇ ਸਿੰਮਤ, ਮੰਜ਼ਲ ਮੰਜ਼ਲ ਦਏ ਪੁਚਾਈਆ । ਆਪਣੀ ਮਿਹਰ ਦੇਵੇ ਹਿੰਮਤ, ਹੌਸਲਾ ਸਚ ਨਾਲ ਜਣਾਈਆ । ਨਾਲ ਰਲਣ ਨਾ ਦੇਵੇ ਕੋਈ ਨਿੰਦਕ, ਚੁਗ਼ਲਖੋਰ ਨਾ ਕੋਇ ਹਮਸਾਈਆ । ਜਨ ਭਗਤ ਸੁਹੇਲਾ ਸਾਚੀ ਮੰਜ਼ਲ ਉਤੋਂ ਕਦੇ ਨਾ ਜਾਵੇ ਤਿਲਕ, ਅਗੇ ਹੋ ਨਾ ਕੋਇ ਅਟਕਾਈਆ । ਨਾਮ ਅਪਾਰਾ ਦੇ ਕੇ ਖਿੱਲਤ, ਸਿਹਰਾ ਸਤਿ ਸਤਿ ਬੰਧਾਈਆ । ਆਤਮ ਪਰਮਾਤਮ ਦੱਸ ਕੇ ਮਿਲਤ, ਜੋੜਾ ਧੁਰ ਦਾ ਲਏ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਦਏ ਮੁਕਾਈਆ । ਪਤਾਸਾ ਕਹੇ ਮੈਂ ਗੁਰਮੁਖ ਵੇਖੇ ਸਜਦੇ, ਹਰਿਮੰਦਰ ਡੇਰਾ ਲਾਈਆ । ਜਿਥੇ ਦੀਪਕ ਜੋਤੀ ਜਗਦੇ, ਆਦਿ ਜੁਗਾਦਿ ਹੋਵੇ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਇਕੋ ਰੂਪ ਲਗਦੇ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਬਿਨ ਭਗਤਾਂ ਤੋਂ ਭੇਤ ਕਦੇ ਨਾ ਲੱਭਦੇ, ਸੱਚਾ ਰੱਬ ਨਜ਼ਰ ਕਿਸੇ ਨਾ ਆਈਆ । ਲੱਖ ਚੁਰਾਸੀ ਵਹਿਣ ਵੇਖੇ ਵਗਦੇ, ਕੋਟਨ ਕੋਟ ਜੁਗ ਗਏ ਪੰਧ ਮੁਕਾਈਆ । ਕਲਜੁਗ ਜੀਵ ਰੂਪ ਬਣੇ ਬਗਲੇ ਬਗ ਦੇ, ਬਪੜੇ ਅੰਦਰੋਂ ਸਾਫ਼ ਨਾ ਕੋਇ ਕਰਾਈਆ । ਜੋ ਇਕੋ ਸ੍ਰੀ ਭਗਵਾਨ ਦਾ ਨਾਮ ਜਪਦੇ, ਜੰਮਣ ਮਰਨ ਵਿਚ ਕਦੇ ਨਾ ਆਈਆ । ਬਿਨ ਗੁਰਮੁਖਾਂ ਫਲ ਕਦੇ ਨਾ ਪੱਕਦੇ, ਕਲਜੁਗ ਕਰਮ ਝੱਖੜ ਰਿਹਾ ਝੁਲਾਈਆ । ਜਿਨ੍ਹਾਂ ਦੇ ਲਹਿਣੇ ਦੇਣੇ ਹੁੰਦੇ ਹੱਕ ਦੇ, ਉਹ ਦੂਰ ਦੁਰਾਡੇ ਆਉਂਦੇ ਚਾਈਂ ਚਾਈਆ ।

ਉਹ ਸੰਦੇਸੇ ਸੁਣਦੇ ਇਕੋ ਯੱਕ ਦੇ, ਇਕੋ ਓਟ ਰਹੇ ਤਕਾਈਆ । ਓਨ੍ਹਾਂ ਨੂੰ ਹੁਕਮ ਆ ਗਏ ਪਿਛਲੇ ਕਰਮ ਕਾਂਡ ਫ਼ਕ ਦੇ, ਬਿਨਾ ਪਟਵਾਰੀਆਂ ਕ਼ਲਮ ਦੇਣੀ ਚਲਾਈਆ । ਜਿਥੇ ਲਿਖਣ ਵਾਲੇ ਕਦੇ ਨਾ ਥੱਕਦੇ ਨਾ ਅੱਕਦੇ, ਬਿਨਾ ਅਕਲਾਂ ਤੋਂ ਲੇਖੇ ਰਹੇ ਬਣਾਈਆ । ਬਿਨਾ ਸਫ਼ਰ ਤੋਂ ਸਫ਼ਰ ਮਿਲਦੇ ਉਸ ਰੱਬ ਦੇ, ਜੋ ਰਬੀ ਖ਼ਰੀਫ਼ ਦੋਵੇਂ ਫ਼ਸਲਾਂ ਆਪਣੇ ਵਿਚੋਂ ਉਗਾਈਆ । ਝਗੜੇ ਨਹੀਂ ਚੁਰਾਸੀ ਲੱਖ ਯੱਭ ਦੇ, ਜਮਾਂ ਦੀ ਚੋਟ ਨਾ ਕੋਇ ਲਗਾਈਆ । ਭਗਤ ਭਗਵਾਨ ਜੁਗ ਚੌਕੜੀ ਮੇਲੇ ਪ੍ਰਭੂ ਸਬਬ ਦੇ, ਆਪਣੀ ਬਿਧੀ ਨਾ ਕੋਇ ਬਣਾਈਆ । ਕਿਸੇ ਨੂੰ ਪਤਾ ਨਹੀਂ ਵਿਛੜੇ ਕਦ ਦੇ, ਕ਼ਦੀਮ ਤੋਂ ਕ਼ਦਮਾਂ ਦਾ ਪਿਆਰ ਕ਼ੁਦਰਤ ਦੇ ਕ਼ਾਦਰ ਨਾਲ ਚਲਿਆ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝਗੜੇ ਮੁਕਾ ਕੇ ਦੀਨ ਮਜ਼੍ਹਬ ਹੱਦ ਦੇ, ਮੜ੍ਹੀਆਂ ਵਿਚੋਂ ਦਾਅਵੇ ਨਾਲ ਬਾਹਰ ਕਢਾਈਆ । ਜਨ ਭਗਤ ਕਦੇ ਨਾ ਜੰਮਦਾ ਮਰਦਾ, ਮਾਨਸ ਰੂਪ ਬਦਲਾਈਆ । ਏਥੇ ਓਥੇ ਮਾਲਕ ਰਹੇ ਆਪਣੇ ਘਰ ਦਾ, ਘਰ ਵਿਚੋਂ ਕਦੇ ਨਾ ਹੋਏ ਜੁਦਾਈਆ । ਹੁਕਮੇਂ ਅੰਦਰ ਰਹੇ ਚਲਦਾ, ਜਗਤ ਜਹਾਨ ਸੇਵ ਕਮਾਈਆ । ਭਾਣਾ ਰਹੇ ਮੰਨਦਾ, ਭਾਵੀ ਦਾ ਦੁੱਖ ਲਾਗੇ ਨਾ ਰਾਈਆ । ਜਗਤ ਨਾਤਾ ਸਰੀਰ ਤਨ ਦਾ, ਆਤਮ ਪਰਮਾਤਮ ਵਿਚ ਸਮਾਈਆ । ਜਿਸ ਦਾ ਲੇਖਾ ਪਿਛਲਾ ਬਲ ਦਾ, ਧਰਮ ਦਵਾਰੇ ਸੋਭਾ ਪਾਈਆ । ਜੋਤ ਜੋਤ ਵਿਚ ਰਲਦਾ, ਜੋਤੀ ਜੋਤ ਜੋਤ ਰੁਸ਼ਨਾਈਆ । ਲਹਿਣਾ ਦਿਤਾ ਕਲਜੁਗ ਕਲ ਦਾ, ਕ਼ਲਮ ਲਿਖੇ ਕੋਇ ਨਾ ਸ਼ਾਹੀਆ । ਬਾਵਨ ਦਵਾਰੇ ਆਇਆ ਚਲਦਾ, ਆਯੂ ਪੰਜ ਦੋ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਹਿਣਾ ਰਿਹਾ ਭੁਗਤਾਈਆ । ਬਾਵਨ ਕੋਲ ਆਇਆ ਬਾਲ, ਅਵਸਥਾ ਬਾਲੀ ਨਜ਼ਰੀ ਆਈਆ । ਓਸ ਫੜ ਕੇ ਧੁਰ ਦਾ ਲਾਲ, ਗੋਦ ਆਪਣੀ ਲਿਆ ਟਿਕਾਈਆ । ਫਲ ਅਗੰਮੀ ਦਿਤਾ ਖਵਾਲ, ਭੁੱਖੇ ਰਹਿ ਕੇ ਦਿਤਾ ਰਜਾਈਆ । ਓਧਰੋਂ ਮੰਗਤੀ ਕੀਤਾ ਸਵਾਲ, ਭਿਖਾਰਨ ਹੋ ਕੇ ਦਿਤੀ ਦੁਹਾਈਆ । ਮੇਰੀ ਕਰ ਪ੍ਰਿਤਪਾਲ, ਦਇਆਵਾਨ ਤੇਰੀ ਵਡਿਆਈਆ । ਮੈਂ ਵੀ ਉਸ ਦੀ ਚਾਹਵਾਨ, ਜੋ ਨੱਢੇ ਦਿਤਾ ਛਕਾਈਆ । ਬਾਵਨ ਕਿਹਾ ਨਾ ਹੋ ਹੈਰਾਨ, ਤੈਨੂੰ ਦਿਆਂ ਦ੍ਰਿੜਾਈਆ । ਇਹ ਕੋਈ ਪੱਕਿਆ ਨਹੀਂ ਪਕਵਾਨ, ਤਵਾ ਪਰਾਤ ਨਾ ਕੋਇ ਵਖਾਈਆ । ਜਿਸ ਦੇ ਉਤੇ ਹੋਵਾਂ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਅਨਮੋਲ ਵਸਤੂ ਦੇਵਾਂ ਦਾਨ, ਚੁਰਾਸੀ ਵਿਚੋਂ ਬਾਹਰ ਕਢਾਈਆ । ਭਗਤਾਂ ਵਿਚ ਮਿਲਾਵਾਂ ਆਣ, ਭਾਵਨੀ ਪੂਰ ਕਰਾਈਆ । ਜਗਤ ਝੁਲਾਵਾਂ ਨਿਸ਼ਾਨ, ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਮੰਗਤੀ ਕਹੇ ਮੈਂ ਖੜ੍ਹੀ ਭਿਖਾਰ, ਭਿਖਾਰਨ ਨਜ਼ਰੀ ਆਈਆ । ਮੰਗਿਆਂ ਤੇਰਾ ਦਵਾਰ, ਦਵਾਰੇ ਸੀਸ ਝੁਕਾਈਆ । ਸਭ ਕੁਛ ਤੇਰੇ ਅਖ਼ਤਿਆਰ, ਇਖ਼ਤਲਾਫ਼ ਨਾ ਕੋਇ ਦ੍ਰਿੜਾਈਆ । ਬਾਵਨ ਕਿਹਾ ਨਾਲ ਪਿਆਰ, ਸਹਿਜ ਨਾਲ ਸਮਝਾਈਆ । ਤੇਰੀ ਮੰਜ਼ਲ ਦਿਸੇ ਦੁਸ਼ਵਾਰ, ਔਖੀ ਘਾਟੀ ਪਾਰ ਨਾ ਕੋਇ ਕਰਾਈਆ । ਤੇਰਾ ਜਨਮ ਨਾ ਜਾਏ ਕੋਈ ਸੁਆਰ, ਸਵਾਰਥ ਵਿਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਮਨਾਈਆ । ਮੰਗਤੀ ਮਾਂਗਤ ਹੋ ਕੇ ਪਈ ਰੋ, ਨੈਣਾਂ ਨੀਰ ਵਹਾਈਆ । ਕਿਉਂ ਮੇਰੇ ਨਾਲ ਕਰਾਵੇਂ ਧਰੋਹ, ਕੀ ਤੇਰੀ ਬੇਪਰਵਾਹੀਆ । ਮੈਂ ਮੁਹੱਬਤ ਕਰਾਂ ਮੋਹ, ਤੂੰ ਨਾਤਾ ਰਿਹਾ ਤੁੜਾਈਆ । ਪੁਰਖ ਅਬਿਨਾਸ਼ੀ ਦਿਤੀ ਸੋ, ਸਮਝ ਅੰਦਰੇ ਅੰਦਰ ਜਣਾਈਆ ।

ਮੇਰਾ ਲੇਖਾ ਜਾਣੇ ਨਾ ਕੋ, ਬੁਧੀਵਾਨ ਨਾ ਕੋਇ ਵਡਿਆਈਆ । ਜਿਸ ਵੇਲੇ ਜੁਗ ਬੀਤੇ ਚਾਰ ਨਵ ਨੌ, ਕਲਜੁਗ ਅੰਤਮ ਵੇਲਾ ਆਈਆ । ਸਚ ਪਰਕਾਸ਼ ਹੋਵੇ ਲੋ, ਅੰਧੇਰਾ ਜਗਤ ਖ਼ੁਦਾਈਆ । ਸਾਚਾ ਬੀਜ ਦੇਵਾਂ ਬੋ, ਭਗਤ ਸੁਹੇਲੇ ਮਾਤ ਪਰਗਟਾਈਆ । ਤੇਰੇ ਕੋਲੋਂ ਕਰਾਵਾਂ ਧਰੋਹ, ਧੁਰ ਦੀ ਲਿਖਤ ਆਪਣੇ ਹੱਥ ਰਖਾਈਆ । ਆਪਣੀ ਵਸਤ ਆਪਣਿਆਂ ਕੋਲੋਂ ਖੋਹ, ਆਪਣੇ ਘਰ ਟਿਕਾਈਆ । ਬਾਲ ਅਵਸਥਾ ਦਾ ਮੇਰਾ ਮੋਹ, ਮੁਹੱਬਤ ਅਗੇ ਇਹੋ ਚਲੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਵੇਖ ਵਖਾਈਆ । ਧੁਰ ਦਾ ਹੁਕਮ ਰਹੇ ਅਤੀਤ, ਨਾ ਕੋਈ ਮੇਟੇ ਮੇਟ ਮਿਟਾਈਆ । ਹੁਕਮੈਂ ਅੰਦਰ ਸਮਾਂ ਗਿਆ ਬੀਤ, ਵੇਲਾ ਵਕ਼ਤ ਦਏ ਗਵਾਹੀਆ । ਕਰੇ ਕਰਾਵੇ ਕਰਨਹਾਰਾ ਠੀਕ, ਠਾਕਰ ਹੋ ਕੇ ਠੂਠੇ ਭੰਨ ਵਖਾਈਆ । ਆਤਮ ਪਰਮਾਤਮ ਬਣਾ ਕੇ ਸਚ ਪ੍ਰੀਤ, ਪ੍ਰੀਤਮ ਹੋ ਕੇ ਤੋੜ ਨਿਭਾਈਆ । ਜਿਸ ਨੇ ਬਖ਼ਸ਼ਿਆ ਮਰਨ ਜੀਤ, ਅੰਤਮ ਆਪਣੇ ਦਰ ਲਏ ਬੁਲਾਈਆ । ਆਤਮਾ ਪਰਮਾਤਮ ਦਾ ਸੱਚਾ ਮੀਤ, ਤਨ ਨਾਲ ਮੋਹ ਨਾ ਕੋਇ ਰਖਾਈਆ । ਮਾਤਾ ਪਿਤ ਅੰਤਰ ਰਹੇ ਸੀਤ, ਅਗਨੀ ਅੱਗ ਨਾ ਕੋਇ ਜਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗੇ ਹੋਰ ਕਰੇ ਬਖ਼ਸ਼ੀਸ਼, ਬਖ਼ਸ਼ਿਸ਼ ਵਿਚੋਂ ਉਜੜੇ ਦਏ ਵਸਾਈਆ ।

## ✪ ੨ ਜੇਠ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ✪



ਜੇਠ ਕਹੇ ਮੈਂ ਜੁਗ ਜੁਗ ਲੋਕਮਾਤ ਰਿਹਾ ਤਪਦਾ, ਮੇਰੀ ਅਗਨੀ ਅੱਗ ਨਾ ਕੋਇ ਬੁਝਾਈਆ । ਰਾਹ ਲੱਭਦਾ ਰਿਹਾ ਸਚ ਦਾ, ਮਾਰਗ ਮਿਲੇ ਇਕੋ ਬੇਪਰਵਾਹੀਆ । ਜਲਵਾ ਤੱਕਾਂ ਉਸ ਅਗੰਮੀ ਰੱਬ ਦਾ, ਜਿਸ ਨੂਰ ਨੂਰ ਵਿਚ ਰੁਸ਼ਨਾਈਆ । ਅਗੇ ਖਹਿੜਾ ਛੁੱਟੇ ਅਲਗ ਦਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਬਿਨਾ ਅਗਨੀ ਹੋਵੇ ਦਗਦਾ, ਜੋਤੀ ਜਾਤਾ ਜਲਵਾਗਰ ਨੂਰ ਖ਼ੁਦਾਈਆ । ਸ਼ਬਦ ਸੰਦੇਸ਼ੇ ਹੋਵੇ ਸੱਦਦਾ, ਬਿਨ ਹੱਦਾਂ ਸੱਦਾ ਇਕੋ ਨਾਮ ਸਮਝਾਈਆ । ਸਚ ਪਿਆਲਾ ਦੇਵੇ ਆਪਣੇ ਪ੍ਰੇਮ ਪਿਆਰ ਮਧ ਦਾ, ਮਧਮ ਪਰਾ ਪਸੰਤੀ ਬੈਖਰੀ ਲੋੜ ਰਹੇ ਨਾ ਰਾਈਆ । ਲੇਖਾ ਮੁਕਾਉਂਦਾ ਜਾਵੇ ਜਗ ਦਾ, ਜਾਗਰਤ ਜੋਤ ਕਰ ਰੁਸ਼ਨਾਈਆ । ਝਗੜਾ ਮੁਕਾਵੇ ਕਾਅਬਿਆਂ ਵਾਲੇ ਹੱਜ ਦਾ, ਹਾਜ਼ਰ ਹੋ ਕੇ ਵੇਖ ਵਖਾਈਆ । ਰਾਗ ਸੁਣਾਵੇ ਆਪਣੇ ਨਦ ਦਾ, ਜਗਤ ਤਾਲ ਨਾ ਕੋਇ ਵਜਾਈਆ । ਜਨ ਭਗਤਾਂ ਪਿਆਰਾ ਹੋਵੇ ਲੱਗ ਦਾ, ਲਗ ਮਾਤਰ ਦੀ ਕਰੇ ਨਾ ਕੋਇ ਪੜ੍ਹਾਈਆ । ਦਰਸ਼ਨ ਮਿਲੇ ਓਸ ਪ੍ਰਭ ਦਾ, ਜੋ ਪਾਰਬ੍ਰਹਮ ਹੋ ਕੇ ਬ੍ਰਹਮ ਰਿਹਾ ਉਪਜਾਈਆ । ਖੇਲ ਹੋਵੇ ਖ਼ੁਸ਼ੀਆਂ ਵਿਚ ਗਦ ਗਦ ਦਾ, ਗਦਾਗਦ ਆਪਣੀ ਧਾਰ ਲਏ ਬਦਲਾਈਆ । ਲੇਖਾ ਬਣਾ ਕੇ ਧੁਰਦਰਗਾਹੀ ਯੱਦ ਦਾ, ਹਰਿਜਨ ਆਪਣੇ ਰੰਗ ਰੰਗਾਈਆ । ਝਗੜਾ ਰਹਿਣ ਨਾ ਦੇਵੇ ਬਖੜੇ ਕੱਗ ਦਾ, ਕਾਲ ਫਾਸ ਨਾ ਕੋਇ ਸਜ਼ਾਈਆ । ਲੇਖਾ ਮੁਕਾਵੇ ਕੂੜ ਕੁੜਿਆਰੇ ਦੁਰਗੰਧ ਦਾ, ਸੁਗੰਧ ਇਕੋ ਨਾਮ ਜਣਾਈਆ । ਝਗੜਾ ਮੁਕਾ ਦੇ ਆਵਣ ਜਾਵਣ ਪੰਧ ਦਾ, ਪਾਂਧੀ ਹੋ ਕੇ ਫੇਰਾ ਪਾਈਆ । ਮਾਲਕ ਬਣ ਜਾਏ ਬੰਦੀਖ਼ਾਨੇ ਵਿਚੋਂ ਬੰਦ ਬੰਦ ਦਾ, ਬੰਦਨਾ ਇਕੋ ਇਕ ਸਮਝਾਈਆ । ਨਜ਼ਾਰਾ ਦੇ ਦੇ ਆਤਮ ਅਨੰਦ ਦਾ, ਪਰਮਾਨੰਦ ਪਰਮ ਪੁਰਖ ਜਣਾਈਆ । ਪਰਕਾਸ਼ ਕਰ ਦਏ ਆਪਣੇ ਨੂਰੀ ਚੰਦ ਦਾ, ਅੰਧ ਅੰਧੇਰਾ ਦਏ ਮਿਟਾਈਆ । ਨਾਤਾ ਜੋੜ ਕੇ ਆਪਣੇ ਛੰਦ ਦਾ, ਸੋਹੰ ਰੂਪ ਲਏ ਬਣਾਈਆ । ਜੇਠ ਕਹੇ ਮੈਂ ਸਤਿਜੁਗ ਤਰੇਤਾ ਦੁਆਪਰ ਕਲਜੁਗ ਇਕੋ ਮੰਗ ਆਇਆ ਮੰਗਦਾ,

ਮਾਂਗਤ ਹੋ ਕੇ ਝੋਲੀ ਡਾਹੀਆ । ਝਗੜਾ ਮੁਕੇ ਮਨੂਏ ਮਨ ਫ਼ਰੰਗ ਦਾ, ਸਾਚੀ ਨੀਤੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਜੇਠ ਕਹੇ ਮੈਂ ਜੁਗ ਚੌਕੜੀ ਰਿਹਾ ਫਿਰਦਾ, ਬ੍ਰਹਿਮੰਡ ਖੰਡ ਬਣ ਬਣ ਪਾਂਧੀ ਰਾਹੀਆ । ਮੈਂ ਮਾਲਕ ਬਣਿਆ ਰਿਹਾ ਲੱਖ ਚੁਰਾਸੀ ਦਿਲ ਦਾ, ਗ੍ਰਹਿ ਅੰਦਰ ਕਾਇਆ ਭੀਤਰ ਵੇਖ ਵਖਾਈਆ । ਬਿਨ ਭਗਤਾਂ ਪੁਰਖ ਅਬਿਨਾਸ਼ੀ ਕੋਈ ਨਾ ਮਿਲਦਾ, ਮਿਲਣੀ ਕਰੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜੇਠ ਕਹੇ ਮੇਰੀ ਅਗਨ ਰਹੇ ਨਾ ਧੁੱਪ, ਤਤਵ ਤਤ ਨਾ ਕੋਇ ਜਣਾਈਆ । ਮੇਰਾ ਮਾਲਕ ਆਪਣੀ ਧਾਰੋਂ ਆਇਆ ਉਠ, ਫੇਰਾ ਮੇਰੇ ਵਿਚ ਪਾਈਆ । ਏਕੇ ਨਾਲੋਂ ਦੂਏ ਉਤੇ ਗਿਆ ਤੁਠ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਬਿਨ ਹੱਥਾਂ ਬਾਂਹਵਾਂ ਗੋਦੀ ਲਿਆ ਚੁੱਕ, ਚਾਰ ਕੁੰਟ ਕਰ ਰੁਸ਼ਨਾਈਆ । ਵਸਤ ਅਮੋਲਕ ਦੇ ਕੇ ਆਦਿ ਜੁਗਾਦਿ ਸਭ ਕੁੱਛ, ਕੱਛ ਮੱਛ ਚਰਨਾਂ ਨਾਲ ਧੂੜੀ ਵਿਚ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਟਣਹਾਰਾ ਆਦਿ ਜੁਗਾਦੀ ਦੁੱਖੜਾ ਦੁੱਖ, ਦਰਦੀਆਂ ਦਰਦ ਰਿਹਾ ਵੰਡਾਈਆ । ਜੇਠ ਕਹੇ ਮੈਂ ਖ਼ੁਸ਼ੀਆਂ ਵਾਲਾ ਮਹੀਨਾ ਜੇਠ, ਦੋ ਜਹਾਨ ਖ਼ੁਸ਼ੀ ਮਨਾਈਆ । ਮੇਰੇ ਵਿਚ ਆਇਆ ਮਾਲਕ ਧੁਰ ਦਾ ਪੁਰਖ ਅਬਿਨਾਸ਼ੀ ਵੱਡਾ ਸੇਠ, ਜਿਸ ਦਾ ਲੇਖਾ ਲਿਖਤ ਨਾ ਕੋਇ ਗਣਾਈਆ । ਜੋ ਜਨ ਭਗਤਾਂ ਰਖੇ ਸਦਾ ਸਾਇਆ ਹੇਠ, ਹੇਠੋਂ ਉਪਰ ਲੈ ਕੇ ਆਪਣਾ ਚਰਨ ਟਿਕਾਈਆ । ਸਚਖੰਡ ਦਵਾਰ ਵਖਾਏ ਆਪਣਾ ਦੇਸ, ਦੇਸੰਤਰ ਇਕੋ ਪੜਦਾ ਦਏ ਉਠਾਈਆ । ਜਿਥੇ ਸਦਾ ਰਹੇ ਹਮੇਸ਼, ਹਮ ਸਾਜਣ ਬਣ ਕੇ ਖ਼ੁਸ਼ੀ ਮਨਾਈਆ । ਲੋਕਮਾਤ ਬਣ ਦਰਵੇਸ਼, ਦਰ ਦਰ ਘਰ ਘਰ ਅਲਖ ਜਗਾਈਆ । ਜਿਸ ਦਾ ਲਹਿਣਾ ਦੇਣਾ ਨਾਲ ਦਸਮੇਸ਼, ਦਹਿ ਦਿਸ਼ਾ ਖੋਜ ਖੁਜਾਈਆ । ਜੋਤੀ ਜਾਮਾ ਧਰ ਕੇ ਭੇਖ, ਭੇਖਾਧਾਰੀ ਭੇਸ ਵਟਾਈਆ । ਜਿਸ ਨੂੰ ਜਾਣੇ ਨਾ ਕੋਇ ਨਰੇਸ਼, ਨਰਾਂ ਦੀ ਬੁਧੀ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਅਗੰਮ ਸੰਦੇਸ਼, ਸੱਦਾ ਧੁਰ ਦਾ ਇਕ ਜਣਾਈਆ । ਸੱਦਾ ਦੇਵੇ ਸਚ ਸੰਦੇਸ਼ਾ, ਸਦੀਆਂ ਦੇ ਵਿਛੜੇ ਮੇਲ ਮਿਲਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਲੱਭਦੇ ਫਿਰਨ ਅਨੇਕਾਂ, ਕੋਟਨ ਕੋਟ ਭੱਜਣ ਵਾਹੋ ਦਾਹੀਆ । ਕਿਸੇ ਦਾ ਪੂਰ ਨਾ ਹੋਵੇ ਲੇਖਾ, ਲਿਖਿਆ ਲੇਖ ਨਾ ਕੋਇ ਚੁਕਾਈਆ । ਬਿਨ ਭਗਤਾਂ ਸਾਚੇ ਸੰਤਾਂ ਕਿਸੇ ਨਾ ਵੇਖਾ, ਦ੍ਰਿਸ਼ਟੀ ਵਿਚ ਦ੍ਰਿਸ਼ਟ ਧਰੇ ਨਾ ਕੋਇ ਲੋਕਾਈਆ । ਕਲਜੁਗ ਅੰਤਮ ਬਣ ਕੇ ਏਕੰਕਾਰ ਏਕਾ, ਇਕ ਇਕੱਲਾ ਫੇਰਾ ਪਾਈਆ । ਦੇਣਾ ਜਾਣੇ ਜੀਵ ਜੀਅ ਕਾ, ਲਹਿਣਾ ਸਭ ਤੋਂ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸੋ ਗੁਰਮੁਖ ਸੂਰਾ ਕਹੀਏ ਸੰਤ, ਜੋ ਸਤਿਗੁਰ ਸਰਨ ਸੇਵ ਕਮਾਇੰਦਾ । ਜਿਸ ਦਾ ਨਾਮ ਨਿਧਾਨ ਏਕਾ ਮੰਤ, ਮੰਤਰ ਅਵਰ ਨਾ ਕੋਇ ਦ੍ਰਿੜਾਇੰਦਾ । ਘਰ ਸਵਾਮੀ ਹੰਢਾਉਂਦਾ ਧੁਰ ਦਾ ਕੰਤ, ਮਾਲਕ ਖ਼ਾਲਕ ਖ਼ਲਕ ਵਿਚ ਨਾ ਕੋਇ ਬਦਲਾਇੰਦਾ । ਤਿਸ ਦਾ ਲਹਿਣਾ ਦੇਣਾ ਆਪਣੇ ਹੱਥ ਰਖੇ ਅੰਤ, ਅੰਤਰ ਅੰਤਰ ਲੇਖਾ ਸਰਬ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਜਨਮ ਕਰਮ ਦਾ ਬਣ ਕੇ ਪਾਂਡਾ ਪੰਡਤ, ਬਿਨ ਵੇਦੀ ਬਿਨ ਸੋਢੀ ਬੇਦੀ ਬਣ ਬਿਨ ਅੰਦਰ ਭੇਦੀ ਭੇਵ ਭਾਵ ਭੌ ਆਪਣੇ ਵਿਚ ਰਖਾਇੰਦਾ । ਅਸ਼ਮੇਧ ਜਗ ਬਲ ਲਿਆ ਰਚਾ, ਰੁਚੀ ਅੰਤਰ ਅੰਤਰ ਬਦਲਾਈਆ । ਨੌ ਸੱਤ ਲਿਆ ਬੁਲਾ,


੬੧੬
੧੯

ਪੱਤਰ ਪੰਡਤਾਂ ਤਾਈਂ ਪੁਚਾਈਆ । ਸਾਧ ਸੰਤ ਲਿਆ ਮੰਗਾ, ਸੁਨੇਹੁੜਿਆਂ ਵਿਚ ਵਧਾਈਆ । ਬੇਅੰਤ ਭੋਜਨ ਲਿਆ ਪਕਵਾ, ਪਦਾਰਥਾਂ ਸੋਭਾ ਪਾਈਆ । ਖ਼ੁਸ਼ੀਆਂ ਨਾਲ ਲਿਆ ਖਵਾ, ਸੁਖ ਆਸਣ ਬਹਿ ਕੇ ਖ਼ੁਸ਼ੀ ਮਨਾਈਆ । ਇਕ ਬਾਵਨ ਨਾ ਸਕਿਆ ਰਜਾ, ਭੇਖਾਧਾਰੀ ਭਰਮ ਵਿਚ ਭੁਲਾਈਆ । ਜਿਸ ਨੂੰ ਕਵਾਰੀ ਕੰਨਿਆਂ ਭਈਆ ਭੈਣਾਂ ਨਾਲ ਮਿਲ ਕੇ ਲਿਆ ਮਨਾ, ਨਮੋ ਨਮਸਤੇ ਕਹਿ ਕੇ ਸੀਸ ਝੁਕਾਈਆ । ਗਲ ਪੱਲੂ ਇਕ ਪਾ, ਬੇਨੰਤੀ ਧੁਰ ਦੀ ਦਿਤੀ ਸੁਣਾਈਆ । ਮੇਰੇ ਦਵਾਰੇ ਚਰਨ ਟਿਕਾ, ਟਿੱਕੇ ਮਸਤਕ ਧੂੜੀ ਨਾਲ ਵਡਿਆਈਆ । ਰੁੱਖਾ ਸੁਖਾ ਭੋਜਨ ਦਿਆਂ ਖਵਾ, ਜੋ ਰਾਜ ਦਰਬਾਰ ਹੱਥ ਕਦੇ ਨਾ ਆਈਆ । ਬਾਵਣ ਸਹਿਜ ਦਿਤਾ ਸੁਣਾ, ਹੁਕਮੀ ਹੁਕਮ ਵਿਚ ਪਰਗਟਾਈਆ । ਜਿਸ ਵੇਲੇ ਬਿਨ ਲੱਤਾਂ ਬਾਂਹਵਾਂ ਤੋਂ ਜਾਵਾਂ ਆ, ਅਚਰਜ ਆਪਣੀ ਖੇਲ ਖਿਲਾਈਆ । ਤੇਰਾ ਲਹਿਣਾ ਦੇਣਾ ਦਿਆਂ ਚੁਕਾ, ਚਾਰ ਜੁਗ ਦਾ ਲੇਖਾ ਝੋਲੀ ਪਾਈਆ । ਤੇਰੇ ਪਿਛੇ ਚਾਰ ਜੁਗ ਦੇ ਗੁਰਮੁਖ ਮੰਗਤੇ ਦਿਆਂ ਰਜਾ, ਦਰ ਦਰ ਘਰ ਘਰ ਭੋਗ ਲਗਾਈਆ । ਰਵਦਾਸ ਚਮਿਆਰਾ ਬਣਾ ਗਵਾਹ, ਸ਼ਹਾਦਤ ਗੋਬਿੰਦ ਦਿਆਂ ਭੁਗਤਾਈਆ । ਜਿਸ ਦਾ ਸਦਾ ਚਲੇ ਜੁਗ ਨਾਂ, ਤੇਰੇ ਨਾਉਂ ਦਏ ਵਡਿਆਈਆ । ਧੁਰ ਦਾ ਬਣ ਕੇ ਪਿਤਾ ਮਾਂ, ਵਾਰਸ ਹੋ ਕੇ ਹੋਏ ਸਹਾਈਆ । ਪ੍ਰੇਮ ਪਿਆਰ ਦਾ ਪਕਵਾਨ ਲਵਾਂ ਖਾ, ਖ਼ਾਲਸ ਗੁਰਮੁਖ ਨਾਲ ਰਲਾਈਆ । ਜਿਨ੍ਹਾਂ ਰਸਨਾ ਲਾਉਣਾ ਨਾ ਹੋਵੇ ਸੂਰ ਗਾਂ, ਗ਼ਰੀਬਾਂ ਮਿਲ ਕੇ ਦਿਆਂ ਵਡਿਆਈਆ । ਬਿਨ ਹੱਥਾਂ ਪਕੜਾਂ ਬਾਂਹ, ਪੱਲੂ ਆਪਣੇ ਨਾਲ ਜੁੜਾਈਆ । ਇਕ ਵੇਰਾਂ ਕਹਿ ਦੇ ਹਾਂ ਵਿਚ ਹਾਂ, ਜੁਗ ਬੀਤਦਿਆਂ ਦੇਰ ਲੱਗੇ ਨਾ ਰਈਆ । ਕੰਨਿਆਂ ਨਿਉਂ ਕੇ ਸੀਸ ਦਿਤਾ ਨਿਵਾ, ਨੇਤਰ ਨੈਣਾਂ ਨੀਰ ਵਗਾਈਆ । ਬਾਵਨ ਹੋ ਕੇ ਮਿਹਰਬਾਂ, ਮਿਹਰ ਨਜ਼ਰ ਇਕ ਉਠਾਈਆ । ਤੇਰਾ ਲਹਿਣਾ ਦੇਣਾ ਚੁਕਾਵਾਂ ਆ, ਆਪ ਆਪਣਾ ਫੇਰਾ ਪਾਈਆ । ਕੋਈ ਮੈਨੂੰ ਵਾਹਿਗੁਰੂ ਕਹੇ ਕੋਈ ਕਹੇ ਖ਼ੁਦਾ, ਰਾਮਾਂ ਦਾ ਰਾਮ ਰੂਪ ਵਟਾਈਆ । ਜੁਜ਼ ਵਿਚ ਵਿਛੜਿਆਂ ਨਾ ਰਹਾਂ ਜੁਦਾ, ਜਜ਼ਬੇ ਵਿਚੋਂ ਜਜ਼ਬਾਂ ਲਵਾਂ ਪਰਗਟਾਈਆ । ਜਿਸ ਵੇਲੇ ਮੇਰਾ ਧੁਰ ਦਾ ਹੁਕਮ ਹੋਇਆ ਰਵਾਂ, ਰਵਾਨਗੀ ਸਭ ਦੀ ਦੇਵਾਂ ਪਾਈਆ । ਸ਼ਬਦ ਸੰਦੇਸ਼ਾ ਇਕੋ ਕਹਵਾਂ, ਢੋਲਾ ਧੁਰ ਦਾ ਦਿਆਂ ਦ੍ਰਿੜ੍ਹਾਈਆ । ਸਤਿਜੁਗ ਫੇਰ ਲਗਾਵਾਂ ਨਵਾਂ, ਨਵੀਂ ਕਾਰ ਕਮਾਈਆ । ਜਨ ਭਗਤਾਂ ਵਿਚ ਖ਼ੁਸ਼ੀਆਂ ਨਾਲ ਬਹਵਾਂ, ਸਚ ਦਵਾਰ ਵੱਜੇ ਵਧਾਈਆ । ਸਭ ਦਾ ਲੇਖਾ ਕਰ ਕੇ ਸਾਵਾਂ, ਪਿਛਲਾ ਮੂਲ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਤੱਕਾਂ ਆ, ਆਪ ਆਪਣੀ ਦਇਆ ਕਮਾਈਆ । ਸਤਿ ਧਰਮ ਦਾ ਦੱਸ ਕੇ ਰਾਹ, ਰਹਿਬਰ ਹੋ ਕੇ ਦਿਆਂ ਸਮਝਾਈਆ । ਜਿਹੜਾ ਪਕਵਾਨ ਬਲ ਦਵਾਰਿਉਂ ਨਹੀਂ ਲਿਆ ਖਾ, ਭਗਤ ਦਵਾਰੇ ਖਾ ਕੇ ਖ਼ੁਸ਼ੀ ਮਨਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਧੁਰ ਸੰਬੰਧੀ ਲਵਾਂ ਬਣਾਂ, ਨਾਤੇ ਕੂੜੇ ਤੋੜ ਤੁੜਾਈਆ । ਸੰਦੇਸ਼ਾ ਇਕੋ ਦਿਆਂ ਜਣਾ, ਸ਼ਬਦੀ ਸ਼ਬਦ ਸ਼ਨਵਾਈਆ । ਜਿਸ ਵੇਲੇ ਤੇਰਾ ਤੇਰਾ ਪਰਮ ਪੁਰਖ ਕਰੇ ਵਿਵਾਹ, ਵਾਹਵਾ ਵੱਜੇ ਇਕ ਵਧਾਈਆ । ਸੰਦੇਸ਼ਿਆਂ ਵਿਚ ਸਭ ਨੂੰ ਲਏ ਬੁਲਾ, ਜਿਸ ਦਾ ਬੁਲ੍ਹੇ ਸ਼ਾਹ ਆਪਣੀ ਕਾਫੀ ਵਿਚ ਢੋਲਾ ਗਿਆ ਗਾਈਆ । ਸ਼ੱਮਸ਼ ਤਬਰੇਜ਼ ਗਿਆ ਜਣਾ, ਖਲੜੀ ਦੇ ਅੰਦਰ ਬੈਠਾ ਬੇਪਰਵਾਹੀਆ । ਮਨਸੂਰ ਸੂਲੀ ਚੜ੍ਹ ਕੇ ਰਿਹਾ ਅੱਲਾ, ਅੱਲਾਹ ਤੋਂ ਅਲੈਹਦਾ ਨਜ਼ਰ ਕੋਇ ਨਾ ਆਈਆ । ਲੇਖਾ ਨਾਨਕ ਗਿਆ ਲਿਖਾ, ਘੜੀਆਂ ਪਲਾਂ ਵਿਚੋਂ ਆਪਣੀ ਵੰਡ ਵੰਡਾਈਆ । ਗੁਰ ਅਰਜਨ ਸਾਹ ਗਿਆ ਸੁਧਾ, ਸੁਦੀ ਵਦੀ

ਵਿਚੋਂ ਬਾਹਰ ਨਾ ਕੋਇ ਪਰਗਟਾਈਆ । ਗੋਬਿੰਦ ਮੰਨ ਕੇ ਗਿਆ ਰਜ਼ਾ, ਪ੍ਰਭ ਅਗੇ ਸੀਸ ਝੁਕਾਈਆ । ਬੇਟੇ ਪ੍ਰਭ ਦੇ ਪੇਟੇ ਪਾ, ਪਟਨੇ ਤੋਂ ਕੀਤੀ ਜੁਦਾਈਆ । ਸ਼ੱਤਰੀ ਦੇ ਬੇਟੇ ਦੀ ਮੰਨ ਕੇ ਦੁਆ, ਬੱਚੀ ਨੱਢੀ ਵੇਖ ਵਖਾਈਆ । ਤਿਨਾਂ ਦਾ ਲਹਿਣਾ ਦੇਣਾ ਦੇਣਾ ਚੁਕਾ, ਲੇਖਾ ਚੁੱਕੇ ਜਗਤ ਲੋਕਾਈਆ । ਜਨ ਭਗਤੇ ਅਗੇ ਮਾਰਗ ਦੇਣਾ ਲਾ, ਭਗਤ ਦਵਾਰੇ ਜੋ ਜੋੜੇ ਜੁੜੇ ਓਨ੍ਹਾਂ ਦੀ ਅਗੇ ਹੋਏ ਨਾ ਕਦੇ ਜੁਦਾਈਆ । ਕਿਉਂ ਅਠਾਰਾਂ ਹਾੜ ਸਾਹ ਲਿਆ ਸਮਝਾ, ਹੁਕਮ ਧੁਰ ਦਾ ਇਕ ਮਨਾਈਆ । ਓਸ ਦਿਨ ਸੁਰਜੀਤ ਦਾ ਸਰੀਰ ਹੋਣਾ ਸਵਾਹ, ਇਹ ਵਸਤ ਅਮੋਲਕ ਇੱਕੀਆਂ ਹੱਥ ਫੜਾਈਆ । ਜੇ ਤੁਹਾਨੂੰ ਨਾ ਬਣਾਉਂਦਾ ਗਵਾਹ, ਗੁਰਮੁਖਾਂ ਨੂੰ ਦੇਂਦਾ ਕੌਣ ਵਡਿਆਈਆ । ਪਾਰਬ੍ਰਹਮ ਪ੍ਰਭ ਸਦਾ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਵੇਖਿਓ ਬੇਨੰਤੀ ਵਿਚ ਭੁੱਲ ਨਾ ਰਖਿਓ ਰਾ, ਏਸੇ ਕਰ ਕੇ ਪਹਿਲੋਂ ਦਿਤਾ ਲਿਖਾਈਆ । ਫੇਰ ਅਗੇ ਢੋਲੇ ਖ਼ੁਸ਼ੀਆਂ ਵਾਲੇ ਲੈਣੇ ਗਾ, ਜਿੰਨੀ ਕਹੋ ਓਨੀ ਉਮਰ ਦਿਆਂ ਵਧਾਈਆ । ਅਗੇ ਤੋਂ ਗੁਰਮੁਖ ਗੁਰਸਿਖ ਬਿਨਾ ਬੱਚੇ ਤੋਂ ਕੋਈ ਖ਼ਾਲੀ ਰਹਿਣ ਨਾ ਦੇਵਾਂ ਮਾਂ, ਏਥੇ ਓਥੇ ਦਿਆਂ ਵਡਿਆਈਆ । ਸਮੇਂ ਵਿਚੋਂ ਸਮਾਂ ਦਿਆਂ ਬਦਲਾ, ਬਦਲਾ ਪਿਛਲਾ ਦਿਆਂ ਚੁਕਾਈਆ । ਕੋਟਨ ਕੋਟ ਜਗਤ ਜੀਵ ਜਹਾਨ ਗਏ ਖਾ, ਖਾ ਖਾ ਮਰੀ ਸਰਬ ਲੋਕਾਈਆ । ਬਲ ਨਾਲੋਂ ਤੁਹਾਡਾ ਵੱਡਾ ਅਸਮੇਧ ਜਗ ਦਿਤਾ ਰਚਾ, ਜਿਸ ਦਾ ਭੋਗ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਕਦੇ ਨਾ ਦੇਵੇ ਸਜ਼ਾ, ਸਜ਼ਾ ਵਿਚੋਂ ਸਾਫ਼ ਬਾਹਰ ਕਢਾਈਆ ।



### ੯ ਜੇਠ ਸ਼ਹਿਨਸ਼ਾਹੀ ਸੰਮਤ ੨ ਸੰਗਤ ਦੇ ਨਵਿਤ ਬਾਬੂ ਪੁਰਾ ਜ਼ਿਲਾ ਗੁਰਦਾਸ ਪੁਰ

੬੧੮
੧੯

ਜੇਠ ਕਹੇ ਮੇਰਾ ਧੁਰ ਦਾ ਜਰਮ, ਜਨਮ ਲਿਆ ਬਦਲਾਈਆ । ਪੁਰਖ ਅਕਾਲ ਦੀਨ ਦਿਆਲ ਬਦਲੇ ਕਰਮ, ਨਿਹਕਰਮੀ ਹੋ ਸਹਾਈਆ । ਜਨ ਭਗਤਾਂ ਬਖ਼ਸ਼ੇ ਆਪਣੀ ਨਿਰਗੁਣ ਧਾਰ ਸਰਨ, ਸ਼ਰਨ ਸ਼ਰਨਗਤ ਇਕ ਦ੍ਰਿੜਾਈਆ । ਝਗੜਾ ਰਹੇ ਨਾ ਕੋਈ ਮਨ ਵਾਸਨਾ ਭਰਮ, ਭਾਂਡਾ ਭਰਮ ਕੂੜ ਭੰਨਾਈਆ । ਸਾਚਾ ਪ੍ਰੇਮ ਬਖ਼ਸ਼ੇ ਇਕੋ ਧਰਮ, ਪਤਿਪਰਮੇਸ਼ਵਰ ਦਇਆ ਕਮਾਈਆ । ਨਿਰਗੁਣ ਹੋ ਕੇ ਸਰਗੁਣ ਆਏ ਵਰਨ, ਵਰਨ ਗੋਤ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਗੁਰਮੁਖਾਂ ਅੰਤਰ ਨਿਰੰਤਰ ਆਪਣਾ ਨਾਮ ਆਏ ਪੜ੍ਹਨ, ਪੁਸਤਕ ਵਿਦਿਆ ਹੱਥ ਨਾ ਕੋਇ ਉਠਾਈਆ । ਗੁਰਸਿਖਾਂ ਮੰਜ਼ਲ ਪੌੜੀ ਆਏ ਚੜ੍ਹਨ, ਚਾਰ ਕੁੰਟ ਦਹਿ ਦਿਸ਼ਾ ਨਵ ਦਵਾਰ ਪੰਧ ਮੁਕਾਈਆ । ਜਨ ਭਗਤਾਂ ਅਗੇ ਆਵੇ ਖੜ੍ਹਨ, ਸਨਮੁਖ ਹੋ ਕੇ ਸਾਖਿਆਤ ਸਵਾਮੀ ਹੋ ਕੇ ਸਾਹਿਬ ਦਰਸ ਦਿਖਾਈਆ । ਜੁਗ ਚੌਕੜੀ ਕੀਤਾ ਕੌਲ ਇਕ਼ਰਾਰੀ ਪੂਰਾ ਕਰੇ ਪਰਨ, ਪਰਮਾਤਮ ਆਤਮ ਆਪਣੀ ਗੰਢ ਪਵਾਈਆ । ਸਾਚੇ ਸੰਤਾਂ ਨੇਤਰ ਖੋਲ੍ਹ ਕੇ ਅੰਤਰ ਫਰਨ, ਫੁਰਨਾ ਮਨੂਆ ਮਨ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਚੇਤ ਕਹੇ ਮੈਂ ਵੇਖਾਂ ਪ੍ਰਭ ਦਾ ਅਗੰਮੀ ਚਲਿੱਤਰ, ਚੇਤਨ ਹੋ ਕੇ ਧਿਆਨ ਲਗਾਈਆ । ਜਿਸ ਦਾ ਖੇਲ ਵੱਡਾ ਬਚਿੱਤਰ, ਵਰਨ ਬਰਨ ਭੇਵ ਕੋਇ ਨਾ ਆਈਆ । ਜੋ ਨਿਰਗੁਣ ਧਾਰੋਂ ਨਿਰਵੈਰ ਹੋ ਕੇ ਆਇਆ ਨਿੱਕਲ, ਨਿਰੰਕਾਰ ਨੂਰ ਨੂਰ ਖ਼ੁਦਾਈਆ । ਭਗਤ ਸੁਹੇਲਾ ਬਣ ਕੇ ਮਿੱਤਰ, ਮੀਤ ਪਿਆਰਾ ਆਪਣਾ ਮੇਲ ਕਰਾਈਆ । ਜਨਮ ਕਰਮ ਦਾ ਪਿਛਲਾ ਲੇਖਾ ਅਗਲਾ ਲਹਿਣਾ ਚੁਕਾ ਕੇ ਫ਼ਿਕਰ,

ਫ਼ਿਕਰਾ ਢੋਲਾ ਇਕੋ ਦਏ ਸੁਣਾਈਆ । ਗੁਰਮੁਖਾਂ ਅੰਦਰੋਂ ਕਦੇ ਨਾ ਜਾਵੇ ਵਿਸਰ, ਜੁਗ ਜਨਮ ਦੇ ਵਿਛੜੇ ਸੁਰਤੀ ਸ਼ਬਦੀ ਜੋੜ ਜੁੜਾਈਆ । ਮਹਿਬੂਬ ਹੋ ਕੇ ਮੁਹੱਬਤ ਵਿਚ ਚੋਟੀ ਚਾੜ੍ਹੇ ਸਿਖਰ, ਸਾਖਿਆਤ ਹੋ ਕੇ ਨਜ਼ਰੀ ਆਈਆ । ਬਿਨ ਰੰਗ ਰੂਪ ਰੇਖ ਪਿਆਰ ਵਿਚ ਦੱਸੇ ਇਕੋ ਚਿੱਤਰ, ਜਿਸ ਦੀ ਚਾਹਵਾਨ ਆਦਿ ਜੁਗਾਦਿ ਬਣੀ ਰਹੀ ਲੋਕਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਅੱਖਰੀ ਧਾਰ ਦੱਸੇ ਲਿਖਣ, ਸਿੱਖਣ ਸਤਿ ਸਚ ਦ੍ਰਿੜਾਈਆ । ਦੀਨ ਦੁਨੀ ਦ੍ਰਿਸ਼ਟੀ ਇਸ਼ਟੀ ਦੱਸੇ ਮਿੱਥਨ, ਧੁਰ ਦਾ ਹੁਕਮ ਇਕ ਸਮਝਾਈਆ । ਗੁਰਸਿਖਾਂ ਪੂਰੀ ਕਰੇ ਇੱਛਨ, ਇੱਛਿਆ ਅੰਦਰ ਭਿੱਛਿਆ ਆਪਣਾ ਨਾਮ ਝੋਲੀ ਪਾਈਆ । ਪ੍ਰੇਮ ਪਿਆਰ ਅੰਦਰ ਆਵੇ ਵਿਕਣ, ਕਰਨੀ ਦਾ ਕਰਤਾ ਆਪਣੀ ਕ਼ੀਮਤ ਨਾ ਕੋਇ ਰਖਾਈਆ । ਗੁਰਮੁਖ ਸੰਤ ਸੁਹੇਲੇ ਜਿਸ ਨੂੰ ਧੁਰ ਦੇ ਪੂਤ ਦਿਸਣ, ਪਿਤਾ ਹੋ ਕੇ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਚੇਤ ਕਹੇ ਮੈਂ ਜੇਠ ਦਾ ਵੇਖਾਂ ਹਾਲ, ਜੇਠ ਕਹੇ ਮੈਂ ਜਗਹ ਬਜਗਹ ਧਿਆਨ ਲਗਾਈਆ । ਨਵ ਨੌਂ ਚਾਰ ਦਾ ਪੂਰਾ ਕਰਾਂ ਸਵਾਲ, ਸਵਾਲੀਆ ਫ਼ਿਕਰਾ ਜਵਾਬ ਵਿਚ ਬਦਲਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਪੂਰਾ ਕਰਾਂ ਅਹਿਵਾਲ, ਜ਼ਵਾਲ ਵੇਖਾਂ ਖ਼ਲਕ ਖ਼ੁਦਾਈਆ । ਕੂੜ ਨਗਾਰਾ ਵੱਜੇ ਕਾਲ, ਕਲਮਾ ਕਾਇਨਾਤ ਭੁਲਾਈਆ । ਕੁਛ ਲਹਿਣਾ ਦੇਣਾ ਗੋਬਿੰਦ ਨਾਲ ਰਵਾਲ, ਸੰਮਤ ਚੌਦਾਂ ਰਿਹਾ ਸਮਝਾਈਆ । ਜਨ ਭਗਤਾਂ ਹਿਰਦਾ ਕਰਾਂ ਵਿਸ਼ਾਲ, ਕੂੜ ਵਿਕਾਰ ਵਿਸ਼ਿਆਂ ਤੋਂ ਬਾਹਰ ਕਢਾਈਆ । ਹਰਿ ਦੀ ਸਿਫ਼ਤ ਸੁਣਾਵਾਂ ਬੇਮਿਸਾਲ, ਜਿਸ ਦੀ ਮਿਸਲ ਨਾ ਕਿਸੇ ਬਣਾਈਆ । ਗੁਰਮੁਖਾਂ ਅੰਦਰ ਪ੍ਰੇਮ ਦਾ ਵਜਾਵਾਂ ਤਾਲ, ਢੋਲਕ ਛੈਣਾਂ ਨਾ ਕੋਇ ਖੜਕਾਈਆ । ਬਿਨਾ ਰਸਨਾਂ ਤੋਂ ਗੀਤ ਗਾਵਾਂ ਬਣ ਅਗੰਮੀ ਕਵਾਲ, ਤਾਨ ਤਰਜ਼ ਰਸਨਾ ਜਿਹਵਾ ਨਾ ਕੋਇ ਜਣਾਈਆ । ਸਚ ਮੁਹੱਬਤ ਵਿਚ ਬਣਾਂ ਗਵਾਲ, ਗੋਕਲ ਬਿੰਦਰਾਬਨ ਕਾਇਆ ਮੰਦਰ ਦਿਆਂ ਸਮਝਾਈਆ । ਬਨ ਵਿਚ ਖੋਜਣਾ ਪਏ ਕੋਈ ਨਾ ਰਾਮ, ਸੀਤਾ ਸੁਰਤੀ ਸ਼ਬਦੀ ਜੋੜ ਜੁੜਾਈਆ । ਮਨ ਇੱਛਿਆ ਬਖ਼ਸ਼ਾਂ ਧੁਰ ਦਾ ਨਾਮ, ਮਨਸਾ ਮਮਤਾ ਮੋਹ ਬਾਹਰ ਕਢਾਈਆ । ਧੁਰ ਦਾ ਸਜਦਾ ਹਕ ਹਕ਼ੀਕ਼ਤ ਜਣਾਵਾਂ ਇਕ ਪੈਗ਼ਾਮ, ਕਲਮਾ ਹੱਕ ਹੱਕ ਸੁਣਾਈਆ । ਮੂਰਖਾਂ ਮੁਗਧਾਂ ਕੋਲੋਂ ਕਦੇ ਨਾ ਹੋਵਾਂ ਬਦਨਾਮ, ਬਦੀਆਂ ਅੰਦਰ ਬਦਲਾ ਦਿਆਂ ਚੁਕਾਈਆ । ਨਿਰਗੁਣ ਨੂਰ ਜੋਤ ਸਰੂਪ ਹੋ ਸ੍ਰੀ ਭਗਵਾਨ, ਭਾਗ ਭਗਤਾਂ ਦਿਆਂ ਵਖਾਈਆ । ਸਾਚੇ ਮੰਦਰ ਦਾ ਬਣ ਕੇ ਕਾਹਨ, ਗੋਪੀ ਇਕੋ ਇਕ ਅੰਤਰ ਆਤਮ ਦਿਆਂ ਵਖਾਈਆ । ਨਾਮ ਸੰਦੇਸ਼ਾ ਦੱਸਾਂ ਇਕੋ ਗਾਨ, ਭਗਤ ਭਗਵਾਨ ਮਿਲ ਕੇ ਵੱਜੇ ਵਧਾਈਆ । ਜਨ ਭਗਤਾਂ ਝਗੜੇ ਜਨਮ ਜਨਮ ਕਰਮ ਕਰਮ ਮੇਟਾਂ ਸਰਬ ਤਮਾਮ, ਤਮਅ ਤ੍ਰਿਸ਼ਨਾ ਕੂੜੀ ਬਾਹਰ ਕਢਾਈਆ । ਸਚ ਦਵਾਰੇ ਸਚਖੰਡ ਸਤਿ ਸਤਿਵਾਦੀ ਬਣਾਵਾਂ ਉਹ ਮਹਿਮਾਨ, ਜਿਨ੍ਹਾਂ ਦਾ ਭੋਜਨ ਆਪਣਾ ਨਾਮ ਬੰਦਗੀ ਰਸਨਾ ਦਿਆਂ ਲਗਾਈਆ । ਸਤਿ ਸਚ ਦਾ ਹੋਵੇ ਪਕਵਾਨ, ਪੀਣ ਖਾਣ ਅੰਮ੍ਰਿਤ ਰਸ ਵਖਾਈਆ । ਸਤਿ ਸਤਿਵਾਦੀ ਝੁੱਲਦਾ ਹੋਵੇ ਨਿਸ਼ਾਨ, ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਬੈਠਣ ਸੀਸ ਨਿਵਾਈਆ । ਮਿਲੇ ਹੁਕਮ ਧੁਰ ਦਾ ਇਕ ਫ਼ਰਮਾਨ, ਫ਼ਰਮਾਬਰਦਾਰ ਸਾਰੇ ਦਿਆਂ ਸਮਝਾਈਆ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਨਿਗਾਹਬਾਨ ਹੋ ਕੇ ਖੋਜ ਖੁਜਾਈਆ । ਮਾਨਸ ਜਾਤੀ ਝਗੜਾ ਕਰੇ ਇਨਸਾਨ ਨਾਲ ਇਨਸਾਨ, ਅੰਸ ਬੰਸ ਆਪਣਾ ਗਏ ਭੁਲਾਈਆ । ਬਿਨ ਭਗਤਾਂ ਪ੍ਰਭੂ ਕਿਸੇ ਨਾ ਕਰੇ ਪਰਵਾਨ, ਪਾਰਬ੍ਰਹਮ ਬ੍ਰਹਮ ਵਿਚ ਨਾ ਕੋਇ ਸਮਾਈਆ । ਗੁਰਮੁਖ ਜੋਧੇ ਸੂਰਬੀਰ ਬਣਾ ਜਵਾਨ, ਜਾਗਰਤ ਜੋਤ ਕਰੇ ਰੁਸ਼ਨਾਈਆ ।



੬੧੯
੧੯

ਕਲਜੁਗ ਕੂੜੀ ਕਿਰਿਆ ਵੇਖਣ ਵਿਚ ਮੈਦਾਨ, ਮੁੱਦਤ ਤੋਂ ਵਿਛੜੇ ਸਹਿਜੇ ਲਿਆ ਮਿਲਾਈਆ । ਬਿਨਾ ਚਿੱਠੀ ਪੱਤਰ ਤੇ ਕਰਂ ਪਰਵਾਨ, ਪਰਾ ਪਸੰਤੀ ਮਧਮ ਬੈਖ਼ਰੀ ਵਿਚੋਂ ਬਾਹਰ ਕਢਾਈਆ । ਸਚ ਦਵਾਰ ਦੱਸ ਇਕ ਅਸਥਾਨ, ਅਸਥਿਤੀ ਅੰਦਰੋਂ ਦਿਤੀ ਉਲਟਾਈਆ । ਗੁਰਮੁਖਾਂ ਮਾਨਸ ਜਨਮ ਕਦੇ ਨਾ ਜਾਏ ਹਰਾਮ, ਪੁਰਖ ਅਕਾਲ ਦੀਨ ਦਿਆਲ ਪਿਤਾ ਹੋ ਕੇ ਗੋਦ ਉਠਾਈਆ । ਸਾਚੇ ਗੁਰਸਿਖਾਂ ਕਰੇ ਆਪ ਪਹਿਚਾਨ, ਪੂਰਬ ਜਨਮ ਦਾ ਲਹਿਣਾ ਦੇਣਾ ਖੋਜਣਹਾਰਾ ਥਾਉਂ ਥਾਈਂਆ । ਜਨ ਭਗਤੋ ਤੁਹਾਡੀ ਲੇਖੇ ਲਾ ਕੇ ਚਰਨ ਕਵਲ ਪਰਨਾਮ, ਲੋਹੇ ਤੋਂ ਕੰਚਨ ਕੰਚਨ ਤੋਂ ਪਾਰਸ ਪਾਰਸ ਤੋਂ ਖ਼ਾਲਸ ਖ਼ਾਸ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਮੇਘ ਬਰਖੇ ਅਗੰਮੀ ਬਾਰਸ਼, ਅਗਨੀ ਅੱਗ ਜੇਠ ਤਪਸ਼ ਦਏ ਬੁਝਾਈਆ ।

### ✪ ੯ ਜੇਠ ਸ਼ਹਿਨਸ਼ਾਹੀ ਸੰਮਤ ੨ ਚੇਲਾ ਸਿੰਘ ਦੇ ਗ੍ਰਿਹ ਵਜ਼ਾਰਡ ਰੋਡ ਜੰਮੂ ✪

ਜੇਠ ਕਹੇ ਮੈਂ ਖ਼ੁਸ਼ੀਆਂ ਨਾਲ ਚੜ੍ਹਿਆ, ਚੜ੍ਹਦੀ ਕਲਾ ਦਿਆਂ ਵਖਾਈਆ । ਪੁਰਖ ਅਕਾਲ ਅਕਲ ਕਲਧਾਰੀ ਲੜ ਫੜਿਆ, ਪੱਲੂ ਆਪਣੀ ਗੰਢ ਪਵਾਈਆ । ਸਚ ਸਵਾਮੀ ਢੋਲਾ ਇਕੋ ਪੜ੍ਹਿਆ, ਪੁਸਤਕ ਹੱਥੇ ਹੱਥ ਨਾ ਕੋਇ ਉਠਾਈਆ । ਸਚ ਦਵਾਰਾ ਵੇਖ ਕੇ ਘਰਿਆ, ਗ੍ਰਿਹ ਬਹਿ ਕੇ ਖ਼ੁਸ਼ੀ ਮਨਾਈਆ । ਕੰਤ ਕੰਤੂਹਲ ਕੁਦਰਤ ਦਾ ਮਾਲਕ ਇਕੋ ਵਰਿਆ, ਵਾਰਤਾ ਜਿਸ ਦੀ ਸਾਰੇ ਰਹੇ ਗਾਈਆ । ਮੇਰਾ ਅੰਤਰ ਅੰਤਰ ਹੋਇਆ ਹਰਿਆ, ਬਾਹਰ ਬਸੰਤਰ ਅਗਨੀ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਹੁਕਮ ਵਿਚੋਂ ਪਰਗਟਾਈਆ । ਜੇਠ ਕਹੇ ਮੈਂ ਮੰਨਣ ਆਇਆ ਹੁਕਮ, ਹਾਕਮ ਹਕੀਕਤ ਵਿਚੋਂ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਮੇਟਣਾ ਤੁਖ਼ਮ, ਤਾਸੀਰ ਅਗਲੀ ਦੇਣੀ ਬਦਲਾਈਆ । ਮੈਨੂੰ ਗੁਰ ਅਵਤਾਰ ਪੈਗ਼ੰਬਰ ਇਕੱਠੇ ਹੋ ਕੇ ਪੁਛਣ, ਕਿਸ ਬਿਧ ਮਿਲਿਆ ਬੇਪਰਵਾਹੀਆ । ਵਿਸ਼ਨ ਬ੍ਰਹਮਾ ਸ਼ਿਵ ਕਹੇ ਕਿਉਂ ਕਲਜੁਗ ਪੈਂਡਾ ਆਇਆ ਮੁਕਣ, ਮੁਕੰਮਲ ਦੇ ਜਣਾਈਆ । ਕਿਸ ਬਿਧ ਪੁਰਖ ਅਬਿਨਾਸ਼ੀ ਜਨ ਭਗਤਾਂ ਆਇਆ ਚੁੱਕਣ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ । ਨਿਰਗੁਣ ਹੋ ਕੇ ਸਾਚੀ ਧਾਰੋਂ ਆਇਆ ਉਠਣ, ਧਰਨੀ ਧਰਤ ਧਵਲ ਵੇਖ ਖ਼ੁਸ਼ੀ ਮਨਾਈਆ । ਸ਼ਬਦ ਅਗੰਮੀ ਸ਼ਬਦੀ ਧਾਰ ਸ਼ਾਹ ਸੁਲਤਾਨ ਆਇਆ ਬੁੱਕਣ, ਬੁੱਕਲ ਸਭ ਦੀ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਜੇਠ ਕਹੇ ਮੈਨੂੰ ਚੜ੍ਹਿਆ ਚਾਓ ਵਿਚੋਂ ਘਨੇਰਾ, ਘਨਈਆ ਵੇਖ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਕਰੇ ਆਪਣੀ ਮਿਹਰਾ, ਮਿਹਰ ਮੁਹੱਬਤ ਵਿਚ ਪਰਗਟਾਈਆ । ਦੂਰ ਦੁਰਾਡਾ ਨਜ਼ਰੀ ਆਵੇ ਨੇਰਨ ਨੇਰਾ, ਨਿਰਗੁਣ ਨਿਰਵੈਰ ਨਿਰੰਕਾਰ ਸ਼ਹਿਨਸ਼ਾਹੀਆ । ਜਿਸ ਦਾ ਜਗਤ ਨੇਤਰ ਨਜ਼ਰ ਨਾ ਆਏ ਕੋਈ ਤੱਤਾਂ ਵਾਲਾ ਚਿਹਰਾ, ਚਿੰਨ੍ਹ ਇਨ ਬਿਨ ਨਾ ਕੋਇ ਸਮਝਾਈਆ । ਸੋ ਪਰਮ ਪੁਰਖ ਪਰਮਾਤਮ ਸਚ ਵਸਾਏ ਇਕ ਖੇੜਾ, ਬਿਨ ਦਵਾਰਕਾ ਦਵਾਰੇ ਵੱਜੇ ਵਧਾਈਆ । ਜਿਸ ਦਾ ਸਮਝ ਸਕੇ ਨਾ ਕੋਈ ਵਿਹੜਾ, ਹੱਦ ਹਦੂਦ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰਾ ਹੱਕ ਨਿਬੇੜਾ, ਲੇਖਾ ਸਭ ਦਾ ਦਏ ਚੁਕਾਈਆ । ਜੇਠ ਕਹੇ ਮੈਂ ਤੱਕਿਆ ਇਕ


੬੨੦
੧੯

ਹਜ਼ੂਰ, ਹਜ਼ਰਤਾਂ ਦਾ ਹਜ਼ਰਤ ਨਜ਼ਰੀਂ ਆਈਆ । ਜਿਸ ਦੇ ਪਿਛੇ ਸੂਲੀ ਚੜ੍ਹਿਆ ਮਨਸੂਰ, ਸੂਰਬੀਰ ਮਿਲੀ ਵਡਿਆਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਬਣਿਆ ਮਜ਼ਦੂਰ, ਸੇਵਕ ਹੋ ਕੇ ਸੇਵ ਕਮਾਈਆ । ਕਲਜੁਗ ਕੂੜੀ ਕਿਰਿਆ ਵਿਚੋਂ ਕੱਢੇ ਕਪੂਰ, ਕਰਮਾਂ ਦਾ ਲੇਖ ਦਏ ਚੁਕਾਈਆ । ਗ਼ਰੀਬ ਨਿਮਾਣੇ ਕੋਝੇ ਕਮਲੇ ਸ਼ਬਦੀ ਬੇੜੇ ਚਾੜ੍ਹੇ ਆਪਣੇ ਪੂਰ, ਪੁਰੀਆਂ ਲੋਆਂ ਤੋਂ ਬਾਹਰ ਰਖਾਈਆ । ਮਨੂਆ ਪਾ ਨਾ ਸਕੇ ਕੋਇ ਫਤੂਰ, ਫਤਵਾ ਅਵਰ ਨਾ ਕੋਇ ਵਖਾਈਆ । ਜੋਤੀ ਜਾਤਾ ਹੋ ਕੇ ਬਖ਼ਸ਼ੇ ਆਪਣਾ ਨੂਰ, ਨੂਰ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਦੇਵਣਹਾਰ ਸਦਾ ਭਰਪੂਰ, ਭਰਮ ਭੁਲੇਖਾ ਭਰਮ ਦਏ ਮਿਟਾਈਆ । ਜੇਠ ਕਹੇ ਮੈਂ ਵੇਖਿਆ ਆ ਕੇ ਜਗ, ਜਗਜੀਵਨ ਦਾਤੇ ਦਿਤੀ ਮਾਣ ਵਡਿਆਈਆ । ਬਾਹਰੋ ਬਾਹਰ ਸਭ ਨੂੰ ਲਾਉਣੀ ਅੱਗ, ਅਗਨੀ ਤਤ ਨਾ ਕੋਇ ਬੁਝਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕਰਨੀ ਵਾਂਗ ਕੱਗ, ਸ਼ਾਹ ਸੁਲਤਾਨ ਦੇਣ ਦੁਹਾਈਆ । ਜਨ ਭਗਤ ਸੁਹੇਲੇ ਪ੍ਰੇਮ ਪ੍ਰੀਤੀ ਅੰਦਰ ਜਾਵਣ ਬੱਝ, ਟੁੱਟੀ ਆਪਣੇ ਨਾਲ ਜੁੜਾਈਆ । ਦੀਨ ਦੁਨੀ ਕੂੜ ਨਗਾਰਾ ਜਾਏ ਵੱਜ, ਵਜਹ ਸਕੇ ਨਾ ਕੋਇ ਸਮਝਾਈਆ । ਜਗਤ ਪਰਧਾਨ ਕੋਈ ਨਾ ਜਾਵੇ ਬਚ, ਬਚਤ ਵਿਚ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪਣਾ ਨਾਮ ਸੰਦੇਸ਼ਾ ਦੇਵੇ ਸਚ, ਸਚ ਸਤਿ ਵਿਚ ਮਿਲਾਈਆ । ਜੇਠ ਕਹੇ ਮੈਂ ਹੌਲੀ ਹੌਲੀ ਖੋਲ੍ਹਣਾ ਆਪਣਾ ਪੜਦਾ, ਪੜਦਾ ਅੰਦਰੋਂ ਦੇਣਾ ਉਠਾਈਆ । ਲੇਖਾ ਦੱਸਣਾ ਘਰ ਘਰ ਦਾ, ਓਹਲਾ ਨਜ਼ਰ ਕੋਇ ਨਾ ਆਈਆ । ਲੇਖਾ ਜਾਨਣਾ ਜਲ ਥਲ ਦਾ, ਸਮੁੰਦ ਸਾਗਰ ਫੋਲ ਫੁਲਾਈਆ । ਭਾਣਾ ਵਰਤਣਾ ਪੁਰਖ ਅਕਾਲ ਦਾ, ਅਕਲ ਕਲਧਾਰੀ ਅਕਲਾਂ ਵਾਲੇ ਦੇਣੇ ਭੁਲਾਈਆ । ਕੋਟਾਂ ਵਿਚੋਂ ਗੁਰਮੁਖ ਆਤਮ ਪਰਮਾਤਮ ਹੋ ਕੇ ਰਲਦਾ, ਪਰਮ ਪੁਰਖ ਵਿਚ ਸਮਾਈਆ । ਖੇਲ ਜਾਣੇ ਨਿਹਚਲ ਧਾਮ ਅਟਲ ਦਾ, ਵਲਵਲੇ ਕੂੜੇ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਸਭ ਦਾ ਜਾਣੇ ਪਲ ਪਲ ਦਾ, ਪਲਕ ਤੋਂ ਪਹਿਲੇ ਖ਼ਲਕ ਖ਼ਾਲਕ ਹੋ ਕੇ ਵੇਖ ਵਖਾਈਆ ।



## ✪ ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਅਮਰੋ ਦੇਵੀ ਦੇ ਗ੍ਰਿਹ ਵਜਾਰਤ ਰੋਡ ਜੰਮੂ ✪

ਜਨ ਭਗਤ ਪ੍ਰਭ ਪਾਵੇ ਸਾਰ, ਸਾਰ ਸ਼ਬਦ ਸ਼ਬਦ ਵਿਚ ਮਿਲਾਈਆ । ਨਿਜ ਨੇਤਰ ਨੈਣ ਦੇਵੇ ਦੀਦਾਰ, ਬਿਨ ਅੱਖਾਂ ਅੱਖ ਪਰਤੱਖ ਖੁਲ੍ਹਾਈਆ । ਅੰਮ੍ਰਿਤ ਰਸ ਨਿਝਰ ਹਕ਼ੀਕ਼ੀ ਜਾਮ ਦਏ ਪਿਆਲ, ਮਨ ਵਾਸਨਾ ਕੂੜੀ ਤ੍ਰਿਸ਼ਨਾ ਮੇਟ ਮਿਟਾਈਆ । ਕਾਇਆ ਮੰਦਰ ਅੰਦਰ ਧੁਰ ਦਾ ਕਾਅਬਾ ਵਖਾਏ ਸੱਚੀ ਧਰਮਸਾਲ, ਸਚ ਦਵਾਰਾ ਇਕੋ ਇਕ ਸੁਹਾਈਆ । ਬਿਨ ਤੇਲ ਬਾਤੀ ਜੋਤੀ ਦੀਪਕ ਦੇਵੇ ਬਾਲ, ਦਿਵਸ ਰੈਣ ਅੱਠੇ ਪਹਿਰ ਕਰੇ ਰੁਸ਼ਨਾਈਆ । ਨਿਰਗੁਣ ਹੋ ਕੇ ਸਰਗੁਣ ਕਰੇ ਸੰਭਾਲ, ਰੱਖਕ ਰੱਖਿਆ ਕਰੇ ਥਾਉਂ ਥਾਈਂਆ । ਆਤਮ ਪਰਮਾਤਮ ਹੋ ਕੇ ਵਸੇ ਨਾਲ, ਨਾਲਿਸ਼ ਕੂੜ ਨਾ ਕੋਇ ਪਰਗਟਾਈਆ । ਜਨਮ ਜ਼ਿੰਦਗੀ ਜੀਵਣ ਆਪਣੀ ਜੁਗਤੀ ਕਰੇ ਬਹਾਲ, ਗੇੜੇ ਵਿਚ ਫੇਰੇ ਵਿਚ ਭਰਮ ਨਾ ਕੋਇ ਭੁਲਾਈਆ । ਪੂਰਬ ਲਹਿਣਾ ਆਸਾ ਮਨਸਾ ਪੂਰਾ ਕਰੇ ਸਵਾਲ, ਅਹਿਵਾਲ ਆਪਣਾ ਇਕ ਜਣਾਈਆ । ਸਦਾ ਸੁਹੇਲਾ ਇਕ ਇਕੇਲਾ ਪਾਰਬ੍ਰਹਮ ਬ੍ਰਹਮ ਵਸੇ ਨਾਲ, ਨਾਲਿਸ਼

ਕੂੜੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਦੇਵੇ ਪ੍ਰਭ ਹੱਕ ਦੀਦਾਰ, ਨੂਰ ਨੂਰ ਵਿਚੋਂ ਚਮਕਾਈਆ । ਸੋਈ ਸੁਰਤੀ ਕਰੇ ਬੇਦਾਰ, ਆਲਸ ਗ਼ਫ਼ਲਤ ਨਾ ਕੋਇ ਵਡਿਆਈਆ । ਪੜਦਾ ਲਾਹ ਕੇ ਦਹਿ ਦਿਸ਼ਾ ਕੁੰਟ ਚਾਰ, ਚਾਰ ਵਰਨ ਅਠਾਰਾਂ ਬਰਨ ਝਗੜਾ ਦਏ ਚੁਕਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਦੱਸ ਕੇ ਇਕ ਪਿਆਰ, ਮੁਹੱਬਤ ਮਹਿਬੂਬ ਨਾਲ ਜਣਾਈਆ । ਕ਼ੁਦਰਤ ਦਾ ਕ਼ਾਦਰ ਕਰਨੀ ਦਾ ਕਰਤਾ ਪਾਵੇ ਸਾਰ, ਸਰਬ ਵਿਆਪੀ ਆਪਣਾ ਰੰਗ ਰੰਗਾਈਆ । ਹਰਿ ਸੰਤ ਸੁਹੇਲੇ ਗੁਰੂ ਗੁਰ ਚੇਲੇ ਮੇਲੇ ਵਿਚ ਸੰਸਾਰ, ਸੰਸਾਰੀ ਹੋ ਕੇ ਖੁਆਰੀ ਦਏ ਗਵਾਈਆ । ਕਾਇਆ ਮੰਦਰ ਅੰਦਰ ਵਖਾਏ ਧਰਮ ਦਵਾਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪੜਦਾ ਇਕ ਉਠਾਈਆ । ਨਾਦ ਸ਼ਬਦ ਸੁਣਾਏ ਸੱਚੀ ਧੁਨ ਧੁਨਕਾਰ, ਅਨਹਦ ਨਾਦੀ ਨਾਦ ਅਲਾਈਆ । ਵੇਖੇ ਵਿਗਸੇ ਪਾਵੇ ਸਾਰ, ਪੜਦਾ ਓਹਲਾ ਅੰਦਰੋਂ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਜਨ ਭਗਤਾਂ ਪ੍ਰਭ ਦੱਸੇ ਏਕਾ ਟੇਕ, ਟਿੱਕਾ ਮਸਤਕ ਨਾਮ ਲਗਾਈਆ । ਅੰਤਰ ਅੰਤਰ ਕਰਨਾ ਬਿਬੇਕ, ਸੁਰਤੀ ਸੁਰਤ ਸ਼ਬਦ ਵਿਚ ਸਮਾਈਆ । ਕੂੜ ਕੁੜਿਆਰਾ ਰਹੇ ਕੋਈ ਨਾ ਭੇਵ, ਪਾਖੰਡ ਰੂਪ ਨਾ ਕੋਇ ਬਦਲਾਈਆ । ਪਰਮਾਤਮ ਆਤਮ ਏਕੰਕਾਰਾ ਏਕ, ਏਕ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਜਨ ਭਗਤ ਦੱਸੇ ਏਕਾ ਓਟ, ਓੜਕ ਆਪਣੇ ਨਾਲ ਮਿਲਾਈਆ । ਗੁਰਮੁਖ ਤੇਰਾ ਸਤਿ ਸਰੂਪ ਸਤਿ ਨਿਰਮਲ ਜੋਤ, ਪਰਕਾਸ਼ ਵਿਚੋਂ ਪਰਕਾਸ਼ ਕਰੇ ਰੁਸ਼ਨਾਈਆ । ਝਗੜਾ ਰਿਹਾ ਨਾ ਜਾਤ ਪਾਤ ਦੀਨ ਮਜ਼੍ਹਬ ਵਰਨ ਗੋਤ, ਸਤਿਗੁਰ ਸ਼ਬਦ ਇਕੋ ਕਰੇ ਸ਼ਨਵਾਈਆ । ਲਹਿਣਾ ਦੇਣਾ ਚੁੱਕੇ ਲੋਕ ਪਰਲੋਕ, ਲੇਖਾ ਮੰਗਣ ਕੋਇ ਨਾ ਆਈਆ । ਮਨ ਬੁਧੀ ਦੀ ਕਰੇ ਕੋਈ ਨਾ ਸੋਚ, ਬਿਨ ਅਨੁਭਵ ਹਮਸਾਜਣ ਮਿਲਣ ਕੋਇ ਨਾ ਪਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤਾਂ ਵਾਲੇ ਸਲੋਕ, ਅੰਤਰ ਅੰਤਰ ਬਿਨ ਰਸਨਾ ਹੋਵੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਜਨ ਭਗਤ ਪ੍ਰਭ ਪੜਦਾ ਖੋਲ੍ਹੇ ਆਪ, ਆਪਣੀ ਦਇਆ ਕਮਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸਾਂਝਾ ਜਾਪ, ਦੂਜੀ ਵੰਡ ਨਾ ਕੋਇ ਵੰਡਾਈਆ । ਮੇਰਾ ਨੂਰ ਸਦਾ ਪਾਕ, ਪਾਕ ਪਵਿਤ ਸੋਭਾ ਪਾਈਆ । ਲੱਭਿਆਂ ਕੋਈ ਕਰ ਨਾ ਸਕੇ ਤਲਾਸ਼, ਖੋਜਿਆਂ ਹੱਥ ਕਿਸੇ ਨਾ ਆਈਆ । ਕਾਇਆ ਮੰਦਰ ਅੰਦਰ ਬਣ ਨਿਰਗੁਣ ਧਾਰ ਜਾਵਾਂ ਗਵਾਚ, ਭਰਮ ਭੁਲਾਵਾਂ ਸਰਬ ਲੋਕਾਈਆ । ਕੂੜ ਕੁੜਿਆਰਾਂ ਲਾਵਾਂ ਆਂਚ, ਅਗਨੀ ਅੱਗ ਤਪਾਈਆ । ਜਨ ਭਗਤਾਂ ਮੇਲ ਮਿਲਾ ਕੇ ਕਮਲਾਪਾਤ, ਪਤਿਪਰਮੇਸ਼ਵਰ ਨਾਤਾ ਦਿਆਂ ਜੁੜਾਈਆ । ਸਾਚੇ ਸੰਤਾਂ ਧੁਰ ਸੰਦੇਸ਼ਾ ਜਾਵਾਂ ਆਖ, ਆਖ਼ਰ ਇਕੋ ਹੁਕਮ ਦ੍ਰਿੜਾਈਆ । ਮਨ ਵਾਸਨਾ ਹੋਇਓ ਨਾ ਕੋਇ ਗੁਸਤਾਖ, ਪੰਜਾਂ ਨਾਤਾ ਜਾਣਾ ਤੁੜਾਈਆ । ਮਾਨੁਖ ਮਾਨਵ ਮਾਨਸ ਏਕੋ ਜਾਤ, ਦੂਜੀ ਵੰਡ ਨਾ ਕੋਇ ਵੰਡਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਰਖੋ ਇਤਫਾਕ, ਇਤਮੀਨਾਨ ਆਪਣਾ ਨਾਮ ਦਏ ਕਰਾਈਆ । ਹੱਥੋਂ ਸੁੱਟੋ ਨਾ ਕੋਇ ਰਬਾਬ, ਅਹਿਬਾਬ ਮਿਲ ਕੇ ਵੱਜੇ ਵਧਾਈਆ । ਸੁਫ਼ਨੇ ਵਾਲਾ ਨਹੀਂ ਖ਼ਵਾਬ, ਖ਼ਾਲਸ ਮਿਲ ਕੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਭ ਨੂੰ ਸਜਦਾ ਕਲਮਾ ਦੱਸੇ ਇਕ ਆਦਾਬ, ਆਦਤ ਇਬਾਦਤ ਅੰਦਰੋਂ ਦਏ ਬਦਲਾਈਆ ।

## ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਸਧਰੋ ਦੇਵੀ ਪਿੰਡ ਦਵਾਣਾ ਜੰਮੂ

ਜਨ ਭਗਤ ਆਪਣਾ ਤਨ ਵਜੂਦ ਵੇਖ ਜੁੱਸਾ ਨਜ਼ਰ ਵਿਚੋਂ ਨਜ਼ਰ ਉਠਾਈਆ । ਆਤਮ ਪਰਮਾਤਮ ਕਦੇ ਨਾ ਰੁੱਸਾ, ਮਨ ਵਾਸਨਾ ਸ੍ਰਿਸ਼ਟ ਦ੍ਰਿਸ਼ਟ ਹਲਕਾਈਆ । ਸਤਿ ਸਚ ਕਰਨਾ ਨਹੀਂ ਕਦੇ ਗ਼ੁੱਸਾ, ਗਿਲੇ ਵਿਚ ਗ਼ੁੱਸਾ ਨਾ ਕੋਇ ਪਾਈਆ । ਸਚ ਦਵਾਰ ਰਹਿਣਾ ਨਾ ਰੁੱਸਾ, ਸਾਚੀ ਸਿਖਿਆ ਇਕ ਸਮਝਾਈਆ । ਆਤਮ ਨੂਰ ਰਹੇ ਨਾ ਲੁਕਾ, ਹਰਿਜਨ ਵੇਖ ਖ਼ੁਸ਼ੀ ਮਨਾਈਆ । ਕਾਇਆ ਮੰਦਰ ਅੰਦਰ ਤੂੰ ਮੇਰਾ ਮੈਂ ਤੇਰਾ ਪੜ੍ਹਨਾ ਇਕੋ ਤੁਕਾ, ਜਿਸ ਨਾਲ ਤੋਹਮਤ ਲੱਗੇ ਨਾ ਕੋਇ ਲੋਕਾਈਆ । ਕਰਮ ਕਰਮ ਰਹੇ ਨਾ ਦੁੱਖਾ, ਦਲਿੱਦਰਾਂ ਦਏ ਚੁਕਾਈਆ । ਤਨ ਸਰੀਰ ਕਰ ਕੇ ਸੁੱਚਾ, ਸੰਜਮ ਇਕੋ ਦਏ ਸਮਝਾਈਆ । ਕਲਜੁਗ ਅੰਤਮ ਪੈਂਡਾ ਰਿਹਾ ਮੁੱਕਾ, ਸਤਿਜੁਗ ਸਾਚੇ ਵੱਜੇ ਵਧਾਈਆ । ਜਨ ਭਗਤੋ ਸ੍ਰੀ ਭਗਵਾਨ ਨਾਤਾ ਸ਼ਬਦੀ ਧਾਰ ਪਿਤਾ ਪੁੱਤਾ, ਪਤਿਪਰਮੇਸ਼ਵਰ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਵਿੰਘ ਵਿਸ਼ਨੂੰ ਭਗਵਾਨ, ਮਿਹਰ ਨਜ਼ਰ ਇਕ ਉਠਾਈਆ ।

## ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਕੇਸਰੀ ਦੇਵੀ ਸਤਿਵਾਰੀ ਰੇਲਵੇ ਲਾਈਨ ਜੰਮੂ

ਜਨ ਭਗਤ ਤੇਰਾ ਸੱਚਾ ਰਸਤਾ, ਰਹਿਬਰ ਇਕੋ ਨਜ਼ਰੀ ਆਈਆ । ਬੰਨ੍ਹਣਾ ਪਏ ਕੋਇ ਨਾ ਬਸਤਾ, ਪੁਸਤਕ ਸੀਸ ਨਾ ਕੋਇ ਉਠਾਈਆ । ਸਚ ਭੰਡਾਰਾ ਮਿਲੇ ਸਸਤਾ, ਬਿਨ ਕ਼ੀਮਤ ਝੋਲੀ ਪਾਈਆ । ਸਚ ਮੁਹੱਬਤ ਵਿਚ ਹੋਣਾ ਵਾਬਸਤਾ, ਆਹਿਸਤਾ ਆਹਿਸਤਾ ਦੇਵਣਹਾਰ ਸਰਨਾਈਆ । ਮਾਨਸ ਜਨਮ ਲਾਹਾ ਖੱਟਣਾ ਸਾਚੇ ਜਸ ਦਾ, ਕੂੜੀ ਕਿਰਿਆ ਬਾਹਰ ਕਢਾਈਆ । ਨਜ਼ਾਰਾ ਤੱਕਣਾ ਨਿਜ ਨੇਤਰ ਅੱਖ ਦਾ, ਦੋਏ ਲੋਚਨ ਬੰਦ ਕਰਾਈਆ । ਚੰਗਾ ਨਹੀਂ ਲੱਗਦਾ ਵਸਣਾ ਵੱਖ ਦਾ, ਆਤਮ ਪਰਮਾਤਮ ਕਾਇਆ ਮੰਦਰ ਅੰਦਰ ਮਿਲ ਕੇ ਇਕੋ ਘਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਸਮਝਾਈਆ । ਜਨ ਭਗਤ ਤੇਰੀ ਆਤਮ ਸ੍ਰੇਸ਼ਟ ਸਿਫ਼ਤਾਂ ਤੋਂ ਬਾਹਰ ਜਾਤ, ਵਰਨਾਂ ਦਾ ਵਰਨ ਇਕੋ ਨਜ਼ਰੀ ਆਈਆ । ਸਚ ਪ੍ਰੇਮ ਪਿਆਰ ਮੁਹੱਬਤ ਦੀ ਤੇਰੀ ਜਮਾਤ, ਅੱਖਰਾਂ ਵਿਚੋਂ ਨਿਰਅੱਖਰ ਤੇਰੀ ਅਗੰਮ ਪੜ੍ਹਾਈਆ । ਆਤਮਾ ਕਦੇ ਨਾ ਪਾਏ ਵਫ਼ਾਤ, ਮਰਨ ਵਿਚ ਮਰ ਕੇ ਆਪਣਾ ਆਪ ਨਾ ਕਦੇ ਮਿਟਾਈਆ । ਇਸ ਦੀ ਸਿਫ਼ਤ ਅੱਖਰਾਂ ਵਿਚ ਕਰੇ ਨਾ ਕੋਇ ਲੁਗ਼ਾਤ, ਲਾਇਕ ਨਾਲਾਇਕ ਭੇਵ ਕੋਇ ਨਾ ਪਾਈਆ । ਜੁਗ ਚੌਕੜੀ ਆਤਮ ਪਰਮਾਤਮ ਮੇਲ ਹੁੰਦਾ ਪ੍ਰਭ ਕਿਰਪਾ ਇਤਫ਼ਾਕ, ਪਰਵਰਦਿਗਾਰ ਸਾਂਝਾ ਯਾਰ ਆਪਣਾ ਰੰਗ ਵਖਾਈਆ । ਲਹਿਣਾ ਦੇਣਾ ਪੂਰਬ ਲੇਖਾ ਕਰਾਏ ਬੇਬਾਕ, ਹਿਸਾਬ ਕਿਤਾਬ ਨਾ ਕੋਇ ਵਡਿਆਈਆ । ਸਚ ਪ੍ਰੀਤੀ ਜੋੜ ਕੇ ਆਪਣਾ ਨਾਤ, ਨਾਤਵਾਂ ਤੋਂ ਨੌਜਵਾਨ ਦਏ ਬਣਾਈਆ । ਬਿਨ ਸਾਹਿਬ ਸਵਾਮੀ ਅੰਤਰਜਾਮੀ ਸਤਿਗੁਰ ਪੂਰੇ ਦੂਸਰ ਕੋਲੋਂ ਸਿਖੀ ਕਿਸੇ ਨਾ ਜਾਚ, ਜਗਤ ਮੀਤ ਹੱਕ ਵਤਨ ਨਾ ਕੋਇ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੱਸਣਹਾਰਾ ਗਾਥ, ਗਾਵਣਹਾਰਾ ਗਾ ਗਾ ਖ਼ੁਸ਼ੀ ਮਨਾਈਆ । ਜਨ ਭਗਤ ਸਤਿ ਸਤਿ ਤੇਰਾ ਰੂਪ ਮਨੁੱਖ ਮਨੁੱਸ਼, ਮੁਸ਼ਕਲ ਰਹੇ ਨਾ ਰਾਈਆ । ਮਾਨਵ ਆਏ ਕੋਈ ਨਾ ਦੁੱਖ, ਮੰਤਰ

ਆਪਣਾ ਦਏ ਦ੍ਰਿੜਾਈਆ । ਤ੍ਰਿਸ਼ਨਾ ਜਗਤ ਰਹੇ ਨਾ ਭੁੱਖ, ਮਮਤਾ ਮੋਹ ਵਿਚੋਂ ਕਢਾਈਆ । ਸਾਚੇ ਨਾਮ ਦੀ ਦੱਸ ਕੇ ਤੁਕ, ਤੂੰ ਮੇਰਾ ਮੈਂ ਤੇਰਾ ਇਕੋ ਘਰ ਦਏ ਵਖਾਈਆ । ਅਗਲਾ ਪੈਂਡਾ ਜਾਏ ਮੁੱਕ, ਪਿਛਲਾ ਲੇਖਾ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤ ਤੇਰੇ ਹੱਥ ਸਚ ਤੌਫ਼ੀਕ, ਯਕਤਰਫ਼ ਮਿਲੇ ਵਡਿਆਈਆ । ਤੇਰਾ ਰਹੇ ਨਾ ਕੋਇ ਫ਼ਰੀਕ, ਫ਼ਿਰਕੇ ਕੂੜੇ ਦੇਣੇ ਚੁਕਾਈਆ । ਕਾਇਆ ਮਾਟੀ ਕਰਕੇ ਅੰਦਰੋਂ ਸੀਤ, ਅਗਨੀ ਅੱਗ ਬੁਝਾਈਆ । ਚਾਰ ਵਰਨ ਬਣਾ ਕੇ ਪ੍ਰੀਤ, ਪ੍ਰੀਤਮ ਇਕੋ ਲੈਣਾ ਮਨਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਕਰ ਕੇ ਗਏ ਤਸਦੀਕ, ਸ਼ਹਾਦਤ ਸ਼ਬਦ ਹੁਕਮ ਭੁਗਤਾਈਆ । ਸਚ ਦਵਾਰੇ ਦਾ ਮਾਲਕ ਬਣ ਵਸਨੀਕ, ਵਾਸਤਾ ਤੁਹਾਡੇ ਨਾਲ ਜੁੜਾਈਆ । ਸਤਿ ਸਚ ਦੀ ਇਕ ਉਮੀਦ, ਅਮਲਾਂ ਵਿਚੋਂ ਅਮਲ ਇਕੋ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਕਾਇਆ ਮਾਟੀ ਸਚ ਗ੍ਰਿਹ ਵਸਣ ਵਾਲਾ ਨਜ਼ਦੀਕ, ਦੂਰ ਦੁਰਾਡਾ ਸਫ਼ਰ ਮੁਸਾਫ਼ਰ ਹੋ ਕੇ ਆਪੇ ਦਏ ਮੁਕਾਈਆ ।

### ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਬੀਬੀ ਬੰਤੀ ਦੇਵੀ ਵਜ਼ਾਰਤ ਰੋਡ ਜੰਮੂ ਸ਼ਹਿਰ



ਜਨ ਭਗਤ ਸਦ ਲੇਖੇ ਲੱਗੇ ਜਰਮ, ਜਨਮ ਜਨਮ ਮਿਲੇ ਵਡਿਆਈਆ । ਅਬਿਨਾਸ਼ੀ ਕਰਤਾ ਕਰਨੇਹਾਰ ਦੇਵੇ ਆਪਣੀ ਸਰਨ, ਸਵਰਨ ਕੰਚਨ ਗੜ੍ਹ ਕਾਇਆ ਮਾਟੀ ਸੋਭਾ ਪਾਈਆ । ਇਕ ਪ੍ਰੀਤੀ ਧੁਰ ਦੀ ਨੀਤੀ ਇਸ਼ਟ ਪੁਰਖ ਅਕਾਲ ਚਰਨ, ਦ੍ਰਿਸ਼ਟੀ ਦਇਆ ਨਾਲ ਖੁਲ੍ਹਾਈਆ । ਪੂਰਬ ਲੇਖਾ ਰਹਿਣ ਨਾ ਦੇਵੇ ਕੋਈ ਕਰਮ, ਕਾਮਨਾ ਕਾਇਨਾਤ ਵਿਚੋਂ ਪੂਰ ਕਰਾਈਆ । ਨਿਤ ਨਵਿਤ ਕੌਲ ਇਕਰਾਰ ਪੂਰਾ ਕਰੇ ਪ੍ਰਨ, ਪਰਮਾਨੰਦ ਨਿਜਾਨੰਦ ਨਿਜ ਗ੍ਰਿਹ ਆਪ ਵਖਾਈਆ । ਝਗੜਾ ਚੁਕਾ ਕੇ ਜਾਤ ਪਾਤੀ ਵਰਨ ਬਰਨ, ਆਤਮ ਬ੍ਰਹਮ ਇਕ ਦ੍ਰਿੜਾਈਆ । ਜਗਤ ਵਿਕਾਰ ਸ਼ਬਦੀ ਧਾਰ ਨਿਰਗੁਣ ਨਿਰੰਕਾਰ ਆਵੇ ਲੜਨ, ਨਾਮ ਖੰਡਾ ਸਚ ਬ੍ਰਹਿਮੰਡਾਂ ਇਕੋ ਇਕ ਉਠਾਈਆ । ਗੁਰਮੁਖ ਸੰਤ ਫ਼ਕੀਰ ਆਪਣੇ ਫ਼ਿਕਰੇ ਨਾਲ ਆਵੇ ਫੜਨ, ਡੋਰੀ ਤੰਦ ਮੁਹੱਬਤ ਨਾਲ ਬੰਧਾਈਆ । ਸਾਚੀ ਮੰਜ਼ਲ ਮਹਿਬੂਬ ਹੋ ਕੇ ਆਵੇ ਚੜ੍ਹਨ, ਚਾਰ ਦੀਵਾਰੀ ਜਗਤ ਦੁਸ਼ਵਾਰੀ ਸ਼ਤਰੂ ਦੁਸ਼ਮਣ ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਾਲਕ ਹੋ ਕੇ ਤਰਨੀ ਤਰਨ, ਜਨ ਭਗਤਾਂ ਤਾਰ ਭਵਸਾਗਰ ਪਾਰ ਸਚ ਦਰਬਾਰ ਦਵਾਰਾ ਇਕੋ ਇਕ ਜਣਾਈਆ ।

### ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਅਮਰੋ ਦੇਵੀ ਵਜ਼ਾਰਤ ਰੋਡ ਜੰਮੂ

ਜਨ ਭਗਤਾਂ ਦੇਵੇ ਪ੍ਰਭ ਇਕੋ ਜੋਗ, ਜੁਗਤੀ ਆਪਣੀ ਇਕ ਦ੍ਰਿੜਾਈਆ । ਬਿਨ ਕਪੜੇ ਰੰਗਣ ਤੋਂ ਬਖ਼ਸ਼ੇ ਉਹ ਅਗੰਮੀ ਮੌਜ, ਜਿਸ ਦਾ ਮਾਜਰਾ ਗਾਵੇ ਸਰਬ ਲੋਕਾਈਆ । ਯਾਦ ਅੰਦਰ ਯਾਦ ਦੇਵੇ ਰੋਜ਼, ਰੋਜ਼ਿਆਂ ਤੋਂ ਬਿਨਾ ਰਹਿਮ ਵਿਚ ਮਿਲੇ ਸਚ ਗੁਸਾਈਆ । ਨਾਮ ਭੰਡਾਰਾ

ਬਖ਼ਸ਼ ਆਪਣੀ ਚੋਗ, ਚੁਗ਼ਲੀ ਨਿੰਦਿਆਂ ਕੂੜੀ ਕਿਰਿਆ ਤੋਂ ਲਏ ਬਚਾਈਆ । ਆਤਮ ਪਰਮਾਤਮ ਮਿਲਣ ਦੀ ਦੱਸੇ ਸਾਚੀ ਹੋਸ਼, ਹਵਸ ਹਵਾਸ ਹਮਦ ਆਪਣੇ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਮੇਲ ਮਿਲਾਈਆ । ਜਨ ਭਗਤ ਤਪੀਸ਼ਰ ਹੋਵੇ ਸਤਿ, ਤਪਦਾ ਹਿਰਦਾ ਸ਼ਾਂਤ ਕਰਾਈਆ । ਇਕੋ ਨਾਮ ਲਏ ਜਪ, ਅਜਪਾ ਜਾਪ ਵਿਚ ਬਦਲਾਈਆ । ਕੋਟ ਜਨਮ ਦੇ ਮਿਟਣ ਪਪ, ਪਤਰਿਆਂ ਦੀ ਕਰਨੀ ਪਏ ਨਾ ਕੋਇ ਪੜ੍ਹਾਈਆ । ਮਾਲਕ ਮਿਲੇ ਜਗਤ ਵਾਲਾ ਹੱਕ, ਹਿਕਮਤ ਨਾਲ ਹੁਕਮ ਦਏ ਸਮਝਾਈਆ । ਦਇਆਵਾਨ ਹੋ ਪੁਰਖ ਸਮਰਥ, ਸਮੇਂ ਨਾਲ ਸਮਾਂ ਦਏ ਟਕਰਾਈਆ । ਜਨ ਭਗਤ ਮੇਲੇ ਨਠ ਨਠ, ਦੀਨ ਦੁਨੀ ਵਿਚੋਂ ਬਾਹਰ ਕਢਾਈਆ । ਸਚ ਦਵਾਰਾ ਖੋਲ੍ਹ ਕੇ ਹੱਟ, ਵਸਤ ਧੁਰ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਈਆ । ਹਰਿ ਭਗਤ ਵਡ ਵੱਡਾ ਰਿਖੀ, ਰੇਖਾ ਆਪਣੀ ਆਪ ਬਦਲਾਈਆ । ਜਿਸ ਦੇ ਪਾਸ ਨਾਮ ਨਿਧਾਨ ਧੁਰ ਦੀ ਚਿੱਠੀ, ਬਿਨ ਅੱਖਰਾਂ ਪੜ੍ਹ ਕੇ ਆਪਣੀ ਖ਼ੁਸ਼ੀ ਵਿਚ ਸਮਾਈਆ । ਜਿਸ ਦੀ ਸਤਰ ਮਜ਼ਮੂਨ ਵਿਚ ਨਿੱਕੀ, ਕ਼ਾਨੂੰਨ ਵਿਚ ਵੱਡੀ ਨਜ਼ਰੀ ਆਈਆ । ਧਾਰ ਹੋਵੇ ਤਿੱਖੀ, ਤ੍ਰਿਖਾ ਤ੍ਰਿਸ਼ਨਾ ਦਏ ਬੁਝਾਈਆ । ਮੇਲਾ ਮਿਲ ਕੇ ਨਾਲ ਸਾਚੀ ਸਿੱਖੀ, ਸਾਖਿਆਤ ਸਖ਼ਾਵਤ ਵਾਲਾ ਪ੍ਰਭ ਦਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬਦਲ ਦੇਵੇ ਸੰਮਤ ਵਾਲੀ ਮਿੱਤੀ, ਮਿੱਤਰ ਮਾਤਹਤ ਨਾ ਕਿਸੇ ਰਖਾਈਆ । ਜਨ ਭਗਤ ਪ੍ਰੇਮ ਪਿਆਰ ਦਾ ਵੱਡਾ ਰਸੀਆ, ਰਸ ਵਿਚ ਰਸ ਸਮਾਈਆ । ਨੈਣਾਂ ਵਿਚੋਂ ਨੈਣ ਨੇਤਰਾਂ ਵਿਚੋਂ ਨੇਤਰ ਅੱਖਾਂ ਵਿਚੋਂ ਅੱਖੀਆਂ, ਆਖ਼ਰ ਇਕੋ ਨਾਲ ਮਿਲਾਈਆ । ਜਿਸ ਮੁਹੱਬਤ ਪਿਆਰ ਨੂੰ ਜੁਗਾਂ ਪਰਵਾਨ ਲੱਭਦੀਆਂ ਰਹੀਆਂ ਸਖੀਆਂ, ਸੋ ਮਿਹਰਵਾਨ ਹੋ ਕੇ ਭਗਤਾਂ ਅੰਦਰ ਦਏ ਟਿਕਾਈਆ । ਸਚ ਪਿਆਰ ਦੀਆਂ ਰਸਮਾਂ ਚਸਮਾਂ ਅੰਦਰੋਂ ਕਰ ਕੇ ਪੱਕੀਆਂ, ਜਿਸਮ ਵਿਚੋਂ ਇਸਮ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜ ਕੁੜਿਆਰਿਆਂ ਰਹਿਣ ਨਾ ਦੇਵੇ ਹਿੱਸੇ ਵਾਲੀ ਪੱਤੀਆਂ, ਪਤਿਪਰਮੇਸ਼ਵਰ ਹੋ ਕੇ ਇਕੋ ਹੁਕਮ ਦਏ ਵਰਤਾਈਆ ।



### ✪ ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਬਾਜ ਸਿੰਘ ਦੇ ਗ੍ਰਿਹਿ ਪਿੰਡ ਮਟੂ ਜ਼ਿਲਾ ਜੰਮੂ ✪

ਜਨ ਭਗਤ ਸਚ ਧਾਰ ਦੀ ਤੇਰੀ ਜੁਗਤ, ਜੋਗੀ ਜੁਗੀਸ਼ਰ ਸਿਫ਼ਤ ਸਾਲਾਹੀਆ । ਸਚ ਦਾ ਮਾਰਗ ਸਦਾ ਦਰੁਸਤ, ਜੂਠ ਝੂਠ ਕੂੜੀ ਕਿਰਿਆ ਕੰਮ ਕਿਸੇ ਨਾ ਆਈਆ । ਮੁਹੱਬਤ ਵਿਚੋਂ ਮੁਹੱਬਤ ਪਿਆਰ ਵਿਚੋਂ ਪਿਆਰ ਲੈਣਾ ਮੁਫ਼ਤ, ਯਾਰ ਨਾਲ ਯਾਰਾਨਾ ਤੋੜ ਲੈਣਾ ਨਿਭਾਈਆ । ਦੀਨ ਦੁਨੀਆ ਵਿਚੋਂ ਰਹਿਣਾ ਚੁਸਤ, ਅੰਤਸ਼ਕਰਨ ਆਪ ਆਪਣਾ ਵੇਖ ਵਖਾਈਆ । ਮੁੜ ਕੇ ਆਉਣਾ ਨਾ ਪਏ ਮਾਤ ਗਰਭ ਉਲਟ, ਗੇੜ ਗੇੜ ਜਨਮ ਰਖਾਈਆ । ਜਾ ਕੇ ਵੇਖਣਾ ਆਪਣਾ ਵਿਛੜਿਆ ਹੋਇਆ ਮੁਲਕ, ਜਿਥੇ ਮਾਲਕ ਬੇਪਰਵਾਹੀਆ । ਜਗਤ ਵਾਸਨਾ ਵਿਚ ਨਾ ਜਾਣਾ ਉਲਝ, ਮਮਤਾ ਮੋਹ ਨਾ ਕੋਇ ਵਧਾਈਆ । ਮਾਨਸ ਜਨਮ ਜਾਵੇ ਸੁਲਝ, ਸੁਲ੍ਹਕੁਲ ਮਿਲ ਕੇ ਸਹੀ ਸਲਾਮਤ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਜਨ ਭਗਤ ਤੇਰੇ ਅੰਤਰ ਰਹੇ ਨਾ ਚੁਗਲੀ ਨਿੰਦਾ, ਸਤਿ ਧਰਮ ਇਕ ਸਮਝਾਈਆ । ਭੇਵ ਖੁਲ੍ਹਾਏ ਦਾਤਾ ਗਹਿਰ ਗੁਣੀ ਗਹਿੰਦਾ, ਗਵਰ ਸਬਰ ਸਵਰ ਇਕ ਆਪਣਾ ਆਪ ਜਣਾਈਆ । ਤੇਰਾ ਮੂਲ ਨਿਰਗੁਣ ਧਾਰ ਦੱਸੇ ਬਿੰਦਾ, ਮਾਤ ਪਿਤ ਦੀ ਰਕਤ ਬੂੰਦ ਨਾਤਾ ਦਏ ਤੁੜਾਈਆ । ਮਾਨਸ ਜਨਮ ਕਰ ਕੇ ਮਾਟੀ ਚਰਮ ਦੀ ਰਹੇ ਨਾ ਚਿੰਦਾ, ਭਰਮ ਗੜ੍ਹ ਨਾ ਕੋਇ ਵਖਾਈਆ । ਅੰਮ੍ਰਿਤ ਧਾਰ ਰਹੇ ਸਾਗਰ ਸਿੰਧਾ, ਰਸ ਅਨਰਸ ਹੋ ਕੇ ਵਸ, ਵਿਸ਼ਵ ਆਪਣਾ ਆਪ ਸਮਝਾਈਆ । ਖੇਲ ਵਖਾ ਕੇ ਜੀਉ ਪਿੰਡਾ, ਬ੍ਰਹਿਮੰਡ ਖੰਡ ਪੜਦਾ ਆਪ ਉਠਾਈਆ । ਨਿਤ ਨਵਿਤ ਜੀਵਣ ਜੁਗਤੀ ਭਗਤ ਭਗਵਾਨ ਦਾਨ ਦੇਂਦਾ, ਦੇਹ ਵਿਚ ਦੇਹ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਦਰਸਾਈਆ । ਜਨ ਭਗਤ ਤੇਰੀ ਮੰਜ਼ਲ ਇਕ ਨਿਰਾਲੀ, ਬਿਖੜਾ ਰਾਹ ਨਾ ਕੋਇ ਵਖਾਈਆ । ਜਿਥੇ ਜਲਵਾ ਨੂਰ ਜਲਾਲੀ, ਰੌਸ਼ਨ ਰਹਿਮ ਵਿਚ ਪਰਗਟਾਈਆ । ਤੇਰਾ ਲੇਖਾ ਤਤ ਵਜੂਦ ਜਿਸਮ ਨਹੀਂ ਜਿਸਮਾਨੀ, ਨਿਰਗੁਣ ਧਾਰ ਬੂਝ ਬੁਝਾਈਆ । ਤੇਰਾ ਮਾਲਕ ਇਕ ਅਸਮਾਨੀ, ਜੋ ਇਸਮ ਆਪਣਾ ਆਪੇ ਦਏ ਸਮਝਾਈਆ । ਸੋ ਮਾਰਗ ਦੱਸੇ ਆਸਾਨੀ, ਅਸਲ ਵਿਚ ਵਸਲ ਵਿਚ ਵਾਸਤਾ ਆਪਣੇ ਨਾਲ ਜੁੜਾਈਆ । ਸਚ ਦਵਾਰ ਕਿਰਪਾ ਧਾਰ ਖਾਵੇ ਖਵਾਵੇ ਇਕ ਮਹਿਮਾਨੀ, ਮਿਹਰ ਵਿਚ ਰਸ ਇਕ ਚਖਾਈਆ । ਲੇਖੇ ਲਾਏ ਪਿਆਰ ਦੀ ਕ਼ੁਰਬਾਨੀ, ਕਾਇਨਾਤ ਵਿਚੋਂ ਕਾਇਮ ਮੁਕਾਮ ਮੁਕੰਮਲ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਤੇਰੀ ਜਗਤ ਵਾਸਨਾ ਵਿਚ ਹੋਵੇ ਨਾ ਕਦੇ ਬਦਨਾਮੀ, ਬਦੀਆਂ ਦਾ ਬਦਲਾ ਆਪਣੀ ਬਦੌਲਤ ਆਪਣੀ ਖ਼ੁਸ਼ੀਆਂ ਵਿਚ ਚੁਕਾਈਆ ।



## ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਪਰਕਾਸ਼ ਚੰਦ ਵਜ਼ਾਰਤ ਰੋਡ ਜੰਮੂ

ਜਨ ਭਗਤ ਤੇਰਾ ਸੱਚਾ ਸਨਿਆਸ, ਚਰਨ ਪ੍ਰੀਤੀ ਹਰਿ ਜਣਾਈਆ । ਬਾਹਰੋਂ ਲੱਭਣਾ ਨਾ ਪਏ ਕੋਈ ਪਰਕਾਸ਼, ਘਰ ਵਿਚ ਘਰ ਕਰੇ ਰੁਸ਼ਨਾਈਆ । ਹੋਣਾ ਪਏ ਨਾ ਕਦੇ ਉਦਾਸ, ਖ਼ੁਸ਼ੀ ਵਿਚ ਨਾ ਗ਼ਮੀ ਕੋਇ ਵਖਾਈਆ । ਆਸਾ ਹੋਵੇ ਨਾ ਕਦੇ ਬੇਆਸ, ਭਗਤ ਭਗਵਾਨ ਜੁਗ ਚੌਕੜੀ ਚਲਦੀ ਰਹੇ ਸ਼ਾਖ, ਸ਼ਖਸੀਅਤ ਵਿਚੋਂ ਅਸਲੀਅਤ ਆਪ ਸਮਝਾਈਆ । ਝਗੜਾ ਰਹਿਣ ਨਾ ਦੇਵੇ ਦਸ ਦਸ ਮਾਸ, ਮਸਲਾ ਮਸਤੀ ਵਾਲਾ ਹੱਲ ਕਰਾਈਆ । ਤੂੰ ਮੇਰਾ ਮੈਂ ਤੇਰਾ ਇਹੋ ਤੇਰਾ ਅਭਿਆਸ, ਮਨ ਦਾ ਮਣਕਾ ਬਿਨ ਮਣਕਿਉਂ ਦਏ ਭਵਾਈਆ । ਮਾਲਕ ਉਤੇ ਬਿਨ ਕਿਰਪਾ ਹੋਵੇ ਨਾ ਕਦੇ ਵਿਸ਼ਵਾਸ, ਵਿਸ਼ਿਆਂ ਵਾਲਾ ਵਿਸ਼ਾ ਸਭ ਨੂੰ ਰਿਹਾ ਡੁਲਾਈਆ । ਰਸਨਾ ਤੱਤਾਂ ਵਾਲਾ ਜਗਤ ਸਵਾਦ, ਵਿਸਮਾਦ ਹੋ ਕੇ ਵਿਸ਼ਵ ਰੰਗ ਨਾ ਕੋਇ ਬਦਲਾਈਆ । ਬਿਨ ਭਗਤਾਂ ਖੇੜਾ ਹੋਇਆ ਨਾ ਕਦੇ ਆਬਾਦ, ਆਬਾਦੀ ਵਿਚ ਵਧਦੀ ਵੇਖੀ ਲੋਕਾਈਆ । ਜੇ ਸਤਿਗੁਰ ਸੱਜਣ ਗਿਆ ਜਾਗ, ਜਗਹ ਜਗਹ ਕਰੇ ਰੁਸ਼ਨਾਈਆ । ਹਰਿਜਨ ਪ੍ਰੀਤੀ ਸਭ ਤੋਂ ਵੱਡਾ ਤਿਆਗ, ਵੈਰਾਗ ਵਿਚੋਂ ਬੈਰਾਗ ਸੀਸ ਨਿਵਾਈਆ । ਹਰਿਜਨ ਤੇਰਾ ਝਗੜਾ ਨਹੀਂ ਵਿਚ ਕਿਸੇ ਸਮਾਜ, ਸਮੇਂ ਦਾ ਮਾਲਕ ਸਮਝ ਰਮਜ਼ ਵਿਚ ਮਿਲਾਈਆ । ਜੀਉਂਦਿਆਂ ਜਗਤ ਸਨਬੰਧੀਆਂ ਜਵਾਬ, ਮਰਨ ਤੋਂ ਪਹਿਲੇ

ਆਦਾਬ, ਬਾਅਦ ਵਿਚ ਲੈਣਾ ਨਾ ਪਏ ਖ਼ਵਾਬ ਮਿਲ ਕੇ ਧੁਰਦਰਗਾਹੀ ਇਕ ਅਹਿਬਾਬ, ਗ੍ਰਹਿ ਸਾਚੇ ਡੇਰਾ ਲਾਈਆ । ਹੰਸ ਬਣਨਾ ਨਾ ਪਏ ਕਾਗ, ਕੰਨਾਂ ਵਾਲਾ ਸੁਣਨਾ ਨਾ ਪਏ ਰਾਗ, ਰਸਨਾ ਵਾਲਾ ਚੱਖਣਾ ਨਾ ਪਏ ਸਵਾਦ, ਵਿਕਾਰਾਂ ਵਾਲਾ ਲੱਭਣਾ ਨਾ ਪਏ ਵਵਾਦ, ਸਤਾਰਾਂ ਵਾਲਾ ਵਜਾਉਣਾ ਨਾ ਪਏ ਸਾਜ, ਚੱਪੂਆਂ ਵਾਲਾ ਤੱਕਣਾ ਨਾ ਪਏ ਜਹਾਜ਼, ਜਿਨ੍ਹਾਂ ਉਪਰ ਕਿਰਪਾ ਕਰੇ ਆਪ ਮਹਾਰਾਜ, ਮਾਰਫ਼ਤ ਵਿਚੋਂ ਕਰਕੇ ਬਾਹਿਰ, ਨਾਮ ਸਿਫ਼ਤੀ ਕਰ ਕੇ ਸ਼ਾਹਿਰ, ਸ਼ਰੀਰ ਦੀ ਸ਼ਰਅ ਵਿਚੋਂ ਬਾਹਰ ਕਢਾਈਆ । ਜਨ ਭਗਤ ਤੇਰਾ ਇਕ ਵੈਰਾਗ, ਵੈਰੀ ਅੰਦਰੋਂ ਦਏ ਕਢਾਈਆ । ਦੁਰਮਤ ਰਹੇ ਨਾ ਦਾਗ਼, ਦਵੈਤੀ ਪੰਧ ਚੁਕਾਈਆ । ਦੀਆ ਬੱਤੀ ਰਹੇ ਨਾ ਚਰਾਗ਼, ਨਿਰਗੁਣ ਨੂਰ ਜੋਤ ਹੋਵੇ ਰੁਸ਼ਨਾਈਆ । ਤੱਤੀ ਲੱਗੇ ਨਾ ਅਗਨੀ ਆਗ, ਅੰਮ੍ਰਿਤ ਮੇਘ ਇਕ ਬਰਸਾਈਆ । ਸੁਣਨੀ ਪਏ ਨਾ ਕੋਇ ਆਵਾਜ਼, ਨਾਮ ਸ਼ਬਦ ਸੰਗੀਤ ਕਰੇ ਸ਼ਨਵਾਈਆ । ਸਤਿਜੁਗ ਸਤਿ ਧਰਮ ਚਲਾ ਰਿਵਾਜ, ਰਿਆਇਤ ਵਿਚ ਅਨਾਇਤ ਵਿਚ ਹਮਾਇਤ ਵਿਚ ਅਸ਼ਾਇਤ ਵਿਚ ਕਫ਼ਾਇਤ ਵਿਚ ਹਰਿਜਨ ਪਾਸ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮਾਰਗ ਅਨਡਿਠੜੇ ਧੁਰ ਦੇ ਆਪ ਪੁਚਾਈਆ ।

## ✪ ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਬੀਬੀ ਰਾਮ ਕੌਰ ਦੇ ਗ੍ਰਹਿ ਵਜ਼ਾਰਤ ਰੋਡ ਜੰਮੂ ✪

ਜਨ ਭਗਤ ਅੰਤਰ ਹੋਵੇ ਕਦੇ ਨਾ ਅੰਧਾ, ਬਿਨ ਨੇਤਰ ਨੈਣ ਨੂਰ ਜੋਤ ਰੁਸ਼ਨਾਈਆ । ਮਨ ਵਾਸਨਾ ਕੂੜੀ ਕਿਰਿਆ ਹੋਏ ਕਦੇ ਨਾ ਗੰਦਾ, ਜਗਤ ਤ੍ਰਿਸ਼ਨਾ ਨਾ ਕੋਇ ਸਤਾਈਆ । ਸਚ ਪਰਕਾਸ਼ ਆਤਮ ਬ੍ਰਹਮ ਚੜ੍ਹਿਆ ਰਹੇ ਚੰਦਾ, ਓਮ ਸੋਮ ਦੋਵੇਂ ਇਕੋ ਰੰਗ ਰੰਗਾਈਆ । ਪਰਮਾਨੰਦਾ ਵਿਚੋਂ ਲੈਂਦਾ ਰਹੇ ਅਨੰਦਾ, ਨਿਜਾਨੰਦ ਨਿਜ ਆਨੰਦ ਸੁਖ ਸਾਗਰ ਰੂਪ ਸਮਾਈਆ । ਧੁਰ ਦੀ ਬੰਦਗੀ ਵਿਚ ਬਣਿਆ ਰਹੇ ਬੰਦਾ, ਬੰਦਨਾ ਅੰਦਰ ਬੰਧਨ ਸਰਬ ਕਟਾਈਆ । ਸਾਚੀ ਮੰਜ਼ਲ ਚੜ੍ਹੇ ਸ਼ਬਦ ਅਗੰਮੀ ਡੰਡਾ, ਡੰਡਾਵਤ ਵਿਚ ਇਕੋ ਸੀਸ ਝੁਕਾਈਆ । ਕਾਇਆ ਮਾਟੀ ਸਾਚੀ ਹਾਟੀ ਖੁੱਲ੍ਹੇ ਜਿੰਦਾ, ਜ਼ਿੰਦਗੀ ਵਿਚੋਂ ਜ਼ਿੰਦਗੀ ਜੀਵਣ ਵਿਚੋਂ ਜੀਵਣ ਲਏ ਬਦਲਾਈਆ । ਲੇਖਾ ਜਾਣੇ ਗਹਿਰ ਗੰਭੀਰ ਗੁਣੀ ਗਹਿੰਦਾ, ਸਾਗਰ ਗਹਿਰਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜੋਤ ਡਗਮਗਾਈਆ । ਗੁਰਮੁਖ ਅੰਧ ਨਾ ਹੋਵੇ ਅੰਧਿਆਰ, ਸਤਿ ਸਚ ਸਤਿ ਰੁਸ਼ਨਾਈਆ । ਆਤਮ ਆਤਮ ਨਾਲ ਪਿਆਰ, ਪਰਮਾਤਮ ਪਰਮਾਤਮ ਵਿਚ ਸਮਾਈਆ । ਬੇਖ਼ਬਰ ਹੋਵੇ ਖ਼ਬਰਦਾਰ, ਬੇਕ਼ਦਰ ਕ਼ਦਰਦਾਨ ਨਾਲ ਮਿਲ ਕੇ ਖ਼ੁਸ਼ੀ ਮਨਾਈਆ । ਜਗਤ ਗ਼ਫ਼ਲਤ ਵਿਚੋਂ ਹੋਵੇ ਬਾਹਰ, ਮੁਸ਼ਕਲ ਵਿਚੋਂ ਮੁਸ਼ਕਲ ਮੁਸੀਬਤ ਵਿਚੋਂ ਮੁਸੀਬਤ ਗ਼ਮੀ ਵਿਚੋਂ ਗ਼ਮਖ਼ਾਰ ਦਏ ਗਵਾਈਆ । ਸਚ ਦਵਾਰੇ ਹੱਕ ਮਹਿਬੂਬ ਦੀਦਾ ਦੇਵੇ ਦੀਦਾਰ, ਜਾਹਰ ਹੋ ਕੇ ਆਪਣਾ ਰੰਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨੂਰ ਕਰ ਰੁਸ਼ਨਾਈਆ । ਹਰਿ ਸੰਤ ਅੰਤਰ ਹੋਏ ਨਾ ਕਦੇ ਅੰਧੇਰਾ, ਜਗਤ ਅੱਖ ਲੋੜ ਰਹੇ ਨਾ ਰਾਈਆ । ਇਕੋ ਲੇਖਾ ਜਾਣੇ ਤੂੰ ਮੇਰਾ ਮੈਂ ਤੇਰਾ, ਹਉਂ ਹੰ ਹੰ ਬ੍ਰਹਮ ਵਿਚ ਸਮਾਈਆ । ਆਵਣ ਜਾਵਣ ਚੁਰਾਸੀ ਚੁੱਕੇ ਗੇੜਾ, ਝੇੜਾ ਜੂਨ ਰਹੇ ਨਾ ਰਾਈਆ । ਕਾਇਆ ਕਾਅਬਾ ਕ਼ੁਦਰਤ ਵਾਲਾ ਕ਼ਾਦਰ ਵਸਾਵੇ ਖੇੜਾ, ਕਾਅਬਾ ਮਹਿਰਾਬਾ ਇਕ ਜਣਾਈਆ । ਦਰੇ ਦਰਬਾਰ ਨਜ਼ਰੀ ਆਏ ਨੇਰਨ ਨੇਰਾ, ਦੂਰ

ਦੁਰਾਡਾ ਪੰਧ ਮੁਕਾਈਆ । ਮਿਹਰਵਾਨ ਹੋ ਕੇ ਮਿਹਰ ਨਜ਼ਰ ਕਰੇ ਮਿਹਰਾ, ਬੇਨਜ਼ੀਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਲਵਾ ਇਕੋ ਦਏ ਵਖਾਈਆ । ਗੁਰਸਿਖ ਅੰਤਰ ਹੋਵੇ ਨਾ ਕਦੇ ਕਾਲੀ ਰਾਤ, ਅੰਧ ਅੰਧੇਰ ਨਾ ਕੋਇ ਵਡਿਆਈਆ । ਨਿਰਗੁਣ ਜੋਤ ਕਰੇ ਪਰਕਾਸ਼, ਪਰਕਾਸ਼ਵਾਨ ਬੇਪਰਵਾਹੀਆ । ਸਾਚੇ ਮੰਡਲ ਪਾਵੇ ਰਾਸ, ਰਸਤਾ ਬਾਵਸਤਾ ਆਪਣੇ ਨਾਲ ਜੁੜਾਈਆ । ਜਗਤ ਨੈਣ ਕੋਈ ਨਾ ਲਵੇ ਝਾਕ, ਚਾਰ ਕੁੰਟ ਪੜਦਾ ਨਾ ਕੋਇ ਉਠਾਈਆ । ਜਿਨ੍ਹਾਂ ਰਮਜ਼ ਵਾਲੀ ਰਮਜ਼ ਇਸ਼ਾਰੇ ਵਿਚੋਂ ਜਾਣੀ ਬਾਤ, ਕਿਨਾਰੇ ਤੋਂ ਕਿਨਾਰਾ ਕਰ ਕੇ ਕ਼ਾਦਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨੂਰ ਕਰ ਪਰਕਾਸ਼, ਪਰਕਾਸ਼ਤ ਹੋ ਕੇ ਵੇਖ ਵਖਾਈਆ । ਜਨ ਭਗਤਾਂ ਅੰਦਰ ਕਦੇ ਨਾ ਹੋਵੇ ਧੁੰਆਂਧਾਰ, (ਅੰਧ ਅੰਧੇਰ) ਨਜ਼ਰ ਕੋਇ ਨਾ ਆਈਆ । ਬਿਨ ਤੇਲ ਬਾਤੀ ਦੀਪਕ ਹੋਏ ਉਜਿਆਰ, ਉਜਾਲਾ ਇਕੋ ਦਏ ਵਖਾਈਆ । ਮੇਲਾ ਮਿਲ ਕੇ ਸਾਚੇ ਯਾਰ, ਮੁਹੱਬਤ ਨਾਤਾ ਲਏ ਜੁੜਾਈਆ । ਆਤਮ ਆਤਮ ਦੇ ਆਧਾਰ, ਪਰਮਾਤਮ ਪਰਮ ਆਤਮ ਸਾਚੀ ਖ਼ੁਸ਼ੀ ਵਖਾਈਆ । ਸ਼ਬਦ ਸਾਰ ਪਾਵੇ ਸਾਰ, ਤੁਰੀਆ ਪਦ ਪੈਂਡਾ ਤੁਰਤ ਮੁਕਾਈਆ । ਗੁਫ਼ਤ ਸ਼ਨੀਦ ਕਰ ਗੁਫ਼ਤਾਰ, ਨਾਦ ਅਗੰਮੀ ਦਏ ਵਜਾਈਆ । ਜਿਸ ਦੀ ਸਮਝ ਨਾ ਆਈ ਜੁਗ ਚਾਰ, ਚੌਕੜੀ ਕੂਕ ਕੇ ਦਏ ਦੁਹਾਈਆ । ਲੇਖਾ ਲਿਖ ਕੇ ਗਏ ਪੈਗ਼ੰਬਰ ਗੁਰ ਅਵਤਾਰ, ਸੇਵਾ ਕਰ ਕੇ ਕ਼ਲਮ ਸ਼ਾਹੀਆ । ਸਿਫ਼ਤਾਂ ਵਿਚ ਕਰ ਇਜ਼ਹਾਰ, ਇਬਾਦਤ ਵਿਚ ਇਬਾਦਤ ਗਏ ਜਣਾਈਆ । ਬਿਨ ਹਰਿ ਕਿਰਪਾ ਕਾਇਆ ਮੰਦਰ ਅੰਦਰ ਹੋਇਆ ਨਾ ਕੋਇ ਪਸਾਰ, ਪਿਸ਼ਰ ਪਿਦਰ ਸਾਰੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਈਆ । ਜਨ ਭਗਤਾਂ ਅੰਤਰ ਹੋਵੇ ਰੋਸ਼ਨ, ਜਾਹਰ ਜਹੂਰ ਕਰੇ ਰੁਸ਼ਨਾਈਆ । ਜਿਸ ਦਾ ਸਮਝੇ ਕੋਈ ਨਾ ਮੋਸ਼ਨ, ਭੇਵ ਅਭੇਦ ਦਏ ਖੁਲ੍ਹਾਈਆ । ਸੰਸਾਰ ਸਾਗਰ ਵੇਖ ਡੂੰਘਾ ਓਸ਼ਨ, ਇਸ਼ਾਰੇ ਆਪਣੇ ਨਾਲ ਪਾਰ ਕਰਾਈਆ । ਕੋਟਨ ਕੋਟ ਬੁਧੀਵਾਨ ਜਿਸ ਨੂੰ ਸੋਚਣ, ਮਨ ਵਿਦਿਆ ਕਰ ਪੜ੍ਹਾਈਆ । ਉਹ ਨਜ਼ਰ ਨਾ ਆਇਆ ਬਿਨ ਭਗਤਾਂ ਵਾਲੇ ਲੋਚਨ, ਬਿਨ ਨਿਜ ਨੈਣ ਦਰਸ ਕੋਇ ਨਾ ਪਾਈਆ । ਖੋਜ ਖੋਜ ਥੱਕੇ ਚੌਦਾਂ ਲੋਕਨ, ਚਾਰ ਕੁੰਟ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਇਕ ਰੰਗ ਰੰਗਾਈਆ । ਜਨ ਭਗਤਾਂ ਬਿਨਾ ਅੱਖ ਤੋਂ ਖੁਲ੍ਹੀ ਰਹਿੰਦੀ ਅੱਖ, ਦੋਏ ਲੋਚਨ ਕੰਮ ਕਿਸੇ ਨਾ ਆਈਆ । ਨਿਰਗੁਣ ਰੂਪ ਤੱਕ ਪਰਤੱਖ, ਪਾਰਬ੍ਰਹਮ ਵਿਚ ਸਮਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਗੁਰ ਅਵਤਾਰ ਪੈਗ਼ੰਬਰ ਪੀਰ ਭਗਤ ਸੁਹੇਲੇ ਗਾਉਂਦੇ ਜਸ, ਜਗਤ ਵਿਦਿਆ ਨਾਲ ਪੜ੍ਹਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਭੀਤਰ ਗ੍ਰਿਹਿ ਮੰਦਰ ਕਾਇਆ ਮਾਟੀ ਅੰਦਰ ਰਿਹਾ ਵਸ, ਰਸਤਾ ਰਹਿਬਰ ਹੋ ਕੇ ਗੁਰਮੁਖਾਂ ਆਪ ਵਖਾਈਆ । ਖ਼ੁਸ਼ੀਆਂ ਅੰਦਰ ਹੱਕ ਮਹਿਬੂਬ ਮੁਹੱਬਤ ਵਿਚ ਪਏ ਹੱਸ, ਹਸਤੀ ਵਿਚ ਮਸਤੀ ਮਸਤੀ ਵਿਚ ਮਤਵਾਲਾ ਮਾਤਰਭੂਮੀ ਖੋਜ ਖੁਜਾਈਆ । ਜੋਗੀ ਜੋਗੀਸ਼ਰ ਤਪੀ ਤਪੀਸ਼ਰ ਰਿਖੀ ਮੁਨੀ ਸਾਧੂ ਸੰਤ ਫ਼ਕੀਰ ਸੂਫ਼ੀ ਲੱਭਣ ਨਠ ਨਠ, ਦਿਵਸ ਰੈਣ ਬਿਨ ਜਗਤ ਨੈਣ ਭੱਜਣ ਵਾਹੋ ਦਾਹੀਆ । ਸੋ ਪੁਰਖ ਬਿਧਾਤਾ ਵਸਤ ਅਮੋਲਕ ਦੇਵੇ ਵਿਚੋਂ ਆਪਣੇ ਹੱਟ, ਨਾਮ ਭੰਡਾਰਾ ਨਿਰਗੁਣ ਧਾਰਾ ਝੋਲੀ ਪਾਈਆ । ਸਤਿ ਸਰੂਪ ਹੋ ਪਰਗਟ, ਭਾਗ ਲਗਾਏ ਕਾਇਆ ਮਟ, ਮੰਦਰ ਮਸਜਿਦ ਸ਼ਿਵ ਦਵਾਲਾ ਮੱਠ, ਨਜ਼ਰ ਕੋਇ ਨਾ ਆਈਆ । ਬਿਨ ਭਗਤਾਂ ਅੰਤਰ ਖੁਲ੍ਹੇ ਕਿਸੇ ਨਾ ਅੱਖ, ਦੀਨ

ਦੁਨੀ ਨਾਲੋਂ ਹੋਏ ਕਦੇ ਨਾ ਵੱਖ, ਹਕ਼ੀਕ਼ਤ ਵਿਚੋਂ ਲੱਭੇ ਨਾ ਆਪਣਾ ਹੱਕ, ਪਰਮ ਪੁਰਖ ਉਤੇ ਸਾਰੇ ਕਰਦੇ ਸ਼ੱਕ, ਸ਼ਕਾਇਤ ਅੰਦਰ ਸ਼ਿਕਵਾ, ਸ਼ਿਕਵੇ ਅੰਦਰ ਸ਼ਿੰਗਾਰ ਮਨੂਆ ਹੋਏ ਓਦਾਸ, ਮੰਡਲ ਨਾ ਵੇਖੇ ਰਾਸ, ਵਸਤੂ ਨਾ ਲੱਭੇ ਪਾਸ, ਬਦੀ ਵਿਚ ਗੁਸਤਾਖ਼, ਬਿਨ ਸਖ਼ੀ ਦਰਸ ਨਾ ਪਾਵੇ ਕੋਈ ਸਾਖਿਆਤ, ਧੁਰ ਦਾ ਕਾਹਨ ਨਜ਼ਰ ਕਿਸੇ ਨਾ ਆਈਆ । ਜੋ ਬਿਨ ਨੈਣਾਂ ਰਿਹਾ ਝਾਕ, ਲੇਖਾ ਜਾਣੇ ਕਾਇਨਾਤ, ਪੜਦਾ ਲਾਹੇ ਨਬਾਤਾਤ, ਦੀਨ ਦੁਨੀ ਜਾਣੇ ਹਾਲਾਤ, ਜੁਗ ਚੌਕੜੀ ਵੇਖੇ ਵਾਕਿਆਤ, ਭੇਵ ਖੋਲ੍ਹੇ ਕ਼ਲਮ ਦਵਾਤ, ਆਲਮ ਉਲਮਾ ਆਲਮੀਨ ਯਾਮਬੀਨ ਰਹਿਮਤ ਰਹਿਮਾਨ ਜ਼ਿਮੀਂ ਅਸਮਾਨ ਬੰਦਾਏ ਖ਼ਾਕੀ, ਖ਼ਾਲਕੇ ਖ਼ਲਕ ਲੇਖਾ ਜਾਣੇ ਫ਼ਰਸ਼ੇ ਫ਼ਲਕ, ਬਿਨ ਦੀਦੇ ਦੀਦ ਨੂਰੇ ਚਸ਼ਮ, ਰੋਸ਼ਨੇ ਜ਼ਮੀਰ ਜ਼ਾਹਿਰਾ ਪੀਰ ਬੇਨਜ਼ੀਰ, ਆਫ਼ਤਾਬੇ ਮਹਿਬੂਬ, ਲੇਖਾ ਜਾਣੇ ਉਚ ਅਰੂਜ, ਕਾਇਆ ਮਾਟੀ ਦੇਵੇ ਸਚ ਸਬੂਤ, ਬਿਨ ਭਗਤਾਂ ਅੰਤਰ ਆਈਨਾ ਹੋਵੇ ਕਿਸੇ ਨਾ ਸਾਫ਼, ਦਿਲ ਦਾ ਦਿਲ ਵਿਚ ਨਜ਼ਰ ਨਾ ਆਏ ਪਰਕਾਸ਼, ਖ਼ੁਹਾਇਸ਼ ਵਿਚ ਖ਼ੁਸ਼ੀ ਖ਼ੁਸ਼ੀ ਵਿਚ ਖ਼ਸੂਸੀਅਤ, ਖ਼ਸੂਸੀਅਤ ਵਿਚੋਂ ਨਸੀਅਤ, ਨਸ਼ਰੇ ਨਾਬ ਅਨਾਇਤ ਕਰ ਝੋਲੀ ਨਾ ਕੋਇ ਪਾਈਆ ।

✪ ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਸੂਬੇਦਾਰ ਤੇਜ ਭਾਨ ਦੇ ਗ੍ਰਿਹਿ ਪਿੰਡ ਸ਼ੇਖ਼ਸਰ ਜ਼ਿਲਾ ਜੰਮੂ ✪

ਜਨ ਭਗਤ ਰਖੇ ਸਦਾ ਉਡੀਕ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਰਸਨਾ ਜਿਹਵਾ ਬੱਤੀ ਦੰਦ ਅੰਤਰ ਆਤਮ ਕਰਦਾ ਰਹੇ ਤਾਰੀਫ਼, ਸਿਫ਼ਤਾਂ ਨਾਲ ਸਾਹਿਬ ਸਵਾਮੀ ਸਿਫ਼ਤ ਸਾਲਾਹੀਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਘਰ ਮੰਦਰ ਅੰਦਰ ਮਿਲੇ ਸੱਜਣ ਮੀਤ, ਸਾਹਿਬ ਸੁਹੇਲਾ ਇਕ ਅਕੇਲਾ ਆਪਣੀ ਦਇਆ ਕਮਾਈਆ । ਝਗੜਾ ਮਿਟਾ ਕੇ ਊਚ ਨੀਚ, ਰਾਓ ਰੰਕ ਹਸਤ ਕੀਟ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਧੁਰ ਦਾ ਨਾਮ ਸਾਚਾ ਕਲਮਾ ਦੱਸ ਆਪਣੀ ਇਕ ਹਦੀਸ, ਹਜ਼ਰਤ ਹੋ ਕੇ ਹਰਿ ਜੂ ਕਰੇ ਸਚ ਪੜ੍ਹਾਈਆ । ਆਸਾ ਮਨਸਾ ਪੂਰੀ ਖ਼ਾਹਿਸ਼ ਕਰੇ ਉਮੀਦ, ਆਮਦ ਖ਼ੁਸ਼ਾਮਦ ਇਕੋ ਘਰ ਵਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਸਾਚਾ ਗੀਤ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਧੁਨ ਆਤਮਕ ਰਾਗ ਅਲਾਈਆ । ਅੰਦਰ ਬਾਹਰ ਗੁਪਤ ਜ਼ਾਹਰ ਨਿਰਗੁਣ ਸਰਗੁਣ ਬਣ ਕੇ ਸਾਚਾ ਮੀਤ, ਮਿੱਤਰ ਪਿਆਰਾ ਏਕੰਕਾਰਾ ਆਪਣੇ ਘਰ ਵਸਾਈਆ । ਕੂੜੀ ਕਿਰਿਆ ਜਗਤ ਵਾਸਨਾ ਮਨ ਮਨਸਾ ਮੇਟ ਕੇ ਲੀਕ, ਸਤਿ ਸਚ ਇਕੋ ਦਏ ਸਮਝਾਈਆ । ਸਚ ਦਵਾਰ ਦਾ ਜਨ ਭਗਤ ਬਣਾ ਕੇ ਹਕ਼ੀਕ਼ਤ ਵਿਚੋਂ ਵਸਨੀਕ, ਵਾਸਤਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਭਗਤ ਸੁਹੇਲਾ ਦਇਆ ਕਮਾਈਆ । ਪ੍ਰਭ ਮਿਲਣ ਦੀ ਜੋ ਜਨ ਆਸ ਰਖਦਾ, ਹਿਰਦੇ ਹਰਿ ਹਰਿ ਆਪ ਧਿਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਹੋ ਕੇ ਅੰਦਰ ਵਸਦਾ, ਜੋਤੀ ਜਾਤਾ ਪੁਰਖ ਬਿਧਾਤਾ ਨਿਰਮਲ ਜੋਤ ਕਰੇ ਰੁਸ਼ਨਾਈਆ । ਸਚ ਸਵਾਮੀ ਅੰਤਰਜਾਮੀ ਘਟ ਭੀਤਰ ਮਾਰਗ ਦੱਸੇ ਸਚ ਦਾ, ਕੂੜੀ ਕਿਰਿਆ ਹਉਮੇ ਹੰਗਤਾ ਗੜ੍ਹ ਤੁੜਾਈਆ । ਏਥੇ ਓਥੇ ਦੋ ਜਹਾਨਾਂ ਜਨ ਭਗਤਾਂ ਪੈਜ ਰਖਦਾ, ਸਮਰਥ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਝਗੜਾ ਮੁਕਾਵੇ ਆਤਮ ਪਰਮਾਤਮ

ਆਪਣਾ ਵੱਖ ਦਾ, ਪਾਰਬ੍ਰਹਮ ਬ੍ਰਹਮ ਆਪਣੇ ਵਿਚ ਸਮਾਈਆ । ਨਾਮ ਨਿਧਾਨਾ ਇਕੋ ਢੋਲਾ ਦੱਸੇ ਧੁਰ ਦੇ ਜਸ ਦਾ, ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕ਼ੁਰਾਨ ਖਾਣੀ ਬਾਣੀ ਨਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਲ ਕਰੇ ਸਦਾ ਨਿਜ ਨੇਤਰ ਆਪਣੀ ਅੱਖ ਦਾ, ਗਿਆਨ ਨੈਣ ਇਕ ਖੁਲ੍ਹਾਈਆ । ਜਨ ਭਗਤ ਉਡੀਕ, ਵਿਚ ਰਖੇ ਆਸਾ ਮਨਸਾ ਮਨ ਹੀ ਮਾਂਹੇ ਛੁਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਚਰਨ ਕਵਲ ਦੇਵਣਹਾਰ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਕਾਇਆ ਮੰਡਲ ਅੰਦਰ ਨਿਰਗੁਣ ਨਿਰਵੈਰ ਹੋ ਕੇ ਪਾਵੇ ਰਾਸਾ, ਸੁਰਤ ਸ਼ਬਦ ਗੋਪੀ ਕਾਹਨ ਖੇਲ ਖਿਲਾਈਆ । ਝਗੜਾ ਮੁਕਾ ਕੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਪੰਧ ਦਏ ਚੁਕਾਈਆ । ਨਿਰਮਲ ਜੋਤ ਕਰ ਪਰਕਾਸ਼ਾ, ਅੰਧ ਅੰਧੇਰ ਦਏ ਗਵਾਈਆ । ਦਰਸ਼ਨ ਵਖਾਏ ਸਾਖਿਆਤਾ, ਜੋਤੀ ਜੋਤ ਕਰੇ ਰੁਸ਼ਨਾਈਆ । ਹੁਕਮੇ ਅੰਦਰ ਮੰਨ ਕੇ ਆਖਾ, ਆਖ਼ਰ ਆਪਣੀ ਮੰਜ਼ਲ ਦਏ ਵਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਜੋੜ ਕੇ ਨਾਤਾ, ਧੁਰ ਦਾ ਸੰਗ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਤਰ ਰਹਿਣ ਨਾ ਦੇਵੇ ਮਨੂਆ ਮਨ ਉਦਾਸਾ, ਉੱਤਮ ਸ੍ਰੇਸ਼ਟ ਆਪਣਾ ਨਾਮ ਸਮਝਾਈਆ । ਜਨ ਭਗਤ ਉਡੀਕ ਵਿਚ ਜੋ ਰਿਹਾ ਤੱਕ, ਤਕਵਾ ਇਕੋ ਉਪਰ ਰਖਾਈਆ । ਪਰਮ ਪੁਰਖ ਪਰਮਾਤਮ ਪਰਵਰਦਿਗਾਰ ਦੇਵੇ ਹਕ਼ੀਕ਼ਤ ਵਾਲਾ ਹੱਕ, ਵਸਤ ਅਮੋਲਕ ਕਾਇਆ ਗੋਲਕ ਝੋਲੀ ਪਾਈਆ । ਸ਼ਬਦ ਅਗੰਮੀ ਸੋਈ ਸੁਰਤੀ ਲਾਵੇ ਸੱਟ, ਸਿੱਟੇਬਾਜੀ ਕੂੜੀ ਦਏ ਗਵਾਈਆ । ਸਚ ਭੰਡਾਰਾ ਖੋਲ੍ਹ ਕੇ ਆਪਣਾ ਹੱਟ, ਵਸਤ ਅਗੰਮੀ ਇਕ ਵਰਤਾਈਆ । ਨਾੜ ਬਹੱਤਰ ਕਦੇ ਨਾ ਉਬਲੇ ਰੱਤ, ਅਪ ਤੇਜ ਵਾਏ ਪ੍ਰਿਥਵੀ ਆਕਾਸ਼ ਪੰਜ ਤਤ ਤ੍ਰੈਗੁਣ ਮਾਇਆ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਸਿਰ ਤੇ ਰਖੇ ਹੱਥ, ਰਖਕ ਹੋ ਕੇ ਰੱਛਿਆ ਕਰੇ ਥਾਉਂ ਥਾਈਂਆ । ਜਨ ਭਗਤ ਜੋ ਉਡੀਕ ਵਿਚ ਤੱਕੇ ਰਾਹ, ਬਿਨ ਅੱਖਾਂ ਅੱਖ ਖੁਲ੍ਹਾਈਆ । ਪੁਰਖ ਅਬਿਨਾਸ਼ੀ ਮਿਲੇ ਬੇਪਰਵਾਹ, ਪਾਰਬ੍ਰਹਮ ਆਪਣੀ ਦਇਆ ਕਮਾਈਆ । ਦੋ ਜਹਾਨਾਂ ਬਣ ਮਲਾਹ, ਖੇਵਟ ਖੇਟਾ ਬੇੜਾ ਆਪਣੇ ਕੰਧ ਉਠਾਈਆ । ਸਾਚੇ ਨਾਉਂ ਦੀ ਦੇ ਕੇ ਇਕ ਸਲਾਹ, ਸੱਚੀ ਸਿਖਿਆ ਇਕੋ ਇਕ ਵਖਾਈਆ । ਮਿਹਰ ਨਜ਼ਰ ਨਾਲ ਕੋਟ ਜਨਮ ਦੇ ਪਿਛਲੇ ਕਟੇ ਗੁਨਾਹ, ਗਹਿਰ ਗੰਭੀਰ ਬੇਨਜ਼ੀਰ ਨਜ਼ਰ ਆਪਣੀ ਇਕ ਉਠਾਈਆ । ਸਚ ਦਵਾਰਾ ਏਕੰਕਾਰਾ ਮੁਕਾਮੇ ਹੱਕ ਸਚਖੰਡ ਦਏ ਵਖਾ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੜਦਾ ਦਏ ਚੁਕਾਈਆ । ਜਨ ਭਗਤ ਜੋ ਉਡੀਕ ਵਿਚ ਰਿਹਾ ਵੇਖ, ਅੰਤਰ ਅੰਤਰ ਧਿਆਨ ਲਗਾਈਆ । ਭਗਤ ਉਧਾਰੀ ਰਿਹਾ ਪੇਖ, ਜੁਗ ਚੌਕੜੀ ਹੋਏ ਸਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਬਦਲ ਦੇਵੇ ਰੇਖ, ਰਿਖੀ ਮੁਨੀ ਸਮਝ ਕੋਇ ਨਾ ਪਾਈਆ । ਨਿਰਗੁਣ ਹੋ ਕੇ ਸਰਗੁਣ ਆਵੇ ਦੇਸ, ਸਾਢੇ ਤਿੰਨ ਹੱਥ ਕਾਇਆ ਮੰਦਰ ਅੰਦਰ ਡੇਰਾ ਲਾਈਆ । ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨਿਰਵੈਰ ਆਪਣਾ ਧਾਰੇ ਭੇਖ, ਭੇਖਾਧਾਰੀ ਅਛਲ ਅਛੱਲ ਆਪਣੀ ਕਾਰ ਕਮਾਈਆ । ਜਿਸ ਦਾ ਗੁਣ ਗਾਇਣ ਕਰਨ ਚਾਰ ਵੇਦ, ਜੁਗ ਚੌਕੜੀ ਚਾਰ ਵਰਨ ਅਠਾਰਾਂ ਬਰਨ ਬਖ਼ਸ਼ਣਹਾਰ ਸਰਨਾਈਆ । ਸੋ ਸੰਤ ਸੁਹੇਲਾ ਇਕ ਅਕੇਲਾ ਜਨ ਭਗਤਾਂ ਅੰਦਰ ਵੜ ਕੇ ਮੰਦਰ ਚੜ੍ਹ ਕੇ ਖੋਲ੍ਹੇ ਆਪਣਾ ਭੇਤ, ਪੜਦਾ ਉਹਲਾ ਬਜਰ ਕਪਾਟੀ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੬੩੦
੧੯

ਦੇਵਣਹਾਰਾ ਸਾਚਾ ਵਰ, ਹਰਿਜਨ ਆਪਣੇ ਰੰਗ ਰੰਗਾਈਆ । ਜਨ ਭਗਤ ਉਡੀਕ ਵਿਚ ਜੋ ਰਿਹਾ ਤਰਸ, ਤੜਫ ਤੜਫ ਵਕ਼ਤ ਲੰਘਾਈਆ । ਪੁਰਖ ਅਕਾਲਾ ਦੀਨ ਦਿਆਲਾ ਅੰਮ੍ਰਿਤ ਮੇਘ ਦੇਵੇ ਬਰਸ, ਬੂੰਦ ਸਵਾਂਤੀ ਇਕ ਚੁਆਈਆ । ਜਨਮ ਜਨਮ ਦੀ ਕਰਮ ਕਰਮ ਦੀ ਮੇਟਣਹਾਰਾ ਹਰਸ, ਦੀਨ ਦੁਨੀ ਦੀ ਹਵਸ ਦਏ ਗਵਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਪ੍ਰੇਮੀਆਂ ਪਿਆਰਿਆਂ ਕਰੇ ਤਰਸ, ਰਹਿਮਤ ਵਿਚੋਂ ਰਹਿਮਤ ਰਹੀਮ ਝੋਲੀ ਦੇਵੇ ਪਾਈਆ । ਸਾਚੀ ਮੰਜ਼ਲ ਚੜ੍ਹਦਾ ਜਨ ਭਗਤ ਕੋਈ ਨਾ ਜਾਵੇ ਅਟਕ, ਸੁਖਮਨ ਟੇਢੀ ਬੰਕ ਸਿਰ ਸਕੇ ਨਾ ਕੋਇ ਉਠਾਈਆ । ਪੰਜ ਵਿਕਾਰਾ ਕੋਈ ਨਾ ਪਾਏ ਭਟਕ, ਰਿਧ ਸਿਧ ਬੈਠੇ ਮੁਖ ਛੁਪਾਈਆ । ਧੁਰ ਫ਼ਰਮਾਨ ਨਾਮ ਸੰਦੇਸ਼ਾ ਮਿਲੇ ਸਖ਼ਤ, ਕਲਮਾ ਇਕੋ ਇਕ ਜਣਾਈਆ । ਨਵ ਨੌ ਚਾਰ ਪਿਛੋਂ ਜਨ ਭਗਤਾਂ ਮਿਲਣ ਦਾ ਆ ਗਿਆ ਵਕ਼ਤ, ਘੜੀ ਪਲ ਥਿਤ ਵਾਰ ਦਏ ਗਵਾਹੀਆ । ਮਿਲੇ ਵਡਿਆਈ ਲੋਕਮਾਤ ਜਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਾਹਿਬ ਸਤਿਗੁਰ ਗੁਰਮੁਖਾਂ ਕਾਰਨ ਆਇਆ ਫ਼ਕਤ, ਫਿਕਰਿਆਂ ਵਿਚ ਫ਼ੈਸਲਾ ਦਏ ਕਰਾਈਆ । ਜੋਧਾ ਸੂਰਬੀਰ ਬਣ ਕੇ ਮਰਦਾਨਾ ਮਰਦ, ਮਦਦ ਕਰੇ ਥਾਉਂ ਥਾਈਂਆ । ਦੂਰ ਦੁਰਾਡਾ ਨੇੜਨ ਨੇੜਾ ਮੰਨੇ ਅਰਜ਼, ਆਰਜ਼ੂ ਅੰਦਰ ਬੈਠੇ ਧਿਆਨ ਲਗਾਈਆ । ਕਰੇ ਖੇਲ ਆਪ ਅਸਚਰਜ, ਜਗਤ ਵਿਦਿਆ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ਼ਰੀਬ ਨਿਮਾਣਿਆਂ ਵੰਡੇ ਦਰਦ, ਦੁਖੀਆਂ ਦੁੱਖ ਦਏ ਗਵਾਈਆ । ਜਨ ਭਗਤ ਉਡੀਕ ਅੰਦਰ ਜੋ ਕਰੇ ਧਿਆਨ, ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਪੁਰਖ ਅਬਿਨਾਸ਼ੀ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਸਚ ਬੇਨੰਤੀ ਕਰ ਪਰਵਾਨ, ਪਰਵਾਨਾ ਧੁਰ ਦਾ ਦਏ ਫੜਾਈਆ । ਬਿਨ ਅੱਖਰਾਂ ਬਿਨ ਪੜ੍ਹਿਆਂ ਦੇਵੇ ਇਕ ਗਿਆਨ, ਬ੍ਰਹਮ ਵਿਦਿਆ ਅੰਦਰੇ ਅੰਦਰ ਦਏ ਜਣਾਈਆ । ਜਿਸ ਦਾ ਨਜ਼ਰ ਨਾ ਆਏ ਕੋਈ ਨਿਸ਼ਾਨ, ਨਿਸ਼ਾਨਾ ਆਪਣਾ ਆਪਣੇ ਨਾਲ ਰਲਾਈਆ । ਸਾਚੀ ਮੰਜ਼ਲ ਦੱਸ ਹੱਕ ਮੁਕਾਮ, ਮੁਕਾਮੇ ਹੱਕ ਦਏ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਿਰ ਕਦੇ ਨਾ ਕਰੇ ਅਹਿਸਾਨ, ਆਸਾਨ ਇਕੋ ਰਸਤਾ ਦਏ ਵਖਾਈਆ । ਜਨ ਭਗਤ ਉਡੀਕ ਵਿਚ ਜੋ ਰਿਹਾ ਉਠ, ਆਲਸ ਨਿੰਦਰਾ ਨਾ ਕੋਇ ਰਖਾਈਆ । ਜਿਨ੍ਹਾਂ ਉਪਰ ਜਾਏ ਤੁਠ, ਦੀਨਾਂ ਅਨਾਥਾਂ ਹੋਏ ਸਹਾਈਆ । ਸਤਿ ਜਾਮ ਨਿਝਰ ਧਾਰ ਦੇਵੇ ਘੁਟ, ਰਸਨਾ ਰਸ ਨਾ ਕੋਇ ਚਖਾਈਆ । ਪੰਚ ਵਿਕਾਰਾ ਅੰਦਰੋਂ ਕੱਢੇ ਕੁੱਟ, ਕਾਇਆ ਕੁਟੀਆਂ ਸਾਫ਼ ਕਰਾਈਆ । ਜਨ ਭਗਤਾਂ ਸਦਾ ਸੁਹਾਵਣੀ ਮੌਲੇ ਰੁੱਤ, ਬਸੰਤ ਖ਼ੁਸ਼ੀ ਦਏ ਵਖਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਗੁਰਮੁਖ ਚਾਤ੍ਰਿਕ ਤ੍ਰਿਖਾ ਦਏ ਬੁਝਾਈਆ । ਭਾਗ ਲਗਾ ਕੇ ਕਾਇਆ ਮਾਟੀ ਬੁਤ, ਬੁਤਖ਼ਾਨਾ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਰਹਿਣ ਨਾ ਦੇਵੇ ਲੁਕ, ਰਾਜ਼ ਬਿਨਾ ਨਿਮਾਜ਼ ਭੇਵ ਦਏ ਜਣਾਈਆ । ... ... ... ... ... ... ... ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੇਖਾ ਜਾਣੇ ਸਚ ਮੁਚ, ਦੀਰਘ ਰੋਗ ਦਏ ਕਟਾਈਆ । ਜਨ ਭਗਤ ਉਡੀਕ ਵਿਚ ਜੋ ਲਾਵੇ ਕੰਨ, ਕਾਇਨਾਤ ਵਿਚੋਂ ਬਾਹਰ ਕਢਾਈਆ । ਮਨਸਾ ਵਿਚੋਂ ਰੋਕ ਕੇ ਮਨ, ਮਮਤਾ ਕੂੜੀ ਪਰੇ ਤਜਾਈਆ । ਲਾਲਚ ਵਿਚੋਂ ਵਿਰੋਲ ਕੇ (ਤਨ), ਅਡੋਲ ਬਹਿ ਕੇ ਢੋਲਾ ਗਾਈਆ । ਭਾਗ ਲੱਗੇ ਤਿਸ ਛੱਪਰੀ ਛੰਨ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਘਰ ਸਵਾਮੀ ਠਾਕਰ ਮਿਲੇ ਸ੍ਰੀ ਭਗਵਨ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਗੁਰਮੁਖ ਗੁਰਸਿਖ ਹਰਿਜਨ

ਹਰਿ ਭਗਤ ਅਗੰਮੀ ਚੜ੍ਹੇ ਚੰਨ, ਸੂਰਜ ਚੰਦ ਜਿਸ ਨੂੰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਖੁਲ੍ਹਾ ਕੇ ਹੰ ਬ੍ਰਹਮ, ਪਾਰਬ੍ਰਹਮ ਪੜਦਾ ਦਏ ਉਠਾਈਆ । ਜਨ ਭਗਤ ਉਡੀਕ ਵਿਚ ਜੋ ਹੋਇਆ ਮਸਤ, ਮਸਤ ਖ਼ੁਮਾਰੀ ਵਿਚ ਸਮਾਈਆ । ਝਗੜਾ ਮੁਕਾ ਕੇ ਕੀਟ ਹਸਤ, ਹਸਤੀ ਇਕੋ ਵੇਖੇ ਬੇਪਰਵਾਹੀਆ । ਜੋ ਜ਼ਮੀਨ ਤੋਂ ਥੱਲੇ ਵਾਸਾ ਰਖੇ ਉਪਰ ਅਰਸ਼, ਅਰਸ਼ਾਂ ਦਾ ਮਾਲਕ ਪ੍ਰੀਤਮ ਸ਼ਹਿਨਸ਼ਾਹੀਆ । ਸੋ ਭਗਤਾਂ ਜੁਗ ਜੁਗ ਮੇਟਣਹਾਰਾ ਭਟਕ, ਸੰਤ ਸੁਹੇਲੇ ਆਪਣੀ ਗੋਦ ਉਠਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਕਰੇ ਚਟਕ, ਜਗਤ ਫੁਰਤੀਆਂ ਵਿਚ ਬੰਦ ਨਾ ਕੋਇ ਕਰਾਈਆ । ਗੁਰਮੁਖਾਂ ਮਿਲਣ ਆਵੇ ਸਚਖੰਡ ਨਿਵਾਸੀ ਪਰਤ, ਪਤਿਪਰਮੇਸ਼ਵਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਹੋਣ ਨਾ ਦੇਵੇ ਕੋਈ ਹਰਜ, ਹਰਜਾਨਾ ਪਿਛਲਾ ਪੂਰਬ ਝੋਲੀ ਪਾਈਆ ।

## ✪ ੧੦ ਜੇਠ ਸ਼ਹਿਨਸ਼ਾਹੀ ਸੰਮਤ ੨ ਰਾਜ ਸਿੰਘ ਦੇ ਗ੍ਰਹਿ (ਪਿੰਡ ਮਰ੍ਹਾਜ ਜ਼ਿਲਾ ਗੁਰਦਾਸ ਪੁਰ ਵਾਲਾ) ਜੰਮੂ ✪

ਜਨ ਭਗਤ ਆਸਾ ਵਿਚ ਰਖੇ ਕੋਈ ਨਾ ਆਲਸ, ਕੂੜੀ ਨਿੰਦਰਾ ਅੰਦਰੋਂ ਬਾਹਰ ਕਢਾਈਆ । ਸਾਹਿਬ ਸਤਿਗੁਰ ਬਣ ਕੇ ਧੁਰ ਦਾ ਸਾਲਸ, ਸਹੀ ਸਲਾਮਤ ਲਏ ਉਠਾਈਆ । ਮਾਰਗ ਦੱਸ ਕੇ ਆਪਣਾ ਇਕ ਖ਼ਾਲਸ, ਤਨ ਮਾਟੀ ਖ਼ਾਕੀ ਦਏ ਵਡਿਆਈਆ । ਸੰਤ ਸੁਹੇਲਾ ਬਣ ਕੇ ਧੁਰ ਦਾ ਬਾਲਕ, ਪਿਤਾ ਪੂਤ ਗੋਦ ਉਠਾਈਆ । ਠਾਂਡੇ ਦਰ ਬਣਾ ਕੇ ਯਾਚਕ, ਸਾਚੀ ਸਿਖਿਆ ਦਏ ਦ੍ਰਿੜਾਈਆ । ਮਨੂਆ ਮਨ ਰਹੇ ਨਾ ਨਾਸਤਕ, ਵਾਸਤਵਕ ਵਾਸਾ ਇਕੋ ਘਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਮੁਕਾ ਕੇ ਮਾਸ਼ੂਕ ਆਸ਼ਕ, ਹਰਿਜਨ ਸਾਚੇ ਆਪਣੇ ਵਿਚ ਟਿਕਾਈਆ । ਜਨ ਭਗਤ ਉਡੀਕ ਵਿਚ ਜੋ ਮਾਰੇ ਝਾਕੀ, ਅੰਤਰ ਅੰਤਰ ਪੜਦਾ ਲਾਹੀਆ । ਸਾਹਿਬ ਸਤਿਗੁਰ ਲਹਿਣਾ ਦੇਣਾ ਚੁਕਾਏ ਬਾਕੀ, ਪਿਛਲਾ ਲੇਖਾ ਰਹੇ ਨਾ ਰਾਈਆ । ਜਾਮ ਪਿਆਲਾ ਦੇਵੇ ਬਣ ਕੇ ਸਾਕੀ, ਅੰਮ੍ਰਿਤ ਰਸ ਇਕ ਚਖਾਈਆ । ਭਾਗ ਲਗਾ ਕੇ ਕਾਇਆ ਮਾਟੀ ਖ਼ਾਕੀ, ਖ਼ਾਲਸ਼ ਆਪਣਾ ਰੰਗ ਰੰਗਾਈਆ । ਨਿਰਗੁਣ ਜੋਤ ਜੋਤੀ ਜਾਤਾ ਕਰ ਪਰਕਾਸ਼ੀ, ਪਰਕਾਸ਼ਵਾਨ ਜਹੂਰ ਆਪਣਾ ਦਏ ਪਰਗਟਾਈਆ । ਮੇਲ ਮਿਲਾ ਕੇ ਪੁਰਖ ਅਬਿਨਾਸ਼ੀ, ਆਵਣ ਜਾਵਣ ਪਤਿਤ ਪਾਵਣ ਲੇਖਾ ਦਏ ਮੁਕਾਈਆ । ਏਥੇ ਓਥੇ ਦੋ ਜਹਾਨ ਸਚਖੰਡ ਦਵਾਰ ਦਾ ਬਣ ਕੇ ਸਾਥੀ, ਸਗਲਾ ਸੰਗ ਆਪ ਨਿਭਾਈਆ । ਮੰਜ਼ਲ ਔਖੀ ਰਹੇ ਕੋਈ ਨਾ ਘਾਟੀ, ਦੁਸ਼ਵਾਰੀ ਅਗੇ ਨਾ ਕੋਇ ਅਟਕਾਈਆ । ਜਨ ਭਗਤ ਕਾਇਆ ਮੰਦਰ ਅੰਦਰ ਬਨਿਆ ਰਹੇ ਆਪ ਸੱਚਾ ਪਾਠੀ, ਪਾਠਸ਼ਾਲਾ ਜਾਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਨੇ ਜਾਗਦਿਆਂ ਦਰਸ਼ਨ ਦੇਵੇ ਸੁਤਿਆਂ ਰਾਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਜਨ ਭਗਤ ਉਡੀਕ ਵਿਚ ਜੋ ਸੁਣਦਾ ਰਹੇ ਸੰਦੇਸ਼ਾ, ਧੁਰ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਵਡ ਨਰੇਸ਼ਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਆਪਣਾ ਭੇਵ ਜਣਾਈਆ । ਕਲਜੁਗ ਅੰਤਮ ਨਿਰਗੁਣ ਜੋਤੀ ਜਾਤਾ ਜਾਮਾ ਧਾਰ ਕੇ ਵੇਸਾ, ਵੇਸਵਾ ਰੂਪ ਵੇਖੇ ਸਰਬ ਲੋਕਾਈਆ । ਭਗਤ ਉਧਾਰਨਾ ਜਿਸਦਾ

ਪੇਸ਼ਾ, ਪਾਰਬ੍ਰਹਮ ਆਪਣਾ ਫੇਰਾ ਪਾਈਆ । ਕੂੜੀ ਕਿਰਿਆ ਕਲਜੁਗ ਅੰਤਮ ਸਦੀ ਚੌਧਵੀਂ ਮੁਕੇ ਠੇਕਾ, ਠਾਕਰ ਹੋ ਕੇ ਨੌਕਰ ਗੁਰਮੁਖਾਂ ਦਏ ਲਗਾਈਆ । ਸਵਾਮੀ ਸੱਜਣ ਮੰਨੋ ਏਕਾ, ਮਾਲਕ ਖ਼ਾਲਕ ਪਰਵਰਦਿਗਾਰ ਸਾਂਝਾ ਯਾਰ ਜਲਵਾਗਰ ਨੂਰ ਖ਼ੁਦਾਈਆ । ਸਾਚੀ ਮੰਜ਼ਲ ਚੜ੍ਹ ਕੇ ਤੱਕੇ ਆਪਣਾ ਵਤਨ ਦੇਸਾ, ਜਿਸ ਵਿਚੋਂ ਹੋਈ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰਾ ਲੇਖਾ, ਲੇਖੇ ਵਿਚੋਂ ਲੇਖਾ ਦਏ ਬਦਲਾਈਆ । ਜਨ ਭਗਤ ਤੇਰਾ ਲਹਿਣਾ ਦੇਣਾ ਲੇਖਾ ਅਖ਼ੀਰ, ਆਖ਼ਰ ਤੋਂ ਆਖ਼ਰ ਦੇਵੇ ਮਾਣ ਵਡਿਆਈਆ । ਬਿਨ ਮੁਸੱਵਰ ਤੋਂ ਵਖਾ ਕੇ ਆਪਣੀ ਤਸਵੀਰ, ਤਜਵੀਜ਼ ਆਪਣੀ ਨਾਲ ਮਿਲਾਈਆ । ਜਨਮ ਕਰਮ ਦੀ ਕਟ ਭੀੜ, ਸਾਚੇ ਮਾਰਗ ਦਏ ਵਡਿਆਈਆ । ਲੱਖ ਚੁਰਾਸੀ ਭਰਮਣ ਦੀ ਰਹੇ ਕੋਈ ਨਾ ਪੀੜ, ਲੇਖਾ ਅਗਲਾ ਪਿਛਲਾ ਦਏ ਚੁਕਾਈਆ । ਜਾਤ ਪਾਤ ਦੀਨ ਮਜ਼੍ਹਬ ਜਗਤ ਸ਼ਰਅ ਰਹੇ ਨਾ ਕੋਇ ਜ਼ੰਜੀਰ, ਬੰਧਨ ਕੂੜਾ ਦਏ ਕਟਾਈਆ । ਜਿਸ ਮੰਜ਼ਲ ਚੜ੍ਹਿਆ ਜੁਲਾਹਾ ਕਬੀਰ, ਕਾਇਆ ਕ਼ਬਰ ਵਿਚੋਂ ਕੱਢ ਕੇ ਕਾਅਬੇ ਹੱਕ ਦੇ ਦਏ ਪੁਚਾਈਆ । ਜਿਥੇ ਮਾਲਕ ਬੇਨਜ਼ੀਰ, ਨਜ਼ਰਾਂ ਤੋਂ ਓਝਲ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪ੍ਰੇਮ ਦੇ ਬਦਲੇ ਵਿਚ ਬਦਲ ਦੇਵੇ ਤਕ਼ਦੀਰ, ਤਕ਼ਰੀਰ ਤਹਿਰੀਰ ਵਿਚ ਤਰਹ ਤਰਹ ਸਮਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੀਰਨ ਪੀਰ, ਪਾਰਬ੍ਰਹਮ ਬ੍ਰਹਮ ਆਪਣੇ ਘਰ ਵਸਾਈਆ ।

✪ ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਕੇਸਰ ਸਿੰਘ ਦੇ ਗ੍ਰਿਹਿ ਪਿੰਡ ਝਮਾਂ ਜ਼ਿਲਾ ਜੰਮੂ ✪

ਜਨ ਭਗਤਾਂ ਪ੍ਰਭ ਬਣੇ ਖੋਜੀ, ਖੋਜਤ ਖੋਜਤ ਮੇਲ ਮਿਲਾਈਆ । ਸਾਚਾ ਮਾਰਗ ਦੱਸੇ ਪ੍ਰੀਤਮ ਚੋਜੀ, ਕਾਇਆ ਚੋਲੀ ਰਾਹ ਪਰਗਟਾਈਆ । ਜਨਮ ਕਰਮ ਦਾ ਰਹਿਣ ਨਾ ਦੇਵੇ ਕੋਈ ਰੋਗੀ, ਚਿੰਤਾ ਸੋਗ ਸਰਬ ਗਵਾਈਆ । ਬਣਨ ਨਾ ਦੇਵੇ ਜੰਗਲਾਂ ਵਿਚ ਫਿਰਨ ਵਾਲਾ ਜੋਗੀ, ਜੁਗਤ ਆਪਣੀ ਇਕ ਦ੍ਰਿੜਾਈਆ । ਦੇਵੇ ਦਰਸ ਦਰਸ ਅਮੋਘੀ, ਅੰਮਿਉਂ ਰਸ ਅੰਮ੍ਰਿਤ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਜਨ ਭਗਤਾਂ ਪ੍ਰਭ ਜੁਗ ਜੁਗ ਲੱਭਦਾ, ਥਾਨ ਥਨੰਤਰ ਵੇਖ ਵਖਾਈਆ । ਮੇਲ ਮਿਲਾਏ ਆਪਣੇ ਸਬਬ ਦਾ, ਸੁਬਹ ਸ਼ਾਮ ਵੰਡ ਨਾ ਕੋਇ ਵੰਡਾਈਆ । ਪੈਂਡਾ ਮੁਕਾ ਕੇ ਜਗਤ ਵਾਲੀ ਹੱਦ ਦਾ, ਘਰ ਆਪਣਾ ਇਕ ਵਖਾਈਆ । ਜਿਥੇ ਦੀਪਕ ਜੋਤ ਜਗਦਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਸੇਕ ਲੱਗੇ ਨਾ ਮਾਇਆ ਅੱਗ ਦਾ, ਅਗਨੀ ਤਤ ਨਾ ਕੋਈ ਤਪਾਈਆ । ਸਚ ਪ੍ਰੇਮ ਦਾ ਵਹਿਣ ਹੋਵੇ ਵਗਦਾ, ਸੀਤਲ ਧਾਰਾ ਨਾਲ ਪਰਗਟਾਈਆ । ਰੂਪ ਨਜ਼ਰੀ ਆਏ ਸੂਰੇ ਸਰਬਗ ਦਾ, ਸਰਬ ਵਿਆਪੀ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲੇ ਦਰ ਠਾਂਡੇ ਸਦਾ ਸਦਦਾ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਜਨ ਭਗਤਾਂ ਪ੍ਰਭ ਕਰਦਾ ਰਹੇ ਤਲਾਸ਼, ਚਾਰ ਕੁੰਟ ਵੇਖ ਵਖਾਈਆ । ਸਮੁੰਦ ਸਾਗਰ ਪਰਬਤ ਵੇਖੇ ਖ਼ਾਸ, ਜੰਗਲ ਜੂਹ ਪੜਦਾ ਲਾਹੀਆ । ਪੂਰਬ ਜਨਮ ਜਿਨਾਂ ਬਖ਼ਸ਼ੀ ਨਾਮ ਰਾਸ, ਵਸਤ ਧੁਰ ਦੀ ਨਾਲ ਰਖਾਈਆ । ਓਹਨਾਂ ਬੁਝਾਵਣਹਾਰਾ ਪਿਆਸ, ਸਾਂਤਕ ਸਤਿ ਦਏ ਕਰਾਈਆ । ਚੁਰਾਸੀ ਵਿਚੋਂ ਕਰ ਖ਼ਲਾਸ, ਖ਼ਾਲਸ ਆਪਣਾ ਰੰਗ ਰੰਗਾਈਆ । ਚਰਨ ਦਵਾਰੇ ਕਰ ਵਾਸ, ਵਾਸਤਾ ਇਕੋ ਨਾਲ ਜੁੜਾਈਆ । ਮਿਹਰਵਾਨ ਹੋ ਪੁਰਖ ਅਬਿਨਾਸ਼,

੬੩੩
੧੯

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਈਆ । ਜਨ ਭਗਤਾਂ ਪ੍ਰਭ ਜੁਗ ਜੁਗ ਵੇਖੇ, ਪੇਖ ਪੇਖ ਖ਼ੁਸ਼ੀ ਮਨਾਈਆ । ਜਨਮ ਕਰਮ ਦੇ ਮੇਟੇ ਲੇਖੇ, ਧੁਰ ਦਾ ਲੇਖਾ ਦਏ ਸਮਝਾਈਆ । ਜਗਤ ਵਿਕਾਰ ਕੱਢੇ ਭੁਲੇਖੇ, ਭਰਮ ਭਰਮ ਨਾ ਕੋਇ ਡੁਲਾਈਆ । ਪੂਰਬ ਲਹਿਣਾ ਰਖੇ ਚੇਤੇ, ਚੇਤਨ ਹੋ ਕੇ ਯਾਦ ਕਰਾਈਆ । ਸ਼ਬਦੀ ਧਾਰ ਜਿਸ ਕਾਰਨ ਏਥੇ, ਇਸਮ ਚਸ਼ਮ ਚਿਸ਼ਮ ਆਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਵੇਖ ਵਖਾਈਆ । ਜਨ ਭਗਤਾਂ ਪ੍ਰਭ ਲੱਭੇ ਫਿਰਦਾ ਫਿਰਦਾ, ਫਿਰਤ ਫਿਰਤ ਆਪਣਾ ਖੇਲ ਖਿਲਾਈਆ । ਸੰਤ ਸੁਹੇਲੇ ਸਾਫ਼ ਵੇਖੇ ਹਿਰਦਾ, ਹਿਰਦਕ ਹਾਰਦਿਕ ਦੇਵਣਹਾਰ ਵਡਿਆਈਆ । ਮੇਲ ਮਿਲਾਏ ਧੁਰਦਰਗਾਹੀ ਪਿਰ ਦਾ, ਪ੍ਰੀਤਮ ਹੋ ਕੇ ਪ੍ਰੇਮ ਬੰਧਾਈਆ । ਜੋ ਭਗਤ ਸੁਹੇਲਾ ਵਿਛੜਿਆ ਹੋਵੇ ਚਿਰ ਦਾ, ਸਹਿਜੇ ਸਹਿਜੇ ਨਾਤਾ ਲਏ ਜੁੜਾਈਆ । ਦਵਾਰਾ ਦੱਸ ਕੇ ਘਰ ਥਿਰ ਦਾ, ਮਹੱਲ ਅਟਲ ਦਏ ਵਡਿਆਈਆ । ਜਿਥੇ ਅੰਮ੍ਰਿਤ ਝਿਰਨਾ ਝਿਰਦਾ, ਰਸ ਨਿਝਰ ਰਿਹਾ ਟਪਕਾਈਆ । ਸਦਾ ਭੰਡਾਰਾ ਬਖ਼ਸ਼ੇ ਮਿਹਰ ਦਾ, ਮਿਹਰ ਨਜ਼ਰ ਪਾਰ ਕਰਾਈਆ । ਜਗਤ ਝੱਲ ਵਿਚ ਬੁਕਣਾ ਸਦਾ ਖੇਲ ਸ਼ਬਦ ਸ਼ੇਰ ਦਾ, ਸ਼ਾਇਰ ਸਕੇ ਨਾ ਕੋਈ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੋਜੀ ਪ੍ਰੀਤਮ ਹੋ ਕੇ ਖੇਲ ਖੇਲਦਾ, ਖ਼ਲਕ ਦਾ ਮਾਲਕ ਆਪਣੀ ਦਇਆ ਕਮਾਈਆ ।

✪ ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਜੀਵਣ ਸਿੰਘ ਦੇ ਗ੍ਰਿਹ ਪਿੰਡ ਮੋਇਲ ਜ਼ਿਲਾ ਜੰਮੂ ✪



ਜਨ ਭਗਤਾਂ ਪ੍ਰਭ ਦੇਵੇ ਅਨੰਦ, ਅਨਨ ਦਇਆ ਕਮਾਈਆ । ਧੁਰ ਦਾ ਨਾਮ ਸੁਣਾ ਕੇ ਸੱਚਾ ਛੰਦ, ਸਹਿੰਸਾ ਰੋਗ ਦਏ ਮਿਟਾਈਆ । ਆਤਮ ਪਰਮਾਤਮ ਪਾ ਗੰਢ, ਨਾਤਾ ਧੁਰ ਦਾ ਲਏ ਜੁੜਾਈਆ । ਅੰਦਰ ਬਾਹਰ ਹੋ ਕੇ ਸੰਗ, ਸਗਲਾ ਸੰਗ ਨਿਭਾਈਆ । ਸਚ ਪਰਕਾਸ਼ ਚਾੜ੍ਹ ਕੇ ਚੰਦ, ਅਬਿਨਾਸ਼ੀ ਕਰਤਾ ਵੇਖ ਵਖਾਈਆ । ਆਵਣ ਜਾਵਣ ਚੁਕਾ ਕੇ ਪੰਧ, ਮੁਸਾਫ਼ਰ ਕਾਫ਼ਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਸੁਹਾਏ ਸੁਹਾਵਣੀ ਰੁੱਤ, ਸੋਭਾਵੰਤ ਸੁਹਾਈਆ । ਨਾਮ ਭੰਡਾਰਾ ਦੇ ਕੇ ਸਭ ਕੁੱਛ, ਕਿਸ਼ਤੀ ਨਈਆ ਨੌਕਾ ਨਾਮ ਚੜ੍ਹਾਈਆ । ਮਿਹਰਵਾਨ ਹੋ ਕੇ ਜਨਮ ਕਰਮ ਦਾ ਲੇਖਾ ਲਏ ਪੁਛ, ਧਰਮ ਦੀ ਧਾਰ ਇਕ ਸਮਝਾਈਆ । ਜਗਤ ਕਿਰਿਆ ਮੇਟੇ ਦੁੱਖ, ਦੁਖੜਾ ਦਰਦ ਵਾਲਾ ਗਵਾਈਆ । ਸਾਚੇ ਨਾਮ ਦਾ ਦੇਵੇ ਸੁਖ, ਸੋਹੰ ਢੋਲਾ ਇਕ ਸੁਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਭਗਤੀ ਅੰਦਰ ਗੋਦੀ ਲਏ ਚੁੱਕ, ਸ਼ਕਤੀ ਅੰਦਰ ਸ਼ਹਿਨਸ਼ਾਹ ਦਏ ਵਡਿਆਈਆ ।

✪ ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਬਸੰਤੀ ਦੇਵੀ ਦੇ ਘਰ ਪਿੰਡ ਅੰਬਾ ਰਾਏ ਜੰਮੂ ✪

ਜਨ ਭਗਤਾਂ ਸਦ ਮਨਸਾ ਪੂਰੀ, ਮਾਨਸ ਜਨਮ ਮਿਲੇ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਕਿਰਪਾ ਕਰੇ ਜ਼ਰੂਰੀ, ਜ਼ਾਹਿਰ ਹੋ ਕੇ ਬਾਤਨ ਪੜਦਾ ਲਾਹੀਆ । ਲੱਖ ਚੁਰਾਸੀ ਆਵਣ ਜਾਵਣ ਕਟੇ ਮਜਬੂਰੀ, ਮਜ਼ਦੂਰੀ ਨਾਮ ਦੀ ਝੋਲੀ ਪਾਈਆ । ਜਲਵਾ ਬਖ਼ਸ਼ ਕੇ ਇਕੋ ਨੂਰੀ,

ਅੰਧ ਅੰਧੇਰ ਦਏ ਗਵਾਈਆ । ਚਰਨ ਕਵਲ ਸਰਨਾਈ ਬਖ਼ਸ਼ੇ ਧੂੜੀ, ਹਾਜ਼ਰ ਹੋ ਕੇ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡਾ ਇਕ ਵਖਾਈਆ । ਜਨ ਭਗਤ ਆਤਮ ਪਰਮਾਤਮ ਰੱਖਦਾ ਰਹੇ ਮਿਲਾਪ, ਵਿਛੋੜਾ ਵਿਚ ਨਾ ਕੋਇ ਰਖਾਈਆ । ਧੁਰ ਫ਼ਰਮਾਨੇ ਸੁਣਦਾ ਰਹੇ ਬਾਤ, ਸ਼ਬਦ ਅਨਾਦ ਧੁਨ ਸ਼ਨਵਾਈਆ । ਦੀਨ ਮਜ਼੍ਹਬ ਵਿਚੋਂ ਬਣਿਆ ਰਹੇ ਆਜ਼ਾਦ, ਪਾਬੰਦੀ ਜਗਤ ਨਾ ਕੋਇ ਲਗਾਈਆ । ਬਿਨਾ ਸਾਧਨਾਂ ਤੋਂ ਸਚ ਦਵਾਰ ਨਾ ਬਣਿਆ ਰਹੇ ਸਾਧ, ਸਿਦਕ ਹਰਿ ਚਰਨ ਇਕ ਸਰਨਾਈਆ । ਸਾਚਾ ਖੇੜਾ ਕਰਦਾ ਰਹੇ ਆਬਾਦ, ਇਬਾਦਤ ਇਕੋ ਅਵਲ ਅਲ੍ਹਾ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੋਲ੍ਹਦਾ ਰਹੇ ਅੰਤਰ ਰਾਜ਼, ਰਹਿਮਤ ਨਾਲ ਪੜਦਾ ਆਪ ਉਠਾਈਆ । ਜਨ ਭਗਤ ਆਲਸ ਵਿਚ ਕਦੇ ਨਾ ਆਵੇ ਨਿੰਦਰਾ, ਗ਼ਫ਼ਲਤ ਵਿਚ ਗ਼ਾਫ਼ਲ ਨਾ ਕੋਇ ਬਣਾਈਆ । ਲੱਭਣਾ ਪਏ ਨਾ ਗੋਕਲ ਬਿੰਦਰਾ, ਬਨ ਬਨ ਨਾ ਫੇਰਾ ਪਾਈਆ । ਸਾੜਨਾ ਪਏ ਨਾ ਤਨ ਮਾਟੀ ਪਿੰਜਰਾ, ਪਿੰਜਰ ਖ਼ਾਕ ਨਾ ਕੋਇ ਰਮਾਈਆ । ਮਨਾਉਣਾ ਪਏ ਨਾ ਗਣਪਤ ਗਣੇਸ਼ ਇੰਦਰਾ, ਸੁਰਪਤ ਸੀਸ ਨਾ ਕੋਇ ਨਿਵਾਈਆ । ਜਗਤ ਜਗਿਆਸੂਆਂ ਕੋਲੋਂ ਖੁਲ੍ਹਾਉਣਾ ਪਏ ਨਾ ਜਿੰਦਰਾ, ਕੁਫ਼ਲ ਬੰਦ ਨਾ ਕੋਇ ਕਰਾਈਆ । ਮਨ ਬੁਧੀ ਅੰਦਰ ਸੋਚਨੀ ਪਏ ਕੋਈ ਨਾ ਬਿਧਨਾ, ਇਸ਼ਾਰਾ ਰਮਜ਼ ਨਾ ਕੋਇ ਲਗਾਈਆ । ਧੁਰ ਦਾ ਲੇਖਾ ਪੁਰਖ ਅਕਾਲ ਸਭ ਦਾ ਦੇਵੇ ਜਿਤਨਾ, ਪੂਰਬ ਲਹਿਣਾ ਵੇਖ ਵਖਾਈਆ । ਸਚ ਦਵਾਰੇ ਬਣ ਕੇ ਇਕੋ ਪਿਤਨਾ, ਪਤਿਪਰਮੇਸ਼ਵਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੇਖਾ ਹੁਕਮੇਂ ਅੰਦਰ ਲਿਖਨਾ, ਕ਼ਲਮ ਸ਼ਾਹੀ ਕਾਗ਼ਜ਼ ਵੰਡ ਨਾ ਕੋਇ ਵੰਡਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਹਰਿਜਨ ਹਰਿ ਭਗਤ ਪ੍ਰੇਮ ਪ੍ਰੀਤੀ ਅੰਦਰ ਜਿੱਤਨਾ, ਜੀਵਤ ਜੀ ਜਾਗਰਤ ਜੋਤ ਵਿਚ ਸਮਾਈਆ ।


੬੩੫
੧੯

## ✪ ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਈਸ਼ਰ ਸਿੰਘ ਕੇ ਗ੍ਰਿਹ ਪਿੰਡ ਦੜ ਜੰਮੂ ✪

ਜਨ ਭਗਤ ਤੇਰਾ ਸਤਿ ਸਰੂਪ, ਤੱਤਾਂ ਪੜਦਾ ਓਹਲਾ ਆਪ ਰਖਾਈਆ । ਤੇਰਾ ਮਾਲਕ ਦਾਤਾ ਦਾਨੀ ਏਕਾ ਸ਼ਾਹੋ ਭੂਪ, ਪਾਰਬ੍ਰਹਮ ਪਤਿਪਰਮੇਸ਼ਵਰ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਜੁਗ ਚੌਕੜੀ ਏਕਾ ਰੰਗ ਏਕਾ ਰੂਪ, ਰੇਖ ਭੇਖ ਇਕੋ ਇਕ ਵਖਾਈਆ । ਇਕੋ ਗ੍ਰਿਹ ਘਰ ਘਰਾਨਾ ਲੇਖਾ ਚਾਰ ਕੂਟ, ਦਹਿ ਦਿਸ਼ਾ ਮਿਲੇ ਵਡਿਆਈਆ । ਇਕੋ ਨੂਰ ਜੋਤੀ ਦੀਪਕ ਜਾਗਰਤ ਰੂਪ ਜਗੇ ਮਹਾਨਾ, ਸਤਿ ਸਤਿਵਾਦ ਨਜ਼ਰੀ ਆਈਆ । ਇਕੋ ਨਾਮ ਸ਼ਬਦ ਧੁਨ ਧੁਰ ਦਾ ਗਾਣਾ, ਗਾਵਤ ਗਾ ਗਾ ਖ਼ੁਸ਼ੀ ਮਨਾਈਆ । ਏਕਾ ਪੁਰਖ ਏਕਾ ਭਗਵੰਤ ਏਕਾ ਸ੍ਰੀ ਭਗਵਾਨਾ, ਭਗਵਨ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਹਰਿ ਆਪਣੇ ਵਿਚ ਟਿਕਾਈਆ । ਜਨ ਭਗਤ ਤੇਰੀ ਮਹਿੰਮਾ ਅਕਥ, ਸ਼ਾਸਤਰ ਸਿਮਰਤ ਵੇਦ ਪੁਰਨ ਕਹਿਣ ਕੋਇ ਨਾ ਪਾਈਆ । ਤੇਰਾ ਮਾਲਕ ਦਾਤਾ ਸਚ ਸਵਾਮੀ ਸਮਰਥ, ਪੁਰਖ ਅਕਾਲ ਦੀਨ ਦਿਆਲ ਬੇਪਰਵਾਹੀਆ । ਜੋ ਸਦਾ ਸਦਾ ਨਿਤ ਨਵਿਤ ਆਤਮ ਪਰਮਾਤਮ ਸਾਂਝਾ ਰਖੇ ਜਸ, ਹਿੱਸੇ ਵਾਲੀ ਵੰਡ ਨਾ ਕੋਈ ਵੰਡਾਈਆ । ਨਿਰਗੁਣ ਹੋ ਕੇ ਸਰਗੁਣ ਮਿਲਦਾ ਰਹੇ ਹੱਸ ਹੱਸ, ਹਸਤੀ ਮਸਤੀ ਨਾਮ ਖ਼ੁਮਾਰੀ ਧੁਰ ਦੀ ਇਕ ਚੜ੍ਹਾਈਆ । ਪਿਆਰ ਅੰਦਰ ਕਰ ਕੇ ਵਸ, ਮਹਿਬੂਬ

ਹੋ ਕੇ ਮਹਿਵ ਆਪਣਾ ਰੰਗ ਰੰਗਾਈਆ । ਇਸ਼ਾਰੇ ਅੰਤਰ ਨਿਰੰਤਰ ਨਿਜ ਨੇਤਰ ਖੋਲ੍ਹੇ ਅੱਖ, ਪਰਤੱਖ ਰੂਪ ਨਜ਼ਰ ਆਏ ਗੋਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਨਾਅਰਾ ਬੋਲ ਇਕ ਅਲੱਖ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਦੇਵਣਹਾਰ ਵਡਿਆਈਆ । ਜਨ ਭਗਤ ਤੇਰਾ ਮੰਦਰ ਸੁਹੇਲਾ, ਸਾਹਿਬ ਸਵਾਮੀ ਅੰਤਰਜਾਮੀ ਆਪ ਮਨਾਈਆ । ਜਿਥੇ ਵਸੇ ਏਕਾ ਏਕੰਕਾਰ ਅਕੇਲਾ, ਅਕਲ ਕਲਧਾਰੀ ਸੋਭਾ ਪਾਈਆ । ਸਿੱਧਾ ਭਗਤਾਂ ਕਰਦਾ ਰਹੇ ਮੇਲਾ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਬਣਿਆ ਰਹੇ ਸੱਜਣ ਸੁਹੇਲਾ, ਧੁਰ ਦਾ ਸੰਗੀ ਬਹੁਰੰਗੀ ਫੇਰਾ ਪਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਸੁਹਾਵਣਹਾਰਾ ਵੇਲਾ, ਦਰ ਦਰਬਾਰ ਦਰ ਆਪਣੇ ਹੱਥ ਰਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਜਣ ਸ਼ਹਿਨਸ਼ਾਹੀਆ । ਜਨ ਭਗਤ ਤੇਰਾ ਮਹੱਲ ਅਟਲ ਉਚ ਮੁਨਾਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਦੀਆ ਬਾਤੀ ਜਗੇ ਅਗੰਮ ਅਪਾਰ, ਨਿਰਗੁਣ ਨੂਰ ਹੋਵੇ ਰੁਸ਼ਨਾਈਆ । ਸ਼ਬਦ ਨਾਦ ਵੱਜੇ ਧੁਨਕਾਰ, ਧੁਰ ਦਾ ਰਾਗ ਅਲਾਈਆ । ਸਾਚੀ ਸਖ਼ੀਆਂ ਮੰਗਲਾਚਾਰ, ਗੀਤ ਗੋਬਿੰਦ ਸੁਣਾਈਆ । ਝਗੜਾ ਮੁਕੇ ਪੁਰਖ ਨਾਰ, ਨਾਰ ਕੰਤ ਇਕੋ ਰੰਗ ਵਟਾਈਆ । ਸਾਚਾ ਦਰ ਸੋਹੇ ਬੰਕ ਦਵਾਰ ਦਰ ਦਰਬਾਰ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਹਿੱਸਾ ਪੂਰਬ ਇੱਛਾ ਹਰਿਜਨ ਝੋਲੀ ਪਾਈਆ ।



## ✪ ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਪਰਤਾਪ ਸਿੰਘ ਦੇ ਗ੍ਰਿਹਿ ਪਿੰਡ ਦੜ ਜ਼ਿਲਾ ਜੰਮੂ ✪

ਜਨ ਭਗਤ ਤੇਰਾ ਰਾਹ ਤੱਕਣ ਚੌਦਾਂ ਲੋਕ, ਬ੍ਰਹਿਮੰਡ ਖੰਡ ਰਾਹ ਤਕਾਈਆ । ਗੁਰ ਅਵਤਾਰ ਪੈਗ਼ੰਬਰ ਸੁਣਨ ਇਕ ਸਲੋਕ, ਸੋਹੰ ਢੋਲਾ ਚਾਈਂ ਚਾਈਂਆ । ਪਰਕਾਸ਼ ਤੱਕਣ ਨਿਰਮਲ ਜੋਤ, ਵਿਸ਼ਨ ਬ੍ਰਹਮਾ ਸ਼ਿਵ ਅੱਖ ਖੁਲ੍ਹਾਈਆ । ਸਾਧ ਸੰਤ ਫ਼ਕੀਰ ਮਾਨਣ ਮੌਜ, ਮਜਲਸ ਵੇਖ ਬੇਪਰਵਾਹੀਆ । ਆਪਣੀ ਆਪ ਮਿਟਾ ਕੇ ਸੋਚ, ਸਮਝ ਵਿਚੋਂ ਸਮਝ ਗਏ ਗਵਾਈਆ । ਜਨ ਭਗਤ ਤੱਕਣ ਬਿਨਾ ਤਕੱਲਫ਼ ਮਿਲੀ ਮੌਜ, ਮੁਕੰਮਲ ਆਪਣਾ ਰੰਗ ਚੜ੍ਹਾਈਆ । ਜੰਗਲਾਂ ਕਰਨੀ ਪਏ ਨਾ ਖੋਜ, ਟਿੱਲੇ ਪਰਬਤ ਕੋਇ ਨਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਦਏ ਵਖਾਈਆ । ਜਨ ਭਗਤ ਤੇਰਾ ਨਿਰਾਲਾ ਗ੍ਰਿਹਿ, ਗ੍ਰਿਹਿਸਤੀ ਮਿਲੇ ਮਾਣ ਵਡਿਆਈਆ । ਜਿਸ ਘਰ ਸਵਾਮੀ ਰਹੇ, ਪਤਿਪਰਮੇਸ਼ਵਰ ਸੋਭਾ ਪਾਈਆ । ਸਚ ਭੰਡਾਰਾ ਅੰਮ੍ਰਿਤ ਦਏ, ਦਾਤਾ ਦਾਨੀ ਝੋਲੀ ਪਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਕਹੇ, ਕਹਿ ਕਹਿ ਆਪਣੀ ਖ਼ੁਸ਼ੀ ਮਨਾਈਆ । ਸਚ ਪਿਆਰ ਵਗਾ ਕੇ ਨੈਂ, ਨਈਆ ਨੌਕਾ ਨਾਮ ਚੜ੍ਹਾਈਆ । ਨਿਰਗੁਣ ਵਸਤ ਅਮੋਲਕ ਦੇ ਕੇ ਸ਼ੈ, ਸ਼ਹਿਨਸ਼ਾਹ ਆਪਣਾ ਘਰ ਸਮਝਾਈਆ । ਜਿਥੇ ਗੁਰਮੁਖ ਸੱਜਣ ਬਹੈ, ਬਹਿਸ਼ਤ ਸਵਰਗ ਦੋਵੇਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਤੇਰਾ ਘਰ ਸੁਹੰਜਣਾ, ਸੋਭਾਵੰਤ ਸੁਹਾਈਆ । ਦੀਪਕ ਜੋਤ ਜਗੇ ਨਿਰੰਜਣਾ, ਨੂਰ ਜਹੂਰ ਕਰੇ ਰੁਸ਼ਨਾਈਆ । ਸਾਹਿਬ ਸਤਿਗੁਰ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਈਆ । ਦਰਗਾਹ ਸਾਚੀ ਬਣੇ ਸੱਜਣਾ, ਸਗਲਾ

ਸੰਗ ਰਖਾਈਆ । ਨੇਤਰ ਲੋਚਣ ਨੈਣ ਪਾਵੇ ਕਜਲਾ, ਅਗਿਆਨ ਅੰਧੇਰ ਮਿਟਾਈਆ । ਚਰਨ ਧੂੜ ਕਰਾਏ ਮਜਨਾ, ਦੁਰਮਤ ਮੈਲ ਧੁਆਈਆ । ਸਾਚੀ ਦੱਸੇ ਧੁਰ ਦੀ ਬੰਦਨਾ, ਬੰਦਗੀ ਸੀਸ ਜਗਦੀਸ ਵਖਾਈਆ । ਆਤਮ ਦੇ ਕੇ ਪਰਮਾਨੰਦਨਾ, ਨਿਜਾਨੰਦ ਕਰੇ ਰਸਾਈਆ । ਦੂਜਾ ਦਰ ਪਏ ਨਾ ਮੰਗਨਾ, ਸਚ ਭੰਡਾਰਾ ਝੋਲੀ ਦੇਵੇ ਪਾਈਆ । ਭਾਗ ਲਗਾਏ ਕਾਇਆ ਬੰਗਲਾ, ਮੰਗਲਾਚਾਰ ਇਕੋ ਇਕ ਸੁਣਾਈਆ । ਪੁਰਖ ਅਕਾਲ ਸਾਹਿਬ ਮਿਲੇ ਰੰਗਲਾ, ਰੰਗ ਰਤੜਾ ਵੇਖ ਵਖਾਈਆ । ਜਿਸ ਦੀ ਏਥੇ ਓਥੇ ਕੋਈ ਨਾ ਵੰਡਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਤੇਰੀ ਮੰਜ਼ਲ ਹੱਕ, ਧੁਰ ਦੇ ਹੁਕਮ ਨਾਲ ਬਣਾਈਆ । ਜਿਥੇ ਰਹੇ ਕੋਈ ਨਾ ਸ਼ੱਕ, ਸ਼ਕਾਇਤ ਕਰ ਨਾ ਕੋਈ ਸੁਣਾਈਆ । ਅਗਨੀ ਤਪੇ ਕੋਈ ਨਾ ਮੱਠ, ਕੂੜੀ ਵੱਜੇ ਨਾ ਕੋਇ ਵਧਾਈਆ । ਤੀਰਥ ਦਿਸੇ ਨਾ ਅੱਠ ਸੱਠ, ਜਗਤ ਧਾਰ ਨਾ ਕੋਈ ਜਣਾਈਆ । ਵਣਜਾਰਾ ਬਹੇ ਕੋਈ ਨਾ ਹੱਟ, ਹੱਟੋ ਹੱਟ ਨਾ ਕੋਇ ਫਿਰਾਈਆ । ਇਕੋ ਮੇਲਾ ਪੁਰਖ ਸਮਰਥ, ਜੋ ਸਭ ਦਾ ਪਿਤਾ ਮਾਈਆ । ਨਿਜ ਨੇਤਰ ਖੋਲ੍ਹੇ ਅੱਖ, ਬਾਹਰੋਂ ਕਰੇ ਨਾ ਕੋਇ ਪੜ੍ਹਾਈਆ । ਪਿਆਰ ਮੁਹੱਬਤ ਵਿਚ ਕਰ ਕੇ ਵਸ, ਵਸਲ ਯਾਰ ਦਏ ਸਮਝਾਈਆ । ਨਾਤਾ ਜੋੜ ਕੇ ਧੁਰ ਦਾ ਸਚ, ਸਤਿ ਸਤਿਵਾਦੀ ਮੇਲ ਮਿਲਾਈਆ । ਮਾਰਗ ਮਹਿਬੂਬ ਹੋ ਕੇ ਦੇਵੇ ਦੱਸ, ਦਹਿ ਦਿਸ਼ਾ ਪੰਧ ਚੁਕਾਈਆ । ਜਨ ਭਗਤਾਂ ਸਾਚਾ ਦੱਸ ਕੇ ਆਪਣਾ ਜਸ, ਢੋਲਾ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਛੋੜਾ ਰਹਿਣ ਨਾ ਦੇਵੇ ਵੱਖ, ਵਾਸਤਾ ਆਪਣੇ ਨਾਲ ਰਖਾਈਆ ।


੬੩੭
੧੯

✪ ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਪਰਕਾਸ਼ ਸਿੰਘ ਦੇ ਘਰ ਪਿੰਡ ਦੜ ਜੰਮੂ ✪

ਜਨ ਭਗਤ ਤੇਰਾ ਝਗੜਾ ਰਹੇ ਨਾ ਪ੍ਰਿਥਮੀ ਆਕਾਸ਼, ਗਗਨ ਮੰਡਲ ਨਾ ਕੋਇ ਲੜਾਈਆ । ਮੰਡਲ ਰਹੇ ਕੋਈ ਨਾ ਰਾਸ, ਗੋਪੀ ਕਾਹਨ ਨਾ ਕੋਇ ਨਚਾਈਆ । ਸੁਰਤੀ ਹੋਵੇ ਕਿਸੇ ਨਾ ਦਾਸ, ਸੇਵਕ ਸੇਵ ਨਾ ਕੋਇ ਕਮਾਈਆ । ਮਨੂਆ ਮਨ ਨਾ ਕਰੇ ਘਾਤ, ਦਾਓ ਚਲੇ ਨਾ ਕੋਇ ਚਤੁਰਾਈਆ । ਜਗਤ ਆਏ ਨਾ ਅੰਧੇਰੀ ਰਾਤ, ਕੂੜ ਅੰਧੇਰ ਨਾ ਕੋਇ ਛੁਪਾਈਆ । ਇਕੋ ਮੇਲਾ ਮਿਲੇ ਪੁਰਖ ਸਮਰਾਥ, ਜੋ ਬਖ਼ਸ਼ਣਹਾਰ ਬੇਪਰਵਾਹੀਆ । ਪੂਰਾ ਕਰ ਭਵਿਖਤ ਵਾਕ, ਵਾਕਫਕਾਰ ਅਗਲਾ ਲਏ ਬਣਾਈਆ । ਦੁਰਮਤ ਮੈਲ ਅੰਦਰੋਂ ਕਾਟ, ਬਾਹਰੋਂ ਬ੍ਰਹਮ ਕਰੇ ਸਫ਼ਾਈਆ । ਜਨਮ ਜਨਮ ਦੀ ਮੇਟੇ ਵਾਟ, (ਵੰਕਾ) ਧੁਰ ਦਾ ਰੰਗ ਚੜ੍ਹਾਈਆ । ਸਦਾ ਸੁਹੇਲਾ ਵਸੇ ਸਾਥ, ਸਗਲਾ ਸੰਗ ਨਿਭਾਈਆ । ਮਾਲਕ ਹੋ ਕੇ ਕਮਲਾਪਾਤ, ਪਤਿਪਰਮੇਸ਼ਵਰ ਹੋ ਕੇ ਵੇਖ ਵਖਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਦੱਸ ਕੇ ਇਕੋ ਜਾਤ, ਜੇਰ ਜਬਰ ਦੀ ਕਰੇ ਨਾ ਕੋਈ ਪੜ੍ਹਾਈਆ । ਸਚ ਪ੍ਰੀਤੀ ਜੋੜ ਕੇ ਨਾਤ, ਨੇਤਰ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਵਸੇ ਪਾਸ, ਪਾਸਾ ਦੂਨੀ ਵਾਲਾ ਉਲਟਾਈਆ । ਜਨ ਭਗਤ ਤੇਰੀ ਕੋਈ ਨਾ ਜਾਣੇ ਹੱਦ, ਹਦੂਦ ਸਮਝ ਕੋਇ ਨਾ ਪਾਈਆ । ਤੇਰਾ ਨੂਰ ਪੁਰਖ ਅਕਾਲ ਦੀ ਯਦ, ਪਿਤਾ ਪੂਤ ਰੀਤੀ ਚਲੀ ਆਈਆ । ਜੁਗ ਚੌਕੜੀ ਹੁਕਮ ਅੰਦਰ ਲਵੇ ਸਦ, ਹੁਕਮੇ ਅੰਦਰ ਹੁਕਮ ਮਨਾਈਆ । ਆਪਣੀ ਧਾਰੋਂ ਲਏ ਕੱਢ, ਪੰਜ ਤਤ ਨਾਤਾ

ਮਾਨਵ ਜਾਤੀ ਲਏ ਬਣਾਈਆ । ਲੋਕਮਾਤ ਰਹਿਣ ਨਾ ਦੇਵੇ ਅੱਡ, ਨਿਰਗੁਣ ਹੋ ਕੇ ਸਰਗੁਣ ਵੇਖ ਵਖਾਈਆ । ਅੰਦਰ ਵੜ ਕੇ ਦੱਸੇ ਧੁਰ ਦਾ ਛੰਦ, ਛੰਦ ਇਕੋ ਇਕ ਸੁਣਾਈਆ । ਸਚ ਪ੍ਰੇਮ ਦਾ ਦੇ ਕੇ ਅਨੰਦ, ਚੰਦ ਨੂਰ ਕਰੇ ਰੁਸ਼ਨਾਈਆ । ਲੇਖਾ ਚੁਕਾ ਕੇ ਬੰਦ ਬੰਦ, ਬੰਦਗੀ ਇਕੋ ਦਏ ਦ੍ਰਿੜ੍ਹਾਈਆ । ਭਗਤ ਸੁਹੇਲਾ ਇਕ ਅਕੇਲਾ ਵਾਹੋ ਦਾਹੀ ਮਾਰੇ ਪੰਧ, ਵੇਖਣਹਾਰ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਸਦਾ ਬਖ਼ਸ਼ੰਦ, ਤੱਤਾਂ ਦਾ ਲੇਖਾ ਲੇਖੇ ਵਿਚ ਲੇਖੇ ਲਏ ਲਗਾਈਆ ।

✪ ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਝੰਡੂ ਰਾਮ ਦੇ ਗ੍ਰਿਹ ਪਿੰਡ ਜਿਉੜੀਆਂ ਜ਼ਿਲਾ ਜੰਮੂ ✪

ਜਨ ਭਗਤ ਰਹੇ ਨਾ ਹਉਮੇ ਹੰਗਤਾ, ਹੰ ਬ੍ਰਹਮ ਪਾਰਬ੍ਰਹਮ ਮੇਲ ਮਿਲਾਈਆ । ਦੂਜੇ ਦਰ ਨਾ ਹੋਵੇ ਮੰਗਤਾ, ਭਿਖਾਰੀ ਬਣ ਨਾ ਅਲਖ ਜਗਾਈਆ । ਨਾਤਾ ਜੁੜ ਕੇ ਸਾਚੀ ਸੰਗਤਾ, ਹਰਿਜਨ ਹਰਿ ਹਰਿ ਮਿਲ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਕਾਇਆ ਚੋਲੀ ਰੰਗਦਾ, ਕੰਚਨ ਗੜ੍ਹ ਇਕ ਸੁਹਾਈਆ । ਜਨ ਭਗਤ ਖੇਲ ਵਖਾਏ ਸੂਰੇ ਸਰਬੰਗ ਦਾ, ਸਾਹਿਬ ਸਵਾਮੀ ਦਇਆ ਕਮਾਈਆ । ਪੜਦਾ ਉਠਾਏ ਨਿਜਾਨੰਦ ਦਾ, ਅੰਮ੍ਰਿਤ ਝਿਰਨਾ ਦਏ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਸਦਾ ਦਰਸ਼ਨ ਤੱਕੇ ਨਿਜ ਨੈਣ, ਜਗਤ ਅੱਖ ਨਾ ਕੋਇ ਵਡਿਆਈਆ । ਪੁਰਖ ਅਬਿਨਾਸ਼ੀ ਮਿਲੇ ਧੁਰ ਦਾ ਸਾਕ ਸੈਣ, ਸੱਜਣ ਇਕੋ ਬੇਪਰਵਾਹੀਆ । ਜਨਮ ਕਰਮ ਦਾ ਬਣਾਏ ਲਹਿਣਾ ਦੇਣ, ਪੂਰਬ ਲੇਖਾ ਝੋਲੀ ਪਾਈਆ । ਨਾਮ ਅਗੰਮੜਾ ਦੇਵੇ ਸਚ ਰਸਾਇਣ, ਧੁਰ ਦੀ ਦਾਤ ਆਪ ਵਰਤਾਈਆ । ਤੂੰ ਮੇਰਾ ਮੈਂ ਤੇਰਾ ਭਗਤ ਸੁਹੇਲੇ ਸਦਾ ਕਹਿਣ, ਗੁਰਮੁਖ ਗਾ ਗਾ ਖ਼ੁਸ਼ੀ ਮਨਾਈਆ । ਸਚਖੰਡ ਦਵਾਰੇ ਸਤਿ ਸਤਿਵਾਦੀ ਹੋ ਕੇ ਬਹਿਣ, ਸਚ ਸਚ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬਖ਼ਸ਼ੇ ਇਕ ਸਰਨਾਈਆ । ਜਨ ਭਗਤ ਪ੍ਰਭ ਦਾ ਬਣੇ ਯਾਚਕ, ਯਥਰਾਥ ਸੇਵ ਕਮਾਈਆ । ਅੱਖਰਾਂ ਦੀ ਲੋੜ ਰਹੇ ਨਾ ਵਾਚਕ, ਵਿਦਿਆ ਵਿਚ ਨਾ ਕੋਇ ਚਤੁਰਾਈਆ । ਮਨੂਆ ਮਨ ਹੋਵੇ ਸਾਂਤਕ, ਅੰਮ੍ਰਿਤ ਮੇਘ ਸਾਹਿਬ ਸਤਿਗੁਰ ਇਕ ਬਰਸਾਈਆ । ਕੂੜੀ ਕਿਰਿਆ ਰਹੇ ਨਾ ਨਾਸਤਕ, ਵਾਸਤਵਕ ਨਾਤਾ ਇਕੋ ਨਾਲ ਰਖਾਈਆ । ਜਿਸ ਦੀ ਮਹਿੰਮਾ ਕਰਦੇ ਸਿਮਰਤ ਸ਼ਾਸਤਰ, ਸ਼ੱਤਰੂ ਅੰਦਰੋਂ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੇਖੇ ਲਾਏ ਸਵਾਰਥ, ਸਾਹ ਸਾਹ ਆਪਣਾ ਨਾਮ ਜਪਾਈਆ । ਜਨ ਭਗਤ ਕਦੇ ਨਾ ਹੋਵੇ ਦਰਵੇਸ਼, ਜਗਤ ਦਵਾਰਾ ਮੰਗਣ ਕਦੇ ਨਾ ਜਾਈਆ । ਇਕੋ ਮਾਲਕ ਮਿਲੇ ਨਰ ਨਰੇਸ਼, ਨਰ ਨਰਾਇਣ ਧੁਰਦਰਗਾਹੀਆ । ਆਦਿ ਜੁਗਾਦਿ ਜੁਗ ਚੌਕੜੀ ਰਹੇ ਹਮੇਸ਼, ਨਿਰਗੁਣ ਹੋ ਕੇ ਸਰਗੁਣ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰਾਂ ਜਨ ਭਗਤਾਂ ਦੇਂਦਾ ਰਹੇ ਨਾਮ ਸੰਦੇਸ਼, ਕਲਮਾ ਕਾਇਨਾਤ ਪੜ੍ਹਾਈਆ । ਜਿਸ ਦਾ ਅੱਖਰਾਂ ਦਾ ਬਾਹਰ ਉਪਦੇਸ਼, ਸਿਫ਼ਤਾਂ ਤੋਂ ਪਰੇ ਸਾਫ਼ ਦਏ ਦ੍ਰਿੜ੍ਹਾਈਆ । ਜਿਸ ਦਾ ਕ਼ਲਮ ਸ਼ਾਹੀ ਲਿਖੇ ਕੋਈ ਨਾ ਲੇਖ, ਬੇਅੰਤ ਕਹਿ ਕੇ ਸਾਰੇ ਪੱਲੂ ਗਏ



੬੩੮
੧੯

ਛੁਡਾਈਆ । ਸੋ ਸਵਾਮੀ ਅੰਤਰਜਾਮੀ ਜਨ ਭਗਤਾਂ ਦੱਸੇ ਵੇਸ, ਗ੍ਰਿਹ ਮੰਦਰ ਡੇਰਾ ਲਾਈਆ । ਜਿਸ ਦੀ ਲੱਭੇ ਕਿਸੇ ਨਾ ਰੇਖ, ਰੂਪ ਰੰਗ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਜਨ ਭਗਤ ਕਦੇ ਨਾ ਹੋਵੇ ਨਿਰਾਸਾ, ਆਸਾ ਆਸਾ ਵਿਚੋਂ ਬਦਲਾਈਆ । ਪੁਰਖ ਅਬਿਨਾਸ਼ੀ ਦੇਵੇ ਸਾਥਾ, ਆਤਮ ਪਰਮਾਤਮ ਮੇਲ ਮਿਲਾਈਆ । ਏਥੇ ਓਥੇ ਦੋ ਜਹਾਨਾਂ ਹੋਵੇ ਰਾਖਾ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਨਿਰਗੁਣ ਨੂਰ ਜੋੜ ਕੇ ਨਾਤਾ, ਸਰਗੁਣ ਮੇਲਾ ਸਹਿਜ ਸੁਭਾਈਆ । ਸਚਖੰਡ ਦਵਾਰੇ ਕਰੇ ਵਾਸਾ, ਜੋਤੀ ਜੋਤ ਜੋਤ ਮਿਲਾਈਆ । ਨਿਰਗੁਣ ਨੂਰ ਨੂਰ ਪਰਕਾਸ਼ਾ, ਅੰਧ ਅੰਧੇਰ ਦਏ ਗਵਾਈਆ । ਜੋ ਸ਼ਬਦੀ ਹੁਕਮ ਫ਼ਰਮਾਨ ਮੰਨਦੇ ਆਖਾ, ਆਖ਼ਰ ਮੰਜ਼ਲ ਚੜ੍ਹ ਕੇ ਧੁਰ ਸਵਾਮੀ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਜ਼ਰੀ ਆਏ ਸਾਖਿਆਤਾ, ਸਾਹਿਬ ਸੁਲਤਾਨ ਪੜਦਾ ਲਾਹੀਆ । ਜਨ ਭਗਤ ਦੂਸਰ ਕਿਸੇ ਨਾ ਹੋਵੇ ਮੁਰੀਦ, ਮੁਰਸ਼ਦ ਮੰਨਣ ਕੋਈ ਨਾ ਜਾਈਆ । ਘਰ ਸਵਾਮੀ ਠਾਕਰ ਕਰਾਏ ਆਪਣਾ ਦੀਦ, ਦਰਸ਼ਨ ਦੇਵੇ ਸ਼ਹਿਨਸ਼ਾਹੀਆ । ਜਨਮ ਕਰਮ ਦੀ ਪੂਰੀ ਕਰੇ ਉਮੀਦ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੱਥ ਰਖੇ ਸੀਸ ਸੀਸ ਜਗਦੀਸ਼, ਜਗਦੀਸ਼ਰ ਆਪਣੇ ਲੇਖੇ ਲਾਈਆ ।



## ✪ ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਸ਼ਿਵ ਦੇ ਗ੍ਰਿਹ ਜਿਉੜੀਆਂ ਜ਼ਿਲਾ ਜੰਮੂ ✪

੬੩੯
੧੯

ਜਨ ਭਗਤ ਕਦੇ ਨਾ ਹੋਵੇ ਹੈਰਾਨ, ਪਰੇਸ਼ਾਨੀ ਨਾ ਕੋਈ ਸੁਣਾਈਆ । ਮਾਲਕ ਮਿਲੇ ਇਕ ਸ੍ਰੀ ਭਗਵਾਨ, ਦੀਨ ਦੁਨੀ ਦੁੱਖ ਦਲਿਦ੍ਰ ਦਏ ਗਵਾਈਆ । ਸਚ ਵਖਾਏ ਨਿਸ਼ਾਨ, ਧਰਮ ਦਵਾਰੇ ਆਪ ਪਰਗਟਾਈਆ । ਸਤਿਗੁਰ ਹੋ ਕੇ ਹੋਵੇ ਮਿਹਰਵਾਨ, ਮਿਹਰ ਨਜ਼ਰ ਨਾਲ ਤਕਾਈਆ । ਸਚ ਧਰਮ ਦੇ ਗਿਆਨ, ਅਗਿਆਨ ਅੰਧੇਰਾ ਦਏ ਮਿਟਾਈਆ । ਦਰਗਾਹ ਸਾਚੀ ਬਖ਼ਸ਼ੇ ਮਾਣ, ਸਚਖੰਡ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਵੇਖ ਵਖਾਈਆ । ਜਨ ਭਗਤਾਂ ਅੰਦਰ ਕਦੇ ਨਾ ਆਵੇ ਉਦਾਸੀ, ਚਿੰਤਾ ਗ਼ਮ ਨਾ ਕੋਇ ਸਤਾਈਆ । ਗਲ ਰਹੇ ਨਾ ਜਮ ਕੀ ਫਾਸੀ, ਫ਼ੈਸਲਾ ਧੁਰ ਦਾ ਇਕ ਦ੍ਰਿੜਾਈਆ । ਮੇਲ ਮਿਲਾਏ ਸਚਖੰਡ ਨਿਵਾਸੀ, ਨਿਵਾਸ ਅਸਥਾਨ ਇਕ ਵਖਾਈਆ । ਜਿਥੇ ਨਿਰਗੁਣ ਨੂਰ ਜੋਤ ਪਰਕਾਸ਼ੀ, ਦੀਵਾ ਬਾਤੀ ਅਵਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਨ ਭਗਤਾਂ ਬਣਾਉਂਦਾ ਰਹੇ ਸਾਥੀ, ਸਖ਼ਾ ਸੁਹੇਲਾ ਹੋ ਕੇ ਜੋੜ ਜੁੜਾਈਆ । ਜਨ ਭਗਤ ਜਗ ਵਾਸਨਾ ਕਦੇ ਨਾ ਹੋਵੇ ਦੁੱਖੀ, ਦਲਿੱਦਰ ਵਿਚ ਕਦੇ ਨਾ ਆਈਆ । ਸ੍ਰੀ ਭਗਵਾਨ ਰਖਣਹਾਰਾ ਸੁਖੀ, ਸੁਖਆਸਣ ਆਤਮ ਸੇਜ ਦਏ ਬਣਾਈਆ । ਉਜਲ ਕਰੇ ਮਾਤ ਮੁਖੀ, ਮੁਖ ਅੰਤਰ ਦੁਰਮਤ ਮੈਲ ਧਵਾਈਆ । ਸਚ ਦਵਾਰੇ ਆਪਣੀ ਗੋਦੀ ਫਿਰੇ ਚੁੱਕੀ, ਚਾਰ ਕੁੰਟ ਮੰਜ਼ਲ ਆਪਣਾ ਪੰਧ ਮੁਕਾਈਆ । ਸ਼ਬਦੀ ਧਾਰ ਆਪਣੇ ਵਿਚ ਰਖੇ ਉਚੀ, ਰਚਨਾ ਬਾਹਰ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੁਰਤ

ਉਠਾਵੇ ਸੁੱਤੀ, ਆਲਸ ਨਿੰਦਰਾ ਦਏ ਗਵਾਈਆ । ਜਨ ਭਗਤ ਕਦੇ ਨਾ ਕਰੇ ਤਲਾਸ਼, ਲੱਭਣ ਬਨ ਕੋਇ ਨਾ ਜਾਈਆ । ਪੁਰਖ ਅਕਾਲ ਕਾਇਆ ਘਰ ਪੂਰੀ ਕਰੇ ਆਸ, ਆਸਣ ਸਿੰਘਾਸਣ ਸੋਭਾ ਪਾਈਆ । ਸਾਚੀ ਵਸਤ ਨਾਮ ਦੇਵੇ ਰਾਸ, ਰਹਿਬਰ ਹੋ ਕੇ ਰਸਤਾ ਦਏ ਸਮਝਾਈਆ । ਨਿਜ ਘਰ ਆਤਮ ਰਖੇ ਵਾਸ, ਪਰਮਾਤਮ ਪਰਮ ਪੁਰਖ ਵਡਿਆਈਆ । ਅਗਲੀ ਪਿਛਲੀ ਨਿਹਕਰਮੀ ਜਨਮ ਜਨਮ ਦੀ ਮੇਟੇ ਵਾਟ, ਕਿਰਿਆ ਕਾਂਡ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਵਿਆਪੀ ਪਰਤਾਪੀ ਹੋ ਕੇ ਵਸੇ ਪਾਸ, ਜਾਪੀ ਹੋ ਕੇ ਆਪਣਾ ਨਾਮ ਜਪਾਈਆ ।

### ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਭੋਲਾ ਰਾਮ ਦੇ ਗ੍ਰਹਿ ਪਿੰਡ ਜਿਉੜੀਆਂ ਜੰਮੂ

ਜਨ ਭਗਤ ਕਦੇ ਨਾ ਮਰਦਾ, ਮਰ ਜੀਵਤ ਰੂਪ ਵਟਾਈਆ । ਮਾਲਕ ਬਣੇ ਸਾਚੇ ਘਰ ਦਾ, ਸਚਖੰਡ ਦਵਾਰੇ ਸੋਭਾ ਪਾਈਆ । ਭੌ ਭੈ ਵਿਚ ਕਦੇ ਨਾ ਡਰਦਾ, ਭਿਆਨਕ ਰੂਪ ਨਾ ਕੋਇ ਸਤਾਈਆ । ਸਾਚੀ ਮੰਜ਼ਲ ਚੜ੍ਹਦਾ, ਭੱਜੇ ਵਾਹੋ ਦਾਹੀਆ । ਇਕੋ ਢੋਲਾ ਪੜ੍ਹਦਾ, ਤੂੰ ਹੀ ਤੂੰ ਹੀ ਰਾਗ ਅਲਾਈਆ । ਬਿਨ ਅੱਖਾਂ ਦਰਸ਼ਨ ਕਰਦਾ, ਸਚ ਦਵਾਰੇ ਖ਼ੁਸ਼ੀ ਮਨਾਈਆ । ਸਰਨ ਸਰਨਾਈ ਸਾਚੀ ਪੜਦਾ, ਜਿਥੋਂ ਸਕੇ ਨਾ ਕੋਈ ਉਠਾਈਆ । ਪੁਰਖ ਅਕਾਲ ਅਗੰਮੀ ਲੜ ਫੜਦਾ, ਦੋ ਜਹਾਨ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਆਪ ਵਰਦਾ, ਵਾਰਤਾ ਪੂਰਬ ਵੇਖ ਵਖਾਈਆ ।



੬੪੦
੧੯

### ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਕਰਮੋ ਦੇਵੀ ਦੇ ਗ੍ਰਹਿ ਪਿੰਡ ਕਰਨਗੇਲ ਜੰਮੂ

ਜਨ ਭਗਤ ਕਦੇ ਨਾ ਆਵੇ ਵਿਚ ਚੁਰਾਸੀ, ਚਾਰੇ ਖਾਣੀ ਨਾ ਕੋਇ ਭਵਾਈਆ । ਜੁਗ ਚੌਕੜੀ ਮੇਲਾ ਮਿਲਦਾ ਰਹੇ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਆਪਣਾ ਜੋੜ ਜੁੜਾਈਆ । ਚਰਨ ਸੇਵਕ ਬਣਾਉਂਦਾ ਰਹੇ ਦਾਸੀ, ਦਾਸਨ ਦਾਸ ਦਏ ਵਡਿਆਈਆ । ਆਤਮ ਪਰਮਾਤਮ ਨਿਰਗੁਣ ਨਿਰਗੁਣ ਬਣਿਆ ਰਹੇ ਸਾਥੀ, ਸਰਗੁਣ ਸਾਚਾ ਸੰਗ ਵਖਾਈਆ । ਨਿਜ ਘਰ ਸਾਚੇ ਮੰਦਰ ਸਾਢੇ ਤਿੰਨ ਹੱਥ ਰਖੇ ਵਾਸੀ, ਨਿਵਾਸ ਅਸਥਾਨ ਇਕੋ ਇਕ ਸਮਝਾਈਆ । ਹਰਿਜਨ ਹਰਿ ਪੂਰੀ ਕਰੇ ਆਸੀ, ਅਸਲ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਮੁਕਾ ਕੇ ਜਮ ਕੀ ਫਾਂਸੀ, ਫ਼ੈਸਲਾ ਧੁਰ ਦਾ ਇਕ ਸੁਣਾਈਆ । ਜਨ ਭਗਤ ਚੁਰਾਸੀ ਭੋਗੇ ਮੂਲ ਨਾ ਸਜ਼ਾ, ਦਸ ਦਸ ਮਾਸ ਨਾ ਅਗਨ ਤਪਾਈਆ । ਸਦਾ ਪਰਮ ਪੁਰਖ ਦੀ ਚਲੇ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਦਏ ਵਡਿਆਈਆ । ਆਤਮ ਰਸ ਦਾ ਚੱਖੇ ਮਜ਼ਾ, ਮਿਜ਼ਾਜ ਅਵਰ ਨਾ ਕੋਇ ਬਦਲਾਈਆ । ਸਿਰ ਤੇ ਕੂਕੇ ਕੋਈ ਨਾ ਕਜ਼ਾ, ਕਹਿਰ ਸਕੇ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰਫ਼ੁਰਮਾਣ ਅੰਦਰ ਦੇਵੇ ਸੱਦਾ, ਸ਼ਬਦੀ ਹੁਕਮੀ ਹੁਕਮ ਸੁਣਾਈਆ । ਜਨ ਭਗਤ ਦੂਸਰ ਕਦੇ ਨਾ ਤੱਕੇ ਓਟ, ਸਹਾਰਾ ਅਵਰ

ਨਾ ਕੋਇ ਰਖਾਈਆ । ਆਤਮ ਮਿਲ ਕੇ ਨਿਰਮਲ ਜੋਤ, ਪਾਰਬ੍ਰਹਮ ਵਿਚ ਸਮਾਈਆ । ਭਾਗ ਲਗਾ ਕੇ ਕਾਇਆ ਕੋਟ, ਗੜ੍ਹ ਬੰਕ ਦਏ ਵਡਿਆਈਆ । ਝਗੜਾ ਮੁਕਾ ਕੇ ਮੁਕਤੀ ਮੋਖ, ਮੁਫ਼ਤ ਪ੍ਰਭ ਦੇ ਵਿਚ ਸਮਾਈਆ । ਅਗੇ ਰਹੇ ਕੋਈ ਨਾ ਸੋਚ, ਝਗੜਾ ਚੁੱਕੇ ਕੂੜ ਲੋਕਾਈਆ । ਦਰਸ਼ਨ ਪਾ ਕੇ ਨੇਤਰ ਲੋਚ, ਅੱਖ ਅੰਦਰੋਂ ਲਏ ਖੁਲ੍ਹਾਈਆ । ਸਚ ਦਵਾਰੇ ਮਾਣੇ ਮੌਜ, ਮਿਲ ਮਿਲ ਠਾਕਰ ਖ਼ੁਸ਼ੀ ਬਣਾਈਆ । ਅਬਿਨਾਸ਼ੀ ਕਰਤਾ ਕਰੇ ਚੋਜ, ਕਾਇਆ ਚੋਲੀ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕੋ ਜੋਗ, ਜੁਗਤੀ ਆਪਣਾ ਨਾਮ ਰਖਾਈਆ । ਜਨ ਭਗਤ ਕਦੇ ਨਾ ਮਾਰੇ ਆਹ, ਨਾਅਰਾ ਹੱਕ ਹੱਕ ਸੁਣਾਈਆ । ਸਾਚੀ ਮੰਜ਼ਲ ਚੜ੍ਹੇ ਰਾਹ, ਰਹਿਬਰ ਵੇਖੇ ਬੇਪਰਵਾਹੀਆ । ਵਿਛੋੜਾ ਰਹੇ ਨਾ ਕੋਈ ਜੁਦਾ, ਜੁਜ਼ ਵੰਡ ਨਾ ਕੋਈ ਵੰਡਾਈਆ । ਸਿੱਧਾ ਮਾਨਸ ਜਨਮ ਵਿਚ ਮਿਲੇ ਆ, ਦੂਜੀ ਖਾਣੀ ਨਾ ਕੋਇ ਵਖਾਈਆ । ਘਰ ਦੀਪਕ ਹੋਵੇ ਰੁਸ਼ਨਾ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਮੇਲਾ ਲਏ ਮਿਲਾ, ਚੇਲਾ ਗੁਰ ਗੁਰ ਚੇਲਾ ਇਕੋ ਰੂਪ ਵਖਾਈਆ ।

### ✪ ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਬੀਬੀ ਲੀਲਾ ਦੇਵੀ ਪਿੰਡ ਕਰ ਨਮਯਾਲ ਜੰਮੂ ✪

ਜਨ ਭਗਤ ਏਕਾ ਓਟ ਰਖੇ ਭਗਵੰਤ, ਦੂਸਰ ਆਸ ਨਾ ਕੋਇ ਰਖਾਈਆ । ਏਕਾ ਨਾਮ ਜਪੇ ਮਣੀਆਂ ਮੰਤ, ਮਨ ਵਾਸਨਾ ਬਾਹਰ ਕਢਾਈਆ । ਦੇਵੇ ਵਡਿਆਈ ਧੁਰ ਦਾ ਕੰਤ, ਪਾਰਬ੍ਰਹਮ ਬੇਪਰਵਾਹੀਆ । ਲੇਖਾ ਚੁਕੇ ਵਿਚੋਂ ਜੀਵ ਜੰਤ, ਚਾਰੇ ਖਾਣੀ ਖੰਡਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਈਆ । ਜਨ ਭਗਤ ਘਰ ਸਚ ਵਸੇਰਾ, ਨਿਹਚਲ ਧਾਮ ਮਿਲੇ ਵਡਿਆਈਆ । ਜਿਥੇ ਝਗੜਾ ਰਹੇ ਨਾ ਤੇਰਾ ਮੇਰਾ, ਆਤਮ ਪਰਮਾਤਮ ਵਿਚ ਸਮਾਈਆ । ਸਦਾ ਵਸਦਾ ਰਹੇ ਧੁਰ ਦਾ ਖੇੜਾ, ਸਚਖੰਡ ਦਵਾਰਾ ਸੋਭਾ ਪਾਈਆ । ਆਵਣ ਜਾਵਣ ਲੱਖ ਚੁਰਾਸੀ ਚੁੱਕੇ ਝੇੜਾ, ਜਨਮ ਮਰਨ ਵੰਡ ਨਾ ਕੋਈ ਵੰਡਾਈਆ । ਪੁਰਖ ਅਕਾਲਾ ਭਗਤਾਂ ਬੰਨ੍ਹੇ ਬੇੜਾ, ਸ਼ਬਦੀ ਡੋਰੀ ਤੰਦ ਆਪ ਬੰਧਾਈਆ । ਦੂਰ ਦੁਰਾਡਾ ਨਜ਼ਰੀ ਆਏ ਨੇੜਨ ਨੇੜਾ, ਨਿਰਗੁਣ ਨਿਰਵੈਰ ਨਿਰਾਕਾਰ ਪੜਦਾ ਦਏ ਉਠਾਈਆ । ਚਰਨ ਕਵਲ ਸਚ ਸਰਨਾਈ ਇਕੋ ਗ੍ਰਿਹ ਕਰਾਏ ਵਸੇਰਾ, ਬਾਕੀ ਵਿਸਰੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਟਣਹਾਰਾ ਕੂੜ ਅੰਧੇਰਾ, ਸਚ ਨਾਮ ਕਰੇ ਰੁਸ਼ਨਾਈਆ । ਜਨ ਭਗਤ ਕੂੜੀ ਕਿਰਿਆ ਕਦੇ ਨਾ ਚਾੜ੍ਹੇ ਰੰਗ, ਮਾਇਆ ਮਮਤਾ ਨਾ ਮੋਹ ਹਲਕਾਈਆ । ਇਕੋ ਸਾਹਿਬ ਦਾ ਰਖੇ ਸੰਗ,ਨਾਤੇ ਸਗਲੇ ਕੂੜ ਤੁੜਾਈਆ । ਪ੍ਰੇਮ ਪਿਆਰ ਦਾ ਵਜਾਉਂਦਾ ਰਹੇ ਸਦਾ ਮਰਦੰਗ, ਬਿਨ ਤੰਦ ਸਤਾਰ ਹਿਲਾਈਆ । ਜਨ ਭਗਤਾਂ ਵਿਚ ਮਾਣਦਾ ਰਹੇ ਅਨੰਦ, ਨਿਜਾਨੰਦ ਹੋਏ ਰਸਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਉਂਦਾ ਰਹੇ ਛੰਦ, ਸ਼ਮਾ ਦੀਪ ਜੋਤ ਕਰੇ ਰੁਸ਼ਨਾਈਆ । ਧੁਰ ਦੇ ਹੁਕਮ ਅੰਦਰ ਰਹੇ ਪਾਬੰਦ, ਬੰਦੀਖ਼ਾਨਾ ਕੂੜਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਨ ਭਗਤਾਂ ਬੇੜਾ ਬੰਨ੍ਹ, ਸਾਚੇ ਪੱਤਨ ਪਾਰ ਕਿਨਾਰ ਦਰਗਾਹ ਸਾਚੀ ਆਪ ਲਗਾਈਆ । ਜਨ ਭਗਤ ਦੂਜੇ ਦਰ ਮੰਗੇ ਕਦੇ ਨਾ ਭਿਛਿਆ, ਝੋਲੀ

ਜਗਤ ਨਾ ਕੋਇ ਵਖਾਈਆ । ਦੀਨ ਦੁਨੀ ਕੂੜੀ ਸ੍ਰਿਸ਼ਟੀ ਜਾਣੇ ਮਿਥਿਆ, ਬਿਨ ਹਰਿ ਅਵਰ ਨਾ ਕੋਇ ਸਹਾਈਆ । ਜਨ ਭਗਤ ਸਚ ਦਵਾਰੇ ਸਿੱਖੇ ਧੁਰ ਦੀ ਸਿਖਿਆ, ਜਗਤ ਵਿਦਿਆ ਕਰੇ ਨਾ ਕੋਇ ਪੜ੍ਹਾਈਆ । ਪੁਰਖ ਅਬਿਨਾਸ਼ੀ ਸਤਿ ਸਤਿਵਾਦੀ ਨਾਮ ਪਦਾਰਥ ਪਾਵੇ ਭਿੱਛਿਆ ਵਸਤ ਅਮੋਲਕ ਕਾਇਆ ਗੋਲਕ ਦਏ ਟਿਕਾਈਆ । ਬਿਨ ਕ਼ਲਮ ਸ਼ਾਹੀ ਲੇਖਾ ਜਾਏ ਲਿਖਿਆ, ਰੇਖਾ ਧੁਰ ਦੀ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੀਤਾ ਠਾਂਡਾ ਸੀਤਾ, ਵਸਣਹਾਰਾ ਧਾਮ ਅਨਡੀਠਾ, ਸਚ ਦਵਾਰਾ ਏਕੰਕਾਰਾ ਇਕੋ ਇਕ ਸੁਹਾਈਆ ।

## ੧੧ ਜੇਠ ਸ਼ਹਿਨਸ਼ਾਹੀ ਸੰਮਤ ੨ ਚੀਫ਼ ਇੰਨਜੀਨਿਅਰ ਆਰ੦ ਐਲ੦ ਸ਼ਰਮਾ ਕਰਨ ਨਗਰ ਜੰਮੂ

ਜੇਠ ਕਹੇ ਨਵ ਨੌਂ ਚਾਰ ਦਾ ਮੈਂ ਸ਼ੁਭ ਮਹੀਨਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਮੇਰਾ ਰਾਹ ਤਕਾਈਆ । ਮੈਂ ਵੇਖਾਂ ਖੇਲ ਸ਼ਾਹ ਸੁਲਤਾਨ ਪਰਮ ਪੁਰਖ ਪਰਬੀਨਾ, ਪਰਵਰਦਿਗਾਰ ਸਾਂਝਾ ਯਾਰ ਜਲਵਾਗਰ ਪੜਦਾ ਨੂਰ ਉਠਾਈਆ । ਭੇਵ ਅਭੇਦਾ ਖੋਲ੍ਹਾਂ ਲੱਖ ਚੁਰਾਸੀ ਨਰ ਮਦੀਨਾ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਕੋਟਨ ਕੋਟਾਂ ਵਿਚੋਂ ਗੁਰਮੁਖ ਸੰਤ ਸੁਹੇਲਾ ਤੱਕਾਂ ਜਗਤ ਨਗੀਨਾ, ਮਾਣਕ ਮੋਤੀ ਜਗਤੀ ਜੋਤੀ ਨੂਰ ਨੂਰ ਰੁਸ਼ਨਾਈਆ । ਖੇਲ ਵੇਖਾਂ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਲੋਕ ਤੀਨਾ, ਤ੍ਰੈਗੁਣ ਮਾਇਆ ਪੰਜ ਤਤ ਤਤਵ ਤਤ ਜਣਾਈਆ । ਸਜਦਾ ਕਰਾਂ ਹੱਕ ਸਲਾਮ ਧੁਰ ਦਰਗਾਹ ਯਾ ਮੁਬੀਨਾ, ਦਰੋਹੀ ਤੋਬਾ ਤੋਬਾ ਤੋਬ ਦੁਹਾਈਆ । ਮਨੂਆ ਮਨ ਜਗਤ ਵਾਸਨਾ ਧਾਰ ਵੇਖਾਂ ਕਮੀਨਾ, ਕਾਮਲ ਮੁਰਸ਼ਦ ਸ਼ਬਦ ਸਤਿਗੁਰ ਸਾਹਿਬ ਸਵਾਮੀ ਦਰਸ ਨਾ ਕਿਸੇ ਵਖਾਈਆ । ਅੰਤਰ ਅੰਤਰ ਨਰ ਨਰਾਇਣ ਕਾਇਆ ਮੰਦਰ ਅੰਦਰ ਬਿਨ ਰਸਨਾ ਜਿਹਵਾ ਕਿਸੇ ਨਾ ਚੀਨਾ, ਜਗਤ ਵਿਦਿਆ ਪੜ੍ਹ ਪੜ੍ਹ ਥੱਕੀ ਲੋਕਾਈਆ । ਸਤਿ ਸਰੂਪ ਸ਼ਾਹੋ ਭੂਪ ਜੋਬਨਵੰਤਾ ਜੋਤ ਅਕਾਲਣ ਨਿਰਗੁਣ ਧਾਰ ਵਡ ਹਸੀਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਮਾਲਕ ਖ਼ਾਲਕ ਵੇਖ ਵਖਾਈਆ । ਜੇਠ ਕਹੇ ਮੈਂ ਖ਼ੁਸ਼ੀਆਂ ਵਾਲਾ ਮਾਸ, ਗੁਰ ਅਵਤਾਰ ਪੈਗ਼ੰਬਰ ਮੇਰਾ ਧਿਆਨ ਲਗਾਈਆ । ਕੁਛ ਲੇਖਾ ਲਿਖ ਕੇ ਗਿਆ ਚਮਿਆਰ ਰਵਦਾਸ, ਰਵੀ ਆਪਣਾ ਧਿਆਨ ਲਗਾਈਆ । ਕਬੀਰ ਬਿਨ ਨੇਤਰਾਂ ਵੇਖ ਕੇ ਗਿਆ ਪਰਕਾਸ਼, ਮੰਜ਼ਲ ਚੜ੍ਹ ਕੇ ਖ਼ੁਸ਼ੀ ਮਨਾਈਆ । ਪੈਗ਼ੰਬਰ ਲੱਭਦੇ ਗਏ ਸਾਥ, ਈਸਾ ਮੂਸਾ ਮੁਹੰਮਦ ਦੇਣ ਦੁਹਾਈਆ । ਨਾਨਕ ਗੋਬਿੰਦ ਮੰਜ਼ਲ ਲੱਭਦੇ ਰਹੇ ਘਾਟ, ਭੱਜਣ ਵਾਹੋ ਦਾਹੀਆ । ਗੋਪੀ ਕਾਹਨ ਕਰਦੇ ਗਏ ਨਾਚ, ਨਿਰਗੁਣ ਸਰਗੁਣ ਖੇਲ ਕਰਾਈਆ । ਧੁਰ ਫ਼ਰਮਾਨਾ ਸ਼ਬਦ ਅਗੰਮੀ ਸਾਰੇ ਰਹੇ ਵਾਚ, ਵਾਚਕ ਹੋ ਕੇ ਕਰਨ ਪੜ੍ਹਾਈਆ । ਕੋਟਾਂ ਵਿਚੋਂ ਪਰਮ ਪੁਰਖ ਦਾ ਜਨ ਭਗਤ ਸੁਹੇਲੇ ਵਿਰਲੇ ਮਿਲਦਾ ਸਾਥ, ਸੱਜਣ ਮਿਲੇ ਬੇਪਰਵਾਹੀਆ । ਨਜ਼ਰ ਆਏ ਨਾਲ ਇਤਫ਼ਾਕ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਖੋਜ ਖੁਜਾਈਆ । ਜੇਠ ਕਹੇ ਮੈਂ ਆਇਆ ਜਗ, ਨਵ ਨੌਂ ਚਾਰ ਪੰਧ ਮੁਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਮੇਰਾ ਗਾਉਂਦੀ ਗਈ ਛੰਦ, ਛੰਦਾਂ ਵਿਚ ਧੁਰ ਦਾ ਰਾਗ ਅਲਾਈਆ । ਕ਼ਲਮ ਸ਼ਾਹੀ ਮੈਨੂੰ ਕਿਸੇ ਨਾ ਕੀਤਾ ਬੰਦ, ਕਾਤਬ ਚਲੀ ਨਾ ਕਿਸੇ ਚਤੁਰਾਈਆ । ਰਸਨਾ ਜਿਹਵਾ ਗਾ

ਗਾ ਗਏ ਬੱਤੀ ਦੰਦ, ਸਿਫ਼ਤਾਂ ਨਾਲ ਸਿਫ਼ਤ ਵਡਿਆਈਆ । ਬਿਨ ਪਰਮ ਪੁਰਖ ਦੇ ਮੇਰਾ ਜਾਨਿਆਂ ਨਾ ਕਿਸੇ ਅਗਲਾ ਸੰਗ, ਸੰਗੀ ਸਾਥੀ ਸਾਰੇ ਦੇਣ ਦੁਹਾਈਆ । ਮੇਰੇ ਗ੍ਰਿਹ ਮੰਦਰ ਘਰ ਬਿਨ ਦੀਵਾ ਬਾਤੀ ਕਮਲਾਪਾਤੀ ਨਿਰਗੁਣ ਨੂਰ ਚੜ੍ਹਾ ਕੇ ਚੰਦ, ਰਵ ਸਸ ਦੀ ਲੋੜ ਰਹੇ ਨਾ ਰਾਈਆ । ਸਦਾ ਸਵਾਮੀ ਅੰਤਰਜਾਮੀ ਨਿਝਰ ਧਾਰ ਦੇਵੇ ਪਰਮਾਨੰਦ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰ ਘਟ ਵੇਖੇ ਥਾਉਂ ਥਾਈਂਆ । ਜੇਠ ਕਹੇ ਮੈਂ ਗਿਆ ਜਾਗ, ਬਿਨ ਅੱਖਾਂ ਅੱਖ ਖੁਲ੍ਹਾਈਆ । ਧੁਰ ਫ਼ਰਮਾਨਾ ਸੁਣਿਆ ਰਾਗ, ਅਗੰਮੀ ਅਵਾਜ਼ ਬੇਪਰਵਾਹੀਆ । ਜਿਸ ਦਾ ਖੋਲ੍ਹ ਨਾ ਸਕੇ ਕੋਈ ਰਾਜ਼, ਜਗਤ ਸਿਆਸਤ ਕੰਮ ਕਿਸੇ ਨਾ ਆਈਆ । ਜੋ ਆਤਮ ਪਰਮਾਤਮ ਪਰਮਾਤਮ ਆਤਮ ਵਜਾਵਣਹਾਰਾ ਸਾਜ, ਤੰਦ ਰਬਾਬ ਇਕ ਹਿਲਾਈਆ । ਸੋ ਖੇਲੇ ਖੇਲ ਵਿਚ ਬ੍ਰਹਿਮਾਦ, ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਦੀਨ ਦੁਨੀ ਦਾਇਰੇ ਅੰਦਰੋਂ ਹੋ ਕੇ ਆਜ਼ਾਦ, ਕਲਮਾ ਹੱਕ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਵੁਜ਼ੂ ਨਮਾਜ਼, ਵਾਹਿਦ ਆਪਣਾ ਹੁਕਮ ਵਰਤਾਈਆ । ਜੇਠ ਕਹੇ ਮੈਂ ਆਇਆ ਆਪਣੀ ਵਾਰ, ਵਾਰਤਾ ਅਗਲੀ ਦਿਆਂ ਜਣਾਈਆ । ਲੇਖਾ ਮੁਕਾਵਾਂ ਜੁਗ ਚੌਕੜੀ ਚਾਰ, ਕਲਜੁਗ ਲਹਿਣਾ ਦਿਆਂ ਉਠਾਈਆ । ਮੈਨੂੰ ਸਜਦੇ ਕਰਦੇ ਦੋ ਜਹਾਨ ਹੋ ਕੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦਿਆਂ ਸੁਣਾਈਆ । ਇਕੋ ਤੱਕੋ ਸਾਂਝਾ ਯਾਰ, ਰਸੂਲਾਂ ਦਾ ਰਸੂਲ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕੋ ਇਕ ਦ੍ਰਿੜਾਈਆ । ਜੇਠ ਕਹੇ ਮੈਂ ਦੇਵਾਂ ਇਕ ਫ਼ਰਮਾਨ, ਫੁਰਨੇ ਸਭ ਦੇ ਬੰਦ ਕਰਾਈਆ ।
੬੪੩ ੧੯ ਖੇਲ ਵੇਖੇ ਵਾਲੀ ਦੋ ਜਹਾਨ, ਦੋਜ਼ਖ਼ ਬਹਿਸ਼ਤ ਦੋਵੇਂ ਦੇਣ ਦੁਹਾਈਆ । ਸਵਰਗ ਨਰਕ ਸਰਬ ਕੁਰਲਾਣ, ਕੂਕ ਕੂਕ ਸੁਣਾਈਆ । ਨਜ਼ਰੀ ਆਏ ੬੪੩ ੧੯
ਨਾ ਕਿਸੇ ਭਗਵਾਨ, ਸਾਖਿਆਤ ਦਰਸ ਕੋਇ ਨਾ ਪਾਈਆ । ਚਾਰੋਂ ਕੁੰਟ ਦਹਿ ਦਿਸ਼ਾ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਲੱਭਦੇ ਜੀਵ ਜਹਾਨ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਸਿਫ਼ਤਾਂ ਵਾਲਾ ਕਰਨ ਬਿਆਨ, ਅੱਖਰਾਂ ਵਾਲਾ ਲੇਖ ਵਖਾਈਆ । ਸਾਚੀ ਮੰਜ਼ਲ ਚੜ੍ਹੇ ਨਾ ਕੋਈ ਮਹਾਨ, ਮਹਿਬੂਬ ਮਿਲ ਕੇ ਖ਼ੁਸ਼ੀ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕ ਫ਼ਰਮਾਨ, ਸੰਦੇਸ਼ਾ ਇਕ ਸੁਣਾਈਆ । ਜੇਠ ਕਹੇ ਸੰਦੇਸ਼ਾ ਦੇਵਾਂ ਧੁਰ ਦਾ ਏਕ, ਏਕੰਕਾਰ ਰਿਹਾ ਜਣਾਈਆ । ਮਾਨਸ ਮਾਨਵ ਮਾਨੁੱਖ ਬੁਧੀ ਕਰਾਂ ਬਿਬੇਕ, ਵਿਵੇਕੀ ਆਪਣੀ ਧਾਰ ਪਰਗਟਾਈਆ । ਹਰ ਘਟ ਅੰਤਰ ਪਾਰਬ੍ਰਹਮ ਪਤਿਪਰਮੇਸ਼ਵਰ ਲਓ ਵੇਖ, ਆਤਮ ਬ੍ਰਹਮ ਪਾਰਬ੍ਰਹਮ ਰੰਗ ਰੰਗਾਈਆ । ਭਰਮੇ ਭੁੱਲੇ ਜਗਤ ਮਾਇਆ ਵਿਦਿਆ ਵਿਚ ਕਰੇ ਖੇਲ, ਪੜਦਾ ਓਹਲਾ ਨਾ ਕੋਇ ਚੁਕਾਈਆ । ਨਿਰਗੁਣ ਨਿਰਗੁਣ ਕਰੇ ਕੋਇ ਨਾ ਮੇਲ, ਸਰਗੁਣ ਵੱਜੇ ਨਾ ਕੋਇ ਵਧਾਈਆ । ਝਗੜਾ ਪਿਆ ਗੁਰੂ ਗੁਰ ਚੇਲ, ਮੁਰੀਦ ਮੁਰਸ਼ਦ ਮਿਲ ਕੇ ਖ਼ੁਸ਼ੀ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਦ੍ਰਿਸ਼ਟੀ ਸ੍ਰਿਸ਼ਟੀ ਇਸ਼ਟੀ ਕਰੇ ਖੇਲ, ਹੁਕਮ ਧੁਰ ਦਾ ਇਕ ਵਰਤਾਈਆ । ਜੇਠ ਕਹੇ ਮੈਂ ਦੇਵਾਂ ਇਕ ਸੰਦੇਸ਼, ਸੁਨੇਹੜਾ ਸਚ ਸੁਣਾਈਆ । ਚਾਰ ਵਰਨ ਅਠਾਰਾਂ ਬਰਨ ਬਦਲ ਜਾਣਾ ਭੇਖ, ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਦੀਨ ਦਿਆਲ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਸਭ ਨੇ ਕਰਨੀ ਇਕ ਆਦੇਸ, ਨਮੋ ਨਮੋ ਸੀਸ ਸਰਬ ਝੁਕਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਹਮੇਸ਼, ਭਾਣੇ ਅੰਦਰ ਆਪਣਾ ਹੋ ਕੇ ਆਪਣਾ ਹੁਕਮ ਵਰਤਾਈਆ । ਆਪਣਾ ਹੁਕਮ ਦੱਸੇ ਕਰਤਾਰ, ਕੁਦਰਤ ਕ਼ਾਦਰ ਵੇਖ ਵਖਾਈਆ । ਨਵ ਨੌ ਚਾਰ ਹੋਵੇ ਪਾਰ, ਨੌ ਸੱਤ ਪੜਦਾ ਦਏ ਉਠਾਈਆ । ਅੱਠ ਪੰਜ ਕਰੇ ਖ਼ਬਰਦਾਰ, ਪੰਚਮ ਪੰਚ ਪੰਚ ਸ਼ਨਵਾਈਆ । ਨਾਮ ਸੰਦੇਸ਼ਾ ਨਰ ਨਰਾਇਣ ਦੇ ਦੇ ਆਪਣੀ ਵਾਰ, ਇਕ ਇਕੱਲਾ ਸਚ ਮਹੱਲਾ ਕਾਇਆ ਖੇੜਾ ਲੱਖ ਚੁਰਾਸੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਧਾਰ ਇਕ ਬੰਧਾਈਆ । ਜੇਠ ਕਹੇ ਮੈਂ ਨੌ ਸੌ ਚੁਰਾਨਵੇਂ ਜੁਗ ਚੌਕੜੀ ਪਿਛੋਂ ਆਇਆ ਭੱਜਾ, ਬਣ ਕੇ ਪਾਂਧੀ ਪੰਧ ਮੁਕਾਈਆ । ਸਚ ਦਵਾਰ ਬਹਿ ਕੇ ਸਜਾ, ਪੁਰਖ ਅਬਿਨਾਸ਼ੀ ਦੇਵਣਹਾਰ ਵਡਿਆਈਆ । ਜਿਸ ਮੇਰਾ ਏਥੇ ਓਥੇ ਦੋ ਜਹਾਨਾਂ ਪੜਦਾ ਕੱਜਾ, ਸ਼ਬਦੀ ਓਢਣ ਸੀਸ ਟਿਕਾਈਆ । ਕੂੜੀ ਕਿਰਿਆ ਮਨ ਵਾਸਨਾ ਜੂਠ ਝੂਠ ਕਲਜੁਗ ਅੰਤਮ ਦੇਵੇ ਸਜ਼ਾ, ਬਚਿਆ ਕੋਇ ਰਹਿਣ ਨਾ ਪਾਈਆ । ਜਨ ਭਗਤਾਂ ਅੰਤਰ ਆਤਮ ਆਪਣੇ ਨਾਮ ਦਾ ਦੇਵੇ ਮਜ਼ਾ, ਮਜ਼ਾਕ ਵਿਚ ਰਖੇ ਸਰਬ ਲੋਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਅਛਲ ਛੱਲਧਾਰੀ, ਬਿਨ ਸਾਚੇ ਸੰਤਾਂ ਸਭ ਦੇ ਨਾਲ ਕਰੇ ਦਗ਼ਾ, ਬਗ਼ਾਵਤ ਵਿਚ ਸਖ਼ਾਵਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਜੇਠ ਕਹੇ ਮੈਂ ਆਇਆ ਪਰਤ, ਲੋਕਮਾਤ ਫੇਰਾ ਪਾਈਆ । ਵੇਖਿਆ ਖੇਲ ਉਪਰ ਧਰਤ, ਧਰਨੀ ਧਵਲ ਦਏ ਦੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਾਗ਼ਜ਼ ਕ਼ਲਮ ਸ਼ਾਹੀ ਨਾਲ ਲਾ ਕੇ ਗਏ ਸ਼ਰਤ, ਲੇਖਾ ਅੱਖਰਾਂ ਵਿਚ ਲਿਖਾਈਆ । ਅਬਿਨਾਸ਼ੀ ਕਰਤਾ ਚਾਰ ਵਰਨ ਅਠਾਰਾਂ ਬਰਨ ਸਾਚਾ ਮਾਰਗ ਸਿੱਧੀ ਦੱਸੇ ਇਕੋ ਸੜਕ, ਸਚਖੰਡ ਦਵਾਰਾ ਏਕੰਕਾਰਾ ਇਕੋ ਘਰ ਵਖਾਈਆ । ਜਨ ਭਗਤ ਚਲਾਏ ਦਇਆ ਕਮਾਏ ਆਪ ਨਿਧੜਕ, ਭੈ ਭੌ ਖਤਰਾ ਗ਼ਮ ਨਾ ਕੋਇ ਰਖਾਈਆ । ਕੂੜੀ ਕਿਰਿਆ ਮਨ ਵਾਸਨਾ ਜੂਠ ਝੂਠ ਮੇਟੇ ਹਰਸ, ਹਵਸ ਅਵਰ ਨਾ ਕੋਇ ਵਧਾਈਆ । ਮਿਹਰਵਾਨ ਹੋ ਕੇ ਮਹਿਬੂਬ ਕਰੇ ਤਰਸ, ਰਹਿਮਤ ਆਪਣੀ ਨਾਲ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਇਕ ਅਸਚਰਜ, ਅਚਰਜ ਵਿਚ ਅਚਰਜ ਹੋ ਕੇ ਜਾਏ ਸਮਾਈਆ । ਜੇਠ ਕਹੇ ਮੈਂ ਵੇਖਾਂ ਦੀਨ ਦੁਨੀ ਹਾਲ, ਹਾਲਤ ਸਭ ਦੀ ਖੋਜ ਖੁਜਾਈਆ । ਜਿਸ ਦਾ ਭਵਿਖਤਾਂ ਵਿਚ ਮਿਲਦਾ ਅਹਿਵਾਲ, ਰਾਗਾਂ ਨਾਦਾਂ ਸ਼ਬਦਾਂ ਵਿਚ ਢੋਲੇ ਗਾਈਆ । ਸੋ ਸਭ ਦਾ ਹਲ ਕਰੇ ਸਵਾਲ, ਜਵਾਬਤਲਬੀ ਵਿਚ ਫੇਰ ਰਖੇ ਲੋਕਾਈਆ । ਚਾਰ ਕੁੰਟ ਦਹਿ ਦਿਸ਼ਾ ਸੰਮਤ ਸ਼ਹਿਨਸ਼ਾਹੀ ਕੂਕੇ ਕਾਲ, ਡੰਕ ਵਜਾਵੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੰਤ ਸੁਹੇਲੇ ਲਏ ਭਾਲ, ਲੱਖ ਚੁਰਾਸੀ ਵਿਚੋਂ ਵੇਖ ਵਖਾਈਆ । ਸੰਤ ਸੁਹੇਲਾ ਸਤਿ ਸਰੂਪ ਮਾਨੁਖ, ਮਾਨਵ ਜਾਤੀ ਨਜ਼ਰੀ ਆਈਆ । ਦੂਈ ਦਵੈਤ ਰਹੇ ਕੋਈ ਨਾ ਦੁੱਖ, ਝਗੜਾ ਹਉਂ ਨਾ ਕੋਇ ਬਣਾਈਆ । ਆਤਮ ਪਰਮਾਤਮ ਇਕੋ ਜਾਣੇ ਸੁਖ, ਸਚ ਸਾਗਰ ਵਿਚ ਸਮਾਈਆ । ਘਰ ਸੁਹੰਜਣੀ ਹੋਵੇ ਰੁੱਤ, ਬਸੰਤ ਬਹਾਰ ਇਕ ਪਰਗਟਾਈਆ । ਦਿਵਸ ਰੈਣ ਅੱਠੇ ਪਹਿਰ ਘੜੀ ਪਲ ਸੁਰਤੀ ਸ਼ਬਦ ਰਹੇ ਖ਼ੁਸ਼, ਸਦਾ ਵਜਦੀ ਰਹੇ ਵਧਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਰਹੇ ਚੁੱਪ, ਸ਼ਬਦੀ ਨਾਦ ਧੁਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰੋਂ ਪਏ ਉਠ, ਨਿਰਗੁਣ ਹੋ ਕੇ ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਨੂਰ ਪਰਕਾਸ਼, ਪਰਕਾਸ਼ਵਾਨ ਦਇਆ ਕਮਾਈਆ ।


੬੪੪ ੧੯

ਸਤਿਜੁਗ ਤਰੇਤਾ ਦੁਆਪਰ ਕਲਜੁਗ ਜਿਸ ਦਾ ਖੇਲ ਤਮਾਸ਼, ਗੁਰ ਅਵਤਾਰ ਪੈਗੰਬਰ ਲੋਕਮਾਤ ਸੇਵ ਲਗਾਈਆ । ਸੋ ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਫੇਰਾ ਪਾਈਆ । ਜਨ ਭਗਤਾਂ ਪੂਰੀ ਕਰੇ ਆਸ, ਆਹਿਸਤਾ ਆਹਿਸਤਾ ਸਾਚੇ ਮੰਦਰ ਅੰਦਰ ਪੜਦਾ ਦਏ ਉਠਾਈਆ । ਸਚ ਦਵਾਰੇ ਬਣ ਗੋਪੀ ਕਾਹਨ ਵਖਾਏ ਰਾਸ, ਮੰਡਲ ਮੰਡਪ ਵੱਜਦੀ ਰਹੇ ਵਧਾਈਆ । ਨਿਰਗੁਣ ਹੋ ਕੇ ਨਿਰਾਕਾਰ ਵਸੇ ਪਾਸ, ਨਿਰੰਕਾਰ ਹੋ ਕੇ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣਾ ਹੁਕਮ ਹੁਕਮ ਵਿਚੋਂ ਪਰਗਟਾਈਆ । ਜਨ ਭਗਤਾਂ ਦੇਵਾਂ ਸੱਦਾ, ਸਦਕੇ ਵਾਰੀ ਘੋਲ ਘੁਮਾਈਆ । ਗੁਰਮੁਖੋ ਕਿਸੇ ਨਾਲ ਕੋਈ ਨਾ ਕਰੇ ਦਗ਼ਾ, ਸਚ ਪ੍ਰੀਤੀ ਸਚ ਦਵਾਰੇ ਸੋਭਾ ਪਾਈਆ । ਲੱਖ ਚੁਰਾਸੀ ਵਿਚੋਂ ਮਾਨਸ ਜਨਮ ਲੱਭਾ ਮਨੁੱਖਾ, ਹਉਮੇ ਹੰਗਤਾ ਲੈਣੀ ਪਰਨਾਈਆ । ਸਤਿ ਧਰਮ ਸਚ ਘਰ ਗ੍ਰਿਹ ਵਜਾਉਣਾ ਡੱਗਾ, ਹੋਕਾ ਹੱਕ ਹੱਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ ।

## ✪ ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਪਦਮਨੀ ਦੇ ਗ੍ਰਿਹ ਕਾਲੀ ਜਨੀ ਜੰਮੂ ✪

ਜੋ ਸਭ ਕੁਛ ਸੌਂਪ ਦੇਵੇ ਪ੍ਰਭ ਦੇ ਹੱਥ, ਜਗਤ ਮਾਣ ਵਡਿਆਈ ਨਾ ਕੋਇ ਰਖਾਈਆ । ਤਿਨ੍ਹਾਂ ਉਪਰ ਕਿਰਪਾ ਕਰੇ ਸਾਹਿਬ ਸਵਾਮੀ ਪੁਰਖ ਸਮਰਥ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹੀਆ । ਸਚ ਭੰਡਾਰਾ ਹਰਿ ਨਿਰੰਕਾਰਾ ਦੇਵੇ ਨਾਮ ਵਥ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਨਿਝਰ ਧਾਰ ਅੰਮ੍ਰਿਤ ਦੇਵੇ ਅਗੰਮੀ ਰਸ, ਬੂੰਦ ਸਵਾਂਤੀ ਆਪ ਟਪਕਾਈਆ । ਨਿਜ ਨੈਣ ਨਰਾਇਣ ਖੋਲ੍ਹੇ ਅੱਖ, ਨਰ ਆਪਣਾ ਪੜਦਾ ਦਏ ਉਠਾਈਆ । ਆਤਮ ਪਰਮਾਤਮ ਰਹਿਣ ਨਾ ਦੇਵੇ ਵੱਖ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਧੀਰਜ ਸੰਤੋਖ ਦਾਨ ਦੇਵੇ ਸਤਿ ਸਚ, ਬੁਧ ਬਿਬੇਕ ਬਣਾਈਆ । ਜੈਕਾਰਾ ਸੁਣਾਏ ਇਕ ਅਲੱਖ, ਅਲਖ ਅਗੋਚਰ ਵੱਡ ਦਾਤਾ ਬੇਪਰਵਾਹੀਆ । ਹਿਰਦੇ ਅੰਤਰ ਨਿਰੰਤਰ ਹੋ ਕੇ ਜਾਵੇ ਵਸ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਸਾਚਾ ਮਾਰਗ ਕਾਇਆ ਮੰਦਰ ਦੇਵੇ ਦੱਸ, ਮੰਜ਼ਲ ਪੌੜੀ ਪੰਧ ਮੁਕਾਈਆ । ਹਕੀਕਤ ਵਿਚੋਂ ਝੋਲੀ ਪਾ ਕੇ ਹੱਕ, ਜਨਮ ਕਰਮ ਦਾ ਲਹਿਣਾ ਦੇਣਾ ਪੂਰਬ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਖਾਵੇ ਅਗੰਮੀ ਹੱਟ, ਜਿਥੇ ਵਣਜਾਰਾ ਦੂਜਾ ਨਜ਼ਰ ਕੋਇ ਨਾ ਆਈਆ । ਜੋ ਸਭ ਕੁਛ ਸੌਂਪ ਦੇਵੇ ਸ੍ਰੀ ਭਗਵਾਨ, ਲੇਖਾ ਹੱਥੋ ਹੱਥ ਚੁਕਾਈਆ । ਦੇਵਣਹਾਰਾ ਦਾਤਾ ਵਡ ਮਿਹਰਵਾਨ, ਮਹਿਬੂਬ ਮੁਹੱਬਤ ਵਿਚ ਵੇਖ ਵਖਾਈਆ । ਖੇਲੇ ਖੇਲ ਹਰ ਘਟ ਵਸਿਆ ਰਾਮ, ਰਮਈਆ ਰਮਤਾ ਸੀਤਾ ਸੁਰਤੀ ਸਹਿਜ ਮੇਲ ਮਿਲਾਈਆ । ਘਰ ਮੰਦਰ ਗ੍ਰਿਹ ਮੇਲਾ ਕਰੇ ਆਸਾਨ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਸਮੁੰਦ ਸਾਗਰ ਫਿਰਨ ਦੀ ਲੋੜ ਰਹੇ ਨਾ ਰਾਈਆ । ਤਨ ਮਨ ਧਨ ਪ੍ਰੇਮ ਪਿਆਰ ਸਚ ਮੁਹੱਬਤ ਹੋਵੇ ਕੁਰਬਾਨ, ਮਨ ਵਾਸਨਾ ਮਮਤਾ ਰਹੇ ਨਾ ਰਾਈਆ । ਸਚ ਪ੍ਰੀਤੀ ਧੁਰ ਦੀ ਨੀਤੀ ਜਨ ਭਗਤਾਂ ਕਰੇ ਪਰਵਾਨ, ਪਰਮ ਪੁਰਖ ਪਰਮਾਤਮ ਆਤਮ ਬੰਧਨ ਇਕੋ ਇਕ ਜੁੜਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਹੱਥ ਕੁਛ ਜੋ ਪ੍ਰਭ ਨੂੰ ਦੇਵੇ ਸੌਂਪ, ਜਗਤ ਇਛਿਆ ਨਾ ਕੋਈ ਰਖਾਈਆ । ਲੋਕਮਾਤ ਮਾਨਸ ਜਾਮਾ ਕਦੇ ਨਾ ਜਾਵੇ ਔਂਤ, ਦੇਵਣਹਾਰ ਦਾਤਾਰ ਸੀਸ ਵਡਿਆਈਆ । ਮਾਲਕ ਖ਼ਾਲਕ ਪ੍ਰਿਤਪਾਲਕ ਨਰ ਦਾ ਨਰਾਇਣ ਮਿਲੇ ਇਕ ਨਿਰੰਕਾਰ ਇਕ ਇਕੱਲਾ ਠਾਕਰ ਸਵਾਮੀ ਧੁਰ ਦਾ ਖੌਂਤ, ਕੰਤ ਕੰਤੂਹਲ ਆਪਣੇ ਅੰਗ ਲਗਾਈਆ । ਸਚ ਦਵਾਰ ਕਰ ਪਿਆਰ ਦੇਵੇ ਅਗੰਮੀ ਮੌਜ, ਮਜਲਸ ਭਗਤਾਂ ਵਿਚ ਰਖਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਸਚ ਦਵਾਰੇ ਗੁਰਮੁਖਾਂ ਕਰੇ ਖੋਜ, ਪੜਦਾ ਓਹਲਾ ਦਏ ਚੁਕਾਈਆ । ਨਿਤ ਨਵਿਤ ਸੰਝ ਸਵੇਰ ਜਨ ਭਗਤਾਂ ਦਰਸ਼ਨ ਦੇਵੇ ਰੋਜ਼, ਜਾਗਤ ਸੋਵਤ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਅਗੇ ਜੋ ਆਪਣਾ ਆਪ ਕਰੇ ਅਰਪਣ, ਆਪ ਆਪਾ ਵਿਚੋਂ ਮਿਟਾਈਆ । ਜਨਮ ਮਰਨ ਲੱਖ ਚੁਰਾਸੀ ਦੀ ਰਹੇ ਕੋਈ ਨਾ ਧੜਕਨ, ਅੰਡਜ ਜੇਰਜ ਉਤਭੁਜ ਸੇਤਜ ਨਾ ਕੋਇ ਭਵਾਈਆ । ਦਇਆ ਕਮਾਏ ਜੋਧਾ ਸੂਰਬੀਰ ਮਰਦਾਨਾ ਮਰਦਨ, ਮਿਹਰ ਨਜ਼ਰ ਇਕ ਉਠਾਈਆ । ਪੂਰੇ ਸਤਿਗੁਰ ਅਗੇ ਜਿਸ ਦੀ ਪ੍ਰੇਮ ਪਿਆਰ ਵਿਚ ਇਕ ਵੇਰ ਝੁਕ ਗਈ ਗਰਦਨ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ । ਤਿਸ ਦਾ ਲਹਿਣਾ ਲੇਖਾ ਪਰੇ ਤੋਂ ਪਰੇ ਧਾਰ ਗਵਰਧਨ, ਗਹਿਰ ਗੰਭੀਰ ਬੇਨਜ਼ੀਰ ਨਜ਼ਰ ਆਪਣੀ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸਭ ਕੁਛ ਜੋ ਪ੍ਰਭ ਦੀ ਦਏ ਹਥੇਲੀ, ਬਿਨ ਹੱਥਾਂ ਹੱਥ ਟਿਕਾਈਆ । ਸੋ ਆਤਮ ਰਹੇ ਨਾ ਕਦੇ ਅਕੇਲੀ, ਪਰਮਾਤਮ ਮਿਲ ਕੇ ਖ਼ੁਸ਼ੀ ਮਨਾਈਆ । ਆਦਿ ਜੁਗਾਦਿ ਸੱਚੀ ਸਹੇਲੀ, ਸਾਜਣ ਧੁਰ ਦਾ ਸੰਗ ਨਿਭਾਈਆ । ਵਸਣਹਾਰੀ ਧਾਮ ਨਵੇਲੀ, ਸਚਖੰਡ ਦਵਾਰੇ ਬਹਿ ਕੇ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਤਿਜੁਗ ਤਰੇਤਾ ਦੁਆਪਰ ਕਲਜੁਗ ਲੇਖਾ ਰਿਹਾ ਮੇਲੀ, ਸਚ ਮਿਲਾਪ ਬਖ਼ਸ਼ ਆਪਣਾ ਜਾਪ ਬਿਨਾ ਰਸਨਾ ਜਿਹਵਾ ਬੱਤੀ ਦੰਦ ਧੁਨ ਆਤਮਕ ਅਨਾਦੀ ਰਾਗ ਸੁਣਾਈਆ ।



### ✪ ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਕਰਮ ਚੰਦ ਦੇ ਗ੍ਰਿਹਿ ਜੰਮੂ ✪

ਜਨ ਭਗਤ ਕਿਸੇ ਨਾ ਝੁਕਦਾ, ਬਿਨ ਸ੍ਰੀ ਭਗਵਾਨ ਇਸ਼ਟ ਨਾ ਕੋਇ ਮਨਾਈਆ । ਆਪਣੇ ਮਾਰਗ ਕਦੇ ਨਾ ਰੁਕਦਾ, ਦੀਨ ਦੁਨੀ ਦੋਵੇਂ ਦੇਵੇ ਤਜਾਈਆ । ਸਲਾਹ ਮਸ਼ਵਰਾ ਕਿਸੇ ਕੋਲੋਂ ਨਹੀਂ ਪੁਛਦਾ, ਅੱਖਰਾਂ ਵਾਲੀ ਕਰੇ ਨਾ ਕੋਈ ਪੜ੍ਹਾਈਆ । ਚਾਰ ਜੁਗ ਸਦਾ ਢੋਲਾ ਗਾਵੇ ਇਕੋ ਤੁਕ ਦਾ, ਸੋਹੰ ਰਾਗ ਅਲਾਈਆ । ਜਿਸ ਨਾਲ ਆਤਮ ਦਾ ਪੈਂਡਾ ਮੁਕਦਾ, ਪਰਮਾਤਮ ਵਿਚ ਸਮਾਈਆ । ਸਰੂਪ ਨਜ਼ਰੀ ਆਵੇ ਸਤਿ ਸੁਚ ਦਾ, ਜੂਠ ਝੂਠ ਡੇਰਾ ਢਾਹੀਆ । ਪੜਦਾ ਓਹਲਾ ਰਹੇ ਨਾ ਲੁਕ ਦਾ, ਭੇਵ ਅਭੇਦਾ ਦਏ ਖੁਲ੍ਹਾਈਆ । ਧਿਆਨ ਰਖੇ ਸੌਂਦਾ ਉਠਦਾ, ਚਵੀ ਘੰਟੇ ਇਕੋ ਰੰਗ ਸਮਾਈਆ । ਲੇਖਾ ਮੁਕਾ ਕੇ ਜਨਣੀ ਕੁੱਖ ਦਾ, ਕਰਮਾਂ ਦਾ ਗੇੜਾ ਦਏ ਕਟਾਈਆ । ਰੂਪ ਧਾਰ ਕੇ ਸਚ ਸੁਤ ਦਾ, ਪਿਤਾ ਪੁਰਖ ਅਕਾਲ ਮਨਾਈਆ । ਮੰਦਰ ਸੁਹਾ ਕੇ ਕਾਇਆ ਬੁਤ ਦਾ, ਹੁਜਰਾ ਹੱਕ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ



੬੪੬
੧੯

੬੪੭
੧੯

ਕਰ, ਸਹਾਰਾ ਦੇ ਕੇ ਆਪਣੀ ਓਟ ਦਾ, ਕੋਟਨ ਕੋਟਾਂ ਵਿਚੋਂ ਬਾਹਰ ਕਢਾਈਆ । ਜਨ ਭਗਤ ਮਿਲੇ ਇਕ ਜਗਦੀਸ, ਜਗਜੀਵਣ ਦਾਤੇ ਆਸ ਰਖਾਈਆ । ਦੂਸਰ ਕਦੇ ਨਾ ਝੁਕੇ ਸੀਸ, ਗੱਲੀਂ ਯਾਰ ਨਾ ਕੋਇ ਮਨਾਈਆ । ਮਨੂਆ ਝਗੜਾ ਕਰੇ ਨਾ ਕੋਇ ਅਬਲੀਸ, ਸ਼ਰਅ ਸ਼ੈਤਾਨ ਨਾ ਕੋਈ ਲੜਾਈਆ । ਲੇਖਾ ਰਹੇ ਨਾ ਊਚ ਨੀਚ, ਵਰਨ ਬਰਨ ਨਾ ਵੰਡ ਵੰਡਾਈਆ । ਏਕੋ ਏਕ ਰਖੇ ਉਡੀਕ, ਆਸਾ ਮਨਸਾ ਵਿਚ ਸਮਾਈਆ । ਜਿਸ ਨਾਲ ਲੱਗੀ ਪ੍ਰੀਤ, ਸੋ ਸਾਹਿਬ ਮਿਲੇ ਸੱਚਾ ਮਾਹੀਆ । ਪ੍ਰੇਮ ਪੀਤੀ ਕਰੇ ਬਖ਼ਸ਼ੀਸ਼, ਨਾਮ ਨਿਧਾਨਾ ਝੋਲੀ ਪਾਈਆ । ਸਤਿ ਧਰਮ ਦੀ ਦੱਸੇ ਰੀਤ, ਮੰਦਰ ਮਸੀਤ ਮਸਲਾ ਇਕੋ ਹਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਇਕ ਸਮਝਾਈਆ । ਜਨ ਭਗਤ ਬਣੇ ਨਾ ਕਿਸੇ ਦੀ ਗੋਲੀ, ਮਜ਼ਦੂਰੀ ਜਗਤ ਨਾ ਕੋਈ ਕਮਾਈਆ । ਇਕੋ ਸਾਹਿਬ ਸਵਾਮੀ ਚਰਨ ਘੋਲੀ, ਆਪ ਆਪਣਾ ਭੇਟ ਚੜ੍ਹਾਈਆ । ਤੂੰ ਮੇਰਾ ਮੈਂ ਤੇਰਾ ਸਮਝ ਕੇ ਬੋਲੀ, ਦੂਜਾ ਰਾਗ ਨਾ ਕੋਈ ਅਲਾਈਆ । ਮਨੂਆ ਮਨ ਨਾ ਪਾਏ ਰੌਲੀ, ਝਗੜਾ ਦਿਸੇ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਵਸਤ ਅਨਮੋਲੀ, ਅਨਮੁਲ ਝੋਲੀ ਇਕੋ ਦਏ ਭਰਾਈਆ । ਜਨ ਭਗਤ ਦੂਸਰ ਦਾ ਨਾ ਹੋਵੇ ਭਿਖਾਰੀ, ਮੰਗਣ ਕੋਇ ਨਾ ਜਾਈਆ । ਜਿਸ ਦਾ ਮਾਲਕ ਇਕ ਮੁਰਾਰੀ, ਮੋਹਣ ਮਾਧਵ ਸ਼ਹਿਨਸ਼ਾਹੀਆ । ਜੁਗ ਚੌਕੜੀ ਰਹਿਣ ਨਾ ਦੇਵੇ ਖ਼ੁਆਰੀ, ਖ਼ਾਲਸ ਆਪਣੇ ਰੰਗ ਰੰਗਾਈਆ । ਸਚਖੰਡ ਦਵਾਰ ਦੇਵੇ ਸੱਚੀ ਸਰਦਾਰੀ, ਸਦਾ ਦਾ ਹੁਕਮ ਇਕ ਵਰਤਾਈਆ । ਬ੍ਰਹਮ ਦਾ ਬਣ ਅਧਾਰੀ, ਪਾਰਬ੍ਰਹਮ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖੇ ਵਿਚੋਂ ਬਾਹਰ ਕਢਾਈਆ । ਜਨ ਭਗਤ ਕਿਸੇ ਨਾ ਜਾਵੇ ਦਰ, ਦਰਵਾਜ਼ਾ ਦਹਿਲੀਜ਼ ਨਾ ਕੋਇ ਖੜਕਾਈਆ । ਭੈ ਭੌ ਨਾ ਰਖੇ ਡਰ, ਨਿਉਂ ਨਿਉਂ ਲਾਗੇ ਪਾਈਆ । ਇਕੋ ਪੁਰਖ ਅਕਾਲ ਪਕੜੇ ਲੜ, ਹੋ ਸਕੇ ਨਾ ਜੁਦਾਈਆ । ਸਾਚੀ ਮੰਜ਼ਲ ਜਾਵੇ ਚੜ੍ਹ, ਦਰ ਘਰ ਸਾਚੇ ਸੋਭਾ ਪਾਈਆ । ਜਿਥੇ ਵਸੇ ਨਰਾਇਣ ਨਰ, ਨਰਾਂ ਦਾ ਮਾਲਕ ਧੁਰਦਰਗਾਹੀਆ । ਸਹਿਜ ਸੁਭਾਓ ਕਿਰਪਾ ਦੇਵੇ ਕਰ, ਮਿਹਰ ਨਜ਼ਰ ਇਕ ਉਠਾਈਆ । ਸੰਤ ਸੁਹੇਲੇ ਗੁਰਮੁਖ ਲਏ ਵਰ, ਵਾਰਿਸ ਹੋ ਕੇ ਚਰਨ ਕਵਲ ਲਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਲਏ ਫੜ, ਫੜ ਬਾਹੋਂ ਪਾਰ ਕਿਨਾਰ ਸੰਸਾਰ ਆਪ ਕਰਾਈਆ ।

### ✪ ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਲਾਲ ਚੰਦ ਦੇ ਘਰ ਵਜ਼ਾਰਤ ਰੋਡ ਜੰਮੂ ✪

ਜਨ ਭਗਤ ਸੁਹੰਜਣੀ ਸੁਹਾਵਣੀ ਸਾਚੀ ਝੁੱਗੀ, ਅੰਦਰਾਂ ਵਿਚੋਂ ਅੰਦਰ ਮੰਦਰਾਂ ਵਿਚੋਂ ਮੰਦਰ ਸੋਭਾ ਪਾਈਆ । ਜਿਥੇ ਪ੍ਰਭ ਦਾ ਵਸੇਰਾ ਹੁੰਦਾ ਬਾਹਰ ਜੁਗੀਂ, ਜੁਗ ਜੁਗ ਦੇਵੇ ਮਾਣ ਵਡਿਆਈਆ । ਜਿਸ ਦੀ ਵਿਚਾਰ ਕਰੇ ਕੋਈ ਨਾ ਬੁਧੀ, ਮਨ ਮੰਨਣ ਕੋਈ ਨਾ ਪਾਈਆ । ਰਮਜ਼ ਇਸ਼ਾਰਾ ਸੈਨਤ ਲਾਵੇ ਗੁੱਝੀ, ਹਲੂਣਾ ਹਿਰਦੇ ਵਿਚ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡਾ ਇਕ ਦਰਸਾਈਆ । ਜਨ ਭਗਤ ਝੁੱਗੀ ਜ ਜਗਦੀਸ਼, ਮਿਲੇ ਮਾਣ ਵਡਿਆਈਆ । ਆਤਮ ਪਰਮਾਤਮ ਜਿਥੇ ਮੇਲਾ ਹੋਵੇ ਬਿਨਾ ਧੜ ਸੀਸ, ਤਿਨ੍ਹਾਂ ਅੰਦਰ ਵੜ ਕੇ

ਖ਼ੁਸ਼ੀ ਮਨਾਈਆ । ਸਾਚਾ ਹੁਕਮ ਮੰਨ ਇਕ ਹਦੀਸ, ਹੱਦਾਂ ਤੋਂ ਪਰੇ ਝਗੜਾ ਵਰਨਾਂ ਵਾਲਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪੂਰੀ ਕਰੇ ਉਡੀਕ, ਆਸਾ ਮਨਸਾ ਪੂਰ ਕਰਾਈਆ । ਜਨ ਭਗਤ ਲੇਖਾ ਜਾਣੇ ਆਪਣੇ ਨੇਹੁੰ ਦਾ, ਨਵ ਨੌ ਚਾਰ ਵੰਡ ਨਾ ਕੋਇ ਵੰਡਾਈਆ । ਰਸ ਮਾਣੇ ਅਗੰਮੀ ਮੇਹੋਂ ਦਾ, ਮੇਘ ਅੰਮ੍ਰਿਤ ਰੂਪ ਬਦਲਾਈਆ । ਝਗੜਾ ਰਹੇ ਨਾ ਤੂੰ ਮੈਂ ਕਿਉਂ ਦਾ, ਕਾਮਲ ਮੁਰਸ਼ਦ ਮਿਲ ਕੇ ਵੱਜੇ ਵਧਾਈਆ । ਖੇਲ ਵੇਖੇ ਅਲਖ ਅਭੇਉ ਦਾ, ਪੜਦਾ ਓਹਲਾ ਦਏ ਚੁਕਾਈਆ । ਘਰਾਨਾ ਵੇਖੇ ਧੁਰ ਦੇ ਦੇਉ ਦਾ, ਦੇਵਤ ਸੁਰ ਜਿਸ ਦਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਨਾਤਾ ਜੋੜ ਕੇ ਪਿਤਾ ਪੂਤ ਪਿਓ ਦਾ, ਪੀਆ ਪ੍ਰੀਤਮ ਹੋ ਕੇ ਗੋਦ ਉਠਾਈਆ । ਜਨ ਭਗਤ ਸਦਾ ਰਹੇ ਖ਼ੁਸ਼ਹਾਲ, ਖ਼ੁਸ਼ੀ ਗ਼ਮੀ ਨਾ ਕੋਈ ਵਖਾਈਆ । ਮੰਨਦਾ ਰਹੇ ਏਕਾ ਦੀਨ ਦਿਆਲ, ਜੋ ਦਇਆ ਵਿਚ ਦਾਨ ਝੋਲੀ ਪਾਈਆ । ਬਣਾਉਦਾ ਰਹੇ ਭਗਤ ਸੁਹੇਲੇ ਸਾਚੇ ਲਾਲ, ਲਾਲ ਗੁਲਾਲਾ ਆਪਣਾ ਰੰਗ ਚੜ੍ਹਾਈਆ । ਕਰਦਾ ਰਹੇ ਏਥੇ ਓਥੇ ਸਦਾ ਸੰਭਾਲ, ਦੂਸਰ ਹੱਥ ਨਾ ਦਏ ਫੜਾਈਆ । ਝਗੜਾ ਮੁਕਾਉਦਾ ਰਹੇ ਸ਼ਾਹ ਕੰਗਾਲ, ਉਚਾਂ ਨੀਚਾਂ ਇਕੋ ਘਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਸੁਹੇਲੇ ਸਾਚੇ ਭਾਲ, ਭਾਰ ਸਭ ਦਾ ਦਏ ਚੁਕਾਈਆ ।



### ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਪਰਕਾਸ਼ੋ ਦੇਵੀ ਦੇ ਗ੍ਰਹਿ ਜੰਮੂ

੬੪੮
੧੯

ਅਸਲੀਅਤ ਮੇਂ ਯੇ ਬਾਤ ਬੜੀ, ਵਿਦਿਆ ਵਿਚੋਂ ਵੱਡੀ ਨਜ਼ਰੀ ਆਈਆ । ਜਨ ਭਗਤ ਭਗਵਾਨ ਦੀ ਮੰਜ਼ਲ ਚੜ੍ਹੀ, ਮਾਨਸ ਜਨਮ ਪੰਧ ਮੁਕਾਈਆ । ਸਰਗੁਣ ਦੀ ਸੋਭਾਵੰਤ ਸੁਲੱਖਣੀ ਘੜੀ, ਵਕਤ ਸੁਹਾਵਣਾ ਰਹੀ ਬਣਾਈਆ । ਜਿਨ੍ਹਾਂ ਨਿਰਗੁਣ ਨਿਰਅੱਖਰ ਧਾਰ ਪੜ੍ਹੀ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਓਹਨਾਂ ਦੇ ਵਾਸਨਾ ਅੰਦਰੋਂ ਆਪੇ ਮਰੀ, ਮਾਰਨ ਦੀ ਲੋੜ ਰਹੀ ਨਾ ਪਾਈਆ । ਬੁਧ ਬਿਬੇਕ ਹੋਵੇ ਖਰੀ, ਬਰੀ ਜਗਤ ਵਿਚੋਂ ਕਰਾਈਆ । ਘਰ ਸਵਾਮੀ ਸੱਜਣ ਮਿਲੇ ਹਰੀ, ਹਿਰਦੇ ਬਹਿ ਬਹਿ ਖ਼ੁਸ਼ੀ ਮਨਾਈਆ । ਭਗਤ ਭਗਵਾਨ ਦੀ ਜੁਗ ਚੌਕੜੀ ਚਲਦੀ ਰਹੇ ਲੜੀ, ਇਕ ਦੂਜੇ ਦਾ ਲੜ ਸਕੇ ਨਾ ਕੋਈ ਛੁਡਾਈਆ । ਪਰਮਾਤਮਾ ਆਤਮਾ ਸਦਾ ਸੁਹੇਲੇ ਬਣ ਕੇ ਰਹੀ ਵਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਿਹਰ ਨਜ਼ਰ ਇਕ ਉਠਾਈਆ ।

### ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਸੇਵਾ ਸਿੰਘ ਦੇ ਗ੍ਰਹਿ ਪਿੰਡ ਕਲੋਏ ਜੰਮੂ

ਜਨ ਭਗਤ ਸਾਚੀ ਰਖੇ ਸ਼ਰਧਾ, ਸਦਾ ਸਦਾ ਸਦ ਇਕੋ ਧਿਆਨ ਲਗਾਈਆ । ਸਚਖੰਡ ਦਵਾਰੇ ਬਣੇ ਬਰਦਾ, ਅਬਿਨਾਸ਼ੀ ਕਰਤੇ ਅਗੇ ਝੋਲੀ ਡਾਹੀਆ । ਝਗੜਾ ਮੁਕਾ ਕੇ ਦਰ ਦਰ ਦਾ, ਦਰਵੇਸ਼ ਹੋ ਕੇ ਦੂਜੇ ਦਰ ਅਲਖ ਨਾ ਕੋਇ ਜਗਾਈਆ । ਦਰਸ਼ਨ ਪਾਵੇ ਇਕੋ ਨਰਾਇਣ ਨਰ ਦਾ, ਜੋ ਘਟ ਘਟ ਅੰਦਰ ਡੇਰਾ ਲਾਈਆ । ਸਾਚੀ ਮੰਜ਼ਲ ਪੌੜੀ ਚੜ੍ਹਦਾ, ਮਹੱਲ ਅਟਲ ਬਹਿ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਲੇ ਸਾਚੇ ਘਰ, ਗ੍ਰਿਹ ਮੰਦਰ ਇਕ ਸੁਹਾਈਆ । ਜਨ ਭਗਤ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਗਾਵੇ ਇਕੋ ਢੋਲਾ, ਆਤਮ ਪਰਮਾਤਮ ਰਾਗ ਅਲਾਈਆ । ਰਾਗਾਂ ਨਾਦਾਂ ਬਾਹਰ ਜਾਣੇ ਸੋਹਲਾ, ਸੋ ਪੁਰਖ ਆਦਿ ਨਿਰੰਜਣ ਹੋ ਕੇ ਆਪ ਪੜ੍ਹਾਈਆ । ਵਿਸ਼ਨੂੰ ਧਾਰ ਰਵਿਆ ਵੇਖੇ ਮੌਲਾ, ਮੂਲ ਮੰਤਰ ਇਕੋ ਨਜ਼ਰੀ ਆਈਆ । ਖੇਲੇ ਖੇਲ ਉਪਰ ਧਰਨੀ ਧਰਤ ਧਵਲਾ, ਲੋਕਮਾਤ ਵਧਾਈਆ । ਜਲਵਾਗਰ ਅਲਾਹੀ ਨੂਰ ਅਵਲਾ, ਏਕੰਕਾਰ ਸੱਚਾ ਸ਼ਹਿਨਸ਼ਾਹੀਆ । ਜੋ ਭਗਤਾਂ ਚੜ੍ਹਾ ਕੇ ਸਾਚੀ ਮਜ਼ਲਾ, ਮੰਜ਼ਲ ਮੰਜ਼ਲ ਦਏ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਜਨ ਭਗਤ ਕਿਸੇ ਦਾ ਬਣੇ ਨਾ ਕਦੇ ਮੁਹਤਾਜ, ਮੰਗਣ ਦੂਜੇ ਦਰ ਕਦੇ ਨਾ ਜਾਈਆ । ਇਕੋ ਆਸਾ ਰਖੇ ਸਾਹਿਬ ਸਤਿਗੁਰ ਮਹਾਰਾਜ, ਪੁਰਖ ਅਕਾਲ ਓਟ ਤਕਾਈਆ । ਜੋ ਦੇਵਣਹਾਰ ਏਥੇ ਓਥੇ ਦੋ ਜਹਾਨਾਂ ਧੁਰਦਰਗਾਹੀ ਏਜ਼ਾਜ਼, ਕੰਗਾਲ ਸ਼ਾਹ ਆਪਣੇ ਰੰਗ ਰੰਗਾਈਆ । ਨਾਮ ਧੁਨ ਸੁਣਾਵਣਹਾਰਾ ਸ਼ਬਦ ਧੁਨ ਅਗੰਮੀ ਆਵਾਜ਼, ਧੁਰ ਸੰਦੇਸ਼ਾ ਇਕ ਅਲਾਹੀਆ । ਝਗੜਾ ਚੁਕਾਏ ਵੁਜ਼ੂ ਨਿਮਾਜ਼, ਸਿਮਰਨ ਜੋਗ ਅਭਿਆਸ ਸਾਧਨ ਇਕੋ ਦਏ ਦ੍ਰਿੜਾਈਆ । ਪ੍ਰਭ ਮਿਲਣ ਦੀ ਸਾਚੀ ਇਕੋ ਆਸ, ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬਣਾਏ ਦਾਸੀ ਦਾਸ, ਦਾਸਤਾਨ ਪਿਛਲੀ ਵੇਖ ਵਖਾਈਆ । ਜਨ ਭਗਤ ਪ੍ਰਭ ਦੇਵਣਹਾਰਾ ਵਸਤ, ਨਾਮ ਅਨਮੁਲੜੀ ਦੌਲਤ ਆਪ ਵਰਤਾਈਆ । ਝਗੜਾ ਮੁਕਾ ਕੇ ਕੀਟ ਹਸਤ, ਹਸਤੀ ਵਿਚੋਂ ਹਸਤੀ ਦਏ ਬਦਲਾਈਆ । ਨਾਮ ਖ਼ੁਮਾਰੀ ਵਿਚ ਰਖੇ ਮਸਤ, ਸ਼ਬਦੀ ਸ਼ਬਦ ਕਰੇ ਸ਼ਨਵਾਈਆ । ਜਨਮ ਜਨਮ ਦਾ ਕਰਮ ਕਰਮ ਦਾ ਲੱਖ ਚੁਰਾਸੀ ਰਹਿਣ ਨਾ ਦੇਵੇ ਕਸ਼ਟ, ਗੇੜੇ ਵਿਚ ਗੇੜਾ ਨਾ ਕੋਈ ਭਵਾਈਆ । ਨੂਰ ਨੁਰਾਨਾ ਸ਼ਾਹ ਸੁਲਤਾਨਾ ਇਕੋ ਨਜ਼ਰੀ ਆਏ ਇਸ਼ਟ, ਈਸ਼ ਜੀਵ ਜਗਦੀਸ਼, ਜਗਦੀਸ਼ਰ ਕਰੇ ਰੁਸ਼ਨਾਈਆ । ਜਨ ਭਗਤਾਂ ਖੁਲ੍ਹੀ ਰਹੇ ਦ੍ਰਿਸ਼ਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਇਕ ਵਡਿਆਈਆ । ਜਨ ਭਗਤ ਕਦੇ ਨਾ ਮਾਰੇ ਧਾਹ, ਨੇਤਰ ਨੈਣਾਂ ਨੀਰ ਨਾ ਕੋਇ ਵਹਾਈਆ । ਜਿਨ੍ਹਾਂ ਮਿਲਿਆ ਪਰਮ ਪੁਰਖ ਬੇਪਰਵਾਹ, ਅੰਤਰਜਾਮੀ ਪੜਦਾ ਓਹਲਾ ਦਏ ਚੁਕਾਈਆ । ਲੋਕਮਾਤ ਬਣੇ ਸਚ ਮਲਾਹ, ਖੇਵਟ ਖੇਟਾ ਹੋ ਕੇ ਬੇੜਾ ਬੰਨੇ ਦਏ ਲਗਾਈਆ । ਸਚਖੰਡ ਦਵਾਰੇ ਸਾਚੀ ਦਰਗਾਹ ਦਏ ਪੁਚਾ, ਰਾਹ ਵਿਚ ਸਕੇ ਨਾ ਕੋਈ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾ, ਹਰਿਜਨ ਵੇਖੇ ਥਾਉਂ ਥਾਈਆ । ਜਨ ਭਗਤਾਂ ਪ੍ਰਭ ਤਾਰਨਹਾਰਾ ਆਪ, ਆਪ ਆਪਣੀ ਦਇਆ ਕਮਾਈਆ । ਅੰਤਰ ਨਿਰੰਤਰ ਮੰਤਰ ਦੱਸੇ ਜਾਪ, ਸਾਚਾ ਢੋਲਾ ਆਪ ਸੁਣਾਈਆ । ਰੂਹ ਬੁਤ ਤਨ ਮਾਟੀ ਖ਼ਾਕ ਕਰੇ ਪਾਕ, ਪਤਿਤ ਪੁਨੀਤ ਆਪਣੇ ਰੰਗ ਰੰਗਾਈਆ । ਬਜਰ ਕਪਾਟੀ ਖੋਲ੍ਹ ਕੇ ਤਾਕ, ਪੜਦਾ ਓਹਲਾ ਬਣ ਵਿਚੋਲਾ ਕਾਇਆ ਚੋਲਾ ਆਪ ਚੁਕਾਈਆ । ਚਾਰ ਕੁੰਟ ਦਹਿ ਦਿਸ਼ਾ ਬ੍ਰਹਿਮੰਡ ਖੰਡ ਪ੍ਰਿਥਮੀ ਆਕਾਸ਼ ਦੇਵੇ ਸਾਥ, ਗਗਨ ਗਗਨੰਤਰ ਨਾਤਾ ਲਏ ਨਾ ਕੋਈ ਤੁੜਾਈਆ । ਸਚ ਘਰ ਸਚ ਦਵਾਰ ਕਾਇਆ ਮੰਦਰ ਅੰਦਰ ਹੋ ਕੇ ਦਾਸ, ਆਤਮ ਸੇਜਾ ਬਹਿ ਬਹਿ ਖ਼ੁਸ਼ੀ ਮਨਾਈਆ । ਝਗੜਾ ਚੁਕਾਏ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਪਰਭਾਸ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਸਤਿ ਜੋਤ ਨਿਰਗੁਣ ਧਾਰ ਨੂਰੋ ਨੂਰ ਕਰੇ ਪਰਕਾਸ਼, ਅੰਧ ਅੰਧੇਰਾ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਆਵਣ

ਜਾਵਣ ਮਾਨਸ ਜਾਤੀ ਮੁਕੇ ਵਾਟ, ਅਗਲਾ ਪੰਧ ਅਵਰ ਨਾ ਕੋਇ ਜਣਾਈਆ । ਸਚ ਕਿਨਾਰਾ ਦੱਸੇ ਘਾਟ, ਪਤਣ ਇਕੋ ਰਹੇ ਸੁਹਾਈਆ । ਜਿਸ ਦਵਾਰੇ ਬੈਠਾ ਰਹੇ ਪੁਰਖ ਸਮਰਾਥ, ਸਚਖੰਡ ਨਿਵਾਸੀ ਸ਼ਾਹੋ ਸ਼ਾਬਾਸ਼ੀ ਜੋਤ ਪਰਕਾਸ਼ੀ, ਪਰਕਾਸ਼ਵਾਨ ਹੋ ਕੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਮੰਡਲ ਰਾਸੀ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਖੋਜ ਖੁਜਾਈਆ । ਜਨ ਭਗਤ ਕੂੜੀ ਕਦੇ ਮੰਗੇ ਨਾ ਮੰਗ, ਮਾਂਗਤ ਹੋ ਕੇ ਝੋਲੀ ਕਦੇ ਨਾ ਡਾਹੀਆ । ਪੁਰਖ ਅਬਿਨਾਸ਼ੀ ਦੇਵਣਹਾਰਾ ਸੰਗ, ਸਗਲਾ ਸੰਗ ਜਣਾਈਆ । ਆਤਮ ਪਰਮਾਤਮ ਦੇਵੇ ਨਿਜਾਨੰਦ, ਅਨੰਦ ਅਨੰਦ ਵਿਚੋਂ ਵਖਾਈਆ । ਸ਼ਬਦੀ ਧੁਨ ਸਾਚੀ ਧਾਰ ਜਣਾਏ ਸਤਿਸੰਗ, ਸਤਿ ਸਤਿਵਾਦੀ ਧੁਰ ਦਾ ਡੰਕ ਵਜਾਈਆ । ਸ਼ਬਦ ਅਗੰਮੀ ਵਜਦਾ ਰਹੇ ਮਰਦੰਗ, ਤੰਦ ਸਤਾਰ ਇਕੋ ਦਏ ਦਰਸਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ, ਪਾਰਬ੍ਰਹਮ ਪੜਦਾ ਦਏ ਉਠਾਈਆ । ਭਾਗ ਲੱਗੇ ਨਾੜੀ ਮਾਟੀ ਚੰਮ, ਚੰਮ ਦ੍ਰਿਸ਼ਟੀ ਅੰਦਰੋਂ ਦਏ ਬਦਲਾਈਆ । ਚਿੰਤਾ ਰੋਗ ਸੋਗ ਰਹੇ ਕੋਈ ਨਾ ਗ਼ਮ, ਭਾਂਡਾ ਭਰਮ ਭੌ ਭੰਨਾਈਆ । ਲੇਖੇ ਲਾ ਕੇ ਪਵਣ ਸਵਾਸੀ ਦਮ, ਦਾਮਨਗੀਰ ਹੋ ਕੇ ਪੱਲੂ ਆਪਣੇ ਨਾਲ ਬੰਧਾਈਆ । ਜਨ ਭਗਤ ਸੁਹੇਲੇ ਲੋਕਮਾਤ ਨਿਰਗੁਣ ਨੂਰ ਚਾੜ੍ਹ ਕੇ ਸਾਚੇ ਚੰਨ, ਚਾਰ ਵਰਨ ਅਠਾਰਾਂ ਬਰਨ ਕਰੇ ਰੁਸ਼ਨਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮਿਲ ਕੇ ਇਕ ਦੂਜੇ ਨੂੰ ਕਹਿਣ ਧੰਨ ਧੰਨ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦ ਆਪਣਾ ਹੁਕਮ ਵਰਤਾਈਆ । ਜਨ ਭਗਤ ਏਕੋ ਜਪੇ ਹਰਿ ਹਰਿ ਨਾਂ, ਨਾਉਂ ਨਿਰੰਕਾਰਾ ਇਕ ਧਿਆਈਆ । ਦੂਸਰ ਜਾਏ ਕਿਸੇ ਨਾ ਥਾਂ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਮਿਲ ਮਿਲ ਦੇਣ ਗਵਾਹੀਆ । ਪੁਰਖ ਅਕਾਲ ਇਕੋ ਬਣਾ ਕੇ ਪਿਤਾ ਮਾਂ, ਨਿਰਗੁਣ ਜੋਤ ਬਣੇ ਧੰਨ ਜਣੇਂਦੀ ਮਾਈਆ । ਸਾਹਿਬ ਸਵਾਮੀ ਅੰਤਰਜਾਮੀ ਜਨ ਭਗਤਾਂ ਪਕੜਨਹਾਰਾ ਬਾਂਹ, ਬਾਜ਼ੂ ਆਪਣੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ਼ਹਿਨਸ਼ਾਹ, ਸ਼ਾਹੀ ਕੂੜੀ ਦਏ ਮਿਟਾਈਆ । ਜਨ ਭਗਤ ਕਲਜੁਗ ਕੂੜ ਕੁੜਿਆਰ ਮੇਟੇ ਸ਼ਾਹੀ, ਜਗਤ ਅੰਧੇਰ ਰਹਿਣ ਨਾ ਪਾਈਆ । ਅਬਿਨਾਸ਼ੀ ਕਰਤਾ ਸ੍ਰੀ ਭਗਵਾਨ ਪਾਰਬ੍ਰਹਮ ਪੁਰਖ ਅਕਾਲ ਇਕੋ ਨਾਮ ਪਏ ਦੁਹਾਈ, ਚਾਰ ਕੁੰਟ ਦਹਿ ਦਿਸ਼ਾ ਤੋਬਾ ਤੋਬਾ ਕਰੇ ਲੋਕਾਈਆ । ਆਤਮ ਪਰਮਾਤਮ ਮੰਨਣਾ ਪਏ ਸਭ ਨੂੰ ਇਕ ਗੁਸਾਈਂ, ਇਸ਼ਟ ਦੇਵ ਇਕੋ ਨਜ਼ਰੀ ਆਈਆ । ਕਲਜੁਗ ਜੀਵ ਚਾਰ ਵਰਨ ਚਾਰ ਕੁੰਟ ਜਗਤ ਵਾਸਨਾ ਭੁੱਲੇ ਰਾਹੀ, ਮੰਜ਼ਲ ਹੱਕ ਨਾ ਕੋਈ ਪੁਚਾਈਆ । ਅੰਦਰ ਬਾਹਰ ਗੁਪਤ ਜਾਹਰ ਰੋ ਰੋ ਸਾਰੇ ਦੇਣ ਦੁਹਾਈ, ਦੋਹਰਾ ਹੱਕ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੰਤ ਸੁਹੇਲੇ ਸੱਜਣ ਮੀਤ ਘਰ ਸਾਚੇ ਲਏ ਚੜ੍ਹਾਈਆ । ਜਨ ਭਗਤ ਸੁਹੇਲਾ ਧੁਰ ਦਾ ਮਿੱਤਰ, ਸ੍ਰੀ ਭਗਵਾਨ ਵੇਖ ਵਖਾਇੰਦਾ । ਜੋ ਨਿਰਗੁਣ ਧਾਰੋਂ ਆਇਆ ਨਿੱਕਲ, ਸਰਗੁਣ ਅੰਦਰ ਸੋਭਾ ਪਾਇੰਦਾ । ਜਿਸ ਦਾ ਘੜੇ ਕੋਈ ਨਾ ਚਿੱਤਰ, ਰੂਪ ਅਵਰ ਨਾ ਕੋਇ ਸਮਝਾਇੰਦਾ । ਸੋ ਜਨ ਭਗਤਾਂ ਅੰਦਰ ਕਦੇ ਨਾ ਜਾਵੇ ਵਿੱਸਰ, ਵਿਛੜੇ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪਣੇ (ਰੰਗ) ਵਿਚ ਰੰਗਾਇੰਦਾ ।

## ✪ ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਘਰ ਪਿੰਡ ਕਲੋਏ ਜ਼ਿਲਾ ਜੰਮੂ ✪

ਜਨ ਭਗਤ ਸਦ ਜਨਮ ਸੁਹੰਜਣਾ, ਚੁਰਾਸੀ ਵਿਚੋਂ ਫਾਸੀ ਜਾਏ ਕਟਾਈਆ । ਮਿਲੇ ਮੇਲ ਆਦਿ ਪੁਰਖ ਨਿਰੰਜਣਾ, ਸਰਗੁਣ ਨਾਤਾ ਜੁੜੇ ਸਹਿਜ ਸੁਭਾਈਆ । ਨੇਤਰ ਮਿਲੇ ਗਿਆਨ ਸਾਚਾ ਅੰਜਨਾ, ਅੰਧੇਰਾ ਅੰਧ ਅੰਧ ਅੰਦਰੋਂ ਦਏ ਗਵਾਈਆ । ਚਰਨ ਕਵਲ ਸਚ ਸਰਨਾਈ ਦੇਵੇ ਮਜਨਾ, ਮਿਜਾਜ਼ੀ ਹਕ਼ੀਕ਼ੀ ਇਸ਼ਕ ਜਿਸ ਨੂੰ ਦੇਵੇਂ ਸੀਸ ਨਿਵਾਈਆ । ਸਤਿ ਸਤਿ ਦੱਸੇ ਅਗੰਮੀ ਬੰਦਨਾ, ਜੋ ਬੰਦਗੀ ਬੰਦ ਬੰਦ ਲੇਖਾ ਦਏ ਮੁਕਾਈਆ । ਰਸ ਰਸਾਇਣ ਵਖਾਏ ਪਰਮਾਨੰਦਨਾ, ਜੋ ਬ੍ਰਹਮ ਤੋਂ ਪਰੇ ਪਾਰਬ੍ਰਹਮ ਵਿਚ ਸਮਾਈਆ । ਜਲਵਾ ਦਿਸੇ ਇਕੋ ਨੂਰੀ ਚੰਦਨਾ, ਚੰਦ ਤੋਂ ਪਰੇ ਜਿਸ ਦੀ ਸਤਿ ਜੋਤ ਰੁਸ਼ਨਾਈਆ । ਗ੍ਰਿਹ ਮੰਦਰ ਧੁਰ ਦਵਾਰ ਦੇ ਲੰਘਣਾ, ਮੰਜ਼ਲ ਵਿਚ ਕੰਡਾ ਰਹੇ ਨਾ ਰਾਈਆ । ਘਰ ਵਖਾਏ ਸਾਚਾ ਅੰਗਨਾ, ਜਗਤ ਦਵਾਰੀ ਹੱਦ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਬੇੜਾ ਬੰਨ੍ਹਣਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਨ ਭਗਤ ਆਸਾ ਵਿਚ ਰਖੇ ਰੁਚੀ ਰਚਨਾ ਪ੍ਰਭ ਦੀ ਵੇਖ ਵਖਾਈਆ । ਧਾਰ ਮਿਲੇ ਉਚੀ, ਜਿਥੇ ਵਸੇ ਬੇਪਰਵਾਹੀਆ । ਆਤਮ ਹੋਵੇ ਸੁੱਚੀ, ਮਨੂਆ ਮੈਲ ਨਾ ਲਾਵੇ ਰਾਈਆ । ਸੁਹੰਜਣੀ ਹੋਵੇ ਰੁੱਤੀ, ਫੁਲਵਾੜੀ ਆਪ ਮਹਿਕਾਈਆ । ਭਾਗ ਲੱਗੇ ਕਾਇਆ ਬੁੱਤੀਂ, ਬੁਤਖ਼ਾਨੇ ਵੱਜਦੀ ਰਹੇ ਵਧਾਈਆ । ਸੁਰਤ ਸਵਾਣੀ ਉਠੇ ਸੁੱਤੀ, ਸ਼ਬਦ ਹਾਣੀ ਮੇਲ ਮਿਲਾਈਆ । ਸਾਚੇ ਮਾਰਗ ਰਹੇ ਨਾ ਘੁੱਸੀ, ਘੁੰਮਣਘੇਰ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਗੰਢਣਹਾਰਾ ਟੁੱਟੀ, ਟੁਕੜਿਆਂ ਵਾਲੀ ਵੰਡ ਨਾ ਕੋਈ ਕਰਾਈਆ ।

੬੫੧
੧੯

ਜਨ ਭਗਤ ਨਾਤਾ ਕਦੇ ਨਾ ਟੁੱਟਦਾ, ਡੋਰੀ ਗੰਢ ਨਾ ਕੋਇ ਕਟਾਈਆ । ਧੁਰ ਦਾ ਰਿਸ਼ਤਾ ਕਦੇ ਨਾ ਛੁੱਟਦਾ, ਛੁੱਟੇ ਸਰਬ ਲੋਕਾਈਆ । ਸਾਚਾ ਸੋਮਾ ਇਕੋ ਫੁੱਟਦਾ, ਅੰਮ੍ਰਿਤ ਧਾਰਾ ਦਏ ਵਹਾਈਆ । ਭੰਡਾਰਾ ਮਿਲੇ ਸਚ ਸੁਚ ਦਾ, ਜੂਠ ਝੂਠ ਪੰਧ ਮੁਕਾਈਆ । ਵੇਲਾ ਸੋਹਵੇ ਸਾਚੀ ਰੁੱਤ ਦਾ, ਘੜੀ ਪਲ ਸੋਭਾ ਪਾਈਆ । ਚੁਰਾਸੀ ਲੇਖਾ ਜਾਵੇ ਮੁਕ ਦਾ, ਮੁਕੰਮਲ ਆਪਣੇ ਵਿਚ ਮਿਲਾਈਆ । ਮਾਣ ਸੁਹੰਜਣੀ ਇਕੋ ਤੁਕ ਦਾ, ਤੁਰਤ ਲਹਿਣਾ ਦਏ ਮਿਟਾਈਆ । ਸਚਖੰਡ ਦਵਾਰਾ ਦੇਵੇ ਸੁਖ ਦਾ, ਸੁਖਆਸਣ ਆਪ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਨਾਤਾ ਜੋੜ ਕੇ ਪਿਤਾ ਪੁੱਤ ਦਾ, ਸਿਰ ਆਪਣਾ ਹੱਥ ਰਖਾਈਆ ।

## ✪ ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਰਣੀਆ ਰਾਮ ਦੇ ਘਰ ਪਿੰਡ ਕਲੋਏ ਜੰਮੂ ✪

ਜਨ ਭਗਤ ਯਾਦ ਰਖੇ ਇੱਕ, ਏਕੰਕਾਰ ਧਿਆਨ ਲਗਾਈਆ । ਜੋ ਸਾਚਾ ਲੇਖਾ ਦੇਵੇ ਲਿੱਖ, ਪੂਰਬ ਲਹਿਣਾ ਝੋਲੀ ਪਾਈਆ । ਕੂੜੀ ਕਿਰਿਆ ਅੰਧ ਕੱਢ ਕੇ ਵਿਖ, ਅੰਮ੍ਰਿਤ ਜਾਮ ਦਏ ਪਿਆਈਆ । ਸਚ ਪ੍ਰੇਮ ਦਾ ਦੱਸੇ ਹਿਤ, ਨਵਿਤ ਆਪਣਾ ਰੰਗ ਰੰਗਾਈਆ । ਚਾਰੋਂ ਕੁੰਟ ਪਏ ਦਿੱਸ, ਹਰ ਘਟ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਵਸਾਈਆ । ਜਨ ਭਗਤ ਸਾਚੇ ਘਰ ਕਰੇ ਵਸੇਰਾ, ਸਚਖੰਡ ਦਵਾਰੇ ਡੇਰਾ ਲਾਈਆ । ਜਿਥੇ ਝਗੜਾ ਹੋਵੇ ਨਾ ਮੇਰਾ ਤੇਰਾ, ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ ਵਧਾਈਆ ।

ਵਕ਼ਤ ਹੋਵੇ ਨਾ ਸੰਝ ਸਵੇਰਾ, ਰੁਤੜੀ ਰੁੱਤ ਨਾ ਕੋਇ ਬਦਲਾਈਆ । ਕ੍ਰਿਸ਼ਨਾ ਸ਼ੁਕਲਾ ਹੋਏ ਨਾ ਚੰਦ ਅੰਧੇਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਭਵ ਸਾਗਰ ਡੁੱਬੇ ਕੋਈ ਨਾ ਬੇੜਾ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਵਸਦਾ ਉਜੜੇ ਕਦੇ ਨਾ ਖੇੜਾ, ਛੱਪਰ ਛੰਨ ਨਾ ਕੋਇ ਛੁਹਾਈਆ । ਪੁਰਖ ਅਬਿਨਾਸ਼ੀ ਕਰਨਹਾਰਾ ਇਕੋ ਹੱਕ ਨਬੇੜਾ, ਹਕ਼ੀਕਤ ਦਾ ਮਾਲਕ ਦਇਆ ਕਮਾਈਆ । ਜਨ ਭਗਤ ਉਧਾਰੇ ਕਰ ਕੇ ਮਿਹਰਾ, ਮਿਹਰ ਨਜ਼ਰ ਉਠਾਈਆ । ਨਜ਼ਰੀ ਆਵੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਭਗਤਾਂ ਮੁਕਾ ਕੇ ਲੱਖ ਚੁਰਾਸੀ ਗੇੜਾ, ਚਾਰੇ ਖਾਣੀ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਲਾਵੇ ਡੇਰਾ, ਮੰਦਰ ਇਕੋ ਇਕ ਸੁਹਾਈਆ । ਜਨ ਭਗਤ ਕਦੇ ਨਾ ਕਰੇ ਸੋਗ, ਚਿੰਤਾ ਗ਼ਮ ਵਿਚ ਧਿਆਨ ਨਾ ਕੋਇ ਲਗਾਈਆ । ਹਉਮੇ ਹੰਗਤਾ ਰਹੇ ਨਾ ਰੋਗ, ਮਨੂਆ ਮਨ ਨਾ ਕੋਇ ਭਟਕਾਈਆ । ਆਤਮ ਪਰਮਾਤਮ ਨਾ ਹੋਏ ਵਿਜੋਗ, ਵਿਛੋੜੇ ਵਾਲਾ ਪੈਂਡਾ ਦਏ ਮੁਕਾਈਆ । ਪੁਰਖ ਅਕਾਲ ਦੀ ਬੈਠਾ ਰਹੇ ਗੋਦ, ਸਚ ਸਿੰਘਾਸਣ ਸੋਭਾ ਪਾਈਆ । ਸਾਚੇ ਨਾਮ ਦੀ ਚੁਗਦਾ ਰਹੇ ਚੋਗ, ਚੁਗ਼ਲੀ ਨਿੰਦਿਆ ਨੇੜ ਕੋਇ ਨਾ ਆਈਆ । ਚਰਨ ਪ੍ਰੀਤੀ ਕਰਦਾ ਰਹੇ ਜੋਗ, ਤਨ ਮਾਟੀ ਕੱਪੜ ਰੰਗ ਨਾ ਕੋਇ ਬਦਲਾਈਆ । ਆਤਮ ਸੇਜਾ ਸਾਚਾ ਭੋਗਦਾ ਰਹੇ ਭੋਗ, ਰਸੀਆ ਰਸ ਦਏ ਵਖਾਈਆ । ਝਗੜਾ ਮੁਕੇ ਲੋਕ ਪਰਲੋਕ, ਦੋ ਜਹਾਨ ਮਿਲੇ ਵਡਿਆਈਆ । ਸਾਚੇ ਨਾਮ ਦਾ ਗਾ ਕੇ ਸਲੋਕ, ਸ਼ੋਕ ਅੰਦਰੋਂ ਦਏ ਤਜਾਈਆ । ਝਗੜਾ ਮੁੱਕੇ ਲਾੜੀ ਮੌਤ, ਰਾਏ ਧਰਮ ਨਾ ਦਏ ਸਜ਼ਾਈਆ । ਸਚ ਦਵਾਰੇ ਜਾਏ ਪਹੁੰਚ, ਜਿਸ ਘਰ ਵਸੇ ਸ਼ਹਿਨਸ਼ਾਹੀਆ । ਜਨ ਭਗਤ ਸੱਚੇ ਮਾਰਗ ਚਲਦਿਆਂ ਕੋਈ ਨਾ ਸਕੇ ਰੋਕ, ਰੋਕੜ ਵਹੀ ਖਾਤਾ ਚਿਤਰ ਗੁਪਤ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਪ੍ਰੇਮ ਪਿਆਰ ਵਿਚ ਆਪਣੀ ਮੌਜ, ਮਹਿਬੂਬ ਹੋ ਕੇ ਆਪਣੀ ਖ਼ੁਸ਼ੀ ਵਖਾਈਆ ।


੬੫੨
੧੯

### ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਰਣੀਆ ਰਾਮ ਦੇ ਗ੍ਰਿਹ ਪਿੰਡ ਬਦੀ ਪੁਰ ਜ਼ਿਲਾ ਜੰਮੂ

ਜਨ ਭਗਤ ਕਦੇ ਨਾ ਕਟੇ ਤੰਗੀ, ਤੰਗਦਸਤ ਨਾ ਕੋਇ ਅਖਵਾਈਆ । ਨਾਮ ਵਸਤ ਮਿਲੇ ਅਨਮੰਗੀ, ਸਾਹਿਬ ਸਤਿਗੁਰ ਝੋਲੀ ਪਾਈਆ । ਕਾਇਆ ਚੋਲੀ ਜਾਏ ਰੰਗੀ, ਦੁਰਮਤ ਮੈਲ ਰਹੇ ਲਾ ਰਾਈਆ । ਦੀਨ ਮਜ਼੍ਹਬ ਦੀ ਰਹੇ ਨਾ ਕੋਈ ਪਾਬੰਦੀ, ਬੰਧਨ ਜਗਤ ਕੋਇ ਨਾ ਪਾਈਆ । ਕੂੜੀ ਵਾਸਨਾ ਅੰਦਰੋਂ ਨਿਕਲੇ ਗੰਦੀ, ਸਚ ਸੁਗੰਧੀ ਦਏ ਭਰਾਈਆ । ਪਵਣ ਸਵਾਸੀ ਆਵੇ ਠੰਡੀ, ਅਗਨੀ ਤਤ ਨਾ ਕੋਈ ਤਪਾਈਆ । ਸੁਰਤ ਸਵਾਣੀ ਹੋਵੇ ਨਾ ਰੰਡੀ, ਮਿਲ ਹਰਿ ਕੰਤ ਵੱਜੇ ਵਧਾਈਆ । ਰਾਹ ਰਹੇ ਨਾ ਓਝੜ ਡੰਡੀ, ਮਾਰਗ ਇਕੋ ਇਕ ਸਮਝਾਈਆ । ਮਨੂਆ ਭੇਖ ਨਾ ਕਰੇ ਪਾਖੰਡੀ, ਪੜਦਾ ਓਹਲਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਬਣ ਕੇ ਸੰਗੀ, ਸਗਲਾ ਸੰਗ ਨਿਭਾਈਆ । ਜਨ ਭਗਤ ਕਦੇ ਨਾ ਜਾਏ ਸੌਂ, ਆਲਸ ਨਿੰਦਰਾ ਗ਼ਫ਼ਲਤ ਨਾ ਕੋਇ ਰਖਾਈਆ । ਇਕੋ ਏਕ ਏਕਾ ਜਾਏ ਹੋ, ਏਕੰਕਾਰ ਵਿਚ ਸਮਾਈਆ । ਅੰਤਰ ਅੰਤਰ ਸਦਾ ਰਹੇ ਲੋਅ, ਪਰਕਾਸ਼ ਪਰਕਾਸ਼ ਬੇਪਰਵਾਹੀਆ । ਜਗਤ ਨਾਤਾ ਤੁੱਟੇ ਮੋਹ, ਮੁਹੱਬਤ ਇਕੋ ਨਾਲ ਜੁੜਾਈਆ ।

ਕੂੜੀ ਕਿਰਿਆ ਦੇਵੇ ਖੋਹ, ਖ਼ਾਲਸ ਆਪਣਾ ਰੂਪ ਪਰਗਟਾਈਆ । ਭੇਵ ਚੁਕਾ ਕੇ ਸੋਹੰ ਸੋ, ਸਤਿ ਸਤਿ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਦੇ ਨਾ ਫਿਰੇ ਕਿਸੇ ਦੇ ਗਿਰਦੇ, ਚੱਕਰ ਜਗਤ ਨਾ ਕੋਇ ਲਗਾਈਆ । ਇਕੋ ਸ੍ਰੀ ਭਗਵਾਨ ਵਸਾਵੇ ਹਿਰਦੇ, ਹਰਿ ਮੰਦਰ ਕਾਇਆ ਲਏ ਬਣਾਈਆ । ਮੇਲੇ ਹੋਵਣ ਵਿਛੜੇ ਚਿਰ ਦੇ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਦਰਵਾਜ਼ੇ ਖੁੱਲ੍ਹਣ ਘਰ ਥਿਰ ਦੇ, ਥਿਰ ਘਰ ਸਾਚੇ ਵਿਚ ਸਮਾਈਆ । ਦਰਸ਼ਨ ਹੋਵਣ ਅਗੰਮੀ ਪਿਰ ਦੇ, ਪਤਿਪਰਮੇਸ਼ਵਰ ਨਜ਼ਰੀ ਆਈਆ । ਝਗੜੇ ਮੁੱਕ ਜਾਣ ਧੜ ਸੀਸ ਸਿਰ ਦੇ, ਸਰ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਲਹਿਣੇ ਦੇਵੇ ਦੇਰ ਦੇ, ਪੂਰਬ ਜਨਮਾਂ ਵੇਖ ਵਖਾਈਆ । ਜਨ ਭਗਤ ਜਗਤ ਵਾਸਨਾ ਵਿਚ ਨਾ ਲਾਵੇ ਚੱਕਰ, ਚਕਰਵਤੀਆਂ ਪੱਲੂ ਜਾਏ ਛੁਡਾਈਆ । ਇਕੋ ਪ੍ਰੇਮ ਵਿਚ ਬਹਿ ਕੇ ਫ਼ੱਕਰ, ਫ਼ਿਕਰਾ ਧੁਰ ਦਾ ਢੋਲਾ ਗਾਈਆ । ਚੋਟੀ ਮੰਜ਼ਲ ਚੜ੍ਹ ਕੇ ਸਿਖਰ, ਸਿਖਿਆ ਇਕੋ ਇਕ ਲਏ ਅਪਣਾਈਆ । ਬਿਨ ਅਬਿਨਾਸ਼ੀ ਕਰਤੇ ਦੂਜਾ ਕਰੇ ਕੋਈ ਨਾ ਜ਼ਿਕਰ, ਜਗਤ ਵਾਲੀ ਨਾ ਕੋਈ ਪੜ੍ਹਾਈਆ । ਸ੍ਰੀ ਭਗਵਾਨ ਬਣਾ ਕੇ ਆਪਣਾ ਮਿੱਤਰ, ਮਿੱਤਰ ਮੁਰਾਰਾ ਲਏ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵਣਹਾਰਾ ਸਾਚਾ ਵਰ, ਸਾਚੀ ਧਾਰੋਂ ਕਾਇਆ ਮੰਦਰ ਅੰਦਰੋਂ ਆਵੇ ਨਿੱਕਲ, ਪੜਦਾ ਓਹਲਾ ਬਣ ਵਿਚੋਲਾ ਕਾਇਆ ਚੋਲਾ ਸਹਿਜੇ ਦਏ ਚੁਕਾਈਆ ।



## ✪ ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਬੀਬੀ ਚੰਨੋ ਦੇਵੀ ਦੇ ਗ੍ਰਹਿ ਪਿੰਡ ਬਦੀ ਪੁਰ ਜ਼ਿਲਾ ਜੰਮੂ ✪

੬੫੩
੧੯

ਜਨ ਭਗਤ ਪ੍ਰਭ ਦੀ ਰਖੇ ਸਦਾ ਯਾਦ, ਜਗਤ ਵਾਸਨਾ ਵਿਚ ਵਿਸਰ ਕਦੇ ਨਾ ਜਾਈਆ । ਅੰਦਰੇ ਅੰਦਰ ਪ੍ਰੇਮ ਪਿਆਰ ਦੀ ਮਾਰਦਾ ਰਹੇ ਆਵਾਜ਼, ਸੁਰਤੀ ਸ਼ਬਦ ਨਾਲ ਜੁੜਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜੁਗ ਜੁਗ ਸੁਣਨਹਾਰਾ ਫ਼ਰਿਆਦ, ਸਚਖੰਡ ਨਿਵਾਸੀ ਵੇਖੇ ਥਾਉਂ ਥਾਈਂਆ । ਨਾਮ ਭੰਡਾਰਾ ਵਸਤ ਅਮੋਲਕ ਦੇਵੇ ਦਾਤ, ਕਾਇਆ ਝੋਲੀ ਆਪ ਭਰਾਈਆ । ਪੜਦਾ ਓਹਲਾ ਲਾਹ ਕੇ ਅੰਦਰ ਖੋਲ੍ਹ ਦਏ ਰਾਜ਼, ਅੰਧ ਅੰਧੇਰ ਦੇਵੇ ਮਿਟਾਈਆ । ਝਗੜਾ ਮੁਕਾ ਕੇ ਕੂੜ ਸਮਾਜ, ਸਮਗਰੀ ਇਕੋ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੁਰਮਤ ਮੈਲ ਧੋ ਕੇ ਦਾਗ਼, ਪਤਿਤ ਪੁਨੀਤ ਦਏ ਬਣਾਈਆ । ਜਨ ਭਗਤ ਪ੍ਰਭ ਦੀ ਰਖੇ ਸਦਾ ਲੋੜ, ਨਾਤਾ ਦੀਨ ਦੁਨੀ ਤੁੜਾਈਆ । ਕਰੇ ਬੇਨੰਤੀ ਦੋਏ ਜੋੜ, ਪ੍ਰਭ ਤੇਰੀ ਓਟ ਰਖਾਈਆ । ਪੁਰਖ ਅਬਿਨਾਸ਼ੀ ਜਾਏ ਬਹੁੜ, ਜੁਗ ਜੁਗ ਆਪਣਾ ਫੇਰਾ ਪਾਈਆ । ਲੱਗੀ ਪ੍ਰੀਤ ਨਿਭਾਏ ਤੋੜ, ਸਰਗੁਣ ਨਿਰਗੁਣ ਮੇਲ ਮਿਲਾਈਆ । ਮਨੂਆ ਰਹਿਣ ਨਾ ਦੇਵੇ ਕਠੋਰ, ਹਿਰਦੇ ਹਰਿ ਹਰਿ ਜਾਏ ਸਮਾਈਆ । ਝਗੜਾ ਮੁਕਾਏ ਪੰਜ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਸੁਰਤੀ ਸ਼ਬਦੀ ਬੰਨ੍ਹੇ ਸਾਚੀ ਡੋਰ, ਤੰਦ ਆਪਣਾ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਦੇਵੇ ਹੋੜ, ਭਗਤ ਭਗਵਾਨ ਆਪਣੇ ਰੰਗ ਰੰਗਾਈਆ । ਜਨ ਭਗਤ ਮਾਇਆ ਮਮਤਾ ਕੋਈ ਨਾ ਕਰੇ ਖ਼ਾਹਿਸ਼, ਕੂੜੀ ਖ਼ਸਲਤ ਵਿਚ ਕਦੇ ਨਾ ਆਈਆ । ਜਪਦਾ ਰਹੇ ਸਵਾਸ ਸਵਾਸ, ਸਾਹ ਸਾਹ ਮਿਲੇ ਵਡਿਆਈਆ ।

੬੫੪
੧੯

ਪੁਰਖ ਅਬਿਨਾਸ਼ੀ ਸਦ ਵਸਣਹਾਰਾ ਪਾਸ, ਘਰ ਵਿਚ ਘਰ ਪੜਦਾ ਦਏ ਉਠਾਈਆ । ਜਨ ਭਗਤ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੋਹਾਂ ਦੀ ਇਕੋ ਜਾਤ, ਰੂਪ ਰੰਗ ਨਾ ਕੋਈ ਵੰਡਾਈਆ । ਤੇਰਾ ਮੇਲਾ ਦਵਾਰੇ ਸਾਚ, ਸਚ ਵੱਜੇ ਇਕ ਵਧਾਈਆ । ਮਨੂਆ ਮਨ ਨਾ ਹੋਏ ਉਦਾਸ, ਚਿੰਤਾ ਗ਼ਮ ਨਾ ਕੋਈ ਸਤਾਈਆ । ਜਨਮ ਕਰਮ ਦੀ ਪੂਰੀ ਹੋਵੇ ਆਸ, ਭਰਮ ਭਰਮ ਦਾ ਡੇਰਾ ਢਾਹੀਆ । ਕੂੜ ਵਿਕਾਰਾ ਹੋਵੇ ਨਾਸ ਸਚ ਸਚ ਦਏ ਉਪਜਾਈਆ । ਘਰ ਸਵਾਮੀ ਵਸੇ ਪਾਸ, ਕਾਇਆ ਮੰਦਰ ਹੋਏ ਰੁਸ਼ਨਾਈਆ । ਨਿਰਮਲ ਜੋਤ ਕਰੇ ਪਰਕਾਸ਼, ਅੰਧ ਅੰਧੇਰ ਦਏ ਮਿਟਾਈਆ । ਜਨ ਭਗਤਾਂ ਆਦਿ ਜੁਗਾਦਿ ਜੁਗ ਚੌਕੜੀ ਦੇਵਣਹਾਰਾ ਸਾਥ, ਸਗਲਾ ਸੰਗੀ ਆਪ ਬਣ ਜਾਈਆ । ਜਨ ਭਗਤ ਸਦਾ ਰਾਹ ਰਿਹਾ ਤੱਕ, ਤਕਵਾ ਇਕੋ ਉਪਰ ਰਖਾਈਆ । ਬਿਨ ਨੈਣ ਤੋਂ ਖੁੱਲ੍ਹੀ ਰਖੇ ਅੱਖ, ਲੋਚਣ ਤੀਜਾ ਇਕ ਖੁਲ੍ਹਾਈਆ । ਪੁਰਖ ਅਬਿਨਾਸ਼ੀ ਹਿਰਦੇ ਜਾਏ ਵਸ, ਹਰਿਜਨ ਹਰਿ ਹਰਿ ਆਪਣੀ ਬਣਤ ਬਣਾਈਆ । ਨਾਮ ਅਣਿਆਲਾ ਤੀਰ ਮਾਰੇ ਕਸ, ਤਿੱਖੀ ਮੁਖੀ ਧਾਰ ਬਣਾਈਆ । ਜਗਤ ਵਿਕਾਰਾ ਸੱਥਰ ਜਾਏ ਲੱਥ, ਸੋਈ ਸੁਰਤੀ ਆਪ ਉਠਾਈਆ । ਨਾਉਂ ਭੰਡਾਰਾ ਦੇ ਕੇ ਧੁਰ ਦੀ ਵੱਥ, ਵੱਖਰ ਅੱਖਰ ਦਏ ਵਖਾਈਆ । ਜਿਥੇ ਆਤਮ ਪਰਮਾਤਮ ਮਿਲ ਕੇ ਰਿਹਾ ਵਸ, ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਇਕੋ ਦੀਪਕ ਜੋਤ ਰਿਹਾ ਜਗ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਮਾਰਗ ਰਸਤਾ ਦੱਸੇ ਇਕੋ ਸਚ, ਸਤਿ ਸਤਿਵਾਦ ਦਇਆ ਕਮਾਈਆ । ਜਨ ਭਗਤ ਜਗਤ ਵਾਲੀ ਜਾਣੇ ਕੋਈ ਨਾ ਜੁਗਤੀ, ਜੀਵਣ ਵਿਚੋਂ ਜੀਵਣ ਲਏ ਬਦਲਾਈਆ । ਪਰਮ ਪੁਰਖ ਪਰਮਾਤਮ ਨਾਲ ਮੇਲੇ ਸਿੱਧੀ ਸੁਰਤੀ, ਦੂਜਾ ਇਸ਼ਟ ਨਾ ਕੋਇ ਮਨਾਈਆ । ਅਬਿਨਾਸ਼ੀ ਕਰਤਾ ਕਿਰਪਾ ਕਰੇ ਅਕਾਲ ਮੂਰਤੀ, ਮੋਹ ਮੁਹੱਬਤ ਕੂੜੀ ਦਏ ਮੁਕਾਈਆ । ਨਾਦ ਸੁਣਾਵੇ ਅਗੰਮੀ ਤੂਰਤੀ, ਤੁਰੀਆ ਪਦ ਕਰੇ ਰੁਸ਼ਨਾਈਆ । ਧਾਰ ਰਹੇ ਨਾ ਗੜ੍ਹ ਹੰਕਾਰ ਗ਼ਰੂਰ ਦੀ, ਗ਼ੁਰਬਤ ਅੰਦਰੋਂ ਦਏ ਕਢਾਈਆ । ਨਾਮ ਖ਼ੁਮਾਰੀ ਦੇਵੇ ਆਪਣੇ ਸਰੂਰ ਦੀ, ਮਸਤੀ ਹਸਤੀ ਵਿਚੋਂ ਪਰਗਟਾਈਆ । ਖੇਲ ਖਿਲਾਏ ਹਾਜ਼ਰ ਹਜ਼ੂਰ ਦੀ, ਹਰਿਜਨ ਸਾਚੇ ਲਏ ਤਰਾਈਆ । ਮਿਹਨਤ ਮੁਸ਼ੱਕਤ ਝੋਲੀ ਪਾਏ ਗੁਰਮੁਖ ਮਜ਼ਦੂਰ ਦੀ, ਜੋ ਸਦਾ ਇਕੋ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੰਜ਼ਲ ਕਟੇ ਦੂਰ ਦੀ, ਨੇਰਨ ਨੇਰਾ ਘਰ ਵਸੇਰਾ ਗ੍ਰਿਹਿ ਮੰਦਰ ਡੇਰਾ ਘਟ ਸਵਾਮੀ ਨਜ਼ਰੀ ਆਈਆ ।

✪ ੧੨ ਜੇਠ ਸ਼ਹਿਨਸ਼ਾਹੀ ਸੰਮਤ ੨ ਗੁਰਨਾਮ ਸਿੰਘ ਦੇ ਗ੍ਰਿਹਿ ਪਿੰਡ ਸੀੜ ਜੰਮੂ ✪

ਜਨ ਭਗਤ ਚੁੱਕੇ ਅੰਤਰ ਪੜਦਾ, ਪਰਨਦਾਨਸ਼ੀਨ ਦਇਆ ਕਮਾਈਆ । ਓਹਲਾ ਮਿਟਾਏ ਆਪਣੇ ਘਰ ਦਾ, ਗ੍ਰਿਹਿ ਵਿਚੋਂ ਗ੍ਰਿਹਿ ਲਏ ਪਰਗਟਾਈਆ । ਇਸ਼ਨਾਨ ਕਰਾਏ ਸਾਚੇ ਸਰ ਦਾ, ਸਰੋਵਰ ਇਕੋ ਇਕ ਵਖਾਈਆ । ਰੂਪ ਦਰਸਾਏ ਅਗੰਮੀ ਹਰਿ ਦਾ, ਜੋ ਹਰ ਘਟ ਡੇਰਾ ਲਾਈਆ । ਭੇਵ ਖੁਲ੍ਹਾਏ ਥਿਰ ਘਰ ਦਾ, ਜਿਥੇ ਗੁਰਮੁਖ ਬਹਿ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਜਨ ਭਗਤ ਥਿਰ ਘਰ ਸਦਾ ਨਾ ਰਖੇ ਆਸਣ, ਆਸ ਆਪਣੀ ਆਪ ਵਧਾਈਆ । ਤੱਕੇ ਰਾਹ ਪੁਰਖ ਅਬਿਨਾਸ਼ਣ, ਨਿਰਗੁਣ

ਨਿਰਵੈਰ ਬੇਪਰਵਾਹੀਆ । ਜਿਸ ਦਾ ਸਚ ਦਵਾਰ ਸਿੰਘਾਸਣ, ਸਵਾਮੀ ਹੋ ਕੇ ਸੋਭਾ ਪਾਈਆ । ਨਿਰਗੁਣ ਜੋਤ ਜੋਤ ਪਰਕਾਸ਼ਣ, ਰਵ ਸਸ ਨਾ ਕੋਇ ਵਡਿਆਈਆ । ਘੜੀ ਪਲ ਦਿਵਸ ਰਾਤਣ, ਮਾਸ ਬਰਖ ਨਾ ਵੰਡ ਵੰਡਾਈਆ । ਸ਼ਾਹੋ ਭੂਪ ਜਗਤ ਨਾ ਕੋਇ ਰਾਜਣ, ਸੀਸ ਤਾਜ ਨਾ ਕੋਇ ਟਿਕਾਈਆ । ਜਗਤ ਵਣਜਾਰਾ ਵਕ਼ਤ ਨਾ ਕੋਇ ਮਹਾਜਨ, ਹੱਟੋ ਹੱਟ ਨਾ ਕੋਇ ਭਵਾਈਆ । ਨਾਦ ਧੁਨ ਸ਼ਬਦ ਨਾ ਕੋਇ ਆਵਾਜ਼ਨ, ਤਾਲ ਤਲਵਾੜਾ ਨਾ ਕੋਇ ਖੜਕਾਈਆ । ਗੁਰ ਅਵਤਾਰ ਪੈਗ਼ੰਬਰ ਪੁਸਤਕ ਕੋਇ ਨਾ ਵਾਚਨ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਨਾ ਕੋਇ ਪੜ੍ਹਾਈਆ । ਕਰੇ ਖੇਲ ਸਰਬ ਗੁਣਤਾਸਣ, ਗੁਣ ਕਰਤਾ ਨੂਰ ਖ਼ੁਦਾਈਆ । ਜਲਵਾ ਜਾਹਰ ਕਰ ਬਾਤਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਥਿਰ ਘਰ ਅਗੇ ਜਾਵੇ ਵਧ, ਬਿਨ ਕ਼ਦਮਾਂ ਕ਼ਦਮ ਉਠਾਈਆ । ਪੁਰਖ ਅਕਾਲ ਸਹਿਜੇ ਲਏ ਸੱਦ, ਸਦਮਾ ਪਿਛਲਾ ਦਏ ਚੁਕਾਈਆ । ਸਚ ਦਵਾਰਾ ਵਖਾਏ ਹੱਦ, ਹਦੂਦ ਪਿਛਲੀ ਦਏ ਮਿਟਾਈਆ । ਵਿਸ਼ਨੂੰ ਧਾਰ ਬਣਾ ਕੇ ਆਪਣੀ ਯੱਦ, ਯਦਪ ਆਪਣੇ ਰੰਗ ਰੰਗਾਈਆ । ਬਿਨ ਤੱਤਾਂ ਹੋ ਜਾਣ ਸੰਗ, ਵਜੂਦ ਖ਼ਾਕ ਮਾਟੀ ਤਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਮਨਸਾ ਪੂਰੀ ਕਰੇ ਮੰਗ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਸਚਖੰਡ ਦਵਾਰਾ ਵੇਖ ਇਕ ਪਰਕਾਸ਼, ਪਰਕਾਸ਼ ਵਿਚ ਸਮਾਈਆ । ਨਾ ਕੋਈ ਬਚਨ ਨਾ ਬਿਲਾਸ, ਅਨੁਭਵ ਅੰਤਰ ਰਾਗ ਅਲਾਈਆ । ਨਾ ਸੇਵਕ ਨਾ ਦਾਸ, ਖ਼ਾਲਸ ਹੋ ਕੇ ਮਾਲਕ ਵਿਚ ਸਮਾਈਆ । ਨਾ ਮੰਡਲ ਨਾ ਰਾਸ, ਗੋਪੀ ਕਾਹਨ ਨਾ ਸੂਰਤ ਬਦਲਾਈਆ । ਨਾ ਸੀਆ ਨਾ ਰਾਮ ਨਾ ਜੰਗਲ ਬਨਬਾਸ, ਸਮੁੰਦ ਸਾਗਰ ਨਾ ਕੋਇ ਫੋਲ ਫੁਲਾਈਆ । ਨਾ ਹਜ਼ਰਤ ਨਾ ਰੂਹ ਪਾਕ, ਨਾ ਅਲਿਫ਼ ਯੇ ਪੜ੍ਹੇ ਲੁਗਾਤ, ਕਲਮਾ ਹੱਕ ਨਾ ਕੋਇ ਜਣਾਈਆ । ਸਚ ਦਵਾਰੇ ਖੋਲ੍ਹ ਕੇ ਤਾਕ, ਕਰ ਪਰਕਾਸ਼ ਬਿਨ ਆਫ਼ਤਾਬ, ਸਚ ਰਬਾਬ ਅਹਿਬਾਬ ਹੋ ਕੇ ਆਪਣੀ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲੇ ਕਰ ਕੇ ਆਜ਼ਾਦ, ਦਰ ਘਰ ਠਾਂਡੇ ਦਏ ਟਿਕਾਈਆ । ਦਰ ਘਰ ਦੱਸੇ ਇਕੋ ਠੰਡਾ, ਚਰਨ ਕਵਲ ਮਿਲੇ ਸਰਨਾਈਆ । ਜਿਥੇ ਬੰਦਗੀ ਕਰੇ ਕੋਈ ਨਾ ਬੰਦਾ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਨਾ ਕੋਈ ਢੋਲਾ ਨਾ ਕੋਈ ਛੰਦਾ, ਗੀਤ ਰਾਗ ਨਾ ਕੋਇ ਸੁਣਾਈਆ । ਨਾ ਕੋਈ ਸੁਖਸਾਗਰ ਅਨੰਦਾ, ਸਦਾ ਅਨੰਦ ਚਿਤ ਨਾ ਕੋਇ ਵਡਿਆਈਆ । ਨਾ ਕੋਈ ਹੰ ਨਾ ਕੋਈ ਬ੍ਰਹਮਾ, ਨਾ ਕੋਈ ਧਰਮ ਨਾ ਧਰਮਾ, ਧਰਮੀ ਧੌਲ ਨਾ ਕੋਇ ਵਖਾਈਆ । ਨਾ ਕੋਈ ਜੀਵਣ ਨਾ ਕੋਇ ਮਰਨਾ, ਨਾ ਕੋਈ ਨੇਤਰ ਖੁਲ੍ਹੇ ਹਰਨਾ ਫਰਨਾ, ਨਾ ਕੋਈ ਗੁਰੂ ਅਵਤਾਰ ਪੈਗ਼ੰਬਰ ਦੇਵੇ ਸਰਨਾ, ਸਰਨਗਤ ਨਜ਼ਰ ਕੋਇ ਨਾ ਆਈਆ । ਨਾ ਕੋਈ ਮੰਜ਼ਲ ਪੌੜੀ ਡੰਡਾ ਚੜ੍ਹਨਾ, ਨਾ ਕੋਈ ਵਿਦਿਆ ਅੱਖਰ ਪੜ੍ਹਨਾ, ਨਾ ਕੋਈ ਤੱਤਾਂ ਵਾਲਾ ਲੜ ਫੜਨਾ, ਜਿਸ ਦੇ ਨਾਲੋਂ ਹੋਏ ਜੁਦਾਈਆ । ਪੁਰਖ ਅਬਿਨਾਸ਼ੀ ਜੋਤ ਪਰਕਾਸ਼ੀ ਸ਼ਾਹੋ ਸ਼ਾਬਾਸ਼ੀ ਇਕ ਪਰਮਾਤਮਾ ਵਰਨਾ, ਜੋ ਵਰਨਾਂ ਬਰਨਾਂ ਖਹਿੜਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਮੰਜ਼ਲ ਚੜ੍ਹੇ ਅਨੋਖੀ, ਜਗਤ ਜੁਗ ਨਜ਼ਰ ਕੋਇ ਨਾ ਆਈਆ । ਜਿਥੇ ਪੜ੍ਹਨੀ ਪਏ ਨਾ ਕੋਇ ਪੋਥੀ, ਬਗ਼ਲ ਕ਼ੁਰਾਨ ਨਾ ਕੋਇ ਟਿਕਾਈਆ । ਦਰਵੇਸ਼ ਹੋ ਕੇ ਮੰਗਣੀ ਪਏ ਨਾ ਰੋਟੀ, ਭਿੱਛਿਆ ਅਲਖ ਨਾ ਕੋਇ ਵਖਾਈਆ । ਬਿਰਧ ਬਾਲ ਹੋ ਕੇ ਫੜਨੀ ਪਏ

੬੫੫
੧੯

ਨਾ ਸੋਟੀ, ਕ਼ਦਮਾਂ ਨਾਲ ਚਲੇ ਨਾ ਵਾਹੋ ਦਾਹੀਆ । ਇਕੋ ਨੂਰ ਨਿਰਮਲ ਸਚ ਪਰਕਾਸ਼ ਹੋ ਕੇ ਜੋਤੀ, ਜੋਤੀ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਹੜੀ ਮੰਜ਼ਲ ਦਿਤੀ ਰਵਦਾਸ ਚਮਾਰੇ ਮੋਚੀ, ਮੌਜੂਦਾ ਹੋ ਕੇ ਆਪਣੇ ਵਿਚ ਸਮਾਈਆ । ਜਨ ਭਗਤ ਸਚਖੰਡ ਦਵਾਰੇ ਚੜ੍ਹੇ ਆਪ, ਆਪਣਾ ਆਪ ਬਦਲਾਈਆ । ਇਕੋ ਪੁਰਖ ਅਕਾਲ ਮਿਲ ਕੇ ਬਾਪ, ਸਚ ਸਿੰਘਾਸਣ ਸੋਭਾ ਪਾਈਆ । ਲੋਕਮਾਤ ਫੇਰ ਕਦੇ ਨਾ ਲਵੇ ਝਾਕ, ਲੱਖ ਚੁਰਾਸੀ ਨਾਤਾ ਨਾ ਕੋਇ ਜੁੜਾਈਆ । ਆਦਿ ਜੁਗਾਦਿ ਜੁਗ ਚੌਕੜੀ ਸਦਾ ਸਦਾ ਸਦ ਵਸੇ ਓਸ ਦੇ ਪਾਸ, ਜਿਸ ਦਾ ਪਾਸਾ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਭਗਤ ਸੁਹੇਲੇ ਨਿਰਗੁਣ ਨੂਰ ਜੋਤ ਜੋੜੇ ਨਾਤ, ਤੱਤਾਂ ਵਾਲੀ ਵੰਡ ਨਾ ਕੋਇ ਵੰਡਾਈਆ ।

### ✪ ੧੩ ਜੇਠ ਸ਼ਹਿਨਸ਼ਾਹੀ ਸੰਮਤ ੨ ਸਰਦਾਰਾ ਸਿੰਘ ਦੇ ਗ੍ਰਿਹ ਪਿੰਡ ਸੀੜ ਜੰਮੂ ✪

ਜਨ ਭਗਤ ਪ੍ਰਭ ਪੂਰੀ ਕਰੇ ਸੱਧਰ, ਸਦਾ ਸਦਾ ਸਦ ਆਪਣਾ ਰੰਗ ਵਖਾਇੰਦਾ । ਲੋਕਮਾਤ ਨਿਰਗੁਣ ਧਾਰ ਸਰਗੁਣ ਕਰੇ ਕਦਰ, ਕ਼ੁਦਰਤ ਦਾ ਕ਼ਾਦਰ ਵੇਖ ਵਖਾਇੰਦਾ । ਅੰਮ੍ਰਿਤ ਰਸ ਨਾਮ ਪਿਆਲਾ ਦੇਵੇ ਮਧੁਰ, ਮਧ ਪਿਆਸ ਨਾ ਕੋਇ ਜਣਾਇੰਦਾ । ਜੀਵਣ ਜੁਗਤੀ ਦੇਵੇ ਬਦਲ, ਬਦੀ ਨੇਕੀ ਵਿਚ ਵਟਾਇੰਦਾ । ਪੂਰ ਕਰਾ ਕੇ ਮਜ਼ਲ, ਮੰਜ਼ਲ ਆਪਣੀ ਇਕ ਸਮਝਾਇੰਦਾ । ਸਚ ਤਰਾਜੂ ਤੋਲ ਕੇ ਵਜ਼ਨ, ਝੂਠ ਸਚ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਇੰਦਾ । ਜਨ ਭਗਤ ਜਾਗਰਤ ਜੋਤ, ਸ਼ਮਅ ਸ਼ਮਸ਼ਾਨ ਭੂਮੀ ਨਾ ਕੋਇ ਸਮਝਾਈਆ । ਸਦਾ ਪਰਕਾਸ਼ ਹੁੰਦਾ ਰਹੇ ਸਾਚੇ ਕੋਟ, ਕੁਟੀਆ ਵਿਚੋਂ ਕੂੜ ਕੁਟੰਬ ਬਾਹਰ ਕਢਾਈਆ । ਸੁਣਦਾ ਰਹੇ ਸਦਾ ਧੁਰ ਸਲੋਕ, ਸੋਹਲਾ ਅਗੰਮ ਅਥਾਹ ਬੇਪਰਵਾਹੀਆ । ਬੈਠਾ ਰਹੇ ਘਰਾਣੇ ਵਾਲੇ ਚੌਕ, ਚਾਰ ਕੁੰਟ ਜਿਸ ਦਾ ਰਸਤਾ ਇਕੋ ਸੋਭਾ ਪਾਈਆ । ਪਰਮ ਪੁਰਖ ਦਾ ਪੂਰਾ ਕਰਦਾ ਰਹੇ ਸ਼ੌਕ, ਸ਼ਾਕਰ ਹੋਕੇ ਸਦ ਸਦ ਸੀਸ ਨਿਵਾਈਆ । ਸਾਚੀ ਮੰਜ਼ਲ ਜਾਏ ਪਹੁੰਚ, ਦਰ ਘਰ ਸਾਚੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਜਨ ਭਗਤ ਕੋਈ ਨਾ ਰਹੇ ਤ੍ਰਿਖਾ, ਤ੍ਰਿਖਾ ਜਗਤ ਨਾ ਕੋਇ ਸਤਾਈਆ । ਪੁਰਖ ਅਬਿਨਾਸ਼ੀ ਪਾਵੇ ਭਿੱਛਾ, ਭਿੱਖਕ ਝੋਲੀ ਦਏ ਭਰਾਈਆ । ਮਨ ਬੁਧੀ ਪੂਰੀ ਕਰੇ ਇੱਛਾ, ਨਿਰਇੱਛਤ ਹੋ ਕੇ ਦਇਆ ਕਮਾਈਆ । ਰੂਪ ਬਣਾ ਕੇ ਸਾਚੇ ਸਿੱਖਾ, ਸਿਖਿਆ ਧੁਰ ਦੀ ਇਕ ਦ੍ਰਿੜਾਈਆ । ਜਨਮ ਜਨਮ ਦੀ ਮੇਟ ਕੇ ਵਿੱਖਾ, ਅੰਮ੍ਰਿਤ ਫਲ ਦਏ ਖੁਆਈਆ । ਸਚ ਸੰਦੇਸ਼ ਦੇਵੇ ਚਿੱਠਾ, ਕ਼ਲਮ ਸ਼ਾਹੀ ਨਾ ਕੋਇ ਬਣਾਈਆ । ਧਾਰ ਵਖਾਏ ਇਕ ਅਨਡਿੱਠਾ, ਜਿਥੇ ਵਸੇ ਬੇਪਰਵਾਹੀਆ । ਜਨ ਭਗਤਾਂ ਦਏ ਕਦੀ ਨਾ ਪਿਛਾ, ਸਨਮੁਖ ਹੋ ਕੇ ਗਲੇ ਲਗਾਈਆ । ਜੁਗ ਚੌਕੜੀ ਜਗਤ ਨੇਤਰ ਕਿਸੇ ਨਾ ਦਿਸਾ, ਬਿਨ ਭਗਤਾਂ ਲੋਚਨ ਅੱਖ ਨਾ ਕੋਇ ਖੁਲ੍ਹਾਈਆ । ਬਿਨ ਪ੍ਰੇਮ ਪਿਆਰ ਕਿਤੇ ਨਾ ਵਿਕਾ, ਖ਼ਾਲੀ ਹੱਥ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਦੂਜੇ ਘਰ ਨਾ ਬਣਨ ਗਾਹਕ, ਵਸਤ ਲੈਣ ਕੋਇ ਨਾ ਜਾਈਆ । ਕਦੇ ਹੋਰ ਬਣੇ ਨਾ ਰਾਹਕ, ਹਿਸੇਦਾਰ ਨਾ ਕੋਇ

ਜਣਾਈਆ । ਸਿੱਧਾ ਪੁਰਖ ਅਕਾਲ ਬਣਾਵੇ ਸਾਕ, ਸੱਜਣ ਸੈਣ ਇਕ ਅਖਵਾਈਆ । ਸਹਿਜ ਨਾਲ ਖੁਲ੍ਹਾਵੇ ਅੰਦਰੋਂ ਤਾਕ, ਪੜਦਾ ਓਹਲਾ ਪਰੇ ਹਟਾਈਆ । ਕਿਸੇ ਹੀਰ ਦਾ ਬਣੇ ਕਦੇ ਨਾ ਚਾਕ, ਚਾਕ ਦੀ ਹੀਰ ਬਣ ਕੇ ਆਪਣੀ ਸੇਵ ਕਮਾਈਆ । ਮੰਗਦਾ ਰਹੇ ਇਕੋ ਧੁਰ ਦੀ ਦਾਤ, ਜੋ ਦਾਤਾਰ ਬਿਨ ਤਮਅ ਰਿਹਾ ਵਰਤਾਈਆ । ਆਤਮ ਪਰਮਾਤਮ ਮਿਲਣ ਦਾ ਬਣਿਆ ਰਹੇ ਇਤਫ਼ਾਕ, ਵਿਛੋੜੇ ਵਿਚ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਸਦਾ ਲਾਵੇ ਇਕੋ ਨਾਅਰਾ, ਨਰ ਹੋ ਕੇ ਨਰਾਇਣ ਧਿਆਈਆ । ਪ੍ਰੇਮ ਪਿਆਰ ਦਾ ਹੱਕ ਜੈਕਾਰਾ, ਜੈ ਜੈ ਕਾਰ ਵਿਚ ਸਮਾਈਆ । ਕੂੜੀ ਕਿਰਿਆ ਜਗਤ ਵਾਸਨਾ ਛੱਡ ਕੇ ਦਾਇਰਾ, ਦਾਮਨ ਫੜ ਕੇ ਖ਼ੁਸ਼ੀ ਮਨਾਈਆ । ਰਮਜ਼ ਵਾਲਾ ਸਮਝ ਕੇ ਇਕ ਇਸ਼ਾਰਾ, ਬਹੁਤੀ ਕਰੇ ਨਾ ਕੋਇ ਪੜ੍ਹਾਈਆ । ਪਾਰ ਹੋਵੇ ਦੂਰ ਕਿਨਾਰਾ, ਮੰਜ਼ਲ ਨੇੜੇ ਲਏ ਮੁਕਾਈਆ । ਘਰ ਸੱਜਣ ਮਿਲੇ ਮੀਤ ਮੁਰਾਰਾ, ਠਾਕਰ ਹੋ ਕੇ ਦਰਸ ਦਿਖਾਈਆ । ਹਕ਼ੀਕ਼ਤ ਵਿਚੋਂ ਹੱਕ ਲੈ ਲਏ ਸਾਰਾ, ਮੁਜਾਰਾ ਹੋ ਕੇ ਦੂਜਾ ਹਿੱਸਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਆਪਣੇ ਵਿਚ ਸਮਾਈਆ ।

## ੧੩ ਜੇਠ ਸ਼ਹਿਨਸ਼ਾਹੀ ਸੰਮਤ ੨ ਜੋਗਿੰਦਰ ਸਿੰਘ ਦੇ ਗ੍ਰਹਿ ਪਿੰਡ ਸੀੜ ਜੰਮੂ



ਜਨ ਭਗਤ ਵਿਰਲਾ ਵਿਚੋਂ ਪਦਮਾਂ, ਪਦ ਸਾਚਾ ਵੇਖ ਖ਼ੁਸ਼ੀ ਮਨਾਈਆ । ਦੂਸਰ ਚੁੱਕੇ ਨਾ ਕ਼ਦਮਾਂ, ਕ਼ਦੀਮ ਦੀ ਰੀਤੀ ਪ੍ਰਭ ਨੂੰ ਸੀਸ ਝੁਕਾਈਆ । ਧਰਮ ਰਾਏ ਦੀ ਅਦਾਲਤ ਭੁਗਤੇ ਨਾ ਮੁਕੱਦਮਾ, ਸਚ ਮੁਕਾਮ ਜਾਏ ਚਾਈਂ ਚਾਈਂਆ । ਲੱਖ ਚੁਰਾਸੀ ਭਰਮਣ ਦਾ ਰਹੇ ਕੋਈ ਨਾ ਸਦਮਾ, ਦੁੱਖ ਦਰਦ ਨਾ ਕੋਇ ਸਤਾਈਆ । ਝਗੜਾ ਰਹੇ ਨਾ ਪੰਜ ਤਤ ਕਾਇਆ ਮਾਟੀ ਬਦਨਾ, ਬਦਲਾ ਅਗਲਾ ਦਏ ਮੁਕਾਈਆ । ਮਨੂਆ ਰਹੇ ਨਾ ਕੋਈ ਪਗ਼ਲਾ, ਸੋਈ ਸੁਰਤ ਸੁਰਤ ਉਠਾਈਆ । ਭਟਕਣਾ ਪਏ ਨਾ ਵਿਚ ਜੰਗਲਾਂ, ਜੂਹ ਕੰਦਰਾਂ ਨਾ ਖੋਜ ਖੁਜਾਈਆ । ਭੀੜੀ ਗਲੀ ਪਏ ਨਾ ਲੰਘਣਾ, ਮੰਦਰ ਸਾਚੇ ਦਏ ਟਿਕਾਈਆ । ਮੰਗਤਿਆਂ ਕੋਲੋਂ ਪਏ ਨਾ ਮੰਗਣਾ, ਦਵਾਰਾ ਇਕੋ ਮੰਗੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੱਸ ਕੇ ਸਾਚੀ ਬੰਦਨਾ, ਬੰਦੀਖ਼ਾਨੇ ਵਿਚੋਂ ਬਾਹਰ ਕਢਾਈਆ । ਜਨ ਭਗਤ ਦੂਜੇ ਘਰ ਨਾ ਕਰੇ ਅਰਜ਼, ਆਰਜ਼ੂ ਅਵਰ ਨਾ ਕੋਇ ਜਣਾਈਆ । ਪੁਰਖ ਅਕਾਲ ਪੂਰਾ ਕਰੇ ਫਰਜ਼, ਮਿਹਰਵਾਨ ਹੋ ਕੇ ਦਇਆ ਕਮਾਈਆ । ਦੁਖੀਆਂ ਦੀ ਦੁੱਖ ਵਿਚੋਂ ਵੰਡੇ ਦਰਦ, ਦੀਨ ਦਿਆਲ ਹੋ ਕੇ ਵੇਖ ਵਖਾਈਆ । ਪੂਰਬ ਜਨਮ ਦੀ ਫੋਲ ਕੇ ਫ਼ਰਦ, ਫ਼ਰਮਾਂਬਰਦਾਰਾਂ ਆਪਣੀ ਗੋਦ ਉਠਾਈਆ । ਜਗਤ ਵਾਸਨਾ ਲੱਗਣ ਨਾ ਦੇਵੇ ਵਰਗ, ਵਾਹਿਦ ਕਲਮਾ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਜਨ ਭਗਤ ਕਿਸੇ ਨਾ ਹੋਵੇ ਅਧੀਨ, ਭੈ ਭੌ ਨਾ ਕੋਇ ਮਨਾਈਆ । ਇਕੋ ਪੁਰਖ ਅਕਾਲ ਲਏ ਚੀਨ, ਹਿਰਦੇ ਹਰਿ ਹਰਿ ਆਪ ਵਸਾਈਆ । ਮਾਰਗ ਚੜ੍ਹ ਕੇ ਜਗਤ ਮਹੀਨ, ਪੈਂਡਾ ਅਗਲਾ ਲਏ ਮੁਕਾਈਆ । ਸ੍ਰੀ ਭਗਵਾਨ ਕਰੇ ਤਸਲੀਮ, ਤਸਬੀ ਮਾਲਾ ਗਲੋਂ ਸੁਟਾਈਆ । ਤੂੰ ਮੇਰਾ ਮੈਂ ਤੇਰਾ ਸਾਂਝਾ ਦੇ ਯਕੀਨ, ਯਕ ਹੁਕਮ ਇਕ ਸੁਣਾਈਆ । ਬਿਨਾ ਮੁਰਸ਼ਦ ਤੋਂ ਦੱਸੇ ਨਾ ਕੋਇ ਤਾਲੀਮ, ਮੁਰੀਦ

੬੫੮
੧੯

ਮੁਰਦਾ ਨਾ ਕੋਇ ਉਠਾਈਆ । ਗੁਰਮੁਖ ਰਹੇ ਨਾ ਕੋਇ ਗ਼ਮਗੀਨ, ਗ਼ੁੱਸਾ ਗਿਲਾ ਦੇਵੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸਾਚਾ ਵਰ, ਝਗੜਾ ਰਹੇ ਨਾ ਨਰ ਮਦੀਨ, ਆਤਮ ਰੂਪ ਸਤਿ ਸਰੂਪ ਸਭ ਦਾ ਇਕੋ ਨਜ਼ਰੀ ਆਈਆ ।

## ✪ ੧੩ ਜੇਠ ਸ਼ਹਿਨਸ਼ਾਹੀ ਸੰਮਤ ੨ ਮਾਈ ਲਛਮੀ ਦੇ ਗ੍ਰਿਹ ਪਿੰਡ ਸੀੜ ਜੰਮੂ ✪

ਜਨ ਭਗਤਾਂ ਹੋਵੇ ਨਾ ਕਦੇ ਹੈਰਾਨੀ, ਪਸਚਾਤਾਪ ਨਾ ਕੋਇ ਰਖਾਈਆ । ਮਨ ਕਰੇ ਨਾ ਕੋਈ ਸ਼ੈਤਾਨੀ, ਸ਼ਰਅ ਜ਼ੰਜੀਰ ਨਾ ਕੋਇ ਬੰਧਾਈਆ । ਮੰਜ਼ਲ ਵੇਖੇ ਸਚ ਅਸਾਨੀ, ਅਹਿਸਾਨ ਵਿਚ ਕਿਸੇ ਨਾ ਆਈਆ । ਜੂਹ ਜਾਣੇ ਨਾ ਕੋਇ ਬੇਗਾਨੀ, ਹਰ ਘਟ ਰਮਿਆ ਵੇਖੇ ਧੁਰ ਦਾ ਮਾਹੀਆ । ਝਗੜਾ ਰਹੇ ਨਾ ਬੁੱਤਖ਼ਾਨੀ, ਖ਼ਾਲਸ ਰੰਗ ਵਿਚ ਸਮਾਈਆ । ਕਿਸੇ ਤੋਂ ਮੰਜ਼ਲ ਪੁਛਣੀ ਨਾ ਪਏ ਰੁਹਾਨੀ, ਪੌੜੇ ਡੰਡੇ ਹੱਥ ਨਾ ਕੋਇ ਟਿਕਾਈਆ । ਕਿਸੇ ਉਧਾਰ ਨਾ ਹੋਏ ਪ੍ਰਾਨੀ, ਜਗਤ ਰੀਤ ਨਾ ਕੋਇ ਵਖਾਈਆ । ਇਕੋ ਤੱਕੇ ਸਚ ਨਿਸ਼ਾਨੀ, ਜਿਸ ਦਾ ਨਿਸ਼ਾਨਾ ਝੁੱਲੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਝਗੜਾ ਚੁਕਾਵਣਹਾਰਾ ਜਨਮ ਕਰਮ ਦੀਵਾਨੀ, ਦਾਅਵਾ ਦਾਇਰ ਫਿਰ ਨਾ ਕੋਇ ਕਰਾਈਆ । ਜਨ ਭਗਤ ਮਾਇਆ ਮਮਤਾ ਕਰੇ ਕੋਇ ਨਾ ਸੋਚ, ਗ਼ਮ ਵਿਚ ਨਾ ਕਦੇ ਸਮਾਈਆ । ਇਕੋ ਦਰਸ਼ਨ ਰਿਹਾ ਲੋਚ, ਲੋਚਾ ਮਨਸਾ ਪੂਰ ਮਿਲੇ ਵਡਿਆਈਆ । ਘਰ ਵਿਚ ਠਾਕਰ ਕਰੇ ਖੋਜ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਸਤਿਗੁਰ ਸਰਨ ਚਰਨ ਸਾਚੀ ਮੌਜ, ਮਜ਼ਾ ਅੰਦਰੋਂ ਦਏ ਚਖਾਈਆ । ਬਿਨਾ ਕਪੜੇ ਰੰਗਿਉਂ ਦੇਵੇ ਜੋਗ, ਜੁਗਤੀ ਆਪਣਾ ਨਾਮ ਸਮਝਾਈਆ । ਦਰਸ਼ਨ ਦੇਵੇ ਰੋਜ਼, ਰੋਜ਼ਿਆਂ ਤੋਂ ਲਵੇ ਬਚਾਈਆ । ਵਿਕਾਰਾਂ ਤੋਂ ਲਵੇ ਰੋਕ, ਹੰਗਤਾ ਦਏ ਮਿਟਾਈਆ । ਸੁਣਾ ਕੇ ਇਕ ਸਲੋਕ, ਸੂਖਮ ਮੇਲਾ ਸਹਿਜ ਸੁਭਾਈਆ । ਗੁਆ ਕੇ ਚਿੰਤਾ ਸੋਗ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਧੁਰ ਸੰਜੋਗ, ਜਗ ਵਿਛੜਿਆਂ ਜੋੜ ਜੁੜਾਈਆ । ਜਨ ਭਗਤ ਦੇਵੇ ਨਾ ਕਿਸੇ ਖ਼ਰਾਜ, ਜਜ਼ੀਆ ਡੰਨ ਭਰਨ ਕੋਇ ਨਾ ਆਈਆ । ਦੂਸਰ ਹੋਵੇ ਨਾ ਕਿਸੇ ਮੁਹਤਾਜ, ਆਸਾ ਵਿਚ ਨਾ ਨੀਰ ਵਹਾਈਆ । ਸਾਹਿਬ ਸਤਿਗੁਰ ਪੂਰਾ ਕਰੇ ਕਾਜ, ਕਰਨੀ ਦਾ ਮਾਲਕ ਹੋਏ ਸਹਾਈਆ । ਸ਼ਬਦੀ ਬੇੜੇ ਚਾੜ੍ਹ ਜਹਾਜ਼, ਜਗਤ ਜਹਾਨ ਪਾਰ ਲੰਘਾਈਆ । ਪੂਰਬ ਕਰਮਾਂ ਦਾ ਬਦਲ ਰਿਵਾਜ਼, ਰਵਾਦਾਰੀ ਪਿਛਲੀ ਦਏ ਚੁਕਾਈਆ । ਸਾਚਾ ਦੱਸ ਕੇ ਇਕ ਅਦਾਬ, ਸਿਖਿਆ ਸਿਖ ਸਿੱਖ ਦ੍ਰਿੜਾਈਆ । ਧੁਨ ਆਤਮਕ ਸੱਚੀ ਨਿਕਲੇ ਆਵਾਜ਼, ਸੋਹੰ ਢੋਲਾ ਸਹਿਜ ਸੁਭਾਈਆ । ਕੋਟਾਂ ਵਿਚੋਂ ਖੋਲ੍ਹ ਕੇ ਰਾਜ਼, ਹਰਿਜਨ ਸਾਚਾ ਆਪ ਜਗਾਈਆ । ਦੁਰਮਤ ਮੈਲ ਧੋਵੇ ਦਾਗ਼, ਦਗੇਬਾਜ਼ੀ ਤੋਂ ਲਵੇ ਬਚਾਈਆ । ਜੋਤੀ ਦੀਪ ਜਗਾ ਚਰਾਗ਼, ਚਾਰਾਗਾਹਾਂ ਵਿਚ ਨਾ ਕੋਇ ਫਿਰਾਈਆ । ਭਗਤ ਭਗਵਾਨ ਦੱਸ ਸਮਾਜ, ਸਮਗਰੀ ਇਕੋ ਝੋਲੀ ਪਾਈਆ । ਧੁਰ ਦਾ ਖੇੜਾ ਕਰ ਆਬਾਦ, ਇਬਾਦਤ ਆਪਣੀ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਨ ਮਾਟੀ ਖ਼ਾਕੀ ਸਾਚੀ ਦੇਵੇ ਪੋਸ਼ਾਕ, ਪੋਸ਼ੀਦਾ ਆਪਣਾ ਆਪ ਰਿਹਾ ਲੁਕਾਈਆ । ਜਨ ਭਗਤ ਸਦ ਰਖੇ ਹੱਥ ਪੁਸ਼ਤ, ਪਨਾਹ ਇਕੋ ਇਕ ਜਣਾਈਆ । ਹੁਕਮ ਨਾਮ ਦੇਵੇ ਦਰੁਸਤ, ਕੂੜੀ ਵੰਡ ਨਾ ਕੋਇ ਵੰਡਾਈਆ । ਨਾਮ ਭੰਡਾਰਾ ਵੰਡੇ ਮੁਫ਼ਤ, ਕ਼ੀਮਤ ਕਰਤਾ ਨਾ ਕੋਇ ਲਗਾਈਆ ।

ਵਾਸਾ ਹੋਵੇ ਨਾ ਫੇਰ ਉਲਟ, ਗਰਭ ਜੂਨ ਨਾ ਫੇਰ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਜਨ ਭਗਤ ਕਦੇ ਨਾ ਹੋਵੇ ਮੁਰਦਾ, ਮੁਰੀਦ ਮੁਰਸ਼ਦ ਵਿਚ ਸਮਾਈਆ । ਆਦਿ ਜੁਗਾਦਿ ਲਹਿਣਾ ਦੇਣਾ ਸਾਚੇ ਸਤਿਗੁਰ ਦਾ, ਸਤਿ ਸਤਿਵਾਦੀ ਧਾਰ ਚਲੀ ਆਈਆ । ਜੋ ਸਚ ਪ੍ਰੇਮ ਅੰਦਰ ਜੁੜਦਾ, ਜੋੜੀ ਆਪਣੀ ਲਏ ਬਣਾਈਆ । ਰਾਗ ਸੁਣਾ ਕੇ ਸ਼ਬਦੀ ਤਾਲ ਸੁਰ ਦਾ, ਸੁਤਿਆਂ ਲਏ ਉਠਾਈਆ । ਝਗੜਾ ਮੁਕਾ ਕੇ ਅੰਧ ਘੋਰ ਦਾ, ਘਰਾਨਾ ਸਾਚਾ ਦਏ ਵਸਾਈਆ । ਝਗੜਾ ਚੁਕਾ ਕੇ ਠੱਗ ਚੋਰ ਦਾ, ਚੁਰਸਤੇ ਸਾਰੇ ਸਾਫ਼ ਕਰਾਈਆ । ਦਰਸ਼ਨ ਦੇਵੇ ਆਪਣੀ ਲੋੜ ਦਾ, ਲੋਕ ਪਰਲੋਕ ਵੇਖ ਵਖਾਈਆ । ਪੈਂਡਾ ਮੁਕਾਵੇ ਕਾਇਆ ਮੰਦਰ ਅੰਦਰ ਆਪਣੇ ਕੋਲ ਦਾ, ਕੁੱਲ ਮਾਲਕ ਆਪਣੀ ਦਇਆ ਕਮਾਈਆ । ਸਚ ਦਰਵਾਜ਼ਾ ਇਕੋ ਖੋਲ੍ਹਦਾ, ਜਨ ਭਗਤਾਂ ਦਏ ਸਮਝਾਈਆ । ਗੁਰਮੁਖਾਂ ਕੁਕਰਮ ਕਦੇ ਨਾ ਫੋਲ ਦਾ, ਜਗਤ ਕਰਮਾਂ ਦੀ ਕਰੇ ਸਫ਼ਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਕੰਡੇ ਤਰਾਜ਼ੂ ਸਾਚੇ ਤੋਲਦਾ, ਧੜੀ ਵੱਟੇ ਸੇਰ ਨਾਲ ਨਾ ਕੋਇ ਰਖਾਈਆ ।

### ੧੩ ਜੇਠ ਸ਼ਹਿਨਸ਼ਾਹੀ ਸੰਮਤ ੨ ਮਾਨ ਕੌਰ ਦੇ ਘਰ ਪਿੰਡ ਸੀੜ ਜੰਮੂ

ਜਨ ਭਗਤ ਬਦਲੇ ਕਦੇ ਨਾ ਮਨਸਾ, ਚਰਨ ਕਵਲ ਧਿਆਨ ਲਗਾਈਆ । ਸੋਹੰ ਰੂਪ ਬਣਿਆ ਰਹੇ ਹੰਸਾ, ਚਤੁਰਮੁਖ ਸਾਚਾ ਢੋਲਾ ਗਾਈਆ । ਨਾਤਾ ਤੁਟੇ ਜਗਤ ਵਿਕਾਰ ਬੰਸਾ, ਅੰਦਰ ਦੇ ਬੰਧੂ ਬੰਧਨ ਕੋਇ ਨਾ ਪਾਈਆ । ਮਨੂਆ ਹੰਕਾਰੀ ਰਹੇ ਨਾ ਕੰਸਾ, ਕੂੜਾ ਗੜ੍ਹ ਦਏ ਤੁੜਾਈਆ । ਜਨਮ ਮਰਨ ਚੁੱਕੇ ਸੰਸਾ, ਗੇੜ ਚੁਰਾਸੀ ਨਾ ਕੋਇ ਭਵਾਈਆ । ਦੂਈ ਦਵੈਤ ਰਹੇ ਨਾ ਹਿੰਸਾ, ਇਕੋ ਰੰਗ ਵੇਖੇ ਸਰਬ ਲੋਕਾਈਆ । ਜੁਗ ਚੌਕੜੀ ਹੁਕਮੇ ਅੰਦਰ ਬਿਨਸਾ, ਅਬਿਨਾਸ਼ੀ ਆਪਣੀ ਖੇਲ ਖਿਲਾਈਆ । ਬਿਨ ਭਗਤਾਂ ਝਗੜਾ ਕਿਸੇ ਨਾ ਚੁਕਿਆ ਜੂਹ ਪਿੰਡ ਦਾ, ਬ੍ਰਹਿਮੰਡ ਖੰਡ ਪੰਧ ਨਾ ਕੋਇ ਮੁਕਾਈਆ । ਜਗਤ ਜਹਾਨ ਸਰਬ ਅਬਿਨਾਸ਼ੀ ਕਰਤਾ ਨਿੰਦ ਦਾ, ਨਿੰਦਕ ਹੋ ਕੇ ਦੇਣ ਦੁਹਾਈਆ । ਕੋਈ ਭੇਵ ਨਾ ਜਾਣੇ ਗਹਿਰ ਗੰਭੀਰ ਸਾਗਰ ਸਿੰਧ ਦਾ, ਸੰਗੀ ਹੋ ਕੇ ਸੰਗ ਨਾ ਕੋਇ ਰਖਾਈਆ । ਜਗਤ ਮਕਾਨ ਹੁਜਰਾ ਬਣਿਆ ਰਹੇ ਚਿੰਦ ਦਾ, ਚਿੰਤਾ ਵਿਚੋਂ ਬਾਹਰ ਨਾ ਕੋਇ ਕਢਾਈਆ । ਲੇਖਾ ਮੁਕੇ ਨਾ ਕਿਸੇ ਜ਼ਿੰਦਗਾਨੀ ਜ਼ਿੰਦ ਦਾ, ਜ਼ਿੰਦਗੀ ਵਿਚੋਂ ਜ਼ਿੰਦਗੀ ਨਾ ਕੋਇ ਬਦਲਾਈਆ । ਰਾਗ ਸੁਣਦੇ ਸਾਰੇ ਸੁਰਾਂ ਵਾਲੀ ਕਿੰਗ ਦਾ, ਸਾਚੇ ਸ਼ਬਦ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਖੇਲ ਗੁਣੀ ਗਹਿੰਦ ਦਾ, ਗਹਿਰ ਗਵਰ ਇਕ ਅਖਵਾਈਆ । ਜਨ ਭਗਤ ਕਦੇ ਨਾ ਜਾਵੇ ਦੋਜ਼ਖ਼ ਬਹਿਸ਼ਤ, ਸਵਰਗਾਂ ਵਿਚ ਡੇਰਾ ਕਦੇ ਨਾ ਲਾਈਆ । ਅਪੱਛਰਾਂ ਭੋਗੇ ਨਾ ਕੋਇ ਗ੍ਰਿਹਸਤ, ਮਮਤਾ ਨਾ ਕੋਇ ਵਧਾਈਆ । ਇਕੋ ਪੁਰਖ ਅਕਾਲ ਮੰਨੇ ਇਸ਼ਟ, ਆਸ਼ਕ ਮਾਸ਼ੂਕ ਦੋਹਾਂ ਵਿਚੋਂ ਬਾਹਰ ਕਢਾਈਆ । ਸਦਾ ਖੁਲ੍ਹੀ ਰਖੇ ਦ੍ਰਿਸ਼ਟ, ਦਿਬ ਨੇਤਰ ਵਿਚ ਰੁਸ਼ਨਾਈਆ । ਮਾਨਸ ਜਨਮ ਅੰਤ ਅਖ਼ੀਰੀ ਚੁਰਾਸੀ ਦੀ ਤਾਰਨ ਆਵੇ ਕਿਸ਼ਤ, ਪਿਛਲਾ ਲੇਖਾ ਹਿਸਾਬ ਬੇਬਾਕ ਕਰਾਈਆ । ਇਹ ਇਸ਼ਾਰਾ ਰਾਮ ਨੂੰ ਦਿਤਾ ਵਸ਼ਿਸ਼ਟ, ਵਿਸ਼ਿਆਂ ਵਾਲਾ ਰਾਮ ਵਿਸ਼ੇਸ਼ ਇਕੋ ਵਿਚ ਸਮਾਈਆ । ਜਿਸ ਦੀ ਕਲਪਣਾ ਵਿਚ

ਅੰਤਰ ਨਾ ਜਾਵੇ ਭ੍ਰਿਸ਼ਟ, ਭਰਮਾਂ ਵਿਚ ਨਾ ਕੋਇ ਭੁਲਾਈਆ । ਅਯੁਧਿਆ ਨਿਵਾਸੀ ਵੇਖ ਲਿਸਟ, ਫ਼ਰਿਸਤ ਅਗਲੀ ਦਿਤੀ ਵਖਾਈਆ । ਗੋਬਿੰਦ ਧਾਰ ਪਿਛੋਂ ਭਾਰਤ ਖੇਲ ਹੋਣਾ ਬ੍ਰਿਟਿਸ਼, ਵੈਰੀ ਘਰ ਘਰ ਨਜ਼ਰੀ ਆਈਆ । ਮੇਰਾ ਨਾਉਂ ਹੋਣਾ ਟਾਂਕ ਜਿਸਤ, ਇਕ ਦੋ ਵੰਡ ਵੰਡਾਈਆ । ਸਤਿ ਧਰਮ ਹੋਣਾ ਨਿਸ਼ਟ, ਨਸ਼ਿਆਂ ਵਿਚ ਹੋਵੇ ਲੋਕਾਈਆ । ਗੁਰ ਅਵਤਾਰ ਪੈਗ਼ੰਬਰਾਂ ਲੋਕਮਾਤ ਵਿਚੋਂ ਸਾਰਿਆਂ ਜਾਣਾ ਖ਼ਿਸਕ, ਪੱਲੂ ਜਗਤ ਨਾਲੋਂ ਛੁਡਾਈਆ । ਪੁਰਖ ਅਕਾਲ ਦੀਨ ਦਿਆਲ ਆਪਣੀ ਪੂਰੀ ਕਰਨੀ ਲਿਖਤ, ਜੋ ਭਵਿਖਤਾਂ ਵਿਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਜਣਾਈਆ । ਜਨ ਭਗਤ ਕਦੇ ਨਾ ਜਾਏ ਮੜ੍ਹੀ ਗੋਰ ਕ਼ਬਰ, ਲੇਖਾਂ ਵਾਲਾ ਰਾਹ ਨਾ ਕੋਇ ਤਕਾਈਆ । ਰਾਹ ਤੱਕੇ ਨਾ ਧਰਤੀ ਉਪਰ ਨੀਲਾ ਅੰਬਰ, ਜ਼ਿਮੀਂ ਅਸਮਾਨ ਨਾ ਕੋਇ ਵਡਿਆਈਆ । ਪ੍ਰੇਮ ਪਿਆਰ ਅੰਦਰ ਕਰ ਕੇ ਸਾਚਾ ਸਬਰ, ਸਾਬਤ ਸੂਰਤ ਤੱਕੇ ਧੁਰ ਦਾ ਮਾਹੀਆ । ਜਾਮ ਪਿਆਲਾ ਪੀ ਕੇ ਇਕੋ ਮਧਰ, ਮੱਧਮ ਬੈਖਰੀ ਪਰਾ ਪਸੰਤੀ ਚਾਰੇ ਜਾਏ ਤਜਾਈਆ । ਸੁਣੇ ਸੰਦੇਸ਼ਾ ਧੁਰ ਦੀ ਖ਼ਬਰ, ਸ਼ਾਸਤਰਾਂ ਵਾਲੀ ਕਰੇ ਨਾ ਕੋਇ ਪੜ੍ਹਾਈਆ । ਜਿਸ ਦਾ ਹੁਕਮ ਲੇਖ ਕੋਈ ਕਰ ਨਾ ਸਕੇ ਰਬੜ, ਗ਼ਲਤੀ ਵਿਚ ਦਰੁਸਤੀ ਕਰ ਨਾ ਕੋਇ ਵਖਾਈਆ । ਲੱਖ ਚੁਰਾਸੀ ਜੀਵ ਜੰਤ ਗੁਰ ਅਵਤਾਰ ਪੈਗ਼ੰਬਰ ਸਾਧ ਸੰਤ ਜਿਸ ਦਾ ਨਿੱਕਾ ਜਿਹਾ ਟੱਬਰ, ਟੱਪਿਆਂ ਵਾਲੀ ਸਭ ਨੂੰ ਕਰ ਕੇ ਗਿਆ ਪੜ੍ਹਾਈਆ । ਬਿਨ ਭਗਤਾਂ ਪੁਰਖ ਅਕਾਲ ਦੀਨ ਦਿਆਲ ਸਚਖੰਡ ਕੀਤੀ ਨਾ ਕਿਸੇ ਦੀ ਕਦਰ, ਬੇਕਦਰੀ ਹੋਈ ਲੋਕਾਈਆ । ਵਸ਼ਿਸ਼ਟ ਨੇ ਕਿਹਾ ਰਾਮ ਕਲਜੁਗ ਜਿਸ ਵੇਲੇ ਸ਼ੱਤਰੀਆਂ ਨੇ ਪਹਿਨਆਂ ਖੱਦਰ, ਕਿਸੇ ਦੀ ਪੂਰੀ ਹੋਣੀ ਨਹੀਂ ਸੱਧਰ, ਪੁਰਖ ਅਕਾਲ ਕਰਨਾ ਪੱਧਰ, ਉਪੱਦਰ ਵਿਚ ਵੇਖੇ ਜਗਤ ਲੋਕਾਈਆ । ਦੀਨ ਦੁਨੀ ਹੋਵੇ ਕ਼ਤਲ, ਸਾਚਾ ਮਿਲੇ ਨਾ ਕਿਸੇ ਪੱਤਨ, ਪੈਗ਼ੰਬਰਾਂ ਦਾ ਚਲੇ ਕੋਈ ਨਾ ਯਤਨ, ਯਥਾਰਥ ਇਕੋ ਹੁਕਮ ਵਰਤਾਈਆ । ਸੰਤ ਸੁਹੇਲੇ ਆਵੇ ਰਖਣ, ਲੱਖ ਚੁਰਾਸੀ ਵਿਚੋਂ ਵਰੋਲੇ ਮੱਖਣ, ਦਿਸ਼ਾ ਵੇਖੇ ਉੱਤਰ ਪੂਰਬ ਪੱਛਮ ਦੱਖਣ, ਚਾਰੇ ਖਾਣੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜੀ ਕਿਰਿਆ ਜੜ੍ਹ ਆਵੇ ਪੱਟਣ ਚਾਰ ਵਰਨ ਕਰੇ ਸਫ਼ਾਈਆ ।

## ੧੩ ਜੇਠ ਸ਼ਹਿਨਸ਼ਾਹੀ ਸੰਮਤ ੨ ਮਾਇਆ ਦੇਵੀ ਦੇ ਗ੍ਰਿਹ ਪਿੰਡ ਮਗੋਵਾਲੀ ਜੰਮੂ

ਜਨ ਭਗਤਾਂ ਤਾਲੇ ਲੱਗੀ ਰਹੇ ਸਦਾ ਕੁੰਜੀ, ਕੁਫਲ ਬੰਦ ਨਾ ਕੋਇ ਕਰਾਈਆ । ਸਚ ਪ੍ਰੇਮ ਦੀ ਮਿਲੀ ਰਹੇ ਪੂੰਜੀ, ਅਤੋਟ ਅਤੁਟ ਦੇਣੀ ਵਰਤਾਈਆ । ਦੀਨ ਮਜ਼੍ਹਬ ਦੀ ਦੇਣੀ ਪਏ ਨਾ ਚੁੰਗੀ, ਸ਼ਰਅ ਮਸੂਲ ਨਾ ਕੋਇ ਲਗਾਈਆ । ਰਸਨਾ ਰਹੇ ਨਾ ਕੋਇ ਗੂੰਗੀ, ਗੁਣ ਗਹਿਰ ਗੰਭੀਰ ਸਦ ਗਾਈਆ । ਬਿਨ ਮੇਰੀ ਕਿਰਪਾ ਵਸਤ ਲੱਭੇ ਨਾ ਕਿਤੇ ਢੂੰਡੀ, ਸ੍ਰਿਸ਼ਟ ਸਬਾਈ ਫੋਲ ਫੁਲਾਈਆ । ਜਨ ਭਗਤਾਂ ਕਵਲੀ ਕਰਨੀ ਉਂਧੀ, ਨਾਭ ਵਿਚੋਂ ਆਬ ਦੇਣਾ ਚੁਆਈਆ । ਦਰ ਦਰ ਘਰ ਘਰ ਖਾ ਕੇ ਦਾਲ ਮਸਰ ਮੂੰਗੀ, ਅਸਰ ਆਪਣਾ ਦੇਣਾ ਵਖਾਈਆ । ਬਿਨ ਮੇਰੇ ਆਤਮਾ ਦਿਸੇ ਨਾ ਕੋਈ ਜੀਉਂਦੀ, ਅਮਰ ਰੂਪ ਨਾ ਕੋਇ ਵਟਾਈਆ । ਦਾਤ ਬਖ਼ਸ਼ਣ ਲੱਗੇ ਨੇਹੋਂ ਦੀ, ਨਿਉਂ ਨਿਉਂ ਸੀਸ ਝੁਕਾਈਆ ।

ਧਾਰ ਮਿਲ ਜਾਏ ਅੰਮ੍ਰਿਤ ਮੇਹੋਂ ਦੀ, ਮੇਘਲਾ ਇਕ ਸ਼ਰਮਾਈਆ । ਖੇਲ ਤੱਕੀਏ ਅਛਲ ਅਭੇਓ ਦੀ, ਜਨ ਭਗਤ ਝੋਲੀ ਡਾਹੀਆ । ਸੇਜ ਮਾਣੀਏਂ ਓਸ ਪਿਓ ਦੀ ਜਿਥੇ ਮਤਰੇਆ, ਭਗਤ ਨਜ਼ਰ ਕੋਇ ਨਾ ਆਈਆ । ਪ੍ਰਭੂ ਤੇਰੇ ਅਗੇ ਸ਼ਰੀਣੀ ਰਖਣੀ ਨਹੀਂ ਕਿਸੇ ਘਿਓ ਦੀ, ਘਿਰਤ ਨਾਲ ਨਾ ਕੋਇ ਵਡਿਆਈਆ । ਸਾਚੀ ਖੇਲ ਵੇਖਣੀ ਅਗੰਮੀ ਦਿਓ ਦੀ, ਜਿਸ ਦਾ ਦੇਵਤ ਸੁਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਤਕਾਈਆ । ਜਨ ਭਗਤ ਕਿਸੇ ਨਾਲ ਨਾ ਜੋੜੇ ਰਿਸ਼ਤਾ, ਬੰਧਨ ਅਵਰ ਨਾ ਕੋਇ ਰਖਾਈਆ । ਲੇਖਾ ਰਖੇ ਨਾ ਕੋਈ ਫ਼ਰਿਸ਼ਤਾ, ਫ਼ਰਿਸਤ ਵਿਚੋਂ ਆਪਣਾ ਆਪ ਬਾਹਰ ਕਢਾਈਆ । ਇਕੋ ਸ੍ਰੀ ਭਗਵਾਨ ਉਤੇ ਕਰੇ ਨਿਸਚਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਚਾਰ ਕੁੰਟ ਅਵਰ ਨਾ ਕੋਈ ਦਿੱਸਦਾ, ਦਹਿ ਦਿਸ਼ਾ ਇਕੋ ਰੂਪ ਸਮਾਈਆ । ਗ੍ਰਹਿ ਵੇਖੇ ਧੁਰ ਦੇ ਮਿਤ ਦਾ, ਪਤਿਪਰਮੇਸ਼ਵਰ ਪੜਦਾ ਦਏ ਉਠਾਈਆ । ਮਾਨਸ ਜਨਮ ਵੇਲਾ ਜਿੱਤ ਦਾ, ਹਾਰ ਨੇੜ ਕੋਇ ਨਾ ਆਈਆ । ਸਾਡਾ ਨਾਤਾ ਨਹੀਂ ਕੋਈ ਮੁਨ ਰਿਖ ਦਾ, ਜੋ ਜੰਗਲਾਂ ਵਿਚ ਬਹਿ ਕੇ ਧੂਣੀਆਂ ਰਹੇ ਤਪਾਈਆ । ਸਾਡਾ ਪਿਆਰ ਨਹੀਂ ਜਗਤ ਵਾਲੇ ਸਿੱਖ ਦਾ, ਜੋ ਸੁਖ ਕਾਰਨ ਤੇਰਾ ਨਾਮ ਧਿਆਈਆ । ਸਾਡਾ ਲਹਿਣਾ ਦੇਣਾ ਆਦਿ ਜੁਗਾਦੀ ਏਕੰਕਾਰ ਇੱਕ ਦਾ, ਇਕ ਇਕੱਲੇ ਦੇ ਵਡਿਆਈਆ । ਜੇ ਭਗਤ ਨਾ ਹੋਵੇ ਤੂੰ ਕਿਸ ਦਾ ਨਾਮ ਲਿਖਦਾ, ਤੇਰੇ ਨਾਮ ਦੀ ਕਦਰ ਕੋਇ ਨਾ ਪਾਈਆ । ਲੇਖਾ ਮੁਕਾ ਦੇ ਕਰਵਟ ਵਾਲੀ ਪਿੱਠ ਦਾ, ਪਿਛਲਾ ਅਗਲਾ ਦੇ ਬਦਲਾਈਆ । ਅਸੀਂ ਸਫ਼ਰ ਨਹੀਂ ਕਰਨਾ ਸਵਾ ਗਿੱਠ ਦਾ, ਕਫ਼ਨੀ ਵਿਚ ਆਪਣਾ ਆਪ ਨਾ ਬੰਦ ਕਰਾਈਆ । ਅਸੀਂ ਕੋਈ ਤੇਰਾ ਦਵਾਰਾ ਵੇਖਿਆ ਨਹੀਂ ਪੱਥਰ ਇੱਟ ਦਾ, ਜਿਸ ਨੂੰ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਜਨ ਭਗਤਾਂ ਹਰ ਘਟ ਦਿਸਦਾ, ਦੇਸ ਦੇਸੰਤਰ ਤੇਰਾ ਢੋਲਾ ਗਾਈਆ । ਜਨ ਭਗਤ ਨਾਮ ਲਏ ਕੋਈ ਨਾ ਮੁੱਲ ਦਾ, ਕ਼ੀਮਤ (ਕਰਤਾ) ਕੋਈ ਨਾ ਪਾਈਆ । ਤੇਰੇ ਪਿਆਰ ਅੰਦਰ ਤੁਲਦਾ, ਭਾਣੇ ਵਿਚ ਸਮਾਈਆ । ਲੇਖਾ ਮੁਕਾ ਕੇ ਆਪਣੀ ਕੁਲ ਦਾ, ਕੁੱਲ ਮਾਲਕ ਕੁਲ ਤੇਰੀ ਝੋਲੀ ਪਾਈਆ । ਨਜ਼ਾਰਾ ਤੱਕ ਤੇਰੇ ਅਸਲ ਅਸੂਲ ਦਾ, ਵਸਲ ਵਿਚ ਆਪਣਾ ਆਪ ਸਮਾਈਆ । ਮਾਨਸ ਜਨਮ ਵੇਲਾ ਵਕ਼ਤ ਨਹੀਂ ਫ਼ਜ਼ੂਲ ਦਾ, ਫ਼ੈਸਲਾ ਹੱਕ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਤੇਰੀ ਯਾਦ ਕਦੇ ਨਾ ਭੁੱਲਦਾ, ਭੁੱਲੇਖੇ ਵਿਚ ਨਾ ਕੋਇ ਭਰਮਾਈਆ । ਜਨ ਭਗਤ ਪ੍ਰਭ ਚਲੇ ਤੇਰੇ ਭਾਉ, ਭਵਰ ਵਿਚ ਨਾ ਕੋਇ ਭਵਾਈਆ । ਜਪੇ ਸਾਚਾ ਨਾਉਂ, ਨਈਆ ਨੌਕਾ ਚਰਨ ਨਾ ਕੋਇ ਟਿਕਾਈਆ । ਵਸੇ ਤੇਰੇ ਗਾਉਂ, ਗਲੀ ਕੂਚੇ ਫਿਰੇ ਨਾ ਵਾਹੋ ਦਾਹੀਆ । ਕਰ ਕਿਰਪਾ ਪਕੜ ਉਹਨਾਂ ਬਾਹੋਂ, ਬਲ ਆਪਣਾ ਆਪ ਪਰਗਟਾਈਆ । ਕਲਜੁਗ ਅੰਤ ਦੇ ਠੰਡੀ ਛਾਉਂ, ਅਗਨੀ ਅੱਗ ਦੇ ਬੁਝਾਈਆ । ਤੇਰੇ ਹੱਥ ਸੱਚਾ ਨਿਆਉਂ, ਅਦਲ ਇਨਸਾਫ਼ ਦੇ ਵਖਾਈਆ । ਗੁਰ ਅਵਤਾਰ ਪੈਗ਼ੰਬਰ ਤੈਨੂੰ ਕਰਦੇ ਵਾਹੋ ਵਾਹੋ, ਵਾਹਿਗੁਰੂ ਤੇਰੀ ਸਰਨਾਈਆ । ਤੇਰੇ ਮਿਲਣ ਦਾ ਸੱਚਾ ਚਾਓ, ਘਨੇਰਾ ਘਰ ਘਰ ਨਜ਼ਰੀ ਆਈਆ । ਪਾਂਧੀ ਭੁੱਲੇ ਨਾ ਕੋਈ ਰਾਹੋਂ, ਜੋ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਹੋਣਾ ਸਹਾਈਆ । ਜਨ ਭਗਤ ਤੇਰਾ ਨੂਰ ਇਕੋ ਲੱਭਦਾ, ਅੰਦਰੇ ਅੰਦਰ ਖੋਜ ਖੁਜਾਈਆ । ਜਿਥੇ ਝਗੜਾ ਮੁੱਕੇ ਹੱਬ ਦਾ, ਜਗਤ ਸਬਬ ਨਾ ਕੋਇ ਲੜਾਈਆ । ਵਿਛੋੜਾ ਮਿਟੇ ਪਿਛਲਾ ਕਬ ਦਾ, ਕ਼ਦੀਮ ਦੇ ਕਰਮ

ਦੇਵੇ ਕਟਾਈਆ । ਨੂਰ ਨਜ਼ਰੀ ਆਵੇ ਇਕੋ ਰੱਬ ਦਾ, ਜੋ ਰਹਿਮਤ ਰਿਹਾ ਕਮਾਈਆ । ਹੁਕਮੇ ਅੰਦਰ ਭਗਤਾਂ ਸਦਾ ਸੱਦਦਾ, ਸੁਨੇਹੜਾ ਸ਼ਬਦ ਧਾਰ ਪਹੁੰਚਾਈਆ । ਪ੍ਰੇਮ ਪ੍ਰੀਤੀ ਅੰਦਰ ਪਰਮਾਤਮ ਆਤਮ ਨਾਲ ਲਗਦਾ, ਲਗ ਮਾਤਰ ਨਜ਼ਰ ਕੋਇ ਨਾ ਆਈਆ । ਪਰਕਾਸ਼ ਹੋ ਕੇ ਜਗਦਾ, ਜੋਤੀ ਜੋਤ ਹੋਵੇ ਰੁਸ਼ਨਾਈਆ । ਕਾਇਆ ਭਵਰੀ ਵਿਚੋਂ ਕੱਢਦਾ, ਇਸ਼ਾਰਾ ਅਗਲਾ ਇਕ ਵਖਾਈਆ । ਸਚ ਸਿੰਘਾਸਣ ਜਿਥੇ ਸਜਦਾ, ਸਾਜਣ ਇਕੋ ਸੋਭਾ ਪਾਈਆ । ਸਚ ਨਗਾਰਾ ਇਕੋ ਵੱਜਦਾ, ਨਾਮ ਅਗੰਮਾ ਹੋਏ ਸ਼ਨਵਾਈਆ । ਦੀਪਕ ਨਿਰਾਲਾ ਇਕੋ ਜਗਦਾ, ਤੇਲ ਬਾਤੀ ਨਾ ਕੋਇ ਵਖਾਈਆ । ਅਬਿਨਾਸ਼ੀ ਕਰਤਾ ਜਿਥੇ ਵਸਦਾ, ਦਰ ਘਰ ਠਾਂਡਾ ਸੋਹਣਾ ਨਜ਼ਰੀ ਆਈਆ । ਜਨ ਭਗਤ ਮਾਲਕ ਓਸੇ ਹੱਕ ਦਾ, ਜਿਸ ਹੱਕ ਵਿਚ ਸ਼ੱਕ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਸਦਾ ਪੈਜ ਰਖਦਾ, (ਭੈ ਭੰਜਨ) ਆਪਣਾ ਆਪ ਜਣਾਈਆ ।

### ✪ ੧੩ ਜੇਠ ਸ਼ਹਿਨਸ਼ਾਹੀ ਸੰਮਤ ੨ ਬੀਬੀ ਸ਼ਾਹਣੀ ਦੇ ਗ੍ਰਿਹ ਚੱਕ ਮਾਜਰਾ ਜੰਮੂ ✪

ਜਨ ਭਗਤ ਭਵੇ ਕਿਸੇ ਨਾ ਕੂਟ, ਕੁਟੀਆ ਜਗਤ ਨਾ ਕੋਇ ਬਣਾਈਆ । ਖ਼ਾਕ ਰਮਾ ਨਾ ਬਣੇ ਅਵਧੂਤ, ਮਾਟੀ ਖੇਹ ਨਾ ਕੋਇ ਉਡਾਈਆ । ਗਲੀ ਗਲੀ ਨਾ ਕਰੇ ਕੂਚ, ਘਰ ਘਰ ਨਾ ਅਲਖ ਜਗਾਈਆ । ਭਾਗ ਲਗਾਏ ਕਾਇਆ ਪੰਜ ਭੂਤ, ਭਾਓ ਆਪਣਾ ਪੂਰ ਕਰਾਈਆ । ਚਿੰਤਾ ਗ਼ਮ ਮਿਟਾ ਕੇ ਦੂਖ, ਦਲਿੱਦਰ ਦਏ ਗਵਾਈਆ । ਸੰਸਾ ਰੋਗ ਜਾਏ ਚੂਕ, ਚੁਕੰਨਾ ਹੋ ਕੇ ਵੇਖ ਵਖਾਈਆ । ਸਤਿ ਸਚ ਦੀ ਪਾਵੇ ਸੂਝ, ਬੁਧ ਬਿਬੇਕ ਬਣਾਈਆ । ਘਰ ਤੱਕ ਮਹੱਲ ਅਰੂਜ, ਪੇਖ ਪੇਖ ਖ਼ੁਸ਼ੀ ਪਰਗਟਾਈਆ । ਝਗੜਾ ਰਹੇ ਨਾ ਏਕ ਦੂਜ, ਦੂਆ ਏਕਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਰੰਗ ਆਪ ਸਮਾਈਆ । ਜਨ ਭਗਤ ਵਸਤੂ ਲੱਭੇ ਨਾ ਕਿਸੇ ਬਾਜ਼ਾਰ, ਗਲੀ ਗਲੀ ਨਾ ਫੇਰਾ ਪਾਈਆ । ਨੇਤਰ ਰੋਵੇ ਨਾ ਜ਼ਾਰੋ ਜ਼ਾਰ, ਹੰਝੂਆਂ ਧਾਰ ਨਾ ਕੋਇ ਵਹਾਈਆ । ਅੰਤਰ ਅੰਤਰ ਕਰੇ ਸਚ ਪਿਆਰ, ਮੰਤਰ ਫੁਰਨੇ ਵਾਲਾ ਗਾਈਆ । ਬਸੰਤਰ ਸਕੇ ਕੋਈ ਨਾ ਸਾੜ, ਅਗਨੀ ਤਤ ਨਾ ਕੋਇ ਜਲਾਈਆ । ਪਰਕਾਸ਼ ਹੋਵੇ ਨਾੜ ਨਾੜ, ਹਾਡੀ ਮਾਟੀ ਸੋਭਾ ਪਾਈਆ । ਸਾਚਾ ਵੇਖੇ ਇਕ ਅਖਾੜ, ਸੁਰਤੀ ਸ਼ਬਦੀ ਮਿਲ ਕੇ ਰੰਗ ਰਹੇ ਵਖਾਈਆ । ਸ਼ਬਦ ਅਨਾਦੀ ਵੱਜੇ ਤਾੜ ਤਾੜ, ਪੰਚ ਵਿਕਾਰਾ ਸਿਰ ਨਾ ਕੋਇ ਉਠਾਈਆ । ਸਦਾ ਖੁਲ੍ਹਿਆ ਰਹੇ ਕਿਵਾੜ, ਬੰਧਨ ਬੰਦ ਨਾ ਕੋਇ ਕਰਾਈਆ । ਦੇਣੀ ਪਏ ਨਾ ਕਿਸੇ ਆੜ, ਆੜ੍ਹਤ ਜਗਤ ਨਾ ਕੋਇ ਵਖਾਈਆ । ਇਕੋ ਦਰਸ ਕਰੇ ਨਿਰੰਕਾਰ, ਨਿਰਵੈਰ ਮਿਲ ਕੇ ਖ਼ੁਸ਼ੀ ਮਨਾਈਆ । ਜੋ ਸੁਣੇ ਸਦਾ ਪੁਕਾਰ, ਪਾਰਬ੍ਰਹਮ ਬੇਪਰਵਾਹੀਆ । ਜਨ ਭਗਤਾਂ ਹੋਵੇ ਮਦਦਗਾਰ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਹੋਣ ਨਾ ਦੇਵੇ ਖ਼ੁਆਰ, ਖ਼ੁਆਰੀ ਗਵਾਰੀ ਦੋਵੇਂ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚਾ ਅਧਾਰ, ਧੀਰਜ ਧੀਰ ਇਕ ਵਖਾਈਆ । ਜਨ ਭਗਤ ਪੁਸਤਕ ਪੜ੍ਹੇ ਨਾ ਕੋਇ ਕਿਤਾਬ, ਕੁਤਬਖ਼ਾਨਾ ਫੋਲਣ ਕੋਇ ਨਾ ਜਾਈਆ । ਸਤਾਰ ਵਜਾਏ ਨਾ ਕੋਇ ਰਬਾਬ, ਸਰੰਗਾ ਕੰਧ ਨਾ ਕੋਇ ਲਗਾਈਆ । ਮੁਹੱਬਤ ਵਿਚ ਮਿਲੇ ਇਕ ਅਹਿਬਾਬ,

ਜੋ ਮਿਹਰ ਨਜ਼ਰ ਉਠਾਈਆ । ਪਿਆਲਾ ਦੇਵੇ ਹਯਾਤੇ ਆਬ, ਆਬਰੂ ਰਖੇ ਥਾਉਂ ਥਾਈਆ । ਸਾਚਾ ਬਖ਼ਸ਼ ਕੇ ਹੱਕ ਖ਼ਤਾਬ, ਖ਼ਤਾ ਪਿਛਲੀ ਸਾਫ਼ ਕਰਾਈਆ । ਜਨਮ ਜਨਮ ਚੋਂ ਕਰ ਆਜ਼ਾਦ, ਮਾਰਗ ਸਾਚਾ ਦਏ ਵਖਾਈਆ । ਜਿਹੜਾ ਹੋਵੇ ਨਾ ਕਦੇ ਬਰਬਾਦ, ਆਬਾਦੀ ਵਿਚ ਬਹੁਤੀ ਸੰਖਿਆ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੀ ਦਾਦ, ਦਾਸਤਾਨ ਅਵਰ ਨਾ ਕੋਇ ਦੋਹਰਾਈਆ । ਜਨ ਭਗਤ ਹੋਏ ਨਾ ਕਦੇ ਦਿਲਗੀਰ, ਜ਼ਿੰਦਾਦਿਲ ਨਜ਼ਰੀ ਆਈਆ । ਦਰ ਦਰ ਦਰਵੇਸ਼ ਨਾ ਬਣੇ ਫ਼ਕੀਰ, ਫ਼ਿਕਰਾ ਪ੍ਰਭ ਦਾ ਢੋਲਾ ਗਾਈਆ । ਸ਼ਰਅ ਵਾਲੀ ਪਾਏ ਨਾ ਕੋਇ ਜ਼ੰਜੀਰ, ਡੋਰੀ ਤੰਦ ਨਾ ਕੋਇ ਬੰਧਾਈਆ । ਸਾਗਰਾਂ ਵਿਚੋਂ ਲੱਭੇ ਨਾ ਨੀਰ, ਅੰਮ੍ਰਿਤ ਆਤਮ ਰਸ ਚੁਆਈਆ । ਸਾਹਿਬ ਸਵਾਮੀ ਇਕੋ ਕਰ ਕੇ ਦਸਤਗੀਰ, ਦਸਤ ਦਸਤ ਨਾਲ ਮਿਲਾਈਆ । ਸਦਾ ਰਹੇ ਬਗ਼ਲਗੀਰ, ਹਮ ਸਾਜਣ ਹੋ ਕੇ ਸੋਭਾ ਪਾਈਆ । ਜਿਥੇ ਪੜ੍ਹਨੀ ਪਏ ਨਾ ਕੁਰਾਨ ਮਜੀਦ, ਆਇਤ ਸੁਣਨ ਕੋਇ ਨਾ ਆਈਆ । ਸਦਾ ਖ਼ੁਸ਼ੀ ਰਹੇ ਤਬੀਅਤ, ਤਬਅ ਤਬੀਬ ਨਾ ਕੋਇ ਬਦਲਾਈਆ । ਨਜ਼ਰੀ ਆਏ ਹੱਕ ਅਸਲੀਅਤ, ਅਸਲ ਵੇਖੇ ਚਾਉ ਚਾਈਆ । ਭਗਤ ਭਗਵਾਨ ਜਾਣ ਵਲਦੀਅਤ, ਵਾਹਦ ਇਕੋ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੱਸਣਹਾਰਾ ਸਚ ਨਸੀਹਤ, ਦੂਜਾ ਨਾਮ ਨਸ਼ਰ ਨਾ ਕੋਇ ਕਰਾਈਆ ।



## ੧੩ ਜੇਠ ਸ਼ਹਿਨਸ਼ਾਹੀ ਸੰਮਤ ੨ ਪਰਕਾਸ਼ੋ ਦੇਵੀ ਦੇ ਗ੍ਰਿਹਿ ਪਿੰਡ ਮਗੋਵਾਲੀ ਜੰਮੂ

ਜਨ ਭਗਤ ਪੜ੍ਹੇ ਕਿਸੇ ਨਾ ਪਾਠਸ਼ਾਲਾ, ਸਿਖਿਆ ਜਗਤ ਨਾ ਕੋਇ ਜਣਾਈਆ । ਵੜੇ ਕਿਸੇ ਨਾ ਧਰਮਸਾਲਾ, ਜੋ ਇੱਟਾਂ ਪੱਥਰਾਂ ਨਾਲ ਸੋਭਾ ਪਾਈਆ । ਨਹਾਵੇ ਨਾ ਕਿਸੇ ਤਾਲਾ, ਜੋ ਬੂੰਦ ਬੂੰਦ ਮਿਲ ਕੇ ਵਹਿਣ ਵਹਾਈਆ । ਕੂੜੀ ਘਾਲੇ ਨਾ ਕੋਈ ਘਾਲਾ, ਘਾਇਲ ਮਾਇਆ ਨਾ ਕੋਇ ਕਰਾਈਆ । ਇਕੋ ਮਿਲੇ ਪੁਰਖ ਅਕਾਲਾ, ਅਕ਼ਲ ਆਪਣੀ ਛੱਡ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦਏ ਵਖਾਈਆ । ਜਨ ਭਗਤ ਪੜ੍ਹੇ ਨਾ ਕਿਸੇ ਮਕਤਬ ਮਦੱਰਸੇ, ਸਬਕ ਲੈਣ ਕੋਇ ਨਾ ਜਾਈਆ । ਲੇਖਾ ਲਿਖੇ ਨਾ ਉਪਰ ਕਿਸੇ ਫੱਟੇ, ਪੱਟੀ ਫੱਟੀ ਨਾ ਕੋਇ ਬਣਾਈਆ । ਕੈਦਾ ਖ਼ਰੀਦੇ ਨਾ ਕਿਸੇ ਹੱਟੇ, ਉਂਗਲਾਂ ਅੱਖਰਾਂ ਉਤੇ ਘਸਾਈਆ । ਇਕੋ ਓਟ ਪ੍ਰਭ ਦੀ ਰਖੇ, ਜੋ ਮਾਲਕ ਧੁਰ ਦਾ ਨਜ਼ਰੀ ਆਈਆ । ਜੋ ਸਿਖਿਆ ਸਾਚੀ ਦੱਸੇ, ਦਸਮ ਦਵਾਰੀ ਤੋਂ ਅਗੇ ਕਰੇ ਪੜ੍ਹਾਈਆ । ਪ੍ਰੀਤੀ ਵਿਚ ਕਰੇ ਪੱਕੇ, ਮਿਹਰ ਮੋਹਰ ਨਜ਼ਰ ਲਗਾਈਆ । ਖ਼ੁਸ਼ੀ ਰਖੇ ਪਹਿਰ ਅੱਠੇ, ਅੱਠਾਂ ਤੱਤਾਂ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਕਰਮ ਦੇ ਮੇਟ ਕੇ ਰੱਟੇ, ਲੇਖਾ ਅਗਲਾ ਦਏ ਚੁਕਾਈਆ । ਜਨ ਭਗਤ ਪੜ੍ਹੇ ਨਾ ਕੋਲ ਕਿਸੇ ਉਸਤਾਦ, ਹਿੰਦਸਾ ਹਰਫ਼ ਨਾ ਕੋਇ ਜਣਾਈਆ । ਬੰਧਨ ਪਾਏ ਨਾ ਕੋਇ ਸਮਾਜ, ਜਾਤੀ ਵੰਡ ਨਾ ਕੋਇ ਵੰਡਾਈਆ । ਲੇਖਾ ਲਿਖੇ ਨਾ ਕੋਇ ਹਿਸਾਬ, ਵਧਾਓ ਘਟਾਓ ਨਾ ਕੋਇ ਰਖਾਈਆ । ਇਕੋ ਪ੍ਰਭ ਦੀ ਰਖੇ ਯਾਦ, ਯਾਦਦਾਸ਼ਤ ਨਾ ਕਦੇ ਭੁਲਾਈਆ । ਜਿਸ ਕਾਇਆ ਖੇੜਾ ਕੀਤਾ ਆਬਾਦ, ਇਬਾਦਤ ਆਪਣੀ

ਦਏ ਸਮਝਾਈਆ । ਪ੍ਰੇਮ ਅੰਦਰ ਮਾਰੇ ਆਵਾਜ਼, ਸੁਤਿਆਂ ਲਏ ਜਗਾਈਆ । ਮਾਨਸ ਜਨਮ ਪੂਰਾ ਕਰੇ ਕਾਜ, ਕਰਨੀ ਆਪਣੀ ਇਕ ਦ੍ਰਿੜਾਈਆ । ਸਚ ਦਵਾਰ ਦਾ ਸਵਰਾਜ, ਸਰੋਪਾ ਇਕ ਰਖਾਈਆ । ਜਨਮ ਕਰਮ ਦਾ ਬਦਲ ਰਿਵਾਜ, ਰਾਹ ਆਪਣੇ ਲਏ ਚਲਾਈਆ । ਕਿਸੇ ਦਾ ਹੋਣ ਨਾ ਦੇਵੇ ਮੁਹਤਾਜ, ਸਚ ਭੰਡਾਰਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਬੇੜੇ ਚਾੜ੍ਹ ਜਹਾਜ਼, ਜਗਤ ਜਹਾਲਤ ਵਿਚੋਂ ਬਾਹਰ ਕਢਾਈਆ ।

## ✪ ੧੩ ਜੇਠ ਸ਼ਹਿਨਸ਼ਾਹੀ ਸੰਮਤ ੨ ਦੇਵੀ ਸਿੰਘ ਦੇ ਗ੍ਰਹਿ ਮਗੋਵਾਲੀ ਜੰਮੂ ✪

ਜਨ ਭਗਤ ਮੰਗੇ ਏਕਾ ਧੂੜ, ਮਸਤਕ ਮਸਤੀ ਨਾਮ ਰਮਾਈਆ । ਝਗੜਾ ਛੱਡੇ ਕਿਰਿਆ ਕੂੜ, ਸਤਿ ਸਚ ਸੁਚ ਇਕੋ ਲਏ ਪਰਨਾਈਆ । ਚਤੁਰ ਸੁਘੜ ਬਣੇ ਮੂਰਖ ਮੂੜ੍ਹ, ਬੁਧ ਬਿਬੇਕ ਨਜ਼ਰੀ ਆਈਆ । ਜਲਵਾ ਜੋਤੀ ਮਿਲੇ ਨੂਰ, ਅੰਧ ਅੰਧੇਰ ਰਹੇ ਨਾ ਰਾਈਆ । ਮਨ ਵਾਸਨਾ ਮਨੂਆ ਨਾ ਪਾਵੇ ਫ਼ਤੂਰ, ਮਤ ਮਤਵਾਲੀ ਨਾ ਕੋਇ ਕੁਰਲਾਈਆ । ਗੜ੍ਹ ਹਉਮੇਂ ਤੁੱਟੇ ਗ਼ਰੂਰ, ਨੌਬਤ ਅੰਦਰੋਂ ਬਾਹਰ ਕਢਾਈਆ । ਕਰੇ ਨਾ ਕੋਇ ਕਸੂਰ, ਕ਼ਸਮ ਖਾ ਕੇ ਪ੍ਰਭ ਦਾ ਢੋਲਾ ਗਾਈਆ । ਸਚ ਦਵਾਰੇ ਬਣ ਮਜ਼ਦੂਰ, ਚਾਕਰ ਹੋ ਕੇ ਸੇਵ ਕਮਾਈਆ । ਨਾਮ ਖ਼ੁਮਾਰੀ ਵਿਚ ਹੋ ਮਖ਼ਮੂਰ, ਮਹਿਫ਼ਲ ਵੇਖੇ ਧੁਰ ਦੀ ਚਾਈਂ ਚਾਈਆ । ਦਰਗਾਹ ਸਾਚੀ ਦਾ ਹੱਜ ਕਰ ਕ਼ਬੂਲ, ਕਾਅਬਿਆਂ ਵਿਚੋਂ ਪੱਲਾ ਲਏ ਛੁਡਾਈਆ । ਜਿਥੇ ਮਿਲੇ ਇਕੋ ਮਹਿਬੂਬ, ਮੁਹੱਬਤ ਦਾ ਮਾਲਕ ਨੂਰ ਅਲਾਹੀਆ । ਜਿਸ ਦਾ ਚਾਰ ਜੁਗ ਦਿੰਦੇ ਗਏ ਸਬੂਤ, ਸਾਬਤ ਸੂਰਤ ਦਏ ਵਖਾਈਆ । ਭਾਗ ਲਗਾਏ ਪੰਜ ਤਤ ਕਾਇਆ ਕਲਬੂਤ, ਵਜੂਦ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਵਾਜ਼ਾ ਦਏ ਖੁਲ੍ਹਾਈਆ । ਜਨ ਭਗਤ ਦਰ ਦਰਵਾਜ਼ਾ ਅੰਦਰੋਂ ਲਏ ਖੋਲ੍ਹ, ਬਾਹਰ ਪੜਦਾ ਨਾ ਕੋਇ ਜਣਾਈਆ । ਨਿਰਗੁਣ ਹੋ ਕੇ ਨਿਰਗੁਣ ਨਾਲ ਲਏ ਬੋਲ, ਸ਼ਬਦ ਅਗੰਮੀ ਧੁਨ ਸੁਣੇ ਚਾਈਂ ਚਾਈਆ । ਆਤਮ ਹੋ ਕੇ ਪਰਮਾਤਮ ਵੱਸੇ ਕੋਲ, ਕਾਇਲ ਹੋ ਕੇ ਆਪਣਾ ਆਪ ਮਿਟਾਈਆ । ਲੋਕਮਾਤ ਸੁਤਿਆਂ ਵਿਚ ਰਹੇ ਨਾ ਕੋਇ ਅਨਭੋਲ, ਸਲਾਹ ਮਸ਼ਵਰਾ ਵੰਡ ਨਾ ਕੋਇ ਵੰਡਾਈਆ । ਸਿੱਧਾ ਮਾਰਗ ਪਰਮ ਪੁਰਖ ਦਾ ਵੇਖੇ ਇਕ ਨਿਰੋਲ, ਅਨਮੋਲ ਧੁਰ ਦਾ ਨਜ਼ਰੀ ਆਈਆ । ਸਤਿ ਸਚ ਵਿਚ ਜਾਏ ਮੌਲ, ਮੌਲਾ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਡਿਆਈ ਉਪਰ ਧੌਲ, ਧਰਨੀ ਧਰਤ ਧਵਲ ਖੇਲ ਦਏ ਵਖਾਈਆ । ਜਨ ਭਗਤ ਦੂਸਰ ਕਰੇ ਨਾ ਕਦੇ ਸਜਦਾ, ਨਮਸਤੇ ਵਿਚ ਸੀਸ ਨਾ ਕਦੇ ਝੁਕਾਈਆ । ਇਕੋ ਪਰਮ ਪੁਰਖ ਦਾ ਬਣੇ ਬਰਦਾ, ਬੰਦੀਖ਼ਾਨੇ ਵਿਚੋਂ ਆਪਣਾ ਆਪ ਬਾਹਰ ਕਢਾਈਆ । ਮੇਲਾ ਮੰਗੇ ਇਕੋ ਹਰਿ ਦਾ, ਹਰ ਹਿਰਦੇ ਅੰਦਰ ਵੇਖੇ ਚਾਈਂ ਚਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਗੇੜਾ ਗਿੜਦਾ, ਲੱਖ ਚੁਰਾਸੀ ਰਿਹਾ ਭਵਾਈਆ । ਜਨ ਭਗਤਾਂ ਨਾਲ ਭਗਵੰਤ ਹੋ ਕੇ ਆਪੇ ਨਿਬੜਦਾ, ਗੁਰ ਅਵਤਾਰ ਪੈਗ਼ੰਬਰ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਵਖਾਈਆ । ਜਨ ਭਗਤ ਹੋਵੇ ਨਾ ਕਦੇ ਗ਼ਦਾਗਰ, ਗ਼ਦਾਰੀ ਵਿਚ ਡੇਰਾ ਨਾ ਕੋਇ ਲਗਾਈਆ ।


੬੬੪
੧੯

ਇਕੋ ਮੰਗ ਧੁਰ ਦਰ, ਦਰ ਦਰਬਾਰੇ ਮੰਗ ਮੰਗਾਈਆ । ਮਾਲਕ ਮਿਲੇ ਸੱਚਾ ਹਰਿ, ਮਹਿਬੂਬ ਹੋ ਮੁਹੱਬਤ ਵਿਚ ਸਮਾਈਆ । ਮੰਜ਼ਲ ਮੰਜ਼ਲ ਆਪਣੀ ਜਾਏ ਚੜ੍ਹ, ਅਗੇ ਹੋ ਨਾ ਕੋਇ ਅਟਕਾਈਆ । ਬਿਨਾ ਕਲਮੇ ਤੋਂ ਕਲਮਾ ਜਾਏ ਪੜ੍ਹ, ਨਾਮ ਨਿਧਾਨਾ ਸੋਹਲਾ ਇਕੋ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਅੰਤਰਜਾਮੀ ਸਤਿ ਸਤਿਵਾਦੀ ਲਏ ਬਣਾਈਆ । ਜਨ ਭਗਤ ਮਸਤੀ ਅੰਦਰ ਹੋਏ ਮਤਵਾਲਾ, ਮੁਤਲਾਸ਼ੀ ਅਵਰ ਨਜ਼ਰ ਕੋਇ ਨਾ ਆਈਆ । ਪੁਰਖ ਅਬਿਨਾਸ਼ੀ ਹੋਏ ਰਖਵਾਲਾ, ਰੱਖਿਆ ਕਰੇ ਥਾਉਂ ਥਾਈਂਆ । ਨਾਮ ਖ਼ੁਮਾਰੀ ਅੰਦਰ ਕਰੇ ਦੀਵਾਨਾ, ਦੀਵਾ ਬਾਤੀ ਨਿਰਗੁਣ ਜੋਤ ਕਰ ਰੁਸ਼ਨਾਈਆ । ਸਚ ਵਖਾਏ ਇਕੋ ਮੈਖ਼ਾਨਾ, ਮਹਿਬੂਬ ਹੋ ਕੇ ਮਿਹਰ ਨਜ਼ਰ ਉਠਾਈਆ । ਲੇਖਾ ਜਾਣੇ ਆਵਣ ਜਾਣਾ, ਆਵਤ ਜਾਵਤ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਸਾਚਾ ਘਰ ਵਸੇ ਉਚ ਮਹੱਲ ਅਟਲ ਟਿਕਾਣਾ, ਮਹਿਰਾਬ ਹੁਜਰਾ ਹੱਕ ਇਕ ਸਮਝਾਈਆ । ਜਨ ਭਗਤ ਦੂਸਰ ਹੋਏ ਨਾ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਨਾ ਕੋਇ ਕਮਾਈਆ । ਇਕੋ ਦਰਸ ਮੰਗੇ ਦੀਦਾਰ, ਦੀਦ ਈਦ ਚੰਦ ਰੁਸ਼ਨਾਈਆ । ਇਕੋ ਮੇਲਾ ਪਰਵਰਦਿਗਾਰ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜਿਸ ਦਾ ਲਹਿਣਾ ਦੇਣਾ ਸਦਾ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਨਿਤ ਨਵਿਤ ਪਰਗਟ ਹੋਏ ਵਿਚ ਸੰਸਾਰ, ਦੀਨ ਦੁਨੀ ਵੇਖੇ ਚਾਈਂ ਚਾਈਂਆ । ਭਗਤ ਸੁਹੇਲੇ ਲਏ ਉਠਾਲ, ਕਾਇਆ ਮੰਦਰ ਅੰਦਰ ਸੋਈ ਸੁਰਤੀ ਰਹਿਣ ਕੋਇ ਨਾ ਪਾਈਆ । ਕਰ ਕਿਰਪਾ ਬਣਾਵੇ ਆਪਣੇ ਲਾਲ, ਲਾਲਨ ਆਪਣੇ ਰੰਗ ਦਏ ਰੰਗਾਈਆ । ਸਚਖੰਡ ਵਖਾ ਕੇ ਸੱਚੀ ਧੁਰ ਦੀ ਧਰਮਸਾਲ, ਧਰਮ ਦਵਾਰਾ ਇਕੋ ਇਕ ਬਣਾਈਆ । ਜਿਥੇ ਪੋਹ ਨਾ ਸਕੇ ਕਾਲ, ਸਕਿਆਂ ਨਾਲੋਂ ਨਾਤਾ ਜਾਏ ਤੁੜਾਈਆ । ਲੱਖ ਚੁਰਾਸੀ ਵਿਚੋਂ ਹੋਏ ਬਹਾਲ, ਜਮ ਕੀ ਫਾਂਸੀ ਗਲ ਨਾ ਕੋਇ ਪਾਈਆ । ਮੇਲ ਮਿਲੇ ਦੀਨ ਦਿਆਲ, ਦੀਨਾਂ ਬੰਧੁ ਬੰਧਨ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਜਨਮ ਦਾ ਮੁਸ਼ਕਲ ਹੱਲ ਕਰੇ ਸੁਆਲ, ਅਹਿਵਾਲ ਆਪਣਾ ਇਕ ਸਮਝਾਈਆ ।



### ੧੪ ਜੇਠ ਸ਼ਹਿਨਸ਼ਾਹੀ ਸੰਮਤ ੨ ਹਰੀ ਸਿੰਘ ਦੇ ਗ੍ਰਿਹ ਮਗੋਵਾਲੀ ਜੰਮੂ

ਜਨ ਭਗਤ ਅਵਸਥਾ ਸਦਾ ਬਾਲ, ਪੁਰਖ ਅਕਾਲ ਆਪਣੀ ਗੋਦ ਟਿਕਾਇੰਦਾ । ਲੋਕਮਾਤ ਮਾਤਲੋਕ ਦੇ ਸਾਚੇ ਲਾਲ, ਲਾਲ ਗੁਲਾਲਾ ਅਗੰਮੀ ਰੰਗ ਚੜ੍ਹਾਇੰਦਾ । ਜੁਗ ਚੌਕੜੀ ਸਦ ਕਰਦਾ ਰਹੇ ਪ੍ਰਿਤਪਾਲ, ਸੇਵਕ ਹੋ ਕੇ ਆਪਣੀ ਸੇਵ ਕਮਾਇੰਦਾ । ਸ਼ਬਦ ਅਨਾਦੀ ਬਣਾਉਂਦਾ ਰਹੇ ਦਲਾਲ, ਵਿਚੋਲਾ ਹੋ ਕੇ ਵਿਚਲਾ ਭੇਵ ਖੁਲ੍ਹਾਇੰਦਾ । ਮੁਰੀਦਾਂ ਮੁਰਸ਼ਦ ਹੋ ਕੇ ਸੁਣਦਾ ਰਹੇ ਹਾਲ, ਹਾਲਤ ਸਭ ਦੀ ਫੋਲ ਫੁਲਾਇੰਦਾ । ਨਿਰਗੁਣ ਹੋ ਕੇ ਵਸਦਾ ਰਹੇ ਨਾਲ, ਸਰਗੁਣ ਮੇਲਾ ਆਪ ਕਰਾਇੰਦਾ । ਜੁਗ ਜੁਗ ਜਗਤ ਚਲੇ ਅਵਲੱੜੀ ਚਾਲ, ਭਗਤ ਭਗਵੰਤ ਆਪਣੀ ਕਾਰੇ ਲਾਇੰਦਾ । ਸਾਚਾ ਮੰਤਰ ਅੰਤਰ ਨਿਰੰਤਰ ਦੇਵੇ ਸਿਖਾਲ, ਇਸ਼ਟੀ ਦ੍ਰਿਸ਼ਟੀ ਇਕੋ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਚ ਦਵਾਰਾ ਦੱਸ ਸੱਚੀ ਧਰਮਸਾਲ, ਧਰਮ ਦੀ ਧਿਰ ਆਪਣੇ ਨਾਲ ਰਖਾਇੰਦਾ । ਜਨ ਭਗਤ ਮਾਂਗੇ ਇਕ ਦਵਾਰ, ਘਰ ਠਾਂਡੇ ਡੇਰਾ ਲਾਈਆ । ਜਿਥੇ ਮਿਲੇ ਵਸਤ ਨਾਮ ਹਰਿ ਥਾਰ, ਥਿਰ ਘਰ ਵੱਜਦੀ ਰਹੇ ਵਧਾਈਆ । ਸਾਚੀ ਚੜ੍ਹੀ ਰਹੇ ਖ਼ੁਮਾਰ, ਖ਼ੁਸ਼ੀ ਆਪਣਾ ਰੰਗ ਵਖਾਈਆ । ਭਰਮੇ ਭੁੱਲੇ ਨਾ ਵਿਚ ਸੰਸਾਰ, ਸਹਿਸਾ ਗ਼ਮ ਨਾ ਕੋਇ ਸਤਾਈਆ । ਆਤਮ ਮਾਣੇ ਆਪਣੀ ਬਹਾਰ, ਬਸੰਤ ਬਸੰਤ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਅਧਾਰ, ਆਦਰ ਇਕੋ ਘਰ ਰਖਾਈਆ । ਜਨ ਭਗਤ ਸਦ ਪੂਰੀ ਹੋਵੇ ਮੁਰਾਦ, ਮੁਰੀਦ ਮੁਰਸ਼ਦ ਮਿਲ ਕੇ ਖ਼ੁਸ਼ੀ ਮਨਾਈਆ । ਠਾਕਰ ਕਰਦਾ ਰਹੇ ਇਮਦਾਦ, ਮਿਹਰਵਾਨ ਹੋ ਕੇ ਆਪ ਸਹਾਈਆ । ਆਪਣੇ ਉਪਰ ਰਖੇ ਸ਼ਾਕਰ ਸ਼ਾਦ, ਸ਼ਦੀਦ ਰੋਗ ਨਾ ਕੋਇ ਸਤਾਈਆ । ਕਰਨੀ ਹੋਣ ਨਾ ਦੇਵੇ ਬਰਬਾਦ, ਕਰਤਾ ਕਰਮ ਵੇਖ ਵਖਾਈਆ । ਲੇਖਾ ਅਗੇ ਮੰਗੇ ਨਾ ਕੋਇ ਜੁਆਬ, ਜਵਾਬ ਤਲਬੀ ਵਿਚ ਨਾ ਕੋਇ ਰਖਾਈਆ । ਦੋ ਜਹਾਨ ਦੇਣ ਸ਼ਾਬਾਸ਼, ਵਾਹਵਾ ਕਰ ਕੇ ਢੋਲੇ ਗਾਈਆ । ਪੁਰਖ ਅਕਾਲ ਹੋਇਆ ਸਾਥ, ਸਗਲਾ ਸੰਗ ਨਿਭਾਈਆ । ਝਗੜਾ ਪ੍ਰਿਥਮੀ ਆਕਾਸ਼, ਗਗਨਾਂ ਉਤੇ ਮੰਗਲ ਵੇਖ ਵਖਾਈਆ । ਲੇਖੇ ਲੱਗਾ ਸਾਹ ਸਵਾਸ, ਸਵਾਰਥ ਮਿਲੀ ਮਾਣ ਵਡਿਆਈਆ । ਦੀਆ ਜੋਤ ਹੋਈ ਪਰਕਾਸ਼, ਬਾਤੀ ਕਮਲਾਪਾਤੀ ਨਾਮ ਟਿਕਾਈਆ । ਪ੍ਰਭ ਚਰਨ ਮਿਲਿਆ ਪਰਤਾਪ, ਪਰਤ ਫੇਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲੇ ਵੇਖ ਕੇ ਆਪ, ਆਪਣੇ ਘਰ ਟਿਕਾਈਆ । ਜਨ ਭਗਤ ਮਾਲਕ ਸਾਚੇ ਘਰ ਦਾ, ਘਿਰਨਾ ਵਿਚ ਕਦੇ ਨਾ ਆਈਆ । ਜਿਥੇ ਇਕੋ ਦੀਪਕ ਜਗਦਾ, ਜਗਹ ਜਗਹ ਨਾ ਕੋਇ ਰੁਸ਼ਨਾਈਆ । ਪੁਰਖ ਅਕਾਲ ਸਚ ਸਿੰਘਾਸਣ ਸਜਦਾ, ਸੋਭਾਵੰਤ ਡੇਰਾ ਲਾਈਆ । ਹੁਕਮ ਸੁਨੇਹੜਾ ਜੁਗ ਜੁਗ ਘਲਦਾ, ਫ਼ਰਮਾਨਾ ਆਪ ਉਪਾਈਆ । ਲੱਖ ਚੁਰਾਸੀ ਚੋਲੀ ਰੰਗਦਾ, ਤਨ ਮਾਟੀ ਕਰ ਸਫ਼ਾਈਆ । ਜਨ ਭਗਤਾਂ ਸਚ ਬੇਨੰਤੀ ਮੰਨਦਾ, ਸੁਣਨਹਾਰ ਗੁਸਾਈਂਆ । ਕਦੇ ਕੱਚਾ ਨਾ ਹੋਵੇ ਕੰਨ ਦਾ, ਚੁਗ਼ਲੀ ਨਿੰਦਿਆ ਸੁਣਨ ਕੋਇ ਨਾ ਪਾਈਆ । ਪਿਆਰਾ ਬਣੇ ਸਾਚੇ ਜਨ ਦਾ, ਜੋ ਜਨਮ ਪ੍ਰਭ ਦੀ ਝੋਲੀ ਪਾਈਆ । ਪੂਰਾ ਲੇਖਾ ਕਰੇ ਪਵਣ ਸਵਾਸ ਦਮ ਦਾ, ਦਾਮਨ ਆਪਣਾ ਦਏ ਫੜਾਈਆ । ਲੇਖਾ ਰਹੇ ਨਾ ਕੋਈ ਮਨ ਦਾ, ਮਨਸਾ ਮੋਹ ਕੂੜ ਦਏ ਚੁਕਾਈਆ । ਕਰ ਪਰਕਾਸ਼ ਸਾਚੇ ਚੰਨ ਦਾ, ਅੰਧ ਅੰਧੇਰਾ ਦਏ ਮਿਟਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ ਦਾ, ਪਾਰਬ੍ਰਹਮ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਸਦ ਸਾਚੇ ਘਰ ਟਿਕਾਈਆ । ਹਰਿ ਭਗਤ ਵੇਖੇ ਗ੍ਰਿਹਿ ਠੰਡਾ, ਅਗਨੀ ਤਤ ਨਾ ਕੋਇ ਤਪਾਈਆ । ਜਗਤ ਵਾਸਨਾ ਵਿਚ ਨਾ ਹੋਏ ਗੰਦਾ, ਕੂੜੀ ਕਿਰਿਆ ਨਾ ਕੋਇ ਰਖਾਈਆ । ਰਸਨਾ ਵਾਲਾ ਸੁਣੇ ਨਾ ਕੋਇ ਛੰਦਾ, ਅਗੰਮੀ ਨਾਦ ਕਰੇ ਸ਼ਨਵਾਈਆ । ਵਾਸਨਾ ਵਾਲਾ ਦਿਸੇ ਨਾ ਕੋਇ ਬੰਦਾ, ਬੰਦਗੀ ਵਿਚ ਬੰਧਨ ਸਾਰੇ ਜਾਏ ਤੁੜਾਈਆ । ਮੰਜ਼ਲ ਪੌੜੀ ਪਾਰ ਹੋਵੇ ਡੰਡਾ, ਡੰਡੌਤ ਕਰ ਕੇ ਸੀਸ ਝੁਕਾਈਆ । ਪੂਰੀ ਹੋਵੇ ਮਨਸਾ ਆਸਾ ਉਮੰਗਾ, ਸਹਿਸਾ ਸਹਿਮ ਰਹੇ ਨਾ ਰਾਈਆ । ਧਾਮ ਸੁਹਾਵਣਾ ਮਿਲੇ ਚੰਗਾ, ਚੰਗਿਆਈਆਂ ਬੁਰਿਆਈਆਂ ਦਾ ਲੇਖਾ ਦਏ ਮੁਕਾਈਆ । ਚਰਨਾਂ ਹੇਠਾਂ ਵਹਿੰਦੀ ਵਖਾਏ ਗੰਗਾ, ਗੋਦਾਵਰੀ ਸੁਰਸਤੀ ਜਮਨਾ ਝੁਕ ਝੁਕ ਲਾਗਣ ਪਾਈਆ । ਮਿਲੇ ਮੇਲ ਸੂਰਾ ਸਰਬੰਗਾ, ਸਾਹਿਬ ਸਵਾਮੀ ਨਜ਼ਰੀ ਆਈਆ । ਜਿਸ ਦਾ ਪਿਆਰ ਇਕ ਅਨੰਦਾ, ਚਿੰਤਾ ਰੋਗ ਦਏ ਗਵਾਈਆ । ਸਚ ਦਵਾਰਾ ਵਖਾਵੇ ਧੁਰ ਦਰਗਾਹ

ਠੰਡਾ, ਸਚਖੰਡ ਨਿਵਾਸੀ ਮਿਹਰ ਨਜ਼ਰ ਉਠਾਈਆ । ਜਨ ਭਗਤ ਪ੍ਰਭ ਦੇਵੇ ਸਚ ਸੁਗੰਧਾ, ਦੁਰਗੰਧਾਂ ਅੰਦਰੋਂ ਬਾਹਰ ਕਢਾਈਆ । ਦੀਨ ਦਿਆਲ ਹੋ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਾਰਨ ਸਚ ਦਵਾਰ ਦਾ ਸਦਾ ਖੁਲ੍ਹਾ ਰਖੇ ਜੰਦਾ, ਕੁਫ਼ਲ ਕਾਫ਼ਰ ਬੰਦ ਨਾ ਕੋਇ ਕਰਾਈਆ ।

## ✪ ੧੪ ਜੇਠ ਸ਼ਹਿਨਸ਼ਾਹੀ ਸੰਮਤ ੨ ਵਕੀਲ ਸਿੰਘ ਦੇ ਗ੍ਰਿਹਿ ਪਿੰਡ ਹੰਸਾ ਜੰਮੂ ✪

ਜਨ ਭਗਤ ਪ੍ਰੇਮ ਪਿਆਰਾ ਨਿਰਮਲ ਜੋਤ, ਇਸ਼ਟਾਂ ਦਾ ਇਸ਼ਟ ਇਕੋ ਵੇਖ ਵਖਾਈਆ । ਧਾਮ ਵੇਖੇ ਸਚਖੰਡ ਦਵਾਰਾ ਧੁਰ ਦਾ ਕੋਟ, ਬੰਕ ਦਵਾਰ ਛੱਪਰ ਛੰਨ ਨਾ ਕੋਇ ਛੁਹਾਈਆ । ਮਨ ਬੁਧੀ ਦੀ ਕਰੇ ਨਾ ਸੋਚ, ਅਨੁਭਵ ਅੰਦਰ ਆਪਣੀ ਅੱਖ ਖੁਲ੍ਹਾਈਆ । ਲੇਖਾ ਜਾਣੇ ਨਾ ਲੋਕ ਪਰਲੋਕ, ਬ੍ਰਹਿਮੰਡਾਂ ਖੰਡਾਂ ਧਿਆਨ ਨਾ ਕੋਇ ਲਗਾਈਆ । ਇਕੋ ਪਤਿਪਰਮੇਸ਼ਵਰ ਪੁਰਖ ਅਕਾਲ ਦੀ ਰਖੇ ਓਟ, ਓੜਕ ਆਪਣਾ ਆਪ ਓਸੇ ਵਿਚ ਸਮਾਈਆ । ਸਾਚਾ ਢੋਲਾ ਗਾਉਂਦਾ ਰਹੇ ਸਲੋਕ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਦਰ ਸਾਚਾ ਨੂਰ ਕਰੇ ਰੁਸ਼ਨਾਈਆ । ਜਨ ਭਗਤ ਇਕੋ ਹੋਵੇ ਧਾਰ, ਧਾਰਨਾ ਵਿਚ ਦੂਜੀ ਕਦੇ ਨਾ ਆਈਆ । ਨਾਤਾ ਤੋੜ ਸਰਬ ਸੰਸਾਰ, ਸੰਸਾਰੀ ਅੰਦਰ ਆਪਣਾ ਆਪ ਸਮਾਈਆ । ਸਤਿ ਧਰਮ ਦਾ ਬੋਲ ਜੈਕਾਰ, ਤੂੰ ਹੀ ਤੂੰ ਹੀ ਰਾਗ ਅਲਾਈਆ । ਦਰ ਵੇਖ ਠਾਂਡਾ ਦਰਬਾਰ, ਨਮਸਤੇ ਕਹਿ ਕੇ ਸੀਸ ਝੁਕਾਈਆ । ਕੂੜੀ ਕਿਰਿਆ ਵਿਚੋਂ ਹੋਏ ਬਾਹਰ, ਮਾਇਆ ਮਮਤਾ ਨਾ ਕੋਇ ਸਤਾਈਆ । ਮੰਜ਼ਲ ਚੜ੍ਹੇ ਜਗਤ ਦੁਸ਼ਵਾਰ, ਦੁਸ਼ਮਨ ਅੰਦਰੋਂ ਬਾਹਰ ਕਢਾਈਆ । ਸੁਰਤੀ ਸ਼ਬਦੀ ਕਰ ਪਿਆਰ, ਪਰਾ ਪਸੰਤੀ ਮਧਮ ਬੈਖਰੀ ਲੇਖਾ ਦਏ ਮੁਕਾਈਆ । ਏਕਾ ਰੰਗ ਮਾਣੇ ਕੰਤ ਭਤਾਰ, ਆਤਮ ਸੇਜਾ ਸੋਭਾ ਪਾਈਆ । ਦੀਆ ਬਾਤੀ ਕਮਲਾਪਾਤੀ ਘਰ ਕਰੇ ਉਜਿਆਰ, ਉਜਾਲਾ ਨਿਰਾਲਾ ਆਪਣਾ ਇਕ ਦਰਸਾਈਆ । ਜਿਸ ਦਾ ਹੁਕਮ ਚਲੇ ਸਦਾ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਨਾ ਕੋਇ ਉਲਟਾਈਆ । ਸੋ ਭਗਤ ਸੁਹੇਲਾ ਆਵੇ ਆਪਣੀ ਵਾਰ, ਵਾਰਤਾ ਪਿਛਲੀ ਵੇਖ ਵਖਾਈਆ । ਲੱਖ ਚੁਰਾਸੀ ਵਿਚੋਂ ਲਏ ਉਭਾਰ, ਨਿਰਗੁਣ ਹੋ ਕੇ ਸਰਗੁਣ ਲਏ ਜਗਾਈਆ । ਜਿਸ ਦਾ ਲੇਖਾ ਕਾਗਤ ਕਲਮ ਨਾ ਲਿਖਣਹਾਰ, ਕਾਤਬ ਚਲੇ ਨਾ ਕੋਇ ਚਤੁਰਾਈਆ । ਸੰਦੇਸ਼ੇ ਵਿਚ ਸੁਨੇਹੜਾ ਦੇਵੇ ਆਪ ਨਿਰੰਕਾਰ, ਹੁਕਮੇ ਅੰਦਰ ਹੁਕਮ ਆਪ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲੇ ਲਾਵੇ ਪਾਰ, ਪਾਰਸ ਰੂਪ ਦੇਵੇ ਵਖਾਈਆ । ਜਨ ਭਗਤ ਦੂਸਰ ਕੋਈ ਨਾ ਜਾਣੇ ਜੁਗਤ, ਜੁਗਤੀ ਵਿਚ ਕਦੇ ਨਾ ਆਈਆ । ਕਦੀ ਨਾ ਮੰਗੇ ਮੁਕਤ, ਮੁਕਤੀ ਤੋਂ ਪਰੇ ਆਪਣਾ ਘਰ ਵਸਾਈਆ । ਜਿਥੇ ਪ੍ਰਭ ਦਾ ਦਰਸ਼ਨ ਹੋਵੇ ਮੁਫ਼ਤ, ਟਕਿਆਂ ਦੀ ਲੋੜ ਰਹੇ ਨਾ ਰਾਈਆ । ਮਾਤ ਗਰਭ ਫੇਰ ਨਾ ਆਵੇ ਉਲਟ*, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਜਨ ਭਗਤ ਕੂੜੀ ਕਿਰਿਆ ਮੇਟੇ ਲੀਕ, ਲਕੀਰ ਫ਼ਕੀਰ ਨਾ ਕਦੇ ਅਖਵਾਈਆ । ਪ੍ਰਭ ਦਾ ਦਰਸ਼ਨ ਮੰਗੇ ਠੀਕ, ਠਾਕਰ ਇਕੋ ਲਏ ਧਿਆਈਆ । ਜੋ ਦੇਵੇ ਵਡਿਆਈ ਊਚ ਨੀਚ, ਰਾਓ ਰੰਕਾਂ ਹੋਏ ਸਹਾਈਆ ।

ਸਦਾ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਸਕੇ ਨਾ ਕੋਇ ਫਸਾਈਆ । ਜਨ ਭਗਤਾਂ ਕਾਇਆ ਮਾਟੀ ਠਾਂਡੀ ਕਰੇ ਸੀਤ, ਅੰਮ੍ਰਿਤ ਧਾਰਾ ਮੁਖ ਚੁਆਈਆ । ਸਚ ਦਵਾਰ ਧੁਰ ਦੀ ਦੱਸੇ ਪ੍ਰੀਤ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਮੇਲੇ ਸਹਿਜ ਸੁਭਾਈਆ । ਜਨ ਭਗਤ ਕਿਸੇ ਨਾ ਬਣੇ ਕਦੇ ਖ਼ਾਦਮ, ਖ਼ਿਦਮਤਗਾਰ ਇਕੋ ਘਰ ਦਾ ਨਜ਼ਰੀ ਆਈਆ । ਮਾਨਸ ਰੂਪ ਜਾਣੇ ਧੁਰ ਦਾ ਆਦਮ, ਹਵਾ ਪਵਣ ਨਾਲ ਉਡਾਈਆ । ਲੇਖਾ ਸਮਝੇ ਨਾ ਕੋਈ ਕਾਹਨਾ ਯਾਦਵ, ਯਦਿਪ ਆਪਣੇ ਰੰਗ ਵਿਚ ਸਮਾਈਆ । ਨਿਰਗੁਣ ਸਰਗੁਣ ਹੁੰਦਾ ਵੇਖੇ ਤਬਾਦਲ, ਤਬਦੀਲੀ ਅੰਦਰ ਖ਼ੁਸ਼ੀ ਮਨਾਈਆ । ਸਚ ਦਵਾਰੇ ਇਨਸਾਫ਼ ਤੱਕੇ ਆਦਲ, ਅਦਲੀ ਹੋਵੇ ਬੇਪਰਵਾਹੀਆ । ਜਿਥੇ ਦੂਜਾ ਰਹੇ ਨਾ ਕੋਇ ਕ਼ਾਤਲ, ਮਕ਼ਤੂਲ ਰੂਪ ਨਾ ਕੋਇ ਵਟਾਈਆ । ਜਲਵਾ ਹੋਏ ਬਾਤਨ, ਜ਼ਰਾ ਜ਼ਰਾ ਰੁਸ਼ਨਾਈਆ । ਪੁਰਖ ਅਬਿਨਾਸ਼ੀ ਦਿਸੇ ਸਾਥਨ, ਸਗਲਾ ਸੰਗ ਨਿਭਾਈਆ । ਭਗਤਾਂ ਪੜ੍ਹੇ ਗਾਥਨ, ਢੋਲਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦਵਾਰਾ ਦੱਸੇ ਧੁਰ ਦਾ ਪਾਤਨ, ਪੱਤਨ ਇਕੋ ਦਏ ਵਖਾਈਆ । ਜਨ ਭਗਤ ਦੂਜੇ ਜਾਏ ਕਦੇ ਨਾ ਪੱਤਨ, ਘਾਟ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਮਿਲਣ ਦਾ ਇਕੋ ਕਰੇ ਯਤਨ, ਦਿਵਸ ਰੈਣ ਧਿਆਨ ਲਗਾਈਆ । ਮੁੜ ਕੇ ਜਾਣਾ ਓਸ ਵਤਨ, ਜਿਸ ਗ੍ਰਿਹਿ ਵਿਚੋਂ ਹੋਈ ਜੁਦਾਈਆ । ਸਾਹਿਬ ਸਤਿਗੁਰ ਪਤ ਆਪੇ ਆਵੇ ਰਖਣ, ਰੱਖਿਆ ਕਰੇ ਥਾਉਂ ਥਾਈਂਆ । ਦਰਸ ਵਖਾਵੇ ਆਪਣੀ ਅੱਖਣ, ਆਖ਼ਰ ਆਪਣਾ ਪੜਦਾ ਦਏ ਉਠਾਈਆ । ਜਨ ਭਗਤਾਂ ਹਿਰਦੇ ਆਵੇ ਵਸਣ, ਓਹਲਾ ਅੰਦਰ ਰਹੇ ਨਾ ਰਾਈਆ । ਸੱਚਾ ਮਾਰਗ ਆਵੇ ਦੱਸਣ, ਸਹਿਜੇ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਚੁਕਾਏ ਆਪਣੇ ਹੱਥਨ, ਦੂਸਰ ਹੱਥ ਨਾ ਕੋਇ ਫੜਾਈਆ । ਜਨ ਭਗਤ ਆਤਮ ਕਦੇ ਨਾ ਹੋਵੇ ਅਕੇਲੀ, ਅਕਲ ਕਲਧਾਰੀ ਮੇਲ ਮਿਲਾਇੰਦਾ । ਪੁਰਖ ਅਕਾਲ ਬਣੇ ਬੇਲੀ, ਬੇਲੇ ਜੰਗਲ ਜੂਹ ਉਜਾੜ ਪਹਾੜ ਵੇਖ ਵਖਾਇੰਦਾ । ਸਤਿ ਪਿਆਰ ਬਣਾ ਕੇ ਚੇਲੀ, ਮੁਹੱਬਤ ਮਹਿਬੂਬ ਵਿਚੋਂ ਪਰਗਟਾਇੰਦਾ । ਸ਼ਬਦੀ ਧਾਰ ਬਣਾ ਸਹੇਲੀ, ਸੱਜਣ ਹੋ ਕੇ ਸੰਗ ਰਖਾਇੰਦਾ । ਅਚਰਜ ਖੇਲ ਪਾਰਬ੍ਰਹਮ ਆਦਿ ਜੁਗਾਦਿ ਜੁਗ ਚੌਕੜੀ ਖੇਲੀ, ਖ਼ਾਲਕ ਹੋ ਕੇ ਭੇਵ ਆਪਣੇ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸੀਸ ਰਖੇ ਓਸ ਹਥੇਲੀ, ਜਿਸ ਹੱਥ ਉਤੋਂ ਫੜ ਪਰੇ ਨਾ ਕੋਇ ਸੁਟਾਇੰਦਾ ।



### ✪ ੧੪ ਜੇਠ ਸ਼ਹਿਨਸ਼ਾਹੀ ਸੰਮਤ ੨ ਦੌਲਤ ਰਾਮ ਦੇ ਗ੍ਰਿਹਿ ਪਿੰਡ ਕੋਟਲੀ ਜੰਮੂ ✪

ਜਨ ਭਗਤ ਕੂੜੀ ਰਖੇ ਕੋਇ ਨਾ ਹਰਸ, ਮਮਤਾ ਮਨ ਨਾ ਕੋਇ ਧਰਾਈਆ । ਇਕੋ ਪ੍ਰਭ ਦਾ ਨਿਜ ਲੋਚਨ ਮੰਗੇ ਦਰਸ, ਜਗਤ ਅੱਖ ਨਾ ਕੋਇ ਵਡਿਆਈਆ । ਪ੍ਰੇਮ ਪਿਆਰ ਮੁਹੱਬਤ ਅੰਦਰ ਰਹੇ ਭਟਕ, ਭਟਕਣਾ ਬਾਹਰੋਂ ਸਰਬ ਚੁਕਾਈਆ । ਅਬਿਨਾਸ਼ੀ ਕਰਤਾ ਕਰੇ ਸੱਦਾ ਤਰਸ, ਮਿਹਰਵਾਨ ਮਿਹਰ ਨਜ਼ਰ ਵੇਖ ਵਖਾਈਆ । ਬੂੰਦ ਸਵਾਂਤੀ ਅੰਮ੍ਰਿਤ ਧਾਰ ਨਿਝਰ ਝਿਰਨਾ ਦੇਵੇ ਬਰਖ, ਅਗਨੀ ਤਤ ਕੂੜ ਬੁਝਾਈਆ । ਪੰਚ

ਵਿਕਾਰਾ ਮਿਟੇ ਕਟਕ, ਕਰਮ ਕਾਂਡ ਦਾ ਲੇਖਾ ਦਏ ਚੁਕਾਈਆ । ਆਪਣਾ ਘਰ ਵਖਾਏ ਪਰਤ, ਜਿਸ ਗ੍ਰਿਹਿ ਵਿਚੋਂ ਹੋਈ ਜੁਦਾਈਆ । ਤਖ਼ਤ ਨਿਵਾਸੀ ਨਜ਼ਰੀ ਆਏ ਉਪਰ ਸਚਖੰਡ ਦਵਾਰੇ ਸਾਚੇ ਤਖ਼ਤ, ਜੋਤੀ ਜਾਤਾ ਨੂਰ ਰੁਸ਼ਨਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮਿਲ ਕੇ ਨਾਤਾ ਜੁੜਾਏ ਭਗਤ ਭਗਵੰਤ, ਭਾਗ ਹਿੱਸਾ ਦੂਸਰ ਵੰਡ ਨਾ ਕੋਇ ਵੰਡਾਈਆ । ਜਗਤ ਵਾਸਨਾ ਕੂੜੀ ਕਿਰਿਆ ਮੇਟੇ ਚਿੰਤ, ਗ਼ਮ ਸੋਗ ਨਾ ਕੋਇ ਸਤਾਈਆ । ਘਟ ਭੀਤਰ ਸਦਾ ਬਹਾਰ ਰਹੇ ਬਸੰਤ, ਗੁਲਸ਼ਨ ਵੇਖੇ ਬੇਪਵਰਾਹੀਆ । ਮੇਲ ਮਿਲਾਵਾ ਹੋਵੇ ਧੁਰ ਦੇ ਕੰਤ, ਸੇਜ ਸੁਹੰਜਣੀ ਵੱਜੇ ਵਧਾਈਆ । ਝਗੜਾ ਮੁਕ ਜਾਏ ਸਵਰਗ ਜੰਨਤ, ਬਹਿਸ਼ਤਾਂ ਦੀ ਲੋੜ ਰਹੇ ਨਾ ਰਾਈਆ । ਸਚਖੰਡ ਦਵਾਰਾ ਮਿਲੇ ਇਕੋ ਅੰਤ, ਅੰਤਸ਼ਕਰਨ ਦਾ ਲਹਿਣਾ ਝੋਲੀ ਪਾਈਆ । ਬੋਧ ਅਗਾਧ ਜਨ ਭਗਤ ਬਣੇ ਅਗੰਮੀ ਪੰਡਤ, ਨਿਰਅੱਖਰ ਪੜ੍ਹ ਕੇ ਅੱਖਰਾਂ ਦਏ ਬਣਾਈਆ । ਨਾਤਾ ਤੋੜ ਕੇ ਜੇਰਜ ਅੰਡਜ, ਉਤਭੁਜ ਸੇਤਜ ਪੱਲੂ ਲਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲੇ ਆਪਣੇ ਰੰਗ ਰੰਗਾਈਆ । ਜਨ ਭਗਤ ਕਦੇ ਨਾ ਬੱਝੇ ਸ਼ਰਅ ਵਿਚ ਜ਼ੰਜੀਰ, ਦੀਨ ਮਜ੍ਹਬ ਜਾਤ ਪਾਤ ਊਚ ਨੀਚ ਵੰਡ ਨਾ ਕੋਇ ਵੰਡਾਈਆ । ਇਕੋ ਮੰਜ਼ਲ ਚੋਟੀ ਚੜ੍ਹੇ ਅਖ਼ੀਰ, ਆਖ਼ਰ ਪ੍ਰਭ ਨੂੰ ਮਿਲ ਕੇ ਖ਼ੁਸ਼ੀ ਮਨਾਈਆ । ਜਿਥੇ ਝਗੜਾ ਰਹੇ ਨਾ ਕੋਇ ਤਕਦੀਰ, ਕਰਮਾਂ ਦੀ ਕਰੇ ਨਾ ਕੋਇ ਲੜਾਈਆ । ਲੇਖਾ ਰਹੇ ਨਾ ਅਮੀਰ ਗ਼ਰੀਬ, ਅਮਰਾਪਦ ਇਕੋ ਨਜ਼ਰੀ ਆਈਆ । ਅੰਮ੍ਰਿਤ ਧਾਰਾ ਮਿਲੇ ਧੁਰ ਦਾ ਠੰਡਾ ਸੀਰ, ਰਸ ਅਨਡਿੱਠਾ ਆਪ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਡਿਆਈਆ । ਜਨ ਭਗਤ ਪ੍ਰਭ ਦਰਸ਼ਨ ਲੋੜੇ ਲੋਚ, ਨਿਜ ਨੈਣ ਅੱਖ ਖੁਲ੍ਹਾਈਆ । ਜਿਥੇ ਬੁਧੀ ਦੀ ਰਹੇ ਕੋਈ ਨਾ ਲੋਚ, ਮਨ ਚੈਂਚਲ ਨਾ ਕੋਇ ਚਤੁਰਾਈਆ । ਝਗੜਾ ਰਹੇ ਨਾ ਦੀਨ ਦੁਨੀ ਲੋਕ, ਸਲੋਕ ਇਕੋ ਸੁਣ ਕੇ ਖ਼ੁਸ਼ੀ ਮਨਾਈਆ । ਸਚ ਦਵਾਰ ਦੀ ਮਾਣੇ ਮੌਜ, ਗ਼ਮੀ ਅੰਦਰੋਂ ਬਾਹਰ ਕਢਾਈਆ । ਪਰਮ ਪੁਰਖ ਦਾ ਵੇਖੇ ਚੋਜ, ਚੋਲਾ ਆਪਣਾ ਰੰਗ ਰੰਗਾਈਆ । ਸਾਚੀ ਭਗਤੀ ਦਾ ਪੂਰਾ ਹੋਵੇ ਜੋਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਮੈਂ ਮਮਤਾ ਦਾ ਰਹੇ ਨਾ ਰੋਗ, ਹੰ ਬ੍ਰਹਮ ਪੜਦਾ ਦਏ ਉਠਾਈਆ । ਆਤਮ ਪਰਮਾਤਮ ਹੋਵੇ ਧੁਰ ਸੰਜੋਗ, ਵਿਛੋੜਾ ਦੂਈ ਵਾਲਾ ਚੁਕਾਈਆ । ਨਿਰਗੁਣ ਨਿਰਗੁਣ ਦਿੰਦਾ ਰਹੇ ਦਰਸ ਅਮੋਘ, ਸਰਗੁਣ ਸਰਗੁਣ ਵੱਜਦੀ ਰਹੇ ਵਧਾਈਆ । ਹੋਵੇ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਡਗਮਗਾਈਆ । ਭਾਗ ਲੱਗੇ ਸਾਚੇ ਕੋਟ, ਕੂੜ ਕੁਟੰਬ ਅੰਦਰੋਂ ਦਏ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਨਾਮ ਖ਼ੁਮਾਰੀ ਜਨ ਭਗਤਾਂ ਸਦਾ ਰਖੇ ਮਦਹੋਸ਼, ਮਧ ਆਪਣਾ ਜਾਮ ਪਿਆਈਆ । ਜਨ ਭਗਤ ਕੋਈ ਨਾ ਲੋੜੇ ਝਗੜਾ, ਝਗੜਤ ਵਕ਼ਤ ਨਾ ਕੋਇ ਗਵਾਈਆ । ਓਹ ਮਾਰਗ ਸੋਚੇ ਅਗਲਾ, ਜਿਸ ਬਿਧ ਮਿਲੇ ਬੇਪਰਵਾਹੀਆ । ਲੇਖਾ ਚੁੱਕੇ ਸਗਲਾ, ਲੱਖ ਚੁਰਾਸੀ ਰਹਿਣ ਨਾ ਪਾਈਆ । ਸਦਾ ਹੋਵੇ ਚਾਰ ਮੰਗਲਾ, ਗੀਤ ਗੋਬਿੰਦ ਅਲਾਈਆ । ਤਨ ਮਾਟੀ ਖ਼ਾਕੀ ਸੋਹੇ ਸਾਢੇ ਤਿੰਨ ਹੱਥ ਬੰਗਲਾ, ਬਗ ਬਪੜਾ ਹੰਸ ਰੂਪ ਵਟਾਈਆ । ਮਨੂਆ ਮਨ ਰਹੇ ਨਾ ਪਗ਼ਲਾ, ਜਗਤ ਵਾਸਨਾ ਨਾ ਕੋਇ ਹਲਕਾਈਆ । ਪੁਰਖ ਅਬਿਨਾਸ਼ੀ ਲੱਭਣਾ ਪਏ ਨਾ ਵਿਚੋਂ ਜੰਗਲਾਂ, ਕਾਇਆ ਮੰਦਰ ਅੰਦਰ ਮਿਲ ਕੇ ਖ਼ੁਸ਼ੀ ਮਨਾਈਆ । ਦਵਾਰਿਉਂ ਪਏ ਨਾ ਮੰਗਣਾ, ਲੋਕ ਲਾਜ ਨਾ ਕੋਇ ਜਣਾਈਆ । ਕਾਇਆ ਮਾਟੀ ਚੋਲਾ ਪਏ ਨਾ ਰੰਗਣਾ, ਸਤਿਗੁਰ ਪੂਰਾ ਚਰਨ ਧੂੜੀ ਟਿੱਕਾ ਖ਼ਾਕ ਦਏ ਰਮਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੱਸੇ ਇਕੋ ਬੰਦਨਾ, ਡੰਡਾਵਤ ਵਿਚ ਸਖਾਵਤ ਧੁਰ ਦੀ ਝੋਲੀ ਪਾਈਆ । ਜਨ ਭਗਤ ਇਕੋ ਕਰੇ ਬੰਦਗੀ, ਬੰਦਨਾ ਵਿਚ ਸੀਸ ਨਿਵਾਈਆ । ਦੂਸਰ ਰਖੇ ਨਾ ਕੋਇ ਮਸ਼ੰਦਗੀ, ਦਰ ਦਰ ਭੱਜੇ ਨਾ ਵਾਹੋ ਦਾਹੀਆ । ਮਨ ਮਨਸਾ ਕੂੜੀ ਕਿਰਿਆ ਅੰਦਰੋਂ ਕੱਢੇ ਗੰਦਗੀ, ਸੁਗੰਧੀ ਹਰਿ ਕਾ ਨਾਮ ਅੰਦਰ ਟਿਕਾਈਆ । ਲੋੜ ਰਹੇ ਨਾ ਸੂਰਜ ਚੰਦ ਦੀ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰੇ ਸਰਬੰਗ ਦੀ, ਹਰਿਜਨ ਸਾਚੇ ਮੇਲ ਮਿਲਾਈਆ । ਹਰਿਜਨ ਹਰਿ ਭਗਤ ਭਾਉ ਨਾ ਜਾਣੇ ਦੂਜਾ, ਦੂਈ ਵਿਚ ਨਾ ਕਦੇ ਆਈਆ । ਇਕੋ ਨੇਤਰ ਖੋਲ੍ਹ ਕੇ ਤੀਜਾ, ਤ੍ਰੈਗੁਣ ਲੇਖਾ ਦਏ ਮੁਕਾਈਆ । ਪਰਮ ਪੁਰਖ ਪਰਮਾਤਮ ਨਾਲ ਪਤੀਜਾ, ਪਤਿਪਰਮੇਸ਼ਵਰ ਇਕੋ ਲਏ ਹੰਢਾਈਆ । ਜਿਸ ਦੇ ਪ੍ਰੇਮ ਅੰਦਰ ਤਨ ਮਨ ਸੀਝਾ, ਅਗਨੀ ਤਤ ਨਾ ਕੋਇ ਜਲਾਈਆ । ਸਾਚਾ ਨਾਮ ਧੁਰ ਦਾ ਕਲਮਾ ਸੁਣੇ ਹਦੀਸਾ, ਹਜ਼ਰਤ ਹਜ਼ੂਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਨਾਮ ਸਦਾ ਅਨਡੀਠਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜਨ ਭਗਤ ਸਦ ਮੰਗੇ ਏਕਾ ਮੰਗ, ਖ਼ਾਹਿਸ਼ ਜਗਤ ਨਾ ਕੋਇ ਵਧਾਈਆ । ਪੁਰਖ ਅਬਿਨਾਸ਼ੀ ਟੁੱਟੀ ਗੰਢ, ਜੋੜਨਹਾਰ ਤੇਰੀ ਵਡਿਆਈਆ । ਚੁਰਾਸੀ ਰਹੇ ਨਾ ਕੋਈ ਵੰਡ, ਚਾਰੇ ਖਾਣੀ ਨਾ ਕੋਇ ਭਵਾਈਆ । ਲੇਖਾ ਚੁਕ ਜਾਏ ਬੱਤੀ ਦੰਦ, ਅਜਪਾ ਜਾਪ ਦੇ ਸਮਝਾਈਆ । ਮੇਰੀ ਆਤਮ ਨਾ ਹੋਏ ਰੰਡ, ਸੁਹਾਗਣ ਘਰ ਵਿਚ ਦੇਣਾ ਬਣਾਈਆ । ਇਕੋ ਤੇਰਾ ਗਾਵਾਂ ਛੰਦ, ਸਾਜਣ ਅਵਰ ਨਾ ਕੋਇ ਮਨਾਈਆ । ਸਚ ਦਵਾਰਾ ਧੁਰ ਦਾ ਤੇਰਾ ਜਾਵਾਂ ਲੰਘ, ਨੌਂ ਦਵਾਰ ਸਕੇ ਨਾ ਕੋਇ ਅਟਕਾਈਆ । ਮਨੂਆ ਕਰੇ ਨਾ ਕੋਈ ਪਖੰਡ, ਭਰਮ ਵਿਚ ਨਾ ਕੋਇ ਭਰਮਾਈਆ । ਪਰਕਾਸ਼ ਤੱਕਾਂ ਨਾ ਸੂਰਜ ਚੰਦ, ਇਕੋ ਤੇਰਾ ਨੂਰ ਵੇਖ ਕੇ ਆਪਣਾ ਆਪ ਪਰਚਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਵਜਾ ਅਗੰਮਾ ਮਰਦੰਗ, ਢੋਲਕ ਛੈਣਾ ਸਰਵਣ ਸੁਣਨ ਕੋਇ ਨਾ ਪਾਈਆ । ਤੇਰੇ ਪ੍ਰੇਮ ਦਾ ਤੇਰੇ ਗ੍ਰਿਹਿ ਮਾਣਾਂ ਅਨੰਦ, ਰਸਨਾ ਜਿਹਵਾ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲੇ ਪਾ ਠੰਡ, ਅੰਮ੍ਰਿਤ ਧਾਰਾ ਮੁਖ ਚੁਆਈਆ । ਜਨ ਭਗਤ ਸਦਾ ਲੋੜੇ ਵਸਤ ਇਕ, ਦੂਜੀ ਮੰਗਣ ਕੋਇ ਨਾ ਜਾਈਆ । ਚਾਰ ਕੁੰਟ ਦਹਿ ਦਿਸ਼ਾ ਆਤਮ ਪਰਮਾਤਮ ਆਏ ਦਿਸ, ਦੂਜਾ ਰੂਪ ਨਾ ਕੋਇ ਵਖਾਈਆ । ਨਿਹਕਰਮੀ ਹੋ ਕੇ ਕਰਮਾਂ ਦਾ ਲੇਖਾ ਦੇਵੇ ਲਿਖ, ਪੂਰਬ ਲੇਖਾ ਦਏ ਬਦਲਾਈਆ । ਸਤਿ ਧਰਮ ਦੀ ਸਿਖਿਆ ਦੇ ਕੇ ਬਣਾਵੇ ਧੁਰ ਦਾ ਸਿੱਖ, ਸ਼ਿਸ਼ ਆਪਣਾ ਰੰਗ ਵਟਾਈਆ । ਕਰਵਟ ਦੇ ਨਾ ਬਦਲੇ ਪਿਠ, ਸਨਮੁਖ ਹੋ ਕੇ ਦਰਸ ਦਿਖਾਈਆ । ਮਾਨਸ ਜਨਮ ਲਵੇ ਜਿੱਤ, ਹਾਰ ਸ਼ੌਹ ਦਰਿਆ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਬਣਨਵਾਲਾ ਮਿਤ, ਮਿੱਤਰ ਪਿਆਰਾ ਹੋ ਕੇ ਮੇਲ ਮਿਲਾਈਆ । ਜਨ ਭਗਤ ਲੋੜੇ ਇਕੋ ਮਿੱਤਰ, ਸੱਜਣ ਅਵਰ ਨਾ ਕੋਇ ਬਣਾਈਆ । ਜਿਸ ਦਾ ਰੂਪ ਸਦਾ ਬਚਿੱਤਰ, ਰੂਪ ਰੰਗ ਰੇਖ ਨਾ ਕੋਇ ਸਮਝਾਈਆ । ਜੋ ਆਪਣੀ ਧਾਰੋਂ ਆਵੇ ਨਿਕਲ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਓਹ ਭਗਤਾਂ ਲੇਖਾ ਆਏ ਲਿਖਣ, ਧੁਰ ਦਾ ਮਾਲਕ ਬਣ ਕੇ ਬਿਨਾ ਕ਼ਲਮ ਸ਼ਾਹੀਆ । ਜੁਗ ਚੌਕੜੀ ਦਾ ਲਹਿਣਾ ਆਏ ਨਜਿੱਠਣ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਏ ਦਿਸਣ,

ਲੱਖ ਚੁਰਾਸੀ ਨਜ਼ਰ ਕੋਇ ਨਾ ਪਾਈਆ । ਜਨ ਭਗਤ ਤੱਕੇ ਇਕੋ ਬੇਨਜ਼ੀਰ, ਨਜ਼ਰ ਆਪਣੀ ਆਪ ਬਦਲਾਈਆ । ਜਿਸ ਦੀ ਸਮਝੇ ਨਾ ਕੋਇ ਤਸਵੀਰ, ਤਸਬੀ ਮਾਲਾ ਵਾਲੇ ਸਾਰੇ ਦੇਣ ਦੁਹਾਈਆ । ਜਿਸ ਦੀ ਸਭ ਤੋਂ ਵੱਖਰੀ ਤਦਬੀਰ, ਤਕਦੀਰ ਸਭ ਦੀ ਦਏ ਬਦਲਾਈਆ । ਜਨ ਭਗਤਾਂ ਪਿਛੇ ਘੱਤਦਾ, ਰਹੇ ਵਹੀਰ, ਜੁਗ ਜੁਗ ਆਪਣਾ ਫੇਰਾ ਪਾਈਆ । ਜਿਸ ਤਾਰੇ ਸਧਨਾ ਸੈਣ ਕਬੀਰ, ਜੁਲਾਹੇ ਦਿਤੀ ਮਾਣ ਵਡਿਆਈਆ । ਸੋ ਭਗਤਾਂ ਹੋਏ ਅਧੀਨ, ਧਰੂ ਪ੍ਰਹਿਲਾਦ ਗਿਆ ਸਮਝਾਈਆ । ਸ਼ੱਮਸ ਤਬਰੇਜ਼ ਕਿਹਾ ਆਮੀਨ, ਮਨਸੂਰ ਸੂਲੀ ਚੜ੍ਹ ਕੇ ਖ਼ੁਸ਼ੀ ਮਨਾਈਆ । ਕਲਜੁਗ ਅੰਤ ਜਨ ਭਗਤਾਂ ਨੂੰ ਦੇਵਣ ਆਏ ਆਪ ਯਕੀਨ, ਯਕੇ ਬਾਦ ਦੀਗਰੇ ਸਾਰੇ ਲਏ ਉਠਾਈਆ । ਉਹਨਾਂ ਕਹੇ ਆਫ਼ਰੀਨ, ਜੋ ਜਗਤ ਆਫ਼ਤ ਵਿਚੋਂ ਪ੍ਰਭ ਨੂੰ ਰਹੇ ਧਿਆਈਆ । ਲੇਖਾ ਦੋਹਾਂ ਦਾ ਸਾਂਝਾ ਰਖੇ ਨਰ ਮਦੀਨ, ਨਾਰੀ ਪੁਰਸ਼ ਵੰਡ ਨਾ ਕੋਇ ਵੰਡਾਈਆ । ਦਰ ਆਏ ਸਰਬ ਕਰੇ ਤਸਲੀਮ, ਜੋ ਨਿਉਂ ਨਿਉਂ ਸੀਸ ਝੁਕਾਈਆ । ਕਿਸੇ ਨੂੰ ਪੜ੍ਹਨ ਨਾ ਦੇਵੇ ਨੁਕਤਾ ਨੂੰਨ (ਤੇ ਸੀਨ), ਡੰਡੇ ਵਾਲੀ ਮੀਮ ਨਾ ਕੋਇ ਪੜ੍ਹਾਈਆ । ਮਾਰਗ ਪਾਰ ਕਰਾਏ ਜੋ ਕਾਇਆ ਮੰਦਰ ਅੰਦਰ ਮਹੀਨ, ਸੁਰਤੀ ਸ਼ਬਦ ਨਾਲ ਜੁੜਾਈਆ । ਘਰ ਦਾਤਾ ਕਰਨੀ ਦਾ ਕਰਤਾ ਮਿਲੇ ਕਰੀਮ, ਕਾਇਮ ਮੁਕਾਮ ਆਪਣਾ ਦਏ ਜਣਾਈਆ । ਜਿਥੇ ਝਗੜਾ ਰਹੇ ਨਾ ਲੋਕ ਤੀਨ, ਤ੍ਰੈਗੁਣ ਮਾਇਆ ਪੋਹ ਨਾ ਸਕੇ ਰਾਈਆ । ਹਿੱਸਾ ਨਹੀਂ ਕੋਈ ਮਜ਼੍ਹਬ ਦੀਨ, ਜਾਤ ਪਾਤ ਨਾ ਕੋਇ ਜਣਾਈਆ । ਜਨ ਭਗਤ ਇਕੋ ਪੁਰਖ ਅਬਿਨਾਸ਼ੀ ਵੇਖਣ ਹੱਕ ਹਸੀਨ, ਹੁਸਨ ਦਾ ਮਾਲਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਜਗਤ ਦਿੰਦਾ ਰਹੇ ਤਰਮੀਮ, ਤਲਕੀਨ ਹੁਕਮ ਵਿਚ ਕਰਾਈਆ । ਜਨ ਭਗਤ ਕਦੇ ਲੱਭਣ ਨਾ ਜਾਏ ਬਨ, ਜੰਗਲਾਂ ਵਿਚ ਨਾ ਫੇਰਾ ਪਾਈਆ । ਸਦਾ ਦਰਸ਼ਨ ਮੰਗੇ ਅੰਦਰ ਤਨ, ਕਾਇਆ ਕਾਅਬਾ ਖੋਲ੍ਹ ਵਖਾਈਆ । ਪ੍ਰੇਮ ਪ੍ਰੀਤੀ ਅੰਦਰ ਬਣੇ ਸਾਚਾ ਜਨ, ਜਨਮ ਮਰਨ ਦਾ ਲੇਖਾ ਜਾਏ ਚੁਕਾਈਆ । ਨਾਤਾ ਜੋੜੇ ਇਕੋ ਸ੍ਰੀ ਭਗਵਨ, ਭਾਗ ਹਿੱਸਾ ਓਸੇ ਦੀ ਝੋਲੀ ਪਾਈਆ । ਕੂੜ ਕੁੜਿਆਰਾ ਭਾਂਡਾ ਦੇਵੇ ਭੰਨ, ਭਰਮ ਅੰਦਰੋਂ ਬਾਹਰ ਕਢਾਈਆ । ਦਿਵਸ ਰੈਣ ਅੱਠੇ ਪਹਿਰ ਯਾਦ ਵਿਚ ਕਰਦਾ ਰਹੇ ਧੰਨ ਧੰਨ, ਧੰਨ ਤੇਰੀ ਬੇਪਰਵਾਹੀਆ । ਸਾਹਿਬ ਸਵਾਮੀ ਅੰਤਰਜਾਮੀ ਭਗਤ ਸੁਹੇਲਾ ਇਕ ਅਕੇਲਾ ਜਨ ਭਗਤਾਂ ਬੇੜਾ ਦੇਵੇ ਬੰਨ੍ਹ, ਜੁਗ ਜੁਗ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਜਗਤ ਮੇਟ ਕੇ ਵਾਸਨਾ ਗ਼ਮ, ਝਗੜਾ ਮੁਕਾ ਫਾਂਸੀ ਜਮ, ਲੇਖੇ ਲਾ ਕੇ ਪਵਣ ਸਵਾਸੀ ਦਮ, ਹਮ ਸਾਜਣ ਬਣਾ ਕੇ ਘਰ ਸਾਚੇ ਦਏ ਪਹੁੰਚਾਈਆ ।


੬੭੧
੧੯

✪ ੧੪ ਜੇਠ ਸ਼ਹਿਨਸ਼ਾਹੀ ਸੰਮਤ ੨ ਸੁੰਦਰ ਸਿੰਘ ਦੇ ਘਰ ਪਿੰਡ ਮਗੋਵਾਲੀ ਜੰਮੂ ✪

ਜਨ ਭਗਤ ਪੂਜੇ ਕੋਈ ਨਾ ਸਿਲ ਪੱਥਰ, ਪਾਹਿਨ ਪਾਉਂ ਨਾ ਸੀਸ ਝੁਕਾਈਆ । ਸੁਖ ਜਾਣੇ ਨਾ ਵਿਦਿਆ ਅੱਖਰ, ਕਿਤਾਬਾਂ ਦਾ ਕੁਤਬ ਨਾ ਕਦੇ ਅਖਵਾਈਆ । ਸਦਾ ਸਚ ਪ੍ਰੇਮ ਦੇ ਲੱਭਾ ਰਹੇ ਸੱਬਰ, ਆਪ ਆਪਣਾ ਆਪ ਮਿਟਾਈਆ । ਸਚ ਦੀਦਾਰ ਦਾ ਅੰਦਰੋਂ ਨਿਕਲੇ ਨਾ ਕਦੇ ਅਸਰ, ਅਸਲ ਆਪਣਾ ਰਾਹ ਤਕਾਈਆ । ਹਰਿਚਰਨ ਸ਼ਰਨਾਈ ਕਰੇ ਬਸਰ, ਬਿਸਤਰੇ ਮਰਗ ਸੇਜ ਨਾ ਕੋਇ ਹੰਢਾਈਆ । ਵਿਛੋੜੇ ਦੀ ਅੰਦਰ

ਲੱਗੀ ਰਹੇ ਦਰਦ, ਬਿਰਹੋਂ, ਚੋਟ ਲਗਾਈਆ । ਵੈਰਾਗ ਦੀ ਚਲਦੀ ਰਹੇ ਕਰਦ, ਕ਼ਾਤਲ ਕ਼ਤਲ ਕੂੜ ਕੁੜਿਆਰ ਵਖਾਈਆ । ਮਨ ਅੰਧੇਰਾ ਰਹੇ ਨਾ ਗਰਦ, ਗੁਬਾਰ ਗੋਰ ਨਾ ਕੋਇ ਪਰਗਟਾਈਆ । ਪ੍ਰਭ ਮਿਲ ਕੇ ਪੂਰੀ ਕਰਦਾ ਰਹੇ ਸੱਧਰ, ਸਦ ਮਨਸਾ ਜਾਏ ਗਵਾਈਆ । ਪੁਰਖ ਅਬਿਨਾਸ਼ੀ ਮਿਹਰ ਕਰੇ ਨਦਰ, ਨਜ਼ਰ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਹਰਿ ਆਪਣਾ ਭੇਵ ਖੁਲ੍ਹਾਈਆ । ਜਨ ਭਗਤ ਇਸ਼ਟ ਦੇਵ ਸਵਾਮੀ ਇਕੋ ਤੱਕੇ, ਅੱਖ ਅੱਖ ਨਾ ਕੋਇ ਬਦਲਾਈਆ । ਰਸਤਾ ਮਾਰਗ ਸਮਝ ਕੇ ਹੱਕੇ, ਹਿਕਮਤ ਕੂੜ ਛੱਡੇ ਚਤੁਰਾਈਆ । ਮੰਜ਼ਲ ਚੜ੍ਹਦਿਆਂ ਮੂਲ ਨਾ ਥੱਕੇ, ਭੱਜੇ ਵਾਹੋ ਦਾਹੀਆ । ਨਾਤੇ ਤੋੜੇ ਕੂੜੇ ਸਾਕ ਸੱਜਣ ਸਕੇ, ਸਾਹਿਬ ਇਕੋ ਇਕ ਮਨਾਈਆ । ਜੋ ਸਦਾ ਰਹੇ ਸੱਜੇ ਖੱਬੇ, ਅਗੇ ਪਿੱਛੇ ਹੋਏ ਸਹਾਈਆ । ਪਾਪ ਅੰਦਰੋਂ ਕੱਢੇ ਦੱਬੇ, ਪੜਦਾ ਮੋਹ ਦਏ ਚੁਕਾਈਆ । ਘਰ ਸੁਹਾਵਣੇ ਸਦਾ ਸੱਦੇ, ਚਰਨ ਕਵਲ ਦਏ ਸਰਨਾਈਆ । ਜਿਥੇ ਨਾਦ ਅਗੰਮੀ ਵੱਜੇ, ਸ਼ਬਦ ਧੁਨ ਸ਼ਨਵਾਈਆ । ਦੀਪਕ ਜੋਤ ਜਗੇ, ਦਿਵਸ ਰੈਣ ਹੋਵੇ ਰੁਸ਼ਨਾਈਆ । ਬਿਨ ਰਸਨਾ ਜਿਹਵਾ ਮਿਲਣ ਮਜ਼ੇ, ਝਿਰਨਾ ਅੰਮ੍ਰਿਤ ਦਏ ਝਿਰਾਈਆ । ਰਾਏ ਧਰਮ ਨਾ ਦੇਵੇ ਸਜ਼ੇ, ਜਮ ਡੰਡ ਨਾ ਦੇਵੇ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਚੜ੍ਹਾਈਆ । ਜਨ ਭਗਤ ਦੂਜਾ ਤੱਕੇ ਨਾ ਕੋਇ ਵਸੀਲਾ, ਓਟ ਅਵਰ ਨਾ ਕੋਇ ਰਖਾਈਆ । ਪ੍ਰਭ ਮਿਲਣ ਦਾ ਸਦਾ ਕਰੇ ਹੀਲਾ, ਹਿਰਦੇ ਹਰਿ ਹਰਿ ਆਪ ਵਸਾਈਆ । ਮਾਲਕ ਲੱਭੇ ਇਕੋ ਛੈਲ ਛਬੀਲਾ, ਜੋਬਨਵੰਤਾ ਬੇਪਰਵਾਹੀਆ । ਦੋ ਜਹਾਨ ਜਿਸ ਦੇ ਅਧੀਨਾ, ਸਿਰ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਨਾਮ ਰਹੇ ਚੀਨਾ, ਚਾਰੋਂ ਕੁੰਟ ਵੱਜੇ ਵਧਾਈਆ । ਆਤਮ ਪਰਮਾਤਮ ਹੋਵੇ ਪਰਬੀਨਾ, ਪ੍ਰਭੂ ਬੇਐਬ ਨੂਰ ਖ਼ੁਦਾਈਆ । ਜਿਸ ਦਾ ਨਾ ਕੋਈ ਮਜ਼੍ਹਬ ਨਾ ਕੋਈ ਦੀਨਾ, ਜਾਤਾਂ ਵਾਲੀ ਵੰਡ ਨਾ ਕੋਇ ਵੰਡਾਈਆ । ਮਿਹਰ ਵਿਚ ਹੋਏ ਨਾ ਕਦੇ ਕਮੀਨਾ, ਬਖ਼ਸ਼ਿਸ਼ ਆਪਣੀ ਰਹਿਮਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਠਾਂਡਾ ਕਰੇ ਸੀਨਾ, ਸਾਂਤਕ ਸਤਿ ਸਤਿ ਕਰਾਈਆ । ਜਨ ਭਗਤ ਕਦੇ ਨਾ ਜਾਣੇ ਮੁਸ਼ਕਲ, ਔਝੜ ਰਾਹ ਨਾ ਕੋਇ ਤਕਾਈਆ । ਸਦਾ ਸਦਾ ਸਦ ਰਹੇ ਖ਼ੁਸ਼ਦਿਲ, ਖ਼ੁਸ਼ੀਆਂ ਵਿਚ ਢੋਲਾ ਪ੍ਰਭ ਦਾ ਗਾਈਆ । ਕਾਇਰ ਹੋ ਕੇ ਬਣੇ ਕਦੇ ਨਾ ਬੁਜ਼ਦਿਲ, ਸੂਰਬੀਰ ਆਪਣਾ ਨਾਉਂ ਧਰਾਈਆ । ਪ੍ਰੇਮ ਪਿਆਰਾ ਹਰਦਿਲ, ਅਜ਼ੀਜ਼ ਧੁਰ ਦਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਦਵਾਰਾ ਲਏ ਮੱਲ, ਦਰ ਘਰ ਸਾਚੇ ਸੋਭਾ ਪਾਈਆ । ਜਨ ਭਗਤ ਸਚ ਝੂਠ ਕਦੇ ਨਾ ਕਰੇ ਮਿਲਾਵਟ, ਦੋਏ ਦੋਏ ਰੰਗ ਨਾ ਰੂਪ ਬਦਲਾਈਆ । ਪ੍ਰੇਮ ਵਿਚ ਕਰੇ ਨਾ ਕੋਈ ਬਗ਼ਾਵਤ, ਮਨੂਆ ਮਨ ਨਾ ਕੋਇ ਸਤਾਈਆ । ਝਗੜੇ ਵਿਚ ਨਾ ਕੋਈ ਅਦਾਵਤ, ਦਵੈਤ ਦੂਈ ਨਾ ਕੋਇ ਰਖਾਈਆ । ਮਿਹਰ ਵਿਚ ਮੁਹੱਬਤ ਕਰੇ ਸਖਾਵਤ, ਧੁਰ ਦੀ ਵਸਤ ਆਪ ਵਰਤਾਈਆ । ਸਚ ਦਵਾਰੇ ਹਰਿਜਨ ਰਖੇ ਸਾਂਭ ਅਮਾਨਤ, ਅਮਲਾਂ ਦਰ ਅਮਲ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੁਕਮੇਂ ਅੰਦਰ ਹੁਕਮ ਕਰੇ ਬਿਆਨਤ, ਖਿਆਨਤ ਨੇੜ ਕੋਇ ਨਾ ਆਈਆ ।

## ✪ ੧੪ ਜੇਠ ਸ਼ਹਿਨਸ਼ਾਹੀ ਸੰਮਤ ੨ ਨੰਤੀ ਦੇਵੀ ਦੇ ਗ੍ਰਿਹ ਪਿੰਡ ਮਗੋਵਾਲੀ ਜੰਮੂ ✪

ਜਨ ਭਗਤ ਆਲਸ ਨਿੰਦਰਾ ਵਿਚ ਕਦੇ ਨਾ ਜਾਵੇ ਸੌਂ, ਗ਼ਫ਼ਲਤ ਰੂਪ ਨਾ ਕੋਇ ਬਦਲਾਈਆ । ਜਾਗਰਤ ਸੋਵਤ ਏਕਾ ਗਾਉਂਦਾ ਨਾਉਂ, ਨਾਉਂ ਨਿਰੰਕਾਰ ਇਕ ਧਿਆਈਆ । ਬੰਦਨਾ ਵਿਚ ਮਸਤਕ ਛੂੰਹਦਾ ਰਹੇ ਪਾਉਂ, ਪਾਰਬ੍ਰਹਮ ਚਰਨ ਕਵਲ ਸਰਨਾਈਆ । ਬਣਾਉਂਦਾ ਰਹੇ ਸੁਹੰਜਣਾ ਥਾਉਂ, ਆਤਮ ਸੇਜਾ ਸੋਭਾ ਪਾਈਆ । ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਪਕੜਦਾ ਰਹੇ ਬਾਹੋਂ, ਲੱਖ ਚੁਰਾਸੀ ਵਿਚੋਂ ਲਏ ਉਠਾਈਆ । ਸਦਾ ਸਦਾ ਸਦ ਕਰਦਾ ਰਹੇ ਨਿਆਉਂ, ਅਦਲ ਦਾ ਮਾਲਕ ਆਦਲ ਇਕ ਅਖਵਾਈਆ । ਹਰਿਜਨ ਬਣਾਉਂਦਾ ਰਹੇ ਹੰਸ ਫੜ ਫੜ ਕਾਉਂ, ਬੁਧੀ ਕਾਗ ਨਾ ਕੋਇ ਰਖਾਈਆ । ਏਥੇ ਬਣਦਾ ਰਹੇ ਪਿਤਾ ਮਾਉਂ, ਮਾਲਕ ਹੋ ਕੇ ਆਪਣੀ ਗੋਦ ਉਠਾਈਆ । ਸਚ ਪ੍ਰੀਤੀ ਅੰਦਰ ਕਰਦਾ ਰਹੇ ਵਾਹੋ ਵਾਹੇ, ਵਾਹ ਵਾਹ ਆਪਣਾ ਗੁਣ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲੇ ਪਾਰ ਕਰੇ ਸ਼ੌਹ ਦਰਿਆਉਂ, ਸਾਚੇ ਕੰਧੇ ਆਪ ਉਠਾਈਆ । ਜਨ ਭਗਤ ਕੋਈ ਨਾ ਤੱਕੇ ਓਟ, ਆਸਰਾ ਨਜ਼ਰ ਕੋਇ ਨਾ ਆਈਆ । ਇਕ ਮੁਹੱਬਤ ਵਿਚ ਹੋਏ ਮੋਹਤ, ਮਾਲਕ ਮਿਲ ਕੇ ਖ਼ੁਸ਼ੀ ਮਨਾਈਆ । ਸਾਢੇ ਤਿੰਨ ਕਰੋੜ ਖੁਲ੍ਹੇ ਰਖੇ ਸੋਤ, ਰੋਮ ਰੋਮ ਵੱਜਦੀ ਰਹੇ ਵਧਾਈਆ । ਭਾਗ ਲੱਗੇ ਕਾਇਆ ਕੋਟ, ਤਨ ਮਾਟੀ ਰੰਗ ਚੜ੍ਹਾਈਆ । ਜਲਵਾ ਤੱਕੇ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਣਾਵੇ ਇਕ ਸਲੋਕ, ਸੋਹਲਾ ਧੁਰ ਦਾ ਇਕ ਦ੍ਰਿੜਾਈਆ । ਜਨ ਭਗਤ ਕਦੇ ਨਾ ਹੋਵੇ ਵਿਸ਼ਵਾਸ ਘਾਤੀ, ਦ੍ਰਿਸ਼ਟ ਆਪਣੀ ਨਾ ਕੋਇ ਬਦਲਾਈਆ । ਪ੍ਰਭ ਦਾ ਦਰਸ ਮੰਗੇ ਦਿਵਸ ਰਾਤੀ, ਅੱਠੇ ਪਹਿਰ ਧਿਆਨ ਲਗਾਈਆ । ਅੰਮ੍ਰਿਤ ਪੀਵੇ ਬੂੰਦ ਸਵਾਂਤੀ, ਅਗਨੀ ਤ੍ਰਿਖਾ ਜਗਤ ਬੁਝਾਈਆ । ਆਪਣੀ ਨਿਰਮਲ ਕਰੇ ਜਾਤੀ, ਉਜਲ ਹੋ ਕੇ ਸੋਭਾ ਪਾਈਆ । ਇਕੋ ਰੰਗ ਵੇਖੇ ਪਰਭਾਤੀ, ਸੰਧਿਆ ਰੂਪ ਨਾ ਕੋਇ ਬਦਲਾਈਆ । ਮਿਲੇ ਮੇਲ ਕਮਲਾਪਾਤੀ, ਕਵਲ ਨੈਣ ਨੈਣ ਕਰੇ ਰੁਸ਼ਨਾਈਆ । ਗ੍ਰਿਹਿ ਮੰਦਰ ਅੰਦਰ ਦੇਵੇ ਸ਼ਾਂਤੀ, ਸਾਂਤਕ ਸਤਿ ਸਤਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਬਣੇ ਆਪ ਸਾਕ਼ੀ, ਸਾਖਿਆਤ ਅੰਮ੍ਰਿਤ ਜਾਮ ਦਏ ਪਿਆਈਆ ।



## ✪ ੧੪ ਜੇਠ ਸ਼ਹਿਨਸ਼ਾਹੀ ਸੰਮਤ ੨ ਲੱਛਮੀ ਦੇਵੀ ਦੇ ਗ੍ਰਿਹ ਮੂਸੇ ਚੱਕ ਜੰਮੂ ✪

ਜਨ ਭਗਤ ਪਿਆਰ ਬਣੇ ਨਾ ਕਾਇਆ ਝੁੱਗਾ, ਤਨ ਮਾਟੀ ਸਚ ਸਚ ਨਾ ਕੋਇ ਰਖਾਈਆ । ਅੰਦਰ ਪ੍ਰੇਮ ਲੱਭੇ ਗੁੱਝਾ, ਪੁਰਖ ਅਕਾਲ ਢੂੰਡੇ ਚਾਈਂ ਚਾਈਂਆ । ਜਿਥੇ ਭਾਓ ਰਹੇ ਨਾ ਦੂਜਾ, ਦਵੈਸ਼ ਰਹੇ ਨਾ ਰਾਈਆ । ਸਹਿਜ ਨੇਤਰ ਖੋਲ੍ਹੇ ਤੀਜਾ, ਤ੍ਰੈਗੁਣ ਲੇਖਾ ਦਏ ਮੁਕਾਈਆ । ਆਪਣਾ ਮਾਰਗ ਦੱਸੇ ਸਿੱਧਾ, ਜੰਗਲ ਜੂਹ ਉਜਾੜ ਪਹਾੜ ਨਾ ਕੋਇ ਫਿਰਾਈਆ । ਸਚ ਘਰਾਨਾ ਦੱਸੇ ਨਿੱਘਾ, ਦਰ ਠਾਂਡੇ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਆਪਣੇ ਮਿਲਣ ਦੀ ਦੇ ਕੇ ਬਿਧਾ, ਬਦੌਲਤ ਆਪਣੀ ਦਇਆ ਕਮਾਈਆ ।

ਜਨ ਭਗਤ ਕਦੇ ਪ੍ਰੇਮ ਕਰੇ ਨਾ ਕਾਇਆ ਕੱਪੜ, ਕਪਟੀ ਰੂਪ ਨਾ ਕਦੇ ਬਣਾਈਆ । ਸਚ ਦਵਾਰੇ ਮੰਜ਼ਲ ਜਾਵੇ ਅੱਪੜ, ਪ੍ਰਭ ਚਰਨ ਮਿਲੇ ਸਰਨਾਈਆ । ਬੱਗਾ ਰਹੇ ਮੂਲ ਨਾ ਬੱਪੜ, ਹੰਸ ਸਰਬੰਸ ਮਿਲੇ ਵਡਿਆਈਆ । ਨਹਾਉਣਾ ਪਏ ਕਿਸੇ ਨਾ ਛੱਪੜ, ਸਚ ਸਰੋਵਰ ਇਸ਼ਨਾਨ ਦਏ ਕਰਾਈਆ । ਦੂਜਾ ਲੜ ਨਾ ਲਏ ਪਕੜ, ਆਤਮ ਪਰਮਾਤਮ ਗੰਢ ਪਵਾਈਆ । ਕਿਸੇ ਤਰਾਜ਼ੂ ਤੁਲੇ ਨਾ ਤੱਕੜ, ਨਾਮ ਕੰਡੇ ਵਜਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਕਿਨਾਰਾ ਪਾਰ ਕਰਾਏ ਰੱਕੜ, ਸਚ ਦਵਾਰ ਇਕ ਰਖਾਈਆ । ਜਨ ਭਗਤ ਕਾਇਆ ਮਾਟੀ ਕਦੇ ਨਾ ਮੰਗੇ ਸੁਖ, ਸੁਖ ਆਤਮ ਨਜ਼ਰੀ ਆਈਆ । ਜਨਮ ਜਨਮ ਦਾ ਮੇਟੇ ਦੁੱਖ, ਕਰਮ ਕਰਮ ਦਾ ਰੋਗ ਗਵਾਈਆ । ਪ੍ਰਭ ਮਿਲਣ ਦੀ ਰਖੇ ਭੁੱਖ, ਤ੍ਰਿਸ਼ਨਾ ਰੋਗ ਨਾ ਕੋਇ ਵਧਾਈਆ । ਲੇਖੇ ਲਾਵੇ ਜਾਮਾ ਮਾਨਸ ਮਨੁੱਖ, ਮਾਨਵ ਦਰ ਘਰ ਸੋਭਾ ਪਾਈਆ । ਪੁਰਖ ਅਬਿਨਾਸ਼ੀ ਸਾਹਿਬ ਸਵਾਮੀ ਆਪਣੀ ਗੋਦੀ ਲਵੇ ਚੁੱਕ, ਚਾਰ ਕੁੰਟ ਦਾ ਝਗੜਾ ਦਏ ਚੁਕਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਦੱਸ ਕੇ ਇਕ ਤੁਕ, ਤੁਰਤ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਰਹਿਣ ਨਾ ਦੇਵੇ ਓਹਲਾ ਲੁਕ, ਗੁਰਮੁਖ ਪੜਦਿਆਂ ਵਿਚੋਂ ਬਾਹਰ ਕਢਾਈਆ । ਜਨ ਭਗਤ ਕਾਇਆ ਮੰਦਰ ਅੰਦਰ ਕਰੇ ਅਰਦਾਸ, ਸੀਸ ਜਗਦੀਸ ਝੁਕਾਈਆ । ਹਰਿ ਕਰਤੇ ਵਸਣਾ ਮੇਰੇ ਪਾਸ, ਸਦਾ ਤੇਰਾ ਰਾਹ ਤਕਾਈਆ । ਮੋਹੇ ਤੇਰਾ ਇਕ ਵਿਸ਼ਵਾਸ, ਵਿਸ਼ਿਆਂ ਤੋਂ ਲੈਣਾ ਬਚਾਈਆ । ਤੇਰਾ ਨੂਰ ਜੋਤ ਪਰਕਾਸ਼, ਪਰਕਾਸ਼ਤ ਹੋ ਕੇ ਵੇਖੇ ਸਰਬ ਲੋਕਾਈਆ । ਮੈਂ ਬਣ ਕੇ ਤੇਰਾ ਦਾਸੀ ਦਾਸ, ਸੇਵਕ ਹੋ ਕੇ ਸਾਚੀ ਸੇਵ ਕਮਾਈਆ । ਮੇਰੀ ਪੂਰੀ ਕਰਨੀ ਆਸ, ਤ੍ਰਿਸ਼ਨਾ ਦੇਣੀ ਬੁਝਾਈਆ । ਤੇਰੇ ਮੰਦਰ ਕਰਾਂ ਵਾਸ, ਤੇਰੇ ਚਰਨ ਮਿਲੇ ਸਰਨਾਈਆ । ਮੇਰੀ ਨੇਤਰ ਖੁਲ੍ਹੇ ਜਾਗ, ਆਲਸ ਨਿੰਦਰਾ ਰਹੇ ਨਾ ਰਾਈਆ । ਮਾਨੁਖ ਜਨਮ ਹੋਵੇ ਵਡ ਵਡ ਭਾਗ, ਹਿੱਸਾ ਤੇਰੀ ਝੋਲੀ ਪਾਈਆ । ਮੇਰਾ ਜਗਦਾ ਰਹੇ ਚਰਾਗ, ਤੇਰਾ ਨੂਰ ਹੋਏ ਰੁਸ਼ਨਾਈਆ । ਜਲਵਾ ਤੱਕਾਂ ਵਿਚ ਬ੍ਰਹਿਮਾਦ, ਬ੍ਰਹਿਮੰਡ ਵੇਖ ਖ਼ੁਸ਼ੀ ਮਨਾਈਆ । ਤੂੰ ਰਚਨਾ ਰਚੀ ਆਦਿ, ਜੁਗਾਦਿ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਤ ਅਮੋਲਕ ਦੇ ਦੇ ਦਾਦ, ਦਾਤੇ ਦਾਨੀ ਦੇਂਦਿਆਂ ਤੋਟ ਰਹੇ ਨਾ ਰਾਈਆ ।



### ✪ ੧੪ ਜੇਠ ਸ਼ਹਿਨਸ਼ਾਹੀ ਸੰਮਤ ੨ ਪਰਕਾਸ਼ ਚੰਦ ਦੇ ਗ੍ਰਿਹ ਪਿੰਡ ਮਗੋਵਾਲੀ ਜੰਮੂ ✪

ਜਨ ਭਗਤ ਕਦੇ ਨਾ ਕਰੇ ਖ਼ੁਦੀ, ਹੰਕਾਰ ਵਿਚ ਨਾ ਆਈਆ । ਸਦਾ ਨਿਰਮਲ ਰਖੇ ਬੁਧੀ, ਪ੍ਰੇਮ ਪਿਆਰ ਮੁਹੱਬਤ ਵਿਚ ਸਮਾਈਆ । ਮੰਜ਼ਲ ਤੱਕੇ ਉਚੀ, ਜਿਥੇ ਵਸੇ ਬੇਪਰਵਾਹੀਆ । ਸੁਰਤੀ ਰਖੇ ਸੁੱਚੀ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਕਰੇ ਨਾ ਕੂੜ ਵਿਚਾਰ, ਮਮਤਾ ਮੋਹ ਨਾ ਕੋਇ ਰਖਾਈਆ । ਇਕੋ ਪ੍ਰਭ ਦਾ ਮੰਗੇ ਦਰਸ ਦੀਦਾਰ, ਚੰਦ ਨੂਰ ਹੋਏ ਰੁਸ਼ਨਾਈਆ । ਮੰਜ਼ਲ ਮਿਲੇ ਅਟਲ ਮੁਨਾਰ, ਦਰਗਾਹ ਸਾਚੀ ਵੱਜੇ ਵਧਾਈਆ । ਜਿਥੇ ਸੂਰਜ ਚੰਦ ਨਾ ਕੋਇ ਸਤਾਰ, ਮੰਡਲ ਮੰਡਪ ਨਜ਼ਰ ਕੋਇ ਨਾ ਆਈਆ । ਇਕੋ ਖੇਲ ਅਗੰਮ ਅਪਾਰ, ਅਲਖ ਅਗੋਚਰ ਰਿਹਾ ਕਰਾਈਆ । ਜੋਤੀ ਜਾਤਾ ਹੋ ਉਜਿਆਰ,

ਨੂਰੋ ਨੂਰ ਨੂਰ ਡਗਮਗਾਈਆ । ਜਨ ਭਗਤਾਂ ਪਾਵੇ ਸਾਰ, ਮਹਾਂਸਾਰਥੀ ਹੋ ਕੇ ਆਪਣੇ ਦਰ ਪਹੁੰਚਾਈਆ । ਲੱਖ ਚੁਰਾਸੀ ਵਿਚੋਂ ਕੱਢੇ ਬਾਹਰ, ਜਮ ਕੀ ਫਾਂਸੀ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਇਕੋ ਮੰਗੇ ਧੁਰ ਦਾ ਰੰਗ, ਰੰਗਤ ਕੂੜ ਨਾ ਕੋਇ ਰਖਾਈਆ । ਆਤਮ ਸੇਜ ਸੁਹਾਏ ਪਲੰਘ, ਪਾਵਾ ਚੂਲ ਨਾ ਕੋਇ ਰਖਾਈਆ । ਸ਼ਬਦ ਨਾਦ ਵੱਜੇ ਮਰਦੰਗ, ਧੁਨ ਆਤਮਕ ਸੁਣੇ ਚਾਈਂ ਚਾਈਂਆ । ਨਿਜਾਨੰਦ ਵਿਚੋਂ ਪਰੇ ਹੋਏ ਪਰਮਾਨੰਦ, ਪਰਮ ਪੁਰਖ ਵਿਚ ਸਮਾਈਆ । ਜਿਥੇ ਇਕੋ ਢੋਲਾ ਇਕੋ ਛੰਦ, ਗੁਰ ਅਵਤਾਰ ਪੈਗ਼ੰਬਰ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰਾ ਸਰਬੰਗ, ਬਖ਼ਸ਼ੰਦ ਹਰਿਜਨ ਭਗਤ ਲਏ ਤਰਾਈਆ । ਜਨ ਭਗਤ ਚੜ੍ਹੇ ਮੰਜ਼ਲ ਮਹਿਬੂਬ, ਸਚਖੰਡ ਸਾਚੇ ਸੋਭਾ ਪਾਈਆ । ਜਿਸ ਦਾ ਇਕੋ ਅਰਸ਼ ਅਰੂਜ਼, ਦੂਜੀ ਵੰਡ ਨਾ ਕੋਇ ਵੰਡਾਈਆ । ਹਜ਼ਰਤ ਪੜ੍ਹੇ ਨਾ ਕੋਇ ਹਜ਼ਾਰਾ ਦਰੂਦ, ਕਲਮਾ ਨਬੀ ਨਾ ਕੋਇ ਸੁਣਾਈਆ । ਪਰਵਰਦਿਗਾਰ ਸਾਂਝਾ ਯਾਰ ਪਰਮ ਪੁਰਖ ਪਰਮਾਤਮ ਹੋਏ ਮੌਜੂਦ, ਅਬਿਨਾਸ਼ੀ ਕਰਤਾ ਨਜ਼ਰੀ ਆਈਆ । ਜਿਸ ਦੀ ਸਮਝ ਨਾ ਸਕਿਆ ਕੋਇ ਹਦੂਦ, ਬੇਅੰਤ ਕਹਿ ਕੇ ਸਾਰੇ ਰਹੇ ਗਾਈਆ । ਜਨ ਭਗਤਾਂ ਸਦਾ ਹਾਜ਼ਰ ਮੌਜੂਦ, ਓਝਲ ਹੋ ਨਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਅੰਤਰਜਾਮੀ ਭਗਤ ਭਗਵਾਨ ਹੋ ਮਿਹਰਵਾਨ ਦਰ ਠਾਂਡੇ ਦੇਵੇ ਮਾਣ ਵਡਿਆਈਆ ।



## ੧੫ ਜੇਠ ਸ਼ਹਿਨਸ਼ਾਹੀ ਸੰਮਤ ੨ ਸਰਦਾਰ ਚੰਦ ਦੇ ਗ੍ਰਿਹਿ ਪਿੰਡ ਬਾਲੇਵਾਲ ਜ਼ਿਲਾ ਜੰਮੂ

ਜਨ ਭਗਤਾਂ ਅੰਦਰ ਸਾਚੀ ਰਾਸ, ਮੰਡਲ ਸੋਹਣਾ ਨਜ਼ਰੀ ਆਈਆ । ਗੋਪੀ ਕਾਹਨ ਪੈਂਦੀ ਰਾਸ, ਸੁਰਤੀ ਸ਼ਬਦੀ ਨਾਚ ਨਚਾਈਆ । ਸਚ ਦੀਪਕ ਹੋਏ ਪਰਕਾਸ਼, ਖ਼ਾਲੀ ਹੱਥ ਨਾ ਕੋਇ ਉਠਾਈਆ । ਖੇਲ ਖੇਲੇ ਜਿਸ ਰਚਨਾ ਰਚੀ ਆਦਿ, ਅੰਤ ਦਾ ਮਾਲਕ ਖ਼ੁਸ਼ੀ ਮਨਾਈਆ । ਜਿਸ ਮੰਜ਼ਲ ਨੂੰ ਖੋਜਦੇ ਸੰਤ ਸਾਧ, ਦਿਵਸ ਰੈਣ ਧਿਆਨ ਲਗਾਈਆ । ਸੋ ਭਗਤਾਂ ਸਹਿਜ ਮਿਲੇ ਦਾਦ, ਪੁਰਖ ਅਬਿਨਾਸ਼ੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮਿਹਰ ਨਜ਼ਰ ਉਠਾਈਆ । ਜਨ ਭਗਤ ਕਦੇ ਨਾ ਕਰੇ ਦਲਿੱਦਰ, ਆਲਸ ਵਿਚ ਕਦੇ ਨਾ ਆਈਆ । ਲੇਖਾ ਜਾਣੇ ਪੂਰਬ ਬਿਦਰ, ਬਿਧ ਸਭ ਨੂੰ ਗਿਆ ਦ੍ਰਿੜਾਈਆ । ਨਿਰਗੁਣ ਧਾਰੋਂ ਆਉਣਾ ਨਿੱਕਲ, ਪੜਦਾ ਮਾਇਆ ਪਰੇ ਹਟਾਈਆ । ਪੁਰਖ ਅਬਿਨਾਸ਼ੀ ਮਿਲਣਾ ਮਿੱਤਰ, ਮੀਤ ਮੁਰਾਰਾ ਖ਼ੁਸ਼ੀ ਮਨਾਈਆ । ਚੋਟੀ ਚੜ੍ਹਨਾ ਸ਼ਿਖ਼ਰ, ਘਰ ਵੱਜੇ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਘਰ ਟਿਕਾਈਆ । ਜਨ ਭਗਤ ਲੇਖਾ ਜਾਣੇ ਪੂਰੇ ਸਤਿਗੁਰ ਦਾ, ਸਤਿ ਸਤਿਵਾਦੀ ਸੀਸ ਨਿਵਾਈਆ । ਰਾਹ ਤੱਕੇ ਰਸਤਾ ਧੁਰ ਦਾ, ਧਰਮ ਦੀ ਧਾਰ ਨਾਲ ਵਡਿਆਈਆ । ਝਗੜਾ ਮੁਕਾਏ ਅੰਧ ਘੋਰ ਦਾ, ਅੰਧ ਅੰਧੇਰਾ ਨਾ ਕੋਇ ਭਰਮਾਈਆ । ਲੇਖਾ ਚੁਕਾ ਕੇ ਪੰਜ ਚੋਰ ਦਾ, ਚੋਰੀ ਚੋਰੀ ਦਾਓ ਨਾ ਕੋਇ ਲਗਾਈਆ । ਲਹਿਣਾ ਰਹੇ ਨਾ ਮਨੂਏ ਸ਼ੋਰ ਦਾ, ਸ਼ਹਿਨਸ਼ਾਹ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪੇ ਬਹੁੜਦਾ, ਬਹੁੜੀ ਬਹੁੜੀ ਕਰੇ ਲੋਕਾਈਆ ।

ਜਨ ਭਗਤ ਕਦੇ ਨਾ ਬਣੇ ਜਗਿਆਸੂ, ਜਗਤ ਵਾਲੀ ਰੀਤ ਨਾ ਕੋਇ ਬਣਾਈਆ । ਜਗਤ ਮਮਤਾ ਨੇਤਰ ਨੀਰ ਵਹਾਏ ਕੋਇ ਨਾ ਆਂਸੂ, ਛਹਿਬਰ ਨੈਣ ਨਾ ਕੋਇ ਵਖਾਈਆ । ਜਿਸ ਦੀ ਧਾਰ ਨੂੰ ਕਟ ਸਕੇ ਨਾ ਧਾਤੂ, ਖੰਡਾ ਖੜਗ ਨਾ ਕੋਇ ਛੁਹਾਈਆ । ਜਗਤ ਵਿਦਿਆ ਸਮਝੇ ਕੋਈ ਨਾ ਸਾਧੂ, ਸਾਧਨਾ ਵਿਚ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੋਏ ਆਪ ਉਠਾਈਆ । ਜਨ ਭਗਤ ਸਦਾ ਸਦ ਨਿਰਗੁਣ ਧਾਰੋਂ ਉਠੇ, ਨਿਰਵੈਰ ਦਏ ਵਡਿਆਈਆ । ਪੁਰਖ ਅਕਾਲ ਅਬਿਨਾਸ਼ੀ ਕਰਤਾ ਤੁਠੇ, ਮਿਹਰਵਾਨ ਹੋਏ ਸਹਾਈਆ । ਹਰਿਜਨ ਰਹਿਣ ਨਾ ਦੇਵੇ ਸੁੱਤੇ, ਸੋਈ ਸੁਰਤੀ ਸਵਾਧਾਨ ਆਪ ਵਖਾਈਆ । ਭਾਗ ਲਗਾ ਕੇ ਕਾਇਆ ਬੁਤੇ, ਵਤਨ ਪਿਛਲੇ ਦਏ ਪਹੁੰਚਾਈਆ । ਜਿਥੇ ਪੈਂਡਾ ਮੰਜ਼ਲ ਮੁਕੇ, ਲੇਖਾ ਰਹੇ ਨਾ ਰਾਈਆ । ਸਾਹਿਬ ਸਵਾਮੀ ਪੁਛੇ, ਸਤਿਗੁਰ ਦਇਆ ਕਮਾਈਆ । ਜਨ ਭਗਤ ਸਚਖੰਡ ਦਵਾਰ ਪ੍ਰਭ ਸਰਨਾਈ ਪੁਜੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਠਾਂਡੇ ਦਰ ਸਦਾ ਟਿਕਾਈਆ ।

### ੧੫ ਜੇਠ ਸ਼ਹਿਨਸ਼ਾਹੀ ਸੰਮਤ ੨ ਖ਼ਜਾਨ ਸਿੰਘ ਦੇ ਘਰ ਰਣਬੀਰ ਸਿੰਘ ਪੁਰਾ ਜ਼ਿਲਾ ਜੰਮੂ



ਜਨ ਭਗਤ ਦੇਵੇ ਹਰਿ ਨਾਮ ਖ਼ਜ਼ਾਨਾ, ਅਤੋਟ ਅਤੁਟ ਆਦਿ ਜੁਗਾਦਿ ਰਖਾਇੰਦਾ । ਬਖ਼ਸ਼ਣਹਾਰ ਪਦ ਨਿਰਬਾਣਾ, ਨਿਰਵੈਰ ਨਿਰੰਕਾਰ ਨਿਰਾਕਾਰ ਆਪਣੀ ਦਇਆ ਕਮਾਇੰਦਾ । ਮਹੱਲ ਅਟਲ ਵਸੇ ਉਚ ਮਕਾਨਾ, ਮਹਿਬੂਬ ਹੋ ਕੇ ਮੁਹੱਬਤ ਵਿਚ ਸਮਾਇੰਦਾ । ਸ਼ਬਦ ਅਗੰਮੀ ਧੁਨ ਆਤਮਕ ਰਾਗ ਸੁਣਾਏ ਗਾਣਾ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਇੰਦਾ । ਨਾਮ ਖ਼ੁਮਾਰੀ ਅੰਤਰ ਕਰੇ ਮਸਤਾਨਾ, ਮਸਤੀ ਵਿਚ ਹਸਤੀ ਆਪ ਬਦਲਾਇੰਦਾ । ਸੁਰਤੀ ਸ਼ਬਦੀ ਮੇਲ ਕਰਾਏ ਗੋਪੀ ਕਾਹਨਾ, ਬੰਸਰੀ ਧੁਰ ਦੀ ਹੱਕ ਸੁਣਾਇੰਦਾ । ਏਥੇ ਓਥੇ ਨਿਰਗੁਣ ਸਰਗੁਣ ਦੇਵੇ ਵਡਿਆਈ ਦੋ ਜਹਾਨਾਂ, ਜਗਤ ਜਹਾਲਤ ਵਿਚੋਂ ਬਾਹਰ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਵਖਾਏ ਧੁਰ ਦਾ ਘਰ, ਜਿਸ ਗ੍ਰਿਹ ਆਪਣਾ ਆਸਣ ਲਾਇੰਦਾ । ਜਨ ਭਗਤ ਏਕਾ ਓਟ ਰਖੇ ਨਿਰੰਕਾਰ, ਦੂਜਾ ਰਾਹ ਨਾ ਕੋਇ ਤਕਾਈਆ । ਨਿਰਗੁਣ ਨੂਰ ਜੋਤ ਦਰਸ ਕਰੇ ਅਪਾਰ, ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਨਾਤਾ ਤੋੜ ਕੂੜ ਜਗਤ ਸੰਸਾਰ, ਵਡ ਸੰਸਾਰੀ ਮਿਲ ਕੇ ਖ਼ੁਸ਼ੀ ਮਨਾਈਆ । ਜਿਸ ਦੀ ਮਹਿੰਮਾ ਸਿਫ਼ਤ ਸਦਾ ਚਲੇ ਜੁਗ ਚਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਰਾਗਾਂ ਨਾਦਾਂ ਵਿਚ ਸੁਣਾਈਆ । ਸੋ ਭਗਤਾਂ ਮੀਤਾ ਠਾਂਡਾ ਸੀਤਾ ਦਰ ਸਾਚਾ ਮਿਲੇ ਦਰਬਾਰ, ਦਰਗਾਹ ਸਾਚੀ ਹੱਕ ਮੁਕਾਮ ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਹਿਜ ਸੁਭਾਈਆ । ਜਨ ਭਗਤ ਇਕੋ ਮੰਨੇ ਭਗਵੰਤ, ਦੂਜੀ ਓਟ ਨਾ ਕੋਇ ਤਕਾਈਆ । ਆਤਮ ਪਰਮਾਤਮ ਦਾ ਮਾਲਕ ਬਣਾ ਕੇ ਕੰਤ, ਕੰਤ ਕੰਤੂਹਲ ਸਾਚੀ ਸੇਜ ਸੁਹਾਈਆ । ਇਕੋ ਨਾਮ ਜਪਣਹਾਰਾ ਮਣੀਆਂ ਮੰਤ, ਮਨ ਕਾ ਮਣਕਾ ਦਏ ਭਵਾਈਆ । ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਪਾਰਬ੍ਰਹਮ ਇਕੋ ਨਜ਼ਰੀ ਆਈਆ । ਝਗੜਾ ਛੱਡ ਬਹਿਸ਼ਤ ਜੱਨਤ, ਸਚ ਦਵਾਰਾ ਰਾਹ ਤਕਾਈਆ । ਮੇਲ

ਮਿਲਾਵਾ ਹੋਵੇ ਨਿਰਗੁਣ ਧਾਰ ਅੰਤ, ਜੋਤੀ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਸੁਹੇਲੇ ਪੜਦਾ ਦਏ ਉਠਾਈਆ । ਜਨ ਭਗਤ ਮੰਨੇ ਇਕ ਭਗਵਾਨ, ਨਿਰਗੁਣ ਨਿਰਗੁਣ ਧਿਆਨ ਲਗਾਈਆ । ਜਿਥੇ ਝੁੱਲੇ ਧਰਮ ਨਿਸ਼ਾਨ, ਦੂਜੀ ਵੰਡ ਨਾ ਕੋਇ ਵੰਡਾਈਆ । ਦੀਪਕ ਜੋਤ ਜਗੇ ਮਹਾਨ, ਤੇਲ ਬਾਤੀ ਦੀ ਲੋੜ ਰਹੇ ਨਾ ਰਾਈਆ । ਨਾਦ ਸ਼ਬਦ ਵੱਜੇ ਧੁਨਕਾਨ, ਅਗੰਮੀ ਰਾਗ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਰ ਤੇ ਸੀਸ ਨਿਵਾਣ, ਨਿਉਂ ਨਿਉਂ ਲਾਗਣ ਪਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਜਨ ਭਗਤਾਂ ਕਰੇ ਪਰਵਾਨ, ਨਾਮ ਪਰਵਾਨਾ ਬਿਨ ਹੱਥਾਂ ਹੱਥ ਫੜਾਈਆ । ਸਾਚਾ ਬਣ ਕੇ ਧੁਰ ਦਾ ਕਾਹਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਜਨ ਭਗਤ ਏਕਾ ਮੰਨੇ ਆਦਿ ਨਿਰੰਜਣ, ਜੋਤੀ ਜੋਤ ਧਿਆਨ ਲਗਾਈਆ । ਜੋ ਦਾਤਾ ਦਾਨੀ ਦਰਦ ਦੁੱਖ ਭੈ ਭੰਜਣ, ਭਵ ਸਾਗਰ ਪਾਰ ਕਰਾਈਆ । ਨੇਤਰ ਨਾਮ ਨਿਧਾਨ ਪਾਵੇ ਅੰਜਣ, ਅਗਿਆਨ ਅੰਧੇਰ ਮਿਟਾਈਆ । ਚਰਨ ਕਵਲ ਧੂੜ ਕਰਾਏ ਸਾਚਾ ਮਜਨ, ਦੁਰਮਤ ਮੈਲ ਧਵਾਈਆ । ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਬਣੇ ਸਾਚਾ ਸੱਜਣ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਪੜਦਾ ਲਾਹੀਆ । ਤ੍ਰੈਗੁਣ ਮਾਇਆ ਕੂੜੀ ਕਿਰਿਆ ਪੰਜ ਤਤ ਵਿਕਾਰਾ ਪੋਹ ਨਾ ਸਕੇ ਅਗਨ, ਮਾਇਆ ਮਮਤਾ ਮੋਹ ਨਾ ਕੋਇ ਸਤਾਈਆ । ਮਿਲੇ ਮੇਲ ਸੂਰਾ ਸਰਬੰਗਣ, ਆਤਮ ਪਰਮਾਤਮ ਵੱਜਦੀ ਰਹੇ ਵਧਾਈਆ । ਭਾਗ ਲਗਾਏ ਕਾਇਆ ਮਾਟੀ ਸਾਢੇ ਤਿੰਨ ਹੱਥ ਬਦਨ, ਘਰ ਵਿਚ ਘਰ ਮਿਲੇ ਵਰ ਨਰਾਇਣ ਨਰ ਨਿਰਗੁਣ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਜਨ ਭਗਤ ਇਕੋ ਮੰਨੇ ਅਬਿਨਾਸ਼ੀ ਕਰਤਾ, ਸਾਹਿਬ ਸਵਾਮੀ ਸੀਸ ਨਿਵਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਮਰਦਾ, ਜਨਮ ਵਿਚ ਜਨਮ ਨਾ ਕੋਇ ਬਦਲਾਈਆ । ਜੋ ਲੱਖ ਚੁਰਾਸੀ ਮਾਲਕ ਘਰ ਘਰ ਦਾ, ਵਿਸ਼ਨ ਬ੍ਰਹਮਾ ਸ਼ਿਵ ਸੇਵਾ ਰਿਹਾ ਲਗਾਈਆ । ਜੋ ਮੰਜ਼ਲ ਅਗੰਮੀ ਚੜ੍ਹਦਾ, ਸਚ ਦਵਾਰੇ ਬਹਿ ਕੇ ਹੁਕਮ ਵਰਤਾਈਆ । ਜੋ ਸੰਤ ਸੁਹੇਲੇ ਨਿਤ ਨਵਿਤ ਫੜਦਾ, ਸ਼ਬਦੀ ਡੋਰੀ ਸੁਰਤੀ ਲਏ ਬੰਧਾਈਆ । ਭੇਵ ਅਭੇਦਾ ਅਛਲ ਅਛੇਦਾ ਖੋਲ੍ਹੇ ਆਪਣੇ ਘਰ ਦਾ, ਗ੍ਰਿਹਿ ਮੰਦਰ ਸਾਚਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੱਲੂ ਸਦਾ ਫੜਦਾ, ਲੋਕਮਾਤ ਸਕੇ ਨਾ ਕੋਇ ਛੁਡਾਈਆ । ਜਨ ਭਗਤ ਇਕੋ ਆਸਾ ਰਖੇ ਪਾਰਬ੍ਰਹਮ, ਪਤਿਪਰਮੇਸ਼ਵਰ ਇਕ ਧਿਆਈਆ । ਜੋ ਕਦੇ ਮਰੇ ਨਾ ਜਾਏ ਜੰਮ, ਜਮ ਕੀ ਫਾਸੀ ਨਾ ਕੋਇ ਭਵਾਈਆ । ਜਿਸ ਦਾ ਆਦਿ ਜੁਗਾਦਿ ਇਕੋ ਧਰਮ, ਵਰਨ ਬਰਨ ਵੰਡ ਨਾ ਕੋਇ ਵੰਡਾਈਆ । ਸੂਫ਼ੀ ਸੰਤ ਫ਼ਕੀਰਾਂ ਜਨ ਭਗਤਾਂ ਦੇਵੇ ਸਾਚੀ ਸਰਨ, ਜੋ ਸਿੱਧਾ ਹਰਿ ਹਰਿ ਓਟ ਤਕਾਈਆ । ਸਾਚੀ ਮੰਜ਼ਲ ਆਵੇ ਚੜ੍ਹਨ, ਕਾਇਆ ਪੜਦਾ ਓਹਲਾ ਦਏ ਉਠਾਈਆ । ਨਿਰਗੁਣ ਧਾਰ ਨਿਰਅੱਖਰ ਆਵੇ ਪੜ੍ਹਨ, ਜਗਤ ਅੱਖਰ ਵੱਖਰ ਹੁਕਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਈਆ । ਜਨ ਭਗਤ ਇਕੋ ਮੰਨੇ ਹਰੀ ਹਰਿ, ਹਿਰਦੇ ਹਰਿ ਵਸਾਈਆ । ਚੁੱਕੇ ਭਰਮ ਭਾਓ ਡਰ, ਭਿਆਨਕ ਨਜ਼ਰ ਕੋਇ ਨਾ ਆਈਆ । ਸਚ ਦਵਾਰੇ ਜਾਏ ਖੜ, ਖਟਕਾ ਅੰਦਰੋਂ ਦਏ ਕਢਾਈਆ । ਇਕੋ ਨਜ਼ਰੀ ਆਏ ਨਰਾਇਣ ਨਰ, ਨਰਾਂ ਦਾ ਮਾਲਕ ਬੇਪਰਵਾਹੀਆ । ਜੋ ਸ਼ਬਦੀ ਪਿਆਰ ਅੰਦਰ ਲਏ ਫੜ, ਆਤਮ ਪਰਮਾਤਮ ਜੋੜ ਜੁੜਾਈਆ ।

ਭਾਗ ਲਗਾਏ ਕਾਇਆ ਮਾਟੀ ਘਰ, ਘਰ ਵਿਚ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੰਦਰ ਦਏ ਵਖਾਈਆ । ਜਨ ਭਗਤ ਆਪਣਾ ਮੰਦਰ ਲਏ ਤੱਕ, ਛੱਪਰ ਛੰਨ ਨਾ ਕੋਇ ਛੁਹਾਈਆ । ਜਿਥੇ ਲੇਖਾ ਹਕੀਕਤ ਹੱਕ, ਲਾਸ਼ਰੀਕ ਰਿਹਾ ਚੁਕਾਈਆ । ਪੁਰਖ ਅਕਾਲ ਰਿਹਾ ਦੱਸ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਪੂਰੀ ਹੋਏ ਆਸ, ਅਬਿਨਾਸ਼ੀ ਕਰਤਾ ਦਏ ਮਾਣ ਵਡਿਆਈਆ । ਸਾਚੀ ਪੂੰਜੀ ਮਿਲੇ ਰਾਸ, ਵਸਤ ਅਮੋਲਕ ਨਾਮ ਝੋਲੀ ਪਾਈਆ । ਮਿਟੇ ਕਲਜੁਗ ਰੈਣ ਅੰਧਰੀ ਰਾਤ, ਸਤਿ ਸਤਿਵਾਦੀ ਸਾਚਾ ਚੰਦ ਕਰੇ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੱਸੇ ਆਪਣੀ ਗਾਥ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਮੇਲਾ ਮਿਲੇ ਪੁਰਖ ਸਮਰਾਥ, ਸਮਰਥ ਸਵਾਮੀ ਅੰਤਰਜਾਮੀ ਹਰਿਜਨ ਸਾਚੇ ਲਏ ਜੁੜਾਈਆ । ਜੁਗ ਜਨਮ ਦਿਆਂ ਵਿਛੜਿਆਂ ਪੁੱਛੇ ਵਾਤ, ਭੇਵ ਅਭੇਦਾ ਦਏ ਖੁਲ੍ਹਾਈਆ । ਚਰਨ ਪ੍ਰੀਤੀ ਸਾਚੀ ਨੀਤੀ ਧੁਰ ਦਾ ਜੋੜੇ ਨਾਤ, ਸਾਕ ਸੱਜਣ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸਾਚਾ ਸਾਥ, ਧੁਰ ਦਾ ਸੰਗੀ ਸੰਗ ਨਿਭਾਈਆ । ਜਨ ਭਗਤ ਇਕੋ ਪ੍ਰਭ ਦੀ ਕਰੇ ਪੂਜਾ, ਸਿਮਰਨ ਜੋਗ ਅਭਿਆਸ, ਇਕੋ ਨਜ਼ਰੀ ਆਈਆ । ਅਵਰ ਨਾ ਦਿਸੇ ਦੂਜਾ, ਤੀਜੇ ਲੋਇਣ ਹੋਏ ਰੁਸ਼ਨਾਈਆ । ਕਵਲ ਨਾਭੀ ਹੋਏ ਮੂਧਾ, ਝਿਰਨਾ ਨਿਝਰ ਦਏ ਝਿਰਾਈਆ । ਭੇਵ ਅਭੇਦਾ ਖੁਲ੍ਹੇ ਗੁਝਾ, ਸ਼ਬਦ ਨਾਦ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਖਾਵੇ ਸਾਚਾ ਦਰ, ਧੁਰ ਦਰਬਾਰੇ ਪੜਦਾ ਲਾਹੀਆ । ਜਨ ਭਗਤ ਖੁਲ੍ਹੇ ਦਰ ਦਰਵਾਜ਼ਾ, ਬੰਦ ਕਿਵਾੜੀ ਪੜਦਾ ਆਪ ਉਠਾਈਆ । ਰਾਹ ਤੱਕੇ ਗ਼ਰੀਬ ਨਿਵਾਜ਼ਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋ ਆਦਿ ਜੁਗਾਦਿ ਦੋ ਜਹਾਨਾਂ ਰਾਜਨ ਰਾਜਾ, ਸ਼ਾਹੋ ਭੂਪ ਸੁਲਤਾਨ ਨਜ਼ਰੀ ਆਈਆ । ਜੋ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਜ਼ਿਮੀਂ ਅਸਮਾਨ ਕਰਨਹਾਰਾ ਕਾਜਾ, ਗਗਨ ਗਗਨੰਤਰ ਸੋਭਾ ਪਾਈਆ । ਜੋ ਲੱਖ ਚੁਰਾਸੀ ਅੰਦਰ ਸ਼ਬਦ ਅਗੰਮੀ ਅਨਹਦ ਧਾਰ ਵਜਾਏ ਵਾਜਾ, ਪਵਣ ਸਵਾਸ ਨਾਲ ਰਲਾਈਆ । ਨਿਰਗੁਣ ਜੋਤ ਜੋਤੀ ਜੋਤ ਪਰਕਾਸ਼ਾ, ਅਸਲ ਆਪਣਾ ਰੰਗ ਰੰਗਾਈਆ । ਸਚ ਦਵਾਰੇ ਦੇ ਕੇ ਇਕ ਭਰਵਾਸਾ, ਭਾਂਡਾ ਭਰਮ ਦੇ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਵਖਾਵੇ ਓਹ ਘਰ, ਜਿਸ ਘਰ ਇਕੋ ਨੂਰ ਨਜ਼ਰੀ ਆਈਆ । ਜਨ ਭਗਤ ਤੱਕੇ ਓਹ ਮਨਾਰ, ਜਿਸ ਦੀ ਮੰਜ਼ਲ ਸਮਝ ਕਿਸੇ ਨਾ ਆਈਆ । ਮਾਰਗ ਦਿਸੇ ਦੁਸ਼ਵਾਰ, ਭਰਮੇ ਭੁੱਲੀ ਸਰਬ ਲੋਕਾਈਆ । ਜਿਸ ਦੀ ਸਿਫ਼ਤ ਮਹਿੰਮਾ ਕਰਦੇ ਗਏ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਢੋਲਾ ਗਾਈਆ । ਜਿਸ ਦੀ ਅਧਵਿਚਕਾਰੀ ਮੰਜ਼ਲ ਦਸਮ ਦਵਾਰ, ਇਸ ਤੋਂ ਉਪਰ ਲੇਖਾ ਬੇਪਰਵਾਹੀਆ । ਭਗਤ ਸੁਹੇਲਾ ਜਾਵੇ ਖ਼ੁਸ਼ੀਆਂ ਨਾਲ, ਅਗੇ ਹੋ ਨਾ ਕੋਇ ਅਟਕਾਈਆ । ਸੁਨ ਅਗੰਮ ਕਰੇ ਸਹਿਜੇ ਪਾਰ, ਪਾਰਬ੍ਰਹਮ ਪ੍ਰਭ ਆਪਣਾ ਰੰਗ ਵਖਾਈਆ । ਥਿਰ ਘਰ ਵਾਸੀ ਦਰਸ ਕਰੇ ਦੀਦਾਰ, ਹਰਿਜਨ ਆਪਣਾ ਆਪ ਮਿਟਾਈਆ । ਸਚਖੰਡ ਦਵਾਰੇ ਵੇਖ ਸੱਚੀ ਸਰਕਾਰ, ਸਚ ਜਗਦੀਸ਼ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਏਕਾ ਏਕੰਕਾਰ, ਅਕਲ ਕਲਧਾਰੀ ਆਪਣੇ ਵਿਚ ਸਮਾਈਆ । ਜਨ ਭਗਤ ਨਾਮ ਖ਼ਜ਼ਾਨੇ ਦਾ ਧੁਰ ਦਾ ਮਾਲਕ, ਦੇਵਣਹਾਰ ਦੇ ਦੇ ਖ਼ੁਸ਼ੀ ਮਨਾਈਆ । ਬਖ਼ਸ਼ਣਹਾਰ ਸਾਹਿਬ ਸਵਾਮੀ ਖ਼ਾਲਕ, ਅੰਤਰਜਾਮੀ ਬੇਪਰਵਾਹੀਆ ।

ਝੋਲੀ ਭਰਾਏ ਹਰਿ ਭਗਤ ਸੁਹੇਲੇ ਬਾਲਕ, ਅੰਤਰ ਆਤਮ ਆਪ ਟਿਕਾਈਆ । ਜਿਥੇ ਰੂਪ ਨਜ਼ਰੀ ਆਏ ਖ਼ਾਲਸ, ਖ਼ਾਲਸ ਇਕੋ ਇਕ ਦਰਸਾਈਆ । ਮਨ ਵਾਸਨਾ ਰਹੇ ਕੋਈ ਨਾ ਲਾਲਸ, ਲਾਲਚ ਅਵਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਾਚੇ ਘਰ ਲੋਕਮਾਤ ਵਿਚੋਂ ਲੈ ਕੇ ਜਾਏ ਵਾਪਸ, ਜਿਸ ਘਰ ਵਿਚੋਂ ਆਦਿ ਹੋਈ ਜੁਦਾਈਆ । ਮਨ ਸ਼ਾਂਤੀ ਦੀ ਅਵਸਥਾ ਨਹੀਂ ਥੋੜੀ, ਬਹੁਤੀ ਤੋਂ ਬਹੁਤੀ ਨਜ਼ਰੀ ਆਈਆ । ਜਿਨ੍ਹਾਂ ਗੁਰਮੁਖਾਂ ਗੁਰਸਿਖਾਂ ਜਨ ਭਗਤਾਂ ਸਾਚੇ ਸੰਤਾਂ ਅਬਿਨਾਸ਼ੀ ਕਰਤਾ ਆਪਣੇ ਸ਼ਬਦ ਨਾਲ ਦਏ ਜੋੜੀ, ਜੋੜੀ ਧੁਰ ਦੀ ਲਏ ਬਣਾਈਆ । ਓਥੇ ਮਨ ਕਰੇ ਨਾ ਬਹੁੜੀ ਬਹੁੜੀ, ਦਰੋਹੀ ਦਰੋਹੀ ਨਾ ਕੋਇ ਸੁਣਾਈਆ । ਇਹ ਵਾਰਤਾ ਨਹੀਂ ਕੋਈ ਲੰਮੀ ਚੌੜੀ, ਪੁਰਖ ਅਕਾਲ ਆਪਣੇ ਹੱਥ ਰਖਾਈਆ । ਜਿਧਰ ਚਾਹੇ ਉਧਰ ਖਿੱਚੇ ਡੋਰੀ, ਜਗਤ ਵਾਸਨਾ ਵਿਚੋਂ ਖਿਚ ਕੇ ਆਪਣੇ ਪ੍ਰੇਮ ਵਿਚ ਟਿਕਾਈਆ । ਹੁਕਮੋਂ ਅੰਦਰ ਜਾਏ ਤੋਰੀ, ਤੁਰਤ ਆਪਣਾ ਰਾਹ ਬਣਾਈਆ । ਇਕੋ ਮੰਤਰ ਦੱਸ ਕੇ ਫੁਰਨਾ ਫੇਰੀ, ਧੁਰ ਦਾ ਫ਼ਿਕਰਾ ਫਿਕਰ ਸਾਰੇ ਦਏ ਗਵਾਈਆ । ਮਨ ਵਾਸਨਾ ਵਿਚ ਕਦੇ ਕਰੇ ਨਾ ਚੋਰੀ, ਸਤਿਗੁਰ ਪੂਰਾ ਅੰਦਰੇ ਅੰਦਰ ਲਏ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਮਨੂਆ ਜਗਤ ਜਗਿਆਸੂ ਜਗ ਜਗਿਆਸ, ਜਗ ਜੀਵਣ ਦਾਤੇ ਦਿਤੀ ਵਡਿਆਈਆ । ਲੱਖ ਚੁਰਾਸੀ ਦਾ ਖੇਲ ਤਮਾਸ਼, ਮਨੂਆ ਵੇਖ ਕੇ ਖ਼ੁਸ਼ੀ ਮਨਾਈਆ । ਇੰਦਰੀਆਂ ਦੇ ਨਾਲ ਜੋੜ ਕੇ ਨਾਤ ਵਾਸਨਾ ਦਾ ਦੇਵੇ ਸਾਥ, ਕੂੜੀ ਕਿਰਿਆ ਨਾਲ ਸ਼ਬਦੀ ਧਾਰ ਮਿਲ ਜਾਏ ਸਹਿਜ ਹੋ ਜਾਏ ਸਾਫ਼, ਦੇਰ ਲੱਗੇ ਨਾ ਰਾਈਆ । ਥੋੜੀ ਬਹੁਤੀ ਕੋਈ ਨਾ ਸਕੇ ਵਾਚ, ਵਾਚਕ ਹੋ ਕੇ ਬਚਨ ਨਾ ਕੋਇ ਸੁਣਾਈਆ । ਇਕੋ ਸਚ ਪ੍ਰੀਤੀ ਦਾ ਬਣਾ ਦੇ ਆਪਣਾ ਨਾਤ, ਨਾਤਾ ਇਕੋ ਇਕ ਜਣਾਈਆ । ਥੋੜੀ ਤੋਂ ਬਹੁਤੀ ਹੋਵੇ ਖ਼ਾਹਿਸ਼, ਖ਼ਾਲਸ ਇਕੋ ਧਿਆਨ ਲਗਾਈਆ । ਪੁਰਖ ਅਕਾਲ ਦੀਨ ਦਿਆਲ ਆਪਣਾ ਦੇ ਕੇ ਵਿਸ਼ਵਾਸ, ਵਿਸ਼ਿਆਂ ਤੋਂ ਬਾਹਰ ਕਢਾਈਆ । ਨਿਰਮਲ ਨੂਰ ਕਰ ਪਰਕਾਸ਼, ਜੋਤ ਸਰੂਪ ਜੋਤ ਦੀ ਧਾਰ ਵਿਚ ਟਿਕਾਈਆ । ਜਨ ਭਗਤ ਮਨ ਦੇ ਪਿਛੇ ਕਦੇ ਨਾ ਹੋਵੇ ਉਦਾਸ, ਚਿੰਤਾ ਗ਼ਮ ਨਾ ਕੋਇ ਰਖਾਈਆ । ਇਸ ਨੂੰ ਨਿੱਕੀ ਜਿਹੀ ਸਮਝ ਕੇ ਸ਼ਾਖ਼, ਸ਼ਹਿਨਸ਼ਾਹ ਇਕੋ ਲਏ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਹੁਤੀ ਥੋੜੀ ਥੋੜੀ ਬਹੁਤੀ ਬਹੁਤੀ ਮਨੂਏ ਦੀ ਮਨਸਾ ਵਾਲੀ ਰਾਸ, ਅਗੰਮਤਾ ਵਿਚ ਆਪਣਾ ਆਪ ਜਣਾਈਆ ।

## ✪ ੧੫ ਜੇਠ ਸ਼ਹਿਨਸ਼ਾਹੀ ਸੰਮਤ ੨ ਜਸ ਕੌਰ ਦੇ ਗ੍ਰਹਿ ਨਿਹਾਲ ਪੁਰ ਸਿੰਬਲ ਜੰਮੂ ✪

ਜਨ ਭਗਤਾਂ ਧਾਮ ਮਿਲੇ ਅਨਡਿੱਠਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮਿਲੇ ਅੰਮ੍ਰਿਤ ਰਸ ਇਕੋ ਮਿੱਠਾ, ਵਿਖ ਰੂਪ ਨਾ ਕੋਇ ਬਦਲਾਈਆ । ਜਨਮ ਕਰਮ ਦਾ ਲੇਖਾ ਹੋ ਜਾਏ ਚਿੱਟਾ, ਕਾਲੀ ਸ਼ਾਹੀ ਨਾ ਰੰਗ ਰੰਗਾਈਆ । ਮਾਨਸ ਜਨਮ ਦਾ ਅੰਤ ਅਖ਼ੀਰੀ ਨਿਕਲੇ ਸਿੱਟਾ, ਸਿੱਟੇਬਾਜ਼ੀ ਮੁੱਕੇ ਜਗਤ ਲੋਕਾਈਆ । ਪੁਰਖ ਅਬਿਨਾਸ਼ੀ ਇਕੋ ਮਿਲੇ ਪਿਤਾ, ਪਤਿਪਰਮੇਸ਼ਵਰ ਸ਼ਹਿਨਸ਼ਾਹੀਆ । ਜੋ ਸਾਚੇ ਭਗਤਾਂ ਕਰੇ ਸਾਚਾ ਹਿਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਮੇਲ ਮਿਲਾਵੇ ਨਿਤ ਨਵਿਤਾ, ਜੁਗ ਚੌਕੜੀ ਕਾਰ ਕਮਾਈਆ । ਏਥੇ ਓਥੇ ਦੋ ਜਹਾਨਾਂ ਕਦੇ ਨਾ ਦੇਵੇ ਪਿੱਛਾ,

ਪੱਲੂ ਗੰਢ ਨਾ ਕਦੇ ਖੁਲ੍ਹਾਈਆ । ਸਦਾ ਸੁਹੇਲਾ ਕਰਦਾ ਰਹੇ ਰਿੱਛਾ, ਰੱਛਕ ਹੋ ਕੇ ਵੇਖ ਵਖਾਈਆ । ਨਾਮ ਨਿਧਾਨਾ ਪਾਉਂਦਾ ਰਹੇ ਭਿੱਖਾ, ਭਿੱਖਕ ਝੋਲੀ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖੇ ਲਾਵੇ ਵੱਡਾ ਨਿੱਕਾ, ਨਿੱਕਾ ਵੱਡਾ ਜਨ ਭਗਤ ਮਾਂਗੇ ਇਕੋ ਸਰਨਗਤ ਸਰਨ ਸਰਨਾਈਆ । ਮਾਲਕ ਮਿਲੇ ਤਰਨੀ ਤਰਨ, ਤਾਰਨਹਾਰ ਬੇਪਰਵਾਹੀਆ । ਜਿਸ ਦੀ ਮੰਜ਼ਲ ਸੰਤ ਸੁਹੇਲੇ ਚੜ੍ਹਨ, ਅਧਵਿਚਕਾਰ ਨਾ ਕੋਇ ਅਟਕਾਈਆ । ਧੁਰ ਦਾ ਢੋਲਾ ਪੜ੍ਹਨ, ਬੋਧ ਅਗਾਧ ਸਮਝਾਈਆ । ਜੀਵਣ ਵਿਚ ਜੀਵਣ ਮਰਨ ਵਿਚ ਹੋਵੇ ਨਾ ਕਦੇ ਮਰਨ, ਮਰਜੀਵਤ ਰੂਪ ਵਟਾਈਆ । ਸਚ ਦਵਾਰੇ ਖੜ੍ਹਨ, ਸਨਮੁਖ ਹੋ ਕੇ ਸੋਭਾ ਪਾਈਆ । ਨਿਤ ਨਵਿਤ ਦਰਸ਼ਨ ਕਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਦਏ ਚੁਕਾਈਆ । ਜਨ ਭਗਤ ਰੂਪ ਧਾਰੇ ਨਾ ਕਦੇ ਜਲ ਮੀਨ, ਵਿਛੋੜਾ ਅੰਤਰ ਨਾ ਕੋਇ ਰਖਾਈਆ । ਲੇਖਾ ਮੁਕਾ ਕੇ ਲੋਕ ਤੀਨ, ਤ੍ਰੈਗੁਣ ਡੇਰਾ ਦੇਵੇ ਢਾਹੀਆ । ਇਕੋ ਪਰਮ ਪੁਰਖ ਦੇ ਹੋ ਅਧੀਨ, ਸੀਸ ਜਗਦੀਸ਼ ਦੇਵੇ ਝੁਕਾਈਆ । ਮਾਰਗ ਮੰਜ਼ਲ ਚੜ੍ਹੇ ਦੁਸ਼ਵਾਰ ਮਹੀਨ, ਮਹਿਬੂਬ ਮਿਲ ਕੇ ਖ਼ੁਸ਼ੀ ਮਨਾਈਆ । ਪਰਵਰਦਿਗਾਰ ਉਤੇ ਰਖੇ ਯਕੀਨ, ਦਲੀਲ ਦਲੀਲ ਵਿਚੋਂ ਨਾ ਕੋਇ ਪਰਗਟਾਈਆ । ਸੋ ਸਵਾਮੀ ਆਪੇ ਕਰੇ ਤਸਲੀਮ, ਤਸਬੀ ਮਾਲਾ ਪਰੇ ਦਏ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕ ਤਾਲੀਮ, ਜਿਸ ਦੀ ਅਲਿਫ਼ ਯੇ ਸਿਫ਼ਤ ਕਰ ਕੇ ਖ਼ੁਸ਼ੀ ਮਨਾਈਆ । ਜਨ ਭਗਤ ਅਗੰਮ ਪੜ੍ਹੇ ਹਰਫ਼, ਹਰੂਫ਼ਾਂ ਜੋੜ ਨਾ ਕੋਇ ਜੁੜਾਈਆ । ਜੋ ਦੀਨ ਦੁਨੀ ਨਾਲੋਂ ਕਰੇ ਬੇਤਰਫ਼, ਨਾਤਾ ਕੂੜਾ ਦਏ ਛੁਡਾਈਆ । ਮਾਇਆ ਮਮਤਾ ਮਿਟੇ ਹਰਸ, ਹਵਸ ਦੇਵੇ ਬੁਝਾਈਆ । ਝਗੜਾ ਮੁਕਾ ਕੇ ਉਤੇ ਅਰਸ਼, ਸਚ ਦਵਾਰੇ ਦਏ ਬਹਾਈਆ । ਲੇਖਾ ਰਹੇ ਨਾ ਕੋਈ ਫ਼ਰਸ਼, ਫ਼ਰੇਬਾਂ ਵਿਚ ਨਾ ਕੋਇ ਭਰਮਾਈਆ । ਮਿਲੇ ਮੇਲ ਮਰਦਾਨੇ ਮਰਦ, ਮਾਲਕ ਇਕੋ ਨਜ਼ਰੀ ਆਈਆ । ਜਿਥੇ ਸ਼ਰਅ ਛੁਰੀ ਚਲੇ ਨਾ ਕਰਦ, ਕ਼ਦੀਮ ਦਾ ਮਾਲਕ ਇਕੋ ਸੋਭਾ ਪਾਈਆ । ਗ਼ਰੀਬ ਨਿਮਾਣਿਆਂ ਜਨ ਭਗਤਾਂ ਵੰਡੇ ਦਰਦ, ਦੀਨਾਂ ਦੁੱਖ ਆਪਣੇ ਵਿਚ ਛੁਪਾਈਆ । ਲੋਕਮਾਤ ਸੰਤ ਸੁਹੇਲਾ ਹੋ ਕੇ ਆਵੇ ਪਰਤ, ਨਿਰਗੁਣ ਸਰਗੁਣ ਵੇਸ ਵਟਾਈਆ । ਚਾਰ ਜੁਗ ਚਾਰ ਵਰਨ ਅਠਾਰਾਂ ਬਰਨ ਮਾਨਵ ਜਾਤੀ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਸਭ ਦੀ ਰਖੇ ਫ਼ਰਦ, ਬਚਿਆ ਰਹਿਣ ਕੋਇ ਨਾ ਪਾਈਆ । ਭਗਤਨ ਮੀਤਾ ਠਾਂਡਾ ਸੀਤਾ ਕਦੇ ਹੋਣ ਨਾ ਦੇਵੇ ਹਰਜ, ਹਰਜਾਨਾ ਸ੍ਰੀ ਭਗਵਾਨਾ ਨਾਮ ਨਿਧਾਨਾ ਸਭ ਦੀ ਝੋਲੀ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਆਪਣੀ ਤਾਲ ਖੇਲ ਕਰੇ ਅਸਚਰਜ, ਅਚਰਜ ਦਾ ਮਾਲਕ ਅਚਰਜ ਵਿਚ ਅਚਰਜ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਟ ਕੇ ਜਨਮ ਜਨਮ ਦੀ ਤੜਪ, ਤਪਸ਼ ਭਟਕ ਵਾਲੀ ਬੁਝਾਈਆ । ਜਨ ਭਗਤ ਵੇਖੇ ਧੁਰ ਦਾ ਗ੍ਰਿਹਿ, ਗਰਾਮੀ ਇਨਾਮੀ ਆਪਣਾ ਧਿਆਨ ਲਗਾਈਆ । ਜਿਥੇ ਸਮਰਥ ਪੁਰਖ ਅਬਿਨਾਸ਼ੀ ਰਹੇ, ਦੂਜਾ ਰਹਿਬਰ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਸ੍ਰਿਸ਼ਟੀ ਦ੍ਰਿਸ਼ਟੀ ਹੋਏ ਕੋਈ ਨਾ ਲੈ, ਵਿਸ਼ਨ ਬ੍ਰਹਮਾ ਸ਼ਿਵ ਨਜ਼ਰ ਕੋਇ ਨਾ ਆਈਆ । ਹੁਕਮ ਸੰਦੇਸ਼ਾ ਧੁਰ ਫ਼ਰਮਾਨ ਤਖ਼ਤ ਨਿਵਾਸੀ ਇਕੋ ਕਹੇ, ਥਿਰ ਘਰ ਵਾਸੀ ਸਾਚੇ ਘਰ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖਾਏ ਧੁਰ ਦਾ ਘਰ, ਘਰਾਨਾ ਇਕ ਦਰਸਾਈਆ । ਜਨ ਭਗਤ ਸਾਚੀ ਮੰਜ਼ਲ ਵੇਖੇ ਮਹਿਬੂਬ, ਅਧ ਵਿਚ ਡੇਰਾ ਕੋਇ


੬੮੦
੧੯

ਨਾ ਲਾਈਆ । ਜਿਸ ਦਾ ਅਰਸ਼ ਤੋਂ ਉਪਰ ਅਰੂਜ, ਕੁਰਸ਼ ਕੁਰਹ ਨਾ ਕੋਇ ਵਖਾਈਆ । ਜਿਸ ਦੀ ਸਮਝੇ ਨਾ ਕੋਇ ਹਦੂਦ, ਹਿੱਸਾ ਵੰਡ ਨਾ ਕੋਇ ਵੰਡਾਈਆ । ਜੋ ਹਰ ਘਟ ਹਰ ਥਾਂ ਲੱਖ ਚੁਰਾਸੀ ਮੌਜੂਦ, ਨਿਰਗੁਣ ਹੋ ਕੇ ਸਰਗੁਣ ਸੋਭਾ ਪਾਈਆ । ਸੋ ਸਾਹਿਬ ਸਵਾਮੀ ਜਨ ਭਗਤਾਂ ਰਖੇ ਮਹਿਫ਼ੂਜ਼, ਸਿਰ ਆਪਣਾ ਹੱਥ ਟਿਕਾਈਆ । ਭਾਗ ਲਗਾਏ ਕਾਇਆ ਕਾਅਬਾ ਕਲਬੂਤ, ਹੁਕਮ ਇਕੋ ਦਏ ਜਣਾਈਆ । ਜਿਸ ਦਾ ਸਚ ਦਰਬਾਰ ਸਚਖੰਡ ਮਿਲੇ ਸਬੂਤ, ਸਾਬਤ ਸੂਰਤ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲੇ ਦਰ ਸਹਿਜੇ ਮੇਲ ਮਿਲਾਈਆ । ਜਨ ਭਗਤ ਮੰਜ਼ਲ ਚੜ੍ਹੇ ਸਚ ਅਟਾਰੀ, ਅਟਲ ਪਦਵੀ ਇਕੋ ਪਾਈਆ । ਜਿਥੇ ਨਿਰਮਲ ਜੋਤ ਜਗੇ ਨਿਰੰਕਾਰੀ, ਦੀਵਾ ਬਾਤੀ ਨਜ਼ਰ ਕੋਇ ਨਾ ਆਈਆ । ਤਖ਼ਤ ਨਿਵਾਸੀ ਇਕੋ ਸੋਹੇ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਵਡ ਬਲਕਾਰੀ, ਸੁਲਤਾਨ ਭੂਪ ਸੋਭਾ ਪਾਈਆ । ਜਿਸ ਦਾ ਹੁਕਮ ਚਲੇ ਜੁਗ ਚਾਰੀ, ਬ੍ਰਹਿਮੰਡ ਖੰਡ ਸਕੇ ਨਾ ਕੋਇ ਉਲਟਾਈਆ । ਜਿਸ ਦੀ ਧਾਰ ਪੈਗ਼ੰਬਰ ਗੁਰ ਅਵਤਾਰੀ, ਨਿਰਗੁਣ ਸਰਗੁਣ ਖੇਲ ਖਿਲਾਈਆ । ਜੋ ਜਨ ਭਗਤਾਂ ਦਏ ਅਧਾਰੀ, ਅੰਤਰ ਆਤਮ ਬੂਝ ਬੁਝਾਈਆ । ਸਾਚੇ ਸੰਤਾਂ ਦੇਵੇ ਨਾਮ ਖ਼ੁਮਾਰੀ, ਮਸਤ ਦੀਵਾਨੇ ਦਏ ਕਰਾਈਆ । ਗੁਰਮੁਖਾਂ ਜਾਏ ਪੈਜ ਸਵਾਰੀ, ਮਿਹਰ ਨਜ਼ਰ ਇਕ ਉਠਾਈਆ । ਗੁਰਸਿਖ ਸਾਚੀ ਮੰਜ਼ਲ ਜਾਏ ਚਾੜ੍ਹੀ, ਅਗੰਮ ਅਥਾਹ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲਾ ਕਰੇ ਖੇਲ ਨਿਆਰੀ, ਨਿਰੰਕਾਰ ਆਪਣੀ ਕਾਰ ਕਮਾਈਆ । ਜਨ ਭਗਤ ਆਦਿ ਜੁਗਾਦਿ ਸਦਾ ਸਦ ਰਹੇ ਉਜਲ, ਅੰਧ ਅੰਧੇਰ ਨਾ ਕੋਇ ਕਰਾਈਆ । ਅੰਦਰ ਰਹੇ ਕੋਈ ਨਾ ਗੁੰਝਲ, ਸੁਖਮਨ ਟੇਢੀ ਬੰਕ ਨਾ ਕੋਇ ਅਟਕਾਈਆ । ਧੁਰ ਦਾ ਹੁਕਮ ਸੰਦੇਸ਼ਾ ਬੁਝਣ, ਸ਼ਬਦੀ ਸ਼ਬਦ ਹੋਏ ਸ਼ਨਵਾਈਆ । ਲੇਖਾ ਜਾਣਨ ਆਥਣ ਉਗਣ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਪ੍ਰਭ ਸਰਨਾਈ ਚਰਨ ਕਵਲ ਬਿਨ ਸ਼ਸਤਰ ਝੂਜਣ, ਕ਼ਾਤਲ ਮਕ਼ਤੂਲ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸਾਚੀ ਮੰਜ਼ਲ ਹੱਕ ਮਹਿਬੂਬ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਜਨ ਭਗਤ ਚੜ੍ਹੇ ਅਗੰਮੀ ਪੌੜੀ, ਡੰਡੇ ਹੱਥ ਨਾ ਕੋਇ ਟਿਕਾਈਆ । ਗਲੀ ਦਿਸੇ ਨਾ ਕੋਈ ਭੀੜੀ ਸੌੜੀ, ਡੂੰਘੀ ਭਵਰ ਨਾ ਕੋਇ ਭਵਾਈਆ । ਵਾਸਨਾ ਰਹੇ ਨਾ ਕੋਇ ਕੌੜੀ, ਸੁਗੰਧੀ ਇਕੋ ਇਕ ਪਰਗਟਾਈਆ । ਆਤਮ ਪਰਮਾਤਮ ਸਾਚੇ ਮੰਦਰ ਬਣ ਜਾਏ ਸਾਚੀ ਜੋੜੀ, ਲੁੜੀਂਦਾ ਸਾਜਣ ਘਰ ਘਰ ਨਜ਼ਰੀ ਆਈਆ । ਮਨੂਆ ਮਨ ਕਰੇ ਨਾ ਬਹੁੜੀ ਬਹੁੜੀ, ਬੁਧੀ ਦੇਵੇ ਨਾ ਕੋਇ ਦੁਹਾਈਆ । ਤੱਤਾਂ ਵਾਲੀ ਅਗਨ ਨਾ ਉਬਲੇ ਤੌੜੀ, ਸਾਢੇ ਤਿੰਨ ਹੱਥ ਵੱਜਦੀ ਰਹੇ ਵਧਾਈਆ । ਪੰਚ ਵਿਕਾਰਾ ਕਰੇ ਕੋਈ ਨਾ ਚੋਰੀ, ਚੁਰਸਤੇ ਸਭ ਦੇ ਬੰਦ ਕਰਾਈਆ । ਆਪਣਾ ਦਰਸ ਦੇ ਕੇ ਭੋਰੀ, ਭੋਰੇ ਵਿਚੋਂ ਬਾਹਰ ਕਢਾਈਆ । ਝਗੜਾ ਚੁਕਾ ਕੇ ਮੜ੍ਹੀ ਗੋਰੀ, ਗਹਿਰ ਗਵਰ ਆਪਣੇ ਵਿਚ ਸਮਾਈਆ । ਜਨ ਭਗਤ ਆਤਮਾ ਸਚਖੰਡ ਦਵਾਰੇ ਖ਼ੁਸ਼ੀਆਂ ਨਾਲ ਜਾਏ ਦੌੜੀ, ਭੱਜੇ ਵਾਹੋ ਦਾਹੀਆ । ਪੁਰਖ ਅਬਿਨਾਸ਼ੀ ਖੇਲ ਮੁਕਾ ਕੇ ਮੋਰੀ ਤੋਰੀ, ਤੋਰਾ ਮੋਰਾ ਇਕੋ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਭਾਗ ਕਰੇ ਮਥੋਰੀ, ਮਿਥਿਆ ਦਿਸੇ ਸਰਬ ਲੋਕਾਈਆ ।

## ੧੫ ਜੇਠ ਸ਼ਹਿਨਸ਼ਾਹੀ ਸੰਮਤ ੨ ਭਗਤ ਸਿੰਘ ਦੇ ਗ੍ਰਿਹ ਕੀਰ ਪਿੰਡ ਜ਼ਿਲਾ ਜੰਮੂ

ਜਨ ਭਗਤ ਦਰਸ਼ਨ ਮੰਗੇ ਪੁਰਖ ਅਕਾਲ, ਅਕਲ ਕਲਧਾਰੀ ਮਿਲੇ ਬੇਪਰਵਾਹੀਆ । ਸਾਹਿਬ ਸਵਾਮੀ ਲੱਭੇ ਦੀਨ ਦਿਆਲ, ਜੋ ਦੀਨ ਕਰ ਕੇ ਰੱਛਿਆ ਖ਼ੁਸ਼ੀ ਮਨਾਈਆ । ਲੇਖੇ ਲਾਏ ਜਨਮ ਜਨਮ ਦੀ ਕੀਤੀ ਘਾਲ, ਘਾਇਲ ਹੋ ਕੇ ਪੱਟੀ ਨਾਮ ਬੰਧਾਈਆ । ਗੋਦੀ ਚੁੱਕੇ ਆਪਣੇ ਲਾਲ, ਬਾਲ ਅੰਞਾਣੇ ਦਏ ਵਡਿਆਈਆ । ਸਦਾ ਸੁਹੇਲਾ ਹੋ ਕੇ ਕਰੇ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਚਰਨ ਦਵਾਰ ਬਖ਼ਸ਼ੇ ਸੱਚੀ ਧਰਮਸਾਲ, ਦਰ ਘਰ ਸਾਚੇ ਵੱਜਦੀ ਰਹੇ ਵਧਾਈਆ । ਬਿਰਹੋਂ ਵਿਛੋੜੇ ਵਿਚ ਕਦੇ ਨਾ ਕਰੇ ਬੇਹਾਲ, ਬਿਹਬਲ ਰੂਪ ਨਾ ਕੋਇ ਬਦਲਾਈਆ । ਨਾਮ ਸ਼ਬਦ ਦੇ ਕੇ ਸੱਚਾ ਧਨ ਮਾਲ, ਧਨੀ ਧੁਰ ਦੇ ਦਏ ਬਣਾਈਆ । ਨਿਰਮਾਣਤਾ ਵਿਚ ਰਖੇ ਕੰਗਾਲ, ਅਧੀਨਗੀ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਜਨ ਭਗਤ ਸੁਣੇ ਇਕ ਸੰਦੇਸ਼ਾ, ਅੱਠੇ ਪਹਿਰ ਧਿਆਨ ਲਗਾਈਆ । ਮਿਲੇ ਮੇਲ ਨਰ ਨਰੇਸ਼ਾ, ਜੋ ਨਰਾਇਣ ਹੋ ਕੇ ਨਰਾਂ ਦਏ ਵਡਿਆਈਆ । ਝਗੜਾ ਮੁਕਾਏ ਬ੍ਰਹਿਮੰਡ ਖੰਡ ਦੇਸ ਪਰਦੇਸ਼ਾ, ਪੁਰੀਆਂ ਲੋਆਂ ਵਿਚੋਂ ਬਾਹਰ ਕਢਾਈਆ । ਮਿੰਨਤ ਕਰਨੀ ਨਾ ਪਏ ਕਿਸੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ, ਸ਼ੰਕਰ ਸੀਸ ਨਾ ਕੋਇ ਨਿਵਾਈਆ । ਦੂਜਾ ਮੰਗੇ ਕੋਈ ਨਾ ਲੇਖਾ, ਰਾਏ ਧਰਮ ਨਾ ਦਏ ਸਜ਼ਾਈਆ । ਮੰਜ਼ਲ ਚੜ੍ਹਦਿਆਂ ਲੱਗੇ ਕੋਈ ਨਾ ਠੇਡਾ, ਅਗੇ ਹੋ ਨਾ ਕੋਇ ਅਟਕਾਈਆ । ਸਚ ਦਵਾਰ ਦਾ ਖੁੱਲ੍ਹੇ ਭੇਦਾ, ਪੜਦਾ ਰਹੇ ਨਾ ਰਾਈਆ । ਫੋਲਣਾ ਪਏ ਨਾ ਚਾਰ ਵੇਦਾਂ, ਪੁਰਾਨ ਅਠਾਰਾਂ ਨਾ ਕੋਇ ਖੁਲ੍ਹਾਈਆ । ਸਿੱਧਾ ਮਿਹਰਵਾਨ ਨਾਲ ਮਿਲੇ ਦੀਦਾ, ਦੀਦਾ ਦਾਨਿਸਤਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੱਸੇ ਸਿਫ਼ਤ ਨਾਮ ਤਾਰੀਫ਼ਾ, ਤੁਆਰਫ਼ ਵਿਚ ਪੜਦਾ ਦਏ ਉਠਾਈਆ । ਜਨ ਭਗਤ ਪੜਦਾ ਦੇਵੇ ਚੁੱਕ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਅੰਤਰ ਓਹਲਾ ਰਹੇ ਲੁਕ, ਅੰਧ ਅੰਧੇਰ ਨਾ ਕੋਇ ਜਣਾਈਆ । ਮਨੂਆ ਮਨ ਨਾ ਹੋਵੇ ਚੁਪ, ਉਚੀ ਕੂਕ ਨਾ ਕੋਇ ਸੁਣਾਈਆ । ਜਗਤ ਤ੍ਰਿਸ਼ਨਾ ਮਿਟੇ ਭੁੱਖ, ਕਾਮ ਕਰੋਧ ਨਾ ਕੋਇ ਹਲਕਾਈਆ । ਲੱਖ ਚੁਰਾਸੀ ਰਹੇ ਨਾ ਦੁੱਖ, ਜੂਨੀ ਜੂਨ ਨਾ ਕੋਇ ਭਵਾਈਆ । ਘਰ ਸਵਾਮੀ ਠਾਕਰ ਮਿਲੇ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਦਏ ਕਰਾਈਆ । ਅੰਦਰੇ ਅੰਦਰ ਬਦਲ ਕੇ ਰੁਖ, ਰੁਖਸਤ ਦੇ ਕੇ ਨਾਤਾ ਜਗਤ ਦੇਵੇ ਤੁੜਾਈਆ । ਉਜਲ ਕਰੇ ਮੁਖ, ਮੁਫ਼ਤ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰੋਂ ਪਏ ਉਠ, ਨਿਰਗੁਣ ਹੋ ਕੇ ਨੂਰ ਕਰੇ ਰੁਸ਼ਨਾਈਆ । ਜਨ ਭਗਤ ਕਦੇ ਨਾ ਹੋਵੇ ਦੁਖੀਆ, ਦਲਿੱਦਰ ਵਿਚ ਕਦੇ ਨਾ ਆਈਆ । ਆਤਮ ਪਰਮਾਤਮ ਮਿਲ ਕੇ ਕਰੇ ਸੁਖੀਆ, ਸੁਖਸਾਗਰ ਵਿਚ ਸਮਾਈਆ । ਇਕੋ ਧਿਆਨ ਰਖੇ ਰੁਚੀਆ, ਰਚਨਾ ਬਾਹਰ ਨਾ ਕੋਇ ਰਖਾਈਆ । ਬੁਧੀ ਬਿਬੇਕ ਕਰੇ .. ... ... ... ... , ਆਪਣਾ ਆਪ ਲਏ ਅਪਨਾਈਆ । ਮਨ ਵਾਸਨਾ ਕਟੇ ਕੋਈ ਨਾ ਬੁੱਤੀਆ, ਬੁਤਖ਼ਾਨੇ ਵੱਜੇ ਵਧਾਈਆ । ਭਾਓ ਰਹੇ ਨਾ ਕੋਈ ਦੁਤੀਆ, ਦਵੈਤੀ ਲੇਖਾ ਦਏ ਚੁਕਾਈਆ । ਪ੍ਰੇਮ ਪਿਆਰ ਮੁਹੱਬਤ ਅੰਦਰ ਮਾਣੇ ਸਦਾ ਖ਼ੁਸ਼ੀਆ, ਖ਼ੁਸ਼ਹਾਲ ਮਿਲ ਕੇ ਆਪਣਾ ਆਪ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਗ ਲਗਾਏ ਕਾਇਆ ਕੁਟੀਆ, ਕੁਟਲਤਾ ਅੰਦਰੋਂ ਬਾਹਰ ਕਢਾਈਆ । ਜਨ ਭਗਤ ਕਾਇਆ ਕੁਟੀਆ ਕਰੇ ਖ਼ਿਆਲ, ਲੇਖਾ ਹੋਰ ਨਾ ਕੋਇ ਰਖਾਈਆ ।

੬੮੩
੧੯

ਜਿਸ ਘਰ ਵਸੇ ਦੀਨ ਦਿਆਲ, ਸੋ ਮੰਦਰ ਸੋਭਾ ਪਾਈਆ । ਸੁਰਤੀ ਸ਼ਬਦੀ ਸੁਣੇ ਤਾਲ, ਤਲਵਾੜਾ ਵੱਜੇ ਚਾਈਂ ਚਾਈਂਆ । ਮਾਇਆ ਮਮਤਾ ਤੁੱਟੇ ਜੰਜ਼ਾਲ, ਜਾਗਰਤ ਜੋਤ ਹੋਏ ਰੁਸ਼ਨਾਈਆ । ਜੀਵਨ ਜ਼ਿੰਦਗੀ ਹੱਲ ਹੋਏ ਸਵਾਲ, ਫ਼ਿਕਰਾ ਅਵਰ ਨਾ ਕੋਇ ਪੜ੍ਹਾਈਆ । ਲੇਖਾ ਰਹੇ ਨਾ ਸ਼ਾਹ ਕੰਗਾਲ, ਕਿੰਗਰੇ ਕਿੰਗਰ ਮਰਦੰਗ ਨਾ ਕੋਇ ਵਜਾਈਆ । ਨਜ਼ਰੀ ਆਏ ਦੀਨ ਦਿਆਲ, ਬੇਨਜ਼ੀਰ, ਆਪਣੀ ਨਜ਼ਰ ਬਦਲਾਈਆ । ਜਨ ਭਗਤਾਂ ਸਦ ਰਖੇ ਚਰਨਾਂ ਨਾਲ, ਚਰਨੋਦਕ ਬੂੰਦ ਸਵਾਂਤੀ ਮੁਖ ਚੁਆਈਆ । ਲੱਖ ਚੁਰਾਸੀ ਵਿਚੋਂ ਭਾਲ, ਗਫ਼ਲਤ ਵਿਚੋਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਧਨ ਮਾਲ, ਨਾਮ ਖ਼ਜ਼ੀਨਾ ਇਕੋ ਦਏ ਵਖਾਈਆ । ਜਨ ਭਗਤ ਸਦ ਰਖੇ ਇਕੋ ਘਰ ਵਸੇਰਾ, ਜਿਥੇ ਵਿਸਰ ਕਦੇ ਨਾ ਜਾਈਆ । ਜੁਗ ਚੌਕੜੀ ਹੋਏ ਨਾ ਕਦੇ ਅੰਧੇਰਾ, ਕਿਸ਼ਨਾ ਸ਼ੁਕਲਾ ਪੱਖ ਥਿਤ ਨਾ ਕੋਇ ਵੰਡਾਈਆ । ਝਗੜਾ ਰਹੇ ਨਾ ਮੇਰਾ ਤੇਰਾ, ਤੂੰ ਮੈਂ ਨਾ ਕੋਇ ਲੜਾਈਆ । ਇਕੋ ਵਸੇ ਨਗਰ ਖੇੜਾ, ਜਿਥੇ ਸਾਹਿਬ ਸਵਾਮੀ ਡੇਰਾ ਲਾਈਆ । ਤੱਤਾਂ ਵਾਲਾ ਰਹੇ ਨਾ ਝੇੜਾ, ਦੀਨ ਮਜ਼੍ਹਬ ਰੋ ਰੋ ਦੇਵੇ ਨਾ ਕੋਇ ਦੁਹਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਰਨਹਾਰਾ ਮਿਹਰਾ ਮਿਹਰਵਾਨ ਆਪਣੀ ਦਇਆ ਕਮਾਈਆ । ਜਨ ਭਗਤਾਂ ਕਰੇ ਹੱਕ ਨਿਬੇੜਾ, ਹਕ਼ੀਕ਼ਤ ਵਿਚੋਂ ਹਕ਼ੀਕਤ ਖੋਜ ਖੁਜਾਈਆ । ਚਰਨ ਸਰਨ ਸਰਨਾਈ ਆਇਆ ਜਿਹੜਾ, ਜਗਤ ਝੇੜੇ ਵਿਚੋਂ ਬਾਹਰ ਕਢਾਈਆ । ਸ਼ੌਹ ਦਰਿਆਏ ਡੁੱਬਣ ਨਾ ਦੇਵੇ ਬੇੜਾ, ਬਣ ਮਲਾਹ ਖੇਵਟ ਖੇਟਾ ਬੰਨੇ ਦੇਵੇ ਲਗਾਈਆ । ਪੁਰਖ ਅਕਾਲ ਦੀਨ ਦਿਆਲ ਸਤਿਗੁਰ ਸੱਚਾ ਆਦਿ ਜੁਗਾਦਿ ਜੁਗ ਚੌਕੜੀ ਇਕੋ ਬਬੇਰਾ, ਬਹੁਤੇ ਗੁਰੂ ਕੰਮ ਕਿਸੇ ਨਾ ਆਈਆ । ਇਕੋ ਰੰਗ ਰਵੇ ਸਦਾ ਸਦਾ ਸਦ ਗੁਰੂ ਗੁਰ ਚੇਲਾ, ਗੁਰ ਗੋਬਿੰਦ ਗਿਆ ਸਮਝਾਈਆ । ਮਾਨਸ ਜਨਮ ਹੋਵੇ ਵਕ਼ਤ ਸੁਹੇਲਾ, ਸੁਹੰਜਣੀ ਘੜੀ ਮਿਲੇ ਵਡਿਆਈਆ । ਜਨ ਭਗਤਾਂ ਪਰਮਾਤਮ ਲੱਭਣਾ ਨਾ ਪਏ ਜੰਗਲ ਜੂਹ ਵਿਚ ਬੇਲਾ, ਘਰ ਬੈਠਿਆਂ ਘਰ ਵਿਚ ਘਰ ਦਏ ਸਮਝਾਈਆ । ਜੋ ਵਸਣਹਾਰਾ ਧਾਮ ਨਵੇਲਾ, ਨਿਜ ਘਰ ਵਾਸੀ ਪੁਰਖ ਅਬਿਨਾਸ਼ੀ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਰੇ ਬੰਦ ਖਲਾਸੀ, ਬੰਧਨ ਅਗੇ ਨਾ ਕੋਇ ਰਖਾਈਆ । ਜਨ ਭਗਤ ਕਿਸੇ ਦਾ ਬਣੇ ਨਾ ਕਦੇ ਖ਼ਾਦਮ, ਖ਼ਿਦਮਤਗਾਰ ਨਾ ਕੋਇ ਅਖਵਾਈਆ । ਜਗਤ ਸ਼ਰਅ ਨਾ ਕੋਇ ਬਾਂਧਨ, ਬੰਧਨਾਂ ਵਿਚ ਨਾ ਕੋਇ ਭਟਕਾਈਆ । ਪਰਕਾਸ਼ ਤੱਕੇ ਨਾ ਸੂਰਜ ਚਾਂਦਨ, ਸਤਿ ਜੋਤ ਵੇਖੇ ਚਾਈਂ ਚਾਈਂਆ । ਪੈਸਿਆਂ ਟਕਿਆਂ ਦੀ ਲੱਭੇ ਕਦੇ ਨਾ ਆਮਦਨ, ਆਮਦ ਵਿਚ ਖ਼ੁਸ਼ਾਮਦ ਵਿਚ ਬਰਾਮਦ ਵਿਚ ਰਾਹ ਤੱਕੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਨਿਰਗੁਣ ਧਾਰ ਆਪਣੇ ਮਿਲਣ ਦਾ ਦੱਸ ਕੇ ਸਾਧਨ, ਸਿੱਧਾ ਆਪਣੇ ਰੰਗ ਸਮਾਈਆ ।

### ✪ ੧੫ ਜੇਠ ਸ਼ਹਿਨਸ਼ਾਹੀ ਸੰਮਤ ੨ ਸੇਵਾ ਸਿੰਘ ਦੇ ਗ੍ਰਿਹਿ ਪਿੰਡ ਕੀਰ ਜੰਮੂ ✪

ਜਨ ਭਗਤ ਅੰਤਰ ਆਤਮ ਪਰਮਾਤਮ ਨਾਲ ਜਾਏ ਜੁੜ, ਨਾਤਾ ਬਿਧਾਤਾ ਇਕ ਰਖਾਈਆ । ਕਿਸੇ ਆਸ ਨਾ ਰਖੇ ਦੇਵਤ ਸੁਰ, ਵਿਸ਼ਨ

ਬ੍ਰਹਮਾ ਸ਼ਿਵ ਸੀਸ ਨਾ ਕੋਇ ਝੁਕਾਈਆ । ਬਾਹਰੋਂ ਸੁਣੇ ਨਾ ਕੋਇ ਰਾਗ ਤਾਲ ਸੁਰ, ਧੁਨ ਆਤਮਕ ਸੁਣ ਕੇ ਖ਼ੁਸ਼ੀ ਮਨਾਈਆ । ਜਗਤ ਵਸਤ ਦੀ ਸਮਝੇ ਕੋਇ ਨਾ ਬੁਝ, ਨਾਮ ਭੰਡਾਰਾ ਲੈ ਕੇ ਹੱਸੇ ਚਾਈਂ ਚਾਈਂਆ । ਪਾਂਧੀ ਬਣ ਕੇ ਮੰਜ਼ਲ ਚੜ੍ਹੇ ਧੁਰ, ਧਾਮ ਦਵਾਰੇ ਜਾ ਕੇ ਸੋਭਾ ਪਾਈਆ । ਜਿਥੇ ਜਾ ਕੇ ਕੋਈ ਨਾ ਆਵੇ ਮੁੜ, ਪ੍ਰਭ ਚਰਨ ਕਵਲ ਬੈਠੇ ਡੇਰਾ ਲਾਈਆ । ਪੁਰਖ ਅਬਿਨਾਸ਼ੀ ਸਾਹਿਬ ਸਵਾਮੀ ਇਕੋ ਮਿਲੇ ਸਤਿਗੁਰ, ਸਤਿਗੁਰੂ ਗੁਰ ਗੋਰ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਇਕੋ ਦਰ ਰਹੇ ਹਜ਼ੂਰੀ, ਹਾਜ਼ਰ ਹੋ ਕੇ ਸੇਵ ਕਮਾਈਆ । ਸਚਖੰਡ ਦੀ ਲੈ ਮਨਜ਼ੂਰੀ, ਲੇਖਾ ਪਿਛਲਾ ਦਏ ਚੁਕਾਈਆ । ਵਾਸਨਾ ਰਹੇ ਕੋਇ ਨਾ ਕੂੜੀ, ਕੂੜ ਕੁਟੰਬ ਨਾ ਭਰਮ ਭੁਲਾਈਆ । ਬੁਧੀ ਰਹੇ ਨਾ ਮੂਰਖ ਮੂੜ੍ਹੀ, ਚਤੁਰ ਸੁਘੜ ਵੱਜੇ ਵਧਾਈਆ । ਮੰਜ਼ਲ ਰਹੇ ਨਾ ਨੇੜੇ ਦੂਰੀ, ਪੈਂਡਾ ਅਗਲਾ ਦਏ ਮੁਕਾਈਆ । ਮਾਨਸ ਜਨਮ ਲੇਖੇ ਲੱਗੇ ਜ਼ਰੂਰੀ, ਚੁਰਾਸੀ ਵਿਚ ਨਾ ਕੋਇ ਭਵਾਈਆ । ਇਕੋ ਦਰਸ਼ਨ ਕਰੇ ਨੂਰੀ, ਨੂਰ ਨੁਰਾਨਾ ਨਜ਼ਰੀ ਆਈਆ । ਜਨਮ ਜਨਮ ਦੀ ਕਰਮ ਕਰਮ ਦੀ ਲੇਖੇ ਲੱਗੇ ਮਜ਼ਦੂਰੀ, ਮੁਸ਼ਕਲ ਅਗੇ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਜਨ ਭਗਤ ਕਦੇ ਨਾ ਰਹੇ ਓਹਲੇ, ਪੜਦਿਆਂ ਵਿਚੋਂ ਪੜਦਾ ਲਏ ਉਠਾਈਆ । ਸੁਰਤੀ ਸ਼ਬਦੀ ਪ੍ਰੀਤਮ ਵਿਚ ਮੌਲੇ, ਮੌਲਾ ਘਰ ਮੇਂ ਨਜ਼ਰੀ ਆਈਆ । ਦੇਵੇ ਵਡਿਆਈ ਉਪਰ ਧਰਨੀ ਧਰਤ ਧਵਲੇ, ਧੌਲ ਹੱਸੇ ਚਾਈਂ ਚਾਈਂਆ । ਕਰੇ ਪਰਕਾਸ਼ ਨੂਰ ਅਲਾਹੀ ਅਵਲੇ, ਅੱਵਲ ਇਕੋ ਏਕੰਕਾਰ ਬੇਪਰਵਾਹੀਆ । ਜਨ ਭਗਤ ਸੁਹੇਲੇ ਮਸਤੀ ਅੰਦਰ ਕਰੇ ਬਵਲੇ, ਬਾਬਲ ਬਾਵਰਾ ਆਪਣਾ ਰੰਗ ਲਏ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਜਾਵਣ ਨਾ ਦੇਵੇ ਕੋਈ ਹੱਥਾਂ ਵਾਲੇ ਤਬਲੇ, ਤਪਦੇ ਹਿਰਦੇ ਸ਼ਾਂਤ ਕਰਕੇ ਸਤਿ ਦਏ ਸਮਝਾਈਆ । ਜਨ ਭਗਤ ਸਾਂਤਕ ਹੋਵੇ ਸਦਾ ਸਤਿ, ਅਗਨੀ ਤਤ ਨਾ ਕੋਇ ਤਪਾਈਆ । ਇਕੋ ਉਪਜੇ ਬ੍ਰਹਮਤ, ਬ੍ਰਹਮ ਵਿਦਿਆ ਦਏ ਸਮਝਾਈਆ । ਨਾੜੀ ਨਾੜੀ ਨਾ ਉਬਲੇ ਰਤ, ਬਹੱਤਰ ਭਵਰ ਨਾ ਕੋਇ ਭਵਾਈਆ । ਅਗਨੀ ਕੂੜ ਪੋਹ ਨਾ ਸਕੇ ਅੱਗ, ਅੰਮ੍ਰਿਤ ਮੇਘ ਦਏ ਬਰਸਾਈਆ । ਹੰਸ ਬੁਧੀ ਬਣਾਏ ਕਗ, ਕਾਗੋਂ ਹੰਸ ਉਡਾਈਆ । ਦਰਸ ਵਖਾ ਉਪਰ ਸ਼ਾਹ ਰਗ, ਸ਼ਮਅ ਬੁਝੀ ਦਏ ਜਗਾਈਆ । ਜਗਤ ਵਾਸਨਾ ਦੂਰ ਕਰਾਏ ਹੱਦ, ਹਦੂਦ ਆਪਣੀ ਦਏ ਵਖਾਈਆ । ਜਿਥੇ ਇਕੋ ਨਾਦ ਰਿਹਾ ਵੱਜ, ਆਦਿ ਜੁਗਾਦਿ ਕਰੇ ਸ਼ਨਵਾਈਆ । ਦੀਪਕ ਜੋਤੀ ਰਿਹਾ ਜਗ, ਅੰਧ ਅੰਧੇਰਾ ਰਿਹਾ ਮਿਟਾਈਆ । ਭਗਤ ਭਗਵਾਨ ਕਦੇ ਨਾ ਹੋਵਣ ਅੱਡ, ਸੁਹੰਜਣੀ ਸੇਜ ਸੋਭਾ ਪਾਈਆ । ਪਿਛਲਾ ਲੇਖਾ ਪਿਛੇ ਜਾਏ ਛੱਡ, ਅਗੇ ਅਗਲਾ ਮਾਲਕ ਮਿਲੇ ਬੇਪਰਵਾਹੀਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਭਗਤਾਂ ਨਾਲ ਮਿਲ ਕੇ ਬਣਦੀ ਯੱਦ, ਪੁਸ਼ਤ ਪਨਾਹ ਸਦ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਸਾਚੇ ਗ੍ਰਿਹ ਲਵੇ ਸੱਦ, ਸੱਦਾ ਹੋਕਾ ਆਪਣਾ ਨਾਮ ਸੁਣਾਈਆ । ਜਨ ਭਗਤ ਰਾਹ ਤੱਕੇ ਗਹਿਰ ਗੰਭੀਰ, ਗਵਰ ਇਕੋ ਨਜ਼ਰੀ ਆਈਆ । ਜਿਸ ਦਾ ਤੱਤਾਂ ਵਾਲਾ ਨਹੀਂ ਸ਼ਰੀਰ, ਪੰਜ ਤਤ ਕਾਇਆ ਦੇਵਣਹਾਰ ਵਡਿਆਈਆ । ਜਿਸ ਦੇ ਹੁਕਮੇ ਅੰਦਰ ਗੁਰ ਅਵਤਾਰ ਪੈਗ਼ੰਬਰ ਪੀਰ, ਪਰਾ ਪਸੰਤੀ ਮਧਮ ਬੈਖਰੀ ਚਾਰੇ ਬਾਣੀ ਚਾਰੇ ਖਾਣੀ ਵਿਚੋਂ ਗਾਈਆ । ਸ਼ਰਅ ਸ਼ਰੀਅਤ ਤਨ ਮਾਟੀ ਖ਼ਾਕੀ ਪਾ ਜ਼ੰਜੀਰ, ਜ਼ੇਰ ਜ਼ਬਰ ਗਏ ਸਮਝਾਈਆ । ਮੰਜ਼ਲ ਦੱਸ ਕੇ ਚੋਟੀ ਅਖ਼ੀਰ,

ਵਾਹਵਾ ਕਹਿ ਕੇ ਢੋਲੇ ਰਹੇ ਸੁਣਾਈਆ । ਜਿਸ ਦੀ ਨਜ਼ਰ ਨਾ ਆਏ ਕਿਸੇ ਤਸਵੀਰ, ਮੁਸੱਵਰ ਰੂਪ ਨਾ ਕਿਸੇ ਦਰਸਾਈਆ । ਜਿਸ ਨੂੰ ਸਜਦਾ ਕੀਤਾ ਕਬੀਰ, ਕ਼ਬਰਾਂ ਵਿਚੋਂ ਬਾਹਰ ਡੇਰਾ ਗਿਆ ਲਗਾਈਆ । ਹਜ਼ਰਤਾਂ ਕਿਹਾ ਆਮੀਨ, ਤੇਰੀ ਬੇਪਰਵਾਹੀਆ । ਭਗਤਾਂ ਦੇਵੇ ਯਕੀਨ, ਭਰਵਾਸਾ ਇਕੋ ਇਕ ਰਖਾਈਆ । ਹੁਕਮੇ ਅੰਦਰ ਦੇ ਤਲਕੀਨ, ਤੁਲਬੇ ਸਾਰੇ ਦਏ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਾਚੇ ਮਾਰਗ ਦਏ ਲਗਾਈਆ । ਜਨ ਭਗਤ ਲੱਭੇ ਇਕ ਮਲਾਹ, ਖੇਵਟ ਖੇਟਾ ਅਵਰ ਨਾ ਕੋਇ ਰਖਾਈਆ । ਜੋ ਸਿਧਾ ਸਚਖੰਡ ਦਾ ਦੱਸੇ ਰਾਹ, ਦੂਜੀ ਬਿਧੀ ਨਾ ਕੋਇ ਸਮਝਾਈਆ । ਮੰਜ਼ਲ ਮੰਜ਼ਲ ਸਾਚੀ ਮਜਲ ਦਏ ਪਹੁੰਚਾ, ਪੰਧ ਅਗੇ ਰਹੇ ਨਾ ਰਾਈਆ । ਨਿਰਅੱਖਰ ਵੱਖਰ ਸਿਖਿਆ ਦਏ ਸਿਖਾ, ਵਿਦਿਆ ਦਾ ਲੇਖਾ ਦਏ ਚੁਕਾਈਆ । ਪ੍ਰੇਮ ਪਿਆਰ ਦੀ ਭਿਛਿਆ ਦੇਵੇ ਪਾ, ਪਾਰਬ੍ਰਹਮ ਬ੍ਰਹਮ ਪੜਦਾ ਦਏ ਉਠਾਈਆ । ਪਾਰ ਕਰਾ ਕੇ ਥਲ ਅਸਗਾਹ, ਟਿੱਲੇ ਪਰਬਤ ਚੋਟੀ ਚਰਨਾਂ ਹੇਠ ਦਬਾਈਆ । ਧੁਰ ਦਾ ਦੱਸ ਕੇ ਇਕੋ ਨਾਂ, ਨਾਉਂ ਨਿਰੰਕਾਰ ਅੰਦਰ ਦਏ ਵਸਾਈਆ । ਸਦਾ ਸੁਹੇਲਾ ਹੋ ਕੇ ਦੇਵੇ ਠੰਡੀ ਛਾਂ, ਅਗਨੀ ਤਤ ਨਾ ਕੋਇ ਤਪਾਈਆ । ਬਾਲ ਅੰਞਾਣਿਆਂ ਬਣੇ ਪਿਤਾ ਮਾਂ, ਗੋਦੀ ਆਪਣੀ ਲਏ ਉਠਾਈਆ । ਜਨ ਭਗਤਾਂ ਵਖਾ ਕੇ ਧੁਰ ਦਾ ਥਾਂ, ਡੇਰਾ ਪਿਛਲਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਨਾਲ ਮਿਲ ਕੇ ਸ਼ਬਦੀ ਧਾਰ ਹਾਂ ਵਿਚ ਕਰ ਲਈ ਹਾਂ, ਹਾਰ ਜਿੱਤ ਦਾ ਲੇਖਾ ਦਏ ਚੁਕਾਈਆ ।


੬੮੫
੧੯

## ੧੫ ਜੇਠ ਸ਼ਹਿਨਸ਼ਾਹੀ ਸੰਮਤ ੨ ਫ਼ਰੰਗੀ ਰਾਮ ਦੇ ਗ੍ਰਿਹਿ ਪਿੰਡ ਝੰਡੇ ਝੱਜਰ ਕੋਟਲੀ ਕੈਂਪ ਜੰਮੂ

ਜਨ ਭਗਤ ਚੜ੍ਹੇ ਅਗੰਮੀ ਘਾਟੀ, ਸਾਚੀ ਮੰਜ਼ਲ ਪੰਧ ਮੁਕਾਈਆ । ਆਵਣ ਜਾਵਣ ਰਹੇ ਨਾ ਕੋਈ ਵਾਟੀ, ਚੁਰਾਸੀ ਗੇੜ ਨਾ ਕੋਇ ਭਵਾਈਆ । ਸਾਹਿਬ ਸਵਾਮੀ ਅੰਤਰਜਾਮੀ ਮਿਲੇ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਨਾਮ ਭੰਡਾਰਾ ਦੇਵੇ ਸਾਚੀ ਦਾਤੀ, ਦਾਤਾ ਦਇਆਵਾਨ ਬੇਪਰਵਾਹੀਆ । ਦਰਸ ਵਖਾਵੇ ਇਕ ਇਕਾਂਤੀ, ਇਕ ਇਕੱਲਾ ਨਜ਼ਰੀ ਆਈਆ । ਅੰਮ੍ਰਿਤ ਬੂੰਦ ਦੇਵੇ ਹਯਾਤੀ, ਹਾਜ਼ਰ ਹੋ ਕੇ ਪੜਦਾ ਦੇਵੇ ਉਠਾਈਆ । ਚਰਨ ਪ੍ਰੀਤੀ ਜੋੜੇ ਸਾਚਾ ਨਾਤੀ, ਸਹਾਰਾ ਇਕੋ ਇਕ ਸਮਝਾਈਆ । ਮਾਨਸ ਜਨਮ ਜਨ ਭਗਤਾਂ ਪੁਛੇ ਵਾਤੀ, ਭੇਵ ਅਭੇਦਾ ਆਪ ਖੁਲ੍ਹਾਈਆ । ਜਿਨ੍ਹਾਂ ਦੀ ਲੇਖੇ ਲਾ ਲਏ ਇਕ ਰਾਤੀ, ਰੁੱਤ ਵਿਚੋਂ ਰੁੱਤ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਲੇਖਾ ਚੁੱਕੇ ਚਾਰੇ ਕੂਟ, ਹਰਿ ਭਗਤ ਵੱਜੇ ਵਧਾਈਆ । ਪੁਰਖ ਅਕਾਲ ਹੋਵੇ ਮੌਜੂਦ, ਮਿਹਰ ਨਜ਼ਰ ਇਕ ਰਖਾਈਆ । ਕਿਸੇ ਨੂੰ ਪੜ੍ਹਨਾ ਪਏ ਨਾ ਹਜ਼ਾਰਾ ਦਰੂਦ, ਇਸਮ ਆਜ਼ਮ ਇਕ ਦਰਸਾਈਆ । ਮਿਹਰਵਾਨ ਹੋ ਕੇ ਰਖੇ ਮਹਿਫ਼ੂਜ਼, ਸਿਰ ਆਪਣਾ ਹੱਥ ਟਿਕਾਈਆ । ਝਗੜਾ ਰਹੇ ਨਾ ਕਿਸੇ ਜਿੰਨ ਭੂਤ, ਜਨਤ ਬੇਖ਼ਬਰ ਖ਼ਬਰ ਉਠਾਈਆ । ਜੋ ਸਾਚੇ ਹਿਰਦਿਉਂ ਬਣ ਜਾਣ ਪੂਤ, ਤਿਨ੍ਹਾਂ ਦੁੱਖ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਜਗਤ ਦੁੱਖ ਵਿਚ ਕਦੇ ਨਾ ਰੋਵੇ, ਹਾਹਾਕਾਰ ਨਾ ਕੋਇ ਵਖਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਅੰਮ੍ਰਿਤ ਜਲ ਮੁਖੜਾ ਧੋਵੇ, ਦੁਰਮਤ ਮੈਲ ਧਵਾਈਆ । ਅੰਮ੍ਰਿਤ ਆਤਮ ਬੀਜ ਸਾਚਾ

ਬੋਵੇ, ਫਲ ਫੁਲਵਾੜੀ ਆਪ ਮਹਿਕਾਈਆ । ਗ਼ਫ਼ਲਤ ਵਿਚ ਕਦੇ ਨਾ ਸੋਵੇ, ਸੁਤਿਆਂ ਲਏ ਉਠਾਈਆ । ਕਰੇ ਕਰਾਏ ਸੋਈ ਜਗ ਹੋਵੇ, ਕਰਨ ਕਰਾਵਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਈਆ । ਜਨ ਭਗਤ ਲਵੇ ਕਦੇ ਨਾ ਹੌਕਾ, ਗ਼ਮ ਗ਼ਮ ਨਾ ਕੋਇ ਸਤਾਈਆ । ਪੁਰਖ ਅਬਿਨਾਸ਼ੀ ਚੜ੍ਹਾਏ ਆਪਣੀ ਨੌਕਾ, ਨਈਆ ਨਾਮ ਦਏ ਸਮਝਾਈਆ । ਦਰਸ ਕਰਾਏ ਸ਼ਾਹ ਪਾਤਸ਼ਾਹ ਸੱਚੇ ਸ਼ਾਹੋ ਕਾ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਨਾਤਾ ਜੋੜ ਕੇ ਪਿਤਾ ਪੂਤ ਮਾਂਉ ਕਾ, ਗੋਦ ਸੁਹੰਜਣੀ ਇਕ ਟਿਕਾਈਆ । ਸਹਾਰਾ ਦੇ ਕੇ ਠੰਡੀ ਛਾਉਂ ਕਾ, ਅਗਨੀ ਤਤ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤ ਕਦੀ ਨਾ ਮਾਰੇ ਧਾਹ, ਨੇਤਰ ਨੈਣਾਂ ਨੀਰ ਨਾ ਕੋਇ ਵਹਾਈਆ । ਜਿਨ੍ਹਾਂ ਮਿਲ ਗਿਆ ਬੇਪਰਵਾਹ, ਬੇਪਰਵਾਹੀ ਵਿਚ ਰਖਾਈਆ । ਅੰਮ੍ਰਿਤ ਆਤਮ ਜਾਮ ਦੇਵੇ ਪਿਆ, ਪਿਆਲਾ ਮਧੁਰ ਅੰਦਰੋਂ ਬਾਹਰ ਕਢਾਈਆ । ਸਾਚੀ ਮੰਜ਼ਲ ਦੱਸੇ ਰਾਹ ਰਸਤੇ ਵਿਚ ਨਾ ਕੋਇ ਅਟਕਾਈਆ । ਕੋਟ ਜਨਮ ਦੇ ਬਖ਼ਸ਼ ਗੁਨਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਜਨ ਭਗਤ ਕਦੀ ਨਾ ਹੋਵੇ ਜੁਦਾ, ਵੱਖਰਾ ਰਹਿਣ ਕੋਇ ਨਾ ਪਾਈਆ । ਹੱਕ ਪ੍ਰੀਤੀ ਹੋਵੇ ਫ਼ਿਦਾ, ਆਪਣਾ ਆਪ ਮਿਟਾਈਆ । ਮਾਰਗ ਵੇਖੇ ਧੁਰ ਦਾ ਸਿੱਧਾ, ਸਦਨੇ ਵਾਂਗ ਰਹੇ ਨਾ ਬਣਿਆ ਕਸਾਈਆ । ਸਾਚੀ ਮਿਲੇ ਧੁਰ ਦਰਗਾਹ ਜਗਹ, ਥਾਨ ਭੂਮਿਕਾ ਸੋਹਣੀ ਨਜ਼ਰੀ ਆਈਆ । ਜਿਥੇ ਨਾਮ ਪਦਾਰਥ ਮਿਲੇ ਮਜ਼ਾ, ਦੂਸਰਾ ਰਸ ਨਾ ਕੋਇ ਵਖਾਈਆ । ਪੋਹ ਨਾ ਸਕੇ ਕੋਇ ਕਜ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਹੁਕਮ ਵਰਤਾਈਆ । ਜਨ ਭਗਤਾਂ ਪ੍ਰਭ ਦਏ ਭਰੋਸਾ, ਸਿਦਕ ਸਿਦਕ ਵਿਚੋਂ ਉਪਜਾਈਆ । ਜਨਮ ਜਨਮ ਦਾ ਰਹਿਣ ਨਾ ਦੇਵੇ ਰੋਸਾ, ਰਸਤੇ ਸਾਚੇ ਦੇਵੇ ਲਗਾਈਆ । ਭਾਗ ਲਗਾਏ ਕਾਇਆ ਕੋਠਾ, ਪੰਜ ਤਤ ਵੱਜੇ ਇਕ ਵਧਾਈਆ । ਨਿਰਮਲ ਪਰਕਾਸ਼ ਕਰੇ ਜੋਤਾ, ਅੰਧ ਅੰਧੇਰ ਦਏ ਮਿਟਾਈਆ । ਲੱਖ ਚੁਰਾਸੀ ਵਿਚੋਂ ਮਾਨਸ ਜਨਮ ਸਵੱਛ ਦੇ ਕੇ ਮੌਕਾ, ਮੁਕੰਮਲ ਪੜਦਾ ਦਏ ਉਠਾਈਆ । ਅਬਿਨਾਸ਼ੀ ਕਰਤਾ ਦੀਨ ਦਿਆਲ ਰਾਹ ਦੱਸ ਕੇ ਸੌਖਾ, ਮੰਜ਼ਲ ਆਪਣੀ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਵਗਾਨ, ਗੁਰਮੁਖਾਂ ਨਾਲ ਕਦੇ ਕਰੇ ਨਾ ਧੋਖਾ, ਧੁਖਦੇ ਧੂੰਏਂ ਠੰਡੇ ਠਾਰ ਬਣਾਈਆ ।

੧੫ ਜੇਠ ਸ਼ਹਿਨਸ਼ਾਹੀ ਸੰਮਤ ੨ ਪਰਕਾਸ਼ੋ ਦੇਵੀ ਦੇ ਗ੍ਰਿਹਿ ਚੱਕ ਪੰਡਤ ਝੱਜਰ ਕੋਟਲੀ ਕੈਂਪ ਜੰਮੂ

ਜਨ ਭਗਤ ਕਦੇ ਨਾ ਤੱਕੇ ਦ੍ਰਿਸ਼ਟੀ ਚੰਮ, ਮਨ ਕਾ ਮੋਹ ਨਾ ਕੋਇ ਰਖਾਈਆ । ਝਗੜਾ ਮੁਕਾ ਕੇ ਖ਼ੁਸ਼ੀ ਗ਼ਮ, ਇਕੋ ਰੰਗ ਵਿਚ ਸਮਾਈਆ । ਭਰਮ ਭੈ ਨਾ ਰਹੇ ਜਨ, ਮਮਤਾ ਮੋਹ ਨਾ ਕੋਇ ਹਲਕਾਈਆ । ਨਾਮ ਭੰਡਾਰਾ ਮਿਲੇ ਧਨ, ਵਸਤ ਅਮੋਲਕ ਝੋਲੀ ਪਾਈਆ । ਭਾਗ ਲੱਗੇ ਕਾਇਆ ਮਾਟੀ ਤਨ, ਤਪਦੇ ਹਿਰਦੇ ਸ਼ਾਂਤ ਕਰਾਈਆ । ਸਾਚਾ ਨਾਮ ਸੰਦੇਸ਼ਾ ਦੇਵੇ ਕੰਨ, ਸਰਵਣ ਸੁਣੇ ਆਪ ਸੁਣਾਈਆ । ਭਾਂਡਾ ਭਰਮ ਦੇਵੇ ਭੰਨ, ਗੜ੍ਹ ਹੰਕਾਰ ਆਪ ਤੁੜਾਈਆ । ਸਚ ਪਰਕਾਸ਼ ਚਾੜ੍ਹੇ ਚੰਨ, ਜਲਵਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬੇੜਾ ਦੇਵੇ ਬੰਨ੍ਹ, ਬੰਧਨ ਆਪਣਾ ਇਕੋ ਪਾਈਆ ।

## ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਸਾਈਂ ਦਾਸ ਦੇ ਘਰ ਪਿੰਡ ਝੰਡਾ ਕੈਂਪ ਝੱਜਰ ਕੋਟਲੀ ਜੰਮੂ

ਜਨ ਭਗਤ ਝਗੜਾ ਮੁਕਾ ਕੇ ਸੰਸਾਰ ਕੂੜ ਕੁਕਰਮ, ਕੁਟਲਤਾ ਅੰਦਰੋਂ ਦਏ ਕਢਾਈਆ । ਸਤਿ ਸਚ ਜਾਣੇ ਸਚ ਧਰਮ, ਧੀਰਜ ਜਤ ਸਤਿ ਸੰਤੋਖ ਵਧਾਈਆ । ਪ੍ਰਭੂ ਪ੍ਰੀਤੀ ਜਾਣੇ ਧੁਰ ਦਾ ਕਰਮ, ਕਾਂਡਾ ਦਾ ਝਗੜਾ ਦਏ ਮੁਕਾਈਆ । ਨਿਰਗੁਣ ਧਾਰ ਕਦੇ ਨਾ ਕਰੇ ਭਰਮ, ਭਾਂਡਾ ਭਰਮ ਭੌ ਭੰਨਾਈਆ । ਝਗੜਾ ਰਖੇ ਨਾ ਵਰਨ ਬਰਨ, ਇਕੋ ਰੰਗ ਤੱਕੇ ਖ਼ਲਕ ਖ਼ੁਦਾਈਆ । ਅਬਿਨਾਸ਼ੀ ਕਰਤਾ ਜਾਣੇ ਸਾਚੀ ਸਰਨ, ਸਰਨਗਤ ਮਾਲਕ ਇਕੋ ਨਜ਼ਰੀ ਆਈਆ । ਭੈ ਰਖੇ ਨਾ ਕੋਈ ਮਰਨ, ਮਰਨ ਜੀਵਣ ਇਕੋ ਰੰਗ ਸਮਾਈਆ । ਸਾਚੀ ਮੰਜ਼ਲ ਸਿੱਖੇ ਚੜ੍ਹਨ, ਸੁਰਤ ਸ਼ਬਦ ਨਾਲ ਜੁੜਾਈਆ । ਧੁਰ ਦਾ ਢੋਲਾ ਜਾਣੇ ਪੜ੍ਹਨ, ਸੋਹੰ ਸਾਚਾ ਸੋਹਲਾ ਗਾਈਆ । ਪੁਰਖ ਅਬਿਨਾਸ਼ੀ ਪਕੜੇ ਚਰਨ, ਚਰਨੋਦਕ ਪੀ ਪੀ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਭੇਵ ਦਏ ਖੁਲ੍ਹਾਈਆ । ਜਨ ਭਗਤ ਨਾਤਾ ਤੋੜੇ ਕਲਜੁਗ ਕੂੜ ਕੁੜਿਆਰ, ਮਮਤਾ ਮੋਹ ਨਾ ਕੋਇ ਰਖਾਈਆ । ਜੂਠ ਝੂਠ ਜੜ੍ਹ ਦੇਵੇ ਉਖਾੜ, ਅੰਦਰੋਂ ਕਰੇ ਸਫ਼ਾਈਆ । ਇਕੋ ਵਸਤ ਮੰਗੇ ਅਪਰ ਅਪਾਰ, ਪ੍ਰਭ ਦਰਸ਼ਨ ਕਰ ਕੇ ਖ਼ੁਸ਼ੀ ਮਨਾਈਆ । ਸ਼ਬਦ ਨਾਦ ਵੱਜੇ ਧੁਨਕਾਰ, ਅਗੰਮੀ ਰਾਗ ਅਲਾਹੀਆ । ਨਿਰਗੁਣ ਜੋਤ ਹੋਏ ਉਜਿਆਰ, ਬਿਨ ਚੰਦ ਸੂਰਜ ਰੁਸ਼ਨਾਈਆ । ਮੰਦਰ ਸੋਹੇ ਸਚ ਦਵਾਰ, ਜਿਸ ਗ੍ਰਿਹ ਬੈਠੇ ਡੇਰਾ ਲਾਈਆ । ਭਗਤ ਸੁਹੇਲਾ ਮੀਤ ਮੁਰਾਰ, ਮਿਹਰਵਾਨ ਦਇਆ ਕਮਾਈਆ । ਜਨ ਭਗਤਾਂ ਸਦ ਪਾਵੇ ਸਾਰ, ਸਾਰ ਸ਼ਬਦ ਨਾਦ ਸੁਣਾਈਆ । ਬਣਿਆ ਰਹੇ ਸਦਾ ਗ਼ਮਖਾਰ, ਗ਼ਮੀ ਚਿੰਤਾ ਦੂਰ ਕਰਾਈਆ । ੬੮੭ ੧੯
ਭਵ ਸਾਗਰ ਕਰੇ ਪਾਰ, ਭਵਰ ਵਿਚ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਤਰਾਈਆ । ਜਨ ਭਗਤ ਕਦੇ ਨਾ ਲੋੜੇ ਮੋਹ ਮਮਤਾ, ਮਾਇਆ ਬੰਧਨ ਕੋਇ ਨਾ ਪਾਈਆ । ਗੜ੍ਹ ਰਹੇ ਨਾ ਹਉਮੈਂ ਹੰਗਤਾ, ਹਿਰਦੇ ਹਰਿ ਹਰਿ ਵਸਾਈਆ । ਦਰਵੇਸ਼ ਰੂਪ ਨਾ ਧਾਰੇ ਮੰਗਤਾ, ਘਰ ਘਰ ਅਲਖ ਨਾ ਕੋਇ ਜਗਾਈਆ । ਸਚ ਦਵਾਰ ਨਾ ਰਹੇ ਸੰਗਦਾ, ਲੋਕ ਲਾਜ ਨਾ ਕੋਇ ਵਡਿਆਈਆ । ਰਿਵਾਜ ਛੱਡੇ ਦੀਨ ਦੁਨੀ ਜਗ ਦਾ, ਪ੍ਰਭ ਚਲੇ ਹੁਕਮ ਰਜਾਈਆ । ਅਗਨੀ ਵਾਂਗ ਕਦੇ ਨਾ ਮਘਦਾ, ਕੂੜੀ ਤਪਸ਼ ਨਾ ਕੋਇ ਜਲਾਈਆ । ਭੇਵ ਖੁਲ੍ਹੇ ਹੰ ਬ੍ਰਹਮ ਦਾ, ਪਾਰਬ੍ਰਹਮ ਮੇਲਾ ਮਿਲੇ ਸਹਿਜ ਸੁਭਾਈਆ । ਲੇਖਾ ਦੇਵੇ ਦਰ ਘਰ ਸਾਚੇ ਜਨਮ ਦਾ, ਕਰਮ ਕਰਮ ਨਾਲ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣ ਬਖ਼ਸ਼ ਕੇ ਆਪਣੀ ਸਰਨ ਦਾ, ਸਹਿੰਸੇ ਸਾਰੇ ਦਏ ਮਿਟਾਈਆ । ਜਨ ਭਗਤ ਕਦੇ ਫਸੇ ਨਾ ਵਿਚ ਦੁਨੀ, ਬੰਧਨ ਅਵਰ ਨਾ ਕੋਇ ਰਖਾਈਆ । ਸ਼ਬਦੀ ਦਾਤਾ ਬਣੇ ਗੁਨੀ, ਗਹਿਰ ਗੰਭੀਰ ਢੋਲਾ ਗਾਈਆ । ਲਹਿਣਾ ਮੁਕਾ ਕੇ ਰਿਖੀ ਮੁੰਨੀ, ਮੁੰਨ ਸੁੰਨ ਤੋਂ ਅਗੇ ਵੇਖੇ ਚਾਈਂ ਚਾਈਂਆ । ਜਿਥੇ ਸ਼ਬਦ ਨਾਦ ਨਾ ਕੋਇ ਧੁਨੀ, ਅਨਹਦ ਰਾਗ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪੁਕਾਰ ਸਦਾ ਰਿਹਾ ਸੁਣੀ, ਸੁਣ ਸੁਣ ਹਰ ਘਟ ਹਰ ਥਾਂ ਹਰਿ ਮੰਦਰ ਹਰਿ ਜੂ ਹਰਿ ਹਰਿ ਹੋਵੇ ਆਪ ਸਹਾਈਆ ।

## ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਪ੍ਰੇਮੀ ਦੇਵੀ ਦੇ ਗ੍ਰਿਹ ਪਿੰਡ ਝੰਡਾ ਕੈਂਪ ਝੱਜਰ ਕੋਟਲੀ ਜੰਮੂ

ਜਨ ਭਗਤ ਏਕਾ ਸਿਮਰੇ ਹਰਿ ਕਾ ਨਾਮ, ਹਰਿ ਹਿਰਦੇ ਸਦਾ ਵਸਾਇੰਦਾ । ਦੂਸਰ ਬਣੇ ਨਾ ਕਿਸੇ ਗ਼ੁਲਾਮ, ਚਾਕਰ ਹੋ ਨਾ ਸੇਵ ਕਮਾਇੰਦਾ । ਝੋਲੀ ਪਾਏ ਧੁਰ ਦਾ ਦਾਨ, ਵਸਤ ਅਗੰਮ ਆਪ ਵਰਤਾਇੰਦਾ । ਲੋਕਮਾਤ ਵਡਿਆਈ ਦੇਵੇ ਮਾਣ, ਦਰਗਾਹ ਸਾਚੀ ਸਚਖੰਡ ਦਵਾਰ ਸੁਹਾਇੰਦਾ । ਜਨਮ ਜਨਮ ਦਾ ਪੂਰਨ ਹੋਵੇ ਕਾਮ, ਅਗਲਾ ਪਿਛਲਾ ਪੰਧ ਆਪ ਚੁਕਾਇੰਦਾ । ਭਾਗ ਲੱਗੇ ਕਾਇਆ ਖੇੜੇ ਨਗਰ ਗਰਾਮ, ਗ੍ਰਿਹ ਮੰਦਰ ਸੋਭਾ ਪਾਇੰਦਾ । ਮੰਜ਼ਲ ਮੰਜ਼ਲ ਪੌੜੇ ਚੜ੍ਹਨਾ ਕਰੇ ਆਸਾਨ, ਮਿਹਰ ਨਜ਼ਰ ਨਾਲ ਪਾਰ ਕਰਾਇੰਦਾ । ਗ਼ਫ਼ਲਤ ਵਿਚ ਗ਼ਾਫ਼ਲ ਰਹਿਣ ਨਾ ਦੇਵੇ ਬਾਲ ਅੰਵਾਣ, ਬੁਧ ਬਿਬੇਕ ਸਾਚੀ ਟੇਕ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੱਸੇ ਸਤਿ ਪਹਿਚਾਣ, ਪੜਦਾ ਓਹਲਾ ਆਪ ਉਠਾਇੰਦਾ । ਜਨ ਭਗਤ ਦੂਸਰ ਕਿਸੇ ਨਾ ਝੁਕਾਏ ਸਿਰ, ਸਰ ਪ੍ਰਭ ਦੀ ਭੇਟ ਕਰਾਈਆ । ਅੰਤਰ ਅੰਤਰ ਨਾ ਜਾਏ ਫਿਰ, ਧੀਰਜ ਧੀਰ ਨਾਲ ਵਡਿਆਈਆ । ਇਕੋ ਮਾਲਕ ਸਮਝੇ ਪ੍ਰੀਤਮ ਪਿਰ, ਪਾਰਬ੍ਰਹਮ ਬੇਪਰਵਾਹੀਆ । ਜਿਸ ਤੋਂ ਵਿਛੜਿਆਂ ਹੋਇਆ ਚਿਰ, ਅੰਤਮ ਓਸੇ ਵਿਚ ਸਮਾਈਆ । ਸਚ ਫੁਲਵਾੜੀ ਵਿਚੋਂ ਗੁਰਮੁਖ ਗ਼ੁੰਚਾ ਫੁੱਲ ਜਾਏ ਖਿਲ, ਪੱਤ ਟਹਿਣੀ ਆਪ ਮਹਿਕਾਈਆ । ਪ੍ਰੇਮ ਪਿਆਰਾ ਬਣਿਆ ਰਹੇ ਹਰਦਿਲ, ਹਿਰਦੇ ਹਰਿ ਹਰਿ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਜਨ ਭਗਤ ਕੂੜਾ ਰਖੇ ਕੋਈ ਨਾ ਡੇਰਾ, ਘਰ ਸੱਚਾ ਇਕ ਸੁਹਾਈਆ । ਜਿਥੇ ਰਹੇ ਨਾ ਅੰਧ ਅੰਧੇਰਾ, ਸਤਿਗੁਰ ਨਾਮ ਕਰੇ ਰੁਸ਼ਨਾਈਆ । ਵਸਦਾ ਰਹੇ ਧੁਰ ਦਾ ਖੇੜਾ, ਖਿੜਕੀ ਕੁੰਡੀ ਆਪ ਖੁਲ੍ਹਾਈਆ । ਨਜ਼ਰੀ ਆਏ ਨੇਰਨ ਨੇਰਾ, ਨਿਜ ਘਰ ਬੈਠਾ ਸੋਭਾ ਪਾਈਆ । ਜਿਥੇ ਇਕੋ ਰੰਗ ਸੰਝ ਸਵੇਰਾ, ਪਰਭਾਤੀ ਰੂਪ ਨਾ ਕੋਇ ਬਦਲਾਈਆ । ਚੁਰਾਸੀ ਵਾਲਾ ਰਹੇ ਨਾ ਗੇੜਾ, ਫਾਂਸੀ ਵਾਲਾ ਫੰਦ ਨਾ ਕੋਇ ਭਵਾਈਆ । ਸਦਾ ਸਦਾ ਸਦ ਰਹੇ ਚਾਓ ਘਨੇਰਾ, ਮਨ ਚੈਂਚਲ ਨਾ ਕੋਇ ਚਤੁਰਾਈਆ । ਬੁਧੀ ਦਾ ਰਹੇ ਕੋਈ ਨਾ ਝੇੜਾ, ਮਤ ਮਤਵਾਲੀ ਨਾ ਕੋਇ ਕੁਰਲਾਈਆ । ਪੁਰਖ ਅਕਾਲ ਕਰੇ ਮਿਹਰਾ, ਨਜ਼ਰੇ ਕਰਮ ਆਪ ਉਠਾਈਆ । ਆਪਣੇ ਰੰਗ ਰੰਗਾਏ ਚੇਰਾ, ਚੇਰਾ ਗੁਰ ਇਕੋ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਪੜਦਾ ਦਏ ਚੁਕਾਈਆ । ਜਨ ਭਗਤ ਕਦੇ ਨਾ ਹੋਏ ਬੇਸਬਰ, ਸਬੂਰੀ ਸਿਦਕ ਨਾਲ ਹੰਢਾਈਆ । ਅੰਧੇਰਾ ਚੁਕਾ ਕੇ ਕਾਇਆ ਕ਼ਬਰ, ਕਾਅਬਾ ਕ਼ਿਬਲ ਵੇਖ ਵਖਾਈਆ । ਧੁਰ ਦਾ ਤੱਕੇ ਸੱਚਾ ਅਦਲ, ਇਨਸਾਫ਼ ਕਰੇ ਬੇਪਰਵਾਹੀਆ । ਜੋ ਜ਼ਿੰਦਗੀ ਜੀਵਣ ਦੇਵੇ ਬਦਲ, ਮਨ ਕਾ ਮਣਕਾ ਦਏ ਉਲਟਾਈਆ । ਸਚ ਚਾੜ੍ਹੇ ਆਪਣੀ ਮਜ਼ਲ, ਮੰਜ਼ਲ ਇਕੋ ਦਏ ਵਖਾਈਆ । ਜਿਥੇ ਨਾਦ ਗਾਵੇ ਧੁਰ ਦੀ ਗ਼ਜ਼ਲ, ਗ਼ਰਜ ਅਵਰ ਨਾ ਕੋਇ ਰਖਾਈਆ । ਜਨ ਭਗਤਾਂ ਪੋਹ ਨਾ ਸਕੇ ਅਜ਼ਲ, ਅਜ਼ੀਜ਼ ਆਪਣੇ ਲਏ ਉਠਾਈਆ । ਜਗਤ ਵਾਸਨਾ ਕਰ ਕੇ ਕ਼ਤਲ, ਮਕ਼ਤੂਲ ਇਕੋ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਵਖਾ ਕੇ ਪਿਛਲਾ ਵਤਨ, ਬੇਵਤਨਾਂ ਪੜਦਾ ਆਪ ਉਠਾਈਆ । ਜਨ ਭਗਤ ਸਦਾ ਲੋੜੇ ਆਪਣਾ ਘਰ, ਦੂਜੇ ਦਰ ਨਾ ਮੰਗਣ ਜਾਈਆ । ਜਿਥੇ ਵੱਸੇ ਮਾਲਕ ਇਕੋ ਹਰਿ, ਹਰਿਜਨ ਸਾਚੇ ਸਦਾ ਮਿਲਾਈਆ । ਖੁਲ੍ਹਾ ਰਖੇ ਧੁਰ ਦਾ ਦਰ, ਦਰਬਾਨ ਅਗੇ ਨਾ ਕੋਇ ਅਟਕਾਈਆ । ਗੁਰਮੁਖ ਸੰਤ ਸੁਹੇਲੇ ਲਏ ਫੜ, ਫੜ

ਬਾਹੋਂ ਆਪ ਉਠਾਈਆ । ਨਿਰਗੁਣ ਹੋ ਕੇ ਸਰਗੁਣ ਮੰਜ਼ਲ ਜਾਏ ਚੜ੍ਹ, ਪੈਂਡਾ ਪੰਧ ਮੁਕਾਈਆ । ਸ਼ਬਦੀ ਧਾਰ ਬੰਨ੍ਹੇ ਲੜ, ਜੋਰੂ ਜ਼ਰ ਚਲਣ ਨਾ ਦੇਵੇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਨੁਹਾਏ ਧੁਰ ਦੇ ਸਰ, ਸਰੋਵਰ ਇਕੋ ਇਕ ਵਖਾਈਆ । ਜਨ ਭਗਤ ਸਤਿਗੁਰ ਚਰਨ ਧੂੜੀ ਕਰੇ ਸੱਚਾ ਨਹਾਵਣ, ਤੀਰਥ ਤਟ ਨਾ ਕੋਇ ਵਡਿਆਈਆ । ਲੇਖਾ ਜਾਣੇ ਵਿਦਿਆ ਅੱਖਰੀ ਬਾਵਨ, ਨਿਰਗੁਣ ਸਰਗੁਣ ਵੱਜੇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਭੇਵ ਦੱਸ ਕੇ ਗਏ ਅਕਾਵਨ, ਹੁਕਮੈਂ ਅੰਦਰ ਹੁਕਮ ਜਣਾਈਆ । ਸਾਹਿਬ ਸਤਿਗੁਰ ਮਿਹਰਵਾਨ ਅੰਮ੍ਰਿਤ ਮੇਘ ਬਰਸੇ ਸਾਵਣ, ਸਾਵਲ ਸੁੰਦਰ ਦਇਆ ਕਮਾਈਆ । ਦੁਰਮਤ ਮੈਲ ਧੋਵੇ ਪਤਿਤ ਪਾਵਨ, ਪੁਨੀਤ ਗੁਰਮੁਖ ਲਏ ਬਣਾਈਆ । ਦਰਦਵੰਦ ਹੋ ਕੇ ਪਕੜੇ ਦਾਮਨ, ਦਾਮਨਗੀਰ ਆਪ ਅਖਵਾਈਆ । ਆਤਮ ਦਾ ਬਣੇ ਅੰਤ ਜ਼ਾਮਨ, ਜਮਾਂ ਤੋਂ ਲਏ ਛੁਡਾਈਆ । ਮਨੂਆ ਮਨ ਹੰਕਾਰੀ ਹੰਕਾਰ ਕਰੇ ਕੋਈ ਨਾ ਰਾਵਣ, ਤੀਰ ਅਣਿਆਲਾ ਇਕੋ ਦਏ ਚਲਾਈਆ । ਸੰਤ ਸੁਹੇਲੇ ਸਾਚਾ ਨਾਮ ਇਕੋ ਗਾਵਣ, ਗਾ ਗਾ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਘਰ ਸਾਚੇ ਦਰਸ਼ਨ ਪਾਵਣ, ਨੇਤਰ ਲੋਚਨ ਨੈਣ ਅੱਖ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਜਨ ਭਗਤਾਂ ਆਵੇ ਆਪ ਉਠਾਵਣ, ਸੋਇਆ ਗ਼ਫ਼ਲਤ ਅੰਦਰ ਰਹਿਣ ਕੋਇ ਨਾ ਪਾਈਆ ।



## ✪ ੧੬ ਜੇਠ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਸਿੰਘ ਦੇ ਗ੍ਰਿਹ ਪਿੰਡ ਧੰਗਾਲੀ ਕੈਂਪ ਝੱਜਰ ਕੋਟਲੀ ਜੰਮੂ ✪

ਜਨ ਭਗਤ ਪ੍ਰਭ ਮਿਲਣ ਦਾ ਰਖੇ ਸ਼ੌਂਕ, ਸ਼ਮਅ ਅੰਤਰ ਆਪਣੀ ਆਪ ਜਗਾਈਆ । ਸਾਚੀ ਮੰਜ਼ਲ ਜਾਏ ਪਹੁੰਚ, ਜਿਥੇ ਜਗਤ ਵਿਕਾਰ ਨਾ ਕੋਇ ਅਟਕਾਈਆ । ਮਨ ਬੁਧੀ ਦੀ ਰਹੇ ਕੋਈ ਨਾ ਸੋਚ, ਵਾਸਨਾ ਕੂੜ ਨਾ ਕੋਇ ਭਰਮਾਈਆ । ਝਗੜਾ ਰਹੇ ਨਾ ਕੋਈ ਜੀਵ ਲੋਕ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਨਾਮ ਨਿਧਾਨਾ ਸੁਣੇ ਇਕ ਸਲੋਕ, ਜਿਸ ਦੇ ਸੋਹਲੇ ਸਿਫ਼ਤ ਸਲਾਹੀਆ । ਸਚ ਦਵਾਰੇ ਲੱਗੀ ਵੇਖੇ ਮੌਜ, ਮਹਿਬੂਬ ਮਜਲਸ ਭਗਤਾਂ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਈਆ । ਜਨ ਭਗਤ ਵੇਖੇ ਆਪਣਾ ਪਿਛਲਾ ਘਰਾਨਾ, ਜਿਸ ਵਿਚੋਂ ਹੋਈ ਜੁਦਾਈਆ । ਜਿਸ ਦਾ ਮਾਲਕ ਇਕੋ ਇਕ ਸ੍ਰੀ ਭਗਵਾਨਾ, ਪਤਿਪਰਮੇਸ਼ਵਰ ਨਜ਼ਰੀ ਆਈਆ । ਓਥੇ ਦਿਸੇ ਨਾ ਕੋਇ ਬੇਗਾਨਾ, ਵੈਰੀ ਵੈਰ ਨਾ ਕੋਇ ਕਮਾਈਆ । ਕੂੜਾ ਦਿਸੇ ਨਾ ਕੋਇ ਨਿਸ਼ਾਨਾ, ਜੂਠ ਝੂਠ ਨਜ਼ਰ ਕੋਇ ਨਾ ਆਈਆ । ਇਕੋ ਤਖ਼ਤ ਬੈਠਾ ਸ਼ਾਹ ਸੁਲਤਾਨਾ, ਤਖ਼ਤ ਨਿਵਾਸੀ ਸੋਭਾ ਪਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਦੇਵੇ ਨਾਮ ਦਾਨਾ, ਭਗਤਾਂ ਭਗਤੀ ਵਿਚ ਲਗਾਈਆ । ਜੁਗ ਚੌਕੜੀ ਖੇਲ ਖੇਲਦਾ ਰਹੇ ਵਿਚ ਜਹਾਨਾ, ਨਿਰਗੁਣ ਸਰਗੁਣ ਵੇਸ ਵਟਾਈਆ । ਨਿਰਅੱਖਰ ਧਾਰ ਅੱਖਰਾਂ ਵਾਲਾ ਬਣਾਉਂਦਾ ਰਹੇ ਗਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਜਨ ਭਗਤ ਘਰ ਮੰਦਰ ਆਪਣੇ ਵੇਖੇ ਮੀਤ, ਮਿੱਤਰ ਪਿਆਰਾ ਹਰਿ ਜੂ ਨਜ਼ਰੀ ਆਈਆ । ਜਿਸ ਦਾ ਝਗੜਾ ਨਹੀਂ ਹਸਤ ਕੀਟ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਸਾਚਾ ਨਾਮ ਸਭ ਨੂੰ ਦੱਸੇ

ਹਦੀਸ, ਹਾਜ਼ਰ ਹੋ ਕੇ ਹਜ਼ਰਤਾਂ ਕਰੇ ਪੜ੍ਹਾਈਆ । ਮਨੂਆ ਸ਼ੈਤਾਨ ਨਾ ਰਹੇ ਅਬਲੀਸ, ਲਾਨਤ ਜਾਮਾ ਗਲ ਨਾ ਕੋਇ ਪਵਾਈਆ । ਜਨ ਭਗਤਾਂ ਰਖੇ ਸਦਾ ਉਡੀਕ, ਸੂਫ਼ੀ ਸੰਤਾਂ ਰਾਹ ਤਕਾਈਆ । ਸਾਚੇ ਨਾਮ ਦੀ ਕਰੇ ਤਬਲੀਕ, ਤਰਤੀਬ ਵਾਰ ਸਦਾ ਸਮਝਾਈਆ । ਗੁਰਮੁਖਾਂ ਬਦਲ ਦੇਵੇ ਨਸੀਬ, ਨਸਲ ਧੁਰ ਦੀ ਦਏ ਸਮਝਾਈਆ । ਘਰ ਵਖਾਏ ਇਕ ਅਜੀਬ, ਨਿਰਗੁਣ ਜੋਤ ਕਰ ਰੁਸ਼ਨਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਕਰ ਕੇ ਗਏ ਤਾਈਦ, ਸੋ ਸਚਖੰਡ ਦਵਾਰਾ ਦਏ ਜਣਾਈਆ । ਜਿਥੇ ਭਗਤਾਂ ਪ੍ਰਭ ਮਿਲਣ ਦੀ ਸਦਾ ਰਹੇ ਉਮੀਦ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਾਚੇ ਦਰ ਦਏ ਟਿਕਾਈਆ । ਜਨ ਭਗਤ ਆਪਣਾ ਗ੍ਰਿਹ ਮੰਦਰ ਵੇਖੇ ਕੋਠਾ, ਕੁਟੀਆ ਸੋਹਣੀ ਨਜ਼ਰੀ ਆਈਆ । ਜਿਸ ਨੂੰ ਸਮਝੇ ਕੋਇ ਨਾ ਲੰਬਾ ਚੌੜਾ ਛੋਟਾ, ਨਾਪ ਵਿਚ ਨਾ ਕੋਇ ਰਖਾਈਆ । ਜਿਥੇ ਇਕੋ ਪਰਕਾਸ਼ ਦੇਵੇ ਨਿਰਗੁਣ ਜੋਤਾ, ਆਦਿ ਜੁਗਾਦਿ ਸਦਾ ਰੁਸ਼ਨਾਈਆ । ਕੋਟਾਂ ਵਿਚੋਂ ਜਨ ਭਗਤ ਸੁਹੇਲੇ ਵਿਰਲੇ ਮਿਲਦਾ ਮੌਕਾ, ਜੋ ਮੰਦਰ ਚੜ੍ਹ ਕੇ ਅੰਦਰ ਵੜ ਕੇ ਖ਼ੁਸ਼ੀ ਮਨਾਈਆ । ਹੱਕ ਹਕ਼ੀਕ਼ਤ ਦਾ ਦੇਵੇ ਹੋਕਾ, ਉਚੀ ਕੂਕ ਕੂਕ ਸੁਣਾਈਆ । ਪੈਂਡਾ ਮੁਕੇ ਚੌਦਾਂ ਲੋਕਾ, ਚੌਦਾਂ ਤਬਕਾਂ ਲਹਿਣਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਈਆ । ਜਨ ਭਗਤ ਆਪਣਾ ਗ੍ਰਿਹ ਮੰਦਰ ਵੇਖੇ ਧੁਰ ਦਾ ਮਠ, ਪੜਦਿਆਂ ਵਿਚੋਂ ਪੜਦਾ ਫ਼ਾਸ਼ ਕਰਾਈਆ । ਜਿਥੇ ਨੂਰ ਨੁਰਾਨਾ ਜੋਤ ਰੋਸ਼ਨ ਹੋਵੇ ਲਟ ਲਟ, ਅੰਧ ਅੰਧੇਰ ਨਜ਼ਰ ਕੋਇ ਨਾ ਆਈਆ । ਇਕੋ ਸੋਭਾਵੰਤ ਸੋਭਾ ਪਾਏ ਪੁਰਖ ਸਮਰਥ, ਜਿਸ ਦੀ ਮਹਿੰਮਾ ਸਦਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਜਿਸ ਦੇ ਚਰਨ ਕਵਲ ਪੈਗ਼ੰਬਰ ਅਵਤਾਰ ਗੁਰੂ ਸ਼ੁਰੂ ਤੋਂ ਜਾਣ ਢੱਠ, ਅੰਤ ਨੂੰ ਉਸੇ ਵਿਚ ਸਮਾਈਆ । ਜੋ ਕਲਜੁਗ ਅੰਤ ਸ੍ਰੀ ਭਗਵੰਤ ਸ਼ਬਦੀ ਧਾਰ ਅੰਦਰ ਕਰ ਇਕੱਠ, ਏਕੰਕਾਰ ਵੇਖ ਵਖਾਈਆ । ਜਨ ਭਗਤਾਂ ਕਾਰਨ ਖੋਲ੍ਹ ਕੇ ਹੱਟ, ਭਗਤ ਦਵਾਰ ਦਿਤੀ ਵਡਿਆਈਆ । ਚਾਰ ਵਰਨ ਅਠਾਰਾਂ ਬਰਨ ਸਭ ਦਾ ਸਾਂਝਾ ਰਖ ਕੇ ਹੱਕ, ਹਕ਼ੀਕਤ ਧੁਰ ਦੀ ਦਿਤੀ ਜਣਾਈਆ । ਦੀਨ ਮਜ਼੍ਹਬ ਦੀ ਰਹੇ ਨਾ ਕੋਈ ਵੱਟ, ਸ਼ਰਅ ਕਰੇ ਨਾ ਕੋਇ ਲੜਾਈਆ । ਊਚ ਨੀਚ ਦਾ ਦਿਸੇ ਕੋਇ ਨਾ ਹੱਟ, ਸਭ ਦਾ ਮਾਲਕ ਇਕੋ ਨਜ਼ਰੀ ਆਈਆ । ਜੋ ਸਰਨ ਸਰਨਾਈ ਜਾਏ ਢੱਠ, ਚਰਨ ਕਵਲ ਧਿਆਨ ਲਗਾਈਆ । ਓਹ ਲੋਆਂ ਪੁਰੀਆਂ ਬ੍ਰਹਿਮੰਡ ਖੰਡ ਆਕਾਸ਼ ਪਰਕਾਸ਼ ਵਿਚ ਜਾਵੇ ਟੱਪ, ਅਗੇ ਹੋ ਨਾ ਕੋਇ ਅਟਕਾਈਆ । ਸਚਖੰਡ ਦਵਾਰੇ ਸਾਚੇ ਘਰ ਜਾਵੇ ਵਸ, ਜਿਥੇ ਮੇਲਾ ਹੋਵੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਚਖੰਡ ਦਵਾਰੇ ਦੇ ਕੇ ਧੁਰ ਦਾ ਹੱਕ, ਹਿਕਮਤ ਨਾਲ ਕੂੜੀ ਹਕੂਮਤ ਦਏ ਬਦਲਾਈਆ ।

### ✪ ੧੬ ਜੇਠ ਸ਼ਹਿਨਸ਼ਾਹੀ ਸੰਮਤ ੨ ਬੇਲਾ ਸਿੰਘ ਦੇ ਗ੍ਰਿਹ ਪਿੰਡ ਧੰਗਾਲੀ ਕੈਂਪ ਝੱਜਰ ਕੋਟਲੀ ਜੰਮੂ ✪

ਜਨ ਭਗਤ ਪ੍ਰਭ ਚਰਨ ਧੂੜੀ ਖ਼ਾਕ ਰਮਾਏ ਜਿਸਮ, ਰੋਮ ਰੋਮ ਵਿਚ ਸਮਾਈਆ । ਧੂਣੀ ਤਾਏ ਨਾ ਜਗਤ ਕੂੜੀ ਵੇਖੇ ਭਸਮ, ਸਵਾਹ ਸੀਸ ਨਾ ਕੋਇ ਪਵਾਈਆ । ਸਚ ਸੌਗੰਦ ਪ੍ਰਭੂ ਪ੍ਰੇਮ ਪ੍ਰੀਤੀ ਖਾਏ ਕ਼ਸਮ, ਕ਼ਿਸਮਤ ਆਪਣੀ ਲਏ ਬਦਲਾਈਆ । ਸਦ ਦਰਸ਼ਨ ਲੋੜੇ ਨੂਰੇ ਚਸ਼ਮ,

੬੯੦
੧੯

ਅੱਖ ਪਰਤੱਖ ਨਜ਼ਰ ਆਏ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਜਨ ਭਗਤ ਨੂਰ ਵਿਚੋਂ ਲੋੜੇ ਨੂਰ, ਜਹੂਰ ਵਿਚੋਂ ਜਹੂਰ ਕਰੇ ਰੁਸ਼ਨਾਈਆ । ਮੰਜ਼ਲ ਵਿਚੋਂ ਮੰਜ਼ਲ ਨੇੜੇ ਕਰੇ ਦੂਰ, ਦੂਰ ਦਾ ਦੱਰਾ ਬੰਦ ਕਰਾਈਆ । ਹਾਜ਼ਰੀ ਵਿਚੋਂ ਹਾਜ਼ਰ ਤੱਕੇ ਹਜ਼ੂਰ, ਹਜ਼ਰਤ ਧੁਰਦਰਗਾਹੀਆ । ਸ਼ੁਕਰੀਏ ਵਿਚ ਸ਼ੁਕਰ ਕਰੇ ਮਸ਼ਕੂਰ, ਮੁਸ਼ਕਲ ਵਿਚੋਂ ਮੁਸ਼ਕਲ ਆਪਣੀ ਹਲ ਕਰਾਈਆ । ਵਿਛੋੜੇ ਵਿਚ ਵਿਛੜ ਕਦੇ ਨਾ ਰਹੇ ਮਜਬੂਰ, ਮਜਬੂਰੀ ਮਖ਼ਮੂਰੀ ਵਿਚ ਬਦਲਾਈਆ । ਸਦਾ ਸਦਾ ਸਦ ਅੰਮ੍ਰਿਤ ਰਸ ਦਾ ਚੱਖ ਇਕ ਸਰੂਰ, ਜੋ ਸਵਰਨ ਪਾਰਸ ਦੋਹਾਂ ਤੋਂ ਅਗੇ ਲੇਖਾ ਦਏ ਬਤਾਈਆ । ਖ਼ੁਸ਼ੀ ਵਿਚ ਸਦਾ ਹੋਵੇ ਮਸ਼ਕੂਰ, ਸਾਹਿਬ ਮੁਸਾਹਿਬ ਆਪਣਾ ਇਕ ਮਨਾਈਆ । ਗ਼ੁਰਬਤ ਤਨ ਨਾ ਰਹੇ ਗ਼ਰੂਰ, ਗ਼ਰੀਬ ਨਿਮਾਣਾ ਹੋ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਜਨਮ ਦਾ ਮੇਟ ਕਸੂਰ, ਕੁਸ਼ਲ ਕੁਸ਼ਲਤਾ ਝੋਲੀ ਪਾਈਆ । ਜਨ ਭਗਤ ਕਦੇ ਨਾ ਹੋਵੇ ਔਖਾ, ਦੁਖੜੇ ਵਿਚ ਨਾ ਦੁੱਖ ਸਮਾਈਆ । ਆਪਣਾ ਪੰਧ ਮੁਕਾਵੇ ਸੌਖਾ, ਸੁਖਮਣ ਵਿਚ ਨਾ ਕੋਇ ਅਟਕਾਈਆ । ਮਨੂਆ ਦੇਵੇ ਕੋਈ ਨਾ ਧੋਖਾ, ਧੂੰਆਂਧਾਰ ਨਾ ਕੋਇ ਕਰਾਈਆ । ਪੜ੍ਹਨਾ ਪਏ ਨਾ ਕੋਈ ਪੋਥਾ, ਪੁਸਤਕ ਹੱਥ ਨਾ ਕੋਇ ਉਠਾਈਆ । ਪੰਧ ਮੁਕਾਵੇ ਲੋਕ ਪਰਲੋਕਾ, ਭੱਜੇ ਵਾਹੋ ਦਾਹੀਆ । ਗਾਵੇ ਇਕ ਸਲੋਕਾ, ਸੋਹੰ ਰਾਗ ਅਲਾਹੀਆ । ਪ੍ਰਭ ਮਿਲਣ ਦਾ ਰਖ ਕੇ ਸ਼ੌਂਕਾ, ਸ਼ਾਕਰ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਨਿਧਾਨਾ ਜਨ ਭਗਤਾਂ ਅੰਦਰ ਵਜਾਏ ਅਗੰਮੀ ਧੌਂਸਾ, ਭੈ ਵਿਚ ਵਿਕਾਰ ਦਏ ਕਢਾਈਆ । ਜਨ ਭਗਤ ਸੁਣੇ ਇਕੋ ਧੌਂਸਾ ਡੰਕਾ, ਨਾਅਰਾ ਬੇਪਰਵਾਹੀਆ । ਜੋ ਜਾਣਿਆ ਰਾਜੇ ਜਨਕਾ, ਜੰਨ ਅੰਦਰੋਂ ਦਿਤਾ ਕਢਾਈਆ । ਜਿਸ ਕਾਰਨ ਫੇਰਿਆ ਮਨ ਕਾ ਮਣਕਾ, ਅਸ਼ਟ ਬੱਕਰ ਮਿਲੀ ਵਡਿਆਈਆ । ਭਾਗ ਹੋਇਆ ਸਾਚੇ ਤਨ ਕਾ, ਤਨ ਮਾਟੀ ਖ਼ਾਕੀ ਸੋਭਾ ਪਾਈਆ । ਪਰਕਾਸ਼ ਹੋਇਆ ਅਗੰਮੀ ਚੰਨ ਕਾ, ਨੂਰ ਨੂਰ ਨੂਰ ਰੁਸ਼ਨਾਈਆ । ਭੰਡਾਰਾ ਮਿਲਿਆ ਧੁਰ ਦੇ ਨਾਮ ਧਨ ਕਾ, ਘਰ ਖਜ਼ਾਨਾ ਦਿਤਾ ਟਿਕਾਈਆ । ਰਾਗ ਸੁਣਨਾ ਚੁਕਿਆ ਕੰਨ ਕਾ, ਕਾਇਆ ਮੰਦਰ ਅੰਦਰ ਸ਼ਬਦ ਸੁਣੇ ਸ਼ਨਵਾਈਆ । ਮਾਣ ਰਿਹਾ ਨਾ ਹਉਂ ਹਮ ਕਾ, ਹੰ ਬ੍ਰਹਮ ਰੂਪ ਆਪਣਾ ਨਜ਼ਰੀ ਆਈਆ । ਝੂਠਾ ਨਾਤਾ ਦਿਸਿਆ ਚਮੜੀ ਚੰਮ ਕਾ, ਚੰਮ ਦ੍ਰਿਸ਼ਟੀ ਲਈ ਬਦਲਾਈਆ । ਲੇਖਾ ਲਾ ਕੇ ਪਵਣ ਸਵਾਸ ਦਮ ਦਾ, ਦਾਮਨਗੀਰ ਇਕੋ ਸ੍ਰੀ ਭਗਵਾਨ ਲਿਆ ਬਣਾਈਆ । ਜੋ ਨਾ ਮਰੇ ਨਾ ਕਦੇ ਜੰਮਦਾ, ਜੂਨੀ ਵਿਚ ਲੱਖ ਚੁਰਾਸੀ ਰਿਹਾ ਭਵਾਈਆ । ਜਨ ਭਗਤਾਂ ਕਦੇ ਨਾ ਡੰਨਦਾ, ਲੱਖ ਚੁਰਾਸੀ ਸਜ਼ਾ ਦਏ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਵਕ਼ਤ ਸੁਹੰਜਣਾ ਕਰੇ ਧੰਨ ਧੰਨ ਧੰਨ ਕਾ, ਧਰਮ ਦਵਾਰਾ ਏਕੰਕਾਰਾ ਸਾਚਾ ਗ੍ਰਿਹਿ ਸਚਖੰਡ ਇਕੋ ਇਕ ਵਖਾਈਆ ।

੬੯੧
੧੯

### ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਪ੍ਰੇਮ ਸਿੰਘ ਦੇ ਗ੍ਰਿਹਿ ਪਿੰਡ ਸਰਦਾਰੀ ਕੈਂਪ ਮੁਅਤਲ ਜੰਮੂ

ਜਨ ਭਗਤ ਕਿਸੇ ਦਰ ਨਾ ਮੰਗੇ ਆਬਾ, ਅੰਮ੍ਰਿਤ ਪ੍ਰਭ ਦਾ ਪੀ ਕੇ ਖ਼ੁਸ਼ੀ ਮਨਾਈਆ । ਮਾਣ ਰਖੇ ਨਾ ਕੋਇ ਕਵਲੀ ਨਾਭਾ, ਨਾਭੀ ਤੋਂ

ਪਰੇ ਸਵਾਦਾ ਬੇਪਰਵਾਹੀਆ । ਸੀਸ ਝੁਕਾ ਕੇ ਜਗਤ ਇਸ਼ਟ ਨਾ ਕਰੇ ਅਦਾਬਾ, ਸੀਸ ਇਕੋ ਇਕ ਨਿਵਾਈਆ । ਆਤਮ ਪਰਮਾਤਮ ਪਿਆਰ ਕਰੇ ਸਾਂਝਾ, ਸਾਚੀ ਰੀਤੀ ਆਪ ਮਨਾਈਆ । ਕਲਜੁਗ ਅੰਧੇਰ ਝੱਖੜ ਨਾ ਵੇਖੇ ਝਾਂਜਾ, ਅਡੋਲ ਅਡੁਲ ਰਹਿ ਕੇ ਖ਼ੁਸ਼ੀ ਵਿਚ ਸਮਾਈਆ । ਅੱਠੇ ਪਹਿਰ ਸੋਹੰ ਢੋਲਾ ਗੀਤ ਰਹੇ ਗਾਂਦਾ, ਗਾਵਤ ਗਾ ਗਾ ਖ਼ੁਸ਼ੀ ਮਨਾਈਆ । ਅਬਿਨਾਸ਼ੀ ਕਰਤਾ ਸਭ ਦਾ ਲੇਖਾ ਰਹੇ ਲਾਂਦਾ, ਅਭੁੱਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥੱਕਾ ਮਾਂਦਾ, ਜਗਤ ਮੰਜ਼ਲ ਵਿਚੋਂ ਪਾਰ ਕਰਾਈਆ । ਹਰਿ ਭਗਤ ਕੂੜੀ ਕਰੇ ਨਾ ਕੋਈ ਬਨਾਵਟ, ਠੱਗਾਂ ਵਾਲਾ ਰੂਪ ਨਾ ਕੋਇ ਵਟਾਈਆ । ਪੁਰਖ ਅਬਿਨਾਸ਼ੀ ਕੋਲੋਂ ਮੰਗੇ ਨਾਮ ਨਿਆਮਤ, ਵਸਤ ਅਮੋਲਕ ਝੋਲੀ ਡਾਹੀਆ । ਜਿਸ ਦੇ ਨਾਲ ਰਹੇ ਸਦਾ ਸਹੀ ਸਲਾਮਤ, ਜਨਮ ਮਰਨ ਵਿਚ ਕਦੇ ਨਾ ਆਈਆ । ਪ੍ਰਭ ਦੀ ਬਣਿਆ ਰਹੇ ਅਮਾਨਤ, ਕਾਇਆ ਮਾਟੀ ਅੰਦਰ ਬਹਿ ਕੇ ਵਕਤ ਲੰਘਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਦਿ ਜੁਗਾਦਿ ਸਦਾ ਸਦ ਸਭ ਦਾ ਜਾਣਤ, ਅਣਜਾਣਤ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਉਜਲ ਆਪ ਕਰਾਈਆ । ਜਨ ਭਗਤ ਕੱਟੇ ਜਗਤ ਨਾ ਕੋਇ ਗ਼ੁਲਾਮੀ, ਦਰਵੇਸ਼ ਦਰ ਨਾ ਅਲਖ ਜਗਾਈਆ । ਕਲਮਾ ਪੜ੍ਹੇ ਨਾ ਸ਼ਰਅ ਕਲਾਮੀ, ਕਾਇਨਾਤ ਨਾ ਕੋਇ ਸੁਣਾਈਆ । ਵਡਿਆਈ ਵਿਚ ਨਾ ਲਏ ਬਦਨਾਮੀ, ਨੇਕੀ ਬਦੀ ਵੰਡ ਨਾ ਕੋਇ ਵੰਡਾਈਆ । ਮਮਤਾ ਮੋਹ ਵਿਚ ਮਨ ਨਾ ਕਰੇ ਹਰਾਮੀ, ਕੂੜੀ ਕਿਰਿਆ ਸੰਗ ਨਾ ਕੋਇ ਰਖਾਈਆ । ਇਕੋ ਧਿਆਨ ਪ੍ਰਭ ਚਰਨ ਕਰੇ ਧਿਆਨੀ, ਓਟ ਇਕੋ ਇਕ ਤਕਾਈਆ । ਜਿਸ ਦੀ ਦਰਗਹਿ ਸਚ ਨਿਸ਼ਾਨੀ, ਨਿਸ਼ਾਨਾ ਆਪਣਾ ਰਿਹਾ ਝੁਲਾਈਆ । ਜਨ ਭਗਤਾਂ ਦੇਵਣਹਾਰਾ ਪਦ ਨਿਰਬਾਣੀ, ਪਦਮਾਂ ਦੇ ਵਿਚੋਂ ਬਾਹਰ ਕਢਾਈਆ । ਆਤਮ ਰਹਿਣ ਨਾ ਦੇਵੇ ਬੇਗਾਨੀ, ਬੇਗਮ ਧੁਰ ਦੀ ਲਏ ਬਣਾਈਆ । ਲੇਖੇ ਲਾਵੇ ਬਾਲ ਬਿਰਧ ਅਵਸਥਾ ਜਵਾਨੀ, ਜੋਬਨਵੰਤਾ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਸੰਗ ਸੂਰਾ ਸਰਬੰਗ ਕਦੇ ਨਾ ਕਰੇ ਬੇਈਮਾਨੀ, ਬੇਵਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੰਜ਼ਲ ਆਪਣੀ ਦੱਸੇ ਆਸਾਨੀ, ਅਹਿਸਾਨ ਸਿਰ ਨਾ ਕੋਇ ਚੜ੍ਹਾਈਆ ।



### ✪ ੧੬ ਜੇਠ ਸ਼ਹਿਨਸ਼ਾਹੀ ਸੰਮਤ ੨ ਬੀਬੀ ਭਾਈਆਂ ਦੇਵੀ ਪਿੰਡ ਧੰਗਾਲੀ ਕੈਂਪ ਝਜਰ ਕੋਟਲੀ ਜੰਮੂ ✪

ਜਨ ਭਗਤ ਕਹੇ ਮੈਂ ਜਾਵਾਂ ਆਪਣੇ ਰਸਤੇ, ਸਚ ਦਵਾਰੇ ਖ਼ੁਸ਼ੀਆਂ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਰਾਹ ਵਿਚ ਮਿਲਣ ਹੱਸਦੇ, ਖ਼ੁਸ਼ੀਆਂ ਢੋਲੇ ਗਾਈਆ । ਸਾਨੂੰ ਪ੍ਰਭ ਦਾ ਖੇਲ ਦੱਸ ਦੇ, ਕੀ ਕਲਜੁਗ ਅੰਤ ਕਲ ਵਰਤਾਈਆ । ਅਸੀਂ ਚਾਰ ਕੁੰਟ ਦਹਿ ਦਿਸ਼ਾ ਰਹੇ ਨਠਦੇ, ਉਸ ਦੀ ਸਮਝ ਕੋਇ ਨਾ ਆਈਆ । ਚਰਨ ਕਵਲ ਸਰਨਾਈ ਰਹੇ ਢੱਠਦੇ, ਨਿਉਂ ਨਿਉਂ ਸੀਸ ਝੁਕਾਈਆ । ਭਾਂਡੇ ਘੜਦੇ ਰਹੇ ਅੱਠ ਤਤ ਦੇ, ਪੰਜਾਂ ਤੱਤਾਂ ਮਿਲ ਕੇ ਖ਼ੁਸ਼ੀ ਵਖਾਈਆ । ਮੇਲ ਕਰਦੇ ਰਹੇ ਹੱਡ ਮਾਸ ਨਾੜੀ ਰਤ ਦੇ, ਰਤਨ ਅਮੋਲਕ ਹੀਰੇ ਸਰਬ ਪਰਗਟਾਈਆ । ਸੰਦੇਸ਼ੇ ਦਿੰਦੇ ਰਹੇ ਸੱਜਣ ਸਚ ਦੇ, ਹੁਕਮੇ ਅੰਦਰ ਸੁਣਾਈਆ । ਸਾਨੂੰ ਖੇਲ ਦੱਸ ਦੇ ਅੱਜ ਦੇ, ਦਰ ਤੇਰੇ ਮੰਗ ਮੰਗਾਈਆ । ਕੀ ਵੇਸ ਪੁਰਖ ਸਮਰਥ ਦੇ,

ਕਿਸ ਬਿਧ ਭਗਤਾਂ ਦਏ ਵਡਿਆਈਆ । ਜਨ ਭਗਤ ਕਹੇ ਅਸੀਂ ਓਸਦੀ ਸਰਨਾਈ ਵਸਦੇ, ਚਰਨ ਕਵਲ ਆਸ ਰਖਾਈਆ । ਸਾਡੇ ਝਗੜੇ ਮੁੱਕ ਗਏ ਜਗਤ ਵਾਲੀ ਅੱਖ ਦੇ, ਪਰਤੱਖ ਦਰਸ਼ਨ ਪਾਈਆ । ਇਕੋ ਢੋਲਾ ਰਟਦੇ, ਜੋ ਸਹਿਜ ਦਿਤਾ ਸਮਝਾਈਆ । ਝਗੜੇ ਮਿਟ ਗਏ ਦੂਈ ਵਾਲੇ ਵਿਛੋੜੇ ਫੱਟ ਦੇ, ਪੱਟੀ ਸਹਿਜ ਦਿਤੀ ਬੰਧਾਈਆ । ਖੇਲ ਕਰੇ ਗ੍ਰਿਹ ਮੰਦਰ ਸਾਚੇ ਜੱਟ ਦੇ, ਜਟਾ ਜੂਟਧਾਰੀ ਨਜ਼ਰ ਕਿਸੇ ਨਾ ਆਈਆ । ਭੇਸ ਵਟਾ ਕੇ ਵਾਂਗ ਨਟ ਦੇ, ਨਟੂਆ ਹੋ ਕੇ ਆਪਣਾ ਸਾਂਗ ਵਖਾਈਆ । ਕੋਟਾਂ ਵਿਚੋਂ ਜਨ ਭਗਤ ਥੋੜੇ ਲਾਹਾ ਖਟ ਦੇ, ਜਿਨ੍ਹਾਂ ਦੀ ਖਟੀਆਂ ਆਤਮ ਸੇਜਾ ਦਿਤੀ ਸੁਹਾਈਆ । ਅੰਮ੍ਰਿਤ ਰਸ ਪ੍ਰੀਤੀ ਅੰਦਰ ਚੱਟ ਦੇ, ਚੇਟਕ ਕੂੜਾ ਦਏ ਗਵਾਈਆ । ਸਦਾ ਸਦਾ ਸਦ ਚਰਨ ਸਰਨ ਢੱਠਦੇ, ਡਿਗਿਆਂ ਲਏ ਉਠਾਈਆ । ਪ੍ਰੇਮ ਪਿਆਰ ਵਿਛੋਣੇ ਦੇਵੇ ਪੱਟ ਦੇ, ਬਿਸਤਰੇ ਜਗਤ ਨਾ ਕੋਇ ਸੁਹਾਈਆ । ਅਰਸ਼ਾਂ ਤੋਂ ਥੱਲੇ ਫ਼ਰਸ਼ਾਂ ਤੋਂ ਉਤੇ ਉਹ ਤੰਬੂਆਂ ਟੈਂਟਾਂ ਵਿਚ ਵਸਦੇ, ਟੰਟੇ ਸਾਰੇ ਗਏ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਰਾਹ ਵੇਖਣ ਓਸ ਅੱਖ ਦੇ, ਜੋ ਆਖ਼ਰ ਮੰਜ਼ਲ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਲਹਿਣੇ ਜਾਣੇ ਘਟ ਘਟ ਦੇ, ਦਰ ਦਰ ਦੇਣਾ ਦੇ ਕੇ ਖ਼ੁਸ਼ੀ ਮਨਾਈਆ ।



### ✪ ੧੬ ਜੇਠ ਸ਼ਹਿਨਸ਼ਾਹੀ ਸੰਮਤ ੨ ਬੰਤੀ ਦੇਵੀ ਦੇ ਗ੍ਰਿਹ ਛੰਬ ਝੱਜਰ ਕੋਟਲੀ ਕੈਂਪ ਜੰਮੂ ✪

੬੯੩
੧੯

ਜਨ ਭਗਤ ਕਹੇ ਮੈਨੂੰ ਮਿਲੇ ਗੁਰੂ ਅਵਤਾਰ, ਪੈਗ਼ੰਬਰ ਹੱਸ ਹੱਸ ਖ਼ੁਸ਼ੀ ਮਨਾਈਆ । ਲੋਕਮਾਤ ਦਾ ਦੱਸ ਵਿਹਾਰ, ਕੀ ਖੇਲ ਪ੍ਰਭੂ ਰਚਾਈਆ । ਕਿਸ ਬਿਧ ਲਹਿਣਾ ਦੇਣਾ ਰਿਹਾ ਉਤਾਰ, ਭਗਤਾਂ ਹੋਏ ਸਹਾਈਆ । ਚਾਰ ਕੁੰਟ ਪਾਵੇ ਸਾਰ, ਦਹਿ ਦਿਸ਼ਾ ਖੋਜ ਖੁਜਾਈਆ । ਜਨਮ ਮਰਨ ਤੋਂ ਕਰੇ ਬਾਹਰ, ਚੁਰਾਸੀ ਗੇੜ ਰਹੇ ਨਾ ਰਾਈਆ । ਸਚ ਵਖਾਵੇ ਧਰਮ ਦਵਾਰ, ਨਾਤੇ ਕੂੜੇ ਦਏ ਤੁੜਾਈਆ । ਮਹੱਲ ਅਟਲ ਚੜ੍ਹਾਏ ਉਚ ਮਨਾਰ, ਮੰਜ਼ਲ ਅਗਲੀ ਪੰਧ ਮੁਕਾਈਆ । ਨਾਤਾ ਜੋੜੇ ਬਣ ਕੇ ਸਾਂਝਾ ਯਾਰ, ਯਰਾਨਾ ਆਪਣਾ ਇਕ ਵਖਾਈਆ । ਜਿਸ ਦੀ ਮਹਿੰਮਾ ਕਾਗਤ ਕ਼ਲਮ ਨਾ ਲਿਖਣਹਾਰ, ਸ਼ਾਹੀ ਰੋਵੇ ਮਾਰੇ ਧਾਈਆ । ਕਰੇ ਖੇਲ ਅਪਰ ਅਪਾਰ, ਅਪਰੰਪਰ ਆਪਣਾ ਹੁਕਮ ਮਨਾਈਆ । ਜਨ ਭਗਤਾਂ ਰਖੇ ਕਿਸ ਬਿਧ ਨਾਲ, ਸ਼ਬਦ ਇਸ਼ਾਰੇ ਨਾਲ ਉਠਾਈਆ । ਜਨ ਭਗਤਾਂ ਕਿਰਪਾ ਕੀਤੀ ਆਪ ਨਿਰੰਕਾਰ, ਨਿਰਗੁਣ ਹੋ ਕੇ ਵੇਖ ਵਖਾਈਆ । ਇਕੋ ਸਿਖਿਆ ਦਿਤੀ ਸਿਖਾਲ, ਸਾਚੀ ਕਰੇ ਪੜ੍ਹਾਈਆ । ਦੀਨਾਂ ਬੰਧੂ ਹੋ ਦਿਆਲ, ਮਿਹਰ ਨਜ਼ਰ ਉਠਾਈਆ । ਸਚ ਮੁਹੱਬਤ ਕਰ ਪਿਆਰ, ਪ੍ਰੀਤੀ ਆਪਣੀ ਵਿਚ ਰਖਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੱਸ ਜੈਕਾਰ, ਜੰਗਲ ਜੂਹ ਉਜਾੜ ਪਹਾੜਾਂ ਟਿੱਲੇ ਪਰਬਤਾਂ ਸਮੁੰਦ ਸਾਗਰਾਂ ਜਗਤ ਅਭਿਆਸਾਂ ਜੋਗਾਂ ਦਾ ਖਹਿੜਾ ਦਿਤਾ ਛੁਡਾਈਆ ।

## ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਸ਼ਿਵੋ ਦੇਵੀ ਪਿੰਡ ਧੰਗਾਲੀ ਝੱਜਰ ਕੋਟਲੀ ਜੰਮੂ

ਜਨ ਭਗਤ ਕਹੇ ਮੈਂ ਚੜ੍ਹਿਆ ਸਚ ਮਨਾਰ, ਮੰਜ਼ਲ ਵੇਖੀ ਬੇਪਰਵਾਹੀਆ । ਜਿਥੇ ਇਕੋ ਇਕ ਜੈਕਾਰ, ਇਕੋ ਆਵਾਜ ਅਲਾਹੀਆ । ਜਿਥੇ ਇਕੋ ਇਕ ਚਮਤਕਾਰ, ਇਕੋ ਨੂਰ ਰੁਸ਼ਨਾਈਆ । ਜਿਥੇ ਇਕੋ ਸ਼ਹਿਨਸ਼ਾਹ ਸਿਕਦਾਰ, ਤਖ਼ਤ ਨਿਵਾਸੀ ਸੋਭਾ ਪਾਈਆ । ਇਕੋ ਹੁਕਮ ਦੇਵੇ ਜੁਗ ਚਾਰ, ਧੁਰ ਫ਼ਰਮਾਨਾ ਆਪ ਸੁਣਾਈਆ । ਇਕੋ ਭੇਜੇ ਗੁਰ ਅਵਤਾਰ, ਪੈਗ਼ੰਬਰਾਂ ਵੰਡ ਵੰਡਾਈਆ । ਇਕੋ ਸੰਤਾਂ ਭਗਤਾਂ ਦੇ ਅਧਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਇਕੋ ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰ, ਧੁਰ ਸੰਦੇਸ਼ਾ ਆਪ ਸਮਝਾਈਆ । ਇਕੋ ਤ੍ਰੈਗੁਣ ਮਾਇਆ ਪੰਜ ਤਤ ਭਰੇ ਭੰਡਾਰ, ਚਾਰੇ ਖਾਣੀ ਸੋਭਾ ਪਾਈਆ । ਇਕੋ ਲੱਖ ਚੁਰਾਸੀ ਖੇਲ ਕਰੇ ਅਪਾਰ, ਅਪਰੰਪਰ ਸਵਾਮੀ ਹੋ ਕੇ ਡੇਰਾ ਲਾਈਆ । ਇਕੋ ਚਾਰ ਕੁੰਟ ਦਹਿ ਦਿਸ਼ਾ ਹੋਵੇ ਉਜਿਆਰ, ਰਵ ਸਸ ਦੇਵਣਹਾਰ ਵਡਿਆਈਆ । ਇਕੋ ਮੰਡਲ ਮੰਡਪ ਗਗਨ ਗਗਨੰਤਰ ਖੇਲੇ ਖੇਲ ਬਣ ਕਰਤਾਰ, ਕਰਨੀ ਦਾ ਕਰਤਾ ਇਕ ਅਖਵਾਈਆ । ਇਕੋ ਇਕ ਧਰਨੀ ਧਰਤ ਧਵਲ ਦਏ ਅਧਾਰ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬਖ਼ਸ਼ੇ ਸਚ ਦਵਾਰ, ਦਰਗਹਿ ਸਾਚੀ ਸੋਭਾ ਪਾਈਆ । ਜਨ ਭਗਤ ਕਹੇ ਮੈਂ ਤੱਕਿਆ ਮੰਦਰ ਨਿਰਾਲਾ, ਹਰਿ ਜੂ ਹਰਿ ਹਰਿ ਨਜ਼ਰੀ ਆਈਆ । ਜਿਥੇ ਬਿਨ ਦੀਪਕ ਜੋਤ ਹੋਵੇ ਉਜਾਲਾ, ਅੰਧ ਅੰਧੇਰ ਨਾ ਕੋਇ ਵਖਾਈਆ । ਸਚਖੰਡ ਦਵਾਰ ਸੋਹੇ ਸੱਚੀ ਧਰਮਸਾਲਾ, ਧਰਮ ਦਵਾਰਾ ਇਕੋ ਸੋਭਾ ਪਾਈਆ । ਜਿਥੇ ਵਸੇ ਪੁਰਖ ਅਕਾਲਾ, ਅਕਲ ਕਲਧਾਰੀ ਡੇਰਾ ਲਾਈਆ । ਜਿਸ ਦਾ ਖੇਲ ਜੁਗ ਜੁਗ ਨਿਰਾਲਾ, ਚੌਕੜੀ ਆਪਣਾ ਹੁਕਮ ਵਰਤਾਈਆ । ਪੂਰੀ ਕਰੇ ਘਾਲਾ, ਜੋ ਸੇਵਕ ਹੋ ਕੇ ਸਾਚੀ ਸੇਵ ਕਮਾਈਆ । ਅੰਤ ਅੰਤਸ਼ਕਰਨ ਵਿਚੋਂ ਪਕੜ ਉਠਾਏ ਬਾਲਾ, ਨੰਨ੍ਹੇ ਬੱਚੇ ਆਪਣੇ ਰੰਗ ਰੰਗਾਈਆ । ਮਾਰਗ ਦੱਸ ਇਕ ਸੁਖਾਲਾ, ਸੁਖਮਨ ਵਿਚੋਂ ਬਾਹਰ ਕਢਾਈਆ । ਤ੍ਰੈਗੁਣ ਮਾਇਆ ਕੂੜੀ ਕਿਰਿਆ ਤੋੜ ਜੰਜਾਲਾ, ਜੀਵਨ ਜੁਗਤ ਦਏ ਸਮਝਾਈਆ । ਹਰਿਜਨ ਹੋਣ ਨਾ ਦੇਵੇ ਕੋਈ ਬੇਹਾਲਾ, ਮਿਹਰ ਨਜ਼ਰ ਨਜ਼ਰ ਆਪਣੀ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਜਨ ਭਗਤਾਂ ਕਾਰਨ ਨਿਰਗੁਣ ਬਦਲਦਾ ਰਹੇ ਆਪਣੀ ਚਾਲਾ, ਚਾਰ ਵਰਨ ਅਠਾਰਾਂ ਬਰਨ ਮਨ ਮਤ ਬੁਧੀ ਸਮਝ ਕੋਇ ਨਾ ਪਾਈਆ ।

## ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਫ਼ੱਤੂ ਰਾਮ ਦੇ ਗ੍ਰਹਿ ਪਿੰਡ ਅੰਬਾ ਰਾਏ ਜੰਮੂ

ਜਨ ਭਗਤ ਕਹੇ ਪ੍ਰਭੂ ਦਵਾਰਾ ਸੋਹਣਾ ਰਮਣੀਕ, ਸੁਹਾਵਣਾ ਸੁਹੰਜਣਾ ਨਜ਼ਰੀ ਆਈਆ । ਜਿਥੇ ਦਿਸੇ ਨਾ ਕੋਇ ਸ਼ਰੀਕ, ਦਵੈਤ ਵੰਡ ਨਾ ਕੋਇ ਵੰਡਾਈਆ । ਅੰਧੇਰਾ ਅੰਧ ਨਾ ਹੋਵੇ ਤਾਰੀਕ, ਇਕੋ ਨੂਰ ਜੋਤ ਕਰੇ ਰੁਸ਼ਨਾਈਆ । ਠਾਕਰ ਸਵਾਮੀ ਮਿਲੇ ਠੀਕ, ਨਿਰਗੁਣ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਕਰੇ ਸਚ ਪ੍ਰੀਤ, ਹਕੀਕਤ ਨੂੰ ਹਕੀਕਤ ਵਿਚ ਰਖਾਈਆ । ਸਨਮੁਖ ਸਦਾ ਰਹੇ ਨਜ਼ਦੀਕ, ਮੰਜ਼ਲ ਦੂਰ ਨਾ ਕੋਇ ਬਣਾਈਆ । ਸਚਖੰਡ ਦਵਾਰੇ ਦਾ ਬਣ ਵਸਨੀਕ, ਆਸਣ ਸਿੰਘਾਸਣ ਡੇਰਾ ਲਾਈਆ । ਜੁਗਾ ਜੁਗੰਤਰ ਗੁਰ ਅਵਤਾਰ ਪੈਗ਼ੰਬਰਾਂ ਦੇਂਦਾ

ਰਹੇ ਤਰਤੀਬ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣੇ ਵਿਚ ਭਵਾਈਆ । ਸਾਚਾ ਨਾਮ ਕਲਮਾ ਦੱਸਦਾ ਰਹੇ ਹਦੀਸ, ਸਤਿ ਸਤਿਵਾਦ ਦਏ ਜਣਾਈਆ । ਲੱਖ ਚੁਰਾਸੀ ਜੀਵ ਜੰਤ ਵੇਖਦਾ ਰਹੇ ਜਗਦੀਸ, ਜਗਦੀਸ਼ਰ ਹੋ ਕੇ ਫੇਰਾ ਪਾਈਆ । ਜਨ ਭਗਤਾਂ ਆਸਾ ਮਨਸਾ ਪੂਰੀ ਕਰੇ ਜੋ ਰਖ ਕੇ ਬੈਠੇ ਉਡੀਕ, ਸੰਸਾ ਰੋਗ ਦਏ ਚੁਕਾਈਆ । ਕਾਇਆ ਮਾਟੀ ਠਾਂਡੀ ਕਰੇ ਸੀਤ, ਅਗਨੀ ਤਤ ਬੁਝਾਈਆ । ਨਾਉਂ ਨਿਰੰਕਾਰਾ ਦੱਸੇ ਗੀਤ, ਸਤਿ ਸਤਾਰਾ ਨਾਲ ਵਜਾਈਆ । ਝਗੜਾ ਮੁਕਾ ਕੇ ਹਸਤ ਕੀਟ, ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਕਰੇ ਆਪ ਤਸਦੀਕ, ਤਸੱਲੀ ਨਾਲ ਹੁਕਮ ਆਪ ਸਮਝਾਈਆ । ਜਨ ਭਗਤ ਕਹੇ ਸਚ ਦਵਾਰਾ ਵੇਖਿਆ ਠੰਡਾ, ਅਗਨੀ ਅੱਗ ਨਾ ਕੋਇ ਤਪਾਈਆ । ਜੋ ਉਪਰ ਖੰਡਾਂ ਬ੍ਰਹਿਮੰਡਾਂ, ਗਗਨ ਗਗਨੰਤਰਾਂ ਸੋਭਾ ਪਾਈਆ । ਜਿਥੇ ਨਾ ਕੋਈ ਸੂਰਜ ਨਾ ਕੋਈ ਚੰਦਾ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਤਨ ਵਜੂਦ ਨਾ ਖ਼ਾਕੀ ਬੰਦਾ, ਰਸਨਾ ਢੋਲਾ ਨਾ ਕੋਇ ਸੁਣਾਈਆ । ਚਾਰੇ ਖਾਣੀ ਨਾ ਜੇਰਜ ਅੰਡਾ, ... ... ... ... ... ... ... ... । ਮਨ ਵਾਸਨਾ ਕਰੇ ਕੋਈ ਨਾ ਦੰਗਾ, ਬੁਧੀ ਵਾਲੀ ਨਾ ਕੋਇ ਲੜਾਈਆ । ਸਰੋਵਰ ਵਹੇ ਕੋਈ ਨਾ ਗੰਗਾ, ਗੋਦਾਵਰੀ ਜਮਨਾ ਸੁਰਸਤੀ ਨਾਲ ਨਾ ਕੋਇ ਮਿਲਾਈਆ । ਢੋਲਾ ਗੀਤ ਗਾਏ ਕੋਈ ਨਾ ਛੰਦਾ, ਜੈ ਜੈਕਾਰ ਨਾ ਕੋਇ ਸੁਣਾਈਆ । ਚਤੁਰਾਈ ਵਿਚ ਬਣੇ ਕੋਈ ਨਾ ਚੰਗਾ, ਬਦੀ ਰੂਪ ਨਾ ਕੋਇ ਵਖਾਈਆ । ਇਕੋ ਏਕ ਏਕੰਕਾਰ ਪੁਰਖ ਅਕਾਲ ਰਹੇ ਬਖ਼ਸ਼ੰਦਾ, ਜੋ ਭਗਤਾਂ ਮਿਹਰ ਨਜ਼ਰ ਨਾਲ ਪਾਰ ਕਰਾਈਆ । ਦੋ ਜਹਾਨ ਹੋਵੇ ਤਰੰਦਾ, ਤਾਰਨਹਾਰ ਇਕ ਅਖਵਾਈਆ । ਸੰਸਾਰ ਸਾਗਰ ਪਾਰ ਕਰਾਏ ਕੰਢਾ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਮੰਜ਼ਲ ਸਚ ਚੜ੍ਹਾਏ ਡੰਡਾ, ਡੰਡਾਵਤ ਆਪਣੀ ਦਏ ਸਮਝਾਈਆ । ਜਨ ਭਗਤਾਂ ਅੰਤਰ ਦੇ ਕੇ ਪ੍ਰੇਮ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਲਹਿਣਾ ਦੇਣਾ ਚੁਕਾਏ ਵਿਚੋਂ ਵਰਭੰਡਾ, ਭੰਡੀ ਕੂੜੀ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਸਚਖੰਡ ਦਵਾਰ ਚੰਗਾ, ਜਿਥੇ ਚੁਗ਼ਲੀ ਨਿੰਦਿਆ ਕਰਨ ਕੋਇ ਨਾ ਆਈਆ ।



### ✪ ੧੬ ਜੇਠ ਸ਼ਹਿਨਸ਼ਾਹੀ ਸੰਮਤ ੨ ਫੁਮਣ ਸਿੰਘ ਦੇ ਗ੍ਰਿਹ ਪਿੰਡ ਛੰਬ ਕੈਂਪ ਮਨਵਾਲ ਜੰਮੂ ✪

ਜਨ ਭਗਤ ਸੋਹੇ ਸਚਖੰਡ, ਜਿਥੇ ਖੰਡਾ ਖੜਗ ਨਜ਼ਰ ਕੋਇ ਨਾ ਆਈਆ । ਅਵਤਾਰ ਪੈਗ਼ੰਬਰ ਵੰਡੇ ਕੋਈ ਨਾ ਵੰਡ, ਇਕੋ ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲ ਜੋਤ ਜੋਤ ਵਿਚ ਸਮਾਈਆ । ਨਾ ਕੋਈ ਕਲਮਾ ਢੋਲਾ ਗੀਤ ਸੁਣਾਵੇ ਛੰਦ, ਰਸਨਾ ਵਾਲੀ ਆਵਾਜ਼ ਨਾ ਕੋਇ ਅਲਾਈਆ । ਨਾ ਕੋਈ ਸੂਰੀਆ ਦਿਸੇ ਚੰਦ, ਮੰਡਲ ਰੂਪ ਬਦਲਾਈਆ । ਨਾ ਕੋਈ ਭਰਮ ਭੁਲੇਖਾ ਦੂਈ ਦਵੈਤੀ ਸ਼ਰਅ ਦੀ ਹੋਵੇ ਕੰਧ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਨਾ ਕੋਈ ਇਸ਼ਟ ਦੇਵ ਵੱਖਰਾ ਹੋਵੇ ਢੰਗ, ਮੰਦਰ ਮਸਜਿਦ ਸ਼ਿਵ ਦਵਾਲਾ ਮਠ ਗੁਰੁਦਵਾਰ ਨਜ਼ਰ ਕੋਇ ਨਾ ਆਈਆ । ਨਾ ਜਲਧਾਰਾ ਵਹਿਣ ਵਹੇ ਗੰਗ, ਸਮੁੰਦ ਸਾਗਰ ਰੂਪ ਨਾ ਕੋਇ ਬਦਲਾਈਆ । ਨਾ ਕੋਈ ਚਾਰ ਕੁੰਟ ਦਹਿ ਦਿਸ਼ਾ ਮਾਰਨਾ ਪਏ ਪੰਧ, ਨੌ ਸੱਤ ਭੱਜੇ

ਕੋਇ ਨਾ ਵਾਹੋ ਦਾਹੀਆ । ਨਾ ਕੋਈ ਕਾਗ਼ਜ਼ ਕ਼ਲਮ ਸ਼ਾਹੀ ਲੇਖਾ ਕਰੇ ਬੰਦ, ਬੰਦ ਅੱਖਰ ਵੱਖਰ ਦਏ ਜਣਾਈਆ । ਨਾ ਕੋਈ ਰੂਪ ਰੇਖ ਦਿਸੇ ਰੰਗ, ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਖੇਲ ਰਿਹਾ ਕਰਾਈਆ । ਜਨ ਭਗਤਾਂ ਪ੍ਰੇਮ ਪਿਆਰ ਪ੍ਰੀਤੀ ਦੇਵੇ ਆਪਣਾ ਸਚ ਅਨੰਦ, ਅਨਰਸ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਇਕੋ ਏਕ ਏਕੰਕਾਰ ਆਪਣਾ ਦੱਸੇ ਧਰਮ, ਧੁਰ ਦੀ ਬਾਣ ਸਭ ਨੂੰ ਦਏ ਲਗਾਈਆ । ਜਨ ਭਗਤ ਤੱਕੇ ਸਚਖੰਡ ਮਹੱਲ, ਛੱਪਰ ਛੰਨ ਨਜ਼ਰ ਕੋਇ ਨਾ ਆਈਆ । ਜਿਥੇ ਬਿਨ ਤੇਲ ਬਾਤੀ ਦੀਪਕ ਰਿਹਾ ਬਲ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪੁਰਖ ਅਕਾਲ ਬੈਠਾ ਅਟਲ, ਪਦਵੀ ਆਪਣੀ ਆਪ ਬਣਾਈਆ । ਜਿਥੇ ਨਾ ਕੋਈ ਜਲ ਨਾ ਕੋਈ ਥਲ, ਸਮੁੰਦ ਸਾਗਰ ਰੂਪ ਨਾ ਕੋਇ ਵਖਾਈਆ । ਨਾ ਕੋਈ ਕਪਟ ਨਾ ਕੋਈ ਛਲ, ਅਛਲ ਅਛੱਲ ਵੇਸ ਨਾ ਕੋਇ ਧਰਾਈਆ । ਇਕੋ ਸ਼ਹਿਨਸ਼ਾਹ ਧਾਮ ਸੋਹੇ ਨਿਹਚਲ, ਨਿਹਕਰਮੀ ਆਪਣਾ ਡੇਰਾ ਲਾਈਆ । ਸਚ ਸੰਦੇਸ਼ੇ ਆਦਿ ਜੁਗਾਦਿ ਜੁਗ ਚੌਕੜੀ ਸ਼ਬਦੀ ਧਾਰ ਰਿਹਾ ਘੱਲ, ਧੁਰ ਫ਼ਰਮਾਨਾ ਇਕ ਅਲਾਈਆ । ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਅੰਦਰ ਜਾਏ ਰਲ, ਨਿਰਗੁਣ ਹੋ ਕੇ ਸੋਭਾ ਪਾਈਆ । ਮਿਹਰਵਾਨ ਹੋ ਕੇ ਮਹਿਬੂਬ ਜਨ ਭਗਤਾਂ ਹੋਵੇ ਵਲ, ਵਲਵਲੇ ਕੂੜੇ ਅੰਦਰੋਂ ਦਏ ਕਢਾਈਆ । ਸਾਚੇ ਨਾਮ ਦਾ ਦੇਵੇ ਫਲ, ਰਸ ਆਪਣਾ ਦਏ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਸਾਵੇ ਸਾਚੇ ਆਪਣੇ ਘਰ, ਜਿਸ ਘਰ ਦਾ ਸਵਾਮੀ ਇਕੋ ਇਕ ਅਖਵਾਈਆ । ਜਨ ਭਗਤ ਵੇਖੇ ਸੱਚੀ ਦਰਗਾਹ, ਮੁਕਾਮੇ ਹੱਕ ਖ਼ੁਸ਼ੀ ਮਨਾਈਆ । ਜਿਥੇ ਆਤਮ ਪਰਮਾਤਮ ਦਾ ਅੰਤ ਅਖ਼ੀਰੀ ਹੋਏ ਨਕਾਹ, ਤੱਤਾਂ ਦੀ ਲੋੜ ਰਹੇ ਨਾ ਰਾਈਆ । ਪਵਣ ਸਵਾਸੀ ਲੈਣਾ ਪਏ ਨਾ ਸਾਹ, ਚਮੜੀ ਹੱਡ ਜੋੜ ਨਾ ਕੋਇ ਜੁੜਾਈਆ । ਫਿਰਨਾ ਪਏ ਨਾ ਕਿਸੇ ਥਲ ਅਸਗਾਹ, ਜੰਗਲਾਂ ਵਿਚ ਨਾ ਕੋਇ ਭਵਾਈਆ । ਲੱਭਣਾ ਪਏ ਕਿਸੇ ਨਾ ਰਾਹ, ਚਾਰੇ ਕੁੰਟਾਂ ਭੱਜੇ ਨਾ ਵਾਹੋ ਦਾਹੀਆ । ਕਿਰਪਾ ਕਰੇ ਬੇਪਰਵਾਹ, ਅਬਿਨਾਸ਼ੀ ਕਰਤਾ ਪੜਦਾ ਦਏ ਉਠਾਈਆ । ਘਰ ਸੱਜਣ ਮਿਲੇ ਸਹਿਜ ਸੁਭਾ, ਗ੍ਰਹਿ ਬੈਠਾ ਨਜ਼ਰੀ ਆਈਆ । ਜਿਸ ਨੂੰ ਜਲਵਾਗਰ ਕਹਿੰਦੇ ਖ਼ੁਦਾ, ਖ਼ੁਦੀ ਤਕੱਬਰ ਦਏ ਮਿਟਾਈਆ । ਆਪਣਾ ਨੂਰ ਕਰੇ ਰੁਸ਼ਨਾ, ਜਹੂਰ ਵਿਚੋਂ ਜਹੂਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਦਾ ਮਿਹਰਵਾਂ, ਮਿਹਰਵਾਨ ਹੋ ਕੇ ਆਪਣੇ ਰੰਗ ਰੰਗਾਈਆ । ਜਨ ਭਗਤ ਕਦੇ ਨਾ ਲੋੜੇ ਸਵਰਗ ਨਰਕ, ਬਹਿਸ਼ਤ ਜਨਤ ਦੋਜ਼ਖ਼ ਲੋੜ ਰਹੇ ਨਾ ਰਾਈਆ । ਜਗਤ ਸੁਖ ਸਾਰੇ ਕਰੇ ਤਰਕ, ਤੁਰਤ ਫ਼ੈਸਲਾ ਇਕ ਕਰਾਈਆ । ਸਿੱਧੀ ਪਰਮ ਪੁਰਖ ਪਰਮਾਤਮ ਨਾਲ ਮੇਲ ਕੇ ਆਪਣੀ ਸੁਰਤ ਨਾਤਾ ਸਤਿਗੁਰ ਸ਼ਬਦ ਨਾਲ ਮਿਲਾਈਆ । ਦਰਸ਼ਨ ਕਰੇ ਅਕਾਲ ਮੂਰਤ, ਅਕਲ ਕਲਧਾਰੀ ਵੇਖ ਵਖਾਈਆ । ਜਿਸ ਦੀ ਸਮਝੇ ਕੋਈ ਨਾ ਸੂਰਤ, ਸਿਫ਼ਤਾਂ ਵਿਚ ਸਾਰੇ ਗਏ ਗਾਈਆ । ਜਿਸ ਦਾ ਨਾਦ ਅਗੰਮੀ ਤੂਰਤ, ਤੁਰੀਆ ਪਦ ਤੋਂ ਪਰੇ ਕਰੇ ਸ਼ਨਵਾਈਆ । ਜਿਸ ਦੀ ਆਦਿ ਕਰੀ ਨਾ ਕਿਸੇ ਮਹੂਰਤ, ਅੰਤ ਕਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਰਖਦੇ ਗਏ ਜ਼ਰੂਰਤ, ਉਹ ਜ਼ਰੂਰੀ ਭਗਤਾਂ ਹੋਏ ਸਹਾਈਆ । ਨਾਤਾ ਤੋੜ ਕੇ ਕੂੜੋ ਕੂੜਤ, ਮਮਤਾ ਮੋਹ ਦਏ ਚੁਕਾਈਆ । ਚਰਨ ਪ੍ਰੀਤੀ ਦੇ ਕੇ ਸਾਚੀ ਖ਼ਾਕ ਧੂੜਤ, ਧੁਰ ਦਾ ਲਹਿਣਾ ਝੋਲੀ ਪਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਤ, ਅਗਿਆਨ ਅੰਧੇਰ ਅੰਦਰੋਂ ਦਏ ਕਢਾਈਆ ।


੬੯੬
੧੯

ਕਰ ਪਰਕਾਸ਼ ਨੂਰ ਨੁਰਾਨਾ ਨੂਰਤ, ਨਿਰਗੁਣ ਆਪਣੇ ਵਿਚ ਸਮਾਈਆ । ਆਸਾ ਮਨਸਾ ਜਨ ਭਗਤਾਂ ਸਦਾ ਹੋਵੇ ਪੂਰਤ, ਪੂਰਬ ਲੇਖਾ ਬਿਨ ਲੇਖਿਉਂ ਦਏ ਵਰਤਾਈਆ । ਸਰਬ ਕਲਾ ਬਣ ਭਰਪੂਰਤ, ਭਰਮ ਭੁਲੇਖਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਰ ਘਰ ਸਾਚੇ ਦੇਵੇ ਮਾਣ ਵਡਿਆਈਆ । ਜਨ ਭਗਤ ਕਦੇ ਨਾ ਕਰੇ ਮਿੰਨਤ, ਬਹੁੜੀ ਬਹੁੜੀ ਕਰ ਨਾ ਕੋਇ ਕੁਰਲਾਈਆ । ਸਦਾ ਜਾਵੇ ਪਰਮ ਪੁਰਖ ਦੀ ਸਿੰਮਤ, ਜਗਤ ਸਮਾਜ ਸਕੇ ਨਾ ਕੋਇ ਅਟਕਾਈਆ । ਅੰਤਰ ਆਤਮ ਕਰ ਕੇ ਹਿੰਮਤ, ਭੱਜੇ ਵਾਹੋ ਦਾਹੀਆ । ਰੋਕ ਨਾ ਸਕੇ ਕੋਈ ਨਿੰਦਕ, ਨਿੰਦਿਆ ਵਿਚ ਜਗਤ ਲੋਕਾਈਆ । ਮਨਸਾ ਮਨ ਰਹੇ ਨਾ ਚਿੰਤਕ, ਚਿੰਤਾ ਚਿਖਾ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸੰਗ ਨਿਭਾਈਆ । ਜਨ ਭਗਤ ਕਦੇ ਨਾ ਲੋੜੇ ਜਗ ਤੀਰਥ ਪਾਣੀ, ਤੀਰਥ ਸਰੋਵਰ ਭਗਤ ਜਨ ਬਣਾਈਆ । ਇਕੋ ਅਬਿਨਾਸ਼ੀ ਕਰਤਾ ਲੱਭੇ ਆਪਣਾ ਹਾਣੀ, ਜੋ ਹਰ ਘਟ ਹਰ ਵੇਲੇ ਹੋਏ ਸਹਾਈਆ । ਜਿਸ ਦੀ ਬਦਲ ਨਾ ਜਾਏ ਕਦੇ ਜਵਾਨੀ, ਜੋਬਨਵੰਤਾ ਇਕੋ ਨਜ਼ਰੀ ਆਈਆ । ਜਿਸ ਦਾ ਖੇਲ ਪਰੇ ਜ਼ਿਮੀਂ ਅਸਮਾਨੀ, ਜਿਸਮਾਨੀ ਤਤ ਸਭ ਦੇ ਰਿਹਾ ਹੰਢਾਈਆ । ਜਿਸ ਦੁਨੀਆ ਰਖੀ ਫਾਨੀ, ਪੀਰ ਪੈਗ਼ੰਬਰ ਗੁਰ ਅਵਤਾਰ ਬਚਿਆ ਰਹਿਣ ਕੋਇ ਨਾ ਪਾਈਆ । ਜੋ ਧੁਰ ਦੇ ਕਲਮੇ ਦੀ ਕਾਇਨਾਤ ਮਾਰੇ ਕਾਨੀ, ਨਾਮ ਨਿਧਾਨਾ ਤੀਰ ਚਲਾਈਆ । ਜਿਸ ਦਾ ਦੂਜਾ ਦਿਸੇ ਕੋਇ ਨਾ ਸਾਨੀ, ਲਾਸਾਨੀ ਇਕੋ ਨਜ਼ਰੀ ਆਈਆ । ਜੋ ਜੁਗ ਚੌਕੜੀ ਖੇਲੇ ਖੇਲ ਮਹਾਨੀ, ਮਹਾਂਬੀਰ ਸੂਰਬੀਰ ਆਪ ਉਪਜਾਈਆ । ਜੋ ਜਨ ਭਗਤਾਂ ਅੰਤਰ ਬਖ਼ਸ਼ੇ ਨੂਰ ਜੋਤ ਨੁਰਾਨੀ, ਨਰ ਨਰਾਇਣ ਦਇਆ ਕਮਾਈਆ । ਮੰਜ਼ਲ ਚੜ੍ਹ ਕੇ ਸਚ ਰੁਹਾਨੀ, ਰੂਹ ਬੁਤ ਦੋਵੇਂ ਕਰੇ ਸਫ਼ਾਈਆ । ਆਤਮ ਰਹਿਣ ਨਾ ਦੇਵੇ ਬੇਗਾਨੀ, ਬੇਗਾਨੇ ਘਰ ਵਿਚੋਂ ਬਾਹਰ ਕਢਾਈਆ । ਆਤਮ ਪਰਮਾਤਮ ਮਿਲ ਕੇ ਪਾਵੇ ਪਦ ਨਿਰਬਾਣੀ, ਨਿਰਵੈਰ ਹੋ ਕੇ ਇਕੋ ਰੰਗ ਸਮਾਈਆ । ਜਨ ਭਗਤ ਸਚ ਦਵਾਰੇ ਚੜ੍ਹ ਕੇ ਜਲਵਾ ਤੱਕੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਇਕੋ ਸੋਭਾ ਪਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਭਗਤਾਂ ਲੇਖੇ ਲੈਂਦਾ ਰਿਹਾ ਕੁਰਬਾਨੀ, ਜੋ ਆਪਾ ਆਪ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਬਣਿਆ ਰਹੇ ਬਾਨੀ, ਬਾਵਨ ਅਕਾਵਨ ਆਪਣੇ ਵਿਚ ਛੁਪਾਈਆ ।

### ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਬਿਸ਼ਨ ਸਿੰਘ ਦੇ ਗ੍ਰਹਿ ਪਿੰਡ ਧੰਗਾਲੀ ਮਨਵਾਲ ਕੈਂਪ ਜੰਮੂ ✪

ਜਨ ਭਗਤ ਕਹੇ ਮੇਰਾ ਮਾਲਕ ਸ਼ਾਹ ਸੁਲਤਾਨੀ, ਪਾਰਬ੍ਰਹਮ ਪਤਿਪਰਮੇਸ਼ਵਰ ਆਦਿ ਨਿਰੰਜਣ ਨੂਰ ਅਲਾਹੀਆ । ਸਚਖੰਡ ਦਵਾਰ ਜਿਸ ਦੀ ਜੋਤ ਜਗੇ ਮਹਾਨੀ, ਰੰਗ ਰੂਪ ਰੇਖ ਸਮਝ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਲੋਕਮਾਤ ਨਿਸ਼ਾਨੀ, ਜੁਗ ਚੌਕੜੀ ਨਿਤ ਨਵਿਤ ਵੇਸ ਵਟਾਈਆ । ਸ਼ਬਦ ਨਾਦ ਬੋਧ ਅਗਾਧ ਦੇਵੇ ਅਗੰਮੀ ਬਾਣੀ, ਧੁਰ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਇਕੋ ਇਕ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਬਣਿਆ ਰਹੇ ਦਾਨੀ, ਵਸਤ ਅਮੋਲਕ ਸਭ ਦੀ ਝੋਲੀ ਪਾਈਆ । ਭਗਤ ਸੁਹੇਲਾ ਇਕ ਇਕੇਲਾ ਨਾਮ ਨਿਧਾਨਾ ਦੇਵੇ ਸਚ ਨਿਸ਼ਾਨੀ,

ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪ ਵਰਤਾਈਆ । ਲੇਖਾ ਜਾਣੇ ਅੰਡਜ ਜੇਰਜ ਉਤਭੁਜ ਸੇਹਤਜ ਚਾਰੇ ਖਾਣੀ, ਚਾਰ ਵਰਨ ਅਠਾਰਾਂ ਬਰਨ ਕਰਨਹਾਰ ਪੜ੍ਹਾਈਆ । ਨਿਰਅੱਖਰ ਅੱਖਰ ਧਾਰ ਬਣਾਏ ਸ਼ਾਸਤਰ ਸਿਮਰਤ ਵੇਦ ਪੁਰਾਨੀ, ਕ਼ਲਮ ਸ਼ਾਹੀ ਕਾਗ਼ਜ਼ ਬੰਧਨ ਦੇਵੇ ਪਾਈਆ । ਜੀਵ ਜੰਤ ਸਾਧ ਸੰਤ ਗ੍ਰਹਿ ਮੰਦਰ ਕਾਇਆ ਹੋਵੇ ਜਾਣ ਜਾਣੀ, ਅੰਤਰਜਾਮੀ ਖੋਜੇ ਥਾਉਂ ਥਾਈਂਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਦੇਵੇ ਠੰਡਾ ਪਾਣੀ, ਤ੍ਰੈਗੁਣ ਮਾਇਆ ਪੰਜ ਤਤ ਅਗਨੀ ਅੱਗ ਬੁਝਾਈਆ । ਸੁਰਤ ਸਵਾਣੀ ਸਹਿਜ ਸਭਾਉ ਮੇਲ ਮਿਲਾਏ ਸ਼ਬਦ ਹਾਣੀ, ਹਰ ਘਟ ਹਿਰਦੇ ਅੰਦਰ ਬਹਿ ਕੇ ਖ਼ੁਸ਼ੀ ਮਨਾਈਆ । ਚਰਨ ਕਵਲ ਉਪਰ ਧਵਲ ਨਿਰਗੁਣ ਸਰਗੁਣ ਬਖ਼ਸ਼ਣਹਾਰ ਇਕ ਧਿਆਨੀ, ਇਸ਼ਟ ਦੇਵ ਸਵਾਮੀ ਸਤਿਗੁਰ ਵਾਹਿਦ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਖਾਏ ਸਚ ਘਰ, ਜਿਸ ਮੰਦਰ ਬਹਿ ਕੇ ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਨ ਭਗਤ ਇਕੋ ਦਰਸ ਮੰਗੇ ਗਹਿਰ ਗੰਭੀਰ, ਬੇਨਜ਼ੀਰ ਨਜ਼ਰ ਟਿਕਾਈਆ । ਮੰਜ਼ਲ ਚੋਟੀ ਚੜ੍ਹ ਵੇਖੇ ਅਖ਼ੀਰ, ਆਖ਼ਰ ਪੈਂਡਾ ਦਏ ਮੁਕਾਈਆ । ਬਿਨ ਰੂਪ ਤੋਂ ਤੱਕੇ ਉਹ ਤਸਵੀਰ, ਜਿਸ ਨੂੰ ਤਸੱਵਰ ਸਕੇ ਨਾ ਕੋਇ ਕਰਾਈਆ । ਜਿਸ ਦੀ ਮਹਿੰਮਾ ਸਿਫ਼ਤ ਕਰੇ ਕਬੀਰ, ਕਾਇਆ ਕਾਅਬਾ ਗਿਆ ਜਣਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਮਿਲੇ ਦਸਤਗੀਰ, ਦਇਆਵਾਨ ਦ੍ਰਿਸ਼ਟ ਇਸ਼ਟ ਦਏ ਖੁਲ੍ਹਾਈਆ । ਦੂਈ ਦਵੈਤੀ ਸ਼ਰਅ ਮਜ਼੍ਹਬ ਦੀਨ ਕਟ ਜ਼ੰਜੀਰ, ਜ਼ਾਹਿਰਾ ਪੀਰ ਦਏ ਮਿਲਾਈਆ । ਨਾਮ ਖੰਡਾ ਤਿੱਖੀ ਧਾਰ ਸਚ ਵਖਾਏ ਸ਼ਮਸ਼ੀਰ, ਕੂੜੀ ਕਿਰਿਆ ਹਉਮੇ ਹੰਗਤਾ ਮਾਇਆ ਮਮਤਾ ਮੋਹ ਦਏ ਚੁਕਾਈਆ । ਅੰਤਰ ਆਤਮ ਪ੍ਰੇਮ ਰਸ ਨਿਝਰ ਦੇਵੇ ਨੀਰ, ਨਰ ਨਰਾਇਣ ਅਗਨੀ ਅੱਗ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਾਚੀ ਮੰਜ਼ਲ ਦਏ ਚੜ੍ਹਾਈਆ । ਜਨ ਭਗਤ ਮਜ਼ਲ ਚੜ੍ਹ ਕੇ ਵੇਖੇ ਏਕ, ਏਕੰਕਾਰ ਧਿਆਨ ਲਗਾਈਆ । ਜਿਸ ਦਾ ਜੁਗ ਚੌਕੜੀ ਨਿਤ ਨਵਿਤ ਅਵੱਲੜਾ ਭੇਖ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਸ ਲਏ ਵਟਾਈਆ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੈਗ਼ੰਬਰ ਸਾਧ ਸੰਤ ਕਰਨ ਆਦੇਸ਼, ਬਿਨ ਸੀਸ ਜਗਦੀਸ਼ ਨਿਉਂ ਨਿਉਂ ਲਾਗਣ ਪਾਈਆ । ਦੋ ਜਹਾਨਾਂ ਬ੍ਰਹਮ ਗਿਆਨਾ ਦੇਵੇ ਸਤਿ ਉਪਦੇਸ਼, ਨਿਰਅੱਖਰ ਵਿਚੋਂ ਅੱਖਰ ਧਾਰ ਪਰਗਟਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਹੋ ਕੇ ਰਹੇ ਸਦਾ ਹਮੇਸ਼, ਜਨਮ ਮਰਨ ਵਿਚ ਕਦੇ ਨਾ ਆਈਆ । ਜਿਸ ਨੂੰ ਸੀਸ ਝੁਕਾਉਂਦੇ ਸ਼ੰਕਰ ਗਣੇਸ਼, ਕਰੋੜ ਤਤੀਸਾ ਬੈਠਾ ਧਿਆਨ ਲਗਾਈਆ । ਦੇਵਤ ਸੁਰ ਜਿਸ ਦਾ ਲਿਖਦੇ ਲੇਖ, ਸਿਫ਼ਤਾਂ ਨਾਲ ਜਗਤ ਵਡਿਆਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਹਰ ਘਟ ਵੱਸੇ ਸਾਚੇ ਦੇਸ, ਬਿਨ ਭਗਤਾਂ ਨਜ਼ਰ ਕਿਸੇ ਨਾ ਆਈਆ । ਧੁਰ ਦਾ ਮਾਲਕ ਬਣ ਕੇ ਇਕ ਨਰੇਸ਼, ਨਾਰੀ ਨਰ ਦੋਵੇਂ ਦਏ ਤਰਾਈਆ । ਚਾਰ ਵਰਨ ਅਠਾਰਾਂ ਬਰਨ ਨੌ ਖੰਡ ਸੱਤ ਦੀਪ ਮਾਨਵ ਜਾਤੀ ਖੇਲੇ ਖੇਡ, ਖਿਡਾਰੀ ਹੋ ਕੇ ਫੇਰਾ ਪਾਈਆ । ਜੋਤੀ ਜਲਵਾ ਨੂਰੀ ਕਰ ਕੇ ਤੇਜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੜਦਾ ਦੇਵੇ ਉਠਾਈਆ । ਜਿਨ੍ਹਾਂ ਭਗਤਾਂ ਲੋਕਮਾਤ ਸਰਗੁਣ ਧਾਰ ਦੇਵੇ ਭੇਜ, ਨਿਰਗੁਣ ਧਾਰ ਲੱਭੇ ਚਾਈਂ ਚਾਈਂਆ । ਆਤਮ ਪਰਮਾਤਮ ਮਾਣੇ ਸਾਚੀ ਸੇਜ, ਸਚ ਦਵਾਰਾ ਏਕੰਕਾਰਾ ਆਦਿ ਨਿਰੰਜਣ ਕਰੇ ਰੁਸ਼ਨਾਈਆ । ਸਾਚੇ ਸੰਤਾਂ ਸਤਿ ਸਵਾਮੀ ਅੰਤਰਜਾਮੀ ਦੂਰ ਦੁਰਾਡਾ ਨੇਰਨ ਨੇਰਾ ਹੋ ਕੇ ਲਏ ਵੇਖ, ਸਚ ਦਵਾਰੇ ਬਣ ਕੇ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹਾਏ ਸਾਚੇ ਘਰ,


੬੯੮
੧੯

ਜਿਸ ਘਰ ਦਾ ਦਰਵਾਜ਼ਾ ਨਜ਼ਰ ਕਿਸੇ ਨਾ ਆਈਆ । ਜਨ ਭਗਤ ਤੱਕੇ ਇਕੋ ਮੀਤ, ਸਾਹਿਬ ਸਵਾਮੀ ਨਜ਼ਰੀ ਆਈਆ । ਜਿਸ ਦਾ ਧੁਰ ਦਾ ਸਾਚਾ ਗੀਤ, ਲੋਕਮਾਤ ਸਕੇ ਨਾ ਕੋਇ ਬਦਲਾਈਆ । ਜੁਗ ਜੁਗ ਸੱਚੀ ਦੱਸੇ ਰੀਤ, ਨੀਤੀਵਾਨ ਦਏ ਸਮਝਾਈਆ । ਕੂੜੀ ਕਿਰਿਆ ਭਾਂਡਾ ਭੰਨੇ ਠੋਕਰ ਲਾ ਕੇ ਠੀਕ, ਠਾਕਰ ਹੋ ਕੇ ਆਪਣੇ ਰੰਗ ਰੰਗਾਈਆ । ਝਗੜਾ ਮੁਕਾ ਕੇ ਮੰਦਰ ਮਸੀਤ, ਸਾਢੇ ਤਿੰਨ ਹੱਥ ਅੰਦਰ ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਨਜ਼ਰੀਂ ਆਏ ਬੈਠਾ ਅਤੀਤ, ਤ੍ਰੈਗੁਣ ਲੇਖਾ ਦਏ ਚੁਕਾਈਆ । ਝਗੜਾ ਰਹੇ ਨਾ ਹਸਤ ਕੀਟ, ਰਾਓ ਰੰਕ ਇਕੋ ਦਰ ਬਹਾਈਆ । ਪੜਦਾ ਰਹੇ ਨਾ ਊਚ ਨੀਚ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਨਾਮ ਦੇਵੇ ਸਮਝਾਈਆ । ਜਨ ਭਗਤਾਂ ਦੱਸ ਅਗੰਮੀ ਪ੍ਰੀਤ, ਪ੍ਰੀਤਮ ਆਪਣੇ ਵਿਚ ਸਮਾਈਆ । ਦਵਾਰਾ ਲੰਘੇ ਬਿਨ ਕ਼ਦਮਾਂ ਹੱਕ ਦਹਿਲੀਜ਼, ਪਦਮਾਂ ਵਿਚੋਂ ਗੁਰਮੁਖ ਜੋੜ ਜੁੜਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਚਾਰ ਜੁਗ ਚਾਰੇ ਬਾਣੀ ਵਿਚ ਕਰਦੇ ਗਏ ਉਡੀਕ, ਵੇਦ ਵਿਆਸਾ ਲਿਖ ਲਿਖ ਦਏ ਗਵਾਹੀਆ । ਮੁਹੰਮਦ ਕਰ ਕੇ ਗਿਆ ਤਸਦੀਕ਼, ਈਸਾ ਸ਼ਹਾਦਤ ਇਕ ਭੁਗਤਾਈਆ । ਨਾਨਕ ਗੋਬਿੰਦ ਬਣ ਕੇ ਗਏ ਰਫ਼ੀਕ, ਮਿਲ ਮਿਲ ਆਪਣੀ ਖ਼ੁਸ਼ੀ ਮਨਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਨਿਰਗੁਣ ਦਾਤਾ ਪੁਰਖ ਬਿਧਾਤਾ ਕਲਜੁਗ ਅੰਤ ਅੰਧੇਰੀ ਰੈਣ ਮੇਟੇ ਤਾਰੀਕ, ਸਤਿਜੁਗ ਸਾਚਾ ਚੰਦ ਚਮਕਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਚਾਰ ਵਰਨਾਂ ਦੱਸੇ ਇਕ ਪ੍ਰੀਤ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਮਿਹਰਵਾਨ ਹੋ ਕੇ ਸਤਿ ਸਚ ਕਰੇ ਬਖ਼ਸ਼ੀਸ਼, ਰਹਿਮਤ ਨਾਲ ਆਪਣਾ ਰਹਿਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕ ਤੌਫ਼ੀਕ, ਮਾਰਗ ਸਾਚੇ ਲਏ ਚਲਾਈਆ । ਜਨ ਭਗਤ ਬਿਨ ਸ੍ਰੀ ਭਗਵਾਨ ਕਰੇ ਨਾ ਕਦੇ ਸਜਦਾ, ਬਿਨ ਪਰਵਰਦਿਗਾਰ ਕ਼ਦਮਾਂ ਸੀਸ ਨਾ ਕੋਇ ਟਿਕਾਈਆ । ਦੂਸਰ ਹੋਏ ਨਾ ਕਦੇ ਬਰਦਾ, ਨਿਉਂ ਨਿਉਂ ਨਾ ਲਾਗੇ ਪਾਈਆ । ਮਾਲਕ ਇਕੋ ਲੱਭੇ ਪੁਰਖ ਅਕਾਲ ਸਾਚੇ ਘਰ ਦਾ, ਜੋ ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਪਿਤਾ ਮਾਈਆ । ਜਿਸ ਦਾ ਨਾਮ ਨਿਧਾਨਾ ਦਾ ਜਹਾਨਾਂ ਚਲਦਾ, ਸਿਫ਼ਤੀ ਢੋਲੇ ਸਾਰੇ ਗਾਈਆ । ਰਾਮ ਕ੍ਰਿਸ਼ਨ ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਵਿਸ਼ਨ ਬ੍ਰਹਮਾ ਸ਼ਿਵ ਓਮ ਧਾਰ ਆਪੇ ਬਣਦਾ, ਸੋਇਮ ਆਪਣੀ ਕਾਰ ਕਮਾਈਆ । ਲੱਖ ਚੁਰਾਸੀ ਜੀਵ ਜੰਤ ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਆਪੇ ਜਣਦਾ, ਧੰਨ ਜਣੇਂਦੀ ਮਾਤਾ ਆਪ ਅਖਵਾਈਆ । ਅੰਤਕਾਲ ਤੋੜ ਜਮ ਕਾਲ ਜਨ ਭਗਤ ਸਹਾਈ ਲੋਕਮਾਤ ਬਣਦਾ, ਨਿਰਗੁਣ ਹੋ ਕੇ ਸਰਗੁਣ ਫੇਰਾ ਪਾਈਆ । ਸਾਚੇ ਤਖ਼ਤ ਸ਼ਾਹੋ ਭੂਪ ਸ਼ਾਹ ਸੁਲਤਾਨ ਰਾਜ ਰਾਜਾਨ ਹੋ ਕੇ ਚੜ੍ਹਦਾ, ਤਖ਼ਤ ਨਿਵਾਸੀ ਹੋ ਕੇ ਸੋਭਾ ਪਾਈਆ । ਹੱਕ ਮਨਾਰ ਉਚ ਮੰਜ਼ਲ ਮਹਿਬੂਬ ਹੋ ਕੇ ਖੜ੍ਹਦਾ, ਪੁਰਖ ਅਕਾਲ ਦੀਨ ਦਿਆਲ ਪਤਿਪਰਮੇਸ਼ਵਰ ਆਪਣਾ ਰੂਪ ਦਏ ਦਰਸਾਈਆ । ਜਨ ਭਗਤ ਸੁਹੇਲਾ ਇਕ ਅਕੇਲਾ ਆਤਮ ਪਰਮਾਤਮ ਹੋ ਕੇ ਵਰਦਾ, ਕੰਤ ਕੰਤੂਹਲ ਹੋ ਕੇ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤ ਸ੍ਰੀ ਭਗਵੰਤ ਲੇਖਾ ਜਾਣੇ ਘਰ ਘਰ ਦਾ, ਕਾਇਆ ਮੰਦਰ ਅੰਦਰ ਪੜਦੇ ਓਹਲੇ ਰਹਿਣ ਕੋਇ ਨਾ ਪਾਈਆ ।

✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਇੰਦਰੋ ਦੇਵੀ ਦੇ ਗ੍ਰਹਿ ਪਿੰਡ ਧੰਗਾਲੀ ਕੈਂਪ ਮਨਵਾਲ ਜੰਮੂ ✪

ਜਨ ਭਗਤ ਕਹੇ ਮੈਂ ਪ੍ਰਭ ਦਾ ਵੇਖਣਾ ਚਮਨ, ਦਵਾਰਾ ਸੋਹਣਾ ਸੋਭਾ ਪਾਈਆ । ਜਿਥੇ ਆਦਿ ਜੁਗਾਦਿ ਸਦਾ ਅਮਨ, ਅਗਨੀ ਅੱਗ ਨਾ ਕੋਇ ਤਪਾਈਆ । ਪੁਰਖ ਅਕਾਲ ਇਕੋ ਸਾਰੇ ਮੰਨਣ, ਨਿਉਂ ਨਿਉਂ ਬਿਨ ਸੀਸ ਸੀਸ ਝੁਕਾਈਆ ਜਿਸ ਦੀ ਧਾਰ ਵਿਚੋਂ ਗੁਰ ਅਵਤਾਰ ਪੈਗ਼ੰਬਰ ਲੋਕਮਾਤ ਜੰਮਣ, ਜਨਮ ਲੈ ਕੇ ਸਰਗੁਣ ਰੂਪ ਬਦਲਾਈਆ । ਭੈ ਵਿਚ ਦੇਵਤ ਸੁਰ ਸਾਰੇ ਕੰਬਣ, ਸਿਰ ਸਕੇ ਨਾ ਕੋਇ ਉਠਾਈਆ । ਜਿਥੋਂ ਵਡਿਆਈ ਮਿਲੀ ਦੁਸ਼ਟ ਦਮਨ, ਦਾਮਨਗੀਰ ਦਾਮਨ ਲਿਆ ਫੜਾਈਆ । ਸੰਤ ਸੁਹੇਲੇ ਸੋਹਣੇ ਲੱਭਣ ਚੰਦਣ, ਸੁਗੰਧੀ ਸੋਹਣਾ ਆਪਣਾ ਰੰਗ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬੇੜਾ ਆਏ ਬੰਨ੍ਹਣ, ਫੜ ਬਾਹੋਂ ਆਪ ਉਠਾਈਆ । ਜਨ ਭਗਤ ਕਹਿਣ ਪ੍ਰਭ ਦਾ ਵੇਖਣਾ ਉਹ ਬਾਗ਼, ਜੋ ਨਿਰਗੁਣ ਹੋ ਕੇ ਰਿਹਾ ਲਗਾਈਆ । ਜਿਥੇ ਦੀਪਕ ਜਗੇ ਇਕ ਚਰਾਗ਼, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਬਿਨਾ ਤੰਬੂਰੀ ਵੱਜਦੇ ਸਾਜ, ਬਿਨ ਲੋੜਾਂ ਨਾਦ, ਬਿਨ ਪੜ੍ਹਿਆਂ ਖੁਲ੍ਹਦਾ ਰਾਜ਼, ਬਿਨ ਸੁਣਿਆਂ ਹੋਏ ਸ਼ਨਵਾਈਆ । ਬਿਨ ਕੀਤਿਆਂ ਹੁੰਦਾ ਕਾਜ, ਕਰਮਾਂ ਦਾ ਲੇਖਾ ਜਾਏ ਚੁਕਾਈਆ । ਬਿਨ ਸੇਵਾ ਬਣਦਾ ਚਾਕ, ਚਾਕਰ ਹੋ ਕੇ ਫੇਰਾ ਪਾਈਆ । ਲੇਖਾ ਚੁਕਾਉਂਦਾ ਮਾਟੀ ਖ਼ਾਕ, ਖ਼ਾਲਸ ਘਰ ਵਖਾਈਆ । ਨਾਮ ਨਿਧਾਨ ਦੂਜਾ ਵਜਾ ਨਾਦ, ਨਾਦੀ ਸੁਤ ਲਏ ਉਠਾਈਆ । ਦੁਰਮਤ ਮੈਲ ਧੋ ਦਾਗ਼, ਦਰਦੀ ਹੋ ਕੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੱਸ ਕੇ ਧੁਰਦਾ ਇਕ ਸਮਾਜ, ਸਮੇਂ ਦਾ ਗੇੜਾ ਦਏ ਭਵਾਈਆ । ਜਨ ਭਗਤ ਕਹੇ ਮੈਂ ਪ੍ਰਭ ਦਾ ਵੇਖਣਾ ਸਚ ਬਗ਼ੀਚਾ, ਬਾਗ਼ਬਾਨ ਜਿਥੇ ਇਕੋ ਨਜ਼ਰੀ ਆਈਆ । ਕੋਈ ਬੂਟਾ ਦਿਸੇ ਨਾ ਊਚਾ ਨੀਚਾ, ਇਕੋ ਰੰਗ ਰਿਹਾ ਵਖਾਈਆ । ਅੰਮ੍ਰਿਤ ਧਾਰ ਨਾਲ ਜਿਸ ਨੇ ਪ੍ਰੇਮ ਰਸ ਸੀਂਚਾ, ਸੁਚ ਸੰਜਮ ਰਿਹਾ ਸਮਝਾਈਆ । ਨਾਮ ਭੰਡਾਰਾ ਦੇ ਕੇ ਕਿਣਕਾ, ਕਿਰਨ ਕਿਰਨ ਕਰੇ ਰੁਸ਼ਨਾਈਆ । ਲਹਿਣਾ ਦੇਣਾ ਦੇਵੇ ਜਿਨ ਕਾ, ਜਮਾਂ ਤੋਂ ਲਏ ਛੁਡਾਈਆ । ਖੇਲ ਕਰੇ ਆਪਣਾ ਛਿਨ ਕਾ, ਸ਼ਹਿਨਸ਼ਾਹ ਹੋ ਕੇ ਵੇਖ ਵਖਾਈਆ । ਜਨ ਭਗਤਾਂ ਮੁਹੱਬਤ ਆਪਣੇ ਪ੍ਰੇਮ ਪੈਮਾਨੇ ਨਾਲ ਮਿਣਦਾ, ਮਿਣਤੀ ਗਿਣਤੀ ਹੋਰ ਨਾ ਕਿਸੇ ਸਮਝਾਈਆ । ਨਿਸ਼ਾਨਾ ਦੱਸ ਕੇ ਆਪਣੇ ਛਿੰਦ ਦਾ, ਚਿੰਤਾ ਕੂੜੀ ਦਏ ਚੁਕਾਈਆ । ਝਗੜਾ ਮੁਕਾ ਕੇ ਜੀਓ ਪਿੰਡ ਦਾ, ਘਰ ਸਾਚੇ ਦਏ ਬਹਾਈਆ । ਜਿਥੇ ਸ੍ਰੀ ਭਗਵਾਨ ਨੂੰ ਨਹੀਂ ਕੋਈ ਨਿੰਦ ਦਾ, ਨਿੰਦਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਸਦਾ ਬਖ਼ਸ਼ਿੰਦ ਦਾ, ਬਖ਼ਸ਼ਣਹਾਰ ਫੇਰਾ ਪਾਈਆ ।

✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਸ਼ਾਹਣੀ ਦੇਵੀ ਦੇ ਗ੍ਰਹਿ ਪਿੰਡ ਛੰਬ ਕੈਂਪ ਮਨਵਾਲ ਜੰਮੂ ✪

ਜਨ ਭਗਤ ਕਹੇ ਮੈਂ ਤੱਕਣੀ ਪ੍ਰਭ ਦੀ ਉਹ ਦਹਿਲੀਜ਼, ਜਿਸ ਦਰ ਭਗਤਾਂ ਮਿਲ ਕੇ ਖ਼ੁਸ਼ੀ ਮਨਾਈਆ । ਸਚ ਪਿਆਰ ਅੰਦਰ ਕਰੇ ਰੀਝ, ਮਿਹਰਵਾਨ ਆਪਣਾ ਰੰਗ ਚੜ੍ਹਾਈਆ । ਆਪਣੀ ਪਹਿਚਾਨ ਦੀ ਦੇਵੇ ਤਮੀਜ਼, ਪੜਦਾ ਅੰਦਰੋਂ ਦੇਵੇ ਉਠਾਈਆ । ਲੇਖਾ ਰਹੇ ਨਾ ਕੋਇ ਊਚ ਨੀਚ, ਚਾਰੇ ਵਰਨ ਇਕੋ ਦਏ ਸ਼ਰਨਾਈਆ । ਆਤਮ ਕਰੇ ਠਾਂਡੀ ਸੀਤ, ਅੰਮ੍ਰਿਤ ਮੇਘ ਇਕ ਬਰਸਾਈਆ । ਸਾਚੀ ਦੱਸੇ ਧਰਮ ਦੀ ਰੀਤ, ਸਿਖਿਆ

ਇਕੋ ਇਕ ਸਮਝਾਈਆ । ਸਚ ਦਵਾਰ ਦੇ ਬਣੇ ਵਸਨੀਕ, ਸਚਖੰਡ ਸਾਚੇ ਮਿਲੇ ਵਡਿਆਈਆ । ਅਬਿਨਾਸ਼ੀ ਕਰਤਾ ਸਦਾ ਕਰੇ ਤੁਹਾਡੀ ਉਡੀਕ, ਜੋ ਦਿਵਸ ਰੈਣ ਇਕੋ ਧਿਆਨ ਲਗਾਈਆ । ਚਾਰ ਜੁਗ ਦੀ ਸ਼ਹਾਦਤ ਦੇਵੇ ਤਵਾਰੀਖ਼, ਸਮਾਂ ਰਹੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਜਨ ਭਗਤ ਕਹੇ ਮੈਂ ਪ੍ਰਭ ਦਾ ਬੈ ਖ਼ਰੀਦ, ਸੌਦਾ ਅਵਰ ਨਾ ਕੋਇ ਜਣਾਈਆ । ਮੇਰੀ ਇਕੋ ਨਾਲ ਮਿਲ ਗਈ ਦੀਦ, ਦੀਦੜਿਆਂ ਵਿਚੋਂ ਬਾਹਰ ਦਿਤਾ ਕਢਾਈਆ । ਮੇਰੀ ਮਨਸਾ ਪੂਰੀ ਹੋਈ ਉਮੀਦ, ਕਾਮਲ ਮੁਰਸ਼ਦ ਮਿਲ ਕੇ ਵੱਜੀ ਵਧਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਤਾਈਦ, ਤਾਬੇਦਾਰ ਹੋ ਕੇ ਓਸੇ ਦਾ ਹੋ ਕੇ ਸੇਵ ਕਮਾਈਆ । ਜਿਸ ਦੀ ਖੇਲ ਮਹਾਂ ਅਜਬ, ਅਜੀਬ, ਆਜਿਜ਼ ਹੋ ਕੇ ਵੇਖਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰ ਦੇਵੇ ਮਾਣ ਵਡਿਆਈਆ । ਜਨ ਭਗਤ ਕਹੇ ਮੈਂ ਵੇਖ ਕੇ ਮਾਲਕ ਧੁਰ, ਧਰਨੀ ਧਰਤ ਧਵਲ ਦਿਤਾ ਜਣਾਈਆ । ਜਿਥੇ ਝੁਕਦੇ ਪੈਗ਼ੰਬਰ ਅਵਤਾਰ ਗੁਰ, ਸੁਰ ਬੇਨੰਤੀ ਕਰ ਸੀਸ ਝੁਕਾਈਆ । ਝਗੜਾ ਰਹੇ ਨਾ ਕਿਸੇ ਠੱਗ ਚੋਰ, ਕੂੜ ਕੁਟੰਬ ਨਾ ਕੋਇ ਬਣਾਈਆ । ਇਕੋ ਨਾਮ ਸ਼ਬਦ ਸੱਚਾ ਘਨਘੋਰ, ਘਨਈਏ ਮਿਲ ਕੇ ਢੋਲੇ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਆਪਣੇ ਹੱਥ ਰਖੇ ਡੋਰ, ਦੂਸਰ ਓਟ ਨਾ ਕੋਇ ਜਣਾਈਆ ।



## ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਇੰਦਰੋ ਦੇਵੀ ਦੇ ਗ੍ਰਹਿ ਪਿੰਡ ਨਗਿਆਲ ਮਨਵਾਲ ਕੈਂਪ ਜੰਮੂ ✪

ਜਨ ਭਗਤ ਕਹੇ ਮੈਂ ਤੱਕਿਆ ਉਹ ਰਾਮ, ਜੋ ਹਰ ਘਟ ਰਮਿਆ ਬੇਪਰਵਾਹੀਆ । ਸੋ ਵਸੇ ਅਗੰਮੀ ਸਾਚੇ ਧਾਮ, ਸਚਖੰਡ ਸਾਚੇ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਮਾਤਲੋਕ ਨਿਸ਼ਾਨ, ਸਰਗੁਣ ਹੋ ਕੇ ਫੇਰਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਜਿਸ ਦੇ ਢੋਲੇ ਗਾਣ, ਰਾਗਾਂ ਨਾਦਾਂ ਸਿਫ਼ਤਾਂ ਵਿਚ ਸਾਲਾਹੀਆ । ਜੋ ਲੱਖ ਚੁਰਾਸੀ ਘਟ ਘਟ ਵਸਿਆ ਕਾਇਆ ਸਚ ਮੁਕਾਮ, ਦਰ ਦਵਾਰਾ ਇਕ ਸੁਹਾਈਆ । ਜੋ ਜਨ ਭਗਤਾਂ ਲੋਕਮਾਤ ਜੁਗ ਚੌਕੜੀ ਮਿਲੇ ਆਣ, ਨਿਰਗੁਣ ਹੋ ਕੇ ਸਰਗੁਣ ਫੇਰਾ ਪਾਈਆ । ਜੋ ਆਤਮ ਪਰਮਾਤਮ ਖੇਲੇ ਖੇਲ ਮਹਾਨ, ਪਾਰਬ੍ਰਹਮ ਬ੍ਰਹਮ ਪੜਦਾ ਦਏ ਉਠਾਈਆ । ਜੋ ਤ੍ਰੈਗੁਣ ਮਾਇਆ ਪੰਜ ਤਤ ਕਰੇ ਪਰਧਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਜੋ ਤਮੋ ਸਤੋ ਆਪਣੀ ਵੰਡ ਵੰਡਾਈਆ । ਜੋ ਸ਼ਬਦ ਸੰਦੇਸ਼ੇ ਨਾਦ ਅਨਾਦੀ ਸੁਣਾਉਂਦਾ ਰਹੇ ਧੁਰ ਫ਼ਰਮਾਨ, ਨਿਤ ਨਵਿਤ ਆਪ ਜਣਾਈਆ । ਜਿਸ ਦਾ ਇਸ਼ਟ ਦ੍ਰਿਸ਼ਟ ਅੰਦਰ ਕਰਨ ਸਰਬ ਧਿਆਨ, ਸ੍ਰਿਸ਼ਟ ਸਬਾਈ ਮਾਲਕ ਬੇਪਰਵਾਹੀਆ । ਜਿਸ ਨੂੰ ਵਾਹਿਦ ਲਾਸ਼ਰੀਕ ਸਾਰੇ ਤੱਕਣ ਲਾਮੁਕਾਮ, ਹੱਕ ਮੁਕਾਮੇ ਸੋਭਾ ਪਾਈਆ । ਜਿਸ ਨੂੰ ਅਲਿਫ਼ ਯੇ ਸਿਫ਼ਤਾਂ ਵਿਚ ਸਾਲਾਹੀ ਗਾਣ, ਅੰਤ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਖਾਏ ਉਹ ਘਰ, ਜਿਥੇ ਮੰਦਰ ਮਸਜਿਦ ਸ਼ਿਵਦਵਾਲਾ ਮੱਠ ਛੱਪਰ ਛੰਨ ਨਜ਼ਰ ਕੋਇ ਨਾ ਆਈਆ । ਜਨ ਭਗਤ ਕਹੇ ਮੈਂ ਤੱਕਣਾ ਇਕ ਅਕੱਲਾ, ਜੋ ਮਾਲਕ ਸਭ ਦਾ ਨਜ਼ਰੀ ਆਈਆ । ਸਚ ਦਵਾਰੇ ਵਸੇ ਉਚ ਅਗੰਮ ਅਥਾਹ ਮਹੱਲਾ, ਦਰ ਦਰਬਾਰ

ਦੇਵੇ ਮਾਣ ਵਡਿਆਈਆ । ਜੋ ਗੁਰ ਅਵਤਾਰ ਪੈਗ਼ੰਬਰ ਨਿਰਗੁਣ ਧਾਰ ਫੜਾਏ ਆਪਣਾ ਪੱਲਾ, ਸ਼ਬਦ ਸ਼ਬਦੀ ਗੰਢ ਪਵਾਈਆ । ਜਿਸਨੂੰ ਸਾਰੇ ਕਹਿੰਦੇ ਵਾਹਿਗੁਰੂ ਗਾਡ ਅੱਲਾ, ਆਲਮੀਨ ਕਹਿ ਕੇ ਸੀਸ ਝੁਕਾਈਆ । ਜੋ ਵਸਿਆ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਸਮੁੰਦ ਸਾਗਰ ਰਿਹਾ ਸਮਾਈਆ । ਜੋ ਭਗਤਾਂ ਸ਼ਬਦ ਅਣਿਆਲਾ ਤੀਰ ਮਾਰੇ ਬਿਨ ਘੜੀ ਪਲਾਂ, ਸਚ ਨਿਸ਼ਾਨਾ ਸ੍ਰੀ ਭਗਵਾਨਾ ਬਿਨ ਹੱਥਾਂ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕ ਵਰ, ਜਿਸ ਦੀ ਸਮਝ ਜਗਤ ਵਿਦਿਆ ਕੋਇ ਨਾ ਪਾਈਆ । ਜਨ ਭਗਤ ਕਹੇ ਮੈਂ ਤੱਕਣਾ ਦੀਨ ਦਿਆਲਾ, ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਜਿਸ ਦੀ ਸਭ ਤੋਂ ਵੱਖਰੀ ਪਾਠਸ਼ਾਲਾ, ਨਿਰਅੱਖਰ ਕਰੇ ਪੜ੍ਹਾਈਆ । ਜਿਸ ਦਾ ਅਜਬ ਨਿਰਾਲਾ ਵਿਦਿਆਲਾ, ਬ੍ਰਹਮਮਤ ਦਏ ਸਮਝਾਈਆ । ਜਿਸ ਦੀ ਸਚ ਦਵਾਰ ਸਚਖੰਡ ਸੱਚੀ ਧਰਮਸਾਲਾ, ਦੀਨ ਮਜ਼੍ਹਬ ਜਾਤ ਪਾਤ ਵਰਨ ਗੋਤ ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਤੋੜਨਹਾਰਾ ਤ੍ਰੈਗੁਣ ਮਾਇਆ ਜਗਤ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਲਹਿਣਾ ਦੇਣਾ ਲੇਖਾ ਚੁਕਾਏ ਕਾਲ ਮਹਾਂਕਾਲਾ, ਮਿਹਰ ਨਜ਼ਰ ਇਕ ਉਠਾਈਆ । ਆਪਣੀ ਗੋਦ ਉਠਾਏ ਨਿਰਗੁਣ ਧਾਰ ਸਾਚਾ ਬੱਚਾ ਨੱਢਾ ਬਾਲਾ, ਗੁਰਮੁਖ ਗੁਰ ਗੁਰ ਆਪਣੇ ਰੰਗ ਰੰਗਾਈਆ । ਜਨਮ ਜਨਮ ਦਾ ਕਰਮ ਕਰਮ ਦਾ ਹੱਲ ਕਰੇ ਸਵਾਲਾ, ਪੂਰਬ ਲੇਖਾ ਲਹਿਣਾ ਝੋਲੀ ਦੇਵੇ ਪਾਈਆ । ਚਰਨ ਪ੍ਰੀਤੀ ਸਾਚੀ ਰੀਤੀ ਮਾਰਗ ਦੱਸੇ ਸੁਖਾਲਾ, ਚਾਰ ਕੁੰਟ ਦਹਿ ਦਿਸ਼ਾ ਭਟਕਣ ਦੀ ਲੋੜ ਰਹੇ ਨਾ ਰਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਦੇਵੇ ਪ੍ਰੇਮ ਪਿਆਲਾ, ਅੰਮ੍ਰਿਤ ਝਿਰਨਾ ਨਿਝਰ ਆਪ ਝਿਰਾਈਆ । ਜਨ ਭਗਤ ਕਹੇ ਮੈਂ ਭਗਵੰਤ ਦੇ ਨਾਮ ਦੀ ਅੰਤਰ ਆਤਮ ਪਾਉਣੀ ਉਹ ਮਾਲਾ, ਜੋ ਬਿਨਾ ਮਣਕਿਆਂ ਤੋਂ ਮਨ ਕਾ ਮਣਕਾ ਦਏ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੁਰਮਤ ਮੈਲ ਦਾਗ਼ ਰਹਿਣ ਨਾ ਦੇਵੇ ਕਾਲਾ, ਕਲਜੁਗ ਕੂੜੀ ਕਿਰਿਆ ਕਰਮ ਕਾਂਡ ਵਿਚੋਂ ਬਾਹਰ ਕਢਾਈਆ ।



੭੦੨
੧੯

### ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਲਛਮੀ ਦੇਵੀ ਦੇ ਗ੍ਰਿਹ ਪਿੰਡ ਨਗਿਆਲ ਕੈਂਪ ਮਨਵਾਲ ਜੰਮੂ ✪

ਜਨ ਭਗਤ ਕਹੇ ਮੈਂ ਤੱਕਿਆ ਪੁਰਖ ਅਲੱਖ, ਅਲਖ ਅਗੋਚਰ ਅਥਾਹ ਅਨਾਮੀ ਨਜ਼ਰੀ ਆਈਆ । ਖ਼ੁਸ਼ੀਆਂ ਵਿਚ ਕਹਾਂ ਸਚ, ਸਤਿ ਸਤਿ ਦ੍ਰਿੜਾਈਆ । ਪ੍ਰਭੂ ਦਾ ਹੱਥ ਮੂੰਹ ਵੇਖਿਆ ਨਹੀਂ ਕੋਈ ਨੱਕ, ਕਾਇਆ ਕੰਚਨ ਕੱਚ ਨਾ ਕੋਇ ਬਣਾਈਆ । ਰਸਨਾ ਵਾਲਾ ਸੁਣਿਆ ਨਹੀਂ ਜਸ, ਦੰਦਾਂ ਵਾਲੀ ਨਾ ਕੋਇ ਪੜ੍ਹਾਈਆ । ਕਿਤਾਬਾਂ ਵਾਲਾ ਖੁਲ੍ਹਿਆ ਨਹੀਂ ਕੋਈ ਹੱਟ, ਪੁਸਤਕਾਂ ਕ਼ੀਮਤ ਕੋਇ ਨਾ ਪਾਈਆ । ਨਹਾਵਣ ਵਾਸਤੇ ਨਹੀਂ ਕੋਈ ਤਟ, ਤੀਰਥ ਵਹਿਣ ਨਾ ਕੋਇ ਵਗਾਈਆ । ਸੌਣ ਵਾਸਤੇ ਨਹੀਂ ਕੋਈ ਖਾਟ, ਸੇਜਾ ਬਿਸਤਰ ਰੰਗ ਨਾ ਕੋਇ ਰੰਗਾਈਆ । ਮੰਜ਼ਲ ਪੈਂਡਾ ਨਹੀਂ ਕੋਈ ਵਾਟ, ਜੋਜਨ ਗਣਤ ਨਾ ਕੋਇ ਗਿਣਾਈਆ । ਜਾਂ ਤੱਕਿਆ ਭਗਤਾਂ ਵਸਿਆ ਸਦਾ ਸਾਥ, ਘਰ ਘਰ ਬੈਠਾ ਸੋਭਾ ਪਾਈਆ । ਜਿਸ ਨੂੰ ਸੀਸ ਨਿਵਾਉਂਦੇ ਗਏ ਰਘੁਪਤ ਰਘੁਨਾਥ, ਬੰਸਰੀ ਵਾਲਾ ਜਿਸ ਦੀ ਧੁਨ ਉਪਜਾਈਆ । ਸੋ ਸਾਹਿਬ ਸਵਾਮੀ ਪੁਰਖ ਬਿਧਾਤਾ ਤੱਕਿਆ ਸਾਖਿਆਤ,

ਸਤਿ ਸਤਿਵਾਦੀ ਸੋਭਾ ਪਾਈਆ । ਜਿਸ ਦੀ ਵਰਨਾਂ ਬਰਨਾਂ ਵਿਚ ਵੰਡੀ ਨਾ ਜਾਏ ਜਾਤ, ਪਾਰਬ੍ਰਹਮ ਬ੍ਰਹਮ ਹਰ ਘਟ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਦੇਵੇ ਧੁਰ ਦਾ ਸਾਥ, ਜਗਤ ਜਹਾਨ ਵਿਚੋਂ ਬਾਹਰ ਕਢਾਈਆ । ਜਨ ਭਗਤ ਕਹੇ ਮੈਂ ਤੱਕਿਆ ਪ੍ਰਭ ਦਾ ਰਾਹ ਕਿਨਾਰਾ, ਜਿਥੇ ਨਈਆ ਨੌਕਾ ਨਜ਼ਰ ਕੋਇ ਨਾ ਆਈਆ । ਤੱਕਿਆ ਉਹ ਉਜਿਆਰਾ, ਜਿਥੇ ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਤੱਕਿਆ ਉਹ ਦਰਬਾਰਾ, ਜਿਥੇ ਦਰਬਾਨ ਦਰ ਸੀਸ ਨਾ ਕੋਇ ਝੁਕਾਈਆ । ਤੱਕਿਆ ਉਹ ਕਰਤਾਰਾ, ਜੋ ਕਰਨੀ ਦਾ ਕਰਤਾ ਕ਼ੁਦਰਤ ਰਿਹਾ ਬਣਾਈਆ । ਜਿਸ ਦੇ ਹੁਕਮੇ ਅੰਦਰ ਭੱਜੇ ਫਿਰਨ ਵਾਹੋਦਾਹ ਗੁਰੂ ਅਵਤਾਰਾ, ਪੈਗ਼ੰਬਰ ਨੱਠ ਨੱਠ ਢੋਲੇ ਗਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਦਏ ਸਹਾਰਾ, ਸ਼ਬਦੀ ਡੋਰੀ ਆਪਣੀ ਗੰਢ ਪਵਾਈਆ । ਸੋ ਸੱਜਣ ਸੁਹੇਲਾ ਇਕ ਅਕੇਲਾ ਜਨ ਭਗਤਾਂ ਵੇਖੇ ਵਿਗਸੇ ਵੇਖਣਹਾਰਾ, ਜਗ ਨੇਤਰ ਕਲਜੁਗ ਜੀਵ ਨਜ਼ਰ ਕਿਸੇ ਨਾ ਆਈਆ । ਜੋ ਨਾਮ ਨਿਧਾਨ ਸ੍ਰੀ ਭਗਵਾਨ ਬਖ਼ਸ਼ਣਹਾਰ ਅਤੁਟ ਭੰਡਾਰਾ, ਦਾਤਾ ਦਾਨੀ ਬੇਪਰਵਾਹੀਆ । ਸੋ ਸੰਤ ਸੁਹੇਲਾ ਆਤਮ ਪਰਮਾਤਮ ਬਣਿਆ ਰਹੇ ਹੱਕ ਵਣਜਾਰਾ, ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤ ਸੁਹੇਲੇ ਅੰਤਰ ਨਿਰੰਤਰ ਲਏ ਫੜ, ਬਾਹਰੋਂ ਬਣਤਰ ਵਿਚ ਨਜ਼ਰ ਕਿਸੇ ਨਾ ਆਈਆ ।



## ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਿਹਿ ਪਿੰਡ ਧੰਗਾਲੀ ਕੈਂਪ ਮਨਵਾਲ ਜੰਮੂ ✪

੭੦੩
੧੯

ਜਨ ਭਗਤ ਕਹੇ ਮੈਂ ਵੇਖਿਆ ਆਲੀਜਾਹ, ਜਾਹਰ ਨਜ਼ਰੀ ਆਈਆ । ਜਲਵੇ ਵਿਚ ਖ਼ੁਦਾ, ਖ਼ੁਦਾਈ ਵਿਚ ਸਮਾਈਆ । ਕਦੇ ਨਾ ਹੋਵੇ ਜੁਦਾ, ਜੁਦਾਈ ਵਿਚ ਬਿਜਾਈਆ । ਜਨ ਭਗਤਾਂ ਕਰ ਵਿਵਾਹ, ਵਿਦਿਆ ਆਪਣੀ ਦਏ ਸਮਝਾਈਆ । ਮਾਰਗ ਬ੍ਰਹਮ ਕਰੇ ਸਿੱਧਾ, ਸਾਧਨਾ ਦੱਸੇ ਜਗਤ ਲੋਕਾਈਆ । ਪ੍ਰਭ ਮਿਲਣ ਦੀ ਜਣਾਓ ਬਿਧਾ, ਬੰਧਨ ਦਿਉ ਤੁੜਾਈਆ । ਦਵਾਰਾ ਦੱਸੇ ਨਿੱਘਾ, ਅਗਨੀ ਤਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜੂ ਹਰਿ ਬੰਧਨ ਇਕ ਦਰਸਾਈਆ । ਜਨ ਭਗਤ ਕਹੇ ਮੈਂ ਵੇਖਣਾ ਪ੍ਰਭ ਦਾ ਉਹ ਮੱਕਾ, ਜਿਸ ਦਾ ਮੁਕਾਬਲਾ ਕਰੇ ਨਾ ਕੋਈ ਲੋਕਾਈਆ । ਜਿਸ ਗ੍ਰਿਹਿ ਵਸੇ ਮਹਿਬੂਬ ਸਕਾ, ਸਾਖਿਆਤ ਨਜ਼ਰੀ ਆਈਆ । ਮੰਜ਼ਲ ਵਿਚ ਕਦੇ ਨਾ ਥੱਕਾ, ਥਕਾਵਟ ਪਿਛਲੀ ਦਏ ਮਿਟਾਈਆ । ਯਕੀਨ ਦਵਾਵੇ ਹਕ਼ੀਕ਼ਤ ਹੱਕਾ, ਹਕਲ ਆਪ ਸਮਝਾਈਆ । ਭਗਤ ਉਧਾਰੇ ਵਿਚੋਂ ਕੋਟਾਂ ਲੱਖਾਂ, ਲਖਮੀ ਨਰਾਇਣ ਹੋਏ ਸਹਾਈਆ । ਜਿਸ ਦੀਆਂ ਸਮਝੇ ਕੋਈ ਨਾ ਅੱਖਾਂ, ਆਖ਼ਰ ਸਭ ਨੂੰ ਵੇਖ ਵਖਾਈਆ । ਉਸ ਦੀ ਸਿਫ਼ਤ ਮਹਿੰਮਾ ਕੀ ਲਿਖਾਂ, ਜਨ ਭਗਤ ਕਹੇ ਮੇਰੇ ਨੈਣ ਰਹੇ ਸ਼ਰਮਾਈਆ । ਜੋ ਵਡਿਆਈ ਦੇਵੇ ਗੁਰਮੁਖ ਪਿਆਰਿਆਂ ਸਿੱਖਾਂ, ਸਿਖ਼ਰ ਚੋਟੀ ਦਏ ਚੜ੍ਹਾਈਆ । ਜਿਥੇ ਜਨਮ ਮਰਨ ਦੀ ਮਿਟੇ ਤ੍ਰਿਖਾ, ਤ੍ਰਿਸ਼ਨਾ ਵਿਚ ਨਾ ਕੋਇ ਭਟਕਾਈਆ । ਅਗਨੀ ਵਾਲੀ ਬਾਲੇ ਕੋਈ ਨਾ ਚਿਖਾ, ਚਿੰਤਾ ਗ਼ਮ ਨਾ ਕੋਇ ਸਤਾਈਆ । ਚਰਨ ਕਵਲ ਲਿਆ ਕੇ ਸਿੱਧਾ, ਰਸਤੇ ਵਿਚ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਅੰਤਮ ਵੇਲੇ ਰਹਿਣ ਨਾ ਦੇਵੇ ਵਿੰਗਾ, ਟੇਢੀ ਬੰਕ ਰਸਤਾ ਭਵਰ ਦਏ ਮਿਟਾਈਆ ।

## ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਮੰਗਲ ਸਿੰਘ ਦੇ ਗ੍ਰਹਿ ਪਿੰਡ ਧੰਗਾਲੀ ਕੈਂਪ ਮਨਵਾਲ ਜੰਮੂ ✪

ਜਨ ਭਗਤ ਕਹੇ ਮੈਂ ਪ੍ਰਭ ਦੇ ਨੂਰ ਦੀ ਵੇਖੀ ਚਮਕ, ਚੰਦ ਚਾਂਦਨਾ ਸੀਸ ਨਾ ਕੋਇ ਉਠਾਈਆ । ਮਿਹਰਵਾਨ ਹੋ ਕੇ ਬਖ਼ਸ਼ਿਸ਼ ਕਰੇ ਰਹਿਮਤ, ਦਇਆਨਿਧ ਦਇਆ ਕਮਾਈਆ । ਭਗਤਾਂ ਨਾਲ ਹੋ ਕੇ ਸਹਿਮਤ, ਸਹਿਮ ਪਿਛਲਾ ਰਿਹਾ ਚੁਕਾਈਆ । ਭਗਤੀ ਭਾਓ ਦੀ ਲੇਖੇ ਲਾਵੇ ਮਿਹਨਤ, ਜੋ ਢੋਲੇ ਰਹੇ ਗਾਈਆ । ਸਚ ਭੰਡਾਰ ਦੇਵੇ ਨਿਆਮਤ, ਕਾਇਆ ਝੋਲੀ ਆਪ ਭਰਾਈਆ । ਅੰਤ ਹੋਵੇ ਨਾ ਕਦੇ ਕ਼ਿਆਮਤ, ਚਰਨ ਕ਼ਦਮਾਂ ਦੇਵੇ ਮਾਣ ਵਡਿਆਈਆ । ਸਚ ਦਵਾਰੇ ਖੜੇ ਸਹੀ ਸਲਾਮਤ, ਆਤਮ ਚੁਰਾਸੀ ਵਿਚ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਲਏ ਬਣਾਈਆ । ਜਨ ਭਗਤ ਕਹੇ ਮੈਂ ਤੱਕਿਆ ਪ੍ਰਭ ਦਾ ਅਰਸ਼, ਅਰਸ਼ਾਂ ਤੋਂ ਉਤੇ ਧਿਆਨ ਲਗਾਈਆ । ਮੇਰੇ ਉਪਰ ਕੀਤਾ ਤਰਸ, ਦੀਨ ਦਿਆਲ ਹੋਇਆ ਸਹਾਈਆ । ਦਮਾਂ ਦਾ ਪੱਲੇ ਬੰਨ੍ਹਿਆ ਨਾ ਕੋਇ ਖਰਚ, ਧਨ ਦੌਲਤ ਕੰਧ ਨਾ ਕੋਇ ਉਠਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗਿਆ ਕਿਸੇ ਨਾ ਚਰਚ, ਚਰਚਾ ਸੁਣੀ ਨਾ ਜਗਤ ਲੋਕਾਈਆ । ਧਾਮ ਨਿਰਾਲਾ ਡਿੱਠਾ ਇਕ ਅਸਚਰਜ, ਜਿਥੇ ਅਚਰਜ ਲੀਲਾ ਬੇਪਰਵਾਹੀਆ । ਦੀਨਾਂ ਦੁਖੀਆਂ ਵੰਡੇ ਦਰਦ, ਨਿਮਾਣਿਆਂ ਹੋਏ ਸਹਾਈਆ । ਜਨ ਭਗਤਾਂ ਸੁਣੇ ਅਰਜ਼, ਜੋ ਬੇਨੰਤੀ ਰਹੇ ਜਣਾਈਆ । ਪੂਰਾ ਕਰੇ ਫ਼ਰਜ਼, ਫਰਮਾਂਬਰਦਾਰਾਂ ਵੇਖ ਵਖਾਈਆ । ਆਪਣੇ ਮਿਲਣ ਦੀ ਆਸਾ ਵੇਖ ਕੇ ਗ਼ਰਜ਼, ਭੁੱਲੇ ਭਟਕੇ ਲਏ ਜਗਾਈਆ । ਅੰਦਰ ਨਾਦ ਸੁਣਾ ਕੇ ਤਰਜ, ਤਰਫਦਾਰੀ ਦਏ ਮਿਟਾਈਆ । ਮਮਤਾ ਮੋਹ ਰਹੇ ਨਾ ਮਰਜ਼, ਮਰੀਜਾਂ ਸਫਾ ਦਏ ਵਖਾਈਆ । ਜਨ ਭਗਤਾਂ ਹੋਣ ਨਾ ਦੇਵੇ ਭਗਤੀ ਵਾਲਾ ਹਰਜ, ਹਰਜਾਨਾ ਸਹਿਜੇ ਝੋਲੀ ਪਾਈਆ । ਜਿਨ੍ਹਾਂ ਦਾ ਨਾਮ ਲੇਖਾ ਰਵਿਦਾਸ ਰਾਹੀਂ ਕਰ ਲਿਆ ਦਰਜ, ਦਰਜਾ ਉਨ੍ਹਾਂ ਦਾ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸੰਦੇਸੇ ਕਹੇ ਗਰਜ, ਨਾਮ ਸੁਨੇਹੜੇ ਵਿਚ ਸੁਣਾਈਆ ।

## ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਮੇਲਾ ਰਾਮ ਦੇ ਗ੍ਰਹਿ ਪਿੰਡ ਧੰਗਾਲੀ ਕੈਂਪ ਮਨਵਾਲ ਜੰਮੂ ✪

ਜਨ ਭਗਤ ਕਹੇ ਪ੍ਰਭ ਦਾ ਵੇਖਿਆ ਥਿਰ ਘਰ, ਜਿਥੇ ਚਰਨ ਕਵਲ ਟਿਕਾਈਆ । ਜਿਥੇ ਸ਼ਬਦੀ ਸੁਤ ਰਿਹਾ ਖੜ੍ਹ, ਦੋਏ ਜੋੜ ਸੀਸ ਝੁਕਾਈਆ । ਪੁਰਖ ਅਕਾਲੇ ਕਿਰਪਾ ਕਰ, ਦੀਨ ਦਿਆਲ ਤੇਰੀ ਬੇਪਰਵਾਹੀਆ । ਕਲਜੁਗ ਅਗਨੀ ਵਿਚ ਰਿਹਾ ਸੜ, ਸਾਂਤਕ ਸਤਿ ਨਾ ਕੋਇ ਕਰਾਈਆ । ਸਾਚੀ ਵਿਦਿਆ ਕੋਈ ਨਾ ਰਿਹਾ ਪੜ੍ਹ, ਪੁਸਤਕਾਂ ਵਾਲੀ ਕਰਨ ਲੜਾਈਆ । ਗੁਰ ਅਵਤਾਰ ਪੈਗ਼ੰਬਰ ਜੋ ਮਾਰਗ ਆਏ ਧਰ, ਧਰਨੀ ਧਰਤ ਧਵਲ ਉਪਰ ਟਿਕਾਈਆ । ਓਸ ਨੂੰ ਸਾਰੇ ਗਏ ਹਰ, ਹਿਰਦੇ ਹਰਿ ਨਾ ਕੋਇ ਮਨਾਈਆ । ਪੁਰਖ ਅਬਿਨਾਸ਼ੀ ਤੇਰਾ ਚੁਕਿਆ ਡਰ, ਭਟਕਣਾ ਵਿਚ ਰਹੇ ਕੁਰਲਾਈਆ । ਤੂੰ ਸਚਖੰਡ ਦਵਾਰੇ ਰਿਹੋਂ ਵੜ, ਸਿੰਘਾਸਣ ਬਹਿ ਕੇ ਖ਼ੁਸ਼ੀ ਮਨਾਈਆ । ਜਨ ਭਗਤ ਸੁਹੇਲੇ ਲੋਕਮਾਤ ਮਿੰਨਤਾ ਰਹੇ ਕਰ, ਦੋਏ ਜੋੜ ਵਾਸਤਾ ਪਾਈਆ । ਸਚ ਸਵਾਮੀ ਆ ਸਾਡੇ ਘਰ, ਘਰਾਨਾ ਸਾਚਾ ਦੇ ਬਣਾਈਆ । ਜੁਗ ਚੌਕੜੀ ਪਿਛੋਂ ਮਾਨਸ ਜਨਮ ਮਿਲਿਆ ਵਰ,

੭੦੫
੧੯

ਕਰਮ ਰੇਖਾ ਦੇ ਬਦਲਾਈਆ । ਸਤਿਗੁਰ ਹੋ ਕੇ ਦੇ ਵਰ, ਵਸਤ ਆਪਣੀ ਆਪ ਵਰਤਾਈਆ । ਅੰਤਮ ਲੈ ਕੇ ਜਾਵੀਂ ਆਪਣੇ ਘਰ, ਗ੍ਰਿਹ ਡੇਰਾ ਦੇਣਾ ਲਗਾਈਆ । ਤੇਰਾ ਪਲੂ ਲਿਆ ਫੜ, ਪਲਕ ਨਾ ਹੋਏ ਜੁਦਾਈਆ । ਤੂੰ ਆਦਿ ਜੁਗਾਦੀ ਚੋਟੀ ਜੜ, ਹੱਭ ਕੁਛ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਇਕੋ ਵਾਰ ਨੁਹਾਵੇ ਓਸ ਸਰ, ਜਿਸ ਸਰ ਵਿਚੋਂ ਸਰੀਰ ਦਾ ਲੇਖਾ ਰਹੇ ਨਾ ਰਾਈਆ ।

✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਪੂਰਨ ਸਿੰਘ ਦੇ ਗ੍ਰਿਹ ਪਿੰਡ ਧੰਗਾਲੀ ਕੈਂਪ ਮਨਵਾਲ ਜੰਮੂ ✪

ਜਨ ਭਗਤ ਕਹੇ ਮੈਂ ਪ੍ਰਭ ਦਾ ਮਾਨਣਾ ਇਕ ਆਨੰਦ, ਜੋ ਅਨੰਦ ਵਿਚੋਂ ਅਨੰਦ ਪਰਗਟਾਈਆ । ਆਤਮ ਪਰਮਾਤਮ ਇਕੋ ਦੇਵੇ ਠੰਡ, ਸੀਤਲਧਾਰ ਅਗਨੀ ਤਤ ਨਾ ਕੋਇ ਤਪਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਬੰਨ੍ਹੇ ਉਹ ਗੰਢ, ਏਥੇ ਓਥੇ ਦੋ ਜਹਾਨ ਮਨ ਬੁਧੀ ਸਕੇ ਨਾ ਕੋਇ ਖੁਲ੍ਹਾਈਆ । ਸਤਿ ਸਰੂਪ ਸ਼ਾਹੋ ਭੂਪ ਅਨਡਿਠੜਾ ਚਾੜ੍ਹੇ ਰੰਗ, ਜਗਤ ਲਲਾਰੀ ਜਿਸ ਨੂੰ ਰੰਗਣ ਕੋਇ ਨਾ ਆਈਆ । ਸੇਜ ਸੁਹਾਉਣੀ ਸਚ ਸਵਾਮੀ ਬਖ਼ਸ਼ੇ ਇਕ ਪਲੰਘ, ਜਿਸ ਦਾ ਪਾਵਾ ਚੂਲ ਬਾਡੀ ਘੜ ਨਾ ਕੋਇ ਵਖਾਈਆ । ਨਾਮ ਨਿਧਾਨ ਬਿਨ ਤੰਦ ਸਿਤਾਰ ਵਜਾਏ ਉਹ ਮਰਦੰਗ, ਜੋ ਛੱਤੀ ਰਾਗ ਤੋਂ ਬਾਹਰ ਸਚ ਜੈਕਾਰ ਦਏ ਦ੍ਰਿੜਾਈਆ । ਨਿਰਗੁਣ ਹੋ ਕੇ ਸਰਗੁਣ ਸਦਾ ਬਖ਼ਸ਼ੇ ਆਪਣਾ ਸੰਗ, ਸਗਲਾ ਸਾਥੀ ਹੋ ਕੇ ਲੱਗੀ ਤੋੜ ਨਿਭਾਈਆ । ਝਗੜਾ ਰਹੇ ਨਾ ਜੇਰਜ ਅੰਡ, ਉਤਭੁਜ ਸੇਤਜ ਚਾਰੇ ਖਾਣੀ ਨਾ ਕੋਇ ਭਵਾਈਆ । ਪਰਕਾਸ਼ ਤੱਕਣਾ ਪਏ ਨਾ ਸੂਰਜ ਚੰਦ, ਜਲਵਾ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਰਮਾਂ ਢਾਹੇ ਝੂਠੀ ਕੰਧ, ਬਖ਼ਸ਼ਿੰਦ ਹੋ ਕੇ ਰਹਿਮਤ ਆਪ ਕਮਾਈਆ । ਜਨ ਭਗਤ ਕਹੇ ਮੈਂ ਤੱਕਣਾ ਪ੍ਰਭ ਦਾ ਸਾਂਤਕ ਸਤਿ, ਸਤਿ ਸਤਿਵਾਦੀ ਦਏ ਦ੍ਰਿੜਾਈਆ । ਇਕੋ ਦੇਵੇ ਬ੍ਰਹਮਮਤ, ਪਾਰਬ੍ਰਹਮ ਪ੍ਰਭ ਭਿਛਿਆ ਧੁਰ ਦੀ ਝੋਲੀ ਪਾਈਆ । ਸਾਚਾ ਨਾਅਰਾ ਜੈਕਾਰਾ ਦੱਸੇ ਅਲਖ, ਅਲਖ ਅਗੋਚਰ ਦਇਆ ਦ੍ਰਿਸ਼ਟੀ ਇਸ਼ਟੀ ਆਪ ਸਮਝਾਈਆ । ਪਾਰਬ੍ਰਹਮ ਬ੍ਰਹਮ ਰਹਿਣ ਨਾ ਦੇਵੇ ਵੱਖ, ਦੂਜਾ ਦਰ ਨਾ ਕੋਇ ਵਖਾਈਆ । ਆਤਮ ਪਰਮਾਤਮ ਮੇਲਾ ਹੋਵੇ ਨਿਰਗੁਣ ਧਾਰ ਸਚ, ਸਚ ਦਵਾਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਅਗੰਮੀ ਵਥ, ਵਸਤ ਧੁਰ ਦੀ ਝੋਲੀ ਪਾਈਆ । ਜਨ ਭਗਤ ਕਹੇ ਮੈਂ ਤੱਕਣਾ ਪ੍ਰਭ ਦਾ ਨੂਰ ਉਜਾਲਾ, ਜੋ ਕਰੇ ਸਚ ਰੁਸ਼ਨਾਈਆ । ਜਿਥੇ ਕਲਜੁਗ ਕੂੜ ਰਹੇ ਨਾ ਕਾਲਾ, ਕਾਇਨਾਤ ਕਰਮ ਨਾ ਕੋਇ ਕਮਾਈਆ । ਮਾਰਗ ਮਿਲੇ ਧਰਮ ਸੁਖਾਲਾ, ਵਰਨ ਬਰਨ ਨਾ ਕੋਇ ਵੰਡਾਈਆ । ਲੇਖੇ ਲੱਗੇ ਪਿਛਲੀ ਘਾਲਾ, ਘਾਇਲ ਹੋ ਕੇ ਸੇਵ ਕਮਾਈਆ । ਮਹੱਲ ਅਟਲ ਚੜ੍ਹ ਕੇ ਤੱਕੇ ਸਚ ਸੱਚੀ ਧਰਮਸਾਲਾ, ਦਰ ਦਰਵਾਜ਼ਾ ਗ਼ਰੀਬ ਨਿਵਾਜਾ ਜਿਸ ਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦਰਸ ਵਖਾਵੇ ਅਗੇ ਖੜ੍ਹ, ਸਵੱਛ ਸਰੂਪ ਸ਼ਾਹੋ ਭੂਪ ਨਜ਼ਰੀ ਆਈਆ ।

## ੧੬ ਜੇਠ ਸ਼ਹਿਨਸ਼ਾਹੀ ਸੰਮਤ ੨ ਰਾਜਾ ਸਿੰਘ ਦੇ ਗ੍ਰਿਹ ਪਿੰਡ ਧੰਗਾਲੀ ਕੈਂਪ ਮਨਵਾਲ ਜੰਮੂ

ਜਨ ਭਗਤ ਕਹੇ ਸੁਰਤੀ ਸ਼ਬਦੀ ਮੇਰਾ ਜੋੜ, ਜੋੜੀ ਜੁੜ ਕੇ ਖ਼ੁਸ਼ੀ ਮਨਾਈਆ । ਆਤਮ ਪਰਮਾਤਮ ਸਾਂਝੀ ਰਖੀ ਲੋੜ, ਦਰਦੀ ਹੋ ਕੇ ਦਰਦ ਦਰਦ ਵੰਡਾਈਆ । ਪ੍ਰਭ ਮਾਲਕ ਸਵਾਮੀ ਹੋ ਕੇ ਜਾਏ ਬਹੁੜ, ਅਗਲਾ ਪਿਛਲਾ ਪੰਧ ਮੁਕਾਈਆ । ਸਾਚੇ ਮੰਦਰ ਲਾ ਕੇ ਆਪਣਾ ਪੌੜ, ਆਖ਼ਰ ਚੜ੍ਹ ਕੇ ਲਏ ਉਠਾਈਆ । ਬਿਨ ਅੱਖਾਂ ਵੇਖੇ ਕਰ ਕੇ ਗ਼ੌਰ, ਗਹਿਰ ਗੰਭੀਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਜਗਤ ਵਿਚੋਂ ਲਏ ਪਰਗਟਾਈਆ । ਜਨ ਭਗਤ ਕਹੇ ਮੇਰਾ ਪ੍ਰਭ ਦੇ ਅਰਪਣ ਜੀਵਣ, ਜੁਗਤ ਜੀਵਣ ਦੀ ਲੋੜ ਰਹੇ ਨਾ ਰਾਈਆ । ਮੈਂ ਨਾਮ ਨਿਧਾਨ ਅੰਮ੍ਰਿਤ ਰਸ ਆਇਆ ਪੀਵਣ, ਸਾਹਿਬ ਸਚ ਪਿਆਲਾ ਦੀਨ ਦਿਆਲਾ ਹੱਥ ਫੜਾਈਆ । ਚਰਨ ਕਵਲ ਸਰਨਾਈ ਆਇਆ ਥੀਵਣ, ਬਲਿਹਾਰ ਹੋ ਕੇ ਬਲ ਬਲ ਜਾਈਆ । ਗ਼ਰੀਬ ਨਿਮਾਣਾ ਹੋ ਕੇ ਆਇਆ ਨੀਵਣ, ਨਿਉਂ ਨਿਉਂ ਲਾਗਾਂ ਪਾਈਆ । ਤਨ ਪਾਟਾ ਆਇਆ ਸੀਵਣ, ਕੱਪੜ ਲਿਬਾਸ ਲਵਾਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਅੰਦਰ ਸਾਚਾ ਬੀਜ ਆਇਆ ਬੀਵਣ, ਬੀਰ ਰਸ ਅੰਮ੍ਰਿਤ ਰਸ ਸਵਾਸ ਰਸ ਪਰਕਾਸ਼ ਰਸ ਅਬਿਨਾਸ਼ ਰਸ ਕਰ ਕੇ ਆਪਣੇ ਵਸ, ਵਾਸਤਾ ਏਕੰਕਾਰ ਏਕਾ ਆਪਣੇ ਨਾਲ ਰਖਾਈਆ ।



## ੧੭ ਜੇਠ ਸ਼ਹਿਨਸ਼ਾਹੀ ਸੰਮਤ ੨ ਧਰਮੋ ਦੇਵੀ ਦੇ ਗ੍ਰਿਹ ਪਿੰਡ ਧੰਗਾਲੀ ਕੈਂਪ ਮਨਵਾਲ ਜੰਮੂ

ਜਨ ਭਗਤ ਕਹੇ ਪ੍ਰਭ ਮਿਲੇ ਸਾਹਿਬ ਬਖ਼ਸ਼ੰਦੀ, ਰੋਗ ਸੋਗ ਚਿੰਤਾ ਦੁੱਖ ਜਗਤ ਦਏ ਗਵਾਈਆ । ਸਾਚੇ ਨਾਮ ਪ੍ਰੇਮ ਦੀ ਬਖ਼ਸ਼ੇ ਇਕ ਸੁਗੰਧੀ, ਦੁਰਗੰਧੀ ਅੰਦਰੋਂ ਦਏ ਕਢਾਈਆ । ਜਨਮ ਜਨਮ ਦੀ ਰਹੇ ਨਾ ਕੋਇ ਪਾਬੰਦੀ, ਲੱਖ ਚੁਰਾਸੀ ਆਵਣ ਜਾਵਣ ਝਗੜਾ ਦਏ ਮੁਕਾਈਆ । ਸਿੱਧਾ ਮਾਰਗ ਦੱਸ ਕੇ ਡੰਡੀ, ਦਰਗਹਿ ਸਾਚੀ ਸਚ ਦਵਾਰੇ ਦਏ ਪਹੁੰਚਾਈਆ । ਮਾਇਆ ਮਮਤਾ ਵਿਚੋਂ ਲਏ ਕੱਢੀ, ਜਗਤ ਜੰਜਾਲ ਨਾ ਕੋਇ ਫਸਾਈਆ । ਆਤਮ ਪਰਮਾਤਮ ਹੋਣ ਨਾ ਦੇਵੇ ਰੰਡੀ, ਸੁਹਾਗਣ ਸੋਭਾਵੰਤ ਸਦਾ ਸੁਖਦਾਈਆ । ਆਪਣੇ ਲੇਖੇ ਲਾਵੇ ਮੰਦੀ ਚੰਗੀ, ਝਗੜਾ ਰਹੇ ਨਾ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਆਪਣੇ ਚਰਨ ਟਿਕਾਈਆ । ਜਨ ਭਗਤ ਕਹੇ ਪ੍ਰਭ ਤੱਕਣਾ ਆਪਣੇ ਨੈਣ, ਕਥਾ ਸੁਣਨ ਦੀ ਲੋੜ ਰਹੇ ਨਾ ਰਾਈਆ । ਜਿਸ ਨੂੰ ਨਿਰਗੁਣ ਧਾਰ ਪੁਰਖ ਅਕਾਲ ਜੋਤ ਸਰੂਪ ਸਾਰੇ ਕਹਿਣ, ਮਾਲਕ ਧੁਰ ਦਾ ਇਕ ਅਖਵਾਈਆ । ਉਹ ਨਜ਼ਰੀ ਆਵੇ ਇਕੋ ਸਾਕ ਸੱਜਣ ਸੈਣ, ਨਾਤਾ ਕੂੜ ਕੁਟੰਬ ਤੁੜਾਈਆ । ਆਪਣਾ ਦਰਸ਼ਨ ਦੇਵੇ ਨਿਰਗੁਣ ਧਾਰ ਐਨ, ਅੱਖ ਪਰਤੱਖ ਆਪ ਖੁਲ੍ਹਾਈਆ । ਮਨ ਮਨੂਆ ਸੁਖ ਸ਼ਾਂਤੀ ਵਿਚ ਕਰੇ ਚੈਨ, ਵਾਸਨਾ ਅੰਦਰ ਭੱਜੇ ਨਾ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਮੰਦਰ ਦਏ ਸੁਹਾਈਆ । ਜਨ ਭਗਤ ਕਹੇ ਮੈਂ ਤੱਕਣਾ ਉਹ ਨਵਾਬ, ਜੋ ਨੌਬਤ ਧੁਰ ਦਾ ਨਾਮ ਵਜਾਈਆ । ਜਿਸ ਦਾ ਸਿਫ਼ਤਾਂ ਤੋਂ ਬਾਹਰ ਖ਼ਤਾਬ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਅਖਵਾਈਆ । ਜਿਸ ਦਾ ਲੇਖਾ ਲਿਖ ਨਾ ਸਕੇ ਕੋਇ ਕਿਤਾਬ, ਹਰਫ਼ ਹਿੰਦਸਾ ਸਿਫ਼ਤ

ਨਾ ਕੋਇ ਸਾਲਾਹੀਆ । ਗਾ ਸਕੇ ਨਾ ਕੋਇ ਰਬਾਬ, ਰਸਨਾ ਜਿਹਵਾ ਨਾ ਕੋਇ ਵਡਿਆਈਆ । ਪੂਰਾ ਕਰ ਸਕੇ ਨਾ ਕੋਇ ਆਦਾਬ, ਸਜਦਿਆਂ ਵਿਚ ਸਾਰੇ ਸੀਸ ਝੁਕਾਈਆ । ਜੋ ਬੈਠਾ ਹੱਕ ਮਹਿਰਾਬ, ਸਚ ਸਿੰਘਾਸਣ ਸੋਭਾ ਪਾਈਆ । ਸੋ ਖੇਲ ਕਰੇ ਸਾਹਿਬ ਸਵਾਮੀ ਸ੍ਰੀ ਸਤਿਗੁਰੂ ਮਹਾਰਾਜ, ਰਾਜਨ ਭੂਪ ਬੇਪਰਵਾਹੀਆ । ਜਨ ਭਗਤਾਂ ਬਖ਼ਸ਼ੇ ਆਪਣੀ ਦਾਤ, ਨਾਮ ਨਿਧਾਨਾ ਝੋਲੀ ਪਾਈਆ । ਕਲਜੁਗ ਅੰਤਮ ਮੇਟ ਅੰਧੇਰੀ ਰਾਤ, ਰੁਤੜੀ ਆਪਣੇ ਸੰਗ ਨਿਭਾਈਆ । ਚਿੰਤਾ ਰੋਗ ਸੋਗ ਮਿਟੇ ਸੰਤਾਪ, ਸੰਸਾ ਅੰਦਰੋਂ ਦਏ ਕਢਾਈਆ । ਪੂਰਾ ਕਰੇ ਭਵਿਖਤ ਵਾਕ, ਵਾਕਫ਼ਕਾਰ ਭਗਤ ਲਏ ਕਰਾਈਆ । ਨਿਰਗੁਣ ਹੋ ਕੇ ਦੇਵੇ ਸੱਚਾ ਸਾਥ, ਸਗਲਾ ਸੰਗ ਨਿਭਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਦੱਸ ਕੇ ਸਾਚੀ ਗਾਥ, ਗਹਿਰ ਗੰਭੀਰ ਕਰੇ ਪੜ੍ਹਾਈਆ । ਲਹਿਣਾ ਦੇਣਾ ਜਨਮ ਕਰਮ ਦੇਵੇ ਹੱਥੋ ਹਾਥ, ਅਗੇ ਉਧਾਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਟਣਹਾਰਾ ਅੰਧੇਰੀ ਰਾਤ, ਨਿਰਗੁਣ ਸਾਚੀ ਜੋਤ ਧੁਰ ਦਾ ਨੂਰ ਕਰੇ ਰੁਸ਼ਨਾਈਆ ।

## ੧੭ ਜੇਠ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਕੌਰ ਦੇ ਗ੍ਰਹਿ ਕੈਂਪ ਮਨਵਾਲ ਜੰਮੂ



ਜਨ ਭਗਤ ਕਹੇ ਮੈਂ ਪ੍ਰਭ ਦਾ ਬਣਨਾ ਬਾਲਾ ਸੱਚਾ, ਨੰਨ੍ਹਾਂ ਨਿੱਕਾ ਨੱਢਾ ਰੂਪ ਵਟਾਈਆ । ਭਾਗ ਲਗਾਉਣਾ ਕਾਇਆ ਮਾਟੀ ਭਾਂਡਾ ਕੱਚਾ, ਕੰਚਨ ਗੜ੍ਹ ਵੱਜੇ ਸਚ ਵਧਾਈਆ । ਸ਼ਬਦ ਅਨਾਦੀ ਧੁਰ ਦਾ ਰਾਗ ਗਾਉਣਾ ਸੱਚਾ, ਜਗਤ ਵਿਦਿਆ ਨਾ ਕੋਇ ਪੜ੍ਹਾਈਆ । ਸਾਚੀ ਮੰਜ਼ਲ ਚੜ੍ਹ ਕੇ ਪ੍ਰਭ ਦਾ ਕਰਨਾ ਪੂਰਾ ਪਤਾ, ਪਤਿਪਰਮੇਸ਼ਵਰ ਵਸੇ ਕਿਸ ਕਿਸ ਥਾਈਂਆ । ਸੁਰਤੀ ਧਾਰ ਅੰਦਰ ਫਿਰਾਂ ਨੱਠਾਂ, ਭੱਜਾਂ ਵਾਹੋ ਦਾਹੀਆ । ਖਹਿੜਾ ਛੁਡਾ ਅੱਠਾਂ ਸੱਠਾਂ, ਸਚ ਸਰੋਵਰ ਨਹਾ ਕੇ ਖ਼ੁਸ਼ੀ ਮਨਾਈਆ । ਜਿਥੇ ਮਨ ਵਾਸਨਾ ਰਹੇ ਨਾ ਕੋਈ ਰੱਟਾ, ਝਗੜਾ ਤਤ ਨਾ ਕੋਇ ਵਖਾਈਆ । ਮੰਦਰ ਦਿਸੇ ਨਾ ਪੱਥਰਾਂ ਇੱਟਾਂ, ਗੁਰੂਦਵਾਰਾ ਨਜ਼ਰੀ ਆਈਆ । ਖੋਜਣਾ ਪਏ ਨਾ ਕਿਸੇ ਹੱਟਾਂ, ਜਗਤ ਬਜ਼ਾਰ ਨਾ ਕੋਇ ਭਵਾਈਆ । ਇਕੋ ਲਾਹਾ ਹਰਿ ਸਰਨਾਈ ਖੱਟਾਂ, ਖਟਕਾ ਅਗੇ ਰਹੇ ਨਾ ਰਾਈਆ । ਅੰਮ੍ਰਿਤ ਆਤਮ ਨਿਝਰ ਧਾਰ ਝੱਟਾਂ, ਨਾਭੀ ਕਵਲੀ ਕਵਲ ਉਲਟਾਈਆ । ਪੰਚ ਵਿਕਾਰਾ ਸੱਥਰ ਘੱਤਾਂ, ਕੂੜ ਕੁੜਿਆਰਾ ਪਰੇ ਹਟਾਈਆ । ਪ੍ਰਭ ਦਾ ਦਰਸ਼ਨ ਕਰਾਂ ਬਿਨ ਅੱਖਾਂ, ਨਿਜ ਲੋਚਨ ਹੋਏ ਰੁਸ਼ਨਾਈਆ । ਆਤਮ ਹੋ ਕੇ ਪਰਮਾਤਮ ਗ੍ਰਹਿ ਵਸਾਂ ਸਾਚੇ ਮੰਦਰ ਬਹਿ ਕੇ ਖ਼ੁਸ਼ੀ ਮਨਾਈਆ । ਦੀਨ ਦੁਨੀ ਜਗਤ ਜਹਾਨ ਛੱਡਾਂ, ਛੁਟਕੇ ਸਰਬ ਲੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾਵੇ ਆਪਣਾ ਘਰ, ਜਨ ਭਗਤ ਕਹੇ ਨਿਰਗੁਣ ਦਰਸ਼ਨ ਕਰ ਕੇ ਹੱਸਾਂ, ਮਸਤੀ ਵਿਚੋਂ ਨਾਮ ਮਸਤੀ ਇਕ ਚੜ੍ਹਾਈਆ । ਜਨ ਭਗਤ ਕਹੇ ਮੈਂ ਚੜ੍ਹੌਣੀ ਧੁਰ ਦੀ ਮਸਤੀ, ਜਾਮ ਇਕੋ ਮੁਖ ਲਗਾਈਆ । ਜਿਸ ਨਾਲ ਭਾਗ ਲੱਗੇ ਮੇਰੀ ਕਾਇਆ ਬਸਤੀ, ਖੇੜੇ ਸਾਚੇ ਵੱਜੇ ਵਧਾਈਆ । ਪ੍ਰਭ ਦੀ ਨਜ਼ਰ ਆਏ ਨਿਰਗੁਣ ਧਾਰ ਹਸਤੀ, ਜੋਤੀ ਜੋਤ ਜੋਤ ਰੁਸ਼ਨਾਈਆ । ਮੈਂ ਇਕੋ ਦਾ ਹੋਣਾ ਚਰਨ ਪਰੱਸਤੀ, ਸੀਸ ਇਕੋ ਇਕ ਝੁਕਾਈਆ । ਖੇਲ ਵੇਖਣੀ ਦਰਗਹਿ ਸਾਚੀ ਸਚ ਦੀ ਸਚ ਸੰਜਮ ਲੈਣਾ ਅਪਣਾਈਆ । ਮੁਹੱਬਤ ਵੇਖਣੀ

੭੦੮
੧੯

ਪਰਮ ਪੁਰਖ ਪਰਮਾਤਮ ਕਮਲਾਪਤਿ ਦੀ, ਜੋ ਪਤਿਪਰਮੇਸ਼ਵਰ ਹੋ ਕੇ ਆਤਮ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਧਾਰ ਦੱਸੇ ਸਾਚੀ ਅੱਖ ਦੀ, ਅੱਖੀਆਂ ਤੋਂ ਪਿਛੇ ਸਖ਼ੀਆਂ ਦਾ ਰੂਪ ਬਦਲਾਈਆ ।

### ੧੭ ਜੇਠ ਸ਼ਹਿਨਸ਼ਾਹੀ ਸੰਮਤ ੨ ਪਿਆਰੀ ਦੇਵੀ ਦੇ ਗ੍ਰਹਿ ਖ਼ੈਰੋਵਾਲ ਮਨਵਾਲ ਕੈਂਪ ਜੰਮੂ

ਜਨ ਭਗਤ ਕਹੇ ਤਨ ਮਨ ਦੇਣਾ ਪ੍ਰਭ ਦੇ ਜ਼ੁੰਮਾ, ਆਪਣੀ ਜ਼ੁੰਮੇਵਾਰੀ ਨਾ ਕੋਇ ਰਖਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਸਤਿ ਸਤਿਵਾਦੀ ਚਰਨ ਚੁੰਮਾ, ਰਸਨਾ ਰਸ ਅਵਰ ਨਾ ਕੋਇ ਵਡਿਆਈਆ । ਮਿਹਰਵਾਨ ਕਿਰਪਾ ਕਰ ਕੇ ਕੂੜੀ ਵਿਖ ਰਹਿਣ ਨਾ ਦੇਵੇ ਤੁਮਾ, ਅੰਮ੍ਰਿਤ ਰੂਪ ਦਏ ਜਣਾਈਆ । ਚਾਰੇ ਖਾਣੀ ਲੱਖ ਚੁਰਾਸੀ ਵਿਚ ਕਦੇ ਨਾ ਘੁੰਮਾ, ਘੁੰਮਣ ਘੇਰ ਡੂੰਘੀ ਭਵਰ ਨਾ ਕੋਇ ਭਵਾਈਆ । ਇਕੋ ਨਾਮ ਸੰਦੇਸ਼ ਪੁਰਖ ਅਕਾਲ ਦਾ ਸੁਣਾ, ਸਰਵਣ ਦੂਜੀ ਆਵਾਜ਼ ਸੁਣਨ ਕੋਇ ਨਾ ਪਾਈਆ । ਇਕੋ ਉਪਜੇ ਅਗੰਮੀ ਧੁਨਾ, ਢੋਲਕ ਛੈਣਾ ਨਾ ਕੋਇ ਖੜਕਾਈਆ । ਸਵਾਮੀ ਮਿਲੇ ਸਤਿਗੁਰ ਬਹੁਗੁਣਾ, ਔਗੁਣ ਮੇਰੇ ਦਏ ਛੁਪਾਈਆ । ਤਨ ਮਾਟੀ ਭਾਂਡਾ ਰਹਿਣ ਨਾ ਦੇਵੇ ਊਣਾ, ਵਸਤ ਅਮੋਲਕ ਵਿਚ ਟਿਕਾਈਆ । ਅੰਤਕਾਲ ਕਲ ਪਏ ਨਾ ਰੋਣਾ, ਜਮ ਕੀ ਫਾਸੀ ਗਲ ਨਾ ਕੋਇ ਲਟਕਾਈਆ । ਮੜ੍ਹੀ ਗੋਰ ਪਏ ਨਾ ਸੌਣਾ, ਬਿਸਤਰੇ ਮਰਗ ਸੇਜ ਨਾ ਕੋਇ ਹੰਢਾਈਆ । ਆਤਮ ਪਰਮਾਤਮ ਹਵਾਲੇ ਹਭ ਕਰਾਉਣਾ, ਆਪਣਾ ਆਪ ਮਿਟਾਈਆ । ਸਚਖੰਡ ਦਵਾਰਾ ਇਕੋ ਪਾਉਣਾ, ਜਿਸ ਵਿਚ ਰਹਿ ਕੇ ਝਟ ਲੰਘਾਈਆ । ਪੁਰਖ ਅਬਿਨਾਸ਼ੀ ਦਰਸ਼ਨ ਕਰ ਕੇ ਆਪਾ ਆਪ ਭੇਟ ਚੜ੍ਹਾਉਣਾ, ਬਾਕੀ ਅਵਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਕਹੇ ਮੋਹੇ ਦੇਵੇ ਇਕ ਵਰ, ਵਰਮ ਦਵੈਤ ਰਹਿਣ ਨਾ ਪਾਈਆ ।

### ੧੭ ਜੇਠ ਸ਼ਹਿਨਸ਼ਾਹੀ ਸੰਮਤ ੨ ਕ੍ਰਿਸ਼ਨਾ ਦੇਵੀ ਦੇ ਗ੍ਰਹਿ ਪਿੰਡ ਖ਼ੈਰੋਵਾਲ ਕੈਂਪ ਮਨਵਾਲ ਜੰਮੂ

ਜਨ ਭਗਤ ਕਹੇ ਮੈਂ ਪੁਰਖ ਅਕਾਲ ਇਕੋ ਬਨਾਉਣਾ ਬਾਪ, ਪਿਤਾ ਪਰਮੇਸ਼ਵਰ ਨਜ਼ਰੀ ਆਈਆ । ਜਿਸ ਦਾ ਆਦਿ ਜੁਗਾਦਿ ਸਾਚਾ ਜਾਪ, ਜੁਗ ਚੌਕੜੀ ਜਗਤ ਸੁਣਾਈਆ । ਜਨ ਭਗਤਾਂ ਕਰੇ ਦਾਸੀ ਦਾਸ, ਸੇਵਕ ਆਪਣੇ ਲਏ ਬਣਾਈਆ । ਰੂਹ ਬੁਤ ਦੋਵੇਂ ਕਰ ਕੇ ਪਾਕ, ਪਵਿਤ੍ਰ ਧਾਰਾ ਵਿਚ ਰਖਾਈਆ । ਆਤਮ ਦਾ ਦੇਵੇ ਸੱਚਾ ਸਾਥ, ਸਗਲਾ ਸੰਗ ਤੋੜ ਨਿਭਾਈਆ । ਲਹਿਣਾ ਦੇਣਾ ਚੁਕਾ ਕੇ ਮਸਤਕ ਮਾਥ, ਪੂਰਬ ਲੇਖਾ ਦਏ ਮੁਕਾਈਆ । ਜਨਮ ਜਨਮ ਦੀ ਪੂਰੀ ਕਰ ਕੇ ਆਸ, ਤ੍ਰਿਸ਼ਨਾ ਰੋਗ ਰਹੇ ਨਾ ਰਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਕਰੇ ਰੁਸ਼ਨਾਈਆ । ਜਨ ਭਗਤਾਂ ਮਿਲਣ ਆਵੇ ਆਪ, ਨਿਰਗੁਣ ਹੋ ਕੇ ਵੇਖ ਵਖਾਈਆ । ਤ੍ਰੈਗੁਣ ਮੇਟੇ ਰੋਗ ਸੰਤਾਪ, ਪਤਿਤ ਪੁਨੀਤ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਮੁਕਾਏ ਵਿਚ ਲੋਕਮਾਤ, ਸਚਖੰਡ ਦਵਾਰੇ ਸਾਚਾ ਹਿੱਸਾ ਝੋਲੀ ਦੇਵੇ ਪਾਈਆ ।

## ੧੭ ਜੇਠ ਸ਼ਹਿਨਸ਼ਾਹੀ ਸੰਮਤ ੨ ਰਸਾਲ ਸਿੰਘ ਦੇ ਗ੍ਰਿਹ ਪਿੰਡ ਮਨਾਵਰ ਕੈਂਪ ਮਨਵਾਲ ਜੰਮੂ

ਜਨ ਭਗਤ ਕਹੇ ਪ੍ਰਭ ਮਾਲਕ ਬਣੇ ਸੱਚੇ ਹਿਤ ਦਾ, ਪ੍ਰੇਮ ਬੰਧਨ ਨਾਮ ਰਖਾਈਆ । ਜਨਮ ਮਰਨ ਝਗੜਾ ਮੁਕ ਜਾਏ ਨਿਤ ਦਾ, ਚੁਰਾਸੀ ਫੰਦ ਨਾ ਕੋਇ ਪਵਾਈਆ । ਸਾਚਾ ਲੇਖਾ ਜਾਵੇ ਲਿਖਦਾ, ਜਨਮ ਕਰਮ ਉਲਟਾਈਆ । ਨਜ਼ਰੀ ਆਵੇ ਦਿਸਦਾ, ਸਨਮੁਖ ਸੋਭਾ ਪਾਈਆ । ਨਾਤਾ ਜੋੜੇ ਸਾਚੇ ਪਿਤ ਦਾ, ਪਿਤਾ ਪੂਤ ਗੋਦ ਸੁਹਾਈਆ । ਘਰ ਮਿਲੇ ਇਕੋ ਠਾਕਰ ਸੱਜਣ ਇਕ ਦਾ, ਏਕੰਕਾਰ ਲਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦੇਵੇ ਲਗਾਈਆ । ਜਨ ਭਗਤ ਕਹੇ ਮੈਂ ਪ੍ਰਭ ਦਾ ਬਣਨਾ ਸਖ਼ਾ, ਸੱਜਣ ਨਜ਼ਰ ਕੋਇ ਨਾ ਆਈਆ । ਦਰਸ ਕਰਨਾ ਅੱਖਾਂ, ਆਖ਼ਰ ਮੰਜ਼ਲ ਚੜ੍ਹ ਕੇ ਖ਼ੁਸ਼ੀ ਮਨਾਈਆ । ਖ਼ੁਸ਼ੀ ਰਹਿਣਾ ਵਸ ਕੇ ਕੁੱਲੀ ਕੱਖਾਂ, ਮਹੱਲ ਅਟਲ ਨਾ ਕੋਇ ਵਡਿਆਈਆ । ਝਗੜਾ ਚੁਕਾ ਕੇ ਕੂੜ ਕੁੜਿਆਰ ਲੱਖਾਂ, ਲਖਮੀ ਨਰਾਇਣ ਇਕੋ ਲੈਣਾ ਧਿਆਈਆ । ਜਿਸ ਦੀ ਸਰਨਾਈ ਸਦਾ ਵੱਸਾਂ, ਚਰਨ ਕਵਲ ਧਿਆਨ ਲਗਾਈਆ । ਖ਼ੁਸ਼ੀਆਂ ਵਿਚ ਢੋਲੇ ਗਾ ਕੇ ਹੱਸਾਂ, ਗੀਤ ਗੋਬਿੰਦ ਜਣਾਈਆ । ਓਸ ਦਾ ਪੱਲੂ ਕਦੇ ਨਾ ਛੱਡਾਂ, ਮਾਲਕ ਧੁਰ ਦਾ ਆਪਣੀ ਗੰਢ ਪਵਾਈਆ । ਭਾਗ ਲਗਾ ਕੇ ਕਾਇਆ ਮਾਟੀ ਹੱਡਾਂ, ਹਿਰਦੇ ਵਿਚੋਂ ਹਰਿ ਲਵਾਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਕਹੇ ਚੁਰਾਸੀ ਵਿਚੋਂ ਤੈਨੂੰ ਨਿਰਗੁਣ ਧਾਰ ਹੋ ਕੇ ਲੱਭਾਂ, ਜਗਤ ਖੋਜਣ ਦੀ ਲੋੜ ਰਹੇ ਨਾ ਰਾਈਆ ।


੭੦੬ ੧੯

## ੧੭ ਜੇਠ ਸ਼ਹਿਨਸ਼ਾਹੀ ਸੰਮਤ ੨ ਰਵੇਲਾ ਰਾਮ ਦੇ ਗ੍ਰਿਹ ਪਿੰਡ ਸਰਦਾਰੀ ਕੈਂਪ ਮਨਵਾਲ ਜੰਮੂ

ਜਨ ਭਗਤ ਕਹੇ ਸਾਚੀ ਧਾਰ ਤੱਕਾਂ ਸਤਿਗੁਰ ਸ਼ਬਦ, ਥਿਰ ਘਰ ਵਾਸੀ ਨਜ਼ਰੀ ਆਈਆ । ਜਿਸ ਦਾ ਨਾ ਕੋਈ ਦੀਨ ਨਾ ਕੋਈ ਮਜ਼੍ਹਬ, ਵਰਨ ਬਰਨ ਵੰਡ ਨਾ ਕੋਇ ਵੰਡਾਈਆ । ਵਿਆਪਕ ਹੋਵੇ ਸ੍ਰਿਸ਼ਟੀ ਸਰਬ, ਦ੍ਰਿਸ਼ਟੀ ਦਾ ਮਾਲਕ ਨਜ਼ਰੀ ਆਈਆ । ਜਿਸਨੂੰ ਝੁਕਦੇ ਅਰਬ ਖਰਬ, ਦੋ ਜਹਾਨ ਸੀਸ ਨਿਵਾਈਆ । ਜਿਸਦਾ ਲਹਿਣਾ ਦੇਣਾ ਸ਼ਰਕਨ ਗਰਬ, ਪੱਛਮ ਦੱਖਣ ਸੋਭਾ ਪਾਈਆ । ਪ੍ਰੇਮੀਆਂ ਪਿਆਰਿਆਂ ਵੰਡੇ ਸਦਾ ਦਰਦ, ਦੀਨਾਂ ਦੁਖੀਆਂ ਗਲੇ ਲਗਾਈਆ । ਸਾਚੇ ਸੰਤਾਂ ਸੁਣ ਕੇ ਅੰਤਰ ਅਰਜ਼, ਸਰਗੁਣ ਹੋ ਕੇ ਦਏ ਵਡਿਆਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਪੂਰਾ ਕਰਦਾ ਆਇਆ ਫ਼ਰਜ਼, ਗੁਰ ਅਵਤਾਰ ਪੈਗ਼ੰਬਰ ਆਪਣਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਕਹੇ ਮੈਂ ਸਤਿਗੁਰ ਸ਼ਬਦ ਵੇਖਣਾ ਇਕ ਗੁਰਦੇਵ, ਦੇਵਤ ਸੁਰ ਜਿਸ ਦਾ ਧਿਆਨ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਦੇ ਸੇਵ, ਨਿਉਂ ਨਿਉਂ ਲਾਗਣ ਪਾਈਆ । ਜੋ ਦਿਸੇ ਸਦਾ ਨਿਹਚਲ ਧਾਮ ਨਿਹਕੇਵ, ਅਟਲ ਪਦਵੀ ਡੇਰਾ ਲਾਈਆ । ਜਿਸ ਦੀ ਸਿਫ਼ਤ ਕਰ ਨਾ ਸਕੇ ਕੋਈ ਰਸਨਾ ਜਿਹਵ, ਕਾਤਬ ਲਿਖੇ ਨਾਲ ਨਾ ਕਲਮ ਸ਼ਾਹੀਆ । ਗਹਿਰ ਗੰਭੀਰ ਹੋਵੇ ਅਲਖ ਅਭੇਵ, ਬੇਅੰਤ ਬੇਪਰਵਾਹ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਹੋਵੇ ਸਹਾਈਆ । ਜਨ ਭਗਤ ਕਹੇ ਸਤਿਗੁਰ ਸ਼ਬਦ

ਤੱਕਣਾ ਧੁਰ ਦਾ ਪੀਰ, ਪੈਗ਼ੰਬਰਾਂ ਦਾ ਪੈਗ਼ੰਬਰ ਨਜ਼ਰੀ ਆਈਆ । ਜੋ ਸਭ ਦਾ ਦਸਤਗੀਰ, ਦਸਤ ਨਾਲ ਦਸਤ ਮਿਲਾਈਆ । ਮੰਜ਼ਲ ਚੋਟੀ ਚੜ੍ਹ ਕੇ ਬੈਠਾ ਅਖ਼ੀਰ, ਕਾਇਆ ਕਾਅਬਾ ਪੜਦਾ ਦਏ ਉਠਾਈਆ । ਨਿਰਗੁਣ ਨਿਰਵੈਰ ਨਿਰਾਕਾਰ ਵਖਾਏ ਆਪਣੀ ਸਚ ਤਸਵੀਰ, ਜਿਸ ਦਾ ਮੁਸੱਵਰ ਰੂਪ ਰੰਗ ਰੇਖ ਨਾ ਕੋਇ ਸਮਝਾਈਆ । ਜਨ ਭਗਤਾਂ ਮੁਰਸ਼ਦ ਹੋ ਕੇ ਦੱਸੇ ਸਚ ਤਦਬੀਰ, ਮੁਰੀਦ ਆਪਣੇ ਲਏ ਜਣਾਈਆ । ਸਹਾਰਾ ਦੇ ਕੇ ਜੁਲਾਹੇ ਕਬੀਰ, ਕ਼ਬਰਾਂ ਵਿਚੋਂ ਬਾਹਰ ਦਿਤਾ ਕਢਾਈਆ । ਨੂਰ ਜਹੂਰ ਕਰੇ ਨਜ਼ੀਰ, ਨਜ਼ਰੀਆ ਅੰਦਰੋਂ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਝਗੜਾ ਮਿਟਾਵਣਹਾਰਾ ਅਮੀਰ ਗ਼ਰੀਬ, ਜਨ ਭਗਤਾਂ ਅਮਰਾਪਦ ਇਕੋ ਇਕ ਵਖਾਈਆ । ਜਨ ਭਗਤ ਕਹੇ ਮੈਂ ਸਤਿਗੁਰ ਸ਼ਬਦ ਤੱਕਾਂ, ਬਿਨ ਅੱਖਾਂ ਅੱਖ ਖੁਲ੍ਹਾਈਆ । ਫਿਰਨਾ ਪਏ ਨਾ ਕਿਸੇ ਮਦੀਨਾ ਮੱਕਾ, ਤੀਰਥ ਤਟ ਭੱਜਣਾ ਪਏ ਨਾ ਵਾਹੋ ਦਾਹੀਆ । ਖੋਜਣਾ ਪਏ ਨਾ ਮੰਦਰ ਮੱਠਾਂ, ਗੁਰੂਦਵਾਰ ਪੜਦਾ ਨਾ ਕੋਇ ਉਠਾਈਆ । ਇਕੋ ਓਸੇ ਦੀ ਓਟ ਰਖਾਂ, ਜੋ ਰੱਖਿਆ ਕਰੇ ਹਰ ਹਰ ਥਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਤੱਕਦੇ ਰਹੇ ਨਾਲ ਅਗੰਮੀ ਅੱਖਾਂ, ਦੋਏ ਲੋਚਨ ਬੰਦ ਧਿਆਨ ਕਰਾਈਆ । ਜਿਸ ਦੇ ਚਰਨ ਕਵਲ ਸਰਨਾਈ ਸਦਾ ਵਸਾਂ, ਵਾਸਤਾ ਇਕੋ ਨਾਲ ਜੁੜਾਈਆ । ਮਨ ਹੰਕਾਰੀ ਵਿਕਾਰੀ ਕਰ ਕੇ ਢੱਠਾਂ, ਬੁਧੀ ਚਲੇ ਨਾ ਕੋਇ ਚਤੁਰਾਈਆ । ਸੱਚਾ ਲਾਹਾ ਸਾਚੇ ਨਾਮ ਪਦਾਰਥ ਦਰ ਤੋਂ ਖੱਟਾਂ, ਅਗੇ ਦਾ ਖਟਕਾ ਰਹੇ ਨਾ ਰਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਬਣੇ ਸੱਜਣ ਸਖ਼ਾ, ਸਗਲਾ ਸੰਗ ਆਪ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸ਼ਬਦ ਜਨ ਭਗਤਾਂ ਮਿਲਾਏ ਇਕੋ ਸੱਚਾ, ਦਰਗਹਿ ਸਾਚੀ ਸਚ ਧਾਮ ਵਡਿਆਈਆ ।



### ✪ ੧੭ ਜੇਠ ਸ਼ਹਿਨਸ਼ਾਹੀ ਸੰਮਤ ੨ ਬਚਨ ਸਿੰਘ ਤੂਤਾਂ ਵਾਲੇ ਦੇ ਗ੍ਰਿਹ ਕੈਂਪ ਮਨਵਾਲ ਜੰਮੂ ✪

ਜਨ ਭਗਤ ਕਹੇ ਮੈਂ ਪ੍ਰਭ ਲੱਭਣਾ ਸੱਚਾ ਖੋਜੀ, ਜੋ ਖੋਜਤ ਖੋਜਤ ਵੇਖ ਵਖਾਈਆ । ਸਚਖੰਡ ਦਵਾਰੇ ਦਾ ਬਣਿਆ ਰਹੇ ਮੌਜੀ, ਮਜਲਸ ਭਗਤਾਂ ਵਿਚ ਜਣਾਈਆ । ਪ੍ਰੀਤਮ ਬਣਿਆ ਰਹੇ ਚੋਜੀ, ਚੋਜ ਨਿਰਾਲੇ ਆਪ ਜਣਾਈਆ । ਜਨ ਭਗਤ ਜਨਮ ਕਰਮ ਦਾ ਰਹਿਣ ਨਾ ਦੇਵੇ ਰੋਗੀ, ਚੁਰਾਸੀ ਦੁੱਖਾਂ ਵਿਚੋਂ ਬਾਹਰ ਕਢਾਈਆ । ਸਚ ਦਵਾਰ ਦੀ ਦੇਵੇ ਆਪਣੀ ਸੋਝੀ, ਸਮਝ ਵਿਚੋਂ ਸਮਝ ਦਏ ਬਦਲਾਈਆ । ਭਾਗ ਲਗਾ ਕੇ ਕਾਇਆ ਮਾਟੀ ਸਾਚੀ ਕੋਠੀ, ਸਾਢੇ ਤਿੰਨ ਹੱਥ ਵੇਖੇ ਚਾਈਂ ਚਾਈਂਆ । ਕਰ ਪਰਕਾਸ਼ ਨਿਰਮਲ ਜੋਤੀ, ਜੋਤੀ ਜੋਤ ਡਗਮਗਾਈਆ । ਸ਼ਬਦੀ ਸੁਰਤ ਉਠਾਵੇ ਸੋਤੀ, ਸੁੱਤਿਆਂ ਰੈਣ ਨਾ ਕੋਇ ਵਿਹਾਈਆ । ਆਤਮ ਪਰਮਾਤਮ ਬਣਾ ਕੇ ਆਪਣਾ ਗੋਤੀ, ਘਰ ਵਿਚ ਘਰ ਮੇਲਾ ਲਏ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਰੰਗਾਈਆ । ਜਨ ਭਗਤ ਕਹੇ ਮੈਂ ਪ੍ਰਭ ਲੱਭਣਾ ਦੀਨਾਂ ਬੰਧੂ, ਜੋ ਬੰਦਨ ਇਕੋ ਇਕ ਜਣਾਈਆ । ਗਹਿਰ ਗੰਭੀਰ ਹੋਵੇ ਸਾਗਰ ਸਿੰਧੂ, ਮਿਹਰ ਨਜ਼ਰ ਇਕ ਉਠਾਈਆ । ਮਨੂਆ ਮਨ ਵਾਸਨਾ ਰਹਿਣ ਨਾ ਦੇਵੇ ਚਿੰਦੂ, ਚਿੰਤਾ ਗ਼ਮ ਨਾ ਕੋਇ ਸਤਾਈਆ । ਮੁਸਲਿਮ ਸਿੱਖ ਈਸਾਈ ਸਾਰੇ ਤਾਰੇ ਹਿੰਦੂ, ਦੀਨ ਮਜ਼੍ਹਬ ਵੰਡ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਸਿਫ਼ਤ ਸਾਲਾਹੀਆ । ਜਨ ਭਗਤ ਕਹੇ ਮੈਂ ਵੇਖਣਾ ਸਚ ਭੰਡਾਰ, ਜੋ ਭੰਡਾਰੀ ਹੋ ਕੇ ਰਿਹਾ ਵਰਤਾਈਆ । ਮੁਕੇ ਕਦੇ ਨਾ ਸਦਾ ਜੁਗ ਚਾਰ, ਜੁਗ ਚੌਕੜੀ ਦੂਣ ਸਵਾਈਆ । ਕਲਜੁਗ ਅੰਤਮ ਖੇਲ ਕਰੇ ਅਪਾਰ, ਅਪਰੰਪਰ ਹੋ ਕੇ ਵੇਸ ਵਟਾਈਆ । ਸੁਤ ਦੁਲਾਰਾ ਕਰ ਤਿਆਰ, ਗੋਬਿੰਦ ਮੇਲਾ ਸਹਿਜ ਸੁਭਾਈਆ । ਸਚ ਸੰਦੇਸ਼ਾ ਦੇਵੇ ਆਪਣੀ ਧਾਰ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਧਾਮ ਵਖਾਵੇ ਅਪਰ ਅਪਾਰ, ਸੰਬਲ ਬਹਿ ਕੇ ਸੋਭਾ ਪਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਮਿਲ ਕੇ ਸ਼ਬਦ ਰਖੇ ਆਪਣੇ ਅਖ਼ਤਿਆਰ, ਦੂਸਰ ਹੱਥ ਨਾ ਕਿਸੇ ਫੜਾਈਆ । ਜਿਸ ਨੂੰ ਹਜ਼ਰਤਾਂ ਪੈਗ਼ੰਬਰਾਂ ਰਸੂਲਾਂ ਮੰਨਿਆ ਸਾਂਝਾ ਯਾਰ, ਪਰਵਰਦਿਗਾਰ ਨੂਰ ਖ਼ੁਦਾਈਆ । ਉਹ ਭਗਤਾਂ ਉਤੇ ਕਰੇ ਇਕ ਇਤਬਾਰ, ਬੇਇਤਬਾਰੀ ਵੇਖੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਾਚੇ ਰੰਗ ਸਮਾਈਆ । ਜਨ ਭਗਤ ਕਹੇ ਮੈਂ ਵੇਖਣਾ ਸ਼ਬਦ ਨਿਰਾਲਾ ਗੁਰੂ, ਜਿਸ ਨੂੰ ਗੁਰਦੇਵ ਕਹਿ ਕੇ ਸਾਰੇ ਗਏ ਮਨਾਈਆ । ਜਿਸਦੇ ਕੋਲੋਂ ਪਰਮ ਪੁਰਖ ਦਾ ਕਾਰਜ ਹੁੰਦਾ ਸ਼ੁਰੂ, ਆਦਿ ਆਦਿ ਰਚਨਾ ਜਿਸ ਰਚਾਈਆ । ਜਿਹੜਾ ਮੰਜ਼ਲ ਚੜ੍ਹ ਕੇ ਪਾਂਧੀ ਹੋ ਕੇ ਮੁਸਾਫ਼ਰ ਕਦੇ ਨਾ ਮੁੜੂ, ਸਚ ਦਵਾਰੇ ਬਹਿ ਕੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਦਰ ਸ਼ਬਦੀ ਨਾਮ ਫ਼ੁਰਨਾ ਹੋ ਕੇ ਫ਼ੁਰੂ, ਫ਼ੁਰਨੇ ਮਨ ਦੇ ਬੰਦ ਕਰਾਈਆ ।


੭੧੧
੧੯

## ੧੭ ਜੇਠ ਸ਼ਹਿਨਸ਼ਾਹੀ ਸੰਮਤ ੨ ਦੇਸ ਰਾਜ ਦੇ ਗ੍ਰਿਹ ਕੈਂਪ ਮਨਵਾਲ ਜੰਮੂ

ਜਨ ਭਗਤ ਕਹੇ ਮੈਂ ਪ੍ਰਭ ਦੀ ਲੈਣੀ ਸਿਖਿਆ, ਨਿਰਅੱਖਰ ਪੜ੍ਹ ਕੇ ਖ਼ੁਸ਼ੀ ਮਨਾਈਆ । ਜਿਹੜਾ ਕ਼ਲਮ ਸ਼ਾਹੀ ਨਾਲ ਨਾ ਜਾਏ ਲਿਖਿਆ, ਰਸਨਾ ਗਾ ਨਾ ਕੋਇ ਸੁਣਾਈਆ । ਜਿਥੋਂ ਗੁਰ ਅਵਤਾਰ ਪੈਗ਼ੰਬਰਾਂ ਮਿਲਦੀ ਭਿਛਿਆ, ਅਣਮੰਗੀ, ਦੌਲਤ ਰਿਹਾ ਵਰਤਾਈਆ । ਜਿਸ ਦੀ ਧਾਰ ਨਾਲ ਆਦਿ ਜੁਗਾਦਿ ਕਰੇ ਸਭ ਦੀ ਰੱਛਿਆ, ਰੱਛਕ ਹੋ ਕੇ ਵੇਖ ਵਖਾਈਆ । ਜਗ ਨੇਤਰ ਨਾਲ ਵਿਦਿਆ ਵਿਚੋਂ ਕਿਸੇ ਨਾ ਦਿਸਿਆ, ਚੌਦਾਂ ਵਿਦਿਆ ਰਹੀ ਕੁਰਲਾਈਆ । ਜੋ ਦੀਨ ਮਜ਼੍ਹਬ ਜਾਤ ਪਾਤ ਵਿਚ ਆ ਕੇ ਕਦੇ ਨਾ ਜਾਏ ਭਿਟਿਆ, ਭਿੱਟੜ ਰੂਪ ਨਾ ਕੋਇ ਵਟਾਈਆ । ਸਦਾ ਸਦਾ ਸਚ ਸਵਾਮੀ ਬੋਲ ਬੋਲੇ ਮਿਠਿਆ, ਅਨਰਸ ਆਪਣਾ ਦਏ ਚਖਾਈਆ । ਜਨ ਭਗਤਾਂ ਮਾਰਗ ਲਾ ਕੇ ਜੁਗ ਜੁਗ ਸਿਧਿਆ, ਸਾਜਣ ਸਾਚਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਜਨ ਭਗਤਾਂ ਪ੍ਰੇਮ ਪ੍ਰੀਤੀ ਅੰਦਰ ਵਿਕਿਆ, ਬਿਨ ਕ਼ੀਮਤ ਤੋਂ ਕ਼ੀਮਤ ਸਭ ਦੀ ਦਏ ਚੁਕਾਈਆ । ਜਨ ਭਗਤ ਕਹੇ ਮੈਂ ਤੱਕਣਾ ਭਗਵਾਨ ਉਹ, ਜਿਸਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਉਸਤਤ ਕਰ ਕੇ ਖ਼ੁਸ਼ੀ ਮਨਾਈਆ । ਜਗਤ ਵਾਸਨਾ ਵਿਚੋਂ ਕਰੇ ਨਿਰਮੋਹ, ਮੁਹੱਬਤ ਆਪਣੇ ਨਾਲ ਜੁੜਾਈਆ । ਪਰਮਾਤਮ ਹੋ ਕੇ ਆਤਮ ਜਾਵੇ ਛੋਹ, ਸ਼ਹਿਨਸ਼ਾਹ ਹੋ ਕੇ ਆਪਣਾ ਰੰਗ ਚੜ੍ਹਾਈਆ । ਤਨ ਮਾਟੀ ਖ਼ਾਕੀ ਮੰਦਰ ਅੰਦਰ ਦੇਵੇ ਸਾਚੀ ਲੋ, ਜੋਤੀ ਨੂਰ ਕਰ ਰੁਸ਼ਨਾਈਆ । ਨਾਮ ਨਿਧਾਨਾ ਸਾਚੇ ਬੀਜ ਦੇਵੇ ਬੋ, ਪੱਤ ਟਹਿਣੀ ਆਪ ਮਹਿਕਾਈਆ । ਕੂੜੀ ਕਿਰਿਆ ਅੰਦਰੋਂ ਲਵੇ ਖੋਹ, ਧਰੋਹ ਮਨ ਨਾ ਕੋਇ ਕਮਾਈਆ ।

ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਦੇਵੇ ਗਰੋਹ, ਸ਼ਬਦੀ ਖੰਡਾਂ ਇਕ ਚਮਕਾਈਆ । ਸਾਚਾ ਅੰਮ੍ਰਿਤ ਨਿਝਰ ਧਾਰ ਦੇਵੇ ਚੋ, ਚਰਨ ਚਰਨੋਦਕ ਆਪਣਾ ਨਾਮ ਪਿਆਈਆ । ਭਗਤਾਂ ਅੰਦਰ ਮਿਲ ਕੇ ਭਗਤਾਂ ਰੂਪ ਜਾਵੇ ਹੋ, ਨਿਰਵੈਰ ਨਿਰਾਕਾਰ ਆਪਣਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸ਼ਬਦ ਸੰਦੇਸ਼ਾ ਦੇ ਕੇ ਸੋਹੰ ਸੋ, ਸਰਬ ਵਿਆਪੀ ਪਰਤਾਪੀ ਗੁਰਮੁਖ ਲਏ ਬਣਾਈਆ ।

✪ ੧੭ ਜੇਠ ਸ਼ਹਿਨਸ਼ਾਹੀ ਸੰਮਤ ੨ ਧਰਮੋ ਦੇਵੀ ਪਿੰਡ ਧੰਗਾਲੀ ਕੈਂਪ ਮਨਵਾਲ ਜੰਮੂ ✪

ਜਨ ਭਗਤ ਕਹੇ ਮੈਂ ਸ੍ਰੀ ਭਗਵਾਨ ਤੱਕਣਾ ਸ਼ਹਿਨਸ਼ਾਹ, ਜੋ ਦੋ ਜਹਾਨਾਂ ਹੁਕਮ ਚਲਾਈਆ । ਸਤਿ ਸਚ ਦ੍ਰਿੜਾਏ ਇਕ ਆਪਣਾ ਨਾਂ, ਨਾਉਂ ਨਿਰੰਕਾਰਾ ਸਰਬ ਜਣਾਈਆ । ਹੋਏ ਸਹਾਈ ਹਰ ਘਟ ਥਾਂ, ਥਾਨ ਥਨੰਤਰ ਦੀਨ ਦੁਨੀ ਵੇਖ ਵਖਾਈਆ । ਸਦਾ ਸੁਹੇਲਾ ਜੁਗ ਜੁਗ ਸਿਰ ਠੰਡੀ ਰਖੇ ਛਾਂ, ਜਗਤ ਅਗਨੀ ਅੱਗ ਨਾ ਕੋਇ ਤਪਾਈਆ । ਜਨ ਭਗਤਾਂ ਸੰਤਾਂ ਗੁਰਮੁਖਾਂ ਗੁਰਸਿਖਾਂ ਸੰਤ ਫ਼ਕੀਰਾਂ ਪਕੜੇ ਬਾਂਹ, ਸੰਸਾਰ ਸਾਗਰ ਵਿਚੋਂ ਬਾਹਰ ਕਢਾਈਆ । ਕੋਟਨ ਕੋਟ ਜਨਮ ਦੇ ਬਖ਼ਸ਼ ਦੇਵੇ ਗੁਨਾਹ, ਦੁਰਮਤ ਮੈਲ ਪਾਪਾਂ ਆਪ ਧਵਾਈਆ । ਅੰਤਰ ਆਤਮ ਪਰਮਾਤਮ ਹੋ ਕੇ ਬਖ਼ਸ਼ੇ ਸਚ ਧਿਆਨ, ਗਿਆਨ ਇਕੋ ਇਕ ਸਮਝਾਈਆ । ਮਾਨਸ ਜਨਮ ਕਰੇ ਕਲਿਆਣ, ਗੇੜੇ ਵਿਚ ਨਾ ਕੋਇ ਭਵਾਈਆ । ਸਾਚਾ ਧਰਮ ਦੱਸੇ ਈਮਾਨ, ਪੁਰਖ ਅਕਾਲ ਇਕੋ ਇਸ਼ਟ ਮਨਾਈਆ । ਜਨ ਭਗਤ ਅੰਦਰੋਂ ਰਹੇ ਨਾ ਕੋਈ ਬੇਈਮਾਨ, ਕੂੜ ਸ਼ੈਤਾਨ ਨਾ ਕੋਇ ਲੜਾਈਆ । ਹੰਕਾਰੀ ਮਨ ਨਾ ਕਰੇ ਗੁਮਾਨ, ਗ਼ੁਰਬਤ ਗ਼ੈਰ ਨਾ ਵੰਡ ਵੰਡਾਈਆ । ਇਕੋ ਇਕ ਅਬਿਨਾਸ਼ੀ ਕਰਤਾ ਗਾਵੇ ਗਾਣ, ਕੁਦਰਤ ਦਾ ਕਾਦਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਬਣਾ ਕੇ ਦਰ ਘਰ ਸਾਚੇ ਦੇ ਮਹਿਮਾਨ, ਮਿਹਰਵਾਨ ਆਪਣੀ ਦਇਆ ਕਮਾਈਆ । ਜਨ ਭਗਤ ਪ੍ਰਭ ਦੀ ਸਦਾ ਕਰੇ ਤਲਾਸ਼, ਸ਼ਾਸਤਰ ਸਿਮਰਤ ਵੇਦ ਪੁਰਾਨ ਫੋਲ ਫੁਲਾਈਆ । ਜਿਸ ਦੇ ਵਿਚ ਸਿਫ਼ਤਾਂ ਦੀ ਸ਼ਾਖ਼, ਸ਼ਨਾਖ਼ਤ ਦੀ ਸ਼ਹਾਦਤ ਰਹੇ ਭੁਗਤਾਈਆ । ਬਿਨ ਹਰਿ ਕਿਰਪਾ ਦਰਸ ਨਾ ਹੋਵੇ ਸਾਖਿਆਤ, ਸਨਮੁਖ ਹੋ ਕੇ ਦਰਸ ਕੋਇ ਨਾ ਪਾਈਆ । ਜੁਗ ਚੌਕੜੀ ਖੇਲੇ ਖੇਲ ਤਮਾਸ਼, ਨਿਤ ਨਵਿਤ ਆਪਣਾ ਵੇਸ ਵਟਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਦੇਵਣਹਾਰਾ ਦਾਤ, ਦਾਨੀ ਹੋ ਕੇ ਆਪ ਵਰਤਾਈਆ । ਕੂੜੀ ਕਿਰਿਆ ਮਿਟੇ ਅੰਧੇਰੀ ਰਾਤ, ਸਾਚਾ ਨੂਰ ਚੰਦ ਕਰੇ ਰੁਸ਼ਨਾਈਆ । ਗੁਰਮੁਖ ਕਦੇ ਗ਼ਰੂਬ ਨਾ ਹੋਵੇ ਆਫ਼ਤਾਬ, ਸਾਚੀ ਚਮਕ ਦਏ ਚਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸਾਚੇ ਨਾਮ ਦੀ ਸਦਾ ਦੇਵੇ ਅਮਦਾਦ, ਅਨਮੁਲ ਦੌਲਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਲਹਿਣਾ ਦੇਣਾ ਪੂਰਬ ਜਨਮ ਕਰਮ ਦਾ ਕਰੇ ਬੇਬਾਕ, ਬਾਕੀ ਅਵਰ ਔਰ ਨਾ ਕੋਇ ਰਖਾਈਆ ।

✪ ੧੭ ਜੇਠ ਸ਼ਹਿਨਸ਼ਾਹੀ ਸੰਮਤ ੨ ਰਾਜੋ ਦੇਵੀ ਦੇ ਗ੍ਰਿਹ ਪਿੰਡ ਧੰਗਾਲੀ ਕੈਂਪ ਮਨਵਾਲ ਜੰਮੂ ✪

ਜਨ ਭਗਤ ਕਹੇ ਮੈਂ ਅਬਿਨਾਸ਼ੀ ਕਰਤੇ ਨਾਲ ਲਾਉਣਾ ਯਾਰਾਨਾ, ਕੂੜਾ ਯਾਰ ਨਾ ਕੋਇ ਜਿਥੇ ਦਿਸੇ ਨਾ ਕੋਇ ਬੈਗਾਨਾ, ਵੈਰੀ ਰੂਪ ਨਾ ਕੋਇ ਬਦਲਾਈਆ । ਇਕੋ ਨਜ਼ਰੀ ਆਏ ਸਾਹਿਬ ਸੁਲਤਾਨਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਹੁਕਮ ਚਲੇ ਸਦਾ ਦੋ ਜਹਾਨਾਂ, ਜੁਗ ਚੌਕੜੀ ਬੈਠੇ ਸੀਸ ਨਿਵਾਈਆ । ਦਿੰਦਾ ਰਹੇ ਧੁਰ ਫ਼ਰਮਾਨਾ, ਗੁਰ ਅਵਤਾਰ ਪੈਗੰਬਰ ਹੁਕਮੇਂ ਵਿਚ ਫਿਰਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਪਹਰਿਆ ਆਪਣਾ ਜਾਮਾ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਸ਼ਬਦੀ ਜੋਧਾ ਸੂਰਬੀਰ ਸੁਤ ਬਲਵਾਨਾ, ਗੋਬਿੰਦ ਆਪਣੇ ਨਾਲ ਰਖਾਈਆ । ਜਿਸ ਦਾ ਖੰਡਾ ਖੜਕੇ ਕੂੜੀ ਕਿਰਿਆ ਸ਼ਰਅ ਮੇਟੇ ਸ਼ੈਤਾਨਾ, ਸਰੀਰ ਸ਼ਰੀਰ ਰਹਿਣ ਕੋਇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਹੋਏ ਹੈਰਾਨਾ, ਭੇਵ ਅਭੇਦ ਸਕੇ ਨਾ ਕੋਇ ਖੁਲ੍ਹਾਈਆ । ਜਨ ਭਗਤ ਸੁਹੇਲੇ ਗਾਵਣ ਇਕੋ ਗਾਣਾ, ਤੂੰ ਹੀ ਤੂੰ ਹੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਜੀਵ ਜਹਾਨਾ, ਮਾਨਸ ਮਾਨਵ ਮਾਨੁਖ ਪੜਦਾ ਦਏ ਉਠਾਈਆ ।



✪ ੧੭ ਜੇਠ ਸ਼ਹਿਨਸ਼ਾਹੀ ਸੰਮਤ ੨ ਗੁਰੋ ਦੇ ਗ੍ਰਿਹ ਪਿੰਡ ਝੰਡਾ ਕੈਂਪ ਮਨਵਾਲ ਜੰਮੂ ✪

ਜਨ ਭਗਤ ਕਹੇ ਪ੍ਰਭ ਪੁਕਾਰ ਲੈ ਸੁਣ, ਸੰਦੇਸ਼ਾ ਤੇਰੇ ਦਰ ਪੁਚਾਈਆ । ਤੁਧ ਬਿਨ ਸਹਾਈ ਹੋਵੇ ਕੌਣ, ਲੋਕਮਾਤ ਦਇਆ ਕਮਾਈਆ । ਕਲਜੁਗ ਅਗਨੀ ਵਗੇ ਤੱਤੀ ਪੌਣ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸੁਖ ਸਾਗਰ ਵਿਚ ਮਿਲੇ ਨਾ ਨਹਾਉਣ, ਤੀਰਥ ਤਟ ਫਿਰ ਫਿਰ ਦਿਤੀ ਦੁਹਾਈਆ । ਮਨੂਆ ਮਨ ਹੰਕਾਰੀ ਮਰੇ ਨਾ ਰੌਣ, ਸੱਚਾ ਤੀਰ ਨਿਸ਼ਾਨਾ ਅਣਿਆਲਾ ਨਾ ਕੋਇ ਲਗਾਈਆ । ਮਨ ਵਾਸਨਾ ਪਿਛੇ ਆਏ ਨਾ ਕੋਇ ਹਟਾਉਣ, ਪੜਦਾ ਅੰਦਰੋਂ ਨਾ ਕੋਇ ਚੁਕਾਈਆ । ਵਰਨ ਬਰਨ ਵੇਖੇ ਸਾਰੇ ਤੇਰੇ ਢੋਲੇ ਗਉਂਣ, ਮੰਦਰ ਚੜ੍ਹ ਕੇ ਅੰਦਰ ਵੜ ਕੇ ਨਿਜ ਨੇਤਰ ਤੇਰਾ ਦਰਸ ਕੋਇ ਨਾ ਪਾਈਆ । ਚਰਨ ਕਵਲ ਕੋਈ ਨਾ ਭੁੱਲ ਬਖ਼ਸ਼ਾਉਣ, ਬਖ਼ਸ਼ਿਸ਼ ਮੰਗੇ ਨਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਇਉਂ ਭਗਤ ਦਵਾਰ ਬੁਲਾਉਣ, ਬੁਲਾਵਾ ਆਪਣਾ ਨਾਮ ਸਮਝਾਈਆ । ਜਨ ਭਗਤ ਕਹੇ ਪ੍ਰਭੂ ਤੇਰੀ ਯਾਦ ਅੰਦਰ ਗਏ ਰੁਲ, ਆਪਣਾ ਆਪ ਮਿਟਾਈਆ । ਪੜ੍ਹ ਪੜ੍ਹ ਥੱਕ ਗਏ ਬੁੱਲ੍ਹ, ਬੱਤੀ ਦੰਦ ਦੇਣ ਦੁਹਾਈਆ । ਕ਼ੀਮਤ ਪਿਆ ਕੋਈ ਨਾ ਮੁੱਲ, ਲੇਖੇ ਲੇਖਾ ਨਾ ਕੋਇ ਲਗਾਈਆ । ਸਚ ਭੰਡਾਰ ਗਿਆ ਡੁਲ੍ਹ, ਵਸਤ ਅਮੋਲਕ ਹੱਥ ਕੋਇ ਨਾ ਆਈਆ । ਕਲਜੁਗ ਅੰਧੇਰਾ ਝੱਖੜ ਰਿਹਾ ਝੁੱਲ, ਠੰਡੀ ਪਵਣ ਨਾ ਕੋਇ ਵਖਾਈਆ । ਮੂਰਖ ਮੁਗਧ ਹੋ ਕੇ ਜੋ ਗਏ ਭੁੱਲ, ਅਭੁੱਲ ਤੇਰੀ ਓਟ ਰਖਾਈਆ । ਭਾਗ ਲਗਾ ਦੇ ਸਾਚੀ ਕੁੱਲ, ਕੁੱਲ ਮਾਲਕ ਤੇਰੇ ਅਗੇ ਸੀਸ ਰਹੇ ਝੁਕਾਈਆ । ਸਚ ਦਵਾਰਾ ਜਾਏ ਖੁਲ੍ਹ, ਖ਼ਾਲਸ ਰੂਪ ਤੇਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਲੈ ਤਰਾਈਆ । ਜਨ ਭਗਤ ਕਹੇ ਪ੍ਰਭ ਤੇਰੀ ਲੱਗੇ ਕੋਇ ਨਾ ਕ਼ੀਮਤ, ਨਿਹਕਰਮੀ ਕਰਮ

ਦੇ ਕਮਾਈਆ । ਜਨ ਭਗਤ ਤੇਰੀ ਆਤਮ ਬਣ ਕੇ ਬਣੇ ਤਰੀਮਤ, ਤ੍ਰਿਆ ਹੋ ਕੇ ਸੇਵ ਕਮਾਈਆ । ਮਾਨਸ ਜਨਮ ਚੁਰਾਸੀ ਵਿਚੋਂ ਮਿਲਿਆ ਇਕ ਗ਼ਨੀਮਤ, ਗ਼ਮਾਂ ਤੋਂ ਦੇ ਛੁਡਾਈਆ । ਸਾਡੀ ਪਵਿਤ੍ਰ ਕਰ ਜਿਹਨ ਵਾਲੀ ਜਿਹਨੀਅਤ, ਜ਼ੇਰ ਜ਼ਬਰ ਵਿਚ ਨਾ ਕੋਇ ਅਟਕਾਈਆ । ਸਾਚੀ ਸਿਖਿਆ ਸਤਿ ਸਤਿ ਨਸੀਹਤ, ਹੁਕਮ ਫ਼ਰਮਾਨਾ ਆਪ ਸੁਣਾਈਆ । ਭੇਵ ਖੋਲ੍ਹ ਦੇ ਅਸਲ ਅਸਲੀਅਤ, ਦੁਰਮਤ ਮੈਲ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪਣੇ ਮਿਲਣ ਦੀ ਦੇ ਕਾਬਲੀਅਤ, ਕਾਮਲ ਮੁਰਸ਼ਦ ਮੁਰੀਦ ਆਪਣੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਿਰਾਸਤ ਨਾਮ ਭੰਡਾਰਾ ਜਨ ਭਗਤਾਂ ਕਰਦੇ ਵਸੀਅਤ, ਮਿਹਰਵਾਨ ਹੋ ਕੇ ਬਿਨ ਲੇਖੇ ਲੇਖ ਬਣਾਈਆ ।

### ✪ ੧੭ ਜੇਠ ਸ਼ਹਿਨਸ਼ਾਹੀ ਸੰਮਤ ੨ ਪ੍ਰੇਮਾ ਦੇਵੀ ਦੇ ਗ੍ਰਿਹ ਪਿੰਡ ਧੰਗਾਲੀ ਕੈਂਪ ਮਨਵਾਲ ਜੰਮੂ ✪

ਜਨ ਭਗਤ ਕਹੇ ਪ੍ਰਭ ਕਿਰਪਾ ਕਰ ਖ਼ੁਦ, ਖਾਦਮ ਆਪਣੇ ਲੈ ਬਣਾਈਆ । ਨਿਰਮਲ ਹੋਵੇ ਬੁਧ, ਬੁਧੀ ਮਲੀਨ ਨਾ ਕੋਇ ਬਣਾਈਆ । ਪੰਜ ਵਿਕਾਰੇ ਕਰਨਾ ਪਏ ਨਾ ਯੁੱਧ, ਝਗੜਾ ਮਨ ਨਾ ਕੋਇ ਲੜਾਈਆ । ਤੇਰਾ ਦਵਾਰਾ ਜਾਏ ਸੁਝ, ਪੜਦਾ ਉਹਲਾ ਦੇ ਉਠਾਈਆ । ਮੰਜ਼ਲ

ਚੜ੍ਹਦਿਆਂ ਰਸਤੇ ਵਿਚ ਨਾ ਜਾਵਾਂ ਰੁਕ, ਅਗੇ ਹੋ ਨਾ ਕੋਇ ਅਟਕਾਈਆ । ਤੇਰਾ ਨੂਰੀ ਦਰਸ ਕਰ ਕੇ ਭਗਤ ਸੁਹੇਲਾ ਹੋਵੇ ਖ਼ੁਸ਼, ਖ਼ੁਸ਼ੀਆਂ ਵਿਚ ਤੇਰੇ ਵਿਚ ਸਮਾਈਆ । ਜਨਮ ਕਰਮ ਦਾ ਰਹੇ ਕੋਈ ਨਾ ਦੁੱਖ, ਬਣ ਦਰਦੀ ਦਰਦ ਦੇਣਾ ਗਵਾਈਆ । ਸਾਚੀ ਗੋਦੀ ਲੈਣਾ ਚੁਕ, ਪੁਰਖ ਅਕਾਲ ਬਣ ਕੇ ਧੁਰ ਦਾ ਪਿਤਾ ਮਾਈਆ । ਆਵਣ ਜਾਵਣ ਪੈਂਡਾ ਜਾਵੇ ਮੁਕ, ਝਗੜਾ ਕਰਮ ਰਹੇ ਨਾ ਰਾਈਆ । ਅਪਰਾਧੀ ਬਣਾਉਣਾ ਆਪਣਾ ਸੁਤ, ਸਾਹਿਬ ਸਤਿਗੁਰ ਦੇਣੀ ਇਕ ਸਰਨਾਈਆ । ਬਿਨ ਕ਼ਦਮ ਸੀਸ ਜਗਦੀਸ਼ ਤੇਰੇ ਜਾਏ ਝੁਕ, ਨਿਉਂ ਨਿਉਂ ਮਸਤਕ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਜਨ ਭਗਤ ਕਹੇ ਤੇਰਾ ਰੂਪ ਤੱਕਣਾ ਖ਼ਾਲਸ, ਖ਼ਾਲਸ ਖ਼ਾਲਸਾ ਆਪਣਾ ਲੈਣਾ ਬਣਾਈਆ । ਦੋ ਜਹਾਨਾਂ ਬਣਨਾ ਸਾਲਸ, ਸਚ ਸਾਲਾਸੀ ਆਪ ਕਮਾਈਆ । ਕੂੜੀ ਨਿੰਦਰਾ ਰਹੇ ਨਾ ਆਲਸ, ਗ਼ਫਲਤ ਨਾਤਾ ਦੇਣਾ ਤੁੜਾਈਆ । ਮੈਂ ਬਾਲਾ ਨੱਢਾ ਤੇਰਾ ਬਾਲਕ, ਬਾਲ ਅਵਸਥਾ ਦਿਆਂ ਦੁਹਾਈਆ । ਤੂੰ ਸਾਹਿਬ ਸਵਾਮੀ ਧੁਰ ਦਾ ਖ਼ਾਲਕ, ਖ਼ਾਵੰਦ ਸਭ ਦਾ ਨਜ਼ਰੀ ਆਈਆ । ਆਦਿ ਜੁਗਾਦਿ ਸਦਾ ਸਦ ਬਣਿਆ ਪ੍ਰਿਤਪਾਲਕ, ਸੇਵਕ ਹੋ ਦੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸਾਂਭ ਆਪਣੀ ਅਮਾਨਤ, ਕਲਜੁਗ ਅੰਤਮ ਵੇਖ ਵਖਾਈਆ । ਜਨ ਭਗਤ ਕਹੇ ਪ੍ਰਭ ਕਿਉਂ ਬੈਠਾ ਛੁਪ, ਆਪਣਾ ਆਪ ਲੁਕਾਈਆ । ਕਲਜੁਗ ਵੇਖ ਅੰਧੇਰਾ ਘੁੱਪ, ਸਾਚਾ ਚੰਦ ਨਾ ਕੋਇ ਚਮਕਾਈਆ । ਡੂੰਘੀ ਭਵਰੀ ਬੈਠੋਂ ਚੁਪ, ਸ਼ਬਦ ਸੰਦੇਸ਼ ਨਾ ਕੋਇ ਸੁਣਾਈਆ । ਕਲਜੁਗ ਸ੍ਰਿਸ਼ਟੀ ਦ੍ਰਿਸ਼ਟੀ ਦਾ ਬਦਲਿਆ ਰੁਖ਼, ਬਿਨ ਤੇਰੀ ਕਿਰਪਾ ਵਾਂਗ ਸਕੇ ਨਾ ਕੋਇ ਬਦਲਾਈਆ । ਮਨ ਵਾਸਨਾ ਹੋਈ ਭੁੱਖ, ਤ੍ਰਿਸ਼ਨਾ ਤ੍ਰਿਪਤ

ਨਾ ਕੋਇ ਕਰਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਸਤਿਗੁਰ ਪੂਰੇ ਗੋਦੀ ਸਕੇ ਕੋਈ ਨਾ ਚੁੱਕ, ਸੀਸ ਭਾਰ ਨਾ ਕੋਇ ਉਠਾਈਆ । ਦੀਨ ਮਜ਼੍ਹਬ ਵਿਚ ਆ ਕੇ ਸਾਰੇ ਗਏ ਰੁਠ, ਅਗੇ ਕ਼ਦਮ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਉਜਲ ਕਰ ਮੁਖ, ਮੁਖ ਅੰਤਰ ਨਿਰੰਤਰ ਮੰਤਰ ਆਪਣਾ ਦੇ ਸਮਝਾਈਆ ।

### ✪ ੧੭ ਜੇਠ ਸ਼ਹਿਨਸ਼ਾਹੀ ਸੰਮਤ ੨ ਚੂੜ੍ਹ ਸਿੰਘ ਦੇ ਗ੍ਰਿਹ ਪਿੰਡ ਧੰਗਾਲੀ ਕੈਂਪ ਮਨਵਾਲ ਜੰਮੂ ✪

ਜਨ ਭਗਤ ਕਹੇ ਪ੍ਰਭ ਤੇਰਾ ਸੁਣਨਾ ਸੱਚਾ ਢੋਲਾ, ਢੋਲ ਮਾਹੀ ਦੇਣਾ ਸੁਣਾਈਆ । ਭਾਗ ਲਗਾ ਦੇ ਕਾਇਆ ਚੋਲਾ, ਚੋਲੀ ਆਪਣੀ ਰੰਗ ਰੰਗਾਈਆ । ਸੁਣਾ ਦੇ ਧੁਰ ਦਾ ਸੋਹਲਾ, ਸੋਹਣੀ ਆਵਾਜ਼ ਸੁਣਾਈਆ । ਜਨਮ ਕਰਮ ਦਾ ਰਹੇ ਨਾ ਓਹਲਾ, ਰੌਣਕ ਆਪਣੀ ਦੇਣੀ ਵਖਾਈਆ । ਤੂੰ ਮਾਲਕ ਧੁਰ ਦਾ ਦਿਸੇਂ ਮੌਲਾ, ਹਰ ਘਟ ਰਿਹਾ ਸਮਾਈਆ । ਨੂਰ ਖ਼ੁਦਾਈ ਅਵੱਲਾ, ਅਵਲ ਇਕ ਜਣਾਈਆ । ਦੇ ਵਡਿਆਈ ਉਪਰ ਧੌਲਾ, ਧਰਨੀ ਧਰਤ ਵੇਖ ਖ਼ੁਸ਼ੀ ਮਨਾਈਆ । ਆਪਣਾ ਪੂਰਾ ਇਕਰਾਰ ਕਰ ਕ਼ੌਲਾ, ਜਨ ਭਗਤਾਂ ਹੋਏਂ ਸਹਾਈਆ । ਮਨ ਹੰਗਤਾ ਸੀਸ ਮਾਰ ਪਉਲਾ, ਪਾਹੁਲ ਅੰਮ੍ਰਿਤ ਗੁਰਮੁਖਾਂ ਅੰਤਰ ਆਤਮ ਦੇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ ।

ਜਨ ਭਗਤ ਕਹੇ ਪ੍ਰਭ ਸੋਹਣੇ ਸੁੰਦਰ, ਸਵਾਮੀ ਤੇਰੀ ਬੇਪਰਵਾਹੀਆ । ਧੂੜੀ ਖ਼ਾਕ ਰਮੌਣੀ ਕੰਨ ਨਹੀਂ ਪੌਣੀ ਮੁੰਦਰ, ਸੀਸ ਸਵਾਹ ਨਾ ਕੋਇ ਸੁਟਾਈਆ । ਵੜਨਾ ਨਹੀਂ ਕਿਸੇ ਡੂੰਘੀ ਕੁੰਦਰ, ਕੰਦਰ ਵਿਚ ਡੇਰਾ ਕੋਇ ਨਾ ਲਾਈਆ । ਤੇਰੇ ਕੋਲੋਂ ਖੁਲ੍ਹਾਉਣਾ ਆਪਣਾ ਕ਼ੁਫਲ ਜੰਦਰ, ਪੜਦਾ ਸਹਿਜੇ ਦੇਣਾ ਚੁਕਾਈਆ । ਪੂਜਾ ਕਰਨੀ ਨਹੀਂ ਕਿਸੇ ਸੁਰਪਤ ਇੰਦਰ, ਗਣਪਤ ਗਣੇਸ਼ ਵਿਸ਼ਨ ਬ੍ਰਹਮਾ ਸ਼ਿਵ ਧਿਆਨ ਨਾ ਕੋਇ ਲਗਾਈਆ । ਤੂੰ ਮਾਲਕ ਵਡ ਗਜਿੰਦਰ, ਫੁਨਿੰਦਰ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦੇਣਾ ਵਰਤਾਈਆ । ਜਨ ਭਗਤ ਕਹਿਣ ਮਾਲਕ ਸਿੱਧਾ ਹੋ ਕੇ ਆ, ਵਲ ਛਲ ਖੇਲ ਨਾ ਕੋਇ ਖਿਲਾਈਆ । ਤੁਧ ਬਿਨ ਅਵਰ ਨਾ ਦਿਸੇ ਕੋਈ ਮਲਾਹ, ਮੁਲਾਹਜ਼ੇਦਾਰ ਸੰਗ ਨਾ ਕੋਇ ਬਣਾਈਆ । ਸਾਚਾ ਮਾਰਗ ਦੱਸ ਰਾਹ, ਰਹਿਬਰ ਹੋ ਕੇ ਦੇ ਸਮਝਾਈਆ । ਮਾਲਕ ਖ਼ਾਲਕ ਸਾਂਝਾ ਬਣ ਖ਼ੁਦਾ, ਖ਼ੁਦੀ ਤਕੱਬਰ ਅੰਦਰੋਂ ਬਾਹਰ ਕਢਾਈਆ । ਵਾਅਜ਼ ਵਹਦਤ ਇਕੋ ਦੇ ਸਮਝਾ, ਇਬਾਦਤ ਤੇਰਾ ਨਾਮ ਨਜ਼ਰੀ ਆਈਆ । ਫ਼ਜ਼ਲ ਰਹਿਮਤ ਦੇ ਕਮਾ, ਅਜ਼ਲ ਲੇਖਾ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਪਣੇ ਚਰਨ ਕਵਲ ਕਰ ਫ਼ਿਦਾ, ਮਾਣ ਹੰਕਾਰ ਅਭਿਮਾਨ ਅੰਦਰੋਂ ਬਾਹਰ ਦੇਣਾ ਕਢਾਈਆ ।

✪ ੧੭ ਜੇਠ ਸ਼ਹਿਨਸ਼ਾਹੀ ਸੰਮਤ ੨ ਸੇਵਾ ਰਾਮ ਦੇ ਗ੍ਰਿਹ ਪਿੰਡ ਚੱਕ ਪੰਡਤ ਕੈਂਪ ਮਨਵਾਲ ਜੰਮੂ ✪

ਜਨ ਭਗਤ ਕਹੇ ਸ੍ਰੀ ਭਗਵਾਨ ਕਟ ਦੁੱਖੜਾ, ਚਿੰਤਾ ਗ਼ਮ ਸੋਗ ਨਾ ਕੋਇ ਸਤਾਈਆ । ਤੇਰੀ ਕਿਰਪਾ ਉਜਲ ਹੋਵੇ ਲੋਕਮਾਤ ਮੁਖੜਾ, ਮੁਖ ਅੰਤਰ ਆਪਣਾ ਨਾਮ ਦੇ ਸਮਝਾਈਆ । ਮਾਤ ਗਰਭ ਆਉਣਾ ਪਏ ਨਾ ਉਲਟਾ ਰੁਖੜਾ, ਚੁਰਾਸੀ ਵਾਲੀ ਫਾਸੀ ਦੇ ਕਟਾਈਆ । ਤੇਰੇ ਪ੍ਰੇਮ ਪਿਆਰ ਅੰਦਰ ਸਦਾ ਭੁੱਖੜਾ, ਦੇ ਦਰਸ ਭੁੱਖਿਆਂ ਭੁੱਖ ਦੇ ਗਵਾਈਆ । ਸਾਚੇ ਨਾਮ ਦਾ ਬਖ਼ਸ਼ ਅਗੰਮੀ ਟੁੱਕੜਾ, ਜਿਸ ਨੂੰ ਖਾਧਿਆਂ ਤੋਟ ਰਹੇ ਨਾ ਰਾਈਆ । ਮਾਨਸ ਜਨਮ ਜਾਏ ਸੁਧਰਾ, ਸੁੱਧ ਬੁਧ ਬਿਬੇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰਾ ਦੇ ਵਰਤਾਈਆ । ਜਨ ਭਗਤ ਕਹੇ ਪ੍ਰਭ ਜਨਮ ਜਨਮ ਦੀ ਕਟ ਤੰਗੀ, ਜਗਤ ਕਲੇਸ਼ ਰਹਿਣ ਨਾ ਪਾਈਆ । ਆਤਮ ਪਰਮਾਤਮ ਬਣ ਸੰਗੀ, ਧੁਰ ਦਾ ਸੰਗ ਬਣਾਈਆ । ਨਾਮ ਵਸਤ ਸਾਚੀ ਦਾਤ ਦੇ ਮੰਗੀ, ਅਨਡਿਠੜੀ ਝੋਲੀ ਪਾਈਆ । ਦੂਈ ਦਵੈਤ ਅੰਦਰੋਂ ਢਾਹ ਕੰਧੀ, ਅੰਧ ਅਗਿਆਨ ਦੇ ਚੁਕਾਈਆ । ਝਗੜਾ ਰਹੇ ਨਾ ਖ਼ਾਨਾਬੰਦੀ, ਚੁਰਾਸੀ ਫਾਸੀ ਨਜ਼ਰ ਕੋਇ ਨਾ ਆਈਆ । ਸਾਚਾ ਨਾਮ ਢੋਲਾ ਗਾਈਏ ਛੰਦੀ, ਛੰਦ ਆਨੰਦ ਤੇਰਾ ਨਜ਼ਰੀ ਆਈਆ । ਜਨਮ ਜਨਮ ਦੀ ਕਰਮ ਕਰਮ ਦੀ ਵਿਛੜੀ ਆਤਮ ਤੇਰੇ ਨਾਲ ਜਾਏ ਗੰਢੀ, ਪਾਰਬ੍ਰਹਮ ਬ੍ਰਹਮ ਮਿਲ ਕੇ ਖ਼ੁਸ਼ੀ ਮਨਾਈਆ । ਤੇਰੇ ਸਾਚੇ ਰਸ ਦੀ ਆਵੇ ਇਕ ਸੁਗੰਧੀ, ਦੁਰਗੰਧੀ ਦਰ ਰਹੇ ਨਾ ਰਾਈਆ । ਏਥੇ ਓਥੇ ਦੋ ਜਹਾਨਾਂ ਜਨ ਭਗਤਾਂ ਪਿਠ ਹੋਏ ਨਾ ਨੰਗੀ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਲੋਕਮਾਤ ਵਰਭੰਡੀ ਵਿਚ ਹੋਏ ਮੂਲ ਨਾ ਭੰਡੀ, ਭਾਂਡਾ ਭਰਮ ਦੇਣਾ ਭੰਨਾਈਆ । ਸਾਚੇ ਨਾਮ ਦੀ ਸਤਿ ਸਤਿਵਾਦ ਸੁਣਾਉਣੀ ਇਕ ਸੁਰੰਗੀ, ਸੁਰ ਤਾਲ ਦੀ ਲੋੜ ਰਹੇ ਨਾ ਰਾਈਆ । ਜਨ ਭਗਤ ਆਸਾ ਤੇਰਾ ਚਰਨ ਭਰਵਾਸਾ ਪੁਰਖ ਅਬਿਨਾਸ਼ਾ ਸਦਾ ਸਦਾ ਸਦ ਰਹੀ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਇਕ ਵਰ, ਹਰਿ ਸੰਤ ਸੁਹੇਲੇ ਗੁਰ ਚੇਲੇ ਲਾ ਆਪਣੇ ਅੰਗੀ, ਅੰਗੀਕਾਰ ਏਕੰਕਾਰ ਨਿਰਾਕਾਰ ਆਪ ਅਖਵਾਈਆ ।



✪ ੧੭ ਜੇਠ ਸ਼ਹਿਨਸ਼ਾਹੀ ਸੰਮਤ ੨ ਧਰਮੋ ਦੇਵੀ ਦੇ ਗ੍ਰਿਹ ਪਿੰਡ ਖ਼ੈਰੋਵਾਲ ਮਨਵਾਲ ਕੈਂਪ ਜੰਮੂ ✪

ਜਨ ਭਗਤ ਕਹੇ ਪ੍ਰਭ ਤੇਰਾ ਮੇਰਾ ਸਾਂਝਾ ਹੋਵੇ ਰਿਸ਼ਤਾ, ਰਿਸ਼ਤਾ ਦੂਨੀ ਨਾ ਕੋਇ ਵਡਿਆਈਆ । ਨੇੜ ਆਏ ਨਾ ਕੋਇ ਫ਼ਰਿਸ਼ਤਾ, ਜਮ ਦੰਡ ਨਾ ਕੋਇ ਲਗਾਈਆ । ਲਹਿਣਾ ਦੇਣਾ ਪਿਛਲਾ ਮੁਕ ਜਾਏ ਆਹਿਸਤਾ ਆਹਿਸਤਾ, ਵੇਲਾ ਵਕ਼ਤ ਗਿਆ ਆਈਆ । ਤੇਰੇ ਕੋਲ ਆਦਿ ਜੁਗਾਦੀ ਸਤਿ ਫ਼ਰਿਸਤਾ, ਹਰਿਜਨ ਆਪਣੇ ਲੈ ਜਗਾਈਆ । ਜਿਨ੍ਹਾਂ ਦੇ ਅੰਦਰ ਵੜ ਕੇ ਸਾਚਾ ਦੇਵੇਂ ਨਿਸਚਾ, ਨਿਹਚਲ ਧਾਮ ਦੇਣਾ ਵਖਾਈਆ । ਇਕੋ ਪੁਰਖ ਅਕਾਲ ਹੋ ਕੇ ਇਸ਼ਟਾ, ਦ੍ਰਿਸ਼ਟੀ ਦਾ ਦੀਰਘ ਰੋਗ ਦੇਣਾ ਮੁਕਾਈਆ । ਮਿਹਰਵਾਨ ਹੋ ਕੇ ਜਨ ਭਗਤਾਂ ਰਹੇਂ ਦਿਸਦਾ, ਲੋਚਨ ਨੈਣ ਅੱਖ ਬੰਦ ਨਾ ਕੋਇ ਕਰਾਈਆ । ਲਹਿਣਾ ਦੇਣਾ ਦੇਣਾ ਜਿਸ ਜਿਸ ਦਾ, ਦਰ ਘਰ ਜਾ ਕੇ ਝੋਲੀ ਪਾਈਆ । ਹਿਸਾਬ ਰਖੇ ਪੁਰਖ ਅਕਾਲ ਇਕ ਇਕ ਦਾ, ਅਭੁੱਲ ਭੁੱਲ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਨ੍ਹਾਂ ਦਾ ਲੇਖਾ ਆਪ ਲਿਖਦਾ, ਜਿਨ੍ਹਾਂ ਦੀ ਲਿਖਤ ਅਗੇ ਸਕੇ ਨਾ ਕੋਇ ਮਿਟਾਈਆ ।

## ✪ ੧੭ ਜੇਠ ਸ਼ਹਿਨਸ਼ਾਹੀ ਸੰਮਤ ੨ ਦੇਵਾ ਸਿੰਘ ਦੇ ਗ੍ਰਿਹਿ ਪਿੰਡ ਧੰਗਾਲੀ ਕੈਂਪ ਮਾਨਸਰ ਜੰਮੂ ✪

ਜਨ ਭਗਤ ਕਹੇ ਪ੍ਰਭ ਕਿਰਪਾ ਕਰ ਛੇਤੀ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਭਗਤ ਸੁਹੇਲੇ ਬਣਾ ਅੰਤਰ ਆਤਮ ਦੇ ਭੇਤੀ, ਪੜਦਾ ਓਹਲਾ ਦੇ ਚੁਕਾਈਆ । ਅਗੇ ਕੋਟਨ ਕੋਟ ਤੈਨੂੰ ਕਹਿ ਕੇ ਗਏ ਨੇਤੀ ਨੇਤੀ, ਰਸਨਾ ਜਿਹਵਾ ਢੋਲਾ ਸਿਫ਼ਤ ਸਾਲਾਹੀਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਬਣਿਆ ਰਿਹੋਂ ਪਰਦੇਸੀ, ਖੋਜਿਆਂ ਹੱਥ ਕਿਸੇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਨਾਲ ਕਰ ਆਪਣੀ ਨੇਕੀ, ਨਿੱਕਿਆਂ ਤੋਂ ਵੱਡੇ ਲੈ ਬਣਾਈਆ । ਤੇਰੀ ਯਾਦ ਕਰੇ ਨਾ ਕੋਈ ਵੇਖਾ ਵੇਖੀ, ਸਿੱਧਾ ਆਪਣਾ ਰੰਗ ਰੰਗਾਈਆ । ਨਾਮ ਸੰਦੇਸ਼ਾ ਸ਼ਬਦ ਸੁਨੇਹੜਾ ਧੁਰ ਦਾ ਭੇਜੀਂ, ਭਜਨ ਬੰਦਗੀ ਇਕ ਸਮਝਾਈਆ । ਜਲਵਾ ਨੂਰ ਦੇਣਾ ਤੇਜੀ, ਤਪਦੇ ਹਿਰਦੇ ਸ਼ਾਂਤ ਕਰਾਈਆ । ਪ੍ਰੀਤੀ ਬਣੀ ਰਹੇ ਸੱਚੇ ਨੇਂਹ ਦੀ, ਨੇਹੋਂ ਅੰਦਰ ਇਕ ਜਣਾਈਆ । ਧਾਰ ਬਰਸੇ ਅੰਮ੍ਰਿਤ ਮੇਂਹ ਦੀ, ਅਗਨੀ ਅੱਗ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਬਖ਼ਸ਼ਣੀ ਇਕ ਸਰਨਾਈਆ । ਜਨ ਭਗਤ ਕਹੇ ਪ੍ਰਭ ਝਗੜਾ ਮੁਕ ਜਾਏ ਮੇਰਾ ਤੇਰਾ, ਤੁਰਤ ਪੜਦਾ ਦੇ ਉਠਾਈਆ । ਸ਼ਬਦ ਅਗੰਮੀ ਭੇਜ ਘੋੜਾ, ਆਸਣ ਪਲਾਣੇ ਲੋੜ ਰਹੇ ਨਾ ਰਾਈਆ । ਨਾਦ ਸੁਣਾ ਦੇ ਧੁਰ ਦਾ ਦੋਹਰਾ, ਸਚ ਸਚ ਜਣਾਈਆ । ਜਨ ਭਗਤ ਬਣਾ ਲੈ ਆਪਣਾ ਬਾਂਕਾ ਛੋਹਰਾ, ਇਸਤਰੀ ਪੁਰਸ਼ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਬਣਿਆ ਰਹੇ ਜੋੜਾ, ਜੁਗ ਚੌਕੜੀ ਹੋਵੇ ਨਾ ਕਦੇ ਜੁਦਾਈਆ । ਸੋਹਣਾ ਲਗਦਾ ਰਹੇ ਤੇਰਾ ਸੱਸੇ ਉਪਰ ਹੋੜਾ, ਹਾਹੇ ਟਿੱਪੀ ਹਰਿ ਹਰਿ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਆਸਾ ਪੂਰੀ ਕਰ ਲੋੜਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਡੋਰੀ ਤੇਰੇ ਹੱਥ ਨਜ਼ਰੀ ਆਈਆ ।



੭੧੭
੧੯

## ✪ ੧੭ ਜੇਠ ਸ਼ਹਿਨਸ਼ਾਹੀ ਸੰਮਤ ੨ ਲਾਲ ਚੰਦ ਦੇ ਗ੍ਰਿਹਿ ਪਿੰਡ ਮੋਇਲ ਕੈਂਪ ਮਾਨਸਰ ਜੰਮੂ ✪

ਜਨ ਭਗਤ ਕਹੇ ਪ੍ਰਭੂ ਤੂੰ ਆਪਣੀ ਕਰ ਦੇ ਰਹਿਮਤ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕੂੜੀ ਕਿਰਿਆ ਅੰਦਰੋਂ ਕੱਢ ਦੇ ਜ਼ਹਿਮਤ, ਜਮਾਂ ਦਾ ਰੋਗ ਚਲੇ ਨਾ ਰਾਈਆ । ਨਾਮ ਭੰਡਾਰਾ ਦੇ ਦੇ ਨਿਆਮਤ, ਨਿਮਖ ਨਿਮਖ ਤੇਰਾ ਧਿਆਨ ਲਗਾਈਆ । ਗੁਰਮੁਖ ਕੋਈ ਨਾ ਰਹੇ ਅਹਿਮਕ, ਮੂੜ੍ਹਾਂ ਡੇਰਾ ਢਾਹੀਆ । ਆਪਣੇ ਸ਼ਬਦ ਇਸ਼ਾਰੇ ਦੀ ਦੱਸ ਅਗੰਮੀ ਸੈਨਤ, ਜਗਤ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਰਨ ਦੇਣਾ ਜਣਾਈਆ । ਜਨ ਭਗਤ ਕਹੇ ਸ੍ਰੀ ਭਗਵੰਤ ਬਣ ਧੁਰ ਦਾ ਸਾਥੀ, ਸਾਥ ਆਪਣਾ ਦੇ ਨਿਭਾਈਆ । ਤੇਰੀ ਭੇਟਾ ਕਰਨਾ ਨਹੀਂ ਕੋਈ ਐਰਾਪਤ, ਹਾਥੀ, ਅਸਵ ਭੇਟ ਨਾ ਕੋਇ ਚੜ੍ਹਾਈਆ । ਸਿਮਰਨ ਜੋਗ ਨਾ ਪੂਜਾ ਪਾਠੀ, ਮਾਲਾ ਮਣਕਾ ਨਾ ਕੋਇ ਫਿਰਾਈਆ । ਜਾਗਿਆ ਨਹੀਂ ਜਾਂਦਾ ਰਾਤੀ, ਜਲਧਾਰ ਸੀਸ ਨਾ ਕੋਇ ਗਿਰਾਈਆ । ਤੀਰਥਾਂ ਉਤੇ ਮਾਰੀ ਨਹੀਂ ਜਾਂਦੀ ਵਾਟੀ, ਵਰਕਾ ਵਰਕਾ ਨਾ ਕੋਇ ਉਲਟਾਈਆ । ਇਕੋ ਸਮਝੀਏ ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਇਕੋ ਜਾਤੀ, ਦੂਜਾ ਨਜ਼ਰ ਕੋਇ ਨਾ ਆਈਆ । ਤੇਰੀ ਸੰਧਿਆ ਖੇਲ ਪਰਭਾਤੀ, ਤੇਰਾ ਨੂਰ ਨੂਰ ਰੁਸ਼ਨਾਈਆ । ਦਰਸ਼ਨ ਮੰਗੀਏ ਇਕ ਇਕਾਂਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਾਚੇ ਦਰ ਦੇਣੀ ਵਡਿਆਈਆ । ਜਨ ਭਗਤ ਕਹੇ ਪ੍ਰਭ ਖੋਲ੍ਹ ਖਲਾਸਾ, ਖੁਸ਼ੀਆਂ ਦੇ ਵਖਾਈਆ । ਤੇਰਾ ਨੂਰ ਹੋਵੇ ਪਰਕਾਸ਼ਾ, ਅੰਧ ਅੰਧੇਰ ਦੇ ਮਿਟਾਈਆ । ਸਾਚੇ ਗ੍ਰਿਹ ਸਾਚੇ ਮੰਦਰ ਨਿਰਗੁਣ ਸਰਗੁਣ ਵੇਖੇ ਖੇਲ ਤਮਾਸ਼ਾ, ਸ਼ਮਅ ਦੀਪਕ ਇਕੋ ਜੋਤ ਹੋਵੇ ਰੁਸ਼ਨਾਈਆ । ਜਨ ਭਗਤਾਂ ਪੂਰੀ ਕਰ ਆਸਾ, ਅਸਲ ਆਪਣਾ ਆਪ ਸਮਝਾਈਆ । ਜਨਮ ਜਨਮ ਦਾ ਪੂਰਾ ਕਰ ਦੇ ਘਾਟਾ, ਘਾਟ ਆਪਣੇ ਪਾਰ ਲੰਘਾਈਆ । ਨੈਣ ਉਠਾ ਕੇ ਸਾਥੋਂ ਤੱਕੀਆਂ ਨਹੀਂ ਜਾਂਦੀਆਂ ਵਾਟਾਂ, ਰਾਤੀਂ ਸੁਤਿਆਂ ਦਿਨੇ ਜਾਗਦਿਆਂ ਸਨਮੁਖ ਹੋ ਕੇ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਤੇਰੀਆਂ ਸੱਚੀਆਂ ਸ਼ਾਖ਼ਾਂ, ਸ਼ਨਾਖ਼ਤ ਤੇਰੀ ਰਹੀਆਂ ਕਰਾਈਆ ।

### ✪ ੧੭ ਜੇਠ ਸ਼ਹਿਨਸ਼ਾਹੀ ਸੰਮਤ ੨ ਸੇਵਾ ਸਿੰਘ ਦੇ ਗ੍ਰਿਹ ਪਿੰਡ ਧੰਗਾਲੀ ਕੈਂਪ ਮਾਨਸਰ ਜੰਮੂ ✪

ਜਨ ਭਗਤ ਕਹੇ ਪ੍ਰਭ ਸ਼ਬਦੀ ਧਾਰ ਗੋਬਿੰਦ ਤੇਰਾ ਪਰਗਟ, ਪਰਗਣੇ ਆਪਣੇ ਡੇਰਾ ਲਾਈਆ । ਜਿਥੇ ਕਦੇ ਨਾ ਹੋਵੇ ਮਰਘਟ, ਸ਼ਮਸ਼ਾਨ ਭੂਮੀ ਰੂਪ ਨਾ ਕੋਇ ਬਣਾਈਆ । ਇਕੋ ਇਕ ਸਾਚਾ ਮਿਲੇ ਅੰਮ੍ਰਿਤ ਰਸ, ਰਸਤਾ ਰਹਿਬਰ ਹੋ ਕੇ ਦੇ ਸਮਝਾਈਆ । ਆਤਮ ਪਰਮਾਤਮ ਕਰ ਕੇ ਵਸ, ਨਾਤਾ ਕੂੜਾ ਦੇ ਛੁਡਾਈਆ । ਨਿਜ ਨੇਤਰ ਖੋਲ੍ਹ ਕੇ ਧੁਰ ਦੀ ਅੱਖ, ਬਿਨ ਅੱਖਰਾਂ ਕਰ ਪੜ੍ਹਾਈਆ । ਧੁਰ ਦਵਾਰਾ ਦੱਸ ਕੇ ਇਕੋ ਸਚ, ਘਰ ਠਾਕਰ ਸਵਾਮੀ ਸੱਜਣ ਲੈ ਮਿਲਾਈਆ । ਸਦਾ ਸੁਹੇਲਾ ਰਖਣਹਾਰਾ ਪਤ, ਪਤਿਪਰਮੇਸ਼ਵਰ ਮਿਹਰ ਨਜ਼ਰ ਇਕ ਉਠਾਈਆ । ਜਨ ਭਗਤਾਂ ਰਹਿਣ ਨਾ ਦੇਵੀਂ ਕਦੇ ਵੱਖ, ਵੱਖਰੇ ਘਰ ਨਾ ਕੋਇ ਟਿਕਾਈਆ । ਮਾਨਸ ਜਨਮ ਪੰਜ ਤਤ ਕਾਇਆ ਚੋਲਾ ਸਭ ਨੇ ਜਾਣਾ ਛੱਡ, ਹੱਡ ਮਾਸ ਨਾੜੀ ਪਿੰਜਰ ਕੰਮ ਕਿਸੇ ਨਾ ਆਈਆ । ਸਚ ਦਵਾਰੇ ਹਰਿਜਨ ਸਾਚੇ ਜਾਣਾ ਵਸ, ਭਗਤ ਭਗਵਾਨ ਮਿਲ ਕੇ ਇਕੋ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਜਨ ਭਗਤਾਂ ਦੇਵੇ ਅਗੰਮੀ ਵਥ, ਅੰਮ੍ਰਿਤ ਆਤਮ ਰਸ ਲੈਣਾ ਚਖ, ਚਸਕਾ ਕੂੜ ਰਹੇ ਨਾ ਰਾਈਆ ।



### ✪ ੧੮ ਜੇਠ ਸ਼ਹਿਨਸ਼ਾਹੀ ਸੰਮਤ ੨ ਮਹਿੰਗਾ ਰਾਮ ਦੇ ਗ੍ਰਿਹ ਪਿੰਡ ਧੰਗਾਲੀ ਕੈਂਪ ਮਾਨਸਰ ਜੰਮੂ ✪

ਜਨ ਭਗਤ ਕਹੇ ਪ੍ਰਭ ਕਿਰਪਾ ਕਰੀਂ ਆਪ, ਸਾਡੇ ਵਿਚ ਨਾ ਕੋਇ ਵਡਿਆਈਆ । ਜਨਮ ਕਰਮ ਦਾ ਧੋਵੀਂ ਪਾਪ, ਕਾਇਆ ਮਾਟੀ ਕਰ ਸਫ਼ਾਈਆ । ਨਾਮ ਭੰਡਾਰਾ ਬਖ਼ਸ਼ ਦਾਤ, ਸਤਿ ਸਤਿਵਾਦੀ ਝੋਲੀ ਪਾਈਆ । ਅੰਦਰ ਰਹੇ ਨਾ ਅੰਧੇਰੀ ਰਾਤ, ਕੂੜ ਭਰਮ ਦੇਣਾ ਕਢਾਈਆ । ਸਦਾ ਸਦਾ ਸਦ ਰਹੇ ਤੇਰੀ ਯਾਦ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਬਿਨ ਤੇਰੀ ਕਿਰਪਾ ਹੋਏ ਨਾ ਕੋਈ ਆਬਾਦ, ਘਰ ਸਾਚਾ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਜਨ ਭਗਤ ਕਹੇ ਆਪਣੀ ਆਪ ਕਰ

ਕਿਰਪਾ, ਮੈਨੂੰ ਦੱਸਣ ਦੀ ਲੋੜ ਰਹੇ ਨਾ ਰਾਈਆ । ਮਿਹਰਵਾਨ ਹੋ ਕੇ ਕਟ ਬਿਪਤਾ, ਦੁਖੀਆਂ ਦੁੱਖ ਦੇ ਗਵਾਈਆ । ਤੂੰ ਆਦਿ ਜੁਗਾਦਿ ਸਭ ਦਾ ਲੇਖਾ ਲਿਖਦਾ, ਬਿਧਨਾ ਲੇਖਾ ਦੇ ਮਿਟਾਈਆ । ਪਿਆਰ ਕਰ ਸਾਚੇ ਹਿਤ ਦਾ, ਪਿਤਾ ਪੂਤ ਗੋਦ ਉਠਾਈਆ । ਰੂਪ ਦੇ ਦੇ ਸਾਚੇ ਸਿੱਖ ਦਾ, ਸਿਖਿਆ ਧੁਰ ਦੀ ਇਕ ਸਮਝਾਈਆ । ਅੰਦਰ ਝਗੜਾ ਰਹੇ ਨਾ ਕੋਈ ਕੂੜੀ ਵਿਖ ਦਾ, ਅੰਮ੍ਰਿਤ ਬੂੰਦ ਸਵਾਂਤੀ ਮੁਖ ਚੁਆਈਆ । ਜਿਧਰ ਵੇਖਾਂ ਓਧਰ ਸਦਾ ਰਹੇਂ ਦਿਸਦਾ, ਚਾਰੋਂ ਕੁੰਟ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਜਨ ਭਗਤ ਕਹੇ ਪ੍ਰਭ ਵੇਖ ਮੇਰੀ ਹਾਲਤ, ਆਪ ਆਪਣਾ ਧਿਆਨ ਲਗਾਈਆ । ਬਿਨ ਤੇਰੀ ਕਿਰਪਾ ਹੋਵੇ ਨਾ ਸਚ ਇਬਾਦਤ, ਢੋਲਾ ਗੀਤ ਨਾ ਕੋਇ ਗਾਈਆ । ਕਿਰਪਾ ਕਰ ਕੇ ਬਦਲ ਲੈ ਆਪਣੀ ਆਦਤ, ਭਗਤਾਂ ਹੋ ਸਚ ਸਹਾਈਆ । ਮਾਇਆ ਮਮਤਾ ਮੇਟ ਜਹਾਲਤ, ਜਹਾਂ ਤਹਾਂ ਦੇ ਵਡਿਆਈਆ । ਤੇਰਾ ਨਾਮ ਪਦਾਰਥ ਮਿਲੇ ਨਿਆਮਤ, ਰਸ ਖਾ ਖਾ ਖ਼ੁਸ਼ੀ ਮਨਾਈਆ । ਵਿਕਾਰ ਰਹੇ ਨਾ ਕੋਈ ਅਲਾਮਤ, ਹੰਕਾਰ ਅੰਦਰੋਂ ਦੇਣਾ ਕਢਾਈਆ । ਲੋਕਮਾਤ ਸ਼ਬਦੀ ਧਾਰ ਦੇ ਜ਼ਮਾਨਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਦੇ ਵਖਾਈਆ । ਜਨ ਭਗਤ ਕਹੇ ਪ੍ਰਭ ਆ ਕੇ ਵੇਖ ਸਾਡਾ ਹਾਲ, ਹਾਲ ਹਾਲ ਕਰ ਦੁਹਾਈਆ । ਜਗਤ ਦੁੱਖੀ ਹੋਇਆ ਵਾਲ ਵਾਲ, ਵਲਵਲੇ ਅੰਦਰੋਂ ਨਾ ਕੋਇ ਕਢਾਈਆ । ਪਿਤਾ ਗੋਦ ਉਠਾਏ ਨਾ ਕੋਇ ਬਾਲ, ਬਚਪਨ ਲੇਖੇ ਕੋਇ ਨਾ ਪਾਈਆ । ਅੰਦਰ ਬਾਹਰ ਗੁਪਤ ਜਾਹਰ ਚਲੇ ਨਾ ਕੋਇ ਨਾਲ, ਸਗਲਾ ਸੰਗ ਨਾ ਕੋਇ ਬਣਾਈਆ । ਪ੍ਰੇਮ ਪਿਆਰ ਦਾ ਵੱਜੇ ਨਾ ਕੋਇ ਤਾਲ, ਦੁੱਖੀਆਂ ਦੁੱਖ ਰਹੇ ਡਰਾਈਆ । ਕੂੜੀ ਕਿਰਿਆ ਵਿਚੋਂ ਕਰ ਬਹਾਲ, ਅਗਲਾ ਲਹਿਣਾ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਜਨ ਭਗਤ ਮੰਗੇ ਤੇਰੀ ਸਰਨਾਈਆ । ਜਨ ਭਗਤ ਕਹੇ ਮੈਂ ਕਰਾਂ ਕੀ, ਸਮਝ ਸਮਝ ਵਿਚ ਨਾ ਆਈਆ । ਜਗਤ ਵਾਸਨਾ ਨਾਤਾ ਜੁੜਿਆ ਪੁੱਤਰ ਧੀ, ਸਾਕ ਸਬੰਧ ਕੁਟੰਬ ਗੰਢ ਪਵਾਈਆ । ਨਿਰਮਲ ਹੋਏ ਨਾ ਅੰਤਰ ਜੀਅ, ਪਤਿਤ ਪਵਿਤ ਪੁਨੀਤ ਨਾ ਕੋਇ ਕਰਾਈਆ । ਝਗੜਾ ਰਖੇ ਨਾ ਸਾਢੇ ਤਿੰਨ ਹੱਥ ਸੀਂ, ਸਤਿਗੁਰ ਸਰਨ ਦੇਵੇ ਨਾ ਕੋਇ ਵਡਿਆਈਆ । ਬਿਨ ਤੇਰੀ ਕਿਰਪਾ ਅੰਮ੍ਰਿਤ ਬਰਖੇ ਕੋਇ ਨਾ ਮੀਂਹ, ਅਗਨੀ ਤਤ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਚਰਨ ਬਲਿਹਾਰੇ ਜਨ ਭਗਤਾਂ ਮੈਂ ਜਾਵਾਂ ਥੀਂ, ਥਾਨ ਥਨੰਤਰ ਇਕੋ ਦੇ ਵਖਾਈਆ ।

### ੧੮ ਜੇਠ ਸ਼ਹਿਨਸ਼ਾਹੀ ਸੰਮਤ ੨ ਸੰਤੋ ਦੇਵੀ ਦੇ ਗ੍ਰਿਹ ਪਿੰਡ ਧੰਗਾਲੀ ਕੈਂਪ ਮਾਨਸਰ ਜੰਮੂ

ਜਨ ਭਗਤ ਕਹੇ ਪ੍ਰਭ ਆ ਕੇ ਵੇਖ ਸਾਡਾ ਰੁੱਖਾ ਸੁੱਖਾ ਟੁੱਕਰ, ਟੁਕੜਿਆਂ ਵਾਲੀ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਖਾ ਕੇ ਕਰੀਏ ਤੇਰਾ ਸ਼ੁਕਰ, ਧੰਨ ਧੰਨ ਧੰਨ ਤੇਰੀ ਬੇਪਰਵਾਹੀਆ । ਮਿਹਰਵਾਨ ਨਿਰਗੁਣ ਧਾਰੋਂ ਆ ਉਤਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਕੀਤਾ ਕੌਲ ਇਕਰਾਰ ਨਾ ਜਾਵੀਂ ਮੁਕਰ, ਵੇਲਾ ਵਕਤ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ

੭੧੯
੧੯

ਨਜ਼ਰ ਉਠਾਈਆ । ਜਨ ਭਗਤ ਕਹੇ ਪ੍ਰਭ ਆਪ ਆ ਕੇ ਵੇਖ ਸਾਡਾ ਦਲਿੱਦਰ, ਦਲੀਲ ਸਕੇ ਨਾ ਕੋਇ ਜਣਾਈਆ । ਭਰਮੇ ਫਿਰਦੇ ਇਧਰ ਉਧਰ, ਸਾਚਾ ਘਰ ਨਾ ਕੋਇ ਬਣਾਈਆ । ਦੇ ਵਡਿਆਈ ਵਾਂਗ ਬਿਦਰ, ਕੋਝੇ ਕਮਲੇ ਗਲੇ ਲਗਾਈਆ । ਨਿਰਗੁਣ ਨਿਰਵੈਰ ਹੋ ਜਾ ਪਿਤਰ, ਪਾਰਬ੍ਰਹਮ ਬੇਪਰਵਾਹੀਆ । ਗ਼ਰੀਬ ਨਿਮਾਣਿਆਂ ਬਣਾ ਮਿੱਤਰ, ਮਮਤਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਕਹੇ ਪ੍ਰਭ ਦੱਸ ਕਰੀਏ ਕੀ ਪੁਕਾਰ, ਨਿਉਂ ਨਿਉਂ ਸੀਸ ਨਿਵਾਈਆ । ਤੂੰ ਸਭ ਕੁਛ ਵੇਖਣਹਾਰ, ਅਭੁਲ ਤੇਰੀ ਬੇਪਰਵਾਹੀਆ । ਜਗਤ ਵਿਚ ਹੋਏ ਖ਼ੁਆਰ, ਘਰ ਘਰ ਪਈ ਦੁਹਾਈਆ । ਸ੍ਰਿਸ਼ਟੀ ਤਾਅਨੇ ਰਹੀ ਮਾਰ, ਅਣਿਆਲੇ ਤੀਰ ਚਲਾਈਆ । ਛੱਡ ਗਏ ਭੈਣ ਭਾਈ ਸਾਕ ਸੱਜਣ ਯਾਰ, ਨਾਤੇ ਕੂੜੇ ਗਏ ਤੁੜਾਈਆ । ਕਰ ਕਿਰਪਾ ਸਾਚਾ ਦੇ ਅਧਾਰ, ਮਿਹਰ ਨਜ਼ਰ ਇਕ ਉਠਾਈਆ । ਕੋਟਾਂ ਵਿਚੋਂ ਥੋੜੇ ਤੇਰੇ ਨਾਮ ਦਾ ਕਰਨ ਜੈਕਾਰ, ਨਾਅਰਾ ਧੁਰ ਦਾ ਇਕ ਲਾਈਆ । ਕੂੜੀ ਕਿਰਿਆ ਕਲਜੁਗ ਵਿਚੋਂ ਕੱਢ ਬਾਹਰ, ਬੈਰੂਨੀ ਲੇਖਾ ਦੇ ਮੁਕਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰੀ ਕਰਦੇ ਰਹੇ ਇੰਤਜ਼ਾਰ, ਉਡੀਕ ਵਿਚ ਧਿਆਨ ਲਗਾਈਆ । ਅੰਤਮ ਕਿਰਪਾ ਕਰ ਕੇ ਮਿਲਿਉਂ ਆਣ, ਆਪ ਆਪਣਾ ਫੇਰਾ ਪਾਈਆ । ਨਾਉਂ ਰਖ ਕੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਸਾਡਾ ਦੇ ਬਦਲਾਈਆ । ਦੁੱਖ ਰਹੇ ਨਾ ਵਿਚ ਜਹਾਨ, ਦਲਿਦ੍ਰ ਅੰਦਰੋਂ ਦੇ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਦਵਾਰਿਉਂ ਜਨ ਭਗਤ ਸੁਹੇਲੇ ਮੰਗਦੇ ਸੱਚਾ ਦਾਨ, ਦਾਨਸ਼ਮੰਦੀ ਆਪਣੀ ਪ੍ਰੀਤੀ ਪ੍ਰੀਤਮ ਦੇ ਵਰਤਾਈਆ ।


੭੨੦
੧੯

### ੧੮ ਜੇਠ ਸ਼ਹਿਨਸ਼ਾਹੀ ਸੰਮਤ ੨ ਪਰਕਾਸ਼ੋ ਦੇਵੀ ਪਿੰਡ ਨਗਿਆਲ ਕੈਂਪ ਮਾਨਸਰ ਜੰਮੂ

ਜਨ ਭਗਤ ਕਹੇ ਪ੍ਰਭ ਨੇੜੇ ਆ ਅਗੇ, ਘਰ ਆ ਕੇ ਵੇਖ ਵਖਾਈਆ । ਸਾਡੇ ਪਾਟੇ ਚੀਥੜ ਝੱਗੇ, ਓਢਣ ਸੀਸ ਨਾ ਕੋਇ ਟਿਕਾਈਆ । ਦੁੱਧ ਦਹੀਂ ਦੇ ਖ਼ਾਲੀ ਮੱਘੇ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਦੀਪਕ ਸਚ ਕੋਈ ਨਾ ਜਗੇ, ਅੰਧ ਅੰਧੇਰਾ ਰਿਹਾ ਡਰਾਈਆ । ਭੁੱਖੇ ਨੰਗੇ ਫਿਰਦੇ ਭੱਜੇ, ਨੱਠੀਏ ਵਾਹੋ ਦਾਹੀਆ । ਸਾਚੀ ਵਸਤ ਕੋਈ ਨਾ ਲੱਭੇ, ਦਿਵਸ ਰੈਣ ਕੁਰਲਾਈਆ । ਇਕੋ ਤੇਰੀ ਸਰਨ ਲੱਗੇ, ਬਾਕੀ ਛੱਡੀ ਸਰਬ ਲੋਕਾਈਆ । ਪੜ੍ਹਨੇ ਛੱਡੇ ਕੱਕੇ ਖੱਖੇ ਗੱਗੇ ਘੱਘੇ, ਸੋਹੰ ਢੋਲਾ ਰਹੇ ਗਾਈਆ । ਦੁੱਖ ਦੁਨਿਆਵੀ ਸਾਨੂੰ ਦੱਸ ਵਜ੍ਹੇ, ਕਿਉਂ ਮਾਤ ਰਿਹਾ ਤੜਫਾਈਆ । ਅਸੀਂ ਛੋਟੇ ਨੰਨ੍ਹੇ ਤੇਰੇ ਬੱਚੇ, ਪਿਤਾ ਪੁਰਖ ਅਕਾਲ ਹੋ ਸਹਾਈਆ । ਅਸੀਂ ਬਚਨ ਕਰਦੇ ਸੱਚੇ, ਦੁੱਖ ਆਪਣੇ ਰਹੇ ਜਣਾਈਆ । ਬਿਨ ਤੇਰੀ ਕਿਰਪਾ ਕਦੇ ਨਾ ਹੋਈਏ ਪੱਕੇ, ਕੱਚੇ ਕਰੇ ਜਗਤ ਲੋਕਾਈਆ । ਇਕੋ ਆਸਾ ਮਨਸਾ ਦਰਸ਼ਨ ਕਰੀਏ ਆਪਣੀ ਅੱਖੇ, ਆਖ਼ਰ ਮਿਲ ਕੇ ਖ਼ੁਸ਼ੀ ਮਨਾਈਆ । ਸੁਖਾਂ ਵਾਲੇ ਖਾਈਏ ਭੱਤੇ, ਭਟਕਣਾ ਅਵਰ ਰਹੇ ਨਾ ਰਾਈਆ । ਕਰਮ ਮਾੜੇ ਜਾਣ ਕਟੇ, ਸੁਖ ਮਿਲੇ ਸਭਨੀ ਥਾਈਂਆ । ਜਗਤ ਮਖ਼ੌਲ ਕਰੇ ਨਾ ਠੱਠੇ, ਠੋਕਰ ਸਭ ਨੂੰ ਦੇ ਲਗਾਈਆ । ਵੈਰ ਰਹੇ ਨਾ ਘੜੇ ਵੱਟੇ, ਠੀਕਰ ਕੂੜਾ ਭੰਨ ਦੇ ਸਜ਼ਾਈਆ । ਜੋ ਤੇਰਾ ਨਾਮ ਰਹੇ ਜਪੇ, ਜਾਮਾ ਉਨ੍ਹਾਂ ਦਾ ਵੇਖ ਵਖਾਈਆ । ਸਰਨ ਸਰਨਾਈ ਤੇਰੀ ਢੱਠੇ, ਸੀਸ ਜਗਦੀਸ਼ ਹੱਥ ਟਿਕਾਈਆ । ਜਨ ਭਗਤ ਕਹਿਣ ਪ੍ਰਭੂ ਸਾਨੂੰ

ਚਰਨਾਂ ਵਿਚ ਕਰ ਲੈ ਇਕੱਠੇ, ਚਾਰ ਕੁੰਟ ਵਿਛੋੜੇ ਵਿਚ ਝੱਲੀ ਨਾ ਜਾਏ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਦਰ ਦਵਾਰ ਹਰਿ ਭਗਤ ਸੁਹੇਲੇ ਸਦਾ ਸਦਾ ਸਦ ਆਵਣ ਨੱਠੇ, ਅਗੇ ਹੋ ਕੇ ਨਾ ਕੋਇ ਅਟਕਾਈਆ ।

## ✪ ੧੮ ਜੇਠ ਸ਼ਹਿਨਸ਼ਾਹੀ ਸੰਮਤ ੨ ਗੁਰਦਿਤ ਸਿੰਘ ਦੇ ਗ੍ਰਿਹ ਪਿੰਡ ਛੰਬ ਖੂਣ ਕੈਂਪ ਜੰਮੂ ✪

ਜਨ ਭਗਤ ਕਹੇ ਕਿਉਂ ਭਗਤ ਸੁਹੇਲਾ ਮਾਤ ਆਉਂਦਾ, ਸਚਖੰਡ ਨਿਵਾਸੀ ਆਪਣਾ ਫੇਰਾ ਪਾਈਆ । ਕਿਉਂ ਨਿਰਗੁਣ ਸਰਗੁਣ ਵੇਸ ਵਟਾਉਂਦਾ, ਜੋਤੀ ਸ਼ਬਦੀ ਧਾਰ ਬੇਪਰਵਾਹੀਆ । ਕਿਉਂ ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਉਂਦਾ, ਹੁਕਮੇ ਅੰਦਰ ਹੁਕਮ ਲਗਾਈਆ । ਕਿਉਂ ਤ੍ਰੈਗੁਣ ਮਾਇਆ ਪੰਜ ਤਤ ਖੇਲ ਖਿਲਾਉਂਦਾ, ਮਿਹਰ ਨਜ਼ਰ ਇਕ ਉਠਾਈਆ । ਕਿਉਂ ਲੱਖ ਚੁਰਾਸੀ ਵੰਡ ਵੰਡਾਉਂਦਾ, ਹੁਕਮੇ ਅੰਦਰ ਹੁਕਮ ਵਰਤਾਈਆ । ਕਿਉਂ ਚਾਰੇ ਖਾਣੀ ਰੂਪ ਧਰਾਉਂਦਾ, ਅੰਡਜ ਜੇਰਜ ਉਤਭੁਜ ਸੇਹਤਜ ਆਪਣਾ ਭੇਵ ਜਣਾਈਆ । ਕਿਉਂ ਚਾਰੇ ਬਾਣੀ ਸ਼ਬਦ ਅਲਾਉਂਦਾ, ਪਰਾ ਪਸੰਤੀ ਮਧਮ ਬੈਖਰੀ ਗਾਈਆ । ਕਿਉਂ ਚਾਰੇ ਵੇਦ ਜਣਾਉਂਦਾ, ਬ੍ਰਹਮ ਵੇਤਾ ਕਰ ਪੜ੍ਹਾਈਆ । ਕਿਉਂ ਚਾਰੇ ਕੁੰਟ ਸੁਹਾਉਂਦਾ, ਉੱਤਰ ਪੂਰਬ ਪੱਛਮ ਦੱਖਣ ਕਰ ਰੁਸ਼ਨਾਈਆ । ਕਿਉਂ ਚਾਰੇ ਵਰਨ ਬਣਾਉਂਦਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਵੰਡਾਈਆ । ਕਿਉਂ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਰਚਾਉਂਦਾ, ਕਿਉਂ ਧਰਨੀ ਧਰਤ ਧਵਲ ਜਲ ਵਿਚ ਸਮਾਈਆ । ਕਿਉਂ ਸਮੁੰਦ ਸਾਗਰ ਖੇਲ ਖਿਲੌਂਦਾ, ਨਦੀਆਂ ਨਾਲੇ ਵੰਡ ਵੰਡਾਈਆ ।
੭੨੧ ਕਿਉਂ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਉਪਜਾਉਂਦਾ, ਪੱਤ ਟਹਿਣੀ ਕਿਉਂ ਲਹਿਰਾਈਆ । ਕਿਉਂ ਜੀਵਣ ਮਰਨ ਬਣੌਂਦਾ, ਘੜਿਆ ਭੰਨ ੭੨੧
੧੯ ਵਖਾਈਆ । ਕਿਉਂ ਨਿਰਗੁਣ ਹੋ ਕੇ ਸਰਗੁਣ ਹੁਕਮ ਵਰਤਾਉਂਦਾ, ਸ਼ਬਦੀ ਸ਼ਬਦ ਕਰੇਂ ਸ਼ਨਵਾਈਆ । ਕਿਉਂ ਗੁਰ ਅਵਤਾਰ ਪੀਰ ਪੈਗ਼ੰਬਰ ਵੇਸ ੧੯
ਵਟੌਂਦਾ, ਨਵ ਸੱਤ ਫੇਰਾ ਪਾਈਆ । ਕਿਉਂ ਭਗਤ ਭਗਵਾਨ ਰਾਗ ਅਲਾਉਂਦਾ, ਅਨਹਦ ਨਾਦੀ ਨਾਦ ਵਜਾਈਆ । ਕਿਉਂ ਸੰਤ ਸੁਹੇਲੇ ਮਾਤ ਪਰਗਟੌਂਦਾ, ਸਾਧਨਾ ਧੁਰ ਦੀ ਦਏਂ ਸਮਝਾਈਆ । ਕਿਉਂ ਗੁਰਮੁਖ ਗੁਰ ਗੁਰ ਹੋ ਕੇ ਗੋਦ ਉਠਾਉਂਦਾ, ਗਹਿਰ ਗੰਭੀਰ ਬੇਪਰਵਾਹੀਆ । ਕਿਉਂ ਗੁਰਸਿਖ ਆਪਣੇ ਰੰਗ ਰੰਗੌਂਦਾ, ਰੰਗ ਰਤੜਾ ਸ਼ਹਿਨਸ਼ਾਹੀਆ । ਕਿਉਂ ਅੱਠ ਸੱਠ ਤੀਰਥ ਵੰਡ ਵੰਡਾਉਂਦਾ, ਹੁਕਮੇਂ ਅੰਦਰ ਹੁਕਮ ਭਵਾਈਆ । ਕਿਉਂ ਖਾਣੀ ਬਾਣੀ ਰਚਨ ਰਚਾਉਂਦਾ, ਨਿਰਅੱਖਰ ਅੱਖਰਾਂ ਵਿਚੋਂ ਪਰਗਟਾਈਆ । ਕਿਉਂ ਪੰਜ ਤਤ ਮੰਦਰ ਆਪ ਸੁਹਾਉਂਦਾ, ਗ੍ਰਿਹ ਬਹਿ ਕੇ ਸੋਭਾ ਪਾਈਆ । ਕਿਉਂ ਕਾਮ ਕਰੋਧ ਲੋਭ ਮੋਹ ਹੰਕਾਰ ਧਾਰ ਚਲਾਉਂਦਾ, ਸ੍ਰਿਸ਼ਟੀ ਦ੍ਰਿਸ਼ਟੀ ਨਾਲ ਮਿਲਾਈਆ । ਕਿਉਂ ਮਨ ਮਤ ਬੁਧ ਵਿਚਾਰ ਵਖਾਉਂਦਾ, ਸੋਚ ਸਮਝ ਦਾ ਗੇੜਾ ਦਿਤਾ ਭਵਾਈਆ । ਕਿਉਂ ਭੂਤ ਭਵਿਖ ਆਪਣੀ ਕਾਰ ਕਮਾਉਂਦਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਕਿਉਂ ਦੀਨ ਦੁਨੀ ਮਿਟਾਉਂਦਾ, ਤਤ ਰਹਿਣ ਨਾ ਕੋਇ ਪਾਈਆ । ਕਿਉਂ ਵਿਦਿਆ ਵਿਦਿਆਲਿਆਂ ਵਿਚ ਪੜ੍ਹਾਉਂਦਾ, ਧੁਰ ਸੰਦੇਸ਼ਾ ਹੁਕਮ ਸੁਣਾਈਆ । ਜਨ ਭਗਤ ਕਹੇ ਪ੍ਰਭ ਕਿਉਂ ਨਹੀਂ ਸਰਗੁਣ ਆਪ ਵੇਸ ਵਟਾਉਂਦਾ, ਮੋਹੇ ਭੇਵ ਦੇ ਖੁਲ੍ਹਾਈਆ । ਦੋਏ ਜੋੜ ਬੇਨੰਤੀ ਸੀਸ ਚਰਨ ਨਿਵਾਉਂਦਾ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਜਨ ਭਗਤ ਕਹੇ ਪ੍ਰਭੂ ਕਿਉਂ

ਬਣਿਉਂ ਅਗੰਮ ਅਥਾਹ, ਕੀ ਤੇਰੀ ਬੇਪਰਵਾਹੀਆ । ਕੋਟਨ ਕੋਟ ਬ੍ਰਹਿਮੰਡ ਖੰਡ ਦਿਤੇ ਰਚਾ, ਰਵ ਸਸ ਕਰਨ ਰੁਸ਼ਨਾਈਆ । ਮੰਡਲ ਮੰਡਪ ਦਿਤੇ ਸੁਹਾ, ਹੁਕਮੇਂ ਅੰਦਰ ਹੁਕਮ ਮਨਾਈਆ । ਵੇਸ ਅਨੇਕਾਂ ਲਏ ਵਟਾ, ਰੂਪ ਰੰਗ ਨਾ ਕਿਸੇ ਜਣਾਈਆ । ਖੇਲੇਂ ਖੇਲ ਹਰਿ ਘਟ ਥਾਂ, ਨੂਰ ਨੁਰਾਨਾ ਕਰ ਰੁਸ਼ਨਾਈਆ । ਤੇਰਾ ਲੇਖਾ ਜਾਣੇ ਕੋਇ ਨਾ, ਬੇਅੰਤ ਹੋ ਕੇ ਬੇਅੰਤ ਵਿਚ ਡੇਰਾ ਲਾਈਆ । ਕਿਉਂ ਸਭ ਦਾ ਬਣਿਆ ਪਿਤਾ ਮਾਂ, ਕਿਉਂ ਗੋਦ ਰਿਹਾ ਉਠਾਈਆ । ਕਿਉਂ ਹੰਸ ਬਣਾਏ ਕਾਂ, ਕਿਉਂ ਕਾਗੋਂ ਹੰਸ ਉਡਾਈਆ । ਕਿਉਂ ਦੇਵੇਂ ਠੰਡੀ ਛਾਂ, ਕਿਉਂ ਸਿਰ ਆਪਣਾ ਹੱਥ ਟਿਕਾਈਆ । ਕਿਉਂ ਆਵਣ ਜਾਵਣ ਖੇਲ ਦਿਤਾ ਰਚਾ, ਰਾਏ ਧਰਮ ਵੰਡ ਵੰਡਾਈਆ । ਕਿਉਂ ਲੇਖਾ ਲਿਖਾਏਂ ਥਾਉਂ ਥਾਂ, ਚਿਤਰ ਗੁਪਤ ਬੈਠਾ ਸੇਵ ਕਮਾਈਆ । ਕਿਉਂ ਲਾੜੀ ਮੌਤ ਲਈ ਉਪਜਾ, ਜੋ ਘੜਿਆ ਭੰਨ ਵਖਾਈਆ । ਜਨ ਭਗਤ ਕਹੇ ਪ੍ਰਭ ਮੇਰਾ ਪੜਦਾ ਦੇ ਲਾਹ, ਭੇਵ ਅਭੇਦਾ ਰਹੇ ਨਾ ਰਾਈਆ । ਤੂੰ ਮਾਲਕ ਮਹਿਬੂਬ ਮੇਰਾ ਖ਼ੁਦਾ, ਖ਼ੁਦ ਇਕੋ ਨਜ਼ਰੀ ਆਈਆ । ਤੇਰਾ ਢੋਲਾ ਗੀਤ ਰਿਹਾ ਗਾ, ਗਹਿਰ ਗੰਭੀਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਹੁਕਮ ਅੰਦਰ ਦੇ ਸਮਝਾ, ਬੁਧੀ ਦੀ ਲੋੜ ਰਹੇ ਨਾ ਰਾਈਆ ।

## ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਸੰਸਾਰ ਸਿੰਘ ਦੇ ਗ੍ਰਹਿ ਪਿੰਡ ਛੰਬ ਕੈਂਪ ਖੂਣ ਜੰਮੂ ✪



ਜਨ ਭਗਤ ਕਹੇ ਪ੍ਰਭੂ ਕਿਉਂ ਆਵੇਂ ਜਗਤ, ਸਤਿ ਸਚ ਦੇ ਦ੍ਰਿੜਾਈਆ । ਕਿਉਂ ਪਰਗਟ ਕਰੇਂ ਆਪਣੀ ਸ਼ਕਤ, ਸ਼ਕਤੀ ਆਪਣੇ ਵਿਚੋਂ ਉਪਾਈਆ । ਕਿਉਂ ਉਧਾਰੇਂ ਸਾਚੇ ਭਗਤ, ਭਗਵਨ ਹੋ ਕੇ ਵੇਖ ਵਖਾਈਆ । ਕਿਉਂ ਇਕੋ ਢੋਲਾ ਦੱਸੇਂ ਫ਼ਕਤ, ਫ਼ਿਕਰਾ ਸਚ ਪੜ੍ਹਾਈਆ । ਕਿਉਂ ਸੁਹਾਵੇਂ ਸਚ ਵਕ਼ਤ, ਜੁਗ ਚੌਕੜੀ ਫੇਰਾ ਪਾਈਆ । ਕਿਉਂ ਜੋਧਾ ਸੂਰਬੀਰ ਮਰਦਾਨ ਬਣਿਆ ਮਰਦ, ਨਿਰਗੁਣ ਹੋ ਕੇ ਭੱਜੇਂ ਵਾਹੋ ਦਾਹੀਆ । ਕਿਉਂ ਗ਼ਰੀਬ ਨਿਮਾਣਿਆਂ ਵੰਡੇਂ ਦਰਦ, ਦੁਖੀਆਂ ਦੁੱਖ ਆਪਣੀ ਝੋਲੀ ਪਾਈਆ । ਕਿਉਂ ਸ਼ਰਅ ਛੁਰੀ ਚਲਾਈ ਕਰਦ, ਕਾਤਲ ਮਕਤੂਲ ਆਪਣਾ ਖੇਲ ਵਖਾਈਆ । ਕਿਉਂ ਬੇਨੰਤੀ ਸੁਣੇਂ ਅਰਜ਼, ਕਿਉਂ ਚਰਨਾਂ ਉਤੇ ਮਸਤਕ ਰਿਹਾ ਰਗੜਾਈਆ । ਜਨ ਭਗਤ ਕਹੇ ਪ੍ਰਭੂ ਪੜਦਾ ਖੋਲ੍ਹ ਕਰ ਨਾ ਪੜਦ, ਓਹਲਾ ਕਾਇਆ ਚੋਲਾ ਰਹਿਣ ਕੋਇ ਨਾ ਪਾਈਆ । ਜਨ ਭਗਤ ਕਹੇ ਪ੍ਰਭੂ ਕਿਉਂ ਆਵੇਂ ਮਾਤ, ਮਿੱਤਰ ਪਿਆਰੇ ਮੈਨੂੰ ਦੇ ਸਮਝਾਈਆ । ਕਿਉਂ ਬਣਾਏ ਦਿਵਸ ਰਾਤ, ਘੜੀ ਪਲ ਵੰਡ ਵੰਡਾਈਆ । ਕਿਉਂ ਖੇਲੇਂ ਖੇਲ ਤਮਾਸ਼, ਬ੍ਰਹਿਮੰਡ ਖੰਡ ਆਪਣੀ ਰਾਸ ਰਚਾਈਆ । ਕਿਉਂ ਸੁਰਤੀ ਸ਼ਬਦੀ ਕਰੇਂ ਨਾਚ, ਨਟੂਆ ਹੋ ਕੇ ਸਾਂਗ ਕਰਾਈਆ । ਕਿਉਂ ਸ਼ਬਦ ਸੁਨੇਹੜੇ ਦੇਵੇਂ ਸਾਚ, ਕਿਉਂ ਜੂਠ ਝੂਠ ਉਪਜਾਈਆ । ਕਿਉਂ ਸੇਜਾ ਸੋਵੇਂ ਜਗਤ ਖਾਟ, ਕਿਉਂ ਅੰਤਰ ਆਤਮ ਬਹਿ ਕੇ ਖ਼ੁਸ਼ੀ ਮਨਾਈਆ । ਕਿਉਂ ਜੁਗ ਚੌਕੜੀ ਕਟੇਂ ਵਾਟ, ਨਿਰਗੁਣ ਸਰਗੁਣ ਬਣ ਕੇ ਪਾਂਧੀ ਰਾਹੀਆ । ਕਿਉਂ ਭਗਤਾਂ ਦੇਵੇਂ ਸਾਥ, ਸਚ ਦੇਣਾ ਸਮਝਾਈਆ । ਕਿਉਂ ਬਣੇਂ ਤ੍ਰਿਲੋਕੀ ਨਾਥ, ਕਿਉਂ ਸਲੋਕੀ ਢੋਲਾ ਗਾਈਆ । ਕਿਉਂ ਕਹੇਂ ਭਵਿਖਤ ਵਾਕ, ਹੁਕਮ ਨਾਲ ਹੁਕਮ ਬਦਲਾਈਆ । ਕਿਉਂ ਸੇਵਕ ਕਰੇਂ ਚਾਕ, ਚਾਕਰ ਰੂਪ ਧਰਾਈਆ । ਜਨ ਭਗਤ ਕਹੇ ਮੇਰੀ ਪੂਰੀ ਕਰ ਦੇ ਆਸ, ਤ੍ਰਿਸ਼ਨਾ ਤ੍ਰਿਖਾ ਦੇ ਗਵਾਈਆ ।

ਕਿਉਂ ਲੋਕਮਾਤ ਨਿਰਗੁਣ ਜੋਤ ਕਰੇਂ ਪਰਕਾਸ਼, ਨੂਰ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਦੱਸ ਖ਼ਾਸ, ਖ਼ਸੂਸੀਅਤ ਖ਼ਸਮ ਹੋ ਕੇ ਦੇ ਜਣਾਈਆ ।

✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਖੇਮੋ ਦੇਵੀ ਦੇ ਗ੍ਰਹਿ ਪਿੰਡ ਧੰਗਾਲੀ ਕੈਂਪ ਖੂਣ ਜੰਮੂ ✪

ਜਨ ਭਗਤ ਕਹੇ ਪ੍ਰਭ ਕਿਉਂ ਦਿਤਾ ਖ਼ਾਕੀ ਤਨ, ਨਾਤਾ ਤੱਤਾਂ ਨਾਲ ਜੁੜਾਈਆ । ਕਿਉਂ ਬਖ਼ਸ਼ਿਆ ਬੁਧੀ ਮਨ, ਮਿਹਰ ਨਜ਼ਰ ਉਠਾਈਆ । ਕਿਉਂ ਜਣਾਏ ਸਰਵਣ ਕੰਨ, ਸਾਚੀ ਵੰਡ ਵੰਡਾਈਆ । ਕਿਉਂ ਬਖ਼ਸ਼ਿਆ ਮਾਲ ਧਨ, ਖ਼ਜ਼ੀਨਾ ਬੇਪਰਵਾਹੀਆ । ਕਿਉਂ ਬਣਾਇਆ ਆਪਣਾ ਜਨ, ਜਨਮ ਕਰਮ ਦੇ ਦ੍ਰਿੜ੍ਹਾਈਆ । ਕਿਉਂ ਪੜਦਾ ਰਖਾਇਆ ਵਿਚ ਬ੍ਰਹਮ, ਪਾਰਬ੍ਰਹਮ ਲੇਖਾ ਦੇ ਚੁਕਾਈਆ । ਕਿਉਂ ਖ਼ੁਸ਼ੀ ਰਖੀ ਗ਼ਮ, ਚਿੰਤਾ ਨਾਲ ਮਿਲਾਈਆ । ਕਿਉਂ ਪਵਣ ਸਵਾਸ ਦਿਤਾ ਦਮ, ਰਸਨਾ ਜਿਹਵਾ ਨਾਲ ਵਡਿਆਈਆ । ਕਿਉਂ ਹੱਡ ਨਾਲ ਜੋੜਿਆ ਚੰਮ, ਰਕਤ ਬੂੰਦ ਵੰਡ ਵੰਡਾਈਆ । ਕਿਉਂ ਪਰਕਾਸ਼ ਕੀਤਾ ਸਾਚਾ ਨੂਰ ਜੋਤ ਚੰਨ, ਸੀਤਲ ਧਾਰ ਕਿਉਂ ਪਰਗਟਾਈਆ । ਕਿਉਂ ਬਣਾਇਆ ਮਾਤ ਕਰਮ, ਕਾਂਡ ਕਿਉਂ ਝੋਲੀ ਪਾਈਆ । ਕਿਉਂ ਵੰਡ ਵੰਡਾਈ ਜਾਤ ਪਾਤ ਧਰਮ, ਮਜ਼੍ਹਬ ਹਿੱਸਿਆਂ ਵਿਚ ਰਖਾਈਆ । ਕਿਉਂ ਲੇਖਾ ਰੱਖਿਆ ਭਰਮ, ਪੜਦੇ ਓਹਲੇ ਵਿਚ ਛੁਪਾਈਆ । ਕਿਉਂ ਬਦਲਦਾ ਰਵ੍ਹੇਂ ਜਨਮ, ਲੱਖ ਚੁਰਾਸੀ ਵਿਚ ਭਵਾਈਆ । ਕਿਉਂ ਰੱਖਿਆ ਹਯਾ ਸ਼ਰਮ, ਨੇਤਰ ਨੈਣ ਸ਼ਰਮਾਈਆ । ਕਿਉਂ ਦਵੈਤੀ ਲਾਇਆ ਵਰਮ, ਆਰ ਪਾਰ ਦਿਤਾ ਕਰਾਈਆ । ਕਿਉਂ ਨੇਤਰ ਖੋਲ੍ਹਿਆ ਹਰਨ ਫਰਨ, ਨਿਜ ਲੋਚਣ ਕਰ ਰੁਸ਼ਨਾਈਆ । ਕਿਉਂ ਭੈ ਵਿਚ ਸਾਰੇ ਡਰਨ, ਭਉ ਕਵਣ ਰਿਹਾ ਵਖਾਈਆ । ਕਿਉਂ ਮੰਜ਼ਲ ਚੋਟੀ ਤੇਰੀ ਚੜ੍ਹਨ, ਕਿਉਂ ਕਰਨ ਪੜ੍ਹਾਈਆ । ਕਿਉਂ ਬਿਰਹੋਂ ਵੈਰਾਗ ਅੰਦਰ ਮਰਨ, ਵਿਛੋੜਾ ਰਿਹਾ ਸਤਾਈਆ । ਕਿਉਂ ਬਖ਼ਸ਼ੀ ਸੱਚੀ ਸਰਨ, ਸਾਹਿਬ ਸਵਾਮੀ ਦੇ ਸਮਝਾਈਆ । ਕਿਉਂ ਆਦਿ ਜੁਗਾਦਿ ਜੁਗ ਚੌਕੜੀ ਕਰੇਂ ਪ੍ਰਨ, ਭਵਿਖਤਾਂ ਵਿਚ ਗੰਢ ਪਵਾਈਆ । ਕਿਉਂ ਲੱਖ ਚੁਰਾਸੀ ਨਾਲ ਆਵੇਂ ਲੜਨ, ਹੰਕਾਰੀ ਵਿਕਾਰੀ ਖੇਲ ਖਿਲਾਈਆ । ਕਿਉਂ ਅਗਨੀ ਆਵੇਂ ਸੜਨ, ਪੰਜ ਤਤ ਕਾਇਆ ਚੋਲਾ ਦਏਂ ਤਜਾਈਆ । ਕਿਉਂ ਗੋਰ ਆਵੇਂ ਵੜਨ, ਮਕਬਰਿਆਂ ਵਿਚ ਬਹਿ ਕੇ ਸੋਭਾ ਪਾਈਆ । ਕਿਉਂ ਭਗਤ ਭਗਵਾਨ ਆਵੇਂ ਫੜਨ, ਭੱਜੇਂ ਵਾਹੋ ਦਾਹੀਆ । ਜਨ ਭਗਤ ਕਹੇ ਪ੍ਰਭ ਕਿਉਂ ਤੇਰਾ ਭਾਣਾ ਗੁਰਮੁਖ ਜਰਨ, ਜ਼ਰਾ ਜ਼ਰਾ ਆਪ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਕਿਉਂ ਲੜ ਤੇਰਾ ਫੜਨ, ਭੇਵ ਅਭੇਦਾ ਦੇ ਖੁਲ੍ਹਾਈਆ ।

✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਸ਼ੰਕਰ ਦਾਸ ਦੇ ਗ੍ਰਹਿ ਪਿੰਡ ਮਲਕ ਖੂਣ ਕੈਂਪ ਜੰਮੂ ✪

ਜਨ ਭਗਤ ਕਹੇ ਪ੍ਰਭ ਕਿਉਂ ਬਣਾਏ ਜ਼ਿਮੀਂ ਅਸਮਾਨ, ਜਗਤ ਜ਼ਮਾਨਾ ਖੇਲ ਖਿਲਾਈਆ । ਕਿਉਂ ਪਰਗਟਾਏ ਰਵ ਸਸ ਸੂਰੀਆ ਚੰਦ ਭਾਨ,

ਕਿਰਨ ਕਿਰਨ ਤੇਜ ਜੋਤ ਰੁਸ਼ਨਾਈਆ । ਕਿਉਂ ਬਣਾਏ ਬ੍ਰਹਿਮੰਡ ਖੰਡ ਦੋ ਜਹਾਨ, ਬੇਅੰਤ ਅੰਤ ਆਪਣੇ ਵਿਚ ਛੁਪਾਈਆ । ਕਿਉਂ ਗੁਰ ਅਵਤਾਰ ਪੈਗ਼ੰਬਰ ਦਿਤਾ ਦਾਨ, ਸ਼ਬਦ ਨਿਧਾਨਾ ਨਜ਼ਰੀ ਆਈਆ । ਕਿਉਂ ਖੇਲ ਖਿਲਾਏਂ ਗੋਪੀ ਕਾਹਨ, ਕਿਉਂ ਸੀਤਾ ਰਾਮ ਵੱਜੀ ਵਧਾਈਆ । ਕਿਉਂ ਮੂਸਾ ਈਸਾ ਮੁਹੰਮਦ ਦਿਤਾ ਫ਼ਰਮਾਨ, ਕਲਮਾ ਧੁਰ ਦਾ ਇਕ ਦ੍ਰਿੜਾਈਆ । ਕਿਉਂ ਨਾਨਕ ਦੱਸਿਆ ਸਤਿਨਾਮ, ਸਤਿ ਸਤਿ ਵਿਚੋਂ ਸਮਝਾਈਆ । ਕਿਉਂ ਗੋਬਿੰਦ ਫ਼ਤਿਹ ਡੰਕ ਵਜਾਇਆ ਆਣ, ਹੁਕਮੇਂ ਅੰਦਰ ਹੁਕਮ ਵਰਤਾਈਆ । ਕਿਉਂ ਨਾਦ ਧੁਨ ਸੁਣਾਏ ਗਾਣ, ਕਿਉਂ ਨਾਮ ਕਰੀ ਸ਼ਨਵਾਈਆ । ਕਿਉਂ ਜੰਗਲ ਬੇਲੇ ਬਣਾਏ ਬੀਆਬਾਨ, ਬਨ ਖੰਡ ਕਿਉਂ ਵੰਡ ਵੰਡਾਈਆ । ਕਿਉਂ ਖੇਲੇਂ ਖੇਲ ਹਰ ਘਟ ਵਿਚ ਦਰਮਿਆਨ, ਉਪਰ ਥੱਲੇ ਸਮਝ ਕੋਇ ਨਾ ਪਾਈਆ । ਕਿਉਂ ਦੂਈ ਦਵੈਤੀ ਸ਼ਰਅ ਬਣਾਇਆ ਸ਼ੈਤਾਨ, ਚਾਰ ਕੁੰਟ ਕਰੇ ਲੜਾਈਆ । ਕਿਉਂ ਪੰਖੀ ਪੰਛੀ ਬਣਾਏ ਹੈਵਾਨ, ਕਿਉਂ ਇਨਸਾਨਾਂ ਵੰਡ ਵੰਡਾਈਆ । ਕਿਉਂ ਸ਼ਸਤਰ ਚਿੱਲਾ ਬਣਾਏ ਤੀਰ ਕਮਾਨ, ਕਿਉਂ ਭੱਥੇ ਕੰਧ ਉਠਾਈਆ । ਕਿਉਂ ਮਾਣ ਮੋਹ ਹੰਕਾਰ ਵਿਕਾਰ ਬਣਾਇਆ ਗੁਮਾਨ, ਭੇਖ ਪਾਖੰਡ ਕਿਉਂ ਰਚਨ ਰਚਾਈਆ । ਕਿਉਂ ਬਣਾਇਆ ਪੀਵਣ ਖਾਣ, ਕਿਉਂ ਤ੍ਰਿਸ਼ਨਾ ਜਗਤ ਹਲਕਾਈਆ । ਕਿਉਂ ਕਰਾਇਆ ਮਧ ਪਾਣ, ਕਿਉਂ ਨਸ਼ਿਆਂ ਵਿਚ ਰੁਲਾਈਆ । ਕਿਉਂ ਭੂਮਿਕਾ ਬਣਾਈ ਸ਼ਮਸ਼ਾਨ, ਕਿਉਂ ਮਕ਼ਬਰਿਆਂ ਖੇਲ ਖਿਲਾਈਆ । ਕਿਉਂ ਬਣਿਆ ਰਿਹਾ ਨਾਦਾਨ, ਜਗ ਵੇਖਣ ਕੋਇ ਨਾ ਪਾਈਆ । ਕਿਉਂ ਹੁਕਮ ਹਾਕਮ ਬਣਾਏ ਵਿਧਾਨ, ਕਿਉਂ ਹਕੂਮਤ ਰਿਹਾ ਚਲਾਈਆ । ਜਨ ਭਗਤ ਕਹੇ ਪ੍ਰਭੂ ਆਪਣਾ ਖੋਲ੍ਹ ਕੇ ਦੇ ਬਿਆਨ, ਬੇਈਮਾਨੀ ਵਿਚ ਨਾ ਕੋਇ ਰਖਾਈਆ । ਕਿਉਂ ਹੋਇਉਂ ਜਾਣੀ ਜਾਣ, ਹਰ ਘਟ ਵੇਖੇ ਥਾਉਂ ਥਾਈਂਆ । ਕਿਉਂ ਕਲਜੁਗ ਅੰਤ ਬਣਿਉਂ ਤਰਖਾਨ, ਤਿੱਖੀ ਧਾਰ ਆਪ ਪਰਗਟਾਈਆ । ਕਿਉਂ ਬਦਲਿਆ ਰੂਪ ਮਹਾਨ, ਵੇਸ ਜੱਟਾਂ ਵਾਲਾ ਵਖਾਈਆ । ਕਿਉਂ ਮਾਰਨ ਆਇਉਂ ਅਫ਼ਗ਼ਾਨ, ਫ਼ੈਸਲਾ ਹੱਕ ਹੱਕ ਸੁਣਾਈਆ । ਕਿਉਂ ਖ਼ਾਲੀ ਕਰਨ ਆਇਉਂ ਮੈਦਾਨ, ਮਦਦ ਅਵਰ ਨਾ ਕੋਇ ਮੰਗਾਈਆ । ਕਿਉਂ ਸ੍ਰਿਸ਼ਟੀ ਕੀਤੀ ਹੈਰਾਨ, ਹਿਰਦੇ ਹਰਿ ਨਾ ਕੋਇ ਧਿਆਈਆ । ਕਿਉਂ ਸ਼ਬਦੀ ਸੁਤ ਲਿਆਇਆ ਨਾਲ ਜਵਾਨ, ਜੋਬਨਵੰਤਾ ਨਜ਼ਰੀ ਆਈਆ । ਕਿਉਂ ਆਪਣੇ ਹੱਥ ਫੜੀ ਕਮਾਨ, ਕਾਮਲ ਮੁਰਸ਼ਦ ਫੇਰਾ ਪਾਈਆ । ਕਿਉਂ ਦੋ ਜਹਾਨ ਬਣਿਉਂ ਪਰਧਾਨ, ਪਰਧਾਨਗੀ ਆਪਣੀ ਰਿਹਾ ਵਖਾਈਆ । ਜਨ ਭਗਤ ਕਹੇ ਪ੍ਰਭੂ ਜੁਗ ਜੁਗ ਕਿਉਂ ਨਹੀਂ ਬੈਠਦਾ ਨਾਲ ਆਰਾਮ, ਝੰਜਟਾ, ਵਿਚ ਝੰਜਟ ਪਾ ਕੇ ਝਗੜਾ ਵੇਖੇਂ ਜਗਤ ਲੋਕਾਈਆ । ਅਬਿਨਾਸ਼ੀ ਕਰਤਾ ਕਹੇ ਜੁਗ ਚੌਕੜੀ ਛੇੜ ਛੇੜਨੀ ਮੇਰਾ ਕਾਮ, ਸਭ ਦੀ ਕਰਨੀ ਕਰਨੀ ਨਾਕਾਮ, ਮਨ ਮਤ ਬੁਧ ਮੇਟਣੀ ਤਮਾਮ, ਕੂੜਾ ਰਹਿਣ ਨਾ ਦੇਣਾ ਹਰਾਮ, ਸ਼ਰਅ ਸ਼ਰੀਅਤ ਮੇਟ ਸ਼ੈਤਾਨ, ਇਕੋ ਰੂਪ ਨਜ਼ਰੀ ਆਏ ਸਭ ਨੂੰ ਭਗਵਾਨ, ਭਗਵੰਤ ਹੋ ਕੇ ਆਪਣੀ ਖੇਲ ਖਿਲਾਈਆ ।



### ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਪੂਰਨ ਚੰਦ ਪਿੰਡ ਮਲਕ ਖੂਣ ਕੈਂਪ ਜੰਮੂ ✪

ਜਨ ਭਗਤ ਕਹੇ ਪ੍ਰਭੂ ਕਿਉਂ ਬਣਾਏ ਲੋਕ ਪਰਲੋਕ, ਕਿਉਂ ਪਰਲੋ ਆਪਣੇ ਹੁਕਮ ਵਿਚ ਰਖਾਈਆ । ਕਿਉਂ ਹਰ ਘਟ ਥਾਂ ਪਰਕਾਸ਼ ਕੀਤੀ ਜੋਤ, ਆਪਣੇ ਨੂਰ ਨਾਲ ਚਮਕਾਈਆ । ਕਿਉਂ ਸ਼ਬਦ ਅਗੰਮੀ ਲਾਵੇਂ ਚੋਟ, ਸੋਏ ਸਰਬ ਉਠਾਈਆ । ਕਿਉਂ ਸੁਹਾਵੇਂ ਕਿਲਾ ਕੋਟ, ਬੰਕ ਦਵਾਰੇ

ਦਏਂ ਵਡਿਆਈਆ । ਕਿਉਂ ਜਣਾਵੇਂ ਸਚ ਸਲੋਕ, ਆਪਣਾ ਨਾਮ ਕਰੇਂ ਪੜ੍ਹਾਈਆ । ਕਿਉਂ ਬਖ਼ਸ਼ੇ ਮੁਕਤੀ ਮੋਖ, ਕਿਉਂ ਮੁਫ਼ਤ ਆਪਣੇ ਵਿਚ ਸਮਾਈਆ । ਕਿਉਂ ਨਿਰਗੁਣ ਹੋ ਕੇ ਸਰਗੁਣ ਕਰੇਂ ਖੋਜ, ਵੇਖੇਂ ਥਾਉਂ ਥਾਈਆ । ਕਿਉਂ ਪ੍ਰੀਤਮ ਹੋ ਕੇ ਪਿਆਰ ਦਾ ਕਰੇਂ ਚੋਜ, ਚੋਲੇ ਅੰਦਰ ਵੱਜੇ ਵਧਾਈਆ । ਕਿਉਂ ਬਿਰਹੋਂ ਵਿਛੋੜਾ ਲਾਇਆ ਰੋਗ, ਯਾਦ ਰਹੀ ਸਤਾਈਆ । ਕਿਉਂ ਬੈਰਾਗੀ ਬਖ਼ਸ਼ਿਆ ਜੋਗ, ਜੋਗੀਸ਼ਰ ਦਿਤੇ ਭਟਕਾਈਆ । ਕਿਉਂ ਅੰਮ੍ਰਿਤ ਰਸ ਦੀ ਦੇ ਕੇ ਚੋਗ, ਸਾਂਤਕ ਸਤਿ ਦਏਂ ਕਰਾਈਆ । ਕਿਉਂ ਬਖ਼ਸ਼ੇਂ ਦਰਸ ਅਮੋਘ, ਚਿੰਤਾ ਗ਼ਮ ਮਿਟਾਈਆ । ਕਿਉਂ ਭੋਗੇਂ ਸਾਚਾ ਭੋਗ, ਆਤਮ ਸੇਜਾ ਡੇਰਾ ਲਾਈਆ । ਕਿਉਂ ਮਿਲਾਏਂ ਸਚ ਸੰਜੋਗ, ਮੇਲਾ ਸਹਿਜ ਸੁਭਾਈਆ । ਕਿਉਂ ਕਰੇਂ ਵਿਯੋਗ, ਦੋ ਜਹਾਨਾਂ ਸਦਾ ਜੁਦਾਈਆ । ਕਿਉਂ ਲੱਖ ਚੁਰਾਸੀ ਅੰਦਰ ਦੇਵੇਂ ਝੋਕ, ਜੂਨੀਆਂ ਵਿਚ ਭਵਾਈਆ । ਕਿਉਂ ਦੁੱਖ ਦੇਣ ਦਾ ਤੈਨੂੰ ਸ਼ੌਂਕ, ਜਨ ਭਗਤ ਕਹੇ ਮੈਨੂੰ ਦੇ ਸਮਝਾਈਆ । ਤੈਨੂੰ ਕੋਈ ਨਾ ਸਕੇ ਰੋਕ, ਕਿਉਂ ਤੇਰੀ ਬੇਪਰਵਾਹੀਆ । ਜਨ ਭਗਤ ਕਹੇ ਪ੍ਰਭੂ ਤੇਰਾ ਖੇਲ ਵੇਖਿਆ ਬਹੁਤ, ਗਿਣਤੀ ਵਿਚ ਨਾ ਕੋਇ ਗਿਣਾਈਆ । ਕਿਉਂ ਖੁਮਾਰੀ ਅੰਦਰ ਕਰੇਂ ਮਦਹੋਸ਼, ਸੁਰਤੀ ਸੁਰਤ ਭੁਲਾਈਆ । ਕਿਉਂ ਬੈਠਾ ਰਹੇਂ ਖਾਮੋਸ਼, ਸੁਨ ਸਮਾਧ ਡੇਰਾ ਲਾਈਆ । ਕਿਉਂ ਭਾਗ ਲਗਾਵੇਂ ਕਾਇਆ ਮਾਟੀ ਪੋਸ਼, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਦਰਸ਼ਨ ਦੇਵੇ ਰੋਜ਼, ਰਜਾ ਆਪਣੀ ਵਿਚ ਮਨਾਈਆ ।

## ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਅੰਗਰੇਜ਼ ਸਿੰਘ ਪਿੰਡ ਧੀਂਗਾ ਵਾਲੀ ਕੈਂਪ ਖੂਣ ਜੰਮੂ ✪

ਜਨ ਭਗਤ ਕਹੇ ਪ੍ਰਭੂ ਕਿਉਂ ਕੀਤਾ ਆਪਣਾ ਆਪ ਪਰਕਾਸ਼, ਕਿਉਂ ਨੂਰ ਨੂਰ ਰੁਸ਼ਨਾਈਆ । ਕਿਉਂ ਸਚ ਸਵਾਮੀ ਹੋ ਕੇ ਪਾਵੇਂ ਰਾਸ, ਗੋਪੀ ਕਾਹਨ ਰੂਪ ਵਟਾਈਆ । ਕਿਉਂ ਵਸੇਂ ਆਪਣੇ ਪਾਸ, ਆਪ ਆਪਾ ਦੇ ਸਮਝਾਈਆ । ਕਿਉਂ ਪਰਗਟ ਹੋਇਓਂ ਖ਼ਾਸ, ਖ਼ਸਮ ਹੋ ਕੇ ਹੁਕਮ ਵਰਤਾਈਆ । ਕਿਉਂ ਸੇਵਕ ਬਣਿਓਂ ਦਾਸ, ਸੇਵਕ ਸੇਵਾ ਸਚ ਕਮਾਈਆ । ਕਿਉਂ ਤ੍ਰਿਸ਼ਨਾ ਰਖੀ ਆਸ, ਕਿਉਂ ਮਮਤਾ ਮੋਹ ਜਣਾਈਆ । ਕਿਉਂ ਭੁੱਖ ਬਣਾਈ ਪਿਆਸ, ਸਹਿਜੇ ਦੇ ਸਮਝਾਈਆ । ਕਿਉਂ ਬਣਿਓਂ ਸਰਬ ਗੁਣਤਾਸ, ਗੁਣਵੰਤਾ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਬਣਾਏ ਆਪਣੀ ਸ਼ਾਖ਼, ਸ਼ਰਅ ਦਿਤੀ ਪਰਗਟਾਈਆ । ਕਿਉਂ ਕਰ ਕੇ ਮਾਤਲੋਕ ਉਦਾਸ, ਅੰਤਮ ਨਾਤੇ ਲਏ ਤੁੜਾਈਆ । ਕਿਉਂ ਭਗਤਾਂ ਪੁਛੇਂ ਬਾਤ, ਨਿਤ ਨਵਿਤ ਫੇਰਾ ਪਾਈਆ । ਕਿਉਂ ਸੋਹਣਾ ਵੇਲਾ ਬਣਾਇਆ ਪਰਭਾਤ, ਕਿਉਂ ਸੰਧਿਆ ਢੋਲੇ ਗਾਈਆ । ਕਿਉਂ ਲੇਖਾ ਲਿਖਿਆ ਪੱਟੀ ਨਾਲ ਕ਼ਲਮ ਦਵਾਤ, ਕਿਉਂ ਅੱਖਰਾਂ ਜੋੜ ਜੁੜਾਈਆ । ਕਿਉਂ ਸੰਤਾਂ ਦਏਂ ਸ਼ਾਬਾਸ਼, ਸਿਰ ਆਪਣਾ ਹੱਥ ਟਿਕਾਈਆ । ਕਿਉਂ ਪਤਣ ਬਣਾਇਆ ਘਾਟ, ਕਿਉਂ ਗੁਰਮੁਖਾਂ ਪਾਰ ਲੰਘਾਈਆ । ਕਿਉਂ ਨੇਰਨ ਨੇਰੇ ਰਖੀ ਵਾਟ, ਗੁਰਸਿਖਾਂ ਦਏਂ ਸਮਝਾਈਆ । ਕਿਉਂ ਝਗੜਾ ਪਾਇਆ ਜਾਤ ਪਾਤ, ਦੀਨ ਮਜ਼੍ਹਬ ਰਿਹਾ ਟਕਰਾਈਆ । ਕਿਉਂ ਜੀਵਣ ਰੱਖਿਆ ਵਫ਼ਾਤ, ਕਿਉਂ ਮੁਰਦਾ ਮੁਰੀਦ ਵਿਚ ਸਮਾਈਆ । ਕਿਉਂ ਅੰਦਰੇ ਅੰਦਰ ਧੁਨ ਆਤਮਕ ਜਣਾਏਂ ਆਪਣੀ ਬਾਤ, ਬਾਤਨ ਹੋ ਕੇ ਕਰੇਂ ਸ਼ਨਵਾਈਆ । ਕਿਉਂ ਭਗਤਾਂ ਸਚ ਸੁਨੇਹੜਾ ਜਾਏਂ ਆਖ, ਆਖ਼ਰ ਆਪਣਾ ਹੁਕਮ ਮਨਾਈਆ । ਕਿਉਂ ਝਗੜਾ ਪਾਵਣ

ਵਾਲਾ ਇਸ ਵਿਸਾਖ, ਵਸਾਹ ਕੇ ਸਭ ਨੂੰ ਰਿਹਾ ਹਿਲਾਈਆ । ਕਿਉਂ ਖਿੜਕੀ ਖੋਲੇਂ ਤਾਕ, ਕਿਉਂ ਕੁੰਡੇ ਰਿਹਾ ਖੜਕਾਈਆ । ਕਿਉਂ ਹੋ ਕੇ ਪੁਰਖ ਅਬਿਨਾਸ਼, ਭਗਤਾਂ ਰਿਹਾ ਤੜਪਾਈਆ । ਕਿਉਂ ਦਿੰਦਾ ਨਹੀਂ ਆਪਣੀ ਦਾਤ, ਦਾਤਾਰ ਹੋ ਕੇ ਝੋਲੀ ਪਾਈਆ । ਜਨ ਭਗਤ ਤੈਨੂੰ ਕਹਿ ਬੈਠੇ ਇਕੋ ਬਾਪ, ਪਿਤਾ ਪੁਰਖ ਅਕਾਲ ਨਜ਼ਰੀ ਆਈਆ । ਪੂਰਾ ਕਰ ਗੋਬਿੰਦ ਵਾਲਾ ਵਾਕ, ਵਖ਼ਤ ਪਏ ਤੇ ਜਗਤ ਵਿਚੋਂ ਬਾਹਰ ਕਢਾਈਆ । ਸਭ ਦੇ ਵੇਖ ਹਾਲਾਤ, ਹਾਲਾਂਕਿ ਬਦਲੀ ਨਹੀਂ ਬਦਲਣ ਦਾ ਵੇਲਾ ਰਹੀ ਤਕਾਈਆ । ਕਲਜੁਗ ਕੂੜੀ ਰਹਿਣੀ ਨਹੀਂ ਜਮਾਤ, ਜਮਾਂ ਨੇ ਘੇਰਾ ਲੈਣਾ ਪਾਈਆ । ਜਨ ਭਗਤ ਕਹੇ ਪ੍ਰਭੂ ਤੂੰ ਉਨ੍ਹਾਂ ਪੁਛਣੀ ਬਾਤ, ਜਿਹੜੇ ਤੇਰਾ ਇਕੋ ਨਾਮ ਧਿਆਈਆ । ਕਿਉਂ ਕਲਜੁਗ ਅੰਤਮ ਮੁੱਕਣੀ ਵਾਟ, ਵੱਟਾ ਰਹਿਣ ਕੋਇ ਨਾ ਪਾਈਆ । ਕਿਉਂ ਸੂਰਬੀਰ ਜੋਧਾ ਬਣੇਂ ਰਾਠ, ਹੁਕਮੇ ਅੰਦਰ ਹੁਕਮ ਭਵਾਈਆ । ਕਿਉਂ ਸ਼ੌਹ ਦਰਿਆਏ ਲਹਿਰ ਮਾਰੇ ਠਾਠ, ਅੰਮ੍ਰਿਤ ਧਾਰਾ ਇਕ ਵਹਾਈਆ । ਕਿਉਂ ਬਣੇ ਸਾਚਾ ਘਾਟ, ਪਤਣ ਬਹਿ ਕੇ ਖ਼ੁਸ਼ੀ ਮਨਾਈਆ । ਕਿਉਂ ਭਗਤਾਂ ਹੋਵੇਂ ਦਾਸ, ਦੱਸ ਕੇ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਕੋਇ ਨਾ ਪੁਛੇ ਬਾਤ, ਵਤਨ ਬੇਵਤਨਾਂ ਹੋਏ ਨਾ ਕੋਇ ਸਹਾਈਆ ।

### ✪ ੧੮ ਜੇਠ ਸ਼ਹਿਨਸ਼ਾਹੀ ਸੰਮਤ ੨ ਲਛਮਣ ਸਿੰਘ ਦੇ ਗ੍ਰਿਹ ਪਿੰਡ ਧੰਗਾਲੀ ਖੂਣ ਕੈਂਪ ਜੰਮੂ ✪



ਜਨ ਭਗਤ ਕਹੇ ਕਿਉਂ ਰਚਨ ਰਚਾਈ, ਰਚਨਹਾਰੇ ਦੇ ਸਮਝਾਈਆ । ਕਿਉਂ ਤ੍ਰੈਗੁਣ ਮਾਇਆ ਉਪਜਾਈ, ਆਪਣਾ ਹੁਕਮ ਵਰਤਾਈਆ । ਕਿਉਂ ਪੰਜ ਤਤ ਕਰੀ ਕੁੜਮਾਈ, ਨਾਤਾ ਜੋੜਿਆ ਸਹਿਜ ਸੁਭਾਈਆ । ਕਿਉਂ ਪਰਕਿਰਤੀ ਵਿਚ ਟਿਕਾਈ, ਦਿਤੀ ਮਾਣ ਵਡਿਆਈਆ । ਕਿਉਂ ਸੁਰਤੀ ਸ਼ਬਦ ਭੁਲਾਈ, ਪੜਦਾ ਦਿਤਾ ਰਖਾਈਆ । ਕਿਉਂ ਮੂਰਤ ਅਕਾਲ ਛੁਪਾਈ, ਨਜ਼ਰ ਕਿਸੇ ਨਾ ਆਈਆ । ਕਿਉਂ ਸੁਰ ਤਾਲ ਵਜਾਈ, ਨਾਦੀ ਨਾਦ ਸ਼ਨਵਾਈਆ । ਕਿਉਂ ਘਰ ਮੰਦਰ ਬਣਤ ਬਣਾਈ, ਗ੍ਰਿਹ ਆਪਣਾ ਰੰਗ ਚੜ੍ਹਾਈਆ । ਕਿਉਂ ਜੋਤ ਨਿਰੰਜਣ ਡਗਮਗਾਈ, ਆਦਿ ਨਿਰੰਜਣ ਵੰਡ ਵੰਡਾਈਆ । ਕਿਉਂ ਟੇਢੀ ਬੰਕ ਸੁਹਾਈ, ਭਵਰ ਗੁਫ਼ਾ ਕਿਉਂ ਚਤੁਰਾਈਆ । ਕਿਉਂ ਸਹੰਸ ਕਵਲ ਰਿਹਾ ਭਵਾਈ, ਦਲ ਆਪਣਾ ਨਾਲ ਮਿਲਾਈਆ । ਕਿਉਂ ਈੜਾ ਪਿੰਗਲ ਕਰੀ ਕੁੜਮਾਈ, ਹੁਕਮ ਇਕ ਵਰਤਾਈਆ । ਕਿਉਂ ਮਾਰੂ ਡੰਡ ਵਿਚ ਕੀਤੇ ਜੁਦਾਈ, ਬੁਧੀ ਚਲੀ ਨਾ ਕੋਇ ਚਤੁਰਾਈਆ । ਕਿਉਂ ਸਵਾ ਗਿਠ ਵੰਡ ਵੰਡਾਈ, ਹਿੱਸਾ ਆਪਣਾ ਆਪੇ ਪਾਈਆ । ਕਿਉਂ ਨੈਣਾਂ ਪਿਛੇ ਨੈਣ ਕੀਤਾ ਰੁਸ਼ਨਾਈ, ਤੀਜੀ ਅੱਖ ਖੁਲ੍ਹਾਈਆ । ਕਿਉਂ ਬਣ ਕੇ ਬ੍ਰਹਮ ਗੁਸਾਈਂ, ਪਾਰਬ੍ਰਹਮ ਅਖਵਾਈਆ । ਕਿਉਂ ਆਤਮ ਨੂਰ ਰੁਸ਼ਨਾਈ, ਰੂਹ ਬੁਤ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਇਕ ਵਰ, ਵਾਰਤਾ ਆਪਣੀ ਦੇ ਦ੍ਰਿੜਾਈਆ । ਜਨ ਭਗਤ ਕਹੇ ਕਿਉਂ ਬਣਾਇਆ ਤਤ ਵਜੂਦ, ਹਰਿ ਸਾਚੇ ਦੇ ਸਮਝਾਈਆ । ਕਿਉਂ ਬਣਾਇਆ ਕਾਇਆ ਮਾਟੀ ਕੱਚ ਕਲਬੂਤ, ਕੰਚਨ ਗੜ੍ਹ ਸੁਹਾਈਆ । ਕਿਉਂ ਸੁਹਾਇਆ ਅਰੂਜ, ਸਚ ਦਵਾਰੇ ਡੇਰਾ ਲਾਈਆ । ਕਿਉਂ ਬਣਿਓਂ ਨਿਰਮਲ ਮਹਿਬੂਬ, ਮੁਹੱਬਤ ਆਪਣਾ ਰੰਗ ਰੰਗਾਈਆ । ਕਿਉਂ ਨਾ ਦੇਵੇਂ

ਆਪਣਾ ਸਚ ਸਬੂਤ, ਸਬਰ ਸਬੂਰੀ ਵਿਚ ਸਮਝਾਈਆ । ਕਿਉਂ ਭੱਜਾ ਫਿਰੇਂ ਚਾਰੇ ਕੂਟ, ਦਹਿ ਦਿਸ਼ਾ ਵਾਹੋ ਦਾਹੀਆ । ਕਿਉਂ ਉਪਜਾਇਆ ਜੂਠ ਝੂਠ, ਮਾਇਆ ਮਮਤਾ ਮੋਹ ਹਲਕਾਈਆ । ਕਿਉਂ ਅੰਦਰੋਂ ਗਿਉਂ ਰੂਠ, ਆਪਣਾ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਨਜ਼ਰ ਆ ਮੌਜੂਦ, ਘਰ ਸਾਚੇ ਸੋਭਾ ਪਾਈਆ । ਜਨ ਭਗਤ ਕਹਿਣ ਕਿਉਂ ਰਚਨ ਲਿਆ ਰਚ, ਰਚ ਰਚ ਵੇਖ ਵਖਾਈਆ । ਕਿਉਂ ਭਾਂਡਾ ਬਣਾਇਆ ਕਾਇਆ ਮਾਟੀ ਕੱਚ, ਤਨ ਮਾਟੀ ਸੋਭਾ ਪਾਈਆ । ਕਿਉਂ ਆਤਮ ਰਖੀ ਸਚ, ਵੱਜੇ ਸਚ ਵਧਾਈਆ । ਕਿਉਂ ਲੂੰ ਲੂੰ ਅੰਦਰ ਰਿਹਾ ਰਚ, ਆਪਣਾ ਆਪ ਛੁਪਾਈਆ । ਕਿਉਂ ਲੁਕਾਇਆ ਬ੍ਰਹਮਮਤ, ਪਾਰਬ੍ਰਹਮ ਦੇ ਦ੍ਰਿੜਾਈਆ । ਕਿਉਂ ਉਪਜਾਇਆ ਧੀਰਜ ਜਤ, ਸਤਿ ਸੰਤੋਖ ਨਾਲ ਮਿਲਾਈਆ । ਕਿਉਂ ਉਬਲੇ ਬਹੱਤਰ ਨਾੜੀ ਰਤ, ਤਿੰਨ ਸੌ ਸੱਠ ਹਾਡੀ ਰਹੀ ਕੁਰਲਾਈਆ । ਜਨ ਭਗਤ ਕਹੇ ਪ੍ਰਭੂ ਕਿਉਂ ਖੇਲ ਖਿਲਾਇਆ ਜਗਤ, ਜਗ ਜੀਵਣ ਦਾਤੇ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਉਂ ਸ੍ਰਿਸ਼ਟੀ ਲਾਈ ਅੱਗ, ਤ੍ਰਿਖਾ ਤ੍ਰਿਸ਼ਨਾ ਵਿਚ ਤਪਾਈਆ ।

### ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਵਜ਼ੀਰੋ ਦੇਵੀ ਦੇ ਗ੍ਰਿਹ ਪਿੰਡ ਧੰਗਾਲੀ ਖੂਣ ਕੈਂਪ ਜੰਮੂ ✪



ਜਨ ਭਗਤ ਕਹੇ ਕਿਉਂ ਮਾਲਕ ਬਣਿਉਂ ਧੁਰ, ਦਰਗਾਹ ਸਾਚੀ ਸੋਭਾ ਪਾਈਆ । ਕਿਉਂ ਪਰਗਟ ਕੀਤੇ ਪੈਗ਼ੰਬਰ ਅਵਤਾਰ ਗੁਰ, ਹੁਕਮ ਸੰਦੇਸ਼ੇ ਨਾਲ ਸੁਣਾਈਆ । ਕਿਉਂ ਖੇਲ ਖਿਲਾਇਆ ਦੇਵਤ ਸੁਰ, ਕਰੋੜ ਤੇਤੀਸਾ ਵੱਜੇ ਵਧਾਈਆ । ਕਿਉਂ ਨਿਰਗੁਣ ਸਰਗੁਣ ਹੋ ਕੇ ਰਿਹੋਂ ਜੁੜ, ਮੇਲਾ ਮੇਲੇਂ ਥਾਉਂ ਥਾਈਂਆ । ਕਿਉਂ ਲੋਕਮਾਤ ਆਵੇਂ ਮੁੜ, ਨਿਤ ਨਵਿਤ ਫੇਰਾ ਪਾਈਆ । ਕਿਉਂ ਚਾਰ ਕੁੰਟ ਦਹਿ ਦਿਸ਼ਾ ਰਿਹੋਂ ਤੁਰ, ਨਵ ਨੌ ਭੱਜੇਂ ਚਾਈਂ ਚਾਈਂਆ । ਕਿਉਂ ਫੁਰਨਾ ਹੋ ਕੇ ਰਿਹੋਂ ਫੁਰ, ਫੁਰਨੇ ਅੰਦਰ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦੇ ਉਠਾਈਆ । ਜਨ ਭਗਤ ਕਹੇ ਕਿਉਂ ਉਪਜਾਏ ਰਿਖੀ ਮੁਨੀ, ਮੁਨੀਸ਼ਰ ਕਿਉਂ ਵਡਿਆਈਆ । ਕਿਉਂ ਬਣਾਇਆ ਦੀਨ ਦੁਨੀ, ਦੋਹਰੀ ਧਾਰ ਚਲਾਈਆ । ਕਿਉਂ ਵਿਦਿਆਵਾਨ ਕੀਤੇ ਗੁਣੀ, ਗਹਿਰ ਗੰਭੀਰ ਦੇ ਸਮਝਾਈਆ । ਕਿਉਂ ਭਾਗ ਲਗਾਵੇਂ ਕਾਇਆ ਕੁੰਨੀ, ਕਾਅਬਾ ਗ੍ਰਿਹ ਗ੍ਰਿਹ ਦਏਂ ਪਰਗਟਾਈਆ । ਕਿਉਂ ਵਸਤ ਅਮੋਲਕ ਦਏਂ ਅਨਮੁੱਲੀ, ਅਨਮੰਗੀ ਦੌਲਤ ਝੋਲੀ ਪਾਈਆ । ਕਿਉਂ ਸ੍ਰਿਸ਼ਟੀ ਤੈਨੂੰ ਭੁੱਲੀ, ਪ੍ਰਭ ਸਹਿਜੇ ਦੇ ਸਮਝਾਈਆ । ਕਿਉਂ ਜਗਤ ਅੰਧੇਰੀ ਝੁੱਲੀ, ਚਾਰੋਂ ਕੁੰਟ ਧੱਕਾ ਰਹੀ ਲਗਾਈਆ । ਕਿਉਂ ਦ੍ਰਿਸ਼ਟ ਇਸ਼ਟ ਕਿਸੇ ਨਾ ਖੁਲ੍ਹੀ, ਨੇਤਰ ਨੈਣ ਨਾ ਕੋਇ ਰੁਸ਼ਨਾਈਆ । ਕਿਉਂ ਅੰਮ੍ਰਿਤ ਧਾਰ ਸਭ ਦੀ ਡੁੱਲ੍ਹੀ, ਨਿਝਰ ਰਸ ਨਾ ਕੋਇ ਪਿਆਈਆ । ਜਨ ਭਗਤ ਕਹਿਣ ਪ੍ਰਭੂ ਤੇਰੀ ਫੁਲਵਾੜੀ ਕਿਸ ਬਿਧ ਮਾਤ ਫੁੱਲੀ, ਸਚ ਸਚ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲੇਖੇ ਲਾਏ ਸਚ ਪ੍ਰੀਤੀ ਘੋਲ ਘੁਲੀ, ਘਾਲ ਸਭ ਦੀ ਝੋਲੀ ਪਾਈਆ ।

## ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਚਰਨ ਜੀਤ ਸਿੰਘ ਦੇ ਗ੍ਰਿਹ ਪਿੰਡ ਧੰਗਾਲੀ ਖੂਣ ਕੈਂਪ ਜੰਮੂ ✪

ਜਨ ਭਗਤ ਕਹੇ ਕਿਰਪਾ ਪ੍ਰਭ ਗਹਿਰ ਗੰਭੀਰ, ਗਵਰ ਸਬਰ ਆਪਣਾ ਦੇ ਬੰਧਾਈਆ । ਅੰਤਰ ਆਤਮ ਸਾਚਾ ਅੰਮ੍ਰਿਤ ਬਖ਼ਸ਼ ਸੀਰ, ਸੀਰ ਖਾਰ ਬੱਚੇ ਸਾਰੇ ਮੰਗ ਮੰਗਾਈਆ । ਤਨ ਮਨ ਰਹੇ ਨਾ ਹਉਮੈਂ ਪੀੜ, ਦੁਖੀਆਂ ਦਰਦ ਦੇ ਗਵਾਈਆ । ਤੇਰੇ ਮਿਲਣ ਦੀ ਇਕੋ ਰਹੇ ਰੀਝ, ਦੂਜਾ ਧਿਆਨ ਨਾ ਕੋਇ ਲਗਾਈਆ । ਤਨ ਮਾਟੀ ਠਾਂਡੀ ਹੋਵੇ ਸੀਝ, ਅਗਨੀ ਅੱਗ ਨਾ ਲਾਗੇ ਰਾਈਆ । ਜੁਗ ਚੌਕੜੀ ਗਏ ਬੀਤ, ਝਲ ਝਲ ਥੱਕੇ ਤੇਰੀ ਜੁਦਾਈਆ । ਲੱਭਦੇ ਰਹੇ ਠਾਕਰ ਮੰਦਰ ਵਿਚੋਂ ਮਸੀਤ, ਮਸਲਾ ਹਲ ਨਾ ਕੋਇ ਕਰਾਈਆ । ਰਸਨਾ ਜਿਹਵਾ ਗਾਉਂਦੇ ਰਹੇ ਗੀਤ, ਦਿਵਸ ਰੈਣ ਕੂਕ ਕੂਕ ਸੁਣਾਈਆ । ਮਾਨਸ ਜਨਮ ਕਿਸੇ ਨਾ ਲਿਆ ਜੀਤ, ਨਾਤਾ ਛੁਟਿਆ ਨਾ ਜਗਤ ਲੋਕਾਈਆ । ਪੁਰਖ ਅਕਾਲ ਤੇਰੀ ਕਰਦੇ ਰਹੇ ਉਡੀਕ, ਰਾਹ ਤੱਕਦੇ ਥਾਉਂ ਥਾਈਆ । ਸਾਡੀ ਪੂਰੀ ਕਰ ਉਮੀਦ, ਆਸਾ ਤ੍ਰਿਸ਼ਨਾ ਦੇ ਗਵਾਈਆ । ਨਾਮ ਭੰਡਾਰਾ ਝੋਲੀ ਪਾ ਭੀਖ, ਭਿਖਿਆ ਆਪਣੀ ਇਕ ਵਰਤਾਈਆ । ਸਿਰ ਹੱਥ ਰਖ ਜਗਦੀਸ਼ ਜਗਦੀਸ਼ਰ ਤੇਰੀ ਬੇਪਰਵਾਹੀਆ । ਕਲਜੁਗ ਮਾਇਆ ਮਮਤਾ ਰਹੀ ਪੀਸ, ਮਿਹਰ ਨਜ਼ਰ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਲੈਣਾ ਟਿਕਾਈਆ । ਜਨ ਭਗਤ ਕਹੇ ਪ੍ਰਭ ਚੁਕਾ ਦੇ ਝੇੜੇ, ਝੰਜਟ ਰਹਿਣ ਕੋਇ ਨਾ ਪਾਈਆ । ਉਜੜੇ ਵਸਾ ਦੇ ਖੇੜੇ, ਘਰ ਸਾਚੇ ਮਿਲੇ ਵਡਿਆਈਆ । ਅਸੀਂ ਬਾਲਕ ਬੱਚੇ ਨੰਨ੍ਹੇ ਤੇਰੇ, ਦੂਜਾ ਪਿਤਾ ਨਾ ਕੋਇ ਬਣਾਈਆ । ਚੁਰਾਸੀ ਕੱਟਦੇ ਅਗਲੇ ਗੇੜੇ, ਜਨਮ ਜਨਮ ਨਾ ਕੋਇ ਭਵਾਈਆ । ਚਾਰ ਜੁਗ ਧੱਕੇ ਖਾਧੇ ਬਥੇਰੇ, ਭੱਜੇ ਵਾਹੋ ਦਾਹੀਆ । ਬਿਨ ਪੁਰਖ ਅਕਾਲ ਤੇਰੇ ਕੋਈ ਨਾ ਆਇਆ ਨੇੜੇ, ਸੰਗੀ ਸਾਥੀ ਸਾਰੇ ਗਏ ਤਜਾਈਆ । ਚਰਨ ਕਵਲਾਂ ਲਵਾ ਡੇਰੇ, ਡੇਰਾ ਆਪਣਾ ਇਕ ਬਣਾਈਆ । ਸ਼ਬਦੀ ਹੁਕਮ ਕਰ ਘੇਰੇ, ਘਿਰਨਾ ਅੰਦਰ ਰਹੇ ਨਾ ਰਾਈਆ । ਸਦਾ ਬਹਾ ਆਪਣੇ ਖੁਲ੍ਹੇ ਵਿਹੜੇ, ਜਿਥੇ ਦੁੱਖ ਦਰਦ ਨਾ ਲਾਗੇ ਰਾਈਆ । ਜਮਦੂਤ ਨਾ ਆਵੇ ਨੇੜੇ, ਫਾਸ ਗਲ ਨਾ ਕੋਇ ਲਟਕਾਈਆ । ਸਚ ਚੜ੍ਹਾ ਆਪਣੇ ਬੇੜੇ, ਬਾਹੋਂ ਫੜ ਜਗਤ ਉਠਾਈਆ । ਤੂੰ ਸਤਿਗੁਰ ਹਉਂ ਬਾਲਕ ਤੇਰੇ ਚੇਰੇ, ਤੂੰ ਹੀ ਰਾਗ ਅਲਾਈਆ । ਕਿਉਂ ਮਿਹਰਵਾਨ ਹੋ ਕੇ ਨਖੇੜੇ, ਬਿਖਰੇ ਆਪਣੇ ਨਾਲ ਜੁੜਾਈਆ । ਕੂੜੀ ਕਿਰਿਆ ਜਗਤ ਰਹਿਣ ਨਾ ਝੇੜੇ, ਮਨੂਆ ਕਰੇ ਨਾ ਕੋਇ ਲੜਾਈਆ । ਜਗਤ ਵਾਸਨਾ ਚਿੱਕੜ ਨਾਲ ਲਿਬੇੜੇ, ਦੁਰਮਤ ਮੈਲ ਦੇ ਧਵਾਈਆ । ਦੂਰ ਦੁਰਾਡੇ ਵਸ ਆ ਕੇ ਨੇੜੇ, ਆਪਣਾ ਪੰਧ ਮੁਕਾਈਆ । ਕੋਟਾਂ ਵਿਚੋਂ ਥੋੜੇ ਭਗਤ ਜਿਹੜੇ ਬੈਠੇ ਰਖ ਕੇ ਵੱਡੇ ਜੇਰੇ, ਜੇਰਜ਼ ਅੰਡਜ ਉਤਭੁਜ ਸੇਹਤਜ ਵਿਚੋਂ ਦੇਣਾ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਿਹਰ ਨਜ਼ਰ ਕਰ ਮਿਹਰੇ, ਮੇਰਾ ਤੇਰਾ ਤੇਰਾ ਮੇਰਾ ਰਹਿਣ ਕੋਇ ਨਾ ਪਾਈਆ ।



## ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਦੇਵਾ ਸਿੰਘ ਦੇ ਗ੍ਰਿਹ ਪਿੰਡ ਧੰਗਾਲੀ ਖੂਣ ਕੈਂਪ ਜੰਮੂ ✪

ਜਨ ਭਗਤ ਕਹੇ ਮੈਂ ਸਾਰ ਨਾ ਜਾਣਾਂ ਤੇਰੀ, ਤੇਰਾ ਭੇਵ ਕੋਇ ਨਾ ਆਈਆ । ਬਣ ਸੇਵਕ ਘਰ ਦੀ ਚੇਰੀ, ਗੋਲੀ ਹੋ ਸੇਵ ਕਮਾਈਆ ।

ਸ਼ੌਹ ਦਰਿਆ ਡੁੱਬਣ ਨਾ ਦੇਵੀਂ ਬੇੜੀ, ਪਾਰ ਕਿਨਾਰੇ ਆਪ ਲਗਾਈਆ । ਕਲਜੁਗ ਅੰਤ ਕਰੀਂ ਨਾ ਹੇਰਾ ਫੇਰੀ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਸਾਨੂੰ ਨਜ਼ਰ ਔਂਦੀ ਗੁਰਮੁਖ ਕਹੇ ਰਾਮ ਵੇਲੇ ਏਥੇ ਹੁੰਦੀ ਸੀ ਇਕ ਬੇਰੀ, ਬੇਰ ਕੱਚੇ ਪਕੇ ਦੋਵੇਂ ਰੰਗ ਵਟਾਈਆ । ਇਕ ਅਯਾਲੀ ਲਾਈ ਢੇਰੀ, ਤੋੜ ਤੋੜ ਕੇ ਖ਼ੁਸ਼ੀ ਮਨਾਈਆ । ਅੰਦਰ ਆਸਾ ਕੀਤੀ ਵਧੇਰੀ, ਬਹੁ ਮਮਤਾ ਲਈ ਪਰਗਟਾਈਆ । ਸਾਚਾ ਰਾਮ ਮਾਰੇ ਫੇਰੀ, ਬਣ ਕੇ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਰਤਾਈਆ । ਜਨ ਭਗਤ ਕਹੇ ਪ੍ਰਭ ਫੇਰਾ ਪਾ, ਕਿਉਂ ਬੈਠਾ ਮੁਖ ਛੁਪਾਈਆ । ਅਯਾਲੀ ਦਾਸੀ ਜੀਉਣਾ ਨਾਂ, ਮਾਪੇ ਖ਼ੁਸ਼ੀਆਂ ਨਾਲ ਸੁਣਾਈਆ । ਅੰਤਰ ਬੈਠਾ ਧਿਆਨ ਲਗਾ, ਬਿਨ ਅੱਖਾਂ ਅੱਖ ਉਠਾਈਆ । ਜਿੰਨਾਂ ਚਿਰ ਮੇਰਾ ਰਾਮ ਨਾ ਜਾਵੇ ਆ, ਮੈਨੂੰ ਸੁਰਤ ਰਹੇ ਨਾ ਰਾਈਆ । ਮਾਰ ਕੇ ਉਚੀ ਧਾਹ, ਕੂਕ ਕੂਕ ਦਿਤਾ ਸੁਣਾਈਆ । ਭੀਲਣੀ ਦੀ ਤੇ ਮੇਰੀ ਮਾਂ ਦੀ ਇਕੋ ਮਾਂ, ਭਣੇਵਾਂ ਓਸੇ ਦਾ ਨਜ਼ਰੀ ਆਈਆ । ਜਿੰਨਾਂ ਚਿਰ ਨਾ ਦਰਸ਼ ਦੇਵੇਂ ਆ, ਝੱਲੀ ਨਾ ਜਾਏ ਜੁਦਾਈਆ । ਰਾਮ ਸ਼ਬਦੀ ਰੂਪ ਵਟਾ, ਭੱਜਿਆ ਵਾਹੋ ਦਾਹੀਆ । ਸਹਿਜੇ ਪਹੁੰਚਿਆ ਆ, ਫੜ ਬਾਹੋਂ ਦਿਤਾ ਹਿਲਾਈਆ । ਨੈਣ ਲਿਆ ਖੁਲ੍ਹਾ, ਖ਼ੁਸ਼ੀ ਵਿਚ ਤਾਲੀ ਦਿਤੀ ਲਗਾਈਆ । ਵਾਹ ਮੇਰੇ ਬੇਪਰਵਾਹ, ਤੇਰੇ ਹੱਥ ਵਡਿਆਈਆ । ਰਾਮ ਨੇ ਵਿਚੋਂ ਪੰਜ ਬੇਰ ਲਏ ਖਾ, ਅੱਧਾ ਹਿੱਸਾ ਉਸ ਦੇ ਮੂੰਹ ਵਿਚ ਪਾਈਆ । ਫਿਰ ਸਹਿਜੇ ਸਹਿਜੇ ਦਿਤਾ ਸਮਝਾ, ਇਸ਼ਾਰੇ ਨਾਲ ਦ੍ਰਿੜਾਈਆ । ਜਿਸ ਵੇਲੇ ਤਰੇਤਾ ਦੁਆਪਰ ਗਿਆ ਵਿਹਾ, ਕਲਜੁਗ ਅੰਧ ਅੰਧੇਰਾ ਛਾਈਆ । ਰਾਮ ਦਾ ਰਾਮ ਤੇਰਾ ਅਗਲਾ ਲੇਖਾ ਦਏ ਚੁਕਾ, ਬਾਕੀ ਤੇਰੇ ਹੱਥ ਫੜਾਈਆ । ਨਿਰਗੁਣ ਹੋ ਕੇ ਦੇਵੇ ਦਰਸ ਦਿਖਾ, ਜੋਤੀ ਜਾਤਾ ਸ਼ਹਿਨਸ਼ਾਹੀਆ । ਮਿਹਰ ਨਜ਼ਰ ਲਏ ਉਠਾ, ਮਿਹਰਵਾਨ ਹੋ ਕੇ ਵੇਖ ਵਖਾਈਆ । ਅਯਾਲੀ ਨਿਉਂ ਕੇ ਸੀਸ ਦਿਤਾ ਝੁਕਾ, ਦੋਏ ਜੋੜ ਵਾਸਤਾ ਪਾਈਆ । ਕੀ ਉਹ ਅਕੱਲਾ ਆਵੇ ਤੇਰੇ ਵਾਂਗ ਆਪਣਾ ਆਪ ਲੁਕਾ, ਪੜਦਾ ਜਗਤ ਰਖਾਈਆ । ਰਾਮ ਕਿਹਾ ਨਹੀਂ ਉਹ ਸੰਤ ਸੁਹੇਲੇ ਨਾਲ ਮਿਲਾ, ਗੁਰਮੁਖ ਸਾਚੇ ਸੰਗ ਲਿਆਈਆ । ਤੇਰੇ ਦਵਾਰੇ ਦੇਵੇ ਭਾਗ ਲਗਾ, ਭਗਵਾਨ ਹੋ ਕੇ ਹੋਏ ਸਹਾਈਆ । ਬੱਚੇ ਕਿਹਾ ਕੀ ਮੈਨੂੰ ਲਵੇ ਪਹਿਚਾਨ, ਨਿਰਗੁਣ ਪੜਦਾ ਦਏ ਉਠਾਈਆ । ਰਾਮ ਕਿਹਾ ਹਾਂ ਉਹ ਕਰੇ ਧਿਆਨ, ਦਾਤਾ ਬੇਪਰਵਾਹੀਆ । ਪ੍ਰੇਮ ਪਿਆਰ ਦਾ ਖਾਵੇ ਪਕਵਾਨ, ਕੱਚਿਆਂ ਤੋਂ ਪੱਕੇ ਦਏ ਬਣਾਈਆ । ਪੂਰਬ ਲੇਖਾ ਚੁੱਕਿਆ ਆਣ, ਪੁਰਖ ਅਕਾਲ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਲਹਿਣਾ ਦੇਵਾ ਸਿੰਘ ਦਾ ਦੇਣਾ ਦੇ ਕੇ ਖ਼ੁਸ਼ੀ ਮਨਾਈਆ ।

## ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਕੁਲਵੰਤ ਸਿੰਘ ਪਿੰਡ ਧੰਗਾਲੀ ਖੂਣ ਕੈਂਪ ਜੰਮੂ ✪

ਜਨ ਭਗਤ ਕਹਿਣ ਪ੍ਰਭੂ ਸਹਾਰੇ ਤੱਕੇ ਸਚ ਸਤਿਗੁਰ ਦੇ, ਸਤਿ ਸਤਿਵਾਦੀ ਹੋ ਕੇ ਵੇਖ ਵਖਾਈਆ । ਮਿਹਰਵਾਨ ਹੋ ਕੇ ਜਗਤ ਉਧਾਰ ਗ਼ਰੀਬ ਗ਼ੁਰਬੇ, ਦਰਦੀ ਹੋ ਕੇ ਦਰਦੀਆਂ ਦਰਦ ਵੰਡਾਈਆ । ਬਿਨ ਤੇਰੇ ਪ੍ਰੇਮ ਸਾਰੇ ਹੋਏ ਮੁਰਦੇ, ਮੁੱਦਤਾਂ ਦੇ ਵਿਛੜੇ ਬੈਠੇ ਧਿਆਨ ਲਗਾਈਆ । ਬਿਨ ਤੇਰੇ ਗ੍ਰਿਹ ਦੂਜੇ ਘਰ ਮੂਲ ਨਾ ਤੁਰਦੇ, ਚਾਰ ਕੁੰਟ ਨਾ ਅੱਖ ਬਦਲਾਈਆ । ਰਾਗ ਦੱਸ ਦੇ ਆਪਣੀ ਸੁਰ ਦੇ, ਸੁਤਿਆਂ ਲੈ ਜਗਾਈਆ ।

ਵਿਛੋੜੇ ਮੇਟਦੇ ਪਿਛਲੇ ਅਨੰਦਪੁਰ ਦੇ, ਪੁਰੀਆਂ ਲੋਆਂ ਵਿਚੋਂ ਲੇਖਾ ਬਾਹਰ ਕਢਾਈਆ । ਅਸੀਂ ਮੂਰਖ ਹੋ ਕੇ ਸਾਰੇ ਰਹੇ ਭੁੱਲਦੇ, ਅਭੁੱਲ ਤੇਰੇ ਹੱਥ ਵਡਿਆਈਆ । ਬਿਨ ਤੇਰੇ ਦਰ ਤੋਂ ਰੁਲਦੇ, ਕੋੜ੍ਹਿਆਂ ਕਮਲਿਆਂ ਗਲੇ ਨਾ ਕੋਇ ਲਗਾਈਆ । ਤੂੰ ਟੁਕੜੇ ਖਾ ਕੇ ਚੁਲ੍ਹ ਚੁਲ੍ਹ ਦੇ, ਰਾਜੇ ਬਲ ਦਾ ਲੇਖਾ ਦੇ ਮੁਕਾਈਆ । ਅਸੀਂ ਭਗਤ ਓਸ ਕੁਲ ਦੇ, ਜਿਥੋਂ ਭਗਵਾਨ ਨਜ਼ਰੀ ਆਈਆ । ਸਾਡੀ ਸੇਵਾ ਦਾ ਸਾਨੂੰ ਮੁੱਲ ਦੇ, ਕ਼ੀਮਤ ਨਾਮ ਵਾਲੀ ਝੋਲੀ ਪਾਈਆ । ਬਿਨ ਤੇਰੀ ਕਿਰਪਾ ਤੇਰੇ ਤੋਲ ਕੋਈ ਨਾ ਤੁਲਦੇ, ਜਗਤ ਤਰਾਜ਼ੂ ਕੰਮ ਕਿਸੇ ਨਾ ਆਈਆ । ਸਾਨੂੰ ਮਾਣ ਦੇ ਓਸ ਕਮਲ ਫੁੱਲ ਦੇ, ਜੋ ਕਵਲ ਨੈਣ ਆਪਣੇ ਵਿਚ ਛੁਪਾਈਆ । ਟਿੱਕੇ ਲਾਈਏ ਤੇਰੀ ਸੱਚੀ ਧੂਲ ਦੇ, ਧੂੜ ਮਸਤਕ ਖ਼ਾਕ ਰਮਾਈਆ । ਰਾਹ ਤੱਕੀਏ ਤੇਰੇ ਸਚ ਅਸੂਲ ਦੇ, ਅਸਲ ਵਿਚ ਵਸਲ ਦੇ ਵਖਾਈਆ । ਝਗੜੇ ਮੁਕ ਜਾਣ ਗੁਰ ਅਵਤਾਰ ਪੈਗ਼ੰਬਰ ਰਸੂਲ ਦੇ, ਰਸਤਾ ਇਕੋ ਦੇ ਦ੍ਰਿੜਾਈਆ । ਜਿਥੇ ਭਗਤ ਭਗਵਾਨ ਇਕ ਦੂਜੇ ਨੂੰ ਕ਼ਬੂਲ ਦੇ, ਮਿਲ ਕੇ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤ ਕਹੇ ਪ੍ਰਭ ਕਰੀਂ ਰੱਛਾ, ਰੱਛਕ ਹੋ ਕੇ ਵੇਖ ਵਖਾਈਆ । ਬਲ ਬਾਵਨ ਵਾਲੀ ਇੱਛਾ, ਸਭ ਦੀ ਲੇਖੇ ਦੇਣੀ ਲਗਾਈਆ । ਇਸ ਬਨ ਖੰਡ ਅੰਦਰ ਤੇਰਾਂ ਸੌ ਸਤਾਸੀ ਰਿਸ਼ੀ ਰਹਿੰਦਾ ਸੀ ਇਕੱਠਾ, ਇਕ ਮਨ ਹੋ ਕੇ ਇਕੋ ਧਿਆਨ ਲਗਾਈਆ । ਜਿਨ੍ਹਾਂ ਨੂੰ ਬਲ ਨੇ ਭੇਜੀਆਂ ਗੱਠਾਂ, ਗੰਢਾਂ ਨਾਲ ਬੁਲਾਈਆ । ਸਭ ਨੇ ਆਉਣਾ ਨੱਠਾ, ਭੱਜਣਾ ਵਾਹੋ ਦਾਹੀਆ । ਅਸਮੇਧ ਯਗ ਇਕ ਰਚਾ, ਰਚਨਾ ਕੀਤੀ ਬੇਪਰਵਾਹੀਆ । ਸੰਤ ਸਾਧ ਸੱਦਣਾ ਸੱਚਾ, ਸਚ ਮਿਲੇ ਵਡਿਆਈਆ । ਓਸੇ ਵੇਲੇ ਸਭ ਨੇ ਕਰ ਕੇ ਮਤਾ ਪੱਕਾ, ਇਰਾਦਾ ਲਿਆ ਬਣਾਈਆ । ਜਿਸ ਵੇਲੇ ਦਿਨ ਆਇਆ ਅੱਛਾ, ਭੱਜੇ ਵਾਹੋ ਦਾਹੀਆ । ਬਲ ਦਵਾਰੇ ਖਾ ਖਾ ਸਭ ਰੱਜਾ, ਖ਼ੁਸ਼ੀ ਖ਼ੁਸ਼ੀ ਢੋਲੇ ਗਾਈਆ । ਬਾਵਨ ਬੁੱਢਾ ਉਠ ਕੇ ਕੋਲ ਆਇਆ ਪਾਸੇ ਸੱਜਾ, ਡੰਗੋਰਾ ਸਹਿਜ ਦਿਤਾ ਹਿਲਾਈਆ । ਰਿਸ਼ੀਓ ਮੈਨੂੰ ਦਸੋ ਕਿਹੜੀ ਵਜਹ, ਜਿਸ ਨਾਲ ਪ੍ਰਭ ਨੂੰ ਮਿਲ ਕੇ ਸ਼ੁਕਰ ਮਨਾਈਆ । ਸਭ ਨੇ ਖੱਬਾ ਹੱਥ ਮਾਰ ਕੇ ਉਪਰ ਢਿੱਡਾਂ, ਹੋਕਾ ਦੇ ਕੇ ਦਿਤਾ ਜਣਾਈਆ । ਸਾਡਾ ਮੰਗਤਿਆਂ ਦਾ ਸੜ ਗਿਆ ਪਿੰਡਾ, ਪ੍ਰਭ ਨੂੰ ਖੋਜਿਆ ਥਾਉਂ ਥਾਈਂਆ । ਅਜੇ ਦਰਸ ਨਹੀਂ ਕਿਸੇ ਨੂੰ ਦਿੰਦਾ, ਨਜ਼ਰ ਕੋਇ ਨਾ ਪਾਈਆ । ਬਾਵਨ ਕਿਹਾ ਆਹ ਮੈਂ ਤੁਹਾਨੂੰ ਦੇਵਾਂ ਨੇਂਦਾ, ਸਤਿਜੁਗ ਦਾ ਤਰੇਤਾ ਤਰੇਤੇ ਦਾ ਦੁਆਪਰ ਦੁਆਪਰ ਦਾ ਕਲਜੁਗ ਕਲਜੁਗ ਦਾ ਅੰਤ ਖੇਲ ਭਗਵੰਤ ਸਹਿਜੇ ਦਿਆਂ ਸਮਝਾਈਆ । ਮੈਂ ਓਸ ਵੇਲੇ ਨਿਰਗੁਣ ਧਾਰ ਹੋ ਕੇ ਫਿਰ ਹੋਣਾ ਜੀਉਂਦਾ, ਜਾਗਰਤ ਜੋਤ ਰੂਪ ਵਖਾਈਆ । ਲਹਿਣਾ ਦੇਣਾ ਚੁਕਾਵਾਂ ਸਾਚੇ ਨੇਂਹੁ ਦਾ, ਨਿਹਕਰਮੀ ਹੋ ਕੇ ਦਿਆਂ ਦ੍ਰਿੜਾਈਆ । ਤੁਹਾਡੇ ਨਾਲ ਫੇਰ ਨਾਤਾ ਜੋੜਾਂ ਪਿਤਾ ਪਿਓ ਦਾ, ਪੁਰਖ ਅਕਾਲ ਵੇਸ ਵਟਾਈਆ । ਜਿਸ ਕੰਨਿਆਂ ਮੇਰੇ ਲਈ ਥਾਲ ਪਰੋਸਿਆ ਖੰਡ ਘਿਉ ਦਾ, ਚਾਰ ਭੈਣਾਂ ਪੰਜਵਾਂ ਰਲ ਕੇ ਛੋਟਾ ਵੱਡਾ ਭਾਈਆ । ਮੈਂ ਓਸ ਦਾ ਕੀਤਾ ਧੰਨ ਧੰਨਿਆਂ, ਖ਼ੁਸ਼ੀ ਵਿਚ ਖ਼ੁਸ਼ੀ ਦਿਤੀ ਬਦਲਾਈਆ । ਜਿਸ ਵੇਲੇ ਲੋਕਮਾਤ ਨਿਰਗੁਣ ਚੜ੍ਹਿਆ ਚੰਨਿਆ, ਜੋਤ ਨੂਰ ਹੋਵੇ ਰੁਸ਼ਨਾਈਆ । ਓਸ ਵੇਲੇ ਇਕ ਸ਼ਬਦ ਸੰਦੇਸ਼ਾ ਤੁਹਾਡੇ ਪਾਵਾਂ ਕੰਨਿਆਂ, ਕੰਨਾਂ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਸਮਝਾਈਆ । ਸਾਰੇ ਰਿਖੀ ਕਰ ਕੇ ਨਿਮਸਕਾਰ, ਇਕ ਦੂਜੇ ਵਲ ਬੈਠੇ ਧਿਆਨ ਲਗਾਈਆ । ਬਾਵਨ ਕਿਹਾ ਤੁਹਾਡੇ ਨਹੀਂ ਕੁਛ ਅਖ਼ਤਿਆਰ, ਕਰਨ ਕਰਾਵਣਹਾਰ ਇਕੋ ਨਜ਼ਰੀ ਆਈਆ । ਜਿਸ

੭੩੦
੧੯

ਦਾ ਖੇਲ ਸਦਾ ਜੁਗ ਚਾਰ, ਵਿਛੜਿਆਂ ਲਏ ਮਿਲਾਈਆ । ਤੁਸੀਂ ਰਾਜੇ ਬਲ ਦਾ ਖਾ ਕੇ ਅਹਾਰ, ਮਨ ਸ਼ਾਤ ਨਾ ਕੋਇ ਕਰਾਈਆ । ਕਿਉਂ ਤੁਹਾਨੂੰ ਮਿਲਿਆ ਨਹੀਂ ਨਿਰੰਕਾਰ, ਮਨ ਵੱਜੀ ਨਾ ਸਚ ਵਧਾਈਆ । ਉਹ ਮੇਰੇ ਆਹ ਮੇਰੇ ਨਾਮ ਦਾ ਲਵੇ ਪਿਆਰ, ਤੁਹਾਡੇ ਹੱਥ ਦੇਵਾਂ ਫੜਾਈਆ । ਕਲਜੁਗ ਅੰਤ ਤੁਹਾਡੇ ਵਿਚੋਂ ਲਵਾਂ ਨਿਕਾਲ, ਇਹ ਮੇਰੇ ਹੱਥ ਵਡਿਆਈਆ । ਮੈਂ ਲੇਖੇ ਲਾਉਣਾ ਓਸ ਕੰਨਿਆਂ ਦਾ ਥਾਲ, ਜਿਸ ਦੇ ਪਿਛੇ ਘਰ ਘਰ ਜਾ ਕੇ ਗੁਰਮੁਖਾਂ ਦੇ ਭੋਗ ਲਗਾਈਆ । ਸਭ ਦਾ ਪੂਰਾ ਕਰਾਂ ਸਵਾਲ, ਲੇਖਾ ਸਭ ਦਾ ਦਿਆਂ ਚੁਕਾਈਆ । ਓਸ ਦਾ ਕਾਜ ਰਚਣਾ ਵਿਚ ਜਹਾਨ, ਜਹਾਨ ਜਹਾਨ ਜੁਗ ਓਸ ਨੂੰ ਸਕੇ ਨਾ ਕੋਇ ਪਰਨਾਈਆ । ਕੁਛ ਥੋੜ੍ਹਾ ਲੇਖਾ ਰਖਣਾ ਗੋਬਿੰਦ ਨਾਲ, ਪੜਦਾ ਪੜਦਿਆਂ ਵਿਚੋਂ ਟਿਕਾਈਆ । ਅਗੋਂ ਰਿਸ਼ੀ ਚਰਨਾਂ ਵੱਲ ਕਰ ਧਿਆਨ, ਸਾਰੇ ਨੀਰ ਵਹਾਈਆ । ਸਾਨੂੰ ਸਚ ਦੱਸ ਮਿਹਰਵਾਨ, ਕਿਸ ਬਿਧ ਏਥੇ ਇਕੱਠੇ ਲਏਂ ਕਰਾਈਆ । ਬਾਵਨ ਕਿਹਾ ਇਹ ਮੇਰਾ ਖੇਲ ਕਮਾਲ, ਜੁਗ ਜੁਗ ਮੇਰਾ ਭੇਵ ਕੋਇ ਨਾ ਪਾਈਆ । ਦੂਰ ਦੁਰਾਡੇ ਮੇਲਾਂ ਆਣ, ਡੇਰਾ ਜੰਗਲਾਂ ਵਿਚ ਲਗਾਈਆ । ਫੇਰ ਆਪਣੇ ਨਿਉਂਦੇ ਦਾ ਤੁਹਾਨੂੰ ਸਨੇਹਾ ਦੇਵਾਂ ਆਣ, ਰਿਸ਼ੀਆਂ ਦਾ ਰਿਸ਼ੀ ਚੇਲਾ ਸਿੰਘ ਨਾਲ ਮਿਲਾਈਆ । ਤੁਹਾਨੂੰ ਖਵਾਵਾਂ ਉਹ ਪਕਵਾਨ, ਜਿਸ ਦੇ ਨਾਲ ਮਿਲੇ ਭਗਵਾਨ, ਸੇਵਾ ਕਰੇ ਜਗਤ ਮਹਾਨ, ਬੱਚੇ ਬਣਾ ਕੇ ਗੋਦ ਉਠਾਈਆ । ਘਰ ਆਉਂਦਿਆਂ ਨੂੰ ਮੁੜ ਕੇ ਦੇ ਕੇ ਜੀਵਨ ਜ਼ਿੰਦਗੀ ਦਾ ਦਾਨ, ਤੁਹਾਡਾ ਅਗਲਾ ਲੇਖਾ ਕਰ ਪਰਵਾਨ, ਪਰਵਾਨੇ ਘਰ ਘਰ ਦਿਆਂ ਪੁਚਾਈਆ । ਜਨ ਭਗਤੋ ਤੁਸੀਂ ਖ਼ੁਸ਼ੀਆਂ ਨਾਲ ਖਾਇਓ ਆਣ, ਤੇਰਾਂ ਸੌ ਸਤਾਸੀਆਂ ਵਿਚੋਂ ਜਿਨ੍ਹਾਂ ਨੂੰ ਮਿਲਿਆ ਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲੇਖੇ ਕਾਰਨ ਸਭ ਨੂੰ ਆਇਆ ਉਠਾਣ, ਇਕੱਠਿਆਂ ਕਰ ਕੇ ਇਕੱਠਾ ਹੁਕਮ ਜਣਾਈਆ ।



## ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਬਚਨ ਸਿੰਘ ਦੇ ਗ੍ਰਹਿ ਪਿੰਡ ਧੰਗਾਲੀ ਖੂਣ ਕੈਂਪ ਜੰਮੂ

ਰਿਸ਼ੀ ਕਹਿਣ ਕਿਸ ਬਿਧ ਆਵਾਂਗੇ । ਕੀ ਹੋਵੇ ਤੇਰਾ ਨਾਉਂ, ਕਿਸ ਬਿਧ ਦਰਸ਼ਨ ਪਾਵਾਂਗੇ । ਬਾਵਨ ਕਿਹਾ ਨਿਰਗੁਣ ਹੋ ਕੇ ਪਕੜਾਂ ਬਾਹੋਂ, ਦਰ ਦਰ ਘਰ ਘਰ ਸਾਚਾ ਦਰਸ ਦਖਾਵਾਂਗੇ । ਪੂਰਬ ਮੇਟ ਕੇ ਹਰਸ, ਹਸਦਿਆਂ ਹਸਦਿਆਂ ਖ਼ੁਸ਼ੀ ਮਨਾਵਾਗੇ । ਵਿਛੋੜੇ ਵਾਲੀ ਰਹੇ ਨਾ ਤੜਪ, ਤੜਪਦਿਆਂ ਸ਼ਾਂਤ ਕਰਾਵਾਂਗੇ । ਅਗੇ ਕੋਈ ਨਾ ਰਹੇ ਅਟਕ, ਮਾਰਗ ਇਕੋ ਇਕ ਸੁਹਾਵਾਂਗੇ । ਤੁਹਾਡਾ ਮੇਰਾ ਰਹੇ ਕੋਈ ਨਾ ਫ਼ਰਕ, ਇਕੋ ਘਰ ਬਹਿ ਕੇ ਖ਼ੁਸ਼ੀ ਮਨਾਵਾਂਗੇ । ਤੁਹਾਡੇ ਨਾਲ ਪੱਕੀ ਹੋਈ ਸ਼ਰਤ, ਸ਼ਰਅ ਦਾ ਲੇਖਾ ਸਰਬ ਚੁਕਾਵਾਂਗੇ । ਜਿਸ ਵੇਲੇ ਨਿਰਗੁਣ ਹੋ ਕੇ ਆਇਆ ਪਰਤ, ਭਗਤ ਭਗਵਾਨ ਹੋ ਕੇ ਰੰਗ ਵਖਾਵਾਂਗੇ । ਭਾਗ ਲੱਗੇ ਏਸ ਧਰਤ, ਉਜੜੀ ਹੋਈ ਫੇਰ ਵਸਾਵਾਂਗੇ । ਹੁਣ ਤੁਸਾਂ ਬਲ ਦਾ ਕੀਤਾ ਖਰਚ, ਫੇਰ ਤੁਹਾਡਾ ਖਰਚ ਆਪਣੇ ਖ਼ਜ਼ਾਨੇ ਵਿਚੋਂ ਵੰਡ ਵੰਡਾਵਾਂਗੇ । ਤੁਹਾਡੇ ਨਾਲੋਂ ਬਹੁਤੀ ਮੈਨੂੰ ਗਰਜ, ਹੁਣ ਦੇ ਵਿਛੜੇ ਫੇਰ ਇਕੱਠੇ ਹੋ ਕੇ ਸੋਭਾ ਪਾਵਾਂਗੇ । ਜਨ ਭਗਤੋ ਮੈਂ ਆਪਣਾ ਪੂਰਾ ਕਰਾਂ ਫ਼ਰਜ਼, ਮਿਲ ਕੇ ਦੋਵੇਂ ਧਿਰਾਂ ਕਾਜ ਰਚਾਵਾਂਗੇ । ਤੁਸਾਂ ਪ੍ਰਭੂ ਦੀ ਮੰਨਣੀ ਇਕ ਅਰਜ਼, ਬੇਨੰਤੀ ਇਕੱਠੀ ਇਕ ਪਰਗਟਾਵਾਂਗੇ । ਭਾਵੇਂ ਜਗਤ ਵਿਹਾਰ ਦਾ ਹੋ ਜਾਏ ਹਰਜ, ਇਸ ਵਿਵਹਾਰ ਨੂੰ ਸਿਰੇ ਚੜ੍ਹਾਵਾਂਗੇ । ਤੁਸੀਂ ਮੇਰੇ ਮੈਂ ਤੁਹਾਡਾ ਵੰਡਣਾ ਦਰਦ, ਦੁੱਖ

ਵਿਚੋਂ ਸੁਖ ਪਰਗਟਾਵਾਂਗੇ । ਇਹ ਖੇਲ ਹੋਣਾ ਅਸਚਰਜ, ਵੇਲਾ ਵਕਤ ਵੇਖ ਖ਼ੁਸ਼ੀ ਮਨਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਵਿਚੋਂ ਕੱਢੇ ਸਭ ਦੀ ਫ਼ਰਦ, ਫ਼ੈਸਲਾ ਆਪਣੇ ਹੱਥ ਰਖਾਵਾਂਗੇ ।

## ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਸਰਦਾਰ ਸਿੰਘ ਪਿੰਡ ਸਰਦਾਰੀ ਖ਼ੂਣ ਕੈਂਪ ਜੰਮੂ

ਰਿਸ਼ੀ ਕਹਿਣ ਸਾਡੀ ਭੂਮਿਕਾ ਸੋਹੇ ਅਸਥਾਨ, ਬਿਰਧ ਬਾਵਨ ਧਿਆਨ ਲਗਾਈਆ । ਚੌਦਾਂ ਚੌਦਾਂ ਜੋਜਨ ਸਾਡਾ ਨਿਸ਼ਾਨ, ਚਾਰੇ ਕੁੰਟ ਨਜ਼ਰੀ ਆਈਆ । ਜਿਥੇ ਮਿਲੇ ਪੀਣ ਖਾਣ, ਮੂਲਕੰਦ ਖਾ ਕੇ ਸ਼ੁਕਰ ਮਨਾਈਆ । ਦਿਵਸ ਰੈਣ ਯਾਦ ਕਰੀਏ ਭਗਵਾਨ, ਅੰਦਰ ਆਸ਼ਾ ਇਕ ਵਧਾਈਆ । ਤੇਰਾਂ ਸੌ ਸਤਾਸੀਆਂ ਵਿਚੋਂ ਛੇਵਾਂ ਹਿੱਸਾ ਕੁਛ ਅਣਜਾਣ, ਜੋ ਬੱਚਿਆਂ ਵਾਂਗ ਬੱਚੇ ਰਹੇ ਅਖਵਾਈਆ । ਜੇ ਪੇਟ ਭਰ ਕੇ ਨਾ ਮਿਲੇ ਪਕਵਾਨ, ਰੋ ਰੋ ਦੇਣ ਦੁਹਾਈਆ । ਰਿਸ਼ੀ ਬਣਨਾ ਨਹੀਂ ਆਸਾਨ, ਘਰ ਕੁਟੰਬ ਤਜਾਈਆ । ਇਨ੍ਹਾਂ ਨੂੰ ਦੇ ਕੁਛ ਦਾਨ, ਮਿਹਰ ਨਜ਼ਰ ਉਠਾਈਆ । ਬਾਵਨ ਕਿਹਾ ਹੁਣ ਛੱਡਣਾ ਪਏ ਜਹਾਨ, ਲੋਕਮਾਤ ਰਹਿਣ ਨਾ ਪਾਈਆ । ਫਿਰ ਮੇਲਾ ਹੋਵੇ ਸਚ ਅਸਥਾਨ, ਭੂਮਿਕਾ ਮਿਲੇ ਵਡਿਆਈਆ । ਸਭਨਾ ਭਗਤਾਂ ਨੂੰ ਇਕੋ ਜਿਹਾ ਦੇਵਾਂ ਗਿਆਨ, ਵੱਡਾ ਛੋਟਾ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਭਗਤ ਭਗਵਾਨ ਇਕ ਦੂਜੇ ਨੂੰ ਕਰਨ ਪਰਵਾਨ, ਵਿਛੋੜਾ ਵਿਚੋਂ ਦਿਆਂ ਕਟਾਈਆ । ਸਾਂਝਾ ਰਖਾਂ ਇਕ ਪਕਵਾਨ, ਦੂਜੀ ਵੰਡ ਨਾ ਕੋਇ ਵੰਡਾਈਆ । ਬਿਨ ਅੱਖਾਂ ਮਾਰ ਧਿਆਨ, ਵੇਖਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਰਿਖੀ ਕਹਿਣ ਚੌਦਾਂ ਜੋਜਨ ਸਾਡੀ ਭੂਮ, ਧਰਨੀ ਸੋਹਣੀ ਸੋਭਾ ਪਾਈਆ । ਅਸੀਂ ਬਾਲੇ ਨੱਢੇ ਤੇਰੇ ਮਾਸੂਮ, ਬੱਚੇ ਨਜ਼ਰੀ ਆਈਆ । ਸਾਨੂੰ ਸਾਚਾ ਦੱਸ ਕ਼ਾਨੂੰਨ, ਰਸਤਾ ਦੇ ਦਰਸਾਈਆ । ਇਕੋ ਦੱਸ ਮਜਮੂਨ, ਇਕੋ ਦੇ ਪੜ੍ਹਾਈਆ । ਤੇਰੇ ਪਿਆਰ ਤੋਂ ਹੋਈਏ ਨਾ ਮਹਿਰੂਮ, ਖ਼ਾਲੀ ਹੱਥ ਨਾ ਕੋਇ ਬਦਲਾਈਆ । ਤੇਰਾ ਲਹਿਣਾ ਨਾਮਾਲੂਮ, ਸਮਝ ਵਿਚ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਰਿਖੀ ਕਹਿਣ ਬਾਵਨ ਸਾਡੀ ਵੇਖ ਅਬਾਦੀ, ਆਬਾਦਕਾਰ ਦੇਣਾ ਬਣਾਈਆ । ਅਸੀਂ ਘਰਾਂ ਦੀ ਕਰ ਬਰਬਾਦੀ, ਇਸ ਘਰ ਵਿਚ ਬੈਠੇ ਆਈਆ । ਜਗਤ ਜੰਜਾਲ ਤੋਂ ਦੇ ਆਜ਼ਾਦੀ, ਫਾਸੀ ਗਲ ਰਹੇ ਨਾ ਰਾਈਆ । ਬਾਵਨ ਕਿਹਾ ਜਿਸ ਵੇਲੇ ਕੰਨਿਆਂ ਦੀ ਹੋਵੇ ਸ਼ਾਦੀ, ਸ਼ਾਦਿਆਨੇ ਘਰ ਘਰ ਦਿਆਂ ਵਜਾਈਆ । ਤੁਹਾਡਾ ਨਵਾਂ ਸਾਜਣ ਲਵਾਂ ਸਾਜੀ, ਸਾਜਣ ਹੋ ਕੇ ਵੇਖ ਵਖਾਈਆ । ਪਿਛਲਾ ਲੇਖਾ ਯਾਦ ਰਖਾਂ ਮਾਜ਼ੀ, ਪੂਰਬ ਭੁੱਲ ਕਦੇ ਨਾ ਜਾਈਆ । ਤੁਹਾਡੇ ਲੇਖੇ ਲਾਵਾਂ ਉਹ ਅਰਾਜ਼ੀ, ਜਿਸ ਨੂੰ ਕ਼ਾਨੂੰਨ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਅਗਲਾ ਦਏ ਚੁਕਾਈਆ । ਰਿਸ਼ੀ ਕਹਿਣ ਪ੍ਰਭੂ ਵੇਖ ਸਾਡੀ ਹੱਦ, ਬਾਵਨ ਬੁੱਢੇ ਧਿਆਨ ਲਗਾਈਆ । ਬਾਵਨ ਕਿਹਾ ਮੈਂ ਹੋਵਾਂ ਗਦ ਗਦ, ਕਲਜੁਗ ਅੰਤ ਚਰਨ ਲਵਾਂ ਟਿਕਾਈਆ । ਸਾਰੇ ਇਕੱਠੇ ਲਵਾਂ ਸੱਦ, ਚੌਦਾਂ ਜੋਜਨ ਅੰਦਰ ਦਿਆਂ ਵਸਾਈਆ । ਇਕੋ ਸੁਣਾ ਕੇ ਛੰਦ, ਢੋਲਾ ਦਿਆਂ ਦ੍ਰਿੜਾਈਆ । ਰਸਨਾ ਜਿਹਵਾ ਗਾਏ ਬੱਤੀ ਦੰਦ, ਆਤਮ ਪਰਮਾਤਮ ਵੱਜੇ ਵਧਾਈਆ । ਭਗਤ ਸੁਹੇਲੇ ਹੋ ਕੇ ਚਮਕੇ ਚੰਦ,

ਨੂਰ ਜੋਤ ਰੁਸ਼ਨਾਈਆ । ਤੁਹਾਡਾ ਮੁਕਾਵਾਂ ਫੇਰ ਪੰਧ, ਸਫ਼ਰ ਰਹੇ ਨਾ ਰਾਈਆ । ਪੜਦਾ ਲਾਹ ਕੇ ਬ੍ਰਹਮ ਹੰ, ਪਾਰਬ੍ਰਹਮ ਆਪਣਾ ਰੰਗ ਰੰਗਾਈਆ । ਤੁਸਾਂ ਮਾਨਸ ਜਨਮ ਵਿਚ ਪੈਣਾ ਜੰਮ, ਲੋਕਮਾਤ ਤਨ ਹੰਢਾਈਆ । ਤੁਹਾਡਾ ਕਾਰਜ ਪੂਰਾ ਕਰਨਾ ਕੰਮ, ਇਹ ਮੇਰੀ ਬੇਪਰਵਾਹੀਆ । ਮੇਟਣਾ ਖ਼ੁਸ਼ੀ ਗ਼ਮ, ਚਿੰਤਾ ਦੇਣੀ ਕਢਾਈਆ । ਤੁਹਾਡਾ ਲੇਖੇ ਲਾਉਣਾ ਪਵਣ ਸਵਾਸ ਦਮ, ਜਿਸ ਨਾਲ ਪ੍ਰਭ ਨੂੰ ਰਹੇ ਧਿਆਈਆ । ਓਸ ਵੇਲੇ ਨਿਰਗੁਣ ਧਾਰ ਬਿਰਧ ਬ੍ਰਾਹਮਣ ਨਾ ਹੋਵੇ ਹੋਵੇ ਪਾਰਬ੍ਰਹਮ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਿਸ਼ੀਆਂ ਰਿਖੀਆਂ ਮੁਨੀਆਂ ਮੁਨੀਸ਼ਰਾਂ ਮਨਸਾ ਸਭ ਦੀ ਵੇਖ ਵਖਾਈਆ ।

✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਰਾਮ ਲਾਲ ਦੇ ਗ੍ਰਿਹ ਪਿੰਡ ਸਰਦਾਰੀ ਕੈਂਪ ਖੂਣ ਜੰਮੂ ✪

ਰਿਸ਼ੀ ਕਹਿਣ ਦੱਸ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਕਿਸ ਬਿਧ ਮਿਲੇ ਭਗਵਾਨ, ਸਾਖਿਆਤ ਦਰਸ ਕਰਾਈਆ । ਉਪਜੇ ਸਚ ਗਿਆਨ, ਅਗਿਆਨ ਦਏ ਮਿਟਾਈਆ । ਵਿਛੋੜਾ ਕਟੇ ਆਣ, ਮੇਲਾ ਸਹਿਜ ਸੁਭਾਈਆ । ਪੱਥਰ ਇੱਟੇ ਕਰੇ ਪਰਵਾਨ, ਉਜਾੜ ਪਹਾੜ ਹੋਏ ਸਹਾਈਆ । ਸੁਣਾਏ ਧੁਰ ਦਾ ਗਾਣ, ਅਗੰਮੀ ਆਵਾਜ ਅਲਾਈਆ । ਦੇਵੇ ਸਾਚਾ ਦਾਨ, ਭੰਡਾਰਾ ਇਕ ਵਰਤਾਈਆ । ਲੇਖਾ ਚੁਕਾਏ ਦੋ ਜਹਾਨ, ਅੰਤ ਅੰਤਸ਼ਕਰਨ ਨਾ ਕੋਇ ਭਵਾਈਆ । ਸਾਚਾ ਘਰ ਵਖਾਏ ਆਣ, ਨਿਜ ਆਪਣੀ ਅੱਖ ਖੁਲ੍ਹਾਈਆ । ਭਾਗ ਲਗਾ ਕੇ ਬੀਆਬਾਨ, ਸਚ ਅਸਥਾਨ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਾਵਨ ਕਿਹਾ ਦਇਆ ਕਮਾਵੇਗਾ । ਰਿਖੀ ਮੁਨੀ ਵੇਖ ਵਖਾਵੇਗਾ । ਦੁਆਪਰ ਤਰੇਤਾ ਕਲਜੁਗ ਪੰਧ ਮੁਕਾਵੇਗਾ । ਪੁਰਖ ਅਬਿਨਾਸ਼ੀ ਵੇਸ ਵਟਾਵੇਗਾ । ਨਿਰਗੁਣ ਨੂਰ ਜੋਤ ਰੁਸ਼ਨਾਵੇਗਾ । ਸ਼ਬਦੀ ਧਾਰ ਹੁਕਮ ਸੁਣਾਵੇਗਾ । ਬ੍ਰਹਿਮੰਡ ਖੰਡ ਖੇਲ ਖਿਲਾਵੇਗਾ । ਲੋਆਂ ਪੁਰੀਆਂ ਵੇਸ ਵਟਾਵੇਗਾ । ਜੋਤ ਸਰੂਪ ਆਪੇ ਹੋ, ਹੋਕਾ ਹੱਕ ਨਾਮ ਸੁਣਾਵੇਗਾ । ਕਿਸੇ ਨਾਲ ਨਾ ਕਰੇ ਧਰੋਹ, ਕੀਤਾ ਕੌਲ ਤੋੜ ਨਿਭਾਵੇਗਾ । ਤੁਹਾਡਾ ਪਿਛਲਾ ਯਾਦ ਕਰ ਕੇ ਮੋਹ, ਮੁਹੱਬਤ ਆਪਣੇ ਨਾਲ ਬਣਾਵੇਗਾ । ਅੰਤਰ ਆਤਮ ਜਾਏ ਛੋਹ, ਬਾਹਰੋਂ ਨਜ਼ਰ ਕਿਸੇ ਨਾ ਆਵੇਗਾ । ਸਚ ਪਰਕਾਸ਼ ਦੀ ਕਰ ਕੇ ਲੋ, ਅਗਿਆਨ ਅੰਧੇਰ ਮਿਟਾਵੇਗਾ । ਤੁਹਾਡੇ ਜੋਗਾ ਜਾਵੇ ਹੋ, ਹਰਿਜਨ ਸਾਚੇ ਆਪ ਪਰਨਾਵੇਗਾ । ਤੁਹਾਡਾ ਲੇਖੇ ਲਾਵੇ ਜਨਮ ਜਨਮ ਅਗਲੇ ਨਾਲ ਮਿਲ ਕੇ ਹੋਣ ਦੇ, ਦੋਹਰੀ ਆਪਣੀ ਕਾਰ ਕਮਾਵੇਗਾ । ਮ੍ਰਿਸ਼ਟੀ ਮਾਇਆ ਨਾਲੋਂ ਕਰ ਨਿਰਮੋਹ, ਧਰਤੀ ਏਸੇ ਆਪ ਟਿਕਾਵੇਗਾ । ਜਿਸ ਦਾ ਭੇਵ ਨਾ ਜਾਣੇ ਕੋ, ਮਾਨਵ ਬੁਧ ਨਾ ਕੋਇ ਸਮਝਾਵੇਗਾ । ਜੋਤੀ ਜਾਤਾ ਜਾਵੇ ਹੋ, ਪੜਦਾ ਓਹਲਾ ਆਪ ਉਠਾਵੇਗਾ । ਕੂੜੀ ਵਸਤ ਸਭ ਕੁਛ ਖੋਹ, ਖੇੜਾ ਸੱਚਾ ਆਪ ਵਖਾਵੇਗਾ । ਰਿਸ਼ੀਓ ਤੁਹਾਡਾ ਇਕੱਠਾ ਕਰ ਕੇ ਇਕ ਗਰੋਹ, ਸੰਗ ਸੋਹਣਾ ਆਪ ਬਣਾਵੇਗਾ । ਲੈ ਕੇ ਆਵੇ ਢੋਆ ਢੋਅ, ਨਿਉਂਦਾ ਨਾਮ ਹੱਥ ਫੜਾਵੇਗਾ । ਤੁਸੀਂ ਲੱਭਣ ਨਾ ਜਾਇਓ ਕੋ, ਕੋਟਾਂ ਵਿਚੋਂ ਤੁਹਾਨੂੰ ਆਪ ਜਗਾਵੇਗਾ । ਤੁਹਾਡੇ ਵਰਗਾ ਆਪੇ ਹੋ, ਅੰਦਰ ਤੁਹਾਡੇ ਸੋਭਾ ਪਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਜਾਵੇ ਛੋਹ, ਸ਼ਹਿਨਸ਼ਾਹ ਆਪਣੀ ਕਾਰ ਕਮਾਵੇਗਾ ।

## ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਪ੍ਰੇਮੋ ਦੇਵੀ ਪਿੰਡ ਸ਼ੈਰੋਵਾਲ ਕੈਂਪ ਖੂਣ ਜੰਮੂ ✪

ਬਾਵਨ ਕਹੇ ਚੰਗੀ ਭੂਮੀ, ਭਰਮ ਭੌ ਨਾ ਕੋਇ ਰਖਾਈਆ । ਜਿਸ ਨੂੰ ਸਮਝੇ ਨਾ ਕੋਇ ਨਜੂਮੀ, ਹਿਸਾਬ ਕਿਤਾਬ ਨਾ ਕੋਇ ਦ੍ਰਿੜਾਈਆ । ਜਿਥੇ ਖੇਲ ਕਰੇ ਪ੍ਰਭ ਵਡ ਕ਼ਾਨੂੰਨੀ, ਕਾਇਦਾ ਆਪਣਾ ਇਕ ਸਮਝਾਈਆ । ਜਗਤ ਵਿਧਾਨਾਂ ਸਮਝੇ ਖੇਲ ਮਾਮੂਲੀ, ਨਾਮਾਲੂਮ ਆਪਣਾ ਹੁਕਮ ਵਰਤਾਈਆ । ਸਦਾ ਸਦਾ ਸਦ ਕਦੇ ਨਾ ਕਰੇ ਬੇਅਸੂਲੀ, ਅਸਲ ਹੁਕਮ ਇਕ ਵਰਤਾਈਆ । ਦੀਨ ਦੁਨੀ ਜਾਏ ਭੂਲੀ, ਭੁਲਿਆਂ ਰਾਹ ਨਾ ਕੋਇ ਵਖਾਈਆ । ਰਿਸ਼ੀਓ ਤੁਹਾਡੀ ਮਿਹਨਤ ਦੇਵੇ ਦੂਣੀ, ਦੁਗਣੇ ਦੇ ਚੌਗਣੇ ਦਏ ਬਣਾਈਆ । ਤੁਹਾਡੀ ਅੰਦਰੋਂ ਬਦਲ ਦੇਵੇ ਕੂਣੀ, ਸੋਹੰ ਢੋਲਾ ਇਕ ਪੜ੍ਹਾਈਆ । ਏਸੇ ਡੂੰਘੀ ਧਾਰ ਨੂੰ ਕਹਿੰਦੇ ਖੂਹਣੀ, ਜਿਹੜਾ ਹਿੱਸਾ ਕ੍ਰਿਸ਼ਨ ਕਾਹਨ ਝੋਲੀ ਪਾਈਆ । ਤੁਹਾਡੀ ਆਤਮਾ ਰਹੇ ਨਾ ਊਣੀ, ਉਨਤੀ ਕਰੇ ਵਿਚ ਲੋਕਾਈਆ । ਸਚ ਪ੍ਰੀਤੀ ਕਰੇ ਗੂੜ੍ਹੀ, ਰੰਗ ਆਪਣਾ ਦਏ ਰੰਗਾਈਆ । ਚਤੁਰ ਸੁਘੜ ਬਣਾਏ ਮੂੜ੍ਹ ਮੂੜ੍ਹੀ, ਪੁਰਖ ਅਕਾਲ ਵੇਖ ਵਖਾਈਆ । ਚਰਨ ਟਿੱਕਾ ਲਾਵੇ ਧੂੜੀ, ਧੁਰ ਦਾ ਪੜਦਾ ਦਏ ਉਠਾਈਆ । ਤੁਹਾਡੀ ਆਸਾ ਮਨਸਾ ਕਰੇ ਪੂਰੀ, ਪੁਰੀਆਂ ਦੇ ਥਾਂ ਪੂਰਨ ਸਤਿਗੁਰ ਦਏ ਮਿਲਾਈਆ । ਜਿਸ ਦੀ ਬਿਰਥਾ ਨਾ ਜਾਏ ਮਜ਼ਦੂਰੀ, ਸੇਵਕਾਂ ਦੀ ਘਾਲ ਲੇਖੇ ਪਾਈਆ । ਦਰਸ਼ਨ ਦੇ ਕੇ ਹਾਜ਼ਰ ਹਜ਼ੂਰੀ, ਆਪਣੇ ਸਾਜਣ ਲਏ ਬਣਾਈਆ । ਰਿਸ਼ੀਓ ਓਸ ਵੇਲੇ ਸਮਝਿਓ ਨਾ ਕੋਈ ਮਜਬੂਰੀ, ਦੁੱਖ ਦੇ ਭੁੱਖ ਤੋਂ ਲਏ ਛੁਡਾਈਆ । ਭਗਤ ਉਧਾਰਨਾ ਪ੍ਰਭ ਦਾ ਕੰਮ ਜ਼ਰੂਰੀ, ਜੁਗ ਚੌਕੜੀ ਵਿਚੋਂ ਆਪਣੇ ਹਿੱਸੇ ਰਖਾਈਆ । ਤੁਹਾਡੀ ਮੰਜ਼ਲ ਕਰ ਕੇ ਪੂਰੀ, ਮਜ਼ਾ ਆਪਣਾ ਦਏ ਚਖਾਈਆ । ਜੋਤੀ ਦਰਸ਼ਨ ਦੇ ਕੇ ਨੂਰੀ, ਅੰਧ ਅੰਧੇਰਾ ਦਏ ਮਿਟਾਈਆ । ਦੁਨੀਆ ਦੀ ਪ੍ਰੀਤੀ ਦੱਸੇ ਕੂੜੀ, ਸੱਚਾ ਮੇਲਾ ਮਾਲਕ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਮਸਤਕ ਲਾਵੇ ਮਸਤੀ ਵਾਲੀ ਧੂੜੀ, ਮਸਤੀ ਵਿਚੋਂ ਹਸਤੀ, ਹਸਤੀ ਵਿਚੋਂ ਮਿਲੇ ਅਰਸ਼ੀ, ਅਰਸ਼ੀ ਪ੍ਰੀਤਮ ਫ਼ਰਸ਼ ਉਤੇ ਦਏ ਵਡਿਆਈਆ ।



## ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਸ਼ਿਵੋ ਦੇਵੀ ਪਿੰਡ ਬਾਲੇ ਵਾਲ ਕੈਂਪ ਖੂਣ ਜੰਮੂ ✪

ਰਿਸ਼ੀ ਕਹਿਣ ਸਾਡੀ ਗਿਣਤੀ ਤੇਰਾਂ ਸੌ ਸਤਾਸੀ, ਸੈਂਕੜੇ ਰਹੇ ਜਣਾਈਆ । ਕਿਸ ਬਿਧ ਮਿਟੇ ਉਦਾਸੀ, ਸਚ ਦੇਣਾ ਸਮਝਾਈਆ । ਰਹੇ ਨਾ ਜਮ ਕੀ ਫ਼ਾਸੀ, ਫ਼ੈਸਲਾ ਅੰਤ ਕਰਾਈਆ । ਹੋਈਏ ਨਾ ਮਧਰਾ ਮਾਸੀ, ਰਸਨਾ ਜਿਹਵਾ ਨਾ ਕੋਇ ਹਲਕਾਈਆ । ਚੜ੍ਹੀਏ ਮੰਜ਼ਲ ਘਾਟੀ, ਆਪਣਾ ਪੰਧ ਮੁਕਾਈਆ । ਕਲਜੁਗ ਦੂਰ ਦੁਰਾਡੀ ਦਿਸੇ ਵਾਟੀ, ਲੰਬਾ ਪੰਧ ਨਾ ਕੋਇ ਫਿਰਾਈਆ । ਬਾਵਨ ਕਿਹਾ ਤੁਸੀਂ ਮੇਰੀ ਮੰਨੋ ਆਖੀ, ਪ੍ਰੇਮ ਨਾਲ ਸਮਝਾਈਆ । ਤੁਹਾਡਾ ਲਹਿਣਾ ਦੇਣਾ ਬਾਕੀ, ਪੁਰਖ ਅਕਾਲ ਹੱਥ ਫੜਾਈਆ । ਤੁਸੀਂ ਜੋਤ ਮਿਲਿਓ ਸਾਚੀ, ਸਚ ਵਿਚ ਸਮਾਈਆ । ਫਿਰ ਮਿਲੇ ਦੇਹ ਮਾਟੀ ਕਾਚੀ, ਕੰਚਨ ਗੜ੍ਹ ਬਣਾਈਆ । ਤੁਹਾਡੀ ਭਗਤਾਂ ਦੀ ਹੋਵੇ ਜਾਤੀ, ਦੀਨ ਮਜ਼੍ਹਬ ਨਾ ਕੋਇ ਵਖਾਈਆ । ਪੁਰਖ ਅਕਾਲ ਹੋਵੇ ਸਾਥੀ, ਸਗਲਾ ਸੰਗ ਬਣਾਈਆ । ਦੁਰਮਤ ਮੈਲ ਜਾਏ ਕਾਟੀ, ਪੜਦੇ ਦਏ ਖੁਲ੍ਹਾਈਆ । ਪੰਧ ਮੁਕਾਵੇ ਮੁਕੀ ਵਾਟੀ, ਧੁਰ ਦਾ ਹੁਕਮ

ਜਣਾਈਆ । ਤੁਹਾਡਾ ਬਣੇ ਧੁਰ ਦਾ ਸਾਥੀ, ਸਗਲਾ ਸੰਗ ਨਿਭਾਈਆ । ਮੇਰਾ ਸੁਨੇਹੜਾ ਲੈ ਲਓ ਬਿਨ ਅੱਖਰਾਂ ਵਾਲੀ ਪਾਤੀ, ਪਤ੍ਰਿਕਾ ਦਿਆਂ ਫੜਾਈਆ । ਤੁਹਾਨੂੰ ਵੇਖਣ ਨਹੀਂ ਦੇਣੀ ਕੋਈ ਕਾਸ਼ੀ, ਗੰਗਾ ਜਲ ਨਾ ਕੋਇ ਨੁਹਾਈਆ । ਪੁਰਖ ਅਕਾਲ ਮਿਹਰਵਾਨ ਮਿਹਰ ਕਰ ਕੇ ਬਣਾਉਣਾ ਦਾਸਨ ਦਾਸੀ, ਸੇਵਕ ਸੇਵ ਆਪ ਕਰਾਈਆ । ਝਗੜਾ ਚੁਕਾ ਪ੍ਰਿਥਮੀ ਆਕਾਸ਼ੀ, ਅਕਲ ਅੰਦਰੋਂ ਦੇਣੀ ਬਦਲਾਈਆ । ਮਿਲਣਾ ਮੇਲ ਸਚਖੰਡ ਨਿਵਾਸੀ, ਨਿਮਾਣਿਆਂ ਆਪਣੇ ਰੰਗ ਰੰਗਾਈਆ । ਕਲਜੁਗ ਲਹਿਣਾ ਦੇਵੇ ਬਾਕੀ, ਬਾਕੀ ਅਵਰ ਨਾ ਕੋਇ ਰਖਾਈਆ । ਨਿਰਗੁਣ ਹੋ ਕੇ ਖੇਲ ਕਰੇ ਪੁਰਖ ਅਬਿਨਾਸ਼ੀ, ਧੁਰ ਫ਼ਰਮਾਣਾ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੇ ਕਾਰਨ ਮਾਰੇ ਵਾਟੀ, ਵੱਟਿਆਂ ਪੱਥਰਾਂ ਵਿਚ ਫੇਰਾ ਪਾਈਆ ।

### ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਨਾਨਕ ਚੰਦ ਦੇ ਗ੍ਰਿਹ ਪਿੰਡ ਸਰਦਾਰੀ ਕੈਂਪ ਖੂਣ ਜੰਮੂ

ਬਾਵਨ ਕਿਹਾ ਤੁਹਾਡੀ ਧਰਤੀ ਵੇਖੇ ਚੰਗੀ, ਚੰਗੇਰਾਂ ਛਾਬੇ ਲੇਖੇ ਲਾਈਆ । ਸੇਵਾ ਵੇਖੇ ਕੀਤੀ ਪੈਰੀਂ ਨੰਗੀ, ਬਨ ਖੰਡ ਫਿਰੋ ਵਾਹੋ ਦਾਹੀਆ । ਜਗਤ ਤ੍ਰਿਸ਼ਨਾ ਰਹੇ ਨਾ ਤੰਗੀ, ਤੰਗਦਸਤ ਨਾ ਕੋਇ ਵਖਾਈਆ । ਕਾਇਆ ਚੋਲੀ ਜਾਏ ਰੰਗੀ, ਰੰਗ ਰੰਗੀਲਾ ਧੁਰ ਦਾ ਮਾਹੀਆ । ਦੇਵੇ ਵਸਤ ਨਾਮ ਅਨਮੰਗੀ, ਧੁਰ ਦੀ ਦੌਲਤ ਝੋਲੀ ਪਾਈਆ । ਤੁਹਾਡੀ ਆਤਮਾ ਕਰ ਕੇ ਠੰਡੀ, ਅਗਨੀ ਤਤ ਦਏ ਬੁਝਾਈਆ । ਪਿਛਲੀ ਟੁੱਟੀ ਜਾਵੇ ਗੰਢੀ, ਅਗੇ ਫੇਰ ਨਾ ਕੋਇ ਤੁੜਾਈਆ । ਸਾਚੀ ਦੇਵੇ ਪ੍ਰੇਮ ਸੁਗੰਧੀ, ਸਤਿ ਸਰੂਪ ਵਖਾਈਆ । ਜਨਮ ਕਰਮ ਦੀ ਰਹਿਣ ਨਾ ਦੇਵੇ ਪਾਬੰਦੀ, ਕਾਂਡਾਂ ਦਾ ਡੇਰਾ ਦੇਵੇ ਢਾਹੀਆ । ਸਿੱਧਾ ਮਾਰਗ ਦੱਸ ਕੇ ਡੰਡੀ, ਰਸਤੇ ਆਪਣੇ ਲਏ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਾਵਨ ਕਹੇ ਤੁਹਾਡੀ ਧਰਤੀ ਲੱਗੇ ਭਾਗ, ਚੌਦਾਂ ਜੋਜਨ ਵੇਖ ਵਖਾਈਆ । ਤੁਹਾਡੇ ਜਨਮ ਦਾ ਜਗੇ ਚਿਰਾਗ਼, ਭਗਵਾਨ ਭਗਤਾਂ ਵਿਚ ਵੰਡ ਵੰਡਾਈਆ । ਦੁਰਮਤ ਮੈਲ ਦਾ ਧੋਵੇ ਦਾਗ਼, ਪਾਪਾਂ ਕਰੇ ਸਫ਼ਾਈਆ । ਨਾਮ ਦਾ ਦੇ ਕੇ ਦਾਜ, ਦੌਲਤ ਸੋਹਣੀ ਘਰ ਟਿਕਾਈਆ । ਸਚਖੰਡ ਦਾ ਚਲਾ ਰਿਵਾਜ, ਪਿਛਲਾ ਲੇਖਾ ਦਏ ਮੁਕਾਈਆ । ਤੁਹਾਨੂੰ ਘਰ ਘਰ ਵਿਚੋਂ ਪਾ ਕੇ ਭਾਜ, ਇਕੱਠੇ ਸਹਿਜੇ ਲਏ ਕਰਾਈਆ । ਫਿਰ ਲਹਿਣਾ ਦੇਣਾ ਦੇਵੇ ਆਪ, ਪਿਛਲਾ ਕੀਤਾ ਕੌਲ ਭੁੱਲ ਨਾ ਜਾਈਆ । ਅਗੇ ਦੱਸ ਕੇ ਸਤਿਜੁਗ ਜਾਪ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦਏ ਸੁਣਾਈਆ । ਤੁਸਾਂ ਅੰਦਰੋਂ ਬਾਹਰੋਂ ਬਣਨਾ ਸਾਫ਼, ਕੱਪੜ ਕੂੜ ਨਾ ਕੋਇ ਹੰਢਾਈਆ । ਨਾਮ ਭੰਡਾਰਾ ਦੇਵੇ ਇਕ ਸੌਗ਼ਾਤ, ਵਸਤ ਅਨਮੁਲੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪੂਰੀ ਕਰੇ ਆਸ, ਬਹੁਤਿਆਂ ਵਿਚੋਂ ਥੋੜੇ, ਥੋੜਿਆਂ ਵਿਚੋਂ ਥੋੜੇ ਰਹਿਣ ਦੇਵੇ ਉਦਾਸ, ਬਾਕੀ ਹਿਰਦੇ ਆਪਣੇ ਨਾਲ ਮਿਲਾਈਆ ।

੭੩੫
੧੯

## ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਖੇਜੂ ਰਾਮ ਦੇ ਗ੍ਰਿਹਿ ਸ਼ੈਰੋਂਵਾਲ ਖੂਣ ਕੈਂਪ ਜੰਮੂ ✪

ਰਿਸ਼ੀ ਕਹਿਣ ਬਾਵਨ ਦੱਸ, ਅੰਤਰਗਤ ਜਣਾਈਆ । ਅੰਤਰ ਬਿਧ ਤੇਰੇ ਵੱਸ, ਮੇਲਾ ਲੈਣਾ ਮਿਲਾਈਆ । ਹੁਣ ਕਿਧਰ ਜਾਣਾ ਨੱਠ, ਕਵਣ ਕੂਟ ਡੇਰਾ ਲਾਈਆ । ਬਾਵਨ ਕਿਹਾ ਮੇਰਾ ਖਹਿੜਾ ਦਿਉ ਛੱਡ, ਇਕੋ ਹੁਕਮ ਦਿਤਾ ਸਮਝਾਈਆ । ਮੈਂ ਹੋ ਕੇ ਸਭ ਤੋਂ ਅੱਡ, ਆਪਣਾ ਆਪ ਲੈਣਾ ਬਦਲਾਈਆ । ਜਿਸ ਵੇਲੇ ਨਿਰਗੁਣ ਧਾਰ ਹੋ ਕੇ ਪੁਰਖ ਅਕਾਲ ਆਇਆ ਜਗ, ਮੇਰੀ ਆਸ਼ਾ ਨਾਲ ਲਿਆਈਆ । ਮੈਂ ਤੁਹਾਨੂੰ ਲਵਾਂ ਲੱਭ, ਭੱਜਾਂ ਚਾਈਂ ਚਾਈਂਆ । ਇਕੱਠੇ ਕਰ ਕੇ ਏਸੇ ਹੱਦ, ਚੌਦਾਂ ਚੌਦਾਂ ਜੋਜਨ ਅੰਦਰ ਸੋਭਾ ਪਾਈਆ । ਹੁਕਮੇਂ ਅੰਦਰ ਲਵਾਂ ਸੱਦ, ਸੁਨੇਹੜਾ ਇਕ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਿਸ਼ੀ ਕਹਿਣ ਬਾਵਨ ਕੁਛ ਖੋਲ੍ਹ ਭੇਦ, ਭਰਮ ਦੇ ਮਿਟਾਈਆ । ਕਿਸ ਬਿਧ ਕਰੇ ਪ੍ਰਭੂ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਬਾਵਨ ਕਿਹਾ ਸ਼ਹਿਨਸ਼ਾਹੀ ਸੰਮਤ ਦਾ ਪਹਿਲਾ ਹੋਵੇ ਚੇਤ, ਚੇਤਨ ਤੁਹਾਨੂੰ ਦਏ ਕਰਾਈਆ । ਤੁਹਾਡੇ ਘਰ ਘਰਾਨੇ ਖੋਹ ਕੇ ਖੇਤ, ਸਹਿਜੇ ਏਥੇ ਦਏ ਪੁਚਾਈਆ । ਜਿਥੇ ਲੇਖਾ ਮੁਕੇ ਮਹੀਨਾ ਜੇਠ, ਜੇਠ ਪਿਛਲਾ ਦਏ ਗਵਾਹੀਆ । ਅਗੇ ਰਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਈਆ । ਨਾਮ ਦੁਸ਼ਾਲੇ ਲਏ ਲਪੇਟ, ਅਗਨੀ ਅੱਗ ਨਾ ਕੋਇ ਤਪਾਈਆ । ਸ਼ਬਦ ਸੰਦੇਸ਼ੇ ਹੁਕਮੇ ਭੇਜ, ਭਜਨ ਬੰਦਗੀ ਇਕ ਵਖਾਈਆ । ਨਿਰਗੁਣ ਧਾਰ ਦੱਸ ਕੇ ਤੇਜ, ਤੇਜ ਪਰਕਾਸ਼ ਆਪ ਚਮਕਾਈਆ । ਤੁਹਾਡੀ ਘਰ ਘਰ ਦੀ ਲੇਖੇ ਲਾ ਕੇ ਦੇਗ, ਦਾਮਨ ਪਕੜੇ ਦਮਾਂ ਦਾ ਹੋਏ ਸਹਾਈਆ । ਜਿਸ ਕਾਰਨ ਤੁਹਾਨੂੰ ਲਏ ਭੇਜ, ਉਹ ਲੇਖਾ ਪੂਰਾ ਲਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਮਾਣੇ ਸਾਚੀ ਸੇਜ, ਸੁਹੰਜਣਾ ਸਮਾਂ ਦਏ ਪਰਗਟਾਈਆ ।

## ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਗਿਆਨ ਚੰਦ ਦੇ ਗ੍ਰਿਹਿ ਪਿੰਡ ਸ਼ੈਰੋਂਵਾਲ ਖੂਣ ਕੈਂਪ ਜੰਮੂ ✪

ਰਿਖੀ ਕਹਿਣ ਅਸੀਂ ਰਖੀਏ ਉਡੀਕ, ਕਲਜੁਗ ਅੰਤ ਰਾਹ ਤਕਾਈਆ । ਸ੍ਰੀ ਭਗਵਾਨ ਜਣਾ ਕੇ ਸਚ ਪ੍ਰੀਤ, ਪਰਮਾਤਮਾ ਹੋ ਕੇ ਆਤਮਾ ਆਪਣੇ ਨਾਲ ਮਿਲਾਈਆ । ਜਨਮ ਕਰਮ ਦੀ ਬਦਲ ਦੇਵੇ ਤਵਾਰੀਖ, ਤਰੀਕਾ ਆਪਣਾ ਇਕ ਦ੍ਰਿੜਾਈਆ । ਸਚ ਪਦਾਰਥ ਨਾਮ ਪਾਵੇ ਭੀਖ, ਧੁਰ ਦੀ ਦਾਤ ਦੇਵੇ ਵਰਤਾਈਆ । ਕਾਇਆ ਮਾਟੀ ਕਰੇ ਠਾਂਡੀ ਸੀਤ, ਅਗਨੀ ਅੱਗ ਨਾ ਕੋਇ ਜਲਾਈਆ । ਪਾਰਬ੍ਰਹਮ ਬ੍ਰਹਮ ਦੱਸੇ ਸਾਚਾ ਗੀਤ, ਸ਼ਾਸਤਰਾਂ ਵਾਲੀ ਨਾ ਕੋਇ ਪੜ੍ਹਾਈਆ । ਸਤਿ ਧਰਮ ਦੀ ਦੱਸੇ ਰੀਤ, ਮਾਰਗ ਇਕੋ ਇਕ ਜਣਾਈਆ । ਕਲਜੁਗ ਅੰਤ ਅਖ਼ੀਰੀ ਜਾਏ ਬੀਤ, ਲੇਖਾ ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਪੰਧ ਮੁਕਾਵਣ ਠੀਕ, ਠਾਕਰ ਅਗੇ ਸੀਸ ਝੁਕਾਈਆ । ਇਕੋ ਛੱਤਰ ਝੁੱਲੇ ਹਰਿ ਸੀਸ, ਦੂਜਾ ਨਜ਼ਰ ਕੋਇ ਨਾ ਆਈਆ । ਲੇਖਾ ਚੁਕੇ ਬੀਸ ਇਕੀਸ, ਏਕੰਕਾਰ ਵੱਜੇ ਵਧਾਈਆ । ਪਰਮ ਪੁਰਖ ਪਰਮਾਤਮ ਆਵੇ ਠੀਕ, ਠਾਕਰ ਹੋ ਕੇ ਫੇਰਾ ਪਾਈਆ । ਲਹਿਣਾ ਦੇਣਾ ਚੁਕਾਵੇ ਹਸਤ ਕੀਟ, ਸ਼ਾਹ ਸੁਲਤਾਨ ਨਜ਼ਰ ਕੋਇ ਨਾ ਆਈਆ । ਤੁਹਾਡੀ ਪੂਰੀ ਕਰੇ ਉਮੀਦ,

ਮਨਸਾ ਮਨ ਹੀ ਵਿਚ ਸਮਾਈਆ । ਇਕੱਠੇ ਕਰੇ ਨਾਲ ਤਰਤੀਬ, ਤਰੀਕਾ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਰਿਸ਼ੀ ਕਹਿਣ ਕਿਸ ਬਿਧ ਕਰੇਂ ਖੇਲ, ਪ੍ਰਭ ਪ੍ਰਭੂ ਦੇ ਜਣਾਈਆ । ਵਿਛੜਿਆਂ ਲਏਂ ਮੇਲ, ਵਿਛੋੜਾ ਰਹੇ ਨਾ ਰਾਈਆ । ਵਸੇਂ ਧਾਮ ਨਵੇਲ, ਵੱਖਰੀ ਕਾਰ ਕਮਾਈਆ । ਜੋ ਜੋਬਨਵੰਤਾ ਅਲਬੇਲ, ਖੇਲੇ ਖੇਲ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਬਾਵਨ ਕਿਹਾ ਇਹ ਭੇਵ ਅਵੱਲਾ, ਏਕੰਕਾਰ ਆਪ ਕਰਾਈਆ । ਖੇਲੇ ਖੇਲ ਜਲਾ ਥਲਾ, ਸ੍ਰਿਸ਼ਟੀ ਦ੍ਰਿਸ਼ਟੀ ਖੋਜ ਖੁਜਾਈਆ । ਵੇਸ ਵਟਾਵੇ ਘੜੀ ਪਲਾ, ਪਲਕ ਪਲਕ ਵਿਚੋਂ ਬਦਲਾਈਆ । ਕਲਜੁਗ ਅੰਤਮ ਵਸੇ ਸਚ ਮਹੱਲਾ, ਸਚ ਘਰਾਨੇ ਡੇਰਾ ਲਾਈਆ । ਜੋਤੀ ਸ਼ਬਦੀ ਧਾਰ ਹੋ ਕੇ ਰਲਾ, ਨਿਰਗੁਣ ਹੋ ਕੇ ਫੇਰਾ ਪਾਈਆ । ਤੁਹਾਡਾ ਸਭ ਦਾ ਇਕੱਠਾ ਫੜੇ ਪੱਲਾ, ਫੜਨਹਾਰ ਦੇਰ ਕੋਇ ਨਾ ਲਾਈਆ । ਲਿਆ ਕੇ ਏਸੇ ਜੰਗਲ ਜੂਹ ਵਿਚ ਝੱਲਾ, ਝਲਕ ਆਪਣੀ ਇਕ ਵਖਾਈਆ । ਸਭ ਦਾ ਇਕੱਠਾ ਬਣਾ ਕੇ ਇਕੋ ਮਹੱਲਾ, ਭਗਤ ਦਵਾਰ ਦਏ ਵਖਾਈਆ । ਜਿਥੇ ਇਕੋ ਦੀਪਕ ਜੋਤ ਜਲਾ, ਨੂਰ ਨੂਰ ਚਮਕਾਈਆ । ਤੁਹਾਡਾ ਮੇਟੇ ਦੂਈ ਸੱਲਾ, ਸਲਲ ਆਪਣਾ ਰੰਗ ਚੜ੍ਹਾਈਆ । ਸਚ ਪਕਵਾਨ ਦੇਵੇ ਉਹ ਭੱਲਾ, ਜਿਹੜਾ ਭਾਲਿਆਂ ਹੱਥ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਨੇਹੜਾ ਆਪੇ ਦੇਵੇ ਘੱਲਾ, ਘੋਰ ਕਲਜੁਗ ਵਿਚੋਂ ਦੇਵੇ ਆਪ ਉਠਾਈਆ ।



੭੩੭
੧੯

## ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਰੋਲੂ ਰਾਮ ਦੇ ਗ੍ਰਿਹ ਪਿੰਡ ਖ਼ੈਰੋਵਾਲ ਕੈਂਪ ਖੂਣ ਜੰਮੂ

ਰਿਸ਼ੀਆਂ ਕਿਹਾ ਅਸੀਂ ਬਲਖ ਚੋਂ ਜਾਈਏ ਭੱਜੇ, ਬਲਪੁਰੀ ਸੋਹਣੀ ਨਜ਼ਰੀ ਆਈਆ । ਜਿਥੋਂ ਪਕਵਾਨ ਖਾ ਕੇ ਰੱਜੇ, ਅੱਗੋਂ ਪ੍ਰਭ ਮਿਲਣ ਦੀ ਮਿਲ ਜਾਏ ਵਡਿਆਈਆ । ਜਿਸ ਦਾ ਸੱਚਾ ਨੂਰ ਜਗੇ, ਪਰਕਾਸ਼ ਹੋਵੇ ਰੁਸ਼ਨਾਈਆ । ਸਾਨੂੰ ਮਿਲੇ ਜੁਗ ਅਗੇ, ਅਗਲਾ ਪੰਧ ਮੁਕਾਈਆ । ਬਾਵਨ ਨੇ ਨਿਸ਼ਾਨੇ ਦੱਸੇ ਸੱਚੇ, ਸਚ ਦਿਤਾ ਸਮਝਾਈਆ । ਅਸੀਂ ਹੁਣ ਨਹੀਂ ਰਹਿਣਾ ਕੱਚੇ, ਪੱਕੀ ਲਈ ਪਕਾਈਆ । ਜਿੰਨਾਂ ਚਿਰ ਸ੍ਰੀ ਭਗਵਾਨ ਦਾ ਦਰਸ ਨਾ ਕਰੀਏ ਅੱਖੇ, ਕਥਾ ਸੁਣ ਕੇ ਮਨ ਨਾ ਕੋਇ ਪਰਚਾਈਆ । ਸਦਾ ਸਾਡੇ ਅੰਦਰ ਵਸੇ, ਵਾਸਤਾ ਆਪਣੇ ਨਾਲ ਜੁੜਾਈਆ । ਪਿਛਾ ਦੇ ਮੂਲ ਨਾ ਨੱਠੇ, ਸਾਜਣ ਹੋ ਕੇ ਅੰਗ ਲਗਾਈਆ । ਕਰ ਕਿਰਪਾ ਸਾਨੂੰ ਫੇਰ ਕਰ ਇਕੱਠੇ, ਦੂਰ ਨੇੜੇ ਲਏ ਮਿਲਾਈਆ । ਪੂਰਬ ਲਹਿਣਾ ਦੇਣਾ ਬਾਕੀ ਕਿਸੇ ਨਾ ਰਖੇ, ਸਭ ਦਾ ਦਏ ਚੁਕਾਈਆ । ਸਚ ਪ੍ਰੇਮ ਪਿਆਰ ਮੁਹੱਬਤ ਵਿਚ ਹੱਸੇ, ਹਸਤੀ ਦੂਸਰ ਨਾ ਕਿਸੇ ਸਮਝਾਈਆ । ਲੱਖ ਚੁਰਾਸੀ ਵਿਚੋਂ ਫੜ ਫੜ ਲੱਭੇ, ਕੌਲ ਇਕਰਾਰ ਜਿਨ੍ਹਾਂ ਨਾਲ ਰਖਾਈਆ । ਸਚ ਪ੍ਰੇਮ ਪਿਆਰ ਦੇ ਦੇਵੇ ਮਜ਼ੇ, ਪਦਾਰਥ ਇਕੋ ਦਏ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਬਚਨ ਕਰੇ ਸੱਚੇ, ਸਚ ਸਵਾਮੀ ਹੋ ਕੇ ਵੇਖ ਵਖਾਈਆ ।

## ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਗਿਆਨ ਚੰਦ ਦੇ ਗ੍ਰਹਿ ਪਿੰਡ ਤੂਤਾਂ ਵਾਲੀ ਕੈਂਪ ਖੂਣ ਜੰਮੂ ✪

ਬਾਵਨ ਕਿਹਾ ਜਿਸ ਵੇਲੇ ਕਲਜੁਗ ਰੈਣ ਅੰਧੇਰੀ ਹੋਈ ਮੱਸਿਆ, ਮਸਲਾ ਹੱਲ ਨਾ ਕੋਇ ਕਰਾਈਆ । ਸਾਚਾ ਮਾਰਗ ਦੱਸ ਢੰਗਿਆ, ਅਗਲਾ ਭੇਵ ਖੁਲ੍ਹਾਈਆ । ਪੁਰਖ ਅਬਿਨਾਸ਼ੀ ਕਰਤਾ ਆਵੇ ਨੱਠਿਆ, ਲੋਕਮਾਤ ਫੇਰਾ ਪਾਈਆ । ਜਿਹੜਾ ਜਗਤ ਨੇਤਰ ਕਿਸੇ ਨਾ ਲੱਭਿਆ, ਖੋਜੇ ਜਗਤ ਲੋਕਾਈਆ । ਜਨ ਭਗਤਾਂ ਅੰਦਰ ਸਦਾ ਵੱਸਿਆ, ਬਾਹਰ ਡੇਰਾ ਕਦੇ ਨਾ ਲਾਈਆ । ਨਜ਼ਰੀ ਆਏ ਧੁਰ ਦੀ ਅੱਖੀਆਂ, ਆਖ਼ਰ ਆਪਣਾ ਰੰਗ ਚੜ੍ਹਾਈਆ । ਜਨ ਭਗਤ ਸੁਹੇਲੇ ਮੇਲੇ ਸਾਚੀ ਸਖ਼ੀਆਂ, ਸਿਖ਼ਾਵਤ ਆਪਣੇ ਕੋਲੋਂ ਝੋਲੀ ਪਾਈਆ । ਨਾਮ ਰੰਗਣ ਨਾਲ ਜਾਣ ਰੱਤੀਆਂ, ਰਤਨ ਅਮੋਲਕ ਲਏ ਬਣਾਈਆ । ਕਿਸੇ ਦੀਆਂ ਭਰਨ ਮੂਲ ਨਾ ਚੱਟੀਆਂ, ਚੇਟਕ ਇਕੋ ਇਕ ਵਖਾਈਆ । ਸਚ ਦਵਾਰੇ ਹੋਵਣ ਸੱਚੀਆਂ, ਸਤਿ ਸਤਿਵਾਦੀ ਮਿਲ ਕੇ ਖ਼ੁਸ਼ੀ ਮਨਾਈਆ । ਦੀਨ ਮਜ਼੍ਹਬ ਦੀਆਂ ਕੱਟਣ ਰੱਸੀਆਂ, ਫਾਂਸੀ ਜਮ ਨਾ ਕੋਇ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਾਵਨ ਕਿਹਾ ਜਿਸ ਵੇਲੇ ਹੋਵੇ ਕਲਜੁਗ ਅੰਧ, ਰੈਣ ਅੰਧੇਰੀ ਛਾਈਆ । ਨਿਰਗੁਣ ਹੋ ਕੇ ਆਵੇ ਸੂਰਾ ਸਰਬੰਗ, ਲੋਕਮਾਤ ਫੇਰਾ ਪਾਈਆ । ਲੋਕਮਾਤ ਵਜਾਏ ਮਰਦੰਗ, ਅਗੰਮਾ ਰਾਗ ਸੁਣਾਈਆ । ਸ਼ਬਦ ਅਗੰਮੀ ਦੁੜਾਏ ਤੁਰੰਗ, ਤੁਰਤ ਵੇਖੇ ਥਾਉਂ ਥਾਈਆ । ਤੁਹਾਡੀ ਪੂਰੀ ਕਰੇ ਮੰਗ, ਮਨਸਾ ਮਨ ਹੀ ਵਿਚ ਸਮਾਈਆ । ਸਚ ਦਵਾਰ ਆਵੇ ਲੰਘ, ਮੰਜ਼ਲ ਪੰਧ ਚੁਕਾਈਆ । ਇਕ ਸੁਣਾਏ ਢੋਲਾ ਛੰਦ, ਮੇਰਾ ਤੇਰਾ ਰਾਗ ਅਲਾਈਆ । ਠਾਕਰ ਹੋ ਕੇ ਦੇਵੇ ਆਨੰਦ, ਪਰਮਾਨੰਦ ਵਿਚ ਸਮਾਈਆ । ਭਗਤ ਸੁਹੇਲੇ ਬਣਾ ਕੇ ਚੰਦ, ਚੰਦ ਚਾਂਦਨੀ ਕਰੇ ਰੁਸ਼ਨਾਈਆ । ਸ਼ਬਦੀ ਧਾਰ ਹੋਵਾਂ ਸੰਗ, ਸੋਹਣਾ ਖੇਲ ਵਖਾਈਆ । ਸਭ ਦੀ ਕਟੇ ਭੁੱਖ ਨੰਗ, ਦੁਖੜਾ ਦਰਦ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਪੂਰ ਕਰਾਈਆ । ਰਿਸ਼ੀ ਕਹਿਣ ਸੁਣ ਸਵਾਮੀ, ਸਚ ਦੇ ਜਣਾਈਆ । ਕਿਸ ਬਿਧ ਹੋਵੇ ਅੰਤਰਜਾਮੀ, ਘਟ ਭੀਤਰ ਵੇਖ ਵਖਾਈਆ । ਸਾਡਾ ਬਣੇ ਹਾਮੀ, ਮਿਲ ਕੇ ਖ਼ੁਸ਼ੀ ਮਨਾਈਆ । ਬਾਵਨ ਕਿਹਾ ਓਹ ਜਾਨ ਜਾਨੀ, ਜਾਨਣਹਾਰ ਵੱਡੀ ਵਡਿਆਈਆ । ਜੁਗ ਚੌਕੜੀ ਬਣ ਕੇ ਬਾਨੀ, ਕੋਟਨ ਬਾਵਨ ਭੇਖ ਵਟਾਈਆ । ਜਿਸ ਖੇਲ ਕਰਨਾ ਰਾਵਣ ਰਾਮੀ, ਰਾਮ ਰਮਈਆ ਫੇਰਾ ਪਾਈਆ । ਜਿਸ ਵੇਸ ਵਟਾਉਣਾ ਕ੍ਰਿਸ਼ਨਾ ਕਾਹਨੀ, ਘਨਈਆ ਹੋ ਕੇ ਫੇਰਾ ਪਾਈਆ । ਜਿਨ੍ਹ ਈਸਾ ਮੂਸਾ ਮੁਹੰਮਦ ਪਰਗਟਾਉਣੀ ਇਕ ਨਿਸ਼ਾਨੀ, ਕਲਜੁਗ ਦੇਵੇ ਮਾਣ ਵਡਿਆਈਆ । ਜਿਸ ਨਾਨਕ ਗੋਬਿੰਦ ਬਖ਼ਸ਼ਣੀ ਜੋਤ ਨੁਰਾਨੀ, ਨੂਰੋ ਨੂਰ ਕਰ ਰੁਸ਼ਨਾਈਆ । ਜਿਸ ਕਲਜੁਗ ਅੰਤ ਨਿਹਕਲੰਕ ਹੋ ਕੇ ਮੰਜ਼ਲ ਕਰਨੀ ਆਸਾਨੀ, ਅਹਿਸਾਨ ਸਿਰ ਨਾ ਕਦੇ ਚੜ੍ਹਾਈਆ । ਰਿਖੀਓ ਤੁਹਾਡੀ ਜੂਹ ਨਾ ਹੋਵੇ ਬੇਗਾਨੀ, ਬੇਗਾਨਾ ਨਜ਼ਰ ਕੋਇ ਨਾ ਆਈਆ । ਖੇਲ ਖੇਲੇ ਵਾਲੀ ਦੋ ਜਹਾਨੀ, ਜਹਾਂ ਤਹਾਂ ਲਏ ਉਠਾਈਆ । ਉਸ ਦੇ ਆਉਣ ਦੀ ਇਕ ਨਿਸ਼ਾਨੀ, ਤੁਹਾਨੂੰ ਸਹਿਜੇ ਦਿਆਂ ਸਮਝਾਈਆ । ਕਿਸੇ ਨੂੰ ਦੇਣੀ ਪਏ ਨਾ ਕੁਰਬਾਨੀ, ਚਾਰ ਕੁੰਟ ਦਹਿ ਦਿਸ਼ਾ ਲੱਭਣ ਕੋਇ ਨਾ ਜਾਈਆ । ਮਿਹਰਵਾਨ ਹੋ ਕੇ ਤੁਹਾਡੇ ਗ੍ਰਹਿ ਆ ਕੇ ਘਰ ਘਰ ਖਾਵੇ ਮਹਿਮਾਨੀ, ਜਿਸ ਮਹਿਮਾਨੀ ਕਾਰਨ ਬਲ ਦਵਾਰੇ ਫੇਰਾ ਪਾਈਆ ਮਹਿਮਾਨੀ ਖਾ ਕੇ ਮਿਲੀ ਜੋਤ ਨੁਰਾਨੀ, ਨੂਰ ਚਸ਼ਮ ਨਾ ਕੋਇ ਕਰਾਈਆ । ਓਸ ਵੇਲੇ ਤੁਹਾਡੇ ਉਤੇ ਕਰੇ ਮਿਹਰਵਾਨੀ, ਪੜਦਾ ਅੰਦਰੋਂ ਦਏ ਉਠਾਈਆ । ਝਗੜਾ ਚੁਕਾ ਕੇ ਚਾਰੇ ਖਾਣੀ,


੭੩੮ ੧੯

ਖ਼ਾਨੇ ਆਪਣੇ ਵਿਚ ਟਿਕਾਈਆ । ਭਗਤ ਭਗਵਾਨ ਦੀ ਸਦਾ ਇਕੋ ਜਿਹੀ ਜਵਾਨੀ, ਬਾਲ ਬੁਢੇਪਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਿਸ਼ੀਓ, ਓਹ ਬਣੇ ਧੁਰ ਦਾ ਦਾਨੀ, ਦਾਤਾ ਹੋ ਕੇ ਦਇਆ ਕਮਾਈਆ ।

## ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਬੇਲੂ ਰਾਮ ਦੇ ਗ੍ਰਿਹ ਪਿੰਡ ਸਰਦਾਰੀ ਕੈਂਪ ਖੂਣ ਜੰਮੂ ✪

ਬਾਵਨ ਕਿਹਾ ਕਲਜੁਗ ਅੰਤਮ ਧਰੇ ਭੇਖ, ਜਗ ਜੀਵਣ ਦਾਤਾ ਨਜ਼ਰ ਕਿਸੇ ਨਾ ਆਈਆ । ਕਿਸੇ ਹੱਥ ਨਾ ਆਵੇ ਰਿਖੀਕੇਸ਼, ਕੇਸ਼ਵ ਆਪਣਾ ਰੂਪ ਲਏ ਬਦਲਾਈਆ । ਲਹਿਣਾ ਦੇਣਾ ਦੇਵੇ ਦਸ ਦਸਮੇਸ਼, ਦਹਿ ਦਿਸ਼ਾ ਵੱਜੇ ਸਚ ਵਧਾਈਆ । ਕਰੇ ਖੇਲ ਜੋ ਆਦਿ ਜੁਗਾਦਿ ਜੁਗ ਚੌਕੜੀ ਰਹੇ ਹਮੇਸ਼, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਪੂਰਬ ਜਨਮ ਸਭ ਦਾ ਜਾਣੇ ਲੇਖ, ਰਿਖੀ ਰਖੀਸ਼ਰ ਖੋਜ ਖੁਜਾਈਆ । ਚਰਨ ਪ੍ਰੀਤੀ ਬਖ਼ਸ਼ੇ ਧੁਰ ਦੀ ਟੇਕ, ਟਿੱਕਾ ਮਸਤਕ ਨਾਮ ਲਗਾਈਆ । ਬੁਧੀ ਕਰੇ ਆਪ ਬਿਬੇਕ, ਮਨ ਚੰਚਲ ਨਾ ਕੋਇ ਚਤੁਰਾਈਆ । ਮਾਨਸ ਜਨਮ ਬਦਲ ਦੇਵੇ ਰੇਖ, ਸ਼ਬਦੀ ਚੋਟ ਇਕ ਲਗਾਈਆ । ਪਹਿਲੋਂ ਤੁਹਾਨੂੰ ਦੇਵੇ ਭੇਜ, ਲੋਕਮਾਤ ਜਨਮ ਦਵਾਈਆ । ਫਿਰ ਪਰਮਾਤਮ ਹੋ ਕੇ ਆਤਮ ਮਾਣੇ ਸੇਜ, ਘਰ ਸਾਚੇ ਸੋਭਾ ਪਾਈਆ । ਤੁਹਾਡਾ ਦੇਸ ਕਰ ਪਰਦੇਸ, ਦੇਸੰਤਰ ਆਪਣਾ ਵੇਖ ਵਖਾਈਆ । ਜਿਸ ਉਜਲ ਕਰਨਾ ਲੇਖ, ਕ਼ਲਮ ਸ਼ਾਹੀ ਵੰਡ ਵੰਡਾਈਆ । ਚੌਦਾਂ ਜੋਜਨ ਹੋਵੇ ਹੇਤ, ਹਿਤਕਾਰੀ ਬੇਪਰਵਾਹੀਆ । ਲੇਖਾ ਲਿਖ ਕੇ ਮਹੀਨੇ ਚੇਤ, ਚੇਤਨ ਸਭ ਨੂੰ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਬਾਵਨ ਕਹੇ ਜਿਸ ਵੇਲੇ ਲੱਗੀ ਅੱਗ, ਅਗਨੀ ਅੱਗ ਨਾ ਕੋਇ ਬੁਝਾਈਆ । ਬਿਨ ਹਰਿ ਨਾਮੇ ਖ਼ਾਲੀ ਹੋਏ ਹੱਡ, ਹਿਰਦੇ ਹਰਿ ਨਾ ਕੋਇ ਵਸਾਈਆ । ਸਾਕ ਸੱਜਣ ਭੈਣ ਭਾਈ ਸਾਰੇ ਜਾਣ ਛੱਡ, ਨਾਰ ਕੰਤ ਨਾਤਾ ਨਾ ਤੋੜ ਨਿਭਾਈਆ । ਸਾਚੇ ਕਾਅਬੇ ਕਰੇ ਨਾ ਕੋਇ ਹੱਜ, ਹਕ਼ੀਕਤ ਹੱਕ ਨਾ ਕੋਇ ਸਮਝਾਈਆ । ਨੇਤਰ ਰੋਵਣ ਸ਼ਿਵ ਦਵਾਲੇ ਮਠ, ਗੁਰਦਵਾਰਾ ਦਵਾਰ ਦਏ ਦੁਹਾਈਆ । ਪੜਦਾ ਰਹੇ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਓਢਣ ਸੀਸ ਨਾ ਕੋਇ ਟਿਕਾਈਆ । ਸਾਚਾ ਨਾਮ ਮਿਲੇ ਨਾ ਕਿਸੇ ਹੱਟ ਕੋਟਨ ਕੋਟ ਸਾਧੂ ਬੈਠਣ ਵੇਸ ਵਟਾਈਆ । ਮਨ ਵਾਸਨਾ ਜਗਤ ਰਹੇ ਨੱਠ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਬਿਨ ਭਗਤਾਂ ਕਿਸੇ ਮੇਲ ਨਾ ਮਿਲੇ ਪੁਰਖ ਸਮਰਥ, ਜਗਤ ਵਿਦਿਆ ਕੰਮ ਕਿਸੇ ਨਾ ਆਈਆ । ਅਬਿਨਾਸ਼ੀ ਕਰਤਾ ਤੁਹਾਡੀ ਝੋਲੀ ਪਾਵੇ ਹੱਕ, ਦੇਵਣਹਾਰ ਦੇ ਦੇ ਖ਼ੁਸ਼ੀ ਮਨਾਈਆ । ਦਰਸ ਵਖਾ ਕੇ ਆਪਣੀ ਅੱਖ, ਲੋਚਨ ਧੁਰ ਦਾ ਦਏ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਦੱਸ ਨਾਮ ਸਚ, ਧਰਨੀ ਧਰਤ ਧਵਲ ਭਾਗ ਲੱਗੇ ਜਿਥੇ ਭਗਤ ਸੁਹੇਲੇ ਜਾਣ ਵਸ, ਭੂਮਿਕਾ ਇਕੋ ਮਿਲੇ ਵਡਿਆਈਆ । ਰਿਸ਼ੀਓ ਕਿਸੇ ਦਾ ਚਲੇ ਨਾ ਕੋਇ ਵੱਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੱਦ ਸਭ ਦੀ ਬੰਦ ਕਰਾਈਆ ।

## ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਗੁਰਾ ਰਾਮ ਦੇ ਗ੍ਰਿਹ ਪਿੰਡ ਸਰਦਾਰੀ ਕੈਂਪ ਖੂਣ ਜੰਮੂ ✪

ਰਿਸ਼ੀ ਕਹਿਣ ਕੀ ਵੇਲਾ ਹੋਵੇ ਵਕ਼ਤ, ਵਾਕਿਆ ਦਿਉ ਸਮਝਾਈਆ । ਬਾਵਨ ਕਿਹਾ ਅੰਧੇਰਾ ਹੋਵੇ ਜਗਤ, ਸਚ ਸਤਿ ਨਾ ਕੋਇ ਰੁਸ਼ਨਾਈਆ । ਪਿਤਾ ਪੂਤ ਪਵੇ ਫ਼ਰਕ, ਸਾਚਾ ਪ੍ਰੇਮ ਨਾ ਕੋਇ ਨਿਭਾਈਆ । ਸ੍ਰੀ ਭਗਵਾਨ ਦੇਵੇ ਨਾ ਕਿਸੇ ਦਰਸ, ਗੁਰ ਅਵਤਾਰ ਪੈਗ਼ੰਬਰ ਪੱਲੂ ਜਾਣ ਛੁਡਾਈਆ । ਮਾਇਆ ਮਮਤਾ ਦਰ ਮਿਲੇ ਹਰਸ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਜਾਏ ਤੜਪ, ਹਉਕਿਆਂ ਵਿਚ ਦੁਹਾਈਆ । ਮਨੂਆ ਜਾਵੇ ਭਟਕ, ਸਾਂਤਕ ਸਤਿ ਨਾ ਕੋਇ ਕਰਾਈਆ । ਮੰਜ਼ਲ ਚੜ੍ਹਨੋਂ ਸਾਧੂ ਜਾਣ ਅਟਕ, ਰੁਹਾਨੀ ਸਫ਼ਰ ਨਾ ਕੋਇ ਮੁਕਾਈਆ । ਬਿਨਾ ਫ਼ਾਸੀਉਂ ਜਾਣ ਲਟਕ, ਜਮ ਫ਼ਾਸ ਨਾ ਕੋਇ ਕਟਾਈਆ । ਪ੍ਰਭ ਕਾ ਹੁਕਮ ਚਲੇ ਸਖ਼ਤ, ਨਾ ਕੋਈ ਮੇਟੇ ਮੇਟ ਮਿਟਾਈਆ । ਭਾਣੇ ਵਿਚ ਹੋਣ ਨਾ ਦੇਵੇ ਫ਼ਰਕ, ਫ਼ੈਸਲੇ ਹੱਕ ਹੱਕ ਸੁਣਾਈਆ । ਦੀਨ ਮਜ਼੍ਹਬ ਸਾਰੇ ਕਰੇ ਤਰਕ, ਤੁਰਤ ਆਪਣਾ ਫੇਰਾ ਪਾਈਆ । ਜਨ ਭਗਤਾਂ ਨਾਲ ਪੂਰੀ ਕਰੇ ਸ਼ਰਤ, ਸ਼ਰਅ ਵਿਚੋਂ ਬਾਹਰ ਕਢਾਈਆ । ਮਾਣ ਵਡਿਆਈ ਦੇ ਕੇ ਉਪਰ ਫ਼ਰਸ਼, ਅਰਸ਼ਾਂ ਦੇ ਉਪਰ ਦਏ ਟਿਕਾਈਆ । ਵਡਿਆਈ ਦੇਵੇ ਰਿਸ਼ੀਓ ਏਸ ਧਰਤ, ਜਿਥੇ ਬਹਿ ਕੇ ਪ੍ਰਭ ਦਾ ਨਾਮ ਧਿਆਈਆ । ਕਲਜੁਗ ਅੰਤ ਕਰ ਕੇ ਤਰਸ, ਤ੍ਰੈਗੁਣ ਅਤੀਤਾ ਹੋਏ ਸਹਾਈਆ । ਘਰ ਸਵਾਮੀ ਦੇਵੇ ਦਰਸ, ਠਾਕਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਜਨਮ ਦੀ ਮੇਟ ਕੇ ਹਰਸ, ਵੇਲਾ ਵਕ਼ਤ ਦਏ ਵਡਿਆਈਆ ।



੭੪੦
੧੯

## ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਭਾਗ ਸਿੰਘ ਦੇ ਗ੍ਰਿਹ ਪਿੰਡ ਮਲੇਕ ਖੂਣ ਕੈਂਪ ਜੰਮੂ ✪

ਰਿਸ਼ੀ ਕਹਿਣ ਅਸੀਂ ਕਰਦੇ ਰਹੇ ਤਪੱਸਿਆ, ਤਾਮਸ ਜਗਤ ਮਿਟਾਈਆ । ਅੰਦਰ ਹਨੇਰੀ ਮੱਸਿਆ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਮਨ ਦੀ ਕਰ ਨਾ ਸਕੇ ਹੱਤਿਆ, ਮਨਸਾ ਵਿਚੋਂ ਬਾਹਰ ਕਢਾਈਆ । ਕਲਜੁਗ ਅੰਤ ਪੂਰੀ ਹੋਈ ਸਮੱਸਿਆ, ਪ੍ਰਭ ਸਮਾਂ ਦਿਤਾ ਬਦਲਾਈਆ । ਹਰਿ ਜੂ ਹੋ ਕੇ ਹਿਰਦੇ ਵੱਸਿਆ, ਹਸਦ ਦਿਤਾ ਮਿਟਾਈਆ । ਭਗਤ ਬਣਾ ਕੇ ਕਰੇ ਜਸਿਆ, ਸਿਫ਼ਤਾਂ ਨਾਲ ਸਾਲਾਹੀਆ । ਮਾਣ ਤਾਣ ਜਗਤ ਰੱਖਿਆ, ਸਿਰ ਆਪਣਾ ਹੱਥ ਟਿਕਾਈਆ । ਪੂਰਬ ਲਹਿਣਾ ਕਰ ਕੇ ਸੱਚਿਆ, ਸਚ ਦੇਵੇ ਸਰਨਾਈਆ । ਹਰਿਜਨ ਰਹਿਣ ਨਾ ਦੇਵੇ ਭਾਂਡਾ ਕੱਚਿਆ, ਕੰਚਨ ਗੜ੍ਹ ਦਏ ਵਖਾਈਆ । ਸਚਖੰਡ ਨਿਵਾਸੀ ਆਵੇ ਨੱਸਿਆ, ਭੱਜਿਆ ਆਵੇ ਵਾਹੋ ਦਾਹੀਆ । ਨਿਰਗੁਣ ਹੋ ਕੇ ਦਰਸ ਦਖਾਵੇ ਅੱਖੀਆਂ, ਆਖ਼ਰ ਪੈਂਡਾ ਪੰਧ ਮੁਕਾਈਆ । ਜੋ ਬਾਵਨ ਨਾਲ ਹੋਈਆਂ ਪੱਕੀਆਂ, ਪਕਵਾਨ ਪਿਛੇ ਭੋਜਨ ਰਿਹਾ ਖਾਈਆ । ਜਨ ਭਗਤਾਂ ਜਮਾਂ ਦੀਆਂ ਭਰਨ ਨਾ ਦੇਵੇ ਚੱਟੀਆਂ, ਯਮਰਾਜ ਨਾ ਕੋਇ ਸਤਾਈਆ । ਫਿਰਨ ਨਾ ਦੇਵੇ ਦੀਨਾਂ ਮਜ਼੍ਹਬਾਂ ਦੀਆਂ ਹੱਟੀਆਂ, ਹਿੱਸਿਆਂ ਵਿਚ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੇਖਾ ਰਿਹਾ ਮੁਕਾਈਆ । ਰਿਸ਼ੀ ਕਹਿਣ ਕੁੰਦਰਾਂ ਵਿਚ ਰਹੇ ਵੜਦੇ, ਜੰਗਲ ਪਹਾੜ ਵੇਖ ਵਖਾਈਆ । ਜਗਤ ਹਵਸ ਵਿਚ ਰਹੇ ਸੜਦੇ, ਪ੍ਰਭ ਮਿਲਿਆ ਨਾ ਬੇਪਰਵਾਹੀਆ । ਉਚੀਆਂ ਨੀਵੀਆਂ ਥਾਂਵਾਂ ਰਹੇ ਚੜ੍ਹਦੇ, ਕ਼ਦਮ

ਕ਼ਦਮ ਨਾਲ ਬਦਲਾਈਆ । ਹਰੀ ਓਮ ਰਹੇ ਪੜ੍ਹਦੇ, ਓਮ ਓਮ ਵਿਚ ਸ਼ਨਵਾਈਆ । ਭੇਵ ਖੁਲ੍ਹੇ ਨਾ ਆਪਣੇ ਘਰ ਦੇ, ਪੜਦਾ ਸਕਿਆ ਨਾ ਕੋਇ ਉਠਾਈਆ । ਬਿਰਹੋਂ ਵਿਛੋੜੇ ਅੰਦਰ ਰਹੇ ਸੜਦੇ, ਪ੍ਰਭ ਦਰਸ ਕੋਇ ਨਾ ਪਾਈਆ । ਨੇਤਰ ਹੰਝੂ ਰਹੇ ਕਿਰਦੇ, ਅੱਖੀਆਂ ਵਹਿਣ ਵਹਾਈਆ । ਮੇਲ ਮਿਲੇ ਨਾ ਸਾਚੇ ਪਿਰ ਦੇ, ਪ੍ਰੀਤਮ ਅੰਗ ਨਾ ਕੋਇ ਲਗਾਈਆ । ਇਹ ਬਚਨ ਪੁਰਾਤਨ ਪੁਰਾਣੇ ਚਿਰ ਦੇ, ਬਾਵਨ ਨਾਲ ਮਿਲ ਕੇ ਬ੍ਰਾਹਮਣੀ ਸਲਾਹ ਪਕਾਈਆ । ਜਿਸ ਦੇ ਲਹਿਣੇ ਦੇਣੇ ਨਿਬੜਦੇ, ਕਲਜੁਗ ਅੰਤਮ ਝੋਲੀ ਪਾਈਆ । ਅਗੇ ਝਗੜੇ ਮੁਕਣੇ ਫ਼ਿਕਰ ਦੇ, ਫ਼ਿਕਰਾ ਇਕੋ ਸੋਹੰ ਢੋਲਾ ਗਾਈਆ । ਆਤਮ ਪਰਮਾਤਮ ਮਿਲ ਕੇ ਭਗਤ ਭਗਵਾਨ ਕਦੇ ਨਾ ਵਿਛੜਦੇ, ਲੱਖ ਚੁਰਾਸੀ ਜੂਨ ਨਾ ਕੋਇ ਭਵਾਈਆ । ਜਨ ਭਗਤ ਕਹਿਣ ਅਸੀਂ ਬੇਸ਼ਕ ਮਾਇਆ ਮਮਤਾ ਮੋਹ ਵਿਕਾਰ ਕਲਜੁਗ ਭਰੇ ਚਿੱਕੜ ਦੇ, ਪੁਰਖ ਅਕਾਲ ਆਪਣੀ ਗੋਦ ਉਠਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਥੋੜੇ ਨਿਕਲਦੇ, ਜੋ ਪ੍ਰਭ ਦੀ ਓਟ ਤਕਾਈਆ । ਬਾਕੀ ਭਾਂਡੇ ਜੀਵ ਮੁਲੰਮੇ ਪਿੱਤਲ ਦੇ, ਦਰਗਾਹ ਸਾਚੀ ਕ਼ੀਮਤ ਨਾ ਕੋਇ ਚੁਕਾਈਆ । ਬਾਹਰੋਂ ਰੂਪ ਮਾਨਸ ਵਾਲੀ ਸ਼ਕਲ ਦੇ, ਅੰਦਰ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਰਿਸ਼ੀ ਕਹਿਣ ਅਸੀਂ ਪਿਆਸੇ ਓਸ ਦੇ ਇਸ਼ਕ ਦੇ, ਜਿਸ ਦੀ ਮੁਹੱਬਤ ਬੰਦ ਨਾ ਕਿਸੇ ਕਰਾਈਆ । ਕੀਤੇ ਕੌਲ ਇਕ਼ਰਾਰ ਨਾ ਖਿਸਕਦੇ, ਇਕੱਠੇ ਹੋ ਕੇ ਢੋਲਾ ਗਾਈਆ । ਸਗਨ ਹੋ ਜਾਣ ਇਕੋ ਵਾਰ ਅਗੰਮੀ ਤਿਲਕ ਦੇ, ਤਿਲ ਆਪਣਾ ਦੇ ਵਖਾਈਆ । ਜਿਥੇ ਜੋਤੀ ਨੂਰ ਲਿਸ਼ਕਦੇ, ਜਗਮਗ ਹੋਵੇ ਰੁਸ਼ਨਾਈਆ । ਜਿਸ ਮੰਜ਼ਲ ਨੂੰ ਰਹੇ ਵਿਲਕਦੇ, ਘਰ ਬਾਹਰ ਛਡ ਕੇ ਜੰਗਲਾਂ ਵਿਚ ਡੇਰਾ ਲਾਈਆ । ਹੁਣ ਵੇਲੇ ਆ ਗਏ ਸਿਦਕ ਦੇ, ਪ੍ਰਭ ਭਰੋਸਾ ਦੇ ਕਰਾਈਆ । ਝਗੜੇ ਰਹਿਣ ਨਾ ਕਿਸੇ ਨਿੰਦਕ ਦੇ, ਨਿੰਦਿਆ ਕਲਜੁਗ ਜੀਵਾਂ ਝੋਲੀ ਦੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮਾਣ ਵਡਿਆਈ ਦੇਵੇ ਆਪਣੀ ਹਿੰਮਤ ਦੇ, ਹੌਸਲਾ ਜਗਤ ਵਲੋਂ ਵਧਾਈਆ ।


੭੪੧ ੧੯

### ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੨ ਵਕੀਲ ਸਿੰਘ ਦੇ ਗ੍ਰਹਿ ਪਿੰਡ ਧੰਗਾਲੀ ਕੈਂਪ ਖੂਣ ਜੰਮੂ ✪

ਰਿਸ਼ੀ ਕਹਿਣ ਕਿਸ ਬਿਧ ਸਾਡਾ ਹੋਵੇ ਜਨਮ, ਜਰਮ ਮਿਲੇ ਵਡਿਆਈਆ । ਕਿਸ ਬਿਧ ਹੋਵੇ ਸਾਡਾ ਕਰਮ, ਸਚ ਵੱਜੇ ਵਧਾਈਆ । ਕਿਸ ਬਿਧ ਮਿਲੇ ਸਰਨ, ਪ੍ਰਭ ਚਰਨ ਸੱਚੀ ਸਰਨਾਈਆ । ਕਿਸ ਬਿਧ ਹੋਵੇ ਤਰਨ, ਤਾਰਨਹਾਰ ਪਾਰ ਕਰਾਈਆ । ਕਿਸ ਬਿਧ ਮਿਟੇ ਭਰਮ, ਭਾਂਡਾ ਭਰਮ ਭੰਨਾਈਆ । ਕਿਸ ਬਿਧ ਲੇਖਾ ਚੁੱਕੇ ਮਾਟੀ ਚਰਮ, ਚੰਮ ਦ੍ਰਿਸ਼ਟੀ ਦਏ ਗਵਾਈਆ । ਕਿਸ ਬਿਧ ਮਿਲੇ ਸਰਨ, ਓਟ ਇਕ ਤਕਾਈਆ । ਕਿਸ ਬਿਧ ਖੁਲ੍ਹੇ ਹਰਨ ਫਰਨ, ਧੁਰ ਦਾ ਰੂਪ ਨਜ਼ਰੀ ਆਈਆ । ਝਗੜਾ ਮੁਕੇ ਵਰਨ ਬਰਨ, ਮਨੂਆ ਕਰੇ ਲੜਾਈਆ । ਕਿਸ ਬਿਧ ਢੋਲੇ ਲੱਗੀਏ ਪੜ੍ਹਨ, ਸਹਿਜੇ ਦੇ ਸਮਝਾਈਆ । ਬਾਵਨ ਕਿਹਾ ਜਿਸ ਵੇਲੇ ਨਿਰਗੁਣ ਹੋ ਕੇ ਆਵੇ ਉਪਰ ਧਰਨ, ਧਰਨੀ ਧਰਤ ਧਵਲ ਫੇਰਾ ਪਾਈਆ । ਭਗਤ ਸੁਹੇਲੇ ਆਵੇ ਫੜਨ, ਫ਼ੈਸਲਾ ਹੱਕ ਜਣਾਈਆ । ਉਚੀ ਮੰਜ਼ਲ ਆਵੇ ਚੜ੍ਹਨ, ਬਿਨ ਕ਼ਦਮਾਂ ਕ਼ਦਮ ਟਿਕਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਆਵੇ ਪੜ੍ਹਨ, ਸਹਿਜੇ ਸਭ ਨੂੰ ਦਏ ਪੜ੍ਹਾਈਆ । ਭਗਤ ਭਗਵਾਨ ਇਕ ਦੂਜੇ ਦਾ ਦਰਸ਼ਨ ਕਰਨ, ਪੜਦਾ ਅੰਦਰੋਂ ਦਏ ਚੁਕਾਈਆ ।

ਆਤਮ ਪਰਮਾਤਮ ਲਗਾਵੇ ਸਾਚੀ ਲਗਨ, ਲਗ ਮਾਤਰ ਨਾ ਕੋਇ ਜਣਾਈਆ । ਤ੍ਰੈਗੁਣ ਮਾਇਆ ਮੇਟੇ ਅਗਨ, ਬੂੰਦ ਸਵਾਂਤੀ ਇਕ ਚੁਆਈਆ । ਸਚ ਪਰਕਾਸ਼ ਦੀਪਕ ਜਗਣ, ਜਨ ਭਗਤਾਂ ਕਰੇ ਰੁਸ਼ਨਾਈਆ । ਸਾਚੇ ਪ੍ਰੇਮ ਅੰਦਰ ਕਰੇ ਮਗਨ, ਮਗਰਲਾ ਲੇਖਾ ਝੋਲੀ ਪਾਈਆ । ਸਾਜਣ ਹੋ ਕੇ ਆਵੇ ਸੱਦਣ, ਸੁਨੇਹੜਾ ਇਕੋ ਇਕ ਪੁਚਾਈਆ । ਜਨ ਭਗਤ ਸੁਹੇਲੇ ਆਪੇ ਆਏ ਲੱਭਣ, ਪੜਦਿਆਂ ਵਿਚੋਂ ਬਾਹਰ ਕਢਾਈਆ । ਸਾਚਾ ਨਾਮ ਆਏ ਰੰਗਣ, ਰੰਗ ਰੰਗੀਲਾ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚੇ ਆਪ ਬਹਾਈਆ । ਰਿਸ਼ੀ ਕਹਿਣ ਕਿਸ ਬਿਧ ਹੋਵੇ ਪਹਿਚਾਨ, ਸਚ ਦੇ ਸਮਝਾਈਆ । ਬਾਵਨ ਕਿਹਾ ਉਹ ਲੱਭਣਹਾਰ ਸ੍ਰੀ ਭਗਵਾਨ, ਮਿਹਰਵਾਨ ਅਖਵਾਈਆ । ਸਹਿਜੇ ਮਿਲੇ ਆਣ, ਆਨਨ ਫ਼ਾਨਨ ਲੇਖਾ ਦਏ ਮੁਕਾਈਆ । ਸਚ ਪ੍ਰੀਤੀ ਦੇ ਕੇ ਦਾਨ, ਚਰਨ ਚਰਨੋਦਕ ਮੁਖ ਚੁਆਈਆ । ਭੂਮਿਕਾ ਸੁਹਾਏ ਅਸਥਾਨ, ਸੋਭਾਵੰਤ ਦੇ ਵਡਿਆਈਆ । ਸਾਚੀ ਦਰਗਹਿ ਕਰੇ ਪਰਵਾਨ, ਪਰਮ ਪੁਰਖ ਬੇਪਰਵਾਹੀਆ । ਭਗਤ ਸੁਹੇਲੇ ਕਰ ਪਰਧਾਨ, ਲੋਕਮਾਤ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਿਸ਼ੀਓ ਰਿਸ਼ਤੇ ਤੋੜ ਕੇ ਕੂੜ ਜਹਾਨ, ਜੋੜਾ ਜੋੜ ਕੇ ਸ੍ਰੀ ਭਗਵਾਨ, ਕਾਹਨ ਬੰਸਰੀ ਆਪਣਾ ਨਾਮ ਸੁਣਾਈਆ ।

✪ ੨੦ ਜੇਠ ਸ਼ਹਿਨਸ਼ਾਹੀ ਸੰਮਤ ੨ ਸ਼ਿਵ ਸਿੰਘ ਦੇ ਗ੍ਰਿਹਿ ਪਿੰਡ ਸ਼ੇਖ਼ਸਰ ਕੈਂਪ ਖੂਣ ਜੰਮੂ ✪



ਰਿਸ਼ੀ ਕਹਿਣ ਸਚ ਦੇ ਸਬੂਤ, ਸਭਨਾਂ ਅੰਦਰ ਧਿਆਨ ਲਗਾਈਆ । ਕਿਸ ਬਿਧ ਭਾਗ ਲੱਗੇ ਕਾਇਆ ਕਲਬੂਤ, ਜਿਸਮ ਇਸਮ ਇਕੋ ਨਜ਼ਰੀ ਆਈਆ । ਚਾਰ ਕੁੰਟ ਹੋਵੇਂ ਮੌਜੂਦ, ਹਰ ਘਟ ਰਮਿਆਂ ਨਜ਼ਰੀ ਆਈਆ । ਸਾਨੂੰ ਸਦਾ ਰਖੇਂ ਮਹਿਫੂਜ਼, ਸਿਰ ਆਪਣਾ ਹੱਥ ਟਿਕਾਈਆ । ਜਨਮ ਮਰਨ ਦੀ ਰਹੇ ਨਾ ਕੋਈ ਹਦੂਦ, ਦਾਇਰਾ ਆਪਣਾ ਦਏਂ ਵਖਾਈਆ । ਜਿਥੇ ਜੋਤੀ ਸੂਰਜ ਹੋਏ ਨਾ ਕੋਈ ਗ਼ਰੂਬ, ਦਿਵਸ ਰੈਣ ਵੰਡ ਨਾ ਕੋਇ ਵੰਡਾਈਆ । ਉਚ ਮਹੱਲ ਨਜ਼ਰ ਆਏ ਇਕ ਅਰੂਜ, ਅਰਸ਼ੀ ਪ੍ਰੀਤਮ ਅੰਦਰ ਬੈਠਾ ਸੋਭਾ ਪਾਈਆ । ਸਾਚੇ ਘਰ ਦੀ ਆਵੇ ਸੂਝ, ਬੁਧ ਬਿਬੇਕ ਦਏਂ ਬਣਾਈਆ । ਵੱਖੋ ਵੱਖ ਰਖੇਂ ਪਾਣੀ ਦਾ ਪਾਣੀ ਦੂਧ ਦਾ ਦੂਧ, ਨਿਰਮਲ ਨਿਰਵੈਰ ਦਏਂ ਵਖਾਈਆ । ਭੇਵ ਅੰਦਰੋਂ ਖੁਲ੍ਹੇ ਗੁਝ, ਗੁੰਝਲ ਕੂੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਚੁਕਾਈਆ । ਰਿਸ਼ੀ ਕਹਿਣ ਕਿਸ ਬਿਧ ਹਾਜ਼ਰ ਹੋਵੇਂ ਹਜ਼ੂਰ, ਮਿਲ ਕੇ ਖ਼ੁਸ਼ੀ ਮਨਾਈਆ । ਮੁਆਫ਼ ਕਰੇਂ ਕਸੂਰ, ਕਸਰਾਂ ਨਾਲ ਉਡਾਈਆ । ਜਗਤ ਜਹਾਨ ਕਰੇਂ ਅਬੂਰ, ਦੂਰ ਦੁਰਾਡਾ ਚਲ ਕੇ ਆਈਆ । ਗੜ੍ਹ ਹੰਕਾਰੀ ਤੋੜੇਂ ਗ਼ਰੂਰ, ਭਾਂਡਾ ਭਰਮ ਭੌ ਭੰਨਾਈਆ । ਮਿਹਨਤ ਦੇਵੇਂ ਭਗਤ ਮਜ਼ਦੂਰ, ਕੀਤੀ ਘਾਲ ਝੋਲੀ ਪਾਈਆ । ਦਰਸ ਦੇਵੇਂ ਜ਼ਰੂਰ, ਦਰਸ਼ਨ ਕਰ ਕੇ ਖ਼ੁਸ਼ੀ ਮਨਾਈਆ । ਮਨੂਆ ਮਨ ਨਾ ਪਾਏ ਫ਼ਤੂਰ, ਫ਼ਾਤਿਆ ਇਕੋ ਵਾਰ ਪੜ੍ਹਾਈਆ । ਸਾਚੇ ਨਾਮ ਦਾ ਦਏਂ ਸਰੂਰ, ਸੁਰਤੀ ਸ਼ਬਦ ਮੇਲ ਮਿਲਾਈਆ । ਜਨ ਭਗਤ ਕਰੇਂ ਮਸ਼ਹੂਰ, ਮਸ਼ਵਰਾ ਭਗਤਾਂ ਨਾਲ ਪਕਾਈਆ । ਆਪਣੀ ਜੋਤੀ ਬਖ਼ਸ਼ੇਂ ਨੂਰ, ਬਿਨ ਚੰਦ ਚੰਦ ਰੁਸ਼ਨਾਈਆ । ਨਾਤਾ ਰਹੇ ਨਾ ਕੂੜੋ ਕੂੜ, ਸਚ ਸਚ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

੭੪੨ ੧੯

ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਧਾਰਾ ਬਖ਼ਸ਼ੇ ਚਰਨ ਧੂੜ, ਧੂੜ ਦਾ ਟਿੱਕਾ ਲਗਾਵੇ ਵੱਡਾ ਨਿੱਕਾ, ਮਿਤਾ ਪਿਤਾ ਪ੍ਰਭੂ ਇਕੋ ਨਜ਼ਰੀ ਆਈਆ ।

## ✪ ੨੦ ਜੇਠ ਸ਼ਹਿਨਸ਼ਾਹੀ ਸੰਮਤ ੨ ਬਸੋ ਦੇਵੀ ਦੇ ਗ੍ਰਿਹਿ ਪਿੰਡ ਸਰਦਾਰੀ ਕੈਂਪ ਖੂਣ ਜੰਮੂ ✪

ਰਿਸ਼ੀ ਕਹਿਣ ਕਿਸ ਬਿਧ ਕਰੇ ਯਾਦ, ਬਾਵਨ ਸਾਨੂੰ ਦੇ ਸਮਝਾਈਆ । ਸੁਣੇ ਸਰਬ ਫ਼ਰਿਆਦ, ਵੇਖੇ ਚਾਈਂ ਚਾਈਂਆ । ਚੁਰਾਸੀ ਵਿਚੋਂ ਕਾਢ, ਆਪਣੇ ਨਾਲ ਮਿਲਾਈਆ । ਪ੍ਰੀਤੀ ਵਿਚੋਂ ਕਰੇ ਲਾਡ, ਪ੍ਰੇਮ ਇਕ ਸਮਝਾਈਆ । ਬਣਾਏ ਧੁਰ ਦੇ ਸਾਧ, ਸਾਧਨਾ ਦਏ ਸਮਝਾਈਆ । ਮੇਟੇ ਵਾਦ ਵਿਵਾਦ, ਦੁਰਮਤ ਮੈਲ ਗਵਾਈਆ । ਨਾਮ ਸੁਣਾਏ ਨਾਦ, ਵੱਜੇ ਧੁਨ ਸ਼ਨਵਾਈਆ । ਬੁੱਧੀ ਰਹੇ ਨਾ ਕਾਗ, ਹੰਸ ਦਏ ਬਦਲਾਈਆ । ਤ੍ਰਿਸ਼ਨਾ ਰਹੇ ਨਾ ਆਗ, ਅਗਨੀ ਤਤ ਗਵਾਈਆ । ਸਚ ਸੁਣਾਏ ਰਾਗ, ਢੋਲਾ ਬੇਪਰਵਾਹੀਆ । ਆਪੇ ਮਾਰੇ ਆਵਾਜ਼, ਸੁਤਿਆਂ ਲਏ ਉਠਾਈਆ । ਅੰਦਰੋਂ ਖੋਲ੍ਹੇ ਰਾਜ਼, ਪੜਦਾ ਦਏ ਚੁਕਾਈਆ । ਪਰਮਾਤਮ ਦੇਵੇ ਸਾਥ, ਆਤਮ ਜੋੜ ਜੁੜਾਈਆ । ਘਰ ਆਵੇ ਰਘੁਨਾਥ, ਰਗ ਰਗ ਕਰੇ ਰੁਸ਼ਨਾਈਆ । ਸਾਚੀ ਦੱਸੇ ਗਾਥ, ਪੜ੍ਹੀਏ ਇਕ ਪੜ੍ਹਾਈਆ । ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਮਤਾ ਆਪਣੇ ਨਾਲ ਪਕਾਈਆ । ਕੂੜੀ ਰੈਣ ਅੰਧੇਰੀ ਮੇਟੇ ਰਾਤ, ਰੁਤ ਰੁਤੜੀ ਆਪ ਮਹਿਕਾਈਆ । ਨਜ਼ਰੀ ਆਵੇ ਸਾਖਿਆਤ, ਸਨਮੁਖ ਹੋ ਕੇ ਦਰਸ ਦਿਖਾਈਆ । ਲੇਖਾ ਲਿਖੇ ਨਾਲ
੭੪੩ ੧੯ ਕ਼ਲਮ ਦਵਾਤ, ਦਾਅਵੇਦਾਰ ਸਚ ਘਰ ਦੇ ਦਏ ਬਣਾਈਆ । ਇਕੱਠੀ ਬਣਾਏ ਸਭ ਦੀ ਇਕ ਜਮਾਤ, ਜਮਾ ਤਫ਼ਰੀਕ ਵੰਡ ਨਾ ਕੋਇ ਵੰਡਾਈਆ । ੭੪੩ ੧੯
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਰਖੇ ਯਾਦ, ਯਾਦਦਾਸ਼ਤ ਭੁੱਲ ਕਦੇ ਨਾ ਜਾਈਆ ।

## ✪ ੨੦ ਜੇਠ ਸ਼ਹਿਨਸ਼ਾਹੀ ਸੰਮਤ ੨ ਸਧਰੋ ਦੇਵੀ ਦੇ ਗ੍ਰਿਹਿ ਪਿੰਡ ਧੰਗਾਲੀ ਕੈਂਪ ਖੂਣ ਜੰਮੂ ✪

ਕਿਰਪਾ ਕਰੇ ਪ੍ਰਭ ਆਪ, ਰਿਸ਼ੀਓ ਰਸਤਾ ਦਿਆਂ ਜਣਾਈਆ । ਇਕੋ ਨਾਮ ਦੱਸ ਕੇ ਜਾਪ, ਜੀਵਣ ਜੁਗਤ ਦਏ ਬਦਲਾਈਆ । ਜਨਮ ਜਨਮ ਦਾ ਕਰਮ ਕਰਮ ਦਾ ਲੇਖਾ ਕਰ ਮੁਆਫ਼, ਮੁਸ਼ਕਲ ਹੱਲ ਕਰਾਈਆ । ਧੁਰ ਦਰਗਾਹੀ ਆ ਕੇ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਮਿਹਰਵਾਨ ਆ ਕੇ ਪੁਛੇ ਬਾਤ, ਵਾਟ ਪਿਛਲੀ ਪੰਧ ਮੁਕਾਈਆ । ਮੇਰਾ ਬਚਨ ਰੱਖਿਓ ਯਾਦ, ਬਾਵਨ ਰਿਹਾ ਸਮਝਾਈਆ । ਜਗਤ ਖੇੜੇ ਕਰ ਬਰਬਾਦ, ਘਰ ਬਾਹਰ ਤਜਾਈਆ । ਸੁਣ ਤੁਹਾਡੀ ਆਵਾਜ਼, ਲੇਖਾ ਦਏ ਮੁਕਾਈਆ । ਵਸਤ ਦੇਵੇ ਦਾਤ, ਨਾਮ ਭੰਡਾਰਾ ਝੋਲੀ ਪਾਈਆ । ਤੁਸਾਂ ਸੁਤਿਆਂ ਜਾਣਾ ਜਾਗ, ਆਲਸ ਨਿੰਦਰਾ ਪਰੇ ਹਟਾਈਆ । ਇਕ ਉਪਜਾਉਣਾ ਵੈਰਾਗ, ਇਕੋ ਧਿਆਨ ਲਗਾਈਆ । ਤੁਹਾਡੀ ਸਾਧਨਾ ਦੇਵੇ ਸਾਧ, ਸਤਿ ਸਵਾਮੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਆਪ ਮਿਲਾਈਆ । ਘਰ

ਸਾਚਾ ਕਿਹੜਾ ਥਾਂ, ਸਹਿਜ ਸਹਿਜ ਦੇ ਜਣਾਈਆ । ਕਿਸ ਬਿਧ ਪਕੜੇ ਬਾਂਹ, ਮੇਲ ਮਿਲੇ ਬੇਪਰਵਾਹੀਆ । ਜਪਾਏ ਆਪਣਾ ਨਾਂ, ਨਾਉਂ ਨਿਰੰਕਾਰਾ ਦਏ ਦਰਸਾਈਆ । ਬਾਵਨ ਕਿਹਾ ਬੜਾ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਕਲਜੁਗ ਅੰਤ ਆਵੇ ਵਿਚ ਜਹਾਨ, ਨਿਰਗੁਣ ਹੋ ਕੇ ਫੇਰਾ ਪਾਈਆ । ਤੁਹਾਡਾ ਕੂੜਾ ਛੁਡਾ ਮਕਾਨ, ਸਚ ਦਵਾਰੇ ਲਏ ਬੁਲਾਈਆ । ਜਿਥੇ ਇਕੱਠਿਆਂ ਸਭ ਨੂੰ ਮਿਲਣਾ ਹੋਵੇ ਆਸਾਨ, ਲੱਭਣ ਦੀ ਲੋੜ ਰਹੇ ਨਾ ਰਾਈਆ । ਸੋ ਭੂਮਿਕਾ ਸਚ ਅਸਥਾਨ, ਜੋਜਨ ਚੌਦਾਂ ਸੋਭਾ ਪਾਈਆ । ਰਿਸ਼ੀਓ ਭਗਤੀ ਦਾ ਦੇਵੇ ਦਾਨ, ਭਗਵਨ ਬੇਪਰਵਾਹੀਆ । ਆਤਮ ਦਰ ਦੇਵੇ ਆਰਾਮ, ਸਾਂਤਕ ਸਤਿ ਕਰਾਈਆ । ਪੂਰਨ ਹੋਵੇ ਕਾਮ, ਕਰਨੀ ਕਰਤਾ ਵੇਖ ਵਖਾਈਆ । ਤੁਹਾਡਾ ਪ੍ਰੇਮ ਪਿਆਰ ਮੁਹੱਬਤ ਦਾ ਵਸਾ ਕੇ ਨਵਾਂ ਗਰਾਮ, ਘਰ ਸਾਚਾ ਦਏ ਜਣਾਈਆ । ਜਿਥੇ ਕਦੇ ਨਾ ਹੋਵੇ ਸ਼ਾਮ, ਸ਼ਮਅ ਦੀਪ ਨਾ ਕੋਇ ਰੁਸ਼ਨਾਈਆ । ਲਹਿਣਾ ਦੇਣਾ ਚੁਕਾਏ ਆਣ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਾਤਾ ਦਾਨੀ ਗੁਣ ਨਿਧਾਨ, ਗੁਣ ਸਭ ਦਾ ਵੇਖ ਵਖਾਈਆ ।

### ੨੦ ਜੇਠ ਸ਼ਹਿਨਸ਼ਾਹੀ ਸੰਮਤ ੨ ਗੂੜ੍ਹਾ ਰਾਮ ਦੇ ਗ੍ਰਿਹ ਪਿੰਡ ਸ਼ੇਖ਼ਸਰ ਕੈਂਪ ਖ਼ੂਣ ਜੰਮੂ



ਧਰਨੀ ਕਹੇ ਮੇਰਾ ਬਣਿਆ ਭਾਗ, ਚੌਥੇ ਜੁਗ ਮਿਲੀ ਵਡਿਆਈਆ । ਪੁਰਖ ਅਬਿਨਾਸ਼ੀ ਦੇਵੇ ਦਾਤ, ਦਇਆਵਾਨ ਦਇਆ ਕਮਾਈਆ । ਰਿਸ਼ੀਆਂ ਦੀ ਪੂਰਬ ਜਮਾਤ, ਭਗਤਾਂ ਦਾ ਰੂਪ ਵਟਾਈਆ । ਧੁਰ ਦਾ ਬਣਾ ਕੇ ਸਾਥ, ਸੋਹਣਾ ਵਕਤ ਸੁਹਾਈਆ । ਆਪਣਾ ਦੱਸ ਕੇ ਪਾਠ, ਸੋਹੰ ਕਰੇ ਪੜ੍ਹਾਈਆ । ਝਗੜਾ ਮੁਕਾ ਕੇ ਜਾਤ ਪਾਤ, ਇਕੋ ਬ੍ਰਹਮ ਰਿਹਾ ਸਮਝਾਈਆ । ਸਾਚਾ ਪਰਵਿਸ਼ਟਾ ਵੇਖ ਵੇਖੇ ਸਾਚੀ ਰਾਸ, ਧੁਰ ਰਸਤਾ ਖੋਜ ਖੁਜਾਈਆ । ਜਿਨ੍ਹਾਂ ਵਿਛੜਿਆ ਉਨ੍ਹਾਂ ਦੇ ਆਇਆ ਪਾਸ, ਪਾਸਾ ਬਦਲ ਕੇ ਆਇਆ ਬੇਪਰਵਾਹੀਆ । ਸਭ ਦੀ ਸੁਣ ਦਰਖਾਸ, ਦਰ ਦਰ ਸਾਜਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਪੜਦਾ ਦਏ ਉਠਾਈਆ । ਧਰਨੀ ਕਹੇ ਮੈਨੂੰ ਖ਼ੁਸ਼ੀ ਹੋਈ ਬਹੁਤ, ਬੇਨੰਤੀ ਦਿਆਂ ਜਣਾਈਆ । ਸੁੱਤੀ ਨੂੰ ਆਈ ਹੋਸ਼, ਲਈ ਮਾਤ ਅੰਗੜਾਈਆ । ਰਸਨਾ ਰਹੀ ਨਾ ਮੇਰੀ ਖ਼ਾਮੋਸ਼, ਕੂਕਾਂ ਦਿਆਂ ਦੁਹਾਈਆ । ਪ੍ਰਭ ਤੱਕਿਆ ਨਿਰਮਲ ਜੋਤ, ਜੋਤ ਜੋਤ ਰੁਸ਼ਨਾਈਆ । ਜਿਸ ਦਾ ਸਚਖੰਡ ਦਵਾਰਾ ਸਾਚਾ ਕੋਟ, ਬੰਕ ਇਕੋ ਇਕ ਵਡਿਆਈਆ । ਇਨ੍ਹਾਂ ਮੇਟਣ ਆਇਆ ਪਿਛਲੀ ਸੋਚ, ਭਗਤ ਬਣਾ ਕੇ ਭਗਵਨ ਆਪਣਾ ਰੰਗ ਰੰਗਾਈਆ । ਝਗੜਾ ਮੁਕਾ ਕੇ ਲੋਕ ਪਰਲੋਕ, ਲੁਕਿਆਂ ਨੂੰ ਰਿਹਾ ਉਠਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੱਸ ਕੇ ਸਚ ਸਲੋਕ, ਸੋਹਲਾ ਆਪਣਾ ਇਕ ਗਵਾਈਆ । ਜਿਸ ਦਾ ਭਾਣਾ ਕੋਈ ਨਾ ਸਕੇ ਰੋਕ, ਅਗੇ ਹੋ ਨਾ ਕੋਇ ਅਟਕਾਈਆ । ਸੋ ਭਗਤਾਂ ਦੇਵਣਹਾਰਾ ਸਾਚੀ ਮੌਜ, ਮਜਲਸ ਆਪਣੇ ਨਾਲ ਰਖਾਈਆ । ਮਮਤਾ ਮੈਂ ਰਹੇ ਨਾ ਰੋਗ, ਹਉਮੇ ਰੂਪ ਨਾ ਕੋਇ ਵਖਾਈਆ । ਸਾਚਾ ਦੱਸ ਪ੍ਰਭ ਦਾ ਜੋਗ, ਜੁਗਤੀ ਇਕੋ ਦਏ ਜਣਾਈਆ । ਅੰਦਰ ਰਹੇ ਨਾ ਚਿੰਤਾ ਸੋਗ, ਗ਼ਮੀ ਦਾ ਗ਼ਮ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਧਰਨੀ

ਕਹੇ ਮੈਨੂੰ ਦਿਉ ਵਧਾਈ, ਮੈਂ ਖ਼ੁਸ਼ੀਆਂ ਵਿਚ ਸੁਣਾਈਆ । ਸਤਿਜੁਗ ਰੀਤੀ ਕਲਜੁਗ ਅੰਤ ਪੂਰ ਕਰਾਈ, ਤਰੇਤਾ ਦੁਆਪਰ ਦੇਣ ਗਵਾਹੀਆ । ਬਾਵਨ ਮਿਲੇ ਵਡਿਆਈ, ਰਿਸ਼ੀਆਂ ਹੋਈ ਕੁੜਮਾਈਆ । ਭਗਤਾਂ ਰੰਗ ਚੜ੍ਹਾਈ, ਕਟੀ ਗਈ ਜੁਦਾਈਆ । ਮੇਲਾ ਹੋਇਆ ਭਾਈ ਭਾਈ, ਭਾਵੀ ਸਿਰ ਤੇ ਰਹੀ ਨਾ ਰਾਈਆ । ਧਰਨੀ ਹੋਈ ਸੁਹਾਈ, ਧਰਤ ਨੈਣ ਉਠਾਈਆ । ਧਵਲ ਢੋਲੇ ਰਹੀ ਗਾਈ, ਧਉਲ ਭਾਰ ਚੁੱਕ ਕੇ ਖ਼ੁਸ਼ੀ ਮਨਾਈਆ । ਰਵ ਸਸ ਨੂਰ ਰੁਸ਼ਨਾਈ, ਮੰਡਲ ਮੰਡਪ ਪੜਦਾ ਲਾਹੀਆ । ਬ੍ਰਹਿਮੰਡ ਖੰਡ ਵੇਖਣ ਚਾਈਂ ਚਾਈਂ, ਗੁਰ ਅਵਤਾਰ ਪੈਗ਼ੰਬਰ ਵੱਜੀ ਵਧਾਈਆ । ਆਤਮ ਪਰਮਾਤਮ ਹੋਈ ਕੁੜਮਾਈ, ਭਗਤ ਭਗਵਾਨ ਵੱਜੇ ਸ਼ਨਵਾਈਆ । ਪੂਰਬ ਲੇਖਾ ਰਹੇ ਨਾ ਰਾਈ, ਲਹਿਣਾ ਦੇਣਾ ਸਭ ਦੀ ਝੋਲੀ ਪਾਈਆ । ਖ਼ੁਸ਼ੀਆਂ ਵਾਲੀ ਘੜੀ ਸੁਹੰਜਣੀ ਆਈ, ਮਾਤਲੋਕ ਮਿਲੀ ਵਡਿਆਈਆ । ਧਰਨੀ ਕਹੇ ਮੇਰੀ ਭੂਮਿਕਾ ਭਾਵਨਾ ਖ਼ੁਸ਼ੀਆਂ ਗੀਤ ਗਾਈ, ਗਾ ਗਾ ਆਪ ਸੁਣਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਬੇਪਰਵਾਹੀ, ਜੋ ਵਿਛੜਿਆਂ ਰਿਹਾ ਮਿਲਾਈਆ । ਉਜੜਿਆਂ ਰਿਹਾ ਵਸਾਈ, ਬਿਖੜਿਆਂ ਰਿਹਾ ਜੁੜਾਈ, ਜੋੜ ਆਪਣੇ ਨਾਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਕਵਲ ਉਪਰ ਧਵਲ ਧਰਨੀ ਕਾਰਨ ਰਿਹਾ ਟਿਕਾਈਆ ।



## ੨੦ ਜੇਠ ਸ਼ਹਿਨਸ਼ਾਹੀ ਸੰਮਤ ੨ ਇੰਦਰ ਸਿੰਘ ਦੇ ਗ੍ਰਹਿ ਪਿੰਡ ਧੰਗਾਲੀ ਕੈਂਪ ਖੂਣ ਜੰਮੂ

ਧਰਨੀ ਕਹੇ ਸਤਾਸੀ ਸਾਲ ਏਥੇ ਰਿਸ਼ੀਆਂ ਦਾ ਧੂੰਆਂ ਰਿਹਾ ਧੁਖਦਾ, ਆਹੂਤੀ ਸੁਗੰਧੀ ਵਾਲੀ ਪਾਈਆ । ਰਸ ਮਾਣਦੇ ਰਹੇ ਨਾਮ ਵਾਲੇ ਸੁਖ ਦਾ, ਅੰਦਰੇ ਅੰਦਰ ਰਹੇ ਧਿਆਈਆ । ਸੀਸ ਰਿਹਾ ਝੁਕਦਾ, ਭਬੂਤੀ ਖ਼ਾਕ ਰਮਾਈਆ । ਸ਼ੰਕਰ ਰਿਹਾ ਲੁਕਦਾ, ਨਜ਼ਰ ਕਿਸੇ ਨਾ ਆਈਆ । ਜਾਪ ਬਣਿਆ ਰਿਹਾ ਮੁਖ ਦਾ, ਰਸਨਾ ਨਾਲ ਵਡਿਆਈਆ । ਪੜਦਾ ਖੁਲ੍ਹਿਆ ਨਾ ਇਕ ਤੁਕ ਦਾ, ਰੂਪ ਰੂਪ ਵਿਚ ਨਾ ਕੋਇ ਸਮਾਈਆ । ਜਗਤ ਜਹਾਨ ਨਿਸ਼ਾਨਿਓਂ ਰਿਹਾ ਉਕਦਾ, ਤੀਰ ਬੇਨਜ਼ੀਰ ਨਾ ਕੋਇ ਚਲਾਈਆ । ਮਾਣਸ ਜਾਮਾ ਮਿਲਦਾ ਰਿਹਾ ਮਨੁੱਖ ਦਾ, ਮਾਨਵ ਦਾਨਵ ਖੇਲ ਖਿਲਾਈਆ । ਭੇਵ ਲੱਭਿਆ ਨਾ ਮਾਲਕ ਉਸ ਦਾ, ਜਿਸ ਦੀ ਉਸਤਤ ਸਾਰੇ ਗਾਈਆ । ਪੜਦਾ ਚੁਕਿਆ ਨਾ ਹਨੇਰੀ ਗੁੱਠ ਦਾ, ਨੂਰ ਜਹੂਰ ਨਾ ਕੋਇ ਰੁਸ਼ਨਾਈਆ । ਦਰਦ ਗਿਆ ਨਾ ਅੰਦਰਲੀ ਹੁਕ ਦਾ, ਸਾਹ ਸਾਹ ਸਤਾਈਆ । ਸ਼ਬਦ ਅਗੰਮੀ ਵਿਚ ਅਬਿਨਾਸ਼ੀ ਕਰਤਾ ਇਕ ਦਿਨ ਪੁਛਦਾ, ਕੁਛ ਮੈਨੂੰ ਦਿਉ ਜਣਾਈਆ । ਕੀ ਤੁਹਾਡਾ ਨਾਤਾ ਜੁੜਿਆ ਪਿਉ ਪੁਤ ਦਾ, ਪਰਮਾਤਮ ਆਪਣੀ ਗੋਦ ਉਠਾਈਆ । ਇਹ ਸ਼ਬਦ ਸੁਣ ਕੇ ਰਿਸ਼ੀਆਂ ਦਾ ਦਿਲ ਦੁਖਦਾ, ਨੇਤਰ ਰੋਵਨ ਮਾਰਨ ਧਾਈਂਆ । ਦਰਸ਼ਨ ਹੋਇਆ ਨਹੀਂ ਅਬਿਨਾਸ਼ੀ ਅਚੁਤ ਦਾ, ਮਿਲਿਆ ਮੇਲ ਨਾ ਬੇਪਰਵਾਹੀਆ । ਏਸੇ ਕਾਰਨ ਅਗਲਾ ਪੈਂਡਾ ਨਹੀਂ ਮੁਕਦਾ, ਭੱਜੀਏ ਵਾਹੋ ਦਾਹੀਆ । ਜਗਤ ਜਹਾਨ ਨਹੀਂ ਛੁਟਦਾ, ਛੁਟੀ ਲਿਵ ਨਾ ਕੋਇ ਲਗਾਈਆ । ਸਹਾਰਾ ਤੱਕਿਆ ਬਲ ਦੇ ਟੁੱਕ ਦਾ, ਭੰਡਾਰੇ ਵਿਚੋਂ ਖਾ ਕੇ ਖ਼ੁਸ਼ੀ ਮਨਾਈਆ । ਬਾਵਨ ਖੇਲ ਦੱਸਿਆ ਕੁਛ ਕੁਛ ਦਾ, ਕੁਛ ਸਮਝ ਕੋਇ ਨਾ ਆਈਆ । ਸਾਡਾ ਧੂਣੀ ਵਾਲਾ ਧੂੰਆਂ ਧੁਖਦਾ, ਧੁੰਆਂਧਾਰ ਰਿਹਾ ਵਖਾਈਆ । ਨਜ਼ਾਰਾ ਤੱਕਿਆ ਨਹੀਂ ਮੁਖ ਉਜਲ ਦਾ, ਸਾਫ਼ ਸੁਥਰਾ ਨਜ਼ਰੀ ਆਈਆ ।

ਜਿਹੜਾ ਆਪਣੀ ਧਾਰੋਂ ਉਠਦਾ, ਨਿਰਗੁਣ ਹੋ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਸਮਝਾਈਆ । ਧਰਨੀ ਕਹੇ ਮੇਰੇ ਉਤੇ ਤਪਦਾ ਰਿਹਾ ਅੰਗੀਠਾ, ਅਗਨੀ ਈਂਧਨ ਭੇਟ ਚੜ੍ਹਾਈਆ । ਰਿਸ਼ੀਆਂ ਦਾ ਜੀਵਣ ਰਿਹਾ ਜੀਤਾ, ਸਹਾਰਾ ਓਟ ਤਕਾਈਆ । ਸਿਧੀ ਰਖਦੇ ਰਹੇ ਨੀਤਾ, ਅੰਦਰ ਕੂੜ ਕਪਟ ਨਾ ਕੋਇ ਵਧਾਈਆ । ਪੁਰਖ ਅਬਿਨਾਸ਼ੀ ਲੱਭਦੇ ਰਹੇ ਮੀਤਾ, ਤਨ ਭਬੂਤੀ ਖ਼ਾਕ ਰਮਾਈਆ । ਮਿਲਿਆ ਮੇਲ ਨਾ ਸਾਹਿਬ ਅਨਡੀਠਾ, ਨੇਤਰ ਨੈਣ ਨਾ ਕੋਇ ਰੁਸ਼ਨਾਈਆ । ਭਾਗ ਲੱਗਿਆ ਨਾ ਕਿਸੇ ਸੀਸਾ, ਸਿਰ ਹੱਥ ਨਾ ਕੋਇ ਟਿਕਾਈਆ । ਬ੍ਰਹਮ ਪਾਇਆ ਨਾ ਪਾਰਬ੍ਰਹਮ ਜਗਦੀਸ਼ਾ, ਜਗਦੀਸ਼ਰ ਮਿਲ ਨਾ ਖ਼ੁਸ਼ੀ ਮਨਾਈਆ । ਪੂਰੀ ਹੋਈ ਕਿਸੇ ਨਾ ਰੀਝਾ, ਮਿਲੀ ਮਾਣ ਨਾ ਕੋਇ ਵਡਿਆਈਆ । ਸਿੱਧਾ ਹੋਇਆ ਨਾ ਕਿਸੇ ਦੀਦਾ, ਦੀਦ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੜਦਾ ਓਹਲਾ ਨਾ ਕੋਇ ਚੁਕਾਈਆ । ਧਰਨੀ ਕਹੇ ਧੂੰਏਂ ਉਤੇ ਰਿਸ਼ੀਆਂ ਮਾਰਿਆ ਧਰਨਾ, ਇਕ ਸੌ ਅੱਠ ਦਿਨ ਲਗਾਈਆ । ਪ੍ਰਭੂ ਵੈਰਾਗ ਅੰਦਰ ਮਰਨਾ, ਜੀਵਣ ਦੀ ਲੋੜ ਰਹੇ ਨਾ ਰਾਈਆ । ਲੱਭਣੀ ਸਾਚੀ ਸਰਨਾ, ਓਟ ਅਵਰ ਨਾ ਕੋਇ ਤਕਾਈਆ । ਇਕੋ ਮੰਜ਼ਲ ਚੜ੍ਹਨਾ, ਜਿਥੋਂ ਸਕੇ ਨਾ ਕੋਇ ਉਠਾਈਆ । ਇਕੋ ਅੱਖਰ ਪੜ੍ਹਨਾ, ਜਿਸ ਦੀ ਵੱਜਦੀ ਰਹੇ ਵਧਾਈਆ । ਇਕੋ ਪੱਲੂ ਫੜਨਾ, ਜਿਸ ਨੂੰ ਦੋ ਜਹਾਨ ਨਾ ਕੋਇ ਛੁਡਾਈਆ । ਇਕੋ ਨੇਤਰ ਖੁਲ੍ਹੇ ਹਰਨਾਂ ਫਰਨਾਂ, ਨਿਜ ਆਤਮ ਪਰਮਾਤਮ ਮੇਲਾ ਸਹਿਜ ਸੁਭਾਈਆ । ਇਕੋ ਮਿਲੇ ਸਰਨਾਈ ਚਰਨਾਂ, ਚਰਨ ਚਰਨੋਦਕ ਪੀ ਕੇ ਖ਼ੁਸ਼ੀ ਵਖਾਈਆ । ਇਕੋ ਭੈ ਭੌ ਰਹੇ ਨਾ ਡਰਨਾ, ਭਰਮ ਅੰਦਰੋਂ ਦਏ ਕਢਾਈਆ । ਡੂੰਘੀ ਕੰਦਰ ਮਿਲੇ ਨਾ ਵੜਨਾ, ਜੰਗਲਾਂ ਵਿਚ ਨਾ ਕੋਇ ਭਰਮਾਈਆ । ਅਗਨੀ ਅੱਗ ਨਾ ਪਏ ਸੜਨਾ, ਧੂਣੀ ਧਵਲ ਨਾ ਕੋਇ ਤਪਾਈਆ । ਜੋਗ ਅਭਿਆਸ ਨਾ ਪਏ ਕਰਨਾ, ਕਰਤਾ ਮਿਲੇ ਬੇਪਰਵਾਹੀਆ । ਸੋ ਕਰਤਾ ਬਖ਼ਸ਼ੇ ਆਪਣੀ ਸਰਨਾ, ਸਰਨ ਸਵਾਮੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਰਿਕਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਿਸ਼ੀਆਂ ਮਰਨ ਦਾ ਕੀਤਾ ਹਠ, ਇਕ ਸੌ ਅੱਠ ਦਿਨ ਧਿਆਨ ਲਗਾਈਆ । ਪੁਰਖ ਅਬਿਨਾਸ਼ੀ ਆਇਆ ਨਠ, ਨਿਰਗੁਣ ਹੋ ਕੇ ਫੇਰੀ ਪਾਈਆ । ਹੌਲੀ ਹੌਲੀ ਅੰਦਰ ਵੜ ਕੇ ਦਿਤਾ ਦੱਸ, ਸਹਿਜ ਸਹਿਜ ਸਮਝਾਈਆ । ਰਿਸ਼ੀਓ ਤੁਸੀਂ ਪਓ ਹੱਸ, ਭੇਵ ਅਭੇਦਾ ਦਿਆਂ ਖੁਲ੍ਹਾਈਆ । ਪੁਰਖ ਅਬਿਨਾਸ਼ੀ ਹੁਕਮ ਦੇਵੇ ਸਮਰਥ, ਧੁਰ ਫ਼ੁਰਮਾਨ ਆਪ ਜਣਾਈਆ । ਜੋ ਜੁਗ ਚੌਕੜੀ ਚਲਾਵੇ ਰਥ, ਲੱਖ ਚੁਰਾਸੀ ਰਿਹਾ ਭਵਾਈਆ । ਤੁਹਾਨੂੰ ਹੁਕਮ ਸੰਦੇਸ਼ੇ ਦੇਵਾਂ ਸਚ, ਸਚ ਸਚ ਦ੍ਰਿੜਾਈਆ । ਤੁਸੀਂ ਕਾਇਆ ਮਾਟੀ ਪੰਜ ਤਤ ਸਰੀਰ ਜਾਣਾ ਛੱਡ, ਅੰਤ ਰਹਿਣ ਕੋਇ ਨਾ ਪਾਈਆ । ਸ੍ਰਿਸ਼ਟੀ ਨਾਲੋਂ ਹੋ ਕੇ ਅੱਡ, ਪ੍ਰਭ ਦੀ ਧਾਰ ਜਾਣਾ ਸਮਾਈਆ । ਜਿਥੋਂ ਕੋਈ ਨਾ ਸਕੇ ਲੱਭ, ਜਗਤ ਨੇਤਰ ਨਜ਼ਰ ਕੋਇ ਨਾ ਪਾਈਆ । ਜਿਸ ਵੇਲੇ ਕਲਜੁਗ ਅੰਤਮ ਮੁਕਿਆ ਪੰਧ, ਲੋਕਮਾਤ ਤੁਹਾਡਾ ਜਨਮ ਲਏ ਪਰਗਟਾਈਆ । ਸੋਹੰ ਢੋਲਾ ਸੁਣਾ ਕੇ ਛੰਦ, ਸ਼ੰਕਾ ਪਿਛਲਾ ਦਏ ਉਠਾਈਆ । ਆਤਮ ਪਰਮਾਤਮ ਦੇ ਕੇ ਆਨੰਦ, ਸੁਖਸਾਗਰ ਵਿਚ ਸਮਾਈਆ । ਏਸੇ ਧਰਤੀ ਆਉਣਾ ਮਾਰਗ ਪੰਧ, ਸਭ ਨੇ ਭੱਜਣਾ ਚਾਈਂ ਚਾਈਆ । ਪੁਰਖ ਅਬਿਨਾਸ਼ੀ ਚਾੜ੍ਹੇ ਰੰਗ, ਅਨਮੋਲਾ ਆਪ ਰੰਗਾਈਆ । ਮਾਨਸ ਜਨਮ ਹੋਣ ਨਾ ਦੇਵੇ ਭੰਗ, ਜੋਤੀ ਜੋਤ ਕਰੇ ਰੁਸ਼ਨਾਈਆ । ਆਤਮ ਪਰਮਾਤਮ ਪਿਆਰ ਦਾ ਕਰ ਕੇ ਢੰਗ, ਤਰੀਕਾ ਇਕ ਉਪਜਾਈਆ । ਹੁਕਮੇ ਅੰਦਰ ਸਾਰੇ ਗੰਢ, ਇਕੱਠੇ

ਕਰ ਕੇ ਲਏ ਬਹਾਈਆ । ਅਗਨੀ ਧੂੰਏਂ ਦੀ ਥਾਂ ਅੰਮ੍ਰਿਤ ਦੀ ਪਾਵੇ ਠੰਡ, ਲੱਕੜੀ ਬਾਲਣ ਦੀ ਲੋੜ ਰਹੇ ਨਾ ਰਾਈਆ । ਨਿਰਗੁਣ ਹੋ ਕੇ ਸਰਗੁਣ ਲਾਵੇ ਅੰਗ, ਅੰਗੀਕਾਰ ਆਪ ਅਖਵਾਈਆ । ਤੁਹਾਡੀ ਆਤਮ ਸੇਜ ਹੰਢਾਵੇ ਪਲੰਘ, ਪਤਿਪਰਮੇਸ਼ਵਰ ਸਦ ਆਪਣੀ ਆਸ ਕਰਾਈਆ । ਜਗਤ ਹੈਰਾਨੀ ਵਿਚ ਤੁਸਾਂ ਹੋਣਾ ਨਹੀਂ ਦੰਗ, ਦੰਗਲ ਵੇਖਣਾ ਸ੍ਰਿਸ਼ਟ ਸਬਾਈਆ । ਤੁਹਾਡੀ ਆਸਾ ਮਨਸਾ ਪੂਰੀ ਕਰੇ ਮੰਗ, ਅਗੇ ਮੰਗਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਬਖ਼ਸ਼ੰਦ, ਪੂਰਬ ਬਾਕੀ ਦੇਵੇ ਬਣ ਕੇ ਸਾਥੀ, ਭਾਗ ਲਗਾ ਕੇ ਧਰਨੀ ਖ਼ਾਕੀ, ਧੂਣੀ ਦੀ ਜਗਹ ਪ੍ਰੀਤ ਦੇਵੇ ਦੂਣੀ, ਦੋਹਰਾ ਨਾਤਾ ਪੁਰਖ ਬਿਧਾਤਾ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੇ ਨਾਲ ਜੁੜਾਈਆ ।

### ✪ ੨੦ ਜੇਠ ਸ਼ਹਿਨਸ਼ਾਹੀ ਸੰਮਤ ੨ ਬਾਬੂ ਰਾਮ ਦੇ ਗ੍ਰਿਹ ਪਿੰਡ ਧੰਗਾਲੀ ਕੈਂਪ ਖੂਣ ਜੰਮੂ ✪

ਧਰਨੀ ਕਹੇ ਮੈਂ ਧੂਣੀ ਨਾਲ ਰਹੀ ਸੜਦੀ, ਅੰਦਰੇ ਅੰਦਰ ਰਹੀ ਤਪਾਈਆ । ਰਿਸ਼ੀਆਂ ਕੋਲੋਂ ਰਹੀ ਡਰਦੀ, ਕੋਈ ਸਰਾਫ ਨਾ ਦੇਵੇ ਸੁਣਾਈਆ । ਪ੍ਰਭ ਨੂੰ ਯਾਦ ਰਹੀ ਕਰਦੀ, ਨੇਤਰ ਰੋ ਰੋ ਨੀਰ ਵਹਾਈਆ । ਮਾਲਕ ਮਹਿਰਮ ਮਿਲੇ ਦਰਦੀ, ਜੋ ਦੁਖੀਆਂ ਦੁੱਖ ਮਿਟਾਈਆ । ਮੇਰੀ ਸ਼ਾਂਤ ਹੋਵੇ ਸੜਦੀ, ਸਾਂਤਕ ਸਤਿ ਕਰਾਈਆ । ਮੈਂ ਇਕੋ ਗੀਤ ਰਹੀ ਪੜ੍ਹਦੀ, ਤੂੰਹੀ ਤੂੰ ਰਾਗ ਅਲਾਈਆ । ਪ੍ਰਭ ਦਾ ਭਾਣਾ ਰਹੀ ਜਰਦੀ, ਸਿਰ ਅਗਨੀ ਤਤ ਤਪਾਈਆ । ਪ੍ਰਭੂ ਵੇਖ ਖੇਲ ਆਪਣੇ ਘਰ ਦੀ, ਕਿਉਂ ਭਗਤਾਂ ਰਿਹਾ ਸਤਾਈਆ । ਤੇਰੀ ਧਾਰ ਲੱਭਿਆਂ ਨਹੀਂ ਕਿਸੇ ਲੱਭਦੀ, ਸਾਰੇ ਭੱਜਣ ਵਾਹੋ ਦਾਹੀਆ । ਆਹੂਤੀ ਦੇ ਕੇ ਬੈਠੇ ਅੱਗ ਦੀ, ਅੰਦਰੋਂ ਅੱਗ ਨਾ ਕੋਇ ਬੁਝਾਈਆ । ਰੀਤੀ ਵੇਖੀ ਜਗ ਦੀ, ਜਗਜੀਵਣ ਦਾਤਾ ਮਿਲੇ ਨਾ ਕਿਸੇ ਗੁਸਾਈਆ । ਖੇਲ ਹੋ ਗਈ ਅੰਤ ਅਖ਼ੀਰੀ ਹੱਦ ਦੀ, ਰੋ ਰੋ ਕੇ ਰਹੀ ਕੁਰਲਾਈਆ । ਮੇਰੀ ਧੀਰਜ ਨਹੀਂ ਬੱਝਦੀ, ਸਤਿ ਸੰਤੋਖ ਨਾ ਕੋਇ ਵਖਾਈਆ । ਮੇਰੀ ਆਵਾਜ਼ ਮੁਕ ਗਈ ਸ਼ਾਹਰਗ ਦੀ, ਅਗੇ ਕਹਿਣ ਸੁਣਨ ਦੀ ਲੋੜ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇਣਾ ਮੁਕਾਈਆ । ਧਰਨੀ ਕਹੇ ਮੈਨੂੰ ਅੱਗ ਨਾਲ ਦਿਤਾ ਤਾਅ, ਧੂਣੀਆਂ ਵਾਲਿਆਂ ਧੂਣੇ ਲਾਈਆ । ਮੇਰੀ ਕਿਸੇ ਨਾ ਸੁਣੀ ਹਾ, ਹੌਕਾ ਲੈ ਕੇ ਰਹੀ ਕੁਰਲਾਈਆ । ਕੋਈ ਨਾ ਪਕੜੇ ਬਾਂਹ, ਫੜ ਬਾਹੋਂ ਨਾ ਕੋਇ ਉਠਾਈਆ । ਸਾਚਾ ਕਰੇ ਨਾ ਕੋਇ ਨਿਆਂ, ਅਦਾਲਤ ਹੱਕ ਨਾ ਕੋਇ ਬਣਾਈਆ । ਨਾਲੇ ਸਾਰੇ ਮੈਨੂੰ ਕਹਿੰਦੇ ਧਰਤੀ ਮਾਂ, ਸੀਨਾ ਸਾੜ ਕੇ ਰਹੇ ਵਖਾਈਆ । ਸਾਚਾ ਦਿਸੇ ਕੋਈ ਨਾ ਥਾਂ, ਪ੍ਰਭੂ ਭੱਜੀ ਵਾਹੋ ਦਾਹੀਆ । ਕਿਰਪਾ ਕਰ ਸੱਚੇ ਸ਼ਹਿਨਸ਼ਾਹ, ਤੇਰੀ ਓਟ ਤਕਾਈਆ । ਪੁਰਖ ਅਬਿਨਾਸ਼ੀ ਹੱਸ ਕੇ ਕਿਹਾ ਨੇੜੇ ਆ, ਮਿਹਰ ਨਜ਼ਰ ਉਠਾਈਆ । ਮੈਨੂੰ ਆਪਣੀਆਂ ਉਂਗਲੀਆਂ ਨਾਲ ਵਖਾ, ਜਿਹੜੇ ਤੇਰੇ ਉਤੇ ਧੂਣੀਆਂ ਰਹੇ ਤਾਈਆ । ਧਰਨੀ ਸਹਿਜੇ ਦਿਤਾ ਸੁਣਾ, ਪ੍ਰਭ ਤੇਰੀ ਬੇਪਰਵਾਹੀਆ । ਓਹ ਵੇਖ ਤੇਰਾਂ ਸੌ ਸਤਾਸੀ ਇਕੱਠੇ ਨਜ਼ਰੀ ਰਹੇ ਆ, ਜਟਾ ਜੂਟ ਵੇਸ ਰਹੇ ਵਟਾਈਆ । ਬਹੁਤੇ ਮਲਕੇ ਤਨ ਸੁਆਹ, ਨੈਣ ਅੱਖ ਲਾਲ ਚਮਕਾਈਆ । ਬਹੁਤੇ ਸੂਟਾ ਖਿਚਣ ਨਾਲ ਚਾਅ, ਸੁਲਫ਼ਾ ਪੀ ਕੇ ਖ਼ੁਸ਼ੀ ਮਨਾਈਆ । ਬਹੁਤੇ ਕਰ ਕੇ ਉਤਾਂਹ

ਬਾਂਹ, ਦੋਏ ਜੋੜ ਸੀਸ ਝੁਕਾਈਆ । ਬਹੁਤੇ ਨੈਣ ਰਹੇ ਸ਼ਰਮਾ, ਮੁਖ ਧਰਤ ਵਲ ਟਿਕਾਈਆ । ਬਹੁਤੇ ਆਹੂਤੀ ਰਹੇ ਪਾ, ਫਲ ਫੁੱਲ ਭੇਟ ਕਰਾਈਆ । ਬਹੁਤੇ ਭਬੂਤੀ ਰਹੇ ਰਮਾ, ਸਵਾਹ ਸੀਸ ਵਿਚ ਟਿਕਾਈਆ । ਬਹੁਤੇ ਲੰਗੋਟੀ ਰਹੇ ਲਗਾ, ਬਹੁਤੇ ਨਗਨ ਫਿਰਨ ਧਾਈਆ । ਮੈਂ ਵੇਖ ਕੇ ਹੋ ਗਈ ਹੈਰਾਂ, ਹੈਰਾਨੀ ਮੇਰੇ ਅੰਦਰ ਆਈਆ । ਇਹਨਾਂ ਦੀ ਪਕੜੀ ਕਿਸੇ ਨਾ ਬਾਂਹ, ਘਰ ਮਿਲਿਆ ਨਾ ਬੇਪਰਵਾਹੀਆ । ਪ੍ਰਭੂ ਤੇਰਾ ਕੀ ਪਤਾ, ਮੈਨੂੰ ਦੇ ਸਮਝਾਈਆ । ਅਬਿਨਾਸ਼ੀ ਕਰਤੇ ਦਿਤਾ ਸੁਣਾ, ਸ਼ਬਦ ਅਗੰਮੀ ਇਕ ਦ੍ਰਿੜਾਈਆ । ਇਹਨਾਂ ਦਾ ਲਹਿਣਾ ਬਾਕੀ ਰਿਹਾ ਮੁਕਾ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਜਿਸ ਵੇਲੇ ਦੁਆਪਰ ਤਰੇਤਾ ਕਲਜੁਗ ਦਿਤਾ ਲੰਘਾ, ਸਤਿਜੁਗ ਵਾਰੀ ਆਈਆ । ਨਿਰਗੁਣ ਜੋਤ ਕਰਾਂ ਰੁਸ਼ਨਾ, ਲੋਕਮਾਤ ਵੇਸ ਵਟਾਈਆ । ਸ਼ਬਦੀ ਧਾਰ ਲਵਾਂ ਪਰਗਟਾ, ਰੂਪ ਨਾ ਕੋਇ ਵਖਾਈਆ । ਗੋਬਿੰਦ ਮੇਲਾ ਲਵਾਂ ਮਿਲਾ, ਘਰ ਸਾਚੇ ਮੇਲ ਮਿਲਾਈਆ । ਰਿਖੀ ਰਿਖੀਸ਼ਰਾਂ ਜਨਮ ਲਵਾਂ ਦਵਾ, ਲੋਕਮਾਤ ਆਪ ਉਪਜਾਈਆ । ਤੇਰੇ ਉਤੇ ਇਕੱਠੇ ਲਵਾਂ ਕਰਾ, ਹੁਕਮੇ ਅੰਦਰ ਹੁਕਮ ਵਰਤਾਈਆ । ਫਿਰ ਸਹਿਜ ਸੁਭਾਓ ਜਾਵਾਂ ਆ, ਆਪ ਆਪਣਾ ਫੇਰਾ ਪਾਈਆ । ਜਿਥੇ ਰਿਸ਼ੀ ਧੂਣੀ ਰਹੇ ਤਾਅ, ਓਥੇ ਚਰਨ ਕਵਲ ਦਿਆਂ ਟਿਕਾਈਆ । ਅਗਨੀ ਅੱਗ ਕੋਈ ਨਾ ਮਾਰੇ ਭਾਅ, ਤੂੰ ਮੇਰਾ ਮੈਂ ਤੇਰਾ ਢੋਲੇ ਸਾਰੇ ਗਾਈਆ । ਅੰਮ੍ਰਿਤ ਮੇਘ ਤੇਰੇ ਉਤੇ ਜਾਵਾਂ ਛਿੜਕਾ, ਭਗਤਾਂ ਦੀ ਧੂੜ ਤੇਰੇ ਨਾਲ ਮਿਲਾਈਆ । ਸਮੇਂ ਸਾਰ ਸਦ ਕਰਾਂ ਨਿਆਂ, ਇਹ ਮੇਰੀ ਬੇਪਰਵਾਹੀਆ । ਬੇਸ਼ਕ ਤੂੰ ਧਰਤੀ ਸਭ ਦੀ ਇਕੋ ਰਹਿਣੀ ਮਾਂ, ਬਿਨਾ ਬਾਪ ਤੋਂ ਮਾਤਾ ਕੰਮ ਕਿਸੇ ਨਾ ਆਈਆ । ਤੇਰਾ ਲੇਖਾ ਲਹਿਣਾ ਦੇਣਾ ਦਿਆਂ ਚੁਕਾ, ਚੁਕੰਨੀ ਹੋ ਕੇ ਵੇਖਣਾ ਆਪਣੀ ਅੱਖ ਖੁਲ੍ਹਾਈਆ । ਕਲਜੁਗ ਅੰਤ ਹੋਵਾਂ ਸਹਾ, ਸਹਾਇਕ ਹੋ ਕੇ ਦਇਆ ਕਮਾਈਆ । ਧਰਨੀ ਕਿਹਾ ਮੈਂ ਕੀ ਕਹਾਂ, ਪਹਿਚਾਣ ਮੈਨੂੰ ਦੇ ਸਮਝਾਈਆ । ਅਬਿਨਾਸ਼ੀ ਕਰਤੇ ਕਿਹਾ ਜਿਸ ਵੇਲੇ ਸੋਹੰ ਮਹਾਰਾਜ ਸਿੰਘ ਵਿਸ਼ਨੂੰ ਭਗਵਾਨ ਜਨ ਭਗਤਾਂ ਲੈਣਾ ਗਾ, ਤੂੰ ਸਮਝੀਂ ਮੇਰਾ ਵੇਲਾ ਵਕ਼ਤ ਗਿਆ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਫੜ ਫੜ ਬਾਂਹ, ਸਹਾਇਕ ਨਾਇਕ ਇਕੋ ਇਕ ਅਖਵਾਈਆ ।

### ✪ ੨੦ ਜੇਠ ਸ਼ਹਿਨਸ਼ਾਹੀ ਸੰਮਤ ੨ ਕਰਮੋ ਦੇਵੀ ਦੇ ਗ੍ਰਿਹ ਪਿੰਡ ਧੰਗਾਲੀ ਕੈਂਪ ਖੂਣ ਜੰਮੂ ✪

ਧਰਨੀ ਕਹੇ ਮੇਰਾ ਠਾਂਡਾ ਹੋਇਆ ਹਿਰਦਾ, ਅੰਮ੍ਰਿਤ ਵਹਿਣ ਦਿਤਾ ਵਹਾਈਆ । ਭਗਤਾਂ ਭਗਵਾਨ ਮਿਲਿਆ ਵਿਛੜਿਆ ਚਿਰ ਦਾ, ਚਿਰੀ ਵਿਛੁੰਨੇ ਮੇਲ ਮਿਲਾਈਆ । ਅਗੰਮੀ ਧਾਰ ਆ ਗਿਆ ਫਿਰਦਾ ਫਿਰਦਾ, ਫਿਰਤ ਫਿਰਤ ਆਪਣਾ ਖੇਲ ਖਿਲਾਈਆ । ਗੁਰਮੁਖਾਂ ਘੇਰਾ ਰਖੇ ਚੌਗਿਰਦਾ, ਗਿਰਵਰ ਗਿਰਧਾਰ ਭਗਤਾਂ ... ... ... ... ... ... ... ... ... । ਸਚ ਦਵਾਰੇ ਜਿਨ੍ਹਾਂ ਦਾ ਲੇਖਾ ਨਿਬੜਦਾ, ਲਹਿਣਾ ਰਿਹਾ ਚੁਕਾਈਆ । ਮੈਨੂੰ ਯਾਦ ਆਇਆ ਲੇਖਾ ਬਿਦਰ ਦਾ, ਬਿਧ ਨਾਲ ਸਮਝਾਈਆ । ਜਿਹੜਾ ਪ੍ਰਭ ਦੀ ਧਾਰੋਂ ਨਿਤਰਦਾ, ਆਪਣੀ ਭਗਤੀ ਨਾ ਕੋਇ ਵਖਾਈਆ । ਸਦਾ ਲਾਹਾ ਲਿਆ ਸਾਚੇ ਮਿੱਤਰ ਦਾ, ਅਲੂਣਾ ਸਾਗ ਖਾ ਕੇ ਦਏ ਵਡਿਆਈਆ । ਪ੍ਰੇਮ ਪਿਆਰ ਵੇਖਿਆ ਧੁਰ ਦੇ ਇਸ਼ਕ ਦਾ, ਮੁਹੱਬਤ ਨਾਤਾ ਇਕ

੭੪੮
੧੯

੭੪੯
੧੯

ਜਣਾਈਆ । ਝਗੜਾ ਚੁੱਕਿਆ ਟਾਂਕ ਜਿਸਤ ਦਾ, ਜਿਸਮ ਜ਼ਮੀਰ ਦਿਤੀ ਬਦਲਾਈਆ । ਭਰੋਸਾ ਦੇ ਕੇ ਚਰਨ ਪ੍ਰੀਤੀ ਸਿਦਕ ਦਾ, ਸਦਨਾ ਸੈਣ ਪਾਰ ਲੰਘਾਈਆ । ਕਬੀਰ ਮੰਜ਼ਲ ਕਦੇ ਨਾ ਖ਼ਿਸਕਦਾ, ਰਵੀ ਪਾਣਾਂ ਗੰਢ ਕੇ ਝਟ ਲੰਘਾਈਆ । ਧਰੂ ਪ੍ਰਹਿਲਾਦ ਮਾਣ ਦੇ ਕੇ ਸਾਚੀ ਹਿੰਮਤ ਦਾ, ਜਗਤ ਨਾਤਾ ਦਿਤਾ ਤੁੜਾਈਆ । ਸੋ ਖੇਲ ਵੇਖੇ ਆਪਣੀ ਸਿੰਮਤ ਦਾ, ਉੱਤਰ ਪੂਰਬ ਪੱਛਮ ਦੱਖਣ ਖੋਜ ਖੁਜਾਈਆ । ਝਗੜਾ ਮੁਕਾ ਕੇ ਕਲਜੁਗ ਕੂੜ ਕੁੜਿਆਰ ਨਿੰਦਕ ਦਾ, ਸੁਖਸਾਗਰ ਵਿਚ ਸਮਾਈਆ । ਰੋਗ ਰਹੇ ਨਾ ਚਿੰਤਕ ਦਾ, ਚਿੰਤਾ ਗ਼ਮ ਨਾ ਕੋਇ ਸਤਾਈਆ । ਰਸ ਦੇਵੇ ਜਨ ਭਗਤਾਂ ਖਾਧੇ ਨਿਮਕ ਦਾ, ਨਿਮਕ ਹਰਾਮ ਨਾ ਕਦੇ ਅਖਵਾਈਆ । ਦੇਣਾ ਦੇਵੇ ਪ੍ਰੇਮ ਪਿਆਰ ਦੀ ਮਿੰਨਤ ਦਾ, ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਧਰਨੀ ਕਹੇ ਮੇਰੇ ਅੰਤਰ ਆਏ ਹਾਸਾ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਭਗਤਾਂ ਵੇਖਿਆ ਭਰਵਾਸਾ, ਜੋ ਬੈਠੇ ਖ਼ੁਸ਼ੀ ਮਨਾਈਆ । ਪੈਂਦੀ ਵੇਖੀ ਰਾਸਾ, ਸੁਰਤੀ ਸ਼ਬਦ ਨਾਚ ਨਚਾਈਆ । ਪੂਰੀ ਹੁੰਦੀ ਵੇਖੀ ਆਸਾ, ਤ੍ਰਿਸ਼ਨਾ ਰਿਹਾ ਬੁਝਾਈਆ । ਰਿਖੀਆਂ ਦਾ ਸਵਾਸਾ, ਸਾਹ ਸਾਹ ਆਪਣੇ ਵਿਚ ਮਿਲਾਈਆ । ਝਗੜਾ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਰਿਹਾ ਮਿਟਾਈਆ । ਪੂਰਬ ਜਨਮ ਦਾ ਘਾਟਾ, ਸਹਿਜੇ ਪੂਰ ਕਰਾਈਆ । ਅਗਲੀ ਚੁੱਕੇ ਵਾਟਾ, ਪਿਛਾ ਯਾਦ ਕੋਇ ਨਾ ਆਈਆ । ਅਬਿਨਾਸ਼ੀ ਵਸਿਆ ਸਾਥਾ, ਸੋਹਣਾ ਸੰਗ ਬਣਾਈਆ । ਸੋਹੰ ਦੱਸ ਕੇ ਗਾਥਾ, ਗਹਿਰ ਗੰਭੀਰ ਲਿਆ ਉਠਾਈਆ । ਬਾਵਨ ਦਾ ਮੰਨ ਕੇ ਆਖਾ, ਕਲਜੁਗ ਅੰਤਮ ਵੇਖ ਵਖਾਈਆ । ਨਜ਼ਰੀ ਆਏ ਸਾਖਿਆਤਾ, ਸਾਹਿਬ ਸਵਾਮੀ ਦਇਆ ਕਮਾਈਆ । ਜਨ ਭਗਤਾਂ ਪੁਛੇ ਵਾਤਾ, ਵਾਹਵਾ ਵੱਜਦੀ ਰਹੇ ਵਧਾਈਆ । ਝਗੜਾ ਮੁਕਾਏ ਜਾਤਾ ਪਾਤਾ, ਇਕੋ ਰੰਗ ਰਿਹਾ ਰੰਗਾਈਆ । ਹੋ ਕੇ ਦਾਸੀ ਦਾਸਾ, ਧੁਰ ਦੀ ਸੇਵਾ ਸਚ ਕਮਾਈਆ । ਨਿਰਗੁਣ ਜੋਤ ਸਚ ਪਰਕਾਸ਼ਾ, ਪਰਮ ਪੁਰਖ ਬੇਪਰਵਾਹੀਆ । ਸਚ ਦਵਾਰੇ ਦੇਵੇ ਦਾਤਾਂ, ਪੂਰਬ ਲਹਿਣਾ ਖੋਜ ਖੁਜਾਈਆ । ਜਿਥੇ ਧੂੰਏ ਧਾਰ ਵਾਲੀ ਧੁਖਦੀ ਆਗਾ, ਆਗਮਨ ਭਗਤਾਂ ਰਿਹਾ ਕਰਾਈਆ । ਦੀਪਕ ਜੋਤ ਜਗਾ ਚਰਾਗਾ, ਚਰਾਗਾਹਾਂ ਵਿਚ ਦਏ ਵਡਿਆਈਆ । ਜਿਸ ਦਾ ਲਿਖਿਆ ਨਾ ਕਿਸੇ ਸਾਕਾ, ਸੋ ਲਿਖਤ ਭਵਿਖਤ ਰਿਹਾ ਦ੍ਰਿੜਾਈਆ । ਧਰਤੀ ਕਹੇ ਮੇਰੀ ਪੂਰੀ ਕੀਤੀ ਆਸਾ, ਤ੍ਰਿਸ਼ਨਾ ਦਿਤੀ ਬੁਝਾਈਆ । ਮੈਂ ਵੇਖਾਂ ਖੇਲ ਤਮਾਸ਼ਾ, ਨਿਊਂ ਨਿਊਂ ਲਾਗਾਂ ਪਾਈਆ । ਧੰਨ ਭਾਗ ਚਰਨ ਛੋਹਿਆ ਮੇਰੀ ਮਿੱਟੀ ਖ਼ਾਕਾ, ਖ਼ਾਕੀ ਮਿੱਟੀ ਖ਼ਾਲਸ ਦਿਤੀ ਬਣਾਈਆ । ਜਿਹੜੀ ਕਦੀ ਤੁਲੀ ਨਹੀਂ ਧੜੀਆਂ ਸੇਰਾਂ ਵਿਚ ਛਟਾਕਾਂ, ਗੁਰਮੁਖ ਮਸਤਕ ਲਗ ਕੇ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਧਰਤ ਧਵਲ ਕਹੇ ਮੇਰਾ ਲੇਖਾ ਆਪ ਪਛਾਤਾ, ਪਛੋਕੜ ਰੋਕੜ ਓੜਕ ਆਪ ਚੁਕਾਈਆ ।

✪ ੨੦ ਜੇਠ ਸ਼ਹਿਨਸ਼ਾਹੀ ਸੰਮਤ ੨ ਰਾਮ ਸਿੰਘ ਦੇ ਗ੍ਰਿਹਿ ਪਿੰਡ ਧੰਗਾਲੀ ਕੈਂਪ ਖੂਣ ਜੰਮੂ ✪

ਧਰਤੀ ਕਹੇ ਕਿਰਪਾ ਕਰ ਸ੍ਰੀ ਭਗਵਾਨ, ਸਰਬ ਸਵਾਮੀ ਤੇਰੀ ਆਸ ਰਖਾਈਆ । ਧੰਨ ਭਾਗ ਜੋ ਪਹੁੰਚਿਉਂ ਆਣ, ਕਲਜੁਗ ਵੇਲਾ ਅੰਤ

ਦਏ ਦੁਹਾਈਆ । ਚਾਰ ਕੁੰਟ ਦਿਸੇ ਕੂੜ ਨਿਸ਼ਾਨ, ਨਿਸ਼ਾਨਾ ਸਚ ਨਾ ਕੋਇ ਝੁਲਾਈਆ । ਧੁੰਆਂਧਾਰ ਜ਼ਿਮੀਂ ਅਸਮਾਨ, ਨੂਰ ਚੰਦ ਨਾ ਕੋਇ ਰੁਸ਼ਨਾਈਆ । ਦੀਨ ਦੁਨੀ ਸਰਬ ਕੁਰਲਾਣ, ਹਾਹਾਕਾਰ ਸੁਣਾਈਆ । ਸਾਂਤਕ ਸਤਿ ਨਾ ਕੋਈ ਕਰਾਏ ਆ ਅੰਮ੍ਰਿਤ ਪਾਨ, ਵਿਖ ਬਾਹਰ ਨਾ ਕੋਇ ਕਢਾਈਆ । ਕੋਟਾਂ ਵਿਚੋਂ ਜਨ ਭਗਤ ਸੁਹੇਲੇ ਮੰਗਣ ਤੈਥੋਂ ਦਾਨ, ਦਰ ਠਾਂਡੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਮੈਂ ਸੁੱਤੀ ਉਠੀ, ਇਕ ਲਈ ਅੰਗੜਾਈਆ । ਵੇਖਿਆ ਚੌਂਹ ਗੁਠੀ, ਚਾਰ ਕੁੰਟ ਧਿਆਨ ਲਗਾਈਆ । ਬਿਨਾ ਭਗਤਾਂ ਪ੍ਰਭ ਨਾਲ ਕਿਸੇ ਦੀ ਲੱਗੀ ਨਹੀਂ ਰੁਚੀ, ਜਗਤ ਵਾਸਨਾ ਭਰੀ ਲੋਕਾਈਆ । ਕੋਟਾਂ ਵਿਚੋਂ ਥੋੜ੍ਹਿਆਂ ਆਤਮ ਵੇਖੀ ਸੁਚੀ, ਜੋ ਇਕੋ ਢੋਲਾ ਰਹੇ ਗਾਈਆ । ਜਿਨ੍ਹਾਂ ਨੂੰ ਸ਼ਬਦ ਫ਼ਰਮਾਨ ਸੰਦੇਸ਼ਾ ਦੇਵੇ ਤੇਰਾ ਦੂਤੀ, ਘਰ ਘਰ ਆਪ ਉਠਾਈਆ । ਜਨ ਭਗਤਾਂ ਬਸੰਤ ਰੁੱਤ ਮੌਲੀ ਰੁੱਤੀ, ਚੁਰਾਸੀ ਜੀਵ ਸਮਝ ਕੋਇ ਨਾ ਪਾਈਆ । ਰਿਸ਼ੀਆਂ ਦੀ ਰੇਖਾ ਭਗਤਾਂ ਦੀ ਧਾਰ ਵਿਚ ਲੁਕੀ, ਬਾਵਨ ਹਾਜ਼ਰ ਹੋ ਕੇ ਦਏ ਗਵਾਹੀਆ । ਜਿਨ੍ਹਾਂ ਕਾਰਨ ਖੇਲ ਬਣੀ ਬੁੱਤੀ, ਬੁਤਖਾਨਿਆਂ ਕਰੇ ਸਫ਼ਾਈਆ । ਤੇਰੀ ਖੇਲ ਸਾਹਿਬ ਅਨਡਿੱਠੀ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਧਾਰ ਬਾਰੀਕ ਅਗੰਮੀ ਨਿੱਕੀ, ਨਿਕਿਉਂ ਵੱਡੇ ਦਏ ਬਣਾਈਆ । ਮੈਂ ਖ਼ੁਸ਼ਹਾਲ ਹੋਈ ਤੇਰੀ ਵੇਖ ਕੇ ਸਤਿਗੁਰ ਵਾਲੀ ਸਿੱਖੀ, ਜਿਨ੍ਹਾਂ ਦੇ ਅੰਦਰ ਵਸ ਕੇ ਵਾਸਨਾ ਕੂੜੀ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਦਰਸ ਦੀਦਾਰ ਦੀ ਭੁੱਖੀ, ਜੁਗ ਜੁਗ ਬੈਠੀ ਰਾਹ ਤਕਾਈਆ ।



੭੫੦
੧੯

### ੨੦ ਜੇਠ ਸ਼ਹਿਨਸ਼ਾਹੀ ਸੰਮਤ ੨ ਹੰਸਰਾਜ ਦੇ ਗ੍ਰਹਿ ਪਿੰਡ ਬਾਲੇਵਾਲ ਖੂਣ ਕੈਂਪ ਜੰਮੂ

ਧਰਤੀ ਕਹੇ ਮੈਂ ਖ਼ੁਸ਼ੀ ਹੋਈ ਨਾਤਾ ਜੁੜਿਆ ਭਗਤ ਭਗਵੰਤ, ਆਤਮ ਪਰਮਾਤਮ ਬ੍ਰਹਿਮੰਡ ਖੰਡ ਵੱਜੀ ਵਧਾਈਆ । ਨਿਰਗੁਣ ਨਿਰਗੁਣ ਪਿਆਰ ਜੁੜਿਆ ਬ੍ਰਹਮ ਪਾਰਬ੍ਰਹਮ ਧੁਰ ਦੇ ਕੰਤ, ਵਿਛੋੜਾ ਵਿਚ ਰਿਹਾ ਨਾ ਰਾਈਆ । ਬੋਧ ਅਗਾਧ ਸ਼ਬਦ ਨਾਦ ਸੁਣਿਆ ਧੁਰ ਦਾ ਮੰਤ, ਮੰਤਵ ਇਕੋ ਨਜ਼ਰੀ ਆਈਆ । ਜੋ ਵਡਿਆਈ ਦੇਵੇ ਲੱਖ ਚੁਰਾਸੀ ਸਾਧ ਸੰਤ, ਜੀਵ ਜੰਤ ਭੇਵ ਅਭੇਦਾ ਮਾਤ ਖੁਲ੍ਹਾਈਆ । ਪੜਦਾ ਲਾਹੇ ਦਇਆ ਕਮਾਏ ਮਾਨਵ ਜਾਤੀ ਸਾਚੇ ਸੰਤ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣੇ ਰੰਗ ਰੰਗਾਈਆ । ਗੜ੍ਹ ਤੋੜੇ ਹਉਮੇ ਹੰਗਤ ਬੋਧ ਅਗਾਧਾ ਬਣ ਕੇ ਪੰਡਤ, ਭੇਵ ਅਭੇਦਾ ਅਛਲ ਛੇਦਾ ਆਪ ਖੁਲ੍ਹਾਈਆ । ਸਿਫ਼ਤ ਮਹਿੰਮਾ ਸੁਣੀ ਅਗਣਤ, ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਭੇਵ ਕੋਇ ਨਾ ਪਾਈਆ । ਲੇਖਾ ਮੁਕਾ ਕੇ ਜੇਰਜ ਅੰਡਜ, ਉਤਭੁਜ ਸੇਤਜ ਪੈਂਡਾ ਰਿਹਾ ਮੁਕਾਈਆ । ਨਾਮ ਲਿਖਤ ਧੁਰ ਦੀ ਦੇ ਕੇ ਸੰਨਤ, ਹੱਕ ਹਕੀਕਤ ਖ਼ੁਸ਼ੀ ਮਨਾਈਆ । ਕਲਜੁਗ ਕੂੜੀ ਕਿਰਿਆ ਕਰ ਕੇ ਅੰਤ, ਸਤਿਜੁਗ ਸਚ ਦਏ ਪਰਗਟਾਈਆ । ਜਨ ਭਗਤਾਂ ਕਾਰਨ ਬਣਾਏ ਬਣਤ, ਘੜਨ ਭੰਨਣਹਾਰ ਸਮਰਥ ਬੇਪਰਵਾਹੀਆ । ਜਿਸ ਦਾ ਸ਼ਹਿਨਸ਼ਾਹੀ ਚਲਦਾ ਸੰਮਤ, ਸਮਾਂ ਵੇਖੇ ਥਾਉਂ ਥਾਈਆ । ਗੁਰਮੁਖਾਂ ਉਤੇ ਕਰ ਕੇ ਰਹਿਮਤ, ਮੁਰੀਦ ਮੁਰਸ਼ਦ ਲਏ ਮਨਾਈਆ । ਰਹਿਣ ਨਾ ਦੇਵੇ ਅਹਿਮਕ, ਮੂਰਖ ਮੁਗਧਾ ਚਤੁਰ ਸੁਘੜ ਸੁਜਾਨ ਬਣਾਈਆ । ਸ਼ਬਦ ਇਸ਼ਾਰਾ

ਏਕੰਕਾਰਾ ਨਿਰਗੁਣ ਧਾਰਾ ਬਿਨ ਅੱਖਾਂ ਲਾਏ ਸੈਨਤ, ਸੋਈ ਸੁਰਤੀ ਅਕਾਲ ਮੂਰਤੀ ਕਾਇਆ ਮੰਦਰ ਸਾਚੇ ਅੰਦਰ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੋਹੇ ਚੜ੍ਹਿਆ ਰੰਗ, ਰੰਗਤ ਨਜ਼ਰ ਕਿਸੇ ਨਾ ਆਈਆ । ਸਤਿਜੁਗ ਦੀ ਆਸ਼ਾ ਪੂਰੀ ਹੋਣੀ ਮੰਗ, ਬਾਵਨ ਦਾ ਲੇਖਾ ਬਲ ਦੀ ਧਾਰ ਰਿਸ਼ੀਆਂ ਦਾ ਪਿਆਰ ਝੋਲੀ ਪਾਈਆ । ਜਿਸ ਨੂੰ ਜਗਤ ਜੁਗ ਬੀਤੜੇ ਚਾਰ, ਕਲਜੁਗ ਅੰਤਮ ਆਈ ਵਾਰ, ਜਿਸ ਨੂੰ ਸਮਝੇ ਨਾ ਸੰਸਾਰ, ਮਨ ਭੇਵ ਕੋਇ ਨਾ ਪਾਈਆ । ਕਾਗਤ ਕ਼ਲਮ ਨਾ ਲਿਖਣਹਾਰ, ਇਸ਼ਾਰੇ ਦੇ ਕੇ ਗਏ ਗੁਰੂ ਅਵਤਾਰ, ਭਵਿਖਤਾਂ ਵਿਚ ਜਣਾਈਆ । ਚੌਦਾਂ ਯੋਜਨ ਦਾ ਅਧਾਰ, ਲਹਿਣਾ ਦੇਵਣਹਾਰ ਆਪ ਕਰਤਾਰ, ਕ਼ੁਦਰਤ ਦਾ ਮਾਲਕ ਬੇਪਰਵਾਹੀਆ । ਜੋ ਕਲਜੁਗ ਅੰਤਮ ਪਹੁੰਚਿਆ ਆਣ, ਸੰਤ ਸੁਹੇਲੇ ਲਏ ਉਠਾਲ, ਜੋਤੀ ਜਾਤਾ ਪੁਰਖ ਬਿਧਾਤਾ ਧੁਰ ਦੀ ਕਰਨੀ ਆਪਣੀ ਕਾਰ ਕਮਾਈਆ । ਵਸਤ ਅਮੋਲਕ ਦੇਵੇ ਨਾਮ ਸੱਚਾ ਧਨ ਮਾਲ, ਲੱਖ ਚੁਰਾਸੀ ਵਿਚੋਂ ਕਰੇ ਬਹਾਲ, ਆਵਣ ਜਾਵਣ ਪਤਿਤ ਪਾਵਣ ਦਏ ਕਟਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਪਿਆਰੇ ਵੇਖੇ ਆਪਣੇ ਲਾਲ, ਸਚਖੰਡ ਬਹਾਏ ਸੱਚੀ ਧਰਮਸਾਲ, ਦੂਜੇ ਦਰ ਮੰਗਣ ਕੋਇ ਨਾ ਜਾਈਆ । ਲਹਿਣਾ ਦੇਣਾ ਚੁਕਾ ਕੇ ਸ਼ਾਹ ਕੰਗਾਲ, ਸਚ ਪ੍ਰੀਤੀ ਦੱਸੇ ਪੁਰਖ ਅਬਿਨਾਸ਼ੀ ਨਿਭੇ ਨਾਲ, ਦੋ ਜਹਾਨ ਨਾ ਕੋਇ ਤੁੜਾਈਆ । ਧਰਨੀ ਕਹੇ ਸੋ ਵਕ਼ਤ ਪਹੁੰਚਿਆਂ ਆਣ, ਜਿਸ ਦਾ ਮਿਲਿਆ ਧੁਰ ਫ਼ਰਮਾਨ, ਰਿਖੀਆਂ ਹੋਣ ਲੱਗਾ ਕਲਿਆਣ, ਭਗਤਾਂ ਮਿਲਣ ਲੱਗਾ ਦਾਨ, ਜਨਮ ਜਨਮ ਦਾ ਲੇਖਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਭਗਤ ਸੁਹੇਲਾ ਇਕ ਅਕੇਲਾ ਏਕੰਕਾਰ ਕਰ ਪਿਆਰ, ਨਿਰਗੁਣ ਦਾਤਾ ਪੁਰਖ ਬਿਧਾਤਾ ਪੂਰਬ ਲਹਿਣਾ ਦਏ ਉਧਾਰ, ਬਕਾਇਆ ਸਭ ਦੀ ਝੋਲੀ ਪਾਈਆ ।



੭੫੧
੧੯

## ੨੦ ਜੇਠ ਸ਼ਹਿਨਸ਼ਾਹੀ ਸੰਮਤ ੨ ਵਰਿਆਮ ਸਿੰਘ ਦੇ ਗ੍ਰਿਹ ਪਿੰਡ ਮਲਿਕ ਕੈਂਪ ਖੂਣ ਜੰਮੂ

ਧਰਤੀ ਕਹੇ ਮੇਰਾ ਬਣਿਆ ਧਰਮ ਦਵਾਰ, ਸਚ ਦਰਬਾਰਾ ਨਜ਼ਰੀ ਆਈਆ । ਜਿਥੇ ਵਸਿਆ ਹਰਿ ਨਿਰੰਕਾਰ, ਨਿਰਗੁਣ ਦਾਤਾ ਬੇਪਰਵਾਹੀਆ । ਭਗਤਾਂ ਪੈਜ ਰਿਹਾ ਸਵਾਰ ਭਗਵਨ ਹੋ ਕੇ ਦਏ ਵਡਿਆਈਆ । ਜੁਗ ਚੌਕੜੀ ਵਿਛੜੇ ਮੇਲੇ ਯਾਰ, ਪੂਰਬ ਲੇਖਾ ਵੇਖ ਵਖਾਈਆ । ਪੜਦਾ ਓਹਲਾ ਰਿਹਾ ਉਤਾਰ, ਸਹਿੰਸਾ ਰੋਗ ਰਿਹਾ ਚੁਕਾਈਆ । ਰਿਸ਼ੀਆਂ ਦਾ ਉਧਾਰ, ਬਾਵਨ ਦਾ ਪਿਆਰ, ਪਰਮ ਪੁਰਖ ਪਰਮਾਤਮ ਆਪਣੇ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਰਤਾਈਆ । ਧਰਤੀ ਕਹੇ ਮੈਂ ਖ਼ੁਸ਼ੀਆਂ ਅੰਦਰ ਹੱਸਾਂ, ਹਸਤੀ ਵੇਖ ਬੇਪਰਵਾਹੀਆ । ਭਗਤ ਭਗਵਾਨ ਬਿਨ ਨੇਤਰ ਅੱਖਾਂ ਤੱਕਾਂ, ਜੋਤੀ ਨੂਰ ਨੂਰ ਰੁਸ਼ਨਾਈਆ । ਦੋ ਜਹਾਨਾਂ ਦੱਸਾਂ, ਬ੍ਰਹਿਮੰਡ ਖੰਡ ਸੁਣਾਈਆ । ਚਾਰੋਂ ਕੁੰਟ ਨੱਠਾਂ, ਭੱਜਾਂ ਵਾਹੋ ਦਾਹੀਆ । ਪ੍ਰਭ ਦੇ ਚਰਨ ਕਵਲ ਸਿਰ ਸਿਟਾਂ, ਸੀਸ ਧੜ ਭੇਟ ਚੜ੍ਹਾਈਆ । ਦੋਏ ਜੋੜ ਵਾਸਤਾ ਘੱਤਾਂ, ਨੇਤਰ ਨੈਣ ਹੰਝੂਆਂ ਨੀਰ ਵਹਾਈਆ । ਧੰਨ ਵਡਿਆਈ ਜੇ ਆਇਆ ਪੁਰਖ ਸਮਰਥਾ, ਅਬਿਨਾਸ਼ੀ ਹੋ ਕੇ ਫੇਰਾ ਪਾਈਆ । ਜਿਸ ਦੀ ਚਾਰ ਜੁਗ ਗਾਉਂਦੇ ਗਏ ਕਥਾ, ਗਾਥਾ ਵਾਰਤਾ ਵਿਚ ਅਲਾਈਆ । ਸੋ ਭਗਤਾਂ ਬਣ ਕੇ ਸਖ਼ਾ, ਸਾਜਣ ਹੋ ਕੇ ਫੇਰਾ ਪਾਈਆ । ਲਹਿਣਾ ਦੇਣਾ ਚੁਕਾਵੇ ਹੱਥੋ ਹੱਥਾ,

ਹਾਜਰ ਹੋ ਕੇ ਵੇਖ ਵਖਾਈਆ । ਧਰਨੀ ਕਹੇ ਜਿਸ ਪਿਆਰ ਨਾਲ ਇਸ ਧਰਤੀ ਉਤੇ ਟੇਕ ਲਿਆ ਇਕ ਵਾਰ ਮੱਥਾ, ਮਸਤਕ ਦਾ ਲੇਖ ਲੇਖੇ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਦਾ ਬਣ ਕੇ ਸਕਾ, ਸਾਖਿਆਤ ਸਨਮੁਖ ਏਕਾ ਦਰਸ ਵਖਾਈਆ ।

✪ ੨੦ ਜੇਠ ਸ਼ਹਿਨਸ਼ਾਹੀ ਸੰਮਤ ੨ ਧਰਮੋ ਦੇਵੀ ਪਿੰਡ ਛੰਬ ਕੈਂਪ ਖੂਣ ਜੰਮੂ ✪

ਧਰਤੀ ਕਹੇ ਮੇਰਾ ਹੋਇਆ ਵੱਡਾ ਕਰਮ, ਨਿਹਕਰਮੀ ਦਿਤੀ ਵਡਿਆਈਆ । ਪੂਰਬਲਾ ਪਾਲਿਆ ਧਰਮ, ਮੇਰਾ ਧਰਮ ਲਿਆ ਰਖਾਈਆ । ਰਿਸ਼ੀਆਂ ਨੂੰ ਦੇ ਕੇ ਜਰਮ, ਜਨਮ ਲਿਆ ਉਪਜਾਈਆ । ਦੁਖੀਆਂ ਦੇ ਮੇਟ ਕੇ ਭਰਮ, ਭਾਂਡਾ ਭਰਮ ਭੌ ਦਿਤਾ ਭੰਨਾਈਆ । ਭਗਤਾਂ ਨੂੰ ਦੇ ਕੇ ਸਰਨ, ਸਰਨਗਤ ਜਣਾਈਆ । ਮੰਜ਼ਲ ਦੱਸਿਆ ਚੜ੍ਹਨ, ਓਝੜ ਰਾਹੋਂ ਬਚਾਈਆ । ਅੰਦਰ ਦੱਸਿਆ ਵੜਨ, ਪ੍ਰਭ ਦਾ ਦਰਸ਼ਨ ਪਾਈਆ । ਸਚ ਦਵਾਰੇ ਦੱਸਿਆ ਖੜ੍ਹਨ, ਹਰਿ ਸੰਗਤ ਮਿਲ ਕੇ ਵੱਜੀ ਵਧਾਈਆ । ਬਾਵਨ ਦਾ ਪੂਰਾ ਕੀਤਾ ਪਰਨ, ਪਰਮਾਤਮ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਸਰਨਾਈਆ । ਧਰਤੀ ਕਹੇ ਮੈਂ ਮਨਸਾ ਵਿਚ ਹੋਈ ਪੂਰ, ਪ੍ਰਭ ਪੂਰਨ ਦਿਤੀ ਵਡਿਆਈਆ । ਮੇਰਾ ਪਿਛਲਾ ਪੈਂਡਾ ਰਿਹਾ ਨਾ ਦੂਰ, ਅਗਲਾ ਪੰਧ ਦਿਤਾ ਮੁਕਾਈਆ । ਨਾਤਾ ਤੋੜ ਕੇ ਕੂੜ, ਕੁਟੰਬ ਭਗਤਾਂ ਦਿਤਾ ਵਖਾਈਆ । ਜਿਥੇ ਬਣਿਆ ਰਹੇ ਮਜ਼ਦੂਰ, ਜੁਗ ਚੌਕੜੀ ਸੇਵ ਕਮਾਈਆ । ਦਿੰਦਾ ਰਹੇ ਨੂਰ, ਜੋਤ ਨੂਰ ਰੁਸ਼ਨਾਈਆ । ਭੰਡਾਰਾ ਕਰਦਾ ਰਹੇ ਭਰਪੂਰ, ਅਟੋਟ ਅਤੁਟ ਵਰਤਾਈਆ । ਬੇਨੰਤੀ ਕਰਦਾ ਰਹੇ ਮਨਜ਼ੂਰ, ਮਜ਼ਦੂਰੀ ਸਭ ਦੀ ਝੋਲੀ ਪਾਈਆ । ਜਨਮ ਜਨਮ ਦਾ ਕਟ ਕ਼ਸੂਰ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਧਰਤੀ ਕਹੇ ਮੇਰੀ ਜੁਗ ਚੌਕੜੀ ਆਸਾ ਪੁੰਨੀ, ਭਰਵਾਸਾ ਮਿਲਿਆ ਬੇਪਰਵਾਹੀਆ । ਮੇਰੇ ਸੀਸ ਤੋਂ ਓਢਣ ਲੱਥਾ ਨਾ ਚੁੰਨੀ, ਪ੍ਰਭ ਨੇ ਪੜਦਾ ਦਿਤਾ ਪਾਈਆ । ਭਗਤ ਸੁਹੇਲੇ ਮਿਲੇ ਗੁਣੀ, ਗਹਿਰ ਗਭੀਰ ਦਿਤਾ ਵਖਾਈਆ । ਮੰਨ ਕੇ ਸਾਚੀ ਧੁਨੀ, ਧੰਨ ਭਾਗ ਕਹਿ ਕੇ ਸ਼ੁਕਰ ਮਨਾਈਆ । ਜਿਸ ਵੇਲੇ ਸਚ ਜੈਕਾਰ ਸੁਣੀ, ਸੋਹੰ ਢੋਲਾ ਰਹੇ ਗਾਈਆ । ਲੇਖਾ ਚੁਕਾਇਆ ਰਿਸ਼ੀ ਮੁਨੀ, ਮੁਨਕਰ ਹੋ ਨਾ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਭ ਦੀ ਪੁਕਾਰ ਸੁਣੀ, ਅਨਭੁੱਲ ਭੁੱਲ ਕਦੇ ਨਾ ਜਾਈਆ ।

✪ ੨੦ ਜੇਠ ਸ਼ਹਿਨਸ਼ਾਹੀ ਸੰਮਤ ੨ ਕਿਰਪਾਲ ਸਿੰਘ ਤੂਤਾਂ ਵਾਲੇ ਦੇ ਗ੍ਰਿਹ ਕੈਂਪ ਖੂਣ ਜੰਮੂ ✪

ਰਿਸ਼ੀਆਂ ਬਾਵਨ ਦੀ ਕੀਤੀ ਧੰਨ ਧੰਨ, ਧੰਨ ਕਹਿ ਕੇ ਖ਼ੁਸ਼ੀ ਮਨਾਈਆ । ਇਹ ਆਵਾਜ ਸ਼ੁੱਕਰ ਪਰੋਹਤ ਦੇ ਪੈ ਗਈ ਕੰਨ, ਸ਼ੰਕਿਆਂ ਵਿਚ

ਹਾਏ ਹਾਏ ਸੁਣਾਈਆ । ਇਹ ਕਿਸ ਦਾ ਬਿਰਧ ਤਨ, ਸਮਝ ਕੋਇ ਨਾ ਆਈਆ । ਬਲ ਨੂੰ ਦੇਵਣ ਆਇਆ ਡੰਨ, ਭੇਖ ਕੋਇ ਬਦਲਾਈਆ । ਮੈਨੂੰ ਪੈ ਗਿਆ ਜੰਨ, ਭਰਮ ਵਿਚ ਰਖਾਈਆ । ਹੌਲੀ ਜਿਹੀ ਕੋਲ ਆ ਕੇ ਬਾਵਨ, ਪਰੋਹਤ ਦੇ ਵਿਚ ਸੁਣਾਇਆ ਕੰਨ, ਹੁਕਮ ਧੁਰਦਰਗਾਹੀਆ । ਜੇ ਤੂੰ ਵੇਖਿਆ ਸੀ ਚੰਨ, ਤੈਨੂੰ ਦਿਆਂ ਸਮਝਾਈਆ । ਹੰਕਾਰੀ ਠੀਕਰ ਅੰਦਰੋਂ ਭੰਨ, ਭੱਜਾ ਜਾ ਵਾਹੋ ਦਾਹੀਆ । ਪੰਜ ਵਾਰ ਇਸ਼ਨਾਨ ਕਰ ਆਪਣੇ ਤਨ, ਤੇਰੇ ਮਾਟੀ ਮੰਦਰ ਹੋਏ ਸਫ਼ਾਈਆ । ਫੇਰ ਭੇਵ ਖੁਲ੍ਹੇ ਬ੍ਰਹਮ ਹੰ, ਹੰ ਬ੍ਰਹਮ ਨਜ਼ਰੀ ਆਈਆ । ਤ੍ਰਿਸ਼ਨਾ ਰਹੇ ਨਾ ਤਮ, ਤਾਮਸ ਦੇਣੀ ਚੁਕਾਈਆ । ਦ੍ਰਿਸ਼ਟੀ ਰਹੇ ਨਾ ਚੰਮ, ਨੇਤਰ ਅੱਖ ਖੁਲ੍ਹਾਈਆ । ਖ਼ੁਸ਼ੀ ਰਹੇ ਨਾ ਗ਼ਮ, ਗ਼ਮਖ਼ਾਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ੁੱਕਰ ਪਰੋਹਤ ਹੋਇਆ ਹੈਰਾਨ, ਹੈਰਾਨੀ ਅੰਦਰ ਆਈਆ । ਚੋਰੀ ਸਭ ਤੋਂ ਕਰਾਂ ਇਸ਼ਨਾਨ, ਮੈਨੂੰ ਵੇਖਣ ਕੋਇ ਨਾ ਪਾਈਆ । ਮੇਰੇ ਵਲ ਕਿਸੇ ਦਾ ਨਾ ਹੋਵੇ ਧਿਆਨ, ਨੇਤਰ ਅੱਖ ਨਾ ਕੋਇ ਉਠਾਈਆ । ਮੈਂ ਕਰਾਂ ਜਲ ਪਰਵਾਨ, ਭੱਜਾ ਵਾਹੋ ਦਾਹੀਆ । ਫਿਰ ਕੁਛ ਮੈਂ ਪੁਛਾਂ ਆਣ, ਸਹਿਜੇ ਦੇ ਸਮਝਾਈਆ । ਅੰਦਰੋਂ ਹੋਇਆ ਇਕ ਫ਼ਰਮਾਨ, ਹੁਕਮ ਦਿਤਾ ਦ੍ਰਿੜਾਈਆ । ਤੇਤੀ ਮਿੰਟ ਵਕਤ ਪਛਾਣ, ਵਧ ਘਟ ਨਾ ਕੋਇ ਰਖਾਈਆ । ਹੁਣ ਤੈਨੂੰ ਬਣਾਉਂਣਾ ਅਣਜਾਣ, ਤੇਰੀ ਵਿਦਿਆ ਦੇਣੀ ਭੁਲਾਈਆ । ਅਗੇ ਸੁਣਾਵਾਂ ਇਕ ਫ਼ਰਮਾਨ, ਹੁਕਮ ਸੰਦੇਸ਼ਾ ਬੇਪਰਵਾਹੀਆ । ਤੇਰਾ ਮੇਲਾ ਹੋਣਾ ਵਸ਼ਿਸ਼ਟ ਰਾਮ, ਰਮਈਆ ਹੋ ਕੇ ਖੇਲ ਖਿਲਾਈਆ । ਗੋਬਿੰਦ ਜਨਮੇ ਤੇਰੇ ਗਰਾਮ, ਰਾਜ ਮਹੱਲ ਮਿਲੇ ਵਡਿਆਈਆ । ਅੰਤ ਅਖ਼ੀਰੀ ਖੇਲ ਸ੍ਰੀ ਭਗਵਾਨ, ਅਬਿਨਾਸ਼ੀ ਕਰਤਾ ਆਪ ਕਰਾਈਆ । ਸਾਚੇ ਰਿਸ਼ੀਆਂ ਕਰੇ ਪਰਵਾਨ, ਪਰਵਾਨੇ ਸਭ ਦੇ ਹੱਥ ਫੜਾਈਆ । ਤੇਰਾ ਉਹਨਾਂ ਨਾਲ ਲੇਖਾ ਚੁਕਾਏ ਆਣ, ਬਾਕੀ ਪਿਛੇ ਨਾ ਕੋਇ ਰਖਾਈਆ । ਪਰੋਹਤ ਚਰਨ ਕਵਲ ਕਰ ਧਿਆਨ, ਸੀਸ ਦਿਤਾ ਨਿਵਾਈਆ । ਬਾਵਨ ਦੇ ਕੇ ਇਕ ਫ਼ਰਮਾਨ, ਫੁਰਨਿਆਂ ਵਿਚੋਂ ਫੁਰਨਾ ਦਿਤਾ ਪਰਗਟਾਈਆ । ਤੇਰੀ ਕਰੇ ਆਪ ਕਲਿਆਣ, ਪੁਰਖ ਅਬਿਨਾਸ਼ੀ ਹੋਏ ਸਹਾਈਆ । ਕਲਜੁਗ ਜਿਸ ਵੇਲੇ ਵਕਤ ਪਹੁੰਚਿਆ ਆਣ, ਸਮਾਂ ਸਮਾਂ ਦਿਤਾ ਬਦਲਾਈਆ । ਤੇਰਾ ਫੇਰ ਕਰਾਏ ਪੰਜ ਵਾਰ ਇਸ਼ਨਾਨ, ਨਿਸ਼ਾਨ ਆਪਣਾ ਵੇਖ ਵਖਾਈਆ । ਏਸੇ ਕਰ ਕੇ ਰਾਜ ਨਰੈਣ ਨੂੰ ਖੇਚਲ ਦਿਤੀ ਮਹਾਨ, ਦੀਬਾਣ ਬਾਣ ਧੁਰ ਦਾ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਸਰਬ ਚੁਕਾਏ ਵਿਚ ਜਹਾਨ, ਕਾਇਦਾ ਕ਼ਾਨੂੰਨ ਆਪਣੇ ਹੱਥ ਰਖਾਈਆ ।



### ੨੧ ਜੇਠ ਸ਼ਹਿਨਸ਼ਾਹੀ ਸੰਮਤ ੨ ਰਾਮ ਚੰਦ ਦੇ ਗ੍ਰਿਹ ਦੇਵਾ ਪਿੰਡ ਕੈਂਪ ਖੂਣ ਜੰਮੂ

ਧਰਤੀ ਕਹੇ ਖ਼ੁਸ਼ੀ ਹੋਏ ਰੋੜੇ ਪੱਥਰ, ਇੱਟਾਂ ਮਿੱਟੀ ਖ਼ਾਕ ਖ਼ੁਸ਼ੀ ਮਨਾਈਆ । ਜਿਸ ਵੇਲੇ ਵੈਰਾਗ ਅੰਦਰ ਸੁੱਟਦੇ ਰਹੇ ਅੱਥਰ, ਬਿਨ ਨੈਣਾਂ ਨੀਰ ਵਹਾਈਆ । ਘਾਸ ਫੂਸ ਉਤੇ ਜਿਸ ਦਾ ਵੇਖਿਆ ਸੱਥਰ, ਸੇਜਾ ਸਚ ਹੰਢਾਈਆ । ਸੋ ਸਾਡੀ ਪੂਰੀ ਕਰਨ ਆਇਆ ਸੱਧਰ, ਜੋ ਸਧਨਾਂ ਸੈਣ ਤਰਾਈਆ । ਗ਼ਰੀਬ ਨਿਮਾਣਿਆਂ ਕੀਤਾ ਕਦਰ, ਕੁਦਰਤ ਦੇ ਮਾਲਕ ਹੋ ਸਹਾਈਆ । ਸਚ ਇਨਸਾਫ਼ ਕੀਤਾ ਅਦਲ, ਅਦਮ ਦਾ ਲੇਖਾ

ਦਿਤਾ ਮੁਕਾਈਆ । ਛੱਡ ਮੈਦਾਨਾਂ ਪੱਧਰ, ਉਚੇ ਨੀਵੇਂ ਟਿੱਬਿਆਂ ਚਲਿਆ ਚਾਈਂ ਚਾਈਂਆ । ਮਿਹਰ ਕਰ ਕੇ ਆਪਣੀ ਕਰ ਨਦਰ, ਨਜ਼ਰ ਆਪਣੀ ਦਇਆ ਕਮਾਈਆ । ਦੀਨ ਦੁਨੀ ਵੇਖੇ ਗ਼ਦਰ, ਝਗੜਾ ਸਰਬ ਲੋਕਾਈਆ । ਸ੍ਰਿਸ਼ਟੀ ਹੋਵੇ ਮਹਸ਼ਰ, ਦ੍ਰਿਸ਼ਟੀ ਦਏ ਦੁਹਾਈਆ । ਜਨ ਭਗਤਾਂ ਚੋਟੀ ਚਾੜ੍ਹ ਸਿਖਰ, ਮੰਜ਼ਲ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਇੱਟਾਂ ਪੱਥਰ ਕਹਿਣ ਰੋੜੇ, ਰੁੜ੍ਹਦੀ ਧਾਰੋਂ ਲਿਆ ਬਚਾਈਆ । ਕਰ ਕਿਰਪਾ ਜਿਸ ਆਪਣੇ ਨਾਲ ਜੋੜੇ, ਜੁਗ ਚੌਕੜੀ ਦਿਤੀ ਵਡਿਆਈਆ । ਸੰਤ ਸੁਹੇਲਾ ਹੋ ਕੇ ਬਹੁੜੇ, ਨਿਰਗੁਣ ਹੋ ਕੇ ਵੇਖ ਵਖਾਈਆ । ਭਗਤ ਜਨਾਂ ਸੁਣਾ ਕੇ ਦੋਹਰੇ, ਧੁਰ ਦਾ ਨਾਮ ਜਣਾਈਆ । ਲੇਖੇ ਲਾ ਕੇ ਕੋਟਾਂ ਵਿਚੋਂ ਥੋੜੇ, ਜੋਤੀ ਸ਼ਬਦੀ ਧਾਰ ਮਿਲਾਈਆ । ਨਾਮ ਅਗੰਮੇ ਚੜ੍ਹਾਏ ਘੋੜੇ, ਬ੍ਰਹਿਮੰਡ ਖੰਡ ਪਾਰ ਲੰਘਾਈਆ । ਲੇਖਾ ਮੁਕੇ ਪੇਕੇ ਸੌਹਰੇ, ਇਕੋ ਘਰ ਦਏ ਵਖਾਈਆ । ਜਿਥੇ ਗ਼ੁੱਸੇ ਵਿਚ ਕੋਈ ਨਾ ਹੋੜੇ, ਭੈ ਨਾਲ ਨਾ ਕੋਇ ਡਰਾਈਆ । ਲੱਗੀ ਪ੍ਰੀਤ ਕੋਇ ਨਾ ਤੋੜੇ, ਨਾਤਾ ਕੂੜ ਨਾ ਕੋਇ ਜਣਾਈਆ । ਮਮਤਾ ਮੋਹ ਦਿਸੇ ਨਾ ਠੱਗ ਚੋਰੇ, ਹੰਕਾਰ ਵਿਕਾਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰੋੜੇ ਪੱਥਰ ਕਹਿਣ ਸਾਡੇ ਨਾਲ ਤਰਿਆ ਘਾਸ, ਚਰਨ ਛੋਹ ਕੇ ਖ਼ੁਸ਼ੀ ਮਨਾਈਆ । ਬਣ ਕੇ ਦਾਸੀ ਦਾਸ, ਸੇਵਕ ਨਜ਼ਰੀ ਆਈਆ । ਕਰੇ ਹਾਸ ਬਲਾਸ, ਖ਼ੁਸ਼ੀਆਂ ਰੰਗ ਵਖਾਈਆ । ਵੇਖ ਜੋਤ ਪਰਕਾਸ਼, ਭੱਜਿਆ ਵਾਹੋ ਦਾਹੀਆ । ਜਨਮ ਜਨਮ ਦੀ ਪੂਰੀ ਹੋਈ ਆਸ, ਤ੍ਰਿਸ਼ਨਾ ਲਈ ਬੁਝਾਈਆ । ਜਿਥੇ ਰਿਸ਼ੀ ਜਪਦੇ ਰਹੇ ਸਵਾਸ ਸਵਾਸ, ਅੰਦਰ ਵੜ ਕੇ ਧਿਆਨ ਲਗਾਈਆ । ਓਥੇ ਵਸਿਆ ਸਭ ਦੇ ਪਾਸ, ਘਰ ਸਵਾਮੀ ਨਜ਼ਰੀ ਆਈਆ । ਦਰਸ਼ਨ ਦੇ ਕੇ ਸਾਖਿਆਤ, ਸ਼ਨਾਖ਼ਤ ਆਪਣੀ ਦਏ ਕਰਾਈਆ । ਹਰਿਜਨ ਬਣਾ ਕੇ ਪਾਰਜਾਤ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਖ਼ੁਸ਼ੀ ਹੋਈ ਨਬਾਤਾਤ, ਕਾਇਨਾਤ ਵੱਜੀ ਵਧਾਈਆ । ਬਨਾਸਪਤ ਕਦੀ ਨਾ ਹੋਵੇ ਉਦਾਸ, ਲੇਖਾ ਸਭ ਦਾ ਰਿਹਾ ਚੁਕਾਈਆ । ਧਰਨੀ ਕਹੇ ਲੇਖੇ ਲੱਗੇ ਸਵਾਸ, ਸਾਹ ਸਾਹ ਜਿਸ ਨੂੰ ਰਹੀ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਮੇਟੇ ਵਾਟ, ਵੱਟਾ ਸੱਟਾ ਜਗਤ ਨਾਲ ਕਰਾਈਆ ।



## ੨੧ ਜੇਠ ਸ਼ਹਿਨਸ਼ਾਹੀ ਸੰਮਤ ੨ ਇੰਦਰੋ ਦੇਵੀ ਗ੍ਰਿਹਿ ਪਿੰਡ ਦਿਉੜੇ ਕੈਂਪ ਮਨਵਾਲ ਜੰਮੂ

ਖ਼ੁਸ਼ੀਆਂ ਵਿਚ ਹੱਸੇ ਟਿਬੇ ਟੋਏ, ਪੱਧਰ ਆਪਣਾ ਰੰਗ ਵਖਾਈਆ । ਦੁਰਮਤ ਮੈਲ ਸਾਡਾ ਧੋਏ, ਪਾਪਾਂ ਰੰਗ ਦਿਤਾ ਮਿਟਾਈਆ । ਸਚ ਅਮੋਲਕ ਵਸਤ ਦੇ ਕੇ ਇਕੋ ਢੋਏ, ਢੋਲਾ ਇਕੋ ਦਿਤਾ ਸੁਣਾਈਆ । ਭਗਤ ਭਗਵਾਨ ਮਿਲ ਕੇ ਗਾਏ ਦੋਹੇ, ਦੋਹਰਾ ਹੁਕਮ ਆਪ ਵਰਤਾਈਆ । ਅੰਮ੍ਰਿਤ ਜਾਮ ਸਾਚਾ ਅੰਤਰ ਚੋਏ, ਮੁਖ ਰਸਨਾ ਜਿਹਵਾ ਸਮਝ ਸਕੇ ਨਾ ਰਾਈਆ । ਸਚ ਪਰਕਾਸ਼ ਕੀਤਾ ਆਪਣਾ ਲੋਏ, ਲੋਚਨ ਦੁਨੀ ਦਾ ਇਕ ਖੁਲ੍ਹਾਈਆ । ਜਿਸ ਵੈਰਾਗ ਅੰਦਰ ਰੋਏ, ਸੋ ਮਿਲਿਆ ਬੇਪਰਵਾਹੀਆ । ਲੇਖਾ ਸਮਝ ਸਕੇ ਨਾ ਕੋਇ, ਕੂਕ ਕੂਕ ਕੂਕ ਦੁਹਾਈਆ । ਕਿਸੇ

ਨਾਲ ਕਦੇ ਨਾ ਕਰੇ ਧਰੋਹੇ, ਧੁਰ ਦਾ ਮਾਲਕ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਟੋਏ ਟਿੱਬੇ ਹੱਸਣ ਪਰਬਤ, ਚੋਟੀਆਂ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਸਚ ਦਵਾਰੇ ਪਾਈ ਬਰਕਤ, ਬੇਪਰਵਾਹ ਦਿਤੀ ਵਡਿਆਈਆ । ਗ਼ਰੀਬ ਨਿਮਾਣੇ ਅੰਮ੍ਰਿਤ ਜਾਮ ਪਿਆਇਆ ਸ਼ਰਬਤ, ਸ਼ਰਅ ਕੂੜ ਬਾਹਰ ਕਢਾਈਆ । ਖ਼ੁਸ਼ੀਆਂ ਅੰਦਰ ਪ੍ਰੇਮ ਦੀ ਆਈ ਹਰਕਤ, ਭੱਜੇ ਨੱਠੇ ਚਾਈਂ ਚਾਈਂਆ । ਲੇਖੇ ਲੱਗੇ ਝਾੜੀ ਬੂਟੇ ਦਰਖ਼ਤ, ਖ਼ਤਾ ਸਭ ਦੀ ਮੁਆਫ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲਹਿਣਾ ਸਭ ਦੀ ਝੋਲੀ ਪਾਈਆ ।

### ✪ ੨੧ ਜੇਠ ਸ਼ਹਿਨਸ਼ਾਹੀ ਸੰਮਤ ੨ ਭਾਈਆ ਦੇਵੀ ਪਿੰਡ ਮੋਇਲ ਕੈਂਪ ਮਾਨਸਰ ਜੰਮੂ ✪

ਦਰਖ਼ਤ ਬੂਟੇ ਕਹਿਣ ਟਾਹਣੀ ਪੱਤ, ਜੜ੍ਹ ਚੋਟੀ ਖ਼ੁਸ਼ੀ ਮਨਾਈਆ । ਪ੍ਰਭ ਵੇਖਿਆ ਕਮਲਾਪਤ, ਕੋੜ੍ਹਿਆਂ ਕਮਲਿਆਂ ਹੋਏ ਸਹਾਈਆ । ਜੋ ਸਾਂਝਾ ਗਾਵੇ ਜਸ, ਭਗਤ ਭਗਵਾਨ ਢੋਲਾ ਇਕ ਅਲਾਹੀਆ । ਪੂਰਬ ਲਹਿਣਾ ਦੇਵੇ ਹੱਕ, ਹਾਕਮ ਹੋ ਕੇ ਵੇਖ ਵਖਾਈਆ । ਦਿੰਦਿਆਂ ਕਦੇ ਨਾ ਜਾਵੇ ਥਕ, ਅਤੋਟ ਅਤੁਟ ਭੰਡਾਰ ਆਪ ਵਰਤਾਈਆ । ਆਤਮ ਬ੍ਰਹਮ ਪਿਆਰ ਦੇਵੇ ਸਤਿ, ਸਤਿ ਸਤਿਵਾਦੀ ਵੇਖ ਵਖਾਈਆ । ਧੀਰਜ ਸੰਤੋਖ ਦੇਵੇ ਯਤ, ਮਨਸਾ ਮਨ ਨਾ ਕੋਇ ਹਲਕਾਈਆ । ਭਾਗ ਲਗਾਏ ਤਤ ਅੱਠ, ਤ੍ਰੈ ਪੰਜ ਵੱਜੇ ਵਧਾਈਆ । ਲੋਕਮਾਤ ਲੱਜਿਆ ਲਏ ਰਖ, ਮਿਹਰਵਾਨ ਹੋ ਕੇ ਵੇਖ ਵਖਾਈਆ । ਸੰਤ ਸੁਹੇਲੇ ਤੱਕੇ ਆਪਣੀ ਅੱਖ, ਭਗਤ ਭਗਵਾਨ ਜੋੜ ਜੁੜਾਈਆ । ਗੁਰਮੁਖ ਰਹਿਣ ਨਾ ਦੇਵੇ ਵੱਖ, ਗੁਰਸਿਖ ਇਕੋ ਘਰ ਟਿਕਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਸਾਂਝਾ ਹੋਵੇ ਜਸ, ਵੇਦ ਪੁਰਾਨ ਸਿਫ਼ਤ ਨਾ ਕੋਇ ਸਾਲਾਹੀਆ । ਕਰੇ ਖੇਲ ਪੁਰਖ ਸਮਰਥ, ਧੁਰ ਦਾ ਮਾਲਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਮੁਕਾਈਆ । ਟਾਹਣੀ ਪੱਤੇ ਬੋਲੀ ਸ਼ਾਖ਼, ਸ਼ਨਾਖ਼ਤ ਧੁਰ ਦੀ ਨਜ਼ਰੀ ਆਈਆ । ਜੋ ਬਾਵਨ ਗਿਆ ਆਖ, ਪਤਿਤ ਪਾਵਨ ਪੂਰ ਕਰਾਈਆ । ਰਿਸ਼ੀ ਰਹੇ ਨਾ ਕੋਇ ਉਦਾਸ, ਸਿੱਖੀ ਸਾਚੀ ਆਪ ਉਪਜਾਈਆ । ਲੇਖੇ ਲਾ ਕੇ ਹੱਡ ਮਾਸ, ਨਾੜੀ ਨਾੜੀ ਕਰੇ ਰੁਸ਼ਨਾਈਆ । ਮੰਜ਼ਲ ਮੁਕਾ ਕੇ ਘਾਟ, ਪਾਰ ਕਿਨਾਰੇ ਦਏ ਲਗਾਈਆ । ਸਾਚੀ ਦੱਸ ਕੇ ਗਾਥ, ਸਿਖਿਆ ਇਕ ਸਮਝਾਈਆ । ਮੇਲ ਮਿਲਾ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣੇ ਰੰਗ ਰੰਗਾਈਆ । ਜਨ ਭਗਤਾਂ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਧਰਤ ਧਵਲ ਤੇਰੀ ਪੂਰੀ ਕਰ ਕੇ ਖ਼ਾਹਿਸ਼, ਅੱਵਲ ਆਪਣਾ ਨਾਮ ਇਕ ਸਮਝਾਈਆ ।

### ✪ ੨੧ ਜੇਠ ਸ਼ਹਿਨਸ਼ਾਹੀ ਸੰਮਤ ੨ ਸੋਭਾ ਸਿੰਘ ਦੇ ਗ੍ਰਹਿ ਪਿੰਡ ਮੋਇਲ ਕੈਂਪ ਰਾਮ ਕੋਟ ਜੰਮੂ ✪

ਜਨ ਭਗਤ ਮਾਨਸ ਜਨਮ ਜਗ ਜਾਏ ਜੀਤ, ਹਿਰਦੇ ਹਰਿ ਹਰਿ ਇਕ ਵਸਾਈਆ । ਪ੍ਰੇਮ ਪਿਆਰ ਦੀ ਚਲਾ ਕੇ ਰੀਤ, ਸ੍ਰਿਸ਼ਟੀ ਦ੍ਰਿਸ਼ਟੀ

ਦਏ ਸਮਝਾਈਆ । ਖੇਲ ਵਖਾ ਕੇ ਹਸਤ ਕੀਟ, ਊਚਾਂ ਨੀਚਾਂ ਜਾਏ ਸਮਾਈਆ । ਪੁਰਖ ਅਬਿਨਾਸ਼ੀ ਸਭ ਦਾ ਮੀਤ, ਮਿੱਤਰ ਪਿਆਰਾ ਇਕੋ ਵੇਖ ਵਖਾਈਆ । ਜੋ ਹਰ ਘਟ ਵਸੇ ਚੀਤ, ਘਟ ਘਟ ਰਿਹਾ ਸਮਾਈਆ । ਸਾਚਾ ਕਰੇ ਨਾਮ ਬਖ਼ਸ਼ੀਸ਼, ਵਸਤ ਵਾਸਤਕ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਈਆ । ਜਨ ਭਗਤ ਸਫ਼ਲ ਹੋਵੇ ਜਨਮ, ਕੁਫਲ ਅੰਦਰੋਂ ਲਏ ਖੁਲ੍ਹਾਈਆ । ਮਿਟੇ ਮਨ ਕਾ ਭਰਮ, ਭਉ ਜਗਤ ਚੁਕਾਈਆ । ਤੱਕੇ ਸਾਚੀ ਸਰਨ, ਓਟ ਇਕ ਰਖਾਈਆ । ਮਸਤਕ ਨਿਵੇ ਚਰਨ, ਜਗਦੀਸ਼ ਸੀਸ ਝੁਕਾਈਆ । ਘਰ ਸਾਚੇ ਮਿਲੇ ਵੜਨ, ਗ੍ਰਿਹਿ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਸਰਨਾਈਆ । ਜਨ ਭਗਤ ਮਾਨਸ ਜਨਮ ਲੇਖੇ, ਹਰਿ ਗਿਣਤੀ ਵਿਚ ਗਿਣਾਈਆ । ਨਿਰਗੁਣ ਹੋ ਕੇ ਆਪੇ ਵੇਖੇ, ਸਰਗੁਣ ਮੇਲੇ ਸਹਿਜ ਸੁਭਾਈਆ । ਜੁਗ ਜਨਮ ਰਖੇ ਚੇਤੇ, ਚਾਤਰਕ ਆਪਣੇ ਲਏ ਉਠਾਈਆ । ਨਾਮ ਸ਼ਬਦ ਦਏ ਸੰਦੇਸ਼ੇ, ਧੁਰ ਫ਼ਰਮਾਨ ਦ੍ਰਿੜਾਈਆ । ਅੰਦਰ ਵੜ ਕੇ ਖੋਲ੍ਹੇ ਭੇਤੇ, ਮਮਤਾ ਮੋਹ ਮਿਟਾਈਆ । ਭਗਤ ਭਗਵਾਨ ਸਦਾ ਖੇਲ ਕਰੇ ਜੁਗ ਕੇਤੇ, ਕੋਟਨ ਕੋਟ ਕਾਲ ਗਏ ਵਿਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਰੰਗਾਈਆ । ਜਨ ਭਗਤ ਜਨਮ ਲੇਖੇ ਜਾਏ ਲੱਗ, ਮਾਟੀ ਖ਼ਾਕ ਨਾ ਕੋਇ ਰਲਾਈਆ । ਆਤਮ ਪਰਮਾਤਮ ਰਹੇ ਨਾ ਅਲਗ, ਧੁਰ ਦਾ ਮੇਲਾ ਸਹਿਜ ਸੁਭਾਈਆ । ਨਾਤਾ ਕੂੜ ਕੁੜਿਆਰ ਤੁੱਟੇ ਜਗ, ਜਗਤ ਪਿਤ ਦਏ ਸ਼ਰਨਾਈਆ । ਪੋਹ ਸਕੇ ਨਾ ਅਗਨੀ ਅੱਗ, ਤੱਤੀ ਵਾ ਨਾ ਕੋਇ ਲਗਾਈਆ । ਨਾਮ ਨਿਧਾਨ ਸੁਣਾਏ ਨਦ, ਹੱਦ ਕੂੜੀ ਪਾਰ ਕਰਾਈਆ । ਅੰਮ੍ਰਿਤ ਜਾਮ ਪਿਆਏ ਮੱਧ, ਮਧੁਰ ਧੁਨ ਇਕ ਸੁਣਾਈਆ । ਦਰਸ ਦੇਵੇ ਉਪਰ ਸ਼ਾਹ ਰਗ, ਪੜਦਾ ਓਹਲਾ ਆਪ ਚੁਕਾਈਆ । ਬਿਨ ਕਾਅਬਿਉਂ ਕਰਾਏ ਧੁਰ ਦਾ ਹੱਜ, ਹਜ਼ਰਤ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਜਨ ਭਗਤ ਜਨਮ ਜਾਏ ਸਵਾਰ, ਮਾਟੀ ਖ਼ਾਕੀ ਮਿਲੇ ਵਡਿਆਈਆ । ਪੂਰਬ ਲਹਿਣਾ ਲੇਖਾ ਚੁੱਕੇ ਉਧਾਰ, ਬਾਕੀ ਅਵਰ ਨਾ ਕੋਇ ਰਖਾਈਆ । ਰਿਸ਼ੀਆਂ ਲਹਿਣਾ ਦੇਣਾ ਕਰੇ ਆਰ ਪਾਰ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਸਚ ਸੌਦਾਗਰ ਕਰਾਏ ਵਣਜ ਵਪਾਰ, ਸੌਦਾ ਇਕੋ ਹੱਟ ਨਾਮ ਵਿਕਾਈਆ । ਖ਼ਰੀਦਦਾਰ ਥੋੜੇ ਲੱਭੇ ਭਗਤ ਸੁਹੇਲੇ ਯਾਰ, ਦੂਜਾ ਲੈਣ ਕੋਇ ਨਾ ਆਈਆ । ਕਰੇ ਖੇਲ ਤਖ਼ਤ ਨਿਵਾਸੀ ਏਕੰਕਾਰ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਲਹਿਣਾ ਦੇਣਾ ਚੁਕਾਵਣਹਾਰ ਸਦਾ ਜੁਗ ਚਾਰ, ਚੌਕੜ ਔਕੜ ਸਭ ਦੀ ਵੇਖ ਵਖਾਈਆ । ਕਲਜੁਗ ਅੰਤਮ ਹੋ ਤਿਆਰ, ਤ੍ਰੈਗੁਣ ਅਤੀਤਾ ਫੇਰਾ ਪਾਈਆ । ਜਨ ਭਗਤ ਸੁਹੇਲੇ ਕਰ ਕੇ ਖ਼ਬਰਦਾਰ, ਨਾਮ ਸੰਦੇਸ਼ੇ ਆਪ ਉਠਾਈਆ । ਸਾਚੀ ਭੂਮਿਕਾ ਖਿੜੀ ਵੇਖੇ ਆਪ ਗੁਲਜ਼ਾਰ, ਗੁਲਸ਼ਨ ਆਪਣਾ ਆਪ ਮਹਿਕਾਈਆ । ਅੰਤ ਲਹਿਣਾ ਦੇਣਾ ਭਗਤ ਭਗਵੰਤ ਦਏ ਉਤਾਰ, ਉੱਤਰ ਪੂਰਬ ਪੱਛਮ ਦੱਖਣ ਚਾਰੇ ਕੁੰਟ ਖ਼ੁਸ਼ੀ ਮਨਾਈਆ । ਵਾਰ ਥਿਤ ਦਿਵਸ ਘੜੀ ਪਲ ਲਏ ਵਿਚਾਰ, ਵਿਲੱਖਣ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪੈਜ ਜਾਏ ਸਵਾਰ, ਧਰਨੀ ਧਰਤ ਧਵਲ ਪਾਵੇ ਸਾਰ, ਹੱਬ ਕਿਛ ਆਪਣੇ ਰਖ ਅਖ਼ਤਿਆਰ, ਇਫ਼ਤਲਾਫ਼ ਅੰਦਰੋਂ ਦਏ ਕਢਾਈਆ ।

੭੫੬ ੧੯

★ ੨੧ ਜੇਠ ਸ਼ਹਿਨਸ਼ਾਹੀ ਸੰਮਤ ੨ ਹਰਨਾਮੋ ਦੇਵੀ ਦੇ ਗ੍ਰਹਿ ਪਿੰਡ ਮੋਇਲ ਕੈਂਪ ਰਾਮ ਕੋਟ ਜੰਮੂ ★

ਜਨ ਭਗਤ ਕਹਿਣ ਅਸੀਂ ਪੂਰਬ ਲਹਿਣਾ ਆਏ ਲੈਣ, ਪੁਰੀ ਲੋਅ ਬ੍ਰਹਿਮੰਡ ਖੰਡ ਤਜਾਈਆ । ਸ੍ਰਿਸ਼ਟ ਸਬਾਈ ਆਏ ਕਹਿਣ, ਅਬਿਨਾਸ਼ੀ ਕਰਤਾ ਮੰਨੋ ਬੇਪਰਵਾਹੀਆ । ਪਾਰਬ੍ਰਹਮ ਪ੍ਰਭ ਦਰਸ਼ਨ ਕਰੋ ਆਪਣੇ ਨੈਣ, ਜਗ ਲੋਚਨ ਹਰਸ ਮਿਟਾਈਆ । ਇਕ ਅਕੱਲਾ ਬਣੇ ਸੱਚਾ ਸਾਕ ਸੱਜਣ ਸੈਣ, ਸਮਰਥ ਸਵਾਮੀ ਹੋਏ ਸਹਾਈਆ । ਜੁਗ ਚੌਕੜੀ ਆਦਿ ਜੁਗਾਦਿ ਦੇਵੇ ਦੇਣ, ਕ਼ਰਜ਼ਾ ਸਭ ਦਾ ਦਏ ਚੁਕਾਈਆ । ਜਿਸ ਰਾਮ ਦੀ ਮਹਿੰਮਾ ਸੁਣਦੇ ਵਿਚ ਰਮਾਇਣ, ਰਾਮ ਦਾ ਰਾਮ ਭਗਤਾਂ ਰਿਹਾ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਜਨ ਭਗਤ ਕਹਿਣ ਅਸਾਂ ਪੂਰਬ ਲੈਣਾ ਲੇਖਾ, ਬਾਵਨਧਾਰੀ ਨਜ਼ਰੀ ਆਈਆ । ਚੌਥੇ ਜੁਗ ਚੁੱਕਿਆ ਠੇਕਾ, ਗੁਰ ਅਵਤਾਰ ਪੈਗ਼ੰਬਰ ਗਏ ਸੀਸ ਨਿਵਾਈਆ । ਜਨ ਭਗਤਾਂ ਸਾਹਮਣੇ ਕੀਤਾ ਏਕਾ, ਇਕੋ ਏਕੰਕਾਰ ਲੈਣਾ ਮਨਾਈਆ । ਦੂਜੀ ਰਖਣੀ ਨਹੀਂ ਕੋਈ ਟੇਕਾ, ਸਿਰ ਸਕੇ ਨਾ ਕੋਇ ਝੁਕਾਈਆ । ਅੰਤ ਰਹਿਣਾ ਨਹੀਂ ਵੇਖੀ ਵੇਖਾ, ਭਰਮ ਅੰਦਰੋਂ ਦੇਣਾ ਕਢਾਈਆ । ਮਾਲਕ ਤੱਕਣਾ ਨਰ ਨਰੇਸ਼ਾ, ਅਬਿਨਾਸ਼ੀ ਕਰਤਾ ਸ਼ਹਿਨਸ਼ਾਹੀਆ । ਜਿਸ ਦਾ ਸਚਖੰਡ ਸਾਚਾ ਦੇਸਾ, ਮਾਤਲੋਕ ਕਰੇ ਰੁਸ਼ਨਾਈਆ । ਜੁਗ ਚੌਕੜੀ ਆਵੇ ਵਾਰ ਅਨੇਕਾ, ਬਿਨ ਭਗਤਾਂ ਦਰਸ ਨਾ ਕਿਸੇ ਵਖਾਈਆ । ਜਿਸ ਬਲ ਬਾਵਨ ਰੱਖਿਆ ਚੇਤਾ, ਸਤਿਜੁਗ ਧਾਰ ਸਤਿਜੁਗ ਦਏ ਪਰਗਟਾਈਆ । ਸੋ ਦੋ ਜਹਾਨਾਂ ਬਣ ਕੇ ਆਇਆ ਨੇਤਾ, ਧੁਰ ਫ਼ਰਮਾਨ ਹੁਕਮ ਸੁਣਾਈਆ । ਜਨ ਭਗਤਾਂ ਅੰਦਰ ਖੋਲ੍ਹੇ ਭੇਤਾ, ਭੇਵ ਆਪਣਾ ਦਏ ਖੁਲ੍ਹਾਈਆ । ਸ੍ਰੀ ਭਗਵਾਨ ਆਦਿ ਜੁਗਾਦਿ ਰਹੇ ਹਮੇਸ਼ਾ, ਜਨਮ ਮਰਨ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਬਦਲ ਦੇਵੇ ਰੇਖਾ, ਕਰਮ ਕਾਂਡ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹਿਣ ਅਸੀਂ ਨਹੀਂ ਵੱਡੇ ਛੋਟੇ, ਨਿੱਕੇ ਬਾਲ ਬਿਰਧ ਜਵਾਨੀ ਵੰਡ ਨਾ ਕੋਇ ਵੰਡਾਈਆ । ਜਗਤ ਵਿਚਾਰ ਵਿਚ ਮਾਰੇ ਕਦੇ ਨਾ ਗੋਤੇ, ਵਹਿੰਦੇ ਵਹਿਣ ਨਾ ਕੋਇ ਪਾਈਆ । ਇਕੋ ਪ੍ਰਭ ਦਾ ਦਰਸ਼ਨ ਰਹੇ ਲੋਚੇ, ਦੋ ਜਹਾਨਾ ਧਿਆਨ ਨਾ ਕੋਇ ਲਗਾਈਆ । ਸਚਖੰਡ ਦੀ ਸਾਚੀ ਰਹੇ ਸੋਚੇ, ਸਮਝ ਜਗਤ ਨਾ ਕੋਇ ਭੁਲਾਈਆ । ਲੱਖ ਚੁਰਾਸੀ ਵਿਚੋਂ ਮਾਨਸ ਜਨਮ ਮਿਲਣ ਦੇ ਮੌਕੇ, ਪਾਰਬ੍ਰਹਮ ਪ੍ਰਭ ਮਿਲ ਕੇ ਆਪਣਾ ਆਪ ਸਮਾਈਆ । ਮਾਇਆ ਮਮਤਾ ਦੇ ਨਾ ਸਕੇ ਧੋਖੇ, ਕੂੜੀ ਕਿਰਿਆ ਨਾ ਕੋਇ ਹਲਕਾਈਆ । ਅਸਾਂ ਮੰਜ਼ਲ ਪੌੜੀ ਚੜ੍ਹਨਾ ਸੌਖੇ, ਅਧਵਿਚਕਾਰ ਨਾ ਕੋਇ ਅਟਕਾਈਆ । ਉਚੀ ਕੂਕ ਢੋਲੇ ਗਾਉਣੇ ਹੋਕੇ, ਹੁਕਮ ਸੁਣ ਕੇ ਖ਼ੁਸ਼ੀ ਮਨਾਈਆ । ਕਲਜੁਗ ਜੀਵ ਜਗਤ ਜਹਾਨ ਰਹਿਣੇ ਸੋਤੇ, ਸੁਤਿਆਂ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਰੰਗਾਈਆ । ਜਨ ਭਗਤ ਕਹਿਣ ਅਸੀਂ ਲਹਿਣਾ ਦੇਣਾ ਲੈਣ ਚ ਵੱਡੇ, ਵੱਡਿਆਂ ਵਿਚੋਂ ਨਜ਼ਰੀ ਆਈਆ । ਪੁਰਖ ਅਕਾਲ ਆਪਣੀ ਧਾਰੋਂ ਕੱਢੇ, ਚੁਰਾਸੀ ਗੇੜ ਨਾ ਕੋਇ ਭਵਾਈਆ । ਕੂੜ ਕੁੜਿਆਰੇ ਨਾਤੇ ਛੱਡੇ, ਆਤਮ ਪਰਮਾਤਮ ਮੇਲ ਮਿਲਾਈਆ । ਸਚ ਦਵਾਰੇ ਜਾਈਏ ਭੱਜੇ, ਚਲੀਏ ਵਾਹੋ ਦਾਹੀਆ । ਜਿਥੇ ਇਕੋ ਦੀਪਕ ਜਗੇ, ਨਿਰਗੁਣ ਜੋਤ ਹੋਵੇ ਰੁਸ਼ਨਾਈਆ । ਭਗਤ ਭਗਵਾਨ ਨਾਤੇ ਬਣਨਾ ਸਕੇ, ਸਕਿਆਂ ਨਾਲੋਂ ਹੋਏ ਜੁਦਾਈਆ । ਚਰਨ ਕਵਲ ਸਰਨਾਈ ਸਾਚੀ ਰਖੇ, ਘਰ ਠਾਂਡੇ ਦਏ ਬਹਾਈਆ । ਜਿਥੇ ਜਗਤ

ਅੱਖ ਕੋਈ ਨਾ ਤੱਕੇ, ਨਿਜ ਨੇਤਰ ਦਰਸ਼ਨ ਪਾਈਆ । ਨਾਤਾ ਬਿਧਾਤਾ ਕਰੇ ਪੱਕੇ, ਕੱਚੀ ਗੰਢ ਨਾ ਕੋਇ ਰਖਾਈਆ । ਕੋਟਨ ਕੋਟਾਂ ਵਿਚੋਂ ਭਗਤ ਸੁਹੇਲੇ ਥੋੜੇ ਅੱਛੇ, ਜਿਨ੍ਹਾਂ ਮਿਲੇ ਮਾਣ ਵਡਿਆਈਆ । ਪਰਮ ਪੁਰਖ ਸਰਨਾਈ ਢੱਠੇ, ਨਿਉਂ ਨਿਉਂ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਰਬਾਰ ਕਰ ਸੱਚੇ, ਸਚ ਸਚ ਸਚ ਵਿਚ ਸਮਾਈਆ ।

੨੧ ਜੇਠ ਸ਼ਹਿਨਸ਼ਾਹੀ ਸੰਮਤ ੨ ਜੀਤ ਕੌਰ ਪਿੰਡ ਧੰਗਾਲੀ ਕੈਂਪ ਰਾਮ ਕੋਟ ਜੰਮੂ

ਜਨ ਭਗਤ ਕਹਿਣ ਅਸੀਂ ਵੇਖੇ ਜੁਗ ਚੌਕੜੀ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਨਿਤ ਨਿੱਤ ਵੇਸ ਵਟਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਪਾਰਬ੍ਰਹਮ ਪਤਿਪਰਮੇਸ਼ਵਰ ਮਿਲਿਆ ਸਾਂਝਾ ਯਾਰ, ਆਦਿ ਨਿਰੰਜਣ ਅਬਿਨਾਸ਼ੀ ਕਰਤਾ ਆਪਣਾ ਰੂਪ ਬਦਲਾਈਆ । ਸੰਤ ਸੁਹੇਲਾ

ਇਕ ਅਕੇਲਾ ਏਕੰਕਾਰ ਮਾਰਗ ਲੈਂਦਾ ਰਿਹਾ ਵਿਚ ਸੰਸਾਰ, ਹੁਕਮੇਂ ਅੰਦਰ ਹੁਕਮ ਸੁਣਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਪਾਉਂਦਾ ਰਿਹਾ ਸਾਰ, ਸਰਗੁਣ ਨਿਰਗੁਣ ਨਿਰਗੁਣ ਸਰਗੁਣ ਆਪਣਾ ਖੇਲ ਵਖਾਈਆ । ਸ਼ਬਦ ਸੰਦੇਸ਼ਾ ਨਾਮ ਨਿਧਾਨ ਕ਼ਲਮ ਸ਼ਾਹੀ ਕਾਤਬ ਬਣ ਕੇ ਲੇਖਾ ਲਿਖਦਾ ਰਿਹਾ ਲਿਖਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਰੰਗ ਰੰਗਾਈਆ । ਪੰਜ ਤਤ ਕਾਇਆ ਮਾਟੀ ਮਨ ਮਤ ਬੁਧ ਦਿੰਦਾ ਰਿਹਾ ਅਧਾਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਕਰਨੀ ਕਾਰ ਕਮਾਈਆ । ਭਗਤ ਵਛਲ ਅਛਲ ਅਛੱਲ ਗੁਰਮੁਖਾਂ ਦਿੰਦਾ ਰਿਹਾ ਦੀਦਾਰ, ਨਿਜ ਲੋਚਨ ਨੈਣ ਗਿਆਨ ਅੱਖ ਪਰਤੱਖ ਖੁਲ੍ਹਾਈਆ । ਜੋਤੀ ਜਾਤਾ ਪੁਰਖ ਬਿਧਾਤਾ ਚਾਰ ਕੁੰਟ ਦਹਿ ਦਿਸ਼ਾ ਹੁੰਦਾ ਰਿਹਾ ਉਜਿਆਰ, ਗੁਰ ਅਵਤਾਰ ਪੈਗ਼ੰਬਰ ਰੂਪ ਵਟਾਈਆ । ਜਨ ਭਗਤ ਕਹਿਣ ਸਦਾ ਸਦਾ ਸਦ ਸਾਡਾ ਬਣਿਆ ਰਿਹਾ ਮੀਤ ਮੁਰਾਰ, ਵਿਛੋੜੇ ਵਿਚੋਂ ਜੋੜਾ ਆਪ ਮਿਲਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਸ਼ਬਦ ਅਗੰਮੀ ਦੱਸਦਾ ਰਿਹਾ ਗੁਫ਼ਤਾਰ, ਅੱਖ਼ਰਾਂ ਤੋਂ ਬਾਹਰ ਕਰੇ ਪੜ੍ਹਾਈਆ । ਆਦਿ ਅੰਤ ਜੁਗਾ ਜੁਗੰਤ ਜਿਸ ਦੀ ਪਾਵੇ ਕੋਈ ਨਾ ਸਾਰ, ਬੇਅੰਤ ਕਹਿ ਕੇ ਸਾਰੇ ਸ਼ੁਕਰ ਮਨਾਈਆ । ਸੋ ਸਵਾਮੀ ਅੰਤਰਜਾਮੀ ਜਨ ਭਗਤਾਂ ਮੀਤਾ ਠਾਂਡਾ ਸੀਤਾ ਕਰੇ ਹੱਕ ਪਿਆਰ, ਹਕ਼ੀਕਤ ਵਿਚੋਂ ਸਚ ਖੋਜ ਖੁਜਾਈਆ । ਜਨ ਭਗਤ ਕਹਿਣ ਬਿਨ ਭਗਤਾਂ ਪ੍ਰਭ ਦਾ ਕਰੇ ਨਾ ਕੋਇ ਇਜ਼ਹਾਰ, ਪੜਦਾ ਓਹਲਾ ਭੇਵ ਨਾ ਕੋਇ ਖੁਲ੍ਹਾਈਆ । ਇਸ਼ਟ ਦ੍ਰਿਸ਼ਟ ਵਿਚ ਕਰੇ ਨਾ ਕੋਇ ਪਿਆਰ, ਸ੍ਰਿਸ਼ਟ ਕੂੜ ਕੁੜਿਆਰ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲੇ ਲਏ ਵਰ, ਵਰਨ ਬਰਨ ਵੇਖ ਕੋਇ ਨਾ ਪਾਈਆ । ਜਨ ਭਗਤ ਕਹਿਣ ਅਸੀਂ ਆਉਂਦੇ ਰਹੀਏ ਜਗ, ਪ੍ਰਭ ਆਪਣਾ ਜੋੜ ਜੁੜਾਈਆ । ਲੱਖ ਚੁਰਾਸੀ ਜੀਵ ਜੰਤ ਛੱਡ, ਸਾਡੇ ਅੰਦਰ ਵੜ ਕੇ ਆਪਣੀ ਮੰਜ਼ਲ ਦਏ ਵਖਾਈਆ । ਪੰਜ ਤਤ ਕਾਇਆ ਮਾਟੀ ਖ਼ਾਕੀ ਰਹਿਣ ਨਾ ਦੇਵੇ ਅੱਡ, ਨਾਮ ਨਿਧਾਨਾ ਸ੍ਰੀ ਭਗਵਾਨਾ ਅੰਦਰ ਦਏ ਟਿਕਾਈਆ । ਸਤਿ ਧਰਮ ਦਾ ਨਿਸ਼ਾਨਾ ਗੱਡ, ਜਿਸ ਨੂੰ ਦੋ ਜਹਾਨ ਵੇਖ ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਬਿਨ ਭਗਤਾਂ ਪ੍ਰਭ ਦੀ ਚਲੇ ਮਾਤ ਨਾ ਯੱਦ, ਬਿਨਾ ਭਗਵੰਤ ਗੋਦ ਨਾ ਕੋਇ ਉਠਾਈਆ । ਸਾਚੀ ਸਿਖਿਆ ਗਾਵੇ

ਕੋਈ ਨਾ ਸਚ, ਸਤਿ ਸਤਿਵਾਦੀ ਰੂਪ ਨਾ ਕੋਇ ਵਟਾਈਆ । ਭਾਗ ਲੱਗੇ ਨਾ ਕਾਇਆ ਮਾਟੀ ਕੱਚ, ਨਿਰਗੁਣ ਨੂਰ ਜੋਤ ਨਾ ਕੋਇ ਰੁਸ਼ਨਾਈਆ । ਦਰਸ਼ਨ ਮਿਲੇ ਨਾ ਕਿਸੇ ਅਗੰਮੀ ਅੱਖ, ਜਗਤ ਲੋਚਣ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਮੇਲਾ ਮਿਲਾਉਂਦਾ ਰਹੇ ਪੁਰਖ ਸਮਰਥ, ਮਹਿੰਮਾ ਅਕਥ ਆਪ ਸਮਝਾਈਆ । ਜਨ ਭਗਤ ਕਹਿਣ ਸਾਡਾ ਮੇਲਾ ਹੁੰਦਾ ਰਹੇ ਗਹਿਰ ਗੰਭੀਰ, ਦੂਸਰ ਓਟ ਨਾ ਕੋਇ ਤਕਾਈਆ । ਪੰਜਾਂ ਤੱਤਾਂ ਵਾਲਾ ਲੇਖੇ ਲੌਂਦੇ ਰਹੇ ਸਰੀਰ, ਮਨ ਸ਼ਰੀਰ ਪਰੇ ਹਟਾਈਆ । ਨਜ਼ਰ ਤੱਕ ਦੇ, ਰਹੇ ਬੇਨਜ਼ੀਰ, ਨਜ਼ਰ ਨੂਰਾਨਾ ਸ਼ਹਿਨਸ਼ਾਹੀਆ । ਜਿਸ ਦੀ ਬਾਹਰ ਨਜ਼ਰ ਨਾ ਆਏ ਕਿਸੇ ਤਸਵੀਰ, ਜੋਤੀ ਜੋਤ ਜੋਤ ਸਮਾਈਆ । ਜੋ ਮੰਜ਼ਲ ਚੜ੍ਹੇ ਅਖ਼ੀਰ, ਕਾਇਆ ਕਾਅਬੇ ਸਾਚੇ ਹੁਜਰੇ ਧੁਰ ਦੇ ਮੰਦਰ ਡੇਰਾ ਲਾਈਆ । ਜਿਸ ਗੜ੍ਹ ਵਿਚ ਬਹਿ ਕੇ ਖ਼ੁਸ਼ੀ ਮਨਾਏ ਕਬੀਰ, ਸੋ ਭਗਤ ਸੁਹੇਲੇ ਸਹਿਜੇ ਆਪਣਾ ਪੰਧ ਮੁਕਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜਨ ਭਗਤਾਂ ਬਦਲ ਦੇਵੇ ਤਕਦੀਰ, ਤਦਬੀਰ ਆਪਣੀ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਨਾਮ ਨਿਧਾਨਾ ਜਾਮ ਪਿਆਏ ਠਾਂਡਾ ਸੀਰ, ਅਗਨੀ ਤਤ ਦਏ ਬੁਝਾਈਆ । ਜੁਗ ਚੌਕੜੀ ਨਿਤ ਨਵਿਤ ਭਗਤ ਭਗਵੰਤ ਇਕ ਦੂਜੇ ਦੀ ਬਣੇ ਰਹੇ ਧੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਅਮੀਰ ਕੰਗਾਲ ਵੰਡ ਨਾ ਕੋਇ ਵੰਡਾਈਆ ।



### ✪ ੨੧ ਜੇਠ ਸ਼ਹਿਨਸ਼ਾਹੀ ਸੰਮਤ ੨ ਢੇਰੂ ਰਾਮ ਦੇ ਗ੍ਰਹਿ ਪਿੰਡ ਮਨਾਵਰ ਕੈਂਪ ਰਾਮ ਕੋਟ ਜੰਮੂ ✪

ਜਨ ਭਗਤ ਕਹਿਣ ਸਾਡੀ ਚੁੱਕੀ ਮਾਇਆ ਮਮਤਾ, ਮਨ ਵਾਸਨਾ ਬੰਦ ਕਰਾਈਆ । ਨਾਤਾ ਤੁਟਿਆ ਹੰ ਹੰਗਤਾ, ਵੱਜੀ ਸਚ ਵਧਾਈਆ । ਮੇਲ ਮਿਲਿਆ ਸਾਚੀ ਸੰਗਤਾ, ਸਰਨ ਮਿਲੀ ਸਰਨਾਈਆ । ਠਾਕਰ ਪਾਇਆ ਧੁਰ ਦਾ ਪੰਡਤਾ, ਕਰੇ ਨਾਮ ਪੜ੍ਹਾਈਆ । ਲੇਖਾ ਚੁਕਾ ਚੁਰਾਸੀ ਜਨ ਕਾ, ਜਨਮ ਦਏ ਬਦਲਾਈਆ । ਲਹਿਣਾ ਚੁਕਾਏ ਸਾਚੇ ਤਨ ਕਾ, ਤਨ ਮਨ ਆਪਣੇ ਲੇਖੇ ਪਾਈਆ । ਜੁਗ ਜਨਮ ਬੇੜਾ ਬੰਨ੍ਹਦਾ, ਕਲਜੁਗ ਅੰਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਹਿਣਾ ਜਾਣੇ ਆਪਣੇ ਜਨ ਦਾ, ਭੁੱਲ ਵਿਚ ਭੁੱਲ ਕੋਇ ਨਾ ਜਾਈਆ ।

### ✪ ੨੧ ਜੇਠ ਸ਼ਹਿਨਸ਼ਾਹੀ ਸੰਮਤ ੨ ਬੀਬੀ ਸੰਤੋ ਦੇਵੀ ਦੇ ਗ੍ਰਹਿ ਪਿੰਡ ਨਵਾਂ ਚਕ ਕੈਂਪ ਰਾਮ ਕੋਟ ਜੰਮੂ ✪

ਜਨ ਭਗਤ ਕਹੇ ਮੈਂ ਸਤਿਗੁਰ ਜੋਗਾ, ਜੁਗਾਂ ਦੀ ਧਾਰ ਚਲੀ ਆਈਆ । ਮੇਰਾ ਪ੍ਰਭ ਦੇ ਨਾਲ ਬਦਲਦਾ ਰਹੇ ਚੋਗਾ, ਕਾਇਆ ਕੱਪੜ ਵੇਸ ਵਟਾਈਆ । ਮਿਲਦਾ ਰਹੇ ਨਾਮ ਸਲੋਕਾ, ਸਾਚਾ ਢੋਲਾ ਗਾਈਆ । ਦਿੰਦਾ ਰਹਵਾਂ ਹੋਕਾ, ਹੁਕਮ ਮੰਨ ਬੇਪਰਵਾਹੀਆ । ਦੱਸਦਾ ਰਹਾਂ ਲੋਕਾ, ਓਟ ਇਕੋ ਸ਼ਹਿਨਸ਼ਾਹੀਆ । ਜਿਸ ਦੀ ਲੱਖ ਚੁਰਾਸੀ ਜੋਤਾ, ਜੋਤੀ ਜੋਤ ਕਰੇ ਰੁਸ਼ਨਾਈਆ । ਜਿਸ ਨੂੰ ਮਿਲਿਆਂ ਕਦੇ ਨਾ ਆਏ ਮੌਤਾ, ਮਰ ਕੇ ਜੀਵਣ ਜੀਵਣ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਟੇ ਅਗਲੀ ਪਿਛਲੀ ਸੋਚਾ, ਸਚ ਸਾਜਣ ਹੋ ਕੇ ਆਪਣੇ ਘਰ ਵਸਾਈਆ ।

## ✪ ੨੧ ਜੇਠ ਸ਼ਹਿਨਸ਼ਾਹੀ ਸੰਮਤ ੨ ਭੋਲਾ ਰਾਮ ਦੇ ਗ੍ਰਿਹਿ ਪਿੰਡ ਸਰਦਾਰੀ ਕੈਂਪ ਰਾਮ ਕੋਟ ਜੰਮੂ ✪

ਜਨ ਭਗਤ ਕਹਿਣ ਸਾਡਾ ਮਿਟਿਆ ਕਰਮ ਕਾਂਡ, ਕੰਡਾ ਕੂੜ ਨਾ ਕੋਇ ਚੁਭਾਈਆ । ਘਰ ਠਾਕਰ ਮਿਲਿਆ ਠਾਂਡ, ਅਗਨੀ ਅੱਗ ਬੁਝਾਈਆ । ਜਨ ਭਗਤਾਂ ਬਖ਼ਸ਼ਿਆ ਗਵਾਂਢ, ਦਰ ਸਾਚੇ ਵੱਜੀ ਵਧਾਈਆ । ਜਨਮ ਜਨਮ ਦੀ ਪੂਰੀ ਕੀਤੀ ਤਾਂਘ, ਤ੍ਰਿਸ਼ਨਾ ਦਿਤੀ ਮਿਟਾਈਆ । ਬਦਲ ਕੇ ਆਇਆ ਸਵਾਮੀ ਸਵਾਂਗ, ਕਲਜੁਗ ਜੀਵ ਨਜ਼ਰ ਕਿਸੇ ਨਾ ਆਈਆ । ਅੰਮ੍ਰਿਤ ਰਸ ਦੀ ਚਾੜ੍ਹੇ ਕਾਂਗ, ਵਿਖ ਅੰਦਰੋਂ ਦਏ ਰੁੜ੍ਹਾਈਆ । ਗੁਰਮੁਖਾਂ ਪੂਰੀ ਕਰੇ ਮਾਂਗ, ਆਸ਼ਾ ਪੂਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਜਨ ਭਗਤ ਕਹਿਣ ਸਾਡਾ ਤਨ ਮਨ ਹੋਇਆ ਠਾਂਡਾ, ਅਗਨੀ ਰਹੀ ਨਾ ਰਾਈਆ । ਤਨ ਮਨ ਢੋਲਾ ਗਾਂਦਾ, ਗਾ ਗਾ ਖ਼ੁਸ਼ੀ ਮਨਾਈਆ । ਸਚ ਸਰੋਵਰ ਅੰਦਰ ਨਹਾਂਦਾ, ਮੈਲ ਮਮਤਾ ਮੋਹ ਮਿਟਾਈਆ । ਮਨ ਕਾ ਮਣਕਾ ਆਪ ਭਵਾਂਦਾ, ਗੇੜਾ ਗੇੜੇ ਵਿਚੋਂ ਚਲਾਈਆ । ਪੁਰਖ ਅਬਿਨਾਸ਼ੀ ਦਰਸ਼ਨ ਪਾਉਂਦਾ, ਜਲਵਾ ਤੱਕੇ ਨੂਰ ਰੁਸ਼ਨਾਈਆ । ਘਰ ਠਾਂਡਾ ਇਕ ਰੁਸ਼ਨਾਂਦਾ, ਅੰਧ ਅੰਧੇਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਹਾਰਾ ਦੇ ਕੇ ਆਪਣੇ ਨਾਂ ਦਾ, ਨਈਆ ਨੌਕਾ ਜਗਤ ਪਾਰ ਕਰਾਈਆ । ਜਨ ਭਗਤ ਕਹੇ ਮੇਰੇ ਅੰਤਰ ਆਈ ਸ਼ਾਂਤੀ, ਸਤਿ ਦਿਤਾ ਵਰਤਾਈਆ । ਮਿਲਿਆ ਅੰਮ੍ਰਿਤ ਬੂੰਦ ਸਵਾਂਤੀ, ਅਗਨੀ ਅੱਗ ਗਵਾਈਆ । ਮਾਰੀ ਅੰਦਰ ਝਾਤੀ, ਪੜਦਾ ਲਿਆ ਉਠਾਈਆ । ਮਿਲਿਆ ਕਮਲਾਪਾਤੀ ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੀ ਸਭ ਤੋਂ ਵੱਖਰੀ ਸਾਖੀ, ਜੁਗ ਜੁਗ ਕਰਦੇ ਗਏ ਪੜ੍ਹਾਈਆ । ਜਨ ਭਗਤ ਬਣਾਏ ਦਾਸਣ ਦਾਸੀ, ਸੇਵਕ ਸੇਵਾ ਆਪ ਲਗਾਈਆ । ਸਾਚੇ ਮੰਡਲ ਪਾਵੇ ਰਾਸੀ, ਸੋਹਣਾ ਆਪਣਾ ਰੂਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸੁਹੇਲੇ ਵੇਖੇ ਸ਼ਬਦ ਸਵਾਸੀ, ਸਵਾਸ ਸ਼ਬਦ ਪਵਣ ਪਵਣ ਸਵਾਸ ਸ਼ਬਦ ਵਿਚ ਸਮਾਈਆ ।

## ✪ ੨੧ ਜੇਠ ਸ਼ਹਿਨਸ਼ਾਹੀ ਸੰਮਤ ੨ ਮਲੂਕਾ ਰਾਮ ਦੇ ਗ੍ਰਿਹਿ ਪਿੰਡ ਦੇਵਾ ਕੈਂਪ ਰਾਮ ਕੋਟ ਜੰਮੂ ✪

ਜਨ ਭਗਤ ਕਹਿਣ ਸਾਨੂੰ ਦੁੱਖ ਨਾ ਕੋਈ ਵਿਆਪੇ, ਸੁਖ ਪ੍ਰਭ ਚਰਨ ਕਵਲ ਨਜ਼ਰੀ ਆਈਆ । ਮਿਲੇ ਮੇਲ ਪੁਰਖ ਅਬਿਨਾਸ਼ੀ ਸਾਚੇ, ਜੋ ਦੇਵਣਹਾਰ ਸਚ ਸਰਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦੀ ਮਹਿੰਮਾ ਆਖੇ, ਕਥਾ ਕਥ ਕਥ ਸੁਣਾਈਆ । ਜੋ ਆਤਮ ਪਰਮਾਤਮ ਨਿਰਗੁਣ ਨਿਰਗੁਣ ਜੋੜੇ ਨਾਤੇ, ਪਾਰਬ੍ਰਹਮ ਬ੍ਰਹਮ ਆਪਣਾ ਮੇਲ ਮਿਲਾਈਆ । ਜਿਸ ਦੇ ਜਗ ਗਾਉਂਦੇ ਸਾਕੇ, ਢਾਡੀ ਵਾਰਾਂ ਵਿਚ ਅਲਾਈਆ । ਖੇਲ ਵੇਖਦੇ ਭਗਤ ਭਗਵਾਨ ਦੀਨ ਦੁਨੀ ਜਗਤ ਤਮਾਸ਼ੇ, ਤਮਅ ਆਪਣੀ ਨਾ ਕੋਇ ਰਖਾਈਆ । ਕਲਜੁਗ ਕੂੜੀ ਕਿਰਿਆ ਚਾਰ ਕੁੰਟ ਲੱਗੀ ਆਂਚੇ, ਆਂਚਲ ਪੱਲੂ ਸਕੇ ਨਾ ਕੋਇ ਛੁਡਾਈਆ । ਸ਼ਬਦੀ ਚੋਟ ਕੋਈ ਨਾ ਜਾਗੇ, ਠੱਗ ਚੋਰ ਹੋਈ ਲੋਕਾਈਆ । ਮੰਜ਼ਲ ਚੜ੍ਹੇ ਕੋਈ ਨਾ ਆਗੇ, ਕਾਇਆ ਅੰਦਰ ਪੜਦਾ ਨਾ ਕੋਇ ਉਠਾਈਆ । ਦੀਪਕ ਜੋਤ ਜਗੇ ਨਾ ਕੋਈ ਚਿਰਾਗ਼ੇ, ਘਰ ਘਰ ਦੀਵੇ ਬਾਤੀ ਰਹੇ ਜਗਾਈਆ । ਸ਼ਬਦ ਨਾਦ ਅਨਹਦ

ਸੁਣੇ ਕੋਈ ਨਾ ਵਾਜੇ, ਬਾਹਰ ਢੋਲਕ ਛੈਣੇ ਸਰਬ ਰਹੇ ਖੜਕਾਈਆ । ਦੁਰਮਤ ਮੈਲ ਕੋਈ ਨਾ ਧੋਵੇ ਦਾਗ਼ੇ, ਪਤਿਤ ਪੁਨੀਤ ਨਾ ਕੋਇ ਬਣਾਈਆ । ਬਿਨ ਪੁਰਖ ਅਬਿਨਾਸ਼ੀ ਸਾਚੀ ਸਾਜਣਾ ਕੋਈ ਨਾ ਸਾਜੇ, ਸੱਜਣ ਧੁਰ ਦਾ ਨਜ਼ਰ ਕੋਇ ਨਾ ਆਈਆ । ਜਨ ਭਗਤ ਕਹਿਣ ਅਸੀਂ ਓਸਦੇ ਚਰਨ ਲਾਗੇ, ਜਿਥੇ ਲਾਗਤ ਲੱਗੇ ਕੋਇ ਨਾ ਰਾਈਆ । ਸਾਨੂੰ ਭੁੱਲ ਗਏ ਜਨਮ ਦੇਣ ਵਾਲੇ ਮਾਪੇ, ਮਾਤ ਪਿਤਾ ਪੁਰਖ ਅਕਾਲ ਇਕੋ ਗੋਦ ਰਿਹਾ ਉਠਾਈਆ । ਸਚਖੰਡ ਦਵਾਰ ਦੇ ਨਿਵਾਸੇ, ਸੁਹੰਜਣਾ ਘਰ ਦਏ ਜਣਾਈਆ । ਜਿਥੇ ਇਕੋ ਨੂਰ ਜੋਤ ਪਰਕਾਸ਼ੇ, ਅੰਧ ਅੰਧੇਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲਹਿਣਾ ਦੇਣਾ ਪਾਰ ਕਰਾਏ ਪ੍ਰਿਥਮੀ ਆਕਾਸ਼ੇ, ਅਕਾਸ਼ਾਂ ਤੋਂ ਉਪਰ ਦਰ ਘਰ ਸਾਚੇ ਠਾਂਡੇ ਸਚਖੰਡ ਦਵਾਰ ਦਏ ਟਿਕਾਈਆ ।

✪ ੨੧ ਜੇਠ ਸ਼ਹਿਨਸ਼ਾਹੀ ਸੰਮਤ ੨ ਬਲਵੰਤ ਕੌਰ ਦੇ ਗ੍ਰਿਹ ਪਿੰਡ ਛੰਬ ਕੈਂਪ ਰਾਮ ਕੋਟ ਜੰਮੂ ✪

ਜਨ ਭਗਤ ਕਹੇ ਮੇਰਾ ਮਾਲਕ ਪੁਰਖ ਅਕਾਲਾ, ਸਚਖੰਡ ਨਿਵਾਸੀ ਇਕ ਅਖਵਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਬਣਿਆ ਰਹੇ ਦੀਨ ਦਿਆਲਾ, ਭਗਤ ਸੁਹੇਲੇ ਗੋਦ ਉਠਾਇੰਦਾ । ਨਿਰਮਲ ਨਿਰਗੁਣ ਜੋਤ ਕਰੇ ਉਜਾਲਾ, ਕੂੜੀ ਕਿਰਿਆ ਅੰਧ ਅੰਧੇਰ ਮਿਟਾਇੰਦਾ । ਸਚਖੰਡ ਦਵਾਰ ਵਖਾਏ ਸੱਚੀ ਧਰਮਸਾਲਾ, ਧਰਮ ਦਵਾਰਾ ਇਕੋ ਸੋਭਾ ਪਾਇੰਦਾ । ਬਣਿਆ ਰਹੇ ਭਗਤਾਂ ਸਦਾ ਰਖਵਾਲਾ, ਜੁਗ ਜੁਗ ਆਪਣੀ ਸੇਵ ਕਮਾਇੰਦਾ । ਪਾਪਾਂ ਮੈਲ ਦੁਰਮਤ ਦਾਗ਼ ਧੋਵੇ ਕਾਲਾ, ਪਤਿਤ ਪੁਨੀਤ ਆਪ ਕਰਾਇੰਦਾ । ਕੂੜੀ ਕਿਰਿਆ ਮਮਤਾ ਮੋਹ ਤੋੜੇ ਜੰਜਾਲਾ, ਜੋਤੀ ਜਾਤਾ ਜੋਤ ਰੁਸ਼ਨਾਇੰਦਾ । ਜਨ ਭਗਤਾਂ ਲੇਖੇ ਲਾਏ ਜਨਮ ਜਨਮ ਦੀ ਘਾਲਾ, ਘਾਇਲ ਆਇਲ ਮਸਾਇਲ ਸਭ ਦਾ ਹਲ ਕਰਾਇੰਦਾ । ਨਾਮ ਪ੍ਰੀਤੀ ਦੇਵੇ ਸਚ ਨਵਾਲਾ, ਕੂੜੀ ਕਿਰਿਆ ਤ੍ਰਿਸ਼ਨਾ ਭੁੱਖ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਗੋਦ ਉਠਾਏ ਆਪਣਾ ਬਾਲਾ, ਬਾਲਮੀਕ ਰਿਖੀ ਹੋ ਕੇ ਰਿਸ਼ੀ ਆਪ ਜਣਾਇੰਦਾ । ਜਨ ਭਗਤ ਕਹੇ ਮੇਰਾ ਮਾਲਕ ਨਿਰੰਕਾਰ, ਨਰ ਨਿਰਵੈਰ ਨਜ਼ਰੀ ਆਈਆ । ਜਿਸ ਦੀ ਦੋ ਜਹਾਨ ਸੱਚੀ ਸਰਕਾਰ, ਸਚ ਅਦਾਲਤ ਰਿਹਾ ਕਮਾਈਆ । ਠਾਂਡੇ ਦਰ ਝੁਕਦੇ ਜਿਸ ਦੇ ਪੈਗ਼ੰਬਰ ਗੁਰ ਅਵਤਾਰ, ਨਿਮਸਕਾਰ ਕਰ ਕਰ ਸਾਰੇ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਹੁਕਮੇਂ ਅੰਦਰ ਖ਼ਬਰਦਾਰ, ਖ਼ਵਾਬਾਂ ਵਿਚ ਵੇਖਣ ਜਗਤ ਲੋਕਾਈਆ । ਪੁਰਖ ਅਬਿਨਾਸ਼ੀ ਸ਼ਬਦ ਸੰਦੇਸ਼ਾ ਦੇਵੇ ਜੁਗ ਚੌਕੜੀ ਵਾਰੋ ਵਾਰ, ਵਾਰਤਾ ਆਪਣੀ ਆਪ ਜਣਾਈਆ । ਸੰਤ ਸੁਹੇਲੇ ਉਠਾਏ ਵਿਚ ਸੰਸਾਰ, ਵਿਹਾਰ ਆਪਣੇ ਨਾਲ ਮਿਲਾਈਆ । ਮਾਰਗ ਦਸ ਅਗੰਮ ਅਪਾਰ, ਅਲਖ ਅਗੋਚਰ ਕਰੇ ਪੜ੍ਹਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਅੰਤ ਸ੍ਰੀ ਭਗਵੰਤ ਪਾਵੇ ਸਾਰ, ਸਰਬ ਵਿਆਪੀ ਸੰਤ ਸੁਹੇਲਾ ਦਇਆ ਕਮਾਈਆ । ਗੁਰਮੁਖ ਗੁਰਸਿਖ ਸੱਜਣ ਲਏ ਉਠਾਲ, ਚੁਰਾਸੀ ਫਾਂਸੀ ਜਮ ਦੀ ਦਏ ਕਟਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਮੇਲ ਮਿਲਾਏ ਦੀਨ ਦਿਆਲ, ਸਚ ਦਵਾਰ ਵਖਾਏ ਸੱਚੀ ਧਰਮਸਾਲ, ਜਿਥੇ ਪੋਹ ਨਾ ਸਕੇ ਕਾਲ, ਮਹਾਂਕਾਲ ਰਹੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਜੀਵਣ ਹਲ ਕਰੇ ਸਵਾਲ, ਜ਼ਿੰਦਗੀ ਬੰਦਗੀ ਵਿਚ ਬਿਨਾ ਬੰਦਨਾ ਦਏ ਬਦਲਾਈਆ ।

## ✪ ੨੧ ਜੇਠ ਸ਼ਹਿਨਸ਼ਾਹੀ ਸੰਮਤ ੨ ਧਰਮ ਚੰਦ ਦੇ ਗ੍ਰਿਹ ਪਿੰਡ ਛੰਬ ਕੈਂਪ ਰਾਮ ਕੋਟ ਜੰਮੂ ✪

ਜਨ ਭਗਤ ਕਹੇ ਜਗਤ ਨਾਲੋਂ ਕੀਤਾ ਨਿਰਮੋਹ, ਮੁਹੱਬਤ ਆਪਣੇ ਨਾਲ ਜੁੜਾਈਆ । ਜੋਤ ਸਰੂਪ ਆਪੇ ਹੋ, ਨਿਰਗੁਣ ਹੋ ਕੇ ਦਇਆ ਕਮਾਈਆ । ਨਾਮ ਦੱਸ ਕੇ ਸੋਹੰ ਸੋ, ਆਦਿ ਅੰਤ ਮਧ ਇਕੋ ਰੰਗ ਰੰਗਾਈਆ । ਸਚ ਪਰਕਾਸ਼ ਕਰ ਕੇ ਲੋ, ਲੋਚਣ ਦਿਤਾ ਖੁਲ੍ਹਾਈਆ । ਅੰਮ੍ਰਿਤ ਰਸ ਚੋ, ਚੋਰਾਂ ਦਿਤਾ ਭਜਾਈਆ । ਜਿਸ ਦਾ ਭੇਵ ਨਾ ਜਾਣੇ ਕੋ, ਸਮਝ ਸਕੇ ਨਾ ਰਾਈਆ । ਕੂੜੀ ਕਿਰਿਆ ਜਗਤ ਵਾਸਨਾ ਖੋਹ, ਜਾਤ ਪਾਤ ਦਿਤੀ ਗਵਾਈਆ । ਸਤਿਜੁਗ ਵਿਛੜੇ ਕਲਜੁਗ ਅੰਤ ਨਹੀਂ ਕੀਤਾ ਧਰੋਹ, ਧੁਰ ਦਾ ਮੇਲਾ ਲਿਆ ਮਿਲਾਈਆ । ਪ੍ਰੇਮ ਨਾਲ ਕਹੇ ਸਚ ਸੰਦੇਸ਼ ਸੁਣੋ, ਸਰਵਣਾਂ ਅੰਦਰ ਗਿਆਨ ਪਰਗਟਾਈਆ । ਪੁਰਖ ਅਕਾਲ ਦੀਨ ਦਿਆਲ ਮਾਲਕ ਇਕੋ ਚੁਣੋ, ਜੋ ਅਵਤਾਰ ਗੁਰੂ ਪੈਗੰਬਰ ਸਭ ਦਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਣਾਏ ਸਾਚੀ ਧੁਨੋ, ਧੁਨੀਆਂ ਦੀ ਧਾਰ ਜਿਸ ਵਿਚੋਂ ਪਰਗਟ ਕਰੇ ਸ਼ਨਵਾਈਆ ।

## ✪ ੨੧ ਜੇਠ ਸ਼ਹਿਨਸ਼ਾਹੀ ਸੰਮਤ ੨ ਧੰਨਾ ਰਾਮ ਦੇ ਗ੍ਰਿਹ ਪਿੰਡ ਅੰਬਾ ਰਾਏ ਕੈਂਪ ਰਾਮ ਕੋਟ ਜੰਮੂ ✪

ਜਨ ਭਗਤ ਕਹੇ ਮੇਰਾ ਮਾਲਕ ਇੱਕਾ, ਦੋ ਇਕ ਦਏ ਵਡਿਆਈਆ । ਭਗਤ ਉਧਾਰੇ ਵੱਡਾ ਨਿੱਕਾ, ਆਯੂ ਲੇਖਾ ਨਾ ਕੋਇ ਸਮਝਾਈਆ । ਗੁਰਸਿਖ ਪਾਰ ਉਤਾਰੇ ਸਾਚਾ ਸਿਖਾ, ਸਿਖਿਆ ਧੁਰ ਦੀ ਇਕ ਸਮਝਾਈਆ । ਪੂਰਾ ਕਰੇ ਜੋ ਬਾਵਨ ਲੇਖਾ ਲਿਖਾ, ਲਿਖਤ ਭਵਿਖਤ ਨਾਲ ਮਿਲਾਈਆ । ਰਿਸ਼ੀਆਂ ਪੂਰੀ ਕਰ ਕੇ ਇੱਛਾ, ਸਚ ਭੰਡਾਰਾ ਲੇਖੇ ਪਾਈਆ । ਅਗੇ ਨਾਮ ਦੀ ਪਾ ਕੇ ਭਿੱਛਾ, ਭਿਛਿਅਕ ਧੁਰ ਦੇ ਲਏ ਬਣਾਈਆ । ਮਾਨਸ ਜਨਮ ਜਿਨ੍ਹਾਂ ਜਿੱਤਾ, ਲੋਕਮਾਤ ਵੱਜੀ ਵਧਾਈਆ । ਅਬਿਨਾਸ਼ੀ ਕਰਤਾ ਕਰੇ ਹਿੱਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਧੁਰ ਠਾਕਰ ਮਿਲੇ ਸਿੱਧਾ, ਵਿਚੋਲਾ ਵਿਚ ਨਾ ਕੋਇ ਰਖਾਈਆ । ਜਗਤ ਨਿਰਾਲੀ ਕਰ ਕੇ ਬਿੱਧਾ, ਬਦਲਾ ਸਭ ਦਾ ਰਿਹਾ ਚੁਕਾਈਆ । ਜਿਸ ਨੂੰ ਸਮਝ ਨਾ ਸਕੇ ਕੋਈ ਕਿੱਡਾ, ਵੱਡਾ ਛੋਟਾ ਭੇਵ ਕੋਇ ਨਾ ਪਾਈਆ । ਸੋ ਭਗਤਾਂ ਦਾ ਭਗਤੀ ਦਾ ਪ੍ਰੇਮ ਪਿਆਰ ਅੰਦਰ ਕੱਢੇ ਸਿੱਟਾ, ਸਿੱਟੇਬਾਜ਼ੀ ਜਗਤ ਦਏ ਤਜਾਈਆ । ਜਨਮ ਜਨਮ ਦਾ ਲੇਖਾ ਕਰ ਕੇ ਚਿੱਟਾ, ਦੁਰਮਤ ਮੈਲ ਦਏ ਧਵਾਈਆ । ਸਾਚਾ ਘਰ ਗ੍ਰਿਹ ਮੰਦਰ ਧਾਮ ਵਖਾਏ ਇਕ ਅਨਡਿੱਠਾ, ਸਚਖੰਡ ਸਾਚਾ ਸੋਭਾ ਪਾਈਆ । ਜਿਥੇ ਯਾਦ ਨਾ ਰਹੇ ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣ ਪਿੱਛਾ, ਪੁੱਤਰ ਧੀ ਪਿਆਰ ਨਾ ਕੋਇ ਰਖਾਈਆ । ਇਕੋ ਪੁਰਖ ਅਕਾਲ ਦੀਨ ਦਿਆਲ ਜੋਤ ਸਰੂਪ ਸਚ ਪਰਕਾਸ਼ ਦਿੱਸਾ, ਜੋ ਘਟ ਘਟ ਰਿਹਾ ਸਮਾਈਆ । ਸਚ ਦਵਾਰ ਏਕੰਕਾਰ ਜਨ ਭਗਤਾਂ ਕਰੇ ਹਿੱਤਾ, ਹਿਤਕਾਰੀ ਹੋ ਕੇ ਅੰਤਮ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਭਗਤ ਸੁਹੇਲੇ ਆਪ ਪਰਗਟਾਈਆ । ਜਨ ਭਗਤ ਕਹਿਣ ਸਾਡੀ ਜਨਮ ਦੀ ਪੂਰੀ ਹੋਈ ਬਾਜ਼ੀ, ਬਾਜ਼ਾਂ ਵਾਲੇ ਨਾਲ ਮਿਲ ਕੇ ਬਾਜ਼ੀ ਲਈ ਲਗਾਈਆ । ਸਾਡੀ ਆਤਮ ਹੋਈ ਰਾਜ਼ੀ, ਰਾਜ਼ਕ ਰਹੀਮ ਦਏ ਸਰਨਾਈਆ । ਝਗੜਾ ਰਿਹਾ ਨਾ ਕਿਸੇ ਪੰਡਤ ਮੁਲਾ ਕਾਜ਼ੀ, ਸ਼ਰਅ ਸ਼ਰੀਅਤ ਨਾ ਕੋਇ ਲੜਾਈਆ । ਮਨੂਆ

ਮਨ ਰਹੇ ਨਾ ਗ਼ਾਜ਼ੀ, ਹੰਕਾਰੀ ਗੜ੍ਹ ਦੇਣਾ ਤੁੜਾਈਆ । ਸੋਈ ਸੁਰਤ ਸਵਾਣੀ ਜਾਗੀ, ਸ਼ਬਦ ਗੁਰੂ ਰਿਹਾ ਉਠਾਈਆ । ਆਸਾ ਤ੍ਰਿਸ਼ਨਾ ਰਹੇ ਨਾ ਪਾਜੀ, ਪਾਜ ਸਭ ਦਾ ਦੇਣਾ ਖੁਲ੍ਹਾਈਆ । ਜਨ ਭਗਤ ਸੁਹੇਲੇ ਦਰ ਘਰ ਸਾਚੇ ਸਚਖੰਡ ਦਵਾਰ ਇਕੋ ਸੁਣਨ ਰਾਗੀ, ਜਿਸ ਦੀ ਧੁਨ ਜਗਤ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਕਰਮ ਦੀ ਪ੍ਰੀਤ ਵੇਖੇ ਸਾਚੀ, ਲੇਖੇ ਲਾਵੇ ਕਾਇਆ ਮਾਟੀ ਕਾਚੀ, ਕੰਚਨ ਗੜ੍ਹ ਅੰਦਰ ਵੜ, ਮੰਦਰ ਚੜ੍ਹ, ਸਚ ਦਵਾਰੇ ਖੜ੍ਹ, ਨਿਰਗੁਣ ਨੂਰ ਜੋਤ ਧਰ, ਮੇਲ ਮਿਲਾ ਹਰੀ ਹਰਿ, ਸਰ ਸਾਚੇ ਦਏ ਨੁਹਾਈਆ ।

## ੨੧ ਜੇਠ ਸ਼ਹਿਨਸ਼ਾਹੀ ਸੰਮਤ ੨ ਨੰਦੂ ਦੇ ਗ੍ਰਿਹਿ ਪਿੰਡ ਸਰਦਾਰੀ ਕੈਂਪ ਛਲੇ ਜੰਮੂ

ਜਨ ਭਗਤ ਕਹੇ ਮੇਰਾ ਗ੍ਰਿਹਿ ਮੰਦਰ ਸੁਹੰਜਣਾ, ਭਿੰਨੜੀ ਰੈਣ ਵੱਜੀ ਵਧਾਈਆ । ਪਰਮ ਪੁਰਖ ਪਰਮਾਤਮ ਆਤਮ ਪਾਇਆ ਦਰਦ ਦੁੱਖ ਭੈ ਭੰਜਨਾ, ਭੈ ਭੌ ਭਰਮ ਸਰਬ ਗਵਾਈਆ । ਆਦਿ ਜੁਗਾਦਿ ਸ਼ਾਹ ਪਾਤਸ਼ਾਹ ਆਦਿ ਨਿਰੰਜਨਾ, ਜੋਤੀ ਜਾਤਾ ਪੁਰਖ ਬਿਧਾਤਾ ਨੂਰ ਨੂਰ ਕਰੇ ਰੁਸ਼ਨਾਈਆ । ਏਕੰਕਾਰ ਕਰ ਪਿਆਰ ਚਰਨ ਧੂੜ ਕਰਾਏ ਧੁਰ ਦਾ ਮਜਨਾ, ਦੁਰਮਤ ਮੈਲ ਅੰਦਰ ਬਾਹਰ ਕੂੜੀ ਕਿਰਿਆ ਬਾਹਰ ਕਢਾਈਆ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਬਣੇ ਸਾਚਾ ਸੱਜਣਾ, ਸਗਲਾ ਸੰਗ ਸੂਰਾ ਸਰਬੰਗ ਆਪ ਨਿਭਾਈਆ । ਭਗਤ ਭਗਵਾਨ ਇਕੋ ਦੀਪ ਹੋ ਕੇ ਜਗਣਾ, ਜਾਗਰਤ ਜੋਤ ਬਿਨ ਵਰਨ ਗੋਤ ਕਰੇ ਰੁਸ਼ਨਾਈਆ । ਪਾਰਬ੍ਰਹਮ ਬ੍ਰਹਮ ਦੇਵੇ ਸਚ ਅਨੰਦਨਾ, ਆਨੰਦ ਆਨੰਦ ਵਿਚੋਂ ਪਰਗਟਾਈਆ । ਗੁਰਮੁਖਾਂ ਦੱਸ ਕੇ ਧੁਰ ਦੀ ਬੰਦਨਾ, ਬੰਦੀਖ਼ਾਨੇ ਵਿਚੋਂ ਬਾਹਰ ਕਢਾਈਆ । ਨਾਮ ਨਿਧਾਨ ਚਾੜ੍ਹੇ ਧੁਰ ਦੀ ਰੰਗਣਾ, ਰੰਗ ਰੰਗੀਲਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਈਆ । ਜਨ ਭਗਤ ਕਹੇ ਪਰਮ ਪੁਰਖ ਦਾ ਵੇਖਣਾ ਅਗੰਮੀ ਨੂਰ, ਨੂਰ ਨੁਰਾਨਾ ਸ਼ਾਹ ਸੁਲਤਾਨਾ ਗ੍ਰਿਹਿ ਮੰਦਰ ਅੰਦਰ ਨਜ਼ਰੀ ਆਈਆ । ਜੋ ਸਦਾ ਸੁਹੇਲਾ ਇਕ ਅਕੇਲਾ ਸਰਬ ਕਲਾ ਭਰਪੂਰ, ਪਤਿਪਰਮੇਸ਼ਵਰ ਪਾਰਬ੍ਰਹਮ ਬੇਪਰਵਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਆਸਾ ਮਨਸਾ ਕਰੇ ਪੂਰ, ਕੂੜੀ ਕਿਰਿਆ ਮਾਇਆ ਮਮਤਾ ਤ੍ਰਿਸ਼ਨਾ ਭੁੱਖ ਮਿਟਾਈਆ । ਚਰਨ ਪ੍ਰੀਤੀ ਸਾਚੀ ਨੀਤੀ ਕਵਲ ਧਵਲ ਦੇਵੇ ਧੂੜ, ਅੱਵਲ ਆਪਣਾ ਰੰਗ ਰੰਗਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਨਾਮ ਨਿਧਾਨਾ ਸ੍ਰੀ ਭਗਵਾਨਾ ਇਕੋ ਕਰੇ ਪੜ੍ਹਾਈਆ । ਜਨ ਭਗਤਾਂ ਪੰਧ ਮੁਕਾਏ ਨੇੜੇ ਦੂਰ, ਅੰਤਰ ਆਤਮ ਹਾਜ਼ਰ ਹਜ਼ੂਰ, ਸਾਹਿਬ ਸਵਾਮੀ ਅੰਤਰਜਾਮੀ, ਘਟ ਭੀਤਰ ਮੇਲਾ ਮੇਲੇ ਸਹਿਜ ਸੁਭਾਈਆ । ਬੋਧ ਅਗਾਧ ਸ਼ਬਦ ਅਨਾਦ ਗੁਰ ਅਵਤਾਰ ਪੈਗ਼ੰਬਰ ਸੁਣਾਏ ਬਾਣੀ, ਬਾਨੀ ਹੋ ਕੇ ਆਪਣਾ ਹੁਕਮ ਵਰਤਾਈਆ । ਲੇਖਾ ਜਾਣੇ ਅੰਦਰ ਬਾਹਰ ਗੁਪਤ ਜਾਹਰ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਜਨ ਭਗਤਾਂ ਦੇਵੇ ਨਿਤ ਨਿੱਤ ਦਾਦ ਬ੍ਰਹਮ ਬ੍ਰਹਿਮਾਦ ਧੁਰ ਦੀ ਇਕ ਨਿਸ਼ਾਨੀ, ਜਿਸ ਦਾ ਨਿਸ਼ਾਨਾ ਨਜ਼ਰ ਕਿਸੇ ਨਾ ਆਈਆ । ਜਿਸ ਨੂੰ ਜਗਤ ਵਿਦਿਆ ਸਮਝੇ ਨਾ ਕੋਈ ਵਿਦਵਾਨੀ, ਚੌਦਾਂ ਵਿਦਿਆ ਨੇਤਰ ਰੋਵੇ ਮਾਰੇ ਧਾਈਆ । ਜਨ ਭਗਤਾਂ ਉਪਰ ਕਰੇ ਆਪ ਮਿਹਰਵਾਨੀ, ਮਹਿਬੂਬ ਹੋ ਕੇ ਮੁਹੱਬਤ ਵਿਚ ਦਏ ਦਰਸਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੰਜ਼ਲ ਕਰੇ ਆਸਾਨੀ, ਦੇਣੀ ਪਏ ਨਾ ਕੋਇ ਕੁਰਬਾਨੀ, ਬਖ਼ਸ਼ੇ ਇਕੋ ਪਦ ਨਿਰਬਾਨੀ, ਥਿਰ ਘਰ ਸਾਚਾ ਸਚ ਦਵਾਰਾ ਇਕ ਜਣਾਈਆ ।

## ✪ ੨੨ ਜੇਠ ਸ਼ਹਿਨਸ਼ਾਹੀ ਸੰਮਤ ੨ ਵੀਰੋ ਦੇਵੀ ਪਿੰਡ ਧੰਗਾਲੀ ਕੈਂਪ ਛਲੇ ਜੰਮੂ ✪

ਰਿਸ਼ੀ ਕਹਿਣ ਪਰਮ ਪਰਮ ਪ੍ਰਭ ਪਾਇਆ ਧੁਰ ਦਾ ਰਾਮ, ਰਮਈਆ ਰਾਮ ਨਜ਼ਰੀ ਆਈਆ । ਧਰਨੀ ਕਹੇ ਪੂਰਾ ਕਰ ਕੇ ਆਪਣਾ ਕਾਮ, ਮੇਰਾ ਲਹਿਣਾ ਰਿਹਾ ਚੁਕਾਈਆ । ਆਸਾ ਕਹੇ ਮੈਂ ਕਰਾਂ ਪਰਨਾਮ, ਨਿਉਂ ਨਿਉਂ ਸੀਸ ਝੁਕਾਈਆ । ਭਰਵਾਸਾ ਕਹੇ ਮੈਂ ਹੋਇਆ ਬਲਵਾਨ, ਜਿਸ ਪਿਛਲਾ ਪੈਂਡਾ ਲਿਆ ਮੁਕਾਈਆ । ਲਹਿਣਾ ਦੇਣਾ ਕਹੇ ਮੇਰਾ ਪੂਰਾ ਕੌਲ ਹੋਇਆ ਆਣ, ਇਕਰਾਰ ਦਿਤਾ ਭੁਗਤਾਈਆ । ਭਾਗ ਲਗਾ ਕੇ ਜੰਗਲ ਬੀਆਬਾਨ, ਜੂਹ ਮਿਲੀ ਵਡਿਆਈਆ । ਸਚ ਪਦਾਰਥ ਖਾ ਕੇ ਪਕਵਾਨ, ਪੱਕੇ ਕੱਚੇ ਆਪਣੇ ਰੰਗ ਰੰਗਾਈਆ । ਭੂਮੀ ਸੋਹੇ ਅਸਥਾਨ, ਵੱਜੇ ਸਚ ਵਧਾਈਆ । ਭਗਤ ਕਰੇ ਪਰਵਾਨ, ਭਗਵਾਨ ਬੇਪਰਵਾਹੀਆ । ਮੰਜ਼ਲ ਹੋਏ ਆਸਾਨ, ਮੁਸ਼ਕਲ ਹੱਲ ਕਰਾਈਆ । ਸਚ ਦਵਾਰੇ ਦੇਵੇ ਆਰਾਮ, ਧਾਮ ਸੁਹੰਜਣਾ ਇਕ ਸੁਹਾਈਆ । ਜਿਥੇ ਇਕੋ ਵਾਰ ਕਰਨੀ ਪਏ ਪਰਨਾਮ, ਦੂਸਰ ਸਿਰ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਪੂਰ ਕਰਾਈਆ । ਰਿਸ਼ੀ ਕਹਿਣ ਸਾਡੀ ਰਾਸ ਆਈ ਰਾਸ਼ੀ, ਰਸਤਾ ਮਿਲਿਆ ਬੇਪਰਵਾਹੀਆ । ਘਰ ਪਾ ਪੁਰਖ ਅਬਿਨਾਸ਼ੀ, ਕਰਨੀ ਦਾ ਕਰਤਾ ਨਜ਼ਰੀ ਆਈਆ । ਜਨਮ ਜਨਮ ਦੀ ਲਾਹ ਉਦਾਸੀ, ਅੰਦਰੋਂ ਚਿੰਤਾ ਦਿਤੀ ਕਢਾਈਆ । ਤੋੜ ਕਟ ਜਮਾਂ ਦੀ ਫਾਸੀ, ਫ਼ੈਸਲਾ ਇਕੋ ਹੁਕਮ ਸੁਣਾਈਆ । ਭਗਤ ਸੁਹੇਲੇ ਕਰ ਕੇ ਦਾਸੀ, ਦਹਿ ਦਿਸ਼ਾ ਵੇਖ ਵਖਾਈਆ । ਕਿਰਪਾ ਕਰ ਸਰਬ ਗੁਣਤਾਸੀ, ਗੁਣਵੰਤਾ ਹੋਏ ਸਹਾਈਆ । ਜਨ ਭਗਤ ਕੋਈ ਨਾ ਹੋਵੇ ਮਦਰਾ ਮਾਸੀ, ਸਵਾਸ ਸਵਾਸ ਇਕੋ ਨਾਮ ਧਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਅੰਤਰ ਹੋ ਕੇ ਬਣੇ ਸੱਚਾ ਪਾਠੀ, ਪਾਠਸ਼ਾਲਾ ਕਾਇਆ ਮੰਦਰ ਆਪ ਵਖਾਈਆ ।

## ✪ ੨੨ ਜੇਠ ਸ਼ਹਿਨਸ਼ਾਹੀ ਸੰਮਤ ੨ ਧੰਨਾ ਸਿੰਘ ਦੇ ਘਰ ਪਿੰਡ ਖੇਰੋਵਾਲ ਕੈਂਪ ਛਲੇ ਜੰਮੂ ✪

ਪ੍ਰਭ ਕਹੇ ਹਰਿ ਸੰਗਤ ਮੇਰਾ ਪਰਵਾਰ, ਪਾਰਾਵਾਰ ਕਹਿਣ ਕੋਇ ਨਾ ਪਾਈਆ । ਜਿਨ੍ਹਾਂ ਨੂੰ ਜੁਗ ਜੁਗ ਵਿਛੋੜਦਾ ਰਿਹਾ ਸੰਸਾਰ, ਅੰਤ ਆਪਣੇ ਨਾਲ ਮਿਲਾਈਆ । ਸਚ ਪ੍ਰੀਤੀ ਦੇ ਕੇ ਚਰਨ ਪਿਆਰ, ਪਿਆਰ ਮੁਹੱਬਤ ਵਿਚੋਂ ਲਏ ਪਰਗਟਾਈਆ । ਪੂਰਬ ਲਹਿਣਾ ਲੇਖਾ ਕਰਮ ਵਿਚਾਰ, ਵੇਖ ਵਖਾਏ ਥਾਉਂ ਥਾਈਂਆ । ਮਿਹਰਵਾਨ ਹੋ ਕੇ ਨਿੱਕੇ ਵੱਡੇ ਜੇਬਨਵੰਤੇ ਸਾਰੇ ਜਾਏ ਤਾਰ, ਤਾਰਨਹਾਰ ਬੇਪਰਵਾਹੀਆ । ਚੁਰਾਸੀ ਵਿਚ ਹੋਏ ਨਾ ਕੋਇ ਖ਼ੁਆਰ, ਖ਼ਾਲਸ ਆਪਣਾ ਰੰਗ ਚੜ੍ਹਾਈਆ । ਅੰਦਰ ਬਾਹਰ ਕਰੇ ਸੰਭਾਲ, ਏਥੇ ਓਥੇ ਹੋਏ ਸਹਾਈਆ । ਜਨ ਭਗਤ ਰਹੇ ਨਾ ਕੋਇ ਕੰਗਾਲ, ਨਾਮ ਭੰਡਾਰਾ ਝੋਲੀ ਪਾਈਆ । ਪਿਤਾ ਹੋ ਕੇ ਕਰੇ ਪ੍ਰਿਤਪਾਲ, ਬਾਲਕ ਆਪਣੇ ਗੋਦ ਉਠਾਈਆ । ਇਕ ਇਕ ਦਾ ਲੇਖਾ ਜਾਣੇ ਅਹਿਵਾਲ, ਭੁਲ ਵਿਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਮਾਣ ਵਡਿਆਈਆ । ਸ੍ਰੀ ਭਗਵਾਨ

ਕਹੇ ਹਰਿ ਸੰਗਤ ਮੇਰੀ ਧਾਰ, ਸਤਿਜੁਗ ਸਚ ਮਿਲੇ ਵਡਿਆਈਆ । ਜਿਸ ਦਾ ਲੇਖਾ ਰਹੇ ਜੁਗ ਚਾਰ, ਚਾਰ ਕੁੰਟ ਨਾ ਕੋਇ ਮਿਟਾਈਆ । ਜੁਗ ਚੌਕੜੀ ਗਾਉਂਦੇ ਰਹਿਣ ਵਾਰ, ਵਾਰਤਾ ਵਿਚ ਆਪਣਾ ਰਾਹ ਵਖਾਈਆ । ਕਰਦੇ ਰਹਿਣ ਨਿਮਸਕਾਰ, ਨਮੋਂ ਨਮੋਂ ਕਹਿ ਕੇ ਸੀਸ ਝੁਕਾਈਆ । ਮਨਾਉਂਦੇ ਰਹਿਣ ਤਿਉਹਾਰ, ਖ਼ੁਸ਼ੀਆਂ ਵਿਚੋਂ ਖ਼ੁਸ਼ੀਆਂ ਆਪ ਪਰਗਟਾਈਆ । ਝੁਕਦੇ ਰਹਿਣ ਹਰਿ ਭਗਤ ਦਵਾਰ, ਪੈਂਡੇ ਪੰਧ ਮੁਕਾਈਆ । ਗਾਉਂਦੇ ਰਹਿਣ ਨਿਰੰਕਾਰ ਨਿਰੰਕਾਰ, ਵਿਸ਼ਨੂੰ ਭਗਵਾਨ ਜੈਕਾਰ ਸੁਣਾਈਆ । ਅੰਤ ਅਖ਼ੀਰੀ ਸ਼ਬਦ ਜ਼ੰਜੀਰੀ ਆਤਮ ਪਰਮਾਤਮ ਜਾਏ ਡਾਰ, ਅੰਦਰ ਸਕੇ ਨਾ ਕੋਇ ਤੁੜਾਈਆ । ਅਗੇ ਹੋਣ ਨਾ ਦੇਵੇ ਖ਼ੁਆਰ, ਖ਼ੁਆਰੀ ਵਿਚ ਰਖੇ ਲੋਕਾਈਆ । ਰਿਸ਼ੀਆਂ ਦਾ ਪੂਰਾ ਕੀਤਾ ਵਿਹਾਰ, ਏਸੇ ਕਾਰਨ ਏਥੇ ਲਿਆ ਟਿਕਾਈਆ । ਸੋ ਲਹਿਣਾ ਦੇਣਾ ਪੂਰਬ ਕਰਜ਼ ਚਲਿਆ ਉਤਾਰ, ਮਕਰੂਜ਼ ਆਪ ਚੁਕਾਈਆ । ਅਗੇ ਦੇ ਕੇ ਸਚ ਪਿਆਰ, ਘਰਾਨੇ ਸਾਚੇ ਦਏ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਤੇਰਾ ਬਣਿਆ ਰਹੇ ਅਧਾਰ, ਸਹਾਰਾ ਇਕੋ ਇਕ ਨਜ਼ਰੀ ਆਈਆ ।

### ✪ ੨੨ ਜੇਠ ਸ਼ਹਿਨਸ਼ਾਹੀ ਸੰਮਤ ੨ ਬੁਢੋ ਦੇਵੀ ਦੇ ਘਰ ਕੈਂਪ ਛੇਲੇ ਜੰਮੂ ✪

ਰਿਸ਼ੀਓ ਤੁਹਾਡਾ ਪੂਰਾ ਹੋਇਆ ਵਰ, ਵਰ੍ਹੇ ਬਰਸ ਗਿਣਨ ਦੀ ਲੋੜ ਰਹੀ ਨਾ ਰਾਈਆ । ਪ੍ਰਭ ਦਰਸ਼ਨ ਲਿਆ ਕਰ, ਦਰਸ਼ਨ ਦੇ ਕੇ ਖ਼ੁਸ਼ੀ ਮਨਾਈਆ । ਸਭ ਦਾ ਚੁਕਿਆ ਡਰ, ਜਮ ਡੰਡ ਨਾ ਕੋਇ ਲਗਾਈਆ । ਇਕੋ ਪੱਲੂ ਲਿਆ ਫੜ, ਆਤਮ ਪਰਮਾਤਮ ਜੋੜ ਜੁੜਾਈਆ । ਸਾਚੇ ਮੰਦਰ ਜਾਣਾ ਚੜ੍ਹ, ਖ਼ੁਸ਼ੀਆਂ ਨਾਲ ਪੰਧ ਮੁਕਾਈਆ । ਨਹਾਉਣਾ ਇਕੋ ਸਰ, ਦੁਰਮਤ ਮੈਲ ਰਹੇ ਨਾ ਰਾਈਆ । ਖ਼ੁਸ਼ੀਆਂ ਨਾਲ ਸਭ ਨੇ ਜਾਣਾ ਆਪਣੇ ਘਰ, ਗ੍ਰਿਹ ਗ੍ਰਿਹ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਉਤੇ ਕਿਰਪਾ ਜਾਏ ਕਰ, ਮਿਹਰਵਾਨ ਹੋ ਕੇ ਮਿਹਰ ਨਜ਼ਰ ਨਾਲ ਤਰਾਈਆ ।

### ✪ ਪਹਿਲੀ ਹਾੜ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਪਿੰਡ ਜੇਠੂਵਾਲ ਅੰਮ੍ਰਿਤਸਰ ✪

ਹਾੜ ਕਹੇ ਮੈਂ ਨਵ ਨੌ ਚਾਰ ਰਿਹਾ ਹੜ੍ਹਦਾ, ਹਾੜੇ ਕੱਢ ਕੇ ਦਿਆਂ ਦੁਹਾਈਆ । ਜੁਗ ਚੌਕੜੀ ਰਿਹਾ ਡਰਦਾ, ਨੇਤਰ ਨੈਣ ਅੱਖ ਸ਼ਰਮਾਈਆ । ਤੂੰ ਹੀ ਤੂੰ ਹੀ ਰਿਹਾ ਪੜ੍ਹਦਾ, ਦਿਵਸ ਰੈਣ ਢੋਲਾ ਗਾਈਆ । ਭੇਵ ਲੱਭਦਾ ਰਿਹਾ ਸਾਚੇ ਘਰ ਦਾ, ਗ੍ਰਿਹ ਮੰਦਰ ਲੱਖ ਚੁਰਾਸੀ ਫੋਲ ਫੁਲਾਈਆ । ਗੁਰ ਅਵਤਾਰ ਪੈਗ਼ੰਬਰ ਰਿਹਾ ਵਰਦਾ, ਨਾਤਾ ਤੱਤਾਂ ਵਾਲਾ ਰਖਾਈਆ । ਅੱਠ ਸੱਠ ਤੀਰਥ ਜਲਧਾਰ ਰਿਹਾ ਠਰਦਾ, ਵਹਿੰਦਾ ਵਹਿਣ ਵੇਖ ਵਖਾਈਆ । ਟਿੱਲੇ ਪਰਬਤ ਉਚੇ ਰਿਹਾ ਚੜ੍ਹਦਾ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਬਿਰਹੋਂ ਵਿਛੋੜੇ ਅੰਦਰ ਰਿਹਾ ਮਰਦਾ, ਵੈਰਾਗੀ ਹੋ ਕੇ ਧਿਆਨ ਰਖਾਈਆ । ਨਿਤ ਨਵਿਤ ਭਾਣਾ ਰਿਹਾ ਜਰਦਾ, ਹਾਏ ਉਫ਼ ਨਾ ਕੋਇ ਕਢਾਈਆ । ਸਾਧਾਂ ਸੰਤਾਂ ਪੱਲੂ ਰਿਹਾ ਫੜਦਾ, ਸੂਫ਼ੀਆਂ ਕੰਨੀ ਨਾਲ ਗੰਢ ਰਖਾਈਆ ।

ਦਰਿਆਵਾਂ ਸਮੁੰਦ ਸਾਗਰਾਂ ਵਿਚ ਰਿਹਾ ਤਰਦਾ, ਤਾਰੀ ਆਪਣੀ ਆਪ ਪਰਗਟਾਈਆ । ਕੁੰਦਰਾਂ ਅੰਦਰ ਰਿਹਾ ਵੜਦਾ, ਭੱਜਿਆ ਵਾਹੋ ਦਾਹੀਆ । ਮੇਰਾ ਕਾਰਜ ਕਿਤੋਂ ਨਾ ਸਰਦਾ, ਆਹ ਸਰਦ ਲਾ ਕੇ ਦਿਆਂ ਦੁਹਾਈਆ । ਧੰਨ ਭਾਗ ਜੇ ਵੇਲਾ ਵਕਤ ਆਇਆ ਨਰਾਇਣ ਨਰ ਦਾ, ਦੋ ਜਹਾਨਾਂ ਵੱਜੇ ਵਧਾਈਆ । ਲਹਿਣਾ ਦੇਣਾ ਮੂਲ ਚੁਕਾਏ ਸਭ ਦਾ, ਪੂਰਬ ਲੇਖਾ ਦਏ ਮੁਕਾਈਆ । ਝਗੜਾ ਰਹੇ ਨਾ ਕੂੜ ਕਲ ਦਾ, ਕਲਜੁਗ ਮੇਟੇ ਕੂੜੀ ਸ਼ਾਹੀਆ । ਜਿਹੜਾ ਭੰਡਾਰਾ ਲੇਖੇ ਲੱਗਾ ਨਹੀਂ ਬਲ ਦਾ, ਬਾਵਨ ਹੋ ਕੇ ਦਏ ਗਵਾਹੀਆ । ਲੇਖਾ ਸਮਝਿਆ ਨਾ ਕੋਇ ਅੰਨ ਜਲ ਦਾ, ਜੁਗ ਚੌਕੜੀ ਗਏ ਵਿਹਾਈਆ । ਰਿਸ਼ੀਆਂ ਮੁਨੀਆਂ ਭੇਵ ਖੁਲ੍ਹਿਆ ਨਾ ਘੜੀ ਪਲ ਦਾ, ਪਲਕ ਉਤੋਂ ਪੜਦਾ ਨਾ ਕੋਇ ਉਠਾਈਆ । ਸਚ ਦਵਾਰ ਕੋਈ ਨਾ ਮੱਲਦਾ, ਸਿੰਘਾਸਣ ਹੱਕ ਨਾ ਕੋਇ ਸੋਭਾ ਪਾਈਆ । ਜੋਤੀ ਧਾਰ ਕੋਇ ਨਾ ਰਲਦਾ, ਸ਼ਬਦੀ ਸ਼ਬਦ ਨਾ ਕੋਇ ਸਮਾਈਆ । ਘਰ ਖੇਲ ਵੇਖਿਆ ਨਹੀਂ ਅਬਚਲ ਦਾ, ਚਲਤ ਵਿਚ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਵਰਤਾਈਆ । ਹਾੜ ਕਹੇ ਮੈਂ ਕੱਢਾਂ ਹਾੜਾ, ਹੌਕਿਆਂ ਨਾਲ ਜਣਾਈਆ । ਜੁਗ ਚੌਕੜੀ ਧੁਰਦਰਗਾਹੀ ਮਿਲਿਆ ਕੋਈ ਨਾ ਲਾੜਾ, ਰੰਡੇਪਾ ਅੰਤ ਨਾ ਕੋਇ ਕਟਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਵੇਂਹਦਾ ਰਿਹਾ ਅਖਾੜਾ, ਜੋ ਸਖ਼ੀਆਂ ਬਣ ਕੇ ਪ੍ਰਭ ਦਾ ਨਾਚ ਨਚਾਈਆ । ਨਿਸ਼ਾਨਾ ਤੱਕਦਾ ਰਿਹਾ ਰਵ ਸਸ ਸੂਰਜ ਚੰਦ ਸਤਾਰਾ, ਸਤਹ ਹੱਕ ਨਾ ਕੋਇ ਪਹੁੰਚਾਈਆ । ਚਾਰ ਜੁਗ ਸਾਚੇ ਦਰ ਦਰਵੇਸ਼ ਬਣਿਆ ਰਿਹਾ ਵਣਜਾਰਾ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਡਾਹੀਆ । ਸਾਚੀ ਮੰਜ਼ਲ ਚੜ੍ਹੇ ਨਾ ਕੋਇ ਮੁਨਾਰਾ, ਚਰਨ ਢਹਿ ਕੇ ਸਾਰੇ ਸੀਸ ਨਿਵਾਈਆ । ਜੁਗ ਚੌਕੜੀ ਖੇਲ ਵੇਖਦਾ ਰਿਹਾ ਨਿਆਰਾ, ਨਿਰੰਕਾਰਾ ਆਪ ਖੁਲ੍ਹਾਈਆ । ਕਾਗਤ ਕ਼ਲਮ ਨਾ ਲਿਖਣਹਾਰਾ, ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਕਲਜੁਗ ਤੱਕਿਆ ਅਗੰਮ ਅਪਾਰਾ, ਅਥਾਹ ਬੇਪਰਵਾਹ ਬੇਨਜ਼ੀਰ ਦਿਤਾ ਵਖਾਈਆ । ਬਲ ਬਾਵਨ ਵਾਲਾ ਉਧਾਰਾ, ਬਿਨਾ ਉਦਰ ਤੋਂ ਰਿਹਾ ਮੁਕਾਈਆ । ਸਾਚੇ ਰਿਸ਼ੀਆਂ ਕਰ ਪਿਆਰਾ, ਪ੍ਰੇਮ ਪ੍ਰੀਤੀ ਇਕ ਧਰਾਈਆ । ਭਗਤੀ ਦਾ ਭਰ ਭੰਡਾਰਾ, ਭਗਵਨ ਇਕੋ ਵਾਰ ਦਏ ਵਰਤਾਈਆ । ਕਲਜੁਗ ਮੇਟ ਕੂੜ ਪਸਾਰਾ, ਸਾਚਾ ਨੂਰ ਕਰੇ ਰੁਸ਼ਨਾਈਆ । ਸਤਿਜੁਗ ਬੰਨ੍ਹੇ ਸਾਚੀ ਧਾਰਾ, ਧਰਮ ਦਇਆ ਦਾ ਪੂਤ ਅਖਵਾਈਆ । ਜਿਸ ਦਾ ਅੰਤ ਨਾ ਪਾਰਾਵਾਰਾ, ਬੇਅੰਤ ਆਇਆ ਬੇਪਰਵਾਹੀਆ । ਸਾਚਾ ਖੇਲ ਕਰੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਵਗਾਰੀ ਲਏ ਬਣਾਈਆ । ਦਿਵਸ ਰੈਣ ਨੇਤਰ ਰੋਵਣ ਜ਼ਾਰੋ ਜ਼ਾਰਾ, ਅਗੇ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਹਾੜ ਕਹੇ ਮੈਂ ਰਿਹਾ ਡੁੱਬਦਾ, ਕਿਨਾਰਾ ਨਜ਼ਰ ਕੋਇ ਨਾ ਆਈਆ । ਕਿਸੇ ਹਾਲ ਨਾ ਪੁੱਛਿਆ ਮੁਝ ਦਾ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਰਿਹਾ ਧੁਖਦਾ, ਧੂੰਆਂਧਾਰ ਵੇਖੀ ਲੋਕਾਈਆ । ਵੇਲਾ ਵਕ਼ਤ ਮਿਲਿਆ ਨਾ ਕੋਇ ਸੁਖ ਦਾ, ਚਿੰਤਾ ਗ਼ਮ ਨਾ ਕੋਇ ਚੁਕਾਈਆ । ਲੱਖ ਚੁਰਾਸੀ ਜੀਵ ਜੰਤ ਨਾਤਾ ਜੁੜਿਆ ਵੇਂਹਦਾ ਰਿਹਾ ਉਲਟੇ ਰੁਖ਼ ਦਾ, ਰੁਖ਼ਸਤ ਦੇਹ ਛੁੱਟੀ ਨਾ ਮਨਾਈਆ । ਝਗੜਾ ਰਿਹਾ ਅੰਤਰ ਅੰਤਰ ਆਤਮ ਪਰਮਾਤਮ ਚੁੱਪ ਦਾ, ਮਿਲ ਕੇ ਢੋਲਾ ਨਾ ਕੋਇ ਸੁਣਾਈਆ । ਨਾਤਾ ਜੁੜਿਆ ਨਾ ਪਿਤਾ ਪੁੱਤ ਦਾ, ਕਲਮਿਆਂ ਵਿਚ ਕਾਇਲ ਹੋ ਕੇ ਦਿਤੇ ਭੁਲਾਈਆ । ਘਰਾਨਾ ਦਿਸਿਆਂ ਨਾ ਮਾਲਕ ਉਚ ਦਾ, ਅਗੰਮ ਅਥਾਹ ਨਾ ਕੋਇ ਸਰਨਾਈਆ । ਮੇਲਾ ਮਿਲਿਆ ਨਾ ਅਬਿਨਾਸ਼ੀ ਅਚੁੱਤ ਦਾ, ਚੇਤਨ ਰੂਪ ਨਾ

ਕੋਇ ਬਣਾਈਆ । ਚਾਰ ਜੁਗ ਨਿਸ਼ਾਨਿਉਂ ਰਿਹਾ ਉਕਦਾ, ਤੀਰ ਅੰਦਾਜ਼ ਰੂਪ ਨਾ ਕੋਇ ਵਟਾਈਆ । ਗੁਰ ਅਵਤਾਰ ਪੈਗ਼ੰਬਰ ਸਹਾਰਾ ਤੱਕਦਾ ਰਿਹਾ ਟੁੱਕ ਦਾ, ਟੁਕੜਿਆਂ ਵਿਚ ਦੀਨ ਮਜ਼੍ਹਬ ਵੰਡ ਵੰਡਾਈਆ । ਬਿਨਾ ਪੁਰਖ ਅਕਾਲ ਸਿੱਧਾ ਗੋਦ ਕੋਇ ਨਾ ਚੁਕਦਾ, ਭਗਤ ਭਗਵਾਨ ਰੂਪ ਨਾ ਕੋਇ ਰਖਾਈਆ । ਝਗੜਾ ਮੱਕੇ ਨਾ ਆਵਣ ਜਾਵਣ ਦੁੱਖ ਦਾ, ਦਲਿੱਦਰਾਂ ਵਿਚੋਂ ਨਾ ਬਾਹਰ ਕਢਾਈਆ । ਮੈਂ ਸ਼ੁਕਰਾਨਾ ਕਰਾਂ ਉਸ ਦਾ, ਜੋ ਮਾਲਕ ਬੇਪਰਵਾਹੀਆ । ਜਿਸ ਲਹਿਣਾ ਦੇਣਾ ਮੁਕਾਇਆ ਯੋਜਨਾਂ ਵਾਲੇ ਕੋਸ ਦਾ, ਕ਼ਸਮ ਵਿਚੋਂ ਭਸਮ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪਹਿਲੀ ਹਾੜ ਕਹੇ ਮੈਂ ਰਿਹਾ ਰੋਂਦਾ, ਜੁਗ ਜੁਗ ਨੀਰ ਵਹਾਈਆ । ਸਾਚੀ ਸੇਜ ਕਦੇ ਨਾ ਸੌਂਦਾ, ਸੁਖਆਸਣ ਸੋਭਾ ਕੋਇ ਨਾ ਪਾਈਆ । ਚਾਰ ਕੁੰਟ ਰਿਹਾ ਭਾਉਂਦਾ, ਭੱਜਿਆ ਵਾਹੋ ਦਾਹੀਆ । ਵਰਨਾਂ ਬਰਨਾਂ ਰਿਹਾ ਮਿਲਾਉਂਦਾ, ਦੀਨਾਂ ਮਜ਼੍ਹਬਾਂ ਲੇਖਾ ਦਿਆਂ ਚੁਕਾਈਆ । ਇਕੋ ਪੁਰਖ ਅਕਾਲ ਰਿਹਾ ਦ੍ਰਿੜਾਉਂਦਾ, ਜੋ ਸਭ ਦਾ ਪਿਤਾ ਮਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਧਿਆਉਂਦਾ, ਦਿਵਸ ਰੈਣ ਮੰਗੇ ਸਰਨਾਈਆ । ਓਹ ਮਾਲਕ ਖ਼ਾਲਕ ਪ੍ਰਿਤਪਾਲਕ ਇਕ ਅਖਵਾਉਂਦਾ, ਨਾ ਮਰੇ ਨਾ ਜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੱਖ ਚੁਰਾਸੀ ਜੀਵ ਜੰਤ ਉਸ ਤੋਂ ਕੰਨੀ ਰਿਹਾ ਕਤਰਾਉਂਦਾ, ਸਨਮੁਖ ਹੋ ਕੇ ਦਰਸ ਕੋਇ ਨਾ ਪਾਈਆ । ਕੋਟਾਂ ਵਿਚੋਂ ਥੋੜਿਆਂ ਅੰਦਰ ਵੜ ਕੇ ਰਿਹਾ ਮਿਲਾਉਂਦਾ, ਕਬੀਰ ਜੁਲਾਹਾ ਦਏ ਗਵਾਹੀਆ । ਕਲਜੁਗ ਅੰਤ ਅਖ਼ੀਰ ਰਾਹ ਰਿਹਾ ਤਕਾਉਂਦਾ, ਬਿਨ ਅੱਖਾਂ ਅੱਖ ਬਦਲਾਈਆ । ਧਰਨੀ ਧਵਲ ਆਪਣਾ ਵੇਲਾ ਵਕ਼ਤ ਸੁਹਾਉਂਦਾ, ਸੋਹਣੀ ਰੁਤੜੀ ਸੋਭਾ ਪਾਈਆ । ਜੁਗ ਜਨਮ ਦੇ ਵਿਛੜੇ ਮੇਲ ਮਿਲਾਉਂਦਾ, ਮਿਲਣੀ ਜਗਦੀਸ਼ ਆਪ ਕਰਾਈਆ । ਸਾਚੀ ਵਾਰ ਥਿਤ ਆਪ ਸੁਹਾਉਂਦਾ, ਮਿਹਰ ਮਿਹਰ ਨਜ਼ਰ ਉਠਾਈਆ । ਪੂਰਬ ਇਛਿਆ ਪੂਰ ਕਰਾਉਂਦਾ, ਪੂਰਬ ਲਹਿਣਾ ਝੋਲੀ ਪਾਈਆ । ਸਚ ਸਮਗਰੀ ਨਾਲ ਰਲਾਉਂਦਾ, ਜਿਸ ਦੀ ਸਮਝ ਕਿਸੇ ਨਾ ਆਈਆ । ਜਨ ਭਗਤੋ ਤੁਹਾਡਾ ਮਾਰਗ ਇਕ ਚਲਾਉਂਦਾ, ਜਿਸ ਦਾ ਚਲਨ ਸਕੇ ਨਾ ਕੋਇ ਅਟਕਾਈਆ । ਅਨੰਦ ਕਾਰਜ ਓਹ ਰਚਾਉਂਦਾ, ਜਿਸ ਵਿਚੋਂ ਰਚਨਾ ਦਿਸੇ ਸ਼ਹਿਨਸ਼ਾਹੀਆ । ਸਾਚਾ ਸਗਨ ਜਨ ਭਗਤਾਂ ਮੁਖ ਲਗਾਉਂਦਾ, ਦੁੱਖ ਅੰਦਰੋਂ ਬਾਹਰ ਕਢਾਈਆ । ਹਾੜ ਕਹੇ ਮੈਂ ਹਾਰ ਕੇ ਆਪਣਾ ਆਪ ਬਦਲਾਉਂਦਾ, ਬਦਲ ਕੇ ਵੇਖਾਂ ਧੁਰ ਦਾ ਮਾਹੀਆ । ਜਿਸ ਦਾ ਚਾਰ ਜੁਗ ਰਾਹ ਤਕਾਉਂਦਾ, ਗੁਰ ਅਵਤਾਰ ਪੈਗ਼ੰਬਰ ਅੱਖ ਖੁਲ੍ਹਾਈਆ । ਓਸ ਦਾ ਵਕ਼ਤ ਸੁਹੰਜਣਾ ਨੇੜੇ ਆਉਂਦਾ, ਘੜੀ ਪਲ ਰਿਹਾ ਬੀਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਹਾੜ ਕਹੇ ਮੈਂ ਵੇਖਿਆ ਸਭ ਦਾ ਹਿਰਦਾ, ਅੰਦਰੇ ਅੰਦਰ ਧਿਆਨ ਲਗਾਈਆ । ਜੋ ਭਗਤ ਵਿਛੜਿਆ ਚਿਰ ਦਾ, ਚਿਰੀ ਵਿਛੁੰਨੇ ਲੈਣੇ ਮਿਲਾਈਆ । ਮੇਲ ਕਰਾਉਣਾ ਸਾਚੇ ਪਿਰ ਦਾ, ਜੋ ਪ੍ਰੀਤਮ ਹੋ ਕੇ ਗੋਦ ਉਠਾਈਆ । ਘਰ ਵਖਾਉਣਾ ਸਾਚੇ ਥਿਰ ਦਾ, ਜਿਥੇ ਗੁਰਮੁਖਾਂ ਮਿਲ ਕੇ ਵੱਜੇ ਵਧਾਈਆ । ਲਹਿਣਾ ਦੇਣਾ ਜਗਤ ਜਹਾਨ ਨਿਬੜਦਾ, ਬਾਕੀ ਰਹੇ ਨਾ ਰਾਈਆ । ਜਨ ਭਗਤ ਸਚ ਦਵਾਰ ਵਸ ਕਦੇ ਨਾ ਉਜੜਦਾ, ਉਜੜੇ ਖੇੜੇ ਸੋਭਾ ਪਾਈਆ । ਮਾਨਸ ਜਨਮ ਗੁਰਮੁਖਾਂ ਸਦਾ ਸੁਧਰਦਾ, ਸਿੱਧਾ ਰਸਤਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਹਾੜ ਕਹੇ ਮੈਂ ਫਿਰ ਫਿਰ ਥੱਕਾ, ਥਕਾਵਟ ਆਪਣੀ ਦਿਆਂ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖ ਕੇ ਹੋਇਆ ਹੱਕਾ,


੭੬੭
੧੯

ਹਕ਼ੀਕਤ ਬੈਠੀ ਮੁਖ ਛੁਪਾਈਆ । ਜਗਤ ਵਾਸਨਾ ਫਾਸੀ ਪਿਆ ਰੱਸਾ, ਰਸਤਿਉਂ ਭੁੱਲੀ ਲੋਕਾਈਆ । ਕਿਸੇ ਨਹੀਂ ਵੇਖਿਆ ਕਿਉਂ ਹੋੜਾ ਲੱਗਾ ਉਪਰ ਸੱਸਾ, ਚੌਥੇ ਅੱਖਰ ਵੱਜੀ ਵਧਾਈਆ । ਕਿਉਂ ਹਾਹੇ ਉਤੇ ਟਿੱਪੀ ਰਖੀ ਮਸਾ, ਮਸਲੇ ਸਭ ਦੇ ਵੇਖ ਵਖਾਈਆ । ਚੁਰਾਸੀ ਵਿਚੋਂ ਕਿਸੇ ਨਾ ਖੋਲ੍ਹੀ ਅੱਖਾਂ, ਆਖ਼ਰ ਬੈਠੇ ਮੁਖ ਛੁਪਾਈਆ । ਭਾਗ ਲੱਗਾ ਨਾ ਕਾਇਆ ਮਾਟੀ ਕੁਲੀ ਕੱਖਾਂ, ਦੀਆ ਬਾਤੀ ਘਰ ਜੋਤ ਨਾ ਕੋਇ ਰੁਸ਼ਨਾਈਆ । ਹਾੜ ਕਹੇ ਮੈਂ ਕਥਾ ਕਹਾਣੀ ਸਾਚੀ ਦੱਸਾਂ, ਦਹਿ ਦਿਸ਼ਾ ਦਿਆਂ ਜਣਾਈਆ । ਦਰਸ ਮੰਗਾਂ ਅੱਠੇ ਪਹਿਰ ਬਿਨਾ ਪਾਂਧੀਉਂ ਪਾਂਧੀ ਬਣ ਕੇ ਨੱਸਾਂ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਹਾੜ ਕਹੇ ਮੇਰੀ ਅੰਤਮ ਆ ਗਈ ਵਾਰੀ, ਵਾਰਤਾ ਦਿਆਂ ਜਣਾਈਆ । ਜਨ ਭਗਤੋ ਜਾਗਣਾ ਨਾਲ ਹੁਸ਼ਿਆਰੀ, ਹੁਕਮ ਧੁਰ ਦਾ ਇਕ ਸੁਣਾਈਆ । ਕਿਸੇ ਦੀ ਆਤਮ ਨਾ ਰਹੇ ਕੁਆਰੀ, ਕੰਨਿਆਂ ਰੂਪ ਲੈਣਾ ਬਦਲਾਈਆ । ਪਰਮ ਪੁਰਖ ਪਰਮਾਤਮ ਨਾਲ ਲਾਉਣੀ ਅਗੰਮੀ ਯਾਰੀ, ਯਾਰਾਨੇ ਕੂੜੇ ਦੇਣੇ ਤਜਾਈਆ । ਲੋਕਮਾਤ ਨਾ ਰਹੇ ਖ਼ੁਆਰੀ, ਖ਼ੁਮਾਰੀ ਅਗਲੀ ਦਏ ਚੜ੍ਹਾਈਆ । ਨੌਂ ਸੌ ਚੁਰਾਨਮੇਂ ਚੌਕੜੀ ਜੁਗ ਪਿਛੋਂ ਇਹ ਭਗਤਾਂ ਦੇ ਹੱਥ ਆਈ ਸਤਾਰਾਂ ਹਾੜ੍ਹੀ, ਹਾੜੇ ਕਢਦੀ ਗਈ ਲੋਕਾਈਆ । ਖ਼ੁਸ਼ੀ ਵੇਖਣ ਮਿਲ ਕੇ ਪੁਰਖ ਨਾਰੀ, ਨਰ ਨਰਾਇਣ ਦਏ ਵਖਾਈਆ । ਗੁਰਮੁਖ ਕਿਸੇ ਦਰ ਨਾ ਰਹੇ ਪਨਹਾਰੀ, ਪਨਘਟ ਤੋਂ ਬਾਹਰ ਡੇਰਾ ਲਾਈਆ । ਮਹੱਲ ਅਟਲ ਦੱਸ ਕੇ ਇਕ ਉਚ ਅਟਾਰੀ, ਟਿੱਲਿਆਂ ਪਰਬਤਾਂ ਦਾ ਖਹਿੜਾ ਦੇਣਾ ਛਡਾਈਆ । ਕਰੇ ਖੇਲ ਆਪ ਬਨਵਾਰੀ, ਬਿਵਹਾਰੀ ਭੇਖਾਧਾਰੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਕਰਨੀ ਦਾ ਕਰਤਾ ਬਣ ਕਰਤਾਰ, ਕ਼ੁਦਰਤ ਆਪਣੀ ਵੇਖ ਵਖਾਈਆ । ਹਰਿ ਸੰਗਤ ਰਹਿਣਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਪਹੁੰਚਾਈਆ । ਜਗਤ ਤੋਂ ਵੱਖਰਾ ਵਿਹਾਰ, ਚਾਰ ਜੁਗ ਜਿਸ ਦੀ ਸਮਝ ਨਾ ਕੋਇ ਸਮਝਾਈਆ । ਭਗਤਾਂ ਦਾ ਉਧਾਰ, ਪ੍ਰਿਥਮੀ ਦਾ ਸੁਧਾਰ, ਗਗਨਾਂ ਦਾ ਚਮਤਕਾਰ, ਮੰਡਲਾਂ ਦਾ ਲਿਸ਼ਕਾਰ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਜੈਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਜਨ ਭਗਤੋ ਵੇਲਾ ਆਇਆ ਨਾਜ਼ਕ, ਬੇਨਜ਼ੀਰ ਰਿਹਾ ਜਣਾਈਆ । ਇਕ ਦੇ ਬਣ ਜਾਉ ਆਜਿਜ਼, ਅਜ਼ੀਜ਼ ਹੋ ਕੇ ਸੀਸ ਨਿਵਾਈਆ । ਮਨੂਏ ਮਨ ਦੀ ਰਹਿਣ ਨਹੀਂ ਦੇਣੀ ਸਾਜ਼ਸ਼, ਸ਼ਰਅ ਵਿਚੋਂ ਸ਼ਰਅ ਦੇਣੀ ਬਦਲਾਈਆ । ਅਗਨੀ ਅੱਗ ਰਹੇ ਨਾ ਆਤਸ਼, ਸਾਂਤਕ ਸਤਿ ਦਏ ਕਰਾਈਆ । ਗੁਰਮੁਖ ਬਣ ਕੇ ਨੰਨ੍ਹੇ ਜਿਹੇ ਜਾਤਕ, ਯਥਾਰਥ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਭਗਤਾਂ ਝੋਲੀ ਪਾਈਆ । ਹਾੜ ਕਹੇ ਮੈਂ ਸੰਦੇਸ਼ਾ ਦੇਵਾਂ ਇਕ, ਏਕੰਕਾਰਾ ਦਿਤਾ ਜਣਾਈਆ । ਸਵਾਧਾਨ ਰਹਿਣਾ ਇੱਕੀ ਸਿੱਖ, ਸਿਖਿਆ ਬੇਪਰਵਾਹੀਆ । ਜੁਗ ਚੌਕੜੀ ਦਾ ਲਹਿਣਾ ਦੇਣਾ ਲਏ ਨਜਿਠ, ਵੇਲਾ ਵਕਤ ਦਏ ਵਡਿਆਈਆ । ਮਾਝੇ ਵਾਲਿਓ ਤੁਹਾਡਾ ਲੇਖਾ ਚੁਕਾਏ ਜੋ ਗੋਬਿੰਦ ਦਿਤੀ ਪਿੱਠ, ਪਿਛਲਾ ਪੂਰ ਕਰਾਈਆ । ਅਗੇ ਮਾਨਸ ਜਨਮ ਲਿਆ ਜਿੱਤ, ਬਿਨਾ ਯਤਨ ਦਏ ਵਡਿਆਈਆ । ਧੁਰਦਰਗਾਹੀ ਲੇਖਾ ਲਿਖ, ਲਿਖਤ ਭਵਿਖਤ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕ਼ੁਦਰਤ ਵਿਚ ਸਮਾਈਆ । ਹਾੜ ਕਹੇ ਮੈਂ ਆਇਆ ਮਾਤਲੋਕ, ਅਲੌਕਿਕ ਦਿਆਂ

੭੬੮
੧੯

ਜਣਾਈਆ । ਜਨ ਭਗਤੋ ਪ੍ਰਭ ਮਿਲਣ ਦਾ ਸੱਚਾ ਸ਼ੌਂਕ, ਸ਼ੌਕੀਨ ਹੋ ਕੇ ਵੇਖ ਵਖਾਈਆ । ਤੁਹਾਨੂੰ ਕੋਈ ਨਾ ਸਕੇ ਰੋਕ, ਆਉਣਾ ਚਾਈਂ ਚਾਈਂਆ । ਪਰਕਾਸ਼ ਲੈ ਕੇ ਜਾਣਾ ਧੁਰ ਦੀ ਜੋਤ, ਨੂਰ ਨੂਰ ਰੁਸ਼ਨਾਈਆ । ਮਰਨ ਤੋਂ ਪਹਿਲਾਂ ਤੁਹਾਡੀ ਲੇਖੇ ਲਾਵੇ ਮੌਤ, ਮੌਤ ਤੋਂ ਪਿਛੋਂ ਖ਼ੌਂਤ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਸਾਚਾ ਹੁਕਮ ਸੁਣਨਾ ਰਵਦਾਸ, ਗੁਰਮੁਖ ਸਚ ਦਿਆਂ ਦ੍ਰਿੜਾਈਆ । ਜਿਸ ਵੇਲੇ ਯਾਰਾਂ ਹਾੜ ਦੀ ਆਵੇ ਰਾਤ, ਵਕ਼ਤ ਯਾਰਾਂ ਯਾਰਾਂ ਸਮਝਾਈਆ । ਨਾਲ ਰਖਣੀ ਕ਼ਲਮ ਦਵਾਤ, ਪੰਜਾਂ ਨਾਲ ਸੋਭਾ ਪਾਈਆ । ਬੈਠਣਾ ਇਕ ਇਕਾਂਤ, ਚਰਨ ਕਵਲ ਸਰਨਾਈਆ । ਦੱਸਾਂ ਇਕ ਸਿਧਾਂਤ, ਜਿਸ ਨੂੰ ਸਮਝੇ ਨਾ ਕੋਇ ਲੋਕਾਈਆ । ਵੱਖਰੀ ਮਿਲੇ ਦਾਤ, ਦਾਤਾ ਦਏ ਵਰਤਾਈਆ । ਸਤਾਰਾਂ ਹਾੜ ਦਾ ਲੇਖਾ ਖ਼ਾਸ, ਖ਼ਸਮ ਨਾਲ ਹੋਏ ਕੁੜਮਾਈਆ । ਭਗਤ ਭਗਵਾਨ ਦਾ ਹੋਵੇ ਇਕ ਵਿਸ਼ਵਾਸ, ਵਿਸ਼ਿਆਂ ਚੋਂ ਬਾਹਰ ਕਢਾਈਆ । ਪੂਰਬ ਲਹਿਣਾ ਦੇਣਾ ਦੇ ਕੇ ਆਪ, ਆਪਣਾ ਪੜਦਾ ਦਏ ਉਠਾਈਆ । ਕਰੇ ਖੇਲ ਸਾਖਿਆਤ, ਜਾਹਰ ਜਹੂਰ ਨਜ਼ਰੀ ਆਈਆ । ਸ਼ਬਦ ਅਗੰਮੀ ਧੁਰ ਦੀ ਦਾਤ, ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਹੁਕਮ ਦਏ ਸਮਝਾਈਆ । ਹੁਕਮੇ ਅੰਦਰ ਇਕ ਫ਼ਰਮਾਨ, ਸਹਿਜ ਸਹਿਜ ਜਣਾਈਆ । ਸੁਣਨਾ ਨਾਲ ਧਿਆਨ, ਧਿਆਨ ਧਿਆਨ ਵਿਚੋਂ ਪਰਗਟਾਈਆ । ਸਤਾਰਾਂ ਹਾੜ ਕੁੰਦਨ ਸਿੰਘ ਕਰਾਉਣਾ ਅਸ਼ਨਾਨ, ਗਲਾਸ ਇਕੀ ਵੰਡ ਵੰਡਾਈਆ । ਪੁਰਖ ਅਬਿਨਾਸ਼ੀ ਹੋਵੇ ਮਿਹਰਵਾਨ, ਮਿਹਰ ਨਜ਼ਰ ਇਕ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਵੇਖ ਵਖਾਈਆ । ਲੇਖਾ ਕਹੇ ਮੈਂ ਬੜਾ ਲਿਖਾਰ, ਜੁਗ ਜੁਗ ਲੇਖ ਬਣਾਈਆ । ਹੁਕਮੇ ਅੰਦਰ ਫਿਰਾਂ ਜੁਗ ਚਾਰ, ਭੱਜਾਂ ਵਾਹੋ ਦਾਹੀਆ । ਅਮਰਜੀਤ ਸਿੰਘ ਸੰਦੇਸ਼ਾ ਦਿਆਂ ਧੁਰ ਦੀ ਧਾਰ, ਧਰਮ ਦੀ ਕਾਰ ਕਮਾਈਆ । ਸੀਸ ਬੰਨ੍ਹ ਨੀਲੀ ਦਸਤਾਰ, ਪੋਸ਼ਾਕ ਚਿੱਟੀ ਤਨ ਛੁਹਾਈਆ । ਪੰਜ ਲੈ ਕਲੀਆਂ ਦੇ ਹਾਰ, ਪੰਜਾਂ ਪਿਆਰਿਆਂ ਦੇਣੇ ਪਹਿਨਾਈਆ । ਕਰ ਕੇ ਨਿਮਸਕਾਰ, ਦੋਏ ਜੋੜ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਦਰਸਾਈਆ । ਨਿਮਸਕਾਰ ਕਰ ਕੇ ਜਾਣਾ ਉਠ, ਮੁਖ ਚੜ੍ਹਦੀ ਦਿਸ਼ਾ ਰਖਾਈਆ । ਤੇਜਭਾਨ ਦਾ ਫੜਨਾ ਸੱਜਾ ਗੁਟ, ਉਂਗਲਾਂ ਨੀਚੇ ਅੰਗੂਠਾ ਉਪਰ ਨਜ਼ਰੀ ਆਈਆ । ਅਜੀਤ ਸਿੰਘ ਕੋਲੋਂ ਪਾਣੀ ਮੰਗਣਾ ਘੁਟ, ਜੋ ਬਟਾਲਿਉਂ ਲੈ ਕੇ ਏਥੇ ਦਏ ਪਹੁੰਚਾਈਆ । ਜਸਵੰਤ ਸਿੰਘ ਉਪਰ ਦੇਵੇ ਸੁੱਟ, ਜੋ ਇਟਾਰਸੀ ਬੈਠਾ ਡੇਰਾ ਲਾਈਆ । ਮਨਜੀਤ ਕੌਰ ਹੋਵੇ ਸਨਮੁਖ, ਜਸਬੀਰ ਕੌਰ ਪ੍ਰੀਤਮ ਸਿੰਘ ਦੀ ਬੇਟੀ ਨਾਲ ਮਿਲਾਈਆ । ਕੁਲਦੀਪ ਕੌਰ ਪੜ੍ਹੇ ਤੁਕ, ਸੋਹੰ ਢੋਲਾ ਬਿਸ਼ਨ ਸਿੰਘ ਦੀ ਜਾਈਆ । ਆਈ ਹਰਿ ਸੰਗਤ ਸਾਰੀ ਹੋਵੇ ਖ਼ੁਸ਼, ਵੱਜੇ ਨਾਮ ਵਧਾਈਆ । ਮੁਖੋਂ ਕਹਿਣਾ ਨਾਤਾ ਜੁੜਿਆ ਪਿਤਾ ਪੁੱਤ, ਵਾਹ ਵਾਹ ਤੇਰੀ ਬੇਪਰਵਾਹੀਆ । ਪੁਰਖ ਅਕਾਲ ਕਹੇ ਤੁਹਾਡਾ ਜਨਮ ਮਰਨ ਦਾ ਮੇਟਿਆ ਦੁੱਖ, ਸਾਚੇ ਚਰਨ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪੰਜ ਪਿਆਰੇ ਪੰਜੇ ਹਾਰ, ਤਨ ਨਾਲ ਛੁਹਾਈਆ । ਫੇਰ ਕੱਟਣ ਆਪਣੀ ਨੰਗੀ ਕਟਾਰ, ਟੁਕੜੇ ਦੋ ਦੋ ਬਣਾਈਆ । ਅਮਰਜੀਤ ਸਿੰਘ ਫੇਰ ਗਲੋਂ ਲਏ ਉਤਾਰ, ਪ੍ਰਭ ਚਰਨਾਂ ਭੇਟ ਕਰਾਈਆ । ਕਿਰਪਾ ਕਰੇ ਆਪ ਨਿਰੰਕਾਰ, ਜਮ ਕੀ ਫਾਸੀ ਸਭ ਦੀ ਦਏ ਮੁਕਾਈਆ । ਦਾਅਵੇ ਨਾਲ ਚੁਰਾਸੀ ਵਿਚੋਂ ਕਰ ਕੇ ਪਾਰ, ਚੁਰਸਤੇ


੭੬੯
੧੯

ਵਿਚੋਂ ਬਾਹਰ ਕਢਾਈਆ । ਸਚਖੰਡ ਦਵਾਰੇ ਲੈ ਕੇ ਜਾਏ ਏਕੋ ਵਾਰ, ਦੂਜੀ ਵਾਰ ਬਾਹਰ ਨਾ ਕੋਇ ਕਢਾਈਆ । ਅਗੇ ਹੋਰ ਬਹੁਤਾ ਵਿਹਾਰ, ਹਾੜ ਯਾਰਾਂ ਦਏ ਲਿਖਾਈਆ । ਜਨ ਭਗਤੋ ਤਸੀਂ ਵੇਖਣ ਨੂੰ ਰਹੋ ਤਿਆਰ, ਘਰ ਸਾਚੇ ਦਏ ਵਖਾਈਆ । ਪ੍ਰਭ ਦੀ ਮੌਲਣ ਲੱਗੀ ਬਹਾਰ, ਖ਼ੁਸ਼ੀਆਂ ਦੀ ਰੁੱਤ ਆਪਣਾ ਰੰਗ ਬਦਲਾਈਆ । ਪੂਰਬ ਲਹਿਣਾ ਦਏ ਉਤਾਰ, ਕੰਨਿਆ ਦੀ ਸ਼ਾਦੀ ਦਾ ਵਿਵਹਾਰ, ਸਿਕਦਾਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪਾਵਣਹਾਰ ਸਾਰ, ਸਰਸੇ ਵਾਲੇ ਵੇਖੇ ਯਾਰ, ਸ਼ਹਿਨਸ਼ਾਹ ਹੋ ਕੇ ਖੋਜ ਖੁਜਾਈਆ ।

## ✪ ੧੧ ਹਾੜ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ਦਰਬਾਰ ਵਿਚ ✪

ਯਾਰਾਂ ਹਾੜ ਕਹੇ ਮੇਰਾ ਤਤ ਨਾ ਸਰੀਰ, ਸ਼ਰੀਰ ਫ਼ਕੀਰ ਨਜ਼ਰ ਕੋਇ ਨਾ ਆਈਆ । ਮੇਰੇ ਅੰਤਰ ਪ੍ਰਭ ਮਿਲਣ ਦੀ ਇਕ ਤਦਬੀਰ, ਤਕਦੀਰ ਮੇਰੀ ਨਾਲ ਕੁੜਮਾਈਆ । ਮੇਰਾ ਦਿਹਾੜਾ ਧੰਨ ਪਹਿਲੀ ਵਾਰ ਸੁਰਤੀ ਸ਼ਬਦ ਮਿਲੀ ਕਬੀਰ, ਕਾਇਆ ਕਾਅਬੇ ਵੱਜੀ ਵਧਾਈਆ । ਜਿਸ ਨੇ ਅੰਤਰ ਅੰਤਰ ਕਿਹਾ ਮੈਂ ਗ਼ਰੀਬ, ਮਨ ਗ਼ਾਇਬ ਕਰ ਕੇ ਗ਼ੁਰਬਤ ਦਿਤੀ ਗਵਾਈਆ । ਧੁਰ ਫ਼ਰਮਾਨ ਸੁਣੀ ਇਕ ਹਦੀਸ, ਹਰਿ ਹਜ਼ਰਤ ਦਿਤੀ ਪੜ੍ਹਾਈਆ । ਜਿਸ ਦਾ ਲੇਖਾ ਨਹੀਂ ਵਿਚ ਬਤੀਸ, ਸਿਫ਼ਤ ਵਿਚ ਨਾ ਕੋਇ ਸਮਝਾਈਆ । ਬਿਨ ਸਿਰ ਤੋਂ ਝੁਕ ਗਿਆ ਸੀਸ, ਬਿਨ ਸਜਦਿਉਂ ਸਰ ਨਿਵਾਈਆ । ਗਲ ਕੋਈ ਨਹੀਂ ਕ਼ਮੀਜ਼, ਕਮਲਿਆਂ ਦਾ ਕਮਲਾ ਨਜ਼ਰੀ ਆਈਆ । ਪੁਰਖ ਅਕਾਲ ਫੇਰ ਕਿਹਾ ਮੇਰੇ ਅਜ਼ੀਜ਼, ਪ੍ਰੇਮ ਪਿਆਰ ਵਿਚ ਬੁਲਾਈਆ । ਹੁਕਮ ਦੀ ਦੇ ਤਮੀਜ਼, ਸਚ ਨਾਮ ਕਰੀ ਸ਼ਨਵਾਈਆ । ਕਬੀਰ ਤੱਕਿਆ ਨਾਲ ਨੀਝ, ਬਿਨ ਅੱਖਾਂ ਅੱਖ ਉਠਾਈਆ । ਪਰਮ ਪੁਰਖ ਪਰਮਾਤਮ ਆਤਮ ਕਰਦਾ ਵੇਖਿਆ ਪ੍ਰੀਤ, ਪ੍ਰੀਤਮ ਬੇਪਰਵਾਹੀਆ । ਹੋਇਆ ਠਾਂਡਾ ਸੀਤ, ਅਗਨੀ ਤਤ ਬੁਝਾਈਆ । ਗਾਇਆ ਧੁਰ ਦਾ ਗੀਤ, ਸੋਹੰ ਵਿਚ ਸਮਾਈਆ । ਨਿਕਲੀ ਬਿਰਹੋਂ ਚੀਕ, ਕੂਕ ਕੂਕ ਦੁਹਾਈਆ । ਪੁਰਖ ਅਕਾਲ ਆਇਆ ਨਜ਼ਦੀਕ, ਅੰਦਰ ਵੜ ਕੇ ਪੜਦਾ ਲਾਹੀਆ । ਕਬੀਰਾ, ਸ਼ਹਾਦਤ ਦੇਵਾਂ ਕਿ ਕਰਾਂ ਤਸਦੀਕ, ਕਿ ਹੁਕਮ ਦਿਆਂ ਸਮਝਾਈਆ ? ਬਾਹਰ ਦਿਸਾਂ ਕਿ ਭੀਤ, ਭੈ ਵਿਚ ਵਡਿਆਈਆ ? ਕਬੀਰ ਅੰਦਰੇ ਅੰਦਰ ਨੱਕ ਨਾਲ ਕੱਢੀ ਲੀਕ, ਬਿਨ ਲਾਈਨ ਲਾਈਨ ਦਿਤੀ ਲਗਾਈਆ । ਸ੍ਰੀ ਭਗਵਾਨ ਤੇਰੇ ਨਾਲ ਬੋਲਣਾ ਨਹੀਂ ਮੈਂ ਨਾਲ ਜੀਭ, ਰਸਨਾ ਵਾਲੀ ਨਾ ਕੋਇ ਪੜ੍ਹਾਈਆ । ਧੁਰ ਦਾ ਹੁਕਮ ਦੇ ਠੀਕ, ਠਾਕਰ ਬੇਪਰਵਾਹੀਆ । ਸਾਚੀ ਦੱਸ ਤਾਰੀਖ, ਤਾਰੀਕ ਦੇ ਬਦਲਾਈਆ । ਜਨ ਭਗਤਾਂ ਭਿਛਿਆ ਪਾਵੀਂ ਭੀਖ, ਨਾਮ ਨਿਧਾਨ ਵਰਤਾਈਆ । ਸ੍ਰੀ ਭਗਵਾਨ ਕਿਹਾ ਪਹਿਲੋਂ ਤੇਰੀ ਪੂਰੀ ਕਰਾਂ ਰੀਝ, ਰਹਿਮਤ ਰਹਿਮ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਯਾਰਾਂ ਹਾੜ ਕਹੇ ਕਬੀਰ ਨੇ ਵੇਖਿਆ ਨੂਰ, ਨਿਰਾਕਾਰ ਨਜ਼ਰੀ ਆਈਆ । ਤੱਕਿਆ ਉਹ ਹਜ਼ੂਰ, ਜੋ ਸਭ ਦਾ ਪਿਤਾ ਮਾਈਆ । ਵੇਖਿਆ ਹੱਕ ਦਸਤੂਰ, ਹੁਕਮ ਬੇਪਰਵਾਹੀਆ । ਜਿਥੇ ਪਾਏ ਨਾ ਕੋਇ ਫ਼ਤੂਰ, ਫ਼ਤਵੇ ਵਿਚ ਨਾ ਕੋਇ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਬੈਠੇ ਮਜ਼ਦੂਰ, ਬਿਨ ਸੀਸ ਜਗਦੀਸ ਝੁਕਾਈਆ । ਮਾਲਕ ਦਿਸੇ ਇਕ ਹਜ਼ੂਰ, ਹਾਜ਼ਰੀ ਸਭ ਦੀ

ਵੇਖ ਵਖਾਈਆ । ਸਰਬ ਕਲਾ ਭਰਪੂਰ, ਦਾਤਾ ਬੇਪਰਵਾਹੀਆ । ਬਿਨ ਇਛਿਆ ਚਰਨਾਂ ਦੇ ਅੰਤਰ ਲਾ ਲਈ ਧੂੜ, ਧੂਲ ਆਪਣੇ ਨਾਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦਿਤਾ ਵਖਾਈਆ । ਯਾਰਾਂ ਹਾੜ ਕਹੇ ਕਬੀਰ ਸੋਇਆ ਧੁਰ ਦੇ ਕਾਅਬੇ, ਕਲਮਾ ਸੁਣਿਆ ਧੁਰਦਰਗਾਹੀਆ । ਨਜ਼ਾਰਾ ਤੱਕਿਆ ਹੱਕ ਮਹਿਰਾਬੇ, ਮਹਿਬੂਬ ਮਿਲਿਆ ਬੇਪਰਵਾਹੀਆ । ਸਜਦਾ ਕਰ ਅਦਾਬੇ, ਨਮਸਤੇ ਸੀਸ ਨਿਵਾਈਆ । ਇਸ਼ਾਰਾ ਦਿਤਾ ਨਾਨਕ ਬੁੱਢੇ ਬਾਬੇ, ਬਿਨ ਤੱਤਾਂ ਅੱਖ ਖੁਲ੍ਹਾਈਆ । ਜਿਸ ਦੀ ਆਦਿ ਜੁਗਾਦਿ ਇਕ ਮਰਆਦੇ, ਧੁਰ ਦਾ ਹੁਕਮ ਸਚ ਵਰਤਾਈਆ । ਜਨ ਭਗਤਾਂ ਦੇ ਸਾਫ਼ ਕਰਨੇ ਇਰਾਦੇ, ਕੂੜੀ ਕਿਰਿਆ ਮੇਟ ਮਿਟਾਈਆ । ਜੋ ਆਤਮ ਪਰਮਾਤਮ ਸਾਜਣ ਸਾਜੇ, ਸੱਜਣ ਬੇਪਰਵਾਹੀਆ । ਜਿਸ ਦੇ ਹੁਕਮੇ ਅੰਦਰ ਵਜਾਏ ਵਾਜੇ, ਨਾਦ ਧੁਨ ਸ਼ਬਦ ਸ਼ਨਵਾਈਆ । ਗੁਰ ਅਵਤਾਰ ਪੈਗ਼ੰਬਰ ਜਾਗੇ, ਲੋਕਮਾਤ ਲਈ ਅੰਗੜਾਈਆ । ਜੋ ਲਹਿਣਾ ਦੇਣਾ ਚੁਕਾਏ ਹਿਸਾਬੇ, ਪੂਰਬ ਵੇਖ ਵਖਾਈਆ । ਮੈਂ ਨਜ਼ਾਰਾ ਤੱਕਿਆ ਇਕ ਬਗ਼ਦਾਦੇ, ਬਗ਼ਲ ਕੁਰਾਨ ਟਿਕਾਈਆ । ਬਸਤਰ ਪਹਿਨ ਕੇ ਜਗਤ ਵਿਹਾਰ ਸਾਦੇ, ਸਾਧਨ ਆਪਣਾ ਇਕ ਜਣਾਈਆ । ਮੈਂ ਸੁਣੀ ਇਕ ਆਵਾਜ਼ੇ, ਅਗੰਮ ਦਿਤੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਹਾੜ ਯਾਰਾਂ ਕਹੇ ਨਾਨਕ ਤੱਕਿਆ ਨਾਲ ਕਬੀਰ, ਬਿਨ ਸਰੀਰ ਨਜ਼ਰੀ ਆਈਆ । ਸ਼ਹਿਨਸ਼ਾਹ ਵੇਖਿਆ ਬੇਨਜ਼ੀਰ, ਦਾਤਾ ਧੁਰਦਰਗਾਹੀਆ । ਜਿਸ ਦਾ ਹੁਕਮ ਹੁਕਮ ਵਿਚੋਂ ਹੋਵੇ ਤਾਮੀਰ, ਤੁਖ਼ਮ ਵਿਚੋਂ ਤਾਸੀਰ ਲਵੇ ਬਦਲਾਈਆ । ਮੰਜ਼ਲ ਵੇਖੇ ਅਖ਼ੀਰ, ਚੋਟੀ ਨੂਰ ਅਲਾਹੀਆ । ਸਾਚੀ ਸਤਿ ਜਾਗੀਰ, ਹੱਕ ਵਿਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਭੇਵ ਚੁਕਾਈਆ । ਕਬੀਰ ਕਹੇ ਯਾਰਾਂ ਹਾੜ ਮਿਲੀ ਦਾਦ, ਮੇਰੇ ਅੰਤਰ ਵੱਜੀ ਵਧਾਈਆ । ਪੁਰਖ ਅਕਾਲ ਸੁਣੀ ਫ਼ਰਿਆਦ, ਮਿਹਰ ਨਜ਼ਰ ਉਠਾਈਆ । ਵੇਲਾ ਵਕਤ ਮੈਨੂੰ ਯਾਦ, ਭੁੱਲ ਵਿਚ ਨਾ ਕੋਇ ਭੁਲਾਈਆ । ਨਾਨਕ ਕਿਹਾ ਮੇਰਾ ਲੇਖਾ ਵਿਚ ਬਗ਼ਦਾਦ, ਦਿਵਸ ਇਹੋ ਸੋਭਾ ਪਾਈਆ । ਧੁਰ ਦੀ ਸੁਣੀ ਸਚ ਆਵਾਜ਼, ਨਾਅਰਾ ਹੱਕ ਅਲਾਈਆ । ਸੱਤ ਸਤਰਾਂ ਵਾਲੀ ਕਿਤਾਬ, ਪੁਰਖ ਅਕਾਲ ਬਾਹਰੋਂ ਦਿਤੀ ਵਖਾਈਆ । ਜਿਸ ਦੇ ਵਿਚ ਓਸਦਾ ਆਦਿ, ਅੰਤ ਓਸੇ ਵਿਚ ਛੁਪਾਈਆ । ਨਾਨਕ ਕਿਹਾ ਮੈਂ ਕਰ ਨਾ ਸਕਿਆ ਕੋਈ ਸੁਆਲ ਜਵਾਬ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਕਬੀਰ ਕਹੇ ਮੈਂ ਪੁਛ ਨਾ ਸਕਿਆ ਰਾਜ, ਨੈਣ ਅੱਖ ਨਾ ਕੋਇ ਖੁਲ੍ਹਾਈਆ । ਅਬਿਨਾਸ਼ੀ ਕਰਤੇ ਇਕ ਵਜਾ ਅਗੰਮੀ ਸਾਜ, ਸੱਜਣ ਹੋ ਕੇ ਦਿਤਾ ਜਣਾਈਆ । ਆਦਿ ਜੁਗਾਦੀ ਜਿਸ ਦੇ ਹੱਥ ਵਾਗ, ਉਹ ਮਾਲਕ ਨਜ਼ਰੀ ਆਈਆ । ਜਿਥੇ ਵਜਾਉਣੀ ਪਏ ਨਾ ਕੋਇ ਰਬਾਬ, ਤੰਦ ਸਤਾਰ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਕਬੀਰ ਕਹੇ ਦਿਵਸ ਚੰਗਾ, ਮੈਨੂੰ ਪਿਛਲਾ ਨਜ਼ਰੀ ਆਈਆ । ਚਰਨਾਂ ਵਿਚ ਵਹਿੰਦੀ ਵੇਖੀ ਗੰਗਾ, ਜਿਸ ਵੇਲੇ ਪ੍ਰਭ ਨੇ ਦਇਆ ਕਮਾਈਆ । ਮੇਰਾ ਚੰਮ ਪਿੰਡਾ ਨੰਗਾ, ਓਢਣ ਨਜ਼ਰ ਨਾ ਕੋਇ ਵਖਾਈਆ । ਵਿੰਗਾ ਟੇਢਾ ਹੱਥ ਵਿਚ ਡੰਡਾ, ਪੰਜ ਫੁਟ ਸੱਤ ਇੰਚ ਨਜ਼ਰੀ ਆਈਆ । ਹੋਇਆ ਪਰਕਾਸ਼ ਬਿਨ ਸੂਰਜ ਚੰਦਾ, ਨੂਰੋ ਨੂਰ ਨੂਰ ਰੁਸ਼ਨਾਈਆ । ਮੈਂ ਭਾਗਹੀਣ ਬੰਦਾ, ਬਿਨ ਬੰਦਗੀਉਂ ਲਿਆ ਤਰਾਈਆ । ਭੇਵ ਖੁਲ੍ਹਿਆ ਹੰ ਬ੍ਰਹਮਾ, ਆਤਮ ਵੱਜੀ ਸਚ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਕਬੀਰ ਕਹੇ ਯਾਰਾਂ ਹਾੜ ਹੋਇਆ ਵਾਧਾ, ਪੁਰਖ ਅਕਾਲ ਦਿਤੀ ਵਡਿਆਈਆ । ਸੁਣਿਆ ਇਕ

ਅਗੰਮੀ ਰਾਗਾ, ਮੇਰਾ ਤੇਰਾ ਰਾਗ ਅਲਾਹੀਆ । ਦੁਰਮਤ ਮੈਲ ਧੋਇਆ ਦਾਗ਼ਾ, ਪਤਿਤ ਪੁਨੀਤ ਦਿਤਾ ਬਣਾਈਆ । ਸਚ ਦਵਾਰੇ ਹੋਇਆ ਵਾਧਾ, ਪਿਛਲਾ ਪੈਂਡਾ ਮੂਲ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਰਿਹਾ ਵਖਾਈਆ । ਕਬੀਰ ਕਹੇ ਯਾਰਾਂ ਹਾੜ ਮੇਰੀ ਅੰਦਰੋਂ ਖੁਲ੍ਹੀ ਅੱਖ, ਬਿਨ ਅੱਖਾਂ ਸਭ ਕੁਛ ਨਜ਼ਰੀ ਆਈਆ । ਪਰਮ ਪੁਰਖ ਵੇਖਿਆ ਪ੍ਰਤਖ, ਜੋਤੀ ਜਾਤਾ ਨਜ਼ਰੀ ਆਈਆ । ਜਿਸ ਦਾ ਹੁਕਮ ਸਦਾ ਜਗਤ ਸਚ, ਨਾ ਕੋਈ ਮੇਟੇ ਮੇਟ ਮਿਟਾਈਆ । ਲੇਖਾ ਜਾਣੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਸੋਭਾ ਪਾਈਆ । ਭਾਗ ਲਗਾ ਕੇ ਹੱਡ ਮਾਸ ਨਾੜੀ ਰੱਤ, ਰਤਨ ਅਮੋਲਕ ਦਏ ਬਣਾਈਆ । ਹਰ ਘਟ ਅੰਦਰ ਰਿਹਾ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਇਕੋ ਮੈਨੂੰ ਦੱਸਿਆ ਜਸ, ਸੋਹੰ ਢੋਲਾ ਦਿਤਾ ਸਮਝਾਈਆ । ਕਬੀਰ ਬਿਨ ਕ਼ਬਰਾਂ ਤੋਂ ਜਾਣਾ ਵਸ, ਬਿਨ ਕਾਅਬਿਉਂ ਕਲਮਾ ਦਿਆਂ ਜਣਾਈਆ । ਮੈਂ ਚਰਨੀਂ ਡਿਗਾ ਢੱਠ, ਜੁਲਾਹਾ ਦਏ ਦੁਹਾਈਆ । ਅਬਿਨਾਸ਼ੀ ਕਰਤੇ ਮੈਨੂੰ ਦੱਸ, ਕੀ ਤੇਰੀ ਬੇਪਰਵਾਹੀਆ । ਕਿਉਂ ਜੁਗ ਜੁਗ ਭਗਤਾਂ ਲਾਵੇਂ ਸੱਟ, ਲੋਕਮਾਤ ਭਟਕਾਈਆ । ਤੇਰਾ ਵੱਡਾ ਡੂੰਘਾ ਵੇਖਿਆ ਹੱਟ, ਜਿਥੇ ਤੋਟ ਰਹੇ ਨਾ ਰਾਈਆ । ਕਿਉਂ ਭਗਤਾਂ ਤੋਂ ਰਵੇਂ ਵੱਖ, ਦੂਰ ਦੁਰਾਡਾ ਡੇਰਾ ਲਾਈਆ । ਬਚਨ ਅਮੋਲਕ ਦੇ ਸਚ, ਸੁਚ ਸੰਜਮ ਨਾਲ ਸਮਝਾਈਆ । ਤੂੰ ਪਰਮੇਸ਼ਵਰ ਕਮਲਾਪਤ, ਪਾਰਬ੍ਰਹਮ ਅਖਵਾਈਆ । ਸਭ ਕੁਛ ਤੇਰੇ ਹੱਥ, ਦੂਜੇ ਦਰ ਨਾ ਮੰਗਣ ਜਾਈਆ । ਪੁਰਖ ਅਕਾਲ ਪਿਆ ਹੱਸ, ਖ਼ੁਸ਼ੀਆਂ ਨਾਲ ਦ੍ਰਿੜਾਈਆ । ਮੇਰਾ ਖੇਲ ਅਲੱਖਣਾ ਅਲਖ, ਲੇਖੇ ਵਿਚ ਨਾ ਕੋਇ ਰਖਾਈਆ । ਕਬੀਰ ਮੇਰੇ ਚਰਨਾਂ ਲਾ ਹੱਥ, ਸੱਜਾ ਖੱਬੇ ਨਾਲ ਛੁਹਾਈਆ । ਭੇਵ ਖੋਲ੍ਹਾਂ ਪੁਰਖ ਸਮਰਥ, ਜੋ ਸਮੇਂ ਦਏ ਬਦਲਾਈਆ । ਜੁਗ ਚੌਕੜੀ ਕਰਾਂ ਭੱਠ, ਖੇੜੇ

੭੭੨ ੧੯

ਖ਼ਾਕ ਵਿਚ ਮਿਲਾਈਆ । ਨਿਰਗੁਣ ਹੋ ਕੇ ਰਿਹਾ ਨੱਠ, ਸਰਗੁਣ ਵੇਖਾਂ ਥਾਉਂ ਥਾਈਂਆ । ਹੁਕਮ ਸੰਦੇਸ਼ਾ ਦੇਵਾਂ ਸਚ, ਧੁਰ ਦੀ ਧਾਰ ਇਕ ਜਣਾਈਆ । ਕਲਜੁਗ ਅੰਤ ਹੋਵਾਂ ਪਰਗਟ, ਕਲ ਕਲਕੀ ਵੇਸ ਵਟਾਈਆ । ਜਿਸ ਦੀ ਸਿਫ਼ਤ ਕਰ ਨਾ ਸਕੇ ਕੋਈ ਭੱਟ, ਗੁਰ ਅਵਤਾਰ ਪੈਗ਼ੰਬਰ ਸੀਸ ਝੁਕਾਈਆ । ਨਿਰਗੁਣ ਨੂਰ ਹੋ ਕੇ ਆਵਾਂ ਨੱਠ, ਜੋਤੀ ਜਾਤਾ ਹੋ ਕੇ ਭੇਵ ਚੁਕਾਈਆ । ਸਭ ਦਾ ਲਹਿਣਾ ਦੇਣਾ ਦੇਵਾਂ ਹੱਕ, ਪੂਰਬ ਲੇਖਾ ਦਿਆਂ ਚੁਕਾਈਆ । ਭਗਤ ਸੁਹੇਲੇ ਗੋਦੀ ਚੱਕ, ਚੱਕ ਚੱਕ ਆਪਣਾ ਰੰਗ ਰੰਗਾਈਆ । ਆਵਣ ਜਾਵਣ ਵਿਚ ਨਾ ਜਾਵਾਂ ਥੱਕ, ਦੋ ਜਹਾਨਾਂ ਆਪਣਾ ਖੇਲ ਵਰਤਾਈਆ । ਇਕੋ ਨਾਮ ਸੰਦੇਸ਼ਾ ਦੇ ਕੇ ਸਤਿ, ਸਤਿ ਸਤਿਵਾਦੀ ਲਵਾਂ ਉਠਾਈਆ । ਸ਼ਬਦੀ ਹੁਕਮ ਦੇ ਕੇ ਮਤ, ਮਨਮਤ ਦਿਆਂ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਕਬੀਰ ਤੈਨੂੰ ਸਚ ਸਚ ਦ੍ਰਿੜਾਵਾਂਗਾ । ਬਿਨ ਤੇਰੇ ਹੱਕ ਸਰੀਰ, ਹੁਕਮ ਧੁਰ ਦਾ ਆਪ ਸੁਣਾਵਾਂਗਾ । ਬਣ ਕੇ ਮਾਲਕ ਪੀਰਾਂ ਪੀਰ, ਪੈਗ਼ੰਬਰਾਂ ਨਾਲ ਵਖਾਵਾਂਗਾ । ਸ਼ਰਅ ਦੀ ਤੋੜ ਜ਼ੰਜੀਰ, ਧੁਰ ਦਾ ਹੁਕਮ ਇਕ ਦਰਸਾਵਾਂਗਾ । ਸ਼ਬਦੀ ਸ਼ਬਦ ਖਿਚ ਸ਼ਮਸ਼ੀਰ, ਖੰਡਾ ਖੜਗ ਇਕ ਚਮਕਾਵਾਂਗਾ । ਸਤਿਜੁਗ ਸਚ ਕਰ ਤਾਮੀਰ, ਤਮਅ ਕੂੜ ਜਗਤ ਗਵਾਵਾਂਗਾ । ਝਗੜਾ ਰਹੇ ਨਾ ਜਗਤ ਅਮੀਰ, ਉਮਰਾਓ ਖ਼ਾਕ ਮਿਲਾਵਾਂਗਾ । ਜਨ ਭਗਤ ਸੁਹੇਲੇ ਵੇਖ ਫ਼ਕੀਰ, ਫ਼ਿਕਰਾ ਇਕੋ ਇਕ ਪੜ੍ਹਾਵਾਂਗਾ । ਤੇਰੇ ਨਾਲ ਕਰਾਂ ਤਹਿਰੀਰ, ਬਿਨ ਅੱਖਰਾਂ ਲੇਖ ਲਿਖਾਵਾਂਗਾ । ਕਲਜੁਗ ਅੰਤ ਹੋਵੇ ਆਖੀਰ, ਸ਼ਹਿਨਸ਼ਾਹ ਹੋ ਕੇ ਦੇਵਾਂ ਧੀਰ, ਹੁਕਮ ਸ਼ਹਿਨਸ਼ਾਹੀ ਚਲਾਵਾਂਗਾ । ਜਨ ਭਗਤਾਂ ਅੰਦਰੋਂ ਕਟ ਕੇ ਦਵੈਤੀ ਪੀੜ, ਬਿਰਹੋਂ ਰੋਗ ਆਪ ਗਵਾਵਾਂਗਾ । ਚਾਰ ਵਰਨ ਅਠਾਰਾਂ ਬਰਨ ਹੋਵੇ ਭੀੜ, ਡੂੰਘੀ ਧਾਰ ਆਪ ਵਹਾਵਾਂਗਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਦਰਸਾਵਾਗਾ । ਸਾਚੀ ਖੇਲ ਆਪ ਦਰਸਾਵੇਗਾ । ਵੇਲਾ ਵਕਤ ਆਪ ਸੁਹਾਵੇਗਾ । ਲੇਖਾ ਜਾਣੇ ਜੀਵ ਜਹਾਨ ਜਗਤ, ਦੋ ਜਹਾਨਾਂ ਪੰਧ ਮੁਕਾਵੇਗਾ । ਜਨ ਭਗਤਾਂ ਲਹਿਣਾ ਦੇਣਾ ਲੇਖਾ ਮੁਕਾਵੇ ਫ਼ਕਤ, ਫ਼ਿਕਰਾ ਆਪਣਾ ਆਪ ਸਮਝਾਵੇਗਾ । ਜਿਹੜਾ ਹੁਕਮ ਸ਼ਬਦੀ ਦਿਤਾ ਬਿਨਾ ਦਸਖ਼ਤ, ਦਸਤਯਾਬ ਆਪ ਕਰਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਮਨਾਵੇਗਾ । ਕਬੀਰਾ, ਮੇਰਾ ਇਹ ਉਚ ਦਿਹਾੜਾ, ਪੁਰਖ ਅਕਾਲ ਜਣਾਈਆ । ਕਬੀਰ ਕਹੇ ਮੈਂ ਪਾਇਆ ਲਾੜਾ, ਧੁਰ ਦਾ ਮਾਲਕ ਬੇਪਰਵਾਹੀਆ । ਪੁਰਖ ਅਕਾਲ ਕਹੇ ਮੈਂ ਹਾੜ ਦਾ ਸੁਣਿਆ ਹਾੜਾ, ਜੋ ਹੌਕਿਆਂ ਵਿਚ ਜਣਾਈਆ । ਪੂਰਬ ਮਿਲਦਾ ਵੇਖਣਾ ਉਧਾਰਾ, ਬਾਵਨ ਨਾਲ ਭੁਗਤਾਈਆ । ਰਿਸ਼ੀਆਂ ਦਿਤਾ ਲਾਰਾ, ਵੇਲਾ ਵਕ਼ਤ ਦਏ ਗਵਾਹੀਆ । ਖੇਲ ਅਗੰਮ ਅਪਾਰਾ, ਹਰਿ ਕਰਤਾ ਦਏ ਭੁਗਤਾਈਆ । ਆਈ ਕਲਜੁਗ ਅੰਤਮ ਵਾਰਾ, ਵਾਰਤਾ ਪਿਛਲੀ ਦਏ ਸਫ਼ਾਈਆ । ਸਚ ਦਵਾਰ ਦਾ ਇਕ ਅਖਾੜਾ, ਇਕੋ ਘਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਕਬੀਰ ਸੁਣ ਹਾੜਾ ਬਾਤ, ਬਾਤਨ ਦਿਆਂ ਜਣਾਈਆ । ਸ਼ਬਦ ਸੰਦੇਸ਼ੇ ਚਲਿਆ ਆਖ, ਹੁਕਮ ਵਿਚ ਮਨਾਈਆ । ਕਲਜੁਗ ਹੋਵੇ ਅੰਧੇਰੀ ਰਾਤ, ਸਮਾਂ ਜਾਏ ਬਦਲਾਈਆ । ਸਾਚੀ ਰਹੇ ਨਾ ਕੋਇ ਜਮਾਤ, ਹਕ਼ੀਕ਼ਤ ਹੱਕ ਨਾ ਕੋਇ ਸਮਝਾਈਆ । ਭਗਤ ਰਹੇ ਨਾ ਕੋਈ ਖ਼ਾਸ, ਖ਼ਾਲਸ ਰੂਪ ਨਾ ਕੋਇ ਵਟਾਈਆ । ਓਸ ਵੇਲੇ ਆਵਾਂ ਆਪ, ਨਿਰਗੁਣ ਹੋ ਕੇ ਫੇਰਾ ਪਾਈਆ । ਜਨ ਭਗਤਾਂ ਬਣਾਂ ਬਾਪ, ਪਿਤਾ ਪੁਰਖ ਅਕਾਲ ਵਡਿਆਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਜੀਵਣ ਜੁਗਤ ਦਿਆਂ ਬਦਲਾਈਆ । ਕੋਟਨ ਕੋਟ ਮੇਟ ਕੇ ਪਾਪ, ਦੁਰਮਤ ਮੈਲ ਧਵਾਈਆ । ਦਰਸ਼ਨ ਦੇ ਕੇ ਸਖਿਆਤ, ਪੂਰਬ ਲੇਖਾ ਦਿਆਂ ਚੁਕਾਈਆ । ਰਵਦਾਸ ਹੱਥ ਫੜਾ ਕੇ ਕ਼ਲਮ ਦਵਾਤ, ਪੰਜਾਂ ਨਾਲ ਕਰਾਂ ਸ਼ਨਵਾਈਆ । ਜਨ ਭਗਤੋ ਤੁਹਾਡਾ ਲਹਿਣਾ ਦੇਣਾ ਦੱਸਾਂ ਖ਼ਾਸ, ਖ਼ਾਲਸ ਆਪਣਾ ਹੁਕਮ ਵਰਤਾਈਆ । ਜਿਸ ਮੰਜ਼ਲ ਤੇ ਕਬੀਰ ਨੂੰ ਦਿਤੀ ਦਾਤ, ਵਸਤ ਅਨਮੁਲੜੀ ਝੋਲੀ ਪਾਈਆ । ਤੁਹਾਡੀ ਓਸ ਨਾਲ ਮਿਲ ਕੇ ਅਗੇ ਹੋ ਗਈ ਜਮਾਤ, ਅਗੇ ਪੱਟੀਆਂ ਦੀ ਲੋੜ ਰਹੇ ਨਾ ਰਾਈਆ । ਸਤਾਰਾਂ ਹਾੜ ਅਗੇ ਇਕੋ ਵਾਰ ਦੇ ਦੇਣਾ ਵਿਸ਼ਵਾਸ, ਵਾਸਨਾ ਕੂੜੀ ਬਾਹਰ ਕਢਾਈਆ । ਪੰਜਾਂ ਪਿਆਰਿਆਂ ਕਰ ਸਚ ਪਰਕਾਸ਼, ਨੂਰ ਨੂਰ ਵਿਚ ਰੁਸ਼ਨਾਈਆ । ਇਹ ਲੇਖਾ ਜੁਗਾਦਿ ਆਦਿ, ਆਦਿ ਵੱਜੀ ਵਧਾਈਆ । ਜਿਸ ਕਾਰਨ ਰਚਿਆ ਇਹ ਕਾਜ, ਬਲ ਬਾਵਨ ਹੋ ਕੇ ਫੇਰਾ ਪਾਈਆ । ਜਿਸ ਪੰਚ ਪਰਵਾਨ ਕਰ ਕੇ ਮਾਰੀ ਆਵਾਜ਼, ਪੰਚ ਪਰਧਾਨ ਰੂਪ ਵਟਾਈਆ । ਦਰ ਸੋਹੇ ਪੰਚੇ ਭਗਤਾਂ ਵਿਚ ਸਮਾਜ, ਸਾਜਣ ਹੋ ਕੇ ਵੇਖ ਵਖਾਈਆ । ਜਨ ਭਗਤੋ ਤੁਹਾਡਾ ਅੰਦਰੋਂ ਬਦਲ ਦੇਵੇ ਸਵਾਦ, ਸਵਾ ਦਾ ਸਵਾ ਸਵਾ ਸਵਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਬੀਰ ਕਿਹਾ ਮੈਂ ਸੁਣਿਆ ਸ਼ਬਦ ਅਨੋਖਾ, ਸੋਹਣਾ ਦਿਤਾ ਦ੍ਰਿੜਾਈਆ । ਭਗਤਾਂ ਨਾਲ ਕਰੀਂ ਨਾ ਧੋਖਾ, ਇਹ ਅੰਤਮ ਮੰਗ ਮੰਗਾਈਆ । ਮੇਰਾ ਮਿੱਤਰ ਇਕ ਛੋਟਾ, ਉਮਰ ਤੇਤੀ ਸਾਲ ਦਰਸਾਈਆ । ਜਿਸ ਮੈਨੂੰ ਪੰਜ ਸੱਤ ਦਾ ਦਿਤਾ ਸੋਟਾ, ਵਿੰਗਾ ਟੇਢਾ ਹੱਥ ਫੜਾਈਆ । ਗ਼ਰੀਬੀ ਨਾਲ ਤੇੜ ਰਖੇ ਲੰਗੋਟਾ, ਓਢਣ ਹੱਥ ਨਾ ਕੋਇ ਰਖਾਈਆ । ਕੱਚਾ ਮਿੱਟੀ ਦਾ ਰੱਖੇ ਲੋਟਾ, ਆਸਣ ਕੱਖਾਂ ਵਾਲਾ ਰਖਾਈਆ । ਭਾਰ ਚੁਕਣ ਨੂੰ ਰੱਖਿਆ ਖੋਤਾ, ਗਧਾ ਕਹੇ ਸਰਬ ਲੋਕਾਈਆ । ਮਸਤਾਨਾ ਹੋ ਕੇ ਦੇਵੇ ਹੋਕਾ, ਮਿੱਟੀ ਖ਼ਾਕ ਨਾਲ ਉਡਾਈਆ ।


੭੭੩
੧੯

ਦੁਨੀਆਦਾਰੋ ਸਾਫ ਕਰ ਲਓ ਕਾਇਆ ਕੋਠਾ, ਮਹੱਲ ਅਟਲ ਕੰਮ ਕਿਸੇ ਨਾ ਆਈਆ । ਕਬੀਰ ਕਹੇ ਪ੍ਰਭੂ ਓਸ ਨੇ ਇਕ ਦਿਨ ਮੇਰੀ ਉਂਗਲ ਦਾ ਚੁੰਘ ਲਿਆ ਪੋਟਾ, ਸੱਜੇ ਹੱਥ ਦਾ ਵੱਡਾ ਹਿੱਸਾ ਨਜ਼ਰੀ ਆਈਆ । ਮੇਰੇ ਅੰਦਰ ਮਾਰ ਕੇ ਗੋਤਾ, ਮਾਣਕ ਮੋਤੀ ਤੇਰਾ ਨਾਮ ਲਿਆ ਉਠਾਈਆ । ਮੇਰੇ ਜੁਲਾਹੇ ਦਾ ਸਾਫ਼ ਹੋ ਗਿਆ ਚੌਂਕਾ, ਭਿਟ ਰਹੀ ਨਾ ਰਾਈਆ । ਇਕ ਅੰਮ੍ਰਿਤ ਸਚ ਤਰੌਂਕਾ, ਸਾਂਤਕ ਦਿਤੀ ਵਰਤਾਈਆ । ਭੇਵ ਖੁਲ੍ਹਿਆ ਤੇਰੇ ਨਾਉਂ ਦਾ, ਨੌਕਾ ਮਿਲੀ ਬੇਪਰਵਾਹੀਆ । ਮੇਰਾ ਰੂਪ ਨਾ ਰਿਹਾ ਕਾਉਂ ਕਾ, ਹੰਸ ਹੋ ਕੇ ਸੋਹੰ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਬੀਰ ਕਿਹਾ ਮੇਰੇ ਮਿੱਤਰ ਦਾ ਛੋਟਾ ਇਕ ਭਰਾ, ਉਮਰ ਸਤਾਈ ਸਾਲ ਵਖਾਈਆ । ਉਹ ਹੁੰਦਾ ਸੀ ਬੇਪਰਵਾਹ, ਗ਼ਮੀ ਖ਼ੁਸ਼ੀ ਨਾ ਕੋਇ ਮਨਾਈਆ । ਉਸ ਨੂੰ ਸਾਰੇ ਕਹਿੰਦੇ ਹੋਇਆ ਸ਼ੁਦਾ, ਸ਼ੁਦਾ ਕੋਲ ਨਾ ਕੋਇ ਬਹਾਈਆ । ਇਕ ਦਿਨ ਮੈਨੂੰ ਹੱਸ ਕੇ ਕਹਿੰਦਾ ਕਬੀਰਾ ਮੈਨੂੰ ਵਖਾ ਖ਼ੁਦਾ, ਜੋ ਖ਼ੁਦੀ ਦਏ ਮਿਟਾਈਆ । ਸਿੱਧਾ ਹੋ ਕੇ ਉਪਰ ਧਿਆਨ ਲਿਆ ਲਗਾ, ਅੱਖਾਂ ਉਂਗਲਾਂ ਨਾਲ ਉਲਟਾਈਆ । ਨੇਤਰ ਨੈਣਾਂ ਨੀਰ ਰਿਹਾ ਵਹਾ, ਰੋ ਰੋ ਦਏ ਦੁਹਾਈਆ । ਮੈਂ ਹੁਣ ਨਹੀਂ ਰਹਿਣਾ ਜੁਦਾ, ਵੱਖਰੀ ਵੰਡ ਨਾ ਕੋਇ ਵਖਾਈਆ । ਕਬੀਰ ਕਹੇ ਓਧਰੋਂ ਹੁਕਮ ਦਿਤਾ ਬੇਪਰਵਾਹ, ਸ਼ਬਦ ਸੰਦੇਸ਼ੇ ਵਿਚ ਜਣਾਈਆ । ਕਬੀਰਾ ਇਨ੍ਹਾਂ ਨੂੰ ਲੈ ਪਰਚਾ, ਪਰਚਾ ਮੇਰੇ ਨਾਮ ਦਾ ਇਕ ਵਖਾਈਆ । ਅਗਲਾ ਲੇਖਾ ਦੇਵਾਂ ਬਣਾ, ਸਹਿਜੇ ਦਿਤਾ ਸਮਝਾਈਆ । ਜਿਸ ਵੇਲੇ ਬਣ ਕੇ ਆਵਾਂ ਸ਼ਹਿਨਸ਼ਾਹ, ਪਾਤਸ਼ਾਹਾਂ ਦਾ ਪਾਤਸ਼ਾਹ ਰੂਪ ਬਦਲਾਈਆ । ਦੋਹਾਂ ਦਾ ਨਾਤਾ ਲਵਾਂ ਜੁੜਾ, ਜਗਤ ਵਿਛੜੇ ਮੇਲ ਮਿਲਾਈਆ । ਦੋਹਾਂ ਨੂੰ ਬਣਾ ਕੇ ਭੈਣ ਭਰਾ, ਲੇਖਾ ਅਗਲੇ ਘਰ ਰਖਾਈਆ । ਕਬੀਰ ਕਿਹਾ ਮੈਨੂੰ ਵੀ ਦੇਣਾ ਵਖਾ, ਝੋਲੀ ਤੇਰੇ ਅਗੇ ਡਾਹੀਆ । ਪੁਰਖ ਅਕਾਲ ਕਿਹਾ ਇਹੋ ਦਿਵਸ ਦਿਆਂ ਸੁਹਾ, ਹਾੜ ਯਾਰਾਂ ਵੱਜੇ ਵਧਾਈਆ । ਦੋਹਾਂ ਦਾ ਮੇਲਾ ਲਵਾਂ ਮਿਲਾ, ਤੇਰੀ ਸ਼ਹਾਦਤ ਦੇਵਾਂ ਭੁਗਤਾਈਆ । ਬਾਵਨ ਦਾ ਲਹਿਣਾ ਦੇਵਾਂ ਚੁਕਾ, ਜੁਗ ਚੌਕੜੀ ਪੰਧ ਮੁਕਾਈਆ । ਪੜਦਿਆਂ ਵਿਚੋਂ ਪੜਦਾ ਦੇਵਾਂ ਉਠਾ, ਇਹ ਮੇਰੀ ਬੇਪਰਵਾਹੀਆ । ਜਿਸ ਨੂੰ ਕਹਿੰਦੇ ਹੋਇਆ ਸ਼ੁਦਾ, ਉਮਰ ਸਤਾਵੀਏ ਸਾਲ ਸਮਝਾਈਆ । ਦੂਜੇ ਦਾ ਲਹਿਣਾ ਦੇਵਾਂ ਬਣਾ, ਵੱਡੇ ਦੀ ਵੱਡੇ ਨਾਲ ਵਡਿਆਈਆ । ਜਿਸ ਉਂਗਲੀ ਨੂੰ ਉਂਗਲ ਦਿਤੀ ਲਾ, ਉਗਣ ਆਥਣ ਤਾਈਂ ਹੋਏ ਰੁਸ਼ਨਾਈਆ । ਏਸੇ ਸੁਰਸਤੀ ਦਾ ਮਨੀ ਸਿੰਘ ਲੇਖਾ ਗਿਆ ਲਿਖਾ, ਸੰਗਰੂਰ ਵਿਚ ਬਹਿ ਕੇ ਕਲਮ ਚਲਾਈਆ । ਉਸ ਦਾ ਪਿਛਲੇ ਜਨਮ ਦਾ ਭਰਾ, ਸਰੂਪ ਸਿੰਘ ਦਿਤਾ ਸਮਝਾਈਆ । ਕਬੀਰ ਦੋਹਾਂ ਦਾ ਵਿਚੋਲਾ ਬਣਿਆ ਜੁਲਾਹ, ਗੰਢ ਆਪਣੇ ਨਾਲ ਰਖਾਈਆ । ਜਿਸ ਕੰਨਿਆਂ ਦਾ ਹੋਣਾ ਵਿਵਾਹ, ਵਾਇਦੇ ਵਿਚ ਕਾਇਦੇ ਦਏ ਬਣਾਈਆ । ਸਾਢੇ ਨੌਂ ਦਾ ਵਕ਼ਤ ਜਾਣਾ ਆ, ਅਠਾਰਾਂ ਹਾੜ ਵੱਜੇ ਵਧਾਈਆ । ਪੰਜਾਂ ਪਿਆਰਿਆਂ ਤਲਵਾਰ ਪੰਜ ਵਾਰ ਪ੍ਰਭ ਦੇ ਸੀਸ ਉਤੇ ਦੇਣੀ ਟਿਕਾ, ਠੋਕਰ ਨਾਲ ਦੇਣੀ ਹਿਲਾਈਆ । ਇੱਕੀਆਂ ਜੈਕਾਰੇ ਦੇਣੇ ਲਾ, ਇਕੀ ਵਾਰ ਵੱਜੇ ਵਧਾਈਆ । ਸੁਰਸਤੀ ਤਿਲਕ ਦੇਣਾ ਲਗਾ, ਭੱਜੇ ਚਾਈਂ ਚਾਈਆ । ਬੁੱਢੀ ਦਾਦੀ ਦੋਹਾਂ ਦੇ ਸਿਰ ਤੇ ਹੱਥ ਦੇਣਾ ਟਿਕਾ, ਟਿਕਟਿਕੀ ਇਕੋ ਵਿਚ ਰਖਾਈਆ । ਲਾਲ ਸਿੰਘ ਨੇ ਕਿਰਪਾਨ ਦੇਣੀ ਫੜਾ, ਸੱਜੇ ਹੱਥ ਨਾਲ ਛੁਹਾਈਆ । ਬ੍ਰਾਹਮਣ ਤੀਰ ਕਮਾਨ ਅਗੇ ਦੇਣਾ ਟਿਕਾ, ਟਕੇ ਪੰਜ ਨਾਲ ਵਖਾਈਆ । ਅਮਰਜੀਤ ਪੰਜੇ ਹਾਰ ਲੈਣੇ ਉਠਾ, ਪ੍ਰਭ ਚਰਨਾਂ ਉਤੋਂ ਚੁਕ ਕੇ ਹਰਿ ਸੰਗਤ ਉਤੇ ਦੇਣੇ ਬਰਸਾਈਆ । ਫਿਰ ਅਗਲਾ ਵਿਹਾਰ ਹੋਵੇ ਰਵਾਂ, ਸਮਾਂ ਆਪਣਾ ਰੰਗ ਬਦਲਾਈਆ । ਜਨ ਭਗਤੋ ਤੁਹਾਨੂੰ ਉਹ ਸੰਦੇਸ਼ਾ


੭੭੪
੧੯

ਕਹਵਾਂ, ਜਿਸ ਦੀ ਕਹਾਣੀ ਨਾ ਕੋਇ ਸੁਣਾਈਆ । ਸਦਾ ਤੁਹਾਡੇ ਅੰਦਰ ਰਹਵਾਂ, ਬਹਿ ਕੇ ਖ਼ੁਸ਼ੀ ਮਨਾਈਆ । ਵੇਖਿਓ ਕੋਈ ਨਾ ਕਰਿਓ ਗ਼ਮਾ, ਗ਼ਮੀ ਅੰਦਰੋਂ ਦਿਆਂ ਕਢਾਈਆ । ਮੈਨੂੰ ਤੁਹਾਡੇ ਮਿਲਣ ਦੀ ਤਮਅ, ਤੁਸਾਂ ਲਾਲਚ ਮੇਰਾ ਬਣਤ ਬਣਾਈਆ । ਮੈਂ ਬਦਲ ਕੇ ਸਾਰਾ ਸਮਾਂ, ਜਗਤ ਵਿਹਾਰ ਪਰੇ ਦੇਣੇ ਸੁਟਾਈਆ । ਤੁਹਾਡਾ ਲੇਖਾ ਲਾ ਕੇ ਦਮ ਦਮਾ, ਦਮੜੇ ਚਮੜੇ ਸਾਰੇ ਆਪਣੇ ਹੱਟ ਵਿਕਾਈਆ । ਤੁਹਾਡਾ ਜੀਵਣ ਕਰ ਕੇ ਨਵਾਂ, ਰੰਗ ਦੇਣਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਇਕ ਹੁਕਮ ਵਰਤਾਈਆ । ਸਤਾਰਾ ਹਾੜ ਕਹੇ ਮੈਨੂੰ ਹੁਕਮ ਮਿਲਦਾ ਸਖ਼ਤ, ਹੈਰਾਨੀ ਮੇਰੇ ਅੰਦਰ ਆਈਆ । ਜਿਉਂ ਜਿਉਂ ਵੇਲਾ ਨੇੜੇ ਔਂਦਾ ਵਕ਼ਤ, ਵਿਅਕਤੀ ਰਿਹਾ ਹਿਲਾਈਆ । ਮੇਰੀ ਮੁਕਦੀ ਜਾਂਦੀ ਸ਼ਕਤ, ਸ਼ਕਤੀ ਨਜ਼ਰ ਕੋਇ ਨਾ ਆਈਆ । ਮੈਂ ਵੇਂਹਦਾ ਚਾਰ ਕੁੰਟ ਜਗਤ, ਨਵ ਸੱਤ ਅੱਖ ਖੁਲ੍ਹਾਈਆ । ਬਹੁੜੀ ਹਾਏ ਦਰੋਹੀ ਉਫ਼ ਮੈਨੂੰ ਥੋੜੇ ਦਿਸਦੇ ਭਗਤ, ਭਾਗਵਾਨ ਸੋਭਾ ਪਾਈਆ । ਬਾਕੀ ਉਤੇ ਫਿਰਦੀ ਦਿਸੇ ਕਰਦ, ਕ਼ਦਮਾਂ ਤੋਂ ਦੂਰ ਖ਼ੁਦਾਈਆ । ਗੁਰ ਅਵਤਾਰ ਪੈਗ਼ੰਬਰ ਵੰਡੇ ਕੋਈ ਨਾ ਦਰਦ, ਦੁੱਖੀ ਦੀਨ ਦੇਣ ਦੁਹਾਈਆ । ਗੁਰਮੁਖਾਂ ਪੂਰੀ ਕਰਨ ਆਇਆ ਗ਼ਰਜ਼, ਗਜ਼ਲ ਆਪਣਾ ਨਾਮ ਸੁਣਾਈਆ । ਮੈਂ ਹੈਰਾਨ ਹੋਇਆ ਅਸਚਰਜ, ਅਚਰਜ ਲੀਲਾ ਕੀ ਵਰਤਾਈਆ । ਪੂਰਬ ਜਨਮ ਦੀ ਕੱਢ ਕੇ ਫ਼ਰਦ, ਫ਼ੈਸਲੇ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੁਕਮ ਇਕ ਵਰਤਾਈਆ । ਹਾੜ ਸਤਾਰਾਂ ਕਹੇ ਮੈਂ ਦੱਸਾਂ ਸਚ ਵਿਚਾਰ, ਜੋ ਪ੍ਰਭ ਰਿਹਾ ਜਣਾਈਆ । ਪ੍ਰਭ ਚਰਨਾਂ ਤੋਂ ਕ਼ਦਮ ਅਗੇ ਚਾਰ, ਫੁਟ ਦਸ ਵੰਡ ਵੰਡਾਈਆ । ਜਿਥੇ ਹੋਣਾ ਸਚ ਵਿਹਾਰ, ਆਸਣ ਸੋਹਣਾ ਨਜ਼ਰੀ ਆਈਆ । ਸਾਢੇ ਤਿੰਨ ਤਿੰਨ ਹੱਥ ਚਾਰੋਂ ਕੁੰਟ ਲਕਾਰ, ਸਹਿਜੇ ਦੇਣੀ ਲਗਾਈਆ । ਚਾਰੇ ਝੰਡੇ ਹੋਣ ਉਜਿਆਰ, ਆਪਣਾ ਰੰਗ ਵਖਾਈਆ । ਅਠਾਰਾਂ ਇੰਚ ਦਾ ਉਚਾ ਮਨਾਰ, ਸੋਹਣਾ ਲੈਣਾ ਬਣਾਈਆ । ਸੱਤ ਚਾਰ ਦੀ ਹੋਵੇ ਧਾਰ, ਤੂਲ ਅਰਜ਼ ਵੇਖ ਵਖਾਈਆ । ਫੁੱਲਾਂ ਹੋਵੇ ਬਹਾਰ, ਗੁਲਸ਼ਨ ਇਕ ਮਹਿਕਾਈਆ । ਇੱਕੀਆਂ ਦੀ ਕਤਾਰ, ਦਸ ਦਸ ਵੰਡ ਵੰਡਾਈਆ । ਦਾਦੀ ਦਾ ਪਿਆਰ, ਸੋਹਣਾ ਸੋਭਾ ਪਾਈਆ । ਮਾਤਾ ਦਾ ਵਿਸਥਾਰ, ਬੇਨੰਤੀ ਬੇਪਰਵਾਹੀਆ । ਭਗਤਾਂ ਦਾ ਜੈਕਾਰ, ਦੋ ਜਹਾਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਮੈਂ ਉਠ ਉਠ ਤੱਕਾਂ, ਤਾਕਤ ਆਪਣੀ ਨਾਲ ਲਵਾਂ ਅੰਗੜਾਈਆ । ਵੇਖਾਂ ਉਹ ਅੱਖਾਂ, ਜੋ ਪ੍ਰਭ ਨੇ ਭਗਤਾਂ ਅੰਦਰ ਦਿਤੀਆਂ ਲਗਾਈਆ । ਜਿਨ੍ਹਾਂ ਦੇ ਨਾਲ ਮਿਲ ਕੇ ਹੱਸਾਂ, ਬਾਹਰੋਂ ਸਮਝੇ ਕੋਇ ਨਾ ਰਾਈਆ । ਉਹਨਾਂ ਨਾਲ ਵਸਾਂ, ਜਿਨ੍ਹਾਂ ਕਦੇ ਨਾ ਹੋਏ ਜੁਦਾਈਆ । ਜੁਗ ਚੌਕੜੀ ਭਾਵੇਂ ਕੋਟਨ ਕੋਟ ਕਾਰਜ ਹੁੰਦੇ ਕਰੋੜਾਂ ਲੱਖਾਂ, ਸ੍ਰੀ ਭਗਵਾਨ ਦੇ ਅਗੇ ਭਗਤ ਭਗਤ ਦੀ ਅਜੇ ਤੱਕ ਹੋਈ ਨਾ ਕਦੇ ਕੁੜਮਾਈਆ । ਅਠਾਰਾਂ ਹਾੜ ਪੂਰਬ ਜਨਮ ਸਭ ਦੇ ਲੇਖੇ ਦੱਸਾਂ, ਬੱਚੇ ਬੱਚੀਆਂ ਆਪਣੀ ਝੋਲੀ ਪਾਈਆ । ਉਮਰ ਵਿਚ ਆਯੂ ਵਿਚ ਜੋਬਨ ਵਿਚ ਭਾਵੇਂ ਥੋੜਾ ਸਮਾਂ, ਦੋ ਚਾਰ ਦਿਨ ਲੋਕਮਾਤ ਵਿਚ ਰਖਾਈਆ । ਫਿਰ ਵੀ ਜੋੜੀ ਬਿਨਾ ਘੋੜੀ (ਰੱਖਾਂ), ਦਰਗਹਿ ਸਾਚੀ ਦਿਆਂ ਪੁਚਾਈਆ । ਗੁਰਮੁਖਾਂ ਸੜਨ ਨਾ ਦੇਵਾਂ ਅਗਨੀ ਕੱਖਾਂ, ਜਨਮ ਮਰਨ ਦੇ ਦੁੱਖਾਂ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਲੇਖਾ ਪੂਰਨ ਕਰਨ ਆਇਆ, ਅਗਲਾ ਲੇਖਾ ਕੱਚਾ ਰਹੇ ਨਾ ਰਾਈਆ ।

## ✪ ੧੩ ਹਾੜ ਸ਼ਹਿਨਸ਼ਾਹੀ ਸੰਮਤ ੨ ਠਾਕਰ ਸਿੰਘ ਦੇ ਗ੍ਰਹਿ ਪਿੰਡ ਜੇਠੂਵਾਲ ✪

ਜਨ ਭਗਤ ਕਹੇ ਮੈਂ ਪ੍ਰੀਤਮ ਵੇਖਿਆ ਚੋਜੀ, ਨਿਰਗੁਣ ਨਿਰਵੈਰ ਨਿਰੰਕਾਰ ਨਜ਼ਰੀ ਆਈਆ । ਜੋ ਆਤਮ ਪਰਮਾਤਮ ਨਿਰਗੁਣ ਸਰਗੁਣ ਬਣਿਆ ਰਹੇ ਖੋਜੀ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਵੇਖ ਵਖਾਈਆ । ਸ਼ਬਦ ਧਾਰ ਏਕੰਕਾਰ ਦੇਵੇ ਅਗੰਮੀ ਸੋਝੀ, ਨਿਰਅੱਖਰ ਧਾਰ ਆਪ ਪਰਗਟਾਈਆ । ਗੁਰਮੁਖ ਜਨਮ ਮਰਨ ਦਾ ਰਹਿਣ ਨਾ ਦੇਵੇ ਕੋਈ ਰੋਗੀ, ਕਰਮ ਕਾਂਡ ਦੇ ਵਿਚ ਨਾ ਕੋਇ ਫਸਾਈਆ । ਭੇਵ ਅਭੇਦ ਲਿਖ ਕੇ ਲੋਕ ਪਰਲੋਕੀ, ਸਚ ਸਲੋਕੀ ਨਾਮ ਨਿਧਾਨਾ ਦਏ ਸੁਣਾਈਆ । ਮਨ ਮਤ ਕੂੜ ਕਿਰਿਆ ਵਿਚ ਹੋਣ ਨਾ ਦੇਵੇ ਬੇਗੋਸ਼ੀ, ਸਚ ਸਰੂਪ ਆਪਣਾ ਦਏ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਰੰਗ ਰੰਗਾਈਆ । ਜਨ ਭਗਤ ਕਹੇ ਪ੍ਰਭ ਪਾਇਆ ਪੁਰਖ ਅਗੰਮ, ਮਹਿੰਮਾ ਕੱਥ ਨਾ ਕੋਇ ਜਣਾਈਆ । ਜਿਸ ਦਾ ਲਹਿਣਾ ਦੇਣਾ ਲੱਖ ਚੁਰਾਸੀ ਜੀਵ ਬ੍ਰਹਮ, ਪਾਰਬ੍ਰਹਮ ਬੇਪਰਵਾਹੀਆ । ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਆਦਿ ਜੁਗਾਦਿ ਏਕਾ ਧਰਮ, ਧੁਰ ਧਾਮ ਬੈਠਾ ਸੋਭਾ ਪਾਈਆ । ਨਿਹਕਰਮੀ ਹੋ ਕੇ ਕਰੇ ਆਪਣਾ ਕਾਮ, ਕਾਇਨਾਤ ਅੰਦਰ ਵੇਖ ਵਖਾਈਆ । ਸ਼ਬਦ ਸੰਦੇਸ਼ਾ ਨਰ ਨਰੇਸ਼ਾ ਦੇਵੇ ਇਕ ਪੈਗ਼ਾਮ, ਬਿਨ ਕਲਮਾ ਹੱਕ ਪੜ੍ਹਾਈਆ । ਸਜਦਾ ਦੱਸ ਕੇ ਸਚ ਸਲਾਮ, ਸਮਾਂ ਆਪਣਾ ਦਏ ਸਮਝਾਈਆ । ਬਰਦਾ ਕਰ ਕੇ ਧੁਰ ਗੁਲਾਮ, ਗਹਿਰ ਗੰਭੀਰ ਵੇਖ ਵਖਾਈਆ । ਜਨ ਭਗਤਾਂ ਮੰਜ਼ਲ ਕਰੇ ਆਸਾਨ, ਅਸਲ ਵਸਲ ਯਾਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਵਾਮੀ ਅੰਤਰਜਾਮੀ ਗ੍ਰਹਿ ਮੰਦਰ ਵੇਖ ਵਖਾਈਆ । ਜਨ ਭਗਤ ਕਹੇ ਪ੍ਰਭ ਪਾਇਆ ਪੁਰਖ ਅਪਾਰ, ਅਪਰੰਪਰ ਮਿਲਿਆ ਬੇਪਰਵਾਹੀਆ । ਜਿਸ ਨੂੰ ਗਾਉਂਦੇ ਗਏ ਸਦਾ ਜੁਗ ਚਾਰ, ਚੌਕੜੀ ਵਿਚ ਸਿਫ਼ਤ ਸਾਲਾਹੀਆ । ਲੇਖਾ ਲਿਖਦੇ ਗਏ ਗੁਰ ਅਵਤਾਰ, ਪੈਗ਼ੰਬਰ ਪੈਗ਼ਾਮ ਵਿਚ ਜਣਾਈਆ । ਸੋ ਲਹਿਣਾ ਦੇਣਾ ਦੇਵਣਹਾਰ ਵਿਚ ਸੰਸਾਰ, ਮਹਾਂਸਾਰਥੀ ਹੋ ਕੇ ਫੇਰਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਸਰਗੁਣ ਪਾਵੇ ਸਾਰ, ਸਤਿ ਸਵਾਮੀ ਅੰਤਰਜਾਮੀ ਪੜਦਾ ਓਹਲਾ ਦਏ ਉਠਾਈਆ । ਭਗਤ ਸੁਹੇਲਾ ਇਕ ਅਕੇਲਾ ਆਪਣੇ ਰੰਗ ਰਵੇ ਕਰਤਾਰ, ਕੁਦਰਤ ਦਾ ਮਾਲਕ ਖ਼ਲਕ ਦਾ ਖ਼ਾਲਕ, ਖ਼ਾਲਸ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਸੋਭਾ ਪਾਈਆ । ਜਨ ਭਗਤ ਕਹੇ ਪ੍ਰਭ ਆਇਆ ਪੁਰਖ ਅਕਾਲ, ਅਕਲ ਕਲਧਾਰੀ ਨਜ਼ਰੀ ਆਈਆ । ਦੀਨ ਦੁਨੀ ਦਾ ਦੀਨ ਦਿਆਲ, ਦਇਆਨਿਧ ਵੱਡੀ ਵਡਿਆਈਆ । ਲੇਖਾ ਚੁਕਾ ਕੇ ਕਾਲ ਮਹਾਂਕਾਲ, ਵਖਾਏ ਸੱਚੀ ਧਰਮਸਾਲ, ਧਰਮ ਦਵਾਰਾ ਇਕੋ ਦਏ ਦਰਸਾਈਆ । ਜਿਥੇ ਪੋਹ ਨਾ ਸਕੇ ਕਾਲ, ਸ਼ਬਦ ਅਗੰਮੀ ਵੱਜੇ ਤਾਲ, ਦੀਆ ਬਾਤੀ ਦੇਵੇ ਬਾਲ, ਸਾਚਾ ਚੰਦ ਨੂਰ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਕਰ ਸੰਭਾਲ, ਲੇਖੇ ਲਾਏ ਜਨਮ ਜਨਮ ਦੀ ਕੀਤੀ ਘਾਲ, ਗੋਦ ਉਠਾ ਕੇ ਆਪਣੇ ਲਾਲ, ਦੁਰਮਤ ਮੈਲ ਦਏ ਗਵਾਈਆ । ਝਗੜਾ ਰਹੇ ਨਾ ਸ਼ਾਹ ਕੰਗਾਲ, ਅੰਤਮ ਹੱਲ ਹੋਵੇ ਸਵਾਲ, ਫ਼ਿਕਰਾ ਇਕੋ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਵੇਖਣਹਾਰਾ ਬੇਪਰਵਾਹੀਆ । ਜਨ ਭਗਤ ਕਹੇ ਮੈਂ ਵੇਖਿਆ ਪਰਮ ਪੁਰਖ ਸ੍ਰੀ ਭਗਵੰਤ, ਭਗਵਨ ਇਕੋ ਨਜ਼ਰੀ ਆਈਆ । ਆਤਮ ਪਰਮਾਤਮ ਦਾ ਦਿਸਿਆ ਸਾਚਾ ਕੰਤ, ਨਾਤਾ

੭੭੭
੧੯

ਧੁਰ ਦਾ ਰਿਹਾ ਜੁੜਾਈਆ । ਗੜ੍ਹ ਰਿਹਾ ਨਾ ਹਉਮੇਂ ਹੰਗਤ, ਹੰ ਬ੍ਰਹਮ ਦਿਤਾ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਨਿਰਅੱਖਰ ਦਿਤਾ ਪੜ੍ਹਾਈਆ । ਜਨ ਭਗਤਾਂ ਜੁਗ ਜੁਗ ਦੀ ਸੁਣ ਕੇ ਮਿੰਨਤ, ਮਿਹਰ ਨਜ਼ਰ ਇਕ ਉਠਾਈਆ । ਸਚ ਪਿਆਰ ਦੀ ਦੇ ਕੇ ਹਿੰਮਤ, ਅੰਦਰੋਂ ਹੌਸਲਾ ਦਿਤਾ ਵਧਾਈਆ । ਜਨ ਭਗਤੋ ਤੁਹਾਡੀ ਨੌਂ ਖੰਡ ਦੀ ਇਕੋ ਸਿੰਮਤ, ਉੱਤਰ ਪੂਰਬ ਪੱਛਮ ਦੱਖਣ ਵੰਡ ਨਾ ਕੋਇ ਵੰਡਾਈਆ । ਦੂਜੇ ਦਰ ਕਰਨੀ ਪਏ ਨਾ ਮਿੰਨਤ, ਮਿੰਨਤਾਂ ਤੋਂ ਦਿਤਾ ਛੁਡਾਈਆ । ਮਨੂਆ ਕਰੇ ਕੋਈ ਨਾ ਇੱਲਤ, ਵਾਸਨਾ ਜਗਤ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡੀ ਮੇਟ ਖ਼ੁਆਰੀ ਜ਼ਿੱਲਤ, ਜ਼ਾਹਿਦ ਤੋਂ ਵਾਹਿਦ ਨਾਲ ਦਿਤਾ ਮਿਲਾਈਆ । ਜਨ ਭਗਤ ਕਹੇ ਪ੍ਰਭ ਪਾਇਆ ਏਕ, ਏਕੰਕਾਰ ਨਜ਼ਰੀ ਆਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਰਖਦੇ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਲਿਆ ਪੇਖ, ਬਿਨ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਜੋ ਵਸਿਆ ਸਚਖੰਡ ਦਵਾਰੇ ਸਾਚੇ ਦੇਸ, ਹੱਕ ਮੁਕਾਮੇ ਸੋਭਾ ਪਾਈਆ । ਮਾਲਕ ਬਣ ਕੇ ਪ੍ਰਭ ਨਰੇਸ਼, ਨਰਾਇਣ ਹੁਕਮ ਵਰਤਾਈਆ । ਜਿਸ ਦਾ ਕ਼ਲਮ ਸ਼ਾਹੀ ਲਿਖ ਨਾ ਸਕੇ ਲੇਖ, ਕਾਗ਼ਜ਼ ਮਿਲੇ ਨਾ ਕੋਇ ਵਡਿਆਈਆ । ਸੋ ਭਗਤ ਸੁਹੇਲਾ ਇਕ ਅਕੇਲਾ ਨਿਰਗੁਣ ਧਾਰ ਖੋਲ੍ਹੇ ਭੇਤ, ਪੜਦਾ ਅੰਦਰੋਂ ਆਪ ਚੁਕਾਈਆ । ਨਜ਼ਰੀ ਆਵੇ ਨੇਤਨ ਨੇਤ, ਨਿਜ ਘਰ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਦਇਆਵਾਨ ਦਇਆ ਕਮਾਈਆ । ਜਨ ਭਗਤ ਕਹੇ ਮੈਂ ਪਾਇਆ ਗਹਿਰ ਗੰਭੀਰ, ਗਵਰ ਨਜ਼ਰ ਕਿਸੇ ਨਾ ਆਈਆ । ਬਿਨ ਤੱਤਾਂ ਚੋਟੀ ਮੰਜ਼ਲ ਚੜ੍ਹੇ ਅਖ਼ੀਰ, ਆਖਰ ਬੈਠਾ ਡੇਰਾ ਲਾਈਆ । ਜਿਸ ਦੀ ਨਜ਼ਰ ਨਾ ਆਏ ਕੋਈ ਤਸਵੀਰ, ਤਸੱਵਰ ਸਭ ਨੂੰ ਦਏ ਕਰਾਈਆ । ਜਨ ਭਗਤ ਬਦਲ ਦੇਵੇ ਤਕਦੀਰ, ਤਦਬੀਰ ਆਪਣੀ ਇਕ ਦ੍ਰਿੜ੍ਹਾਈਆ । ਲੇਖਾ ਮੁਕਾ ਕੇ ਗ਼ਰੀਬ ਅਮੀਰ, ਅਮਰਾਪਦ ਦਏ ਜਣਾਈਆ । ਜਿਥੇ ਵਸੇ ਬੇਨਜ਼ੀਰ, ਜੋਤੀ ਜਾਤਾ ਸੋਭਾ ਪਾਈਆ । ਜਨ ਭਗਤਾਂ ਲਹਿਣਾ ਦੇਣਾ ਚੁਕਾ ਕੇ ਤਤ ਸਰੀਰ, ਮਨ ਸ਼ਰੀਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੋਣ ਨਾ ਦੇਵੇ ਕਦੇ ਮਾਤ ਦਿਲਗੀਰ, ਅਜ਼ੀਜ਼ ਆਪਣੇ ਲਏ ਬਣਾਈਆ ।

## ✪ ੧੪ ਹਾੜ ਸ਼ਹਿਨਸ਼ਾਹੀ ਸੰਮਤ ੨ ਅਮੀਰ ਚੰਦ ਗੁਲਾਟੀ ਦੇ ਗ੍ਰਿਹ ਪਿੰਡ ਜੇਠੂਵਾਲ ✪

ਪਾਰਬ੍ਰਹਮ ਪਤਿਪਰਮੇਸ਼ਵਰ ਸਾਹਿਬ ਸੁਲਤਾਨ ਮਾਲਕ ਘਰ ਘਰ ਦਾ, ਗ੍ਰਿਹ ਗ੍ਰਿਹ ਲੱਖ ਚੁਰਾਸੀ ਵੇਖ ਵਖਾਈਆ । ਆਦਿ ਅੰਤ ਮਧ ਮੰਜ਼ਲ ਅਗੰਮੀ ਚੜ੍ਹਦਾ, ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਪੰਧ ਮੁਕਾਈਆ । ਨਿਤ ਨਵਿਤ ਲੋਕਮਾਤ ਵੇਸ ਧਰਦਾ, ਧਰਨੀ ਧਰਤ ਧਵਲ ਵੱਜੇ ਵਧਾਈਆ । ਕਲਜੁਗ ਅੰਤ ਸ੍ਰੀ ਭਗਵੰਤ ਖੇਲ ਕਰੇ ਨਰਾਇਣ ਨਰ ਦਾ, ਨਰ ਹਰਿ ਆਪਣਾ ਹੁਕਮ ਵਰਤਾਈਆ । ਸੰਤ ਸੁਹੇਲੇ ਗੁਰਮੁਖ ਗੁਰਸਿਖ ਭਗਤ ਪਿਆਰੇ ਫੜਦਾ, ਲੱਖ ਚੁਰਾਸੀ ਖੋਜ ਖੁਜਾਈਆ । ਮੰਜ਼ਲ ਮੰਜ਼ਲ ਪੌੜੀ ਡੰਡੇ ਚੜ੍ਹਦਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਆਪਣੇ ਵਿਚ ਸਮਾਈਆ । ਜਨ ਭਗਤ ਪ੍ਰਭ ਕਰਦਾ ਰਹੇ ਮਿਲਾਪ, ਮਿਲਣੀ

ਜਗਦੀਸ਼ ਆਪਣੇ ਨਾਲ ਕਰਾਈਆ । ਬਾਹੋਂ ਫੜ ਗੋਦੀ ਚੁੱਕਦਾ ਰਹੇ ਆਪ, ਧੁਰ ਦਾ ਜਾਪ ਬਿਨ ਅੱਖਰਾਂ ਦਏ ਸਮਝਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਰੁਤੜੀ ਰੈਣ ਸੁਹੰਜਣੀ ਦਏ ਵਡਿਆਈਆ । ਜਨ ਭਗਤ ਸਾਚੀ ਮੰਜ਼ਲ ਚੜ੍ਹਾ ਕੇ ਆਪਣੇ ਘਾਟ, ਗ੍ਰਿਹ ਮੰਦਰ ਅੰਦਰ ਦੇਵੇ ਮਾਣ ਵਡਿਆਈਆ । ਸਚ ਪ੍ਰੀਤੀ ਬਖ਼ਸ਼ ਕੇ ਸਤਿ ਵਿਸ਼ਵਾਸ, ਧੀਰਜ ਧੀਰ ਇਕ ਬੰਧਾਈਆ । ਗੁਰਮੁਖਾਂ ਲੇਖੇ ਲਾ ਕੇ ਸਚ ਪ੍ਰੇਮ ਦੀ ਸਾਚੀ ਦਾਤ, ਦਾਤਾਰ ਹੋ ਕੇ ਦਇਆ ਕਮਾਈਆ । ਜਗਤ ਜਹਾਨ ਵਿਚੋਂ ਲਏ ਰਾਖ, ਰੱਛਿਆ ਕਰੇ ਥਾਉਂ ਥਾਈਆ । ਦਰਸ਼ਨ ਦੀਦਾਰ ਦੀਦ ਅੰਦਰ ਦੇਵੇ ਸਾਖਿਆਤ, ਸੁਖੀਆਂ ਦਾ ਮਾਲਕ ਸੁਖ ਆਪਣੇ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਰਹਿਣ ਨਾ ਦੇਵੇ ਕੋਈ ਗੁਸਤਾਖ, ਰੂਹ ਬੁੱਤ ਪਵਿਤਰ ਪਾਕ ਪੁਨੀਤ ਪਵਿਤ ਲਏ ਕਰਾਈਆ ।



### ✪ ੧੫ ਹਾੜ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ਜੰਮੂ ਸੰਗਤ ਦੀ ਆਮਦ ਵਿਚ ✪

ਧੁਰ ਸ਼ਬਦ ਸੰਦੇਸ਼ੇ ਦੇ ਕੇ ਆਏ ਸੱਦੇ, ਸਦੀਆਂ ਦੇ ਵਿਛੜੇ ਫੇਰਾ ਪਾਈਆ । ਧਰਮ ਪ੍ਰੀਤੀ ਅੰਦਰ ਬੱਧੇ, ਬੰਦਗੀ ਵਿਚ ਕਮਾਈਆ । ਸਚ ਦਵਾਰੇ ਬਹਿ ਬਹਿ ਸੱਜੇ, ਸਜਣਾਂ ਮਿਲ ਕੇ ਖ਼ੁਸ਼ੀ ਮਨਾਈਆ । ਪੂਰਬ ਲਹਿਣਾ ਮਿਲੇ ਮਜ਼ੇ, ਰਸ ਇਕੋ ਦਏ ਵਖਾਈਆ । ਬਲ ਦਵਾਰਿਉਂ ਜਿਹੜੇ ਰੱਜੇ, ਰਸਨਾ ਖਾ ਕੇ ਪੇਟ ਵਖਾਈਆ । ਬਾਵਨ ਸੰਦੇਸ਼ੇ ਦਿਤੇ ਅੱਧੇ, ਧੁਰ ਦਾ ਹੁਕਮ ਵਰਤਾਈਆ । ਕਲਜੁਗ ਅੰਤ ਭਗਵੰਤ ਜੋਤ ਇਕੋ ਜਗੇ, ਜਾਗਰਤ ਨੂਰ ਨੂਰ ਰੁਸ਼ਨਾਈਆ । ਤੁਹਾਡਾ ਲਹਿਣਾ ਦੇਣਾ ਲੇਖਾ ਦੇਵੇ ਹੱਥ ਬੱਧੇ, ਆਸ਼ਾ ਮਨਸਾ ਪੂਰ ਕਰਾਈਆ । ਸਤਿ ਧਰਮ ਦਾ ਖੇਲ ਕਰੇ ਅਗੇ, ਅਗਲਾ ਹੁਕਮ ਵਰਤਾਈਆ । ਨਾਮ ਭੰਡਾਰਾ ਧੁਰ ਦਾ ਵੰਡੇ, ਅਤੋਲ ਅਤੁਲ ਵਰਤਾਈਆ । ਸਾਚੇ ਚਾੜ੍ਹੇ ਨਾਮ ਪੌੜੇ ਡੰਡੇ, ਡੰਡਾਵਤ ਇਕੋ ਇਕ ਸਮਝਾਈਆ । ਵੇਲਾ ਵਕਤ ਅਖ਼ੀਰ ਵੇਖੇ ਕੰਢੇ, ਕੰਢੀ ਵਾਲੇ ਲਏ ਬੁਲਾਈਆ । ਜਗਤ ਗ਼ਰੀਬੀ ਵਿਚ ਹੋਵਣ ਨੰਗੇ, ਸ਼ਬਦ ਓਢਣ ਇਕੋ ਸੀਸ ਟਿਕਾਈਆ । ਹਰਿ ਭਗਤ ਪਿਆਰੇ ਕਰ ਕੇ ਚੰਗੇ, ਭਗਤਾਂ ਵਿਚ ਮਿਲਾਈਆ । ਬਿਨਾ ਬੰਦਗੀਉਂ ਬਣਾ ਕੇ ਬੰਦੇ, ਬੰਧਨ ਸਾਰੇ ਦਏ ਤੁੜਾਈਆ । ਜੁਗ ਜਨਮ ਦੇ ਤਪਦੇ ਕਰੇ ਠੰਡੇ, ਅੰਮ੍ਰਿਤ ਮੇਘ ਬਰਸਾਈਆ । ਸਾਚੀ ਰੰਗਣ ਆਪਣੀ ਰੰਗੇ, ਰੰਗਤ ਇਕੋ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਲੇਖਾ ਕਹੇ ਰਿਸ਼ੀ ਆ ਗਏ ਛੱਡ ਕੇ ਰਿਖੀਕੇਸ਼, ਕੇਸ਼ਵ ਕੁਸ਼ਲਤਾ ਪੁਛ ਪੁਛਾਈਆ । ਵਿਛੜਿਆਂ ਨੂੰ ਮੇਲੇ ਸਦਾ ਹਮੇਸ਼, ਹਮਸਾਜਣ ਆਪ ਬਣਾਈਆ । ਜਿਨ੍ਹਾਂ ਅਗੇ ਨਹੀਂ ਤੱਕਿਆ ਦਸ ਦਸਮੇਸ, ਸਹਿਜੇ ਦਰਸ਼ਨ ਦਏ ਕਰਾਈਆ । ਜਿਸ ਦਾ ਮਾਲਕ ਏਕੰਕਾਰ ਏਕ, ਪੁਰਖ ਅਕਾਲ ਵਡਿਆਈਆ । ਦੇਵਣਹਾਰਾ ਜੁਗ ਜੁਗ ਟੇਕ, ਟਿੱਕੇ ਮਸਤਕ ਨਾਮ ਲਗਾਈਆ । ਬਾਵਨ ਨਾਲੋਂ ਚੰਗਾ ਧਰ ਕੇ ਭੇਖ, ਵੇਸ ਆਪਣਾ ਆਪ ਬਦਲਾਈਆ । ਵੇਖ ਕੇ ਤੁਹਾਡਾ ਦੇਸ, ਪਰਦੇਸੀ ਲਏ ਮੰਗਾਈਆ । ਸਚ ਦਰ ਕਰੇ ਹੇਤ, ਨੇਤ ਨੇਤ ਨਜ਼ਰੀ ਆਈਆ । ਸਾਚੇ ਪ੍ਰੇਮ ਪਿਆਰ ਦੀ ਹਰਿ ਸੰਗਤ ਆਈ ਨੂੰ ਦੇਵੇ ਆਪਣੀ ਭੇਟ, ਨਾਮ ਨਿਧਾਨ ਸਚ ਵਰਤਾਈਆ । ਸਭ ਦੇ ਕਰਮ ਕੁਕਰਮ ਪਾਵੇ

ਆਪਣੇ ਪੇਟ, ਕੂੜ ਕਪਟ ਡੇਰਾ ਢਾਹੀਆ । ਪਿਛਲਾ ਲਹਿਣਾ ਪੂਰਾ ਕਰ ਕੇ ਲੇਖ, ਲੇਖਾ ਅਗਲਾ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਸਚ ਸੰਦੇਸ਼, ਸ਼ੁਭ ਸਗਣ ਲਗਣ ਵਿਚ ਮਨਾਈਆ ।

## ✪ ੧੫ ਹਾੜ ਸ਼ਹਿਨਸ਼ਾਹੀ ਸੰਮਤ ੨ ਬੀਬੀ ਪਿਆਰੋ ਦੇ ਗ੍ਰਿਹ ਪਿੰਡ ਜੇਠੂਵਾਲ ✪

ਵੇਲਾ ਕਹੇ ਮੇਰਾ ਸੁਹੰਜਣਾ ਵਕਤ, ਥਿਤ ਵਾਰ ਸੋਭਾ ਪਾਈਆ । ਸਚ ਦਵਾਰ ਸੁਹਾਏ ਭਗਤ, ਭਗਵਾਨ ਆਗਮਨ ਵਿਚ ਖ਼ੁਸ਼ੀ ਮਨਾਈਆ । ਪ੍ਰੇਮ ਪਿਆਰ ਵਡਿਆ ਕੇ ਵਿਚ ਜਗਤ, ਮੁਹੱਬਤ ਸਹਿਮਤ ਰਹਿਮਤ ਨਾਲ ਕਰਾਈਆ । ਧੁਰ ਪ੍ਰੀਤੀ ਆਤਮ ਨੀਤੀ ਸਾਚੀ ਰੀਤੀ ਦੇਵੇ ਸ਼ਕਤ, ਸ਼ਨਾਖਤ ਰਫਾਕਤ ਵਿਚ ਜਣਾਈਆ । ਨਾਮ ਨਿਧਾਨ ਸ੍ਰੀ ਭਗਵਾਨ ਦੇਵੇ ਆਪਣੀ ਵਸਤ, ਵਾਸਤਕ ਆਸਤਕ ਨਾਸਤਕ ਆਪਣਾ ਰੰਗ ਰੰਗਾਈਆ । ਜਨ ਭਗਤਾਂ ਸ੍ਰੀ ਭਗਵਾਨ ਬਣੇ ਪਿਆਰ ਪ੍ਰਸਤ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਹਰਿ ਦੇਵਣਹਾਰ ਵਡਿਆਈਆ । ਸ੍ਰੀ ਭਗਵਾਨ ਭਗਤ ਸੁਹਾਏ ਵੇਲਾ, ਦਿਵਸ ਰੈਣ ਵੰਡ ਨਾ ਕੋਇ ਵੰਡਾਈਆ । ਜਗਤ ਖੇਲ ਕਰ ਨਵੇਲਾ, ਨਵ ਨੌ ਚਾਰ ਖੋਜ ਖੁਜਾਈਆ । ਸਤਿ ਸਤਿ ਕਰ ਕੇ ਮੇਲਾ, ਅਸਤਿ ਅੰਦਰੋਂ ਦਏ ਕਢਾਈਆ । ਭਗਤਾਂ ਬਣ ਕੇ ਸੱਜਣ ਸੁਹੇਲਾ, ਸਾਹਿਬ ਸਵਾਮੀ ਹੋਏ ਸਹਾਈਆ । ਆਤਮ ਪਰਮਾਤਮ ਪਰਮਾਤਮ ਆਤਮ ਕਰ ਕੇ ਮੇਲਾ, ਮਿਲਤ ਵਿਚ ਜ਼ਿੱਲਤ ਖ਼ੁਆਰੀ ਦਏ ਮਿਟਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਕਰੇ ਖੇਲ ਇਕ ਅਕੇਲਾ, ਏਕੰਕਾਰ ਨਰ ਨਿਰੰਕਾਰ ਨਿਰਗੁਣ ਨਿਰਵੈਰ ਬੇਪਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦਾ ਕੰਤ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਨਾਲੋਂ ਹੋ ਕੇ ਵਿਹਲਾ, ਵਸਤ ਅਮੋਲਕ ਕਾਇਆ ਗੋਲਕ ਗ੍ਰਿਹ ਮੰਦਰ ਅੰਦਰ ਭਗਤਾਂ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝਗੜਾ ਨਾਮ ਰਹਿਣ ਨਾ ਦੇਵੇ ਝਮੇਲਾ, ਗੁਰ ਚੇਲਾ ਇਕੋ ਰੰਗ ਰੰਗਾਈਆ ।

## ✪ ੧੭ ਹਾੜ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਪਿੰਡ ਜੇਠੂਵਾਲ ✪

ਸੋ ਪੁਰਖ ਨਿਰੰਜਣ ਅਗੰਮ ਅਥਾਹ, ਅਲਖ ਅਗੋਚਰ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਬੇਪਰਵਾਹ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਏਕੰਕਾਰ ਜਲਵਾਗਰ ਖ਼ੁਦਾ, ਨੂਰ ਨੁਰਾਨਾ ਨੂਰ ਕਰੇ ਰੁਸ਼ਨਾਈਆ । ਆਦਿ ਨਿਰੰਜਣ ਡਗਮਗਾ, ਭੇਵ ਅਭੇਦਾ ਦਏ ਖੁਲ੍ਹਾਈਆ । ਅਬਿਨਾਸ਼ੀ ਕਰਤਾ ਪੜਦਾ ਲਾਹ, ਓਹਲਾ ਅੰਦਰੋਂ ਦਏ ਚੁਕਾਈਆ । ਸ੍ਰੀ ਭਗਵਾਨ ਦਇਆ ਕਮਾ, ਦਾਤਾ ਦਾਨੀ ਇਕ ਅਖਵਾਈਆ । ਪਾਰਬ੍ਰਹਮ ਆਪਣਾ ਨਾਉਂ ਧਰਾ, ਕਰੇ ਖੇਲ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਰੇ ਕਰਤਾਰ, ਹਰਿ ਵੱਡਾ ਵੱਡ ਵਡਿਆਈਆ । ਸ਼ਾਹੋ ਭੂਪ ਬਣ ਸਿਕਦਾਰ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਸਚਖੰਡ ਦਵਾਰਾ ਏਕੰਕਾਰ

ਨਿਰਾਕਾਰ ਕਰ ਉਜਿਆਰ, ਜੋਤ ਉਜਾਲਾ ਪੁਰਖ ਅਕਾਲਾ ਆਪਣਾ ਮੰਦਰ ਕਰੇ ਰੁਸ਼ਨਾਈਆ । ਥਿਰ ਘਰ ਖੋਲ੍ਹ ਠਾਂਡਾ ਦਰਬਾਰ, ਸਚ ਸਵਾਮੀ ਅੰਤਰਜਾਮੀ ਵੇਖ ਵਖਾਈਆ । ਦੂਸਰ ਅਵਰ ਨਾ ਕੋਇ ਨਾਲ ਕਰੇ ਖੇਲ ਕਮਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਅਗੰਮ ਦੀ ਖੇਲ ਆਪ ਪਰਗਟਾਈਆ । ਧੁਰ ਦੀ ਖੇਲ ਕਰੇ ਪ੍ਰਭ ਆਪ, ਹਰਿ ਕਰਤਾ ਵੱਡ ਵਡਿਆਈਆ । ਨਿਰਗੁਣ ਨੂਰ ਜੋਤ ਪਰਕਾਸ਼, ਜੋਤੀ ਜਾਤਾ ਵੇਖ ਵਖਾਈਆ । ਸਚ ਦਵਾਰੇ ਪਰਗਟ ਹੋ ਕੇ ਕਮਲਾਪਾਤ, ਜਾਹਰ ਜਹੂਰ ਕਰੇ ਰੁਸ਼ਨਾਈਆ । ਖੇਲਣਹਾਰਾ ਖੇਲ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਾਚੀ ਕਰਨੀ ਦਾ ਕਰਤਾਰ, ਹਰਿ ਕਰਤਾ ਇਕ ਅਖਵਾਈਆ । ਜਿਸ ਦਾ ਸਚਖੰਡ ਦਵਾਰ, ਦਰਗਹਿ ਸਾਚੀ ਸੋਭਾ ਪਾਈਆ । ਨਿਰਗੁਣ ਨੂਰ ਜੋਤ ਉਜਿਆਰ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਏਕਾ ਹੁਕਮ ਸਾਚੀ ਧਾਰ, ਨਾਦ ਧੁਨ ਨਾ ਕੋਇ ਸ਼ਨਵਾਈਆ । ਨਾ ਕੋਈ ਗੁਰ ਅਵਤਾਰ ਪੈਗ਼ੰਬਰ ਦਿਸੇ ਯਾਰ, ਸਗਲਾ ਸੰਗ ਨਾ ਕੋਇ ਨਿਭਾਈਆ । ਕਰੇ ਖੇਲ ਅਪਰ ਅਪਾਰ, ਅਪਰੰਪਰ ਆਪਣੇ ਹੱਥ ਰਖੇ ਵਡਿਆਈਆ । ਨਿਰਗੁਣ ਹੋ ਕੇ ਖ਼ਬਰਦਾਰ, ਆਪਣਾ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਦਏ ਜਗਤ, ਅਪਰ ਅਪਾਰ ਇਕ ਜਣਾਈਆ । ਕਰੇ ਖੇਲ ਆਪ ਬੇਅੰਤ, ਭੇਵ ਅਭੇਦ ਸਮਝੇ ਕੋਇ ਨਾ ਰਾਈਆ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਸਾਚਾ ਖੇਲ ਕਰੇ ਭਗਵਾਨ, ਹਰਿ ਕਰਤਾ ਵਡ ਵਡਿਆਈਆ । ਨਿਰਗੁਣ ਹੋ ਕੇ ਮਿਹਰਵਾਨ, ਮਹਿਬੂਬ ਮਿਹਰ ਨਜ਼ਰ ਉਠਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਗ਼ੁਲਾਮ, ਬਰਦੇ ਹੁਕਮ ਸੁਣਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਰਚ ਦੋ ਜਹਾਨ, ਸ੍ਰਿਸ਼ਟੀ ਦ੍ਰਿਸ਼ਟੀ ਵੰਡ ਵੰਡਾਈਆ । ਤ੍ਰੈ ਪੰਜ ਕਰ ਪਰਧਾਨ, ਢੋਲੇ ਧੁਰ ਦੇ ਰਿਹਾ ਸੁਣਾਈਆ । ਪਰਗਟ ਹੋ ਕੇ ਜਾਣੀ ਜਾਣ, ਭੇਵ ਦੇਵੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਧੁਰ ਦੀ ਕਰਨੀ ਕਰੇ ਗੋਬਿੰਦ ਗਹਿਰ ਗੰਭੀਰ ਵੱਡੀ ਵਡਿਆਈਆ । ਸ਼ਬਦੀ ਧਾਰ ਬਣਾ ਕੇ ਆਪਣੀ ਬਿੰਦ, ਬੰਦਗੀ ਇਕੋ ਇਕ ਸਮਝਾਈਆ । ਹਰਖ਼ ਸੋਗ ਨਾ ਕੋਇ ਚਿੰਦ, ਚਿੰਤਾ ਗ਼ਮ ਨਾ ਕੋਇ ਉਪਾਈਆ । ਦਾਤਾ ਦਾਨੀ ਬਣ ਕੇ ਗਹਿਰ (ਗੰਭੀਰ) ਗੁਣੀ ਗਹਿੰਦ, ਗਵਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਧੁਰ ਫ਼ਰਮਾਨਾ ਇਕ ਅਕਾਲ, ਏਕੰਕਾਰਾ ਆਪ ਜਣਾਈਆ । ਸ਼ਾਹੋ ਭੂਪ ਬਣ ਸੁਲਤਾਨ, ਰਾਜ ਰਾਜਾਨ ਵੱਡੀ ਵਡਿਆਈਆ । ਸਚਖੰਡ ਦਵਾਰ ਹੋ ਪਰਧਾਨ, ਪਰਧਾਨਗੀ ਆਪਣੇ ਹੱਥ ਰਖਾਈਆ । ਥਿਰ ਘਰ ਸਾਚੇ ਦੇਵੇ ਦਾਨ, ਸੁਤ ਦੁਲਾਰੇ ਤੇਰੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਧਾਨ, ਤ੍ਰੈ ਪੰਜ ਕਰੇ ਕੁੜਮਾਈਆ । ਨਿਰਗੁਣ ਸਰਗੁਣ ਖੇਲ ਮਹਾਨ, ਲੱਖ ਚੁਰਾਸੀ ਵੰਡ ਵੰਡਾਈਆ । ਜੋਤੀ ਜਾਤਾ ਹੋ ਬਲਵਾਨ, ਨਿਰਗੁਣ ਸਰਗੁਣ ਡਗਮਗਾਈਆ । ਸਚ ਸੰਦੇਸ਼ਾ ਦੇ ਧੁਰ ਫ਼ਰਮਾਨ, ਨਾਮ ਨਿਧਾਨਾ ਆਪ ਜਣਾਈਆ । ਵੇਖਣਹਾਰਾ ਮਾਰ ਧਿਆਨ, ਬਿਨ ਅੱਖਾਂ ਅੱਖ ਉਠਾਈਆ । ਦੂਸਰ ਸਕੇ ਨਾ ਕੋਈ ਜਾਣ, ਭੇਵ ਸਚ ਨਾ ਕੋਇ ਖੁਲ੍ਹਾਈਆ । ਰਚਨਾ ਰਚ ਸਰਬ ਜਹਾਨ, ਵੇਖਣਹਾਰਾ ਥਾਉਂ ਥਾਈਂਆ । ਸਤਿਜੁਗ ਤ੍ਰੇਤਾ ਦੁਆਪਰ ਦੇ ਕੇ ਦਾਨ, ਕਲਜੁਗ

ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਰ ਬਲਵਾਨ, ਲੋਕਮਾਤ ਦਏ ਅੰਗੜਾਈਆ । ਸ਼ਬਦ ਸੰਦੇਸ਼ਾ ਦੋ ਜਹਾਨ, ਨਾਮ ਨਿਧਾਨਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸ਼ਬਦ ਸੰਦੇਸ਼ਾ ਦਿੰਦਾ ਰਿਹਾ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਬਣਾਉਂਦਾ ਰਿਹਾ ਸੇਵਾਦਾਰ, ਚਾਕਰ ਆਪਣੇ ਘਰ ਬਣਾਈਆ । ਧੁਰ ਫ਼ਰਮਾਨਾ ਦੇਂਦਾ ਰਿਹਾ ਏਕੰਕਾਰ, ਇਕ ਅਕੱਲਾ ਕਰ ਪੜ੍ਹਾਈਆ । ਜੋਤੀ ਨੂਰ ਕਰਦਾ ਰਿਹਾ ਉਜਿਆਰ, ਆਤਮ ਬ੍ਰਹਮ ਭੇਵ ਚੁਕਾਈਆ । ਮਹੱਲ ਅਟਲ ਸੁਹਾਉਂਦਾ ਰਿਹਾ ਮੁਨਾਰ, ਕਾਇਆ ਬੰਕ ਵੱਜੇ ਵਧਾਈਆ । ਨਾਮ ਸੰਦੇਸ਼ੇ ਦੇਂਦਾ ਰਿਹਾ ਅਪਰ ਅਪਾਰ, ਅਪਰੰਪਰ ਸਵਾਮੀ ਆਪ ਜਣਾਈਆ । ਭਗਤ ਸੁਹੇਲੇ ਕਰਦਾ ਰਿਹਾ ਉਜਿਆਰ, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਖਿਲਾਈਆ । ਧੁਰ ਦੀ ਖੇਲ ਕਰੇ ਨਿਰੰਕਾਰ, ਨਰ ਹਰਿ ਵੱਡੀ ਵਡਿਆਈਆ । ਲੇਖਾ ਜਾਣ ਸਦਾ ਜੁਗ ਚਾਰ, ਨਵ ਨੌ ਚਾਰ ਪੰਧ ਮੁਕਾਈਆ । ਵੇਖਣਹਾਰਾ ਭਗਤਾਂ ਇਜਹਾਰ, ਪੜਦਾ ਓਹਲਾ ਆਪ ਉਠਾਈਆ । ਜਿਸ ਨੂੰ ਕਹਿੰਦੇ ਗਏ ਸਾਂਝਾ ਯਾਰ, ਵਾਹਿਦ ਲਾਸ਼ਰੀਕ ਅਖਵਾਈਆ । ਵੱਸੇ ਸਚਖੰਡ ਦਵਾਰ, ਹੱਕ ਮੁਕਾਮ ਡੇਰਾ ਲਾਈਆ । ਰੂਪ ਰੰਗ ਤੋਂ ਵਸੇ ਬਾਹਰ, ਹਰ ਘਟ ਮੌਲੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਹਰ ਘਟ ਬੋਲਣ ਵਾਲਾ ਰਾਮ, ਹਰਿ ਕਰਤਾ ਇਕ ਅਖਵਾਈਆ । ਭਗਤ ਉਧਾਰਨਾ ਜਿਸ ਦਾ ਕਾਮ, ਨਿਹਕਰਮੀ ਬੇਪਰਵਾਹੀਆ । ਮੰਜ਼ਲ ਦੱਸੇ ਹੱਕ ਆਸਾਨ, ਬਿਨ ਪੌੜੀ ਡੰਡੇ ਦਏ ਚੜ੍ਹਾਈਆ । ਭਗਤ ਸੁਹੇਲੇ ਕਰ ਪਰਵਾਨ, ਧੁਰ ਫ਼ਰਮਾਨਾ ਆਪ ਦ੍ਰਿੜਾਈਆ । ਕਾਇਆ ਕਾਅਬਾ ਸਚ ਮੁਕਾਮ, ਮੰਦਰ ਇਕੋ ਇਕ ਸੁਹਾਈਆ । ਅੰਦਰ ਸ਼ਰਅ ਨਾ ਰਹੇ ਸ਼ੈਤਾਨ, ਕੂੜੀ ਕਿਰਿਆ ਬਾਹਰ ਕਢਾਈਆ । ਜੁਗ ਚੌਕੜੀ ਹੋ ਪਰਧਾਨ, ਹੁਕਮੇਂ ਅੰਦਰ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਰੇ ਖੇਲ ਪੁਰਖ ਸਮਰਥ, ਹਰਿ ਕਰਤਾ ਵਡ ਵਡਿਆਈਆ । ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗ਼ੰਬਰ ਗਿਆ ਦੱਸ, ਹੁਕਮੇਂ ਅੰਦਰ ਹੁਕਮ ਜਣਾਈਆ । ਕਲਜੁਗ ਅੰਤ ਅੰਧੇਰੀ ਹੋਣੀ ਰੈਣ ਮੱਸ, ਸਾਚਾ ਚੰਦ ਨਾ ਕੋਇ ਚਮਕਾਈਆ । ਚਾਰ ਵਰਨ ਅਠਾਰਾਂ ਬਰਨ ਨਾੜ ਬਹੱਤਰ ਉਬਲੇ ਰੱਤ, ਸਾਂਤਕ ਸਤਿ ਨਾ ਕੋਇ ਵਰਤਾਈਆ । ਅੰਤਰ ਆਤਮ ਰਹੇ ਨਾ ਕੋਈ ਬ੍ਰਹਮ ਮਤ, ਮਨਮਤ ਹੋਏ ਹਲਕਾਈਆ । ਭਰਮਦੇ ਰਹੇ ਤੀਰਥ ਤਟ ਅੱਠ ਸੱਠ, ਝਗੜਾ ਪਏ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਦੀਨ ਮਜ਼੍ਹਬ ਕਰੇ ਲੜਾਈਆ । ਆਤਮ ਪਰਮਾਤਮ ਨਾਲ ਜੋੜੇ ਕੋਇ ਨਾ ਨਤ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਨਿਜ ਨੇਤਰ ਲੋਚਨ ਨੈਣ ਖੋਲ੍ਹੇ ਕੋਇ ਨਾ ਅੱਖ, ਪੜਦਾ ਸਕੇ ਨਾ ਕੋਇ ਚੁਕਾਈਆ । ਕਾਇਆ ਮਾਟੀ ਖੇੜਾ ਸਭ ਦਾ ਦਿਸੇ ਭੱਠ, ਭਾਂਡਾ ਭਰਮ ਨਾ ਕੋਇ ਭੰਨਾਈਆ । ਜੋ ਵੇਲਾ ਵਕ਼ਤ ਲੋਕਮਾਤ ਮਾਰ ਝਾਤ ਬਾਵਨ ਬਲ ਦਵਾਰੇ ਗਿਆ ਦੱਸ, ਬਿਨ ਅੱਖਰਾਂ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬਲ ਦਵਾਰੇ ਬਾਵਨ ਗਿਆ ਆਖ, ਬਲਧਾਰੀ ਬਲ ਉਪਾਈਆ । ਕਲਜੁਗ ਅੰਤਮ ਪਰਗਟ ਹੋਏ ਪੁਰਖ ਅਬਿਨਾਸ਼, ਜਿਸ ਨੂੰ ਜਨਮੇ ਕੋਇ ਨਾ ਮਾਈਆ । ਵੇਲਾ ਵਕ਼ਤ ਜਨ ਭਗਤਾਂ ਸੁਹੰਜਣੀ ਕਰੇ ਪਰਭਾਤ, ਅੰਧ ਅੰਧੇਰ ਦਏ ਗਵਾਈਆ ।



੭੮੧
੧੯

ਆਤਮ ਪਰਮਾਤਮ ਜੋੜ ਕੇ ਸਾਚਾ ਨਾਤ, ਤੂੰ ਮੇਰਾ ਮੈਂ ਤੇਰਾ ਧੁਰ ਦਾ ਢੋਲਾ ਦਏ ਸੁਣਾਈਆ । ਪੂਰਾ ਕਰੇ ਚਾਰ ਜੁਗ ਦਾ ਭਵਿਖਤਾਂ ਵਾਲਾ ਵਾਕ, ਵਾਕਫ਼ਕਾਰ ਹੋ ਕੇ ਦਇਆ ਕਮਾਈਆ । ਗੁਰਮੁਖਾਂ ਦੇ ਕੇ ਅਗੰਮੀ ਦਾਤ, ਨਾਮ ਭੰਡਾਰਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਵਾਮੀ ਵੇਖ ਵਖਾਈਆ । ਸਾਹਿਬ ਸਵਾਮੀ ਵੇਖਣਹਾਰਾ, ਹਰਿ ਕਰਤਾ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਜਿਸ ਦਾ ਇਜ਼ਹਾਰਾ, ਰਾਗਾਂ ਨਾਦਾਂ ਢੋਲਿਆਂ ਵਿਚ ਕਰ ਸ਼ਨਵਾਈਆ । ਜਿਸ ਨੂੰ ਨਿਰਗੁਣ ਨੂਰ ਕਹਿਣ ਉਜਿਆਰਾ, ਪਾਰਬ੍ਰਹਮ ਬੇਪਰਵਾਹੀਆ । ਜਿਸ ਦਾ ਸ਼ਬਦ ਅਗੰਮ ਨਗਾਰਾ, ਦੋ ਜਹਾਨਾਂ ਰਿਹਾ ਉਠਾਈਆ । ਸੋ ਖੇਲੇ ਖੇਲ ਖੇਲਣਹਾਰਾ, ਖ਼ਾਲਕ ਖ਼ਲਕ ਵੇਖ ਵਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਜਾਮਾ ਸ੍ਰੀ ਭਗਵਾਨਾ ਨਿਰਗੁਣ ਨਿਰਵੈਰ ਲਏ ਅਵਤਾਰਾ, ਲੋਕਮਾਤ ਕਰੇ ਰੁਸ਼ਨਾਈਆ । ਜਨ ਭਗਤਾਂ ਸਾਚੇ ਸੰਤਾਂ ਪੂਰਬ ਲਹਿਣਾ ਜਨਮ ਦੇ ਉਧਾਰਾ, ਕਰਮ ਕਾਂਡ ਦਾ ਗੇੜਾ ਆਪ ਮਿਟਾਈਆ । ਸਚ ਪ੍ਰੀਤੀ ਧੁਰ ਦੀ ਨੀਤੀ ਚਰਨ ਕਵਲ ਦੇ ਸਹਾਰਾ, ਪੁਸਤ ਪਨਾਹ ਆਪਣਾ ਹੱਥ ਰਖਾਈਆ । ਜਿਸ ਦਾ ਕਾਗਤ ਕ਼ਲਮ ਸ਼ਾਹੀ ਲੇਖਾ ਲੇਖ ਨਾ ਲਿਖਣਹਾਰਾ, ਗੁਰ ਅਵਤਾਰ ਪੈਗ਼ੰਬਰ ਬੇਅੰਤ ਕਹਿ ਕੇ ਸੀਸ ਨਿਵਾਈਆ । ਸੋ ਸਵਾਮੀ ਅੰਤਰਜਾਮੀ ਕਲ ਕਲਕੀ ਲਏ ਅਵਤਾਰਾ, ਜੋਤੀ ਜਾਤਾ ਡਗਮਗਾਈਆ । ਵੇਖਣਹਾਰ ਹਰਿ ਕਰਤਾਰ ਅਗੰਮੜਾ ਯਾਰ ਸਰਬ ਸੰਸਾਰਾ, ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਖੋਜ ਖੁਜਾਈਆ । ਜਨ ਭਗਤਾਂ ਦੱਸੇ ਸਚ ਦਵਾਰਾ, ਜਿਥੇ ਦਗ਼ਾ ਨਾ ਕੋਇ ਕਮਾਈਆ । ਬਿਨ ਤੇਲ ਬਾਤੀ ਦੀਪ ਹੋਏ ਉਜਿਆਰਾ, ਉਜਰਤ ਕੋਈ ਨਾ ਲਾਗੇ ਰਾਈਆ । ਘਰ ਸਵਾਮੀ ਦਿਸੇ ਮੀਤ ਮੁਰਾਰਾ, ਪੀਆ ਪ੍ਰੀਤਮ ਨਜ਼ਰੀ ਆਈਆ । ਜਿਸ ਦਾ ਵਿਛੋੜਾ ਰਿਹਾ ਜੁਗ ਚਾਰਾ, ਖੋਜਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤ ਸੁਹੇਲੇ ਦਏ ਵਡਿਆ, ਹਰਿ ਵੱਡਾ ਵੱਡ ਵਡਿਆਈਆ । ਧੁਰ ਦਾ ਮਾਲਕ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਕੀਤੇ ਕੌਲ ਇਕ਼ਰਾਰ ਦੇ ਕਾਰਨ ਗਿਆ ਆ, ਆਵਣ ਜਾਵਣ ਸਮਝੇ ਕੋਇ ਨਾ ਰਾਈਆ । ਨਿਰਗੁਣ ਨੂਰ ਜੋਤ ਕਰ ਰੁਸ਼ਨਾ, ਅੰਧ ਅੰਧੇਰਾ ਦਏ ਮਿਟਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਲਏ ਬੁਲਾ, ਚਰਨਾਂ ਵਿਚ ਟਿਕਾਈਆ । ਹੁਕਮ ਦੇਵੇ ਸ਼ਹਿਨਸ਼ਾਹ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦੇ ਅਗੇ ਸਜਦਿਆਂ ਅੰਦਰ ਕਰਦੇ ਗਏ ਦੁਆ, ਦਵਾਰਕਾਵਾਸੀ ਹੋ ਕੇ ਫੇਰਾ ਪਾਈਆ । ਜਿਸ ਨੂੰ ਮੰਨਿਆ ਨੂਰੀ ਨੂਰ ਖ਼ੁਦਾ, ਖ਼ੁਦ ਮਾਲਕ ਵੇਸ ਵਟਾਈਆ । ਜੋ ਹਰ ਘਟ ਬੋਲੇ ਸੋ ਸਾਹਿਬ ਸਵਾਮੀ ਗਿਆ ਆ, ਆਮਦ ਵਿਚ ਖ਼ੁਸ਼ੀ ਜਣਾਈਆ । ਰਹਿਬਰ ਬਣ ਕੇ ਬੇਪਰਵਾਹ, ਤੁਹਾਡੇ ਪੜਦੇ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੈਂ ਹੋਈ ਹੈਰਾਨ, ਹੈਰਾਨੀ ਮੇਰੇ ਅੰਦਰ ਆਈਆ । ਨਿਰਗੁਣ ਰੂਪ ਸ੍ਰੀ ਭਗਵਾਨ, ਕਿਸ ਬਿਧ ਆਪਣਾ ਫੇਰਾ ਪਾਈਆ । ਜਿਹੜਾ ਜੁਗ ਚੌਕੜੀ ਲੱਭਿਆ ਨਾ ਵਿਚ ਜਹਾਨ, ਟਿੱਲੇ ਪਰਬਤ ਪਹਾੜ ਨਾ ਨਜ਼ਰੀ ਆਈਆ । ਸੋ ਖੇਲ ਕਰੇ ਆਪ ਮਹਾਨ, ਮਹਿੰਮਾ ਅਕਥ ਕਥ ਦ੍ਰਿੜਾਈਆ । ਪੂਰਬ ਲੇਖਾ ਚੁਕਾਵੇ ਆਣ, ਭਗਤ ਸੁਹੇਲੇ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਜਨ ਭਗਤੋ ਤੁਸਾਂ ਜਾਣਾ ਜਾਗ, ਜਾਗਣ ਵੇਲਾ ਜਗਤ ਆਈਆ । ਤੁਹਾਡਾ ਬਦਲ ਦੇਣਾ ਸਮਾਜ, ਸਮੇਂ ਦੀ ਸ਼ਹਾਦਤ ਆਪ ਭੁਗਤਾਈਆ । ਅੰਦਰ

ਰਹਿਣ ਨਹੀਂ ਦੇਣਾ ਦਾਗ਼, ਦੁਰਮਤ ਮੈਲ ਆਪ ਧਵਾਈਆ । ਭਗਤ ਜਗਤ ਰਹੇ ਨਾ ਕੋਈ ਕਾਗ, ਗੁਰਮੁਖ ਹੰਸ ਦੇਣਾ ਬਣਾਈਆ । ਆਪਣੇ ਨੂਰ ਦਾ ਦੇ ਕੇ ਚਿਰਾਗ਼, ਜੋਤੀ ਜੋਤ ਕਰਾਂ ਰੁਸ਼ਨਾਈਆ । ਅੰਦਰ ਬਾਹਰ ਦਾ ਦੇਵਾਂ ਸਾਥ, ਦਿਵਸ ਰੈਣ ਪੰਧ ਮੁਕਾਈਆ । ਸਾਚਾ ਢੋਲਾ ਦੱਸ ਕੇ ਗਾਥ, ਇਕੋ ਅੱਖਰ ਦਿਤਾ ਪੜ੍ਹਾਈਆ । ਜਨ ਭਗਤੋ ਤੁਹਾਨੂੰ ਮੇਲਿਆ ਆਪਣੀ ਜਾਤ, ਜਿਥੇ ਕਬੀਰ ਜੁਲਾਹਾ ਸੀਸ ਨਿਵਾਈਆ । ਦੇਵਾਂ ਸਾਚੀ ਦਾਤ, ਸੰਮਤ ਸ਼ਹਿਨਸ਼ਾਹੀ ਵਡਿਆਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਆਵੇ ਮਾਤ, ਮਤਾ ਪ੍ਰਭ ਦੇ ਨਾਲ ਪਕਾਈਆ । ਪੁਰਖ ਅਬਿਨਾਸ਼ੀ ਪੁਛੇ ਜਿਸ ਦੀ ਬਾਤ, ਦਾਤਾ ਦਾਨੀ ਹੋ ਕੇ ਸਰਬ ਲੋਕਾਈਆ । ਤੁਹਾਡਾ ਲਹਿਣਾ ਦੇਣਾ ਹਿਸਾ ਕਰਾਂ ਬੇਬਾਕ, ਲੇਖਾ ਧੁਰ ਦਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤੋ ਖੋਲ੍ਹੋ ਆਪਣੀ ਅੱਖ, ਨੇਤਰ ਨੈਣ ਉਠਾਈਆ । ਪਰਮ ਪੁਰਖ ਵੇਖੋ ਪਰਤੱਖ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦਾ ਅੱਖਰਾਂ ਨਾਲ ਦੱਸਦੇ ਰਹੇ ਜਸ, ਵੇਦ ਪੁਰਾਨਾ ਸਿਫ਼ਤ ਸਾਲਾਹੀਆ । ਸੋ ਆ ਗਿਆ ਕਮਲਾਪਤਿ, ਪਤਿਪਰਮੇਸ਼ਵਰ ਵੇਸ ਵਟਾਈਆ । ਚਰਨ ਪ੍ਰੀਤੀ ਜੋੜ ਕੇ ਸਤਿ, ਹਰਿਜਨ ਸਾਚੇ ਲਏ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਗਏ ਦੱਸ, ਦਹਿ ਦਿਸ਼ਾ ਖੋਜ ਖੁਜਾਈਆ । ਬਿਨ ਕਰਨੀਉਂ ਤੁਹਾਡੇ ਹੋਇਆ ਵਸ, ਵਾਸਤਾ ਆਪਣੇ ਨਾਲ ਰਖਾਈਆ । ਸ਼ਬਦ ਅਣਿਆਲਾ ਮਾਰੇ ਕਸ, ਕਸਰ ਤੁਹਾਡੀ ਦਏ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ਬਰਦਾਰ ਸਭ ਨੂੰ ਦਏ ਕਰਾਈਆ । ਜਨ ਭਗਤੋ ਜਾਣਾ ਉਠ, ਸੋਇਆ ਰਹਿਣ ਕੋਇ ਨਾ ਪਾਈਆ । ਸਤਿਗੁਰ ਇਕੋ ਗਿਆ ਤੁਠ, ਬਹੁਤੇ ਗੁਰੂਆਂ ਦੀ ਲੋੜ ਰਹੀ ਨਾ ਰਾਈਆ । ਸ਼ਬਦ ਭੰਡਾਰਾ ਕਦੇ ਨਾ ਜਾਵੇ ਮੁੱਕ, ਜੋ ਗੁਰ ਅਵਤਾਰ ਪੈਗ਼ੰਬਰਾਂ ਝੋਲੀ ਰਿਹਾ ਭਰਾਈਆ । ਜਿਨ੍ਹਾਂ ਇਕੋ ਗਾਈ ਸੋਹੰ ਤੁਕ, ਤੁਖ਼ਮ ਤਾਸੀਰ ਦਿਆਂ ਬਦਲਾਈਆ । ਦੋ ਜਹਾਨਾਂ ਬਦਲ ਕੇ ਰੁਖ਼, ਰਾਖਾ ਬਣਿਆ ਧੁਰਦਰਗਾਹੀਆ । ਵਿਛੋੜੇ ਵਾਲੀ ਮੇਟ ਕੇ ਭੁੱਖ, ਤ੍ਰਿਸ਼ਨਾ ਦਏ ਮਿਟਾਈਆ । ਸਚ ਸੁਹੰਜਣੀ ਕਰ ਕੇ ਰੁੱਤ, ਰੁਤੜੀ ਆਪਣੇ ਨਾਲ ਮਹਿਕਾਈਆ । ਸੋ ਭਗਤ ਸੁਹੇਲੇ ਗਏ ਪੁਜ, ਪਾਂਧੀ ਬਣ ਕੇ ਪੰਧ ਮੁਕਾਈਆ । ਪੜਦਾ ਰਹੇ ਨਾ ਗੁਝ, ਸੋਇਆਂ ਅੱਖ ਆਪ ਉਠਾਈਆ । ਜਨ ਭਗਤੋ ਖੋਲ੍ਹ ਦਿਉ ਆਪਣਾ ਨੇਤਰ ਨੈਣ, ਨਿਜ ਨੈਣ ਦਿਆਂ ਖੁਲ੍ਹਾਈਆ । ਇਕੋ ਹੁਕਮ ਸੰਦੇਸ਼ਾ ਆਇਆ ਕਹਿਣ, ਜਿਸ ਦਾ ਭੇਵ ਨਾ ਕੋਇ ਸਮਝਾਈਆ । ਭਾਗ ਲੱਗਣਾ ਇਕੋ ਰੈਣ, ਮਿਲੇ ਸਚ ਦਵਾਰ ਵਡਿਆਈਆ । ਨਾਮ ਝੋਲੀ ਪਾਵਾਂ ਰਸੈਣ, ਦੇਣਾ ਧੁਰ ਦਾ ਦਿਆਂ ਚੁਕਾਈਆ । ਕੂੜੀ ਕਿਰਿਆ ਵਿਚ ਨਾ ਵਹਿਣ, ਗੁਰਮੁਖ ਸਾਚੇ ਸੋਭਾ ਪਾਈਆ । ਨੇਤਰ ਤੱਕੋ ਨਰ ਨਰਾਇਣ, ਜਿਸ ਦਾ ਸਿਫ਼ਤਾਂ ਨਾਲ ਸਾਰੇ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਜਨ ਭਗਤੋ ਵੇਲਾ ਗਿਆ ਆ, ਆਗਮਨ ਵਿਚ ਖ਼ੁਸ਼ੀ ਮਨਾਈਆ । ਤੁਹਾਡਾ ਲਹਿਣਾ ਦੇਣਾ ਦਿਆਂ ਮੁਕਾ, ਚਾਰੋਂ ਕੁੰਟ ਖੋਜ ਖੁਜਾਈਆ । ਬਾਵਨ ਦੀ ਆਸ਼ਾ ਨਾਲ ਮਿਲਾ, ਵੇਲਾ ਵਕਤ ਦਿਆਂ ਸੁਹਾਈਆ । ਰਿਸ਼ੀਆਂ ਦਾ ਮੇਲਾ ਰਿਹਾ ਮਿਲਾ, ਮਿਲਣੀ ਹਰਿ ਜਗਦੀਸ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਿਰ ਹੱਥ ਰਖੇ ਕਰਤਾਰ, ਕਰਨੀ ਕਰਤਾ ਵੇਖ ਵਖਾਈਆ । ਧੰਨ ਵਡਿਆਈ ਜੋ ਆਏ ਬੰਕ ਦਵਾਰ, ਭਗਵਨ ਖ਼ੁਸ਼ੀ ਮਨਾਈਆ । ਖੇਲ ਹੋਣ ਲੱਗਾ ਅਪਰ ਅਪਾਰ, ਪਾਰਬ੍ਰਹਮ


੭੮੩
੧੯

ਦਏ ਸਮਝਾਈਆ । ਜਿਸ ਦਾ ਰਾਹ ਤੱਕਦੇ ਗਏ ਗੁਰੂ ਅਵਤਾਰ, ਪੈਗ਼ੰਬਰ ਬਿਨ ਨੈਣਾਂ ਨੈਣ ਉਠਾਈਆ । ਕਲਮੇ ਢੋਲੇ ਗੀਤ ਜੁਗ ਜੁਗ ਗਾਂਦੇ ਗਏ ਵਾਰੋ ਵਾਰ, ਸ਼ਬਦ ਅਨਾਦ ਨਾਦ ਕਰ ਸ਼ਨਵਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਲਿਖਦੇ ਰਹੇ ਅੱਖਰਾਂ ਨਾਲ ਕਰ ਪਿਆਰ, ਨਿਰਅੱਖਰ ਧਾਰ ਲਏ ਜਣਾਈਆ । ਜੋਤੀ ਜਾਤਾ ਪੁਰਖ ਬਿਧਾਤਾ ਕਲਜੁਗ ਅੰਤਮ ਵੇਖੇ ਅੰਧੇਰੀ ਰਾਤਾ ਜਿਸ ਦੀ ਪਾਵੇ ਕੋਈ ਨਾ ਸਾਰ, ਮਹਾਂਸਾਰਥੀ ਆਪਣੀ ਕਾਰ ਕਮਾਈਆ । ਗੁਰਮੁਖੋ ਆਈ ਤੁਹਾਡੀ ਵਾਰ, ਜਿਸ ਦੀ ਸਮਝ ਨਹੀਂ ਜੁਗ ਚਾਰ, ਚਾਰੇ ਵੇਦ ਗਏ ਹਾਰ, ਪੜਦਾ ਓਹਲਾ ਨਾ ਕੋਇ ਚੁਕਾਈਆ । ਜਨ ਭਗਤ ਕਹਿਣ ਕਿਵੇਂ ਵਕਤ ਹੋਏ ਸੁਹੰਜਣਾ, ਪ੍ਰਭ ਦੇਵੇਂ ਕੀ ਵਡਿਆਈਆ । ਕੀ ਦਾਤਾ ਦਾਨੀ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਈਆ । ਕੀ ਨੇਤਰ ਦੇਵੇਂ ਨਾਮ ਅੰਜਣਾ, ਅਗਿਆਨ ਅੰਧੇਰ ਮਿਟਾਈਆ । ਕੀ ਆਤਮ ਪਰਮਾਤਮ ਬਣੇ ਸੱਜਣਾ, ਸਗਲਾ ਸੰਗ ਨਿਭਾਈਆ । ਉੱਤਰ ਪੂਰਬ ਪੱਛਮ ਵੇਖੇਂ ਦੱਖਣਾ, ਚਾਰੇ ਕੁੰਟਾਂ ਖੋਜ ਖੁਜਾਈਆ । ਕੀ ਸਾਡੇ ਅੰਦਰ ਮਿਲ ਕੇ ਤੂੰ ਵਸਣਾ, ਵਾਸਤਾ ਆਪਣੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਆਪ ਉਠਾਈਆ । ਸ੍ਰੀ ਭਗਵਾਨ ਕਹੇ ਸੁਣ ਭਗਤ ਮੀਤ, ਧੁਰ ਦੇ ਮਿੱਤਰ ਦਿਆਂ ਜਣਾਈਆ । ਦਰਸ ਦਿਖਾ ਕੇ ਇਕ ਅਤੀਤ, ਤ੍ਰੈਗੁਣ ਲੇਖਾ ਦਿਆਂ ਮੁਕਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗੀਤ, ਪੜਦਾ ਓਹਲਾ ਦਿਆਂ ਚੁਕਾਈਆ । ਝਗੜਾ ਰਹੇ ਨਾ ਉਚ ਨੀਚ, ਜਾਤ ਪਾਤ ਨਾ ਵੰਡ ਵੰਡਾਈਆ । ਵੜਨਾ ਪਏ ਨਾ ਕਿਸੇ ਮਸੀਤ, ਮੰਦਰ ਮੱਠ ਨਾ ਕੋਇ ਭਵਾਈਆ । ਘਰ ਦੱਸਾਂ ਇਕ ਅਨਡੀਠ, ਜਿਸ ਦੀ ਛੱਪਰ ਛੰਨ ਨਾ ਕਿਸੇ ਛੁਹਾਈਆ । ਇਕੋ ਪਰਮਾਤਮ ਹੋਵੇ ਪ੍ਰੀਤ, ਦੂਜੀ ਅਵਰ ਨਾ ਕੋਇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਸ੍ਰੀ ਭਗਵਾਨ ਨਾ ਲਾਵੀਂ ਡੇਰ, ਜਨ ਭਗਤ ਰਹੇ ਦ੍ਰਿੜਾਈਆ । ਅਬਿਨਾਸ਼ੀ ਕਰਤੇ ਕਰ ਮਿਹਰ, ਮਿਹਰਵਾਨ ਹੋ ਸਹਾਈਆ । ਕਲਜੁਗ ਲਹਿਣਾ ਅੰਤ ਨਬੇੜ, ਲੇਖਾ ਪੂਰਬ ਦੇ ਚੁਕਾਈਆ । ਲੇਖਾ ਚੁੱਕੇ ਚੁਰਾਸੀ ਗੇੜ, ਮਾਤ ਗਰਭ ਨਾ ਕੋਇ ਫਿਰਾਈਆ । ਤੇਰੇ ਨਾਲ ਕੁਛ ਕੌਲ ਕੀਤਾ ਗੋਬਿੰਦ ਅੰਤ ਨੰਦੇੜ, ਜਿਸ ਦਾ ਉਧੇੜ ਨਾ ਕੋਇ ਕਰਾਈਆ । ਜਿਸ ਕਾਰਨ ਲੱਖ ਚੁਰਾਸੀ ਅੰਦਰ ਛੇੜਾਂ ਰਿਹੋਂ ਛੇੜ, ਹਰ ਘਟ ਵਸਿਆ ਰਾਮ ਆਪਣੀ ਕਾਰ ਕਮਾਈਆ । ਮਾਨਵ ਨਾਲ ਮਾਨਵ ਮਾਨਵ ਰਿਹੋਂ ਭੇੜ, ਮਨਮੁਖ ਨਾਲ ਮਨਮੁਖ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸ੍ਰੀ ਭਗਵਾਨ ਕਹੇ ਸੁਣ ਮੇਰੇ ਸੱਜਣ, ਜਨ ਭਗਤ ਦਿਆਂ ਜਣਾਈਆ । ਚਰਨ ਪ੍ਰੀਤੀ ਦੇਵਾਂ ਧੁਰ ਦਾ ਮਜਨ, ਧੂੜੀ ਟਿੱਕਾ ਇਕੋ ਲਾਈਆ । ਕੂੜੀ ਕਿਰਿਆ ਭਾਂਡੇ ਭੱਜਣ, ਭਰਮ ਗੜ੍ਹ ਦਿਆਂ ਤੁੜਾਈਆ । ਸਚ ਦਵਾਰੇ ਆਵਾਂ ਸੱਦਣ, ਹੋਕਾ ਇਕੋ ਨਾਮ ਸੁਣਾਈਆ । ਲੱਖ ਚੁਰਾਸੀ ਵਿਚੋਂ ਆਵਾਂ ਕੱਢਣ, ਆਵਣ ਜਾਵਣ ਦਿਆਂ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਕਹੇ ਪ੍ਰਭ ਨੰਦੇੜ ਕੀਤਾ ਕੀ ਕੌਲ ਇਕਰਾਰ, ਗੋਬਿੰਦ ਸ਼ਬਦੀ ਸ਼ਬਦ ਰੂਪ ਜਣਾਈਆ । ਜਿਸ ਦਾ ਲੇਖਾ ਲਿਖਿਆ ਨਾ ਕਿਸੇ ਲਿਖਾਰ, ਬੁਧੀਵਾਨ ਨਾ ਕੋਇ ਚਤੁਰਾਈਆ । ਪੜ੍ਹ ਸਕਿਆ ਨਾ ਕੋਇ ਵਿਚ ਸੰਸਾਰ, ਨਿਰਅੱਖਰ ਧਾਰ ਨਾ ਕਿਸੇ ਸਮਝਾਈਆ । ਭੇਦ ਖੋਲ੍ਹ ਆਪ ਨਿਰੰਕਾਰ, ਪੜਦਾ ਦੇ ਚੁਕਾਈਆ । ਵੇਲਾ ਵਕਤ ਵੇਖ ਆਪਣੀ ਬਹਾਰ, ਖ਼ਿਜ਼ਾਂ ਰਹੀ ਰੂਪ

ਬਦਲਾਈਆ । ਤੇਰਾ ਸੋਹੇ ਇਕ ਦਰਬਾਰ, ਮੰਦਰ ਸਚ ਵੱਜੇ ਵਧਾਈਆ । ਭਗਤ ਸੁਹੇਲੇ ਬਣ ਭਿਖਾਰ, ਭਿਛਿਆ ਧੁਰ ਦੀ ਮੰਗ ਮੰਗਾਈਆ । ਤੂੰ ਦੇਵਣਹਾਰ ਦਾਤਾਰ, ਦਇਆਵਾਨ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦੇ ਚੁਕਾਈਆ । ਸ੍ਰੀ ਭਗਵਾਨ ਕਹੇ ਸੁਣ ਮੇਰੇ ਭਗਤ ਸੁਹੇਲੇ, ਸਹਿਜੇ ਦਿਆਂ ਜਣਾਈਆ । ਗੋਬਿੰਦ ਸ਼ਬਦੀ ਧਾਰ ਮੇਲੇ, ਜੋਤੀ ਜੋਤ ਜੋਤ ਰੁਸ਼ਨਾਈਆ । ਖੇਲੇ ਖੇਲ ਇਕ ਅਕੇਲੇ, ਦੂਜਾ ਨਜ਼ਰ ਕੋਇ ਨਾ ਆਈਆ । ਗੋਬਿੰਦ ਮੰਗੀ ਇਕੋ ਏਕ ਰੰਗਣ ਗੁਰੂ ਚੇਲੇ, ਦੂਜਾ ਫ਼ਰਕ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਜਨ ਭਗਤ ਕਹੇ ਪ੍ਰਭ ਮੈਨੂੰ ਪੈ ਗਿਆ ਸ਼ੱਕ, ਵਲ ਛਲ ਦੇ ਚੁਕਾਈਆ । ਕਿਸ ਬਿਧ ਮੈਨੂੰ ਆਵੇ ਸਚ, ਗੋਬਿੰਦ ਇਹੋ ਗਿਆ ਸੁਣਾਈਆ । ਪੁਰਖ ਅਬਿਨਾਸ਼ੀ ਪਿਆ ਹੱਸ, ਖ਼ੁਸ਼ੀਆਂ ਵਿਚ ਮੁਸਕਰਾਈਆ । ਜਨ ਭਗਤ ਦਰ ਖੋਲ੍ਹ ਕੇ ਵੇਖੇ ਅੱਖ, ਗੋਬਿੰਦ ਮਿਲੇ ਸੱਚਾ ਮਾਹੀਆ । ਬਿਨ ਗੋਬਿੰਦ ਮੇਰਾ ਕਰੇ ਕੋਈ ਨਾ ਜਸ, ਵੇਦ ਪੁਰਾਨ ਕੰਮ ਕਿਸੇ ਨਾ ਆਈਆ । ਮੇਰਾ ਲਹਿਣਾ ਓਸੇ ਦੇ ਹੱਥ, ਜੋ ਆਪਾ ਗਿਆ ਮਿਟਾਈਆ । ਸ਼ਬਦ ਧਾਰ ਹੋਇਆ ਪਰਗਟ, ਜੋਤੀ ਜੋਤ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਸਮਝਾਈਆ । ਜਨ ਭਗਤ ਕਹੇ ਇਹ ਮੈਨੂੰ ਨਹੀਂ ਮਨਜ਼ੂਰ, ਦੋਏ ਜੋੜ ਸੀਸ ਨਿਵਾਈਆ । ਵਲ ਛਲ ਕਰਨਾ ਤੇਰਾ ਦਸਤੂਰ, ਆਦਿ ਜੁਗਾਦਿ ਖੇਲ ਚਲੀ ਆਈਆ । ਮੈਨੂੰ ਗੋਬਿੰਦ ਮਿਲਾ ਜ਼ਰੂਰ, ਜੋ ਪੜਦਾ ਦਏ ਉਠਾਈਆ । ਸਾਚਾ ਖੇਲ ਦੱਸੇ ਸਰਬ ਕਲਾ ਭਰਪੂਰ, ਬੇਪਰਵਾਹ ਤੇਰੀ ਬੇਪਰਵਾਹੀ ਦਏ ਜਣਾਈਆ । ਕੋਟਨ ਕੋਟ ਜੁਗ ਲੰਘ ਗਏ ਤੇਰਾ ਪੰਧ ਨਾ ਮੁੱਕਿਆ ਦੂਰ, ਨੇਰਨ ਨੇਰੇ ਤੇਰਾ ਅੰਤ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦੇ ਸਮਝਾਈਆ । ਸ੍ਰੀ ਭਗਵਾਨ ਕਹੇ ਸੁਣ ਭਗਤ ਮੇਰੇ ਪਿਆਰੇ, ਪ੍ਰੇਮੀ ਪੁਰਖ ਦੇ ਜਣਾਈਆ । ਹੁਕਮੇਂ ਅੰਦਰ ਖੇਲ ਨਿਆਰੇ, ਨਿਰਗੁਣ ਸਰਗੁਣ ਆਪ ਸਮਝਾਈਆ । ਜਿਨ੍ਹਾਂ ਨੂੰ ਜੁਗ ਚੌਕੜੀ ਦੇਂਦਾ ਗਿਆ ਲਾਰੇ, ਬੰਧਨ ਆਪਣੇ ਨਾਲ ਪਾਈਆ । ਉਹਨਾਂ ਅੰਤਮ ਪੈਜ ਸਵਾਰੇ, ਜੁਗ ਜੁਗ ਦੇਵਣਹਾਰ ਵਡਿਆਈਆ । ਸ਼ਬਦ ਅਗੰਮੀ ਆਵਾਜ਼ ਇਕੋ ਮਾਰੇ, ਸੰਦੇਸ਼ਾ ਹੱਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਆਉ ਸਚ ਦਵਾਰੇ, ਮਿਲ ਕੇ ਸੱਚੇ ਮਾਹੀਆ । ਪੜਦਾ ਓਹਲਾ ਰਹੇ ਨਾ ਵਿਚ ਸੰਸਾਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਵਖਾਈਆ । ਪੁਰਖ ਅਕਾਲ ਕਹੇ ਮੈਂ ਦਇਆ ਕਮਾਵਾਂਗਾ । ਸੁਣ ਭਗਤ ਸੁਹੇਲ ਮੀਤ, ਭੇਵ ਅਭੇਦਾ ਆਪ ਜਣਾਵਾਂਗਾ ਜੁਗ ਚੌਕੜੀ ਬਦਲਣੀ ਰੀਤ, ਇਹ ਆਪਣਾ ਹੁਕਮ ਵਰਤਾਵਾਂਗਾ । ਗੋਬਿੰਦ ਦੱਸ ਕੇ ਸਾਚਾ ਗੀਤ, ਢੋਲਾ ਇਕੋ ਇਕ ਸੁਣਾਵਾਂਗਾ । ਤੁਹਾਨੂੰ ਛੱਡਣੀ ਪਏ ਮੰਦਰ ਮਸੀਤ, ਕਾਅਬਾ ਇਕੋ ਇਕ ਦਰਸਾਵਾਂਗਾ । ਜਿਥੇ ਬੁਧੀ ਦੀ ਰਹੇ ਨਾ ਕੋਈ ਤਾਮੀਜ਼, ਅਨੁਭਵ ਆਪਣਾ ਪੜਦਾ ਲਾਹਵਾਂਗਾ । ਪੂਰੀ ਆਸਾ ਹੋਵੇ ਉਮੀਦ, ਆਮਦ ਵਿਚ ਖ਼ੁਸ਼ੀ ਮਨਾਵਾਂਗਾ । ਜਿਹੜੀ ਗੋਬਿੰਦ ਕਰ ਕੇ ਗਿਆ ਤਾਈਦ, ਤਾਰੀਫ਼ ਓਸੇ ਕੋਲੋਂ ਸੁਣਾਵਾਂਗਾ । ਸਾਚੀ ਸਚ ਕਰ ਬਖ਼ਸ਼ੀਸ਼, ਬਖ਼ਸ਼ਿਸ਼ ਰਹਿਮਤ ਆਪ ਕਮਾਵਾਂਗਾ । ਸਾਚਾ ਕਲਮਾ ਦੱਸ ਹਦੀਸ, ਹਜ਼ਰਤ ਇਕੋ ਇਕ ਵਖਾਵਾਂਗਾ । ਝਗੜਾ ਮੁਕ ਜਾਏ ਊਚ ਨੀਚ, ਹਸਤ ਕੀਟ ਪੰਧ ਮੁਕਾਵਾਂਗਾ । ਲੇਖਾ ਮੁਕੇ ਬੀਚੋ ਬੀਚ, ਪੜਦਾ ਬਾਹਰ ਨਾ ਕੋਇ ਵਖਾਵਾਂਗਾ । ਆਤਮ ਪਰਮਾਤਮ ਲੱਗੇ ਪ੍ਰੀਤ, ਪ੍ਰੀਤਮ ਪੁਰਖ ਅਕਾਲ ਜਣਾਵਾਂਗਾ । ਜਿਸ ਦੇ ਛਤਰ ਝੁੱਲੇ ਸੀਸ,

੭੮੬
੧੯

ਛਤਰਧਾਰੀ ਹੋਵੇ ਜਗਦੀਸ, ਜਗਦੀਸ਼ਰ ਇਕੋ ਇਕ ਮਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਵਾਂਗਾ । ਜਨ ਭਗਤ ਕਹੇ ਮੈਂ ਮੰਗਾਂ ਮੰਗ, ਹਾੜ ਸਤਾਰਾਂ ਝੋਲੀ ਡਾਹੀਆ । ਪੁਰਖ ਅਕਾਲ ਸੂਰੇ ਸਰਬੰਗ, ਵਸਤ ਅਮੋਲਕ ਦੇਣੀ ਵਰਤਾਈਆ । ਹਰ ਘਟ ਬੋਲਣ ਵਾਲੇ ਚਾੜ੍ਹਨਾ ਰੰਗ, ਰੰਗਤ ਆਪਣੀ ਇਕ ਵਖਾਈਆ । ਮੇਰਾ ਤੇਰਾ ਬਣਿਆ ਸੰਗ, ਸਗਲਾ ਸੰਗ ਨਿਭਾਈਆ । ਸ਼ਬਦ ਨਾਦ ਵਜਾਉਣਾ ਮਰਦੰਗ, ਮਨ ਮਨੂਆ ਇਕ ਉਠਾਈਆ । ਸਾਚੀ ਮੰਜ਼ਲ ਆਉਣਾ ਲੰਘ, ਨੌਂ ਦਵਾਰ ਨਾ ਕੋਇ ਅਟਕਾਈਆ । ਸੁਹਾਵਣੀ ਸੇਜਾ ਵੇਖਣੀ ਪਲੰਘ, ਕੰਤ ਭਤਾਰ ਬੇਪਰਵਾਹੀਆ । ਮੇਰੀ ਭੰਨ ਨਾ ਦੇਵੀਂ ਕਾਇਆ ਮਾਟੀ ਕਾਚੀ ਵੰਗ, ਕੰਚਨ ਗੜ੍ਹ ਦੇਣਾ ਸੁਹਾਈਆ । ਪੂਰਬ ਜਨਮ ਦੀ ਆਸਾ ਮੰਗ, ਬਾਵਨ ਦਏ ਗਵਾਹੀਆ । ਰਿਸ਼ੀ ਤੇਰਾ ਦਵਾਰਾ ਆਏ ਲੰਘ, ਆਪਣਾ ਪੰਧ ਮੁਕਾਈਆ । ਜੋਤੀ ਚਾੜ੍ਹ ਦੇ ਚੰਦ, ਅੰਧ ਅਗਿਆਨ ਮਿਟਾਈਆ । ਤੂੰ ਸਾਹਿਬ ਸੂਰਾ ਸਰਬੰਗ, ਤੇਰੇ ਹੱਥ ਵਡਿਆਈਆ । ਇਕੋ ਦੇ ਦੇ ਪਰਮਾਨੰਦ, ਨਿਜਾਨੰਦ ਵਿਚੋਂ ਬਾਹਰ ਕਢਾਈਆ । ਲੋੜ ਰਹੇ ਨਾ ਜਮਨਾ ਸੁਰਸਤੀ ਗੰਗ, ਗੋਦਾਵਰੀ ਚਰਨਾਂ ਹੇਠ ਦਬਾਈਆ । ਸਾਨੂੰ ਮੰਗਦਿਆਂ ਨਹੀਂ ਕੋਈ ਸੰਗ, ਲੋਕਲਾਜ ਨਾ ਕੋਇ ਰਖਾਈਆ । ਤੇਰੀ ਦੀਨ ਦੁਨੀ ਵੇਖ ਕੇ ਹੋ ਗਏ ਤੰਗ, ਝਗੜਾ ਵੇਖਿਆ ਸਰਬ ਲੋਕਾਈਆ । ਦਰੋਹੀ ਫਿਰੀ ਵਿਚ ਵਰਭੰਡ, ਬ੍ਰਹਿਮੰਡ ਰਹੇ ਕੁਰਲਾਈਆ । ਸਾਂਤ ਮਿਲੇ ਨਾ ਜੇਰਜ ਅੰਡ, ਉਤਭੁਜ ਸੇਤਜ ਰਹੀ ਕੁਰਲਾਈਆ । ਜਨ ਭਗਤ ਕਹੇ ਪ੍ਰਭ ਤੇਰੀ ਆਤਮਾ ਰਹੇ ਕਦੇ ਨਾ ਰੰਡ, ਕੰਤ ਸੁਹਾਗੀ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਕਹੇ ਮੈਂ ਹਰ ਘਟ ਬੋਲਣ ਵਾਲਾ ਰਾਮ, ਰਮਤਾ ਰਮਤਾ ਖੇਲ ਕਰਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਕੇ ਕਾਮ, ਦਿਸ਼ਾ ਤੁਹਾਡੀ ਵੇਖ ਵਖਾਈਆ । ਕਲਜੁਗ ਵੇਖ ਅੰਧੇਰੀ ਸ਼ਾਮ, ਸ਼ਮਅ ਸਚ ਦਿਆਂ ਜਗਾਈਆ । ਇਕੋ ਦੱਸ ਧੁਰ ਪਰਨਾਮ, ਟਿੱਕਾ ਮਸਤਕ ਦਿਆਂ ਲਗਾਈਆ । ਜਨ ਭਗਤੋ ਤੁਹਾਨੂੰ ਰਹਿਣ ਨਾ ਦਿਆਂ ਗ਼ੁਲਾਮ, ਸ਼ਰਅ ਜ਼ੰਜੀਰ ਦਿਆਂ ਤੁੜਾਈਆ । ਕਾਇਆ ਮੰਦਰ ਅੰਦਰ ਰਹਿਣਾ ਦੱਸਾਂ ਆਸਾਨ, ਅਹਿਸਾਨ ਸਿਰ ਨਾ ਕੋਇ ਚੜ੍ਹਾਈਆ । ਜੇ ਕੋਈ ਤੁਹਾਡਾ ਘਰ ਗਰਾਮ ਪੁਛੇ ਬੇਮਕਾਮ, ਭਗਤ ਦਵਾਰਾ ਦੇਣਾ ਸੁਣਾਈਆ । ਜਿਥੇ ਰਾਸਤਾ ਬਰਾਸਤਾ ਕਰੇ ਨਾ ਕੋਇ ਬਦਨਾਮ, ਸਿੱਧਾ ਧੁਰ ਦਾ ਮੇਲ ਮਿਲਾਈਆ । ਗੁਰ ਅਵਤਾਰ ਪੈਗ਼ੰਬਰਾਂ ਵਾਲਾ ਖਾਣੀ ਵਿਚੋਂ ਬਾਣੀ ਵਿਚੋਂ ਸੁਣਨਾ ਪਏ ਨਾ ਕੋਇ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਦੀ ਲੋੜ ਦਿਆਂ ਮੁਕਾਈਆ । ਅੱਖਾਂ ਮੀਟ ਕੇ ਮਨ ਘਸੀਟ ਕੇ ਸੁਰਤੀ ਪੀਚ ਕੇ ਵੇਖਣਾ ਪਏ ਨਾ ਸੂਰੀਆ ਭਾਨ, ਰਵ ਸਸ ਦੀ ਲੋੜ ਰਹੇ ਨਾ ਰਾਈਆ । ਮੰਦਰਾਂ ਵਿਚ ਅੰਦਰਾਂ ਵਿਚ ਕੰਦਰਾਂ ਵਿਚ ਲੱਭਣਾ ਪਏ ਨਾ ਸੀਤਾ ਰਾਮ, ਰਾਮ ਧੁਰ ਦਾ ਤੁਹਾਡਾ ਮੀਤ ਤੁਹਾਨੂੰ ਦਏ ਵਖਾਈਆ । ਗੋਪੀਆਂ ਵਾਲੀ ਰਾਸ ਤੱਕਣੀ ਨਾ ਪਏ ਜਗਤ ਕਾਹਨ, ਉਂਗਲਾਂ ਵਾਲੀ ਬੰਸਰੀ ਨਾ ਕੋਇ ਵਜਾਈਆ । ਇਕੋ ਦੇਵੇ ਸੱਚੀ ਧੁਨਕਾਨ, ਜਿਸ ਦਾ ਮਿਲੇ ਨਾ ਕੋਇ ਨਿਸ਼ਾਨ, ਨਿਸ਼ਾਨਾ ਆਪਣਾ ਇਕ ਲਗਾਈਆ । ਪੜ੍ਹਨੀ ਪਏ ਨਾ ਕੋਇ ਕਲਾਮ, ਬਦਲਣਾ ਪਏ ਨਾ ਕੋਇ ਨਿਜ਼ਾਮ, ਪੀਣਾ ਪਏ ਨਾ ਕੋਇ ਜਾਮ, ਬਿਨਾ ਆਬ ਤੋਂ ਬੇਤਾਬ ਦਿਆਂ ਬਣਾਈਆ । ਲੈਣਾ ਪਏ ਨਾ ਕੋਇ ਖਵਾਬ, ਕਰਨਾ ਪਏ ਨਾ ਕੋਇ ਅਦਾਬ, ਪੜ੍ਹਨਾ ਪਏ ਨਾ ਕੋਇ ਹਿਸਾਬ, ਝਗੜਾ ਰਹੇ ਨਾ ਕੋਇ ਪਾਪ, ਜਿਧਰ ਤੱਕੋ ਨਜ਼ਰੀ ਆਵਾਂ ਆਪ, ਆਪ ਆਪਣੇ ਵਿਚ ਮਿਲਾਈਆ । ਪ੍ਰੀਤੀ ਅੰਦਰ ਦਾਸ, ਸੇਵਾ

ਵਿਚ ਪਰਕਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਹਾੜ ਸਤਾਰਾਂ ਕਹੇ ਮੈਂ ਭਗਤ ਭਗਵਾਨ ਦਾ ਕੀ ਕੁਛ ਸੁਣਿਆ ਝਗੜਾ, ਸਮਝ ਕਿਛ ਨਾ ਆਈਆ । ਮੈਂ ਬੇਨੰਤੀ ਕਰਾਂ ਕੁਛ ਭੇਦ ਦੱਸ ਅਗਲਾ, ਪਿਛਲੀ ਕਰਨੀ ਕੀ ਪੜ੍ਹਾਈਆ । ਕਲਜੁਗ ਜੀਵ ਬਹੁਤਾ ਵੇਖਿਆ ਝਗੜਾ ਪਿਆ ਸਗਲਾ, ਸੋਹਣਾ ਤਨ ਬਣਾਈਆ । ਭੌਂਦਾ ਫਿਰੇ ਵਿਚ ਜੰਗਲਾਂ, ਟਿੱਲੇ ਪਰਬਤਾਂ ਖੋਜ ਖੁਜਾਈਆ । ਕਰਦਾ ਫਿਰੇ ਚਾਰ ਮੰਗਲਾ, ਤੇਰਾ ਨਾਮ ਸ਼ਬਦ ਸੁਣਨ ਕੋਇ ਨਾ ਪਾਈਆ । ਕੀ ਹੋਇਆ ਜੇ ਤੇਰਾ ਭਗਤ ਤੇਰੀ ਪ੍ਰੀਤੀ ਵਿਚ ਕੰਗਲਾ, ਕਮਲਾ ਕੋਝਾ ਨਜ਼ਰੀ ਆਈਆ । ਜਗਤ ਜਹਾਨ ਵਿਚੋਂ ਹੋ ਕੇ ਅੰਧਲਾ, ਅੱਖ ਤੇਰੀ ਇਕ ਖੁਲ੍ਹਾਈਆ । ਸਚ ਬੇਨੰਤੀ ਹਰਿ ਜੂ ਇਕ ਮੰਨ ਲਾ, ਚਰਨ ਕਵਲ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਈਆ । ਸ੍ਰੀ ਭਗਵਾਨ ਕਹੇ ਮੈਂ ਸਭ ਕੁਛ ਰਿਹਾ ਜਾਣ, ਅਣਜਾਨਤ ਜਗ ਨੂੰ ਨਜ਼ਰੀ ਆਈਆ । ਹੁਕਮ ਦੇ ਰਿਹਾ ਫ਼ਰਮਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਹਾੜ ਸਤਾਰਾਂ ਕਰ ਲੈ ਕਾਨ, ਸਚ ਸੰਦੇਸ਼ਾ ਦਿਆਂ ਜਣਾਈਆ । ਮੇਰੇ ਹੁਕਮ ਦਾ ਉਠਣ ਵਾਲਾ ਤੁਫ਼ਾਨ, ਅਗੇ ਹੋ ਨਾ ਕੋਇ ਬਚਾਈਆ । ਗੋਬਿੰਦ ਦਾ ਚਿੱਲਾ ਚੜ੍ਹਨ ਵਾਲਾ ਕਮਾਨ, ਕਾਮਲ ਮੁਰਸ਼ਦ ਵੇਖ ਵਖਾਈਆ । ਜਿਸ ਅਬਿਨਾਸ਼ੀ ਕਰਤੇ ਨੂੰ ਸਾਰੇ ਕਰਦੇ ਗਏ ਬਦਨਾਮ, ਨਾਮ ਆਪਣਾ ਜਗਤ ਜਣਾਈਆ । ਉਹਨੂੰ ਅੱਖਰਾਂ ਵਾਲਾ ਬਣਾ ਕੇ ਭਗਵਾਨ, ਮੱਥੇ ਚਰਨਾਂ ਉਤੇ ਟਿਕਾਈਆ । ਬਣ ਕੇ ਚਤੁਰ ਸੁਜਾਨ, ਸੁਰਤੀ ਮਨ ਦੇ ਵਿਚ ਫਸਾਈਆ । ਕਹਿੰਦੇ ਗੋਪੀਆਂ ਨੂੰ ਗਾਓ ਮਿਲ ਗਿਆ ਕਾਹਨ, ਜਿਸ ਨੇ ਲੱਖ ਚੁਰਾਸੀ ਲਈ ਪਰਨਾਈਆ । ਜਨ ਭਗਤੋ ਤੁਹਾਡੇ ਬਿਨਾ ਹਰ ਘਟ ਬੋਲਣ ਵਾਲਾ ਮਿਲਿਆ ਕਿਸੇ ਨਾ ਰਾਮ, ਰਮਤਾ ਰਮਤਾ ਚਲਦੀ ਵੇਖੇ ਲੋਕਾਈਆ । ਦੇਵਣਹਾਰਾ ਦੇਵਣਵਾਲਾ ਦਾਤਾ ਆਦਿ ਜੁਗਾਦੀ ਇਕ ਜਜਮਾਨ, ਜੋ ਜਮਾਂ ਤੋਂ ਲਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦੇ ਉਠਾਈਆ । ਜਨ ਭਗਤ ਕਹਿਣ ਕਿਉਂ ਪਰਗਟ ਹੋਵੇਂ, ਸਾਨੂੰ ਦੇ ਸਮਝਾਈਆ । ਕਿਉਂ ਲੱਖ ਚੁਰਾਸੀ ਨਾਮ ਕੰਡੇ ਤੋਲੇਂ, ਤੋਲ ਤਰਾਜ਼ੂ ਆਪਣੇ ਹੱਥ ਰਖਾਈਆ । ਕਿਉਂ ਗੁਰ ਅਵਤਾਰ ਪੈਗ਼ੰਬਰ ਬਣਾਏ ਗੋਲੇ, ਦਰ ਸਾਚੇ ਸੇਵ ਕਮਾਈਆ । ਕਿਉਂ ਜੁਗ ਚੌਕੜੀ ਮਾਣਸ ਸੁਣਾਏ ਢੋਲੇ, ਆਪਣਾ ਨਾਮ ਬਦਲਾਈਆ । ਕਿਉਂ ਲੱਖ ਚੁਰਾਸੀ ਘਟ ਘਟ ਰਵਿਆ ਮੌਲੇਂ, ਮੌਲਾ ਹੋ ਕੇ ਵੇਖ ਵਖਾਈਆ । ਕਿਉਂ ਵਸਿਆ ਪੜਦੇ ਓਹਲੇ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਕਿਉਂ ਭਾਗ ਲਗਾਵੇਂ ਕਾਇਆ ਚੋਲੇ, ਚੋਲੀ ਆਪਣਾ ਰੰਗ ਚੜ੍ਹਾਈਆ । ਕਿਉਂ ਦੱਸੇਂ ਸਾਚੇ ਢੋਲੇ, ਢੋਲਕ ਛੈਣਾ ਨਾ ਕੋਇ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦੇ ਸਮਝਾਈਆ । ਮੈਂ ਹਰ ਘਟ ਬੋਲਣ ਵਾਲਾ ਰਾਮ, ਜਨ ਭਗਤੋ ਇਸ ਬਿਧ ਅਖਵਾਈਆ । ਸਚਖੰਡ ਦਵਾਰੇ ਹੋ ਪਰਧਾਨ, ਧੁਰ ਦਾ ਹੁਕਮ ਇਕ ਜਣਾਈਆ । ਥਿਰ ਘਰ ਚਰਨ ਕਵਲ ਖੋਲ੍ਹ ਦੁਕਾਨ, ਸ਼ਬਦੀ ਤਤ ਦਿਆਂ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਵਾਨ, ਪਰਵਾਨਾ ਆਪਣਾ ਇਕ ਫੜਾਈਆ । ਤ੍ਰੈ ਪੰਜ ਕਰ ਪਰਧਾਨ, ਲੱਖ ਚੁਰਾਸੀ ਸੋਭਾ ਪਾਈਆ । ਚਾਰੇ ਖਾਣੀ ਕਰ ਇਕ ਨਿਸ਼ਾਨ, ਚਾਰੇ ਬਾਣੀ ਕਰਾਂ ਇਕ ਪੜ੍ਹਾਈਆ । ਨਿਰਗੁਣ ਸਰਗੁਣ ਖੇਲ ਮਹਾਨ, ਖੇਲ ਖੇਲਾਂ ਬਣ ਕੇ ਸ਼ਹਿਨਸ਼ਾਹੀਆ । ਗੁਰ ਅਵਤਾਰ ਪੈਗ਼ੰਬਰ ਦੇ ਕੇ ਦਾਨ, ਦਾਤਾ ਹੋ ਕੇ ਆਪ ਵਰਤਾਈਆ । ਭਗਤਾਂ ਹੋ ਕੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਸੰਤ ਸੁਹੇਲੇ ਕਰ

ਪਹਿਚਾਨ, ਕੂੜੀ ਕਿਰਿਆ ਦਿਆਂ ਗਵਾਈਆ । ਗੁਰਮੁਖਾਂ ਬਖ਼ਸ਼ ਚਰਨ ਧਿਆਨ, ਪ੍ਰੀਤੀ ਰੀਤੀ ਇਕ ਸਮਝਾਈਆ । ਗੁਰਸਿਖਾਂ ਵਖਾ ਕੇ ਸਚ ਨਿਸ਼ਾਨ, ਕੂੜਾ ਲਾਲਚ ਦਿਆਂ ਮਿਟਾਈਆ । ਜੁਗ ਚੌਕੜੀ ਬਦਲ ਕੇ ਵਿਧਾਨ, ਸਤਿਜੁਗ ਤਰੇਤਾ ਦੁਆਪਰ ਕਲਜੁਗ ਦਿਆਂ ਟਿਕਾਈਆ । ਸ਼ਬਦ ਸੰਦੇਸ਼ਾ ਦੇ ਗਿਆਨ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦਿਆਂ ਲਿਖਾਈਆ । ਭਵਿਖਤਾਂ ਵਿਚ ਦੱਸ ਫ਼ਰਮਾਨ, ਸ਼ਬਦ ਅਗੰਮੀ ਇਕ ਜਣਾਈਆ । ਸਭ ਦਾ ਬਣ ਕੇ ਹੁਕਮਰਾਨ, ਜ਼ਿਮੀਂ ਅਸਮਾਨ ਰਿਹਾ ਫਿਰਾਈਆ । ਰਵ ਸਸ ਹੋਏ ਹੈਰਾਨ, ਮੰਡਲ ਮੰਡਪ ਸੀਸ ਝੁਕਾਈਆ । ਦੇਵਤ ਸੁਰ ਕਰਨ ਪਰਨਾਮ, ਅਸੁਰ ਨੈਣਾਂ ਨੀਰ ਵਹਾਈਆ । ਕਿੰਨਰ ਯਸ਼ਪ ਗਾਇਨ ਗਾਣ, ਮਧੁਰ ਧੁੰਨ ਇਕ ਸੁਣਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਕਰਾਂ ਖੇਲ ਮਹਾਨ, ਮਹਿੰਮਾ ਅਕਥ ਕਥ ਸਮਝਾਈਆ । ਸਭ ਦਾ ਮਾਲਕ ਬਣ ਕੇ ਸ੍ਰੀ ਭਗਵਾਨ, ਭੇਵ ਆਪਣਾ ਆਪਣੇ ਵਿਚ ਰਖਾਈਆ । ਆਪਣੀ ਦਇਆ ਕਿਰਪਾ ਨਾਲ ਹਰ ਘਟ ਵਸ ਕੇ ਬੋਲਾਂ ਰਾਮ, ਰਹਿਮਤ ਵਿਚ ਦਇਆ ਕਮਾਈਆ । ਭਾਗ ਲਗਾ ਕੇ ਕਾਇਆ ਮਾਟੀ ਚਾਮ, ਚੰਮ ਦ੍ਰਿਸ਼ਟੀ ਦਿਆਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਹਰ ਘਟ ਬੋਲਣ ਵਾਲਾ ਜਗ, ਜਗ ਜੀਵਣ ਦਾਤਾ ਨਜ਼ਰੀ ਆਈਆ । ਜਨ ਭਗਤੋ ਤੁਹਾਡਾ ਮੇਲਾ ਉਪਰ ਸ਼ਾਹ ਰਗ, ਨਵ ਨਵ ਲੇਖਾ ਦਏ ਮੁਕਾਈਆ । ਬੁਧੀ ਰਹੇ ਨਾ ਜਗਤ, ਕੱਗ, ਹੰਸ ਗੁਰਮੁਖ ਲਏ ਪਰਗਟਾਈਆ । ਤ੍ਰੈਗੁਣ ਲੱਗੇ ਨਾ ਕੋਈ ਅੱਗ, ਸਚ ਖ਼ੁਮਾਰੀ ਪਿਆ ਕੇ ਮਧ, ਵਸਤ ਅਗੰਮੀ ਹੱਥ ਫੜਾਈਆ । ਭਗਤ ਦਵਾਰੇ ਸੱਦ, ਪੂਰਬ ਲੇਖਾ ਦਿਆਂ ਚੁਕਾਈਆ । ਜਨ ਭਗਤੋ ਰਿਸ਼ੀਓ ਤੁਹਾਡਾ ਯੱਗ, ਬਲ ਨਾਲੋਂ ਕੋਟਨ ਦਰਜੇ ਮਿਲੇ ਵਡਿਆਈਆ । ਜਿਸ ਨੂੰ ਖਾ ਕੇ ਸੁਖਾਲੇ ਹੋਏ ਹੱਡ, ਹੱਡੀਆਂ ਦੀ ਲੋੜ ਰਹੇ ਨਾ ਰਾਈਆ । ਆਤਮ ਪਰਮਾਤਮ ਮਿਲ ਕੇ ਹੋਣਾ ਗਦ ਗਦ, ਗਦਾਗਰਾਂ ਦਾ ਲੇਖਾ ਦਏ ਚੁਕਾਈਆ । ਸਤਿਜੁਗ ਤੁਹਾਨੂੰ ਬਣਾ ਕੇ ਆਪਣੀ ਯੱਦ, ਭਗਤ ਸੁਹੇਲੇ ਨਾਮ ਪਰਗਟਾਈਆ । ਤੁਹਾਡੀ ਇਕੋ ਮੰਜ਼ਲ ਇਕੋ ਪਦ, ਇਕੋ ਮੰਦਰ ਦਿਆਂ ਵਖਾਈਆ । ਜਿਸ ਦੀ ਆਰ ਪਾਰ ਕਿਸੇ ਨਾ ਸਮਝੀ ਹੱਦ, ਹੱਦ ਸਕਿਆ ਨਾ ਕੋਇ ਸਮਝਾਈਆ । ਓਥੇ ਖ਼ੁਸ਼ੀਆਂ ਨਾਲ ਜਾਣਾ ਵਸ, ਵਸਲ ਇਕੋ ਯਾਰ ਖ਼ੁਦਾਈਆ । ਸਾਚੇ ਪ੍ਰੇਮ ਦਾ ਦੇਵੇ ਰਸ, ਰਸਨਾ ਦੇ ਰਸ ਦੀ ਲੋੜ ਰਹੇ ਨਾ ਰਾਈਆ । ਹਕੀਕਤ ਵਿਚ ਤੁਹਾਨੂੰ ਕਰ ਕੇ ਵਸ, ਵਾਸਤਾ ਆਪਣੇ ਨਾਲ ਰਖਾਈਆ । ਸਾਂਝਾ ਕਰ ਕੇ ਜਸ, ਸੋਹੰ ਢੋਲਾ ਦਿਤਾ ਪੜ੍ਹਾਈਆ । ਦਵੈਤੀ ਰਹੇ ਕੋਈ ਨਾ ਫੱਟ, ਇਕੋ ਗੋਬਿੰਦ ਮਿਲਿਆ ਸੱਚਾ ਮਾਹੀਆ । ਨਿਝਰ ਅੰਮ੍ਰਿਤ ਲੈਣਾ ਝੱਟ, ਝੰਜਟ ਮਨ ਦਾ ਦੇਣਾ ਚੁਕਾਈਆ । ਪੁਰਖ ਅਕਾਲਾ ਲੈਣਾ ਰਟ, ਝਗੜਾ ਮੁਕੇ ਨਟੂਆ ਨਟ, ਸਵਾਂਗੀ ਸਵਾਂਗ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤ ਕਹਿਣ ਅਸੀਂ ਆਏ ਦਵਾਰੇ, ਬਣ ਕੇ ਪਾਂਧੀ ਰਾਹੀਆ । ਪਰਮ ਪੁਰਖ ਤੇਰੇ ਤੱਕਣੇ ਸਚ ਨਜ਼ਾਰੇ, ਨਜ਼ਰੀਆ ਆਪਣਾ ਦੇ ਵਖਾਈਆ । ਚਾਰ ਜੁਗ ਤੇਰੇ ਨਾਲੋਂ ਰਹੇ ਕਵਾਰੇ, ਆਤਮ ਪਰਮਾਤਮ ਕਰੀ ਨਾ ਕਿਸੇ ਕੁੜਮਾਈਆ । ਮੰਜ਼ਲ ਚੜ੍ਹਦੇ ਜੁਗ ਜੁਗ ਹਾਰੇ ਸਾਡਾ ਪੰਧ ਨਾ ਕੋਇ ਮੁਕਾਈਆ । ਸਾਨੂੰ ਬਾਵਨ ਕੀਤੇ ਇਸ਼ਾਰੇ, ਆਸ਼ਾ ਨਾਲ ਮਿਲਾਈਆ । ਜਿਸ ਵੇਲੇ ਬੀਤੇ ਜੁਗ ਚਾਰੇ, ਕਲਜੁਗ ਅੰਤਮ ਫੇਰਾ ਪਾਈਆ । ਜਿਸ ਨੇ ਗੋਬਿੰਦ ਨਾਲ ਕੀਤੇ ਉਧਾਰੇ, ਨੰਦੇੜ, ਅੰਦਰ ਹੁਕਮ ਸੁਣਾਈਆ । ਉਹ ਪਰਗਟ ਹੋਵੇ ਆਪਣੀ ਧਾਰੇ, ਧਰਨੀ

ਧਰਤ ਧਵਲ ਸੁਹਾਈਆ । ਜਿਸ ਦਾ ਅੰਤ ਨਾ ਪਾਰਾਵਾਰੇ, ਬੇਪਰਵਾਹ ਆਪ ਅਖਵਾਈਆ । ਸ਼ਬਦੀ ਸ਼ਬਦ ਵਜਾਏ ਨਗਾਰੇ, ਨੌਬਤ ਨਾਮ ਹੱਕ ਵਖਾਈਆ । ਜੋਤੀ ਨੂਰ ਕਰੇ ਚਮਤਕਾਰੇ, ਅੰਧ ਅੰਧੇਰ ਦਏ ਗਵਾਈਆ । ਜਨ ਭਗਤਾਂ ਚਾੜ੍ਹ ਕੇ ਸਾਚੇ ਖਾਰੇ, ਖੋਟੇ ਖਰੇ ਲਏ ਬਣਾਈਆ । ਕਰ ਕੇ ਅਗੰਮ ਵਿਹਾਰੇ, ਵਿਵਹਾਰੀ ਧਾਰ ਚਲਾਈਆ । ਸਤਿਜੁਗ ਸਾਚੀ ਦੱਸੇ ਕਾਰੇ, ਕਰਤਾ ਹੋ ਕੇ ਆਪ ਉਪਜਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਾਤੇ ਇਕੱਠੇ ਜੁੜਨੇ ਸਾਰੇ, ਊਚ ਨੀਚ ਰਹਿਣ ਕੋਇ ਨਾ ਪਾਈਆ । ਇਕੋ ਪੁਰਖ ਅਕਾਲ ਦੇ ਲੱਗਣੇ ਜੈਕਾਰੇ, ਚਾਚਿਆਂ ਦੇ ਨਾਮ ਸਾਰੇ ਦੇਣੇ ਭੁਲਾਈਆ । ਹਰ ਘਟ ਵਸਿਆ ਬੋਲੇ ਰਾਮ ਕਰੇ ਹੁਕਮ ਆਪ ਨਿਰੰਕਾਰੇ, ਨਿਰਾਕਾਰ ਆਪ ਜਣਾਈਆ । ਜਨ ਭਗਤ ਰਹਿਣ ਨਾ ਦੇਵੇ ਦੁਖਿਆਰੇ, ਵਿਛੋੜਾ ਦੁੱਖ ਵਾਲਾ ਗਵਾਈਆ । ਅਗੇ ਤੁਹਾਨੂੰ ਦਰਸ਼ਨ ਹੋਵੇ ਸਾਖਿਆਤ ਦਿਨ ਦਿਹਾੜੇ, ਬਜਰ ਕਪਾਟੀ ਤੋੜ ਵਖਾਈਆ । ਸ਼ਬਦ ਚਲੇ ਹੁਕਮ ਨਾਲ ਅਪਾਰੇ, ਧੁਰ ਦਾ ਪੜਦਾ ਆਪ ਉਠਾਈਆ । ਤੁਹਾਨੂੰ ਓਸ ਅੰਦਰ ਵਾੜੇ, ਜਿਸ ਘਰ ਅੰਦਰ ਕਬੀਰ ਵਰਗੇ ਬੈਠੇ ਦੋ ਚਾਰੇ, ਬਾਕੀ ਰੋਵਣ ਮਾਰਨ ਧਾਈਆ । ਸ੍ਰੀ ਭਗਵਾਨ ਦੇ ਸਮਝਣ ਵਾਲੇ ਇਸ਼ਾਰੇ, ਇਸ਼ਾਰਿਆਂ ਤੋਂ ਬਾਹਰ ਗੁਪਤ ਜਾਹਰ ਕਰ ਪਿਆਰ ਵਾਂਗ ਪੁਰਖ ਨਾਰ, ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਰੰਗ ਰੰਗਾਈਆ । ਜਨ ਭਗਤ ਕਹਿਣ ਕਿਉਂ ਹਰ ਘਟ ਵਸੇ, ਪ੍ਰਭ ਸਾਨੂੰ ਦੇ ਜਣਾਈਆ । ਸ੍ਰੀ ਭਗਵਾਨ ਕਹੇ ਇਹ ਖੇਲ ਮੇਰੇ ਹੱਥੇ, ਦੂਸਰ ਹੱਥ ਨਾ ਕਦੇ ਫੜਾਈਆ । ਗੁਰ ਅਵਤਾਰ ਪੈਗ਼ੰਬਰ ਬਣਾ ਕੇ ਨੰਨ੍ਹੇ ਨੰਨ੍ਹੇ ਬੱਚੇ, ਲੋਕਮਾਤ ਉਂਗਲੀ ਲਾ ਦਿਤੇ ਫਿਰਾਈਆ । ਸਭ ਨੂੰ ਦਿਤੇ ਕਾਇਆ ਮਾਟੀ ਭਾਂਡੇ ਕੱਚੇ, ਨਾਤਾ ਤੱਤਾਂ ਨਾਲ ਰਖਾਈਆ । ਆਪਣਾ ਦਰਸ ਦਿੰਦਾ ਰਿਹਾ ਆਪਣੀ ਅੱਖੇ, ਜਗਤ ਨੈਣ ਜਗਤ ਵਿਚ ਮਿਲਾਈਆ । ਗੋਬਿੰਦ ਜੋ ਨੰਦੇੜ ਦਿਤੇ ਪਤੇ, ਪਤਿਪਰਮੇਸ਼ਵਰ ਦਏ ਸਮਝਾਈਆ । ਜਿਸ ਨੇ ਚੌਥੇ ਜੁਗ ਹੋੜਾ ਲਾ ਕੇ ਉਪਰ ਸੱਸੇ, ਹਾਹਾ ਬਿੰਦੀ ਟਿੱਪੀ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਕਹੇ ਗੋਬਿੰਦ ਮੰਗੀ ਇਕ ਨਿਸ਼ਾਨੀ, ਆਸਾ ਅੰਤ ਨੰਦੇੜ ਰਖਾਈਆ । ਪੁਰਖ ਅਕਾਲ ਆਪਣੀ ਪ੍ਰੀਤ ਮੇਰੀ ਕਰ ਕੁਰਬਾਨੀ, ਕਿਉਂ ਜਗਤ ਨਾਲ ਲੜਾਈਆ । ਤੇਰਾ ਹੁਕਮ ਸਦਾ ਲਾਸਾਨੀ, ਲਾਸ਼ਰੀਕ ਤੇਰੀ ਬੇਪਰਵਾਹੀਆ । ਆਹ ਲੈ ਭੱਥਾ ਤੀਰ ਕਮਾਨੀ, ਮੇਰੇ ਕੰਮ ਕਿਸੇ ਨਾ ਆਈਆ । ਮੇਰੀ ਸ਼ਬਦ ਵਾਲੀ ਜਵਾਨੀ, ਜੁਗ ਚੌਕੜੀ ਨਾ ਕੋਇ ਬਦਲਾਈਆ । ਮੈਂ ਸਦਾ ਤੇਰੇ ਘਰ ਖਾਂਦਾ ਰਹਾਂ ਮਹਿਮਾਨੀ, ਨਿਰਗੁਣ ਹੋ ਕੇ ਨਿਰਗੁਣ ਫੇਰਾ ਪਾਈਆ । ਜਿਸ ਵੇਲੇ ਤੇਰਾ ਕਲਜੁਗ ਅੰਤਮ ਝਗੜਾ ਪਏ ਦੀਵਾਨੀ, ਚਾਰ ਜੁਗ ਦਾ ਲੇਖਾ ਨਾ ਕੋਇ ਮੁਕਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਤੇਰੀ ਕਰਨ ਬਦਨਾਮੀ, ਪੁਰਖ ਅਕਾਲ ਤੇਰਾ ਨਾਮ ਨਾ ਕੋਇ ਧਿਆਈਆ । ਓਸ ਵੇਲੇ ਤੇਰੇ ਨਾਲ ਨਾਤਾ ਜੋੜਾਂ ਬਾਹਮੀਂ, ਵਜੂਦ ਆਪਣਾ ਨਾ ਕੋਇ ਜਣਾਈਆ । ਏਸੇ ਕਰ ਕੇ ਜੁਝਾਰ ਨੂੰ ਨਹੀਂ ਦਿਤਾ ਪਾਣੀ, ਨਾਤਾ ਜਗਤ ਨਾਲੋਂ ਮੁਕਾਈਆ । ਸ੍ਰਿਸ਼ਟੀ ਸਮਝ ਕੇ ਫ਼ਾਨੀ, ਮੰਗ ਤੇਰੇ ਕੋਲੋਂ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਦੇਣੀ ਉਠਾਈਆ । ਗੋਬਿੰਦ ਕਿਹਾ ਸੁਣ ਮੇਰੇ ਪੁਰਖ ਅਕਾਲ, ਅਕਲ ਕਲਧਾਰੀ ਦਿਆਂ ਜਣਾਈਆ । ਮੈਂ ਤੇਰੇ ਉਤੋਂ ਵਾਰੇ ਲਾਲ, ਲਾਲ ਹੋ ਕੇ ਸੇਵ ਕਮਾਈਆ । ਮੈਂ ਵੇਖੀ ਤੇਰੀ ਸਚਖੰਡ ਸੱਚੀ ਧਰਮਸਾਲ, ਅਕੱਲਾ ਬੈਠਾ ਨੂਰ ਚਮਕਾਈਆ । ਜੁਗ ਚੌਕੜੀ ਕੀ ਰਖੀ ਅਵੱਲੜੀ ਚਾਲ,

੭੮੯
੧੯

ਭਗਤਾਂ ਰਿਹੋਂ ਤੜਫਾਈਆ । ਮੇਰਾ ਮੰਨ ਇਕ ਸਵਾਲ, ਖ਼ਾਲੀ ਝੋਲੀ ਰਿਹਾ ਵਖਾਈਆ । ਕਲਜੁਗ ਅੰਤਮ ਹੋਣਾ ਪਰਧਾਨ, ਮਿਹਰ ਨਜ਼ਰ ਟਿਕਾਈਆ । ਭਗਤ ਸੁਹੇਲੇ ਲੱਭਣੇ ਬਾਲ ਅੰਞਾਣ, ਲੱਖ ਚੁਰਾਸੀ ਵਿਚੋਂ ਫੋਲ ਫੁਲਾਈਆ । ਤੂੰ ਮਾਲਕ ਖ਼ਾਲਕ ਅਬਿਨਾਸ਼ੀ ਕਰਤਾ ਸ੍ਰੀ ਭਗਵਾਨ, ਪਰਵਰਦਿਗਾਰ ਸਾਂਝਾ ਯਾਰ ਇਕ ਅਖਵਾਈਆ । ਜੇ ਤੈਥੋਂ ਨਹੀਂ ਕੁਛ ਹੁੰਦਾ ਮੇਰੇ ਹੱਥ ਦੇ ਦੇ ਕਮਾਨ, ਬ੍ਰਹਿਮੰਡ ਖੰਡ ਤੇਰੇ ਦੇਵਾਂ ਹਿਲਾਈਆ । ਜਿਹੜਾ ਤੇਰਾ ਨਾਮ ਨਾ ਲਵੇ ਜ਼ਬਾਨ ਜ਼ਿਬਹ ਕਰ ਕੇ ਦਿਆਂ ਵਖਾਈਆ । ਜੋਧਾ ਸੂਰਬੀਰ ਬਣ ਕੇ ਬਲਵਾਨ, ਸ਼ਬਦੀ ਗੁਰ ਆਪ ਅਖਵਾਈਆ । ਘਰ ਘਰ ਅੰਦਰ ਵੜ ਕੇ ਮੰਦਰ ਚੜ੍ਹ ਕੇ ਦੇਵਾਂ ਪੈਗ਼ਾਮ, ਪੈਗ਼ੰਬਰਾਂ ਤੋਂ ਦੇਵਾਂ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਿਹਾ ਮੇਰੇ ਪ੍ਰਭੂ ਉਠ ਕੇ ਲੈ ਅੰਗੜਾਈ, ਨਿਉਂ ਨਿਉਂ ਸੀਸ ਝੁਕਾਈਆ । ਤੇਰੇ ਨਾਮ ਦੀ ਸਰਬ ਦੁਹਾਈ, ਕੂਕ ਕੂਕ ਸੁਣਾਈਆ । ਨਿਗਾਹ ਮਾਰ ਕੇ ਵੇਖ ਮੈਂ ਬੂਟਾ ਪੁੱਟਿਆ ਕਾਹੀ, ਕਾਇਨਾਤ ਦਿਤੀ ਹਿਲਾਈਆ । ਮੈਂ ਸੱਥਰ ਸੇਜ ਹੰਢਾਈ, ਆਸਣ ਸਿੰਘਾਸਣ ਇਕ ਵਖਾਈਆ । ਧਾਰ ਧਾਰ ਵਿਚ ਮਿਲਾਈ, ਨਾਤਾ ਮਿੱਟੀ ਖ਼ਾਕ ਤੁੜਾਈਆ । ਲੇਖਾ ਲਿਖਿਆ ਨਾ ਕਿਸੇ ਨਾਲ ਕ਼ਲਮ ਸ਼ਾਹੀ, ਸ਼ਹਾਦਤ ਸਕੇ ਨਾ ਕੋਇ ਭੁਗਤਾਈਆ । ਕਲਜੁਗ ਅੰਤ ਅਖ਼ੀਰੀ ਮੇਰੀ ਤੱਤਾਂ ਵਾਲੀ ਰਾਤ ਆਈ, ਫੇਰ ਮੈਨੂੰ ਜਨਮੇ ਕੋਇ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਾ ਥਾਉਂ ਥਾਈਂਆ । ਗੋਬਿੰਦ ਕਿਹਾ ਮੇਰੀ ਅਰਜ਼ ਅਖ਼ੀਰ, ਆਖ਼ਰ ਦਿਆਂ ਜਣਾਈਆ । ਮੈਂ ਕਿਸੇ ਦੇ ਹੱਥ ਭਗਤਾਂ ਦੀ ਫੜਾਉਣੀ ਨਹੀਂ ਤਕਦੀਰ, ਕਰਮਾਂ ਦਾ ਹਿਸਾਬ ਨਾ ਕੋਇ ਬਣਾਈਆ । ਉਹਨਾਂ ਦਾ ਬਣਨ ਨਹੀਂ ਦੇਣਾ ਕੋਈ ਦੂਜਾ ਪੀਰ, ਬਿਨਾ ਸਤਿਗੁਰ ਸ਼ਬਦ ਤੋਂ ਦੂਜੇ ਸੀਸ ਨਾ ਕਿਸੇ ਨਿਵਾਈਆ । ਤੇਰੇ ਕੋਲੋਂ ਲੈ ਕੇ ਤੇਰਾ ਨਾਮ ਬਦਲਣੀ ਸਭ ਦੀ ਜ਼ਮੀਰ, ਜ਼ਾਮਨ ਹੋ ਕੇ ਲੈਣਾ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਹੇ ਮੇਰੀ ਮੰਨੋ ਇਕੋ ਅਰਜ਼, ਆਰਜ਼ੂ ਦਿਤੀ ਜਣਾਈਆ । ਭਗਤ ਉਧਾਰਨਾ ਤੇਰਾ ਫ਼ਰਜ਼, ਫ਼ਰਜ਼ੀ ਰੂਪ ਨਾ ਕੋਇ ਬਣਾਈਆ । ਪੁਰਖ ਅਕਾਲ ਦੀਨ ਦਿਆਲ ਮੈਨੂੰ ਇਕੋ ਤੇਰੀ ਗ਼ਰਜ਼, ਦੂਜੀ ਓਟ ਨਾ ਕੋਇ ਤਕਾਈਆ । ਸ੍ਰੀ ਭਗਵਾਨ ਕਿਹਾ ਇਹ ਖੇਲ ਮੇਰਾ ਅਸਚਰਜ, ਭੇਦ ਅਭੇਦਾ ਦਿਆਂ ਖੁਲ੍ਹਾਈਆ । ਕਲਜੁਗ ਅੰਤ ਬਣ ਭਗਵੰਤ ਧੁਰ ਦਾ ਕੰਤ ਜਨ ਭਗਤਾਂ ਅੰਦਰ ਕਾਇਆ ਮੰਦਰ ਸਾਚੇ ਨਾਮ ਦੀ ਬਦਲ ਦੇਵਾਂ ਤਰਜ਼, ਤਰ੍ਹਾ ਤਰ੍ਹਾ ਨਾਲ ਸਮਝਾਈਆ । ਗੋਬਿੰਦ ਕਿਹਾ ਇਹ ਮੇਰੀ ਅੰਤ ਬੇਨੰਤੀ, ਚਰਨ ਕਵਲ ਸਰਨਾਈਆ । ਗੁਰਮੁਖ ਆਤਮ ਹੋਵੇ ਨਾ ਕਿਸੇ ਦੀ ਮੰਗਤੀ, ਝੋਲੀ ਦੂਸਰ ਅਗੇ ਨਾ ਡਾਹੀਆ । ਪ੍ਰਭੂ ਤੇਰੇ ਨਾਮ ਦੀ ਜਿਸ ਇਕੋ ਪੜ੍ਹ ਲਈ ਪੰਗਤੀ, ਵੇਦ ਪੁਰਾਨਾਂ ਦੀ ਲੋੜ ਰਹੇ ਨਾ ਰਾਈਆ । ਇਹ ਖੇਲ ਵੇਖਣੀ ਕਲਜੁਗ ਅੰਤਮ ਜੋਤ ਜਗਦੀ, ਜਾਗਰਤ ਜੋਤ ਕਰੇ ਰੁਸ਼ਨਾਈਆ । ਮੈਂ ਕਹਾਣੀ ਯਾਦ ਰਖਣੀ ਅੱਜ ਦੀ, ਹੁਕਮੇ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇਣਾ ਮੁਕਾਈਆ । ਗੋਬਿੰਦ ਤੇਰਾ ਲੇਖ ਮੁਕਾਵਾਂਗਾ । ਕਰ ਕੇ ਵੇਸ ਆਵੇਸ ਰੂਪ ਵਟਾਵਾਂਗਾ । ਵੱਸਾਂ ਸਾਚੇ ਦੇਸ, ਘਰ ਠਾਂਡੇ ਸੋਭਾ ਪਾਵਾਂਗਾ । ਬਣ ਕੇ ਧੁਰ ਨਰੇਸ਼, ਨਰ ਨਰਾਇਣ ਬਣ ਕੇ ਹੁਕਮ ਵਰਤਾਵਾਂਗਾ । ਵੇਖਾਂ ਦੇਸ ਪਰਦੇਸ, ਦੋ ਜਹਾਨਾ ਖੋਜ ਖੁਜਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਗਣਪਤ ਪੜਦਾ ਆਪ ਉਠਾਵਾਂਗਾ । ਗੁਰ ਅਵਤਾਰ ਪੈਗ਼ੰਬਰ ਜੋ ਲਿਖ ਕੇ ਗਏ ਲੇਖ, ਲੇਖਾ ਪੂਰਾ ਅੰਤ ਕਰਾਵਾਂਗਾ ।

ਜੋ ਬਾਲਕ ਕੀਤੇ ਭੇਟ, ਲੇਖਾ ਸਭ ਦੀ ਝੋਲੀ ਪਾਵਾਂਗਾ । ਤੇਰੇ ਅੰਦਰ ਜਾਵਾਂ ਲੇਟ, ਮੰਦਰ ਇਕੋ ਇਕ ਸੁਹਾਵਾਂਗਾ । ਕੋਈ ਜਨਣੀ ਮੈਨੂੰ ਜਨਮੇ ਨਾ ਆਪਣੇ ਪੇਟ, ਰਕਤ ਬੂੰਦ ਨਾ ਰੰਗ ਰੰਗਾਵਾਂਗਾ । ਬਣ ਕੇ ਸਭ ਦਾ ਖੇਵਟ ਖੇਟ, ਨਈਆ ਨੌਕਾ ਆਪਣੇ ਕੰਧ ਉਠਾਵਾਂਗਾ । ਬੀਸ ਇਕੀਸੇ ਤੋਂ ਬਾਦ ਰੁੱਤ ਬਦਲ ਕੇ ਸ਼ਹਿਨਸ਼ਾਹੀ ਸੰਮਤ ਦੀ ਪਹਿਲੀ ਚੇਤ, ਚੇਤਨ ਸਭ ਨੂੰ ਆਪ ਕਰਾਵਾਂਗਾ । ਜਨ ਭਗਤਾਂ ਖੋਲ੍ਹ ਕੇ ਭੇਤ, ਅੰਤਰ ਆਤਮ ਕਰ ਕੇ ਹੇਤ, ਦਰਸ਼ਨ ਵਖਾ ਕੇ ਨੇਤਨ ਨੇਤ, ਨਿਜ ਲੋਚਨ ਨੈਣ ਅੱਖ ਖੁਲ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਵਾਂਗਾ । ਗੋਬਿੰਦ ਕਿਹਾ ਪ੍ਰਭੂ ਤੇਰੇ ਉਪਰ ਭਰਵਾਸਾ, ਭਰਮ ਰਿਹਾ ਨਾ ਰਾਈਆ । ਮੇਰੀ ਪੂਰੀ ਕਰਨੀ ਆਸਾ, ਆਸਾ ਆਸਾ ਵਿਚੋਂ ਪਰਗਟਾਈਆ । ਮੈਂ ਵੀ ਵੇਖਾਂ ਤੇਰਾ ਤਮਾਸ਼ਾ, ਨਿਰਗੁਣ ਹੋ ਕੇ ਨਿਰਗੁਣ ਸੋਭਾ ਪਾਈਆ । ਤੂੰ ਮੇਰਾ ਬਣਿਆ ਪਾਪਾ, ਪਿਤਾ ਪੁਰਖ ਅਕਾਲ ਵਡਿਆਈਆ । ਮੈਂ ਤੇਰਾ ਕਰਾਂ ਜਾਪਾ, ਅਵਰ ਨਾ ਕੋਇ ਪੜ੍ਹਾਈਆ । ਦੋਹਾਂ ਦਾ ਸਾਂਝਾ ਹੋਵੇ ਸਾਕਾ, ਚਾਰ ਜੁਗ ਅਗੇ ਵੱਜੇ ਵਧਾਈਆ । ਅਬਿਨਾਸ਼ੀ ਕਰਤੇ ਮੈਂ ਤੇਰੇ ਪਿਆਰ ਦੇ ਅੰਦਰ ਮਾਰਨਾ ਡਾਕਾ, ਡਾਕੂ ਹੋ ਕੇ ਖੇਲ ਵਖਾਈਆ । ਪੁਰਖ ਅਕਾਲ ਕਿਹਾ ਗੋਬਿੰਦ ਤੂੰ ਮੇਰਾ ਨਿੱਕਾ ਜਿਹਾ ਕਾਕਾ, ਨੰਨ੍ਹਾਂ ਗੋਦੀ ਬਹਿ ਕੇ ਖ਼ੁਸ਼ੀ ਮਨਾਈਆ । ਗੋਬਿੰਦ ਕਿਹਾ ਜਿੰਨਾਂ ਚਿਰ ਮੇਰੇ ਗੁਰਮੁਖਾਂ ਦਾ ਅੰਦਰੋਂ ਨਾ ਖੋਲ੍ਹੇਂ ਤਾਕਾ, ਪੜਦਾ ਨਾ ਮਾਤ ਉਠਾਈਆ । ਨਿਰਗੁਣ ਹੋ ਬਣਿਆ ਨਾ ਰਾਖਾ, ਸਰਗੁਣ ਸੇਵ ਕਮਾਈਆ । ਮਾਲਕ ਹੋਵੇਂ ਨਾ ਕਮਲਾਪਾਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਝਗੜਾ ਮੁਕਾਵੇਂ ਨਾ ਜਾਤਾਂ ਪਾਤਾਂ, ਦੀਨ ਦੁਨੀ ਨਾ ਪੜਦਾ ਲਾਹੀਆ । ਮੇਰਾ ਮੰਨੇ ਨਾ ਸੱਚਾ ਆਖਾ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਾਰ ਕਮਾਵਾਂਗਾ । ਧਰਤ ਧਰਨੀ ਸੋਭਾ ਪਾਵਾਂਗਾ । ਨਿਰਗੁਣ ਨਿਰਵੈਰ ਜੋਤ ਜਗਾਵਾਂਗਾ । ਪੁਰਖ ਅਕਾਲ ਰੂਪ ਧਰਾਵਾਂਗਾ । ਦੀਨ ਦਿਆਲ ਵੇਸ ਵਟਾਵਾਂਗਾ । ਸਚ ਧਰਮਸਾਲ ਇਕ ਬਣਾਵਾਂਗਾ । ਚਾਰ ਕੁੰਟ ਹੁਕਮ ਵਰਤਾਵਾਂਗਾ । ਦਹਿ ਦਿਸ਼ਾ ਪੜਦਾ ਲਾਹਵਾਂਗਾ । ਜਨ ਭਗਤਾਂ ਹਿੱਸਾ ਆਪ ਵੰਡਾਵਾਂਗਾ । ਜਿਹੜਾ ਗੋਬਿੰਦ ਬਿਨ ਅੱਖਰਾਂ ਤੋਂ ਲੇਖ ਲਿਖਾ, ਅੰਤ ਓਹੋ ਪੂਰ ਕਰਾਵਾਂਗਾ । ਤੂੰ ਪੁੱਤਰਾਂ ਨਾਲੋਂ ਪਿਆਰੇ ਕੀਤੇ ਸਿੱਖਾ, ਸਿਖ਼ਰ ਚੋਟੀ ਆਪ ਚੜ੍ਹਾਵਾਂਗਾ । ਝਗੜਾ ਮੁਕਾ ਕੇ ਵੱਡਾ ਨਿੱਕਾ, ਬੁੱਢਾ ਬਾਲ ਚਰਨ ਟਿਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਵਾਂਗਾ । ਧੁਰ ਦਾ ਹੁਕਮ ਵਰਤੇ ਕੀ, ਸ੍ਰੀ ਭਗਵਾਨ ਦੇ ਸਮਝਾਈਆ । ਸ੍ਰੀ ਭਗਵਾਨ ਕਿਹਾ ਜਨ ਭਗਤ ਬਣਾ ਕੇ ਪੁੱਤਰ ਧੀ, ਧੰਦਾ ਜਗਤ ਵਾਲਾ ਤੁੜਾਈਆ । ਸਤਿਜੁਗ ਸਚ ਰਖਾ ਕੇ ਨੀਂਹ, ਨਾਮ ਇਕੋ ਇਕ ਪੜ੍ਹਾਈਆ । ਸਾਚੇ ਮਾਰਗ ਦੀ ਲਾ ਕੇ ਲੀਹ, ਚਾਰ ਵਰਨ ਦਿਆਂ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸਮਝਾਈਆ । ਗੋਬਿੰਦ ਕਿਹਾ ਕੀ ਕਰੇਂ ਪੁਰਖ ਸਮਰਥ, ਸਤਿ ਸਤਿਵਾਦੀ ਤੇਰੀ ਵਡਿਆਈਆ । ਅਬਿਨਾਸ਼ੀ ਕਿਹਾ ਸਭ ਕੁਛ ਮੇਰੇ ਹੱਥ, ਹਰ ਘਟ ਰਮਿਆਂ ਰਾਮ ਨਜ਼ਰੀ ਆਈਆ । ਬੋਲਣਹਾਰਾ ਸਚ, ਸ਼ਬਦੀ ਸ਼ਬਦ ਪੜ੍ਹਾਈਆ । ਜਨ ਭਗਤਾਂ ਜੋੜਾਂ ਨੱਤ, ਨਾਤਾ ਇਕੋ ਇਕ ਵਖਾਈਆ । ਨਾੜੀ ਨਾੜ ਨਾ ਉਬਲੇ ਰੱਤ, ਅਗਨੀ ਤਤ ਨਾ ਕੋਇ ਜਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਨਾਲੋਂ ਕਰ ਕੇ ਵੱਖ, ਇਸ਼ਟ ਪੁਰਖ ਅਕਾਲ ਸਮਝਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਅੱਖਰਾਂ ਦੀ ਪੜ੍ਹਾਈ ਦਿਆਂ ਮੁਕਾਈਆ । ਉਸ ਘਰ ਵਿਚ ਜਾਓ ਵਤ,

ਜਿਸ ਵਤਨ ਤੋਂ ਹੋਈ ਜੁਦਾਈਆ । ਮੇਲ ਮਿਲਾਵਾਂ ਬਣ ਕੇ ਕਮਲਾਪਤ, ਪਤਿਪਰਮੇਸ਼ਵਰ ਹੋ ਕੇ ਹੋਵਾਂ ਸਹਾਈਆ । ਜਿਉਂ ਭਾਵੇ ਤਿਉਂ ਲਵਾਂ ਰਖ, ਰਾਖਾ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਵਕਤ ਦਏ ਸੁਹਾਈਆ । ਸਤਾਰਾਂ ਹਾੜ ਕਹੇ ਮੇਰੀ ਆਈ ਵਾਰੀ, ਵਾਹਵਾ ਵੱਜੀ ਵਧਾਈਆ । ਜੁਗ ਚੌਕੜੀ ਮੈਂ ਬਣਿਆ ਰਿਹਾ ਵਪਾਰੀ, ਲੋਕ ਪਰਲੋਕ ਭੱਜਿਆ ਵਾਹੋ ਦਾਹੀਆ । ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਵੇਖੇ ਖਿਲਾਰੀ, ਖੇਲ ਜਗਤ ਵਾਲੀ ਚਲਾਈਆ । ਜੁਗ ਚੌਕੜੀ ਬਣਦੀ ਵੇਖੀ ਪਨਹਾਰੀ, ਸੇਵਕ ਰੂਪ ਵਟਾਈਆ । ਲੱਖ ਚੁਰਾਸੀ ਹੁੰਦੀ ਵੇਖੀ ਖ਼ੁਆਰੀ, ਚਾਰ ਕੁੰਟ ਦਹਿ ਦਿਸ਼ਾ ਹੋਏ ਦੁਹਾਈਆ । ਕ਼ਲਮ ਸ਼ਾਹੀ ਕਾਗ਼ਜ਼ ਲਿਖਤੀ ਲਿਖਦੀ ਰਹੀ ਧੁਰ ਦੀ ਧਾਰੀ, ਨਿਰਅੱਖਰ ਅੱਖਰਾਂ ਵਿਚ ਵੰਡ ਵੰਡਾਈਆ । ਵਿਦਿਆ ਵੇਖੀ ਵਧਦੀ ਰਹੀ ਜੁਗ ਚਾਰੀ, ਚਾਰ ਕੁੰਟ ਕਰ ਰੁਸ਼ਨਾਈਆ । ਸਾਧ ਸੰਤ ਲੇਖਾ ਵਿਚ ਜੰਗਲ ਜੂਹ ਪਹਾੜੀ, ਟਿੱਲੇ ਪਰਬਤ ਖੋਜ ਖੁਜਾਈਆ । ਰਿਖੀ ਮੁਨੀ ਤਪੀ ਤਪੀਸ਼ਰ ਤਪਦੇ ਵੇਖੇ ਵਿਚ ਅੰਗਿਆਰੀ, ਸਾਂਤਕ ਸਤਿ ਨਾ ਕੋਇ ਕਰਾਈਆ । ਬਿਨ ਭਗਤਾਂ ਲੇਖੇ ਲੱਗੇ ਨਾ ਕਿਸੇ ਦਿਹਾੜੀ, ਜਗਤ ਮਜ਼ਦੂਰ ਜਗਤ ਵਾਸਨਾ ਖਾਰੀ ਸੀਸ ਉਠਾਈਆ । ਮਨ ਮਤ ਬੁਧ ਕੁਲਖਣੀ ਵਿਭਚਾਰਨ ਨਾਰੀ, ਨਰ ਹਰਿ ਕੰਤ ਨਾ ਕੋਇ ਹੰਢਾਈਆ । ਸੋਭਾਵੰਤ ਬਣਾਏ ਨਾ ਕੋਇ ਅਟਾਰੀ, ਮਹੱਲ ਅਟਲ ਨਾ ਕੋਇ ਵਡਿਆਈਆ । ਜਨ ਭਗਤੋ ਤੁਹਾਡੀ ਰਹੇ ਨਾ ਕੋਇ ਦੁਸ਼ਵਾਰੀ, ਦੁਸ਼ਮਣ ਅੰਦਰੋਂ ਦਿਆਂ ਖਪਾਈਆ । ਆਤਮ ਰਹਿਣ ਨਾ ਦੇਵਾਂ ਕਵਾਰੀ, ਕੰਤ ਸੁਹਾਗੀ ਇਕ ਮਿਲਾਈਆ । ਮਾਤ ਗਰਭ ਆਉਣਾ ਪਏ ਨਾ ਦੂਜੀ ਵਾਰੀ, ਗੇੜੇ ਵਿਚ ਨਾ ਕੋਇ ਭਵਾਈਆ । ਰਾਏ ਧਰਮ ਨਾ ਕਰੇ ਖ਼ੁਆਰੀ, ਚਿਤਰ ਗੁਪਤ ਨਾ ਹਿਸਾਬ ਖੁਲ੍ਹਾਈਆ । ਨੇੜ ਨਾ ਆਵੇ ਮੌਤ ਲਾੜੀ, ਜਮਦੂਤ ਨਾ ਕੋਇ ਸਤਾਈਆ । ਅੰਤਰ ਮੇਲਾ ਹੋਏ ਜੋਤ ਨਿਰੰਕਾਰੀ, ਜਿਸ ਤੋਂ ਵਿਛੜੇ ਓਸੇ ਵਿਚ ਸਮਾਈਆ । ਗੋਬਿੰਦ ਨਾਲ ਪੱਕੀ ਹੋਵੇ ਯਾਰੀ, ਯਾਰਾਨਾ ਇਕੋ ਨਾਲ ਨਿਭਾਈਆ । ਲੇਖੇ ਲੱਗੇ ਜਿਨ੍ਹਾਂ ਦਾਹੜੀ, ਦਮਾਂ ਦਾ ਸਹਿੰਸਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਮੰਦਰ ਇਕ ਸੁਹਾਈਆ । ਜਨ ਭਗਤ ਕਹਿਣ ਪ੍ਰਭ ਵੇਖ ਸਾਡਾ ਮੰਦਰ, ਮਨ ਵਾਸਨਾ ਖੋਜ ਖੁਜਾਈਆ । ਡੂੰਘੀ ਦਿਸੇ ਅੰਧੇਰੀ ਕੰਦਰ, ਨੂਰੀ ਜੋਤ ਨਾ ਕੋਇ ਚਮਕਾਈਆ । ਮਮਤਾ ਮੋਹ ਨਾ ਖੁਲ੍ਹੇ ਜੰਦਰ, ਧਾਤੂ ਗੜ੍ਹ ਨਾ ਕੋਇ ਤੁੜਾਈਆ । ਮਨਸਾ ਮਨ ਨਾ ਟਿਕੇ ਬੰਦਰ, ਭੱਜੇ ਵਾਹੋ ਦਾਹੀਆ । ਕੂੜੀ ਕਿਰਿਆ ਮੇਟ ਕੇ ਗੰਧਲ, ਗ਼ਰੀਬ ਨਿਮਾਣਿਆਂ ਹੋ ਸਹਾਈਆ । ਮਸਤਕ ਧੂੜੀ ਟਿੱਕਾ ਦੇ ਚੰਦਨ, ਚੰਦ ਸੂਰਜ ਦਾ ਰੂਪ ਨਾ ਕੋਇ ਚਮਕਾਈਆ । ਸਚ ਸੁਹੰਜਣੀ ਧੁਰ ਅਰਦਾਸ ਇਕੋ ਮੰਨ ਬੰਦਨ, ਨੈਣ ਕਰਨੀ ਨਾ ਪਏ ਪੜ੍ਹਾਈਆ । ਕਿਸੇ ਦਰ ਨਾ ਜਾਈਏ ਮੰਗਣ, ਦਰ ਦਰ ਨਾ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਇਕ ਸਰਨਾਈਆ । ਸਾਚੀ ਦੇਣੀ ਸਰਨ ਸਰਨਗਤ, ਪ੍ਰਭ ਤੇਰੀ ਓਟ ਤਕਾਈਆ । ਤੂੰ ਸਾਹਿਬ ਸਵਾਮੀ ਕੰਤ, ਦੂਹਲਾ ਨਜ਼ਰੀ ਆਈਆ । ਤੇਰੇ ਅਗੇ ਮੇਰੀ ਮਿੰਨਤ, ਬੇਨੰਤੀ ਇਕ ਸੁਣਾਈਆ । ਸਾਚੀ ਦੇਣੀ ਹਿੰਮਤ, ਹੌਸਲਾ ਇਕ ਵਧਾਈਆ । ਕਹੇ ਨਾ ਕੋਈ ਕਿੰਨਤ, ਗ਼ਮਾਂ ਦਾ ਡੇਰਾ ਢਾਹੀਆ । ਮਨ ਕਰੇ ਨਾ ਕੋਈ ਇੱਲਤ, ਹੋਵੇ ਸਚ ਜਣਾਈਆ । ਤੇਰੇ ਪ੍ਰੇਮ ਦੀ ਹੋਵੇ ਮਿਲਤ, ਤਮਾਂ ਕੰਚਨ ਦੇਣੀ ਮਿਟਾਈਆ । ਸਾਥੀ ਬਣੇ ਕੋਇ ਨਾ ਨਿੰਦਕ, ਭਗਤਾਂ ਮੇਲਾ ਲੈਣਾ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਹਿਰਦੇ ਡੇਰਾ ਲਾਈਆ ।


੭੯੨ ੧੯

ਐ ਹਰ ਘਟ ਵਸਣ ਵਾਲੇ ਮੇਰੇ ਭਗਵਾਨ, ਭਗਵਨ ਦੇ ਜਣਾਈਆ । ਕੀ ਤੇਰਾ ਸਚ ਨਿਸ਼ਾਨ, ਨਿਸ਼ਾਨੇ ਦੇ ਬਦਲਾਈਆ । ਕੀ ਤੇਰਾ ਤੀਰ ਕਮਾਨ, ਚਿੱਲਿਆਂ ਮੁਖ ਭਵਾਈਆ । ਕੀ ਤੇਰਾ ਰੂਪ ਧੁਰ ਦਾ ਕਾਹਨ, ਗੋਪੀ ਕਾਹਨ ਬੈਠੇ ਸੀਸ ਨਿਵਾਈਆ । ਕੀ ਪੈਗੰਬਰ ਕਰਨ ਸਲਾਮ, ਸਜਦਿਆਂ ਵਿਚ ਵਡਿਆਈਆ । ਕੀ ਗੁਰੂ ਗੁਰਦੇਵ ਤੈਨੂੰ ਸਤਿਗੁਰ ਮੰਨਣ ਆਣ, ਦੋ ਜਹਾਨ ਹੁਕਮ ਵਰਤਾਈਆ । ਕੀ ਤੇਰਾ ਸੱਚਾ ਨਾਮ, ਸਾਨੂੰ ਦੇ ਜਣਾਈਆ । ਕਿਉਂ ਬਦਲੇਂ ਵਿਚ ਜਹਾਨ, ਜੁਗ ਜੁਗ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਰਖਾਈਆ । ਸਾਚਾ ਮਾਰਗ ਦੇ ਦੇ ਇੱਕ, ਏਕੰਕਾਰ ਤੇਰੀ ਸਰਨਾਈਆ । ਸਾਚੇ ਨਾਮ ਦੀ ਪਾ ਦੇ ਭਿੱਖ, ਭਿਛਿਆ ਆਪਣੀ ਇਕ ਵਰਤਾਈਆ । ਗੋਬਿੰਦ ਧਾਰ ਬਣਾ ਦੇ ਸਿੱਖ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਹਉਂ ਬਾਲਕ ਤੂੰ ਸਾਡਾ ਪਿਤ, ਪਤਿਪਰਮੇਸ਼ਵਰ ਅਖਵਾਈਆ । ਸਦਾ ਸੁਹੇਲੇ ਵਸ ਚਿਤ, ਮਨ ਠਗੌਰੀ ਰਹੇ ਨਾ ਰਾਈਆ । ਸਾਡੀ ਪੂਰੀ ਕਰ ਦੇ ਇੱਛ, ਇਛਿਆਵਾਨ ਮੰਗ ਮੰਗਾਈਆ । ਚਾਰੇਂ ਕੁੰਟ ਆਵੇਂ ਦਿੱਸ, ਬਿਨ ਅੱਖਾਂ ਸੋਭਾ ਪਾਈਆ । ਅਸੀਂ ਤੇਰੇ ਚਰਨ ਕਵਲ ਦਵਾਰੇ ਗਏ ਵਿਕ, ਦੂਜਾ ਰਾਹ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਈਆ । ਗੋਬਿੰਦ ਕਹੇ ਮੈਂ ਅੰਤਮ ਮੰਗੀ ਮੰਗ ਅਵੱਲੀ, ਦੁਨੀਆ (ਸਮਝ) ਕਿਸੇ ਨਾ ਆਈਆ । ਬਣ ਕੇ ਜੋਧਾ ਸੂਰਬੀਰ ਛਲੀ, ਭਰਮ ਭੁਲੇਖਾ ਗਿਆ ਪਾਈਆ । ਮਾਤਾ ਪਿਤਾ ਪੁਤਰਾਂ ਦੀ ਦੇ ਕੇ ਬਲੀ, ਬਾਲਣ ਹੱਡੀਆਂ ਨਾਲ ਰਲਾਈਆ । ਵਿਚੋਂ ਆਤਮ ਵੇਖ ਕੇ ਇਕੱਲੀ, ਅਕਲ ਕਲਧਾਰੀ ਨਾਲ ਜੁੜਾਈਆ । ਸੋਹਣੀ ਸਚ ਅਗੰਮੀ ਕਲੀ, ਧੁਰ ਦੀ ਮਹਿਕ ਨਾਲ ਮਹਿਕਾਈਆ । ਜਿਸ ਦਾ ਲੇਖਾ ਲਿਖਿਆ ਕੁਛ ਅਲੀ, ਮੁਹੰਮਦ ਨਾਲ ਸਲਾਹ ਪਕਾਈਆ । ਹੱਥ ਲੈ ਕੇ ਤੇਲ ਦੀ ਪਲੀ, ਸਵਾ ਤੋਲਾ ਪਟਿਆਂ ਉਤੇ ਲਗਾਈਆ । ਮੁਖ ਰਖ ਲੂਣ ਦੀ ਡਲੀ, ਅੱਖਾਂ ਮੀਟ ਦਏ ਦੁਹਾਈਆ । ਕਲਜੁਗ ਅੰਤਮ ਘੜੀ ਆਉਣੀ ਭਲੀ, ਭਾਣਾ ਪ੍ਰਭੂ ਦਏ ਵਰਤਾਈਆ । ਹੋਕਾ ਦੇਣਾ ਗਲੀਓ ਗਲੀ, ਮੁਰੀਦ ਮੁਰਸ਼ਦ ਲਏ ਉਠਾਈਆ । ਦੁਨੀਆ ਬਾਵਰੀ ਹੋਣੀ ਝੱਲੀ, ਕਾਇਨਾਤ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੋਬਿੰਦ ਕਿਹਾ ਪੁਰਖ ਅਕਾਲ ਵੇਖਾਂ ਤੇਰਾ ਸਚ ਦਰਬਾਰਾ, ਦਰਗਾਹ ਸਾਚੀ ਨਜ਼ਰੀ ਆਈਆ । ਮੇਰਾ ਭਵਿਖ ਦਾ ਇਸ਼ਾਰਾ, ਲੇਖਾ ਤੇਰੇ ਹੱਥ ਫੜਾਈਆ । ਕਵਾਰ ਕੰਨਿਆ ਦਾ ਉਧਾਰਾ, ਜੁਝਾਰ ਨਾਲ ਕੁੜਮਾਈਆ । ਜਿਸ ਨੂੰ ਸਮਝੇ ਨਾ ਕੋਇ ਸੰਸਾਰਾ, ਬਿਨ ਤੇਰੇ ਮੇਰੇ ਭੇਵ ਨਾ ਕਿਸੇ ਆਈਆ । ਮੈਂ ਕੀਤਾ ਨਹੀਂ ਪਿਆਰਾ, ਪਾਣੀ ਜਲ ਨਾ ਕੋਇ ਪਿਆਈਆ । ਦੇ ਕੇ ਅੰਦਰ ਸ਼ਬਦ ਇਸ਼ਾਰਾ, ਅੰਦਰੋਂ ਦਿਤਾ ਸਮਝਾਈਆ । ਜਾ ਕੇ ਵੇਖੋ ਪੁਰਖ ਨਿਰੰਕਾਰਾ, ਜੋ ਸਭ ਦਾ ਪਿਤਾ ਮਾਈਆ । ਉਹ ਕਰ ਕੇ ਨਿਮਸਕਾਰਾ , ਭੱਜਾ ਵਾਹੋ ਦਾਹੀਆ । ਝੂਜਿਆ ਨਾਲ ਕਟਾਰਾ, ਬੰਦ ਬੰਦ ਕਟਾਈਆ । ਕੰਨਿਆਂ ਮਾਰਿਆ ਇਕੋ ਆਹ ਦਾ ਨਾਅਰਾ, ਲੋਕਾਂ ਦਏ ਸੁਣਾਈਆ । ਗੋਬਿੰਦ ਤੇਰਾ ਮੇਰਾ ਇਕੋ ਅਧਾਰਾ, ਦੂਜਾ ਸਮਝੇ ਕੋਇ ਨਾ ਰਾਈਆ । ਮੇਰਾ ਬਾਵਨ ਨਾਲ ਪਿਆਰਾ, ਜੋ ਭਗਤਾਂ ਭਾਉ ਰਿਹਾ ਜਣਾਈਆ । ਮੈਂ ਆਉਣਾ ਲੋਕਮਾਤ ਦੂਜੀ ਵਾਰਾ, ਲੇਖਾ ਲੇਖ ਨਾ ਕੋਇ ਮਿਟਾਈਆ । ਖੇਲ ਹੋਣਾ ਨਰ ਨਿਰੰਕਾਰਾ, ਨਿਰਗੁਣ ਨਿਰਵੈਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੋਬਿੰਦ ਕਿਹਾ ਮੇਰੀ ਨੰਦੇੜ ਦੀ ਅੰਤਮ ਆਸਾ, ਆਸ਼ਾ ਦਿਆਂ

੭੯੩
੧੯

ਜਣਾਈਆ । ਜਿਸ ਕੰਨਿਆਂ ਨੇ ਕੀਤਾ ਭਰਵਾਸਾ, ਭਰੋਸਾ ਉਸ ਦਾ ਤੋੜ ਨਿਭਾਈਆ । ਜਿਸ ਦੀ ਚਾਰ ਜੁਗ ਚਲਦੀ ਆਈ ਸ਼ਾਖ਼ਾ, ਸ਼ਨਾਖ਼ਤ ਕਰੇ ਨਾ ਕੋਇ ਲੋਕਾਈਆ । ਮੈਂ ਓਸ ਦਾ ਮੰਨਣਾ ਆਖਾ, ਜੋ ਆਖ਼ਰ ਆਪਣਾ ਰੰਗ ਚੜ੍ਹਾਈਆ । ਜਿਸ ਭਗਤਾਂ ਦੀਆਂ ਮੇਟਣੀਆਂ ਵਾਟਾਂ, ਪੰਧ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਈਆ । ਗੋਬਿੰਦ ਕਹੇ ਮੇਰੀ ਸ਼ਬਦੀ ਧਾਰ ਦਲੀਲ, ਮਨ ਵਾਸਨਾ ਨਾ ਕੋਇ ਰਖਾਈਆ । ਪੁਰਖ ਅਕਾਲ ਅਗੇ ਅਪੀਲ, ਦੂਸਰ ਅਗੇ ਨਾ ਕੋਇ ਸ਼ਨਵਾਈਆ । ਤੇਰੀ ਧਾਰ ਦੇ ਪਹਿਰੇ ਬਸਤਰ ਨੀਲ, ਨੀਲੇ ਵਾਲਾ ਦਏ ਦੁਹਾਈਆ । ਤੂੰ ਮਾਲਕ ਯਾ ਮੁਬੀਨ, ਅਜ਼ੀਮ ਤੇਰੀ ਸ਼ਰਨਾਈਆ । ਸਾਚੇ ਹੁਕਮ ਦੀ ਕਰ ਤਾਅਮੀਲ, ਫ਼ਰਮਾਨ ਦੇਣਾ ਸੁਣਾਈਆ । ਨਿਰਗੁਣ ਹੋ ਕੇ ਆਉਣਾ ਉਤੇ ਜ਼ਮੀਨ, ਨਿਹਕਲੰਕ ਵੇਸ ਵਟਾਈਆ । ਰਖਣੀ ਧਾਰ ਮਹੀਨ, ਜਗਤ ਨਜ਼ਰ ਕੋਇ ਨਾ ਪਾਈਆ । ਬਿਨ ਭਗਤਾਂ ਹੋਵੇ ਨਾ ਕਿਸੇ ਯਕੀਨ, ਯਕੇ ਬਾਦ ਦੀਗਰੇ ਸਾਰੇ ਦੇਣੇ ਹਿਲਾਈਆ । ਆਪਣੀ ਚਿੱਲੇ ਕਮਾਨ ਵਾਲੀ ਦੇ ਕੇ ਤਾਲੀਮ, ਸੋਹੰ ਭੱਥਾ ਦੇਣਾ ਸਮਝਾਈਆ । ਝਗੜਾ ਰਹੇ ਨਾ ਨਰ ਮਦੀਨ, ਮੁੱਦਾ ਇਕੋ ਨਜ਼ਰੀ ਆਈਆ । ਸਭ ਦਾ ਸਾਂਝਾ ਕਰਨਾ ਦੀਨ, ਵਰਨ ਬਰਨ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗ੍ਰਿਹ ਵੇਖ ਵਖਾਈਆ । ਗੋਬਿੰਦ ਕਿਹਾ ਮੇਰਾ ਅੰਤ ਅਖ਼ੀਰ ਇਕੋ ਇਰਾਦਾ, ਇਕੋ ਵਾਰ ਜਣਾਈਆ । ਜਨ ਭਗਤਾਂ ਗੁਰਮੁਖਾਂ ਬਣਾਂ ਪਿਤਾ ਪੁਰਖ ਅਕਾਲ ਮਿਲਾਵਾਂ ਦਾਦਾ, ਜੋ ਧੁਰ ਦਾ ਮਾਲਕ ਇਕ ਅਖਵਾਈਆ । ਓਸ ਦਾ ਵੇਖਾਂ ਅਗੰਮੀ ਸਵਾਂਗਾ, ਜੋ ਕਲਜੁਗ ਸੰਤ ਲਏ ਪਰਗਟਾਈਆ । ਜਿਸ ਦੀਆਂ ਸਾਰਿਆਂ ਰਖੀਆਂ ਤਾਂਘਾਂ, ਨਿਰਗੁਣ ਹੋ ਕੇ ਨਿਰਗੁਣ ਵਿਚ ਧਿਆਨ ਲਗਾਈਆ । ਜਿਸ ਪ੍ਰੇਮ ਦੀਆਂ ਚੜ੍ਹੌਣੀਆਂ ਸੱਚੀਆਂ ਕਾਂਗਾਂ, ਕਾਗੋਂ ਹੰਸ ਬਣਾਈਆ । ਜਿਸ ਦੇ ਨਾਮ ਦੀਆਂ ਪੈਣੀਆਂ ਧਾਕਾਂ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਓਸ ਪ੍ਰਭੂ ਨੇ ਫੜਨੀਆਂ ਨਹੀਂ ਕੋਈ ਡਾਂਗਾਂ, ਹੁਕਮ ਨਾਲ ਹੁਕਮ ਦੇਣਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਇਛਿਆ ਪੂਰ ਕਰਾਈਆ । ਗੋਬਿੰਦ ਕਿਹਾ ਮੇਰੀ ਇਛੀਆ ਮਨਸਾ, ਸਤਿ ਧਾਰ ਜਣਾਈਆ । ਗੁਰਮੁਖ ਰੂਪ ਸੋਹੰ ਹੰਸਾ, ਬੁਧੀ ਕਾਗ ਨਾ ਕੋਇ ਕੁਰਲਾਈਆ । ਜਨ ਭਗਤਾਂ ਦਾ ਸੋਹਣਾ ਬਣਾਵਾਂ ਬੰਸਾ, ਬੰਸਰੀ ਵਾਲਾ ਵੇਖੇ ਚਾਈਂ ਚਾਈਂਆ । ਮਨੂਆ ਹੰਕਾਰੀ ਰਹੇ ਨਾ ਕੰਸਾ, ਦੂਤੀ ਦੁਸ਼ਟ ਦਿਆਂ ਖਪਾਈਆ । ਕੋਟਨ ਕੋਟ ਵੇਖ ਸਹੰਸਾ, ਸੰਤ ਸੁਹੇਲੇ ਲਵਾਂ ਉਠਾਈਆ । ਆਪਣੇ ਬਣਾ ਕੇ ਅੰਸਾ, ਪਿਤਾ ਪੂਤ ਗੋਦ ਸੁਹਾਈਆ । ਭਰਮ ਭੁਲਾ ਕੇ ਸ੍ਰਿਸ਼ਟੀ ਜਨਤਾ, ਪੜਦੇ ਓਹਲੇ ਵਿਚ ਟਿਕਾਈਆ । ਗੜ੍ਹ ਬਣਾ ਕੇ ਹਉਮੇਂ ਹੰਗਤਾ, ਹੰ ਬ੍ਰਹਮ ਨਾ ਕੋਇ ਸਮਝਾਈਆ । ਬੋਧ ਅਗਾਧ ਬਣ ਕੇ ਪੰਡਤਾ, ਗੁਰਮੁਖਾਂ ਕਰਾਂ ਪੜ੍ਹਾਈਆ । ਜਨ ਭਗਤਾਂ ਦੁੱਖ ਲਾਹ ਕੇ ਕੂੜੀ ਚਿੰਤਾ, ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਵੇਖ ਵਖਾਈਆ । ਗੋਬਿੰਦ ਕਹੇ ਮੇਰੀ ਆਸਾ ਸ਼ਬਦ ਧਾਰ, ਰੂਪ ਅਵਰ ਨਾ ਕੋਇ ਵਖਾਈਆ । ਕਲਜੁਗ ਅੰਤਮ ਲਹਿਣਾ ਦੇਣਾ ਕਰਜ ਦਏ ਉਤਾਰ, ਮਕਰੂਜ਼ ਆਪਣੀ ਕਰੇ ਸਫ਼ਾਈਆ । ਭਗਤਾਂ ਦਾ ਸਾਂਝਾ ਕਰੇ ਪਿਆਰ, ਸ਼ਬਦੀ ਤੰਦ ਇਕ ਰਖਾਈਆ । ਪੂਰਬ ਲਹਿਣੇ ਦਾ ਉਧਾਰ, ਕੰਨਿਆਂ ਦੀ ਝੋਲੀ ਪਾਈਆ । ਗੋਬਿੰਦ ਦਾ ਲੇਖਾ ਨਾਲ ਜੁਝਾਰ, ਬਿਨ ਝੂਜਿਆਂ ਦਏ ਚੁਕਾਈਆ । ਜਿਸ ਦਾ ਹੋਣਾ ਸਚ ਵਿਹਾਰ, ਵੇਲਾ ਵਕ਼ਤ ਗਿਆ ਆਈਆ । ਬਾਵਨ ਬੋਲ ਕੇ ਸਚ ਜੈਕਾਰ, ਰਿਸ਼ੀਆਂ

ਦਿਤਾ ਸਮਝਾਈਆ । ਜਿਨ੍ਹਾਂ ਪੂਰਾ ਕੀਤਾ ਇਤਬਾਰ, ਉਨ੍ਹਾਂ ਲਿਆ ਪਰਗਟਾਈਆ । ਸਾਚੀ ਕਰਨੀ ਕਾਰ, ਕਰਤਾ ਕ਼ੀਮਤ ਆਪੇ ਆਪਣੇ ਹੱਥ ਰਖਾਈਆ । ਫੇਰ ਜਨਮ ਲੈਣਾ ਪਏ ਨਾ ਜੁਗ ਚਾਰ, ਬਿਨਾ ਗੋਬਿੰਦ ਨਾ ਹੋਏ ਕੁੜਮਾਈਆ । ਸੋਹਣਾ ਮਹੱਲ ਲਿਆ ਉਸਾਰ, ਜਿਸ ਦੀ ਨੀਂਹ ਨਾ ਕੋਇ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਇਕ ਵਖਾਈਆ । ਗੋਬਿੰਦ ਕਹੇ ਮੈਂ ਸਚ ਚਲਾਉਣੀ ਰੀਤ, ਰੀਤੀਵਾਨ ਦ੍ਰਿੜਾਈਆ । ਭਗਤ ਭਗਵਾਨ ਦੀ ਦੱਸ ਪ੍ਰੀਤ, ਪਰਮਾਤਮ ਆਤਮ ਮੇਲ ਮਿਲਾਈਆ । ਸਾਚਾ ਮਾਰਗ ਦੱਸ ਕੇ ਠੀਕ, ਠਾਕਰ ਦੇਣਾ ਵਖਾਈਆ । ਜਨ ਭਗਤੋ ਸਦਾ ਰਹੇ ਨਹੀਂ ਮੰਦਰ ਮਸੀਤ, ਸ਼ਿਵ ਦਵਾਲੇ ਮਠ ਤੋੜ ਸੰਗ ਨਾ ਕੋਇ ਨਿਭਾਈਆ । ਜਨ ਭਗਤ ਸੁਹੇਲੇ ਇਕੱਠੇ ਹੋ ਕੇ ਸਾਚੀ ਕਰੋ ਤਸਦੀਕ, ਸ਼ਹਾਦਤ ਆਪਣਾ ਪਿਆਰ ਭੁਗਤਾਈਆ । ਇੱਕੀਆਂ ਦੀ ਉਮੀਦ, ਗੋਬਿੰਦ ਅੰਤ ਨੰਦੇੜ ਗਿਆ ਰਖਾਈਆ । ਅਠਾਰਾਂ ਹਾੜ ਨੂੰ ਸਭ ਨੇ ਆਉਣਾ ਨਜ਼ਦੀਕ, ਨੇੜਨ ਨੇਰ ਸਮਝਾਈਆ । ਪੁਰਖ ਅਕਾਲਾ ਵਸਣਾ ਭੀਤ, ਭੀਤਰ ਹੋ ਕੇ ਖੋਜ ਖੁਜਾਈਆ । ਬੀਸ ਇਕੀਸਾ ਗਿਆ ਬੀਤ, ਸੰਮਤ ਸ਼ਹਿਨਸ਼ਾਹੀ ਵਡਿਆਈਆ । ਜਨ ਭਗਤਾਂ ਕਾਇਆ ਚੋਲੀ ਚੜ੍ਹਨਾ ਰੰਗ ਮਜੀਠ, ਲੋਕਮਾਤ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤ ਇਕ ਦ੍ਰਿੜਾਈਆ । ਗੋਬਿੰਦ ਕਹੇ ਮੇਰੀ ਅੰਤ ਅਖ਼ੀਰੀ ਮੰਗ, ਪੁਰਖ ਅਕਾਲ ਅਗੇ ਝੋਲੀ ਡਾਹੀਆ । ਗੁਰਮੁਖਾਂ ਚਾੜ੍ਹ ਸਾਚਾ ਰੰਗ, ਮਿਹਰ ਨਜ਼ਰ ਨਾਲ ਤਰਾਈਆ । ਨਾਮ ਵਜਾਉਣਾ ਹੱਕ ਮਰਦੰਗ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜਿਨ੍ਹਾਂ ਦਾ ਨਾਤਾ ਤੁੱਟਾ ਉਨ੍ਹਾਂ ਦਾ ਲੈਣਾ ਗੰਢ, ਗੰਢਣਹਾਰ ਗੋਪਾਲ ਸਵਾਮੀ ਤੇਰੀ ਇਕ ਸਰਨਾਈਆ । ਕੁਆਰ ਕੰਨੀਆਂ ਪਾਉਣੀ ਠੰਡ, ਜੋ ਬਾਵਨ ਭੋਜਨ ਭਾਗ ਕਢਾਈਆ । ਜਿਸ ਦੇ ਕਾਰਨ ਸਭ ਨੂੰ ਭੇਜੀ ਗੰਢ, ਗੁਰਮੁਖ ਗੁਰਸਿਖ ਲਏ ਮਿਲਾਈਆ । ਜਨ ਭਗਤੋ ਕਰਿਓ ਕੋਈ ਨਾ ਰੰਜ, ਦੁਖੜਾ ਅੰਦਰੋਂ ਦਏ ਕਢਾਈਆ । ਡੋਰੀ ਨਾਲੋਂ ਤੁਟਣ ਨਹੀਂ ਦੇਂਦਾ ਤੰਦ, ਬੰਧਨ ਜਗਤ ਨਾ ਕੋਇ ਵਖਾਈਆ । ਢੋਲਾ ਸੁਣਾ ਕੇ ਸੋਹੰ ਛੰਦ, ਸ਼ਾਮ ਕੂੜੀ ਦਏ ਗਵਾਈਆ । ਚਰਨ ਪ੍ਰੀਤੀ ਦੇ ਕੇ ਅਨੰਦ, ਚੰਦ ਇਕੋ ਦਏ ਚਮਕਾਈਆ । ਜਨ ਭਗਤੋ ਸਾਢੇ ਪੰਜ ਪ੍ਰੇਮ ਪਿਆਰ ਦੀ ਚੜ੍ਹਨਾ ਜੰਞ, ਲਾੜਾ ਦਿਹਾੜਾ ਇਕੋ ਨਜ਼ਰੀ ਆਈਆ । ਜਲ ਧਾਰਾ ਲੈ ਕੇ ਆਏ ਜਮਨਾ ਸੁਰਸਤੀ ਗੋਦਾਵਰੀ ਗੰਗ, ਕੁੰਦਨ ਸਿੰਘ ਹੱਥ ਫੜਾਈਆ । ਜਿਸ ਦਾ ਗੋਬਿੰਦ ਨਾਲ ਮੇਲਾ ਪੁਰੀ ਆਨੰਦ, ਸੇਵਾ ਸਾਢੇ ਸੱਤ ਸਾਲ ਕਮਾਈਆ । ਭੋਜਨ ਖਾਂਦਾ ਸੀ ਇਕ ਡੰਗ, ਦੂਜੇ ਡੰਗ ਰਸਨਾ ਚਰਨਾਂ ਨਾਲ ਛੁਹਾਈਆ । ਇਕ ਦਿਨ ਖ਼ੁਸ਼ੀਆਂ ਨਾਲ ਫੜ ਕੇ ਤੀਰ ਕਮੰਦ, ਚਿੱਲਾ ਉਪਰ ਲਿਆ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਈਆ । ਗੋਬਿੰਦ ਕਹੇ ਮੈਂ ਅੰਤ ਅਖ਼ੀਰੀ ਦੱਸਾਂ, ਪੁਰਖ ਅਕਾਲ ਜਣਾਈਆ । ਮੈਂ ਕਲਜੁਗ ਵੇਲਾ ਵੇਖਾਂ ਅੱਖਾਂ, ਜਗਤ ਨੇਤਰ ਲੋੜ ਰਹੇ ਨਾ ਰਾਈਆ । ਤੇਰਾ ਪੂਤ ਤੇਰਾ ਦੂਤ ਹੋ ਕੇ ਤੇਰਾ ਕਲਬੂਤ ਹੋ ਕੇ ਨੱਠਾਂ, ਭੱਜਾਂ ਵਾਹੋ ਦਾਹੀਆ । ਖ਼ੁਸ਼ੀਆਂ ਵਿਚ ਨੱਚਾਂ, ਆਪਣਾ ਤਾਲ ਵਜਾਈਆ । ਜਨ ਭਗਤਾਂ ਨਾਲ ਨਾਤਾ ਕਰ ਕੇ ਪੱਕਾ, ਪੱਕੀ ਤੇਰੀ ਗੰਢ ਪਵਾਈਆ । ਜਿਸ ਕੰਨਿਆ ਦਾ ਲਛਮਣ ਸਿੰਘ ਪਿਛਲਾ ਤਾਇਆ ਸਕਾ, ਸਗਣ ਲੈ ਕੇ ਸਗਣ ਮਨਾਈਆ । ਓਸੇ ਦਾ ਗਵਾਂਢ ਓਸੇ ਦੱਸਾਂ, ਜੋ ਨਾਤਾ ਰਾਜ ਨਰੈਣ ਨਾਲ ਰਖਾਈਆ । ਜਿਸ ਦੇ ਕੋਲ ਮੌਲੀ ਅੱਟਾ, ਤੰਦ ਸੋਹਣਾ ਰਿਹਾ ਜੁੜਾਈਆ । ਬਾਦਾਮ ਬਦਲੀ ਕਰਨ ਵਾਲਾ ਅੱਛਾ, ਜੋ ਸ਼ਰਅ ਦਏ ਬਦਲਾਈਆ ।

ਇਕ ਰੁਪਈਆ ਜਿਸ ਦੇ ਨਾਲ ਰਖਾ, ਦੋਆਬੇ ਵਾਲਿਆਂ ਮਿਲੀ ਵਡਿਆਈਆ । ਜਿਨ੍ਹਾਂ ਵਿਚੋਂ ਕੀੜੀ ਰੂਪ ਲਾਲ ਸਿੰਘ ਸੱਚਾ, ਜੋ ਮਾਛੂਵਾੜੇ ਗੋਬਿੰਦ ਸੇਵ ਕਮਾਈਆ । ਮਾਲਵੇ ਵਾਲਿਆਂ ਲਾਹਾ ਧੁਰ ਦਾ ਖਟਾ, ਕੰਗਣ ਧੁਰ ਦਾ ਲਿਆ ਛੁਹਾਈਆ । ਜੰਮੂ ਵਾਲਿਆਂ ਮਿਟਿਆ ਫੱਟਾ, ਤਨ ਸ਼ਿੰਗਾਰ ਇਕ ਵਖਾਈਆ । ਮਾਝੇ ਵਾਲਿਆਂ ਭੁੱਲਿਆਂ ਧੋਤਾ ਘੱਟਾ, ਦੁਰਮਤ ਮੈਲ ਗਵਾਈਆ । ਗੁਰਮੁਖ ਪੂਨਾ ਇਟਾਰਸੀ ਕਰ ਕੇ ਇਕੱਠਾ, ਦਿੱਲੀ ਦਿਲੋਂ ਲਏ ਜਗਾਈਆ । ਜਨ ਭਗਤੋ ਤੁਹਾਡਾ ਸਦਾ ਲਈ ਮੇਟ ਕੇ ਰੱਟਾ, ਸਮਾਜਾਂ ਤੋਂ ਦੇਣਾ ਛੁਡਾਈਆ । ਸਚਖੰਡ ਦਾ ਲੈ ਪੱਟਾ, ਦਸਖਤ ਉਤੇ ਦੇਣਾ ਕਰਾਈਆ । ਤੁਹਾਡੇ ਕਾਰਨ ਆਇਆ ਨੱਠਾ, ਗੋਬਿੰਦ ਵੇਸ ਵਟਾਈਆ । ਝਗੜਾ ਮੁਕ ਜਾਏ ਅੱਠ ਸਠਾ, ਤੱਤਾ ਅੱਠਾਂ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਜਨ ਭਗਤੋ ਮੈਂ ਤੁਹਾਡਾ ਵੇਖਿਆ ਸੁਹਾਵਣਾ ਸਮਾਂ, ਸ਼ਾਮਤ ਸ੍ਰਿਸ਼ਟੀ ਉਤੇ ਆਈਆ । ਜਿਸ ਕਾਰਨ ਤੁਹਾਨੂੰ ਕੀਤਾ ਜਮ੍ਹਾਂ, ਜ਼ਾਮਨ ਹੋ ਕੇ ਲਵਾਂ ਛੁਡਾਈਆ । ਮੈਨੂੰ ਤੁਹਾਡੇ ਪ੍ਰੇਮ ਦਾ ਤਮ੍ਹਾਂ, ਦੂਜੀ ਲੋੜ ਨਾ ਕੋਇ ਰਖਾਈਆ । ਤੁਸਾਂ ਵਿਹਾਰ ਕਰਨਾ ਨਵਾਂ, ਨੌ ਖੰਡ ਪ੍ਰਿਥਮੀ ਵੱਜੇ ਵਧਾਈਆ । ਪੁਰਖ ਅਕਾਲ ਦਾ ਹੁਕਮ ਹੋਣਾ ਰਵਾਂ, ਰਵਾਨਗੀ ਸਭ ਦੀ ਦੇਵੇ ਕਰਾਈਆ । ਕਲਜੁਗ ਅੰਤਮ ਹੋਣਾ ਨਿਕੰਮਾ, ਨਿਕਰਮਣ ਹੋ ਕੇ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡੇ ਲੇਖ ਦਾ ਸਭ ਤੋਂ ਵੱਖਰਾ ਰੱਖਿਆ ਪੰਨਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਗ੍ਰੰਥ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤੋ ਤੁਹਾਡੀ ਸੁਹੰਜਣੀ ਹੋਵੇ ਦਿਹਾੜੀ, ਹਾੜ ਅਠਾਰਾਂ ਸੋਭਾ ਪਾਈਆ । ਪ੍ਰੇਮ ਪਿਆਰ ਦਾ ਵੇਖਣਾ ਲਾੜਾ ਲਾੜੀ, ਧਾਰ ਦੋ ਧਾਰ ਦਏ ਵਖਾਈਆ । ਕਲਜੁਗ ਅੰਤ ਆਈ ਵਾਰੀ, ਵਾਰਤਾ ਪਿਛਲੀ ਰਿਹਾ ਦੁਹਰਾਈਆ । ਜੋ ਸਤਿਜੁਗ ਤੋਂ ਕੰਨਿਆਂ ਚਲੀ ਆਈ ਕਵਾਰੀ, ਆਸਾ ਇਕੋ ਓਟ ਤਕਾਈਆ । ਓਸ ਦਾ ਨੂਰ ਹੋਵੇ ਉਜਿਆਰੀ, ਉਜਰਤ ਮੰਗੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਕਿਹਾ ਗੋਬਿੰਦ ਮੈਂ ਵੇਖੀ ਤੇਰੀ ਖੰਡੇ ਧਾਰ, ਖੜਗ ਖ਼ੁਸ਼ੀ ਮਨਾਈਆ । ਗੁਰਮੁਖਾਂ ਤੱਕਿਆ ਪਿਆਰ, ਗੁਰਸਿਖਾਂ ਵਿਚ ਸਮਾਈਆ । ਨਾਤਾ ਤੋੜ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖੇ ਥਾਉਂ ਥਾਈਂਆ । ਇਕੋ ਪੁਰਖ ਅਕਾਲ ਉਤੇ ਕਰ ਇਤਬਾਰ, ਭਰੋਸਾ ਚਰਨ ਕਵਲ ਜਣਾਈਆ । ਓਸ ਦੀ ਵੇਖਣੀ ਅੰਤਮ ਵਾਰ, ਵੇਲਾ ਵਕ਼ਤ ਦਏ ਗਵਾਹੀਆ । ਜਨ ਭਗਤੋ ਹੋਣਾ ਹੁਸ਼ਿਆਰ, ਹੋਛੀ ਮਤ ਨਾ ਕੋਇ ਬਣਾਈਆ । ਖ਼ੁਸ਼ੀਆਂ ਨਾਲ ਭੁਗਤੇ ਇਹ ਵਿਹਾਰ, ਵਿਵਹਾਰੀ ਦਏ ਭੁਗਤਾਈਆ । ਤੁਸਾਂ ਸੋਹੰ ਢੋਲੇ ਲਾਉਣੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰਨੀ ਜੈਕਾਰ, ਜੈ ਜੈਕਾਰ ਵਿਚ ਸਮਾਈਆ । ਅਗੇ ਸਭ ਕੁਛ ਪ੍ਰਭੂ ਅਖ਼ਤਿਆਰ, ਮੁਖ਼ਤਾਰਨਾਮਾ ਹੱਥ ਨਾ ਕਿਸੇ ਫੜਾਈਆ । ਤੁਹਾਡੇ ਕੋਲੋਂ ਪੂਰਾ ਕਰਨਾ ਇਹ ਉਧਾਰ, ਧੁਰ ਫ਼ਰਮਾਨੇ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤੋ ਕਿਸ ਬਿਧ ਖ਼ੁਸ਼ੀ ਮਨਾਓਗੇ, ਪੁਰਖ ਅਬਿਨਾਸ਼ੀ ਮੰਗ ਮੰਗਾਈਆ । ਕਿਹੜਾ ਰੰਗ ਚੜ੍ਹਾਓਗੇ, ਜੋ ਏਥੇ ਓਥੇ ਉਤਰ ਨਾ ਜਾਈਆ । ਕਿਹੜਾ ਸਗਣ ਪਾਓਗੇ, ਜਿਸ ਦੀ ਵਸਤ ਨਾ ਕਿਸੇ ਸਮਝਾਈਆ । ਕਿਹੜਾ ਜਸ਼ਨ ਵਖਾਓਗੇ, ਜਿਸ ਦਾ ਨੂਰ ਨਾ ਕੋਇ ਚਮਕਾਈਆ । ਕਿਹੜਾ ਗੁਲਸ਼ਨ ਮਹਿਕਾਓਗੇ,

ਸੁਗੰਧ ਇਕ ਪਰਗਟਾਈਆ । ਕਿਹੜਾ ਨਾਮ ਧਿਆਓਗੇ, ਢੋਲਾ ਇਕ ਸ਼ਨਵਾਈਆ । ਕਿਸ ਨੂੰ ਘੋੜ ਚੜ੍ਹਾਓਗੇ, ਜੋ ਆਪਣਾ ਜੋੜ ਜੁੜਾਈਆ । ਕਿਸ ਨਾਲ ਤੋੜ ਨਿਭਾਓਗੇ, ਅਧਵਿਚਕਾਰ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸੁਹੰਜਣਾ ਸਚ ਸੁਹਾਓਗੇ । ਘਰ ਸੁਹੰਜਣਾ ਸਚ ਸੁਹਾਵਾਂਗੇ । ਭਗਤ ਸੁਹੇਲੇ ਮਿਲ ਕੇ ਸੋਭਾ ਪਾਵਾਂਗੇ । ਤੇਰੇ ਢੋਲੇ ਹਰਿ ਜੂ ਗਾਵਾਂਗੇ । ਜਗਤ ਵਿਚੋਲੇ ਸਰਬ ਤਜਾਵਾਂਗੇ । ਜੋ ਤੇਰੀ ਪ੍ਰੀਤੀ ਅੰਦਰ ਮੌਲੇ, ਉਹਨਾਂ ਦਾ ਦਰਸ਼ਨ ਕਰ ਕੇ ਖ਼ੁਸ਼ੀ ਪਰਗਟਾਵਾਂਗੇ । ਜਿਨ੍ਹਾਂ ਦੇ ਨਾਲ ਕੀਤੇ ਇਕਰਾਰ ਕੌਲੇ, ਉਹਨਾਂ ਹੱਕ ਵੰਡ ਵੰਡਾਵਾਂਗੇ । ਤੂੰ ਹਰ ਘਟ ਅੰਦਰ ਬੋਲੇਂ, ਅਨਬੋਲਤ ਤੇਰਾ ਰਾਗ ਸੁਣ ਕੇ ਆਪਣੇ ਅੰਤਰ ਖ਼ੁਸ਼ੀ ਮਨਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਵਖਾਵਾਂਗੇ । ਕੀ ਆਪਣਾ ਰੰਗ ਵਖਾਓਗੇ । ਕੀ ਪ੍ਰੇਮ ਪਿਆਰ ਵਧਾਓਗੇ ? ਕੀ ਗੁਰਮੁਖ ਸੱਜਣ ਨਜ਼ਰੀ ਆਓਗੇ । ਕੀ ਗੁਰਸਿਖ ਸੋਹਣੀ ਵੰਡ ਵੰਡਾਓਗੇ । ਕੀ ਜੋ ਬਾਵਨ ਗਿਆ ਲਿਖ, ਓਸ ਦਾ ਪੂਰਨਾ ਆਪੇ ਪਾਓਗੇ । ਕੀ ਜੋ ਗੋਬਿੰਦ ਮੰਗੀ ਭਿਖ, ਉਸ ਦਾ ਲੇਖਾ ਵੇਖ ਵਖਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਓਗੇ । ਘਰ ਸਾਚੇ ਸਗਣ ਮਨਾਵਾਂਗੇ । ਪਿਛਲੇ ਨਾਤੇ ਆਪ ਪਰਗਟਾਵਾਂਗੇ । ਭਗਤ ਸਿੰਘ ਤੇ ਬਿਸ਼ਨ ਸਿੰਘ ਪਿਛਲੇ ਮਾਮੇ ਨਾਮ ਧਰਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਤੇਰੀ ਓਟ ਰਖਾਵਾਂਗੇ । ਜੇ ਪ੍ਰਭ ਦੀ ਓਟ ਰਖਾਓਗੇ । ਘਰ ਬੈਠੇ ਦਰਸ਼ਨ ਪਾਓਗੇ । ਬਾਹਰ ਲੱਭਣ ਕਦੇ ਨਾ ਜਾਓਗੇ । ਸੁਰਤੀ ਸ਼ਬਦ ਨਾਲ ਜੁੜਾਓਗੇ । ਨਿਰਮਲ ਨੂਰ ਜੋਤ ਡਗਮਗਾਓਗੇ । ਭਾਗ ਲਗਾ ਕੇ ਕਾਇਆ ਕੋਟ, ਕਾਇਆ ਕਾਅਬਾ ਵੇਖ ਵਖਾਓਗੇ । ਸ਼ਬਦ ਅਗੰਮੀ ਲੱਗੇ ਚੋਟ, ਸੋਈ ਸੁਰਤੀ ਆਪ ਉਠਾਓਗੇ । ਏਸ ਪਿਆਰ ਨੂੰ ਭਗਤੋ ਲੈਣਾ ਸੋਚ, ਆਪਣੀ ਸਮਝ ਵਿਚ ਮਿਲਾਓਗੇ । ਵੇਲੇ ਵਕ਼ਤ ਨਹੀਂ ਆਉਂਦੇ ਰੋਜ਼, ਨੌ ਸੌ ਚੁਰਾਨਵੇਂ ਚੌਕੜੀ ਜੁਗ ਪਛਤਾਓਗੇ । ਗੋਬਿੰਦ ਦੇ ਨੰਦੇੜ ਵਾਲੇ ਚੋਜ, ਪੁਰਖ ਅਕਾਲ ਨਾਲ ਮਿਲ ਕੇ ਵੇਖ ਵਖਾਓਗੇ । ਏਸੇ ਕਰ ਕੇ ਤੁਹਾਡੇ ਜਨਮ ਮਰਨ ਦੇ ਕਟੇ ਰੋਗ, ਲੱਖ ਚੁਰਾਸੀ ਵਿਚ ਫੇਰ ਨਾ ਆਓਗੇ । ਤੁਹਾਨੂੰ ਕਰਨੇ ਨਹੀਂ ਪੈਣੇ ਜੋਗ, ਚਿੰਤਾ ਸੋਗ ਸਰਬ ਮਿਟਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਇਕ ਸੁਹਾਓਗੇ । ਜਨ ਭਗਤ ਕਹਿਣ ਪ੍ਰਭ ਸਾਡੀ ਸਾਚੀ ਇਕੋ ਆਸ, ਅਗੰਮ ਅਗੰਮੜੇ ਦਈਏ ਜਣਾਈਆ । ਤੇਰਾ ਵੇਖ ਨੂਰ ਪਰਕਾਸ਼, ਵੱਜੇ ਨਾਮ ਵਧਾਈਆ । ਭਗਤਾਂ ਦਾ ਭਗਤਾਂ ਨਾਲ ਹੋਵੇ ਸਾਥ, ਸੋਹਣਾ ਰੰਗ ਰੰਗਾਈਆ । ਪੂਰਬ ਦੇ ਲਹਿਣੇ ਦਾ ਕਾਜ, ਕਰਨੀ ਦੇ ਕਰਤੇ ਤੇਰੀ ਵਡਿਆਈਆ । ਸਾਨੂੰ ਸਿਖਿਆ ਦੱਸ ਦੇ ਜਾਚ, ਯਾਚਕ ਹੋ ਕੇ ਮੰਗ ਮੰਗਾਈਆ । ਕਿਸ ਬਿਧ ਵੇਖੀਏ ਖੇਲ ਤਮਾਸ਼, ਪੜਦਾ ਦੇਣਾ ਉਠਾਈਆ । ਤੂੰ ਹਰ ਘਟ ਵਸਿਆ ਆਪ, ਬੋਲਣਹਾਰ ਸ਼ਬਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦੇਣਾ ਦ੍ਰਿੜਾਈਆ । ਸਾਚਾ ਖੇਲ ਦੱਸਾਂ ਸਚ ਏਕ, ਏਕੰਕਾਰ ਜਣਾਈਆ । ਜਿਨ੍ਹਾਂ ਦੀ ਪੂਰਬ ਪ੍ਰਭ ਚਰਨ ਦੀ ਟੇਕ, ਟਿੱਕੇ ਮਸਤਕ ਧੂੜੀ ਲਾਈਆ । ਸਭ ਨੇ ਖ਼ੁਸ਼ੀਆਂ ਰੰਗ ਲੈਣਾ ਵੇਖ, ਨੇਤਰ ਲੋਚਨ ਨੈਣਾਂ ਦਿਆਂ ਵਖਾਈਆ । ਭਗਤੋ ਭਗਤ ਦਵਾਰਾ ਬਣਾਓ ਦੇਸ, ਪਰਦੇਸ ਪੁਰਖ ਅਕਾਲ ਫੇਰਾ ਪਾਈਆ । ਸਿਰਫ਼ ਬਦਲਣ ਆਇਆ ਤੁਹਾਡੀ ਰੇਖ, ਕਰਮ ਕਾਂਡ ਦਾ ਗੇੜ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਮਿਹਰ ਨਜ਼ਰ ਕਹੇ ਮੈਂ ਦੱਸਾਂ ਹਾਲ, ਪੂਰਬ ਮਾਜ਼ੀ ਵੇਖ ਵਖਾਈਆ । ਹੁਕਮੇਂ ਅੰਦਰ ਪੁਰਖ ਅਕਾਲ, ਇਕ ਇਕੱਲਾ ਸ਼ਹਿਨਸ਼ਾਹੀਆ । ਜਨ ਭਗਤੋ ਪੰਜ ਪਿਆਰੇ ਵਿਚ ਰਖੇ ਦਲਾਲ, ਧੁਰ ਦਾ ਹੁਕਮ ਇਕ ਸੁਣਾਈਆ । ਇੱਕੀਆਂ ਦੀ ਮਿਸਾਲ, ਸਾਚੀ ਸਿੱਖੀ ਦਏ ਉਪਜਾਈਆ । ਹਰਿ ਭਗਤ ਸੁਹੇਲੇ ਕਰ ਖ਼ੁਸ਼ਹਾਲ, ਵੱਡੇ ਨਿੱਕੇ ਇਕੋ ਰੰਗ ਚੜ੍ਹਾਈਆ । ਰੱਛਿਆ ਕਰੇ ਬਣ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਈਆ । ਸਾਚਾ ਹੁਕਮ ਮੰਨਣਾ ਇਕ ਜੋ ਬਣੇ ਸਵਾਲ, ਫ਼ਿਕਰਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਾਢੇ ਪੰਜ ਦਾ ਹੋਵੇ ਵਕ਼ਤ, ਘੜੀ ਘੜੀ ਨਾ ਕੋਇ ਬਦਲਾਈਆ । ਕੁੰਦਨ ਸਿੰਘ ਵਿਹਾਰ ਕਰਨਾ ਜਗਤ, ਇੱਕੀ ਗਲਾਸ ਸੋਭਾ ਪਾਈਆ । ਸਭ ਨੇ ਮੇਟਣੀ ਆਪਣੀ ਹਰਸ, ਖ਼ੁਸ਼ੀਆਂ ਢੋਲੇ ਗਾਈਆ । ਪੁਰਖ ਅਕਾਲ ਅੰਮ੍ਰਿਤ ਮੇਘ ਦੇਵੇ ਬਰਸ, ਦੁਰਮਤ ਮੈਲ ਧਵਾਈਆ । ਪੂਰਬ ਲਹਿਣਾ ਪੂਰਾ ਹੋਵੇ ਫ਼ਰਜ਼, ਪਿਛਲਾ ਲੇਖਾ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਸਿਰ ਆਪਣਾ ਹੁਕਮ ਸਮਝਾਈਆ । ਜਨ ਭਗਤੋ ਤੁਹਾਡੀ ਬਦਲ ਦੇਣੀ ਆਦਤ, ਨਾਤਾ ਭਗਤਾਂ ਨਾਲ ਰਖਾਈਆ । ਇਕ ਦੂਜੇ ਦਾ ਆਪੇ ਬਣਨਾ ਸਾਲਸ, ਕੂੜੇ ਰਿਸ਼ਤੇ ਦੀ ਲੋੜ ਰਹੇ ਨਾ ਰਾਈਆ । ਤੁਹਾਡੀ ਗੋਬਿੰਦ ਦਏ ਸ਼ਹਾਦਤ, ਮੌਕੇ ਸਿਰ ਆਪ ਭੁਗਤਾਈਆ । ਤੁਹਾਨੂੰ ਕਰਨੀ ਪਏ ਨਾ ਕੋਇ ਇਬਾਦਤ, ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤੋ ਦੋਆਬੇ ਵਾਲਿਆਂ ਦਾ ਵੱਖਰਾ ਵਿਹਾਰ, ਸੰਗਤ ਸਾਰੀ ਸੇਵ ਕਮਾਈਆ । ਜਿਸ ਦਾ ਵਾਰਨਾ ਇਕ ਇਕ ਵਾਰ, ਇਕ ਇਕ ਰੁਪਈਆ ਦੇਵੇ ਗਵਾਹੀਆ । ਜਿਹੜਾ ਦੱਬਿਆ ਥੱਲੇ ਭਗਤ ਦਵਾਰ, ਇਹ ਪਾਲ ਸਿੰਘ ਦਾ ਪਿਆਰ, ਜੋ ਪਿਛਲਾ ਰਿਹਾ ਪਰਗਟਾਈਆ । ਸੋਹਣਾ ਕਰੇ ਵਿਹਾਰ, ਵਿਵਹਾਰੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਦਏ ਵਖਾਈਆ । ਸਾਚੀ ਖੇਲ ਕਰੇ ਨਿਰੰਕਾਰ, ਨਿਰਗੁਣ ਹੱਥ ਵਡਿਆਈਆ । ਜਾਂਈ ਸੋਹਣੇ ਦਿਸੋ ਸੰਸਾਰ, ਮਨ ਮੋਹਣਾ ਰੂਪ ਬਦਲਾਈਆ । ਤੁਹਾਡੇ ਅੰਦਰ ਇਕ ਗੁਫ਼ਤਾਰ, ਜੋ ਤੂੰ ਹੀ ਤੂੰ ਹੀ ਰਾਗ ਅਲਾਈਆ । ਜਨ ਭਗਤੋ ਇਸ ਤੋਂ ਵੱਡਾ ਨਹੀਂ ਦਰਬਾਰ, ਜਿਥੇ ਭਗਤ ਭਗਵਾਨ ਮਿਲ ਕੇ ਖ਼ੁਸ਼ੀ ਮਨਾਈਆ । ਤੁਹਾਡੇ ਆਨੰਦ ਕਾਰਜ ਕਰਨੇ ਜਗਤ ਵਿਹਾਰ ਤੋਂ ਬਾਹਰ, ਸੰਸਾਰ ਵਾਲੀ ਨਾ ਕੋਇ ਕੁੜਮਾਈਆ । ਜਿਨ੍ਹਾਂ ਬੱਚਿਆਂ ਦਾ ਹਰਿ ਸੰਗਤ ਵਿਚ ਬਣਿਆ ਰਿਹਾ ਪਿਆਰ, ਮੁਹੱਬਤ ਸਕੇ ਨਾ ਕੋਇ ਤੁੜਾਈਆ । ਨਾ ਕੋਈ ਪੰਡਤ ਨਾ ਕੋਈ ਮੁੱਲਾ ਨਾ ਕੋਈ ਗ੍ਰੰਥੀ ਲਾਵਾਂ ਪੜ੍ਹੇ ਚਾਰ ਚਾਰ, ਚਾਰ ਵਰਨ ਦਾ ਸਾਚਾ ਨਾਤਾ ਪੁਰਖ ਬਿਧਾਤਾ ਭਗਤਾਂ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਵਰਤੇ ਸੰਸਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜਨ ਭਗਤੋ ਆਉਣਾ ਭਗਤ ਦਵਾਰ, ਪ੍ਰਭ ਦਾ ਮੇਲਾ ਸਹਿਜ ਸੁਭਾਈਆ । ਜਿਥੇ ਨਾਤਾ ਜੁੜੇ ਅਗੰਮ ਅਪਾਰ, ਕੂੜੀ ਕਿਰਿਆ ਰਹੇ ਨਾ ਰਾਈਆ । ਸ੍ਰਿਸ਼ਟੀ ਵਾਲੇ ਬਣ ਕੇ ਕੰਤ ਭਤਾਰ, ਦੋਵੇਂ ਮਿਲ ਕੇ ਪੁਰਖ ਅਕਾਲ ਇਕ ਮਨਾਈਆ । ਕਿਉਂ ਹਰ ਘਟ ਬੋਲੇ ਰਾਮ, ਰਮਈਆ ਸਭ ਦੇ ਵਿਚ ਸਮਾਈਆ । ਜਿਸ ਦਾ ਖੇਲ ਸਦਾ ਜੁਗ ਚਾਰ, ਗੁਰ ਅਵਤਾਰ ਪੈਗ਼ੰਬਰ ਸੇਵਾ ਲਾਈਆ । ਅੰਤ ਵੇਖੇ ਤੁਹਾਡੀ ਮੌਲੇ ਆਪ ਬਹਾਰ, ਬਸੰਤ ਖ਼ੁਸ਼ੀ ਮਨਾਈਆ । ਸੁਬਹ ਸੱਤ ਚਾਲੀ ਤੇ ਹੋਣਾ ਉਹ ਵਿਹਾਰ, ਜਿਸ ਦੀ ਧਾਰ ਭਗਤ ਰਹੇ ਪਰਗਟਾਈਆ ।

ਨਰੈਣ ਸਿੰਘ ਫੂਲਣ ਬਰਖਾ ਪੰਜ ਪੰਜ ਮੁੱਠੀ ਲਾਏ ਪੰਜ ਪੰਜ ਵਾਰ, ਜੋੜੀ ਜੋੜੀ ਉਤੇ ਸੁਟਾਈਆ । ਹਰਿ ਸੰਗਤ ਬੋਲ ਕੇ ਜੈ ਜੈਕਾਰ, ਖ਼ੁਸ਼ੀ ਲੈਣ ਮਨਾਈਆ । ਸਾਢੇ ਦਸ ਨੂੰ ਖੜ੍ਹਾ ਹੋਣਾ ਉਠ ਕੇ ਇਕ ਵਾਰ, ਬੈਠਾ ਰਹਿਣ ਕੋਇ ਨਾ ਪਾਈਆ । ਉਚੀ ਕੂਕ ਕੇ ਕਹਿਣਾ ਪੁਰਖ ਅਕਾਲ ਤੇਰਾ ਇਕ ਪਿਆਰ, ਦੂਜੀ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਧੁਰ ਦਾ ਹੁਕਮ ਕਹੇ ਇਹ ਜਗਤ ਨਾ ਸਮਝਿਓ ਸ਼ਾਦੀ, ਸ਼ਾਦਿਆਨਾ ਬੇਪਰਵਾਹੀਆ । ਜਨ ਭਗਤੋ ਤੁਹਾਡੀ ਥੋੜੀ ਦਿਸੇ ਆਬਾਦੀ, ਗਿਣਤੀ ਗਣਤ ਨਾ ਕੋਇ ਗਿਣਾਈਆ । ਪੁਰਖ ਅਕਾਲ ਸਾਜਣ ਰਿਹਾ ਸਾਜੀ, ਸੱਜਣ ਹੋ ਕੇ ਹੋਏ ਸਹਾਈਆ । ਇਹ ਆਸ਼ਾ ਬੁਰਜ ਤੋਂ ਡਿਗਦੀ ਆਖੀ ਸੀ ਬੁੱਢੀ ਦਾਦੀ, ਦਾਅਵੇ ਨਾਲ ਜਣਾਈਆ । ਮੇਰੀ ਐਵੇਂ ਨਾ ਜਾਏ ਮਾਨਸ ਜਨਮ ਦੀ ਬਾਜੀ, ਬਾਜ਼ਾਂ ਵਾਲੇ ਤੇਰੇ ਅਗੇ ਸੁਣਾਈਆ । ... ... .... ... ... ... ਅੰਤਮ ਮਨ ਨੇ ਕੀਤਾ ਬਾਗ਼ੀ, ਮਾਇਆ ਪੜਦਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਹਰ ਘਟ ਵਸਿਆ ਇਕ ਰਮਈਆ, ਰਾਮਾ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਸਤਿ ਚਲਾਏ ਨਈਆ, ਨੌਕਾ ਨਾਮ ਉਪਜਾਈਆ । ਭਗਤ ਸੁਹੇਲਾ ਇਕ ਅਕੇਲਾ ਬਣੇ ਧੁਰ ਦਾ ਸਈਆ, ਸਾਹਿਬ ਸਵਾਮੀ ਅੰਤਰਜਾਮੀ ਖੋਜੇ ਥਾਉਂ ਥਾਈਂਆ । ਪਤਿਪਰਮੇਸ਼ਵਰ ਹੋ ਕੇ ਪਕੜੇ ਬਹੀਆ, ਸਗਲਾ ਸਾਥ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਾਚਾ ਹੁਕਮ ਇਕ ਵਰਤੰਤ, ਨਾ ਕੋਈ ਮੇਟੇ ਮੇਟ ਮਿਟਾਈਆ । ਕਰੇ ਖੇਲ ਸ੍ਰੀ ਭਗਵੰਤ, ਪਤਿਪਰਮੇਸ਼ਵਰ ਬੇਪਰਵਾਹੀਆ । ਸੰਤ ਸੁਹੇਲੇ ਇਕੱਠੇ ਕਰ ਕੇ ਅੰਤ, ਅੰਤਸ਼ਕਰਨ ਵੇਖ ਵਖਾਈਆ । ਗੁਰਮੁਖੋ ਤੁਹਾਡਾ ਗੀਤ ਇਕੋ ਮੰਤ, ਮੰਤਰ ਸਚ ਦਿਤਾ ਸਮਝਾਈਆ । ਹੋਵੇ ਮੇਲਾ ਧੁਰ ਦੇ ਕੰਤ, ਦੁਹਾਗਣ ਰਹਿਣ ਕੋਇ ਨਾ ਪਾਈਆ । ਸੱਦਣਾ ਪਏ ਕੋਇ ਨਾ ਪੰਡਤ, ਜਗਤ ਵੇਦੀ ਨਾ ਕੋਇ ਗਡਾਈਆ । ਮੁੱਲਾ ਦੀ ਕਰਨੀ ਪਏ ਨਾ ਮਿੰਨਤ, ਜਗਤ ਸ਼ਰਅ ਨਾ ਕੋਇ ਨਕਾਹੀਆ । ਆਤਮ ਪਰਮਾਤਮ ਦੀ ਲਾਂਵ ਚੌਥੀ ਨਾਨਕ ਬੋਲੀ ਜਗਤ ਵਾਸਨਾ ਖੇਲ ਨਾ ਖੇਲਣਾ ਇੱਲਤ, ਧੁਰ ਦਾ ਹੁਕਮ ਵਰਤਾਈਆ । ਏਸੇ ਕਰ ਕੇ ਜੋੜਿਆਂ ਅੰਦਰ ਹੁੰਦੀ ਜ਼ਿੱਲਤ, ਜ਼ਾਮਨ ਨਜ਼ਰ ਕੋਇ ਨਾ ਆਈਆ । ਬਿਨ ਸਤਿਗੁਰ ਪੂਰੇ ਸ਼ਬਦ ਸਵਾਮੀ ਅੰਤਰਜਾਮੀ ਦੇਵੇ ਕੋਇ ਨਾ ਨਾਮ ਦੀ ਖਿਲਤ, ਹੱਕ ਪੋਸ਼ਾਕ ਨਾ ਕੋਇ ਪਹਿਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤੋ ਤੁਹਾਡੇ ਅੰਦਰ ਸ਼ਬਦ ਨਾਮ ਦੀ ਹਿੰਮਤ, ਹੌਸਲੇ ਧੁਰ ਦੇ ਦਏ ਵਧਾਈਆ । ਜਨ ਭਗਤੋ ਤੁਹਾਡਾ ਹੋਣ ਵਾਲਾ ਸੰਜੋਗ, ਧੁਰ ਸੰਜੋਗੀ ਮੇਲ ਮਿਲਾਈਆ । ਜਗਤ ਸਮਾਜ ਵਿਚੋਂ ਹੋਣ ਲੱਗਾ ਵਿਜੋਗ, ਗੋਬਿੰਦ ਕਰੇ ਜੁਦਾਈਆ । ਤੁਹਾਡਾ ਇਸ ਵਿਚ ਨਹੀਂ ਕੋਈ ਦੋਸ਼, ਦੋਸ਼ੀ ਸ੍ਰਿਸ਼ਟੀ ਲਏ ਬਣਾਈਆ । ਤੁਸੀਂ ਸਦਾ ਰਹਿਣਾ ਖ਼ਾਮੋਸ਼, ਭਾਣੇ ਅੰਦਰ ਸੀਸ ਨਿਵਾਈਆ । ਅਗੇ ਤੁਹਾਨੂੰ ਦਰਸ਼ਨ ਦੇਵੇ ਰੋਜ਼, ਰੋਜ਼ੇ ਬਾਂਗ ਦੀ ਆਸ ਨਾ ਕੋਇ ਤਕਾਈਆ । ਸਦਾ ਮਾਣਿਓ ਮੌਜ, ਮਜਲਸ ਬੇਪਰਵਾਹੀਆ । ਘਰ ਠਾਕਰ ਲਿਓ ਖੋਜ, ਪੜਦਿਆਂ ਵਿਚੋਂ ਬਾਹਰ ਕਢਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਘਰ ਦਏ ਵਸਾਈਆ । ਸਾਚੇ ਘਰ ਹੋਣਾ ਵਸੇਰਾ, ਅਸਥਿਰ ਇਕ ਸੁਹਾਈਆ । ਭਰਮਾ ਚੁੱਕੇ ਡੇਰਾ, ਡੰਡਾਵਤ ਇਕ ਦ੍ਰਿੜਾਈਆ । ਤੂੰ

ਮੇਰਾ ਮੈਂ ਤੇਰਾ, ਇਹੋ ਸਚ ਪੜ੍ਹਾਈਆ । ਸ਼ਬਦੀ ਸਤਿਗੁਰ ਸਿੰਘ ਸ਼ੇਰਾ, ਤੱਤਾਂ ਵਾਲਾ ਨਜ਼ਰ ਕੋਇ ਨਾ ਆਈਆ । ਵਿਸ਼ਨੂੰ ਭਗਵਾਨ ਸੁਹਾਵਣ ਵਾਲਾ ਖੇੜਾ, ਦਰ ਠਾਂਡਾ ਸੋਭਾ ਪਾਈਆ । ਭਗਤ ਦਵਾਰੇ ਆ ਗਿਆ ਜਿਹੜਾ, ਅੰਤਰ ਆਤਮਾ ਪ੍ਰੇਮ ਵਧਾਈਆ । ਓਸ ਦਾ ਮਾਨਸ ਜਨਮ ਡੁੱਬਣ ਨਹੀਂ ਦੇਣਾ ਬੇੜਾ, ਦਾਅਵੇ ਨਾਲ ਪਾਰ ਲੰਘਾਈਆ । ਜੋ ਜਗਤ ਵਾਸਨਾ ਵਿਚ ਮਾਰਨ ਆਏ ਫੇਰਾ, ਰਾਏ ਧਰਮ ਹੱਥ ਸਜ਼ਾਈਆ । ਜਨ ਭਗਤੋ ਤੁਹਾਡਾ ਦਿਵਸ ਹੋਏ ਚੰਗੇਰਾ, ਚੰਗੇਰਾਂ ਵਾਲੇ ਚੰਗੀ ਤਰ੍ਹਾਂ ਤੁਹਾਡੇ ਨਾਲ ਮਿਲਾਈਆ । ਤੁਹਾਡਾ ਸੋਹਣਾ ਵੇਖੇ ਘੇਰਾ, ਇਰਦ ਗਿਰਦ ਵੱਜੇ ਵਧਾਈਆ । ਰਾਤ ਦੇ ਅੰਧੇਰੇ ਬਣਨਾ ਸਵੇਰਾ, ਗੁਰਮੁਖਾਂ ਸੁਬਹ ਲੈਣੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਹੋ ਕੇ ਕਰਨੀ ਮਿਹਰਾ, ਮਹਿਬੂਬ ਹੋ ਕੇ ਮੁਹੱਬਤ ਵਿਚ ਸਮਾਈਆ ।

## ੧੮ ਹਾੜ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ

ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਤੇਰੀ ਸਰਨਾਈਆ । ਸਚਖੰਡ ਦਵਾਰਾ ਸੋਹੇ ਸਚ ਦਰਬਾਰ, ਮੁਕਾਮੇ ਹੱਕ ਹੋਏ ਰੁਸ਼ਨਾਈਆ । ਤੇਰਾ ਖੇਲ ਅਗੰਮ ਅਪਾਰ, ਅਲਖ ਅਗੋਚਰ ਤੇਰੇ ਹੱਥ ਵਡਿਆਈਆ । ਇਕੱਠੇ ਹੋਏ ਗੁਰੂ ਅਵਤਾਰ, ਪੀਰ ਪੈਗ਼ੰਬਰ ਸੀਸ ਨਿਵਾਈਆ । ਚਰਨ ਧੂੜੀ ਲਾ ਕੇ ਛਾਰ, ਮਸਤਕ ਟਿੱਕਾ ਨਾਮ ਰਮਾਈਆ । ਕਿਰਪਾ ਕਰ ਹਰਿ ਨਿਰੰਕਾਰ, ਵੱਡ ਦਾਤੇ ਤੇਰੀ ਓਟ ਤਕਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਵੇਲਾ ਅੰਤਮ ਆਈਆ । ਭਵਿਖਤਾਂ ਵਿਚ ਕਰ ਕੇ ਇਜ਼ਹਾਰ, ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਖਾਣੀ ਬਾਣੀ ਦਏ ਗਵਾਹੀਆ । ਸ਼ਬਦੀ ਢੋਲਾ ਸਾਚਾ ਸੋਹਲਾ ਨਾ ਕੋਈ ਗਾਏ ਵਾਰ, ਨਿਰਗੁਣ ਸਰਗੁਣ ਕਰ ਪੜ੍ਹਾਈਆ । ਲੱਖ ਚੁਰਾਸੀ ਪਾਉਂਦੇ ਗਏ ਸਾਰ, ਅੰਡਜ ਜੇਰਜ ਉਤਭੁਜ ਸੇਤਜ ਖੋਜ ਖੁਜਾਈਆ । ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਕਹਿ ਕੇ ਪਲੂ ਗਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਸਚ ਦਵਾਰੇ ਝੁਕਾਉਂਦਾ ਸੀਸ, ਪੁਰਖ ਅਕਾਲ ਤੇਰੀ ਸਰਨਾਈਆ । ਤੂੰ ਕਰਨੀ ਕਰਤਾ ਹਰਿ ਜਗਦੀਸ਼, ਵਾਲੀ ਦੋ ਜਹਾਨ ਅਖਵਾਈਆ । ਸਾਚਾ ਕਲਮਾ ਦੱਸ ਹਦੀਸ, ਇਕੋ ਨਾਮ ਦੇ ਸਮਝਾਈਆ । ਝਗੜਾ ਰਹੇ ਨਾ ਰਸਨਾ ਜਿਹਵਾ ਦੰਦ ਬਤੀਸ, ਆਤਮ ਪਰਮਾਤਮ ਪੜਦਾ ਦੇ ਉਠਾਈਆ । ਵੇਲਾ ਚੁਕਿਆ ਬੀਸ ਇਕੀਸ, ਸਦੀ ਚੌਧਵੀਂ ਰਹੀ ਕੁਰਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਮੂਲ ਰਹੀ ਨਾ ਠੀਕ, ਠਾਕਰ ਸਚ ਨਾ ਕੋਇ ਮਨਾਈਆ । ਚਾਰ ਕੁੰਟ ਦਹਿ ਦਿਸ਼ਾ ਅੰਧੇਰਾ ਤਾਰੀਕ, ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਤੇਰਾ ਮਾਰਗ ਮਿਲੇ ਨਾ ਕਿਸੇ ਬਾਰੀਕ, ਮੰਜ਼ਲ ਮਿਲੇ ਨਾ ਬੇਪਰਵਾਹੀਆ । ਜੁਗ ਚੌਕੜੀ ਤੇਰੀ ਕਰਦੇ ਗਏ ਉਡੀਕ, ਸਤਿਜੁਗ ਤਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸ਼ਬਦੀ ਗੁਰ ਕਰ ਤਸਦੀਕ, ਸ਼ਹਾਦਤ ਗੋਬਿੰਦ ਇਕ ਭੁਗਤਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਚ ਦਵਾਰੇ ਵਸਣਹਾਰ ਵਸਨੀਕ, ਵਾਸਤਾ ਆਪਣੇ ਨਾਲ ਜੁੜਾਈਆ । ਆਸਾ ਮਨਸਾ ਪੂਰੀ ਕਰ ਰੀਝ, ਤ੍ਰਿਸ਼ਨਾ ਪਿਛਲੀ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ

ਰਹੇ ਝੁਕ, ਦਰ ਠਾਂਡੇ ਸੀਸ ਨਿਵਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਚਾਤ੍ਰਿਕ ਵਾਂਗ ਰਹੇ ਬਿਲਲਾਈਆ । ਚਾਰ ਵਰਨ ਅਠਾਰਾਂ ਬਰਨ ਲੱਗਾ ਦੁੱਖ, ਸਾਚੀ ਸਿਖਿਆ ਗਏ ਭੁਲਾਈਆ । ਭਾਗ ਲੱਗਾ ਕਿਸੇ ਨਾ ਕੁੱਖ, ਜਨਣੀ ਮਿਲੇ ਨਾ ਕੋਇ ਵਡਿਆਈਆ । ਕੂੜੀ ਕਿਰਿਆ ਅੰਦਰੋਂ ਬਾਹਰ ਕੱਢੇ ਨਾ ਕੋਈ ਮਨੁੱਖ, ਵਾਸਨਾ ਮੋਹ ਵਿਚ ਹਲਕਾਈਆ । ਆਤਮ ਪਰਮਾਤਮ ਨਾਤਾ ਗਿਆ ਤੁੱਟ, ਸਾਚਾ ਮੇਲ ਨਾ ਕੋਇ ਮਿਲਾਈਆ । ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਚਾਰ ਕੁੰਟ ਪਈ ਫੁੱਟ, ਗੋਬਿੰਦ ਅੰਮ੍ਰਿਤ ਜਾਮ ਹੱਥ ਕਿਸੇ ਨਾ ਆਈਆ । ਕੂੜੀ ਕਿਰਿਆ ਮਨ ਵਾਸਨਾ ਹੋਈ ਲੁੱਟ, ਸਤਿ ਧਰਮ ਨਾ ਕੋਇ ਸਮਝਾਈਆ । ਕਾਇਆ ਮਾਟੀ ਖ਼ਾਲੀ ਭਾਂਡੇ ਦਿਸੇ ਠੁੱਠ, ਹਿਰਦੇ ਹਰਿ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦੇ ਸਮਝਾਈਆ । ਸਾਚਾ ਹੁਕਮ ਦੇ ਫ਼ਰਮਾਨ, ਗੁਰ ਅਵਤਾਰ ਮੰਗ ਮੰਗਾਈਆ । ਪੈਗ਼ੰਬਰ ਕਰਨ ਸਲਾਮ, ਬਿਨ ਸਜਦੇ ਸੀਸ ਝੁਕਾਈਆ । ਨਿਰਗੁਣ ਨੂਰ ਸਚ ਅਮਾਮ, ਲਾਸ਼ਰੀਕ ਤੇਰੀ ਸਰਨਾਈਆ । ਧੁਰ ਦਰਗਾਹੀ ਸਾਚੇ ਰਾਮ, ਬੇਅੰਤ ਤੇਰੀ ਬੇਪਰਵਾਹੀਆ । ਡੰਡਾਵਤ ਬੰਦਨਾ ਕਰ ਪਰਨਾਮ, ਨਮਸਤੇ ਕਹਿ ਸੁਣਾਈਆ । ਕਲਜੁਗ ਅੰਤਮ ਵੇਖ ਆਣ, ਸ੍ਰੀ ਭਗਵਾਨ ਫੇਰਾ ਪਾਈਆ । ਭਵਿਖਤਾਂ ਵਿਚ ਤੇਰਾ ਬਿਆਨ, ਸ਼ਹਾਦਤਾਂ ਨਾਲ ਗਵਾਹੀਆ । ਜੋਧੇ ਸੂਰਬੀਰ ਬਲਵਾਨ, ਕਲ ਕਲਕੀ ਵੇਸ ਵਟਾਈਆ । ਦੀਨ ਮਜ਼੍ਹਬ ਝਗੜਾ ਨਾ ਰਹੇ ਸ਼ੈਤਾਨ, ਸ਼ਰਅ ਨਾ ਰਹੇ ਲੜਾਈਆ । ਆਤਮ ਪਰਮਾਤਮ ਸਭ ਨੂੰ ਦੇ ਗਿਆਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਕਾਇਆ ਮੰਦਰ ਸਾਚਾ ਕਾਅਬਾ ਦੱਸ ਮਕਾਨ, ਹੁਜਰਾ ਹੱਕ ਦੇ ਵਖਾਈਆ । ਜਲਵਾ ਜੋਤ ਨੂਰ ਮਹਾਨ, ਨਿਰਗੁਣ ਨੂਰ ਕਰ ਰੁਸ਼ਨਾਈਆ । ਅੰਮ੍ਰਿਤ ਆਤਮ ਦੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਸਾਚਾ ਮਾਰਗ ਦੱਸ ਜਹਾਨ, ਝਗੜਾ ਜਗਤ ਰਹੇ ਨਾ ਰਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਤੇਰਾ ਖੇਲਿਆ ਖੇਲ ਮਹਾਨ, ਲੋਕਮਾਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੁਰ ਅਵਤਾਰ ਪੈਗ਼ੰਬਰ ਦੇਵਣ ਹੋਕਾ, ਉਚੀ ਕੂਕ ਕੂਕ ਸੁਣਾਈਆ । ਫਿਰੀ ਦਰੋਹੀ ਚੌਦਾਂ ਲੋਕਾ, ਚੌਦਾਂ ਤਬਕ ਰਹੇ ਕੁਰਲਾਈਆ । ਤੇਰਾ ਪੜ੍ਹੇ ਨਾ ਕੋਇ ਹੱਕ ਸਲੋਕਾ, ਢੋਲਾ ਨਾਮ ਨਾ ਕੋਇ ਸ਼ਨਵਾਈਆ । ਭਾਗ ਲੱਗੇ ਨਾ ਕਾਇਆ ਕੋਠਾ, ਮਾਟੀ ਤਨ ਨਾ ਕੋਇ ਵਡਿਆਈਆ । ਪਰਕਾਸ਼ ਹੋਵੇ ਨਾ ਨਿਰਮਲ ਜੋਤਾ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਮੰਜ਼ਲ ਚੜ੍ਹੇ ਕੋਈ ਨਾ ਚੋਟਾ, ਚੋਟੀਆਂ ਪੰਧ ਨਾ ਕੋਇ ਮੁਕਾਈਆ । ਕਲਜੁਗ ਜੀਵ ਜਗਤ ਵਾਸਨਾ ਹੋਇਆ ਖੋਟਾ, ਸਤਿ ਸਚ ਨਾ ਕੋਇ ਅਪਨਾਈਆ । ਬਿਨ ਤੇਰੀ ਕਿਰਪਾ ਸ਼ਾਹ ਸੁਲਤਾਨ ਦਿਸੇ ਫੋਕਾ, ਬਗ ਬਪੜਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦੇ ਵਰਤਾਈਆ । ਸਾਚਾ ਹੁਕਮ ਦੇ ਸ੍ਰੀ ਭਗਵਾਨ, ਦਰ ਠਾਂਡੇ ਮੰਗ ਮੰਗਾਈਆ । ਕਲਜੁਗ ਅੰਤਮ ਬਦਲ ਦੇ ਵਿਧਾਨ, ਸ਼ਬਦ ਸੁਨੇਹੜਾ ਸਚ ਸੁਣਾਈਆ । ਝਗੜਾ ਰਹੇ ਨਾ ਸੀਤਾ ਰਾਮ, ਗੋਪੀ ਕਾਹਨ ਨਾ ਕੋਇ ਲੜਾਈਆ । ਈਸਾ ਮੂਸਾ ਮੁਹੰਮਦ ਸ਼ਰਅ ਰਹੇ ਨਾ ਕੋਇ ਸ਼ੈਤਾਨ, ਲਾਸ਼ਰੀਕ ਦੇ ਸਮਝਾਈਆ । ਨਾਨਕ ਗੋਬਿੰਦ ਹੱਕ ਪਹਿਚਾਨ, ਪੜਦਾ ਓਹਲਾ ਆਪ ਉਠਾਈਆ । ਸਾਚਾ ਮਾਲਕ ਮਿਹਰਵਾਨ, ਮਹਿਬੂਬ ਦੇ ਦ੍ਰਿੜਾਈਆ । ਚਾਰ ਵਰਨ ਕਰਨ ਪਰਵਾਨ, ਬਰਨ ਅਠਾਰਾਂ ਭੁੱਲ ਨਾ ਜਾਈਆ । ਆਤਮ ਪਰਮਾਤਮ ਆਪਣੇ ਨਾਲ ਕਰ ਪਰਵਾਨ, ਪਰਵਾਨਾ ਧੁਰ ਦਾ ਦੇ ਫੜਾਈਆ ।

ਮਨੂਆ ਮਨ ਨਾ ਰਹੇ ਅਫ਼ਗਾਨ, ਸ਼ਬਦ ਖੰਡਾ ਹੱਥ ਉਠਾਈਆ । ਜੁਗ ਚੌਕੜੀ ਮੰਗਦੇ ਆਏ ਦਾਨ, ਖ਼ਾਲੀ ਝੋਲੀ ਅਗੇ ਡਾਹੀਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦੇ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਸਚ ਦਵਾਰੇ ਮੰਗਣ ਮੰਗ, ਅੰਤ ਅਖ਼ੀਰ
ਧਿਆਨ ਲਗਾਈਆ । ਕਿਰਪਾ ਕਰ ਸੂਰੇ ਸਰਬੰਗ, ਪਾਰਬ੍ਰਹਮ ਤੇਰੀ ਸਰਨਾਈਆ । ਕਲਜੁਗ ਅੰਤਮ ਰਿਹਾ ਲੰਘ, ਲੇਖਾ ਮਾਤ ਰਹੇ ਨਾ ਰਾਈਆ ।
ਸ੍ਰਿਸ਼ਟ ਸਬਾਈ ਹੋਈ ਦੰਗ, ਹੈਰਾਨੀ ਅੰਦਰ ਦਿਸੇ ਲੋਕਾਈਆ । ਸਾਚੀ ਦਏ ਕੋਈ ਨਾ ਗੰਢ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ ।
ਸ਼ਬਦੀ ਨਾਮ ਨਾ ਵੱਜੇ ਮਰਦੰਗ, ਸੋਈ ਸੁਰਤ ਨਾ ਕੋਇ ਉਠਾਈਆ । ਦੀਨਾਂ ਮਜ਼੍ਹਬਾਂ ਝਗੜਾ ਪਾਇਆ ਕੰਧ, ਦੂਈ ਦਵੈਤ ਨਾ ਕੋਇ ਗਵਾਈਆ ।
ਪੜਦਾ ਲੱਥਾ ਨਾ ਬ੍ਰਹਮ ਹੰ, ਪਾਰਬ੍ਰਹਮ ਨਾ ਕੋਇ ਸਮਾਈਆ । ਸਾਚਾ ਨੂਰ ਨਾ ਦਿਸੇ ਚੰਨ, ਚਾਰੋਂ ਕੁੰਟ ਅੰਧੇਰਾ ਛਾਈਆ । ਸਾਚਾ ਰਾਗ ਸੁਣੇ
ਕੋਇ ਨਾ ਕੰਨ, ਸਰਵਣ ਧਾਰ ਨਾ ਕੋਇ ਬੰਧਾਈਆ । ਦੋਏ ਲੋਚਨ ਸ੍ਰਿਸ਼ਟੀ ਹੋਈ ਅੰਨ੍ਹ, ਤੇਰਾ ਦਰਸ ਕੋਇ ਨਾ ਪਾਈਆ । ਸਾਚੇ ਮੰਦਰ ਮਿਟੇ
ਕੋਈ ਨਾ ਪੰਧ, ਗ੍ਰਿਹਿ ਮੰਦਰ ਨਾ ਕੋਇ ਰੁਸ਼ਨਾਈਆ । ਕਿਰਪਾ ਕਰ ਸੂਰੇ ਸਰਬੰਗ, ਦਰ ਠਾਂਡੇ ਸੀਸ ਝੁਕਾਈਆ । ਸਚ ਪ੍ਰੇਮ ਦਾ ਦੇ ਆਨੰਦ,
ਆਨੰਦ ਆਪਣਾ ਦੇ ਵਖਾਈਆ । ਲੇਖਾ ਮੁਕ ਜਾਏ ਜਮਨਾ ਸੁਰਸਤੀ ਗੋਦਾਵਰੀ ਗੰਗ, ਅੱਠ ਸੱਠ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਆਸਾ ਸਭ ਦੀ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਰ ਨਿਮਸਕਾਰ, ਸਚ ਦਵਾਰੇ ਸੀਸ ਝੁਕਾਈਆ ।
ਸਤਿਜੁਗ ਸਾਚੀ ਦੱਸ ਦੇ ਧਾਰ, ਸ਼ਬਦੀ ਹੁਕਮ ਪਰਗਟਾਈਆ । ਕਿਸ ਬਿਧ ਹੋਵੇ ਜਗਤ ਵਿਵਹਾਰ, ਵਿਵਹਾਰੀ ਆਪ ਕਰਾਈਆ । ਜਾਤ ਪਾਤ
ਨਾ ਰਹੇ ਸੰਸਾਰ, ਆਤਮ ਬ੍ਰਹਮ ਦੇ ਸਮਝਾਈਆ । ਊਚ ਨੀਚ ਨਾ ਹੋਏ ਖ਼ੁਆਰ, ਰਾਓ ਰੰਕ ਨਾ ਕੋਇ ਵਡਿਆਈਆ । ਸਾਚਾ ਦੱਸ ਦੇ ਇਕ
ਪਿਆਰ, ਸਾਂਝੇ ਯਾਰ ਤੇਰੀ ਵਡਿਆਈਆ । ਕਾਗਤ ਕ਼ਲਮ ਨਾ ਲਿਖਣਹਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਸਮਝ ਕੋਇ ਨਾ ਪਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚਾ ਮਾਰਗ ਦੱਸ ਭਗਵੰਤ, ਦੂਜਾ ਨਜ਼ਰ ਕੋਇ ਨਾ ਆਈਆ ।
ਆਤਮ ਪਰਮਾਤਮ ਮੇਲ ਕੰਤ, ਕੰਤ ਕੰਤੂਹਲ ਤੇਰੀ ਵਡਿਆਈਆ । ਭਗਤ ਸੁਹੇਲੇ ਸੰਤ, ਸਤਿਗੁਰ ਹੋ ਕੇ ਪੈਜ ਧਰਾਈਆ । ਇਕੋ ਨਾਮ ਤੇਰਾ
ਮੰਤ, ਮੰਤਰ ਸਾਚਾ ਦੇ ਸਮਝਾਈਆ । ਗੜ੍ਹ ਤੁੱਟੇ ਹਉਮੇ ਹੰਗਤ, ਹੰ ਬ੍ਰਹਮ ਨਜ਼ਰੀ ਆਈਆ । ਚਾਰ ਵਰਨ ਅਠਾਰਾਂ ਬਰਨ ਇਕੋ ਬਣ ਜਾਏ
ਸੰਗਤ, ਝਗੜਾ ਦੂਨੀ ਰਹੇ ਨਾ ਰਾਈਆ । ਸਚ ਬ੍ਰਹਮ ਦੀ ਹੋਵੇ ਪੰਗਤ, ਪੰਗਤੀ ਆਪਣੀ ਦੇ ਸਮਝਾਈਆ । ਜਿਥੇ ਕੋਈ ਮੁੱਲਾ ਸ਼ੇਖ਼ ਨਾ ਹੋਵੇ
ਪੰਡਤ, ਬੋਧ ਅਗਾਧ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵਕ਼ਤ ਆਪ ਸੁਹਾਈਆ । ਸਾਚਾ ਵਕ਼ਤ
ਸੁਹਾ ਭਗਵਾਨ, ਧੁਰ ਦੀ ਮੰਗ ਮੰਗਾਈਆ । ਖੇਲ ਖੇਲ ਵਿਚ ਜਹਾਨ, ਦੋ ਜਹਾਨਾਂ ਵੇਖ ਵਖਾਈਆ । ਸਤਿ ਧਰਮ ਦਾ ਬਣਾ ਇਕ ਵਿਧਾਨ,
ਵਿਦਿਆ ਦੀ ਲੋੜ ਰਹੇ ਨਾ ਰਾਈਆ । ਆਤਮ ਅੰਤਰ ਦੇ ਬ੍ਰਹਮ ਗਿਆਨ, ਪਾਰਬ੍ਰਹਮ ਪੜਦਾ ਆਪ ਉਠਾਈਆ । ਸਚ ਪ੍ਰੀਤੀ ਦੇ ਕੇ ਦਾਨ,
ਦਾਨਵ ਦੇਵਤ ਸੁਰ ਲਏ ਬਣਾਈਆ । ਘਰ ਸਵਾਮੀ ਮਿਲੇ ਆਣ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਅਰਜ਼, ਆਰਜ਼ੂ ਹੱਕ ਸੁਣਾਈਆ । ਜੁਗ ਬਦਲਣਾ

ਪ੍ਰਭੂ ਤੇਰਾ ਫ਼ਰਜ਼, ਸਤਿਜੁਗ ਤਰੇਤਾ ਦੁਆਪਰ ਕਲਜੁਗ ਰਹਿਣ ਨਾ ਪਾਈਆ । ਕਲਜੁਗ ਅੰਤਮ ਪੂਰੀ ਕਰ ਗ਼ਰਜ਼, ਨਿਰਗੁਣ ਹੋ ਕੇ ਵੇਖ ਵਖਾਈਆ । ਦੀਨ ਦੁਨੀ ਵੇਖ ਅਸੀਂ ਹੋਏ ਅਸਚਰਜ, ਹੈਰਾਨੀ ਸਾਡੇ ਅੰਦਰ ਆਈਆ । ਸ਼ਰਅ ਛੁਰੀ ਫਿਰੇ ਜਗਤ ਵਿਚ ਕਰਦ, ਕ਼ਾਤਲ ਮਕ਼ਤੂਲ ਦੋਵੇਂ ਰਹੇ ਕੁਰਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਹੋਏ ਨਾਪੜਦ, ਓਢਣ ਸ਼ਬਦ ਨਜ਼ਰ ਕੋਇ ਨਾ ਆਈਆ । ਤੇਰੇ ਨਾਮ ਦਾ ਸਾਰੇ ਮੰਗਦੇ ਧੜਤ, ਚੁੰਗੀਖ਼ਾਨਾ ਲਿਆ ਬਣਾਈਆ । ਨਾਨਕ ਨੇ ਆਤਮ ਪਰਮਾਤਮ ਚੌਥੀ ਲਾਵ ਕੀਤੀ ਲਿਖਤ, ਤੇਰਾ ਰੂਪ ਮਨ ਨਾਲ ਤਨ ਨਾ ਕੋਇ ਕੁੜਮਾਈਆ । ਗੁਰਮੁਖ ਮਿਲ ਕੇ ਰਹੇ ਕੋਈ ਨਾ ਫ਼ਰਕ, ਫ਼ੈਸਲਾ ਹੱਕ ਦੇਣਾ ਸੁਣਾਈਆ । ਚਾਰ ਜੁਗ ਦੀ ਪਿਛਲੀ ਕਰ ਦੇ ਤਰਕ, ਤੁਰਤ ਆਪਣਾ ਹੁਕਮ ਮਨਾਈਆ । ਤੂੰ ਮਾਲਕ ਉਤੇ ਅਰਸ਼, ਫ਼ਰਸ਼ ਤੇਰੀ ਵੱਜੇ ਵਧਾਈਆ । ਜਨ ਭਗਤਾਂ ਦੇ ਦਰਸ, ਸਨਮੁਖ ਹੋ ਕੇ ਸੋਭਾ ਪਾਈਆ । ਅੰਮ੍ਰਿਤ ਮੇਘ ਇਕੋ ਬਰਸ, ਬੂੰਦ ਸਵਾਂਤੀ ਮੁਖ ਚੁਆਈਆ । ਪੂਰਬ ਲਹਿਣਾ ਦੇਣਾ ਕ਼ਰਜ਼, ਮਕਰੂਜ਼ ਹਿਸਾਬ ਮੁਕਾਈਆ । ਆਪਣਾ ਖੇਲ ਕਰ ਨਿਧੜਕ, ਗੁਰ ਅਵਤਾਰ ਪੈਗ਼ੰਬਰ ਸੀਸ ਝੁਕਾਈਆ । ਤੇਰਾ ਨਾਮ ਇਕੋ ਹੋਵੇ ਖੰਡਾ ਖੜਗ, ਚਿੱਲਾ ਧੁਰ ਦਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਲਗਾਈਆ । ਸਾਚਾ ਮਾਰਗ ਲਾ ਦੇ ਚਾਰ ਵਰਨ, ਵਾਰਤਾ ਆਪਣੀ ਇਕ ਦ੍ਰਿੜਾਈਆ । ਝਗੜਾ ਰਹੇ ਕੋਈ ਨਾ ਬਰਨ, ਜਾਤ ਪਾਤ ਨਾ ਕੋਇ ਲੜਾਈਆ । ਜੀਵ ਜੰਤ ਸਾਧ ਸੰਤ ਤੇਰਾ ਢੋਲਾ ਇਕੋ ਪੜ੍ਹਨ, ਸੋਹੰ ਬੋਲਾ ਸਤਿ ਸਮਝਾਈਆ । ਸਚ ਪ੍ਰੀਤੀ ਦੱਸ ਦੇ ਪਰਨ, ਪਰਨਾਮ ਇਕੋ ਦੇ ਸਮਝਾਈਆ । ਤੂੰ ਕਿਰਪਾ ਕਰ ਕਰਨੀ ਕਰਨ, ਕ਼ਾਦਰ ਕ਼ੁਦਰਤ ਦ੍ਰਿੜਾਈਆ । ਭੈ ਭਉ ਚੁਕੌਣਾ ਡਰਨ, ਸਮਾਜ ਦਾ ਝਗੜਾ ਰਹੇ ਨਾ ਰਾਈਆ । ਸਚ ਦਵਾਰੇ ਦਸ ਵੜਨ, ਅਧਵਿਚਕਾਰ ਨਾ ਕੋਇ ਅਟਕਾਈਆ । ਸੰਤ ਸੁਹੇਲੇ ਪੌੜੀ ਚੜ੍ਹਨ, ਘਰ ਮੰਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦੇ ਵਰਤਾਈਆ । ਸ੍ਰੀ ਭਗਵਾਨ ਕਹੇ ਸੁਣ ਪੈਗ਼ੰਬਰ ਗੁਰ ਅਵਤਾਰ, ਅਵਤਰਾ ਦਏ ਜਣਾਈਆ । ਕਲਜੁਗ ਲੇਖਾ ਮੁਕੇ ਅੰਤਮ ਵਾਰ, ਵਾਰਤਾ ਆਪਣੀ ਦਏ ਸਮਝਾਈਆ । ਅਗੇ ਖੇਲ ਕਰੇ ਨਿਰੰਕਾਰ, ਨਿਰਗੁਣ ਦਾਤਾ ਵਡ ਵਡਿਆਈਆ । ਹੁਕਮ ਸੰਦੇਸ਼ੇ ਦੇਵੇ ਵਿਚ ਸੰਸਾਰ, ਵਿਸ਼ਨ ਬ੍ਰਹਮਾ ਸ਼ਿਵ ਨਾਲ ਸਮਝਾਈਆ । ਸ੍ਰਿਸ਼ਟੀ ਦ੍ਰਿਸ਼ਟੀ ਲਏ ਉਠਾਲ, ਸੁਨੇਹੜਾ ਇਕ ਸੁਣਾਈਆ । ਝਗੜਾ ਰਹੇ ਨਾ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਵਖਾਈਆ । ਸਭ ਦੀ ਸੁਰਤੀ ਲਏ ਸੰਭਾਲ, ਸੰਬਲ ਬਹਿ ਕੇ ਖ਼ੁਸ਼ੀ ਮਨਾਈਆ । ਪੁਛਣਹਾਰ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਫੇਰਾ ਪਾਈਆ । ਸਤਿਗੁਰ ਸ਼ਬਦ ਬਣਾ ਦਲਾਲ, ਸਾਂਝਾ ਪੀਰ ਆਪ ਹੋ ਜਾਈਆ । ਜੋਤੀ ਨੂਰ ਜਲਵਾ ਕਰ ਜਲਾਲ, ਜਾਹਰ ਜਹੂਰ ਕਰੇ ਰੁਸ਼ਨਾਈਆ । ਨਿਰਗੁਣ ਧਾਰ ਇਕ ਅਮਾਮ, ਕਾਮਲ ਮੁਰਸ਼ਦ ਫੇਰਾ ਪਾਈਆ । ਸ਼ਰਅ ਦੇ ਝਗੜੇ ਮੇਟ ਤਮਾਮ, ਤਮੱਨਾ ਕੂੜੀ ਦਏ ਗਵਾਈਆ । ਦੀਨ ਮਜ਼ਬ ਦਾ ਰਹੇ ਨਾ ਕੋਈ ਗ਼ੁਲਾਮ, ਗ਼ੁਰਬਤ ਅੰਦਰੋਂ ਦਏ ਕਢਾਈਆ । ਇਕੋ ਪਰਵਰਦਿਗਾਰ ਪੁਰਖ ਅਕਾਲ ਸਾਚੇ ਰਾਮ ਕਰਨੀ ਪਏ ਸਰਬ ਪਰਨਾਮ, ਸਲਾਮ ਇਕੋ ਦਏ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਸੁਣੋ ਸ਼ਬਦੀ ਬਾਤ, ਹੁਕਮ ਸੰਦੇਸ਼ੇ ਵਿਚ ਜਣਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸੱਚਾ ਲਵਾਂ ਉਠਾਈਆ । ਸਾਚਾ ਜੋੜ ਕੇ ਧੁਰ ਦਾ ਨਾਤ, ਨਿਰਗੁਣ ਹੋ ਕੇ ਮੇਲ

ਮਿਲਾਈਆ । ਜੋ ਗੋਬਿੰਦ ਗਿਆ ਆਖ, ਭਵਿਖਤਾਂ ਵਿਚ ਸਮਝਾਈਆ । ਸੋ ਖੇਲ ਖੇਲਾਂ ਸਾਖਿਆਤ, ਪੜਦਾ ਓਹਲਾ ਨਜ਼ਰ ਕੋਇ ਨਾ ਆਈਆ । ਜਿਸ ਨਿਰਅੱਖਰ ਨੂੰ ਸਕਿਆ ਕੋਈ ਨਾ ਵਾਚ, ਬੁਧੀਵਾਨ ਸਕੇ ਨਾ ਕੋਇ ਸਮਝਾਈਆ । ਉਸ ਦਾ ਪੜਦਾ ਕਰਾਂ ਫ਼ਾਸ਼, ਨਕਾਬ ਨਜ਼ਰ ਕੋਇ ਨਾ ਆਈਆ । ਸਾਚਾ ਮਾਰਗ ਕਰ ਜਗਤ ਪਰਕਾਸ਼, ਨੂਰ ਨੂਰ ਦਿਆਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਾਰ ਕਮਾਵੇਗਾ । ਸੋ ਪੁਰਖ ਨਿਰੰਜਣ ਵੇਖ ਵਖਾਵੇਗਾ । ਹਰਿ ਪੁਰਖ ਨਿਰੰਜਣ ਰੰਗ ਚੜ੍ਹਾਵੇਗਾ । ਆਦਿ ਨਿਰੰਜਣ ਜੋਤ ਜਗਾਵੇਗਾ । ਏਕੰਕਾਰਾ ਖੇਲ ਖਿਲਾਵੇਗਾ । ਅਬਿਨਾਸ਼ੀ ਕਰਤਾ ਸੋਭਾ ਪਾਵੇਗਾ । ਸ੍ਰੀ ਭਗਵਾਨ ਪੜਦਾ ਲਾਹਵੇਗਾ । ਪਾਰਬ੍ਰਹਮ ਵੰਡ ਵੰਡਾਵੇਗਾ । ਬ੍ਰਹਮ ਆਪਣਾ ਰੂਪ ਦਰਸਾਵੇਗਾ । ਸ਼ਬਦੀ ਢੋਲਾ ਰਾਗ ਅਲਾਵੇਗਾ । ਸੋਹਲਾ ਸਾਚਾ ਇਕ ਸੁਣਾਵੇਗਾ । ਮੌਲਾ ਹੋ ਕੇ ਵੇਖ ਵਖਾਵੇਗਾ । ਕਾਇਆ ਚੋਲਾ ਆਪ ਸੁਹਾਵੇਗਾ । ਪੰਜ ਤਤ ਕੋਇ ਨਾ ਪਾਵੇਗਾ । ਤ੍ਰੈਗੁਣ ਲੇਖਾ ਅੰਤ ਕਰਾਵੇਗਾ । ਭਗਤ ਸੁਹੇਲਾ ਸੰਤ ਉਪਾਵੇਗਾ । ਗੁਰ ਚੇਲਾ ਅੰਗ ਲਗਾਵੇਗਾ । ਸੱਜਣ ਸੁਹੇਲਾ ਦਇਆ ਕਮਾਵੇਗਾ । ਕਲਜੁਗ ਅੰਤਮ ਆਇਆ ਵੇਲਾ, ਕੂੜੀ ਕਿਰਿਆ ਡੇਰਾ ਢਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵੇਗਾ । ਸਾਚੀ ਕਰਨੀ ਕਾਰ ਕਮਾਵਾਂਗਾ । ਨਿਰਗੁਣ ਹੋ ਕੇ ਹੁਕਮ ਵਰਤਾਵਾਂਗਾ । ਸਰਗੁਣ ਤੇਰੀ ਧਾਰ ਸਮਝਾਵਾਂਗਾ । ਲੱਖ ਚੁਰਾਸੀ ਫੋਲ ਫੁਲਾਵਾਂਗਾ । ਦੀਨ ਮਜ਼੍ਹਬ ਝਗੜਾ ਅੰਤ ਚੁਕਾਵਾਂਗਾ । ਚਾਰ ਵਰਨਾਂ ਇਕੋ ਅਦਬ, ਬੇਅਦਬੀ ਵਿਚੋਂ ਬਾਹਰ ਰਖਾਵਾਂਗਾ । ਪੁਰਖ ਅਕਾਲ ਦੇ ਸਭ ਨੂੰ ਪੂਜਣੇ ਪੈਣ ਕ਼ਦਮ, ਬਿਨ ਕ਼ਦਮਾਂ ਤੋਂ ਸੀਸ ਸਰਬ ਨਿਵਾਵਾਂਗਾ । ਆਤਮ ਪਰਮਾਤਮ ਸਾਚੇ ਢੋਲੇ ਵੱਜਣ, ਸ਼ਬਦ ਨਾਦ ਗੀਤ ਦ੍ਰਿੜਾਵਾਂਗਾ । ਨਾਤਾ ਜੋੜ ਕੇ ਪੰਜ ਤਤ ਕਾਇਆ ਮਾਟੀ ਬਦਨ, ਬਦਲਾ ਸਭ ਦਾ ਆਪ ਚੁਕਾਵਾਂਗਾ । ਦੋ ਜਹਾਨਾਂ ਕਰ ਕੇ ਅਦਲ, ਇਨਸਾਫ਼ ਇਕੋ ਇਕ ਰਖਾਵਾਂਗਾ । ਕਲਜੁਗ ਕੂੜੀ ਕਿਰਿਆ ਦੇਵਾਂ ਬਦਲ, ਸਤਿਜੁਗ ਸਾਚਾ ਮਾਰਗ ਪਰਗਟਾਵਾਂਗਾ । ਮਨ ਵਾਸਨਾ ਰਹਿਣ ਨਾ ਦੇਵਾਂ ਨਕਲ, ਅਕ਼ਲ ਸਭ ਦੀ ਇਕ ਰਖਾਵਾਂਗਾ । ਸਾਚਾ ਦੇ ਕੇ ਯਕੀਨ ਹੱਕਲ, ਹਕ਼ੀਕ਼ਤ ਆਪਣੀ ਇਕ ਸਮਝਾਵਾਂਗਾ । ਗੁਰ ਅਵਤਾਰ ਪੈਗ਼ੰਬਰੋ ਤੁਹਾਡਾ ਹੁਕਮ ਕਲਜੁਗ ਕਰਿਆ ਮੁਅਤਲ, ਮੁਅੱਤਲਾ ਸਭ ਨੂੰ ਆਪ ਕਰਾਵਾਂਗਾ । ਝੂਠਾ ਛੱਡਣਾ ਪਏ ਵਤਨ, ਬੇਵਤਨਾਂ ਆਪ ਮਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚਾ ਆਪ ਜਗਾਵਾਂਗਾ । ਸਤਿਜੁਗ ਸਾਚੇ ਉਠ ਬਲਵਾਨ, ਤੇਰੀ ਵਾਰੀ ਆਈਆ । ਕਿਰਪਾ ਕਰੇ ਸ੍ਰੀ ਭਗਵਾਨ, ਮਿਹਰ ਨਜ਼ਰ ਇਕ ਉਠਾਈਆ । ਕਲਜੁਗ ਵੇਲਾ ਅੰਤ ਪਹੁੰਚਿਆ ਆਣ, ਗੋਬਿੰਦ ਚਿੱਲਾ ਰਿਹਾ ਉਠਾਈਆ । ਪੁਰਖ ਅਕਾਲ ਦੇ ਹੱਥ ਹੋਣੀ ਕਮਾਨ, ਕਾਮਲ ਮੁਰਸ਼ਦ ਹੁਕਮ ਵਰਤਾਈਆ । ਘਰ ਘਰ ਮੰਨਣੇ ਪੈਣ ਨਾ ਮੂਲ ਜਜਮਾਨ, ਜਮਾਂ ਦਾ ਲੇਖਾ ਦੇਣਾ ਮੁਕਾਈਆ । ਸਭ ਨੂੰ ਮਾਰਗ ਦੇ ਆਸਾਨ, ਪੜਦਾ ਓਹਲਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਸੰਦੇਸ਼ਾ ਇਕ ਦ੍ਰਿੜਾਈਆ । ਸਤਿਜੁਗ ਉਠ ਕੇ ਚਰਨ ਰਿਹਾ ਝੁਕ, ਨੈਣਾਂ ਨੀਰ ਵਹਾਈਆ । ਕਲਜੁਗ ਪੈਂਡਾ ਕਿਸ ਬਿਧ ਰਿਹਾ ਮੁਕ, ਪੁਰਖ ਅਕਾਲ ਦੇ ਸਮਝਾਈਆ । ਅਬਿਨਾਸ਼ੀ ਕਰਤੇ ਕਿਹਾ ਗੋਬਿੰਦ ਕੋਲੋਂ ਪੁਛ, ਜੋ ਬਾਲੇ ਨੀਹਾਂ ਹੇਠ ਦਬਾਈਆ । ਇਕੋ ਸਾਚੀ ਰਖ ਕੇ ਓਟ, ਚੋਟ ਜਗਤ ਵਿਚ ਸ਼ਨਵਾਈਆ । ਸਚਖੰਡ ਦਵਾਰੇ ਬਹਿ ਕੇ ਕੋਟ, ਕਿਲ੍ਹਾ ਗੜ੍ਹ ਇਕ

ਦਰਸਾਈਆ । ਮੇਲਾ ਮਿਲ ਕੇ ਨਿਰਮਲ ਜੋਤ, ਜੋਤੀ ਜੋਤ ਕਰੇ ਰੁਸ਼ਨਾਈਆ । ਸ਼ਬਦ ਸਤਿਗੁਰ ਹੋ ਕੇ ਮਾਰੇ ਚੋਟ, ਚੋਟੀ ਚੜ੍ਹ ਕੇ ਲਏ ਉਠਾਈਆ । ਜਿਸ ਨੂੰ ਲੱਭਦੇ ਕੋਟੀ ਕੋਟ, ਲੱਭਿਆਂ ਹੱਥ ਕਿਸੇ ਨਾ ਆਈਆ । ਜੋ ਝਗੜਾ ਮੁਕਾ ਕੇ ਗਿਆ ਵਰਨ ਗੋਤ, ਅੰਮ੍ਰਿਤ ਜਾਮ ਇਕ ਪਿਆਈਆ । ਉਸ ਦੀ ਕਰੀ ਕਿਸੇ ਨਾ ਸੋਚ, ਦਵੈਤ ਅੰਦਰੋਂ ਨਾ ਕਿਸੇ ਕਢਾਈਆ । ਸਧਰਾਂ ਨਾਲ ਕਰਦੇ ਖੋਜ, ਹਿਰਦੇ ਹਰਿ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸਰਨਾਈ ਇਕ ਸਮਝਾਈਆ । ਸਤਿਜੁਗ ਕਹੇ ਸੁਣ ਗੋਬਿੰਦ ਮੇਰੇ ਸਤਿਗੁਰ, ਬੇਨੰਤੀ ਇਕ ਦ੍ਰਿੜਾਈਆ । ਕੀ ਲਹਿਣਾ ਦੇਣਾ ਕਲਜੁਗ ਅੰਤਮ ਧੁਰ, ਮਸਤਕ ਸਭ ਦਾ ਵੇਖ ਵਖਾਈਆ । ਕਿਸ ਬਿਧ ਛੱਡਿਆ ਅਨੰਦ ਪੁਰ, ਲਹਿਣਾ ਜਗਤ ਚੁਕਾਈਆ । ਕਿਸ ਹੁਕਮ ਨਾਲ ਆਵੇਂ ਮੁੜ, ਨਿਰਗੁਣ ਹੋ ਕੇ ਫੇਰਾ ਪਾਈਆ । ਜਨ ਭਗਤਾਂ ਪ੍ਰੀਤ ਨਿਭਾਵੇਂ ਲੱਗੀ ਤੋੜ, ਟੁੱਟੀ ਗੰਢ ਪਵਾਈਆ । ਸਾਚੇ ਸ਼ਬਦ ਚੜ੍ਹੇਂ ਘੋੜ, ਭੱਜੇਂ ਵਾਹੋ ਦਾਹੀਆ । ਸਚ ਦਵਾਰੇ ਆਇਉਂ ਵਾਗਾਂ ਮੋੜ, ਇਹ ਤੇਰੀ ਬੇਪਰਵਾਹੀਆ । ਤੇਰਿਆਂ ਸਿੱਖਾਂ ਨੂੰ ਤੇਰੀ ਸਦਾ ਲੋੜ, ਲੋਹੜੇ ਵਿਚ ਲੋਕਾਈਆ । ਮਾਛੂਵਾੜੇ ਸੇਜ ਹੰਢਾਈ ਸੱਥਰ ਰੋੜ, ਰੋੜਾ ਅਗੇ ਨਾ ਕੋਇ ਅਟਕਾਈਆ । ਆਪਣਾ ਲੇਖਾ ਦੱਸ ਦੇ ਨਵਾਂ ਨਕੋਰ, ਕ਼ਲਮ ਸ਼ਾਹੀ ਸਮਝ ਸਕੇ ਨਾ ਰਾਈਆ । ਕਲਜੁਗ ਵੇਖ ਅੰਧੇਰਾ ਘੋਰ, ਤੇਰਾ ਦਰਸ ਕੋਇ ਨਾ ਪਾਈਆ । ਮਨ ਵਾਸਨਾ ਇਕੱਠੇ ਹੋਏ ਢੋਰ, ਪਸ਼ੂ ਪਰੇਤ ਰੂਪ ਵਟਾਈਆ । ਝਗੜਾ ਮੁੱਕੇ ਨਾ ਮੋਰ ਤੋਰ, ਤੇਰਾ ਮੇਰਾ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦੇ ਵਰਤਾਈਆ । ਗੋਬਿੰਦ ਕਹੇ ਸੁਣ ਸਤਿਜੁਗ ਸੱਚੇ ਮਿੱਤਰ, ਮਿਤਰਾ ਦਿਆਂ ਦ੍ਰਿੜਾਈਆ । ਮੈਂ ਨਿਰਗੁਣ ਧਾਰੋਂ ਆਇਆ ਨਿੱਕਲ, ਮੈਨੂੰ ਜਨਮੇ ਕੋਇ ਨਾ ਮਾਈਆ । ਮੇਰੀ ਲੱਭੇ ਕਿਸੇ ਨਾ ਸ਼ਕਲ, ਗਿਆਨੀ ਧਿਆਨੀ ਸਮਝ ਕਿਸੇ ਨਾ ਆਈਆ । ਮੈਨੂੰ ਕਰੇ ਕੋਈ ਨਾ ਕ਼ਤਲ, ਤਨ ਧੜ ਨਾ ਕੋਇ ਵਖਾਈਆ । ਸਚਖੰਡ ਦਵਾਰਾ ਮੇਰਾ ਵਤਨ, ਪੁਰਖ ਅਕਾਲ ਪਿਤਾ ਮਾਈਆ । ਮੈਂ ਆਇਆ ਭਗਤਾਂ ਦੇ ਪੱਤਨ, ਪਤਿਪਰਮੇਸ਼ਵਰ ਨਾਲ ਮਿਲਾਈਆ । ਕਲਜੁਗ ਕੂੜੀ ਕਿਰਿਆ ਦਾ ਰਹਿਣ ਨਹੀਂ ਦੇਣਾ ਯਤਨ, ਯਥਾਰਥ ਲੇਖਾ ਦੇਣਾ ਚੁਕਾਈਆ । ਮਾਟੀ ਭਾਂਡੇ ਕਰਨੇ ਸੱਖਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਉਹ ਵੇਖ ਤੇਈ ਅਵਤਾਰ, ਬੈਠੇ ਸੀਸ ਨਿਵਾਈਆ । ਈਸਾ ਮੂਸਾ ਮੁਹੰਮਦ ਕਰਨ ਪੁਕਾਰ, ਦਰੋਹੀ ਤੇਰਾ ਨਾਮ ਖ਼ੁਦਾਈਆ । ਯਾਮਬੀਨ ਸਾਂਝੇ ਯਾਰ, ਲਾਸ਼ਰੀਕ ਓਟ ਤਕਾਈਆ । ਵਾਹਿਦ ਤੇਰਾ ਕਲਮਾ ਕਾਇਨਾਤ ਜਿਸ ਦੀ ਪਾਵੇ ਕੋਈ ਨਾ ਸਾਰ, ਸਰ ਸਕੇ ਨਾ ਕੋਇ ਕਰਾਈਆ । ਸਦੀ ਚੌਧਵੀਂ ਸਭ ਦਾ ਗਿਆ ਇਤਬਾਰ, ਬੇਇਤਬਾਰੀ ਹੋਈ ਲੋਕਾਈਆ । ਜੋ ਸਿਖਿਆ ਆਇਆ ਸਿਖਾਲ, ਹੁਕਮ ਇਕ ਦ੍ਰਿੜਾਈਆ । ਉਸ ਦਾ ਅੰਤਮ ਹੋਇਆ ਜ਼ਵਾਲ, ਜਾਹਰ ਜਹੂਰ ਨਾ ਕੋਇ ਰੁਸ਼ਨਾਈਆ । ਤੇਰੇ ਅਗੇ ਇਕ ਸਵਾਲ, ਅਰਜ਼ ਨਾਲ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਈਸਾ ਮੂਸਾ ਮੁਹੰਮਦ ਕਰ ਸਲਾਮ, ਬਿਨ ਸਜਦਿਉਂ ਸੀਸ ਝੁਕਾਈਆ । ਕਿਰਪਾ ਕਰ ਵਡ ਅਮਾਮ, ਆਮਦ ਤੇਰੀ ਵੇਖ ਵਖਾਈਆ । ਸਾਚਾ ਮੰਦਰ ਕਾਇਆ ਕਾਅਬਾ ਨਜ਼ਰ ਨਾ ਆਏ ਜਹਾਨ, ਭੱਜਣ ਵਾਹੋ ਦਾਹੀਆ । ਸਤਿ ਰਿਹਾ ਨਾ ਕੋਇ ਸਲਾਮ, ਇਸਲਾਮ ਆਜ਼ਮ ਨਾ ਕੋਇ ਦ੍ਰਿੜਾਈਆ । ਸ਼ਰਅ ਵਿਚ ਸਾਰੇ ਹੋਏ ਬਦਨਾਮ, ਬਦੀ ਘਰ ਘਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸੱਚਾ ਰਾਹ ਰਹਿਬਰ ਦੇ ਸਮਝਾਈਆ । ਗੋਬਿੰਦ ਕਹੇ ਸੁਣ ਸਤਿਜੁਗ ਧੁਰ ਦੇ ਸਾਥੀ, ਸਚ ਦਿਆਂ ਦ੍ਰਿੜਾਈਆ । ਪੁਰਖ ਅਕਾਲ ਦੀ ਮੰਨਣੀ ਪਏ ਆਖੀ, ਆਖ਼ਰ ਇਕੋ ਨਜ਼ਰੀ ਆਈਆ । ਜਿਸ ਮੇਟਣੀ ਕਲਜੁਗ ਅੰਧੇਰੀ ਰਾਤੀ, ਕੂੜ ਕੁੜਿਆਰਾ ਦਏ ਖਪਾਈਆ । ਦੀਨ ਮਜ਼੍ਹਬ ਦੀ ਰਹਿਣ ਨਾ ਦੇਵੇ ਬਾਕੀ, ਗੁਰ ਅਵਤਾਰ ਪੈਗ਼ੰਬਰ ਲਏ ਬੁਲਾਈਆ । ਲੋਕਮਾਤ ਵੇਖੇ ਮਾਰ ਕੇ ਝਾਤੀ, ਬਿਨ ਪੁਰਖ ਅਕਾਲ ਅੱਖ ਤਕਾਈਆ । ਸਾਚਾ ਦਿਸੇ ਕੋਈ ਨਾ ਸਾਕੀ, ਜਾਮ ਹੱਕ ਨਾ ਕੋਇ ਪਿਆਈਆ । ਮੰਜ਼ਲ ਚੜ੍ਹੇ ਕੋਈ ਨਾ ਘਾਟੀ, ਮਿਲ ਮਹਿਬੂਬ ਦਰਸ ਕੋਇ ਨਾ ਪਾਈਆ । ਸੂਫ਼ੀਆਂ ਲੱਭੇ ਕੋਇ ਨਾ ਦਾਤੀ, ਸਾਧ ਸੰਤ ਰਹੇ ਕੁਰਲਾਈਆ । ਮਨੂਆ ਚੜ੍ਹਿਆ ਵਿਕਾਰ ਦੇ ਰਾਕੀ, ਐਰਾ ਗੈਰਾ ਰਿਹਾ ਜਗਾਈਆ । ਬਿਨ ਭਗਤਾਂ ਠੰਡੀ ਹੋਵੇ ਕਿਸੇ ਨਾ ਛਾਤੀ, ਸਾਂਤਕ ਸਤਿ ਨਾ ਕੋਇ ਕਰਾਈਆ । ਕੋਟਨ ਕੋਟ ਤੇਰੇ ਨਾਮ ਪ੍ਰਭ ਗਾਉਂਦੇ ਦਿਵਸ ਰੈਣ ਪਰਭਾਤੀ, ਸਿਫ਼ਤਾਂ ਵਿਚ ਸਾਲਾਹੀਆ । ਤੇਰੀ ਆਤਮ ਜੋਤ ਕਿਸੇ ਨਾ ਝਾਕੀ, ਪਰਮਾਤਮ ਮਿਲ ਨਾ ਵੱਜੀ ਵਧਾਈਆ । ਬਜਰ ਕਪਾਟ ਕਿਸੇ ਨਾ ਪਾਟੀ, ਨਾਭੀ ਕਵਲ ਤ੍ਰਿਸ਼ਨ ਨਾ ਕੋਇ ਮਿਟਾਈਆ । ਬਿਨ ਅੱਖਰਾਂ ਤੋਂ ਤੇਰੀ ਪੁਸਤਕ ਕਿਸੇ ਨਾ ਵਾਚੀ, ਗ੍ਰੰਥ ਪੜ੍ਹ ਪੜ੍ਹ ਸ਼ੁਕਰ ਮਨਾਈਆ । ਤੇਰੀ ਸਭ ਤੋਂ ਉਤਮ ਜਾਤੀ, ਜਿਥੇ ਅਲਿਫ਼ ਯੇ ਦੀ ਲੋੜ ਰਹੇ ਨਾ ਰਾਈਆ । ਨਾ ਕੋਈ ਝਗੜਾ ਦਿਸੇ ਸਮਾਜੀ, ਨਾ ਕੋਈ ਮੁਲਾ ਦਿਸੇ ਕ਼ਾਜ਼ੀ, ਨਾ ਕੋਈ ਪੰਡਤ ਹੋਵੇ ਰਾਜੀ, ਨਾ ਕੋਈ ਗ੍ਰੰਥੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦੇ ਵਖਾਈਆ । ਗੋਬਿੰਦ ਕਹੇ ਸਤਿਜੁਗ ਸਾਚੇ ਪ੍ਰਭ ਦਾ ਇਕ ਦਸਤੂਰ, ਚਾਰ ਜੁਗ ਸਮਝ ਕਿਸੇ ਨਾ ਪਾਈਆ । ਜੁਗ ਚੌਕੜੀ ਹਾਜ਼ਰ ਹਜ਼ੂਰ, ਹਜ਼ਰਤ ਹੋ ਕੇ ਵੇਖ ਵਖਾਈਆ । ਪੈਗ਼ੰਬਰਾਂ ਦੇ ਕੇ ਨੂਰ, ਕਲਮਿਆਂ ਨਾਲ ਪੜ੍ਹਾਈਆ । ਅੰਤਮ ਲੇਖਾ ਮੁਕਾ ਕੇ ਜ਼ਰੂਰ, ਜ਼ਰੂਰਤ ਸਭ ਦੀ ਫੋਲ ਫੁਲਾਈਆ । ਈਸਾ ਮੂਸਾ ਮੁਹੰਮਦ ਬਣਾ ਮਜ਼ਦੂਰ, ਸੇਵਾ ਸਚ ਲਗਾਈਆ । ਕਲਜੁਗ ਨਾਤਾ ਜੋੜ ਕੇ ਕੂੜੋ ਕੂੜ, ਕੂੜ ਕੁਟੰਬ ਦਿਤਾ ਵਖਾਈਆ । ਬੁਧੀਵਾਨ ਬਣਾਏ ਮੂਰਖ ਮੂੜ੍ਹ, ਚਤੁਰ ਸੁਘੜ ਨਾ ਕੋਇ ਚਤੁਰਾਈਆ । ਮਨੂਆ ਅੰਦਰ ਪਾਵੇ ਫ਼ਤੂਰ, ਫ਼ਤਵੇ ਸਭ ਦੇ ਉਪਰ ਲਗਾਈਆ । ਆਪਣਾ ਸਮਝੇ ਨਾ ਕੋਇ ਕ਼ਸੂਰ, ਕ਼ਸਮ ਖਾ ਖਾ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਵੇਖ ਵਖਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਆਉ ਅਗੇ, ਅਗਲਾ ਲੇਖ ਜਣਾਈਆ । ਜੋਤੀ ਨੂਰ ਇਕੋ ਜਗੇ, ਸਚ ਪਰਕਾਸ਼ ਮਿਲੇ ਵਡਿਆਈਆ । ਸਚ ਦਵਾਰਾ ਇਕੋ ਸਜੇ, ਦੂਜਾ ਨਜ਼ਰ ਕੋਇ ਨਾ ਆਈਆ । ਸਾਚਾ ਮਾਰਗ ਇਕੋ ਲੱਗੇ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਝਗੜਾ ਰਹੇ ਨਾ ਕੋਇ ਚੂੰਡੀ ਪਗੇ, ਸਤਿਜੁਗ ਸੱਚਾ ਮਾਰਗ ਲੱਗੇ, ਲਗ ਮਾਤਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਦਿਉ ਬਿਆਨ, ਬਿਨ ਕ਼ਲਮ ਕ਼ਲਮਬੰਦ ਕਰਾਈਆ । ਬਿਨ ਸੀਸ ਕਰੋ ਪਰਣਾਮ, ਜਗਦੀਸਰ ਵੇਖ ਖ਼ੁਸ਼ੀ ਮਨਾਈਆ । ਸਾਰੇ ਕਹੋ ਸਾਡਾ ਲੇਖਾ ਮੁਕਿਆ ਜਗਤ ਕਲਾਮ, ਢੋਲੇ ਦੀ ਲੋੜ ਰਹੀ ਨਾ ਰਾਈਆ । ਜਿਸ ਵਿਚ ਮਾਤ ਹੋਏ ਬਦਨਾਮ, ਬਦੀ ਦਾ ਲੇਖਾ ਨਜ਼ਰੀ ਆਈਆ । ਤੇਰੇ ਅਗੇ ਕਰੀਏ ਸਲਾਮ, ਸਜਦਿਆਂ ਵਿਚ ਸੀਸ ਝੁਕਾਈਆ । ਪਰਵਰਦਿਗਾਰ ਸਾਂਝੇ ਯਾਰ, ਲਾਸ਼ਰੀਕ ਤੇਰੇ ਹੱਥ ਹੱਕ ਤੋਫ਼ੀਕ, ਤੋਹਫ਼ਾ ਆਪਣਾ ਦੇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੮੦੬
੧੯

ਸਚ ਕਰਨੀ ਕਾਰ ਕਮਾਈਆ । ਹੁਕਮ ਸੁਣੋ ਤੇਈ ਅਵਤਾਰ, ਅਵਤਾਰ ਤੇਈ ਆਪ ਜਣਾਈਆ । ਸਾਰੇ ਹੋਵੋ ਖ਼ਬਰਦਾਰ, ਬੇਖ਼ਬਰਾਂ ਖ਼ਬਰ ਅਲਾਈਆ । ਨੇਤਰ ਤੱਕੋ ਜਗਤ ਸੰਸਾਰ, ਦ੍ਰਿਸ਼ਟੀ ਜੀਵ ਲੋਕਾਈਆ । ਆਤਮ ਪਰਮਾਤਮ ਕਿਹੜਾ ਕਰੇ ਪਿਆਰ, ਸੁਰਤੀ ਸ਼ਬਦ ਕਵਣ ਜੁੜਾਈਆ । ਤੁਸੀਂ ਵਿਆਹ ਕਰਦੇ ਆਏ ਜੁਗ ਚੌਕੜੀ ਚਾਰ, ਨਾਤਾ ਤੱਤਾਂ ਨਾਲ ਜੁੜਾਈਆ । ਅੰਤਰ ਅੰਤਮ ਉਤਰਿਆ ਕੋਈ ਨਾ ਪਾਰ, ਪਰਾ ਪਸੰਤੀ ਮਧਮ ਬੈਖਰੀ ਗਾ ਕੇ ਖ਼ੁਸ਼ੀ ਮਨਾਈਆ । ਰਾਗਾਂ ਨਾਦਾਂ ਵਿਚ ਕਰਦੇ ਗਏ ਇਜ਼ਹਾਰ, ਇਸ਼ਤਿਹਾਰ ਮੇਰਾ ਨਾਮ ਛਪਵਾਈਆ । ਸਿਫ਼ਤਾਂ ਵਾਲੇ ਅੱਖਰ ਦੱਸ ਦਿਤੇ ਦੋ ਚਾਰ, ਜਿਨ੍ਹਾਂ ਨੂੰ ਕਹਿੰਦੇ ਵੇਦ ਪੁਰਾਨ ਸ਼ਾਸਤਰ ਸਿਮਰਤ ਵਿਚ ਜਹਾਨ, ਅੰਜੀਲ ਕ਼ੁਰਾਨ ਹੋਏ ਪਰਧਾਨ, ਖਾਣੀ ਬਾਣੀ ਵੰਡ ਵੰਡਾਈਆ । ਇਸ ਤੋਂ ਪਰੇ ਭਗਤ ਭਗਵਾਨ, ਜਿਥੇ ਝੁੱਲੇ ਧਰਮ ਨਿਸ਼ਾਨ, ਨਾ ਕੋਈ ਜ਼ਿਮੀਂ ਨਾ ਅਸਮਾਨ, ਨਾ ਸ਼ਬਦ ਨਾ ਧੁਨਕਾਨ, ਨਾ ਕੋਈ ਰਾਗੀ ਗਾਵੇ ਗਾਨ, ਨਾ ਕੋਈ ਮਸਲਾ ਪੜ੍ਹੇ ਪੁਰਾਨ, ਨਾ ਕੋਈ ਵੇਦਾਂ ਮਾਰੇ ਧਿਆਨ, ਅਛਲ ਅਛੇਦ ਆਪਣਾ ਹੁਕਮ ਵਰਤਾਈਆ । ਏਕਾ ਸ਼ਬਦ ਗੁਰੂ ਬਲਵਾਨ, ਲੇਖਾ ਜਾਣੇ ਜ਼ਿਮੀ ਅਸਮਾਨ, ਬ੍ਰਹਿਮੰਡਾਂ ਖੰਡਾਂ ਮਾਰ ਧਿਆਨ, ਜੁਗ ਚੌਕੜੀ ਮੇਟੇ ਆਣ, ਕਲਜੁਗ ਲੇਖਾ ਦਏ ਮੁਕਾਈਆ । ਤੁਹਾਡਾ ਪਰਵਾਨਾ ਕਰੇ ਪਰਵਾਨ, ਅਬਿਨਾਸ਼ੀ ਕਰਤਾ ਮਿਹਰਵਾਨ, ਪੁਰਖ ਅਕਾਲਾ ਨੌਜਵਾਨ, ਜਨ ਭਗਤਾਂ ਬਣਾਏ ਇਕ ਵਿਧਾਨ, ਵਾਧਾ ਆਪਣੇ ਨਾਲ ਕਰਾਈਆ । ਗੁਰ ਅਵਤਾਰ ਪੈਗ਼ੰਬਰੋ ਮਨਾਵੋ ਖ਼ੁਸ਼ੀ, ਖ਼ੁਸ਼ਹਾਲੀ ਵਿਚ ਜਣਾਈਆ । ਸਤਿਜੁਗ ਧਾਰ ਚਲਾਵਾਂ ਸੁੱਚੀ, ਸੁਚ ਸੰਜਮ ਵੇਖ ਵਖਾਈਆ । ਮਨੂਆ ਕਰੇ ਕੋਇ ਨਾ ਰੁਚੀ, ਆਤਮ ਪਰਮਾਤਮ ਵੱਜੇ ਵਧਾਈਆ । ਜਨ ਭਗਤਾਂ ਪਦਵੀ ਦੇ ਕੇ ਉਚੀ, ਉਚ ਅਗੰਮ ਅਥਾਹ ਨਾਲ ਮਿਲਾਈਆ । ਮਤ ਹੋਣ ਨਾ ਦੇਵਾਂ ਪੁੱਠੀ, ਸ਼ਬਦੀ ਸ਼ਬਦ ਇਕ ਸ਼ਨਵਾਈਆ । ਵੜਿਆ ਰਹਿਣ ਨਾ ਦੇਵਾਂ ਕੋਈ ਵਿਚ ਤ੍ਰੈਕੁਟੀ, ਦਸਮ ਦਵਾਰੀ ਪਹਿਲੀ ਝਲਕ ਪਰਗਟਾਈਆ । ਜਨ ਭਗਤਾਂ ਕਰਨੀ ਨਾ ਪਏ ਕਿਸੇ ਦੀ ਬੁੱਤੀ, ਬੁਤਖ਼ਾਨੇ ਵਿਚੋਂ ਬਾਹਰ ਕਢਾਈਆ । ਸਾਚੀ ਪ੍ਰੀਤ ਕਦੇ ਨਾ ਜਾਵੇ ਲੁੱਟੀ, ਠੱਗ ਚੋਰ ਯਾਰ ਸਕੇ ਨਾ ਕੋਇ ਚੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਮਾਜ ਦਏ ਬਣਾਈਆ । ਸਚ ਸਮਾਜ ਇਕ ਬਣਾਵਾਂਗਾ । ਸ਼ਬਦ ਅਗੰਮੀ ਸੁਣਾ ਕੇ ਆਵਾਜ਼, ਪੜਦਾ ਓਹਲਾ ਆਪ ਉਠਾਵਾਂਗਾ । ਆਤਮ ਪਰਮਾਤਮ ਖੋਲ੍ਹ ਕੇ ਰਾਜ਼, ਰਾਜਕ ਰਹੀਮ ਮੇਲ ਮਿਲਾਵਾਂਗਾ । ਜਨ ਭਗਤੋ ਤੁਹਾਨੂੰ ਲੱਭਣਾ ਪਏ ਨਾ ਕੋਇ ਉਸਤਾਦ, ਮੈਂ ਇਕੋ ਨਾਮ ਪੜ੍ਹਾਵਾਂਗਾ । ਜਿਸ ਦੀ ਸਿਖਿਆ ਚਾਰ ਜੁਗ ਰਹਿਣੀ ਯਾਦ, ਅਗਲਾ ਮਾਰਗ ਆਪ ਲਗਾਵਾਂਗਾ । ਬੁਧੀ ਹੰਸ ਰਹੇ ਨਾ ਕਾਗ, ਸੋਹੰ ਢੋਲਾ ਇਕ ਦ੍ਰਿੜਾਵਾਂਗਾ । ਜਿਸ ਦੀ ਕਰਦੇ ਰਹੇ ਤਾਂਘ, ਆਖ਼ਰ ਓਸੇ ਨਾਲ ਮੇਲ ਮਿਲਾਵਾਂਗਾ । ਹੁਜਰਿਆਂ ਵਿਚ ਦੇਣੀ ਪਏ ਨਾ ਬਾਂਗ, ਮਸੀਤਾਂ ਦਾ ਰਗੜਾ ਰੰਗ ਚੁਕਾਵਾਂਗਾ । ਸਚ ਦਵਾਰਾ ਦਿਆਂ ਸੁਖਾਲਾ ਲਾਭ, ਭਗਤ ਦਵਾਰ ਇਕ ਵਖਾਵਾਂਗਾ । ਜਿਥੇ ਧੁਰ ਦਾ ਵੱਜੇ ਨਾਦ, ਢੋਲਕ ਛੈਣਾ ਨਾ ਕੋਇ ਖੜਕਾਵਾਂਗਾ । ਜਿਸ ਰਚਨ ਰਚਾਈ ਆਦਿ, ਅੰਤਮ ਓਸ ਦੇ ਰੰਗ ਰੰਗਾਵਾਂਗਾ । ਤੁਹਾਡਾ ਮਾਨਸ ਜਨਮ ਨਾ ਹੋਵੇ ਬਰਬਾਦ, ਬਰਬਾਦੀ ਵਿਚੋਂ ਬਾਹਰ ਕਢਾਵਾਂਗਾ । ਸਤਿਜੁਗ ਸਾਚਾ ਕਰ ਆਬਾਦ, ਨੀਂਹ ਲੋਕਮਾਤ ਪਰਗਟਾਵਾਂਗਾ । ਸਚ ਪ੍ਰੇਮ ਦੀ ਦੇ ਕੇ ਦਾਦ, ਨਾਨਕ ਦਾਦਕ ਆਪ ਅਖਵਾਵਾਂਗਾ । ਗੁਰਮੁਖ ਫੁਲਵਾੜੀ ਵੇਖ ਕੇ ਸੋਹਣਾ ਬਾਗ਼, ਗੋਬਿੰਦ ਬਗ਼ੀਚਾ ਸਚ ਮਹਿਕਾਵਾਂਗਾ । ਸਤਿਜੁਗ ਹੋਵੇ ਵੱਡ ਵਡਭਾਗ, ਭਗਵਨ ਹੋ ਕੇ ਦਇਆ ਕਮਾਵਾਂਗਾ । ਦੁਰਮਤ ਮੈਲ ਧੋ ਕੇ ਦਾਗ਼, ਨਿਰਮਲ ਰੂਪ ਆਪ ਵਖਾਵਾਂਗਾ । ਸਚ


੮੦੭
੧੯

ਵਡਿਆਈ ਮਿਲਣੀ ਆਜ, ਸੰਮਤ ਸ਼ਹਿਨਸ਼ਾਹੀ ਆਪ ਸਮਝਾਵਾਂਗਾ । ਗੁਰ ਅਵਤਾਰ ਪੈਗ਼ੰਬਰ ਦੇਵਣ ਸਾਥ, ਸਗਲਾ ਸੰਗ ਆਪ ਬਣਾਵਾਂਗਾ । ਪੁਰਖ ਅਕਾਲ ਧੁਰਦਰਗਾਹੀ ਬਣ ਮਹਾਰਾਜ, ਸ੍ਰੀ ਭਗਵੰਤ ਨਾਉਂ ਧਰਾਵਾਂਗਾ । ਜਨ ਭਗਤਾਂ ਭਗਤਾਂ ਨਾਲ ਰਚ ਕੇ ਕਾਜ, ਸ਼ਬਦ ਵਿਚੋਲਾ ਗੁਰੂ ਵਿਚ ਟਿਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਰਸਮ ਆਪ ਵਖਾਵਾਂਗਾ । ਸਤਿਗੁਰ ਸ਼ਬਦ ਜਨ ਭਗਤ ਵਿਚੋਲਾ, ਏਥੇ ਓਥੇ ਮੇਲ ਮਿਲਾਈਆ । ਤੂੰ ਮੇਰਾ ਮੈਂ ਤੇਰਾ ਗਾ ਕੇ ਸੋਹਲਾ, ਸੋਹਣਾ ਜੋੜ ਜੁੜਾਈਆ । ਜਿਸ ਘਰ ਦਾ ਸਤਿਗੁਰ ਨਾਨਕ ਬਣਿਆ ਗੋਲਾ, ਚਾਕਰ ਹੋ ਕੇ ਸੇਵ ਕਮਾਈਆ । ਉਸ ਦਾ ਨਾਮ ਸਦਾ ਅਨਬੋਲਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਕੂੜੀ ਕਿਰਿਆ ਕਲਜੁਗ ਮਿਟਾਉਣਾ ਰੌਲਾ, ਸਤਿਜੁਗ ਸਚ ਵੱਜੇ ਵਧਾਈਆ । ਗੋਬਿੰਦ ਚੁਕਾਉਣਾ ਓਹਲਾ, ਪੜਦਾ ਦਏ ਉਠਾਈਆ । ਚਾਰ ਵਰਨ ਦਾ ਇਕੋ ਬੋਲਾ, ਸ਼ਬਦ ਜੈਕਾਰਾ ਇਕ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਹੋ ਕੇ ਵੇਖ ਵਖਾਈਆ । ਸਤਿਜੁਗ ਤੇਰਾ ਮਾਰਗ ਸਿੱਧਾ, ਸਾਹਿਬ ਸਵਾਮੀ ਆਪ ਲਗਾਈਆ । ਗੋਬਿੰਦ ਹੱਥ ਰਖਾਈ ਬਿਧਾ, ਜੋ ਕਰ ਕੇ ਗਿਆ ਸ਼ਨਵਾਈਆ । ਅੰਤਮ ਜੋਤੀ ਧਾਰ ਸ਼ਬਦੀ ਲੈ ਕੇ ਆਏ ਸੀਧਾ, ਨਿਰਵੈਰ ਹੋ ਕੇ ਵੇਸ ਵਟਾਈਆ । ਭਾਗ ਲਗਾਏ ਜੀਓ ਪਿੰਡਾ, ਸਾਢੇ ਤਿੰਨ ਹੱਥ ਸੋਭਾ ਪਾਈਆ । ਜਨ ਭਗਤਾਂ ਤਨ ਮਨ ਜਿਸ ਨੇ ਵਿੰਧਾ, ਅਣਿਆਲਾ ਤੀਰ ਚਲਾਈਆ । ਸਚ ਦਵਾਰਾ ਦੇ ਕੇ ਨਿੱਘਾ, ਸਾਂਤਕ ਸਤਿ ਦਏ ਕਰਾਈਆ । ਧੁਰਦਰਗਾਹੀ ਬਣ ਕੇ ਪਿਤਾ, ਪਤਿਪਰਮੇਸ਼ਵਰ ਨਾਲ ਮਿਲਾਈਆ । ਪਹਿਲੋਂ ਆਤਮ ਪਰਮਾਤਮ ਜਨ ਭਗਤਾਂ ਕਰਾ ਕੇ ਹਿੱਤਾ, ਨਾਤਾ ਧੁਰ ਦਾ ਆਪ ਜੁੜਾਈਆ । ਫਿਰ ਤਨ ਮਾਟੀ ਖ਼ਾਕ ਪੰਜ ਤਤ ਬੱਧਾ, ਲੜਕਾ ਲੜਕੀ ਹੋਏ ਕੁੜਮਾਈਆ । ਚਰਨ ਕਵਲ ਦਵਾਰੇ ਦੇ ਕੇ ਜਗ੍ਹਾ, ਜਗ੍ਹਾ ਆਪਣੀ ਦਏ ਸਮਝਾਈਆ । ਸ਼ਬਦੀ ਸਤਿਗੁਰ ਸ਼ੇਰ ਬੱਗਾ, ਕਲਜੁਗ ਕਾਲੀ ਧਾਰ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਪਰਗਟਾਈਆ । ਪੁਰਖ ਅਕਾਲ ਕਹੇ ਜਨ ਭਗਤਾਂ ਹੋਵੇ ਨਾਤਾ, ਸਰਗੁਣ ਸਰਗੁਣ ਮੇਲ ਮਿਲਾਈਆ । ਪੁਰਖ ਅਕਾਲ ਜੋਤੀ ਜਾਤਾ, ਹਰ ਘਟ ਰਮਿਆਂ ਵੇਖ ਵਖਾਈਆ । ਸਤਿਜੁਗ ਪੂਰੀ ਕਰੇ ਆਸਾ, ਤ੍ਰਿਸ਼ਨਾ ਕੂੜ ਦਏ ਮਿਟਾਈਆ । ਜਨ ਭਗਤਾਂ ਦੇ ਭਰਵਾਸਾ, ਸਮਾਜ ਸਚ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਸਦਾ ਕਰਾਉਂਦਾ ਕਾਜ, ਦੂਜੇ ਦੀ ਲੋੜ ਰਹੇ ਨਾ ਰਾਈਆ । ਭਗਤਾਂ ਨਾਲ ਬਣਦਾ ਸਮਾਜ, ਗੁਰਮੁਖਾਂ ਇਹ ਵਡਿਆਈਆ । ਪੰਜਾਂ ਜੈਕਾਰਿਆਂ ਦੀ ਸਚ ਆਵਾਜ਼, ਸੁਣੇ ਧੁਰਦਰਗਾਹੀਆ । ਚਾਰ ਵਰਨਾਂ ਦਾ ਸਾਥ, ਅਠਾਰਾਂ ਬਰਨ ਕੁੜਮਾਈਆ । ਪੁਰਖ ਅਕਾਲ ਹੁਕਮ ਰਿਹਾ ਆਖ, ਨਾ ਕੋਈ ਮੇਟੇ ਮੇਟ ਮਿਟਾਈਆ । ਸਤਿਜੁਗ ਸਭ ਨੂੰ ਮੰਨਣੀ ਪਏ ਬਾਤ, ਬਾਤਨ ਪੜਦਾ ਆਪ ਚੁਕਾਈਆ । ਅਬਿਨਾਸ਼ੀ ਕਰਤਾ ਨਰ ਨਿਰੰਕਾਰਾ ਸਭ ਨੇ ਕਰਨਾ ਯਾਦ, ਯਾਦਾਸ਼ਤ ਵਿਚ ਲੋਕਾਈਆ । ਜਿਸ ਨੇ ਸਤਿਜੁਗ ਖੇੜਾ ਕਰਨਾ ਆਬਾਦ, ਕਲਜੁਗ ਕੂੜਾ ਦਏ ਮਿਟਾਈਆ । ਜਨ ਭਗਤੋ ਤੁਹਾਡਾ ਸ਼ੁਰੂ ਹੋਇਆ ਕਾਜ, ਕੱਜਲ ਦੀ ਲੋੜ ਰਹੇ ਨਾ ਰਾਈਆ । ਆਤਮ ਅੰਤਰ ਸੁਣਨਾ ਇਕੋ ਨਾਦ, ਨਾਦ ਧੁਨ ਸ਼ਨਵਾਈਆ । ਸੋਈ ਸੁਰਤੀ ਜਾਏ ਜਾਗ, ਨਾਮ ਵੱਜੇ ਵਧਾਈਆ । ਅਬਿਨਾਸ਼ੀ ਕਰਤਾ ਕਿਰਪਾ ਕਰੇ ਆਪ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ



੮੦੮
੧੯

ਮਾਰਗ ਇਕ ਵਖਾਈਆ । ਸਾਚਾ ਮਾਰਗ ਲੱਗਣਾ ਜਗ, ਜਗਜੀਵਣ ਦਾਤਾ ਦਇਆ ਕਮਾਈਆ । ਭਗਤ ਸੁਹੇਲੇ ਸੱਜਣ ਸੱਦ, ਹਰਿ ਸੰਗਤ ਵਿਚ ਬਹਾਈਆ । ਸਤਿਗੁਰ ਢੋਲਾ ਸ਼ਬਦ ਗਾਇਓ ਸਦ, ਰਾਗ ਧੁਰਦਰਗਾਹੀਆ । ਕਾਰਜ ਹੋਵੇ ਹੱਬ, ਓਹਲਾ ਰਹੇ ਨਾ ਰਾਈਆ । ਪ੍ਰੀਤੀ ਜਾਵੇ ਬੱਝ, ਵੱਜੇ ਸਚ ਵਧਾਈਆ । ਤ੍ਰਿਸ਼ਨਾ ਮੇਟੇ ਅੱਗ, ਹਵਸ ਨਾ ਕੋਇ ਰਖਾਈਆ । ਹੰਸ ਬਣਾਏ ਕਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਸਚ ਦਵਾਰੇ ਬਹਿਣਾ ਵਧ, ਪਿਛਲਾ ਪੰਧ ਮੁਕਾਈਆ । ਜਨ ਭਗਤੋ ਤੁਸੀਂ ਸ੍ਰੀ ਭਗਵਾਨ ਦੀ ਯੱਦ, ਬੰਸ ਇਕੋ ਨਜ਼ਰੀ ਆਈਆ । ਵੇਖਿਓ ਜਾਤ ਪਾਤ ਵਿਚ ਨਾ ਹੋਇਓ ਅੱਡ, ਗੋਬਿੰਦ ਹੁਕਮ ਇਕ ਮਨਾਈਆ । ਏਸੇ ਕਰ ਕੇ ਨਾਨਕ ਸਭ ਨੂੰ ਗਿਆ ਛੱਡ, ਪੜਦਾ ਓਹਲਾ ਵਿਚ ਟਿਕਾਈਆ । ਜਿਹੜੇ ਖਾਂਦੇ ਮੱਛੀ ਡੱਡ, ਅਰਜਨ ਗੁਰੂ ਨਾ ਹੋਏ ਸਹਾਈਆ । ਜਿਹੜੇ ਕਹਿੰਦੇ ਗੋਬਿੰਦ ਬੱਕਰੇ ਦਿਤੇ ਵੱਢ, ਸਤਿ ਦਿਆਂ ਵਖਾਈਆ । ਸਤਿਗੁਰ ਸ਼ਬਦ ਪਰਵਾਨਾ ਸਦਾ ਸਦ, ਜੁਗ ਜੁਗ ਦੇਣ ਗਵਾਹੀਆ । ਸਚ ਪ੍ਰੀਤੀ ਚੜ੍ਹਿਆ ਰੰਗ ਖੜਗ, ਕਟਾਰ ਲਾਲ ਵਖਾਈਆ । ਦੀਨ ਮਜ਼੍ਹਬ ਝਗੜਾ ਮੁਕਾਏ ਸਚ, ਪੰਜਾਂ ਪਿਆਰਿਆਂ ਆਪ ਸਮਝਾਈਆ । ਮੈਂ ਤੂੰ ਤੂੰ ਮੈਂ ਅੰਦਰ ਜਾਵਾਂ ਰਚ, ਜੋ ਗੁਰਸਿਖ ਮੇਰਾ ਰੂਪ ਵਟਾਈਆ । ਸੋ ਵੇਲਾ ਸੁਹੰਜਣਾ ਹੋਵੇ ਅੱਜ, ਵੱਜੇ ਸਚ ਵਧਾਈਆ । ਇਹ ਖੇਲ ਪੁਰਖ ਸਮਰਥ, ਲੇਖਾ ਜਾਣੇ ਧੁਰ ਦਰਗਾਹੀਆ । ਜਨ ਭਗਤੋ ਧੁਰ ਸੰਦੇਸ਼ਾ ਦੇਵਾਂ ਦੱਸ ਨੌ ਖੰਡ ਪ੍ਰਿਥਮੀ ਦੇਣਾ ਸਮਝਾਈਆ । ਜੋ ਸਭ ਨੂੰ ਗਿਆ ਛੱਡ, ਭੱਜਿਆ ਵਾਹੋ ਦਾਹੀਆ । ਸੋ ਧਰਮ ਨਿਸ਼ਾਨਾ ਦਏ ਗੱਡ, ਸੱਤ ਰੰਗ ਨਿਸ਼ਾਨ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਮਾਰਗ ਇਕ ਲਗਾਈਆ । ਸਤਿਜੁਗ ਮਾਰਗ ਭਗਤਾਂ ਲੀਕ, ਲਕੀਰ ਸਕੇ ਨਾ ਕੋਇ ਮਿਟਾਈਆ । ਪੁਰਖ ਅਕਾਲ ਹੱਥ ਤੌਫ਼ੀਕ, ਸ਼ਬਦੀ ਸ਼ਬਦ ਹੁਕਮ ਚਲਾਈਆ । ਸਤਿਗੁਰ ਸ਼ਬਦੀ ਹੁਕਮ ਕਰੇ ਤਸਦੀਕ, ਸ਼ਹਾਦਤ ਨਾਮ ਭੁਗਤਾਈਆ । ਭਗਤਾਂ ਨਾਲ ਭਗਤਾਂ ਮੇਲ ਠੀਕ, ਪਰਮ ਪੁਰਖ ਦਏ ਵਡਿਆਈਆ । ਪੂਰਬ ਜਨਮ ਦੀ ਆਸਾ ਪੂਰੀ ਹੋਵੇ ਰੀਝ, ਜੋ ਸਨਮੁਖ ਸੋਭਾ ਪਾਈਆ । ਚਰਨ ਪ੍ਰੀਤੀ ਇਕ ਹਦੀਸ, ਸਾਚਾ ਹੁਕਮ ਦਿਤਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਵਡਿਆਈਆ । ਹਰਿਜਨ ਸਾਚੇ ਜੋੜੇ ਜੋੜ, ਪੂਰਬ ਜਨਮ ਵੇਖ ਵਖਾਈਆ । ਦੂਜੇ ਨਾਤਾ ਦਏ ਤੋੜ, ਕੂੜਾ ਸੰਗ ਨਾ ਕੋਇ ਨਿਭਾਈਆ । ਲਾਗੀ ਲਾਗਣ ਦੇਵੇ ਹੋੜ, ਹੋਕਾ ਇਕੋ ਨਾਮ ਜਣਾਈਆ । ਸਮਾਜ ਅਟਕਾਏ ਨਾ ਕੋਈ ਰੋੜ, ਅੜਿੱਕਾ ਦੂਨੀ ਦਿਤਾ ਮੁਕਾਈਆ । ਝਗੜਾ ਰਿਹਾ ਨਾ ਮੇਰ ਤੇਰ, ਤੇਰਾ ਮੇਰਾ ਨਜ਼ਰੀ ਆਈਆ । ਨੇਤਰ ਦੇ ਕੇ ਫੁਰਨਾ ਫੇਰ, ਫ਼ੌਰਨ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲੇ ਮੇਲ ਮਿਲਾਈਆ । ਭਗਤ ਸੁਹੇਲੇ ਕਰ ਮਿਲਾਪ, ਮੇਲਾ ਹਰਿ ਜਗਦੀਸ਼ ਕਰਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਪਣਾ ਜਾਪ, ਦੂਜੀ ਲੋੜ ਰਹੇ ਨਾ ਰਾਈਆ । ਕੋਟ ਜਨਮ ਦੇ ਉਤਰਨ ਪਾਪ, ਦੁਰਮਤ ਮੈਲ ਧਵਾਈਆ । ਆਤਮ ਪਰਮਾਤਮ ਬਣੇ ਸਾਕ, ਪਾਰਬ੍ਰਹਮ ਬ੍ਰਹਮ ਲਏ ਪਰਨਾਈਆ । ਜੋ ਕਬੀਰਾ ਮੰਜ਼ਲ ਚੜ੍ਹ ਕੇ ਗਿਆ ਆਖ, ਢੋਲਾ ਗੀਤ ਸੰਗੀਤ ਸੁਣਾਈਆ । ਸੋ ਲੇਖਾ ਜਾਣੇ ਵੱਡ ਪਰਤਾਪ, ਬੇਪਰਵਾਹ ਬੇਪਰਵਾਹੀਆ । ਰੂਹ ਬੁਤ ਦੋਵੇਂ ਕਰ ਕੇ ਪਾਕ, ਆਪਣਾ ਰੰਗ ਰੰਗਾਈਆ । ਭਾਗ ਲਗਾ ਕੇ ਮਾਟੀ ਖ਼ਾਕ, ਤਨ ਵਜੂਦ ਕਰੇ ਸਫ਼ਾਈਆ । ਲਹਿਣਾ ਦੇਣਾ ਚੁਕਾਏ ਹੱਥੋ ਹਾਥ, ਜਗਤ ਉਧਾਰ ਦਏ ਚੁਕਾਈਆ । ਜਨ ਭਗਤੋ ਤੁਹਾਡਾ ਇਕੋ ਪੂਜਾ

ਪਾਠ, ਸਿਮਰਨ ਜੋਗ ਅਭਿਆਸ ਦਿਤਾ ਸਮਝਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਭਗਤਾਂ ਕਾਇਆ ਮੰਦਰ ਅੰਦਰ ਖੋਲ੍ਹ ਕੇ ਤਾਕ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਸਮੁੰਦ ਸਾਗਰ ਖੋਜਣ ਕੋਇ ਨਾ ਜਾਈਆ । ਕਿਸੇ ਹੱਥ ਨਾ ਆਏ ਸ਼ਿਵਦਵਾਲੇ ਮੰਦਰ ਮਾਠ, ਮੁੱਲਾ ਕਾਜ਼ੀ ਜਗਤ ਮਸੀਤ ਰਹੇ ਕੁਰਲਾਈਆ । ਜਨ ਭਗਤਾਂ ਦਾ ਸਭ ਤੋਂ ਵੱਖਰਾ ਸਮਾਜ, ਰਵਦਾਸ ਚਮਾਰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਜੋੜੀ ਜੋੜਾ ਲੜਕਾ ਲੜਕੀ, ਨਾਰੀ ਨਰ ਦੀ ਨਜ਼ਰੀ ਆਈਆ । ਜਨ ਭਗਤੋ ਇਹ ਖੇਲ ਪ੍ਰਭੂ ਦੇ ਘਰ ਦੀ, ਦੂਜਾ ਸੰਗ ਨਾ ਕੋਇ ਬਣਾਈਆ । ਉਹ ਆਤਮ ਪਿਆਰੀ ਤਰਦੀ, ਜੋ ਪ੍ਰਭ ਦਾ ਦਰਸ਼ਨ ਪਾਈਆ । ਸੋ ਕੰਤ ਸੁਹਾਗੀ ਵਰਦੀ, ਜੋ ਵਾਰਤਾ ਪਿਛਲੀ ਯਾਦ ਕਰਾਈਆ । ਤੁਹਾਡੀ ਕਲਾ ਹੋਵੇ ਚੜ੍ਹਦੀ, ਢਹਿੰਦੀ ਦਿਸੇ ਜਗਤ ਲੋਕਾਈਆ । ਜਿਹੜੀ ਤੂੰ ਹੀ ਤੂੰ ਪੜ੍ਹਦੀ, ਉਹ ਓਸੇ ਵਿਚ ਸਮਾਈਆ । ਖੇਲ ਰਹੀ ਨਾ ਕਲਜੁਗ ਕਲ ਦੀ, ਸਤਿਜੁਗ ਸੱਚੀ ਧਾਰ ਪਰਗਟਾਈਆ । ਕੁਛ ਆਸਾ ਬਾਵਨ ਬਲ ਦੀ, ਬਲ ਦਵਾਰੇ ਲਈ ਤਕਾਈਆ । ਖੇਲ ਵੇਖਣੀ ਪੁਰਖ ਅਟਲ ਦੀ, ਜੋ ਅਟਲ ਪਦਵੀ ਰਿਹਾ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲੇ ਲਏ ਤਰਾਈਆ । ਜਨ ਭਗਤਾਂ ਹੋਇਆ ਧਰਮ ਵਿਵਾਹ, ਵਾਇਦਾ ਪੂਰ ਕਰਾਈਆ । ਕਿਸੇ ਗ੍ਰੰਥ ਦੀ ਲੋੜ ਰਹੇ ਨਾ ਰਾ, ਬਗ਼ਲ ਕ਼ੁਰਾਨ ਨਾ ਕੋਇ ਟਿਕਾਈਆ । ਪਾਂਧਾ ਲਏ ਨਾ ਕੋਇ ਸਦਾ, ਵੇਦੀ ਆਹੂਤੀ ਨਾ ਕੋਇ ਕਰਾਈਆ । ਇਕੋ ਪੁਰਖ ਅਕਾਲ ਲੈਣਾ ਧਿਆ, ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਜੋ ਸਿੱਧਾ ਮਿਲੇ ਆ, ਲਿਖਣ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਲੱਖ ਚੁਰਾਸੀ ਵਿਚੋਂ ਪਕੜੇ ਬਾਂਹ, ਨਿਰਗੁਣ ਹੋ ਕੇ ਲਏ ਜਗਾਈਆ । ਇਕੋ ਕਾਇਆ ਮੰਦਰ ਅੰਦਰ ਦੱਸ ਕੇ ਆਪਣਾ ਨਾਂ, ਨਾਉਂ ਨਿਰੰਕਾਰਾ ਦਏ ਸਮਝਾਈਆ । ਏਥੇ ਓਥੇ ਦੋ ਜਹਾਨਾਂ ਦੇਵੇ ਠੰਡੀ ਛਾਂ, ਅਗਨੀ ਅੱਗ ਨਾ ਕੋਇ ਤਪਾਈਆ । ਪਤਿਪਰਮੇਸ਼ਵਰ ਬਣ ਕੇ ਪਿਤਾ ਮਾਂ, ਭੈਣ ਭਈਆ ਸਾਕ ਸੈਣ ਨਜ਼ਰੀ ਆਈਆ । ਜਨ ਭਗਤੋ ਸਿੱਧਾ ਪ੍ਰਭ ਦਾ ਧਰੋ ਧਿਆਂ, ਹਾਜ਼ਰ ਹੋ ਕੇ ਹੋਏ ਸਹਾਈਆ । ਸਦਾ ਵਸਿਆ ਤੁਹਾਡੇ ਸਾਢੇ ਤਿੰਨ ਹੱਥ ਮਕਾਂ, ਕਾਇਆ ਮੰਦਰ ਡੇਰਾ ਲਾਈਆ । ਜਿਸ ਵੇਲੇ ਚਾਹੋ ਸਚ ਪ੍ਰੀਤ ਵਿਚ ਕਰਾਓ ਨਿਆਂ, ਅਦਲ ਇਨਸਾਫ਼ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਬਿਆਂ, ਆਪਣਾ ਆਪ ਲਿਆ ਪਰਗਟਾਈਆ । ਪੁਰਖ ਅਕਾਲ ਤੂੰ ਮਾਲਕ ਦੋ ਜਹਾਂ, ਦੋਹਰੀ ਆਪਣੀ ਖੇਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦਏ ਸੁਣਾਈਆ । ਸਾਚਾ ਹੁਕਮ ਸੁਣਾਉਣਾ ਸਾਢੇ ਨੌ ਰੈਣ, ਅਠਾਰਾਂ ਹਾੜ ਨਜ਼ਰੀ ਆਈਆ । ਸਤਿਗੁਰ ਧਾਰਾ ਦਿਸੇ ਐਨ, ਨੁਕ਼ਤਾ ਗ਼ੈਨ ਨਾ ਕੋਇ ਬਣਾਈਆ । ਸਾਚਾ ਬਣ ਕੇ ਧੁਰ ਦਾ ਸੈਣ, ਸਮਝ ਦਏ ਸਮਝਾਈਆ । ਚਾਰ ਜੁਗ ਜਿਸ ਦੇ ਹੁਕਮ ਅੰਦਰ ਰਹਿਣ, ਉਹ ਹੁਕਮ ਇਕ ਪਰਗਟਾਈਆ । ਕੂੜੀ ਕਿਰਿਆ ਖਾਏ ਕੋਈ ਨਾ ਡੈਣ, ਮਮਤਾ ਮੋਹ ਨਾ ਕੋਇ ਹਲਕਾਈਆ । ਕਿਰਪਾ ਕਰੇ ਨਰ ਨਰਾਇਣ, ਨਰ ਹਰਿ ਫੇਰਾ ਪਾਈਆ । ਵਿਦਿਆ ਮੁਖ ਛੁਪਾਏ ਜਗਤ ਵਿਦਵਾਇਨ, ਵਾਇਦੇ ਖ਼ਿਲਾਫ਼ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਚਲਾਈਆ । ਜਨ ਭਗਤੋ ਸੱਚਾ ਰਸਤਾ, ਰਹਿਬਰ ਹੋ ਕੇ ਦਿਆਂ ਜਣਾਈਆ । ਪਿਛਲਾ ਖੋਲ੍ਹਣਾ ਪਏ ਕਿਸੇ ਨਾ ਬਸਤਾ, ਵਿਦਿਆਲਾ ਲੱਭਣ ਕੋਇ ਨਾ ਜਾਈਆ । ਇਕੋ ਇਸ਼ਾਰਾ ਰਖਾਂ ਤੁਹਾਡੇ ਅੰਦਰ

ਦੀ ਅੱਖ ਦਾ, ਦੋਏ ਲੋਚਨ ਕੰਮ ਕਿਸੇ ਨਾ ਆਈਆ । ਲਹਿਣਾ ਦੇਣਾ ਦੇਵਾਂ ਹੱਕ ਦਾ, ਹਕੀਕਤ ਤੁਹਾਡੀ ਵੇਖ ਵਖਾਈਆ । ਪੜਦਾ ਓਹਲਾ ਰਹੇ ਨਾ ਸ਼ੱਕ ਦਾ, ਭਰਮ ਦੇਣਾ ਮਿਟਾਈਆ । ਜਿਹੜਾ ਚਾਰ ਜੁਗ ਪੁਰਖ ਅਕਾਲ ਰਿਹਾ ਤੱਕਦਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਉਹ ਮਾਲਕ ਬਣ ਕੇ ਸਚ ਦਾ, ਜੋਤੀ ਜਾਤਾ ਫੇਰਾ ਪਾਈਆ । ਜੋ ਸੰਬਲ ਗੋਬਿੰਦ ਦੱਸਦਾ, ਹਰਿ ਮੰਦਰ ਡੇਰਾ ਲਾਈਆ । ਜੋ ਝਗੜਾ ਮੁਕਾਵੇ ਦੀਨ ਮਜ਼੍ਹਬ ਵੱਟ ਦਾ, ਡੰਕਾ ਇਕੋ ਦਏ ਸੁਣਾਈਆ । ਮਾਰਗ ਲਾ ਕੇ ਸਤਿ ਦਾ, ਸਤਿ ਧਰਮ ਪਰਗਟਾਈਆ । ਜਨ ਭਗਤੋ ਤੁਹਾਡਾ ਰਾਖਾ ਬਣੇ ਪਤਿ ਦਾ, ਜਗਤ ਪਤੀਆਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਆਪ ਕਰਾਈਆ । ਸਾਚਾ ਮੇਲਾ ਵਿਚ ਸੰਸਾਰ, ਵਡ ਸੰਸਾਰੀ ਆਪ ਕਰਾਈਆ । ਸੰਤ ਸੁਹੇਲੇ ਲੱਭਦੇ ਦੋ ਚਾਰ, ਚਾਰ ਖਾਣੀ ਫੋਲ ਫੁਲਾਈਆ । ਪੂਰਬ ਲਹਿਣਾ ਪਾਵੇ ਸਾਰ, ਜਨਮ ਜਨਮ ਪੜਦਾ ਦਏ ਉਠਾਈਆ । ਪਿਛਲਾ ਕਰਜਾ ਦਏ ਉਤਾਰ, ਨਿਹਕਰਮੀ ਕਰਮ ਕਮਾਈਆ । ਜਿਨ੍ਹਾਂ ਦਾ ਅੱਜ ਹੋਇਆ ਵਿਹਾਰ, ਇੱਕੀ ਇੱਕੀ ਨਜ਼ਰੀ ਆਈਆ । ਇਹਨਾਂ ਦਾ ਗੋਬਿੰਦ ਨਾਲ ਪਿਆਰ, ਸਰਸੇ ਸ਼ਹਾਦਤ ਦੇ ਕੇ ਗਏ ਭੁਗਤਾਈਆ । ਡੁੱਬੇ ਪਹਿਲੀ ਧਾਰ, ਇਕੋ ਓਟ ਤਕਾਈਆ । ਜੇ ਮਿਲਿਉਂ ਕਿਉਂ ਵਿਛੋੜਾ ਦਿਤਾ ਸੰਸਾਰ, ਆਸਾ ਇਕ ਵਧਾਈਆ । ਪੁਰਖ ਅਕਾਲ ਦਿਤੀ ਆਵਾਜ਼, ਅਗੰਮੀ ਆਪ ਜਣਾਈਆ । ਇਹ ਧੁਰ ਦਾ ਖੇਲ ਤਮਾਸ਼, ਭਾਣੇ ਵਿਚ ਰਖਾਈਆ । ਜਿਸ ਵੇਲੇ ਕਲਜੁਗ ਅੰਤ ਬਦਲਾਂ ਰਿਵਾਜ, ਸਮਾਜ ਦਿਆਂ ਮਿਟਾਈਆ । ਛੱਤਰਧਾਰੀ ਹੋ ਕੇ ਦੇਵਾਂ ਧੁਰ ਦਾ ਰਾਜ, ਸਿਕਦਾਰੀ ਇਕ ਅਖਵਾਈਆ । ਪ੍ਰੇਮ ਪ੍ਰੀਤੀ ਆਪਣੇ ਨਾਲ ਰਚ ਕੇ ਕਾਜ, ਆਤਮ ਪਰਮਾਤਮ ਜੋੜ ਜੁੜਾਈਆ । ਫਿਰ ਜਗਤ ਬਣਾ ਸੁਭਾਗ, ਨਾਤਾ ਦੀਨ ਦੁਨੀ ਮੁਕਾਈਆ । ਸਾਚਾ ਚਲਾ ਕੇ ਇਕ ਜਹਾਜ਼, ਵਖਾਏ ਸਰਬ ਲੋਕਾਈਆ । ਤੁਸਾਂ ਪ੍ਰਭ ਦੀ ਰਖਣੀ ਲਾਜ, ਨੇਤਰ ਨੈਣ ਅੱਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਾਚੇ ਹੁਕਮ ਅੰਦਰ ਦਏ ਸੰਦੇਸ਼ਾ, ਸੁਨੇਹੜਾ ਇਕ ਜਣਾਈਆ । ਤੁਹਾਡਾ ਲਹਿਣਾ ਦਸ ਦਸਮੇਸਾ, ਪੂਰਬ ਰਿਹਾ ਮੁਕਾਈਆ । ਭਗਤ ਉਧਾਰੀ ਜਿਸ ਦਾ ਪੇਸ਼ਾ, ਪੇਸ਼ਤਰ ਦਏ ਸਮਝਾਈਆ । ਜਨ ਭਗਤੋ ਮੰਨਿਓ ਕੋਈ ਨਾ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ਾ, ਗੁਰੂ ਅਵਤਾਰ ਪੈਗ਼ੰਬਰ ਦੀ ਲੋੜ ਰਹੇ ਨਾ ਰਾਈਆ । ਜੇ ਲੱਭਣਾ ਤੇ ਲੱਭਿਓ ਇਕੋ ਗੋਬਿੰਦ ਪੁਰਖ ਅਕਾਲ ਦਾ ਬੇਟਾ, ਜੋ ਆਦਿ ਜੁਗਾਦਿ ਸੇਵ ਕਮਾਈਆ । ਏਥੇ ਓਥੇ ਦੋ ਜਹਾਨਾਂ ਖੇਵਟ ਖੇਟਾ, ਨਈਆ ਨੌਕਾ ਆਪਣੇ ਕੰਧ ਉਠਾਈਆ । ਜਿਸ ਦਾ ਕਦੇ ਨਾ ਭੁੱਲਿਆ ਚੇਤਾ, ਚੇਤਨ ਸਭ ਨੂੰ ਦਏ ਕਰਾਈਆ । ਤੁਹਾਡਾ ਖਾਵਣ ਆਏ ਨੇਂਦਾ, ਨਿੰਦਕਾਂ ਦਏ ਦੁਰਕਾਈਆ । ਜੋ ਬਿਨ ਅੱਖਾਂ ਰਹੇ ਵੇਂਹਦਾ, ਬ੍ਰਹਿਮੰਡ ਖੰਡ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਿਰ ਹੱਥ ਰਖੇ ਸਵਾਮੀ, ਸਮਾਂ ਮਿਲੇ ਵਡਿਆਈਆ । ਜਨ ਭਗਤੋ ਆਤਮ ਪਰਮਾਤਮ ਪੜ੍ਹਨੀ ਬਾਣੀ, ਸ਼ਬਦ ਨਿਸ਼ਾਨੀ ਇਕ ਵਖਾਈਆ । ਪੁਰਖ ਅਕਾਲ ਕਰੇ ਮਿਹਰਵਾਨੀ, ਮਹਿਬੂਬ ਧੁਰਦਰਗਾਹੀਆ । ਤੁਹਾਡੀ ਲੇਖੇ ਲੱਗੇ ਜਵਾਨੀ, ਜਵਾਂ ਮਰਦ ਹੋਏ ਸਹਾਈਆ । ਨਾਤਾ ਜੁੜਿਆ ਬਾਹਮੀ, ਸਕੇ ਨਾ ਕੋਇ ਤੁੜਾਈਆ । ਜਗਤ ਵਾਸਨਾ ਵਿਚ ਲੇਖਾ ਹੋਣਾ ਕਾਮੀ, ਕੂੜੀ ਕਿਰਿਆ ਬਾਹਰ ਕਢਾਈਆ । ਸ਼ਰਅ ਦੀ ਕੱਟਣੀ ਗੁਲਾਮੀ, ਤਨ ਜ਼ੰਜੀਰ ਨਾ ਕੋਇ ਵਖਾਈਆ । ਲੋਕਮਾਤ ਮਿਲੇ ਨੇਕਨਾਮੀ, ਨਿੱਕਿਆਂ ਤੋਂ ਵੱਡੇ ਦਿਤਾ


੮੧੧
੧੯

ਬਣਾਈਆ । ਜੁਗ ਜੁਗ ਦੀ ਤੁਹਾਡੀ ਜੋੜੀ ਤ੍ਰੁਟੇ ਵੇਲੇ ਦੀ ਪੁਰਾਣੀ, ਪੂਰਬ ਵਿਚੋਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਜਨ ਭਗਤੋ ਹੋਇਆ ਆਨੰਦ, ਆਨੰਦ ਸਤਿਗੁਰ ਇਕ ਜਣਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਧਨ ਨਾਮ ਦਿਤਾ ਵਖਾਈਆ । ਸਾਂਤਕ ਸਤਿ ਪਾ ਕੇ ਠੰਡ, ਅਗਨੀ ਤਤ ਬੁਝਾਈਆ । ਹਰਿ ਸੰਗਤ ਵਿਚ ਥਾਉਂ ਥਾਈਂ ਪਈ ਗੰਢ, ਦੂਜੇ ਦੀ ਲੋੜ ਨਾ ਕੋਇ ਵਖਾਈਆ । ਏਥੇ ਓਥੇ ਨੂਰੀ ਚਮਕਾਵੇ ਚੰਦ, ਸੀਤਲਾਂ ਵਿਚ ਸੀਤਲ ਹੋ ਸਮਾਈਆ । ਪੂਰਬ ਹੋਈ ਆਸਾ ਮਨਸਾ ਪੂਰੀ ਮੰਗ, ਮੰਗਲਾਚਾਰ ਖ਼ੁਸ਼ੀ ਮਨਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਜਨ ਭਗਤੋ ਤੁਹਾਡਾ ਹੁੰਦਾ ਇਹ ਪਰਬੰਧ, ਚਾਰ ਜੁਗ ਪੁਛੇ ਨਾ ਕੋਇ ਲੋਕਾਈਆ । ਪਹਿਲੋਂ ਰਸਨਾ ਜਿਹਵਾ ਮਦਿਰਾ ਮਾਸ ਛੁਡਾ ਕੇ ਕੂੜਾ ਗੰਦ, ਸਤਿਗੁਰ ਸ਼ਬਦ ਕਰ ਕੁੜਮਾਈਆ । ਫਿਰ ਚਾੜ੍ਹੇ ਜਗਤ ਦਾ ਰੰਗ, ਰੰਗਤ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵਣ ਜੀਵਣ ਵਿਚੋਂ ਬਦਲਾਈਆ । ਜੀਵਣ ਵਿਚੋਂ ਬਦਲਿਆ ਜੀਵਣ, ਜਗ ਜੀਵਣ ਦਾਤਾ ਦਇਆ ਕਮਾਈਆ । ਭਗਤ ਸੁਹੇਲੇ ਅੰਮ੍ਰਿਤ ਰਸ ਪੀਵਣ, ਨਿਝਰ ਝਿਰਨਾ ਰਿਹਾ ਝਿਰਾਈਆ । ਬਿਨ ਪੁਰਖ ਅਕਾਲ ਲੋਕਮਾਤ ਕਿਸੇ ਨਾ ਨੀਵਣ, ਸਿਰ ਦਿਤਾ ਵਾਪਸ ਹੱਥ ਕਿਸੇ ਨਾ ਆਈਆ । ਜੋ ਅਬਿਨਾਸ਼ੀ ਕਰਤੇ ਚਰਨਾਂ ਥੀਵਣ, ਨਾਤਾ ਤੋੜਨ ਜਗਤ ਲੋਕਾਈਆ । ਸਾਚਾ ਬੀਜ ਅਗੰਮੀ ਬੀਵਣ, ਫੁੱਲ ਫੁਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਦਏ ਸੁਲਤਾਨ, ਸੁਤਿਆਂ ਆਪ ਉਠਾਈਆ । ਜਨ ਭਗਤੋ ਤੁਹਾਡੀ ਭਗਤੀ ਹੋਈ ਪਰਵਾਨ, ਪਰਮ ਪੁਰਖ ਦਏ ਸਰਨਾਈਆ । ਤੁਸੀਂ ਸਚਖੰਡ ਦੇ ਬਣੇ ਮਹਿਮਾਨ, ਜਗਤ ਮਹਿਮਾਨੀ ਦੀ ਲੋੜ ਰਹੇ ਨਾ ਰਾਈਆ । ਸਾਚੇ ਨਾਮ ਦਾ ਖਾਧਾ ਪਕਵਾਨ, ਕੱਚਿਆਂ ਤੋਂ ਪੱਕੇ ਹੋ ਕੇ ਖਾਈਆ । ਘਰ ਸੋਹਣਾ ਨਜ਼ਰੀ ਆਵੇ ਕਾਹਨ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜਿਸ ਦਾ ਬਦਲੇ ਨਾ ਕੋਇ ਵਿਧਾਨ, ਵਾਧਾ ਤੁਹਾਡਾ ਦਏ ਕਰਾਈਆ । ਚਾਰ ਕੁੰਟ ਦਹਿ ਦਿਸ਼ਾ ਸ਼ਬਦੀ ਹੁਕਮ ਦੇਵੇ ਫ਼ਰਮਾਨ, ਧੁਰ ਦਰਬਾਰੀ ਆਪ ਦ੍ਰਿੜਾਈਆ । ਕਲਜੁਗ ਮੇਟੇ ਕੂੜਾ ਨਿਸ਼ਾਨ, ਸਤਿ ਧਰਮ ਇਕ ਪਰਗਟਾਈਆ । ਚਿੱਲਾ ਚੜ੍ਹੇ ਓਸ ਕਮਾਨ, ਜਿਸ ਨੂੰ ਲੁਹਾਰ ਤਰਖ਼ਾਨ ਨਾ ਕੋਇ ਘੜਾਈਆ । ਗੋਬਿੰਦ ਸੂਰਾ ਇਕ ਬਲਵਾਨ, ਦੋ ਜਹਾਨਾਂ ਵੇਖੇ ਚਾਈਂ ਚਾਈਂਆ । ਰਹਿਮਤ ਵਿਚ ਰਹਿਮਾਨ, ਮੁਹੱਬਤ ਨਾਲ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜਨ ਭਗਤੋ ਵੇਖੋ ਕਾਇਆ ਕੁਰਹ, ਕ਼ੁਰਾਨ ਦੀ ਲੋੜ ਰਹੇ ਨਾ ਰਾਈਆ । ਤੁਹਾਨੂੰ ਸਾਰੇ ਜਗ ਨੇ ਕਹਿਣਾ ਬੁਰਾ, ਦਰਗਹਿ ਸਾਚੀ ਮਿਲੇ ਵਡਿਆਈਆ । ਤੁਹਾਡੇ ਸਿਰ ਤੇ ਸ਼ਰਅ ਨਾ ਫਿਰੇ ਛੁਰਾ, ਦੀਨ ਮਜ਼੍ਹਬ ਦਾ ਝਗੜਾ ਨਾ ਕੋਇ ਬਣਾਈਆ । ਸਾਰਾ ਜਹਾਨ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਬੇਗੁਰਾ, ਬਿਨ ਭਗਤਾ ਸਤਿਗੁਰ ਪੁਰਖ ਅਕਾਲ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੈਂ ਆ ਗਈ ਮਾਤ, ਪੁਰਖ ਅਕਾਲ ਦਿਤੀ ਵਡਿਆਈਆ । ਜਨ ਭਗਤਾਂ ਦੇਵਾਂ ਧੁਰ ਦੀ ਦਾਤ, ਵਸਤ ਅਮੋਲਕ ਝੋਲੀ ਪਾਈਆ । ਗੁਰਸਿਖੋ ਬਣਨਾ ਇਕ ਜਮਾਤ, ਇਕੋ ਕਰਨੀ ਸਚ ਪੜ੍ਹਾਈਆ । ਜਿਸ ਨੂੰ ਗੋਬਿੰਦ ਬਣਾਇਆ ਬਾਪ, ਉਹ ਪੁਰਖ ਅਕਾਲ ਸਭ ਦਾ ਪਿਤਾ ਮਾਈਆ । ਓਸੇ ਦਾ ਕਰਨਾ ਜਾਪ, ਸਿਫ਼ਤੀ ਨਾਮ ਨਾ ਕੋਇ ਸਲਾਹੀਆ । ਜੋ ਸਭ ਦਾ ਪੂਰਾ ਕਰਨ

ਆਇਆ ਭਵਿਖਤ ਵਾਕ, ਵਾਕਫ਼ਕਾਰ ਹੋ ਕੇ ਵੇਖ ਵਖਾਈਆ । ਤੁਹਾਡੇ ਕਾਇਆ ਮੰਦਰ ਅੰਦਰ ਖੋਲ੍ਹ ਕੇ ਤਾਕ, ਪੜਦਾ ਪੜਦੇ ਵਿਚੋਂ ਉਠਾਈਆ । ਲਹਿਣਾ ਦੇਣਾ ਪੂਰਾ ਕਰ ਕੇ ਹਿਸਾਬ ਕਿਤਾਬ, ਅਗੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸਮਝਾਈਆ । ਧੁਰ ਫ਼ਰਮਾਨ ਸੁਣੇ ਭਗਤ, ਸ੍ਰੀ ਭਗਵਾਨ ਆਪ ਜਣਾਈਆ । ਝੂਠਾ ਨਾਤਾ ਵੇਖੇ ਜਗਤ, ਸੱਜਣ ਸਾਥੀ ਨਜ਼ਰ ਕਿਸੇ ਨਾ ਆਈਆ । ਜਿਨ੍ਹਾਂ ਦਾ ਵਿਹਾਰ ਖਾਣਾ ਪੀਣਾ ਫ਼ਕਤ, ਫ਼ਿਕਰਾ ਹੱਕ ਨਾ ਕੋਇ ਸੁਣਾਈਆ । ਹੱਡ ਮਾਸ ਨਾੜੀ ਉਬਲੇ ਬੂੰਦ ਰਕਤ, ਰਤੀ ਰੰਗ ਨਾ ਕੋਇ ਰੰਗਾਈਆ । ਆਤਮ ਪਰਮਾਤਮ ਲੱਭੇ ਕਿਸੇ ਨਾ ਸ਼ਕਤ, ਮਨ ਵਾਸਨਾ ਹੋਈ ਹਲਕਾਈਆ । ਤੁਹਾਡਾ ਗੋਬਿੰਦ ਨਾਲੋਂ ਸਮਝਦੇ ਫ਼ਰਕ, ਆਪ ਨੂੰ ਗੋਬਿੰਦ ਪੁੱਤਰ ਕਹਿ ਸੁਣਾਈਆ । ਕਿਸੇ ਨੂੰ ਹੱਥ ਨਾ ਆਈ ਗੋਬਿੰਦ ਵਾਲੀ ਸੜਕ, ਮੰਜ਼ਲ ਚੜ੍ਹਿਆ ਨਾ ਚਾਈਂ ਚਾਈਂਆ । ਬੁਧੀ ਅੰਦਰ ਸਾਰੇ ਗਏ ਅਟਕ, ਅਗਲਾ ਘਰ ਨਾ ਕੋਇ ਵਖਾਈਆ । ਬੱਕਰੇ ਰਹੇ ਝਟਕ, ਬਦਨਾਮ ਗੋਬਿੰਦ ਰਹੇ ਕਰਾਈਆ । ਹੁਣ ਆਉਣ ਵਾਲਾ ਵਕਤ, ਹੋਣੀ ਸਰਬ ਜੁਦਾਈਆ । ਕਿਸੇ ਨਹੀਂ ਵੰਡਣਾ ਦਰਦ, ਗੁਰ ਪੀਰ ਹੋਏ ਨਾ ਕੋਇ ਸਹਾਈਆ । ਕਿਸੇ ਨਹੀਂ ਮੰਨਣੀ ਅਰਜ਼, ਦੁਖੀਆਂ ਦੁੱਖ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਉਠਾਈਆ । ਜਨ ਭਗਤੋ ਤੁਹਾਡੀ ਧੁਰ ਦੀ ਸ਼ਾਦੀ, ਸ਼ਮਅ ਸ਼ਮਅ ਹੋਏ ਰੁਸ਼ਨਾਈਆ । ਕੋਟਾਂ ਵਿਚੋਂ ਥੋੜੀ ਦਿਸੇ ਆਬਾਦੀ, ਅਬਚਲ ਨਗਰ ਬਹਿ ਕੇ ਖ਼ੁਸ਼ੀ ਮਨਾਈਆ । ਤੁਹਾਡਾ ਨਾ ਕੋਈ ਢਾਡੀ ਨਾ ਰਬਾਬੀ, ਜਗਤ ਸਿਤਾਰ ਨਾ ਕੋਇ ਵਜਾਈਆ । ਨਾ ਸ਼ਰਅ ਤੇ ਨਾ ਸਮਾਜੀ, ਨਾ ਕੋਈ ਲਹਿਣਾ ਰਿਹਾ ਵਖਾਈਆ । ਤੁਹਾਡਾ ਭਗਵਾਨ ਤੁਹਾਡੇ ਨਾਲ ਰਾਜ਼ੀ, ਓਥੇ ਕੀ ਕਰੇ ਲੋਕਾਈਆ । ਜਿਹੜੀ ਜਗਤ ਨਿੰਦਰਾ ਵਿਚੋਂ ਨਹੀਂ ਜਾਗੀ, ਆਲਸ ਸਕਿਆ ਨਾ ਕੋਇ ਮਿਟਾਈਆ । ਪ੍ਰਭ ਦੀ ਨਿੰਦਿਆ ਕਰਨੀ ਇਨ੍ਹਾਂ ਦੀ ਧੁਰ ਦੀ ਵਾਦੀ, ਵਾਧਾ ਕੂੜ ਵਿਕਾਰ ਰਖਾਈਆ । ਜਿਨ੍ਹਾਂ ਦਾ ਮਨੂਆ ਹੋਇਆ ਬਾਗ਼ੀ, ਸੁਰਤੀ ਸੋਈ ਨਾ ਕੋਇ ਉਠਾਈਆ । ਕਲਪਣਾ ਵਿਚ ਹੋਏ ਦਾਗ਼ੀ, ਦੁਰਮਤ ਮੈਲ ਨਾ ਕੋਇ ਧੁਆਈਆ । ਬਣ ਕੇ ਤੱਤਾਂ ਵਾਲੇ ਪਾਂਧੀ, ਭੱਜਣ ਥਾਉਂ ਥਾਈਂਆ । ਕਿਸੇ ਨੇ ਖਾਧਾ ਸੂਰ ਕਿਸੇ ਨੇ ਖਾਧੀ ਢਾਂਡੀ, ਦੋਵੇਂ ਆਂਢੀ ਗੁਆਂਢੀ, ਰਾਏ ਧਰਮ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਨਰਾਇਣ ਵੇਖ ਵਖਾਈਆ । ਨਰ ਨਰਾਇਣ ਕਹੇ ਮੇਰਾ ਸਤਿਗੁਰ ਸ਼ਬਦ ਸੂਰਾ, ਸੁਤ ਸਾਚਾ ਇਕ ਜਣਾਈਆ । ਜਿਸ ਨੇ ਕਲਜੁਗ ਹੂੰਝਣਾ ਕੂੜਾ, ਕੂੜੀ ਕਿਰਿਆ ਦਏ ਮਿਟਾਈਆ । ਜਿਸ ਨੇ ਮੇਰੇ ਨਾਮ ਦਾ ਵਜਾਉਣਾ ਇਕੋ ਤੂਰਾ, ਤੁਰੀਆ ਤੋਂ ਅਗੇ ਕਰੇ ਪੜ੍ਹਾਈਆ । ਸਰਬ ਕਲਾ ਹੋਵੇ ਭਰਪੂਰਾ, ਭਰਪੂਰੀ ਵੇਖੇ ਥਾਉਂ ਥਾਈਂਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ, ਜਿਨ੍ਹਾਂ ਅੰਮ੍ਰਿਤ ਜਾਮ ਪਿਆਈਆ । ਚਰਨ ਪ੍ਰੀਤੀ ਮਸਤਕ ਟਿੱਕਾ ਲਾਵੇ ਧੂੜਾ, ਅੰਦਰੋਂ ਕਰੇ ਸਫ਼ਾਈਆ । ਕਾਇਆ ਮਾਟੀ ਰੰਗ ਚੜ੍ਹਾਏ ਗੂੜ੍ਹਾ, ਦੋ ਜਹਾਨਾਂ ਉਤਰ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਪਰਗਟਾਈਆ । ਸਾਚੇ ਰਾਹ ਦਾ ਜਗਤ ਵਾਧਾ, ਵਾਹਿਗੁਰੂ ਪੁਰਖ ਅਕਾਲ ਕਰਾਈਆ । ਜਿਸ ਨੂੰ ਦੂਸਰ ਜਾਣੇ ਕੋਇ ਨਾਂਹ, ਨਾਂਹ ਨਾਂਹ ਕਰੇ ਸਰਬ ਲੋਕਾਈਆ । ਸਾਚੇ ਭਗਤਾਂ ਅੰਤਰ ਹੋਈ ਹਾਂ, ਹਾਂ ਹਾਂ ਵਿਚ ਰਖਾਈਆ । ਸਚ ਦਵਾਰੇ ਕਰ ਨਿਆਂ, ਅਦਲ ਇਨਸਾਫ਼ ਇਕ ਦ੍ਰਿੜਾਈਆ । ਜਨ ਭਗਤੋ ਇਕ ਦੂਜੇ ਦੀ ਫੜਨੀ ਬਾਂਹ, ਨਾਤਾ ਸਕੇ ਨਾ ਕੋਇ

ਤੁੜਾਈਆ । ਸਭ ਨੇ ਸਮਝਣਾ ਪੁਰਖ ਅਕਾਲ ਪਿਤਾ ਮਾਂ, ਜਗਤ ਮਾਤਾ ਪਿਤਾ ਨਾ ਕੋਇ ਭੇਵ ਚੁਕਾਈਆ । ਪੁਰਖ ਅਕਾਲ ਦਾ ਫ਼ਰਮਾਨਾ ਹੋਣ ਲੱਗਾ ਰਵਾਂ, ਪਹਿਲਾ ਦਿਨ ਦਏ ਦ੍ਰਿੜਾਈਆ । ਜਿਸ ਦਾ ਸਮਾਜ ਮੰਨਣਾ ਨਵਾਂ, ਨਵ ਨੌ ਵੇਖ ਵਖਾਈਆ । ਹੁਕਮੇਂ ਅੰਦਰ ਕਿਸੇ ਨਹੀਂ ਮਾਰਨਾ ਦਮਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਈਆ । ਜਨ ਭਗਤੋ ਪੁਰਖ ਅਕਾਲ ਦਇਆ ਕਮਾਉਂਦਾ ਏ । ਸੋ ਪੁਰਖ ਨਿਰੰਜਣ ਨਿਰਗੁਣ ਧਾਰ ਨਿਰਵੈਰ ਹੋ ਕੇ ਰੰਗ ਚੜ੍ਹਾਉਂਦਾ ਏ । ਸਤਿ ਦਵਾਰ ਸੱਚੀ ਧਰਮਸਾਲ, ਸਾਚਾ ਮੰਦਰ ਇਕ ਵਖਾਉਂਦਾ ਏ । ਜਿਥੇ ਪੋਹੇ ਕੋਇ ਨਾ ਕਾਲ, ਸ਼ਾਹ ਕੰਗਾਲ ਇਕੋ ਰੂਪ ਰੰਗ ਚੜ੍ਹਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਸਮਝਾਉਂਦਾ ਏ । ਸਾਚਾ ਨਾਮ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰ, ਚਾਰ ਜੁਗ ਸਮਝ ਕਿਸੇ ਨਾ ਆਈਆ । ਆਉਂਦੇ ਰਹੇ ਗੁਰੂ ਅਵਤਾਰ, ਪੈਗੰਬਰ ਫੇਰਾ ਪਾਈਆ । ਆਪਣਾ ਹੁਕਮ ਬਦਲਦਾ ਰਿਹਾ ਵਿਚ ਸੰਸਾਰ, ਰਾਮ ਕ੍ਰਿਸ਼ਨ ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਨਾਉਂ ਪਰਗਟਾਈਆ । ਪੜਦਾ ਖੋਲ੍ਹ ਕੇ ਅੰਤ ਦੱਸਿਆ ਨਾ ਪਾਰਾਵਾਰ, ਬੇਅੰਤ ਕਹਿ ਕੇ ਸਾਰੇ ਸ਼ੁਕਰ ਮਨਾਈਆ । ਦੋ ਜਹਾਨਾਂ ਵਿਚ ਕਰਦਾ ਰਿਹਾ ਇਜ਼ਹਾਰ, ਥੋੜਾ ਥੋੜਾ ਨਾਮ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪਣੇ ਹੱਥ ਰਖਾਈਆ । ਸਾਚਾ ਨਾਮ ਪੁਰਖ ਅਕਾਲ ਸੋ, ਸੋ ਸਾਹਿਬ ਆਪ ਦ੍ਰਿੜਾਈਆ । ਹੰ ਬ੍ਰਹਮ ਆਪੇ ਹੋ, ਲੱਖ ਚੁਰਾਸੀ ਡੇਰਾ ਲਾਈਆ । ਮਹਾਰਾਜ ਸ਼ਹਿਨਸ਼ਾਹ ਦੂਜਾ ਅਵਰ ਨਾ ਜਾਣੇ ਕੋ, ਪਾਤਸ਼ਾਹ ਬੇਪਰਵਾਹੀਆ । ਸ਼ੇਰ ਸਿੰਘ ਬੱਬਰ ਹੋ ਕੇ ਸ਼ਬਦੀ ਕਿਸੇ ਨਾਲ ਨਾ ਕਰੇ ਧਰੋਹ, ਬਲਧਾਰੀ ਵਡ ਵਡਿਆਈਆ । ਵਿਸ਼ਨੂੰ ਹੋ ਕੇ ਸੇਵਾ ਨਾਲ ਕਰੇ ਮੋਹ, ਹੁਕਮ ਪ੍ਰਭ ਦਾ ਮੰਨ ਮਨਾਈਆ । ਭਗਵਾਨ ਹੋ ਕੇ ਘਟ ਘਟ ਅੰਤਰ ਦੇਵੇ ਲੋ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਵੇਖ ਵਖਾਈਆ । ਆਤਮ ਪਰਮਾਤਮ ਨਾਲ ਜਾਵੇ ਛੋਹ, ਮੇਲਾ ਮੇਲੇ ਸਹਿਜ ਸੁਭਾਈਆ । ਜਨ ਭਗਤੋ ਪੁਰਖ ਅਕਾਲ ਸਤਿਗੁਰ ਸ਼ਬਦ ਇਕੋ ਬੜਾ ਗੁਰੂਆਂ ਦਾ ਚਾਹੀਏ ਨਹੀਂ ਗਰੋਹ, ਬਹੁਤੇ ਗੁਰੂ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਹੁਕਮ ਇਕ ਸਮਝਾਈਆ । ਹਰਿ ਦਾ ਹੁਕਮ ਹੁਕਮ ਅਨੋਖਾ, ਸ਼ਾਸਤਰ ਸਿਮਰਤ ਵੇਦ ਪੁਰਾਨ ਬੈਠੇ ਸੀਸ ਨਿਵਾਈਆ । ਜਿਸ ਦੇ ਵਿਚ ਨਹੀਂ ਕੋਈ ਧੋਖਾ, ਅਦਲ ਇਨਸਾਫ਼ ਇਕ ਦ੍ਰਿੜਾਈਆ । ਜੁਗ ਜੁਗ ਵੇਖੇ ਆਪਣਾ ਮੌਕਾ, ਨਿਰਗੁਣ ਹੋ ਕੇ ਫੇਰਾ ਪਾਈਆ । ਕਲਜੁਗ ਅੰਤਮ ਆਪੇ ਪਹੁੰਚਾ, ਪਾਰਬ੍ਰਹਮ ਪ੍ਰਭ ਵੇਸ ਵਟਾਈਆ । ਜਨ ਭਗਤ ਕਲਜੁਗ ਅੰਤ ਕੋਈ ਨਾ ਜਾਵੇ ਔਤਾ, ਸਾਚਾ ਮੇਲਾ ਆਪ ਕਰਾਈਆ । ਅੰਦਰ ਵੜ ਕੇ ਕਰੇ ਸਾਫ਼ ਚੌਂਕਾ, ਜਗਤ ਗੋਬਰ ਦੀ ਲੋੜ ਰਹੇ ਨਾ ਰਾਈਆ । ਅੰਮ੍ਰਿਤ ਰਸ ਗੋਬਿੰਦ ਧਾਰ ਇਕ ਤਰੌਂਕਾ, ਦੁਰਮਤ ਮੈਲ ਧਵਾਈਆ । ਸੰਤ ਸੁਹੇਲੇ ਗੁਰ ਚੇਲੇ ਚੜ੍ਹਾ ਕੇ ਆਪਣੀ ਨੌਕਾ, ਨਈਆ ਸਾਚੀ ਪਾਰ ਲੰਘਾਈਆ । ਜਨ ਭਗਤੋ ਗੋਬਿੰਦ ਸੁਤਾ ਇਕੋ ਢਈਆ ਲਾਇਆ ਢੌਂਕਾ, ਬਰਸ ਬਰਸੀ ਸਮਝ ਕਿਸੇ ਨਾ ਆਈਆ । ਅੰਤ ਸ਼ਬਦੀ ਧਾਰ ਵਜਾਇਆ ਧੌਂਸਾ, ਨਾਮ ਰਣਜੀਤ ਨਗਾਰਾ ਇਕ ਪਰਗਟਾਈਆ । ਜਿਸ ਨੇ ਛੱਡਿਆ ਪਟਨਾ ਪੌਂਟਾ, ਪਾਟਲ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਈਆ । ਹਰਿਜਨ ਸਾਚੇ ਤਾਰਨ ਜੋਗਾ, ਜੁਗਤ ਆਪਣੇ ਹੱਥ ਰਖਾਈਆ । ਚਿੰਤਾ ਗ਼ਮ ਰਹਿਣ ਨਾ

ਦੇਵੇ ਸੋਗਾ, ਹਰਖ ਵੰਡ ਨਾ ਕੋਇ ਵੰਡਾਈਆ । ਮਿਹਰਵਾਨ ਹੋ ਕੇ ਜੁਗ ਚੌਕੜੀ ਕਾਇਆ ਪੰਜ ਤਤ ਬਦਲੇ ਚੋਲਾ, ਝੁੱਗੀ ਸਭ ਦੀ ਵੇਖ ਵਖਾਈਆ । ਜਨ ਭਗਤੋ ਤੁਹਾਡਾ ਵੇਖੇ ਕਾਇਆ ਸਾਢੇ ਤਿੰਨ ਹੱਥ ਦਾ ਕੋਠਾ, ਕੋਠੜੀ ਪੜਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸਰਨ ਕਹੇ ਮੈਂ ਆਈ ਲੋਕਮਾਤ, ਮਾਤਰ ਭੂਮੀ ਵੇਖ ਵਖਾਈਆ । ਮੇਰਾ ਇਕੋ ਮਾਈ ਬਾਪ, ਦੂਜਾ ਨਾਤਾ ਨਾ ਕਿਸੇ ਜੁੜਾਈਆ । ਭਗਤਾਂ ਬਣਾ ਸਾਥ, ਸਾਥਣ ਹੋ ਕੇ ਸੇਵ ਕਮਾਈਆ । ਜੋ ਗੋਬਿੰਦ ਗਿਆ ਆਖ, ਓਹ ਵੇਖਾਂ ਚਾਈਂ ਚਾਈਂਆ । ਜਿਸ ਦੀ ਨੰਦੇੜੋਂ ਚੁੱਕੀ ਨਾ ਕਿਸੇ ਰਾਖ, ਰਾਖੀ ਕਰੇ ਥਾਉਂ ਥਾਈਂਆ । ਗੁਰਮੁਖਾਂ ਪੁਛੇ ਵਾਤ, ਵਾਤਾਵਰਨ ਦਏ ਬਦਲਾਈਆ । ਜੋ ਆਪਣਾ ਅੰਤ ਅਖ਼ੀਰੀ ਦੱਸ ਕੇ ਗਿਆ ਜਾਪ, ਸੋਹੰ ਭੱਥਾ ਤੀਰ ਕਮਾਨ ਸਮਝਾਈਆ । ਸੋ ਲਹਿਣਾ ਦੇਣਾ ਰਿਹਾ ਵਾਚ, ਵਾਚਕ ਗਿਆਨੀ ਭੇਵ ਨਾ ਕੋਇ ਖੁਲ੍ਹਾਈਆ । ਪਤਰੇ ਪੜ੍ਹ ਪੜ੍ਹ ਸਾਰੇ ਰਹੇ ਵਾਚ, ਮੰਜ਼ਲ ਚੜ੍ਹ ਮੰਦਰ ਕਾਇਆ ਵੜ, ਧੁਰ ਦਾ ਹੁਕਮ ਸਚ ਫ਼ਰਮਾਨਾ ਲੋਕਮਾਤ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ ਕਮਾਈਆ । ਜਨ ਭਗਤਾਂ ਭਾਗ ਅਵੱਲੜਾ, ਲੇਖਾ ਲਿਖਤ ਨਾ ਕੋਇ ਜਣਾਈਆ । ਇਕੋ ਜਾਣੇ ਪੁਰਖ ਅਕਾਲ ਅਕੱਲੜਾ, ਏਕੰਕਾਰਾ ਬੇਪਰਵਾਹੀਆ । ਜੋ ਵਸਿਆ ਸਚ ਮਹੱਲੜਾ, ਸਚ ਦਵਾਰੇ ਸੋਭਾ ਪਾਈਆ । ਸ਼ਬਦੀ ਰੂਪ ਫੜਾਇਆ ਪਲੜਾ, ਤੰਦ ਸਕੇ ਨਾ ਕੋਇ ਤੁੜਾਈਆ । ਸਚ ਦਵਾਰੇ ਖਲੜਾ, ਸਨਮੁਖ ਹੋ ਕੇ ਨਜ਼ਰੀ ਆਈਆ । ਜੋਤੀ ਸ਼ਬਦੀ ਧਾਰ ਰਲੜਾ, ਪੰਜ ਤਤ ਨਾ ਕੋਇ ਰਖਾਈਆ । ਸਚ ਸਿੰਘਾਸਣ ਇਕੋ ਮਲੜਾ, ਆਤਮ ਸੇਜਾ ਡੇਰਾ ਲਾਈਆ । ਦੀਪਕ ਜੋਤ ਹੋ ਕੇ ਬਲੜਾ, ਬਿਨ ਤੇਲ ਬਾਤੀ ਕਰੇ

ਰੁਸ਼ਨਾਈਆ । ਧਾਮ ਵਖਾਏ ਨਿਹਚਲ ਇਕ ਅਟਲੜਾ, ਸਚਖੰਡ ਸਾਚਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਜਨ ਭਗਤੋ ਮਾਣ ਜਗਤ ਵਡਿਆ, ਹਰਿ ਵੱਡਾ ਵੇਖ ਵਖਾਈਆ । ਨਾਤਾ ਬਿਧਾਤਾ ਜੋੜ ਕੇ ਦਏ ਪਰਨਾ, ਪਰਮ ਪੁਰਖ ਹੋ ਸਹਾਈਆ । ਸਾਚਾ ਸਭ ਦਾ ਸਾਂਝਾ ਹੋਏ ਵਿਵਾਹ, ਵੱਖਰੀ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਅਗਲਾ ਸਾਹ ਲੈਣਾ ਸੁਧਾ, ਇੱਕੀ ਹੋ ਕੇ ਪੰਧ ਮੁਕਾਈਆ । ਸਾਢੇ ਨੌਂ ਦਾ ਵਕਤ ਲੈਣਾ ਬਣਾ, ਬਨਾਵਟ ਕੂੜੀ ਬਾਹਰ ਕਢਾਈਆ । ਸਾਢੇ ਪੰਜ ਰੰਗ ਲੈਣਾ ਚੜ੍ਹਾ, ਦੁਰਮਤ ਮੈਲ ਧਵਾਈਆ । ਸੋਹਣਾ ਲਾੜਾ ਲੈਣਾ ਸਜਾ, ਜਿਸ ਦਾ ਸੱਜਣ ਬੇਪਰਵਾਹੀਆ । ਗੋਬਿੰਦ ਸੂਰਾ ਲੈਣਾ ਮਨਾ, ਸ਼ਬਦੀ ਸਤਿਗੁਰ ਨਜ਼ਰੀ ਆਈਆ । ਜੋ ਪਕੜਨਹਾਰਾ ਬਾਂਹ, ਬਾਹੂ ਬਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰਨੇ ਆਇਆ, ਕਰਤਾ ਪੁਰਖ ਗਹਿਰ ਗੰਭੀਰ । ਜਨ ਭਗਤਾਂ ਨਾਤਾ ਤੋੜੇ ਕੂੜੀ ਮਾਇਆ, ਸਾਂਤਕ ਸਾਂਤ ਸਤਿ ਕਰੇ ਸਰੀਰ । ਘਰ ਅਬਿਨਾਸ਼ੀ ਠਾਕਰ ਜਿਸ ਨੇ ਪਾਇਆ, ਸ਼ਰਅ ਤਨ ਨਾ ਰਹੇ ਜ਼ੰਜੀਰ । ਹਿਰਦੇ ਹਰਿ ਗੁਣ ਮੰਗਲ ਗਾਇਆ, ਮੰਜ਼ਲ ਚੋਟੀ ਚੜ੍ਹ ਅਖ਼ੀਰ । ਸੋ ਵੇਲਾ ਭਗਤੋ ਤੁਹਾਡੇ ਉਤੇ ਆਇਆ, ਤੁਹਾਡੀ ਬਦਲ ਦੇਵੇ ਤਕਦੀਰ । ਚਰਨ ਪ੍ਰੀਤੀ ਝੋਲੀ ਪਾਇਆ, ਅੰਮ੍ਰਿਤ ਆਤਮ ਦੇਵੇ ਸਾਚਾ ਸੀਰ । ਜੁਗ ਜਨਮ ਦੇ ਵਿਛੜੇ ਮੇਲ ਮਿਲਾਇਆ, ਸਤਿਜੁਗ ਤਰੇਤਾ ਦੁਆਪਰ ਕਲਜੁਗ ਅੰਤਮ ਪੰਧ ਚੀਰ । ਭਗਤ ਦਵਾਰੇ ਬਹਿ ਕੇ ਕਾਜ ਰਚਾਇਆ, ਮੁੱਲਾ ਕ਼ਾਜ਼ੀ ਸ਼ੇਖ਼ ਮੁਸਾਇਕ ਪੰਡਤ ਪਾਂਧਾ ਕਰੇ ਨਾ ਕੋਇ ਦਿਲਗੀਰ । ਸਭ ਨੇ ਸੋਹੰ ਢੋਲਾ ਧੁਰ ਦਾ ਬੋਲਾ ਮਿਲ ਕੇ ਗਾਇਆ, ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਕਹੇ ਜਨ ਭਗਤ ਤੇਰੀ ਪੂਰੀ ਹੋਈ ਮਨਸਾ, ਵਾਸਨਾ ਕੂੜ ਰਹੀ ਨਾ ਰਾਈਆ । ਗੁਰਮੁਖ ਰੂਪ ਹੋਇਆ ਹੰਸਾ, ਸੋਹੰ ਰੂਪ ਸਮਾਈਆ । ਹਰਿ ਸੰਗਤ ਤੇਰਾ ਬੰਸਾ, ਸਰਬੰਸ ਦਿਤਾ ਵਖਾਈਆ । ਮਨ ਹੰਕਾਰੀ ਮਾਰਨਾ ਕੰਸਾ, ਦੁਸ਼ਟ ਦੁਰਾਚਾਰੀ ਬਾਹਰ ਕਢਾਈਆ । ਪ੍ਰਭ ਮਿਲਣ ਦੀ ਰਖਣੀ ਮਮਤਾ, ਮਾਇਆ ਮੋਹ ਕੂੜ ਤਜਾਈਆ । ਗੜ੍ਹ ਰਹੇ ਨਾ ਹਉਮੇ ਹੰਗਤਾ, ਹੰ ਬ੍ਰਹਮ ਨਜ਼ਰੀ ਆਈਆ । ਪੁਰਖ ਅਕਾਲ ਦਾ ਦੂਜਾ ਚਲਿਆ ਸੰਮਤਾ, ਸ਼ਹਿਨਸ਼ਾਹੀ ਨਾਉਂ ਧਰਾਈਆ । ਜਿਸ ਨੇ ਖੇਲ ਕਰਨਾ ਰਮਤਾ ਰਮਤਾ, ਰਾਮ ਸਭ ਨੂੰ ਦੇਣਾ ਵਖਾਈਆ । ਦੂਜੇ ਅਗੇ ਕਰੇ ਨਾ ਕੋਈ ਮਿੰਨਤਾ, ਮੰਗਣ ਦਾ ਝਗੜਾ ਦਏ ਚੁਕਾਈਆ । ਤੁਸਾਂ ਕੀ ਕਰਨਾ ਸਵਰਗ ਬਹਿਸ਼ਤ ਜੰਨਤਾ, ਸਚਖੰਡ ਦਵਾਰੇ ਸਹਿਜੇ ਦਿਆਂ ਪੁਚਾਈਆ । ਕਿਨਾਰਾ ਮਿਲੇ ਕੋਈ ਨਾ ਨਿੰਦਕਾ, ਜੁਗ ਜੁਗ ਪ੍ਰਭ ਦੀ ਧਾਰ ਚਲੀ ਆਈਆ । ਤੁਹਾਡਾ ਪੜਦਾ ਖੋਲ੍ਹਾਂ ਜੀਓ ਪਿੰਡ ਦਾ, ਬ੍ਰਹਿਮੰਡ ਖੰਡ ਹੋਵੇ ਰੁਸ਼ਨਾਈਆ । ਅੰਮ੍ਰਿਤ ਬਖ਼ਸ਼ਾਂ ਸਾਗਰ ਸਿੰਧ ਦਾ, ਨਿਝਰ ਝਿਰਨਾ ਇਕ ਝਿਰਾਈਆ । ਦਰਸ਼ਨ ਹੋਵੇ ਗੁਣੀ ਗਹਿੰਦ ਦਾ, ਗਹਿਰ ਗਵਰ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਨੰਦ ਆਨੰਦ ਵਿਚੋਂ ਪਰਗਟਾਈਆ । ਆਨੰਦ ਵਿਚੋਂ ਆਨੰਦ ਦਏ ਪਰਗਟਾ, ਪਰਗਟ ਆਪਣਾ ਹੁਕਮ ਮਨਾਈਆ । ਗੁਰਮੁਖੋ ਤੁਸਾਂ ਵਿਕਣਾ ਇਕੋ ਹੱਟਾ, ਹਟਵਾਣੇ ਬਹੁਤੇ ਜਗ ਨਜ਼ਰੀ ਆਈਆ । ਜਿਸ ਦਵਾਰੇ ਨਹੀਂ ਕੋਈ ਰੱਟਾ, ਦਵੈਤ ਵਿਚ ਨਾ ਕੋਇ ਰਖਾਈਆ । ਸ਼ਰਅ ਦਾ ਨਹੀਂ ਕੋਈ ਪੱਟਾ, ਕੂੜ ਕਟਾਰ ਨਾ ਕੋਇ ਉਠਾਈਆ । ਇਕੋ ਪੁਰਖ ਅਕਾਲ ਸੱਚਾ, ਸਚ ਦਵਾਰੇ ਸੋਭਾ ਪਾਈਆ । ਗੁਰਸਿਖੋ ਤੁਹਾਡਾ ਇਕ ਦੂਜੇ ਦੇ ਨਾਲ ਨਾਤਾ ਹੋਇਆ ਪੱਕਾ, ਅਗੇ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਅਵਤਾਰ ਪੈਗ਼ੰਬਰਾਂ ਤੋਂ ਕਲਜੁਗ ਅੰਤਮ ਅਖ਼ੀਰ ਲੈ ਕੇ ਸਭ ਹੱਛਾ, ਹੱਛੀ ਤਰ੍ਹਾਂ ਅਗੇ ਆਪਣਾ ਹੁਕਮ ਚਲਾਈਆ । ਸਤਿਗੁਰ ਸ਼ਬਦ ਕਰੇ ਪਰਵਾਨ, ਪ੍ਰਾਣੀ ਸਮਝ ਕੋਇ ਨਾ ਪਾਇੰਦਾ । ਜਿਸ ਨੂੰ ਬੁਧੀ ਜਾਣੇ ਨਾ ਨਾਲ ਗਿਆਨ, ਪੜਦਾ ਪਾੜ ਨਾ ਕੋਇ ਉਠਾਇੰਦਾ । ਇਕੋ ਜਾਣੇ ਸ੍ਰੀ ਭਗਵਾਨ, ਅਬਿਨਾਸ਼ੀ ਕਰਤਾ ਵੇਖ ਵਖਾਇੰਦਾ । ਸਤਿ ਸਤਿਵਾਦੀ ਦੇਵੇ ਦਾਨ, ਬ੍ਰਹਮ ਬ੍ਰਹਿਮਾਦੀ ਝੋਲੀ ਆਪ ਭਰਾਇੰਦਾ । ਆਦਿ ਜੁਗਾਦੀ ਖੇਲੇ ਖੇਲ ਮਹਾਨ, ਜੁਗ ਚੌਕੜੀ ਸੋਭਾ ਪਾਇੰਦਾ । ਨਿਤ ਨਵਿਤ ਹੋਏ ਪਰਧਾਨ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਖੇਲ ਆਪ ਦ੍ਰਿੜਾਇੰਦਾ । ਸਾਚਾ ਹੁਕਮ ਦੇਵੇ ਆਪ, ਆਪਣੀ ਦਇਆ ਕਮਾਈਆ । ਇੱਕੀਆਂ ਦਾ ਵੇਖ ਜਾਪ, ਅੰਤਰ ਮੇਲ ਮਿਲਾਈਆ । ਸੱਚਾ ਸੁਣ ਕੇ ਵਾਕ, ਵਕ਼ਤ ਦਏ ਸੁਹਾਈਆ । ਜਨ ਭਗਤੋ ਜਦੋਂ ਇਕੱਠੇ ਹੋ ਕੇ ਸੱਦੋ ਲੋਕਮਾਤ, ਨਿਰਗੁਣ ਹੋ ਕੇ ਆਵਾਂ ਚਾਈਂ ਚਾਈਂਆ । ਤੁਹਾਡਾ ਖੋਲ੍ਹ ਕੇ ਅੰਦਰੋਂ ਤਾਕ, ਪੜਦਾ ਦਿਆਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਰਨ ਇਕ ਤਕਾਈਆ । ਜਨ ਭਗਤੋ ਤੁਹਾਡੀ ਮੰਗ ਚੰਗੀ, ਚਾਰ ਕੁੰਟ ਵੱਜੀ ਵਧਾਈਆ । ਜਿਸ ਦੀ ਧਾਰ ਕਿਸੇ ਨਾ ਕੀਤੀ ਨੰਗੀ, ਓਹਲਾ ਸਕਿਆ ਨਾ ਕੋਇ ਉਠਾਈਆ । ਪਾਣੀ ਧਾਰ ਸਮਝ ਨਾ ਸਕੀ ਗੰਗੀ, ਗੋਦਾਵਰੀ ਸੁਰਸਤੀ ਜਮਨਾ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਹੋਈ ਰਹੀ ਰੰਡੀ, ਕੰਤ ਸੁਹਾਗ ਨਾ ਕੋਇ ਹੰਢਾਈਆ । ਦੀਨਾਂ ਮਜ਼੍ਹਬਾਂ ਦੀ ਚਲਦੀ ਰਹੀ

ਪਗਡੰਡੀ, ਗੁਰ ਅਵਤਾਰ ਪੈਗ਼ੰਬਰ ਹੋਣ ਸਹਾਈਆ । ਕਲਜੁਗ ਅੰਤਮ ਸ਼ਰਅ ਦੀ ਕੂੜ ਕੁੜਿਆਰੀ ਵੇਖੀ ਮੰਡੀ, ਵਣਜ ਜਗਤ ਨਾਲ ਦਸਾਈਆ । ਚਾਰ ਕੁੰਟ ਜਗਤ ਗੁਰੂ ਬਹੁਤੇ ਬਣ ਗਏ ਦੰਭੀ, ਭੇਖ ਪਖੰਡ ਵਖਾਈਆ । ਧਰਨੀ ਧਰਤ ਧਵਲ ਧੌਲ ਥਲਿਉਂ ਕੰਬੀ, ਰੋ ਕੇ ਪ੍ਰਭ ਨੂੰ ਦਿਤਾ ਸੁਣਾਈਆ । ਪੁਰਖ ਅਕਾਲ ਮੈਂ ਤੇਰੀ ਕੁੱਖੋਂ ਜੰਮੀ, ਬਾਲੀ ਨੱਢੀ ਬੱਚੀ ਨਜ਼ਰੀ ਆਈਆ । ਕਲਜੁਗ ਜੀਵਾਂ ਮੈਨੂੰ ਕੀਤਾ ਨਿਕੰਮੀ, ਨਿਕਰਮਣ ਹੋਕੇ ਦਿਆਂ ਦੁਹਾਈਆ । ਪੁਰਖ ਅਕਾਲ ਬੇੜਾ ਬੰਨ੍ਹੀਂ, ਸ਼ੌਹ ਦਰਿਆ ਨਾ ਅੰਤ ਰੁੜ੍ਹਾਈਆ । ਮਾਇਆ ਮਮਤਾ ਵੇਖੀ ਬਹੁਤੇ ਧਨੀ, ਮੋਹ ਜਗਤ ਹਲਕਾਈਆ । ਤੇਰੇ ਦਰਸ ਨੂੰ ਸ੍ਰਿਸ਼ਟੀ ਹੋਈ ਅੰਨ੍ਹੀ, ਜਗਤ ਰੂਪ ਤੱਕਣ ਚਾਈਂ ਚਾਈਂਆ । ਸਾਹਿਬ ਸਵਾਮੀ ਮੇਰੀ ਇਕੋ ਮੰਨੀਂ, ਤੇਰੇ ਦਰ ਅਰਜ਼ ਸੁਣਾਈਆ । ਕੂੜ ਕੁੜਿਆਰਾ ਅੰਤਮ ਡੰਨੀਂ, ਡੰਕਾ ਇਕੋ ਨਾਮ ਵਜਾਈਆ । ਗੜ੍ਹ ਹੰਕਾਰੀ ਭੰਨੀਂ, ਭਾਂਡਾ ਭਰਮ ਤੁੜਾਈਆ । ਗੁਰਮੁਖ ਸਵਾਣੀ ਵੇਖੀਂ ਵੰਨੀ, ਵਾਹਵਾ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਖੇਲ ਕਹੇ ਮੈਂ ਵੇਖਣਾ ਕਰਨੀ ਕਰਤਾ, ਕੁਦਰਤ ਦਾ ਮਾਲਕ ਬੇਪਰਵਾਹੀਆ । ਜੋ ਖੇਲ ਜਾਣੇ ਘਰ ਘਰ ਦਾ, ਲੱਖ ਚੁਰਾਸੀ ਫੋਲ ਫੁਲਾਈਆ । ਜਨ ਭਗਤ ਮੰਜ਼ਲ ਚੜ੍ਹਦਾ, ਚੋਟੀ ਚੜ੍ਹ ਕੇ ਖ਼ੁਸ਼ੀ ਮਨਾਈਆ । ਸਾਚਾ ਢੋਲਾ ਪੜ੍ਹਦਾ, ਆਪਣਾ ਰਾਗ ਅਲਾਈਆ । ਓਸੇ ਦਾ ਕਾਰਜ ਜਨ ਭਗਤਾਂ ਮਿਲ ਕੇ ਸਰਦਾ, ਸਚ ਨਾਮ ਸਮਝਾਈਆ । ਇਕੀਆਂ ਦਾ ਹੋ ਕੇ ਬਰਦਾ, ਧੁਰ ਦੀ ਸੇਵ ਕਮਾਈਆ । ਗੁਰਮੁਖੋ ਇਹ ਲੇਖਾ ਨਰਾਇਣ ਨਰ ਦਾ, ਨਰ ਨਾਰੀ ਮਿਲ ਕੇ ਲੈਣਾ ਚੁਕਾਈਆ । ਵੇਖਿਓ ਐਵੇਂ ਖ਼ਾਲੀ ਏਥੋਂ ਖਾ ਕੇ ਨਾ ਜਾਇਓ ਜ਼ਰਦਾ, ਮਠਿਆਈਆਂ ਵਿਚੋਂ ਮਿੱਠਾ ਰਸ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਜਨ ਭਗਤੋ ਅਗਲਾ ਸੁਣੋ ਹੁਕਮ ਅਥਾਹ, ਸਹਿਜ ਦਿਆਂ ਸਮਝਾਈਆ । ਜਿਥੇ ਭਗਤਾਂ ਦਾ ਹੋਵੇ ਵਿਆਹ, ਓਥੇ ਜਗਤ ਨਾਤਾ ਰਹਿਣ ਕੋਇ ਨਾ ਪਾਈਆ । ਦੋ ਚਾਰ ਇਕ ਇਕੱਠੇ ਹੋ ਕੇ ਜਾਵੋ ਆ, ਆਮਦ ਵਿਚ ਵੱਜੇ ਵਧਾਈਆ । ਤੁਹਾਡਾ ਲਹਿਣਾ ਦੇਣਾ ਨਾਲ ਬੇਪਰਵਾਹ, ਜੋ ਪਰਮ ਪੁਰਖ ਅਖਵਾਈਆ । ਇਕੀਆਂ ਮਿਲ ਕੇ ਸੁਰਜੀਤ ਸਿੰਘ ਦਾ ਸਾਹ ਲਿਆ ਸੁਧਾ, ਸੁਦੀ ਵਦੀ ਰਹੀ ਨਾ ਰਾਈਆ । ਬਾਰਾਂ ਰਾਸੀ ਮਾਰੇ ਧਾਹ, ਨੇਤਰ ਨੈਣਾਂ ਨੀਰ ਵਹਾਈਆ । ਜਨ ਭਗਤਾਂ ਸਾਢੇ ਪੰਜ ਵੇਲਾ ਲੈਣਾ ਸੁਹਾ, ਸੋਭਨੀਕ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਵੇਂ ਸਮਝੋ ਖ਼ੁਦਾ, ਭਾਵੇਂ ਜਾਣੋ ਹੋਇਆ ਸ਼ੁਦਾ, ਭਾਵੇਂ ਵੇਖੋ ਲੱਖ ਚੁਰਾਸੀ ਤੋਂ ਲਏ ਬਚਾ, ਜਮ ਕੀ ਫਾਸੀ ਦਏ ਤੁੜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਬਣ ਕੇ ਕੰਤ ਸਚ ਦਵਾਰੇ ਭਗਵਨ ਹੋ ਕੇ ਗਿਆ ਆ, ਆਮਦ ਵਿਚ ਖ਼ੁਸ਼ਾਮਦ ਵਿਚ ਦਾਮਨ ਹੋ ਕੇ ਜਾਮਨ ਹੋ ਕੇ ਕਾਮਲ ਹੋ ਕੇ ਕਾਮਲ ਮੁਰਸ਼ਦ ਮੁਰੀਦ ਈਦ ਦੀਦ ਕਰੇ ਰੁਸ਼ਨਾਈਆ । ਜਨ ਭਗਤੋ ਖ਼ੁਸ਼ੀਆਂ ਵਿਚ ਹੋ ਜਾਓ ਚੁਪ, ਸੁਨ ਸਮਾਧ ਨੈਣ ਸ਼ਰਮਾਈਆ । ਵੇਖੇ ਖੇਲ ਅਬਿਨਾਸ਼ੀ ਅਚੁਤ, ਪਾਰਬ੍ਰਹਮ ਬੇਪਰਵਾਹੀਆ । ਸ਼ਬਦੀ ਗੋਬਿੰਦ ਮੌਲੀ ਰੁੱਤ, ਰੁਤੜੀ ਆਪਣੀ ਆਪ ਮਹਿਕਾਈਆ । ਪੜਦਾ ਓਹਲਾ ਰਿਹਾ ਨਾ ਲੁਕ, ਧੁਰ ਦੀ ਵੱਜੀ ਹੱਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਜਨ ਭਗਤੋ ਸੁਣੋ ਸ਼ਬਦ ਸੰਦੇਸ਼, ਵੇਲਾ ਸੰਧਿਆ ਆਈਆ । ਤੁਹਾਡਾ ਮਾਲਕ ਇਕ ਨਰੇਸ਼, ਨਰ ਨਰਾਇਣ ਅਖਵਾਈਆ । ਲਹਿਣਾ ਦਸ ਦਸਮੇਸ਼, ਗੋਬਿੰਦ ਧਾਰ ਚੁਕਾਈਆ ।

ਜਿਸ ਦਾ ਹੁਕਮ ਜੁਗ ਚੌਕੜੀ ਚਲੇ ਏਕ, ਏਕਾ ਰਿਹਾ ਵਰਤਾਈਆ । ਸਾਚੇ ਸੰਤਾਂ ਦੇਵੇ ਟੇਕ, ਧੂੜੀ ਮਸਤਕ ਨਾਮ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤੋ ਤੁਹਾਡਾ ਖ਼ੁਸ਼ੀਆਂ ਦਾ ਆਇਆ ਵੇਲਾ, ਭਗਤ ਦਵਾਰ ਵੱਜੀ ਵਧਾਈਆ । ਇਕੋ ਰੂਪ ਹੋਇਆ ਗੁਰੂ ਚੇਲਾ, ਚੇਲਾ ਗੁਰੂ ਰੂਪ ਵਟਾਈਆ । ਇਹ ਕੋਈ ਜਗਤ ਵਿਹਾਰ ਦਾ ਨਹੀਂ ਮੇਲਾ, ਮਿਲਣੀ ਹਰਿ ਜਗਦੀਸ਼ ਕਰਾਈਆ । ਜੋ ਸਦਾ ਵਸੇ ਪਾਸ ਨਵੇਲਾ, ਸਚਖੰਡ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਜਨ ਭਗਤ ਸੋਹਣੇ ਨੱਚੇ ਟੱਪੇ ਕੁੱਦੇ, ਕੁਦਰਤ ਵੇਖ ਵਖਾਈਆ । ਉਤਮ ਸ੍ਰੇਸ਼ਟ ਹੋਈ ਬੁਧੇ, ਮਨ ਮਮਤਾ ਦਿਤੀ ਗਵਾਈਆ । ਅੰਦਰੋਂ ਭੇਵ ਖੁਲ੍ਹੇ ਗੁੱਝੇ, ਪੜਦਾ ਰਹੇ ਜਗਤ ਨਾ ਰਾਈਆ । ਦੂਜੇ ਘਰ ਪੈਂਡੇ ਮੁਕੇ, ਮੁਕੰਮਲ ਆਪਣਾ ਘਰ ਸੁਹਾਈਆ । ਜਿਨ੍ਹਾਂ ਨੂੰ ਸ਼ਬਦ ਸੰਦੇਸ਼ੇ ਦਿਤੇ ਰੁੱਕੇ, ਧੁਰ ਫ਼ਰਮਾਨੇ ਨਾਲ ਵਡਿਆਈਆ । ਉਹਨਾਂ ਦੇ ਲੱਖ ਚੁਰਾਸੀ ਪੈਂਡੇ ਮੁੱਕੇ, ਆਵਣ ਜਾਵਣ ਦਿਤਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਵੇਖ ਵਖਾਈਆ । ਜਨ ਭਗਤੋ ਤੁਹਾਡਾ ਵੇਖਿਆ ਹੱਕ ਪ੍ਰੇਮ, ਮੁਹੱਬਤ ਵਿਚ ਵਡਿਆਈਆ । ਗੋਬਿੰਦ ਨਿਭਿਆ ਨੇਮ, ਨਿਰੰਕਾਰ ਇਕ ਸਰਨਾਈਆ । ਜਿਸ ਤਪੱਸਿਆ ਕੀਤੀ ਕੁੰਟ ਹੇਮ, ਹਮ ਘਰ ਸਾਜਣ ਹੋ ਕੇ ਵੇਖ ਵਖਾਈਆ । ਪੂਰਬ ਲਹਿਣਾ ਆਇਆ ਦੇਣ, ਦੇਵਣਹਾਰ ਫੇਰਾ ਪਾਈਆ । ਧੁਰ ਫ਼ਰਮਾਨਾ ਆਇਆ ਕਹਿਣ, ਸ਼ਬਦ ਸੁਨੇਹੜਾ ਇਕ ਦ੍ਰਿੜਾਈਆ । ਕਲਜੁਗ ਵੇਖੋ ਅੰਧੇਰੀ ਰੈਣ, ਸਾਚਾ ਚੰਦ ਨਾ ਕੋਇ ਚਮਕਾਈਆ । ਨਾਤਾ ਤੁੱਟਾ ਭਾਈ ਭੈਣ, ਨਾਰ ਕੰਤ ਹੋਏ ਜੁਦਾਈਆ । ਸਾਚੀ ਸੰਗਤ ਮਿਲੇ ਕਿਸੇ ਨਾ ਬਹਿਣ, ਕੂੜੀ ਕਿਰਿਆ ਮਾਤ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਦਿਆਂ ਮਿਲਾਈਆ । ਜਨ ਭਗਤੋ ਤੁਹਾਡਾ ਸੁਹੰਜਣਾ ਲੱਗਾ ਵੇਲਾ, ਗੋਬਿੰਦ ਗੀਤ ਅਲਾਹੀਆ । ਪ੍ਰੇਮ ਪਿਆਰ ਦਾ ਬੋਲਾ, ਬ੍ਰਹਿਮੰਡ ਖੰਡ ਹਿਲਾਈਆ । ਸਤਿਗੁਰ ਸ਼ਬਦ ਵਿਚੋਲਾ, ਸੌਹਰੇ ਪਈਏ ਖੋਜ ਖੁਜਾਈਆ । ਸਾਚੇ ਕੰਡੇ ਰਿਹਾ ਤੋਲਾ, ਤਰਾਜ਼ੂ ਨਾਮ ਹੱਥ ਵਖਾਈਆ । ਭਗਤ ਦਵਾਰਾ ਇਕੋ ਖੋਲ੍ਹਾ, ਖ਼ਾਲਕ ਖ਼ਲਕ ਪੜਦਾ ਆਪ ਉਠਾਈਆ । ਜਿਥੇ ਮਜ਼੍ਹਬ ਦਾ ਰਹੇ ਨਾ ਰੌਲਾ, ਜਾਤ ਪਾਤ ਨਾ ਕੋਇ ਲੜਾਈਆ । ਇਕੋ ਸਭ ਨੂੰ ਨਜ਼ਰੀ ਆਏ ਮੌਲਾ, ਮਿਹਰਵਾਨ ਮਹਿਬੂਬ ਬੇਪਰਵਾਹੀਆ । ਬਾਵਨ ਵਾਲਾ ਪੂਰਾ ਕਰੇ ਕੌਲਾ, ਰਿਸ਼ੀਆਂ ਰਿਸ਼ੀ ਕੇਸ਼ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲਾ ਇਕੋ ਘਰ ਕਰਾਈਆ । ਇਕੋ ਘਰ ਸੁਹੰਜਣਾ, ਸੋ ਪੁਰਖ ਰਿਹਾ ਜਣਾਈਆ । ਪ੍ਰਭ ਪਾਇਆ ਠਾਕਰ ਸੱਜਣਾ, ਗ੍ਰਿਹ ਮੰਦਰ ਵੱਜੇ ਵਧਾਈਆ । ਦਰਸ਼ਨ ਕਰ ਕੇ ਰੱਜਣਾ, ਤ੍ਰਿਸ਼ਨਾ ਤ੍ਰਿਖਾ ਮਿਟਾਈਆ । ਕਿਰਪਾ ਕਰੇ ਦੀਨ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਈਆ । ਚਰਨ ਧੂੜੀ ਦੇਵੇ ਮਜਨਾ, ਦੁਰਮਤ ਮੈਲ ਦਏ ਗਵਾਈਆ । ਸਾਚੇ ਗ੍ਰਿਹ ਵਖਾਏ ਅੰਗਣਾ, ਅੰਗੀਕਾਰ ਆਪ ਹੋ ਜਾਈਆ । ਜਨ ਭਗਤੋ ਜਿਸ ਦਾ ਤੁਹਾਡੇ ਪ੍ਰੇਮ ਵਿਚ ਹੋਇਆ ਮੰਗਣਾ, ਅੰਤ ਓਸੇ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖੇ ਲਾਏ ਹੁਕਮੇ ਅੰਦਰ ਸੱਦਣਾ, ਸੱਦੇ ਦਾ ਸਦਾ ਸਾਹਿਬ ਆਪਣੇ ਨਾਲ ਰਖਾਈਆ ।


੮੧੮
੧੯

## ✪ ਸਾਢੇ ਨੌ ਵੱਜੇ ਦਾ ਵਿਹਾਰ ਅਠਾਰਾਂ ਹਾੜ ✪

ਬਾਵਨ ਕਹੇ ਮੈਂ ਵੇਖਿਆ ਜਗ ਨਜ਼ਾਰਾ, ਬੇਨਜ਼ੀਰ ਦਿਤਾ ਵਖਾਈਆ । ਰਿਸ਼ੀਆਂ ਦਾ ਛੁੱਟਿਆ ਉਧਾਰਾ, ਪੂਰਬ ਲੇਖਾ ਰਿਹਾ ਨਾ ਰਾਈਆ । ਧੁਰ ਸ਼ਬਦੀ ਇਕ ਵਿਵਹਾਰਾ, ਹਰਿ ਆਪ ਭੁਗਤਾਈਆ । ਸਤਿਜੁਗ ਦਾ ਅੰਤ ਭੰਡਾਰਾ, ਕਲਜੁਗ ਸਹਿਜੇ ਦਿਆਂ ਭੁਗਤਾਈਆ । ਲੇਖਾ ਜਾਣ ਸਰਬ ਜੁਗ ਚਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਵੱਡ ਵਡਿਆਈਆ । ਨਿਰਗੁਣ ਨਿਰਵੈਰ ਨਰ ਨਿਰੰਕਾਰ ਲੈ ਅਵਤਾਰਾ, ਜੋਤੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਬਾਵਨ ਕਹੇ ਮੈਂ ਵੇਖਿਆ ਗ੍ਰਿਹਿ, ਘਰ ਸਾਚੇ ਵੱਜੇ ਵਧਾਈਆ । ਜਿਥੇ ਪੁਰਖ ਅਬਿਨਾਸ਼ੀ ਏਕੋ ਰਹੇ, ਭਗਤਾਂ ਦੇਵੇ ਨਾਮ ਵਡਿਆਈਆ । ਸਚ ਸੰਦੇਸ਼ਾ ਧੁਰ ਦਾ ਕਹੇ, ਨਿਰਅੱਖਰ ਆਪ ਪੜ੍ਹਾਈਆ । ਕੂੜੀ ਮਾਇਆ ਕਰੇ ਲਯ, ਠਾਂਡੇ ਦਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਖੇਲ ਰਚਾਈਆ । ਬਾਵਨ ਕਹੇ ਮੈਂ ਵੇਖਿਆ ਖੇਲ ਅਜੀਬ, ਆਖ਼ਰ ਵੱਜੀ ਵਧਾਈਆ । ਜਨ ਭਗਤਾਂ ਬੱਝੀ ਧੀਰ, ਧੀਰਜ ਇਕ ਵਖਾਈਆ । ਬਖ਼ਸ਼ਿਆ ਸਾਚਾ ਨੀਰ, ਅੰਮ੍ਰਿਤ ਜਾਮ ਪਿਆਈਆ । ਕੱਢੀ ਬਿਰਹੋਂ ਪੀੜ, ਹਉਮੇ ਰੋਗ ਮਿਟਾਈਆ । ਨਿਰਾਲਾ ਮਾਰ ਕੇ ਤੀਰ, ਸੋਈ ਸੁਰਤ ਉਠਾਈਆ । ਜਨ ਭਗਤਾਂ ਦੱਸ ਤਦਬੀਰ, ਤਕਦੀਰ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਕਹੇ ਮੈਂ ਆਇਆ ਮਾਤ, ਧੁਰ ਧਾਰ ਦਿਆਂ ਜਣਾਈਆ । ਜਨ ਭਗਤੋ ਤੁਹਾਡੀ ਖ਼ੁਸ਼ੀਆਂ ਵਾਲੀ ਰਾਤ, ਦਿਵਸ ਨਾਲੋਂ ਰੈਣ ਰਹੀ ਆਪਣਾ ਰੰਗ ਵਖਾਈਆ । ਪੁਰਖ ਅਕਾਲ ਦਿਸਿਆ ਸਾਥ, ਅਬਿਨਾਸ਼ੀ ਕਰਤਾ ਜੋੜ ਜੁੜਾਈਆ । ਪੂਰਬ ਲਹਿਣਾ ਚੁਕਿਆ ਮਾਥ, ਲਹਿਣਾ ਰਿਹਾ ਨਾ ਰਾਈਆ । ਜੋ ਬਾਵਨ ਗਿਆ ਆਖ, ਆਖ਼ਰ ਓਹੋ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਉਠਾਈਆ । ਪੜਦਾ ਓਹਲਾ ਕਹੇ ਮੇਰਾ ਰਹੇ ਕੋਇ ਨਾ ਮੂਲ, ਅੰਤਮ ਮੁੱਲ ਕੋਇ ਨਾ ਪਾਈਆ । ਤ੍ਰੈਗੁਣ ਕਰੇ ਕੋਇ ਨਾ ਭੂਲ, ਪੰਜ ਤਤ ਨਾ ਕੋਇ ਹਲਕਾਈਆ । ਪ੍ਰਭ ਦਾ ਸੁਣਿਆ ਇਕ ਅਸੂਲ, ਅਸਲ ਹੁਕਮ ਦਿਤਾ ਦ੍ਰਿੜਾਈਆ । ਸਤਿਜੁਗ ਸਚ ਬਣਾ ਕ਼ਾਨੂੰਨ, ਕਾਇਦਾ ਇਕੋ ਇਕ ਪਰਗਟਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਜਾਣੇ ਨਾ ਮਜ਼ਮੂਨ, ਅੱਖਰਾਂ ਵਿਚ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਉਪਜਾਈਆ । ਸਾਚਾ ਹੁਕਮ ਦੇਵੇ ਕਰਤਾਰ, ਕਰਨੀ ਕਰਤਾ ਆਪ ਕਮਾਈਆ । ਜਨ ਭਗਤੋ ਵੇਖੋ ਖੇਲ ਵਿਚ ਸੰਸਾਰ, ਸੰਸਾਰੀ ਭੰਡਾਰੀ ਵਗਾਰੀ ਤੁਹਾਡੇ ਦਿਤੇ ਬਣਾਈਆ । ਜਿਸ ਨੂੰ ਲੱਭਦੇ ਰਹੇ ਜੁਗ ਚਾਰ, ਗੁਰ ਅਵਤਾਰ ਪੈਗ਼ੰਬਰ ਅੱਖ ਖੁਲ੍ਹਾਈਆ । ਖਾਣੀ ਬਾਣੀ ਕਰਦੀ ਗਈ ਇਜ਼ਹਾਰ, ਢੋਲੇ ਗੀਤ ਸੁਣਾਈਆ । ਸੋ ਆਇਆ ਆਪਣੀ ਧਾਰ, ਧਰਨੀ ਧਰਤ ਧਵਲ ਦਏ ਵਡਿਆਈਆ । ਜੋਤੀ ਜੋਤ ਕਰ ਉਜਿਆਰ, ਨਿਰਗੁਣ ਨੂਰ ਨੂਰ ਕਰ ਰੁਸ਼ਨਾਈਆ । ਬਾਵਨ ਦਾ ਲੇਖਾ ਵੇਖੇ ਭਾਲ, ਭਾਰ ਸਭ ਦਾ ਦਏ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਆਪ ਚੁਕਾਈਆ । ਬਾਵਨ ਕਹੇ ਵੇਖੋ ਰਿਸ਼ੀ ਤੇਰਾਂ ਸੌ ਸਤਾਸੀ, ਜੰਮੂ ਵਾਲਿਆਂ

ਦਿਆਂ ਜਣਾਈਆ । ਕੱਟਾਂ ਗਲੋਂ ਸਰਬ ਜਮ ਫਾਸੀ, ਰਾਏ ਧਰਮ ਦਏ ਨਾ ਕੋਇ ਸਜ਼ਾਈਆ । ਕਲਜੁਗ ਮਿਟੇ ਅੰਧੇਰੀ ਰਾਤੀ, ਸਾਚਾ ਚੰਦ ਚਮਕਾਈਆ । ਤੁਹਾਨੂੰ ਬਣਾ ਕੇ ਸਚ ਦਵਾਰੇ ਦੇ ਵਡ ਜਮਾਤੀ, ਨਿਰਗੁਣ ਅੱਖਰ ਦਿਆਂ ਸਮਝਾਈਆ । ਮੰਜ਼ਲ ਪੂਰੀ ਹੋਵੇ ਘਾਟੀ, ਅਧਵਿਚਕਾਰ ਨਾ ਕੋਇ ਅਟਕਾਈਆ । ਖੇਲੇ ਖੇਲ ਨਾ ਕੋਇ ਮਨੂਆ ਬਾਜ਼ੀਗਰ ਨਾਟੀ, ਨਟੂਆ ਸਵਾਂਗ ਨਾ ਕੋਇ ਵਰਤਾਈਆ । ਬਲ ਦਵਾਰੇ ਬਾਵਨ ਦੱਸੀ ਸਾਖੀ, ਸਹਿਜ ਸਹਿਜ ਸਮਝਾਈਆ । ਇਹ ਕੰਨਿਆਂ ਤੇਰਾਂ ਸਾਲ ਦੀ ਨੰਨ੍ਹੀ ਕਾਕੀ, ਜਿਸ ਦਾ ਕਾਰਜ ਰਿਹਾ ਰਚਾਈਆ । ਜਿਸ ਨੂੰ ਗੋਬਿੰਦ ਦਿਤੀ ਸ਼ਬਦੀ ਪਾਤੀ, ਬਿਨ ਅੱਖਰਾਂ ਆਪ ਫੜਾਈਆ । ਓਸ ਦਾ ਬਣ ਕੇ ਰਵਦਾਸ ਸਾਥੀ, ਸਗਲਾ ਸੰਗ ਆਪ ਬਣਾਈਆ । ਗੁਰਮੁਖੋ ਤੁਹਾਡੀ ਵੇਖ ਕੇ ਖ਼ੁਸ਼ੀਆਂ ਵਾਲੀ ਹਾਸੀ, ਹਸਤੀ ਅੰਦਰੋਂ ਦਏ ਬਦਲਾਈਆ । ਜਿਹੜੀ ਨੱਚ ਟੱਪ ਕੇ ਤੁਸਾਂ ਪਾਈ ਰਾਸੀ, ਗੋਪੀ ਕਾਹਨ ਵੇਖ ਖ਼ੁਸ਼ੀ ਮਨਾਈਆ । ਜਿਹੜਾ ਨੇਂਦਾ ਦਿਤਾ ਬਾਵਨ ਭਾਜੀ, ਸੋ ਲੇਖ ਚੁਕਾਏ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਾਚਾ ਹੁਕਮ ਦੱਸੇ ਭਗਵਾਨ, ਹਰਿ ਕਰਤਾ ਵਡ ਵਡਿਆਈਆ । ਸਚਖੰਡ ਨਿਵਾਸੀ ਹੋ ਪਰਧਾਨ, ਨਿਰਗੁਣ ਨਿਰਵੈਰ ਦਇਆ ਕਮਾਈਆ । ਲੱਖ ਚੁਰਾਸੀ ਸਖ਼ੀਆਂ ਦਾ ਸਾਚਾ ਕਾਹਨ, ਪਾਰਬ੍ਰਹਮ ਪਤਿਪਰਮੇਸ਼ਵਰ ਵੇਸ ਵਟਾਈਆ । ਵੇਖਣਹਾਰਾ ਦੋ ਜਹਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਖੋਜ ਖੁਜਾਈਆ । ਸਭ ਦਾ ਲਹਿਣਾ ਦੇਣਾ ਚੁਕਾਏ ਆਣ, ਨਿਤ ਨਵਿਤ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਦਾ ਬੰਧਾਏ ਇਕ ਵਿਧਾਨ, ਕੂੜਾ ਰੰਗ ਨਾ ਕੋਇ ਰੰਗਾਈਆ । ਸਚ ਧਰਮ ਦਾ ਮਾਰਗ ਦੇਵੇ ਏਕ, ਏਕੰਕਾਰਾ ਆਪ ਬਤਲਾਈਆ । ਸਤਿ ਧਰਮ ਦੀ ਸਾਚੀ ਟੇਕ, ਦੂਜੀ ਓਟ ਨਾ ਕੋਇ ਰਖਾਈਆ । ਸਤਿ ਧਰਮ ਕਰੇ ਬੁੱਧ ਬਿਬੇਕ, ਮਨੂਆ ਮਨ ਨਾ ਕੋਇ ਹਲਕਾਈਆ । ਸਤਿ ਧਰਮ ਵੱਖਰੀ ਰੇਖ, ਜਗਤ ਲਕੀਰ ਨਾ ਕੋਇ ਬਣਾਈਆ । ਸਤਿ ਧਰਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਸਤਿ ਧਰਮ ਦਾ ਮਾਰਗ ਸਤਿ, ਸਤਿ ਸਤਿਵਾਦ ਆਪ ਦ੍ਰਿੜਾਈਆ । ਜਨ ਭਗਤੋ ਦੇਵੇ ਬ੍ਰਹਮ ਮਤ, ਵਿਦਿਆ ਇਕੋ ਦਏ ਦ੍ਰਿੜਾਈਆ । ਅੰਦਰੋਂ ਖੋਲ੍ਹ ਤੁਹਾਡੀ ਅੱਖ, ਪੜਦਾ ਦੂਈ ਮਿਟਾਈਆ । ਘਰ ਮੇਲਾ ਪੁਰਖ ਸਮਰਥ, ਅਕਲ ਕਲਧਾਰੀ ਨਜ਼ਰੀ ਆਈਆ । ਆਤਮ ਮਿਲ ਕੇ ਗਾਵੇ ਜਸ, ਸੋਹੰ ਢੋਲਾ ਦਏ ਸਮਝਾਈਆ । ਮੁਹੱਬਤ ਵਿਚ ਜਾਏ ਫਸ, ਫਾਂਸੀ ਜਮ ਦੀ ਦਏ ਕਟਾਈਆ । ਜਿਉਂ ਭਾਵੇ ਤਿਉਂ ਲਏ ਰਖ, ਰਖਣਹਾਰ ਆਪ ਗੁਸਾਂਈਆ । ਝਗੜਾ ਮੁਕਾ ਕੇ ਅੱਠ ਤੱਤ, ਬਿਨ ਤਤਵ ਤਤ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਪਰਗਟਾਈਆ । ਸਾਚੀ ਖੇਲ ਕਰੇ ਸੰਸਾਰ, ਹਰਿ ਕਰਤਾ ਵਡ ਵਡਿਆਈਆ । ਜਿਸ ਦਾ ਲਹਿਣਾ ਰਹੇ ਜੁਗ ਚਾਰ, ਅਗੇ ਨਾ ਕੋਈ ਮੇਟ ਮਿਟਾਈਆ । ਭਗਤ ਸੁਹੇਲੇ ਬਣਾ ਮੀਤ ਮੁਰਾਰ, ਮਿੱਤਰ ਆਪਣਾ ਆਪ ਅਖਵਾਈਆ । ਕਾਗਤ ਕ਼ਲਮ ਨਾ ਲਿਖਣਹਾਰ, ਲੇਖਾ ਸਕੇ ਨਾ ਕੋਇ ਸਮਝਾਈਆ । ਜਨ ਭਗਤੋ ਤੁਹਾਡੀ ਮੰਜ਼ਲ ਰਹੇ ਨਾ ਕੋਇ ਦੁਸ਼ਵਾਰ, ਦੁਖੀਆਂ ਦਾ ਦਰਦ ਵੰਡਾਈਆ । ਅੰਦਰੋਂ ਸਤਹ ਕਰ ਹਮਵਾਰ, ਕੂੜਾ ਕਰਕਟ ਬਾਹਰ ਕਢਾਈਆ । ਨਿਰਮਲ ਜੋਤ ਕਰ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਸੋਹੰ ਸ਼ਬਦ ਦੱਸ ਜੈਕਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਮਿਲਾਈਆ । ਜਿਸ ਨੂੰ ਸਜਦੇ ਕਰਨ ਗੁਰੂ ਅਵਤਾਰ, ਪੈਗ਼ੰਬਰ ਨੈਣ ਸ਼ਰਮਾਈਆ ।

ਵਾਹਿਦ ਤੁਹਾਡਾ ਯਾਰ, ਕਲਮਿਆਂ ਦਾ ਮਾਲਕ ਨਜ਼ਰੀ ਆਈਆ । ਜਿਸ ਨੂੰ ਕਹਿੰਦੇ ਪਰਵਰਦਿਗਾਰ, ਉਹ ਪੜਦਾ ਦਏ ਉਠਾਈਆ । ਜਿਸ ਦਾ ਨਾਉਂ ਸੱਚਾ ਨਿਰੰਕਾਰ, ਨਿਰਗੁਣ ਦਾਤਾ ਬੇਪਰਵਾਹੀਆ । ਬ੍ਰਹਿਮੰਡ ਖੰਡ ਵਿਸ਼ਨ ਬ੍ਰਹਮਾ ਸ਼ਿਵ ਜਿਸ ਦੇ ਬਣਨ ਭਿਖਾਰ, ਦਰ ਠਾਂਡੇ ਸੇਵ ਕਮਾਈਆ । ਉਹ ਕਲ ਕਲਕੀ ਲਏ ਅਵਤਾਰ, ਨਿਰਗੁਣ ਹੋ ਕੇ ਫੇਰਾ ਪਾਈਆ । ਸੰਬਲ ਵਸੇ ਧਾਮ ਨਿਆਰ, ਗੋਬਿੰਦ ਮੇਲਾ ਸਹਿਜ ਸੁਭਾਈਆ । ਸਚਖੰਡ ਨਿਵਾਸੀ ਹੋ ਪਰਧਾਨ, ਹੁਕਮ ਸੰਦੇਸ਼ਾ ਇਕ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਮੇਟੇ ਜਹਾਨ, ਜਹਾਲਤ ਅਵਰ ਰਹਿਣ ਨਾ ਪਾਈਆ । ਸ਼ਬਦੀ ਖੰਡਾ ਲੈ ਕੇ ਆਵੇ ਵਿਚ ਮੈਦਾਨ, ਭੇਵ ਅਭੇਦਾ ਦਏ ਖੁਲ੍ਹਾਈਆ । ਗੁਰਮੁਖੋ ਸੋਹਣੇ ਉਠੋ ਨੌਜਵਾਨ, ਨੌਬਤ ਨਾਮ ਨਾਲ ਰਖਾਈਆ । ਚਾਰ ਵਰਨਾਂ ਦੇਵੇ ਇਕੋ ਦਾਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਸਰਬ ਜੀਆਂ ਦਾ ਇਕੋ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਕੂੜੀ ਸ਼ਰਅ ਮੇਟ ਸ਼ੈਤਾਨ, ਰਮਜ਼ ਸਭ ਨੂੰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸ੍ਰੀ ਭਗਵਾਨ ਕਹੇ ਵੇਖਾਂ ਜੁਗ ਚਾਰ, ਚੌਕੜੀ ਆਪਣਾ ਖੇਲ ਖਿਲਾਈਆ । ਥੋੜਾ ਥੋੜਾ ਗੁਰ ਅਵਤਾਰ ਪੈਗ਼ੰਬਰਾਂ ਦੇ ਅਖਤਿਆਰ, ਲੋਕਮਾਤ ਹੁਕਮ ਸੁਣਾਈਆ । ਨਿਉਂ ਨਿਉਂ ਕਰਦੇ ਗਏ ਨਿਮਸਕਾਰ, ਸਜਦਿਆਂ ਵਿਚ ਸੀਸ ਝੁਕਾਈਆ । ਅਲਿਫ਼ ਯੇ ਦਾ ਕਰ ਕੇ ਗਏ ਇਜ਼ਹਾਰ, ਊੜਿਆਂ ਐੜਿਆਂ ਵਿਚ ਪੜ੍ਹਾਈਆ । ਪ੍ਰਭ ਦਾ ਹੁਕਮ ਸਭ ਤੋਂ ਬਾਹਰ, ਅੱਖਰਾਂ ਵਿਚ ਬੰਦ ਨਾ ਕੋਇ ਕਰਾਈਆ । ਤੁਹਾਡਾ ਵੇਖਣਾ ਮਹੱਲ ਅਟਾਰ, ਕਾਇਆ ਕਾਅਬਾ ਖੋਜ ਖੁਜਾਈਆ । ਜਿਥੇ ਵੱਸੇ ਆਪ ਨਿਰੰਕਾਰ, ਨਿਰਗੁਣ ਹੋ ਕੇ ਡੇਰਾ ਲਾਈਆ । ਸਤਿਜੁਗ ਸਾਚੀ ਬੰਨ੍ਹ ਕੇ ਜਾਏ ਧਾਰ, ਧਰਨੀ ਧਰਤ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਜਨ ਭਗਤੋ ਤੁਹਾਡਾ ਸਤਿਜੁਗ ਦਾ ਸਮਾਜ, ਗੁਰਮੁਖ ਸੋਹਣੇ ਨਜ਼ਰੀ ਆਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾਉਣਾ ਰਾਗ, ਛੱਤੀ ਰਾਗਾਂ ਦੀ ਲੋੜ ਰਹੇ ਨਾ ਰਾਈਆ । ਘਰ ਬੈਠਿਆਂ ਅੰਦਰੋਂ ਤੁਹਾਡੀ ਸੁਰਤੀ ਜਾਏ ਜਾਗ, ਸਤਿਗੁਰ ਸ਼ਬਦ ਦਏ ਹਿਲਾਈਆ । ਤ੍ਰੈਗੁਣ ਮਾਇਆ ਬੁਝੇ ਆਗ, ਅਗਨੀ ਤਤ ਨਾ ਕੋਇ ਤਪਾਈਆ । ਘਰ ਸਵਾਮੀ ਮਿਲੇ ਕੰਤ ਸੁਹਾਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਦੋ ਜਹਾਨਾਂ ਆਦਿ ਜੁਗਾਦਿ ਜੁਗ ਚੌਕੜੀ ਬਦਲੇ ਕੋਇ ਨਾ ਰਾਜ, ਰਈਅਤ ਲੱਖ ਚੁਰਾਸੀ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਸਮਝਾਈਆ । ਧੁਰ ਫ਼ਰਮਾਣਾ ਆਵੇ ਭੱਜਾ, ਨੱਠੇ ਵਾਹੋ ਦਾਹੀਆ । ਸਤਿਜੁਗ ਸਾਚੇ ਵੇਖੇ ਅੱਗਾ, ਕਲਜੁਗ ਪਿਛਾ ਪਰੇ ਹਟਾਈਆ । ਨਾਮ ਨਗਾਰਾ ਇਕੋ ਵੱਜਾ, ਬ੍ਰਹਿਮੰਡ ਖੰਡ ਸ਼ਣਵਾਈਆ । ਪੁਰਖ ਅਕਾਲਾ ਦੇਵੇ ਸੱਦਾ, ਸੰਤ ਸੁਹੇਲੇ ਆਪ ਉਠਾਈਆ । ਨਾਮ ਖ਼ੁਮਾਰੀ ਦੇਵੇ ਮਜ਼ਾ, ਜਾਮ ਪਿਆਲਾ ਇਕ ਪਿਆਈਆ । ਜਨ ਭਗਤੋ ਭਗਤ ਦਵਾਰਾ ਤੁਹਾਡੀ ਜਗ੍ਹਾ, ਸ਼ਿਵਦਵਾਲੇ ਮੰਦਰ ਮਸੀਤ ਮਠ ਗੁਰੂਦਵਾਰੇ ਦੀ ਲੋੜ ਰਹੀ ਨਾ ਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹਰਿ ਸਰਨਾਈ ਆਵੇ ਭੱਜਾ, ਭਜਨ ਬੰਦਗੀ ਇਕੋ ਢੋਲਾ ਗਾਈਆ । ਕਲਜੁਗ ਅੰਤ ਇਸ ਦੀ ਸਮਝ ਸਕੇ ਨਾ ਕੋਇ ਵਜਹ, ਵਾਕਫ਼ਕਾਰ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਨਾਲ ਕਰ ਕੇ ਦਗ਼ਾ, ਹਰਿਜਨ ਸਾਚੇ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਆਪਣੇ ਨਾਮ ਦਾ ਦੇ ਕੇ ਸਾਚਾ ਮਜਾ, ਮਜ਼ਾਕ ਦੁਨੀਆ ਨਾਲ ਵਖਾਈਆ ।

ਜਨ ਭਗਤੋ ਵੇਖੋ ਭਗਤੀ ਦਾ ਵਿਵਹਾਰ, ਵਿਵਹਾਰੀ ਆਪ ਕਰਾਈਆ । ਜਿਸ ਨੂੰ ਸਮਝੇ ਨਾ ਸੰਸਾਰ, ਦੀਨ ਦੁਨੀ ਦਏ ਦੁਹਾਈਆ । ਕਾਗਤ ਕ਼ਲਮ ਨਾ ਲਿਖਣਹਾਰ, ਸ਼ਾਹੀ ਰਹੀ ਕੁਰਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਕਰੋੜ ਤੇਤੀਸਾ ਨੀਰ ਵਹਾਈਆ । ਗੁਰ ਅਵਤਾਰ ਪੈਗ਼ੰਬਰ ਤੱਕਣ ਨਾਲ ਪਿਆਰ, ਪ੍ਰੀਤਮ ਪਿਆਰਾ ਨਜ਼ਰੀ ਆਈਆ । ਜਿਸ ਨੂੰ ਲੱਭਦੇ ਗਏ ਸਦਾ ਜੁਗ ਚਾਰ, ਸ਼ਬਦੀ ਅੰਦਰ ਖੋਜ ਖੁਜਾਈਆ । ਸੋ ਕਲ ਕਲਕੀ ਲਏ ਅਵਤਾਰ, ਕਲ ਕਾਤੀ ਦਏ ਮਿਟਾਈਆ । ਸੰਬਲ ਵਸਿਆ ਧਾਮ ਅਪਾਰ, ਧਰਮ ਦੀ ਧਾਰ ਇਕ ਜਣਾਈਆ । ਸਾਚਾ ਮਾਰਗ ਲਾ ਕੇ ਅਪਰ ਅਪਾਰ, ਅਪਰੰਪਰ ਸਵਾਮੀ ਦਏ ਵਡਿਆਈਆ । ਜਨ ਭਗਤਾਂ ਕਰ ਕੇ ਖ਼ਬਰਦਾਰ, ਬੇਖ਼ਬਰਾਂ ਦਏ ਉਠਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚੋਂ ਕਢ ਕੇ ਬਾਹਰ, ਇਸ਼ਟੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਜਨ ਭਗਤ ਕਹੇ ਪ੍ਰਭ ਦੇ ਦੇ ਵਸਤ ਅਨਮੋਲ, ਦਰ ਠਾਂਡੇ ਮੰਗ ਮੰਗਾਈਆ । ਸਾਡੇ ਅੰਦਰ ਰਹੇ ਨਾ ਪੋਲ, ਕੂੜੀ ਕਿਰਿਆ ਦੇ ਕਢਾਈਆ । ਭਗਤਾਂ ਨਾਲ ਮਾਰੀਂ ਨਾ ਰੋਲ, ਮਮਤਾ ਮੋਹ ਨਾ ਕੋਇ ਫਸਾਈਆ । ਤੇਰੇ ਹੁਕਮੇ ਅੰਦਰ ਆਏ ਉਪਰ ਧੌਲ, ਧਰਨੀ ਉਤੇ ਸੋਭਾ ਪਾਈਆ । ਤੇਰਾ ਬਾਵਨ ਨਾਲ ਕੌਲ, ਇਕਰਾਰ ਆਪਣਾ ਦੇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦੇ ਵਸਾਈਆ । ਜਨ ਭਗਤੋ ਸਾਚੇ ਗ੍ਰਿਹ ਵਸਣਾ ਖੇੜਾ, ਮੰਦਰ ਇਕੋ ਨਜ਼ਰੀ ਆਈਆ । ਜਿਥੇ ਭਗਤਾਂ ਬੰਨ੍ਹੇ ਬੇੜਾ, ਨਈਆ ਨੌਕਾ ਆਪਣੇ ਨਾਮ ਚੜ੍ਹਾਈਆ । ਲੱਖ ਚੁਰਾਸੀ ਆਵਣ ਜਾਵਣ ਕਟੇ ਗੇੜਾ, ਜਮ ਕੀ ਫਾਸੀ ਦਏ ਤੁੜਾਈਆ । ਮਿਹਰਵਾਨ ਹੋ ਕੇ ਮਹਿਬੂਬ ਮੁਹੱਬਤ ਵਿਚ ਕਰੇ ਮਿਹਰਾ, ਮਹਿਵ ਆਪਣਾ ਹੁਕਮ ਸੁਣਾਈਆ । ਨਿਜ ਕਾਇਆ ਮੰਦਰ ਦਿਸੇ ਨੇੜਨ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਰਖਾਈਆ । ਸਾਚਾ ਹੁਕਮ ਦੇਵੇ ਕਰਤਾ ਪੁਰਖ, ਕਰਨੀ ਦਾ ਮਾਲਕ ਦਇਆ ਕਮਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਲਏ ਪਰਖ, ਨਾਮ ਕਸਵੱਟੀ ਉਤੇ ਘਸਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਸਚ ਦਵਾਰੇ ਦੇਵੇ ਦਰਸ, ਜੋਤੀ ਜੋਤ ਕਰ ਰੁਸ਼ਨਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਜਗਤ ਨਿਤਾਣਿਆਂ ਵੰਡੇ ਦਰਦ, ਦੀਨਾਂ ਆਪਣੀ ਗੋਦ ਉਠਾਈਆ । ਜਨ ਭਗਤੋ ਤੁਹਾਡੇ ਉਤੇ ਦੀਨ ਮਜ਼੍ਹਬ ਦੀ ਚਲੇ ਕੋਈ ਨਾ ਕਰਦ, ਕਰਮਾਂ ਦਾ ਮਾਣ ਦੇ ਕੇ ਦਏ ਮਿਟਾਈਆ । ਜਿਸ ਦੇ ਕੋਲ ਆਦਿ ਜੁਗਾਦਿ ਜੁਗ ਚੌਕੜੀ ਬ੍ਰਹਿਮੰਡ ਖੰਡ ਪੁਰੀ ਲੋਅ ਗਗਨ ਗਗਨੰਤਰ ਗੁਰ ਅਵਤਾਰਾਂ ਪੈਗ਼ੰਬਰਾਂ ਦੀ ਫ਼ਰਦ, ਫ਼ੈਸਲੇ ਹੱਕ ਹੱਕ ਸੁਣਾਈਆ । ਤੁਹਾਡੀ ਮੰਨ ਕੇ ਸਾਚੀ ਅਰਜ਼, ਪੂਰਬ ਲਹਿਣਾ ਚੁਕਾਏ ਕ਼ਰਜ਼, ਸ਼ਬਦ ਅਗੰਮੀ ਸੁਣਾਏ ਤਰਜ, ਢੋਲਾ ਇਕੋ ਇਕ ਦ੍ਰਿੜਾਈਆ । ਢੋਲਾ ਸੁਣੋ ਸਚ ਸੰਗੀਤ, ਹਰਿ ਕਰਤਾ ਆਪ ਜਣਾਈਆ । ਝਗੜਾ ਚੁੱਕੇ ਮੰਦਰ ਮਸੀਤ, ਹਰਿ ਮੰਦਰ ਇਕੋ ਦਏ ਸਮਝਾਈਆ । ਜਿਥੇ ਬੈਠਾ ਰਹੇ ਅਤੀਤ, ਤ੍ਰੈਗੁਣ ਪੰਧ ਨਾ ਕੋਇ ਹੰਢਾਈਆ । ਆਤਮ ਕਰਦਾ ਰਹੇ ਪ੍ਰੀਤ, ਪਰਮਾਤਮ ਹੋ ਕੇ ਵੇਖ ਵਖਾਈਆ । ਕਲਜੁਗ ਅੰਤ ਬਦਲ ਕੇ ਰੀਤ, ਸਾਚੀ ਨੀਤੀ ਇਕ ਵਖਾਈਆ । ਧੁਰ ਦਾ ਕਲਮਾ ਦੱਸ ਹਦੀਸ, ਹਜ਼ਰਤ ਕਰੇ ਪੜ੍ਹਾਈਆ । ਪਿਛਲਾ ਲੇਖਾ ਸਭ ਦਾ ਰਿਹਾ ਬੀਤ, ਬਾਕੀ ਨਜ਼ਰ ਕੋਇ ਨਾ ਆਈਆ । ਕਰੇ ਖੇਲ ਆਪ ਅਨਡੀਠ, ਪੁਰਖ ਅਬਿਨਾਸ਼ੀ

ਬੇਪਰਵਾਹੀਆ । ਲੱਖ ਚੁਰਾਸੀ ਦੇ ਕੇ ਪੀਠ, ਜਨ ਭਗਤ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸ੍ਰੀ ਭਗਵਾਨ ਕਹੇ ਸਤਿਜੁਗ ਸਾਚੀ ਧਾਰ, ਭਗਤ ਮਿਲੇ ਵਡਿਆਈਆ । ਸਚ ਸ਼ਬਦ ਸਚ ਜੈਕਾਰ, ਢੋਲਾ ਗੀਤ ਸੁਣਾਈਆ । ਜਿਸ ਨੂੰ ਸੰਤ ਸੁਹੇਲੇ ਵੇਖਣ ਆਣ, ਗੁਰ ਚੇਲੇ ਮਿਲ ਕੇ ਖ਼ੁਸ਼ੀ ਮਨਾਈਆ । ਪੜਦਾ ਓਹਲਾ ਚੁਕਾਏ ਸ੍ਰੀ ਭਗਵਾਨ, ਨਕ਼ਾਬ ਰਹਿਣ ਕੋਇ ਨਾ ਪਾਈਆ । ਧੁਰ ਦਾ ਹੁਕਮ ਦਏ ਫ਼ਰਮਾਨ, ਫ਼ੁਰਨਾ ਮਨ ਦਾ ਰਹੇ ਨਾ ਰਾਈਆ । ਮੰਜ਼ਲ ਚੜ੍ਹਨਾ ਦੱਸੇ ਆਸਾਨ, ਪੌੜੀ ਡੰਡਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਉਠਾਈਆ । ਪੜਦਾ ਓਹਲਾ ਚੁੱਕੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਤੂੰ ਮੇਰਾ ਮੈਂ ਤੇਰਾ ਦੱਸੇ ਜਾਪ, ਜਗਜੀਵਣ ਦਾਤਾ ਆਪਣੇ ਹੱਥ ਰਖੇ ਵਡਿਆਈਆ । ਤ੍ਰੈਗੁਣ ਮਾਇਆ ਮਮਤਾ ਮੇਟੇ ਤਾਪ, ਪੰਚ ਵਿਕਾਰ ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਜਨ ਭਗਤਾਂ ਦਰਸ਼ਨ ਦੇਵੇ ਸਾਖਿਆਤ, ਨਿਰਗੁਣ ਹੋ ਕੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਲਗਾਈਆ । ਸਾਚਾ ਮਾਰਗ ਲਾਵੇ ਆਪ, ਆਪਣੇ ਹੱਥ ਰਖੇ ਵਡਿਆਈਆ । ਰੂਹ ਬੁਤ ਦੋਵੇਂ ਕਰ ਕੇ ਪਾਕ, ਪਤਿਤ ਪੁਨੀਤ ਦਏ ਕਰਾਈਆ । ਆਤਮ ਪਰਮਾਤਮ ਬਣਾ ਕੇ ਸੱਚਾ ਸਾਥ, ਸਾਜਣ ਹੋ ਕੇ ਮੇਲ ਮਿਲਾਈਆ । ਮੰਦਰ ਚੜ੍ਹ ਕੇ ਖੋਲ੍ਹੇ ਤਾਕ, ਪੜਦਾ ਦਏ ਉਠਾਈਆ । ਪੂਰਾ ਕਰ ਭਵਿਖਤ ਵਾਕ, ਅਗਲਾ ਲੇਖਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਡਿਆਈ ਸਤਿਗੁਰ ਸਾਚ, ਸਚ ਸਵਾਮੀ ਹੋਏ ਸਹਾਈਆ । ਸਚ ਕਹੇ ਮੈਂ ਸਦਾ ਸੱਚਾ, ਕੂੜਾ ਨਜ਼ਰ ਕੋਇ ਨਾ ਆਈਆ । ਕਿਸੇ ਹੱਥ ਨਾ ਆਵਾਂ ਮਦੀਨਾ ਮੱਕਾ, ਕਾਅਬੇ ਕੋਈ ਨਾ ਖੋਜ ਖੁਜਾਈਆ । ਫੜਿਆ ਜਾਵਾਂ ਨਾ ਤੀਰਥ ਤਟਾਂ, ਅੱਠ ਸੱਠ ਰਹੇ ਕੁਰਲਾਈਆ । ਕਦੇ ਵੜਿਆ ਨਾ ਮੰਦਰ ਮੱਠਾਂ, ਸ਼ਿਵਦਵਾਲੇ ਦੇਣ ਦੁਹਾਈਆ । ਜਗਤ ਪਿਆਰ ਕੋਲੋਂ ਦੂਰ ਨੱਠਾਂ, ਆਪਣਾ ਮੁਖ ਭਵਾਈਆ । ਇਕੋ ਪ੍ਰਭ ਦੇ ਅਗੇ ਵਾਸਤਾ ਘੱਤਾਂ, ਦੋਏ ਜੋੜ ਸੀਸ ਨਿਵਾਈਆ । ਸ੍ਰੀ ਭਗਵਾਨ ਜਨ ਭਗਤਾਂ ਦੇ ਸਾਚੀਆਂ ਮਤਾਂ, ਮਨ ਮਤ ਰਹੇ ਨਾ ਰਾਈਆ । ਜਿਨ੍ਹਾਂ ਦੇ ਜੋਬਨ ਅੰਦਰ ਰੱਤਾਂ, ਰੰਗ ਰਤੜੇ ਤੇਰੀ ਸੇਵ ਕਮਾਈਆ । ਉਹਨਾਂ ਦੀ ਅੰਦਰੋਂ ਖੋਲ੍ਹ ਅੱਖਾਂ, ਜੋ ਤੇਰਾ ਧਿਆਨ ਲਗਾਈਆ । ਮੈਂ ਸ਼ਬਦ ਕਹਾਣੀ ਦੱਸਾਂ, ਢੋਲਾ ਰਾਗ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਰਤਾਈਆ । ਹੁਕਮ ਕਹੇ ਪ੍ਰਭ ਆਇਆ ਅਠਾਰਾਂ ਹਾੜ, ਹਾੜਾ ਕੱਢੇ ਲੋਕਾਈਆ । ਲੱਗੀ ਅੱਗ ਬਹੱਤਰ ਨਾੜ, ਹਾਡੀ ਹਾਡੀ ਦਏ ਦੁਹਾਈਆ । ਸੱਚਾ ਮਿਲੇ ਨਾ ਕੋਇ ਸਿਕਦਾਰ, ਧੁਰ ਦਾ ਹੁਕਮ ਨਾ ਕੋਇ ਮਨਾਈਆ । ਪੱਲੂ ਛੱਡ ਗੁਰ ਅਵਤਾਰ, ਪੈਗ਼ੰਬਰ ਪ੍ਰਭ ਦੇ ਵਿਚ ਸਮਾਈਆ । ਦੀਨ ਮਜ਼੍ਹਬ ਹਾਹਾਕਾਰ, ਬਹੁੜੀ ਬਹੁੜੀ ਕਰ ਕੁਰਲਾਈਆ । ਕਿਰਪਾ ਕਰ ਆਪ ਨਿਰੰਕਾਰ, ਤੇਰੀ ਬੇਪਰਵਾਹੀਆ । ਕਲਜੁਗ ਆਈ ਅੰਤਮ ਵਾਰ, ਵਾਰਤਾ ਪਿਛਲੀ ਦੇ ਚੁਕਾਈਆ । ਸਚ ਸੰਦੇਸ਼ਾ ਦੇ ਸੰਸਾਰ, ਸਦੀ ਚੌਧਵੀਂ ਮੰਗ ਮੰਗਾਈਆ । ਬੀਸ ਇਕੀਸਾ ਹੋਇਆ ਪਾਰ, ਗੋਬਿੰਦ ਨਿਉਂ ਨਿਉਂ ਸੀਸ ਝੁਕਾਈਆ । ਅਗੇ ਤੇਰੇ ਸਰਬ ਅਖ਼ਤਿਆਰ, ਹੁਕਮਨਾਮਾ ਦੇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਸਾਚਾ ਹੁਕਮ ਦੇ ਭਗਵੰਤ, ਸਾਚੀ ਮੰਗ ਮੰਗਾਈਆ । ਤੂੰ ਮਾਲਕ ਹਰਿ ਹਰਿ ਕੰਤ,

ਕੰਤੂਹਲ ਤੇਰੀ ਸਰਨਾਈਆ । ਤੇਰਾ ਭੇਵ ਨਾ ਪਾਏ ਕੋਈ ਬੇਅੰਤ, ਅਨੰਤ ਘਰ ਖੇਲ ਖਿਲਾਈਆ । ਕੋਟਨ ਕੋਟ ਲੱਭਦੇ ਸੰਤ, ਜੰਗਲ ਜੂਹਾਂ ਫੇਰਾ ਪਾਈਆ । ਕੋਈ ਨਾ ਤੋੜੇ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸ੍ਰੀ ਭਗਵਾਨ ਕਹੇ ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਲੱਗੇ ਅਰਦਾਸ, ਬੇਨੰਤੀ ਅੰਤ ਸੁਣਾਈਆ । ਸਾਡੀ ਪੂਰੀ ਕਰ ਦੇ ਖ਼ਾਹਿਸ਼, ਝਗੜਾ ਦੀਨ ਦੁਨੀ ਚੁਕਾਈਆ । ਇਕੋ ਨਜ਼ਰੀ ਆਵੇ ਤੇਰੀ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਬਣਾਈਆ । ਸਾਚੀ ਪੱਟੀ ਦੱਸ ਅਗੰਮ ਜਮਾਤ, ਜਿਸ ਦਾ ਅੱਖਰ ਨਜ਼ਰ ਕਿਸੇ ਨਾ ਆਈਆ । ਧੁਰ ਦਰਗਾਹੀ ਬਣ ਬਾਪ, ਪਿਤਾ ਪੁਰਖ ਤੇਰੀ ਓਟ ਰਖਾਈਆ । ਸਤਿਜੁਗ ਸਾਚਾ ਜੋੜ ਨਾਤ, ਨਾਤਵਾਂ ਕਲਜੁਗ ਦੇ ਖਪਾਈਆ । ਜੋ ਬੁੱਢਾ ਹੋ ਕੇ ਰਿਹਾ ਕਾਂਪ, ਪਾਪਾਂ ਅੰਦਰੋਂ ਦਿਤਾ ਹਿਲਾਈਆ । ਇਕੋ ਮੰਗ ਮੰਗੀ ਖ਼ਾਸ, ਖ਼ਾਲਸ ਖ਼ਾਲਸਾ ਚਾਰ ਵਰਨ ਦੇਣਾ ਉਪਜਾਈਆ । ਜਨ ਭਗਤਾਂ ਵਸਣਾ ਪਾਸ, ਵਿਛੋੜਾ ਅੰਤਰ ਰਹੇ ਨਾ ਰਾਈਆ । ਸੁਹੰਜਣੀ ਹੋਵੇ ਪਰਭਾਤ, ਵੱਜੇ ਨਾਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਦੇ ਸਰਨਾਈਆ । ਚਰਨ ਕਵਲ ਦਾ ਸਚ ਸਹਾਰਾ, ਸਿਰ ਸਿਰ ਹੱਥ ਟਿਕਾਈਆ । ਭਗਤ ਭਗਤ ਦਾ ਹੱਕ ਵਿਹਾਰਾ, ਹਕੀਕਤ ਵਿਚੋਂ ਪਰਗਟਾਈਆ । ਜਿਸ ਦਾ ਹੁਕਮ ਚਲੇ ਜੁਗ ਚਾਰਾ, ਹੁਕਮੇਂ ਹੁਕਮ ਸਰਬ ਭਵਾਈਆ । ਉਹ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੱਸ ਜੈਕਾਰਾ, ਨਾਤੇ ਜਗਤ ਵਾਲੇ ਬੰਧਾਈਆ । ਜਨ ਭਗਤੋ ਇਕੱਠੇ ਹੋ ਕੇ ਬੋਲੋ ਪੰਜ ਵਾਰਾ, ਪੰਜਾਂ ਦਾ ਲੇਖਾ ਦਏ ਮੁਕਾਈਆ । ਤੁਹਾਡੇ ਕਾਇਆ ਮੰਦਰ ਨਾਲੋਂ ਚੰਗਾ ਨਹੀਂ ਕੋਈ ਗੁਰੂਦਵਾਰਾ, ਸ਼ਿਵਦਵਾਲਾ ਮੱਠ ਸੋਭਾ ਕੋਇ ਨਾ ਪਾਈਆ । ਠਾਕਰ ਸਵਾਮੀ ਮਿਲੋ ਗ੍ਰਿਹਿ ਪ੍ਰੀਤਮ ਪਿਆਰਾ, ਪ੍ਰੇਮੀ ਹੋ ਕੇ ਵੇਖ ਵਖਾਈਆ । ਜਿਸ ਦਾ ਬਾਵਨ ਨੇ ਤੱਕਿਆ ਨਜ਼ਾਰਾ, ਨਜ਼ਰੀਆ ਤੁਹਾਡਾ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰੂਆਂ ਅਵਤਾਰਾਂ ਪੈਗ਼ੰਬਰਾਂ ਮੂਲ ਚੁਕਾਏ ਉਧਾਰਾ, ਬਾਕੀ ਲੇਖਾ ਰਹੇ ਨਾ ਰਾਈਆ । ਜਨ ਭਗਤੋ ਅਗੇ ਜਿਸ ਵੇਲੇ ਹੋਵੇ ਵਿਆਹ, ਘਰ ਘਰ ਕਾਜ ਲੈਣਾ ਰਚਾਈਆ । ਪੰਜਾਂ ਮਿਲ ਕੇ ਸਚ ਜੈਕਾਰਾ ਲੈਣਾ ਲਾ, ਪੁਰਖ ਅਬਿਨਾਸ਼ੀ ਸਨਮੁਖ ਨਜ਼ਰੀ ਆਈਆ । ਸ਼ਬਦ ਸਤਿਗੁਰ ਹੋ ਕੇ ਬਣੇ ਗਵਾਹ, ਨਾਮ ਸ਼ਹਾਦਤ ਇਕ ਭੁਗਤਾਈਆ । ਲੜਕਾ ਲੜਕੀ ਇਕ ਦੂਜੇ ਨੂੰ ਲਵੇ ਪਰਨਾ, ਪਰਨੇ ਫੜਨ ਦੀ ਲੋੜ ਰਹੀ ਨਾ ਰਾਈਆ । ਲਾਗੀ ਲਾਗਣ ਜਨ ਭਗਤੋ ਤੁਹਾਨੂੰ ਦਿਤਾ ਬਣਾ, ਨਾਮ ਵਸਤ ਤੁਹਾਡੀ ਝੋਲੀ ਪਾਈਆ । ਜਿਸ ਨਾਲ ਕੋਟ ਜਨਮ ਦੇ ਮੁਕ ਜਾਣ ਗੁਨਾਹ, ਗੁਨਾਹਗਾਰ ਗੁਰਮੁਖ ਰਹਿਣ ਕੋਇ ਨਾ ਪਾਈਆ । ਤੁਸੀਂ ਕੋਈ ਕਰਨਾ ਨਹੀਂ ਹੁਣ ਓਮ ਸਵਾਹ, ਸਹਾਇਤਾ ਮੰਗਣ ਕੋਇ ਨਾ ਜਾਈਆ । ਜਿਨ੍ਹਾਂ ਦੇ ਰੋਮ ਰੋਮ ਅੰਦਰ ਗਿਆ ਸਮਾ, ਸਮੇਂ ਦਾ ਸਮਾਂ ਦਏ ਪਰਗਟਾਈਆ । ਜਨ ਭਗਤੋ ਜਿਸ ਕਾਰਨ ਤੁਹਾਨੂੰ ਕੀਤਾ ਜਮਾਂ, ਜਾਮਨ ਹੋ ਕੇ ਵੇਖ ਵਖਾਈਆ । ਬਲ ਦਵਾਰੇ ਬਾਵਨ ਰਿਸ਼ੀਆਂ ਨਾਲ ਕੀਤਾ ਤਮਅ ਮਿਲਣ ਦੀ ਆਸਾ ਲਈ ਵਧਾਈਆ । ਸੋ ਵੇਲਾ ਵਕਤ ਆਇਆ ਸੁਹਾਵਣਾ ਸਮਾਂ, ਸੋਹਣਾ ਆਪਣਾ ਰੰਗ ਰੰਗਾਈਆ । ਤੁਹਾਡੇ ਮੰਦਰ ਅੰਦਰ ਰਹਿਣ ਨਾ ਦੇਵੇ ਕੋਈ ਗ਼ਮਾ, ਖ਼ੁਸ਼ੀਆਂ ਦਾ ਢੋਲਾ ਰਾਗ ਸੁਣਾਈਆ । ਭਾਗ ਲਗਾਏ ਕਾਇਆ ਮਾਟੀ ਚੰਮਾਂ, ਚੰਮ ਦ੍ਰਿਸ਼ਟੀ ਲਏ ਬਦਲਾਈਆ । ਲੇਖੇ ਲਾ ਕੇ ਪਵਣ ਸਵਾਸਾਂ ਦਮਾਂ, ਦਾਮਨਗੀਰ ਹੋ ਕੇ ਹੋਏ ਸਹਾਈਆ । ਗੁਰਮੁਖੋ ਪ੍ਰਭ ਦਾ ਹੁਕਮ ਚਲਿਆ ਨਵਾਂ, ਨੌ


੮੨੪
੧੯

ਸੱਤ ਆਪ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਮਾਜ ਇਕ ਵਖਾਈਆ । ਜਨ ਭਗਤੋ ਸਮਾਜ ਵੇਖਸ ਇਕੋ ਹਕ, ਜਗਤ ਵਿਚੋਂ ਨਜ਼ਰੀ ਆਈਆ । ਜਿਥੇ ਉਬਲੇ ਕੋਇ ਨਾ ਰੱਤ, ਰਤਨ ਅਮੋਲਕ ਗੁਰਮੁਖ ਲਏ ਉਪਜਾਈਆ । ਨਾਮ ਖ਼ੁਮਾਰੀ ਦੇਵੇ ਪੁਰਖ ਸਮਰਥ, ਮਿਹਰ ਨਜ਼ਰ ਇਕ ਉਠਾਈਆ । ਲਹਿਣਾ ਦੇਣਾ ਚੁਕਾਏ ਹੱਥੋ ਹੱਥ, ਪੂਰਬ ਲੇਖਾ ਝੋਲੀ ਪਾਈਆ । ਸੰਤ ਸੁਹੇਲੇ ਦਰ ਘਰ ਸੱਦ, ਸੱਦੇ ਧੁਰ ਦੇ ਨਾਲ ਮੰਗਾਈਆ । ਅਗੇ ਜਮ ਕੀ ਫਾਸੀ ਦੇਵੇ ਵੱਢ, ਸ਼ਬਦ ਕਟਾਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਵੇਖਣਹਾਰਾ ਥਾਨ ਥਨੰਤਰ, ਥਿਰ ਘਰ ਵਾਸੀ ਗੁਰਮੁਖ ਦਏ ਉਠਾਈਆ । ਸਾਚਾ ਨਾਮ ਦੱਸ ਕੇ ਮੰਤਰ, ਮੰਤਵ ਅਗਲਾ ਹੱਲ ਕਰਾਈਆ । ਨਿਰਗੁਣ ਜੋਤ ਦੇ ਨਿਰੰਤਰ, ਨਿਰਵੈਰ ਹੋਏ ਸਹਾਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਲੱਖ ਚੁਰਾਸੀ ਖੋਜ ਖੁਜਾਈਆ । ਝਗੜਾ ਰਹੇ ਨਾ ਗਗਨ ਗਗਨੰਤਰ, ਪੁਰੀ ਲੋਅ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਾਚਾ ਹੁਕਮ ਸੁਣੋ ਸਾਹਿਬ ਸਵਾਮੀ, ਸਤਿ ਸਤਿ ਸਮਝਾਈਆ । ਜਨ ਭਗਤੋ ਤੁਹਾਡੇ ਕੋਲ ਇਕ ਨਿਸ਼ਾਨੀ, ਜਿਸ ਦਾ ਨਿਸ਼ਾਨਾ ਨਾ ਕੋਇ ਵਖਾਈਆ । ਗੋਬਿੰਦ ਦਾ ਚਿੱਲਾ ਪ੍ਰਭ ਦੀ ਕਮਾਨੀ, ਭੱਥਾ ਸਤਿਗੁਰ ਸੋਭਾ ਪਾਈਆ । ਜਿਸ ਦੀ ਪਿਛਲੀ ਵੇਖੀ ਅਲੜ੍ਹ ਜਵਾਨੀ, ਬਾਲ ਅਵਸਥਾ ਵੱਜੇ ਵਧਾਈਆ । ਜਿਸ ਕੰਨਿਆਂ ਦਾ ਦਾਨ ਸਭ ਨੂੰ ਬਣਿਆ ਦਾਨੀ, ਦੂਰ ਦੁਰੇਡੇ ਲਏ ਮੰਗਾਈਆ । ਪੰਧ ਮੁਕਾ ਕੇ ਆਏ ਜ਼ਿਮੀਂ ਅਸਮਾਨੀ, ਮੰਡਲ ਭੱਜੇ ਚਾਈਂ ਚਾਈਂਆ । ਖ਼ੁਸ਼ੀ ਹੋਈ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੱਜੇ ਵਧਾਈਆ । ਸਿਫ਼ਤ ਕਰੇ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਢੋਲਾ ਗਾਈਆ । ਜਨ ਭਗਤੋ ਤੁਹਾਡਾ ਤਿਲਕ ਲਾਏ ਪਟਨੇ ਦੀ ਰਾਣੀ, ਜਿਸ ਦੀ ਗੋਦੀ ਗੋਬਿੰਦ ਬਹਿ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਸਮਝਾਈਆ । ਜਨ ਭਗਤ ਕਹਿਣ ਸਾਨੂੰ ਹੋਏ ਹੈਰਾਨੀ, ਹੈਰਤ ਅੰਦਰ ਆਈਆ । ਕੀ ਖੇਲ ਹੋਇਆ ਜ਼ਿਮੀਂ ਅਸਮਾਨੀ, ਮਨ ਮਤ ਬੁਧ ਸਮਝ ਸਕੇ ਨਾ ਰਾਈਆ । ਵਾਸਤਾ ਘੱਤਿਆ ਅਗੇ ਆਦਿ ਸ਼ਕਤ ਭਵਾਨੀ, ਭਾਵਨਾ ਪੂਰ ਨਾ ਕੋਇ ਕਰਾਈਆ । ਚਤਰਭੁਜ ਨੂੰ ਸਮਝ ਕੇ ਦਾਨੀ, ਸੀਸ ਸੀਸ ਇਕ ਝੁਕਾਈਆ । ਰਾਜੇ ਰਾਮ ਨੂੰ ਸਮਝ ਕੇ ਬਾਨੀ, ਬਾਹਮੀ ਮੰਗ ਇਕ ਮੰਗਾਈਆ । ਕਾਹਨ ਕ੍ਰਿਸ਼ਨ ਸਮਝ ਕੇ ਸਾਚਾ ਕਾਹਨੀ, ਭਾਰ ਉਹਦੇ ਹੱਥ ਫੜਾਈਆ । ਈਸਾ ਮੂਸਾ ਮੁਹੰਮਦ ਵੇਖੇ ਜਾਣ ਜਾਣੀ, ਜਾਨਣਹਾਰ ਨਾ ਕੋਇ ਵਡਿਆਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇ ਬੇਈਮਾਨੀ, ਬੇਵਾ ਰੂਪ ਸਰਬ ਵਖਾਈਆ । ਜਿਨ੍ਹਾਂ ਦੇ ਪਿਛੇ ਤੱਤੀ ਲੋਹ ਤੇ ਬੈਠਾ ਸੁਤ ਭਾਨੀ, ਅਰਜਨ ਅਰਜ਼ ਪ੍ਰਭ ਨੂੰ ਆਪ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਭਗਤਾਂ ਆਤਮ ਰਹਿਣ ਨਾ ਦੇਵੀਂ ਬੇਗਾਨੀ, ਬੇਗਾਨਾ ਘਰ ਨਾ ਕੋਇ ਜਣਾਈਆ । ਅੰਤਰ ਆਤਮਾ ਬਾਲੀ ਨੱਢੀ ਬੱਚੀ ਇਕ ਅੰਞਾਣੀ, ਸੋਚ ਸਮਝ ਨਾ ਕੋਇ ਵਧਾਈਆ । ਸੁਣਦੀ ਰਹੀ ਜੁਗ ਚੌਕੜੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨਾਂ ਦੀ ਕਹਾਣੀ, ਤੇਰਾ ਦਰਸ ਕੋਇ ਨਾ ਪਾਈਆ । ਰਸਨਾ ਜਿਹਵਾ ਬੱਤੀ ਦੰਦ ਸੁਣਦੀ ਰਹੀ ਅੱਖਰਾਂ ਵਾਲੀ ਬਾਣੀ, ਨਿਰਅੱਖਰ ਨਾ ਕੋਇ ਸਮਝਾਈਆ । ਆਉਂਦੀ ਜਾਂਦੀ ਰਹੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਆਪਣਾ ਤਨ ਹੰਢਾਈਆ । ਐ ਪ੍ਰਭੂ ਕਲਜੁਗ ਅੰਤ ਕਰ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤਾਂ ਲਹਿਣਾ ਦੇਣਾ ਚੁਕਾ

ਜਿਸਮ ਜਿਸਮਾਨੀ, ਜਾਮਨ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹਣਹਾਰਾ, ਖ਼ਾਲਕ ਖ਼ਲਕ ਦਏ ਸਮਝਾਈਆ । ਜਨ ਭਗਤੋ ਤੁਹਾਡਾ ਵਿਵਹਾਰਾ, ਲਹਿਣਾ ਪਿਛਲਾ ਝੋਲੀ ਪਾਈਆ । ਸ਼ਬਦ ਹੋਇਆ ਹੱਕ ਵਿਹਾਰਾ, ਬਰਨ ਅਠਾਰਾਂ ਵੱਜੀ ਵਧਾਈਆ । ਸੋਹਣਾ ਵੇਖਿਆ ਧੁਰ ਦਰਬਾਰਾ, ਪੁਰਖ ਅਕਾਲ ਨਾਲ ਜਣਾਈਆ । ਸਭ ਦਾ ਲਹਿਣਾ ਚੁੱਕਿਆ ਅੰਤਮ ਵਾਰਾ, ਗੋਬਿੰਦ ਮੇਲਾ ਸਹਿਜ ਸੁਭਾਈਆ । ਅਗਲਾ ਹੁਕਮ ਸੱਚੀ ਸਰਕਾਰਾ, ਸਹਿਜੇ ਦਏ ਸੁਣਾਈਆ । ਗੁਰਮੁਖੋ ਗੁਰਸਿਖੋ ਜਨ ਭਗਤੋ ਜਿਸ ਵੇਲੇ ਧਰਮ ਵਿਆਹ ਦਾ ਹੋਵੇ ਵਿਵਹਾਰਾ, ਪੰਜਾਂ ਦਾ ਲੇਖੇ ਲੱਗੇ ਜੈਕਾਰਾ, ਜੈਕਾਰੇ ਪੰਜਾਂ ਵਿਚ ਨਾਤਾ ਦਏ ਜੁੜਾਈਆ । ਬਿਨਾ ਪ੍ਰਭੂ ਤੋਂ ਕਿਸੇ ਹੋਰ ਦੀ ਨਹੀਂ ਗਾਉਣੀ ਵਾਰਾ, ਵਰਕਾ ਵਰਕਾ ਨਾ ਕੋਇ ਉਲਟਾਈਆ । ਸਚਖੰਡ ਤੁਹਾਡਾ ਸੱਚਾ ਦਰਬਾਰਾ, ਜਿਥੇ ਮਿਲੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਪਾਰ ਕਰ ਕੇ ਆਪ ਕਿਨਾਰਾ, ਸਹਾਰਾ ਇਕੋ ਦਏ ਵਖਾਈਆ । ਜਨ ਭਗਤ ਕਹਿਣ ਪ੍ਰਭ ਸਾਡੇ ਅੰਦਰ ਆਈ ਖ਼ੁਸ਼ਹਾਲੀ, ਖ਼ਾਹਿਸ਼ ਏਕਾ ਦਈਏ ਜਣਾਈਆ । ਸਾਡੀ ਕਾਇਆ ਚੜ੍ਹੀ ਲਾਲੀ, ਜੋਬਨ ਆਪਣਾ ਰੰਗ ਬਦਲਾਈਆ । ਤੇਰੇ ਦਰ ਦੇ ਬਣੇ ਸਵਾਲੀ, ਭਿੱਖਕ ਹੋ ਕੇ ਝੋਲੀ ਡਾਹੀਆ । ਕਲਜੁਗ ਮੇਟ ਰੈਣ ਅੰਧੇਰੀ ਕਾਲੀ, ਕਲਮਾ ਆਪਣਾ ਦੇ ਸਮਝਾਈਆ । ਤੇਰਾ ਹੁਕਮ ਬੇਮਿਸਾਲੀ, ਮਿਸਲ ਵਿਚ ਬੰਦ ਨਾ ਕੋਇ ਕਰਾਈਆ । ਪ੍ਰਭੂ ਤੇਰੇ ਦਰ ਤੇ ਗੁਰ ਅਵਤਾਰ ਪੈਗ਼ੰਬਰ ਹੋਏ ਇਕ਼ਬਾਲੀ, ਇਕ਼ਬਾਲ ਦੇ ਕੇ ਜਗਤ ਨਾਤਾ ਗਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਕਹੇ ਮੈਂ ਸਭ ਕੁਛ ਦਿਤਾ ਆਪ, ਭਗਤਾਂ ਝੋਲੀ ਪਾਈਆ । ਰਹੇ ਕੋਈ ਨਾ ਪਾਪ, ਇਕੋ ਮੰਗ ਮੰਗਾਈਆ । ਨਜ਼ਰੀ ਆਏ ਸਾਖਿਆਤ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋ ਪੂਰਾ ਕਰੇ ਭਵਿਖਤ ਵਾਕ, ਗੋਬਿੰਦ ਦਏ ਗਵਾਹੀਆ । ਜਿਸ ਕੰਨਿਆਂ ਦਾ ਨਾਤਾ ਜੁੜਿਆ ਸਾਕ, ਸਗਨ ਦੋਆਬੇ ਵਿਚੋਂ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਖੇਲ ਰਿਹਾ ਵਖਾਈਆ । ਸਾਚਾ ਸਗਨ ਆਇਆ ਵਿਚੋਂ ਦੋਆਬੇ, ਦੋਹਰਾ ਫੇਰਾ ਪਾਈਆ । ਖ਼ੁਸ਼ੀਆਂ ਵੱਜੇ ਅਨਹਦ ਵਾਜੇ, ਧੁਨੀ ਆਪਣਾ ਰਾਗ ਸੁਣਾਈਆ । ਵਰ ਪਾਇਆ ਵਡ ਰਾਜਨ ਰਾਜੇ, ਕੂੜੀ ਕਿਰਿਆ ਰਹੀ ਨਾ ਰਾਈਆ । ਲੇਖਾ ਮੁਕਿਆ ਕੂੜ ਸਮਾਜੇ, ਭਗਤ ਭਗਵਾਨ ਮਿਲੀ ਵਡਿਆਈਆ । ਜਿਸ ਨੇ ਖੇਲ ਰਚਾਇਆ ਵਿਚ ਮਾਝੇ, ਸੰਬਲ ਬੈਠਾ ਡੇਰਾ ਲਾਈਆ । ਉਹ ਵੇਖਣਹਾਰਾ ਦੂਰ ਦੁਰਾਡੇ, ਆਂਢ ਗੁਆਂਢੇ ਦਏ ਤਜਾਈਆ । ਸਾਚੇ ਨਾਤੇ ਰਖੇ ਸਾਂਝੇ, ਸੱਜਣ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰ ਰਿਹਾ ਭੁਗਤਾਈਆ । ਦੋਆਬੇ ਵਾਲੇ ਸਗਨ ਲੈ ਕੇ ਆਏ ਹੋਰ, ਭਾਰ ਸਿਰ ਉਤੇ ਵਖਾਈਆ । ਪ੍ਰਭ ਤੇ ਆਸਾ ਰਖ ਕੇ ਡੋਰ, ਨਾਤਾ ਤੰਦ ਸਿਤਾਰ ਜੁੜਾਈਆ । ਕਲਜੁਗ ਵੇਖ ਅੰਧੇਰਾ ਘੋਰ, ਅੰਦਰੇ ਅੰਦਰ ਰਹੇ ਪਛਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੇਰਾ ਕੋਈ ਨਾ ਜਾਣੇ ਭੇਤ, ਭਾਵੀ ਵਿਚ ਸਰਬ ਰਖਾਈਆ । ਮੈਂ ਹਰ ਘਟ ਰਿਹਾ ਵੇਖ, ਗ੍ਰਿਹ ਗ੍ਰਿਹ ਖੋਜ ਖੁਜਾਈਆ । ਜਿਸ ਦਾ ਜ਼ਾਮਨ ਬਣ ਕੇ ਦਸ ਦਸਮੇਸ਼, ਸ਼ਬਦੀ ਸ਼ਬਦ ਗਿਆ ਜਣਾਈਆ । ਸੋ ਖੇਲੇ ਖੇਲ ਇਕ ਨਰੇਸ਼, ਨਰ ਨਰਾਇਣ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਿਰ ਆਪਣਾ ਹੱਥ ਰਖਾਈਆ । ਸਿਰ ਕਹੇ ਮੈਂ ਕਦੇ ਨਾ ਹੋਵਾਂ ਸਰ, ਜਨ ਭਗਤਾਂ ਦਿਆਂ ਜਣਾਈਆ । ਮੈਂ ਇਕੋ ਲੱਭਣਾ ਹਰਿ, ਜੋ ਹਿਰਦੇ ਬਹਿ ਕੇ ਰੰਗ ਚੜ੍ਹਾਈਆ । ਭੈ ਭਉ ਚੁਕਾਵੇ ਡਰ, ਅਗਨੀ ਤਤ ਨਾ ਕੋਇ ਤਪਾਈਆ । ਸਾਚੇ ਮੰਦਰ ਬਹੇ ਚੜ੍ਹ, ਢੋਲਾ ਗੀਤ ਕਰੇ ਸ਼ਨਵਾਈਆ । ਨਿਰਗੁਣ ਜੋਤ ਆਪੇ ਧਰ, ਨੂਰ ਜਹੂਰ ਦਏ ਵਖਾਈਆ । ਸੰਤ ਸੁਹੇਲੇ ਲਏ ਫੜ, ਫੜ ਬਾਂਹੋਂ ਗੋਦ ਟਿਕਾਈਆ । ਜਗਤ ਹਵਸ ਵਿਚ ਸਾਰੇ ਰਹੇ ਮਰ, ਬਿਨ ਸਤਿਗੁਰ ਚਰਨਾਂ ਮਰਨਾ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਆਪ ਪਰਗਟਾਈਆ । ਦੋਆਬੇ ਵਾਲਿਓ ਸੁਣਨਾ ਇਕ ਪੈਗ਼ਾਮ, ਪੈਗ਼ੰਬਰਾਂ ਤੋਂ ਪਰੇ ਪੜ੍ਹਾਈਆ । ਤੁਹਾਡਾ ਹਿੱਸਾ ਸੱਤ ਸੱਤ ਬਾਦਾਮ, ਗੋਬਿੰਦ ਮਾਛੂਵਾੜੇ ਲਾਲ ਸਿੰਘ ਗਿਆ ਸਮਝਾਈਆ । ਜਿਸ ਨੇ ਤਰੇਤੇ ਜੁਗ ਵਿਚ ਪੀਤਾ ਜਾਮ, ਰਾਮ ਰਾਮ ਢੋਲਾ ਗਾਈਆ । ਉਹਨਾਂ ਖੇਲ ਦੱਸ ਆਸਾਨ, ਮੁਸ਼ਕਲ ਅਗਲੀ ਦਿਤੀ ਮਿਟਾਈਆ । ਸੁਣ ਕੇ ਸਚ ਪੈਗ਼ਾਮ, ਭੱਜੇ ਵਾਹੋ ਦਾਹੀਆ । ਕੀ ਹੁਕਮ ਦੇਵੇ ਭਗਵਾਨ, ਭਗਵਤ ਭੇਵ ਕੋਇ ਨਾ ਆਈਆ । ਕੀ ਰਹਿਮਤ ਰਹੀਮ ਕਰੇ ਰਹਿਮਾਨ, ਮਿਹਰ ਨਜ਼ਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਖਾਈਆ । ਧੁਰ ਦਾ ਖੇਲ ਕਹੇ ਮੈਂ ਰਵਾਂ ਜੁਗ ਚਾਰ, ਵਰਨ ਬਰਨ ਵਿਚ ਸਮਾਈਆ । ਜਨ ਭਗਤਾਂ ਕਰਾਂ ਪਿਆਰ, ਭਗਤੀ ਮਾਰਗ ਵੇਖ ਆਪਣੀ ਖ਼ੁਸ਼ੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਦੇਸ, ਜਿਥੇ ਰਹੇ ਸਦਾ ਹਮੇਸ਼, ਨਿਰਗੁਣ ਹੋ ਕੇ ਸੋਭਾ ਪਾਈਆ । ਜਨ ਭਗਤੋ ਤੁਹਾਡਾ ਵਿਹਾਰਾ ਸੱਤ ਬਾਦਾਮ, ਬਦਨ ਦੇ ਅੰਦਰ ਹੋਏ ਰੁਸ਼ਨਾਈਆ । ਮਿਲੇ ਧੁਰ ਦਾ ਰਾਮ, ਰਹੀਮ ਹੋ ਕੇ ਵੇਖ ਵਖਾਈਆ । ਝਗੜਾ ਮੇਟੇ ਤਮਾਮ, ਤਮਅ ਦਏ ਗਵਾਈਆ । ਮਿਲਣਾ ਹੋਵੇ ਆਸਾਨ, ਸਹਿਜੇ ਦਰਸ਼ਨ ਪਾਈਆ । ਰੋਕ ਰੁਪਈਆ ਅਗੇ ਰਖਣਾ ਆਣ, ਜੋ ਹੁਕਮ ਅੰਦਰ ਘਰ ਬੈਠਿਆਂ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚਾ ਦੇਵਣਹਾਰਾ ਦਾਨ, ਦਾਨੀ ਗੁਰਮੁਖ ਵੇਖ ਵਖਾਈਆ । ਜਨ ਭਗਤਾਂ ਸਗਨ ਦੋਹਰਾ ਦੇਣਾਂ ਪਾ, ਨਵਾਂ ਜਨਮ ਫੇਰ ਬਦਲਾਈਆ । ਜਿਸ ਸੁਰਜੀਤ ਸਿੰਘ ਦਾ ਅਠਾਰਾਂ ਹਾੜ ਨੂੰ ਨਾਤਾ ਤੁੱਟਣਾ ਸੀ ਵਿਚ ਜਹਾਨ ਉਸ ਨੂੰ ਫੇਰ ਦਿਤਾ ਪਰਗਟਾ, ਸੱਠ ਸਾਲ ਦੀ ਆਯੂ ਦਿਤੀ ਵਧਾ, ਵਾਧਾ ਆਪਣੇ ਨਾਲ ਵਧਾਈਆ । ਜਿਸ ਕੰਨਿਆਂ ਗੁਰਦਰਸ਼ਨ ਦਾ ਸਾਢੇ ਤਿੰਨ ਸਾਲ ਨੂੰ ਸਰੀਰ ਹੋਣਾ ਸੀ ਸਵਾਹ, ਹੱਡੀਆਂ ਰਾਖ ਕੰਮ ਕਿਸੇ ਨਾ ਆਈਆ । ਜਨ ਭਗਤੋ ਉਹ ਤੁਹਾਡੇ ਕੋਲੋਂ ਲਈ ਬਚਾ, ਵਿਚੋਲਾ ਗੁਰਮੁਖ ਨਾਲ ਮਿਲਾਈਆ । ਏਸੇ ਕਰ ਕੇ ਜੁਗ ਚੌਕੜੀ ਸਦੀਆਂ ਦਾ ਸਾਹ ਲਿਆ ਸੁਧਾ, ਸਦਮਾ ਮਾਤ ਰਹੇ ਨਾ ਰਾਈਆ । ਕ਼ਦਮਾਂ ਦਾ ਸਹਾਰਾ ਦਿਤਾ ਵਖਾ, ਪਦਮਾਂ ਦੇ ਵਿਚੋਂ ਬਾਹਰ ਕਢਾਈਆ । ਅਰਸ਼ਾਂ ਤੋਂ ਅਰਸ਼ ਸਾਚੀ ਮੰਜ਼ਲ ਦਿਤਾ ਚੜ੍ਹਾ, ਪਿਛਲਾ ਪੈਂਡਾ ਰਹੇ ਨਾ ਰਾਈਆ । ਜਨਮ ਵਿਚੋਂ ਜਨਮ ਦਿਤਾ ਬਦਲਾ, ਇੱਕੀ ਸੰਗ ਮਿਲਾਏ ਗਵਾਹ, ਸ਼ਹਾਦਤ ਪੰਜਾਂ ਕੋਲੋਂ ਭੁਗਤਾਈਆ । ਜੇ ਇਕ ਗੁਰਮੁਖ ਵੀ ਵਿਚੋਂ ਕਰ ਜਾਂਦਾ ਨਾਂਹ, ਫੇਰ ਹੋਣੀ ਨਹੀਂ ਸੀ ਕੁੜਮਾਈਆ । ਜਨ ਭਗਤੋ ਤੁਹਾਡੀ ਮਹਿੰਮਾ ਦੇਵਤ ਸੁਰ ਗਣ ਗੰਧਰਵ ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੈਗੰਬਰ ਥਾਓਂ ਥਾਈਂ ਰਹੇ ਗਾ, ਸੋਹਲੇ ਢੋਲੇ ਬਿਨਾ ਰਾਗਾਂ ਨਾਦਾਂ ਸੋਹਣਾ ਰਾਗ ਅਲਾਈਆ । ਹੁਣ ਖ਼ੁਸ਼ੀਆਂ ਨਾਲ ਆਪਣੇ ਵੀਰੇ ਦਾ ਵੇਖੋ ਵਿਆਹ, ਹੀਰੇ ਤੁਹਾਡੇ ਅਗੇ ਟਿਕਾਈਆ । ਜਿਸ ਭੋਜਨ

੮੨੭
੧੯

ਪਿਛੇ ਬਾਵਨ ਨੇ ਇਕੱਠੇ ਲਏ ਕਰਾ, ਉਹ ਤੁਹਾਡਾ ਪਕਵਾਨ ਖਾ ਕੇ ਸ੍ਰੀ ਭਗਵਾਨ ਖ਼ੁਸ਼ੀ ਮਨਾਈਆ । ਮਨਮੁਖ ਮੂਰਖ ਮੁਗਧ ਅੰਞਾਣ ਦਾ ਲੱਗਣ ਨਹੀਂ ਦਿਤਾ ਦਾਅ, ਖ਼ਾਲੀ ਹੱਥ ਆਏ ਤੇ ਖ਼ਾਲੀ ਹੱਥ ਦਏ ਭਵਾ, ਸਮਰਥ ਦੇਵੇ ਨਾ ਕੋਇ ਵਡਿਆਈਆ । ਜਿਨ੍ਹਾਂ ਪ੍ਰੇਮ ਪਿਆਰ ਸਤਿਕਾਰ ਨਾਲ ਇਕ ਵਾਰ ਸੀਸ ਦਿਤਾ ਝੁਕਾ, ਤਿਨ੍ਹਾਂ ਨੂੰ ਚਾਰ ਕੁੰਟ ਵਿਚੋਂ ਬਾਹਰ ਕੱਢ ਕੇ, ਮਨ ਵਾਸਨਾ ਕੂੜੀ ਕਿਰਿਆ ਅੰਦਰੋਂ ਵੱਢ ਕੇ, ਸਾਚੇ ਧਾਮ ਦਏ ਟਿਕਾਈਆ । ਜਨ ਭਗਤੋ ਖ਼ੁਸ਼ੀਆਂ ਨਾਲ ਖ਼ੁਸ਼ੀ ਮਨਾਉਣੀ ਰੱਜ ਕੇ, ਰਜ਼ਾ ਪ੍ਰਭ ਦੀ ਸਾਚੀ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਦੋਆਬੇ ਵਾਲਿਆਂ ਵਾਰਨਾਂ ਕਰਨੀ ਗਿਰੀ ਠੂਠੀ, ਖੋਪਰਾ ਨਾਲ ਜੁੜਾਈਆ । ਤੁਹਾਡੀ ਆਤਮਾ ਰਹੇ ਨਾ ਰੂਠੀ, ਰੁਸਿਆਂ ਲਏ ਮਨਾਈਆ । ਝਗੜਾ ਰਹੇ ਨਾ ਦਿਸ਼ਾ ਕੂਟੀ, ਮਮਤਾ ਮੋਹ ਦਏ ਗਵਾਈਆ । ਮਨੂਆ ਮਨ ਨਾ ਭੱਜੇ ਦੂਤੀ, ਦੁਸ਼ਮਣ ਅੰਦਰੋਂ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਮਾਲਕ ਇਕ ਅਖਵਾਈਆ । ਦੋਆਬੇ ਵਾਲਿਓ ਤੁਹਾਡਾ ਸੋਹਣਾ ਸੰਗ, ਪਾਲ ਸਿੰਘ ਨਜ਼ਰੀ ਆਈਆ । ਜਿਸ ਦੇ ਕੋਲ ਪ੍ਰਭ ਮਿਲਣ ਦਾ ਵੱਡਾ ਢੰਗ, ਤਰੀਕਾ ਨਵਾਂ ਰਿਹਾ ਸਮਝਾਈਆ । ਜਿਸ ਕਾਰਨ ਗ੍ਰਿਹ ਗ੍ਰਿਹ ਖਾਵੇ ਡੰਗ, ਡੰਕਾ ਸ਼ਬਦ ਨਾਮ ਸ਼ਨਵਾਈਆ । ਉਹਨਾਂ ਭਗਤਾਂ ਦਰ ਆਇਆਂ ਲਾਵੇ ਅੰਗ, ਅੰਗੀਕਾਰ ਅਖਵਾਈਆ । ਆਤਮ ਸੁਹਾਏ ਪਲੰਘ, ਪਾਵਾ ਚੂਲ ਨਾ ਕੋਇ ਜਣਾਈਆ । ਘਰ ਪਰਕਾਸ਼ ਚਾੜ੍ਹੇ ਚੰਦ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਅੰਮ੍ਰਿਤ ਧਾਰ ਪਾਵੇ ਠੰਡ, ਅਗਨੀ ਅਗਨ ਬੁਝਾਈਆ । ਸੁਰਤੀ ਹੋਣ ਨਾ ਦੇਵੇ ਰੰਡ, ਸ਼ਬਦੀ ਕੰਤ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਆਨੰਦ, ਆਨੰਦ ਆਨੰਦ ਵਿਚੋਂ ਵਖਾਈਆ । ਜਨ ਭਗਤੋ ਦੋਹਰਾ ਸਗਨ ਤੁਹਾਡਾ ਏਕ, ਦੋਹਰਾ ਜਨਮ ਬਣਾਈਆ । ਜਿਹੜਾ ਲਛਮਣ ਪਿਛੇ ਕੀਤਾ ਭੇਟ, ਉਸ ਦਾ ਵਾਧਾ ਦਿਤਾ ਵਧਾਈਆ । ਸਤਿ ਧਰਮ ਦੀ ਖੇਲ ਕੇ ਖੇਡ, ਖ਼ਾਲਸ ਖ਼ਾਲਕ ਖ਼ਲਕ ਆਪ ਜਣਾਈਆ । ਨਾਮ ਸੰਦੇਸਾ ਧੁਰ ਦਾ ਭੇਜ, ਭਜਨ ਬੰਦਗੀ ਵਿਚੋਂ ਬਾਹਰ ਕਰਾਈਆ । ਆਤਮ ਪਰਮਾਤਮ ਬਣ ਕੇ ਮਾਣੇ ਸੇਜ, ਸਾਜਣ ਹੋ ਕੇ ਡੇਰਾ ਲਾਈਆ । ਲਹਿਣਾ ਦੇਣਾ ਸ਼ਬਦ ਗੁਰੂ ਦਹਿ ਦਿਸ਼ਾ ਵਸਣਹਾਰਾ ਦਸ ਦਸਮੇਸ਼, ਨਿਰਗੁਣ ਨਿਰਵੈਰ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਹਾਈ ਹੋ ਕੇ ਸਦਾ ਹਮੇਸ਼, ਹਮਸਾਜਣ ਹੋ ਕੇ ਭੁੱਲ ਕਦੇ ਨਾ ਜਾਈਆ ।



### ੧੯ ਹਾੜ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ

ਸਤਿਗੁਰ ਸਰਨ ਮਿਲੇ ਸਚ ਸੁਖ, ਮਾਨਸ ਜਨਮ ਮਿਲੇ ਵਡਿਆਈਆ । ਉਜਲ ਹੋਵੇ ਮੁਖ, ਸਿਰ ਆਪਣਾ ਹੱਥ ਟਿਕਾਈਆ । ਗੁਰਮੁਖ ਸੰਤ ਸੁਹੇਲੇ ਬਣਾ ਕੇ ਆਪਣੇ ਸੁਤ, ਬਿਨ ਜਨਣੀ ਗੋਦ ਉਠਾਈਆ । ਆਵਣ ਜਾਵਣ ਮੇਟੇ ਦੁੱਖ, ਜਗਤ ਦਲਿੱਦਰ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਈਆ । ਜਨ ਭਗਤਾਂ ਹੋਵੇ ਸਚ ਵਸੇਰਾ, ਗ੍ਰਿਹ ਮੰਦਰ ਇਕੋ ਨਜ਼ਰੀ ਆਈਆ ।

ਜਿਥੇ ਢੋਲਾ ਸੋਹੰ ਹੋਵੇ ਤੇਰਾ ਮੇਰਾ, ਮੇਰੀ ਮੈਂ ਨਾ ਕੋਇ ਵਖਾਈਆ । ਨਜ਼ਰੀ ਆਵੇ ਨੇਰਨ ਨੇਰਾ, ਦੂਰ ਦੁਰਾਡਾ ਵੇਖ ਵਖਾਈਆ । ਜਨ ਭਗਤਾਂ ਬੰਨ੍ਹਣ ਆਏ ਬੇੜਾ, ਖੇਵਟ ਖੇਟਾ ਹੋ ਕੇ ਕੰਧ ਉਠਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮਿਹਰਵਾਨ ਮਹਿਬੂਬ ਹੋਇਆ ਸਿੰਘ ਸ਼ੇਰਾ, ਸ਼ਬਦੀ ਗੁਰ ਸਤਿਗੁਰ ਹੋਏ ਸਹਾਈਆ । ਆਤਮ ਪਰਮਾਤਮ ਤਨ ਮਾਟੀ ਖ਼ਾਕ ਕਰੇ ਨਬੇੜਾ, ਬਾਕੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਹਾਰਾ ਇਕ ਦਰਸਾਈਆ । ਸਚ ਸਹਾਰਾ ਦੇ ਕੇ ਏਕ, ਏਕੰਕਾਰ ਵੇਖ ਵਖਾਈਆ । ਜਿਨ੍ਹਾਂ ਦੇ ਪੂਰਬ ਜਨਮ ਦੇ ਲੇਖ, ਤਿਨ੍ਹਾਂ ਦਾ ਮੇਲਾ ਲਏ ਮਿਲਾਈਆ । ਸਚ ਵਸਾਏ ਭਗਤਾਂ ਦੇਸ, ਜਿਥੇ ਅਗਨੀ ਤਤ ਨਾ ਕੋਇ ਤਪਾਈਆ । ਕਰਮ ਕਰਮ ਦੀ ਬਦਲ ਕੇ ਰੇਖ, ਲੇਖਾ ਆਪਣੇ ਹੱਥ ਬਣਾਈਆ । ਜੋ ਵਿਛੜੇ ਨਾਲੋਂ ਦਸ ਦਸਮੇਸ਼, ਸੋ ਸਹਿਜੇ ਰਿਹਾ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਪ੍ਰੇਮ ਪਿਆਰ ਸਚ ਮੁਹੱਬਤ ਕਰ ਕੇ ਭੇਟ, ਬੇਟੀ ਬੇਟ ਆਪਣੇ ਅੰਗ ਲਗਾਈਆ । ਜਨ ਭਗਤੋ ਤੁਹਾਡਾ ਧਰਮ ਪਕਵਾਨ, ਸਚਖੰਡ ਨਿਵਾਸੀ ਦਏ ਵਡਿਆਈਆ । ਜਿਸ ਧਾਰੋਂ ਗੋਬਿੰਦ ਅੰਮ੍ਰਿਤ ਪੀਤਾ ਪਾਨ, ਪਾਰਬ੍ਰਹਮ ਓਹੋ ਰਸ ਤੁਹਾਡੇ ਵਿਚ ਭਰਾਈਆ । ਸ਼ਬਦ ਅਣਿਆਲਾ ਮਾਰ ਅਗੰਮੀ ਬਾਣ, ਬਾਵਨ ਦਾ ਲੇਖਾ ਦਿਤਾ ਮੁਕਾਈਆ । ਅੰਤਮ ਹੋਣ ਨਾ ਦਿਤਾ ਹੈਰਾਨ, ਪਸ਼ਚਾਤਾਪ ਨਾ ਕੋਇ ਲੋਕਾਈਆ । ਸਾਚਾ ਦੇ ਕੇ ਧੁਰ ਫ਼ਰਮਾਨ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਲਹਿਣਾ ਦੇਣਾ ਵੇਖੇ ਸ੍ਰੀ ਭਗਵਾਨ, ਅਬਿਨਾਸ਼ੀ ਕਰਤਾ ਝੋਲੀ ਪਾਈਆ । ਭਗਤ ਵਛਲ ਹਰਿ ਬਣ ਕੇ ਕਾਹਨ, ਨਿਹਕਰਮੀ ਹੋ ਕੇ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਰੰਗ ਰੰਗਾਈਆ । ਜਨ ਭਗਤੋ ਹੋਇਆ ਯੱਗ ਧਰਮ, ਧਰਮ ਆਤਮਾ ਖ਼ੁਸ਼ੀ ਮਨਾਈਆ । ਝਗੜਾ ਰਿਹਾ ਨਾ ਕੋਈ ਬਰਨ ਵਰਨ, ਸਰਨ ਨਾ ਕੋਇ ਜਣਾਈਆ । ਕਿਰਪਾ ਕਰ ਤਰਨੀ ਤਰਨ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਪੂਰਾ ਦਿਤਾ ਕਰਾਈਆ । ਜਨ ਭਗਤੋ ਤੁਹਾਡਾ ਪ੍ਰੇਮ ਵੇਖਿਆ ਰਸ ਅਨਡਿੱਠਾ, ਰਸਤਿਆਂ ਵਿਚ ਗਾਉਂਦੀ ਦਿਸੀ ਲੋਕਾਈਆ । ਮੁਹੱਬਤ ਅੰਦਰ ਜਿਨ੍ਹਾਂ ਹਰਿ ਜੂ ਜਿੱਤਾ, ਵੈਰੀ ਦੁਸ਼ਮਣ ਅੰਦਰੋਂ ਬਾਹਰ ਕਢਾਈਆ । ਇਕੋ ਪੁਰਖ ਅਕਾਲ ਮੰਨ ਕੇ ਪਿਤਾ, ਪਤਿਪਰਮੇਸ਼ਵਰ ਵੇਖ ਵਖਾਈਆ । ਜਿਸ ਦੀ ਯਾਰੀ ਦਾ ਨਿਕਲੇ ਸਿੱਟਾ, ਸੱਟ ਠੋਕਰ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦਏ ਚੜ੍ਹਾਈਆ । ਜਨ ਭਗਤੋ ਤੁਹਾਡਾ ਪ੍ਰੇਮ ਪਕਵਾਨ ਪੱਕਾ, ਸੋਹਣਾ ਨਜ਼ਰੀ ਆਈਆ । ਮੈਂ ਹੈਰਾਨ ਹੋਇਆ ਹੱਕਾ, ਹਕੀਕਤ ਖੋਜ ਖੁਜਾਈਆ । ਮੇਰਾ ਸੰਸਾ ਚੁਕਿਆ ਸ਼ੱਕਾ, ਸ਼ਕਾਇਤ ਅਗੇ ਨਾ ਕੋਇ ਲਗਾਈਆ । ਮੇਰੀਆਂ ਅੰਦਰੋਂ ਬਾਹਰੋਂ ਖੁਲ੍ਹੀਆਂ ਅੱਖਾਂ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਮੈਂ ਸਚ ਕਹਾਣੀ ਦੱਸਾਂ, ਕੂਕ ਕੂਕ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦਏ ਵਖਾਈਆ । ਜਨ ਭਗਤੋ ਤੁਹਾਡਾ ਸਚ ਧਰਮ ਦਾ ਯੱਗ, ਜੁਗਤੀ ਪ੍ਰਭ ਦਿਤੀ ਬਣਾਈਆ । ਬਿਨ ਕਾਅਬਿਆਂ ਵਾਲਾ ਹੱਜ, ਘਰ ਮੰਦਰ ਦਿਤਾ ਪਰਗਟਾਈਆ । ਨਾਤਾ ਤੋੜ ਸਾਢੇ ਤਿੰਨ ਹੱਥ, ਹਥੇਲੀ ਉਤੇ ਸੀਸ ਟਿਕਾਈਆ । ਇਕੋ ਢੋਲਾ ਪ੍ਰਭ ਦਾ ਗਾਵੇ ਜਸ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਨੇਤਰ ਤੱਕੇ ਕਿਸੇ ਨਾ ਅੱਖ, ਹਰਿਜਨ ਵੇਖੇ ਭੈਣ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਕੇ ਮਿਹਰ ਕਰੇ ਸਚ, ਸਤਿ

ਸਤਿਵਾਦੀ ਜੋੜ ਜੁੜਾਈਆ । ਜਨ ਭਗਤ ਕਹਿਣ ਅਸੀਂ ਬਾਲੀ ਬੁਧ, ਚਲੇ ਮਾਤ ਨਾ ਕੋਇ ਚਤੁਰਾਈਆ । ਸਾਚੇ ਸਰ ਦੀ ਰਹੇ ਨਾ ਸੁੱਧ, ਸੁਦੀ ਵਦੀ ਰਹੇ ਨਾ ਰਾਈਆ । ਤੁਹਾਡਾ ਲੇਖੇ ਲਾਇਆ ਸਭ ਕੁਛ, ਭੇਟਾ ਦਾਨ ਆਪਣੀ ਝੋਲੀ ਪਾਈਆ । ਲੰਗਰ ਸਾਂਝਾ ਕਰ ਕੇ ਪਿਉ ਪੁਤ, ਪਿਤਾ ਪੂਤ ਖ਼ੁਸ਼ੀ ਮਨਾਈਆ । ਜਨਮ ਜਨਮ ਦੀ ਕਟ ਕੇ ਤੁਹਾਡੀ ਭੁੱਖ, ਭੁੱਖਿਆਂ ਦਿਤਾ ਰਜਾਈਆ । ਬਾਵਨ ਦਾ ਸਲ ਰਿਹਾ ਨਾ ਦੁੱਖ, ਲੇਖਾ ਪੂਰ ਕਰਾਈਆ । ਜਨ ਭਗਤੋ ਘਰ ਜਾ ਕੇ ਮਾਨਣਾ ਸੁਖ, ਦੁਖੀਆਂ ਦਾ ਦੁੱਖ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਿਆ ਤੁੱਠ, ਨਜ਼ਰ ਨਜ਼ਰ ਨਾਲ ਦਏ ਬਦਲਾਈਆ ।

### ੨੩ ਹਾੜ ਸ਼ਹਿਨਸ਼ਾਹੀ ਸੰਮਤ ੨ ਊਧਮ ਸਿੰਘ ਦੇ ਗ੍ਰਹਿ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ

ਪ੍ਰੇਮ ਬੂਟਾ ਆਦਿ ਜੁਗਾਦਿ ਜੁਗ ਚੌਕੜੀ ਵੇਖ ਭਗਤ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਪਰਮ ਪੁਰਖ ਪਰਮਾਤਮ ਦਏ ਵਡਿਆਈਆ । ਜਿਸ ਦਾ ਲਹਿਣਾ ਦੇਣਾ ਏਥੇ ਓਥੇ ਦੋ ਜਹਾਨਾਂ ਉਪਰ ਅਰਸ਼, ਪੁਰਖ ਅਕਾਲ ਦੀਨ ਦਿਆਲ ਪਤਿਪਰਮੇਸ਼ਵਰ ਵੇਖ ਵਖਾਈਆ । ਨਿਰਗੁਣ ਨਿਰਵੈਰ ਨਿਰੰਕਾਰ ਹੋ ਕੇ ਆਵੇ ਪਰਤ, ਪੜਦਾ ਉਹਲਾ ਭੇਵ ਅਭੇਦਾ ਦਏ ਖੁਲ੍ਹਾਈਆ । ਦੇਵੇ ਮਾਣ ਵਡਿਆਈ ਉਪਰ ਧਰਤ, ਧਰਨੀ ਧਰਤ ਧਵਲ ਮਿਹਰ ਨਜ਼ਰ ਬੇਨਜ਼ੀਰ ਇਕ ਉਠਾਈਆ । ਜਨਮ ਜਨਮ ਦੀ ਕਰਮ ਕਰਮ ਦੀ ਮੇਟੇ ਹਰਸ, ਹਵਸ ਅਗਲੀ ਦਏ ਮੁਕਾਈਆ । ਸਤਿ ਸਵਾਮੀ ਅੰਤਰਜਾਮੀ ਹੋ ਕੇ ਕਰੇ ਤਰਸ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਦੀਨਨ ਆਪਣੇ ਰੰਗ ਰੰਗਾਈਆ । ਅੰਦਰ ਵੜ ਮੰਦਰ ਚੜ੍ਹ ਦਰਸ਼ਨ ਦੇਵੇ ਨਿਧੜਕ, ਪੰਚ ਵਿਕਾਰਾ ਹਉਮੇ ਹੰਗਤਾ ਗੜ੍ਹ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਵਖਾਏ ਇਕੋ ਘਰ ਧੁਰ ਦਾ ਪਾਲੀ ਜੋਤ ਅਕਾਲੀ ਅਕਲ ਕਲਧਾਰੀ ਆਪਣੀ ਦਇਆ ਕਮਾਈਆ । ਸਾਚਾ ਬੂਟਾ ਆਦਿ ਜੁਗਾਦੀ ਏਕਾ ਸੰਤ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸਤਿਗੁਰ ਦੇਵਣਹਾਰ ਇਕ ਵਡਿਆਈਆ । ਜਿਸ ਦੀ ਨਿਰਗੁਣ ਸਰਗੁਣ ਧਾਰ ਮੌਲੀ ਰਹੇ ਰੁੱਤ ਬਸੰਤ, ਫੁੱਲ ਫੁਲਵਾੜੀ ਪੱਤ ਡਾਲੀ ਆਪ ਮਹਿਕਾਈਆ । ਆਤਮ ਪਰਮਾਤਮ ਮੇਲ ਮਿਲਾਵਾ ਕਰੇ ਸ਼ਬਦੀ ਮੇਲਾ ਨਾਰ ਕੰਤ, ਸੁਰਤ ਸਵਾਣੀ ਸੋਭਾ ਪਾਈਆ । ਭੇਵ ਅਭੇਦ ਬੋਧ ਅਗਾਧ ਮਹਿੰਮਾ ਦੱਸੇ ਅਗਣਤ, ਨਿਰਅੱਖਰ ਵੱਖਰ ਆਪਣੀ ਧਾਰ ਜਣਾਈਆ । ਕਾਇਆ ਮਾਟੀ ਸਾਚੀ ਹਾਟੀ ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਪਾਰਬ੍ਰਹਮ ਦਏ ਜਣਾਈਆ । ਨਾਉਂ ਨਿਰੰਕਾਰਾ ਨਿਰਗੁਣ ਧਾਰ ਬਣਾਏ ਸਾਚਾ ਪੰਡਤ, ਜਗਤ ਵਿਦਿਆ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਨਾਮ ਅਮੋਲਾ ਅਗੰਮੀ ਚਾੜ੍ਹੇ ਰੰਗਤ, ਏਥੇ ਓਥੇ ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਨਾਲ ਤਰਾਈਆ । ਸਾਚਾ ਬੂਟਾ ਲੋਕਮਾਤ ਏਕਾ ਏਕ ਗੁਰਮੁਖ, ਗੁਰ ਸਤਿਗੁਰ ਸ਼ਬਦੀ ਧਾਰ ਵਡਿਆਈਆ । ਜਿਸ ਅੰਤਰ ਆਤਮ ਇਕੋ ਉਪਜੇ ਸੁਖ, ਸਾਂਤਕ ਸਤਿ ਨਜ਼ਰੀ ਆਈਆ । ਜਨਮ ਮਰਨ ਦਾ ਰਹੇ ਕੋਇ ਨਾ ਦੁੱਖ, ਅਗਨੀ ਤਤ ਨਾ ਕੋਇ ਜਲਾਈਆ । ਮਾਤ ਗਰਭ ਹੋਵੇ ਨਾ ਉਲਟਾ ਰੁਖ, ਚੁਰਾਸੀ ਗੇੜ ਨਾ ਕੋਇ ਭਵਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਤੂੰ


੮੩੦ ੧੯

ਮੇਰਾ ਮੈਂ ਤੇਰਾ ਆਤਮ ਪਰਮਾਤਮ ਪੜ੍ਹੇ ਸਾਚੀ ਤੁਕ, ਢੋਲਾ ਵਿਚੋਲਾ ਸੋਹਲਾ ਇਕੋ ਇਕ ਗਾਈਆ । ਆਵਣ ਜਾਵਣ ਪੈਂਡਾ ਜਾਏ ਮੁਕ, ਜਗਤ ਪਾਂਧੀ ਪੰਧ ਨਾ ਕੋਇ ਕਰਾਈਆ । ਸਦਾ ਸੁਹੇਲਾ ਇਕ ਇਕੇਲਾ ਏਕੰਕਾਰਾ ਦੇਵੇ ਸੁਖ, ਸੁਖ ਸਾਗਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚਾ ਬੂਟਾ ਏਕੋ ਸਿੱਖ, ਗੁਰ ਸਤਿਗੁਰ ਦੇਵਣਹਾਰ ਵਡਿਆਈਆ । ਬਿਨ ਕ਼ਲਮ ਸ਼ਾਹੀ ਲੇਖਾ ਦੇਵੇ ਲਿਖ, ਅੱਖਰਾਂ ਦੀ ਲੋੜ ਰਹੇ ਨਾ ਰਾਈਆ । ਨਾਮ ਭੰਡਾਰਾ ਅਗੰਮੀ ਪਾਵੇ ਭਿੱਖ, ਪਰਮਾਤਮ ਹੋ ਕੇ ਆਤਮ ਝੋਲੀ ਦਏ ਭਰਾਈਆ । ਬਿਨ ਜਗਤ ਨੇਤਰਾਂ ਪਏ ਦਿੱਸ, ਨਿਜ ਲੋਚਨ ਨੈਣ ਕਰੇ ਰੁਸ਼ਨਾਈਆ । ਜਿਧਰ ਵੇਖੇ ਮਾਲੀ ਨਜ਼ਰੀ ਆਏ ਇਕ, ਏਕੰਕਾਰਾ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਰਖਾਈਆ । ਜਨ ਭਗਤ ਕਹੇ ਸਾਚਾ ਮਾਲੀ ਇਕੋ ਮਾਲਕ, ਦੂਜਾ ਨਜ਼ਰ ਕੋਇ ਨਾ ਆਈਆ । ਨਿਰਗੁਣ ਧਾਰ ਸੱਚਾ ਖ਼ਾਲਕ, ਖ਼ਲਕ ਮਖ਼ਲੂਕ ਵੇਖੇ ਥਾਉਂ ਥਾਈਆ । ਆਦਿ ਜੁਗਾਦੀ ਧੁਰ ਦਾ ਪਾਲਕ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੀ ਸਮਝੇ ਕੋਇ ਨਾ ਆਦਤ, ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਭੇਵ ਕੋਇ ਨਾ ਪਾਈਆ । ਹੁਕਮੇ ਅੰਦਰ ਸਭ ਨੂੰ ਦੱਸਦਾ ਰਿਹਾ ਇਬਾਦਤ, ਨਾਮ ਕਲਮੇ ਢੋਲੇ ਗੀਤ ਰਾਗਾਂ ਨਾਦਾਂ ਵਿਚ ਸ਼ਨਵਾਈਆ । ਸਤਿਗੁਰ ਸ਼ਬਦ ਅਗੰਮੀ ਧਾਰ ਕੋਲੋਂ ਕਰਾਉਂਦਾ ਰਿਹਾ ਸਫ਼ਾਰਸ਼, ਸਫ਼ੇ ਵਿਚੋਂ ਸਫ਼ਾ ਆਪ ਉਲਟਾਈਆ । ਜਿਸ ਦੀ ਬਿਨ ਅੱਖਰਾਂ ਤੋਂ ਲਿਖੀ ਹੋਈ ਸਮਝੀ ਨਾ ਕਿਸੇ ਇਬਾਰਤ, ਬੇਅੰਤ ਕਹਿ ਕੇ ਸਾਰੇ ਖ਼ੁਸ਼ੀ ਮਨਾਈਆ । ਸਚਖੰਡ ਦਵਾਰਾ ਜਿਸ ਦਾ ਮਹੱਲ ਅਟਲ ਸਭ ਤੋਂ ਵਖਰੀ ਇਮਾਰਤ, ਦੀਵਾ ਬਾਤੀ ਕਮਲਾਪਾਤੀ ਬਿਨ ਤੇਲ ਬਾਤੀ ਡਗਮਗਾਈਆ । ਜਗਤ ਨੇਤਰਾਂ ਨਾਲ ਜਿਸ ਦਾ ਕਰੇ ਨਾ ਕੋਇ ਤੁਆਰਫ਼ ਤਾਰੀਫ਼ ਵਿਚ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਸੇਵਾ ਰਹੀ ਕਮਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦੀ ਸਮਝੇ ਨਾ ਕੋਇ ਵਜ਼ਾਰਤ, ਹੁਕਮ ਵਿਚੋਂ ਹੁਕਮ ਨਿਤ ਨਵਿਤ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਈਆ । ਸਾਚਾ ਸੰਤ ਕਹੇ ਪ੍ਰਭ ਮਾਲਕ ਮਾਲੀ ਵੇਖਿਆ ਏਕ, ਏਕੰਕਾਰਾ ਨਜ਼ਰੀ ਆਈਆ । ਜਿਸ ਦੀ ਵਿਸ਼ਨ ਬ੍ਰਹਮਾ ਸ਼ਿਵ ਰਖਦੇ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਕਰ ਆਦੇਸ, ਡੰਡਾਵਤ ਨਮਸਤੇ ਕਹਿ ਕੇ ਸਾਰੇ ਸੀਸ ਝੁਕਾਈਆ । ਜੋ ਸਚ ਸੁਹੇਲਾ ਵਸਿਆ ਸਚਖੰਡ ਸਾਚੇ ਦੇਸ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਸੋਭਾ ਪਾਈਆ । ਜਿਸ ਦੀ ਨਜ਼ਰ ਨਾ ਆਏ ਰੂਪ ਰੰਗ ਰੇਖ, ਰੇਖਾ ਸਭ ਦੀ ਦਏ ਬਦਲਾਈਆ । ਜਿਸ ਨੇ ਸੁਤ ਬਣਾਇਆ ਗੋਬਿੰਦ ਦਸ ਦਸਮੇਸ਼, ਸ਼ਬਦ ਗੁਰੂ ਸਤਿਗੁਰ ਏਕਾ ਏਕ ਅਖਵਾਈਆ । ਜੁਗ ਚੌਕੜੀ ਸਦਾ ਰਹੇ ਹਮੇਸ਼, ਜਨਮ ਮਰਨ ਵੰਡ ਨਾ ਕੋਇ ਵੰਡਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਬਦਲਦਾ ਆਵੇ ਭੇਸ, ਭੇਖਾਧਾਰੀ ਸਵਾਂਗੀ ਆਪਣਾ ਸਵਾਂਗ ਰਚਾਈਆ । ਨਾਮ ਸੁਨੇਹੜਾ ਦੇਂਦਾ ਰਹੇ ਸੰਦੇਸ਼, ਕਲਮਾ ਕਾਇਨਾਤ ਜਣਾਈਆ । ਚਰਨ ਕਵਲ ਉਪਰ ਧਵਲ ਦੱਸਦਾ ਰਹੇ ਟੇਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕੋ ਇਕ ਵਖਾਈਆ । ਗੁਰਮੁਖ ਕਹੇ ਪ੍ਰਭ ਮਾਲੀ ਹੱਕ ਮਹਿਬੂਬ, ਮੁਹੱਬਤ ਵਿਚ ਸਮਾਈਆ । ਜਿਸ ਦਾ ਅਰਸ਼ ਫ਼ਰਸ਼ ਤੋਂ ਉਤੇ ਅਰੂਜ, ਮੁਕਾਮੇ ਹੱਕ ਲਾਸ਼ਰੀਕ ਸੋਭਾ ਪਾਈਆ । ਦੀਨ ਦੁਨੀ ਵਿਚ ਨਾ ਹੋਇਆ ਕਦੇ ਮਹਿਦੂਦ,


੮੩੧ ੧੯

ਹੱਦਾਂ ਵਿਚ ਬੰਦ ਨਾ ਕੋਇ ਕਰਾਈਆ । ਜਿਸ ਦਾ ਪੈਗ਼ੰਬਰਾਂ ਧੁਰ ਇਸ਼ਾਰੇ ਨਾਲ ਥੋੜਾ ਜਿਹਾ ਦਿਤਾ ਸਬੂਤ, ਸਾਬਤ ਸੂਰਤ ਸਕਿਆ ਨਾ ਕੋਇ ਸਮਝਾਈਆ । ਹੁਕਮ ਸੁਣਾਉਂਦਾ ਰਿਹਾ ਕਾਇਆ ਕਾਅਬਾ ਕਲਬੂਤ, ਨਿਹਕਰਮੀ ਹੋ ਕੇ ਆਪਣਾ ਕਰਮ ਕਮਾਈਆ । ਜਿਧਰ ਤੱਕਣ ਓਧਰ ਮੌਜੂਦ, ਮੁਫ਼ਲਿਸ ਮੁਤੱਲਾ ਸਾਰੇ ਰਿਹਾ ਕਰਾਈਆ । ਜਿਸ ਦਾ ਨਾਮ ਕਦੇ ਨਾ ਹੋਵੇ ਨੇਸਤੋ ਨਾਬੂਦ, ਲੱਖ ਚੁਰਾਸੀ ਅੰਦਰ ਵੜ ਮੰਦਰ ਚੜ੍ਹ ਘਰ ਵਿਚ ਘਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਗੁਰਸਿਖ ਕਹੇ ਸਾਚਾ ਮਾਲੀ ਵੇਖਿਆ ਅਗੰਮ ਅਥਾਹ, ਬੇਪਰਵਾਹ ਨਜ਼ਰੀ ਆਈਆ । ਜੋ ਬ੍ਰਹਿਮੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਲੱਖ ਚੁਰਾਸੀ ਰਿਹਾ ਸਮਾ, ਈਸ਼ ਜੀਵ ਜਗਦੀਸ਼ ਖਾਣੀ ਬਾਣੀ ਅੰਡਜ ਜੇਰਜ ਉਤਭੁਜ ਸੇਤਜ ਆਪਣਾ ਰੰਗ ਰੰਗਾਈਆ । ਸ਼ਬਦ ਅਗੰਮ ਨਾਦ ਧੁਨ ਰਿਹਾ ਜਣਾ, ਪਰਾ ਪਸੰਤੀ ਮਧਮ ਬੈਖਰੀ ਆਪਣਾ ਹੁਕਮ ਵਰਤਾਈਆ । ਗ੍ਰਿਹਿ ਮੰਦਰ ਅੰਦਰ ਸਾਚੇ ਘਰ ਕਰੇ ਰੁਸ਼ਨਾ, ਆਦਿ ਨਿਰੰਜਣ ਨਿਰਗੁਣ ਜੋਤ ਕਰ ਰੁਸ਼ਨਾਈਆ । ਧੁਨ ਆਤਮਕ ਰਾਗ ਰਿਹਾ ਅਲਾ, ਆਲਮੀਨ ਯਾਮੁਬੀਨ ਮਿਹਬਾਨ ਬੀਦੋ ਬੀ ਖੈਰ ਯਾ ਅਲਾਹ ਆਪਣੀ ਆਵਾਜ਼ ਜਣਾਈਆ । ਬਜਰ ਕਪਾਟੀ ਪੜਦਾ ਰਿਹਾ ਉਠਾ, ਸਾਚੀ ਹਾਟੀ ਇਕੋ ਨਾਮ ਹੱਟ ਵਿਕਾਈਆ । ਅੰਧ ਅਗਿਆਨ ਰਿਹਾ ਚੁਕਾ, ਬੋਧ ਅਗਾਧ ਕਰ ਪੜ੍ਹਾਈਆ । ਸੁਖਮਨ ਟੇਢੀ ਬੰਕ ਪੈਂਡਾ ਰਿਹਾ ਮੁਕਾ, ਈੜਾ ਪਿੰਗਲ ਨਾ ਕੋਇ ਅਟਕਾਈਆ । ਜਨ ਭਗਤਾਂ ਵੇਖੇ ਥਾਉਂ ਥਾਂ, ਚਾਰ ਕੁੰਟ ਦਹਿ ਦਿਸ਼ਾ ਫੋਲ ਫੁਲਾਈਆ । ਸੰਤ ਸੁਹੇਲੇ ਰਿਹਾ ਮਿਲਾ, ਸੁਰਤੀ ਸ਼ਬਦੀ ਜੋੜ ਜੁੜਾਈਆ । ਗੁਰਮੁਖ ਗੁਰ ਗੁਰ ਗੋਦ ਰਿਹਾ ਉਠਾ, ਗਹਿਰ ਗੰਭੀਰ ਆਪਣਾ ਰੰਗ ਰੰਗਾਈਆ । ਗੁਰਸਿਖ ਸੱਜਣ ਮੀਤ ਰਿਹਾ ਹਿਲਾ, ਨਾਮ ਸੰਦੇਸ਼ਾ ਇਕ ਸੁਣਾਈਆ । ਅੰਮ੍ਰਿਤ ਆਤਮ ਜਲ ਰਿਹਾ ਪਿਲਾ, ਸਚ ਸਰੋਵਰ ਇਕੋ ਇਕ ਵਖਾਈਆ । ਪੰਜ ਤਤ ਕਾਇਆ ਮਾਟੀ ਸਾਢੇ ਤਿੰਨ ਹੱਥ ਸਾਚਾ ਬੂਟਾ ਰਿਹਾ ਲਹਿਰਾ, ਰੁਤੜੀ ਆਪਣੇ ਵਿਚ ਮਹਿਕਾਈਆ । ਸਾਚਾ ਪਾਣੀ ਰਿਹਾ ਪਾ, ਬਿਨ ਪਿਆਲੇ ਆਪ ਛਿੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਾਚਾ ਬੂਟਾ ਹਰਿ ਸਤਿਗੁਰ ਸ਼ਬਦ ਪਿਆਰ, ਪ੍ਰੀਤਮ ਪ੍ਰੇਮ ਵਿਚੋਂ ਪਰਗਟਾਈਆ । ਜਿਸ ਦਾ ਫਲ ਅਗੰਮ ਅਪਾਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਰਸ ਦੇਵੇ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੱਜਦੀ ਰਹੇ ਵਧਾਈਆ । ਮਿਲੇ ਵਡਿਆਈ ਵਿਚ ਸੰਸਾਰ, ਸ੍ਰੀ ਭਗਵਾਨ ਦਏ ਸਰਨਾਈਆ । ਜਿਸ ਦਾ ਲੇਖਾ ਕਾਗਤ ਕ਼ਲਮ ਨਾ ਲਿਖਣਹਾਰ, ਅੱਖਰਾਂ ਵਿਚ ਨਾ ਵੰਡ ਵੰਡਾਈਆ । ਜਗਤ ਸ਼ਰਅ ਤੋਂ ਦਿਸੇ ਬਾਹਰ, ਸ਼ਰੀਅਤ ਵਿਚ ਨਾ ਕੋਇ ਫਸਾਈਆ । ਚੜ੍ਹ ਕੇ ਵੇਖੇ ਮੰਜ਼ਲ ਹੱਕ ਮਨਾਰ, ਬਿਨ ਪਾਂਧੀਆਂ ਪੰਧ ਮੁਕਾਈਆ । ਜਿਥੇ ਇਕੋ ਨੂਰ ਹੋਏ ਉਜਿਆਰ, ਜਲਵਾਗਰ ਕਰੇ ਰੁਸ਼ਨਾਈਆ । ਸਜਦੇ ਕਰਨ ਪੈਗ਼ੰਬਰ ਗੁਰ ਅਵਤਾਰ, ਬਿਨ ਸੀਸ ਸੀਸ ਝੁਕਾਈਆ । ਤਤ ਵਜੂਦ ਨਜ਼ਰ ਨਾ ਆਵੇ ਕੋਈ ਧਾਰ, ਧਵਲ ਮਿਲੇ ਨਾ ਕੋਇ ਵਡਿਆਈਆ । ਦਰਗਹਿ ਸਾਚੀ ਸੋਹੇ ਪਰਵਰਦਿਗਾਰ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹੀਆ । ਜਨ ਭਗਤਾਂ ਪ੍ਰੇਮ ਪਿਆਰ ਦੀ ਖਿੜੀ ਵੇਖੇ ਗੁਲਜ਼ਾਰ, ਗੁਲਸ਼ਨ ਆਪਣਾ ਇਕ ਮਹਿਕਾਈਆ । ਜਿਥੇ ਨਾ ਕੋਈ ਪੁਰਖ ਨਾ ਕੋਈ ਨਾਰ, ਨਰਾਂ ਦਾ ਨਰਾਇਣ ਸੋਭਾ ਪਾਈਆ । ਕ਼ੁਦਰਤ ਦਾ ਕਰਤਾਰ ਕ਼ਾਦਰ ਖ਼ੁਦ ਮੁਖ਼ਤਿਆਰ, ਮੁਫ਼ਤ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੮੩੨
੧੯

ਕਿਰਪਾ ਕਰ, ਅੰਮ੍ਰਿਤ ਮੇਘ ਰਿਹਾ ਬਰਸਾਈਆ । ਬੂਟਾ ਕਹੇ ਮੈਂ ਆਦਿ ਜੁਗਾਦਿ ਜੁਗ ਚੌਕੜੀ ਫਲਦਾ ਫੁਲਦਾ, ਪੱਤ ਟਹਿਣੀ ਅੰਤਰ ਸੋਭਾ ਪਾਈਆ । ਮੇਰਾ ਰੂਪ ਹੋਵੇ ਓਸ ਅਗੰਮੀ ਕੁਲ ਦਾ, ਜਿਸ ਨੂੰ ਕੁੱਲ ਮਾਲਕ ਕਹਿ ਕੇ ਸਾਰੇ ਸੀਸ ਨਿਵਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਲਹਿਣਾ ਲੇਖ ਕਦੇ ਨਾ ਭੁਲਦਾ, ਕ਼ਦੀਮ ਦਾ ਮਾਲਕ ਕ਼ੁਦਰਤ ਦਾ ਖ਼ਾਲਕ ਸਰਬ ਦਾ ਸਾਲਸ ਨਜ਼ਰੀ ਆਈਆ । ਜਿਸ ਦਾ ਖੇਲ ਅਤੋਲ ਅਤੁਲ ਦਾ, ਜਗਤ ਤਰਾਜ਼ੂ ਤਤ ਬਾਜ਼ੂ ਹੱਥ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦਏ ਵਡਿਆਈਆ । ਬੂਟਾ ਕਹੇ ਜੋ ਮੈਨੂੰ ਰਿਹਾ ਪਾਲ, ਹਰੀ ਸਿੰਚ ਕਿਆਰੀ ਆਪ ਕਰਾਈਆ । ਉਹ ਸਭ ਦੀ ਲੇਖੇ ਲਾਵੇ ਘਾਲ, ਕਰਨੀ ਕਰਤਾ ਵੇਖ ਵਖਾਈਆ । ਦੀਨਾਂ ਬੰਧਪ ਹੋ ਕੇ ਦਿਆਲ, ਦਇਆਨਿਧ ਆਪਣਾ ਰੰਗ ਚੜ੍ਹਾਈਆ । ਸੰਤ ਸੁਹੇਲੇ ਗੁਰਮੁਖ ਸੱਜਣ ਭਾਲ, ਲੱਖ ਚੁਰਾਸੀ ਵਿਚੋਂ ਲਏ ਉਠਾਈਆ । ਸਾਢੇ ਤਿੰਨ ਹੱਥ ਕਾਇਆ ਮੰਦਰ ਅੰਦਰ ਦੱਸੇ ਸੱਚੀ ਧਰਮਸਾਲ, ਘਰ ਵਿਚ ਘਰ ਸੋਭਾ ਪਾਈਆ । ਅਨਹਦ ਨਾਦੀ ਨਾਦ ਵਜਾਏ ਤਾਲ, ਤਲਵਾੜੇ ਦੀ ਲੋੜ ਰਹੇ ਨਾ ਰਾਈਆ । ਬਿਨ ਤੇਲ ਬਾਤੀ ਦੀਪਕ ਜੋਤੀ ਦੇਵੇ ਬਾਲ, ਦਿਵਸ ਰੈਣ ਅੱਠੇ ਪਹਿਰ ਕਰੇ ਰੁਸ਼ਨਾਈਆ । ਆਤਮ ਪਰਮਾਤਮ ਪਰਮਾਤਮ ਆਤਮ ਦਿਸੇ ਨਾਲ, ਮਨ ਦੀ ਨਾਲਿਸ਼ ਦਏ ਗਵਾਈਆ । ਜਿਥੇ ਪੋਹ ਨਾ ਸਕੇ ਕਾਲ, ਮਹਾਂਕਾਲ ਲੇਖਾ ਦਏ ਚੁਕਾਈਆ । ਜੋ ਕਲਜੁਗ ਅੰਤਮ ਵੇਲਾ ਵਕ਼ਤ ਵੇਖਣਹਾਰਾ ਹਾਲ, ਮਾਜ਼ੀ ਦਾ ਝਗੜਾ ਰਿਹਾ ਮੁਕਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਭਵਿਖਤਾਂ ਵਿਚ ਦੇ ਕੇ ਗਏ ਅਹਿਵਾਲ, ਸ਼ਬਦਾਂ ਵਿਚ ਸ਼ਨਵਾਈਆ । ਸੋ ਖੇਲ ਕਰੇ ਕਮਾਲ, ਕਾਮਲ ਮੁਰਸ਼ਦ ਵੇਸ ਵਟਾਈਆ । ਜਿਸ ਦੀ ਜਗਤ ਜੁਗਤ ਅਵੱਲੜੀ ਚਾਲ, ਨਿਰਾਲੀ ਆਪਣੇ ਹੱਥ ਰਖਾਈਆ । ਜਨ ਭਗਤਾਂ ਕਰੇ ਸੰਭਾਲ, ਸੰਬਲ ਆਪਣਾ ਡੇਰਾ ਲਾਈਆ । ਸੰਤ ਸਤਿਗੁਰ ਲਏ ਉਠਾਲ, ਸ਼ਬਦ ਸੁਨੇਹੜਾ ਇਕ ਘਲਾਈਆ । ਗੁਰਮੁਖ ਵੇਖੇ ਧੁਰ ਦੇ ਲਾਲ, ਲਾਲਨ ਹੋ ਕੇ ਮੇਲ ਮਿਲਾਈਆ । ਗੁਰਸਿਖ ਲੱਖ ਚੁਰਾਸੀ ਵਿਚੋਂ ਕਰ ਕੇ ਭਾਲ, ਆਵਣ ਜਾਵਣ ਪਤਿਤ ਪਾਵਣ ਪੰਧ ਮੁਕਾਈਆ । ਜੋ ਪ੍ਰੇਮ ਬੂਟਾ ਭਗਤੀ ਅੰਦਰ ਭਗਤਾਂ ਲਿਆ ਪਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਸਮਝਾਈਆ । ਬੂਟਾ ਕਹੇ ਮੇਰੀ ਵੇਖੋ ਸੋਹਣੀ ਛਾਇਆ, ਸ਼ਹਿਨਸ਼ਾਹ ਦਿਤੀ ਮਾਣ ਵਡਿਆਈਆ । ਜਿਸ ਦੇ ਨੇੜ ਨਾ ਆਵੇ ਤ੍ਰੈਗੁਣ ਮਾਇਆ, ਮਮਤਾ ਮੋਹ ਰਿਹਾ ਨਾ ਰਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਇਕ ਉਪਾਇਆ, ਸੰਗੀਤ ਢੋਲਾ ਧੁਰ ਦਾ ਰਾਗ ਅਲਾਈਆ । ਘਰ ਸਵਾਮੀ ਠਾਕਰ ਪਾਇਆ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਮੰਦਰ ਚੜ੍ਹ ਕੇ ਢੋਲਾ ਗਾਇਆ, ਗੀਤ ਗੋਬਿੰਦ ਜਣਾਈਆ । ਕੂੜ ਕਪਟ ਕੁੰਡਾ ਲਾਹਿਆ, ਪੜਦਾ ਓਹਲਾ ਦਿਤਾ ਉਠਾਈਆ । ਨਿਜ ਘਰ ਵਾਸੀ ਨਿਰਵੈਰ ਨਜ਼ਰੀ ਆਇਆ, ਮੂਰਤ ਅਕਾਲ ਸੋਭਾ ਪਾਈਆ । ਜਿਸ ਦਾ ਤੇਜ ਬੇਪਰਵਾਹਿਆ , ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਰੇ ਰੁਸ਼ਨਾਈਆ । ਬਿਨਾ ਨੇਤਰ ਨੈਣ ਦਏ ਖੁਲ੍ਹਾਇਆ, ਬਿਨਾ ਨੈਣ ਅੱਖ ਕਰੇ ਰੁਸ਼ਨਾਈਆ । ਮਹੱਲ ਅਟਲ ਸੋਭਾ ਪਾਇਆ, ਜਿਥੇ ਛੱਪਰ ਛੰਨ ਨਾ ਕੋਇ ਛੁਹਾਈਆ । ਸੂਰਜ ਚੰਦ ਨਾ ਕੋਇ ਰੁਸ਼ਨਾਇਆ, ਮੰਡਲ ਮੰਡਪ ਨਾ ਕੋਇ ਵਡਿਆਈਆ । ਪਰਮ ਪੁਰਖ ਪਰਮੇਸ਼ਵਰ ਪਾਰਬ੍ਰਹਮ ਬ੍ਰਹਮ ਦਾਤਾ ਨਜ਼ਰੀ ਆਇਆ, ਦਾਨੀ ਹੋ ਕੇ ਦਇਆ ਕਮਾਈਆ । ਜ਼ਿਮੀਂ ਅਸਮਾਨੀ ਪੰਧ ਮੁਕਾਇਆ, ਬ੍ਰਹਮ ਗਿਆਨੀ ਗਿਆਨ ਇਕੋ ਇਕ ਜਣਾਈਆ । ਮੰਜ਼ਲ ਹੱਕ ਸਾਚੀ ਖੇਲ ਖਿਲਾਇਆ, ਜਿਥੇ ਸ਼ੱਕ ਸ਼ਕੂਕ

ਝਗੜਾ ਰਹੇ ਨਾ ਰਾਈਆ । ਗੁਰਮੁਖ ਬੂਟਾ ਸੋਹਣਾ ਨਜ਼ਰੀ ਆਇਆ, ਚਾਰੇ ਕੂਟਾਂ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਬੂਟਾ ਕਹੇ ਮੇਰਾ ਕੋਈ ਨਾ ਸਮਝੇ ਜਿਸਮ ਜ਼ਮੀਰ, ਪੜਦਾ ਓਹਲਾ ਨਾ ਕੋਇ ਉਠਾਈਆ । ਕਿਸ ਬਿਧ ਮਾਲੀ ਕੀਤਾ ਤਾਮੀਰ, ਤਾ ਅਖ਼ੀਰ ਆਪਣਾ ਹੁਕਮ ਜਣਾਈਆ । ਮੇਰਾ ਰੂਪ ਸ਼ਾਹ ਕੰਗਾਲ ਅਮੀਰ, ਸੁਲਤਾਨ ਰਾਜਾਨ ਨਜ਼ਰੀ ਆਈਆ । ਮੇਰੀ ਸਮਝੇ ਨਾ ਕੋਇ ਜਾਗੀਰ, ਮਾਲ ਧੰਨ ਨਾ ਕੋਇ ਵਡਿਆਈਆ । ਜਿਸ ਵਿਚੋਂ ਪਾਣੀ ਮਿਲਿਆ ਕਬੀਰ, ਕਾਅਬਿਆਂ ਦਾ ਲੇਖਾ ਗਿਆ ਮੁਕਾਈਆ । ਬਿਨ ਅੱਖਰਾਂ ਤੋਂ ਹੋਇਆ ਫ਼ਕੀਰ, ਫ਼ਿਕਰਿਆਂ ਤੋਂ ਬਗ਼ੈਰ ਬੇਨਜ਼ੀਰ ਦਰਸ਼ਨ ਪਾਈਆ । ਝਗੜਾ ਰਿਹਾ ਨਾ ਕੋਇ ਹਕੀਰ, ਹੁਕਮ ਦਾ ਮਾਲਕ ਹਿਕਮਤ ਰਿਹਾ ਸਮਝਾਈਆ । ਮਨੂਆ ਮਨ ਨਾ ਹੋਏ ਦਿਲਗੀਰ, ਵਾਸਨਾ ਜਗਤ ਨਾ ਕੋਇ ਹਲਕਾਈਆ । ਜਨ ਭਗਤੋ ਕਲਜੁਗ ਅੰਤ ਅਬਿਨਾਸ਼ੀ ਕਰਤੇ ਅਗੰਮੀ ਕਰ ਤਦਬੀਰ, ਤਕ਼ਦੀਰ ਤੁਹਾਡੀ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਵਖਾਈਆ । ਬੂਟਾ ਕਹੇ ਮੇਰਾ ਪੱਤ ਟਹਿਣੀ ਵੇਖੋ ਸ਼ਾਖ, ਸ਼ਨਾਖਤ ਸਤਿਗੁਰ ਹੱਥ ਵਖਾਈਆ । ਜੋ ਮੇਰੀ ਦੋ ਜਹਾਨਾਂ ਪੱਤ ਰਿਹਾ ਰਾਖ, ਰੱਖਿਆ ਕਰੇ ਚਾਈਂ ਚਾਈਂਆ । ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਗਿਆ ਆਖ, ਆਖ਼ਰ ਓਹੋ ਰੰਗ ਚੜ੍ਹਾਈਆ । ਭਵਿਖਤਾਂ ਵਿਚ ਦੇ ਕੇ ਗਏ ਵਾਕ, ਵਾਕਫ਼ਕਾਰ ਇਕੋ ਨਜ਼ਰੀ ਆਈਆ । ਜਿਸ ਦੇ ਨਾਲ ਮਿਲਣ ਦਾ ਹੋਇਆ ਇਤਫ਼ਾਕ, ਬੇਇਤਫ਼ਾਕੀ ਅੰਦਰੋਂ ਦਏ ਗਵਾਈਆ । ਆਤਮ ਪਰਮਾਤਮ ਨਾਤਾ ਜੋੜ ਕੇ ਧੁਰ ਦਾ ਸਾਕ, ਸੱਜਣ ਹੋ ਕੇ ਦਇਆ ਕਮਾਈਆ । ਰੂਹ ਬੁਤ ਦੋਵੇਂ ਕਰ ਕੇ ਪਾਕ, ਪਤਿਤ ਪੁਨੀਤ ਆਪਣਾ ਰੰਗ ਚੜ੍ਹਾਈਆ । ਪੂਰਬ ਜਨਮ ਦਾ ਲਹਿਣਾ ਦੇਣਾ ਕਰ ਬੇਬਾਕ, ਹਿਸਾਬ ਬਿਨ ਕਿਤਾਬ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦੀ ਦਾਤ, ਵਸਤ ਅਮੋਲਕ ਝੋਲੀ ਪਾਈਆ । ਬੂਟਾ ਕਹੇ ਮੇਰੀ ਵੇਖੋ ਮੌਲੀ ਟਹਿਣੀ, ਟਹਿਕ ਮਹਿਕ ਆਪਣੀ ਰਹੀ ਵਖਾਈਆ । ਸ਼ਬਦ ਸਤਿਗੁਰ ਮਿਲਿਆ ਹਾਣੀ, ਆਯੂ ਉਮਰ ਸਕੇ ਨਾ ਕੋਇ ਸਮਝਾਈਆ । ਜਿਸ ਝਗੜਾ ਮੁਕਾਉਣਾ ਚਾਰੇ ਖਾਣੀ, ਚਾਰੇ ਬਾਣੀ ਅੰਦਰੋਂ ਦਿਤੀ ਸਮਝਾਈਆ । ਅੰਮ੍ਰਿਤ ਅੰਮਿਉਂ ਰਸ ਦੇ ਕੇ ਠੰਡਾ ਪਾਣੀ, ਸਾਂਤਕ ਸਤਿ ਦਿਤਾ ਕਰਾਈਆ । ਝਗੜਾ ਮੁਕਾ ਕੇ ਆਵਣ ਜਾਣੀ, ਜਾਨਣਹਾਰ ਆਪਣਾ ਭੇਵ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਅਕਥ ਕਹਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦੀ ਸੋਭਾ ਕਰ ਕਰ ਖ਼ੁਸ਼ੀ ਮਨਾਈਆ । ਪੁਰਖ ਅਕਾਲਾ ਦੀਨ ਦਿਆਲਾ ਘਟ ਭੀਤਰ ਸਰਬ ਜੀਆਂ ਜਾਣ ਜਾਣੀ, ਜਾਨਣਹਾਰ ਗੋਪਾਲ ਦੀਨ ਦਿਆਲ ਦਇਆ ਕਮਾਈਆ । ਜਿਸ ਦਾ ਭੇਵ ਅਭੇਦ ਚੌਦਾਂ ਵਿਦਿਆ ਸਮਝੇ ਨਾ ਕੋਇ ਗਿਆਨੀ, ਜਗਤ ਬੁਧੀ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਦੋ ਜਹਾਨੀ, ਜਹਾਂ ਤਹਾਂ ਆਪਣੀ ਕਾਰ ਕਮਾਈਆ । ਬੂਟਾ ਕਹੇ ਮੈਂ ਇਕ ਨੂੰ ਕਰਾਂ ਸਜਦਾ, ਬਿਨ ਸਰ ਸਿਰ ਝੁਕਾਈਆ । ਓਸ ਦਾ ਬਣਾ ਬਰਦਾ, ਜੋ ਬੰਦੀਖ਼ਾਨੇ ਰਿਹਾ ਮੁਕਾਈਆ । ਮਾਲਕ ਵੇਖਾਂ ਆਪਣੇ ਘਰ ਦਾ, ਜੋ ਘਰ ਘਰ ਆਬੇ ਹਯਾਤ ਰਿਹਾ ਪਿਆਈਆ । ਮੰਜ਼ਲ ਸਾਚੀ ਚੜ੍ਹਦਾ, ਬਿਨ ਕ਼ਦਮਾਂ ਪੰਧ ਮੁਕਾਈਆ । ਬਿਨਾ ਅਲਿਫ਼ ਯੇ ਕਲਮਾ ਪੜ੍ਹਦਾ, ਕਾਇਨਾਤ ਤੋਂ ਪਰੇ ਸੋਭਾ ਪਾਈਆ । ਲੇਖਾ ਜਾਣੇ ਜਲ ਥਲ ਦਾ, ਮਹੀਅਲ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਚ ਦਵਾਰਾ ਸੋਭਾਵੰਤ ਰਿਹਾ ਸੁਹਾਈਆ । ਬੂਟਾ ਕਹੇ ਮੈਂ ਵੇਖਿਆ ਅਗੰਮ ਪਿਆਰ, ਪ੍ਰੇਮੀ ਪਰਮ ਪੁਰਖ ਜਣਾਈਆ । ਜਿਸ ਦੇ ਵਿਚੋਂ ਨਿਕਲੇ ਗੁਰੂ ਅਵਤਾਰ, ਪੈਗ਼ੰਬਰ ਵੇਸ ਵਟਾਈਆ । ਪੰਜ ਤਤ ਕਰਦੇ ਗਏ ਸ਼ਿੰਗਾਰ, ਤਨ ਮਾਟੀ ਖ਼ਾਕ ਰਮਾਈਆ । ਸੁਣਦੇ ਰਹੇ ਅਗੰਮੀ ਗੁਫ਼ਤਾਰ, ਗੁਫ਼ਤ ਸ਼ਨੀਦ ਸ਼ਨਵਾਈਆ । ਮਿਲਦੇ ਰਹੇ ਸਾਂਝੇ ਯਾਰ, ਜੋ ਕਲਮਾ ਹੱਕ ਰਿਹਾ ਪੜ੍ਹਾਈਆ । ਝੁਕਦੇ ਰਹੇ ਵਿਚ ਸੰਸਾਰ, ਨਿਉਂ ਨਿਉਂ ਸੀਸ ਨਿਵਾਈਆ । ਲੇਖਾ ਲਿਖਦੇ ਰਹੇ ਅਪਾਰ, ਕ਼ਲਮ ਸ਼ਾਹੀ ਕਾਗ਼ਜ਼ ਜੋੜ ਜੁੜਾਈਆ । ਰਸਨਾ ਜਿਹਵਾ ਬੱਤੀ ਦੰਦ ਬੋਲਦੇ ਰਹੇ ਜੈਕਾਰ, ਵਾਹ ਵਾਹ ਬੇਅੰਤ ਬੇਪਰਵਾਹ ਤੇਰੀ ਬੇਪਰਵਾਹੀਆ । ਨਾਮ ਰਖਾਉਂਦੇ ਰਹੇ ਗੁਰੂ ਅਵਤਾਰ, ਪੈਗ਼ੰਬਰ ਕਹੇ ਜਗਤ ਲੋਕਾਈਆ । ਪਰਵਰਦਿਗਾਰ ਦੇ ਬਣਦੇ ਰਹੇ ਫ਼ਰਮਾਂਬਰਦਾਰ, ਸੇਵਕ ਹੋ ਕੇ ਸੇਵ ਕਮਾਈਆ । ਬੂਟੇ ਹੋ ਕੇ ਫਲਦੇ ਫੁਲਦੇ ਰਹੇ ਜੁਗ ਚਾਰ, ਚੌਕੜੀ ਆਪਣੀ ਸੇਵ ਕਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਵੇਖਣਹਾਰ, ਵੇਖੇ ਵਿਗਸੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਖ਼ਿਜ਼ਾਂ ਬਸੰਤ ਬਹਾਰ, ਮਹਿਜ ਆਪਣਾ ਹੁਕਮ ਵਰਤਾਈਆ । ਬੂਟਾ ਕਹੇ ਮੇਰੀ ਸਭ ਤੋਂ ਡੂੰਘੀ ਜੜ੍ਹ, ਮਾਟੀ ਖ਼ਾਕ ਵਿਚ ਨਾ ਕੋਇ ਦਬਾਈਆ । ਜਗਤ ਜਲਧਾਰ ਵਿਚ ਕਦੇ ਨਾ ਜਾਵਾਂ ਹੜ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਅਗਨੀ ਵਿਚ ਨਾ ਜਾਵਾਂ ਸੜ, ਡੂੰਘੇ ਖਾਤ ਨਾ ਕੋਇ ਦਬਾਈਆ । ਮੈਂ ਵਸਾਂ ਓਸ ਘਰ, ਜਿਸ ਗ੍ਰਿਹ ਨਜ਼ਰ ਨਾ ਕੋਇ ਉਠਾਈਆ । ਇਕੋ ਸਰਨ ਸਵਾਮੀ ਜਾਵਾਂ ਪੜ, ਪੁਰਖ ਅਕਾਲ ਓਟ ਤਕਾਈਆ । ਭੈ ਭਉ ਚੁੱਕੇ ਡਰ, ਭਿਆਨਕ ਰੂਪ ਨਾ ਕੋਇ ਵਖਾਈਆ । ਸ਼ਬਦੀ ਪਲੂ ਲਵਾਂ ਫੜ, ਅਗੇ ਸਕੇ ਨਾ ਕੋਇ ਛੁਡਾਈਆ । ਸਚ ਦਵਾਰੇ ਜਾਵਾਂ ਖੜ੍ਹ, ਸਚਖੰਡ ਸਾਚੇ ਸੋਭਾ ਪਾਈਆ । ਪਤਿਪਰਮੇਸ਼ਵਰ ਲਵਾਂ ਵਰ, ਮਾਲਕ ਇਕੋ ਨਜ਼ਰੀ ਆਈਆ । ਜਿਸ ਨੂੰ ਕਹਿੰਦੇ ਨਰਾਇਣ ਨਰ, ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਸੋਭਾ ਪਾਈਆ । ਸਚ ਦਵਾਰ ਕਹੇ ਮੈਂ ਬੂਟਾ ਵੇਖਣਾ ਲੋਕਮਾਤ, ਮਤਾ ਪ੍ਰਭ ਦੇ ਨਾਲ ਪਕਾਈਆ । ਜਿਸ ਦੇ ਅੰਤਰ ਇਕੋ ਯਾਦ, ਪਤਿਪਰਮੇਸ਼ਵਰ ਰਿਹਾ ਧਿਆਈਆ । ਪ੍ਰੇਮ ਪਿਆਰ ਦਾ ਵੱਜੇ ਨਾਦ, ਧੁਨੀ ਧੁਨ ਵਿਚੋਂ ਸ਼ਨਵਾਈਆ । ਇਕੋ ਨਾਮ ਰਿਹਾ ਅਰਾਧ, ਰਾਧਾ ਕ੍ਰਿਸ਼ਨ ਦੀ ਲੋੜ ਰਹੀ ਨਾ ਰਾਈਆ । ਸਚ ਮੁਹੱਬਤ ਵਿਚ ਹੋ ਵਿਸਮਾਦ ਬਿਸਮਿਲ ਹੋ ਕੇ ਆਪਣਾ ਆਪ ਗਵਾਈਆ । ਸਚ ਘਰਾਨੇ ਵਿਚ ਹੋ ਆਬਾਦ, ਆਬਾਦੀ ਪਿਛਲੀ ਦੇਵੇ ਤਜਾਈਆ । ਰਸਨਾ ਜਿਹਵਾ ਰਹੇ ਨਾ ਕੋਇ ਸਵਾਦ, ਰਸ ਅੰਮ੍ਰਿਤ ਇਕ ਚਖਾਈਆ । ਜਿਸ ਨੇ ਰਚਨਾ ਰਚੀ ਆਦਿ, ਮਧ ਆਪਣਾ ਹੁਕਮ ਵਰਤਾਈਆ । ਜਿਸ ਦਾ ਖੇਲ ਹੋਣਾ ਜੁਗਾਦਿ, ਜੁਗ ਚੌਕੜੀ ਰਿਹਾ ਭਵਾਈਆ । ਓਸ ਦਾ ਬੂਟਾ ਸਭ ਤੋਂ ਸੁਹੰਜਣਾ ਬਾਗ਼, ਬਾਗ਼ਬਾਨ ਮਾਲੀ ਮਾਲਕ ਨਜ਼ਰੀ ਆਈਆ । ਜਿਸ ਨੇ ਅੰਤਰ ਜਗਾਉਣਾ ਇਕ ਚਿਰਾਗ਼, ਚਾਰਾਗਾਹਾਂ ਵਿਚ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਸੋਭਾ ਪਾਈਆ । ਬੂਟਾ ਕਹੇ ਮੈਂ ਦੱਸਾਂ ਆਪਣੀ ਕਹਾਣੀ, ਬੀਤੀ ਪਿਛਲੀ ਨਜ਼ਰੀ ਆਈਆ । ਫ਼ਰੀਦ ਫ਼ਾਕੇ ਵਿਚ ਨੌ ਦਵਾਰਿਆਂ ਤੋਂ ਬਾਹਰ ਏਥੇ ਗਾਉਂਦਾ ਰਿਹਾ ਅਗੰਮੀ ਬਾਣੀ, ਬਾਣ ਨਿਰਾਲਾ ਤੀਰ ਅੰਤਰ ਅੰਤਰ ਲਗਾਈਆ । ਧੁਰ ਦੇ ਮੁਰਸ਼ਦ ਕਰ ਮਿਹਰਵਾਨੀ, ਮਹਿਬੂਬ ਆਪਣਾ ਰੰਗ ਚੜ੍ਹਾਈਆ । ਸਜਦੇ ਵਿਚ ਆਪਣੀ ਕਰ ਕ਼ੁਰਬਾਨੀ, ਮਨ ਵਾਸਨਾ ਦਿਤੀ ਭੇਟ ਕਰਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਨਾ ਰਹੇ ਸ਼ੈਤਾਨੀ,

੮੩੫
੧੯

ਸ਼ਰਅ ਦੀ ਸ਼ਰਮ ਦਿਤੀ ਮਿਟਾਈਆ । ਹੱਥ ਮਾਰ ਕੇ ਉਤੇ ਪੇਸ਼ਾਨੀ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਮੇਰੀ ਮੰਜ਼ਲ ਨਹੀਂ ਕੋਈ ਰੁਹਾਨੀ, ਰੂਹ ਬੁਤ ਵੰਡ ਨਾ ਕੋਇ ਵੰਡਾਈਆ । ਮੈਂ ਵਸਾਂ ਤੇਰੇ ਓਸ ਆਲਮੇ ਜਾਵਦਾਨੀ, ਜਿਥੇ ਇਕੋ ਨੂਰ ਨਜ਼ਰੀ ਆਈਆ । ਪਰਵਰਦਿਗਾਰ ਮੇਰਾ ਤਨ ਨਹੀਂ ਜੂਹ ਬੇਗਾਨੀ, ਪਰਭਾਸ ਰੂਪ ਨਾ ਕੋਇ ਬਦਲਾਈਆ । ਤੂੰ ਮਾਲਕ ਇਕ ਅਸਮਾਨੀ, ਜਿਸਮਾਨੀ ਖ਼ਾਕ ਵੇਖ ਸੋਭਾ ਪਾਈਆ । ਕੂੜ ਕਿਰਿਆ ਹੋਈ ਤੁਗ਼ਿਆਨੀ, ਲਹਿਰ ਲਹਿਰ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਫ਼ਰੀਦ ਕਹੇ ਮੈਂ ਕੱਟਿਆ ਫ਼ਾਕਾ, ਫ਼ਿਕਰਾ ਤੇਰਾ ਢੋਲਾ ਗਾਈਆ । ਆ ਮਿਲ ਮਹਿਬੂਬ ਮੇਰੇ ਆਕ਼ਾ, ਅਕਲ ਬੁਧੀ ਦੀ ਚਲੀ ਨਾ ਕੋਇ ਚਤੁਰਾਈਆ । ਤੂੰ ਸੱਜਣ ਮੇਰਾ ਸਾਕਾ, ਸਾਖਿਆਤ ਦਰਸ ਦੇਣਾ ਵਖਾਈਆ । ਖੋਲ੍ਹ ਅੰਦਰੋਂ ਤਾਕਾ, ਪੜਦਾ ਦੇ ਚੁਕਾਈਆ । ਤੂੰ ਮੇਰਾ ਪਿਤਾ ਮਾਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਮੈਂ ਪੜ੍ਹਾਂ ਤੇਰੀ ਹੱਕ ਨਿਮਾਜ਼ਾ, ਅੱਖਰਾਂ ਦਾ ਗੀਤ ਨਾ ਕੋਇ ਅਲਾਈਆ । ਸਚ ਸੁਣਾ ਅਗੰਮੀ ਆਵਾਜ਼ਾ, ਅੱਵਲ ਅੱਲਾ ਨੂਰ ਖ਼ੁਦਾਈਆ । ਵਜਾ ਉਹ ਰਬਾਬਾ, ਜੋ ਰਹਿਮਤ ਵਿਚ ਤੇਰਾ ਨਾਮ ਸੁਣਾਈਆ । ਆਵੇ ਉਹ ਸਵਾਦਾ, ਜਿਸ ਨੂੰ ਰਸਨਾ ਚਖ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਹੁਕਮ ਆਇਆ ਧੁਰਦਰਗਾਹ, ਕਲਮਾ ਕਲਮੇ ਵਿਚੋਂ ਦ੍ਰਿੜਾਈਆ । ਪਰਵਰਦਿਗਾਰ ਹੋਇਆ ਮਿਹਰਵਾਂ, ਮਹਿਬੂਬ ਮਿਹਰ ਨਜ਼ਰ ਉਠਾਈਆ । ਅੰਤਰ ਕਰ ਇਕੋ ਰੁਸ਼ਨਾ, ਅੰਧ ਅੰਧੇਰਾ ਦਿਤਾ ਮਿਟਾਈਆ । ਫ਼ਰੀਦਾ ਤੇਰੇ ਬਖ਼ਸ਼ੇ ਸਰਬ ਗੁਨਾਹ, ਭਗਤੀ ਦਾ ਮਾਲਕ ਭਗਵਾਨ ਦਇਆ ਕਮਾਈਆ । ਉਠ ਵੇਖ ਹੱਕ ਅਮਾਮ (ਅਗੰਮਾ), ਜੋ ਅਮਲਾਂ ਤੋਂ ਲਏ ਛੁਡਾਈਆ । ਕੂੜੀ ਮੇਟੇ ਜਗਤ ਤਮਅ, ਤਮੰਨਾ ਇਕੋ ਦਏ ਜਣਾਈਆ । ਹਰਖ ਸੋਗ ਰਹੇ ਨਾ ਗ਼ਮਾਂ, ਗ਼ਾਇਬ ਹੋ ਕੇ ਮੁਸਾਇਬ ਹੋ ਕੇ ਅਜਾਇਬ ਅੰਦਰੋਂ ਰੰਗ ਵਖਾਈਆ । ਭਾਗ ਲਗਾਏ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਲੇਖੇ ਲਾ ਕੇ ਪਵਣ ਸਵਾਸੀ ਦਮਾਂ, ਦਾਮਨਗੀਰ ਹੋ ਕੇ ਪਲੂ ਗੰਢ ਬੰਧਾਈਆ । ਤੇਰੇ ਅੰਦਰੋਂ ਜਗਾ ਕੇ ਆਪਣੀ ਸ਼ਮਅ, ਸ਼ਮਸ਼ਾਨ ਭੂਮੀ ਵਿਚੋਂ ਬਾਹਰ ਕਢਾਈਆ । ਜੀਵਣ ਕਰ ਕੇ ਨਵਾਂ, ਨਵਾਂ ਰੰਗ ਦਏ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਫ਼ਰੀਦ ਕਿਹਾ ਕੀ ਕੀਤਾ ਜ਼ਿਕਰ, ਜਾਹਰ ਜਹੂਰ ਦੇ ਜਣਾਈਆ । ਮੇਰੇ ਅੰਤਰ ਚਿੰਤਾ ਰਹੇ ਨਾ ਫ਼ਿਕਰ, ਫ਼ਾਕਾ ਪੂਰਾ ਕਰ ਵਖਾਈਆ । ਆਪਣੀ ਧਾਰ ਵਿਚੋਂ ਨਿੱਤਰ, ਨਿਰਵੈਰ ਹੋ ਕੇ ਦਰਸ ਦੇਣਾ ਵਖਾਈਆ । ਤੂੰ ਆਤਮ ਦਾ ਸੱਚਾ ਮਿੱਤਰ, ਪਰਮਾਤਮ ਬੇਪਰਵਾਹੀਆ । ਤੇਰਾ ਚਿਤਰੇ ਕੋਇ ਨਾ ਚਿੱਤਰ, ਮੈਂ ਚਾਤ੍ਰਿਕ ਬੂੰਦ ਸਵਾਂਤੀ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਫ਼ਰੀਦ ਨੇ ਮੰਗੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਧਰਨੀ ਵਜਾਇਆ ਮਰਦੰਗ, ਧਵਲ ਹੋ ਕੇ ਖ਼ੁਸ਼ੀ ਮਨਾਈਆ । ਦੋਹਾਂ ਦਾ ਬਣਿਆ ਸੰਗ, ਵੱਜੀ ਨਾਮ ਵਧਾਈਆ । ਫਰਕਣ ਲੱਗਾ ਅੰਗ, ਅੰਗੀਕਾਰ ਹੋਵੇ ਬੇਪਰਵਾਹੀਆ । ਕਟੇ ਭੁੱਖ ਨੰਗ, ਦੁਖੜਾ ਦੁੱਖ ਗਵਾਈਆ । ਵਸੇ ਸਦਾ ਸਚ ਆਨੰਦ, ਆਨੰਦ ਆਨੰਦ ਵਿਚੋਂ ਪਰਗਟਾਈਆ । ਦੱਸੇ ਢੋਲਾ ਛੰਦ, ਨਾਮ ਨਿਧਾਨ ਸਮਝਾਈਆ । ਹੋਵੇ ਪਰਕਾਸ਼ ਚੰਦ, ਨੂਰ ਜੋਤ ਰੁਸ਼ਨਾਈਆ । ਲੇਖਾ ਚੁੱਕੇ ਵਰਭੰਡ, ਬ੍ਰਹਿਮੰਡ ਪੰਧ ਚੁਕਾਈਆ । ਦਵਾਰ ਵਖਾਏ ਸਚਖੰਡ,

੮੩੭ ੧੯

ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਫ਼ਰੀਦ ਕਹੇ ਮੈਂ ਨੌਂ ਦਿਨ ਕੀਤਾ ਫ਼ਾਕਾਕਸ਼ੀ, ਕਸਮ ਖਾ ਕੇ ਦਿਆਂ ਜਣਾਈਆ । ਇਹ ਧਰਨੀ ਧਵਲ ਲੱਗੀ ਚੰਗੀ, ਜਿਥੇ ਬੈਠਾ ਆਸਣ ਲਾਈਆ । ਪ੍ਰੇਮ ਪਿਆਰ ਦੀ ਆਏ ਸੁਗੰਧੀ, ਦੁਰਗੰਧ ਰਹੀ ਨਾ ਰਾਈਆ । ਮਨਸਾ ਅੰਦਰ ਆਸਾ ਆਸਾ ਵਿਚ ਖ਼ਾਹਿਸ਼ ਚੰਗੀ, ਪ੍ਰਭ ਚਰਨ ਕਵਲ ਮਿਲੇ ਸਰਨਾਈਆ । ਜਿਸ ਦੀ ਧਾਰ ਸਦਾ ਬਹੁ ਰੰਗੀ, ਭੇਵ ਅਭੇਦਾ ਸਕੇ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਸਾਚਾ ਹੁਕਮ ਹੋਇਆ ਧੁਰਦਰਗਾਹੀ ਫ਼ਰੀਦ, ਫ਼ਿਕਰਾ ਇਕ ਜਣਾਈਆ । ਤੇਰੀ ਆਸਾ ਮਨਸਾ ਪੂਰੀ ਹੋਵੇ ਉਮੀਦ, ਆਮਲ ਕਾਮਲ ਮੁਰਸ਼ਦ ਦਏ ਗਵਾਹੀਆ । ਦਰਸ ਹੋਵੇ ਦੀਦ, ਨੈਣ ਨੂਰ ਰੁਸ਼ਨਾਈਆ । ਹੁਕਮੇ ਅੰਦਰ ਤਾਈਦ, ਸਚ ਦਿਤਾ ਸਮਝਾਈਆ । ਧਰਨੀ ਦੇ ਭਾਗ ਵਡ ਨਸੀਬ, ਨਿਸਬਤ ਸਕੇ ਨਾ ਕੋਇ ਕਢਾਈਆ । ਨੌਂ ਦਿਨ ਫ਼ਰੀਦਾ ਤੂੰ ਯਾਦ ਕੀਤਾ ਠੀਕ, ਠਾਕਰ ਇਕੋ ਇਕ ਮਨਾਈਆ । ਜਿਸ ਦੀ ਜਗਤ ਵਿਦਿਆ ਕਰੇ ਨਾ ਕੋਇ ਤਸਦੀਕ, ਤੱਤਾਂ ਵਾਲਾ ਸਰੀਰ ਸ਼ਹਾਦਤ ਨਾ ਕੋਇ ਭੁਗਤਾਈਆ । ਅੱਖਰਾਂ ਵਾਲੀ ਪਾਈ ਨਾ ਕਿਸੇ ਲੀਕ, ਗੁਣਾਂ ਵਿਚ ਗੁਣ ਨਾ ਕੋਇ ਵਡਿਆਈਆ । ਪੁਰਖ ਅਕਾਲ ਬਣਿਆ ਤੇਰਾ ਮੀਤ, ਮਿੱਤਰ ਪਿਆਰਾ ਸੋਭਾ ਪਾਈਆ । ਧਰਨੀ ਰੋ ਕੇ ਮਾਰੀ ਚੀਕ, ਉਚੀ ਕੂਕ ਕੂਕ ਸੁਣਾਈਆ । ਮੈਂ ਕੀਟਾਂ ਦੀ ਕੀਟ, ਨੀਚਾਂ ਦੀ ਨੀਚ ਨਜ਼ਰੀ ਆਈਆ । ਤੇਰਾ ਖੇਲ ਪ੍ਰਭੂ ਅਨਡੀਠ, ਅੱਖੀਂ ਵੇਖ ਨਾ ਕੋਇ ਸਮਝਾਈਆ । ਮੈਂ ਫ਼ਰੀਦ ਨਾਲ ਕੀਤੀ ਪ੍ਰੀਤ, ਪ੍ਰੇਮਿਕਾ ਹੋ ਕੇ ਸੇਵ ਕਮਾਈਆ । ਮੇਰਾ ਸੀਨਾ ਹੋਇਆ ਠਾਂਡਾ ਸੀਤ, ਜਿਥੇ ਬੈਠਾ ਆਸਣ ਲਾਈਆ । ਮੈਂ ਸੁਣੀ ਤੇਰੀ ਤਮਹੀਦ, ਸਿਫ਼ਤਾਂ ਵਿਚ ਸਾਲਾਹੀਆ । ਮੈਂ ਖ਼ੁਸ਼ੀ ਵਿਚ ਕਿਹਾ ਆ ਮੁਰੀਦ, ਆਮਦ ਵਿਚ ਰੁਸ਼ਨਾਈਆ । ਮੇਰੀ ਆਸਾ ਇਕ ਉਮੀਦ, ਸਹਿਜੇ ਦਿਆਂ ਸੁਣਾਈਆ । ਜਿਸ ਬਿਧ ਤਾਰਿਆ ਫ਼ਾਕੇ ਵਾਲਾ ਫ਼ਰੀਦ, ਫ਼ਿਕਰਾ ਇਕ ਸਮਝਾਈਆ । ਮੇਰੇ ਲੇਖੇ ਵਿਚ ਉਡੀਕ, ਧਿਆਨ ਧਿਆਨ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਫ਼ਰੀਦ ਪੜ੍ਹਨ ਲੱਗਾ ਨਿਮਾਜ਼, ਨਿਵਾਜ਼ਸ਼ ਕਹਿ ਕੇ ਸੀਸ ਝੁਕਾਈਆ । ਅੰਦਰੋਂ ਆਈ ਇਕ ਆਵਾਜ਼, ਤਰ੍ਹਾ ਤਰ੍ਹਾ ਸਮਝਾਈਆ । ਖੁਲ੍ਹਿਆ ਧੁਰ ਦਾ ਰਾਜ਼, ਪੜਦਾ ਰਿਹਾ ਨਾ ਰਾਈਆ । ਬਿਨ ਅੱਖਾਂ ਖੁਲ੍ਹੀ ਜਾਗ, ਨੇਤਰ ਨੈਣ ਰੁਸ਼ਨਾਈਆ । ਚੁਕਿਆ ਜਗਤ ਹਿਸਾਬ, ਬਾਕੀ ਦਿਤੀ ਮਿਟਾਈਆ । ਵੇਖੀ ਅਗੰਮੀ ਕਿਤਾਬ, ਪੁਰਖ ਅਕਾਲ ਲਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਰਿਹਾ ਉਠਾਈਆ । ਫ਼ਰੀਦ ਨਿਮਾਜ਼ ਵਿਚੋਂ ਸੁਣੀ ਆਵਾਜ ਹੱਕ, ਹਕ਼ੀਕ਼ਤ ਵਾਲੀ ਨਜ਼ਰੀ ਆਈਆ । ਅੰਤਰ ਸੰਸਾ ਰਿਹਾ ਨਾ ਸ਼ੱਕ, ਝਗੜਾ ਦਿਤਾ ਚੁਕਾਈਆ । ਹੱਭ ਕੁਛ ਮੰਨਿਆ ਸਚ, ਕੂੜਾ ਨਾਤਾ ਦਿਤਾ ਤੁੜਾਈਆ । ਪ੍ਰੇਮ ਪ੍ਰੀਤੀ ਅੰਦਰ ਰਚ, ਰਚਨਾ ਵੇਖੇ ਬੇਪਰਵਾਹੀਆ । ਥੱਲਿਉਂ ਧਰਨੀ ਪਈ ਹੱਸ, ਖ਼ੁਸ਼ੀਆਂ ਵਿਚ ਢੋਲੇ ਗਾਈਆ । ਫ਼ਰੀਦਾ ਮੇਰਾ ਗਾ ਜਸ, ਜਿਸ ਉਤੇ ਬਹਿ ਕੇ ਪ੍ਰਭ ਦਾ ਦਰਸ਼ਨ ਪਾਈਆ । ਤੇਰੀ ਅੰਦਰੋਂ ਖੁਲ੍ਹੀ ਅੱਖ, ਵੱਜੀ ਨਾਮ ਵਧਾਈਆ । ਕੁਝ ਮੈਨੂੰ ਭੇਵ ਦੱਸ, ਪੜਦਾ ਦੇ ਚੁਕਾਈਆ । ਮੇਰਾ ਦੇ ਹੱਕ, ਲਹਿਣਾ ਝੋਲੀ ਪਾਈਆ । ਮੈਂ ਨੌਂ ਦਿਨ ਭਾਰ ਚੁਕ ਕੇ ਗਈ ਥੱਕ, ਤੂੰ ਪਾਸਾ ਨਾ ਕੋਇ ਬਦਲਾਈਆ । ਮੇਰੇ ਅੰਦਰ ਲੱਗਾ ਫੱਟ, ਘਾਓ ਡੂੰਘਾ ਨਜ਼ਰੀ ਆਈਆ । ਜਿੰਨਾਂ ਚਿਰ ਮਿਲੇ ਨਾ ਪੁਰਖ ਸਮਰਥ,

ਮੇਰੀ ਆਸ਼ਾ ਨਾ ਕੋਇ ਬੁਝਾਈਆ । ਅੱਗੋਂ ਫ਼ਰੀਦ ਹੱਥ ਮਸਤਕ ਉਪਰ ਰਖ, ਨੈਣ ਮੁੰਦ ਧਿਆਨ ਲਗਾਈਆ । ਤਨ ਵਜੂਦ ਤੋਂ ਹੋ ਕੇ ਵੱਖ, ਵੱਖਰੇ ਘਰ ਬੈਠਾ ਫੇਰਾ ਪਾਈਆ । ਸ਼ਬਦੀ ਧਾਰ ਹੋ ਕੇ ਚਰਨ ਕਵਲ ਗਿਆ ਢੱਠ, ਨਿਉਂ ਨਿਉਂ ਲਾਗੇ ਪਾਈਆ । ਝਗੜਾ ਮੁਕਾ ਕੇ ਤਤ ਅੱਠ, ਗ੍ਰਿਹ ਮੰਦਰ ਵੇਖੇ ਚਾਈਂ ਚਾਈਂਆ । ਆਪਣੀ ਆਸਾ ਇਕ ਰਖ, ਸਚ ਬੇਨੰਤੀ ਦਿਤੀ ਸੁਣਾਈਆ । ਕਿਰਪਾ ਕਰ ਪੁਰਖ ਸਮਰਥ, ਸਾਹਿਬ ਤੇਰੀ ਸਰਨਾਈਆ । ਧਰਨੀ ਧਰਤ ਦੇ ਪੂਰਬ ਹੱਕ, ਹਾਕਮ ਹੋ ਕੇ ਝੋਲੀ ਦੇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਫ਼ਰੀਦ ਕਿਹਾ ਮੇਰੀ ਅਗੰਮੀ ਅਰਜ਼, ਆਰਜ਼ੂ ਇਕ ਸੁਣਾਈਆ । ਮੇਰੀ ਆਸ਼ਾ ਪੂਰੀ ਕਰ ਗ਼ਰਜ਼, ਗ਼ਰਜ਼ੇ ਕਿ ਦੂਜੀ ਲੋੜ ਰਹੇ ਨਾ ਰਾਈਆ । ਦੀਨਾਂ ਦੁਖੀਆਂ ਦਾ ਵੰਡ ਦਰਦ, ਦਇਆਵਾਨ ਤੇਰੀ ਸਰਨਾਈਆ । ਤੂੰ ਜਵਾਨ ਸੂਰਬੀਰ ਮਰਦਾਨਾ ਮਰਦ, ਗੁਰ ਅਵਤਾਰ ਪੈਗ਼ੰਬਰ ਤੇਰੀ ਓਟ ਰਖਾਈਆ । ਕਿਰਪਾ ਕਰ ਉਪਰ ਧਰਤ, ਧੌਲ ਦੇ ਇਕ ਸਰਨਾਈਆ । ਮੇਰਾ ਲਹਿਣਾ ਚੁਕਾ ਕ਼ਰਜ਼, ਮਕ਼ਰੂਜ਼ ਹੋ ਕੇ ਲੇਖਾ ਦੇਣਾ ਮੁਕਾਈਆ । ਪਤਿਤ ਉਧਾਰਨਾ ਤੇਰਾ ਫ਼ਰਜ, ਪੁਨੀਤ ਦੇਣਾ ਕਰਾਈਆ । ਮਾਟੀ ਖ਼ਾਕੀ ਨਾ ਵੇਖ ਗਰਦ, ਗਰਦਸ਼ ਕੂੜੀ ਦੇਣੀ ਗਵਾਈਆ । ਲੱਖ ਚੁਰਾਸੀ ਤੇਰੇ ਕੋਲ ਫਰਦ, ਬਿਨ ਅੱਖਰਾਂ ਲੇਖੇ ਵਿਚ ਰਖਾਈਆ । ਤੇਰਾ ਖੇਲ ਪ੍ਰਭੂ ਅਸਚਰਜ, ਅਚਰਜ ਲੀਲਾ ਦੇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਿਹਾ ਫ਼ਰੀਦ ਸੁਣ, ਸ਼ਬਦ ਸ਼ਬਦੀ ਹੁਕਮ ਜਣਾਈਆ । ਕੋਟਾਂ ਵਿਚੋਂ ਭਗਤ ਸੁਹੇਲੇ ਥੋੜੇ ਲਵਾਂ ਚੁਣ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਕੋਟਨ ਕੋਟ ਲੱਭਦੇ ਰਿਖ ਮੁਨ, ਅਣਗਿਣਤ ਬੈਠੇ ਧਿਆਨ ਲਗਾਈਆ । ਤੇਰੀ ਪੁਕਾਰ ਲਈ ਸੁਣ, ਬੇਨੰਤੀ ਆਪਣੇ ਵਿਚ ਰਖਾਈਆ । ਸਾਚੇ ਭੇਵ ਨੂੰ ਜਾਣੇ ਕਵਣ, ਕਵਣ ਗੁਣ ਕਹਿ ਕੇ ਸ਼ੁਕਰ ਮਨਾਈਆ । ਹੁਕਮੇ ਅੰਦਰ ਪਾਣੀ ਪਵਣ, ਦੇਵਤ ਸੁਰ ਗਣ ਗੰਧਰਵ ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਖੇਲ ਕਰੇ ਅਵਣ ਗਵਣ, ਲੱਖ ਚੁਰਾਸੀ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੈਂ ਦੱਸਾਂ ਅਖ਼ੀਰ, ਫ਼ਰੀਦ ਦਿਆਂ ਜਣਾਈਆ । ਪ੍ਰਭ ਦੇ ਹੱਥ ਤਦਬੀਰ, ਤਹਿਰੀਰ ਵਿਚ ਨਾ ਕੋਇ ਲਿਖਾਈਆ । ਲੇਖਾ ਜਾਣੇ ਸ਼ਾਹ ਹਕੀਰ, ਝਗੜਾ ਲੱਖ ਚੁਰਾਸੀ ਵੇਖ ਵਖਾਈਆ । ਕਲਜੁਗ ਅੰਤ ਕਰਨੀ ਕਰ ਬੇਨਜ਼ੀਰ, ਜਗਤ ਨੇਤਰ ਨਾ ਕੋਇ ਵਡਿਆਈਆ । ਸਾਚੀ ਭੂਮਿਕਾ ਦੀ ਹੋਣੀ ਤਾਮੀਰ, ਮਿਲੇ ਮਾਤਲੋਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇ ਵਖਾਈਆ । ਲੇਖਾ ਕਹੇ ਮੈਂ ਅਗੰਮ ਲਿਖਾਰੀ, ਸ਼ਾਸਤਰ ਸਿਮਰਤ ਵੇਦ ਪੁਰਾਨ ਭੇਵ ਕੋਇ ਨਾ ਪਾਈਆ । ਮੇਰਾ ਮੇਲਾ ਨਾਲ ਜੋਤ ਨਿਰੰਕਾਰੀ, ਜੋ ਨਿਰਗੁਣ ਹੋ ਕੇ ਸਰਗੁਣ ਖੇਲ ਖਿਲਾਈਆ । ਫ਼ਰੀਦ ਜਿਥੇ ਨੌਂ ਦਿਨ ਨੌਂ ਰਾਤ ਗੁਜ਼ਾਰੀ, ਗੁਜ਼ਾਰੇ ਵਿਚ ਆਪਣਾ ਗੁਜ਼ਰ ਕਰਾਈਆ । ਉਸ ਦੀ ਆਉਣੀ ਕਲਜੁਗ ਅੰਤਮ ਵਾਰੀ, ਵਾਰਤਾ ਅਗਲੀ ਦਿਆਂ ਸਮਝਾਈਆ । ਜਿਹੜੀ ਬਾਵਨ ਵੇਲੇ ਦੀ ਕੰਨਿਆਂ ਕਵਾਰੀ, ਬਲ ਦਾ ਭੋਗ ਹਿੱਸਾ ਵੰਡ ਵੰਡਾਈਆ । ਓਸ ਦੀ ਏਥੇ ਪੈਜ ਜਾਣੀ ਸਵਾਰੀ, ਜਿਥੇ ਬਹਿ ਕੇ ਇਕੋ ਧਿਆਨ ਲਗਾਈਆ । ਲੇਖਾ ਚੁਕਾਉਣਾ ਵਡ ਸੰਸਾਰੀ, ਸਹਿੰਸਾ ਅੰਦਰ ਰਹੇ ਨਾ ਰਾਈਆ । ਭਗਤ ਵਛਲ ਬਣ ਗਿਰਧਾਰੀ, ਸੰਤ ਸੁਹੇਲਾ ਫੇਰਾ ਪਾਈਆ । ਗੁਰਮੁਖਾਂ ਦੇਵਣਹਾਰਾ ਨਾਮ ਖ਼ੁਮਾਰੀ, ਗੁਰਸਿਖਾਂ ਮੰਤਰ ਇਕੋ ਇਕ ਸਮਝਾਈਆ ।

ਪੂਰਬ ਲਹਿਣਾ ਕਰਜ਼ਾ ਦੇਵੇ ਉਤਾਰੀ, ਲੇਖਾ ਲੇਖੇ ਵਿਚੋਂ ਪੂਰ ਕਰਾਈਆ । ਨਿਰਗੁਣ ਨੂਰ ਜੋਤ ਕਰ ਉਜਿਆਰੀ, ਜੋਤੀ ਜਾਤਾ ਵੇਖ ਵਖਾਈਆ । ਧਰਨੀ ਧਰਤ ਧੌਲ ਧਵਲ ਪੈਜ ਜਾਏ ਸਵਾਰੀ, ਚਾਰ ਵਰਨ ਅਠਾਰਾਂ ਬਰਨ ਇਕੋ ਰੰਗ ਚੜ੍ਹਾਈਆ । ਲੇਖਾ ਚੁਕਾਵੇ ਆਪਣੀ ਵਾਰੀ, ਵਾਰਤਾ ਪਿਛਲੀ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੁਹੇਲਾ ਇਕ ਅਕੇਲਾ ਏਕੰਕਾਰਾ ਬੇਪਰਵਾਹੀਆ । ਫ਼ਰੀਦ ਕਿਹਾ ਵਾਹ ਮੇਰੇ ਖ਼ੁਦਾ, ਨੂਰ ਨੁਰਾਨੇ ਤੇਰੀ ਬੇਪਰਵਾਹੀਆ । ਵਾਹਿਦ ਤੇਰਾ ਕਲਮਾ ਲਿਆ ਗਾ, ਐਨ ਗ਼ੈਨ ਗ਼ੈਨ ਐਨ ਵਿਚ ਨਾ ਕੋਇ ਪੜ੍ਹਾਈਆ । ਤੇਰੇ ਨਾਲੋਂ ਤੇਰਾ ਨਾ ਹੋਏ ਜੁਦਾ, ਜੁਜ਼ ਵੰਡ ਨਾ ਕੋਇ ਵੰਡਾਈਆ । ਪਿਆਰ ਮੁਹੱਬਤ ਵਿਚ ਹੋਵਾਂ ਫ਼ਿਦਾ, ਆਪ ਆਪਾ ਤੇਰੀ ਭੇਟ ਚੜ੍ਹਾਈਆ । ਤੇਰਾ ਘਰ ਗ੍ਰਿਹ ਮੰਦਰ ਵੇਖ ਸਿੱਧਾ, ਸਿਦਕ ਸਬੂਰੀ ਲਵਾਂ ਹੰਢਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਪਰਮ ਪੁਰਖ ਆਤਮ ਪਰਮਾਤਮ ਪਿਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਤੇਰਾ ਖੇਲ ਨਿਤ ਨਵਿਤਾ, ਜਨ ਭਗਤਾਂ ਕਰੀਂ ਹਿੱਤਾ, ਚੇਤਨ ਚਿੱਤਾ ਦਇਆ ਕਮਾਈਆ । ਏਕੰਕਾਰ ਕੀ ਮਸਤਕ ਧੂੜੀ ਦੇਵੇਂ ਟਿੱਕਾ, ਵੱਡਾ ਨਿੱਕਾ ਨਜ਼ਰ ਕੋਇ ਨਾ ਆਈਆ । ਆਪਣੇ ਨਾਮ ਦਾ ਦੇ ਚਿੱਠਾ, ਜਿਹੜਾ ਹੋਵੇ ਸ਼ਬਦੀ ਧਾਰ ਅਨਡਿੱਠਾ, ਅੱਖਰਾਂ ਵਿਚ ਵੰਡ ਨਾ ਕੌਇ ਵੰਡਾਈਆ । ਅੰਤ ਅਖ਼ੀਰੀ ਨਿਕਲੇ ਸਿੱਟਾ, ਸਭ ਦਾ ਲਹਿਣਾ ਦੇਣਾ ਹੋਵੇ ਚਿੱਟਾ, ਚੇਟਕ ਆਪਣਾ ਦੇਣਾ ਲਗਾਈਆ । ਧਰਨੀ ਧਵਲ ਵੇਖਣਾ ਹਿੱਤਾ, ਹਿਤਕਾਰੀ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਏਕੰਕਾਰਾ ਇਕੋ ਦੇਣਾ ਵਖਾਈਆ । ਪੁਰਖ ਅਕਾਲ ਕਹੇ ਦੱਸਾਂ ਹੱਕ ਹਕ਼ੀਕ, ਹਿਕਮਤ ਦਿਆਂ ਜਣਾਈਆ । ਜਿਸ ਵੇਲੇ ਕਲਜੁਗ ਅੰਧੇਰਾ ਹੋਇਆ ਤਾਰੀਕ, ਤਰੀਕਾ ਦਿਆਂ ਸਮਝਾਈਆ । ਮੇਰੇ ਅੰਤਰ ਹੱਕ ਤੌਫ਼ੀਕ, ਤੋਹਫ਼ਾ ਸਾਚਾ ਦਿਆਂ ਪੁਚਾਈਆ । ਮਿੱਤਰ ਪਿਆਰਾ ਬਣ ਰਫ਼ੀਕ, ਰਕਾਬਤ ਅੰਦਰੋਂ ਦਿਆਂ ਕਢਾਈਆ । ਭਗਤ ਸੁਹੇਲਾ ਵੇਖ ਅਜ਼ੀਜ਼, ਰਹਿਮਤ ਵਿਚ ਸਮਾਈਆ । ਸੰਤ ਸਾਚੇ ਦੇ ਤਮੀਜ਼, ਤਮਅ ਦਿਆਂ ਚੁਕਾਈਆ । ਗੁਰਮੁਖਾਂ ਕਰ ਤਸਦੀਕ, ਗੁਰਸਿਖਾਂ ਸ਼ਹਾਦਤ ਆਪ ਭੁਗਤਾਈਆ । ਜਿਸ ਧਰਨੀ ਨੇ ਰਖੀ ਉਡੀਕ, ਉਸ ਦਾ ਲੇਖਾ ਦਿਆਂ ਮੁਕਾਈਆ । ਜਿਸ ਕੰਨਿਆਂ ਦੀ ਓਮੀਦ, ਬਲ ਬਾਵਨ ਨਾਲ ਵਡਿਆਈਆ । ਸਾਚੀ ਵੇਖ ਪ੍ਰੀਤ, ਪ੍ਰੀਤਮ ਹੋ ਕੇ ਹੋਵਾਂ ਸਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦੀ ਬਦਲ ਕੇ ਰੀਤ, ਇਸ਼ਟੀ ਹੋ ਕੇ ਵੇਖ ਵਖਾਈਆ । ਫ਼ਰੀਦਾ ਜਿਹੜਾ ਢੋਲਾ ਅੰਤਰ ਤੈਨੂੰ ਦੱਸਿਆ ਗੀਤ, ਵਾਹਿਦ ਕਲਮਾ ਦਿਤਾ ਜਣਾਈਆ । ਸੋ ਭਗਤਾਂ ਦੱਸਾਂ ਠੀਕ, ਠਾਕਰ ਹੋ ਕੇ ਆਪ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਫ਼ਰੀਦ ਕਹੇ ਤੇਰਾ ਧੰਨਵਾਦ, ਬਿਨ ਕ਼ਦਮਾਂ ਸੀਸ ਨਿਵਾਈਆ । ਧਰਨੀ ਕਹੇ ਧੰਨ ਭਾਗ ਜੇ ਮੇਰਾ ਖੇੜਾ ਹੋਵੇ ਆਬਾਦ, ਘਰ ਸਾਚੇ ਵੱਜੇ ਵਧਾਈਆ । ਪੁਰਖ ਅਕਾਲ ਕਿਹਾ ਮੈਂ ਜੁਗ ਚੌਕੜੀ ਰਖਾਂ ਯਾਦ, ਅਭੁੱਲ ਭੁੱਲ ਕਦੇ ਨਾ ਜਾਈਆ । ਸਚ ਦਵਾਰੇ ਦੇਵਾਂ ਦਾਦ, ਵਸਤ ਧੁਰ ਦੀ ਝੋਲੀ ਪਾਈਆ । ਦੋ ਜਹਾਨਾਂ ਬਣ ਕੇ ਸ਼ਾਹ ਨਵਾਬ, ਸ਼ਹਿਨਸ਼ਾਹ ਹੋ ਕੇ ਹੁਕਮ ਸੁਣਾਈਆ । ਪੂਰਬ ਦੀ ਸੁਣ ਆਵਾਜ਼ ਲਹਿਣਾ ਅਗਲਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਫ਼ਰੀਦ ਕਿਹਾ ਮੈਂ ਵੇਖਿਆ ਆਪਣਾ ਆਪ ਨਹੀਂ ਫ਼ਾਇਦਾ, ਦੁੱਖ ਸੁਖ ਵਿਚ ਬਦਲਾਈਆ । ਪਰਵਰਦਿਗਾਰ ਤੇਰੇ ਨਾਲ ਹੋਇਆ ਮੁਆਇਦਾ, ਸ਼ਬਦੀ ਸ਼ਬਦ ਗੰਢ ਪਵਾਈਆ । ਕਲਜੁਗ

੮੩੯
੧੯

ਅੰਤਮ ਆਪਣੀ ਧਾਰ ਬਦਲਿਆ ਕਾਇਦਾ, ਕ਼ਾਨੂੰਨ ਆਪਣਾ ਇਕ ਜਣਾਈਆ । ਲੱਖ ਚੁਰਾਸੀ ਨਾਲੋਂ ਹੋ ਅਲਇਦਾ, ਭਗਤ ਸੰਤ ਗੁਰਮੁਖ ਗੁਰਸਿਖ ਲੈਣੇ ਉਠਾਈਆ । ਲੱਖ ਚੁਰਾਸੀ ਅੰਦਰ ਵੜ ਕੇ ਲਈਂ ਜਾਇਜ਼ਾ, ਬਚਿਆ ਰਹਿਣ ਕੋਇ ਨਾ ਪਾਈਆ । ਐਉਂ ਜਾਪਦਾ ਓਸ ਕੰਨਿਆਂ ਨੂੰ ਹੋਣਾ ਫ਼ਾਇਦਾ, ਜੋ ਬਾਵਨ ਨਾਲ ਬਾਹਮੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਧਰਨੀ ਕਹੇ ਮੈਨੂੰ ਲੱਗਾ ਭਾਗ, ਭਾਗਾਂ ਭਰੀ ਮਿਲੇ ਵਡਿਆਈਆ । ਮੇਰੀ ਖੁਲ੍ਹੀ ਜਾਗ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਭਗਤਾਂ ਬੁਝਣੀ ਆਗ, ਅਗਨੀ ਤਤ ਨਾ ਕੋਇ ਜਲਾਈਆ । ਪੂਰਬ ਲੱਭਣਾ ਰਾਜ਼, ਪੜਦਾ ਦੇਣਾ ਉਠਾਈਆ । ਜਿਥੇ ਫ਼ਰੀਦ ਪੜ੍ਹੀ ਨਿਮਾਜ਼, ਨਮੋ ਨਮੋ ਸੀਸ ਝੁਕਾਈਆ । ਓਸ ਦਾ ਸਾਜਣ ਲੈਣਾ ਸਾਜ, ਸਾਹਿਬ ਸਵਾਮੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਵਾਮੀ ਸਿਰ ਆਪਣਾ ਹੱਥ ਟਿਕਾਈਆ । ਧਰਨੀ ਕਹੇ ਮੇਰੀ ਸੋਹਣੀ ਹੋਣੀ ਧਰਤ, ਮਿਲੇ ਮਾਣ ਵਡਿਆਈਆ । ਪੁਰਖ ਅਕਾਲ ਪਰਵਰਦਿਗਾਰ ਆਉਣਾ ਪਰਤ, ਪਤਿ ਪਰਮੇਸ਼ਵਰ ਵੇਸ ਵਟਾਈਆ । ਬਾਵਨ ਦੀ ਪੂਰੀ ਹੋਣੀ ਸ਼ਰਤ, ਫ਼ਰੀਦ ਦਾ ਕੌਲ ਤੋੜ ਨਿਭਾਈਆ । ਮੇਰੀ ਮਿਟਣੀ ਹਰਸ, ਤ੍ਰਿਖਾ ਦੇਣੀ ਗਵਾਈਆ । ਭਗਤਾਂ ਉਤੇ ਹੋਣਾ ਤਰਸ, ਰਹਿਮਤ ਰਹਿਮ ਆਪ ਵਖਾਈਆ । ਖੇਲ ਕਰਨਾ ਵਾਲੀ ਅਰਸ਼, ਫ਼ਰਸ਼ ਬਹਿ ਕੇ ਖ਼ੁਸ਼ੀ ਮਨਾਈਆ । ਲਹਿਣਾ ਦੇਣਾ ਪੂਰਾ ਕਰਨਾ ਕ਼ਰਜ਼, ਲੇਖਾ ਅਵਰ ਰਹੇ ਨਾ ਰਾਈਆ । ਮਨਸਾ ਵਿਚੋਂ ਪੂਰੀ ਹੋਵੇ ਗ਼ਰਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਸੋਭਾ ਪਾਈਆ । ਸਚ ਦਵਾਰਾ ਸੋਭਾਵੰਤ, ਸੋਭਨੀਕ ਧਰਤੀ ਨਜ਼ਰੀਂ ਆਈਆ । ਫ਼ਰੀਦ ਕਹੇ ਮੈਂ ਵੇਖੀ ਰੁੱਤ ਬਸੰਤ, ਪੱਤ ਡਾਲੀ ਸੋਹਣੀ ਮਹਿਕ ਮਹਿਕਾਈਆ । ਮਾਲਕ ਮਿਲਿਆ ਅਰਸ਼, ਫ਼ਰਸ਼ ਵੱਜੀ ਵਧਾਈਆ । ਮੁਹੱਬਤ ਵਿਚ ਕੀਤਾ ਤਰਸ, ਰਹਿਮਤ ਵਿਚ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਪੂਰ ਕਰਾਈਆ । ਧਰਨੀ ਕਹੇ ਮੇਰਾ ਭਾਰ ਹੋਇਆ ਹੌਲਾ, ਹੌਲੀ ਹੌਲੀ ਰਹੀ ਜਣਾਈਆ । ਮਿਲਿਆ ਮਾਲਕ ਮੌਲਾ, ਮਿਲ ਕੇ ਵੱਜੀ ਵਧਾਈਆ । ਪੜਦਾ ਰਿਹਾ ਨਾ ਓਹਲਾ, ਨਕ਼ਾਬ ਦਿਤਾ ਚੁਕਾਈਆ । ਪੂਰਾ ਹੋਇਆ ਕੌਲਾ, ਇਕ਼ਰਾਰ ਦਿਤਾ ਭੁਗਤਾਈਆ । ਸ਼ਬਦੀ ਸਤਿਗੁਰ ਬਣ ਵਿਚੋਲਾ, ਜੁਗ ਵਿਛੜੇ ਮੇਲ ਮਿਲਾਈਆ । ਸੋਹੰ ਦੱਸ ਕੇ ਢੋਲਾ, ਤੂੰ ਮੇਰਾ ਮੈਂ ਤੇਰਾ ਨਾਤਾ ਲਿਆ ਜੁੜਾਈਆ । ਕੂੜ ਰਿਹਾ ਨਾ ਓਹਲਾ, ਰੌਣਕ ਆਪਣੇ ਨਾਲ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਮੁਕਾਈਆ । ਪੂਰਬ ਲੇਖਾ ਕਹੇ ਮੈਂ ਮੁੱਕਿਆ ਅੱਜ, ਆਜਿਜ਼ ਹੋ ਕੇ ਦਿਆਂ ਜਣਾਈਆ । ਬਿਨਾ ਕਾਅਬਿਉਂ ਹੋਇਆ ਹੱਜ, ਹਜ਼ਰਤ ਮਿਲਿਆ ਬੇਪਰਵਾਹੀਆ । ਦਰਸ਼ਨ ਕਰ ਕੇ ਗਿਆ ਰੱਜ, ਰਜ਼ਾ ਵਿਚ ਚਲ ਕੇ ਖ਼ੁਸ਼ੀ ਮਨਾਈਆ । ਜਿਸ ਕਾਰਨ ਆਇਆ ਵਿਚ ਜਗ, ਧਰਨੀ ਧਰਤ ਧਵਲ ਦਏ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਗਏ ਸੱਦ, ਹੋਕਾ ਹੱਕ ਦੇ ਕੇ ਜਗਤ ਸ਼ਨਵਾਈਆ । ਨਿਰਗੁਣ ਧਾਰ ਹੋ ਕੇ ਆਇਆ ਭੱਜ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਬਾਵਨ ਹੋਇਆ ਗਦ ਗਦ, ਬਿਨ ਰੰਗ ਰੂਪ ਵੇਖ ਖ਼ੁਸ਼ੀ ਮਨਾਈਆ । ਨਮਸਤੇ ਕਰੇ ਅਗੇ ਵਧ, ਆਪ ਆਪਣਾ ਸੀਸ ਝੁਕਾਈਆ । ਰਿਸ਼ੀਆਂ ਦਾ ਪੂਰਾ ਕਰ ਕੇ ਯੱਗ, ਜਗ ਜੀਵਣ ਦਾਤੇ ਦਿਤੀ ਵਡਿਆਈਆ । ਭਗਤ ਸੁਹੇਲੇ ਲਏ ਲੱਭ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਕੰਨਿਆਂ ਦੇ ਕਾਰਜ ਪੂਰੇ ਕਰ ਕੇ ਹੱਬ, ਹਮਸਾਜਣ

ਹੋ ਕੇ ਨਜ਼ਰੀ ਆਈਆ । ਫ਼ਰੀਦ ਦਾ ਪਿਆਰ ਯਾਦ ਆਇਆ ਝੱਬ, ਲਹਿਰ ਲਹਿਰ ਵਿਚੋਂ ਪਰਗਟਾਈਆ । ਧਰਨੀ ਧਰਤ ਧੌਲ ਉਤੇ ਆਇਆ ਭੱਜ, ਬਿਨ ਭਜਨ ਬੰਦਗੀ ਸੋਭਾ ਪਾਈਆ । ਚਰਨ ਕਵਲ ਨਾਲ ਸਹਿਜੇ ਦਿਤਾ ਦੱਬ, ਸੋਈ ਸੁਰਤੀ ਆਲਸ ਨਿੰਦਰਾ ਵਿਚੋਂ ਲਈ ਉਠਾਈਆ । ਦਰਸ਼ਨ ਕਰ ਅੱਬ, ਅਬਚਲ ਦਾ ਮਾਲਕ ਸੋਭਾ ਪਾਈਆ । ਜਿਸ ਦਾ ਗੁਰਮੁਖ ਬੂਟਾ ਰਿਹਾ ਫਬ, ਬ੍ਰਹਮ ਪਿਆਰ ਵਿਚੋਂ ਲਹਿਰਾਈਆ । ਬਾਵਨ ਹੋਇਆ ਗਦ ਗਦ, ਖ਼ੁਸ਼ੀ ਖ਼ੁਸ਼ੀ ਵਿਚੋਂ ਬਦਲਾਈਆ । ਧਰਨੀ ਦੀ ਸੋਹਣੀ ਲੱਗੀ ਹੱਦ, ਜਿਥੇ ਬੈਠਾ ਸੋਭਾ ਪਾਈਆ । ਜੋਤੀ ਧਾਰ ਹੋ ਕੇ ਰਿਹਾ ਜਗ, ਜਾਗਰਤ ਜੋਤ ਹੋ ਕੇ ਕਰੇ ਰੁਸ਼ਨਾਈਆ । ਸੰਤ ਸੁਹੇਲੇ ਰਿਹਾ ਸੱਦ, ਸ਼ਬਦ ਅਗੰਮੀ ਹੁਕਮ ਜਣਾਈਆ । ਆਪਣਾ ਲੇਖਾ ਲੈਣ ਅਗੇ ਵਧ, ਬਿਨ ਕ਼ਦਮਾਂ ਕ਼ਦਮ ਬਦਲਾਈਆ । ਦੇਵਣਹਾਰ ਵਡਿਆਈ ਉਪਰ ਜਗ, ਜਗ ਜੀਵਣ ਦਾਤਾ ਇਕ ਅਖਵਾਈਆ । ਸਚ ਭੰਡਾਰੇ ਦਾ ਪੂਰਨ ਹੋਇਆ ਜਗ, ਜਗਹ ਵਿਚੋਂ ਜਗ੍ਗਾ ਬਜਗ੍ਗ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਗ੍ਗਾ ਕਹੇ ਮੈਂ ਜਗਦੀ ਵੇਖੀ ਜੋਤ, ਧਰਨੀ ਖ਼ੁਸ਼ੀ ਗ਼ਮੀ ਵਿਚੋਂ ਬਦਲਾਈਆ । ਮੇਰਾ ਦਵਾਰਾ ਸੁਹਾਇਆ ਸੋਹਣਾ ਕੋਟ, ਕੁਟੰਬ ਭਗਤਾਂ ਨਜ਼ਰੀ ਆਈਆ । ਜਗਤ ਸੁੱਤੀ ਨੂੰ ਲੱਗੀ ਚੋਟ, ਚੋਟੀ ਚੜ੍ਹ ਕੇ ਲਿਆ ਉਠਾਈਆ । ਮੇਰੇ ਹਿਲਣ ਨਹੀਂ ਦਿਤੇ ਹੋਂਠ, ਅੰਦਰੇ ਅੰਦਰ ਦਿਤਾ ਸਮਝਾਈਆ । ਮੈਂ ਓਥੇ ਗਈ ਗਈ ਪਹੁੰਚ, ਜਿਥੇ ਸੰਤ ਸੁਹੇਲੇ ਡੇਰਾ ਲਾਈਆ । ਪ੍ਰਭ ਦਾ ਦਰਸ਼ਨ ਕਰਦੇ ਰੋਜ਼, ਰੋਜ਼ਾ ਨਿਮਾਜ਼ ਬਾਂਗ ਦੀ ਸ਼ਰਅ ਗਏ ਗਵਾਈਆ । ਪ੍ਰੇਮ ਦੀ ਮਾਨਣ ਮੌਜ, ਮਜਲਸ ਬਹਿ ਕੇ ਖ਼ੁਸ਼ੀ ਮਨਾਈਆ । ਮਨ ਦੀ ਗਈ ਸੋਚ, ਸਮਝ ਦਿਤੀ ਮੁਕਾਈਆ । ਇਕੋ ਦਰਸ਼ਨ ਰਹੇ ਲੋਚ, ਲੋਚਨ ਅੰਤਰ ਅੱਖ ਖੁਲ੍ਹਾਈਆ । ਰਸਨਾ ਹੋਈ ਖ਼ਾਮੋਸ਼, ਪੜ੍ਹਨ ਲਿਖਣ ਦਾ ਲੇਖਾ ਗਈ ਮੁਕਾਈਆ । ਮਧ ਖ਼ੁਮਾਰੀ ਵਿਚ ਹੋ ਕੇ ਮਦਹੋਸ਼, ਮਧ ਪ੍ਰਭ ਦਾ ਨਾਮ ਨਜ਼ਰੀ ਆਈਆ । ਇਕੋ ਤੱਕ ਕੇ ਸਾਚੀ ਓਟ, ਓੜਕ ਓਸੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਹਿਣਾ ਰਿਹਾ ਚੁਕਾਈਆ । ਧਰਨੀ ਕਹੇ ਮੇਰੀ ਨਿਮਸਕਾਰ, ਨਮੋ ਨਮੋ ਸੀਸ ਨਿਵਾਈਆ । ਫ਼ਰੀਦ ਕਹੇ ਮੈਂ ਕਰਿਆ ਦੀਦਾਰ, ਹਾਜ਼ਰ ਹਜ਼ੂਰ ਸੋਭਾ ਪਾਈਆ । ਬਾਵਨ ਕਹੇ ਮੇਰਾ ਲੱਥਾ ਉਧਾਰ, ਪਤਿਤ ਪਾਵਨ ਵੇਸ ਵਟਾਈਆ । ਲਹਿਣਾ ਦੇਣਾ ਓਸ ਕੰਨਿਆਂ ਚੁੱਕਿਆ ਸੰਸਾਰ, ਜਿਸ ਦਾ ਸੰਸਾਰੀ ਭੰਡਾਰੀ ਲੇਖਾ ਨਾ ਕੋਇ ਮੁਕਾਈਆ । ਕਿਰਪਾ ਕੀਤੀ ਪੁਰਖ ਅਕਾਲ, ਅਕਲ ਕਲਧਾਰੀ ਹੋ ਕੇ ਵੇਖ ਵਖਾਈਆ । ਭਾਗ ਲਗਾ ਕੇ ਸਾਚੀ ਧਰਨੀ ਧਰਤ ਧਵਲ ਧਰਮਸਾਲ, ਮਿਹਰ ਨਜ਼ਰ ਇਕ ਉਠਾਈਆ । ਭਗਤ ਸੰਤ ਗੁਰਮੁਖ ਗੁਰਸਿਖ ਲਏ ਬਹਾਲ, ਬਹਾਲੀ ਲੱਖ ਚੁਰਾਸੀ ਵਿਚੋਂ ਆਪ ਕਰਾਈਆ । ਅਗੇ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਆਵਣ ਜਾਵਣ ਤੋੜ ਜੰਜਾਲ, ਕੂੜਾ ਬੰਧਨ ਦਏ ਕਟਾਈਆ । ਸੁਣਨਹਾਰ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਫੇਰਾ ਪਾਈਆ । ਕਰਨਹਾਰ ਸਦਾ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਦੀਨਾਂ ਬੰਧਪ ਹੋ ਕੇ ਦੀਨ ਦਿਆਲ, ਦੀਨਨ ਆਪਣੀ ਗੋਦ ਉਠਾਈਆ । ਧਰਨੀ ਦਾ ਹਿੱਸਾ ਝੋਲੀ ਦਿਤਾ ਡਾਲ, ਪੱਤ ਡਾਲੀ ਆਪਣਾ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਉਠਾਈਆ । ਪੜਦਾ ਓਹਲਾ ਰਿਹਾ ਚੁੱਕ, ਚਾਰ ਕੁੰਟ ਕਰੇ ਰੁਸ਼ਨਾਈਆ । ਕਵਾਰ ਕੰਨਿਆਂ ਦਾ ਪੂਰਬ ਲਹਿਣਾ ਗਿਆ ਮੁਕ, ਬਾਵਨ ਖ਼ੁਸ਼ੀ ਵਖਾਈਆ । ਗੁਰਦਰਸ਼ਨ ਸਤਿਗੁਰ

ਵਿਛੋੜੇ ਦਾ ਰਹੇ ਨਾ ਅਗੇ ਦੁੱਖ, ਬਿਨ ਜਗਤ ਨੈਣ ਦਿਵਸ ਰੈਣ ਨਜ਼ਰੀ ਆਈਆ । ਮਨ ਵਾਸਨਾ ਮਿਟੇ ਭੁੱਖ, ਜਗਤ ਤ੍ਰਿਸ਼ਨਾ ਨਾ ਕੋਇ ਤਪਾਈਆ । ਮਿਲੇ ਮੇਲ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਆਪ ਕਰਾਈਆ । ਸਦਾ ਸੁਹੰਜਣੀ ਹੋਵੇ ਰੁੱਤ, ਮੌਲਾ ਹੋਕੇ ਆਪ ਮਹਿਕਾਈਆ । ਨਿਰਗੁਣ ਧਾਰ ਬਦਲ ਕੇ ਆਇਆ ਰੁਖ਼, ਮਾਣਸ ਮਨੁੱਖ ਸਮਝ ਕੋਇ ਨਾ ਪਾਈਆ । ਜਨ ਭਗਤ ਸਾਚੇ ਸੰਤ ਗੁਰਮੁਖ ਗੁਰਸਿਖ ਸੂਫ਼ੀ ਫ਼ਕੀਰ ਬਣਾ ਕੇ ਆਪਣੇ ਸੁਤ, ਅਪਰਾਧ ਕੋਟਨ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਸ਼ਬਦੀ ਧਾਰ ਸਚ ਦਵਾਰ ਗਿਆ ਪੁੱਜ, ਜਿਥੇ ਫ਼ਰੀਦ ਬਹਿ ਕੇ ਨੌ ਦਿਨ ਰਹਿ ਕੇ ਕੱਟੀ ਭੁੱਖ, ਭੁੱਖ ਵਿਚੋਂ ਫ਼ਾਕਾ, ਫ਼ਾਕੇ ਵਿਚੋਂ ਖੁਲ੍ਹਿਆ ਤਾਕਾ, ਤਾਕੇ ਵਿਚੋਂ ਮਿਲਿਆ ਆਕਾ, ਆਕ਼ੇ ਨਾਲ ਮਿਲ ਕੇ ਭੁਲਿਆ ਪਿਛਲਾ ਮਾਪਾ, ਬਣਿਆ ਧੁਰ ਦਾ ਸਾਥਾ, ਪਰਮ ਪੁਰਖ ਸਮਰਾਥਾ, ਜੋ ਆਦਿ ਜੁਗਾਦਿ ਜੁਗ ਚੌਕੜੀ ਜਣਾਏ ਆਪਣੀ ਗਾਥਾ, ਖਾਣੀ ਬਾਣੀ ਚਲਾਏ ਰਾਥਾ, ਲਹਿਣਾ ਦੇਣਾ ਚੁਕਾਏ ਹਾਥੋ ਹਾਥਾ, ਹੋਏ ਸਹਾਈ ਨਾਥ ਅਨਾਥਾ ਘਟ ਭੀਤਰ ਲੱਖ ਚੁਰਾਸੀ ਅੰਦਰ ਰਖੇ ਵਾਸਾ, ਨਿਰਗੁਣ ਜੋਤ ਕਰੇ ਪਰਕਾਸ਼ਾ, ਬਿਨ ਗੁਰ ਅਵਤਾਰ ਪੈਗ਼ੰਬਰ ਸ਼ਬਦ ਅਗੰਮੀ ਦੱਸੇ ਕਿਸੇ ਨਾ ਭਾਸ਼ਾ, ਅੱਖਰਾਂ ਵਾਲੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਰੇ ਪੜ੍ਹਾਈਆ । ਭਗਤ ਫੁਲਵਾੜੀ ਦਾ ਸੋਹਣਾ ਬਾਗ਼ੀਚਾ, ਮਾਲੀ ਰਖਕ ਇਕੋ ਨਜ਼ਰੀ ਆਈਆ । ਬੂਟਾ ਦਿਸੇ ਨਾ ਊਚਾ ਨੀਚਾ, ਰਾਓ ਰੰਕਾਂ ਇਕੋ ਰੰਗ ਰੰਗਾਈਆ । ਆਤਮ ਪਰਮਾਤਮ ਦਾ ਬਣੇ ਸਾਚਾ ਮੀਤਾ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਸਤਿ ਸਤਿਵਾਦੀ ਦੱਸੇ ਸਾਚਾ ਗੀਤਾ, ਏਕੰਕਾਰ ਇਕੋ ਏਕ ਕਰੇ ਪੜ੍ਹਾਈਆ । ਤ੍ਰੈਗੁਣ ਮਾਇਆ ਤਪਣ ਨਾ ਦੇਵੇ ਅੰਗੀਠਾ, ਅੰਮ੍ਰਿਤ ਮੇਘ ਦੇਵੇ ਬਰਸਾਈਆ । ਝਗੜਾ ਮੁਕਾਏ ਹਸਤ ਕੀਟਾ, ਕੂੜ ਕੁਟੰਬ ਦਏ ਖਪਾਈਆ । ਸਤਿ ਧਰਮ ਚਲਾ ਕੇ ਰੀਤਾ, ਰੀਤੀਵਾਨ ਵੇਖ ਵਖਾਈਆ । ਖੇਲੇ ਖੇਲ ਤ੍ਰੈਗੁਣ ਅਤੀਤਾ, ਤ੍ਰੈਭਵਨ ਅਵਣ ਗਵਣ ਖੋਜ ਖੁਜਾਈਆ । ਜਨ ਭਗਤਾਂ ਸਾਚਾ ਕਲਮਾ ਦੱਸੇ ਹਦੀਸਾ, ਹਜ਼ਰਤ ਹੋ ਕੇ ਦਏ ਸਮਝਾਈਆ । ਨਿਰਗੁਣ ਨਾਮ ਨਿਧਾਨ ਦਏ ਅਨਡੀਠਾ, ਅਨਡਿਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਕਵਲ ਉਪਰ ਧਵਲ ਸਚ ਮੁਹੱਬਤ ਦੱਸੇ ਪ੍ਰੀਤਾ, ਪ੍ਰੀਤਮ ਹੋ ਕੇ ਪਾਰਬ੍ਰਹਮ ਬ੍ਰਹਮ ਆਪਣੇ ਵਿਚ ਸਮਾਈਆ ।

### ✪ ੨੪ ਹਾੜ ਸ਼ਹਿਨਸ਼ਾਹੀ ਸੰਮਤ ੨ ਊਧਮ ਸਿੰਘ ਦੇ ਗ੍ਰਹਿ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਅਗੰਮੀ ਜੱਟ, ਵਰਨ ਬਰਨ ਵੰਡ ਨਾ ਕੋਇ ਵੰਡਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਸਚਖੰਡ ਦਵਾਰ ਸਾਚਾ ਹੱਟ, ਦੋ ਜਹਾਨਾਂ ਵਸਤ ਅਮੋਲਕ ਆਪ ਵਰਤਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਦੇਵੇ ਵਥ, ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੈਗ਼ੰਬਰ ਝੋਲੀ ਆਪ ਭਰਾਈਆ । ਧੁਰ ਦੀ ਕਰਨੀ ਕਰਤਾ ਹੋ ਕੇ ਦੱਸੇ ਸਚ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਹੁਕਮ ਵਰਤਾਈਆ । ਭਾਗ ਲਗਾਏ ਕਾਇਆ ਮਾਟੀ ਪੰਜ ਤਤ ਕੱਚ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸੋਭਾ ਪਾਈਆ । ਰੰਗਣ ਰੰਗ ਚੜ੍ਹਾਏ ਹੱਡ ਮਾਸ ਨਾੜੀ ਰੱਤ, ਰਤਨ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਬੋਧ ਅਗਾਧਾ ਸ਼ਬਦ ਅਨਾਦਾ ਹੋ ਕੇ ਗਾਏ ਜਸ, ਵੇਦ ਪੁਰਾਨ ਸ਼ਾਸਤਰ ਸਿਮਰਤ ਹਕੀਕ਼ੀ ਰਾਗ ਅਲਾਈਆ ।

ਅੰਮ੍ਰਿਤ ਆਤਮ ਨਿਝਰ ਝਿਰਨਾ ਸਚ ਸਰੋਵਰ ਦੇਵੇ ਰਸ, ਰਸਤਾ ਵਾਬਸਤਾ ਹੋ ਕੇ ਆਪਣਾ ਆਪ ਸਮਝਾਈਆ । ਬਿਨ ਅੱਖਾਂ ਨਿਜ ਨੇਤਰ ਨੈਣ ਖੋਲ੍ਹੇ ਅੱਖ, ਪਰਤੱਖ ਰੂਪ ਨਜ਼ਰੀ ਆਏ ਗੋਸਾਈਆ । ਹਕੀਕਤ ਵਿਚੋਂ ਦੇਵੇ ਹੱਕ, ਲਾਸ਼ਰੀਕ ਪਰਵਰਦਿਗਾਰ ਜਲਵਾ ਨੂਰ ਖ਼ੁਦਾਈਆ । ਚਾਰ ਕੁੰਟ ਦਹਿ ਦਿਸ਼ਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਜਿਸ ਨੂੰ ਰਹੀ ਲੱਭ, ਮਨ ਮਤ ਬੁਧ ਭੱਜੇ ਵਾਹੋ ਦਾਹੀਆ । ਤਿਸ ਦਾ ਮੇਲਾ ਨਿਰਗੁਣ ਧਾਰ ਸਰਗੁਣ ਨਾਲ ਸਬੱਬ, ਕਰੇ ਖੇਲ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਜੱਟ ਇਕ ਅਖਵਾਈਆ । ਧੁਰ ਦਾ ਜੱਟ ਪੁਰਖ ਅਕਾਲ, ਅਕਲ ਕਲਧਾਰੀ ਖੇਲ ਖਿਲਾਇੰਦਾ । ਜੋ ਵਸੇ ਸਚਖੰਡ ਸੱਚੀ ਧਰਮਸਾਲ, ਮੁਕਾਮੇ ਹੱਕ ਡੇਰਾ ਲਾਇੰਦਾ । ਜਿਸ ਨੂੰ ਪੋਹ ਨਾ ਸਕੇ ਕਾਲ, ਜਨਮ ਮਰਨ ਰੂਪ ਨਾ ਕੋਇ ਬਦਲਾਇੰਦਾ । ਸ਼ਬਦ ਗੁਰੂ ਬਣ ਦਲਾਲ, ਦੋ ਜਹਾਨਾਂ ਖੇਲ ਖਿਲਾਇੰਦਾ । ਸੰਤ ਸੁਹੇਲੇ ਭਗਤ ਭਗਵੰਤ ਲਏ ਭਾਲ, ਲੱਖ ਚੁਰਾਸੀ ਵਿਚੋਂ ਫੋਲ ਫੁਲਾਇੰਦਾ । ਸਾਚਾ ਮੰਤਰ ਅੰਤਰ ਦੱਸ ਸੁਖਾਲ, ਨਿਰੰਤਰ ਨਿਰਵੈਰ ਨਿਰਾਕਾਰ ਆਪਣਾ ਪੜਦਾ ਲਾਹਿੰਦਾ । ਮਾਇਆ ਮਮਤਾ ਤੋੜ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਵੇਖਣਹਾਰ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਇੰਦਾ । ਸਾਚਾ ਜੱਟ ਪੁਰਖ ਅਗੰਮ, ਅਲਖ ਅਗੋਚਰ ਵੱਡੀ ਵਡਿਆਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਕਦੇ ਨਾ ਪਏ ਜੰਮ, ਤਤਵ ਤਤ ਨਾ ਕੋਇ ਰਖਾਈਆ । ਹਰਖ਼ ਸੋਗ ਰਹੇ ਨਾ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਪਵਣ ਸਵਾਸ ਨਾ ਲਏ ਦਮ, ਰਸਨਾ ਜਿਹਵਾ ਨਾ ਕੋਇ ਹਲਕਾਈਆ । ਨਿਹਕਰਮੀ ਹੋ ਕੇ ਜਾਣੇ ਆਪਣਾ ਕੰਮ, ਕਰਨੀ ਦਾ ਕਰਤਾ ਆਪਣੇ ਹੱਥ ਰਖੇ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਦੇਵੇ ਬੇੜਾ ਬੰਨ੍ਹ, ਖੇਵਟ ਖੇਟਾ ਹੋ ਕੇ ਭੱਜੇ ਥਾਉਂ ਥਾਈਆ । ਕਰ ਪਰਕਾਸ਼ ਸੂਰਜ ਚੰਨ, ਨੂਰੀ ਜਲਵਾ ਇਕ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਰਾਏ ਧੰਨ ਧੰਨ, ਸ਼ਬਦ ਅਨਾਦੀ ਨਾਦ ਕਰ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਜਨਨੀ ਜਨ, ਪੜਦਾ ਉਹਲਾ ਦਏ ਚੁਕਾਈਆ । ਸ਼ਬਦੀ ਜੱਟ ਸ੍ਰੀ ਭਗਵੰਤ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਜੋ ਲੱਖ ਚੁਰਾਸੀ ਆਤਮ ਪਰਮਾਤਮ ਧੁਰ ਦਾ ਕੰਤ, ਕੰਤੂਹਲ ਨਜ਼ਰੀ ਆਈਆ । ਕਾਇਆ ਚੋਲੀ ਚਾੜ੍ਹਨਹਾਰਾ ਰੰਗ ਬਸੰਤ, ਲੋਕਮਾਤ ਉਤਰ ਕਦੇ ਨਾ ਜਾਈਆ । ਗੜ੍ਹ ਤੋੜਨਹਾਰਾ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਨਿਰਅੱਖਰ ਨਿਰਵੈਰ ਹੋ ਕੇ ਦਏ ਸਮਝਾਈਆ । ਦੂਸਰ ਘਰ ਕਰਨੀ ਨਾ ਪਏ ਨਾ ਹਿੰਮਤ, ਹਿੰਮਤ ਅੰਦਰੇ ਅੰਦਰ ਵਧਾਈਆ । ਲੱਭਣਾ ਪਏ ਨਾ ਉੱਤਰ ਪੂਰਬ ਪੱਛਮ ਦੱਖਣ ਸਿੰਮਤ, ਸਾਚੇ ਘਰ ਗ੍ਰਿਹਿ ਮੰਦਰ ਨਜ਼ਰੀ ਆਈਆ । ਮਨ ਵਾਸਨਾ ਵਿਕਾਰ ਵਿਚ ਕਰੇ ਨਾ ਕੋਇ ਇੱਲਤ, ਦਹਿ ਦਿਸ਼ਾ ਨਾ ਕੋਇ ਹਲਕਾਈਆ । ਮਿਹਰਵਾਨ ਹੋ ਕੇ ਮੁਹੱਬਤ ਵਿਚ ਦੇਵੇ ਖ਼ਿਲਤ, ਸਿਰ ਆਪਣਾ ਹੱਥ ਟਿਕਾਈਆ । ਜਗਤ ਵਾਸਨਾ ਹੋਣ ਨਾ ਦੇਵੇ ਜ਼ਿੱਲਤ, ਖਵਾਰੀ ਅੰਦਰੋਂ ਬਾਹਰ ਕਢਾਈਆ । ਕੂੜੀ ਕਿਰਿਆ ਮੇਟੇ ਜਗਤ ਵਾਸਨਾ ਨਿੰਦਿਆ ਨਿੰਦਕ, ਦੁਰਾਚਾਰ ਵਿਭਚਾਰ ਕਰ ਪਿਆਰ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਾਚਾ ਜੱਟ ਸ੍ਰੀ ਭਗਵਾਨ, ਜਟਾ ਜੂਟ ਨਜ਼ਰ ਕੋਇ ਨਾ ਆਈਆ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਕਰਨ ਪਰਵਾਨ, ਪਰਵਾਨੇ ਦੇ ਕੇ ਸਭ ਨੂੰ ਰਿਹਾ ਸਮਝਾਈਆ । ਗੁਰ ਅਵਤਾਰ ਪੈਗ਼ੰਬਰਾਂ ਦੇਵੇ ਦਾਨ, ਸ਼ਬਦੀ ਢੋਲਾ ਕਲਮਾ ਕਾਇਨਾਤ ਇਕ ਸੁਣਾਈਆ ।

ਵੇਖਣਹਾਰਾ ਮਾਰ ਝਾਤ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਚ ਦਵਾਰੇ ਸੋਭਾ ਪਾਈਆ । ਨਾਮ ਪਦਾਰਥ ਵਸਤ ਅਮੋਲਕ ਅਗੰਮੀ ਦੇਵੇ ਦਾਤ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਵੇਖਣਹਾਰਾ ਖੇਲ ਤਮਾਸ਼, ਜੁਗ ਚੌਕੜੀ ਵੇਸ ਵਟਾਈਆ । ਧੰਨੇ ਦੀ ਪੁਛਣਹਾਰਾ ਬਾਤ, ਪਾਹਨ ਪਾਥਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਸਮਝਾਈਆ । ਸਾਚਾ ਜੱਟ ਸ਼ਬਦ ਗੁਰਦੇਵ, ਸਵਾਮੀ ਇਕੋ ਨਜ਼ਰੀ ਆਈਆ । ਜਿਸ ਦੀ ਧੰਨਾ ਕਰਦਾ ਸੇਵ, ਸੇਵਕ ਹੋ ਕੇ ਸੇਵ ਕਮਾਈਆ । ਉਹ ਵਸੇ ਧਾਮ ਨਿਹਕੇਵ, ਨਿਹਚਲ ਆਪਣਾ ਡੇਰਾ ਲਾਈਆ । ਬੁਧੀ ਪਾਵੇ ਕੋਈ ਨਾ ਭੇਵ, ਅਨੁਭਵ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਸਾਚਾ ਜੱਟ ਸਾਹਿਬ ਸੁਲਤਾਨ, ਪਰਮ ਪੁਰਖ ਇਕ ਅਖਵਾਇੰਦਾ । ਆਦਿ ਜੁਗਾਦੀ ਮਿਹਰਵਾਨ, ਜੁਗ ਜੁਗ ਵੇਖ ਵਖਾਇੰਦਾ । ਧੰਨਾ ਜੱਟ ਕਰ ਪਰਵਾਨ, ਠਾਕਰ ਆਪਣਾ ਪੜਦਾ ਲਾਹਿੰਦਾ । ਪੂਰਬ ਜਨਮ ਦਾ ਦੇ ਕੇ ਦਾਨ, ਖ਼ਾਲੀ ਝੋਲੀ ਆਪ ਭਰਾਇੰਦਾ । ਮੁਹੱਬਤ ਪਿਆਰ ਵਿਚ ਬਣ ਕਿਰਸਾਣ, ਸਾਚੀ ਕਿਰਸ ਆਪ ਕਮਾਇੰਦਾ । ਹਲ ਖੂਹਾ ਵਾਹੇ ਬਣ ਬਲਵਾਨ, ਕਿਆਰੇ ਮੋੜ ਤੋੜ ਜੋੜ ਨਿਭਾਇੰਦਾ । ਅੰਤਰ ਅੰਤਰ ਦੇ ਕੇ ਬ੍ਰਹਮ ਗਿਆਨ, ਸਾਚੀ ਵਿਦਿਆ ਇਕ ਸਮਝਾਇੰਦਾ । ਮਨ ਵਾਸਨਾ ਰਹੇ ਨਾ ਕੋਇ ਸ਼ੈਤਾਨ, ਸ਼ਰਅ ਕੂੜੀ ਮੇਟ ਮਿਟਾਇੰਦਾ । ਜਿਧਰ ਵੇਖੇ ਨਜ਼ਰੀ ਆਏ ਨੌਜਵਾਨ, ਨੌਬਤ ਹੱਕ ਹੱਕ ਸੁਣਾਇੰਦਾ । ਲੇਖੇ ਲਾ ਕੇ ਪੀਣ ਖਾਣ, ਅੰਮ੍ਰਿਤ ਰਸ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਆਪ ਚੁਕਾਇੰਦਾ । ਸਾਚਾ ਜੱਟ ਸਾਹਿਬ ਸਮਰਥ, ਪੁਰਖ ਅਕਾਲਾ ਇਕ ਅਖਵਾਈਆ । ਜੋ ਭਗਤਾਂ ਦੇਵੇ

੮੪੪
੧੯

ਅਗੰਮੀ ਵਥ, ਬਿਨ ਹੱਥਾਂ ਹੱਥ ਫੜਾਈਆ । ਕਾਇਆ ਮੰਦਰ ਅੰਦਰ ਸਾਚੀ ਮੰਜ਼ਲ ਚੜ੍ਹ ਕੇ ਦੇਵੇ ਰਖ, ਜਿਥੇ ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਜਗਤ ਵੇਖਣ ਵਾਲੀ ਹੋਵੇ ਕੋਈ ਨਾ ਅੱਖ, ਬੁਧੀ ਸਮਝ ਕੋਇ ਨਾ ਆਈਆ । ਇਕੋ ਨੂਰ ਜੋਤ ਪਰਕਾਸ਼, ਨੂਰੋ ਨੂਰ ਨੂਰ ਡਗਮਗਾਈਆ । ਜਿਥੇ ਭਗਤ ਭਗਵਾਨ ਦੀ ਪੂਰੀ ਹੋਵੇ ਖ਼ਾਹਿਸ਼, ਖ਼ਾਲਸ ਆਪਣਾ ਰੰਗ ਚੜ੍ਹਾਈਆ । ਆਤਮ ਪਰਮਾਤਮ ਹੋਵੇ ਸਾਥ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗ੍ਰਿਹਿ ਵੇਖ ਵਖਾਈਆ । ਸਾਚਾ ਜੱਟ ਬਣਿਆ ਇਕ ਧੰਨਾ, ਧਨ ਧਨਾਢ ਨਜ਼ਰ ਕੋਇ ਨਾ ਆਈਆ । ਜਿਸ ਨੇ ਧੁਰ ਦਾ ਹੁਕਮ ਮੰਨਾ, ਮਨ ਵਾਸਨਾ ਦਿਤੀ ਤਜਾਈਆ । ਜਗਤ ਨੇਤਰ ਹੀਣ ਹੋ ਕੇ ਅੰਨ੍ਹਾ, ਨਿਜ ਨੈਣ ਅੱਖ ਖੁਲ੍ਹਾਈਆ । ਅਬਿਨਾਸ਼ੀ ਕਰਤਾ ਨਿਰਗੁਣ ਸਰਗੁਣ ਹੋ ਕੇ ਆਇਆ ਭੰਨਾ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪੰਧ ਮੁਕਾਈਆ । ਆ ਕੇ ਵੇਖਿਆ ਜਗਤ ਕਿਸਾਨ ਦਾ ਬੰਨਾ, ਖੇਤ ਕਿਆਰੇ ਸੰਸਾਰੀ ਵੰਡ ਵੰਡਾਈਆ । ਕੋਲ ਬਹਿ ਕੇ ਖੂਹ ਦੇ ਚੰਨਾ, ਚੰਨ ਆਪਣਾ ਕੀਤਾ ਰੁਸ਼ਨਾਈਆ । ਭਾਗ ਲਗਾ ਕੇ ਕਾਇਆ ਮਾਟੀ ਤਨਾਂ, ਤਤਵ ਤਤ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚਾ ਜੱਟ ਕਰੇ ਸਾਚੀ ਕਿਰਸ, ਮਿਹਨਤ ਸਤਿਗੁਰ ਝੋਲੀ ਪਾਈਆ । ਸ਼ਬਦ ਗੁਰੂ ਮੇਟੇ ਹਿਰਸ, ਹਵਸ ਅਗਲੀ ਦਏ ਮਿਟਾਈਆ । ਪੁਰਖ ਅਕਾਲ ਕਰੇ ਤਰਸ, ਮਿਹਰ ਨਜ਼ਰ ਨਾਲ ਤਕਾਈਆ । ਘਰ ਸਵਾਮੀ ਆ ਕੇ ਦੇਵੇ ਦਰਸ, ਪਾਥਰ ਪਾਹਨ ਦੀ ਲੋੜ ਰਹੀ ਨਾ ਰਾਈਆ । ਜਨਮ ਜਨਮ ਦੀ ਮੁਕੀ ਭਟਕ, ਅਟਕ ਅਗੇ ਨਾ ਕੋਇ ਵਖਾਈਆ । ਕੂੜ ਕੁੜਿਆਰ ਰਿਹਾ ਨਾ ਅੰਦਰ ਕਟਕ, ਨਾਤਾ ਝੂਠਾ ਦਿਤਾ ਮੁਕਾਈਆ । ਆਤਮ ਪਰਮਾਤਮ

੮੪੪
੧੯

ਪਰਮਾਤਮ ਆਤਮ ਦਵੈਤ ਦਵੇਸ਼ ਰਿਹਾ ਨਾ ਫ਼ਰਕ, ਰੰਗ ਇਕੋ ਦਿਤਾ ਚੜ੍ਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕਰ ਕੇ ਤਰਕ, ਤੁਰਤ ਆਪਣੇ ਨਾਲ ਮਿਲਾਈਆ । ਭੁੱਖੇ ਦਾ ਭੁੱਖਿਆਂ ਵਾਲਾ ਫੇਰ ਰਹਿਣ ਨਾ ਦਿਤਾ ਵਰਤ, ਨਾਮ ਭੰਡਾਰ ਏਕੰਕਾਰ ਇਕੋ ਲਿਆ ਛਕਾਈਆ । ਅਗੇ ਲਾ ਕੇ ਗਿਆ ਸ਼ਰਤ, ਸ਼ਰਅ ਦੀ ਸ਼ਰੀਅਤ ਦਿਤੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਈਆ । ਸਾਚਾ ਜੱਟ ਜ਼ਬਰਦਸਤ, ਸਤਿਗੁਰ ਸ਼ਬਦੀ ਨਜ਼ਰੀ ਆਈਆ । ਜਿਸ ਦਾ ਖੇਲ ਕੀਟ ਹਸਤ, ਹਸਤੀ ਸਭ ਦੀ ਦਏ ਬਦਲਾਈਆ । ਜੋ ਵਿਸ਼ਨ ਬ੍ਰਹਮਾ ਸ਼ਿਵ ਦੇਵਣਹਾਰਾ ਰਸਦ, ਭੰਡਾਰਾ ਧੁਰ ਦਾ ਇਕ ਵਰਤਾਈਆ । ਭਗਤ ਭਗਵਾਨ ਨਾਮ ਖ਼ੁਮਾਰੀ ਵਿਚ ਰਖੇ ਮਸਤ, ਮਸਤ ਦੀਵਾਨੇ ਲਏ ਬਣਾਈਆ । ਕੂੜੀ ਕਿਰਿਆ ਰਹਿਣ ਨਾ ਦੇਵੇ ਅੰਦਰ ਹਸਦ, ਵਿਕਾਰ ਹੰਕਾਰ ਦੇਵੇ ਕਢਾਈਆ । ਮਨ ਮਮਤਾ ਮੇਟੇ ਆਤਸ਼, ਅਗਨੀ ਅੱਗ ਨਾ ਕੋਇ ਜਲਾਈਆ । ਸਾਚਾ ਹੁਕਮ ਦੇਵੇ ਸਖ਼ਤ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਕਲਜੁਗ ਵੇਲਾ ਆਵੇ ਵਕਤ, ਅੰਤ ਅਖ਼ੀਰ ਬੇਨਜ਼ੀਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਓਹਲਾ ਪੜਦਾ ਰਿਹਾ ਚੁਕਾਈਆ । ਧੰਨਾ ਜੱਟ ਮੂਰਖ ਨਾ ਜਾਣੋ ਗਵਾਰ, ਮਨਸਾ ਮਨ ਹੀ ਮਾਂਹਿ ਸਮਾਈਆ । ਦਿਵਸ ਰੈਣ ਅੱਠੇ ਪਹਿਰ ਮੰਗੇ ਦੀਦਾਰ, ਬਿਨ ਲੋਚਨ ਨੈਣ ਅੱਖ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਗਾਉਂਦਾ ਰਹੇ ਸਾਚੀ ਵਾਰ, ਵਾਰਤਾ ਇਕੋ ਇਕ ਅਲਾਈਆ । ਘਰ ਮੰਦਰ ਸੋਹੇ ਠਾਕਰ ਠਾਕਰ ਦਵਾਰ, ਠੋਕਰ ਆਪਣਾ ਨਾਮ ਲਗਾਈਆ । ਬੰਦ ਕਿਵਾੜੀ ਖੁਲ੍ਹੇ ਕਿਵਾੜ, ਬਜਰ ਕਪਾਟੀ ਪਾਰ ਨਜ਼ਰੀ ਆਈਆ । ਅੰਮ੍ਰਿਤ ਬਖ਼ਸ਼ੇ ਠੰਡਾ ਠਾਰ, ਧੁਰ ਦਾ ਝਿਰਨਾ ਇਕ ਝਿਰਾਈਆ । ਸ਼ਬਦ ਅਗੰਮੀ ਵੱਜੇ ਨਾਦ, ਅਨਹਦ ਨਾਦੀ ਨਾਦ ਸ਼ਨਵਾਈਆ । ਪਰਮ ਪੁਰਖ ਦੀ ਆਵੇ ਯਾਦ, ਦੂਜਾ ਗੁਣ ਨਾ ਕੋਇ ਵਡਿਆਈਆ । ਸੁਰਤੀ ਸ਼ਬਦ ਹੋਵੇ ਬਿਸਮਾਦ, ਬਿਸਮਿਲ ਆਪਣਾ ਰੰਗ ਕਰਾਈਆ । ਸਾਚਾ ਮਿਲੇ ਇਕ ਅਹਿਬਾਬ, ਮੁਹੱਬਤ ਵਿਚ ਵਡਿਆਈਆ । ਆਸਾ ਮਨਸਾ ਪੂਰੀ ਕਰੇ ਮੁਰਾਦ, ਮੁੱਦਤਾਂ ਦੇ ਵਿਛੜਿਆਂ ਦਏ ਮਿਲਾਈਆ । ਘਰ ਸਵਾਮੀ ਆ ਕੇ ਸੁਣੇ ਫ਼ਰਿਆਦ, ਫ਼ੈਸਲਾ ਹੱਕ ਦਏ ਕਰਾਈਆ । ਅੰਤਰ ਅੰਦਰ ਪ੍ਰੇਮ ਪਿਆਰ ਦੀ ਪੁਰਖ ਅਕਾਲ ਸੁਣੀ ਇਕ ਆਵਾਜ਼, ਭੱਜਾ ਵਾਹੋ ਦਾਹੀਆ । ਨਾਤਾ ਤੋੜ ਜਗਤ ਸਮਾਜ, ਜਗਤ ਸਮਗਰੀ ਪਰੇ ਹਟਾਈਆ । ਭਗਤ ਭਗਵਾਨ ਦਾ ਸਾਚਾ ਦੱਸ ਰਿਵਾਜ, ਰਵਾਇਤ ਕਰ ਕੇ ਕਫ਼ਾਇਤ ਕਰ ਕੇ ਅਨਾਇਤ ਵਿਚ ਆਸ਼ਾ ਪੂਰ ਕਰਾਈਆ । ਦੁਰਮਤ ਮੈਲ ਧੋ ਕੇ ਦਾਗ਼, ਪਤਿਤ ਪੁਨੀਤ ਦਿਤਾ ਬਣਾਈਆ । ਨੂਰੀ ਜੋਤ ਜਗਾ ਚਿਰਾਗ਼, ਕਾਇਆ ਮੰਦਰ ਕਰੇ ਰੁਸ਼ਨਾਈਆ । ਨਾਮ ਪਦਾਰਥ ਦੇ ਕੇ ਖਾਜ, ਭੋਗ ਬਾਹਰੋਂ ਦਿਤਾ ਲਗਾਈਆ । ਸੇਵਕ ਸੇਵਾਦਾਰ ਬਣ ਕੇ ਚਾਕ, ਮੱਝੀ ਛੇੜ ਹਲ ਵਾਹ ਖ਼ੁਸ਼ੀ ਰਖਾਈਆ । ਚਾਰ ਜੁਗ ਵਿਚ ਇਕ ਵਾਰ ਧੰਨੇ ਨਾਲ ਮਿਲਣ ਦਾ ਹੋਇਆ ਇਤਫ਼ਾਕ, ਦੂਜਾ ਧੰਨਾ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਜੁਗ ਚੌਕੜੀ ਲਹਿਣਾ ਦੇਣਾ ਸਭ ਦਾ ਕਰੇ ਬੇਬਾਕ, ਪੁਰਖ ਅਕਾਲ ਦੀਨ ਦਿਆਲ ਦਇਆਵੰਤ ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਜੱਟ ਲਏ ਪਰਗਟਾਈਆ । ਸਾਚਾ ਜੱਟ ਏਕਾ ਸਿੱਧਾ, ਸਿਦਕ ਸਬੂਰੀ ਵਿਚ ਸਮਾਈਆ । ਜਿਸ ਨੂੰ ਪੋਹ ਨਾ ਸਕੇ ਨੌਂ ਨਿਧਾ, ਅਠਾਰਾਂ ਸਿਧਾਂ ਨੇੜ ਕੋਇ ਨਾ ਆਈਆ । ਜਿਸ ਦਾ ਸ਼ਬਦ ਗੁਰੂ ਤੀਰ ਅਣਿਆਲੇ ਨਾਲ ਵਿੱਧਾ, ਕਾਇਆ ਵਿਦਿਆਲੇ ਅੰਦਰ ਕਰੀ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਸਾਚੀ ਬਿਧਾ, ਬਿਧਨਾ ਦਾ ਲੇਖਾ ਦਿਤਾ ਚੁਕਾਈਆ । ਭਾਗ ਲਗਾ ਕੇ

ਜੀਓ ਪਿੰਡਾ, ਬ੍ਰਹਿਮੰਡ ਖੰਡ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਿਤਾ ਖੁਲ੍ਹਾਈਆ । ਧੰਨਾ ਜੱਟ ਕਹੇ ਮੈਂ ਹੋਇਆ ਧਨਾਢ, ਮਿਲੀ ਨਾਮ ਸੱਚੀ ਵਡਿਆਈਆ । ਜਿਸ ਨੇ ਖੂਹਾ ਵਾਹਿਆ ਆਜ, ਕਿਆਰੇ ਮੋੜ ਖ਼ੁਸ਼ੀ ਵਖਾਈਆ । ਮੈਂ ਓਸ ਦਾ ਹੋਇਆ ਦਾਸ, ਆਪਾ ਆਪ ਓਸੇ ਦੀ ਝੋਲੀ ਪਾਈਆ । ਮੇਰਾ ਲੇਖੇ ਲੱਗੇ ਸਵਾਸ, ਸਾਹ ਸਾਹ ਇਕੋ ਨਾਮ ਧਿਆਈਆ । ਨਿਰਗੁਣ ਜੋਤ ਹੋਵੇ ਪਰਕਾਸ਼, ਅੰਧ ਅੰਧੇਰਾ ਦਏ ਗਵਾਈਆ । ਇਕੋ ਦੱਸੇ ਜਾਪ, ਸਾਚਾ ਢੋਲਾ ਦਏ ਜਣਾਈਆ । ਰੂਹ ਬੁਤ ਦੋਵੇਂ ਕਰੇ ਪਾਕ, ਪਾਰਬ੍ਰਹਮ ਬੇਪਰਵਾਹ ਆਪਣਾ ਰੰਗ ਚੜ੍ਹਾਈਆ । ਏਥੇ ਓਥੇ ਦੋ ਜਹਾਨਾਂ ਬਣੇ ਸੱਚਾ ਬਾਪ, ਪਤਿਪਰਮੇਸ਼ਵਰ ਆਪਣੀ ਗੋਦ ਉਠਾਈਆ । ਨਾਤਾ ਜੋੜੇ ਧੁਰ ਦਾ ਸਾਕ, ਸੱਜਣ ਇਕੋ ਨਜ਼ਰੀ ਆਈਆ । ਮਿਹਰਵਾਨ ਹੋ ਕੇ ਸਿਰ ਤੇ ਰਖੇ ਹਾਥ, ਸਮਰਥ ਆਪਣੀ ਦਇਆ ਕਮਾਈਆ । ਜਿਸ ਕਾਰਨ ਧੰਨੇ ਦੇ ਆਇਆ ਪਾਸ, ਆਸ਼ਾ ਮਨਸਾ ਪੂਰ ਕਰਾਈਆ । ਜਨ ਭਗਤੋ ਗੁਰਮੁਖੋ ਜੇ ਇਹੋ ਜਿਹੀ ਸਭ ਨੂੰ ਆ ਜਾਏ ਜਾਚ, ਫਿਰ ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਸਤਿਗੁਰ ਸ਼ਬਦ ਘਰ ਘਰ ਦਾ ਲੇਖਾ ਲਿਆ ਵਾਚ, ਲਹਿਣਾ ਦੇਣਾ ਜਾਣੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਕਰਨੀ ਦਾ ਮਾਲਕ ਕੁਦਰਤ ਦਾ ਕ਼ਾਦਰ ਇਕੋ ਨਜ਼ਰੀ ਆਈਆ । ਧੰਨਾ ਬਣਨ ਦਾ ਜਿਸ ਨੂੰ ਚਾਅ, ਚਾਓ ਘਨੇਰਾ ਅੰਦਰ ਲੈਣਾ ਪਰਗਟਾਈਆ । ਸਤਿਗੁਰ ਸ਼ਬਦ ਆਪੇ ਬਣੇ ਮਲਾਹ, ਬੇੜਾ ਸ਼ੌਹ ਦਰਿਆਏ ਪਾਰ ਕਰਾਈਆ । ਕੋਟ ਜਨਮ ਦੇ ਬਖ਼ਸ਼ ਦੇਵੇ ਗੁਨਾਹ, ਪਤਿਤ ਪਾਪੀ ਲਏ ਤਰਾਈਆ । ਇਕੋ ਨਾਮ ਸੰਦੇਸ਼ਾ ਦਏ ਸੁਣਾ, ਧੁਰ ਦਾ ਢੋਲਾ ਰਾਗ ਅਲਾਈਆ । ਘਰ ਮੰਦਰ ਦਏ ਸੁਹਾ, ਕਾਇਆ ਕਾਅਬੇ ਵੱਜੇ ਵਧਾਈਆ । ਅੰਮ੍ਰਿਤ ਆਤਮ ਜਾਮ ਦਏ ਪਿਆ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਬਿਨ ਦੀਵਾ ਬਾਤੀ ਕਰੇ ਰੁਸ਼ਨਾ, ਜੋਤੀ ਜੋਤ ਡਗਮਗਾਈਆ । ਆਤਮ ਸੇਜਾ ਦਏ ਸੁਹਾ, ਸਾਹਿਬ ਸਵਾਮੀ ਹੋ ਕੇ ਵੇਖ ਵਖਾਈਆ । ਦਾਮਨਗੀਰ ਹੋ ਕੇ ਆਪਣਾ ਦਾਮਨ ਦਏ ਫੜਾ, ਸੁਰਤੀ ਸ਼ਬਦੀ ਪੱਲੂ ਗੰਢ ਫੜਾਈਆ । ਬਿਨਾ ਸੱਦਿਆਂ ਘਰ ਸਵਾਮੀ ਠਾਕਰ ਜਾਵੇ ਆ, ਠੇਕਰ ਨਾਲ ਲਏ ਉਠਾਈਆ । ਧੰਨਾ ਜੱਟ ਸ਼ਹਾਦਤ ਵਿਚ ਬਣੇ ਗਵਾਹ, ਜੋ ਗਹਿਰ ਗੰਭੀਰ ਮਿਲ ਕੇ ਖ਼ੁਸ਼ੀ ਮਨਾਈਆ । ਮਨ ਵਾਸਨਾ ਅੰਦਰੋਂ ਦਿਓ ਗਵਾ, ਕੂੜੀ ਕਿਰਿਆ ਰਹੇ ਨਾ ਰਾਈਆ । ਮਾਇਆ ਮਮਤਾ ਦਾ ਲੱਗਣ ਦਿਓ ਨਾ ਦਾਅ, ਹੰਕਾਰ ਵਿਕਾਰ ਨਾ ਕੋਇ ਵਡਿਆਈਆ । ਇਕੋ ਚਰਨ ਕਵਲ ਪੁਰਖ ਅਬਿਨਾਸ਼ੀ ਕਰੋ ਧਿਆਂ, ਸਾਹਿਬ ਸਤਿਗੁਰ ਹੋਏ ਸਹਾਈਆ । ਜਿਸ ਵੇਲੇ ਚਾਹੋ ਨਿਜ ਨੇਤਰ ਦਰਸ਼ਨ ਲਵੋ ਪਾ, ਅੱਖ ਪਰਤੱਖ ਸਾਖਿਆਤ ਸਤਿ ਸਰੂਪ ਨਜ਼ਰੀ ਆਈਆ । ਆਪਣਾ ਹੱਕ ਸਚ ਦਵਾਰੇ ਲਓ ਜਣਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਧੁਰ ਦਾ ਹਿੱਸਾ ਵੰਡ ਵੰਡਾਈਆ । ਆਤਮ ਹੋ ਕੇ ਪਰਮਾਤਮ ਨਾਲੋਂ ਕਦੇ ਨਾ ਹੋਵੇ ਜੁਦਾ, ਬ੍ਰਹਮ ਹੋ ਕੇ ਪਾਰਬ੍ਰਹਮ ਵਿਚ ਸਮਾਈਆ । ਇਹੋ ਧੰਨੇ ਦਾ ਬਿਨ ਧਨ ਤੋਂ ਸੱਚਾ ਰਾਹ, ਮਾਰਗ ਚਲ ਕੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਿਹ ਮੰਦਰ ਅੰਦਰ ਪੜਦਾ ਦਏ ਉਠਾਈਆ । ਧੰਨੇ ਜੱਟ ਨੇ ਪਾਇਆ ਠਾਕਰ, ਸਵਾਮੀ ਇਕੋ ਨਜ਼ਰੀ ਆਈਆ । ਭਾਗ ਲੱਗਾ ਕਾਇਆ ਗਾਗਰ, ਗਹਿਰ ਗੰਭੀਰ ਦਿਤੀ ਮਾਣ ਵਡਿਆਈਆ । ਨਿਰਮਲ ਕਰਮ ਹੋਇਆ ਉਜਾਗਰ, ਦੁਰਮਤ ਮੈਲ ਧਵਾਈਆ । ਇਕੋ ਵਣਜ ਕੀਤਾ ਬਣ ਕੇ ਹੱਕ ਸੁਦਾਗਰ, ਦੂਜੀ ਵਸਤ ਹੱਥ ਨਾ ਕੋਇ ਛੁਹਾਈਆ । ਯਾਦ ਕਰਦਾ ਰਿਹਾ ਹੋ ਇਕਾਗਰ, ਮਨ

੮੪੬
੧੯

ਵਾਸਨਾ ਨਾ ਕਦੇ ਹਲਕਾਈਆ । ਪੁਰਖ ਅਕਾਲ ਦੀਨ ਦਿਆਲ ਘਰ ਆ ਕੇ ਦਿਤਾ ਆਦਰ, ਆਦਤ ਠਾਕਰਾਂ ਵਾਲੀ ਦਿਤੀ ਬਦਲਾਈਆ । ਝਗੜਾ ਰਿਹਾ ਨਾ ਮਕਤੂਲ ਕ਼ਾਤਲ, ਬਾਤਨ ਆਪਣਾ ਦਰਸ ਕਰਾਈਆ । ਲੇਖਾ ਜਾਣ ਧੁਰ ਰਸਾਤਲ, ਰਸੀਆ ਹੋ ਕੇ ਰਸ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ਼ਨ ਦੇਵੇ ਸਤਿਗੁਰ ਬਾਤਨ, ਜਨ ਭਗਤ ਦਵਾਰੇ ਆ ਕੇ ਖ਼ੁਸ਼ੀ ਮਨਾਈਆ ।

## ✪ ਪਹਿਲੀ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ✪

ਬਲ ਕਹੇ ਮੇਰੇ ਧੁਰ ਦੇ ਬਾਵਨ, ਵਾਹ ਵਾਹ ਤੇਰੀ ਬੇਪਰਵਾਹੀਆ । ਜਨ ਭਗਤ ਸੁਹੇਲੇ ਬਣਿਉਂ ਜ਼ਾਮਨ, ਨਿਰਗੁਣ ਹੋ ਕੇ ਮੇਲ ਮਿਲਾਈਆ । ਸ਼ਬਦੀ ਡੋਰ ਬੰਧਾਇਆ ਦਾਮਨ, ਸਤਿ ਸਤਿਵਾਦੀ ਖੇਲ ਖਿਲਾਈਆ । ਆਸਾ ਮਨਸਾ ਪੂਰੀ ਕਰ ਕੇ ਕਾਮਨ, ਕਾਮ ਕਰੋਧ ਲੋਭ ਮੋਹ ਹੰਕਾਰ ਦੇਣਾ ਗਵਾਈਆ । ਧੁਰ ਦਰਗਾਹੀ ਬਣ ਕੇ ਪਤਿਤ ਪਾਵਨ, ਪੁਨੀਤ ਗੁਰਮੁਖ ਦਿਤੇ ਕਰਾਈਆ । ਸਚ ਸਰੋਵਰ ਤੇਰੇ ਨਹਾਵਣ ਦੁਰਮਤ ਮੈਲ ਰਹੇ ਨਾ ਰਾਈਆ । ਧੰਨ ਵਡਿਆਈ ਪਰਤ ਕੇ ਆਇਆ ਸਾਵਣ, ਸ਼ਹਿਨਸ਼ਾਹ ਵੇਖੇ ਚਾਈਂ ਚਾਈਂਆ । ਗੁਰ ਅਵਤਾਰ ਪੈਗ਼ੰਬਰ ਢੋਲੇ ਗਾਵਣ, ਸਚਖੰਡ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਸਰਨਾਈਆ । ਬਲ ਕਹੇ ਮੇਰੇ ਬਾਵਨ ਭਗਵਨ, ਭਗਤ ਹੋ ਕੇ ਸੀਸ ਨਿਵਾਈਆ । ਲੇਖਾ ਚੁੱਕਿਆ ਅਵਣ ਗਵਣ, ਗਹਿਰ ਗੰਭੀਰ ਮਿਲੀ ਸਰਨਾਈਆ । ਤੇਰਾ ਲੇਖ ਕਿਸੇ ਨਾ ਪੜ੍ਹਿਆ ਵਾਹਿਦ

ਦੁਸ਼ਟ ਦਮਨ, ਦਮਾਂ ਵਾਲਾ ਸਾਰ ਕੋਇ ਨਾ ਪਾਈਆ । ਲੱਖ ਚੁਰਾਸੀ ਤੇਰਾ ਕੋਈ ਨਾ ਜਾਣੇ ਚਮਨ, ਚਮਤਕਾਰ ਤੇਰਾ ਜਲਵਾ ਨੂਰ ਖ਼ੁਦਾਈਆ । ਬਿਨ ਗੋਬਿੰਦ ਸ਼ਬਦ ਧਾਰ ਦੋ ਜਹਾਨਾਂ ਕਰੇ ਕੋਈ ਨਾ ਅਮਨ, ਆਮਦ ਵਿਚ ਨਜ਼ਰ ਕੋਇ ਨਾ ਆਈਆ । ਹਰਿ ਕਾ ਭੇਵ ਜਾਣੇ ਕਵਣ, ਪੜਦਾ ਓਹਲਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਵਖਾਈਆ । ਬਲ ਕਹੇ ਮੇਰੇ ਬਾਵਨ, ਪਰਮ ਪੁਰਖ ਪਰਮਾਤਮ ਤੇਰੀ ਵਡ ਵਡਿਆਈਆ । ਸਚ ਸਰੂਪ ਜਿਸ ਵੇਖੀ ਆਤਮ, ਅੰਤਰ ਅੰਤਰ ਖੋਜ ਖੁਜਾਈਆ । ਪੜਦਾ ਓਹਲਾ ਚੁੱਕਿਆ ਬਾਤਨ, ਨੂਰ ਨੂਰ ਨੂਰ ਰੁਸ਼ਨਾਈਆ । ਸਚ ਸਵਾਮੀ ਬਣ ਸਾਥਣ, ਸਗਲਾ ਸੰਗ ਆਪ ਪਰਗਟਾਈਆ । ਜਿਸ ਦੀ ਆਦਿ ਜੁਗਾਦਿ ਨਿਤ ਨਵਿਤ ਦੋ ਜਹਾਨ, ਬਿਨ ਰਸਨਾ ਜਿਹਵਾ ਬੱਤੀ ਦੰਦ ਗਾਉਂਦੇ ਗਾਥਣ, ਸੋਹਲੇ ਢੋਲੇ ਸ਼ਬਦੀ ਨਾਦ ਅਨਾਦੀ ਧੁਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਬਲ ਕਹੇ ਮੇਰੀ ਨਮਸਤੇ, ਨਿਉਂ ਨਿਉਂ ਸੀਸ ਨਿਵਾਈਆ । ਜੋ ਸਹਿਜ ਸੁਭਾਓ ਬਚਨ ਕਿਹਾ ਹੱਸਦੇ ਹੱਸਦੇ, ਹਸਤੀ ਵਿਚੋਂ ਹਸਤੀ ਆਪ ਪਰਗਟਾਈਆ । ਜਿਸ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਵੇਖੇ ਵਸਦੇ, ਵਾਸਤਾ ਇਕੋ ਨਾਲ ਜੁੜਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖੇ ਨੱਸਦੇ, ਜੁਗ ਚੌਕੜੀ ਭੱਜਣ ਵਾਹੋ ਦਾਹੀਆ । ਨਿਰਗੁਣ ਨਿਰਵੈਰ ਨਿਰੰਕਾਰ ਇਸ਼ਾਰੇ ਦਏ ਅਗੰਮੀ ਅੱਖ ਦੇ, ਆਖ਼ਰ ਮੰਜ਼ਲ ਚੜ੍ਹ ਕੇ ਖ਼ੁਸ਼ੀ ਮਨਾਈਆ । ਜਿਥੇ ਬਿਨ ਅੱਖਰਾਂ ਤੋਂ ਢੋਲੇ ਪਰਮ ਪੁਰਖ ਦੇ ਜਸ ਦੇ, ਅਲਿਫ਼ ਯੇ ਅੱਖਰ ਵੰਡ ਨਾ ਕੋਇ ਵੰਡਾਈਆ । ਖੇਲ ਵੇਖੇ ਪਰਮ ਪੁਰਖ ਸਮਰਥ ਦੇ, ਦਰਗਾਹ ਸਾਚੀ ਸੋਭਾ ਪਾਈਆ । ਜੈਕਾਰੇ ਵੇਖੇ ਅਲਖ ਅਲੱਖ

ਦੇ, ਨਾਅਰਾ ਹੱਕ ਹੱਕ ਦ੍ਰਿੜਾਈਆ । ਭੰਡਾਰੇ ਵੇਖੇ ਧੁਰ ਦੇ ਹੱਟ ਦੇ, ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਬੈਠੇ ਝੋਲੀਆਂ ਡਾਹੀਆ । ਭਗਤ ਸੁਹੇਲੇ ਸਤਿ ਸਤਿਵਾਦ ਵੇਖੇ ਰਟਦੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਲ ਕਹੇ ਬਾਵਨ ਮੈਂ ਵੇਖਿਆ ਅਜਬ ਨਜ਼ਾਰਾ, ਬੇਨਜ਼ੀਰ ਦਿਤਾ ਜਣਾਈਆ । ਢਾਈਆਂ ਕਰਮਾਂ ਵਿਚ ਮੇਰਾ ਹੋਇਆ ਕਿਨਾਰਾ, ਕਿਸ਼ਤੀ ਨਈਆ ਬਾਹਰ ਨਾ ਕੋਇ ਲੰਘਾਈਆ । ਸੰਬਲ ਦੇਸ ਹੋਇਆ ਅਵਤਾਰਾ, ਅਵਤਰ ਆਪਣਾ ਹੁਕਮ ਬਣਾਈਆ । ਜਿਸ ਦਾ ਅੰਤ ਨਾ ਪਾਰਾਵਾਰਾ, ਬੇਅੰਤ ਆਪ ਅਖਵਾਈਆ । ਸੋ ਖੇਲੇ ਖੇਲ ਖੇਲਣਹਾਰਾ, ਪਤਿਪਰਮੇਸ਼ਵਰ ਵਡ ਵਡਿਆਈਆ । ਜੁਗ ਚੌਕੜੀ ਪਾਵੇ ਸਾਰਾ, ਨਿਰਗੁਣ ਹੋ ਕੇ ਵੇਸ ਵਟਾਈਆ । ਕਾਗਤ ਕ਼ਲਮ ਨਾ ਲਿਖਣਹਾਰਾ, ਕ਼ਲਮ ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਬਲ ਕਹੇ ਤੇਰਾ ਖੇਲ ਅਵੱਲਾ, ਆਦਿ ਪੁਰਖ ਤੇਰੇ ਹੱਥ ਵਡਿਆਈਆ । ਜੁਗ ਚੌਕੜੀ ਵੇਸ ਵਟਾਏ ਇਕ ਇਕੱਲਾ, ਦੂਜਾ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਆਤਮ ਪਰਮਾਤਮ ਫੜਾਏ ਪੱਲਾ, ਪਰਮ ਪੁਰਖ ਤੇਰੀ ਬੇਪਰਵਾਹੀਆ । ਤੂੰ ਵਸੇਂ ਜਲਾਂ ਥਲਾਂ, ਡੂੰਘੇ ਸਾਗਰ ਗਹਿਰ ਗੰਭੀਰ ਆਪਣਾ ਆਸਣ ਲਾਈਆ । ਤੇਰਾ ਮਹੱਲ ਅਟਲ ਉਚ ਮਨਾਰ ਅਟਲਾ, ਸਾਚੇ ਦਰ ਵੱਜਦੀ ਰਹੇ ਵਧਾਈਆ । ਦੀਪਕ ਜੋਤ ਇਕੋ ਬਲਾ, ਨੂਰੋ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦਏ ਸਮਝਾਈਆ । ਬਾਵਨ ਕਹੇ ਸੁਣ ਬਲ ਬਾਲੀ ਬੁਧ, ਸਚਖੰਡ ਦਵਾਰ ਤੈਨੂੰ ਦਿਆਂ ਜਣਾਈਆ । ਜਿਸ ਦੀ ਚਾਰ ਜੁਗ ਕਿਸੇ ਨਾ ਪਾਈ ਸੁਧ, ਗੁਰ ਅਵਤਾਰ ਪੈਗ਼ੰਬਰ ਨਿਉਂ ਨਿਉਂ ਸੀਸ ਨਿਵਾਈਆ । ਜੋ ਦੇਵਣਹਾਰਾ ਸਭ ਕੁਛ, ਪੜਦਾ ਓਹਲਾ ਦਏ ਚੁਕਾਈਆ । ਜਿਸ ਦਾ ਭੰਡਾਰ ਆਦਿ ਜੁਗਾਦਿ ਕਦੇ ਨਾ ਜਾਏ ਮੁੱਕ, ਅਤੋਟ ਅਤੁਟ ਆਪ ਵਰਤਾਈਆ । ਜਿਸ ਦਾ ਰੂਪ ਨਜ਼ਰ ਨਾ ਆਵੇ ਮਾਨਸ ਮਨੁੱਖ, ਤੱਤਾਂ ਵਿਚ ਵੰਡ ਨਾ ਕੋਇ ਵੰਡਾਈਆ । ਕੋਈ ਨਾ ਵਿਆਪੇ ਦੁੱਖ ਸੁਖ, ਚਿੰਤਾ ਗ਼ਮ ਨਾ ਕੋਇ ਸਤਾਈਆ । ਜਿਸ ਦਾ ਸ਼ਬਦ ਅਗੰਮੀ ਇਕੋ ਜਿਸ ਵਿਚੋਂ ਲੱਖ ਚੁਰਾਸੀ ਲਈ ਪਰਗਟਾਈਆ । ਹੁਕਮੇਂ ਅੰਦਰ ਫਿਰੇ ਚਾਰੇ ਕੁੰਟ, ਦਹਿ ਦਿਸ਼ਾ ਵੇਖੇ ਥਾਉਂ ਥਾਈਂਆ । ਪ੍ਰਭ ਚਰਨ ਦਵਾਰਾ ਦੱਸੇ ਧਾਮ ਬੈਕੁੰਠ, ਦਰ ਦਵਾਰਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਅੰਤਰਜਾਮੀ ਧੁਰ ਦਾ ਪੜਦਾ ਆਪ ਉਠਾਈਆ । ਬਲ ਕਹੇ ਸੁਣ ਮੇਰੇ ਭਗਤ, ਭਗਤ ਭਗਤ ਤਾਈਂ ਸਮਝਾਈਆ । ਜਿਸ ਖੇਲ ਰਚਾਇਆ ਜਗਤ, ਬਾਵਨ ਹੋ ਕੇ ਵੇਸ ਵਟਾਈਆ । ਜਿਸ ਦਾ ਕਾਰਨ ਇਕੋ ਫ਼ਕਤ, ਫ਼ਿਕਰਾ ਸਮਝੇ ਕੋਇ ਨਾ ਰਾਈਆ । ਚਾਰ ਵੇਦ ਅਠਾਰਾਂ ਪੁਰਾਨ ਲਿਖ ਨਾ ਸਕੇ ਲਿਖਤ, ਵੇਦ ਵਿਆਸੇ ਚਲੀ ਨਾ ਕੋਇ ਚਤੁਰਾਈਆ । ਮੇਰਾ ਜਾਣ ਨਾ ਸਕਿਆ ਇਸ਼ਟ, ਓਹਲਾ ਪੜਦਾ ਕੋਇ ਨਾ ਲਾਹੀਆ । ਰਾਮਾ ਮਿਲ ਕੇ ਨਾਲ ਵਸ਼ਿਸ਼ਟ, ਵਿਸ਼ਿਆ ਵਾਲਾ ਗੁਰੂ ਗਿਆ ਮਨਾਈਆ । ਜਿਸ ਦੀ ਨਾਮ ਮਿਲਦੀ ਰਹੀ ਕਿਸ਼ਤ, ਦੀਨ ਦੁਨੀ ਵੱਜਦੀ ਰਹੀ ਵਧਾਈਆ । ਚਾਰ ਜੁਗ ਪੂਰਾ ਹੋਇਆ ਕਿਸੇ ਨਾ ਸਿਦਕ, ਭਰੋਸੇ ਵਿਚ ਨਾ ਕੋਇ ਲੋਕਾਈਆ । ਗ਼ੁੱਸਾ ਆਉਂਦਾ ਰਿਹਾ ਜੇ ਕੋਈ ਦੁਸ਼ਟ ਵੇਖੇ ਨਿੰਦਕ, ਦੁਰਾਚਾਰਾਂ ਦਹਿਲੀਜ਼ ਦੁਰਕਾਈਆ । ਇਕੋ ਪੁਰਖ ਅਕਾਲ ਜਿਸ ਵਿਚ ਆਦਿ ਜੁਗਾਦੀ ਸਾਚੀ ਹਿੰਮਤ, ਹੌਸਲਾ ਆਪਣੇ ਨਾਲ ਰਖਾਈਆ । ਲੱਖ ਚੁਰਾਸੀ ਆਤਮ ਪਰਮਾਤਮ ਸਭ ਦੀ ਸਾਂਝੀ ਰਖੇ ਸਿੰਮਤ, ਦਿਸ਼ਾ ਵੰਡ ਨਾ ਕੋਇ

੮੪੮
੧੯

ਵੰਡਾਈਆ । ਜਨਮ ਕਰਮ ਦਾ ਪਾਪੀ ਦਾ ਹੋਵੇ ਨਿੰਦਕ, ਨਿਉਂ ਕੇ ਲਾਗੇ ਪਾਈਆ । ਦੂਜੀ ਵਾਰ ਕਰਾਵੇ ਕਦੇ ਨਾ ਮਿੰਨਤ, ਮਿਹਰ ਨਜ਼ਰ ਨਾਲ ਪਾਰ ਲੰਘਾਈਆ । ਮਨ ਦੀ ਰਹਿਣ ਨਾ ਦੇਵੇ ਇੱਲਤ, ਕੂੜੀ ਕਿਰਿਆ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਲ ਕਹੇ ਬਾਵਨ ਕੁਛ ਦੱਸ ਦੇ ਭੇਤ, ਚੌਥੇ ਜੁਗ ਮੰਗ ਮੰਗਾਈਆ । ਜਿਸ ਕਾਰਨ ਨਜ਼ਰੀ ਆਵੇਂ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਪਾਰ ਅੰਧੇਰਾ ਕਰੇਂ ਹੇਤ, ਪ੍ਰੇਮੀ ਹੋ ਕੇ ਪ੍ਰੇਮ ਵਖਾਈਆ । ਨਿਹਕਰਮੀ ਹੋ ਕੇ ਲਿਖੇਂ ਲੇਖ, ਬਿਨ ਕਲਮ ਸ਼ਾਹੀ ਦੇਵੇਂ ਮਾਣ ਵਡਿਆਈਆ । ਜਨ ਭਗਤਾਂ ਲੈ ਕੇ ਜਾਵੇਂ ਸਾਚੇ ਦੇਸ, ਸਚਖੰਡ ਦਵਾਰਾ ਸੋਭਾ ਪਾਈਆ । ਮਾਲਕ ਬਣ ਕੇ ਨਰ ਨਰੇਸ਼, ਨਰ ਨਰਾਇਣ ਨਜ਼ਰੀ ਆਈਆ । ਤੇਰਾ ਮੁੱਛ ਦਾੜ੍ਹੀ ਨਾ ਦਿਸੇ ਕੋਇ ਕੇਸ, ਮੂੰਡ ਮੁੰਡਾਇਆ ਤਤ ਨਾ ਕੋਇ ਵਖਾਈਆ । ਤੇਰਾ ਸ਼ਬਦ ਗਾਉਂਦਾ ਇਕ ਦਸਮੇਸ਼, ਦਹਿ ਦਿਸ਼ਾ ਵਿਚ ਸਮਾਈਆ । ਜਿਸ ਦੇ ਅਗੇ ਚਲੇ ਕੋਇ ਨਾ ਪੇਸ਼, ਪੇਸ਼ਵਾ ਸਾਰੇ ਸੀਸ ਨਿਵਾਈਆ । ਜੋ ਸਦਾ ਰਹੇ ਹਮੇਸ਼, ਹਮਸਾਜਣ ਹੋ ਕੇ ਵੇਖ ਵਖਾਈਆ । ਕੋਈ ਨਾ ਜਾਣੇ ਰੰਗ ਰੂਪ ਰੇਖ, ਰਿਖੀ ਮੁਨੀ ਸਾਰੇ ਦੇਣ ਦੁਹਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਇਕ ਇਕੱਲਾ ਏਕੰਕਾਰਾ ਦੱਸੇ ਭੇਤ, ਨਰ ਨਿਰੰਕਾਰਾ ਹੋ ਕੇ ਪੜਦਾ ਆਪ ਉਠਾਈਆ । ਸਚ ਦਵਾਰੇ ਆਪੇ ਲਏ ਵੇਖ, ਵੇਖਣਹਾਰ ਤੇਰੀ ਬੇਪਰਵਾਹੀਆ । ਮੈਂ ਭਗਤੀ ਅੰਦਰ ਹੋਇਆ ਤੇਰੇ ਪੇਸ਼, ਸ਼ਕਤੀ ਅੰਦਰ ਸ਼ਕਤ ਨਾ ਕੋਇ ਵਖਾਈਆ । ਮੈਨੂੰ ਅਗਲਾ ਦੱਸਦੇ ਲੇਖ, ਲੇਖਾ ਲੇਖੇ ਵਿਚੋਂ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਬਾਵਨ ਕਿਹਾ ਬਲ ਵੇਖ ਵਿਚਾਰ, ਬੁਧੀ ਰਹੇ ਨਾ ਕੋਇ ਚਤੁਰਾਈਆ । ਨਵ ਨੌ ਦਿਤਾ ਵਾਰ, ਹਿੱਸਾ ਵੰਡ ਨਾ ਕੋਇ ਵੰਡਾਈਆ । ਧਰਨੀ ਉਤੇ ਪੈਰ ਪਸਾਰ, ਆਪਣਾ ਆਪ ਦਿਤਾ ਮਿਟਾਈਆ । ਤੇਰੀ ਸਮਗਰੀ ਕਿਸੇ ਕੰਮ ਨਾ ਆਈ ਕਾਰ, ਕਰਤਾ ਭੋਗ ਨਾ ਮੁਖ ਲਗਾਈਆ । ਰਿਸ਼ੀ ਰੋਂਦੇ ਗਏ ਜਗਤ ਹਜ਼ਾਰ, ਅਗਣਤ ਦੇਣ ਦੁਹਾਈਆ । ਮੇਰੀ ਕਿਸੇ ਨਾ ਪਾਈ ਸਾਰ, ਪੜਦਾ ਸਕਿਆ ਨਾ ਕੋਇ ਚੁਕਾਈਆ । ਹੁਕਮੇਂ ਅੰਦਰ ਸਾਰੇ ਹੋਏ ਬੇਅਖਤਿਆਰ, ਬਚਿਆ ਰਹਿਣ ਕੋਇ ਨਾ ਪਾਈਆ । ਖੇਲ ਕਰਿਆ ਪਰਵਰਦਿਗਾਰ, ਨਿਰਗੁਣ ਸਰਗੁਣ ਵੇਸ ਵਟਾਈਆ । ਬਲ ਨੇਤਰ ਨੀਰ ਵਹਾ ਕੇ ਰੋਇਆ ਧਾਹਾਂ ਮਾਰ, ਇਕੋ ਇਕ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਬਣਾਈਆ । ਬਲ ਕਹੇ ਮੇਰੇ ਭਗਵੰਤ, ਤੇਰਾ ਅੰਤ ਕੋਇ ਨਾ ਆਈਆ । ਤੂੰ ਆਦਿ ਜੁਗਾਦੀ ਕੰਤ, ਵੇਸ ਅਨੇਕਾ ਰੂਪ ਧਰਾਈਆ । ਗੜ੍ਹ ਤੋੜ ਹਉਮੇ ਹੰਗਤ, ਪੜਦਾ ਓਹਲਾ ਦਏਂ ਚੁਕਾਈਆ । ਦਰ ਭਿਖਾਰੀ ਹੋਇਆ ਮੰਗਤ, ਖ਼ਾਲੀ ਝੋਲੀ ਅਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਾਵਨ ਕਿਹਾ ਸੁਣ ਬਲ ਨਾਲ ਪ੍ਰੇਮ, ਸ਼ਬਦੀ ਧਾਰ ਜਣਾਈਆ । ਨੇਤਰ ਪੁੱਟ ਕੇ ਵੇਖ ਤੈਨੂੰ ਨਜ਼ਰੀ ਆਵੇ ਵਿਚੋਂ ਹੇਮ, ਕੁੰਟ ਆਪਣੇ ਵਿਚ ਛੁਪਾਈਆ । ਜਿਸ ਦਾ ਲਹਿਣਾ ਉਸ ਦਾ ਦੇਣ, ਦੂਜੀ ਵੰਡ ਨਾ ਕੋਇ ਵੰਡਾਈਆ । ਸ਼ਬਦੀ ਧਾਰ ਗੋਬਿੰਦ ਜਿਸ ਨੂੰ ਕਹਿਣ, ਦੋ ਜਹਾਨ ਜਸ ਗਾਈਆ । ਉਸ ਦਾ ਖੇਲ ਵਖਾਇਆ ਬਿਨ ਨੈਣ, ਬਿਨ ਅੱਖਾਂ ਅੱਖ ਬਦਲਾਈਆ । ਬਿਨ ਭਗਤਾਂ ਸਾਕ ਸੈਣ, ਸੱਜਣ ਇਕ ਹੋ ਜਾਈਆ । ਜਿਸ ਦਾ ਲੇਖਾ ਬਾਲਮੀਕ ਲਿਖਣਾ ਵਿਚ ਰਮਾਇਣ, ਰਾਮ ਹੋ ਕੇ ਰਮਤਾ ਰਮਤਾ ਮੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਧੁਰ ਦਾ ਭੇਵ ਆਪ ਖੁਲ੍ਹਾਈਆ । ਬਲ ਕਹੇ ਮੈਂ ਮੂਰਖ ਮੂੜ੍ਹ, ਸਾਰ ਤੇਰੀ ਨਾ ਆਈਆ । ਕਰ ਕਿਰਪਾ ਦੇ ਚਰਨ ਧੂੜ, ਟਿੱਕਾ ਮਸਤਕ ਲਾਈਆ । ਨਜ਼ਰੀਂ ਆਏਂ ਹਾਜ਼ਰ ਹਜ਼ੂਰ, ਨਿਰਗੁਣ ਜੋਤ ਕਰੇਂ ਰੁਸ਼ਨਾਈਆ । ਮੇਰਾ ਮੁਆਫ਼ ਕਰ ਕ਼ਸੂਰ, ਕ਼ਸਮ ਖਾ ਕੇ ਦਿਆਂ ਜਣਾਈਆ । ਮੇਰੀ ਬੇਨੰਤੀ ਕਰ ਮਨਜ਼ੂਰ, ਘਰ ਮੇਰੇ ਭੋਗ ਲਗਾਈਆ । ਬਾਵਨ ਕਿਹਾ ਇਹ ਪੈਂਡਾ ਅਜੇ ਦੂਰ, ਕਲਜੁਗ ਅੰਤਮ ਦਿਆਂ ਵਖਾਈਆ । ਤੇਰੇ ਦਰ ਆਵਾਂ ਜ਼ਰੂਰ, ਨਿਰਗੁਣ ਹੋ ਕੇ ਵੇਸ ਵਟਾਈਆ । ਮਨ ਮਮਤਾ ਪਾਏ ਫ਼ਤੂਰ, ਫ਼ਤਵਾ ਲੱਗੇ ਸਰਬ ਲੋਕਾਈਆ । ਗੜ੍ਹ ਹੰਕਾਰੀ ਹੋਵੇ ਗ਼ਰੂਰ, ਗ਼ੁਰਬਤ ਵਿਚ ਲੋਕਾਈਆ । ਮਾਟੀ ਤਨ ਤਪੇ ਤੰਦੂਰ, ਸਾਂਤਕ ਸਤਿ ਨਾ ਕੋਇ ਕਰਾਈਆ । ਨਿਹਕਲੰਕ ਹੋ ਕੇ ਹੋਵਾਂ ਮਸ਼ਹੂਰ, ਮਸ਼ਵਰਾ ਭਗਤਾਂ ਨਾਲ ਬਣਾਈਆ । ਪੰਧ ਮੁਕਾ ਕੇ ਨੇੜਾ ਦੂਰ, ਦਰਗਾਹ ਵੇਖਾਂ ਚਾਈਂ ਚਾਈਂਆ । ਸਚ ਭੰਡਾਰ ਕਰ ਭਰਪੂਰ, ਭਰਮ ਦਿਆਂ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਬਲ ਕਿਹਾ ਪ੍ਰਭ ਖਾ ਲੈ ਇਕ ਦਾਣਾ, ਦਇਆਵਾਨ ਦਇਆ ਕਮਾਈਆ । ਮੇਰਾ ਤੇਰੇ ਉਤੇ ਮਾਣਾ, ਮਮਤਾ ਮੋਹ ਨਾ ਕੋਇ ਰਖਾਈਆ । ਤੂੰ ਚਤੁਰਭੁਜ ਸ੍ਰੀ ਭਗਵਾਨਾ, ਭਾਗ ਸਭ ਦਾ ਦਏਂ ਬਣਾਈਆ । ਨਿਰਗੁਣ ਤੇਰਾ ਹੋਇਆ ਆਣਾ, ਸਰਗੁਣ ਵੇਸ ਵਟਾਈਆ । ਬਖ਼ਸ਼ੀਂ ਚਰਨ ਧਿਆਨਾ, ਇਕੋ ਓਟ ਤਕਾਈਆ । ਹੋਇਆ ਬਾਲ ਅੰਞਾਣਾ, ਢਹਿ ਪਿਆ ਸਰਨਾਈਆ । ਬਾਵਨ ਕਿਹਾ ਉਠ ਵੇਖ ਕਰ ਧਿਆਨਾ, ਤੈਨੂੰ ਦਿਆਂ ਵਖਾਈਆ । ਤੇਰੀ ਨਗਰੀ ਵਿਚ ਬਾਲ ਅੰਞਾਣਾ, ਚਾਰ ਭੈਣਾਂ ਇਕੋ ਭਾਈਆ । ਜਿਸ ਦੇ ਗ੍ਰਿਹਿ ਦਾ ਮਨਜ਼ੂਰ ਹੋਇਆ ਖਾਣਾ, ਚਾਰੇ ਖਾਣੀ ਵਿਚੋਂ ਬਾਹਰ ਕਢਾਈਆ । ਓਸੇ ਦਰ ਮਨਜ਼ੂਰ ਹੋਣਾ ਪਕਵਾਨਾ, ਪਾਰਬ੍ਰਹਮ ਆਪਣਾ ਰੰਗ ਰੰਗਾਈਆ । ਨਿਰਗੁਣ ਹੋ ਕੇ ਖੇਲਾਂ ਖੇਲ ਦੋ ਜਹਾਨਾਂ, ਦੋਹਰਾ ਹੁਕਮ ਵਰਤਾਈਆ । ਜਨ ਭਗਤ ਸੁਹੇਲੇ ਦੇਵਾਂ ਇਕ ਗਿਆਨਾ, ਏਕਾ ਏਕ ਕਰ ਪੜ੍ਹਾਈਆ । ਮੇਲ ਮਿਲਾ ਕੇ ਸਚ ਦਵਾਰ ਸ੍ਰੀ ਭਗਵਾਨਾ, ਭਗਵਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਾਵਨ ਕਿਹਾ ਬਲ ਉਠ ਕੇ ਮਾਰ ਦੇ ਲੀਕ, ਸਾਢੇ ਤਿੰਨ ਹੱਥ ਲੰਮੀ ਨਜ਼ਰੀ ਆਈਆ । ਮੇਰੀ ਚਰਨ ਨਾਲ ਕਰਾ ਤਸਦੀਕ, ਸ਼ਬਦੀ ਹੁਕਮ ਨਾਲ ਸਮਝਾਈਆ । ਮੇਰੀ ਓਸ ਵੇਲੇ ਰਖਣੀ ਉਡੀਕ, ਬਿਨ ਅੱਖਾਂ ਅੱਖ ਖੁਲ੍ਹਾਈਆ । ਨਾਲ ਮਿਲਾਉਣਾ ਬਟਵਾਰਾ ਬਾਲਮੀਕ, ਜਿਸ ਨੇ ਰਾਮਾ ਦੇਣਾ ਪਰਗਟਾਈਆ । ਰਵਦਾਸ ਚੁਮਾਰਾ ਜਿਸ ਨੇ ਚੌਖੁਰ ਲੈਣੇ ਘਸੀਟ, ਖਲੜੀ ਖੱਲ ਲੁਹਾਈਆ । ਜਗਤ ਜਾਤੀ ਵਿਚੋਂ ਹੋਣਾ ਨੀਚ, ਊਚੋ ਊਚ ਮਿਲੇ ਸਰਨਾਈਆ । ਜਿਸ ਦਾ ਪੁਰਖ ਅਕਾਲ ਹੋਣਾ ਮੀਤ, ਮਿੱਤਰ ਪਿਆਰਾ ਬੇਪਰਵਾਹੀਆ । ਜਿਸ ਨੇ ਪਾਹਨ ਗੰਢਦਿਆਂ ਗੌਣਾ ਗੀਤ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਸਾਚੀ ਹੋਣੀ ਹੱਕ ਪ੍ਰੀਤ, ਪ੍ਰੀਤਮ ਇਕੋ ਲੈਣਾ ਮਨਾਈਆ । ਨਿਰਗੁਣ ਧਾਰ ਬਿਨ ਅੱਖਰਾਂ ਤੋਂ ਸ਼ਬਦ ਦੇਣੀ ਰਸੀਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜ੍ਹਾਈਆ । ਬਾਵਨ ਕਿਹਾ ਬਲ ਖੋਲ੍ਹ ਕੇ ਵੇਖ ਅੱਖ, ਆਖ਼ਰ ਦਿਆਂ ਜਣਾਈਆ । ਨਿਰਗੁਣ ਧਾਰ ਗੋਬਿੰਦ ਪਰਤੱਖ, ਸਰਗੁਣ ਪੰਜ ਤਤ ਹੰਢਾਈਆ । ਪੁਰਖ ਅਕਾਲ ਦਾ ਕਰੇ ਜਸ, ਡੰਕਾ ਫ਼ਤਿਹ ਨਾਮ ਵਜਾਈਆ । ਹੁਕਮ ਮੰਨੇ ਹੱਸ ਹੱਸ, ਹਸਤੀ ਹਸਤੀ ਵਿਚੋਂ ਬਦਲਾਈਆ । ਸਭ ਕਿਛ ਪਰਮ ਪੁਰਖ ਦੀ ਝੋਲੀ ਘੱਤ, ਵਤ ਆਪਣਾ ਆਪ ਬਦਲਾਈਆ । ਲੇਖੇ ਲਾ ਕੇ ਆਪਣੀ ਬੂੰਦ ਰੱਤ, ਭੇਟਾ ਪ੍ਰਭ ਦੀ ਦਏ ਕਰਾਈਆ । ਸ਼ਬਦ ਨਿਰਾਲੇ ਤੀਰ

ਮਾਰ ਕੇ ਫੱਟ, ਫੱਟੜ ਕਰੇ ਸਰਬ ਲੋਕਾਈਆ । ਭਗਤ ਸੁਹੇਲੇ ਵੇਖੇ ਠਠ ਠਠ, ਪਾਂਧੀ ਹੋ ਕੇ ਪੰਧ ਚੁਕਾਈਆ । ਜਾਨਣਹਾਰਾ ਘਟ ਘਟ, ਲੱਖ ਚੁਰਾਸੀ ਖੋਜ ਖੁਜਾਈਆ । ਇਕੋ ਸ਼ਬਦ ਸੰਦੇਸ਼ਾ ਦੇਵੇ ਸਚ, ਸਾਚਾ ਹੁਕਮ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਸਮਝਾਈਆ । ਬਾਵਨ ਕਹੇ ਬਲ ਵੇਖ ਬੇਨਜ਼ੀਰ, ਬਿਨ ਨਜ਼ਰ ਨਜ਼ਰ ਉਠਾਈਆ । ਜੋ ਬਦਲੇ ਸਰਬ ਤਕਦੀਰ, ਤਦਬੀਰ ਦਏ ਸਮਝਾਈਆ । ਜਿਸ ਨੂੰ ਕੱਟੇ ਨਾ ਕੋਇ ਸ਼ਮਸ਼ੀਰ, ਸ਼ਮਾਂ ਸਕੇ ਨਾ ਕੋਇ ਬੁਝਾਈਆ । ਜਿਸ ਦੀ ਨਜ਼ਰ ਨਾ ਆਏ ਤਸਵੀਰ, ਤਸਬੀ ਮਾਲਾ ਨਾ ਗਲ ਲਟਕਾਈਆ । ਚੋਟੀ ਚੜ੍ਹ ਅਖ਼ੀਰ, ਘਰ ਘਰ ਡੇਰਾ ਲਾਈਆ । ਜਿਸ ਨੂੰ ਸਜਦੇ ਕਰਨ ਪੈਗ਼ੰਬਰ ਪੀਰ, ਗੁਰ ਅਵਤਾਰ ਸੀਸ ਝੁਕਾਈਆ । ਜਿਸ ਨੇ ਸ਼ਰਅ ਪੌਣਾ ਜ਼ੰਜੀਰ, ਸ਼ਰੀਅਤ ਵਿਚ ਫਸਾਈਆ । ਜਿਸ ਨੇ ਝਗੜਾ ਵਖਾਉਣਾ ਗ਼ਰੀਬ ਅਮੀਰ, ਅਮਰਾ ਪਦ ਨਾ ਕਿਸੇ ਜਣਾਈਆ । ਕਲਜੁਗ ਕਾਇਆ ਬਦਲਣੀ ਜ਼ਮੀਰ, ਖ਼ਮੀਰ ਅੰਦਰ ਦੇਣਾ ਟਿਕਾਈਆ । ਹੁਕਮ ਦੇ ਕੇ ਸ਼ਾਹ ਹਕੀਰ, ਸੰਸਾ ਰੋਗ ਦੇਣਾ ਗਵਾਈਆ । ਸੰਦੇਸ਼ਾ ਦੇ ਕੇ ਇਕ ਕਬੀਰ, ਕਾਇਆ ਕਾਅਬੇ ਵਿਚੋਂ ਕਰੇ ਰੁਸ਼ਨਾਈਆ । ਮੇਲਾ ਮਿਲੇ ਗਹਿਰ ਗੰਭੀਰ, ਗਵਰ ਇਕ ਸਰਨਾਈਆ । ਜੋ ਆਦਿ ਤੋਂ ਰਿਹਾ ਕ਼ਦੀਮ, ਕ਼ਦਮਾਂ ਤੇ ਕਾਇਮ ਮੁਕਾਮ ਇਕੋ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਾਵਨ ਕਹੇ ਬਲ ਹੋਰ ਕਰ ਵਿਚਾਰ, ਧੁਰ ਦੀ ਧਾਰ ਜਣਾਈਆ । ਜਿਸ ਵੇਲੇ ਬੀਤੇ ਜੁਗ ਚਾਰ, ਕਲਜੁਗ ਅੰਤਮ ਫੇਰਾ ਪਾਈਆ । ਕਲ ਕਲਕੀ ਲਏ ਅਵਤਾਰ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜਿਸ ਕੰਨਿਆਂ ਦਾ ਪਰੋਸਾ ਵੇਖਿਆ ਬਾਲ, ਬਲ ਨਗਰੀ ਵਿਚੋਂ ਸੋਭਾ ਪਾਈਆ । ਓਸ ਦਾ ਨਾਤਾ ਜੋੜ ਕੇ ਗੋਬਿੰਦ ਨਾਲ, ਸ਼ਬਦੀ ਸ਼ਬਦ ਮੇਲ ਮਿਲਾਈਆ । ਅੰਤਮ ਲੇਖਾ ਜਾਣ ਮਾਜ਼ੀ ਹਾਲ, ਓਹਲਾ ਦਏ ਗਵਾਈਆ । ਸਚ ਸਵਾਮੀ ਕਰ ਕੇ ਭਾਲ, ਮੇਲਾ ਮੇਲੇ ਸਹਿਜ ਸੁਭਾਈਆ । ਅੰਤਰਜਾਮੀ ਵਸੇ ਨਾਲ, ਨਿਹਕਾਮੀ ਕਰਮ ਕਮਾਈਆ । ਬਾਲਮੀਕ ਦਏ ਅਹਿਵਾਲ, ਰਵਦਾਸ ਸ਼ਹਾਦਤ ਇਕ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਜਣਾਈਆ । ਬਾਵਨ ਕਿਹਾ ਬਲ ਵੇਖ ਇਕ ਇਸ਼ਾਰਾ, ਬਿਨ ਅੱਖਾਂ ਦਿਆਂ ਵਖਾਈਆ । ਜਿਸ ਵੇਲੇ ਨਿਰਗੁਣ ਨਿਰਵੈਰ ਹੋਵੇ ਉਜਿਆਰਾ, ਲੋਕਮਾਤ ਨੂਰ ਰੁਸ਼ਨਾਈਆ । ਸਚ ਦਵਾਰ ਹੋਵੇ ਸਚ ਵਿਵਹਾਰਾ, ਵਿਵਹਾਰੀ ਆਪਣੀ ਕਾਰ ਕਮਾਈਆ । ਜਨ ਭਗਤਾਂ ਭਰੇ ਭੰਡਾਰਾ, ਭੁੱਖਿਆਂ ਭੁੱਖ ਮਿਟਾਈਆ । ਉਠ ਵੇਖ ਲੇਖ ਅਪਾਰਾ, ਅਪਰੰਪਰ ਹੋ ਕੇ ਦਿਆਂ ਜਣਾਈਆ । ਆਲਮ ਇਲਮ ਤੋਂ ਬਾਹਰਾ, ਜ਼ੇਰ ਜ਼ਬਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਆਪ ਚੁਕਾਈਆ । ਬਲ ਕਿਹਾ ਬਾਵਨ ਖੋਲ੍ਹ ਦੇ ਪੜਦਾ, ਓਹਲੇ ਵਿਚੋਂ ਆਪਣਾ ਆਪ ਜਣਾਈਆ । ਮੈਂ ਮੰਜ਼ਲ ਜਾਵਾਂ ਚੜ੍ਹਦਾ, ਅਗੇ ਹੋ ਨਾ ਕੋਇ ਅਟਕਾਈਆ । ਇਕੋ ਨਾਮ ਜਾਵਾਂ ਪੜ੍ਹਦਾ, ਜਿਸ ਨੂੰ ਪੜ੍ਹਿਆਂ ਦੂਜੇ ਦੀ ਲੋੜ ਰਹੇ ਨਾ ਰਾਈਆ । ਤੇਰਾ ਦਰਸ਼ਨ ਜਾਵਾਂ ਕਰਦਾ, ਕ਼ਦਮ ਕ਼ਦਮ ਤੇ ਸੀਸ ਨਿਵਾਈਆ । ਦਰ ਦਵਾਰੇ ਬਣਦਾ ਜਾਵਾਂ ਬਰਦਾ, ਬੰਦਗੀ ਵਿਚ ਤੇਰੀ ਸੇਵ ਕਮਾਈਆ । ਤੇਰਾ ਰੂਪ ਜਾਣ ਕੇ ਨਰਾਇਣ ਨਰ ਦਾ, ਨਰ ਹਰਿ ਤੇਰੀ ਓਟ ਤਕਾਈਆ । ਜਿਸ ਕਾਰਨ ਤੂੰ ਭਗਤਾਂ ਮਾਤ ਘਲਦਾ, ਘਲ ਕੇ ਆਪਣਾ ਜੋੜ ਜੁੜਾਈਆ । ਅਗੇ ਝਗੜਾ ਛੱਡ ਦੇ ਵਲ ਛਲ ਦਾ, ਅਛਲ ਅਛੱਲ ਤੇਰੇ ਅਗੇ ਮੰਗ ਮੰਗਾਈਆ । ਜਨ ਭਗਤ ਤੇਰੇ ਪਿਆਰ ਅੰਦਰ ਪਲਦਾ,


੮੫੧
੧੯

ਇਕੋ ਸਮਝੇ ਪਰਮ ਪੁਰਖ ਜਣੇਂਦੀ ਮਾਈਆ । ਰਸ ਲਵੇ ਅੰਮ੍ਰਿਤ ਤੇਰੇ ਜਲ ਦਾ, ਦੂਜਾ ਨੀਰ ਨਾ ਕੋਇ ਚੁਆਈਆ । ਔਖਾ ਵੇਲਾ ਜਿਸਦਾ ਕਲਜੁਗ ਕਲ ਦਾ, ਕਲਮੇ ਵਾਲਿਆਂ ਇਕੱਲਾ ਪਰਮ ਪੁਰਖ ਦੇਣਾ ਭੁਲਾਈਆ । ਝਗੜਾ ਪੈਣਾ ਸੂਰ ਗਊ ਖੱਲ ਦਾ, ਖ਼ਾਲਸ ਨਜ਼ਰ ਕੋਇ ਨਾ ਆਈਆ । ਲੇਖਾ ਹੋਣਾ ਕਾਮ ਕਰੋਧ ਲੋਭ ਮੋਹ ਹੰਕਾਰੀ ਦਲ ਦਾ, ਦਲਿੱਦਰੀ ਹੋਣੀ ਜਗਤ ਲੋਕਾਈਆ । ਪ੍ਰਭ ਦੇ ਭਾਣੇ ਅੰਦਰ ਕੋਇ ਨਾ ਚਲਦਾ, ਚਲਿੱਤਰਾਂ ਵਿਚ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਾਵਨ ਕਿਹਾ ਮੈਂ ਦੱਸਾਂ ਦੂਰ ਦੁਰਾਡਾ, ਅਗੇ ਤੋਂ ਅੱਗਾ ਦਿਆਂ ਜਣਾਈਆ । ਜਿਸ ਵੇਲੇ ਪੁਰਖ ਅਕਾਲ ਆਇਆ ਡਾਹਢਾ, ਨਿਰਗੁਣ ਹੋ ਕੇ ਫੇਰਾ ਪਾਈਆ । ਸ਼ਬਦ ਅਗੰਮੀ ਜਣਾਏ ਰਾਗਾ, ਧੁਰ ਦਾ ਹੁਕਮ ਮਨਾਈਆ । ਜਨ ਭਗਤ ਖੋਲ੍ਹੇ ਜਾਗਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਦੁਰਮਤ ਮੈਲ ਧੋਵੇ ਦਾਗ਼ਾ, ਦਗ਼ਿਆ ਤੋਂ ਲਏ ਬਚਾਈਆ । ਹਰਿ ਜੂ ਮੇਲੇ ਕੰਤ ਸੁਹਾਗਾ, ਜਗਤ ਰੰਡੇਪਾ ਦਏ ਕਟਾਈਆ । ਹੰਸ ਬਣਾਏ ਫੜ ਫੜ ਕਾਗਾ, ਸੋਹੰ ਜਾਪ ਜਪਾਈਆ । ਬਲ ਜਿਸ ਕੰਨਿਆਂ ਰਖੀਆਂ ਮੇਰੀਆਂ ਤਾਂਘਾਂ, ਤਮਅ ਵਿਚ ਸ਼ਮਅ ਦਿਆਂ ਜਗਾਈਆ । ਜਿਥੇ ਝੁਕਣੇ ਸੂਰਜ ਚਾਂਦਾ, ਗੁਰਮੁਖ ਚੰਦ ਕਰਾਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਜੋਤ ਬਦਲ ਕੇ ਸਵਾਂਗਾ, ਸਵਾਂਗੀ ਹੋ ਕੇ ਵੇਖ ਵਖਾਈਆ । ਬਲ ਕਹੇ ਪ੍ਰਭ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਦੋਏ ਜੋੜ ਕੇ ਸੀਸ ਨਿਵਾ, ਬੇਨੰਤੀ ਦਿਤੀ ਜਣਾਈਆ । ਹਉਂ ਬਾਲਕ ਤੂੰ ਪਿਤਾ ਮਾਂ, ਤੇਰੀ ਓਟ ਤਕਾਈਆ । ਇਕੋ ਲਵਾਂ ਤੇਰਾ ਨਾਂ, ਦੂਜਾ ਗੀਤ ਨਾ ਕੋਇ ਜਣਾਈਆ । ਤੂੰ ਸਾਹਿਬ ਸਵਾਮੀ ਪਕੜੇਂ ਬਾਂਹ, ਫੜ ਬਾਹੋਂ ਗਲੇ ਲਗਾਈਆ । ਤੇਰੇ ਚਰਨ ਕਵਲ ਬਲ ਬਲ ਜਾਂ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਾਵਨ ਕਿਹਾ ਬਲ ਆਹ ਲੈ ਮੇਰੀ ਚਿੱਠੀ, ਢਾਈਆਂ ਲੈਣਾਂ ਵਿਚ ਲਿਖਾਈਆ । ਜਿਸ ਦੀ ਧਾਰ ਅਗੰਮੀ ਚਿੱਟੀ, ਕ਼ਲਮ ਸ਼ਾਹੀ ਨਾ ਕੋਇ ਵਡਿਆਈਆ । ਜਿਸ ਦੇ ਅਗੇ ਲਿਖੀ ਇੱਕੀ, ਏਕੰਕਾਰ ਦਿਤੀ ਵਡਿਆਈਆ । ਜਿਸ ਦਾ ਭੇਵ ਕਿਸੇ ਨਾ ਦਿੱਸੀ, ਦਹਿ ਦਿਸ਼ਾ ਨਾ ਕੋਇ ਜਣਾਈਆ । ਉਨ੍ਹਾਂ ਦੀ ਧਾਰ ਹੋਵੇ ਮਿੱਠੀ, ਅਨਡਿੱਠੀ ਕਾਰ ਕਮਾਈਆ । ਸ੍ਰਿਸ਼ਟੀ ਜਾਣੀ ਜਿੱਤੀ, ਹਿਤੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਪਰਗਟਾਈਆ । ਚਿੱਠੀ ਬਲ ਨੇ ਲਈ ਵੇਖ, ਏਕੰਕਾਰ ਦਿਤੀ ਪੜ੍ਹਾਈਆ । ਜਿਸ ਦਾ ਪਹਿਲਾ ਸੋਹਣਾ ਲੇਖ, ਨਿਹਕਲੰਕ ਨਜ਼ਰੀ ਆਈਆ । ਜੋ ਵਸੇ ਭਗਤਾਂ ਦੇਸ, ਸਚ ਦਵਾਰੇ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੇ ਹੋਵਣ ਪੇਸ਼, ਚਾਰ ਜੁਗ ਦਾ ਲੇਖਾ ਵੇਖ ਵਖਾਈਆ । ਦੋ ਜਹਾਨਾਂ ਬਣ ਨਰੇਸ਼, ਇਕੋ ਹੁਕਮ ਦਏ ਸੁਣਾਈਆ । ਅੰਦਰ ਵੜ ਕੇ ਖੋਲ੍ਹੇ ਭੇਤ, ਪੜਦਾ ਆਪ ਚੁਕਾਈਆ । ਜਿਸ ਦੇ ਹੁਕਮੇਂ ਅੰਦਰ ਅਰਜਨ ਸਿਰ ਵਿਚ ਪੈਣੀ ਰੇਤ, ਤੱਤੀ ਅਗਨੀ ਅੱਗ ਜਲਾਈਆ । ਬਾਲੇ ਵਾਰਨੇ ਦਸ ਦਸਮੇਸ਼, ਦਹਿ ਦਿਸ਼ਾ ਰੂਪ ਦਰਸਾਈਆ । ਪੁਰਖ ਅਕਾਲ ਦੇ ਹੋ ਕੇ ਪੇਸ਼, ਮਾਛੂਵਾੜੇ ਸੀਸ ਝੁਕਾਈਆ । ਅੰਤ ਹੋ ਕੇ ਏਕ ਦਾ ਏਕ, ਏਕੰਕਾਰ ਵੇਖ ਵਖਾਈਆ । ਬਲ ਜਿਸ ਕੰਨਿਆਂ ਨੇ ਤੇਰੀ ਨਗਰੀ ਖਾਣਾ ਕੀਤਾ ਭੇਟ, ਭੱਟ ਬਣ ਕੇ ਓਸੇ ਦਾ ਜਸ ਗਾਈਆ । ਜਨ ਭਗਤਾਂ ਘਰ ਘਰ ਜਾ ਕੇ ਸਭ ਦਾ ਪਵਿੱਤਰ ਕਰੇ ਪੇਟ, ਪਟਨੇ ਵਾਲਾ ਨਾਮ ਮਿਲਾਈਆ । ਜਨਮ ਕਰਮ ਦਾ ਬਣ ਕੇ ਖੇਵਟ ਖੇਟ, ਬੇੜਾ ਦੋ ਜਹਾਨਾਂ

ਪਾਰ ਕਰਾਈਆ । ਚਿੱਠੀ ਮੇਰੀ ਲੈ ਲਪੇਟ, ਚਾਰ ਜੁਗ ਨਾ ਕੋਇ ਖੁਲ੍ਹਾਈਆ । ਫੇਰ ਤੈਨੂੰ ਸਚਖੰਡ ਦਾ ਬਣਾਵਾਂ ਸੇਠ, ਸਚ ਭੰਡਾਰਾ ਝੋਲੀ ਪਾਈਆ । ਬਲ ਚਰਨਾਂ ਉਤੇ ਕਰ ਆਦੇਸ, ਸੀਸ ਦਿਤਾ ਝੁਕਾਈਆ । ਬਾਵਨ ਕਿਹਾ ਮੇਰਾ ਤੇਰਾ ਹੇਤ, ਅੰਤ ਵੱਜੇ ਵਧਾਈਆ । ਘਰ ਆ ਕੇ ਲਵਾਂ ਪੇਖ, ਪੇਖਤ ਪੇਖਤ ਆਪਣੀ ਖ਼ੁਸ਼ੀ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਬਲ ਚਿੱਠੀ ਲੱਗਾ ਲਪੇਟਣ, ਤੀਜਾ ਹਿੱਸਾ ਦਿਤਾ ਉਲਟਾਈਆ । ਕੀ ਅਗੇ ਲੱਗਾ ਵੇਖਣ, ਬਾਲਮੀਕ ਬੈਠਾ ਰੂਪ ਬਦਲਾਈਆ । ਰਵਦਾਸ ਕਰਾਇਆ ਚੇਤਨ, ਚਿੰਤਾ ਰਹੀ ਨਾ ਰਾਈਆ । ਅਗਲਾ ਖੁਲ੍ਹਿਆ ਭੇਤਨ, ਪੜਦਾ ਇਕ ਉਠਾਈਆ । ਵੇਖਿਆ ਨਰ ਨਰੇਸ਼ਣ, ਨਰ ਨਿਰੰਕਾਰਾ ਨਜ਼ਰੀ ਆਈਆ । ਜੋ ਵਸਿਆ ਸਚਖੰਡ ਦਵਾਰੇ ਸਾਚੇ ਦੇਸਣ, ਤਖ਼ਤ ਨਿਵਾਸੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਪਰਗਟਾਈਆ । ਚਿੱਠੀ ਦਾ ਚੌਥਾ ਹਿੱਸਾ ਮਰੋੜ, ਬਲ ਆਪਣੀ ਸੇਵ ਕਮਾਈਆ । ਨਜ਼ਰੀ ਆਇਆ ਲੇਖਾ ਹੋਰ, ਹੋਰ ਦੀ ਹੋਰ ਹੋਈ ਪੜ੍ਹਾਈਆ । ਕਲਜੁਗ ਤੱਕਿਆ ਅੰਧ ਘੋਰ, ਚਾਰੋਂ ਕੁੰਟ ਅੰਧੇਰਾ ਛਾਈਆ । ਮਨ ਵਾਸਨਾ ਹੋਈ ਚੋਰ, ਘਰ ਘਰ ਬੈਠੀ ਮੁਖ ਛੁਪਾਈਆ । ਸਾਚਾ ਨਾਮ ਨਾ ਕਿਸੇ ਕੋਲ, ਖ਼ਾਲੀ ਦਿਸੇ ਲੋਕਾਈਆ । ਕੂੜਾ ਡੰਕਾ ਵੱਜੇ ਢੋਲ, ਢੋਲਕ ਛੈਣੇ ਸਰਬ ਖੜਕਾਈਆ । ਆਤਮ ਪਰਮਾਤਮ ਜਾਏ ਕੋਈ ਨਾ ਮੌਲ, ਨਿਰਗੁਣ ਨਿਰਗੁਣ ਵਿਚ ਨਾ ਕੋਇ ਸਮਾਈਆ । ਬਾਵਨ ਕਿਹਾ ਬਲ ਤੇਰੇ ਨਾਲ ਮੇਰਾ ਕੌਲ, ਕਲਜੁਗ ਅੰਤ ਦਿਆਂ ਦ੍ਰਿੜਾਈਆ । ਜਿਸ ਵੇਲੇ ਆਵਾਂ ਉਪਰ ਧੌਲ, ਤੇਰੀ ਧਰਨੀ ਭਾਗ ਲਗਾਈਆ । ਸਚ ਦਵਾਰਾ ਸਚ ਭੰਡਾਰਾ ਬਣ ਵਰਤਾਰਾ ਦੇਵਾਂ ਖੋਲ੍ਹ, ਤੇਈ ਮੱਘਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਬਲ ਚਿੱਠੀ ਦਾ ਪਾਸਾ ਦਿਤਾ ਪਲਟ, ਬਿਨ ਅੱਖਾਂ ਅੱਖ ਉਠਾਈਆ । ਸਾਰੀ ਸ੍ਰਿਸ਼ਟੀ ਦਿਸੀ ਗ਼ਲਤ, ਬਿਨ ਭਗਤਾਂ ਸਚ ਵਿਚ ਨਾ ਕੋਇ ਸਮਾਈਆ । ਬਲ ਦੀ ਥੋੜੀ ਖੁਲ੍ਹੀ ਪਲਕ, ਪਲਕਾਂ ਤੋਂ ਪਰੇ ਪਤਿਤ ਪੁਨੀਤ ਨਜ਼ਰੀ ਆਈਆ । ਜਿਸ ਦੀ ਅਗੰਮੀ ਝਲਕ, ਝੱਲਿਆਂ ਦਏ ਵਡਿਆਈਆ । ਜੋ ਰਾਖਾ ਹਲਤ ਪਲਤ, ਪਤਿਪਰਮੇਸ਼ਵਰ ਬੇਪਰਵਾਹੀਆ । ਸਦ ਵਸੇ ਉਪਰ ਫ਼ਲਕ, ਖ਼ਲਕ ਵੇਖੇ ਨੂਰ ਖ਼ੁਦਾਈਆ । ਜਿਸ ਦੀ ਝੱਲੇ ਕੋਇ ਨਾ ਝਲਕ, ਨੈਣ ਅੱਖ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਆਪ ਚੁਕਾਈਆ । ਬਲ ਨੇ ਚਿੱਠੀ ਦੀ ਕੀਤੀ ਤਹਿ, ਆਪ ਆਪਣੀ ਸੇਵ ਕਮਾਈਆ । ਦੁਨੀਆ ਹੁੰਦੀ ਵੇਖੀ ਲਯ, ਲੈਣਾਂ ਵਿਚ ਵੇਖੀ ਸਫ਼ਾਈਆ । ਚਾਰ ਜੁਗ ਦੀ ਕਰਨੀ ਹੁੰਦੀ ਵੇਖੀ ਖੈ, ਬੇਖ਼ਬਰਾਂ ਖ਼ਬਰ ਨਾ ਕੋਇ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਇਕੋ ਸਾਚਾ ਰਹੇ, ਰਹਿਬਰ ਸਾਰੇ ਮੁਖ ਛੁਪਾਈਆ । ਜੋ ਭਗਤਾਂ ਅੰਦਰ ਬਹੇ, ਭਗਵਨ ਹੋ ਕੇ ਨਜ਼ਰੀ ਆਈਆ । ਸਚ ਭੰਡਾਰਾ ਨਾਮ ਦਏ, ਮਨ ਦੈਂਤ ਦਏ ਖਪਾਈਆ । ਝਗੜਾ ਰਹੇ ਨਾ ਕੋਈ ਗ੍ਰਿਹਿ, ਗ੍ਰਿਹਿ ਭੀਤਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਚਿੱਠੀ ਕਹੇ ਮੈਂ ਹੋਈ ਇਕੱਠੀ, ਆਪਣਾ ਆਪ ਰੂਪ ਬਦਲਾਈਆ । ਪ੍ਰਭ ਚਰਨਾਂ ਉਤੇ ਢੱਠੀ, ਨਿਉਂ ਕੇ ਦੇਵਾਂ ਦੁਹਾਈਆ । ਮੈਂ ਵਿਕਣਾ ਕਿਸੇ ਨਹੀਂ ਹੱਟੀ, ਗੁਰ ਅਵਤਾਰ ਪੈਗ਼ੰਬਰਾਂ ਹੱਥ ਨਾ ਕੋਇ ਫੜਾਈਆ । ਮੈਂ ਜਗਣਾ ਨਹੀਂ ਬਣ ਕੇ ਮੋਮਬਤੀ, ਕਮਲਾਪਤੀ ਤੇਰੀ ਓਟ ਤਕਾਈਆ । ਮੈਂ ਕੋਈ ਨਾਮ ਮੰਗਣਾ ਨਹੀਂ ਇਕ ਰਤੀ, ਰਤਨ ਅਮੋਲਕ

ਤੇਰਾ ਨੂਰ ਨਜ਼ਰੀ ਆਈਆ । ਮੈਂ ਕਿਸੇ ਦੀ ਭਰਨੀ ਨਹੀਂ ਚੱਟੀ, ਹਿੱਸਾ ਵੰਡ ਨਾ ਕੋਇ ਵੰਡਾਈਆ । ਚਾਰ ਜੁਗ ਨਹੀਂ ਫਿਰਨਾ ਨੱਠੀ, ਭੱਜਾਂ ਵਾਹੋ ਦਾਹੀਆ । ਮੇਰੀ ਬਿਨਾ ਗੋਬਿੰਦ ਪੜ੍ਹੇ ਕੋਈ ਨਾ ਪੱਟੀ, ਅੱਖਰ ਅੱਖਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦੇ ਸਮਝਾਈਆ । ਪੁਰਖ ਅਕਾਲ ਕਿਹਾ ਚਿੱਠੀ ਤੇਰੇ ਉਤੇ ਮੇਰਾ ਕੋਈ ਨਹੀਂ ਦਸਖਤ, ਤੇਰੀ ਹੱਦ ਨਾ ਕੋਇ ਬਣਾਈਆ । ਜਿਸ ਵੇਲੇ ਪਰਤ ਕੇ ਆਵਾਂ ਵਤ, ਵਤਨ ਮਾਤਲੋਕ ਪਰਗਟਾਈਆ । ਤੇਰੇ ਅੰਦਰੋਂ ਪਰਗਟਾ ਕੇ ਸਚ, ਸਤਿ ਦਿਆਂ ਸਮਝਾਈਆ । ਭਾਗ ਲਗਾ ਕੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦਿਆਂ ਸੁਹਾਈਆ । ਜਨ ਭਗਤਾਂ ਮਾਰਗ ਧੁਰ ਦਾ ਦੱਸ, ਅਗੰਮੀ ਅਗੰਮ ਕਰਾਂ ਪੜ੍ਹਾਈਆ । ਨਿਜ ਨੇਤਰ ਲੋਚਨ ਖੋਲ੍ਹ ਕੇ ਅੱਖ, ਅੱਖਰਾਂ ਤੋਂ ਖਹਿੜਾ ਦਿਆਂ ਛੁਡਾਈਆ । ਤੂੰ ਮੇਰਾ ਮੈਂ ਤੇਰਾ ਭਗਤ ਭਗਵਾਨ ਦਾ ਸਾਂਝਾ ਹੋਵੇ ਜਸ, ਵੇਦ ਪੁਰਾਨਾਂ ਦੀ ਲੋੜ ਰਹੇ ਨਾ ਰਾਈਆ । ਸਤਿ ਧਰਮ ਦਾ ਖੋਲ੍ਹ ਕੇ ਹੱਟ, ਦਵਾਰਾ ਇਕੋ ਦਿਆਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਸਮਝਾਈਆ । ਚਿੱਠੀ ਕਹੇ ਮੈਂ ਤੇਰੇ ਹੁਕਮ ਦੀ ਧਾਰ ਮਾਮੂਲੀ, ਜਗਤ ਮੁਆਮਲਿਆਂ ਵਿਚ ਕਦੇ ਨਾ ਆਈਆ । ਪ੍ਰਭੂ ਵੇਖੀਂ ਮੇਰੇ ਨਾਲ ਨਾ ਵਰਤੀਂ ਬੇਅਸੂਲੀ, ਅਸਲ ਤੈਨੂੰ ਦਿਆਂ ਦ੍ਰਿੜਾਈਆ । ਤੂੰ ਮਾਲਕ ਕੰਤ ਕੰਤੂਹਲੀ, ਦੋ ਜਹਾਨਾਂ ਅਖਵਾਈਆ । ਤੇਰਾ ਨਾਮ ਵੱਡਾ ਕ਼ਾਨੂੰਨੀ, ਜਿਸ ਦਾ ਕਾਇਦਾ ਨਾ ਕੋਇ ਬਦਲਾਈਆ । ਤੈਨੂੰ ਸਮਝੇ ਨਾ ਕੋਇ ਨਜੂਮੀ, ਪੰਡਤਾਂ ਦੀ ਚਲੇ ਨਾ ਕੋਇ ਚਤੁਰਾਈਆ । ਤੇਰਾ ਬਾਲਕ ਨੱਢਾ ਇਕੋ ਸ਼ਬਦ ਮਾਸੂਮੀ, ਨੰਨ੍ਹਾਂ ਨੰਨ੍ਹਾਂ ਨਜ਼ਰੀ ਆਈਆ । ਜਿਸ ਦੀ ਯਾਦ ਕਦੇ ਨਾ ਭੂਲੀ, ਭੁੱਲਿਆਂ ਲਏ ਸਮਝਾਈਆ । ਜਿਸ ਦੇ ਬਾਗ਼ ਫੁਲਵਾੜੀ ਫੂਲੀ, ਪੱਤ ਟਹਿਣੀ ਮਾਤ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਚਿੱਠੀ ਕਹੇ ਮੈਂ ਹੋ ਗਈ ਪੜਦੇ ਓਹਲੇ, ਅੰਦਰੋਂ ਨਜ਼ਰ ਕਿਸੇ ਨਾ ਆਈਆ । ਮੈਂ ਛੁਪ ਗਈ ਸਾਚੇ ਚੋਲੇ, ਜੋ ਚੋਜੀ ਪ੍ਰੀਤਮ ਦਿਤਾ ਪਹਿਨਾਈਆ । ਹੇ ਪ੍ਰਭੂ ਮੈਨੂੰ ਬਿਨਾ ਗੋਬਿੰਦ ਕੋਈ ਨਾ ਖੋਲ੍ਹੇ, ਮੇਰੀ ਤੇਰੇ ਅਗੇ ਦੁਹਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗ਼ੰਬਰ ਬਣਨੇ ਬੜੇ ਵਿਚੋਲੇ, ਵਿਚੇ ਵਿਚ ਫੇਰੀਆਂ ਪਾਈਆ । ਦੀਨਾਂ ਮਜ੍ਹਬਾਂ ਪਾਉਣੇ ਰੌਲੇ, ਝਗੜਾ ਜਗਤ ਹੋਵੇ ਲੋਕਾਈਆ । ਜਨ ਭਗਤ ਤੇਰੇ ਬਣਨ ਸਿੱਧੇ ਗੋਲੇ, ਦੂਜੇ ਦਰ ਨਾ ਮੰਗਣ ਜਾਈਆ । ਆਤਮ ਪਰਮਾਤਮ ਗਾਵਣ ਢੋਲੇ, ਢੋਆ ਦੇਣਾ ਬੇਪਰਵਾਹੀਆ । ਅਗਨੀ ਤਤ ਮੂਲ ਨਾ ਖੌਲੇ, ਪੰਚਮ ਪੰਚ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਿਸ ਵੇਲੇ ਬਲ ਨੇ ਚਿੱਠੀ ਲੈ ਲਈ ਮੁੱਠ, ਬਾਵਨ ਸੀਸ ਝੁਕਾਈਆ । ਕੰਨਿਆਂ ਕੁਆਰੀ ਘਰ ਤੋਂ ਆਈ ਉਠ, ਭੱਜੀ ਵਾਹੋ ਦਾਹੀਆ । ਬਦਲਿਆ ਆਪਣਾ ਰੁਖ਼, ਬਲ ਦਵਾਰੇ ਸੋਭਾ ਪਾਈਆ । ਮੈਂ ਹੁਣ ਨਹੀਂ ਰਹਿਣਾ ਚੁਪ, ਮੈਨੂੰ ਅੰਦਰੋਂ ਕੋਇ ਹਿਲਾਈਆ । ਮੈਂ ਵੇਖਾਂ ਕਲਜੁਗ ਅੰਧੇਰਾ ਘੁਪ, ਮੇਰਾ ਪੜਦਾ ਦਿਤਾ ਉਠਾਈਆ । ਲਹਿਣਾ ਦੇਣਾ ਭਗਤਾਂ ਜਾਵੇ ਨਾ ਮੁਕ, ਮੈਂ ਆਸਾ ਹੋਰ ਵਧਾਈਆ । ਬਾਵਨ ਜੇ ਤੂੰ ਭਗਤਾਂ ਲਾਹਵੇਂ ਨਾ ਭੁੱਖ, ਭੁੱਖਿਆਂ ਨਾ ਦਏਂ ਰਜਾਈਆ । ਪ੍ਰਭੂ ਦੀ ਸਫ਼ਲ ਹੋਣੀ ਨਹੀਂ ਕੁੱਖ, ਕੁਲਖਣੀ ਨਾਰ ਬਣ ਕੇ ਦਏਂ ਦੁਹਾਈਆ । ਜਿੰਨਾਂ ਚਿਰ ਭਗਤਾਂ ਨੂੰ ਸ੍ਰੀ ਭਗਵਾਨ ਕਹੇ ਨਾ ਪੁੱਤ, ਨਾਤਾ ਜਗਤ ਨਾਲੋਂ ਤੁੜਾਈਆ । ਓਨਾਂ ਚਿਰ ਮੈਂ ਤੇਰੇ ਨਾਲੋਂ ਪੈਣਾ ਰੁੱਠ, ਚਾਰ ਜੁਗ ਮਿਲ ਨਾ ਸੀਸ ਨਿਵਾਈਆ । ਬਾਵਨ

ਨੇ ਪ੍ਰੇਮ ਜਾਮ ਦੇ ਕੇ ਘੁਟ, ਘੁੱਟ ਕੇ ਗਲੇ ਨਾਲ ਲਗਾਈਆ । ਹੌਲੀ ਜਿਹੀ ਲਿਆ ਪੁਛ, ਕੀ ਕੁਛ ਵੇਖਿਆ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਕਾਈਆ । ਬਾਲੀ ਕਿਹਾ ਜਿਸ ਵੇਲੇ ਮੈਨੂੰ ਘੁੱਟਿਆ, ਬਾਵਨ ਪਿਆਰ ਵਧਾਈਆ । ਮਾਤਾ ਪਿਤਾ ਨਾਲੋਂ ਪਿਆਰ ਟੁੱਟਿਆ, ਪੁਰਖ ਅਕਾਲ ਇਕੋ ਨਜ਼ਰੀ ਆਈਆ । ਜਿਸ ਦਾ ਤਨ ਵਜੂਦ ਕੋਈ ਨਾ ਜੁੱਸਿਆ, ਮਾਟੀ ਖ਼ਾਕ ਨਾ ਕੋਇ ਹੰਢਾਈਆ । ਜਿਸ ਦਾ ਬੂਟਾ ਭਗਤ ਕਿਸੇ ਨਾ ਪੁੱਟਿਆ, ਭਗਵਨ ਹੋ ਕੇ ਸੇਵ ਕਮਾਈਆ । ਜਿਸ ਦਾ ਭੰਡਾਰਾ ਨਾ ਕਦੇ ਨਖੁੱਟਿਆ, ਜੁਗ ਜੁਗ ਰਿਹਾ ਵਰਤਾਈਆ । ਜੋ ਮਾਰਗ ਉਤੋਂ ਕਦੇ ਨਾ ਘੁੱਥਿਆ, ਗੁਰ ਅਵਤਾਰ ਪੈਗ਼ੰਬਰਾਂ ਰਿਹਾ ਚਲਾਈਆ । ਓਸ ਸਹਿਜੇ ਨਾਲ ਮੈਨੂੰ ਅੰਦਰ ਵੜ ਕੇ ਪੁੱਛਿਆ, ਸ਼ਬਦੀ ਸ਼ਬਦ ਮੰਗ ਮੰਗਾਈਆ । ਮੈਨੂੰ ਨਜ਼ਰ ਆਇਆ ਓਹ ਰੁੱਕਿਆ, ਜੋ ਰੁੱਕਾ ਬਲ ਆਪਣੇ ਹੱਥ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਨਜ਼ਰ ਦਿਤੀ ਬਦਲਾਈਆ । ਨੰਨ੍ਹੀ ਕਹੇ ਨੰਨ੍ਹੀ ਬੱਚੀਆ, ਬਚਪਨ ਆਪਣਾ ਦਿਆਂ ਜਣਾਈਆ । ਮੈਂ ਸ਼ਬਦ ਕਹਾਣੀ ਦੱਸਾਂ ਸੱਚੀਆ, ਅਖਰਾਂ ਵਾਲੀ ਨਾ ਕੋਇ ਪੜ੍ਹਾਈਆ । ਪਰਮ ਪੁਰਖ ਸਭ ਦਾ ਵੇਖ ਕੇ ਕਮਲਾਪਤੀਆ, ਪਤਿਪਰਮੇਸ਼ਵਰ ਸੀਸ ਝੁਕਾਈਆ । ਜਿਸ ਨੇ ਮੈਨੂੰ ਪੜ੍ਹਾਈ ਪੱਟੀਆ, ਪਟਨੇ ਵਾਲਾ ਦਿਤਾ ਵਖਾਈਆ । ਜਿਸ ਦੇ ਕੋਲੋਂ ਮੈਨੂੰ ਮਿਲਣੀ ਖੱਟੀਆ, ਖਟਕਾ ਰਹੇ ਨਾ ਰਾਈਆ । ਸੌਦਾ ਦੇਵੇ ਇਕੋ ਹੱਟੀਆ, ਹਟਵਾਣਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪ ਬੁਝਾਈਆ । ਨੰਨ੍ਹੀ ਕਹੇ ਮੈਂ ਵੇਖਿਆ ਨਿੱਕਾ, ਸਤਿ ਸਰੂਪ ਸੋਭਾ ਪਾਈਆ । ਜਿਸ ਦਾ ਸਭ ਤੋਂ ਵੱਖਰਾ ਹਿੱਸਾ, ਭਗਤਾਂ ਝੋਲੀ ਰਿਹਾ ਭਰਾਈਆ । ਸਚ ਦਾ ਬਣ ਕੇ ਪਿਤਾ, ਪੂਤ ਸਪੂਤੇ ਗੋਦ ਟਿਕਾਈਆ । ਕੂੜੀ ਕਿਰਿਆ ਸੜਨ ਨਾ ਦੇਵੇ ਚਿਖਾ, ਅਗਨੀ ਅੱਗ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੜਦਾ ਦਿਤਾ ਚੁਕਾਈਆ । ਪੜਦਾ ਚੁਕਿਆ ਹੋਈ ਹੈਰਾਨ, ਅੰਦਰੇ ਅੰਦਰ ਖ਼ੁਸ਼ੀ ਮਨਾਈਆ । ਮੈਨੂੰ ਉਪਜਿਆ ਬ੍ਰਹਮ ਗਿਆਨ, ਪੜ੍ਹਨ ਦੀ ਲੋੜ ਰਹੀ ਨਾ ਰਾਈਆ । ਨਜ਼ਰ ਆਇਆ ਨਿਸ਼ਾਨ, ਨਿਸ਼ਾਨੇ ਰਿਹਾ ਗਵਾਈਆ । ਮਿਲਿਆ ਸਾਹਿਬ ਸੁਲਤਾਨ, ਪਾਤਸ਼ਾਹ ਬੇਪਰਵਾਹੀਆ । ਹੁਕਮ ਦਿਤਾ ਫ਼ਰਮਾਨ, ਸੰਦੇਸਾ ਸ਼ਬਦ ਜਣਾਈਆ । ਕਲਜੁਗ ਅੰਤਮ ਵੇਖ ਮਾਰ ਧਿਆਨ, ਦੂਰ ਦੁਰਾਡਾ ਪੰਧ ਮੁਕਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਈਆ । ਭੇਵ ਖੋਲ੍ਹਿਆ ਨਜ਼ਰੀ ਆਇਆ ਬਾਲਮੀਕ, ਕ਼ਲਮ ਸ਼ਾਹੀ ਮੋਰ ਪੰਖ ਚਲਾਈਆ । ਰਵਦਾਸ ਚਮਾਰਾ ਦਿਸਿਆ ਠੀਕ, ਜੋ ਠਾਕਰ ਇਕੋ ਰਿਹਾ ਮਨਾਈਆ । ਕਲਜੁਗ ਅੰਤ ਬਦਲਦੀ ਵੇਖੀ ਰੀਤ, ਰੀਤੀਵਾਨ ਦਇਆ ਕਮਾਈਆ । ਸਚ ਪ੍ਰੇਮ ਦੀ ਵੇਖੀ ਪ੍ਰੀਤ, ਪਰਮ ਪੁਰਮ ਨਾਲ ਵੱਜੀ ਵਧਾਈਆ । ਢੋਲਾ ਸੋਹਿਆ ਸਾਚਾ ਗੀਤ, ਸੋਹੰ ਸ਼ਬਦ ਸ਼ਨਵਾਈਆ । ਮਨ ਆਤਮਾ ਹੋਈ ਅਤੀਤ, ਤ੍ਰੈਗੁਣ ਲੇਖਾ ਰਿਹਾ ਨਾ ਰਾਈਆ । ਗੋਬਿੰਦ ਨਜ਼ਰੀ ਆਇਆ ਠੀਕ, ਸ਼ਬਦੀ ਸ਼ਬਦ ਵੇਖ ਵਖਾਈਆ । ਜਿਸ ਦੀ ਸ਼ਹਾਦਤ ਕਰੇ ਤਸਦੀਕ਼, ਓਸੇ ਦੀ ਸਤਿ ਗਵਾਹੀਆ । ਜੋ ਅੰਦਰ ਵਸੇ ਕ਼ਰੀਬ, ਬਾਹਰੋਂ ਮੇਲ ਮਿਲਾਈਆ । ਇਹ ਖੇਲ ਅਜਬ ਅਜੀਬ, ਪਰਮ ਪੁਰਖ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਵਿਚ ਤੱਕਿਆ ਰਵਦਾਸ, ਰਵੀ ਇਕੋ ਨਜ਼ਰੀ ਆਈਆ । ਕ਼ਲਮ

੮੫੬
੧੯

ਦਵਾਤ ਜਿਸ ਦੇ ਪਾਸ, ਸ਼ਾਹੀ ਸ਼ਹਿਨਸ਼ਾਹ ਵਡਿਆਈਆ । ਜਿਸ ਦੇ ਅੰਤਰ ਪ੍ਰੇਮ ਸਵਾਸ, ਸਾਹ ਸਾਹ ਧਿਆਈਆ । ਪ੍ਰਭ ਪਾ ਸਰਬ ਗੁਣਤਾਸ, ਗੁਣ ਆਪਣਾ ਗਿਆ ਭੁਲਾਈਆ । ਚਰਨ ਧੂੜੀ ਟਿੱਕਾ ਲਾ ਕੇ ਰਾਖ, ਰਾਖਸ਼ ਮਨ ਅੰਦਰੋਂ ਦਿਤਾ ਕਢਾਈਆ । ਆਤਮ ਪਰਮਾਤਮ ਕਰ ਇਤਫ਼ਾਕ, ਮੇਲ ਮਿਲਾਇਆ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਰਵੀਦਾਸ ਫੜ ਕੇ ਕਾਗ਼ਜ਼ ਕੋਰਾ, ਬਲ ਦਵਾਰੇ ਦਿਤਾ ਵਖਾਈਆ । ਮੇਰਾ ਅਜੇ ਤਿੰਨ ਜੁਗ ਵਿਛੋੜਾ, ਵਿਛੜਨ ਤੋਂ ਪਹਿਲੇ ਦਿਤਾ ਜਣਾਈਆ । ਜਿਸ ਦਾ ਕੋਈ ਨਾ ਜਾਣੇ ਹੋੜਾ, ਹੋਕਾ ਦੇ ਸਰਬ ਲੋਕਾਈਆ । ਜਿਸ ਦਾ ਅੰਤਮ ਇਕੋ ਪੌੜਾ, ਪੌੜੀ ਅੱਖਰ ਨਾ ਕੋਇ ਪੜ੍ਹਾਈਆ । ਓਸ ਦੀ ਸਭ ਨੂੰ ਪਏ ਲੋੜਾ, ਖ਼ਾਲੀ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਕਲਜੁਗ ਹੋਣਾ ਅੰਧ ਘੋਰਾ, ਠਗ ਚੋਰਾਂ ਯਾਰਾਂ ਨਾਲ ਵੱਜਣੀ ਕੂੜ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੰਨ੍ਹੀ ਬੱਚੀ ਕਿਹਾ ਮੈਂ ਵੇਖਿਆ ਕਾਗ਼ਜ਼ ਚਿੱਟਾ, ਬਲ ਬਾਵਨ ਸੀਸ ਨਿਵਾਈਆ । ਕੀ ਇਸ ਦਾ ਅੰਤਮ ਸਿੱਟਾ, ਮੈਨੂੰ ਦੇ ਸਮਝਾਈਆ । ਬਾਵਨ ਕਿਹਾ ਜਿਸ ਵੇਲੇ ਫੇਰ ਆਵਾਂ ਮੇਰੇ ਨਿਸ਼ਾਨ ਹੋਵੇ ਉਪਰ ਗਿੱਟਾ, ਇੱਟਾਂ ਪੱਥਰ ਮੰਨਣ ਕੋਇ ਨਾ ਜਾਈਆ । ਜਨ ਭਗਤਾਂ ਬਣ ਕੇ ਪਿਤਾ, ਨਿਰਗੁਣ ਨੂਰ ਜੋਤ ਕਰਾਂ ਰੁਸ਼ਨਾਈਆ । ਤੇਰੀ ਪੂਰੀ ਕਰਾਂ ਇੱਛਾ, ਦਰ ਦਰ ਘਰ ਘਰ ਭੋਗ ਲਗਾਈਆ । ਜਿਹੜਾ ਖੇਲ ਕਿਸੇ ਨਹੀਂ ਦਿਸਾ, ਚਾਰ ਜੁਗ ਦਿਆਂ ਪਗਟਾਈਆ । ਤੇਰਾ ਯਾਦ ਰਖਾਂ ਪਿਛਾ, ਅਗੇ ਹੋਵਾਂ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਬਾਵਨ ਖ਼ੁਸ਼ੀ ਨਾਲ ਫੜ ਕੇ ਹੱਥ, ਕੰਨਿਆ ਨੰਨ੍ਹੀ ਦਿਤਾ ਹਿਲਾਈਆ । ਓਸ ਵੇਖਿਆ ਪੁਰਖ ਸਮਰਥ, ਜੋ ਸਮਾਂ ਰਿਹਾ ਬਦਲਾਈਆ । ਅੰਦਰ ਆਸਾ ਉਪਜੀ ਕੁਛ ਤੇਰਾ ਲਿਖਾਂ ਜਸ, ਸਿਫ਼ਤਾਂ ਸਿਫ਼ਤ ਸਾਲਾਹੀਆ । ਪੁਰਖ ਅਕਾਲ ਕਿਹਾ ਬੱਸ, ਅਗੇ ਮੰਗ ਨਾ ਕੋਇ ਮੰਗਾਈਆ । ਜਿਸ ਵੇਲੇ ਕਲਜੁਗ ਅੰਤਮ ਆਪਣਾ ਖੋਲ੍ਹਾਂ ਹੱਟ, ਨਿਰਗੁਣ ਹੋ ਕੇ ਫੇਰਾ ਪਾਈਆ । ਪੂਰਬ ਲਹਿਣਾ ਦੇ ਕੇ ਵਥ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਕਲਜੁਗ ਅੰਤ ਅਖ਼ੀਰ ਆਵਾਂਗਾ । ਬੇਨਜ਼ੀਰ ਖੇਲ ਖਿਲਾਵਾਂਗਾ । ਦਸਤਗੀਰ ਆਪ ਅਖਵਾਵਾਂਗਾ । ਸ਼ਾਹ ਹਕੀਰ ਪੜਦਾ ਲਾਹਵਾਂਗਾ । ਮੰਜ਼ਲ ਚੜ੍ਹ ਅਖੀਰ, ਜਲਵਾ ਜੋਤ ਨੂਰ ਰੁਸ਼ਨਾਵਾਂਗਾ । ਸਾਚੀ ਦੱਸ ਤਦਬੀਰ, ਤਕਦੀਰ ਆਪ ਬਦਲਾਵਾਂਗਾ । ਕੁਛ ਲੇਖਾ ਹੱਥ ਕਬੀਰ, ਕਾਇਆ ਕ਼ਬਰ ਵਿਚੋਂ ਬਾਹਰ ਕਢਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਦਰਸਾਵਾਂਗਾ । ਸਾਚੀ ਸੇਵਾ ਇਕੋ ਦੱਸਾਂਗਾ । ਹਿਰਦੇ ਹਰਿ ਜੂ ਹੋ ਕੇ ਵਸਾਂਗਾ । ਕੂੜੀ ਕਿਰਿਆ ਕੋਲੋਂ ਨੱਸਾਂਗਾ । ਜਨ ਭਗਤਾਂ ਅੰਦਰ ਬਹਿ ਕੇ ਹੱਸਾਂਗਾ । ਨਵੀਂ ਰਚਨਾ ਜਗ ਵਿਚ ਰਚਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਇਕੋ ਵਸਾਂਗਾ । ਸਚ ਦਵਾਰਾ ਇਕ ਵਸਾਵਾਂਗਾ । ਲਹਿਣਾ ਦੇਣਾ ਮੂਲ ਚੁਕਾਵਾਂਗਾ । ਸਚ ਅਸੂਲ ਇਕ ਬਣਾਵਾਂਗਾ । ਲੇਖਾ ਕਦੇ ਨਾ ਜਾਵਾਂ ਭੁਲ, ਅਭੁਲ ਹੋ ਕੇ ਆਪ ਪਰਗਟਾਵਾਂਗਾ । ਚਰਨ ਪ੍ਰੀਤੀ ਦੇ ਕੇ ਧੂਲ, ਟਿੱਕਾ ਧੂੜੀ ਇਕ ਰਮਾਵਾਂਗਾ । ਸਤਿਜੁਗ ਸਚ ਬਣਾ ਅਸੂਲ, ਅਸਲ ਆਪਣਾ ਰੰਗ ਰੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਇੱਛਾ ਵੇਖ ਵਖਾਵਾਂਗਾ । ਪੂਰਬ

ਇਛਿਆ ਕਹੇ ਕੰਨਿਆ, ਪ੍ਰਭ ਤੇਰੀ ਓਟ ਤਕਾਈਆ । ਤੂੰ ਸਾਹਿਬ ਸਵਾਮੀ ਠਾਕਰ ਮੰਨਿਆਂ, ਮਿੰਨਤਾਂ ਦੀ ਲੋੜ ਰਹੇ ਨਾ ਰਾਈਆ । ਧੰਨ ਜਣੇਂਦੀ ਮਾਈ ਜਿਸ ਜਣਿਆਂ, ਜਣ ਕੇ ਤੇਰੀ ਗੋਦ ਟਿਕਾਈਆ । ਮੇਰਾ ਮੈਂ ਰਿਹਾ ਨਾ ਅੰਨਿਆ, ਤੇਰੀ ਕਿਰਪਾ ਮਿਲੀ ਸਰਨਾਈਆ । ਭਾਂਡਾ ਗੜ੍ਹ ਹੰਕਾਰੀ ਭੰਨਿਆ, ਬਾਲੀ ਬੁਧ ਦਿਤੀ ਵਡਿਆਈਆ । ਮੈਂ ਤੇਰਾ ਕਰਾਂ ਧੰਨ ਧੰਨਿਆ, ਸ਼ੁਕਰ ਕਹਿ ਕੇ ਖ਼ੁਸ਼ੀ ਮਨਾਈਆ । ਤੂੰ ਭੀਤਰ ਭੀਤਰ ਰਮਿਆ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਵੇਲੇ ਬਦਲੇਂ ਆਪਣਾ ਸਮਿਆਂ, ਸਮਾਂ ਆਪਣਾ ਦੇਣਾ ਵਖਾਈਆ । ਬਾਵਨ ਕਿਹਾ ਜਿਸ ਵੇਲੇ ਸਮਾਂ ਹੋਵੇ ਤਬਦੀਲ, ਕਲਜੁਗ ਅੰਤਮ ਵੇਖ ਵਖਾਈਆ । ਸ਼ਬਦੀ ਸ਼ਬਦ ਸੁਣ ਸਰਬ ਅਪੀਲ, ਪਿਛਲੇ ਖਾਤੇ ਵੇਖ ਵਖਾਈਆ । ਜਿਨ੍ਹਾਂ ਸਾਚੀ ਰਖੀ ਦਲੀਲ, ਦਿਲ ਦੇ ਪੜਦੇ ਦਿਆਂ ਉਠਾਈਆ । ਹੁਕਮੇ ਅੰਦਰ ਕਰ ਤਾਮੀਲ, ਘਰ ਸਾਚੇ ਲਵਾਂ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲੀ ਚਿੱਠੀ ਦਿਆਂ ਵਖਾਈਆ । ਮੇਰੀ ਚਿੱਠੀ ਅੰਦਰ ਇਕੋ ਅੱਖਰ, ਜਿਸ ਦਾ ਚਿੰਨ ਨਾ ਕੋਇ ਸਮਝਾਈਆ । ਸਭ ਤੋਂ ਨਿਰਾਲਾ ਵੱਖਰ ਵੱਖਰਾ ਹੁਕਮ ਸਮਝਾਈਆ । ਜਿਸ ਨੂੰ ਲਿਖੇ ਨਾ ਕੋਈ ਸਲੇਟ ਪੱਥਰ, ਕ਼ਲਮ ਸ਼ਾਹੀ ਨਾ ਰੰਗ ਚੜ੍ਹਾਈਆ । ਜੋ ਪ੍ਰਭ ਦੇ ਸੁੱਤਾ ਸੱਥਰ, ਯਾਰੜਾ ਸੇਜ ਇਕ ਹੰਢਾਈਆ । ਜਿਸ ਦੀ ਮਹਿੰਮਾ ਕਿਸੇ ਨਾ ਲਿਖੀ ਵਿਚ ਨਸਰ, ਅੱਖਰਾਂ ਨਾਲ ਆਖ਼ਰ ਆਪਣਾ ਆਪ ਗਵਾਈਆ । ਮੈਂ ਓਸੇ ਨਾਲ ਆਪਣਾ ਆਪ ਕਰਨਾ ਬਸਰ, ਬਸ਼ਰਤੇ ਕਿ ਓਹੋ ਮਿਲੇ ਧੁਰਦਰਗਾਹੀਆ । ਜਿਸ ਦਾ ਸਭ ਤੋਂ ਵੱਖਰਾ ਜਸ਼ਨ, ਭਗਤਾਂ ਨਾਲ ਖ਼ੁਸ਼ੀ ਮਨਾਈਆ । ਸਚ ਪ੍ਰੇਮ ਦਾ ਲੈ ਕੇ ਮਿਸ਼ਨ, ਚਾਰੋਂ ਕੁੰਟ ਵੇਖ ਵਖਾਈਆ । ਜਿਸ ਨੇ ਇਸ਼ਾਰਾ ਥੋੜਾ ਦਿਤਾ ਕਾਹਨ ਕ੍ਰਿਸ਼ਨ, ਗੋਪੀਆਂ ਗਵਾਲਿਆਂ ਵਾਲੀਆਂ ਨਚਾਈਆ । ਓਸ ਦੇ ਖੇਲ ਅਗੰਮੇ ਦਿਸਣ, ਦਿਸ਼ਾ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਖ਼ਰ ਭੇਵ ਦਏ ਜਣਾਈਆ । ਆਪਣਾ ਭੇਵ ਦੱਸੇ ਪ੍ਰਭ ਆਖ਼ਰ, ਅੱਖਰਾਂ ਸਿਫ਼ਤ ਸਾਲਾਹੀਆ । ਪੁਰਖ ਅਗੰਮਾ ਹੋਵੇ ਸਾਥਨ, ਸਗਲਾ ਸੰਗ ਬਣਾਈਆ । ਆਤਮ ਪਰਮਾਤਮ ਗਾਥਨ, ਢੋਲਾ ਗੀਤ ਸੁਣਾਈਆ । ਨਿਰਗੁਣ ਹੋਕੇ ਸਰਗੁਣ ਆਵੇ ਵਾਚਣ, ਵਾਚਕ ਵਿਦਿਆ ਦੀ ਲੋੜ ਰਹੇ ਨਾ ਰਾਈਆ । ਪ੍ਰੇਮ ਪ੍ਰੀਤੀ ਅੰਦਰ ਆਵੇ ਨਾਚਨ, ਕੂੜ ਸਵਾਂਗ ਨਾ ਕੋਇ ਰਚਾਈਆ । ਦਰਸ ਦੇਵੇ ਅਗੰਮੀ ਬਾਤਨ, ਬਾਹਰ ਖੋਜਣ ਦੀ ਲੋੜ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਹੁਕਮ ਸੁਣਨ ਨੂੰ ਉਠ ਖਲੋਤਾ ਰਵੀ, ਦਾਸ ਹੋ ਕੇ ਸੀਸ ਨਿਵਾਈਆ । ਪੁਰਖ ਅਕਾਲ ਸ਼ਬਦ ਅਗੰਮੀ ਕਹਵੀਂ, ਰਸਨਾ ਵਾਲੀ ਨਾ ਕੋਇ ਪੜ੍ਹਾਈਆ । ਜਿਸ ਵੇਲੇ ਤੇਰੀ ਧਾਰ ਚਲਣੀ ਨਵੀਂ, ਕਲਜੁਗ ਵਿਚੋਂ ਸਤਿਜੁਗ ਲੈਣਾ ਬਦਲਾਈਆ । ਸਚ ਸਿੰਘਾਸਣ ਇਕੋ ਬਹਵੀਂ, ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਸਾਰ ਲਵੀਂ, ਲਾਇਕ ਨਾਲਾਇਕ ਦੇਣੇ ਬਣਾਈਆ । ਓਸ ਵੇਲੇ ਤੈਨੂੰ ਸਾਰਿਆਂ ਕਹਿਣਾ ਅਵਤਾਰ ਚਵੀ, ਚੌਂਹ ਜੁਗਾਂ ਦਾ ਲਹਿਣਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਰਮ ਭੁਲੇਖਾ ਦੇਣਾ ਮੁਕਾਈਆ । ਜਿਸ ਵੇਲੇ ਹੋਵੇਂ ਚਵੀਆਂ ਅਵਤਾਰਾ, ਕਲ ਕਲਕੀ ਨਾਉਂ ਧਰਾਈਆ । ਤੇਰਾ ਰਵਦਾਸ ਹੋਏ ਲਿਖਾਰਾ, ਬਾਲਮੀਕ ਨਾਲ ਗਵਾਹੀਆ । ਜਿਹੜਾ ਕੰਨਿਆਂ ਦਾ ਉਧਾਰਾ, ਕਲਜੁਗ ਅੰਤਮ ਝੋਲੀ ਪਾਈਆ । ਤੇਰਾ ਵਕ਼ਤ ਸਮਾਂ ਹੋਏ ਅਪਾਰਾ, ਸ਼ਹਿਨਸ਼ਾਹੀ ਦੋ ਵੱਜੇ ਵਧਾਈਆ । ਗੋਬਿੰਦ ਦਾ ਪਿਛਲਾ ਚੁੱਕੇ ਉਧਾਰਾ, ਜੁਝਾਰ ਨਾਲ ਕੁੜਮਾਈਆ ।

ਘਰ ਸਾਚੇ ਮੰਗਲਾਚਾਰਾ, ਗੀਤ ਗੋਬਿੰਦ ਸੁਣਾਈਆ । ਦੇਵੀਂ ਇਕ ਇਸ਼ਾਰਾ, ਸ਼ਬਦ ਸ਼ਬਦ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਮਨਾਈਆ । ਬਾਵਨ ਕਿਹਾ ਸਭ ਕੁਛ ਹੋਵੇ ਪੂਰਾ, ਪੂਰਨ ਪ੍ਰਭ ਦਏ ਵਡਿਆਈਆ । ਜਿਸ ਵੇਲੇ ਆਵੇ ਪੁਰਖ ਅਕਾਲ ਸੂਰਾ, ਸਤਿਗੁਰ ਸਾਚਾ ਫੇਰਾ ਪਾਈਆ । ਰਵਦਾਸ ਨਾਲ ਹੋਵੇ ਜ਼ਰੂਰਾ, ਜ਼ਰੂਰਤ ਪਿਛਲੀ ਵੇਖ ਵਖਾਈਆ । ਸਭ ਦੀ ਅਰਜ਼ ਕਰੇ ਮਨਜ਼ੂਰਾ, ਮਜ਼ਦੂਰੀ ਸਭ ਦੀ ਝੋਲੀ ਪਾਈਆ । ਜਨ ਭਗਤਾਂ ਕਾਇਆ ਅੰਦਰੋਂ ਹੂੰਜੇ ਕੂੜਾ, ਦੁਰਮਤ ਮੈਲ ਧਵਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ, ਦਰ ਦੇਵੇ ਮਾਣ ਵਡਿਆਈਆ । ਜਿਸ ਵੇਲੇ ਕੰਨਿਆਂ ਪ੍ਰਭ ਦੇ ਨਾਮ ਦਾ ਪਾਇਆ ਰੰਗਲਾ ਚੂੜਾ, ਮੰਗਲਾਚਾਰ ਵਿਚ ਜਣਾਈਆ । ਸ਼ਬਦੀ ਨਾਦ ਦੀ ਦੇ ਕੇ ਤੂਰਾ, ਤੁਰਤ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਵਦਾਸ ਨਾਲ ਮੇਲਾ ਮੇਲੇ ਸਹਿਜ ਸੁਭਾਈਆ । ਰਵਦਾਸ ਕਹੇ ਕੀ ਅਗੰਮੀ ਬਾਤ, ਪ੍ਰਭ ਸਾਚੇ ਦੇ ਸਮਝਾਈਆ । ਪੁਰਖ ਅਕਾਲ ਕਿਹਾ ਇੱਕੀ ਦਿਨ ਏਸੇ ਕੰਨਿਆਂ ਦੇ ਹੱਥ ਫੜਾਉਣੀ ਕ਼ਲਮ ਦਵਾਤ, ਢਾਈ ਘੰਟੇ ਨਿਤ ਸੇਵ ਕਮਾਈਆ । ਤੂੰ ਖ਼ੁਸ਼ੀਆਂ ਨਾਲ ਕੋਲ ਗਾਉਂਦੇ ਰਹਿਣਾ ਗਾਥ, ਇਹ ਕਰਦੀ ਰਹੇ ਲਿਖਾਈਆ । ਪੁਰਖ ਅਕਾਲ ਦੋਹਾਂ ਦੇ ਵੱਸੇ ਪਾਸ, ਹਿਰਦੇ ਹਰਿ ਸਮਾਈਆ । ਪਹਿਲੀ ਪੱਟੀ ਤੇ ਪਹਿਲੀ ਜਮਾਤ, ਪਹਿਲਾ ਸਬਕ ਦਏ ਸਮਝਾਈਆ । ਜਨ ਭਗਤੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੋਂ ਵੱਡੀ ਨਹੀਂ ਕੋਈ ਕਰਾਮਾਤ, ਜੋ ਕਰਮਾਂ ਦਾ ਲੇਖ ਚੁਕਾਈਆ । ਇੱਕੀ ਸਾਵਣ ਨੂੰ ਸਭ ਦੇ ਉਤੇ ਖ਼ੁਸ਼ੀਆਂ ਦੀ ਪਏ ਬਰਸਾਤ, ਬਰਖਾ ਮਿਹਰ ਆਪ ਬਰਸਾਈਆ । ਏਸ ਦਾ ਫੇਰ ਜਵਾਬ, ਤਿੰਨ ਅੱਸੂ ਦਿਆਂ ਦ੍ਰਿੜਾਈਆ । ਗੁਰਮੁਖ ਸਿੰਘ ਰਖਣਾ ਹਿਸਾਬ, ਭੁੱਲ ਵਿਚ ਭੁੱਲ ਕਦੇ ਨਾ ਜਾਈਆ । ਗੋਬਿੰਦ ਦੇ ਹੱਥ ਉਹ ਕਿਤਾਬ, ਜਿਥੇ ਅਜੀਤ ਜੁਝਾਰ ਸੋਭਾ ਪਾਈਆ । ਛੋਟਿਆਂ ਦਾ ਸਭ ਤੋਂ ਵੱਖਰਾ ਵਾਕ, ਜੋ ਵਾਕਫ਼ਕਾਰ ਭਗਤਾਂ ਦੇ ਅਖਵਾਈਆ । ਜਨ ਭਗਤੋ ਤੁਹਾਡੇ ਰਹਿਣ ਕੋਈ ਨਾ ਪਾਪ, ਪਤਿਤ ਪੁਨੀਤ ਦਿਤੇ ਬਣਾਈਆ । ਪੁਰਖ ਅਕਾਲ ਬਣਿਆ ਤੁਹਾਡਾ ਬਾਪ, ਜੰਮਣ ਵਾਲੀ ਇਕੋ ਮਾਈਆ । ਜਿਸ ਨੇ ਗੋਬਿੰਦ ਰੱਖਿਆ ਸਾਥ, ਸਗਲਾ ਸੰਗ ਬਣਾਈਆ । ਉਹ ਹੋਵੇ ਤੁਹਾਡਾ ਦਾਸ, ਨਿਰਧਨ ਹੋ ਕੇ ਸੇਵ ਕਮਾਈਆ । ਅੰਦਰ ਵੜ ਕੇ ਕਰੇ ਪਾਕ, ਪਤਿਤ ਪੁਨੀਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਦੇਵੇ ਸਰਨਾਈਆ । ਕ਼ਲਮ ਦਵਾਤ ਕਹੇ ਮੇਰਾ ਲੇਖਾ ਬਣਨਾ ਨਾਲ ਸ਼ਾਹੀ, ਸ਼ਹਿਨਸ਼ਾਹ ਦਏ ਵਡਿਆਈਆ । ਬਲ ਬਾਵਨ ਦੋਵੇਂ ਦੇਣ ਗਵਾਹੀ, ਸ਼ਹਾਦਤ ਸਚ ਸਚ ਭੁਗਤਾਈਆ । ਬਾਲਮੀਕ ਭੁੱਲਣਾ ਨਾਹੀਂ, ਪੜਦਾ ਪੜਦੇ ਵਿਚੋਂ ਚੁਕਾਈਆ । ਰਵਦਾਸ ਵੇਖਿਆ ਸੱਚਾ ਥਾਈਂ, ਭਗਤ ਦਵਾਰਾ ਸੋਭਾ ਪਾਈਆ । ਜਿਥੇ ਹਰਿ ਭਗਤਾਂ ਮਿਲੇ ਵਡਿਆਈ, ਗੁਰਮੁਖਾਂ ਰੰਗ ਚੜ੍ਹਾਈਆ । ਦੁਰਮਤ ਮੈਲ ਧੋਵੇ ਸ਼ਾਹੀ, ਕਾਲਖ ਟਿੱਕਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਦਏ ਸਰਨਾਈਆ । ਸਚ ਦਵਾਰਾ ਸੋਭਾਵੰਤ, ਸੋ ਸਾਹਿਬ ਆਪ ਸਮਝਾਈਆ । ਜਿਥੇ ਮੇਲਾ ਭਗਤ ਭਗਵੰਤ, ਆਤਮ ਪਰਮਾਤਮ ਵੱਜੇ ਵਧਾਈਆ । ਸਚ ਦਵਾਰੇ ਸੋਹਣ ਅਗੰਮੇ ਸੰਤ, ਜਿਨ੍ਹਾਂ ਸੱਜਣ ਇਕ ਅਖਵਾਈਆ । ਗੁਰਮੁਖ ਗੁਰਸਿਖ ਦੂਜੇ ਦਰ ਕਰਨ ਨਾ ਮਿੰਨਤ, ਨਮੋ ਨਮੋ ਨਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਹਰਿ ਸਾਚੇ ਪਾਰ ਲੰਘਾਈਆ । ਜਨ ਹਰਿ ਸਾਚਾ ਉਤਰੇ ਪਾਰ, ਪਰਮ ਪੁਰਖ ਦਇਆ

ਕਮਾਈਆ । ਕਰਨੀ ਦਾ ਕਰਤਾ ਕਰੇ ਹੁਦਾਰ, ਮਿਹਰ ਨਜ਼ਰ ਉਠਾਈਆ । ਜਿਸ ਦੀ ਆਸਾ ਰਖਦੇ ਗਏ ਜੁਗ ਚਾਰ, ਚਾਰੇ ਖਾਣੀ ਚਾਰੇ ਬਾਣੀ ਧਿਆਨ ਲਗਾਈਆ । ਸੋ ਆਇਆ ਅੰਤਮ ਵਾਰ, ਕਲਜੁਗ ਮੇਟੇ ਕੂੜੀ ਸ਼ਾਹੀਆ । ਜਨ ਭਗਤਾਂ ਦੇਵਣਹਾਰਾ ਨਾਮ ਭੰਡਾਰ, ਅਤੋਲ ਅਤੁਲ ਵਰਤਾਈਆ । ਸਾਵਣ ਬਰਖੇ ਅੰਮ੍ਰਿਤ ਧਾਰ, ਰਸ ਅੰਤਰ ਅੰਤਰ ਚੁਆਈਆ । ਸੋਈ ਸੁਰਤੀ ਕਰ ਕੇ ਖ਼ਬਰਦਾਰ, ਆਲਸ ਨਿੰਦਰਾ ਦੇ ਮਿਟਾਈਆ । ਜਨ ਭਗਤੋ ਪ੍ਰਭ ਤਕੋ ਆਪਣੇ ਭਗਤ ਦਵਾਰ, ਦੂਜੇ ਦਰ ਨਜ਼ਰ ਕਦੇ ਨਾ ਆਈਆ । ਪੰਜ ਵਾਰ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੋਲੋ ਜੈਕਾਰ, ਜੈਕਾਰਿਆਂ ਵਿਚੋਂ ਨਿਰੰਕਾਰ ਨਜ਼ਰੀ ਆਈਆ ।

### ੨ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹ ਬਟਾਲਾ

ਹਰਿ ਜੈਕਾਰ ਅਗੰਮੀ ਸ਼ਬਦ, ਸੁਰਤ ਅਕਾਲ ਮੂਰਤ ਵਿਚ ਮਿਲਾਈਆ । ਝਗੜਾ ਰਹੇ ਨਾ ਕੋਇ ਦੀਨ ਮਜ਼ਬ, ਸ਼ਰਅ ਵਿਚ ਨਾ ਕੋਇ ਲੜਾਈਆ । ਸਚ ਦਵਾਰੇ ਹੋਵੇ ਅਦਬ, ਆਦਾਬ ਇਕੋ ਦਏ ਸਮਝਾਈਆ । ਹੈਰਾਨੀ ਵਿਚ ਨਾ ਹੋਵੇ ਗ਼ਜਬ, ਗ਼ਰਜ਼ ਸਭ ਦੀ ਪੂਰ ਕਰਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਮਦਦ ਭਗਤਾਂ ਕਰੇ ਚਾਈਂ ਚਾਈਂਆ । ਦੀਨਾਂ ਦੁਖੀਆਂ ਵੰਡੇ ਦਰਦ, ਨਾਥ ਅਨਾਥਾਂ ਹੋਏ ਸਹਾਈਆ । ਭਗਤਾਂ ਸੁਣੇ ਅਰਜ਼, ਜੁਗ ਚੌਕੜੀ ਵੇਖ ਵਖਾਈਆ । ਜਨਮ ਕਰਮ ਦੀ ਕਟ ਕੇ ਮਰਜ਼, ਮਜ਼ਾ ਆਪਣਾ ਨਾਮ ਚਖਾਈਆ । ਸਾਚਾ ਖੇਲ ਦੱਸ ਅਸਚਰਜ, ਅਚਰਜ ਲੀਲਾ ਆਪ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰਾ ਗਰਦ, ਸਤਿ ਜੋਤ ਕਰੇ ਰੁਸ਼ਨਾਈਆ । ਪੂਰਬ ਕਰਮ ਦੀ ਕੱਢ ਕੇ ਫ਼ਰਦ, ਫ਼ੈਸਲੇ ਹੱਕ ਹੱਕ ਸੁਣਾਈਆ । ਗੁਰਮੁਖ ਜਾਣ ਨਾ ਦੇਵੇ ਕੋਈ ਨਾਵਲਦ, ਵਲਦੀਅਤ ਆਪਣੇ ਨਾਲ ਬਣਾਈਆ । ਮਾਰਗ ਪੰਥ ਦੱਸੇ ਨਾ ਕੋਇ ਗ਼ਲਤ, ਕੂੜਾ ਰਾਹ ਨਾ ਕੋਇ ਚਲਾਈਆ । ਸਦਾ ਸਹਾਈ ਹਲਤ ਪਲਤ, ਪਤਿਪਰਮੇਸ਼ਵਰ ਬੇਪਰਵਾਹੀਆ । ਕਲਜੁਗ ਅੰਤ ਨਿਰਾਲਾ ਕਰੇ ਚਲਤ, ਚਲਿੱਤਰ ਵੇਖੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਹਰਿ ਸ਼ਬਦ ਸਚ ਜੈਕਾਰ, ਨਾਅਰਾ ਹੱਕ ਅਖਵਾਈਆ । ਖ਼ੁਸ਼ੀ ਕਰਨ ਗੁਰ ਅਵਤਾਰ, ਪੈਗ਼ੰਬਰ ਢੋਲੇ ਗਾਈਆ । ਕਲ ਵੇਖ ਕਲਕੀ ਅਵਤਾਰ, ਕਲਾਮ ਸਾਰੇ ਗਏ ਭੁਲਾਈਆ । ਅਮਾਮ ਅਮਾਮਾਂ ਦਾ ਸਿਕਦਾਰ, ਭਗਤ ਗ਼ੁਲਾਮਾਂ ਕਰੇ ਰਿਹਾਈਆ । ਸਭ ਕੁਛ ਰਖ ਆਪਣੇ ਅਖ਼ਤਿਆਰ, ਮੁਖ਼ਤਾਰਨਾਮੇ ਸਭ ਦੇ ਦਏ ਮਿਟਾਈਆ । ਹੁਕਮ ਦੇ ਕੇ ਏਕਾ ਵਾਰ, ਏਕੰਕਾਰ ਕਰੇ ਸ਼ਨਵਾਈਆ । ਜਿਸ ਦਾ ਜਸ ਸਦਾ ਰਿਹਾ ਜੁਗ ਚਾਰ, ਚੌਕੜੀ ਰਾਗ ਅਲਾਈਆ । ਉਹ ਵਸਿਆ ਭਗਤ ਦਵਾਰ, ਭਗਵਨ ਹੋ ਕੇ ਫੇਰਾ ਪਾਈਆ । ਵੇਖਣਹਾਰਾ ਅੰਦਰ ਬਾਹਰ, ਗੁਪਤ ਜਾਹਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਦਰਸਾਈਆ । ਜੈ ਜੈਕਾਰ ਹੋਵੇ ਹਰਿ ਸ਼ਬਦ ਸਚ ਸੰਗੀਤ, ਨਾਦ ਇਕੋ ਇਕ ਸ਼ਨਵਾਈਆ । ਜਿਸ ਦੀ ਜੁਗ ਚੌਕੜੀ ਬਦਲਦੀ ਆਈ ਰੀਤ, ਮੰਦਰ ਮਸੀਤ ਦੇਣ ਗਵਾਹੀਆ । ਸੋ ਕਰੇ ਖੇਲ ਅਨਡੀਠ, ਅਨਡਿਠੜੀ ਕਾਰ ਕਮਾਈਆ । ਜਨ ਭਗਤਾਂ ਦਰਸ ਦੇਵੇ ਆਪਣੀ ਦੀਦ, ਨੂਰ ਚੰਦ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਾਚਾ ਨਾਮ ਇਕ ਸਮਝਾਈਆ । ਨਾਮ ਸ਼ਬਦ ਜੈਕਾਰਾ ਸਤਿ, ਸਤਿ ਸਤਿਵਾਦੀ ਆਪ ਜਣਾਈਆ । ਘਟ ਭੀਤਰ ਉਪਜੇ ਬ੍ਰਹਮ ਮਤ, ਪਾਰਬ੍ਰਹਮ ਪਤਿਪਰਮੇਸ਼ਵਰ ਕਰੇ ਪੜ੍ਹਾਈਆ । ਜਨ ਭਗਤਾਂ ਖੋਲ੍ਹ ਨੇਤਰ ਲੋਚਨ ਅੱਖ, ਆਖ਼ਰ ਆਪਣਾ ਪੜਦਾ ਲਾਹੀਆ । ਸਵਾਮੀ ਹੋ ਕੇ ਅੰਦਰ ਵਸ, ਅੰਤਰਜਾਮੀ ਹੋ ਕੇ ਮੇਲ ਮਿਲਾਈਆ । ਨਾਮ ਨਿਧਾਨਾ ਅਣਿਆਲਾ ਤੀਰ ਮਾਰੇ ਕੱਸ, ਪਰਤੱਖ ਹੋ ਕੇ ਵੇਖ ਵਖਾਈਆ । ਕਲਜੁਗ ਅੰਤ ਹੋ ਪਰਗਟ, ਹੱਟ ਸਾਚਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਮਹਿੰਮਾ ਅਕਥ ਕਥ ਦ੍ਰਿੜਾਈਆ ।

### ✪ ੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਿਹ ਨਜ਼ਾਮ ਪੁਰਾ ਜ਼ਿਲਾ ਅੰਮ੍ਰਿਤਸਰ ✪

ਹਰਿ ਨਾਮ ਭਗਤ ਭੰਡਾਰ, ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦਿ ਜੁਗ ਚੌਕੜੀ ਲੋਕਮਾਤ ਵਰਤਾਈਆ । ਦੇਵਣਹਾਰ ਨਿਤ ਨਵਿਤ ਸਦਾ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਅੰਤਮ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਜਿਸ ਦਰ ਖੜ੍ਹੇ ਭਿਖਾਰ, ਮਾਂਗਤ ਹੋ ਕੇ ਨਿਰਗੁਣ ਸਰਗੁਣ ਝੋਲੀ ਡਾਹੀਆ । ਸੋ ਦੇਵਣਹਾਰਾ ਦਾਤਾ ਇਕ ਇਕੱਲਾ ਏਕੰਕਾਰ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਆਪ ਵਰਤਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪਾ ਨਾ ਸਕੀ ਸਾਰ, ਬੇਅੰਤ ਕੰਤ ਭਗਵੰਤ ਕਹਿ ਕੇ ਸਾਰੇ ਸ਼ੁਕਰ ਮਨਾਈਆ । ਸੋ ਨਿਰਗੁਣ ਨਿਰਵੈਰ ਨਿਰਾਕਾਰ ਕਲ ਕਲਕੀ ਲੈ ਅਵਤਾਰ, ਲਿਖਤ ਭਵਿਖਤ ਅਨਦ੍ਰਿਸ਼ਟ ਵੇਖੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਆਪਣੀ ਕਲ ਵਰਤਾਈਆ । ਜਨ ਭਗਤ ਭੰਡਾਰਾ ਏਕਾ ਹਰਿ ਹਰਿ ਨਾਮ, ਅੰਤਰ ਆਤਮ ਆਪ ਜਣਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਦੇਵੇ ਸੱਚਾ ਜਾਮ, ਤ੍ਰਿਸ਼ਨਾ ਭੁੱਖ ਜਨਮ ਮਰਨ ਦਏ ਚੁਕਾਈਆ । ਨਾਮ ਸੰਦੇਸ਼ਾ ਧੁਰ ਦਾ ਦਏ ਪੈਗ਼ਾਮ, ਬਿਨ ਅੱਖਰਾਂ ਤੋਂ ਨਿਰਅੱਖਰ ਕਰੇ ਪੜ੍ਹਾਈਆ । ਮੁਕਾਮੇ ਹੱਕ ਮੰਜ਼ਲ ਦੱਸੇ ਆਸਾਨ, ਪੁਰੀ ਲੋ ਬ੍ਰਹਿਮੰਡ ਖੰਡ ਅੱਧ ਵਿਚਕਾਰ ਨਾ ਕੋਇ ਅਟਕਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਸ਼ਬਦ ਨਾਦ ਦੱਸੇ ਧੁਨ ਕਾਨ, ਬੋਧ ਅਗਾਧ ਕਰੇ ਪੜ੍ਹਾਈਆ । ਦੀਆ ਬਾਤੀ ਕਮਲਾਪਾਤੀ ਪਤਿ ਪਰਮੇਸ਼ਵਰ ਆਪ ਜਗਾਏ ਮਹਾਨ, ਸਤਿ ਸਵਾਮੀ ਅੰਤਰਜਾਮੀ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜਿਸ ਦਾ ਭੇਵ ਅਭੇਦ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਮਝ ਨਾ ਸਕੇ ਕੋਈ ਪੰਜ ਤਤ ਇਨਸਾਨ, ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਸੋ ਕਰਨੀ ਦਾ ਕਰਤਾ ਪੁਰਖ ਕਰੇ ਖੇਲ ਆਪ ਸ੍ਰੀ ਭਗਵਾਨ, ਭਗਤਨ ਮੀਤਾ ਠਾਂਡਾ ਸੀਤਾ ਸਚ ਸਚ ਸਾਚੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰਗਾਹ ਸਾਚੀ ਸਚਖੰਡ ਸਾਚਾ ਇਕ ਸੁਹਾਈਆ । ਜਨ ਭਗਤ ਭੰਡਾਰਾ ਅੰਮ੍ਰਿਤ ਰਸ, ਨਿਝਰ ਝਿਰਨਾ ਆਪ ਝਿਰਾਈਆ । ਆਤਮ ਪਰਮਾਤਮ ਕਰ ਕੇ ਵਸ, ਮਨ ਵਾਸਨਾ ਕੂੜੀ ਕਿਰਿਆ ਅੰਦਰੋਂ ਦਏ ਕਢਾਈਆ । ਸਾਚਾ ਮਾਰਗ ਸ਼ਬਦ ਅਗੰਮੀ ਇਕੋ ਦੱਸ, ਚਾਰ ਕੁੰਟ ਦਹਿ ਦਿਸ਼ਾ ਪੈਂਡਾ ਦਏ ਮੁਕਾਈਆ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਅੰਧ ਅਗਿਆਨ

ਕੂੜੀ ਕਿਰਿਆ ਮਮਤਾ ਮੋਹ ਚੁਕਾਈਆ । ਕਾਇਆ ਮੰਦਰ ਅੰਦਰ ਸਾਢੇ ਤਿੰਨ ਹੱਥ ਦੇਵੇ ਨਾਮ ਅਮੋਲਕ ਵਥ, ਜਗਤ ਨੇਤਰ ਸ੍ਰਿਸ਼ਟੀ ਦ੍ਰਿਸ਼ਟੀ ਨਜ਼ਰ ਕਿਸੇ ਨਾ ਆਈਆ । ਸਰਬ ਕਲਾ ਪ੍ਰਭ ਆਪ ਹੋ ਸਮਰਥ, ਜਨ ਭਗਤਾਂ ਮਹਿੰਮਾ ਲਿਖਾਏ ਬੋਧ ਅਗਾਧ ਅਕਥ, ਜਗਤ ਬੁਧੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਿਹਿ ਮੰਦਰ ਅੰਦਰ ਪੜਦਾ ਆਪ ਚੁਕਾਈਆ । ਜਨ ਭਗਤ ਭੰਡਾਰ ਸਦਾ ਅਮੋਲ, ਜਗਤ ਤਰਾਜੂ ਤੋਲ ਨਾ ਕੋਇ ਤੁਲਾਈਆ । ਪੁਰਖ ਅਬਿਨਾਸ਼ੀ ਧੁਰ ਦਾ ਮਾਲਕ ਸਚ ਦਵਾਰਾ ਦੇਵੇ ਖੋਲ੍ਹ, ਨੌਂ ਦਵਾਰੇ ਪਰੇ ਪਰਮਾਤਮ ਆਤਮ ਪੜਦਾ ਦਏ ਉਠਾਈਆ । ਸ਼ਬਦ ਅਗੰਮੀ ਨਾਦ ਵਜਾ ਆਪਣਾ ਢੋਲ, ਸੋਈ ਸੁਰਤ ਅਕਾਲ ਮੂਰਤ ਨਾਦ ਤੂਰਤ ਆਪ ਜਣਾਈਆ । ਨਿਜ ਘਰ ਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਵੱਸੇ ਕੋਲ, ਬਿਨ ਤੱਤਾਂ ਤਤ ਗਿਆਨ ਦਏ ਸਮਝਾਈਆ । ਅੰਮ੍ਰਿਤ ਆਤਮ ਨਿਝਰ ਧਾਰ ਦੇ ਕੇ ਸਾਚੀ ਪਾਹੁਲ, ਪਰਮ ਪੁਰਖ ਪਰਮਾਤਮ ਪ੍ਰੇਮ ਰਸ ਇਕੋ ਇਕ ਚਖਾਈਆ । ਜਿਸ ਦਾ ਲੇਖਾ ਕੋਈ ਜਾਣ ਨਾ ਸਕੇ ਪੰਡਤ ਪਾਂਧਾ ਰੌਲ, ਮੁਲਾ ਕ਼ਾਜ਼ੀ ਸ਼ੇਖ਼ ਮੁਸਾਇਕ ਸਮਝ ਕਿਸੇ ਨਾ ਆਈਆ । ਸੋ ਸਵਾਮੀ ਅੰਤਰਜਾਮੀ ਨਿਰਗੁਣ ਜੋਤ ਬਿਨ ਵਨ ਗੋਤ ਪਰਗਟ ਹੋਵੇ ਉਪਰ ਧੌਲ, ਧਰਨੀ ਧਰਤ ਧਵਲ ਵੇਖੇ ਥਾਉਂ ਥਾਈਂਆ । ਭਗਤ ਸੁਹੇਲਾ ਇਕ ਇਕੇਲਾ ਅਕਲ ਕਲਧਾਰੀ ਜੁਗ ਜਨਮ ਦਾ ਪੂਰਾ ਕਰੇ ਕ਼ੌਲ, ਪੂਰਬ ਲੇਖਾ ਵੇਖੇ ਚਾਈਂ ਚਾਈਂਆ । ਸ਼ਬਦੀ ਧਾਰ ਹਰਿ ਨਿਰੰਕਾਰ ਘਟ ਸਵਾਮੀ ਗਿਆ ਮੌਲ, ਮੌਲਾ ਹੋ ਕੇ ਪੜਦਾ ਉਹਲਾ ਦਏ ਉਠਾਈਆ । ਜਿਸ ਦਾ ਨਿਤ ਨਵਿਤ ਜੁਗ ਚੌਕੜੀ ਸਦਾ ਸਦਾ ਗੁਰ ਅਵਤਾਰ ਪੈਗ਼ੰਬਰ ਬਦਲਦੇ ਗਏ ਬੋਲ, ਦੀਨਾਂ ਮਜ਼੍ਹਬਾਂ ਜਾਤਾਂ ਪਾਤਾਂ ਵਿਚ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤਨ ਮੀਤਾ ਠਾਂਡਾ ਸੀਤਾ ਏਕੰਕਾਰਾ ਇਕੋ ਨਜ਼ਰੀ ਆਈਆ । ਜਨ ਭਗਤ ਭੰਡਾਰ ਦੇਵਣਹਾਰਾ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਜਿਸ ਦਾ ਆਦਿ ਜੁਗਾਦਿ ਨਿਤ ਨਵਿਤ ਝੁਲਦਾ ਰਹੇ ਨਿਸ਼ਾਨ, ਧਰਮ ਨਿਸ਼ਾਨਾ ਇਕੋ ਦਏ ਵਖਾਈਆ । ਜਿਸ ਨੂੰ ਝੁਕਦੇ ਰਹੇ ਸੀਤਾ ਰਾਮ, ਕਾਹਨਾ ਕ੍ਰਿਸ਼ਨ ਸੀਸ ਝੁਕਾਈਆ । ਈਸਾ ਮੂਸਾ ਮੁਹੰਮਦ ਸੁਣਦੇ ਰਹੇ ਪੈਗ਼ਾਮ, ਕਾਇਆ ਕਾਅਬੇ ਅੰਦਰ ਖੋਜ ਖੁਜਾਈਆ । ਨਾਨਕ ਗੋਬਿੰਦ ਕਰਦੇ ਗਏ ਪਰਨਾਮ, ਸੀਸ ਜਗਦੀਸ ਝੁਕਾਈਆ । ਜਿਸ ਦਾ ਮੰਤਰ ਸ਼ਬਦ ਅਗੰਮੀ ਵਿਚ ਜਹਾਨ, ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਕਰੇ ਸਤਿ ਜਣਾਈਆ । ਦਰਗਾਹ ਸਾਚੀ ਵਸੇ ਸਚਖੰਡ ਧਾਮ, ਭੂਮਿਕਾ ਅਸਥਾਨ ਜਗਤ ਦਵਾਰੇ ਸਮਝ ਕੋਇ ਨਾ ਪਾਈਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਖੇਲ ਕਰੇ ਮਹਾਨ, ਸਿਫ਼ਤ ਸਾਲਾਹੀ ਬੇਪਰਵਾਹੀ ਕ਼ਲਮ ਸ਼ਾਹੀ ਲੇਖਾ ਲਿਖ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਜੁਗ ਜੁਗ ਦੇਵਣਹਾਰ ਵਡਿਆਈਆ । ਜਨ ਭਗਤਾਂ ਦੇਵੇ ਆਤਮ ਪਰਮਾਤਮ ਦਰਸ, ਨਿਜ ਲੋਇਣ ਨੈਣ ਖੁਲ੍ਹਾਈਆ । ਜਨਮ ਜਨਮ ਦੀ ਕਰਮ ਕਰਮ ਦੀ ਮਿਟੇ ਹਰਸ, ਹਵਸ ਅਗਲੀ ਦਏ ਮੁਕਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕਰੇ ਤਰਸ, ਤ੍ਰੈਗੁਣ ਲੇਖਾ ਦਏ ਚੁਕਾਈਆ । ਪ੍ਰਭ ਦਰਸ਼ਨ ਜੋ ਜਨ ਰਹੇ ਤੜਪ, ਦੂਰ ਦੁਰਾਡਾ ਨੇਰਨ ਨੇਰਾ ਮਿਲ ਕੇ ਆਪਣੀ ਖ਼ੁਸ਼ੀ ਵਖਾਈਆ । ਮਨ ਵਾਸਨਾ ਕੂੜੀ ਕਿਰਿਆ ਜਗਤ ਮੇਟ ਕੇ ਭਟਕ, ਅਟਕ ਅਗਲੀ ਦਏ ਚੁਕਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਤਤ ਨਿਵਾਸ ਰਹਿਣ ਨਾ ਦੇਵੇ ਕਟਕ, ਘਰ ਵਿਚ ਘਰ ਦਰ ਦਰਵਾਜ਼ਾ ਸਾਚਾ ਆਪ ਖੁਲ੍ਹਾਈਆ । ਬੂੰਦ ਸਵਾਂਤੀ ਅੰਮ੍ਰਿਤ

ਮੇਘ ਜਨ ਭਗਤਾਂ ਅੰਤਰ ਆਪੇ ਬਰਸ, ਅਗਨੀ ਅੱਗ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਧਾਰ ਆਵੇ ਪਰਤ, ਪਤਿਪਰਮੇਸ਼ਵਰ ਵੇਖ ਵਖਾਈਆ । ਜਨ ਭਗਤਾਂ ਨਾਮ ਦੇਵੇ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਨਾਤਾ ਜੋੜ ਕੇ ਆਤਮ ਪਰਮਾਤਮ ਨਾਰ ਕੰਤ, ਸੇਜ ਸੁਹੰਜਣੀ ਦਏ ਸੁਹਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਦੱਸ ਕੇ ਸਾਚਾ ਮੰਤ, ਮੰਤਵ ਅਗਲਾ ਹਲ ਕਰਾਈਆ । ਸ਼ਬਦੀ ਮਹਿੰਮਾ ਦੱਸ ਅਗਣਤ, ਬਿਨ ਅੱਖਰਾਂ ਕਰੇ ਪੜ੍ਹਾਈਆ । ਸੋ ਸੱਜਣ ਸੱਚਾ ਸੰਤ, ਜਿਸ ਘਰ ਬੈਠਾ ਨਜ਼ਰੀ ਆਈਆ । ਹੰ ਬ੍ਰਹਮ ਬੋਧ ਅਗਾਧਾ ਬਣ ਕੇ ਪੰਡਤ, ਬ੍ਰਹਮ ਵਿਦਿਆ ਇਕ ਸਮਝਾਈਆ । ਝਗੜਾ ਮੁਕਾ ਕੇ ਬਹਿਸ਼ਤ ਜੰਨਤ, ਸਚਖੰਡ ਦਵਾਰਾ ਇਕੋ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦੇਵੇ ਮਾਣ ਵਡਿਆਈਆ । ਜਨ ਭਗਤ ਭੰਡਾਰਾ ਪੁਰਖ ਅਕਾਲ ਦੇਵੇ ਸਾਚੀ ਧੂੜ, ਮਸਤਕ ਟਿੱਕਾ ਨਾਮ ਲਗਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਹਉਮੇ ਹੰਗਤਾ ਰੋਗ ਗਵਾਈਆ । ਨਾਤਾ ਤੋੜ ਕੇ ਕੂੜੋ ਕੂੜ, ਸਚ ਸੁਚ ਧੁਰ ਦਾ ਸੰਜਮ ਦਏ ਸਮਝਾਈਆ । ਸ਼ਬਦ ਅਗੰਮੀ ਵਜਾ ਕੇ ਨਾਦ ਤੂਰ, ਤੁਰੀਆ ਪਦ ਵਿਚ ਰਖਾਈਆ । ਸਾਚੀ ਜੋਤੀ ਦੇ ਕੇ ਨੂਰ, ਨਿਰੰਜਣ ਜੋਤ ਕਰੇ ਰੁਸ਼ਨਾਈਆ । ਪੰਧ ਮੁਕਾ ਕੇ ਦੂਰਨ ਦੂਰ, ਨੇਰਨ ਨੇਰਾ ਨਜ਼ਰੀ ਆਈਆ । ਕਾਇਆ ਮੰਦਰ ਅੰਦਰ ਹੋ ਕੇ ਹਾਜ਼ਰ ਹਾਜ਼ੂਰ, ਹਜ਼ਰਤ ਹੋ ਕੇ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜਨਮ ਦੀ ਭਗਤੀ ਕਰ ਮਨਜ਼ੂਰ, ਮੰਜ਼ਲ ਅਗਲੀ ਪੰਧ ਮੁਕਾਈਆ । ਜਨ ਭਗਤਾਂ ਨਾਮ ਭੰਡਾਰਾ ਦੇਵੇ ਏਕ, ਏਕੰਕਾਰ ਵੱਡੀ ਵਡਿਆਈਆ । ਚਰਨ ਪ੍ਰੀਤੀ ਦੱਸ ਕੇ ਸਾਚੀ ਟੇਕ, ਟਕਿਆਂ ਦਾ ਲੇਖਾ ਦਏ ਮੁਕਾਈਆ । ਸਚਖੰਡ ਦਵਾਰ ਦੱਸ ਕੇ ਆਪਣਾ ਦੇਸ, ਕੂੜ ਕੁੜਿਆਰਾ ਦੇਵੇ ਪਰੇ ਹਟਾਈਆ । ਨਾਮ ਅਗੰਮਾ ਸਭ ਤੋਂ ਵੱਖਰਾ ਦੇ ਕੇ ਸੰਦੇਸ਼, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਤੋਂ ਬਾਹਰ ਕਰੇ ਪੜ੍ਹਾਈਆ । ਬਿਨ ਕ਼ਲਮ ਸ਼ਾਹੀ ਕਾਗ਼ਜ਼ ਲਿਖੇ ਲੇਖ, ਬਿਨ ਹਰੂਫ਼ ਹਰੂਫ਼ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਬਣ ਕੇ ਨਰ ਨਰੇਸ਼, ਸਚ ਫ਼ਰਮਾਨਾ ਇਕੋ ਰਾਣਾ ਗੁਰਮੁਖਾਂ ਆਪ ਸਮਝਾਈਆ । ਜਨ ਭਗਤਾਂ ਪ੍ਰਭ ਦੇਵੇ ਵਸਤ ਅਮੋਲਕ, ਸਚ ਪ੍ਰੀਤੀ ਕਾਇਆ ਝੋਲੀ ਪਾਈਆ । ਕਲਜੁਗ ਅੰਤ ਬਦਲ ਕੇ ਨੀਤੀ, ਨਿਜ ਘਰ ਆਪਣਾ ਦਏ ਵਖਾਈਆ । ਕਾਇਆ ਮਾਟੀ ਕਰ ਕੇ ਠਾਂਡੀ ਸੀਤੀ, ਸੀਤਲ ਧਾਰਾ ਆਪ ਵਖਾਈਆ । ਫੁੱਲ ਫੁਲਵਾੜੀ ਗੋਬਿੰਦ ਧਾਰ ਅਗੰਮ ਅਤੀਤੀ, ਗੁਰਮੁਖ ਬੂਟਾ ਇਕ ਮਹਿਕਾਈਆ । ਜਿਸ ਦਾ ਕਲਮਾ ਇਕੋ ਨਾਮ ਸਚ ਹਦੀਸੀ, ਹਜ਼ਰਤਾਂ ਕਰੇ ਪੜ੍ਹਾਈਆ । ਸੋ ਵੇਖਣਹਾਰਾ ਹਸਤ ਕੀਟੀ, ਊਚਾਂ ਨੀਚਾਂ ਖੋਜ ਖੁਜਾਈਆ । ਆਪਣੀ ਧਾਰ ਰਖੇ ਅਨਡੀਠੀ, ਜਗਤ ਨੇਤਰ ਨਜ਼ਰ ਕੋਇ ਨਾ ਪਾਈਆ । ਜਨ ਭਗਤਾਂ ਦੇ ਕੇ ਸਚ ਪ੍ਰੀਤੀ ਪਰਮ ਪੁਰਖ ਪਰਮਾਤਮ ਆਤਮ ਆਪਣੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚ ਦਵਾਰਾ ਇਕ ਵਖਾਈਆ । ਜਨ ਭਗਤਾਂ ਦੇਵੇ ਇਕੋ ਨਾਮ ਸਲੋਕ, ਸੋਹਲਾ ਹਰਿ ਜੂ ਹੱਕ ਸੁਣਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰਾ ਦਏ ਗਵਾਈਆ । ਭਾਗ ਲਗਾ ਕੇ ਕਾਇਆ ਮਾਟੀ ਕੋਟ, ਕੋਟ ਕੰਚਨ ਗੜ੍ਹ ਦਏ ਜਣਾਈਆ । ਬਿਨ ਜਗਤ ਨੇਤਰ ਦਰਸ਼ਨ ਦੇਵੇ ਰੋਜ਼, ਰੋਜ਼ੇ ਬਾਂਗ ਦੀ ਲੋੜ ਰਹੇ ਨਾ ਰਾਈਆ । ਆਤਮ ਪਰਮਾਤਮ ਪਰਮਾਤਮ ਆਤਮ ਪ੍ਰਭ ਦੱਸੇ ਸਾਚੀ ਮੌਜ, ਮਜਲਸ ਆਪਣੇ ਨਾਲ ਰਖਾਈਆ ।

ਜਿਸ ਦੀ ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਖੋਜ, ਬੇਅੰਤ ਕਹਿ ਕੇ ਢੋਲੇ ਗਾਈਆ । ਸੋ ਪਰਮ ਪੁਰਖ ਪਰਮਾਤਮ ਜਨ ਭਗਤਾਂ ਨਾਲ ਕਰੇ ਆਪਣਾ ਚੋਜ, ਚੋਜੀ ਹੋ ਕੇ ਕਰਮ ਕਮਾਈਆ । ਲੱਖ ਚੁਰਾਸੀ ਜਨਮ ਕਰਮ ਦਾ ਕਟੇ ਰੋਗ, ਵਰਨ ਬਰਨ ਝਗੜਾ ਦਏ ਮੁਕਾਈਆ । ਨਾਮ ਪਿਆਲਾ ਦੇ ਕਰੇ ਮਦਹੋਸ਼, ਸਚ ਖ਼ੁਮਾਰੀ ਇਕ ਵਖਾਈਆ । ਕਾਇਆ ਮਾਟੀ ਜੂਨ ਅਜੂਨੀ ਸਭ ਦਾ ਬਦਲਦਾ ਰਹੇ ਪੋਸ਼, ਪਸ਼ੂ ਪਰੇਤ ਚਾਰੇ ਖਾਣੀ ਅੰਡਜ ਜੇਰਜ ਉਤਭੁਜ ਸੇਤਜ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਮੀਤਾ, ਭਗਵਨ ਇਕੋ ਨਜ਼ਰੀ ਆਈਆ । ਜਨ ਭਗਤ ਭੰਡਾਰਾ ਸਤਿਗੁਰ ਚਰਨ ਕਵਲ, ਬਿਨ ਅੱਖਾਂ ਆਪ ਦਰਸਾਈਆ । ਦੇਵੇ ਵਡਿਆਈ ਉਪਰ ਧਰਨੀ ਧਰਤ ਧਵਲ, ਧੌਲ ਵੇਖੇ ਚਾਈਂ ਚਾਈਂਆ । ਜਿਸ ਨੂੰ ਕਹਿੰਦੇ ਨੂਰ ਖ਼ੁਦਾਈ ਅਵਲ, ਆਲਮੀਨ ਕਹਿ ਕੇ ਸਾਰੇ ਸੀਸ ਨਿਵਾਈਆ । ਜੋ ਹਰ ਘਟ ਰਿਹਾ ਮਵਲ, ਲੱਖ ਚੁਰਾਸੀ ਡੇਰਾ ਲਾਈਆ । ਸੋ ਭਗਤਾਂ ਕਰੇ ਉਲਟਾ ਨਾਭ ਕਵਲ, ਅੰਮ੍ਰਿਤ ਝਿਰਨਾ ਇਕ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਤਾਕੀ ਪੜਦਾ ਆਪ ਉਠਾਈਆ । ਜਨ ਭਗਤ ਭੰਡਾਰਾ ਰਖੇ ਕਾਇਆ ਮੰਦਰ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਬਜਰ ਕਪਾਟੀ ਤੋੜ ਕੇ ਜੰਦਰ, ਤ੍ਰੈਗੁਣ ਲੇਖਾ ਦਏ ਚੁਕਾਈਆ । ਮਨ ਵਾਸਨਾ ਦਹਿ ਦਿਸ਼ ਨਾ ਦੌੜੇ ਬੰਦਰ, ਸ਼ਬਦ ਡੋਰੀ ਤੰਦ ਬੰਧਾਈਆ । ਭਾਗ ਲਗਾ ਕੇ ਡੂੰਘੀ ਕੰਦਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਲੋੜ ਰਹੇ ਨਾ ਸੂਰੀਆ ਚੰਦਰ, ਰਵ ਸਸ ਅੱਖ ਨਾ ਕੋਈ ਖੁਲ੍ਹਾਈਆ । ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਲਾਵੇ ਆਪਣੇ ਅੰਗਨ, ਅੰਗੀਕਾਰ ਇਕ ਹੋ ਜਾਈਆ । ੮੯੩
ਸੰਤ ਸੁਹੇਲਾ ਦੂਜੇ ਦਰ ਕਦੇ ਨਾ ਜਾਵੇ ਮੰਗਣ, ਜਿਸ ਦਾ ਮਾਲਕ ਬੇਪਰਵਾਹੀਆ । ਕਾਇਆ ਕਾਅਬੇ ਅੰਦਰ ਵੱਜੇ ਢੋਲਾ ਨਾਮ ਮਰਦੰਗਨ, ਪਰਾ ਪਸੰਤੀ ਮਧਮ ਬੈਖਰੀ ਚਾਰੇ ਬਾਣੀ ਅੰਦਰ ਬਹਿ ਬਹਿ ਖ਼ੁਸ਼ੀ ਮਨਾਈਆ । ਪ੍ਰੇਮ ਪ੍ਰੀਤੀ ਚਾੜ੍ਹੇ ਰੰਗਣ, ਰੰਗ ਮਜੀਠ ਚਲੇ ਨਾ ਕੋਇ ਚਤੁਰਾਈਆ । ਜੋਧਾ ਸੂਰਬੀਰ ਬਣ ਮਰਦੰਗਨ, ਮਰਦ ਮਰਦਾਨਾ ਇਕੋ ਦੇਵਣਹਾਰ ਸਰਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਸਚ ਅਨੰਦਨ, ਨਿਜਾਨੰਦ ਪਰਮਾਨੰਦ ਵਿਚੋਂ ਪਰਗਟਾਈਆ । ਜਿਨ੍ਹਾਂ ਪਰਮ ਪੁਰਖ ਪਾਰਬ੍ਰਹਮ ਪ੍ਰਭ ਢੋਲਾ ਗਾਇਆ ਸੋਹੰ ਛੰਦਨ, ਸੰਸੇ ਰੋਗ ਮਿਲ ਨਿਰਗੁਣ ਜੋਤ ਜਗਤ ਗਏ ਚੁਕਾਈਆ । ਲੱਖ ਚੁਰਾਸੀ ਆਵਣ ਜਾਵਣ ਮਾਤ ਗਰਭ ਰਿਹਾ ਕੋਈ ਨਾ ਬੰਧਨ, ਜਮ ਕੀ ਫਾਸੀ ਨਾ ਕੋਈ ਲਟਕਾਈਆ । ਰਾਏ ਧਰਮ ਚਿਤਰ ਗੁਪਤ ਲੇਖਾ ਕੋਈ ਨਾ ਮੰਗਣ, ਲਾੜੀ ਮੌਤ ਨਾ ਕੋਇ ਪਰਨਾਈਆ । ਸਚ ਦਵਾਰਾ ਸਚਖੰਡ ਬਿਨ ਪੌੜੀ ਡੰਡੇ ਲੰਘਣ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹੀਰ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵਣਹਾਰਾ ਸਾਚਾ ਘਰ, ਘਰ ਸਵਾਮੀ ਠਾਕਰ ਇਕੋ ਸੋਹਣਾ ਰਿਹਾ ਸੁਹਾਈਆ । ਜਨ ਭਗਤ ਭੰਡਾਰਾ ਦੇਵਣਹਾਰਾ ਠਾਕਰ, ਠੋਕਰ ਇਕੋ ਨਾਮ ਲਗਾਈਆ । ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਈਆ । ਜੋ ਸਚ ਵਣਜਾਰਾ ਬਣੇ ਸੌਦਾਗਰ, ਵਦੀ ਸੁਧੀ ਦਾ ਲੇਖਾ ਦਏ ਮੁਕਾਈਆ । ਆਤਮ ਪਰਮਾਤਮ ਸਚ ਦਵਾਰੇ ਦੇਵੇ ਆਦਰ, ਆਦਰਸ਼ ਆਪਣਾ ਇਕ ਦ੍ਰਿੜਾਈਆ । ਕਿਰਪਾ ਕਰ ਕਰੀਮ ਕ਼ਾਦਰ, ਕ਼ੁਦਰਤ ਦਾ ਮਾਲਕ ਖ਼ਲਕ ਦਾ ਪਾਲਕ ਖ਼ਲਕ ਉਪਰ ਨੂਰ ਕਰੇ ਰੁਸ਼ਨਾਈਆ । ਸਤਿਗੁਰ ਸ਼ਬਦ ਜੋਧਾ ਸੂਰਬੀਰ ਬਹਾਦਰ, ਪਰ ਸਾਚੇ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਨਿਹਕਲੰਕ ਲਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟੀ ਦ੍ਰਿਸ਼ਟੀ ਏਕਾ ਇਸ਼ਟ ਕਰੇ ਤਬਾਦਲ, ਤਬਾਦਲੇ ਵਿਚ ਤਬਲੀਗ ਆਪ ਜਣਾਈਆ ।

✪ ੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਚੰਦ ਸਿੰਘ ਦੇ ਗ੍ਰਿਹ ਨਜ਼ਾਮ ਪੁਰਾ ਜ਼ਿਲਾ ਅੰਮ੍ਰਿਤਸਰ ✪

ਜਨ ਭਗਤਾਂ ਪ੍ਰਭ ਦੇਵੇ ਗਿਆਨ, ਧੁਰ ਦੀ ਧਾਰ ਆਪ ਜਣਾਈਆ । ਪੜਦਾ ਉਹਲਾ ਚੁੱਕੇ ਵਿਚ ਜਹਾਨ, ਮਨ ਜਹਾਲਤ ਰਹੇ ਨਾ ਰਾਈਆ । ਹੁਕਮ ਦੇਵੇ ਧੁਰ ਫ਼ਰਮਾਨ, ਹੱਕ ਸੰਦੇਸਾ ਆਪ ਸੁਣਾਈਆ । ਸਚ ਪ੍ਰੀਤੀ ਕਰੋ ਸ੍ਰੀ ਭਗਵਾਨ, ਓਟ ਪੁਰਖ ਅਕਾਲ ਤਕਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਢੋਲਾ ਗਾਣ, ਖਾਣੀ ਬਾਣੀ ਸਿਫ਼ਤਾਂ ਨਾਲ ਕਰੇ ਸਫ਼ਾਈਆ । ਸੋ ਸਵਾਮੀ ਅੰਤਰਜਾਮੀ ਨਿਜ ਨੇਤਰ ਦਰਸ ਕਰੇ ਵਿਚ ਜਹਾਨ, ਲੋਕਮਾਤ ਮਿਲੇ ਮਾਣ ਵਡਿਆਈਆ । ਕਲਜੁਗ ਕੂੜੀ ਰੈਣ ਅੰਧੇਰੀ ਮਿਟੇ ਰਾਤ, ਸਤਿ ਸਤਿਵਾਦੀ ਸਾਚਾ ਚੰਦ ਨੂਰ ਕਰੇ ਰੁਸ਼ਨਾਈਆ । ਇਕੋ ਢੋਲਾ ਨਾਮ ਗਾਓ ਪ੍ਰਭ ਦੀ ਗਾਥ, ਰਸਨਾ ਜਿਹਵਾ ਬੱਤੀ ਦੰਦ ਮਿਲੇ ਮਾਣ ਵਡਿਆਈਆ । ਜੋ ਏਥੇ ਓਥੇ ਦੋ ਜਹਾਨਾਂ ਸਦਾ ਵਸੇ ਸਾਥ, ਨਿਰਗੁਣ ਹੋ ਕੇ ਧੁਰ ਦਾ ਸੰਗ ਨਿਭਾਈਆ । ਜਿਸ ਦੀ ਕਾਹਨ ਪਾਉਂਦੇ ਗਏ ਰਾਸ, ਗੁਰ ਅਵਤਾਰ ਪੈਗ਼ੰਬਰ ਰਸਤੇ ਗਏ ਵਖਾਈਆ । ਜਿਸ ਦੇ ਪਿਛੇ ਰਾਮ ਕੱਟਿਆ ਬਨਬਾਸ, ਬਣਿਆ ਪਾਂਧੀ ਰਾਹੀਆ । ਤਿਸ ਦਾ ਵੇਖੇ ਜਲਵਾ ਜੋਤ ਨੂਰ ਪ੍ਰਕਾਸ਼, ਬਿਨ ਤੱਤਾ ਸੋਭਾ ਪਾਈਆ । ਜੋ ਵਸੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਰਿਹਾ ਸਮਾਈਆ । ਭਗਤ ਸੁਹੇਲਾ ਹੋ ਕੇ ਦਾਸ, ਦਾਸੀ ਦਾਸ ਰੂਪ ਵਟਾਈਆ । ਲਹਿਣਾ ਦੇਣਾ ਪੂਰਬ ਵੇਖ ਕੇ ਆਦਿ, ਅੰਤ ਮੇਲਾ ਰਿਹਾ ਮਿਲਾਈਆ । ਜਨਮ ਜਨਮ ਦੀ ਸੁਣਨਹਾਰ ਫ਼ਰਿਆਦ, ਪੂਰਬ ਲੇਖਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਖੇੜਾ ਕਰ ਆਬਾਦ, ਬਖ਼ਸ਼ਣਹਾਰ ਸਚੀ ਸਰਨਾਈਆ । ਜਨ ਭਗਤਾਂ ਮਾਲਕ ਗਹਿਰ ਗੰਭੀਰ, ਪਰਮ ਪੁਰਖ ਅਖਵਾਈਆ । ਜੋ ਭਾਗ ਲਗਾਵੇ ਕਾਇਆ ਮਾਟੀ ਸਾਢੇ ਤਿੰਨ ਹੱਥ ਸਰੀਰ, ਤਤਵ ਤਤ ਸੋਭਾ ਪਾਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਬਖ਼ਸ਼ੇ ਸਾਚਾ ਨੀਰ, ਜਨਮ ਜਨਮ ਦੀ ਤ੍ਰਿਸ਼ਨਾ ਦਏ ਬੁਝਾਈਆ । ਸਾਚੀ ਚੋਟੀ ਚੜ੍ਹ ਕੇ ਵੇਖੇ ਅਖ਼ੀਰ, ਹਕੀਕਤ ਹੱਕ ਖੋਜ ਖੁਜਾਈਆ । ਆਪਣੇ ਮਿਲਣ ਦੀ ਸੱਚੀ ਦੱਸ ਤਦਬੀਰ, ਤਕਦੀਰ ਦਏ ਬਦਲਾਈਆ । ਇਕੋ ਰੰਗ ਰੰਗਾ ਕੇ ਸ਼ਾਹ ਹਕੀਰ, ਊਚਾਂ ਨੀਚਾਂ ਦਏ ਮਾਣ ਵਡਿਆਈਆ । ਬਣ ਕੇ ਠਾਕਰ ਧੁਰ ਦਾ ਪੀਰ, ਪਰਮ ਪੁਰਖ ਪਰਮਾਤਮ ਆਤਮ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਭਗਤ ਸੁਹੇਲੇ ਤਾਰੇ ਸੰਤ ਫ਼ਕੀਰ, ਫ਼ਿਕਰਾ ਇਕੋ ਆਪਣਾ ਨਾਮ ਸੁਣਾਈਆ ।

✪ ੩ ਸਾਵਣ ਸ਼ੀਹਨਸ਼ਾਹੀ ਸੰਮਤ ੨ ਬੀਬੀ ਧਨਤੋ ਦੇ ਗ੍ਰਿਹ ਨਜ਼ਾਮ ਪੁਰ ਜ਼ਿਲਾ ਅੰਮ੍ਰਿਤਸਰ ✪

ਜਨ ਭਗਤਾਂ ਪੂਰੀ ਕਰੇ ਆਸਾ, ਤ੍ਰਿਸ਼ਨਾ ਮਾਤ ਨਾ ਰਹੇ ਰਾਈਆ । ਚਰਨ ਪ੍ਰੀਤੀ ਸਾਚਾ ਦੇ ਭਰਵਾਸਾ, ਭਾਂਡਾ ਭਰਮ ਕੂੜ ਤੁੜਾਈਆ । ਮਾਨਸ ਜਨਮ ਕਰ ਦੇ ਰਾਸਾ, ਰਸਤਾ ਆਪਣਾ ਦਏ ਸਮਝਾਈਆ । ਨਾਮ ਜਪਾ ਕੇ ਸਵਾਸ ਸਵਾਸਾ, ਤੂੰ ਮੇਰਾ ਮੈਂ ਤੇਰਾ ਇਕੋ ਰੰਗ ਰੰਗਾਈਆ ।

ਸਚਖੰਡ ਦਵਾਰੇ ਕਰ ਕੇ ਵਾਸਾ, ਮੇਲਾ ਮੇਲੇ ਸਹਿਜ ਸੁਭਾਈਆ । ਝਗੜਾ ਮੁਕਾ ਕੇ ਪ੍ਰਿਥਮੀ ਆਕਾਸ਼ਾ, ਜੋਤੀ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚੀ ਸਰਨਾਈਆ । ਜਨ ਭਗਤਾਂ ਦੇਵੇ ਸਾਚੀ ਸਰਨ, ਦੂਜੀ ਓਟ ਨਾ ਕੋਇ ਦਸਾਈਆ । ਝਗੜਾ ਮੁਕਾ ਕੇ ਜਨਮ ਮਰਨ, ਮਾਰਗ ਆਪਣੇ ਦਏ ਲਗਾਈਆ । ਲੇਖਾ ਰਹੇ ਨਾ ਵਰਨ ਬਰਨ, ਜਾਤ ਪਾਤ ਨਜ਼ਰ ਕੋਇ ਨਾ ਆਈਆ । ਜੋ ਪੂਰਬ ਕੀਤਾ ਪਰਨ, ਪਰਮਾਤਮ ਹੋ ਕੇ ਤੋੜ ਨਿਭਾਈਆ । ਜਨ ਭਗਤਾਂ ਆਇਆ ਫੜਨ, ਫੜ ਬਾਹੋਂ ਗਲੇ ਲਗਾਈਆ । ਚੋਟੀ ਆਇਆ ਚੜ੍ਹਨ, ਮੰਜ਼ਲ ਦੱਸੇ ਬੇਪਰਵਾਹੀਆ । ਕੋਟਾਂ ਵਿਚੋਂ ਭਗਤ ਸੁਹੇਲੇ ਦਰਗਾਹ ਸਾਚੀ ਵੜਨ, ਪਿਛਲਾ ਪੰਧ ਮੁਕਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਜੋ ਦਰਸ ਕਰਨ, ਜੋਤੀ ਜੋਤ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਾਤਾ ਹੋ ਕੇ ਤਰਨੀ ਤਰਨ, ਜਨ ਭਗਤ ਤਾਰ ਤੁਰਤ ਆਪਣੇ ਵਿਚ ਸਮਾਈਆ ।

### ✪ ੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਇਕਬਾਲ ਸਿੰਘ ਦੇ ਗ੍ਰਿਹ ਨਜ਼ਾਮ ਪੁਰਾ ਜ਼ਿਲਾ ਅੰਮ੍ਰਿਤਸਰ ✪

ਜਨ ਭਗਤਾਂ ਸਦਾ ਪ੍ਰਿਤਪਾਲੇ, ਪ੍ਰਿਤਪਾਲਕ ਹੋ ਕੇ ਦਇਆ ਕਮਾਈਆ । ਸਾਚਾ ਮਾਰਗ ਦੱਸੇ ਸੁਖਾਲੇ, ਜੁਗ ਚੌਕੜੀ ਹੁਕਮ ਵਰਤਾਈਆ । ਲਹਿਣਾ ਦੇਣਾ ਦੇਵੇ ਸ਼ਾਹ ਕੰਗਾਲੇ, ਊਚ ਨੀਚ ਨਾ ਕੋਇ ਚਤੁਰਾਈਆ । ਸਤਿ ਦਵਾਰਾ ਵਖਾ ਇਕੋ ਸਚੀ ਧਰਮਸਾਲੇ, ਧਰਮ ਦਵਾਰਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਤਰਾਈਆ । ਜਨ ਭਗਤਾਂ ਦੱਸੇ ਸਾਚੀ ਖੋਜ, ਅੰਤਰ ਅੰਤਰ ਬੂਝ ਬੁਝਾਈਆ । ਚਰਨ ਪ੍ਰੀਤੀ ਬਖ਼ਸ਼ ਕੇ ਓਟ, ਦੂਜਾ ਝਗੜਾ ਦਏ ਚੁਕਾਈਆ । ਸਾਚਾ ਮੇਲ ਮਿਲਾ ਕੇ ਨਿਰਮਲ ਜੋਤ, ਜੁਗਾਂ ਦੇ ਵਿਛੜੇ ਜੋੜ ਜੁੜਾਈਆ । ਜਨਮ ਮਰਨ ਦਾ ਕਟ ਕੇ ਰੋਗ, ਸਦ ਹੋਵੇ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਵਾਰ ਕੇ ਲੋਕ ਪਰਲੋਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਆਪਣਾ ਇਕ ਦ੍ਰਿੜਾਈਆ ।

### ✪ ੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਰਭਜਨ ਸਿੰਘ, ਗੁਰਬਖਸ ਸਿੰਘ, ਗੁਰਦਿਆਲ ਸਿੰਘ ਦੇ ਗ੍ਰਿਹ ਮੈਣੀਆਂ ਜ਼ਿਲਾ ਅੰਮ੍ਰਿਤਸਰ ✪

ਜਨ ਭਗਤਾਂ ਹੋਏ ਜਨਮ ਸੁਹੇਲਾ, ਪ੍ਰਭ ਚਰਨ ਮਿਲੇ ਸਰਨਾਈਆ । ਜੁਗ ਜੁਗ ਵਿਛੜਿਆਂ ਹੋਵੇ ਮੇਲਾ, ਜਗਤ ਦਇਆ ਕਮਾਈਆ । ਨਜ਼ਰੀ ਆਏ ਆਦਿ ਪੁਰਖ ਅਪਰੰਪਰ ਸਵਾਮੀ ਇਕੇਲਾ, ਅਕਲ ਕਲਧਾਰੀ ਬੇਪਰਵਾਹੀਆ । ਮਾਨਸ ਜਨਮ ਸੁਹੰਜਣਾ ਹੋਏ ਵੇਲਾ, ਵਕ਼ਤ ਵਾਰ ਥਿਤ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਹਰਿ ਸਾਚੇ ਪਾਰ ਲੰਘਾਈਆ । ਜਨ ਭਗਤਾਂ ਹੋਵਣ ਵਡ ਵਡ ਭਾਗ, ਹਰਿ ਸਤਿਗੁਰ ਭਾਗ ਲਗਾਈਆ । ਘਰ ਵੇਖਿਆ ਜੋਤ ਜਗਾ ਚਿਰਾਗ਼, ਅੰਧ ਅੰਧੇਰਾ ਦਏ ਮਿਟਾਈਆ । ਰਸਨਾ ਦੇਵੇ ਅਨਰਸ ਸਵਾਦ, ਜਿਸ ਦਾ ਰਸ ਚਖ ਨਾ ਕੋਇ ਸਮਝਾਈਆ । ਸ਼ਬਦੀ ਨਾਮ ਮਾਰ ਆਵਾਜ਼, ਵਾਦ ਵਿਵਾਦ ਦਏ ਮੁਕਾਈਆ । ਦਰ ਦੁਰਮਤ

੮੬੫
੧੯

ਮੈਲ ਧੋ ਕੇ ਦਾਗ਼, ਦਰਦੀ ਹੋ ਕੇ ਵੰਡ ਵੰਡਾਈਆ । ਜਗਤ ਮਾਇਆ ਮਮਤਾ ਮੋਹ ਮੇਟ ਕੇ ਹੰਸ ਬਣਾਏ ਕਾਗ, ਬੁਧੀ ਬਿਬੇਕ ਆਪ ਕਰਾਈਆ । ਸਚ ਪ੍ਰੀਤੀ ਬਖ਼ਸ਼ ਵੈਰਾਗ, ਵੈਰੀ ਅੰਦਰੋਂ ਦਏ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬਣਾ ਕੇ ਸਚ ਸਮਾਜ, ਸਾਚਾ ਮਾਰਗ ਇਕ ਵਖਾਈਆ । ਜਨ ਭਗਤਾਂ ਪ੍ਰਭ ਦੇਵੇ ਅਗੰਮੀ ਮਤ, ਜਗਤ ਵਾਲੀ ਨਾ ਕੋਇ ਪੜ੍ਹਾਈਆ । ਮੇਲ ਮਿਲਾ ਕੇ ਪਰਮ ਪੁਰਖ ਪਰਮਾਤਮ ਹੋ ਕੇ ਸਤਿ, ਸਤਿ ਸਤਿਵਾਦੀ ਜੋੜ ਜੁੜਾਈਆ । ਪਰਮ ਪੁਰਖ ਹੋ ਕੇ ਸਿਰ ਰਖੇ ਹੱਥ, ਸਮਰਥ ਦਇਆ ਕਮਾਈਆ । ਵੇਦ ਪੁਰਾਨਾਂ ਤੋਂ ਬਾਹਰ ਗਾਵੇ ਜਸ, ਨਾਮ ਨਾਮੇ ਨਾਲ ਵਡਿਆਈਆ । ਚਰਨ ਕਵਲ ਸਹਾਰਾ ਦੇਵੇ ਸਚ, ਸਚ ਸਾਜਣ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੂੰ ਲੂੰ ਅੰਦਰ ਜਾਏ ਰਚ, ਰਚਨਾ ਆਪਣੀ ਦਏ ਬੁਝਾਈਆ । ਜਨ ਭਗਤਾਂ ਪ੍ਰਭ ਸਦਾ ਸੰਗੀ, ਵਿਛੋੜਾ ਵਿਚ ਨਾ ਕੋਇ ਰਖਾਈਆ । ਦੇਵੇ ਵਸਤ ਸਦਾ ਅਨਮੰਗੀ, ਪਦਾਰਥ ਨਾਮ ਝੋਲੀ ਪਾਈਆ । ਸਾਚੀ ਮੰਜ਼ਲ ਜਾਵੇ ਲੰਘੀ, ਕੂੜ ਕੁੜਿਆਰਾ ਪੰਧ ਮੁਕਾਈਆ । ਮਨੂਆ ਮਨ ਮੇਟ ਫ਼ਰੰਗੀ, ਫ਼ਰਮਾਬਰਦਾਰ ਆਪਣਾ ਲਏ ਬਣਾਈਆ । ਹੋਣ ਨਾ ਦੇਵੇ ਨੰਗੀ ਕੰਡੀ, ਪਿੱਠ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੱਖ ਰਹਿਣ ਨਾ ਦੇਵੇ ਅੰਧੀ, ਅਗਿਆਨ ਅੰਦਰੋਂ ਦਏ ਚੁਕਾਈਆ । ਜਨ ਭਗਤਾਂ ਪ੍ਰਭ ਸਦਾ ਦਿਆਲ, ਦੀਨ ਦੁਨੀ ਵਿਚੋਂ ਬਾਹਰ ਰਖਾਈਆ । ਸ਼ਬਦੀ ਧਾਰ ਬਣਾ ਕੇ ਆਪਣਾ ਲਾਲ, ਗੋਦੀ ਧੁਰ ਦੀ ਲਏ ਟਿਕਾਈਆ । ਜਿਥੇ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਸਚਖੰਡ ਦਵਾਰਾ ਵਖਾਏ ਸਚੀ ਧਰਮਸਾਲ, ਦਰਗਾਹ ਸਾਚੀ ਇਕ ਜਣਾਈਆ । ਜਿਥੇ ਦੀਪਕ ਜੋਤ ਜਗੇ ਬੇਮਿਸਾਲ, ਨੂਰ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਰਗਾਹ ਸਾਚੀ ਦਏ ਸਵਾਲ, ਜਿਥੇ ਸੁਤਿਆਂ ਬਿਨਾ ਪੁਰਖ ਅਕਾਲ ਨਾ ਕੋਇ ਉਠਾਈਆ । ਜਨ ਭਗਤਾਂ ਪ੍ਰਭ ਦੇਵੇ ਸਚ ਘਰਾਨਾ, ਗ੍ਰਿਹ ਮੰਦਰ ਇਕ ਵਖਾਈਆ । ਜਿਥੇ ਵਸੇ ਸ੍ਰੀ ਭਗਵਾਨਾ, ਪੁਰਖ ਅਬਿਨਾਸ਼ੀ ਡੇਰਾ ਲਾਈਆ । ਨਿਰਗੁਣ ਜੋਤ ਦੀਪ ਜਗੇ ਮਹਾਨਾ, ਨੂਰੋ ਨੂਰ ਡਗਮਗਾਈਆ । ਸਚ ਪ੍ਰੇਮ ਦਾ ਹੋਵੇ ਮਹਿਖ਼ਾਨਾ, ਜਾਮ ਇਕੋ ਇਕ ਪਿਆਈਆ । ਮਸਤ ਖ਼ੁਮਾਰੀ ਅੰਦਰ ਕਰੇ ਦੀਵਾਨਾ, ਸੁਰਤੀ ਸ਼ਬਦ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇ ਕੇ ਇਕ ਗਿਆਨਾ, ਪੜਦਾ ਉਹਲਾ ਦਏ ਉਠਾਈਆ । ਜਨ ਭਗਤਾਂ ਬਖ਼ਸ਼ੇ ਸਤਿਸੰਗ ਜਮਾਤ, ਸਚ ਦਰਬਾਰਾ ਇਕ ਜਣਾਈਆ । ਜਿਥੇ ਵਸੇ ਏਕੰਕਾਰ, ਇਕ ਅਕੱਲਾ ਡੇਰਾ ਲਾਈਆ । ਦਰ ਮੰਗਤੇ ਗੁਰ ਅਵਤਾਰ, ਪੀਰ ਪੈਗੰਬਰ ਝੋਲੀ ਡਾਹੀਆ । ਵੇਖਣਹਾਰਾ ਪਾਵੇ ਸਾਰ, ਲੇਖਾ ਜਾਣੇ ਥਾਉਂ ਥਾਈਆ । ਕਲਜੁਗ ਅੰਤਮ ਲੈ ਅਵਤਾਰ, ਨਿਰਗੁਣ ਹੋ ਕੇ ਸਰਗੁਣ ਦਏ ਵਡਿਆਈਆ । ਲੇਖਾ ਜਾਣ ਜਨ ਭਗਤ ਦਵਾਰ, ਹਰਿਜਨ ਸਾਚੇ ਲਹਿਣਾ ਦਏ ਚੁਕਾਈਆ । ਚਰਨ ਪ੍ਰੀਤੀ ਦੇ ਕੇ ਇਕ ਪਿਆਰ, ਪਾਰਬ੍ਰਹਮ ਪ੍ਰਭ ਬਖ਼ਸ਼ੇ ਸਚ ਸਰਨਾਈਆ । ਕਰ ਕਿਰਪਾ ਜਾਏ ਤਾਰ, ਦੁੱਤਰ ਬੇੜਾ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝਗੜਾ ਮੁਕਾ ਕੇ ਕੂੜ ਸੰਸਾਰ, ਧੂੜ ਚਰਨ ਟਿੱਕਾ ਮਸਤਕ ਦੇਵੇ ਲਗਾਈਆ ।

੮੬੬
੧੯

੯੬੭
੧੯

## ✪ ੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਵਰਿਆਮ ਸਿੰਘ ਦੇ ਗ੍ਰਿਹ ਪਿੰਡ ਤਲਵੰਡੀ ਜ਼ਿਲਾ ਅੰਮ੍ਰਿਤਸਰ ✪

ਜਨ ਭਗਤਾਂ ਪ੍ਰਭ ਦਏ ਭੰਡਾਰ, ਨਾਮ ਨਿਧਾਨਾ ਸ੍ਰੀ ਭਗਵਾਨਾ ਆਪ ਵਰਤਾਈਆ । ਸ਼ਬਦ ਅਗੰਮੀ ਦੇ ਖ਼ੁਮਾਰ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਨਿਰਮਲ ਜੋਤੀ ਕਰਮ ਉਜਿਆਰ, ਅੰਧ ਅੰਧੇਰਾ ਦਏ ਚੁਕਾਈਆ । ਮਹੱਲ ਅਟਲ ਵਖਾਏ ਉਚ ਮਨਾਰ, ਅਗੰਮ ਅਥਾਹ ਬੇਪਰਵਾਹੀਆ । ਪੜਦਾ ਓਹਲਾ ਦੇਵੇ ਪਾੜ, ਦੂਈ ਦਵੈਤੀ ਸ਼ਰਅ ਸ਼ਰਾਇਤੀ ਰਹਿਣ ਕੋਇ ਨਾ ਪਾਈਆ । ਘਰ ਠਾਂਡਾ ਵਖਾ ਸੱਚਾ ਦਰਬਾਰ, ਦਰ ਦਵਾਰਾ ਇਕੋ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਸੁਹੇਲਾ ਇਕ ਅਕੇਲਾ ਏਕੰਕਾਰ, ਆਪਣਾ ਰੰਗ ਰੰਗਾਈਆ । ਜਨ ਭਗਤਾਂ ਹਰਿ ਚਾੜ੍ਹੇ ਰੰਗ, ਪਰਮ ਪੁਰਖ ਵੱਡੀ ਵਡਿਆਈਆ । ਗਹਿਰ ਗੰਭੀਰ ਬੇਨਜ਼ੀਰ ਮਰਦ ਮਰਦਾਨ ਨਾਮ ਵਜਾਏ ਮਰਦੰਗ, ਧੁਨ ਆਤਮਕ ਕਰੇ ਰੁਸ਼ਨਾਈਆ । ਭੇਵ ਅਭੇਦਾ ਖੋਲ੍ਹੇ ਬ੍ਰਹਮ ਹੰ, ਹੰ ਬ੍ਰਹਮ ਪਾਰਬ੍ਰਹਮ ਦਏ ਜਣਾਈਆ । ਲੇਖਾ ਜਾਣ ਪਵਣ ਸਵਾਸ ਦਮ, ਚੰਮ ਦ੍ਰਿਸ਼ਟੀ ਇਸ਼ਟੀ ਅੰਦਰੋਂ ਦਏ ਖੁਲ੍ਹਾਈਆ । ਲੇਖਾ ਮੁਕਾ ਕੇ ਹਰਖ ਸੋਗ ਚਿੰਤਾ ਗ਼ਮ, ਸਾਂਤਕ ਸਤਿ ਸਤਿ ਦਏ ਸਮਝਾਈਆ । ਪੰਚ ਵਿਕਾਰਾ ਮਮਤਾ ਮੋਹ ਮੇਟੇ ਤਮ, ਮਨਸਾ ਜਗਤ ਨਾ ਕੋਇ ਵਧਾਈਆ । ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਸ਼ਬਦ ਅਨਾਦ ਧੁਰ ਦਾ ਦੱਸੇ ਧਰਮ, ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਹਰਿ ਆਪਣੀ ਕਾਰ ਕਮਾਈਆ । ਜਨ ਭਗਤਾਂ ਪ੍ਰਭ ਦੱਸੇ ਠਾਂਡਾ ਦਰਬਾਰ, ਦਰਗਾਹ ਸਾਚੀ ਹੱਕ ਮੁਕਾਮ ਇਕ ਵਖਾਈਆ । ਜਿਥੇ ਵਸੇ ਪਰਵਰਦਿਗਾਰ ਇਕ ਅਕੱਲਾ ਏਕੰਕਾਰ, ਬੈਕੁੰਠ ਨਿਵਾਸੀ ਸੋਭਾ ਪਾਈਆ । ਜਿਸ ਦੀ ਸਿਫ਼ਤ ਕਰੇ ਜੁਗ ਚਾਰ, ਸ਼ਾਸ਼ਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਢੋਲਿਆਂ ਵਿਚ ਸਾਲਾਹੀਆ । ਜਿਸ ਨੂੰ ਨਮਸਤੇ ਨਿਮਸਕਾਰ ਕਰਦੇ ਗੁਰ ਅਵਤਾਰ, ਪੈਗ਼ੰਬਰ ਸਜਦਿਆਂ ਵਿਚ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਖੜ੍ਹੇ ਦਰ ਭਿਖਾਰ, ਖ਼ਾਲੀ ਝੋਲੀ ਰਹੇ ਵਖਾਈਆ । ਸੋ ਲਹਿਣਾ ਦੇਣਾ ਆਦਿ ਜੁਗਾਦਿ ਜੁਗ ਚੌਕੜੀ ਜਾਣੇ ਚਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੋਜ ਖੁਜਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਦੋ ਜਹਾਨਾਂ ਸ਼ਬਦ ਅਗੰਮਾ ਸੁਣਾਏ ਆਪਣੀ ਧਾਰ, ਨਿਰਅੱਖਰ ਅੱਖਰਾਂ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਠਾਂਡਾ ਸੀਤਾ, ਸਤਿ ਸਤਿਵਾਦੀ ਦਰ ਘਰ ਸਾਚਾ ਇਕ ਪ੍ਰਗਟਾਈਆ । ਦਰ ਘਰ ਸਾਚਾ ਇਕ ਸੁਹੰਜਣਾ, ਜਨ ਭਗਤਾਂ ਆਪ ਵਖਾਈਆ । ਜੋਤ ਜਗਾ ਆਦਿ ਨਿਰੰਜਣਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਦਾਤਾ ਬਣ ਕੇ ਦਰਦ ਦੁੱਖ ਭੈ ਭੰਜਨਾ, ਆਵਣ ਜਾਵਣ ਲੱਖ ਚੁਰਾਸੀ ਗੇੜਾ ਦਏ ਮੁਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਬਣ ਕੇ ਧੁਰ ਦਾ ਸੱਜਣਾ, ਸੁਹੇਲਾ ਹੋ ਕੇ ਆਪਣਾ ਰੰਗ ਰੰਗਾਈਆ । ਸਚ ਪ੍ਰੀਤੀ ਦੇਵੇ ਧੁਰ ਦਾ ਮਜਨਾ, ਦੁਰਮਤ ਮੈਲ ਅੰਦਰ ਬਾਹਰ ਗੁਪਤ ਜ਼ਾਹਰ ਦਏ ਧਵਾਈਆ । ਸਚ ਲਲਾਰੀ ਹੋ ਕੇ ਚਾੜ੍ਹੇ ਅਗੰਮੀ ਰੰਗਣਾ, ਜਿਸ ਦਾ ਰੰਗ ਵੇਖੇ ਨਾ ਕੋਇ ਲੋਕਾਈਆ । ਸਾਚੇ ਸੰਤਾਂ ਸਤਿਗੁਰ ਪੂਰਾ ਦੇਵੇ ਪਰਮਾਨੰਦਨਾ, ਨਿਜਾਨੰਦ ਜਿਸ ਦੀ ਕਰੇ ਸ਼ਨਵਾਈਆ । ਪਾਰਬ੍ਰਹਮ ਬ੍ਰਹਮ ਦੱਸੇ ਇਕੋ ਬੰਦਨਾ, ਤੱਤਾਂ ਵਾਲੀ ਸਿਖਿਆ ਨਾ ਕੋਇ ਦ੍ਰਿੜਾਈਆ । ਜਿਸ ਆਦਿ ਜੁਗਾਦਿ ਨਿਤ ਨਵਿਤ ਜਨ ਭਗਤਾਂ ਨਾਤਾ ਨਿਰਗੁਣ ਧਾਰ ਨਿਰਗੁਣ ਨਾਲ ਗੰਢਣਾ, ਸ਼ਬਦੀ ਡੋਰੀ ਤੰਦ ਬੰਧਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸੁਹੇਲਾ ਇਕ ਅਕੇਲਾ ਦਰ ਘਰ ਠਾਂਡਾ ਇਕ ਵਖਾਈਆ । ਦਰ ਘਰ ਠਾਂਡਾ ਸਚਾ ਦਰਬਾਰ, ਧੁਰ ਦਰਬਾਰੀ ਆਪ ਸੁਹਾਇੰਦਾ । ਜਿਥੇ ਵੱਸੇ ਏਕੰਕਾਰ, ਇਕ ਇਕੱਲਾ ਡੇਰਾ ਲਾਇੰਦਾ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਸੁਤ ਦੁਲਾਰਾ ਸ਼ਬਦੀ ਕਰ ਕੇ ਖ਼ਬਰਦਾਰ, ਨਾਮ ਸੰਦੇਸ਼ਾ ਨਰ ਨਰੇਸ਼ਾ ਆਪ ਜਣਾਇੰਦਾ । ਥਿਰ ਘਰ ਚਰਨ ਕਵਲ ਖੋਲ੍ਹਣਹਾਰਾ ਹੱਕ ਕਿਵਾੜ, ਹਕ਼ੀਕ਼ਤ ਆਪਣੇ ਵਿਚੋਂ ਪ੍ਰਗਟਾਇੰਦਾ । ਹੁਕਮ ਵਿਚੋਂ ਹੁਕਮ ਚਲਾ ਕੇ ਸ਼ਬਦ ਸਾਰ, ਮਹਾਂਸਾਰਥੀ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਵਖਾਵੇ ਸਚ ਘਰ, ਜਿਸ ਗ੍ਰਿਹ ਮੰਦਰ ਅੰਦਰ ਆਪਣਾ ਡੇਰਾ ਲਾਇੰਦਾ । ਸਾਚਾ ਮੰਦਰ ਹਰਿ ਕਾ ਦਵਾਰ, ਦੂਜਾ ਨਜ਼ਰ ਕੋਇ ਨਾ ਆਈਆ । ਜਿਥੇ ਝੁਕਦੇ ਗੁਰ ਅਵਤਾਰ, ਪੀਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਸੂਰਜ ਚੰਦ ਨਾ ਕੋਇ ਉਜਿਆਰ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਕਾਗਤ ਕ਼ਲਮ ਨਾ ਲਿਖਣਹਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਦਏ ਨਾ ਕੋਇ ਗਵਾਹੀਆ । ਤੂੰ ਮੇਰਾ ਮੈਂ ਤੇਰਾ ਇਕੋ ਆਏ ਅਗੰਮੀ ਧਾਰ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਸੋ ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਨਿਤ ਨਵਿਤ ਜੁਗ ਚੌਕੜੀ ਨਿਰਗੁਣ ਸਰਗੁਣ ਲਏ ਅਵਤਾਰ, ਤਤ ਨਿਵਾਸੀ ਜੋਤ ਪਰਕਾਸ਼ੀ ਕਰਨੀ ਕਰਤਾ ਆਪ ਹੋ ਜਾਈਆ । ਖੇਲੇ ਖੇਲ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰਵਾਜ਼ਾ ਗ਼ਰੀਬ ਨਿਵਾਜਾ ਜਨ ਭਗਤਾਂ ਆਪ ਖੁਲ੍ਹਾਈਆ । ਜਨ ਭਗਤਾਂ ਖੋਲ੍ਹੇ ਸਾਚਾ ਦਰ, ਪੜਦਾ ਉਹਲਾ ਆਪ ਉਠਾਈਆ । ਨਜ਼ਰੀ ਆਵੇ ਨਰਾਇਣ ਨਰ, ਨਰ ਨਰਾਇਣ ਇਕੋ ਰੂਪ ਪਰਗਟਾਈਆ । ਕਰੇ ਖੇਲ ਉਪਰ ਧਰਨੀ ਧਰ, ਧਰਤ ਧੌਲ ਵੇਖ ਵਖਾਈਆ । ਗੁਰਮੁਖ ਸੰਤ ਸੁਹੇਲੇ ਆਤਮ ਪਰਮਾਤਮ ਹੋ ਕੇ ਲਏ ਫੜ, ਸੁਰਤੀ ਸ਼ਬਦੀ ਡੋਰੀ ਤੰਦ ਬੰਧਾਈਆ । ਸਾਚੇ ਮੰਦਰ ਕਾਇਆ ਕਾਅਬੇ ਹੱਕ ਮਹਿਬੂਬ ਵੇਖੇ ਖੜ੍ਹ, ਜਲਵਾਗਰ ਕਰੇ ਸਚ ਰੁਸ਼ਨਾਈਆ । ਲੇਖਾ ਚੁਕਾ ਕੇ ਸੀਸ ਧੜ, ਕਰ ਪਰਕਾਸ਼ ਬਹੱਤਰ ਨੜ, ਨੂਰੋ ਨੂਰ ਡਗਮਗਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਨਾਮ ਨਿਧਾਨਾ ਸ੍ਰੀ ਭਗਵਾਨਾ ਨਿਰਅੱਖਰ ਲਏ ਪੜ੍ਹ, ਜਗਤ ਵਿਦਿਆ ਦਾ ਲੇਖਾ ਦਏ ਮੁਕਾਈਆ । ਭਗਤ ਭਗਵਾਨ ਇਕੋ ਸੋਹਣ ਸਾਚੇ ਘਰ, ਘਰ ਵਿਚ ਘਰ ਵੱਜਦੀ ਰਹੇ ਵਧਾਈਆ । ਜਿਥੇ ਭੌ ਭਿਆਨਕ ਦਾ ਨਹੀਂ ਕੋਈ ਡਰ, ਨਿਰਭੌ ਏਕਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਲਏ ਉਠਾਈਆ । ਜਨ ਭਗਤਾਂ ਦੱਸੇ ਘਰ ਅਵੱਲਾ, ਸਚ ਦਵਾਰਾ ਇਕ ਸੁਹਾਈਆ । ਲਹਿਣਾ ਦੇਣਾ ਚੁਕਾ ਕੇ ਜਲਾ ਥਲਾ, ਬ੍ਰਹਿਮੰਡਾਂ ਖੰਡਾਂ ਪਾਰ ਕਰਾਈਆ । ਜਿਸ ਗ੍ਰਿਹ ਵੱਸੇ ਇਕ ਇਕੱਲਾ, ਏਕੰਕਾਰਾ ਬੈਠਾ ਸੋਭਾ ਪਾਈਆ । ਜੋਤੀ ਸ਼ਬਦੀ ਧਾਰ ਆਪੇ ਰਲਾ, ਨਿਰਗੁਣ ਹੋ ਕੇ ਨਿਰਗੁਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਏਕੰਕਾਰਾ ਘਰ ਠਾਂਡਾ ਇਕ ਪਰਗਟਾਈਆ । ਠਾਂਡਾ ਘਰ ਸੋਭਾਵੰਤ, ਜਨ ਭਗਤ ਮਿਲੇ ਵਡਿਆਈਆ । ਪੁਰਖ ਅਬਿਨਾਸ਼ੀ ਮਿਲੇ ਧੁਰ ਦਾ ਕੰਤ, ਮਾਲਕ ਖ਼ਾਲਕ ਇਕੋ ਸੋਭਾ ਪਾਈਆ । ਲੇਖਾ ਚੁੱਕੇ ਲੱਖ ਚੁਰਾਸੀ ਜੀਵ ਜੰਤ, ਚਾਰੇ ਖਾਣੀ ਝਗੜਾ ਦਏ ਮੁਕਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹਮਸਾਜਣ ਹੋ ਕੇ ਆਪਣਾ ਰੰਗ ਚੜ੍ਹਾਈਆ ।

੯੬੮
੧੯

ਬੋਧ ਅਗਾਧਾ ਹੋ ਕੇ ਪੰਡਤ, ਧੁਰ ਦੀ ਸਿਖਿਆ ਦਏ ਸਮਝਾਈਆ । ਪੜਦਾ ਰਹੇ ਨਾ ਬਹਿਸ਼ਤ ਜੰਨਤ, ਸਚ ਦਵਾਰ ਚੜ੍ਹ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਲੇ ਨਿਰਗੁਣ ਧਾਰ ਅੰਤ, ਅੰਤਸ਼ਕਰਨ ਅੰਤਰ ਅੰਤਰੀਵ ਵੇਖ ਵਖਾਈਆ । ਜਨ ਭਗਤਾਂ ਦੱਸੇ ਸਚ ਤਰਾਨਾ, ਗਹਿਰ ਗੰਭੀਰ ਆਪਣੀ ਦਇਆ ਕਮਾਈਆ । ਧੁਰ ਦਾ ਦੇਵੇ ਨਾਮ ਨਿਧਾਨਾ, ਅੱਖਰਾਂ ਵਾਲੀ ਕਰੇ ਨਾ ਕੋਇ ਪੜ੍ਹਾਈਆ । ਸ੍ਰਿਸ਼ਟੀ ਗਾਏ ਨਾ ਕੋਈ ਗਾਣਾ, ਹੋਕਾ ਹੱਕ ਹੱਕ ਜਣਾਈਆ । ਮਿਲੇ ਮਹਿਬੂਬ ਮੁਹੱਬਤ ਵਿਚ ਪ੍ਰੇਮ ਪਿਆਰ ਦਾ ਦੇਵੇ ਦਾਨਾ, ਦਾਤਾ ਹੋ ਕੇ ਝੋਲੀ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਦੇਵੇ ਮਾਣਾ, ਅਭਿਮਾਨ ਅੰਦਰੋਂ ਦਏ ਕਢਾਈਆ । ਜਨ ਭਗਤਾਂ ਪ੍ਰਭ ਕਰੇ ਖੋਜ, ਜੁਗ ਚੌਕੜੀ ਵੇਖ ਵਖਾਈਆ । ਜਨਮ ਕਰਮ ਦਾ ਉਤੋਂ ਲਾਹਵੇ ਬੋਝ, ਭਾਂਡਾ ਭਰਮ ਭੌ ਭੰਨਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅਗਿਆਨ ਦਏ ਚੁਕਾਈਆ । ਕੂੜੀ ਕਿਰਿਆ ਰਹੇ ਨਾ ਹਉਮੇ ਰੋਗ, ਮਮਤਾ ਮੋਹ ਨਾ ਕੋਇ ਵਧਾਈਆ । ਦੀਨ ਦਿਆਲ ਦੱਸੇ ਆਪਣਾ ਜੋਗ, ਜੋਗੀਸ਼ਰਾਂ ਤੋਂ ਪਰੇ ਕਰੇ ਪੜ੍ਹਾਈਆ । ਭਗਤ ਭਗਵਾਨ ਮਿਲ ਕੇ ਜਗਤ ਵਾਸਨਾ ਰਹੇ ਕੋਈ ਨਾ ਰੋਗ, ਸੰਜੋਗੀ ਹੋ ਕੇ ਆਪਣਾ ਜੋੜ ਜੁੜਾਈਆ । ਭਾਗ ਲਗਾ ਕੇ ਕਾਇਆ ਕੋਟ, ਕੂੜ ਕੁਟੰਬ ਦੇਵੇ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਰਸ਼ਨ ਦੇਵੇ ਆਪ ਅਮੋਘ, ਬਿਨ ਤੱਤਾਂ ਤਤ ਕਰੇ ਰੁਸ਼ਨਾਈਆ । ਜਨ ਭਗਤਾਂ ਦੇਵੇ ਸਾਚਾ ਦਰਸ, ਜਗਤ ਅੱਖ ਨਾ ਕੋਇ ਖੁਲ੍ਹਾਈਆ । ਅੰਤਰ ਅੰਤਰ ਮੇਟੇ ਹਰਸ, ਮਿਹਰ ਨਜ਼ਰ ਇਕ ਉਠਾਈਆ । ਪੂਰਬ ਜਨਮ ਦਾ ਲਹਿਣਾ ਦੇਣਾ ਦੇਵੇ ਕ਼ਰਜ਼, ਮਕਰੂਜ਼ ਹੋ ਕੇ ਝੋਲੀ ਦਏ ਭਰਾਈਆ । ਭਗਤ ਉਧਾਰਨਾ ਪ੍ਰਭ ਦਾ ਫਰਜ਼, ਫ਼ੈਸਲਾ ਹੱਕ ਹੱਕ ਸੁਣਾਈਆ । ਤੂੰ ਮੇਰਾ ਮੈਂ ਤੇਰਾ ਅੰਦਰ ਵੜ ਕੇ ਮੰਦਰ ਚੜ੍ਹ ਕੇ ਦੱਸੇ ਆਪਣੀ ਤਰਜ਼, ਤਰ੍ਹਾ ਤਰ੍ਹਾ ਨਾਲ ਜਣਾਈਆ । ਦੀਨ ਦਿਆਲ ਦੀਨਾ ਨਾਥ ਹੋ ਕੇ ਵੰਡੇ ਦਰਦ, ਦੁੱਖ ਵਿਛੋੜੇ ਵਾਲਾ ਦਏ ਮਿਟਾਈਆ । ਜਨ ਭਗਤਾਂ ਛੁਰੀ ਹਲਾਲ ਕਰੇ ਕੋਈ ਨਾ ਕਰਦ, ਜਗਤ ਖੱਲ ਨਾ ਕੋਇ ਲੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਦਾ ਅਸਚਰਜ, ਅਚਰਜ ਲੀਲਾ ਆਪਣੇ ਹੱਥ ਰਖਾਈਆ । ਜਨ ਭਗਤਾਂ ਪ੍ਰਭ ਦੇਵੇ ਨਾਮ ਗਹਿਰ ਗੰਭੀਰ, ਜਗਤ ਬੁਧੀ ਸਮਝ ਕੋਇ ਨਾ ਪਾਈਆ । ਸਾਚਾ ਜੀਵਣ ਜ਼ਿੰਦਗੀ ਵਿਚੋਂ ਕਰੇ ਤਾਮੀਰ, ਕਾਮਲ ਮੁਰਸ਼ਦ ਬੇਪ੍ਰਵਾਹੀਆ । ਮੰਜ਼ਲ ਚੋਟੀ ਚੜ੍ਹ ਅਖ਼ੀਰ, ਆਖ਼ਰ ਆਪਣਾ ਆਪ ਆਪੇ ਦਏ ਸਮਝਾਈਆ । ਜਿਸ ਦਵਾਰੇ ਬਹਿ ਕੇ ਢੋਲਾ ਗਾਇਆ ਜੁਲਾਹੇ ਕਬੀਰ, ਕ਼ਬਰਾਂ ਦਾ ਲੇਖਾ ਗਿਆ ਮੁਕਾਈਆ । ਅੰਮ੍ਰਿਤ ਰਸ ਪੀ ਕੇ ਧੁਰ ਦਾ ਸੀਰ, ਸ਼ਰਅ ਦੇ ਜ਼ੰਜੀਰ ਗਿਆ ਤੁੜਾਈਆ । ਅੰਦਰੋਂ ਬਦਲ ਕੇ ਆਪਣੀ ਜ਼ਮੀਰ, ਜਾਹਰ ਜਹੂਰ ਪ੍ਰਭ ਦਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵਣਹਾਰਾ ਸਾਚਾ ਵਰ, ਵਾਹਿਦ ਇਕੋ ਨਜ਼ਰੀ ਆਈਆ । ਵਾਹਿਦ ਇਕੋ ਲਾਸ਼ਰੀਕ, ਸ਼ਰਕਤ ਵਿਚ ਕਦੇ ਨਾ ਆਇੰਦਾ । ਜਿਸ ਦੇ ਹੱਥ ਹੱਕ ਤੌਫੀਕ, ਤਾਰੀਫ਼ ਆਪਣੀ ਜਗਤ ਪੈਗ਼ੰਬਰਾਂ ਆਪ ਸੁਣਾਇੰਦਾ । ਕਲਮਾ ਦੱਸ ਹੱਕ ਹਕੀਕ਼, ਕਾਇਨਾਤ ਅਲਿਫ਼ ਯੇ ਨਾਲ ਪੜ੍ਹਾਇੰਦਾ । ਸੂਫ਼ੀਆਂ ਦੇ ਕੇ ਇਕ ਉਮੀਦ, ਆਮਦ ਵਿਚ ਖ਼ੁਸ਼ਾਮਦ ਵਿਚ ਖ਼ਾਹਿਸ਼ ਸਭ ਦੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਸਚ ਦਵਾਰੇ ਆਪ ਸੁਹਾਇੰਦਾ । ਹਰਿਜਨ ਮਿਲੇ ਦਵਾਰ ਸਚ, ਸਚ ਸਚ ਵਿਚ ਸਮਾਈਆ ।

੮੭੦
੧੯

ਭਾਗ ਲਗੇ ਕਾਇਆ ਮਾਟੀ ਕੱਚ, ਪੰਜ ਤਤ ਹੋਏ ਰੁਸ਼ਨਾਈਆ । ਮਨੂਆ ਮਨ ਨਾ ਜਾਏ ਨੱਚ, ਦਹਿ ਦਿਸ਼ਾ ਨਾ ਕੋਇ ਵਡਿਆਈਆ । ਨਿਜ ਨੇਤਰ ਨਿਜ ਲੋਚਨ ਨਿਜ ਗਿਆਨ ਖੋਲ੍ਹੇ ਅੱਖ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਸਰਬ ਸਵਾਮੀ ਪਰਮ ਪੁਰਖ ਪਰਮਾਤਮ ਆਤਮ ਨਜ਼ਰੀ ਆਏ ਪਰਤੱਖ, ਸਾਖਿਆਤ ਸਵੱਛ ਸਰੂਪ ਜਨ ਭਗਤ ਦਰਸ਼ਨ ਪਾਈਆ । ਦੇਵਣਹਾਰ ਵਡਿਆਈ ਪੁਰਖ ਅਕਾਲ ਸਮਰਥ, ਸਰਬ ਜੀਆਂ ਦਾ ਦਾਤਾ ਦਇਆਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹਕ਼ੀਕ਼ਤ ਵਿਚੋਂ ਦਏ ਹੱਕ, ਕੂੜੀ ਕਿਰਿਆ ਵਿਚੋਂ ਬਾਹਰ ਕਢਾਈਆ । ਜਨ ਭਗਤਾਂ ਪ੍ਰਭ ਦੇਵੇ ਸਹਾਰਾ ਚਰਨ ਕਵਲ, ਕਵਲ ਚਰਨ ਇਕ ਦਰਸਾਈਆ । ਮਿਲੇ ਵਡਿਆਈ ਉਪਰ ਧਵਲ, ਧਰਨੀ ਧਰਤ ਵੱਜੇ ਵਧਾਈਆ । ਨਿਰਗੁਣ ਧਾਰ ਹੋ ਕੇ ਜਾਵੇ ਮਵਲ, ਆਤਮ ਪਰਮਾਤਮ ਆਪਣਾ ਰੰਗ ਰੰਗਾਈਆ । ਬੂੰਦ ਸਵਾਂਤੀ ਅੰਮ੍ਰਿਤ ਬਖ਼ਸ਼ੇ (ਨਾਭ) ਕਵਲ, ਝਿਰਨਾ ਝਿਰੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਖਾਵਣਹਾਰਾ ਸਾਚਾ ਦਰ, ਬੰਦ ਕਿਵਾੜੀ ਕੁੰਡਾ ਲਾਹੀਆ । ਜਨ ਭਗਤਾਂ ਖੋਲ੍ਹੇ ਬੰਦ ਕਿਵਾੜੀ ਤਾਕੀ, ਤਕਵਾ ਇਕੋ ਇਕ ਜਣਾਈਆ । ਜਾਮ ਪਿਆਏ ਬਣ ਕੇ ਸਾਕੀ, ਪਿਆਲਾ ਧੁਰ ਦਾ ਹੱਥ ਫੜਾਈਆ । ਜਨਮ ਕਰਮ ਦਾ ਲਹਿਣਾ ਰਹੇ ਨਾ ਬਾਕੀ, ਲੱਖ ਚੁਰਾਸੀ ਫਾਸੀ ਦਏ ਕਟਾਈਆ । ਪੂਰਬ ਪੂਰੀ ਹੋਵੇ ਆਸੀ, ਆਸਾ ਤ੍ਰਿਸ਼ਨਾ ਦਏ ਮਿਟਾਈਆ । ਮਾਨਸ ਜਨਮ ਹੋਵੇ ਰਾਸੀ, ਰਸਤਾ ਇਕੋ ਦਏ ਵਖਾਈਆ । ਜਿਥੇ ਮਿਲੇ ਪੁਰਖ ਅਬਿਨਾਸ਼ੀ, ਦੂਜਾ ਇਸ਼ਟ ਨਾ ਕੋਇ ਮਨਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਬਿਨ ਤਤ ਵਜੂਦ ਪ੍ਰੇਮ ਪਿਆਰ ਭਗਤ ਭਗਵਾਨ ਦੀ ਹੁੰਦੀ ਰਹੇ ਹਾਸੀ, ਹਸਤੀ ਵਿਚੋਂ ਹਸਤੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸ਼ਬਦੀ ਧਾਰ ਜਗਤ ਲਾਹਵੇ ਉਦਾਸੀ, ਸਵਾਸ ਸਵਾਸ ਇਕੋ ਨਾਮ ਦ੍ਰਿੜਾਈਆ । ਸਿਫ਼ਤੀ ਨਾਮ ਕੋਟਨ ਕੋਟ ਦੇਣ ਸਲਾਹ, ਅੱਖਰਾਂ ਵਾਲੀ ਦੀਨਾਂ ਮਜ਼੍ਹਬਾਂ ਵਿਚ ਵੰਡ ਵੰਡਾਈਆ । ਸਤਿਗੁਰ ਸ਼ਬਦ ਨਿਰਅੱਖਰ ਧਾਰ ਇਕ ਮਲਾਹ, ਜੋ ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਬੇੜਾ ਬੰਨੇ ਲਾਈਆ । ਜਿਸ ਨੂੰ ਈਸਾ ਮੂਸਾ ਮੁਹੰਮਦ ਮੰਨਿਆ ਨੂਰੀ ਖ਼ੁਦਾ, ਖ਼ੁਦੀ ਤਕੱਬਰ ਸਭ ਦਾ ਦਏ ਮਿਟਾਈਆ । ਜਿਸ ਦੇ ਅੰਦਰ ਰਾਮ ਕ੍ਰਿਸ਼ਨ ਕੋਟਨ ਕੋਟ ਗਏ ਸਮਾ, ਨਾਤਾ ਤਤ ਵਜੂਦ ਤੁੜਾਈਆ । ਜਿਸ ਨੂੰ ਨਾਨਕ ਗੋਬਿੰਦ ਸੀਸ ਗਿਆ ਝੁਕਾ, ਭਾਣੇ ਵਿਚ ਮੰਨੀ ਸਚ ਰਜ਼ਾਈਆ । ਸੋ ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਇਕ ਰਿਹਾ ਅਖਵਾ, ਜਿਸ ਨੇ ਵਿਸ਼ਨ ਬ੍ਰਹਮਾ ਸ਼ਿਵ ਲੱਖ ਚੁਰਾਸੀ ਦੀਨ ਦੁਨੀ ਦਿਤੀ ਉਪਜਾਈਆ । ਜਿਸ ਨੇ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਜੋ ਤਮੋ ਸਤੋ ਦਿਤੀ ਬਣਾ, ਪਵਣ ਪਾਣੀ ਹੁਕਮ ਵਰਤਾਈਆ । ਰਵ ਸਸ ਧਰਤ ਧਵਲ ਜ਼ਿਮੀਂ ਅਸਮਾਨ ਦਿਤੇ ਸਜਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਕਰੀ ਰੁਸ਼ਨਾਈਆ । ਜੋ ਘਟ ਘਟ ਅੰਦਰ ਬੈਠਾ ਡੇਰਾ ਲਾ, ਨਿਰਗੁਣ ਹੋ ਕੇ ਸਰਗੁਣ ਹੁਕਮ ਵਰਤਾਈਆ । ਉਹ ਲੱਭੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਕਿਸੇ ਨਾ ਥਾਂ, ਟਿੱਲੇ ਪਰਬਤ ਸਮੁੰਦ ਸਾਗਰ ਡੂੰਘੀ ਧਾਰ ਹੱਥ ਕਿਸੇ ਨਾ ਆਈਆ । ਉਹ ਸਾਢੇ ਤਿੰਨ ਹੱਥ ਕਾਇਆ ਮੰਦਰ ਅੰਦਰ ਬੈਠਾ ਡੇਰਾ ਲਾ, ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਬੈਠਾ ਸੋਭਾ ਪਾਈਆ । ਧੁਨ ਆਤਮਕ ਰਾਗ ਸਭ ਨੂੰ ਰਿਹਾ ਸੁਣਾ, ਬਿਨ ਸਤਿਗੁਰ ਸਮਝ ਕਿਸੇ ਨਾ ਆਈਆ । ਸਤਿਗੁਰ ਪੂਰਾ ਕਾਇਆ ਮੰਦਰ ਚੜ੍ਹ ਕੇ, ਬਜਰ ਕਪਾਟੀ ਪੜਦਾ ਲਾਹ ਕੇ,

ਦੀਪਕ ਜੋਤ ਜਗਾ ਕੇ, ਸਾਚਾ ਮੇਲਾ ਲਏ ਮਿਲਾਈਆ । ਦਰ ਆ ਕੇ, ਘਰ ਆ ਕੇ, ਦੂਰ ਦੁਰਾਡਾ ਨੇਰਨ ਨੇਰਾ ਸਵੱਛ ਸਰੂਪੀ ਦਰਸ ਜਾਏ ਦਿਖਾ ਕੇ, ਬਿਨ ਦੇਖਿਆਂ ਬਿਨ ਪੇਖਿਆਂ ਜਨ ਭਗਤਾਂ ਸਾਚੇ ਸੰਤਾਂ ਧਰਵਾਸ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਲੋਕਮਾਤ ਆਪਣਾ ਮਾਰਗ ਜਾਏ ਲਾ ਕੇ, ਦੀਨ ਦੁਨੀ ਜਾਏ ਬਦਲਾ ਕੇ, ਸਤਿਜੁਗ ਤਰੇਤਾ ਦੁਆਪਰ ਕਲਜੁਗ ਪਾਰ ਲੰਘਾ ਕੇ, ਆਪਣਾ ਖੇਲ ਸਦਾ ਵਰਤਾਈਆ । ਸਭ ਦਾ ਸਤਿਗੁਰ ਆਦਿ ਜੁਗਾਦੀ ਏਕ, ਦੂਜਾ ਨਜ਼ਰ ਨਾ ਆਈਆ । ਜੋ ਹਰ ਘਟ ਰਿਹਾ ਵੇਖ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਬੁਧੀ ਕਰੇ ਬਿਬੇਕ, ਮਮਤਾ ਮੋਹ ਚੁਕਾਈਆ । ਸਚ ਦਵਾਰਾ ਵਖਾਵੇ ਇਕੋ ਸੱਚਾ ਦੇਸ, ਸਚਖੰਡ ਪੜਦਾ ਦਏ ਉਠਾਈਆ । ਪ੍ਰੇਮ ਪਿਆਰ ਪ੍ਰੀਤੀ ਅੰਦਰ ਆਤਮ ਪਰਮਾਤਮ ਦਾ ਖੁਲ੍ਹੇ ਭੇਤ, ਸੁਰਤੀ ਸ਼ਬਦ ਨਾਲ ਜੁੜਾਈਆ । ਸਤਿਗੁਰ ਪਾਉਣਾ ਕੋਈ ਬੱਚਿਆਂ ਵਾਲੀ ਨਹੀਂ ਖੇਡ, ਬਿਨਾ ਹਰਿ ਕਿਰਪਾ ਸਤਿਗੁਰ ਹੱਥ ਕਿਸੇ ਨਾ ਆਈਆ । ਜੋ ਵੇਖੇ ਨੇਤਨ ਨੇਤ, ਜਿਸ ਭਗਤ ਉਧਾਰੇ ਕੇਤੀ ਕੇਤ, ਜੁਗ ਜੁਗ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਲਕ ਬਣ ਕੇ ਇਕ ਨਰੇਸ਼, ਧੁਰ ਦਾ ਹੁਕਮ ਇਕ ਵਰਤਾਈਆ । ਜੇ ਮਾਰਗ ਲੱਭੋ ਸੱਚਾ, ਸਚ ਸਵਾਸੀ ਦਏ ਸਮਝਾਈਆ । ਸਤਿਗੁਰ ਸ਼ਬਦ ਕਦੇ ਨਾ ਹੋਵੇ ਕੱਚਾ, ਕੱਚਿਆਂ ਨੂੰ ਪੱਕੇ ਦਏ ਬਣਾਈਆ । ਜਨ ਭਗਤੋ ਤੁਹਾਨੂੰ ਕਿਹੜੀ ਲੋੜ ਜਾਣ ਦੀ ਮੱਕਾ, ਕਾਇਆ ਕਾਅਬੇ ਹੋਏ ਰੁਸ਼ਨਾਈਆ । ਪੜ੍ਹਨ ਦੀ ਲੋੜ ਨਹੀਂ ਬੱਬਾ, ਭੱਬਾ ਵਾਲੀ ਪੜ੍ਹਾਈਆ । ਮਨ ਨੇ ਸਭ ਦੇ ਉਤੇ ਪਾਇਆ ਦੱਬਾ, ਸੁਰਤੀ ਅੰਦਰ ਦਿਤੀ ਛੁਪਾਈਆ । ਬਿਨ ਸਤਿਗੁਰ ਕਿਰਪਾ ਕਿਸੇ ਨਾ ਲੱਭਾ, ਰੋਂਦੀ ਵੇਖੋ ਜਗਤ ਲੋਕਾਈਆ । ਸਦਾ ਸਦਾ ਸਤਿਗੁਰ ਸ਼ਬਦ ਮਾਲਕ ਸਭ ਦਾ ਹੱਬਾ, ਜਿਸ ਸ਼ਬਦ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਢੋਲੇ ਸਰਬ ਗਾਈਆ । ਉਹਦਾ ਕੋਈ ਆਕਾਰ ਨਹੀਂ ਊੜਾ ਐੜਾ ਈੜੀ ਸੱਸਾ ਹਾਹਾ ਕੱਕਾ, ਅਲਿਫ਼ ਯੇ ਵੰਡ ਨਾ ਕੋਇ ਵੰਡਾਈਆ । ਜੋ ਸਦਾ ਸੁਹੇਲਾ ਇਕ ਇਕੇਲਾ ਚਾਰ ਕੁੰਟ ਦਹਿ ਦਿਸ਼ਾ ਫਿਰੇ ਨੱਠਾ, ਦਿਵਸ ਰੈਣ ਆਪਣੀ ਸੇਵ ਕਮਾਈਆ । ਸਦਾ ਸਦਾ ਸਦ ਜਨ ਭਗਤਾਂ ਖਾਤਰ ਖੋਲ੍ਹੇ ਆਪਣਾ ਹੱਟਾ, ਹਟਵਾਣਾ ਹੋ ਕੇ ਆਪਣਾ ਨਾਮ ਦਏ ਵਰਤਾਈਆ । ਅੰਦਰੋਂ ਸਹਿਜ ਨਾਲ ਮਨ ਦਾ ਬਾਹਰ ਕੱਢ ਕੇ ਰੱਟਾ, ਰਾਹ ਆਪਣਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਗੰਮੀ ਲਾ ਕੇ ਸੱਟਾ, ਸੋਇਆਂ ਸੁਤਿਆਂ ਲਏ ਜਗਾਈਆ । ਸ੍ਰਿਸ਼ਟੀ ਵੇਖੀ ਜਗਤ ਬਹੁ ਵਾਸ, ਦੀਨ ਦੁਨੀ ਨਜ਼ਰੀ ਆਈਆ । ਸਿਫ਼ਤਾਂ ਵਾਲੀ ਸਾਰੇ ਗਾਉਂਦੇ ਗਾਥ, ਅੱਲਾ ਵਾਹਿਗੁਰੂ ਰਾਮ ਨਾਮ ਓਮ ਜਗਤ ਪੜ੍ਹਾਈਆ । ਸਭ ਦਾ ਮਾਲਕ ਇਕ ਅਬਿਨਾਸ਼, ਜੋ ਹਰ ਘਟ ਰਖੇ ਵਾਸ, ਨਿਰਗੁਣ ਜੋਤ ਪ੍ਰਕਾਸ਼, ਸ਼ਬਦ ਸਰੂਪ ਗੁਣਤਾਸ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਜੇ ਓਸ ਦੇ ਹਵਾਲੇ ਕਰ ਦਿਉ ਆਪਣਾ ਆਪ, ਤੁਹਾਡੇ ਅੰਦਰੋਂ ਕੋਟ ਜਨਮ ਦੇ ਦੂਰ ਹੋ ਜਾਣ ਪਾਪ, ਪਤਿਤ ਪੁਨੀਤ ਦਏ ਕਰਾਈਆ । ਸਤਿਗੁਰ ਹੋ ਕੇ ਤੁਹਾਡੀ ਮੇਟ ਦੇਵੇ ਅੰਧੇਰੀ ਰਾਤ, ਸਦਾ ਚੜ੍ਹੀ ਰਹੇ ਪਰਭਾਤ, ਆਵਾਜ਼ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦਾ ਸੱਚਾ ਰਸਤਾ ਆਦਿ ਜੁਗਾਦਿ ਇਕੋ ਨਜ਼ਰੀ ਆਈਆ । ਸਤਿਗੁਰ ਰਸਤਾ ਕਦੇ ਨਾ ਦੇਵੇ ਬਦਲ, ਬਦਲੀ ਕਰੇ ਜਗਤ ਲੋਕਾਈਆ । ਸਚਖੰਡ ਦਵਾਰੇ ਬਹਿ ਕੇ ਕਰੇ ਅਦਲ, ਦੋ ਜਹਾਨਾਂ ਹੁਕਮ ਵਰਤਾਈਆ ।

ਗੁਰਮੁਖੋ ਬਿਨਾ ਸਤਿਗੁਰੂ ਕਿਸੇ ਕੰਮ ਨਹੀਂ ਆਉਂਦਾ ਯਤਨ, ਯਥਾਰਥ ਪਰਮਾਰਥ ਸਵਾਰਥ ਸਾਚੇ ਘਰ ਨਾ ਕੋਇ ਮਿਲਾਈਆ । ਸਤਿਗੁਰ ਸ਼ਬਦ ਲੈ ਜਾਏ ਤੁਹਾਨੂੰ ਓਸ ਵਤਨ, ਜਿਸ ਵਿਚੋਂ ਹੋਈ ਜੁਦਾਈਆ । ਜਿਥੇ ਹਿੰਦੂ ਮੁਸਲਿਮ ਸਿਖ ਈਸਾਈ ਦਾ ਇਕੋ ਪੱਤਨ, ਗੁਰ ਅਵਤਾਰ ਪੈਗੰਬਰ ਬਹਿ ਕੇ ਪ੍ਰਭ ਦਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਸਾਚੇ ਭਗਤਾਂ ਸੰਤਾਂ ਗੁਰਮੁਖਾਂ ਸੂਫ਼ੀਆਂ ਆਪਣਾ ਮਾਰਗ ਰਾਹ ਰਹਿਬਰ ਹੋ ਕੇ ਕਾਇਆ ਮੰਦਰ ਅੰਦਰ ਆਵੇ ਦੱਸਣ, ਦਹਿ ਦਿਸ਼ਾ ਭਰਮ ਨਾ ਕੋਇ ਭੁਲਾਈਆ । ਸ਼ਬਦ ਗੁਰੂ ਨਾਤਾ ਨਾਲ ਦੇਹ, ਦੇਹ ਸ਼ਬਦ ਗੁਰੂ ਅਖਵਾਈਆ । ਨਿਰਗੁਣ ਸਰਗੁਣ ਲੱਗੇ ਨੇਂਹ, ਦੋ ਜਹਾਨ ਵੱਜੇ ਵਧਾਈਆ । ਜਿਸ ਵੇਲੇ ਤਨ ਮਾਟੀ ਹੋ ਜਾਏ ਖੇਹ, ਮੜ੍ਹੀ ਗੋਰ ਵਿਚ ਸਮਾਈਆ । ਸਤਿਗੁਰ ਸ਼ਬਦ ਫੇਰ ਵੀ ਭਗਤਾਂ ਉਤੇ ਬਰਖ ਆਪਣਾ ਮੇਂਹ, ਮੇਘ ਅੰਮ੍ਰਿਤ ਆਪ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਕਰ, ਦੇਹ ਸ਼ਬਦ ਜੋਤ ਮਿਲ ਕੇ ਆਪਣੀ ਕਾਰ ਕਮਾਈਆ । ਦੇਹ ਸ਼ਬਦ ਜੋਤ ਨਾ ਹੁੰਦਾ ਰਿਸ਼ਤਾ, ਪ੍ਰਭ ਦਾ ਸੱਜਣ ਨਜ਼ਰ ਕੋਇ ਨਾ ਆਈਆ । ਨਾ ਕੋਈ ਹੁਕਮ ਦੇਂਦਾ ਜਬਰਾਈਲ ਇਜ਼ਰਾਈਲ ਮੇਕਾਈਲ ਅਸਰਾਫ਼ੀਲ ਫ਼ਰਿਸ਼ਤਾ, ਫ਼ਰਿਸਤ ਹੱਥ ਨਾ ਕੋਇ ਫੜਾਈਆ । ਇਹ ਭੇਵ ਸਮਝਣ ਵਾਲਾ ਆਹਿਸਤਾ ਆਹਿਸਤਾ ਆਹਿਸਤਾ, ਜਿਸ ਵੇਲੇ ਚੋਟੀ ਮੰਜ਼ਲ ਚੜ੍ਹ ਕੇ ਪ੍ਰਭ ਦਾ ਦਰਸ਼ਨ ਪਾਈਆ । ਫੇਰ ਪੱਕਾ ਹੋ ਜਾਏ ਨਿਸਚਾ, ਜਗਤ ਵਾਸਨਾ ਸਕੇ ਨਾ ਕੋਇ ਡੁਲਾਈਆ । ਜਿਧਰ ਵੇਖੇ ਓਧਰ ਏਕਾ ਰੂਪ ਦਿਸਦਾ, ਘਟ ਘਟ ਰਮਿਆ ਬੇਪਰਵਾਹੀਆ ।



੮੭੨
੧੯

✪ ੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਮਰੀਕ ਸਿੰਘ ਦੇ ਗ੍ਰਹਿ ਪਿੰਡ ਰੂਪੋ ਵਾਲੀ ਜ਼ਿਲਾ ਅੰਮ੍ਰਿਤਸਰ ✪

ਜਨ ਭਗਤਾਂ ਪ੍ਰਭ ਦੇਵੇ ਸਾਚੀ ਓਟ, ਚਰਨ ਕਵਲ ਸਚ ਸਰਨਾਈਆ । ਸ਼ਬਦੀ ਧਾਰ ਅੰਦਰੋਂ ਕੱਢੇ ਖੋਟ, ਕੂੜੀ ਕਿਰਿਆ ਦਏ ਮਿਟਾਈਆ । ਭਾਗ ਲਗਾਏ ਕਾਇਆ ਮਾਟੀ ਸਾਚੇ ਕੋਟ, ਕੰਚਨ ਗੜ੍ਹ ਦਏ ਵਡਿਆਈਆ । ਕਰ ਪ੍ਰਕਾਸ਼ ਨਿਰਮਲ ਜੋਤ, ਅੰਧ ਅੰਧਿਆਰ ਦਏ ਗਵਾਈਆ । ਮਨ ਮਤ ਬੁਧੀ ਦੀ ਰਹਿਣ ਨਾ ਦੇਵੇ ਸੋਚ, ਧੁਰ ਫ਼ਰਮਾਨਾ ਇਕ ਸੁਣਾਈਆ । ਹਉਮੇ ਹੰਗਤਾ ਮੇਟ ਕੇ ਰੋਗ, ਹੰ ਬ੍ਰਹਮ ਦਏ ਸਮਝਾਈਆ । ਸਾਚਾ ਨਾਮ ਧੁਰ ਦਾ ਜੋਗ, ਕੱਪੜ ਤਨ ਨਾ ਕੋਇ ਰੰਗਾਈਆ । ਝਗੜਾ ਮੁਕਾ ਕੇ ਚੌਦਾਂ ਲੋਕ, ਪਰਲੋਕ ਦਾ ਲੇਖਾ ਦਏ ਗਵਾਈਆ । ਤੂੰ ਮੇਰਾ ਮੈਂ ਤੇਰਾ ਸਾਚਾ ਦੱਸ ਸਲੋਕ, ਸੋਹੰ ਕਰੇ ਹੱਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਜਨ ਭਗਤਾਂ ਪ੍ਰਭ ਦਏ ਸਹਾਰਾ, ਲੋਕਮਾਤ ਮਿਹਰ ਨਜ਼ਰ ਉਠਾਈਆ । ਸੱਚਾ ਦੱਸੇ ਇਕ ਕਿਨਾਰਾ, ਜਿਸ ਪੱਤਨ ਬੈਠਾ ਬੇਪਰਵਾਹੀਆ । ਸਚ ਬੁਝਾਏ ਸਚਖੰਡ ਦਵਾਰਾ, ਦਰਗਾਹ ਸਾਚੀ ਨਜ਼ਰੀ ਆਈਆ । ਜਿਥੇ ਵਸਣ ਗੁਰ ਅਵਤਾਰਾ, ਪੈਗੰਬਰ ਪ੍ਰਭ ਦਰਸ਼ਨ ਕਰ ਕਰ ਖ਼ੁਸ਼ੀ ਮਨਾਈਆ । ਭਗਤਾਂ ਮਿਲੇ ਸਚ ਭੰਡਾਰਾ, ਹਰਿ ਕਰਤਾ ਆਪ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਦਰਵੇਸ਼ ਮੰਗਣ ਭਿਖਾਰਾ, ਭਿੱਖਕ ਹੋ ਕੇ ਝੋਲੀ ਅਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵਣਹਾਰ ਸਰਨਾਈਆ । ਜਨ ਭਗਤਾਂ ਦੇਵੇ ਸਰਨਗਤ, ਸਾਹਿਬ

ਸਵਾਮੀ ਦਇਆ ਦਇਆ ਕਮਾਈਆ । ਅੰਤਰ ਆਤਮ ਉਪਜੇ ਬ੍ਰਹਮ ਮਤ, ਪਾਰਬ੍ਰਹਮ ਨਿਰਅੱਖਰ ਧਾਰ ਸਮਝਾਈਆ । ਨਾੜ ਬਹੱਤਰ ਤਨ ਵਜੂਦ ਕਾਇਆ ਮਾਟੀ ਨਾ ਉਬਲੇ ਰੱਤ, ਰਤਨ ਅਮੋਲਕ ਨਾਮ ਪਦਾਰਥ ਵਸਤ ਅਮੋਲਕ ਝੋਲੀ ਪਾਈਆ । ਭੇਵ ਅਭੇਦਾ ਅਛਲ ਅਛੇਦਾ ਖੋਲ੍ਹ ਕੇ ਸਚ, ਸਤਿ ਸਤਿਵਾਰਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਧੁਨ ਦਏ ਉਪਜਾਈਆ । ਨਾਮ ਜੈਕਾਰਾ ਬੋਲ ਅਲੱਖ, ਪ੍ਰਗਟ ਹੋ ਆਪ ਪਰਤੱਖ, ਸਾਖਿਆਤ ਸਵੱਛ ਸਰੂਪੀ ਆਪਣਾ ਪੜਦਾ ਦਏ ਚੁਕਾਈਆ । ਆਤਮ ਪਰਮਾਤਮ ਸਾਂਝਾ ਦੱਸ ਕੇ ਜਸ, ਹਕ਼ੀਕ਼ਤ ਵਿਚੋਂ ਪ੍ਰਗਟਾਏ ਹੱਕ, ਹੁਕਮ ਨਾਲ ਹੁਕਮ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਹਿਬ ਸਮਰਥ, ਦਾਤਾ ਹੋ ਕੇ ਦਇਆ ਕਮਾਈਆ । ਜਨ ਭਗਤਾਂ ਪ੍ਰਭ ਦੇਵਣਹਾਰਾ ਦਾਤ, ਦਇਆਵਾਨ ਅਖਵਾਈਆ । ਜੁਗ ਚੌਕੜੀ ਬਦਲਣਹਾਰਾ ਸਮਾਜ, ਦੀਨਾਂ ਮਜ਼੍ਹਬਾਂ ਲੇਖਾ ਦਏ ਮੁਕਾਈਆ । ਸਤਿ ਧਰਮ ਚਲਾਵਣਹਾਰਾ ਰਿਵਾਜ, ਊਚਾਂ ਨੀਚਾਂ ਇਕੋ ਰੰਗ ਰੰਗਾਈਆ । ਨਾਮ ਭੰਡਾਰਾ ਬਖ਼ਸ਼ਣਹਾਰਾ ਦਾਦ, ਦੌਲਤ ਧੁਰ ਦੀ ਆਪ ਵਖਾਈਆ । ਤੂੰ ਮੇਰਾ ਮੈਂ ਤੇਰਾ ਭਗਤ ਭਗਵਾਨ ਦੱਸੇ ਗਾਥ, ਗਹਿਰ ਗੰਭੀਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਗੰਮੀ ਸੁਣਾ ਆਵਾਜ਼, ਸੋਈ ਸੁਰਤ ਆਪ ਉਠਾਈਆ । ਜਨ ਭਗਤਾਂ ਪ੍ਰਭ ਖੋਲ੍ਹੇ ਸੁਰਤੀ, ਸਤਿ ਸਤਿ ਨਾਲ ਮਿਲਾਈਆ । ਧਾਰ ਦੱਸੇ ਅਗੰਮੀ ਧੁਰ ਦੀ, ਧਰਮ ਦਵਾਰਾ ਇਕ ਜਣਾਈਆ । ਖੇਲ ਵਖਾਏ ਪੂਰੇ ਸਤਿਗੁਰ ਦੀ, ਜੋ ਆਦਿ ਜੁਗ ਚੌਕੜੀ ਨਿਤ ਨਵਿਤ ਆਪਣਾ ਖੇਲ ਵਖਾਈਆ । ਲੋੜ ਰਹੇ ਨਾ ਦੇਵਤ ਸੁਰ ਦੀ, ਪੈਗ਼ੰਬਰ ਪੀਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ
੮੭੩ ੧੯ ਦੇਵਣਹਾਰਾ ਸਾਚਾ ਵਰ, ਸਾਚੀ ਦਾਤ ਇਕ ਵਰਤਾਈਆ । ਜਨ ਭਗਤਾਂ ਪ੍ਰਭ ਦੇਵੇ ਨਾਮ ਅਮੋਲਕ, ਅਨਮੁਲੜਾ ਝੋਲੀ ਪਾਈਆ । ਆਪ ਟਿਕਾਏ ੮੭੩ ੧੯
ਕਾਇਆ ਗੋਲਕ, ਗੋਲਾ ਮਨ ਲਏ ਬਣਾਈਆ । ਕਰੇ ਖੇਲ ਸਾਹਿਬ ਅਨਡੋਲਤ, ਅਡੁਲ ਦਏ ਜਣਾਈਆ । ਨਾਮ ਜਣਾਏ ਬਿਨ ਰਸਨਾ ਜਿਹਵਾ ਅਨਬੋਲਤ, ਧਾਰ ਧਾਰ ਵਿਰੋਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਹਿਜ ਸੁਭਾਈਆ । ਜਨ ਭਗਤਾਂ ਪ੍ਰਭ ਖੋਲ੍ਹੇ ਪੜਦਾ, ਓਹਲਾ ਰਹਿਣ ਕੋਇ ਨਾ ਪਾਈਆ । ਭੇਵ ਖੁਲ੍ਹਾਵੇ ਆਪਣੇ ਘਰ ਦਾ, ਘਰ ਮੰਦਰ ਕਰੇ ਰੁਸ਼ਨਾਈਆ । ਰੂਪ ਵਖਾਏ ਨਰਾਇਣ ਨਰ ਦਾ, ਨਰ ਹਰਿ ਆਪਣੀ ਕਾਰ ਕਮਾਈਆ । ਇਸ਼ਨਾਨ ਕਰਾਏ ਸਾਚੇ ਸਰ ਦਾ, ਦੁਰਮਤ ਮੈਲ ਧਵਾਈਆ । ਜੋ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਪੜ੍ਹਦਾ, ਚਾਰੇ ਖਾਣੀ ਚਾਰੇ ਬਾਣੀ ਲੇਖਾ ਜਾਏ ਮੁਕਾਈਆ । ਸਾਚੀ ਮੰਜ਼ਲ ਬਿਨ ਪੌੜੀ ਡੰਡੇ ਚੜ੍ਹਦਾ, ਮੁਕਾਮੇ ਹੱਕ ਮਿਲ ਕੇ ਆਪਣਾ ਰੰਗ ਰੰਗਾਈਆ । ਬਿਨ ਨੈਣ ਬਿਨ ਨੇਤਰ ਬਿਨ ਅੱਖ ਪ੍ਰਤੱਖ ਪ੍ਰਭ ਦਾ ਦਰਸ਼ਨ ਕਰਦਾ, ਜੋਤੀ ਜੋਤ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲੇ ਸਚਖੰਡ ਦਵਾਰੇ ਖੜਦਾ, ਦਰਗਾਹ ਸਾਚੀ ਲਏ ਟਿਕਾਈਆ । ਜਨ ਭਗਤਾਂ ਪ੍ਰਭ ਦੇਵੇ ਘਰ ਅਗੰਮ, ਮਹੱਲ ਅਟਲ ਇਕ ਸੁਹਾਈਆ । ਜਿਥੇ ਨਾ ਜਨਮੇ ਨਾ ਜਾਏ ਮਰ, ਮਰਨ ਜੰਮਣ ਵਿਚ ਕਦੇ ਨਾ ਆਈਆ । ਨਾ ਕੋਇ ਪਵਣ ਸਵਾਸ ਲੈਣਾ ਪਏ ਦਮ, ਤੱਤਾਂ ਦਾ ਲੇਖਾ ਦਏ ਚੁਕਾਈਆ । ਨਾ ਕੋਈ ਕੂੜ ਕੁੜਿਆਰ ਹੋਵੇ ਭਰਮ, ਮਨਸਾ ਮਨ ਨਾ ਕਇ ਵਧਾਈਆ । ਨਾ ਕੋਈ ਦੀਨ ਮਜ਼੍ਹਬ ਜਾਤ ਪਾਤ ਧਰਮ, ਇਸ਼ਟ ਤੱਤਾਂ ਵਾਲਾ ਨਾ ਕੋਇ ਵਖਾਈਆ । ਕਰੇ ਖੇਲ ਆਪ ਨਿਹਕਰਮੀ ਸਾਚਾ ਕਰਮ,

ਕਰਮ ਕਾਂਡ ਦਾ ਲੇਖਾ ਦਏ ਮੁਕਾਈਆ । ਜਨ ਭਗਤਾਂ ਸਾਚੇ ਸੰਤਾਂ ਚਰਨ ਕਵਲ ਦੇਵੇ ਸਾਚੀ ਸਰਨ, ਸਰਨਗਤ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਝਗੜਾ ਮੁਕਾ ਕੇ ਵਰਨ ਬਰਨ, ਆਤਮ ਬ੍ਰਹਮ ਦਏ ਦ੍ਰਿੜਾਈਆ । ਜਨ ਭਗਤਾਂ ਦੱਸੇ ਅੰਤਰ ਆਤਮ ਸਤਿ, ਦੂਜੀ ਵੰਡ ਨਾ ਕੋਇ ਵੰਡਾਈਆ । ਧੀਰਜ ਸੰਤੋਖ ਦੇ ਕੇ ਯਤ, ਯਥਾਰਥ ਆਪਣਾ ਭੇਵ ਖੁਲ੍ਹਾਈਆ । ਨਾਮ ਨਿਧਾਨਾ ਦੇ ਕੇ ਵਥ, ਵਸਤ ਅਮੋਲਕ ਝੋਲੀ ਪਾਈਆ । ਲੱਖ ਚੁਰਾਸੀ ਵਿਚੋਂ ਲੱਭ, ਪੜਦਾ ਓਹਲਾ ਦਏ ਉਠਾਈਆ । ਜਨਮ ਕਰਮ ਦਾ ਲੇਖਾ ਮੁਕਾ ਕੇ ਸਭ, ਲਖ ਚੁਰਾਸੀ ਗੇੜਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਅੰਮ੍ਰਿਤ ਝਿਰਨਾ ਝਿਰਾਏ ਕਵਲ ਨਭ, ਬੂੰਦ ਸਵਾਂਤੀ ਮੁਖ ਪਵਾਈਆ । ਜਨ ਭਗਤਾਂ ਦੇਵੇ ਬੂੰਦ ਸਵਾਂਤ, ਅੰਮ੍ਰਿਤ ਰਸ ਇਕ ਚਖਾਈਆ । ਨਜ਼ਰੀ ਆਏ ਇਕ ਇਕਾਂਤ, ਇਕ ਇਕੱਲਾ ਸੋਭਾ ਪਾਈਆ । ਜੋ ਵੇਸ ਵਟਾਏ ਜੁਗ ਚੌਕੜੀ ਬਹੁ ਬਿਧ ਭਾਂਤ, ਭਾਵਨਾ ਵੇਖੇ ਜਗਤ ਲੋਕਾਈਆ । ਕਲਜੁਗ ਅੰਤ ਮੇਟੇ ਅੰਧੇਰੀ ਰਾਤ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਚਾਰ ਵਰਨ ਅਠਾਰਾਂ ਬਰਨ ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਦੱਸੇ ਜਾਤ, ਧੁਰ ਦੀ ਕਰੇ ਸਚ ਪੜ੍ਹਾਈਆ । ਸਭ ਦਾ ਲਹਿਣਾ ਦੇਣਾ ਕਰਮ ਧਰਮ ਲਏ ਵਾਚ, ਵਾਚਕ ਕੋਈ ਬਚਨ ਨਾ ਸਕੇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਨਾਲ ਆਪਣਾ ਕਰੇ ਇਤਫ਼ਾਕ, ਵਫ਼ਾਤ ਅੰਦਰੋਂ ਦਏ ਕਢਾਈਆ । ਜਨ ਭਗਤਾਂ ਦੇਵੇ ਇਤਮੀਨਾਨ, ਤਸੱਲੀ ਨਾਲ ਸਮਝਾਈਆ । ਕਲਜੁਗ ਕੂੜੀ ਕਿਰਿਆ ਮਿਟੇ ਜਹਾਨ, ਲੋਕਮਾਤ ਰਹਿਣ ਨਾ ਪਾਈਆ । ਸਾਚੀ ਸਿਖਿਆ ਦੇਵੇ ਇਕ ਭਗਵਾਨ, ਪਰਮ ਪੁਰਖ ਆਤਮ ਪਰਮਾਤਮ ਕਰੇ ਪੜ੍ਹਾਈਆ । ਚਾਰ ਵਰਨ ਅਠਾਰਾਂ ਬਰਨ ਮੰਤਰ ਧੁਰ ਦਾ ਇਕੋ ਗਾਣ, ਗਾਵਤ ਗਾ ਗਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਜਣ ਦੇਵੇ ਸਾਚਾ ਦਾਨ, ਦਾਤਾ ਹੋ ਕੇ ਆਪ ਵਰਤਾਈਆ ।



## ੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਸੁਰੈਣ ਸਿੰਘ ਦੇ ਗ੍ਰਿਹਿ ਜੰਡਿਆਲਾ ਜ਼ਿਲਾ ਅੰਮ੍ਰਿਤਸਰ

ਸਤਿ ਕਹੇ ਮੇਰਾ ਮਾਲਕ ਪਾਰਬ੍ਰਹਮ, ਆਦਿ ਜੁਗਾਦੀ ਏਕੰਕਾਰਾ ਇਕ ਅਖਵਾਇੰਦਾ । ਜਿਸ ਦਵਾਰੇ ਹੋਵੇ ਮੇਰਾ ਜਰਮ, ਜਨਮ ਮਰਨ ਗੇੜ ਨਾ ਕੋਇ ਰਖਾਇੰਦਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਬਖ਼ਸ਼ੇ ਇਕੋ ਸਰਨ, ਦੂਜੀ ਓਟ ਨਾ ਕੋਇ ਤਕਾਇੰਦਾ । ਥਿਰ ਘਰ ਦਵਾਰੇ ਮੇਰਾ ਉਪਜੇ ਕਰਮ, ਕਾਂਡਾ ਵਿਚ ਹਿੱਸਾ ਨਾ ਕੋਇ ਜਣਾਇੰਦਾ । ਖੇਲ ਕਰਾਏ ਕਰਨੀ ਕਰਨ, ਕਰਤਾ ਪੁਰਖ ਹੁਕਮ ਵਰਤਾਇੰਦਾ । ਝਗੜਾ ਮੁਕਾਵਾਂ ਵਰਨ ਬਰਨ, ਜਾਤ ਪਾਤ ਦੀਨ ਮਜ਼੍ਹਬ ਵਿਚ ਕਦੇ ਨਾ ਆਇੰਦਾ । ਤਨ ਵਜੂਦ ਮੇਰਾ ਜਾਣੇ ਕੋਇ ਨਾ ਮਾਟੀ ਚਰਮ, ਹੱਡ ਮਾਸ ਨਾੜੀ ਰੰਗ ਨਾ ਕੋਇ ਰੰਗਾਇੰਦਾ । ਇਕੋ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਰਖਾਂ ਸਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਤਿ ਕਹੇ ਮੇਰਾ ਜਾਣੇ ਨਾ ਕੋਇ ਸਰੂਪ, ਜਗ ਨੈਣਾਂ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਅੰਧੇਰਾ ਅੰਧ ਕੂਪ, ਕਲਜੁਗ ਤਰੇਤਾ ਦੁਆਪਰ ਆਪ ਹੰਢਾਈਆ । ਝਗੜਾ ਮੁਕਾਵਾਂ ਜੂਠ ਝੂਠ, ਕੂੜੀ ਕਿਰਿਆ ਮਾਇਆ ਮਮਤਾ ਮੋਹ ਚੁਕਾਈਆ । ਡੰਕਾ ਵਜਾਵਾਂ

ਚਾਰੋਂ ਕੂਟ, ਨਾਮ ਨਿਧਾਨਾ ਕਰ ਸ਼ਨਵਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਲੱਭਣ ਧੁਰ ਦੇ ਪੂਤ, ਸਪੂਤ ਆਪਣਾ ਪੜਦਾ ਲਾਹੀਆ । ਮਹੱਲ ਅਟਲ ਵਖਾ ਕੇ ਉਚ ਅਰੂਜ, ਫ਼ਰਸ਼ ਅਰਸ਼ ਤੋਂ ਪਰੇ ਕਰਾਂ ਰੁਸ਼ਨਾਈਆ । ਮਾਲਕ ਹੱਕ ਵੇਖ ਮਹਿਬੂਬ, ਮੁਹੱਬਤ ਵਿਚ ਮਿਲਾਈਆ । ਲੇਖਾ ਮੁਕਾ ਕੇ ਏਕਾ ਦੂਜ, ਏਕਾ ਘਰ ਦਿਆਂ ਸਮਝਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਆਵੇ ਸਾਚੀ ਸੂਝ, ਮਨ ਵਾਸਨਾ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਕਹੇ ਸਚ ਇਕ ਦ੍ਰਿੜਾਈਆ । ਸਤਿ ਕਹੇ ਸਚ ਮਹੱਲਾ, ਪ੍ਰਭ ਚਰਨ ਮਿਲੇ ਸਰਨਾਈਆ । ਜੁਗ ਚੌਕੜੀ ਫਿਰਾਂ ਇਕ ਅਕੱਲਾ, ਦੂਜਾ ਨਜ਼ਰ ਕੋਇ ਨਾ ਆਈਆ । ਪਾਵਾਂ ਸਾਰ ਜਲਾਂ ਥਲਾਂ, ਡੂੰਘੇ ਸਾਗਰ ਖੋਜ ਖੁਜਾਈਆ । ਵੇਖ ਵਖਾਵਾਂ ਚੋਟੀ ਪਰਬਤ ਟਿੱਲਾ, ਪਹਾੜ ਉਜਾੜ ਵੇਖ ਵਖਾਈਆ । ਜਨ ਭਗਤ ਫੜਾ ਕੇ ਅੰਤਰ ਆਤਮ ਪੱਲਾ, ਪਾਰਬ੍ਰਹਮ ਬ੍ਰਹਮ ਮੇਲਾ ਮੇਲਾਂ ਸਹਿਜ ਸੁਭਾਈਆ । ਧਾਮ ਵਖਾਵਾਂ ਇਕ ਨਿਹਚਲ ਅਟਲਾ, ਘਰ ਵਿਚ ਘਰ ਵੱਜਦੀ ਰਹੇ ਵਧਾਈਆ । ਸਾਚੀ ਧਾਰ ਅੰਦਰ ਰਲਾ, ਬਾਹਰੋਂ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਚ ਆਪ ਵਰਤਾਈਆ । ਸਤਿ ਕਹੇ ਪ੍ਰੀਤਮ ਏਕੰਕਾਰ, ਪੁਰਖ ਅਕਾਲਾ ਨਜ਼ਰੀ ਆਈਆ । ਮੇਰਾ ਨਾਤਾ ਨਾਲ ਪਰਵਰਦਿਗਾਰ, ਜਲਵਾਗਰ ਨੂਰ ਰੁਸ਼ਨਾਈਆ । ਮੁਕਾਮੇ ਹੱਕ ਮੇਰਾ ਸਿਕਦਾਰ, ਮਾਲਕ ਬੈਠਾ ਧੁਰ ਦਰਗਾਹੀਆ । ਜੋ ਜੁਗ ਚੌਕੜੀ ਹੁਕਮ ਦੇਵੇ ਵਾਰੋ ਵਾਰ, ਗੁਰ ਅਵਤਾਰ ਪੈਗ਼ੰਬਰਾਂ ਕਰ ਪੜ੍ਹਾਈਆ । ਜਿਸ ਦਾ ਚਾਰੇ ਖਾਣੀ ਚਾਰੇ ਬਾਣੀ ਸਿਫ਼ਤਾਂ ਨਾਲ ਕਰੇ ਇਜ਼ਹਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਨਿੱਕੇ ਨਿੱਕੇ ਢੋਲੇ ਗਾਈਆ । ਸਰਗੁਣ ਹੋ ਕੇ ਪਾਵੇ ਕੋਈ ਨਾ ਸਾਰ, ਬੇਅੰਤ ਕਹਿ ਕੇ ਪੱਲੂ ਸਰਬ ਛੁਡਾਈਆ । ਨੰਨ੍ਹੇ ਨੰਨ੍ਹੇ ਬੱਚੇ ਵਿਚ ਸੰਸਾਰ, ਸ਼ਬਦੀ ਗੁਰ ਹੁਕਮ ਨਚਾਈਆ । ਲੱਖ ਚੁਰਾਸੀ ਵੇਖੇ ਵਿਗਸੇ ਵੇਖਣਹਾਰ, ਘਟ ਘਟ ਬੈਠਾ ਸੋਭਾ ਪਾਈਆ । ਸੋ ਨਾਤਾ ਜੋੜ ਮੇਰਾ ਸੰਸਾਰ, ਸਾਚਾ ਮਾਰਗ ਇਕ ਪਰਗਟਾਈਆ । ਕਲਜੁਗ ਅੰਤਮ ਵੇਖ ਦੁਸ਼ਟ ਦੁਰਾਚਾਰ, ਮਨ ਵਿਕਾਰ ਖੋਜ ਖੁਜਾਈਆ । ਦ੍ਰਿਸ਼ਟੀ ਅੰਦਰ ਸ੍ਰਿਸ਼ਟੀ ਹਾਹਾਕਾਰ, ਦੁਰਮਤ ਮੈਲ ਨਾ ਕੋਇ ਧਵਾਈਆ । ਅਠਸਠ ਤੀਰਥ ਰੋਂਦੇ ਧਾਹਾਂ ਮਾਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਫਿਰੀ ਦਰੋਹੀ ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦੁਆਰ, ਸਤਿ ਕਹੇ ਮੇਰਾ ਰੂਪ ਨਜ਼ਰ ਕਿਸੇ ਨਾ ਆਈਆ । ਮੈਂ ਦਰਵੇਸ਼ ਦਰ ਠਾਂਡੇ ਮੰਗਾਂ ਭਿਖਾਰ, ਸਚਖੰਡ ਨਿਵਾਸੀ ਅਗੇ ਝੋਲੀ ਡਾਹੀਆ । ਕਰ ਕਿਰਪਾ ਮੇਰੇ ਕਰਤਾਰ, ਕੁਦਰਤ ਦੇ ਮਾਲਕ ਕਲਜੁਗ ਅੰਤ ਨਾ ਕਰ ਬੇਵਫ਼ਾਈਆ । ਚਾਰ ਵਰਨ ਅਠਾਰਾਂ ਬਰਨ ਦੀਨ ਮਜ਼੍ਹਬ ਸਾਚਾ ਮਿਲੇ ਨਾ ਕਿਸੇ ਪਿਆਰ, ਮੁਹੱਬਤ ਵਿਚ ਜਗਤ ਨਾ ਕੋਇ ਬਣਾਈਆ । ਕਾਗ਼ਜ਼ ਕ਼ਲਮ ਸ਼ਾਹੀ ਜੋ ਤੇਰਾ ਲਿਖ ਲਿਖ ਥੱਕੀ ਬਿਆਨ, ਅਗਿਆਨ ਅੰਧੇਰ ਨਾ ਕੋਇ ਮਿਟਾਈਆ । ਸ਼ਰਅ ਮੇਟੇ ਨਾ ਕੋਇ ਸ਼ੈਤਾਨ, ਸ਼ਰੀਅਤ ਵਿਚ ਲੜੇ ਲੋਕਾਈਆ । ਕਿਰਪਾ ਕਰ ਸ੍ਰੀ ਭਗਵਾਨ, ਮਾਰਗ ਆਪਣਾ ਦੇ ਦ੍ਰਿੜਾਈਆ । ਜਿਸ ਨੂੰ ਲੱਭਦੇ ਗਏ ਜੁਗ ਚਾਰ, ਸਤਿਜੁਗ ਤਰੇਤਾ ਦਵਾਪਰ ਕਲਜੁਗ ਅੱਖ ਖੁਲ੍ਹਾਈਆ । ਭਵਿਖਤਾਂ ਵਿਚ ਬਣਾਉਂਦੇ ਗਏ ਇਤਬਾਰ, ਸਲਾਹਕਾਰ ਬਣ ਕੇ ਪ੍ਰਭ ਦਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਦਰਸਾਈਆ । ਸਤਿ ਕਹੇ ਮੈਨੂੰ ਅੰਤਮ ਹੋਇਆ ਦੁੱਖ, ਕਲਜੁਗ ਕੂੜ ਵੱਜੀ ਵਧਾਈਆ । ਸਾਚਾ ਦਿਸੇ ਨਾ ਕੋਇ ਮਨੁਖ, ਮਨ ਮਮਤਾ ਨਾ ਕੋਇ ਮਿਟਾਈਆ । ਜਨਣੀ ਸਫ਼ਲ

ਨਾ ਹੋਵੇ ਕੁੱਖ, ਲੱਖ ਚੁਰਾਸੀ ਜਣ ਜਣ ਥੱਕੀ ਮਾਈਆ । ਗੇੜਾ ਚੁੱਕੇ ਨਾ ਉਲਟਾ ਰੁੱਖ, ਆਵਣ ਜਾਵਣ ਪੰਧ ਨਾ ਕੋਇ ਮੁਕਾਈਆ । ਦੀਨ ਦੁਨੀ ਬਦਲੇ ਕੋਈ ਨਾ ਰੁਖ਼, ਸਤਿ ਧਰਮ ਨਾ ਕੋਇ ਸਮਝਾਈਆ । ਗੁਰ ਅਵਤਾਰ ਪੈਗੰਬਰ ਗਏ ਲੁਕ, ਸਨਮੁਖ ਹੋ ਕੇ ਦਰਸ ਨਾ ਕੋਇ ਦਿਖਾਈਆ । ਕਰ ਕਿਰਪਾ ਅਬਿਨਾਸ਼ੀ ਅਚੁਤ, ਪਾਰਬ੍ਰਹਮ ਤੇਰੀ ਬੇਪਰਵਾਹੀਆ । ਦੀਨ ਦੁਨੀ ਦਾ ਬਦਲ ਦੇ ਰੱਖ਼, ਕਰਵਟ ਲੈ ਕੇ ਦ੍ਰਿਸ਼ਟੀ ਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਹੰਞਣੀ ਕਰ ਰੁੱਤ, ਮੌਲਾ ਹੋ ਕੇ ਆਪ ਮਹਿਕਾਈਆ । ਸਤਿ ਕਹੇ ਮੈਂ ਆਉਂਦਾ ਰਿਹਾ ਜੁਗ ਚਾਰ, ਨਿਤ ਨਵਿਤ ਵੇਸ ਵਟਾਈਆ । ਖੇਲ ਵੇਖਦਾ ਰਿਹਾ ਵਿਸ਼ਨ ਬ੍ਰਹਮਾ ਸ਼ਿਵ ਵਿਚ ਸੰਸਾਰ, ਚਾਰੋਂ ਕੁੰਟ ਭੱਜਾਂ ਵਾਹੋ ਦਾਹੀਆ । ਲਹਿਣਾ ਦੇਣਾ ਜਾਣਦਾ ਰਿਹਾ ਗੁਰੂ ਅਵਤਾਰ, ਪੈਗ਼ੰਬਰਾਂ ਨਾਲ ਮਿਲ ਕੇ ਸਵੰਬਰ ਜਗਤ ਰਚਾਈਆ । ਭਗਤਾਂ ਨਾਲ ਮਿਲ ਕੇ ਹੁੰਦਾ ਰਿਹਾ ਖ਼ੁਆਰ, ਜਗਤ ਸਮਾਜ ਧੱਕਾ ਰਿਹਾ ਲਗਾਈਆ । ਬਿਨ ਅੱਖਾਂ ਨੇਤਰ ਰੋਂਦਾ ਰਿਹਾ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਸਾਚੀ ਭਿਛਿਆ ਮੰਗਦਾ ਰਿਹਾ ਅਗੰਮ ਅਪਾਰ, ਅੱਖ ਅਗੋਚਰ ਅਗੇ ਝੋਲੀ ਡਾਹੀਆ । ਕਿਰਪਾ ਕਰ ਕਿਰਪਾ ਨਿਧ ਸਿਰਜਣਹਾਰ, ਸਿਰ ਸਿਰ ਰਿਜਕ ਸਬਾਈਆ । ਮੇਰਾ ਨਾਤਾ ਜੋੜ ਸਚ ਦਵਾਰ, ਦਰ ਦਰਬਾਰ ਮਿਲੇ ਵਡਿਆਈਆ । ਡੰਕਾ ਵੱਜਦਾ ਰਹੇ ਸਦਾ ਜੁਗ ਚਾਰ, ਚੌਕੜੀ ਸਕੇ ਨਾ ਕੋਈ ਬਦਲਾਈਆ । ਤੂੰ ਮੇਰਾ ਮੈਂ ਤੇਰਾ ਵਿਛੋੜਾ ਹੋਵੇ ਨਾ ਵਿਚ ਸੰਸਾਰ ਦੂਜੀ ਵਾਰ, ਵਾਰਤਾ ਪਹਿਲੀ ਦੇ ਦੁਹਰਾਈਆ । ਕਾਗਦ ਕ਼ਲਮ ਨਾ ਲਿਖਣਹਾਰ, ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਬਿਨਾ ਸਤਿ ਦੇ ਸਤਿ ਪੁਰਖ ਤੇਰੀ ਚਲੇ ਕੋਈ ਨਾ ਕਾਰ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਬਿਨਾ ਧਰਮ ਦੇ ਧਰਨੀ ਧੌਲ ਨਾ ਹੋਵੇ ਪਾਰ, ਧਰਨੀ ਧਰਤ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦੇ ਵਡਿਆਈਆ । ਸਤਿ ਕਹੇ ਮੈਂ ਪ੍ਰਭੂ ਲੋਕਮਾਤ ਤੇਰਾ ਬਣਿਆ ਸੁਤਾ, ਕਲਜੁਗ ਅੰਤਮ ਲਵਾਂ ਅੰਗੜਾਈਆ । ਪਾਰਬ੍ਰਹਮ ਅਬਿਨਾਸ਼ੀ ਅਚੁਤਾ, ਪਤਿ ਪਰਮੇਸ਼ਵਰ ਇਕ ਅਖਵਾਈਆ । ਉਜਲ ਕਰ ਮਾਤ ਮੁਖਾ, ਦੁਰਮਤ ਮੈਲ ਧਵਾਈਆ । ਤੇਰੇ ਚਰਨ ਕਵਲਾਂ ਸੀਸ ਜਗਦੀਸ਼ ਝੁਕਾ, ਇਸ਼ਟ ਦੇਵ ਇਕੋ ਲਿਆ ਮਨਾਈਆ । ਮੇਰਾ ਕੂੜੀ ਕਿਰਿਆ ਨਾਲੋਂ ਪੈਂਡਾ ਮੁਕਾ, ਮੁਕੰਮਲ ਆਪਣਾ ਰੰਗ ਚੜ੍ਹਾਈਆ । ਮੈਂ ਰਹਿਣ ਨਾ ਦੇਵਾਂ ਕੋਈ ਦੁੱਖਾ, ਦਰਦੀਆਂ ਦਰਦ ਵੰਡਾਈਆ । ਇਕ ਦਿਸਾਵਾਂ ਤੇਰੀ ਓਟਾ, ਓੜਕ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿ ਕਹੇ ਪ੍ਰਭੂ ਮੇਰੇ ਸਤਿਵੰਤ, ਸਤਿ ਸਤਿਵਾਦੀ ਤੇਰੀ ਧਾਰ ਨਜ਼ਰੀ ਆਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਵਾਲੀ ਦੋ ਜਹਾਨਾਂ ਕੰਤ, ਕੰਤ ਕੰਤੂਹਲ ਤੇਰੇ ਹੱਥ ਵਡਿਆਈਆ । ਕਲਜੁਗ ਕੂੜੀ ਕਿਰਿਆ ਮਾਇਆ ਮਮਤਾ ਮੋਹ ਕਰ ਦੇ ਅੰਤ, ਅੰਤਸ਼ਕਰਨ ਸਭ ਦਾ ਵੇਖ ਵਖਾਈਆ । ਲੱਖ ਚੁਰਾਸੀ ਦੁੱਖੀ ਹੋਇਆ ਜੀਵ ਜੰਤ, ਜਾਗਰਤ ਜੋਤ ਕਰੇ ਨਾ ਕੋਇ ਰੁਸ਼ਨਾਈਆ । ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਸਮਝਾਈਆ । ਬੋਧ ਅਗਾਧਾ ਬਣਿਆ ਕੋਈ ਨਾ ਪੰਡਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨਾਂ ਦੀ ਕਰਦੇ ਸਰਬ ਪੜ੍ਹਾਈਆ । ਬਿਨ ਤੇਰੀ ਕਿਰਪਾ ਪਾਰਬ੍ਰਹਮ ਪਤਿ ਪਰਮੇਸ਼ਵਰ ਕੋਈ ਬਣਿਆ ਨਾ ਧੁਰ ਦਾ ਸੰਤ, ਸਤਿਗੁਰ ਲੋਕਮਾਤ ਨਜ਼ਰ ਨਾ ਆਈਆ । ਤੇਰੀ ਮਹਿੰਮਾ ਸਦਾ ਅਗਣਤ, ਗੁਰ ਅਵਤਾਰ ਪੈਗ਼ੰਬਰ ਕਹਿ ਕੇ ਅੰਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਵਾਰਸ ਹੋ ਕੇ ਹੋਣਾ ਅੰਤ ਸਹਾਈਆ । ਸਤਿ ਕਹੇ ਮੇਰੇ ਸਤਿ ਸਤਿਵਾਦੀ ਸ੍ਰੀ ਭਗਵਾਨ, ਭਗਵਨ ਮਿਹਰ ਨਜ਼ਰ ਉਠਾਈਆ ਤੇਰੇ ਨਾਮ ਦਾ ਝੁਲਾਵਾਂ ਨਿਸ਼ਾਨ, ਨਿਸ਼ਾਨੇ ਸਾਰੇ ਦਿਆਂ ਗਵਾਈਆ । ਲੱਖ ਚੁਰਾਸੀ ਦਾ ਇਕੋ ਜਣਾਵਾਂ ਕਾਹਨ, ਗਿਣਤੀ ਵਾਲੀਆਂ ਗੋਪੀਆਂ ਦੀ ਲੋੜ ਰਹੇ ਨਾ ਰਾਈਆ । ਸਭ ਘਟ ਰਮਿਆਂ ਦੱਸਾਂ ਰਾਮ, ਬਨਵਾਸ ਵਾਲਾ ਰਾਮ ਜਿਸ ਨੂੰ ਸੀਸ ਝੁਕਾਈਆ । ਜਿਸ ਨੂੰ ਈਸਾ ਮੂਸਾ ਮੁਹੰਮਦ ਕਰਦੇ ਸਲਾਮ, ਪੈਗ਼ਾਮ ਸੁਣ ਕੇ ਖ਼ੁਸ਼ੀ ਮਨਾਈਆ । ਜਿਸ ਨੂੰ ਨਾਨਕ ਗੋਬਿੰਦ ਕਰਦੇ ਪਰਨਾਮ, ਸਤਿਨਾਮ ਗਾ ਕੇ ਫ਼ਤਿਹ ਡੰਕਾ ਇਕ ਵਜਾਈਆ । ਜੋ ਸਚਖੰਡ ਨਿਵਾਸੀ ਮਾਲਕ ਦੋ ਜਹਾਨ ਜਹਾਲਤ ਕਲਜੁਗ ਅੰਤਮ ਵੇਖ ਵਖਾਈਆ । ਸਾਚਾ ਦਿਸੇ ਨਾ ਕਿਸੇ ਮਕਾਨ, ਕਾਇਆ ਮੰਦਰ ਅੰਦਰ ਚੜ੍ਹ ਕੇ ਪ੍ਰਭ ਦਾ ਦਰਸ ਕੋਇ ਨਾ ਪਾਈਆ । ਬਾਹਰੋਂ ਤੱਤਾਂ ਵਾਲੇ ਦਿਸਦੇ ਸਰਬ ਇਨਸਾਨ, ਅੰਦਰ ਭਰਿਆ ਕੂੜ ਸ਼ੈਤਾਨ, ਸ਼ਰਅ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਸਤਿ ਧਰਮ ਸਤਿਜੁਗ ਸਤਿ ਪੁਰਖ ਸਤਿ ਸਤਿਵਾਦ ਦੇ ਦੇ ਸੱਚਾ ਦਾਨ, ਦਾਨਸ਼ਮੰਦ ਲੱਭਣ ਦੀ ਲੋੜ ਰਹੇ ਨਾ ਰਾਈਆ ।

## ✪ ੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੁਲਜ਼ਾਰ ਸਿੰਘ ਦੇ ਗ੍ਰਿਹਿ ਜੰਡਿਆਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਮੇਰੀ ਅਰਦਾਸ, ਮਾਂਗਤ ਹੋ ਕੇ ਮੰਗ ਮੰਗਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਤੇਰੀ ਇਕ ਸਰਨਾਈਆ । ਕਲਜੁਗ ਵੇਖ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਸਾਚੀ ਮਿਲੀ ਕਿਸੇ ਨਾ ਦਾਤ, ਤੇਰਾ ਨਾਮ ਨਾ ਕੋਇ ਵਰਤਾਈਆ । ਚਾਰ ਜੁਗ ਦੀ ਪੜ੍ਹ ਪੜ੍ਹ ਥੱਕੇ ਗਾਥ, ਗਹਿਰ ਗੰਭੀਰ ਮਿਲੇ ਨਾ ਕੋਇ ਸਰਨਾਈਆ । ਜੋ ਗੁਰ ਅਵਤਾਰ ਪੈਗ਼ੰਬਰ ਗਏ ਆਖ, ਭਵਿਖਤਾਂ ਵਿਚ ਸਮਝਾਈਆ । ਸੋ ਨਿਰਗੁਣ ਨੂਰ ਹੋਇਆ ਪ੍ਰਕਾਸ਼, ਪੜਦਾ ਓਹਲਾ ਦਏ ਚੁਕਾਈਆ । ਸਚ ਦਵਾਰੇ ਦੇ ਨਿਵਾਸ, ਮਿਲੇ ਮਾਣ ਵਡਿਆਈਆ । ਕੂੜੀ ਕਿਰਿਆ ਕਰ ਘਾਤ, ਸ਼ਬਦ ਖੰਡਾ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦਵਾਰਾ ਦੇ ਜਣਾਈਆ । ਸਤਿ ਕਹੇ ਪ੍ਰਭ ਬਖ਼ਸ਼ ਦੇ ਸੰਤੋਖ, ਸ੍ਰਿਸ਼ਟੀ ਦ੍ਰਿਸ਼ਟੀ ਦੇ ਬਦਲਾਈਆ । ਸਾਚੇ ਨਾਮ ਦੀ ਦੇ ਮੋਖ, ਮੁਫ਼ਤ ਝੋਲੀ ਆਪ ਭਰਾਈਆ । ਚਰਨ ਕਵਲ ਬਖ਼ਸ਼ ਓਟ, ਓੜਕ ਆਪਣਾ ਰੰਗ ਰੰਗਾਈਆ । ਨਾਮ ਨਿਧਾਨ ਲਾ ਚੋਟ, ਸੁਤਿਆਂ ਲੈ ਉਠਾਈਆ । ਕੂੜੀ ਕਿਰਿਆ ਕੱਢ ਖੋਟ, ਕੁਕਰਮ ਦੇ ਬਦਲਾਈਆ । ਨਾਮ ਖ਼ੁਮਾਰੀ ਦੇ ਮਦਹੋਸ਼, ਮਧੁਰ ਧੁਨ ਇਕ ਉਪਜਾਈਆ । ਨਿਜ ਨੈਣ ਖੋਲ੍ਹ ਲੋਚ, ਲੋਚਾ ਪੂਰ ਕਰਾਈਆ । ਕੂੜੀ ਮੇਟ ਦੇ ਅੰਦਰੋਂ ਸੋਚ, ਸੁਚ ਸੰਜਮ ਆਪ ਪ੍ਰਗਟਾਈਆ । ਸ਼ਬਦ ਗਿਆਨ ਦੇ ਬੋਧ, ਬੁਧ ਬਿਬੇਕ ਦੇ ਬਣਾਈਆ । ਹਉਮੇ ਰਹੇ ਕੋਈ ਨਾ ਰੋਗ, ਚਿੰਤਾ ਦੇਣੀ ਚੁਕਾਈਆ । ਆਤਮ ਪਰਮਾਤਮ ਮਿਲਣ ਦਾ ਦੱਸਣਾ ਇਕੋ ਜੋਗ, ਜੁਗਤੀ ਅਵਰ ਕੰਮ ਕਿਸੇ ਨਾ ਆਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪਿਆਰ ਮੁਹੱਬਤ ਅੰਦਰ ਕਰ ਮੋਹਤ, ਮੋਹ ਇਕੋ ਇਕ ਰਖਾਈਆ । ਸਤਿ ਕਹੇ ਸਾਚੀ ਦੇ ਦੇ ਧੀਰ, ਧਰਮ ਇਕ ਦ੍ਰਿੜਾਈਆ । ਕਲਜੁਗ ਮੇਟ ਲਕੀਰ, ਕੂੜੀ ਨਜ਼ਰੀ ਆਈਆ । ਝਗੜਾ

ਰਹੇ ਨਾ ਸੰਤ ਫ਼ਕੀਰ, ਸ਼ਰਅ ਕਰੇ ਨਾ ਕੋਇ ਲੜਾਈਆ । ਭਗਤ ਹੋਏ ਨਾ ਕੋਇ ਦਿਲਗੀਰ, ਸਾਂਤਕ ਸਤਿ ਦੇ ਕਰਾਈਆ । ਸ਼ਰਅ ਕਟ ਕੂੜ ਜ਼ੰਜੀਰ, ਚੀਰ ਅੰਦਰੋਂ ਦੇ ਬਦਲਾਈਆ । ਤੇਰੀ ਸਮਝ ਨਾ ਸਕੇ ਕੋਇ ਤਦਬੀਰ, ਤਕਦੀਰ ਲੇਖਾ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੱਡ ਦਾਤੇ ਗਹਿਰ ਗੰਭੀਰ, ਗ਼ਰਜ਼ ਸਭ ਦੀ ਵੇਖ ਵਖਾਈਆ । ਸਤਿ ਕਹੇ ਮੇਰੇ ਧੁਰ ਦੇ ਕਾਹਨ, ਤੇਰੇ ਹੱਥ ਵਡਿਆਈਆ । ਸਚ ਦਵਾਰੇ ਆ ਮਹਿਮਾਨ, ਮਿਹਰਵਾਨ ਫੇਰਾ ਪਾਈਆ । ਇਕੋ ਨਾਮ ਦੇ ਗਿਆਨ, ਅਗਿਆਨ ਅੰਧੇਰ ਚੁਕਾਈਆ । ਤੂੰ ਸਭ ਘਟ ਜਾਣੀ ਜਾਣ, ਲੱਖ ਚੁਰਾਸੀ ਰਿਹਾ ਸਮਾਈਆ । ਤੇਰਾ ਹੁਕਮ ਸਚਾ ਫ਼ਰਮਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰ ਅਵਤਾਰ ਤੇਰਾ ਢੋਲਾ ਗਾਣ, ਪੈਗ਼ੰਬਰ ਕਲਮਾ ਕਹਿ ਕੇ ਕਾਮਲ ਮੁਰਸ਼ਦ ਅਖਵਾਈਆ । ਤੂੰ ਨਾ ਹਿੰਦੂ ਨਾ ਮੁਸਲਮਾਨ, ਜਲਵਾਗਰ ਨੂਰ ਰੁਸ਼ਨਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਾਚੇ ਮੰਦਰ ਵਸ ਮਕਾਨ, ਕਾਇਆ ਕਾਅਬੇ ਸੋਭਾ ਪਾਈਆ । ਜਿਥੇ ਮਿਲੇ ਇਕੋ ਆਣ, ਸ੍ਰੀ ਭਗਵਾਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭਾਗ ਲਗਾ ਕੇ ਕਾਇਆ ਗੜ੍ਹ ਬੰਕ, ਰਾਓ ਰੰਕ ਇਕੋ ਦੇਣਾ ਵਖਾਈਆ ।

## ✪ ੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਸੰਤੋਖ ਸਿੰਘ ਦੇ ਗ੍ਰਹਿ ਜੰਡਿਆਲਾ ਜ਼ਿਲਾ ਅੰਮ੍ਰਿਤਸਰ ✪



ਸਤਿ ਕਹੇ ਮੈਂ ਆਇਆ ਮੰਗਣ, ਸਤਿ ਦਵਾਰੇ ਸੀਸ ਨਿਵਾਈਆ । ਸਤਿ ਸਤਿਵਾਦੀ ਚਾੜ੍ਹ ਰੰਗਣ, ਹਰਿ ਕਰਤੇ ਦਇਆ ਕਮਾਈਆ । ਪੁਰਖ ਅਬਿਨਾਸ਼ੀ ਲਾ ਅੰਗਣ, ਸ੍ਰੀ ਭਗਵਾਨ ਦੇ ਵਡਿਆਈਆ । ਸਚ ਪ੍ਰਕਾਸ਼ ਕਰ ਨੂਰੀ ਚੰਦਨ, ਕਲਜੁਗ ਅੰਧ ਅੰਧੇਰ ਗਵਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਦੱਸ ਇਕੋ ਬੰਦਨ, ਇਕੋ ਨਾਮ ਦੇ ਸਮਝਾਈਆ । ਨਿਜ ਆਤਮ ਰਸ ਦੇ ਅਗੰਮੀ ਪਰਮਾਨੰਦਨ, ਨਿਜਾਨੰਦ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਕਟ ਬੰਧਨ, ਬੰਦਗੀ ਇਕੋ ਦੇ ਸਮਝਾਈਆ । ਸਤਿ ਕਹੇ ਮੈਂ ਹੋਇਆ ਮੰਗਤਾ, ਦਰ ਠਾਂਡੇ ਸੀਸ ਨਿਵਾਈਆ । ਪੁਰਖ ਅਬਿਨਾਸ਼ੀ ਸਤਿ ਸਤਿਵਾਦੀ ਗੜ੍ਹ ਤੋੜ ਹਉਮੇਂ ਹੰਗਤਾ, ਦਵੈਤੀ ਅੰਦਰੋਂ ਬਾਹਰ ਕਢਾਈਆ । ਝਗੜਾ ਮੁਕਾ ਦੇ ਭੁੱਖ ਨੰਗ ਦਾ, ਓਢਣ ਸਭ ਦੇ ਸੀਸ ਟਿਕਾਈਆ । ਨਗਾਰਾ ਵਜਾ ਦੇ ਆਪਣੇ ਮਰਦੰਗ ਦਾ, ਮਰਦ ਮਰਦਾਨੇ ਆਪਣਾ ਹੁਕਮ ਵਰਤਾਈਆ । ਵੇਖ ਖੇਲ ਵਿਚ ਵਰਭੰਡ ਦਾ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਹੋ ਕੇ ਵੇਖ ਵਖਾਈਆ । ਸਤਿ ਕਹੇ ਮੈਂ ਹੋਇਆ ਦਰਵੇਸ਼, ਦਰ ਘਰ ਸਾਚੇ ਅਲਖ ਜਗਾਈਆ । ਤੂੰ ਆਦਿ ਜੁਗਾਦਿ ਪਰਮ ਪੁਰਖ ਰਹੇਂ ਸਦਾ ਹਮੇਸ਼, ਜੁਗ ਜੁਗ ਆਪਣਾ ਹੁਕਮ ਵਰਤਾਈਆ । ਮੰਗਤੇ ਵੇਖੇ ਵਿਸ਼ਨ ਬ੍ਰਹਮਾ ਮਹੇਸ਼, ਸ਼ੰਕਰ ਸੀਸ ਝੁਕਾਈਆ । ਗੁਰ ਅਵਤਾਰ ਕਰਨ ਆਦੇਸ, ਪੈਗ਼ੰਬਰ ਸਜਦਿਆਂ ਵਿਚ ਸੀਸ ਰਹੇ ਝੁਕਾਈਆ । ਕਲਜੁਗ ਅੰਤਮ ਬਦਲ ਦੇ ਰੇਖ, ਕੂੜੀ ਕਿਰਿਆ ਦੇ ਮਿਟਾਈਆ । ਅੰਦਰ ਵੜ ਕੇ ਦੇ ਸਾਚਾ ਭੇਤ, ਪੜਦਾ ਓਹਲਾ ਰਹੇ ਨਾ ਰਾਈਆ । ਜਨ ਭਗਤਾਂ ਕਰ ਸਾਚਾ ਹੇਤ, ਪਰਮ ਪੁਰਖ ਤੇਰੀ ਇਕ ਸਰਨਾਈਆ । ਨਜ਼ਰ ਆਵੇਂ ਨੇਤਨ ਨੇਤ, ਨਿਜ ਨੇਤਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ

੮੭੯
੧੯

ਜਗਤ ਪਿਤ ਜਗਦੀਸ਼ਰ ਜਾਗਰਤ ਜੋਤ ਕਰ ਰੁਸ਼ਨਾਈਆ । ਸਤਿ ਕਹੇ ਮੈਂ ਆਇਆ ਦਰ ਦਰਬਾਰ, ਨਾਤਾ ਕੂੜਾ ਜਗਤ ਤੁੜਾਈਆ । ਕਿਰਪਾ ਕਰ ਮੇਰੇ ਨਿਰੰਕਾਰ, ਨਿਰਗੁਣ ਆਸਾ ਪੂਰ ਕਰਾਈਆ । ਵਸਤ ਅਮੋਲਕ ਝੋਲੀ ਡਾਰ, ਡਰ ਭੌ ਰਹੇ ਨਾ ਰਾਈਆ । ਮਾਰਗ ਲਾਵਾਂ ਇਕ ਸੰਸਾਰ, ਸੰਸਾ ਰੋਗ ਦੇ ਚੁਕਾਈਆ । ਚਾਰ ਵਰਨਾਂ ਦੱਸਾਂ ਇਕ ਪਿਆਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਲੜੇ ਕੋਇ ਨਾ ਰਾਈਆ । ਸਾਚਾ ਮੰਦਰ ਇਕ ਵਖਾਲ, ਜਿਥੇ ਵਸਣ ਸ਼ਾਹ ਕੰਗਾਲ, ਰਾਓ ਰੰਕ ਵੰਡ ਨਾ ਕੋਇ ਵੰਡਾਈਆ । ਤੂੰ ਦਾਤਾ ਦੀਨ ਦਿਆਲ, ਦਇਆ ਨਿਧ ਅਖਵਾਈਆ । ਸਾਚਾ ਧਰਮ ਸਚੀ ਧਰਮਸਾਲ, ਕਾਅਬਾ ਇਕੋ ਦੇ ਪ੍ਰਗਟਾਈਆ । ਦੀਆ ਬਾਤੀ ਕਮਲਾਪਾਤੀ ਨਿਰਗੁਣ ਜੋਤ ਦੇ ਬਾਲ, ਬੁੱਢੇ ਬਾਲੇ ਇਕੋ ਨਜ਼ਰੀ ਆਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਵੇਸ ਵਟਾਈਆ । ਜਗਤ ਕਿਰਿਆ ਤੋੜ ਜੰਜ਼ਾਲ, ਜੀਵਣ ਜੁਗਤ ਇਕ ਸਮਝਾਈਆ । ਸਤਿ ਕਹੇ ਸਦਾ ਧਰਮ ਮੇਰੇ ਨਾਲ, ਬਿਨਾ ਸਤਿ ਤੋਂ ਧਰਮ ਧਰਨੀ ਉਤੇ ਸੋਭਾ ਕਦੀ ਨਾ ਪਾਈਆ ।

### ✪ ੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਸਵਰਨ ਸਿੰਘ ਦੇ ਗ੍ਰਿਹ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪ੍ਰਭ ਕਿਰਪਾ ਧਾਰ, ਸੋ ਪੁਰਖ ਨਿਰੰਜਣ ਤੇਰੀ ਆਸ ਰਖਾਈਆ । ਚਾਰ ਕੁੰਟ ਦਹਿ ਦਿਸ਼ਾ ਹੋਇਆ ਅੰਧਿਆਰ, ਹਰਿ ਪੁਰਖ ਨਿਰੰਜਣ ਤੇਰਾ ਭੈ ਨਾ ਕੋਇ ਮਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹਾਹਾਕਾਰ, ਆਦਿ ਨਿਰੰਜਣ ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਊਚ ਨੀਚ ਰਾਓ ਰੰਕ ਕਰਨ ਪੁਕਾਰ, ਅਬਿਨਾਸ਼ੀ ਕਰਤੇ ਤੇਰਾ ਮੇਲ ਨਾ ਕੋਇ ਮਿਲਾਈਆ । ਦੀਨ ਦੁਨੀ ਹੁੰਦੀ ਦਿਸੇ ਖ਼ੁਆਰ, ਸ੍ਰੀ ਭਗਵਾਨ ਤੇਰਾ ਸਚ ਨਿਸ਼ਾਨ ਨਾ ਕੋਇ ਝੁਲਾਈਆ । ਆਤਮ ਪਰਮਾਤਮ ਮੰਜ਼ਲ ਦਿਸੇ ਮਹਾਂ ਦੁਸ਼ਵਾਰ, ਮਨ ਵਾਸਨਾ ਚੜ੍ਹ ਸਕੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦਵਾਰਾ ਦੇ ਦਰਸਾਈਆ । ਸਤਿ ਧਰਮ ਕਹੇ ਪ੍ਰਭ ਤੇਰੀ ਓਟ, ਕਲਜੁਗ ਅੰਤ ਅੰਤ ਰਖਾਈਆ । ਬਿਨ ਤੇਰੀ ਕਿਰਪਾ ਪ੍ਰਕਾਸ਼ ਹੋਵੇ ਨਾ ਨਿਰਮਲ ਜੋਤ, ਅੰਧ ਅੰਧੇਰ ਨਾ ਕੋਇ ਮਿਟਾਈਆ । ਝਗੜਾ ਪਿਆ ਵਰਨ ਗੋਤ, ਦੀਨ ਮਜ਼੍ਹਬ ਕਰੇ ਲੜਾਈਆ । ਤੇਰੇ ਨਾਮ ਦੀ ਕਰੇ ਕੋਈ ਨਾ ਸੋਚ, ਜਗਤ ਵਿਦਿਆ ਹੋਈ ਹਲਕਾਈਆ । ਸਾਚੀ ਮੰਜ਼ਲ ਸਕੇ ਕੋਈ ਨਾ ਪਹੁੰਚ, ਕੋਟਨ ਕੋਟ ਸਾਧ ਸੰਤ ਭੱਜਣ ਵਾਹੋ ਦਾਹੀਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਕੋਈ ਨਾ ਸਕੇ ਘੋਖ, ਰਸਨਾ ਜਿਹਵਾ ਬੱਤੀ ਦੰਦਾਂ ਪੜ੍ਹ ਪੜ੍ਹ ਭੇਵ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦੇ ਦਰਸਾਈਆ । ਸਤਿ ਕਹੇ ਪ੍ਰਭ ਕਿਰਪਾ ਕਰ, ਪੁਰਖ ਅਕਾਲ ਤੇਰੀ ਆਸ ਰਖਾਈਆ । ਕਲਜੁਗ ਭਰਮੇ ਭੁੱਲੇ ਨਾਰੀ ਨਰ, ਨਰ ਨਰਾਇਣ ਨਜ਼ਰ ਕਿਸੇ ਨਾ ਆਈਆ । ਮਨ ਵਾਸਨਾ ਭੌਂਦੇ ਦਰ ਦਰ, ਦਰਗਾਹ ਸਾਚੀ ਬਣ ਦਰਵੇਸ਼ ਅਲਖ ਨਾ ਕੋਇ ਜਗਾਈਆ । ਅੰਮ੍ਰਿਤ ਆਤਮ ਨਹਾਏ ਕੋਈ ਨਾ ਸਰ, ਅੱਠ ਸੱਠ ਤੀਰਥ ਭੱਜਣ ਚਾਈਂ ਚਾਈਂਆ । ਕਾਇਆ ਤੋੜੇ ਨਾ ਕੋਈ ਗੜ੍ਹ, ਮਾਇਆ ਮਮਤਾ ਮੋਹ ਨਾ ਕੋਇ ਮਿਟਾਈਆ । ਸਾਚਾ ਦਰਸ਼ਨ ਸਕੇ ਕੋਈ ਨਾ ਕਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸਾਰੇ ਰਹੇ ਪੜ੍ਹ, ਬੋਧ ਅਗਾਧ ਨਾਮ ਨਿਧਾਨ ਧੁਨ ਆਤਮ ਰਾਗ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ

tto ੧੯

ਆਪਣੀ ਕਿਰਪਾ ਕਰ, ਵਸਤ ਅਮੋਲਕ ਦੇ ਸਾਚੇ ਘਰ, ਕਾਇਆ ਮੰਦਰ ਅੰਦਰ ਵਜਦੀ ਰਹੇ ਵਧਾਈਆ । ਸਤਿ ਧਰਮ ਕਹੇ ਮੈਂ ਵੇਖਿਆ ਦੀਨ ਦੁਨੀ, ਸਦੀ ਚੌਧਵੀਂ ਵੇਖ ਵਖਾਈਆ । ਸਾਚਾ ਦਿਸੇ ਨਾ ਕੋਇ ਰਿਖੀ ਮੁਨੀ, ਸਤਿ ਰੂਪ ਨਾ ਕੋਇ ਬਦਲਾਈਆ । ਸਾਚੀ ਉਪਜੇ ਨਾ ਕਿਸੇ ਅਗੰਮੀ ਨਾਦ ਧੁਨੀ, ਢੋਲਕ ਛੈਣੇ ਸਾਰੇ ਰਹੇ ਪੜਕਾਈਆ । ਸਚ ਦਵਾਰੇ ਬਣੇ ਨਾ ਕੋਇ ਵੱਡਾ ਗੁਣੀ, ਨਾਮ ਨਿਧਾਨਾ ਝੋਲੀ ਕੋਇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਚਾਰੇ ਖਾਣੀ ਲੱਖ ਚੁਰਾਸੀ ਸ੍ਰਿਸ਼ਟੀ ਛਾਣੀ ਪੁਣੀ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਪਾਰਬ੍ਰਹਮ ਪਤਿ ਪਰਮੇਸ਼ਵਰ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਬਦਲੀ ਕਿਸੇ ਨਾ ਕੂਣੀ, ਹੰ ਬ੍ਰਹਮ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਧਰਨੀ ਧਰ, ਧਵਲ ਰਹੀ ਕੁਰਲਾਈਆ । ਸਤਿ ਕਹੇ ਪ੍ਰਭ ਮੇਰੇ ਪਰਮ ਪੁਰਖ ਆਦਿ, ਨਮੋਂ ਕਹਿ ਕੇ ਸੀਸ ਝੁਕਾਈਆ । ਤੂੰ ਵੇਖੇਂ ਖੇਲ ਜੁਗਾਦਿ, ਜੁਗ ਚੌਕੜੀ ਵੇਸ ਵਟਾਈਆ । ਤੇਰੇ ਨਾਮ ਦਾ ਵੱਜੇ ਕੋਇ ਨਾ ਨਾਦ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਤੇਰੇ ਪ੍ਰੇਮ ਅੰਦਰ ਹੋਏ ਨਾ ਕੋਇ ਵਿਸਮਾਦ, ਬਿਸਮਿਲ ਹੋ ਕੇ ਆਪਣਾ ਆਪ ਨਾ ਕੋਇ ਮਿਟਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਤੈਨੂੰ ਕਰੇ ਕੋਈ ਨਾ ਯਾਦ, ਹਿਰਦੇ ਹਰਿ ਨਾ ਕੋਇ ਵਸਾਈਆ । ਕਾਇਆ ਖੇੜਾ ਸਭ ਦਾ ਹੁੰਦਾ ਵੇਖਿਆ ਬਰਬਾਦ, ਮਹੱਲ ਅਟਲ ਘਰ ਵਿਚ ਘਰ ਨੂਰ ਕਰੇ ਨਾ ਕੋਇ ਰੁਸ਼ਨਾਈਆ । ਸਾਚੀ ਵਸਤ ਅਮੋਲਕ ਨਾਮ ਨਿਧਾਨ ਦੇਵੇ ਕੋਇ ਨਾ ਦਾਦ, ਦਾਸਤਾਨ ਪਿਛਲੀ ਸਾਰੇ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਨਾਮ ਦੀ ਅੰਗਮੀ ਦੇ ਆਵਾਜ, ਜਗਤ ਸਰਵਣਾਂ ਦੀ ਲੋੜ ਰਹੇ ਨਾ ਰਾਈਆ । ਸਤਿ ਕਹੇ ਮੇਰੇ ਸਾਹਿਬ ਸੁਲਤਾਨ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਕਲਜੁਗ ਅੰਤਮ ਕੂੜੀ ਕਿਰਿਆ ਮੇਟ ਨਿਸ਼ਾਨ, ਸਤਿ ਨਿਸ਼ਾਨਾ ਇਕ ਝੁਲਾਈਆ । ਜਿਸ ਨੂੰ ਲੱਭਣ ਸਰਬ ਇਨਸਾਨ, ਹੈਵਾਨ ਭੇਤ ਕੋਇ ਨਾ ਪਾਈਆ । ਬੁਧੀ ਅੰਦਰ ਦੇ ਗਿਆਨ, ਮਨਮਤ ਕੂੜੀ ਬਾਹਰ ਕਢਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਿਖਿਆ ਦੇ ਜਹਾਨ, ਜਹਾਲਤ ਕੂੜ ਰਹੇ ਨਾ ਰਾਈਆ । ਮਨ ਕਾਮਨਾ ਮੇਟ ਅਭਿਮਾਨ, ਚਰਨ ਧਿਆਨ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਵਸਿਆ ਨਜ਼ਰੀ ਆ ਸਭ ਨੂੰ ਰਾਮ, ਰਹਿਮਤ ਵਿਚ ਰਹਿਮ ਕਰ ਰਹਿਮਤ ਆਪ ਕਮਾਈਆ । ਸਤਿ ਕਹੇ ਪ੍ਰਭੂ ਮਿਟਾ ਦੇ ਚਿੰਤਾ ਸੋਗ, ਹਰਖ ਦੀ ਲੋੜ ਰਹੇ ਨਾ ਰਾਈਆ । ਆਤਮਾ ਪਰਮਾਤਮਾ ਮਿਲਣ ਦਾ ਸੱਚਾ ਦੱਸ ਦੇ ਜੋਗ, ਤਨ ਭਬੂਤੀ ਖ਼ਾਕ ਨਾ ਕੋਇ ਰਮਾਈਆ । ਕਰ ਪਰਕਾਸ਼ ਨਿਰਮਲ ਜੋਤ, ਨੂਰੋ ਨੂਰ ਡਗਮਗਾਈਆ । ਸੁਹੰਵਣਾ ਕਰ ਕਾਇਆ ਬੰਕ ਸਾਚਾ ਕੋਟ, ਕੋਟੀ ਜਨਮ ਦਾ ਲੇਖਾ ਦੇ ਚੁਕਾਈਆ । ਪਾਰਬ੍ਰਹਮ ਬ੍ਰਹਮ ਤੇਰੀ ਗੋਤ, ਦੂਜਾ ਵਰਨ ਨਾ ਕੋਇ ਰਖਾਈਆ । ਜਿਥੇ ਬੁਧੀ ਦੀ ਕੋਈ ਨਾ ਪੁੱਜੇ ਸੋਚ, ਬਿਨਾ ਸੋਚ ਸਮਝ ਤੋਂ ਆਪਣਾ ਨਾਮ ਦੇ ਦ੍ਰਿੜਾਈਆ । ਸ੍ਰਿਸ਼ਟੀ ਦਾ ਦ੍ਰਿਸ਼ਟੀ ਅੰਦਰ ਕਟ ਦੇ ਰੋਗ, ਹਰਿ ਸੱਜਣ ਲੈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦੇ ਦਰਸ ਅਮੋਘ, ਅਗਨੀ ਤਤ ਨਾ ਲਾਗੇ ਰਾਈਆ । ਸਤਿ ਕਹੇ ਮੇਰੇ ਸਾਹਿਬ ਸਵਾਮੀ, ਸਰਬ ਗੁਣਵੰਤ ਤੇਰੀ ਬੇਪਰਵਾਹੀਆ । ਤੂੰ ਆਦਿ ਜੁਗਾਦੀ ਅੰਤਰਜਾਮੀ, ਜੁਗ ਚੌਕੜੀ ਵੇਖ ਵਖਾਈਆ । ਤੇਰੀ ਮਹਿੰਮਾ ਤੇਰੀ ਬਾਣੀ, ਤੇਰਾ ਢੋਲਾ ਗਾਈਆ । ਆਵਣ ਜਾਵਣ ਤੇਰੀ ਖੇਲ ਮਹਾਨੀ, ਜੁਗ ਚੌਕੜੀ ਆਪਣਾ ਵੇਸ ਵਟਾਈਆ । ਤੇਰੇ ਚਰਨ ਕਵਲ ਦੋ ਜਹਾਨਾਂ

ਸਚ ਨਿਸ਼ਾਨੀ, ਦੂਜਾ ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਬਿਨ ਤੇਰੀ ਕਿਰਪਾ ਪਾਰਬ੍ਰਹਮ ਬ੍ਰਹਮ ਮਿਲ ਕੇ ਬਣਿਆ ਨਾ ਕੋਇ ਗਿਆਨੀ, ਅਲਿਫ਼ ਯੇ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੀ ਕਰ ਮਿਹਰਵਾਨੀ, ਮਹਵ ਆਪਣਾ ਭੇਵ ਖੁਲ੍ਹਾਈਆ । ਸਤਿ ਧਰਮ ਕਹੇ ਪ੍ਰਭ ਸੋਹਣਾ ਚਾੜ੍ਹ ਦੇ ਰੰਗ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਆਪਣੇ ਨਾਮ ਦਾ ਵਜਾ ਇਕ ਮਰਦੰਗ, ਮਰਦ ਮਰਦਾਨਾ ਹੋ ਕੇ ਕਰ ਸ਼ਨਵਾਈਆ । ਆਤਮ ਸੇਜਾ ਸੁਹਾ ਸੁਹੰਜਣਾ ਪਲੰਘ, ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਬਿਨ ਪੌੜੀ ਡੰਡੇ ਜਾਣਾ ਲੰਘ, ਅਧਵਿਚਕਾਰ ਨਾ ਕੋਇ ਅਟਕਾਈਆ । ਤੇਰਾ ਸ਼ਬਦ ਅਗੰਮੀ ਇਕ ਤੁਰੰਗ, ਤੁਰੀਆ ਪਦ ਤੋਂ ਅਗੇ ਦੇਣਾ ਪੁਚਾਈਆ । ਜਿਥੇ ਲੇਖਾ ਰਹੇ ਨਾ ਹੰ ਬ੍ਰਹਮ, ਪਾਰਬ੍ਰਹਮ ਇਕੋ ਨਜ਼ਰੀ ਆਈਆ । ਨਿਹਕਰਮੀ ਹੋ ਕੇ ਕਰਨਾ ਆਪਣਾ ਕੰਮ, ਕਰਮ ਕਾਂਡ ਦਾ ਲੇਖਾ ਦੇਣਾ ਚੁਕਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਗੁਰ ਅਵਤਾਰ ਪੈਗ਼ੰਬਰ ਸੰਤ ਭਗਤ ਸੂਫ਼ੀ ਫ਼ਕੀਰ ਤੇਰਾ ਮੰਨਦੇ ਗਏ ਇਕੋ ਸਚਾ ਧਰਮ, ਬਿਨਾ ਸਤਿ ਧਰਮ ਸਵਾਰਥ ਨਾ ਕੋਇ ਬਣਾਈਆ ।

### ✪ ੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਸੁਰੈਣ ਸਿੰਘ ਦੇ ਗ੍ਰਿਹਿ ਪਿੰਡ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪ੍ਰਭ ਵੇਲਾ ਕਰ ਸੁਹੰਜਣਾ, ਸਤਿਜੁਗ ਸਾਚੀ ਬਣਤ ਬਣਾਈਆ । ਚਰਨ ਧੂੜ ਕਰਾ ਆਪਣਾ ਮਜਨਾ, ਕਲਜੁਗ ਕੂੜੀ ਕਿਰਿਆ ਦੁਰਮਤ ਮੈਲ ਧਵਾਈਆ । ਨਾਮ ਨਿਧਾਨ ਨੇਤਰ ਪਾ ਅੰਜਣਾ, ਨੇਤਰ ਲੋਚਨ ਹੋਵੇ ਰੁਸ਼ਨਾਈਆ । ਸਾਕ ਸੈਣ ਨਜ਼ਰੀ ਆ ਧੁਰ ਦਾ ਸੱਜਣਾ, ਸਗਲਾ ਸੰਗ ਨਿਭਾਈਆ । ਭੇਵ ਅਭੇਦ ਖੁਲ੍ਹਾ ਅਗਲਾ, ਪੜਦਾ ਰਹੇ ਨਾ ਰਾਈਆ । ਕਲਜੁਗ ਜੀਵ ਵੇਖ ਜਗ ਬਪੜਾ ਬਗਲਾ, ਮਾਇਆ ਮਮਤਾ ਮੋਹ ਹਲਕਾਈਆ । ਹਉਮੇ ਕੀਤਾ ਪਗਲਾ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਦੇ ਸਮਝਾਈਆ । ਸਤਿ ਕਹੇ ਪ੍ਰਭ ਸ੍ਰਿਸ਼ਟੀ ਦੇ ਆਪਣੀ ਮਤ, ਕਲਜੁਗ ਮਤ ਰਹੇ ਨਾ ਰਾਈਆ । ਨਾੜੀ ਨਾੜ ਨਾ ਉਬਲੇ ਰੱਤ, ਅਗਨੀ ਤਤ ਨਾ ਕੋਇ ਜਲਾਈਆ । ਘਟ ਘਟ ਅੰਦਰ ਵਸਾ ਦੇ ਸਚ, ਜੂਠ ਝੂਠ ਬਾਹਰ ਕਢਾਈਆ । ਵਸਤ ਅਮੋਲਕ ਦੇ ਦੇ ਹੱਥ, ਨਾਮ ਭੰਡਾਰਾ ਇਕ ਵਰਤਾਈਆ । ਬੋਧ ਅਗਾਧ ਕਥਾ ਕਹਾਣੀ ਸੁਣਾ ਅਗੰਮੀ ਗਾਥ, ਜਿਸ ਨੂੰ ਸਮਝੇ ਨਾ ਕੋਇ ਲੋਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਬਣਾ ਦੇ ਸਗਲਾ ਸਾਥ, ਦੋ ਜਹਾਨਾਂ ਵੱਜਦੀ ਰਹੇ ਵਧਾਈਆ । ਕੂੜੀ ਕਿਰਿਆ ਕਲਜੁਗ ਮੇਟ ਰੈਣ ਅੰਧੇਰੀ ਰਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਸੌਗ਼ਾਤ ਇਕ ਵਰਤਾਈਆ । ਸਤਿ ਕਹੇ ਮੈਂ ਮੰਗਾ ਸਚ ਦਵਾਰ, ਦਰ ਠਾਂਡੇ ਸੀਸ ਨਿਵਾਈਆ । ਸਤਿਜੁਗ ਸਾਚੀ ਦੱਸ ਧਾਰ, ਸਤਿ ਸਤਿਵਾਦੀ ਪੜਦਾ ਦੇ ਉਠਾਈਆ । ਭਗਤ ਵਛਲ ਬਣ ਗਿਰਧਾਰ, ਸੰਤ ਸੁਹੇਲੇ ਆਪ ਜਗਾਈਆ । ਗੁਰਮੁਖ ਗੁਰ ਗੁਰ ਕਰ ਖ਼ਬਰਦਾਰ, ਆਲਸ ਨਿੰਦਰਾ ਰਹੇ ਨਾ ਰਾਈਆ । ਸਿਖ਼ ਸਾਜਣ ਕਰ ਪਿਆਰ, ਸਾਹਿਬ ਸਵਾਮੀ ਮੇਲਾ ਮੇਲ ਸਹਿਜ ਸੁਭਾਈਆ । ਰਾਹ ਤੱਕਦਿਆਂ ਬੀਤੇ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਅੰਤ ਗਿਆ ਵਿਹਾਈਆ । ਭਵਿਖਤਾਂ ਵਿਚ ਗਾਉਂਦੇ ਗਏ ਸੁਣਾਉਂਦੇ ਗਏ

ਗੁਰੂ ਅਵਤਾਰ, ਪੈਗ਼ੰਬਰ ਕਲਮਿਆਂ ਵਿਚ ਸ਼ਨਵਾਈਆ । ਸਤਿ ਧਰਮ ਦਾ ਸਾਚਾ ਕਰ ਵਿਵਹਾਰ, ਵਿਵਹਾਰੀ ਹੋ ਕੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਏਕਾ ਰੰਗ ਦੇਣਾ ਰੰਗਾਈਆ । ਸਤਿ ਕਹੇ ਪ੍ਰਭੂ ਜਾਤ ਪਾਤ ਰਹੇ ਨਾ ਦੀਨ ਮਜ੍ਹਬ, ਧਰਮ ਇਕੋ ਦੇ ਜਣਾਈਆ । ਤੇਰੀ ਆਤਮ ਪਰਮਾਤਮ ਤੇਰੇ ਵਿਚ ਹੋਵੇ ਜਜ਼ਬ, ਵੱਖਰੀ ਦਏ ਨਾ ਕੋਇ ਵਡਿਆਈਆ । ਸਚ ਦਵਾਰੇ ਦੇਣਾ ਸਾਚਾ ਅਦਬ, ਬਖ਼ਸ਼ਣਾ ਮਾਣ ਧੁਰ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਝੁਕਦੇ ਤੇਰੇ ਕ਼ਦਮ, ਕ਼ਦੀਮ ਤੋਂ ਰੀਤੀ ਤੇਰੀ ਚਲੀ ਆਈਆ । ਤੇਰੇ ਨਾਮ ਦਾ ਢੋਲਾ ਸੋਹਲਾ ਗੀਤ ਗਾਉਂਦੇ ਨਜ਼ਮ, ਮੰਤਰਾਂ ਵਿਚ ਤੇਰਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦੇਣਾ ਪ੍ਰਗਟਾਈਆ । ਸਤਿ ਕਹੇ ਪ੍ਰਭ ਸਾਚਾ ਮਾਰਗ ਦੇਣਾ ਲਾ, ਚਾਰ ਕੁੰਟ ਇਕੋ ਨਾਮ ਧਿਆਈਆ । ਪੁਰਖ ਅਕਾਲ ਦੀਨ ਦੁਨੀ ਦਾ ਬਣ ਮਲਾਹ, ਮਾਲਕ ਹੋ ਕੇ ਵੇਖ ਵਖਾਈਆ । ਆਤਮ ਨਾਲ ਪਰਮਾਤਮ ਹੋ ਕੇ ਕਰ ਸਲਾਹ, ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ ਵਧਾਈਆ । ਗੁਰੂ ਅਵਤਾਰ ਪੈਗ਼ੰਬਰ ਚਾਰ ਜੁਗ ਦੇ ਪਿਛਲੇ ਬਣਾ ਗਵਾਹ, ਸ਼ਹਾਦਤ ਤੇਰੀ ਦੇਣੀ ਭੁਗਤਾਈਆ । ਸਚ ਦਵਾਰਾ ਹਰਿ ਨਿਰੰਕਾਰਾ ਇਕ ਵਖਾ, ਮੰਦਰ ਮਸਜਿਦ ਸ਼ਿਵਦਵਾਲਾ ਮਠ ਜਿਸ ਦੀ ਯਾਦ ਰਹੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਸਤਿ ਧਰਮ ਕਹੇ ਪ੍ਰਭ ਚੌਥੇ ਜੁਗ ਦੇ ਦੇ ਸਾਚੀ ਸਿਖਿਆ, ਸ੍ਰਿਸ਼ਟੀ ਵਿਚ ਇਸ਼ਟੀ ਦੇ ਬਦਲਾਈਆ । ਸਤਿਜੁਗ ਪੂਰੀ ਕਰ ਇਛਿਆ, ਇੱਛਤ ਹੋ ਕੇ ਮੰਗ ਮੰਗਾਈਆ । ਤੂੰ ਆਦਿ ਜੁਗਾਦਿ ਦੇਵਣਹਾਰਾ ਭਿਛਿਆ, ਭਿੱਖਕਾਂ ਝੋਲੀ ਦੇਣੀ ਭਰਾਈਆ । ਜੋ ਗੁਰ ਅਵਤਾਰ ਪੈਗ਼ੰਬਰ ਤੇਰਾ ਭਵਿਖਤਾਂ ਵਿਚ ਲੇਖਾ ਲਿਖਿਆ, ਸੋ ਪੂਰਾ ਦੇਣਾ ਕਰਾਈਆ । ਤੂੰ ਮਾਲਕ ਪ੍ਰਿਤਪਾਲਕ ਪਾਰਬ੍ਰਹਮ ਬ੍ਰਹਮ ਮਿਲ ਕੇ ਕਦੇ ਨਾ ਜਾਵੇਂ ਭਿਟਿਆ, ਵਰਨ ਗੋਤ ਨਜ਼ਰ ਕੋਇ ਨਾ ਆਈਆ । ਬਿਨ ਗਿਆਨ ਨੇਤਰ ਜਗਤ ਅੱਖਾਂ ਨਾਲ ਕਿਸੇ ਨਾ ਦਿਸਿਆ, ਲੱਭਦੀ ਵੇਖੀ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਦੇਣਾ ਸੁਹਾਈਆ । ਸਤਿ ਕਹੇ ਪ੍ਰਭ ਲੇਖਾ ਮੁਕਾ ਦੇ ਚਾਰ ਵਰਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਆਤਮ ਹੋ ਕੇ ਪਰਮਾਤਮ ਸਾਰੇ ਆਵਣ ਤੇਰੀ ਸਰਨ, ਸਰਨਗਤ ਇਕੋ ਦੇ ਜਣਾਈਆ । ਚਰਨ ਕਵਲ ਤੇਰੇ ਲੱਖ ਚੁਰਾਸੀ ਜੀਵ ਜੰਤ ਤਰਨ, ਜਮ ਕੀ ਫਾਸੀ ਦੇਣੀ ਤੁੜਾਈਆ । ਜਨ ਭਗਤ ਹੋ ਕੇ ਤੇਰੇ ਨਾਮ ਦਾ ਢੋਲਾ ਪੜ੍ਹਨ, ਚੌਦਾਂ ਵਿਦਿਆ ਝਗੜਾ ਦੇਣਾ ਮੁਕਾਈਆ । ਘਰ ਵਿਚ ਘਰ ਗ੍ਰਿਹਿ ਵਿਚ ਗ੍ਰਿਹਿ ਹਰਿ ਕੇ ਮੰਦਰ ਸਾਚੇ ਚੜ੍ਹਨ, ਈੜਾ ਪਿੰਗਲ ਸੁਖਮਨ ਜਗਤ ਵਾਸਨਾ ਨੌਂ ਦਵਾਰ ਅਧਵਿਚਕਾਰ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦੇਣਾ ਪ੍ਰਗਟਾਈਆ । ਸਤਿ ਕਹੇ ਪ੍ਰਭ ਲੱਖ ਚੁਰਾਸੀ ਸਮਝਾ ਦੇ ਦੀਨ ਦੁਨੀ, ਦਾਅਵੇ ਨਾਲ ਜਣਾਈਆ । ਬਿਨ ਪ੍ਰਭ ਕਿਰਪਾ ਕੋਇ ਨਾ ਬਣਿਆ ਵੱਡਾ ਗੁਣੀ, ਬਿਨ ਗਹਿਰ ਗੰਭੀਰ ਬੇਨਜ਼ੀਰ ਦਰਸ ਕੋਇ ਨਾ ਪਾਈਆ । ਤੁਧ ਬਿਨ ਜਗਤ ਪੁਕਾਰ ਕਿਸੇ ਨਾ ਸੁਣੀ, ਗੁਰ ਅਵਤਾਰ ਪੈਗ਼ੰਬਰ ਪੱਲੂ ਗਏ ਛੁਡਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਾਚੀ ਉਪਜੇ ਨਾ ਕਿਸੇ ਧੁਨੀ, ਧੁਨ ਆਤਮਕ ਰਾਗ ਨਾ ਕੋਇ ਸ਼ਨਵਾਈਆ । ਖ਼ਾਲੀ ਦਿਸੀ ਕਾਇਆ ਕੁੰਨੀ, ਕਮਲਾਪਤ ਧਰਨਾਪਤ ਧਰਨੀ ਧਰਤ ਧੌਲ ਧਵਲ ਉਪਰ ਤੇਰੀ ਵੱਜੇ ਨਾ ਕੋਇ ਵਧਾਈਆ । ਆਦਿ ਅੰਤ ਸ੍ਰੀ ਭਗਵੰਤ ਧੁਰ ਦੇ

੮੮੨
੧੯

ਕੰਤ ਸਭ ਕੁਛ ਤੇਰੇ ਹੱਥ, ਤੂੰ ਸਾਹਿਬ ਸਵਾਮੀ ਸਮਰਥ, ਗੁਰ ਅਵਤਾਰ ਪੈਗ਼ੰਬਰ ਗਾ ਕੇ ਗਏ ਤੇਰੀ ਗਥ, ਮਹਿੰਮਾ ਅਕਥ ਕਥ ਦ੍ਰਿੜਾਈਆ । ਪੁਰਖ ਅਕਾਲ ਦੀਨ ਦਿਆਲ ਕਾਇਆ ਸਚੀ ਧਰਮਸਾਲ ਆ ਕੇ ਵੱਸ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਮਿਲ ਕੇ ਸਦਾ ਵੱਜਦੀ ਰਹੇ ਵਧਾਈਆ ।

✪ ੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਸੁਦਾਗਰ ਸਿੰਘ ਦੇ ਗ੍ਰਹਿ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਮੇਰੀ ਅਰਜ਼ੋਈ, ਆਜਜ਼ ਹੋ ਕੇ ਸੀਸ ਨਿਵਾਈਆ । ਤੇਰੇ ਨਾਮ ਦੀ ਦਰੋਹੀ, ਬਹੁੜੀ ਬਹੁੜੀ ਹਾਲ ਦੁਹਾਈਆ । ਤੇਰਾ ਭੇਵ ਨਾ ਪਾਏ ਕੋਈ, ਕੂਕ ਕੂਕ ਸੁਣਾਈਆ । ਪ੍ਰਭੂ ਬਿਨ ਤੇਰੇ ਦਰ ਭਗਤਾਂ ਮਿਲੇ ਕਿਤੇ ਨਾ ਢੋਈ, ਸਹਾਰਾ ਅਵਰ ਨਾ ਕੋਇ ਵਖਾਈਆ । ਅੰਮ੍ਰਿਤ ਰਸ ਆਪਣਾ ਚੋਈਂ, ਨਿਝਰ ਧਾਰ ਵਹਾਈਆ । ਸ੍ਰਿਸ਼ਟ ਉਠਾਵੀਂ ਸੁਤੀ ਸੋਈ, ਸ਼ਬਦੀ ਸ਼ਬਦ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਤਕਾਈਆ । ਸਤਿ ਕਹੇ ਮੇਰੀ ਅਰਜ਼, ਆਜਜ਼ ਹੋ ਕੇ ਰਿਹਾ ਜਣਾਈਆ । ਜਨ ਭਗਤਾਂ ਪੂਰੀ ਕਰਨੀ ਗ਼ਰਜ, ਗ਼ਜ਼ਲ ਆਪਣਾ ਨਾਮ ਸੁਣਾਈਆ । ਪੂਰਬ ਲਹਿਣਾ ਦੇਣਾ ਕਰਜ਼, ਪਿਛਲਾ ਲੇਖਾ ਹੱਥ ਫੜਾਈਆ । ਦੀਨਾਂ ਦੁਖੀਆਂ ਵੰਡਾਉਣਾ ਦਰਦ, ਨਾਤਾ ਦੂਨੀ ਤੁੜਾਈਆ । ਤੇਰਾ ਖੇਲ ਤੱਕਾਂ ਅਸਚਰਜ, ਅਚਰਜ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਮੇਟਣੀ ਮਰਜ਼, ਗੁਰਮੁਖ ਮਰੀਜ਼ਾਂ ਬਣ ਤਬੀਬ ਤਬਾ ਦੇਣੀ ਬਦਲਾਈਆ ।



✪ ੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਕਿਸ਼ਨ ਸਿੰਘ ਦੇ ਗ੍ਰਹਿ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪ੍ਰਭ ਸਦਾ ਸਮਰਥ, ਸਰਬ ਵਿਆਪੀ ਨਜ਼ਰੀ ਆਈਆ । ਸਤਿਜੁਗ ਸਾਚਾ ਮਾਰਗ ਦੱਸ, ਦਰਸ਼ਨ ਤੇਰਾ ਕਰੇ ਲੋਕਾਈਆ । ਅੰਮ੍ਰਿਤ ਅਗੰਮਾ ਦੇ ਰਸ, ਝਿਰਨਾ ਧੁਰ ਦਾ ਆਪ ਝਿਰਾਈਆ । ਆਤਮ ਗਾਵੇ ਤੇਰਾ ਜਸ, ਪਰਮਾਤਮ ਵੱਜੇ ਵਧਾਈਆ । ਸਦਾ ਖੁਲ੍ਹੀ ਰਖ ਅੱਖ, ਨੇਤਰ ਨੈਣ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਕਹੇ ਪ੍ਰਭੂ ਆਪਣੇ ਨਾਮ ਦਾ ਦੇ ਸਵਾਦ, ਅਨਰਸ ਇਕੋ ਇਕ ਪ੍ਰਗਟਾਈਆ । ਸਚ ਸਵਾਲ ਦਾ ਦੇ ਜਵਾਬ, ਧੁਰ ਦੀ ਮੰਗ ਮੰਗਾਈਆ । ਬਿਨ ਅੱਖ਼ਰਾਂ ਤੇਰੀ ਕਿਤਾਬ, ਚਾਰ ਜੁਗ ਨਾ ਕਿਸੇ ਸੁਣਾਈਆ । ਪੜ੍ਹਿਆ ਕੋਈ ਨਾ ਬਣ ਅਹਿਬਾਬ, ਬਾਬ ਹਿੱਸਾ ਨਾ ਕੋਇ ਦ੍ਰਿੜਾਈਆ । ਸਭ ਕਰਦੇ ਗਏ ਅਦਾਬ, ਸਰ ਸਿਰ ਝੁਕਾਈਆ । ਕਿਰਪਾ ਕਰ ਆਪ ਮਹਾਰਾਜ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਸਤਿਜੁਗ ਧਾਰਾ ਸਚ ਧਰਮ ਬਦਲ ਦੇ ਰਿਵਾਜ, ਰਵਾਦਾਰ ਵਿਚ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਤਿ ਕਹੇ ਮੈਂ ਵੇਖਣਾ ਸਮਾਂ, ਸਚ ਧਿਆਨ ਲਗਾਈਆ । ਕਿਸ ਬਿਧ ਹੁਕਮ ਮਿਲੇ ਨਵਾਂ, ਨਵ ਨੌ ਵੱਜੇ ਵਧਾਈਆ । ਮੈਂ ਭਗਤਾਂ ਸੰਗ ਰਵ੍ਹਾਂ, ਸਗਲਾ ਸੰਗ ਬਣਾਈਆ । ਨਾਮ ਦ੍ਰਿੜਾਵਾਂ ਸਚ ਦਮਾਂ, ਦਾਮਨਗੀਰ ਹੋ ਕੇ ਜ਼ਾਮਨ ਦਿਆਂ ਵਖਾਈਆ । ਭਾਗ ਲੱਗੇ ਕਾਇਆ ਮਾਟੀ ਚੰਮਾਂ,

ਚਮਨ ਗੁਲਸ਼ਨ ਇਕ ਮਹਿਕਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦਾ ਕਰਨਾ ਆਪਣਾ ਕੰਮਾ, ਕਾਮਲ ਮੁਰਸ਼ਦ ਕਰਨੀ ਆਪ ਕਮਾਈਆ ।

✪ ੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਸ਼ੰਗਾਰਾ ਸਿੰਘ ਦੇ ਗ੍ਰਹਿ ਪਿੰਡ ਪਖੋਕੇ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪ੍ਰਭ ਮਾਰਗ ਲਾ ਦੇ ਸਚ, ਕਲਜੁਗ ਕੂੜਾ ਦੇ ਮਿਟਾਈਆ । ਹਰ ਘਟ ਅੰਤਰ ਉਪਜੇ ਬ੍ਰਹਮ ਮਤ, ਸ਼ਬਦੀ ਧੁਨ ਵੱਜੇ ਸ਼ਨਵਾਈਆ । ਮਨ ਵਾਸਨਾ ਰਹੇ ਨਾ ਤਤਵ ਤਤ, ਲੋਭ ਹੰਕਾਰ ਨਾ ਕੋਇ ਵਧਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਸਾਚੀ ਗਥ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਕਰ ਪੜ੍ਹਾਈਆ । ਨਿਜ ਨੇਤਰ ਲੋਚਨ ਨੈਣ ਖੋਲ੍ਹ ਅੱਖ ਪਰਤੱਖ, ਮਿਲ ਸਾਹਿਬ ਗੁਸਾਂਈਆ । ਜੋ ਗੁਰ ਅਵਤਾਰ ਪੈਗੰਬਰ ਪੀਰ ਗਏ ਦੱਸ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸ਼ਬਦ ਭਵਿਖਤ ਦ੍ਰਿੜਾਈਆ । ਸੋ ਖੇਲ ਕਰ ਹੋ ਪਰਗਟ, ਪਰਗਟ ਹੋ ਕੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਸਮਝਾਈਆ । ਸਤਿ ਕਹੇ ਪ੍ਰਭ ਚਾਰ ਵਰਨ ਦੇ ਗਿਆਨ, ਸ੍ਰਿਸਟ ਸਬਾਈ ਤੇਰਾ ਢੋਲਾ ਇਕੋ ਗਾਈਆ । ਇਕੋ ਪੁਰਖ ਅਕਾਲ ਚਰਨ ਕਵਲ ਹੋਵੇ ਪ੍ਰਨਾਮ, ਦੂਜਾ ਇਸ਼ਟ ਨਾ ਕੋਇ ਮਨਾਈਆ । ਇਕੋ ਸਜਦਾ ਹੋਵੇ ਸਲਾਮ, ਅਦਬ ਨਾਲ ਇਕੋ ਸੀਸ ਝੁਕਾਈਆ । ਇਕੋ ਕਲਮਾ ਦੱਸ ਕਲਾਮ, ਕਾਇਨਾਤ ਹੱਕ ਪੜ੍ਹਾਈਆ । ਸਤਿਜੁਗ ਤਰੇਤਾ ਦੁਆਪਰ
੮੮੪ ੧੯ ਕਲਜੁਗ ਤੇਰੇ ਸਿਫ਼ਤੀ ਕੋਟਨ ਨਾਮ, ਮਹਿੰਮਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗਾਈਆ । ਤੂੰ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦੀ ੮੮੪ ੧੯
ਸ਼ਬਦ ਅਨਾਦੀ ਇਕ ਭਗਵਾਨ, ਪਤਿਪਰਮੇਸ਼ਵਰ ਬੇਪਰਵਾਹ ਅਖਵਾਈਆ । ਸਤਿ ਧਰਮ ਦਾ ਦੋ ਜਹਾਨ ਝੁਲਾ ਨਿਸ਼ਾਨ, ਦੀਨ ਮਜ਼੍ਹਬ ਦਾ ਝਗੜਾ ਰਹੇ ਨਾ ਰਾਈਆ । ਸਾਚੀ ਮੰਜ਼ਲ ਹਕੀਕਤ ਵਾਲੀ ਦੱਸ ਮੁਕਾਮ, ਅਸਲ ਪੜਦਾ ਆਪ ਉਠਾਈਆ । ਅਨਹਦ ਸ਼ਬਦ ਵਜਾ ਸਚੀ ਧੁਨਕਾਨ, ਅਨਾਦੀ ਧੁਨ ਆਪ ਉਪਜਾਈਆ । ਨੂਰੀ ਜੋਤ ਜਗੇ ਮਹਾਨ, ਘਟ ਭੀਤਰ ਹੋਏ ਰੁਸ਼ਨਾਈਆ । ਚਾਰ ਕੁੰਟ ਦਹਿ ਦਿਸ਼ਾ ਨਜ਼ਰੀ ਆਏਂ ਨੌਜੁਆਨ, ਬਿਰਧ ਬਾਲ ਨਾ ਰੂਪ ਵਟਾਈਆ । ਸਤਿ ਧਰਮ ਲਗਾ ਵਿਚ ਜਹਾਨ, ਜਹਾਲਤ ਕੂੜੀ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਵਖਾਈਆ । ਸਤਿ ਕਹੇ ਪ੍ਰਭ ਮੇਰੇ ਗਹਿਰ ਗੰਭੀਰ, ਗੁਣਵੰਤ ਤੇਰੀ ਸਰਨਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਦੇ ਧੀਰ, ਸਤਿ ਸੰਤੋਖ ਇਕ ਸਮਝਾਈਆ । ਹਉਮੇ ਹੰਗਤਾ ਮਾਇਆ ਮਮਤਾ ਕੂੜੀ ਅੰਦਰੋਂ ਕੱਢ ਪੀੜ, ਜਗਤ ਵਿਕਾਰ ਨਾ ਕੋਇ ਸਤਾਈਆ । ਅੰਮ੍ਰਿਤ ਰਸ ਨਿਝਰ ਧਾਰ ਬਖ਼ਸ਼ ਆਪਣਾ ਸੀਰ, ਤ੍ਰਿਸ਼ਨਾ ਭੁੱਖ ਮਿਟਾਈਆ । ਜਿਸ ਮੰਜ਼ਲ ਤੇ ਚੜ੍ਹ ਕੇ ਬੈਠਾ ਕਬੀਰ, ਕਬਰਾਂ ਦਾ ਲੇਖਾ ਦਿਆਂ ਮੁਕਾਈਆ । ਸੋ ਬੇਨਜ਼ੀਰ ਲਾਸ਼ਰੀਕ ਆਪਣੀ ਦੱਸ ਹੱਕ ਤਸਵੀਰ, ਰੂਪ ਰੰਗ ਰੇਖ ਨਜ਼ਰ ਕੋਇ ਨਾ ਪਾਈਆ । ਜਿਥੇ ਝਗੜਾ ਰਹੇ ਨਾ ਗ਼ਰੀਬ ਅਮੀਰ, ਰਾਓ ਰੰਕ ਨਾ ਕੋਇ ਵਡਿਆਈਆ । ਨਜ਼ਰ ਨਾ ਆਏ ਸ਼ਾਹ ਹਕੀਰ, ਦਰ ਦਰਬਾਰਾ ਇਕ ਦਰਸਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਮੰਜ਼ਲ ਚੜ੍ਹ ਅਖ਼ੀਰ, ਮਹਿਬੂਬ ਮਿਲ ਕੇ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਾਂਤਕ ਸਤਿ ਬਖ਼ਸ਼ ਸਾਚੀ ਧੀਰ, ਧਰਨੀ ਧਰਤ ਧਵਲ ਰਹੀ ਕੁਰਲਾਈਆ । ਸਤਿ ਧਰਮ ਕਹੇ ਲੋਕਮਾਤ ਦਿਸੇ ਅੰਧੇਰਾ, ਸਚ ਸੁਚ ਨਜ਼ਰ ਕੋਇ ਨਾ ਆਈਆ । ਜੀਵ ਜੰਤ ਕਰਦੇ ਮੇਰਾ ਮੇਰਾ, ਮਮਤਾ ਮੋਹ ਨਾ ਕੋਇ ਮਿਟਾਈਆ । ਪੁਰਖ ਅਕਾਲ ਦੀਨ ਦਿਆਲ ਕੋਈ ਨਾਉਂ ਨਾ ਲਏ ਤੇਰਾ, ਸਚਖੰਡ ਦਵਾਰੇ ਬਹਿ ਕੇ ਖ਼ੁਸ਼ੀ ਨਾ ਕੋਇ ਮਨਾਈਆ । ਲੱਖ ਚੁਰਾਸੀ ਜਮ ਕੀ ਫਾਸੀ ਜੀਵਾਂ ਜੰਤਾਂ ਪਿਆ ਗੇੜਾ, ਝੇੜਾ ਚਾਰੇ ਖਾਣੀ ਵਿਚ ਪਵਾਈਆ । ਕਰੇ ਹੱਕ ਨਾ ਕੋਇ ਨਬੇੜਾ, ਗੁਰ ਅਵਤਾਰ ਪੈਗ਼ੰਬਰ ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਪੁਰਖ ਅਬਿਨਾਸ਼ੀ ਘਟ ਨਿਵਾਸੀ ਕਿਉਂ ਲਾਈ ਦੇਰਾ, ਨਿਰਗੁਣ ਹੋ ਕੇ ਨਿਰਵੈਰ ਨਿਰਾਕਾਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਚ ਚਲਾ ਧੁਰ ਦਾ ਬੇੜਾ, ਬੰਧਨ ਕੂੜ ਰਹੇ ਨਾ ਰਾਈਆ । ਸਤਿ ਕਹੇ ਪ੍ਰਭ ਮੰਗਾਂ ਇਕੋ ਮੰਗ, ਧੁਰ ਦਰਬਾਰੇ ਆਸ ਰਖਾਈਆ । ਤੇਰਾ ਨਾਉਂ ਮੇਰੇ ਹੋਵੇ ਸੰਗ, ਸਗਲਾ ਸੰਗ ਨਿਭਾਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਗਗਨ ਗਗਨੰਤਰਾਂ ਆਵਾਂ ਲੰਘ, ਜ਼ਿਮੀਂ ਅਸਮਾਨਾਂ ਚਰਨਾਂ ਹੇਠ ਦਬਾਈਆ । ਚਾਰ ਕੁੰਟ ਇਕੋ ਪੁਰਖ ਅਕਾਲ ਵਜਾਵਾਂ ਮਰਦੰਗ, ਦੂਜਾ ਡੰਕਾ ਨਾ ਕੋਇ ਸ਼ਨਵਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰ ਕੇ ਮੰਗ, ਜੋ ਭਵਿਖਤਾਂ ਵਿਚ ਗਏ ਲਿਖਾਈਆ । ਜੋਧੇ ਸੂਰਬੀਰ ਮਰਦਾਨੇ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਤੇਰੀ ਸੱਚੀ ਸ਼ਹਿਨਸ਼ਾਹੀਆ । ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਗੁਰੂ ਗੁਰ ਚੇਲੇ ਲਾ ਆਪਣੇ ਅੰਗ, ਅੰਗੀਕਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਵਖਾਈਆ । ਸਤਿ ਕਹੇ ਮੇਰੇ ਪ੍ਰਭੂ ਪੁਰਖ ਅਕਾਲ, ਅਕਲ ਕਲਧਾਰੀ ਤੇਰੀ ਓਟ ਰਖਾਈਆ । ਸਚਖੰਡ ਦਵਾਰਾ ਤੇਰੀ ਸੱਚੀ ਧਰਮਸਾਲ, ਥਿਰ ਘਰ ਬੈਠਾ ਸੋਭਾ ਪਾਈਆ । ਜਿਥੇ ਪੋਹ ਨਾ ਸਕੇ ਕਾਲ, ਮਹਾਂਕਾਲ ਨਾ ਕੋਇ ਚਤੁਰਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣੇ ਨਾ ਕੋਇ ਦਲਾਲ, ਤ੍ਰੈ ਪੰਜ ਨਾਤਾ ਜੋੜ ਨਾ ਕੋਇ ਵਖਾਈਆ । ਸਚ ਸਪੂਤ ਬਿਨ ਰੰਗ ਰੂਪ ਸ਼ਬਦੀ ਧਾਰ ਤੇਰੇ ਲਾਲ, ਪਾਰਬ੍ਰਹਮ ਬ੍ਰਹਮ ਲੇਖਾ ਦੇਣਾ ਮੁਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਤਿ ਧਰਮ ਕਹੇ ਮੇਰਾ ਮੰਨ ਸਵਾਲ, ਸਵਾਲੀ ਹੋ ਕੇ ਤੇਰੇ ਅਗੇ ਝੋਲੀ ਡਾਹੀਆ । ਕਲਜੁਗ ਕੂੜੀ ਕਿਰਿਆ ਸਾਚੇ ਸੰਤਾਂ ਕੀਤਾ ਕੰਗਾਲ, ਵਸਤ ਅਮੋਲਕ ਹੱਥ ਕਿਸੇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਟਿੱਲੇ ਪਰਬਤ ਸਮੁੰਦ ਸਾਗਰ ਤੈਨੂੰ ਰਹੇ ਭਾਲ, ਖੋਜਤ ਖੋਜਤ ਭੱਜਣ ਵਾਹੋ ਦਾਹੀਆ । ਪਰਮ ਪੁਰਖ ਪਤਿਪਰਮੇਸ਼ਵਰ ਬਿਨ ਤੇਰੇ ਮੁਰੀਦਾਂ ਕੋਈ ਨਾ ਪੁੱਛੇ ਹਾਲ, ਹਾਲਤ ਬਿਗੜੀ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕੋ ਵਰ, ਦਰ ਦਵਾਰੇ ਸੀਸ ਨਿਵਾਈਆ । ਸਤਿ ਕਹੇ ਪ੍ਰਭੂ ਵੇਖ ਕਲਜੁਗ ਕੂੜ ਕੁੜਿਆਰ, ਸਚ ਨਜ਼ਰ ਕੋਇ ਨਾ ਆਈਆ । ਜੂਠ ਝੂਠ ਡੰਕਾ ਰਿਹਾ ਮਾਰ, ਧਰਮ ਦਵਾਰੇ ਪਏ ਦੁਹਾਈਆ । ਮੰਦਰ ਸ਼ਿਵਦਵਾਲੇ ਮੱਠ ਕਰਨ ਪੁਕਾਰ ਰੋਵਣ ਧਾਈਂ ਮਾਰ, ਨੇਤਰ ਨੈਣਾਂ ਨੀਰ ਵਹਾਈਆ । ਅੱਠ ਸੱਠ ਤੀਰਥ ਕੋਈ ਨਾ ਪਾਵੇ ਸਾਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਖੁਲ੍ਹੀ ਮੇਂਢੀ ਭੱਜੀ ਵਾਹੋ ਦਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਪੜ੍ਹ ਪੜ੍ਹ ਥੱਕਾ ਸਰਬ ਸੰਸਾਰ, ਸ਼ਬਦ ਸਾਰ ਸੁਰਤੀ ਸੁਰਤ ਨਾ ਕੋਇ ਉਠਾਈਆ । ਸਚਖੰਡ ਦਵਾਰਾ ਕਿਸੇ ਨਜ਼ਰ ਨਾ ਆਇਆ ਵਿਚ ਜਹਾਨ, ਸ਼ਬਦ ਚੜ੍ਹਿਆ ਨਾ ਕੋਇ ਬਬਾਨ, ਮੰਜ਼ਲ ਮੰਜ਼ਲ ਪੰਧ ਨਾ ਕੋਇ ਮੁਕਾਈਆ । ਬੋਧ ਅਗਾਧਾ ਕਿਸੇ ਹੱਥ ਨਾ ਆਇਆ ਗਿਆਨ, ਨਿਰਅੱਖਰ ਕਰੇ

ਨਾ ਕੋਇ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਸੀਸ ਨਿਵਾਈਆ । ਸਤਿ ਧਰਮ ਕਹੇ ਮੇਰੇ ਪੁਰਖ ਅਬਿਨਾਸ਼ੀ, ਮੇਰੀ ਆਸਾ ਇਕ ਤੇਰੇ ਅਗੇ ਰਖਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਜੋਤ ਕਰੇਂ ਪਰਕਾਸ਼ੀ, ਪਰਕਾਸ਼ਵਾਨ ਹੋ ਕੇ ਵੇਖੇਂ ਸਰਬ ਲੋਕਾਈਆ । ਗੁਰ ਅਵਤਾਰ ਪੈਗੰਬਰ ਤੇਰੇ ਦਾਸਣ ਦਾਸੀ, ਸੇਵਕ ਹੋ ਕੇ ਸੇਵ ਕਮਾਈਆ । ਮੰਡਲ ਮੰਡਪ ਪਾਉਂਦੇ ਰਾਸੀ, ਗੋਪੀ ਕਾਹਨ ਖੇਲ ਖਿਲਾਈਆ । ਤੇਰੀ ਸਮਝ ਨਾ ਸਕਿਆ ਕੋਈ ਵਰਨ ਬਰਨ ਵਾਲੀ ਜਾਤੀ, ਰੂਪ ਰੰਗ ਰੇਖ ਨਾ ਕੋਇ ਸਮਝਾਈਆ । ਕਲਜੁਗ ਅੰਤ ਪਾਰਬ੍ਰਹਮ ਪਤਿਪਰਮੇਸ਼ਵਰ ਆਦਿ ਪੁਰਖ ਅਬਿਨਾਸ਼ੀ ਕਰਤੇ ਪਰਵਰਦਿਗਾਰ ਸਾਂਝੇ ਯਾਰ ਧੁਰ ਦੀ ਦੇ ਅਗੰਮੀ ਦਾਤੀ, ਦਾਤਾਰ ਹੋ ਕੇ ਦਇਆਵਾਨ ਆਪ ਵਰਤਾਈਆ । ਸਤਿ ਧਰਮ ਕਹੇ ਪ੍ਰਭ ਵੇਖ ਮਾਰ ਕੇ ਝਾਤੀ, ਪੜਦਾ ਓਹਲਾ ਆਪ ਉਠਾਈਆ । ਸਚ ਦਵਾਰ ਦਾ ਦਿਸੇ ਕੋਈ ਨਾ ਸਾਥੀ, ਅਧਵਾਟੇ ਬੈਠੀ ਜਗਤ ਲੋਕਾਈਆ । ਕੋਟਨ ਕੋਟ ਰਸਨਾ ਜਿਹਵਾ ਬਣੇ ਪਾਠੀ, ਕਾਇਆ ਪਾਠਸ਼ਾਲਾ ਅੰਦਰ ਤੇਰਾ ਹਰਿ ਨਾਮ ਨਾ ਕੋਇ ਟਿਕਾਈਆ । ਭਾਗ ਨਾ ਲੱਗਾ ਕਿਸੇ ਮਾਟੀ ਕਾਚੀ, ਕੰਚਨ ਗੜ੍ਹ ਰੂਪ ਨਾ ਕੋਇ ਬਦਲਾਈਆ । ਮਨੂਆ ਮਨ ਸਭ ਦਾ ਹੋਇਆ ਆਕੀ, ਖ਼ਾਕੀ ਤਨ ਪਤਿਤ ਪੁਨੀਤ ਨਾ ਕੋਇ ਬਣਾਈਆ । ਬਿਨ ਤੇਰੇ ਧੁਰ ਦਾ ਬਣਿਆ ਕੋਇ ਨਾ ਸਾਕੀ, ਨਾਮ ਪਿਆਲਾ ਦੀਨ ਦਿਆਲਾ ਹੱਥ ਨਾ ਕੋਇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਪੂਰੀ ਕਰ ਆਸੀ, ਸਤਿ ਸਤਿ ਕਹਿ ਕੇ ਤੈਨੂੰ ਸੀਸ ਨਿਵਾਈਆ । ਸਤਿ ਕਹੇ ਮੇਰਾ ਨਾਉਂ ਰਖ ਸਤਿਜੁਗ, ਸਤਿ ਧਰਮ ਦਿਆਂ ਸਮਝਾਈਆ । ਭਗਤ ਸੁਹੇਲਾ ਮਾਤ ਯੁਗ, ਚੁਗ਼ਲੀ ਨਿਦਿੰਆ ਵਿਚੋਂ ਬਾਹਰ ਕਢਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਭੇਵ ਖੁਲ੍ਹਾਵਾਂ ਗੁਝ, ਪੜਦਾ ਦਿਆਂ ਉਠਾਈਆ । ਸਾਹਿਬ ਸਮਰਥ ਤੇਰੀ ਧਾਰ ਜਾਵਣ ਬੁੱਝ, ਸੁਰਤੀ ਸ਼ਬਦ ਜੋੜ ਜੁੜਾਈਆ । ਝਗੜਾ ਮੁਕੇ ਚੌਦਾਂ ਲੋਕ, ਚੌਦਾਂ ਤਬਕ ਲੇਖਾ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਵਣ ਸਚ ਸਲੋਕ, ਸੋਹੰ ਢੋਲਾ ਇਕ ਸਮਝਾਈਆ । ਅੰਤ ਕੰਤ ਭਗਵੰਤ ਸੰਤ ਮਿਲ ਕੇ ਸਾਚੀ ਜੋਤ, ਨਿਰਗੁਣ ਸਰਗੁਣ ਭੇਵ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਵਾਰ ਤੇਰੇ ਬੰਦਨ ਕਰਾਂ ਕੋਟ, ਕੋਟੀ ਕੋਟਨ ਵਾਰ ਸੀਸ ਨਿਵਾਈਆ । ਸਤਿ ਧਰਮ ਕਹੇ ਮੇਰੇ ਸਾਹਿਬ ਮਹਿਬੂਬ, ਮੁਹੱਬਤ ਵਿਚ ਤੇਰੀ ਬੇਪਰਵਾਹੀਆ । ਅਰਸ਼ ਫ਼ਰਸ਼ ਤੋਂ ਉਪਰ ਤੇਰਾ ਅਰੂਜ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਮੰਜ਼ਲ ਦੱਸ ਹੱਕ ਹਦੂਦ, ਦਰਗਾਹ ਸਾਚੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਸਤਿ ਧਰਮ ਦੇਣਾ ਖੁਲ੍ਹਾਈਆ । ਸਤਿ ਧਰਮ ਕਹੇ ਮੇਰੀ ਪ੍ਰਭੂ ਇਕੋ ਅਰਜ਼ੀ, ਆਜਜ਼ ਹੋ ਕੇ ਸੀਸ ਨਿਵਾਈਆ । ਦੁਨੀਆ ਤੈਨੂੰ ਮੰਨਦੀ ਫਰਜ਼ੀ, ਹਿਰਦੇ ਹਰਿ ਨਾ ਕੋਇ ਵਸਾਈਆ । ਬਿਨਾ ਦੁਖਾਂ ਤੋਂ ਕੋਈ ਨਾ ਬਣਦਾ ਦਰਦੀ, ਦੀਦਾ ਦਾਨਿਸਤਾ ਦਰਸ ਕੋਇ ਨਾ ਪਾਈਆ । ਕਲਜੁਗ ਅੰਤਮ ਵੇਖਾਂ ਅੰਧੇਰ ਗਰਦੀ, ਸਚ ਸੁਚ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਜੀਵ ਜੰਤ ਰਸਨਾ ਜਿਹਵਾ ਅੱਖਰਾਂ ਵਾਲਾ ਗੀਤ ਪੜ੍ਹਦੀ, ਨਿਰਅੱਖਰ ਕਰੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਰ ਪਾ ਜੀਵ ਜੰਤ ਸਾਧ ਸੰਤ ਘਰ ਘਰ ਦੀ, ਗ੍ਰਿਹ ਗ੍ਰਿਹ ਪੜਦਾ ਦੇ ਉਠਾਈਆ ।

## ❂ ੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਬਲਕਾਰ ਸਿੰਘ ਦੇ ਗ੍ਰਿਹ ਪਿੰਡ ਠਠੀਆਂ ਜ਼ਿਲਾ ਅੰਮ੍ਰਿਤਸਰ ❂

ਸਤਿ ਕਹੇ ਪ੍ਰਭ ਖੋਲ੍ਹ ਪੜਦਾ, ਪੜ੍ਹਨ ਲਿਖਣ ਦੀ ਲੋੜ ਰਹੇ ਨਾ ਰਾਈਆ । ਅੰਧ ਅੰਧੇਰ ਮਿਟੇ ਕੂੜ ਕੁੜਿਆਰ ਗਰਦਾ, ਗਰਦਸ਼ ਮਾਇਆ ਦੇ ਮਿਟਾਈਆ । ਕੋਟਾਂ ਵਿਚੋਂ ਜਨ ਭਗਤ ਪੱਲੂ ਤੇਰਾ ਫੜਦਾ, ਗੁਰਮੁਖ ਧੁਰ ਦਾ ਨਜ਼ਰੀ ਆਈਆ । ਕਲਜੁਗ ਜੀਵ ਜੰਤ ਜਨ ਜਾਏ ਰੁੜ੍ਹਦਾ, ਸ਼ੌਹ ਦਰਿਆ ਬੇੜਾ ਪਾਰ ਨਾ ਕੋਇ ਲੰਘਾਈਆ । ਸਾਕ ਸੱਜਣ ਸੈਣ ਕੋਈ ਸਾਥ ਨਾ ਮਿਲੇ ਧੁਰ ਦਾ, ਸਚਖੰਡ ਦਵਾਰ ਨਾ ਕੋਇ ਬਹਾਈਆ । ਲੇਖਾ ਜਾਣੇ ਨਾ ਕੋਈ ਅਨੰਦਪੁਰ ਦਾ, ਪੁਰੀ ਅਨੰਦ ਕਿਉਂ ਹੋਈ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਸਤਿ ਕਹੇ ਪ੍ਰਭ ਤੇਰਾ ਵਸੇ ਪੁਰ ਅਨੰਦ, ਆਨੰਦ ਆਨੰਦ ਵਿਚੋਂ ਪਰਗਟਾਈਆ । ਧੁਰ ਦਾ ਨਾਮ ਦੱਸ ਛੰਦ, ਸੰਸਾ ਰੋਗ ਦਏ ਗਵਾਈਆ । ਖ਼ੁਸ਼ੀ ਹੋਵੇ ਬੰਦ ਬੰਦ, ਬੰਦਨਾ ਇਕੋ ਦੇ ਸਮਝਾਈਆ । ਜਨਮ ਕਰਮ ਦਾ ਮਿਟੇ ਪੰਧ, ਆਵਣ ਜਾਵਣ ਲੱਖ ਚੁਰਾਸੀ ਗੇੜਾ ਦੇ ਕਟਾਈਆ । ਤੇਰਾ ਚਰਨ ਸਰੋਵਰ ਮਿਲੇ ਸਾਚੀ ਗੰਗ, ਅਠਸਠ ਪੰਧ ਦੇਣਾ ਮੁਕਾਈਆ । ਆਤਮ ਸੇਜ ਸੁਹਾਉਣੀ ਸੁਹੰਜਣੀ ਪਲੰਘ, ਘਰ ਵਿਚ ਘਰ ਡੇਰਾ ਲਾਈਆ । ਅੰਤ ਕਾਲ ਜਮ ਨਾ ਦੇਵੇ ਦੰਡ, ਰਾਏ ਧਰਮ ਨਾ ਕੋਇ ਸਜ਼ਾਈਆ । ਤੇਰਾ ਵੇਖਾਂ ਇਕੋ ਪਰਮਾਨੰਦ, ਪਾਰਬ੍ਰਹਮ ਪ੍ਰਭ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਸਾਹਿਬ ਬਖ਼ਸ਼ੰਦ, ਮਿਹਰ ਨਜ਼ਰ ਇਕ ਉਠਾਈਆ । ਸਤਿ ਕਹੇ ਪ੍ਰਭ ਕਲਜੁਗ ਵੇਖ ਕੂੜ ਪਸਾਰਾ, ਪਾਸਾ ਸਕੇ ਨਾ ਕੋਇ ਬਦਲਾਈਆ । ਚਾਰੋਂ ਕੁੰਟ ਅੰਧ ਅੰਧਿਆਰਾ, ਤੇਰਾ ਨਾਮ ਨਾ ਕੋਇ ਰੁਸ਼ਨਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰਾ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਸਾਚਾ ਦਿਸੇ ਨਾ ਕੋਇ ਦਰਬਾਰਾ, ਨੌਂ ਦਵਾਰੇ ਪੰਧ ਨਾ ਕੋਇ ਚੁਕਾਈਆ । ਅਨਹਦ ਸ਼ਬਦ ਸੁਣੇ ਨਾ ਕੋਈ ਸੱਚੀ ਧੁਨਕਾਰਾ, ਅਨਹਦ ਨਾਦੀ ਨਾਦ ਨਾ ਕੋਇ ਵਜਾਈਆ । ਨਿਰਮਲ ਦੀਆ ਬਾਤੀ ਜੋਤ ਨਾ ਹੋਵੇ ਉਜਿਆਰਾ, ਘਰ ਠਾਂਡੇ ਨਾ ਕੋਇ ਰੁਸ਼ਨਾਈਆ । ਭਰਮੇ ਭੁੱਲਾ ਸਰਬ ਸੰਸਾਰਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਘਰ ਠਾਕਰ ਸਵਾਮੀ ਮਿਲੇ ਨਾ ਕਿਸੇ ਨਿਰੰਕਾਰਾ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਖੋਜਣ ਜਗਤ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੱਸ ਇਕ ਦਵਾਰਾ, ਜਿਥੇ ਵੱਜੇ ਹੱਕ ਵਧਾਈਆ । ਸਤਿ ਕਹੇ ਮੇਰੇ ਪਰਮ ਪੁਰਖ ਪਰਮਾਤਮ, ਪੀਆ ਪ੍ਰੀਤਮ ਤੇਰੀ ਓਟ ਤਕਾਈਆ । ਖੇਲ ਵੇਖ ਅਗੰਮੀ ਆਪਣਾ ਬਾਤਨ, ਜਾਹਰ ਜਹੂਰ ਕਰ ਰੁਸ਼ਨਾਈਆ । ਪਰਵਰਦਿਗਾਰ ਪਤਿ ਪਰਮੇਸ਼ਵਰ ਪੁਰਖ ਅਕਾਲ ਤੈਨੂੰ ਆਖਣ, ਗੁਰ ਅਵਤਾਰ ਪੈਗ਼ੰਬਰ ਜੁਗ ਜੁਗ ਤੇਰਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਦੇਣਾ ਦ੍ਰਿੜਾਈਆ । ਸਤਿ ਕਹੇ ਮੈਂ ਪੈਗ਼ੰਬਰ ਵੇਖੇ ਗੁਰ ਅਵਤਾਰ, ਲੋਕਮਾਤ ਧਿਆਨ ਲਗਾਈਆ । ਖੇਲ ਵੇਖਿਆ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਖਾਣੀ ਬਾਣੀ ਕਰਦੀ ਵੇਖੀ ਪੁਕਾਰ, ਪਰਾ ਪਸੰਤੀ ਮਧਮ ਬੈਖਰੀ ਤੇਰਾ ਢੋਲਾ ਗਾਈਆ । ਤੂੰ ਆਦਿ ਜੁਗਾਦੀ ਇਕ ਇਕੱਲਾ ਏਕੰਕਾਰ, ਅਕਲ ਕਲਧਾਰੀ ਤੇਰੀ ਸਰਨਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਬਣਿਆ ਰਿਹਾ ਮੀਤ ਮੁਰਾਰ, ਮਿੱਤਰ ਪਿਆਰਾ ਇਕੋ ਨਜ਼ਰੀ ਆਈਆ । ਕਲਜੁਗ ਅੰਤ ਮੇਟ ਧੂੰਆਂਧਾਰ, ਧਰਨੀ ਧਰਤ ਧਵਲ ਧੌਲ ਕਰ ਰੁਸ਼ਨਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ

ਗੁਰਮੁਖ ਭਗਤ ਭਗਵੰਤ ਦੇ ਉਠਾਲ, ਸੁਰਤੀ ਸ਼ਬਦੀ ਆਪ ਜਗਾਈਆ । ਝਗੜਾ ਮੁਕਾ ਸ਼ਾਹ ਕੰਗਾਲ, ਊਚ ਨੀਚ ਇਕੋ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਏਕਾ ਵਰ, ਵਾਹਵਾ ਤੇਰੇ ਨਾਮ ਵਡ ਵਡਿਆਈਆ । ਸਤਿ ਕਹੇ ਪ੍ਰਭ ਸਾਚਾ ਨਾਮ ਦੇ ਚਾਰ ਵਰਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਕਰਨ ਪੜ੍ਹਾਈਆ । ਦੂਜਾ ਰਹੇ ਨਾ ਕੋਈ ਬਰਨ, ਭਰਮ ਕੂੜਾ ਦੇਣਾ ਭੰਨਾਈਆ । ਭਾਗ ਲਗਾ ਕਾਇਆ ਮਾਟੀ ਚਰਮ, ਚੰਮ ਦ੍ਰਿਸ਼ਟੀ ਵਿਚੋਂ ਬਾਹਰ ਕਢਾਈਆ । ਮਾਨਵ ਮਾਨੁਖ ਮਾਨਸ ਇਕੋ ਧਰਮ, ਧਰਮ ਦਾ ਪਰਮਾਰਥ ਸਵਾਰਥ ਵਿਚ ਦੇਣਾ ਸੰਗ ਬਣਾਈਆ । ਨਿਤ ਨਵਿਤ ਜੋ ਕਰਦਾ ਰਿਹਾ ਪਰਨ, ਕੌਲ ਇਕਰਾਰ ਪੂਰਾ ਦੇਣਾ ਕਰਾਈਆ । ਜਨ ਭਗਤਾਂ ਬਖ਼ਸ਼ ਦੇ ਆਪਣੀ ਸਰਨ, ਜਗਤ ਨਾਤਾ ਦੇਣਾ ਤੁੜਾਈਆ । ਗੁਰਮੁਖ ਤੇਰਾ ਢੋਲਾ ਪੜ੍ਹਨ, ਤੇਰੇ ਨਾਮ ਦੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰੀ ਸਾਚੀ ਮੰਗੇ ਸਰਨ, ਸਤਿ ਸਤਿਵਾਦੀ ਹੋ ਕੇ ਸੀਸ ਨਿਵਾਈਆ ।

## ✪ ੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਤੇਜਾ ਸਿੰਘ ਦੇ ਗ੍ਰਹਿ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ✪



ਲਾਈਚੇ ਮਿਸ਼ੇ ਚਸ਼ੇ ਚੈਨ ਨਾਸ਼ੀ ਵਸ਼ੂ ਚੀਪੇ ਚਾਈ ਚੀਚੇ ਕਮਿਨ ਚੈਤਚ ਚਨੁ ਕੀਰੇਮਾ ਵਨਿਓਲੀਅਮ ਉਪਮਾ ਚਿਪੀ ਮਾਸ਼ੀ ਚਵਲੀ ਉਲਾ ਅੰਚੇਲਾਈ ਚਾਨਤੇ ਲਾਈ ਤਾਂਤੇਵਾਈ ਕਮਿਓਨਨ ਕੁਮਾ ਚਿਫੀ ਸ਼ੁਸ਼ੋ ਬੌਲੀਅਮ ਬਲਾਈ ਬਿਸੇ ਬਸੂ ਬੇਸੀਨ ਮਿਮਮ ਮੁਕੋਨੇਮਮਮ ਨਿਕਸਚਾ ਚਵਾਨੇ ਚਾਓ ਜੌਬਲੇ ਜੋ ਕਵਿਸਤੇ ਕਵਾ ਚਮੀਮੀ ਚਾ ਹੁਕਮੇ ਖ਼ੁਦਾ ਬੰਦਗੀ ਦਵਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਚਨਨ੍ਹੇ ਨਵਾਨਵੈ ਨੌ ਕਮੀ ਜ਼ੀ ਜ਼ਾਇਲੋ ਜ਼ੋਲੇ ਜ਼ੀਮ ਜ਼ਾਹਿਰੇ ਜਹੂਰ ਸੁਲਤਾਨੇ ਨੂਰ ਵਿਨਨੇ ਵਿਨਅਮ ਨਿਰੰਕਾਰ ਬੇਪਰਵਾਹੀਆ । ਸਤਿ ਕਹੇ ਕੁਛ ਦੇ ਹੁਕਮ, ਹੁਕਮ ਹੁਕਮ ਵਿਚੋਂ ਬਦਲਾਈਆ । ਦੀਨ ਦੁਨੀ ਦਾ ਬਦਲ ਦੇ ਤੁਖ਼ਮ, ਤਾਸੀਰ ਆਪਣੀ ਮਾਤ ਪਰਗਟਾਈਆ । ਤੇਰਾ ਲੇਖਾ ਅਗੰਮ ਅਥਾਹ ਕੁਸਮ, ਕੁਛ ਕਹਿਣਾ ਕਹਿਣ ਨਾ ਪਾਈਆ । ਤਨ ਮਾਟੀ ਵੇਖ ਜਿਸਮ, ਚੁਰਾਸੀ ਆਪਣੀ ਫੋਲ ਫੁਲਾਈਆ । ਦਰੇ ਦਰਬਾਰ ਦੱਸ ਇਸਮ, ਇਸ਼ਾਰਿਆਂ ਦੀ ਲੋੜ ਰਹੇ ਨਾ ਰਾਈਆ । ਆਪਣੇ ਨਾਮ ਦੀ ਦੱਸ ਕਿਸਮ, ਕ਼ਿਸਮਤ ਲੋਕਮਾਤ ਬਦਲਾਈਆ । ਖੇਲ ਵੇਖਾਂ ਸਾਚੀ ਚਸ਼ਮ, ਪੜਦਾ ਓਹਲਾ ਰਹੇ ਨਾ ਰਾਈਆ । ਜਿਸ ਕਾਰਨ ਖਾਧੀ ਕ਼ਸਮ, ਵੇਲਾ ਵਕ਼ਤ ਦਏ ਬਦਲਾਈਆ । ਕਿਸੇ ਕੰਮ ਨਾ ਆਉਣੀ ਮਾਟੀ ਭਸਮ, ਤਨ ਖ਼ਾਕੀ ਦਏ ਦੁਹਾਈਆ । ਸਚ ਧਾਰ ਚਲਾ ਰਸਮ, ਰਸਤਾ ਇਕ ਪਰਗਟਾਈਆ । ਦੋ ਜਹਾਨ ਵੇਖਣ ਤੇਰਾ ਜਸ਼ਨ, ਖ਼ੁਸ਼ੀਆਂ ਰੰਗ ਚੜ੍ਹਾਈਆ । ਚਾਰ ਵਰਨਾਂ ਸਾਂਝਾ ਕਰ ਮਸ਼ਨ, ਮਿਸ਼ਨ ਬਣੇ ਜਗਤ ਲੋਕਾਈਆ । ਕੁਛ ਲੇਖਾ ਲਿਖਿਆ ਤੇਰ੍ਹਵੇਂ ਧਿਆਏ ਵਿਚ ਕ੍ਰਿਸ਼ਨ, ਕਿਸ਼ਤ ਆਪਣੀ ਨਾਲ ਰਖਾਈਆ । ਕੁਛ ਗੋਬਿੰਦ ਆਇਆ ਲਿਖਣ, ਲਿਖ ਕੇ ਗਿਆ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦੇਣਾ ਜਣਾਈਆ । ਸਤਿ ਕਹੇ ਦੇ ਫ਼ਰਮਾਨ, ਫ਼ੁਰਨਿਆਂ ਦਾ ਲੇਖਾ ਦੇ ਮੁਕਾਈਆ । ਧਰਮ ਬਣਾ ਇਕ ਵਿਧਾਨ, ਵਿਦਿਆ ਦਾ ਝਗੜਾ ਰਹੇ ਨਾ ਰਾਈਆ । ਸ਼ਬਦ ਦੇ ਗਿਆਨ,

੮੮੮ ੧੯

ਸੁਰਤੀ ਸੁਰਤ ਖੁਲ੍ਹਾਈਆ । ਭਰਮ ਚੁੱਕੇ ਜੀਵ ਜਹਾਨ, ਜਾਗਰਤ ਜੋਤ ਕਰ ਰੁਸ਼ਨਾਈਆ । ਤੇਰਾ ਸੰਦੇਸ਼ਾ ਇਕੋ ਕਾਹਨ, ਲੱਖ ਚੁਰਾਸੀ ਸੁਣ ਕੇ ਸੀਸ ਨਿਵਾਈਆ । ਤੂੰ ਮਾਲਕ ਦੋ ਜਹਾਨ ਸ੍ਰੀ ਭਗਵਾਨ, ਭਗਵਨ ਹੋ ਕੇ ਵੇਖ ਵਖਾਈਆ । ਚਾਰ ਕੁੰਟ ਕੂੜੀ ਵੇਖ ਦੁਕਾਨ, ਦੂਈ ਦਵੈਤ ਘਰ ਘਰ ਡੇਰਾ ਲਾਈਆ । ਸ਼ਰਅ ਸ਼ਰਾਇਤ ਹੋਈ ਸ਼ੈਤਾਨ, ਸ਼ਰਕਤ ਵਿਚ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਬਰ ਹੋ ਕੇ ਹੋ ਸਹਾਈਆ । ਸਤਿ ਕਹੇ ਪ੍ਰਭ ਮੇਰੇ ਚਾਈਕ, ਚਲੂਹ ਵੇਖ ਜਗਤ ਲੋਕਾਈਆ । ਦੋ ਜਹਾਨਾਂ ਕਿਲ ਵਲਾਇਕ, ਵੈਚਨੀ ਭੇਵ ਅਭੇਦ ਖੁਲ੍ਹਾਈਆ । ਤੇਰਾ ਲੇਖਾ ਜੈਮਨ ਜਬਲਾਇਕ, ਨਨੀ ਚੇ ਕਹਿਣ ਕੋਇ ਨਾ ਪਾਈਆ । ਤੂੰ ਠਾਕਰ ਸਵਾਮੀ ਕੋਮਨੇ ਇਖਲਾਇਕ, ਖ਼ਾਲਕ ਮਖ਼ਲੂਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦੇ ਵਰਤਾਈਆ । ਸਤਿ ਕਹੇ ਨਵਿਚਨੇ ਚਵੈਕੀਅਮ, ਜਾਣਕਾਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚ ਹਰਿ, ਤੇਰਾ ਘੇਰਾ ਖ਼ਲਕ ਖ਼ੁਦਾਈਆ । ਸਤਿ ਕਹੇ ਸਨੋਨੀਅਮ ਸਨਿਨ ਸਾਇਲੋ ਸਵਾਈਆ । ਚਮੈਨੀ ਚਵਿਨਕੀ ਚਾਈਈ, ਚਾਰ ਜੁਗ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੁਕਮੇਂ ਅੰਦਰ ਹੁਕਮ ਵਰਤਾ, ਕਾਮਲ ਕਾਮਨ ਕਮਿਨਚੀ ਕਾਇਦਾ ਕ਼ਾਨੂੰਨ ਆਪ ਚਲਾਈਆ ।



## ✪ ੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਦਲੀਪ ਸਿੰਘ ਦੇ ਗ੍ਰਿਹ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ✪

ਬਿਅਫ਼ਤੇ ਵਲੀਕੂਮ ਕਵਿਲੇ ਜਾਹਤੇ ਜ਼ੇਬਾ ਜ਼ਰਾ ਦਵਿਸਤਾਨੇ ਗੁਲਿਸਤਾਨੇ ਬਲਸਤਾਨੇ ਚਵਕੀਮ ਸਗ਼ਮੇ ਜਗ਼ੀਰ ਸਾਇਤੇ ਨਵਾ ਫ਼ਤਵਾਲੇ ਜ਼ਮੀਂ ਕੁਰਸ਼ਾਏ ਅਜ਼ੀਂ ਲਿਵਾਲਜਹਿ ਜਕੀਉਲੇ ਰਮਾ ਨਫਿਵਜ਼ੇ ਕਵੀਜ਼ ਨਵਿਗਮ ਨਲਈਤ ਵਿਜ਼ੀਅਮ ਵਜ਼ਨੇ ਅਦਾ ਕੋਹੀਅਮ ਕਵਿਸਤ ਦੀਵਾਨੇ ਅਮਿਸ਼ਟ ਰਹਿਮੇ ਨੁਮਾ ਕੁਲੀਉਲ ਕੁਮਿਦ ਵਜ਼ੀਲੇ ਅਲਲਲਨਸ਼ਿਦ ਪਾਕੇ ਰਸੂਲ ਹਮਦੇ ਅੱਲ੍ਹਾ ਖ਼ਰਾਜ਼ੀਨ ਖ਼ਾਨਾਏ ਕਰੂਹ ਨੀਜ਼ਾਇਰੇ ਜ਼ਬੀਬਬ ਮੁਬਾਹ ਜ਼ਕਰੇ ਜ਼ਵਾ ਚੁਕਲੱਮੇ ਯਜ਼ਰਾਹ ਨਗ਼ਮਾਏ ਹਜਰਾਹ ਬਸੂਦਦ ਬਸਲੇ ਬੀਸੇ ਮੁਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੁਦਰਤੇ ਕ਼ਾਦਰ ਕ਼ਾਦਰੇ ਕ਼ੁਦਰਤ ਕ਼ੁਦਰਤੇ ਖ਼ੁਦਾ ਆਲਮੁਨੇ ਨੁਮਾ ਨੋਸ਼ੇ ਖ਼ੁਦਾ ਜ਼ਜ਼ੁਨੋ ਰੁਬਾ ਵਲੀਨੇ ਜੁਦਾ ਸ਼ਾਇਰੇ ਸ਼ੁਆ ਕਾਇਰੇ ਰੁਵਾ ਜ਼ੀਨੇ ਹਵਾ ਮਦੀਨੇ ਮਵਾ ਮੁਹੰਮਦੇ ਲਵਾ ਹਸੀਨੇ ਨਵਾ ਅਲੀ ਆਲੀਜਾਹ ਇਕੋ ਨਜ਼ਰੀ ਆਈਆ । ਜ਼ਵੀਲ ਜਾਫ਼ਰ ਤਾਮੀਲੇ ਕਾਫ਼ਰ ਸਮੀਲੇ ਸਾਫ਼ਰ ਮੁਸਾਫ਼ਰੇ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਕੀਦੇ ਮੁਕਾ ਕ਼ਬੀਲੇ ਕੁਰਾ ਮਹਿਜ਼ੀਨੇ ਨਮੂਜ਼ੁ ਜ਼ਾਰ ਜ਼ੀਦੇ ਨਜ਼ਰੀ ਆਈਆ । ਫਲਕੇ ਫਲਾਂ ਤਖ਼ਤੇ ਤੁਰਾਂ ਵਕਤੇ ਹਿਜ਼ਾਂ ਹਾਜ਼ਰ ਹਜ਼ੂਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ੁਦਾਏ ਖ਼ਦੂਸ਼ ਮਹਿਦਰਾਏ ਦਰੂਸ਼ ਦਿਸ਼ਾ ਕੌਣ ਕੀਸ਼ੇ ਕਿਸ਼ਾ ਸੋਭਾ ਪਾਈਆ । ਅਲੂਜ ਅਲੂਨੇ ਹੱਕ ਆਫੇ ਗ਼ੁਰੂਬ, ਤਾਬੇ ਤਨਾਹਲਤਕ ਹਜ਼ਰਤੇ ਸਬੂਤ ਕੁਕਾਇਨੇ ਵਾਹਿਦੇ ਖ਼ਤ ਮਵਿਸ਼ਰੇ ਮਹਿਬੂਬ, ਲਾਇਸ਼ਰੇ ਅਰੂਜ਼ ਸ਼ੀਉਲ ਸੁਜਾ ਸੁਬਾਨ ਅੱਲਾ ਕਹਿ ਕੇ ਸਾਰੇ ਸ਼ੁਕਰ ਮਨਾਈਆ । ਕਿਵਿਰੀ ਵਿਰਸਾ ਵਨੋਸਤ ਮਬੂਹ, ਇਤਮੀਨਾਨੇ ਦੋਸਤ ਦਸਤੇ ਦਰਾਜ਼ ਨਵਾਸਤੇ

ਨਵਾਬ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਜ਼ਰਤੇ ਹਜ਼ੂ, ਹਾਫ਼ਜ਼ੇ ਬੇਨਾਈ ਅੰਦਰ ਕਰੇ ਹੱਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੇ ਕਾਸਬ ਖ਼ਲਕੇ ਮੁਕਾਸਦ ਕ਼ਦੀਮ ਕ਼ੁਦਰਤ ਵਿਚ ਸਮਾਈਆ ।



## ✪ ੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਦਲੀਪ ਸਿੰਘ ਦੇ ਗ੍ਰਿਹਿ ਪਿੰਡ ਟਾਂਗਰਾ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਮੇਰੀ ਕਰੇ ਨਾ ਕੋਇ ਵਿਆਖਿਆ, ਵਿਖ ਭਰੀ ਜਗਤ ਲੋਕਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲਾ ਭਾਖਿਆ, ਸ਼ਬਦੀ ਧਾਰ ਵਿਚ ਜਣਾਈਆ । ਨਿਰਅੱਖਰ ਸੰਦੇਸ਼ਾ ਗੋਬਿੰਦ ਆਖਿਆ, ਧੁਰ ਫ਼ਰਮਾਨ ਦ੍ਰਿੜਾਈਆ । ਨਿਰਗੁਣ ਨਿਰਵੈਰ ਨੂਰ ਜੋਤ ਕਰ ਪਰਕਾਸ਼ਿਆ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜਿਸ ਦਾ ਦੋ ਜਹਾਨ ਖੇਲ ਤਮਾਸ਼ਿਆ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਪੂਰੀ ਕਰੇ ਆਸਿਆ, ਤ੍ਰਿਖਾ ਤ੍ਰਿਸ਼ਨਾਂ ਵਿਚੋਂ ਬਾਹਰ ਕਢਾਈਆ । ਸਚ ਪ੍ਰੀਤੀ ਸਮਰਥ ਭਰਵਾਸਿਆ, ਨਾਮ ਅਕਥ ਕਥ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਹੁਕਮੇ ਵਿਚ ਸਮਾਈਆ । ਸਤਿ ਕਹੇ ਸਤਿ ਰਿਹਾ ਕਿਸੇ ਨਾ ਸਬਰ, ਸਵਾਬ ਵਿਚ ਨਜ਼ਰ ਕੋਇ ਨਾ ਆਈਆ । ਨੂਰੀ ਦਰਸ ਪਾਏ ਨਾ ਕੋਇ ਉਤੇ ਅੰਬਰ, ਸਵੰਬਰ ਆਤਮ ਪਰਮਾਤਮ ਨਾ ਕੋਇ ਰਚਾਈਆ । ਕੂੜੀ ਕਿਰਿਆ ਜਗਤ ਵਾਸਨਾ ਮਮਤਾ ਮੋਹ ਅਡੰਬਰ, ਮਾਰਗ ਸਚ ਪੰਧ ਨਾ ਕੋਇ ਵਖਾਈਆ । ਕਾਇਆ ਮਾਟੀ ਅੰਧੇਰੀ ਹੋਈ ਖੰਡਰ, ਗ੍ਰਿਹਿ ਦੀਪਕ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇਂ ਅੰਦਰ ਹੁਕਮ ਚਲਾਈਆ । ਸਤਿ ਕਹੇ ਸੁਰਤੀ ਮਿਲੇ ਕੋਇ ਨਾ ਸ਼ਬਦ, ਸ਼ਬਦ ਸ਼ਰਅ ਨਾ ਕੋਇ ਬਦਲਾਈਆ । ਸਤਿਗੁਰ ਪਰਸੇ ਕੋਈ ਨਾ ਕ਼ਦਮ, ਮੁਕ਼ੱਦਰ ਸਕੇ ਨਾ ਕੋਇ ਬਦਲਾਈਆ । ਝਗੜਾ ਪਿਆ ਤਨ ਮਾਟੀ ਖ਼ਾਕ ਬਦਨ, ਮਾਬਦੌਲਤ ਦੇਵੇ ਨਾ ਕੋਇ ਵਡਿਆਈਆ । ਸਾਚੀ ਕਿਰਿਆ ਖੇਲ ਭੇਵ ਜਾਣੇ ਨਾ ਕੋਇ ਤਮੱਦਨ, ਤਮੱਸੁਕਾ ਤਰਫ਼ ਨਾ ਕੋਇ ਰਖਾਈਆ । ਜਗਤ ਵਾਸਨਾ ਸਾਰੇ ਵਧਣ, ਵਾਹਿਦ ਸੀਸ ਨਾ ਕੋਇ ਝੁਕਾਈਆ । ਸਚ ਦਵਾਰਿਉਂ ਹੋਏ ਬੇਵਤਨ, ਵਤਨ ਡੇਰਾ ਕੋਇ ਨਾ ਲਾਈਆ । ਬਿਨ ਹਰਿ ਕਿਰਪਾ ਸਾਚਾ ਦਿਸੇ ਕੋਈ ਨਾ ਪੱਤਨ, ਜਗਤ ਨੌਕਾ ਨਈਆ ਪਾਰ ਨਾ ਕੋਇ ਕਰਾਈਆ । ਜਨ ਭਗਤ ਸੁਹੇਲੇ ਪ੍ਰਭ ਸਰਨਾਈ ਵਸਣ, ਵਸੀਹ ਆਪਣਾ ਘਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣ ਹੁਸੈਨ ਹਸਨ, ਮਸੀਹ ਮੁਹੱਬਤ ਵਿਚ ਪਰਗਟਾਈਆ । ਸਤਿ ਕਹੇ ਮਸੀਹ ਮੁਹੱਬਤ ਮਬੀਨ ਕੁਆਨਖ਼ਵਾਤੀਨੀਨ ਖ਼ਾਤੂਨ ਖ਼ਤੂਤੇ ਖ਼ਿਤਾ ਨਾ ਕੋਇ ਦੁਰਕਾਈਆ । ਨਵਾਜ਼ਸ਼ੇ ਆਮੀਨ, ਤੁਰਕਾਏ ਤਲਕੀਨ ਮੁਫਲਸੇ ਯਕੀਂ, ਯਾਵਲਹਿ ਲੀਉਲਿਲ ਲਿਵ ਵਾਈਆ । ਕੁਸ਼ਤੇ ਮੁਰਦਾ ਬਿਸਤਾਏ ਜ਼ੁਰਦਾ ਦੋਜ਼ਖ਼ੇ ਦਿਰਦਾਹ ਦਿਵਾਲੇ ਜਾਹ ਜ਼ਨੂਮਮ ਜ਼ਿਮਾਮੇ ਮਿਜ਼ਾਰ ਪਰਗਟਾਈਆ । ਕੁਲਿਵਿਕਸ਼ ਸ਼ਮਾਮੇ ਭਵਿਸ਼ ਮਸੀਉਲ ਤਾਲਿਸ਼, ਤੁਸ਼ਰੇ ਤਾਮੀਰ ਬਦਨੇ ਮੁਦੀਰ ਮੁਦਈਂ ਮੁਦਾ ਇਕੋ ਨਜ਼ਰੀ ਆਈਆ । ਕੁਲਾਇਲੇ ਤਰਕ ਜ਼ਰੀਫ਼ਉਲ ਮੁਸ਼ਰਕ ਜ਼ਿਆਰਤੇ ਜ਼ਵਾਹਿਦ ਜ਼ੀਦੇ ਜ਼ਮਾਂਹ ਅਖਵਾਈਆ । ਮਤਲਅਕੇ ਤੁਆਰਫ਼ ਸੂਫ਼ੀ ਨਹਾਰਫ਼ ਹਰੀਫ਼ਉਲ ਉਮਾਂ ਮਜ਼ੁਜ਼ਲ ਕੁਮਾਂ ਮਸ਼ਤਾਕੇ ਮਸ਼ੈਇਰ

ਬੇਪਰਵਾਹੀਆ । ਸ਼ਗੋਨੇ ਸਤੁ ਦਵਿਲਜ਼ੇ ਚੀਂ ਅਜ਼ ਬਰੂ ਰੂਹੇ ਰਿਕਸ਼ਾ ਕਫ਼ਨੇ ਮੁਤਸ਼ਾ ਮੁਰਦਾ ਮੁਰੀਦ ਨਜ਼ਰੀ ਆਈਆ । ਜ਼ਈਕੁਲ ਜ਼ਰਗਾਹ ਵਾਹਿਵਜ਼ੇ ਹਵਾ ਬਾ ਆਦਮੇ ਦਵਾ ਕੁਲੀਨੇ ਨਵਾ ਨਵਾਜ਼ਸ਼ੇ ਅਰਮਾਂ ਮਿਹਰਵਾਨ ਮਹਿਬੂਬ ਬੇਪਰਵਾਹੀਆ । ਮਹਾਰਾਜੇ ਮਲਜੂਹ ਸ਼ੇਰੇ ਕਲਨੂਹ ਸਿੰਘ ਵਾਹਿਦੇ ਵਜੂਹ ਵਿਸ਼ਨੂੰ ਗੁਮਾਸ਼ਤਾ ਕਵਨਾਨੇ ਨੂਹ ਭਗਵਨ ਭਾਲਿੰਚਚ ਚੀਮੇ ਚਕਸ਼ਾ ਦਰਵੇਸ਼ੇ ਭਿਖਸ਼ਾ ਫ਼ਾਕਾ ਫ਼ਕੀਰ ਨਜ਼ਰੀ ਆਈਆ । ਜੋਤੀ ਜਾਲੋਨੇ ਸਾਰੂਪੇ ਸਾਲੋਨੇ ਕਿਰਪਾਏ ਕਿਵਓਨੇ ਕਲੰਕੀ ਏਂ ਕਲਾਮ ਨਜ਼ਰੀ ਏਂ ਅਮਾਮ ਮਹਿਜ਼ੂਲੇ ਅਵਾਮ ਫ਼ਜ਼ਲੇ ਰਹਿਮਾਨ ਬੇਪਰਵਾਹੀਆ ।

## ੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਗਿਆਨ ਸਿੰਘ ਦੇ ਗ੍ਰਿਹ ਪਿੰਡ ਭੋਰਸੀ ਜ਼ਿਲਾ ਅੰਮ੍ਰਿਤਸਰ

ਵਲੂ ਹੁਲ ਲੁਜ ਆਏ ਵਜ਼ੀ, ਜਿਮਾਮਮ ਪੇਸ਼ਾਨੀ ਰਵੀਂ ਤਮੀਜ਼ੇ ਕੁਨਾਤ ਵਾਹਦੇ ਮਹਿਬੂਬ ਨਜ਼ਰੀ ਆਈਆ । ਦਾਵਿਲਚੇ ਦਜ਼ੀ ਨਾਕੋਸੇ ਕਸੀਂ ਵਿਜ਼ੀਅਮ ਵਿਜ਼ਾ ਤਉਜ਼ੇ ਜ਼ਮੋਂ ਨੂਰ ਅਲਾਹੀਆ । ਮੁਹੰਮਦੇ ਗੁਨਿੰਚ ਨਵੀਦੇ ਕਜ਼ੋ ਕਫ਼ਾਏ ਕਮਿਸ਼ ਕੁਸ਼ਤੋ ਕਸ਼ਾ ਕਾਰਦੇ ਕੁਦੀਆਰ ਇਕ ਅਖਵਾਈਆ । ਹਜ਼ੀਨੇ ਨਮਰੋਹ ਜ਼ੀਨੇ ਸ਼ਮੋ ਸ਼ਵੀਉਲ ਸ਼ਿਆ ਖ਼ੁਆਬੇ ਸ਼ਬਾਬ ਸ਼ਬੇਰੋਜ਼ ਡਗਮਗਾਈਆ । ਬੇਨਜ਼ੀਰੇ ਨੁਕਾਹ ਗੁਲਜ਼ਹੀਰੇ ਜ਼ਰਗਾਹ ਵਾਹਦਹੂ ਅੱਲ੍ਹਾ ਆਲਮੀਨ ਵਡ ਵਡਿਆਈਆ । ਜਵਾਜ਼ੇ ਜਜ਼ੀਂ ਕੁਇਸ਼ਤਮ ਤਹਿਰਾਨੇ ਕਮੂ ਨਮੂ ਫ਼ਲਕੇ ਜ਼ਹੂ ਖ਼ਲਕੇ ਖ਼ੁਰਾਰਾ ਖ਼ਾਵਿੰਦੇ ਖ਼ੁਆਤੀਨ ਇਕ ਅਖਵਾਈਆ । ਕਹੋਜ਼ਜ਼ ਜ਼ਵਿਜ ਮਸੀਉਲ ਤਮਾਂ ਕਰਿਸਚੀਅਨ ਕੁਨਹਾਂ ਪਾਕੀਜ਼ਾ ਪਾਚਿਸ਼ਟ ਪੋਸ਼ਾਕੇ ਖ਼ਾਕ ਦਰ ਬਦਲਾਈਆ । ਮਸੀਉਲ ਅਹਿਦ ਨਸ਼ਰੇ ਨਜ਼ਮੇ ਨਗ਼ਮੇ ਚੈਂਜ਼ਵੀਦੇ ਵੁਜ਼ੇਲਾਇਸ਼ ਲਾਸ਼ਰੀਕ ਸਚ ਵਡਿਆਈਆ । ਦਿਵਿਜ਼ਨੇ ਵਕੂਲੁਲ ਜ਼ੁਆ ਜ਼ਈਫੇ ਨਾ ਬਾਲਾ ਨੂਰੇ ਖ਼ੁਦਾ ਖ਼ਾਨਕਾ ਕਨੋਸ਼ ਦੀਵਾਨੇ ਦੀਆਹ ਸਿਆਬੇ ਸਿਆਹ ਸੀਕਾਜ਼ੁਨ ਸ਼ਹਿਨਸ਼ਾਹੀਆ । ਕੁਤਲਨ ਕਵਿਸਤ ਨਜ਼ੂਦੇ ਬਹਿਸ਼ਤ ਬਹਿਬੂਦੇ ਇਸ਼ਟ ਇਸ਼ਾਰੇ ਸ਼ੀਵ ਨਜ਼ੀਨੇ ਜ਼ਵਾਹਿਕ ਮਨ ਚਿਨਚਿਤੇ ਅਸਲਮਾਏ ਇਸਮ ਚਸ਼ਾ ਸਰਬ ਜਣਾਈਆ । ਹਜ਼ਰਤੇ ਜ਼ਵਿਤ ਪੈਗ਼ੰਬਰੇ ਰਵਿਦ ਰਸੂਲੇ ਨਜ਼ਹੋਕ ਨੂਰੇ ਨਵਜ਼ੀਂ ਫ਼ਿਕਰੇ ਤਸਵੀਂ ਖ਼ੁਨਾਸ਼ੇ ਸੂਫ਼ੀ ਚਸ਼ਮੇ ਚਰਾਗ਼ ਬੇਦਾਗ਼ ਨਜ਼ਰੀ ਆਈਆ । ਹੈਵਿਸ਼ਨਨ ਮਜ਼ੂਜ਼ਲ ਜ਼ਮਾਂ ਮੁਹੱਬਤੇ ਮਹਿਬੂਬ ਮੁਖ਼ਾਤਬੇ ਖ਼ੁਦਾ ਬਜਰੇ ਜ਼ੰਬੀਂ ਗ਼ੋਸ਼ੇ ਕੁਨਾਂ ਕਾਇਨਾਤ ਅਜ਼ੀਮ ਕ਼ਦੀਮ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੈਗ਼ੰਬਰੇ ਪਾਕਿਸ਼ ਅਮਾਮੇ ਨੋਜ਼ਾ ਕਲਿਚ ਚਾਮਾਏ ਜ਼ੁਹਿਕ ਆਫ਼ਤਬੇ ਤਲੂਹ ਸ਼ਰਕਨੇ ਸ਼ਾਇਰ ਸ਼ਰਅ ਸ਼ਮਅ ਇਕ ਅਖਵਾਈਆ ।

## ੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਿਹ ਪਿੰਡ ਭੋਰਸੀ ਜ਼ਿਲਾ ਅੰਮ੍ਰਿਤਸਰ

ਸਤਿ ਕਹੇ ਮੇਰੇ ਪੁਰਖ ਅਕਾਲ, ਸ੍ਰੀ ਭਗਵਾਨ ਤੇਰੀ ਸਰਨਾਈਆ । ਗੁਰਮੁਖ ਸੰਤ ਸੁਹੇਲੇ ਵੇਖ ਆਪਣੇ ਲਾਲ, ਲੱਖ ਚੁਰਾਸੀ ਖੋਜ ਖੁਜਾਈਆ । ਜੋ ਦਿਵਸ ਰੈਣ ਤੇਰੇ ਨਾਮ ਦੀ ਘਾਲਦੇ ਰਹੇ ਘਾਲ, ਅੰਤਰ ਆਤਮ ਨਿਰਗੁਣ ਸਰਗੁਣ ਹੋ ਧਿਆਈਆ । ਸਾਚਾ ਮੰਦਰ ਵੇਖ ਕਾਇਆ ਬੰਕ ਸੱਚੀ ਧਰਮਸਾਲ, ਸਾਢੇ ਤਿੰਨ ਹੱਥ ਅੰਦਰ ਵੱਜੇ ਵਧਾਈਆ । ਸ਼ਬਦ ਅਗੰਮੀ ਨਾਮ ਦੇ ਧੁਨਕਾਨ, ਅਨਰਾਗੀ ਰਾਗ ਸੁਣਾਈਆ । ਨਿਰਮਲ ਜੋਤ ਜਗਾ

ਮਹਾਨ, ਅੰਧ ਅੰਧੇਰਾ ਦੇ ਮਿਟਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਵੇਖ ਮਾਰ ਧਿਆਨ, ਚਾਰ ਵਰਨ ਅਠਾਰਾਂ ਬਰਨ ਕਰੇ ਲੜਾਈਆ । ਸਾਚੀ ਸਿਖਿਆ ਸਮਝੇ ਨਾ ਕੋਈ ਤੇਰਾ ਗਿਆਨ, ਮਨ ਮਤ ਰਹੀ ਕੁਰਲਾਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਦੇ ਕੇ ਗਏ ਬਿਆਨ, ਖਾਣੀ ਬਾਣੀ ਰਾਗਾਂ ਨਾਦਾਂ ਵਿਚ ਸੁਣਾਈਆ । ਪਰਮ ਪੁਰਖ ਤੇਰੀ ਕਰੇ ਨਾ ਕੋਇ ਪਹਿਚਾਣ, ਨਿਜ ਨੇਤਰ ਲੋਚਨ ਨੈਣ ਦਰਸ ਕੋਇ ਨਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਵੈਰਾਨ, ਪੰਚ ਵਿਕਾਰਾ ਘਰ ਘਰ ਡੇਰਾ ਲਾਈਆ । ਜਗਤ ਸ਼ਰਅ ਹੋਈ ਸ਼ੈਤਾਨ, ਸਚ ਸੰਤੋਖ ਧੀਰਜ ਜਤ ਰਹਿਣ ਕੋਇ ਨਾ ਪਾਈਆ । ਨਾਮ ਸੰਦੇਸਾ ਨਰ ਨਰੇਸ਼ਾ ਧੁਰ ਦਾ ਦੇ ਇਕ ਫ਼ਰਮਾਨ, ਹੁਕਮੇਂ ਅੰਦਰ ਹੁਕਮ ਮਨਾਈਆ । ਜੂਠ ਝੂਠ ਮੇਟ ਨਿਸ਼ਾਨ, ਹਉਮੇ ਹੰਗਤਾ ਗੜ੍ਹ ਤੁੜਾਈਆ । ਗੁਰਮੁਖ ਸੰਤ ਸੁਹੇਲੇ ਕਰ ਪਰਵਾਨ, ਪਰਮ ਪੁਰਖ ਪਰਮਾਤਮ ਆਤਮ ਪੜਦਾ ਦੇ ਉਠਾਈਆ । ਤੂੰ ਆਦਿ ਜੁਗਾਦੀ ਦਾਤਾ (ਦੇਵਣਹਾਰਾ) ਦਾਨ, ਵਸਤ ਅਮੋਲਕ ਕਾਇਆ ਗੋਲਕ ਦੇ ਟਿਕਾਈਆ । ਸਚਖੰਡ ਦਵਾਰੇ ਏਕੰਕਾਰੇ ਜਨ ਭਗਤ ਸੁਹੇਲੇ ਸੀਸ ਝੁਕਾਉਣ, ਨੇਤਰ ਲੋਚਣ ਨੈਣ ਅੱਖ ਨਾ ਕੋਇ ਖੁਲ੍ਹਾਈਆ । ਕਰ ਕਿਰਪਾ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਦੇਵੇ ਵਡਿਆਈਆ । ਸਤਿ ਧਰਮ ਕਹੇ ਪ੍ਰਭ ਵੇਖ ਕਲਜੁਗ ਕਾਤੀ, ਚਾਰੋਂ ਕੁੰਟ ਅੰਧੇਰਾ ਛਾਈਆ । ਮਿਲੇ ਮੇਲ ਨਾ ਕਮਲਾਪਾਤੀ, ਪਤਿਪਰਮੇਸ਼ਵਰ ਦਰਸ ਕੋਇ ਨਾ ਪਾਈਆ । ਮਨ ਵਾਸਨਾ ਹੋਈ ਅੰਧੇਰੀ ਰਾਤੀ, ਬੁਧ ਬਿਬੇਕ ਨਾ ਕੋਇ ਬਣਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਘਾਟੀ, ਅੰਦਰ ਵੜ ਕੇ ਜਗਤ ਦਵਾਰੇ ਪਾਰ ਕਰ ਕੇ ਘਰ ਵਿਚ ਘਰ ਮਿਲ ਕੇ ਖ਼ੁਸ਼ੀ ਨਾ ਕੋਇ ਮਨਾਈਆ । ਅੰਮ੍ਰਿਤ ਬੂੰਦ ਪੀਵੇ ਨਾ ਕੋਇ ਸਵਾਂਤੀ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਸਾਚਾ ਜਾਮ ਮਿਲੇ ਨਾ ਕਿਸੇ ਸਾਕੀ, ਸਾਖਿਆਤ ਸਤਿਗੁਰ ਮਿਲ ਕੇ ਖ਼ੁਸ਼ੀ ਨਾ ਕੋਇ ਮਨਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਭ ਦਾ ਲਹਿਣਾ ਦੇਣਾ ਦੇ ਬਾਕੀ, ਅਗਲਾ ਲੇਖਾ ਆਪ ਸਮਝਾਈਆ । ਗੁਰਮੁਖ ਵੇਖ ਤਨ ਵਜੂਦ ਮਾਟੀ ਖਾਕੀ, ਖ਼ਾਲਸ ਖ਼ਾਲਸ ਖ਼ਾਲਸਾ ਆਪ ਪ੍ਰਗਟਾਈਆ । ਤੇਰਾ ਨਾਮ ਭੰਡਾਰ ਧੁਰ ਦੀ ਹਾਟੀ, ਜੁਗ ਚੌਕੜੀ ਭਗਤਾਂ ਰਿਹਾ ਵਰਤਾਈਆ । ਆਤਮ ਪਰਮਾਤਮ ਬਣ ਸਾਥੀ, ਸਗਲਾ ਸੰਗ ਨਿਭਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਗੁਰਸਿਖ ਬਣਾ ਆਪਣਾ ਪਾਠੀ, ਅਜਪਾ ਜਾਪ ਦੇ ਦ੍ਰਿੜਾਈਆ । ਜਨਮ ਜਨਮ ਦੀ ਕਰਮ ਕਰਮ ਦੀ ਮਿਟੇ ਵਾਟੀ, ਲੱਖ ਚੁਰਾਸੀ ਗੇੜਾ ਰਹੇ ਨਾ ਰਾਈਆ । ਤੇਰਾ ਨੂਰ ਤੇਰਾ ਜਹੂਰ ਤੇਰੀ ਆਤਮ ਤੇਰੀ ਜਾਤੀ, ਪਰਮਾਤਮ ਤੇਰੇ ਵਿਚ ਸਮਾਈਆ । ਤੂੰ ਕਰੇਂ ਖੇਲ ਆਦਿ ਜੁਗਾਦਿ ਸਦਾ ਬਹੁ ਭਾਂਤੀ, ਨਿਤ ਨਵਿਤ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਝੋਲੀ ਡਾਹੀਆ । ਸਤਿ ਕਹੇ ਪ੍ਰਭ ਕਲਜੁਗ ਅੰਤਮ ਵੇਖ ਮਾਰ ਝਾਤ, ਪੜਦਾ ਆਪ ਉਠਾਈਆ । ਫਿਰੀ ਦਰੋਹੀ ਵਿਚ ਕਾਇਨਾਤ, ਕਲਮਿਆਂ ਵਾਲੇ ਰਹੇ ਕੁਰਲਾਈਆ । ਸਾਚੀ ਨਜ਼ਰ ਨਾ ਆਏ ਕੋਈ ਜਮਾਤ, ਜੁਮਲਾ ਹੱਕ ਨਾ ਕੋਇ ਪੜ੍ਹਾਈਆ । ਗੁਰਮੁਖਾਂ ਵਿਚ ਪ੍ਰੇਮ ਪਿਆਰ ਦਾ ਕਰ ਇਤਫ਼ਾਕ, ਨਿਫ਼ਾਕ ਅੰਦਰੋਂ ਦੇ ਕਢਾਈਆ । ਪ੍ਰੇਮ ਪ੍ਰੀਤੀ ਅੰਦਰ ਬਣਾ ਸਚਾ ਸਾਕ, ਸੱਜਣ ਹੋ ਕੇ ਵੇਖ ਵਖਾਈਆ । ਬੰਦ ਕਿਵਾੜੀ ਖੋਲ੍ਹ ਤਾਕ, ਬਜਰ ਕਪਾਟੀ ਕੁੰਡਾ ਲਾਹੀਆ । ਸ਼ਬਦ ਅਗੰਮੀ ਵਜਾ ਨਾਦ, ਧੁਨ ਆਤਮਕ ਰਾਗ ਸੁਣਾਈਆ । ਨਿਰਮਲ ਜੋਤ ਕਰ ਪ੍ਰਕਾਸ਼, ਅੰਧ ਅੰਧੇਰਾ ਰਹੇ ਨਾ ਰਾਹੀਆ । ਧੁਰ ਦਾ ਮਾਰਗ ਦੱਸ ਸਾਚ, ਸਚ ਸੁਨੇਹੜਾ ਇਕ ਸੁਣਾਈਆ । ਸੰਤ ਸੁਹੇਲਾ ਲਏ ਵਾਚ,

ਵਾਚਕ ਹੋ ਕੇ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਦੀਨ ਦਿਆਲ ਤੇਰੇ ਹੱਥ ਵਡਿਆਈਆ । ਸਤਿ ਧਰਮ ਕਹੇ ਪ੍ਰਭ ਲੋਕਮਾਤ ਵੇਖ ਆ, ਅਕਲ ਕਲਧਾਰੀ ਤੇਰੀ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਤੇਰਾ ਤੱਕਦੇ ਗਏ ਰਾਹ, ਭਵਿਖਤਾਂ ਵਿਚ ਤੇਰਾ ਢੋਲਾ ਗਾਈਆ । ਤੂੰ ਆਦਿ ਜੁਗਾਦੀ ਦੋ ਜਹਾਨਾਂ ਬਣੇ ਮਲਾਹ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਵਰਭੰਡ ਤੇਰੀ ਓਟ ਤਕਾਈਆ । ਸ਼ਬਦੀ ਗੁਰ ਸਤਿਗੁਰ ਸਾਚੇ ਸਚ ਦੇ ਸਲਾਹ, ਬਿਨ ਸਤਿਗੁਰ ਸ਼ਬਦ ਸਮਝ ਕਿਸੇ ਨਾ ਆਈਆ । ਕਲਜੁਗ ਜੀਵ ਕਾਇਆ ਕੱਪੜ ਬਾਹਰ ਪਲੀਤ ਅੰਦਰੋਂ ਕਰੇ ਗੁਨਾਹ, ਪਤਿਤ ਪੁਨੀਤ ਨਾ ਕੋਇ ਕਰਾਈਆ । ਮਿਹਰਵਾਨ ਮੁਹੱਬਤ ਵਿਚ ਹੋ ਸਹਾ, ਸਹਾਇਕ ਨਾਇਕ ਇਕ ਅਖਵਾਈਆ । ਤੂੰ ਦਾਤਾ ਦਾਨੀ ਬੇਪ੍ਰਵਾਹ, ਗਹਿਰ ਗੰਭੀਰ ਤੇਰੀ ਵਡ ਵਡਿਆਈਆ । ਕਲਜੁਗ ਰੈਣ ਅੰਧੇਰੀ ਚਾਰੋਂ ਕੁੰਟ ਦਿਸੇ ਛਾਹ, ਨਿਰਮਲ ਜੋਤ ਨੂਰ ਨਾ ਕੋਇ ਰੁਸ਼ਨਾਈਆ । ਕੋਟਨ ਕੋਟ ਸਾਧ ਸੰਤ ਬੈਠੇ ਧੂਣੀਆਂ ਤਾ, ਤਨ ਭਬੂਤੀ ਖ਼ਾਕ ਰਮਾਈਆ । ਕੋਟਨ ਕੋਟ ਭੱਜਣ ਵਾਹੋ ਦਾਹ, ਟਿੱਲੇ ਪਰਬਤ ਸਮੁੰਦ ਸਾਗਰ ਡੂੰਘੀ ਖਾਈ ਆਪਣਾ ਆਪ ਛੁਪਾਈਆ । ਕੋਟਨ ਕੋਟ ਜਲ ਧਾਰਾ ਰਹੇ ਵਹਾ, ਤਨ ਮਾਟੀ ਅਗਨੀ ਨਾਲ ਜਲਾਈਆ । ਬਿਨ ਤੇਰੀ ਕਿਰਪਾ ਪੁਰਖ ਅਕਾਲ ਦੀਨ ਦਿਆਲ ਸਚਾ ਮਿਲਿਆ ਕਿਸੇ ਨਾ ਰਾਹ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਸਤਿ ਧਰਮ ਕਹੇ ਪੁਰਖ ਅਬਿਨਾਸ਼ੀ ਘਟ ਨਿਵਾਸੀ ਸਤਿਜੁਗ ਸਾਚਾ ਮਾਰਗ ਲਾ, ਸੰਤ ਸੁਹੇਲੇ ਮੇਰੇ ਨਾਲ ਰਲਾਈਆ । ਨਿਰਗੁਣ ਹੋ ਕੇ ਪਕੜ ਬਾਂਹ, ਸਰਗੁਣ ਦੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਥੇ ਓਥੇ ਦੋ ਜਹਾਨਾਂ ਕਰ ਨਿਆਂ, ਅਦਲ ਅਦਾਲਤ ਇਕ ਕਮਾਈਆ । ਸਤਿ ਧਰਮ ਕਹੇ ਪ੍ਰਭ ਕਰ ਅਦਲ, ਇਨਸਾਫ਼ ਤੇਰੇ ਹੱਥ ਨਜ਼ਰੀ ਆਈਆ । ਕਲਜੁਗ ਕੂੜੀ ਕਿਰਿਆ ਦੇ ਬਦਲ, ਬਦਲਾ ਚੁਕੇ ਕੂੜੀ ਜਗਤ ਲੋਕਾਈਆ । ਤੇਰਾ ਨਾਉਂ ਕਦੇ ਨਾ ਹੋਵੇ ਕ਼ਤਲ, ਮਕ਼ਤੂਲ ਮਿਲੇ ਨਾ ਕੋਇ ਵਡਿਆਈਆ । ਤੇਰੀ ਕਿਰਪਾ ਪੂਰੇ ਹੋਵਣ ਸਭ ਦੇ ਯਤਨ, ਯਥਾਰਥ ਆਪਣਾ ਘਰ ਦੇ ਸਮਝਾਈਆ । ਲੱਖ ਚੁਰਾਸੀ ਜੀਵ ਜੰਤ ਤੈਥੋਂ ਵਿਛੜ ਹੋਏ ਬੇਵਤਨ, ਸਚਖੰਡ ਦਵਾਰ ਏਕੰਕਾਰ ਨਿਰਾਕਾਰ ਇਕੋ ਦੇ ਵਖਾਈਆ । ਦੂਜਾ ਨਜ਼ਰ ਨਾ ਆਏ ਕੋਈ ਪੱਤਨ, ਬਿਨਾ ਪੁਰਖ ਅਕਾਲ ਸੀਸ ਜਗਦੀਸ਼ ਨਾ ਕੋਇ ਝੁਕਾਈਆ । ਜੁਗ ਚੌਕੜੀ ਜਨ ਭਗਤਾਂ ਪੈਜ ਆਵੇਂ ਰਖਣ, ਪਤਿਪਰਮੇਸ਼ਵਰ ਤੇਰੀ ਵਡ ਵਡਿਆਈਆ । ਕਲਜੁਗ ਅੰਤ ਯਕੀਨ ਦੇ ਹੱਕਨ, ਹਕ਼ੀਕ਼ਤ ਆਪਣੀ ਇਕ ਸਮਝਾਈਆ । ਮਨ ਵਾਸਨਾ ਕੂੜੀ ਕਿਰਿਆ ਹੁਕਮੇਂ ਨਾਲ ਕਰ ਮੁਅੱਤਲ, ਗ੍ਰਿਹਿ ਮੰਦਰ ਅੰਦਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਪਰਗਟਾਈਆ । ਸਤਿ ਧਰਮ ਕਹੇ ਆਪਣੀ ਵੇਖ ਕਾਇਨਾਤ, ਪਰਵਰਦਿਗਾਰ ਖੋਜ ਖੁਜਾਈਆ । ਅੰਦਰ ਵੜ ਕੇ ਮਾਰ ਝਾਤ, ਪੜਦਾ ਓਹਲਾ ਦੇ ਚੁਕਾਈਆ । ਸ੍ਰਿਸ਼ਟੀ ਇਕ ਦੂਜੇ ਦਾ ਕਰੇ ਘਾਤ, ਘਾਇਲ ਵੇਖੀ ਸਰਬ ਲੋਕਾਈਆ । ਵਿਦਿਆ ਪੜ੍ਹਦੇ ਵਿਚੋਂ ਲੁਗ਼ਾਤ, ਤੇਰੇ ਨਾਮ ਦੀ ਸਮਝ ਕਿਸੇ ਨਾ ਆਈਆ । ਸਚ ਦਵਾਰੇ ਬਣਿਆ ਕੋਈ ਨਾ ਦਾਸ, ਸੇਵਕ ਰੂਪ ਨਾ ਕੋਇ ਬਦਲਾਈਆ । ਪਵਣਾਂ ਵਿਚ ਸਾਰੇ ਲੈਂਦੇ ਸਵਾਸ, ਬਿਨ ਸਾਹ ਤੋਂ ਮਲਾਹ ਬੇੜਾ ਕੰਧ ਨਾ ਕੋਇ ਉਠਾਈਆ । ਕੁਛ ਲੇਖਾ ਲਿਖ ਕੇ ਗਿਆ ਚਮਿਆਰ ਰਵਦਾਸ, ਹੁਕਮੇਂ ਅੰਦਰ ਹੁਕਮ ਦ੍ਰਿੜਾਈਆ । ਕਰੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣੇ ਹੱਥ ਰਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਾ

ਮਾਰਗ ਦੇ ਪ੍ਰਗਟਾਈਆ । ਸਚ ਕਹੇ ਪ੍ਰਭ ਕਲਜੁਗ ਅੰਤਮ ਕਰ ਕਿਰਪਾ, ਕਿਰਪਾ ਨਿਧਾਨ ਤੇਰੀ ਸਰਨਾਈਆ । ਕੂੜੀ ਕਿਰਿਆ ਕਟ ਬਿਪਤਾ, ਬਿਪਰੀਤ ਪ੍ਰੀਤ ਵਿਚ ਬਦਲਾਈਆ । ਗੁਰਸਿਖਾਂ ਰੂਪ ਦੇ ਦੇ ਸਾਚੇ ਸਿੱਖ ਦਾ, ਜੋ ਸਿਖਿਆ ਤੇਰੀ ਵਿਚ ਸਮਾਈਆ । ਜਿਨ੍ਹਾਂ ਦਾ ਲੇਖਾ ਭਵਿਖਤਾਂ ਵਿਚ ਗੋਬਿੰਦ ਗਿਆ ਲਿਖਦਾ, ਫ਼ਤਿਹ ਡੰਕਾ ਨਾਲ ਵਜਾਈਆ । ਨਾਤਾ ਜੋੜ ਦੇ ਪਿਤਾ ਪੁੱਤ ਦਾ, ਸੁਰਤੀ ਸ਼ਬਦੀ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਸੁਹਾ ਦੇ ਆਪਣੀ ਰੁੱਤ ਦਾ, ਕਲਜੁਗ ਰੁਤੜੀ ਦੇ ਮਹਿਕਾਈਆ । ਸਤਿ ਧਰਮ ਕਹੇ ਪ੍ਰਭ ਪਰਮ ਪੁਰਖ ਪ੍ਰੀਤਮ ਸੱਚੇ, ਸਚ ਤੇਰੀ ਸਰਨਾਈਆ । ਕਲਜੁਗ ਜੀਵ ਭਾਂਡੇ ਕੱਚੇ, ਕੰਚਨ ਗੜ੍ਹ ਬਹਿ ਕੇ ਖ਼ੁਸ਼ੀ ਨਾ ਕੋਇ ਵਖਾਈਆ । ਮਨ ਵਾਸਨਾ ਕਰਦੇ ਮਤੇ, ਗੁਰਮਤ ਹਿਰਦੇ ਨਾ ਕੋਇ ਧਰਾਈਆ । ਕੂੜੀ ਕਿਰਿਆ ਵਿਕਦੇ ਹੱਟੇ, ਸਚ ਵਣਜਾਰਾ ਸੋਭਾ ਕੋਇ ਨਾ ਪਾਈਆ । ਹਰਿ ਕਾ ਨਾਮ ਲਾਹਾ ਕੋਈ ਨਾ ਖਟੇ, ਠਗ ਠਗੌਰੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਜੀਵ ਕਰ ਅੱਛੇ, ਮਨ ਮਤ ਬੁਧ ਨਾਲ ਸਮਝਾਈਆ । ਸਤਿ ਧਰਮ ਕਹੇ ਪ੍ਰਭ ਸਾਹਿਬ ਮੇਰੇ ਨਿਰੰਕਾਰ, ਨਿਰੰਕਾਰ ਤੇਰੀ ਬੇਪ੍ਰਵਾਹੀਆ । ਮੈਂ ਖੇਲ ਵੇਖਿਆ ਜੁਗ ਚਾਰ, ਸਤਿਜੁਗ ਤਰੇਤਾ ਦਵਾਪਰ ਕਲਜੁਗ ਆਪ ਹੰਢਾਈਆ । ਮੈਂ ਰੋਂਦੇ ਵੇਖੇ ਤੇਈ ਅਵਤਾਰ, ਹੁਕਮੇਂ ਅੰਦਰ ਫੇਰਾ ਪਾਈਆ । ਈਸਾ ਮੂਸਾ ਮੁਹੰਮਦ ਗੁਲਸ਼ਨ ਵੇਖੇ ਵਿਚ ਬਹਾਰ, ਮਹਿਬੂਬ ਤੇਰੀ ਮੁਹੱਬਤ ਵਿਚ ਮਹਿਕਾਈਆ । ਨਾਨਕ ਨਿਰਗੁਣ ਵੇਖਿਆ ਖੇਲ ਅਪਾਰ, ਨਾਮ ਸਤਿ ਸਤਿ ਸਮਝਾਈਆ । ਗੋਬਿੰਦ ਸੁਤ ਦੁਲਾਰਾ ਤੇਰੀ ਧਾਰ, ਆਪਾ ਵਾਰ ਵਾਰਤਾ ਸਾਰੀ ਗਿਆ ਬਦਲਾਈਆ । ਸੰਦੇਸਾ ਦੇ ਕੇ ਗਿਆ (ਆਵੇ) ਕਲ ਕਲਕੀ ਅਵਤਾਰ, ਨਿਹਕਲੰਕ ਅਖਵਾਈਆ । ਜਿਸ ਨੂੰ ਜਨਮੇ ਮਾਈ ਕੋਇ ਨਾ ਵਿਚ ਸੰਸਾਰ, ਪਿਤਾ ਗੋਦ ਨਾ ਕੋਇ ਉਠਾਈਆ । ਜੋਤੀ ਜੋਤ ਕਰੇ ਉਜਿਆਰ, ਨੂਰ ਨੁਰਾਨਾ ਸ਼ਹਿਨਸ਼ਾਹੀਆ । ਸ਼ਬਦੀ ਸ਼ਬਦ ਕਰੇ ਵਰਤਾਰ, ਹੁਕਮੇਂ ਅੰਦਰ ਹੁਕਮ ਵਰਤਾਈਆ । ਜਿਸ ਦੀ ਮਹਿੰਮਾ ਬੋਧ ਅਗਾਧ, ਕਾਗਦ ਕ਼ਲਮ ਸ਼ਾਹੀ ਨਾ ਲਿਖਣਹਾਰ, ਲੇਖਾ ਲਿਖ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਆਪਣਾ ਘਰ, ਲੋਕਮਾਤ ਦਇਆ ਕਮਾਈਆ । ਸਤਿ ਧਰਮ ਕਹੇ ਚਾਰ ਵਰਨ ਦਿਸੇ ਅੰਧੇਰਾ, ਅਠਾਰਾਂ ਬਰਨ, ਸਮਝ ਕੋਇ ਨਾ ਆਈਆ । ਮਨੂਆ ਮਨ ਕਰੇ ਮੇਰਾ ਮੇਰਾ, ਮਮਤਾ ਮੋਹ ਹੋਈ ਹਲਕਾਈਆ । ਪੁਰਖ ਅਕਾਲ ਦੇ ਦੇ ਆਪਣੇ ਸ਼ਬਦੀ ਹੁਕਮ ਦਾ ਗੇੜਾ, ਸ੍ਰਿਸ਼ਟੀ ਇਸ਼ਟੀ ਦ੍ਰਿਸ਼ਟੀ ਦੇ ਬਦਲਾਈਆ । ਜਨ ਭਗਤਾਂ ਸਾਚੇ ਸੰਤਾਂ ਗੁਰਮੁਖਾਂ ਸੂਫ਼ੀ ਸੰਤ ਫ਼ਕੀਰਾਂ ਨਜ਼ਰੀ ਆਏਂ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਸਤਿਜੁਗ ਕਹੇ ਮਨ ਚਾਓ ਹੋਏ ਘਨੇਰਾ, ਘਰ ਖ਼ੁਸ਼ੀਆਂ ਨਾਲ ਗਾਈਆ । ਪ੍ਰਭ ਦਰਸ਼ਨ ਪਾਵਾਂ ਤੇਰਾ, ਬਿਨ ਤੇਰੇ ਚਲੇ ਨਾ ਕੋਇ ਚਤੁਰਾਈਆ । ਲੋਕਮਾਤ ਬੰਨ੍ਹੀਂ ਬੇੜਾ, ਸਤਿ ਧਰਮ ਇਕ ਉਪਜਾਈਆ । ਨੌ ਖੰਡ ਸੱਤ ਦੀਪ ਵਸਾਉਣਾ ਇਕ ਖੇੜਾ, ਚਾਰ ਕੁੰਟ ਦਹਿ ਦਿਸ਼ਾ ਆਪ ਖੁਲ੍ਹਾਈਆ । ਤੇਰੇ ਹੱਥ ਹਕ਼ੀਕਤ ਵਾਲਾ ਨਿਬੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਦਇਆਵਾਨ ਦਾਤਾਰ ਦੀਨ ਦੁਨੀ ਤੇਰੀ ਨਜ਼ਰੀ ਆਈਆ ।

ਸਤਿ ਧਰਮ ਦੀ ਲਾ ਜੜ੍ਹ, ਸਤਿਜੁਗ ਸਾਚਾ ਮੰਗ ਮੰਗਾਈਆ । ਸਰਬ ਸ੍ਰਿਸ਼ਟ ਤੇਰਾ ਨਾਉਂ ਪ੍ਰਭ ਏਕਾ ਜਾਏ ਪੜ੍ਹ, ਚਾਰ ਵਰਨ ਇਕੋ ਢੋਲਾ ਗਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰੀ ਮੰਜ਼ਲ ਜਾਇਣ ਚੜ੍ਹ, ਹੱਕ ਦਵਾਰੇ ਮਹਿਬੂਬ ਮਿਲ ਕੇ ਖ਼ੁਸ਼ੀ ਮਨਾਈਆ । ਚਰਨ ਧੂੜ ਨਹਾਵਣ ਸਰ, ਜਨਮ ਕਰਮ ਦੀ ਦੁਰਮਤ ਮੈਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਪ੍ਰਗਟਾਈਆ । ਸਤਿ ਕਹੇ ਪ੍ਰਭ ਖੋਲ੍ਹ ਧਰਮ ਦਵਾਰ, ਚਾਰ ਵਰਨ ਅਠਾਰਾਂ ਬਰਨ ਇਕੋ ਓਟ ਤਕਾਈਆ । ਪੁਰਖ ਅਕਾਲ ਦੀਨ ਦਿਆਲ ਤੇਰੇ ਚਰਨ ਕਵਲ ਹੋਵੇ ਨਿਮਸਕਾਰ, ਇਸ਼ਟਾਂ ਦਾ ਇਸ਼ਟ ਸ੍ਰਿਸ਼ਟੀ ਦਾ ਮਾਲਕ ਇਕੋ ਸਰਬ ਤਕਾਈਆ । ਜਾਤ ਪਾਤ ਦੀਨ ਮਜ਼੍ਹਬ ਝਗੜਾ ਰਹੇ ਨਾ ਕੋਇ ਵਿਚ ਸੰਸਾਰ, ਆਤਮ ਪਰਮਾਤਮ ਏਕਾ ਨੂਰ ਦੇਣਾ ਸਮਝਾਈਆ । ਖ਼ੁਸ਼ੀਆਂ ਵਿਚ ਹੋਵੇ ਤੇਰਾ ਚਾਰੋਂ ਕੁੰਟ ਮੰਗਲਾਚਾਰ, ਉੱਤਰ ਪੂਰਬ ਪੱਛਮ ਦੱਖਣ ਵੱਜਦੀ ਰਹੇ ਵਧਾਈਆ । ਭਗਤ ਸੁਹੇਲੇ ਕਰਨ ਅਗੰਮ ਪਿਆਰ, ਪ੍ਰੀਤੀ ਰੀਤੀ ਨੀਤੀ ਤੇਰੇ ਨਾਲ ਰਖਾਈਆ । ਧੁਰ ਦਾ ਨੂਰ ਹੋਵੇ ਚਮਤਕਾਰ, ਕਲਜੁਗ ਅੰਧੇਰਾ ਦੇਣਾ ਗਵਾਈਆ । ਤੇਰੇ ਦਰਸ ਦੇ ਹੋਵਣ ਸਾਰੇ ਖ਼ਾਸਤਗਾਰ, ਖ਼ਾਹਿਸ਼ ਇਕੋ ਦੇਣੀ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਰਸਤਾ ਦੇਣਾ ਵਖਾਈਆ । ਸਤਿ ਕਹੇ ਪ੍ਰਭ ਸਚ ਦਵਾਰਾ ਏਕੋ ਖੋਲ੍ਹ, ਏਕੰਕਾਰ ਤੇਰੀ ਸਰਨਾਈਆ । ਏਕਾ ਡੰਕਾ ਤੇਰੇ ਨਾਮ ਦਾ ਵੱਜੇ ਢੋਲ, ਦੂਸਰ ਕਰੇ ਨਾ ਕੋਇ ਪੜ੍ਹਾਈਆ । ਪੂਰਬ ਲੇਖਾ ਲਹਿਣਾ ਦੇਣਾ ਜਨ ਭਗਤਾਂ ਕਰ ਕੌਲ, ਇਕਰਾਰ ਆਪਣਾ ਤੋੜ ਨਿਭਾਈਆ । ਨਿਰਗੁਣ ਹੋ ਕੇ ਪ੍ਰਗਟ ਦਿਸੇਂ ਉਪਰ ਧੌਲ, ਧਰਨੀ ਧਰਤ ਧਵਲ ਸੁਹਾਈਆ । ਸਵਾਮੀ ਸਾਬਰ ਹੋ ਕੇ ਜਾਵੇਂ ਮੌਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਇਕ ਸੁਹਾਈਆ । ਸਤਿ ਕਹੇ ਪ੍ਰਭ ਧੁਰ ਦਾ ਦੇ ਸਤਿ ਸਤਿਵਾਦ, ਲੋਕਮਾਤ ਦਇਆ ਕਮਾਈਆ । ਜਨ ਭਗਤਾਂ ਪੂਰਨ ਕਰ ਕਾਜ, ਕਰਨੀ ਦੇ ਕਰਤੇ ਤੇਰੇ ਹੱਥ ਵਡਿਆਈਆ । ਕਲਜੁਗ ਕੂੜੀ ਕਿਰਿਆ ਬਦਲ ਦੇ ਰਿਵਾਜ, ਸਚ ਸੁੱਚ ਸ੍ਰਿਸ਼ਟੀ ਦੀ ਝੋਲੀ ਪਾਈਆ । ਮਨ ਮਾਰਿਆ ਰਹੇ ਨਾ ਕੋਇ ਅਭਾਜ, ਸੁਰਤੀ ਸਵਾਧਾਨ ਕਰਾਈਆ । ਨਵਾਂ ਸਾਜਣ ਦੇਣਾ ਸਾਜ, ਸੱਜਣ ਹੋ ਕੇ ਦਰਸ ਦਿਖਾਈਆ । ਜਿਸ ਸਵਾਲ ਦਾ ਹਲ ਨਾ ਹੋਇਆ ਜਵਾਬ, ਅੰਕੜੇ ਓਸ ਦੇ ਦੇਣੇ ਸਮਝਾਈਆ । ਕਿਰਪਾ ਕਰ ਆਪ ਮਹਾਰਾਜ, ਮਾਜ਼ੀ ਦਾ ਝਗੜਾ ਦੇਣਾ ਮੁਕਾਈਆ । ਤੇਰੇ ਕ਼ਦਮਾਂ ਉਪਰ ਪਦਮਾਂ ਪੜ੍ਹਨ ਨਿਮਾਜ, ਮਸਲਾ ਹਲ ਦੇਣਾ ਕਰਾਈਆ । ਦੀਨ ਦੁਨੀ ਕਰੇ ਅਦਾਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਸਤਿ ਕਹੇ ਪ੍ਰਭ ਵੇਖ ਸ੍ਰਿਸ਼ਟ ਸਬਾਈ ਡੂੰਘਾ ਸਾਗਰ, ਗਹਿਰ ਗੰਭੀਰ ਖੋਜ ਖੁਜਾਈਆ । ਕਿਸੇ ਅੰਮ੍ਰਿਤ ਨਾ ਮਿਲੇ ਕਾਇਆ ਗਾਗਰ, ਗ੍ਰਹਿ ਗ੍ਰਹਿ ਕੂੜੀ ਕਿਰਿਆ ਕਰੇ ਲੜਾਈਆ । ਬਿਨ ਭਗਤਾਂ ਸੂਰਬੀਰ ਬਣੇ ਨਾ ਕੋਇ ਬਹਾਦਰ, ਮਨ ਵਾਸਨਾ ਮਨ ਨਾ ਕੋਇ ਘਾਈਆ । ਘਰ ਸੁਹੇਲਾ ਲੱਭੇ ਕੋਈ ਨਾ ਸਾਜਣ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਹੁਕਮ ਸੁਣੇ ਨਾ ਕੋਇ ਸ਼ਾਹੋ ਭੂਪ ਰਾਜ ਰਾਜਨ, ਸੁਲਤਾਨ ਮਿਹਰਵਾਨ ਸੀਸ ਨਾ ਕੋਇ ਨਿਵਾਈਆ । ਸਾਚੀ ਨਿੰਦਰਾ ਵਿਚੋਂ ਮੂਲ ਨਾ ਜਾਗਣ, ਮਾਇਆ ਮਮਤਾ ਕਾਰਨ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਸਤਾ ਇਕ ਸਮਝਾਈਆ । ਸਤਿ ਕਹੇ

ਪ੍ਰਭ ਨਿਰਗੁਣ ਧਾਰ ਵੇਖ ਪਰਤੱਖ, ਪਾਰਬ੍ਰਹਮ ਦਇਆ ਕਮਾਈਆ । ਕਲਜੁਗ ਮਿਲੇ ਕੋਈ ਨਾ ਸਚ, ਸਤਿ ਨਜ਼ਰ ਕੋਇ ਨਾ ਆਈਆ । ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਹੋਏ ਭੱਠ, ਖੇੜਾ ਸੱਥਰ ਯਾਰ ਨਾ ਕੋਇ ਹੰਢਾਈਆ । ਭਾਗ ਲੱਗੇ ਨਾ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਮਿਲੇ ਨਾ ਕੋਇ ਵਡਿਆਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਰਹੇ ਰਟ, ਹਿਰਦੇ ਹਰਿ ਨਾ ਕੋਇ ਵਸਾਈਆ । ਪੁਰਖ ਅਕਾਲ ਦੀਨ ਦਿਆਲ ਕਲਜੁਗ ਕੂੜ ਕੁੜਿਆਰ ਸ਼ੌਹ ਦਰਿਆਏ ਘੱਤ, ਸਤਿਜੁਗ ਸਾਚਾ ਰਾਹ ਵਖਾਈਆ । ਨਾੜ ਨਾੜ ਉਬਲੇ ਕਿਸੇ ਨਾ ਰੱਤ, ਰਤਨ ਅਮੋਲਕ ਗੁਰਮੁਖ ਲੈ ਬਣਾਈਆ । ਘਰ ਦਰਸ ਦੇ ਸਵਾਮੀ ਕਮਲਾਪਤ, ਪਤਿਪਰਮੇਸ਼ਵਰ ਆਪਣਾ ਪੜਦਾ ਲਾਹੀਆ । ਤੂੰ ਸਰਬ ਕਲਾ ਸਮਰਥ, ਆਦਿ ਜੁਗਾਦਿ ਜੁਗ ਚੌਕੜੀ ਦੇਵਣਹਾਰ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰਾ ਵਖਾ ਇਕੋ ਹੱਟ, ਹਟਵਾਣਾ ਹੋ ਕੇ ਨਾਮ ਨਿਧਾਨਾ ਸ੍ਰੀ ਭਗਵਾਨਾ ਆਪ ਵਰਤਾਈਆ ।

## ✪ ੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਉਤਮ ਸਿੰਘ ਦੇ ਗ੍ਰਿਹ ਪਿੰਡ ਵੇਰੋਵਾਲ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪ੍ਰਭ ਗੁਰੂਆਂ ਅਵਤਾਰਾਂ ਵੇਖ ਭਵਿਖਤ, ਚਾਰ ਜੁਗ ਦੀ ਬਾਣੀ ਖਾਣੀ ਸ਼ਬਦ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਭ ਨੇ ਦੱਸਿਆ ਸਾਂਝਾ ਇਸ਼ਟ, ਦੂਜਾ ਅਵਰ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਨਾਤਾ ਜੋੜ ਸਰਬ ਸ੍ਰਿਸ਼ਟ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵਰਨ ਗੋਤ ਵੰਡ ਨਾ ਕੋਇ ਵੰਡਾਈਆ । ਸਚਖੰਡ ਦਵਾਰਾ ਸਚ ਜਣਾ ਝਗੜਾ ਮੁਕੇ ਸਵਰਗ ਬਹਿਸ਼ਤ, ਮੰਜ਼ਲ ਹੱਕ ਹੱਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਪਰਗਟਾਈਆ । ਸਤਿ ਕਹੇ ਗੁਰ ਅਵਤਾਰ ਪੈਗ਼ੰਬਰ ਪੁਰਖ ਅਕਾਲ ਕਰਦੇ ਗਏ ਅਰਜ਼ੋਈ, ਸ਼ਬਦ ਅਨਾਦੀ ਬ੍ਰਹਮ ਬ੍ਰਿਹਮਾਦੀ ਤਾਲ ਵਜਾਈਆ । ਬਿਨ ਪੁਰਖ ਅਕਾਲ ਪਰਵਰਦਿਗਾਰ ਸਾਂਝੇ ਯਾਰ ਕਲਜੁਗ ਅੰਤ ਰਹੇ ਨਾ ਕੋਈ, ਕਾਇਆ ਕੱਪੜ ਕੂੜ ਜਗਤ ਹੰਢਾਏ ਲੋਕਾਈਆ । ਬਿਨ ਭਗਤਾਂ ਸਤਿਗੁਰ ਸ਼ਬਦ ਸੁਰਤ ਉਠਾਏ ਨਾ ਕੋਇ ਸੋਈ, ਨਾਦ ਤੂਰਤ ਤੁਰੀਆ ਪਦ ਨਾ ਕੋਇ ਵਜਾਈਆ । ਅੰਮ੍ਰਿਤ ਮੇਘ ਨਿਝਰ ਰਸ ਸਾਚੀ ਧਾਰ ਸਕੇ ਨਾ ਕੋਇ ਚੋਈ, ਬੂੰਦ ਸਵਾਂਤੀ ਠਾਂਡੀ ਠਾਰ ਜਾਮ ਹੱਕ ਨਾ ਕੋਇ ਪਿਆਈਆ । ਚਾਰ ਵਰਨਾਂ ਅਠਾਰਾਂ ਬਰਨਾਂ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਤਾਲ ਪੀਰ ਫ਼ਕੀਰ ਮੁੱਲਾ ਸ਼ੇਖ਼ ਮੁਸਾਇਕ ਤੇਰੇ ਨਾਮ ਦੀ ਕਰਨ ਦਰੋਹੀ, ਤੂੰ ਹੀ ਤੂੰ ਹੀ ਰਾਗ ਅਲਾਈਆ । ਗਹਿਰ ਗੰਭੀਰ ਗੁਣੀ ਗਹਿੰਦ ਸਾਹਿਬ ਬਖ਼ਸ਼ਿੰਦ ਤੇਰੇ ਅਗੇ ਕਰ ਕੇ ਗਏ ਅਰਜ਼ੋਈ, ਅਰਜ਼ ਆਰਜ਼ੂ ਖ਼ਾਹਿਸ਼ ਵਾਹਦ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਸਤਿ ਸਤਿ ਸਤਿਜੁਗ ਸਾਚਾ ਸਤਿ ਸਤਿਵਾਦੀ ਏਕਾ ਮੰਗ ਮੰਗਾਈਆ । ਸਤਿ ਕਹੇ ਪ੍ਰਭ ਲੇਖਾ ਵੇਖ ਸ਼ਾਸਤਰ ਸਿਮਰਤ ਵੇਦ ਪੁਰਾਨ, ਅੱਖਰ ਅੱਖਰ ਫੋਲ ਫੁਲਾਈਆ । ਜਿਨ੍ਹਾਂ ਵਿਚ ਸਿਫ਼ਤੀ ਤੇਰਾ ਗਿਆਨ, ਜੁਗ ਚੌਕੜੀ ਵੰਡਦੇ ਗਏ ਲੋਕਾਈਆ । ਬਿਨ ਹਰਿ ਕਿਰਪਾ ਸਤਿਗੁਰ ਸ਼ਬਦ ਮਿਲੇ ਨਾ ਆਣ, ਆਨਨ ਫਾਨਨ ਲਹਿਣਾ ਦੇਣਾ ਨਾ ਕੋਇ ਚੁਕਾਈਆ । ਸ੍ਰਿਸ਼ਟ ਸਬਾਈ ਜਗਤ ਧੁਨ ਸੁਣਦੀ ਕਾਨ, ਆਤਮ ਧੁਨ ਰਾਗ ਨਾ ਕੋਇ ਪਰਗਟਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਨਾਦ ਧੁਨ ਕਰ ਸ਼ਨਵਾਈਆ । ਸਤਿ ਕਹੇ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਬੇਨੰਤੀ, ਬਹੁੜੀ ਬਹੁੜੀ ਕਰ ਸੁਣਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਗੜ੍ਹ ਤੋੜੇ ਨਾ ਕੋਇ ਹਉਮੇ ਹੰਗਤੀ, ਹੰ ਬ੍ਰਹਮ ਲੇਖਾ ਨਾ ਕੋਇ ਦ੍ਰਿੜਾਈਆ । ਦੀਨ ਦੁਨੀ ਦਰਵੇਸ਼ ਦਰ ਠਾਂਡੇ ਹੋਈ ਮੰਗਤੀ, ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਸਾਰੇ ਸੀਸ ਨਿਵਾਈਆ । ਸਾਹਿਬ ਸੁਲਤਾਨ ਮਿਹਰਵਾਨ ਤੇਰੇ ਆਦਿ ਅੰਤ ਦੀ ਜਾਣੀ ਕਿਸੇ ਨਾ ਪੰਗਤੀ, ਹੁਕਮੇਂ ਅੰਦਰ ਹੁਕਮ ਮੰਨ ਕੇ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਜਗ ਜੀਵਣ ਦਾਤੇ ਲੋਕਮਾਤ ਵੇਖ ਵਖਾਈਆ । ਸਤਿ ਕਹੇ ਗੁਰ ਅਵਤਾਰ ਪੈਗ਼ੰਬਰ ਸੁਣਦੇ ਗਏ ਸੰਦੇਸ਼ਾ, ਲੋਕਮਾਤ ਇਕ ਜਣਾਈਆ । ਕਲਜੁਗ ਅੰਤਮ ਪਰਗਟ ਹੋਵੇ ਨਰ ਨਰੇਸ਼ਾ, ਨਰ ਨਰਾਇਣ ਆਪਣੇ ਹੱਥ ਰਖੇ ਵਡਿਆਈਆ । ਸ਼ਬਦੀ ਧਾਰ ਉਠਾ ਕੇ ਗੋਬਿੰਦ ਦਸ ਦਸਮੇਸ਼ਾ, ਦਹਿ ਦਿਸ਼ਾ ਆਪਣਾ ਹੁਕਮ ਮਨਾਈਆ । ਜਿਸ ਦਾ ਨਿਤ ਨਵਿਤ ਜੋਤੀ ਸ਼ਬਦੀ ਧਾਰ ਅਵੱਲੜਾ ਵੇਸਾ, ਰੂਪ ਰੰਗ ਸਮਝ ਕੋਇ ਨਾ ਪਾਈਆ । ਭਗਤ ਉਧਾਰਨਾ ਜਿਸ ਦਾ ਪੇਸ਼ਾ, ਪੇਸ਼ਵਾ ਹੋ ਕੇ ਪੇਸ਼ਤਰ ਸ਼ਬਦੀ ਹੁਕਮ ਕਰੇ ਸ਼ਨਵਾਈਆ । ਜੋ ਲੇਖਾ ਜਾਣੇ ਦੋ ਜਹਾਨ ਪੁਰੀ ਲੋਅ ਬ੍ਰਹਿਮੰਡ ਖੰਡ ਆਕਾਸ਼ ਪਾਤਾਲ ਦੇਸ ਪਰਦੇਸਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਤਤ ਵਜੂਦ ਕਾਇਆ ਮਾਟੀ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਖੇਲ ਖੇਲਾ, ਰਜੋ ਤਮੋ ਸਤੋ ਸਤਿ ਆਪਣਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਕਹੇ ਕਲਜੁਗ ਪੂਰਾ ਕਰ ਲੇਖਾ, ਕੂੜੀ ਕਿਰਿਆ ਲੋਕਮਾਤ ਰਹਿਣ ਨਾ ਪਾਈਆ । ਸਤਿ ਕਹੇ ਗੁਰ ਅਵਤਾਰ ਪੀਰ ਪੈਗ਼ੰਬਰ ਮਾਰਦੇ ਗਏ ਨਾਅਰਾ, ਹੱਕ ਹੱਕ ਜਣਾਈਆ । ਤੇਰਾ ਖੇਲ ਅਗੰਮ ਅਪਾਰਾ, ਅਲਖ ਅਗੋਚਰ ਤੇਰੇ ਹੱਥ ਵਡਿਆਈਆ । ਤੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਵਸੇਂ ਬਾਹਰਾ, ਅੱਖਰਾਂ ਵਿਚ ਪੱਥਰਾਂ ਵਿਚ ਸਥਰਾਂ ਵਿਚ ਡੇਰਾ ਕਦੇ ਨਾ ਲਾਈਆ । ਜਨ ਭਗਤਾਂ ਹਿਤ ਆਦਿ ਜੁਗਾਦਿ ਜੁਗ ਚੌਕੜੀ ਖੇਲ ਅਵਤਾਰਾ, ਨਿਰਗੁਣ ਹੋ ਕੇ ਸਰਗੁਣ ਦੇਵੇਂ ਮਾਣ ਵਡਿਆਈਆ । ਕ਼ਲਮ ਸ਼ਾਹੀ ਕਾਗਦ ਤੇਰਾ ਲਿਖ ਨਾ ਸਕੇ ਅੰਤ ਪਾਰਾਵਾਰਾ, ਗੁਰ ਅਵਤਾਰ ਪੈਗ਼ੰਬਰ ਬੇਅੰਤ ਕਹਿ ਕੇ ਤੈਥੋਂ ਪੱਲੂ ਗਏ ਛੁਡਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਸ੍ਰਿਸ਼ਟ ਸਬਾਈ ਏਕੰਕਾਰਾ, ਅਕਲ ਕਲਧਾਰੀ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖ ਰੈਣ ਅੰਧਿਆਰਾ, ਸਤਿਜੁਗ ਸਾਚਾ ਚੰਦ ਕਰ ਰੁਸ਼ਨਾਈਆ । ਸਤਿ ਧਰਮ ਕਹੇ ਮੇਰਾ ਅੰਤ ਅਖ਼ੀਰੀ ਹੌਕਾ ਹਾ, ਹਾ ਕਰ ਕੇ ਦਿਆਂ ਜਣਾਈਆ । ਪਾਰ ਲੰਘੇ ਕਿਸੇ ਨਾ ਨੌਕਾ ਜਗਤ ਮਲਾਹ, ਵੰਝ ਮੁਹਾਣੇ ਬੈਠੇ ਰੁੜ੍ਹਾਈਆ । ਸਾਚਾ ਦਿਸੇ ਨਾ ਕੋਈ ਮਲਾਹ, ਰਹਿਬਰ ਹੋ ਕੇ ਪੱਲੂ ਨਾ ਕੋਇ ਫੜਾਈਆ । ਚਾਰ ਜੁਗ ਤੇਰੀਆਂ ਪਾਉਂਦੇ ਗਏ ਵੰਡਾ ਰਾਮ ਵਾਹਿਗੁਰੂ ਅੱਲਾ ਕਹਿ ਕਹਿ ਖ਼ੁਦਾ, ਖ਼ੁਦੀ ਅੰਦਰੋਂ ਬਾਹਰ ਨਾ ਕੋਇ ਕਢਾਈਆ । ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਝਗੜਾ ਦਿਤਾ ਪਾ, ਆਤਮ ਬ੍ਰਹਮ ਪਾਰਬ੍ਰਹਮ ਭੇਵ ਨਾ ਕੋਇ ਖੁਲ੍ਹਾਈਆ । ਤੂੰ ਸਰਬ ਵਿਆਪੀ ਵਡ ਪਰਤਾਪੀ, ਸ਼ਾਹੋ ਭੂਪ ਵਡ ਇਖ਼ਲਾਕੀ ਅਦਲ ਅਦਾਲਤ ਇਕੋ ਦੇ ਲਗਾਈਆ । ਰੂਹ ਬੁਤ ਪਰਵਰਦਿਗਾਰ ਲਾਸ਼ਰੀਕ ਸਾਂਝੇ ਯਾਰ ਕਰ ਪਾਕ

੮੯੮
੧੯

ਪਾਕੀ, ਪਵਿਤ ਪੁਨੀਤ ਆਪਣਾ ਰੰਗ ਰੰਗਾਈਆ । ਤੂੰ ਬੇਨਜ਼ੀਰ ਗਹਿਰ ਗੰਭੀਰ ਧੁਰ ਦਰਬਾਰ ਧੁਰ ਦਾ ਸਾਕੀ, ਸਾਖਿਆਤ ਹੋ ਕੇ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਮਾਰ ਝਾਤੀ, ਚਾਰ ਵਰਨ ਅਠਾਰਾਂ ਬਰਨ ਸਾਚਾ ਧਰਮ ਨਾ ਕੋਇ ਸਮਝਾਈਆ । ਸਤਿ ਧਰਮ ਕਹੇ ਗੁਰ ਅਵਤਾਰਾਂ ਪੈਗ਼ੰਬਰਾਂ ਜਿਸ ਨੂੰ ਮੰਨਿਆ ਧਰਮ, ਧਰਤੀ ਉਤੇ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਉਤੇ ਪਿਆ ਭਰਮ, ਭਾਂਡਾ ਭਰਮ ਨਾ ਕੋਇ ਭੰਨਾਈਆ । ਅਬਿਨਾਸ਼ੀ ਕਰਤੇ ਪਤਿਪਰਮੇਸ਼ਵਰ ਸ੍ਰੀ ਭਗਵਾਨ ਆਦਿ ਨਿਰੰਜਣ ਜੋਤ ਸਰੂਪ ਤੇਰੀ ਲਏ ਕੋਈ ਨਾ ਸਰਨ, ਤੱਤਾਂ ਵਾਲਾ ਇਸ਼ਟ ਦ੍ਰਿਸ਼ਟ ਮੰਨ ਕੇ ਖ਼ੁਸ਼ੀ ਮਨਾਈਆ । ਊੜਾ ਐੜਾ ਈੜੀ ਸੱਸਾ ਹਾਹਾ ਅਲਿਫ਼ ਯੇ ਵਾਲਾ ਢੋਲਾ ਪੜ੍ਹਨ, ਨਿਰਅੱਖਰ ਧਾਰ ਮਿਲ ਕੇ ਬਿਨ ਅੱਖਰਾਂ ਤੇਰਾ ਸ਼ਬਦ ਸੁਣੇ ਨਾ ਕੋਇ ਸ਼ਨਵਾਈਆ । ਆਵਣ ਜਾਵਣ ਲੱਖ ਚੁਰਾਸੀ ਝਗੜਾ ਪਿਆ ਜੀਵਣ ਮਰਨ, ਮਰਜੀਵਤ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਰਾਹ ਬਣ ਮਲਾਹ ਧੁਰ ਦਰਗਾਹ ਦੇਣਾ ਵਖਾਈਆ । ਸਤਿ ਕਹੇ ਗੁਰ ਅਵਤਾਰ ਪੈਗ਼ੰਬਰ ਕਰ ਕੇ ਗਏ ਇਛਿਆ, ਆਸਾ ਤੇਰੇ ਨਾਲ ਰਖਾਈਆ । ਕਲਜੁਗ ਅੰਤ ਹੱਕ ਮਹਿਬੂਬ ਪੂਰਾ ਕਰੇ ਲਿਖਤੀ ਲਿਖਿਆ, ਲਿਖਤ ਭਵਿਖਤ ਆਪਣੀ ਕਾਰ ਕਮਾਈਆ । ਵਸਤ ਅਮੋਲਕ ਪਾਵੇ ਧੁਰਦਰਗਾਹੀ ਭਿਛਿਆ, ਦਰਦੀਆਂ ਆਪਣਾ ਦਰਦ ਵੰਡਾਈਆ । ਮਾਣ ਵਡਿਆਈ ਦੇਵੇ ਵੱਡਿਆਂ ਨਿੱਕਿਆਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਦਵਾਰਾ ਇਕੋ ਇਕ ਦੇਣਾ ਖੁਲ੍ਹਾਈਆ । ਸਤਿ ਕਹੇ ਪ੍ਰਭ ਸਚ ਦਵਾਰਾ ਇਕੋ ਖੋਲ੍ਹ, ਖ਼ਾਲਕ ਖ਼ਲਕ ਦੇ ਸਮਝਾਈਆ । ਤੇਰੇ ਨਾਮ ਦਾ ਵੱਜੇ ਇਕੋ ਢੋਲ, ਦੂਜਾ ਮਰਦੰਗ ਹੱਥ ਨਾ ਕੋਇ ਉਠਾਈਆ । ਜੋਤੀ ਧਾਰ ਸ਼ਬਦ ਸਰੂਪੀ ਸਭ ਅੰਤਰ ਮੌਲ, ਮੌਲਾ ਹੋ ਕੇ ਨਜ਼ਰੀ ਆਈਆ । ਆਤਮ ਪਰਮਾਤਮ ਪਰਮਾਤਮ ਆਤਮ ਸਦਾ ਸੁਹੇਲਾ ਹੋ ਕੇ ਵਸ ਕੋਲ, ਆਤਮ ਸੇਜਾ ਸੋਭਾ ਪਾਈਆ । ਸਤਿ ਸਤਿਵਾਦੀ ਹੋ ਕੇ ਧਰਮ ਕੰਢੇ ਤੋਲ ਆਪਣਾ ਤੋਲ, ਸਚ ਤਰਾਜ਼ੂ ਹੱਥ ਉਠਾਈਆ । ਸ੍ਰਿਸ਼ਟ ਸਬਾਈ ਕਲਜੁਗ ਅੰਤਮ ਸਰਬ ਰਹੀ ਡੋਲ, ਧੀਰਜ ਧੀਰ ਨਜ਼ਰ ਕੋਇ ਨਾ ਆਈਆ । ਬਿਨ ਤੇਰੀ ਕਿਰਪਾ ਚੁੱਕੇ ਨਾ ਪੜਦਾ ਓਹਲ, ਸਤਿ ਸਰੂਪੀ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਜੈਕਾਰਾ ਚਾਰ ਵਰਨ ਅਠਾਰਾਂ ਬਰਨ ਇਕੋ ਬੋਲ, ਅਨਬੋਲਤ ਆਪਣਾ ਰਾਗ ਸੁਣਾਈਆ ।

## ✪ ੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੂਟਾ ਸਿੰਘ ਦੇ ਗ੍ਰਿਹ ਪਿੰਡ ਏਕਲਗਡਾ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪ੍ਰਭ ਕਲਜੁਗ ਮਿਟਾ ਚਿੰਤਾ ਸੋਗ, ਕੂੜੀ ਹਿਰਸ ਰਹੇ ਨਾ ਰਾਈਆ । ਸਾਚਾ ਨਾਮ ਦੱਸ ਅਗੰਮੀ ਜੋਗ, ਜਿਸ ਦੀ ਖੋਜ ਬਿਨਾ ਤੇਰੇ ਹੱਥ ਕਿਸੇ ਨਾ ਆਈਆ । ਮਾਇਆ ਮਮਤਾ ਹਉਮੇ ਹੰਗਤਾ ਰਹੇ ਨਾ ਰੋਗ, ਸਚ ਸੁਚ ਮਿਲ ਕੇ ਵੱਜੇ ਵਧਾਈਆ । ਨਾਮ ਭੰਡਾਰਾ ਅੰਮ੍ਰਿਤ ਰਸ ਦੇ ਧੁਰ ਦੀ ਚੋਗ, ਚੁਗਲੀ ਨਿੰਦਿਆ ਝਗੜਾ ਦੇ ਮੁਕਾਈਆ । ਹੋਵੇ ਪਰਕਾਸ਼ ਕਾਇਆ ਮਾਟੀ ਸਾਚੇ ਕੋਟ, ਕਾਅਬਾ ਦੋ ਦੋਆਬਾ ਨੂਰ ਜਹੂਰ

ਰੁਸ਼ਨਾਈਆ । ਮਨ ਵਾਸਨਾ ਦੁਰਮਤ ਰਹੇ ਕੋਈ ਨਾ ਖੋਟ, ਬੁਧ ਬਿਬੇਕ ਤੇਰੀ ਟੇਕ ਇਕ ਸਰਨਾਈਆ । ਸਚ ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜਾਤੇ ਡਗਮਗਾਈਆ । ਬਿਨ ਨੇਤਰ ਲੋਚਨ ਨੈਣ ਅੱਖਾਂ ਤੇਰਾ ਦਰਸ਼ਨ ਹੋਵੇ ਅਮੋਘ, ਘਰ ਸਵਾਮੀ ਠਾਕਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦੇਣਾ ਉਠਾਈਆ । ਸਤਿ ਕਹੇ ਮੇਰੇ ਪੁਰਖ ਅਕਾਲ ਸੱਜਣ, ਮੀਤ ਪਿਆਰੇ ਤੇਰੀ ਬੇਪਰਵਾਹੀਆ । ਚਰਨ ਧੂੜੀ ਕਰਾ ਧੁਰ ਦਾ ਮਜਨ, ਅੱਠ ਸੱਠ ਤੀਰਥ ਲੋੜ ਰਹੇ ਨਾ ਰਾਈਆ । ਨਾਮ ਨਿਧਾਨ ਨਗਾਰੇ ਤੇਰੇ ਵੱਜਣ, ਸਾਚਾ ਸ਼ਬਦ ਕਰ ਸ਼ਨਵਾਈਆ । ਤ੍ਰੈਗੁਣ ਅਗਨੀ ਤਤ ਰਹੇ ਨਾ ਅਗਨ, ਅੰਮ੍ਰਿਤ ਮੇਘ ਇਕ ਬਰਸਾਈਆ । ਸੁਰਤੀ ਸ਼ਬਦ ਲੱਗੇ ਸਾਚੀ ਲਗਨ, ਆਤਮ ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿ ਧਰਮ ਕਹੇ ਪ੍ਰਭ ਮੇਟ ਦੇ ਕਲਜੁਗ ਕੂੜਾ ਦੁੱਖ, ਦਰਦੀ ਹੋ ਕੇ ਦਰਦੀਆਂ ਵੰਡ ਵੰਡਾਈਆ । ਮਮਤਾ ਮੋਹ ਵਿਕਾਰ ਮੇਟਦੇ ਭੁੱਖ, ਸਾਂਤਕ ਸਤਿ ਸਤਿ ਕਰਾਈਆ । ਜਨ ਭਗਤ ਸੁਹੇਲੇ ਬਣਾ ਆਪਣੇ ਸੁਤ, ਸੁੱਤਿਆਂ ਲੋਕਮਾਤ ਉਠਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਪਾਰਬ੍ਰਹਮ ਤੇਰੀ ਓਟ ਤਕਾਈਆ । ਤੇਰਾ ਭਾਣਾ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਜਾਵੇ ਰੁਕ, ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਸ਼ਬਦ ਨਿਸ਼ਾਨਾ ਦੋ ਜਹਾਨਾਂ ਸ੍ਰੀ ਭਗਵਾਨਾ ਕਦੇ ਜਾਏ ਨਾ ਰੁਕ, ਤੀਰ ਅਣਿਆਲਾ ਆਪਣਾ ਇਕ ਚਲਾਈਆ । ਗੁਰਮੁਖਾਂ ਉਜਲ ਕਰ ਮੁਖ, ਜੋ ਦਿਵਸ ਰੈਣ ਤੇਰਾ ਨਾਮ ਧਿਆਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਜਾਮ ਦੇ ਘੁਟ, ਜਨਮ ਜਨਮ ਦਾ ਕਰਮ ਕਰਮ ਦਾ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਨਿਜ ਘਰ ਦੇ ਸਾਚਾ ਸੁਖ, ਨਿਜਾਨੰਦ ਪਰਮਾਨੰਦ ਵਿਚ ਸਮਾਈਆ । ਸਤਿ ਧਰਮ ਕਹੇ ਪ੍ਰਭ ਦੀਨਾਂ ਨਾਥ, ਦੀਨਨ ਹੋ ਕੇ ਦਿਆਂ ਦੁਹਾਈਆ । ਤੇਰੇ ਨਾਮ ਦੀ ਗਾਵੇ ਕੋਈ ਨਾ ਗਾਥ, ਗੁਰ ਅਵਤਾਰਾਂ ਪੈਗ਼ੰਬਰਾਂ ਦੇ ਢੋਲੇ ਸਰਬ ਸੁਣਾਈਆ । ਚਰਨ ਪ੍ਰੀਤੀ ਸੋਹੇ ਨਾ ਕੋਇ ਮਸਤਕ ਮਾਥ, ਟਿੱਕਾ ਨਾਮ ਭਬੂਤੀ ਹੱਕ ਖ਼ਾਕ ਨਾ ਕੋਇ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਸਤਿ ਧਰਮ ਕਹੇ ਪ੍ਰਭ ਕਲਜੁਗ ਕੂੜ ਵੱਜਦਾ ਡੰਕਾ, ਸਚ ਨਜ਼ਰ ਕੋਇ ਨਾ ਆਈਆ । ਝਗੜਾ ਪਿਆ ਰਾਓ ਰੰਕਾ, ਜਗਤ ਸ਼ਾਹ ਨਾ ਕੋਇ ਸਹਾਈਆ । ਪਵਿਤ੍ਰ ਦਿਸੇ ਕੋਈ ਨਾ ਬੰਕਾ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਰਹੇ ਕੁਰਲਾਈਆ । ਮਨੂਆ ਮਨ ਮਿਟੇ ਕੋਈ ਨਾ ਸ਼ੰਕਾ, ਸੰਸਾ ਰੋਗ ਨਾ ਕੋਇ ਚੁਕਾਈਆ । ਨਾਮ ਭੰਡਾਰਾ ਦੇਵੇ ਕੋਈ ਨਾ ਕਿਨਕਾ, ਕਨਕ ਕਾਮਨੀ ਸਭ ਨੂੰ ਰਹੀ ਸਤਾਈਆ । ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਲਹਿਣਾ ਦੇਣਾ ਦੇ ਜਨ ਜਨ ਕਾ, ਜਨ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਵਕਤ ਦੇ ਬਦਲਾਈਆ । ਸਤਿ ਧਰਮ ਕਹੇ ਪ੍ਰਭ ਮੇਰਾ ਬਿਨ ਅੱਖਾਂ ਵਗੇ ਨੀਰ, ਰੋ ਰੋ ਦਿਆਂ ਦੁਹਾਈਆ । ਸਾਚੀ ਮੰਜ਼ਲ ਚੋਟੀ ਚੜ੍ਹੇ ਨਾ ਕੋਇ ਅਖ਼ੀਰ, ਕਾਇਆ ਕਾਅਬਾ ਤੇਰਾ ਦਰਸ ਕੋਇ ਨਾ ਪਾਈਆ । ਦੀਨ ਮਜ਼੍ਹਬ ਦੀ ਸ਼ਰਅ ਟੁੱਟੇ ਨਾ ਕੋਇ ਜ਼ੰਜੀਰ, ਸ਼ਰੀਅਤ ਵਿਚੋਂ ਅਸਲੀਅਤ ਨਾ ਕੋਇ ਬਦਲਾਈਆ । ਜਗਤ ਵਾਸਨਾ ਬਦਲੇ ਨਾ ਕੋਇ ਤਕਦੀਰ, ਨਾਮ ਤਦਬੀਰ ਨਾ ਕੋਇ ਦ੍ਰਿੜਾਈਆ । ਮਾਇਆ ਮਮਤਾ ਵਿਚ ਫਸੇ ਸੰਤ ਫ਼ਕੀਰ, ਸੂਫ਼ੀ ਰੂਪ ਨਾ ਕੋਇ ਦਰਸਾਈਆ । ਤੇਰਾ ਨੂਰ ਨਜ਼ਰ ਨਾ ਆਵੇ ਬੇਨਜ਼ੀਰ,

ਹੁਜਰਾ ਹੱਕ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਲੇਖਾ ਦੇਣਾ ਮੁਕਾਈਆ । ਸਤਿ ਧਰਮ ਕਹੇ ਪ੍ਰਭ ਮੇਰਾ ਨੀਰ ਵਹਾਏ ਨੈਣ, ਨੈਣ ਮੁਧਾਰੀ ਦਿਆਂ ਜਣਾਈਆ । ਮੈਂ ਕਲਜੁਗ ਅੰਤਮ ਆਇਆ ਕਹਿਣ, ਹੁਕਮੈਂ ਅੰਦਰ ਸੀਸ ਨਿਵਾਈਆ । ਕਲਜੁਗ ਮਾਇਆ ਮਮਤਾ ਹੋਈ ਡੈਣ, ਸ਼ਾਹ ਸੁਲਤਾਨਾਂ ਰਹੀ ਖਾਈਆ । ਨਾਤਾ ਤੁੱਟਾ ਭਾਈ ਭੈਣ, ਧਰਮ ਪ੍ਰੇਮ ਨਾ ਕੋਇ ਹੰਢਾਈਆ । ਕਲਜੁਗ ਵੇਖ ਅੰਧੇਰੀ ਰੈਣ, ਰੋ ਰੋ ਮਾਰਾਂ ਧਾਈਆ । ਪੁਰਖ ਅਕਾਲ ਦੀਨ ਦਿਆਲ ਘਰ ਠਾਕਰ ਸਵਾਮੀ ਮਿਲੇ ਨਾ ਸੱਜਣ ਸੈਣ, ਆਤਮ ਪਰਮਾਤਮ ਮਿਲ ਕੇ ਵੱਜੇ ਨਾ ਕੋਇ ਵਧਾਈਆ । ਕਿਸੇ ਕੰਮ ਨਾ ਆਈ ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹੀ ਰਮਾਇਣ, ਧੁਰ ਦਾ ਰਾਮ ਸਚ ਪੈਗ਼ਾਮ ਨਾ ਕੋਇ ਸੁਣਾਈਆ । ਏਥੇ ਓਥੇ ਦੋ ਜਹਾਨਾਂ ਸਾਚਾ ਬਣਿਆ ਕੋਇ ਨਾ ਸਾਕ ਸੱਜਣ ਸੈਣ, ਸਗਲਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਮੇਰਾ ਦੇ ਦੇ ਦੇਣ, ਸਤਿਜੁਗ ਸੱਚਾ ਝੋਲੀ ਡਾਹੀਆ । ਸਤਿ ਕਹੇ ਮੇਰੇ ਸਤਿਗੁਰ ਸ਼ਬਦ ਮਲਾਹ, ਬੇੜਾ ਤੇਰੇ ਕੰਧ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਮੇਰੇ ਗਵਾਹ, ਸ਼ਹਾਦਤ ਸਾਰੇ ਦਿਆਂ ਭੁਗਤਾਈਆ । ਜੋ ਭਵਿਖਤਾਂ ਵਿਚ ਲੇਖਾ ਗਏ ਲਿਖਾ, ਨਾਤਾ ਜੋੜ ਕੇ ਕਾਗਦ ਕ਼ਲਮ ਸ਼ਾਹੀਆ । ਸ਼ਬਦੀ ਡੰਕਾ ਗਏ ਵਜਾ, ਰਾਗਾਂ ਨਾਦਾਂ ਵਿਚ ਕਰ ਸ਼ਨਵਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਜੋਤੀ ਜਾਮਾ ਲਏ ਪਾ, ਕਲ ਕਲਕੀ ਵੇਸ ਵਟਾਈਆ । ਪਰਵਰਦਿਗਾਰ ਬਣੇ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਲਵਾਗਰ ਨੂਰ ਖ਼ੁਦਾ, ਖ਼ੁਦੀ ਸਭ ਦੀ ਦਏ ਗਵਾਈਆ । ਕਲ ਕਾਤੀ ਕੂੜ ਕੁੜਿਆਰਾ ਦਏ ਮੁਕਾ, ਮੁਕੰਮਲ ਆਪਣਾ ਹੁਕਮ ਮਨਾਈਆ । ਸੋ

੯੦੦ ੧੯ ਵੇਲਾ ਵਕਤ ਗਿਆ ਆ, ਚਾਰੋਂ ਕੁੰਟ ਅੰਧੇਰਾ ਛਾਈਆ । ਗੁਰ ਅਵਤਾਰ ਪੈਗ਼ੰਬਰ ਹੁਕਮੇ ਅੰਦਰ ਪੱਲੂ ਗਏ ਛੁਡਾ, ਕੰਨੀ ਗੰਢ ਨਾ ਕੋਇ ਬੰਧਾਈਆ । ੯੦੦ ੧੯

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਬਿਨਾਸ਼ੀ ਘਟ ਨਿਵਾਸੀ ਜੋਤੀ ਜੋਤ ਕਰ ਰੁਸ਼ਨਾਈਆ । ਸਤਿ ਧਰਮ ਕਹੇ ਪ੍ਰਭ ਕਰ ਕਿਰਪਾ ਕਿਰਪਾ ਨਿਧਾਨ, ਨਿਮਾਣਾ ਹੋ ਕੇ ਸੀਸ ਝੁਕਾਈਆ । ਸ੍ਰਿਸ਼ਟ ਸਬਾਈ ਏਕਾ ਦੇ ਗਿਆਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਆਪ ਸਮਝਾਈਆ । ਝਗੜਾ ਰਹੇ ਨਾ ਵਿਚ ਇਨਸਾਨ, ਮਨ ਮਤ ਬੁਧ ਏਕਾ ਰੰਗ ਰੰਗਾਈਆ । ਤੇਰੀ ਪ੍ਰੀਤੀ ਸਾਚੀ ਰੀਤੀ ਧੁਰ ਦੀ ਨੀਤੀ ਕਰਨ ਸਰਬ ਪਰਵਾਨ, ਪਰਵਾਨਾ ਆਪਣਾ ਨਾਮ ਸੁਣਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਉਪਜੇ ਧਿਆਨ, ਸ੍ਰਿਸ਼ਟ ਦ੍ਰਿਸ਼ਟ ਇਕੋ ਰੰਗ ਰੰਗਾਈਆ । ਤੂੰ ਆਦਿ ਜੁਗਾਦੀ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਸਭ ਦਾ ਵਾਲੀ ਦੋ ਜਹਾਨ, ਜਹਾਲਤ ਸਚ ਅਦਾਲਤ ਲਾ ਕੇ ਦੇ ਕਢਾਈਆ । ਤੇਰੇ ਚਰਨ ਕਵਲ ਵਿਟੋਂ ਕ਼ੁਰਬਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜ ਕੁਟੰਬ ਦੇ ਖਪਾਈਆ । ਸਤਿਜੁਗ ਕਹੇ ਪ੍ਰਭ ਮੇਰੇ ਸਤਿ ਸਤਿਵੰਤ, ਸਾਹਿਬ ਸਵਾਮੀ ਵੇਖ ਵਖਾਈਆ । ਆਤਮ ਪਰਮਾਤਮ ਜਗਤ ਵਿਹੂਣੀ ਨਾਰ ਵਿਛੜਿਆਂ ਕੰਤ, ਸੇਜ ਸੁਹੰਜਣੀ ਸੋਭਾ ਕੋਇ ਨਾ ਪਾਈਆ । ਕਾਇਆ ਚੋਲੀ ਰੰਗ ਚੜ੍ਹੇ ਨਾ ਕੋਇ ਬਸੰਤ, ਦੁਰਮਤ ਮੈਲ ਨਾ ਕੋਇ ਧਵਾਈਆ । ਬੋਧ ਅਗਾਧਾ ਮਿਲੇ ਕੋਈ ਨਾ ਪੰਡਤ, ਜੋ ਨਿਰਅੱਖਰ ਦਏ ਸਮਝਾਈਆ । ਮੇਲ ਮਿਲਾਏ ਸਾਚੀ ਸੰਗਤ, ਜੋ ਹਰਿ ਹਿਰਦੇ ਵਿਚ ਵਸਾਈਆ । ਲਹਿਣਾ ਦੇਣਾ ਮੁੱਕੇ ਤਨ ਮਾਟੀ ਖ਼ਾਕ ਅੰਤ, ਲੱਖ ਚੁਰਾਸੀ ਗੇੜ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਬਣਾ ਬਣਤ, ਕਲਜੁਗ ਕੂੜੀ ਰੇਖਾ ਦੇ

ਮਿਟਾਈਆ । ਸਤਿ ਧਰਮ ਕਹੇ ਮੇਰੇ ਨਾਲ ਦੇ ਸਹਿਯੋਗ, ਸ੍ਰੀ ਭਗਵਾਨ ਤੇਰੀ ਸਰਨਾਈਆ । ਤੇਰਾ ਨਾਮ ਨਗਾਰਾ ਵੱਜੇ ਚੌਦਾਂ ਲੋਕ, ਪਰਲੋਕ ਹੋਵੇ ਸ਼ਨਵਾਈਆ । ਚਾਰ ਵਰਨ ਅਠਾਰਾਂ ਬਰਨ ਤੇਰਾ ਪੜ੍ਹਨ ਸਲੋਕ, ਢੋਲਾ ਇਕੋ ਇਕ ਗਾਈਆ । ਤੇਰਾ ਨੂਰ ਨਜ਼ਰੀ ਆਏ ਨਿਰਮਲ ਜੋਤ, ਵਰਨ ਬਰਨ ਨਾ ਕੋਇ ਲੜਾਈਆ । ਮਨ ਮਤ ਬੁਧ ਦੀ ਰਹੇ ਕੋਈ ਨਾ ਸੋਚ, ਸਚ ਸੰਜਮ ਅੰਦਰ ਦੇਣਾ ਪਰਗਟਾਈਆ । ਜਨ ਭਗਤ ਸੁਹੇਲੇ ਤੇਰਾ ਦਰਸ਼ਨ ਕਰ ਕੇ ਮਾਨਣ ਮੌਜ, ਮਜਲਸ ਤੇਰੇ ਨਾਲ ਰਖਾਈਆ । ਪੁਰਖ ਅਕਾਲ ਦੀਨ ਦਿਆਲ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਸਮੁੰਦ ਸਾਗਰ ਤੇਰੀ ਕਰਦੇ ਖੋਜ, ਖੋਜਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਕਿਰਿਆ ਹਉਮੇ ਕਟ ਦੇ ਰੋਗ ਸੋਗ, ਚਿੰਤਾ ਗ਼ਮ ਜਨ ਭਗਤਾਂ ਅੰਦਰੋਂ ਦੇ ਮਿਟਾਈਆ । ਸਤਿ ਕਹੇ ਪ੍ਰਭ ਹੁਕਮ ਦੇ ਫ਼ਰਮਾਨ, ਭੈ ਭਉ ਇਕ ਜਣਾਈਆ । ਕਲਜੁਗ ਕੂੜੀ ਕਿਰਿਆ ਮਿਟੇ ਨਿਸ਼ਾਨ, ਸਾਚੇ ਨਾਮ ਦੀ ਵੱਜੇ ਵਧਾਈਆ । ਚਾਰ ਵਰਨ ਕਰਨ ਪਰਵਾਨ, ਅਠਾਰਾਂ ਬਰਨ ਸੀਸ ਝੁਕਾਈਆ । ਸ਼ਬਦੀ ਹੋਵੇ ਗਿਆਨ, ਮਜ਼੍ਹਬੀ ਗੜ੍ਹ ਤੁੜਾਈਆ । ਸਾਚਾ ਦਿਸੇ ਸ੍ਰੀ ਭਗਵਾਨ, ਇਸ਼ਟ ਸਵਾਮੀ ਬੇਪਰਵਾਹੀਆ । ਜਨ ਭਗਤਾਂ ਦੇ ਮਾਣ, ਅਭਿਮਾਨ ਮੋਹ ਮਿਟਾਈਆ । ਅੰਮ੍ਰਿਤ ਰਸ ਮਿਲੇ ਪੀਣ ਖਾਣ, ਤ੍ਰਿਸ਼ਨਾ ਅਗਨ ਨਾ ਲਾਗੇ ਰਾਈਆ । ਆਵਣ ਜਾਵਣ ਚੁੱਕੇ ਕਾਣ, ਲੱਖ ਚੁਰਾਸੀ ਪੰਧ ਮੁਕਾਈਆ । ਸਾਚੇ ਮੰਦਰ ਮਿਲਣਾ ਆਣ, ਕਾਇਆ ਕਾਅਬੇ ਖ਼ੁਸ਼ੀ ਮਨਾਈਆ । ਤੂੰ ਦਾਤਾ ਦਾਨੀ ਗੁਣ ਨਿਧਾਨ, ਗਹਿਰ ਗੰਭੀਰ ਅਖਵਾਈਆ । ਬਿਨ ਤੇਰੀ ਕਿਰਪਾ ਹੋਵੇ ਨਾ ਕਿਸੇ ਕਲਿਆਣ, ਕਲਮੇ ਤੇ ਕਾਇਮ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਈਆ । ਸਤਿ ਧਰਮ ਕਹੇ ਪ੍ਰਭ ਬਦਲ ਦੇ ਆਪਣਾ ਪੱਖ, ਕਰਵਟ ਵਿਚ ਲੈ ਅੰਗੜਾਈਆ । ਸਤਿਜੁਗ ਮਾਰਗ ਦੱਸ, ਕਿਰਿਆ ਕੂੜ ਖਪਾਈਆ । ਹਿਰਦੇ ਅੰਦਰ ਵਸ, ਪ੍ਰੇਮ ਰੰਗ ਚੜ੍ਹਾਈਆ । ਨਿਜ ਨੈਣ ਖੋਲ੍ਹ ਅੱਖ, ਪਰਤੱਖ ਮਿਲ ਗੁਸਾਈਆ । ਤੂੰ ਆਦਿ ਜੁਗਾਦੀ ਸ੍ਰੀ ਭਗਵਾਨ ਸਚ, ਸਚ ਤੇਰੀ ਸਰਨਾਈਆ । ਦੇ ਵਡਿਆਈ ਮਾਟੀ ਕੱਚ, ਕੰਚਨ ਗੜ੍ਹ ਸੁਹਾਈਆ । ਲੋਕਮਾਤ ਉਪਜਾ ਧੀਰਜ ਸਤਿ, ਸੰਤੋਖ ਮਿਲੇ ਲੋਕਾਈਆ । ਜਨ ਭਗਤਾਂ ਜਾਣ ਮਿਤ ਗਤ, ਨਿਰਗੁਣ ਹੋ ਕੇ ਖੋਜ ਖੁਜਾਈਆ । ਕਲਜੁਗ ਕਾਇਆ ਖੇੜਾ ਕਰ ਭੱਠ, ਅਗਨੀ ਅੱਗ ਦੇਣੀ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਕਰ ਪਰਗਟ, ਪਰਗਟ ਹੋ ਕੇ ਆਪਣਾ ਹੁਕਮ ਵਰਤਾਈਆ । ਸਤਿ ਧਰਮ ਕਹੇ ਪ੍ਰਭ ਵੇਖ ਹਾਹਾਕਾਰ, ਜੀਵ ਜੰਤ ਰਿਹਾ ਕੁਰਲਾਈਆ । ਘਰ ਘਰ ਦਿਸੇ ਸਰਬ ਵਿਭਚਾਰ, ਕੁਕਰਮ ਦਏ ਦੁਹਾਈਆ । ਮਮਤਾ ਮੋਹ ਨਾ ਚੁੱਕੇ ਸੰਸਾਰ, ਸਤਿਗੁਰ ਸਰਨ ਨਾ ਕੋਇ ਰਖਾਈਆ । ਕੂੜ ਡੰਕਾ ਵੱਜੇ ਅਪਾਰ, ਆਪਾ ਦੀਨ ਤੇਰਾ ਦਰਸ ਕੋਇ ਨਾ ਪਾਈਆ । ਮਨ ਵਾਸਨਾ ਹੋਈ ਬਹਾਰ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਹਲਕਾਈਆ । ਤੁਧ ਬਿਨ ਕਰੇ ਨਾ ਕੋਈ ਸਚ ਪਿਆਰ, ਪ੍ਰੀਤਮ ਪ੍ਰੀਤੀ ਤੋੜ ਨਾ ਕੋਇ ਨਿਭਾਈਆ । ਤੇਰੇ ਭਗਤ ਹੋਏ ਦੁਖਿਆਰ, ਦੁੱਖੀਆਂ ਦਰਦ ਲੈਣਾ ਵੰਡਾਈਆ । ਨਿਰਗੁਣ ਹੋ ਕੇ ਪਾ ਸਾਰ, ਮਹਾਂਸਾਰਥੀ ਆਪਣੀ ਸੇਵ ਕਮਾਈਆ । ਭਗਤ ਵਛਲ ਜੁਗ ਚੌਕੜੀ ਤੈਨੂੰ ਕਹਿਣ ਪੁਕਾਰ, ਸਿਫ਼ਤਾਂ ਵਿਚ ਤੇਰੇ ਢੋਲੇ ਗਾਈਆ । ਕਲਜੁਗ ਵੇਖ ਅੰਤਮ ਵਾਰ, ਵਾਰਸ ਰਹਿਣ ਕੋਇ ਨਾ ਪਾਈਆ । ਜਗਤ ਦੁਨੀ ਹੋਏ ਖ਼ੁਆਰ, ਰਿਖੀ ਮੁਨੀ ਬੈਠੇ ਮੁਖ ਛੁਪਾਈਆ ।

ਤੇਰੀ ਮੰਜ਼ਲ ਚੜ੍ਹੇ ਨਾ ਕੋਇ ਦੁਸ਼ਵਾਰ, ਅੰਦਰੋਂ ਦੂਤੀ ਦੁਸ਼ਮਣ ਬਾਹਰ ਨਾ ਕੋਇ ਕਢਾਈਆ । ਕਿਰਪਾ ਕਰ ਆਪ ਨਿਰੰਕਾਰ, ਨਿਰਵੈਰ ਤੇਰੀ ਓਟ ਰਖਾਈਆ । ਸਤਿਜੁਗ ਸਾਚਾ ਮਾਰਗ ਲਾ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦੱਸ ਹੱਕ ਗੁਫ਼ਤਾਰ, ਗੁਫ਼ਤ ਸ਼ਨੀਦ ਕਰ ਪੜ੍ਹਾਈਆ ।

### ✪ ੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਸੰਤ ਸਿੰਘ ਦੇ ਗ੍ਰਹਿ ਪਿੰਡ ਬੰਡਾਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਸਤਿ ਧਰਮ ਦੀ ਪਾ ਗੰਢ, ਡੋਰੀ ਆਪਣਾ ਨਾਮ ਰਖਾਈਆ । ਜਨ ਭਗਤਾਂ ਨੰਗੀ ਹੋਵੇ ਕਦੇ ਨਾ ਕੰਡ, ਮਿਹਰਵਾਨ ਮਿਹਰ ਨਜ਼ਰ ਪਾਰ ਕਰਾਈਆ । ਆਤਮ ਹੋਵੇ ਕਿਸੇ ਨਾ ਰੰਡ, ਜਗਤ ਦੁਹਾਗਣ ਰੂਪ ਨਾ ਕੋਇ ਵਟਾਈਆ । ਖ਼ੁਸ਼ੀ ਕਰਨਾ ਬੰਦ ਬੰਦ, ਬੰਦਗੀ ਦੱਸ ਕੇ ਬੰਦੀਖ਼ਾਨਾ ਦੇਣਾ ਤੁੜਾਈਆ । ਸਾਚਾ ਨੂਰੀ ਚਾੜ੍ਹ ਕੇ ਚੰਦ, ਚੰਦ ਗੁਰਮੁਖ ਲੈਣੇ ਪਰਗਟਾਈਆ । ਸਚ ਪ੍ਰੇਮ ਦਾ ਦੇ ਕੇ ਆਨੰਦ, ਪੁਰ ਅਨੰਦ ਦਏ ਬਹਾਈਆ । ਸਚ ਦਵਾਰੇ ਮੰਗੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਕਿਰਪਾ ਕਰ ਸੂਰੇ ਸਰਬੰਗ, ਬੇਪਰਵਾਹ ਤੇਰੇ ਹੱਥ ਵਡਿਆਈਆ । ਪੜਦਾ ਰਹੇ ਨਾ ਬ੍ਰਹਮ ਹੰ, ਓਹਲਾ ਅੰਦਰੋਂ ਦੇਣਾ ਉਠਾਈਆ । ਝਗੜਾ ਮੁਕ ਜਾਏ ਮਾਟੀ ਚੰਮ, ਆਤਮ ਪਰਮਾਤਮ ਮੇਲਾ ਲੈਣਾ ਮਿਲਾਈਆ । ਸਹਿਣਾ ਪਏ ਨਾ ਦੰਡ ਜਮ, ਚੁਰਾਸੀ ਗੇੜ ਨਾ ਕੋਇ ਭਵਾਈਆ । ਇਕੋ ਕਹੀਏ ਧੰਨ ਧੰਨ, ਤੇਰਾ ਨਾਮ ਧਿਆਈਆ । ਮਨਸਾ ਕੂੜ ਰਹੇ ਨਾ ਮਨ, ਮਮਤਾ ਰਹੇ ਨਾ ਰਾਈਆ । ਕਲਜੁਗ ਅੰਤਮ ਬੇੜਾ ਬੰਨ੍ਹ, ਖੇਵਟ ਖੇਟਾ ਹੋ ਕੇ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਕਹੇ ਪ੍ਰਭ ਦੇ ਦੇ ਸਾਥ ਸਗਲਾ, ਸੰਗੀ ਹੋ ਕੇ ਖ਼ੁਸ਼ੀ ਵਖਾਈਆ । ਪ੍ਰੀਤਮ ਬਣ ਅਗੰਮੀ ਰੰਗਲਾ, ਰੰਗਤ ਆਪਣਾ ਨਾਮ ਰੰਗਾਈਆ । ਸਾਚੇ ਨਾਮ ਦੀ ਦੱਸ ਬੰਦਨਾ, ਬਾਂਦੀ ਗੁਰਮੁਖ ਲੈ ਬਣਾਈਆ । ਦੂਜਾ ਦਰ ਪਏ ਨਾ ਮੰਗਣਾ, ਭੰਡਾਰਾ ਇਕੋ ਦੇਣਾ ਵਰਤਾਈਆ । ਨਿਰਗੁਣ ਹੋ ਕੇ ਲਾ ਅੰਗਣਾ, ਅੰਗੀਕਾਰ ਇਕ ਅਖਵਾਈਆ । ਦਵੈਤੀ ਢਾਹ ਕੂੜੀ ਕੰਧਨਾ, ਦੁਰਮਤ ਮੈਲ ਹੋਵੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਆਪੇ ਲੰਘਣਾ, ਪਿਛਲਾ ਪੰਧ ਮੁਕਾਈਆ । ਸਤਿ ਕਹੇ ਪ੍ਰਭ ਸਾਚੀ ਦੇ ਦੇ ਬੁਧੀ, ਬੁੱਧ ਲੇਖਾ ਗਿਆ ਲਿਖਾਈਆ । ਜਿਸ ਵੇਲੇ ਕਲਜੁਗ ਔਧ ਹੋਵੇ ਬੁੱਢੀ, ਵੱਡਾ ਛੋਟਾ ਨਾ ਕੋਇ ਵਡਿਆਈਆ । ਝਗੜਾ ਆਪੇ ਜਾਣੇ ਥਿਤ ਵਦੀ ਸੁਦੀ, ਅਮਾਵਸ ਸੰਗਰਾਂਤੀ ਮੇਲ ਨਾ ਕੋਇ ਕਰਾਈਆ । ਓਸ ਵੇਲੇ ਪੁਰਖ ਅਕਾਲ ਸਭ ਦੀ ਧਾਰ ਬਦਲੇ ਦੂਜੀ, ਪਹਿਲਾ ਲੇਖਾ ਦਏ ਮੁਕਾਈਆ । ਜਨ ਭਗਤਾਂ ਰਮਜ਼ ਮਾਰ ਕੇ ਗੁੱਝੀ, ਸੋਏ ਆਪ ਉਠਾਈਆ । ਮਿਹਰ ਦੀ ਧਾਰ ਲੋਕਮਾਤ ਰਹੇ ਨਾ ਲੁਕੀ, ਲੋਕ ਪਰਲੋਕ ਕਰੇ ਸ਼ਨਵਾਈਆ । ਸਾਚਾ ਮਾਰਗ ਲਾ ਕੇ ਪੰਜ ਮੁਖੀ, ਮੁਖ ਭਗਤਾਂ ਦੇ ਸਲਾਹੀਆ । ਜਨਮ ਕਰਮ ਦਾ ਰਹੇ ਕੋਈ ਨਾ ਦੁੱਖੀ, ਚੁਰਾਸੀ ਫਾਸੀ ਦਏ ਕਟਾਈਆ । ਭਾਗ ਲਗਾ ਕੇ ਕਾਇਆ ਕੁਟੀ, ਕੂੜ ਕੁਟੰਬ ਦਏ ਮਿਟਾਈਆ । ਆਵਣ ਜਾਵਣ ਚੁਰਾਸੀ ਉਹਨਾਂ ਛੁੱਟੀ, ਛੁਟਕਾਰਾ ਮਿਲਿਆ ਥਾਉਂ ਥਾਈਆ । ਭਗਤ ਆਤਮ ਰਹੇ ਨਾ ਸੁਤੀ, ਆਲਸ ਨਿੰਦਰਾ ਦਏ ਮਿਟਾਈਆ । ਚਾਰ ਵਰਨ ਅਠਾਰਾਂ ਬਰਨ ਇਕ ਸੁਹਾ ਕੇ ਰੁੱਤੀ, ਰੰਗ

ਆਪਣੇ ਵਿਚ ਰੰਗਾਈਆ । ਜਿਸ ਦੀ ਕਲਧਾਰ ਕਦੇ ਨਾ ਮੁਕੀ, ਮੁਕੰਮਲ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਸੋਭਾ ਪਾਈਆ । ਸਤਿ ਕਹੇ ਪ੍ਰਭ ਵੇਖ ਅੰਧੇਰੀ ਸ਼ਾਮ, ਸ਼ਾਮ ਰਾਮ ਨਜ਼ਰ ਕੋਇ ਨਾ ਆਈਆ । ਹਕ਼ੀਕ਼ੀ ਹੱਕ ਮਿਲੇ ਨਾ ਜਾਮ, ਜ਼ਾਮਨ ਹੋ ਨਾ ਕੋਇ ਛੁਡਾਈਆ । ਪੈਗ਼ੰਬਰਾਂ ਸੁਣੇ ਨਾ ਕੋਇ ਪੈਗ਼ਾਮ, ਪੈਗ਼ਾਮ ਆਪਣਾ ਦੇਣਾ ਜਣਾਈਆ । ਤੇਰੇ ਨਾਮ ਨੂੰ ਕਰਨ ਸਰਬ ਬਦਨਾਮ, ਬਦੀ ਘਰ ਘਰ ਡੇਰਾ ਲਾਈਆ । ਨਾਮ ਜਪ ਕੇ ਸਾਰੇ ਕਰਨ ਤੇਰੇ ਸਿਰ ਅਹਿਸਾਨ, ਆਪਣੀ ਆਸ਼ਾ ਨਾ ਕੋਇ ਬਣਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਰ ਸਾਚੇ ਕਰ ਬਿਸਰਾਮ, ਬਿਨ ਬਿਸਤਰ ਆਤਮ ਸੇਜ ਸੁਹਾਈਆ । ਜਨ ਭਗਤ ਸੁਹੇਲੇ ਵੇਖ ਗ਼ੁਲਾਮ, ਚਾਰੋਂ ਕੁੰਟ ਧਿਆਨ ਲਗਾਈਆ । ਤੂੰ ਮਾਲਕ ਸਭ ਦਾ ਬਣ ਅਮਾਮ, ਅਮਲਾਂ ਦਾ ਲੇਖਾ ਦੇਣਾ ਮੁਕਾਈਆ । ਸਚ ਦਵਾਰੇ ਕਰੇ ਨਾ ਕੋਇ ਹਰਾਮ, ਹਿਰਦੇ ਵਸ ਕੇ ਹਰਿ ਆਪਣਾ ਮੇਲ ਮਿਲਾਈਆ । ਚਾਰ ਕੁੰਟ ਇਕੋ ਤੇਰੀ ਕਲਾਮ, ਕਲਮਾ ਕਾਇਨਾਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਸੋਭਾ ਪਾਈਆ । ਸਤਿ ਕਹੇ ਪ੍ਰਭ ਦੇ ਦੇ ਸਾਚੀ ਸਮਝ, ਹੁਕਮੀ ਹੁਕਮ ਜਣਾਈਆ । ਸ਼ਬਦ ਇਸ਼ਾਰੇ ਮਾਰ ਰਮਜ਼, ਰਸਤੇ ਅੰਦਰੋਂ ਦੇ ਬਦਲਾਈਆ । ਲੇਖਾ ਦੇਣਾ ਪਏ ਨਾ ਵਾਂਗ ਸ਼ਮਸ਼, ਤਬਰੇਜ਼ ਖੱਲ ਨਾ ਕੋਇ ਲੁਹਾਈਆ । ਮਨ ਵਾਸਨਾ ਰਹੇ ਕੋਈ ਨਾ ਹਵਸ, ਹਸਨ ਹੁਸੈਨ ਵਾਂਗ ਬਿਨ ਆਬ ਨਾ ਕੋਇ ਤੜਫਾਈਆ । ਤੇਰਾ ਮੇਲਾ ਹੋਵੇ ਉਪਰ ਅਰਸ਼, ਫ਼ਰਸ਼ ਮਿਲ ਕੇ ਵੱਜੇ ਵਧਾਈਆ । ਠਾਕਰ ਹੋ ਕੇ ਕਰ ਤਰਸ, ਤਸਲੀਮ ਕਰ ਕੇ ਆਪਣੇ ਨਾਲ ਮਿਲਾਈਆ । ਸਚ ਦਵਾਰੇ ਦੇ ਦਰਸ, ਦਾਸਾਂ ਆਸਾ ਪੂਰ ਕਰਾਈਆ । ਪ੍ਰੇਮ ਪਿਆਰ ਅੰਮ੍ਰਿਤ ਦੇ ਬਰਸ, ਵਰਖਾ ਆਪਣਾ ਨਾਮ ਲਗਾਈਆ । ਜਨ ਭਗਤ ਵਿਛੋੜੇ ਅੰਦਰ ਰਹੇ ਭਟਕ, ਭਟਕਣਾ ਸਭ ਦੀ ਦੇ ਬੁਝਾਈਆ । ਘਰ ਸਵਾਮੀ ਆ ਪਰਤ, ਪਤਿਪਰਮੇਸ਼ਵਰ ਤੇਰੀ ਆਸ ਰਖਾਈਆ । ਦੇ ਵਡਿਆਈ ਉਪਰ ਧਰਤ, ਧਵਲ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਤੇਰੇ ਦਰਸ ਦੀ ਗ਼ਰਜ਼, ਆਸਾ ਅਵਰ ਨਾ ਕੋਇ ਵਖਾਈਆ ।



## ✪ ੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਸ਼ਿਵ ਸਿੰਘ ਦੇ ਗ੍ਰਿਹ ਪਿੰਡ ਬੰਡਾਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪ੍ਰਭ ਭਾਗ ਲਾ ਦੇ ਧਰਤ ਮਾਤ ਦੀ ਝੁੱਗੀ, ਮੰਦਰ ਆਪਣਾ ਦੇ ਸੁਹਾਈਆ । ਤੇਰਾ ਆਉਣਾ ਹੋਵੇ ਨਵ ਨੌ ਚਾਰ ਚੌਕੜ ਜੁਗੀ, ਜਗਤ ਦੇ ਮਾਲਕ ਦਇਆ ਕਮਾਈਆ । ਬਿਨ ਤੇਰੇ ਨਾਮ ਧਾਰ ਰਹੇ ਕੋਇ ਨਾ ਦੂਜੀ, ਏਕੰਕਾਰ ਏਕਾ ਰੰਗ ਦੇਣਾ ਰੰਗਾਈਆ । ਨਿਰਮਲ ਬਿਬੇਕ ਕਰ ਸਰਬ ਬੁਧੀ, ਗਿਆਨ ਧਿਆਨ ਇਕੋ ਦੇਣਾ ਸਮਝਾਈਆ । ਸੁਰਤੀ ਧਾਰ ਕਰ ਉਚੀ, ਮਹੱਲ ਅਟਲ ਦੇਣਾ ਵਖਾਈਆ । ਸ਼ਬਦ ਨਾਲ ਲੱਗੇ ਰੁਚੀ, ਨਾਤਾ ਕੂੜ ਕੁੜਿਆਰ ਤੁੜਾਈਆ । ਤੇਰੀ ਆਤਮ ਸਦਾ ਸੁੱਚੀ, ਵਿਕਾਰਾਂ ਵਿਚ ਨਾ ਹੋਏ ਹਲਕਾਈਆ । ਤੇਰੇ ਦਰਸ ਦੀ ਰਹੇ ਭੁੱਖੀ, ਪਿਆਰ ਇਕੋ ਮੰਗ ਮੰਗਾਈਆ । ਵਿਛੋੜੇ ਵਿਚ ਰਹੇ ਨਾ ਦੁੱਖੀ, ਦਰਸ ਦੇ ਕੇ ਤ੍ਰਿਪਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਚ ਗ੍ਰਿਹਿ ਦੇਣਾ ਸੁਹਾਈਆ । ਸਤਿ ਕਹੇ ਪ੍ਰਭ ਦੇ ਦੇ ਸਾਚੀ ਸਿਖਿਆ, ਸਿੱਖ ਤੇਰਾ ਰੂਪ ਨਜ਼ਰੀ ਆਈਆ । ਤੇਰਾ ਆਦਿ ਜੁਗਾਦੀ ਲੇਖ ਇਕੋ ਲਿਖਿਆ, ਜਿਸ ਨੂੰ ਮੇਟ ਸਕੇ ਕੋਇ ਨਾ ਰਾਈਆ । ਜਿਸ ਧਾਰੋਂ ਗੁਰ ਅਵਤਾਰ ਪੀਰ ਪੈਗ਼ੰਬਰ ਲੈ ਕੇ ਆਉਂਦੇ ਭਿਖਿਆ, ਭਾਸ਼ਾ ਤੇਰੇ ਨਾਮ ਦੀ ਸੁਣ ਕੇ ਜਗਤ ਦੇਣ ਸੁਣਾਈਆ । ਤਿਸ ਦਵਾਰੇ ਏਕੰਕਾਰੇ ਜਨ ਭਗਤਾਂ ਪੂਰੀ ਕਰਨੀ ਇਛਿਆ, ਆਸਾ ਵਿਚ ਭਰਵਾਸਾ ਦੇਣਾ ਬੰਧਾਈਆ । ਜਗਤ ਜਹਾਨ ਆਦਿ ਜੁਗਾਦੀ ਦੱਸਦੇ ਮਿਥਿਆ, ਤੇਰੀ ਕਿਰਪਾ ਨਾਲ ਜਗ ਜੀਵਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿ ਕਹੇ ਪਰਮ ਪੁਰਖ ਪਰਮਾਤਮ ਦੇ ਦੇ ਸੋਝੀ, ਸੱਜਣ ਧੁਰ ਦੇ ਦਇਆ ਕਮਾਈਆ । ਤੇਰਾ ਭਗਤ ਤੇਰੇ ਪ੍ਰੇਮ ਦਾ ਹੋਵੇ ਜੋਗੀ, ਜੁਗਤੀ ਇਕੋ ਦੇਣੀ ਦ੍ਰਿੜਾਈਆ । ਮਨ ਹੰਗਤਾ ਰਹੇ ਨਾ ਰੋਗੀ, ਸੰਗਤਾ ਸਾਚੀ ਦੇਣਾ ਮਿਲਾਈਆ । ਪੰਧ ਮੁਕੇ ਲੋਕ ਪਰਲੋਕੀ, ਸਲੋਕ ਢੋਲਾ ਸੋਹਣਾ ਗਾਈਆ । ਮੰਜ਼ਲ ਰਹੇ ਕੋਈ ਨਾ ਔਖੀ, ਔਕੜ ਪਿਛਲੀ ਦੇਣੀ ਚੁਕਾਈਆ । ਪੜ੍ਹਨੀ ਪਏ ਕੋਇ ਨਾ ਪੋਥੀ, ਪੁਸਤਕ ਸੀਸ ਨਾ ਕੋਇ ਟਿਕਾਈਆ । ਬੰਨ੍ਹਣੀ ਪਏ ਨਾ ਕੋਇ ਲੰਗੋਟੀ, ਜੰਗਲਾਂ ਵਿਚ ਨਾ ਕੋਇ ਭਵਾਈਆ । ਪਰਬਤਾਂ ਚੜ੍ਹਨਾ ਪਏ ਨਾ ਚੋਟੀ, ਕੁੰਦਰਾਂ ਮੁਖ ਨਾ ਕੋਇ ਛੁਪਾਈਆ । ਸ੍ਰੀ ਭਗਵਾਨ ਸਤਿ ਦਵਾਰ ਜਨ ਭਗਤਾਂ ਇਕ ਪ੍ਰੇਮ ਪਿਆਰ ਵਿਹਾਰ ਦੀ ਖਾ ਕੇ ਰੋਟੀ, ਰੱਟਾ ਚੁਰਾਸੀ ਦੇਣਾ ਚੁਕਾਈਆ ।

✪ ੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਕਿਰਪਾ ਸਿੰਘ ਦੇ ਗ੍ਰਿਹਿ ਪਿੰਡ ਬੰਡਾਲਾ ਜ਼ਿਲਾ ਅੰਮ੍ਰਿਤਸਰ ✪



ਸਤਿ ਕਹੇ ਪ੍ਰਭੂ ਪੂਰਾ ਕਰ ਕਾਜ, ਸਤਿਜੁਗ ਸਾਚਾ ਰਾਹ ਬਣਾਈਆ । ਦੀਨ ਦੁਨੀ ਬਦਲ ਸਮਾਜ, ਸਮਗਰੀ ਸਭ ਦੀ ਵੇਖ ਵਖਾਈਆ । ਸਤਿ ਧਰਮ ਜਣਾ ਰਾਜ, ਰਈਅਤ ਇਕੋ ਰੰਗ ਰੰਗਾਈਆ । ਦੂਸਰ ਰਹੇ ਨਾ ਕੋਈ ਮੁਹਤਾਜ, ਆਸ਼ਾ ਸਭ ਦੀ ਪੂਰ ਕਰਾਈਆ । ਨਾਮ ਹਲੂਣੇ ਨਾਲ ਜਾਵਣ ਜਾਗ, ਕਲਜੁਗ ਜੀਵ ਸੁੱਤੇ ਦੇ ਉਠਾਈਆ । ਹੰਸ ਬੁਧੀ ਹੋਵੇ ਕਾਗ, ਮਨ ਮਤ ਨਾ ਕੋਇ ਕੁਰਲਾਈਆ । ਦੁਰਮਤ ਮੈਲ ਧੋ ਦਾਗ਼, ਪਤਿਤ ਪੁਨੀਤ ਬਣਾਈਆ । ਮੇਲਾ ਮਿਲੇ ਕੰਤ ਸੁਹਾਗ, ਆਤਮ ਵਿਛੋੜਾ ਰਹੇ ਨਾ ਰਾਈਆ । ਦੀਪਕ ਜੋਤ ਜਗੇ ਚਿਰਾਗ, ਅੰਧ ਅੰਧੇਰ ਦੇਣਾ ਚੁਕਾਈਆ । ਆਤਮ ਪਰਮਾਤਮ ਆਪਣੇ ਹੱਥ ਪਕੜਨੀ ਵਾਗ, ਮਾਰਗ ਸਾਚੇ ਦੇਣਾ ਚਲਾਈਆ । ਜਨ ਭਗਤਾਂ ਅਗੇ ਦੇਣਾ ਪਏ ਨਾ ਕਿਸੇ ਜਵਾਬ, ਸਿੱਧੇ ਸਚਖੰਡ ਦਵਾਰ ਦੇਣੇ ਪੁਚਾਈਆ । ਬਿਨ ਤੇਰੇ ਨਾਮ ਦੀ ਸੁਣਨ ਨਾ ਕੋਇ ਆਵਾਜ਼, ਰਾਗਾਂ ਨਾਦਾਂ ਦੀ ਲੋੜ ਰਹੇ ਨਾ ਰਾਈਆ । ਤੇਰੇ ਸ਼ਬਦ ਦੀ ਇਕ ਰਬਾਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦੇਣੀ ਵਖਾਈਆ । ਸਤਿ ਕਹੇ ਪ੍ਰਭ ਕਰ ਦੇ ਹੁਕਮ ਅਗੰਮ, ਲੇਖਾ ਸਮਝ ਸਕੇ ਕੋਇ ਨਾ ਰਾਈਆ । ਭੇਵ ਖੁਲ੍ਹਾ ਦੇ ਪਵਣ ਸਵਾਸ ਦਮ, (ਦਾਮਨਗੀਰ) ਹੋ ਕੇ ਮੇਲ ਮਿਲਾਈਆ । ਪਰਕਾਸ਼ ਨੂਰ ਚਾੜ੍ਹਦੇ ਚੰਨ, ਚੰਦਰਮਾ ਚੰਦ ਸੀਸ ਝੁਕਾਈਆ । ਜਨ ਭਗਤਾਂ ਮੇਟ ਕੇ ਚਿੰਤਾ ਗ਼ਮ, ਸੋਗ ਅੰਦਰੋਂ ਦੇਣਾ ਕਢਾਈਆ । ਨਾਮ ਭੰਡਾਰਾ ਦੇ ਕੇ ਧਨ, ਤ੍ਰਿਸ਼ਨਾ ਤਮ ਦੀ ਦੇਣੀ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨੂਰ ਹੰ ਬ੍ਰਹਮ, ਪਾਰਬ੍ਰਹਮ ਆਪਣੇ ਵਿਚ ਸਮਾਈਆ ।

## ੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੁੱਢਾ ਸਿੰਘ ਦੇ ਗ੍ਰਹਿ ਪਿੰਡ ਬੰਡਾਲਾ ਜ਼ਿਲਾ ਅੰਮ੍ਰਿਤਸਰ

ਸਤਿ ਕਹੇ ਪ੍ਰਭ ਆਪਣਾ ਮਾਰਗ ਦੇ ਚੰਗਾ, ਚੰਗਿਆਈ ਬੁਰਿਆਈ ਵਿਚੋਂ ਪਰਗਟਾਈਆ । ਜਨ ਭਗਤਾਂ ਬਣਾ ਸੰਗਾ, ਸਗਲੀ ਚਿੰਤ ਗਵਾਈਆ । ਜਾਣਾ ਪਏ ਕਿਸੇ ਨਾ ਗੰਗਾ, ਅੰਮ੍ਰਿਤ ਅੰਦਰੋਂ ਦੇਣਾ ਵਖਾਈਆ । ਵਜਾਉਣਾ ਪਏ ਨਾ ਕੋਇ ਮਰਦੰਗਾ, ਨਾਦ ਧੁੰਨ ਕਰ ਸ਼ਨਵਾਈਆ । ਕਰਨਾ ਪਏ ਨਾ ਕੋਈ ਦੰਗਾ, ਮਨ ਵਾਸਨਾ ਨਾ ਕੋਇ ਲੜਾਈਆ । ਵੇਖਣਾ ਪਏ ਨਾ ਕੋਈ ਕੰਢਾ, ਪਾਰ ਕਿਨਾਰੇ ਦੇਣਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਲਾਉਣਾ ਆਪਣਾ ਬੰਦਾ, ਬੰਦਗੀ ਇਕੋ ਇਕ ਸੁਣਾਈਆ । ਸਤਿ ਕਹੇ ਪ੍ਰਭ ਵਕ਼ਤ ਸੁਹਾ ਦੇ ਵੇਲਾ, ਥਿਤ ਵਾਰ ਸਮਝ ਕੋਇ ਨਾ ਪਾਈਆ । ਆਪਣਾ ਧਾਮ ਦੱਸ ਨਵੇਲਾ, ਨਿਰਗੁਣ ਹੋ ਕੇ ਆਪ ਸਮਝਾਈਆ । ਸ਼ਬਦੀ ਧਾਰ ਤੇਰਾ ਚੇਲਾ, ਸੁਰਤ ਸਵਾਣੀ ਜੋੜ ਜੁੜਾਈਆ । ਸਾਢੇ ਤਿੰਨ ਹੱਥ ਕਾਇਆ ਜੰਗਲ ਜੂਹ ਉਜਾੜ ਬੇਲਾ, ਧੁੰਆਂਧਾਰ ਨਜ਼ਰੀ ਆਈਆ । ਤੇਰਾ ਨਾਮ ਨਿਧਾਨ ਫਿਰੇ ਵਿਚ ਅਕੇਲਾ, ਬਲਧਾਰੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਗ੍ਰਹਿ ਆਪਣਾ ਆਪ ਪਰਗਟਾਈਆ । ਸਤਿ ਕਹੇ ਪ੍ਰਭ ਵੇਖ ਆਪਣਾ ਘਰ ਘਰਾਨਾ, ਘਿਰਨਾ ਅਵਰ ਦੇ ਚੁਕਾਈਆ । ਜਿਥੇ ਭਗਤਾਂ ਲੱਗੇ ਯਰਾਨਾ, ਨਾਤਾ ਜੁੜੇ ਸਹਿਜ ਸੁਭਾਈਆ । ਸ਼ਬਦੀ ਉਪਜੇ ਇਕ ਤਰਾਨਾ, ਸੁਰ ਤਾਲ ਨਾ ਕੋਇ ਸੁਣਾਈਆ । ਮਿਟੇ ਤੇਜ ਰਵ ਸਸ ਭਾਨਾ, ਜੋਤੀ ਜੋਤ ਡਗਮਗਾਈਆ । ਮੰਦਰ ਹੋਏ ਸੁਹਾਨਾ, ਵੱਜੇ ਸਚ ਵਧਾਈਆ । ਤੇਰਾ ਖੇਲ ਸ੍ਰੀ ਭਗਵਾਨਾ, ਬਿਨ ਤੇਰੀ ਕਿਰਪਾ ਸਮਝ ਕੋਇ ਨਾ ਪਾਈਆ । ਦਰ ਦਰਵੇਸ਼ ਹੋ ਕੇ ਮੰਗਾਂ ਦਾਨਾ, ਦਾਤੇ ਦੇਣਾ ਆਪ ਵਰਤਾਈਆ । ਤੂੰ ਲੱਖ ਚੁਰਾਸੀ ਧੁਰ ਦਾ ਕਾਹਨਾ, ਗੋਪੀ ਕਰੋਪੀ ਵਿਚ ਨਾ ਕੋਇ ਫਸਾਈਆ । ਜੋਧਾ ਸੂਰਬੀਰ ਬਣ ਮਰਦ ਮਰਦਾਨਾ, ਮਦਦ ਕਰਨੀ ਥਾਉਂ ਥਾਈਂਆ । ਤੇਰੇ ਨਾਮ ਪਿਆਰ ਮੁਹੱਬਤ ਵਿਚ ਜਨ ਭਗਤ ਹੋਏ ਦੀਵਾਨਾ, ਮਸਤੀ ਹਸਤੀ ਵਿਚੋਂ ਦੇਣੀ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਜ਼ਰੀ ਆਵੇ ਇਕ ਨਿਸ਼ਾਨਾ, ਨਿਸ਼ਾਵਰ ਹੋ ਕੇ ਤੇਰੀ ਸੇਵ ਕਮਾਈਆ ।

## ੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਹਿ ਪਿੰਡ ਬੰਡਾਲਾ ਜ਼ਿਲਾ ਅੰਮ੍ਰਿਤਸਰ

ਸਤਿ ਕਹੇ ਪ੍ਰਭ ਧਰਨੀ ਵੇਖ ਹਾਲ, ਹੌਲੀ ਹੌਲੀ ਦਏ ਦੁਹਾਈਆ । ਸਾਥੀ ਨਿਭਿਆ ਕੋਇ ਨਾ ਨਾਲ, ਗੁਰ ਅਵਤਾਰ ਪੈਗ਼ੰਬਰ ਗਏ ਫੇਰੀਆਂ ਪਾਈਆ । ਥਿਰ ਰਹੀ ਨਾ ਕੋਈ ਧਰਮਸਾਲ, ਮੰਦਰ ਮਠ ਸ਼ਿਵਦਵਾਲੇ ਜੁਗ ਜੁਗ ਬਦਲ ਕੇ ਆਪਣਾ ਨਾਮ ਵਟਾਈਆ । ਬਚਿਆ ਰਿਹਾ ਨਾ ਕੋਈ ਕੋਲੋਂ ਕਾਲ, ਕਾਲ ਜੰਜਾਲ ਨਾ ਸਕਿਆ ਕੋਇ ਤੁੜਾਈਆ । ਜੋ ਆਇਆ ਸੋ ਦੇ ਕੇ ਗਿਆ ਤੇਰੇ ਅਹਿਵਾਲ, ਨਾਮ ਬਾਣੀ ਸਿਫ਼ਤ ਸਾਲਾਹੀਆ । ਮੁਸ਼ੱਕਤਾਂ ਕਰ ਕੇ ਘਾਲਦਾ ਗਿਆ ਘਾਲ, ਸੇਵਕ ਸੇਵਾ ਸਚ ਕਮਾਈਆ । ਧਰਮ ਕਰਮ ਦਾ ਵਜਾਉਂਦਾ ਗਿਆ ਤਾਲ, ਜਗਤ ਧੁਨ ਨਾਲ ਧਮਾਈਆ । ਅੰਤ ਨਿਭਿਆ ਕੋਈ ਨਾ ਤੇਰੇ ਨਾਲ, ਨਵੇਂ ਤੋਂ ਨਵਾਂ ਵੇਸ ਅਨੇਕ ਰੂਪ ਵੇਖ ਵਖਾਈਆ । ਜੁਗ ਚੌਕੜੀ ਬਦਲਦੀ ਰਹੀ ਚਾਲ, ਇਸ਼ਟ ਦੀਨ ਦੁਨੀ

ਆਪਣਾ ਰੰਗ ਵਟਾਈਆ । ਮੇਰਾ ਹਲ ਨਾ ਹੋਇਆ ਸਵਾਲ, ਜਵਾਬ ਵਿਚ ਨਾ ਕੋਇ ਸ਼ਨਵਾਈਆ । ਸਿਫ਼ਤਾਂ ਕੋਟਨ ਕੋਟ ਕਰਦੇ ਗਏ ਕੁਆਲ, ਰਸਨਾ ਜਿਹਵਾ ਨਾਲ ਮਿਲਾਈਆ । ਅੰਤਮ ਸਭ ਦਾ ਹੋਇਆ ਜ਼ਵਾਲ, ਜ਼ੇਰ ਜ਼ਬਰ ਨਿਸ਼ਾਨਾ ਨਾ ਕੋਇ ਵਖਾਈਆ । ਕਰ ਕਿਰਪਾ ਸ੍ਰੀ ਭਗਵਾਨ, ਮਿਹਰਵਾਨ ਦਇਆ ਕਮਾਈਆ । ਚਰਨ ਬੇਨੰਤੀ ਕਰ ਪਰਵਾਨ, ਪਰਮ ਪੁਰਖ ਤੇਰੀ ਓਟ ਤਕਾਈਆ । ਤੇਰੇ ਨਾਮ ਦਾ ਬਣੇ ਇਕ ਵਿਧਾਨ, ਵਿਦਿਆ ਦੀ ਧਾਰਾ ਤੋੜ ਨਾ ਕੋਇ ਰਖਾਈਆ । ਜੋ ਆਇਆ ਸੋ ਕੇ ਦੇ ਗਿਆ ਫ਼ਰਮਾਨ, ਬਿਨ ਪੁਰਖ ਅਕਾਲ ਆਦਿ ਅੰਤ ਨਾ ਕੋਇ ਸਹਾਈਆ । ਤੂੰ ਜੁਗ ਚੌਕੜੀ ਸਦਾ ਨੌਜਵਾਨ, ਬਿਰਧ ਬਾਲ ਨਾ ਕੋਇ ਰੂਪ ਵਟਾਈਆ । ਭਗਤਾਂ ਉਪਰ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਸਚ ਦਵਾਰਾ ਏਕੰਕਾਰਾ ਇਕੋ ਦੇ ਮਕਾਨ, ਮਕ਼ਬਰਿਆਂ ਦਾ ਝਗੜਾ ਦੇਣਾ ਮੁਕਾਈਆ । ਸਤਿ ਸੰਦੇਸ਼ਾ ਦੇ ਕੇ ਧੁਰ ਫ਼ਰਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਕਰੇ ਨਾ ਕੋਈ ਪਹਿਚਾਨ, ਬੇਪਹਿਚਾਨ ਨਜ਼ਰ ਕਿਸੇ ਨਾ ਆਈਆ ।

### ੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਸੰਤੋ ਦੇ ਗ੍ਰਿਹਿ ਪਿੰਡ ਬੰਡਾਲਾ ਜ਼ਿਲਾ ਅੰਮ੍ਰਿਤਸਰ

ਸਤਿ ਕਹੇ ਕਰਵਟ ਬਦਲੀ ਬਾਸ਼ਕ ਤਸ਼ਕ, ਵਿਸ਼ਨੂੰ ਧਿਆਨ ਲਗਾਈਆ । ਸਾਚਾ ਨਜ਼ਰ ਨਾ ਆਇਆ ਕੋਈ ਇਸ਼ਕ, ਆਸ਼ਕ ਮਾਸ਼ੂਕ ਸ਼ਕੂਕ ਵਿਚ ਲੋਕਾਈਆ । ਧਰਮ ਪ੍ਰੀਤੀ ਪੂਰਾ ਦਿਸੇ ਕੋਈ ਨਾ ਸਿਦਕ, ਸਬਰ ਸਚ ਨਾ ਕੋਇ ਵਖਾਈਆ । ਦ੍ਰਿਸ਼ਟੀ ਦੁਨੀਆ ਹੋਈ ਨਿੰਦਕ, ਚੁਗ਼ਲੀ ਮੁਖ ਵਡਿਆਈਆ । ਮਨ ਵਾਸਨਾ ਕੀਤਾ ਭ੍ਰਿਸ਼ਟ, ਭ੍ਰਿਸ਼ਟਾਚਾਰ ਖੇਲ ਖਿਲਾਈਆ । ਬਿਨ ਭਗਤਾਂ ਖੁਲ੍ਹੀ ਕਿਸੇ ਨਾ ਦ੍ਰਿਸ਼ਟ, ਪੜਦਾ ਓਹਲਾ ਨਾ ਕੋਇ ਉਠਾਈਆ । ਸਾਚੀ ਧਾਰੋਂ ਸਾਰੇ ਗਏ ਖ਼ਿਸਕ, ਸੰਭਲ ਕ਼ਦਮ ਨਾ ਕੋਇ ਟਿਕਾਈਆ । ਨੂਰੀ ਲੱਗਾ ਕੋਇ ਨਾ ਤਿਲਕ, ਜੋਤ ਨੈਣ ਨਾ ਕੋਇ ਰੁਸ਼ਨਾਈਆ । ਪੇਟ ਕਾਰਨ ਇਹ ਹੁੰਦੀ ਵੇਖੀ ਇੱਲਤ, ਇਲਮ ਨਾਲ ਲੜਾਈਆ । ਜਗਤ ਖ਼ੁਆਰੀ ਕਰੇ ਜ਼ਿੱਲਤ, ਜੋਰੂ ਜ਼ਰ ਦਏ ਦੁਹਾਈਆ । ਭਰਮ ਮਿਟੇ ਕੋਈ ਨਾ ਚਿੰਤ, ਚਿਖਾ ਰਹੀ ਜਲਾਈਆ । ਸਾਚੀ ਦਿਸੇ ਕੋਈ ਨਾ ਹਿੰਮਤ, ਹੌਸਲੇ ਗੁਰ ਅਵਤਾਰ ਪੈਗ਼ੰਬਰ ਬੈਠੇ ਢਾਹੀਆ । ਤੇਰੇ ਦਰਸ ਦੀ ਹੋਈ ਕ਼ਿੱਲਤ, ਕਿਲਾ ਕੋਟ ਕਾਇਆ ਬੰਕ ਨਾ ਕੋਇ ਸੁਹਾਈਆ । ਪੁਰਖ ਅਕਾਲ ਤੇਰੇ ਅਗੇ ਇਕੋ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਜਨ ਭਗਤਾਂ ਚੁਕਾ ਪੂਰਬ ਜਨਮ ਦੀ ਕ਼ੀਮਤ, ਕਰਮਾਂ ਦਾ ਲੇਖਾ ਦੇ ਮੁਕਾਈਆ । ਧਰਨੀ ਕਹੇ ਮੇਰਾ ਭਾਗ ਹੋਵੇ ਵਡ ਗ਼ਨੀਮਤ, ਗੁਰਮੁਖ ਵੇਖ ਖ਼ੁਸ਼ੀ ਮਨਾਈਆ । ਮੈਂ ਕੋਈ ਲਿੰਗਾਂ ਵਾਲਾ ਨਹੀਂ ਤ੍ਰੀਮਤ, ਸਭ ਦੀ ਮਈਆ ਇਕ ਅਖਵਾਈਆ । ਤੇਰੀ ਪ੍ਰਭੂ ਸਮਝੇ ਕੋਇ ਨਾ ਸ਼ਾਨੋ ਸ਼ੌਕਤ ਜ਼ੀਨਤ, ਜ਼ੇਬ ਐਬ ਕਰੇ ਗੁਨਾਹੀਆ । ਕਲਜੁਗ ਅੰਤ ਕੱਟੇ ਨਾ ਕੋਇ ਮੁਸੀਬਤ, ਮੁਬਤਲਾ ਹੋ ਕੇ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਗਟਾ ਆਪਣੀ ਅਸਲੀਅਤ, ਧਰਮ ਜਣਾ ਹੱਕ ਨਸੀਅਤ, ਵਸੀਅਤ ਸਭ ਦੀ ਪੂਰ ਕਰਾਈਆ ।

## ✪ ੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਦੀਦਾਰ ਸਿੰਘ ਦੇ ਗ੍ਰਿਹ ਪਿੰਡ ਸ਼ਫੀ ਪੂਰਾ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਪ੍ਰਭ ਕਲਜੁਗ ਵੇਖ ਕੂੜੀ ਕਾਲਖ, ਕਲਮਾ ਕਾਇਨਾਤ ਹੱਕ ਨਾ ਕੋਇ ਗਾਈਆ । ਅੰਤਰ ਆਤਮ ਬਣੇ ਕੋਈ ਨਾ ਸਾਲਸ, ਪਰਮਾਤਮ ਮੇਲ ਨਾ ਕੋਇ ਨਾ ਮਿਲਾਈਆ । ਗੁਰਮੁਖ ਲੱਭੇ ਕੋਈ ਨਾ ਖ਼ਾਲਸ, ਮਨ ਮਨਸਾ ਦਏ ਦੁਹਾਈਆ । ਚਾਰ ਵਰਨ ਅਠਾਰਾਂ ਬਰਨ ਕਰੇ ਨਾ ਕੋਈ ਸਚ ਅਦਾਲਤ, ਧੁਰ ਫ਼ਰਮਾਨਾ ਨਾ ਕੋਇ ਸੁਣਾਈਆ । ਜੀਵ ਜੰਤ ਸਾਧ ਸੰਤ ਜਗਤ ਕਿਰਿਆ ਪਈ ਬਗ਼ਾਵਤ, ਝਗੜਾ ਅੰਤਸ਼ਕਰਨ ਨਾ ਕੋਇ ਚੁਕਾਈਆ । ਮੈਂ ਤੂੰ ਚੁੱਕੇ ਨਾ ਕੋਇ ਅਦਾਵਤ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਸਾਚਾ ਨਾਮ ਭੰਡਾਰ ਕਰੇ ਨਾ ਕੋਇ ਸਖ਼ਾਵਤ, ਵਸਤ ਅਮੋਲਕ ਕਾਇਆ ਗੋਲਕ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਲੇਖਾ ਦੇ ਚੁਕਾਈਆ । ਸਤਿ ਧਰਮ ਕਹੇ ਪ੍ਰਭ ਚਾਰ ਕੁੰਟ ਵੇਖ ਅੰਧੇਰਾ ਅੰਧ, ਸਚ ਨੂਰ ਨਾ ਕੋਇ ਰੁਸ਼ਨਾਈਆ । ਸਚ ਸਵਾਮੀ ਅੰਤਰਜਾਮੀ ਨਿਰਗੁਣ ਧਾਰ ਤੇਰਾ ਗਾਵੇ ਕੋਈ ਨਾ ਛੰਦ, ਆਤਮ ਪਰਮਾਤਮ ਮੇਲਾ ਮੇਲ ਨਾ ਕੋਇ ਮਿਲਾਈਆ । ਸ਼ਬਦ ਰੁਹਾਨੀ ਮੱਕੇ ਕਿਸੇ ਨਾ ਪੰਧ, ਜਿਸਮਾਨੀ ਪੜਦਾ ਨਾ ਕੋਇ ਉਠਾਈਆ । ਸਚ ਸਰੋਵਰ ਮਿਲੇ ਕਿਸੇ ਨਾ ਧੁਰ ਦੀ ਗੰਗ, ਗੰਗਾ ਗੋਦਾਵਰੀ ਜਮਨਾ ਸੁਰਸਤੀ ਜਗਤ ਵਾਸਨਾ ਤਾਰੀਆਂ ਲਾਈਆ । ਸਤਿ ਪਿਆਰ ਏਕੰਕਾਰ ਤੇਰਾ ਪਾਵੇ ਕੋਈ ਨਾ ਆਨੰਦ, ਨਿਜ਼ਾਨੰਦ ਪਰਮਾਨੰਦ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਸਾਹਿਬ ਬਖ਼ਸ਼ੰਦ, ਸਤਿ ਸਤਿਵਾਦੀ ਤੇਰੀ ਆਸ ਰਖਾਈਆ । ਸਤਿ ਧਰਮ ਕਹੇ ਪ੍ਰਭ ਵੇਖ ਕਲਜੁਗ ਅੰਤ ਕਲੇਸ਼, ਚਾਰ ਕੁੰਟ ਦਹਿ ਦਿਸ਼ਾ ਦਏ ਦੁਹਾਈਆ । ਸਹਾਈ ਦਿਸੇ ਨਾ ਕੋਇ ਵਿਸ਼ਨ ਬ੍ਰਹਮਾ ਮਹੇਸ਼, ਸਚ ਸੰਦੇਸ਼ ਨਾ ਕੋਇ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਲਿਖ ਕੇ ਗਏ ਲੇਖ, ਸ਼ਬਦ ਢੋਲਾ ਗੀਤ ਪਰਗਟਾਈਆ । ਲਹਿਣਾ ਦੇਣਾ ਦਸ ਦਸਮੇਸ਼, ਸ਼ਬਦ ਗੁਰੂ ਤੇਰੇ ਹੱਥ ਵਡਿਆਈਆ । ਕਿਰਪਾ ਕਰ ਵਾਸੀ ਸਚਖੰਡ ਨਰ ਨਰੇਸ਼, ਸ਼ਾਹ ਸੁਲਤਾਨ ਤੇਰੀ ਓਟ ਤਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੁੰਦੇ ਗਏ ਕੇਤ, ਕੋਟਨ ਕੋਟ ਫੇਰੀਆਂ ਪਾਈਆ । ਬਿਨ ਤੇਰੇ ਆਤਮ ਪਰਮਾਤਮ ਨਿਰਗੁਣ ਸਰਗੁਣ ਕਰੇ ਕੋਈ ਨਾ ਹੇਤ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਅੰਦਰ ਵੜ ਦੇ ਮੰਦਰ ਚੜ੍ਹ ਕੇ ਸਚ ਦਵਾਰੇ ਖੋਲ੍ਹ ਭੇਤ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਖ ਆਪਣਾ ਦੇਸ, ਦਹਿ ਦਿਸ਼ਾ ਰਹੀ ਕੁਰਲਾਈਆ । ਸਤਿ ਧਰਮ ਕਹੇ ਮੈਂ ਹੋਇਆ ਅੰਤ ਹੈਰਾਨ, ਹੈਰਾਨੀ ਮੇਰੇ ਉਤੇ ਆਈਆ । ਚਾਰ ਕੁੰਟ ਸ਼ਰਅ ਹੋਈ ਸ਼ੈਤਾਨ, ਢੋਲਾ ਹੱਕ ਨਾ ਕੋਇ ਸੁਣਾਈਆ । ਲੇਖਾ ਮੁਕਦਾ ਜਾਏ ਅੰਤ ਅੰਜੀਲ ਕ਼ੁਰਾਨ, ਸਦੀ ਚੌਧਵੀਂ ਪੰਧ ਚੁਕਾਈਆ । ਤੇਰਾ ਡੰਕਾ ਵੱਜੇ ਦੋ ਜਹਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਇਕੋ ਨਾਮ ਕਰ ਸ਼ਨਵਾਈਆ । ਤੇਰਾ ਧਰਮ ਹੋਵੇ ਵਿਚ ਪਰਧਾਨ, ਸਾਢੇ ਤਿੰਨ ਹੱਥ ਵੱਜੇ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚੀ ਆਸ ਰਖਾਈਆ । ਸਤਿ ਕਹੇ ਪੁਰਖ ਅਕਾਲ ਉਠ ਕੇ ਵੇਖ, ਬਿਨ ਅੱਖਾਂ ਅੱਖ ਖੁਲ੍ਹਾਈਆ । ਕਲਜੁਗ ਕੂੜੀ ਕਿਰਿਆ ਵਧਿਆ ਭੇਖ, ਚਾਰ ਕੁੰਟ ਦਹਿ ਦਿਸ਼ਾ ਚਾਰ ਵਰਨ ਅਠਾਰਾਂ ਬਰਨ ਹੋਏ ਹਲਕਾਈਆ । ਤੇਰਾ ਕਿਸੇ ਨਾ ਦਿਸੇ ਧੁਰ ਦਾ ਵੇਸ, ਮਹੱਲ ਅਟਲ ਵੇਖ ਖ਼ੁਸ਼ੀ ਕੋਇ ਨਾ ਆਈਆ । ਕੋਟਨ ਕੋਟ ਤੇਰਾ ਲੱਭਦੇ ਗਏ ਭੇਤ,


੯੦੭
੧੯

ਪੜਦਾ ਓਹਲਾ ਸਕਿਆ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਮੇਟ ਖੇਡ, ਖ਼ਾਲਕ ਖ਼ਲਕ ਦੇ ਸਮਝਾਈਆ । ਸਤਿ ਧਰਮ ਕਹੇ ਪ੍ਰਭ ਬੇਨੰਤੀ ਕਰ ਮਨਜ਼ੂਰ, ਅਰਜ਼ ਇਕੋ ਇਕ ਸੁਣਾਈਆ । ਪਰਗਟ ਹੋ ਹਾਜ਼ਰ ਹਜ਼ੂਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਆਦਿ ਜੁਗਾਦਿ ਜੁਗ ਚੌਕੜੀ ਭਗਤ ਉਧਾਰਨਾ ਤੇਰਾ ਦਸਤੂਰ, ਦਸਤ ਬਦਸਤ ਆਪਣਾ ਲਹਿਣਾ ਦੇਣਾ ਚੁਕਾਈਆ । ਜੋ ਭਗਤੀ ਅੰਦਰ ਬਣੇ ਤੇਰੇ ਮਜ਼ਦੂਰ, ਦਿਵਸ ਰੈਣ ਤੇਰਾ ਨਾਮ ਧਿਆਈਆ । ਜਨਮ ਜਨਮ ਦਾ ਮੁਆਫ਼ ਕਰ ਕਸੂਰ, ਲੱਖ ਚੁਰਾਸੀ ਪੈਂਡਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਖ਼ਸ਼ ਅਗੰਮੀ ਧੂੜ, ਬਿਨ ਚਰਨਾਂ ਚਰਨ ਕਵਲ ਦੇ ਸਮਝਾਈਆ । ਸਤਿ ਕਹੇ ਮੇਰੇ ਸਾਹਿਬ ਸ੍ਰੀ ਭਗਵਾਨ, ਭਗਵਨ ਤੇਰੀ ਓਟ ਤਕਾਈਆ । ਪ੍ਰਿਥਮੀ ਆਕਾਸ਼ ਦੇ ਗਿਆਨ, ਪੰਜਾਂ ਤੱਤਾਂ ਆਪ ਸਮਝਾਈਆ । ਬੁਧੀ ਰਹੇ ਨਾ ਕੋਇ ਨਾਦਾਨ, ਮਤ ਚਲੇ ਨਾ ਕੋਇ ਚਤੁਰਾਈਆ । ਸ਼ਬਦ ਨਿਰਾਲਾ ਮਾਰ ਬਾਣ, ਅਣਿਆਲਾ ਹੱਥ ਉਠਾਈਆ । ਲੇਖਾ ਚੁੱਕੇ ਦੋ ਜਹਾਨ, ਜਹਾਲਤ ਕੂੜ ਬਾਹਰ ਕਢਾਈਆ । ਧੁਰ ਦਾ ਦੇ ਇਕ ਪੈਗ਼ਾਮ, ਪੈਗ਼ੰਬਰਾਂ ਲੈ ਉਠਾਈਆ । ਤੇਈ ਅਵਤਾਰ ਕਰਨ ਧਿਆਨ, ਈਸਾ ਮੂਸਾ ਮੁਹੰਮਦ ਕਰੇ ਸ਼ਨਵਾਈਆ । ਨਾਨਕ ਗੋਬਿੰਦ ਕਰ ਪਰਵਾਨ, ਪਰਵਾਨਾ ਧੁਰ ਦਾ ਹੱਥ ਫੜਾਈਆ । ਭਵਿਖਤਾਂ ਵਿਚ ਦੇ ਕੇ ਗਏ ਬਿਆਨ, ਨਾਮ ਸੰਦੇਸ਼ਾ ਇਕ ਸੁਣਾਈਆ । ਕਲ ਕਲਕੀ ਖੇਲ ਕਰੇ ਮਹਾਨ, ਜਿਸ ਦੀ ਸਮਝ ਕਿਸੇ ਨਾ ਆਈਆ । ਵਸੇ ਨਗਰ ਸੰਬਲ ਧਾਮ, ਅਸਥਾਨ ਭੂਮਿਕਾ ਸਮਝ ਕੋਇ ਨਾ ਪਾਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਸਿਰ ਸਕੇ ਨਾ ਕੋਇ ਉਠਾਈਆ । ਜੋ ਆਦਿ ਜੁਗਾਦੀ ਜੀਵ ਜੰਤ ਲੱਖ ਚੁਰਾਸੀ ਸਭ

੯੦੮ ੧੯ ਦਾ ਕਾਹਨ, ਪੁਰਖ ਅਬਿਨਾਸ਼ੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧਰਮ ੯੦੮ ੧੯

ਦਵਾਰਾ ਧੁਰ ਦਾ ਦੇਣਾ ਵਖਾਈਆ । ਸਤਿ ਕਹੇ ਕਲਜੁਗ ਔਧ ਰਹੀ ਪੁਗ, ਪ੍ਰਭ ਬੇਨੰਤੀ ਇਕ ਸੁਣਾਈਆ । ਅੰਤਮ ਬਦਲ ਦੇ ਆਪਣਾ ਜੁਗ, ਜੁਗੀਸ਼ਰ ਰਹੇ ਕੁਰਲਾਈਆ । ਆਪਣੇ ਨਾਮ ਦੀ ਦੇ ਦੇ ਇਕੋ ਤੁਕ, ਚਾਰ ਵਰਨ ਸਚ ਪੜ੍ਹਾਈਆ । ਆਵਣ ਜਾਵਣ ਲੱਖ ਚੁਰਾਸੀ ਭਗਤਾਂ ਪੈਂਡਾ ਜਾਏ ਮੁਕ, ਇਕੋ ਜੋਤ ਜੋਤ ਵਿਚ ਮਿਲਾਈਆ । ਜਨਮ ਮਰਨ ਦਾ ਰਹੇ ਕੋਈ ਨਾ ਦੁੱਖ, ਰਾਏ ਧਰਮ ਨਾ ਦਏ ਸਜ਼ਾਈਆ । ਨਾਤਾ ਜੋੜ ਪਿਤਾ ਪੁੱਤ, ਗੋਬਿੰਦ ਗੁਰ ਗੁਰ ਦਿਆਂ ਸਮਝਾਈਆ । ਮਾਤ ਗਰਭ ਉਲਟਾ ਹੋਣਾ ਪਏ ਨਾ ਰੁੱਖ, ਦਸ ਦਸ ਮਾਸ ਅਗਨੀ ਨਾ ਕੋਇ ਤਪਾਈਆ । ਕਰ ਪਰਵੇਸ਼ ਸਚ ਸੁਚ, ਸਚ ਸੰਜਮ ਆਪਣਾ ਦੇ ਜਣਾਈਆ । ਪੜਦਾ ਓਹਲਾ ਰਹੇ ਨਾ ਲੁਕ, ਸਾਖਿਆਤ ਨਿਰਗੁਣ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਕਹੇ ਕਲਜੁਗ ਕੂੜ ਕੁੜਿਆਰ ਦਾ ਬੂਟਾ ਪੁੱਟ, ਧਰਮ ਇਕੋ ਇਕ ਪਰਗਟਾਈਆ । ਸਤਿ ਕਹੇ ਮੇਰਾ ਧਰਮ ਅਨੋਖਾ, ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਗਏ ਸਮਝਾਈਆ । ਲੱਖ ਚੁਰਾਸੀ ਵਿਚੋਂ ਮਾਨਸ ਜਨਮ ਮਿਲੇ ਮੌਕਾ, ਬਿਨਾ ਮਾਨਵ ਹੱਥ ਕਿਸੇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਭਗਤ ਵਛਲ ਗਿਰਵਰ ਗਿਰਧਾਰ ਕਿਸੇ ਨਾਲ ਕਦੇ ਕਰੇ ਨਾ ਧੋਖਾ, ਸੰਤ ਸੁਹੇਲੇ ਗੁਰੂ ਗੁਰ ਚੇਲੇ ਆਪਣੇ ਰੰਗ ਰੰਗਾਈਆ । ਭਾਗ ਲਗਾ ਕੇ ਕਾਇਆ ਮਾਟੀ ਪੰਜ ਤਤ ਕੋਠਾ, ਗ੍ਰਿਹ ਮੰਦਰ ਅੰਦਰ ਬਹਿ ਕੇ ਖ਼ੁਸ਼ੀ ਵਖਾਈਆ । ਨਾਮ ਨਿਧਾਨ ਸ਼ਬਦ ਅਗੰਮੀ ਲਾਏ ਚੋਟਾ, ਸੋਈ ਸੁਰਤ ਆਪ ਜਗਾਈਆ । ਨਿਰਮਲ ਨੂਰ ਜੋਤ ਕਰ ਪਰਕਾਸ਼ ਪਰਗਟ ਹੋਵੇ ਜੋਤੀ ਜਾਤਾ, ਜਾਗਰਤ

ਜੋਤ ਕਰੇ ਰੁਸ਼ਨਾਈਆ । ਸਚ ਦਵਾਰ ਚੜ੍ਹਨਾ ਦਿਸੇ ਸੌਖਾ, ਅਧਵਿਚਕਾਰ ਨਾ ਕੋਇ ਅਟਕਾਈਆ । ਜਨ ਭਗਤ ਸੁਹੇਲਾ ਚੌਦਾਂ ਲੋਕ ਦੇਵੇ ਕੋਈ ਨਾ ਧੋਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਇਕ ਉਠਾਈਆ । ਸਤਿ ਧਰਮ ਕਹੇ ਪ੍ਰਭ ਕਿਰਪਾ ਕਰ ਮੇਰੇ ਠਾਕਰ, ਠੋਕਰ ਆਪਣਾ ਨਾਮ ਲਗਾਈਆ । ਕਲਜੁਗ ਕੂੜੀ ਕਿਰਿਆ ਵੇਖ ਡੂੰਘਾ ਸਾਗਰ, ਗਹਿਰ ਗੰਭੀਰ ਆਪਣਾ ਫੇਰਾ ਪਾਈਆ । ਜੋਧਾ ਸੂਰਬੀਰ ਦਿਸੇ ਨਾ ਕੋਇ ਬਹਾਦਰ, ਜੋ ਮਨ ਵਾਸਨਾ ਦਏ ਖਪਾਈਆ । ਮੇਲਾ ਮਿਲੇ ਨਾ ਕਰਤੇ ਕਰੀਮ ਕ਼ਾਦਰ, ਤੇਰੀ ਕ਼ੁਦਰਤ ਵੇਖ ਹੈਰਾਨੀ ਮੇਰੇ ਉਤੇ ਆਈਆ । ਸਾਚਾ ਵਣਜ ਕਰੇ ਨਾ ਕੋਈ ਬਣ ਸੌਦਾਗਰ, ਸੌਦਾ ਹੱਟ ਨਾ ਕੋਇ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਕਿਰਿਆ ਕਰ ਤਬਾਦਲ, ਅਦਲੀ ਬਦਲੀ ਤੇਰੇ ਹੱਥ ਜੁਗ ਚੌਕੜੀ ਚਲੀ ਆਈਆ । ਸਤਿ ਕਹੇ ਪ੍ਰਭੂ ਮੈਂ ਤੇਰਾ ਸਤਿਜੁਗ ਸੱਚਾ, ਜੁਗ ਜੁਗ ਵੇਸ ਵਟਾਈਆ । ਮੈਂ ਆਵਾਂ ਤੇਰਾ ਬੱਚਾ, ਜਨਮ ਮਰਨ ਵਿਚ ਕਦੇ ਨਾ ਆਈਆ । ਮੇਰਾ ਕੋਈ ਤੱਤਾਂ ਵਾਲਾ ਭਾਂਡਾ ਨਹੀਂ ਕੱਚਾ, ਮਾਨਸ ਰੂਪ ਨਾ ਕੋਇ ਵਟਾਈਆ । ਮੇਰੀਆਂ ਕੋਈ ਵੇਖਣ ਵਾਲੀਆਂ ਨਹੀਂ ਅੱਖਾਂ, ਤੇਰਾ ਨੂਰ ਜੋਤ ਰੁਸ਼ਨਾਈਆ । ਤੇਰੇ ਚਰਨ ਕਵਲ ਸਦਾ ਵਸਾਂ, ਸਚਖੰਡ ਬੈਠਾ ਸੋਭਾ ਪਾਈਆ । ਮੈਂ ਕੋਈ ਲਹਿਣਾ ਦੇਣਾ ਚੁਕਾਉਣਾ ਨਹੀ ਨਾਲ਼ ਹੱਥਾਂ, ਤੇਰਾ ਧਰਮ ਸਦਾ ਧਰਮੀਆਂ ਦਿਆਂ ਵਖਾਈਆ । ਮੈਂ ਸੜਿਆ ਨਹੀਂ ਨਾਲ ਕੱਖਾਂ, ਮੜ੍ਹੀ ਗੋਰ ਨਾ ਕੋਇ ਦਬਾਈਆ । ਮੈਂ ਭਗਤ ਸੁਹੇਲਾ ਬਣਾਂ ਸਕਾ, ਸਾਜਣ ਹੋ ਕੇ ਸੇਵ ਕਮਾਈਆ । ਸਦਾ ਤੇਰੇ ਨਾਮ ਦਾ ਗਾਵਾਂ ਜਸਾ, ਵੇਦ ਪੁਰਾਨ ਸ਼ਾਸਤਰ ਸਿਮਰਤ ਖਾਣੀ ਬਾਣੀ ਤੇਰਾ ਰੰਗ ਵਖਾਈਆ । ਮੈਂ ਲੇਖਾ ਜਾਣਾ ਰਸਨਾ ਜਿਹਵਾ ਬੱਤੀ ਦੰਦ ਭੱਟਾ, ਸੋਹਲੇਢੋਲੇ ਵਿਚੋਲੇ ਬਣ ਗਏ ਜਣਾਈਆ । ਤੂੰ ਸਾਹਿਬ ਸੁਲਤਾਨ ਪੁਰਖ ਸਮਰਥਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਲੇਖਾ ਪੂਰਾ ਕਰਦੇ ਲਹਿਣੇ ਦੇਣੇ ਵਾਲਾ ਪੱਟਾ, ਹੱਕ ਹਕੂਕ ਮੇਰੇ ਹੱਥ ਫੜਾਈਆ । ਸਤਿ ਕਹੇ ਪੁਰਖ ਅਕਾਲ ਮੈਂ ਤੇਰਾ ਨੰਨ੍ਹਾਂ ਪੁੱਤ, ਪਤਿਪਰਮੇਸ਼ਵਰ ਤੇਰੀ ਆਸ ਰਖਾਈਆ । ਤੂੰ ਸਾਹਿਬ ਸਵਾਮੀ ਅਬਿਨਾਸ਼ੀ ਅਚੁਤ, ਚਾਤ੍ਰਿਕ ਹੋ ਕੇ ਰਿਹਾ ਬਿਲਲਾਈਆ । ਕਿਰਪਾ ਨਿਧਾਨ ਠਾਕਰ ਆਪਣੀ ਗੋਦੀ ਚੁੱਕ, ਫੜ ਬਾਹੋਂ ਗਲੇ ਲਗਾਈਆ । ਕਲਜੁਗ ਕੂੜੀ ਕਿਰਿਆ ਪੈਂਡਾ ਜਾਵੇ ਮੁਕ, ਮਾਇਆ ਮਮਤਾ ਮੋਹ ਕੂੜ ਜਗਤ ਨਾ ਕੋਇ ਸਤਾਈਆ । ਮੈਂ ਤੇਰਾ ਨਾਮ ਹਰਿ ਹਿਰਦੇ ਵਿਚ ਦੱਸਾਂ ਸਚ ਸੁੱਚ, ਸਤਿ ਕਰਾਂ ਪੜ੍ਹਾਈਆ । ਪੜਦਾ ਓਹਲਾ ਰਹੇ ਨਾ ਕਿਸੇ ਮਨੁੱਖ, ਮਾਨਵ ਜਾਤੀ ਦਿਆਂ ਸਮਝਾਈਆ । ਸਭ ਦੀ ਸਫ਼ਲ ਹੋਵੇ ਮਾਤ ਕੁੱਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕੋ ਦੇਣਾ ਵਖਾਈਆ । ਸਤਿ ਕਹੇ ਮੇਰੇ ਸਾਹਿਬ ਗਹਿਰ ਗੰਭੀਰ, ਗਵਰ ਗ਼ੌਰ ਨਾਲ ਜਣਾਈਆ । ਤੇਰੇ ਹੱਥ ਸਰਬ ਤਕਦੀਰ, ਤਦਬੀਰ ਦੇ ਜਣਾਈਆ । ਝਗੜਾ ਰਹੇ ਨਾ ਗ਼ਰੀਬ ਅਮੀਰ, ਰਾਓ ਰੰਕ ਇਕੋ ਘਰ ਵਸਾਈਆ । ਜਨ ਭਗਤਾਂ ਅੰਤਰ ਆਤਮ ਦੇ ਸੀਰ, ਨਿਝਰ ਝਿਰਨਾ ਇਕ ਝਿਰਾਈਆ । ਜਿਸ ਮੰਜ਼ਲ ਤੇ ਚੜ੍ਹਿਆ ਕਬੀਰ, ਸੰਤ ਸੁਹੇਲੇ ਓਥੇ ਦੇਣੇ ਪੁਚਾਈਆ । ਸ਼ਰਅ ਰਹੇ ਨਾ ਕੋਇ ਜ਼ੰਜੀਰ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਗੁਰਮੁਖਾਂ ਅੰਦਰੋਂ ਬਦਲ ਦੇ ਜ਼ਮੀਰ, ਜ਼ਾਮਨ ਹੋ ਕੇ ਪਾਰ ਲੰਘਾਈਆ । ਤੇਰੀ ਨਜ਼ਰ ਨਾ ਆਵੇ ਕਿਸੇ ਤਸਵੀਰ, ਮਸੱਵਰ ਸਕੇ ਨਾ ਕੋਇ ਸਮਝਾਈਆ । ਅੰਮ੍ਰਿਤ ਆਤਮ ਦੇ ਸਾਚਾ ਨੀਰ, ਨਰ ਨਰਾਇਣ ਆਪ ਦਇਆ

ਕਮਾਈਆ । ਕਲਜੁਗ ਅੰਤ ਹੋਈ ਅਖ਼ੀਰ, ਆਖ਼ਰ ਲੇਖਾ ਦੇ ਮੁਕਾਈਆ । ਸਤਿਜੁਗ ਸਾਚਾ ਧਰਨੀ ਉਤੇ ਬੰਨ੍ਹੇ ਧੀਰ, ਧਰਮ ਪੂਤ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕੋ ਵਰ, ਸਤਿ ਦਵਾਰੇ ਇਕੋ ਆਸ ਰਖਾਈਆ । ਸਤਿ ਕਹੇ ਪ੍ਰਭੂ ਮਿਹਰ ਨਜ਼ਰ ਨਾਲ ਝਾਕ, ਦਇਆਵਾਨ ਦਇਆ ਕਮਾਈਆ । ਕੂੜ ਕੁੜਿਆਰ ਦਾ ਲਹਿਣਾ ਦੇਣਾ ਕਰ ਬੇਬਾਕ, ਬਾਕੀ ਅਵਰ ਰਹੇ ਨਾ ਰਾਈਆ । ਚਾਰ ਵਰਨ ਦੱਸ ਇਤਫਾਕ, ਪ੍ਰੇਮ ਪ੍ਰੀਤੀ ਬੰਧਨ ਪਾਈਆ । ਆਤਮ ਪਰਮਾਤਮ ਸਚ ਬਣਾ ਸਾਕ, ਸੱਜਣ ਇਕੋ ਇਕ ਅਖਵਾਈਆ । ਮਨੁਆ ਰਹੇ ਨਾ ਕੋਇ ਗੁਸਤਾਖ਼, ਬੁਧੀ ਬਿਬੇਕ ਦੇਣੀ ਕਰਾਈਆ । ਗੋਬਿੰਦ ਪੂਰਾ ਕਰ ਭਵਿਖਤ ਵਾਕ, ਜੋ ਲੇਖਾ ਲਿਖਿਆ ਬਿਨ ਕ਼ਲਮ ਸ਼ਾਹੀਆ । ਕਲਜੁਗ ਮਿਟੇ ਅੰਧੇਰੀ ਰਾਤ, ਸਾਚਾ ਚੰਦ ਕਰੇ ਰੁਸ਼ਨਾਈਆ । ਪੁਰਖ ਅਕਾਲ ਸਭ ਨੂੰ ਗਾਉਣੀ ਪਏ ਗਾਥ, ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਢੋਲਾ ਜੈ ਜੈਕਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਬਿਨ ਤੇਰੇ ਨਿਰਗੁਣ ਸਰਗੁਣ ਦੂਜਾ ਕੋਇ ਦਿਸੇ ਨਾ ਸਾਥ, ਜਗਤ ਸਾਥੀ ਸੰਗੀ ਕੰਮ ਕੋਇ ਨਾ ਆਈਆ ।

### ✪ ੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਰਨਾਮ ਸਿੰਘ ਦੇ ਗ੍ਰਿਹ ਪਿੰਡ ਪੰਡੋਰੀ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪ੍ਰਭ ਸੁਣ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਤੇਰਾ ਹੁਕਮ ਵਰਤੇ ਸਦਾ ਜੁਗ ਚਾਰ, ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਏ ਗ੍ਰਿਫਤਾਰ, ਬੰਧਨ ਸਕੇ ਨਾ ਕੋਇ ਤੁੜਾਈਆ । ਤ੍ਰੈ ਪੰਜ ਤੇਰੇ ਪਨਿਹਾਰ, ਨਿਤ ਨਵਿਤ ਸੇਵ ਕਮਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਤਖ਼ਤ ਨਿਵਾਸੀ ਸੋਭਾ ਪਾਈਆ । ਨਿਰਗੁਣ ਨਿਰਵੈਰ ਨਿਰੰਕਾਰ ਕਰ ਖੇਲ ਵਿਚ ਸੰਸਾਰ, ਵਡ ਸੰਸਾਰੀ ਤੇਰੇ ਹੱਥ ਵਡਿਆਈਆ । ਨਵ ਨੌ ਚਾਰ ਤੇਰੀ ਕਿਸੇ ਨਾ ਪਾਈ ਸਾਰ, ਖੰਡ ਬ੍ਰਹਿਮੰਡ ਲੋਕਮਾਤ ਸ਼ਾਸਤਰ ਸਿਮਰਤ ਵੇਦ ਪੁਰਾਨ ਲਿਖ ਲਿਖ ਲੇਖਾ ਗਏ ਹਾਰ, ਕ਼ਲਮ ਸ਼ਾਹੀ ਕਾਗ਼ਜ਼ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਦਰ ਦਰਬਾਰੇ ਧੁਰ ਦੇ ਮੰਗ ਮੰਗਾਈਆ । ਸਤਿ ਕਹੇ ਪੁਰਖ ਅਕਾਲ ਖ਼ਾਲੀ ਝੋਲੀ ਭਰ, ਸ੍ਰੀ ਭਗਵਾਨ ਤੇਰੀ ਆਸ ਰਖਾਈਆ । ਨਿਰਭਉ ਭੈ ਚੁਕਾ ਡਰ, ਭਿਆਨਕ ਰੇਖਾ ਦੇ ਬਦਲਾਈਆ । ਮਾਣ ਵਡਿਆਈ ਦੇ ਉਪਰ ਧਰਨੀ ਧਰ, ਧਰਤ ਧਵਲ ਦੇਣਾ ਬਣਾਈਆ । ਸਚਖੰਡ ਨਿਵਾਸੀ ਕਿਰਪਾ ਨਿਧਾਨ ਕਿਰਪਾ ਕਰ, ਕਿਰਪਨ ਹੋ ਕੇ ਸੀਸ ਝੁਕਾਈਆ । ਸਾਚੀ ਮੰਜ਼ਲ ਤੇਰੇ ਹੱਕ ਦਵਾਰੇ ਜਾਵਾਂ ਚੜ੍ਹ, ਹਕ਼ੀਕ਼ਤ ਵਿਚ ਤੇਰਾ ਦਰਸ਼ਨ ਪਾਈਆ । ਤੂੰ ਮੇਰਾ ਮੈਂ ਤੇਰਾ ਆਦਿ ਜੁਗਾਦਿ ਨਿਤ ਨਵਿਤ ਤੇਰਾ ਢੋਲਾ ਲਵਾਂ ਪੜ੍ਹ, ਜਗਤ ਵਿਦਿਆ ਦੀ ਲੋੜ ਰਹੇ ਨਾ ਰਾਈਆ । ਕਲਜੁਗ ਕੂੜੀ ਕਿਰਿਆ ਹਉਮੇ ਹੰਗਤਾ ਤੋੜ ਹੰਕਾਰੀ ਗੜ੍ਹ, ਹੰ ਬ੍ਰਹਮ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਾਚਾ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਸਤਿ ਧਰਮ ਕਹੇ ਪ੍ਰਭ ਖੋਲ੍ਹ ਦਰਵਾਜ਼ਾ, ਦਰੇ ਦਰਬਾਰ ਨਜ਼ਰੀ ਆਈਆ । ਤੇਰਾ ਨਾਉਂ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣਿਆਂ ਹੋ ਸਹਾਈਆ । ਸੀਸ ਜਗਦੀਸ਼ ਇਕੋ ਸੋਹੇ ਤੇਰੇ ਤਾਜਾ, ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਸਚਖੰਡ

ਦਵਾਰੇ ਸੋਭਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਸਰਗੁਣ ਰਚ ਕਾਜਾ, ਕੁਦਰਤ ਦੇ ਮਾਲਕ ਖ਼ਾਲਕ ਹੋ ਕੇ ਆਪਣਾ ਵੇਸ ਵਟਾਈਆ । ਭੂਪਨ ਭੂਪ ਸਤਿ ਸਰੂਪ ਰਾਜਨ ਰਾਜਾ, ਸ਼ਾਹ ਸ਼ਹਾਨਾ ਇਕ ਅਖਵਾਈਆ । ਕਲਜੁਗ ਕੂੜੀ ਕਿਰਿਆ ਦੁਰਮਤ ਮੈਲ ਧੋ ਦਾਗ਼ਾ, ਪਤਿਤ ਪੁਨੀਤ ਸ੍ਰਿਸ਼ਟੀ ਦ੍ਰਿਸ਼ਟੀ ਦੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਏਕੰਕਾਰੇ ਨਿਰਗੁਣ ਨੂਰ ਕਰ ਰੁਸ਼ਨਾਈਆ ।ਸਤਿ ਕਹੇ ਪ੍ਰਭ ਨਿਰਮਲ ਪਰਗਟ ਕਰ ਜੋਤ, ਜੋਤੀ ਜਾਤੇ ਆਪਣਾ ਪੜਦਾ ਦੇ ਉਠਾਈਆ । ਭਾਗ ਲੱਗੇ ਸਚ ਦਵਾਰੇ ਸਾਚੇ ਕੋਟ, ਕੂੜ ਕੁਟੰਬ ਦੇਣਾ ਮੁਕਾਈਆ । ਨਾਮ ਨਿਧਾਨਾ ਦੱਸਣਾ ਆਪਣਾ ਗੋਤ, ਵਰਨ ਬਰਨ ਨਾ ਕੋਇ ਜਣਾਈਆ । ਜਨ ਭਗਤਾਂ ਦੇ ਕੇ ਸਾਚੀ ਓਟ, ਓੜਕ ਆਪਣਾ ਰੰਗ ਚੜ੍ਹਾਈਆ । ਮਨ ਵਾਸਨਾ ਕੂੜੀ ਕਿਰਿਆ ਤਨ ਵਜੂਦ ਕੱਢਣਾ ਖੋਟ, ਅੰਤਰ ਨਿਰੰਤਰ ਮੰਤਰ ਦੇਣਾ ਸਮਝਾਈਆ । ਮਨ ਬੁਧੀ ਦੀ ਰਹਿਣ ਨਾ ਦੇਣੀ ਸੋਚ, ਸਮਝ ਸਮਝ ਵਿਚੋਂ ਬਦਲਾਈਆ । ਨੇਤਰ ਖੋਲ੍ਹ ਕੇ ਅੱਖ ਲੋਚ, ਗਿਆਨ ਅੰਜਨ ਦੇਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਬਣ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਸਤਿ ਕਹੇ ਪ੍ਰਭ ਸਚਖੰਡ ਨਿਵਾਸੀ, ਨਿਵਾਸ ਅਸਥਾਨ ਆਪਣਾ ਵੇਖ ਵਖਾਈਆ । ਜਨ ਭਗਤਾਂ ਆਤਮ ਹੋਈ ਉਦਾਸੀ, ਸੰਸਾ ਰੋਗ ਨਾ ਕੋਇ ਮਿਟਾਈਆ । ਪੰਡਤ ਮਿਲੇ ਕੋਇ ਨਾ ਕਾਸ਼ੀ, ਜਗਤ ਵਿਦਿਆ ਹੋਈ ਹਲਕਾਈਆ । ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਦਰ ਦਰਵਾਜ਼ਾ ਨਾ ਕੋਇ ਖੁਲ੍ਹਾਈਆ । ਆਤਮ ਪਰਮਾਤਮ ਬਣੇ ਕੋਇ ਨਾ ਸਾਥੀ, ਸਗਲਾ ਸੰਗ ਨਾ ਕੋਇ ਨਿਭਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਇਕੋ ਜਾਤੀ, ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਮੇਟ ਅੰਧੇਰੀ ਰਾਤੀ, ਰੁੱਤ ਆਪਣੀ ਦੇ ਬਦਲਾਈਆ । ਜਨ ਭਗਤਾਂ ਦਰਸ ਦੇ ਸਾਖਿਆਤੀ, ਸਵੱਛ ਸਰੂਪੀ ਹੋ ਕੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸਦਾ ਬਹੁ ਬਿਧ ਭਾਤੀ, ਭਾਵਨਾ ਸਭ ਦੀ ਵੇਖ ਵਖਾਈਆ । ਸਤਿ ਕਹੇ ਮੇਰੇ ਸਾਹਿਬ ਸਵਾਮੀ ਸਤਿਗੁਰੂ, ਗੁਰਦੇਵ ਬੰਦਨਾ ਵਿਚ ਸੀਸ ਨਿਵਾਈਆ । ਸਤਿ ਧਰਮ ਸਤਿ ਸਤਿਵਾਦੀ ਕਰਦੇ ਸ਼ੁਰੂ, ਸ਼ਰਅ ਦਾ ਲੇਖਾ ਦੇ ਚੁਕਾਈਆ । ਤੇਰੇ ਹੁਕਮੇ ਅੰਦਰ ਬੰਦਾ ਬੰਦਗੀ ਵਾਲਾ ਤੁਰੂ, ਤੁਰਤ ਆਪਣਾ ਰੰਗ ਦੇਣਾ ਰੰਗਾਈਆ । ਸੁਰਤ ਸ਼ਬਦ ਨਾਲ ਜੁੜੂ, ਅਗਨੀ ਅੱਗ ਨਾ ਲਾਗੇ ਰਾਈਆ । ਇਕੋ ਮੰਤਰ ਤੇਰਾ ਫੁਰੂ, ਫੁਰਨੇ ਸਾਰੇ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦੇਣਾ ਉਠਾਈਆ । ਸਤਿ ਕਹੇ ਪ੍ਰਭ ਵੇਖਾਂ ਤੇਰਾ ਧਰਮ ਦਵਾਰ, ਦਵਾਰਕਾ ਵਾਸੀ ਜਿਥੇ ਬੈਠੇ ਸੀਸ ਨਿਵਾਈਆ । ਕੋਟਨ ਕੋਟ ਰਾਮ ਅਵਤਾਰ, ਰਾਮ ਰਾਮ ਕਹਿ ਕੇ ਸ਼ੁਕਰ ਮਨਾਈਆ । ਈਸਾ ਮੂਸਾ ਮੁਹੰਮਦ ਸਜਦੇ ਕਰਨ ਵਾਰੋ ਵਾਰ, ਕਲਮਾ ਹੱਕ ਹੱਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਰੋਵਣ ਜ਼ਾਰੋ ਜ਼ਾਰ, ਖ਼ਾਲੀ ਝੋਲੀ ਅਗੇ ਡਾਹੀਆ । ਦੇਵਤ ਸੁਰ ਪਾਵੇ ਕੋਈ ਨਾ ਸਾਰ, ਦੂਰ ਦੁਰਾਡੇ ਧਿਆਨ ਲਗਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਧੂੜੀ ਮੰਗਣ ਛਾਰ, ਮਸਤਕ ਟਿੱਕੇ ਨਾਮ ਰਮਾਈਆ । ਜੁਗ ਚੌਕੜੀ ਖੇਲ ਤੇਰਾ ਅਪਰ ਅਪਾਰ, ਅਲਖ ਅਗੋਚਰ ਤੇਰੀ ਬੇਪਰਵਾਹੀਆ । ਪੂਰਬ ਲਹਿਣਾ ਦੇਣਾ ਲੇਖਾ ਲੈ ਵਿਚਾਰ, ਵਿਭਚਾਰ ਕੂੜਾ ਦੇਣਾ ਮੁਕਾਈਆ । ਸਾਚਾ ਮਾਰਗ ਲਾ ਵਿਚ ਸੰਸਾਰ, ਸੰਸਾ ਰੋਗ ਰਹੇ ਨਾ ਰਾਈਆ । ਸਤਿ ਧਰਮ ਦਾ ਸਤਿਗੁਰ ਸ਼ਬਦ ਕਰੇ ਪਰਚਾਰ, ਪਰਚਾ ਭਗਤਾਂ ਅਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ

ਮਿਹਰ ਨਜ਼ਰ ਇਕ ਟਿਕਾਈਆ । ਸਤਿ ਕਹੇ ਮੇਰੇ ਧਰਨਾ ਪਤਿ, ਧਰਨੀ ਧਰਤ ਧਵਲ ਦੇ ਵਡਿਆਈਆ । ਤੁਧ ਬਿਨ ਰਖੇ ਕੋਈ ਨਾ ਪਤ, ਪਤਿਪਰਮੇਸ਼ਵਰ ਸਿਰ ਹੱਥ ਨਾ ਕੋਇ ਟਿਕਾਈਆ । ਨਿਰਗੁਣ ਹੋ ਕੇ ਲੋਕਮਾਤ ਆ ਵਤ, ਵਤਨ ਆਪਣਾ ਖੋਜ ਖੁਜਾਈਆ । ਨਾੜ ਬਹੱਤਰ ਸਭ ਦੀ ਉਬਲੇ ਰਤ, ਤਿੰਨ ਸੌ ਸੱਠ ਹਾਡੀ ਸਾਂਤਕ ਸਤਿ ਨਾ ਕੋਇ ਕਰਾਈਆ । ਨਿਜ ਨੇਤਰ ਖੋਲ੍ਹੇ ਕੋਈ ਨਾ ਅੱਖ, ਨਿਰਗੁਣ ਨੂਰ ਨਾ ਕੋਇ ਚਮਕਾਈਆ । ਮਨ ਵਾਸਨਾ ਸ੍ਰਿਸ਼ਟੀ ਹੋਈ ਵਸ, ਵਾਸਤਾ ਕੂੜ ਜੁੜਾਈਆ । ਜੀਂਵਿਦਿਆਂ ਜਗ ਖੇੜਾ ਕਰੇ ਕੋਈ ਨਾ ਭੱਠ, ਮਰਜੀਵਤ ਰੂਪ ਨਾ ਕੋਇ ਵਟਾਈਆ । ਮੋਹ ਪਿਆਰ ਮੁਹੱਬਤ ਵਿਚ ਰਹੇ ਨਠ, ਦਿਵਸ ਰੈਣ ਬਣ ਕੇ ਪਾਂਧੀ ਰਾਹੀਆ । ਝਗੜਾ ਕਿਸੇ ਨਾ ਮੁਕਿਆ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਕੰਮ ਕਿਸੇ ਨਾ ਆਈਆ । ਅਬਿਨਾਸ਼ੀ ਕਰਤੇ ਸਾਚਾ ਮਾਰਗ ਸ਼ਬਦੀ ਧਾਰ ਸਭ ਨੂੰ ਦੱਸ, ਏਕੰਕਾਰ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਤੇਰਾ ਖੇਲ ਅਲੱਖਣਾ ਅਲਖ, ਲਖ ਸਕੇ ਕੋਇ ਨਾ ਰਾਈਆ ।

### ✪ ੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਕਰਨੈਲ ਸਿੰਘ ਦੇ ਗ੍ਰਿਹ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪ੍ਰਭ ਲਗਾ ਆਪਣੀ ਕੁਲ, ਜਨ ਭਗਤ ਲੋਕਮਾਤ ਵਡਿਆਈਆ । ਜੋ ਤੇਰੇ ਨਾਮ ਕੰਡੇ ਗਏ ਤੁਲ, ਤਰਾਜੂ ਚੜ੍ਹ ਕੇ ਸੋਭਾ ਪਾਈਆ । ਸਚ ਪ੍ਰੀਤੀ ਅੰਦਰ ਗਏ ਘੁਲ, ਆਪ ਆਪਣਾ ਭੇਟ ਕਰਾਈਆ । ਉਹਨਾਂ ਦੀਪਕ ਕਦੇ ਹੋਵੇ ਨਾ ਗੁਲ, ਜੁਗ ਚੌਕੜੀ ਕਰ ਰੁਸ਼ਨਾਈਆ । ਸਾਚੀ ਦਰਗਾਹ ਪਾਉਣਾ ਮੁਲ, ਕੀਮਤ ਆਪਣਾ ਨਾਮ ਰਖਾਈਆ । ਤੂੰ ਮਾਲਕ ਆਦਿ ਜੁਗਾਦੀ ਸੁਲਹਕੁਲ, ਰਾਖਾ ਦੋ ਜਹਾਨ ਅਖਵਾਈਆ । ਤੇਰਾ ਸੰਤ ਸੁਹੇਲਾ ਕਦੇ ਨਾ ਜਾਵੇ ਰੁਲ, ਨਿਰਗੁਣ ਹੋ ਕੇ ਸਰਗੁਣ ਲੈਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਮੇਲ ਮਿਲਾਈਆ । ਸਤਿ ਕਹੇ ਪ੍ਰਭ ਜਨ ਭਗਤਾਂ ਦੇ ਅਗੰਮੀ ਜੁਗਤੀ, ਜਗਤ ਜੀਵਣ ਦੇ ਬਦਲਾਈਆ । ਸਾਚੇ ਨਾਮ ਮਿਲੇ ਸੁਰਤੀ, ਸੁਰਤ ਸ਼ਬਦ ਵਿਚ ਸਮਾਈਆ । ਆਵਾਜ਼ ਸੁਣਨੀ ਅਗੰਮੀ ਧੁਰ ਦੀ, ਧੁਨ ਆਤਮਕ ਰਾਗ ਦੇ ਜਣਾਈਆ । ਸਮਝ ਆਵੇ ਪੂਰੇ ਸਤਿਗੁਰ ਦੀ, ਬਿਨਾ ਸਤਿਗੁਰ ਸ਼ਬਦ ਸੀਸ ਨਾ ਕਿਸੇ ਨਿਵਾਈਆ । ਧਾਰ ਦੱਸ ਆਨੰਦ ਪੁਰ ਦੀ, ਜਿਸ ਅਨੰਦ ਵਿਚ ਗੋਬਿੰਦ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦਰ ਮੰਦਰ ਦੇ ਵਖਾਈਆ । ਸਚ ਕਹੇ ਪ੍ਰਭ ਸਾਚਾ ਨਾਮ ਦੇ ਨਿਆਮਤ, ਨਿਸ਼ਅੱਖਰ ਆਪ ਜਣਾਈਆ । ਭਗਤਾਂ ਆਤਮ ਕਰ ਸਚ ਅਮਾਨਤ, ਏਥੇ ਓਥੇ ਹੋ ਸਹਾਈਆ । ਦੋ ਜਹਾਨਾਂ ਦੇ ਜ਼ਮਾਨਤ, ਅਗੇ ਹੋ ਆਪ ਛੁਡਾਈਆ । ਸਚਖੰਡ ਦਵਾਰੇ ਜਾਂਦਿਆਂ ਕਰੇ ਨਾ ਕੋਇ ਮਮਾਨਤ, ਅਧਵਿਚਕਾਰ ਨਾ ਕੋਇ ਅਟਕਾਈਆ । ਤੇਰਾ ਮੇਲਾ ਹੋਵੇ ਨਿਰਗੁਣ ਨਿਰਵੈਰ ਨਿਰੰਕਾਰ ਸਹੀ ਸਲਾਮਤ, ਜੋਤੀ ਜੋਤ ਵਿਚ ਮਿਲਾਈਆ । ਮਨ ਵਾਸਨਾ ਕੂੜੀ ਕਿਰਿਆ ਰਹੇ ਨਾ ਕੋਇ ਅਲਾਮਤ, ਇਲਮ ਤੋਂ ਬਾਹਰ ਆਪਣਾ ਦਰਸ ਦੇਣਾ ਵਖਾਈਆ । ਝਗੜਾ ਰਹੇ ਨਾ ਕਿਸੇ ਕਿਆਮਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਦੇਣਾ ਸਮਝਾਈਆ । ਸਤਿ ਧਰਮ ਕਹੇ ਪ੍ਰਭ ਮੇਰੇ ਹੱਕ ਜਗਦੀਸ਼, ਜਗਦੀਸ਼ਰ ਤੇਰਾ ਰਾਹ ਤਕਾਈਆ । ਜੁਗ ਚੌਕੜੀ ਗਏ ਬੀਤ, ਭਗਵੰਤ ਵਾਰੀ ਅੰਤਮ ਆਈਆ । ਜੂਠ ਝੂਠ ਦੀ ਬਦਲ

ਦੇ ਰੀਤ, ਸਤਿਜੁਗ ਸਚ ਸੁਚ ਪਰਗਟਾਈਆ । ਝਗੜਾ ਰਹੇ ਨਾ ਮੰਦਰ ਮਸੀਤ, ਕਾਇਆ ਕਾਅਬਾ ਦੇ ਦਰਸਾਈਆ । ਜਿਥੇ ਬੈਠਾ ਰਿਹਾ ਅਤੀਤ, ਤ੍ਰੈਗੁਣ ਲੇਖਾ ਦੇ ਮੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਜਣਾ ਦੇ ਸਾਚਾ ਗੀਤ, ਰਾਗ ਆਪਣਾ ਇਕ ਪਰਗਟਾਈਆ । ਝਗੜਾ ਮੁਕ ਜਾਏ ਹਸਤ ਕੀਟ, ਊਚ ਨੀਚ ਇਕੋ ਘਰ ਬਹਾਈਆ । ਜੋਤੀ ਜਾਤੇ ਤੇਰੀ ਹੋਵੇ ਸਚ ਪ੍ਰੀਤ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਕਹੇ ਮੇਰੀ ਆਸਾ ਮਨਸਾ ਪੂਰੀ ਕਰ ਉਮੀਦ, ਮਿਹਰ ਨਜ਼ਰ ਇਕ ਉਠਾਈਆ । ਸਤਿ ਧਰਮ ਕਹੇ ਪ੍ਰਭ ਪੂਰੀ ਕਰ ਦੇ ਮਨਸਾ, ਮਨ ਦਾ ਮੋਹ ਰਹੇ ਨਾ ਰਾਈਆ । ਜਨ ਭਗਤ ਗੁਰਮੁਖ ਬਣਾ ਸਾਚਾ ਹੰਸਾ, ਸੋਹੰ ਧੁਰ ਦਾ ਜਾਪ ਜਪਾਈਆ । ਮਾਣਸ ਜਨਮ ਬਣੇ ਬਣਤਾ, ਲੱਖ ਚੁਰਾਸੀ ਗੇੜਾ ਦੇ ਕਟਾਈਆ । ਦੇ ਵਡਿਆਈ ਸਾਚੇ ਸੰਤਾ, ਜੋ ਸਤਿ ਵਿਚ ਰਹਿ ਕੇ ਤੇਰਾ ਢੋਲਾ ਗਾਈਆ । ਤੂੰ ਮਾਲਕ ਆਦਿ ਜੁਗਾਦੀ ਅੰਤਾ, ਭਗਵੰਤ ਬੇਪਰਵਾਹੀਆ । ਪਰਮਾਤਮ ਆਤਮ ਕੰਤਾ, ਗਹਿਰ ਗੰਭੀਰ ਅਖਵਾਈਆ । ਸਾਚਾ ਚਾੜ੍ਹ ਰੰਗ ਬਸੰਤਾ, ਮਜੀਠ ਅਨਡੀਠ ਆਪ ਰੰਗਾਈਆ । ਬੋਧ ਅਗਾਧਾ ਬਣ ਪੰਡਤਾ, ਧੁਰ ਦਾ ਨਾਮ ਦੇਣਾ ਦ੍ਰਿੜਾਈਆ । ਲੇਖਾ ਚੁਕਾ ਵਿਚੋਂ ਜੀਵ ਜੰਤਾ, ਜਾਗਰਤ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਦੇਣਾ ਪਰਗਟਾਈਆ । ਸਤਿ ਧਰਮ ਕਹੇ ਮੇਰੀ ਆਸਾ ਕਰ ਪੂਰੀ, ਪੂਰਨ ਪਰਮੇਸ਼ਵਰ ਤੇਰੇ ਹੱਥ ਵਡਿਆਈਆ । ਆਪਣਾ ਦਰਸ਼ਨ ਦੇ ਨੂਰੀ, ਨੂਰ ਨੁਰਾਨਾ ਨਜ਼ਰੀ ਆਈਆ । ਜੁਗ ਜਨਮ ਦੀ ਪਿਛਲੀ ਚੁੱਕੇ ਮਜ਼ਦੂਰੀ, ਲੇਖਾ ਪੂਰਬ ਝੋਲੀ ਪਾਈਆ । ਮਮਤਾ ਰਹੇ ਕੋਈ ਨਾ ਕੂੜੀ, ਕਾਇਆ ਕਿਰਿਆ ਹੋਏ ਸਫ਼ਾਈਆ ।
੬੧੩ ੧੯ ਇਕੋ ਤੇਰੇ ਚਰਨ ਦੀ ਮਸਤਕ ਲੱਗੇ ਧੂੜੀ, ਟਿੱਕਾ ਤੇਰਾ ਨਾਮ ਰਮਾਈਆ । ਚਤੁਰ ਸੁਘੜ ਹੋਵੇ ਮੂਰਖ ਮੂੜ੍ਹੀ, ਬੁਧ ਬਿਬੇਕ ਦੇਣੀ ਕਰਾਈਆ । ੬੧੩ ੧੯
ਆਤਮ ਪਰਮਾਤਮ ਪਰਮਾਤਮ ਆਤਮ ਪ੍ਰੀਤੀ ਲੱਗੇ ਗੂੜ੍ਹੀ, ਰੰਗ ਇਕੋ ਨਜ਼ਰੀ ਆਈਆ । ਤੇਰਾ ਦਰਸ ਮੰਗਾਂ ਹਜ਼ਰਤ ਹਾਜ਼ਰ ਹਜ਼ੂਰੀ, ਹਜ਼ੂਰ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਮਨਸਾ ਕਰ ਪੂਰੀ, ਅਧੂਰੀ ਰਹਿਣ ਕੋਇ ਨਾ ਪਾਈਆ । ਸਤਿ ਕਹੇ ਮੈਂ ਧਰਮ ਦੀ ਧੁਝ, ਧਰਮ ਆਤਮ ਦਿਆਂ ਜਣਾਈਆ । ਜਨ ਭਗਤਾਂ ਦੇ ਕੇ ਸਭ ਕੁਝ, ਕੂੜੀ ਕਿਰਿਆ ਵਿਚੋਂ ਬਾਹਰ ਕਢਾਈਆ । ਨਿਰਮਲ ਕਰ ਕੇ ਬੁਧ ਮਨ ਮਨਸਾ ਦਿਆਂ ਖਪਾਈਆ । ਸਾਚੀ ਬਖ਼ਸ਼ਾਂ ਸੁੱਧ, ਸਿੱਧਾ ਤੇਰੇ ਨਾਲ ਮਿਲਾਈਆ । ਪੜਦਾ ਓਹਲਾ ਭੇਵ ਰਹੇ ਨਾ ਗੁੱਝ, ਅੰਧ ਅੰਧੇਰਾ ਦਿਆਂ ਚੁਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਜਨ ਭਗਤਾਂ ਪੂਰੀ ਆਵੇ ਸੁਝ, ਸੂਚਨਾ ਦੇ ਕੇ ਸਚ ਦਿਆਂ ਦ੍ਰਿੜਾਈਆ । ਪਰਮ ਪੁਰਖ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਦੀਨ ਦਿਆਲ ਹੋਣਾ ਖ਼ੁਸ਼, ਖ਼ੁਸ਼ੀਆਂ ਵਿਚ ਵਸਤ ਦਸਤ ਹੱਥ ਦੇਣੀ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਦੀ ਵਖਾਉਣੀ ਸਾਚੀ ਰੁੱਤ, ਕਲਜੁਗ ਰੈਣ ਅੰਧੇਰੀ ਦੇਣੀ ਮਿਟਾਈਆ ।

## ੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਦਾਰਾ ਸਿੰਘ ਦੇ ਗ੍ਰਿਹਿ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ

ਸਤਿ ਕਹੇ ਪ੍ਰਭੂ ਸਤਿ ਧਰਮ ਕਰ ਅਮਨ, ਅਮਲ ਸਭ ਦਾ ਵੇਖ ਵਖਾਈਆ । ਜੂਠ ਝੂਠ ਆਪਣੇ ਅੰਤਰ ਕਰ ਦਮਨ, ਦਮਾਂ ਦਾ ਸਮਾਂ

ਦੇ ਬਦਲਾਈਆ । ਗੁਰ ਅਵਤਾਰ ਪੈਗ਼ੰਬਰ ਤੈਥੋਂ ਕੰਬਣ, ਦਰ ਠਾਂਡੇ ਸੀਸ ਨਿਵਾਈਆ । ਕੂੜ ਕੁੜਿਆਰੇ ਪਕੜ ਬਿਨਾ ਸੰਮਣ, ਸ਼ਬਦੀ ਹੁਕਮ ਇਕ ਜਣਾਈਆ । ਸਤਿਜੁਗ ਫੁਲਵਾੜੀ ਮੌਲੇ ਚਮਨ, ਬਹਾਰ ਗੁਲਸ਼ਨ ਇਕ ਮਹਿਕਾਈਆ । ਮੂਰਖ ਮੁਗਧ ਮੂਲ ਨਾ ਜੰਮਣ, ਤਤ ਤਨ ਨਾ ਕੋਇ ਹੰਢਾਈਆ । ਸਾਚਾ ਰਾਗ ਸੁਣਾ ਕੰਨਣ, ਧੁਰ ਦੀ ਧਾਰ ਪਰਗਟਾਈਆ । ਇਕੋ ਇਸ਼ਟ ਪੁਰਖ ਅਕਾਲ ਤੇਰਾ ਮੰਨਣ, ਮਾਨਸ ਮਨਤਾ ਨਾ ਕੋਇ ਵਧਾਈਆ । ਜਨ ਭਗਤ ਸੁਹੇਲੇ ਬੇੜਾ ਬੰਨ੍ਹਣ, ਬੰਦਨਾ ਤੇਰੇ ਦਰ ਕਰ ਕੇ ਖ਼ੁਸ਼ੀ ਪਰਗਟਾਈਆ । ਨਿਮ ਵਾਸ ਵਿਚੋਂ ਕੱਢਣ ਚੰਦਨ, ਸਚ ਸੁਗੰਧੀ ਦੇਣੀ ਪਰਗਟਾਈਆ । ਸੰਤ ਸੁਹੇਲੇ ਤੇਰੇ ਅੰਤਰ ਰਲਣ, ਆਤਮ ਪਰਮਾਤਮ ਜੋੜ ਜੁੜਾਈਆ । ਸਚਖੰਡ ਦਵਾਰਾ ਇਕੋ ਮੱਲਣ, ਪੁਰੀਆਂ ਲੋਆਂ ਡੇਰਾ ਢਾਹੀਆ । ਮਿਹਰ ਨਜ਼ਰ ਅੰਦਰ ਪਲਣ, ਪਰਵਰਿਸ਼ ਕਰਨੀ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਦੇਣਾ ਵਰਤਾਈਆ । ਸਤਿ ਕਹੇ ਜਨ ਭਗਤਾਂ ਬਣ ਧਿਰ, ਧੀਰ ਇਕੋ ਦੇ ਦਰਸਾਈਆ । ਝਗੜਾ ਮੁਕੇ ਧੜ ਸੀਸ ਸਿਰ, ਸਿਦਕ ਭਰੋਸਾ ਦੇਣਾ ਬੰਨ੍ਹਾਈਆ । ਤੇਰਾ ਦਰਸ਼ਨ ਮੰਗਣ ਨਿਰਵੈਰ ਨਿਰ, ਨਿਰੰਕਾਰ ਓਟ ਰਖਾਈਆ । ਤੂੰ ਘਰ ਵਖਾਉਣਾ ਥਿਰ, ਦਰ ਆਪਣਾ ਪੜਦਾ ਲਾਹੀਆ । ਨੌ ਸੌ ਚੁਰਾਨਵੇਂ ਚੌਕੜੀ ਬੀਤਦਿਆਂ ਕੋਈ ਲੱਗਾ ਨਹੀਂ ਚਿਰ, ਤੇਰੇ ਹੁਕਮੇਂ ਅੰਦਰ ਸਾਰੇ ਗਏ ਪੰਧ ਮੁਕਾਈਆ । ਪੁਰਖ ਅਕਾਲ ਦੀਨ ਦਿਆਲ ਤੂੰ ਪਰਤ ਕੇ ਆਇਉਂ ਫਿਰ, ਨਿਰਗੁਣ ਹੋ ਕੇ ਸਰਗੁਣ ਵੇਸ ਵਟਾਈਆ । ਸਚ ਮੈਦਾਨ ਵੇਖ ਫਿਰ, ਨਵ ਸੱਤ ਖੋਜ ਖੁਜਾਈਆ । ਕਲਜੁਗ ਅੰਤਮ ਕੂੜਾ ਗੇੜਾ ਜਾਵੇ ਗਿੜ, ਸਤਿ ਸੁਚ ਪਾਸਾ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦਵਾਰਾ ਦੇ ਜਣਾਈਆ । ਸਤਿ ਕਹੇ ਪ੍ਰਭ ਜਨ ਭਗਤਾਂ ਦੇ ਦੇ ਦੀਦ, ਦਰ ਤੇਰੇ ਅੰਦਰੋਂ ਬਾਹਰ ਕਢਾਈਆ । ਗ਼ਫ਼ਲਤ ਵਿਚ ਨਾ ਆਵੇ ਨੀਂਦ, ਸੋਈ ਸੁਰਤੀ ਸ਼ਬਦ ਜਗਾਈਆ । ਨਿਜ ਲੋਚਨ ਕਰਨ ਦੀਦ, ਦਰਸ਼ਨ ਦੇਣਾਂ ਥਾਉਂ ਥਾਈਂਆ । ਝਗੜਾ ਰਹੇ ਨਾ ਹਸਤ ਕੀਟ, ਨੀਚਾਂ ਊਚਾਂ ਮਿਲ ਕੇ ਖ਼ੁਸ਼ੀ ਮਨਾਈਆ । ਸਾਚੀ ਦੱਸਣੀ ਇਕ ਪ੍ਰੀਤ, ਜਿਸ ਪ੍ਰੀਤ ਵਿਚੋਂ ਪ੍ਰੀਤਮ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸਚ ਜਗਦੀਸ਼, ਜਗਦੀਸ਼ਰ ਤੇਰੇ ਹੱਥ ਵਡਿਆਈਆ । ਸਤਿ ਕਹੇ ਪ੍ਰਭ ਇਕ ਭਰੋਸਾ ਤੇਰਾ ਸਦਕਾ, ਸਦ ਸਦ ਧਿਆਨ ਲਗਾਈਆ । ਮੇਰਾ ਲਹਿਣਾ ਦੇਣਾ ਕਦ ਕਾ, ਪੂਰਬ ਵੇਖ ਵਖਾਈਆ । ਝਗੜਾ ਰਹੇ ਨਾ ਭਗਤ ਭਗਵਾਨ ਦੀ ਯੱਦ ਕਾ, ਯਦਪਿ ਆਪਣਾ ਰੰਗ ਚੜ੍ਹਾਈਆ । ਮਾਣ ਦੇਣਾ ਨਾ ਝੂਠੇ ਪਦ ਕਾ, ਦਰ ਘਰ ਸਾਚੇ ਸੋਭਾ ਪਾਈਆ । ਲੇਖਾ ਰਹੇ ਨਾ ਕੂੜੀ ਹਦ ਕਾ, ਹਰਿ ਮੰਦਰ ਦੇਣਾ ਸੁਹਾਈਆ । ਵਸਣਾ ਚੰਗਾ ਨਹੀਂ ਅਲਗ ਦਾ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਝਗੜਾ ਛੱਡ ਦੇ ਮਮਤਾ ਵਾਲੇ ਜਗ ਦਾ, ਜਗਜੀਵਣ ਦਾਤੇ ਆਪਣੀ ਦਇਆ ਕਮਾਈਆ । ਸੜਨਾ ਮੁਕ ਜਾਏ ਅਗਨੀ ਅੱਗ ਦਾ, ਤ੍ਰਿਸ਼ਨਾ ਅੱਗ ਨਾ ਕੋਇ ਤਪਾਈਆ । ਪੰਧ ਮੁਕਾ ਦੇ ਸ਼ਾਹ ਰਗ ਦਾ, ਘਰ ਵਿਚ ਘਰ ਦੇਣਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਹ ਲਾ ਦੇ ਸਤਿਜੁਗ ਸਾਚੇ ਜਗ ਦਾ, ਕਲਜੁਗ ਕੂੜ ਕੁੜਿਆਰ ਦੇਣਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਸੂਰੇ ਸਰਬਗ ਦਾ, ਸਮਰਥ ਆਪਣੀ ਕਲ ਦੇਣੀ ਵਰਤਾਈਆ ।

## ੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਮਸਾ ਸਿੰਘ ਦੇ ਗ੍ਰਿਹ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ

ਸਤਿ ਧਰਮ ਕਹੇ ਸਭ ਸ੍ਰਿਸ਼ਟ ਬਣਾ ਆਪਣੀ ਨਗਰੀ, ਖੇੜਾ ਤੇਰਾ ਸੋਭਾ ਪਾਈਆ । ਨਾਮ ਭੰਡਾਰਾ ਦੇ ਸਚ ਸਮਗਰੀ, ਵਸਤ ਅਨਮੁਲ ਆਪ ਵਰਤਾਈਆ । ਚਿੰਤਾ ਮੇਟ ਕੂੜ ਕੁੜਿਆਰ ਸਗਲੀ, ਹਉਮੇ ਰੋਗ ਰਹੇ ਨਾ ਰਾਈਆ । ਕਰ ਪਰਕਾਸ਼ ਕਾਇਆ ਬਦਨੀ, ਬਦਲਾ ਅੰਦਰੋਂ ਦੇ ਚੁਕਾਈਆ । ਧੂੜ ਕਰਾ ਚਰਨ ਮਜਨੀ, ਅੱਠ ਸੱਠ ਡੇਰਾ ਦੇਣਾ ਢਾਹੀਆ । ਤੈਨੂੰ ਲੱਭਣਾ ਪਏ ਨਾ ਵਿਚੋਂ ਜੰਗਲੀਂ, ਕਾਇਆ ਮੰਦਰ ਹੋਵੇ ਰੁਸ਼ਨਾਈਆ । ਸੜਨਾ ਪਏ ਨਾ ਤਤ ਅਗਨੀ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਆਤਮ ਬਣਾਉਣੀ ਆਪਣੀ ਪਤਨੀ, ਪਤਿਪਰਮੇਸ਼ਵਰ ਹੋ ਕੇ ਵੇਖ ਵਖਾਈਆ । ਕਲਜੁਗ ਅੰਤਮ ਲਾਜ ਰਖਣੀ, ਡੋਰ ਤੇਰੇ ਹੱਥ ਫੜਾਈਆ । ਭਗਤਾਂ ਆਸਾ ਰਹੇ ਨਾ ਸੱਖਣੀ, ਧੁਰ ਦੀ ਦਾਤ ਦੇਣੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਤੇਰੀ ਨਗਰੀ ਇਕੋ ਵਸਣੀ, ਵਿਸ਼ਵ ਦੇਣਾ ਰੰਗ ਰੰਗਾਈਆ । ਸਤਿ ਕਹੇ ਪ੍ਰਭ ਵਸਾ ਲੈ ਆਪਣਾ ਨਗਨ, ਨੌ ਖੰਡ ਸੱਤ ਦੀਪ ਮਿਲੇ ਵਡਿਆਈਆ । ਤਖ਼ਤ ਨਿਵਾਸੀ ਹੋ ਕੇ ਕਮਾ ਲੈ ਅਦਲ, ਇਨਸਾਫ਼ ਦੇਣਾ ਪਰਗਟਾਈਆ । ਜਨ ਭਗਤਾਂ ਪੂਰੀ ਹੋਵੇ ਸਧਰ, ਸਦਮਾ ਦੁੱਖ ਰਹੇ ਨਾ ਰਾਈਆ । ਤੇਰੇ ਨਾਮ ਦੀ ਹੋਵੇ ਕ਼ਦਰ, ਕ਼ੁਦਰਤ ਦੇ ਮਾਲਕ ਤੇਰੇ ਹੱਥ ਵਡਿਆਈਆ । ਮਮਤਾ ਮੋਹ ਕਰੇ ਕਿਸੇ ਨਾ ਕਤਲ, ਕਾਤਲ ਕਲਜੁਗ ਦੇਣਾ ਖਪਾਈਆ । ਆਪਣੇ ਮਿਲਣ ਦਾ ਆਪੇ ਦੱਸਣਾ ਯਤਨ, ਪੜਦਾ ਉਹਲਾ ਜਗਤ ਉਠਾਈਆ । ਤੇਰਾ ਪਰਤ ਕੇ ਦੇਖਣ ਸੰਤ ਸੁਹੇਲੇ ਵਤਨ, ਬੇਵਤਨਾਂ ਕਟ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਦੇ ਚੁਕਾਈਆ । ਸਤਿ ਕਹੇ ਪ੍ਰਭ ਸਾਚੀ ਦੇ ਦਲੀਲ, ਸ਼ਬਦੀ ਹੁਕਮ ਵਰਤਾਈਆ । ਤੇਰੇ ਅਗੇ ਇਕ ਅਪੀਲ, ਅਪਰੰਪਰ ਸਵਾਮੀ ਦਿਤੀ ਸੁਣਾਈਆ । ਜਨ ਭਗਤਾਂ ਲੱਭਣਾ ਪਏ ਨਾ ਕੋਇ ਵਕੀਲ, ਸਿੱਧਾ ਮੇਲਾ ਲੈਣਾ ਮਿਲਾਈਆ । ਲੋਕਮਾਤ ਨਾ ਹੋਣ ਜ਼ਲੀਲ, ਜਗਤ ਖ਼ੁਆਰੀ ਨੇੜ ਕੋਇ ਨਾ ਆਈਆ । ਤੂੰ ਜੋਧਾ ਸੂਰਬੀਰ ਮਰਦ ਮਰਦਾਨਾ ਛੈਲ ਛਬੀਲ, ਜੋਬਨਵੰਤਾ ਇਕ ਅਖਵਾਈਆ । ਤੇਰਾ ਰੰਗ ਸਦਾ ਨਵੀਨ, ਨਵ ਨੌ ਚਾਰ ਦੇਣਾ ਚੜ੍ਹਾਈਆ । ਤੇਰੀ ਧਾਰ ਸਦਾ ਮਹੀਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਗੁਰਮੁਖ ਗੁਰਸਿਖ ਕਰਨੇ ਤਸਲੀਮ, ਜੋ ਦਰ ਠਾਂਡੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵਿਚ ਕਰ ਤਰਮੀਮ, ਸਤਿਜੁਗ ਸਾਚਾ ਸਚ ਵਖਾਈਆ । ਸਤਿ ਧਰਮ ਕਹੇ ਪ੍ਰਭ ਮੇਟ ਦੇ ਕੂੜੀ ਕਿਰਿਆ ਕਿਰਮ ਕਰਮ ਰਹਿਣ ਨਾ ਪਾਈਆ । ਮੈਂ ਚਾਰ ਕੁੰਟ ਦਹਿ ਦਿਸ਼ਾ ਫਿਰਿਆ, ਭੱਜਿਆ ਵਾਹੋ ਦਾਹੀਆ । ਸਾਧ ਸੰਤ ਜੀਵ ਜੰਤ ਮਾਇਆ ਮਮਤਾ ਵਿਚ ਘਿਰਿਆ, ਪੱਲੂ ਸਕੇ ਨਾ ਕੋਇ ਛੁਡਾਈਆ । ਮੰਜ਼ਲ ਵੇਖੇ ਨਾ ਕੋਈ ਘਰ ਥਿਰਿਆ, ਚਰਨ ਕਵਲ ਸੋਭਾ ਕੋਇ ਨਾ ਪਾਈਆ । ਜਗਤ ਵਾਸਨਾ ਜਗਤ ਜਹਾਨ ਗਿਰਿਆ, ਮੰਜ਼ਲ ਚੜ੍ਹ ਕੇ ਤੇਰਾ ਨਾਮ ਨਾ ਕੋਇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮਿਲੇ ਸਰਨਾਈਆ । ਸਤਿ ਕਹੇ ਪ੍ਰਭ ਮੈਂ ਵੇਖਿਆ ਜਗਤ ਸਮੂਹ, ਥਾਉਂ ਥਾਈਂ ਖੋਜ ਖੋਜਾਈਆ । ਤੇਰਾ ਰੂਪ ਨਜ਼ਰ ਨਾ ਆਇਆ ਹੂ ਬਹੂ, ਨੂਰ ਨੂਰ ਨਾ ਕੋਇ ਰੁਸ਼ਨਾਈਆ । ਮਮਤਾ ਵਿਚੋਂ ਬਾਹਰ ਦਿਸੀ ਕੋਈ ਨਾ ਰੂਹ, ਮਨ ਵਾਸਨਾ ਨਾਲ ਲੜਾਈਆ । ਨਾਮ ਸੁਣਿਆ ਨਹੀਂ ਤੂੰ ਹੀ ਤੂੰ, ਢੋਲੇ ਜਗਤ ਵਾਲੇ ਗਾਈਆ । ਕਰ ਕਿਰਪਾ ਅਬਿਨਾਸ਼ੀ ਕਰਤੇ ਪਰਮਾਤਮ ਹੋ ਕੇ ਆਤਮ ਨਾਲ



੯੧੫
੧੯

ਜਾਹ ਛੂਹ, ਸ਼ਰਅ ਦਾ ਲੇਖਾ ਦੇ ਮੁਕਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਸੱਚਾ ਸਤਿਗੁਰੂ, ਗੁਰਦੇਵ ਸਵਾਮੀ ਇਕੋ ਨਜ਼ਰੀ ਆਈਆ । ਜਿਸ ਦਾ ਮੰਤਰ ਨਾਮ ਜਗਤ ਜਹਾਨ ਹੋਣਾ ਸ਼ੁਰੂ, ਸ਼ਹਿਨਸ਼ਾਹ ਹੋ ਕੇ ਦੇ ਵਰਤਾਈਆ । ਸਭ ਦੇ ਅੰਤਰ ਨਿਰੰਤਰ ਨਾਮ ਫੁਰੂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦੇਣੀ ਵਡਿਆਈਆ । ਸਤਿ ਕਹੇ ਮੈਂ ਵੇਖੇ ਸੱਤ ਦੀਪ, ਸਤਿ ਸਤਿ ਹੋ ਕੇ ਫੇਰਾ ਪਾਈਆ । ਪ੍ਰਭ ਤੇਰੇ ਵਸਿਆ ਨਾ ਕੋਇ ਕ਼ਰੀਬ, ਦੂਰ ਦੁਰਾਡੇ ਬੈਠੇ ਡੇਰੇ ਲਾਈਆ । ਜਗਤ ਧਾਰ ਵੇਖੀ ਅਜੀਬ, ਕੋਟਨ ਕੋਟ ਇਸ਼ਟ ਰਹੇ ਮਨਾਈਆ । ਝਗੜਾ ਪਾ ਕੇ ਮਾਇਆ ਵਾਲਾ ਨਸੀਬ, ਕ਼ਿਸਮਤ ਕ਼ਿਸਮਤ ਨਾਲ ਟਕਰਾਈਆ । ਖੇਲ ਵੇਖ ਕੇ ਅਮੀਰ ਗ਼ਰੀਬ ਰਾਓ ਰੰਕ ਹੈਰਾਨੀ ਵਿਚ ਆਈਆ । ਦੀਨਾਂ ਮਜ਼੍ਹਬਾਂ ਪਾਈ ਲੀਕ, ਜਾਤ ਪਾਤ ਕਰੇ ਲੜਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਇਕੋ ਤੇਰੇ ਵਿਚ ਤੌਫ਼ੀਕ, ਚਾਰ ਵਰਨ ਅਠਾਰਾਂ ਬਰਨ ਆਪਣੀ ਗੋਦ ਉਠਾਈਆ । ਸਤਿ ਧਰਮ ਕਹੇ ਮੇਰੇ ਜਗਦੀਸ਼, ਜਗ ਜੀਵਣ ਦਾਤੇ ਜਗ ਦੀ ਕਲਾ ਦੇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਤੇਰੀ ਭੁੱਲ ਨਾ ਜਾਏ ਪ੍ਰੀਤ, ਪ੍ਰਤੀ ਦਿਨ ਪਰਬਤ ਚੜ੍ਹ ਕੇ ਸਚ ਦਵਾਰੇ ਕਾਇਆ ਮੰਦਰ ਖੜ੍ਹ ਕੇ ਸਵੱਛ ਸਰੂਪੀ ਤੇਰਾ ਦਰਸ਼ਨ ਪਾਈਆ ।

### ੮ ਸਾਵਣ ਸ਼ਹਿਨੀਹੀ ਸੰਮਤ ੨ ਮੱਖਣ ਸਿੰਘ ਦੇ ਗ੍ਰਹਿ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ



ਸਤਿ ਕਹੇ ਕਿਰਪਾ ਕਰ ਪੁਰਖ ਸਮਰਥ, ਜਗਤ ਜੁਗਤ ਤੇਰੀ ਨਜ਼ਰੀ ਆਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਸਰਨੀ ਰਹੇ ਢੱਠ, ਡੰਡਾਵਤ ਵਿਚ ਆਪਣਾ ਆਪ ਭੇਟ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਰ ਇਕੱਠ, ਮਿਲ ਕੇ ਬੇਨੰਤੀ ਇਕ ਸੁਣਾਈਆ । ਦੇਵਤ ਸੁਰ ਜੋੜਨ ਹੱਥ, ਨਿਵ ਨਿਵ ਲਾਗਣ ਪਾਈਆ । ਚਾਰੇ ਜੁਗ ਸਤਿਜੁਗ ਤਰੇਤਾ ਦੁਆਪਰ ਕਲਜੁਗ ਹੁਕਮੇਂ ਅੰਦਰ ਰਹੇ ਨੱਚ, ਭੱਜਣ ਵਾਹੋ ਦਾਹੀਆ । ਪੁਰਖ ਅਬਿਨਾਸ਼ੀ ਖੋਲ੍ਹ ਅੱਖ, ਪਰਤੱਖ ਰੂਪ ਵਟਾਈਆ । ਕਲਜੁਗ ਖੇੜਾ ਕੂੜੀ ਕਿਰਿਆ ਕਰ ਭੱਠ, ਸਤਿ ਸਚ ਮਾਤ ਪਰਗਟਾਈਆ । ਧਰਮ ਦਵਾਰਾ ਖੋਲ੍ਹ ਏਕੋ ਹੱਟ, ਏਕੰਕਾਰ ਦਇਆ ਕਮਾਈਆ । ਤੇਰਾ ਨਾਮ ਸ੍ਰਿਸ਼ਟ ਸਬਾਈ ਲਏ ਰੱਟ, ਇਸ਼ਟ ਇਕੋ ਸਭ ਦਾ ਨਜ਼ਰੀ ਆਈਆ । ਮਾਇਆ ਮਮਤਾ ਮੋਹ ਵਿਕਾਰ ਸਾਰੇ ਜਾਣ ਛੱਡ, ਸਹਿੰਸਾ ਸ਼ੱਕ ਭਰਮ ਨਾ ਕੋਇ ਭੁਲਾਈਆ । ਤੇਰੀ ਆਤਮ ਪਰਮਾਤਮ ਰਹੇ ਨਾ ਅੱਡ, ਵੱਖਰਾ ਘਰ ਨਾ ਕੋਇ ਬਣਾਈਆ । ਧਰਮ ਨਿਸ਼ਾਨਾ ਦੋ ਜਹਾਨਾਂ ਇਕੋ ਗੱਡ, ਗਾਡ ਖ਼ੁਦਾ ਵਾਹਿਗੁਰੂ ਰਾਮ ਆਪਣਾ ਨਾਮ ਸਮਝਾਈਆ । ਭਗਤ ਸੁਹੇਲੇ ਗੁਰਮੁਖ ਲੱਭ, ਮਾਨਵ ਜਾਤੀ ਖੋਜ ਖੁਜਾਈਆ । ਸੰਸਾ ਰੋਗ ਮੇਟ ਝੱਬ, ਨਿਰਗੁਣ ਹੋ ਕੇ ਪੜਦਾ ਲਾਹੀਆ । ਮਨ ਵਾਸਨਾ ਬਦੀ ਰਹੇ ਨਾ ਕੋਈ ਬਦ, ਬਦਕਾਰੀ ਅੰਦਰੋਂ ਦੇਣੀ ਕਢਾਈਆ । ਸਚ ਦਵਾਰ ਦਾ ਦੇਣਾ ਪਦ, ਪਦਮਾਂ ਵਿਚੋਂ ਗੁਰਮੁਖ ਆਪ ਤਰਾਈਆ । ਤੇਰਾ ਦਰਸ ਹੋਵੇ ਸਦਾ ਉਪਰ ਸ਼ਾਹਰਗ, ਸ਼ਹਿਨਸ਼ਾਹ ਹੋ ਕੇ ਜਲਵਾ ਨੂਰ ਕਰ ਰੁਸ਼ਨਾਈਆ । ਸੜਨਾ ਪਏ ਨਾ ਕਲਜੁਗ ਅੱਗ ਤੱਤੀ ਵਾ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਸੂਰੇ ਸਰਬਗ, ਸਮਰਥ ਆਪਣਾ ਫੇਰਾ ਪਾਈਆ । ਸਤਿ ਧਰਮ ਕਹੇ ਪ੍ਰਭ ਕਲਜੁਗ ਅੰਤ ਕਰ ਪੜਤਾਲ,

ਲੱਖ ਚੁਰਾਸੀ ਜੀਵ ਜੰਤ ਵੇਖ ਵਖਾਈਆ । ਸ੍ਰਿਸ਼ਟ ਸਬਾਈ ਹੋਈ ਬੇਹਾਲ, ਬਿਹਬਲ ਹੋ ਕੇ ਦਏ ਦੁਹਾਈਆ । ਲੇਖੇ ਲੱਗੇ ਕਿਸੇ ਨਾ ਘਾਲ, ਘਾਇਲ ਹੋ ਕੇ ਮਾਰਨ ਧਾਹੀਂਆ । ਸਭ ਦੇ ਸਿਰ ਤੇ ਕੂਕੇ ਕਾਲ, ਕਲਮਾ ਸਕੇ ਨਾ ਕੋਇ ਬਚਾਈਆ । ਮਾਇਆ ਮਮਤਾ ਪਿਆ ਜੰਜਾਲ, ਜਮ ਕੀ ਫਾਸ ਨਾ ਕੋਇ ਤੁੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਦਾ ਦਿੰਦੇ ਸਰਬ ਅਹਿਵਾਲ, ਤੇਰਾ ਹੁਕਮ ਨਾ ਕੋਇ ਸਮਝਾਈਆ । ਕਾਹਨ ਮੰਨਦੇ ਜਿਹੜਾ ਖੇਲਦਾ ਰਿਹਾ ਨਾਲ ਗਵਾਲ, ਧੁਰ ਦੇ ਕਾਹਨ ਤੈਨੂੰ ਸੀਸ ਨਾ ਕੋਇ ਝੁਕਾਈਆ । ਅੱਖਰਾਂ ਵਾਲਾ ਦਿੰਦੇ ਸਰਬ ਪੈਗ਼ਾਮ, ਸਚ ਤਲਾਸ਼ ਵਡ ਅਮਾਮ ਨਾ ਕੋਇ ਜਣਾਈਆ । ਸ਼ਰਅ ਵਿਚ ਕਰਨ ਤੈਨੂੰ ਸਰਬ ਬਦਨਾਮ, ਮਾਇਆ ਮਮਤਾ ਨਾਲ ਰਲਾਈਆ । ਕਲਜੁਗ ਅੰਤ ਪਰਗਟ ਹੋ ਸ੍ਰੀ ਭਗਵਾਨ, ਭਾਗ ਭਗਤਾਂ ਦੇ ਜਣਾਈਆ । ਮੈਨੂੰ ਸਮਝੇ ਕੋਈ ਨਾ ਅਵਾਮ, ਆਮ ਕਹਿ ਸਕੇ ਕੋਇ ਨਾ ਰਾਈਆ । ਗੁਰਮੁਖ ਬੰਦੀਖ਼ਾਨੇ ਵਿਚੋਂ ਕੱਢ ਗੁਲਾਮ, ਲੱਖ ਚੁਰਾਸੀ ਜ਼ੰਜੀਰ ਦੇਣਾ ਤੁੜਾਈਆ । ਆਵਣ ਜਾਵਣ ਝਗੜਾ ਮੇਟ ਤਮਾਮ, ਤਮਅ ਦੀ ਲੋੜ ਨਾ ਕੋਇ ਰਖਾਈਆ । ਕਲਜੁਗ ਕੂੜ ਅੰਧੇਰੀ ਮੇਟ ਸ਼ਾਮ, ਸ਼ਮ੍ਹਾਂ ਨਾਮ ਘਰ ਘਰ ਦੀਪਕ ਜੋਤ ਕਰ ਰੁਸ਼ਨਾਈਆ । ਤੇਰੇ ਕ਼ਦਮਾਂ ਉਤੇ ਪਰਨਾਮ, ਸਜਦਿਆਂ ਵਿਚ ਦਿਆਂ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦਵਾਰਾ ਦੇਣਾ ਸੁਹਾਈਆ । ਸਤਿ ਧਰਮ ਕਹੇ ਮੇਰੇ ਪ੍ਰੀਤਮ ਚੋਜੀ, ਚੋਜ ਨਿਰਾਲਾ ਦੇ ਵਖਾਈਆ । ਲੱਖ ਚੁਰਾਸੀ ਅੰਤਰ ਅੰਤਰ ਆਤਮ ਬਣ ਖੋਜੀ, ਖੋਜਤ ਖੋਜਤ ਵੇਖ ਵਖਾਈਆ । ਤੇਰੀ ਧਾਰ ਜਾਣੇ ਕੋਈ ਨਾ ਜੋਗੀ, ਰਿਖੀਆਂ ਮੁਨੀਆਂ ਹੱਥ ਕਿਸੇ ਨਾ ਆਈਆ । ਪਾਵੇ ਭੇਵ ਕੋਇ ਨਾ ਬੋਧੀ, ਲੱਖ ਚੁਰਾਸੀ ਸੇਜਾ ਰਹੀ ਹੰਢਾਈਆ । ਦੀਨ ਦੁਨੀ ਜਗਤ ਵਾਸਨਾ ਹੋਈ ਰੋਗੀ, ਦੁੱਖ ਦਾਰੂ ਨਾ ਕੋਇ ਜਣਾਈਆ । ਝਗੜਾ ਪਿਆ ਲੋਕ ਪਰਲੋਕੀ, ਸਲੋਕ ਸਚ ਨਾ ਕੋਇ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਰਖ ਕੇ ਗਏ ਓਟੀ, ਓਟ ਅਕਾਲ ਇਕ ਜਣਾਈਆ । ਤੂੰ ਕਾਇਆ ਮੰਦਰ ਸਭ ਦੇ ਅੰਦਰ ਵਸੇਂ ਚੜ੍ਹ ਕੇ ਚੋਟੀ, ਚੋਟ ਸ਼ਬਦ ਨਗਾਰਾ ਆਪ ਲਗਾਈਆ । ਗੁਰਮੁਖਾਂ ਅੰਦਰ ਰਹਿਣ ਨਾ ਦੇਣੀ ਵਾਸਨਾ ਖੋਟੀ, ਖੋਟਿਆਂ ਤੋਂ ਖਰੇ ਲੈਣੇ ਬਣਾਈਆ । ਆਤਮ ਧਾਰ ਤੇਰੀ ਗੋਤੀ, ਗੋਤਮ ਬੁੱਧ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਲੈਣੀ ਉਠਾਈਆ । ਸਤਿ ਕਹੇ ਮੇਰੇ ਸਾਹਿਬ ਆਦਿ ਜੁਗਾਦੀ ਸਦਾ ਹਾਜ਼ਰ, ਹਜ਼ੂਰ ਤੇਰੀ ਵਡ ਵਡਿਆਈਆ । ਸਤਿਜੁਗ ਸਾਚਾ ਬਣ ਤਾਜਰ, ਵਸਤ ਅਮੋਲਕ ਇਕ ਵਰਤਾਈਆ । ਕਲਜੁਗ ਕੂੜੀ ਕਿਰਿਆ ਕਰ ਕ਼ਾਤਲ, ਨਾਮ ਖੰਡਾ ਇਕ ਚਮਕਾਈਆ । ਜਲਵਾ ਨੂਰ ਦੇ ਬਾਤਨ, ਪੜਦਾ ਓਹਲਾ ਆਪ ਉਠਾਈਆ । ਨਿਜ ਘਰ ਆਤਮ ਰਖ ਵਾਸਣ, ਸਚ ਦਵਾਰੇ ਸੋਭਾ ਪਾਈਆ । ਨਿਰਗੁਣ ਨੂਰ ਜੋਤ ਹੋਵੇ ਪਰਕਾਸ਼ਣ, ਅੰਧ ਅੰਧੇਰਾ ਦੇਣਾ ਗਵਾਈਆ । ਜਨ ਭਗਤ ਸੁਹੇਲਾ ਬਣੇ ਤੇਰਾ ਦਾਸੀ ਦਾਸਣ, ਸੇਵਕ ਹੋ ਕੇ ਸੇਵ ਕਮਾਈਆ । ਮੰਜ਼ਲ ਰਹੇ ਨਾ ਪ੍ਰਿਥਮੀ ਆਕਾਸ਼ਣ, ਗਗਨ ਗਗਨੰਤਰ ਚਰਨਾਂ ਹੇਠ ਦਬਾਈਆ । ਸਚਖੰਡ ਦਵਾਰੇ ਦੇਣਾ ਹੱਕ ਨਿਵਾਸਣ, ਨਿਵਾਸ ਅਸਥਾਨ ਇਕੋ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰਵਾਨ ਖ਼ੁਸ਼ੀ ਮਨਾਈਆ । ਸਤਿ ਕਹੇ ਪ੍ਰਭ ਸਭ ਦਾ ਵੇਖ ਗ੍ਰਿਹਿ, ਬਚਿਆ ਰਹਿਣ ਕੋਇ ਨਾ ਪਾਈਆ । ਜੁਗ ਚੌਕੜੀ ਤੇਰਾ ਮੰਨੇ ਭੈ, ਭਾਉ ਆਪਣਾ ਦੇ ਦ੍ਰਿੜਾਈਆ । ਕਲਜੁਗ ਅੰਤਮ ਕਰ ਖੈ, ਖ਼ਾਲਸ ਸਤਿਜੁਗ ਲੈ ਪਰਗਟਾਈਆ । ਜੋ ਇਕੋ ਨਾਮ ਤੇਰਾ ਲਏ, ਦੀਨ

ਦੁਨੀ ਦੇ ਸਮਝਾਈਆ । ਕੂੜੇ ਵਹਿਣ ਕਦੇ ਨਾ ਵਹੇ, ਧੁਰ ਦੀ ਧਾਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਤਿ ਧਰਮ ਕਹੇ ਪ੍ਰਭ ਕਲਜੁਗ ਅੰਤਮ ਕਰ ਸੌਦਾ ਸੱਚਾ, ਕਾਚੀ ਵੰਡ ਨਾ ਕੋਇ ਵੰਡਾਈਆ । ਸਤਿਜੁਗ ਉਠਾ ਆਪਣਾ ਬੱਚਾ, ਧਰਤੀ ਮਾਈ ਸੋਭਾ ਪਾਈਆ । ਆਪਣਾ ਮਾਰਗ ਦੱਸ ਅੱਛਾ, ਅੱਛੀ ਤਰ੍ਹਾਂ ਦ੍ਰਿੜਾਈਆ । ਕਲਜੁਗ ਰੈਣ ਅੰਧੇਰੀ ਮਿਟੇ ਮੱਸਾ, ਨੂਰੀ ਚੰਦ ਦੇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਕੁਛ ਤੇਰੇ ਦਿਸੇ ਹੱਥਾ, ਦੂਜਾ ਨਜ਼ਰ ਕੋਇ ਨਾ ਆਈਆ । ਸਤਿ ਧਰਮ ਕਹੇ ਪ੍ਰਭ ਉਠ ਵੇਖ ਆਪਣੇ ਭਗਤ, ਕੋਟਾਂ ਵਿਚੋਂ ਥੋੜੇ ਨਜ਼ਰੀ ਆਈਆ । ਜਿਨ੍ਹਾਂ ਨੂੰ ਤਾਅਨੇ ਦੇਵੇ ਜਗਤ, ਮਿਹਣਿਆਂ ਵਿਚ ਲੋਕਾਈਆ । ਉਹਨਾਂ ਤੇਰਾ ਭਰੋਸਾ ਇਕੋ ਫ਼ਕਤ, ਫ਼ਿਕਰਾ ਆਪਣਾ ਦੇ ਸਮਝਾਈਆ । ਜਿਨ੍ਹਾਂ ਕਰਕੇ ਨਿਰਗੁਣ ਸਰਗੁਣ ਹੋ ਕੇ ਆਇਉਂ ਪਰਤ, ਪਤਿਪਰਮੇਸ਼ਵਰ ਹੋ ਕੇ ਰੂਪ ਵਟਾਈਆ । ਉਹਨਾਂ ਦਾ ਲਾ ਲੇਖੇ ਜਨਮ ਬਰਥ, ਡੇ ਨਾਈਟ ਵੰਡ ਨਾ ਕੋਇ ਵੰਡਾਈਆ । ਸਾਚੇ ਪ੍ਰੇਮ ਨਾਲ ਕਰ ਅਰਥ, ਦੂਜਾ ਰਾਹ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਪੂਰੀ ਕਰ ਸ਼ਰਤ, ਕ਼ੌਲ ਇਕਰਾਰ ਤੋੜ ਨਿਭਾਈਆ । ਸਤਿ ਕਹੇ ਪ੍ਰਭ ਜਨ ਭਗਤਾਂ ਦੇ ਆਪਣਾ ਨਾਮ ਨਿਧਾਨ, ਅੰਦਰੇ ਅੰਦਰ ਦੇ ਵਰਤਾਈਆ । ਮਿਲੇ ਅਗੰਮੀ ਜਾਮ, ਜ਼ਾਮਨ ਹੋ ਕੇ ਲਏ ਛੁਡਾਈਆ । ਪੂਰਨ ਹੋਏ ਕਾਮ, ਇਛਿਆ ਭਿਛਿਆ ਝੋਲੀ ਪਾਈਆ । ਸਾਚੇ ਮੰਦਰ ਕਰ ਬਿਸਰਾਮ, ਸਾਢੇ ਤਿੰਨ ਹੱਥ ਡੇਰਾ ਲਾਈਆ । ਤੂੰ ਘਟ ਨਿਵਾਸੀ ਸ੍ਰੀ ਭਗਵਾਨ, ਅਬਿਨਾਸ਼ੀ ਕਰਤਾ ਨਾਉਂ ਧਰਾਈਆ । ਤੇਰਾ ਝੁਲਦਾ ਰਿਹਾ ਸਦਾ ਨਿਸ਼ਾਨ, ਜੁਗ ਚੌਕੜੀ ਹੁਕਮੇਂ ਅੰਦਰ ਰਿਹਾ ਭਵਾਈਆ । ਜਨ ਭਗਤ ਸੁਹੇਲੇ ਸਾਚੀ ਦਰਗਾਹ ਕਰ ਪਰਵਾਨ, ਸਚਖੰਡ ਦਵਾਰੇ ਦੇ ਵਡਿਆਈਆ । ਜੋ ਤੇਰਾ ਨਾਉਂ ਕਲਜੁਗ ਅੰਤ ਸ੍ਰੀ ਭਗਵੰਤ ਸਤਿਜੁਗ ਧਾਰ ਅੰਦਰ ਗਾਉਂਦੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ੇਸ਼ ਆਪਣਾ ਰੰਗ ਚੜ੍ਹਾਈਆ ।

### ੯ ਸਾਵਣ ਸ਼ਹਿਨਸ਼ਾਹੀ ਸੰਮਤ੨ ਬੀਬੀ ਅਜੈਬ ਕੌਰ ਦੇ ਗ੍ਰਹਿ ਪਿੰਡ ਬਾਠ ਜ਼ਿਲਾ ਅੰਮ੍ਰਿਸਰ

ਸਤਿ ਧਰਮ ਕਹੇ ਪ੍ਰਭ ਵੇਖ ਕਲਜੁਗ ਕੂੜੀ ਰੈਣ, ਅੰਧ ਅਗਿਆਨ ਜਗਤ ਲੋਕਾਈਆ । ਰਸਨਾ ਜਿਹਵਾ ਬੱਤੀ ਦੰਦ ਤੇਰੀ ਸਿਫ਼ਤ ਸਾਰੇ ਕਹਿਣ, ਅੱਖਰਾਂ ਵਾਲੇ ਢੋਲੇ ਗਾਈਆ । ਨਿਰਗੁਣ ਧਾਰ ਤੇਰਾ ਸਚ ਸਰੂਪ ਪੇਖੇ ਕੋਈ ਨਾ ਨਿਜ ਨੈਣ, ਗਿਆਨ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਮਾਇਆ ਮਮਤਾ ਮੋਹ ਵਿਕਾਰ ਨਾਤਾ ਜੁੜਿਆ ਸਾਕ ਸੱਜਣ ਭਾਈ ਭੈਣ, ਆਤਮ ਪਰਮਾਤਮ ਮਿਲ ਕੇ ਖ਼ੁਸ਼ੀ ਨਾ ਕੋਇ ਮਨਾਈਆ । ਜਗਤ ਵਾਸਨਾ ਕਿਸੇ ਨਾ ਚੁਕਿਆ ਲੈਣ ਦੇਣ, ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਹਉਮੇਂ ਹੰਗਤਾ ਗੜ੍ਹ ਵਿਕਾਰੀ ਸਾਰੇ ਵਹਿਣ, ਸਾਚੀ ਨਈਆ ਨੌਕਾ ਨਾਮ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਬਿਨਾਸ਼ੀ ਨਰ ਨਰਾਇਣ, ਨਿਰਗੁਣ ਸਰਗੁਣ ਦੇ ਸਮਝਾਈਆ । ਸਤਿ ਧਰਮ ਕਹੇ ਵੇਖ ਪ੍ਰਭ, ਪਾਰਬ੍ਰਹਮ ਆਪਣਾ ਧਿਆਨ ਲਗਾਈਆ । ਅੰਮ੍ਰਿਤ ਝਿਰਨਾ ਝਿਰੇ ਨਾ ਕਿਸੇ ਨਭ, ਕਵਲ ਕਵਲ ਫੁੱਲ ਨਾ ਕੋਇ ਮਹਿਕਾਈਆ । ਜਗਤ ਵਿਕਾਰਾ ਸਭ ਨੂੰ ਰਿਹਾ ਦੱਬ, ਮਨ ਵਾਸਨਾ ਵਿਸ਼ਿਆਂ ਵਿਚ ਹਲਕਾਈਆ । ਸਾਚੀ ਮੰਜ਼ਲ ਚੁਕੇ

ਕੋਈ ਨਾ ਪੰਧ, ਚਾਰੇ ਖਾਣੀ ਚੁਰਾਸੀ ਵਿਚ ਭਵਾਈਆ । ਸਤਿ ਸਵਾਮੀ ਅੰਤਰਜਾਮੀ ਨਿਰਗੁਣ ਨਿਰਵੈਰ ਤੇਰਾ ਗਾਵੇ ਕੋਈ ਨਾ ਛੰਦ, ਗੁਰ ਅਵਤਾਰਾਂ ਪੈਗ਼ੰਬਰਾਂ ਢੋਲੇ ਗਾ ਕੇ ਸ਼ੁਕਰ ਮਨਾਈਆ । ਸਚਖੰਡ ਦਵਾਰੇ ਤੇਰਾ ਮਾਣੇ ਕੋਈ ਨਾ ਸਚ ਆਨੰਦ, ਰਸਨਾ ਜਿਹਵਾ ਚਖ ਚਖ ਰਸ ਦੀਨ ਦੁਨੀ ਖ਼ੁਸ਼ੀ ਵਖਾਈਆ । ਸਤਿ ਜੋਤ ਪਰਕਾਸ਼ ਜਲਵਾ ਨੂਰ ਤੱਕੇ ਕੋਈ ਨਾ ਚੰਦ, ਜੋਤੀ ਜੋਤ ਨਾ ਡਗਮਗਾਈਆ । ਆਵਣ ਜਾਵਣ ਪਤਿਤ ਪਾਵਨ ਬਿਨ ਤੇਰੀ ਕਿਰਪਾ ਮੁਕੇ ਕੋਈ ਨਾ ਪੰਧ, ਗੇੜੇ ਵਿਚੋਂ ਗੇੜਾ ਬਾਹਰ ਨਾ ਕੋਇ ਕਢਾਈਆ । ਨਾਮ ਨਿਧਾਨ ਸ੍ਰੀ ਭਗਵਾਨ ਕਾਇਆ ਮੰਦਰ ਅੰਦਰ ਵਜਾਏ ਨਾ ਕੋਈ ਮਰਦੰਗ, ਨਾਮ ਤਰਾਨਾ ਹੱਕ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਸਤਿ ਧਰਮ ਕਹੇ ਪ੍ਰਭ ਕਲਜੁਗ ਕੂੜਾ ਕਰਦਾ ਆਪਣਾ ਜ਼ੋਰ, ਜੋਰੂ ਜ਼ਰ ਰਿਹਾ ਕੁਰਲਾਈਆ । ਲੱਖ ਚੁਰਾਸੀ ਮਿੱਠਾ ਰਸ ਹੋਇਆ ਕੌੜ, ਅੰਮ੍ਰਿਤ ਵਿਖ ਸਰਬ ਗਿਆ ਬਦਲਾਈਆ । ਦ੍ਰਿਸ਼ਟੀ ਵਾਸਨਾ ਸ੍ਰਿਸ਼ਟੀ ਰਹੀ ਦੌੜ, ਮਨ ਚੰਚਲ ਸਭ ਨੂੰ ਰਿਹਾ ਭਵਾਈਆ । ਤੇਰਾ ਨੂਰ ਹਾਜ਼ਰ ਹਜ਼ੂਰ ਤੱਕੇ ਨਾ ਕੋਈ ਕਰ ਕੇ ਗ਼ੌਰ, ਗਹਿਰ ਗੰਭੀਰ ਤੇਰਾ ਭੇਵ ਕੋਇ ਨਾ ਪਾਈਆ । ਸਾਚੇ ਮੰਦਰ ਮਨਾਰ ਸ਼ਬਦ ਅਗੰਮੀ ਲਾਏ ਕੋਈ ਨਾ ਪੌੜ, ਮੰਜ਼ਲ ਚੜ੍ਹ ਕੇ ਹੱਕ ਹਕ਼ੀਕਤ ਵਾਲਾ ਨਾਅਰਾ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸੁਲਤਾਨ ਤੇਰੀ ਸਰਨ ਮਿਲੇ ਸਰਨਾਈਆ । ਸਤਿ ਕਹੇ ਪ੍ਰਭ ਵੇਖ ਗੁਰਮੁਖ ਸਾਚੇ ਸਿੱਖ, ਲੋਕਮਾਤ ਧਿਆਨ ਲਗਾਈਆ । ਬਿਨ ਤੇਰੀ ਕਿਰਪਾ ਨਾਮ ਪਾਏ ਕੋਇ ਨਾ ਭਿੱਖ, ਭਿਖਸ਼ੂ ਵੇਖੀ ਜਗਤ ਲੋਕਾਈਆ । ਜਿਨ੍ਹਾਂ ਦਾ ਗੋਬਿੰਦ ਸ਼ਬਦੀ ਧਾਰ ਲੇਖਾ ਗਿਆ ਲਿਖ, ਜਗਤ ਬੁਧੀ ਕੰਮ ਕਿਸੇ ਨਾ ਆਈਆ । ਜਗਤ ਲੋਚਨ ਕਿਸੇ ਨਾ ਪਏ ਦਿਸ, ਨਜ਼ਰ ਬੇਨਜ਼ੀਰ ਸਭ ਦੀ ਦਏ ਬਦਲਾਈਆ । ਤੂੰ ਆਦਿ ਜੁਗਾਦੀ ਜ਼ਾਮਨ ਮਾਲਕ ਪ੍ਰਿਤਪਾਲਕ ਇੱਕ, ਏਕੰਕਾਰ ਪਰਵਰਦਿਗਾਰ ਸਾਂਝਾ ਯਾਰ ਇਕ ਅਖਵਾਈਆ । ਨਾਮ ਭੰਡਾਰਾ ਅੰਮ੍ਰਿਤ ਰਸ ਦੇ ਮਿੱਠ, ਅਨਡਿੱਠ ਅਗੰਮੀ ਧਾਰ ਆਪ ਵਰਤਾਈਆ । ਹਰ ਘਟ ਮੌਲੇ ਸਵਾਮੀ ਹੋ ਕੇ ਵਸ ਚਿਤ, ਚਿਤਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਤੇਰਾ ਦਰਸ਼ਨ ਹੋਵੇ ਨਿਤ, ਨਿਜ ਨੈਣ ਕਰ ਰੁਸ਼ਨਾਈਆ । ਆਤਮ ਪਰਮਾਤਮ ਕਰ ਸਾਚਾ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਤੂੰ ਭਗਤ ਸੁਹੇਲਾ ਅਗੰਮੜਾ ਪਿਤ, ਪਤਿਪਰਮੇਸ਼ਵਰ ਪੁਰਖ ਅਕਾਲ ਤੇਰੇ ਹੱਥ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਝੋਲੀ ਡਾਹੀਆ । ਸਤਿ ਕਹੇ ਮੈਂ ਤੇਰੀ ਕਿਰਪਾ ਲਵਾਂ ਮਾਤ ਅੰਗੜਾਈ, ਸਵਾਧਾਨ ਹੋ ਕੇ ਦਿਆਂ ਜਣਾਈਆ । ਕਲਜੁਗ ਕੂੜੀ ਕਿਰਿਆ ਮਿਟਾ ਸ਼ਾਹੀ, ਦੁਰਮਤ ਮੈਲ ਰਹੇ ਮਾਤ ਨਾ ਰਾਈਆ । ਜਨ ਭਗਤਾਂ ਅੰਦਰ ਤੇਰੇ ਪ੍ਰੇਮ ਦੀ ਵੱਜੇ ਵਧਾਈ, ਦਿਵਸ ਰੈਣ ਖ਼ੁਸ਼ੀਆਂ ਅੰਦਰ ਢੋਲੇ ਗਾਈਆ । ਸਾਚਾ ਮੰਗਲਾਚਾਰ ਹੋਵੇ ਥਾਉਂ ਥਾਈਂ, ਥਾਨ ਥਨੰਤਰ ਸਰਬ ਨਿਰੰਤਰ ਅੰਤਰ ਮੰਤਰ ਆਪਣਾ ਦੇਣਾ ਸਮਝਾਈਆ । ਗੁਰਮੁਖਾਂ ਨਿਰਗੁਣ ਧਾਰ ਪਕੜੀਂ ਬਾਹੀਂ, ਸ਼ਬਦ ਵਿਚੋਲੇ ਆਪਣੀ ਦਇਆ ਕਮਾਈਆ । ਸੰਤ ਸੁਹੇਲੇ ਤੇਰੇ ਪਾਂਧੀ ਰਾਹੀ, ਦਿਵਸ ਰੈਣ ਭੱਜਣ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈ, ਬੇਨਜ਼ੀਰ ਆਪਣੀ ਅੱਖ ਖੁਲ੍ਹਾਈਆ । ਸਤਿ ਧਰਮ ਕਹੇ ਪ੍ਰਭੂ ਕੂੜ ਕੁੜਿਆਰ ਮਿਟਾ ਦੇ ਸੋਚ, ਸੋਚ ਸਮਝ ਆਪਣੀ ਦੇ ਬਦਲਾਈਆ । ਤੇਰੇ ਦਰਸ਼ਨ ਨੂੰ ਨੇਤਰ ਰਹੇ ਲੋਚ, ਲੋਚਾ ਸਭ ਦੀ


੬੧੯
੧੯

੬੨੦
੧੯

ਪੂਰ ਕਰਾਈਆ । ਮਾਇਆ ਮਮਤਾ ਮੋਹ ਵਿਕਾਰ ਵਧ ਗਿਆ ਬਹੁਤ, ਸਦੀ ਚੌਧਵੀਂ ਚਾਰੋਂ ਕੁੰਟ ਰਿਹਾ ਕੁਰਲਾਈਆ । ਏਕਾ ਆਪਣਾ ਨਾਮ ਸੁਣਾ ਦੇ ਸਚ ਸਲੋਕ, ਸੋਹਲੇ ਢੋਲੇ ਜਿਸ ਦੀ ਸਿਫ਼ਤ ਸਾਲਾਹੀਆ । ਤੇਰਾ ਭਾਣਾ ਕੋਈ ਨਾ ਸਕੇ ਰੋਕ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਰਖ ਕੇ ਤੇਰੀ ਓਟ, ਨਿਉਂ ਨਿਉਂ ਲਾਗਣ ਪਾਈਆ । ਤੂੰ ਨਿਰਗੁਣ ਧਾਰ ਏਕੰਕਾਰ ਵਿਚ ਸੰਸਾਰ ਪਰਕਾਸ਼ ਕਰ ਨਿਰਮਲ ਜੋਤ, ਜੋਤੀ ਜਾਤੇ ਪੁਰਖ ਬਿਧਾਤੇ ਤੇਰਾ ਜਲਵਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਖ਼ੁਮਾਰੀ ਦੇ ਮਦਹੋਸ਼, ਸਚ ਪਿਆਲਾ ਮਧੁਰ ਜਾਮ ਪਿਆਈਆ । ਸਚ ਧਰਮ ਕਹੇ ਪ੍ਰਭ ਨਾਮ ਖ਼ੁਮਾਰੀ ਦੇ ਦੇ ਮਸਤੀ, ਮਸਤ ਮਸਤਾਨੇ ਦੇ ਬਣਾਈਆ । ਤੂੰ ਆਦਿ ਜੁਗਾਦੀ ਮਾਲਕ ਫ਼ਰਸ਼ੀ ਅਰਸ਼ੀ, ਅਰਸ਼ੇ ਆਜ਼ਮ ਆਪਣਾ ਡੇਰਾ ਲਾਈਆ । ਤੇਰਾ ਖੇਲ ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਚਲਾਉਂਦੇ ਰਹੇ ਬਣ ਕੇ ਦਰਦੀ, ਦੀਨਾਂ ਅਨਾਥਾਂ ਹੋ ਸਹਾਈਆ । ਸਚ ਦਵਾਰ ਏਕੰਕਾਰ ਠਾਂਡੇ ਦਰਬਾਰ ਇਕੋ ਅਰਜ਼ੀ, ਆਜਜ਼ ਹੋ ਕੇ ਸੀਸ ਨਿਵਾਈਆ । ਚਾਰ ਵਰਨ ਅਠਾਰਾਂ ਬਰਨ ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਸੱਤ ਦੀਪ ਮੇਟ ਅੰਧੇਰ ਗਰਦੀ, ਗਰਦਸ਼ ਆਪਣੀ ਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿ ਧਰਮ ਕਹੇ ਪ੍ਰਭੂ ਮੈਂ ਰੋ ਰੋ ਦੱਸਾਂ ਹਾਲ, ਨੇਤਰ ਨੈਣਾਂ ਨੀਰ ਵਹਾਈਆ । ਚਾਰੋਂ ਕੁੰਟ ਹੋਈ ਬੇਹਾਲ, ਰਾਓ ਰੰਕ ਰਹੇ ਕੁਰਲਾਈਆ । ਸਾਚੀ ਵਸਤ ਨਾਮ ਧਨ ਕਿਸੇ ਨਾ ਦਿਸੇ ਨਾਲ, ਮਨ ਦੀ ਨਾਲਿਸ਼ ਸਭ ਨੂੰ ਰਹੀ ਸਤਾਈਆ । ਬਿਨ ਹਰਿ ਨਾਮੇ ਹੋਏ ਕੰਗਾਲ, ਦੌਲਤ ਦੁਨੀ ਚਲੇ ਨਾ ਕੋਇ ਚਤੁਰਾਈਆ । ਤ੍ਰੈਗੁਣ ਮਾਇਆ ਪਿਆ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਕਾਇਆ ਮੰਦਰ ਅੰਦਰ ਸ਼ਬਦ ਸਰੂਪੀ ਵੱਜੇ ਕੋਈ ਨਾ ਤਾਲ, ਢੋਲਕ ਛੈਣੇ ਸਰਬ ਰਹੇ ਖੜਕਾਈਆ । ਬਿਨ ਤੇਰੀ ਕਿਰਪਾ ਅੰਮ੍ਰਿਤ ਆਤਮ ਨਿਝਰ ਝਿਰਨਾ ਦਏ ਨਾ ਕੋਇ ਪਿਆਲ, ਬੂੰਦ ਸਵਾਂਤੀ ਸਤਿ ਸਤਿ ਨਾ ਕੋਇ ਟਪਕਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਮੁਰੀਦਾਂ ਪੁੱਛੇ ਨਾ ਕੋਈ ਹਾਲ, ਮੁਰਸ਼ਦ ਹੋ ਕੇ ਫੇਰਾ ਨਾ ਕੋਇ ਪਾਈਆ । ਚਾਰ ਕੁੰਟ ਦਹਿ ਦਿਸ਼ਾ ਸ੍ਰਿਸ਼ਟ ਸਬਾਈ ਸਿਰ ਤੇ ਕੂਕੇ ਕਾਲ, ਕਾਲਖ ਟਿੱਕਾ ਮਸਤਕ ਧੋਵੇ ਕੋਇ ਨਾ ਸ਼ਾਹੀਆ । ਪਰਵਰਦਿਗਾਰ ਸਾਂਝੇ ਯਾਰ ਤੇਰਾ ਜਲਵਾ ਨੂਰ ਤੱਕੇ ਨਾ ਕੋਇ ਜਮਾਲ, ਮੁਕਾਮੇ ਹੱਕ ਲਾਸ਼ਰੀਕ ਤੇਰਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਹਿਬੂਬ ਸਮਰਥ, ਤੇਰੀ ਮਹਿੰਮਾ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਅਕਥ, ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤਰੇਤਾ ਦੁਆਪਰ ਕਲਜੁਗ ਪਤਾ ਮਾਰਗ ਗਏ ਦੱਸ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਨਾਮ ਸੰਦੇਸ਼ਾ ਦੇਵੇ ਸਚ, ਭਗਤ ਭਗਵਾਨ ਨੌਜਵਾਨ ਮਰਦ ਮਰਦਾਨ ਨਿਰਗੁਣ ਧਾਰ ਖੋਲ੍ਹ ਅੱਖ, ਸੰਤ ਸੁਹੇਲੇ ਗੁਰੂ ਗੁਰ ਚੇਲੇ ਕਰ ਆਪਣੇ ਵਸ, ਗੁਰਮੁਖ ਗੁਰਸਿਖ ਸੱਜਣ ਨਾਮ ਪਦਾਰਥ ਦੇ ਅਗੰਮੀ ਵਥ, ਸੂਫ਼ੀ ਸੰਤ ਫ਼ਕੀਰ ਤੇਰਾ ਗਾਵਣ ਜਸ, ਢੋਲਾ ਸੋਹਲਾ ਰਾਗ ਨਾਦ ਵਿਚ ਬ੍ਰਹਿਮਾਦ ਸਿਫ਼ਤੀ ਸਿਫ਼ਤ ਸਾਲਾਹੀਆ । ਸਤਿ ਧਰਮ ਕਹੇ ਪ੍ਰਭ ਮੇਟ ਦੇ ਸਗਲੀ ਚਿੰਦ, ਚਿੰਤਾ ਚਿਖਾ ਰਹੇ ਨਾ ਰਾਈਆ । ਭਗਤ ਸੁਹੇਲੇ ਬਣਾ ਆਪਣੀ ਬਿੰਦ, ਬਿੰਦਰਾਬਨ ਜਾਣ ਦਾ ਲੇਖਾ ਦੇ ਮੁਕਾਈਆ । ਤੂੰ ਦਾਤਾ ਦਾਨੀ ਗਹਿਰ ਗੰਭੀਰ ਗੁਣੀ ਗਹਿੰਦ, ਪਾਰਬ੍ਰਹਮ ਬੇਅੰਤ ਅੰਤ ਤੇਰਾ ਕਹਿਣ ਕੋਇ ਨਾ ਪਾਈਆ । ਤੂੰ ਅਗੰਮ ਅਥਾਹ ਡੂੰਘਾ ਸਾਗਰ ਸਮੁੰਦ, ਜਲ ਥਲ ਤੇਰੀ ਖੇਲ ਇਕੋ ਨਜ਼ਰੀ ਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਗ ਲਗਾ ਜੀਉ ਪਿੰਡ, ਬ੍ਰਹਿਮੰਡ ਖੰਡ ਵੱਜਦੀ ਰਹੇ ਵਧਾਈਆ । ਸਤਿ ਧਰਮ ਕਹੇ ਮੇਰੇ ਸਾਹਿਬ ਸਰਬ ਕਲਾ ਭਰਪੂਰ, ਸਵਾਮੀ ਅੰਤਰਜਾਮੀ ਤੇਰੀ ਬੇਪਰਵਾਹੀਆ । ਆਪਣਾ ਜੋਤੀ ਦੇ ਦੇ ਨੂਰ, ਨੂਰ ਨੁਰਾਨਾ ਕਰ ਰੁਸ਼ਨਾਈਆ । ਕਲਜੁਗ ਮੇਟ ਦੇ ਕੂੜੋ ਕੂੜ, ਕੂੜ ਕੁੜਿਆਰ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਬਖ਼ਸ਼ੀਂ ਚਰਨ ਧੂੜ, ਟਿੱਕਾ ਮਸਤਕ ਨਾਮ ਰਮਾਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹ, ਨਾਮ ਅਮੋਲਕ ਵਸਤ ਦੇਣੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਤੇਰਾ ਸ਼ਬਦੀ ਹੁਕਮ ਸਚ ਦਸਤੂਰ, ਹੁਕਮੇਂ ਅੰਦਰ ਹੁਕਮ ਦੇ ਬਦਲਾਈਆ ।

### ੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਕੁੰਦਨ ਸਿੰਘ ਦੇ ਗ੍ਰਹਿ ਪਿੰਡ ਮਾਲ ਚੱਕ ਜ਼ਿਲਾ ਅੰਮ੍ਰਿਤਸਰ

ਸਤਿ ਧਰਮ ਕਹੇ ਪ੍ਰਭ ਰੋਂਦੇ ਕਲਜੁਗ ਜੀਵ ਜੰਤ, ਧੀਰਜ ਧੀਰ ਨਜ਼ਰ ਕੋਇ ਨਾ ਆਈਆ । ਮਾਇਆ ਮਮਤਾ ਗੜ੍ਹ ਬਣਿਆ ਹਉਮੇ ਹੰਗਤ, ਪਾਰਬ੍ਰਹਮ ਬ੍ਰਹਮ ਭੇਵ ਨਾ ਕੋਇ ਖੁਲ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਸਾਚਾ ਦਿਸੇ ਕੋਈ ਨਾ ਸੰਤ, ਸਤਿ ਸਤਿਵਾਦ ਸ਼ਬਦ ਅਨਾਦ ਨਾ ਕੋਇ ਜਣਾਈਆ । ਬੋਧ ਅਗਾਧ ਨਜ਼ਰ ਨਾ ਆਏ ਕੋਈ ਪੰਡਤ, ਨਿਰਅੱਖਰ ਨਾਮ ਨਾ ਕੋਇ ਜਣਾਈਆ । ਆਤਮ ਪਰਮਾਤਮ ਮੇਲਾ ਹੋਏ ਨਾ ਸਾਚੇ ਕੰਤ, ਪੁਰਖ ਅਬਿਨਾਸ਼ੀ ਘਟ ਨਿਵਾਸੀ ਤੇਰਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਕਿਰਿਆ ਮੇਟ ਨਿੰਦਕ, ਚੁਗ਼ਲੀ ਅੰਦਰੋਂ ਦੇ ਕਢਾਈਆ । ਸਤਿ ਧਰਮ ਕਹੇ ਪ੍ਰਭ ਦੀਨ ਦੁਨੀ ਲੱਗਾ ਦੁੱਖ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਗ਼ਰੀਬ ਨਿਮਾਣਿਆਂ ਮੇਟੇ ਕੋਇ ਨਾ ਭੁੱਖ, ਤ੍ਰਿਸ਼ਨਾ ਅੱਗ ਨਾ ਕੋਇ ਬੁਝਾਈਆ । ਸਚਖੰਡ ਨਿਵਾਸੀ ਸਚ ਦਵਾਰੇ ਕਿਉਂ ਬੈਠਾ ਲੁਕ, ਨਿਰਗੁਣ ਧਾਰ ਕਰ ਰੁਸ਼ਨਾਈਆ । ਸੰਤ ਸੁਹੇਲੇ ਤੇਰਾ ਦਰਸ਼ਨ ਕਰ ਕੇ ਹੋਣ ਖ਼ੁਸ਼, ਗ੍ਰਹਿ ਮੰਦਰ ਅੰਦਰ ਵੱਜੇ ਨਾਮ ਵਧਾਈਆ । ਸ਼ਬਦੀ ਹੁਕਮ ਦੇ ਫ਼ਰਮਾਨ ਕਿਉਂ ਹੋਇਉਂ ਚੁਪ, ਕਲਮਾ ਇਕੋ ਇਕ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਝੂਠੀ ਧਾਰ ਬਦਲ ਦੇ ਰੁਖ਼, ਸਤਿਜੁਗ ਸਾਚਾ ਮਾਤਲੋਕ ਕਰ ਰੁਸ਼ਨਾਈਆ । ਸਫ਼ਲ ਕਰਾ ਜਨਣੀ ਕੁੱਖ, ਜਨ ਭਗਤ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਤਿ ਧਰਮ ਕਹੇ ਪ੍ਰਭ ਵੇਖ ਦੁਖੀ ਦੀਨ, ਅਨਾਥਾਂ ਹੋ ਸਹਾਈਆ । ਆਪਣਾ ਮਾਰਗ ਦੱਸ ਮਹੀਨ, ਰਹਿਬਰ ਹੋ ਕੇ ਰਸਤਾ ਇਕ ਪਰਗਟਾਈਆ । ਝਗੜਾ ਰਹੇ ਨਾ ਨਰ ਮਦੀਨ, ਮੁੱਦਾ ਮਾਲਕ ਇਕੋ ਦੇ ਸਮਝਾਈਆ । ਤੇਰਾ ਹੁਕਮ ਕਰਨ ਸਰਬ ਤਸਲੀਮ, ਸਿਰ ਸਕੇ ਨਾ ਕੋਇ ਉਠਾਈਆ । ਭਗਤ ਉਧਾਰਨਾ ਤੇਰੀ ਆਦਤ ਕਦੀਮ, ਕੁਦਰਤ ਦੇ ਮਾਲਕ ਕਰਮਾਂ ਦਾ ਲੇਖਾ ਦੇਣਾ ਚੁਕਾਈਆ । ਤੇਰਾ ਮਹੱਲ ਅਟਲ ਗ੍ਰਹਿ ਘਰ ਸ਼ਾਨੇ ਅਜ਼ੀਮ, ਨਿਰਗੁਣ ਨੂਰ ਤੇਰਾ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਨਾਮ ਦੀ ਦੇ ਇਕ ਤਾਲੀਮ, ਚਾਰ ਵਰਨ ਅਠਾਰਾਂ ਬਰਨ ਤੁਲਬੇ ਦੇ ਪੜ੍ਹਾਈਆ । ਸਤਿ ਧਰਮ ਕਹੇ ਪ੍ਰਭ ਸਾਚਾ ਦੱਸ ਦੇ ਸਾਂਝਾ ਨਾਉਂ, ਨਾਉਂ ਨਿਰੰਕਾਰ

ਆਪਣਾ ਭੇਵ ਖੁਲ੍ਹਾਈਆ । ਤੇਰਾ ਡੰਕਾ ਵੱਜੇ ਥਾਈਂ ਥਾਉਂ, ਬ੍ਰਹਿਮੰਡ ਖੰਡ ਕਰ ਸ਼ਨਵਾਈਆ । ਹੰਸ ਬੁਧੀ ਕਰ ਕਲਜੁਗ ਜੀਵ ਕਾਉਂ, ਕਾਗ ਰਹਿਣ ਕੋਇ ਨਾ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਤੇਰੇ ਹੱਥ ਨਿਆਉਂ, ਸਚ ਅਦਾਲਤ ਦੇ ਲਗਾਈਆ । ਜਨ ਭਗਤਾਂ ਬਣ ਕੇ ਮੀਤ ਸਿਰ ਰਖ ਠੰਡੀ ਛਾਉਂ, ਅਗਨੀ ਅੱਗ ਨਾ ਕੋਇ ਤਪਾਈਆ । ਬੇੜਾ ਪਾਰ ਕਰ ਸ਼ੌਹ ਦਰਿਆਉਂ, ਦਰ ਦਵਾਰਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਬਣ ਕੇ ਪਿਤਾ ਮਾਉਂ, ਬਾਲਕ ਅੰਞਾਣੇ ਹਰਿਜਨ ਆਪਣੀ ਗੋਦ ਬਹਾਈਆ । ਸਤਿ ਧਰਮ ਕਹੇ ਪ੍ਰਭ ਦੀਨ ਦੁਨੀ ਘੱਤੇ ਵਹੀਰ, ਵਾਹੋ ਦਾਹੀ ਜਗਤ ਲੋਕਾਈਆ । ਸਤਿ ਸਰੂਪੀ ਸਭ ਦੇ ਲੱਥੇ ਚੀਰ, ਓਢਣ ਨਜ਼ਰ ਕੋਇ ਨਾ ਆਈਆ । ਮਨ ਵਾਸਨਾ ਕੀਤਾ ਦਿਲਗੀਰ, ਚਿੰਤਾ ਚਿਖਾ ਨਾ ਕੋਇ ਬੁਝਾਈਆ । ਸਾਚਾ ਮੰਦਰ ਕਰੇ ਨਾ ਕੋਇ ਤਾਮੀਰ, ਬੁਨਿਆਦ ਆਦਿ ਸਮਝ ਕਿਸੇ ਨਾ ਆਈਆ । ਲੇਖਾ ਮੁਕੇ ਨਾ ਅਮੀਰ ਗ਼ਰੀਬ, ਸ਼ਾਹ ਸੁਲਤਾਨ ਰਾਓ ਰੰਕ ਇਕੋ ਰੰਗ ਨਾ ਕੋਇ ਰੰਗਾਈਆ । ਪੁਰਖ ਅਕਾਲ ਦੀਨ ਦਿਆਲ ਸਤਿਜੁਗ ਸਾਚੇ ਸ੍ਰਿਸ਼ਟੀ ਅੰਦਰ ਦੇ ਸਾਚੀ ਤਰਤੀਬ, ਤਰ੍ਹਾ ਤਰ੍ਹਾ ਨਾਲ ਸਮਝਾਈਆ । ਕਲਜੁਗ ਵੇਲਾ ਅੰਤ ਦਿਸੇ ਕ਼ਰੀਬ, ਨੇਰਨ ਨੇਰਾ ਹੋ ਕੇ ਕੂੜੀ ਕਿਰਿਆ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਕਲਮਾ ਦੱਸ ਹਦੀਸ, ਹਜ਼ਰਤ ਹੋ ਕੇ ਹੱਕ ਕਰ ਪੜ੍ਹਾਈਆ । ਸਤਿ ਧਰਮ ਕਹੇ ਮੇਰੇ ਪਰਮ ਪੁਰਖ ਮਿਹਰਵਾਨ, ਮਹਿਬੂਬ ਤੇਰੀ ਓਟ ਰਖਾਈਆ । ਧਰਨੀ ਧਰਤ ਧਵਲ ਮਾਰ ਕੇ ਵੇਖ ਧਿਆਨ, ਧੌਲ ਰੋ ਰੋ ਮਾਰੇ ਧਾਈਆ । ਸ੍ਰਿਸ਼ਟੀ ਅੰਦਰ ਦ੍ਰਿਸ਼ਟੀ ਦਾ ਦਿਸੇ ਨਾ ਕੋਇ ਗਿਆਨ, ਵਿਸ਼ਵ ਵਿਸ਼ੇਸ਼ ਨਜ਼ਰ ਕੋਇ ਨਾ ਆਈਆ । ਬਿਨ ਤੇਰੀ ਕਿਰਪਾ ਕਲਜੁਗ ਕਾਇਆ ਕਰੇ ਨਾ ਕੋਇ ਕਲਿਆਣ, ਕੱਪੜ ਕੂੜ ਨਾ ਕੋਇ ਧਵਾਈਆ । ਚਾਰ ਕੁੰਟ ਦਹਿ ਦਿਸ਼ਾ ਮਨ ਵਾਸਨਾ ਭੱਜੇ ਵਾਂਗ ਸਵਾਨ, ਦਿਵਸ ਰੈਣ ਪੰਧ ਨਾ ਕੋਇ ਮੁਕਾਈਆ । ਬਿਨ ਤੇਰੀ ਕਿਰਪਾ ਤੇਰਾ ਕਰੇ ਨਾ ਕੋਇ ਧਿਆਨ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਆਣ, ਨਿਰਗੁਣ ਹੋ ਕੇ ਫੇਰਾ ਪਾਈਆ । ਸਤਿ ਧਰਮ ਕਹੇ ਪ੍ਰਭ ਕਲਜੁਗ ਕੂੜੀ ਕਿਰਿਆ ਵੇਖ ਲੇਖ, ਲੇਖਾ ਆਪਣਾ ਦੇ ਸਮਝਾਈਆ । ਮਾਇਆਧਾਰੀ ਵਧਿਆ ਭੇਖ, ਭੇਖਾਧਾਰੀ ਚਾਰੋਂ ਕੁੰਟ ਰਹੇ ਭਰਮਾਈਆ । ਸਾਚਾ ਦੱਸੇ ਨਾ ਕੋਈ ਦੇਸ, ਜਗਤ ਦਿਸ਼ਾ ਸਾਰੇ ਵੰਡ ਵੰਡਾਈਆ । ਤੂੰ ਆਦਿ ਜੁਗਾਦਿ ਸਦਾ ਰਹੇਂ ਹਮੇਸ਼, ਸਚਖੰਡ ਸਾਚੇ ਸੋਭਾ ਪਾਈਆ । ਦੋ ਜਹਾਨਾਂ ਨਰ ਨਰੇਸ਼, ਨਰ ਨਿਰੰਕਾਰਾ ਇਕ ਅਖਵਾਈਆ । ਸ਼ਬਦ ਸੁਨੇਹੜਾ ਹੁਕਮੀ ਦੂਤ ਅਗੰਮਾ ਭੇਜ, ਚਾਰ ਕੁੰਟ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਦੇ ਸੰਦੇਸ਼, ਕਲਜੁਗ ਸੰਧਿਆ ਦੇ ਬਦਲਾਈਆ । ਸਤਿ ਧਰਮ ਕਹੇ ਪ੍ਰਭ ਸਤਿਜੁਗ ਸਾਚਾ ਦੇ ਨਾਮ, ਨਾਮ ਨਿਧਾਨਾ ਇਕ ਪਰਗਟਾਈਆ । ਸਤਿ ਧਰਮ ਦਾ ਵਖਾ ਨਿਸ਼ਾਨ, ਨਿਸ਼ਾਨੇ ਸਾਰੇ ਸੀਸ ਨਿਵਾਈਆ । ਸਚ ਧਰਮ ਦਾ ਵਖਾ ਅਸਥਾਨ, ਭੂਮਿਕਾ ਇਕੋ ਸੋਭਾ ਪਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਢੋਲੇ ਜੀਵ ਜੰਤ ਸਾਧ ਸੰਤ ਬਹਿ ਕੇ ਗਾਣ, ਗਾਵਤ ਗਾਵਤ ਖ਼ੁਸ਼ੀ ਮਨਾਈਆ । ਹਰ ਘਟ ਵਸਿਆ ਨਜ਼ਰੀ ਆਵੇ ਰਾਮ, ਕਾਹਨ ਸਭ ਦਾ ਮਾਲਕ ਬੇਪਰਵਾਹੀਆ । ਪੈਗ਼ੰਬਰਾਂ ਵਾਲਾ ਦਿੰਦਾ ਰਿਹਾ ਪੈਗ਼ਾਮ, ਹਜ਼ਰਤਾਂ ਵਾਲੀ ਹਰਿ ਜੂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਸ੍ਰੀ ਭਗਵੰਤ ਸ਼ਬਦ ਹੁਕਮ ਨਾਲ ਬਦਲ

ਦੇ ਨਿਜ਼ਾਮ, ਨੌਬਤ ਆਪਣਾ ਨਾਮ ਵਜਾਈਆ । ਸਤਿ ਧਰਮ ਕਹੇ ਪ੍ਰਭ ਆਪਣਾ ਹੁਕਮ ਦੇ ਫ਼ਰਮਾਨ, ਦੋ ਜਹਾਨਾਂ ਕਰ ਸ਼ਨਵਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਣਨ ਕਾਨ, ਬਿਨ ਕੰਨਾਂ ਦੇ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਰੇ ਧਿਆਨ, ਸਚਖੰਡ ਬੈਠੇ ਅੱਖ ਖੁਲ੍ਹਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਨਿਉਂ ਨਿਉਂ ਸੀਸ ਝੁਕਾਣ, ਸਿਰ ਸਕੇ ਨਾ ਕੋਇ ਉਠਾਈਆ । ਲੋਕਮਾਤ ਸਤਿਗੁਰ ਸ਼ਬਦ ਹੋ ਪਰਧਾਨ, ਪਰਧਾਨਗੀ ਇਕੋ ਦੇ ਵਖਾਈਆ । ਚਾਰ ਵਰਨ ਅਠਾਰਾਂ ਬਰਨ ਜਿਸ ਦੀ ਮੰਨਣ ਆਣ, ਆਤਮ ਪਰਮਾਤਮ ਪੜਦਾ ਦੇਣਾ ਉਠਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦੀ ਰਹੇ ਨਾ ਕੋਇ ਦੁਕਾਨ, ਸਚ ਦਵਾਰਾ ਇਕੋ ਦੇਣਾ ਸਮਝਾਈਆ । ਜਿਸ ਗ੍ਰਿਹ ਮੰਦਰ ਦਿਸੇ ਸ੍ਰੀ ਭਗਵਾਨ, ਪੁਰਖ ਅਬਿਨਾਸ਼ੀ ਧੁਰ ਦਾ ਕਰਤਾ ਡੇਰਾ ਲਾਈਆ । ਝਗੜਾ ਚੁਕੇ ਜ਼ਿਮੀਂ ਅਸਮਾਨ, ਸੂਰਜ ਤਾਰਾ ਚੰਦ ਰੁਸ਼ਨਾਈ ਨਾ ਕੋਇ ਵਖਾਈਆ । ਭਗਤ ਵਛਲ ਗਿਰਵਰ ਗਿਰਧਾਰ ਪਾਰਬ੍ਰਹਮ ਪਤਿ ਪਰਮੇਸ਼ਵਰ ਤੇਰਾ ਮਹੱਲ ਅਟਲ ਨਜ਼ਰੀ ਆਵੇ ਇਕ ਮਕਾਨ, ਮਕਬਰਿਆਂ ਦੀ ਲੋੜ ਰਹੇ ਨਾ ਰਾਈਆ । ਤੇਰੀ ਸ੍ਰਿਸ਼ਟੀ ਤੇਰੀ ਦ੍ਰਿਸ਼ਟੀ ਤੇਰਾ ਦੀਨ ਤੇਰੀ ਦੁਨੀ ਤੇਰਾ ਰਿਖੀ ਤੇਰਾ ਮੁਨੀ ਸਭ ਦੀ ਪੁਕਾਰ ਜਾਏ ਸੁਣੀ, ਅਣਸੁਣਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇ ਵਰ, ਵਰ ਦਾਤੇ ਤੇਰੀ ਆਸ ਰਖਾਈਆ । ਸਤਿ ਕਹੇ ਪ੍ਰਭ ਬਖ਼ਸ਼ ਦੇ ਆਪਣੀ ਦਾਤ, ਦਾਤੇ ਦਾਤਾਰ ਆਪਣੀ ਦਇਆ ਕਮਾਈਆ । ਤੇਰੇ ਨਾਮ ਤੋਂ ਵੱਡੀ ਨਹੀਂ ਕੋਈ ਕਰਾਮਾਤ, ਕਰਮਾਂ ਦਾ ਲੇਖਾ ਦੇ ਮੁਕਾਈਆ । ਆਤਮ ਪਰਮਾਤਮ ਮਿਲ ਕੇ ਸਾਚੀ ਗਾਵੇ ਗਾਥ, ਧੁਰ ਦਾ ਢੋਲਾ ਇਕੋ ਗਾਈਆ । ਤੂੰ ਸਦਾ ਸਹਾਈ ਅਨਾਥਾਂ ਨਾਥ, ਦੀਨਾਂ ਦਰਦ ਲੈਣਾ ਵੰਡਾਈਆ । ਘਟ ਘਟ ਅੰਦਰ ਤੇਰਾ ਵਾਸ, ਨਿਰਗੁਣ ਜੋਤ ਤੇਰਾ ਪਰਕਾਸ਼, ਸ਼ਬਦ ਅਗੰਮੀ ਤੇਰਾ ਨਾਦ, ਧੁਨ ਆਤਮਕ ਰਾਗ ਦੇਣਾ ਸੁਣਾਈਆ । ਕਰ ਕਿਰਪਾ ਪੁਰਖ ਸਮਰਾਥ, ਸਚਖੰਡ ਨਿਵਾਸੀ ਸਭ ਕੁਛ ਤੇਰੇ ਹਾਥ, ਸਤਿ ਧਰਮ ਮੰਗੇ ਹੋ ਕੇ ਦਾਸ, ਚਰਨ ਕਵਲ ਕਵਲ ਚਰਨ ਢਹਿ ਪਿਆ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਤੇਰੇ ਸਾਚੇ ਨਾਮ ਦਾ ਹੋਏ ਮਾਤ ਪਰਕਾਸ਼, ਪਰਕਾਸ਼ ਵਿਚੋਂ ਪਰਕਾਸ਼ ਸ੍ਰਿਸ਼ਟੀ ਵਿਚ ਦਿਖਾਈਆ ।

### ✪ ੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੁਰਨਾਮ ਸਿੰਘ ਦੇ ਗ੍ਰਿਹ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪੁਰਖ ਅਕਾਲ ਸਾਚੀ ਬਖ਼ਸ਼ ਸਰਨ, ਸਤਿ ਪੁਰਖ ਨਿਰੰਜਣ ਦਇਆ ਕਮਾਈਆ । ਸ੍ਰਿਸ਼ਟ ਸਬਾਈ ਏਕੰਕਾਰ ਏਕਾ ਤੇਰਾ ਢੋਲਾ ਲੱਗੇ ਪੜ੍ਹਨ, ਨਾਮ ਨਿਧਾਨ ਸ੍ਰੀ ਭਗਵਾਨ ਝੋਲੀ ਪਾਈਆ । ਝਗੜਾ ਰਹੇ ਨਾ ਕੋਈ ਜਾਤ ਪਾਤ ਦੀਨ ਮਜ਼੍ਹਬ ਵਰਨ ਬਰਨ, ਰੰਗ ਇਕੋ ਦੇਣਾ ਰੰਗਾਈਆ । ਤੂੰ ਆਦਿ ਜੁਗਾਦੀ ਕਰਤਾ ਪੁਰਖ ਕਰਨੀ ਕਰਨ, ਕੁਦਰਤ ਦਾ ਮਾਲਕ ਖ਼ਾਲਕ ਇਕ ਅਖਵਾਈਆ । ਗੁਰਮੁਖ ਸਾਚੇ ਸੰਤ ਤੇਰੀ ਮੰਜ਼ਲ ਅਗੰਮੀ ਚੜ੍ਹਨ, ਜਗਤ ਦਵਾਰਾ ਕੂੜ ਪੰਧ ਮੁਕਾਈਆ । ਨਿਜ ਲੋਚਣ ਜੋਤੀ ਧਾਰ ਦਰਸ ਕਰਨ, ਸ਼ਬਦ ਧੁਨ ਵੱਜੇ ਵਧਾਈਆ । ਨੈਣ ਖੋਲ੍ਹ ਹਰਨ ਫਰਨ, ਫੁਰਨਾ ਮਨ ਦਾ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਖਾਈਆ ।

ਸਤਿ ਧਰਮ ਕਹੇ ਪ੍ਰਭ ਸਾਚੀ ਦੱਸਦੇ ਆਪਣੀ (ਉਸਤਤ), ਸਿਖਿਆ ਸ੍ਰਿਸ਼ਟੀ ਦ੍ਰਿਸ਼ਟੀ ਆਪ ਦ੍ਰਿੜਾਈਆ । ਤੇਰੇ ਸ਼ਬਦ ਦੀ ਵਾਚੀਏ ਇਕੋ ਪੁਸਤਕ, ਨਾਮ ਨਿਧਾਨ ਤੇਰਾ ਸੋਹਲਾ ਢੋਲਾ ਗਾਈਆ । ਸਭ ਦਾ ਮਾਲਕ ਸਾਂਝਾ ਯਾਰ ਨਜ਼ਰੀ ਆ ਮੁਰਸ਼ਦ, ਮੁਰੀਦਾਂ ਦੀਦ ਈਦ ਚੰਦ ਕਰ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਕੋਲੋਂ ਕਰਾ ਫ਼ੁਰਸਤ, ਮਾਇਆ ਮਮਤਾ ਮੋਹ ਸ਼ਰਅ ਜੰਜੀਰ ਕਟਾਈਆ । ਕੂੜੀ ਕਿਰਿਆ ਹਉਮੇਂ ਹੰਗਤਾ ਰਹੇ ਕੋਈ ਨਾ ਗੁਰਬਤ, ਗਹਿਰ ਗੰਭੀਰ ਬੇਨਜ਼ੀਰ ਅੰਮ੍ਰਿਤ ਸੀਰ ਜਾਮ ਦੇਣਾ ਪਿਆਈਆ । ਜਨਮ ਜਨਮ ਦੀ ਪਾਪਾਂ ਮੈਲ ਧੋ ਦੁਰਮਤ, ਪਤਿਤ ਪੁਨੀਤ ਅੰਦਰ ਬਾਹਰ ਗੁਪਤ ਜਾਹਰ ਕਰ ਸਫ਼ਾਈਆ । ਸਾਚੀ ਸਿਖਿਆ ਦੋ ਜਹਾਨ ਸ੍ਰੀ ਭਗਵਾਨ ਸ਼ਬਦ ਸਤਿਗੁਰ ਦੇ ਗੁਰਮਤ, ਮਨ ਮਤ ਲੇਖਾ ਦੇ ਮੁਕਾਈਆ । ਤੇਰਾ ਪੜਦਾ ਚੁੱਕੇ ਕਾਇਆ ਮਾਟੀ ਪੰਜ ਤੱਤ, ਰੂਪ ਅਨੂਪ ਸਤਿ ਸਰੂਪ ਦੇ ਸਮਝਾਈਆ । ਆਦਿ ਜੁਗਾਦਿ ਨਿਤ ਨਵਿਤ ਧੁਰ ਸੁਲਤਾਨ ਸਭ ਕੁਛ ਤੇਰੇ ਹੱਥ, ਦੂਜਾ ਨਜ਼ਰ ਕੋਇ ਨਾ ਆਈਆ । ਇਕ ਇਕੱਲਾ ਏਕੰਕਾਰ ਪੁਰਖ ਸਮਰਥ, ਜੁਗ ਚੌਕੜੀ ਆਪਣੇ ਹੁਕਮੇਂ ਅੰਦਰ ਭਵਾਈਆ । ਕਲਜੁਗ ਕੂੜੀ ਕਿਰਿਆ ਦੇ ਮੱਥ, ਸਤਿਗੁਰ ਸਾਚਾ ਲੋਕਮਾਤ ਦੇ ਪਰਗਟਾਈਆ । ਇਕੋ ਨਾਮ ਇਕੋ ਭੰਡਾਰਾ ਖੋਲ੍ਹ ਹੱਟ, ਇਕੋ ਵਣਜਾਰਾ ਹੋ ਕੇ ਵਣਜ ਲੈ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਧਾਰ ਪਰਗਟ ਕਰ ਸਚ, ਸਤਿ ਸਤਿਵਾਦ ਆਪਣਾ ਹੁਕਮ ਵਰਤਾਈਆ । ਸਤਿ ਧਰਮ ਕਹੇ ਪ੍ਰਭ ਸਾਚਾ ਦੇ ਦੇ ਧੁਰ ਦਾ ਰਸਤਾ, ਰਹਿਬਰ ਇਕੋ ਨਜ਼ਰੀ ਆਈਆ । ਬੰਨ੍ਹਣਾ ਪਏ ਕੋਈ ਨਾ ਪੁਸਤਕਾਂ ਵਾਲਾ ਬਸਤਾ, ਸੀਸ ਭਾਰ ਨਾ ਕੋਇ ਉਠਾਈਆ । ਇਕੋ ਢੋਲਾ ਹੋਵੇ ਤੇਰੇ ਜਸ ਦਾ, ਦਿਵਸ ਰੈਣ ਸਿਫ਼ਤਾਂ ਵਿਚ ਸਾਲਾਹੀਆ । ਇਕੋ ਇਸ਼ਾਰਾ ਹੋਵੇ



ਤੇਰੀ ਅੱਖ ਦਾ, ਆਖ਼ਰ ਤੇਰੇ ਵਿਚ ਮਿਲਾਈਆ । ਝਗੜਾ ਰਹੇ ਨਾ ਕੂੜੇ ਜਗ ਦਾ, ਜਾਗਰਤ ਜੋਤ ਕਰ ਰੁਸ਼ਨਾਈਆ । ਪੈਂਡਾ ਮੁਕ ਜਾਏ ਸੰਸਾਰੀ ਹੱਜ ਦਾ, ਕਾਇਆ ਕਾਅਬਾ ਦੇ ਵਖਾਈਆ । ਜਿਥੇ ਨਿਰਗੁਣ ਨਿਰਵੈਰ ਨਿਰਾਕਾਰ ਹੋ ਕੇ ਵਸਦਾ, ਪਰਵਰਦਿਗਾਰ ਹੋ ਕੇ ਸੋਭਾ ਪਾਈਆ । ਇਕੋ ਰਾਗ ਹੋਵੇ ਅਗੰਮੀ ਅਨਹਦ ਨਦ ਦਾ, ਸ਼ਬਦੀ ਸ਼ਬਦੀ ਢੋਲਾ ਆਪ ਸੁਣਾਈਆ । ਜੋਤ ਪਰਕਾਸ਼ ਹੋਵੇ ਸਚ ਦਾ, ਸਤਿ ਜੋਤ ਹੋਵੇ ਰੁਸ਼ਨਾਈਆ । ਤੇਰਾ ਖੇਲ ਵੇਖਾਂ ਅਲੱਖਣਾ ਅਲਖ ਦਾ, ਅਲਖ ਅਗੋਚਰ ਤੇਰੀ ਵਡੀ ਵਡ ਵਡਿਆਈਆ । ਕਰ ਸਵਾਂਗ ਰੂਪ ਪਰਤੱਖ ਦਾ, ਪਾਰਬ੍ਰਹਮ ਪ੍ਰਭ ਆਪਣਾ ਫੇਰਾ ਪਾਈਆ । ਜੁਗ ਚੌਕੜੀ ਨਿਤ ਨਵਿਤ ਸਤਿਜੁਗ ਤਰੇਤਾ ਦੁਆਪਰ ਕਲਜੁਗ ਜਨ ਭਗਤਾਂ ਪੈਜ ਆਇਆ ਰਖਦਾ, ਰਖਕ ਹੋ ਕੇ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੂੰ ਹਰ ਘਟ ਅੰਤਰ ਆਪੇ ਵਸਦਾ, ਵਾਸਤਾ ਆਪਣੇ ਨਾਲ ਜੁੜਾਈਆ । ਸਤਿ ਧਰਮ ਕਹੇ ਪ੍ਰਭੂ ਲੋਕਮਾਤ ਕਰ ਵਸੇਰਾ, ਵਿਸਰਿਆਂ ਲੈ ਜਗਾਈਆ । ਜਨ ਭਗਤਾਂ ਅੰਤਰ ਚਾਉ ਕਰ ਘਨੇਰਾ, ਪ੍ਰੇਮ ਪ੍ਰੀਤੀ ਇਕ ਵਧਾਈਆ । ਸਾਚਾ ਮੰਤਰ ਦਸ ਦੇ ਤੂੰ ਮੇਰਾ ਮੈਂ ਤੇਰਾ, ਦੂਜਾ ਰਹਿਣ ਕੋਇ ਨਾ ਪਾਈਆ । ਮਨ ਵਾਸਨਾ ਕੂੜ ਰਹੇ ਨਾ ਡੇਰਾ, ਝਗੜਾ ਝੂਠ ਦੇਣਾ ਮਿਟਾਈਆ । ਸਾਢੇ ਤਿੰਨ ਹੱਥ ਵਸਾ ਆਪਣਾ ਖੇੜਾ, ਬੰਦ ਕਿਵਾੜੀ ਖਿੜਕੀ ਦੇ ਖੁਲ੍ਹਾਈਆ । ਅੰਦਰ ਰਹੇ ਨਾ ਕੋਇ ਅੰਧੇਰਾ, ਗੁਫ਼ਾ ਭਵਰ ਅਵਰ ਨਜ਼ਰ ਕੋਇ ਨਾ ਆਈਆ । ਤੂੰ ਠਾਕਰ ਸਾਹਿਬ ਪਾਰਬ੍ਰਹਮ ਬ੍ਰਹਮ ਤੇਰਾ ਦਿਸੇ ਚੇਰਾ, ਚੇਲਾ ਗੁਰ ਏਕਾ ਘਰ ਬਹਿ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਧਰਮ ਬਣਾ ਵਿਹੜਾ, ਕੂੜੀ ਕਿਰਿਆ ਕਰਮ ਮਿਟਾਈਆ । ਸਤਿ ਧਰਮ ਕਹੇ ਪ੍ਰਭ ਸਤਿ ਧਰਮ

ਦੀ ਦੇ ਮਤ, ਮਤ ਮਤਵਾਲੀ ਦੂਰ ਕਰਾਈਆ । ਜਨ ਭਗਤਾਂ ਰਖ ਪਤ, ਪਤਿਪਰਮੇਸ਼ਵਰ ਹੋ ਸਹਾਈਆ । ਨਿਝਰ ਝਿਰਨਾ ਦੇ ਦੇ ਰਸ, ਅੰਮ੍ਰਿਤ ਬੂੰਦ ਸਵਾਂਤੀ ਆਪ ਟਪਕਾਈਆ । ਸਭ ਕੁਛ ਤੇਰੇ ਹੱਥ, ਦਾਤੇ ਦਾਨੀ ਤੇਰੀ ਵੱਡੀ ਵਡ ਵਡਿਆਈਆ । ਨਿਜ ਨੇਤਰ ਨੈਣ ਖੋਲ੍ਹ ਅੱਖ, ਪਰਤੱਖ ਮਿਲ ਗੁਸਾਈਆਂ । ਸਤਿ ਧਰਮ ਦਾ ਮਾਰਗ ਲਾ ਦੇ ਸਚ, ਸਤਿ ਸਤਿਵਾਦੀ ਹੋ ਕੇ ਸੋਭਾ ਪਾਈਆ । ਭਰਮ ਭੁਲੇਖਾ ਕੱਢ ਕਾਇਆ ਮਾਟੀ ਕੂੜੀ ਕੱਚ, ਕੰਚਨ ਗੜ੍ਹ ਦੇ ਸੁਹਾਈਆ । ਲੂੰ ਲੂੰ ਅੰਦਰ ਜਾ ਰਚ, ਸਾਢੇ ਤਿੰਨ ਕਰੋੜ ਤੇਰਾ ਢੋਲਾ ਗਾਈਆ । ਸਤਿਜੁਗ ਤਰੇਤਾ ਦੁਆਪਰ ਗਿਆ ਲੰਘ, ਕਲਜੁਗ ਲੇਖਾ ਦੇ ਮੁਕਾਈਆ । ਜਨ ਭਗਤਾਂ ਆਤਮ ਪਰਮਾਤਮ ਮਾਣ ਸੁਹੰਜਣੀ ਸੇਜ ਸਦਾ ਵੱਸ ਸੰਗ, ਸਗਲਾ ਸੰਗ ਨਿਭਾਈਆ । ਨਾਮ ਸ਼ਬਦ ਦਾ ਵੱਜੇ ਇਕ ਮਰਦੰਗ, ਧੁਨੀ ਧੁਨ ਵਿਚੋਂ ਪਰਗਟਾਈਆ । ਸਾਚੇ ਸੰਤਾਂ ਸਾਹਿਬ ਸਤਿਗੁਰ ਪੁਰਖ ਅਕਾਲ ਦੀਨ ਦਿਆਲ ਦੁਨੀ ਦੇ ਮਾਲਕ ਇਕ ਅਗੰਮਾ ਦੇ ਆਨੰਦ, ਜਿਸ ਆਨੰਦ ਦਾ ਰਸ ਰਸਨਾ ਚਖ ਸਕੇ ਨਾ ਰਾਈਆ ।

## ੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਨਰੈਣ ਸਿੰਘ ਦੇ ਗ੍ਰਿਹ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ

ਸਤਿ ਧਰਮ ਕਹੇ ਪ੍ਰਭ ਸ਼ਬਦ ਅਗੰਮੀ ਨਾਦ ਵਜਾ ਆਪਣਾ ਡੰਕਾ, ਕਲਜੁਗ ਕੂੜ ਮਲੇਛ ਦੇ ਮਿਟਾਈਆ । ਬੋਧ ਅਗਾਧ ਸ਼ਬਦ ਜਣਾ ਚਾਰ ਵਰਨ ਅਠਾਰਾਂ ਬਰਨ ਰਾਓ ਰੰਕਾ, ਊਚਾਂ ਨੀਚਾਂ ਜਾਤਾਂ ਪਾਤਾਂ ਦੀਨਾਂ ਮਜ਼੍ਹਬਾਂ ਭਰਮ ਗੜ੍ਹ ਦੇ ਤੁੜਾਈਆ । ਮਨ ਵਾਸਨਾ ਕੂੜੀ ਕਿਰਿਆ ਹਉਮੇ ਹੰਗਤਾ ਤਨ ਵਜੂਦ ਰਹੇ ਕੋਈ ਨਾ ਸ਼ੰਕਾ, ਸ਼ਹਿਨਸ਼ਾਹ ਹੋ ਕੇ ਸ਼ਾਹ ਪਾਤਸ਼ਾਹ ਆਪਣਾ ਪੜਦਾ ਦੇ ਉਠਾਈਆ । ਤੇਰਾ ਖੇਲ ਆਦਿ ਜੁਗਾਦਿ ਜੁਗ ਚੌਕੜੀ ਲੋਕਮਾਤ ਨਿਰਗੁਣ ਸਰਗੁਣ ਧਾਰ ਬਾਰ ਅਨਕਾ, ਨਿਤ ਨਵਿਤ ਅਬਿਨਾਸ਼ੀ ਅਚੁਤ ਪਾਰਬ੍ਰਹਮ ਪ੍ਰਭ ਆਪਣਾ ਫੇਰਾ ਪਾਈਆ । ਸਤਿਜੁਗ ਸਾਚੀ ਪੁਰਖ ਅਬਿਨਾਸ਼ੀ ਸਤਿ ਸਚ ਬਣਾ ਬਣਤਾ, ਘੜਨ ਭੰਨਣਹਾਰ ਸਮਰਥ ਸਵਾਮੀ ਅੰਤਰਜਾਮੀ ਤੇਰੇ ਹੱਥ ਵਡਿਆਈਆ । ਤੇਰਾ ਖੇਲ ਨਵੇਲਾ ਜੁਗ ਚੌਕੜੀ ਸਰਬ ਗੁਣਵੰਤਾ, ਗਹਿਰ ਗੰਭੀਰ ਬੇਨਜ਼ੀਰ ਲਾਤਸਵੀਰ ਹੁਕਮੇਂ ਅੰਦਰ ਹੁਕਮ ਦੇ ਬਦਲਾਈਆ । ਨਵ ਸੱਤ ਲੱਖ ਚੁਰਾਸੀ ਵੇਖ ਜੀਵ ਜੰਤਾ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਪੜਦਾ ਉਹਲਾ ਆਪ ਚੁਕਾਈਆ । ਬਿਨ ਤੇਰੀ ਕਿਰਪਾ ਹਰਿ ਮਹਿਬੂਬ ਸਾਚਾ ਸੂਫ਼ੀ ਸੰਤ ਫ਼ਕੀਰ ਮਿਲੇ ਨਾ ਪੰਡਤਾ, ਬੋਧ ਅਗਾਧ ਨਾਮ ਨਿਧਾਨ ਨਿਸ਼ਅੱਖਰ ਨਿਰਅੱਖਰਾਂ ਵਿਚੋਂ ਬਾਹਰ ਨਾ ਕੋਇ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਪੀਰ ਭਗਤ ਸੁਹੇਲੇ ਤੇਰੇ ਦਰ ਦਰਵੇਸ਼ ਹੋ ਕੇ ਕਰਦੇ ਮਿੰਨਤਾ, ਵਿਸ਼ਨ ਬ੍ਰਹਮਾ ਸ਼ਿਵ ਕੋਟਨ ਕੋਟ ਬੈਠੇ ਸੀਸ ਨਿਵਾਈਆ । ਸਜਦਿਆਂ ਵਿਚ ਉੱਤਰ ਪੂਰਬ ਪੱਛਮ ਦੱਖਣ ਝੁਕਦੇ ਵੇਖੇ ਸਿਮਤਾ, ਪੁਰਖ ਅਕਾਲ ਦੀਨ ਦਿਆਲ ਤੇਰਾ ਅੰਤ ਭਗਵੰਤ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜ ਕੁੜਿਆਰ ਗੜ੍ਹ ਹੰਕਾਰ ਮਾਇਆ ਮਮਤਾ ਮੋਹ ਵਿਕਾਰ ਤੋੜ ਕਲਜੁਗ ਨਿੰਦਕਾ, ਮਾਨਵ ਮਾਨੁਖ ਮਾਨੁਸ਼ ਆਤਮ ਪਰਮਾਤਮ ਪਰਮਾਤਮ ਆਤਮ ਤੇਰਾ ਰੂਪ ਨਜ਼ਰੀ ਆਈਆ । ਸਤਿ ਧਰਮ ਕਹੇ ਪ੍ਰਭ ਕਲਜੁਗ ਅੰਤਮ ਦੇ ਦੇ ਸਤਿ ਉਪਦੇਸ਼, ਇਕੋ ਨਾਮ ਤੇਰਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਨਜ਼ਰੀ ਆਈਆ । ਤੂੰ ਸ਼ਾਹ ਸੁਲਤਾਨ ਸ੍ਰੀ ਭਗਵਾਨ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰਗਾਹ ਸਾਚੀ ਦਾ ਸਚ ਨਰੇਸ਼, ਨਰ ਨਰਾਇਣ

ਬਿਨ ਨੈਣਾਂ ਆਪਣਾ ਭੇਵ ਅਭੇਦ ਦੇ ਖੁਲ੍ਹਾਈਆ । ਤੇਰਾ ਨਾਮ ਸ਼ਬਦ ਅਪਾਰਾ ਏਕੰਕਾਰਾ ਜਿਸ ਦਾ ਸਰਗੁਣ ਖੇਲ ਹੋਇਆ ਤੇਈ ਅਵਤਾਰਾ, ਈਸਾ ਮੂਸਾ ਮੁਹੰਮਦ ਬੋਲ ਕੇ ਗਏ ਤੇਰਾ ਨਾਅਰਾ, ਨਾਨਕ ਨਿਰਗੁਣ ਸਰਗੁਣ ਧਰ ਕੇ ਰੂਪ ਦਸ ਦਸਮੇਸ਼, ਦਹਿ ਦਿਸ਼ਾ ਵੰਡਾ ਕੇ ਹਿੱਸਾ ਇਕੋ ਡੰਕਾ ਫ਼ਤਿਹ ਤੇਰਾ ਗਿਆ ਵਜਾਈਆ । ਤੂੰ ਆਦਿ ਜੁਗਾਦਿ ਨਿਤ ਨਵਿਤ ਸਦਾ ਰਹੇਂ ਹਮੇਸ਼, ਕਲਜੁਗ ਅੰਤ ਤੇਰੇ ਦਵਾਰੇ ਸਾਰੇ ਹੋਏ ਪੇਸ਼, ਪੇਸ਼ਵਾ ਸਾਰੇ ਬੈਠੇ ਸੀਸ ਨਿਵਾਈਆ । ਸਜਦਿਆਂ ਵਿਚ ਬੰਦਨਾ ਵਿਚ ਡੰਡੌਤ ਵਿਚ ਨਮਸਤੇ ਵਿਚ ਕਰਨ ਆਦੇਸ, ਬਿਨ ਸੀਸ ਜਗਦੀਸ਼ ਸੀਸ ਰਹੇ ਝੁਕਾਈਆ । ਤੇਰਾ ਆਦਿ ਜੁਗਾਦਿ ਨਿਤ ਨਵਿਤ ਦੋ ਜਹਾਨਾਂ ਅਵੱਲੜਾ ਵੇਸ, ਜੋਤੀ ਜਾਤੇ ਪੁਰਖ ਬਿਧਾਤੇ ਨਿਰਗੁਣ ਧਾਰ ਲੈ ਅਵਤਾਰ ਪਾਰਬ੍ਰਹਮ ਪ੍ਰਭ ਧੁਰ ਫ਼ਰਮਾਨਾ ਆਪਣਾ ਹੁਕਮ ਦੇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਹਾਉਣਾ ਇਕ ਦਵਾਰ, ਧੁਰ ਦਰਬਾਰ ਵੱਜਦੀ ਰਹੇ ਵਧਾਈਆ । ਸਤਿ ਧਰਮ ਕਹੇ ਪ੍ਰਭ ਕਲਜੁਗ ਅੰਤਮ ਪਾ ਫੇਰੀ, ਨਿਰਗੁਣ ਹੋ ਕੇ ਵੇਸ ਵਟਾਈਆ । ਲੱਖ ਚੁਰਾਸੀ ਜੀਵ ਜੰਤ ਵੇਖ ਗੁਰੂ ਗੁਰ ਚੇਰੀ, ਚੇਲਾ ਗੁਰ ਗੁਰ ਚੇਲਾ ਇਕ ਰੰਗ ਨਾ ਕੋਇ ਸਮਾਈਆ । ਚਾਰ ਵਰਨ ਅਠਾਰਾਂ ਬਰਨ ਰੈਣ ਹੋਈ ਅੰਧੇਰੀ, ਬਿਨ ਸਤਿਗੁਰ ਸ਼ਬਦ ਸਾਚਾ ਚੰਦ ਅਗੰਮੀ ਨੂਰ ਜਾਹਰ ਜਹੂਰ ਕਰੇ ਨਾ ਕੋਇ ਰੁਸ਼ਨਾਈਆ । ਰਸਨਾ ਜਿਹਵਾ ਗਾ ਗਾ ਥੱਕੀ ਬੱਤੀ ਦੰਦ, ਤੇਰਾ ਹੱਥ ਨਾ ਆਇਆ ਕਿਸੇ ਪਰਮਾਨੰਦ, ਨਿਜਾਨੰਦ ਵੜ ਕੇ ਮੰਦਰ ਚੜ੍ਹ ਕੇ ਗ੍ਰਹਿ ਭੀਤਰ ਅੰਦਰ ਨਿਰੰਤਰ ਤੇਰਾ ਦਰਸ ਕੋਇ ਨਾ ਪਾਈਆ । ਤੂੰ ਆਦਿ ਜੁਗਾਦੀ ਇਕ, ਬ੍ਰਹਮ ਬ੍ਰਹਿਮਾਦ ਤੇਰਾ ਸਿੱਖ ਗੁਰ ਅਵਤਾਰ ਪੈਗ਼ੰਬਰ ਤੇਰਾ ਭਵਿਖ, ਚੌਦਾਂ ਵਿਦਿਆ ਤੇਰਾ ਲੇਖ ਨਾ ਸਕੇ ਲਿਖ, ਕ਼ਲਮ ਸ਼ਾਹੀ ਕਾਗ਼ਜ਼ ਲੋਕਮਾਤ ਮਿਲੇ ਨਾ ਕੋਇ ਵਡਿਆਈਆ । ਬਿਨ ਗੋਬਿੰਦ ਧਾਰ ਕਿਸੇ ਨਾ ਆਵੇਂ ਦਿਸ, ਖੇਲ ਕਰੇਂ ਅਗੰਮੀ ਨਿਤ, ਨਿਰਵੈਰ ਹੋ ਕੇ ਨਿਰਾਕਾਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਕਹੇ ਇਕੋ ਦੇਣਾ ਧੁਰ ਦਾ ਵਰ, ਧਰਮ ਆਤਮਾ ਪਰਮਾਤਮਾ ਆਪਣੇ ਰੰਗ ਰੰਗਾਈਆ । ਸਤਿ ਧਰਮ ਕਹੇ ਪ੍ਰਭ ਨਿਰਗੁਣ ਸਰਗੁਣ ਹੋ ਕੇ ਮਾਰ ਗੇੜਾ, ਲੱਖ ਚੁਰਾਸੀ ਵੇਖ ਵਖਾਈਆ । ਜੀਵ ਜੰਤ ਸਾਧ ਸੰਤ ਮਨ ਭੇਦ ਵਿਚ ਪਾਇਆ ਝੇੜਾ, ਅੰਦਰ ਵੜ ਕੇ ਤੇਰਾ ਦਰਸ ਕਰ ਕੇ ਸਤਿ ਸਵਾਮੀ ਅੰਤਰਜਾਮੀ ਮਮਤਾ ਮੋਹ ਨਾ ਕੋਇ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਕਹਿੰਦੇ ਨੇਰਨ ਨੇਰਾ, ਦੂਰ ਦੁਰਾਡਾ ਕਿਸੇ ਹੱਥ ਕਿਉਂ ਨਾ ਆਈਆ । ਜਨ ਭਗਤਾਂ ਵਸਾ ਦੇ ਸਾਚਾ ਖੇੜਾ, ਜਿਥੇ ਬਿਨਾ ਮਲਾਹ ਬੰਨ੍ਹੇਂ ਬੇੜਾ, ਖੇਵਟ ਖੇਟਾ ਆਪਣਾ ਰੂਪ ਬਦਲਾਈਆ । ਪਰਮ ਪੁਰਖ ਪਰਮਾਤਮ ਆਤਮ ਕਰ ਦੇ ਸੱਚੀ ਮਿਹਰਾ, ਮਿਹਰ ਵਾਲੀ ਮੁਹੱਬਤ ਮਹਿਬੂਬ ਆਪਣੇ ਘਰ ਦੀ ਦੇਣੀ ਪਰਗਟਾਈਆ । ਇਕੋ ਰੰਗ ਨਜ਼ਰੀ ਆਵੇ ਸੰਞ ਸਵੇਰਾ, ਨਿਤ ਨਵਿਤ ਦਰਸ਼ਨ ਹੋਵੇ ਤੇਰਾ, ਜੋਤੀ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਕਹੇ ਲੋਕਮਾਤ ਮੋਹੇ ਧਰਨੀ ਧਰਤ ਉਪਰ ਧਰ, ਧਰਤ ਧੌਲ ਹੌਲਾ ਭਾਰ ਦੇਣਾ ਕਰਾਈਆ । ਸਤਿ ਕਹੇ ਮੇਰੇ ਪ੍ਰਭ ਅਗੰਮੇ ਮੀਤ, ਮਿੱਤਰ ਪਿਆਰੇ ਦਇਆ ਦੇ ਕਮਾਈਆ । ਕਲਜੁਗ ਅੰਦਰ ਸਤਿਜੁਗ ਸੋਹਣੀ ਲੱਗੇ ਰੀਤ, ਰੀਤੀਵਾਨ ਸਾਚਾ ਮਾਰਗ ਦੇ ਵਖਾਈਆ । ਜਨ ਭਗਤਾਂ ਕਾਇਆ ਮਾਟੀ ਕਰਨੀ ਠਾਂਡੀ ਸੀਤ, ਅੰਮ੍ਰਿਤ ਮੇਘ ਨਿਝਰ ਝਿਰਨਾ ਇਕ ਝਿਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਸਾਂਝਾ ਹੋ ਜਾਏ ਗੀਤ, ਅੱਲਾ ਵਾਹਿਗੁਰੂ ਰਾਮ ਨਾਮ

ਗਾਡ ਖ਼ੁਦਾ ਸਾਰੇ ਤੇਰਾ ਨਾਮ ਕਹਿ ਕੇ ਤੇਰੇ ਵਿਚ ਸਮਾਈਆ । ਝਗੜਾ ਰਹੇ ਨਾ ਮੰਦਰ ਮਸੀਤ, ਨਜ਼ਰੀ ਆਵੇਂ ਹਰ ਘਟ ਅੰਤਰ ਭੀਤ, ਲੇਖਾ ਚੁਕੇ ਤ੍ਰੈਗੁਣ ਮਾਇਆ ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਖੇੜਾ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਰੰਗ ਰੰਗਾ ਹਸਤ ਕੀਟ, ਕੂੜ ਕੁਟੰਬ ਦੇ ਖਪਾਈਆ । ਸਤਿ ਧਰਮ ਕਹੇ ਸਤਿਜੁਗ ਸਾਚਾ ਮਾਰਗ ਰਖ, ਰੱਖਿਆ ਕਰ ਥਾਉਂ ਥਾਈਆ । ਸ੍ਰਿਸ਼ਟ ਸਬਾਈ ਨਿਜ ਨੇਤਰ ਲੋਚਨ ਖੋਲ੍ਹ ਅੱਖ, ਦੋ ਅੱਖਾਂ ਬਾਹਰੋਂ ਦ੍ਰਿਸ਼ਟੀ ਵਿਚੋਂ ਅੰਤਰ ਆਪਣੇ ਵਿਚ ਸਮਾਈਆ । ਤੇਰਾ ਹੁਕਮ ਸੰਦੇਸ਼ਾ ਨਾਮ ਧੁਰ ਦਾ ਸਤਿਗੁਰ ਸੱਚਾ, ਜਗਤ ਗੁਰੂ ਕੰਮ ਕਿਸੇ ਨਾ ਆਈਆ । ਤੇਰਾ ਖੇਲ ਦੋ ਜਹਾਨਾਂ ਸਭ ਦਾ ਬਣੇ ਸਖ਼ਾ, ਸਖ਼ਾ ਸਖਾਈ ਹੋ ਕੇ ਆਪਣੀ ਦਇਆ ਕਮਾਈਆ । ਬਿਨ ਤੇਰੇ ਤੇਰਿਆਂ ਭਗਤਾਂ ਦੂਸਰੇ ਅਗੇ ਕਦੇ ਝੁਕੇ ਨਾ ਮੱਥਾ, ਮਸਤਕ ਧੂੜੀ ਖ਼ਾਕ ਅਵਰ ਨਾ ਕੋਇ ਰਮਾਈਆ । ਗੁਰ ਗੋਬਿੰਦ ਦਸ ਦਸਮੇਸ਼ ਸ਼ਬਦੀ ਹੁਕਮ ਦੇ ਕੇ ਆਇਆ ਸਿੱਖਾਂ, ਬਿਨਾ ਪੁਰਖ ਅਕਾਲ ਦੂਜਾ ਕੋਇ ਪਿਤਾ ਨਾ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰਾ ਏਕੰਕਾਰਾ ਲੋਕਮਾਤ ਦੇਣਾ ਪਰਗਟਾਈਆ । ਸਤਿ ਧਰਮ ਕਹੇ ਪ੍ਰਭ ਤੇਰੀ ਕੋਈ ਨਾ ਰਖੇ ਓਟ, ਚਾਰ ਵਰਨ ਅਠਾਰਾਂ ਬਰਨ ਖੋਜ ਖੁਜਾਈਆ । ਸ਼ਬਦੀ ਕਿਸੇ ਨਾ ਲੱਗੇ ਚੋਟ, ਸੁਰਤੀ ਸੋਈ ਨਾ ਕੋਇ ਉਠਾਈਆ । ਮਾਇਆ ਮਮਤਾ ਹਉਮੇ ਹੰਗਤਾ ਲੱਗਾ ਰੋਗ, ਸੰਸਾ ਵਿਚੋਂ ਨਾ ਕੋਇ ਚੁਕਾਈਆ । ਤੇਰੇ ਪ੍ਰੇਮ ਦਾ ਜਾਣੇ ਕੋਈ ਨਾ ਜੋਗ, ਬਾਹਰੋਂ ਤਨ ਵਜੂਦ ਕੱਪੜ ਸਾਰੇ ਰਹੇ ਰੰਗਾਈਆ । ਤੇਰੀ ਸੇਜਾ ਦਾ ਜਾਣੇ ਕੋਈ ਨਾ ਭੋਗ, ਨਾਰੀ ਕੰਤ ਮਿਲ ਮਿਲ ਆਪਣੀ ਖ਼ੁਸ਼ੀ ਮਨਾਈਆ । ਤੇਰੇ ਗ੍ਰਿਹਿ ਦਾ ਕੋਈ ਨਾ ਜਾਣੇ ਸੰਜੋਗ, ਆਤਮ ਪਰਮਾਤਮ ਮਿਲ ਕੇ ਕਵਣ ਦਵਾਰੇ ਸੋਭਾ ਪਾਈਆ । ਘਟ ਅੰਦਰ ਗ੍ਰਿਹਿ ਭੀਤਰ ਜਗੇ ਕੋਈ ਨਾ ਜੋਤ, ਅੰਧ ਅਗਿਆਨ ਨਜ਼ਰੀ ਆਈਆ । ਮਨ ਬੁਧੀ ਦੀ ਸਾਰੇ ਕਰਦੇ ਸੋਚ, ਸ਼ਬਦੀ ਹੁਕਮ ਸੁਣ ਕੇ ਖ਼ੁਸ਼ੀ ਨਾ ਕੋਇ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਗੀਤਾ ਗਿਆਨ ਖਾਣੀ ਬਾਣੀ ਪੜ੍ਹਦੇ ਰੋਜ਼, ਰੋਜ਼ੇ ਨਿਮਾਜ਼ ਰਖ ਕੇ ਤੇਰਾ ਨੂਰ ਨੂਰ ਵਿਚੋਂ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਏਕੰਕਾਰ ਵਿਚ ਸੰਸਾਰ ਹੁਕਮੇਂ ਅੰਦਰ ਆਪੇ ਪਹੁੰਚ, ਦੂਰ ਦੁਰਾਡਾ ਪੰਧ ਮੁਕਾਈਆ । ਸਤਿ ਧਰਮ ਕਹੇ ਪ੍ਰਭ ਕਲਜੁਗ ਅੰਤ ਵੇਲਾ ਵੇਖ ਅਖ਼ੀਰ, ਆਖ਼ਰ ਸੀਸ ਜਗਦੀਸ਼ ਝੁਕਾਈਆ । ਪਲੂ ਛੱਡ ਗਏ ਪੈਗ਼ੰਬਰ ਪੀਰ, ਨਾਤਾ ਤੋੜ ਨਾ ਕੋਇ ਨਿਭਾਈਆ । ਸ਼ਰਅ ਮਾਰ ਸਰਬ ਜ਼ੰਜੀਰ, ਦੀਨ ਦੁਨੀ ਗਏ ਬੰਧਾਈਆ । ਤੇਰਾ ਭੇਵ ਨਜ਼ਰ ਨਾ ਆਏ ਬੇਨਜ਼ੀਰ, ਨਜ਼ਰ ਸਾਰੇ ਗਏ ਉਠਾਈਆ । ਤੇਰੇ ਹੱਥ ਵੱਡੀ ਤਦਬੀਰ, ਦੋ ਜਹਾਨਾਂ ਦੇ ਸਮਝਾਈਆ । ਝਗੜਾ ਰਹੇ ਨਾ ਗ਼ਰੀਬ ਅਮੀਰ, ਉਮਰਾਓ ਅਮਰਾਪਦ ਦੇ ਵਖਾਈਆ । ਤੇਰਾ ਹੁਕਮ ਨਿਰਾਲਾ ਅਜੀਬ, ਸ਼ਬਦੀ ਫ਼ਰਮਾਨਾ ਇਕ ਦ੍ਰਿੜਾਈਆ । ਪੁਰਖ ਅਕਾਲ ਦੀਨ ਦਿਆਲ ਤੇਰੀ ਇਕੋ ਨਜ਼ਰੀ ਆਵੇ ਦੀਦ, ਦਾਇਰਿਆਂ ਵਿਚੋਂ ਲੇਖਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਮਨਸਾ ਪੂਰੀ ਕਰ ਉਮੀਦ, ਆਮਦ ਵਿਚ ਆ ਕੇ ਅਮਲਾਂ ਦਾ ਲੇਖਾ ਵੇਖ ਵਖਾਈਆ । ਸਤਿ ਧਰਮ ਕਹੇ ਪ੍ਰਭ ਸ੍ਰਿਸ਼ਟ ਸਬਾਈ ਵੇਖ ਸਗਲੀ, ਚਾਰੋਂ ਕੁੰਟ ਖੋਜ ਖੁਜਾਈਆ । ਨਾਮ ਰੰਗਣ ਚੜ੍ਹੇ ਕੋਈ ਨਾ ਰੰਗਲੀ, ਰੰਗ ਰੰਗੀਲਾ ਮਾਧੋ ਨਜ਼ਰ ਕਿਸੇ ਨਾ ਆਈਆ । ਤੇਰੇ ਹੱਕ ਪਿਆਰ ਦੀ ਕਰੇ ਕੋਈ ਨਾ ਬੰਦਗੀ, ਗ਼ਰਜ਼ਾਂ


੯੨੭
੧੯

ਕਾਰਨ ਫ਼ਰਜ਼ਾਂ ਕਾਰਨ ਅਰਜ਼ਾਂ ਕਾਰਨ ਤੇਰਾ ਨਾਮ ਰਹੇ ਧਿਆਈਆ । ਸਾਚੀ ਧਾਰ ਕਿਸੇ ਨਾ ਮਿਲੇ ਆਨੰਦ ਦੀ, ਅਨੰਦਪੁਰ ਵਾਸੀ ਤੇਰੀ ਦਾਸੀ ਭਗਤ ਨਾ ਕੋਇ ਬਣਾਈਆ । ਲਹਿਣਾ ਦੇਣਾ ਚੁੱਕਿਆ ਨਾ ਕਿਸੇ ਪਵਣ ਸਵਾਸੀ, ਪਵਣ ਪਵਣਾਂ ਵਿਚੋਂ ਪਾਰਬ੍ਰਹਮ ਮਿਲ ਕੇ ਖ਼ੁਸ਼ੀ ਨਾ ਕੋਇ ਮਨਾਈਆ । ਕਲਜੁਗ ਸੰਤਾਂ ਅੰਦਰ ਆਈ ਉਦਾਸੀ, ਮਾਇਆ ਮਮਤਾ ਮੋਹ ਰਹੀ ਸਤਾਈਆ । ਸਾਚਾ ਸ਼ਬਦ ਧੁਰ ਦਾ ਨਾਮ ਕਿਸੇ ਕੋਲ ਨਹੀਂ ਅਗੰਮੀ ਰਾਸੀ, ਪਿਛਲੀ ਵਿਦਿਆ ਪੜ੍ਹ ਪੜ੍ਹ ਸਾਰੇ ਰਹੇ ਸੁਣਾਈਆ । ਤੇਰੀ ਚਰਨ ਧੂੜੀ ਮਿਲੇ ਨਾ ਧੁਰ ਦੀ ਰਾਖੀ, ਰਖ ਰੱਖਿਆ ਵਾਲੀ ਹੱਥ ਕਿਸੇ ਨਾ ਆਈਆ । ਰੂਹ ਬੁਤ ਤਨ ਮਾਟੀ ਖ਼ਾਕ ਹੋਇਆ ਨਾ ਪਾਕ ਪਾਕੀ, ਪਤਿਤ ਪੁਨੀਤ ਪਵਿਤ ਆਪਣਾ ਆਪ ਨਾ ਕੋਇ ਕਰਾਈਆ । ਸਾਹਿਬ ਸਮਰਥ ਤੇਰੀ ਮਹਿੰਮਾ ਅਕਥ ਜਨ ਭਗਤਾਂ ਦੇ ਆਪਣੀ ਵੱਥ, ਨਾਮ ਅਨਮੁਲਾ ਦੇ ਰਸ, ਆਤਮ ਪਰਮਾਤਮ ਤੇਰੇ ਹੋਵੇ ਵਸ, ਦੂਜਾ ਨਾਤਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਇਕੋ ਲਾ ਦੇ ਸਚ, ਭਾਗ ਲੱਗੇ ਕਾਇਆ ਮਾਟੀ ਕੱਚ, ਲੂੰ ਲੂੰ ਅੰਦਰ ਜਾਣਾ ਰਚ, ਸਾਢੇ ਤਿੰਨ ਕਰੋੜ ਤੇਰੀ ਗਾਥਾ ਗਾ ਗਾ ਸ਼ੁਕਰ ਮਨਾਈਆ । ਸਤਿ ਧਰਮ ਕਹੇ ਪ੍ਰਭ ਤੂੰ ਆਦਿ ਜੁਗਾਦੀ ਇਕੋ ਪੁਰਖ ਅਕਾਲ ਬਹੁ ਤੇਰੇ ਨਾਮ, ਗਿਣਤੀ ਵਿਚ ਗਣਤ ਕਿਉਂ ਦਿਤੀ ਗਿਣਾਈਆ । ਤੇਰਾ ਸੁਤ ਦੁਲਾਰਾ ਸ਼ਬਦ ਇਕੋ ਵਾਲੀ ਦੋ ਜਹਾਨ, ਗੁਰ ਅਵਤਾਰ ਪੈਗ਼ੰਬਰ ਬਹੁ ਰੂਪ ਕਿਉਂ ਆਇਆ ਬਦਲਾਈਆ । ਤੇਰਾ ਇਕੋ ਆਦਿ ਜੁਗਾਦੀ ਸੱਚਾ ਨਾਮ, ਕਿਉਂ ਅੱਲਾ ਵਾਹਿਗੁਰੂ ਰਾਮ ਕਹਿ ਕੇ ਤੈਨੂੰ ਰਹੇ ਪਰਗਟਾਈਆ । ਤੇਰਾ ਆਦਿ ਜੁਗਾਦੀ ਇਕੋ ਜਾਮ, ਕਿਉਂ ਪਿਆਲੇ ਵੱਖ ਵੱਖ ਕਾਇਆ ਮਾਟੀ ਅੰਦਰ ਦਿਤੇ ਟਿਕਾਈਆ । ਤੂੰ ਸਚਖੰਡ ਦਵਾਰੇ ਇਕੋ ਘਰ ਕਰੇਂ ਬਿਸਰਾਮ, ਮੁਕਾਮੇ ਹੱਕ ਡੇਰਾ ਲਾਈਆ । ਕੀ ਦੀਨਾਂ ਮਜ਼੍ਹਬਾਂ ਵਿਚੋਂ ਤੈਨੂੰ ਮਿਲਦਾ ਆਰਾਮ, ਸਚ ਸਚ ਦੇ ਸਮਝਾਈਆ । ਕੀ ਪਿਆਰ ਆਉਂਦਾ ਵਿਚੋਂ ਇਸਲਾਮ, ਇਸਮ ਆਜ਼ਮ ਪੜਦਾ ਦੇ ਉਠਾਈਆ । ਕਿਉਂ ਕਹਿ ਦਿਤਾ ਕ੍ਰਿਸ਼ਨ ਕਾਹਨ, ਘਨਈਆ ਹੋ ਕੇ ਬੰਸਰੀ ਜਗਤ ਵਖਾਈਆ । ਕਿਉਂ ਪਰਗਟ ਕੀਤਾ ਸਤਿਨਾਮ, ਨਾਨਕ ਨਿਰਗੁਣ ਸਰਗੁਣ ਢੋਲਾ ਗਾਈਆ । ਕਿਉਂ ਫ਼ਤਹਿ ਡੰਕ ਵਜਾਇਆ ਆਣ, ਵਾਹਿਗੁਰੂ ਦੇ ਜਾਪ ਜਪਾਈਆ । ਤੂੰ ਆਦਿ ਜੁਗਾਦੀ ਇਕ ਭਗਵਾਨ, ਕਿਉਂ ਵੰਡਾਂ ਵਿਚ ਸ੍ਰਿਸ਼ਟੀ ਦਿਤੀ ਪਾਈਆ । ਏਸੇ ਕਰ ਕੇ ਸ਼ਬਦ ਗੁਰੂ ਤੈਨੂੰ ਕਰ ਕੇ ਅੰਤ ਪਰਨਾਮ, ਪੁਰਖ ਅਕਾਲ ਤੇਰੇ ਅਗੇ ਮੰਗ ਮੰਗਾਈਆ । ਜਿਸ ਵੇਲੇ ਕਲਜੁਗ ਅੰਤ ਲੇਖਾ ਚੁੱਕੇ ਵਿਚੋਂ ਜਹਾਨ, ਲੋਕਮਾਤ ਰਹਿਣ ਨਾ ਪਾਈਆ । ਓਸ ਵੇਲੇ ਪਰਮ ਪੁਰਖ ਸ੍ਰਿਸ਼ਟ ਸਬਾਈ ਦੇਣਾ ਆਪਣਾ ਇਕ ਪੈਗ਼ਾਮ, ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੈਗ਼ੰਬਰ ਭਗਤ ਸੁਹੇਲੇ ਨਾਲ ਮਿਲਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਤੇਰਾ ਮੰਨਣ ਇਕ ਵਿਧਾਨ, ਚੌਦਾਂ ਲੋਕ ਚੌਦਾਂ ਤਬਕ ਸਿਰ ਸਕੇ ਨਾ ਕੋਇ ਉਠਾਈਆ । ਸਾਰਿਆਂ ਕਲਮਿਆਂ ਦਾ ਕਲਮਾ ਹੋਵੇ ਤੇਰਾ ਨਾਮ, ਉਲਮਿਆਂ ਦਾ ਇਲਮ ਤੈਨੂੰ ਕਰੇ ਪਰਨਾਮ, ਬੁਧੀ ਦਾ ਲੇਖਾ ਜਾਣੇ ਨਾ ਜੀਵ ਅਨਜਾਣ, ਬੁਧੀ ਤੋਂ ਪਰੇ ਤੇਰੀ ਸ਼ੁਰੂ ਹੁੰਦੀ ਸ਼ਰਅ, ਇਕੋ ਰੂਪ ਨਰ ਹਰੇ, ਦੂਜਾ ਨਜ਼ਰ ਕਿਸੇ ਨਾ ਆਈਆ । ਜੀਵ ਅੰਵਾਣਾ ਕਲਜੁਗ ਮਨ ਮਮਤਾ ਵਿਚ, ਸੰਸਾਰੀ ਧਾਰਾਂ ਵਿਚ, ਜਗਤ ਵਿਚਾਰਾਂ ਵਿਚ, ਦੀਨਾਂ ਮਜ਼੍ਹਬਾਂ ਦੀਆਂ ਖਾਰਾਂ ਵਿਚ ਤੇਰੇ ਨਾਲ ਲੜੇ, ਮੰਜ਼ਲ ਹੱਕ ਕੋਈ ਨਾ ਚੜ੍ਹੇ, ਸੁਰਤੀ ਸ਼ਬਦ ਕਿਸੇ ਨਾ ਫੜੇ, ਆਤਮ ਪਰਮਾਤਮ ਢੋਲੇ ਕੋਇ ਨਾ ਪੜ੍ਹੇ, ਸਚਖੰਡ ਦਵਾਰ ਕੋਈ ਨਾ ਵੜੇ, ਪੁਰਖ ਅਕਾਲ ਸਰਨ ਕੋਈ ਨਾ ਪੜੇ, ਜੀਵ ਜੰਤ ਜੀਵਤ ਜਗ ਨਾ ਮਰੇ, ਭੈ ਭਉ ਵਿਚ

੯੨੮
੧੯

ਨਾ ਤੈਥੋਂ ਡਰੇ, ਉਹਦੀ ਵਾਸਨਾ ਕੀ ਕਰੇ ਜਿਨ੍ਹਾਂ ਦੇ ਅੰਦਰ ਭੁੱਲਿਆ ਬੇਪਰਵਾਹੀਆ । ਸਤਿ ਧਰਮ ਕਹੇ ਪ੍ਰਭ ਕੁਛ ਮਾਰਗ ਦੱਸ ਦੇ ਅਗਲਾ, ਭੇਵ ਅਭੇਦਾ ਦੇ ਖੁਲ੍ਹਾਈਆ । ਗੋਬਿੰਦ ਸ਼ਬਦ ਮਿਲਾ ਦੇ ਸਤਿਗੁਰ ਸਗਲਾ, ਸੰਗੀ ਧੁਰ ਦਾ ਨਜ਼ਰੀ ਆਈਆ । ਕਲਜੁਗ ਜੀਵ ਬਪੜਾ ਬਗਲਾ, ਮਾਣਕ ਮੋਤੀ ਚੋਗ ਸਚ ਸਰੋਵਰ ਵਿਚੋਂ ਹੱਥ ਕੋਇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਤੈਨੂੰ ਲੱਭਦੇ ਵਿਚੋਂ ਜੰਗਲਾ, ਸਮੁੰਦ ਸਾਗਰ ਟਿੱਲੇ ਪਰਬਤ ਡੂੰਘੇ ਕੰਦਰ ਫੋਲ ਫੁਲਾਈਆ । ਸ਼ਿਵਦਵਾਲੇ ਮੱਠ ਮਸੀਤਾਂ ਵਿਚ ਕਰ ਕੇ ਬੰਦਨਾ ਬੰਦੇ ਆਪਣਾ ਬੰਦੀਖ਼ਾਨਾ ਰਹੇ ਤੁੜਾਈਆ । ਪਰਵਰਦਿਗਾਰ ਸਾਂਝੇ ਯਾਰ ਜਨ ਭਗਤ ਸੁਹੇਲੇ ਆਪਣੇ ਅੰਗ ਲਾ, ਬਿਨਾ ਅੰਗੀਕਾਰ ਤੋਂ ਬੇੜਾ ਪਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਤਿਗੁਰ ਧੁਰ ਦੇ ਠਾਕਰ ਕਲਜੁਗ ਕੂੜੀ ਕਿਰਿਆ ਦੀਨ ਦੁਨੀ ਵੇਖ ਡੂੰਘਾ ਸਾਗਰ, ਗਹਿਰ ਗੰਭੀਰ ਬੇਨਜ਼ੀਰ ਆਪਣਾ ਆਪ ਬਦਲਾਈਆ । ਸਤਿ ਧਰਮ ਕਹੇ ਪ੍ਰਭ ਸਚ ਲਾ ਦੇ ਉਤੇ ਧਰਤੀ, ਧਰਮ ਦਵਾਰ ਇਕ ਵਖਾਈਆ । ਸਭ ਦਾ ਬਣ ਜਾ ਨਿਧਪਰਤੀ, ਪ੍ਰੀਤਮ ਹੋ ਕੇ ਵੇਖ ਵਖਾਈਆ । ਤੂੰ ਮਾਲਕ ਦੋ ਜਹਾਨਾਂ ਅਰਸ਼ੀ, ਫ਼ਰਸ਼ੀ ਹੋ ਕੇ ਦੇ ਵਡਿਆਈਆ । ਗੁਰ ਅਵਤਾਰਾਂ ਪੈਗ਼ੰਬਰਾਂ ਤੇਰੇ ਅਗੇ ਪਾਈ ਅਰਜ਼ੀ, ਆਜਜ਼ ਹੋ ਕੇ ਸੀਸ ਨਿਵਾਈਆ । ਸਭ ਨੇ ਆਸਾ ਮਨਸਾ ਰਖੀ ਆਪਣੀ ਗ਼ਰਜ਼ੀ, ਗ਼ਰਜ਼ ਕਹਿ ਤੇਰੀ ਓਟ ਤਕਾਈਆ । ਤੇਰੀ ਧਾਰ ਨਿਹਕਲੰਕ ਨਰਾਇਣ ਹੋਵੇ ਨਰ ਦੀ, ਜੋਤੀ ਜਾਤਾ ਪੁਰਖ ਬਿਧਾਤਾ ਫੇਰਾ ਪਾਈਆ । ਤੂੰ ਸਾਰ ਪਾਵੀਂ ਪੁਰਖ ਅਕਾਲ ਘਰ ਘਰ ਦੀ, ਗ੍ਰਿਹ ਗ੍ਰਿਹ ਆਪਣਾ ਪੜਦਾ ਲਾਹੀਆ । ਤੇਰੀ ਆਤਮ ਤੇਰਾ ਢੋਲਾ ਹੋਵੇ ਪੜ੍ਹਦੀ, ਧੁਰ ਦਾ ਨਾਦ ਕਰੀਂ ਸ਼ਨਵਾਈਆ । ਖੇਲ ਜਾਣੇ ਚੋਟੀ ਜੜ੍ਹਦੀ, ਮਧ ਆਪਣਾ ਹੁਕਮ ਵਰਤਾਈਆ । ਧਾਰ ਬਖ਼ਸ਼ ਅਗੰਮੀ ਸਰ ਦੀ, ਸਰੋਵਰ ਇਕੋ ਦਈਂ ਪਰਗਟਾਈਆ । ਕਲਾ ਪੁਟੀਂ ਕਲਜੁਗ ਕਲ ਦੀ, ਕਲਮੇ ਵਾਲੇ ਦਈਂ ਖਪਾਈਆ । ਖੇਲ ਬਦਲ ਕੇ ਦੂਈ ਦਵੈਤੀ ਸਲ ਦੀ, ਸੁਲਹਕੁਲ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸ਼ਾ ਸਭ ਦੀ ਪੂਰੀ ਕਰ ਪ੍ਰੇਮ ਪਿਆਰ ਵਿਚ ਜਨ ਦੀ, ਜਨ ਭਗਤ ਸੱਜਣ ਗੁਰਮੁਖ ਗੁਰਸਿਖ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਤੇਰੀ ਹੋਵੇ ਨਿਹਚਲ ਧਾਮ ਅਟਲ ਦੀ, ਅਛਲ ਛਲ ਰਹਿਣ ਕੋਇ ਨਾ ਪਾਈਆ ।



### ✪ ੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੁਰਬਖ਼ਸ਼ ਸਿੰਘ ਦੇ ਗ੍ਰਿਹ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪ੍ਰਭ ਸ਼ਬਦੀ ਸ਼ਬਦ ਵਜਾ ਦਮਾਮਾ, ਡੰਕਾ ਰਾਓ ਰੰਕ ਇਕ ਵਜਾਈਆ । ਤੇਰਾ ਪਰਸਿਧ ਹੋਵੇ ਕਲ ਕਲਕੀ ਅੰਤਮ ਜਾਮਾ, ਜ਼ਾਮਨ ਹੋ ਕੇ ਦੇ ਸਮਝਾਈਆ । ਨਜ਼ਰੀ ਆ ਅਗੰਮੀ ਰਾਮਾ, ਰਾਮ ਰਮਈਆ ਸੋਭਾ ਪਾਈਆ । ਬੰਸਰੀ ਸੁਣਾ ਸਾਚੇ ਕਾਹਨਾ, ਨਾਮ ਧੁਨ ਕਰ ਸ਼ਨਵਾਈਆ । ਸਾਹਿਬ ਸੁਲਤਾਨ ਬਣ ਮਿਹਰਵਾਨਾ, ਪੈਗ਼ੰਬਰ ਧਾਰ ਸਮਝਾਈਆ । ਸਾਚਾ ਨਾਮ ਦੇ ਗੁਣ ਨਿਧਾਨਾ, ਗੁਰੂ ਗੁਰ ਸੇਵ ਕਮਾਈਆ । ਤੇਰਾ ਖੇਲ ਹੋਵੇ ਜਗਤ ਮਹਾਨਾ, ਭੇਵ ਅਭੇਦਾ ਦੇ ਖੁਲ੍ਹਾਈਆ । ਸਭ ਨੂੰ ਮੰਨਣਾ ਪਏ ਭਾਣਾ, ਲਾਗੇ ਹੋ ਨਾ ਕੋਇ ਅਟਕਾਈਆ । ਸਤਿ ਸਚ ਧਰਮ ਲਾ

ਚਤੁਰ ਸੁਜਾਨਾ, ਕੂੜ ਕੁੜਿਆਰ ਦੇਣਾ ਖਪਾਈਆ । ਆਤਮ ਦੇ ਸਰਬ ਗਿਆਨਾ, ਅਗਿਆਨ ਅੰਧੇਰ ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਪਰਗਟ ਹੋ ਵਿਸ਼ਨੂੰ ਭਗਵਾਨਾ, ਵਿਸ਼ਵ ਵਾਸਨਾ ਦੇ ਬਦਲਾਈਆ । ਸਤਿ ਕਹੇ ਪ੍ਰਭ ਵਿਸ਼ਵ ਦੇ ਵਿਚਾਰ, ਧਾਰ ਸ਼ਬਦੀ ਇਕ ਦ੍ਰਿੜਾਈਆ । ਸਾਰੇ ਮੰਗਣ ਤੇਰਾ ਦੀਦਾਰ, ਚਾਰ ਕੁੰਟ ਧਿਆਨ ਲਗਾਈਆ । ਡੰਕਾ ਸ਼ਬਦ ਵੱਜੇ ਅਪਾਰ, ਪਰਮ ਪੁਰਖ ਪਰੜਾ ਦੇਣਾ ਉਠਾਈਆ । ਪੂਰਬ ਲਹਿਣਾ ਦੇਣਾ ਕ਼ਰਜ਼ ਲਾਹ ਉਧਾਰ, ਧੁਰ ਦੀ ਭਗਤੀ ਭਗਤਾਂ ਝੋਲੀ ਪਾਈਆ । ਸਚ ਧਰਮ ਦਾ ਦੱਸ ਵਿਹਾਰ, ਵਿਵਹਾਰੀ ਹੋ ਕੇ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਕਰਦੇ ਗਏ ਇੰਤਜ਼ਾਰ, ਉਡੀਕ ਵਿਚ ਤਾਰੀਖ ਗਏ ਬਦਲਾਈਆ । ਤੂੰ ਆਦਿ ਪੁਰਖ ਅਪਰੰਪਰ ਸਵਾਮੀ ਕਲਕੀ ਇਕ ਅਵਤਾਰ, ਜਿਸ ਦੀ ਕਲਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪਾ ਸਚ ਦਵਾਰੇ ਸਾਰ, ਸਾਰ ਸ਼ਬਦ ਨਾਲ ਸਾਰਥ ਸਭ ਦਾ ਪੂਰ ਕਰਾਈਆ ।

## ੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ

ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਲੇਖੇ ਲਾ ਰੈਣ ਘਾਲ, ਨਾਮ ਨਿਧਾਨ ਮਜ਼ਦੂਰੀ ਸਭ ਦੀ ਝੋਲੀ ਪਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਬਣਾ ਆਪਣੇ ਲਾਲ, ਰੰਗ ਅਵੱਲੜਾ ਇਕ ਚੜ੍ਹਾਈਆ । ਦੀਵਾ ਬਾਤੀ ਕਮਲਾਪਾਤੀ ਜੋਤੀ ਜੋਤ ਦੇ ਬਾਲ, ਨਿਰਗੁਣ ਨੂਰ ਹੋਵੇ ਰੁਸ਼ਨਾਈਆ । ਤ੍ਰੈਗੁਣ ਮਾਇਆ ਨਾਤਾ ਤੁੱਟੇ ਜੰਜ਼ਾਲ, ਪੰਚ ਵਿਕਾਰ ਨਾ ਕੋਇ ਹਲਕਾਈਆ । ਸ਼ਬਦ ਅਗੰਮੀ ਵਜਾ ਤਾਲ, ਅਨਹਦ ਰਾਗੀ ਰਾਗ ਸੁਣਾਈਆ । ਕਾਇਆ ਮੰਦਰ ਅੰਦਰ ਵਖਾ ਸੱਚੀ ਧਰਮਸਾਲ, ਗੁਰੂ ਦਵਾਰ ਸਾਚਾ ਸੋਭਾ ਪਾਈਆ । ਜਿਥੇ ਪੋਹ ਨਾ ਸਕੇ ਕਾਲ, ਜਮ ਡੰਡ ਨਾ ਕੋਇ ਲਗਾਈਆ । ਮਾਲਕ ਹੋ ਕੇ ਵਸੀਂ ਨਾਲ, ਪਰਮਾਤਮ ਆਤਮ ਜੋੜ ਜੁੜਾਈਆ । ਝਗੜਾ ਰਹੇ ਨਾ ਸ਼ਾਹ ਕੰਗਾਲ, ਰਾਉ ਰੰਕ ਇਕੋ ਘਰ ਵਸਾਈਆ । ਤੇਰੇ ਵਿਛੋੜੇ ਵਿਚ ਜਨ ਭਗਤ ਹੋਏ ਨਾ ਕੋਇ ਬੇਹਾਲ, ਵਿਜੋਗੀ ਨਜ਼ਰ ਕੋਇ ਨਾ ਆਈਆ । ਧੁਰ ਸੰਜੋਗ ਮੇਲਣਾ ਆਣ, ਆਪ ਆਪਣੀ ਦਇਆ ਕਮਾਈਆ । ਦਰ ਦਵਾਰੇ ਠਾਂਡੇ ਦੇਣਾ ਮਾਣ, ਸਚਖੰਡ ਦਵਾਰੇ ਬਖ਼ਸ਼ਣੀ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜ ਦੇਣਾ ਖਪਾਈਆ । ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਪੂਰੀ ਕਰਦੇ ਮਨਸਾ, ਆਸ਼ਾ ਆਸ਼ਾ ਵਿਚੋਂ ਬਦਲਾਈਆ । ਸੋਹੰ ਰੂਪ ਬਣਾਦੇ ਹੰਸਾ, ਨਾਮ ਨਿਧਾਨਾ ਮਾਣਕ ਮੋਤੀ ਚੋਗ ਚੁਗਾਈਆ । ਮਨ ਵਿਕਾਰੀ ਹੰਕਾਰੀ ਮੇਟ ਦੇ ਕੰਸਾ, ਸੁਰਤੀ ਸ਼ਬਦ ਸ਼ਬਦ ਉਠਾਈਆ । ਆਤਮ ਪਰਮਾਤਮ ਤੇਰੀ ਬਣ ਜਾਏ ਅੰਸਾ, ਪੂਤ ਸਪੂਤਾ ਸਾਚਾ ਦੇਣਾ ਵਖਾਈਆ । ਦੇ ਵਡਿਆਈ ਵਿਚੋਂ ਸਹੰਸਾ, ਸੰਤ ਸੁਹੇਲੇ ਆਪ ਤਰਾਈਆ । ਧੁਰ ਦਰਗਾਹੀ ਬਣ ਕੰਤਾ, ਮਾਲਕ ਹੋ ਕੇ ਖੋਜ ਖੁਜਾਈਆ । ਫਿਰੀ ਦਰੋਹੀ ਵਿਚ ਜੀਵ ਜੰਤਾ, ਸਾਧ ਸੰਤ ਦੇਣ ਦੁਹਾਈਆ । ਗੜ੍ਹ ਕਿਸੇ ਨਾ ਟੁੱਟੇ ਹਉਮੇ ਹੰਗਤਾ, ਹੰ ਬ੍ਰਹਮ ਪੜਦਾ ਨਾ ਕੋਇ ਉਠਾਈਆ । ਤੇਰੇ ਦਵਾਰੇ ਪੁਜੇ ਕੋਈ ਨਾ ਮੰਗਤਾ, ਪਾਂਧੀ ਹੋ ਕੇ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਪਰਕਾਸ਼ ਅਗੰਮੀ ਚੰਦ ਦਾ, ਨਿਰਗੁਣ ਨੂਰ ਹੋਵੇ ਰੁਸ਼ਨਾਈਆ । ਸਤਿ ਧਰਮ ਕਹੇ

ਪ੍ਰਭ ਜਨ ਭਗਤਾਂ ਤੋੜ ਦੇ ਭਰਮ, ਸਹਿੰਸਾ ਰੋਗ ਰਹੇ ਨਾ ਰਾਈਆ । ਭਾਗ ਲਗਾ ਦੇ ਕਾਇਆ ਮਾਟੀ ਚਰਮ, ਚਾਨਣ ਜੋਤ ਨੂਰ ਕਰ ਰੁਸ਼ਨਾਈਆ । ਸਚਖੰਡ ਦਵਾਰੇ ਦੇ ਦੇ ਇਕੋ ਸਰਨ, ਸ਼ਰਨ ਆਪਣੀ ਦੇ ਸਮਝਾਈਆ । ਲੇਖਾ ਮੁਕਾ ਦੇ ਜਨਮ ਮਰਨ, ਗੇੜ ਚੁਰਾਸੀ ਦੇਣਾ ਕਟਾਈਆ । ਤੇਰੇ ਨਾਮ ਦਾ ਢੋਲਾ ਇਕੋ ਪੜ੍ਹਨ, ਤੂੰ ਮੇਰਾ ਮੈਂ ਤੇਰਾ ਦਿਵਸ ਰੈਣ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਭਗਤ ਸੁਹੇਲੇ ਤੇਰੇ ਠਾਂਡੇ ਦਰਬਾਰੇ ਤਰਨ, ਤਾਰਨਹਾਰ ਸਮਰਥ ਸਵਾਮੀ ਪੁਰਖ ਅਕਾਲ ਨਿਰਗੁਣ ਧਾਰ ਆਪਣੀ ਦਇਆ ਦੇਣੀ ਕਮਾਈਆ ।

✪ ੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਪ੍ਰਭ ਸ੍ਰਿਸ਼ਟ ਸਬਾਈ ਇਕੋ ਕਰ ਦੇ ਪੂਜਾ, ਸਤਿਜੁਗ ਸਤਿ ਸਤਿ ਮਾਤ ਪਰਗਟਾਈਆ । ਤੁਧ ਬਿਨ ਦੂਸਰ ਰਹੇ ਕੋਇ ਨਾ ਦੂਜਾ, ਇਸ਼ਟ ਦ੍ਰਿਸ਼ਟ ਅੰਦਰ ਇਕੋ ਨਜ਼ਰੀ ਆਈਆ । ਅੰਤਰ ਭੇਵ ਖੁਲ੍ਹਾਦੇ ਗੂੜ੍ਹਾ, ਬ੍ਰਹਮ ਪੜਦਾ ਆਪ ਉਠਾਈਆ । ਨਾਭੀ ਕਵਲ ਕਰ ਮੂਧਾ, ਝਿਰਨਾ ਅਗੰਮ ਦੇ ਝਿਰਾਈਆ । ਤੇਰੇ ਸਚ ਦਵਾਰ ਦੀ ਆਵੇ ਸੂਝਾ, ਸਮਝ ਦੇਣੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਦ੍ਰਿੜਾਈਆ । ਸਤਿ ਧਰਮ ਕਹੇ ਪ੍ਰਭ ਆਪਣੀ ਕਰਦੇ ਕਿਰਪਾ, ਕਿਰਪਾ ਨਿਧਾਨ ਦੇ ਵਡਿਆਈਆ । ੯੩੧ ੧੯
ਕਲਜੁਗ ਮਾਇਆ ਮਮਤਾ ਮੋਹ ਮਿਟ ਜਾਏ ਬਿਪਤਾ, ਬਿਪਰੀਤ ਦਾ ਲੇਖਾ ਦੇ ਚੁਕਾਈਆ । ਜਹਾਨ ਸੇਵਕ ਹੋਵੇ ਇਕ ਦਾ, ਏਕੰਕਾਰ ਇਕੋ ਨਜ਼ਰੀ ਆਈਆ । ਨਾਤਾ ਜੋੜਦੇ ਸਾਚੇ ਹਿਤ ਦਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਝਗੜਾ ਮੁਕਾ ਦੇ ਸਦਾ ਨਿਤ ਦਾ, ਨਿਰਵੈਰ ਹੋ ਕੇ ਆਪਣਾ ਰੰਗ ਚੜ੍ਹਾਈਆ । ਪਾਸਾ ਬਦਲ ਦੇ ਆਪਣੀ ਪਿੱਠ ਦਾ, ਕਰਵਟ ਵਿਚ ਲੈ ਅੰਗੜਾਈਆ । ਚਾਰ ਕੁੰਟ ਇਕੋ ਪੁਰਖ ਅਕਾਲ ਤੂੰ ਹੀ ਦਿਸਦਾ, ਤੂੰ ਹੀ ਤੂੰ ਹੀ ਢੋਲਾ ਸਰਬ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣ ਦੇ ਧੁਰ ਦੇ ਪਿਤ ਦਾ, ਪਿਤਾ ਪੂਤ ਗੋਦ ਉਠਾਈਆ । ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਸੁਣੀਂ ਕੂਕ, ਸਾਹ ਸਾਹ ਨਾਲ ਕੁਰਲਾਈਆ । ਕਲਜੁਗ ਮਮਤਾ ਮੋਹ ਰਹੀ ਫੂਕ, ਅਗਨੀ ਅੱਗ ਰਹੀ ਜਲਾਈਆ । ਪੜਦਾ ਲਾਹ ਦੇ ਕਾਇਆ ਅੰਦਰ ਪੰਜ ਭੂਤ, ਪੰਚਮ ਪੰਚ ਸ਼ਬਦ ਕਰ ਜਣਾਈਆ । ਕਰ ਪਰਕਾਸ਼ ਸਾਚੀ ਕੂਟ, ਦਿਸ਼ਾ ਤੇਰੀ ਨਜ਼ਰੀ ਆਈਆ । ਲੇਖਾ ਰਹੇ ਨਾ ਜੂਠ ਝੂਠ, ਝਗੜਾ ਕੂੜ ਦੇਣਾ ਮੁਕਾਈਆ । ਦਇਆਵਾਨ ਹੋਕੇ ਜਾਣਾ ਤੁਠ, ਦੀਨਾਂ ਅਨਾਥਾਂ ਹੋ ਸਹਾਈਆ । ਅੰਮ੍ਰਿਤ ਜਾਮ ਦੇ ਘੁਟ, ਪਿਆਲਾ ਦੀਨ ਦਿਆਲਾ ਹੱਥ ਫੜਾਈਆ । ਆਵਣ ਜਾਵਣ ਲੱਖ ਚੁਰਾਸੀ ਜਿਹੜਾ ਜਾਵੇ ਛੁੱਟ, ਛੁਟਕਾਰਾ ਮਿਲੇ ਦੀਨ ਦੁਨੀ ਲੋਕਾਈਆ । ਇਕੋ ਤੇਰੇ ਨਾਮ ਦੀ ਗਾਈਏ ਤੁਕ, ਸੋਹੰ ਢੋਲਾ ਸਹਿਜ ਸੁਭਾਈਆ । ਅਗਲਾ ਪੈਂਡਾ ਜਾਏ ਮੁਕ, ਸਚਖੰਡ ਬਹਿ ਕੇ ਵੱਜੇ ਵਧਾਈਆ । ਤੇਰੇ ਕਦਮਾਂ ਉਤੇ ਸੀਸ ਜਾਏ ਝੁਕ, ਦੂਜਾ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਧਾਰੋਂ ਆਪੇ ਉਠ, ਮਾਤ ਪਿਤ ਜਗਤ ਨਾ ਕੋਇ ਬਣਾਈਆ ।

### ੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਸਰਮੁਖ ਸਿੰਘ ਦੇ ਗ੍ਰਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ

ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਕਰ ਉਤਮ ਬੁਧੀ, ਸਰੀਰ ਵਿਚੋਂ ਬੇਨਜ਼ੀਰ ਨਜ਼ਰੀ ਆਈਆ । ਪੱਖ ਰਹੇ ਨਾ ਕੋਇ ਵਦੀ ਸੁਦੀ, ਸਦਾ ਸਦਾ ਸਦ ਇਕੋ ਰੰਗ ਵਖਾਈਆ । ਹੋਵੇ ਪਰਕਾਸ਼ ਕਾਇਆ ਮਾਟੀ ਸਾਚੀ ਝੁੱਗੀ, ਸਾਢੇ ਤਿੰਨ ਹੱਥ ਦੀਪਕ ਜੋਤ ਹੋਵੇ ਰੁਸ਼ਨਾਈਆ । ਅਗੰਮੀ ਮੰਜ਼ਲ ਸਭ ਦੀ ਜਾਏ ਮੁੱਕੀ, ਚੁਰਾਸੀ ਗੇੜਾ ਝੇੜਾ ਚਾਰੇ ਖਾਣੀ ਦੇਣਾ ਮੁਕਾਈਆ । ਆਪਣਾ ਨਾਮ ਸਮਝਾਉਣਾ ਆਪਣੀ ਧੁਰ ਦੀ ਤੁਕੀ, ਗੀਤ ਗਾ ਕੇ ਤੇਰੇ ਵਿਚ ਸਮਾਈਆ । ਪੁਰਖ ਅਕਾਲ ਤੇਰੇ ਵਿਛੋੜੇ ਦਾ ਭਗਤ ਜਨ ਰਹੇ ਕੋਇ ਨਾ ਦੁੱਖੀ, ਸੁਰਤੀ ਸ਼ਬਦੀ ਜੋੜਾ ਦੇਣਾ ਜੁੜਾਈਆ । ਤੇਰੇ ਨਾਮ ਦੀ ਰਮਜ਼ ਰਹੇ ਕੋਇ ਨਾ ਲੁਕੀ, ਇਸ਼ਾਰਾ ਨਰ ਨਿਰੰਕਾਰਾ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਓਟ ਉਤੇ ਸੁੱਟੀ, ਸਹਾਰਾ ਤੇਰਾ ਰਹੇ ਤਕਾਈਆ । ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਦੇ ਅਗੰਮੀ ਸ਼ਕਤੀ, ਨਾਮ ਨਿਧਾਨ ਝੋਲੀ ਪਾਈਆ । ਸਭ ਦੀ ਪੂਰੀ ਹੋਵੇ ਭਗਤੀ, ਭਗਵਨ ਮਿਲ ਕੇ ਖ਼ੁਸ਼ੀ ਮਨਾਈਆ । ਦਿਵਸ ਰੈਣ ਰਹੇ ਮਸਤੀ, ਖ਼ੁਮਾਰੀ ਇਕੋ ਦੇਣੀ ਚੜ੍ਹਾਈਆ । ਸਾਖਿਆਤ ਨਜ਼ਰ ਆਵੇ ਤੇਰੀ ਹਸਤੀ, ਹਸਤ ਕੀਟਾਂ ਵਿਚ ਪੜਦਾ ਦੇਣਾ ਉਠਾਈਆ । ਤੂੰ ਮਾਲਕ ਆਦਿ ਜੁਗਾਦਿ ਧੁਰ ਦਾ ਅਰਸ਼ੀ, ਪ੍ਰੀਤਮ ਹੋ ਕੇ ਪ੍ਰੇਮ ਦੇਣਾ ਬਣਾਈਆ । ਕਲਜੁਗ ਅੰਤ ਕਰ ਖੇਲ ਉਪਰ ਧਰਤੀ, ਧਰਨੀ ਧੌਲ ਤੇਰੀ ਆਸ ਰਖਾਈਆ । ਖੇਲ ਜਾਣ ਘਰ ਘਰ ਦੀ, ਗ੍ਰਹਿ ਗ੍ਰਹਿ ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਾਰ ਤੇਰਾ ਪਿਆਰ ਇਕੋ ਮੰਗਦੀ, ਮਾਂਗਤ ਹੋ ਕੇ ਝੋਲੀ ਡਾਹੀਆ । ਸਤਿ ਧਰਮ ਕਹੇ ਪ੍ਰਭ ਭਗਤਾਂ ਬੰਧਾ ਆਪਣਾ ਨਾਤਾ, ਬੰਧਨ ਇਕੋ ਦੇਣਾ ਪਾਈਆ । ਜਗਤ ਸਮਾਜ ਵਿਚੋਂ ਬਾਹਰ ਸੁਣਾ ਆਪਣੀ ਗਾਥਾ, ਗਹਿਰ ਗੰਭੀਰ ਕਰ ਪੜ੍ਹਾਈਆ । ਸਾਚੇ ਨਾਮ ਦੀ ਨਿਮਰਤਾ ਵਿਚ ਦੇ ਦਾਤਾ, ਸਿਮਰਨ ਦੀ ਲੋੜ ਰਹੇ ਨਾ ਰਾਈਆ । ਤੇਰੇ ਹੁਕਮ ਦਾ ਜੋ ਸ਼ਬਦੀ ਮੰਨਣ ਆਖਾ, ਆਖ਼ਰ ਮੰਜ਼ਲ ਚੜ੍ਹ ਕੇ ਤੇਰਾ ਦਰਸ਼ਨ ਪਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇ ਪਾਸਾ, ਪਾਸ਼ਾ ਜਗਤ ਉਲਟਾਈਆ । ਸਚਖੰਡ ਨਿਵਾਸੀ ਸਤਿਜੁਗ ਸਾਚੀ ਧਰਮ ਦਵਾਰੇ ਪਾਰ ਆਸਾ, ਗੋਪੀ ਕਾਹਨ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਜੁਗ ਤੇਰੀ ਗਾਉਂਦੇ ਗਏ ਗਾਥਾ, ਖਾਣੀ ਬਾਣੀ ਤੇਰਾ ਨਾਮ ਵਡਿਆਈਆ ।



### ੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੁਰਮੁਖ ਸਿੰਘ ਦੇ ਗ੍ਰਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ

ਸਤਿ ਧਰਮ ਕਹੇ ਜਨ ਭਗਤਾਂ ਦੇ ਪੂਰਨ ਭਰਵਾਸਾ, ਵਿਸ਼ਿਆਂ ਵਿਚ ਵਿਸਰ ਕੋਇ ਨਾ ਜਾਈਆ । ਪ੍ਰੇਮੀਆਂ ਪਿਆਰਿਆਂ ਨਾਲ ਕਦੇ ਕਰੀਂ ਨਾ ਰੋਸਾ, ਜੁਗ ਜਨਮ ਦਿਆਂ ਰੁਸਿਆਂ ਲੈਣਾ ਮਨਾਈਆ । ਗੁਰਮੁਖ ਵਿਛੜ ਨਾ ਜਾਏ ਕੋਈ ਨਿਰਦੋਸ਼ਾ, ਦੋਸ਼ੀ ਚਰਨ ਆਏ ਪਾਰ ਲੰਘਾਈਆ । ਸਾਚੇ ਨਾਮ ਦਾ ਪੈਗ਼ਾਮ ਦੇ ਦੇ ਵਿਚ ਹੋਕਾ, ਹੁਕਮਾਂ ਤੋਂ ਬਾਹਰ ਆਪਣਾ ਹੁਕਮ ਮਨਾਈਆ । ਦਵਾਰਾ ਨਿਰੰਕਾਰਾ ਆਪਣਾ ਦੱਸਦੇ ਸੌਖਾ, ਮਾਲਕ

੯੩੩
੧੯

ਸਚ ਦੇਣਾ ਸਮਝਾਈਆ । ਜਨ ਭਗਤਾਂ ਬਿਰਥਾ ਜਾਣ ਨਾ ਦੇਣਾ ਮਾਨਸ ਜਨਮ ਦਾ ਮੌਕਾ, ਮੁਕੰਮਲ ਆਪਣਾ ਲੇਖਾ ਦੇਣਾ ਚੁਕਾਈਆ । ਬੁਧ ਮਲੀਨ ਰਹੇ ਕੋਇ ਨਾ ਬੋਥਾ, ਪਤਿਤ ਪੁਨੀਤ ਦੇਣਾ ਕਰਾਈਆ । ਭਾਗ ਲਗਾ ਕੇ ਕਾਇਆ ਮਾਟੀ ਸਾਢੇ ਤਿੰਨ ਹੱਥ ਕੋਠਾ, ਹਰਿ ਮੰਦਰ ਸੋਹਣਾ ਦੇਣਾ ਸੁਹਾਈਆ । ਜਿਥੇ ਨਿਰਮਲ ਜਗੇ ਜੋਤਾ, ਜੋਤੀ ਨੂਰ ਹੋਵੇ ਰੁਸ਼ਨਾਈਆ । ਧੁਨ ਉਪਜੇ ਇਕ ਸਲੋਕਾ, ਸੋਹੰ ਸੋ ਹੋਵੇ ਸ਼ਨਵਾਈਆ । ਮਨ ਕਰਮ ਦੇਵੇ ਕੋਈ ਨਾ ਧੋਖਾ, ਧਰਮ ਭਰਮ ਨਾ ਕੋਇ ਭੁਲਾਈਆ । ਬੁਧੀ ਚਲੇ ਕੋਇ ਨਾ ਸੋਚਾ, ਮਤ ਮਮਤਾ ਨਾ ਕੋਇ ਵਧਾਈਆ । ਚਿੰਤਾ ਹਰਖ਼ ਰਹੇ ਨਾ ਸੋਗਾ, ਗ਼ਮ ਅੰਦਰੋਂ ਦੇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤਾਂ ਸਚ ਗ੍ਰਿਹਿ ਬਖ਼ਸ਼ ਸੱਚੀ ਸਰਨਾਈਆ ।

✪ ੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਕੁੰਦਨ ਸਿੰਘ ਦੇ ਗ੍ਰਿਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਹੋ ਸਹਾਇਕ, ਸਹਾਇਤਾ ਤੁਧ ਬਿਨ ਨਜ਼ਰ ਕੋਇ ਨਾ ਆਈਆ । ਧੁਰ ਦਾ ਨਾਮ ਸਚ ਕਰ ਹਦਾਇਤ, ਸੁਰਤ ਸ਼ਬਦ ਗਿਆਨ ਸਮਝਾਈਆ । ਅਨਡਿਠੜਾ ਗਿਆਨ ਕਰ ਇਨਾਇਤ, ਘਰ ਵਿਚ ਘਰ ਦੇਣਾ ਟਿਕਾਈਆ । ਤੇਰੀ ਏਥੇ ਓਥੇ ਦੋ ਜਹਾਨਾਂ ਮੰਗਦੇ ਸਦਾ ਹਮਾਇਤ, ਹਮਸਾਜਣ ਬਣ ਕੇ ਸੰਗ ਦੇਣਾ ਨਿਭਾਈਆ । ਚਰਨ ਪ੍ਰੀਤੀ ਅੰਦਰ ਮਿਹਰ ਨਜ਼ਰ ਕਰਨੀ ਰਵਾਇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਦੇ ਦੇ ਆਪਣਾ ਨੂਰ, ਨਿਜ ਨੇਤਰ ਦੇ ਖੁਲ੍ਹਾਈਆ । ਅੰਮ੍ਰਿਤ ਸਰ ਦਾ ਦੇ ਸਰੂਰ, ਸੁਰਤੀ ਸ਼ਬਦ ਵਿਚ ਸਮਾਈਆ । ਭੰਡਾਰਾ ਨਾਮ ਹੋਵੇ ਭਰਪੂਰ, ਤੋਟ ਰਹੇ ਨਾ ਰਾਈਆ । ਪੈਂਡਾ ਚੁੱਕੇ ਨੇੜਾ ਦੂਰ, ਘਰ ਵਿਚ ਬੈਠਾ ਸੋਭਾ ਪਾਈਆ । ਇਕੋ ਵਾਰ ਸਭ ਦੀ ਬੇਨੰਤੀ ਕਰ ਮਨਜ਼ੂਰ, ਦੂਜੀ ਵਾਰ ਮਿੰਨਤਾ ਕੱਢਣ ਦੀ ਲੋੜ ਰਹੇ ਨਾ ਰਾਈਆ । ਦਰਸ਼ਨ ਦੇ ਹਾਜ਼ਰ ਹਜ਼ੂਰ, ਜ਼ਰੂਰ ਆਪਣਾ ਫੇਰਾ ਪਾਈਆ । ਕੂੜਾ ਗੜ੍ਹ ਨਾ ਰਹੇ ਗ਼ਰੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਰਨ ਦੇਣੀ ਵਖਾਈਆ । ਸਤਿ ਧਰਮ ਕਹੇ ਪ੍ਰਭ ਭਗਤਾਂ ਕਰ ਸਚ ਮਿਲਾਪ, ਮਿਲ ਮਿਲ ਆਪਣਾ ਭੇਵ ਖੁਲ੍ਹਾਈਆ । ਧੁਰ ਦਾ ਦੱਸ ਅਗੰਮੀ ਜਾਪ, ਸਤਿਜੁਗ ਸਾਚਾ ਰਾਹ ਚਲਾਈਆ । ਜਨਮ ਕਰਮ ਦਾ ਰਹੇ ਨਾ ਪਾਪ, ਦੁਰਮਤ ਮੈਲ ਧਵਾਈਆ । ਜਿਧਰ ਤੱਕਣ ਨਜ਼ਰੀ ਆਵੇਂ ਸਾਖਿਆਤ, ਸਵੱਛ ਸਰੂਪੀ ਆਪਣਾ ਪੜਦਾ ਦੇਣਾ ਉਠਾਈਆ । ਦੇ ਵਡਿਆਈ ਵਿਚ ਕਾਇਨਾਤ, ਦੀਨ ਦੁਨੀ ਵੱਜਦੀ ਰਹੇ ਵਧਾਈਆ । ਬਹੁ ਸਿਫ਼ਤ ਲਿਖੀ ਪਿਛੇ ਵਿਚ ਕਾਗ਼ਜਾਤ, ਕ਼ਲਮ ਸ਼ਾਹੀ ਰੰਗ ਚੜ੍ਹਾਈਆ । ਹੁਕਮੇਂ ਅੰਦਰ ਦੇ ਸ਼ਾਬਾਸ਼, ਮਿਹਰਵਾਨ ਮਿਹਰ ਨਜ਼ਰ ਤਕਾਈਆ । ਸਚ ਦਵਾਰੇ ਸਚਖੰਡ ਆਪੇ ਕਰ ਆਬਾਦ, ਘਰ ਅੰਦਰ ਇਕੋ ਦੇ ਵਖਾਈਆ । ਜਿਥੇ ਖੇੜਾ ਕਦੇ ਨਾ ਹੋਵੇ ਬਰਬਾਦ, ਕਿਲ੍ਹਾ ਕੰਧ ਨਾ ਕੋਇ ਢਾਹੀਆ । ਇਕੋ ਪੁਰਖ ਅਕਾਲ ਤੇਰੀ ਆਵੇ ਯਾਦ, ਯਾਦਦਾਸ਼ਤ ਸਕੇ ਨਾ ਕੋਇ ਭੁਲਾਈਆ । ਭਗਤ ਭਗਵਾਨ ਪ੍ਰੇਮ ਪ੍ਰੀਤੀ ਅੰਦਰ ਖੋਲ੍ਹ ਰਾਜ਼, ਰਾਜ਼ਕ ਰਿਜ਼ਕ ਰਹੀਮ ਰਹਿਮਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖੇ ਲਾ ਸਵਾਸ ਸਵਾਸ, ਜੋ ਜਨ ਤੇਰਾ ਨਾਮ ਧਿਆਈਆ ।

## ✪ ੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੁਰਦਿਆਲ ਸਿੰਘ ਹਰਦੀਪ ਸਿੰਘ ਦੇ ਗ੍ਰਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਦੇ ਚਰਨ ਨਿਵਾਸ, ਸਚਖੰਡ ਦਵਾਰੇ ਬਹਿ ਕੇ ਖ਼ੁਸ਼ੀ ਮਨਾਈਆ । ਜਿਨ੍ਹਾਂ ਤੇਰਾ ਨਾਮ ਜਪਿਆ ਸਵਾਸ ਸਵਾਸ, ਸਵਾਰਥ ਪਰਮਾਰਥ ਆਪਣੇ ਨਾਲ ਦੇਣਾ ਬਣਾਈਆ । ਮਾਨਸ ਜਨਮ ਕਰਨਾ ਰਾਸ, ਚੁਰਾਸੀ ਵਾਲਾ ਗੇੜ ਨਾ ਕੋਇ ਭਵਾਈਆ । ਜੋਤੀ ਜੋਤ ਕਰ ਪਰਕਾਸ਼, ਪਰਕਾਸ਼ ਪਰਕਾਸ਼ ਵਿਚ ਮਿਲਾਈਆ । ਸਚ ਦਵਾਰੇ ਤੇਰੇ ਹੋਵੇ ਦਾਸੀ ਦਾਸ, ਆਤਮ ਪਰਮਾਤਮ ਤੇਰੀ ਸੇਵ ਕਮਾਈਆ । ਪੈਂਡਾ ਮੁਕ ਜਾਏ ਪ੍ਰਿਥਮੀ ਆਕਾਸ਼, ਗਗਨਾਂ ਤੋਂ ਉਪਰ ਤੇਰਾ ਦਰਸ਼ਨ ਪਾਈਆ । ਤੇਰਾ ਨੂਰ ਮਿਲੇ ਵਿਚ ਨੁਰਾਨੀ ਜਾਤ, ਵੱਖਰਾ ਘਰ ਨਾ ਕੋਇ ਵਖਾਈਆ । ਲੇਖਾ ਪੂਰਾ ਕਰ ਦੇ ਕ਼ਲਮ ਦਵਾਤ, ਸ਼ਾਹੀ ਨਾਲ ਸ਼ਹਿਨਸ਼ਾਹੀ ਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਉਹ ਸਵਾਦ, ਜੋ ਸਵਾਦ ਰਸਨਾ ਚਖ ਨਾ ਸਕੇ ਰਾਈਆ । ਸਤਿ ਧਰਮ ਕਹੇ ਪ੍ਰਭ ਜਨ ਭਗਤ ਤੇਰਾ ਨਾਮ ਰਸ ਲੈਣ ਚਖ, ਬਿਨ ਦੰਦਾਂ ਦੇ ਵਖਾਈਆ । ਸ੍ਰਿਸ਼ਟੀ ਨਾਲੋਂ ਦ੍ਰਿਸ਼ਟੀ ਹੋ ਜਾਏ ਵੱਖ, ਇਸ਼ਟੀ ਇਕੋ ਨਜ਼ਰੀ ਆਈਆ । ਤੇਰੇ ਨਾਮ ਦਾ ਢੋਲਾ ਗਾਵਣ ਜਸ, ਸ਼ਬਦੀ ਤੇਰਾ ਗੀਤ ਅਲਾਈਆ । ਤੂੰ ਮਿਹਰਵਾਨ ਮਹਿਬੂਬ ਹੋ ਕੇ ਦੇਣੀ ਸਾਚੀ ਵਥ, ਵਸਤ ਅਮੋਲਕ ਝੋਲੀ ਪਾਈਆ । ਧਰਮ ਧਾਰ ਚਲਾਉਣਾ ਰਥ, ਵਡ ਰਥਵਾਹੀ ਤੇਰੇ ਹੱਥ ਵਡਿਆਈਆ । ਸਤਿਜੁਗ ਸਾਚੀ ਸਮਝਾਉਣੀ ਗਥ, ਕਹਾਣੀ ਕਥ ਅਕਥ ਪਰਗਟਾਈਆ । ਤੂੰ ਸਰਬ ਕਲਾ ਸਮਰਥ, ਤੇਰੇ ਨਾਮ ਦੀ ਵੱਜੇ ਇਕੋ ਵਧਾਈਆ । ਕਰ ਪਰਕਾਸ਼ ਨਿਰਮਲ ਜੋਤ ਸ੍ਰਿਸ਼ਟ ਸਬਾਈ ਜਗ, ਜਗਜੀਵਣ ਦਾਤੇ ਜਾਗਰਤ ਜੋਤ ਕਰ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਮੇਟ ਅਗਨੀ ਅੱਗ, ਸਾਂਤਕ ਸਤਿ ਇਕ ਵਰਤਾਈਆ । ਜਨ ਭਗਤਾਂ ਆਪਣੇ ਮਿਲਣ ਦਾ ਆਪ ਦੱਸ ਸਬੱਬ, ਸਭ ਦਾ ਲਹਿਣਾ ਦੇਣਾ ਪੂਰਾ ਦੇ ਕਰਾਈਆ । ਜਗਤ ਕਿਰਿਆ ਨਾਤਾ ਤੁਟੇ ਸਮਾਜ ਸਭ, ਇਕੋ ਤੇਰਾ ਮੇਰਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਲੱਖ ਚੁਰਾਸੀ ਵਿਚੋਂ ਲੱਭ, ਲਾਇਕ ਨਾਲਾਇਕ ਦੇਣੇ ਬਣਾਈਆ । ਸਤਿ ਧਰਮ ਕਹੇ ਤੇਰਾ ਭਗਤ ਕਦੇ ਨਾ ਹੋਵੇ ਮੂਰਖ, ਮੂਰਖ ਮਤਿ ਨਾ ਕੋਇ ਰਖਾਈਆ । ਤੂੰ ਸਭ ਦੀ ਆਸਾ ਮਨਸਾ ਪੂਰਤ, ਪੂਰਨ ਇਛਿਆ ਦੇਣੀ ਕਰਾਈਆ । ਤੇਰੇ ਨਾਮ ਦੀ ਸੁਣ ਕੇ ਸਾਚੀ ਤੂਰਤ, ਤੁਰੀਆ ਪਦ ਤੋਂ ਅਗੇ ਚੜ੍ਹ ਕੇ ਮੰਜ਼ਲ ਖ਼ੁਸ਼ੀ ਮਨਾਈਆ । ਨਿਰਗੁਣ ਧਾਰ ਨਿਰਗੁਣ ਜੋਤ ਆਪਣੀ ਦੱਸਣੀ ਅਗੰਮੀ ਸੂਰਤ, ਜਿਸ ਦੀ ਰੇਖਾ ਜਗਤ ਨਾ ਕੋਇ ਵਖਾਈਆ । ਨਾਤਾ ਤੋੜ ਕੇ ਕੂੜੇ ਕੂੜਤ, ਕੂੜ ਕੁਟੰਬ ਵਿਚੋਂ ਬਾਹਰ ਕਢਾਈਆ । ਜਨ ਭਗਤਾਂ ਸ੍ਰੀ ਭਗਵਾਨ ਇਕੋ ਤੇਰੀ ਰਖੀ ਜ਼ਰੂਰਤ, ਜ਼ਰੂਰੀ ਮਜ਼ਦੂਰੀ ਇਹਨਾਂ ਦੀ ਝੋਲੀ ਦੇਣੀ ਪਾਈਆ । ਸਤਿਜੁਗ ਸਾਚੇ ਦੀ ਸਾਚੀ ਕਰਨੀ ਭਗਤਾਂ ਨਾਲ ਮਹੂਰਤ, ਦੂਜਾ ਸਾਥੀ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰਤ, ਭਰਮ ਭੈ ਭੌ ਸਭ ਦਾ ਦੇਣਾ ਚੁਕਾਈਆ ।

## ੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਸੁਖਦੇਵ ਰਾਜ ਦੇ ਗ੍ਰਿਹ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ

ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਨੇੜ ਨਾ ਆਵਣ ਪੰਜੇ, ਪੰਜੇ ਵਿਚੋਂ ਗੁਰਮੁਖ ਦੇਣੇ ਛੁਡਾਈਆ । ਸ਼ਬਦੀ ਧਾਰ ਫੜਨੇ ਆਪਣੇ ਸ਼ਕੰਜੇ, ਸ਼ਕਾਇਤ ਦੱਸਣ ਦੀ ਕਿਸੇ ਨੀਤੀ ਰਹੇ ਨਾ ਰਾਈਆ । ਤੇਰੀ ਵਡਿਆਈ ਸੂਰੇ ਸਰਬੰਗੇ, ਤੇਰੇ ਹੱਥ ਸੋਭਾ ਪਾਈਆ । ਨੌਂ ਦਵਾਰਿਆਂ ਤੋਂ ਬਾਹਰ ਇਹ ਸਹਿਜੇ ਰਹਿਣ ਟੰਗੇ, ਅੰਦਰ ਵੜ ਨਾ ਦੇਣ ਦੁਹਾਈਆ । ਮਨ ਨਾਲ ਮਿਲ ਕੇ ਕਰਨ ਨਾ ਦੰਗੇ, ਝਗੜੇ ਵਿਚ ਛੇੜ ਨਾ ਕੋਇ ਛਿੜਾਈਆ । ਡਰਦੇ ਰਹਿਣ ਤੇਰੀ ਧਾਰ ਤਿੱਖੀ ਖੰਡੇ, ਖੰਡਰ ਵਿਚੋਂ ਸਿਰ ਨਾ ਕੋਇ ਉਠਾਈਆ । ਤੇਰੇ ਭਗਤ ਆਤਮ ਪਿਆਰ ਹੋਵਣ ਨਾ ਕਦੇ ਰੰਡੇ, ਰੰਡੇਪਾ ਸਭ ਦਾ ਦੇਣਾ ਮੁਕਾਈਆ । ਸਦਾ ਵਸਣ ਤੇਰੇ ਸੰਗੇ, ਘਰ ਸਵਾਮੀ ਮਿਲ ਕੇ ਸੋਭਾ ਪਾਈਆ । ਸਾਚਾ ਦੇਣਾ ਪਰਮਾਨੰਦੇ, ਪਰਮ ਪੁਰਖ ਰਸ ਚਖਾਈਆ । ਅੰਮ੍ਰਿਤ ਦੇਣਾ ਧੁਰ ਦੀ ਗੰਗੇ, ਝਿਰਨਾ ਆਪਣਾ ਇਕ ਝਿਰਾਈਆ । ਕੂੜ ਕਿਰਿਆ ਮੇਟ ਕੁਟੰਬੇ, ਸਾਜਣ ਹੋ ਕੇ ਲੈਣਾ ਉਠਾਈਆ । ਲੇਖੇ ਲਾਉਣਾ ਪਵਣ ਸਵਾਸ ਦਮੇ, ਦਮਾਂ ਦਾ ਦਾਮਨ ਆਪ ਹੋ ਜਾਈਆ । ਕੂੜਾ ਲਾਲਚ ਰਹੇ ਨਾ ਤਮ੍ਹੇਂ, ਤਾਮਸ ਅੰਦਰੋਂ ਦੇਣੀ ਬੁਝਾਈਆ । ਜੋ ਸੰਤ ਸੁਹੇਲੇ ਗੁਰਮੁਖ ਸਤਿਗੁਰ ਘਰ ਜੰਮੇ, ਜਨਮ ਮਰਨ ਦਾ ਲੇਖਾ ਦੇ ਮੁਕਾਈਆ । ਮਿਹਰਵਾਨ ਹੋ ਕੇ ਬੇੜਾ ਲੋਕਮਾਤ ਬੰਨ੍ਹੇ, ਵਹਿੰਦੀ ਧਾਰ ਨਾ ਕੋਇ ਵਹਾਈਆ । ਪੰਚ ਵਿਕਾਰ ਕਦੇ ਨਾ ਡੰਨੇ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸਿਰ ਆਪਣਾ ਹੱਥ ਰਖਾਈਆ । ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਨੇੜ ਨਾ ਆਵਣ ਪੰਜ ਦੂਤ, ਦੂਤੀ ਦੁਸ਼ਟ ਦੇਣੇ ਭਜਾਈਆ । ਸੰਤ ਸੁਹੇਲੇ ਬਣਾਉਣੇ ਆਪਣੇ ਸਪੂਤ, ਪਿਤਾ ਹੋ ਕੇ ਗੋਦ ਉਠਾਈਆ । ਭਾਗ ਲਗਾਉਣਾ ਕਾਇਆ ਮੰਦਰ ਅੰਦਰ ਦਸਮ ਦਵਾਰੀ ਸਾਚੀ ਕੂਟ, ਕੁਟੀਆ ਇਕੋ ਦੇਣੀ ਵਖਾਈਆ । ਜਿਥੇ ਝਗੜਾ ਰਹੇ ਨਾ ਜੂਠ ਝੂਠ, ਸਤਿ ਸੁਚ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਗ ਲਗਾਉਣਾ ਕਾਇਆ ਮਾਟੀ ਪੰਜ ਭੂਤ, ਪੰਜਾਂ ਦਾ ਪੰਜਾ ਪੰਜੇ ਨਾਲ ਉਪਰ ਰਖਾਈਆ । ਸਤਿ ਧਰਮ ਕਹੇ ਪ੍ਰਭ ਪੰਚ ਵਿਕਾਰ ਨਾ ਆਵਣ ਨੇੜੇ, ਜਿਨ੍ਹਾਂ ਸਤਿਗੁਰ ਦਇਆ ਕਮਾਈਆ । ਭਾਗ ਲੱਗੇ ਸਾਚੇ ਖੇੜੇ, ਕਾਇਆ ਮੰਦਰ ਹੋਵੇ ਰੁਸ਼ਨਾਈਆ । ਮਾਇਆ ਮਮਤਾ ਰਹਿਣ ਨਾ ਝੇੜੇ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਪੰਜੇ ਵਸਦੇ ਸਦਾ ਮਨਮੁਖਾਂ ਦੇ ਡੇਰੇ, ਗੁਰਮੁਖਾਂ ਦਵਾਰੇ ਬਹਿਣ ਕਦੇ ਨਾ ਪਾਈਆ । ਜਗਤ ਵਿਚ ਜੁਗੋ ਜੁਗ ਤੱਤਾਂ ਵਾਲੇ ਗੁਰੂ ਦਿਸਣ ਬਥੇਰੇ, ਸ਼ਬਦ ਗੁਰੂ ਇਕੋ ਨਜ਼ਰੀ ਆਈਆ । ਜਿਸ ਦਾ ਹੁਕਮ ਚਲੇ ਚਾਰ ਕੁੰਟ ਚਾਰ ਚੁਫੇਰੇ, ਦਹਿ ਦਿਸ਼ਾ ਕਰੇ ਸ਼ਨਵਾਈਆ । ਲੇਖਾ ਹੱਕੋ ਹੱਕ ਹਕ਼ੀਕ਼ਤ ਵਾਲਾ ਨਬੇੜੇ, ਸ਼ਰੀਕਤ ਵਿਚ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਹੋ ਸਹਾਈਆ । ਸਤਿ ਧਰਮ ਕਹੇ ਪ੍ਰਭ ਜਿਨ੍ਹਾਂ ਗੁਰਮੁਖਾਂ ਲਈ ਤੇਰੀ ਸਰਨ, ਸਰਨਗਤ ਇਕ ਰਖਾਈਆ । ਤਿਨ੍ਹਾਂ ਦੇ ਅੰਦਰੋਂ ਪੰਚ ਵਿਕਾਰ ਆਪੇ ਮਰਨ, ਮਰ ਕੇ ਫੇਰ ਨਾ ਕੋਇ ਜਿਵਾਈਆ । ਨਿਉਂ ਨਿਉਂ ਕੇ ਭਗਤਾਂ ਸਰਨਾਈ ਪੜਨ, ਨਿਉਂ ਨਿਉਂ ਸੀਸ ਝੁਕਾਈਆ । ਸ਼ਬਦੀ ਧਾਰ ਕੋਲੋਂ ਡਰਨ, ਆਪਣਾ ਬਲ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਢੋਲਾ ਸਤਿ ਸਤਿਵਾਦੀ ਹੋ ਕੇ ਪੜ੍ਹਨ, ਤਿਨ੍ਹਾਂ ਦਾ ਲੇਖਾ ਪੰਜਾਂ ਵਿਚ ਰਹੇ ਨਾ ਰਾਈਆ ।

### ੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਦਰਸ਼ਨ ਸਿੰਘ ਦੇ ਗ੍ਰਿਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ

ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਸਹਾਰਾ ਦੇ ਕਵਲ ਚਰਨ, ਦੂਜਾ ਰਾਹ ਨਾ ਕੋਇ ਤਕਾਈਆ । ਨਿਜ ਨੈਣ ਖੋਲ੍ਹ ਹਰਨ ਫਰਨ, ਬਿਨ ਅੱਖਾਂ ਤੇਰਾ ਦਰਸ਼ਨ ਪਾਈਆ । ਆਤਮ ਪਰਮਾਤਮ ਮਿਲ ਕੇ ਸ਼ਬਦ ਅਗੰਮੀ ਢੋਲਾ ਪੜ੍ਹਨ, ਸਚ ਸੰਦੇਸ਼ਾ ਦੇਣਾ ਸੁਣਾਈਆ । ਝਗੜਾ ਰਹੇ ਨਾ ਵਰਨ ਬਰਨ, ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਇਕੋ ਤੇਰਾ ਭਾਣਾ ਜਰਨ, ਸੀਸ ਜਗਦੀਸ਼ ਸਰਬ ਝੁਕਾਈਆ । ਸਤਿ ਦਵਾਰੇ ਸਾਚੇ ਵੜਨ, ਅਗੇ ਹੋ ਨਾ ਕੋਇ ਅਟਕਾਈਆ । ਝਗੜਾ ਰਹੇ ਨਾ ਜੀਵਣ ਮਰਨ, ਮਰਜੀਵਤ ਤੇਰੇ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲੇ ਲੈਣੇ ਤਰਾਈਆ । ਸਤਿ ਧਰਮ ਕਹੇ ਪ੍ਰਭ ਭਗਤ ਸੁਹੇਲੇ ਦੇਣੇ ਤਾਰ, ਤਾਰਨਹਾਰ ਤੇਰੀ ਸਰਨਾਈਆ । ਜਗਤ ਸਾਗਰ ਵਿਚੋਂ ਕਰਨੇ ਪਾਰ, ਪਾਰਬ੍ਰਹਮ ਆਪਣਾ ਮੇਲ ਮਿਲਾਈਆ । ਗ੍ਰਿਹਿ ਵਖਾਉਣਾ ਏਕੰਕਾਰ ਸੱਚਾ ਘਰ ਬਾਰ, ਮਹੱਲ ਅਟਲ ਅਗੰਮ ਅਥਾਹ ਮੰਦਰ ਦੇਣਾ ਵਖਾਈਆ । ਜਿਥੇ ਨਿਰਗੁਣ ਨੂਰ ਜੋਤ ਹੋਵੇ ਉਜਿਆਰ, ਦੀਵਾ ਬਾਤੀ ਕਮਲਾਪਾਤੀ ਪੁਰਖ ਅਬਿਨਾਸ਼ੀ ਇਕੋ ਇਕ ਡਗਮਗਾਈਆ । ਆਦਿ ਜੁਗਾਦਿ ਸਦਾ ਸਦਾ ਜੁਗ ਚੌਕੜੀ ਸਦਾ ਰਹੇ ਉਜਿਆਰ, ਅੰਧ ਅੰਧੇਰ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਇਕ ਦਵਾਰ ਦੇਣਾ ਵਖਾਲ, ਜਿਸ ਘਰ ਬਹਿ ਕੇ ਆਪਣਾ ਆਸਣ ਲਾਈਆ । ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਦੇ ਸਚ ਟਿਕਾਣਾ, ਦਰਗਾਹ ਸਾਚੀ ਮਿਲੇ ਵਡਿਆਈਆ । ਇਕੋ ਬਖ਼ਸ਼ ਸ਼ਬਦ ਬਿਬਾਣਾ, ਪੁਰੀਆਂ ਲੋਆਂ ਪੈਂਡਾ ਦਏ ਮੁਕਾਈਆ । ਤੂੰ ਸ਼ਾਹੋ ਭੂਪ ਵਡ ਸੁਲਤਾਨ ਵਾਲੀ ਦੋ ਜਹਾਨਾਂ, ਸ਼ਹਿਨਸ਼ਾਹ ਅਖਵਾਈਆ । ਤੇਰਾ ਨਾਮ ਅਗੰਮੀ ਸੁਣਨ ਇਕ ਤਰਾਨਾ, ਸਾਚੀ ਧੁਨ ਕਰ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲਾ ਇਕੋ ਰਖੇ ਚਰਨ ਧਿਆਨਾ, ਸਰਨ ਸਰਨ ਵਿਚ ਮਿਲਾਈਆ । ਸਤਿ ਧਰਮ ਕਹੇ ਪ੍ਰਭ ਭਗਤਾਂ ਵਖਾ ਦੇ ਆਪਣਾ ਗ੍ਰਿਹਿ, ਮੰਦਰ ਧੁਰ ਦਾ ਸੋਭਾ ਪਾਈਆ । ਜਿਥੇ ਨਿਰਗੁਣ ਧਾਰ ਨਿਰਵੈਰ ਹੋ ਕੇ ਰਹੇ, ਨਿਰਾਕਾਰ ਆਪਣਾ ਡੇਰਾ ਲਾਈਆ । ਜਿਸ ਦੀ ਭੂਮਿਕਾ ਕਦੇ ਨਾ ਹੋਵੇ ਲਯ, ਸ਼ੰਕਰ ਚਲੇ ਨਾ ਕੋਇ ਚਤੁਰਾਈਆ । ਜਿਸ ਦਵਾਰਿਉਂ ਗੁਰ ਅਵਤਾਰਾਂ ਪੈਗ਼ੰਬਰਾਂ ਵਸਤ ਦਏਂ, ਸਚ ਭੰਡਾਰਾ ਸਚ ਵਰਤਾਈਆ । ਸੋ ਸਿੰਘਾਸਣ ਪੁਰਖ ਅਬਿਨਾਸ਼ਣ ਤੇਰਾ ਸਦਾ ਰਹੈ, ਰਹਿਮਤ ਵਿਚ ਸਹਿਮਤ ਹੋ ਕੇ ਸੰਤ ਸੁਹੇਲੇ ਲੈਣੇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਚੁਕਾ ਕੇ ਮਾਇਆ ਗੁਣ ਤ੍ਰੈ, ਪੰਜ ਪੰਚ ਪਰਪੰਚ ਦੇਣਾ ਮੁਕਾਈਆ ।

## ✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਜੁਗਿੰਦਰ ਸਿੰਘ ਦੇ ਗ੍ਰਿਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪ੍ਰਭ ਆਪਣੇ ਸੰਤ ਫ਼ਕੀਰ ਵੇਖ ਸੂਫ਼ੀ, ਜੋ ਸੁਪਨ ਸੁਖੋਪਤ ਤੇਰਾ ਦਰਸ਼ਨ ਪਾਈਆ । ਉਹਨਾਂ ਦਾ ਜਨਮ ਕਰਮ ਦਾ ਲਹਿਣਾ ਕਰ ਮਨਸੂਖ਼ੀ, ਆਸਾ ਵਿਚ ਭਰਵਾਸਾ ਆਪਣਾ ਇਕ ਜਣਾਈਆ । ਦੇ ਵਡਿਆਈ ਸ਼ਬਦ ਧਾਰ ਹਰੂਫ਼ੀ, ਨਾਤਾ ਕਲਮ ਸ਼ਾਹੀ ਬਣਾਈਆ । ਤੂੰ ਆਦਿ ਜੁਗਾਦੀ ਮਾਲਕ ਹੱਕ ਮਹਿਬੂਬੀ, ਮੁਹੱਬਤ ਵਿਚੋਂ ਮੁਹੱਬਤ ਲੈਣੀ ਪਰਗਟਾਈਆ । ਤੇਰੀ ਮੰਜ਼ਲ ਉਚ ਅਥਾਹ ਮਕਸੂਦੀ, ਮਕਸਦ ਸਭ ਦਾ ਹਲ ਕਰਾਈਆ । ਤੇਰਾ ਅਪਰ ਅਪਾਰ ਅਰਸ਼ ਅਰੂਜੀ, ਸਚ ਦਵਾਰਾ ਨਜ਼ਰੀ ਆਈਆ । ਜਿਥੇ ਧਾਰ ਅਵਰ ਨਹੀਂ ਕੋਈ ਦੂਜੀ, ਏਕੰਕਾਰ ਇਕ ਅਕੱਲਾ ਇਕੋ ਹੁਕਮ ਵਰਤਾਈਆ । ਸਮਝ ਸਕੇ ਨਾ ਕੋਇ ਬੁੱਧੀ, ਵਿਦਿਆ ਭੇਵ ਨਾ ਕੋਇ ਖੁਲ੍ਹਾਈਆ । ਤੇਰੀ ਨਾਮ ਰਮਜ਼ ਸਦਾ ਇਸ਼ਾਰਿਆਂ ਬਾਹਰ ਗੁੰਝੀ, ਧੁਰ ਫ਼ਰਮਾਨੇ ਵਿਚ ਵਡਿਆਈਆ । ਕਲਜੁਗ ਅੰਤ ਵੇਖ ਔਧ ਪੁਗੀ, ਵੇਲਾ ਵਕਤ ਦਏ ਗਵਾਹੀਆ । ਜਨ ਭਗਤਾਂ ਆਤਮਾ ਰਹਿਣ ਨਾ ਦੇ ਭੁੱਖੀ, ਦਰਸ ਨਾਲ ਤ੍ਰਿਪਤ ਦੇ ਕਰਾਈਆ । ਵਿਛੋੜੇ ਵਿਚ ਰਹਿਣ ਨਾ ਕੋਇ ਦੁੱਖੀ, ਦਰਦੀ ਹੋ ਕੇ ਦਰਦ ਲੈਣਾ ਵੰਡਾਈਆ । ਤੇਰੀ ਧਾਰ ਰਹੇ ਕਦੇ ਨਾ ਲੁਕੀ, ਪੁਰਖ ਅਕਾਲ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿ ਧਰਮ ਕਹੇ ਪ੍ਰਭ ਆਪਣੇ ਵੇਖ ਭਗਤ ਫ਼ਕੀਰ, ਜੋ ਫ਼ਿਕਰਾ ਢੋਲਾ ਤੇਰਾ ਗਾਈਆ । ਅਗੰਮ ਅਥਾਹ ਬੇਨਜ਼ੀਰ, ਤੇਰੇ ਵਿਚ ਸਮਾਈਆ । ਮੰਜ਼ਲ ਚੋਟੀ ਚੜ੍ਹਨ ਅਖ਼ੀਰ, ਦਰਸ ਕਰਨ ਵਡ ਪੀਰਨ ਪੀਰ, ਪੈਗ਼ੰਬਰਾਂ ਦੇ ਪੈਗ਼ੰਬਰ ਤੇਰੇ ਚਰਨ ਕਵਲ ਸਰਨਾਈਆ । ਮਨ ਵਾਸਨਾ ਹੋਣ ਨਾ ਦੇਵੀਂ ਦਿਲਗੀਰ, ਸ਼ਰਅ ਕਟੇ ਨਾ ਕੋਇ ਸ਼ਮਸ਼ੀਰ, ਤਕਦੀਰ ਤਦਬੀਰ ਤੇਰੇ ਹੱਥ ਨਜ਼ਰੀ ਆਈਆ । ਤੂੰ ਕ਼ਾਦਰ ਕਰਤਾ ਕਰੀਮ, ਤੇਰਾ ਧਾਮ ਅਟਲ ਅਜ਼ੀਮ, ਕਲਜੁਗ ਅੰਤਮ ਦੇ ਤਰਮੀਮ, ਤਰਫ਼ ਦੋ ਤਰਫ਼ ਆਪਣੀ ਧਾਰ ਚਲਾਈਆ । ਜਿਨ੍ਹਾਂ ਤੇਰੇ ਉਤੇ ਰੱਖਿਆ ਯਕੀਨ, ਉਹਨਾਂ ਲੋਕਮਾਤ ਕਹੇ ਆਫ਼ਰੀਨ, ਸਾਚੇ ਨਾਮ ਦੀ ਕਰ ਤਲਕੀਨ, ਮਾਰਗ ਆਪਣਾ ਦੱਸ ਮਹੀਨ, ਦਲੀਲ ਅੰਦਰੋਂ ਦੇ ਬਦਲਾਈਆ । ਸਜਦਿਆਂ ਵਿਚ ਕਹਿਣ ਆਮੀਨ, ਹਿਰਦਿਉਂ ਕਰਨ ਤਸਲੀਮ, ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਆਦਿ ਅਨਾਦੀ ਕ਼ਦੀਮ, ਕ਼ੁਦਰਤ ਤੇਰੀ ਕ਼ਾਦਰ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲੇ ਲੈਣੇ ਫੜ, ਸੂਫ਼ੀਆਂ ਸਫ਼ਾ ਦੇਣੀ ਬਦਲਾਈਆ । ਸਤਿ ਧਰਮ ਕਹੇ ਪ੍ਰਭ ਜਿਹੜੇ ਸੂਫ਼ੀ ਸੰਤ ਫ਼ਕੀਰ ਤੈਨੂੰ ਝੁਕਦੇ, ਡੰਡਾਵਤ ਵਿਚ ਸੀਸ ਨਿਵਾਈਆ । ਓਹਨਾਂ ਦੇ ਪੈਂਡੇ ਬਿਨ ਤੇਰੀ ਕਿਰਪਾ ਕਦੇ ਨਾ ਮੁਕਦੇ, ਮੰਜ਼ਲ ਹੱਕ ਨਾ ਕੋਇ ਚੜ੍ਹਾਈਆ । ਸੰਸਾਰੀ ਕਾਇਆ ਮਾਟੀ ਭਾਂਡੇ ਭਰੇ ਸ਼ੱਕ ਦੇ, ਸਹਿੰਸਾ ਰੋਗ ਨਾ ਕੋਇ ਗਵਾਈਆ । ਜਿਹੜੇ ਇਕੋ ਓਟ ਤੇਰੀ ਤੱਕਦੇ, ਤਕਵਾ ਆਪਣਾ ਬੈਠੇ ਬਣਾਈਆ । ਪੁਰਖ ਅਕਾਲ ਉਹਨਾਂ ਨਾਮ ਭੰਡਾਰਾ ਧੁਰ ਦੀ ਵਥ ਦੇ, ਵਸਤ ਅਮੋਲਕ ਆਪ ਵਰਤਾਈਆ । ਉਹ ਪ੍ਰੇਮੀ ਪਿਆਰੇ ਸਚ ਦੇ, ਸਚ ਵਿਚ ਬਹਿ ਕੇ ਖ਼ੁਸ਼ੀ ਮਨਾਈਆ । ਬਾਹਰੋਂ ਮਾਟੀ ਭਾਂਡੇ ਕੱਚ ਦੇ, ਅੰਤਰ ਤੇਰਾ ਕੰਚਨ ਗੜ੍ਹ ਰਹੇ ਸੁਹਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਸ਼ਬਦੀ ਧਾਰ ਤੇਰਾ ਨਾਮ ਰਟਦੇ, ਇਸ਼ਟ ਦੇਵ ਇਕੋ ਇਕ ਮਨਾਈਆ । ਪਤਿਤ ਪਾਵਣ ਉਹਨਾਂ ਦਾ ਆਵਣ ਜਾਵਣ ਲੱਖ ਚੁਰਾਸੀ ਗੇੜਾ ਕਟ ਦੇ, ਜਨਮ ਮਰਨ ਦਾ ਦੁੱਖ ਰਹੇ ਨਾ ਰਾਈਆ । ਸਚ ਦਵਾਰੇ ਨਿਰਗੁਣ ਧਾਰ ਆਤਮ ਰਖ ਦੇ, ਪਰਮਾਤਮ ਬੇਪਰਵਾਹ


੯੩੭
੧੯

ਸਦਾ ਸੁਹੰਜਣੇ ਘਰ ਰਹਿਣ ਵਸਦੇ, ਜਿਸ ਦਵਾਰਿਉਂ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਿਰ ਸਭਨਾਂ ਹੱਥ ਦੇ, ਸਮਰਥ ਹੋ ਕੇ ਬੇੜਾ ਪਾਰ ਕਰਾਈਆ ।

### ✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਤੇਰੇ ਸੂਫ਼ੀ ਪੜ੍ਹਨ ਕੋਇ ਨਾ ਅਲਫ਼, ਯੇ ਯਾਦ ਨਾ ਕੋਇ ਰਖਾਈਆ । ਤੇਰੀ ਦੀਨ ਦੁਨੀ ਨਾਲੋਂ ਹੋਏ ਬੇਤਰਫ਼, ਨਾਤਾ ਜਗਤ ਮੋਹ ਤੁੜਾਈਆ । ਵਿਛੋੜੇ ਅੰਦਰ ਰਹੇ ਵੈਰਾਗੀ ਬਣ ਕੇ ਤੜਪ, ਸੁਰਤੀ ਸੁਰਤ ਸੁਰਤ ਭੁਲਾਈਆ । ਦਰਸ਼ਨ ਕਾਰਨ ਰਹੇ ਭਟਕ, ਕੂਕ ਕੂਕ ਦੇਣ ਦੁਹਾਈਆ । ਲੱਖ ਚੁਰਾਸੀ ਵਿਚੋਂ ਕਰ ਕੇ ਭਰੋਸਾ ਸਿਦਕ, ਆਸਾ ਤੇਰੇ ਵਲ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਸੂਫ਼ੀ ਪੜ੍ਹਦੇ ਤੇਰਾ ਢੋਲਾ, ਢੋਲ ਮਾਹੀ ਕਰ ਕੇ ਤੈਨੂੰ ਰਹੇ ਗਾਈਆ । ਉਹਨਾਂ ਅੱਖਰਾਂ ਵਾਲਾ ਬਣਾਇਆ ਨਹੀਂ ਕਦੇ ਵਿਚੋਲਾ, ਸਿਫ਼ਤਾਂ ਵਾਲਾ ਪੀਰ ਨਾ ਕੋਇ ਸਾਲਾਹੀਆ । ਇਕੋ ਨਿਰਗੁਣ ਧਾਰ ਤੈਨੂੰ ਜਾਣਦੇ ਮੌਲਾ, ਤੇਰੇ ਅੰਤਰ ਮੌਲ ਕੇ ਆਪਣੀ ਰੁੱਤ ਬਦਲਾਈਆ । ਤੂੰ ਵਡਿਆਈ ਦੇ ਉਹਨਾਂ ਉਪਰ ਧੌਲਾ, ਧਰਨੀ ਉਤੇ ਸੋਭਾ ਪਾਈਆ । ਤੇਰਾ ਨਾਉਂ ਨੂਰ ਖ਼ੁਦਾਈ ਅਵੱਲਾ, ਆਦਿ ਜੁਗਾਦਿ ਤੇਰੀ ਵੱਜਦੀ ਰਹੇ ਵਧਾਈਆ । ਪੂਰਾ ਕਰ ਸ਼ਬਦੀ ਧਾਰ ਇਕਰਾਰ ਕੌਲਾ, ਨਿਰਅੱਖਰ ਹੋ ਕੇ ਅੱਖਰ ਦੇਣਾ ਜਣਾਈਆ । ਜਗਤ ਵਾਸਨਾ ਸਦੀ ਚੌਧਵੀਂ ਚਾਰ ਕੁੰਟ ਪਾਵੇ ਰੌਲਾ, ਰਹਿਬਰ ਹੋ ਕੇ ਰਾਹ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਦੇਣੀ ਵਡਿਆਈਆ । ਸਤਿ ਧਰਮ ਕਹੇ ਪ੍ਰਭ ਤੇਰੇ ਫ਼ਕੀਰ ਉਹੀ ਯਾਦ ਦਾ ਕੱਟਦੇ ਫ਼ਾਕਾ, ਫ਼ਿਕਰਾ ਫ਼ਿਕਰੇ ਵਾਲਾ ਗਾਈਆ । ਨਿਰਗੁਣ ਧਾਰ ਤੈਨੂੰ ਮੰਨਣ ਆਕ਼ਾ, ਮਾਲਕ ਇਕੋ ਇਕ ਕਹਿ ਕੇ ਖ਼ੁਸ਼ੀ ਮਨਾਈਆ । ਬੰਦ ਕਿਵਾੜੀ ਉਹਨਾਂ ਖੋਲ੍ਹ ਤਾਕਾ, ਪੜਦਾ ਅੰਦਰੋਂ ਦੇ ਚੁਕਾਈਆ । ਜਿਨ੍ਹਾਂ ਦਾ ਤੇਰੇ ਨਾਲ ਮਿਲ ਕੇ ਬਣੇ ਸੱਚਾ ਸਾਕਾ, ਲਿਖਤ ਭਵਿਖਤ ਦਏ ਗਵਾਹੀਆ । ਪੁਰਖ ਅਕਾਲ ਪਰਵਰਦਿਗਾਰ ਮੰਨ ਬੇਨੰਤੀ ਸੱਚੀ ਦੇ ਦਾਤਾ, ਦਾਤਾਰ ਹੋ ਕੇ ਆਪ ਵਰਤਾਈਆ । ਕਲਜੁਗ ਵੇਖ ਅੰਧੇਰੀ ਰਾਤਾ, ਰੈਣ ਭਿੰਨੜੀ ਰੂਪ ਨਾ ਕੋਇ ਬਦਲਾਈਆ । ਤੇਰਾ ਸੰਤ ਫ਼ਕੀਰ ਸੂਫ਼ੀ ਬਣ ਕੇ ਦਾਸੀ ਦਾਸਾ, ਦਾਸਤਾਨ ਤੇਰੀ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਰ ਦਾਤੇ ਵਾਰਸ ਹੋ ਕੇ ਵੇਖ ਵਖਾਈਆ ।

### ✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਲਾਲ ਸਿੰਘ ਦੇ ਗ੍ਰਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਪ੍ਰਭ ਸੂਫੀਆਂ ਮੁਕਾ ਦੇ ਸਬਰ, ਲਹਿਣਾ ਦੇਣਾ ਸਿਫ਼ਰੇ ਨਾਲ ਉਡਾਈਆ । ਤਨ ਮਾਟੀ ਖੱਲ ਵਜੂਦ ਚੁਕਾ ਦੇ ਕਫਨ, ਕਾਇਫ਼ ਹੋ ਕੇ ਦੇ ਸਰਨਾਈਆ । ਆਪਣੇ ਮੁਹੱਬਤ ਗੋਸ਼ੇ ਵਿਚ ਕਰ ਲੈ ਦਫ਼ਨ, ਜਿਸ ਦੇ ਉਤੇ ਦਫ਼ਾ ਹੁਕਮ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦਰ ਦਿਤੀ ਮਾਣ ਵਡਿਆਈਆ । ਸਤਿ ਧਰਮ ਕਹੇ ਪ੍ਰਭ ਤੇਰੇ ਸੂਫ਼ੀਆਂ ਦਾ ਬਿਨਾ ਅੱਖਰਾਂ ਤੋਂ ਹਜਾਰਾ ਦਰੂਦ, ਦਰੋਹੀ ਦਰ ਨਾ ਕੋਇ ਸੁਣਾਈਆ । ਤੇਰਾ ਇਸ਼ਾਰਾ ਉਹਨਾਂ ਗ੍ਰਿਹ ਮੌਜੂਦ, ਸਨਮੁਖ ਸੋਹਣਾ ਨਜ਼ਰੀ ਆਈਆ । ਤੇਰੀ ਭੇਟਾ ਕਰ ਕੇ ਆਪਣਾ ਤਨ ਵਜੂਦ, ਮੁਫ਼ਲਿਸ ਹੋ ਕੇ ਮੁਫਤ ਤੇਰਾ ਨਾਮ ਮੰਗ ਮੰਗਾਈਆ । ਸਦਾ ਸਦਾ ਸਦ ਤੈਨੂੰ ਦੇਣਾ ਪਏ ਸਬੂਤ, ਨਿਰਗੁਣ ਸਰਗੁਣ ਹੋ ਕੇ ਵੇਖ ਵਖਾਈਆ । ਓਨ੍ਹਾਂ ਦਾ ਸਿਦਕ ਬੜਾ ਮਜ਼ਬੂਤ, ਮਜਬੂਰੀ ਤੈਨੂੰ ਦੇਣ ਵਖਾਈਆ । ਤੈਨੂੰ ਵਸਣਾ ਪਏ ਕਾਇਆ ਕਲਬੂਤ, ਕਾਇਆ ਦਾ ਕਾਅਬਾ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਪੂਰਬ ਦਏ ਚੁਕਾਈਆ । ਸਤਿ ਧਰਮ ਕਹੇ ਸੂਫ਼ੀਆਂ ਰਹੇ ਕੋਈ ਨਾ ਫ਼ਿਕਰ, ਫਿੱਕਾ ਰਸ ਨਾ ਕੋਇ ਜਣਾਈਆ । ਇਕੋ ਤੇਰਾ ਕਰਨ ਜ਼ਿਕਰ, ਜ਼ਕਰੀਏ ਵਾਂਗ ਤਨ ਨਾ ਕੋਇ ਚਿਰਾਈਆ । ਉਹਨਾਂ ਦੀ ਧਾਰੋਂ ਆਪਣੀ ਧਾਰ ਬਣ ਕੇ ਆਵੇਂ ਨਿਕਲ, ਪਰਗਟ ਹੋ ਪਰਗਣਾ ਦੇਣਾ ਵਸਾਈਆ । ਅੰਮ੍ਰਿਤ ਧਾਰ ਬਖ਼ਸ਼ ਕੇ ਸੀਤਲ, ਆਬੇ ਹਯਾਤ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦੇਣਾ ਧੁਰ ਦਾ ਵਰ, ਵਾਹਿਦ ਇਬਾਦਤ ਇਕ ਸਮਝਾਈਆ । ਸਤਿ ਧਰਮ ਕਹੇ ਪ੍ਰਭ ਸੂਫ਼ੀਆਂ ਸਿਖਣੀ ਨਹੀਂ ਕੋਈ ਇਬਾਦਤ, ਪੱਟੀ ਹੱਥ ਨਾ ਕੋਇ ਉਠਾਈਆ । ਉਹਨਾਂ ਨੂੰ ਤੇਰੇ ਮਿਲਣ ਦੀ ਆਦਤ, ਦੂਜਾ ਦਰਸ ਨਾ ਕੋਇ ਪਾਈਆ । ਮਨ ਦੀ ਵਾਸਨਾ ਰਹੇ ਨਾ ਕੋਈ ਅਦਾਵਤ, ਇਲਮ ਵਿਚ ਆਲਮ ਨਾ ਕੋਇ ਅਖਵਾਈਆ । ਸਿਦਕ ਸਬੂਰੀ ਅੰਦਰ ਹੋ ਕੇ ਸਾਬਤ, ਸਾਬਤ ਤੇਰਾ ਦਰਸ਼ਨ ਨੂਰੀ ਪਾਈਆ । ਉਹਨਾਂ ਕਰਨੀ ਮਿਹਰ ਸਖ਼ਾਵਤ, ਵਸਤ ਅਮੋਲਕ ਵਰਤਾਈਆ । ਆਪਣੇ ਦਵਾਰੇ ਦੇਣੀ ਦਾਅਵਤ, ਨਾਮ ਭੰਡਾਰੇ ਵਿਚ ਮਹਿਮਾਨੀ ਦੇਣੀ ਖਵਾਈਆ । ਤੇਰੇ ਨਾਲ ਮਿਲ ਕੇ ਸਦਾ ਰਹਿਣ ਸਹੀ ਸਲਾਮਤ, ਸਮੇਂ ਦਾ ਸਮਾਜ ਸਮਝ ਸਕੇ ਨਾ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੱਥ ਤੇਰਾ ਕਾਜ, ਕਰਨੀ ਦਾ ਕਰਤਾ ਇਕ ਅਖਵਾਈਆ ।

### ✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਸਾਧੂ ਸਿੰਘ ਦੇ ਗ੍ਰਿਹ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਪ੍ਰਭ ਸੂਫ਼ੀਆਂ ਅਗੇ ਚਾੜ੍ਹੀਂ ਕਦੇ ਨਾ ਸੂਲੀ, ਸੁਲਹ ਨਾਲ ਦੇਵੀਂ ਮਾਣ ਵਡਿਆਈਆ । ਪਾਰ ਉਤਾਰਨਾ ਤੇਰੀ ਮਿਹਰ ਮਾਮੂਲੀ, ਦਇਆ ਨਾਲ ਦੀਨ ਲੈਣਾ ਤਰਾਈਆ । ਪ੍ਰੇਮੀਆਂ ਨਾਲ ਕਦੇ ਨਾ ਕਰੀਂ ਬੇਅਸੂਲੀ, ਬੇਮੁਖਾਂ ਦੇਣੀ ਸਜ਼ਾਈਆ । ਫ਼ਕੀਰਾਂ ਨੂੰ ਬਖ਼ਸ਼ਦਾ ਰਹੀਂ ਆਪਣੀ ਚਰਨ ਧੂਲੀ, ਧੂੜ ਟਿੱਕਿਆਂ ਵਾਲੀ ਸਰਨਾਈਆ । ਤੂੰ ਸਭ ਤੋਂ ਵੱਡਾ ਆਦਿ ਜੁਗਾਦੀ ਕ਼ਾਨੂੰਨੀ, ਕ਼ਾਨੂੰਨ ਅਗੇ ਦੇ ਬਦਲਾਈਆ । ਕਿਉਂ ਸਜ਼ਾ ਦੇਂਦਾ ਰਹੇਂ ਬੈਰੂਨੀ, ਬਾਹਰੋਂ ਪੰਜਾਂ ਤੱਤਾਂ ਖੱਲ ਲੁਹਾਈਆ । ਜਿਸ ਤਰ੍ਹਾਂ ਤੇਰਾ ਨੂਰ ਅੰਦਰ ਅੰਦਰੂਨੀ, ਬਾਹਰ ਏਸੇ ਤਰ੍ਹਾਂ ਦੇ ਮਾਣ ਵਡਿਆਈਆ । ਪਿਆਰਿਆਂ ਦੁੱਖ ਦੇਣਾ ਗੱਲ ਨਿਗੁਨੀ, ਗੁਣਵੰਤ ਗੁਣਵਾਨ ਸ੍ਰੀ ਭਗਵਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਰਾਹ ਦੇਣਾ ਲਗਾਈਆ । ਸਤਿ ਧਰਮ ਕਹੇ ਪ੍ਰਭ ਸੂਫ਼ੀ ਕਿਸੇ ਨਾ ਲੱਥੇ ਖੱਲ, ਅਗੇ ਸਭਾ ਦੇਣੀ ਬਦਲਾਈਆ । ਜਿਨ੍ਹਾਂ ਨੂੰ ਪਿਆਰ ਹੁਕਮ

੯੩੯
੧੯

ਅੰਦਰ ਦੇਵੇਂ ਘੱਲ, ਉਹ ਲੋਕਮਾਤ ਆ ਕੇ ਤੇਰੇ ਨਾਮ ਦਾ ਢੋਲਾ ਗਾਈਆ । ਉਹਨਾਂ ਨਾਲ ਕਦੇ ਕਰੀਂ ਨਾ ਛਲ, ਫ਼ਰੇਬ ਵਿਚ ਨਾ ਕਦੇ ਫਸਾਈਆ । ਕਿਉਂ ਤੇਰਾ ਵਿਛੋੜਾ ਸਹਿ ਨਾ ਸਕਣ ਘੜੀ ਪਲ, ਪਲਕਾਂ ਦੇ ਓਹਲੇ ਤੇਰਾ ਪਲੰਘ ਰਹੇ ਵਿਛਾਈਆ । ਪਰਵਰਦਿਗਾਰ ਸਦਾ ਉਹਨਾਂ ਤੋਂ ਜਾਇਆ ਕਰ ਬਲ ਬਲ, ਜੋ ਬਲਵਾਨ ਹੋ ਕੇ ਤੇਰੇ ਭਾਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਸਤਿ ਧਰਮ ਕਹੇ ਪ੍ਰਭ ਪ੍ਰੇਮੀਆਂ ਕਦੇ ਨ ਦੇਵੀਂ ਫਾਂਸੀ, ਫ਼ੈਸਲਾ ਸਚ ਦੇਣਾ ਸੁਣਾਈਆ । ਜੋ ਬਣ ਜਾਏ ਤੇਰੀ ਦਾਸੀ, ਸੇਵਕ ਹੋ ਕੇ ਸੇਵ ਕਮਾਈਆ । ਹੁਕਮੇਂ ਅੰਦਰ ਮੰਨਣੀ ਆਖੀ, ਆਖ਼ਰ ਆਪਣਾ ਆਪ ਭੇਟ ਚੜ੍ਹਾਈਆ । ਉਨ੍ਹਾਂ ਦਾ ਲਹਿਣਾ ਦੇਣਾ ਦੁੱਖਾਂ ਵਿਚ ਨਾ ਦੇਵੀਂ ਬਾਕੀ, ਸੁਖ ਚਰਨ ਪ੍ਰੀਤ ਇਕ ਬਣਾਈਆ । ਆਪਣੀ ਮੰਜ਼ਲ ਚੜ੍ਹਾਉਣਾ ਘਾਟੀ, ਪੈਂਡਾ ਅਗਲਾ ਪਿਛਲਾ ਦੇਣਾ ਮੁਕਾਈਆ । ਸੁਖ ਵਿਚ ਹੋਣਾ ਸਾਥੀ, ਸਗਲਾ ਸੰਗ ਧੁਰ ਦਾ ਦੇਣਾ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਵਾਲੀ ਨਹੀਂ ਆਖੀ, ਸਿੰਮਤ ਵਾਲੀ ਸੀਮਾਂ ਦੇਣੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਕਹੇ ਮੈਂ ਕੋਈ ਕਰਦਾ ਨਹੀਂ ਗੁਸਤਾਖ਼ੀ, ਭਿੱਖਕ ਹੋ ਕੇ ਆਪਣੀ ਝੋਲੀ ਡਾਹੀਆ ।



## ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਸਵਰਨ ਸਿੰਘ, ਹਰਭਜਨ ਸਿੰਘ ਦੇ ਗ੍ਰਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ

ਸਤਿ ਧਰਮ ਕਹੇ ਪ੍ਰਭ ਸੂਫ਼ੀਆਂ ਸਾਚੇ ਦਰ ਕਰ ਕਿਆਮ, ਮੁਕਾਮ ਆਪਣਾ ਇਕ ਸਮਝਾਈਆ । ਸਾਚੇ ਨਾਮ ਦਾ ਦੇ ਇਨਾਮ, ਇਨਾਮੀ ਹੋ ਕੇ ਝੋਲੀ ਪਾਈਆ । ਧੁਰ ਕਲਮੇ ਦਾ ਦੇ ਪੈਗ਼ਾਮ, ਸੰਦੇਸ਼ਾ ਇਕ ਸੁਣਾਈਆ । ਹਕ਼ੀਕ਼ਤ ਦਾ ਦੇ ਜਾਮ, ਆਬੇਹਯਾਤ ਮੁਖ ਚੁਆਈਆ । ਸਹਿੰਸਾ ਮਿਟੇ ਤਮਾਮ, ਤਮਅ ਦੇਣੀ ਚੁਕਾਈਆ । ਬਰਦਾ ਬਣਾ ਕੇ ਗੁਲਾਮ, ਸੇਵਾ ਦੇਣੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਨ ਇੱਛਾ ਕਰ ਕੇ ਕਾਮ, ਕਾਮਲ ਮੁਰਸ਼ਦ ਹੋ ਕੇ ਹੋਣਾ ਆਪ ਸਹਾਈਆ । ਸਤਿ ਧਰਮ ਕਹੇ ਪ੍ਰਭ ਸੂਫ਼ੀਆਂ ਦੇ ਸਲਾਹ, ਹਿੰਮਤ ਆਪਣੇ ਨਾਲ ਰਖਾਈਆ । ਘਰ ਵਖਾ ਸੱਚੀ ਦਰਗਾਹ, ਧੁਰ ਦਰਬਾਰੇ ਵੱਜੇ ਵਧਾਈਆ । ਸਾਚਾ ਮੰਦਰ ਦੇ ਵਖਾ, ਬਿਨ ਛੱਪਰ ਛੰਨ ਸੋਭਾ ਪਾਈਆ । ਤੇਰੇ ਨਾਮ ਦੀ ਸਦਾ ਮੰਗਦੇ ਰਹਿਣ ਦੁਆ, ਨਿਉਂ ਨਿਉਂ ਸਜਦਿਆਂ ਵਿਚ ਸੀਸ ਝੁਕਾਈਆ । ਤੂੰ ਹੀ ਤੂੰ ਹੀ ਗਾਉਂਦੇ ਰਹਿਣ ਖ਼ੁਦਾ, ਖ਼ੁਦ ਆਪਣਾ ਆਪ ਤੇਰੀ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਨ੍ਹਾਂ ਤੋਂ ਹੋਵੀਂ ਨਾ ਕਦੇ ਜੁਦਾ, ਜਜ਼ਬ ਆਪਣੇ ਵਿਚ ਕਰ ਕੇ ਅਦਬ ਨਾਲ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਵਾਹਵਾ ਦੇਵਣਹਾਰ ਇਕ ਅਖਵਾਈਆ ।

✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਨਾਜਰ ਸਿੰਘ ਦੇ ਗ੍ਰਿਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਪ੍ਰਭ ਸੂਫ਼ੀਆਂ ਕਦੇ ਨਾ ਦੇਵੇਂ ਸਜ਼ਾ, ਭਾਣੇ ਵਿਚ ਤੇਰਾ ਕਲਮਾ ਰਹੇ ਗਾਈਆ । ਉਨ੍ਹਾਂ ਨੇੜ ਨਾ ਆਵੇ ਕਦੇ ਕਹਿਰ ਵਾਲੀ ਕ਼ਜ਼ਾ, ਗਹਿਰ ਗੰਭੀਰ ਸਦਾ ਤੇਰੇ ਵਿਚ ਸਮਾਈਆ । ਸਾਚੇ ਨਾਮ ਰਸ ਦਾ ਦੇਵੀਂ ਅਗੰਮੀ ਮਜ਼ਾ, ਉਨ੍ਹਾਂ ਮਜ਼ਾਕ ਕਰੇ ਨਾ ਕੋਇ ਲੋਕਾਈਆ । ਮੁਹੱਬਤ ਵਿਚ ਆਪਣੇ ਮਿਲਣ ਦੀ ਦੱਸ ਕੇ ਵਜਹ, ਵਜੂਦ ਵਿਚੋਂ ਸਬੂਤ ਦੇਣਾ ਕਰਾਈਆ । ਚਰਨ ਕਵਲ ਦੇ ਕੇ ਸਾਚੀ ਜਗਹ, ਜਗਦੀਸ਼ ਹੋਣਾ ਆਪ ਸਹਾਈਆ । ਤੇਰੇ ਹੁਕਮੇਂ ਅੰਦਰ ਰਹੇ ਬੱਧਾ, ਬੰਦਗੀ ਕਰ ਕੇ ਖ਼ੁਸ਼ੀ ਮਨਾਈਆ । ਅਗੇ ਕਰੀਂ ਕਦੇ ਨਾ ਦਗ਼ਾ, ਫ਼ਰੇਬਾਂ ਵਾਲੀ ਫ਼ਰਦ ਦੇਣੀ ਗਵਾਈਆ । ਦਰਵੇਸ਼ਾਂ ਫੇਰੀਂ ਨਾ ਘਰ ਘਰ (ਕਰਨ ਗਜਾ), ਗਦਾਗਰ ਰੂਪ ਨਾ ਕੋਇ ਵਟਾਈਆ । ਜੋ ਤੇਰੇ ਚਰਨ ਕਵਲ ਲੱਗਾ, ਲਾਗਤ ਉਨ੍ਹਾਂ ਦੇਣੀ ਮੁਕਾਈਆ । ਤੇਰਾ ਸਹਾਰਾ ਤੱਕਦੇ ਸਦਾ, ਸਦਾ ਤੇਰਾ ਨਾਮ ਢੋਲਾ ਗਾਈਆ । ਲੋਕਮਾਤ ਰਖਣੀ ਲੱਜਾ, ਮਿਹਰ ਨਜ਼ਰ ਇਕ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੂਫ਼ੀ ਸੰਤ ਫ਼ਕੀਰਾਂ ਕਦੇ ਨਾ ਦੇਵੀਂ ਦਗ਼ਾ, ਦਗ਼ੇਬਾਜ਼ੀ ਤੋਂ ਬਾਹਰ ਲੈਣਾ ਕਢਾਈਆ ।

✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਪੂਰਨ ਸਿੰਘ ਦੇ ਗ੍ਰਿਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਪ੍ਰਭ ਸੂਫ਼ੀਆਂ ਸੁਣ ਆਵਾਜ਼, ਜੋ ਬਿਨ ਰਸਨਾ ਜਿਹਵਾ ਰਹੇ ਗਾਈਆ । ਅੰਤਰ ਪੜਦਾ ਖੋਲ੍ਹ ਰਾਜ਼, ਸਫਾ ਕੂੜੀ ਦੇ ਉਠਾਈਆ । ਇਕੋ ਵਾਰ ਲੇਖੇ ਲਾ ਨਿਮਾਜ਼, ਵੁਜ਼ੂਆਂ ਦੀ ਲੋੜ ਰਹੇ ਨਾ ਰਾਈਆ । ਤੇਰੀ ਬੈਠਣ ਸਚ ਜਮਾਤ, ਧੁਰ ਦਾ ਅੱਖਰ ਦੇਣਾ ਸਮਝਾਈਆ । ਮਿਹਰ ਮੁਹੱਬਤ ਕਰ ਇਨਾਇਤ, ਇਲਮ ਦੇ ਆਲਮ ਆਲਮ ਦੇ ਉਲਮਾ ਦੇਣੇ ਬਣਾਈਆ । ਇਕੋ ਮੰਗਦੇ ਤੇਰੀ ਹਮਾਇਤ, ਹਿੰਮਤ ਹੌਸਲਾ ਦੇਣਾ ਵਧਾਈਆ । ਤੇਰੇ ਹੁਕਮ ਦੀ ਮੰਨਣ ਹਦਾਇਤ, ਹਦੂਦ ਅੰਦਰ ਰਹਿ ਕੇ ਸੀਸ ਨਿਵਾਈਆ । ਚਰਨ ਕਵਲ ਬਖ਼ਸ਼ੀਂ ਸਚ ਰਿਹਾਇਸ਼, ਦਰ ਦਵਾਰਾ ਇਕੋ ਇਕ ਵਖਾਈਆ । ਵੇਖੀਂ ਕਲਜੁਗ ਅੰਤ ਕਰੀਂ ਨਾ ਕੋਇ ਅਜ਼ਮਾਇਸ਼, ਅਜ਼ਮਾਇਸ਼ ਵਿਚ ਪੂਰਾ ਬਿਨਾ ਤੇਰੀ ਕਿਰਪਾ ਰਹਿਣ ਕੋਇ ਨਾ ਪਾਈਆ । ਮਿਹਰ ਨਜ਼ਰ ਨਾਲ ਕਰਨੇ ਲਾਇਕ, ਲਿਆਕਤ ਅੰਦਰੋਂ ਦੇਣੀ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ ਸਾਚਾ ਵਰ, ਵਾਸਤਾ ਆਪਣੇ ਨਾਲ ਜੁੜਾਈਆ ।

✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਰਨਾਮ ਸਿੰਘ ਦੇ ਗ੍ਰਿਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਸੂਫ਼ੀਆਂ ਨਾਲ ਕਰੀਂ ਕਦੇ ਨਾ ਦਗ਼ਾ, ਧੋਖੇ ਵਾਲਾ ਈਮਾਨ ਨਾ ਕੋਇ ਬਣਾਈਆ । ਇਹਨਾਂ ਨਾਲ ਮਿਲ ਕੇ ਤੇਰਾ ਵਧਦਾ ਅੱਗਾ, ਮਾਤਲੋਕ ਵੱਜੇ ਵਧਾਈਆ । ਜੁਗ ਚੌਕੜੀ ਨਿਰਗੁਣ ਤੈਨੂੰ ਦਿੰਦੇ ਰਹਿੰਦੇ ਸਦਾ, ਧਰਨੀ ਧਰਤ ਧਵਲ ਉਪਰ ਤੇਰਾ ਰਾਹ ਤਕਾਈਆ । ਤੇਰਾ ਦੀਪਕ ਜੋਤ ਪਰਕਾਸ਼ ਦੀਆ ਇਨ੍ਹਾਂ ਅੰਦਰ ਜਗਾ, ਤੇਰਾ ਨਾਮ ਕਰਨ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਾਚਾ ਦਰ ਦੇਣਾ ਵਡਿਆਈਆ । ਸਤਿ ਧਰਮ ਕਹੇ ਪ੍ਰਭ ਸੂਫ਼ੀਆਂ ਨਾਲ ਰਹੇ ਤੇਰਾ ਮਿਲਾਪ, ਧੁਰ ਦਾ ਕਲਮਾ ਆਪਣਾ ਨਾਮ ਦ੍ਰਿੜਾਈਆ । ਤੇਰਾ ਗਾਉਂਦੇ ਰਹਿਣ ਅਗੰਮੀ ਸਦਾ ਜਾਪ, ਮੁਰਸ਼ਦ ਤੈਨੂੰ ਮੰਨ ਕੇ ਖ਼ੁਸ਼ੀ ਮਨਾਈਆ । ਰੂਹ ਬੁੱਤ ਕਰ ਕੇ ਪਾਕ, ਪਾਕੀਜ਼ਾ ਹੋ ਕੇ ਤੇਰੀ ਸੇਵ ਕਮਾਈਆ । ਉਨ੍ਹਾਂ ਬਖ਼ਸ਼ੀਂ ਆਪਣੀ ਦਾਤ, ਵਸਤ ਅਗੰਮ ਅਥਾਹ ਝੋਲੀ ਪਾਈਆ । ਤੇਰੀ ਸੱਚੀ ਗਾਉਂਦੇ ਰਹਿਣ ਗਾਥ, ਗਾ ਗਾ ਖ਼ੁਸ਼ੀ ਮਨਾਈਆ । ਜਨਮ ਕਰਮ ਦਾ ਲੇਖਾ ਸ਼ਬਦੀ ਹੁਕਮ ਲਿਖ ਦੇਣਾ ਨਾਲ ਕ਼ਲਮ ਦਵਾਤ, ਕਲਜੁਗ ਦਾ ਕਾਲਖ ਟਿੱਕਾ ਮਸਤਕ ਦੇਣਾ ਲਾਹੀਆ । ਚਰਨ ਪ੍ਰੀਤੀ ਧੁਰ ਦਾ ਨਾਤਾ ਸਚ ਬਣਾਉਣਾ ਸਾਕ, ਸੱਜਣ ਹੋ ਕੇ ਵੇਖ ਵਖਾਈਆ । ਦਿਵਸ ਰੈਣ ਅੱਠੇ ਪਹਿਰ ਇਕੋ ਜਿਹੀ ਰਖਣੀ ਪਰਭਾਤ, ਸੰਧਿਆ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੈਗ਼ੰਬਰਾਂ ਦੇ ਪੂਰੇ ਕਰਨੇ ਭਵਿਖਤ ਵਾਕ, ਸੂਫ਼ੀਆਂ ਦਾ ਸਫ਼ਰ ਦੇਣਾ ਮੁਕਾਈਆ ।

### ✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਿਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਪੁਰਖ ਨਿਰੰਜਣ ਪ੍ਰਭ ਸਾਚੇ ਨਾਮ ਦੀ ਅਗੰਮੀ ਦੱਸ ਕਲਾਮ, ਕਲਮਾ ਕਾਇਨਾਤ ਜਣਾਈਆ । ਸੂਫ਼ੀਆਂ ਮਿਲ ਬਣ ਕੇ ਵਡ ਇਮਾਮ, ਕਾਮਲ ਮੁਰਸ਼ਦ ਹੋ ਕੇ ਫੇਰਾ ਪਾਈਆ । ਸ਼ਰਅ ਜ਼ੰਜੀਰ ਰਹੇ ਨਾ ਕੋਇ ਗ਼ੁਲਾਮ, ਮਜ਼੍ਹਬਾਂ ਦਾ ਮਜ਼ਮੂਨ ਦੇਣਾ ਮਿਟਾਈਆ । ਦਰਗਾਹ ਸਾਚੀ ਤੇਰਾ ਤੱਕਣ ਹੱਕ ਮੁਕਾਮ, ਸਚਖੰਡ ਦਵਾਰ ਇਕੋ ਨਜ਼ਰੀ ਆਈਆ । ਜਿਥੇ ਭਗਤ ਸੁਹੇਲੇ ਨਿਰਗੁਣ ਧਾਰ ਕਰਦੇ ਬਿਸਰਾਮ, ਸੁਖਆਸਣ ਬੈਠੇ ਸੋਭਾ ਪਾਈਆ । ਤੇਰੇ ਚਰਨ ਕਵਲ ਹੋਵੇ ਕਿਆਮ, ਕ਼ਿਆਮਤ ਦਾ ਡਰ ਰਹੇ ਨਾ ਰਾਈਆ । ਪੈਗ਼ੰਬਰ ਜਿਸ ਦਾ ਦੇ ਦੇ ਗਏ ਬਿਆਨ, ਭਵਿਖਤ ਵਿਚ ਭੇਖ ਗਏ ਸਮਝਾਈਆ । ਸੋ ਖੇਲ ਕਰੇ ਹੋ ਕੇ ਮਿਹਰਵਾਨ, ਮਹਿਵ ਮਹਿਬੂਬ ਭਗਤਾਂ ਦੇਵੇ ਵਡਿਆਈਆ । ਕਲਜੁਗ ਅੰਤ ਮੰਜ਼ਲ ਚੜ੍ਹਨੀ ਦੱਸੇ ਆਸਾਨ, ਗੁਣ ਨਿਧਾਨ ਦਇਆ ਕਮਾਈਆ । ਸਚ ਪ੍ਰੀਤੀ ਚਰਨ ਕਵਲ ਦਵਾਰ ਸਚ ਦੱਸੇ ਈਮਾਨ, ਅਮਲਾਂ ਦਾ ਲੇਖਾ ਆਪੇ ਦਏ ਸਮਝਾਈਆ । ਸਚ ਦਵਾਰੇ ਕੋਈ ਨਾ ਦਿਸੇ ਬੇ ਇਮਾਨ, ਬੇਵਾ ਰੂਪ ਨਜ਼ਰ ਕੋਇ ਨਾ ਆਈਆ । ਸੂਫ਼ੀਆਂ ਨਾਲ ਸੰਤਾਂ ਨਾਲ ਭਗਤਾਂ ਨਾਲ ਪ੍ਰਭ ਦਾ ਖ਼ਾਲਸ ਬਣਨਾ ਖ਼ਾਨਦਾਨ, ਖ਼ਾਲਸ ਖ਼ਾਲਸ ਆਪਣੇ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਨੂੰ ਕਰਨਹਾਰਾ ਸਵਾਧਾਨ, ਸ਼ਬਦੀ ਹੁਕਮ ਨਾਲ ਉਠਾਈਆ । ਸਤਿ ਪੁਰਖ ਨਿਰੰਜਣ ਪ੍ਰਭ ਤੇਰਾ ਆਦਿ ਜੁਗਾਦੀ ਅਹਿਦ, ਇਕ਼ਰਾਰ ਪਿਛਲਾ ਨਜ਼ਰੀ ਆਈਆ । ਜਨ ਭਗਤਾਂ ਧਾਰ ਬਖ਼ਸ਼ ਸਫ਼ੈਦ, ਚਿੱਟੀ ਧਾਰੀ ਵਿਚ ਸਮਾਈਆ । ਸਾਚਾ ਨਾਮ ਕਰ ਰਾਇਜ, ਰਾਜ ਰਈਅਤ ਇਕੋ ਇਕ ਬਣਾਈਆ । ਤੇਰਾ ਨਾਮ ਖ਼ੁਦਾਈ ਵਾਹਿਦ, ਵਾਹਿਦ ਕਲਮਾ ਦੇਣਾ ਪੜ੍ਹਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੈਨੂੰ ਫੇਰ ਨਾ ਮਿਲੇ ਆਉਣਾ ਸ਼ਾਇਦ, ਗੁਰ ਅਵਤਾਰ ਪੈਗ਼ੰਬਰ ਤੇਰੇ ਹੁਕਮੇ ਅੰਦਰ ਸੇਵ ਕਮਾਈਆ । ਬਾਲੇ ਨੰਨ੍ਹੇ ਨੱਢੇ ਫ਼ਰਮਾਂਬਰਦਾਰ ਹੋਵਣ ਨਾਇਬ, ਨਸੀਹਤ ਵਿਚ ਵਸੀਅਤ ਕਰ ਕੇ ਅਸਲੀਅਤ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਆਦਿ ਜੁਗਾਦਿ ਜੁਗ ਚੌਕੜੀ ਸਚ ਕ਼ਾਨੂੰਨ ਇਕ ਕਵਾਇਦ, ਕਾਇਦਾ ਬਕਾਇਦਾ ਹੁਕਮ ਰਿਹਾ ਜਣਾਈਆ ।

## ✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਰੀ ਸਿੰਘ ਦੇ ਗ੍ਰਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਪੁਰਖ ਨਿਰੰਜਣ ਪ੍ਰਭ ਸੂਫ਼ੀ ਸੰਤ ਫ਼ਕੀਰ ਤੇਰੇ ਨੰਨ੍ਹੇ ਬਾਲਕ, ਬਚਪਨ ਬੱਚਿਆਂ ਵਾਲਾ ਨਜ਼ਰੀ ਆਈਆ । ਤੂੰ ਧੁਰ ਦਾ ਮਾਲਕ ਸ੍ਰਿਸ਼ਟੀ ਦਾ ਖ਼ਾਲਕ, ਖ਼ਲਕ ਤੇਰਾ ਨੂਰ ਰੁਸ਼ਨਾਈਆ । ਸਦਾ ਸੁਹੇਲਾ ਹੋ ਕੇ ਬਣਨਾ ਸਾਲਸ, ਸਤਿ ਸਚ ਇਕ ਸਮਝਾਈਆ । ਸਚ ਦਵਾਰੇ ਤੇਰੀ ਅਗੰਮ ਅਦਾਲਤ, ਅਦਲ ਇਨਸਾਫ਼ ਆਪਣਾ ਲੈਣਾ ਕਮਾਈਆ । ਜੁਗ ਜਨਮ ਦਾ ਲਹਿਣਾ ਦੇਣਾ ਚੁਕਾਉਣਾ ਅਮਾਨਤ, ਨਾਮ ਦਾ ਰਾਮ ਭੰਡਾਰ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿਦਕ ਦੇਣਾ ਬੰਧਾਈਆ । ਸਤਿ ਪੁਰਖ ਨਿਰੰਜਣ ਪ੍ਰਭ ਸੂਫ਼ੀ ਫ਼ਕੀਰ ਤੇਰਾ ਅਦਨਾ, ਆਅਲਾ ਦੇਣੀ ਮਾਣ ਵਡਿਆਈਆ । ਭਾਗ ਲਗਾਉਣਾ ਕਾਇਆ ਮਾਟੀ ਬਦਨਾ, ਬਦਲਾ ਅੰਦਰੋਂ ਦੇਣਾ ਚੁਕਾਈਆ । ਤੈਨੂੰ ਲੱਭਣਾ ਪਏ ਨਾ ਵਿਚੋਂ ਜੰਗਲਾਂ, ਕਾਇਆ ਕਾਅਬੇ ਕਰਨੀ ਆਪ ਰੁਸ਼ਨਾਈਆ । ਰਿਸ਼ਵਤਾਂ ਨਾਲ ਨਾ ਪਏ ਸੱਦਣਾ, ਵੱਢੀਆਂ ਨਾਲ ਨਾ ਵੰਡ ਵੰਡਾਈਆ । ਵਾਸਨਾ ਅੰਦਰ ਨਾ ਪਏ ਭੱਜਣਾ ਕਲਜੁਗ ਬਣ ਕੇ ਪਾਂਧੀ ਰਾਹੀਆ । ਤੂੰ ਪੁਰਖ ਅਕਾਲ ਹੋ ਕੇ ਬਣਨਾ ਸੱਜਣਾ, ਪਰਵਰਦਿਗਾਰ ਸਾਂਝਾ ਯਾਰ ਅਖਵਾਈਆ । ਤੇਰਾ ਸਤਿਜੁਗ ਮਾਰਗ ਲਗਣਾ, ਕਲਜੁਗ ਕੂੜਾ ਡੇਰਾ ਢਾਹੀਆ । ਨਾਮ ਨਗਾਰਾ ਇਕੋ ਵੱਜਣਾ, ਡੰਕਾ ਧੁਰ ਦਾ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪਰਕਾਸ਼ ਦੀਪਕ ਇਕੋ ਜਗਣਾ, ਜਗ੍ਹਾ ਜਗ੍ਹਾ ਕਰੇ ਰੁਸ਼ਨਾਈਆ ।



## ✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੁਕਣ ਸਿੰਘ ਦੇ ਗ੍ਰਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਪੁਰਖ ਨਿਰੰਜਣ ਪ੍ਰਭ ਸਭ ਦੀ ਮਨਸਾ ਕਰਨੀ ਪੂਰ, ਚਿੰਤਾ ਜਗਤ ਗਵਾਈਆ । ਨਾਮ ਖ਼ੁਮਾਰੀ ਦੇ ਸਰੂਰ, ਸੁਰਤੀ ਸ਼ਬਦ ਨਾਲ ਜੁੜਾਈਆ । ਸਾਚੀ ਪ੍ਰੀਤੀ ਬਖ਼ਸ਼ ਚਰਨ ਧੂੜ, ਪਾਪਾਂ ਮੈਲ ਦੇਣੀ ਧਵਾਈਆ । ਦਰਸ਼ਨ ਦੇਣਾ ਹਾਜਰ ਹਜ਼ੂਰ, ਸਨਮੁਖ ਹੋ ਕੇ ਸੋਭਾ ਪਾਈਆ । ਲੇਖਾ ਮੁਕੌਣਾ ਕਲਜੁਗ ਕਿਰਿਆ ਕੂੜ, ਸਤਿ ਧਰਮ ਦੇਣੀ ਮਾਣ ਵਡਿਆਈਆ । ਜਨ ਭਗਤਾਂ ਬੇੜਾ ਭਰ ਕੇ ਆਪਣਾ ਪੂਰ, ਪਾਰਬ੍ਰਹਮ ਪਾਰ ਕਿਨਾਰੇ ਦੇਣਾ ਲਗਾਈਆ । ਜੁਗ ਚੌਕੜੀ ਤੇਰਾ ਦਸਤੂਰ, ਗ਼ਰੀਬ ਨਿਮਾਣਿਆਂ ਹੋਏਂ ਸਹਾਈਆ । ਸਚ ਬੇਨੰਤੀ ਕਰਨੀ ਕ਼ਬੂਲ, ਮਨਸਾ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਨਾਮ ਦਾ ਦੱਸ ਕੇ ਆਪ ਮਜਮੂਨ, ਮਜ਼ੇ ਵਾਲੀ ਸਿਖਿਆ ਦੇਣੀ ਸਮਝਾਈਆ ।

## ✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਪੁਰਖ ਨਿਰੰਜਣ ਪ੍ਰਭ ਤੇਰਾ ਭਗਤ ਰਹੇ ਨਾ ਅਕੱਲਾ, ਸਗਲਾ ਸੰਗ ਦੇਣਾ ਬਣਾਈਆ । ਸਾਚਾ ਵਸਦਾ ਰਹੇ ਤੇਰੇ ਨਾਮ ਦਾ ਮਹੱਲਾ,

ਗਲੀ ਕੂਚੇ ਵੱਜਦੀ ਰਹੇ ਵਧਾਈਆ । ਤੇਰੇ ਸ਼ਬਦ ਦਾ ਹੁੰਦਾ ਰਹੇ ਹੱਲਾ, ਜਗਤ ਵਿਕਾਰ ਠਹਿਰ ਸਕੇ ਨਾ ਰਾਈਆ । ਗੁਰਮੁਖਾਂ ਫੜੌਂਦਾ ਰਹੀਂ ਸਦਾ ਪੱਲਾ, ਸ਼ਬਦ ਡੋਰੀ ਆਪਣੀ ਗੰਢ ਪਵਾਈਆ । ਹੋਵੀਂ ਸਹਾਈ ਸਦਾ ਜਲਾ ਥਲਾ, ਸਮੁੰਦ ਸਾਗਰ ਵੇਖ ਵਖਾਈਆ । ਜਿਸ ਕਾਰਨ ਲੋਕਮਾਤ ਘੱਲਾ, ਪੰਜ ਤਤ ਕਾਇਆ ਮਾਟੀ ਜਨਮ ਦਿਵਾਈਆ । ਓਸ ਦਾ ਦੇਣਾ ਸਾਚਾ ਫਲਾ, ਫਲੀਭੂਤ ਦੇਣਾ ਕਰਾਈਆ । ਤੇਰਾ ਵੇਖਣ ਨਿਹਚਲ ਧਾਮ ਅਟਲਾ, ਸਚਖੰਡ ਦਵਾਰੇ ਚੜ੍ਹ ਕੇ ਖ਼ੁਸ਼ੀ ਮਨਾਈਆ । ਜਿਥੇ ਦੀਪਕ ਜੋਤੀ ਇਕੋ ਬਲਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਪੁਰਖ ਅਕਾਲ ਸਾਚੇ ਧਾਮ ਸੋਹਵੇਂ ਇਕ ਇਕੱਲਾ, ਇਕੱਲਿਆਂ ਦੀ ਕਲਾ ਦੇਣੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਜੋੜ ਜੁੜਾਈਆ । ਸਤਿ ਪੁਰਖ ਨਿਰੰਜਣ ਪ੍ਰਭ ਜਨ ਭਗਤਾਂ ਕਦੇ ਨਾ ਹੋਵੇ ਵਿਛੋੜਾ, ਵਿਛੜਿਆਂ ਮੇਲ ਮਿਲਾਈਆ । ਸੁਰਤ ਸ਼ਬਦ ਦਾ ਰਹੇ ਜੋੜਾ, ਧੁਰ ਸੰਜੋਗੀ ਨਾਮ ਪਲੂ ਦੇਣਾ ਫੜਾਈਆ । ਤੇਰੇ ਨਾਮ ਦਾ ਸਦਾ ਗਾਉਂਦੇ ਰਹੇ ਦੋਹਰਾ, ਨਿਰਗੁਣ ਸਰਗੁਣ ਮਿਲ ਕੇ ਵੱਜਦੀ ਰਹੇ ਵਧਾਈਆ । ਭੈ ਰਹੇ ਨਾ ਕਾਇਆ ਮੰਦਰ ਅੰਦਰ ਪੰਜ ਚੋਰਾ, ਕਾਮ ਕਰੋਧ ਲੋਭ ਮੋਹ ਹੰਕਾਰ ਦੇਣਾ ਮਿਟਾਈਆ । ਅੰਮਿਤ ਰਸ ਨਿਝਰ ਧਾਰ ਪ੍ਰੇਮ ਪ੍ਰੀਤੀ ਅੰਦਰ ਦੇਣਾ ਭੋਰਾ, ਭਰਮ ਗੜ੍ਹ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਮਿਲ ਕੇ ਭੇਵ ਰਹੇ ਨਾ ਤੋਰਾ ਮੋਰਾ, ਮੈਂ ਮਮਤਾ ਵਿਚੋਂ ਦੇਣੀ ਕਢਾਈਆ । ਸਦਾ ਸਦਾ ਸਦ ਜਨ ਭਗਤਾਂ ਤੇਰੀ ਲੋੜਾ, ਆਸਾ ਮਨਸਾ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ ਸਾਚਾ ਵਰ, ਸੰਤ ਸੁਹੇਲੇ ਅੰਗ ਲਗਾਈਆ । ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਹੁੰਦਾ ਰਹੇ ਮੇਲ, ਮਿਲ ਮਿਲ ਖ਼ੁਸ਼ੀ ਮਨਾਈਆ । ਹੋਵੇ ਪਰਕਾਸ਼ ਬਿਨ ਬਾਤੀ ਤੇਲ, ਜੋਤੀ ਜੋਤ ਡਗਮਗਾਈਆ । ਸ਼ਬਦੀ ਸੱਜਣ ਬਣੇ ਸੁਹੇਲ, ਸੰਗੀ ਸਗਲਾ ਇਕ ਅਖਵਾਈਆ । ਧਾਮ ਜਣਾਵੇ ਹੱਕ ਨਵੇਲ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਅਚਰਜ ਪਾਰਬ੍ਰਹਮ ਦਾ ਖੇਲ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਣਨਾ ਸੱਜਣ ਸੁਹੇਲ, ਸਹੀ ਸਲਾਮਤ ਬਿਨਾ ਅਲਾਮਤ ਨਿਰਗੁਣ ਜੋਤ ਮੇਲਾ ਲੈਣਾ ਮਿਲਾਈਆ ।

### ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਰੂੜ ਸਿੰਘ ਦੇ ਗ੍ਰਿਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ

ਸਤਿ ਧਰਮ ਕਹੇ ਪ੍ਰਭ ਸੂਫ਼ੀਆਂ ਮਾਣਸ ਜਨਮ ਕਰਦੇ ਸੁਫ਼ਲ, ਸਫ਼ਰੀਆਂ ਸਫ਼ਰ ਦੇ ਮੁਕਾਈਆ । ਕਾਇਆ ਮੰਦਰ ਅੰਦਰ ਖੋਲ੍ਹ ਕੇ ਕੁਫ਼ਲ, ਕਾਅਬਾ ਆਪਣਾ ਦੇ ਜਣਾਈਆ । ਸਚ ਸਰੋਵਰ ਅੰਦਰ ਕਰਾ ਗੁਸਲ, ਮੈਲ ਪਾਪਾਂ ਆਪ ਧਵਾਈਆ । ਖ਼ੁਸ਼ੀਆਂ ਵਿਚ ਪੁਛ ਅਨੰਦ ਕੁਸ਼ਲ, ਪ੍ਰੇਮ ਵਿਚ ਪ੍ਰੇਮ ਦੇ ਬਦਲਾਈਆ । ਤੇਰੀ ਧਾਰ ਅੰਦਰ ਉਠਣ, ਭੱਜਣ ਵਾਹੋ ਦਾਹੀਆ । ਚਰਨ ਸਰਨਾਈ ਤੇਰੀ ਪੁੱਜਣ, ਪਿਛਲਾ ਪੰਧ ਰਹੇ ਨਾ ਰਾਈਆ । ਚੁਰਾਸੀ ਜੂਨ ਵਿਚ ਕਦੇ ਨਾ ਦੁੱਖਣ, ਜਮ ਕੀ ਫਾਸੀ ਦੇਣੀ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੋਣਾ ਆਪ ਸਹਾਈਆ । ਸਤਿ ਧਰਮ ਕਹੇ ਪ੍ਰਭ ਸੂਫ਼ੀਆਂ ਕੂੜੀ ਕਿਰਿਆ ਮੇਟਦੇ ਸਫ਼ਾ, ਸਫ਼ਾ ਆਪਣੇ ਹੱਥ ਰਖਾਈਆ । ਨਾਮ ਨਿਧਾਨਾ ਦੇ ਗੱਫਾ,

ਬੇਅੰਤ ਆਪ ਵਰਤਾਈਆ । ਕਲਜੁਗ ਕੂੜਾ ਕਰਮ ਕਰਦੇ ਰਫ਼ਾ, ਮਮਤਾ ਮੋਹ ਰਹੇ ਨਾ ਰਾਈਆ । ਦੁਰਮਤ ਮੈਲ ਧੋ ਧੱਬਾ, ਪਤਿਤ ਪੁਨੀਤ ਦੇ ਬਣਾਈਆ । ਸੱਚਾ ਮਾਲਕ ਨਜ਼ਰ ਆ ਅੱਬਾ, ਪਿਤਾ ਹੋ ਕੇ ਗੋਦ ਉਠਾਈਆ । ਆਪਣੇ ਨਾਮ ਦਾ ਦੱਸ ਛੰਦਾ, ਢੋਲਾ ਇਕ ਸੁਣਾਈਆ । ਮਨੂਆ ਮਨ ਰਹੇ ਨਾ ਗੰਦਾ, ਅੰਦਰੋਂ ਹੋਏ ਸਫ਼ਾਈਆ । ਲੇਖੇ ਲਾ ਲੈ ਆਪਣਾ ਬੰਦਾ, ਬੰਦਗੀ ਆਪਣੀ ਇਕ ਜਣਾਈਆ । ਸਚ ਜੋਤ ਦਾ ਨੂਰੀ ਚਾੜ੍ਹਦੇ ਚੰਦਾ, ਅੰਧ ਅੰਧੇਰਾ ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਦਿ ਜੁਗਾਦਿ ਸਦ ਬਖ਼ਸ਼ਿੰਦਾ, ਬਖ਼ਸ਼ਿਸ਼ ਵਿਚ ਵਸਤ ਅਮੋਲਕ ਨਾਮ ਝੋਲੀ ਦੇਣਾ ਪਾਈਆ ।

## ✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਿਹ ਪਿੰਡ ਮੁਗਲ ਚੱਕ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਪ੍ਰਭ ਕਲਜੁਗ ਕੂੜ ਅੰਧੇਰਾ ਗਿਆ ਛਾ, ਚਾਰ ਕੁੰਟ ਦਹਿ ਦਿਸ਼ਾ ਚਾਰ ਵਰਨ ਅਠਾਰਾਂ ਬਰਨ ਨੂਰੀ ਚੰਦ ਨਾ ਕੋਇ ਚਮਕਾਈਆ । ਗੁਰ ਅਵਤਾਰ ਪੈਗ਼ੰਬਰ ਸਚ ਦਵਾਰੇ ਇਕੱਠੇ ਹੋ ਕੇ ਕਰਨ ਸਲਾਹ, ਦਰਗਾਹ ਸਾਚੀ ਮਿਲ ਮਿਲ ਆਪਣਾ ਮਤਾ ਪਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਭੁੱਲਿਆ ਹਰਿ ਕਾ ਨਾਂ, ਨਾਉਂ ਨਿਰੰਕਾਰ ਪਰਵਰਦਿਗਾਰ ਸਾਂਝਾ ਯਾਰ ਇਸ਼ਟ ਨਾ ਕੋਇ ਮਨਾਈਆ । ਸਚ ਭੂਮਿਕਾ ਸਤਿ ਸਰੂਪ ਰਿਹਾ ਕੋਇ ਨਾ ਥਾਂ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਤੀਰਥ ਅੱਠ ਸੱਠ ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਿਰ ਦੇਵੇ ਕੋਈ ਨਾ ਠੰਡੀ ਛਾਂ, ਪਾਰਬ੍ਰਹਮ ਪਤਿਪਰਮੇਸ਼ਵਰ ਬਿਨ ਤੇਰੀ ਕਿਰਪਾ ਕੂੜੀ ਕਿਰਿਆ ਪੜਦਾ ਕੋਇ ਨਾ ਲਾਹੀਆ । ਮਨ ਵਾਸਨਾ ਸ੍ਰਿਸ਼ਟੀ ਬੁਧੀ ਹੋਈ ਕਾਂ, ਸੋਹੰ ਹੰਸਾ ਮਾਣਕ ਮੋਤੀ ਚੋਗ ਨਾ ਕੋਇ ਚੁਗਾਈਆ । ਦੀਨਾਂ ਮਜ਼੍ਹਬਾਂ ਜਾਤਾਂ ਪਾਤਾਂ ਝਗੜਾ ਪਿਆ ਸੂਰ ਗਾਂ, ਗ਼ਰੀਬ ਨਿਵਾਜ ਤੇਰੀ ਹੱਕ ਨਿਮਾਜ਼ ਸ਼ਬਦ ਅਨਾਦ ਧੁਨ ਕਾਇਆ ਮੰਦਰ ਅੰਦਰ ਸੁਣਨ ਕੋਇ ਨਾ ਪਾਈਆ । ਸਦੀ ਚੌਧਵੀ ਗਹਿਰ ਗੰਭੀਰ ਬੇਨਜ਼ੀਰ ਸਾਚੇ ਭਗਤਾਂ ਸੂਫ਼ੀ ਸੰਤਾਂ ਪਕੜੇ ਕੋਇ ਨਾ ਬਾਂਹ, ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਬਿਨ ਤੇਰੇ ਮਿਹਰ ਨਜ਼ਰ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਧਰਤ ਧਵਲ ਵੇਖ ਆਪਣਾ ਘਰ, ਨਿਰਗੁਣ ਹੋ ਕੇ ਆਪਣਾ ਫੇਰਾ ਪਾਈਆ । ਸਤਿ ਧਰਮ ਕਹੇ ਪ੍ਰਭ ਸਚਖੰਡ ਦਵਾਰੇ ਗੁਰ ਅਵਤਾਰ ਪੈਗ਼ੰਬਰ ਮਿਲ ਕੇ ਕਰਨ ਸਲਾਹ, ਮਸ਼ਵਰਾ ਆਪਣੇ ਨਾਲ ਰਖਾਈਆ । ਨੌ ਖੰਡ ਪ੍ਰਿਥਮੀ ਸਤਿ ਦੀਪ ਬਿਨ ਪੁਰਖ ਅਕਾਲ ਸਾਚਾ ਦਿਸੇ ਨਾ ਕੋਇ ਮਲਾਹ, ਖੇਵਟ ਖੇਟਾ ਬੇੜਾ ਪਾਰ ਨਾ ਕੋਇ ਲੰਘਾਈਆ । ਸਿਫ਼ਤਾਂ ਅੰਦਰ ਢੋਲਿਆਂ ਅੰਦਰ ਰਾਗਾਂ ਨਾਦਾਂ ਅੰਦਰ ਸਾਰੇ ਕਰਦੇ ਵਾਹ ਵਾ, ਸਤਿਗੁਰ ਸ਼ਬਦ ਵਿਚ ਨਾ ਕੋਇ ਸਮਾਈਆ । ਕਲਜੁਗ ਕੂੜੀ ਕਿਰਿਆ ਮਨ ਵਾਸਨਾ ਮਮਤਾ ਵਿਚ ਦੀਨ ਦੁਨੀ ਲਾਇਆ ਦਾਅ, ਚੱਕਰ ਵਿਚ ਫ਼ੱਕਰ ਸਾਰੇ ਦਿਤੇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਆਪਣਾ ਘਰ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਫੇਰਾ ਪਾਈਆ । ਸਤਿ ਧਰਮ ਕਹੇ ਪ੍ਰਭ ਗੁਰ ਅਵਤਾਰ ਪੈਗ਼ੰਬਰ ਰਹੇ ਬੋਲ, ਅਨਬੋਲਤ ਰਾਗ ਸੁਣਾਈਆ । ਕਲਜੁਗ ਕੂੜੀ ਕਿਰਿਆ ਚਾਰ ਕੁੰਟ ਵੱਜਾ ਢੋਲ, ਨਾਮ ਸ਼ਬਦ ਡੰਕਾ ਸਚ ਨਾ ਕੋਇ ਸੁਣਾਈਆ । ਸਚ ਵਸਤ



੯੪੫
੧੯

ਦਿਸੇ ਨਾ ਕੋਲ, ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾਈਆ । ਨਿਰਗੁਣ ਧਾਰ ਸਾਚੇ ਕੰਡੇ ਤੋਲੇ ਕੋਈ ਨਾ ਤੋਲ, ਜਗਤ ਤਰਾਜੂ ਤੱਕੜ ਸਾਧ ਸੰਤ ਕੋਟਨ ਕੋਟ ਹੱਥ ਉਠਾਈਆ । ਆਤਮ ਪਰਮਾਤਮ ਪਰਮਾਤਮ ਆਤਮ ਪਾਰਬ੍ਰਹਮ ਬ੍ਰਹਮ ਜਾਏ ਕੋਇ ਨਾ ਮੌਲ, ਸੁਰਤੀ ਸ਼ਬਦ ਮੇਲਾ ਮੇਲ ਨਾ ਕੋਇ ਕਰਾਈਆ । ਨੇਤਰ ਰੋਵੇ ਧਰਨੀ ਧਰਤ ਧਵਲ ਧੌਲ, ਖੁਲ੍ਹੜੇ ਕੇਸ ਅਗੇ ਦਸ ਦਸਮੇਸ਼ ਵਾਸਤਾ ਦਰੋਹੀ ਕਹਿ ਕੇ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਬਦਲ ਦੇ ਕੂੜੀ ਕਿਰਿਆ ਰੇਖ, ਭੇਖ ਜੂਠ ਝੂਠ ਰਹਿਣ ਕੋਇ ਨਾ ਪਾਈਆ । ਸਤਿ ਧਰਮ ਕਹੇ ਪ੍ਰਭ ਗੁਰ ਅਵਤਾਰ ਪੈਗ਼ੰਬਰ ਸਚਖੰਡ ਦਵਾਰੇ ਬੈਠੇ ਰਹੇ ਤੱਕ, ਲੋਕਮਾਤ ਧਿਆਨ ਲਗਾਈਆ । ਸ੍ਰਿਸ਼ਟ ਸਬਾਈ ਭੁੱਲੀ ਦਰਸ ਪੁਰਖ ਸਮਰਥ, ਨਿਜ ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲ੍ਹਾਈਆ । ਮਨ ਵਾਸਨਾ ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧੇ ਹੋਏ ਵਸ, ਭਾਂਡਾ ਭਰਮ ਭੌ ਨਾ ਕੋਇ ਭੰਨਾਈਆ । ਚਾਰ ਜੁਗ ਦੀ ਪਿਛਲੀ ਕਥਾ ਕਹਾਣੀ ਪੜ੍ਹ ਪੜ੍ਹ ਸਾਰੇ ਰਹੇ ਦੱਸ, ਬੋਧ ਅਗਾਧ ਸ਼ਬਦ ਅਨਾਦ ਧੁਰ ਦਾ ਸ਼ਬਦ ਸਨਮੁਖ ਹੋ ਨਾ ਕੋਇ ਸਮਝਾਈਆ । ਸਾਚੀ ਜੋਤ ਨਿਰਮਲ ਨੂਰ ਕਰੇ ਨਾ ਕੋਇ ਪਰਕਾਸ਼, ਦੀਵਾ ਬਾਤੀ ਕਮਲਾਪਾਤੀ ਤੇਰਾ ਨੂਰ ਜਹੂਰ ਕਰੇ ਨਾ ਕੋਇ ਰੁਸ਼ਨਾਈਆ । ਚਾਰ ਵਰਨ ਅਠਾਰਾਂ ਬਰਨ ਸਭ ਦੇ ਅੰਦਰ ਹੋਈ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਵੇ ਕੋਈ ਨਾ ਗਾਥ, ਸੋਹਲੇ ਢੋਲੇ ਪੜ੍ਹ ਕੇ ਸਾਰੇ ਸ਼ੁਕਰ ਮਨਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਪ੍ਰਗਟ ਹੋ ਸਰਬ ਗੁਣਤਾਸ, ਦੀਨਾਂ ਅਨਾਥਾਂ ਦੇ ਸਾਥ, ਸਗਲਾ ਆਪਣਾ ਸੰਗ ਬਣਾਈਆ । ਖੇਲ ਵੇਖ ਪ੍ਰਿਥਮੀ ਆਕਾਸ਼, ਮੰਡਲ ਮੰਡਪ ਝੂਠੀ ਪੈਂਦੀ ਰਾਸ, ਗੋਪੀ ਕਾਹਨ ਪੂਰੀ ਕਰੇ ਕੋਇ ਨਾ ਆਸ, ਤ੍ਰਿਸ਼ਨਾ ਜਗਤ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਧੁਰ ਦਾ ਵਰ, ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਸ਼ਬਦ ਅਨਾਦ ਬਣ ਵਿਚੋਲਾ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਦੇ ਸਮਝਾਈਆ । ਸਤਿ ਧਰਮ ਕਹੇ ਪ੍ਰਭ ਗੁਰ ਅਵਤਾਰ ਵੇਖਣ ਉਠ ਕੇ ਪੀਰ, ਪਰਾ ਪਸੰਤੀ ਮਧਮ ਬੈਖਰੀ ਚਾਰੇ ਬਾਣੀ ਪਰੇ ਨਿਗਾਹ ਲਗਾਈਆ । ਬਿਨ ਤੇਰੇ ਚਾਰ ਵਰਨ ਅਠਾਰਾਂ ਬਰਨ ਦੇਵੇ ਕੋਇ ਨਾ ਧੀਰ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਹਲਕਾਈਆ । ਸਾਚਾ ਬਸਤਰ ਨਾਮ ਨਿਧਾਨ ਲੱਭੇ ਕਿਸੇ ਨਾ ਚੀਰ, ਪਾਟੇ ਚੀਥੜ ਤਨ ਮਾਟੀ ਖ਼ਾਕ ਰਹੇ ਲਾਈਆ । ਸ਼ਬਦ ਨਿਰਾਲਾ ਅਣਿਆਲਾ ਮਾਰੇ ਕੋਇ ਨਾ ਤੀਰ, ਤੁਰੀਆ ਪਦ ਤੋਂ ਪਰੇ ਬਜਰ ਕਪਾਟੀ ਚੀਰ ਸਾਚਾ ਦਰਸ ਕੋਇ ਨਾ ਪਾਈਆ । ਸ਼ਰਅ ਕੱਟੇ ਨਾ ਕੋਇ ਜ਼ੰਜੀਰ, ਅੰਦਰੋਂ ਸ਼ਰਕਤ ਲਾਸ਼ਰੀਕ ਬਾਹਰ ਨਾ ਕੋਇ ਕਢਾਈਆ । ਝਗੜਾ ਪਿਆ ਗ਼ਰੀਬ ਅਮੀਰ, ਸਾਚਾ ਅੰਮ੍ਰਿਤ ਮਿਲੇ ਕਿਸੇ ਨਾ ਸੀਰ, ਸਾਂਤਕ ਸਤਿ ਨਾ ਕੋਇ ਕਰਾਈਆ । ਪੁਰਖ ਅਕਾਲ ਦੀਨ ਦਿਆਲ ਤੇਰੇ ਹੱਥ ਆਦਿ ਜੁਗਾਦਿ ਜੁਗ ਚੌਕੜੀ ਸਚੀ ਤਦਬੀਰ, ਸਚ ਤਰੀਕਾ ਨੀਕਨ ਨੀਕਾ ਏਕਾ ਦੇ ਸਮਝਾਈਆ । ਕਲਜੁਗ ਅੰਤ ਕਰ ਅਖ਼ੀਰ, ਵਡ ਦਾਤੇ ਗਹਿਰ ਗੰਭੀਰ, ਬੇਨਜ਼ੀਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦੇਣਾ ਵਰਤਾਈਆ । ਸਤਿ ਧਰਮ ਕਹੇ ਪ੍ਰਭ ਗੁਰ ਅਵਤਾਰ ਪੈਗ਼ੰਬਰ ਇਕੱਠੇ ਹੋ ਮੁਕਾਮੇ ਹੱਕ, ਹੱਕ ਹਕੀਕ਼ਤ ਧਿਆਨ ਲਗਾਈਆ । ਸਤਿਜੁਗ ਤਰੇਤਾ ਦਵਾਪਰ ਕਲਜੁਗ ਹੁਕਮ ਸੰਦੇਸੇ ਦੇ ਦੇ ਆਏ ਥੱਕ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਖਾਣੀ ਬਾਣੀ ਬੋਧ ਅਗਾਧ ਸ਼ਬਦ ਗੀਤ ਜਣਾਈਆ । ਦੀਨ ਦੁਨੀ ਅੰਦਰ ਲੱਭੇ ਕੋਈ ਨਾ ਸਚ, ਸਤਿ

ਵਿਚ ਜੀਵ ਜੰਤ ਨਾ ਕੋਇ ਸਮਾਈਆ । ਸ਼ਬਦੀ ਨਾਤਾ ਸਾਰੇ ਗਏ ਛੱਡ, ਸਿਫ਼ਤੀ ਢੋਲੇ ਬਾਹਰੋਂ ਰਹੇ ਗਾਈਆ । ਆਤਮ ਪਰਮਾਤਮ ਨਾਲੋਂ ਹੋਈ ਅੱਡ, ਮਨ ਵਾਸਨਾ ਘੇਰਾ ਲਿਆ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਘਟ ਨਿਵਾਮੀ ਪੁਰਖ ਅਬਿਨਾਸ਼ੀ ਤੇਰੀ ਆਸ ਤਕਾਈਆ । ਸਤਿ ਧਰਮ ਕਹੇ ਪ੍ਰਭ ਗੁਰ ਅਵਤਾਰ ਪੈਗ਼ੰਬਰ ਤੇਰੇ ਦਰ ਮੌਜੂਦ, ਸਚਖੰਡ ਸਾਚੇ ਸੋਭਾ ਪਾਈਆ । ਕਿਸੇ ਦੱਸਿਆ ਹਜਾਰਾ ਦਰੂਦ, ਕੋਈ ਕਲਮੇ ਗਿਆ ਪੜ੍ਹਾਈਆ । ਤੇਰੇ ਨਾਮ ਦਾ ਦੇ ਕੇ ਸਬੂਤ, ਸੋਹਲਾ ਰਾਗਾਂ ਨਾਦਾਂ ਵਿਚ ਗਾਈਆ । ਡੰਕਾ ਵਜਾ ਕੇ ਤੇਰੀ ਕੂਟ, ਦਿਸ਼ਾ ਆਪਣੀ ਰਹੇ ਵਖਾਈਆ । ਅੰਤਮ ਸਾਰੇ ਕਰ ਕੇ ਗਏ ਕੂਚ, ਪੰਜ ਤਤ ਨਾਤਾ ਜਗਤ ਤੁੜਾਈਆ । ਉਚੀ ਪੁਕਾਰ ਗਏ ਕੂਕ, ਬਿਨ ਪੁਰਖ ਅਕਾਲ ਆਦਿ ਅੰਤ ਨਾ ਕੋਇ ਸਹਾਈਆ । ਜਿਸ ਦਾ ਸ਼ਬਦ ਅਗੰਮੀ ਦੂਤ, ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਆਕਾਸ਼, ਪਾਤਾਲਾਂ ਗਗਨ ਗਗਨੰਤਰਾਂ ਆਪਣਾ ਹੁਕਮ ਸੁਣਾਈਆ । ਸਦਾ ਵਸੇ ਅਰਸ਼ ਫ਼ਰਸ਼ ਉਤੇ ਅਰੂਜ, ਸਚ ਦਵਾਰੇ ਨਿਰਗੁਣ ਧਾਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਸ੍ਰੀ ਭਗਵੰਤ ਸਚ ਦਵਾਰ ਏਕੰਕਾਰ ਇਕੋ ਦੇਣਾ ਖੁਲ੍ਹਾਈਆ । ਸਤਿ ਧਰਮ ਕਹੇ ਪ੍ਰਭ ਸਾਚਾ ਮਾਰਗ ਦੇ ਅਨੋਖਾ, ਗੁਰ ਅਵਤਾਰ ਪੀਰ ਪੈਗ਼ੰਬਰ ਮੰਗ ਮੰਗਾਈਆ । ਜਿਸ ਵਿਚ ਦੀਨ ਮਜ਼੍ਹਬ ਜਾਤ ਪਾਤ ਦਾ ਹੋਏ ਕੋਈ ਨਾ ਧੋਖਾ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਮਨ ਵਾਸਨਾ ਬੁਧੀ ਵਿਚ ਕਰੇ ਕੋਇ ਨਾ ਸੋਚਾ, ਗਹਿਰ ਗੰਭੀਰ ਆਪਣਾ ਪੜਦਾ ਦੇਣਾ ਲਾਹੀਆ । ਨਿਜ ਨੇਤਰ ਲੋਚਨ ਨੈਣ ਖੋਲ੍ਹ ਪੂਰੀ ਕਰ ਲੋਚਾ, ਆਸਾ ਮਨਸਾ ਮਨਸਾ ਵਿਚ ਸਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤੇਰਾ ਦਰਸ ਕਰਨਾ ਹੋਇਆ ਔਖਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਭਾਗ ਲਗਾ ਸਾਢੇ ਤਿੰਨ ਹੱਥ ਹਰਿ ਮੰਦਰ ਕਾਇਆ ਕੋਠਾ, ਘਰ ਵਿਚ ਘਰ ਪੜਦਾ ਦੇ ਉਠਾਈਆ । ਤੇਰਾ ਪ੍ਰਕਾਸ਼ ਹੋਵੇ ਨਿਰਮਲ ਧਾਰ ਜੋਤੀ ਜੋਤਾ, ਜਾਗਰਤ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਅੰਮ੍ਰਿਤ ਬਖ਼ਸ਼ ਠੰਡੀ ਠਾਰ, ਰਸ ਨਿਝਰ ਝਿਰਨਾ ਦੇਣਾ ਝਿਰਾਈਆ । ਸਤਿ ਧਰਮ ਕਹੇ ਪ੍ਰਭ ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਮੰਗ, ਖ਼ਾਲੀ ਝੋਲੀਆਂ ਅਗੇ ਰਹੇ ਡਾਹੀਆ । ਕਿਰਪਾ ਕਰ ਸੂਰੇ ਸਰਬੰਗ, ਸਦੀ ਚੌਧਵੀਂ ਦਏ ਦੁਹਾਈਆ । ਤੇਰੇ ਨਾਮ ਦਾ ਚਾਰ ਵਰਨ ਵੱਜੇ ਇਕ ਮਰਦੰਗ, ਮਦਦ ਅਵਰ ਨਾ ਕੋਇ ਰਖਾਈਆ । ਕੂੜੀ ਕਿਰਿਆ ਜਗਤ ਵਿਚੋਂ ਕੱਢ ਭੁੱਖ ਨੰਗ, ਸਮੇਂ ਦੀ ਧਾਰ ਸਮਾਂ ਦੇਣਾ ਬਦਲਾਈਆ । ਸਤਿ ਪ੍ਰੇਮ ਦਾ ਦੇ ਇਕ ਅਨੰਦ, ਅਨੰਦਪੁਰ ਵਾਸੀ ਜੋਤ ਪ੍ਰਕਾਸ਼ੀ, ਪ੍ਰਕਾਸ਼ਵਾਨ ਕਰ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਰਪਾ ਕਰ, ਖ਼ੁਸ਼ੀ ਕਰ ਬੰਦ ਬੰਦ, ਬੰਦਨਾ ਇਕੋ ਦੇ ਦ੍ਰਿੜਾਈਆ । ਸਤਿ ਧਰਮ ਕਹੇ ਪ੍ਰਭ ਗੁਰ ਅਵਤਾਰ ਪੈਗ਼ੰਬਰ ਵਖਾਵਣ ਆਪਣਾ ਭਵਿਖਤ, ਚਾਰ ਜੁਗ ਦਾ ਲੇਖਾ ਪਿਛਲਾ ਨਾਲ ਮਿਲਾਈਆ । ਜਿਸ ਵਿਚ ਲਿਖਿਆ ਸਭ ਨੂੰ ਮੰਨਣਾ ਪਏ ਇਕੋ ਇਸ਼ਟ, ਪੁਰਖ ਅਕਾਲ ਪਰਵਰਦਗਾਰ ਧੁਰਦਰਗਾਹੀਆ । ਜਿਸ ਦੇ ਕੋਲ ਆਦਿ ਅੰਤ ਜੁਗਾ ਜੁਗੰਤ ਸੰਤ ਭਗਤ ਗੁਰਮੁਖ ਗੁਰਸਿਖ ਸੂਫ਼ੀਆਂ ਦੀ ਲਿਸਟ, ਬਿਨ ਹਰਫ਼ ਹਰੂਫ਼ਾਂ ਦਿਤੀ ਲਿਖਾਈਆ । ਉਨ੍ਹਾਂ ਨਿਤ ਨਵਿਤ ਕਰ ਕੇ ਹਿਤ ਅਬਿਨਾਸ਼ੀ ਅਚੁਤ ਅੰਤਰ ਆਤਮ ਪਰਮਾਤਮ ਖੋਲੇ ਦ੍ਰਿਸ਼ਟ, ਦੀਨ ਦਿਆਲ ਆਪਣੀ ਦਇਆ ਕਮਾਈਆ । ਮਨ ਵਾਸਨਾ ਕੂੜੀ ਕਿਰਿਆ ਮੋਹ ਵਿਕਾਰ ਉਹਨਾਂ ਕਰ ਨਾ ਸਕੇ ਭ੍ਰਿਸ਼ਟ,

੯੪੭
੧੯

ਭਾਂਡਾ ਭਰਮ ਨਿਹਕਰਮੀ ਹੋ ਕੇ ਆਪ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦੇਵਣਹਾਰ ਵਡਿਆਈਆ । ਸਤਿ ਧਰਮ ਕਹੇ ਪ੍ਰਭ, ਗੁਰ ਅਵਤਾਰ ਪੈਗ਼ੰਬਰ ਵਖਾਵਣ ਆਪਣਾ ਲੇਖ, ਜਿਸ ਦਾ ਲੇਖਾ ਸਮਝ ਕੋਇ ਨਾ ਪਾਈਆ । ਕਿਸ ਕਾਰਨ ਪੁਰਖ ਅਕਾਲ ਕਲਜੁਗ ਧਰੇ ਭੇਖ, ਨਿਰਗੁਣ ਨਿਰਵੈਰ ਵੇਸ ਵਟਾਈਆ । ਜਿਸ ਦੀ ਆਸਾ ਰਖੀ ਗੋਬਿੰਦ ਦਸ ਦਸਮੇਸ਼, ਸ਼ਬਦੀ ਸ਼ਬਦ ਜਣਾਈਆ । ਸੋ ਆਦਿ ਜੁਗਾਦਿ ਰਹੇ ਸਦਾ ਹਮੇਸ਼, ਜਨਮ ਮਰਨ ਵਿਚ ਕਦੇ ਨਾ ਆਈਆ । ਕਲਜੁਗ ਅੰਤ ਜੋਤੀ ਜਾਤਾ ਪੁਰਖ ਬਿਧਾਤਾ ਕੋਇ ਨਾ ਲਏ ਪੇਖ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਿਸ ਦੀ ਨਜ਼ਰ ਨਾ ਆਏ ਕਿਸੇ ਰੂਪ ਰੰਗ ਰੇਖ, ਜਿਸ ਨੂੰ ਲੱਭਦੇ ਗਏ ਕੇਤੀ ਕੇਤ, ਕੋਟਨ ਕੋਟ ਧਿਆਨ ਲਗਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ, ਜਨ ਭਗਤਾਂ ਅੰਤਰ ਪਾਰਬ੍ਰਹਮ ਬ੍ਰਹਮ ਮਿਲ ਕੇ ਖੇਲੇ ਖੇਡ, ਜਗਤ ਖਿਲਾਰੀ ਆਪਣੀ ਧਾਰ ਪ੍ਰਗਟਾਈਆ । ਸ਼ਬਦ ਸੰਦੇਸਾ ਨਰ ਨਰੇਸ਼ਾ ਏਕੰਕਾਰ ਨਿਰਾਕਾਰ ਨਿਰੰਕਾਰ ਆਪਣਾ ਦੇਵੇ ਭੇਜ, ਭਜਨ ਬੰਦਗੀ ਬਿਨਾ ਮੁਸ਼ੰਦਗੀ ਇਕੋ ਦਏ ਸਮਝਾਈਆ । ਜੋਤੀ ਜਲਵਾ ਕਰ ਕੇ ਤੇਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਦੇਵੇ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਵਸਣਹਾਰਾ ਸਚਖੰਡ ਦਵਾਰੇ ਸਾਚੇ ਦੇਸ, ਦਿਸ਼ਾ ਦੀਨ ਦੁਨੀ ਆਪਣੇ, ਵਿਚੋ ਆਪ ਪ੍ਰਗਟਾਈਆ ।



### ✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਕੇਸ਼ੋ ਰਾਮ ਦੇ ਗ੍ਰਿਹ ਪਿੰਡ ਸਰਹਾਲੀ ਜੰਡੋ ਕੇ ਜ਼ਿਲਾ ਅੰਮ੍ਰਿਤਸਰ ✪

੯੪੮
੧੯

ਸਤਿ ਧਰਮ ਕਹੇ ਪ੍ਰਭ, ਅਗਲੀ ਧਾਰ ਦੇ ਸਮਝਾਈਆ । ਕਿਉਂ ਸ੍ਰਿਸ਼ਟੀ ਪਾਪਾਂ ਥੱਲੇ ਦਿਤੀ ਦੱਬ, ਜਗਤ ਵਿਕਾਰ ਵਿਚ ਫਸਾਈਆ । ਕੋਈ ਪਾਰ ਨਾ ਕਰੇ ਸੰਸਾਰੀ ਹੱਦ, ਪੈਂਡਾ ਕੂੜ ਨਾ ਕੋਇ ਮੁਕਾਈਆ । ਤੇਰੇ ਨਾਲੋਂ ਹੋ ਕੇ ਅੱਡ, ਵਿਸ਼ਿਆਂ ਵਿਚ ਵਿਸ਼ਵ ਹਲਕਾਈਆ । ਸਤਿ ਧਰਮ ਨਿਸ਼ਾਨਾ ਲੋਕਮਾਤ ਗੱਡ, ਦੋ ਜਹਾਨਾਂ ਦੇ ਵਖਾਈਆ । ਤੇਰਾ ਕੋਈ ਨਾ ਭੁੱਲੇ ਨਾਉਂ ਵਿਚ ਜਗ, ਥਾਉਂ ਥਾਈਂ ਤੇਰਾ ਧਿਆਨ ਲਗਾਈਆ । ਸੰਤ ਸੁਹੇਲੇ ਸੱਜਣ ਸਚ ਦਵਾਰੇ ਸਦ, ਸਧਨੇ ਨਾਲੋਂ ਅਦਨੇ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਵੇਖ ਵਖਾਈਆ । ਸਤਿ ਧਰਮ ਕਹੇ ਪ੍ਰਭ ਕਿਉਂ ਕਲਜੁਗ ਪਾਇਆ ਭਰਮ, ਭੁਲੇਖੇ ਵਿਚ ਲੋਕਾਈਆ । ਕੋਈ ਕ਼ੀਮਤ ਨਾ ਪਾਏ ਮਾਨਸ ਜਨਮ, ਜਰਮ ਐਵੇਂ ਰਹੇ ਗਵਾਈਆ । ਚਲ ਆਏ ਨਾ ਤੇਰੀ ਸਰਨ, ਓਟ ਇਕ ਨਾ ਕੋਇ ਵਖਾਈਆ । ਤੂੰ ਆਦਿ ਜੁਗਾਦੀ ਹਾਰ ਭੰਨਣ ਘੜਨ, ਸਮਰਥ ਪੁਰਖ ਇਕ ਅਖਵਾਈਆ । ਤੇਰੇ ਮੰਦਰ ਮੂਲ ਨਾ ਵੜਨ, ਸਚਖੰਡ ਦਵਾਰੇ ਦਰਸ ਕੋਇ ਨਾ ਪਾਈਆ । ਤੇਰਾ ਨਾਮ ਅਗੰਮੀ ਕਲਮਾ ਕੋਇ ਨਾ ਪੜ੍ਹਨ, ਜਗਤ ਸੋਹਲੇ ਰਹੇ ਗਾਈਆ । ਕੋਈ ਨਾ ਪਰਸੇ ਤੇਰੇ ਚਰਨ, ਜਗ ਤੀਰਥਾਂ ਨਹਾ ਨਹਾ ਖ਼ੁਸ਼ੀ ਮਨਾਈਆ । ਤੇਰੇ ਕੋਲੋਂ ਮੂਲ ਨਾ ਡਰਨ, ਭੈ ਸ਼ਸਤਰਾਂ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਚ ਦੇ ਪ੍ਰਗਟਾਈਆ । ਸਤਿ ਧਰਮ ਕਹੇ ਪ੍ਰਭ ਅੰਤ ਆਪਣੀ ਕਰ ਦਇਆ, ਦਿਆਲ ਕਲਕੀ ਰੂਪ ਵਟਾਈਆ । ਸਾਚਾ ਨਾਮ ਚਾਰ ਵਰਨ ਜਣਾ ਨਈਆ, ਨੌਕਾ ਇਕ ਵਖਾਈਆ । ਗੁਰਮੁਖ ਸਖ਼ੀਆਂ ਬਣ ਘਨਈਆ, ਸ਼ਾਮ ਹੋ ਕੇ ਸੋਭਾ ਪਾਈਆ । ਮੇਲਾ ਮੇਲ ਧੁਰ ਦਾ ਬਣ ਰਮਈਆ, ਸੀਤਾ ਸੁਰਤੀ ਆਪ ਪਰਨਾਈਆ । ਦੋ

ਜਹਾਨਾਂ ਬਣ ਸੱਜਣ ਸਈਆ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਲੇਖਾ ਦੇਣਾ ਮੁਕਾਈਆ । ਸਤਿ ਧਰਮ ਕਹੇ ਪ੍ਰਭ ਕਲਜੁਗ ਅੰਤਮ ਦੇ ਦੇ ਢੋਈ, ਢੋਰ ਢੋਣ ਵਾਲਾ ਨਾਲ ਮਿਲਾਈਆ । ਤੇਰਾ ਲੇਖਾ ਬਿਨ ਰਵਿਦਾਸ ਲਿਖੇ ਨਾ ਕੋਈ, ਬਿਨ ਕ਼ਲਮ ਸ਼ਾਹੀ ਕਟਾਕਸ਼ ਨਾ ਕੋਇ ਲਗਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਅਰਜ਼ੋਈ, ਅਰਜ਼ਾਂ ਵਿਚ ਸੀਸ ਨਿਵਾਈਆ । ਸੋਈ ਸੁਰਤ ਉਠੇ ਨਵੀਂ ਨਰੋਈ, ਨਰ ਨਰਾਇਣ ਦੇ ਅੰਗੜਾਈਆ । ਤੇਰੇ ਨਾਮ ਦੀ ਚਾਰ ਕੁੰਟ ਹੋਏ ਦਰੋਹੀ, ਤੋਬਾ ਤੋਬਾ ਕਰੇ ਖ਼ਲਕ ਖ਼ੁਦਾਈਆ । ਦੂਜਾ ਰਹੇ ਨਾ ਕੋਈ ਵਿਦਰੋਹੀ, ਇਕੋ ਰੰਗ ਦੇਣਾ ਰੰਗਾਈਆ । ਸਭ ਦੀ ਆਤਮ ਜਾਏ ਮੋਹੀ, ਮੁਹੱਬਤ ਵਿਚ ਪਿਆਰ ਲੈਣਾ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅੰਤਮ ਵੇਖ ਵਖਾਈਆ । ਸਤਿ ਧਰਮ ਕਹੇ ਪ੍ਰਭ, ਖੇਲ ਦੱਸ ਵਡ ਇਮਾਮ, ਨਿਰਗੁਣ ਦਾਤੇ ਦਇਆ ਕਮਾਈਆ । ਚੌਥੇ ਜੁਗ ਪੂਰਨ ਕਰ ਕਾਮ, ਜੁਗਤੀ ਆਪਣੀ ਆਪ ਪਰਗਟਾਈਆ । ਸਭ ਦਾ ਸਜਦਾ ਕ਼ਬੂਲ ਕਰ ਸਲਾਮ, ਕਲਾਮ ਆਪਣੀ ਦੇ ਦ੍ਰਿੜਾਈਆ । ਜੋਧਾ ਸੂਰਬੀਰ ਬਣ ਬਲਵਾਨ, ਨੌਜਵਾਨ ਹੋ ਕੇ ਹੁਕਮ ਵਰਤਾਈਆ । ਲੱਖ ਚੁਰਾਸੀ ਸਖ਼ੀਆਂ ਆਤਮ ਪਰਮਾਤਮ ਬਣ ਕਾਹਨ, ਗੋਪ ਗੋਪਾਲਾ ਆਪਣਾ ਆਪ ਪਰਗਟਾਈਆ । ਨਾਮ ਭੰਡਾਰਾ ਅਮੋਲਕ ਦੇ ਦਾਨ, ਦਇਆਵਾਨ ਦੋ ਜਹਾਨ ਵਰਤਾਈਆ । ਜਨ ਭਗਤਾਂ ਮਲੇਛਾਂ ਵਿਚੋਂ ਕਰ ਆਸਾਨ, ਦਰਵੇਸ਼ਾਂ ਆਪਣੇ ਦਰ ਬਹਾਈਆ । ਨਜ਼ਰੇ ਕਰਮ ਕਰ ਕਲਿਆਣ, ਫ਼ਜ਼ਲ ਰਹਿਮਤ ਆਪ ਕਮਾਈਆ । ਘਰ ਸੱਜਣ ਮੇਲ ਬਣ ਕੇ ਧੁਰ ਦਾ ਰਾਮ, ਰਮਈਆ ਹੋ ਕੇ ਸੋਭਾ ਪਾਈਆ । ਹਜ਼ਰਤ ਹੋ ਕੇ ਦੇ ਪੈਗ਼ਾਮ, ਪੈਗ਼ੰਬਰ ਹੋ ਕੇ ਕਰ ਪੜ੍ਹਾਈਆ । ਸਤਿਗੁਰ ਹੋ ਕੇ ਧੁਰ ਦਾ ਮੰਤਰ ਦੱਸ ਸਤਿਨਾਮ, ਗੁਣ ਨਿਧਾਨ ਆਪ ਸਮਝਾਈਆ । ਕਲਜੁਗ ਮਿਟੇ ਰੈਣ ਅੰਧੇਰੀ ਸ਼ਾਮ, ਸ਼ਾਮ ਹੋ ਕੇ ਸ਼ਮਅ ਸਾਚੀ ਦੇ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਚਾ ਦੇ ਜਾਮ, ਰਸ ਇਕੋ ਇਕ ਵਖਾਈਆ ।

### ✪ ੧੦ ਸਾਵਣ ਸ਼ਹਿਸ਼ਾਹੀ ਸੰਮਤ ੨ ਉਤਮ ਸਿੰਘ ਦੇ ਗ੍ਰਿਹ ਪਿੰਡ ਸ਼ਹਾਬਪੁਰ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਪ੍ਰਭ, ਸਤਿਜੁਗ ਰਖਦੇ ਨੀਂਹ, ਨਿਆਂ ਨਿਰੰਕਾਰ ਆਪ ਕਰਾਈਆ । ਸੰਤ ਸੁਹੇਲੇ ਬਣਾ ਪੁੱਤਰ ਧੀ, ਪਿਤਾ ਪੂਤ ਪਤਿਪਰਮੇਸ਼ਵਰ ਆਪ ਅਖਵਾਈਆ । ਸ਼ਬਦੀ ਧਾਰ ਨਿਰਮਲ ਕਰ ਸਭ ਦਾ ਜੀਅ, ਜੀਵਣ ਜੁਗਤ ਇਕ ਸਮਝਾਈਆ । ਅੰਮ੍ਰਿਤ ਬਰਸ ਅਗੰਮਾ ਮੀਂਹ, ਤ੍ਰਿਸ਼ਨਾ ਤ੍ਰਿਖਾ ਦੇ ਗਵਾਈਆ । ਲੇਖਾ ਮੁਕੇ ਸਾਢੇ ਤਿੰਨ ਹੱਥ ਕਾਇਆ ਸੀਂ, ਸਚਖੰਡ ਦਵਾਰਾ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਸਤਿ ਆਪ ਉਪਜਾਈਆ । ਸਤਿ ਧਰਮ ਕਹੇ ਪ੍ਰਭ ਸਤਿਜੁਗ ਉਪਜਾ ਸਚ ਗੁਰਮੁਖ, ਜੋ ਮੁਖ ਰਸਨਾ ਤੇਰਾ ਨਾਮ ਧਿਆਈਆ । ਤੇਰੇ ਪ੍ਰੇਮ ਪਿਆਰ ਅੰਦਰ ਮਾਨਣ ਸੁਖ, ਜਗਤ ਵਿਕਾਰਾਂ ਵਿਚ ਨਾ ਕੋਇ ਫਸਾਈਆ । ਆਤਮ ਪਰਮਾਤਮ ਸਾਚੀ ਪੜ੍ਹਨ ਤੁਕ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਮਮਤਾ ਤ੍ਰਿਸ਼ਨਾ ਮੇਟ ਭੁੱਖ, ਅਗਨੀ ਅੱਗ ਨਾ ਕੋਇ ਜਲਾਈਆ । ਲੱਖ ਚੁਰਾਸੀ ਵਿਚੋਂ ਗੋਦੀ ਚੁਕ, ਬਾਹੋਂ ਪਕੜ ਆਪ

ਉਠਾਈਆ । ਉਨ੍ਹਾਂ ਆਵਣ ਜਾਵਣ ਚੁਰਾਸੀ ਗੇੜਾ ਜਾਏ ਮੁਕ, ਰਾਏ ਧਰਮ ਨਾ ਦਏ ਸਜ਼ਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਸ਼ਾਹ ਸੁਲਤਾਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਭਿਖਿਆ ਦੇਣੀ ਝੋਲੀ ਪਾਈਆ । ਸਤਿ ਧਰਮ ਕਹੇ ਪ੍ਰਭ, ਸਤਿਜੁਗ ਵਕਤ ਕਰ ਸੁਹੰਜਣਾ, ਸੋਭਾਵੰਤ ਸੁਹਾਈਆ । ਦੀਨਾਂ ਦੁੱਖ ਵੰਡ ਬਣ ਕੇ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਵਿਚੋਂ ਪਾਰ ਕਰਾਈਆ । ਨੇਤਰ ਨਾਮ ਨਿਧਾਨ ਦੇ ਅਗੰਮੀ ਅੰਜਣਾ, ਆਂਚ ਕਲਜੁਗ ਨਾ ਕੋਇ ਸਤਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਚ ਦਵਾਰੇ ਬਣ ਸਜਣਾ, ਸੈਣ ਹੋ ਕੇ ਨਿਜ ਨੈਣ ਦੇਣਾ ਖੁਲ੍ਹਾਈਆ । ਤੇਰਾ ਨਾਮ ਮਰਦੰਗਾ ਸ਼ਬਦੀ ਤਾਲ ਭਗਤਾਂ ਅੰਤਰ ਵੱਜਣਾ, ਗ੍ਰਹਿ ਗ੍ਰਹਿ ਮੰਦਰ ਅੰਦਰ ਦੇਣਾ ਸੁਣਾਈਆ । ਜਨ ਭਗਤ ਸੁਹੇਲਾ ਕੋਈ ਰਹੇ ਨਾ ਸਖਣਾ, ਸਚ ਭੰਡਾਰਾ ਏਕੰਕਾਰਾ ਦੇਣਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਅਗਨੀ ਅੱਗ ਦੇਣੀ ਬੁਝਾਈਆ । ਸਤਿ ਧਰਮ ਕਹੇ ਪ੍ਰਭ ਸਤਿਜੁਗ ਦੇ ਸਚ ਨਿਸ਼ਾਨੀ, ਨਿਸ਼ਾਨਾ ਆਪਣਾ ਨਾਮ ਜਣਾਈਆ । ਮੁਹੱਬਤ ਵਿਚ ਕਰ ਮਿਹਰਵਾਨੀ, ਮਿਹਰਵਾਨ ਹੋ ਸਹਾਈਆ । ਤੂੰ ਆਦਿ ਜੁਗਾਦੀ ਧੁਰ ਦਾ ਦਾਨੀ, ਦਾਤਾਰ ਹੋ ਕੇ ਦਾਤ ਦੇ ਵਰਤਾਈਆ । ਤੇਰੇ ਬਿਨਾ ਤੇਰੀ ਮੰਜ਼ਲ ਚੜ੍ਹਨੀ ਨਾ ਹੋਏ ਅਸਾਨੀ, ਅਸਲ ਵਸਲ ਯਾਰ ਦੇਣਾ ਵਖਾਈਆ । ਕਿਸੇ ਦੇਣੀ ਪਏ ਨਾ ਕੁਰਬਾਨੀ, ਸੀਸ ਧੜ ਵੰਡ ਨਾ ਕੋਇ ਵੰਡਾਈਆ । ਧੁਰ ਦਾ ਬਖ਼ਸ਼ ਪਦ ਨਿਰਬਾਣੀ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਦੀਪਕ ਜੋਤ ਜਗੇ ਨੁਰਾਨੀ, ਨੂਰੋ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਰੇਖਾ ਵਿਚੋਂ ਰੇਖਾ ਦੇਣੀ ਬਦਲਾਈਆ । ਸਤਿ ਧਰਮ ਕਹੇ ਪ੍ਰਭ ਸਚ ਪ੍ਰੀਤੀ ਦੇ ਸਹਾਰਾ, ਸਤਿਜੁਗ ਸਾਚਾ ਰਾਹ ਚਲਾਈਆ । ਕਲਜੁਗ ਕੂੜੀ ਕਿਰਿਆ ਕਰ ਪਾਰ ਕਿਨਾਰਾ, ਲੋਕਮਾਤ ਰਹਿਣ ਕੋਇ ਨਾ ਪਾਈਆ । ਜੀਵ ਜੰਤ ਜਿਸ ਨੇ ਕੀਤਾ ਦੁਖਿਆਰਾ, ਦੁਖੀਆਂ ਭੁਖਿਆਂ ਭੁੱਖ ਨਾ ਕੋਇ ਮਿਟਾਈਆ । ਚਾਰ ਕੁੰਟ ਚਾਰ ਵਰਨਾਂ ਹਾਹਾਕਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਸਾਚਾ ਮਿਲੇ ਨਾ ਕਿਸੇ ਮੀਤ ਮੁਰਾਰਾ, ਪਾਰਬ੍ਰਹਮ ਤੇਰਾ ਦਰਸ ਕੋਇ ਨਾ ਪਾਈਆ । ਸ੍ਰਿਸ਼ਟ ਸਬਾਈ ਹੋਇਆ ਧੁੰਧੂਕਾਰਾ, ਧੂੰਆਧਾਰ ਦਿਸੇ ਜਗਤ ਲੋਕਾਈਆ । ਸਾਚਾ ਨੂਰ ਜਹੂਰ ਕਰ ਉਜਿਆਰਾ, ਜੋਤੀ ਜੋਤ ਡਗਮਗਾਈਆ । ਧੁਰ ਦਾ ਖੇਲ ਦੱਸ ਕਲਕੀ ਅਵਤਾਰਾ, ਕਲਮਾ ਕਾਇਨਾਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਚਾਰ ਵਰਨ ਅਠਾਰਾਂ ਬਰਨ ਇਕੋ ਦਿਸੇ ਸਚ ਦਰਬਾਰਾ, ਜਿਸ ਦਰਬਾਰੇ ਬਹਿ ਕੇ ਦੋ ਜਹਾਨਾਂ ਹੁਕਮ ਚਲਾਈਆ ।



੯੫੦
੧੯

### ✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਬਿਧਾਵਾ ਸਿੰਘ ਦੇ ਗ੍ਰਹਿ ਪਿੰਡ ਸ਼ਹਾਬਪੁਰ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਘਾਲ ਲੇਖੇ ਲਾ ਸੇਵਾ, ਸਵਾਮੀ ਸਾਹਿਬ ਆਪਣੀ ਦਇਆ ਕਮਾਈਆ । ਅੰਮ੍ਰਿਤ ਰਸ ਅਗੰਮੀ ਦੇ ਮੇਵਾ, ਬਦਲਾ ਨਾਮ ਵਾਲਾ ਚੁਕਾਈਆ । ਕੌਸਤਕ ਮਨੀ ਮਸਤਕ ਲਾ ਥੇਵਾ, ਥਿਰ ਘਰ ਸਾਚਾ ਦੇ ਵਖਾਈਆ । ਮਹੱਲ ਅਟਲ ਸੁਹਾ ਨਿਹਚਲ ਧਾਮ

ਨਿਹਕੇਵਾ, ਨਿਰਗੁਣ ਨਿਰਵੈਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਭਗਤੀ ਸੇਵਾ ਕਰ ਪ੍ਰਵਾਨ, ਪਰਮ ਪੁਰਖ ਆਪਣੀ ਦਇਆ ਕਮਾਈਆ । ਮਾਨਸ ਜਾਮਾ ਲੇਖੇ ਲਾ ਜਗਤ ਇਨਸਾਨ, ਨਿਸ਼ਾਨਾ ਆਪਣਾ ਦੇ ਚੁਕਾਈਆ । ਏਥੇ ਓਥੇ ਰਖ ਧਿਆਨ, ਦੋ ਜਹਾਨਾਂ ਵੇਖ ਵਖਾਈਆ । ਲੱਖ ਚੁਰਾਸੀ ਛੁਟੇ ਆਵਣ ਜਾਵਣ ਕਾਨ, ਜਨਮ ਮਰਨ ਰਹਿਣ ਕੋਇ ਨਾ ਪਾਈਆ । ਸਚਖੰਡ ਦਵਾਰਾ ਦੇ ਸਚ ਮਕਾਨ, ਚਰਨ ਕਵਲ ਮਿਲੇ ਸਰਨਾਈਆ । ਕਿਰਪਾ ਕਰ ਸ੍ਰੀ ਭਗਵਾਨ, ਭਾਗ ਸਭ ਦਾ ਦੇ ਬਣਾਈਆ । ਲੇਖੇ ਲਾ ਗ੍ਰਿਹਿ ਗ੍ਰਿਹਿ ਪਕਵਾਨ, ਪੱਕੇ ਨਾਤੇ ਲੈ ਜੁੜਾਈਆ । ਜਨ ਭਗਤਾਂ ਲੋਕਮਾਤ ਮੁੜ ਕੇ ਫੇਰ ਨਾ ਹੋਵੇ ਪੀਣ ਖਾਣ, ਪੀ ਖਾ ਕੇ ਉਹਨਾਂ ਦਾ ਲੇਖਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਉਧਾਰਨਾ ਤੇਰਾ ਕੰਮ ਆਸਾਨ, ਕੀਮਤ ਕੋਇ ਨਾ ਲਾਗੇ ਰਾਈਆ ।



## ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੁਰਬਚਨ ਸਿੰਘ ਅਰਜਨ ਸਿੰਘ ਦੇ ਗ੍ਰਿਹਿ ਪਿੰਡ ਉਸਮਾ ਜ਼ਿਲਾ ਅੰਮ੍ਰਿਤਸਰ

ਸਤਿ ਧਰਮ ਕਹੇ ਪ੍ਰਭ, ਤੇਰਾ ਸਤਿਜੁਗ ਉਪਜੇ ਏਕਾ ਨਾਮ, ਨਾਉਂ ਨਿਰੰਕਾਰ ਜਪ ਕੇ ਸਾਰੇ ਖ਼ੁਸ਼ੀ ਮਨਾਈਆ । ਮਸਤ ਖ਼ੁਮਾਰੀ ਅੰਮ੍ਰਿਤ ਮਿਲੇ ਧੁਰ ਦਾ ਜਾਮ, ਜਗਤ ਨਸ਼ਿਆਂ ਦੀ ਲੋੜ ਰਹੇ ਨਾ ਰਾਈਆ । ਭਾਗ ਲੱਗੇ ਕਾਇਆ ਮਾਟੀ ਤਤ ਚਾਮ, ਚਮ ਦ੍ਰਿਸ਼ਟੀ ਸ੍ਰਿਸ਼ਟੀ ਅੰਦਰੋਂ ਦੇਣੀ ਬਦਲਾਈਆ । ਸ਼ਰਅ ਦਾ ਰਹੇ ਨਾ ਕੋਇ ਗ਼ੁਲਾਮ, ਦੀਨਾਂ ਮਜ਼੍ਹਬਾਂ ਦਾ ਲੇਖਾ ਦੇਣਾ ਮੁਕਾਈਆ । ਸਚ ਧਰਮ ਚਲਾਉਣਾ ਇਕ ਨਿਸ਼ਾਨ, ਨੌ ਖੰਡ ਸੱਤ ਦੀਪ ਇਕੋ ਧਾਰ ਦੇਣੀ ਬੰਧਾਈਆ । ਧੁਰ ਸ਼ਬਦ ਨਾਲ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਮਾਨਵ ਜਾਤੀ ਕਰਨੀ ਕਲਿਆਣ, ਕਲਮਾ ਬੋਧ ਅਗਾਧ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਮੰਨਣ ਤੇਰੀ ਆਣ, ਸਿਰ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਚਰਨ ਕਵਲ ਸੀਸ ਝੁਕਾਣ, ਸਜਦਿਆਂ ਵਿਚ ਡੰਡੌਤ ਕਰਕੇ ਸੋਭਾ ਪਾਈਆ । ਤੇਰਾ ਹੁਕਮ ਸੰਦੇਸਾ ਨਰ ਨਰੇਸ਼ਾ ਚਲੇ ਵਿਚ ਦੋ ਜਹਾਨ, ਨਿਰਗੁਣ ਸਰਗੁਣ ਸਕੇ ਨਾ ਕੋਇ ਉਲਟਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਅੰਤ ਹੋਣਾ ਮਿਹਰਵਾਨ, ਮਹਿਬੂਬ ਮੁਹੱਬਤ ਵਿਚ ਆਪਣਾ ਹੁਕਮ ਵਰਤਾਈਆ । ਕਾਗ਼ਜ਼ ਕ਼ਲਮ ਸ਼ਾਹੀ ਜਿਸ ਦਾ ਭਵਿਖਤਾਂ ਵਿਚ ਕਰ ਕੇ ਗਏ ਬਿਆਨ, ਰਾਗਾਂ ਨਾਦਾਂ ਵਿਚ ਸਿਫ਼ਤੀ ਢੋਲੇ ਗਾਈਆ । ਸੋ ਖੇਲ ਕਰਨਾ ਮਹਾਨ, ਜਿਸ ਨੂੰ ਜਾਣੇ ਜੀਵ ਨਾ ਕੋਇ ਜਹਾਨ, ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦੇਣਾ ਵਰਤਾਈਆ । ਸਤਿ ਧਰਮ ਕਹੇ ਪ੍ਰਭ ਹੁਕਮ ਦੇ ਦੇ ਏਕਾ ਵਾਰ, ਏਕੰਕਾਰ ਤੇਰੀ ਵਡਿਆਈਆ । ਤੈਨੂੰ ਝੁਕਦੇ ਸਦਾ ਜੁਗ ਚਾਰ, ਸਤਿਜੁਗ (ਤਰੇਤਾ ਦਵਾਪਰ ਕਲਜੁਗ) ਸੀਸ ਸਕੇ ਨਾ ਕੋਇ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਖਾਣੀ ਬਾਣੀ ਤੇਰੇ ਦਰ ਦੀ ਪਨਿਹਾਰ, ਸੇਵਕ ਹੋ ਕੇ ਨਿਤ ਨਵਿਤ ਸੇਵ ਕਮਾਈਆ । ਲੱਖ ਚੁਰਾਸੀ ਅੰਡਜ ਜੇਰਜ ਉਤਭੁਜ ਸੇਤਜ ਬਣਿਆ ਰਿਹਾ ਠਠਿਆਰ, ਕਾਚੀ ਮਾਟੀ ਵੇਖ ਵਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕੂੜੀ ਕਿਰਿਆ ਦੇ ਨਿਵਾਰ, ਮਾਇਆ ਮਮਤਾ ਮੋਹ ਵਿਭਚਾਰ ਰਹਿਣ

ਕੋਇ ਨਾ ਪਾਈਆ । ਤੇਰੇ ਭਗਤ ਸੰਤ ਗੁਰੂ ਗੁਰ ਚੇਲੇ ਗੁਰਮੁਖ ਗੁਰਸਿਖ ਹੋਏ ਲਾਚਾਰ, ਸੂਫ਼ੀ ਰੋ ਰੋ ਦੇਣ ਦੁਹਾਈਆ । ਸਾਚੀ ਮੰਜ਼ਲ ਕਿਸੇ ਨਾ ਮਿਲੇ ਦਰਸ਼ਨ ਹੋਏ ਨਾ ਦੀਦ ਦੀਦਾਰ, ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਪੜ੍ਹ ਪੜ੍ਹ ਥੱਕੇ ਰਸਨਾ ਜਿਹਵਾ ਬੱਤੀ ਦੰਦ ਵਾਰੋ ਵਾਰ, ਤੇਰੀ ਵਾਰਤਾ ਬਿਨ ਅੱਖਰਾਂ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਹੁਕਮ ਅੰਦਰ ਗੁਰ ਅਵਤਾਰ ਪੈਗ਼ੰਬਰ, ਬੈਠੇ ਸੀਸ ਨਿਵਾਈਆ । ਕਲਜੁਗ ਕੂੜੀ ਕਿਰਿਆ ਮੇਟ ਅਡੰਬਰ, ਰੈਣ ਅੰਧੇਰੀ ਰਹਿਣ ਕੋਇ ਨਾ ਪਾਈਆ । ਤੂੰ ਸਰਬ ਕਲਾ ਭਰਤੰਬਰ, ਭਰਪੂਰ ਰਿਹਾ ਸਰਬ ਠਾਈਂਆ । ਲੇਖਾ ਜਾਣੇਂ ਲੱਖ ਚੁਰਾਸੀ ਘਟ ਭੀਤਰ ਅੰਦਰ, ਗ੍ਰਹਿ ਮੰਦਰ ਖੋਜ ਖੁਜਾਈਆ । ਤੇਰਾ ਸਚ ਦਵਾਰ ਏਕੰਕਾਰ ਇਕੋ ਸੋਹੇ ਧੁਰ ਦਾ ਮੰਦਰ, ਜਿਥੇ ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਾਓ ਰੰਕ ਵੰਡ ਨਾ ਕੋਇ ਵੰਡਾਈਆ । ਮਨ ਵਾਸਨਾ ਦਹਿ ਦਿਸ਼ਾ ਭਵੇ ਕੋਇ ਨਾ ਬੰਦਰ, ਮਮਤਾ ਮੋਹ ਨਾ ਕੋਇ ਸਤਾਈਆ । ਤ੍ਰੈਗੁਣ ਮਾਇਆ ਵੱਜੇ ਕੋਇ ਨਾ ਜੰਦਰ, ਬੰਦ ਤਾਕੀ ਕੁੰਡਾ ਇਕੋ ਵਾਰ ਦੇਣਾ ਖੁਲ੍ਹਾਈਆ । ਸਤਿ ਸਰੂਪ ਸ਼ਾਹੋ ਭੂਪ ਪਰਮ ਪੁਰਖ ਪਰਮਾਤਮ ਆਤਮ ਆਪਣਾ ਦੇ ਸਚ ਅਨੰਦਨ, ਨਿਰਗੁਣ ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਠਾਂਡੇ ਦਰਬਾਰ ਏਕੰਕਾਰ ਤੇਰੇ ਦਰ ਹੋਵੇ ਬੰਦਨ, ਦੂਜੇ ਸੀਸ ਨਾ ਕੋਇ ਝੁਕਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਦਰ ਤੋਂ ਮੰਗਣ, ਜੁਗ ਚੌਕੜੀ ਭਿਛਿਆ ਲੈ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਧੁਰ ਦਾ ਵਰ, ਕਲਜੁਗ ਅੰਤ ਅੰਤਸ਼ਕਰਨ ਸਭ ਦਾ ਵੇਖ ਵਖਾਈਆ । ਸਤਿ ਧਰਮ ਕਹੇ ਪ੍ਰਭ, ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਨਾਮ ਦਾ ਦੱਸਦੇ ਗਏ ਸਲੋਕ, ਸੋਹਲਾ ਢੋਲਾ ਜਗਤ ਸੁਣਾਈਆ । ਅੰਤਮ ਰਖ ਕੇ ਗਏ ਓਟ, ਆਸਾ ਇਕੋ ਇਕ ਬਣਾਈਆ । ਸਦੀ ਚੌਧਵੀਂ ਕਲਜੁਗ ਅੰਤ ਅਖ਼ੀਰ ਬੀਸ ਇਕੀਸਾ ਹਰਿ ਜਗਦੀਸਾ ਪ੍ਰਗਟ ਹੋਵੇ ਨਿਰਮਲ ਜੋਤ, ਨਿਹਕਲੰਕ ਆਪਣਾ ਨਾਉਂ ਪ੍ਰਗਟਾਈਆ । ਜਿਸ ਨੂੰ ਸਮਝ ਨਾ ਸਕਣ ਕੋਟਨ ਕੋਟ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਸਮੁੰਦ ਸਾਗਰ ਖੋਜਿਆਂ ਹੱਥ ਕਿਸੇ ਨਾ ਆਈਆ । ਤਿਸ ਦਾ ਰੂਪ ਰੰਗ ਰੇਖ ਨਾ ਕੋਈ ਵਰਨ ਗੋਤ, ਜਾਤ ਪਾਤ ਵਿਚ ਡੇਰਾ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਵਖਾਉਣਾ ਇਕ ਘਰ, ਗ੍ਰਹਿ ਮੰਦਰ ਆਪ ਵਖਾਈਆ । ਸਤਿ ਧਰਮ ਕਹੇ ਪ੍ਰਭ ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਕਰਦੇ ਗਏ ਇਸ਼ਾਰੇ, ਨਾਮ ਸੰਦੇਸਾ ਇਕ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨਿਰਵੈਰ ਲਏ ਅਵਤਾਰੇ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਵੇਸ ਵਟਾਈਆ । ਸਾਚੇ ਧਾਮ ਵਸੇ ਸੰਬਲ ਥਾਰੇ, ਥਿਰ ਘਰ ਨਿਵਾਸੀ ਆਪਣਾ ਫੇਰਾ ਆਪੇ ਪਾਈਆ । ਚਾਰ ਵਰਨ ਅਠਾਰਾਂ ਬਰਨ ਸੋਹਣ ਇਕ ਦਵਾਰੇ, ਦੂਜਾ ਦਰ ਰਹਿਣ ਕੋਇ ਨਾ ਪਾਈਆ । ਕਲਜੁਗ ਕੂੜੀ ਕਿਰਿਆ ਪਾਰ ਉਤਾਰੇ, ਸਤਿਜੁਗ ਸਾਚਾ ਚੰਦ ਕਰੇ ਰੁਸ਼ਨਾਈਆ । ਸੰਤ ਭਗਤ ਸੁਹੇਲੇ ਸ਼ਬਦੀ ਹੁਕਮ ਨਾਲ ਉਠਾਲੇ, ਸੋਇਆ ਕੋਇ ਰਹਿਣ ਨਾ ਪਾਈਆ । ਭੇਵ ਮੁਕਾ ਕੇ ਸ਼ਾਹ ਕੰਗਾਲੇ, ਰਾਜ ਰਾਜਾਨਾਂ ਇਕੋ ਰੰਗ ਰੰਗਾਈਆ । ਕਾਇਆ ਮੰਦਰ ਅੰਦਰ ਸਚ ਵਖਾਏ ਸਚੀ ਧਰਮਸਾਲੇ, ਬਾਹਰੋਂ ਲੱਭਣ ਦੀ ਲੋੜ ਰਹੇ ਨਾ ਰਾਈਆ । ਸਾਢੇ ਤਿੰਨ ਹੱਥ ਵੰਡ ਵਖਾਏ ਸਚੀ ਧਰਮਸਾਲੇ, ਸ਼ਿਵਦਵਾਲੇ ਸ਼ਿਵ ਸ਼ੰਕਰ ਦੀ ਪੂਜਾ ਵਿਸ਼ਨ ਬ੍ਰਹਮਾ ਪੂਜਣ ਦੀ ਆਸਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦੇ

੯੫੩
੧੯

ਵਰ, ਧੁਰ ਦਰਬਾਰੀ ਆਪਣੀ ਦਇਆ ਕਮਾਈਆ । ਸਤਿ ਧਰਮ ਕਹੇ ਪ੍ਰਭ, ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਨਾਮ ਦੱਸਦੇ ਗਏ ਸੱਚਾ ਧਰਮ, ਧਰਮ ਦੂਜਾ ਨਜ਼ਰ ਕੋਇ ਨਾ ਆਈਆ । ਤੇਰੇ ਪ੍ਰੇਮ ਦਾ ਕਰਦੇ ਗਏ ਕਰਮ, ਕਰਮ ਕਾਂਡ ਦਾ ਡੇਰਾ ਗਏ ਢਾਹੀਆ । ਸਭ ਨੂੰ ਤੇਰੀ ਦੱਸਦੇ ਗਏ ਸਾਚੀ ਸਰਨ, ਗੁਰਦੇਵ ਸਵਾਮੀ ਅੰਤ ਇਕੋ ਨਜ਼ਰੀ ਆਈਆ । ਦੀਨ ਦੁਨੀ ਕਲਜੁਗ ਅੰਤ ਸ੍ਰੀ ਭਗਵੰਤ ਮਾਇਆ ਮਮਤਾ ਮੋਹ ਮਨ ਮਨਸਾ ਪਾਇਆ ਭਰਮ, ਭਾਂਡਾ ਗੜ੍ਹ ਨਾ ਕੋਇ ਤੁੜਾਈਆ । ਸਤਿ ਸਤਿਵਾਦੀ ਤੇਰਾ ਪਰਸੇ ਕੋਈ ਨਾ ਚਰਨ, ਸਚਖੰਡ ਦਵਾਰੇ ਚੜ੍ਹ ਕੇ ਨੂਰੀ ਨੂਰ ਜੋਤ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤਾਂ ਖੋਲ੍ਹ ਹਰਨ ਫਰਨ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਸਤਿ ਧਰਮ ਕਹੇ ਪ੍ਰਭ ਕੋਈ ਨਾ ਪੂਜੇ ਪਾਹਨ ਪੱਥਰ, ਸਿਲ ਸੀਸ ਨਾ ਕੋਇ ਨਿਵਾਈਆ । ਤੇਰੇ ਯਾਰ ਪਿਆਰ ਅੰਦਰ ਗੋਬਿੰਦ ਵਿਛਾਇਆ ਸੱਥਰ, ਯਾਰੜਾ ਸੇਜ ਇਕ ਹੰਢਾਈਆ । ਜਗਤ ਮੋਹ ਵਿਚ ਨਾ ਵਹਾਇਆ ਅੱਥਰ, ਨੇਤਰ ਨੀਰ ਨਾ ਕੋਇ ਵਹਾਈਆ । ਅੰਤਮ ਚੋਟੀ ਚੜ੍ਹ ਕੇ ਸਿਖ਼ਰ, ਸਚਖੰਡ ਦਵਾਰੇ ਬਹਿ ਕੇ ਸੋਭਾ ਪਾਈਆ । ਜਿਸ ਨੂੰ ਗੁਰਮੁਖਾਂ ਦਾ ਨਿਤ ਨਵਿਤ ਸਦਾ ਫ਼ਿਕਰ, ਫ਼ਿਕਰਿਆਂ ਵਿਚ ਜ਼ਿਕਰ ਆਪਣਾ ਨਾਮ ਸੁਣਾਈਆ । ਨਿਰਗੁਣ ਧਾਰ ਹੋ ਕੇ ਜੋਤੀ ਉਜਿਆਰ ਹੋ ਕ ਸ਼ਬਦੀ ਜੈਕਾਰ ਹੋ ਕੇ ਆਇਆ ਉਤਰ, ਉੱਤਰ ਪੂਰਬ ਪੱਛਮ ਦੱਖਣ ਦਿਸ਼ਾ ਵੇਖ ਵਖਾਈਆ । ਭਗਤ ਸੁਹੇਲੇ ਸੰਤ ਸੱਜਣ ਸ਼ਬਦੀ ਧਾਰ ਬਣਾਏ ਆਪਣੇ ਪੁੱਤਰ, ਪਿਤਾ ਪੂਤ ਹੋ ਕੇ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਕੂੜੀ ਕਿਰਿਆ ਲੋਕਮਾਤ ਰਹਿਣ ਨਾ ਪਾਈਆ । ਸਤਿ ਧਰਮ ਕਹੇ ਗੁਰ ਅਵਤਾਰ ਪੀਰ ਪੈਗ਼ੰਬਰ ਬਿਨ ਅੱਖਾਂ ਲਾਈ ਬੈਠੇ ਧਿਆਨ, ਦੋ ਜਹਾਨਾਂ ਵੇਖ ਵਖਾਈਆ । ਕੀ ਖੇਲ ਕਰੇ ਭਗਵਾਨ, ਕਲਜੁਗ ਅੰਤ ਬੇਪਰਵਾਹੀਆ । ਜਿਸ ਦਾ ਨਾਮ ਸਚਾ ਨਿਸ਼ਾਨ, ਦੋ ਜਹਾਨਾਂ ਰਿਹਾ ਝੁਲਾਈਆ । ਜਿਸ ਨੂੰ ਬੇਅੰਤ ਬੇਅੰਤ ਬੇਅੰਤ ਕਹਿ ਕੇ ਸਾਰੇ ਗਾਣ, ਅੰਤ ਕਹਿਣ ਕੋਇ ਨਾ ਪਾਈਆ । ਸੋ ਪ੍ਰਗਟ ਹੋ ਕੇ ਨਿਹਕਲੰਕ ਬਲੀ ਬਲਵਾਨ, ਬਲ ਆਪਣਾ ਆਪ ਜਣਾਈਆ । ਜਿਸ ਨੂੰ ਸਮਝ ਨਾ ਸਕੇ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕ਼ੁਰਾਨ ਪੜਦਾ ਨਾ ਸਕੀ ਉਠਾਈਆ । ਜੁਗ ਚੌਕੜੀ ਸਾਰੇ ਕਰਦੇ ਧਿਆਨ, ਨਿਉਂ ਨਿਉਂ ਬੈਠੇ ਸੀਸ ਨਿਵਾਈਆ । ਸੋ ਸਾਹਿਬ ਮਿਹਰਵਾਨ ਅੰਤਰਜਾਮੀ ਕਲਜੁਗ ਅੰਤ ਖੇਲ ਕਰੇ ਮਹਾਨ, ਮਹਿੰਮਾ ਅਕੱਥ ਕਥ ਜਣਾਈਆ । ਕੂੜੀ ਕਿਰਿਆ ਮੇਟੇ ਵਿਚੋਂ ਜਹਾਨ, ਜਹਾਲਤ ਪਿਛਲੀ ਦਏ ਗਵਾਈਆ । ਮਾਨਸ ਬੁਧੀ ਬੁਧ ਬਿਬੇਕ ਕਰ ਚਰਨ ਪ੍ਰੀਤੀ ਦੇਵੇ ਸਾਚਾ ਦਾਨ, ਧੁਰ ਦੀ ਰੀਤੀ ਨੀਤੀ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਤਿਵਾਦੀ ਧੁਰ ਦਾ ਢੋਲਾ ਅਗੰਮੀ ਰਾਗ ਦੇਣਾ ਜਣਾਈਆ । ਸਤਿ ਧਰਮ ਕਹੇ ਪ੍ਰਭ ਤੇਰਾ ਨਾਮ ਇਕੋ ਹੋਵੇ ਢੋਲਾ, ਗੀਤ ਗੋਬਿੰਦ ਗਿਆ ਜਣਾਈਆ । ਸ਼ਬਦ ਸਤਿਗੁਰ ਸਭ ਦਾ ਹੋਇਆ ਵਿਚੋਲਾ, ਆਤਮ ਪਰਮਾਤਮ ਮੇਲਾ ਲਏ ਮਿਲਾਈਆ । ਮਨ ਵਾਸਨਾ ਜਗਤ ਬੁਧੀ ਰਹੇ ਕੋਇ ਨਾ ਰੌਲਾ, ਵਿਦਿਆ ਵਿਚਾਰ ਕੰਮ ਕਿਸੇ ਨਾ ਆਈਆ । ਕਾਇਆ ਮੰਦਰ ਡੂੰਘੀ ਕੰਦਰ ਸਾਚੇ ਅੰਦਰ ਚੁੱਕੇ ਪੜਦਾ ਉਹਲਾ, ਦੂਈ ਦਵੈਤੀ ਦਰ ਨਜ਼ਰ ਕੋਇ ਨਾ ਆਈਆ । ਨਾਮ ਰੰਗਲਾ ਖੇਲੇ ਅਗੰਮੀ ਆਪਣਾ ਹੋਲਾ, ਰੰਗ ਗੁਲਾਲਾ ਇਕ ਚੜ੍ਹਾਈਆ । ਭਾਗ ਲੱਗੇ ਕਾਇਆ ਮਾਟੀ ਸਾਚੇ ਚੋਲਾ, ਜੀਵਣ ਵਿਚੋਂ ਜੀਵਣ ਜ਼ਿੰਦਗੀ ਵਿਚੋਂ ਜ਼ਿੰਦਗੀ ਹਯਾਤ

ਵਿਚੋਂ ਹਯਾਤੀ ਧਾਰ ਦੇਣੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਅਠਾਰਾਂ ਬਰਨ ਆਤਮ ਪਰਮਾਤਮ ਪਰਮਾਤਮ ਆਤਮ ਦੱਸਣਾ ਸਭ ਨੂੰ ਸੱਚਾ ਬੋਲਾ, ਅਨਬੋਲਤ ਰਾਗ ਸੁਣਾਈਆ । ਸਤਿ ਧਰਮ ਕਹੇ, ਸਤਿਜੁਗ ਸਾਚਾ ਪੁਰਖ ਅਬਿਨਾਸ਼ੀ ਦੇ ਉਪਜਾ, ਕਲਜੁਗ ਕਰਮ ਰਹਿਣ ਨਾ ਪਾਈਆ । ਭਗਤ ਸੁਹੇਲੇ ਗੁਰਮੁਖ ਗੁਰਸਿਖ ਲੋਕਮਾਤ ਪ੍ਰਗਟਾ, ਸੁਰਤੀ ਸ਼ਬਦ ਸ਼ਬਦ ਮਿਲਾਈਆ । ਨਾਦ ਧੁਨ ਆਤਮਕ ਰਾਗ ਸੁਣਾ, ਸਰਵਣਾਂ ਦੀ ਲੋੜ ਰਹੇ ਨਾ ਰਾਈਆ । ਨਿਰਮਲ ਜੋਤ ਦੀਵਾ ਬਾਤੀ ਕਮਲਪਾਤੀ ਇਕ ਜਗਾ, ਸੂਰੀਆ ਚੰਦ ਬੈਠਣ ਮੁਖ ਛੁਪਾਈਆ । ਕਾਇਆ ਮੰਦਰ ਬੰਕ ਦਵਾਰਾ ਸਚ ਸੁਹਾ, ਪਰਮਾਤਮ ਹੋ ਕੇ ਆਤਮ ਸੇਜਾ ਡੇਰਾ ਲਾਈਆ । ਧੁਰ ਦਾ ਮੇਲਾ ਗੁਰੂ ਗੁਰ ਚੇਲਾ ਦਰ ਸਾਚੇ ਲੈ ਮਿਲਾ, ਮਿਲਿਆਂ ਵਿਛੜ ਫੇਰ ਕਦੇ ਨਾ ਜਾਈਆ । ਸਾਚੇ ਧਾਮ ਦੇਣਾ ਬਹਾ, ਜਿਥੇ ਨਿਰਗੁਣ ਜੋਤ ਹੋਵੇ ਰੁਸ਼ਨਾਈਆ । ਨੂਰ ਨੁਰਾਨਾ ਸ਼ਾਹ ਸੁਲਤਾਨਾ ਇਕੋ ਦੇ ਸੁਹਾ, ਦਰਸ ਹੋਵੇ ਪਰਵਰਦਗਾਰ ਹੱਕ ਖ਼ੁਦਾ, ਖ਼ੁਦੀ ਤਕੱਬਰ ਰਹੇ ਕੋਈ ਨਾ, ਸਬਰ ਪਿਆਲਾ ਜਾਮ ਦੇਣਾ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਨਾਮ ਦੀ ਸੁਣਾ ਹੱਕ ਸਦਾ, ਸਦੀਆਂ ਦੇ ਵਿਛੜੇ ਸਦੀਆਂ ਵਿਚੋਂ ਕ਼ਦਮਾਂ ਵਿਚ ਟਿਕਾਈਆ ।

### ✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਪੂਰਨ ਸਿੰਘ ਦੇ ਗ੍ਰਹਿ ਪਿੰਡ ਉਸਮਾ ਜ਼ਿਲਾ ਅੰਮ੍ਰਿਤਸਰ ✪



ਸਤਿ ਧਰਮ ਕਹੇ ਪ੍ਰਭ ਸ੍ਰਿਸ਼ਟ ਸਬਾਰੀ ਦੱਸ ਦੇ ਆਤਮ ਬ੍ਰਹਮ, ਪਾਰਬ੍ਰਹਮ ਆਪਣਾ ਪੜਦਾ ਉਠਾਈਆ । ਜਾਤ ਪਾਤ ਰਹੇ ਕੋਈ ਨਾ ਭਰਮ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਮਾਨਸ ਮਾਨੁਖ ਜਾਤੀ ਵੇਖ ਕਰਮ, ਨਿਹਕਰਮੀ ਹੋ ਕੇ ਫੇਰਾ ਪਾਈਆ । ਤੇਰਾ ਆਦਿ ਜੁਗਾਦਿ ਜੁਗ ਚੌਕੜੀ ਇਕੋ ਸੱਚਾ ਧਰਮ, ਧਰਮ ਦੀ ਧਾਰ ਆਪਣਾ ਨਾਉਂ ਦੇ ਪ੍ਰਗਟਾਈਆ । ਜਿਸ ਦੀ ਸਿਫ਼ਤ ਕਰਦੇ ਜੁਗ ਚਾਰ ਸਤਿਜੁਗ ਤਰੇਤਾ ਦੁਆਪਰ ਕਲਜੁਗ ਸ਼ਾਸਤਰ ਸਿਮਰਤ ਵੇਦ ਪੁਰਾਨਾਂ ਵਿਚ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕੋ ਦੇ ਵਖਾਈਆ । ਸਤਿ ਧਰਮ ਕਹੇ ਪ੍ਰਭ ਤੇਰਾ ਧਰਮ ਦਵਾਰਾ ਹੋਵੇ ਇਕ, ਮੰਦਰ ਮਸਜਿਦ ਸ਼ਿਵਦਵਾਲਾ ਮਠ ਨਜ਼ਰ ਕੋਇ ਨਾ ਆਈਆ । ਹਿੰਦੂ ਮੁਸਲਿਮ ਸਿੱਖ ਈਸਾਈ ਤੇਰਾ ਪ੍ਰੇਮੀ ਹੋਵੇ ਪਿਤ, ਪਾਰਬ੍ਰਹਮ ਪਤਿਪਰਮੇਸ਼ਵਰ ਵਾਹਿਗੁਰੂ ਅੱਲਾ ਗਾਡ ਕਹਿ ਕੇ ਸਾਰੇ ਸ਼ੁਕਰ ਮਨਾਈਆ । ਸਾਚੇ ਨਾਮ ਧੁਰ ਦੇ ਕਲਮੇ ਦੀ ਪਾ ਭਿਖ, ਵਸਤ ਅਮੋਲਕ ਆਪ ਵਰਤਾਈਆ । ਚਾਰ ਕੁੰਟ ਦਹਿ ਦਿਸ਼ਾ ਹਰ ਘਟ ਅੰਦਰ ਆਵੇਂ ਦਿਸ, ਗ੍ਰਹਿ ਗ੍ਰਹਿ ਆਪਣਾ ਡੇਰਾ ਲਾਈਆ । ਮਾਇਆ ਮਮਤਾ ਕੂੜੀ ਅੰਦਰੋਂ ਕੱਢ ਵਿਖ, ਅੰਮ੍ਰਿਤ ਰਸ ਗ੍ਰਹਿ ਗ੍ਰਹਿ ਦੇਣਾ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਹੋ ਕੇ ਫੇਰਾ ਪਾਈਆ । ਸਤਿ ਧਰਮ ਕਹੇ ਪ੍ਰਭ ਵੱਡਾ ਛੋਟਾ ਰਹੇ ਕੋਈ ਨਾ ਨੀਚ, ਊਚੋ ਊਚ ਨਾ ਕੋਇ ਅਖਵਾਈਆ । ਤੂੰ ਹਰ ਘਟ ਵਸਿਆ ਬੀਚ, ਆਤਮ ਪਰਮਾਤਮ ਰੂਪ ਪਰਗਟਾਈਆ । ਤੇਰੀ ਚਾਰ ਵਰਨਾਂ ਨਾਲ ਸਾਂਝੀ ਪ੍ਰੀਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦੂਰ ਨਾ ਕੋਇ ਰਖਾਈਆ । ਤੇਰਾ ਇਕੋ ਰੰਗ ਹਸਤ ਕੀਟ, ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਇਕੋ ਘਰ ਦੇ ਵਖਾਈਆ ।

ਕਲਜੁਗ ਅੰਤ ਆਪਣੀ ਦੀਨ ਦੁਨੀ ਕਾਇਨਾਤ ਸ੍ਰਿਸ਼ਟੀ ਦੱਸ ਆਪਣੀ ਪ੍ਰੀਤ, ਪ੍ਰੀਤਮ ਹੋ ਕੇ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਨੂੰ ਨਜ਼ਰੀ ਆਵੇਂ ਠਾਕਰ ਠੀਕ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਤਿ ਧਰਮ ਕਹੇ ਪ੍ਰਭ ਜਾਤ ਪਾਤੀ ਕਲਜੁਗ ਅੰਤ ਕਰ ਨਬੇੜਾ, ਸਤਿਜੁਗ ਸਾਚਾ ਰਾਹ ਚਲਾਈਆ । ਸਤਿਗੁਰ ਸ਼ਬਦ ਭੇਵ ਖੁਲ੍ਹਾ ਦੇ ਤੇਰਾ ਮੇਰਾ, ਪੜਦਾ ਉਹਲਾ ਰਹੇ ਨਾ ਆਈਆ । ਚਾਰ ਵਰਨਾਂ ਮਨ ਹੋਵੇ ਚਾਉ ਘਨੇਰਾ, ਦੁਖੀਆਂ ਦੁੱਖ ਨਾ ਕੋਇ ਸਤਾਈਆ । ਤੇਰੇ ਚਰਨ ਕਵਲ ਸਭ ਦਾ ਹੋਵੇ ਡੇਰਾ, ਡੰਡਾਵਤ ਵੱਖਰੀ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਨਿਰਗੁਣ ਧਾਰ ਸਰਗੁਣ ਬੰਨ੍ਹ ਬੇੜਾ, ਕਲਜੁਗ ਅੰਤ ਦੇਣਾ ਮੁਕਾਈਆ ।

### ✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਪਿੰਡ ਜੱਟਾ ਜ਼ਿਲਾ ਅੰਮ੍ਰਿਤਸਰ ਦੀਦਾਰ ਸਿੰਘ ਦੇ ਗ੍ਰਹਿ ✪

ਸਤਿ ਧਰਮ ਕਹੇ ਪ੍ਰਭ ਨੇਤਰ ਰੋਂਦੇ ਸਮੁੰਦ ਸਾਗਰ, ਗਹਿਰ ਗੰਭੀਰ ਗਵਰ ਤੇਰਾ ਧਿਆਨ ਲਗਾਈਆ । ਜਗਤ ਦਵਾਰੇ ਮਿਲੇ ਨਾ ਕੋਈ ਆਦਰ, ਆਦਰਸ਼ ਤੇਰਾ ਨਜ਼ਰ ਕੋਇ ਨਾ ਆਈਆ । ਨਿਰਮਲ ਕਰਮ ਨਾ ਹੋਵੇ ਉਜਾਗਰ, ਜਲ ਵਿਚ ਜਲ ਨਿਰਮਲ ਨੀਰ ਨਾ ਕੋਇ ਬਣਾਈਆ । ਸਾਚਾ ਵਣਜ ਕਰੇ ਨਾ ਕੋਈ ਬਣ ਸੌਦਾਗਰ, ਲੱਖ ਚੁਰਾਸੀ ਸਾਰ ਕੋਇ ਨਾ ਆਈਆ । ਤੇਰੀ ਖੇਲ ਵੇਖ ਕਰਤੇ ਕਰੀਮ ਕ਼ਾਦਰ, ਕ਼ੁਦਰਤ ਦਾ ਹਾਲ ਦਿਆਂ ਜਣਾਈਆ । ਜਿੰਨਾਂ ਚਿਰ ਭਾਗ ਨਾ ਲਗਾਵੇਂ ਸਾਢੇ ਤਿੰਨ ਹੱਥ ਮਾਟੀ ਗਾਗਰ, ਪੰਜ ਤਤ ਨਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲਹਿਣਾ ਦੇਣਾ ਬਣਾਈਆ । ਸਤਿ ਧਰਮ ਕਹੇ ਪ੍ਰਭ ਭਾਗ ਲਗਾ ਦੇ ਕਾਇਆ ਮਾਟੀ ਚੰਮ, ਚਾਰੋਂ ਕੁੰਟ ਤੇਰਾ ਨਾਮ ਵੱਜੇ ਵਧਾਈਆ । ਧਾਰ ਬਦਲ ਦੇ ਪਵਣ ਸਵਾਸੀ ਦਮ, ਦਾਮਨਗੀਰ ਹੋ ਕੇ ਆਪਣਾ ਰੰਗ ਰੰਗਾਈਆ । ਹਰਖ ਸੋਗ ਚਿੰਤਾ ਰਹੇ ਕੋਈ ਨਾ ਗ਼ਮ, ਸਤਿ ਵਿਚੋਂ ਸਤਿ ਦੇਣਾ ਸਮਝਾਈਆ । ਗੜ੍ਹ ਹੰਕਾਰੀ ਭਾਂਡਾ ਦੇਣਾ ਭੰਨ, ਮਾਇਆ ਮਮਤਾ ਮੋਹ ਡੇਰਾ ਢਾਹੀਆ । ਨਾਮ ਪਦਾਰਥ ਵਸਤ ਅਮੋਲਕ ਦੇਣਾ ਧੁਰ ਦਾ ਧਨ, ਧੰਨ ਧੰਨ ਧੰਨ ਕਹੇ ਲੋਕਾਈਆ । ਝਗੜਾ ਰਹੇ ਨਾ ਕੋਈ ਵਾਸਨਾ ਮਨ, ਮਨ ਕਾ ਮਣਕਾ ਦੇਣਾ ਭਵਾਈਆ । ਆਪਣਾ ਨਾਮ ਨਿਧਾਨ ਸ੍ਰੀ ਭਗਵਾਨ ਸੁਣਾਉਣਾ ਬਿਨਾ ਕੰਨ, ਅਨਾਦੀ ਧੁਨ ਕਰ ਸ਼ਨਵਾਈਆ । ਸਚ ਪ੍ਰਕਾਸ਼ ਨੂਰੀ ਚਾੜ੍ਹਨਾ ਚੰਨ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ ਇਕ ਵਰ, ਵਾਰਤਾ ਅਗਲੀ ਦੇਣੀ ਸਮਝਾਈਆ । ਸਤਿ ਧਰਮ ਕਹੇ ਪ੍ਰਭ ਸਾਚਾ ਦੇ ਕੇ ਸ਼ਬਦ ਗਿਆਨ, ਅਗਿਆਨ ਅੰਧੇਰਾ ਦੇ ਮਿਟਾਈਆ । ਤੂੰ ਦਾਤਾ ਦਾਨੀ ਸ੍ਰੀ ਭਗਵਾਨ ਭਗਵਨ ਹੋ ਕੇ ਹੋ ਸਹਾਈਆ । ਦਰ ਦਰਵੇਸ਼ ਮਹੇਸ਼ ਸੀਸ ਝੁਕਾਣ, ਮਾਂਗਤ ਹੋ ਕੇ ਝੋਲੀ ਡਾਹੀਆ । ਕਿਰਪਾ ਕਰ ਕਿਰਪਨ ਓਤੇ ਹੋ ਕੇ ਮਿਹਰਵਾਨ, ਮਹਿਬੂਬ ਸਚ ਅਰੂਜ ਪੜਦਾ ਦੇਣਾ ਚੁਕਾਈਆ । ਬਿਨ ਤੇਰੀ ਕਿਰਪਾ ਕਰੇ ਨਾ ਕੋਇ ਕਲਿਆਣ, ਬਿਪਤਾ ਜਗ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਧਾਰ ਏਕੰਕਾਰ ਸਾਚਾ ਦੇ ਧਰਮ ਫ਼ਰਮਾਨ, ਹੁਕਮ ਹਾਕਮ ਇਕੋ ਇਕ

ਸਮਝਾਈਆ । ਸਤਿ ਧਰਮ ਕਹੇ ਤਖ਼ਤ ਨਿਵਾਸੀ ਹੁਕਮਰਾਨ, ਪਰਵਰਦਗਾਰ ਤੇਰੀ ਸ਼ਰਨਾਈਆ । ਸਤਿਜੁਗ ਸਾਚੇ ਦਰ ਦਵਾਰੇ ਦੇ ਮਾਣ, ਅਭਿਮਾਣ ਰਹਿਣ ਕੋਇ ਨਾ ਪਾਈਆ । ਲੋਕਮਾਤ ਤੇਰੀ ਕਿਰਪਾ ਨਾਲ ਹੋਵੇ ਪਰਧਾਨ, ਪਰਧਾਨਗੀ ਇਕੋ ਹੱਥ ਫੜਾਈਆ । ਸਭ ਨੂੰ ਮੰਨਣੀ ਪਏ ਆਣ, ਸਿਰ ਸਕੇ ਨਾ ਕੋਇ ਉਠਾਈਆ । ਚਾਰ ਵਰਨ ਅਠਾਰਾਂ ਬਰਨ ਸੀਸ ਜਗਦੀਸ ਝੁਕਾਣ, ਨਿਉਂ ਨਿਉਂ ਲਾਗਣ ਪਾਈਆ । ਲੇਖਾ ਰਹੇ ਨਾ ਅੰਜੀਲ ਕ਼ੁਰਾਨ, ਕਾਇਆ ਕਾਅਬਾ ਦੇਣਾ ਪਰਗਟਾਈਆ । ਜਿਥੇ ਮਹੀਨਾ ਹੋਵੇ ਨਾ ਕੋਇ ਰਮਜ਼ਾਨ, ਕ੍ਰਿਸ਼ਨਾ ਸ਼ੁਕਲਾ ਪੱਖ ਸੂਰੀਆ ਚੰਦ ਨਾ ਕੋਇ ਬਦਲਾਈਆ । ਇਕੋ ਜੋਤੀ ਨੂਰ ਦੀਪਕ ਜਗੇ ਮਹਾਨ, ਜਲਵਾਗਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਵਰਤੇ ਦੋ ਜਹਾਨ, ਏਕਾ ਦੂਆ ਦੂਆ ਏਕਾ ਏਕੰਕਾਰ ਇਕੋ ਰੰਗ ਰੰਗਾਈਆ ।

## ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਭਗਵੰਤ ਸਿੰਘ ਦੇ ਗ੍ਰਿਹਿ ਪਿੰਡ ਜੱਟਾ ਜ਼ਿਲਾ ਅੰਮ੍ਰਿਤਸਰ

ਸਤਿ ਧਰਮ ਸੁਣ ਅਗੰਮੀ ਫ਼ਰਮਾਨ, ਅਗੰਮ ਦਿਆਂ ਜਣਾਈਆ । ਸਚਖੰਡ ਨਿਵਾਸੀ ਹੋ ਸ੍ਰੀ ਭਗਵਾਨ, ਤਖ਼ਤ ਨਿਵਾਸੀ ਆਪਣਾ ਹੁਕਮ ਵਰਤਾਈਆ । ਦੋ ਜਹਾਨਾਂ ਪਾਵਾਂ ਆਣ, ਹੁਕਮੇਂ ਅੰਦਰ ਹੁਕਮ ਬੰਧਾਈਆ । ਸਾਚਾ ਨਾਮ ਕਰਾਂ ਪਰਧਾਨ, ਸਚ ਦਵਾਰਿਉਂ ਆਪ ਪਰਗਟਾਈਆ । ਜੀਵ ਜੰਤ ਸਾਰੇ ਮਿਲ ਕੇ ਢੋਲਾ ਗਾਣ, ਦੇਵਤ ਸੁਰ ਖ਼ੁਸ਼ੀ ਮਨਾਈਆ । ਚਾਰ ਕੁੰਟ ਕਰੇ ਪਰਵਾਨ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿ ਧਰਮ ਸੁਣ, ਪ੍ਰਭ ਦੱਸੇ ਨਰ ਨਰੇਸ਼, ਨਰ ਹਰਿ ਆਪਣਾ ਹੁਕਮ ਵਰਤਾਈਆ । ਸ਼ਬਦ ਸੰਦੇਸ਼ਾ ਭੇਜਾਂ ਦੇਸ ਪਰਦੇਸ, ਬ੍ਰਹਿਮੰਡ ਖੰਡ ਆਪ ਸੁਣਾਈਆ । ਸਭ ਨੂੰ ਮੰਨਣਾ ਪਏ ਪੁਰਖ ਅਕਾਲ ਏਕ, ਏਕੰਕਾਰ ਓਟ ਤਕਾਈਆ । ਚਰਨ ਪ੍ਰੀਤੀ ਦੇਵਾਂ ਧੁਰ ਦੀ ਟੇਕ, ਟਕਿਆਂ ਵਾਲਾ ਗੁਰੂ ਨਾ ਕੋਇ ਮਨਾਈਆ । ਪਰਮਾਤਮ ਹੋ ਕੇ ਆਤਮ ਕਰਾਂ ਹੇਤ, ਘਰ ਮੇਲਾ ਮੇਲਾਂ ਸਹਿਜ ਸੁਭਾਈਆ । ਸਤਿਜੁਗ ਸਾਚੀ ਰੁਤ ਬਸੰਤ ਮੌਲੇ ਚੇਤ, ਚੇਤਨ ਸੁਰਤੀ ਸਭ ਦੀ ਦਿਆਂ ਕਰਾਈਆ । ਕਲਜੁਗ ਕੂੜੀ ਕਿਰਿਆ ਹੋਵੇ ਖੇਤ, ਖੇਹ ਮਾਟੀ ਖ਼ਾਕ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਦਏ ਖੁਲ੍ਹਾਈਆ । ਸਤਿ ਧਰਮ ਸੁਣ ਧਰਮ ਦੀ ਬਾਤ, ਨਾਮ ਸ਼ਬਦ ਜਣਾਈਆ । ਸ਼ਬਦ ਅਗੰਮੀ ਦੱਸਾਂ ਗਾਥ, ਨਿਰਗੁਣ ਸਰਗੁਣ ਕਰ ਪੜ੍ਹਾਈਆ । ਸਤਿਜੁਗ ਸਚ ਚਲਾਵਾਂ ਰਾਥ, ਰਥਵਾਹੀ ਆਪਣਾ ਹੁਕਮ ਜਣਾਈਆ । ਲਹਿਣਾ ਦੇਣਾ ਸਭ ਦਾ ਦੇਵਾਂ ਮਸਤਕ ਮਾਥ, ਪੂਰਬ ਲੇਖਾ ਰਹਿਣ ਕੋਇ ਨਾ ਪਾਈਆ । ਜਿਨ੍ਹਾਂ ਸਿਖਿਆ ਦੇਵਾਂ ਧੁਰ ਦੀ ਦਾਤ, ਨਾਮ ਨਿਧਾਨ ਆਪ ਸਮਝਾਈਆ । ਝਗੜਾ ਰਹੇ ਨਾ ਕੋਇ ਦੀਨ ਮਜ਼੍ਹਬ ਜਾਤ ਪਾਤ, ਪਤਨ ਇਕੋ ਦਿਆਂ ਵਖਾਈਆ । ਸ੍ਰਿਸ਼ਟ ਸਬਾਈ ਨਜ਼ਰੀ ਆਵੇ ਪਰਮ ਪੁਰਖ ਸੱਚਾ ਬਾਪ, ਪਿਤਾ ਪੂਤ ਭਗਤ ਭਗਵਾਨ ਮਿਲ ਕੇ ਵਜੇ ਵਧਾਈਆ । ਸਤਿ ਧਰਮ ਦੀ ਥਾਪਣਾ ਦੇਵਾਂ ਥਾਪ, ਕੂੜ ਕੁੜਿਆਰ ਲੇਖਾ ਦਿਆਂ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸੁਹਾਈਆ । ਸਤਿ ਧਰਮ ਸੁਣ ਅਨੋਖੀ ਗੱਲ, ਧੁਰ ਫ਼ਰਮਾਨੇ ਵਿਚੋਂ ਜਣਾਈਆ । ਕਲਜੁਗ ਕੂੜ ਕਪਟ ਰਹੇ ਨਾ ਛਲ, ਅਛਲ ਛੱਲਧਾਰੀ ਹੋ


੯੫੬
੧੯

ਕੇ ਦਿਆਂ ਮਿਟਾਈਆ । ਮਾਣ ਵਡਿਆਈ ਰਹੇ ਨਾ ਕਿਸੇ ਤੀਰਥ ਅੱਠ ਸੱਠ ਜਲ, ਅੰਮ੍ਰਿਤ ਰਸ ਇਕੋ ਦਿਆਂ ਪਰਗਟਾਈਆ । ਸਾਚਾ ਧਾਮ ਇਕ ਅਟਲ, ਪ੍ਰਭ ਚਰਨ ਦਰਗਾਹ ਸਾਚੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦਵਾਰਾ ਇਕ ਵਖਾਈਆ । ਸਤਿ ਧਰਮ ਕਰ ਧਿਆਨ, ਰੀਤੀ ਨੀਤੀ ਦਿਆਂ ਬਦਲਾਈਆ । ਸ੍ਰਿਸ਼ਟ ਸਬਾਈ ਉਪਜੇ ਇਕ ਗਿਆਨ, ਗਹਿਰ ਗੰਭੀਰ ਹੋ ਕੇ ਦਿਆਂ ਸਮਝਾਈਆ । ਇਕੋ ਇਸ਼ਟ ਮੰਨੇ ਸਰਬ ਜਹਾਨ, ਦੂਜਾ ਰਾਹ ਨਾ ਕੋਇ ਤਕਾਈਆ । ਤੂੰ ਮੇਰਾ ਮੈਂ ਤੇਰਾ ਢੋਲੇ ਸੋਹਲੇ ਗਾਵਣ ਗਾਨ, ਗਾ ਗਾ ਖ਼ੁਸ਼ੀ ਮਨਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਇਛਿਆ ਕਰਾਂ ਪਰਵਾਨ, ਪਰਵਾਨੇ ਦੀਵਾਨੇ ਆਪਣੇ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਰਗ ਧੁਰ ਦਾ ਰਾਹ ਬਣ ਮਲਾਹ, ਲੋਕਮਾਤ ਦਏ ਲਗਾਈਆ ।

## ✪ ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਜੁਗਿੰਦਰ ਸਿੰਘ ਦੇ ਗ੍ਰਿਹ ਪਿੰਡ ਜੱਟਾ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਸਤਿਜੁਗ ਬਣਾਵਾਂ ਸਾਚੀ ਬਣਤ, ਪੁਰਖ ਅਕਾਲ ਦੀਨ ਦਿਆਲ ਆਪ ਸਮਝਾਈਆ । ਗੁਰਮੁਖ ਪਰਗਟਾਵਾਂ ਸਾਚੇ ਸੰਤ, ਭਗਤ ਵਛਲ ਆਪ ਹੋ ਜਾਈਆ । ਆਤਮ ਗੁਰ ਪਰਮਾਤਮ ਮੇਲਾ ਮੇਲਾਂ ਨਾਰ ਕੰਤ, ਘਰ ਸੁਹੰਜਣੀ ਸੇਜਾ ਆਪ ਸੁਹਾਈਆ । ਕਾਇਆ ਚੋਲੀ ਚਾੜ੍ਹਾਂ ਰੰਗ ਬਸੰਤ, ਏਥੇ ਓਥੇ ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਮਨ ਮਮਤਾ ਕੂੜੀ ਕਿਰਿਆ ਲਾਹਵਾਂ ਚਿੰਤ, ਹਰਖ਼ ਗ਼ਮ ਨਾ ਕੋਇ ਸਤਾਈਆ । ਗੜ੍ਹ ਤੋੜਾਂ ਹਉਮੇ ਹੰਗਤ, ਬ੍ਰਹਮ ਪੜਦਾ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਈਆ । ਸਤਿ ਧਰਮ ਸਾਚਾ ਦੱਸਾਂ ਰਾਹ, ਅਬਿਨਾਸ਼ੀ ਕਰਤਾ ਆਪ ਜਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮੰਨ ਸਲਾਹ, ਭਗਤਾਂ ਸੰਤਾਂ ਲਵਾਂ ਉਠਾਈਆ । ਸ਼ਬਦ ਗੁਰੂ ਬਣਾ ਮਲਾਹ, ਬੇੜਾ ਸਭ ਦਾ ਪਾਰ ਲੰਘਾਈਆ । ਚਾਰ ਵਰਨ ਅਠਾਰਾਂ ਬਰਨ ਇਕ ਜਪਾ ਨਾਂ, ਨਾਮ ਨਿਧਾਨਾ ਦਿਆਂ ਸਮਝਾਈਆ । ਕੂੜੀ ਕਿਰਿਆ ਮੇਟਾਂ ਥਾਉਂ ਥਾਂ, ਨੌ ਖੰਡ ਪ੍ਰਿਥਮੀ ਸੱਤ ਦੀਪ ਖੋਜ ਖੁਜਾਈਆ । ਝਗੜਾ ਰਹੇ ਨਾ ਸੂਰ ਗਾਂ, ਜੀਵ ਬਧ ਨਾ ਕੋਇ ਕਰਾਈਆ । ਸਾਰੇ ਪਰਮ ਪੁਰਖ ਦੀ ਗਾਵਣ ਉਪਮਾ, ਉਪਦੇਸ਼ ਇਕੋ ਸੁਣੇ ਲੋਕਾਈਆ । ਜਗਤ ਕੁੜਿਆਰ ਪੈਂਡਾ ਮੁਕਣਾ, ਵੇਲਾ ਵਕ਼ਤ ਦਏ ਗਵਾਹੀਆ । ਸਾਹਿਬ ਸੁਲਤਾਨ ਪੁਰਖ ਅਕਾਲ ਇਕੋ ਉਠਣਾ, ਜਿਸ ਦਾ ਹੁਕਮ ਮੰਨਣ ਸਾਰੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਦਵਾਰਾ ਇਕ ਖੁਲ੍ਹਾਈਆ । ਸਤਿ ਧਰਮ ਸਾਚਾ ਵੱਜੇ ਨਾਮ ਨਗਾਰਾ, ਨਵ ਨੌ ਚਾਰ ਦਿਆਂ ਸੁਣਾਈਆ । ਗ਼ਫ਼ਲਤ ਰਹੇ ਨਾ ਵਿਚ ਸੰਸਾਰਾ, ਬੇਦਾਰ ਸਭ ਨੂੰ ਦਿਆਂ ਕਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਲਾਵਣ ਦ੍ਰਿਸ਼ਟੀ ਅੰਦਰ ਨਾਅਰਾ, ਸ੍ਰਿਸ਼ਟੀ ਢੋਲਾ ਇਕੋ ਗਾਈਆ । ਸਾਚਾ ਮੰਦਰ ਧੁਰ ਦਾ ਦਿਸੇ ਇਕੋ ਗੁਰੂਦਵਾਰਾ, ਜਿਸ ਗ੍ਰਿਹ ਬੈਠਾ ਪੁਰਖ ਅਕਾਲ ਸੋਭਾ ਪਾਈਆ । ਨਮੋਂ ਨਮੋਂ ਨਮਸਤੇ ਡੰਡਾਵਤ ਕਰਨ ਨਿਮਸਕਾਰਾ, ਸੀਸ ਜਗਦੀਸ਼ ਸਰਬ ਝੁਕਾਈਆ । ਮਹੱਲ ਅਟਲ ਸੋਹੇ ਸਚ ਮੁਨਾਰਾ,

ਦੀਵਾ ਬਾਤੀ ਕਮਲਾਪਾਤੀ ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਤਿਜੁਗ ਸਾਚਾ ਲੋਕਮਾਤ ਲਏ ਅਵਤਾਰਾ, ਪੁਰਖ ਅਕਾਲ ਹੋਏ ਸਹਾਈਆ । ਜਿਸ ਦਾ ਵਰਤੇ ਸਤਿ ਵਰਤਾਰਾ, ਨਾਤਾ ਭਗਤਾਂ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਸਤਿ ਧਰਮ ਕਿਰਪਾ ਕਰੇ ਪਤਿਤ ਪੁਨੀਤ, ਦੁਰਮਤ ਮੈਲ ਦਏ ਧਵਾਈਆ । ਸਤਿਜੁਗ ਸਾਚੀ ਚਲੇ ਰੀਤ, ਰੀਤੀਵਾਨ ਇਕੋ ਨਜ਼ਰੀ ਆਈਆ । ਲੇਖਾ ਮੁੱਕੇ ਹਸਤ ਕੀਟ, ਊਚ ਨੀਚ ਰਾਉ ਰੰਕ ਸਾਚੀ ਸਿਖਿਆ ਕਰੇ ਪੜ੍ਹਾਈਆ । ਸਤਿ ਸਤਿਵਾਦੀ ਚਲੇ ਸਤਿਜੁਗ ਰੀਤ, ਕੂੜੀ ਕਿਰਿਆ ਡੇਰਾ ਢਾਹੀਆ । ਆਸ਼ਾ ਰਹੇ ਨਾ ਮੰਦਰ ਮਸੀਤ, ਧਰਮ ਦਵਾਰਾ ਇਕੋ ਸੋਭਾ ਪਾਈਆ । ਜਿਥੇ ਵੱਸੇ ਹਰਿ ਅਨਡੀਠ, ਪੁਰਖ ਅਬਿਨਾਸ਼ੀ ਡੇਰਾ ਲਾਈਆ । ਗੁਰ ਅਵਤਾਰ ਪੈਗ਼ੰਬਰ ਮਿਲ ਕੇ ਗਾਉਂਦੇ ਗੀਤ, ਤੂੰਹੀ ਤੂੰਹੀ ਰਾਗ ਅਲਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਕਲਜੁਗ ਅੰਤ ਸ੍ਰੀ ਭਗਵੰਤ ਸਭ ਦਾ ਬਣੇ ਸਾਂਝਾ ਮੀਤ, ਊਚ ਨੀਚ ਇਕੋ ਘਰ ਵਸਾਈਆ ।



### ✪ ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਨਿਰੰਜਣ ਸਿੰਘ, ਕਰਤਾਰ ਸਿੰਘ ਦੇ ਗ੍ਰਹਿ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ, ਸਤਿਜੁਗ ਸਾਚਾ ਮਾਤ ਲੱਗੇਗਾ । ਪੁਰਖ ਅਬਿਨਾਸ਼ੀ ਸਾਚੇ ਤਖ਼ਤ ਸਜੇਗਾ । ਨਿਰਗੁਣ ਨੂਰ ਜੋਤ ਹੋਵੇ ਪਰਕਾਸ਼, ਦੀਪਕ ਇਕੋ ਜਗੇਗਾ । ਵਿਸ਼ਨ ਬ੍ਰਹਮਾ ਸ਼ਿਵ ਹੋਵਣ ਦਾਸ, ਗੁਰ ਅਵਤਾਰ ਪੈਗ਼ੰਬਰ ਕੋਲ ਸਜੇਗਾ । ਬ੍ਰਹਿਮੰਡ ਖੰਡ ਸਾਚੇ ਨਾਮ ਦੀ ਪਵੇ ਰਾਸ, ਗੋਪੀ ਕਾਹਨ ਇਕੋ ਘਰ ਨੱਚੇਗਾ । ਹੁਕਮ ਚਲੇ ਪ੍ਰਿਥਮੀ ਆਕਾਸ਼, ਦੋ ਜਹਾਨ ਸੀਸ ਜਗਦੀਸ਼ ਕ਼ਦਮਾਂ ਉਤੇ ਸੁਟੇਗਾ । ਲੱਖ ਚੁਰਾਸੀ ਅੰਦਰ ਕਰੇ ਵਾਸ, ਘਟ ਨਿਵਾਸੀ ਹਰ ਹਿਰਦੇ ਅੰਦਰ ਵਸੇਗਾ । ਸਭ ਦੀ ਮੰਜ਼ਲ ਪੂਰੀ ਕਰੇ ਘਾਟ, ਮਹੱਲ ਅਟਲ ਚੜ੍ਹ ਕੇ ਆਤਮ ਮੱਲ ਕੇ ਹੱਸੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦਵਾਰੇ ਆਪੇ ਵਸੇਗਾ । ਸਤਿ ਧਰਮ ਸਤਿਜੁਗ ਸਚ ਮਾਤ ਪਰਗਟਾਵਾਂਗਾ । ਕਲਜੁਗ ਕੂੜਾ ਅੰਤ ਮੁਕਾਵਾਂਗਾ । ਨਿਰਗੁਣ ਨੂਰ ਜੋਤ ਰੁਸ਼ਨਾਵਾਂਗਾ । ਸ਼ਬਦੀ ਡੰਕਾ ਇਕ ਵਜਾਵਾਂਗਾ । ਬ੍ਰਹਿਮੰਡ ਖੰਡ ਆਪ ਉਠਾਵਾਂਗਾ । ਲੋਆਂ ਪੁਰੀਆਂ ਹੁਕਮ ਮਨਾਵਾਂਗਾ । ਧਰਤ ਧਵਲ ਸੋਭਾ ਪਾਵਾਂਗਾ । ਕੀਤਾ ਕੌਲ ਇਕ਼ਰਾਰ ਤੋੜ ਨਿਭਾਵਾਂਗਾ । ਹਰ ਘਟ ਅੰਦਰ ਜਾਵਾਂ ਮੌਲ, ਮੌਲਾ ਆਪਣਾ ਨਾਮ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵਾਂਗਾ । ਸਾਚੀ ਕਰਨੀ ਕਾਰ ਕਰੇਗਾ । ਸ੍ਰੀ ਭਗਵਾਨ ਆਤਮ ਸਭ ਦੀ ਵਰੇਗਾ । ਕਾਇਆ ਮੰਦਰ ਅੰਦਰ ਨਿਰਗੁਣ ਧਾਰ ਹੋ ਕੇ ਵੜੇਗਾ । ਸਚ ਦਸਮ ਦਵਾਰੀ ਕਰ ਕੇ ਪਾਰ, ਮਹੱਲ ਅਟਲ ਆਪੇ ਖੜੇਗਾ । ਸੇਜ ਸੁਹੰਜਣੀ ਕਰ ਤਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਰੇਗਾ । ਸਾਚੀ ਕਰਨੀ ਕਾਰ ਕਮਾਵਾਂਗਾ । ਨਿਰਗੁਣ ਨਿਰਵੈਰ ਰੂਪ ਵਟਾਵਾਂਗਾ । ਕਲਜੁਗ ਕੂੜੀ ਕਿਰਿਆ ਮਿਟੇ ਕਹਿਰ, ਸਤਿਜੁਗ ਸਾਚਾ ਚੰਦ ਚਮਕਾਵਾਂਗਾ । ਚਾਰ ਵਰਨ ਅਠਾਰਾਂ ਬਰਨ ਇਕੋ ਨਾਮ ਦੀ ਦੇ ਕੇ ਲਹਿਰ, ਜ਼ਹਿਰ ਕੂੜਾ ਅੰਦਰੋਂ ਬਾਹਰ ਕਢਾਵਾਂਗਾ । ਮਨ ਵਾਸਨਾ ਕੋਈ ਕਰੇ ਨਾ ਗ਼ੈਰ, ਗ਼ੈਰਤ ਸਭ ਦੀ ਆਪਣੇ ਵਿਚ ਸਮਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਸਾਚਾ ਹੁਕਮ ਇਕ ਵਰਤਾਵਾਂਗਾ । ਸਾਚਾ ਹੁਕਮ ਇਕ ਵਰਤਾਏਗਾ । ਸੋ ਪੁਰਖ ਨਿਰੰਜਣ ਖੇਲ ਖਿਲਾਏਗਾ । ਹਰਿ ਪੁਰਖ ਨਿਰੰਜਣ ਵੇਖ ਵਖਾਏਗਾ । ਏਕੰਕਾਰਾ ਪੜਦਾ ਲਾਹੇਗਾ । ਆਦਿ ਨਿਰੰਜਣ ਜੋਤ ਰੁਸ਼ਨਾਏਗਾ । ਅਬਿਨਾਸ਼ੀ ਕਰਤਾ ਫੇਰਾ ਪਾਏਗਾ । ਸ੍ਰੀ ਭਗਵਾਨ ਹੁਕਮ ਵਰਤਾਏਗਾ । ਪਾਰਬ੍ਰਹਮ ਬ੍ਰਹਮ ਸਮਝਾਏਗਾ । ਸ਼ਬਦ ਅਨਾਦੀ ਸੁਤ ਉਠਾਏਗਾ । ਵਿਸ਼ਨੂੰ ਆਪਣੀ ਅੱਖ ਖੁਲ੍ਹਾਏਗਾ । ਬ੍ਰਹਮਾ ਪਾਰਬ੍ਰਹਮ ਧਿਆਏਗਾ । ਸ਼ੰਕਰ ਨਿਉਂ ਨਿਉਂ ਸੀਸ ਨਿਵਾਏਗਾ । ਤ੍ਰੈਗੁਣ ਡੇਰਾ ਆਪੇ ਢਾਏਗਾ । ਪੰਜ ਤਤ ਪਕੜ ਹਿਲਾਏਗਾ । ਨਿਰਗੁਣ ਸਰਗੁਣ ਖੇਲ ਖਿਲਾਏਗਾ । ਮਾਇਆ ਮਮਤਾ ਮੋਹ ਚੁਕਾਏਗਾ । ਗੜ੍ਹ ਹੰਗਤਾ ਤੋੜ ਤੁੜਾਏਗਾ । ਸਾਚੀ ਸੰਗਤਾ ਮੇਲ ਮਿਲਾਏਗਾ । ਗੁਰਮੁਖ ਦੂਜੇ ਦਰ ਨਾ ਹੋਵੇ ਮੰਗਤਾ, ਇਕੋ ਸ਼ਬਦ ਅਮੋਲਕ ਝੋਲੀ ਪਾਏਗਾ । ਲੇਖਾ ਰਹੇ ਨਾ ਭੁੱਖਾ ਨੰਗਤਾ, ਮਾਨਵ ਜਾਤੀ ਇਕੋ ਰੰਗ ਰੰਗਾਏਗਾ । ਸਤਿਜੁਗ ਜਨ ਭਗਤਾਂ ਸਾਚੀ ਸਿਖਿਆ ਇਕ ਸਮਝਾਏਗਾ । ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਸੂਫ਼ੀਆਂ ਰੂਪ ਬਣਾ ਕੇ ਸੋਹੰ ਹੰਸਾ, ਹਸਤੀ ਹਸਤੀ ਵਿਚ ਆਪਣੇ ਸਮਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਕਿਰਿਆ ਮੇਟ ਕੰਸਾ, ਨਾਮ ਬੰਸਰੀ ਇਕ ਸੁਣਾਏਗਾ । ਨਾਮ ਬੰਸਰੀ ਇਕ ਵਜਾਏਗਾ । ਦੀਨ ਦਿਆਲ ਵੇਖ ਵਖਾਏਗਾ । ਕਾਲ ਮਹਾਂਕਾਲ ਹੁਕਮੇਂ ਅੰਦਰ ਫਿਰਾਏਗਾ । ਚਾਰ ਕੁੰਟ ਦਿਸੇ ਬੇਹਾਲ, ਸ੍ਰਿਸ਼ਟੀ ਧੀਰ ਨਾ ਕੋਇ ਧਰਾਏਗਾ । ਸੰਤ ਸੁਹੇਲੇ ਲੱਭੇ ਲਾਲ, ਲੱਖ ਚੁਰਾਸੀ ਖੋਜ ਖੁਜਾਏਗਾ । ਦੀਪਕ ਜੋਤੀ ਬਾਲ ਕੇ ਬੇਮਿਸਾਲ, ਮਿਸਲ ਅਗਲੀ ਆਪਣੇ ਨਾਲ ਰਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਨਾਮ, ਨਾਉਂ ਨਿਰੰਕਾਰਾ ਇਕ ਦ੍ਰਿੜਾਏਗਾ । ਨਾਉਂ ਨਿਰੰਕਾਰਾ ਇਕ ਦ੍ਰਿੜਾਵੇਗਾ । ਏਕੰਕਾਰਾ ਖੇਲ ਖਿਲਾਵੇਗਾ । ਦੂਜਾ ਸਮਝ ਕੋਇ ਨਾ ਪਾਵੇਗਾ । ਦੋ ਜਹਾਨ ਸੀਸ ਨਿਵਾਵੇਗਾ । ਜਗਦੀਸ ਹੁਕਮ ਵਰਤਾਵੇਗਾ । ਕਲਜੁਗ ਕੂੜੀ ਕਿਰਿਆ ਜਾਏ ਪੀਸ, ਸਤਿ ਧਰਮ ਆਪ ਪਰਗਟਾਵੇਗਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਸਭ ਦੇ ਵੱਸੇ ਚੀਤ, ਚਿਤਵਿਤ ਠਗੌਰੀ ਨਾ ਕੋਇ ਰਖਾਵੇਗਾ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਬਣਾਵੇ ਪ੍ਰੀਤ, ਪ੍ਰੀਤਮ ਹੋ ਕੇ ਹਰ ਘਟ ਨਜ਼ਰੀ ਆਵੇਗਾ । ਸਤਿ ਧਰਮ, ਜਨ ਭਗਤਾਂ ਕਾਇਆ ਕਰ ਕੇ ਠੰਡੀ ਸੀਤ, ਅੰਮ੍ਰਿਤ ਮੇਘ ਬਰਸਾਵੇਗਾ । ਤੂੰ ਮੇਰਾ ਮੈਂ ਤੇਰਾ ਢੋਲਾ ਗਾਉਣਾ ਸਦਾ ਗੀਤ, ਪਾਰਬ੍ਰਹਮ ਬ੍ਰਹਮ ਘਰ ਬਹਿ ਕੇ ਖ਼ੁਸ਼ੀ ਮਨਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਸਤਿਜੁਗ ਸਚ ਚਲਾਵੇ ਰੀਤ, ਮੰਦਰ ਮਸੀਤ ਲੇਖਾ ਪੰਧ ਮੁਕਾਵੇਗਾ ।



## ✪ ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਪੂਰਨ ਸਿੰਘ ਦੇ ਗ੍ਰਹਿ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ, ਸਤਿਜੁਗ ਚਲੇ ਸਚ ਮਰਯਾਦਾ, ਮਰਯਾਦਾ ਪਰਸ਼ੋਤਮ ਆਪ ਜਣਾਈਆ । ਜਿਸ ਦਾ ਗੋਬਿੰਦ ਸ਼ਬਦ ਹੋਵੇ ਪਿਤਾ ਪੁਰਖ ਅਕਾਲ ਹੋਵੇ ਦਾਦਾ, ਦਾਤਾਰ ਹੋ ਕੇ ਦਇਆ ਕਮਾਈਆ । ਜਨ ਭਗਤਾਂ ਹੋਵੇ ਵਾਧਾ, ਸਤਿ ਸਤਿ ਢੋਲਾ ਸਾਰੇ ਗਾਈਆ । ਨਾਮ ਅਗੰਮੀ ਵੱਜੇ ਨਾਦਾ, ਨੌਂ ਖੰਡ ਕਰੇ ਸ਼ਨਵਾਈਆ । ਹੰਸ ਬੁਧੀ ਹੋਵੇ ਕਾਗਾ, ਕੂੜ ਵਿਸ਼ਟਾ ਨਾ ਕੋਇ ਫੁਲਾਈਆ । ਮਿਲੇ ਵਡਿਆਈ ਸਚ ਸਾਧਾ, ਜੋ ਸਾਧਨਾਂ ਕਰ

ਕੇ ਪ੍ਰਭ ਨੂੰ ਰਹੇ ਧਿਆਈਆ । ਪਰਵਰਦਿਗਾਰ ਨਜ਼ਰੀ ਆਏ ਸਭ ਨੂੰ ਆਕਾ, ਅਕਲਾਂ ਤੋਂ ਪਰੇ ਮੇਲਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਲਏ ਕਮਾਈਆ । ਸਤਿ ਧਰਮ ਸਾਚਾ ਨਾਮ ਚਲੇ ਅਕਥ, ਕਥਨੀ ਕਥ ਨਾ ਸਕੇ ਰਾਈਆ । ਸਭ ਕੁਛ ਪੁਰਖ ਅਕਾਲ ਰਖੇ ਆਪਣੇ ਹੱਥ, ਮੰਗਤੇ ਦੋ ਜਹਾਨ ਅਖਵਾਈਆ । ਭਗਤਾਂ ਦੱਸ ਕੇ ਧੁਰ ਦਾ ਜਸ, ਸਾਚਾ ਨਾਮ ਦਏ ਸਮਝਾਈਆ । ਨਿਜ ਮਿਲਣ ਦੀ ਖੋਲ੍ਹ ਕੇ ਅੱਖ, ਅੱਖਰਾਂ ਤੋਂ ਪਰੇ ਮੇਲਾ ਲਏ ਮਿਲਾਈਆ । ਭੇਦ ਖੁਲ੍ਹਾ ਕੇ ਸਤਿ ਸਚ, ਸਚ ਧਰਮ ਦਏ ਦ੍ਰਿੜਾਈਆ । ਚਾਰ ਵਰਨਾਂ ਦੇ ਕੇ ਬ੍ਰਹਮ ਮਤਿ, ਵਿਦਿਆ ਇਕੋ ਇਕ ਵਖਾਈਆ । ਨਾਮ ਨਿਧਾਨ ਸਭ ਨੇ ਲੈਣਾ ਰਟ, ਪਰਮਾਤਮ ਆਤਮ ਰਾਗ ਅਲਾਈਆ । ਜੋ ਵਸਣਹਾਰਾ ਘਟ ਘਟ, ਲੱਖ ਚੁਰਾਸੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਕਰੇ ਆਪਣੇ ਵਸ, ਬਸਤੀਆਂ ਦਾ ਵਾਸਤਾ ਰਹਿਣ ਕੋਇ ਨਾ ਪਾਈਆ ।

✪ ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਚੰਨਣ ਸਿੰਘ ਦੇ ਗ੍ਰਿਹਿ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ, ਸਤਿਜੁਗ ਸੱਚਾ ਮਾਤ ਸੁਹਾਵੇਗਾ । ਜੀਵ ਜੰਤ ਸਰਬ ਸਮਝਾਵੇਗਾ । ਮਨੀਆ ਮੰਤ ਨਾਮ ਦ੍ਰਿੜਾਵੇਗਾ । ਸਾਧ ਸੰਤ ਆਪ ਪਰਗਟਾਵੇਗਾ । ਬੋਧ ਅਗਾਧ ਪੰਡਤ ਅਖਵਾਵੇਗਾ । ਹੰ ਬ੍ਰਹਮ ਭੇਵ ਚੁਕਾਵੇਗਾ । ਸਾਚਾ ਧਰਮ ਇਕ ਦਰਸਵੇਗਾ । ਨਿਹਕਰਮੀ ਕਰਮ ਕਮਾਵੇਗਾ । ਵਰਨੀ ਬਰਨੀ ਡੇਰਾ ਢਾਵੇਗਾ । ਸਾਚੇ ਚਰਨੀ ਸੀਸ ਸਰਬ ਨਿਵਾਵੇਗਾ । ਧਵਲ ਧਰਨੀ ਮਾਤ ਉਠਾਵੇਗਾ । ਪ੍ਰਭ ਕਰਨੀ ਕਾਰ ਕਮਾਵੇਗਾ । ਸਤਿ ਸਚ ਦਾ ਕਰ ਪਰਚਾਰ, ਪਰਚਾ ਸਭ ਦੇ ਅਗੇ ਪਾਵੇਗਾ । ਮਾਨਸ ਜਨਮ ਨਾ ਹੋਵੇ ਕੋਇ ਖ਼ੁਆਰ, ਖ਼ੁਆਰੀ ਸਭ ਦੀ ਮੇਟ ਮਿਟਾਵੇਗਾ । ਇਕੋ ਇਸ਼ਟ ਦੱਸ ਪੁਰਖ ਅਕਾਲ, ਅਕਲ ਕਲਧਾਰੀ ਨਾਲ ਜੁੜਾਵੇਗਾ । ਲੇਖੇ ਲਾਏ ਸਭ ਦੀ ਘਾਲ, ਮਜ਼ਦੂਰੀ ਸਭ ਦੀ ਝੋਲੀ ਪਾਵੇਗਾ । ਚਾਰ ਵਰਨਾਂ ਇਕੋ ਧਰਮਸਾਲ, ਧਰਮ ਦਵਾਰਾ ਇਕ ਪਰਗਟਾਵੇਗਾ । ਭਗਤ ਸੁਹੇਲੇ ਗੁਰਮੁਖ ਬਣਾ ਕੇ ਲਾਲ, ਰੰਗ ਗੁਲਾਲਾ ਆਪ ਚੜ੍ਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਵਿਚੋਂ ਲਏ ਭਾਲ, ਭਰਮ ਦਾ ਗੜ੍ਹ ਆਪ ਤੁੜਾਵੇਗਾ ।

✪ ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਕੁਲਵੰਤ ਸਿੰਘ ਦੇ ਗ੍ਰਿਹਿ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ, ਸਤਿਜੁਗ ਜ਼ਰੂਰ ਮਾਤ ਆਵੇਗਾ । ਸਰਬ ਕਲਾ ਭਰਪੂਰ, ਸਮਰਥ ਖੇਲ ਖਿਲਾਵੇਗਾ । ਨਾਤਾ ਕਲਜੁਗ ਤੋੜ ਕੇ ਕੂੜ, ਕੁੜਿਆਰਾਂ ਡੇਰਾ ਢਾਵੇਗਾ । ਜੋ ਪ੍ਰਭ ਭਗਤੀ ਦੇ ਹੋਏ ਮਜ਼ਦੂਰ, ਤਿਨ੍ਹਾਂ ਦੀ ਮਜ਼ਦੂਰੀ ਸਬੂਰੀ ਵਿਚ ਲੇਖੇ ਲਾਵੇਗਾ । ਮਨੂਆ ਪਾਵੇ ਨਾ ਕੋਇ ਫ਼ਤੂਰ, ਫ਼ਤਿਹ ਡੰਕਾ ਇਕ ਵਜਾਵੇਗਾ । ਸ਼ਾਹ ਸੁਲਤਾਨਾਂ ਤੋੜ ਕੇ ਗੜ੍ਹ ਗ਼ਰੂਰ, ਪੱਲੂ ਆਪਣਾ ਨਾਮ ਫੜਾਵੇਗਾ । ਲੇਖਾ ਮੁਕਾ ਕੇ ਨੇੜ ਦੂਰ, ਦਰ ਘਰ ਸਾਚਾ

ਇਕ ਵਸਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਖ਼ੁਮਾਰੀ ਦੇ ਸਰੂਰ, ਸਰਬ ਦੀ ਚਿੰਤਾ ਦੂਰ ਕਰਾਵੇਗਾ । ਸਤਿ ਧਰਮ, ਸਤਿਜੁਗ ਹੋਵੇ ਲੋਕਮਾਤ ਪਰਕਾਸ਼, ਪਰਕਾਸ਼ਤ ਕਰੇ ਸਰਬ ਲੋਕਾਈਆ । ਹੁਕਮੇਂ ਅੰਦਰ ਪੁਰਖ ਅਬਿਨਾਸ਼, ਧੁਰ ਦਾ ਸ਼ਬਦ ਦਏ ਸਮਝਾਈਆ । ਜਨ ਭਗਤਾਂ ਬਣ ਕੇ ਦਾਸ, ਸੇਵਕ ਸੇਵਾ ਵਿਚ ਸਮਾਈਆ । ਪੂਰਾ ਕਰ ਕੇ ਘਾਟ, ਲਹਿਣਾ ਦਏ ਮੁਕਾਈਆ । ਮੇਟ ਅੰਧੇਰੀ ਰਾਤ, ਰਤਨ ਨੂਰ ਕਰੇ ਰੁਸ਼ਨਾਈਆ । ਚੁਰਾਸੀ ਵਿਚੋਂ ਕਰ ਆਜ਼ਾਦ, ਫਾਸੀ ਵਿਚੋਂ ਫ਼ੈਸਲਾ ਦਏ ਸੁਣਾਈਆ । ਬਣਾ ਕੇ ਧੁਰ ਦੇ ਸਾਧ, ਸਦਾ ਚਰਨਾਂ ਵਿਚ ਟਿਕਾਈਆ । ਸੁਣਾ ਕੇ ਸੱਚਾ ਨਾਦ, ਅਨਾਦੀ ਧੁਨ ਦਏ ਉਪਜਾਈਆ । ਖੁਲ੍ਹਾ ਕੇ ਨੇਤਰ ਜਾਗ, ਨਿੰਦਰਾ ਦਏ ਮਿਟਾਈਆ । ਬੁਝਾ ਕੇ ਅਗਨੀ ਆਗ, ਸਾਂਤਕ ਸਤਿ ਦਏ ਵਰਤਾਈਆ । ਜਗਾ ਕੇ ਜੋਤ ਚਿਰਾਗ, ਨੂਰ ਕਰੇ ਰੁਸ਼ਨਾਈਆ । ਜਿਸ ਰਚਨਾ ਰਚੀ ਆਦਿ, ਅੰਤ ਓਹੋ ਵੇਖੇ ਬੇਪਰਵਾਹੀਆ । ਕਲਜੁਗ ਕੂੜ ਕਰ ਬਰਬਾਦ, ਸਤਿਜੁਗ ਸਾਚਾ ਦਏ ਵਸਾਈਆ । ਪੂਰਬ ਲੇਖਾ ਸਭ ਦਾ ਰਖੇ ਯਾਦ, ਗੁਰ ਅਵਤਾਰ ਪੈਗ਼ੰਬਰਾਂ ਕੌਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਨਾਮ ਦੀ ਦਏ ਇਕ ਆਵਾਜ਼, ਨਾਅਰਾ ਇਕੋ ਇਕ ਸੁਣਾਈਆ । ਸਤਿ ਧਰਮ ਸਤਿਜੁਗ ਸੱਚਾ ਦੱਸੇ ਇਕੋ ਨਾਅਰਾ, ਨਰ ਨਰਾਇਣ ਆਪ ਲਗਾਈਆ । ਜਨ ਭਗਤਾਂ ਲੱਗੇ ਪਿਆਰਾ, ਪ੍ਰੇਮੀ ਹੋ ਕੇ ਢੋਲਾ ਗਾਈਆ । ਧੁਰ ਦਾ ਸ਼ਬਦ ਸਾਚੀ ਸੇਵਾ ਕਰੇ ਬਣ ਕੇ ਸੇਵਾਦਾਰਾ, ਸੇਵਕ ਹੋ ਕੇ ਆਪਣੀ ਕਾਰ ਕਮਾਈਆ । ਗੁਰਮੁਖ ਆਤਮ ਨੂੰ ਰਹਿਣ ਨਾ ਦੇਵੇ ਕੁਆਰਾ, ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਘਰ ਮੰਦਰ ਠਾਕਰ ਵਖਾਏ ਗੁਰੂਦਵਾਰਾ, ਘਰ ਵਿਚ ਘਰ ਪੜਦਾ ਦਏ ਉਠਾਈਆ । ਇਕੋ ਮਿਲੇ ਮੀਤ ਮੁਰਾਰਾ, ਮਿੱਤਰਾਂ ਦਾ ਮਿੱਤਰ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸੀ ਸਤਿਜੁਗ ਸਾਚੀ ਬੰਨ੍ਹੇ ਧਾਰਾ, ਧਰਨੀ ਧਵਲ ਉਪਰ ਦੇਵੇ ਮਾਣ ਵਡਿਆਈਆ ।



## ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਤੇਜਾ ਸਿੰਘ ਦੇ ਗ੍ਰਹਿ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ

ਸਤਿ ਧਰਮ ਸਤਿਜੁਗ ਸਾਚਾ ਮਾਤ ਜਾਏ ਲੱਗ, ਜਗਤ ਵਿਕਾਰ ਲੱਗਾ ਬੱਧਾ ਰਹਿਣ ਕੋਇ ਨਾ ਪਾਈਆ । ਮੋਹ ਵਿਕਾਰ ਤ੍ਰਿਸ਼ਨਾ ਬੁਝੇ ਅੱਗ, ਸਾਂਤਕ ਸਤਿ ਦਏ ਕਰਾਈਆ । ਸੰਤ ਸੁਹੇਲੇ ਸੱਜਣ ਸਾਧ ਸੱਦ, ਮਿਲ ਕੇ ਖ਼ੁਸ਼ੀ ਮਨਾਈਆ । ਸਭ ਨੂੰ ਕਾਇਆ ਕਾਅਬੇ ਕਰਨਾ ਪਏ ਹੱਜ, ਮੰਦਰ ਧਰਮ ਦਵਾਰਾ ਦਏ ਵਖਾਈਆ । ਝਗੜਾ ਰਹੇ ਨਾ ਅੱਠ ਸੱਠ, ਤੀਰਥ ਤਟ ਨਾ ਕੋਇ ਵਡਿਆਈਆ । ਇਕੋ ਢੋਲਾ ਸਾਰੇ ਗਾਵਣ ਛੰਦ, ਸੋਹੰ ਸੋ ਰਾਗ ਅਲਾਈਆ । ਖ਼ੁਸ਼ੀ ਹੋਵੇ ਬੰਦ ਬੰਦ, ਬੰਦਨਾ ਕਰ ਕੇ ਮਿਲੇ ਵਡਿਆਈਆ । ਅੰਤਰ ਆਤਮ ਮਿਲੇ ਅਨੰਦ, ਦੁੱਖ ਰੋਗ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੂਰਾ ਕਰੇ ਪੰਧ, ਸਫ਼ਰੀਆਂ ਸਫ਼ਰ ਦਏ ਖਪਾਈਆ । ਸਤਿ ਧਰਮ, ਸਤਿਜੁਗ ਧਰਨੀ ਉਤੇ ਜਾਵੇ ਆ, ਆਤਮ ਪਰਮਾਤਮ ਮੇਲ ਮਿਲਾਈਆ । ਭਾਗ ਲਗਾਵੇ ਥਲ ਅਸਗਾਹ, ਟਿੱਲੇ ਚੋਟੀ ਵੱਜੇ ਵਧਾਈਆ । ਸਾਰੇ ਗਾਵਣ ਪਰਮ ਪੁਰਖ ਦਾ ਨਾਂ, ਨਾਉਂ ਨਿਰੰਕਾਰਾ ਇਕ ਧਿਆਈਆ । ਯਾਦ ਰਖਣ ਸਾਹ ਸਾਹ, ਸਵਾਸ ਸਵਾਸ ਨਾ ਕੋਇ ਭੁਲਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦਏ ਪਰਗਟਾਈਆ । ਸਾਚਾ ਮਾਰਗ ਲੱਗੇ ਮਾਤ ਧਰਨੀ, ਧਵਲ ਸਤਿਜੁਗ ਨਾਲ ਸੁਹਾਈਆ । ਪੁਰਖ ਅਕਾਲ ਦੀ ਇਕੋ ਮਿਲੇ ਸਭ ਨੂੰ ਸਰਨ ਸਰਨੀ, ਸਰਨਾਗਤ ਇਕ ਵਖਾਈਆ । ਮਿਹਰਵਾਨ ਮਿਹਰ ਕਰੇ ਤਾਰਨ ਤਰਨੀ, ਹਰਿਜਨ ਤਾਰੇ ਥਾਉਂ ਥਾਈਂਆ । ਲੇਖਾ ਮੁਕਾਏ ਵਰਨੀ ਬਰਨੀ, ਆਤਮ ਬ੍ਰਹਮ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਦੱਸੇ ਇਕੋ ਸਰਨੀ, ਸਰਨਾਗਤ ਸਭ ਨੂੰ ਆਪ ਸਮਝਾਈਆ ।

### ✪ ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਰਤਨ ਸਿੰਘ ਦੇ ਗ੍ਰਿਹ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ, ਕਿਰਪਾ ਕਰੇ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਦਏ ਮਾਣ ਵਡਿਆਈਆ । ਨਾਮ ਭੰਡਾਰਾ ਦੇ ਕੇ ਦਾਨ, ਪਦਾਰਥ ਆਪਣਾ ਇਕ ਵਰਤਾਈਆ । ਡੰਕਾ ਵਜਾ ਕੇ ਦੋ ਜਹਾਨ, ਜਹਾਲਤ ਕੂੜੀ ਦਏ ਕਢਾਈਆ । ਧੁਰ ਸੰਦੇਸ਼ਾ ਦੇ ਪੈਗ਼ਾਮ, ਕਾਇਨਾਤ ਦਏ ਸਮਝਾਈਆ । ਪ੍ਰਭ ਨੂੰ ਮਿਲਣਾ ਹੋਏ ਆਸਾਨ, ਅੱਧਵਿਚਕਾਰ ਨਾ ਕੋਇ ਅਟਕਾਈਆ । ਇਕੋ ਚਰਨ ਕਰਨੀ ਪਏ ਪਰਨਾਮ, ਸਜਦਾ ਇਕੋ ਇਕ ਦਰਸਾਈਆ । ਇਕੋ ਲੱਭਣਾ ਪਏ ਰਾਮ, ਜੋ ਹਰ ਘਟ ਬੈਠਾ ਡੇਰਾ ਲਾਈਆ । ਇਕੋ ਖੋਜਣਾ ਪਏ ਕਾਹਨ, ਜੋ ਨਾਮ ਬੰਸਰੀ ਧੁਨ ਆਤਮਕ ਰਾਗ ਸੁਣਾਈਆ । ਇਕੋ ਲੱਭਣਾ ਪਏ ਇਮਾਮ, ਜੋ ਮਾਲਕ ਖ਼ਲਕ ਖ਼ੁਦਾ ਨੂਰੋ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਸਤਿ ਧਰਮ, ਸਤਿਜੁਗ ਸੱਚਾ ਹੋਵੇ ਪਰਗਟ, ਪਾਰਬ੍ਰਹਮ ਦਏ ਵਡਿਆਈਆ । ਹੋਏ ਪਿਆਰ ਹਰ ਘਟ, ਲੱਖ ਚੁਰਾਸੀ ਖ਼ੁਸ਼ੀ ਮਨਾਈਆ । ਫਿਰੇ ਦਰੋਹੀ ਤੀਰਥ ਤਟ, ਅੱਠ ਸੱਠ ਨੀਰ ਵਹਾਈਆ । ਝਗੜਾ ਰਹੇ ਨਾ ਮੰਦਰ ਮੱਠ, ਸ਼ਿਵਦਵਾਲੇ ਪੈਂਡਾ ਦਰ ਦਰ ਮੁਕਾਈਆ । ਇਕੋ ਨਾਮ ਪ੍ਰਭ ਦਾ ਸਾਰੇ ਲੈਣ ਰਟ, ਰੱਟਾ ਦੀਨ ਮਜ਼੍ਹਬ ਚੁਕਾਈਆ । ਸਾਚਾ ਲਾਹਾ ਸਤਿ ਦਰਬਾਰ ਸਤਿ ਸਤਿਵਾਦੀ ਪੁਰਸ਼ ਲੈਣ ਖੱਟ, ਮੂਰਖ ਮੁਗਧਾਂ ਹੱਥ ਕਿਛ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਤੇਰੀ ਵਾਰ, ਕਰੇ ਖੇਲ ਨਿਰਗੁਣ ਧਾਰ, ਸਵਾਂਗੀ ਹੋ ਕੇ ਸਵਾਂਗ ਵਰਤਾਈਆ ।

### ✪ ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਤਾਰਾ ਸਿੰਘ ਦੇ ਗ੍ਰਿਹ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਸਤਿਜੁਗ ਸਾਚੀ ਮਿਲੇ ਦਾਤ, ਹਰਿ ਦਾਤਾ ਆਪ ਵਰਤਾਈਆ । ਚਾਰ ਵਰਨਾਂ ਬਣੇ ਇਕ ਜਮਾਤ, ਇਕੋ ਹੋਵੇ ਸਚ ਪੜ੍ਹਾਈਆ । ਇਕੋ ਮਿਲੇ ਸਚ ਖ਼ਤਾਬ, ਰੁਤਬਾ ਇਕੋ ਦਏ ਵਖਾਈਆ । ਇਕੋ ਨਜ਼ਰੀ ਆਏ ਸਚ ਜਨਾਬ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਾਚੇ ਨਾਉਂ ਦਾ ਹੋਵੇ ਪਰਤਾਪ, ਪੁਰਖ ਅਕਾਲ ਢੋਲਾ ਸਾਰੇ ਗਾਈਆ । ਇਕੋ ਪੂਜਾ ਇਕੋ ਰਹਿ ਜਾਏ ਪਾਠ, ਇਕੋ ਸ਼ਬਦ ਹੋਏ ਸ਼ਨਵਾਈਆ । ਇਕੋ ਨਜ਼ਰੀ ਆਵੇ ਤੀਰਥ ਤਾਟ, ਤਟ ਕਿਨਾਰਾ ਇਕੋ ਦਏ ਸਮਝਾਈਆ । ਇਕੋ ਮੰਜ਼ਲ ਮੁਕੇ ਵਾਟ, ਪਾਂਧੀ ਇਕ ਦਵਾਰੇ ਬਹਿ ਕੇ ਸੋਭਾ ਪਾਈਆ ।

ਇਕੋ ਦਿਸੇ ਸਾਂਝੀ ਸਭ ਦੀ ਜਾਤ, ਆਤਮ ਰੂਪ ਨਜ਼ਰੀ ਆਈਆ । ਨਾਮ ਨਿਧਾਨ ਗਾਵਣ ਗਾਥ, ਸੋਹੰ ਢੋਲਾ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣੀ ਕਾਰ ਕਮਾਈਆ । ਸਤਿ ਧਰਮ, ਸਤਿਜੁਗ ਸੱਚੀ ਮਿਲੇ ਵਸਤ, ਵਸਤੂਆਂ ਦਏ ਵਰਤਾਈਆ । ਜਿਸ ਦੇ ਨਾਲ ਖ਼ੁਮਾਰੀ ਕਰੇ ਮਸਤ, ਸਾਚੇ ਨਾਮ ਦੀ ਵੱਜਦੀ ਰਹੇ ਵਧਾਈਆ । ਲੇਖਾ ਮੁਕਾਵੇ ਫ਼ਰਸ਼ ਅਰਸ਼, ਅਰਸ਼ੀ ਪ੍ਰੀਤਮ ਦਏ ਮਿਲਾਈਆ । ਸਚ ਦਵਾਰੇ ਹੁੰਦਾ ਰਹੇ ਦਰਸ, ਦਰਸ ਦੀਦਾਰ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਕੇ ਕਰੇ ਤਰਸ, ਰਹਿਮਤ ਆਪਣੀ ਨਾਲ ਤਰਾਈਆ । ਸਤਿ ਧਰਮ ਸਤਿਜੁਗ ਦਾ ਸਾਚਾ ਹੋਵੇ ਰੁਤਬਾ, ਮਿਲੇ ਮਾਣ ਵਡਿਆਈਆ । ਜਿਸ ਨੂੰ ਸੀਸ ਝੁਕਾਵੇ ਦੁਰਗਾ, ਸੋ ਸਾਹਿਬ ਧੁਰ ਫ਼ਰਮਾਨ ਸੁਣਾਈਆ । ਜਿਸ ਦਾ ਹੁਕਮ ਕਦੇ ਨਾ ਮੁੜਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਸਤਿਗੁਰ ਇਕੋ ਹੋਵੇ ਧੁਰ ਦਾ, ਸਚਖੰਡ ਦਵਾਰੇ ਬਹਿ ਕੇ ਸੋਭਾ ਪਾਈਆ । ਸ਼ਬਦ ਸੰਦੇਸਾ ਦੇਵੇ ਆਪਣੀ ਸੁਰ ਦਾ, ਸੁਰਤੀ ਸੁੱਤੀ ਲਏ ਜਗਾਈਆ । ਲਹਿਣਾ ਦੇਦਾ ਦੇਣਾ ਆਨੰਦ ਪੁਰ ਦਾ, ਲੋਆਂ ਪੁਰੀਆਂ ਤੋਂ ਬਾਹਰ ਲੇਖਾ ਆਪਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਆਦਿ ਖੇਲ ਕਰੇ ਹੁਕਮੇਂ ਅੰਦਰ ਸ਼ੁਰੂ ਦਾ, ਸ਼ਰਅ ਦਾ ਸ਼ਾਇਰ ਸ਼ਮ੍ਹਾਂ ਆਪਣੀ ਨਾ ਕੋਇ ਰੁਸ਼ਨਾਈਆ ।



## ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਮੋਹਣ ਸਿੰਘ ਦੇ ਗ੍ਰਿਹਿ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ

ਸਤਿ ਧਰਮ, ਪੁਰਖ ਅਕਾਲ ਸਤਿਜੁਗ ਏਕਾ ਦੱਸੇ ਨਾਮ ਸਲੋਕ, ਸੋਲਾਂ ਕਲਾਧਾਰੀ ਜਿਸ ਦਾ ਢੋਲਾ ਗਾਈਆ । ਖ਼ੁਸ਼ ਹੋਵਣ ਚੌਦਾਂ ਲੋਕ, ਚੌਦਾਂ ਤਬਕ ਕ਼ਦਮਾਂ ਵਿਚ ਸਜਦਾ ਕਰਕੇ ਖ਼ੁਸ਼ੀ ਮਨਾਈਆ । ਚਾਰ ਕੁੰਟ ਦਹਿ ਦਿਸ਼ਾ ਰਖੇ ਸਾਚੀ ਓਟ, ਓੜਕ ਪਾਰਬ੍ਰਹਮ ਬ੍ਰਹਮ ਦਏ ਸਮਝਾਈਆ । ਭੇਵ ਅਭੇਦ ਖੋਲ੍ਹ ਕੇ ਚਾਰ ਵਰਨਾਂ ਦੱਸੇ ਇਕੋ ਗੋਤ, ਪੰਜ ਤਤ ਕਾਇਆ ਮਾਟੀ ਵਜਦੀ ਰਹੇ ਵਧਾਈਆ । ਸਚ ਦਵਾਰ ਏਕੰਕਾਰ ਨਿਰਮਲ ਧਾਰ ਕਰੇ ਪਰਗਟ ਜੋਤ, ਅੰਧ ਅੰਧੇਰਾ ਦਏ ਗਵਾਈਆ । ਸ਼ਬਦ ਅਨਾਦੀ ਸਤਿਗੁਰ ਲਾਵੇ ਚੋਟ, ਚੋਟੀ ਚੜ੍ਹ ਕੇ ਚੋਰ ਯਾਰ ਅੰਦਰੋਂ ਦਏ ਭਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਮਾਤ ਪਰਗਟਾਈਆ । ਸਤਿ ਧਰਮ ਸਤਿਜੁਗ ਸਾਚਾ ਮਾਤ ਜਾਏ ਜੰਮ, ਜਮਾਂ ਦਾ ਡਰ ਰਹੇ ਨਾ ਰਾਈਆ । ਸਤਿਵਾਦੀ ਹੋ ਕੇ ਕਰੇ ਆਪਣਾ ਕੰਮ, ਨਿਹਕਰਮੀ ਬਣ ਕੇ ਖ਼ੁਸ਼ੀ ਮਨਾਈਆ । ਜਨ ਭਗਤਾਂ ਲੇਖਾ ਜਾਣੇ ਦਮੋ ਦਮ, ਜ਼ਾਮਨ ਹੋ ਕੇ ਦਾਮਨ ਲਏ ਫੜਾਈਆ । ਹਰਖ ਸੋਗ ਰਹੇ ਨਾ ਕੋਈ ਗ਼ਮ, ਖ਼ੁਸ਼ੀ ਅੰਦਰ ਖ਼ੁਸ਼ੀ ਰੁਚੀ ਅੰਦਰ ਰੁਚੀ ਸੱਚੀ ਦਏ ਵਖਾਈਆ । ਮਿਲੇ ਵਡਿਆਈ ਵਜੂਦ ਤਨ, ਤਾਮਸ ਤ੍ਰਿਸ਼ਨਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਗੰਮੀ ਸੁਣਾਏ ਬਿਨਾ ਕੰਨ, ਧੁਨ ਧੁਨ ਵਿਚ ਧੁਨ ਆਪਣੀ ਦਏ ਪਰਗਟਾਈਆ । ਸਤਿ ਧਰਮ, ਕਲਜੁਗ ਸਤਿਜੁਗ ਕਰੇ ਬਦਲੀ, ਬਦਲਾ ਪਰਮ ਪੁਰਖ ਚੁਕਾਈਆ । ਸਚਖੰਡ ਨਿਵਾਸੀ ਸਦਾ ਅਦਲੀ, ਇਨਸਾਫ਼ ਕਰੇ ਨਾਲ ਲੋਕਾਈਆ । ਰਹਿਣ ਨਾ ਦੇਵੇ ਅੰਧੇਰ ਗਰਦੀ ਸਾਰਿਆਂ ਦੇ ਘਰ ਘਰ

ਦੀ, ਗ੍ਰਿਹ ਗ੍ਰਿਹ ਖੋਜ ਖੁਜਾਈਆ । ਧਾਰ ਚਲੇ ਇਕੋ ਨਰਾਇਣ ਨਰ ਦੀ, ਨਰ ਨਿਰੰਕਾਰ ਹੁਕਮ ਧੁਰ ਦਾ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਜਾਣੇ ਚੋਟੀ ਜੜ੍ਹ ਦੀ, ਪੜਦਾ ਉਹਲਾ ਦਏ ਉਠਾਈਆ । ਸਤਿ ਧਰਮ, ਸਤਿਜੁਗ ਸਾਚੇ ਇਕੋ ਗਾਵਣ ਗਾਥ, ਗਹਿਰ ਗੰਭੀਰ ਦਏ ਸਮਝਾਈਆ । ਸਭ ਦਾ ਉਦੇ ਹੋਵੇ ਭਾਗ ਮਸਤਕ ਮਾਥ, ਪੂਰਬ ਜਨਮ ਲੇਖਾ ਵੇਖ ਵਖਾਈਆ । ਹੋਏ ਸਹਾਈ ਅਨਾਥਾਂ ਨਾਥ, ਦੀਨ ਦਿਆਲ ਦੀਨਾਂ ਆਪਣੇ ਗਲੇ ਲਗਾਈਆ । ਸਚ ਦਵਾਰ ਮੰਜ਼ਲ ਪੌੜੀ ਚਾੜ੍ਹੇ ਘਾਟ, ਘਾਟਾ ਪਿਛਲਾ ਦੇਣ ਕੋਇ ਨਾ ਪਾਈਆ । ਜਿਸ ਦਾ ਲੇਖਾ ਚਾਰ ਜੁਗ ਲਿਖਦੇ ਰਹੇ ਨਾਲ ਕ਼ਲਮ ਦਵਾਤ, ਕਲਮਾਂ ਦਾ ਮਾਲਕ ਖ਼ਾਲਕ ਆਪਣਾ ਹੁਕਮ ਵਰਤਾਈਆ । ਜਿਸ ਦਾ ਨੂਰ ਜਹੂਰ ਚਮਕੇ ਇਕੋ ਆਫ਼ਤਾਬ, ਮਸ਼ਰਕ ਮਗ਼ਰਬ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਰਗ ਦਏ ਸਮਝਾਈਆ । ਸਤਿ ਧਰਮ ਸਤਿਜੁਗ ਲੋਕਮਾਤ ਆਵੇ ਭੱਜਾ, ਭਜਨ ਬੰਦਗੀ ਆਪਣੇ ਨਾਲ ਲਿਆਈਆ । ਜਨ ਭਗਤਾਂ ਦਸਤ ਮਿਲਾ ਕੇ ਸੱਜਾ, ਸੱਜਣ ਹੋ ਕੇ ਜੋੜ ਜੁੜਾਈਆ । ਸਭ ਨੇ ਚਲਣਾ ਪਰਮ ਪੁਰਖ ਦੀ ਰਜ਼ਾ, ਮਨ ਵਾਸਨਾ ਨਾ ਕੋਇ ਹਲਕਾਈਆ । ਲੱਖ ਚੁਰਾਸੀ ਵਿਚ ਫੇਰ ਦੇਵੇ ਨਾ ਕੋਈ ਸਜ਼ਾ, ਮਾਤ ਗਰਭ ਅਗਨੀ ਤਤ ਨਾ ਕੋਇ ਤਪਾਈਆ । ਪੁਰਖ ਅਕਾਲ ਦੀਨ ਦਿਆਲ ਸਚਖੰਡ ਦਵਾਰ ਚਰਨ ਕਵਲ ਦੇਵੇ ਸਾਚੀ ਜਗ੍ਹਾ, ਭੂਮਿਕਾ ਇਕੋ ਇਕ ਸੁਹਾਈਆ । ਜਿਸ ਦਵਾਰੇ ਨਾਉਂ ਨਿਰੰਕਾਰਾ ਅਗੰਮੀ ਨਾਦ ਵੱਜਾ, ਬਾਕੀ ਧੁਨ ਸੁਣਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਦੇਵੇ ਸਾਚਾ ਵਰ, ਧੁਰ ਦਾ ਹੁਕਮ ਇਕ ਸਮਝਾਈਆ । ਸਤਿ ਧਰਮ ਸਤਿਜੁਗ ਸਚ ਹੋਵੇ ਪਰਧਾਨ, ਪ੍ਰਧਾਨਗੀ ਪ੍ਰਭ ਇਕੋ ਹੱਥ ਰਖਾਈਆ । ਮਾਣ ਰਹਿਣਾ ਨਹੀਂ ਸੀਤਾ ਰਾਮ, ਕ੍ਰਿਸ਼ਨ ਕਾਹਨ ਨਾ ਕੋਇ ਵਡਿਆਈਆ । ਜਗਤ ਰਹਿਣਾ ਨਹੀਂ ਅੰਜੀਲ ਕ਼ੁਰਾਨ, ਈਸਾ ਮੂਸਾ ਕਰੇ ਨਾ ਕੋਇ ਪੜ੍ਹਾਈਆ । ਲੇਖਾ ਜਾਣੇ ਨਾਨਕ ਗੋਬਿੰਦ ਸਾਹਿਬ ਸੁਲਤਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋ ਸਚ ਦਵਾਰੇ ਹੋਵੇ ਹੁਕਮਰਾਨ, ਹਾਕਮ ਹੋ ਕੇ ਆਪਣਾ ਹੁਕਮ ਮਨਾਈਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਕੂੜੀ ਕਿਰਿਆ ਮੇਟੇ ਵਿਚੋਂ ਜਹਾਨ, ਜਹਾਲਤ ਸਚ ਅਦਾਲਤ ਵਿਚ ਰਹਿਣ ਕੋਇ ਨਾ ਪਾਈਆ । ਕਿਰਪਾ ਕਰੇ ਗੁਣ ਨਿਧਾਨ, ਸਚ ਝੁਲਾਏ ਇਕ ਨਿਸ਼ਾਨ, ਨਿਸ਼ਾਨੇ ਕੂੜੇ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਹੋਵੇ ਆਪ ਮਿਹਰਵਾਨ, ਮਿਹਰਵਾਨ ਮਿਹਰ ਨਜ਼ਰ ਬੇਨਜ਼ੀਰ ਆਪ ਉਠਾਈਆ ।

## ✪ ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਹੀਰਾ ਨੰਦ ਦੇ ਗ੍ਰਿਹ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ, ਸਤਿਜੁਗ ਸਾਚਾ ਨਾਮ ਸੋਹੰ ਸੋ, ਸੋ ਪੁਰਖ ਨਿਰੰਜਣ ਆਪ ਜਣਾਈਆ । ਹੰ ਬ੍ਰਹਮ ਆਪੇ ਹੋ, ਹਰਿ ਪੁਰਖ ਨਿਰੰਜਣ ਹੋ ਕੇ ਆਪੇ ਸੇਵ ਕਮਾਈਆ । ਅਵਰੀ ਧਾਰ ਰਹੇ ਨਾ ਦੋ, ਏਕੰਕਾਰਾ ਹੋ ਕੇ ਦਿਆਂ ਸਮਝਾਈਆ । ਸਚ ਪਰਕਾਸ਼ ਕਰਾਂ ਲੋ, ਆਦਿ ਨਿਰੰਜਣ ਹੋ ਕੇ ਜੋਤੀ ਨੂਰ ਕਰਾਂ ਰੁਸ਼ਨਾਈਆ । ਅਬਿਨਾਸ਼ੀ ਕਰਤਾ ਹੋ ਕੇ ਕੂੜਾ ਤੋੜਾਂ ਮੋਹ, ਮੁਹੱਬਤ ਇਕੋ ਨਾਲ ਬੰਧਾਈਆ । ਸ੍ਰੀ ਭਗਵਾਨ ਹੋ ਕੇ

੯੬੪
੧੯

ਕਿਸੇ ਨਾਲ ਨਾ ਕਰਾਂ ਧਰੋਹ, ਧਰੂ ਪ੍ਰਹਿਲਾਦ ਵਾਂਗ ਭਗਤ ਲਵਾਂ ਪਰਗਟਾਈਆ । ਪਾਰਬ੍ਰਹਮ ਹੋ ਕੇ ਪ੍ਰੇਮ ਨਾਲ ਜਾਵਾਂ ਛੋਹ, ਅੰਦਰ ਉਹਲਾ ਪੜਦਾ ਨਾ ਕੋਇ ਰਖਾਈਆ । ਸ਼ਬਦੀ ਧਾਰ ਸੰਸਾਰ ਵਿਚੋਂ ਕਰਾਂ ਨਿਰਮੋਹ, ਮੁਹੱਬਤ ਇਕੋ ਘਰ ਬਣਾਈਆ । ਪੰਚ ਵਿਕਾਰਾ ਗੁਰਮੁਖਾਂ ਅੰਦਰ ਰਹਿਣ ਨਾ ਦੇਵਾਂ ਗਰੋਹ, ਹੁਕਮੇਂ ਅੰਦਰ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਾਂ ਮਾਣ ਵਡਿਆਈਆ । ਸਤਿ ਧਰਮ, ਸਤਿਜੁਗ ਬਖ਼ਸ਼ਾਂ ਸਾਚੀ ਧੀਰ, ਧਰਮ ਇਕੋ ਇਕ ਵਖਾਈਆ । ਸ਼ਕਤ ਰਹੇ ਨਾ ਕਿਸੇ ਪੀਰ ਫ਼ਕੀਰ, ਫਿਕਰਾ ਨਾ ਕੋਇ ਦ੍ਰਿੜਾਈਆ । ਮਾਣ ਦਿਸੇ ਨਾ ਕਿਸੇ ਸ਼ੀਰ, ਸ਼ੀਰ ਆਪਣਾ ਨਾਮ ਸਮਝਾਈਆ । ਸਭ ਦੀ ਬਦਲ ਜਾਏ ਤਕਦੀਰ, ਤਕਰੀਰ ਇਕੋ ਦਿਆਂ ਸੁਣਾਈਆ । ਦਰਸ ਵਖਾ ਕੇ ਬੇਨਜ਼ੀਰ, ਨਜ਼ਰ ਦਿਆਂ ਬਦਲਾਈਆ । ਘਰ ਵਖਾਵਾਂ ਅਗੰਮ ਅਖ਼ੀਰ, ਮੰਦਰ ਧੁਰ ਦਾ ਇਕ ਪਰਗਟਾਈਆ । ਜਿਥੇ ਹਉਮੇ ਹੰਗਤਾ ਰਹੇ ਕੋਇ ਨਾ ਪੀੜ, ਦੁੱਖ ਦਰਦ ਨੇੜ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਦਏ ਵਖਾਈਆ । ਸਤਿ ਧਰਮ, ਸਤਿਜੁਗ ਸੱਚਾ ਖ਼ੁਸ਼ੀਆਂ ਨਾਲ ਆਵੇ ਹੱਸਦਾ, ਲੋਕਮਾਤ ਲਏ ਅੰਗੜਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਦੇਵਤ ਸੁਰ ਗਣ ਗੰਧਰਬ ਇਕੋ ਢੋਲਾ ਗਾਵੇ ਜਸ ਦਾ, ਸੋਹੰ ਸੋ ਸਾਚੀ ਕਰੇ ਪੜ੍ਹਾਈਆ । ਇਸ਼ਾਰਾ ਕਰਦਾ ਆਵੇ ਆਪਣੀ ਅਗੰਮੀ ਅੱਖ ਦਾ, ਪਲਕ ਵਿਚੋਂ ਪਲਕ ਪਲਕ ਬਦਲਾਈਆ । ਗੀਤ ਗਾਓ ਸਾਰੇ ਪੁਰਖ ਅਕਾਲ ਦੇ ਜਸ ਦਾ, ਵੇਦ ਪੁਰਾਨਾਂ ਤੋਂ ਪਰੇ ਜਿਸ ਦੀ ਪੜ੍ਹਾਈਆ । ਜੋ ਮਾਲਕ ਖ਼ਾਲਕ ਪ੍ਰਿਤਪਾਲਕ ਹੋਵੇ ਸਭ ਦਾ, ਲੱਖ ਚੁਰਾਸੀ ਮੰਦਰ ਵੜ ਕੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਕਮਲਾਪਤ ਦਾ, ਪਤਿਪਰਮੇਸ਼ਵਰ ਹੋ ਕੇ ਆਪਣੀ ਦਇਆ ਕਮਾਈਆ । ਸਤਿ ਧਰਮ, ਸਤਿਜੁਗ ਦੀ ਸੁਹੰਜਣੀ ਹੋਵੇ ਰੁੱਤ, ਰੁਤੜੀ ਪ੍ਰਭ ਆਪਣੇ ਨਾਲ ਮਹਿਕਾਈਆ । ਸੰਤ ਸੁਹੇਲੇ ਬਣਾ ਕੇ ਆਪਣੇ ਸੁਤ, ਸੁਤਿਆਂ ਲਏ ਉਠਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਦਏ ਕਰਾਈਆ । ਜਨਮ ਕਰਮ ਦੀ ਤ੍ਰਿਸ਼ਨਾ ਮਿਟਾ ਕੇ ਭੁੱਖ, ਅਗਨੀ ਅੱਗ ਨਾ ਕੋਇ ਤਪਾਈਆ । ਸਫ਼ਲ ਕਰਾਏ ਜਨਨੀ ਕੁੱਖ, ਦਏ ਵਡਿਆਈ ਜਣੇਂਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦਵਾਰਾ ਵਖਾਏ ਆਪਣੇ ਨਾਮ ਦੀ ਸੁਚ, ਸੰਜਮ ਸਚ ਵਾਲਾ ਸਮਝਾਈਆ । ਸਤਿ ਧਰਮ, ਸਤਿਜੁਗ ਸਾਚਾ ਸ੍ਰੀ ਭਗਵਾਨ ਆਪਣੀ ਹੱਥੀਂ ਲਾਵੇ ਬੂਟਾ, ਬਟਵਾਰਾ ਕਰਨ ਕੋਇ ਨਾ ਪਾਈਆ । ਸਾਚੇ ਪ੍ਰੇਮ ਦਾ ਦੇਵੇ ਝੂਟਾ, ਦੋ ਜਹਾਨ ਝੂਲਾ ਇਕ ਵਖਾਈਆ । ਕਲਜੁਗ ਕੂੜੀ ਕਿਰਿਆ ਮੂਧਾ ਕਰਕੇ ਠੂਠਾ, ਠੋਕਰ ਆਪਣਾ ਨਾਮ ਲਗਾਈਆ । ਸਤਿਜੁਗ ਸਾਚੇ ਅੰਮ੍ਰਿਤ ਨਾਮ ਦੇਵੇ ਅਨੂਠਾ, ਅਨਰਸ ਆਪਣਾ ਦਏ ਚਖਾਈਆ । ਜਨ ਭਗਤ ਬਣਾ ਕੇ ਸਾਚਾ ਪੂਤਾ, ਸਪੂਤ ਆਪਣੇ ਰੰਗ ਰੰਗਾਈਆ । ਵੱਜੇ ਡੰਕਾ ਚਾਰੇ ਕੂਟਾ, ਏਕਾ ਨਾਮ ਹੋਵੇ ਸ਼ਨਵਾਈਆ । ਜਨ ਭਗਤ ਸਾਚਾ ਸੰਤ ਗੁਰਮੁਖ ਗੁਰਸਿਖ ਮਾਇਆ ਮਮਤਾ ਮੋਹ ਰਹੇ ਕੋਈ ਨਾ ਲੂਠਾ, ਵਿਕਾਰ ਵਿਚ ਹੰਕਾਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਘਰ ਘਰ ਗਲੀ ਕੂਚਾ, ਜਗਤ ਚਿੱਕੜ ਵਿਚੋਂ ਗੁਰਮੁਖ ਗੁਰ ਗੁਰ ਬਾਹਰ ਕਢਾਈਆ ।

## ✪ ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਪਿੰਡ ਸਰਹਾਲੀ ਕਲਾਂ ਜ਼ਿਲਾ ਅੰਮ੍ਰਿਤਸਰ ਫ਼ੌਜਾ ਸਿੰਘ ਦੇ ਗ੍ਰਿਹ ✪

ਸਤਿ ਧਰਮ, ਸਤਿਜੁਗ ਊਚਾਂ ਨੀਚਾਂ ਚੜ੍ਹੇ ਇਕੋ ਰੰਗ, ਪੁਰਖ ਅਕਾਲ ਦੀਨ ਦਿਆਲ ਆਪ ਚੜ੍ਹਾਈਆ । ਚਾਰ ਵਰਨ ਸਾਂਝਾ ਵੱਜੇ ਨਾਮ ਮਰਦੰਗ, ਹਰਿ ਹਰਿ ਨਾਮ ਵੰਡ ਨਾ ਕੋਇ ਵੰਡਾਈਆ । ਅੰਮ੍ਰਿਤ ਆਤਮ ਸਾਚੀ ਪਾਵੇ ਠੰਡ, ਧੁਰ ਦਾ ਝਿਰਨਾ ਆਪ ਝਿਰਾਈਆ । ਆਤਮ ਪਰਮਾਤਮ ਵਸੇ ਸਦਾ ਸੰਗ, ਜਗਤ ਵਿਛੋੜਾ ਦੂਰ ਕਰਾਈਆ । ਸਾਚੀ ਜੋਤੀ ਨੂਰ ਚੜ੍ਹੇ ਚੰਦ, ਅੰਧ ਅੰਧੇਰ ਦਏ ਗਵਾਈਆ । ਭਰਮਾਂ ਰਹਿਣ ਨਾ ਦੇਵੇ ਕੰਧ, ਸਹਿੰਸਾ ਰੋਗ ਚੁਕਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰੇ ਮੰਗ, ਆਸਾ ਸਭ ਦੀ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਧਾਰ ਬੰਧਾਈਆ । ਸਤਿਜੁਗ ਸਾਚੇ ਮਿਲੇ ਸੱਚਾ ਜਾਮ, ਅੰਮ੍ਰਿਤ ਰਸ ਪ੍ਰਭ ਆਪ ਪਿਆਈਆ । ਮਾਨੁਖ ਜਾਤੀ ਇਕੋ ਮਿਲੇ ਸਚਾ ਰਾਮ, ਦੂਜਾ ਨਜ਼ਰ ਕੋਇ ਨਾ ਆਈਆ । ਇਕ ਵਖਾਏ ਧੁਰ ਦਾ ਧਾਮ, ਦਰਗਾਹ ਸਾਚੀ ਸੋਭਾ ਪਾਈਆ । ਇਕੋ ਨਗਰ ਖੇੜਾ ਗ੍ਰਾਮ, ਹਰਿਜਨ ਸਾਚੇ ਮਿਲੇ ਮਾਣ ਵਡਿਆਈਆ । ਕੂੜੀ ਕਿਰਿਆ ਰਹੇ ਨਾ ਵਿਚ ਜਹਾਨ, ਮਾਇਆ ਮਮਤਾ ਮੋਹ ਮਿਟਾਈਆ । ਮਨ ਵਾਸਨਾ ਮਿਲੇ ਨਾ ਕੋਇ ਸ਼ੈਤਾਨ, ਸ਼ਰਅ ਸ਼ਰੀਅਤ ਲੇਖਾ ਦਏ ਮੁਕਾਈਆ । ਚਾਰ ਕੁੰਟ ਦਹਿ ਦਿਸ਼ਾ ਏਕਾ ਢੋਲਾ ਗਾਵਣ ਸ੍ਰੀ ਭਗਵਾਨ, ਸਚ ਜੈਕਾਰਾ ਇਕੋ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਵੇ ਵਰ, ਲੋਕਮਾਤ ਮਿਲੇ ਵਡਿਆਈਆ । ਸਤਿ ਧਰਮ, ਸਤਿਜੁਗ ਲਾਏ ਆਪ, ਪ੍ਰਭ ਆਪਣੀ ਦਇਆ ਕਮਾਈਆ । ਸ੍ਰਿਸ਼ਟ ਸਬਾਈ ਲੇਖ ਲਿਖਾਵੇ ਕਮਲਾਪਾਤ, ਸਾਹਿਬ ਸਵਾਮੀ ਹੋਏ ਸਹਾਈਆ । ਜਨ ਭਗਤਾਂ ਮੇਲਾ ਮੇਲੇ ਧੁਰ ਦਾ ਬਣ ਕੇ ਸਾਥ, ਸਗਲਾ ਸੰਗ ਨਿਭਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਜਾਤ, ਸੋਹੰ ਢੋਲਾ ਦਏ ਸਮਝਾਈਆ । ਅੰਦਰੋਂ ਮੇਟ ਅੰਧੇਰੀ ਰਾਤ, ਸਤਿਜੁਗ ਚੰਦ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਤੋੜੇ ਨਾਤ, ਘਰ ਮੰਦਰ ਇਕ ਵਖਾਈਆ । ਸਤਿ ਧਰਮ, ਸਤਿਜੁਗ ਸਾਚਾ ਹੋਵੇ ਨਵੇਲਾ, ਸਤਿ ਸਤਿਵਾਦੀ ਆਪ ਕਰਾਈਆ । ਕਿਰਪਾ ਕਰੇ ਸੱਜਣ ਸੁਹੇਲਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਸ਼ਾਹੀਆ । ਜੋ ਆਦਿ ਜੁਗਾਦਿ ਵਸੇ ਰੰਗ ਨਵੇਲਾ, ਸਚ ਮੰਦਰ ਬੈਠਾ ਸੋਭਾ ਪਾਈਆ । ਕਲਜੁਗ ਅੰਤ ਲਹਿਣਾ ਦੇਣਾ ਚੁਕਾਏ ਗੁਰੂ ਗੁਰ ਚੇਲਾ, ਚੇਲਾ ਗੁਰ ਜੋਤੀ ਸ਼ਬਦੀ ਧਾਰ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦ ਮਾਤ ਪ੍ਰਗਟਾਈਆ । ਸਤਿ ਧਰਮ, ਸਤਿਜੁਗ ਮਿਲੇ ਵਡਿਆਈ ਚਾਰ ਵਰਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਰਹਿਣ ਕੋਇ ਨਾ ਪਾਈਆ । ਪਰਮ ਪੁਰਖ ਪ੍ਰਭ ਦੇਵੇ ਸਾਚੀ ਸਰਨ, ਚਰਨ ਦਵਾਰਾ ਇਕ ਸਰਨਾਈਆ । ਜਿਥੇ ਮਰ ਕੇ ਫੇਰ ਨਾ ਹੋਵੇ ਮਰਨ, ਜਨਮ ਵਿਚ ਜਨਮ ਨਾ ਕੋਇ ਰਖਾਈਆ । ਝਗੜਾ ਰਹੇ ਕੋਈ ਨਾ ਕਰਮ, ਨਾਤਾ ਕੂੜ ਦਏ ਤੁੜਾਈਆ । ਪੁਰਖ ਅਕਾਲ ਦੀਨ ਦਿਆਲ ਸਾਚੀ ਬਖ਼ਸ਼ੇ ਇਕੋ ਸਰਨ, ਸਰਨਗਤ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰਾ ਰਖੇ ਇਕੋ ਆਤਮ ਪਰਮਾਤਮ ਵਰਨ, ਬਰਨ ਦਾ ਝਗੜਾ ਦਏ ਮੁਕਾਈਆ ।

## ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਹਿ ਪਿੰਡ ਚੋਲਾ ਕਲਾ ਜ਼ਿਲਾ ਅੰਮ੍ਰਿਤਸਰ

ਸਤਿ ਧਰਮ, ਸਤਿਜੁਗ ਪ੍ਰਭ ਸਾਚੀ ਦੇਵੇ ਟੇਕ, ਘਟ ਨਿਵਾਸੀ ਪੁਰਖ ਅਬਿਨਾਸ਼ੀ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਮਨ ਵਾਸਨਾ ਸਭ ਦੀ ਬੁੱਧੀ ਕਰੇ ਬਿਬੇਕ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਨਾਦ ਸੁਣਾਈਆ । ਕੂੜੀ ਕਿਰਿਆ ਮਾਇਆ ਮਮਤਾ ਮੋਹ ਵਿਕਾਰ ਹੰਕਾਰ ਬਦਲ ਕੇ ਰੇਖ, ਸਚ ਸੁਚ ਆਤਮ ਪਰਮਾਤਮ ਨਾਤਾ ਜੋੜੇ ਸਹਿਜ ਸੁਭਾਈਆ । ਨਾਮ ਸੰਦੇਸਾ ਨਰ ਨਿਰੰਕਾਰਾ ਇਕੇ ਘੱਲੇ ਸੱਤ ਦੀਪ ਨੌ ਖੰਡ ਦੇਸ ਪ੍ਰਦੇਸ, ਦੋ ਜਹਾਨਾਂ ਮਰਦ ਮਰਦਾਨਾ ਇਕੋ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਰਾਹ ਵਖਾਈਆ । ਸਤਿ ਧਰਮ, ਸਤਿਜੁਗ ਸਾਚਾ ਲੋਕਮਾਤ ਜਾਵੇ ਆ, ਕਲਜੁਗ ਅੰਤ ਰਹਿਣ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਪਾਰਬ੍ਰਹਮ ਪਤਿਪਰਮੇਸ਼ਵਰ ਅਬਿਨਾਸ਼ੀ ਕਰਤਾ ਸਭ ਦਾ ਬਣੇ ਮਲਾਹ, ਪਰਵਰਦਗਾਰ ਸਾਂਝਾ ਯਾਰ ਜਲਵਾਗਰ ਇਕੋ ਨਜ਼ਰੀ ਆਈਆ । ਨਾਮ ਸੰਦੇਸਾ ਨਰ ਨਰੇਸ਼ਾ ਧੁਰ ਦੀ ਧਾਰ ਦਏ ਸਮਝਾ, ਬੋਧ ਅਗਾਧ ਅਗੰਮ ਅਥਾਹ ਕਰੇ ਪੜ੍ਹਾਈਆ । ਚਾਰ ਵਰਨ ਅਠਾਰਾਂ ਬਰਨ ਇਕ ਅਕੱਲਾ ਬਣੇ ਮਾਤ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਸਤਿ ਦਵਾਰਾ ਆਤਮ ਪਰਮਾਤਮ ਇਕੋ ਦਏ ਵਖਾ, ਕਾਇਆ ਮਾਟੀ ਹਾਟੀ ਸਾਚੇ ਮੰਦਰ ਅੰਦਰ ਕਰ ਰੁਸ਼ਨਾਈਆ । ਧੁਰ ਦਾ ਰਸ ਅੰਮ੍ਰਿਤ ਜਾਮ ਨਿਝਰ ਦਏ ਪਿਆ, ਬੂੰਦ ਸਵਾਂਤੀ ਅਮਿਉਂ ਰਸ ਆਪ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਧੀਰ ਬੰਧਾਈਆ । ਸਤਿ ਧਰਮ, ਸਤਿਜੁਗ ਲੋਕਮਾਤ ਆਵੇ ਜ਼ਰੂਰ, ਸਮਰਥ ਪੁਰਖ ਦਏ ਵਡਿਆਈਆ । ਜਨ ਭਗਤਾਂ ਆਸਾ ਮਨਸਾ ਕਰੇ ਪੂਰ, ਪੂਰਬ ਇਛਿਆ ਵੇਖ ਵਖਾਈਆ । ਨਿਰਗੁਣ ਧਾਰ ਪ੍ਰਗਟ ਹੋਏ ਹਜ਼ੂਰ, ਹਾਜ਼ਰ ਹੋ ਕੇ ਆਪਣਾ ਪੜਦਾ ਦਏ ਉਠਾਈਆ । ਨਾਤਾ ਤੋੜ ਕੇ ਕੂੜੇ ਕੂੜ, ਸਚ ਸੁਚ ਦਏ ਸਮਝਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹ, ਨਾਮ ਧੰਦੇ ਦਏ ਲਗਾਈਆ । ਪੰਧ ਰਹੇ ਨਾ ਨੇੜ ਦੂਰ, ਕਾਇਆ ਕਾਅਬਾ ਸਾਚਾ ਮੰਦਰ ਇਕੋ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਰਬ ਕਲਾ ਭਰਪੂਰ, ਜੁਗ ਚੌਕੜੀ ਆਪਣੇ ਹੱਥ ਰਖਾਈਆ । ਸਤਿ ਧਰਮ, ਸਤਿਜੁਗ ਸਾਚੇ ਪੁਰਖ ਅਕਾਲਾ ਦੇਵੇ ਮਾਣ, ਮਿਹਰ ਨਜ਼ਰ ਇਕ ਉਠਾਈਆ । ਸਾਚਾ ਦੇਵੇ ਧੁਰ ਫ਼ਰਮਾਨ, ਸੰਦੇਸਾ ਬੇਪ੍ਰਵਾਹੀਆ । ਜਿਸ ਨੂੰ ਜਾਣੇ ਨਾ ਜੀਵ ਜਹਾਨ, ਅਕਲ ਬੁਧੀ ਵਿਦਿਆ ਕਰੇ ਨਾ ਕੋਇ ਲੜਾਈਆ । ਕੋਟਾਂ ਵਿਚੋਂ ਭਗਤ ਸੁਹੇਲੇ ਗੁਰਮੁਖ ਵਿਰਲੇ ਕਰ ਪ੍ਰਵਾਨ, ਮਿਹਰਵਾਨ ਆਪਣਾ ਨਾਉਂ ਦਏ ਸਮਝਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਧਰਮ ਇਕ ਗਿਆਨ, ਅਗਿਆਨ ਅੰਧੇਰਾ ਦਏ ਮਿਟਾਈਆ । ਸਾਚਾ ਨਾਮ ਸੁਣਾਏ ਬਿਨ ਰਸਨਾ ਜਿਹਵਾ ਬੱਤੀ ਦੰਦ ਕਾਨ, ਆਤਮਕ ਧੁਨ ਕਰ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਰਤਾਈਆ । ਸਤਿ ਧਰਮ ਸਤਿਜੁਗ ਲੋਕਮਾਤ ਜਗ ਆਉਣਾ, ਆਵਣ ਜਾਵਣ ਪ੍ਰਭ ਆਪਣੇ ਹੱਥ ਰਖਾਈਆ । ਸ੍ਰਿਸ਼ਟ ਸਬਾਈ ਦ੍ਰਿਸ਼ਟੀ ਅੰਦਰ ਇਸ਼ਟੀ ਅੰਦਰ ਇਕੋ ਢੋਲਾ ਗਾਉਣਾ, ਇਕੋ ਨਾਮ ਮਿਲੇ ਵਡਿਆਈਆ । ਸਤਿ ਸਰੂਪ ਸਤਿ ਦਵਾਰੇ ਸਭ ਨੇ ਦਰਸ਼ਨ ਪਾਉਣਾ, ਨਿਜ ਨੇਤਰ ਲੋਚਨ ਨੈਣ ਹੋਵੇ ਹੱਕ ਰੁਸ਼ਨਾਈਆ । ਸਚ ਦਵਾਰਾ ਏਕੰਕਾਰਾ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਇਕੋ ਇਕ ਸੁਹਾਉਣਾ, ਦੂਜਾ ਦਰ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਮਿਲ

੯੬੭
੧੯

ਕੇ ਤੂੰਹੀ ਤੂੰਹੀ ਰਾਗ ਅਲਾਉਣਾ, ਵਾਹਵਾ ਤੇਰੀ ਬੇਪਰਵਾਹੀਆ । ਅੰਤ ਅਖ਼ੀਰ ਬੇਨਜੀਰ ਲਾਸ਼ਰੀਕ ਝੋਲੀ ਪਾਉਣਾ, ਪਿਛਲਾ ਲੇਖਾ ਰਹੇ ਨਾ ਰਾਈਆ । ਅਗਲਾ ਲੇਖਾ ਧੁਰ ਦਰਗਾਹੀ ਆਪ ਵਰਤਾਉਣਾ, ਜਿਸ ਦੇ ਅਗੇ ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਉਣਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਸਤਿ ਧਰਮ, ਸਤਿਜੁਗ ਪ੍ਰਭ ਬਖ਼ਸ਼ੇ ਇਕ ਗਿਆਨ, ਇਕੋ ਨਾਮ ਦਏ ਸਮਝਾਈਆ । ਇਕੋ ਵਖਾਏ ਧਰਮ ਨਿਸ਼ਾਨ, ਦੋ ਜਹਾਨਾਂ ਆਪ ਝੁਲਾਈਆ । ਇਕੋ ਸ਼ਬਦ ਗੁਰੂ ਸਭ ਨੂੰ ਕਰਨਾ ਪਏ ਪ੍ਰਵਾਨ, ਜੋ ਹਰ ਘਟ ਡੇਰਾ ਲਾਈਆ । ਇਕੋ ਮੰਦਰ ਦੱਸੇ ਵਿਚ ਜਹਾਨ, ਜਿਸ ਵਿਚ ਜਹਾਲਤ ਕਦੇ ਨਾ ਆਈਆ । ਜਿਸ ਨੂੰ ਬਣਾਏ ਢਾਏ ਨਾ ਕੋਇ ਇਨਸਾਨ, ਬਾਡੀ ਦੀ ਲੋੜ ਰਹੇ ਨਾ ਰਾਈਆ । ਜਿਸ ਦੇ ਅੰਦਰ ਅੱਠੇ ਪਹਿਰ ਦਿਵਸ ਰੈਣ ਸ਼ਬਦ ਆਵੇ ਧੁਨਕਾਨ, ਰਾਗਾਂ ਨਾਦਾਂ ਤੋਂ ਬਾਹਰ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦਵਾਰਾ ਖੋਲ੍ਹੇ ਵਿਚ ਜਹਾਨ, ਚਾਰ ਵਰਨਾਂ ਏਕਾ ਹੁਕਮ ਮਨਾਈਆ । ਸਤਿ ਧਰਮ, ਸਤਿਜੁਗ ਸਾਚਾ ਚਲੇ ਕਰਮ, ਪੁਰਖ ਅਕਾਲ ਆਪ ਬਣਾਈਆ । ਸ੍ਰਿਸ਼ਟ ਸਬਾਈ ਇਕੋ ਹੋਵੇ ਧਰਮ, ਜਾਤ ਪਾਤ ਦੀਨ ਮਜ਼੍ਹਬ ਰਹਿਣ ਕੋਇ ਨਾ ਪਾਈਆ । ਭੇਵ ਅਭੇਦਾ ਖੋਲ੍ਹੇ ਸੁਰਤੀ ਸ਼ਬਦੀ ਬ੍ਰਹਮ, ਪੜਦਾ ਉਹਲਾ ਦਏ ਚੁਕਾਈਆ । ਲੇਖਾ ਜਾਣੇ ਕਾਇਆ ਮਾਟੀ ਲੱਖ ਚੁਰਾਸੀ ਚਰਮ, ਮਾਨਵ ਜਾਤੀ ਆਪਣਾ ਰੰਗ ਰੰਗਾਈਆ । ਸਚ ਦਵਾਰਾ ਏਕੰਕਾਰਾ ਇਕੋ ਬਖ਼ਸ਼ੇ ਸਾਚੀ ਸਰਨ, ਸਰਨਗਤ ਆਪਣੀ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚਾ ਸੋਭਾ ਪਾਈਆ । ਸਤਿਜੁਗ ਸਾਚੇ ਆਏ ਉਤੇ ਧਰਨੀ ਧਰਤ ਧਵਲ, ਧੌਲ ਹੌਲਾ ਭਾਰ ਕਰਾਈਆ । ਹਰ ਘਟ ਅੰਦਰ ਜਾਏ ਮਵਲ, ਮੌਲਾ ਮਿਲ ਕੇ ਖ਼ੁਸ਼ੀ ਮਨਾਈਆ । ਜਨ ਭਗਤਾਂ ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਝਿਰਨਾ ਇਕ ਝਿਰਾਈਆ । ਨੂਰ ਅਲਾਹੀ ਦੱਸੇ ਅਵਲ, ਆਲਮੀਨ ਸਰਬ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੇ ਸਰਨਗਤ ਇਕੋ ਇਕ ਸੁਹਾਈਆ । ਸਤਿ ਧਰਮ, ਸਤਿਜੁਗ ਸਚੇ ਮਿਲੇ ਵਸਤ ਅਨਮੋਲ, ਸਾਹਿਬ ਸਤਿਗੁਰ ਝੋਲੀ ਪਾਈਆ । ਜਿਸ ਨੂੰ ਜਗਤ ਕੰਡਾ ਸਕੇ ਨਾ ਤੋਲ, ਤਰਾਜ਼ੂ ਵਿਚ ਨਾ ਕੋਇ ਟਿਕਾਈਆ । ਵਿਦਿਆ ਵਾਲਾ ਦੱਸੇ ਕੋਈ ਨਾ ਬੋਲ, ਬਿਨ ਸਤਿਜੁਗ ਸ਼ਬਦ ਸਮਝ ਕੋਇ ਨਾ ਆਈਆ । ਸਚ ਦਵਾਰਾ ਦੇਵੇ ਏਕਾ ਖੋਲ੍ਹ, ਏਕੰਕਾਰ ਆਪਣਾ ਹੁਕਮ ਵਰਤਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਸ਼ਬਦ ਸੋ ਸਵਾਮੀ ਵਜਾਏ ਢੋਲ, ਢੋਲਕ ਛੈਣੇ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਿਸ ਦਾ ਭੇਵ ਕੋਇ ਨਾ ਪਾਈਆ । ਪੰਡਤ ਪਾਂਧਾ ਰੌਲ ਪੁਜਾਰੀ, ਰੇਖਾ ਸਕੇ ਨਾ ਕੋਇ ਸਮਝਾਈਆ । ਸਤਿਜੁਗ ਜ਼ਰੂਰ ਆਵੇ ਵਾਰੀ, ਵਾਰਤਾ ਪਿਛਲੀ ਦਏ ਮੁਕਾਈਆ । ਕਲਜੁਗ ਕੂੜ ਹੋਵੇ ਖ਼ੁਆਰੀ, ਨੇਤਰ ਰੋਵੇ ਮਾਰੇ ਧਾਈਂਆ । ਸਦਾ ਰਹੇ ਨਾ ਮੁਹੰਮਦੀ ਯਾਰੀ, ਈਸਾ ਮੂਸਾ ਲੇਖਾ ਦਏ ਮੁਕਾਈਆ । ਲੱਗੇ ਅੱਗ ਬਹੱਤਰ ਨਾੜੀ, ਮਾਇਆ ਮਮਤਾ ਰਹੀ ਸਾੜੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕਰੇ ਖੇਲ ਅਗੰਮ ਅਪਾਰੀ, ਨਿਰਗੁਣ ਦਾਤਾ ਸ਼ਹਿਨਸ਼ਾਹੀਆ । ਜਗੇ ਜੋਤ ਇਕ ਨਿਰੰਕਾਰੀ, ਜੋਤੀ ਜੋਤ ਹੋਵੇ ਰੁਸ਼ਨਾਈਆ । ਜੋ ਦੇਵਣਹਾਰਾ ਵਸਤ ਭਾਰੀ, ਨਾਮ ਅਨਮੋਲਾ ਝੋਲੀ ਪਾਈਆ । ਕਾਗਦ ਕ਼ਲਮ ਨਾ ਲਿਖਣਹਾਰੀ, ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਜੁਗ

੯੬੮
੧੯

੯੬੯
੧੯

ਚੌਕੜੀ ਖੇਲ ਹੁੰਦਾ ਰਿਹਾ ਵਾਰੋ ਵਾਰੀ, ਵਾਹਵਾ ਪ੍ਰਭ ਦੀ ਵੱਜਦੀ ਰਹੇ ਵਧਾਈਆ । ਸੇਵਾ ਕਰ ਗਏ ਤੇਈ ਅਵਤਾਰੀ, ਈਸਾ ਮੂਸਾ ਮੁਹੰਮਦ ਜੋਤ ਕਰ ਉਜਿਆਰੀ, ਨਾਨਕ ਗੋਬਿੰਦ ਏਕਾ ਹੁਕਮ ਵਰਤਾਈਆ । ਨਿਹਕਲੰਕ ਭੇਵ ਸਮਝੇ ਨਾ ਕੋਇ ਜੀਵ ਸੰਸਾਰੀ, ਸੰਬਲ ਪ੍ਰਭ ਦੇ ਮਿਲੇ ਮੇਲ ਹਰਿ ਬਨਵਾਰੀ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਡੂੰਘੇ ਸਾਗਰ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰੀ, ਅਲਖ ਅਗੋਚਰ ਆਪਣਾ ਹੁਕਮ ਆਪ ਵਰਤਾਈਆ । ਸਤਿ ਧਰਮ, ਸਤਿਜੁਗ ਲਹਿਣਾ ਦੇਣਾ ਦੇਣਾ ਲਹਿਣਾ ਲੇਖਾ, ਲੇਖਾ ਪ੍ਰਭ ਆਪਣੇ ਹੱਥ ਰਖਾਈਆ । ਕਲਜੁਗ ਕੂੜ ਕੁੜਿਆਰ ਮਿਟੇ ਭੁਲੇਖਾ, ਭਾਂਡਾ ਭਰਮ ਭਉ ਭੰਨਾਈਆ । ਨਿਰਗੁਣ ਨੂਰ ਜੋਤ ਪਰਮ ਪੁਰਖ ਆਪਣਾ ਕਰੇ ਵੇਸਾ, ਦਰ ਦਰਵੇਸ਼ਾ ਸਮਝ ਕਿਸੇ ਨਾ ਆਈਆ । ਭਗਤ ਉਧਾਰਨਾ ਜਿਸ ਦਾ ਪੇਸ਼ਾ, ਸੰਤ ਸੁਹੇਲੇ ਲਏ ਜਗਾਈਆ । ਦੋ ਜਹਾਨਾਂ ਨਜ਼ਰੀ ਆਵੇ ਨੇਤਾ, ਨਿਜ ਨੇਤਰ ਲੋਚਣ ਨੈਣ ਕਰੇ ਰੁਸ਼ਨਾਈਆ । ਚੌਧਵੀਂ ਸਦੀ ਪੂਰਾ ਹੋਵੇ ਠੇਕਾ, ਅਗੇ ਪਟਾ ਨਾ ਕੋਇ ਬਣਾਈਆ । ਜਿਸ ਗੋਬਿੰਦ ਕੀਤਾ ਬੰਸ ਸਰਬੰਸ ਭੇਟਾ, ਕਲਜੁਗ ਉਮਰ ਗਿਆ ਖਪਾਈਆ । ਚਾਰ ਲੱਖ ਬੱਤੀ ਹਜ਼ਾਰ ਕਿਸੇ ਪੂਰਾ ਹੋਣ ਨਹੀਂ ਦੇਣਾ ਨੇਂਦਾ, ਨੀਂਹ ਸਭ ਦੀ ਰਿਹਾ ਉਖੜਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰ ਇਕ ਅਕੱਲਾ ਪਰਵਰਦਗਾਰ ਮੁਕਾਮੇ ਹੱਕ ਲਾਸ਼ਰੀਕ ਸਭ ਨੂੰ ਵੇਂਹਦਾ, ਬਿਨ ਅੱਖਾਂ ਪ੍ਰਤੱਖ ਰੂਪ ਗੁਸਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤਰੇਤਾ ਦਵਾਪਰ ਕਲਜੁਗ ਗੁਰ ਅਵਤਾਰਾਂ ਪੈਗ਼ੰਬਰਾਂ ਭਗਤਾਂ ਸੰਤਾਂ ਪੂਰਾ ਦਿਤਾ ਨਹੀਂ ਕਿਸੇ ਭੇਤਾ, ਸ਼ਬਦੀ ਹੁਕਮ ਅੰਦਰ ਲੋਕਮਾਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸੇਵਾ ਗਏ ਕਮਾਈਆ ।

### ✪ ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਗੁਰਨਾਮ ਕੌਰ ਦੇ ਗ੍ਰਹਿ ਪਿੰਡ ਚੋਲਾ ਖ਼ੁਰਦ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ, ਸਤਿਜੁਗ ਸਾਚਾ ਚੜ੍ਹੇ ਰੰਗ, ਸੋ ਪੁਰਖ ਨਿਰੰਜਣ ਆਪ ਚੜ੍ਹਾਈਆ । ਸਤਿ ਸੁਹੰਜਣੀ ਸੇਜ ਹੋਏ ਪਲੰਘ, ਹਰਿ ਪੁਰਖ ਨਿਰੰਜਣ ਆਪ ਸੁਹਾਈਆ । ਨਾਉਂ ਨਿਰੰਕਾਰਾ ਵੱਜੇ ਮਰਦੰਗ, ਏਕੰਕਾਰਾ ਕਰੇ ਸ਼ਨਵਾਈਆ । ਸਤਿ ਪਰਕਾਸ਼ ਚੜ੍ਹੇ ਚੰਦ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਸਾਚਾ ਢੋਲਾ ਉਪਜੇ ਛੰਦ, ਸ੍ਰੀ ਭਗਵਾਨ ਕਰੇ ਜਣਾਈਆ । ਦੂਈ ਦਵੈਤੀ ਕੂੜੀ ਕਿਰਿਆ ਭਰਮਾਂ ਢਾਹੇ ਕੰਧ, ਅਬਿਨਾਸ਼ੀ ਕਰਤਾ ਹੁਕਮ ਵਰਤਾਈਆ । ਆਤਮ ਪਰਮਾਤਮ ਮਿਲੇ ਸੱਚਾ ਆਨੰਦ, ਪਾਰਬ੍ਰਹਮ ਬ੍ਰਹਮ ਪੜਦਾ ਆਪ ਉਠਾਈਆ । ਸ਼ਬਦ ਅਗੰਮੀ ਨਾਦ ਵੱਜੇ ਮਰਦੰਗ, ਦੋ ਜਹਾਨ ਹੁਕਮ ਸੁਣਾਈਆ । ਵੱਜੇ ਵਧਾਈ ਸਚਖੰਡ, ਮੁਕਾਮੇ ਹੱਕ ਖ਼ੁਸ਼ੀ ਪਰਗਟਾਈਆ । ਵਿਸ਼ਨ ਬ੍ਰਹਮਾ ਸ਼ਿਵ ਮਾਨਣ ਅਨੰਦ, ਕਰੋੜ ਤੇਤੀਸ ਨਿਉਂ ਨਿਉਂ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਖੇਲ ਵੇਖਣ ਸੂਰਾ ਸਰਬੰਗ, ਥਿਰ ਘਰ ਨਿਵਾਸੀ ਕੀ ਕੀ ਕਾਰ ਵਰਤਾਈਆ । ਭਗਤ ਭਗਵਾਨ ਦਾ ਮਿਲ ਕੇ ਗਾਵਣ ਛੰਦ, ਸੰਤ ਸੁਹੇਲੇ ਇਕੋ ਨਾਮ ਧਿਆਈਆ । ਗੁਰਮੁਖ ਗੁਰ ਦਰਸ਼ਨ ਮੰਗਣ ਮੰਗ, ਗੁਰਸਿਖ ਗੁਰ ਚਰਨ ਪ੍ਰੀਤ ਵਧਾਈਆ । ਕਲਜੁਗ ਕੂੜੀ ਕਿਰਿਆ ਮਾਇਆ ਮਮਤਾ ਹੋਵੇ ਭੰਗ, ਮੋਹ ਵਿਕਾਰ ਰਹਿਣ ਨਾ ਪਾਈਆ । ਤ੍ਰਿਸ਼ਨਾ ਮਿਟੇ ਕੂੜ ਪਖੰਡ, ਗੜ੍ਹ ਹੰਕਾਰ ਦਏ ਤੁੜਾਈਆ ।

ਚਾਰ ਵਰਨ ਅਠਾਰਾਂ ਬਰਨ ਇਕੋ ਢੋਲਾ ਗਾਵਣ ਬੱਤੀ ਦੰਦ, ਸੋਹਲਾ ਰਸਨਾ ਨਾਲ ਗਾਈਆ । ਦੀਨ ਦਿਆਲ ਕਿਰਪਾਲ ਹੋਵੇ ਬਖ਼ਸ਼ੰਦ, ਪੁਰਖ ਅਕਾਲ ਆਪਣੀ ਦਇਆ ਕਮਾਈਆ । ਜਨ ਭਗਤਾਂ ਖ਼ੁਸ਼ੀ ਕਰੇ ਬੰਦ ਬੰਦ, ਬੰਦਗੀ ਵਾਲੇ ਬੰਦੇ ਦਏ ਪਰਗਟਾਈਆ । ਆਵਣ ਜਾਵਣ ਮਿਟੇ ਪੰਧ, ਲੱਖ ਚੁਰਾਸੀ ਨਾਤਾ ਦਏ ਤੁੜਾਈਆ । ਸਤਿ ਸਤਿਵਾਦੀ ਹੋ ਕੇ ਦੇਵੇ ਸੰਗ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਦੇਵੇ ਧੁਰ ਦਾ ਵਰ, ਬਖ਼ਸ਼ੇ ਨਾਮ ਸੱਚੀ ਵਡਿਆਈਆ । ਸਤਿ ਧਰਮ, ਸਤਿਜੁਗ ਪ੍ਰਭ ਬਖ਼ਸ਼ੇ ਚਰਨ ਪ੍ਰੀਤ, ਪ੍ਰੀਤਮ ਹੋ ਕੇ ਲਵੇ ਪਰਨਾਈਆ । ਚਾਰ ਵਰਨਾਂ ਚਲੇ ਇਕੋ ਰੀਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਪੁਰਖ ਅਕਾਲ ਸੀਸ ਝੁਕਾਈਆ । ਦਹਿ ਦਿਸ਼ਾ ਢੋਲਾ ਗਾਵਣ ਇਕੋ ਗੀਤ, ਗੋਬਿੰਦ ਗੋਬਿੰਦ ਸਿਫ਼ਤ ਸਾਲਾਹੀਆ । ਲੇਖਾ ਰਹੇ ਨਾ ਮੰਦਰ ਮਸੀਤ, ਸਚ ਦਵਾਰਾ ਇਕੋ ਨਜ਼ਰੀ ਆਈਆ । ਭਰਮ ਰਹੇ ਨਾ ਹਸਤ ਕੀਟ, ਊਚ ਨੀਚ ਪ੍ਰਭ ਦੇ ਵਿਚ ਸਮਾਈਆ । ਕਰੇ ਖੇਲ ਸਾਹਿਬ ਅਨਡੀਠ, ਅਨਡਿਠੜੀ ਕਾਰ ਕਮਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਪਰਖੇ ਸਭ ਦੀ ਨੀਤ, ਨੀਤੀਵਾਨ ਆਪ ਹੋ ਜਾਈਆ । ਕਲਜੁਗ ਕੂੜੀ ਕਿਰਿਆ ਮਨ ਵਾਸਨਾ ਬੁਧੀ ਰਹਿਣ ਨਾ ਦੇਵੇ ਪਲੀਤ, ਪਤਿਤ ਉਧਾਰੀ ਪਤਿਤ ਪੁਨੀਤ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਇਕ ਵਖਾਈਆ । ਸਤਿ ਧਰਮ, ਸਤਿਜੁਗ ਦਏ ਵਡਿਆਈ ਸਤਿ, ਪੁਰਖ ਪੁਰਖੋਤਮ ਦਇਆ ਕਮਾਈਆ । ਚਿੰਤਾ ਸੋਗ ਰਹੇ ਨਾ ਹਰਖ, ਹਵਸ ਜਗਤ ਨਾ ਕੋਇ ਵਧਾਈਆ । ਮਿਹਰਵਾਨ ਮਹਿਬੂਬ ਹੋ ਕੇ ਕਰੇ ਤਰਸ, ਰਹਿਮਤ ਵਿਚ ਆਪਣਾ ਰਹਿਮ ਕਮਾਈਆ । ਨਿਰਗੁਣ ਧਾਰ ਹੋ ਕੇ ਸਰਗੁਣ ਦੇਵੇ ਦਰਸ, ਜੋਤੀ ਜਾਤਾ ਡਗਮਗਾਈਆ । ਧਰਨੀ ਉਤੇ ਚਲ ਕੇ ਆਵੇ ਮਾਲਕ ਅਰਸ਼, ਅਰਸ਼ ਫ਼ਰਸ਼ ਆਪਣਾ ਹੁਕਮ ਵਰਤਾਈਆ । ਅੰਮ੍ਰਿਤ ਮੇਘ ਦੋ ਜਹਾਨਾਂ ਦੇਵੇ ਬਰਸ, ਅਗਨੀ ਅੱਗ ਰਹੇ ਨਾ ਰਾਈਆ । ਜਨ ਭਗਤਾਂ ਪੂਰਬ ਜਨਮ ਦੀ ਮੇਟੇ ਭਟਕ, ਜਨਮ ਵਿਚੋਂ ਜਨਮ ਆਪਣੇ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਸਦ ਸਦ ਵਖਾਈਆ । ਸਤਿ ਧਰਮ, ਸਤਿਜੁਗ ਪ੍ਰਭ ਦੇਵੇ ਵਸਤ ਅਗੰਮ, ਅਗੰਮੜੀ ਕਾਰ ਕਮਾਈਆ । ਜਿਸ ਨੂੰ ਜਾਣੇ ਕੋਈ ਨਾ ਜਨ, ਭੇਵ ਅਭੇਦਾ ਦਏ ਖੁਲ੍ਹਾਈਆ । ਲੇਖਾ ਰਖੇ ਵਜੂਦ ਬਾਹਰ ਤਨ, ਤੱਤਾਂ ਵਿਚ ਬੰਦ ਨਾ ਕੋਇ ਕਰਾਈਆ । ਭਰਮ ਨਾ ਪਾਏ ਬੁਧੀ ਮਨ, ਮਨਸਾ ਨਾ ਕੋਇ ਵਖਾਈਆ । ਕਰੇ ਖੇਲ ਸ੍ਰੀ ਭਗਵਨ, ਪਾਰਬ੍ਰਹਮ ਆਪਣੇ ਹੱਥ ਰਖੇ ਵਡਿਆਈਆ । ਸਾਚਾ ਦੇਵੇ ਧੁਰ ਦਰਗਾਹੀ ਆਪਣਾ ਧਨ, ਨਾਮ ਖ਼ਜ਼ਾਨਾ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸੰਤੋਖ ਝੋਲੀ ਪਾਈਆ । ਸਤਿ ਧਰਮ, ਸਤਿਜੁਗ ਪ੍ਰਭ ਬਖ਼ਸ਼ੇ ਵਸਤ ਅਥਾਹ, ਅਨਗਿਣਤ ਝੋਲੀ ਪਾਈਆ । ਜਿਸ ਦਾ ਲੇਖਾ ਕੋਈ ਜਾਣੇ ਨਾ, ਕ਼ਲਮ ਸ਼ਾਹੀ ਵੰਡ ਨਾ ਕੋਇ ਵੰਡਾਈਆ । ਪਾਵੇ ਸਾਰ ਥਲ ਅਸਗਾਹ, ਜਲ ਥਲ ਮਹੀਅਲ ਖੋਜ ਖੁਜਾਈਆ । ਟਿੱਲੇ ਪਰਬਤ ਵੇਖੇ ਜਾ, ਉਜਾੜ ਪਹਾੜ ਪੜਦਾ ਲਾਹੀਆ । ਸਮੁੰਦ ਸਾਗਰ ਵਰੋਲੇ ਆ, ਨਾਮ ਮਧਾਣਾ ਹੱਥ ਉਠਾਈਆ । ਕਰੇ ਖੇਲ ਸੱਚਾ ਸ਼ਹਿਨਸ਼ਾਹ, ਸ਼ਾਹੀ ਕੂੜੀ ਦੇਵੇ ਬਦਲਾਈਆ । ਕਲਜੁਗ ਅੰਤ ਅਖ਼ੀਰ ਰੋਵੇ ਮਾਰੇ ਧਾਹ, ਹਾਹਾਕਾਰ ਕਰ ਕੇ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਲੋਕਮਾਤ ਧਰਾਏ ਨਾਂ, ਧਰਨੀ ਧਰਤ ਧੌਲ ਉਪਰ ਲਹਿਣਾ ਦਏ ਬਣਾਈਆ । ਸਤਿ ਧਰਮ ਸਤਿਜੁਗ ਆਵਣ

ਹੋਵੇ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਕੂੜੀ ਤ੍ਰਿਸ਼ਨਾ ਮੇਟੇ ਅੱਗ, ਮਾਇਆ ਮਮਤਾ ਨਾ ਕੋਇ ਸਤਾਈਆ । ਬਿਨਾ ਕਾਅਬਿਉਂ ਕਰਾਏ ਹੱਜ, ਪੜਦਾ ਅੰਦਰੋਂ ਦਏ ਉਠਾਈਆ । ਜਨ ਭਗਤ ਸੁਹੇਲੇ ਆਪਣੇ ਦਵਾਰੇ ਸੱਦ, ਸਦਾ ਆਪਣਾ ਨਾਮ ਜਣਾਈਆ । ਧੁਨ ਉਪਜਾਏ ਅਨਹਦ, ਅਨਾਹਤ ਆਪਣਾ ਰਾਗ ਅਲਾਈਆ । ਕੂੜ ਵਿਕਾਰਾ ਅੰਦਰੋਂ ਜਾਵੇ ਭੱਜ, ਭਜਨ ਬੰਦਗੀ ਇਕੋ ਦਏ ਸਮਝਾਈਆ । ਮਨ ਵਿਕਾਰ ਜਾਏ ਤਜ, ਬੁਧੀ ਬਿਬੇਕ ਦਏ ਬਣਾਈਆ । ਆਤਮ ਪਰਮਾਤਮ ਮਿਲ ਕੇ ਗਾਵੇ ਛੰਦ, ਸੋਹੰ ਢੋਲਾ ਜਗਤ ਵਿਚੋਲਾ ਪੁਰਖ ਅਕਾਲ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚਾ ਦੇਵੇ ਇਕ ਆਨੰਦ, ਆਨੰਦ ਆਨੰਦ ਵਿਚੋਂ ਪਰਗਟਾਈਆ ।

### ✪ ੧੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹ ਪਿੰਡ ਰਤੋ ਕੇ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ, ਸਤਿਜੁਗ ਕਿਰਪਾ ਕਰੇ ਪੁਰਖ ਅਬਿਨਾਸ਼ਾ, ਸੋ ਪੁਰਖ ਨਿਰੰਜਣ ਦੀਨ ਦਿਆਲ ਦਇਆ ਕਮਾਈਆ । ਗੁਰ ਅਵਤਾਰਾਂ ਪੀਰਾਂ ਪੈਗ਼ੰਬਰਾਂ ਪੂਰੀਆਂ ਕਰੇ ਆਸਾ, ਹਰਿ ਪੁਰਖ ਨਿਰੰਜਣ ਮਿਹਰਵਾਨ ਮਹਿਬੂਬ ਮੁਹੱਬਤ ਵਿਚ ਖੇਲ ਖਿਲਾਈਆ । ਕਲਜੁਗ ਅੰਤਮ ਨਿਰਗੁਣ ਨੂਰ ਜੋਤ ਕਰੇ ਪਰਕਾਸ਼ਾ, ਏਕੰਕਾਰ ਇਕ ਅਕੱਲਾ ਨਿਰਗੁਣ ਧਾਰ ਆਪਣਾ ਵੇਸ ਵਟਾਈਆ । ਆਤਮ ਪਰਮਾਤਮ ਪਾਰਬ੍ਰਹਮ ਚਲਾ ਕੇ ਸਾਚੀ ਗਾਥਾ, ਆਦਿ ਨਿਰੰਜਣ ਜੋਤੀ ਜਾਤਾ ਪੁਰਖ ਬਿਧਾਤਾ ਏਕਾ ਨੂਰ ਡਗਮਗਾਈਆ । ਸਤਿ ਧਰਮ ਲੋਕਮਾਤ ਚਲਾਏ ਸਾਚਾ, ਸ੍ਰੀ ਭਗਵਾਨ ਸਚ ਨਿਸ਼ਾਨ ਦੋ ਜਹਾਨ ਇਕ ਝੁਲਾਈਆ । ਸਤਿਗੁਰ ਸ਼ਬਦ ਅਗੰਮੀ ਨਾਦ ਵਜਾਏ ਆਪਣਾ ਵਾਜਾ, ਅਬਿਨਾਸ਼ੀ ਕਰਤਾ ਕਰਤਾ ਪੁਰਖ ਧਰਨੀ ਮਾਤਾ ਆਪ ਦ੍ਰਿੜਾਈਆ । ਪਾਰਬ੍ਰਹਮ ਬ੍ਰਹਮ ਵੇਖੇ ਖੇਲ ਤਮਾਸ਼ਾ, ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਫੋਲ ਫੁਲਾਈਆ । ਕੂੜੀ ਕਿਰਿਆ ਚਾਰ ਵਰਨ ਅਠਾਰਾਂ ਬਰਨ ਨੌ ਖੰਡ ਪ੍ਰਿਥਮੀ ਸੱਤ ਦੀਪ ਮਿਟੇ ਅੰਧੇਰੀ ਰਾਤਾ, ਧੁਰ ਦਾ ਚੰਦ ਖੰਡ ਬ੍ਰਹਿਮੰਡ ਪੁਰੀ ਲੋਅ ਆਕਾਸ਼ ਪਾਤਾਲ ਆਪ ਕਰੇ ਰੁਸ਼ਨਾਈਆ । ਬੋਧ ਅਗਾਧ ਸ਼ਬਦ ਅਨਾਦ ਚਲਾਏ ਸੱਚੀ ਗਾਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਰਾਹ ਵਖਾਈਆ । ਸਤਿ ਧਰਮ, ਸਤਿਗੁਰ ਸ਼ਬਦ ਉਠੇ ਬਲਵਾਨ, ਪੁਰਖ ਅਕਾਲ ਆਪ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਸਾਰੇ ਕਰਨ ਧਿਆਨ, ਨੇਤਰ ਲੋਚਨ ਨੈਣ ਅੱਖ ਇਕੋ ਓਟ ਰਖਾਈਆ । ਧੁਰ ਸੰਦੇਸਾ ਦੇਵੇ ਦੋ ਜਹਾਨ, ਬਿਨ ਰਸਨਾ ਜਿਹਵਾ ਬੱਤੀ ਦੰਦ ਕਰੇ ਪੜ੍ਹਾਈਆ । ਧਰਨੀ ਧਰਤ ਧਵਲ ਵੇਖੇ ਆਣ, ਚਾਰ ਕੁੰਟ ਦਹਿ ਦਿਸ਼ਾ ਆਪਣਾ ਫੇਰਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਪੜਦਾ ਲਾਹੇ ਜੀਵ ਜਹਾਨ, ਮਾਇਆ ਮਮਤਾ ਕੂੜ ਵਿਕਾਰ ਰਹਿਣ ਨਾ ਪਾਈਆ । ਸਾਚਾ ਲੇਖਾ ਦੇਵੇ ਆਤਮ ਪਰਮਾਤਮ ਬ੍ਰਹਮ ਗਿਆਨ, ਬ੍ਰਹਮਵੇਤਾ ਆਤਮ ਨੇਤਾ ਇਕੋ ਨਾਮ ਦਏ ਦ੍ਰਿੜਾਈਆ । ਚਰਨ ਪ੍ਰੀਤੀ ਬਖ਼ਸ਼ੇ ਧੁਰ ਦਾ ਧਿਆਨ, ਮਾਲਕ ਖ਼ਾਲਕ ਪਰਵਰਦਿਗਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਾਰ ਦਏ ਪਰਗਟਾਈਆ । ਸਤਿ ਧਰਮ, ਸਤਿਗੁਰ ਸ਼ਬਦ ਉਠੇ ਸੂਰਾ, ਜੋਧਾ ਸੂਰਬੀਰ ਅਖਵਾਈਆ । ਜੋਤੀ ਜਲਵਾ ਦੇਵੇ ਨੂਰਾ, ਅੰਧ ਅੰਧੇਰਾ ਨਜ਼ਰ ਕੋਇ ਨਾ ਆਈਆ । ਸਰਬ ਕਲਾ ਹੋਵੇ ਭਰਪੂਰਾ, ਪਾਰਬ੍ਰਹਮ ਬ੍ਰਹਮ ਪਤਿਪਰਮੇਸ਼ਵਰ ਬੇਪਰਵਾਹੀਆ । ਕਲਜੁਗ ਕੂੜੀ ਕਿਰਿਆ ਹੁੰਝੇ ਕੂੜਾ,

੬੭੨
੧੯

ਕਾਇਆ ਮਾਟੀ ਹਾਟੀ ਅੰਦਰ ਕਰੇ ਸਫ਼ਾਈਆ । ਚਤੁਰ ਸੁਘੜ ਬਣਾਏ ਮੂਰਖ ਮੜ੍ਹਾ, ਨਾਮ ਨਿਧਾਨਾ ਇਕ ਸਮਝਾਈਆ । ਨਾਮ ਅਗੰਮੀ ਰੰਗ ਚਾੜ੍ਹੇ ਗੂੜ੍ਹਾ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਸਾਚੇ ਸੰਤਾਂ ਲੱਭੇ ਸਗਲ ਵਸੂਰਾ, ਵਿਖ ਅੰਮ੍ਰਿਤ ਦਏ ਬਣਾਈਆ । ਗੁਰਮੁਖਾਂ ਨਾਦ ਦੇਵੇ ਅਨਾਦੀ ਤੂਰਾ, ਤੁਰੀਆ ਪਦ ਵਿਚੋਂ ਬਾਹਰ ਕਢਾਈਆ । ਗੁਰਸਿਖਾਂ ਦਰਸ ਦਿਖਾਏ ਹਾਜ਼ਰ ਹਜ਼ੂਰਾ, ਹਜ਼ਰਤ ਹੋ ਕੇ ਹਰ ਹਿਰਦੇ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸੱਚਾ ਮਾਰਗ ਲੋਕਮਾਤ ਪਰਗਟਾਈਆ । ਸਤਿ ਧਰਮ ਸਤਿਜੁਗ ਲੋਕਮਾਤ ਆਉਣਾ, ਪੁਰਖ ਅਕਾਲ ਹੁਕਮ ਸੁਣਾਈਆ । ਤੂੰ ਮੇਰਾ ਮੈਂ ਤੇਰਾ ਸਭ ਨੇ ਢੋਲਾ ਗਾਉਣਾ, ਦੋ ਜਹਾਨਾਂ ਵੱਜਦੀ ਰਹੇ ਵਧਾਈਆ । ਦੇਵੇ ਸੁਨੇਹੜਾ ਪਵਣਾਂ, ਪਵਣ ਪਵਣਾਂ ਵਿਚ ਸਮਾਈਆ । ਚੌਦਾਂ ਲੋਕ ਚੌਦਾਂ ਤਬਕ ਇਕ ਧਿਆਨ ਲਗਾਉਣਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਜੋਤੀ ਜਾਮਾ ਪੁਰਖ ਅਕਾਲ ਦੀਨ ਦਿਆਲ ਨਿਰਗੁਣ ਧਾਰ ਪਾਉਣਾ, ਪਤਿਪਰਮੇਸ਼ਵਰ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕਲ ਆਪਣੀ ਆਪ ਪਰਗਟਾਈਆ । ਸਤਿ ਧਰਮ, ਸ਼ਬਦ ਗੁਰੂ ਉਠੇ ਇਕ ਇਕੱਲਾ, ਅਕਲ ਕਲਧਾਰੀ ਆਪ ਉਠਾਈਆ । ਦੋ ਜਹਾਨ ਪੁਰੀ ਲੋਅ ਬ੍ਰਹਿਮੰਡ ਖੰਡ ਆਕਾਸ਼ ਪਾਤਾਲ ਧਰਨੀ ਧਰਤ ਧਵਲ ਵੇਖੇ ਆਪਣਾ ਇਕ ਮਹੱਲਾ, ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਸਰਗੁਣ ਧਾਰ ਬਚਿਆ ਰਹਿਣ ਕੋਇ ਨਾ ਪਾਈਆ । ਕਰੇ ਖੇਲ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਅਛਲ ਅਛੱਲਾ, ਵਲ ਛਲ ਧਾਰੀ ਆਪਣੀ ਕਾਰ ਕਮਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗ਼ੰਬਰ ਆਪਣੇ ਹੁਕਮ ਅੰਦਰ ਘੱਲਾ, ਨਾਮ ਸੰਦੇਸ਼ਾ ਨਰ ਨਰੇਸ਼ਾ ਧੁਰ ਦੀ ਬਾਂਗ ਸਭ ਨੂੰ ਰਿਹਾ ਸੁਣਾਈਆ । ਸੋ ਅੰਤ ਕੰਤ ਭਗਵੰਤ ਲੱਖ ਚੁਰਾਸੀ ਦੀਨ ਦੁਨੀ ਪਕੜੇ ਪੱਲਾ, ਅੰਡਜ ਜੇਰਜ ਉਤਭੁਜ ਸੇਹਤਜ ਚਾਰੇ ਖਾਣੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦੂਈ ਦਵੈਤੀ ਮੇਟੇ ਸੱਲਾ, ਸਚ ਸੁਚ ਲੋਕਮਾਤ ਦਏ ਪਰਗਟਾਈਆ । ਸਤਿ ਧਰਮ, ਸਤਿਗੁਰ ਸ਼ਬਦ ਸਦਾ ਮਿਹਰਵਾਨ, ਆਦਿ ਜੁਗਾਦੀ ਇਕ ਅਖਵਾਇੰਦਾ । ਜੁਗ ਚੌਕੜੀ ਦੇਵਣਹਾਰਾ ਦਾਨ, ਨਿਤ ਨਵਿਤ ਝੋਲੀ ਸਰਬ ਭਰਾਇੰਦਾ । ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਸਾਰੇ ਗਾਣ, ਰਾਗਾਂ ਨਾਦਾਂ ਵਿਚ ਆਪਣਾ ਨਾਮ ਸਮਝਾਇੰਦਾ । ਸੋ ਖੇਲੇ ਖੇਲ ਦੋ ਜਹਾਨ, ਜੀਵ ਜੰਤ ਸਾਧ ਸੰਤ ਘਟ ਨਿਵਾਸੀ ਪੁਰਖ ਅਬਿਨਾਸ਼ੀ ਵੇਖ ਵਖਾਇੰਦਾ । ਕੂੜੀ ਕਿਰਿਆ ਰਹਿਣ ਨਾ ਦੇਵੇ ਵਿਚ ਜਹਾਨ, ਸਤਿਜੁਗ ਸਾਚਾ ਸਤਿ ਕਰੇ ਪਰਧਾਨ, ਇਕੋ ਨਾਮ ਚਾਰ ਵਰਨ ਗਾਣ, ਗਾ ਗਾ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਫ਼ਰਮਾਨ, ਸਚ ਸੰਦੇਸ਼ਾ ਹੱਕ ਮੁਕਾਮ, ਸਚਖੰਡ ਦਵਾਰ ਇਕੋ ਇਕ ਸਮਝਾਇੰਦਾ । ਸਤਿ ਧਰਮ, ਸਤਿਗੁਰ ਸ਼ਬਦ ਵੇਖੇ ਚਾਰ ਕੁੰਟ, ਦਹਿ ਦਿਸ਼ਾ ਫੋਲ ਫੁਲਾਈਆ । ਦੇਵੇ ਹੁਕਮ ਵਾਸੀ ਬੈਕੁੰਠ, ਧੁਰ ਫ਼ਰਮਾਨਾ ਆਪ ਦ੍ਰਿੜਾਈਆ । ਜਿਸ ਦਾ ਲੇਖਾ ਆਦਿ ਜੁਗਾਦਿ ਜੁਗ ਚੌਕੜੀ ਸਦਾ ਅਗਣਤ, ਕ਼ਲਮ ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਸੋ ਸਵਾਮੀ ਸਤਿਜੁਗ ਸਾਚੀ ਬਣਾਏ ਬਣਤ, ਘੜਨ ਭੰਨਣਹਾਰ ਆਪਣੇ ਹੱਥ ਰਖੇ ਵਡਿਆਈਆ । ਭਗਤ ਸੁਹੇਲੇ ਪਰਗਟਾਵੇ ਉਪਜਾਵੇ ਸਾਚੇ ਸੰਤ, ਸਤਿਗੁਰ ਹੋ ਕੇ ਅੰਤਰਗਤ ਆਪਣੀ ਇਕ ਸਮਝਾਈਆ । ਇਕੋ ਦੇਵੇ ਨਾਮ ਨਿਧਾਨਾ ਨਿਰੰਤਰ ਅੰਤਰ ਮੰਤ, ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸੱਚਾ ਨਾਮ ਇਕ ਵਖਾਈਆ । ਸਤਿ ਧਰਮ, ਸਤਿਜੁਗ ਸਾਚੇ ਸ਼ਬਦ ਸਤਿਗੁਰ ਦੱਸੇ ਸਾਚਾ ਨਾਉਂ, ਨਾਉਂ ਨਿਰੰਕਾਰਾ ਆਪ ਦ੍ਰਿੜਾਈਆ । ਜੋ ਵਸੇ ਹਰ ਘਟ ਥਾਉਂ, ਥਾਨ ਥਨੰਤਰ ਸੋਭਾ ਪਾਈਆ । ਜਿਸ ਦਾ ਨਾ ਕੋਈ ਪਿਤਾ ਨਾ ਕੋਈ ਮਾਉਂ, ਜਣ ਜਣੇਂਦੀ ਨਜ਼ਰ ਕੋਇ ਨਾ ਆਈਆ । ਸੋ ਖੇਲੇ ਖੇਲ ਅਗੰਮ ਅਥਾਹੋ, ਬੇਪਰਵਾਹ ਆਪਣਾ ਹੁਕਮ ਵਰਤਾਈਆ । ਕਲਜੁਗ ਅੰਤ ਸਚ ਅਦਾਲਤ ਸ਼ਬਦੀ ਕਰੇ ਨਿਆਉਂ, ਹਾਕਮ ਹੋ ਕੇ ਹੁਕਮ ਇਕ ਸੁਣਾਈਆ । ਦਰਗਾਹ ਸਾਚੀ ਸਚ ਦਵਾਰੇ ਜਨ ਭਗਤਾਂ ਠਾਂਡਾ ਦੇਵੇਂ ਥਾਉਂ, ਧਰਮ ਦਵਾਰਾ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿ ਦਏ ਪਰਗਟਾਈਆ । ਸਤਿ ਧਰਮ, ਸਤਿਗੁਰ ਸ਼ਬਦ ਆਵੇ ਸਵਾਮੀ, ਕਲਜੁਗ ਅੰਤਮ ਵੇਖ ਵਖਾਈਆ । ਹਰ ਘਟ ਹੋ ਕੇ ਅੰਤਰਜਾਮੀ, ਪੜਦਾ ਉਹਲਾ ਦਏ ਚੁਕਾਈਆ । ਧੁਰ ਦਾ ਸ਼ਬਦ ਗਾਵੇ ਅਗੰਮੀ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਹੁਕਮ ਵਰਤੇ ਚਾਰੇ ਖਾਣੀ, ਚਾਰੇ ਕੁੰਟ ਕਰੇ ਸ਼ਨਵਾਈਆ । ਲੇਖਾ ਜਾਣੇ ਦੋ ਜਹਾਨੀ, ਨਿਰਗੁਣ ਸਰਗੁਣ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਕਰੇ ਆਪ ਮਿਹਰਵਾਨੀ, ਮਿਹਰਵਾਨ ਹੋ ਕੇ ਆਪਣਾ ਭੇਵ ਖੁਲ੍ਹਾਈਆ । ਸਤਿ ਧਰਮ, ਸਤਿਗੁਰ ਸ਼ਬਦ ਸਭ ਦਾ ਦਿਸੇ ਰਫ਼ੀਕ਼, ਪਿਆਰ ਮੁਹੱਬਤ ਵਿਚ ਸਮਾਈਆ । ਜਗਤ ਵਾਸਨਾ ਮਨ ਬਣੇ ਨਾ ਕੋਇ ਫ਼ਰੀਕ, ਫ਼ਿਕਰਾ ਜਗਤ ਨਾ ਕੋਇ ਬਣਾਈਆ । ਸਦੀ ਚੌਧਵੀਂ ਅੰਤ ਕਰੇ ਤਸਦੀਕ, ਸ਼ਹਾਦਤ ਗੋਬਿੰਦ ਨਾਮ ਇਕ ਭੁਗਤਾਈਆ । ਜਿਸ ਨੂੰ ਪੈਗ਼ੰਬਰ ਅਵਤਾਰ ਰਹੇ ਉਡੀਕ, ਬਿਨ ਅੱਖਾਂ ਧਿਆਨ ਲਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਰਖ ਕੇ ਬੈਠੇ ਉਡੀਕ, ਆਸਾ ਵਿਚ ਆਸਾ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸੱਚਾ ਰਾਹ ਵਖਾਈਆ । ਸਤਿ ਧਰਮ, ਸਤਿਜੁਗ ਸਚ ਸ਼ਬਦ ਸਤਿਗੁਰ ਜਾਵੇ ਆ, ਆਮਦ ਵਿਚ ਆਪਣਾ ਹੁਕਮ ਫਿਰਾਈਆ । ਸ੍ਰਿਸ਼ਟ ਸਬਾਈ ਸੋਈ ਸੁਰਤੀ ਦਏ ਜਗਾ, ਧੁਨ ਆਤਮਕ ਰਾਗ ਇਕੋ ਇਕ ਸੁਣਾਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਜਾਮ ਦਏ ਪਿਆ, ਬੂੰਦ ਸਵਾਂਤੀ ਸਚ ਟਪਕਾਈਆ । ਨਿਰਗੁਣ ਜੋਤੀ ਜੋਤ ਕਰੇ ਰੁਸ਼ਨਾ, ਕਾਇਆ ਮੰਦਰ ਅੰਦਰ ਸੋਭਾ ਪਾਈਆ । ਜਗਤ ਵਾਸਨਾ ਕੂੜੀ ਕਿਰਿਆ ਦਏ ਚੁਕਾ, ਹਉਮੇ ਹੰਗਤਾ ਗੜ੍ਹ ਤੁੜਾਈਆ । ਆਤਮ ਸੇਜ ਸੁਹੰਜਣੀ ਦਏ ਸੁਹਾ, ਪਰਮਾਤਮ ਹੋ ਕੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦਵਾਰਾ ਆਪ ਪਰਗਟਾਈਆ । ਸਤਿ ਧਰਮ ਸਤਿਗੁਰ ਚਲੇ ਸਾਚੀ ਧਾਰਾ, ਧਰਨੀ ਵੱਜੇ ਸਚ ਵਧਾਈਆ । ਕਿਰਪਾ ਕਰੇ ਏਕੰਕਾਰਾ, ਅਕਲ ਕਲਧਾਰੀ ਵੇਖ ਵਖਾਈਆ । ਜਿਸ ਦਾ ਅੰਤ ਨਾ ਪਾਰਾਵਾਰਾ, ਪਰਮ ਪੁਰਖ ਬੇਪਰਵਾਹੀਆ । ਸੋ ਖੇਲੇ ਖੇਲ ਵਿਚ ਸੰਸਾਰਾ, ਵਡ ਸੰਸਾਰੀ ਫੇਰਾ ਪਾਈਆ । ਜਿਸ ਦਾ ਲੇਖਾ ਕਾਗਦ ਕ਼ਲਮ ਨਾ ਲਿਖਣਹਾਰਾ, ਗੁਰ ਅਵਤਾਰ ਪੈਗ਼ੰਬਰ ਬੇਅੰਤ ਕਹਿ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਲੋਕਮਾਤ ਲਏ ਪਰਗਟਾਈਆ । ਸਤਿ ਧਰਮ, ਸਤਿਜੁਗ ਸਾਚਾ ਆਵੇ ਲੋਕਮਾਤ, ਮਤਾ ਪ੍ਰਭ ਦੇ ਨਾਲ ਪਕਾਈਆ । ਕੂੜੀ ਮੇਟ ਅੰਧੇਰੀ ਰਾਤ, ਰੈਣ ਭਿੰਨੜੀ ਦਏ ਬਦਲਾਈਆ । ਭਗਤ ਸੁਹੇਲੇ ਲੱਭੇ ਸੱਜਣ ਸਾਕ, ਗੁਰਮੁਖ ਮਿਲ ਮਿਲ ਖ਼ੁਸ਼ੀ ਵਖਾਈਆ । ਸਤਿਜੁਗ ਸਾਚੇ ਸੰਤਾਂ ਖੋਲ੍ਹੇ ਬੰਦ ਤਾਕ,

ਬਜਰ ਕਪਾਟੀ ਕੁੰਡਾ ਲਾਹੀਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰੇ ਭਵਿਖਤ ਵਾਕ, ਝਗੜਾ ਮੁਕੇ ਜਾਤ ਪਾਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਈਸਾ ਮੂਸਾ ਮੁਹੰਮਦ ਲਹਿਣਾ ਦੇਣਾ ਕਰੇ ਬੇਬਾਕ, ਸਦੀ ਚੌਧਵੀਂ ਝੋਲੀ ਪਾਈਆ । ਸਚ ਦਵਾਰੇ ਸਭ ਦਾ ਕਰ ਇਤਫ਼ਾਕ, ਨਾਮ ਸੰਦੇਸ਼ਾ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਮੰਨਣ ਧੁਰ ਦੀ ਬਾਤ, ਸਿਰ ਸਕੇ ਨਾ ਕੋਇ ਉਠਾਈਆ । ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਬ੍ਰਹਮ ਮਿਲ ਕੇ ਗਾਓ ਸਾਚੀ ਗਾਥ, ਦੂਜਾ ਅੱਖਰ ਨਾ ਕੋਇ ਪੜ੍ਹਾਈਆ । ਚਾਰ ਵਰਨ ਅਠਾਰਾਂ ਬਰਨ ਊਚ ਨੀਚ ਰਾਓ ਰੰਕ ਜਾਤ ਪਾਤ ਰਾਜ ਰਾਜਾਨ ਸ਼ਾਹ ਸੁਲਤਾਨ ਬਣੋ ਇਕ ਜਮਾਤ, ਸਚ ਦਵਾਰੇ ਬਹਿ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਵੇ ਵਰ, ਵਾਰਤਾ ਅਗਲੀ ਦਏ ਸਮਝਾਈਆ । ਸਤਿ ਧਰਮ, ਸਤਿਜੁਗ ਸ਼ਬਦ ਸਤਿਗੁਰ ਦੇਣਾ ਵਰ, ਵਸਤ ਅਮੋਲਕ ਝੋਲੀ ਪਾਈਆ । ਭੈ ਭਉ ਚਕਾਉਣਾ ਡਰ, ਭਿਆਨਕ ਵਿਚ ਨਾ ਕੋਇ ਰਖਾਈਆ । ਇਕ ਵਖਾਉਣਾ ਸਾਚਾ ਘਰ, ਸਚਖੰਡ ਵਜਦੀ ਰਹੇ ਵਧਾਈਆ । ਜਿਥੇ ਵਸੇ ਨਰਾਇਣ ਨਰ, ਪੁਰਖ ਅਬਿਨਾਸ਼ੀ ਡੇਰਾ ਲਾਈਆ । ਦੀਪਕ ਜੋਤ ਦਿਤਾ ਧਰ, ਆਦਿ ਜੁਗਾਦਿ ਕਰੇ ਰੁਸ਼ਨਾਈਆ । ਭਗਤ ਸੁਹੇਲੇ ਲਏ ਫੜ, ਸ਼ਬਦੀ ਡੋਰੀ ਤੰਦ ਬੰਧਾਈਆ । ਪ੍ਰੇਮ ਪਿਆਰ ਮੁਹੱਬਤ ਜੋ ਬੰਨ੍ਹੇ ਲੜ, ਪਲੂ ਸਕੇ ਨਾ ਕੋਇ ਛੁਡਾਈਆ । ਸੋ ਪੁਰਖ ਅਕਾਲ ਦੀਨ ਦਿਆਲ ਸਤਿਜੁਗ ਸਾਚਾ ਲੋਕਮਾਤ ਦੇਵੇ ਧਰ, ਧਰਮ ਦਵਾਰਾ ਇਕੋ ਦਏ ਸੁਹਾਈਆ । ਇਕੋ ਇਸ਼ਟ ਮੰਨੇ ਨਾਰੀ ਨਰ, ਨਰ ਨਰਾਇਣ ਸੋਭਾ ਪਾਈਆ । ਕਲਜੁਗ ਕੂੜੀ ਕਿਰਿਆ ਜਾਵੇ ਹਰ, ਹਿਰਦੇ ਸਭ ਦੇ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵਿਚ ਸਤਿਜੁਗ ਵਸੇ ਘਰ, ਥਿਰ ਘਰ ਬੈਠਾ ਥਿਰ ਦਰਬਾਰਾ ਦਏ ਵਖਾਈਆ । ਸਤਿ ਧਰਮ, ਸਤਿਜੁਗ ਨਾਲ ਕੌਲ ਇਕਰਾਰ, ਤਰੇਤਾ ਦੁਆਪਰ ਕਲਜੁਗ ਸਮਝ ਕਿਸੇ ਨਾ ਆਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਲਏ ਅਵਤਾਰ, ਕਲ ਕਲਕੀ ਫੇਰਾ ਪਾਈਆ । ਜਗੇ ਜੋਤ ਅਗੰਮ ਅਪਾਰ, ਨਿਰਗੁਣ ਨੂਰ ਹੋਵੇ ਰੁਸ਼ਨਾਈਆ । ਸੰਬਲ ਵਸੇ ਧਾਮ ਨਿਆਰ, ਜਿਸ ਦੀ ਦਿਸ਼ਾ ਵੰਡ ਨਾ ਕੋਇ ਸਮਝਾਈਆ । ਸ਼ਬਦ ਡੰਕਾ ਵਜਾਵੇ ਵਿਚ ਸੰਸਾਰ, ਰਾਓ ਰੰਕਾਂ ਦੀਨਾਂ ਅਨਾਥਾਂ ਆਪ ਸੁਣਾਈਆ । ਕਲਜੁਗ ਕੂੜੀ ਕਿਰਿਆ ਕਰੇ ਪਾਰ, ਪਾਰਬ੍ਰਹਮ ਆਪਣਾ ਭੇਵ ਖੁਲ੍ਹਾਈਆ । ਸਤਿਜੁਗ ਸਾਚਾ ਮਾਰਗ ਦਏ ਸਿਖਾਲ, ਸਿਖਿਆ ਦੇਵੇ ਥਾਉਂ ਥਾਈਂਆ । ਝਗੜਾ ਚੁੱਕੇ ਸ਼ਾਹ ਕੰਗਾਲ, ਊਚ ਨੀਚ ਇਕੋ ਘਰ ਬਹਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਹੋਵੇ ਧਰਮਸਾਲ, ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰੀ ਪ੍ਰੀਤੀ ਰਖੇ ਆਪਣੇ ਨਾਲ, ਮਨ ਨਾਲਿਸ਼ ਦੀ ਆਦਤ ਦਏ ਬਦਲਾਈਆ । ਸਤਿ ਧਰਮ, ਸਤਿਗੁਰ ਸ਼ਬਦ ਸਦਾ ਹੋਵੇ ਖ਼ੁਸ਼ਹਾਲ, ਖ਼ੁਸ਼ੀਆਂ ਵਿਚ ਸਮਾਂ ਦਏ ਬਦਲਾਈਆ । ਪਹਿਲੋਂ ਕਲਜੁਗ ਪਾਸੋਂ ਪੁਛੇ ਅਹਿਵਾਲ, ਪ੍ਰੇਮ ਪਿਆਰ ਨਾਲ ਸੰਗ ਰਲਾਈਆ । ਉਠ ਮੇਰੇ ਲਾਡਲੇ ਲਾਲ, ਮੈਨੂੰ ਦੇ ਸਮਝਾਈਆ । ਦੀਨ ਦੁਨੀ ਦਾ ਕੀ ਹਾਲ, ਪੜਦਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪ੍ਰਵਾਹੀਆ । ਸਤਿ ਧਰਮ, ਕਲਜੁਗ ਸ੍ਰੀ ਭਗਵਾਨ ਦਾ ਛੋਟਾ ਸੁਤ, ਚੌਥਾ ਜੁਗ ਨਾਉਂ ਧਰਾਈਆ । ਕੁਛ ਓਸ ਕੋਲੋਂ ਪੁਛ, ਤੈਨੂੰ ਸਚ ਦਏ ਸਮਝਾਈਆ । ਪੜਦਾ ਓਹਲਾ ਰਹੇ ਨਾ ਲੁਕ, ਭੇਵ ਅਭੇਦਾ ਦਏ ਖੁਲ੍ਹਾਈਆ । ਜਿਸ ਆਪਣੀ ਮੌਲੀ ਰੁੱਤ, ਰੁਤੜੀ

ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸਾਚਾ ਹੁਕਮ ਦੇਵੇ ਫ਼ਰਮਾਨ, ਪੁਰਖ ਅਬਿਨਾਸ਼ੀ ਆਪ ਜਣਾਈਆ । ਕਲਜੁਗ ਨੇੜੇ ਆ ਬਾਲ ਨਾਦਾਨ, ਦਿਆਂ ਮਾਣ ਵਡਿਆਈਆ । ਕੁਛ ਲੇਖਾ ਦੱਸ ਜੀਵ ਜਹਾਨ, ਧੁਰ ਸੰਦੇਸਾ ਇਕ ਸੁਣਾਈਆ । ਕਲਜੁਗ ਪ੍ਰਭ ਚਰਨ ਕਰ ਧਿਆਨ, ਖ਼ੁਸ਼ੀਆਂ ਵਿਚ ਢੋਲੇ ਗਾਈਆ । ਪ੍ਰਭੂ ਮੈਨੂੰ ਤੇਰੇ ਉਤੇ ਮਾਣ, ਤੂੰ ਮੇਰਾ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਕਲਜੁਗ ਕਹੇ ਮੇਰੇ ਭਗਵੰਤ, ਮੈਂ ਸਚ ਦਿਆਂ ਦ੍ਰਿੜਾਈਆ । ਮੈਂ ਸਾਬਤ ਰਹਿਣ ਨਹੀਂ ਦਿਤਾ ਕੋਈ ਕਲਜੁਗ ਸੰਤ, ਮਾਇਆ ਵਿਚ ਸਾਰੇ ਦਿਤੇ ਫਸਾਈਆ । ਸੁਹਾਗਣ ਰਹਿਣ ਨਹੀਂ ਦਿਤੀ ਸਾਚੀ ਨਾਰ ਕੋਈ ਕੰਤ, ਕੰਤ ਕੰਤੂਹਲ ਸੇਜ ਨਾ ਕੋਇ ਹੰਢਾਈਆ । ਵੈਰਾਗੀ ਬੈਰਾਗੀ ਤਿਆਗੀ ਵਸਣ ਨਹੀਂ ਦਿਤਾ ਤੇਰਾ ਮਣੀਆਂ ਮੰਤ, ਮਨ ਵਾਸਨਾ ਸਾਰੀ ਸ੍ਰਿਸ਼ਟੀ ਕੀਤੀ ਹਲਕਾਈਆ । ਝਗੜਾ ਪਾ ਕੇ ਜੀਵ ਜੰਤ, ਸਾਧ ਸੰਤ ਦਿਤੇ ਲੜਾਈਆ । ਗੜ੍ਹ ਬਣਾ ਕੇ ਹਉਮੇ ਹੰਗਤ, ਬ੍ਰਹਮ ਪਾਰਬ੍ਰਹਮ ਦਿਤਾ ਭੁਲਾਈਆ । ਕੋਈ ਰਹਿਣ ਨਹੀਂ ਦਿਤਾ ਬੋਧ ਅਗਾਧਾ ਪੰਡਤ, ਮਾਇਆ ਮਮਤਾ ਵਿਚ ਹੋਏ ਹਲਕਾਈਆ । ਸਾਚਾ ਮੇਲਾ ਰਹਿਣ ਨਹੀਂ ਦਿਤਾ ਵਿਚ ਸੰਗਤ, ਗੁਰਮੁਖ ਗੁਰਮੁਖ ਮਿਲ ਕੇ ਪ੍ਰਭ ਦਾ ਸ਼ੁਕਰ ਨਾ ਕੋਇ ਮਨਾਈਆ । ਝਗੜਾ ਪਾ ਕੇ ਅੰਦਰ ਜੇਰਜ ਅੰਡਜ, ਉਤਭੁਜ ਸੇਤਜ ਤੇਰੇ ਦਰ ਤੋਂ ਦਿਤੀ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਨੂੰ ਦੇ ਮਾਣ ਵਡਿਆਈਆ । ਕਲਜੁਗ ਕਹੇ ਪ੍ਰਭ ਮੈਂ ਤੇਰਾ ਨਨ੍ਹਾਂ ਬੱਚਾ ਬਾਲ ਨਾਦਾਨ, ਚੌਥਾ ਜੁਗ ਨਜ਼ਰੀ ਆਈਆ । ਮੈਂ ਸ਼ਰਅ ਕਰ ਸ਼ੈਤਾਨ, ਸ਼ਰੀਅਤ ਵਿਚ ਸਾਰੇ ਦਿਤੇ ਭੁਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਹੋਏ ਹੈਰਾਨ, ਅੰਜੀਲ ਕੁਰਾਨ ਨੇਤਰ ਨੀਰ ਵਹਾਵੇ ਮਾਰੇ ਧਾਈਆ । ਸਾਚਾ ਰਿਹਾ ਨਾ ਕਿਸੇ ਧਰਮ ਈਮਾਨ, ਕਾਮਲ ਮੁਰਸ਼ਦ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਦਿਸੇ ਵੈਰਾਨ, ਵੈਰੀ ਘਰ ਘਰ ਬੈਠੇ ਪੰਜ ਚੋਰ ਰਹੇ ਸਤਾਈਆ । ਤੇਰਾ ਨਾਮ ਸੰਦੇਸਾ ਸੁਣੇ ਨਾ ਕੋਇ ਫ਼ਰਮਾਨ, ਇਹੋ ਮੇਰੀ ਵੱਡੀ ਵਡਿਆਈਆ । ਜੂਠ ਝੂਠ ਚਲਾ ਕੇ ਦੁਕਾਨ, ਗਿਆਨੀ ਧਿਆਨੀ ਵਿਦਵਾਨੀ ਵਿਚ ਦਿਤੇ ਫਸਾਈਆ । ਕੁਛ ਪ੍ਰਭੂ ਮੈਨੂੰ ਦੇ ਇਨਾਮ, ਥੋੜੇ ਸਮੇਂ ਵਿਚ ਬਹੁਤੀ ਸੇਵਾ ਕਰ ਵਖਾਈਆ । ਕਾਮ ਕਰੋਧ ਦੇ ਬਣਾ ਕੇ ਸਾਰੇ ਗ਼ੁਲਾਮ, ਨੌਂ ਦਵਾਰਿਆਂ ਵਿਚ ਚੱਕਰ ਦਿਤੇ ਲਗਾਈਆ । ਤੇਰਾ ਦਰਸ ਮੂਲ ਨਾ ਪਾਣ, ਸਨਮੁਖ ਹੋ ਕੇ ਸੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਕਰ ਪਰਵਾਨ, ਧੁਰ ਦਰਬਾਰੀ ਤੇਰੀ ਸਾਚੀ ਸੇਵ ਕਮਾਈਆ । ਪੁਰਖ ਅਕਾਲ ਕਹੇ ਕਲਜੁਗ ਸ਼ਾਬਾਸ, ਪੁਸ਼ਤ ਪਨਾਹ ਹੱਥ ਟਿਕਾਈਆ । ਤੂੰ ਆਪਣੀ ਪੂਰੀ ਕੀਤੀ ਆਸ, ਜਗਤ ਆਸਾ ਆਪਣੇ ਨਾਲ ਮਿਲਾਈਆ । ਇਹ ਕਾਰਜ ਤੇਰਾ ਖ਼ਾਸ, ਜੋ ਸਦੀ ਚੌਧਵੀਂ ਪੂਰਾ ਦੇਣਾ ਕਰਾਈਆ । ਕਲਜੁਗ ਵੇਖ ਅੰਧੇਰੀ ਰਾਤ, ਨੂਰੀ ਚੰਦ ਦੇਣਾ ਛੁਪਾਈਆ । ਅਗੇ ਲੇਖਾ ਜਾਣੇ ਪੁਰਖ ਅਬਿਨਾਸ਼, ਬੇਪਰਵਾਹ ਆਪਣਾ ਹੁਕਮ ਵਰਤਾਈਆ । ਤੈਨੂੰ ਦੇ ਕੇ ਸਚ ਪ੍ਰੇਮ ਦੀ ਦਾਤ, ਭੰਡਾਰਾ ਖ਼ਾਲੀ ਦਏ ਭਰਾਈਆ । ਤੇਰਾ ਗੋਬਿੰਦ ਨਾਲ ਨਾਤ, ਰਿਸ਼ਤਾ ਫ਼ਰਿਸ਼ਤਿਆਂ ਤੋਂ ਦਏ ਤੁੜਾਈਆ । ਓਸ ਦੀ ਰਖਣੀ ਯਾਦ, ਜੋ ਯਾਦਦਾਸ਼ਤ ਵਿਚ ਰਖੇ ਲੋਕਾਈਆ । ਜਿਸ ਨੇ ਸਤਿਜੁਗ ਸਾਚਾ ਕਰਨਾ ਆਬਾਦ, ਆਬਾਦੀ ਭਗਤਾਂ ਦੀ ਨਾਲ ਵਧਾਈਆ । ਜਿਸ ਨੂੰ ਸਮਝੇ ਨਾ ਕੋਇ ਦਿਮਾਗ਼, ਬੁਧੀ ਵਿਚਾਰ ਨਾ ਕੋਇ ਵਖਾਈਆ । ਜਨਮ ਮਰਨ ਵਰਨ ਬਰਨ ਜਾਤ

੬੭੫
੧੯

ਪਾਤ ਦੀਨ ਮਜ਼੍ਹਬ ਤੋਂ ਕਰਨਾ ਆਜ਼ਾਦ, ਪੁਰਖ ਅਕਾਲ ਇਕੋ ਇਸ਼ਟ ਦੇਣਾ ਵਖਾਈਆ । ਜਿਹੜਾ ਫ਼ਰਮਾਨ ਬਿਨਾ ਇਸਲਾਮ ਨਾਨਕ ਨਿਰਬਾਣ, ਦੱਸਿਆ ਵਿਚ ਬਗ਼ਦਾਦ, ਜਿਸ ਨੂੰ ਲੇਖਾ ਲਿਖ ਕੇ ਦੱਸੇ ਨਾ ਕੋਈ ਕ਼ਲਮ ਦਵਾਤ, ਉਹ ਆਉਣੀ ਅਗੰਮੀ ਆਵਾਜ਼, ਜਿਸ ਅੰਦਰੋਂ ਖੋਲ੍ਹਣਾ ਰਾਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਕਲਜੁਗ ਤੇਰਾ ਅੰਤ, ਪੁਰਖ ਅਬਿਨਾਸ਼ੀ ਆਪ ਜਣਾਈਆ । ਸਤਿਜੁਗ ਸਾਚੇ ਸਾਚਾ ਮਿਲਣਾ ਮੰਤ, ਮੰਤਰ ਆਪਣਾ ਨਾਮ ਦੇਣਾ ਜਣਾਈਆ । ਆਤਮ ਪਰਮਾਤਮ ਨਾਤਾ ਜੁੜਨਾ ਨਾਰ ਕੰਤ, ਸੇਜ ਸੁਹੰਜਣੀ ਸੋਭਾ ਪਾਈਆ । ਕੋਟਾਂ ਵਿਚੋਂ ਗੁਰਮੁਖ ਥੋੜੇ ਲੱਭਣੇ ਸੰਤ, ਸਤਿ ਸਤਿਵਾਦੀ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੀ ਧਾਰ ਦਏ ਉਪਜਾਈਆ । ਕਲਜੁਗ ਤੇਰਾ ਅੰਤਮ ਚੁਕਣਾ ਲਹਿਣਾ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸਾਚੇ ਦੇਣਾ ਦੇਣਾ, ਜੁਗ ਚੌਕੜੀ ਪ੍ਰਭ ਦੀ ਰੀਤੀ ਚਲੀ ਆਈਆ । ਤੂੰ ਵਾਹਵਾ ਸੋਹਣਾ ਮੰਨਿਆ ਕਹਿਣਾ, ਸੇਵਾ ਸਚ ਕਮਾਈਆ । ਤਿੰਨ ਜੁਗ ਪ੍ਰਭ ਚਰਨਾਂ ਵਿਚ ਬਹਿਣਾ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਮੁਕਾਈਆ । ਕਲਜੁਗ, ਪੁਰਖ ਅਕਾਲ ਆਦਿ ਜੁਗਾਦਿ ਦਾ ਅਦਲੀ, ਅਦਾਲਤ ਸਚ ਲਗਾਈਆ । ਸ਼ਬਦੀ ਹੁਕਮ ਕਰੇ ਬਦਲੀ, ਬਦਲਾ ਚੁੱਕੇ ਜਗਤ ਲੋਕਾਈਆ । ਪੰਧ ਮੁਕਾਇਆ ਮੰਜ਼ਲੋ ਮੰਜ਼ਲੀ, ਵੇਲਾ ਅੰਤਮ ਗਿਆ ਆਈਆ । ਜਿਸ ਦੀ ਧਾਰ ਵਿਚ ਲੋਕਮਾਤ ਸੰਸਾਰ ਉਸੇ ਨੇ ਸਦ ਲਈ, ਸੱਦਾ ਦੇ ਕੇ ਲਿਆ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣਾ ਹੁਕਮ ਵਰਤਾਈਆ । ਸਤਿ ਧਰਮ ਪ੍ਰਭ ਦਾ ਹੁਕਮ ਚਲੇ ਜੁਗ ਚਾਰ, ਚੌਕੜੀ ਮੇਟ ਨਾ ਕੋਇ ਮਿਟਾਈਆ । ਕਲਜੁਗ ਅੰਤਮ ਲਏ ਅਵਤਾਰ, ਜੋਤੀ ਜਾਤਾ ਫੇਰਾ ਪਾਈਆ । ਸ਼ਬਦੀ ਡੰਕਾ ਵੱਜੇ ਵਿਚ ਸੰਸਾਰ, ਚਾਰੋਂ ਕੁੰਟ ਲਏ ਉਠਾਈਆ । ਸਤਿ ਧਰਮ ਦਾ ਇਕ ਵਿਹਾਰ, ਵਿਹਾਰ ਅੰਦਰ ਦਏ ਦਰਸਾਈਆ । ਇਕੋ ਨਾਮ ਸ਼ਬਦ ਜੈਕਾਰ, ਢੋਲਾ ਇਕੋ ਇਕ ਸੁਣਾਈਆ । ਏਕਾ ਨਾਮ ਵਣਜ ਕਰਾਏ ਵਾਪਾਰ, ਵਸਤ ਇਕੋ ਹੱਟ ਖੁਲ੍ਹਾਈਆ । ਭਗਤ ਭਗਵਾਨ ਦਾ ਮਾਰਗ ਦੱਸ ਸੁਖਾਲ, ਸ਼ਾਹ ਕੰਗਾਲ ਦਏ ਵਡਿਆਈਆ । ਜਿਨ੍ਹਾਂ ਹੋਏ ਸਹਾਈ ਦੀਨਾਂ ਬੰਧਪ ਦੀਨ ਦਿਆਲ, ਦੀਨਨ ਆਪਣੀ ਗੋਦ ਬਹਾਈਆ । ਸਮਰਥ ਸਵਾਮੀ ਬਣ ਰਖਵਾਲ, ਰੱਖਿਆ ਕਰੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਤਿ ਧਰਮ ਕਰੇ ਬਹਾਲ, ਬਿਹਬਲ ਕਰੇ ਸਰਬ ਲੋਕਾਈਆ ।



## ੧੨ ਸਾਵਣ ਸ਼ਹਿਨਸ਼ਾਹੀ ਸੰਮਤ ੨ ਬਲੀ ਸਿੰਘ ਦੇ ਗ੍ਰਹਿ ਪਿੰਡ ਕੈਰੋਂ ਜ਼ਿਲਾ ਅੰਮ੍ਰਿਤਸਰ

ਸਤਿ ਧਰਮ, ਸਤਿਜੁਗ ਦਾ ਮਾਲਕ ਹੋਵੇ ਪ੍ਰਭ ਆਪ, ਪਰਮ ਪੁਰਖ ਪ੍ਰਭ ਆਪਣੀ ਦਇਆ ਕਮਾਈਆ । ਚਾਰ ਕੁੰਟ ਇਕੋ ਦੱਸੇ ਜਾਪ, ਜਗਜੀਵਣ ਦਾਤਾ ਆਪਣਾ ਨਾਉਂ ਪਰਗਟਾਈਆ । ਆਤਮ ਪਰਮਾਤਮ ਦੇਵੇ ਧੁਰ ਦਾ ਸਾਥ, ਨਿਰਗੁਣ ਨਿਰਗੁਣ ਸਗਲਾ ਸੰਗ ਨਿਭਾਈਆ । ਸ਼ਬਦ ਅਗੰਮੀ ਘਰ ਘਰ ਵਜਾਏ ਨਾਦ, ਅਨਹਦ ਨਾਦੀ ਨਾਦ ਸੁਣਾਈਆ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਗ੍ਰਹਿ ਮੰਦਰ ਕਰੇ ਰੁਸ਼ਨਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦਵਾਰਾ ਇਕ ਪਰਗਟਾਈਆ । ਸਤਿ ਧਰਮ, ਸਤਿਜੁਗ ਦਾ ਮਾਲਕ ਹੋਵੇ ਇਕ, ਏਕੰਕਾਰ ਨਜ਼ਰੀ ਆਈਆ । ਵਸਤ ਅਮੋਲਕ ਪਾਵੇ ਭਿੱਖ, ਨਾਮ ਭੰਡਾਰਾ ਇਕ ਵਰਤਾਈਆ । ਭਗਤ ਸੁਹੇਲੇ ਸੱਜਣ ਬਣਾ ਕੇ ਧੁਰ ਦੇ ਸਿੱਖ, ਸਿਖਿਆ ਸਾਖਿਆਤ ਸਮਝਾਈਆ । ਅਗਲਾ ਮਾਰਗ ਦੇਵੇ ਲਿਖ, ਭਵਿਖਤ ਦੇ ਦ੍ਰਿੜ੍ਹਾਈਆ । ਸਾਚੇ ਸੰਤਾਂ ਦਰਸ਼ਨ ਦੇਵੇ ਨਿਤ ਨਵਿਤ, ਆਪਣਾ ਫੇਰਾ ਪਾਈਆ । ਠਾਕਰ ਹੋ ਕੇ ਵਸੇ ਚਿਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦਏ ਵਸਾਈਆ । ਸਤਿ ਧਰਮ, ਸਤਿਜੁਗ ਦਾ ਮਾਲਕ ਹੋਵੇ ਪੁਰਖ ਸਮਰਥ, ਪਤਿਪਰਮੇਸ਼ਵਰ ਬੇਪਰਵਾਹੀਆ । ਚਾਰ ਵਰਨ ਅਠਾਰਾਂ ਬਰਨ ਦੱਸੇ ਇਕੋ ਗੱਥ, ਸੋਹਲਾ ਢੋਲਾ ਸਤਿਗੁਰ ਆਪ ਸੁਣਾਈਆ । ਨਾਮ ਪ੍ਰੀਤੀ ਧੁਰ ਦਾ ਜੋੜੇ ਨੱਤ, ਆਤਮ ਪਰਮਾਤਮ ਮੇਲਾ ਸਹਿਜ ਸੁਭਾਈਆ । ਧੀਰਜ ਦੇਵੇ ਸੰਤੋਖ ਸਤਿ, ਧਰਮ ਦਇਆ ਆਪ ਕਮਾਈਆ । ਘਰ ਘਰ ਉਪਜੇ ਬ੍ਰਹਮ ਮਤ, ਮਨ ਵਾਸਨਾ ਹੋਏ ਨਾ ਕੋਇ ਹਲਕਾਈਆ । ਨਿਜ ਨੇਤਰ ਲੋਚਨ ਖੋਲ੍ਹੇ ਅੱਖ, ਅੱਖਰਾਂ ਤੋਂ ਬਾਹਰ ਕਰੇ ਪੜ੍ਹਾਈਆ । ਅੰਮ੍ਰਿਤ ਅਮਿਉਂ ਦੇ ਕੇ ਰਸ, ਰਸਤਾ ਧੁਰ ਦਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਦਾ ਸਾਂਝਾ ਕਰ ਕੇ ਜਸ, ਸਿਫ਼ਤਾਂ ਨਾਲ ਸਿਫ਼ਤ ਸਾਲਾਹੀਆ । ਸਤਿ ਧਰਮ, ਸਤਿਜੁਗ ਦਾ ਮਾਲਕ ਹੋਵੇ ਇਕ ਇਕੱਲਾ, ਆਦਿ ਪੁਰਖ ਵੱਡੀ ਵਡਿਆਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਬਣਾਏ ਇਕ ਮਹੱਲਾ, ਗਲੀ ਕੂਚਾ ਵੰਡ ਨਾ ਕੋਇ ਵੰਡਾਈਆ । ਪਾਵੇ ਸਾਰ ਜਲਾਂ ਥਲਾਂ, ਡੂੰਘੇ ਸਾਗਰ ਫੋਲ ਫੁਲਾਈਆ । ਆਤਮ ਪਰਮਾਤਮ ਸਭ ਨੂੰ ਫੜਾਏ ਸ਼ਬਦੀ ਪੱਲਾ, ਜਗਤ ਤੰਦ ਨਾ ਕੋਇ ਬੰਧਾਈਆ । ਧਾਮ ਵਖਾਏ ਨਿਹਚਲ ਇਕ ਅਟਲਾ, ਸਚ ਮਹੱਲਾ ਸੋਭਾ ਪਾਈਆ । ਜਿਥੇ ਆਦਿ ਜੁਗਾਦੀ ਦੀਪਕ ਬਲਾ, ਜੋਤੀ ਨੂਰ ਕਰੇ ਰੁਸ਼ਨਾਈਆ । ਸ਼ਬਦੀ ਧਾਰ ਆਪੇ ਰਲਾ, ਰੂਪ ਰੰਗ ਰੇਖ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਲੋਕਮਾਤ ਲਏ ਪਰਗਟਾਈਆ ।



## ✪ ੧੨ ਸਾਵਣ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਿਹ ਪਿੰਡ ਕੈਰੋਂ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ, ਸਤਿਜੁਗ ਸਤਿ ਸਤਿਵਾਦੀ ਲੱਗੇ ਜੜ੍ਹ, ਕਰਨੀ ਦਾ ਕਰਤਾ ਆਪ ਲਗਾਈਆ । ਇਕੋ ਨਾਉਂ ਸ੍ਰਿਸ਼ਟੀ ਜਾਏ ਪੜ੍ਹ, ਇਸ਼ਟ ਧਿਆਨ ਇਕੋ ਇਕ ਲਗਾਈਆ । ਇਕੋ ਮੰਜ਼ਲ ਜਾਵਣ ਚੜ੍ਹ, ਪੁਰਖ ਅਕਾਲ ਮਿਲੇ ਸਰਨਾਈਆ । ਇਕੋ ਪਰਕਾਸ਼ ਹੋਵੇ ਘਰ ਘਰ, ਹਰ ਹਿਰਦੇ ਵੱਜੇ ਨਾਮ ਵਧਾਈਆ । ਇਕੋ ਨਹਾਉਣ ਸਰੋਵਰ ਸਰ, ਸਤਿਗੁਰ ਚਰਨ ਧੂੜ ਦੁਰਮਤ ਮੈਲ ਧਵਾਈਆ । ਇਕੋ ਕੰਤ ਸੁਹਾਗੀ ਲੈਣਾ ਵਰ, ਆਤਮ ਪਰਮਾਤਮ ਨਾਤਾ ਜੋੜ ਜੁੜਾਈਆ । ਇਕੋ ਸੁਹੰਜਣਾ ਹੋਵੇ ਦਰ, ਹਰਿ ਭਗਤ ਦਵਾਰਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦੇਵੇ ਮਾਣ ਵਡਿਆਈਆ । ਸਤਿਜੁਗ ਸਾਚੇ ਸੋਹੇ ਇਕ ਦਰਬਾਰ, ਦੀਨ ਦਿਆਲ ਆਪ ਸੁਹਾਈਆ । ਵਡਿਆਈ ਮਿਲੇ ਵਰਨ ਚਾਰ, ਅਠਾਰਾਂ ਬਰਨ ਖ਼ੁਸ਼ੀ ਮਨਾਈਆ । ਰਸਨਾ ਜਿਹਵਾ ਗਾਵੇ ਇਕ ਜੈਕਾਰ, ਢੋਲਾ ਧੁਰ ਦਾ ਰਾਗ ਅਲਾਈਆ । ਵਸਤ ਅਮੋਲਕ

ਸਰਬ ਮਿਲੇ ਭੰਡਾਰ, ਦਰ ਖ਼ਾਲੀ ਰਹਿਣ ਕੋਇ ਨਾ ਪਾਈਆ । ਊਚ ਨੀਚ ਦਾ ਰਹੇ ਨਾ ਕੋਇ ਵਿਚਾਰ, ਜਾਤ ਪਾਤ ਦੀ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਦਾ ਸਾਂਝਾ ਹੋਵੇ ਪਿਆਰ, ਪਰਵਰਦਿਗਾਰ ਹਕ਼ੀਕ਼ਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਬਖ਼ਸ਼ੇ ਇਕ ਸਰਨਾਈਆ । ਸਤਿਜੁਗ ਸਾਚਾ ਬਣੇ ਇਕ ਧਾਮ, ਧਰਮ ਦਵਾਰਾ ਸੋਭਾ ਪਾਈਆ । ਨਜ਼ਰੀ ਆਏ ਧੁਰ ਦਾ ਰਾਮ, ਰਮਈਆ ਹਰ ਘਟ ਡੇਰਾ ਲਾਈਆ । ਸੋਭਾ ਪਾਏ ਅਗੰਮੀ ਸ਼ਾਮ, ਲੱਖ ਚੁਰਾਸੀ ਗੋਪੀ ਕਾਹਨ ਹੰਢਾਈਆ । ਸੰਦੇਸ਼ਾ ਦੇਵੇ ਧੁਰ ਪੈਗ਼ਾਮ, ਪੈਗ਼ੰਬਰਾਂ ਦਾ ਮਾਲਕ ਨੂਰ ਖ਼ੁਦਾਈਆ । ਨਾਮ ਦ੍ਰਿੜਾਏ ਸਤਿਨਾਮ, ਨਿਰਗੁਣ ਸਰਗੁਣ ਪੜਦਾ ਆਪ ਉਠਾਈਆ । ਸਚ ਗ੍ਰਿਹਿ ਦੱਸੇ ਪਰਨਾਮ, ਬਿਨ ਕ਼ਦਮਾਂ ਸੀਸ ਝੁਕਾਈਆ । ਸ਼ਰਅ ਦਾ ਰਹੇ ਨਾ ਕੋਇ ਗ਼ੁਲਾਮ, ਮਜ਼੍ਹਬਾਂ ਬੰਧਨ ਨਾ ਕੋਇ ਪਾਈਆ । ਮੰਜ਼ਲ ਚੜ੍ਹਨਾ ਹੋਵੇ ਆਸਾਨ, ਟਿੱਲੇ ਪਰਬਤ ਖੋਜਣ ਕੋਇ ਨਾ ਜਾਈਆ । ਕਾਇਆ ਮਾਟੀ ਅੰਦਰ ਸਾਚੇ ਮੰਦਰ ਮਿਲੇ ਸ੍ਰੀ ਭਗਵਾਨ, ਆਤਮ ਸੇਜ ਸੁਹੰਜਣੀ ਡੇਰਾ ਲਾਈਆ । ਬਿਨ ਨੂਰ ਕਰੇ ਬਿਸਰਾਮ, ਆਸਣ ਸਿੰਘਾਸਣ ਇਕੋ ਰਿਹਾ ਸੁਹਾਈਆ । ਜਨ ਭਗਤਾਂ ਮੇਲੇ ਮੇਲਾ ਵਿਚ ਜਹਾਨ, ਜਹਾਂ ਤਹਾਂ ਲਏ ਉਠਾਈਆ । ਤੂੰ ਮੇਰਾ ਮੈਂ ਤੇਰਾ ਨਾਮ ਦੱਸ ਕੇ ਸਚ ਨਿਸ਼ਾਨ, ਨਿਸ਼ਾਨਾ ਧਰਮ ਦਏ ਜਣਾਈਆ । ਕਿਰਪਾ ਕਰੇ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਸੰਤ ਸੁਹੇਲੇ ਗੁਰਮੁਖ ਗੁਰਸਿਖ ਠਾਂਡੇ ਦਰ ਕਰੇ ਪਰਵਾਨ, ਜਨਮ ਕਰਮ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਇਕੋ ਰਖੇ ਆਣ, ਹੁਕਮੇ ਅੰਦਰ ਚਲੇ ਸ੍ਰਿਸ਼ਟ ਸਬਾਈਆ ।



੯੭੮
੧੯

### ੧੨ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਬੀਰੋ ਦੇ ਗ੍ਰਿਹਿ ਪਿੰਡ ਕੈਰੋਂ ਜ਼ਿਲਾ ਅੰਮ੍ਰਿਤਸਰ

ਸਤਿ ਧਰਮ, ਸਤਿਜੁਗ ਸਾਚੀ ਖੇਲ ਕਰੇ ਅਭਿਓ, ਅਭੇਵ ਅਗੰਮ ਅਗੰਮ ਅਗੰਮ ਬੇਪਰਵਾਹੀਆ । ਪਰਵਰਦਿਗਾਰ ਨਜ਼ਰੀ ਆਏ ਸਭ ਦਾ ਮਾਲਕ ਦਿਓ, ਦੇਵਤ ਸੁਰ ਵਿਸ਼ਨ ਬ੍ਰਹਮਾ ਸ਼ਿਵ ਸੀਸ ਸਰਬ ਨਿਵਾਈਆ । ਆਤਮ ਪਰਮਾਤਮ ਜਣਾਏ ਸੱਚਾ ਨੇਂਹੁ, ਨਾਤਾ ਸੁਰਤੀ ਸ਼ਬਦ ਆਪ ਜੁੜਾਈਆ । ਅੰਮ੍ਰਿਤ ਰਸ ਬਰਖੇ ਸੱਚਾ ਮੇਂਹੁ, ਬੂੰਦ ਸਵਾਂਤੀ ਪ੍ਰੇਮ ਬਰਸਾਈਆ । ਭਗਤ ਵਛਲ ਸਾਚੇ ਸੰਤਾਂ ਬਣੇ ਪਿਉ, ਗੁਰਮੁਖ ਗੁਰਸਿਖ ਆਪਣੀ ਗੋਦ ਉਠਾਈਆ । ਬਿਖਿਆ ਰਸ ਅੰਦਰ ਰਹਿਣ ਨਾ ਦੇਵੇ ਵਿਹੁ, ਕੂੜ ਕੁੜਿਆਰਾ ਬਾਹਰ ਕਰਾਈਆ । ਭੈ ਅੰਦਰ ਦੋ ਜਹਾਨ ਵਿਚ ਕੋਈ ਕਹਿ ਨਾ ਸਕੇ ਕਿਉਂ, ਪ੍ਰਭ ਨੇ ਸਤਿਜੁਗ ਮਾਰਗ ਦਿਤਾ ਲਾਈਆ । ਪੁਰਖ ਅਕਾਲ ਆਪਣੀ ਬਿਧ ਕਰੇ ਇਉਂ, ਜੋ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਲਿਖਾਈਆ । ਜਨ ਭਗਤਾਂ ਝਗੜਾ ਮੁਕਾ ਕੇ ਸਾਢੇ ਤਿੰਨ ਹੱਥ ਸੀਉਂ, ਸਨਮੁਖ ਹੋ ਕੇ ਆਪਣਾ ਭੇਵ ਖੁਲ੍ਹਾਈਆ । ਆਦਿ ਜੁਗਾਦਿ ਜੁਗ ਚੌਕੜੀ ਪੁਰਖ ਅਕਾਲ ਏਕਾ ਰਿਹੋਂ, ਰਹਿਬਰ ਬਣ ਕੇ ਜੁਗ ਜੁਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਪਰਗਟਾਈਆ । ਸਤਿ ਧਰਮ, ਸਤਿਜੁਗ ਹੋਵੇ ਸਤਿ ਸਤਿਵਾਦ, ਵਿਦਿਆ ਧੁਰ ਦੀ ਆਪ ਪੜ੍ਹਾਈਆ । ਆਤਮ ਪਰਮਾਤਮ ਸਭ ਦੀ ਸਾਂਝੀ ਹੋਵੇ ਯਾਦ, ਇਕੋ ਨਾਮ ਜੀਵ ਆਤਮਾ ਢੋਲਾ ਗਾਈਆ । ਮਨੂਆ ਕਰੇ ਨਾ ਕੋਇ ਫ਼ਸਾਦ, ਘਰ ਪੰਚ ਪਰਪੰਚ ਨਾ ਕੋਇ ਲੜਾਈਆ ।

ਨਾਦ ਧੁਨ ਸੁਣਾਏ ਸਾਚੀ ਆਵਾਜ਼, ਸੁੰਨ ਸਮਾਧ ਵਿਚੋਂ ਬੋਧ ਅਗਾਧ ਦ੍ਰਿੜਾਈਆ । ਸਤਿ ਧਰਮ ਦਾ ਖੁਲ੍ਹੇ ਸੱਚਾ ਰਾਜ਼, ਕੂੜੀ ਕਿਰਿਆ ਪੜਦਾ ਰਹੇ ਨਾ ਰਾਈਆ । ਧਰਨੀ ਧਰਤ ਧਵਲ ਦਾ ਖੇੜਾ ਹੋਵੇ ਆਬਾਦ, ਗੁਰਮੁਖ ਬੂਟੇ ਲੋਕਮਾਤ ਲਹਿਰਾਈਆ । ਸੋਈ ਸੁਰਤੀ ਸੰਤਾਂ ਜਾਵੇ ਜਾਗ, ਆਲਸ ਨਿੰਦਰਾ ਦਏ ਗਵਾਈਆ । ਹੰਸ ਬੁਧੀ ਹੋਵੇ ਕਾਗ, ਸੋਹੰ ਢੋਲਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਗਾਈਆ । ਪ੍ਰਭ ਮਿਲਣ ਦਾ ਉਪਜੇ ਸਰਬ ਵੈਰਾਗ, ਵੈਰੀ ਦੂਤ ਦੁਸ਼ਟ ਨਾ ਕੋਇ ਸਤਾਈਆ । ਜਗਤ ਤ੍ਰਿਸ਼ਨਾ ਮਮਤਾ ਬੁਝੇ ਆਗ, ਹਉਮੇ ਰੋਗ ਨਾ ਕੋਇ ਉਪਜਾਈਆ । ਘਟ ਦੀਪਕ ਜਗੇ ਚਿਰਾਗ਼, ਸਤਿਗੁਰ ਜੋਤ ਹੋਵੇ ਰੁਸ਼ਨਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਬਣੇ ਇਕ ਸਮਾਜ, ਊਚ ਨੀਚ ਇਕ ਮਿਲੇ ਵਡਿਆਈਆ । ਸਤਿ ਧਰਮ ਦਾ ਬੇੜਾ ਚਲੇ ਜਹਾਜ਼, ਦਰਗਾਹ ਸਾਚੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜੁਗਾਦਿ ਆਦਿ, ਆਦਿ ਜੁਗਾਦਿ ਜੁਗ ਚੌਕੜੀ ਸਦਾ ਸਦਾ ਆਪਣਾ ਹੁਕਮ ਵਰਤਾਈਆ ।

## ✪ ੧੨ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਕੰਸੋ ਦੇ ਗ੍ਰਿਹ ਪਿੰਡ ਠਕਰ ਕੌੜਾ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚਾ ਧਰਮ ਚਲਾਏ ਨਿਰੰਕਾਰਾ, ਨਿਰਗੁਣ ਨਿਰਵੈਰ ਦਇਆ ਕਮਾਈਆ । ਇਕੋ ਇਸ਼ਟ ਮੰਨੇ ਸਰਬ ਸੰਸਾਰਾ, ਵਰਨ ਬਰਨ ਏਕਾ ਨਾਮ ਧਿਆਈਆ । ਏਕਾ ਨਾਮ ਡੰਕਾ ਵੱਜੇ ਜੈਕਾਰਾ, ਚਾਰ ਕੁੰਟ ਦਹਿ ਦਿਸ਼ਾ ਕਰੇ ਸ਼ਨਵਾਈਆ । ਨਿਰਮਲ ਦੀਪਕ ਜੋਤ ਹੋਵੇ ਉਜਿਆਰਾ,
੯੭੯ ੧੯
ਕਲਜੁਗ ਅੰਧ ਅੰਧੇਰਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਦਇਆ ਕਮਾਈਆ । ਸਤਿ ਧਰਮ, ਸਤਿਜੁਗ ਸਾਚਾ ਇਕੋ ਹੋਵੇ ਇਸ਼ਟ, ਪੁਰਖ ਅਕਾਲ ਸੀਸ ਸਰਬ ਝੁਕਾਈਆ । ਦੀਨ ਦੁਨੀ ਦੀ ਸਾਂਝੀ ਹੋਵੇ ਦ੍ਰਿਸ਼ਟ, ਆਤਮ ਪਰਮਾਤਮ ਪ੍ਰਭ ਪੜਦਾ ਦਏ ਉਠਾਈਆ । ਮਨ ਵਾਸਨਾ ਕੂੜੀ ਕਿਰਿਆ ਸਾਂਤ ਸਤਿ ਕਰੇ ਤ੍ਰਿਪਤ, ਪੰਜ ਤਤ ਅਗਨੀ ਅੱਗ ਨਾ ਕੋਇ ਜਲਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਕਿਸੇ ਦੀ ਕਰਨੀ ਪਏ ਨਾ ਮਿੰਨਤ, ਪਾਹਨ ਪੂਜਣ ਕੋਇ ਨਾ ਜਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਪਤਿਪਰਮੇਸ਼ਵਰ ਪੂਰਾ ਕਰੇ ਭਵਿਖਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਸ਼ਬਦ ਅਨਾਦ ਇਕ ਚਲਾਈਆ । ਸਤਿ ਧਰਮ, ਸਤਿਜੁਗ ਸੱਚੇ ਚਲੇ ਏਕਾ ਨਾਉਂ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਪੁਰਖ ਅਕਾਲ ਗਾਵਣ ਥਾਈਂ ਥਾਉਂ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਢੋਲਾ ਸੋਹਲਾ ਧੁਰ ਦਾ ਗਾਈਆ । ਸਚਖੰਡ ਅਬਿਨਾਸ਼ੀ ਕਰੇ ਸਚ ਨਿਆਉਂ, ਹੱਕ ਅਦਾਲਤ ਪਰਵਰਦਿਗਾਰ ਸਾਂਝਾ ਯਾਰ ਮੁਕਾਮੇ ਹੱਕ ਇਕ ਲਗਾਈਆ । ਭਗਤ ਸੁਹੇਲੇ ਸੰਤ ਸੱਜਣ ਨਿਰਗੁਣ ਨਿਰਗੁਣ ਪਕੜੇ ਬਾਹੋਂ, ਆਤਮ ਪਰਮਾਤਮ ਮੇਲਾ ਧੁਰ ਦਾ ਲਏ ਮਿਲਾਈਆ । ਹੰਸ ਬੁਧੀ ਗੁਰਮੁਖ ਕਰੇ ਕਲਜੁਗ ਕੂੜ ਨਾ ਰਹੇ ਕਾਉਂ, ਸਚ ਸੁਚ ਆਪਣਾ ਨਾਮ ਦਏ ਸਮਝਾਈਆ । ਮਾਨੁਖ ਮਾਨਵ ਮਾਨਸ ਭਾਗ ਲਗਾਵੇ ਸਾਢੇ ਤਿੰਨ ਹੱਥ ਗਾਉਂ, ਗ੍ਰਿਹ ਮੰਦਰ ਅੰਦਰ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਧਰਮ ਏਕੰਕਾਰ ਇਕ ਅਕੱਲਾ ਦਏ ਪਰਗਟਾਈਆ ।

੯੮੦
੧੯

ਸਤਿ ਧਰਮ, ਸਤਿਜੁਗ ਸੱਚਾ ਪੁਰਖ ਅਕਾਲ ਦੇਵੇ ਜਾਪ, ਅਜਪਾ ਜਾਪ ਆਪ ਦ੍ਰਿੜਾਈਆ । ਕਿਰਪਾ ਕਰੇ ਹਰ ਘਟ ਵਸਿਆ ਆਪ, ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਬੰਦ ਕਿਵਾੜੀ ਪੜਦਾ ਖੋਲ੍ਹ ਦੇਵੇ ਤਾਕ, ਨੌ ਦਵਾਰੇ ਲੇਖਾ ਦਏ ਚੁਕਾਈਆ । ਨਿਝਰ ਝਿਰਨਾ ਅੰਮ੍ਰਿਤ ਬੂੰਦ ਦੇਵੇ ਸਵਾਂਤ, ਅਮਿਉਂ ਰਸ ਆਪਣੀ ਧਾਰ ਵਹਾਈਆ । ਅਨਹਦ ਸ਼ਬਦ ਵਜਾਏ ਅਨਾਦੀ ਨਾਦ, ਧੁਨ ਆਤਮਕ ਰਾਗ ਕਰੇ ਸ਼ਨਵਾਈਆ । ਨਿਰਮਲ ਨੂਰ ਜੋਤ ਕਰੇ ਪਰਕਾਸ਼, ਆਦਿ ਨਿਰੰਜਣ ਜੋਤੀ ਜਾਤਾ ਡਗਮਗਾਈਆ । ਕੂੜੀ ਕਿਰਿਆ ਅੰਦਰ ਬਾਹਰ ਗੁਪਤ ਜਾਹਰ ਮੇਟੇ ਅੰਧੇਰੀ ਰਾਤ, ਸਾਹਿਬ ਸਤਿਗੁਰ ਨੂਰੀ ਚੰਦ ਸ਼ਬਦ ਚਮਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਬੋਧ ਅਗਾਧ ਦੱਸੇ ਆਪਣੀ ਗਾਥ, ਭੇਵ ਅਭੇਦਾ ਅਛਲ ਅਛੇਦਾ ਆਪਣਾ ਦਏ ਖੁਲ੍ਹਾਈਆ । ਸਤਿ ਧਰਮ, ਸਚ ਦਵਾਰਾ ਸਚਖੰਡ ਦਿਸੇ ਆਪ ਰਘੁਨਾਥ, ਰਘੁਪਤ ਹੋ ਕੇ ਰਮਈਆ ਸਈਆ ਪੜਦਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੇ ਦੇਵੇ ਮਾਣ ਵਡਿਆਈਆ ।ਸਤਿ ਧਰਮ, ਸਤਿਜੁਗ ਸਾਚੇ ਪੁਰਖ ਅਕਾਲ ਏਕਾ ਵੱਜੇ ਡੰਕਾ, ਚਾਰ ਕੁੰਟ ਦਹਿ ਦਿਸ਼ਾ ਸਿਰ ਨਾ ਕੋਇ ਉਠਾਈਆ । ਹੁਕਮ ਸੁਣਾਏ ਧੁਰ ਫ਼ਰਮਾਨਾ ਰਾਓ ਰੰਕਾ, ਸ਼ਾਹ ਸੁਲਤਾਨਾ ਜੀਵ ਜਹਾਨਾ ਭਾਂਡਾ ਭਰਮ ਭੌ ਭੰਨਾਈਆ । ਕਰੇ ਖੇਲ ਅਬਿਨਾਸ਼ੀ ਕਰਤਾ ਧੁਰ ਦਾ ਕੰਤਾ ਸ੍ਰੀ ਭਗਵੰਤਾ, ਦੋ ਜਹਾਨ ਏਕੋ ਕਾਰ ਕਮਾਈਆ । ਵੇਸ ਵਟਾਏ ਆਦਿ ਅੰਤਾ ਜੁਗਾ ਜੁਗੰਤਾ, ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਸਰਗੁਣ ਆਪਣਾ ਖੇਲ ਖਿਲਾਈਆ । ਦੇਵੇ ਮਾਣ ਪੰਜ ਤਤ ਕਾਇਆ ਮਾਟੀ ਸਰੀਰ ਸਾਚੇ ਸੰਤਾ, ਸ਼ਬਦ ਧਾਰ ਏਕੰਕਾਰ ਆਪਣਾ ਨਾਉਂ ਪਰਗਟਾਈਆ । ਮਨ ਮਨਸਾ ਰਹਿਣ ਨਾ ਦੇਵੇ ਗੜ੍ਹ ਹਉਮੇ ਹੰਗਤਾ, ਹੰ ਬ੍ਰਹਮ ਦਏ ਸਮਝਾਈਆ । ਬਿਨ ਸਤਿਗੁਰ ਸ਼ਬਦ ਦੂਜਾ ਨਜ਼ਰ ਨਾ ਆਵੇ ਕੋਈ ਪੰਡਤਾ, ਚੌਦਾਂ ਵਿਦਿਆ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬਾਰ ਅਨਕਾ, ਅਨਕ ਕਲਧਾਰੀ ਆਪਣੀ ਕਲ ਵਖਾਈਆ । ਸਤਿ ਧਰਮ, ਸਤਿਜੁਗ ਸਾਚਾ ਪਰਮ ਪੁਰਖ ਦੇਵੇ ਉਪਦੇਸ਼, ਦੋ ਜਹਾਨਾਂ ਆਪ ਜਣਾਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਮਹੇਸ਼, ਸ਼ੰਕਰ ਦਰ ਬੈਠਾ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਆਦੇਸ, ਸਜਦਿਆਂ ਵਿਚ ਨਿਉਂ ਨਿਉਂ ਸੀਸ ਨਿਵਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਸਚਖੰਡ ਨਿਵਾਸੀ ਇਕ ਨਰੇਸ਼, ਨਰ ਨਰਾਇਣ ਵੱਡੀ ਵਡਿਆਈਆ । ਕਲਜੁਗ ਅੰਤ ਸਤਿ ਸਤਿ ਦੇਵੇ ਇਕ ਸੰਦੇਸ਼, ਸੁਨੇਹੜਾ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰੇ ਲੇਖ, ਲਿਖਤ ਭਵਿਖਤ ਆਪਣੇ ਵਿਚ ਰਖਾਈਆ । ਸਤਿ ਧਰਮ, ਸਤਿਜੁਗ ਸਾਚਾ ਚਲੇ ਰਾਹ, ਰਹਿਬਰ ਇਕੋ ਪਰਮ ਪੁਰਖ ਅਖਵਾਈਆ । ਨਾਮ ਨਿਧਾਨ ਸ੍ਰੀ ਭਗਵਾਨ ਸਭ ਦੀ ਝੋਲੀ ਦੇਵੇ ਪਾ, ਖ਼ਾਲੀ ਰਹਿਣ ਕੋਇ ਨਾ ਪਾਈਆ । ਸਤਿਗੁਰ ਸ਼ਬਦ ਗਹਿਰ ਗੰਭੀਰ ਬੇਨਜ਼ੀਰ ਧੁਰ ਦਾ ਬਣੇ ਮਲਾਹ, ਬੇੜਾ ਮੰਝਧਾਰ ਨਾ ਕੋਇ ਰੁੜ੍ਹਾਈਆ । ਸਚਖੰਡ ਦਵਾਰਾ ਏਕੰਕਾਰਾ ਜਨ ਭਗਤਾਂ ਦਏ ਵਖਾ, ਨਿਰਮਲ ਜੋਤੀ ਕਮਲਾਪਾਤੀ ਇਕੋ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਕਰੇ ਹੱਕ ਨਿਆਂ, ਹਕੀਕਤ ਵਿਚੋਂ ਅਸਲੀਅਤ ਵੇਖ ਵਖਾਈਆ । ਸਤਿ ਧਰਮ, ਅਬਿਨਾਸ਼ੀ ਕਰਤਾ ਸਾਚੀ ਦੱਸੇ ਇਕ ਕਲਾਮ, ਕਲਮਾ ਕਾਇਨਾਤ ਪੜ੍ਹਾਈਆ । ਪਰਗਟ ਹੋ ਕੇ ਨਜ਼ਰੀ ਆਵੇ ਇਕ ਅਮਾਮ, ਅਮਾਮਾਂ ਦਾ ਅਮਾਮ

ਜਲਵਾਗਰ ਨੂਰ ਖ਼ੁਦਾਈਆ । ਜੋ ਈਸਾ ਮੂਸਾ ਮੁਹੰਮਦ ਦਿੰਦਾ ਰਿਹਾ ਪੈਗ਼ਾਮ, ਹਜ਼ਰਤਾਂ ਕਰਦਾ ਰਿਹਾ ਪੜ੍ਹਾਈਆ । ਵਸਣਹਾਰਾ ਹੱਕ ਮੁਕਾਮ, ਲਾਸ਼ਰੀਕ ਆਪਣਾ ਨਾਉਂ ਧਰਾਈਆ । ਸਤਿਜੁਗ ਸਾਚਾ ਮਾਰਗ ਦੱਸੇ ਆਪ ਆਸਾਨ, ਅਹਿਸਾਨ ਸਿਰ ਨਾ ਸਕੇ ਉਠਾਈਆ । ਇਕੋ ਇਸ਼ਟ ਦੱਸੇ ਜੀਵ ਜਹਾਨ, ਜਾਗਰਤ ਜੋਤ ਹੋਏ ਰੁਸ਼ਨਾਈਆ । ਚੌਦਾਂ ਤਬਕ ਨਿਉਂ ਨਿਉਂ ਸੀਸ ਝੁਕਾਣ, ਸਿਰ ਸਰ ਨਾ ਕੋਇ ਉਠਾਈਆ । ਜਿਸ ਦੀ ਸਿਫ਼ਤ ਕਰੇ ਅੰਜੀਲ ਕ਼ੁਰਾਨ, ਅਲਿਫ਼ ਯੇ ਨਾਲ ਜਗਤ ਪੜ੍ਹਾਈਆ । ਸੋ ਖੇਲ ਕਰੇ ਵਾਲੀ ਦੋ ਜਹਾਨ, ਹੁਕਮੇਂ ਅੰਦਰ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਧੁਰ ਦੀ ਧਾਰ ਆਪਣੇ ਹੱਥ ਰਖਾਈਆ । ਸਤਿ ਧਰਮ, ਸਤਿਜੁਗ ਸਾਚੇ ਏਕਾ ਉਪਜੇ ਗਿਆਨ, ਅਗਿਆਨ ਰਹਿਣ ਕੋਇ ਨਾ ਪਾਈਆ । ਪੁਰਖ ਅਬਿਨਾਸ਼ੀ ਬਖ਼ਸ਼ੇ ਧੁਰ ਦਾ ਚਰਨ ਧਿਆਨ, ਪੰਜਾਂ ਤੱਤਾਂ ਵਾਲਾ ਗੁਰੂ ਨਾ ਕੋਇ ਮਨਾਈਆ । ਸ਼ਬਦ ਗੁਰੂ ਹੋਵੇ ਪਰਧਾਨ, ਨੌ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡਾਂ ਖੰਡਾਂ ਹੁਕਮ ਜਣਾਈਆ । ਜਿਸ ਦੀ ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਜੀਵ ਜਹਾਨਾ ਮੰਨਣੀ ਪਏ ਆਣ, ਦੇਵਤ ਸੁਰ ਬਚਿਆ ਰਹਿਣ ਕੋਇ ਨਾ ਪਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਸੰਤ ਜਨ ਜਨ ਭਗਤ ਗੁਰਮੁਖ ਗੁਰਸਿਖ ਕਰੇ ਪਹਿਚਾਣ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਇਕੋ ਦੇਵੇ ਆਪਣਾ ਦਾਨ, ਨਾਮ ਨਿਧਾਨਾ ਸ੍ਰੀ ਭਗਵਾਨਾ ਝੋਲੀ ਪਾਈਆ । ਸਤਿ ਧਰਮ ਸਤਿਜੁਗ ਸਾਚਾ ਇਕੋ ਹੋਵੇ ਰਸਤਾ, ਪਗਡੰਡੀ ਰਹਿਣ ਕੋਇ ਨਾ ਪਾਈਆ । ਪਰਮ ਪੁਰਖ ਦੇ ਨਾਮ ਦਾ ਕਾਇਆ ਮੰਦਰ ਅੰਦਰ ਸਭ ਨੂੰ ਖੋਲ੍ਹਣਾ ਪਏ ਬਸਤਾ, ਬਾਹਰ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਸਚ ਪ੍ਰੇਮ ਧੁਰ ਦੇ ਨੇਮ ਨਾਲ ਕਰੇ ਸਸਤਾ, ਜੰਗਲ ਜੂਹ ਉਜਾੜ ਪਹਾੜ ਲੱਭਣ ਕੋਇ ਨਾ ਜਾਈਆ । ਆਤਮ ਰਸ ਨਾਮ ਖ਼ੁਮਾਰੀ ਨਾਲ ਕਰੇ ਮਸਤਾ, ਸ਼ਬਦ ਦੀਵਾਨਾ ਸ੍ਰੀ ਭਗਵਾਨਾ ਆਪ ਬਣਾਈਆ । ਲਹਿਣਾ ਦੇਣਾ ਚੁਕਾਏ ਅਰਸ਼ਾ ਫ਼ਰਸ਼ਾ, ਅਰਸ਼ਾਂ ਤੋਂ ਪਰੇ ਨਿਰਗੁਣ ਧਾਰ ਆਪਣੀ ਦਏ ਸਮਝਾਈਆ । ਦੇਵੇ ਦਰਸ ਜਨ ਭਗਤਾਂ, ਜਨਮ ਜਨਮ ਦੀ ਮੇਟੇ ਹਰਸਾ, ਹਵਸ ਅਗੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸੱਚੇ ਸਾਚੀ ਧਾਰ ਇਕ ਵਖਾਈਆ । ਸਤਿ ਧਰਮ, ਸਤਿਜੁਗ ਸਾਚੀ ਦੇ ਇਕ ਪ੍ਰੀਤ, ਪ੍ਰੀਤਮ ਹੋ ਕੇ ਦਇਆ ਕਮਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਚਲੇ ਰੀਤ, ਰੀਤੀਵਾਨ ਆਪਣਾ ਹੁਕਮ ਚਲਾਈਆ । ਝਗੜਾ ਪਏ ਨਾ ਮੰਦਰ ਮਸੀਤ, ਪੰਡਤ ਪਾਂਧਾ ਮੁੱਲਾ ਸ਼ੇਖ਼ ਕੰਮ ਕਿਸੇ ਨਾ ਆਈਆ । ਸਭ ਦਾ ਮਾਰਗ ਇਕੋ ਹੋਵੇ ਠੀਕ, ਠਾਕਰ ਨੂਰੀ ਕਰਤਾ ਨਜ਼ਰੀ ਆਈਆ । ਆਤਮ ਪਰਮਾਤਮ ਪਰਬ੍ਰਹਮ ਬ੍ਰਹਮ ਮਿਲ ਕੇ ਗਾਵਣ ਸਾਰੇ ਗੀਤ, ਗੋਬਿੰਦ ਸ਼ਬਦ ਢੋਲਾ ਵੱਜੇ ਨਾਮ ਵਧਾਈਆ । ਕਾਇਆ ਮਾਟੀ ਹੋਵੇ ਸਭ ਦੀ ਠਾਂਡੀ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਝਗੜਾ ਮੁਕਾਏ ਊਚ ਨੀਚ, ਰਾਓ ਰੰਕ ਜਾਤ ਪਾਤ ਦੀਨ ਮਜ਼੍ਹਬ ਲੇਖਾ ਦਏ ਗਵਾਈਆ । ਸਤਿ ਧਰਮ, ਸਤਿਜੁਗ ਸੱਚੇ ਇਕੋ ਹੋਵੇ ਧਾਰ, ਧਰਨੀ ਧਰਤ ਧਵਲ ਮਿਲੇ ਵਡਿਆਈਆ । ਲੇਖਾ ਰਹੇ ਨਾ ਮੁਹੰਮਦੀ ਚਾਰ ਯਾਰ, ਚਾਰੋਂ ਕੁੰਟ ਇਕੋ ਖੇਲ ਪ੍ਰਭ ਦਾ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਵੇ ਪਿਆਰ, ਵਿਸ਼ਿਆਂ ਵਾਲਾ ਗੁਰੂ ਮੰਨਣ ਕੋਇ ਨਾ ਜਾਈਆ । ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਹੋਵੇ ਪੁਰਖ ਅਕਾਲ, ਦੀਨ

ਦੁਨੀ ਆਪਣੇ ਹੁਕਮੇਂ ਅੰਦਰ ਚਲਾਈਆ । ਸਤਿਜੁਗ ਸਤਿਗੁਰ ਸ਼ਬਦ ਸਭ ਦਾ ਹੋਵੇ ਸਾਲਸ, ਖ਼ਾਲਸ ਖ਼ਾਲਸਾ ਲਏ ਪਰਗਟਾਈਆ । ਕਲਜੁਗ ਕੂੜੀ ਕਿਰਿਆ ਮੇਟੇ ਨਿੰਦਰਾ ਆਲਸ, ਗਫ਼ਲਤ ਰਹਿਣ ਕੋਇ ਨਾ ਪਾਈਆ । ਮਿਹਰਵਾਨ ਹੋ ਕੇ ਮਹਿਬੂਬ ਮੁਹੱਬਤ ਵਿਚ ਜਗਤ ਜਗਿਆਸੂਆਂ ਬਦਲੇ ਆਦਤ, ਅਮੀਰ ਗ਼ਰੀਬ ਜ਼ਮੀਰ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਨਾਮ ਦੀ ਬਖ਼ਸ਼ਿਸ਼ ਕਰ ਸਖਾਵਤ, ਝੋਲੀ ਸਭ ਦੀ ਦਏ ਭਰਾਈਆ ।

## ✪ ੧੨ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੂੜ ਸਿੰਘ ਦੇ ਗ੍ਰਿਹਿ ਪਿੰਡ ਬਰਨਾਲਾ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ, ਸਤਿਜੁਗ ਕਿਰਪਾ ਕਰੇ ਗਹਿਰ ਗੰਭੀਰ ਵਡ ਗੁਣ ਸਾਗਰ, ਅਗੰਮ ਅਥਾਹ ਬੇਪਰਵਾਹ ਆਪਣੀ ਦਇਆ ਕਮਾਈਆ । ਨਾਮ ਵਣਜ ਕਰਾਏ ਪੁਰਖ ਅਕਾਲ ਦੀਨ ਦਿਆਲ ਬਣ ਕੇ ਧੁਰ ਸੌਦਾਗਰ, ਚਾਰ ਕੁੰਟ ਦਹਿ ਦਿਸ਼ਾ ਵਸਤ ਅਮੋਲਕ ਕਾਇਆ ਗੋਲਕ ਇਕੋ ਪਾਈਆ । ਸਾਚੇ ਸੰਤਾਂ ਭਗਤਾਂ ਨਿਰਮਲ ਕਰਮ ਕਰੇ ਉਜਾਗਰ, ਦੀਨ ਦੁਨੀ ਦਾ ਮਾਲਕ ਵਡ ਅਕਾਲਣ ਦੁਰਮਤ ਮੈਲ ਅੰਤਰ ਅੰਤਰ ਧਵਾਈਆ । ਹੁਕਮਰਾਨ ਦੋ ਜਹਾਨ ਹੋਵੇ ਕਰੀਮ ਕਰਤਾ ਕ਼ਾਦਰ, ਪਾਰਬ੍ਰਹਮ ਪਤਿਪਰਮੇਸ਼ਵਰ ਅਬਿਨਾਸ਼ੀ ਕਰਤਾ ਆਪਣਾ ਹੁਕਮ ਵਰਤਾਈਆ । ਜੋਧਾ ਸੂਰਬੀਰ ਹੋਵੇ ਵਡ ਬਹਾਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਸਾਚੀ ਕਰਨੀ ਕਰੇ ਕਰਤਾਰ, ਕਰਤਾ ਪੁਰਖ ਬੇਪਰਵਾਹੀਆ । ਜਿਸ ਦਾ ਖੇਲ ਸਦਾ ਜੁਗ ਚਾਰ, ਜੁਗ ਚੌਕੜੀ ਹੁਕਮੇਂ ਅੰਦਰ ਰਿਹਾ ਭਵਾਈਆ । ਨਾਮ ਸੰਦੇਸ਼ਾ ਮੰਨਦੇ ਰਹੇ ਗੁਰ ਅਵਤਾਰ, ਪੈਗ਼ੰਬਰ ਸਜਦਿਆਂ ਵਿਚ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਆਵਣ ਜਾਵਣ ਵਾਰੋ ਵਾਰ, ਥਿਰ ਰਹਿਣ ਕੋਇ ਨਾ ਪਾਈਆ । ਦੇਵਤ ਸੁਰ ਸਦਾ ਪਨਿਹਾਰ, ਖਾਣੀ ਬਾਣੀ ਮਿਲ ਕੇ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦਵਾਰਾ ਇਕ ਪਰਗਟਾਈਆ । ਸਤਿ ਦਵਾਰਾ ਖੋਲ੍ਹੇ ਏਕ, ਏਕੰਕਾਰ ਆਪਣੇ ਹੱਥ ਰਖੇ ਵਡਿਆਈਆ । ਲੱਖ ਚੁਰਾਸੀ ਬਖ਼ਸ਼ੇ ਧੁਰ ਦੀ ਟੇਕ, ਟਿੱਕੇ ਮਸਤਕ ਨਾਮ ਧੂੜੀ ਦਏ ਲਗਾਈਆ । ਮਨ ਵਾਸਨਾ ਕੂੜੀ ਕਿਰਿਆ ਜਗਤ ਰਹੇ ਨਾ ਭੇਖ, ਮਾਇਆ ਮਮਤਾ ਮੋਹ ਹਉਮੇ ਹੰਗਤਾ ਗੜ੍ਹ ਤੁੜਾਈਆ । ਝਗੜਾ ਰਹੇ ਨਾ ਮੁੱਲਾ ਸ਼ੇਖ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦ ਸ਼ਬਦ ਅਨਾਦ ਇਕੋ ਦਏ ਸੁਣਾਈਆ । ਸ਼ਬਦ ਅਨਾਦ ਉਪਜੇ ਜਗ, ਲੋਕਮਾਤ ਵੱਜੇ ਵਧਾਈਆ । ਜਨ ਭਗਤਾਂ ਮੇਲਾ ਹੋਵੇ ਉਪਰ ਸ਼ਾਹ ਰਗ, ਨੌਂ ਦਵਾਰੇ ਪੰਧ ਦਏ ਮੁਕਾਈਆ । ਜਗਤ ਵਾਸਨਾ ਰਹੇ ਕੋਈ ਨਾ ਹੱਦ, ਮਮਤਾ ਮੋਹ ਨਾ ਕੋਇ ਰਖਾਈਆ । ਧੁਰ ਦੀ ਧਾਰ ਸਾਚਾ ਸ਼ਬਦ ਜਣਾਏ ਅਨਹਦ, ਆਤਮ ਦਰਸੀ ਆਪਣੀ ਦਇਆ ਕਮਾਈਆ । ਸਚ ਦਵਾਰ ਏਕੰਕਾਰ ਗ੍ਰਿਹਿ ਮੰਦਰ ਅੰਦਰ ਜਾਵੇ ਲੰਘ, ਈੜਾ ਪਿੰਗਲ ਸੁਖਮਨ ਸਕੇ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਬਖ਼ਸ਼ੇ ਸਾਚਾ ਪਰਮਾਨੰਦ, ਨਿਜਾਨੰਦ ਵੱਜਦੀ ਰਹੇ ਵਧਾਈਆ । ਸਤਿ ਧਰਮ ਜਨ ਭਗਤਾਂ ਪ੍ਰਭ ਹੋਏ ਸੁਹੇਲਾ, ਸੱਜਣ ਇਕੋ ਨਜ਼ਰੀ ਆਈਆ । ਆਤਮ ਪਰਮਾਤਮ ਕਰ ਕੇ ਮੇਲਾ, ਮਿਲਣੀ

ਜਗਦੀਸ਼ ਆਪਣੇ ਨਾਲ ਕਰਾਈਆ । ਭੇਵ ਰਹੇ ਨਾ ਗੁਰੂ ਚੇਲਾ, ਚੇਲਾ ਗੁਰ ਸੁਰਤੀ ਸ਼ਬਦ ਆਪਣਾ ਪੜਦਾ ਲਾਹੀਆ । ਵਸਣਹਾਰਾ ਸਚਖੰਡ ਦਵਾਰੇ ਧਾਮ ਨਵੇਲਾ, ਨਿਰਗੁਣ ਨੂਰ ਜੋਤ ਪਰਕਾਸ਼ ਸਰਗੁਣ ਸਾਚੇ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕੋ ਇਕ ਸੁਹਾਈਆ । ਸਚ ਦਵਾਰ ਹੋਵੇ ਸੋਭਾਵੰਤ, ਸਚਖੰਡ ਵੱਜੇ ਵਧਾਈਆ । ਥਿਰ ਘਰ ਬਣਾਏ ਅਗੰਮੀ ਬਣਤ, ਘੜਨ ਭੰਨਣ ਸਮਰਥ ਆਪਣੇ ਹੱਥ ਰਖੇ ਵਡਿਆਈਆ । ਸ਼ਬਦੀ ਧਾਰ ਜਣਾਏ ਹੁਕਮ ਅਗੰਮੀ ਮਣੀਆਂ ਮੰਤ, ਸੰਦੇਸ਼ਾ ਨਰੇਸ਼ਾ ਇਕੋ ਇਕ ਸਮਝਾਈਆ । ਲੱਖ ਚੁਰਾਸੀ ਮਾਲਕ ਖ਼ਾਲਕ ਪ੍ਰਿਤਪਾਲਕ ਬਣ ਕੇ ਧੁਰ ਦਾ ਕੰਤ, ਸੇਜ ਸੁਹੰਜਣੀ ਅੰਤਰ ਆਪਣਾ ਪੜਦਾ ਦਏ ਉਠਾਈਆ । ਝਗੜਾ ਮੁਕਾ ਕੇ ਜੀਵ ਜੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਅੰਤਰਜਾਮੀ ਘਟ ਭੀਤਰ ਗ੍ਰਿਹਿ ਗ੍ਰਿਹਿ ਵੇਖੇ ਥਾਉਂ ਥਾਈਂਆ । ਵੇਖਣਹਾਰਾ ਥਾਨ ਥਨੰਤਰ, ਲੱਖ ਚੁਰਾਸੀ ਖੋਜ ਖੁਜਾਈਆ । ਜਿਸ ਦਾ ਆਦਿ ਜੁਗਾਦਿ ਸ਼ਬਦ ਫ਼ਰਮਾਨਾ ਮੰਤਰ, ਰਸਨਾ ਜਿਹਵਾ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਬਿਨ ਭਗਤਾਂ ਭੇਵ ਨਾ ਪਾਇਆ ਕਿਸੇ ਨਿਰੰਤਰ, ਅੰਤਰ ਬ੍ਰਹਮ ਵਿਚੋਂ ਪਾਰ ਨਾ ਕੋਇ ਕਰਾਈਆ । ਲਹਿਣਾ ਦੇਣਾ ਚੁਕਾਵੇ ਗੁਰਮੁਖ ਸਾਚੇ ਸੰਤਨ, ਸੱਤਾ ਆਪਣੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਨਵ ਤਨ, ਨਵ ਨੌਂ ਚਾਰ ਝਗੜਾ ਰਹੇ ਨਾ ਰਾਈਆ । ਸਤਿ ਧਰਮ, ਸਤਿਜੁਗ ਸਾਚੇ ਮਿਲੇ ਵਸਤ ਅਨਮੋਲ, ਪੁਰਖ ਅਬਿਨਾਸ਼ੀ ਝੋਲੀ ਪਾਈਆ । ਧੁਰ ਦੇ ਕੰਡੇ ਦੇਵੇ ਤੋਲ, ਜਗਤ ਤਰਾਜੂ ਨਜ਼ਰ ਕੋਇ ਨਾ ਆਈਆ । ਸਚਖੰਡ ਦਵਾਰ ਏਕੰਕਾਰ ਵਿਚ ਵਰਭੰਡ ਬ੍ਰਹਿਮੰਡ ਖੰਡ ਦੇਵੇ ਖੋਲ੍ਹ, ਖ਼ਾਲਕ ਖ਼ਲਕ ਆਪਣੀ ਵਸਤ ਆਪ ਵਰਤਾਈਆ । ਭਾਗ ਲਗਾਏ ਦਇਆ ਕਮਾਏ ਧਰਨੀ ਧਰਤ ਧਵਲ ਉਪਰ ਧੌਲ, ਦਇਆ ਦੂਤ ਸਚ ਸਪੂਤ ਆਪਣਾ ਹੁਕਮ ਮਨਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਪੂਰਾ ਕਰੇ ਕੀਤਾ ਕੌਲ, ਸਦੀ ਚੌਧਵੀਂ ਵੇਲਾ ਵਕ਼ਤ ਦਏ ਗਵਾਹੀਆ । ਪ੍ਰਭ ਕਾ ਭੇਵ ਕੋਇ ਨਾ ਜਾਣੇ ਪੰਡਤ ਪਾਂਧਾ ਰੌਲ, ਹਿੰਦਸਿਆਂ ਅੱਖਰਾਂ ਅੰਕਾਂ ਵਿਚ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਸਾਚੀ ਧਾਰਾ ਜਾਏ ਮੌਲ, ਮੌਲਾ ਹੋ ਕੇ ਆਪਣਾ ਹੁਕਮ ਵਰਤਾਈਆ । ਸਤਿ ਧਰਮ, ਸਤਿਜੁਗ ਸਾਚਾ ਦੇਵੇ ਪ੍ਰਭ ਭਰੋਸਾ, ਅਬਿਨਾਸ਼ੀ ਕਰਤਾ ਦਇਆ ਕਮਾਈਆ । ਇਕੋ ਨਾਮ ਦੋ ਜਹਾਨ ਚਲੇ ਹੋਕਾ, ਹੁਕਮ ਇਕੋ ਇਕ ਸੁਣਾਈਆ । ਤੂੰ ਮੇਰਾ ਮੈਂ ਤੇਰਾ ਠਾਕਰ ਸਵਾਮੀ ਆਤਮ ਪਰਮਾਤਮ ਸਚ ਸਲੋਕਾ, ਸੋ ਸਾਹਿਬ ਜੀਵਾਂ ਜੰਤਾਂ ਆਪ ਦ੍ਰਿੜਾਈਆ । ਲੱਖ ਚੁਰਾਸੀ ਵਿਚੋਂ ਮਾਨਸ ਦੇਹੀ ਪ੍ਰਭ ਮਿਲਣ ਦਾ ਮੌਕਾ, ਵਿਛੜਿਆਂ ਫੇਰ ਮੇਲ ਨਾ ਕੋਇ ਕਰਾਈਆ । ਪੁਰਖ ਅਕਾਲ ਦੀਨ ਦਿਆਲ ਇਕੋ ਏਕਾ ਓਟਾ, ਜੋ ਓੜਕ ਜੋਤੀ ਜੋਤ ਵਿਚ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਕਿਰਿਆ ਮਨ ਵਾਸਨਾ ਗ੍ਰਿਹਿ ਮੰਦਰ ਕੱਢ ਖੋਟਾ, ਸਤਿ ਸਤਿ ਦਏ ਸਮਝਾਈਆ । ਸਤਿ ਧਰਮ ਸਤਿ ਸਤਿਵਾਦੀ ਦੇਵੇ ਧੁਰ ਦੀ ਦਾਤ, ਦਾਤਾ ਦਾਨੀ ਆਪ ਵਰਤਾਈਆ । ਸਤਿਗੁਰ ਸ਼ਬਦ ਬਿਨਾ ਵੱਡੀ ਨਾ ਕੋਈ ਕਰਾਮਾਤ, ਮੂਰਖ ਮੁਗਧ ਸਮਝ ਕਿਸੇ ਨਾ ਆਈਆ । ਜਿਸ ਸਿਮਰਤ ਕੋਟ ਜਨਮ ਦਾ ਉਤਰੇ ਪਾਪ, ਪਤਿਤ ਪੁਨੀਤ ਦਏ ਬਣਾਈਆ । ਮਿਲੇ ਵਡਿਆਈ ਮਾਟੀ ਖ਼ਾਕ, ਪੰਜ ਤਤ ਵੱਜੇ ਵਧਾਈਆ । ਸੱਜਣ ਬਣੇ ਧੁਰ ਦਾ ਸਾਕ, ਪੁਰਖ ਅਕਾਲਾ ਆਪਣਾ ਜੋੜ ਜੁੜਾਈਆ । ਏਥੇ

ਓਥੇ ਦੋ ਜਹਾਨਾਂ ਨਿਰਗੁਣ ਦੇਵੇ ਸਾਥ, ਜਗਤ ਵਿਛੋੜਾ ਰਹਿਣ ਕੋਇ ਨਾ ਪਾਈਆ । ਬਾਲ ਅੰਞਾਣੇ ਗੁਰਮੁਖ ਗੁਰਸਿਖ ਹਰਿਜਨ ਭਗਤ ਬਹਾਵੇ ਚੁੱਕੇ ਗੋਦੀ ਆਪ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸੱਚੇ ਤੇਰੇ ਵਿਚ ਬਖ਼ਸ਼ੇ ਇਕ ਇਤਫ਼ਾਕ, ਨਿਫ਼ਾਕ ਦਾ ਝਗੜਾ ਦਏ ਗਵਾਈਆ । ਸਤਿ ਧਰਮ, ਸਤਿਜੁਗ ਸਾਚੇ ਸਾਚਾ ਹੋਵੇ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਈਆ । ਸਤਿ ਧਰਮ ਦਾ ਵਧੇ ਪਰਤਾਪ, ਕੂੜੀ ਕਿਰਿਆ ਰਹੇ ਨਾ ਰਾਈਆ । ਕਰਤਾ ਪੁਰਖ ਕਰੇ ਇਨਸਾਫ਼, ਅਦਲੀ ਹੋ ਕੇ ਅਦਲ ਕਮਾਈਆ । ਰੂਹ ਬੁਤ ਦੋਵੇਂ ਕਰੇ ਪਾਕ, ਭਗਤਾਂ ਅੰਦਰ ਵਜਦੀ ਰਹੇ ਵਧਾਈਆ । ਬੰਦ ਕਿਵਾੜੀ ਖੋਲ੍ਹੇ ਤਾਕ, ਚਾਰੋਂ ਤਰਫ਼ ਕਰੇ ਰੁਸ਼ਨਾਈਆ । ਨਾਮ ਨਿਧਾਨਾ ਸੁਣਾਏ ਨਾਦ, ਅਨਹਦ ਰਾਗੀ ਰਾਗ ਸੁਣਾਈਆ । ਸਤਿ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦਏ ਚੁਕਾਈਆ । ਸਚਖੰਡ ਦਵਾਰੇ ਕਰ ਨਿਵਾਸ, ਧਰਮ ਦਵਾਰਾ ਇਕ ਵਖਾਈਆ । ਜਿਥੇ ਨਜ਼ਰ ਨਾ ਆਏ ਕੋਈ ਮਾਈ ਬਾਪ, ਭਾਈ ਭੈਣ ਸਾਕ ਸੱਜਣ ਸੈਣ ਨਾਰ ਕੰਤ ਸੇਜ ਨਾ ਕੋਇ ਸੁਹਾਈਆ । ਇਕੋ ਨੂਰ ਜੋਤ ਪਰਕਾਸ਼, ਤਖ਼ਤ ਨਿਵਾਸੀ ਨਜ਼ਰੀ ਆਏ ਆਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਮਾਤ ਧਰ, ਧਰਨੀ ਧਰਤ ਧਵਲ ਧਰਮ ਦਵਾਰ ਇਕ ਬਣਾਈਆ । ਸਤਿ ਧਰਮ, ਧਰਨੀ ਉਤੇ ਹੋਵੇ ਧਰਮ ਦਵਾਰ, ਚਾਰ ਵਰਨ ਮਿਲੇ ਵਡਿਆਈਆ । ਇਕੋ ਨਾਮ ਹੋਵੇ ਜੈਕਾਰ, ਡੰਕਾ ਵੱਜੇ ਥਾਉਂ ਥਾਈਂਆ । ਖ਼ੁਸ਼ੀ ਮਨਾਵਣ ਗੁਰ ਅਵਤਾਰ, ਪੈਗ਼ੰਬਰ ਢੋਲੇ ਗਾ ਗਾ ਰੰਗ ਰੰਗਾਈਆ । ਕਰੇ ਖੇਲ ਆਪ ਕਰਤਾਰ, ਕਰਨੀ ਦਾ ਕਰਤਾ ਕੁਦਰਤ ਆਪਣੀ ਵੇਖ ਵਖਾਈਆ । ਚੌਥਾ ਜੁਗ ਕਰੇ ਪਾਰ, ਪਾਰਬ੍ਰਹਮ ਪ੍ਰਭ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਦਾ ਏਕੋ ਏਕ ਕਰੇ ਆਹਾਰ, ਰਸਨਾ ਰਸ ਜਗਤ ਸਵਾਦ ਨਾ ਕੋਇ ਵਖਾਈਆ ।



## ੧੨ ਸਾਵਣ ਸ਼ਹਿਨਸ਼ਾਹੀ ਸੰਮਤ ੨ ਲਛਮਣ ਸਿੰਘ ਦੇ ਗ੍ਰਿਹ ਪਿੰਡ ਭੂਰੇ ਜ਼ਿਲਾ ਅੰਮ੍ਰਿਤਸਰ

ਸਤਿਜੁਗ ਸਾਚੇ ਕਿਰਪਾ ਕਰੇ ਪ੍ਰਭ ਦੀਨ ਦਿਆਲ, ਦੀਨਾਂ ਅਨਾਥਾਂ ਵੇਖ ਵਖਾਈਆ । ਭਗਤ ਵਛਲ ਹੋ ਕਿਰਪਾਲ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸੰਤ ਸੁਹੇਲੇ ਗੁਰਮੁਖ ਵੇਖੇ ਆਪਣੇ ਲਾਲ, ਵਰਨਾਂ ਬਰਨਾਂ ਵਿਚੋਂ ਬਾਹਰ ਕਢਾਈਆ । ਸਾਚੀ ਸਿਖਿਆ ਦੇਵੇ ਨਾਮ ਸਿਖਾਲ, ਜਗਤ ਵਿਦਿਆ ਤੋਂ ਬਾਹਰ ਕਰੇ ਪੜ੍ਹਾਈਆ । ਅੰਮ੍ਰਿਤ ਜਾਮ ਪਿਆਲਾ ਦਏ ਪਿਆਲ, ਰਸ ਅਗੰਮੀ ਆਪ ਚਖਾਈਆ । ਝਗੜਾ ਰਹਿਣ ਨਾ ਦੇਵੇ ਸ਼ਾਹ ਕੰਗਾਲ, ਊਚਾਂ ਨੀਚਾਂ ਇਕੋ ਘਰ ਵਸਾਈਆ । ਸਤਿ ਧਰਮ ਵਖਾਏ ਆਪਣੀ ਧਰਮਸਾਲ, ਗੁਰ ਦਰ ਮੰਦਰ ਇਕੋ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦਏ ਸਰਨਾਈਆ । ਸਚ ਦਵਾਰ ਸ੍ਰੀ ਭਗਵਾਨ ਚਰਨ, ਦੋ ਜਹਾਨਾਂ ਸੋਭਾ ਪਾਈਆ । ਜਿਥੇ ਮੁੱਕੇ ਮਰਨ ਡਰਨ, ਜਨਮ ਗੇੜ ਨਾ ਕੋਇ ਭਵਾਈਆ । ਨੇਤਰ ਖੁਲ੍ਹੇ ਹਰਨ ਫਰਨ, ਨਿਜ ਨੇਤਰ ਲੋਚਨ ਹੋਏ ਰੁਸ਼ਨਾਈਆ । ਪੁਰਖ ਅਕਾਲ ਮਿਲੇ ਕਰਨੀ ਕਰਨ, ਕੁਦਰਤ ਦਾ ਕ਼ਾਦਰ ਮੇਲ ਮਿਲਾਈਆ । ਸੰਤ ਸੁਹੇਲੇ ਸਾਚੀ ਮੰਜ਼ਲ ਚੜ੍ਹਨ, ਨੌ ਦਵਾਰੇ ਪੰਧ ਮੁਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਠਾਂਡਾ ਦਰ ਦਏ ਵਖਾਈਆ । ਠਾਂਡਾ ਦਰ ਪੁਰਖ ਅਬਿਨਾਸ਼, ਸਚਖੰਡ ਦਵਾਰਾ ਇਕ ਵਖਾਈਆ । ਜਿਹੜਾ ਆਦਿ ਜੁਗਾਦਿ ਹੋਏ ਨਾ ਕਦੇ ਵਿਨਾਸ, ਛੱਪਰ ਛੰਨ ਰੂਪ ਨਾ ਕੋਇ ਬਦਲਾਈਆ । ਸੋ ਇਕੋ ਨਿਰਮਲ ਜੋਤ ਰਹੇ ਪਰਕਾਸ਼, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਭਗਤ ਭਗਵਾਨ ਮਿਲ ਕੇ ਪੈਂਦੀ ਰਹੇ ਰਾਸ, ਆਤਮ ਪਰਮਾਤਮ ਮਿਲ ਕੇ ਗੋਪੀ ਕਾਹਨ ਰੂਪ ਵਟਾਈਆ । ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਬ੍ਰਹਮ ਮਿਲ ਕੇ ਗਾਵੇ ਗਾਥ, ਸ਼ਬਦੀ ਸ਼ਬਦ ਹੋਵੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੀ ਦਾਤ, ਨਾਮ ਭੰਡਾਰਾ ਸਚ ਵਰਤਾਈਆ । ਨਾਮ ਭੰਡਾਰਾ ਧੁਰ ਦੀ ਦਾਤ, ਜਨ ਭਗਤਾਂ ਆਪ ਵਰਤਾਇੰਦਾ । ਅੰਧ ਅੰਧੇਰ ਮੇਟੇ ਅੰਧੇਰੀ ਰਾਤ, ਸਤਿ ਸਤਿਵਾਦੀ ਸਾਚਾ ਚੰਦ ਚੜ੍ਹਾਇੰਦਾ । ਸ਼ਬਦੀ ਸੁਰਤੀ ਨਾਤਾ ਜੋੜੇ ਪੁਰਖ ਬਿਧਾਤ, ਆਤਮ ਪਰਮਾਤਮ ਮੇਲਾ ਆਪ ਮਿਲਾਇੰਦਾ । ਸੋਹੰ ਸ਼ਬਦ ਆਦਿ ਜੁਗਾਦੀ ਗਾਥ, ਗੁਰ ਅਵਤਾਰਾਂ ਪੈਗ਼ੰਬਰਾਂ ਆਪ ਸਮਝਾਇੰਦਾ । ਚਾਰ ਵਰਨ ਅਠਾਰਾਂ ਬਰਨ ਦੱਸੇ ਇਕ ਜਮਾਤ, ਵਰਨ ਬਰਨ ਰਾਹ ਨਾ ਕੋਇ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਇਕ ਇਕਾਂਤ, ਇਕ ਇਕੱਲਾ ਸੋਭਾ ਪਾਇੰਦਾ । ਇਕ ਇਕੱਲਾ ਏਕੰਕਾਰ, ਆਦਿ ਜੁਗਾਦਿ ਅਖਵਾਈਆ । ਕਲਜੁਗ ਕੂੜਾ ਧਰਤੀ ਉਤੋਂ ਕੱਢੇ ਬਾਹਰ, ਸਤਿਜੁਗ ਸਾਚਾ ਮਾਤ ਧਰਾਈਆ । ਮਾਇਆ ਮਮਤਾ ਮੋਹ ਵਿਕਾਰ ਨਾ ਰਹੇ ਹੰਕਾਰ, ਆਸ਼ਾ ਤ੍ਰਿਸ਼ਨਾ ਨਾ ਜਗਤ ਸਤਾਈਆ । ਸਾਚਾ ਬਖ਼ਸ਼ੇ ਇਕ ਪਿਆਰ, ਪਿਤਾ ਪੂਤ ਕਰੇ ਨਾ ਕੋਇ ਲੜਾਈਆ । ਆਤਮ ਪਰਮਾਤਮ ਮਿਲ ਕੇ ਢੋਲਾ ਗਾਵੇ ਅਗੰਮ ਅਪਾਰ, ਸੋਹਲਾ ਸਾਚਾ ਰਾਗ ਅਲਾਈਆ । ਸਤਿ ਸਤਿਵਾਦੀ ਸਤਿਜੁਗ ਸਾਚੀ ਉਪਜੇ ਧਾਰ, ਧਰਮ ਦਵਾਰਾ ਇਕ ਪਰਗਟਾਈਆ । ਊਚ ਨੀਚ ਰਹੇ ਨਾ ਕੋਇ ਵਿਚਾਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸ਼ਰਅ ਨਾ ਕੋਇ ਬਣਾਈਆ । ਸਰਬ ਜੀਆਂ ਦਾ ਸਾਂਝਾ ਕਰੇ ਪਿਆਰ, ਜਗਤ ਵਿਭਚਾਰ ਦੁਰਾਚਾਰ ਵਿਰੋਧ ਵਿਕਾਰ ਅੰਦਰੋਂ ਦਏ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਧਰੇ ਵਿਚ ਸੰਸਾਰ, ਸੰਸਾ ਕੂੜਾ ਜਗਤ ਰੋਗ ਦਏ ਮਿਟਾਈਆ । ਜਗਤ ਰੋਗ ਮਿਟੇ ਜਗ, ਮਮਤਾ ਮੋਹ ਨਾ ਕੋਇ ਸਤਾਈਆ । ਕੂੜੀ ਤ੍ਰਿਸ਼ਨਾ ਰਹੇ ਨਾ ਅੱਗ, ਤਤਵ ਤਤ ਨਾ ਕੋਇ ਤਪਾਈਆ । ਮਿਹਰ ਕਰੇ ਪੁਰਖ ਸਮਰਥ, ਦਇਆਵਾਨ ਦਇਆ ਕਮਾਈਆ । ਸਾਚੇ ਨਾਮ ਦੀ ਦੇ ਕੇ ਵਥ, ਵਾਸਤਾ ਆਪਣੇ ਨਾਲ ਜੁੜਾਈਆ । ਅੰਦਰ ਖੋਲ੍ਹ ਕੇ ਨਿਰਗੁਣ ਅੱਖ, ਸਰਗੁਣ ਕਰੇ ਰੁਸ਼ਨਾਈਆ । ਆਤਮ ਪਰਮਾਤਮ ਕਦੇ ਰਹਿਣ ਨਾ ਦੇਵੇ ਵੱਖ, ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜੀ ਕਿਰਿਆ ਦੇਵੇ ਮੱਥ, ਸਤਿ ਧਰਮ, ਸਤਿਜੁਗ ਲੋਕਮਾਤ ਕਰੇ ਪਰਗਟ, ਪਰਗਟ ਹੋ ਕੇ ਸਾਚਾ ਹੱਟ ਖੁਲ੍ਹਾਈਆ ।

### ✪ ੧੨ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੋਪਾਲ ਕੌਰ ਦੇ ਗ੍ਰਿਹ ਪਿੰਡ ਭੂਰੇ ਜ਼ਿਲਾ ਅੰਮ੍ਰਿਤਸਰ ✪

ਜਨ ਭਗਤਾਂ ਆਤਮ ਪਰਮਾਤਮ ਪ੍ਰਭ ਦੇਵੇ ਸਾਚਾ ਸੁਖ, ਤ੍ਰੈਗੁਣ ਅਗਨੀ ਤਤ ਨਾ ਕੋਇ ਤਪਾਈਆ । ਲੋਭ ਵਿਕਾਰ ਮਾਇਆ ਮਮਤਾ ਵਿਆਪੇ ਕੋਇ ਨਾ ਦੁੱਖ, ਕੂੜ ਕੁੜਿਆਰ ਵਿਭਚਾਰ ਨਾ ਕੋਇ ਸਤਾਈਆ । ਜਗਤ ਤ੍ਰਿਸ਼ਨਾ ਰਹੇ ਕੋਈ ਨਾ ਭੁੱਖ, ਸਾਂਤਕ ਸਤਿ ਦਏ ਵਰਤਾਈਆ । ਲੇਖੇ

੯੮੬
੧੯

ਲਾਵੇ ਮਾਨਸ ਦੇਹੀ ਪੰਜ ਤਤ ਮਨੁੱਖ, ਆਵਣ ਜਾਵਣ ਗੇੜਾ ਦਏ ਕਟਾਈਆ । ਸਫ਼ਲ ਕਰਾਏ ਜਨਣੀ ਕੁੱਖ, ਮਿਹਰਵਾਨ ਮਿਹਰ ਨਜ਼ਰ ਨਾਲ ਪਾਰ ਕਰਾਈਆ । ਸ਼ਬਦੀ ਧਾਰ ਗੋਦੀ ਲਏ ਚੁੱਕ, ਗੋਬਿੰਦ ਸ਼ਬਦ ਹੱਥ ਵਡਿਆਈਆ । ਆਵਣ ਜਾਵਣ ਲੱਖ ਚੁਰਾਸੀ ਗੇੜਾ ਜਾਏ ਮੁਕ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਮਾਣ ਵਡਿਆਈਆ । ਜਨ ਭਗਤਾਂ ਕਦੇ ਨਾ ਹੋਵੇ ਚਿੰਤਾ ਰੋਗ, ਸੰਸਾ ਗ਼ਮ ਨਾ ਕੋਇ ਸਤਾਈਆ । ਪੁਰਖ ਅਕਾਲ ਦੀਨ ਦਿਆਲ ਦੇਵੇ ਦਰਸ ਅਮੋਘ, ਜੋਤੀ ਨੂਰ ਕਰ ਰੁਸ਼ਨਾਈਆ । ਚਰਨ ਪ੍ਰੀਤੀ ਸਾਚੀ ਨੀਤੀ ਬਖ਼ਸ਼ੇ ਸਾਚਾ ਜੋਗ, ਜੁਗੀਸ਼ਰ ਤਪੀਸ਼ਰ ਮੁਨੀਸ਼ਰ ਲੇਖਾ ਦਏ ਚੁਕਾਈਆ । ਆਤਮ ਪਰਮਾਤਮ ਬਹਿ ਕੇ ਸਚ ਦਵਾਰ ਦੀ ਦੱਸੇ ਮੌਜ, ਮਮਤਾ ਮੋਹ ਵਿਕਾਰ ਮਿਟਾਈਆ । ਸੁਰਤੀ ਸ਼ਬਦ ਕਰਾ ਕੇ ਖੋਜ, ਪੜਦਾ ਅੰਦਰੋਂ ਦਏ ਉਠਾਈਆ । ਆਤਮ ਸੇਜਾ ਕਰੇ ਚੋਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤਾਂ ਕੋਈ ਨਾ ਰਹੇ ਸੰਤਾਪ, ਸੰਸਾ ਜਗਤ ਨਾ ਕੋਇ ਸਤਾਈਆ । ਕਰ ਕਿਰਪਾ ਮੇਟੇ ਤੀਨੋ ਤਾਪ, ਤ੍ਰੈਗੁਣ ਲੇਖਾ ਦਏ ਚੁਕਾਈਆ । ਆਤਮ ਪਰਮਾਤਮ ਦੱਸ ਕੇ ਸਾਚੀ ਜਾਤ, ਦੂਈ ਪੜਦਾ ਦਏ ਉਠਾਈਆ । ਸ਼ਬਦ ਅਗੰਮੀ ਜਪਾ ਕੇ ਜਾਪ, ਅਨਹਦ ਨਾਦੀ ਨਾਦ ਸੁਣਾਈਆ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦਏ ਗਵਾਈਆ । ਅੰਮ੍ਰਿਤ ਦੇ ਕੇ ਬੂੰਦ ਸਵਾਂਤ, ਨਿਝਰ ਝਿਰਨਾ ਦਏ ਵਖਾਈਆ । ਕੋਟ ਜਨਮ ਦੇ ਪੂਰਬ ਲਾਹ ਕੇ ਪਾਪ, ਦੁਤਰ ਮੈਲ ਦੁਰਮਤ ਆਪ ਧਵਾਈਆ । ਰੂਹ ਬੁਤ ਦੋਵੇਂ ਕਰ ਕੇ ਪਾਕ, ਪਤਿਤ ਪੁਨੀਤ ਬਖ਼ਸ਼ੇ ਸਚ ਸ਼ਰਨਾਈਆ । ਜਨ ਭਗਤਾਂ ਉਪਰ ਤੁੱਠੇ ਪਰਮ ਪੁਰਖ ਪ੍ਰਭ ਆਪ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਦੇਵੇ ਸਾਥ, ਸਗਲਾ ਸਾਥੀ ਪੁਰਖ ਅਬਿਨਾਸ਼ੀ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸਰਬ ਗੁਣਤਾਸ, ਭਗਤਨ ਮੀਤਾ ਗਹਿਰ ਗੰਭੀਰ ਗੁਸਾਈਂਆ । ਜਨ ਭਗਤਾਂ ਮਨ ਮਨਸਾ ਰਹੇ ਕੋਈ ਨਾ ਝੇੜਾ, ਜਗਤ ਦਰਦ ਨਾ ਕੋਇ ਦੁਖਾਈਆ । ਪੁਰਖ ਅਕਾਲ ਦੀਨ ਦਿਆਲ ਸਤਿਗੁਰ ਸੱਚਾ ਬੰਨ੍ਹੇ ਬੇੜਾ, ਸਮੁੰਦ ਸਾਗਰ ਸੰਸਾਰ ਵਿਚੋਂ ਪਾਰ ਕਰਾਈਆ । ਕਾਇਆ ਮਾਟੀ ਸਾਢੇ ਤਿੰਨ ਹੱਥ ਘਰ ਮੰਦਰ ਵਸੇ ਖੇੜਾ, ਮਹੱਲ ਅਟਲ ਹੋਵੇ ਰੁਸ਼ਨਾਈਆ । ਪੰਚ ਵਿਕਾਰ ਰਹੇ ਨਾ ਅੰਦਰ ਡੇਰਾ, ਸ਼ਬਦ ਡੰਕੇ ਨਾਲ ਬਾਹਰ ਕਢਾਈਆ । ਸ਼ਬਦ ਜਣਾਏ ਦਇਆ ਕਮਾਏ ਭੇਵ ਖੁਲ੍ਹਾਏ ਆਤਮ ਬ੍ਰਹਮ ਸਮਝਾਏ ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਘਰ ਠਾਂਡੇ ਸਾਢੇ ਤਿੰਨ ਹੱਥ ਹੋਵੇ ਚਾਉ ਘਨੇਰਾ, ਸਤਿਗੁਰ ਸ਼ਬਦ ਵੱਜੇ ਵਧਾਈਆ । ਮਿਲੇ ਮੇਲ ਗੁਰੂ ਗੁਰ ਚੇਰਾ, ਚੇਲਾ ਗੁਰੂ ਏਕਾ ਘਰ ਬਹਿ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਰੇ ਧੁਰ ਦਾ ਮੇਲਾ, ਬਣ ਵਿਚੋਲਾ ਸੇਵ ਕਮਾਈਆ । ਜਨ ਭਗਤਾਂ ਕੂੜ ਕੁੜਿਆਰ ਕੋਈ ਨਾ ਸਕੇ ਮੋਹ, ਜਗਤ ਮਮਤਾ ਵਿਚ ਨਾ ਕੋਇ ਫਸਾਈਆ । ਕਲਜੁਗ ਕਰ ਸਕੇ ਨਾ ਧਰੋਹ, ਜਗਤ ਜੰਜ਼ਾਲ ਕੋਇ ਨਾ ਪਾਈਆ । ਉਨ੍ਹਾਂ ਦੇ ਅੰਤਰ ਵਸਿਆ ਪਰਮ ਪੁਰਖ ਸੋ, ਜੋ ਹੰ ਬ੍ਰਹਮ ਰਿਹਾ ਸਮਝਾਈਆ । ਜਿਸ ਦਾ ਭੇਵ ਜਗਤ ਬੁਧੀ ਨਾ ਜਾਣੇ ਕੋ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਜਾਵੇ ਹੋ, ਸਰਗੁਣ ਨਿਰਗੁਣ ਆਪਣੀ ਖੇਲ ਖਿਲਾਈਆ । ਸਚ ਪਰਕਾਸ਼ ਨੂਰੀ ਜੋਤ ਅਗੰਮੀ ਕਰੇ ਲੋ, ਦੀਵਾ ਬਾਤੀ ਕਮਲਾਪਾਤੀ ਹੱਥ ਨਾ ਕਿਸੇ

ਫੜਾਈਆ । ਜਿਸ ਆਤਮ ਨਾਲ ਪਰਮਾਤਮ ਹੋ ਕੇ ਜਾਵੇ ਛੋਹ, ਪੜਦਾ ਉਹਲਾ ਅੰਦਰ ਬਾਹਰ ਗੁਪਤ ਜਾਹਰ ਰਹਿਣ ਕੋਇ ਨਾ ਪਾਈਆ । ਲੇਖਾ ਚੁੱਕ ਜਾਏ ਇਕ ਦੋ, ਦੂਆ ਏਕਾ ਇਕੋ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਖਾਵਣਹਾਰਾ ਆਪਣਾ ਸੱਚਾ ਘਰ, ਗ੍ਰਿਹ ਸਚ ਸਿੰਘਾਸਣ ਪੁਰਖ ਅਬਿਨਾਸ਼ਣ ਇਕੋ ਇਕ ਰਖਾਈਆ । ਜਨ ਭਗਤਾਂ ਪ੍ਰਭ ਧਾਮ ਦੱਸੇ ਸਦਾ ਅਨਡਿੱਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮਿਹਰਵਾਨ ਕਰਵਟ ਲੈ ਬਦਲੇ ਪਿਠ, ਦੀਨ ਦਿਆਲ ਦੀਨ ਦੁਨੀ ਦਏ ਬਦਲਾਈਆ । ਆਤਮ ਅੰਤਰ ਕਰੇ ਸਾਚਾ ਹਿਤ, ਪ੍ਰੀਤਮ ਹੋ ਕੇ ਪ੍ਰੇਮ ਵਖਾਈਆ । ਸ਼ਬਦੀ ਧਾਰ ਵਸੇ ਚਿਤ, ਮਨ ਚਿਤ ਠਗੌਰੀ ਰਹਿਣ ਕੋਇ ਨਾ ਪਾਈਆ । ਦਇਆਵਾਨ ਦੀਨ ਦਿਆਲ ਠਾਕਰ ਸਵਾਮੀ ਜਨ ਭਗਤਾਂ ਦਰਸ਼ਨ ਦੇਵੇ ਨਿਤ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਧੁਰ ਦਾ ਮਾਲਕ ਸਦਾ ਪ੍ਰਿਤਪਾਲਕ ਵੱਡਾ ਵਡ ਖ਼ਾਲਕ ਬਣੇ ਅਗੰਮੀ ਪਿਤ, ਪਿਤਾ ਪੂਤ ਗੁਰਮੁਖ ਗੁਰ ਗੁਰ ਆਪਣੀ ਗੋਦ ਉਠਾਈਆ । ਸ਼ਬਦੀ ਧਾਰ ਏਕੰਕਾਰ ਵਿਚ ਸੰਸਾਰ ਧੁਰ ਦਾ ਲੇਖਾ ਦੇਵੇ ਲਿਖ, ਜਿਸ ਦੀ ਰੇਖ ਨਾ ਕੋਇ ਬਦਲਾਈਆ । ਸਦਾ ਸਦਾ ਸਦ ਵਡਿਆਈ ਦਿੰਦਾ ਆਇਆ ਗੁਰਮੁਖ ਸਾਚੇ ਸਿੱਖ, ਜਿਨ੍ਹਾਂ ਸਤਿਗੁਰ ਸਿਖਿਆ ਅੰਤਰ ਲਈ ਵਸਾਈਆ । ਨਾਮ ਭੰਡਾਰ ਦਿੰਦਾ ਆਇਆ ਵਸਤ ਅਨਡਿੱਠ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਤਰ ਆਤਮ ਸਦਾ ਕਰੇ ਹਿਤ, ਹਿਤਕਾਰੀ ਹੋ ਕੇ ਨਿਰੰਕਾਰੀ ਹੋ ਕੇ ਜਗਤ ਵਿਕਾਰੀ ਕਰ ਕਿਰਪਾ ਪਾਰ ਲੰਘਾਈਆ ।



੯੮੭
੧੯

## ✪ ੧੨ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਰਦੀਪ ਸਿੰਘ ਦੇ ਗ੍ਰਿਹਿ ਪਿੰਡ ਡਿਬੀ ਪੁਰਾ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਸਦਾ ਦਿਆਲ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਦਇਆ ਕਮਾਈਆ । ਭਗਤ ਸੁਹੇਲੇ ਗੁਰਮੁਖ ਵੇਖੇ ਆਪਣੇ ਲਾਲ, ਲੱਖ ਚੁਰਾਸੀ ਜੀਵ ਜੰਤ ਵਿਚੋਂ ਆਪ ਉਠਾਈਆ । ਕੂੜੀ ਕਿਰਿਆ ਮਾਇਆ ਮਮਤਾ ਮੋਹ ਤੋੜ ਜੰਜਾਲ, ਜਾਗਰਤ ਜੋਤ ਇਕ ਰੁਸ਼ਨਾਈਆ । ਸ਼ਬਦ ਅਗੰਮੀ ਅਨਹਦ ਵਜਾਏ ਤਾਲ, ਧੁਨ ਆਤਮਕ ਭੇਵ ਖੁਲ੍ਹਾਈਆ । ਪੂਰਬ ਜਨਮ ਦੀ ਲੇਖੇ ਲਾਏ ਘਾਲ, ਲਹਿਣਾ ਦੇਣਾ ਧੁਰ ਦੀ ਦਾਤ ਵਰਤਾਈਆ । ਨਾਤਾ ਤੋੜ ਕਾਲ ਮਹਾਂਕਾਲ, ਸਚਖੰਡ ਦਵਾਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲੇ ਲਏ ਵਰ, ਮਿਹਰਵਾਨ ਮਹਿਬੂਬ ਆਪਣੇ ਰੰਗ ਵਿਚ ਰੰਗਾਈਆ । ਜਨ ਭਗਤਾਂ ਪਾਰਬ੍ਰਹਮ ਪਤਿਪਰਮੇਸ਼ਵਰ ਬਖ਼ਸ਼ੇ ਚਰਨ ਧੂੜ, ਨਾਮ ਨਿਧਾਨਾ ਧੁਰ ਦੀ ਦਾਤ ਝੋਲੀ ਪਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਨਾਤਾ ਤੋੜੇ ਕੂੜੋ ਕੂੜ, ਸਤਿ ਧਰਮ ਸਤਿ ਸਤਿ ਇਸ਼ਟ ਦੇਵ ਸਵਾਮੀ ਪੁਰਖ ਅਕਾਲ ਇਕੋ ਨਜ਼ਰੀ ਆਈਆ । ਮਿਹਰਵਾਨ ਮੁਹੱਬਤ ਵਿਚ ਦੀਨ ਦਿਆਲ ਦਇਆ ਕਰ ਕੇ ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਨਾਮ ਰਸ ਅੰਤਰ ਜਪ ਅਜਪਾ ਜਾਪ ਇਕ ਆਪ ਜਪਾਈਆ । ਜੋਤੀ ਜਲਵਾ ਸਤਿ ਪਰਕਾਸ਼ ਦੇਵੇ ਅਗੰਮੀ ਨੂਰ, ਅੰਧ ਅਗਿਆਨ ਜੀਵ ਜਹਾਨ ਰਹਿਣ ਕੋਇ ਨਾ ਪਾਈਆ । ਆਸਾ ਮਨਸਾ ਦਰ ਠਾਂਡੇ ਪੂਰ, ਪੂਰਨ ਬ੍ਰਹਮ ਗਿਆਨ ਦਏ ਸਮਝਾਈਆ । ਦਰਸ ਵਖਾਏ ਹਾਜ਼ਰ ਹਜ਼ੂਰ, ਨਿਜ ਘਰ

ਵਾਸੀ ਸਵੱਛ ਸਰੂਪ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਸੁਹੇਲਾ ਇਕ ਅਕੇਲਾ ਏਕੰਕਾਰ ਆਪਣਾ ਘਰ ਵਖਾਈਆ । ਜਨ ਭਗਤਾਂ ਪ੍ਰਭ ਘਰ ਵਖਾਏ ਆਦਿ ਨਿਰੰਜਣਾ, ਨਿਰਗੁਣ ਨਿਰਵੈਰ ਆਪਣੀ ਦਇਆ ਕਮਾਈਆ । ਮਿਹਰਵਾਨ ਹੋ ਕੇ ਦਾਤਾ ਦਾਨੀ ਦਰਦ ਦੁੱਖ ਭੈ ਭੰਜਨਾ, ਕਲਜੁਗ ਭਵ ਸਾਗਰ ਪਾਰ ਲੰਘਾਈਆ । ਆਤਮ ਪਰਮਾਤਮ ਸਾਚੇ ਘਰ ਗ੍ਰਿਹਿ ਨਿਜਾਨੰਦ ਦੇਵੇ ਸਾਚਾ ਪਰਮਾਨੰਦਨਾ, ਪਰਾ ਪਸੰਤੀ ਮਧਮ ਬੈਖਰੀ ਧੁਨ ਆਤਮਕ ਰਾਗ ਅਗੰਮੀ ਆਵਾਜ਼ ਸੁਣਾਈਆ । ਬਿਨ ਸੀਸ ਜਗਦੀਸ਼ ਦੋਏ ਕਰ ਦੱਸੇ ਬੰਦਨਾ, ਬੰਦਗੀ ਮੁਸ਼ਸੰਦਗੀ ਇਕੋ ਦਏ ਸਮਝਾਈਆ । ਭਗਤ ਸੁਹੇਲਾ ਦੋ ਜਹਾਨ ਚਾੜ੍ਹੇ ਸਾਚਾ ਚੰਦਨਾ, ਬਿਨ ਸੂਰਜ ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲੇ ਲਾਏ ਆਪਣੇ ਅੰਗਣਾ, ਅੰਗੀਕਾਰ ਆਪ ਅਖਵਾਈਆ । ਜਨ ਭਗਤਾਂ ਜੁਗੋ ਜੁਗ ਪ੍ਰਭ ਲਾਏ ਆਪਣੇ ਅੰਗ, ਨਿਰਗੁਣ ਸਰਗੁਣ ਮੇਲ ਮਿਲਾਈਆ । ਦੇਵੇ ਵਡਿਆਈ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਾਮ ਨਿਧਾਨ ਵਜਾਏ ਮਰਦੰਗ, ਰਾਗ ਅਨਾਦੀ ਆਪ ਪਰਗਟਾਈਆ । ਨੌਂ ਦਵਾਰੇ ਪਾਰ ਲੰਘ, ਅੰਦਰ ਮੰਜ਼ਲ ਦਏ ਵਖਾਈਆ । ਸਚ ਜੋਤ ਚਾੜ੍ਹ ਕੇ ਚੰਦ, ਨੂਰ ਨੁਰਾਨਾ ਡਗਮਗਾਈਆ । ਖ਼ੁਸ਼ੀ ਕਰ ਕੇ ਬੰਦ ਬੰਦ, ਬੰਦੀਖ਼ਾਨੇ ਦਏ ਤੁੜਾਈਆ । ਝਗੜਾ ਮੁਕਾਏ ਚੌਦਾਂ ਲੋਕ ਚੌਦਾਂ ਤਬਕ ਪੁਰੀ ਲੋਅ ਬ੍ਰਹਿਮੰਡ, ਸਚਖੰਡ ਦਵਾਰਾ ਇਕੋ ਸੋਭਾ ਪਾਈਆ । ਜਿਥੇ ਰਸਨਾ ਜਿਹਵਾ ਬੱਤੀ ਦੰਦ ਸਿਫ਼ਤਾਂ ਵਾਲਾ ਢੋਲਾ ਗਾਏ ਕੋਈ ਨਾ ਛੰਦ, ਰਾਗ ਨਾਦ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਦੇਵੇ ਇਕ ਘਰ, ਸਚ ਘਰਾਨਾ ਸ੍ਰੀ ਭਗਵਾਨਾ ਸਚ ਦਵਾਰ ਏਕੰਕਾਰ ਆਪਣਾ ਇਕ ਵਖਾਈਆ । ਭਗਤ ਸੁਹੇਲਾ ਵਸੇ ਘਰ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਨਾ ਜਨਮੇ ਨਾ ਜਾਏ ਮਰ, ਮਰ ਜੀਵਤ ਰੂਪ ਨਾ ਕੋਇ ਬਦਲਾਈਆ । ਅੰਤ ਅਖ਼ੀਰੀ ਮੰਜ਼ਲ ਜਾਏ ਚੜ੍ਹ, ਪੌੜੀ ਡੰਡੇ ਦੀ ਲੋੜ ਰਹੇ ਨਾ ਰਾਈਆ । ਪੁਰਖ ਅਕਾਲ ਦੀਨ ਦਿਆਲ ਸਰਨਗਤ ਸਰਨਾਈ ਜਾਏ ਪੜ, ਸੀਸ ਜਗਦੀਸ਼ ਇਕ ਝੁਕਾਈਆ । ਸੋ ਸਵਾਮੀ ਸਾਹਿਬ ਸੁਲਤਾਨ ਹੋ ਮਿਹਰਵਾਨ ਕਿਰਪਾ ਦੇਵੇ ਕਰ, ਜੋਤੀ ਜਾਤਾ ਪੁਰਖ ਬਿਧਾਤਾ ਜੋਤੀ ਜੋਤ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਦਵਾਰੇ ਸਚ ਸਿੰਘਾਸਣ ਪੁਰਖ ਅਬਿਨਾਸ਼ਣ ਆਪੇ ਚੜ੍ਹ, ਚਾਰ ਕੁੰਟ ਦਹਿ ਦਿਸ਼ਾ ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ ।

### ੧੨ ਸਾਵਣ ਸ਼ਹਿਨਸ਼ਾਹੀ ਸੰਮਤ ੨ ਮੱਖਣ ਸਿੰਘ, ਬਖ਼ਸ਼ੀਸ਼ ਸਿੰਘ ਦੇ ਗ੍ਰਿਹਿ ਪਿੰਡ ਭਗਵਾਨ ਪੁਰਾ ਜ਼ਿਲਾ ਅੰਮ੍ਰਿਤਸਰ

ਸਤਿਜੁਗ ਸਾਚੇ ਤੇਰਾ ਸਾਚਾ ਜਾਪ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਲੱਖ ਚੁਰਾਸੀ ਜੀਵ ਜੰਤ ਦੇਵੇ ਆਪ, ਹਰਿ ਪੁਰਖ ਨਿਰੰਜਣ ਦਇਆ ਕਮਾਈਆ । ਦੀਨ ਦੁਨੀ ਮੇਟੇ ਰੋਗ ਸੰਤਾਪ, ਏਕੰਕਾਰਾ ਮਿਹਰ ਨਜ਼ਰ ਉਠਾਈਆ । ਨਿਰਮਲ ਜੋਤ ਕਰੇ ਪਰਕਾਸ਼, ਆਦਿ ਨਿਰੰਜਣ ਨੂਰ ਨੁਰਾਨਾ ਡਗਮਗਾਈਆ । ਸ਼ਬਦ ਅਗੰਮੀ ਵਜਾਏ ਨਾਦ, ਬੋਧ ਅਗਾਧ ਕਰੇ ਪੜ੍ਹਾਈਆ । ਲੇਖਾ ਜਾਣੇ ਗੁਰਮੁਖ ਗੁਰਸਿਖ ਸੰਤ ਸੁਹੇਲੇ ਸਾਧ,

੬੮੮
੧੯

ਸ੍ਰੀ ਭਗਵਾਨ ਸਚ ਨਿਸ਼ਾਨ ਹੋ ਮਿਹਰਵਾਨ ਇਕ ਵਖਾਈਆ । ਸਤਿ ਦਵਾਰੇ ਪੜਦਾ ਖੋਲ੍ਹੇ ਰਾਜ਼, ਪਾਰਬ੍ਰਹਮ ਬ੍ਰਹਮ ਲੇਖਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਸਮਝਾਈਆ । ਸਤਿਜੁਗ ਸਾਚੇ ਸਾਚਾ ਸ਼ਬਦ ਚਲੇ ਅਗੰਮ, ਅਗੰਮੜੀ ਕਾਰ ਕਮਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਾ ਮਰੇ ਨਾ ਪਏ ਜੰਮ, ਜੀਵਣ ਮਰਨ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਜਣੇ ਨਾ ਕੋਈ ਜਨਣੀ ਤਤ ਤਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਨਾ ਕੋਇ ਖਿਲਾਈਆ । ਜਿਸ ਨੂੰ ਏਥੇ ਓਥੇ ਦੋ ਜਹਾਨਾਂ ਸਕੇ ਕੋਇ ਨਾ ਭੰਨ, ਠਠਿਆਰ ਹੱਥ ਕਿਸੇ ਨਾ ਆਈਆ । ਜਿਸ ਨੂੰ ਚਾਰ ਜੁਗ ਹੋਵੇ ਕਦੇ ਨਾ ਗ਼ਮ, ਚਿੰਤਾ ਚਿਖਾ ਜਗਤ ਤਮਅ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਦ੍ਰਿੜਾਈਆ । ਸਤਿਜੁਗ ਸਾਚਾ ਨਾਉਂ ਧਰੇ ਕਰਤਾਰ, ਕੁਦਰਤ ਦਾ ਮਾਲਕ ਦਇਆ ਕਮਾਈਆ । ਜਿਸ ਦੀ ਆਸਾ ਰਖਦੇ ਗਏ ਗੁਰੂ ਅਵਤਾਰ, ਪੈਗ਼ੰਬਰ ਨਿਉਂ ਨਿਉਂ ਸੀਸ ਝੁਕਾਈਆ । ਸੋ ਲੇਖਾ ਜਾਣੇ ਸਰਬ ਸੰਸਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਹੁਕਮ ਸਦਾ ਚਲੇ ਜੁਗ ਚਾਰ, ਨਿਰਗੁਣ ਸਰਗੁਣ ਆਪਣੀ ਕਾਰ ਕਮਾਈਆ । ਕਾਗਦ ਕ਼ਲਮ ਨਾ ਲਿਖਣਹਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਭੇਵ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਤਿਜੁਗ ਸ਼ਬਦ ਚਲੇ ਅਥਾਹ, ਹਰਿ ਕਰਤਾ ਆਪ ਜਣਾਈਆ । ਲੱਖ ਚੁਰਾਸੀ ਜੀਵ ਜੰਤ ਨਿਰਗੁਣ ਸਰਗੁਣ ਬਣੇ ਮਲਾਹ, ਖੇਵਟ ਖੇਟਾ ਇਕੋ ਦੋ ਜਹਾਨਾਂ ਆਪਣੇ ਹੱਥ ਰਖੇ ਵਡਿਆਈਆ । ਅੰਤਰ ਆਤਮ ਪਰਮਾਤਮ ਹੋ ਕੇ ਸਭ ਦੀ ਪਕੜੇ ਬਾਂਹ, ਸਚਖੰਡ ਦਵਾਰਾ ਏਕੰਕਾਰਾ ਇਕੋ ਇਕ ਸਮਝਾਈਆ । ਜਨ ਭਗਤ ਸੁਹੇਲੇ ਗੁਰੂ ਗੁਰ ਚੇਲੇ ਬਹਾਏ ਸਾਚੀ ਥਾਂ, ਸਚ ਮੁਕਾਮ ਇਕੋ ਇਕ ਦ੍ਰਿੜਾਈਆ । ਕਰ ਕਿਰਪਾ ਕੋਟ ਜਨਮ ਦੇ ਮੇਟੇ ਬੇਅੰਤ ਗੁਨਾਹ, ਪਤਿਤ ਪੁਨੀਤ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਦ੍ਰਿੜਾਈਆ । ਸਤਿਜੁਗ, ਸ਼ਬਦ ਚਲੇ ਗੁਰ ਸ਼ਬਦੀ ਧਾਰ, ਜਿਸ ਦੀ ਸਮਝ ਕਿਸੇ ਨਾ ਆਈਆ । ਸੁਨੇਹੜਾ ਦੇਵੇ ਗੁਰ ਅਵਤਾਰ, ਲੋਕ ਪਰਲੋਕ ਆਪ ਸੁਣਾਈਆ । ਕਲਜੁਗ ਕੂੜੀ ਕਿਰਿਆ ਕਰੇ ਖ਼ੁਆਰ, ਸਤਿਜੁਗ ਸਾਚਾ ਲੋਕਮਾਤ ਦਏ ਧਰਾਈਆ । ਚਾਰ ਵਰਨ ਅਠਾਰਾਂ ਬਰਨ ਖ਼ਾਲਸ ਖ਼ਾਲਸਾ ਕਰ ਤਿਆਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਇਕੋ ਰੰਗ ਦਏ ਰੰਗਾਈਆ । ਸਾਲਸ ਬਣ ਕੇ ਆਪ ਨਿਰੰਕਾਰ, ਨਿਰਵੈਰ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ, ਦਰਗਾਹ ਸਾਚੀ ਬਹਿ ਕੇ ਖ਼ੁਸ਼ੀ ਮਨਾਈਆ । ਸਤਿਜੁਗ ਸਾਚਾ ਨਾਉਂ ਜਣਾਏ ਆਦਿ ਨਿਰੰਜਣ, ਆਦਿ ਪੁਰਖ ਵੱਡੀ ਵਡਿਆਈਆ । ਜੀਵਾਂ ਜੰਤਾਂ ਹੋਵੇ ਦਰਦ ਦੁੱਖ ਭੈ ਭੰਜਨ, ਦੀਨਾਂ ਅਨਾਥਾਂ ਲਏ ਉਠਾਈਆ । ਸਰਬ ਜੀਆਂ ਦਾ ਹੋਵੇ ਸੱਜਣ, ਜਾਤ ਪਾਤ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਸਚ ਦਵਾਰੇ ਸਚ ਸਰੋਵਰ ਕਰਾਏ ਇਕੋ ਮਜਨ, ਅੱਠ ਸੱਠ ਦੀ ਲੋੜ ਰਹੇ ਨਾ ਰਾਈਆ । ਲੱਖ ਚੁਰਾਸੀ ਵਿਚੋਂ ਆਵੇ ਕੱਢਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਏਕੰਕਾਰਾ ਇਕੋ ਇਕ ਵਖਾਈਆ । ਸਤਿਜੁਗ ਸਾਚੇ ਨਾਉਂ ਚਲਾਏ ਸ੍ਰੀ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਸ਼ਬਦ ਗੁਰੂ ਗੁਰਦੇਵ ਸਭ ਦਾ ਸਵਾਮੀ ਹੋਵੇ ਕੰਤ, ਕੰਤ ਕੰਤੂਹਲ ਇਕ ਅਖਵਾਈਆ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ, ਅੰਤਸ਼ਕਰਨ ਸਭ ਦਾ

ਫੋਲ ਫੁਲਾਈਆ । ਕੂੜੀ ਕਿਰਿਆ ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਪੜਦਾ ਦਏ ਉਠਾਈਆ । ਬੋਧ ਅਗਾਧਾ ਸ਼ਬਦ ਅਨਾਦਾ ਧੁਰ ਦਾ ਬਣੇ ਪੰਡਤ, ਕਲਮਾ ਹੱਕ ਨਾਮ ਸਚ ਸਚ ਦਵਾਰੇ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਧਾਰ ਆਪ ਜਣਾਈਆ । ਸਤਿਜੁਗ ਸਾਚਾ ਨਾਉਂ ਦੇਵੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਹੱਥ ਵਡਿਆਈਆ । ਜੋ ਮੰਡਲ ਮੰਡਪ ਪਾਵੇ ਰਾਸ, ਗੋਪੀ ਕਾਹਨ ਸਰਬ ਨਚਾਈਆ । ਲੇਖਾ ਜਾਣੇ ਸੀਤਾ ਰਾਮ ਵਿਚ ਬਨਬਾਸ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਖੋਜ ਖੁਜਾਈਆ । ਈਸਾ ਮੂਸਾ ਮੁਹੰਮਦ ਪੂਰੀ ਕਰੇ ਖ਼ਾਹਿਸ਼, ਕਲਮਾ ਕਾਇਨਾਤ ਦ੍ਰਿੜਾਈਆ । ਨਾਨਕ ਨਿਰਗੁਣ ਸਰਗੁਣ ਵਸੇ ਪਾਸ, ਗੋਬਿੰਦ ਡੰਕਾ ਸ਼ਬਦ ਸੁਣਾਈਆ । ਸਭ ਦੀ ਪੂਰੀ ਕਰੇ ਆਸ, ਤ੍ਰਿਸ਼ਨਾ ਬ੍ਰਹਮਾ ਵਿਸ਼ਨ ਦਏ ਬੁਝਾਈਆ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਪਰਕਾਸ਼ਵਾਨ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੇ ਦਰਗਾਹ ਸਾਚੀ ਦੇਵੇ ਮਾਣ ਵਡਿਆਈਆ । ਸਤਿਗੁਰ ਸੱਚਾ ਸਤਿਜੁਗ ਹੋਵੇ ਸ਼ਬਦ ਅਗੰਮੀ ਸੁਤ, ਪੁਰਖ ਅਕਾਲ ਦਏ ਵਡਿਆਈਆ । ਸਤਿ ਧਰਮ ਦੀ ਮੌਲੇ ਰੁਤ, ਲੋਕਮਾਤ ਵੱਜੇ ਵਧਾਈਆ । ਜਗਤ ਵਿਕਾਰਾ ਕੱਢੇ ਕੁੱਟ, ਨਾਮ ਖੰਡਾ ਹੱਥ ਚਮਕਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਦੇਵੇ ਸਚ ਸੁਚ, ਕੂੜ ਵਿਕਾਰ ਰਹਿਣ ਨਾ ਪਾਈਆ । ਜਨ ਭਗਤਾਂ ਉਜਲ ਕਰੇ ਮੁਖ, ਦੁਰਮਤ ਮੈਲ ਧਵਾਈਆ । ਸਾਚੇ ਸੰਤਾਂ ਹੋਵੇ ਸੁਖ, ਸੁਖ ਆਤਮ ਵਿਚੋਂ ਪਰਗਟਾਈਆ । ਗੁਰਮੁਖ ਗੋਦੀ ਲਏ ਚੁੱਕ, ਫੜ ਬਾਹੋਂ ਗਲੇ ਲਗਾਈਆ । ਗੁਰਸਿਖਾਂ ਤ੍ਰਿਸ਼ਨਾ ਮੇਟੇ ਭੁੱਖ, ਵਸਤ ਅਮੋਲਕ ਨਾਮ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸੱਚੇ ਦੇਵੇ ਚਰਨ ਸਰਨ ਸੱਚੀ ਸਰਨਾਈਆ । ਸਤਿਜੁਗ ਸੱਚਾ ਨਾਉਂ ਚਲੇ ਚੌਦਾਂ ਲੋਕ, ਪਰਲੋਕ ਵੱਜੇ ਵਧਾਈਆ । ਗਾਵਣ ਸਾਰੇ ਹੱਕ ਸਲੋਕ, ਢੋਲਾ ਇਕੋ ਸ਼ਹਿਨਸ਼ਾਹੀਆ । ਭਾਗ ਲੱਗੇ ਕਾਇਆ ਕੋਟ, ਵੱਜੇ ਨਾਮ ਵਧਾਈਆ । ਪਰਕਾਸ਼ ਹੋਵੇ ਨਿਰਮਲ ਜੋਤ, ਅੰਧ ਅੰਧੇਰ ਚੁਕਾਈਆ । ਮਨ ਬੁਧੀ ਦੀ ਰਹੇ ਕੋਈ ਨਾ ਸੋਚ, ਅਨੁਭਵ ਪੜਦਾ ਦਏ ਉਠਾਈਆ । ਲੇਖਾ ਮੁਕਾ ਕੇ ਹਰਖ਼ ਸੋਗ, ਚਿੰਤਾ ਗ਼ਮ ਬਾਹਰ ਦਏ ਕਢਾਈਆ । ਪੁਰਖ ਅਕਾਲ ਦੀਨ ਦਿਆਲ ਸਾਚੀ ਦੱਸ ਕੇ ਇਕੋ ਓਟ, ਓੜਕ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਖ਼ੁਮਾਰੀ ਅੰਦਰ ਕਰੇ ਮਦਹੋਸ਼, ਸਤਿ ਪਿਆਲਾ ਜਾਮ ਇਕ ਪਿਆਈਆ ।

### ✪ ੧੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਪਰਤਾਪ ਸਿੰਘ ਦੇ ਗ੍ਰਿਹ ਪਿੰਡ ਸੁਗਾ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚੇ ਪੁਰਖ ਅਕਾਲ ਦੱਸਣੀ ਗਾਥ, ਗਾ ਗਾ ਸਾਰੇ ਸ਼ੁਕਰ ਮਨਾਈਆ । ਸਹਾਰਾ ਦੀਨਾਂ ਅਨਾਥਾਂ ਨਾਥ, ਗ਼ਰੀਬਾਂ ਮਾਣ ਵਡਿਆਈਆ । ਭਗਤਾਂ ਜੋੜਨਾ ਸਾਚਾ ਨਾਤ, ਸਗਲਾ ਸੰਗ ਬਣਾਈਆ । ਨਾਮ ਭੰਡਾਰਾ ਖੋਲ੍ਹਣਾ ਡੂੰਘਾ ਖਾਤ, ਅਤੋਟ ਅਤੁਟ ਵਰਤਾਈਆ । ਸਚ ਦਰ ਪ੍ਰਭ ਦੀ ਸੋਹਣੀ ਜਾਤ, ਆਤਮ ਪੜਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਨਾਮ ਦਏ ਵਡਿਆਈਆ ।



੬੯੦
੧੯

ਸਤਿਜੁਗ ਸਾਚੇ ਸਭ ਨੂੰ ਦੇਣੀ ਧੀਰ, ਧੀਰਜ ਧੀਰ ਇਕ ਰਖਾਈਆ । ਅੰਮ੍ਰਿਤ ਠਾਂਡਾ ਬਖ਼ਸ਼ਣਾ ਸੀਰ, ਰਸ ਸਤਿਗੁਰ ਨਾਮ ਜਾਮ ਪਿਆਈਆ । ਹਉਮੇਂ ਹੰਗਤਾ ਕੱਢਣੀ ਪੀੜ, ਦਰਦੀਆਂ ਦਰਦ ਦੁਖੀਆਂ ਦੁਖ ਦੇਣਾ ਵੰਡਾਈਆ । ਸਾਚਾ ਬਸਤਰ ਦੇਣਾ ਚੀਰ, ਸ਼ਬਦ ਓਢਣ ਸੋਭਾ ਪਾਈਆ । ਸਚ ਸਮਝਾਉਣਾ ਧੁਰ ਦਾ ਪੀਰ, ਪੈਗ਼ੰਬਰ ਨੂਰ ਖ਼ੁਦਾਈਆ । ਮਾਣ ਦੇਣਾ ਗ਼ਰੀਬ ਅਮੀਰ, ਜੋ ਚਲ ਆਵਣ ਸਰਨਾਈਆ । ਸਾਚਾ ਖੰਡਾ ਨਾਮ ਕਟਾਰ ਸਤਿ ਖੜਗ ਖਿੱਚੀ ਰਖਣੀ ਸ਼ਮਸ਼ੀਰ, ਮਨ ਸ਼ਰਾਰਤ ਕਰਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਈਆ । ਸਤਿਜੁਗ ਸੱਚੇ ਸੱਚਾ ਦੇਣਾ ਸੰਦੇਸ਼, ਹਰ ਘਟ ਸਚ ਜਣਾਈਆ । ਵਸੇ ਪ੍ਰਭ ਦੇ ਦੇਸ, ਸਚਖੰਡ ਕਹਿ ਕੇ ਸਾਰੇ ਗਾਈਆ । ਜਿਸ ਦਾ ਮਾਲਕ ਇਕ ਨਰੇਸ਼, ਦੂਜਾ ਹੁਕਮ ਨਾ ਕੋਇ ਬਦਲਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦਵਾਰੇ ਦਰਵੇਸ਼, ਦੋ ਜਹਾਨਾਂ ਮਾਲਕ ਬੇਪਰਵਾਹੀਆ । ਆਤਮ ਪਰਮਾਤਮ ਮਿਲ ਕੇ ਖੇਲ੍ਹੇ ਭੇਤ, ਭਾਂਡਾ ਭਰਮ ਭੌ ਭੰਨਾਈਆ । ਦਰਸ਼ਨ ਕਰੋ ਨੇਤਨ ਨੇਤ, ਨਿਤ ਨਵਿਤ ਖ਼ੁਸ਼ੀ ਮਨਾਈਆ । ਮਾਨਸ ਜਨਮ ਬਣਾਓ ਆਪਣਾ ਲੇਖ, ਲੇਖਾ ਲੇਖੇ ਵਿਚ ਸਮਾਈਆ । ਪਰਤ ਕੇ ਜਾਓ ਆਪਣੇ ਦੇਸ, ਜਿਸ ਘਰ ਵਿਚੋਂ ਹੋਈ ਜੁਦਾਈਆ । ਸਦਾ ਜ਼ਿੰਦਾ ਰਹੋ ਹਮੇਸ਼, ਮਰ ਕੇ ਮਰਨ ਦੀ ਲੋੜ ਰਹੇ ਨਾ ਰਾਈਆ । ਪੁਰਖ ਅਕਾਲ ਅਵੱਲੜਾ ਵੇਸ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜਿਸ ਨੂੰ ਲੱਭਦੇ ਕੇਤੀ ਕੇਤ, ਕੋਟਨ ਕੋਟ ਧਿਆਨ ਲਗਾਈਆ । ਸੋ ਖੇਲੇ ਖੇਲ ਆਪਣੀ ਖੇਡ, ਸ਼ਬਦ ਖਿਲਾੜੀ ਵੇਸ ਵਟਾਈਆ । ਜਿਸ ਨੇ ਮਾਤ ਪੰਜ ਤਤ ਦਿਤੇ ਭੇਜ, ਆਤਮ ਪਰਮਾਤਮ ਆਪਣੀ ਧਾਰ ਪਰਗਟਾਈਆ । ਓਸ ਪ੍ਰਭੂ ਦੀ ਮਾਣੋ ਸਾਚੀ ਸੇਜ, ਜਿਥੋਂ ਸੁਤਿਆਂ ਨਾ ਕੋਇ ਉਠਾਈਆ ।



ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸੱਚੇ ਬਖ਼ਸ਼ਣਹਾਰ ਸਰਨਾਈਆ । ਸਤਿਜੁਗ ਜਨ ਭਗਤਾਂ ਨਾਮ ਅਗੰਮੀ ਲਿਖਤੀ ਦੇਣਾ ਖ਼ਤ, ਤਕ਼ਰੀਰ ਤਹਿਰੀਰ ਵਿਚ ਬਦਲਾਈਆ । ਤੁਹਾਡਾ ਮਾਲਕ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਲਹਿਣਾ ਦੇਣਾ ਓਸ ਦੇ ਹੱਥ, ਜੁਗ ਚੌਕੜੀ ਰਿਹਾ ਚੁਕਾਈਆ । ਦੇਵਣਹਾਰਾ ਨਾਮ ਵਥ, ਭੰਡਾਰਾ ਧੁਰ ਦਾ ਆਪ ਵਰਤਾਈਆ । ਸਰਬ ਕਲਾ ਸਮਰਥ, ਓਟ ਇਕੋ ਇਕ ਜਣਾਈਆ । ਸੱਚਾ ਮਾਰਗ ਦੇਵੇ ਦੱਸ, ਰਹਿਬਰ ਹੋ ਕੇ ਆਪ ਸਮਝਾਈਆ । ਤੂੰ ਮੇਰਾ ਮੈਂ ਤੇਰਾ ਗਾਉਣਾ ਜਸ, ਢੋਲਾ ਸੋਹਲਾ ਧੁਰ ਦਾ ਆਪ ਪਰਗਟਾਈਆ । ਸਗਲ ਵਸੂਰੇ ਜਾਣ ਲੱਥ, ਜੋ ਦਰ ਠਾਂਡੇ ਦਰਸ਼ਨ ਪਾਈਆ । ਸਦਾ ਖੁਲ੍ਹੀ ਰਹੇ ਅੱਖ, ਲੋਚਨ ਬੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰਾ ਧਰਮ ਲਗਾਵੇ ਸਚ, ਭਾਗ ਲਗਾ ਕੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦਏ ਬਣਾਈਆ ।

## ੧੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੰਡਾ ਸਿੰਘ ਦੇ ਗ੍ਰਹਿ ਪਿੰਡ ਦਰਾਜਕੇ ਜ਼ਿਲਾ ਅੰਮ੍ਰਿਤਸਰ

ਗੁਰਮੁਖ ਸਾਚਾ ਉਧਰੇ ਪਾਰ, ਉਦਰ ਵਿਚ ਕਦੇ ਨਾ ਆਈਆ । ਲੇਖਾ ਮੁਕੇ ਕਾਇਆ ਮਾਟੀ ਵਿਚ ਸੰਸਾਰ, ਤਨ ਵਜੂਦ ਮਿਲੇ ਵਡਿਆਈਆ । ਗੁਰ ਸ਼ਬਦ ਕਰੇ ਪਿਆਰ, ਪ੍ਰੇਮੀ ਪਿਆਰਾ ਬਹਿ ਕੇ ਵੇਖ ਵਖਾਈਆ । ਆਵਣ ਜਾਵਣ ਦੇਵੇ ਗੇੜ ਨਿਵਾਰ, ਚੁਰਾਸੀ ਫਾਂਸੀ ਦਏ ਕਟਾਈਆ ।

ਸਾਚਾ ਦੱਸੇ ਧਾਮ ਨਿਆਰ, ਦਵਾਰਾ ਇਕੋ ਇਕ ਸਮਝਾਈਆ । ਜਿਥੇ ਵਸੇ ਹਰਿ ਨਿਰੰਕਾਰ, ਸਚਖੰਡ ਬੈਠਾ ਸੋਭਾ ਪਾਈਆ । ਮੇਲਾ ਹੋਵੇ ਅੰਤਮ ਵਾਰ, ਜੋਤੀ ਜੋਤ ਜੋਤ ਸਮਾਈਆ । ਤਿਨ੍ਹਾਂ ਗੁਰਮੁਖਾਂ ਸਦ ਬਲਿਹਾਰ, ਜੋ ਸਤਿਗੁਰ ਹੁਕਮੇ ਅੰਦਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰ ਉਤਾਰਨਹਾਰ ਬੇਪਰਵਾਹੀਆ । ਗੁਰਮੁਖ ਸੱਚਾ ਆਵਣ ਜਾਵਣ ਲਏ ਕੱਟ, ਕਟਕ ਕੂੜ ਰਹੇ ਨਾ ਰਾਈਆ । ਸਾਚਾ ਲਾਹਾ ਮਾਨਸ ਜਨਮ ਲਏ ਖਟ, ਮਿਲੇ ਸ਼ਬਦ ਨਾਮ ਵਡਿਆਈਆ । ਕਰੇ ਵਣਜ ਸਾਚੇ ਹੱਟ, ਗੁਰ ਚਰਨ ਪ੍ਰੀਤੀ ਸੇਵ ਕਮਾਈਆ । ਦੁਰਮਤ ਮੈਲ ਜਾਵੇ ਲੱਥ, ਪਾਪਾਂ ਰੋਗ ਰਹੇ ਨਾ ਰਾਈਆ । ਕਿਰਪਾ ਕਰੇ ਪੁਰਖ ਅਕਾਲ ਸਮਰਥ, ਬਖ਼ਸ਼ਣਹਾਰ ਸੱਚੀ ਸ਼ਰਨਾਈਆ । ਲੱਖ ਚੁਰਾਸੀ ਵਿਚੋਂ ਲਏ ਰਖ, ਰਾਏ ਧਰਮ ਨਾ ਦਏ ਸਜ਼ਾਈਆ । ਨਾੜੀ ਨਾੜ ਉਬਲਣ ਨਾ ਦੇਵੇ ਰੱਤ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਹੋਏ ਸਹਾਈਆ । ਗੁਰਮੁਖ ਸੱਚਾ ਪਾਰ ਜਾਏ ਲੰਘ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਮਿਲੇ ਮੇਲ ਸਾਹਿਬ ਸੂਰੇ ਸਰਬੰਗ, ਸ਼ਬਦੀ ਗੁਰ ਦਇਆ ਕਮਾਈਆ । ਨਾਮ ਸੁਣਾਏ ਅਗੰਮੀ ਮਰਦੰਗ, ਨਾਦੀ ਨਾਦ ਵਜਾਈਆ । ਜੋਤੀ ਨੂਰ ਚਾੜ੍ਹ ਚੰਦ, ਅੰਧ ਅੰਧੇਰਾ ਦਏ ਗਵਾਈਆ । ਆਤਮ ਸੇਜ ਸੁਹਾ ਪਲੰਘ, ਸਚ ਸਿੰਘਾਸਣ ਡੇਰਾ ਲਾਈਆ । ਨਿਜ ਘਰ ਦੇ ਨਿਜਾਨੰਦ, ਪਰਮਾਨੰਦ ਸੁਖ ਵਖਾਈਆ । ਜਨਮ ਕਰਮ ਦੀ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣੀ ਨਜ਼ਰ ਉਠਾਈਆ । ਰਾਏ ਧਰਮ ਨਾ ਦੇਵੇ ਦੰਡ, ਚਿਤਰ ਗੁਪਤ ਲੇਖਾ ਮੰਗਣ ਕੋਇ ਨਾ ਆਈਆ । ਅੰਤਕਾਲ ਪੁਰਖ ਅਕਾਲ ਹੋਵੇ ਸੰਗ, ਆਤਮ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਮਾਣ ਵਡਿਆਈ ਸੂਰਾ ਸਰਬੰਗ, ਸੁਰਤੀ ਸ਼ਬਦ ਸ਼ਬਦ ਸੁਰਤ ਜਾਗਤ ਸੋਵਤ ਇਕੋ ਰੰਗ ਰੰਗਾਈਆ ।



### ✪ ੧੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਤੇਜਾ ਸਿੰਘ ਦੇ ਗ੍ਰਹਿ ਪਿੰਡ ਬਾਸਰਕੇ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚੇ ਦੀਨ ਦੁਨੀ ਸਾਂਝਾ ਹੋਵੇ ਇਸ਼ਟ, ਚਾਰ ਵਰਨ ਅਠਾਰਾਂ ਬਰਨ ਸੋਹਲਾ ਢੋਲਾ ਇਕੋ ਇਕ ਧਿਆਈਆ । ਸੁਰਤ ਸ਼ਬਦ ਖੁਲ੍ਹੀ ਰਹੇ ਬ੍ਰਹਮ ਧਾਰ ਸਦਾ ਨਿਤ, ਕੂੜ ਕੁੜਿਆਰ ਮੋਹ ਵਿਕਾਰ ਹੰਕਾਰ ਰਹਿਣ ਕੋਇ ਨਾ ਪਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਪ੍ਰੇਮ ਪਿਆਰ ਮੁਹੱਬਤ ਹੋਵੇ ਸ੍ਰਿਸ਼ਟ, ਜਾਤ ਪਾਤ ਦੀਨ ਮਜ਼੍ਹਬ ਝਗੜਾ ਰਹੇ ਨਾ ਰਾਈਆ । ਸਤਿ ਉਪਦੇਸ਼ ਪਾਰਬ੍ਰਹਮ ਪਤਿਪਰਮੇਸ਼ਵਰ ਪੂਰਾ ਹੋਵੇ ਰਾਮਾ ਵਸ਼ਿਸ਼ਟ, ਜਗਤ ਵਾਸਨਾ ਵਿਸ਼ੇਸ਼ ਲਏ ਬਦਲਾਈਆ । ਜਨ ਭਗਤਾਂ ਪਿਆਰ ਰਹੇ ਨਾ ਸਵਰਗ ਬਹਿਸ਼ਤ, ਪੁਰਖ ਅਕਾਲ ਦੀਨ ਦਿਆਲ ਇਕੋ ਚਰਨ ਧਿਆਨ ਲਗਾਈਆ । ਲੇਖਾ ਮੁਕੇ ਈਸਾ ਮੂਸਾ ਮੁਹੰਮਦ ਕਰਿਸਤ, ਸਦੀ ਚੌਧਵੀਂ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਧਰਮ ਧਰਨੀ ਧਰਤ ਧਵਲ ਉਪਰ ਦਏ ਪਰਗਟਾਈਆ । ਸਤਿਜੁਗ ਸਾਚੇ ਦੇਵੇ ਸਤਿ, ਸਤਿ ਸਤਿਵਾਦੀ ਰੂਪ ਵਟਾਈਆ । ਸਾਂਤਕ ਸਾਂਤ ਕਰੇ ਪੰਜ ਤੱਤ, ਤ੍ਰੈਗੁਣ ਅਗਨੀ ਨਾ ਕੋਇ ਤਪਾਈਆ । ਨਾੜ ਨਾੜ ਨਾ

ਉਬਲੇ ਰੱਤ, ਅੰਮ੍ਰਿਤ ਮੇਘ ਦਏ ਬਰਸਾਈਆ । ਮਨ ਵਾਸਨਾ ਦਹਿ ਦਿਸ਼ਾ ਨਾ ਜਾਏ ਭੱਜ, ਕੂੜੀ ਕਿਰਿਆ ਅੰਦਰੋਂ ਦਏ ਕਢਾਈਆ । ਕਾਇਆ ਮੰਦਰ ਅੰਦਰ ਪਰਗਟ ਕਰ ਸੁਚ ਸਚ, ਸਚ ਸੰਜਮ ਇਕੋ ਦਏ ਸਮਝਾਈਆ । ਪ੍ਰੇਮ ਪਿਆਰ ਮੁਹੱਬਤ ਅੰਦਰ ਨੌ ਖੰਡ ਸੱਤ ਦੀਪ ਜਾਣ ਵਸ, ਝਗੜਾ ਜਗਤ ਨਾ ਰਹੇ ਲੋਕਾਈਆ । ਜਨ ਭਗਤਾਂ ਨਿਜ ਲੋਚਨ ਨੈਣ ਪਰਮ ਪੁਰਖ ਖੋਲ੍ਹੇ ਅੱਖ, ਗਿਆਨ ਅੰਜਣ ਨਾਮ ਨਿਧਾਨ ਇਕੋ ਪਾਈਆ । ਨਿਰਗੁਣ ਨੂਰ ਜੋਤ ਪਰਕਾਸ਼ ਕਰੇ ਘਟ ਘਟ, ਗ੍ਰਿਹਿ ਗ੍ਰਿਹਿ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਮਾਰੇ ਸੱਟ, ਸੋਈ ਸੁਰਤ ਅਕਾਲ ਮੂਰਤ ਦਏ ਜਗਾਈਆ । ਸਰ ਸਰੋਵਰ ਸਾਢੇ ਤਿੰਨ ਹੱਥ ਅੰਦਰ ਵਖਾਏ ਸਰੋਵਰ ਅੱਠ ਸੱਠ, ਅੰਮ੍ਰਿਤ ਜਲ ਨਿਝਰ ਧਾਰ ਦਏ ਵਹਾਈਆ । ਦੁਰਮਤ ਮੈਲ ਪਰਮ ਪੁਰਖ ਪਰਮਾਤਮ ਆਤਮ ਦੇਵੇ ਕੱਟ, ਪਤਿਤ ਪੁਨੀਤ ਦਏ ਕਰਾਈਆ । ਸਾਚਾ ਮਾਰਗ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੋ ਜਹਾਨ, ਸ੍ਰੀ ਭਗਵਾਨ ਦੇਵੇ ਦੱਸ, ਸ੍ਰਿਸ਼ਟ ਸਬਾਈ ਇਕੋ ਨਾਮ ਧਿਆਈਆ । ਪਾਰਬ੍ਰਹਮ ਬ੍ਰਹਮ ਕਰੇ ਆਪਣੇ ਵਸ, ਸਚ ਦਵਾਰੇ ਮੇਲਾ ਹੱਸ ਹੱਸ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਅੱਠ ਤਤ ਆਪਣਾ ਹੁਕਮ ਮਨਾਈਆ । ਭਾਗ ਲਗਾਵੇ ਕਾਇਆ ਮਾਟੀ ਕੱਚ, ਲੂੰ ਲੂੰ ਅੰਦਰ ਜਾਏ ਰਚ, ਰਚਨਾ ਅੰਤਰ ਨਿਰੰਤਰ ਨਿਰਵੈਰ ਆਪਣੀ ਦਏ ਵਖਾਈਆ । ਹਰ ਹਿਰਦੇ ਅੰਦਰ ਜਾਏ ਵਸ, ਕਰੇ ਪਰਕਾਸ਼ ਆਪਣੀ ਅੱਖ, ਨਜ਼ਰ ਆਏ ਗੁਸਾਈਂ ਪਰਤੱਖ, ਜੋਤੀ ਜਾਤਾ ਡਗਮਗਾਈਆ । ਤੂੰ ਮੇਰਾ ਮੈਂ ਤੇਰਾ ਧੁਰ ਦਾ ਨਾਮ ਦੇਵੇ ਦੱਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੀ ਧਾਰ ਆਪ ਸਮਝਾਈਆ । ਸਤਿਜੁਗ ਸਾਚਾ ਦੇਵੇ ਬੋਧ, ਪੜਦਾ ਉਹਲਾ ਰਹੇ ਨਾ ਰਾਈਆ । ਮਨ ਵਾਸਨਾ ਸਭ ਦੀ



ਦੇਵੇ ਸੋਧ, ਕੂੜੀ ਕਿਰਿਆ ਦਏ ਮੁਕਾਈਆ । ਕਾਇਆ ਮੰਦਰ ਅੰਦਰ ਭੇਵ ਦੱਸੇ ਗੋਝ, ਨੌ ਦਵਾਰ ਪੈਂਡਾ ਦਏ ਮੁਕਾਈਆ । ਧੁਨ ਆਤਮਕ ਸ਼ਬਦ ਲਗਾ ਕੇ ਸਾਚੀ ਚੋਟ, ਚੋਟੀ ਚੜ੍ਹਕੇ ਨਿਰਗੁਣ ਨੂਰ ਕਰੇ ਰੁਸ਼ਨਾਈਆ । ਭਾਗ ਲਗਾ ਕੇ ਕਾਇਆ ਮਾਟੀ ਸਾਚੇ ਕੋਟ, ਗੜ੍ਹ ਬੰਕ ਇਕ ਸੁਹਾਈਆ । ਕਰ ਪਰਕਾਸ਼ ਨਿਰਮਲ ਜੋਤ, ਜਲਵਾ ਨੂਰ ਡਗਮਗਾਈਆ । ਮਨ ਬੁਧੀ ਦੀ ਰਹਿਣ ਨਾ ਦੇਵੇ ਕੋਈ ਸੋਚ, ਧੁਰ ਸ਼ਬਦੀ ਹੁਕਮ ਆਪ ਸਮਝਾਈਆ । ਏਕਾ ਕਲਮਾ ਏਕਾ ਨਾਮ ਏਕਾ ਨਾਦ ਵੱਜੇ ਚੌਦਾਂ ਲੋਕ, ਚੌਦਾਂ ਤਬਕ ਇਕੋ ਦਵਾਰ ਸੀਸ ਨਿਵਾਈਆ । ਜਨ ਭਗਤਾਂ ਅੰਦਰ ਰਹਿਣ ਨਾ ਦੇਵੇ ਚਿੰਤਾ ਗ਼ਮ ਹਰਖ਼ ਸੋਗ, ਅੰਮ੍ਰਿਤ ਆਤਮ ਸਾਚਾ ਜਾਮ ਪਿਆਈਆ । ਬਿਨ ਅੱਖਾਂ ਜਗ ਨੇਤਰਾਂ ਦੇਵੇ ਦਰਸ ਅਮੋਘ, ਸਵੱਛ ਸਰੂਪੀ ਸ਼ਾਹੋ ਭੂਪੀ ਬਿਨਾ ਰੰਗ ਰੂਪੀ ਆਪਣਾ ਭੇਵ ਖੁਲ੍ਹਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਊਚ ਨੀਚ ਜਾਤ ਪਾਤ ਰਾਜ ਰਾਜਾਨ ਸ਼ਾਹ ਸੁਲਤਾਨ ਦੇਵੇ ਇਕੋ ਸੱਚਾ ਜੋਗ, ਜੋ ਪੀਰ ਪੈਗ਼ੰਬਰ ਮੁੱਲਾ ਸ਼ੇਖ਼ ਮੁਸਾਇਕ ਪੰਡਤ ਇਕੋ ਧਿਆਨ ਲਗਾਈਆ । ਕੂੜੀ ਕਿਰਿਆ ਕਾਮ ਕਰੋਧ ਲੋਭ ਮੋਹ ਹੰਕਾਰ ਤਨ ਮਾਟੀ ਖ਼ਾਕੀ ਰਹਿਣ ਨਾ ਦੇਵੇ ਕੋਈ ਰੋਗ, ਹੰ ਬ੍ਰਹਮ ਪਾਰਬ੍ਰਹਮ ਅਛਲ ਅਛੱਲ ਭੇਵ ਅਭੇਦਾ ਆਪ ਖੁਲ੍ਹਾਈਆ । ਸੁਰਤ ਸ਼ਬਦ ਬਿਨ ਦੀਨ ਮਜ਼੍ਹਬ ਕਰੇ ਧੁਰ ਸੰਜੋਗ, ਜੁਗ ਜਨਮ ਵਿਛੜੇ ਆਤਮ ਪਰਮਾਤਮ ਜੋੜ ਜੁੜਾਈਆ । ਅੰਤ ਕੰਤ ਭਗਵੰਤ ਸਚ ਦਵਾਰ ਏਕੰਕਾਰ ਦੇ ਕੇ ਧੁਰ ਦੀ ਓਟ, ਦਵਾਰਾ ਨਿਰੰਕਾਰਾ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਵੇ ਮਾਣ ਵਡਿਆਈਆ । ਸਤਿਜੁਗ ਸਾਚੇ ਪੁਰਖ ਅਕਾਲ ਦੇਵੇ ਮਾਣ, ਹਰਿ ਵੱਡਾ ਵੱਡ ਵਡਿਆਈਆ । ਮਾਲਕ ਬਣ ਕੇ ਵਾਲੀ ਦੋ ਜਹਾਨ,

ਲੱਖ ਚੁਰਾਸੀ ਦਏ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਧਿਆਨ, ਕਰੋੜ ਤੇਤੀਸਾ ਅੱਖ ਪਰਤੱਖ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਮੰਨਣ ਆਣ, ਸਿਰ ਸਕੇ ਨਾ ਕੋਇ ਉਠਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਸਿਰ ਝੁਕਾਣ, ਜ਼ਿਮੀਂ ਅਸਮਾਨ ਰਵ ਸਸ ਭੱਜਣ ਵਾਹੋ ਦਾਹੀਆ । ਧੁਰ ਸੰਦੇਸ਼ਾ ਨਰ ਨਰੇਸ਼ਾ ਨਾਉਂ ਨਿਰੰਕਾਰਾ ਏਕੰਕਾਰਾ ਏਕਾ ਦੱਸੇ ਵਿਚ ਜੀਵ ਜਹਾਨ, ਮਾਨਵ ਮਾਨਸ ਮਾਨੁਖ ਪੜਦਾ ਓਹਲਾ ਦਏ ਚੁਕਾਈਆ । ਸਚ ਧਰਮ ਸੱਤ ਦੀਪ ਹੋਵੇ ਪਰਧਾਨ, ਜੂਠ ਝੂਠ ਕੂੜੀ ਕਿਰਿਆ ਚਾਰ ਕੁੰਟ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਨਿਰਗੁਣ ਸਰਗੁਣ ਹੋਵੇ ਗਿਆਨ, ਅੱਖਰਾਂ ਤੋਂ ਬਾਹਰ ਸ਼ਬਦੀ ਸ਼ਬਦ ਕਰੇ ਪੜ੍ਹਾਈਆ । ਸਚ ਦਵਾਰਾ ਸਚ ਭੂਮਿਕਾ ਦੱਸੇ ਇਕ ਅਸਥਾਨ, ਮੰਦਰ ਮਸਜਿਦ ਸ਼ਿਵਦਵਾਲਾ ਮੱਠ ਗੁਰੂ ਦਵਾਰ ਇਕੋ ਇਕ ਵਖਾਈਆ । ਜਿਸ ਗ੍ਰਹਿ ਮਿਲੇ ਸ੍ਰੀ ਭਗਵਾਨ, ਅਬਿਨਾਸ਼ੀ ਕਰਤਾ ਬੈਠਾ ਸੋਭਾ ਪਾਈਆ । ਦੀਵਾ ਬਾਤੀ ਕਮਲਾਪਾਤੀ ਨਿਰਗੁਣ ਜੋਤ ਜਗਾਏ ਮਹਾਨ, ਆਦਿ ਜੁਗਾਦੀ ਡਗਮਗਾਈਆ । ਖੇਲੇ ਖੇਲ ਖ਼ਾਲਕ ਖ਼ਲਕ ਵਿਚ ਜਹਾਨ, ਪਰਵਰਦਿਗਾਰ ਸਾਂਝਾ ਯਾਰ ਲਾਸ਼ਰੀਕ ਮੁਕਾਮੇ ਹੱਕ ਸਚ ਤੌਫੀਕ ਆਪਣੇ ਹੱਥ ਰਖਾਈਆ । ਜਿਸ ਦਾ ਭੇਵ ਜੀਵ ਬੁਧੀ ਸਮਝੇ ਨਾ ਕੋਇ ਇਨਸਾਨ, ਸ਼ਾਸਤਰ ਸਿਮਰਤ ਵੇਦ ਪੁਰਾਨ ਬੇਅੰਤ ਕਹਿ ਕੇ ਖ਼ੁਸ਼ੀ ਮਨਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਜੋਧਾ ਸੂਰਬੀਰ ਬਲੀ ਬਲਵਾਨ, ਬਲਧਾਰੀ ਆਪਣਾ ਖੇਲ ਖਿਲਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਤ ਨਵਿਤ ਦਿੰਦਾ ਰਿਹਾ ਦਾਨ, ਵਸਤ ਅਮੋਲਕ ਕਾਇਆ ਗੋਲਕ ਨਾਮ ਨਿਧਾਨਾ ਆਪ ਟਿਕਾਈਆ । ਸੋ ਪੁਰਖ ਨਿਰੰਜਣ ਖੇਲ ਕਰੇ ਮਹਾਨ, ਹਰਿ ਪੁਰਖ ਨਿਰੰਜਣ ਆਪਣੀ ਕਲ ਵਰਤਾਈਆ । ਏਕੰਕਾਰਾ ਹੋਏ ਆਪ ਆਪਣਾ ਜਾਣੀ ਜਾਣ, ਆਦਿ ਨਿਰੰਜਣ ਆਦਿ ਪੁਰਖ ਆਪਣਾ ਨੂਰ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਝੁਲਾਏ ਸਚ ਨਿਸ਼ਾਨ, ਸ੍ਰੀ ਭਗਵਾਨ ਦੋ ਜਹਾਨਾਂ ਆਪਣਾ ਹੁਕਮ ਸੁਣਾਈਆ । ਪਾਰਬ੍ਰਹਮ ਬ੍ਰਹਮ ਕਰੇ ਪਰਵਾਨ, ਚਰਨ ਪ੍ਰੀਤੀ ਬਖ਼ਸ਼ੇ ਚਰਨ ਧਿਆਨ, ਦੂਜਾ ਇਸ਼ਟ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਦੇਵੇ ਵਰ, ਲੋਕਮਾਤ ਆਉਣਾ ਚਲ, ਧਰਨੀ ਧਰਤ ਧਵਲ ਬੈਠੀ ਰਾਹ ਤਕਾਈਆ । ਸਤਿਜੁਗ ਸਾਚਾ ਹੁਕਮ ਦੇਵੇ ਫ਼ਰਮਾਨ, ਫੁਰਨਾ ਮਨ ਦਾ ਬੰਦ ਕਰਾਈਆ । ਜੀਵ ਜੰਤ ਰਹੇ ਨਾ ਕੋਇ ਨਿਧਾਨ, ਆਲਸ ਨਿੰਦਰਾ ਸਭ ਦੀ ਦਏ ਖੁਲ੍ਹਾਈਆ । ਸਤਿ ਉਪਦੇਸ਼ ਦੇਵੇ ਨਾਮ ਨਿਧਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰੇ ਹੱਕ ਪੜ੍ਹਾਈਆ । ਝਗੜਾ ਮੁਕਾਏ ਸ਼ਰਅ ਸ਼ਰਅ ਦੀਨ ਈਮਾਨ, ਜਾਤ ਪਾਤ ਕਮਲਾਪਾਤੀ ਲੇਖਾ ਦਏ ਚੁਕਾਈਆ । ਹਰ ਘਟ ਅੰਦਰ ਬਾਹਰ ਨਜ਼ਰੀ ਆਏ ਸ੍ਰੀ ਭਗਵਾਨ, ਬ੍ਰਹਮ ਨਿਰੰਤਰ ਵੱਜੇ ਸਚ ਵਧਾਈਆ । ਜਗਤ ਬਸੰਤਰ ਰਹੇ ਨਾ ਕੋਇ ਨਿਸ਼ਾਨ, ਗੁਰ ਮੰਤਰ ਇਕੋ ਇਕ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣੀ ਧਾਰ ਚਲਾਈਆ । ਸਤਿਜੁਗ ਸਾਚਾ ਹੁਕਮ ਮੰਨੇ ਜਗਦੀਸ਼, ਜਗਦੀਸ਼ਰ ਨਿਉਂ ਨਿਉਂ ਲਾਗੇ ਪਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਵੇ ਗੀਤ, ਢੋਲਾ ਪਾਰਬ੍ਰਹਮ ਬ੍ਰਹਮ ਦਏ ਸਮਝਾਈਆ । ਕਾਇਆ ਕਾਅਬਾ ਦਿਸੇ ਹੱਕ ਮਸੀਤ, ਮੰਦਰ ਧੁਰ ਦਾ ਇਕੋ ਨਜ਼ਰੀ ਆਈਆ । ਜਿਥੇ ਝਗੜਾ ਨਹੀਂ ਕੋਈ ਉਚ ਨੀਚ, ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਪਤਿਪਰਮੇਸ਼ਵਰ ਪੁਰਖ ਅਕਾਲ ਪਰਵਰਦਿਗਾਰ ਸਾਂਝੀ ਹੋਵੇ ਪ੍ਰੀਤ, ਪੱਤੀਆਂ ਵਾਲੇ ਹਿੱਸੇ ਰਹਿਣ ਕੋਇ ਨਾ

੯੯੪
੧੯

ਪਾਈਆ । ਸਤਿ ਧਰਮ ਸਾਚੀ ਚਲੇ ਰੀਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਧਿਆਨ ਲਗਾਈਆ । ਕਰੇ ਖੇਲ ਪੁਰਖ ਅਬਿਨਾਸ਼ੀ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਲੇਖਾ ਜਾਣੇ ਥਾਉਂ ਥਾਈਆ । ਮਾਣ ਵਡਿਆਈ ਦੇਵੇ ਹਸਤ ਕੀਟ, ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਇਕੋ ਘਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸਤਿ ਧਰਮ ਕਰੇ ਬਖ਼ਸ਼ੀਸ਼, ਰਹਿਮ ਕਰਕੇ ਰਹਿਮਤ ਆਪ ਕਮਾਈਆ ।

✪ ੧੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਜੀਤੋ ਦੇ ਗ੍ਰਿਹ ਪਿੰਡ ਬਾਸਰ ਕੇ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਤੇਰਾ ਹੁਕਮ ਹੋਵੇ ਸੱਚਾ, ਪ੍ਰਭ ਹੁਕਮ ਸਚ ਸਮਝਾਈਆ । ਗੁਰਮੁਖ ਕਦੀ ਨਾ ਹੋਵੇ ਕੱਚਾ, ਮਨਮਤ ਨਾ ਕੋਇ ਹਲਕਾਈਆ । ਸਾਚੇ ਨਾਮ ਅੰਦਰ ਜਾਏ ਰੱਤਾ, ਰਤਨ ਅਮੋਲਕ ਹੀਰਾ ਆਪਣਾ ਨਾਉਂ ਬਦਲਾਈਆ । ਸ਼ਬਦੀ ਧਾਰ ਅੰਦਰ ਫਿਰੇ ਨੱਠਾ, ਸਤਿਗੁਰੂ ਦਵਾਰੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਦਏ ਪਰਗਟਾਈਆ । ਸਤਿਜੁਗ ਤੇਰੇ ਵਿਚ ਪਰਗਟ ਹੋਵੇ ਸਾਚਾ ਭਗਤ, ਸਾਚੀ ਭਗਤੀ ਪ੍ਰਭ ਦੀ ਸੇਵ ਕਮਾਈਆ । ਨਾਤਾ ਕੂੜਾ ਤੋੜੇ ਸ੍ਰਿਸ਼ਟੀ ਜਗਤ, ਪ੍ਰੀਤ ਪਰਮ ਪੁਰਖ ਨਾਲ ਵਧਾਈਆ । ਨਾਮ ਨਿਧਾਨ ਮਿਲੇ ਅਗੰਮੀ ਸ਼ਕਤ, ਸੰਸਾ ਰੋਗ ਦਏ ਚੁਕਾਈਆ । ਦਰਸ਼ਨ ਕਰ ਕੇ ਵਾਲੀ ਅਰਸ਼, ਫ਼ਰਸ਼ ਉਤੇ ਸੋਭਾ ਪਾਈਆ । ਜਨਮ ਜਨਮ ਦੀ ਮੇਟੇ ਭਟਕ, ਕੂੜੀ ਤ੍ਰਿਸ਼ਨਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਵਖਾਈਆ । ਸਤਿ ਧਰਮ ਸਤਿਜੁਗ ਤੇਰੇ ਵਿਚ ਉਪਜਣ ਸਾਚੇ ਸੰਤ, ਸਤਿਗੁਰ ਇਕੋ ਇਕ ਮਨਾਈਆ । ਪਰਮਾਤਮ ਮੰਨ ਕੇ ਧੁਰ ਦਾ ਕੰਤ, ਬਣ ਸਵਾਣੀ ਸੇਵ ਕਮਾਈਆ । ਚਰਨ ਦਵਾਰੇ ਕਰਦੇ ਰਹਿਣ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਜਗਤ ਮਾਇਆ ਮੋਹ ਨਾ ਵਿਆਪੇ ਚਿੰਤ, ਹਰਸ ਹਵਸ ਨਾ ਕੋਇ ਵਧਾਈਆ । ਮਿਲੇ ਮੇਲ ਨਾ ਕਿਸੇ ਨਿੰਦਕ, ਦੁਸ਼ਟ ਦੁਰਾਚਾਰ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਮਿਲਣ ਦੀ ਦੇਣੀ ਸਾਚੀ ਹਿੰਮਤ, ਹਿਰਦੇ ਵੱਸ ਕੇ ਲੈਣਾ ਉਠਾਈਆ । ਸਤਿਜੁਗ ਤੇਰੀ ਆਸਾ ਮਨਸਾ ਪੂਰੀ ਹੋਵੇ ਸ਼ਰਧਾ, ਸਦਾ ਸਦ ਕਿਰਪਾਲੂ ਦਇਆ ਕਮਾਈਆ । ਪੜਦਾ ਚੁੱਕੇ ਸਾਚੇ ਘਰ ਦਾ, ਹਰਿ ਹਰਿ ਨਾਮ ਵੱਜੇ ਵਧਾਈਆ । ਕਲਜੁਗ ਕੂੜਾ ਜਾਏ ਡਰਦਾ, ਲੋਕਮਾਤ ਰਹਿਣ ਨਾ ਪਾਈਆ । ਅੰਮ੍ਰਿਤ ਸਰੋਵਰ ਖੁਲ੍ਹੇ ਸਾਚੇ ਸਰ ਦਾ, ਹਰਿ ਚਰਨ ਮਿਲੇ ਸਰਨਾਈਆ । ਜਨ ਭਗਤ ਮੰਜ਼ਲ ਅਗੰਮੀ ਜਾਏ ਚੜ੍ਹਦਾ, ਅਗੇ ਹੋ ਨਾ ਕੋਇ ਅਟਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਢੋਲਾ ਜਾਏ ਪੜ੍ਹਦਾ, ਪੜਦਿਆਂ ਵਿਚੋਂ ਸੜਦਾ ਲਏ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਘਰ ਘਰ ਦਾ, ਗ੍ਰਿਹ ਮਾਟੀ ਹਾਟੀ ਕਾਇਆ ਤਤ ਫੋਲ ਫੁਲਾਈਆ ।

## ✪ ੧੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਹਿ ਪਿੰਡ ਨਾਰਲਾ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਨਾਉਂ ਹੋਏ ਪਤਿਤ ਉਧਾਰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਇਆ ਕਮਾਈਆ । ਜਨ ਭਗਤਾਂ ਹੋਵੇ ਪੈਜ ਸਵਾਰਨ, ਸਾਹ ਸਾਹ ਲੇਖੇ ਦਏ ਲਗਾਈਆ । ਸਾਚੇ ਸੰਤਾਂ ਹੋਵੇ ਪਾਰ ਉਤਾਰਨ, ਉੱਤਰ ਪੂਰਬ ਪੱਛਮ ਦੱਖਣ ਦਿਸ਼ਾ ਵੇਖ ਵਖਾਈਆ । ਗੁਰਮੁਖਾਂ ਹੋਵੇ ਪੈਜ ਸਵਾਰਨ, ਜਨਮ ਮਰਨ ਦਾ ਗੇੜਾ ਦਏ ਚੁਕਾਈਆ । ਗੁਰਮੁਖਾਂ ਹੋਏ ਹੰਕਾਰਨ ਮਾਰਨ, ਕੂੜੀ ਕਿਰਿਆ ਅੰਦਰੋਂ ਬਾਹਰ ਕਢਾਈਆ । ਚਾਰੇ ਖਾਣੀ ਪਾਵੇ ਸਾਰਨ, ਮਹਾਂਸਾਰਥੀ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਇਕ ਸਮਝਾਈਆ । ਸਤਿਜੁਗ ਸਾਚਾ ਨਾਉਂ ਹੋਏ ਭਗਤਾਂ ਸੰਗ, ਸਗਲਾ ਸੰਗ ਨਿਭਾਈਆ । ਮਾਨਸ ਜਨਮ ਨਾ ਹੋਵੇ ਭੰਗ, ਲਹਿਣਾ ਆਪਣੇ ਹੱਥ ਵਖਾਈਆ । ਸਤਿ ਸਰੂਪ ਚਾੜ੍ਹ ਰੰਗ, ਕੂੜੀ ਰੰਗਤ ਦਏ ਬਦਲਾਈਆ । ਆਸਾ ਮਨਸਾ ਪੂਰੀ ਕਰੇ ਮੰਗ, ਮਮਤਾ ਮੋਹ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਦਏ ਦ੍ਰਿੜਾਈਆ । ਸਤਿਜੁਗ ਸਾਚਾ ਨਾਉਂ ਜਨ ਭਗਤਾਂ ਲਾਵੇ ਪਾਰ, ਪਾਰਬ੍ਰਹਮ ਆਪਣੀ ਦਇਆ ਕਮਾਈਆ । ਦੁੱਖ ਨਿਵਾਰਨ ਹੋਵੇ ਵਿਚ ਸੰਸਾਰ, ਡੂੰਘਾ ਸਾਗਰ ਖੋਜੇ ਥਾਉਂ ਥਾਈਂਆ । ਅਨਹਦ ਨਾਦ ਵੱਜੇ ਸੱਚੀ ਧੁਨਕਾਰ, ਸੋਹਲਾ ਧੁਰ ਦਾ ਇਕ ਸੁਣਾਈਆ । ਅੰਮ੍ਰਿਤ ਆਤਮ ਸਿੰਚੇ ਠੰਡਾ ਠਾਰ, ਝਿਰਨਾ ਨਿਝਰ ਇਕ ਝਿਰਾਈਆ । ਨਿਰਮਲ ਦੀਪਕ ਜੋਤ ਕਰੇ ਆਕਾਰ, ਨਿਰਾਕਾਰ ਸਾਕਾਰ ਖੇਲ ਖਿਲਾਈਆ । ਚਾਰ ਵਰਨ ਅਠਾਰਾਂ ਬਰਨ ਸ਼ਬਦ ਸਰੂਪੀ ਦੇਵੇ ਸਚ ਅਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਸਮਝਾਈਆ । ਸਤਿਜੁਗ ਸਾਚਾ ਸਾਚੇ ਸੰਤਾਂ ਦੇਵੇ ਮਾਣ, ਅਭਿਮਾਨ ਰਹਿਣ ਕੋਇ ਨਾ ਪਾਈਆ । ਕਲਜੁਗ ਕੂੜੀ ਕਿਰਿਆ ਨਾਤਾ ਤੁਟੇ ਜੀਵ ਜਹਾਨ, ਮਾਇਆ ਮਮਤਾ ਅੰਦਰੋਂ ਦਏ ਕਢਾਈਆ । ਸਤਿ ਧਰਮ ਵਖਾਏ ਇਕ ਨਿਸ਼ਾਨ, ਚਾਰੋਂ ਕੁੰਟ ਆਪ ਝੁਲਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸ਼ਬਦ ਸਚ ਗਿਆਨ, ਆਦਿ ਜੁਗਾਦੀ ਪ੍ਰਭ ਦੀ ਧਾਰ ਚਲਾਈਆ । ਗੁਰ ਅਵਤਾਰ ਪੈਗ਼ੰਬਰ ਇਹੋ ਢੋਲਾ ਗਾਣ, ਬਿਨ ਅੱਖਰਾਂ ਨਿਰਅੱਖਰ ਜਾਪ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਸਤਿਜੁਗ ਸਾਚਾ ਖੇਲ ਕਰੇ ਭਗਵਾਨਾ, ਭਗਵਨ ਆਪਣੀ ਕਾਰ ਕਮਾਇੰਦਾ । ਸਾਚਾ ਮੰਤਰ ਕਰ ਪਰਧਾਨਾ, ਦੋ ਜਹਾਨਾਂ ਹੁਕਮ ਮਨਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਮੰਨਣ ਆਣਾ, ਗੁਰ ਅਵਤਾਰ ਪੈਗ਼ੰਬਰ ਸੀਸ ਨਾ ਕੋਇ ਉਠਾਇੰਦਾ । ਸਾਚਾ ਦੇਵੇ ਅਗੰਮ ਤਰਾਨਾ, ਤਾਰ ਸਿਤਾਰ ਨਾ ਕੋਇ ਹਿਲਾਇੰਦਾ । ਲੇਖਾ ਜਾਣੇ ਜੀਵ ਜਹਾਨਾ, ਲੱਖ ਚੁਰਾਸੀ ਖੋਜ ਖੁਜਾਇੰਦਾ । ਪੜਦਾ ਲਾਹੇ ਸ਼ਾਸਤਰ ਸਿਮਰਤ ਵੇਦ ਪੁਰਾਨਾ, ਅੰਜੀਲ ਕੁਰਾਨਾ ਭਰਮ ਨਾ ਕੋਇ ਭੁਲਾਇੰਦਾ । ਹੁਕਮ ਦੇਵੇ ਸ਼ਾਹ ਸੁਲਤਾਨਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕਾ ਹੁਕਮ ਮਨਾਇੰਦਾ । ਸਤਿਜੁਗ ਸਾਚਾ ਲੋਕਮਾਤ ਹੋਵੇ ਬਲਵਾਨਾ, ਬਲਧਾਰੀ ਆਪਣਾ ਬਲ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਆਪਣਾ ਹੁਕਮ ਮਨਾਇੰਦਾ । ਸਤਿਜੁਗ ਸਾਚਾ ਸਾਚੀ ਭਗਤੀ ਦੇਵੇ ਗਹਿਰ ਗੰਭੀਰ, ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਬਦਲ ਦੇਵੇ ਤਕਦੀਰ, ਤਦਬੀਰ ਆਪਣੀ ਇਕ ਦ੍ਰਿੜਾਈਆ । ਇਕੋ ਰੰਗ ਰੰਗਾਏ ਹਸਤ ਕੀਟ, ਸ਼ਾਹ ਫ਼ਕੀਰ ਉਚਾਂ ਨੀਚਾਂ ਇਕੋ ਦਰ ਦਏ ਜਣਾਈਆ ।

ਮਿਹਰਵਾਨ ਮਹਿਬੂਬ ਮੁਹੱਬਤ ਵਿਚ ਬਦਲੇ ਜ਼ਮੀਰ, ਮਨ ਵਾਸਨਾ ਕੂੜੀ ਕਿਰਿਆ ਨੌ ਦਵਾਰ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਅੰਮ੍ਰਿਤ ਆਤਮ ਦੇਵੇ ਧੁਰ ਦਾ ਸੀਰ, ਬਾਹਰੋਂ ਰਸ ਨਾ ਕੋਇ ਚੁਆਈਆ । ਸਤਿਜੁਗ ਸੱਚਾ ਪ੍ਰਭ ਦੇਵੇ ਹੁਕਮ ਆਪ, ਆਪਣੀ ਦਇਆ ਕਮਾਈਆ । ਸੋਹੰ ਸੋ ਚਾਰ ਵਰਨ ਅਠਾਰਾਂ ਬਰਨ ਦੱਸੇ ਜਾਪ, ਆਦਿ ਜੁਗਾਦੀ ਧਾਰ ਪ੍ਰਭ ਦੀ ਚਲੀ ਆਈਆ । ਜਿਸ ਸਿਮਰਤ ਕੋਟ ਜਨਮ ਦੇ ਉਤਰਨ ਪਾਪ, ਦੁਰਮਤ ਮੈਲ ਰਹੇ ਨਾ ਰਾਈਆ । ਤਨ ਮਾਟੀ ਖ਼ਾਕ ਹੋਏ ਪਵਿਤ ਪਾਕ, ਵਜੂਦ ਸਬੂਤ ਆਪਣਾ ਦਏ ਸਮਝਾਈਆ । ਸੁਰਤੀ ਸ਼ਬਦੀ ਬੰਨ੍ਹੇ ਨਾਤ, ਨਾਤਾ ਬਿਧਾਤਾ ਆਪਣੇ ਨਾਲ ਜੁੜਾਈਆ । ਇਕ ਇਕੱਲਾ ਏਕੰਕਾਰਾ ਨਜ਼ਰੀਂ ਆਏ ਇਕ ਇਕਾਂਤ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰਗਾਹ ਸਾਚੀ ਸੋਭਾ ਪਾਈਆ । ਸ਼ਬਦ ਅਗੰਮੀ ਦੋ ਜਹਾਨਾਂ ਦੇਵੇ ਦਾਤ, ਮਨਮਤ ਬੁਧੀ ਤੋਂ ਪਰੇ ਦੱਸੇ ਗਾਥ, ਸੋਹਲਾ ਆਪਣਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਆਬੇਹਯਾਤ, ਹਯਾਤੀ ਦੀਨ ਦੁਨੀ ਦਏ ਬਦਲਾਈਆ । ਸਤਿਜੁਗ ਸੱਚਾ ਦੇਵੇ ਚਰਨ ਪਿਆਰ, ਪ੍ਰੀਤੀ ਇਕੋ ਇਕ ਸਿਖਾਈਆ । ਤੇਰਾ ਖੁਲ੍ਹੇ ਬੰਦ ਕਿਵਾੜ, ਬਜਰ ਕਪਾਟੀ ਪੜਦਾ ਰਹੇ ਨਾ ਰਾਈਆ । ਅਗਨੀ ਤਤ ਨਾ ਲੱਗੇ ਹਾੜ, ਮੇਘ ਅੰਮ੍ਰਿਤ ਆਪ ਬਰਸਾਈਆ । ਵੇਖੇ ਕਾਇਆ ਮਾਟੀ ਜਗਤ ਉਜਾੜ, ਤਨ ਖੇੜਾ ਦਏ ਵਸਾਈਆ । ਪੰਚ ਵਿਕਾਰਾ ਅੰਦਰੋਂ ਕੱਢੇ ਕੂੜੀ ਧਾੜ, ਧਰਮ ਦਵਾਰਾ ਇਕੋ ਇਕ ਜਣਾਈਆ । ਕਰ ਪਰਕਾਸ਼ ਬਹੱਤਰ ਨਾੜ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸਾਚਾ ਲਾੜ, ਲੱਖ ਚੁਰਾਸੀ ਆਤਮ ਪਰਮਾਤਮ ਹੋ ਕੇ ਲਾੜੀ ਲਏ ਬਣਾਈਆ ।ਸਤਿਜੁਗ



ਸੱਚਾ ਹੋਵੇ ਧਰਮ, ਧਰਮ ਦੀ ਬਾਣ ਆਪ ਜਣਾਇੰਦਾ । ਕਰਮੀ ਕਰੇ ਆਪਣਾ ਕਰਮ, ਕਰਮਕਾਂਡ ਲੋਕਮਾਤ ਰਹਿਣ ਨਾ ਪਾਇੰਦਾ । ਝਗੜਾ ਚੁੱਕੇ ਵਰਨ ਬਰਨ, ਦੀਨ ਮਜ਼੍ਹਬ ਜਾਤ ਪਾਤ ਵੰਡ ਨਾ ਕੋਇ ਵੰਡਾਇੰਦਾ । ਪੁਰਖ ਅਬਿਨਾਸ਼ੀ ਘਟ ਨਿਵਾਸੀ ਢੋਲਾ ਸਾਰੇ ਇਕੋ ਪੜ੍ਹਨ, ਸ਼ਬਦ ਰਾਗ ਨਾਦ ਗ੍ਰਿਹਿ ਮੰਦਰ ਆਪ ਸੁਣਾਇੰਦਾ । ਸਾਚੀ ਮੰਜ਼ਲ ਸਚ ਦਵਾਰੇ ਵੜਨ, ਚਾਰ ਕੁੰਟ ਅਧਵਿਚਕਾਰ ਨਾ ਕੋਇ ਅਟਕਾਇੰਦਾ । ਸਚਖੰਡ ਦਵਾਰ ਪ੍ਰਭ ਭਗਤਾਂ ਆਪੇ ਆਏ ਖੜਨ, ਲੱਖ ਚੁਰਾਸੀ ਵਿਚੋਂ ਵੇਖ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਦੋ ਜਹਾਨਾਂ ਪ੍ਰਿਥਮੀ ਆਕਾਸ਼ ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਕ਼ਾਦਰ ਕਰੀਮ ਇਕੋ ਨਜ਼ਰੀ ਆਈਆ ।

### ✪ ੧੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਸਮੁੰਦ ਸਿੰਘ ਦੇ ਗ੍ਰਿਹਿ ਪਿੰਡ ਮਾੜੀ ਮੇਘਾ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਤੇਰਾ ਨੇੜੇ ਸਮਾਂ ਜਗ, ਨੇਰਨ ਨੇਰਾ ਨਜ਼ਰੀ ਆਈਆ । ਜੋ ਜਨ ਪੁਰਖ ਅਕਾਲ ਸਰਨ ਸਰਨਾਈ ਗਿਆ ਲੱਗ, ਮਾਇਆ ਮਮਤਾ ਮੋਹ ਚੁਕਾਈਆ । ਜਗਤ ਤ੍ਰਿਸ਼ਨਾ ਬੁਝਾ ਅੱਗ, ਹਉਮੇ ਹੰਗਤਾ ਗੜ੍ਹ ਤੁੜਾਈਆ । ਦਰਸ਼ਨ ਕਰੇ ਚੜ੍ਹ ਉਪਰ ਸ਼ਾਹਰਗ, ਨੌ ਦਵਾਰੇ ਡੇਰਾ ਢਾਹੀਆ । ਨਾਦ ਸੁਣੇ ਅਗੰਮੀ ਅਨਹਦ, ਧੁਨ ਆਤਮਕ ਰਾਗ ਬੇਪਰਵਾਹੀਆ । ਅੰਮ੍ਰਿਤ ਆਤਮ ਪੀਏ ਰਸ, ਨਿਝਰ ਝਿਰਨਾ ਅਗੰਮ

ਝਿਰਾਈਆ । ਜੋਤੀ ਨੂਰ ਹੋਵੇ ਪਰਕਾਸ਼, ਅੰਧ ਅੰਧੇਰ ਮਿਟਾਈਆ । ਆਤਮ ਪਰਮਾਤਮ ਮਿਲ ਜਾਏ ਸਾਥ, ਵਿਛੋੜਾ ਰਹੇ ਨਾ ਰਾਈਆ । ਸਾਚੇ ਮੰਡਲ ਵੇਖੇ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਲੇਖੇ ਲੱਗੇ ਪਵਣ ਸਵਾਸ, ਜਗਤ ਸਮਾਜ ਸਮਝ ਕਿਸੇ ਨਾ ਆਈਆ । ਪੁਰਖ ਅਕਾਲਾ ਦੀਨ ਦਿਆਲਾ ਦੇਵੇ ਦਾਤ, ਨਾਮ ਭੰਡਾਰਾ ਇਕ ਵਰਤਾਈਆ । ਉਨ੍ਹਾਂ ਗੁਰਮੁਖਾਂ ਅੰਦਰੋਂ ਨਿਕਲ ਗਈ ਕਲਜੁਗ ਅੰਧੇਰੀ ਰਾਤ, ਅੱਜ ਦੀ ਰਾਤ ਸੁਹੰਜਣੀ ਭਗਤਾਂ ਦਾ ਰੂਪ ਲਏ ਬਦਲਾਈਆ । ਪ੍ਰਭ ਚਰਨ ਵਸਣ ਪਾਸ, ਪਾਸਾ ਦੀਨ ਦੁਨੀ ਬਦਲਾਈਆ । ਮੰਜ਼ਲ ਪੌੜੀ ਚੜ੍ਹਨ ਘਾਟ, ਦਰ ਠਾਂਡੇ ਵੱਜੇ ਵਧਾਈਆ । ਜਨ ਭਗਤਾਂ ਮੰਜ਼ਲ ਪੂਰੀ ਹੋਈ ਵਾਟ, ਪਾਂਧੀ ਪੰਧ ਨਾ ਕੋਇ ਭਵਾਈਆ । ਜਿਨ੍ਹਾਂ ਦੇ ਅੰਤਰ ਆਤਮ ਪਰਮਾਤਮ ਵਸਿਆ ਸਾਥ, ਸਗਲਾ ਸੰਗ ਨਿਭਾਈਆ । ਖ਼ੁਸ਼ੀਆਂ ਵਿਚ ਕਰੇ ਹਾਸ ਬਲਾਸ, ਰੰਗ ਅਨੋਖਾ ਦਏ ਚੜ੍ਹਾਈਆ । ਉਨ੍ਹਾਂ ਦੀ ਸਤਿਜੁਗ ਸਦਾ ਇਕੋ ਜਿਹੀ ਰਖੇ ਪਰਭਾਤ, ਅੰਧ ਅੰਧੇਰ ਨਜ਼ਰ ਕੋਇ ਨਾ ਆਈਆ । ਗੁਰਮੁਖੇ ਅੰਦਰ ਵੇਖੇ ਮਾਰ ਝਾਤ, ਪੜਦਾ ਓਹਲਾ ਆਪ ਉਠਾਈਆ । ਬੰਦ ਕਿਵਾੜੀ ਖੋਲ੍ਹੇ ਤਾਕ, ਤ੍ਰੈਗੁਣ ਅਤੀਤਾ ਲਹਿਣਾ ਦਏ ਮੁਕਾਈਆ । ਆਪਣਾ ਆਪ ਆਪੇ ਲੱਭੇ ਜਾਤ, ਪਾਰਬ੍ਰਹਮ ਬ੍ਰਹਮ ਰੂਪ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਸਤਿ ਸਤਿ ਦਏ ਸਮਝਾਈਆ । ਸਤਿਜੁਗ ਸਾਚਾ ਸਦਾ ਨੇੜੇ, ਦੂਰ ਦੁਰਾਡਾ ਪੰਧ ਨਾ ਕੋਇ ਵਖਾਈਆ । ਜੋ ਗੁਰਮੁਖ ਸਤਿਗੁਰ ਦੇ ਵਸ ਗਏ ਖੇੜੇ, ਨਾਤਾ ਕੂੜ ਕੂੜ ਤੁੜਾਈਆ । ਮਨ ਵਾਸਨਾ ਮੁਕ ਗਏ ਝੇੜੇ, ਝਗੜਾ ਕਰੇ ਨਾ ਕੋਇ ਲੋਕਾਈਆ । ਉਨ੍ਹਾਂ ਦੇ ਪਰਮ ਪੁਰਖ ਪਰਮਾਤਮ ਆਪੇ ਆ ਜਾਏ ਵਿਹੜੇ, ਦੂਰ ਦੁਰਾਡਾ ਪੰਧ ਮੁਕਾਈਆ । ਕਲਜੁਗ ਸਤਿਜੁਗ ਦੋਹਾਂ ਦਾ ਫ਼ੈਸਲਾ ਹਕੀਕਤ ਹੱਕ ਵਿਚੋਂ ਨਬੇੜੇ, ਅਦਲ ਇਨਸਾਫ਼ ਆਪਣਾ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਘਰ ਦਏ ਸਮਝਾਈਆ । ਸਤਿਜੁਗ ਸੱਚਾ ਨਹੀਂ ਕੋਈ ਦੂਰ, ਮੰਜ਼ਲ ਮੰਜ਼ਲ ਪੰਧ ਨਾ ਕੋਇ ਮੁਕਾਈਆ । ਜਿਨ੍ਹਾਂ ਦੇ ਅੰਤਰ ਪੁਰਖ ਅਕਾਲ ਹਾਜ਼ਰ ਹਜ਼ੂਰ, ਹਜ਼ਰਤ ਹੋ ਕੇ ਬੈਠਾ ਡੇਰਾ ਲਾਈਆ । ਜੋਤੀ ਜਲਵਾ ਦੇਵੇ ਨੂਰ, ਸ਼ਬਦ ਅਨਾਦ ਕਰੇ ਸ਼ਨਵਾਈਆ । ਨਾਤਾ ਤੋੜ ਕੇ ਕੂੜੇ ਕੂੜ, ਸਚ ਸੁਚ ਦਏ ਵਰਤਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹ, ਨਾਮ ਧੰਦੇ ਦਏ ਲਗਾਈਆ । ਆਸਾ ਤ੍ਰਿਸਨਾ ਕਰੇ ਪੂਰ, ਜਗਤ ਤ੍ਰਿਸ਼ਨਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਦਵਾਰਾ ਇਕ ਵਖਾਈਆ । ਸਤਿਜੁਗ ਕਦੇ ਨਾ ਹੋਵੇ ਦੁਰਾਡਾ, ਦੂਰਨ ਦੂਰ ਨਜ਼ਰ ਕੋਇ ਨਾ ਪਾਈਆ । ਜਿਨ੍ਹਾਂ ਸਾਹਿਬ ਸਤਿਗੁਰ ਪਤਿਪਰਮੇਸ਼ਵਰ ਮੰਨਿਆ ਆਖਾ, ਆਖ਼ਰ ਮੰਜ਼ਲ ਚੜ੍ਹ ਕੇ ਬੈਠੇ ਡੇਰਾ ਲਾਈਆ । ਉਨ੍ਹਾਂ ਦਵਾਰੇ ਸਤਿਜੁਗ ਸਦਾ ਦਾਸੀ ਦਾਸਾ, ਸੇਵਕ ਹੋ ਕੇ ਸੇਵਾ ਆਪ ਕਮਾਈਆ । ਜਿਨ੍ਹਾਂ ਦਾ ਮਾਰਗ ਆਤਮ ਪਰਮਾਤਮ ਸਾਚਾ, ਸਚ ਸੁਚ ਸੰਜਮ ਇਕੋ ਇਕ ਬਣਾਈਆ । ਭਾਗ ਲੱਗੇ ਕਾਇਆ ਮਾਟੀ ਕਾਚਾ, ਕੰਚਨ ਗੜ੍ਹ ਦਏ ਸੁਹਾਈਆ । ਵੇਲਾ ਵਕਤ ਸੋ ਸੁਹੰਜਣਾ ਭਾਗਾ, ਜਿਸ ਵੇਲੇ ਆਦਿ ਨਿਰੰਜਣ ਕਰੇ ਰੁਸ਼ਨਾਈਆ । ਕਲਜੁਗ ਕੂੜ ਕਿਰਿਆ ਦੁਰਮਤ ਮੈਲ ਰਹੇ ਨਾ ਦਾਗ਼ਾ, ਪਤਿਤ ਪੁਨੀਤ ਠਾਂਡਾ ਸੀਤ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਦਰ ਸਤਿਜੁਗ ਸਾਚਾ ਸਦਾ ਸਦਾ ਰਖੇ ਧਰਮ ਦਾ ਸਮਾਜਾ, ਕੂੜ ਕੁੜਿਆਰਾ ਗੁਰਮੁਖਾਂ ਨੇੜ ਕਦੇ ਨਾ ਆਈਆ ।

## ੧੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਮਿਲਖਾ ਸਿੰਘ ਦੇ ਗ੍ਰਿਹਿ ਪਿੰਡ ਮਾੜੀ ਮੇਘਾ ਜ਼ਿਲਾ ਅੰਮ੍ਰਿਤਸਰ

ਸਤਿਜੁਗ ਸੱਚਾ ਪ੍ਰਭ ਚਰਨ ਕਵਲ ਪਿਆਰ, ਬਿਨ ਸਤਿਗੁਰ ਕਿਰਪਾ ਸਤਿਜੁਗ ਕੰਮ ਕਿਸੇ ਨਾ ਆਈਆ । ਜਿਥੇ ਅੰਮ੍ਰਿਤ ਬਰਖੇ ਸਦਾ ਠੰਡੀ ਧਾਰ, ਅਮਿਉਂ ਰਸ ਅੰਮ੍ਰਿਤ ਦਏ ਬਰਸਾਈਆ । ਕਾਇਆ ਹੱਟ ਅਗਨੀ ਤਤ ਕਰੇ ਠੰਡੀ ਠਾਰ, ਮਾਇਆ ਮਮਤਾ ਮੋਹ ਨਾ ਕੋਇ ਤਪਾਈਆ । ਜਨਮ ਕਰਮ ਦਾ ਲੇਖਾ ਦਏ ਨਿਵਾਰ, ਲੱਖ ਚੁਰਾਸੀ ਫੰਦ ਕਟਾਈਆ । ਸਾਚੇ ਗ੍ਰਿਹਿ ਕਰੇ ਧੁਰ ਦਰਬਾਰ, ਸਚਖੰਡ ਦਵਾਰਾ ਏਕੰਕਾਰਾ ਇਕੋ ਦਏ ਵਖਾਈਆ । ਜਿਥੇ ਦੀਵਾ ਬਾਤੀ ਕਮਲਾਪਾਤੀ ਇਕੋ ਕਰੇ ਉਜਿਆਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਦਾ ਭਗਤ ਭਗਵੰਤ ਲੱਗੀ ਰਹੇ ਬਹਾਰ, ਗੁਲਸ਼ਨ ਧੁਰ ਦਾ ਆਪ ਮਹਿਕਾਈਆ । ਖੇੜਾ ਉਜੜੇ ਨਾ ਕਦੇ ਜੁਗ ਚਾਰ, ਕੋਟਨ ਕੋਟ ਜੁਗ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਠਾਂਡੇ ਦਰਬਾਰ ਦਏ ਮਾਣ ਵਡਿਆਈਆ । ਨਾਤਾ ਤੋੜ ਕੇ ਕੂੜੇ ਕੂੜ, ਕੂੜੀ ਕਿਰਿਆ ਦਏ ਖਪਾਈਆ । ਧੁਰ ਦਾ ਬਖ਼ਸ਼ ਅਗੰਮੀ ਨੂਰ, ਨੂਰ ਨੁਰਾਨਾ ਚੰਦ ਚਮਕਾਈਆ । ਜਗਤ ਦਲਿੱਦ੍ਰ ਦੁੱਖ ਕਰ ਕੇ ਦੂਰ, ਦੁਰਮਤ ਮੈਲ ਸਾਫ਼ ਕਰਾਈਆ । ਨਜ਼ਰੀ ਆਵੇ ਹਾਜ਼ਰ ਹਜ਼ੂਰ, ਧੁਰ ਦਰਬਾਰੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕੋ ਦਏ ਪਰਗਟਾਈਆ । ਸਚਖੰਡ ਦਵਾਰਾ ਸਤਿਜੁਗ ਸਾਚੀ ਓਟ, ਪੁਰਖ ਅਕਾਲ ਦੀਨ ਦਿਆਲ ਦਇਆ ਕਮਾਈਆ । ਭਾਗ ਲੱਗੇ ਕਾਇਆ ਮਾਟੀ ਸਾਚੇ ਕੋਟ, ਬੰਕ ਦਵਾਰ ਸਾਢੇ ਤਿੰਨ ਹੱਥ ਦਏ ਵਡਿਆਈਆ । ਜਿਥੇ ਮਨ ਵਾਸਨਾ ਨਾ ਰਹੇ ਕੋਈ ਰੋਗ, ਜਗਤ ਤ੍ਰਿਸ਼ਨਾ ਨਾ ਕੋਇ ਸਤਾਈਆ । ਇਕੋ ਮਿਲੇ ਦਰਸ ਅਮੋਘ, ਭਾਂਡਾ ਭਰਮ ਭੌ ਭੰਨਾਈਆ । ਮੇਲਾ ਹੋਵੇ ਨਿਰਗੁਣ ਜੋਤ, ਜੋਤੀ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਚ ਗ੍ਰਿਹਿ ਦਏ ਵਖਾਈਆ । ਸਤਿਜੁਗ ਮਾਨਣ ਦਾ ਜਿਨ੍ਹਾਂ ਗੁਰਸਿਖਾਂ ਚਾਅ, ਆਸਾ ਮਨਸਾ ਵਿਚੋਂ ਪਰਗਟਾਈਆ । ਸੋ ਦਿਵਸ ਰੈਣ ਘੜੀ ਪਲ ਅੱਠੇ ਪਹਿਰ ਪੁਰਖ ਅਕਾਲ ਦਾ ਜਪਿਓ ਨਾਂ, ਮਾਇਆ ਮਮਤਾ ਮੋਹ ਚੁਕਾਈਆ । ਕਾਇਆ ਮੰਦਰ ਅੰਦਰ ਸੁਹਾਓ ਸੱਚਾ ਥਾਂ, ਭਗਤ ਦਵਾਰਾ ਸੋਭਾ ਪਾਈਆ । ਰਸਨਾ ਲਾਓ ਨਾ ਸੂਰ ਗਾਂ, ਅੰਮ੍ਰਿਤ ਰਸ ਪੀ ਕੇ ਨਾਮ ਖ਼ੁਮਾਰੀ ਲੈਣੀ ਚੜ੍ਹਾਈਆ । ਹੰਸ ਬੁਧੀ ਰਹੇ ਨਾ ਕਾਂ, ਸੋਹੰ ਹੰਸਾ ਜਾਪ ਜਪਾਈਆ । ਦੇਵੇ ਵਡਿਆਈ ਪਰਮ ਪੁਰਖ ਸਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣਾ ਰੰਗ ਰੰਗਾਈਆ । ਪੁਰਖ ਅਕਾਲ ਦੀਨ ਦਿਆਲ ਭਗਤ ਵਛਲ ਕਿਰਪਾਲ ਕੋਟ ਜਨਮ ਦੇ ਬਖ਼ਸ਼ ਗੁਨਾਂਹ, ਪਤਿਤ ਪੁਨੀਤ ਪਵਿਤ ਦਏ ਕਰਾਈਆ । ਜੋ ਜਨ ਸਰਨ ਸਰਨਾਈ ਡਿੱਗੇ ਆ, ਮਨ ਕਾ ਮੋਹ ਅਭਿਮਾਨ ਮਿਟਾਈਆ । ਤਿਸ ਸਾਹਿਬ ਸਤਿਗੁਰ ਬਾਹੋਂ ਪਕੜ ਲਏ ਉਠਾ, ਸੁਰਤੀ ਸ਼ਬਦ ਨਾਲ ਜੁੜਾਈਆ । ਖੇਵਟ ਖੇਟਾ ਦੋ ਜਹਾਨਾਂ ਬਣੇ ਹੱਕ ਮਲਾਹ, ਨਈਆ ਨੌਕਾ ਆਪਣਾ ਨਾਮ ਉਠਾਈਆ । ਲੈ ਕੇ ਜਾਵੇ ਦਰਗਾਹ ਸਾਚੀ ਸਚਖੰਡ ਸਾਚੇ ਥਾਂ, ਜਿਥੇ ਨਾ ਕੋਈ ਪਿਤਾ ਨਾ ਕੋਈ ਮਾਈਆ । ਜਿਥੇ ਨਾ ਕੋਈ ਭੈਣ ਨਾ ਕੋਈ ਭਰਾ, ਸਾਕ ਸੱਜਣ ਸੈਣ ਨਜ਼ਰ ਕੋਇ ਨਾ ਅੰਤਮ ਆਈਆ । ਜੋਤੀ ਜੋਤ ਲਏ ਸਮਾ, ਕਰੇ ਖੇਲ ਬੇਪਰਵਾਹੀਆ । ਦੇਵੇ ਵਡਿਆਈ ਅਗੰਮ ਅਥਾਹ, ਜੋ ਜਨ ਚਰਨੀ ਲੱਗੇ ਆ, ਸਤਿਜੁਗ ਸਾਚਾ ਦਏ ਵਖਾ, ਜਿਥੇ ਕਲਜੁਗ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧਰਮ ਦਵਾਰਾ ਇਕੋ ਇਕ ਸੁਹਾਈਆ ।

ਜਿਸ ਜਨ ਸਤਿਜੁਗ ਹੋਵੇ ਬਹਿਣਾ ਸਤਿ ਧਰਮ ਦਾ ਧਿਆਨ ਲਗਾਈਆ । ਵਸਣਾ ਹੋਵੇ ਸਾਚੇ ਦੇਸਾ, ਨਾਤਾ ਕੂੜ ਜਗਤ ਤੁੜਾਈਆ । ਓਸ ਸੁਣਨਾ ਇਕ ਨਾਮ ਧੁਰ ਸੰਦੇਸਾ, ਜੋ ਸੰਧਿਆ ਸਰਘੀ ਇਕੋ ਰੰਗ ਰੰਗਾਈਆ । ਮਾਤਲੋਕ ਵਿਚ ਆਤਮ ਹੋ ਕੇ ਆਏ ਪਰਦੇਸਾ, ਬੇਵਤਨਾਂ ਵਤਨ ਦਏ ਵਖਾਈਆ । ਜਿਥੇ ਕ਼ਲਮ ਸ਼ਾਹੀ ਦਾ ਨਹੀਂ ਕੋਈ ਲੇਖਾ, ਕਾਗਦ ਕਾਗ਼ਜ਼ ਸ਼ਾਹੀ ਵੰਡ ਨਾ ਕੋਇ ਵੰਡਾਈਆ । ਇਕੋ ਪਰਮ ਪੁਰਖ ਪਰਮਾਤਮ ਵਾਹਿਦ ਬੈਠਾ ਨਰ ਨਰੇਸ਼ਾ, ਨਰ ਨਰਾਇਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਾਧ ਸੰਤ ਭਗਤ ਭਗਵੰਤ ਆਤਮ ਪਰਮਾਤਮ ਦੇਵੇ ਸਾਚਾ ਵਰ, ਵਰ ਦਾਤਾ ਪੁਰਖ ਬਿਧਾਤਾ, ਕਲਜੁਗ ਮੇਟੇ ਅੰਧੇਰੀ ਰਾਤਾ, ਸਤਿਜੁਗ ਸਾਚਾ ਸਚ ਕਰੇ ਪਰਕਾਸ਼ਾ, ਜੋ ਜਨ ਸ਼ਬਦ ਸਤਿਗੁਰ ਉਤੇ ਰਖੇ ਭਰਵਾਸਾ, ਸੰਸਾ ਰੋਗ ਗ਼ਮ ਚਿੰਤਾ ਹਿੰਸਾ ਅੰਦਰ ਬਾਹਰ ਰਹਿਣ ਕੋਇ ਨਾ ਪਾਈਆ ।

## ✪ ੧੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਮਨੀ ਸਿੰਘ ਦੇ ਗ੍ਰਿਹ ਪਿੰਡ ਸਿਧਵਾ ਜ਼ਿਲਾ ਅੰਮ੍ਰਿਤਸਰ ✪

ਸਾਚੀ ਸ਼ਰਨ ਸ੍ਰੀ ਭਗਵਾਨ, ਜੁਗ ਚੌਕੜੀ ਜਨ ਭਗਤਾਂ ਦੇਵੇ ਮਾਣ ਵਡਿਆਈਆ । ਸ਼ਬਦ ਨਿਧਾਨਾ ਦੇਵੇ ਦਾਨ, ਨਾਮ ਅਮੋਲਕ ਝੋਲੀ ਪਾਈਆ । ਕੂੜੀ ਕਿਰਿਆ ਮੇਟੇ ਵਿਚੋਂ ਜਹਾਨ, ਮਾਇਆ ਮਮਤਾ ਮੋਹ ਚੁਕਾਈਆ । ਸੁਰਤੀ ਦੇਵੇ ਸ਼ਬਦ ਗਿਆਨ, ਬੋਧ ਅਗਾਧ ਕਰੇ ਪੜ੍ਹਾਈਆ ।
੧੦੦੦ ੧੯ ਨੇਤਰ ਲੋਚਨ ਨੈਣ ਖੋਲ੍ਹੇ ਅੱਖ ਮਹਾਨ, ਪੜਦਾ ਉਹਲਾ ਆਪ ਉਠਾਈਆ । ਸਾਚਾ ਮੰਦਰ ਦੱਸੇ ਵਾਲੀ ਦੋ ਜਹਾਨ, ਸਚਖੰਡ ਦਵਾਰ ਏਕੰਕਾਰ ਇਕੋ ਇਕ ਸੁਹਾਈਆ । ੧੦੦੦ ੧੯
ਸੰਤ ਸੁਹੇਲਾ ਇਕ ਅਕੇਲਾ ਗੁਣਵੰਤ ਹੋਵੇ ਮਿਹਰਵਾਨ, ਮਹਿਬੂਬ ਮੁਹੱਬਤ ਇਕ ਸਮਝਾਈਆ । ਲੱਖ ਚੁਰਾਸੀ ਆਵਣ ਜਾਵਣ ਚੁੱਕੇ ਕਾਣ, ਜਮ ਕੀ ਫਾਸੀ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਦਏ ਵਡਿਆਈਆ । ਸਾਚੀ ਸਰਨ ਪੁਰਖ ਅਬਿਨਾਸ਼, ਦੇਵਣਹਾਰ ਸੱਚੀ ਵਡਿਆਈਆ । ਮਾਨਸ ਜਨਮ ਕਰੇ ਰਾਸ, ਦੁਰਮਤ ਮੈਲ ਧਵਾਈਆ । ਸਾਚੀ ਜੋਤ ਕਰੇ ਪਰਕਾਸ਼, ਨਿਰਗੁਣ ਨੂਰ ਨੂਰ ਰੁਸ਼ਨਾਈਆ । ਕੂੜੀ ਕਿਰਿਆ ਕਰੇ ਘਾਤ, ਮਨ ਵਿਕਾਰ ਕਾਇਆ ਮੰਦਰ ਰਹਿਣ ਨਾ ਪਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਆਪਣਾ ਨਾਮ ਕਰੇ ਰੁਸ਼ਨਾਈਆ । ਜਨ ਭਗਤਾਂ ਦੇਵੇ ਆਤਮ ਪਰਮਾਤਮ ਹੋ ਕੇ ਸਾਥ, ਸਗਲਾ ਸੰਗੀ ਇਕੋ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਵਾਰੇ ਆਪਣੀ ਮੰਜ਼ਲ ਘਾਟ, ਅਧਵਿਚਕਾਰ ਸਕੇ ਨਾ ਕੋਇ ਅਟਕਾਈਆ । ਸਾਚੀ ਓਟ ਪੁਰਖ ਸਮਰਥ, ਨਿਤ ਨਿਤ ਆਪਣੀ ਦਇਆ ਕਮਾਈਆ । ਜਨ ਭਗਤਾਂ ਹਿਰਦੇ ਜਾਏ ਵਸ, ਆਤਮ ਪਰਮਾਤਮ ਜੋੜ ਜੁੜਾਈਆ । ਨਾਮ ਅਣਿਆਲਾ ਤੀਰ ਮਾਰੇ ਕਸ, ਤਿੱਖੀ ਮੁਖੀ ਧਾਰ ਆਪ ਚਲਾਈਆ । ਕੂੜ ਕੁੜਿਆਰ ਤਨ ਵਿਕਾਰ ਦੇਵੇ ਮਥ, ਭਾਂਡਾ ਭਰਮ ਭੌ ਭੰਨਾਈਆ । ਵਸਤ ਅਮੋਲਕ ਸਾਚੀ ਧਾਰ ਅੰਦਰ ਦੇਵੇ ਰੱਖ, ਰੱਖਕ ਹੋ ਕੇ ਸੇਵ ਆਪ ਕਮਾਈਆ । ਆਪਣੇ ਮਿਲਣ ਦੀ ਸਾਚੇ ਸੰਤਾਂ ਖੋਲ੍ਹੇ ਅੱਖ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਅੰਮ੍ਰਿਤ ਨਾਮ ਨਿਝਰ ਰਸ ਦੇਵੇ ਹੱਸ ਹੱਸ, ਹਸਤੀ ਵਿਚ ਮਸਤੀ ਨਾਮ ਖ਼ੁਮਾਰੀ ਇਕ ਚੜ੍ਹਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਨਾਮ ਜੈਕਾਰਾ ਦੱਸੇ ਇਕ ਅਲੱਖ, ਅਲਖ ਅਗੋਚਰ ਭੇਵ ਅਭੇਦਾ ਆਪ ਖੁਲ੍ਹਾਈਆ । ਸਾਚੀ ਸਰਨ ਪੁਰਖ ਅਬਿਨਾਸ਼ੀ, ਏਥੇ ਓਥੇ ਦੋ ਜਹਾਨ ਦੇ ਵਡਿਆਈਆ । ਸਾਚੇ ਮੰਦਰ ਅਗੰਮ ਅਥਾਹ ਵਖਾਏ ਰਾਸੀ, ਗੋਪੀ ਕਾਹਨ ਸੁਰਤੀ ਸ਼ਬਦੀ ਇਕੋ ਰੰਗ ਰੰਗਾਈਆ । ਕਰੇ ਖੇਲ ਪਾਰਬ੍ਰਹਮ ਪਤਿਪਰਮੇਸ਼ਵਰ ਕਮਲਾਪਾਤੀ, ਬੇਅੰਤ ਬੇਪਰਵਾਹ ਪੜਦਾ ਓਹਲਾ ਦਏ ਚੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੋ ਜਹਾਨਾਂ ਬਣੇ ਸਗਲਾ ਸਾਥੀ, ਆਵਣ ਜਾਵਣ ਪਤਿਤ ਪਾਵਨ ਲੇਖੇ ਦਏ ਲਗਾਈਆ । ਜਨ ਭਗਤਾਂ ਨਾਮ ਨਿਧਾਨ ਸੁਣਾਏ ਧੁਰ ਦੀ ਸਾਖੀ, ਸਾਖਿਆਤ ਹੋ ਕੇ ਆਪਣਾ ਦਰਸ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਸੰਦੇਸ਼ਾ ਦੇਵੇ ਧੁਰ ਦੀ ਪਾਤੀ, ਪਤ੍ਰਿਕਾ ਇਕੋ ਹੱਥ ਫੜਾਈਆ । ਸਾਚੀ ਓਟ ਪੁਰਖ ਅਕਾਲ, ਅਕਲ ਕਲਧਾਰੀ ਦਇਆ ਕਮਾਈਆ । ਜਿਸ ਦਵਾਰੇ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਤ੍ਰੈਗੁਣ ਮਾਇਆ ਨਾ ਰਹੇ ਜੰਜਾਲ, ਪੰਜ ਵਿਕਾਰ ਨਾ ਕੋਇ ਲੜਾਈਆ । ਆਪੇ ਪੁਛੇ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਫੇਰਾ ਪਾਈਆ । ਲੋਕਮਾਤ ਕਰੇ ਸੰਭਾਲ, ਸੰਬਲ ਨਿਰਗੁਣ ਜੋਤ ਕਰ ਰੁਸ਼ਨਾਈਆ । ਲਹਿਣਾ ਦੇਣਾ ਚੁਕਾਵੇ ਸ਼ਾਹ ਕੰਗਾਲ, ਰਾਓ ਰੰਕ ਵੇਖੇ ਥਾਉਂ ਥਾਈਂਆ । ਭਗਤ ਸੁਹੇਲੇ ਸੰਤ ਸੱਜਣ ਲਏ ਭਾਲ, ਗੁਰਮੁਖ ਗੁਰਸਿਖ ਖੋਜ ਖੁਜਾਈਆ । ਲੱਖ ਚੁਰਾਸੀ ਵਿਚੋਂ ਬਣਾ ਕੇ ਆਪਣੇ ਲਾਲ, ਲਾਲ ਗੁਲਾਲਾ ਦੀਨ ਦਿਆਲਾ ਇਕੋ ਰੰਗ ਰੰਗਾਈਆ । ਕਾਇਆ ਮੰਦਰ ਅੰਦਰ ਸਾਚਾ ਮੰਦਰ ਦੱਸੇ ਧੁਰ ਦੀ ਧਰਮਸਾਲ, ਧਰਮ ਦਵਾਰਾ ਇਕੋ ਇਕ ਪਰਗਟਾਈਆ । ਸ਼ਬਦ ਨਾਦ ਧੁਨ ਅਗੰਮੀ ਵਜਾਏ ਤਾਲ, ਜਗਤ ਤਲਵਾੜੇ ਦੀ ਲੋੜ ਰਹੇ ਨਾ ਰਾਈਆ । ਸਾਚਾ ਦੀਪਕ ਜੋਤ ਜਗੇ ਬੇਮਿਸਾਲ, ੧੦੦੧ ੧੯
ਜਿਸ ਦੀ ਮਿਸਲ ਜਗਤ ਨਾ ਕੋਇ ਸਮਝਾਈਆ । ਜਨ ਭਗਤਾਂ ਸਚ ਦਵਾਰ ਏਕੰਕਾਰ ਇਕ ਇਕੱਲਾ ਮਿਲੇ ਆਣ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿਵਾਦੀ ਸਤਿ ਪੁਰਖ ਸਤਿ ਧਰਮ ਲੋਕਮਾਤ ਬਿਨ ਵਰਨ ਜੋਤ ਜਾਤ ਪਾਤ ਭਗਤ ਭਗਵੰਤ ਮੇਲਾ ਕਰ ਕੇ ਸਾਚੇ ਸੰਤ, ਅਨੰਤ ਕਲ ਆਪਣੀ ਦਏ ਸਮਝਾਈਆ ।

### ✪ ੧੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਮੋਤਾ ਸਿੰਘ, ਦਲੀਪ ਸਿੰਘ ਦੇ ਗ੍ਰਿਹ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਧਾਰਾ ਪ੍ਰਭ ਬਦਲੇ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗੰਬਰ ਖ਼ੁਸ਼ੀ ਸਰਬ ਮਨਾਣ, ਸਚਖੰਡ ਦਵਾਰੇ ਵੱਜੇ ਸਰਬ ਵਧਾਈਆ । ਕਰੇ ਖੇਲ ਜੋਧਾ ਸੂਰਬੀਰ ਵਡ ਬਲਵਾਨ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਮਨਾਈਆ । ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਪਾਏ ਇਕੋ ਆਣ, ਚਾਰ ਕੁੰਟ ਦਹਿ ਦਿਸ਼ਾ ਸਿਰ ਸਕੇ ਨਾ ਕੋਇ ਉਠਾਈਆ । ਸਾਚਾ ਨਾਮ ਮੰਤਰ ਨਿਰੰਤਰ ਦੱਸੇ ਇਕ ਗਿਆਨ, ਬੋਧ ਅਗਾਧ ਸ਼ਬਦ ਅਨਾਦ ਬ੍ਰਹਮ ਪਾਰਬ੍ਰਹਮ ਕਰੇ ਪੜ੍ਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਰੇ ਪਰਵਾਨ, ਸੋਹਲਾ ਢੋਲਾ ਨਾਮ ਵਿਚੋਲਾ ਇਕੋ ਰਾਗ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,

ਸਾਹਿਬ ਸਵਾਮੀ ਅੰਤਰਜਾਮੀ ਅਨਬੋਲਤ ਆਪਣਾ ਰਾਗ ਸੁਣਾਈਆ । ਸਤਿਜੁਗ ਸਾਚਾ ਸਤਿ ਧਰਮ ਦਾ ਗਾਵੇ ਇਕੋ ਢੋਲਾ, ਢੋਆ ਲੋਕਮਾਤ ਜਣਾਈਆ । ਸ਼ਬਦ ਗੁਰੂ ਹੋਵੇ ਵਿਚੋਲਾ, ਵਿਚਲਾ ਭੇਵ ਦੇਵੇ ਖੁਲ੍ਹਾਈਆ । ਆਤਮ ਪਰਮਾਤਮ ਸਾਂਝਾ ਹੋਵੇ ਬੋਲਾ, ਨਿਰਗੁਣ ਮਿਲ ਕੇ ਨਿਰਗੁਣ ਖ਼ੁਸ਼ੀ ਵਖਾਈਆ । ਮਨੂਆ ਮਨ ਨਾ ਪਾਵੇ ਰੌਲਾ, ਹਾਹਾਕਾਰ ਨਾ ਕੋਇ ਲੋਕਾਈਆ । ਮਿਲੇ ਵਡਿਆਈ ਉਪਰ ਧਰਨੀ ਧਰਤ ਧੌਲਾ, ਧਰਮ ਦੀ ਧਾਰ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਸਤਿ ਸਤਿਵਾਦੀ ਆਪ ਸਮਝਾਈਆ । ਸਤਿਜੁਗ ਸਾਚਾ ਦੱਸੇ ਨਾਮ ਅਗੰਮੀ ਏਕ, ਏਕੰਕਾਰ ਕਰੇ ਪੜ੍ਹਾਈਆ । ਵਰਨ ਬਰਨ ਦੱਸੇ ਸਾਚੀ ਟੇਕ, ਟਿੱਕੇ ਮਸਤਕ ਦਏ ਰਮਾਈਆ । ਕੂੜੀ ਕਿਰਿਆ ਮਿਟੇ ਰੇਖ, ਜੂਠ ਝੂਠ ਜਗਤ ਅਪਰਾਧ ਸਾਧ ਰਹਿਣ ਕੋਇ ਨਾ ਪਾਈਆ । ਲੇਖਾ ਰਹੇ ਨਾ ਕਿਸੇ ਮੁੱਲਾ ਸ਼ੇਖ਼, ਮੁਸਾਇਕ ਪੀਰ ਰੋਵਣ ਮਾਰਨ ਧਾਈਆ । ਪੰਡਤ ਪਾਂਧਾ ਲਏ ਕੋਈ ਨਾ ਭੇਟ, ਬਾਰਾਂ ਰਾਸੀ ਵਿਚ ਪੁਰਖ ਅਬਿਨਾਸ਼ੀ ਨਾ ਕੋਇ ਫਸਾਈਆ । ਸਭ ਦੀ ਸੁਰਤੀ ਕਰੇ ਚੇਤਨ ਚੇਤ, ਚਿਤ ਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਇਕ ਇਕੱਲਾ ਆਤਮ ਪਰਮਾਤਮ ਕਰੇ ਸਾਚਾ ਹੇਤਨ ਹੇਤ, ਸਚ ਪਿਆਰ ਏਕੰਕਾਰ ਸ਼ਬਦੀ ਧਾਰ ਆਪ ਸਮਝਾਈਆ । ਸਤਿ ਧਰਮ ਸਤਿਜੁਗ ਸਾਚੀ ਦੇਵੇ ਸ਼ਾਂਤ, ਧੀਰਜ ਧੀਰ ਸਰਬ ਬੰਧਾਈਆ । ਜਨ ਭਗਤ ਉਪਜਾਏ ਖੇਲ ਕਰੇ ਬਹੁ ਬਿਧ ਭਾਂਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਵਰਤਾਈਆ । ਸਾਚੇ ਸੰਤਾਂ ਲੱਖ ਚੁਰਾਸੀ ਵਿਚੋਂ ਪੁੱਛੇ ਬਾਤ, ਵਾਤਾਵਰਨ ਵਰਨ ਬਰਨ ਖੋਜੇ ਥਾਉਂ ਥਾਈਂਆ । ਲੇਖਾ ਜਾਣੇ ਬ੍ਰਹਿਮੰਡ ਖੰਡ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਅਠਾਰਾਂ ਬਰਨ ਬਣਾਏ ਧੁਰ ਦੀ ਸਚ ਜਮਾਤ, ਜ਼ਾਮਨ ਹੋ ਕੇ ਰਾਮਨ ਹੋ ਕੇ ਕਾਮਨ ਕਾਮਨੀ ਦਏ ਖਪਾਈਆ । ਸਤਿਜੁਗ ਸਾਚੇ ਪ੍ਰਭ ਸਾਚਾ ਦੇਵੇ ਆਪ ਸਬੂਤ, ਸਾਹਿਬ ਸੁਲਤਾਨ ਦਇਆ ਕਮਾਈਆ । ਭਾਗ ਲਗਾ ਕੇ ਕਾਇਆ ਮਾਟੀ ਪੰਜ ਤਤ ਕਲਬੂਤ, ਕਲਮਾ ਧੁਰ ਦਏ ਪੜ੍ਹਾਈਆ । ਏਥੇ ਓਥੇ ਦੋ ਜਹਾਨਾਂ ਰਖੇ ਮਹਿਫ਼ੂਜ਼, ਸਿਰ ਆਪਣਾ ਹੱਥ ਰਖਾਈਆ । ਹੱਕ ਵਖਾਏ ਅਰਸ਼ ਅਰੂਜ, ਜ਼ਿਮੀਂ ਅਸਮਾਨਾਂ ਡੇਰਾ ਢਾਹੀਆ । ਸਚ ਚੜ੍ਹਾਏ ਮੰਜ਼ਲੇ ਮਕ਼ਸੂਦ, ਮਸਲਾ ਇਕੋ ਦਏ ਦ੍ਰਿੜਾਈਆ । ਕਲਮਾ ਦ੍ਰਿੜਾਏ ਹਜਾਰਾ ਦਰੂਦ, ਦਰ ਹੋਰ ਨਾ ਕੋਇ ਫਿਰਾਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇ ਹਾਜਰ ਮੌਜੂਦ, ਨਿਰਗੁਣ ਨੂਰ ਕਰ ਰੁਸ਼ਨਾਈਆ । ਲਹਿਣਾ ਦੇਣਾ ਝਗੜਾ ਮੁਕਾਏ ਤਨ ਵਜੂਦ, ਵੁਜ਼ੂ ਬਾਂਗ ਰੋਜ਼ਾ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕੋ ਇਕ ਪਰਗਟਾਈਆ । ਸਤਿ ਧਰਮ ਸਭ ਦੇ ਅੰਦਰੋਂ ਖੋਲ੍ਹੇ ਰਾਜ਼, ਰਹਿਮਤ ਆਪਣੀ ਆਪ ਕਮਾਈਆ । ਧੁਰ ਦਾ ਕਲਮਾ ਲੇਖਾ ਜਾਣੇ ਕਾਇਨਾਤ, ਕਾਇਦਾ ਕ਼ਾਨੂੰਨ ਅੰਦਰੋਂ ਦਏ ਬਦਲਾਈਆ । ਨਾਮ ਅਗੰਮੀ ਵਜਾਏ ਰਬਾਬ, ਅਹਿਬਾਬ ਹੋ ਕੇ ਕਰੇ ਆਪ ਸ਼ਨਵਾਈਆ । ਜੁਗ ਚੌਕੜੀ ਪੂਰਬ ਰਖੇ ਯਾਦ, ਅਭੁਲ ਭੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਖੇੜਾ ਕਰੇ ਆਬਾਦ, ਆਬਾਦੀ ਭਗਤਾਂ ਵਿਚ ਸਹਿਜੇ ਸਹਿਜੇ ਦਏ ਟਿਕਾਈਆ । ਸਾਚਾ ਸਤਿਜੁਗ ਸਭ ਦਾ ਨੂਰ, ਨੂਰ ਨੁਰਾਨਾ ਆਪ ਚਮਕਾਈਆ । ਜੁਗ ਚੌਕੜੀ ਜਿਸ ਦੇ ਮਜ਼ਦੂਰ, ਨਿਤ ਨਵਿਤ ਸੇਵ ਕਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਬਦਲ ਕੇ ਆਪਣਾ ਦਸਤੂਰ,

੧੦੦੨
੧੯

ਦਸਤ ਬਦਸਤ ਲੇਖਾ ਸਭ ਦਾ ਦਏ ਮੁਕਾਈਆ । ਸਤਿਜੁਗ ਸਾਚਾ ਲੋਕਮਾਤ ਧਰਮ ਦੀ ਧਾਰ ਧਰੇ ਜ਼ਰੂਰ, ਜ਼ਰੂਰਤ ਭਗਤਾਂ ਵੇਖ ਵਖਾਈਆ । ਸਚ ਪ੍ਰੇਮ ਪਿਆਰ ਮੁਹੱਬਤ ਵਿਚ ਕਰੇ ਮਜਬੂਰ, ਮੁਸ਼ਕਲ ਵਿਚੋਂ ਮੁਸੀਬਤ ਮੁਸੀਬਤ ਵਿਚੋਂ ਗ਼ਨੀਮਤ ਆਪਣਾ ਨਾਮ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਸਤਿ ਸਤਿਵਾਦ ਆਪਣਾ ਨਾਮ ਸਮਝਾਈਆ । ਸਤਿਜੁਗ ਸਾਚਾ ਮਾਤਲੋਕ ਦੇਵੇ ਇਸ਼ਾਰਾ, ਐਸ਼ੋ ਇਸ਼ਰਤ ਕੂੜਾ ਰਹਿਣ ਕੋਇ ਨਾ ਪਾਈਆ । ਮਾਇਆ ਮਮਤਾ ਮੋਹ ਦੂਰ ਹੋਵੇ ਕਿਨਾਰਾ, ਤਟ ਕਿਨਾਰਾ ਖ਼ਾਲੀ ਦਏ ਕਰਾਈਆ । ਸਾਚਾ ਨਾਮ ਸ਼ਬਦ ਬੋਧ ਅਗਾਧ ਬੋਲ ਜੈਕਾਰਾ, ਜੈ ਜੈਕਾਰਾ ਸ੍ਰਿਸ਼ਟ ਸਬਾਈ ਦਏ ਸਮਝਾਈਆ । ਨਿਰਮਲ ਦੀਆ ਜੋਤ ਕਰ ਉਜਿਆਰਾ, ਚਾਰ ਕੁੰਟ ਦਹਿ ਦਿਸ਼ਾ ਕਰੇ ਸ਼ਨਵਾਈਆ । ਸਤਿਜੁਗ ਸਾਚਾ ਸਚ ਵਰਤੇ ਵਰਤਾਰਾ, ਜਿਸ ਦਾ ਵਾਰਸ ਵਿਰਸੇ ਦਾ ਮਾਲਕ ਸ੍ਰੀ ਭਗਵਾਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨ ਹੁਕਮੇਂ ਅੰਦਰ ਬਣੇ ਸਚ ਸਿਕਦਾਰਾ, ਨਾਮ ਫ਼ਰਮਾਨ ਸ੍ਰੀ ਭਗਵਾਨ ਗੁਣ ਨਿਧਾਨ ਨੌਜਵਾਨ ਮਰਦ ਮਰਦਾਨ ਇਕ ਇਕੱਲਾ ਨਵ ਸਤ ਮਹੱਲਾ ਜਲਾਂ ਥਲਾਂ ਪਹਾੜ ਟਿੱਲੇ ਪਰਬਤ ਚੋਟੀ ਸਮੁੰਦ ਸਾਗਰ ਆਪ ਜਣਾਈਆ । ਸਤਿਗੁਰ ਸ਼ਬਦ ਕਰੇ ਸਚ ਕਿਰਪਾ, ਕਿਰਪਾ ਨਿਧਾਨ ਦਇਆ ਕਮਾਈਆ । ਮਾਨਸ ਜਨਮ ਦੀ ਕਟੇ ਬਿਪਤਾ, ਪ੍ਰੀਤਮ ਪ੍ਰੀਤੀ ਵਿਚ ਸਮਾਈਆ । ਤੀਜੀ ਵਾਰਾ ਜਨਮ ਵਿਚੋਂ ਜਨਮ ਬਦਲੇ ਫੇਰ ਸਿੱਖ ਦਾ, ਸਿਖਿਆ ਵਿਚ ਸਾਖਿਆਤ ਦਏ ਸਮਝਾਈਆ । ਅੰਤ ਵੇਲਾ ਜਿਹੜਾ ਕਿਸੇ ਨਹੀਂ ਦਿਸਦਾ, ਸਤਿਗੁਰ ਸ਼ਬਦ ਦਏ ਦ੍ਰਿੜਾਈਆ । ਜੋ ਪ੍ਰਭ ਚਰਨ ਦਵਾਰੇ ਵਿਕਦਾ, ਹਰਿ ਕਰਤਾ ਆਪੇ ਕ਼ੀਮਤ ਦੇਵੇ ਪਾਈਆ । ਜਨ ਭਗਤੋ ਇਹ ਲਹਿਣਾ ਨਹੀਂ ਕੋਈ ਇੰਦਰ ਸਿੰਘ ਇਕ ਦਾ, ਸਾਰਿਆਂ ਉਤੇ ਰਹਿਮ ਕਰ ਕੇ ਮੌਤ ਦਾ ਸਹਿਮ ਅੰਦਰੋਂ ਦਏ ਕਢਾਈਆ । ਸਭ ਦੀ ਆਸਾ ਮਨਸਾ ਪੂਰੀ ਕਰੇ ਪਿਆਰ ਹੋਵੇ ਸੱਚੇ ਹਿਤ ਦਾ, ਹਿਤਕਾਰੀ ਹੋ ਕੇ ਨਿਰੰਕਾਰੀ ਹੋ ਕੇ ਨਿਰਾਕਾਰ ਸਾਕਾਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਨੇਤਰਾਂ ਨਾਲ ਜਗਤ ਜੀਵਾਂ ਨਹੀਂ ਦਿਸਦਾ, ਜਨ ਭਗਤਾਂ ਅੰਦਰ ਵੜ ਕੇ ਮੰਦਰ ਚੜ੍ਹ ਕੇ ਆਤਮ ਪਰਮਾਤਮ ਫੜ ਕੇ ਘਰ ਘਰ ਮੇਲਾ ਰਿਹਾ ਮਿਲਾਈਆ ।



### ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ ਸੇਵਾ ਸਿੰਘ ਦੇ ਗ੍ਰਿਹ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ

ਗੁਰਸਿਖਾਂ ਜੁਗ ਜੁਗ ਸਾਰ ਸੰਭਾਲਦਾ, ਮਹਾਂਸਾਰਥੀ ਪਰਮਾਰਥੀ ਦਇਆ ਕਮਾਈਆ । ਲੱਖ ਚੁਰਾਸੀ ਜੀਵ ਜੰਤ ਵਿਚੋਂ ਭਾਲਦਾ, ਅਨਖੋਜਤ ਖੋਜ ਖੋਜ ਖੋਜ ਲਏ ਉਠਾਈਆ । ਝਗੜਾ ਮੁਕਾਵੇ ਕੂੜ ਕਿਰਿਆ ਜੰਜ਼ਾਲ ਦਾ, ਪੜਦਾ ਓਹਲਾ ਆਪ ਉਠਾਈਆ । ਸਚ ਦਵਾਰਾ ਇਕ ਵਖਾਲਦਾ, ਜਿਸ ਗ੍ਰਿਹ ਮਿਲੇ ਮਾਣ ਵਡਿਆਈਆ । ਜਨ ਭਗਤਾਂ ਸਦਾ ਸੰਗੀ ਹੋਵੇ ਨਾਲ ਦਾ, ਨਾਲਾਇਕ ਲਾਇਕ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਨਸ ਜਨਮ ਲੇਖੇ ਲਾਈਆ । ਗੁਰਮੁਖਾਂ ਸਦਾ ਪੈਜ ਸਵਾਰੇ, ਪ੍ਰਿਤਪਾਲਕ ਦਇਆ ਕਮਾਈਆ । ਦੇਵੇ

ਵਸਤ ਨਾਮ ਹਰਿ ਥਾਰੇ, ਥਿਰ ਘਰ ਦਵਾਰਾ ਇਕੋ ਦਏ ਸਮਝਾਈਆ । ਅੰਮ੍ਰਿਤ ਬਖ਼ਸ਼ ਅਮਿਉਂ ਰਸ ਠੰਡੀ ਧਾਰੇ, ਧਰਨਾਪਤ ਧਰਨੀ ਧਰਤ ਉਤੇ ਸੋਭਾ ਪਾਈਆ । ਸਾਚਾ ਦੱਸ ਸਚ ਘਰ ਇਕ ਦਵਾਰੇ, ਧਾਮ ਅਵੱਲੜੇ ਦਏ ਬਹਾਈਆ । ਜਿਥੇ ਕਾਲ ਮਹਾਂਕਾਲ ਚਲੇ ਨਾ ਕੋਇ ਚਾਰੇ, ਚਾਰੇ ਖਾਣੀ ਲੇਖਾ ਦਏ ਮੁਕਾਈਆ । ਗੁਰਮੁਖਾਂ ਸਾਰ ਸਦਾ ਸਮਾਲੇ, ਸਮੇਂ ਦਾ ਮਾਲਕ ਸਮੇਂ ਵਿਚ ਦਏ ਵਡਿਆਈਆ । ਜੋ ਨਾਮ ਪ੍ਰੀਤੀ ਘਾਲ ਰਹੇ ਘਾਲੇ, ਦਿਵਸ ਰੈਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਿਖਾਂ ਸਾਰ ਸਮਾਲਣ ਯੋਗ, ਜਗਤ ਮਾਲਕ ਇਕ ਅਖਵਾਈਆ । ਕਰਮ ਕਰਮ ਦਾ ਕਟ ਰੋਗ, ਸਤਿ ਧਰਮ ਦਾ ਬੰਧਨ ਪਾਈਆ । ਦਰਸ ਵਿਖਾ ਨੇਤਰ ਅਮੋਘ, ਨਿਜ ਨੈਣ ਕਰੇ ਰੁਸ਼ਨਾਈਆ । ਰਸਨਾ ਰਸ ਦੇਵੇ ਅੰਮ੍ਰਿਤ ਚੋਗ, ਚੁਗ਼ਲੀ ਨਿੰਦਿਆ ਕੂੜੀ ਕਿਰਿਆ ਵਿਚੋਂ ਬਾਹਰ ਰਖਾਈਆ । ਕਰੇ ਪਰਕਾਸ਼ ਨਿਰਗੁਣ ਸਾਚੀ ਜੋਤ, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਜਨ ਭਗਤਾਂ ਸਮਾਲੇ ਸਾਰ, ਸਾਹ ਸਾਹ ਵੇਖ ਵਖਾਈਆ । ਬਖ਼ਸ਼ੇ ਸਚ ਪਿਆਰ, ਚਰਨ ਪ੍ਰੀਤੀ ਵਿਚ ਵਡਿਆਈਆ । ਮਾਨਸ ਜਨਮ ਜਾਏ ਸਵਾਰ, ਸਵਾਰਥ ਜਗਤ ਨਾ ਕੋਇ ਰਖਾਈਆ । ਸਾਚੀ ਮੰਜ਼ਲ ਜਾਵੇ ਚਾੜ੍ਹ, ਠਾਂਡੇ ਦਰਬਾਰ ਦਏ ਵਡਿਆਈਆ । ਜਿਥੇ ਵਸਣ ਗੁਰ ਅਵਤਾਰ, ਪੈਗ਼ੰਬਰ ਸੋਭਾ ਪਾਈਆ । ਜਨ ਭਗਤ ਸੋਹਣ ਓਸੇ ਘਰ ਬਾਰ, ਜਿਸ ਦਾ ਮਾਲਕ ਇਕੋ ਨਜ਼ਰੀ ਆਈਆ । ਚੁਰਾਸੀ ਵਿਚ ਨਾ ਆਵਣ ਦੂਜੀ ਵਾਰ, ਜੂਨੀਆ ਵਿਚ ਨਾ ਕੋਇ ਭਵਾਈਆ । ਵਿਛੋੜੇ ਵਿਚ ਹੋਣਾ ਨਾ ਪਏ ਖ਼ੁਆਰ, ਗ਼ਮੀ ਦੀ ਚੋਟ ਨਾ ਕੋਇ ਲਗਾਈਆ ।
੧੦੦੪ ੧੯ ਮੰਜ਼ਲ ਰਹੇ ਨਾ ਕੋਇ ਦੁਸ਼ਵਾਰ, ਮੁਸ਼ਕਲ ਘਾਟੀ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸਦਾ ਬੇੜਾ ਕਰੇ ਪਾਰ, ਪਾਰਬ੍ਰਹਮ ਹੋ ਕੇ ਆਪਣੀ ਸੇਵ ਕਮਾਈਆ । ੧੦੦੪ ੧੯

### ✪ ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਸੁਰਜੀਤ ਕੌਰ ਦੇ ਗ੍ਰਹਿ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ✪

ਜਨ ਭਗਤਾਂ ਸਾਰ ਸਮਾਲ ਸਦਾ ਪ੍ਰਭ ਵੇਖੇ, ਵੇਖਣਯੋਗ ਇਕ ਅਖਵਾਈਆ । ਜਨਮ ਕਰਮ ਦੀ ਬਦਲ ਦੇਵੇ ਰੇਖੇ, ਰਿਖੀਆਂ ਮੁਨੀਆਂ ਨੂੰ ਅਗਲਾ ਘਰ ਦਏ ਵਖਾਈਆ । ਜਿਥੇ ਮਿਲਦੇ ਨਾਮ ਸ਼ਬਦ ਸੰਦੇਸ਼ੇ, ਸੁਤਿਆਂ ਸਤਿਗੁਰ ਆਪ ਉਠਾਈਆ । ਹੁਕਮ ਫ਼ਰਮਾਨ ਅਗੰਮਾ ਭੇਜੇ, ਭਜਨ ਬੰਦਗੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਕਿਰਪਾ ਕਰ, ਕੂੜ ਕੁੜਿਆਰ ਮੇਟ ਕੇ ਰੇਖੇ, ਰਕਸ਼ਕ ਬਣੇ ਆਪ ਗੁਸਾਈਂਆ । ਸਾਰ ਸਮਾਲ ਸਮਾਲੇ ਸੁਰਤ, ਸੁਰਤੀ ਸ਼ਬਦ ਨਾਲ ਮਿਲਾਈਆ । ਨਾਮ ਨਿਧਾਨਾ ਦੇਵੇ ਤੁਰਤ, ਤੁਰੀਆ ਪਦ ਦਾ ਪੜਦਾ ਲਾਹੀਆ । ਨੂਰ ਉਪਾਏ ਅਕਾਲ ਮੂਰਤ, ਅਕਲ ਕਲਧਾਰੀ ਵੇਸ ਵਟਾਈਆ । ਸਵਛ ਸਰੂਪ ਦੱਸੇ ਆਪਣੀ ਸੂਰਤ, ਰੂਪ ਰੰਗ ਰੇਖ ਨਾ ਕੋਇ ਦਿਸਾਈਆ । ਨਾਤ੍ਹਾ ਤੋੜ ਕੇ ਕੂੜੋ ਕੂੜਤ, ਕੂੜ ਕੁਟੰਬ ਦਏ ਛੁਡਾਈਆ । ਮਾਣ ਵਡਿਆਈ ਬਖ਼ਸ਼ ਕੇ ਮੂਰਖ ਮੂੜ੍ਹਤ, ਮੁੱਢ ਦਾ ਭੇਵ ਦਏ ਖੁਲ੍ਹਾਈਆ । ਆਸਾ ਮਨਸਾ ਸਭ ਦੀ ਕਰੇ ਪੂਰਤ, ਪੂਰਨ ਇਛਿਆ ਕਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਕਿਰਪਾ ਕਰ, ਖੇਲ ਕਰੇ ਸਦਾ ਆਪਣੀ ਆਪ

ਜ਼ਰੂਰਤ, ਜ਼ਰੂਰਤ ਦਾ ਕਾਰਨ ਆਪਣੇ ਹੱਥ ਰਖਾਈਆ । ਸਾਰ ਸਮਾਲ ਸਦਾ ਪ੍ਰਿਤਪਾਲੇ, ਪ੍ਰਿਤਪਾਲੇ ਹੱਥ ਵਡਿਆਈਆ । ਜੋ ਸਾਚੇ ਨਾਮ ਦੀ ਘਾਲਣ ਰਹੇ ਘਾਲੇ, ਘਾਇਲ ਹੋਣ ਤੋਂ ਲਏ ਬਚਾਈਆ । ਅੰਦਰ ਬਾਹਰ ਚਲੇ ਨਾਲੇ, ਨਾਲਿਸ਼ ਮਨ ਦੀ ਦਏ ਮਿਟਾਈਆ । ਸਾਚਾ ਮਾਰਗ ਦੱਸੇ ਸੁਖਾਲੇ, ਸੁਲ੍ਹਾ ਨਾਲ ਸਮਝਾਈਆ । ਝਗੜਾ ਰਹੇ ਨਾ ਸ਼ਾਹ ਕੰਗਾਲੇ, ਕੋਝੇ ਕਮਲੇ ਜੋੜ ਜੁੜਾਈਆ । ਸਚਖੰਡ ਵਖਾਏ ਦਰਗਾਹ ਸੱਚੀ ਧਰਮਸਾਲੇ, ਧਰਮ ਦਵਾਰਾ ਇਕੋ ਇਕ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਕਿਰਪਾ ਕਰ, ਦੂਸਰ ਦੇਵੇ ਨਾ ਕੋਇ ਹਵਾਲੇ, ਹੁਕਮ ਆਪਣਾ ਇਕ ਮਨਾਈਆ । ਸਾਰ ਸਮਾਲੇ ਸਦਾ ਹਜ਼ੂਰ, ਹਾਜ਼ਰ ਹੋ ਕੇ ਦਇਆ ਕਮਾਈਆ । ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਥਾਈਆ । ਭਗਤਾਂ ਦੇਵੇ ਨਾਮ ਸਰੂਰ, ਸੋਈ ਸੁਰਤੀ ਆਪ ਉਠਾਈਆ । ਪੰਧ ਮੁਕਾ ਕੇ ਅੱਗੇ ਪਿਛੇ ਨੇੜੇ ਦੂਰ, ਘਰ ਠਾਂਡੇ ਡੇਰਾ ਲਾਈਆ । ਭਗਤ ਉਧਾਰਨਾ ਪ੍ਰਭ ਦਾ ਆਦਿ ਜੁਗਾਦਿ ਦਸਤੂਰ, ਏਸੇ ਕਾਰਨ ਮਸ਼ਹੂਰ ਹੋ ਕੇ ਲੋਕਮਾਤ ਲਏ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਆਸਾ ਮਨਸਾ ਪੂਰ, ਪੂਰੀ ਇਛਿਆ ਪਾ ਕੇ ਨਾਮ ਭਿੱਛਿਆ ਪੂਰ ਦਏ ਕਰਾਈਆ ।

### ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਬੀਰੋ ਦੇ ਗ੍ਰਿਹਿ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ



ਗੁਰਮੁਖ ਉਧਰੇ ਹਰਿ ਸਤਿਗੁਰ ਚਰਨਾਂ, ਚਰਨਾਮਤ ਪੀ ਕੇ ਖ਼ੁਸ਼ੀ ਮਨਾਈਆ । ਸਾਚੀ ਮਿਲੇ ਧੁਰ ਦਰਗਾਹ ਦੀ ਸਰਨਾ, ਸਾਹਿਬ ਸਮਰਥ ਸਿਰ ਆਪਣਾ ਹੱਥ ਟਿਕਾਈਆ । ਜੀਵਤ ਜੀਅ ਪਏ ਮਰਨਾ, ਮਰ ਕੇ ਆਪਣਾ ਜੀਵਣ ਕਰੇ ਰੁਸ਼ਨਾਈਆ । ਧੁਰ ਦਾ ਹੁਕਮ ਪਏ ਪੜ੍ਹਨਾ, ਪੰਡਿਆਂ ਵਾਲੀ ਨਾ ਕੋਇ ਪੜ੍ਹਾਈਆ । ਸਾਚੇ ਘਰ ਪਏ ਚੜ੍ਹਨਾ, ਕੂੜੀ ਮਮਤਾ ਮੋਹ ਮਿਟਾਈਆ । ਹਰਿ ਸਤਿਗੁਰ ਦਰਸ਼ਨ ਪਏ ਕਰਨਾ, ਨਿਜ ਲੋਚਨ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਇਕ ਸੁਹਾਈਆ । ਜਨ ਭਗਤਾਂ ਪੁਰਖ ਅਕਾਲ ਸਦਾ ਸਹਾਰਾ, ਸਹਾਇਕ ਇਕੋ ਨਜ਼ਰੀ ਆਈਆ । ਦੀਨ ਦੁਨੀ ਦਾ ਪਾਰ ਕਰੇ ਕਿਨਾਰਾ, ਨਈਆ ਸਈਆ ਆਪਣੇ ਕੰਧ ਉਠਾਈਆ । ਸਚ ਪ੍ਰੀਤੀ ਬਖ਼ਸ਼ੇ ਚਰਨ ਦਵਾਰਾ, ਨਿਰੰਕਾਰਾ ਏਕੰਕਾਰਾ ਹੋਏ ਸਹਾਈਆ । ਧੁਰ ਦਾ ਦੱਸੇ ਨਾਮ ਜੈਕਾਰਾ, ਜੈ ਜੈਕਾਰ ਅੰਦਰ ਆਪਣਾ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਸਾਚੇ ਸੰਤਾਂ ਪ੍ਰਭ ਦੇਵੇ ਨਾਮ ਅਮੁੱਲ, ਅਨਮੁੱਲ ਕ਼ੀਮਤ ਕੋਇ ਨਾ ਲਾਈਆ । ਸਾਚੇ ਕੰਡੇ ਤੋਲੇ ਤੋਲ, ਦੂਜਾ ਤੱਕੜ ਹੱਥ ਨਾ ਕੋਇ ਉਠਾਈਆ । ਨਾਮ ਭੰਡਾਰਾ ਦੇਵੇ ਅਭੁੱਲ, ਭੁੱਲਿਆਂ ਦਏ ਸਮਝਾਈਆ । ਭਾਗ ਲਗਾ ਕੇ ਸਾਚੀ ਕੁਲ, ਗੁਰਮੁਖ ਗੁਰਸਿਖ ਲਏ ਪਰਗਟਾਈਆ । ਹੀਰਾ ਮਾਣਕ ਮੋਤੀ ਗੁਰਸਿਖ ਨਾ ਜਾਏ ਰੁਲ, ਜਗਤ ਕਿਰਿਆ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਜਨ ਭਗਤਾਂ ਦੇਵੇ ਧੁਰ ਦੀ ਗਾਥ, ਗਹਿਰ ਗੰਭੀਰ ਸਮਝਾਈਆ । ਪੂਰਬ ਲਹਿਣਾ ਚੁਕੇ ਮਸਤਕ ਮਾਥ, ਜਨਮ ਜਨਮ ਦਾ ਲੇਖਾ ਝੋਲੀ ਪਾਈਆ । ਸਵਾਮੀ ਹੋ ਕੇ ਨਿਜ

ਘਰ ਕਰੇ ਵਾਸ, ਵਸਲ ਅਸਲ ਦੱਸੇ ਹਰਿ ਸਾਚੇ ਨੂਰ ਖ਼ੁਦਾਈਆ । ਸਾਚਾ ਨੂਰ ਕਰੇ ਪ੍ਰਕਾਸ਼, ਕ਼ਦਮ ਕ਼ਦਮ ਮੰਜ਼ਲ ਪੰਧ ਮੁਕਾਈਆ । ਮਾਨਸ ਜਨਮ ਕਰੇ ਰਹਿਰਾਸ, ਰਸਤੇ ਵਿਚ ਨਾ ਕੋਇ ਅਟਕਾਈਆ । ਆਵਣ ਜਾਵਣ ਹੋਵੇ ਬੰਦ ਖ਼ੁਲਾਸ, ਬੰਦੀਖ਼ਾਨਾ ਦਏ ਤੁੜਾਈਆ । ਸਦਾ ਸਦਾ ਸਦ ਬਖ਼ਸ਼ੇ ਚਰਨ ਕਵਲ ਨਿਵਾਸ, ਸਚਖੰਡ ਦਵਾਰੇ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਪੂਰੀ ਕਰੇ ਆਸ ਸਵਾਸ ਸਵਾਸ ਲੇਖਾ ਆਪਣੇ ਨਾਲ ਰਖਾਈਆ ।

### ✪ ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ ਸ਼ਾਮ ਸਿੰਘ ਦੇ ਗਹਿ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ✪

ਜਨ ਭਗਤ ਬਣੇ ਸੱਚਾ ਬਰਦਾ, ਬੰਦੀਖ਼ਾਨਾ ਬੰਦ ਤੁੜਾਈਆ । ਦਰਸ਼ਨ ਕਰੇ ਸਚੇ ਸਤਿਗੁਰ ਦਾ, ਸੋਈ ਸੁਰਤ ਆਪ ਉਠਾਈਆ । ਲੇਖਾ ਮਿਲੇ ਸਚਖੰਡ ਸਾਚੇ ਆਨੰਦਪੁਰ ਦਾ, ਜਿਥੇ ਦੂਜਾ ਰਸ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਖੇਲ ਕਰੇ ਆਪਣੀ ਲੋੜ ਦਾ, ਧੁਰ ਦਾ ਹੁਕਮ ਆਪਣੇ ਹੱਥ ਰਖਾਈਆ । ਜਨ ਭਗਤਾਂ ਸਦਾ ਮਨਸਾ ਕਰੇ ਪੂਰ, ਆਸਾ ਤ੍ਰਿਖਾ ਬੁਝਾਈਆ । ਸਰਬ ਗੁਣਾਂ ਭਰਪੂਰ, ਦਇਆਵਾਨ ਦਇਆ ਕਮਾਈਆ । ਦੇਵੇ ਦਰਸ ਜ਼ਰੂਰ, ਪੜਦੇ ਓਹਲੇ ਅੰਦਰੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਕਿਰਪਾ ਕਰ, ਸਾਚੇ ਨਾਮ ਦੀ ਦੇ ਕੇ ਤੂਰ, ਤੁਰਤ ਆਪਣਾ ਰੰਗ ਚੜ੍ਹਾਈਆ । ਜਨ ਭਗਤਾਂ ਰੰਗ ਚਾੜ੍ਹੇ ਧੁਰ ਦਾ ਸੱਚਾ, ਰੰਗਣਹਾਰਾ ਇਕ ਅਖਵਾਈਆ । ਗੁਰਮੁਖ ਬਣਾਏ ਆਪਣਾ ਬੱਚਾ, ਬਚਪਨ ਆਪਣੀ ਗੋਦੀ ਚਰਨ ਕਵਲ ਦਏ ਦਰਸਾਈਆ । ਅਗਲਾ ਮਾਰਗ ਦੱਸੇ ਸੱਚਾ, ਕੂੜੀ ਕਿਰਿਆ ਛੱਡ ਪੜ੍ਹਾਈਆ । ਸਚ ਦਵਾਰ ਦਰ ਦੇਵੇ ਪਤਾ, ਪਤਿਪਰਮੇਸ਼ਵਰ ਪੜਦਾ ਉਹਲਾ ਆਪ ਉਠਾਈਆ । ਆਪਣੇ ਮਿਲਣ ਦੀ ਦੇ ਕੇ ਅੱਖਾ, ਆਖ਼ਰ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਕਿਸੇ ਦਾ ਨਾ ਬਣਿਆ ਸਕਾ, ਰਿਸ਼ਤਾ ਇਕੋ ਇਕ ਆਤਮ ਪਰਮਾਤਮ ਲਏ ਬਣਾਈਆ ।

### ✪ ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ ਪਰਤਾਪ ਸਿੰਘ ਫੁੰਮਣ ਸਿੰਘ ਦੇ ਗ੍ਰਹਿ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ✪

ਜਨ ਭਗਤਾਂ ਸਦਾ ਜਨਮ ਮਰਨ ਕੱਟਦਾ, ਕਾਇਆ ਵਿਚੋਂ ਬਾਹਰ ਕਢਾਈਆ । ਭੰਡਾਰਾ ਦੇਵੇ ਨਾਮ ਅਗੰਮੇ ਹੱਟ ਦਾ, ਵਸਤ ਅਮੋਲਕ ਵਰਤੇ ਬੇਪਰਵਾਹੀਆ । ਝਗੜਾ ਮੁਕਾਵੇ ਤੀਰਥ ਅੱਠ ਸੱਠ ਦਾ, ਸਰੋਵਰ ਸਾਚੇ ਦਏ ਨੁਹਾਈਆ । ਇਸ਼ਾਰਾ ਦੱਸੇ ਅਗੰਮੀ ਅੱਖ ਦਾ, ਨਿਜ ਲੋਚਨ ਕਰ ਰੁਸ਼ਨਾਈਆ । ਜੈਕਾਰਾ ਦੱਸੇ ਆਪਣੇ ਨਾਮ ਸਚ ਦਾ, ਢੋਲਾ ਇਕੋ ਇਕ ਉਪਜਾਈਆ । ਝਗੜਾ ਰਹੇ ਨਾ ਮਨ ਮਤ ਦਾ, ਗੁਰਮਤ ਆਪਣੇ ਰਸਤੇ ਲਾਈਆ । ਹੋਵੇ ਮੇਲ ਕਮਲਾਪਤ ਦਾ, ਪਤਿਪਰਮੇਸ਼ਵਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ

ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮੇਲਾ ਕਰੇ ਆਪਣੇ ਸੰਗ ਦਾ, ਸੰਗੀ ਸਾਥੀ ਕੂੜੇ ਮੂਰਖ ਮੂੜ੍ਹੇ ਸਾਰੇ ਦਿਤੇ ਭੁਲਾਈਆ ।

## ✪ ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੁਲਾਬ ਕੌਰ ਗ੍ਰਿਹ ਪਿੰਡ ਡਲ ਜ਼ਿਲਾ ਅੰਮ੍ਰਿਤਸਰ ✪

ਬਿਨ ਸਤਿਗੁਰ ਪੂਰੇ ਕੋਈ ਨਾ ਉਤਰੇ ਪਾਰ, ਲੱਖ ਚੁਰਾਸੀ ਆਵਣ ਜਾਵਣ ਜਮ ਕੀ ਫਾਸੀ ਨਾ ਕੋਇ ਤੁੜਾਈਆ । ਦੁੱਖ ਰੋਗ ਚਿੰਤਾ ਗ਼ਮ ਸਕੇ ਨਾ ਕੋਈ ਨਿਵਾਰ, ਮਾਇਆ ਮਮਤਾ ਮੋਹ ਵਿਕਾਰ ਨਾ ਕੋਇ ਤਜਾਈਆ । ਸਾਚਾ ਨਾਮ ਸ਼ਬਦ ਸੁਣੇ ਨਾ ਕੋਇ ਧੁਨਕਾਰ, ਅਨਹਦ ਨਾਦੀ ਨਾਦ ਨਾ ਕੋਇ ਸੁਣਾਈਆ । ਅੰਮ੍ਰਿਤ ਬੂੰਦ ਨਾ ਮਿਲੇ ਠੰਡੀ ਠਾਰ, ਅਗਨੀ ਤਤ ਨਾ ਕੋਇ ਬੁਝਾਈਆ । ਸ੍ਰਿਸ਼ਟ ਸਬਾਈ ਰੋਵੇ ਧਾਹਾਂ ਮਾਰ, ਕਲਜੁਗ ਅੰਤ ਰਹੇ ਕੁਰਲਾਈਆ । ਸਾਚਾ ਮਿਲੇ ਨਾ ਧੁਰ ਦਾ ਮੀਤ ਮੁਰਾਰ, ਸੰਤ ਸੁਹੇਲਾ ਧੁਰ ਦਾ ਸੰਗ ਨਾ ਕੋਇ ਨਿਭਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰਨ ਹਾਹਾਕਾਰ, ਉਚੀ ਕੂਕ ਦੇਣ ਦੁਹਾਈਆ । ਘਰ ਘਰ ਗ੍ਰਿਹ ਗ੍ਰਿਹ ਪਸਾਰਾ ਹੋਇਆ ਕੂੜ ਵਿਭਚਾਰ, ਲੋਭ ਮੋਹ ਹੰਕਾਰ ਤ੍ਰਿਸ਼ਨਾ ਜਗਤ ਨਾ ਕੋਇ ਬੁਝਾਈਆ । ਪਿਤਾ ਪੂਤ ਨਾ ਕਰੇ ਕੋਇ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਬਿਨ ਸਤਿਗੁਰ ਕਿਰਪਾ ਕੋਇ ਨਾ ਉਤਰੇ ਪਾਰ, ਸਚਖੰਡ ਦਵਾਰਾ ਵੇਖਣ ਕੋਇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਕੋਟਨ ਕੋਟ ਰਹੇ ਭਾਲ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਆਪਣਾ ਮਨ ਰਹੇ ਪਰਚਾਈਆ । ਸਾਚਾ ਮਾਰਗ ਸਚ ਦਵਾਰ ਸਕੇ ਨਾ ਕੋਇ ਵਖਾਲ, ਆਤਮ ਪਰਮਾਤਮ ਮੇਲਾ ਮੇਲ ਖ਼ੁਸ਼ੀ ਨਾ ਕੋਇ ਕਰਾਈਆ । ਜਗਤ ਵਾਸਨਾ ਦੀਨ ਦੁਨੀ ਹੋਈ ਬੇਹਾਲ, ਜਾਤ ਪਾਤ ਦੀਨ ਮਜ਼੍ਹਬ ਊਚ ਨੀਚ ਰਾਓ ਰੰਕ ਕਰੇ ਲੜਾਈਆ । ਸਾਚਾ ਕਲਮਾ ਧੁਰ ਦਾ ਨਾਮ ਬੇਪਰਵਾਹ ਅਗੰਮ ਅਥਾਹ ਨਾ ਦੇਵੇ ਕਿਸੇ ਸਿਖਾਲ, ਸਿਖਿਆ ਹੱਕ ਹੱਥ ਨਾ ਕਿਸੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤ ਵੇਖੇ ਜਗਤ ਲੋਕਾਈਆ । ਬਿਨ ਸਤਿਗੁਰ ਕਿਰਪਾ ਬੇੜਾ ਕਰੇ ਕੋਈ ਨਾ ਪਾਰ, ਕਲਜੁਗ ਕਹਿ ਕੇ ਦਏ ਦੁਹਾਈਆ । ਸ੍ਰਿਸ਼ਟ ਸਬਾਈ ਜਗਤ ਵਿਕਾਰੇ ਹੋਈ ਨਾਰ ਵਿਭਚਾਰ, ਕੰਤ ਸੁਹਾਗੀ ਪੁਰਖ ਅਕਾਲ ਨਾ ਕੋਇ ਹੰਢਾਈਆ । ਘਰ ਘਰ ਦਿਸੇ ਧੂੰਆਂਧਾਰ, ਨਿਰਗੁਣ ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਜੂਠ ਝੂਠ ਮਾਇਆ ਮੋਹ ਕਰੇ ਸਰਬ ਪਿਆਰ, ਸਤਿਗੁਰ ਸ਼ਬਦ ਗਾ ਬੇੜਾ ਬੰਨੇ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਲ ਅਸਗਾਹ, ਦੋ ਜਹਾਨਾਂ ਸ੍ਰੀ ਭਗਵਾਨਾ ਪੜਦਾ ਰਿਹਾ ਉਠਾਈਆ । ਬਿਨਾ ਹਰਿ ਕਿਰਪਾ ਜਗਤ ਸਾਗਰ ਕੋਈ ਪਾਰ ਨਾ ਜਾਵੇ ਲੰਘ, ਵੰਝ ਮੁਹਾਣਾ ਕੋਇ ਨਾ ਆਈਆ । ਸਾਚੀ ਸੇਜਾ ਬ੍ਰਹਮ ਪਾਰਬ੍ਰਹਮ ਚੜ੍ਹੇ ਕੋਇ ਨਾ ਹੱਕ ਪਲੰਘ, ਸਿੰਘਾਸਣ ਆਸਣ ਮਿਲੇ ਨਾ ਕੋਇ ਵਡਿਆਈਆ । ਨਾਮ ਨਿਧਾਨ ਸਚ ਦਵਾਰੇ ਸੁਣੇ ਨਾ ਕੋਇ ਮਰਦੰਗ, ਢੋਲਕ ਛੈਣੇ ਜੀਵ ਜੰਤ ਸਾਰੇ ਰਹੇ ਖੜਕਾਈਆ । ਨਿਜ ਆਤਮ ਨਿਜ ਰਸ ਨਿਜ ਗ੍ਰਿਹ ਨਿਜ ਮੰਦਰ ਕੋਈ ਨਾ ਮਾਣੇ ਅਨੰਦ, ਹੱਸ ਹੱਸ ਹਸਤੀ ਵਿਚ ਮਸਤੀ ਨਾਮ ਖ਼ੁਮਾਰੀ ਨਾ ਕੋਇ ਚੜ੍ਹਾਈਆ ।

੧੦੦੮
੧੯

ਸਨਮੁਖ ਦਰਸ ਕਰੇ ਨਾ ਕੋਇ ਪੁਰਖ ਸਮਰਥ, ਮਹਿੰਮਾ ਅਕੱਥ ਸੁਣ ਕੇ ਸ਼ਬਦੀ ਪੜਦਾ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਦਰ ਜਾਏ ਵਸ, ਵਸਲ ਯਾਰ ਨੂਰ ਕਰੇ ਖ਼ੁਦਾਈਆ । ਬਿਨ ਸਤਿਗੁਰ ਕਿਰਪਾ ਕੋਈ ਉਤਰੇ ਨਾ ਸਾਚੇ ਘਾਟ, ਨਈਆ ਨੌਕਾ ਜਗਤ ਪਾਰ ਨਾ ਕੋਇ ਲੰਘਾਈਆ । ਲੱਖ ਚੁਰਾਸੀ ਪੈਂਡਾ ਨਾ ਮੁਕੇ ਵਾਟ, ਅੰਡਜ ਜੇਰਜ ਉਤਭੁਜ ਸੇਤਜ ਪੈਂਡਾ ਸਕੇ ਨਾ ਕੋਇ ਛੁਡਾਈਆ । ਕਲਜੁਗ ਮਿਟੇ ਨਾ ਅੰਧੇਰੀ ਰਾਤ, ਹਰਿ ਕਾ ਨਾਉਂ ਚੰਦ ਨਾ ਕੋਇ ਰੁਸ਼ਨਾਈਆ । ਸਾਚੀ ਪੱਟੀ ਪੜ੍ਹੇ ਨਾ ਕੋਇ ਜਮਾਤ, ਨਿਰਅੱਖਰ ਧਾਰ ਸਮਝ ਕਿਸੇ ਨਾ ਆਈਆ । ਪੁਰਖ ਅਕਾਲ ਘਟ ਨਿਵਾਸੀ ਬੈਠਾ ਇਕ ਇਕਾਂਤ, ਇਕ ਅਕੱਲਾ ਸਚ ਮਹੱਲਾ ਸਾਢੇ ਤਿੰਨ ਹੱਥ ਬੈਠਾ ਸੋਭਾ ਪਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਜੋੜ ਕੇ ਧੁਰ ਦਾ ਨਾਤ, ਰਿਸ਼ਤਾ ਆਪਣੇ ਨਾਲ ਰਖਾਈਆ । ਸਤਿ ਧਰਮ ਦਰ ਦੇ ਵਿਸ਼ਵਾਸ਼, ਵਿਸ਼ਿਆਂ ਵਿਚੋਂ ਬਾਹਰ ਕਢਾਈਆ । ਕਲਜੁਗ ਰੈਣ ਅੰਧਰੀ ਮੇਟ ਕੇ ਵਾਟ, ਸਤਿਜੁਗ ਸਾਚਾ ਨੂਰ ਕਰੇ ਰੁਸ਼ਨਾਈਆ । ਜਨ ਭਗਤਾਂ ਦੇਵੇ ਅਗੰਮੀ ਦਾਤ, ਦਇਆਵਾਨ ਹੋ ਕੇ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦਵਾਰਾ ਇਕੋ ਇਕ ਸੁਹਾਈਆ । ਬਿਨ ਸਤਿਗੁਰ ਸੰਸਾ ਚੁੱਕੇ ਨਾ ਰੋਗ, ਭਰਮ ਗੜ੍ਹ ਨਾ ਕੋਇ ਤੁੜਾਈਆ । ਧੁਰ ਦਾ ਮਿਲੇ ਨਾ ਆਤਮ ਪਰਮਾਤਮ ਜੋਗ, ਸਾਚੀ ਰੰਗਣ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਪਤਿਪਰਮੇਸ਼ਵਰ ਹਰ ਘਟ ਵੇਖ ਵਖਾਈਆ । ਬਿਨਾ ਸਤਿਗੁਰ ਕਿਰਪਾ ਕੋਈ ਨਾ ਦਿਸੇ ਸਹਾਰਾ, ਸਹਾਇਕ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਜਗਤ ਪਸਾਰਾ, ਕਾਲਖ ਟਿੱਕਾ ਧੋਵੇ ਕੋਇ ਨਾ ਸ਼ਾਹੀਆ । ਚਾਰ ਕੁੰਟ ਦਹਿ ਦਿਸ਼ਾ ਮਨ ਵਾਸਨਾ ਜਗਤ ਹੋਇਆ ਵਣਜਾਰਾ, ਜੂਠ ਝੂਠ ਖ਼ਰੀਦੇ ਚਾਈਂ ਚਾਈਂਆ । ਨੌ ਖੰਡ ਪ੍ਰਿਥਮੀ ਸੱਤ ਦੀਪ ਹੋਇਆ ਧੁੰਦੂਕਾਰਾ, ਹਾਹਾਕਾਰ ਕਰੇ ਲੋਕਾਈਆ । ਜਨ ਭਗਤਾਂ ਦੇ ਕੇ ਇਕ ਸਹਾਰਾ, ਚਰਨ ਪ੍ਰੀਤੀ ਸਾਚੀ ਰੀਤੀ ਦਏ ਦ੍ਰਿੜਾਈਆ । ਜਿਸ ਦੀ ਮਹਿੰਮਾ ਕਾਗਦ ਕ਼ਲਮ ਨਾ ਲਿਖਣਹਾਰਾ, ਸ਼ਾਹੀ ਸ਼ਾਨ ਨਾ ਕੋਇ ਵਧਾਈਆ । ਸੋ ਆਦਿ ਜੁਗਾਦੀ ਏਕੰਕਾਰਾ, ਇਕ ਇਕੱਲਾ ਹੁਕਮ ਵਰਤਾਈਆ । ਸਦਾ ਵਸੇ ਜਲਾ ਥਲਾ, ਸਮੁੰਦ ਸਾਗਰ ਰੜੇ ਡੂੰਘਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਦਰ ਦੇਵੇ ਆਦਰ, ਧਾਮ ਵਖਾਏ ਜਿਥੇ ਨੂਰ ਜੋਤ ਤੇਗ਼ ਬਹਾਦਰ, ਗੋਬਿੰਦ ਧਾਰ ਸ਼ਬਦ ਜੋਤ ਵਿਚ ਸਮਾਈਆ ।

### ✪ ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਪਾਰੋ ਦੇਵੀ ਗ੍ਰਿਹ ਪਿੰਡ ਖਾਲੜਾ ਜ਼ਿਲਾ ਅੰਮ੍ਰਿਤਸਰ ✪

ਜਨ ਭਗਤਾਂ ਸੇਵਾ ਹੋਵੇ ਪੂਰੀ, ਸਤਿਗੁਰ ਪੂਰਾ ਪੂਰ ਕਰਾਈਆ । ਸਦਾ ਬਖ਼ਸ਼ੇ ਚਰਨ ਹਜ਼ੂਰੀ, ਹਜ਼ੂਰ ਹਾਜ਼ਰ ਹੋ ਕੇ ਵੇਖ ਵਖਾਈਆ । ਪੰਧ ਕਰਮ ਰਹੇ ਨਾ ਦੂਰੀ, ਨਿਹਕਰਮੀ ਲੇਖਾ ਦਏ ਚੁਕਾਈਆ । ਲੱਖ ਚੁਰਾਸੀ ਜਨਮ ਮਰਨ ਦੀ ਕਟ ਮਜਬੂਰੀ, ਸਬੂਰੀ ਸਿਦਕ ਪ੍ਰੇਮ ਪ੍ਰੀਤੀ

ਦਏ ਸਮਝਾਈਆ । ਦੇਵੇ ਦਰਸ਼ਨ ਜੋਤ ਪ੍ਰਕਾਸ਼ ਨੂਰੀ, ਅੰਧ ਅੰਧੇਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਦਇਆ ਕਰੇ ਸਰਬ ਕਲਾ ਭਰਪੂਰੀ, ਭੈ ਭੌ ਆਪਣਾ ਇਕ ਰਖਾਈਆ । ਜਨ ਭਗਤਾਂ ਲੇਖੇ ਲਾਏ ਪ੍ਰਭ ਮਜ਼ਦੂਰੀ, ਜੋ ਚਾਕਰ ਹੋ ਕੇ ਸੇਵ ਕਮਾਈਆ । ਅਗੇ ਵਿਛੋੜੀਂ ਨਾ ਪਏ ਕੋਇ ਵੂੜੀ, ਅਭਿਆਸ ਜੋਗ ਨਾ ਕੋਇ ਕਰਾਈਆ । ਅੰਦਰੋਂ ਕੱਢ ਵਾਸਨਾ ਕੂੜੀ, ਕੁਟੰਬ ਕੂੜਾ ਦਏ ਤਜਾਈਆ । ਕਰ ਪ੍ਰਕਾਸ਼ ਆਪਣਾ ਨੂਰੀ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੇਮ ਦੀ ਦੇਵੇ ਮਜ਼ਦੂਰੀ, ਨਾਮ ਨਿਧਾਨਾ ਝੋਲੀ ਪਾਈਆ । ਜਨ ਭਗਤਾਂ ਪੈਜ ਲਏ ਰਾਖ, ਰੱਖਿਆ ਕਰੇ ਥਾਉਂ ਥਾਈਂਆ । ਸ੍ਰਿਸ਼ਟੀ ਨਾਲ ਕਰ ਮਜ਼ਾਕ, ਮਜਲਸ ਮੂਰਖਾਂ ਵਾਲੀ ਜਣਾਈਆ । ਗੁਰਮੁਖਾਂ ਆਤਮ ਪਰਮਾਤਮ ਕਰ ਇਤਫ਼ਾਕ, ਨਫ਼ਾਕ ਅੰਦਰੋਂ ਦਏ ਕਢਾਈਆ । ਮਨੂਆ ਰਹਿਣ ਨਾ ਦੇਵੇ ਗੁਸਤਾਖ, ਗ਼ੁੱਸਾ ਗ਼ਮ ਨਾ ਕੋਇ ਸਤਾਈਆ । ਸਭ ਦਾ ਲਹਿਣਾ ਦੇਣਾ ਲੇਖਾ ਕਰੇ ਬਿਬਾਕ, ਬਾਕੀ ਹਰਿ ਜੂ ਹੱਥ ਫੜਾਈਆ । ਸਾਚੇ ਸੰਤਾਂ ਬਣ ਕੇ ਸਾਚਾ ਬਾਪ, ਪਿਤਾ ਪੂਤ ਗੋਦ ਉਠਾਈਆ । ਕਲਜੁਗ ਅੰਤ ਹਰਿ ਕਿਰਪਾ ਦਇਆ ਕਰ ਕੇ ਆਪ, ਆਪਣਾ ਮਾਰਗ ਦਿਤਾ ਲਗਾਈਆ । ਸੋਹੰ ਦੱਸ ਕੇ ਧੁਰ ਦਾ ਜਾਪ, ਸਤਿ ਸਚ ਵਿਚ ਲਏ ਸਮਾਈਆ । ਸਭ ਦੀ ਪੂਰੀ ਕਰ ਕੇ ਆਸ, ਤ੍ਰਿਸ਼ਨਾ ਤ੍ਰਿਖਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸੇਵਾ ਕਦੇ ਨਾ ਜਾਏ ਬਿਰਥਾ, ਮਾਨੁਖ ਜਨਮ ਨਾ ਕੋਇ ਰੁਲਾਈਆ । ਲਹਿਣਾ ਦੇਣਾ ਦੇਵੇ ਸਦ ਸਿਰ ਦਾ, ਘਰ ਘਰ ਖੋਜ ਖੁਜਾਈਆ । ਠਿਕਾਣਾ ਦੇਵੇ ਘਰ ਥਿਰ ਦਾ, ਵੱਡਾ ਛੋਟਾ ਇਕੋ ਰੰਗ ਵਖਾਈਆ । ਕਰੇ ਖੇਲ ਪ੍ਰਭ ਜੋ ਵਿਛਿੜਿਆ ਚਿਰ ਦਾ, ਜਗਤ ਵਿਛੜੇ ਲਏ ਮਿਲਾਈਆ । ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨਾਂ ਲੱਖ ਚੁਰਾਸੀ ਅੰਦਰ ਫਿਰਦਾ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਕਲਜੁਗ ਅੰਤਮ ਜਨ ਭਗਤਾਂ ਨਾਲ ਮੁਹੱਬਤ ਵਿਚ ਨਿਬੜਦਾ, ਨਬੇੜਾ ਅਗਲਾ ਦਏ ਕਰਾਈਆ । ਇਹ ਖੇਲ ਨਹੀਂ ਕੋਈ ਸਿਲ ਪੂਜ ਪੱਥਰ ਦਾ, ਸਾਖਿਆਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਤਰਾਈਆ । ਜਨ ਭਗਤਾਂ ਕਦੇ ਨਾ ਤੁੱਟੇ ਮਿਲਾਪ, ਹਰਿ ਜੂ ਮਿਲ ਮਿਲ ਖ਼ੁਸ਼ੀ ਮਨਾਈਆ । ਸਾਚਾ ਨਾਤਾ ਜੋੜਕੇ ਸਾਕ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਸ਼ਬਦ ਅਨਾਦੀ ਦੇ ਆਵਾਜ਼, ਰਾਜ਼ ਅੰਦਰੋਂ ਦਏ ਖੁਲ੍ਹਾਈਆ । ਜਨ ਭਗਤਾਂ ਮਾਨਸ ਜਨਮ ਦੇਵੇ ਸਾਧ, ਸਾਧਨਾ ਆਪਣੀ ਇਕ ਦ੍ਰਿੜਾਈਆ । ਜਿਥੇ ਰਹੇ ਨਾ ਕੋਇ ਵਿਵਾਦ, ਦੁੱਖ ਸਤਿ ਰੂਪ ਵਟਾਈਆ । ਸਤਿ ਧਰਮ ਦਾ ਖੇੜਾ ਕਰ ਆਬਾਦ, ਆਬਾਦੀ ਭਗਤਾਂ ਦਏ ਵਸਾਈਆ । ਧਰਮ ਦੀ ਧਾਰ ਦਾ ਹੋਵੇ ਰਾਜ, ਰਈਅਤ ਇਕੋ ਇਕ ਸਮਝਾਈਆ । ਜਨ ਭਗਤਾਂ ਦੇ ਕੇ ਦਾਤ, ਦਇਆਵਾਨ ਝੋਲੀ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਜਨ ਭਗਤਾਂ ਦੇ ਸੌਗ਼ਾਤ, ਸਗਲੀ ਚਿੰਦਾ ਦਏ ਗਵਾਈਆ ।


੧੦੦੯
੧੯

✪ ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ ਸੁਰਜਨ ਸਿੰਘ ਦੇ ਗ੍ਰਿਹ ਪਿੰਡ ਭੁੱਚਰ ਖ਼ੁਰਦ ਜ਼ਿਲਾ ਅੰਮ੍ਰਿਤਸਰ ✪

ਭਗਤਾਂ ਘਾਲ ਲੱਗੇ ਲੇਖਾ, ਘਾਲੀ ਘਾਲ ਥਾਏਂ ਪਾਈਆ । ਸੰਸਾ ਭਰਮ ਨਾ ਰਹੇ ਕੋਈ ਭੁਲੇਖਾ, ਭਰਮ ਵਿਚ ਨਾ ਕੋਇ ਭੁਲਾਈਆ । ਕਿਰਪਾ ਕਰੇ ਨਰ ਨਰੇਸ਼ਾ, ਨਰ ਨਰਾਇਣ ਨੈਣ ਆਪਣਾ ਇਕ ਖੁਲ੍ਹਾਈਆ । ਜੋਤੀ ਜਾਮਾ ਧਾਰ ਕੇ ਭੇਸਾ, ਭਸਮ ਮਾਟੀ ਖ਼ਾਕ ਦਏ ਵਡਿਆਈਆ । ਜਗ ਅਵਲੜੀ ਖੇਲੇ ਖੇਡਾ, ਜੁਗ ਚੌਕੜੀ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤਾਂ ਮਿਲੇ ਸਾਚੀ ਭੂਮ, ਭੂਮੀਂ ਧਰਨੀ ਸੋਭਾ ਪਾਈਆ । ਜਿਸ ਨੂੰ ਸਮਝੇ ਨਾ ਕੋਇ ਨਜੂਮ, ਨਜੂਮੀਆਂ ਪੜਦਾ ਨਾ ਕੋਇ ਉਠਾਈਆ । ਬੰਦ ਕਰੇ ਨਾ ਕੋਈ ਵਿਚ ਕ਼ਾਨੂੰਨ, ਕ਼ਾਨੂੰਨ ਕਾਇਦਾ ਨੇੜ ਕੋਇ ਨਾ ਆਈਆ । ਜਿਸ ਸਾਹਿਬ ਦਾ ਬਿਨ ਅੱਖਰਾਂ ਸਦਾ ਚਲੇ ਮਜ਼ਮੂਨ, ਬਿਨ ਨੁਕਤੇ ਨੁਕਤਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਵੇਖੇ ਬਾਲ ਮਾਸੂਮ, ਮਾਸੂਮਾਂ ਮਹਿਰੂਮਾਂ ਖ਼ਾਲੀ ਭਾਂਡੇ ਦਏ ਭਰਾਈਆ ।

✪ ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਿਹ ਪਿੰਡ ਸੋਹਲ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਸਦਾ ਸਮਰਥ, ਆਦਿ ਜੁਗਾਦਿ ਜੁਗ ਚੌਕੜੀ ਦੇਵਣਹਾਰ ਸੱਚੀ ਵਡਿਆਈਆ । ਨਾਮ ਅਮੋਲਕ ਅਗੰਮੀ ਲੋਕਮਾਤ ਦੇਵੇ ਵਥ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਮਨਾਈਆ । ਬੋਧ ਅਗਾਧ ਮਹਿੰਮਾ ਜਣਾਈ ਅਕਥ, ਭੇਦ ਅਭੇਦਾ ਅਛਲ ਅਛੇਦਾ ਆਪ ਖੁਲ੍ਹਾਈਆ । ਸਦਾ ਸਦਾ ਸਦ ਚਲਾਵਣਹਾਰਾ ਰਥ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਗੁਰ ਅਵਤਾਰ ਪੈਗੰਬਰ ਦੇ ਕੇ ਆਪਣਾ ਹੱਕ, ਹਕ਼ੀਕ਼ਤ ਵਾਲਾ ਸਦਾ ਬੇਪਰਵਾਹ ਆਪ ਸਮਝਾਈਆ । ਸਾਚੇ ਭਗਤਾਂ ਸੰਤਾਂ ਨਿਜ ਲੋਚਨ ਖੋਲ੍ਹ ਕੇ ਅੱਖ, ਪਰਤੱਖ ਨਿਰਗੁਣ ਧਾਰ ਨਜ਼ਰ ਕਿਸੇ ਨਾ ਆਈਆ । ਸਚ ਜੈਕਾਰਾ ਏਕੰਕਾਰਾ ਬੋਲ ਅਲੱਖ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਦੋ ਜਹਾਨ ਕਰੇ ਸ਼ਨਵਾਈਆ । ਸਤਿ ਧਰਮ ਨੌ ਖੰਡ ਪ੍ਰਿਥਮੀ ਸੱਤ ਦੀਪ ਖੋਲ੍ਹ ਕੇ ਆਪਣਾ ਹੱਟ, ਵਸਤ ਅਮੋਲਕ ਕਾਇਆ ਗੋਲਕ ਜੀਵਾਂ ਜੰਤਾਂ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਤਿਗੁਰ ਸ਼ਬਦ ਸਦਾ ਮਿਹਰਵਾਨ, ਮਹਿਬੂਬ ਮੁਹੱਬਤ ਵਿਚ ਸਮਾਈਆ । ਜੋਤੀ ਧਾਰ ਵਸੇ ਸਚ ਮਕਾਨ, ਊਚ ਅਗੰਮ ਅਥਾਹ ਬੇਪਰਵਾਹ ਸਚਖੰਡ ਦਵਾਰੇ ਸੋਭਾ ਪਾਈਆ । ਜਿਸ ਦਾ ਜਲਵਾ ਨੂਰ ਹੋਵੇ ਮਹਾਨ, ਜੋਤੀ ਜਾਤਾ ਪੁਰਖ ਬਿਧਾਤਾ ਨੂਰ ਨੂਰ ਕਰ ਰੁਸ਼ਨਾਈਆ । ਜਿਸ ਦਾ ਜੋਧਾ ਸੂਰਬੀਰ ਸ਼ਬਦੀ ਸੁਤ ਬਲਵਾਨ, ਆਦਿ ਅੰਤ ਇਕੋ ਰੰਗ ਵਖਾਈਆ । ਜੋ ਵਿਸ਼ਨ ਬ੍ਰਹਮਾ ਸ਼ਿਵ ਕਰੇ ਪਰਧਾਨ, ਹੁਕਮੇਂ ਅੰਦਰ ਹੁਕਮੀ ਹੁਕਮ ਸੁਣਾਈਆ । ਜੋ ਤ੍ਰੈ ਪੰਜ ਲੇਖਾ ਜਾਣੇ ਵਿਚ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹ, ਸਤਿਗੁਰ ਸ਼ਬਦ ਸੱਚਾ ਸ਼ਹਿਨਸ਼ਾਹ, ਵਾਲੀ ਵਾਰਸ ਇਕ ਅਖਵਾਈਆ । ਜਿਸ ਨੂੰ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਰਹੇ ਸੀਸ ਝੁਕਾ, ਰਵ ਸਸ ਮੰਡਲ ਮੰਡਪ ਸਿਰ ਨਾ ਕੋਇ ਉਠਾਈਆ । ਜੁਗ ਚੌਕੜੀ ਹੁਕਮੇ ਅੰਦਰ

ਭੱਜੇ ਵਾਹੋ ਦਾਹ, ਚਾਰ ਕੁੰਟ ਦਹਿ ਦਿਸ਼ਾ ਸਿਰ ਨਾ ਕੋਇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਸੇਵਾ ਰਹੇ ਕਮਾ, ਭਾਣੇ ਅੰਦਰ ਸੀਸ ਨਿਵਾਈਆ । ਭਗਤ ਸੁਹੇਲੇ ਮਾਤ ਪਰਗਟਾ, ਨਾਮ ਨਿਧਾਨਾ ਇਕ ਜਣਾਈਆ । ਜੋਤੀ ਜਾਤਾ ਵੇਸ ਵਟਾ, ਕਲਜੁਗ ਅੰਤਮ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਸਾਹਿਬ ਸ਼ਬਦ ਸੁਲਤਾਨ, ਇਕੋ ਇਕ ਨਜ਼ਰੀ ਆਈਆ । ਸਤਿਗੁਰ ਸ਼ਬਦ ਸਰਬ ਕਲਾ ਭਰਪੂਰ, ਆਦਿ ਜੁਗਾਦਿ ਇਕ ਅਖਵਾਈਆ । ਜਨ ਭਗਤਾਂ ਵਸਤ ਅਮੋਲਕ ਦੇਵੇ ਇਕ ਜ਼ਰੂਰ, ਪਰਮਾਤਮ ਆਤਮ ਆਤਮ ਪਰਮਾਤਮ ਰੰਗ ਦਏ ਚੜ੍ਹਾਈਆ । ਸਦਾ ਸੁਹੇਲਾ ਇਕ ਇਕੇਲਾ ਨਜ਼ਰੀ ਆਏ ਹਾਜ਼ਰ ਹਜ਼ੂਰ, ਦਰ ਘਰ ਠਾਂਡੇ ਸੋਭਾ ਪਾਈਆ । ਸਤਿ ਜੋਤ ਕਰੇ ਨੂਰ, ਜਹੂਰ ਆਪਣਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਾਹਿਬ ਸਤਿਗੁਰ ਜਨ ਭਗਤਾਂ ਗੁਰਮੁਖਾਂ ਆਸਾ ਮਨਸਾ ਸਦਾ ਪੂਰੇ, ਖ਼ਾਲੀ ਰਹਿਣ ਕੋਇ ਨਾ ਪਾਈਆ । ਨਾਤਾ ਤੋੜ ਕੇ ਕੂੜ ਕੂੜੇ, ਕੂੜੀ ਕਿਰਿਆ ਵਿਚੋਂ ਬਾਹਰ ਕਢਾਈਆ । ਨਾਮ ਰੰਗਣ ਰੰਗ ਚਾੜ੍ਹ ਕੇ ਗੂੜ੍ਹੇ, ਅਮੋਲਕ ਹੀਰੇ ਲਏ ਬਣਾਈਆ । ਚਰਨ ਪ੍ਰੀਤੀ ਬਖ਼ਸ਼ੇ ਸਾਚੀ ਧੂੜੇ, ਦੁਰਮਤ ਮੈਲ ਦਏ ਧਵਾਈਆ । ਪ੍ਰੇਮ ਪਿਆਰ ਅੰਦਰ ਉਤਾਰੇ ਸਗਲ ਵਸੂਰੇ, ਵਿਖ ਅੰਮ੍ਰਿਤ ਸਰਬ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸਾਚੇ ਸੰਤਾਂ ਪ੍ਰਭ ਦੇਵਣਹਾਰਾ ਮਾਣ, ਮਨ ਕਾ ਮਣਕਾ ਆਪ ਭਵਾਈਆ । ਤੂੰ ਮੇਰਾ ਮੈਂ ਤੇਰਾ ਆਤਮ ਅੰਤਰ ਦੇ ਕੇ ਬ੍ਰਹਮ ਗਿਆਨ, ਸਾਚੀ ਵਿਦਿਆ ਦਏ ਸਮਝਾਈਆ । ਆਵਣ ਜਾਵਣ ਲੱਖ ਚੁਰਾਸੀ ਜਮ ਕੀ ਚੁੱਕੇ ਕਾਣ, ਰਾਏ ਧਰਮ ਨਾ ਦਏ ਸਜ਼ਾਈਆ । ਸਾਚਾ ਮੰਦਰ ਮਹੱਲ ਅਟਲ ਅਗੰਮ ਅਥਾਹ ਦਿਸੇ ਇਕ ਮਕਾਨ, ਮਕ਼ਬਰਿਆਂ ਦਾ ਖਹਿੜਾ ਦਏ ਛੁਡਾਈਆ । ਪੰਧ ਮੁਕਾ ਕੇ ਜ਼ਿਮੀ ਅਸਮਾਨ, ਚਰਨ ਕਵਲ ਦੇ ਕੇ ਇਕ ਧਿਆਨ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਕ਼ੁਦਰਤ ਦਾ ਮਾਲਕ ਸਤਿਗੁਰ ਸੱਚਾ ਇਕ ਅਖਵਾਈਆ । ਸਤਿਗੁਰ ਸੱਚਾ ਦੀਨ ਦਿਆਲ, ਸਤਿ ਪੁਰਖ ਨਿਰੰਜਣ ਵੱਡੀ ਵਡਿਆਈਆ । ਜਿਸ ਦੀ ਆਦਿ ਜੁਗਾਦਿ ਇਕੋ ਧਰਮਸਾਲ, ਦੂਜਾ ਦਰ ਨਾ ਕੋਇ ਵਖਾਈਆ । ਪੋਹ ਸਕੇ ਨਾ ਕੋਈ ਕਾਲ, ਮਹਾਂਕਾਲ ਨਾ ਕੋਇ ਸਤਾਈਆ । ਜਨ ਭਗਤਾਂ ਪੂਰਾ ਕਰੇ ਸਵਾਲ, ਆਸਾ ਮਨਸਾ ਵੇਖ ਵਖਾਈਆ । ਸ਼ਬਦ ਗੁਰੂ ਗੁਰ ਚੇਲਾ ਧੁਰ ਦੀ ਧਾਰ ਵਿਚੋਂ ਬਣੇ ਆਣ, ਢੋਲਾ ਆਪਣਾ ਨਾਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਗੁਰਮੁਖਾਂ ਦਰ ਕੀਤਾ ਪਰਵਾਨ, ਉਹਨਾਂ ਗੁਰ ਅਵਤਾਰ ਪੈਗ਼ੰਬਰ ਦੇਣ ਮਾਣ, ਸਚਖੰਡ ਦਵਾਰੇ ਸਾਚੇ ਮਿਲ ਕੇ ਇਕੋ ਵੱਜੇ ਹੱਕ ਵਧਾਈਆ ।

### ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ ਬਚਨ ਸਿੰਘ ਦੇ ਗ੍ਰਿਹ ਪਿੰਡ ਸੋਹਲ ਜ਼ਿਲਾ ਅੰਮ੍ਰਿਤਸਰ

ਸਤਿਗੁਰ ਚਰਨ ਕਵਲ ਸਚ ਬੰਧਨ, ਬੰਦਗੀ ਮੁਸ਼ੰਦਗੀ ਦੀ ਲੋੜ ਰਹੇ ਨਾ ਰਾਈਆ । ਨਿਜ ਆਤਮ ਦੇਵੇ ਪਰਮਾਨੰਦਨ, ਰਸ ਰਸੀਆ

ਇਕ ਚਖਾਈਆ । ਸਾਚੀ ਡੰਡਾਵਤ ਮਨਜ਼ੂਰ ਕਰੇ ਸਾਹਿਬ ਬਖ਼ਸ਼ੰਦਨ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਢੋਲਾ ਗਾਉਣਾ ਪਵੇ ਨਾ ਕੋਇ ਬੱਤੀ ਦੰਦਨ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਸਚ ਪਰਕਾਸ਼ ਚਾੜ੍ਹੇ ਨੂਰੀ ਚੰਦਨ, ਜੋਤੀ ਜੋਤ ਡਗਮਗਾਈਆ । ਨਿਮ ਵਾਸ ਮਹਿਕਾ ਕੇ ਵਾਂਗ ਚੰਦਨ, ਕੂੜੀ ਕਿਰਿਆ ਅੰਦਰੋਂ ਬਾਹਰ ਕਢਾਈਆ । ਜਗਤ ਦਵਾਰਾ ਗੁਰਮੁਖ ਪਾਰ ਲੰਘਣ, ਅਗੇ ਹੋ ਨਾ ਕੋਇ ਅਟਕਾਈਆ । ਆਤਮ ਸੇਜਾ ਸੁਹੰਣੀ ਸੇਜ ਪਲੰਘਣ, ਜਿਸ ਦਾ ਪਾਵਾ ਚੂਲ ਕਿਸੇ ਨਾ ਆਈਆ । ਨਾਮ ਨਿਧਾਨ ਵੱਜੇ ਮਰਦੰਗਣ, ਸੁਰ ਤਾਲ ਕਰੇ ਸ਼ਨਵਾਈਆ । ਕਰੇ ਖੇਲ ਸੂਰਾ ਸਰਬੰਗਣ, ਘਟ ਭੀਤਰ ਪੜਦਾ ਓਹਲਾ ਦਏ ਉਠਾਈਆ । ਜੋਧਾ ਸੂਰਬੀਰ ਬਣ ਮਰਦ ਮਰਦੰਗਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਈਆ । ਸਤਿਗੁਰ ਚਰਨ ਸਦਾ ਸੁਖ ਜੁਗ ਜਗ, ਜਗਜੀਵਣ ਦਾਤਾ ਦਏ ਵਡਿਆਈਆ । ਮਾਇਆ ਮਮਤਾ ਮੋਹ ਵਿਕਾਰ ਤ੍ਰਿਸ਼ਨਾ ਰਹੇ ਨਾ ਅੱਗ, ਹਉਮੇ ਹੰਗਤਾ ਹੰਕਾਰ ਨਾ ਕੋਇ ਜਣਾਈਆ । ਕੂੜੀ ਕਿਰਿਆ ਝੂਠਾ ਨਾਤਾ ਜਾਵਣ ਛੱਡ, ਆਤਮ ਪਰਮਾਤਮ ਮਿਲ ਕੇ ਵੱਜੇ ਸਚ ਵਧਾਈਆ । ਝਗੜਾ ਮੁਕੇ ਤੀਰਥ ਅੱਠ ਸੱਠ, ਨਿਝਰ ਮਿਲੇ ਅੰਮ੍ਰਿਤ ਰਸ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦੀ ਲੋੜ ਰਹੇ ਨਾ ਰਾਈਆ । ਸੁਰਤੀ ਸ਼ਬਦੀ ਹੋਵੇ ਵਸ, ਮਨੂਆ ਦਹਿ ਦਿਸ਼ਾ ਨਾ ਜਾਏ ਨੱਸ, ਭੈ ਭੌ ਇਕ ਵਖਾਈਆ । ਨਿਜ ਨੇਤਰ ਖੁਲ੍ਹੇ ਅੱਖ, ਸਤਿਗੁਰ ਨਜ਼ਰੀ ਆਈਆ । ਜੋਤੀ ਜਾਤਾ ਪੁਰਖ ਬਿਧਾਤਾ ਵਸਤ ਅਮੋਲਕ ਦੇਵੇ ਵੱਥ, ਜਲਵਾ ਨੂਰ ਕਰੇ ਰੁਸ਼ਨਾਈਆ । ਕਿਰਪਾ ਕਰੇ ਪੁਰਖ ਸਮਰਥ, ਦੀਨ ਦਿਆਲ ਦਇਆਨਿਧ ਠਾਕਰ ਮਿਹਰਵਾਨ ਮਹਿਬੂਬ ਮੁਹੱਬਤ ਵਿਚ ਮਿਲਾਈਆ । ਮਾਲਕ ਦਿਸੇ ਇਕੋ ਸੱਚੋ ਸਚ, ਜੋਤੀ ਜੋਤ



ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਏਕੰਕਾਰਾ ਇਕ ਇਕੱਲਾ ਦਏ ਵਖਾਈਆ । ਸਤਿਗੁਰ ਸ਼ਬਦ ਦੇਵੇ ਸਚ ਸੰਦੇਸ਼ਾ, ਸੋਈ ਸੁਰਤੀ ਆਪ ਉਠਾਈਆ । ਹੁਕਮੇਂ ਅੰਦਰ ਖੇਲ ਕਰੇ ਨਰ ਨਰੇਸ਼ਾ, ਨਰ ਨਰਾਇਣ ਆਪਣੇ ਹੱਥ ਰਖੇ ਵਡਿਆਈਆ । ਲੇਖਾ ਜਾਣੇ ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਦੇਸ ਪਰਦੇਸਾ, ਗਗਨ ਗਗਨੰਤਰ ਜ਼ਿਮੀਂ ਅਸਮਾਨ ਖੋਜ ਖੁਜਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਮੰਗਣਹਾਰਾ ਲੇਖਾ, ਚਾਰ ਕੁੰਟ ਦਹਿ ਦਿਸ਼ਾ ਬਚਿਆ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਆਪਣਾ ਆਪ ਜਿਸ ਨੂੰ ਕਰ ਕੇ ਗਏ ਭੇਟਾ, ਤਨ ਮਾਟੀ ਖ਼ਾਕ ਲੋਕਮਾਤ ਨਾਤਾ ਗਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਕੂੜੀ ਕਿਰਿਆ ਦਾ ਅੰਤ ਕੰਤ ਭਗਵੰਤ ਕੱਢੇ ਭੁਲੇਖਾ, ਵਡ ਵਿਭਚਾਰੀ ਕੂੜ ਸੰਸਾਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਧਾਰੇ ਭੇਖਾ, ਰੂਪ ਰੰਗ ਰੇਖ ਜਗ ਨੇਤਰ ਨਜ਼ਰ ਕਿਸੇ ਨਾ ਆਈਆ ।

੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ ਪੂਰਨ ਸਿੰਘ, ਹਰੀ ਸਿੰਘ ਦੇ ਗ੍ਰਿਹਿ ਪਿੰਡ ਸੋਹਲ ਜ਼ਿਲਾ ਅੰਮ੍ਰਿਤਸਰ

ਪੁਰਖ ਅਕਾਲ ਰਖੇ ਸਹਾਰਾ, ਚਾਰ ਵਰਨ ਅਠਾਰਾਂ ਬਰਨ ਦੀਨ ਮਜ਼੍ਹਬ ਇਕ ਧਿਆਨ ਲਗਾਈਆ । ਜੋ ਆਤਮ ਪਰਮਾਤਮ ਕਰੇ ਸਚ ਪਿਆਰਾ,

ਪ੍ਰੀਤਮ ਹੋ ਕੇ ਪਰਵਰਦਿਗਾਰ ਆਪਣੀ ਦਇਆ ਕਮਾਈਆ । ਵਸਤ ਅਮੋਲਕ ਅਗੰਮੀ ਨਾਮ ਦੇਵੇ ਠਾਰਾ, ਸਚਖੰਡ ਨਿਵਾਸੀ ਥਿਰ ਘਰ ਦੇਵੇ ਮਾਣ ਵਡਿਆਈਆ । ਕੂੜੀ ਕਿਰਿਆ ਤ੍ਰੈਗੁਣ ਮਾਇਆ ਪੰਜ ਤਤ ਲਹਿਣਾ ਦੇਣਾ ਚੁਕਾਏ ਵਿਚ ਸੰਸਾਰਾ, ਲੱਖ ਚੁਰਾਸੀ ਜਮ ਕੀ ਫਾਸੀ ਪਤਿਤ ਪਾਵਨ ਆਵਣ ਜਾਵਣ ਦਏ ਕਟਾਈਆ । ਦਰਗਾਹ ਸਾਚੀ ਊਚ ਮਹੱਲ ਅਟਲ ਬਖ਼ਸ਼ੇ ਸਚ ਦਵਾਰਾ, ਧਾਮ ਅਵੱਲੜਾ ਇਕ ਇਕੱਲੜਾ ਇਕੋ ਇਕ ਵਖਾਈਆ । ਜਿਥੇ ਦੀਵਾ ਬਾਤੀ ਕਮਲਾਪਾਤੀ ਨਿਰਗੁਣ ਜੋਤ ਕਰੇ ਉਜਿਆਰਾ, ਰਵ ਸਸ ਸੂਰਜ ਚੰਨ ਨਜ਼ਰ ਕੋਇ ਨਾ ਆਈਆ । ਕਾਗਦ ਕ਼ਲਮ ਸ਼ਾਹੀ ਲੇਖ ਲਿਖੇ ਨਾ ਕੋਈ ਬਣ ਲਿਖਾਰਾ, ਚੌਦਾਂ ਵਿਦਿਆ ਜਗਤ ਬੁਧੀ ਸੋਭਾ ਕੋਇ ਨਾ ਪਾਈਆ । ਕਰੇ ਖੇਲ ਆਪ ਨਿਰੰਕਾਰਾ, ਨਿਰਗੁਣ ਨਿਰਵੈਰ ਨਿਰਾਕਾਰ ਖ਼ੁਸ਼ੀ ਵਖਾਈਆ । ਜਨ ਭਗਤਾਂ ਏਥੇ ਓਥੇ ਦੋ ਜਹਾਨ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰੇ ਪਿਆਰਾ, ਪਾਰਬ੍ਰਹਮ ਬ੍ਰਹਮ ਮਿਲ ਕੇ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਓਟ ਇਕੋ ਇਕ ਜਣਾਈਆ । ਪੁਰਖ ਅਕਾਲ ਦੀਨ ਦਿਆਲ ਰਖੇ ਇਕੋ ਆਸ, ਬਾਲ ਬਿਰਧ ਜਵਾਨਾਂ ਸਾਚੇ ਘਰ ਦਏ ਵਡਿਆਈਆ । ਜਨਮ ਜਨਮ ਦੀ ਕਰਮ ਕਰਮ ਦੀ ਕਰ ਕਿਰਪਾ ਮੇਟੇ ਪਿਆਸ, ਕੂੜੀ ਤ੍ਰਿਸ਼ਨਾ ਮਨ ਵਾਸਨਾ ਮੋਹ ਵਿਕਾਰ ਦਏ ਗਵਾਈਆ । ਵਸਤ ਅਮੋਲਕ ਨਾਮ ਭੰਡਾਰਾ ਅਗੰਮੀ ਦੇਵੇ ਦਾਤ, ਦਇਆਵਾਨ ਹੋ ਕੇ ਦਾਤਾਰ ਸਵਾਮੀ ਆਪ ਵਰਤਾਈਆ । ਕਲਜੁਗ ਅੰਧ ਅੰਧੇਰੀ ਜੂਠ ਝੂਠ ਜਗਤ ਦੁਹਾਗਣ ਮੇਟੇ ਰਾਤ, ਭਿੰਨੜੀ ਰੈਣ ਲੋਕਮਾਤ ਕਰੇ ਰੁਸ਼ਨਾਈਆ । ਝਗੜਾ ਮੁਕਾਏ ਦੀਨ ਮਜ਼੍ਹਬ ਜਾਤ ਪਾਤ, ਊਚ ਨੀਚ ਰਾਓ ਰੰਕ ਦਵਾਰ ਬੰਕ ਇਕੋ ਇਕ ਵਖਾਈਆ । ਕਰੇ ਖੇਲ ਮਿਹਰਵਾਨ ਮਹਿਬੂਬ ਹਰਿ ਕਮਲਾਪਾਤ, ਪਤਿਪਰਮੇਸ਼ਵਰ ਦੀਨ ਦੁਨੀ ਖੋਜੇ ਥਾਉਂ ਥਾਈਆ । ਜਨ ਭਗਤਾਂ ਸਾਚੇ ਸੰਤਾਂ ਸਚ ਦਵਾਰੇ ਆਪ ਪੁਛੇ ਬਾਤ, ਮਿੱਤਰ ਪਿਆਰਾ ਹੋ ਕੇ ਪੜਦਾ ਉਹਲਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦਰਸ ਦਿਖਾਏ ਸਾਖਿਆਤ, ਸਿਖ਼ਰ ਚੋਟੀ ਚਾੜ੍ਹ ਕੇ ਮੰਜ਼ਲ ਆਪਣੀ ਦਏ ਵਖਾਈਆ । ਜਨ ਭਗਤਾਂ ਸਿਖ਼ਰ ਚਾੜ੍ਹੇ ਚੋਟੀ, ਚੋਟ ਸ਼ਬਦ ਨਗਾਰੇ ਲਾਈਆ । ਨਾਮ ਕਿਰਪਾ ਅੰਦਰੋਂ ਵਾਸਨਾ ਕੱਢੇ ਖੋਟੀ, ਤ੍ਰਿਸ਼ਨਾ ਤਮਅ ਨਾ ਕੋਇ ਤਾਈਆ । ਆਤਮਾ ਪਰਮਾਤਮਾ ਧਾਰ ਦੱਸੇ ਇਕੋ ਗੋਤੀ, ਵਰਨ ਬਰਨ ਵੰਡ ਨਾ ਕੋਇ ਵੰਡਾਈਆ । ਕਰ ਪਰਕਾਸ਼ ਅਗੰਮ ਅਥਾਹ ਬੇਪਰਵਾਹ ਨਿਰਮਲ ਜੋਤੀ, ਅੰਧ ਅੰਧੇਰਾ ਦਏ ਗਵਾਈਆ । ਜਿਸ ਦਵਾਰ ਬੁੱਧੀ ਸੋਚ ਕਦੇ ਨਾ ਸੋਚੀ, ਉਹ ਮੰਦਰ ਘਰ ਦਵਾਰ ਦਏ ਵਖਾਈਆ । ਜਿਸ ਸਵਾਮੀ ਅੰਤਰਜਾਮੀ ਨੂੰ ਲੱਭਦੇ ਕੋਟਨ ਕੋਟੀ, ਉਹ ਪਰਮ ਪੁਰਖ ਪਰਮਾਤਮ ਕਾਇਆ ਮੰਦਰ ਅੰਦਰ ਵਿਚੋਂ ਨਜ਼ਰੀ ਆਈਆ । ਜਿਸ ਦੀ ਵੇਖਣ ਵਿਚ ਧਾਰ ਬਾਰੀਕ ਸਭ ਤੋਂ ਛੋਟੀ, ਵਰਤਮਾਨ ਵਿਚ ਦੂਰ ਦੂਰ ਦੂਰ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਤਮ ਰਹਿਣ ਨਾ ਦੇਵੇ ਸੋਤੀ, ਜਗ ਸੁਤਿਆਂ ਲਏ ਜਗਾਈਆ । ਜਨ ਭਗਤਾਂ ਕਰ ਕਿਰਪਾ ਲਾਹੇ ਆਲਸ ਨਿੰਦਰਾ, ਗ਼ਫ਼ਲਤ ਵਿਚੋਂ ਬਾਹਰ ਕਢਾਈਆ । ਜਾਣ ਦੇਵੇ ਨਾ ਕਿਸੇ ਬਣ ਬਿੰਦਰਾ, ਮਥਰਾ ਗੋਕਲ ਫੋਲਣ ਦੀ ਲੋੜ ਦਏ ਗਵਾਈਆ । ਸਹਾਰਾ ਲੈਣਾ ਨਾ ਪਏ ਕਿਸੇ ਸੁਰਪਤ ਇੰਦਰਾ, ਸਿੰਘਾਸਣ ਸਾਰੇ ਦਏ ਤਜਾਈਆ । ਕਰ ਕਿਰਪਾ ਜਿਨ੍ਹਾਂ ਦੇ ਅੰਦਰੋਂ ਆਪੇ ਖੋਲ੍ਹੇ ਨਿੰਦਰਾ, ਜ਼ਿੰਦਗੀ ਦੀ ਬੰਦਗੀ ਬੰਦਗੀ ਦਾ ਬੰਦਾ ਬੰਦੇ ਦਾ ਚੰਦਾ ਚੰਦ ਦਾ ਨੂਰ ਨੂਰ ਵਿਚੋਂ ਜਹੂਰ ਸਰਬ ਕਲਾਂ ਭਰਪੂਰ ਆਪ ਵਖਾਈਆ । ਗਹਿਰ ਗੰਭੀਰ ਗੁਣੀ ਗਹਿੰਦਾ, ਦੀਨ ਦਿਆਲ ਸਦਾ ਬਖ਼ਸ਼ੰਦਾ, ਆਦਿ

ਜੁਗਾਦਿ ਜੁਗ ਚੌਕੜੀ ਲਹਿਣਾ ਦੇਣਾ ਸਭ ਦਾ ਦਿੰਦਾ, ਦੇਵਣਹਾਰ ਸਮਰਥ ਸਵਾਮੀ ਇਕੋ ਇਕ ਏਕੰਕਾਰ ਜਨ ਭਗਤ ਉਪਜਾਏ ਆਪਣੀ ਬਿੰਦਾ, ਮੂਰਖ ਮੂੜ੍ਹ ਲਗਾਏ ਆਪਣੀ ਨਿੰਦਾ, ਗੁਰਮੁਖ ਸਾਰ ਪਾਵੇ ਜੀਉ ਪਿੰਡਾ, ਬ੍ਰਹਿਮੰਡ ਖੰਡ ਕਾਇਆ ਮੰਦਰ ਅੰਦਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਧਾਰ ਸਰਗੁਣ ਸਦਾ ਵਸਤ ਅਮੋਲਕ ਦਿੰਦਾ, ਦੇਵਣਹਾਰ ਬੇਪਰਵਾਹ ਆਪਣੀ ਦਇਆ ਕਮਾਈਆ ।

## ✪ ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੁਰਦੀਪ ਕੌਰ ਦੇ ਗ੍ਰਹਿ ਪਿੰਡ ਸੋਹਲ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਸਦਾ ਸਚ ਸੰਗ, ਦੋ ਜਹਾਨਾਂ ਸਦਾ ਸਹਾਈਆ । ਸਚ ਪ੍ਰੀਤੀ ਚਾੜ੍ਹੇ ਧੁਰ ਦਾ ਰੰਗ, ਲੋਕਮਾਤ ਉਤਰ ਕਦੇ ਨਾ ਜਾਈਆ । ਸ਼ਬਦ ਨਾਮ ਨਿਧਾਨ ਵਜਾਏ ਮਰਦੰਗ, ਅਗੰਮੀ ਰਾਗ ਸੁਣਾਈਆ । ਪੜਦਾ ਲਾਹ ਕੇ ਬ੍ਰਹਮ ਹੰ, ਹੰ ਬ੍ਰਹਮ ਪੜਦਾ ਦਏ ਚੁਕਾਈਆ । ਕੂੜੀ ਮੇਟ ਕੇ ਤ੍ਰਿਸ਼ਨਾ ਤਮ, ਆਸ਼ਾ ਇਕੋ ਦਏ ਵਧਾਈਆ । ਸਤਿਗੁਰ ਸਰਨਾਈ ਲੱਗੇ ਮਨ, ਮਨਸਾ ਮੋਹ ਨਾ ਕੋਇ ਹਲਕਾਈਆ । ਰਾਏ ਧਰਮ ਨਾ ਦੇਵੇ ਡੰਨ ਡੰਕਾ ਮੌਤ ਨਾ ਕੋਇ ਵਜਾਈਆ । ਅੰਤਮ ਮੇਲਾ ਮਿਲੇ ਸ੍ਰੀ ਭਗਵਨ, ਜੋਤੀ ਜੋਤ ਵਿਚ ਸਮਾਈਆ । ਜਨ ਭਗਤ ਸਚ ਦਵਾਰੇ ਚੜ੍ਹੇ ਸਾਚਾ ਚੰਨ, ਨਿਰਗੁਣ ਨੂਰ ਹੋਵੇ ਰੁਸ਼ਨਾਈਆ । ਕਾਇਆ ਮਾਟੀ ਠੀਕਰ ਜਾਵੇ ਭੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
੧੦੭੪ ੧੯ ਸਾਚੇ ਘਰ ਦਏ ਵਡਿਆਈਆ । ਜਨ ਭਗਤ ਹੋਵੇ ਕਦੇ ਨਾ ਮੁਰਦਾ, ਮੁਰੀਦ ਮੁਰਸ਼ਦ ਦਇਆ ਕਮਾਈਆ । ਇਹੋ ਖੇਲ ਆਦਿ ਜੁਗਾਦੀ ਸ਼ਬਦੀ ੧੦੭੪ ੧੯
ਸਤਿਗੁਰ ਦਾ, ਜੋ ਸੁਤਿਆਂ ਲੋਕਮਾਤ ਉਠਾਈਆ । ਲਹਿਣਾ ਦੇਣਾ ਦਏ ਜਨਮ ਕਰਮ ਪੂਰਬ ਧੁਰ ਦਾ, ਮਸਤਕ ਰੇਖਾ ਦਏ ਬਦਲਾਈਆ । ਜਗਤ ਜਹਾਨ ਗੁਰਮੁਖ ਬੇੜਾ ਕਦੇ ਨਾ ਰੁੜ੍ਹਦਾ, ਪੁਰਖ ਅਕਾਲ ਦੀਨ ਦਿਆਲ ਦਇਆ ਕਰ ਕੇ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਜਨ ਭਗਤਾਂ ਹੋਣਾ ਨਾ ਪਏ ਜ਼ਲੀਲ, ਖ਼ੁਆਰੀ ਜਗਤ ਨਾ ਕੋਇ ਰਖਾਈਆ । ਦਰਗਾਹ ਸਾਚੀ ਇਕੋ ਵਾਰ ਸੁਣੀ ਜਾਏ ਅਪੀਲ, ਅਪਰੰਪਰ ਸਵਾਮੀ ਹੋਏ ਆਪ ਸਹਾਈਆ । ਸ਼ਬਦੀ ਹੁਕਮ ਕਰ ਤਾਮੀਲ, ਤੁਰਤ ਆਪਣੇ ਨਾਲ ਮਿਲਾਈਆ । ਜਗਤ ਵਾਸਨਾ ਵਿਚ ਬਦਲਣ ਨਾ ਦੇਵੇ ਦਲੀਲ, ਮਨ ਕਾ ਮਣਕਾ ਦੇਵੇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਦੀ ਬੰਦਗੀ ਕਰੇ ਤਸਲੀਮ, ਜਗਤ ਤਾਮੀਲ ਦਾ ਲੇਖਾ ਦਏ ਚੁਕਾਈਆ ।

## ✪ ੧੪ ਸਾਵਣ ਸ਼ਹਿਨਸ਼ਾਹੀ ਸੰਮਤ ੨ ਦਲੀਪ ਸਿੰਘ ਦੇ ਗ੍ਰਹਿ ਪਿੰਡ ਗੱਗੋਬੂਆ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਕਹੇ ਪ੍ਰਭ ਸਤਿ ਧਰਮ ਦਾ ਖੋਲ੍ਹ ਮੇਰਾ ਹੱਟ, ਕਲਜੁਗ ਹੱਟੀਆਂ ਦੀ ਲੋੜ ਰਹੇ ਨਾ ਰਾਈਆ । ਪੁਰਖ ਅਕਾਲ ਦੀਨ ਦਿਆਲ ਆਪਣੀ ਵਸਤ ਅਗੰਮੀ ਵਿਚ ਰਖ, ਨਾਉਂ ਨਿਰੰਕਾਰਾ ਆਪ ਟਿਕਾਈਆ । ਸਾਚਾ ਮਾਰਗ ਦੋ ਜਹਾਨ ਸਹਿਜ ਸੁਭਾਓ ਦੱਸ, ਚਾਰ ਕੁੰਟ ਦਹਿ ਦਿਸ਼ਾ

ਕਰ ਪੜ੍ਹਾਈਆ । ਸੁਰਤੀ ਅੰਦਰ ਤੇਰੇ ਸ਼ਬਦ ਦਾ ਹੋਵੇ ਜਸ, ਸਤਿਗੁਰ ਆਪਣੀ ਧਾਰ ਖੋਲ੍ਹ ਅੱਖ, ਪਰਤੱਖ ਰੂਪ ਨਜ਼ਰੀ ਆਵੀਂ ਗੁਸਾਈਆ । ਕਿਉਂ ਪੜਦੇ ਅੰਦਰ ਰਿਹੋਂ ਢਕ, ਸਾਚੀ ਧਾਰ ਬਾਹਰ ਕੱਢ, ਸਿਖਿਆ ਦੇ ਮਾਸ ਨਾੜੀ ਹੱਡ, ਧੁਰ ਫ਼ਰਮਾਨ ਸ੍ਰੀ ਭਗਵਾਨ ਆਪ ਸਮਝਾਈਆ । ਪਿਛਲੀ ਰੀਤੀ ਕਰਤੇ ਛੱਡ, ਅਗੇ ਪਰਮਾਤਮ ਹੋ ਕੇ ਵਧ, ਭਗਤ ਸੁਹੇਲੇ ਦਵਾਰੇ ਸੱਦ, ਸਦਾ ਆਪਣਾ ਨਾਮ ਸੁਣਾਈਆ । ਕੂੜੀ ਕਿਰਿਆ ਮੇਟ ਅੱਗ, ਦਇਆ ਕਰ ਸੂਰੇ ਸਰਬਗ, ਭਗਤਾਂ ਚੜ੍ਹ ਜਾ ਉਪਰ ਸ਼ਾਹਰਗ, ਰਘੁਪਤ ਹੋ ਕੇ ਰਗ ਰਗ ਕਰ ਰੁਸ਼ਨਾਈਆ । ਜਗਤ ਬੁਧੀ ਰਹੇ ਨਾ ਕੱਗ, ਤੇਰਾ ਨਾਮ ਸੁਣਨ ਅਨਹਦ, ਢੋਲਾ ਗੀਤ ਇਕੋ ਗਾਵਣ ਛੰਦ, ਤੂੰ ਹੀ ਤੂੰ ਹੀ ਰਾਗ ਅਲਾਹੀਆ । ਨਾਮ ਖ਼ੁਮਾਰੀ ਦੇ ਮਧ, ਮੰਜ਼ਲ ਦੇ ਦੇ ਪਹਿਲੀ ਵਾਰ ਚੌਥਾ ਪਦ, ਅਗੇ ਮਿਲ ਪੁਰਖ ਸਮਰਥ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਬਿਨ ਮੱਕੇ ਕਾਅਬਿਉਂ ਕਰਾ ਦੇ ਏਕਾ ਹੱਜ, ਸਾਚੇ ਕਲਮੇ ਨਾਲ ਕਾਇਨਾਤ ਜਾਵੇ ਬੱਝ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਵਰਦਾਤੇ ਦਇਆ ਕਮਾਈਆ । ਸਤਿ ਧਰਮ ਕਹੇ ਪ੍ਰਭ ਕਬੂਲ ਕਰ ਲੈ ਅੰਤ ਸਲਾਮ, ਸਲਾਮਾਲੈਕਮ ਕਹਿ ਕੇ ਸੀਸ ਨਿਵਾਈਆ । ਸ਼ਾਹ ਸੁਲਤਾਨੇ ਵਡ ਅਮਾਮ, ਨੂਰ ਨੁਰਾਨੇ ਬੇਪਰਵਾਹੀਆ । ਹਕ਼ੀਕ਼ੀ ਹਕ਼ੀਕ਼ਤ ਵਾਲਾ ਦੇ ਜਾਮ, ਜ਼ਾਮਨ ਹੋ ਕੇ ਆਪ ਪਿਆਈਆ । ਸਿੱਧਾ ਆਪਣੇ ਕੋਲੋਂ ਭੇਜ ਪੈਗ਼ਾਮ, ਆਜ਼ਾਦ ਹੋਣ ਗ਼ੁਲਾਮ, ਜ਼ੰਜੀਰ ਸ਼ਰਅ ਦੇਣੀ ਕਟਾਈਆ । ਨਾਮ ਖੰਜਰ ਨਾਲ ਕਰ ਕਤਲਾਮ, ਕਾਇਆ ਮਾਟੀ ਅੰਦਰ ਨਾ ਰਹੇ ਹਰਾਮ, ਝਗੜਾ ਮੁਕਾ ਕੂੜ ਤਮਾਮ, ਤਮਅ ਦਾ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਬਦਲਣਾ ਤੇਰਾ ਕਾਮ, ਸਤਿਜੁਗ ਲਾਉਣਾ ਜਗਤ ਆਸਾਨ, ਲੱਖ ਚੁਰਾਸੀ ਅੰਦਰ ਬਣਨਾ ਜਗਤ ਕਿਸਾਨ, ਅੰਮ੍ਰਿਤ ਜਲ ਦੇਣਾ ਬੀਆਬਾਨ, ਗੁਰਮੁਖ ਬੂਟਾ ਲਾਉਣਾ ਸੁਘੜ ਸੁਜਾਨ, ਸੰਤ ਫ਼ਕੀਰ ਪਲ ਕੇ ਹੋਵੇ ਜਵਾਨ, ਸ਼ਾਹ ਹਕੀਰ ਇਕੋ ਰੂਪ ਨਜ਼ਰੀ ਆਣ, ਦੋ ਜਹਾਨ ਤੇਰਾ ਹੁਕਮ ਹੋਵੇ ਫ਼ਰਮਾਨ ਫ਼ਰਮਾਂਬਰਦਾਰ ਆਪਣੇ ਆਪਣੇ ਵਿਚੋਂ ਲੈ ਪਰਗਟਾਈਆ ।

### ੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੁਰਬਖ਼ਸ਼ ਸਿੰਘ ਦੇ ਗ੍ਰਿਹ ਪਿੰਡ ਗੱਗੋਬੂਆ ਜ਼ਿਲਾ ਅੰਮ੍ਰਿਤਸਰ

ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਪੰਜ ਤਤ ਮਿਲੇ ਵਡਿਆਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਤ੍ਰੈਗੁਣ ਮਾਇਆ ਲੇਖੇ ਲਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਮਨ ਵਾਸਨਾ ਦਏ ਗਵਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਸਤਿ ਸਤਿਵਾਦੀ ਹੋਏ ਨਾ ਕੋਇ ਲੜਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਬੁਧ ਬਿਬੇਕ ਦਏ ਬਣਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਨੌ ਦਵਾਰੇ ਪਾਰ ਕਰਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਕਾਮ ਕਰੋਧ ਲੋਭ ਮੋਹ ਹੰਕਾਰ ਮਿਟਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਕੂੜੀ ਕਿਰਿਆ ਜੂਠ ਝੂਠ ਹਉਮੇ ਹੰਗਤਾ ਗੜ੍ਹ ਤੁੜਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਸੁਖਮਨ ਟੇਢੀ ਬੰਕ ਪਾਰ ਲੰਘਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਸ਼ਬਦ ਅਨਾਦੀ ਧੁਨ ਦਏ ਉਪਜਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਅੰਮ੍ਰਿਤ ਰਸ ਜਾਮ ਪਿਆਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਨਿਰਗੁਣ ਨੂਰ ਜੋਤ

ਕਰੇ ਰੁਸ਼ਨਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਆਤਮ ਪਰਮਾਤਮ ਜੋੜ ਜੁੜਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਆਤਮ ਸੇਜਾ ਪੁਰਖ ਅਬਿਨਾਸ਼ੀ ਸੋਭਾ ਪਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਸੁਰਤੀ ਸ਼ਬਦੀ ਮਿਲ ਕੇ ਦਸਮ ਦਵਾਰੀ ਇਕੋ ਵੱਜੇ ਵਧਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਮਿਹਰਵਾਨ ਮਹਿਬੂਬ ਦਸਮ ਦਵਾਰੀ ਵਿਚੋਂ ਬਾਹਰ ਕਢਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਉਚ ਅਗੂਜ ਅਗੰਮ ਅਥਾਹ ਆਪਣਾ ਖੇਲ ਵਖਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਸੁਨ ਸਮਾਧ ਰਹਿਣ ਨਾ ਪਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਥਿਰ ਘਰ ਦਵਾਰਾ ਬਿਨ ਅੱਖਾਂ ਦਏ ਜਣਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਸਾਚੇ ਕਵਲ ਚਰਨ ਦਏ ਸਰਨਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਬੈਕੁੰਠ ਨਿਵਾਸੀ ਸਾਚੇ ਧਾਮ ਦਏ ਟਿਕਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਜੋਤੀ ਜੋਤ ਜੋਤ ਮਿਲਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੱਖ ਚੁਰਾਸੀ ਆਪਣੀ ਰਾਸੀ ਰਸਤੇ ਆਪਣੇ ਵਿਚੋਂ ਪਾਰ ਕਰਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਬਖ਼ਸ਼ੇ ਚਰਨ ਧਿਆਨ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਮੇਟੇ ਮਾਣ ਅਭਿਮਾਨ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਨਾਮ ਭੰਡਾਰਾ ਦੇਵੇ ਦਾਨ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਸ਼ਬਦ ਸੁਣਾਏ ਬਿਨ ਰਸਨਾ ਕਾਨ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਭਾਗ ਲਗਾਏ ਕਾਇਆ ਮਾਟੀ ਸਚ ਮਕਾਨ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਘਰ ਠਾਕਰ ਸਵਾਮੀ ਮਿਲੇ ਆਣ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਦੀਪਕ ਜੋਤ ਜਗਦਾ ਰਹੇ ਮਹਾਨ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਸਚ ਭੂਮਿਕਾ ਮਿਲੇ ਸਚ ਅਸਥਾਨ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਏਥੇ ਓਥੇ ਮੇਲਾ ਮਿਲਿਆ ਰਹੇ ਸ੍ਰੀ ਭਗਵਾਨ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਪੁਰਖ ਨਿਰੰਜਣ ਧੁਰ ਦਾ ਕਾਹਨ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਚਿੰਤਾ ਗ਼ਮ ਰਹੇ ਨਾ ਹਰਖ਼ ਸੋਗ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਮਾਟੀ ਚੰਮ ਅੰਦਰੋਂ ਬਾਹਰ ਕੱਢੇ ਮਮਤਾ ਰੋਗ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਨਾਮ ਨਿਧਾਨਾ ਚੁਗਾਏ ਸਾਚੀ ਚੋਗ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਚਰਨ ਪ੍ਰੀਤੀ ਦੱਸੇ ਅਗੰਮੀ ਜੋਗ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਆਤਮ ਪਰਮਾਤਮ ਸੇਜ ਸੁਹੰਜਣੀ ਜਣਾਏ ਇਕੋ ਭੋਗ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਵੱਜੇ ਵਧਾਈ ਸਾਚੇ ਕਾਇਆ ਕੋਟ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਸ਼ਬਦ ਅਗੰਮੀ ਲੱਗੇ ਚੋਟ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਮਨ ਵਾਸਨਾ ਰਹੇ ਨਾ ਖੋਟ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਘਰ ਸਾਚੇ ਮਿਲੇ ਧੁਰ ਦੀ ਜੋਤ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਅੰਤਕਾਲ ਕਲ ਪੋਹ ਨਾ ਸਕੇ ਮੌਤ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਜੁਗ ਚੌਕੜੀ ਕਦੇ ਨਾ ਜਾਵੇ ਔਂਤ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਸਚਖੰਡ ਦਵਾਰੇ ਬਿਨ ਡੰਡੇ ਪੌੜੀ ਜਾਏ ਪਹੁੰਚ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਪੁਰਖ ਅਕਾਲ ਦੀਨ ਦਿਆਨ ਪਰਵਰਦਿਵਾਰ ਹੰਢਾਏ ਇਕੋ ਖੌਂਤ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੰਦਰ ਆਪ ਸੁਹਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਮਿਟੇ ਦੁੱਖ ਰੋਗ ਸੰਤਾਪ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਕੋਟ ਜਨਮ ਦੇ ਉਤਰੇ ਪਾਪ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਮਿਲੇ ਵਡਿਆਈ ਲੋਕਮਾਤ । ਜੋ ਜਨ ਸਿਮਰੇ ਪ੍ਰਭ ਕਾ ਨਾਉਂ,

ਨਾਤਾ ਤੁੱਟੇ ਕੂੜ ਸੱਜਣ ਸਾਕ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਬੰਦ ਕਿਵਾੜੀ ਖੁਲ੍ਹੇ ਤਾਕ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਨਾਮ ਨਿਧਾਨ ਸੁਣਾਏ ਸੱਚੀ ਗਾਥ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਵਸਤ ਅਮੋਲਕ ਮਿਲੇ ਦਾਤ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਮੇਟੇ ਰੈਣ ਅੰਧੇਰੀ ਰਾਤ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਪੁਰਖ ਅਬਿਨਾਸ਼ੀ ਪੁਛੇ ਬਾਤ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਦੁਰਮਤ ਮੈਲ ਦੇਵੇ ਕਾਢ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਸਾਚਾ ਵਣਜ ਕਰਾਏ ਆਪਣੇ ਹਾਟ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਝਗੜਾ ਮੁਕਾਏ ਤੀਰਥ ਤਾਟ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਜਨਮ ਕਰਮ ਦੀ ਪੂਰੀ ਹੋਵੇ ਵਾਟ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਸ਼ਬਦੀ ਸ਼ਬਦ ਸੁਣਾਏ ਬਾਤ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਨਜ਼ਰੀ ਆਵੇ ਸਾਖਿਆਤ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਭਗਵਾਨ, ਸਦਾ ਸੁਹੇਲਾ ਦੇਵੇ ਆਪਣਾ ਸਾਥ ।

### ੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਹਿ ਪਿੰਡ ਗੱਗੋਬੂਆ ਜ਼ਿਲਾ ਅੰਮ੍ਰਿਤਸਰ

ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਜਗਤ ਸੰਤਾਪ ਨਾ ਵਿਆਪੇ ਦੁੱਖ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਜਨਮ ਕਰਮ ਦੀ ਤ੍ਰਿਸ਼ਨਾ ਮਿਟੇ ਭੁੱਖ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਉਜਲ ਹੋਵੇ ਮਾਤ ਮੁਖ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਮਿਲੇ ਵਡਿਆਈ ਜਨਣੀ ਕੁੱਖ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਗੁਰ ਸ਼ਬਦੀ ਧਾਰ ਬਣਾਏ ਆਪਣਾ ਸੁਤ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਆਵਣ ਜਾਵਣ ਪੈਂਡਾ ਜਾਏ ਮੁਕ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਆਤਮ ਪਰਮਾਤਮ ਮਿਲ ਕੇ ਹੋਏ ਖ਼ੁਸ਼ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਜਗਤ ਵਾਸਨਾ ਵਿਕਾਰ ਵਿਚੋਂ ਹੋ ਜਾਏ ਚੁਪ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਹੋਏ ਪਰਕਾਸ਼ ਅੰਧੇਰੇ ਘੁਪ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਉਲਟਾ ਗਰਭ ਨਾ ਹੋਵੇ ਰੁੱਖ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਆਵੇ ਜਾਵੇ ਸਦਾ ਜਾਮਾ ਪਾਏ ਮਨੁੱਖ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਸਿਰ ਆਪਣਾ ਹੱਥ ਰਖਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਗਲੋਂ ਟੁੱਟੇ ਜਮ ਕੀ ਫਾਸੀ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਮਨ ਮਮਤਾ ਨਾ ਰਹੇ ਉਦਾਸੀ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਸ਼ਬਦੀ ਗੁਰੂ ਬਣੇ ਧੁਰ ਦਾ ਸਾਥੀ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਸੁਰਤ ਸਵਾਣੀ ਮੰਨੇ ਅੰਦਰੋਂ ਆਖੀ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਬੰਦ ਕਿਵਾੜੀ ਖੁਲ੍ਹੀ ਰਹੇ ਤਾਕੀ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਅੰਮ੍ਰਿਤ ਜਾਮ ਪਿਆਏ ਧੁਰ ਦਾ ਸਾਕੀ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਭਾਗ ਲੱਗੇ ਤਨ ਮਾਟੀ ਖ਼ਾਕੀ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਮਨੂਆ ਮਨ ਰਹੇ ਨਾ ਆਕ਼ੀ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਪ੍ਰੇਮ ਪ੍ਰੀਤੀ ਅੰਤਰ ਆਤਮ ਪਰਮਾਤਮ ਇਕੋ ਜਾਣੇ ਜਾਤੀ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਘਰ ਹਰਿ ਮੰਦਰ ਮਿਲੇ ਕਮਲਾਪਾਤੀ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਅੰਮ੍ਰਿਤ ਬੂੰਦ ਦੇਵੇ ਸਵਾਂਤੀ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਮੰਜ਼ਲ ਔਖੀ ਚਾੜ੍ਹੇ ਘਾਟੀ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਬੰਕ ਦਵਾਰਾ ਮਿਲੇ ਦਰਗਾਹ ਸਾਚੀ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਮਿਲੇ

ਜੋਤ ਜੋਤ ਅਬਿਨਾਸ਼ੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਲਹਿਣਾ ਚੁਕਾਏ ਜਨਮ ਜਨਮ ਜਨਮ ਦਾ ਬਾਕੀ ।

### ✪ ੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਉਤਮ ਸਿੰਘ ਦੇ ਗ੍ਰਹਿ ਪਿੰਡ ਗੱਗੋਬੂਆ ਜ਼ਿਲਾ ਅੰਮ੍ਰਿਤਸਰ ✪

ਜੋ ਜਨ ਸਿਮਰੇ ਹਰਿ ਕਾ ਨਾਉਂ, ਨਾਤਾ ਤੁੱਟੇ ਜਗਤ ਕੂੜੋ ਕੂੜ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਚਤੁਰ ਸੁਘੜ ਬਣੇ ਮੂਰਖ ਮੂੜ੍ਹ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਕਾਇਆ ਚੋਲੀ ਚੜ੍ਹੇ ਰੰਗ ਗੂੜ੍ਹ । ਜੋ ਜਨ ਸਿਮਰੇ ਹਰਿ ਕਾ ਨਾਉਂ, ਸ਼ਬਦ ਅਨਾਦੀ ਉਪਜੇ ਅੰਤਰ ਤੂਰ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਨਿਰਮਲ ਜੋਤੀ ਪਰਗਟ ਹੋਵੇ ਨੂਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਆਸਾ ਮਨਸਾ ਪ੍ਰਭ ਕਰੇ ਪੂਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਪੁਰਖ ਅਬਿਨਾਸ਼ੀ ਦਰਸ ਵਖਾਏ ਹਾਜ਼ਰ ਹਜ਼ੂਰ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਡਿਆਈ ਸਰਬ ਕਲਾ ਭਰਪੂਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਆਵਣ ਜਾਵਣ ਮੁਕੇ ਪੰਧ । ਜੋ ਜਨ ਸਿਮਰੇ ਹਰਿ ਕਾ ਨਾਉਂ, ਜਨਮ ਕਰਮ ਧਰਮ ਆਸਾ ਮਨਸਾ ਪੂਰੀ ਹੋਵੇ ਮੰਗ । ਜੋ ਜਨ ਸਿਮਰੇ ਹਰਿ ਕਾ ਨਾਉਂ, ਲੱਖ ਚੁਰਾਸੀ ਜਮ ਕੀ ਫਾਸੀ ਕੱਟੇ ਫੰਦ । ਜੋ ਜਨ ਸਿਮਰੇ ਹਰਿ ਕਾ ਨਾਉਂ, ਤੂੰ ਮੇਰਾ ਮੈਂ ਤੇਰਾ ਆਤਮ ਢੋਲਾ ਸੁਣੇ ਛੰਦ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਮਨ ਵਾਸਨਾ ਕੂੜੀ ਕਿਰਿਆ ਅੰਦਰੋਂ ਕੱਢੇ ਗੰਦ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਸਚ ਪਰਕਾਸ਼ ਨਿਰਮਲ ਜੋਤ ਹੋਵੇ ਚੰਦ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਦੀਨ ਦਿਆਲ ਹੋਵੇ ਬਖ਼ਸ਼ੰਦ । ਜੋ ਜਨ ਸਿਮਰੇ ਹਰਿ ਕਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਹਿਬ ਸੂਰਾ ਸਰਬੰਗ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਮਿਲੇ ਵਡਿਆਈ ਲੋਕਮਾਤ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਪੁਰਖ ਅਬਿਨਾਸ਼ੀ ਸਚ ਪ੍ਰੀਤੀ ਚਰਨ ਬਖ਼ਸ਼ੇ ਦਾਤ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਬਿਨ ਰਸਨਾ ਜਿਹਵਾ ਅੰਤਰ ਅੰਤਰ ਉਪਜੇ ਸਾਚੀ ਗਾਥ । ਜੋ ਜਨ ਸਿਮਰੇ ਹਰਿ ਕਾ ਨਾਉਂ, ਅੰਤਰ ਮਿਟੇ ਅੰਧੇਰੀ ਰਾਤ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਘਰ ਸਵਾਮੀ ਠਾਕਰ ਮਿਲੇ ਆਪ । ਜੋ ਜਨ ਸਿਮਰੇ ਹਰਿ ਕਾ ਨਾਉਂ, ਕੋਟ ਜਨਮ ਦੇ ਉਤਰਨ ਪਾਪ । ਜੋ ਜਨ ਸਿਮਰੇ ਹਰਿ ਕਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦੇਵੇ ਸਵੱਛ ਸਰੂਪੀ ਸਾਖਿਆਤ ।


੧੦੧੮ ੧੯

### ✪ ੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਹਿ ਪਿੰਡ ਗੱਗੋਬੂਆ ਜ਼ਿਲਾ ਅੰਮ੍ਰਿਤਸਰ ✪

ਜੋ ਜਨ ਸਿਮਰੇ ਹਰਿ ਕਾ ਨਾਉਂ, ਆਵਣ ਜਾਵਣ ਰਹਿਣ ਨਾ ਪਾਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਪਤਿਤ ਪਾਵਨ ਦਏ ਵਡਿਆਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਲੱਖ ਚੁਰਾਸੀ ਜਮ ਕੀ ਫਾਸੀ ਫੰਦ ਕਟਾਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਭੇਵ ਖੁਲ੍ਹਾਏ ਮੰਡਲ ਰਾਸੀ,

ਪੜਦਾ ਉਹਲਾ ਆਪ ਉਠਾਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਵਸਤ ਅਮੋਲਕ ਦੇਵੇ ਨਾਮ ਦਾਤੀ, ਅਤੋਟ ਅਤੁਟ ਆਪ ਵਰਤਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਅੱਠੇ ਪਹਿਰ ਰਹੇ ਪਰਭਾਤੀ, ਸੰਧਿਆ ਰੰਗ ਨਾ ਕੋਇ ਵਖਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਤੂੰ ਮੇਰਾ ਮੈਂ ਤੇਰਾ ਇਕੋ ਦੱਸੇ ਜਾਤੀ, ਪਾਰਬ੍ਰਹਮ ਬ੍ਰਹਮ ਪੜਦਾ ਆਪ ਚੁਕਾਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਦਰਸ ਵਖਾਏ ਇਕ ਇਕਾਂਤੀ, ਕਾਇਆ ਮੰਦਰ ਅੰਦਰ ਸੋਭਾ ਪਾਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਸਦਾ ਸੁਹੇਲਾ ਬਣੇ ਕਮਲਾਪਾਤੀ, ਪਤਿਪਰਮੇਸ਼ਵਰ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਇਕ ਧਿਆਨ ਲਗਾਈਆ । ਦਰਗਾਹ ਸਾਚੀ ਦੇਵੇ ਥਾਉਂ, ਲੱਖ ਚੁਰਾਸੀ ਨਾ ਕੋਇ ਭਵਾਈਆ । ਸਚ ਅਦਾਲਤ ਕਰੇ ਹੱਕ ਨਿਆਉਂ, ਦਰਗਾਹ ਸਾਚੀ ਦੇਵੇ ਮਾਣ ਵਡਿਆਈਆ । ਬਿਨ ਹੱਥਾਂ ਪਕੜੇ ਬਾਹੋਂ, ਸ਼ਬਦ ਡੋਰੀ ਤੰਦ ਬੰਧਾਈਆ । ਘਰ ਵਖਾਏ ਨਿਹਚਲ ਅਟਲ ਅਥਾਹੋ, ਬੇਪਰਵਾਹ ਬੇਪਵਰਾਹੀਆ । ਜਿਥੇ ਨਾ ਕੋਈ ਪਿਤਾ ਨਾ ਕੋਈ ਮਾਉਂ, ਸਾਕ ਸੱਜਣ ਸੈਣ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਚਰਨ ਕਵਲ ਮਿਲੇ ਸਰਨਾਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਧਰਤ ਧਵਲ ਉਪਰ ਸੋਭਾ ਪਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਉਲਟਾ ਕਰ ਨਾਭ ਕਵਲ, ਅੰਮ੍ਰਿਤ ਰਸ ਵਿਚ ਟਪਕਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਆਤਮ ਪਰਮਾਤਮ ਜਾਵੇ ਮਵਲ, ਭੇਵ ਅਭੇਦਾ ਦਏ ਖੁਲ੍ਹਾਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਹਰਿ ਮੇਲਾ ਮੇਲੇ ਗਹਿਰ ਗੰਭੀਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਸ਼ਾਂਤ ਕਰੇ ਸਰੀਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਅੰਮ੍ਰਿਤ ਜਲ ਦੇਵੇ ਠਾਂਡਾ ਨੀਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਮੁਖ ਲਗਾਏ ਧੁਰ ਦਰਗਾਹੀ ਆਪਣਾ ਸੀਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਪੁਰਖ ਅਕਾਲਾ ਬਦਲ ਦੇਵੇ ਤਕ਼ਦੀਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਮਾਣ ਵਡਿਆਈ ਦੇਵੇ ਨਾਲ ਕਬੀਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਏਕਾ ਰੰਗ ਰੰਗਾਏ ਸ਼ਾਹ ਫ਼ਕੀਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਆਵਣ ਜਾਵਣ ਲੱਖ ਚੁਰਾਸੀ ਜਮ ਕੀ ਫਾਸੀ ਕੱਟੇ ਭੀੜ । ਜੋ ਜਨ ਸਿਮਰੇ ਹਰਿ ਕਾ ਨਾਉਂ, ਹਉਮੇ ਹੰਗਤਾ ਕੱਢੇ ਪੀੜ । ਜੋ ਜਨ ਸਿਮਰੇ ਹਰਿ ਕਾ ਨਾਉਂ, ਸ਼ਰਅ ਕੱਟੇ ਜੰਜੀਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਸਾਚੀ ਮੰਜ਼ਲ ਚੋਟੀ ਚੜ੍ਹੇ ਅਖ਼ੀਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਮੇਲ ਮਿਲਾਵਾ ਧੁਰਦਰਗਾਹੀ ਪੀਰਨ ਪੀਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਮੇਲਾ ਮਿਲੇ ਬੇਨਜ਼ੀਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਕੋਹ ਨਾ ਸਕੇ ਖੜਗ ਖੰਡਾ ਸ਼ਮਸ਼ੀਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੀ ਧੀਰ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਮਿਲੇ ਮਾਤਲੋਕ ਵਡਿਆਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਅੰਤਰ ਆਤਮ ਵਜਦੀ ਰਹੇ ਵਧਾਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਸੁਰਤ ਸ਼ਬਦ ਹੋਵੇ ਕੁੜਮਾਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਅਗਲੀ ਮੰਜ਼ਲ ਪੈਂਡਾ ਦਏ ਚੁਕਾਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਪੁਰਖ ਅਕਾਲ ਹੋਵੇ ਸਹਾਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਦੀਨ ਦਿਆਲ

ਦਇਆ ਕਮਾਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਮਹੱਲ ਅਟਲ ਕਾਇਆ ਕਾਅਬੇ ਹੋਵੇ ਰੁਸ਼ਨਾਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਲਹਿਣਾ ਦੇਣਾ ਚੁਕਾਏ ਜਲ ਥਲ, ਸਮੁੰਦ ਸਾਗਰ ਪਾਰ ਕਰਾਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਲੇਖਾ ਰਹੇ ਨਾ ਘੜੀ ਪਲ, ਪੂਰਬ ਲਹਿਣਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਦੀਪਕ ਹੋ ਕੇ ਗ੍ਰਿਹਿ ਗ੍ਰਿਹਿ ਜਾਏ ਬਲ, ਬਲਦੀ ਅਗਨ ਵਿਚੋਂ ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਬਾਹਰ ਕਢਾਈਆ ।

## ✪ ੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਮਾਈ ਈਸ਼ਰ ਕੌਰ ਦੇ ਗ੍ਰਿਹਿ ਪਿੰਡ ਗੱਗੋਬੂਆ ਜ਼ਿਲਾ ਅੰਮ੍ਰਿਤਸਰ ✪

ਜੋ ਜਨ ਸਿਮਰੇ ਹਰਿ ਕਾ ਨਾਉਂ, ਉਤਮ ਹੋਵੇ ਮ੍ਰਿਸ਼ਟੀ ਜਗ । ਜੋ ਜਨ ਸਿਮਰੇ ਹਰਿ ਕਾ ਨਾਉਂ, ਮਿਲੇ ਮੇਲ ਸੂਰਾ ਸਰਬਗ । ਜੋ ਜਨ ਸਿਮਰੇ ਹਰਿ ਕਾ ਨਾਉਂ, ਦੇਵੇ ਦਰਸ ਉਪਰ ਸ਼ਾਹਰਗ । ਜੋ ਜਨ ਸਿਮਰੇ ਹਰਿ ਕਾ ਨਾਉਂ, ਜਨਮ ਕਰਮ ਦੀ ਮੇਟੇ ਅੱਗ । ਜੋ ਜਨ ਸਿਮਰੇ ਹਰਿ ਕਾ ਨਾਉਂ, ਕਾਇਆ ਕਾਅਬੇ ਕਰਾਵੇ ਸੱਚਾ ਹੱਜ । ਜੋ ਜਨ ਸਿਮਰੇ ਹਰਿ ਕਾ ਨਾਉਂ, ਮੋਹ ਵਿਕਾਰ ਅੰਦਰੋਂ ਜਾਏ ਭੱਜ । ਜੋ ਜਨ ਸਿਮਰੇ ਪ੍ਰਭ ਕਾ ਨਾਉਂ, ਸ਼ਬਦ ਅਗੰਮੀ ਵੱਜੇ ਨਾਦ ਅਨਹਦ । ਜੋ ਜਨ ਸਿਮਰੇ ਹਰਿ ਕਾ ਨਾਉਂ, ਨਿਝਰ ਧਾਰ ਅੰਮ੍ਰਿਤ ਮਿਲੇ ਰਸ । ਜੋ ਜਨ ਸਿਮਰੇ ਹਰਿ ਕਾ ਨਾਉਂ, ਨਿਰਗੁਣ ਜੋਤ ਹੋਵੇ ਪਰਕਾਸ਼ । ਜੋ ਜਨ ਸਿਮਰੇ ਹਰਿ ਕਾ ਨਾਉਂ, ਦਰਗਾਹ ਸਾਚੀ ਬਣੇ ਦਾਸੀ ਦਾਸ । ਜੋ ਜਨ ਸਿਮਰੇ ਹਰਿ ਕਾ ਨਾਉਂ, ਮਿਲੇ ਮੇਲ ਪੁਰਖ ਅਬਿਨਾਸ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਦੇਵੇ ਸਚ ਨਿਵਾਸ । ਜੋ ਜਨ ਸਿਮਰੇ ਹਰਿ ਕਾ ਨਾਉਂ, ਪਾਏ ਪਰਮ ਪੁਰਖ ਪਾਰਬ੍ਰਹਮ । ਜੋ ਜਨ ਸਿਮਰੇ ਹਰਿ ਕਾ ਨਾਉਂ, ਸਚ ਜਣਾਏ ਇਕੋ ਧਰਮ । ਜੋ ਜਨ ਸਿਮਰੇ ਹਰਿ ਕਾ ਨਾਉਂ, ਝਗੜਾ ਰਹੇ ਨਾ ਮਾਟੀ ਚਰਮ । ਜੋ ਜਨ ਸਿਮਰੇ ਹਰਿ ਕਾ ਨਾਉਂ, ਸਚ ਸਰਨਾਈ ਦੇਵੇ ਇਕੋ ਸਰਨ । ਜੋ ਜਨ ਸਿਮਰੇ ਹਰਿ ਕਾ ਨਾਉਂ, ਆਵਣ ਜਾਵਣ ਚੁਕਾਏ ਡਰਨ ਮਰਨ । ਜੋ ਜਨ ਸਿਮਰੇ ਹਰਿ ਕਾ ਨਾਉਂ, ਨੇਤਰ ਖੁਲ੍ਹੇ ਹਰਨ ਫਰਨ । ਜੋ ਜਨ ਸਿਮਰੇ ਹਰਿ ਕਾ ਨਾਉਂ, ਬਿਨ ਅੱਖਰਾਂ ਢੋਲੇ ਗੀਤ ਅਗੰਮੀ ਪੜ੍ਹਨ । ਜੋ ਜਨ ਸਿਮਰੇ ਹਰਿ ਕਾ ਨਾਉਂ, ਕਾਇਆ ਮਾਟੀ ਮੰਜ਼ਲ ਆਪਣੀ ਚੜ੍ਹਨ । ਜੋ ਜਨ ਸਿਮਰੇ ਹਰਿ ਕਾ ਨਾਉਂ, ਸਚ ਦਵਾਰੇ ਅੰਦਰ ਨਿਰਗੁਣ ਦਰਸ਼ਨ ਕਰਨ । ਜੋ ਜਨ ਸਿਮਰੇ ਹਰਿ ਕਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਆਵੇ ਫੜਨ । ਜੋ ਜਨ ਸਿਮਰੇ ਹਰਿ ਕਾ ਨਾਉਂ, ਨਿਉਂ ਨਿਉਂ ਲਾਗੇ ਪਾਉ । ਜੋ ਜਨ ਸਿਮਰੇ ਹਰਿ ਕਾ ਨਾਉਂ, ਪੁਰਖ ਅਬਿਨਾਸ਼ੀ ਪਕੜੇ ਬਾਹੋਂ । ਜੋ ਜਨ ਸਿਮਰੇ ਹਰਿ ਕਾ ਨਾਉਂ, ਦਰਗਾਹ ਸਾਚੀ ਦੇਵੇ ਥਾਉਂ । ਜੋ ਜਨ ਸਿਮਰੇ ਹਰਿ ਕਾ ਨਾਉਂ, ਮੇਲਾ ਮਿਲੇ ਅਗੰਮ ਅਥਾਹੋ । ਜੋ ਜਨ ਸਿਮਰੇ ਹਰਿ ਕਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰਾ ਏਕਾ ਸੋਭਾ ਪਾਉਂ । ਜੋ ਜਨ ਸਿਮਰੇ ਹਰਿ ਕਾ ਨਾਉਂ, ਦੀਪਕ ਜਗੇ ਘਟ ਅੰਤਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਸ਼ਬਦ ਨਾਦ ਸੁਣਾਏ ਗੁਰ

ਮੰਤਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਪੜਦਾ ਚੁੱਕੇ ਬ੍ਰਹਮ ਨਿਰੰਤਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਮਿਲੇ ਵਡਿਆਈ ਵਿਚ ਸਾਧ ਸੰਤਨ । ਜੋ ਜਨ ਸਿਮਰੇ ਹਰਿ ਕਾ ਨਾਉਂ, ਨਾਤਾ ਜੋੜੇ ਪਰਮਾਤਮ ਨਾਰ ਕੰਤਨ । ਜੋ ਜਨ ਸਿਮਰੇ ਹਰਿ ਕਾ ਨਾਉਂ, ਲਹਿਣਾ ਦੇਣਾ ਚੁੱਕੇ ਕਾਇਆ ਮਾਟੀ ਨਵ ਤਨ । ਜੋ ਜਨ ਸਿਮਰੇ ਹਰਿ ਕਾ ਨਾਉਂ, ਮਿਹਰਵਾਨ ਵਾਸਨਾ ਬਦਲੇ ਜਗਤ ਮਨ । ਜੋ ਜਨ ਸਿਮਰੇ ਹਰਿ ਕਾ ਨਾਉਂ, ਭਾਂਡਾ ਭਰਮ ਭੌ ਦੇਵੇ ਭੰਨ । ਜੋ ਜਨ ਸਿਮਰੇ ਹਰਿ ਕਾ ਨਾਉਂ, ਆਪਣਾ ਰਾਗ ਸੁਣਾਵੇ ਕੰਨ । ਜੋ ਜਨ ਸਿਮਰੇ ਹਰਿ ਕਾ ਨਾਉਂ, ਸਚ ਦਵਾਰ ਵਖਾਏ ਬਿਨ ਛੱਪਰ ਛੰਨ । ਜੋ ਜਨ ਸਿਮਰੇ ਹਰਿ ਕਾ ਨਾਉਂ, ਗੁਰਮੁਖ ਗੁਰਸਿਖ ਸਤਿਗੁਰ ਚੜ੍ਹਾਏ ਦਰਗਾਹ ਸਾਚੀ ਚੰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਭੰਡਾਰਾ ਭਗਤਾਂ ਦੇਵੇ ਆਪਣਾ ਨਾਮ ਧਨ ।

✪ ੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਚੰਨਣ ਸਿੰਘ ਦੇ ਗ੍ਰਿਹਿ ਪਿੰਡ ਗੱਗੋਬੂਆ ਜ਼ਿਲਾ ਅੰਮ੍ਰਿਤਸਰ ✪

ਜੋ ਜਨ ਸਿਮਰੇ ਹਰਿ ਕਾ ਨਾਉਂ, ਮਨ ਬੁਧੀ ਚੁੱਕੇ ਸੋਚ । ਜੋ ਜਨ ਸਿਮਰੇ ਹਰਿ ਕਾ ਨਾਉਂ, ਝਗੜਾ ਰਹੇ ਨਾ ਵਰਨ ਗੋਤ । ਜੋ ਜਨ ਸਿਮਰੇ ਹਰਿ ਕਾ ਨਾਉਂ, ਕੂੜੀ ਕਿਰਿਆ ਰਹੇ ਨਾ ਖੋਟ । ਜੋ ਜਨ ਸਿਮਰੇ ਹਰਿ ਕਾ ਨਾਉਂ, ਸਤਿਗੁਰ ਆਲ੍ਹਣਿਉਂ ਡਿੱਗੇ ਉਠਾਵੇ ਬੋਟ । ਜੋ ਜਨ ਸਿਮਰੇ ਹਰਿ ਕਾ ਨਾਉਂ, ਭਾਗ ਲੱਗੇ ਸਾਢੇ ਤਿੰਨ ਹੱਥ ਕਾਇਆ ਮਾਟੀ ਕੋਟ । ਜੋ ਜਨ ਸਿਮਰੇ ਹਰਿ ਕਾ ਨਾਉਂ, ਸਤਿਗੁਰ ਸ਼ਬਦ ਲਗਾਏ ਅਗੰਮੀ ਚੋਟ । ਜੋ ਜਨ ਸਿਮਰੇ ਹਰਿ ਕਾ ਨਾਉਂ, ਗ੍ਰਿਹਿ ਪਰਕਾਸ਼ ਜਗਾਵੇ ਨਿਰਮਲ ਜੋਤ । ਜੋ ਜਨ ਸਿਮਰੇ ਹਰਿ ਕਾ ਨਾਉਂ, ਪੈਂਡਾ ਮੁਕੇ ਚੌਦਾਂ ਲੋਕ । ਜੋ ਜਨ ਸਿਮਰੇ ਹਰਿ ਕਾ ਨਾਉਂ, ਆਤਮ ਪਰਮਾਤਮ ਗਾਵੇ ਇਕ ਸਲੋਕ । ਜੋ ਜਨ ਸਿਮਰੇ ਹਰਿ ਕਾ ਨਾਉਂ, ਚਿੰਤਾ ਰਹੇ ਨਾ ਹਰਖ ਦੋਖ । ਜੋ ਜਨ ਸਿਮਰੇ ਹਰਿ ਕਾ ਨਾਉਂ, ਪੁਰਖ ਅਕਾਲ ਬਖ਼ਸ਼ੇ ਏਕਾ ਓਟ । ਜੋ ਜਨ ਸਿਮਰੇ ਹਰਿ ਕਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਭੰਡਾਰਾ ਬਹੁਤ । ਜੋ ਜਨ ਸਿਮਰੇ ਹਰਿ ਕਾ ਨਾਉਂ, ਮਨ ਬੁਧੀ ਨਾ ਕੋਇ ਵਿਚਾਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਘਰ ਮੰਦਰ ਹੋਵੇ ਉਜਿਆਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਘਰ ਠਾਕਰ ਪ੍ਰੀਤਮ ਕਰੇ ਪਿਆਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਅੰਮ੍ਰਿਤ ਰਸ ਮਿਲੇ ਠੰਡਾ ਠਾਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਲੇਖਾ ਚੁੱਕੇ ਕੂੜ ਨੌਂ ਦਵਾਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਘਰ ਠਾਂਡੇ ਮਿਲੇ ਕੰਤ ਭਤਾਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਮਾਇਆ ਮਮਤਾ ਮੋਹ ਦੇਵੇ ਨਿਵਾਰ । ਜੋ ਜਨ ਸਿਮਰੇ ਹਰਿ ਕਾ ਨਾਉਂ, ਮਿਲੇ ਮੇਲ ਪੁਰਖ ਪੁਰਖੋਤਮ ਅਕਾਲ । ਜੋ ਜਨ ਸਿਮਰੇ ਹਰਿ ਕਾ ਨਾਉਂ, ਕੂੜੀ ਕਿਰਿਆ ਤੋੜੇ ਜਗਤ ਜੰਜਾਲ । ਜੋ ਜਨ ਸਿਮਰੇ ਹਰਿ ਕਾ ਨਾਉਂ, ਲੱਖ ਚੁਰਾਸੀ ਵਿਚੋਂ ਲਏ ਭਾਲ । ਜੋ ਜਨ ਸਿਮਰੇ ਹਰਿ ਕਾ ਨਾਉਂ, ਫੜ ਬਾਹੋਂ ਉਠਾਏ ਗੁਰਮੁਖ ਲਾਲ । ਜੋ ਜਨ ਸਿਮਰੇ ਹਰਿ ਕਾ ਨਾਉਂ, ਦਿਵਸ ਰੈਣ ਕਰੇ ਪ੍ਰਿਤਪਾਲ । ਜੋ ਜਨ ਸਿਮਰੇ ਹਰਿ ਕਾ ਨਾਉਂ, ਘਰ ਠਾਂਡਾ ਵਖਾਏ ਸੱਚੀ ਧਰਮਸਾਲ । ਜੋ ਜਨ ਸਿਮਰੇ ਹਰਿ ਕਾ ਨਾਉਂ, ਮੇਲ ਮਿਲਾਏ ਆਪ ਕਿਰਪਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਕਰ ਕਰ ਮੇਲੇ ਸਦਾ ਸਦਾ ਸਦ ਰਖੇ ਆਪਣੇ ਨਾਲ ।

ਜੋ ਜਨ ਜਪੇ ਹਰਿ ਕਾ ਨਾਉਂ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਸ਼ਬਦੀ ਧਾਰ ਪਕੜੇ ਬਾਹੋਂ, ਹਰਿ ਪੁਰਖ ਨਿਰੰਜਣ ਬੇਪਰਵਾਹੀਆ । ਸਚ ਦਵਾਰ ਵੱਸੇ ਥਾਉਂ, ਏਕੰਕਾਰ ਅਕਲ ਕਲ ਆਪ ਵਰਤਾਈਆ । ਦੋ ਜਹਾਨਾਂ ਕਰੇ ਸਚ ਨਿਆਉਂ, ਨਰ ਨਿਰੰਕਾਰ ਆਪਣੇ ਹੱਥ ਰਖੇ ਵਡਿਆਈਆ । ਜਨ ਭਗਤਾਂ ਅੰਦਰ ਦੇਵੇ ਸਾਚਾ ਚਾਓ, ਅਬਿਨਾਸ਼ੀ ਕਰਤਾ ਮਿਹਰ ਨਜ਼ਰ ਇਕ ਉਠਾਈਆ । ਸਦਾ ਸੁਹੇਲਾ ਇਕ ਅਕੇਲਾ ਦੋ ਜਹਾਨਾਂ ਬਖ਼ਸ਼ੇ ਠੰਡੀ ਛਾਉਂ, ਅਬਿਨਾਸ਼ੀ ਕਰਤਾ ਆਪਣੇ ਹੱਥ ਰਖਾਈਆ । ਸਚ ਦਵਾਰ ਸਚਖੰਡ ਦਰਗਾਹ ਸਾਚੀ ਵੱਸੇ ਬੇਪਰਵਾਹੋ, ਪਾਰਬ੍ਰਹਮ ਬ੍ਰਹਮ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਦੇਣਾ ਵਰ, ਜੁਗ ਚੌਕੜੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪ ਬੰਧਾਈਆ । ਜੋ ਜਨ ਜਪੇ ਏਕਾ ਨਰ ਨਿਰੰਕਾਰ, ਨਿਰਗੁਣ ਨਿਰਵੈਰ ਦਇਆ ਕਮਾਈਆ । ਸ਼ਬਦੀ ਸ਼ਬਦ ਦੇ ਅਧਾਰ, ਜੋਤੀ ਜਾਤਾ ਬੇਪਰਵਾਹੀਆ । ਚਾਰੇ ਖਾਣੀ ਵਿਚੋਂ ਕਰੇ ਬਾਹਰ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਲੱਖ ਚੁਰਾਸੀ ਵਿਚੋਂ ਲੱਭੇ ਗੁਰਮੁਖ ਆਪਣਾ ਲਾਲ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਧਰਮ ਵਖਾਏ ਧੁਰ ਨਿਸ਼ਾਨ, ਬ੍ਰਹਿਮੰਡ ਖੰਡ ਪੁਰੀ ਲੋਅ ਜ਼ਿਮੀਂ ਅਸਮਾਨਾਂ ਸ੍ਰੀ ਭਗਵਾਨਾ ਆਪ ਝੁਲਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਦੇਵੇ ਇਕ ਗਿਆਨ, ਜਗਤ ਅੱਖਰ ਕਰੇ ਨਾ ਕੋਇ ਪੜ੍ਹਾਈਆ । ਚਰਨ ਕਵਲ ਉਪਰ ਧਵਲ ਦੇਵੇ ਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜੋ ਜਨ ਜਪੇ ਹਰਿ ਕਾ ਨਾਉਂ, ਸਤਿਜੁਗ ਸਾਚੇ ਸਚ ਦਏ ਵਡਿਆਈਆ । ਹੰਸ ਬੁਧੀ ਫੜ ਕੇ ਬਣਾਏ ਕਾਉਂ, ਸੋਹੰ ਹੰਸਾ ਆਪਣਾ ਜਾਪ ਜਪਾਈਆ । ਏਥੇ ਓਥੇ ਦੋ ਜਹਾਨਾਂ ਨਿਰਗੁਣ ਬਣੇ ਪਿਤਾ ਮਾਉਂ, ਗੁਰਮੁਖ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਸ਼ਬਦ ਅਨਾਦੀ ਬੋਧ ਅਗਾਧੀ ਆਪਣਾ ਹੁਕਮ ਸੁਣਾਈਆ । ਸਾਚਾ ਹੁਕਮ ਦੇਵੇ ਧੁਰ ਫ਼ਰਮਾਨ, ਨਾਮ ਨਗਾਰਾ ਇਕ ਜਣਾਈਆ । ਜਿਸ ਨੂੰ ਸਮਝੇ ਨਾ ਬੁਧੀ ਜੀਵ ਇਨਸਾਨ, ਅੱਖਰਾਂ ਵਿਚ ਵੰਡ ਨਾ ਕੋਇ ਵੰਡਾਈਆ । ਨਿਰਅੱਖਰ ਸ਼ਬਦੀ ਧਾਰ ਚਲਾਏ ਸ੍ਰੀ ਭਗਵਾਨ, ਭਗਤ ਸੰਦੇਸ਼ਾ ਇਕੋ ਇਕ ਦ੍ਰਿੜ੍ਹਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਬਿਆਨ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸਿਫ਼ਤਾਂ ਵਾਲੇ ਢੋਲੇ ਗਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਭੀਤਰ ਹੋਵੇ ਜਾਣੀ ਜਾਣ, ਚਾਰ ਵਰਨ ਅਠਾਰਾਂ ਬਰਨ ਚਾਰ ਕੁੰਟ ਦਹਿ ਦਿਸ਼ਾ ਬਚਿਆ ਕੋਇ ਰਹਿਣ ਨਾ ਪਾਈਆ । ਸਰਬ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਵਾਲੀ ਦੋ ਜਹਾਨ, ਪਰਵਰਦਿਗਾਰ ਸਾਂਝਾ ਯਾਰ ਜਲਵਾਗਰ ਵਾਹਿਦ ਲਾਸ਼ਰੀਕ ਇਕੋ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਪਰਮਾਤਮ ਆਤਮ ਭੇਵ ਅਭੇਦਾ ਖੋਲ੍ਹੇ ਮਿਹਰਵਾਨ, ਮਹਿਬੂਬ ਮੁਹੱਬਤ ਵਿਚ ਆਪਣਾ ਨਾਮ ਦ੍ਰਿੜ੍ਹਾਈਆ । ਜੋ ਜਨ ਸਿਮਰੇ ਹਰਿ ਕਾ ਨਾਉਂ, ਧੁਰ ਦਵਾਰਾ ਦਏ ਵਖਾਈਆ । ਜਿਥੇ ਵਸੇ ਬੇਪਰਵਾਹੋ, ਦੂਜਾ ਨਜ਼ਰ ਕੋਇ ਨਾ ਆਈਆ । ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਸਚਖੰਡ ਦਵਾਰੇ ਹਕੀਕਤ ਵਾਲਾ ਕਰੇ ਹੱਕ ਨਿਆਉਂ, ਅਦਲ ਅਦਾਲਤ ਸ਼ਾਹ ਹਕੀਰ ਇਕੋ ਇਕ ਵਖਾਈਆ । ਸਚ ਭੰਡਾਰਾ ਧੁਰ ਦਾ ਕਲਮਾ ਨਾਮ ਨਿਆਮਤ, ਨਿਰਗੁਣ ਸਰਗੁਣ ਝੋਲੀ ਦਏ ਭਰਾਈਆ ।

ਆਦਿ ਅੰਤ ਜੁਗਾ ਜੁਗੰਤ ਸਦਾ ਰਹੇ ਸਹੀ ਸਲਾਮਤ, ਸਾਹਿਬ ਸੁਲਤਾਨ ਸ਼ਾਹ ਪਾਤਸ਼ਾਹ ਇਕੋ ਇਕ ਅਖਵਾਈਆ । ਜੋ ਕਲਜੁਗ ਅੰਤ ਸ੍ਰੀ ਭਗਵੰਤ ਮਿਹਰਵਾਨ ਮਹਿਬੂਬ ਹੋ ਕੇ ਕੂੜੀ ਕਿਰਿਆ ਮੇਟੇ ਬਗ਼ਾਵਤ, ਮਾਨੁਖ ਮਾਨਵ ਮਾਨਸ ਅੰਤਰ ਅੰਤਰ ਖੋਜ ਖੁਜਾਈਆ । ਸਚ ਪ੍ਰੀਤੀ ਧੁਰ ਦੀ ਰੀਤੀ ਕਰੇ ਆਪ ਸਖ਼ਾਵਤ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਮਾਇਆ ਮਮਤਾ ਮੋਹ ਕੂੜ ਮਿਟਾਏ ਲਾਲਚ, ਹੰਕਾਰ ਵਿਕਾਰ ਵਿਭਚਾਰ ਅੰਦਰੋਂ ਦਏ ਕਢਾਈਆ । ਸਤਿਜੁਗ ਕਲਜੁਗ ਅੰਦਰੋਂ ਦੋਹਾਂ ਦਾ ਬਣੇ ਸਾਲਸ, ਖ਼ਾਲਸ ਆਪਣਾ ਰੂਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਕਿਰਿਆ ਕਰੇ ਪਾਰ ਜਹਾਲਤ, ਸਤਿ ਧਰਮ ਸਤਿ ਸਤਿਵਾਦੀ ਆਪਣਾ ਇਕ ਪਰਗਟਾਈਆ । ਜੋ ਜਨ ਸਿਮਰੇ ਹਰਿ ਕਾ ਨਾਉਂ ਨਿਰੰਕਾਰਾ, ਨਿਰਵੈਰ ਨਿਰਗੁਣ ਦਇਆ ਕਮਾਈਆ । ਵੇਖੇ ਵਿਗਸੇ ਪਾਵੇ ਸਾਰਾ, ਪੜਦਾ ਓਹਲਾ ਦਏ ਚੁਕਾਈਆ । ਸਾਚਾ ਦੇਵੇ ਇਕ ਜੈਕਾਰਾ, ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਗੁਰ ਅਵਤਾਰ ਪੈਗ਼ੰਬਰ ਜਿਸ ਨੂੰ ਗਾ ਕੇ ਸ਼ੁਕਰ ਮਨਾਈਆ । ਸਚਖੰਡ ਦਵਾਰਾ ਦਰ ਦਰਵੇਸ਼ ਨਿਉਂ ਨਿਉਂ ਕਰਨ ਨਿਮਸਕਾਰਾ ਸਜਦਿਆਂ ਵਿਚ ਬਰਦੇ ਬਣ ਕੇ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਜੋ ਜਨ ਜਪੇ ਨਰ ਨਿਰੰਕਾਰ ਨਾਉਂ ਅਗੰਮ ਅਥਾਹ, ਹਰਿ ਵੱਡਾ ਵੱਡੀ ਵਡਿਆਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਫੇਰਾ ਪਾ, ਕੂੜੀ ਕਿਰਿਆ ਦਏ ਮਿਟਾਈਆ । ਈਸਾ ਮੂਸਾ ਮੁਹੰਮਦ ਰੋਵੇ ਮਾਰੇ ਧਾਹ, ਸਦੀ ਚੌਧਵੀਂ ਰਹੀ ਕੁਰਲਾਈਆ । ਵਡ ਅਮਾਮ ਫੇਰਾ ਪਾ, ਸਹੀ ਸਲਾਮਤ ਤੇਰੀ ਓਟ ਤਕਾਈਆ । ਖ਼ੁਦੀ ਤਕੱਬਰ ਉਮਤ
੧੦੨੩ ਉਮਤੀ ਗਿਆ ਸਮਾ, ਹਕ਼ੀਕ਼ੀ ਜਾਮ ਆਬੇਹਯਾਤ ਪਿਆਲਾ ਮੁਖ ਨਾ ਕੋਇ ਲਗਾਈਆ । ਕ਼ਦਮ ਕ਼ਦਮ ਤੇ ਕਰਨ ਗੁਨਾਹ, ਰੂਹ ਬੁੱਤ ਪਵਿਤ ੧੦੨੩
੧੯ ੧੯
ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਦੇਣਾ ਸੁਣਾਈਆ । ਧੁਰ ਦਾ ਹੁਕਮ ਦੇ ਫ਼ਰਮਾਨ, ਸਚ ਧਰਮ ਮੰਗ ਮੰਗਾਈਆ । ਕੂੜੀ ਕਿਰਿਆ ਮਿਟੇ ਨਿਸ਼ਾਨ, ਵਰਨ ਬਰਨ ਰਹਿਣ ਕੋਇ ਨਾ ਪਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਇਕੋ ਢੋਲਾ ਤੇਰਾ ਗਾਣ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਹਰ ਘਟ ਵਸੇਂ ਰਾਮ, ਕਾਹਨ ਹੋ ਕੇ ਲੱਖ ਚੁਰਾਸੀ ਗੋਪੀ ਰਿਹਾ ਪਰਨਾਈਆ । ਗੁਰ ਸਤਿਗੁਰ ਹੋ ਕੇ ਦੇਵੇਂ ਸ਼ਬਦੀ ਗਿਆਨ, ਬੋਧ ਅਗਾਧ ਕਰ ਪੜ੍ਹਾਈਆ । ਭਾਗ ਲਗਾਵੇਂ ਕਾਇਆ ਮਾਟੀ ਸਾਢੇ ਤਿੰਨ ਹੱਥ ਮਕਾਨ, ਮੰਦਰ ਸ਼ਿਵਦਵਾਲਾ ਮੱਠ ਇਕੋ ਘਰ ਦੇਣਾ ਵਖਾਈਆ । ਜਿਸ ਗ੍ਰਿਹਿ ਨਿਜ ਆਤਮ ਪਰਮਾਤਮ ਵਸੇਂ ਸ੍ਰੀ ਭਗਵਾਨ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਤਿਵਾਦ ਠਾਂਡੇ ਦਰ ਇਕੋ ਮੰਗ ਮੰਗਾਈਆ । ਜੋ ਜਨ ਜਪੇ ਹਰਿ ਕਾ ਨਾਉਂ ਏਕ, ਏਕੰਕਾਰਾ ਦਏ ਮਾਤ ਵਡਿਆਈਆ । ਚਰਨ ਧੂੜੀ ਦੇਵੇ ਟੇਕ, ਮਸਤਕ ਟਿੱਕਾ ਖ਼ਾਕ ਰਮਾਈਆ । ਬੁਧੀ ਕਰੇ ਬਿਬੇਕ, ਮਨ ਵਾਸਨਾ ਨਾ ਕੋਇ ਹਲਕਾਈਆ । ਸੁਰਤੀ ਕਰੇ ਚੇਤਨ ਚੇਤ, ਸ਼ਬਦੀ ਸ਼ਬਦ ਲਏ ਜਗਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਸਾਚਾ ਹੇਤ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਚਖੰਡ ਸਾਚਾ ਦੇਸ, ਜਿਸ ਗ੍ਰਿਹਿ ਆਪਣਾ ਹੁਕਮ ਵਰਤਾਈਆ । ਸਚਖੰਡ ਵਸੇ

ਕਰਤਾਰ, ਕ਼ੁਦਰਤ ਦਾ ਮਾਲਕ ਦਇਆ ਕਮਾਈਆ । ਜਿਥੇ ਸੰਤ ਸੁਹੇਲੇ ਭਗਤ ਗੁਰ ਅਵਤਾਰ, ਬੈਠੇ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਖੜ੍ਹੇ ਭਿਖਾਰ, ਖ਼ਾਲੀ ਝੋਲੀ ਅਗੇ ਡਾਹੀਆ । ਇਕੋ ਜੋਤ ਹੋਵੇ ਉਜਿਆਰ, ਦੀਵਾ ਬਾਤੀ ਨਾ ਕੋਇ ਰਖਾਈਆ । ਇਕੋ ਨਾਮ ਹੋਵੇ ਜੈਕਾਰ, ਬਿਨ ਰਸਨਾ ਜਿਹਵਾ ਢੋਲਾ ਰਿਹਾ ਸੁਣਾਈਆ । ਇਕੋ ਦੱਸੇ ਸਾਚਾ ਘਰਬਾਰ, ਜਿਸ ਦੀ ਛੱਪਰ ਛੰਨ ਨਾ ਕੋਇ ਛੁਹਾਈਆ । ਜਿਥੇ ਸੂਰਜ ਚੰਨ ਕਰੇ ਨਾ ਕੋਇ ਪਸਾਰ, ਮੰਡਲ ਮੰਡਪ ਨਜ਼ਰ ਕੋਇ ਨਾ ਆਈਆ । ਕਾਗਦ ਕ਼ਲਮ ਸ਼ਾਹੀ ਲਿਖੇ ਨਾ ਕੋਇ ਲਿਖਾਰ, ਖਾਣੀ ਬਾਣੀ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦ ਆਪ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹੇ ਸ੍ਰੀ ਭਗਵੰਤ, ਪਾਰਬ੍ਰਹਮ ਆਪਣੇ ਹੱਥ ਰਖੇ ਵਡਿਆਈਆ । ਪੜਦਾ ਲਾਹੇ ਗੁਰਮੁਖ ਸਾਚੇ ਸੰਤ, ਸੋਈ ਸੁਰਤੀ ਆਪ ਉਠਾਈਆ । ਆਤਮ ਪਰਮਾਤਮ ਮੇਲਾ ਮੇਲ ਕੇ ਨਾਰ ਕੰਤ, ਸੇਜ ਸੁਹੰਜਣੀ ਦਏ ਸੁਹਾਈਆ । ਇਕੋ ਨਾਮ ਮਣੀਆਂ ਮੰਤ, ਮਨ ਵਾਸਨਾ ਕੂੜੀ ਬਾਹਰ ਕਢਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਨਿਵਣ ਸੁ ਅੱਖਰ ਬਿਨ ਅੱਖਰਾਂ ਆਪ ਵਖਾਈਆ । ਝਗੜਾ ਮੁਕਾ ਕੇ ਬਹਿਸ਼ਤ ਜੱਨਤ, ਜਨ ਭਗਤਾਂ ਚਰਨ ਕਵਲ ਦਏ ਸਰਨਾਈਆ । ਜੋਤੀ ਜੋਤ ਮੇਲਾ ਹੋਣਾ ਅੰਤ, ਅੰਤਸ਼ਕਰਨ ਦਾ ਲੇਖਾ ਰਹੇ ਨਾ ਰਾਈਆ । ਇਕੋ ਰੂਪ ਹੋਣਾ ਭਗਤ ਭਗਵੰਤ, ਸਚਖੰਡ ਸਾਚੇ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਦਿ ਮਧ ਅੰਤ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ ।



### ੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਕਰਤਾਰ ਸਿੰਘ ਦੇ ਗ੍ਰਿਹ ਪਿੰਡ ਭੋਜੀਆਂ ਜ਼ਿਲਾ ਅੰਮ੍ਰਿਤਸਰ

ਹਰਿ ਸੰਗਤ ਦੀਰਘ ਰੋਗ ਜਾਏ ਦਰਬ, ਦੁੱਖ ਦਰਦ ਰਹਿਣ ਨਾ ਪਾਈਆ । ਦੇਵੇ ਵਡਿਆਈ ਮਾਲਕ ਸਰਬ, ਸਾਹਿਬ ਸੁਲਤਾਨ ਸਚਾ ਸ਼ਹਿਨਸ਼ਾਹੀਆ । ਮੇਲ ਮਿਲਾਏ ਵਿਚੋਂ ਅਰਬ ਖਰਬ, ਕੋਟਨ ਕੋਟਾਂ ਵਿਚੋਂ ਪਾਰ ਲੰਘਾਈਆ । ਤਪਣਾ ਪਏ ਨਾ ਮਾਤ ਗਰਭ, ਦਸ ਦਸ ਮਾਸ ਅਗਨ ਨਾ ਕੋਇ ਤਪਾਈਆ । ਕੂੜੀ ਕਿਰਿਆ ਲਾਵੇ ਖ਼ਰਬ, ਜਗਤ ਚੋਟ ਨਾ ਕੋਇ ਵਖਾਈਆ । ਪੁੱਠੀ ਕਦੇ ਨਾ ਹੋਵੇ ਨਰਦ, ਮਾਨਸ ਜਨਮ ਨਾ ਕੋਇ ਗਵਾਈਆ । ਕਰ ਕਿਰਪਾ ਪ੍ਰਭ ਜਿਨ੍ਹਾਂ ਭਗਤਾਂ ਦੀ ਸੁਣੇ ਅਰਜ਼, ਅਰਸ਼ ਕੁਰਸ਼ ਲੇਖਾ ਦਏ ਮੁਕਾਈਆ । ਆਪਣੀ ਸਾਂਝੀ ਰਖ ਕੇ ਗ਼ਰਜ਼, ਭਗਤ ਭਗਵਾਨ ਜੋੜ ਜੁੜਾਈਆ । ਸ਼ਰਅ ਕਟੇ ਨਾ ਕੋਇ ਕਰਦ, ਕ਼ਤਲਗਾਹ ਨਾ ਕੋਇ ਵਖਾਈਆ । ਮਨੂਆ ਮਨ ਕਰੇ ਫ਼ਰਕ, ਵਿਸ਼ਾ ਵਿਕਾਰ ਨਾ ਕੋਇ ਰੁੜ੍ਹਾਈਆ । ਸਾਚੀ ਜਣਾਏ ਸ਼ਬਦ ਤਰਜ਼, ਨਾਮ ਨਿਧਾਨਾ ਆਪ ਉਪਜਾਈਆ । ਵਖਾਏ ਖੇਲ ਹਰਿ ਅਸਚਰਜ, ਅਚਰਜ ਲੀਲਾ ਦਏ ਜਣਾਈਆ । ਦਇਆ ਕਰੇ ਮਰਦਾਨਾ ਮਰਦ, ਮਦਦ ਆਪਣੀ ਇਕ ਸਮਝਾਈਆ । ਹਰਿ ਸਿਮਰਤ ਦੁੱਖ ਰੋਗ ਨਾ ਵਿਆਪੇ, ਵਿਆਪਕ ਹੋ ਕੇ ਵੇਖ ਵਖਾਈਆ । ਸਗਲ ਵਸੂਰੇ ਵੇਖ ਸੰਤਾਪੇ, ਸਤਿ ਅਸਤਿ ਪੜਦਾ ਦਏ ਉਠਾਈਆ । ਨਿਜ ਨੇਤਰ ਖੁਲ੍ਹੇ ਆਖੇ, ਅੱਖ ਪ੍ਰਤੱਖ ਮਿਲੇ ਗੁਸਾਈਆਂ । ਸਤਿਗੁਰ ਸ਼ਬਦ ਸੁਣੇ ਸਾਕੇ, ਜਗਤ ਵਿਦਿਆ ਲੋੜ ਰਹੇ ਨਾ ਰਾਈਆ । ਸੁਰਤੀ ਸ਼ਬਦ ਵੇਖੇ ਤਮਾਸ਼ੇ, ਬਾਜ਼ੀਗਰ ਡੰਕ ਨਾ ਕੋਇ

ਵਜਾਈਆ । ਸਾਚਾ ਕਰੇ ਭੋਗ ਬਿਲਾਸੇ, ਆਤਮ ਪਰਮਾਤਮ ਮਿਲ ਕੇ ਧੁਰ ਸੰਜੋਗ ਜੋੜ ਜੁੜਾਈਆ । ਸਚ ਦਵਾਰ ਹੋਵੇ ਵਾਸੇ, ਨਿਵਾਸ ਅਸਥਾਨ ਇਕੋ ਦਰਸਾਈਆ । ਜਿਥੇ ਨਿਰਗੁਣ ਨੂਰ ਜੋਤ ਪ੍ਰਕਾਸ਼ੇ, ਪੁਰਖ ਅਕਾਲ ਸੋਭਾ ਪਾਈਆ । ਭਗਤ ਭਗਵਾਨ ਇਕ ਦੂਜੇ ਦੀ ਪੂਰੀ ਹੋਵੇ ਆਸੇ, ਨਿਰਾਸ਼ੇ ਰਹਿਣ ਕੋਇ ਨਾ ਪਾਈਆ । ਬਿਨ ਰਸਨਾ ਜਿਹਵਾ ਸ਼ਬਦੀ ਬਚਨ ਹੋਣ ਖ਼ੁਲਾਸੇ, ਅਨਬੋਲਤ ਬੋਲਤ ਆਪਣਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਕੇ ਇਕ ਭਰਵਾਸੇ, ਭਾਵਨਾ ਆਪਣੇ ਨਾਲ ਰਖਾਈਆ । ਹਰਿ ਕਾ ਨਾਉਂ ਜੋ ਸਿਮਰੇ ਸਚ ਧਾਰ, ਧਰਨੀ ਧਰਤ ਧਵਲ ਮਿਲੇ ਵਡਿਆਈਆ । ਪੜ੍ਹਨੇ ਪੈਣ ਨਾ ਵੇਦ ਚਾਰ, ਚਾਰ ਕੁੰਟ ਨਾ ਭੱਜੇ ਵਾਹੋ ਦਾਹੀਆ । ਸ਼ਾਸਤਰ ਸਿਮਰਤ ਫੋਲਣੇ ਪੈਣ ਨਾ ਵਿਚ ਸੰਸਾਰ, ਵਰਕਾ ਵਰਕਾ ਨਾ ਕੋਇ ਉਲਟਾਈਆ । ਗੀਤਾ ਗਿਆਨ ਨਾ ਕਰਨਾ ਪਏ ਵਿਚਾਰ, ਅੱਠ ਦੱਸ ਪੁਛਣ ਕੋਇ ਨਾ ਪਾਈਆ । ਅੰਜੀਲ ਕੁਰਾਨਾਂ ਸ਼ਬਦ ਦੱਸੇ ਨਾ ਕੋਇ ਮੀਆਂ ਯਾਰ, ਮੁਹੱਬਤ ਇਕੋ ਨਾਲ ਲਗਾਈਆ । ਕਲਮਾ ਹੱਕ ਕਰੇ ਉਜਿਆਰ, ਨੌਬਤ ਹੱਕ ਹੱਕ ਨਾ ਕੋਇ ਵਜਾਈਆ । ਸਤਿ ਸਤਿ ਕਰਨਾ ਨਾ ਪਏ ਜੈਕਾਰ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਜਿਨ੍ਹਾਂ ਅੰਤਰ ਆਤਮ ਪਰਮ ਪੁਰਖ ਮਿਲਿਆ ਆਣ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਭਾਗ ਲਗਾ ਕੇ ਕਾਇਆ ਮਾਟੀ ਸਚ ਮਕਾਨ, ਮੱਕਾ ਕਾਅਬਾ ਅੰਦਰੋਂ ਦਏ ਵਖਾਈਆ । ਨਾਮ ਸੰਦੇਸਾ ਦੇ ਕੇ ਧੁਰ ਫ਼ਰਮਾਨ, ਧਰਮ ਦਵਾਰਾ ਦਏ ਸਮਝਾਈਆ । ਜਨ ਭਗਤਾਂ ਬਖ਼ਸ਼ ਕੇ ਇਕ ਧਿਆਨ, ਸਰਨ ਦੇਵੇ ਚਰਨ ਕਵਲ ਸਰਨਾਈਆ । ਏਥੇ ਓਥੇ ਦੋ ਜਹਾਨਾਂ ਬਖ਼ਸ਼ੇ ਮਾਣ, ਸਚਖੰਡ ਨਿਵਾਸੀ ਦਰਗਾਹ ਸਾਚੀ ਦਰ ਘਰ ਸਾਚੇ ਦਏ ਵਡਿਆਈਆ । ਜਿਥੇ ਦੀਵਾ ਬਾਤੀ ਕਮਲਾਪਾਤੀ ਜਗਾਏ ਆਣ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਜਨ ਭਗਤਾਂ ਸਹਿਜ ਸੁਭਾਓ ਮਿਲਿਆ ਆਣ, ਖੋਜਣ ਦੀ ਲੋੜ ਕਿਸੇ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਦਰ ਤੋਂ ਆਪਣਾ ਦੇਵੇ ਆਪ ਦਾਨ, ਭਗਤੀ ਵਾਲੀ ਭਾਵਨਾ ਭੈ ਵਿਚ ਪੂਰ ਕਰਾਈਆ ।



### ੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਪਰਤਾਪ ਕੌਰ ਦੇ ਗ੍ਰਹਿ ਪਿੰਡ ਭੋਜੀਆਂ ਜ਼ਿਲਾ ਅੰਮ੍ਰਿਤਸਰ

ਹਰਿ ਸਿਮਰਤ ਉਪਜੇ ਸਾਚਾ ਧਰਮ, ਸਚ ਦਵਾਰਾ ਨਜ਼ਰੀ ਆਈਆ । ਜੂਠਾ ਝੂਠਾ ਮਿਟੇ ਭਰਮ, ਭਾਂਡਾ ਭਰਮ ਭੌ ਭੰਨਾਈਆ । ਭਾਗ ਲੱਗੇ ਕਾਇਆ ਮਾਟੀ ਚਰਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਲੇਖੇ ਲੱਗੇ ਮਾਨਸ ਜਨਮ, ਜਨਮ ਮਰਨ ਦਾ ਪੈਂਡਾ ਦਏ ਚੁਕਾਈਆ । ਨਿਹਕਰਮੀ ਆਪਣਾ ਪੂਰਾ ਕਰੇ ਕਰਮ, ਕਾਂਡਾਂ ਦਾ ਲੇਖਾ ਦਏ ਗਵਾਈਆ । ਝਗੜਾ ਰਹੇ ਨਾ ਵਰਨ ਬਰਨ, ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਦੇਵੇ ਸਾਚੀ ਸਰਨ, ਭਗਤ ਵਛਲ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,ਸਾਚਾ ਮੰਤਰ ਨਾਮ ਸਮਝਾਈਆ । ਹਰਿ ਸਿਮਰਤ ਹਉਮੇ ਜਾਏ ਰੋਗ, ਜਗਤ ਸੰਤਾਪ ਨਾ ਕੋਇ ਸਤਾਈਆ । ਸ਼ਬਦ ਪ੍ਰੀਤੀ ਮਿਲੇ ਜੋਗ, ਜੁਗਤ ਪੁਰਖ ਅਕਾਲ ਦਏ ਸਮਝਾਈਆ । ਭਾਗ ਲੱਗੇ ਕਾਇਆ ਮਾਟੀ ਕੋਟ, ਬੰਕ ਦਵਾਰਾ ਸੋਭਾ ਪਾਈਆ । ਨਾਮ ਅਗੰਮੀ ਲਾਏ ਚੋਟ, ਸੋਈ ਸੁਰਤੀ ਸ਼ਬਦ ਜਗਾਈਆ । ਕਰੇ ਪ੍ਰਕਾਸ਼

ਨਿਰਮਲ ਜੋਤ, ਅੰਧ ਅੰਧੇਰਾ ਦਏ ਗਵਾਈਆ । ਸਚ ਸੁਣਾਏ ਨਾਮ ਸਲੋਕ, ਸੋਹਲਾ ਇਕੋ ਇਕ ਉਪਜਾਈਆ । ਝਗੜਾ ਰਹੇ ਨਾ ਚੌਦਾਂ ਲੋਕ, ਚੌਦਾਂ ਤਬਕ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਖਾਈਆ । ਹਰਿ ਸਿਮਰਤ ਸਰਬ ਦੂਖ ਵਿਨਾਸ, ਅਬਿਨਾਸ਼ੀ ਕਰਤਾ ਦਇਆ ਕਮਾਈਆ । ਵਸਤ ਅਮੋਲਕ ਦੇਵੇ ਰਾਸ, ਨਾਮ ਨਿਧਾਨਾ ਝੋਲੀ ਪਾਈਆ । ਕੂੜੀ ਕਿਰਿਆ ਕਰੇ ਫਾਸ਼, ਮਾਇਆ ਮਮਤਾ ਮੋਹ ਮਿਟਾਈਆ । ਚਰਨ ਪ੍ਰੀਤੀ ਦੇ ਕੇ ਦਾਤ, ਦਾਤਾਰ ਹੋ ਕੇ ਵੇਖ ਵਖਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਆਤਮ ਪਰਮਾਤਮ ਦੱਸ ਕੇ ਧੁਰ ਦੀ ਗਾਥ, ਸਾਚਾ ਢੋਲਾ ਦਏ ਪੜ੍ਹਾਈਆ । ਮੰਜ਼ਲ ਪੌੜੀ ਚੜ੍ਹਾ ਕੇ ਘਾਟ, ਅਧਵਿਚਕਾਰ ਨਾ ਕੋਇ ਅਟਕਾਈਆ । ਸਦਾ ਸੁਹੇਲਾ ਇਕ ਅਕੇਲਾ ਏਕੰਕਾਰਾ ਸਦਾ ਹੋਵੇ ਸਾਥ, ਦੋ ਜਹਾਨਾਂ ਸੰਗ ਨਿਭਾਈਆ । ਸਚਖੰਡ ਦਵਾਰੇ ਕਰੇ ਨਿਵਾਸ, ਭੂਮਿਕਾ ਇਕੋ ਇਕ ਵਖਾਈਆ । ਜਿਥੇ ਦੀਪਕ ਜੋਤ ਹੋਵੇ ਪ੍ਰਕਾਸ਼, ਅਬਿਨਾਸ਼ੀ ਕਰਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਹਰਿ ਸਿਮਰਤ ਮਿਲੇ ਸ਼ਬਦ ਗੁਣ ਨਿਧਾਨ, ਗੁਣਵੰਤਾ ਝੋਲੀ ਪਾਈਆ । ਸਾਚਾ ਦਿਸੇ ਧਰਮ ਨਿਸ਼ਾਨ, ਦੋ ਜਹਾਨਾਂ ਇਕ ਲਹਿਰਾਈਆ । ਸੁਹਾਏ ਇਕੋ ਬੰਕ ਮਕਾਨ, ਬੇਪਰਵਾਹ ਆਪਣਾ ਭੇਵ ਖੁਲ੍ਹਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਮੰਗਣ ਦਾਨ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਸਚ ਦਵਾਰਾ ਇਕ ਪਰਗਟਾਈਆ । ਹਰਿ ਸਿਮਰਤ ਵੇਖੇ ਹਰਿ ਕਾ ਦਵਾਰ, ਹਰਿ ਹਰਿ ਵਿਚ ਸਮਾਈਆ । ਝਗੜਾ ਰਹੇ ਨਾ ਕੋਇ ਵਿਭਚਾਰ, ਕੂੜੀ ਕਿਰਿਆ ਦਏ ਖਪਾਈਆ । ਲੱਖ ਚੁਰਾਸੀ ਉਤਰੇ ਪਾਰ, ਜਮ ਕੀ ਫਾਸੀ ਲਏ ਕਟਾਈਆ । ਸਾਚੀ ਦਾਸੀ ਬਣ ਕੇ ਸੇਵਾਦਾਰ, ਸੇਵਕ ਹੋ ਕੇ ਨਿਉਂ ਨਿਉਂ ਸੀਸ ਝੁਕਾਈਆ । ਮਹੱਲ ਅਟਲ ਉਚ ਮਨਾਰ, ਦਰ ਘਰ ਸਾਚੇ ਚੜ੍ਹ ਕੇ ਦਰਸ਼ਨ ਪਾਈਆ । ਜਿਥੇ ਪੋਹ ਨਾ ਸਕੇ ਕਾਲ, ਮਹਾਂਕਾਲ ਨਾ ਕੋਇ ਵਡਿਆਈਆ । ਸਚ ਦਵਾਰ ਇਕੋ ਧਰਮਸਾਲ, ਪੁਰਖ ਅਬਿਨਾਸ਼ੀ ਸੋਭਾ ਪਾਈਆ । ਤੈਗੁਣ ਮਾਇਆ ਦਿਸੇ ਨਾ ਕੋਇ ਜੰਜਾਲ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਜਨ ਭਗਤਾਂ ਸੰਤਾਂ ਅੰਦਰ ਸੁੱਤਾ ਦਿਸੇ ਸਦਾ ਨਾਲ, ਵਿਛੋੜਾ ਰਹਿਣ ਕਦੇ ਨਾ ਪਾਈਆ । ਜਨਮ ਜਨਮ ਦੀ ਕਰਮ ਕਰਮ ਦੀ ਲੇਖੇ ਲਾਵੇ ਕੀਤੀ ਘਾਲ, ਜੋ ਘਾਇਲ ਹੋ ਕੇ ਆਪਣਾ ਆਪ ਗਏ ਮਿਟਾਈਆ । ਸੰਤ ਸੁਹੇਲੇ ਗੁਰਮੁਖ ਗੁਰਸਿਖ ਸੱਜਣ ਲੱਭੇ ਲਾਲ, ਮਾਣਕ ਮੋਤੀ ਹੀਰੇ ਲਏ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰੇ ਦੇਵੇ ਮਾਣ, ਜਿਸ ਘਰ ਵਸੇ ਸ੍ਰੀ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ ।

### ੧੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਸੋਹਣ ਸਿੰਘ ਦੇ ਗ੍ਰਿਹ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ

ਸਤਿ ਧਰਮ ਕਹੇ ਕਿਰਪਾ ਕਰ ਅਬਿਨਾਸ਼ੀ ਅਚੁੱਤ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਲੋਕਮਾਤ ਧਰਤਮਾਤ ਮੌਲੇ ਅਗੰਮੀ ਰੁੱਤ, ਚਾਰ ਕੁੰਟ ਦਹਿ ਦਿਸ਼ਾ ਬਹਾਰ ਇਕੋ ਨਜ਼ਰੀ ਆਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਸਚ ਦਵਾਰ ਬਣਾ ਆਪਣੇ ਸੁਤ, ਜਗਤ ਅਪਰਾਧੀ

ਰਹਿਣ ਕੋਇ ਨਾ ਪਾਈਆ । ਕੂੜ ਵਿਕਾਰਾਲੋਭ ਹੰਕਾਰਾ ਅੰਦਰੋਂ ਕੱਢੇ ਕੁੱਟ । ਨਾਮ ਖੰਡਾ ਸਾਚਾ ਚਮਕਾਈਆ । ਸ਼ਰਅ ਸ਼ਰਾਇਤੀ ਦੂਈ ਦਵੈਤੀ ਜਗਤ ਵਾਸਨਾ ਰਹੇ ਕੋਈ ਨਾ ਲੁਟ, ਏਕਾ ਰੰਗ ਸੂਰੇ ਸਰਬੰਗ ਦੇਣਾ ਰੰਗਾਈਆ । ਅੰਮ੍ਰਿਤ ਜਾਮ ਸਚ ਪਿਆਲਾ ਨਿਝਰ ਧਾਰ ਅਮਿਉਂ ਰਸ ਦੇਣਾ ਘੁਟ, ਜਗਤ ਰਸਨਾ ਦੀ ਲੋੜ ਰਹੇ ਨਾ ਰਾਈਆ । ਆਦਿ ਜੁਗਾਦਿ ਆਵਣ ਜਾਵਣ ਪਤਿਤ ਪਾਵਨ ਲੱਖ ਚੁਰਾਸੀ ਜਨਮ ਮਰਨ ਦਾ ਰਹੇ ਕੋਈ ਨਾ ਦੁੱਖ, ਦਰਦੀ ਹੋ ਕੇ ਦਰਦ ਲੈਣਾ ਵੰਡਾਈਆ । ਤੂੰ ਮੇਰਾ ਮੈਂ ਤੇਰਾ ਗਾਵਣ ਇਕੋ ਤੁਕ, ਤੁਖਮ ਤਾਸੀਰ ਦੇਣੀ ਬਦਲਾਈਆ । ਤੇਰੇ ਘਰ ਠਾਕਰ ਸਵਾਮੀ ਆਤਮ ਪਰਮਾਤਮ ਦਾ ਸਾਚਾ ਸੁਖ, ਬਿਨ ਸਤਿਗੁਰ ਬਾਹਰੋਂ ਆਸਾ ਪੂਰ ਨਾ ਕੋਇ ਕਰਾਈਆ । ਪੁਰਖ ਅਕਾਲ ਦੀਨ ਦਿਆਲ ਭਗਤ ਵਛਲ ਕਿਰਪਾਲ ਸਚਖੰਡ ਨਿਵਾਸੀ ਕਿਉਂ ਬੈਠਾ ਚੁੱਪ, ਸ਼ਬਦ ਅਨਾਦ ਬੋਧ ਅਗਾਧ ਸ੍ਰੀ ਭਗਵਾਨ ਦੇ ਜਣਾਈਆ । ਕਲਜੁਗ ਕੂੜੀ ਕਿਰਿਆ ਵੇਖ ਅੰਧੇਰਾ ਘੁੱਪ, ਸਾਚਾ ਨੂਰ ਕਰੇ ਨਾ ਕੋਇ ਰੁਸ਼ਨਾਈਆ । ਪਿਤਾ ਪੂਤ ਜਗਤ ਨਾਤਾ ਗਿਆ ਤੁੱਟ, ਸਗਲਾ ਸੰਗ ਸੰਗੀ ਹੋ ਕੇ ਤੋੜ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਤ੍ਰਿਸ਼ਨਾ ਕੂੜੀ ਮੇਟ ਭੁੱਖ, ਅੰਮ੍ਰਿਤ ਮੇਘ ਇਕੋ ਇਕ ਬਰਸਾਈਆ । ਸਤਿ ਧਰਮ ਕਹੇ ਮੇਰੇ ਭਗਵੰਤ, ਪਾਰਬ੍ਰਹਮ ਤੇਰੀ ਆਸ ਤਕਾਈਆ । ਕਲਜੁਗ ਕੂੜੀ ਕਿਰਿਆ ਪਾਏ ਬੇਅੰਤ, ਹਉਮੇ ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਮੰਜ਼ਲ ਚੜ੍ਹਿਆ ਦਿਸੇ ਕੋਈ ਨਾ ਸੰਤ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਨਾਦ ਨਾ ਕੋਇ ਸੁਣਾਈਆ । ਤੇਰੇ ਦਵਾਰੇ ਨਰ ਨਿਰੰਕਾਰੇ ਸਤਿ ਕਰੇ ਇਕੋ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਪੁਰਖ ਅਕਾਲ ਦੀਨ ਦਿਆਲ ਸਰਬ ਰਖਵਾਲ ਸ਼ਬਦੀ ਧਾਰ ਜਾਣ ਆਪਣੀ ਹਿੰਮਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਠਾਂਡੇ ਮੰਗ ਮੰਗਾਈਆ । ਸਤਿ ਧਰਮ ਕਹੇ ਮੇਰੇ ਪੁਰਖ ਅਬਿਨਾਸ਼, ਪਰਵਰਦਿਗਾਰ ਤੇਰਾ ਧਿਆਨ ਲਗਾਈਆ । ਮੰਡਲ ਮੰਡਪ ਪ੍ਰਿਥਮੀ ਆਕਾਸ਼ ਕੂੜੀ ਕਿਰਿਆ ਵੇਖ ਪਖੰਡੀ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਾਚ ਨਾ ਕੋਇ ਨਚਾਈਆ । ਤੇਰੀ ਆਤਮ ਤੇਰਾ ਰੂਪ ਕੋਈ ਨਾ ਜਾਣੇ ਤੇਰੀ ਜਾਤ, ਭਰਮਾਂ ਵਿਚ ਭੁੱਲੀ ਸਰਬ ਲੋਕਾਈਆ । ਤੇਰੀ ਖੋਜ ਕਰਦੇ ਅਲਿਫ਼ ਯੇ ਵਿਚੋਂ ਲੁਗ਼ਾਤ, ਨਿਰਅੱਖਰ ਧਾਰ ਤੇਰਾ ਗ੍ਰਹਿ ਵੇਖਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਹੋ ਕੇ ਵੇਖ ਆਪਣੀ ਕਾਇਨਾਤ, ਦੀਨ ਦੁਨੀ ਫੋਲ ਫੁਲਾਈਆ । ਸਤਿ ਧਰਮ ਕਹੇ ਮੇਰੇ ਪਾਰਬ੍ਰਹਮ, ਪ੍ਰਭ ਤੇਰੀ ਓਟ ਇਕ ਤਕਾਈਆ । ਸਤਿਜੁਗ ਸਾਚਾ ਵਖਾ ਇਕ ਧਰਮ, ਦਵਾਰਾ ਇਕੋ ਇਕ ਖੁਲ੍ਹਾਈਆ । ਝਗੜਾ ਰਹੇ ਨਾ ਵਰਨ ਬਰਨ, ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਨੇਤਰ ਖੁਲ੍ਹੇ ਹਰਨ ਫਰਨ, ਦੋਏ ਲੋਚਨ ਕੰਮ ਕਿਸੇ ਨਾ ਆਈਆ । ਬਿਨ ਪੌੜੇ ਡੰਡੇ ਤੇਰੀ ਮੰਜ਼ਲ ਚੜ੍ਹਨ, ਸਚ ਦਵਾਰੇ ਹੱਕ ਮਹਿਬੂਬ ਤੇਰਾ ਦਰਸ਼ਨ ਪਾਈਆ । ਤੂੰ ਪੁਰਖ ਸਮਰਥ ਤਰਨੀ ਤਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਏਕੰਕਾਰ ਇਕੋ ਮੰਗ ਮੰਗਾਈਆ । ਸਤਿ ਧਰਮ ਕਰੇ ਮੇਰੇ ਆਦਿ ਜੁਗਾਦੀ ਆਦਿ ਨਿਰੰਜਨ, ਜੋਤੀ ਜੋਤ ਤੇਰੀ ਬੇਪਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਦੀਨਾਂ ਅਨਥਾਂ ਦਰਦ ਦੁਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਨੇਤਰ ਨਾਮ ਨਿਧਾਨ ਦੇ ਅੰਜਣ, ਅਗਿਆਨ ਅੰਧੇਰ ਰਹੇ ਨਾ ਰਾਈਆ । ਤੂੰ ਏਥੇ ਓਥੇ ਦੋ ਜਹਾਨਾਂ ਨਿਰਗੁਣ ਧਾਰ ਸਰਗੁਣ ਧਾਰ ਸੱਜਣ, ਸਾਚਾ ਮੀਤ ਇਕ ਅਖਵਾਈਆ । ਚਰਨ ਕਵਨ ਉਪਰ ਧਵਲ

ਸਚ ਕਰਾ ਮਜਨ, ਅੱਠਸੱਠ ਤੀਰਥ ਲਹਿਣਾ ਦੇਣਾ ਦੇ ਮੁਕਾਈਆ । ਤੇਰੇ ਨਾਮ ਦੇ ਢੋਲੇ ਨਾਦ ਧੁਨ ਸ਼ਬਦ ਅਗੰਮੀ ਤਾਲ ਵੱਜਣ, ਜਗਤ ਤਲਵਾੜਾ ਵੇਖਣ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਅੰਗਮ ਅਥਾਹ ਬੇਪਰਵਾਹ ਅੰਗਮੀ ਚਾੜ੍ਹ ਰੰਗਣ, ਜਗਤ ਲਲਾਰੀ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਬੁਝਾ ਅਗਨ, ਅੰਮ੍ਰਿਤ ਮੇਘ ਆਪਣਾ ਆਪ ਚੁਆਈਆ ।

ਸਚ ਸਰੋਤਾ ਜੋ ਹੋਵੇ ਜਗ, ਸਰਵਣ ਮਿਲੇ ਵਡਿਆਈਆ । ਸਰਵਣਾਂ ਰਾਹੀਂ ਅੰਦਰ ਆਵੇ ਗੁਰਮਤ, ਗੁਰ ਸ਼ਬਦ ਸੁਰਤ ਉਠਾਈਆ । ਦਰਸ਼ਨ ਹੋਵੇ ਉਪਰ ਸ਼ਾਹਰਗ, ਨੌਂ ਦਵਾਰੇ ਪੰਧ ਮੁਕਾਈਆ । ਜਗਤ ਤ੍ਰਿਸ਼ਨਾ ਕੂੜੀ ਕਿਰਿਆ ਬੁਝੇ ਅੱਗ, ਮਮਤਾ ਮੋਹ ਨਾ ਕੋਇ ਹਲਕਾਈਆ । ਬਿਨ ਮੱਕੇ ਕਾਅਬਿਉਂ ਘਰ ਵਿਚ ਹੋ ਜਾਏ ਹੱਜ, ਹੱਕ ਮਹਿਬੂਬ ਮਿਲ ਕੇ ਖ਼ੁਸ਼ੀ ਮਨਾਈਆ । ਸਚ ਦਵਾਰ ਕਰ ਪਿਆਰ ਬਿਨ ਪੰਜਾਂ ਤੱਤਾਂ ਜਾਵੇ ਸਜ, ਜਿਥੇ ਸੱਜਣ ਮਿਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸਰੋਤਿਆਂ ਦੇਵੇ ਉਹ ਵਥ, ਜਿਹੜੀ ਵਸਤ ਜਗਤ ਹਟਵਾਣਿਆਂ ਕੋਲੋਂ ਹੱਥ ਕਦੇ ਨਾ ਆਈਆ । ਸਰੋਤਾ ਹੋਵੇ ਸਤਿਗੁਰ ਪਿਆਰ, ਪਰਮ ਪੁਰਖ ਦੇਵੇ ਮਾਣ ਵਡਿਆਈਆ । ਕਾਇਆ ਮੰਦਰ ਅੰਦਰ ਦੇਵੇ ਸ਼ਬਦ ਸਚੀ ਧੁਨਕਾਰ, ਆਤਮਕ ਰਾਗ ਅਲਾਈਆ । ਕੂੜੀ ਕਿਰਿਆ ਜਗਤ ਦੁਖੜਾ ਸਹਿਜੇ ਦਏ ਨਿਵਾਰ, ਜਗਤ ਤਬੀਬ ਲੱਭਣ ਦੀ ਲੋੜ ਰਹੇ ਨਾ ਰਾਈਆ । ਬਿਨ ਪੌੜੀ ਡੰਡੇ ਆਪਣੀ ਮਿਹਰ ਨਾਲ ਮੰਜ਼ਲ ਪੌੜੇ ਦੇਵੇ ਚਾੜ੍ਹ, ਜਿਥੇ ਨਿਰਗੁਣ ਨਿਰਗੁਣ ਦਰਸ਼ਨ ਪਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸਾਂਝਾ ਹੋ ਜਾਵੇ ਦਵਾਰ, ਭਗਤ ਭਗਵਾਨ ਮਿਲ ਕੇ ਵੱਜਦੀ ਰਹੇ ਵਧਾਈਆ । ਸੋ ਸਰੋਤਾ ਜਿਸ ਅੰਤਰ ਅੰਤਰ ਵੜ ਕੇ ਕਿਰਪਾ ਕਰੇ ਆਪ ਨਿਰੰਕਾਰ, ਨਿਰੰਤਰ ਮੰਤਰ ਏਕਾ ਦਏ ਜਣਾਈਆ । ਤਿਸ ਦਾ ਸੁਣਿਆ ਲੇਖੇ ਲੱਗੇ ਜੋ ਸਤਿਗੁਰ ਸ਼ਬਦ ਧਰੇ ਪਿਆਰ, ਬਿਨ ਸਤਿਗੁਰ ਸ਼ਬਦ ਲੇਖਾ ਸਕੇ ਨਾ ਕੋਇ ਚੁਕਾਈਆ । ਸੁਣਨ ਵਾਲਿਆਂ ਸਰੋਤਿਆਂ ਤੋਂ ਸਾਹਿਬ ਸਤਿਗੁਰ ਸਦਾ ਬਲਿਹਾਰ, ਜੋ ਉਸ ਦਾ ਨਾਮ ਸੁਣ ਕੇ ਆਪਣੇ ਅੰਦਰ ਖ਼ੁਸ਼ੀ ਰਹੇ ਪਰਗਟਾਈਆ । ਸਰੋਤਿਆਂ ਦਾ ਪ੍ਰਭ ਸਦਾ ਮੀਤ, ਮਿੱਤਰ ਪਿਆਰਾ ਨਜ਼ਰੀ ਆਈਆ । ਬਿਨਾ ਸਰੋਤਿਆਂ ਤੋਂ ਪ੍ਰਭ ਦੇ ਨਾਮ ਦਾ ਸੁਣੇ ਕੋਇ ਨਾ ਗੀਤ, ਜਗਤ ਵਿਕਾਰੀ ਭੱਜਣ ਥਾਉਂ ਥਾਈਆਂ । ਇਹ ਪਰਮ ਪੁਰਖ ਦੀ ਆਦਿ ਜੁਗਾਦੀ ਰੀਤ, ਗੁਰਮੁਖਾਂ ਆਪਣਾ ਨਾਮ ਸਹਿਜੇ ਅੰਦਰ ਦਏ ਟਿਕਾਈਆ । ਉਨ੍ਹਾਂ ਨੂੰ ਨਜ਼ਰੀ ਆਉਣ ਡਹਿ ਪਏ ਮੰਦਰ ਮਸਜਿਦ ਸ਼ਿਵਦਵਾਲਾ ਮੱਠ ਮਸੀਤ, ਜਿਥੇ ਮਸਲਾ ਹੱਕ ਹੱਕ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਦੂਰ ਦੁਰਾਡਾ ਦੱਸੇ ਘਰ ਮੰਦਰ ਨਜ਼ਦੀਕ, ਗੁਰੂਦਵਾਰਾ ਇਕੋ ਦਏ ਵਖਾਈਆ । ਜਿਥੇ ਸਰੋਤਿਆਂ ਦੀ ਸੁਰਤ ਸ਼ਬਦੀ ਲੱਗੀ ਰਹੇ ਪ੍ਰੀਤ, ਪ੍ਰੀਤਮ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰੋਤਿਆਂ ਦੀ ਖ਼ਾਹਿਸ਼ ਪੂਰੀ ਕਰੇ ਠੀਕ, ਠਾਕਰ ਹੋ ਕੇ ਠੋਕਰ ਨਾਮ ਅੰਦਰ ਦਏ ਲਗਾਈਆ ।


੧੦੨੮ ੧੯

### ✪ ੧੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਦਲੀਪ ਸਿੰਘ ਦੇ ਗ੍ਰਿਹ ਪਿੰਡ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ✪

ਸੋਹੰ ਮਹਾਰਾਜ ਸ਼ੇਰ ਵਿਸ਼ਨੂੰ ਭਗਵਾਨ ਆਦਿ ਜੁਗਾਦੀ ਨਾਮ ਸਤਿ, ਚਾਰ ਜੁਗ ਸਮਝ ਕਿਸੇ ਨਾ ਆਈਆ । ਜਿਸ ਦੀ ਧਾਰੋਂ ਵਿਸ਼ਨ ਬ੍ਰਹਮਾ ਸ਼ਿਵ ਲੱਖ ਚੁਰਾਸੀ ਹੋਈ ਉਤਪਤ, ਬ੍ਰਹਿਮੰਡ ਖੰਡ ਆਪਣੀ ਖੇਲ ਖਿਲਾਈਆ । ਕਾਜ ਰਚਾਇਆ ਤ੍ਰੈਗੁਣ ਪੰਜ ਤਤ, ਹੱਡ ਮਾਸ ਨਾੜੀ ਬੂੰਦ ਰਕਤ ਜੋੜ ਜੁੜਾਈਆ । ਪਿਆਰ ਵਿਕਾਰ ਖੋਲ੍ਹ ਕੇ ਕਾਇਆ ਹੱਟ, ਨਵ ਨੌ ਚਾਰ ਨੌ ਦਵਾਰ ਰੰਗ ਰੰਗਾਈਆ । ਮਨ ਮਤ ਬੁਧ ਅੰਦਰ ਰਖ, ਜਗਤ ਵਾਸਨਾ ਨਾਲ ਕੁੜਮਾਈਆ । ਕਰ ਖੇਲ ਪੁਰਖ ਸਮਰਥ, ਘਟ ਭੀਤਰ ਸੋਭਾ ਪਾਈਆ । ਅੰਮ੍ਰਿਤ ਅਗੰਮਾ ਪਰਗਟਾ ਕੇ ਰਸ, ਸ਼ਬਦ ਅਨਾਦੀ ਨਾਦ ਸ਼ਨਵਾਈਆ । ਨਿਰਗੁਣ ਜੋਤ ਕਰ ਪ੍ਰਕਾਸ਼, ਘਰ ਵਿਚ ਘਰ ਕਰੇ ਰੁਸ਼ਨਾਈਆ । ਆਤਮ ਸੱਚਾ ਭੋਗ ਬਿਲਾਸ, ਪਰਮਾਤਮ ਮਿਲ ਕੇ ਵੱਜੇ ਵਧਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖਣਹਾਰਾ ਖੇਲ ਤਮਾਸ਼, ਲੱਖ ਚੁਰਾਸੀ ਜੀਵ ਜੰਤ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਪਾਵਣਹਾਰਾ ਆਪਣੀ ਰਾਸ, ਮਾਰਗ ਧੁਰ ਦਾ ਆਪ ਵਖਾਈਆ । ਪੜਦਾ ਓਹਲਾ ਚੁਕਾਵਣਹਾਰਾ ਪਵਣ ਸਵਾਸ, ਸਾਹ ਸਾਹ ਆਪਣੀ ਧਾਰ ਵਖਾਈਆ । ਨਿਰਗੁਣ ਸਰਗੁਣ ਖੋਲ੍ਹਣ ਵਾਲਾ ਹਾਟ, ਸਚ ਦਵਾਰਾ ਕਾਇਆ ਮਾਟੀ ਦਏ ਬਣਾਈਆ । ਸੋ ਖੇਲ ਕਰੇ ਕਰਨੀ ਦਾ ਕਰਤਾ ਪੁਰਖ ਅਬਿਨਾਸ਼, ਪਾਰਬ੍ਰਹਮ ਆਪਣਾ ਵੇਸ ਵਟਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਰਾਤੀ ਰੁੱਤੀ ਥਿਤੀ ਵਾਰ ਚਰਨਾਂ ਹੇਠ ਦਬਾਈਆ । ਕਰੇ ਖੇਲ ਸਰਬ ਗੁਣਤਾਸ, ਗਹਿਰ ਗੰਭੀਰ ਆਪ ਸੁਣਾਈਆ । ਸਭ ਨੂੰ ਜਪਣਾ ਪਏ ਏਕਾ ਜਾਪ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਭਗਤ ਵਛਲ ਬਣ ਕੇ ਆਪ, ਲੇਖਾ ਕਰੇ ਥਾਉਂ ਥਾਈਂਆ । ਚਰਨ ਪ੍ਰੀਤੀ ਜੋੜ ਕੇ ਨਾਤ, ਸਾਚਾ ਮੇਲਾ ਰਿਹਾ ਮਿਲਾਈਆ । ਸੰਤ ਸੁਹੇਲਾ ਬਣ ਕੇ ਬਾਪ, ਪਿਤਾ ਪੂਤ ਗੁਰਮੁਖ ਗੋਦ ਉਠਾਈਆ । ਕੋਟ ਜਨਮ ਦੇ ਮੇਟ ਕੇ ਪਾਪ, ਮਾਨਸ ਜਨਮ ਲੇਖੇ ਲਾਈਆ । ਸਚ ਸਰਨਾਈ ਰਹੇ ਨਾ ਕੋਇ ਨਿਰਾਸ਼, ਆਸਾ ਮਨਸਾ ਸਭ ਦੀ ਪੂਰ ਕਰਾਈਆ । ਝਗੜਾ ਮੁਕਾ ਕੇ ਜੰਗਲ ਜੂਹ ਉਜਾੜ ਪਰਭਾਸ, ਚਰਨ ਕਵਲ ਦੇਵੇ ਸਚ ਸਰਨਾਈਆ । ਸਾਚੀ ਮੰਜ਼ਲ ਚਾੜ੍ਹੇ ਆਪਣੇ ਘਾਟ, ਘਰ ਮੰਦਰ ਦਏ ਵਖਾਈਆ । ਇਕੋ ਨੂਰ ਜੋਤ ਕਰ ਪਰਕਾਸ਼, ਪਰਕਿਰਤੀ ਕੂੜੀ ਬਾਹਰ ਕਢਾਈਆ । ਪੰਧ ਮੁਕਾ ਕੇ ਪ੍ਰਿਥਮੀ ਆਕਾਸ਼, ਸਚ ਦਵਾਰੇ ਦਏ ਟਿਕਾਈਆ । ਜਨ ਭਗਤਾਂ ਸੁਹੇਲਾ ਹੋ ਕੇ ਆਪ, ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਦਾ ਆਦਿ ਜੁਗਾਦੀ ਆਪਣਾ ਜਾਪ, ਗੁਰ ਅਵਤਾਰ ਪੈਗ਼ੰਬਰ ਹੱਥ ਨਾ ਕਦੇ ਫੜਾਈਆ ।

### ✪ ੧੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਬਸੰਤਕੌਰ ਦੇ ਗ੍ਰਿਹ ਪਿੰਡ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ✪

ਜੈ ਜੈ ਜੈਕਾਰ ਸੁਣਨ ਗਣ ਗੰਧਰਬ ਦੇਵਤ ਸੁਰ ਜਨ, ਜਾਣਕਾਰੀ ਸਭ ਨੂੰ ਰਿਹਾ ਕਰਾਈਆ । ਬ੍ਰਹਿਮੰਡ ਖੰਡ ਕਹਿਣ ਧੰਨ ਧੰਨ ਧੰਨ ਪ੍ਰਭੂ ਧੰਨ, ਧੰਨ ਤੇਰੀ ਬੇਪਰਵਾਹੀਆ । ਤੇਰੇ ਨਾਮ ਦਾ ਲੋਕਮਾਤ ਚੜ੍ਹਿਆ ਚੰਨ, ਚੰਦਨ ਬਾਸ ਨਿਮ ਦੇ ਮਹਿਕਾਈਆ । ਕੂੜ ਕੁੜਿਆਰਾ ਹੰਕਾਰੀ

ਭਾਂਡਾ ਦੇਵੇਂ ਭੰਨ, ਜਨ ਭਗਤਾਂ ਭਰਮ ਦਾ ਕਰਮ ਦਈਂ ਬਣਾਈਆ । ਕਰੇ ਪ੍ਰਕਾਸ਼ ਅਗਿਆਨ ਨੇਤਰ ਅੰਨ੍ਹ, ਅੰਧਕਾਰ ਅੰਦਰ ਦੀਪਕ ਜੋਤ ਕਰੇ ਰੁਸ਼ਨਾਈਆ । ਸਾਚਾ ਨਾਮ ਨਿਧਾਨ ਸੁਣਾਏ ਜਗਤ ਕੰਨ, ਸਰਵਣਾਂ ਦੇ ਅੰਦਰ ਕਾਇਆ ਮੰਦਰ ਵਿਚ ਟਿਕਾਈਆ । ਭੇਵ ਰਹੇ ਨਾ ਕੋਇ ਬ੍ਰਹਮ ਹੰ, ਹਮ ਸਾਜਣ ਹੋ ਕੇ ਵੇਖ ਵਖਾਈਆ । ਲੇਖਾ ਮੁਕਾ ਕੇ ਦ੍ਰਿਸ਼ਟੀ ਚੰਮ, ਇਸ਼ਟ ਇਕੋ ਇਕ ਸਮਝਾਈਆ । ਮਮਤਾ ਮੋਹ ਗਵਾ ਕੇ ਤਮ, ਸਚ ਸਚ ਸਚ ਵਿਚ ਸਮਾਈਆ । ਹਰਖ ਸੋਗ ਮਿਟਾ ਕੇ ਗ਼ਮ, ਖ਼ੁਸ਼ੀ ਧੁਰ ਦੀ ਦਏ ਵਖਾਈਆ । ਭਟਕਣਾ ਰਹੇ ਨਾ ਕੋਈ ਮਨ, ਸ਼ਬਦ ਨਾਦ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਗ੍ਰਹਿ ਦੇਵੇ ਇਕ ਸਰਨਾਈਆ । ਜੈ ਜੈਕਾਰ ਸੁਣਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼, ਗਗਨ ਮੰਡਲ ਖ਼ੁਸ਼ੀ ਮਨਾਈਆ । ਤੇਰਾ ਨੂਰ ਜੋਤ ਪਰਕਾਸ਼, ਪਤਿਪਰਮੇਸ਼ਵਰ ਬ੍ਰਹਮ ਕਰੇ ਰੁਸ਼ਨਾਈਆ । ਤੇਰਾ ਸ਼ਬਦ ਨਾਮ ਵਿਕਾਸ, ਚਾਰ ਕੁੰਟ ਦਹਿ ਦਿਸ਼ਾ ਨਜ਼ਰੀ ਆਈਆ । ਤੇਰਾ ਫ਼ਰਮਾਨ ਹੁਕਮ ਸਰਬ ਗੁਣਤਾਸ, ਦੋ ਜਹਾਨਾਂ ਰਿਹਾ ਜਣਾਈਆ । ਤੇਰਾ ਖੇਲ ਪ੍ਰਿਥਮੀ ਆਕਾਸ਼, ਨਿਰਗੁਣ ਨੂਰ ਜੋਤ ਰੁਸ਼ਨਾਈਆ । ਤੇਰਾ ਨਿਰਗੁਣ ਸਰਗੁਣ ਸਾਥ, ਜੋਤੀ ਸ਼ਬਦੀ ਮੇਲ ਮਿਲਾਈਆ । ਤੇਰਾ ਨਾਮ ਨਿਧਾਨਾ ਅੰਗਮੀ ਗਾਥ, ਆਤਮ ਪਰਮਾਤਮ ਕਰੇ ਪੜ੍ਹਾਈਆ । ਤੇਰਾ ਰੂਪ ਅੰਗਮਾ ਪੁਰਖ ਅਬਿਨਾਸ਼, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਬਣ ਕੇ ਦਾਸੀ ਦਾਸ, ਜਨ ਭਗਤਾਂ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈਕਾਰ ਕਰਾ ਹਰ ਘਟ ਸਵਾਸ, ਰਾਸ ਆਪਣੀ ਇਕ ਵਰਤਾਈਆ ।


੧੦੩੦
੧੯

### ੧੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਰਜਨ ਸਿੰਘ ਦੇ ਗ੍ਰਹਿ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ

ਜੈ ਜੈਕਾਰ ਕਰੋ ਰਸਨਾ ਜਿਹਵਾ, ਅਨਬੋਲਤ ਆਪਣਾ ਰਾਗ ਸੁਣਾਈਆ । ਦੇਵੇ ਵਡਿਆਈ ਅਲਖ ਅਭੇਵਾ, ਦਰਸ ਅਮੋਘ ਗ੍ਰਹਿ ਗ੍ਰਹਿ ਆਪ ਦਰਸਾਈਆ । ਲੇਖੇ ਲਾਵੇ ਜਨਮ ਜਨਮ ਦੀ ਸੇਵਾ, ਸੇਵਕ ਸਤਿਗੁਰ ਆਪਣੇ ਰੰਗ ਰੰਗਾਈਆ । ਨਾਮ ਪਦਾਰਥ ਦੇਵੇ ਆਪਣਾ ਮੇਵਾ, ਮਿਹਰਵਾਨ ਹੋ ਕੇ ਮਿਹਰ ਅੱਖ ਉਠਾਈਆ । ਬਖ਼ਸ਼ੇ ਧਾਮ ਸਚ ਦਵਾਰੇ ਨਿਹਚਲ ਨਿਹਕੇਵਾ, ਮਹੱਲ ਅਟਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਜੈ ਜੈਕਾਰ ਕਰੇ ਜਨ ਭਗਤ, ਭਗਤੀ ਪੂਰਨ ਦਏ ਕਰਾਈਆ । ਮਾਨਸ ਜਨਮ ਸੁਹੰਜਣਾ ਹੋਵੇ ਵਕਤ, ਬੇਵਕ਼ਤ ਔਖੀ ਘੜੀ ਨਾ ਕੋਇ ਰਖਾਈਆ । ਰਹਿਮਤ ਵਿਚ ਆ ਕੇ ਕਰੇ ਤਰਸ, ਜਨਮ ਜਨਮ ਦੀ ਤ੍ਰਿਖਾ ਦਏ ਬੁਝਾਈਆ । ਦੇਵੇ ਵਡਿਆਈ ਉਪਰ ਫ਼ਰਸ਼ ਅਰਸ਼, ਅਰਸ਼ੀ ਪ੍ਰੀਤਮ ਹੋ ਸਹਾਈਆ । ਪੂਰਬ ਰਹਿਣ ਨਾ ਦੇਵੇ ਕੋਈ ਸਵਾਸਾਂ ਦਾ ਕ਼ਰਜ਼, ਰਾਸ ਪੂੰਜੀ ਸਾਰੀ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਮਰਨ ਦੀ ਮੇਟ ਕੇ ਹਰਸ, ਦੁੱਖ ਜਮ ਕੀ ਫਾਸੀ ਦਏ ਤੁੜਾਈਆ । ਜੈ ਜੈਕਾਰ ਜੋ ਜਨ ਰਹੇ ਕਰਦਾ, ਕੁਦਰਤ ਦਾ ਮਾਲਕ ਦਇਆ ਕਮਾਈਆ । ਸਚ ਦਵਾਰੇ ਬਣਾਏ ਬਰਦਾ, ਬੰਦੀਖ਼ਾਨਾ ਤੋੜ ਤੁੜਾਈਆ । ਪੜਦਾ ਉਹਲਾ ਲਾਹੇ ਆਪਣੇ ਘਰ ਦਾ, ਘਰ ਵਿਚ ਘਰ ਕਰੇ ਰੁਸ਼ਨਾਈਆ । ਕਲਜੁਗ ਦਰ ਸੁਹਾਏ ਨਰਾਇਣ ਨਰ ਦਾ, ਨਰ ਨਰਾਇਣ ਦਇਆ ਕਮਾਈਆ ।

ਸਾਚੇ ਮੰਦਰ ਆਪੇ ਚੜ੍ਹਦਾ, ਸਚ ਸਿੰਘਾਸਣ ਸੋਭਾ ਪਾਈਆ । ਗੁਰਮੁਖ ਸ਼ਬਦੀ ਧਾਰ ਪੜ੍ਹਦਾ, ਸੁਰਤੀ ਸ਼ਬਦ ਡੋਰ ਬੰਧਾਈਆ । ਸਚ ਦਵਾਰੇ ਆਪੇ ਵਰਦਾ, ਨਾਰ ਕੰਤ ਖੇਲ ਖਿਲਾਈਆ । ਜੋ ਜਨ ਢੋਲਾ ਪੜ੍ਹਦਾ, ਬਣ ਵਿਚੋਲਾ ਬੇੜਾ ਪਾਰ ਦਏ ਲਗਾਈਆ ।

✪ ੧੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਧਰਮਵੀਰ ਦੇ ਗ੍ਰਿਹਿ ਪਿੰਡ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ✪

ਸੋ ਪੁਰਖ ਨਿਰੰਜਣ ਦੇਵੇ ਏਕਾ ਨਾਮ, ਨਾਉਂ ਨਿਰੰਕਾਰਾ ਆਪ ਦ੍ਰਿੜਾਈਆ । ਹਰਿ ਪੁਰਖ ਨਿਰੰਜਨ ਪੂਰਾ ਕਰੇ ਕਾਮ, ਦੂਸਰ ਸੰਗ ਨਾ ਕੋਇ ਰਲਾਈਆ । ਏਕੰਕਾਰਾ ਦੇਵੇ ਹਕ਼ੀਕ਼ ਜਾਮ, ਬੇਪਰਵਾਹ ਆਪ ਉਠਾਈਆ । ਆਦਿ ਨਿਰੰਜਣ ਨਿਰਗੁਣ ਨੂਰ ਕਰੇ ਮਹਾਨ, ਜੋਤੀ ਜਾਤਾ ਸ਼ਹਿਨਸ਼ਾਹੀਆ । ਅਬਿਨਾਸ਼ੀ ਕਰਤਾ ਦੇਵੇ ਧੁਰ ਦਾ ਦਾਨ, ਵਸਤ ਅਮੋਲਕ ਝੋਲੀ ਪਾਈਆ । ਸ੍ਰੀ ਭਗਵਾਨ ਝੁਲਾਏ ਨਾਮ ਨਿਸ਼ਾਨ, ਦੋ ਜਹਾਨਾਂ ਆਪ ਝੁਲਾਈਆ । ਪਾਰਬ੍ਰਹਮ ਬ੍ਰਹਮ ਦੇਵੇ ਇਕ ਗਿਆਨ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਸ਼ਬਦ ਸ਼ਬਦੀ ਸ਼ਬਦ ਖੇਲ ਹੋਵੇ ਮਹਾਨ, ਮਹਿੰਮਾ ਅਕਥ ਕਥ ਦ੍ਰਿੜਾਈਆ । ਸਚਖੰਡ ਨਿਵਾਸੀ ਜੋਧਾ ਸੂਰਬੀਰ ਬਲਵਾਨ, ਬਲ ਆਪਣਾ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਇਕੋ ਕਾਰ ਕਮਾਈਆ । ਏਕਾ ਹੁਕਮ ਵਰਤਾਏ ਏਕ, ਏਕੰਕਾਰ ਦਇਆ ਕਮਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਦੇਵੇ ਧੁਰ ਦੀ ਟੇਕ, ਸਿਰ ਸਕੇ ਨਾ ਕੋਇ ਉਠਾਈਆ । ਲੋਕਮਾਤ ਆਤਮ ਪਰਮਾਤਮ ਸਭ ਦੀ ਬੁਧੀ ਕਰੇ ਬਿਬੇਕ, ਕੂੜੀ
੧੦੩੧ ੧੯
ਕਿਰਿਆ ਦਏ ਕਢਾਈਆ । ਜਨਮ ਕਰਮ ਦੀ ਬਦਲ ਦੇਵੇ ਰੇਖ, ਮਸਤਕ ਟਿੱਕਾ ਲਾਏ ਧੁਰ ਦੀ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਵੈਰ ਨਿਰਾਕਾਰ ਨਿਰੰਕਾਰ ਬਦਲੇ ਆਪਣਾ ਭੇਖ, ਸਚ ਸਤਿ ਪੰਚਮ ਤਤ ਤਤਵ ਆਪਣਾ ਖੇਲ ਖਿਲਾਈਆ । ਆਪਣਾ ਖੇਲ ਕਰੇ ਕਰਤਾਰ, ਕੁਦਰਤ ਦਾ ਮਾਲਕ ਦਇਆ ਕਮਾਈਆ । ਪਰਗਟ ਹੋ ਸਾਂਝਾ ਯਾਰ, ਜਲਵਾ ਨੂਰ ਕਰੇ ਰੁਸ਼ਨਾਈਆ । ਲਹਿਣਾ ਦੇਣਾ ਚੁਕਾਏ ਮੁਹੰਮਦ ਯਾਰ, ਚਾਰ ਯਾਰੀ ਫੋਲ ਫੁਲਾਈਆ । ਲੇਖਾ ਜਾਣੇ ਜੀਵ ਜਹਾਨ, ਨਿਰਗੁਣ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੱਖ ਚੁਰਾਸੀ ਜੀਵ ਜੰਤ ਘਟ ਭੀਤਰ ਅੰਦਰ ਵੇਖ ਵਖਾਈਆ । ਸਤਿ ਧਰਮ ਤੇਰਾ ਦਿਸੇ ਨਾਮ ਅਗੰਮ, ਅਲਖ ਅਗੋਚਰ ਦਏ ਵਡਿਆਈਆ । ਭਾਗ ਲਗਾਏ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਕਰ ਪਰਕਾਸ਼ ਤਨ ਖ਼ਾਕੀ ਵਜੂਦ ਸੰਸਾ ਮੇਟੇ ਮਨ, ਮਮਤਾ ਮੋਹ ਮਿਟਾਈਆ । ਸਚ ਭੰਡਾਰਾ ਦੇਵੇ ਧੁਰ ਦਾ ਧਨ, ਖ਼ਜ਼ਾਨਾ ਖ਼ਜ਼ੀਨਾ ਦੇਵੇ ਆਪ ਭਰਾਈਆ । ਏਕਾ ਰਾਗ ਸੁਣਾ ਬਿਨਾ ਕੰਨ, ਸ਼ਬਦ ਅਨਾਦੀ ਨਾਦ ਜਣਾਈਆ । ਭਾਂਡਾ ਭਰਮ ਭੌ ਦੇਵੇ ਭੰਨ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਜਲਵਾਗਰ ਨੂਰੋ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਮੇਟ ਤ੍ਰਿਸ਼ਨਾ ਤਮ, ਤਾਮਸ ਅੰਦਰੋਂ ਦੇਵੇ ਗਵਾਈਆ । ਸਤਿ ਧਰਮ ਪ੍ਰਭ ਦੇਵੇ ਸਾਚੀ ਦਾਤ, ਦੀਨ ਦਿਆਲ ਦਇਆ ਕਮਾਈਆ । ਰਥਵਾਹੀ ਹੋ ਕੇ ਚਲਾਏ ਅਗੰਮਾ ਰਾਥ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਪਰਗਟ ਹੋ ਕੇ ਲੋਕਮਾਤ, ਧਰਨੀ ਧਰਤ ਧਵਲ ਲਹਿਣਾ ਦੇਣਾ ਦਏ ਚੁਕਾਈਆ । ਚਾਰ ਵਰਨ ਬਣਾ

ਕੇ ਇਕ ਜਮਾਤ, ਨਿਰਅੱਖਰ ਅੱਖਰਾਂ ਸਿਫ਼ਤ ਦਏ ਸਮਝਾਈਆ । ਦੀਨ ਦਿਆਲ ਹੋ ਕੇ ਵੇਖੇ ਵਾਕਿਆਤ, ਚਾਰ ਕੁੰਟ ਦਹਿ ਦਿਸ਼ਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਸੁਹੇਲਾ ਇਕ ਅਕੇਲਾ ਸਦਾ ਵਸਣਹਾਰਾ ਸਾਥ, ਸਮਰਥ ਅਕਥ ਮਹਿੰਮਾ ਆਪਣੀ ਦਏ ਜਣਾਈਆ ।

## ✪ ੧੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਬਲਵੰਤ ਸਿੰਘ ਦੇ ਗ੍ਰਿਹਿ ਪਿੰਡ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਪ੍ਰਭੂ ਸਤਿਜੁਗ ਤੇਰੇ ਚਰਨਾਂ ਕਰੇ ਨਿਮਸਕਾਰ, ਨਮੋ ਨਮੋ ਨਮਸਤੇ ਕਹਿ ਕੇ ਸੀਸ ਝੁਕਾਈਆ । ਦੋਏ ਜੋੜ ਮੰਗਣ ਦਰਵੇਸ਼ ਦਰ ਭਿਖਾਰ, ਭਿਖਿਆ ਧੁਰ ਦੀ ਮੰਗ ਮੰਗਾਈਆ । ਨਾਮ ਅਗੰਮ ਅਥਾਹ ਵਸਤ ਅਮੋਲਕ ਝੋਲੀ ਡਾਰ, ਡਰ ਭੈ ਭੌ ਭਿਆਨਕ ਰਹੇ ਨਾ ਰਾਈਆ । ਸਾਚੀ ਸਿਖਿਆ ਦੇਵਾਂ ਵਿਚ ਸੰਸਾਰ, ਵਡ ਸੰਸਾਰੀ ਜੋਤ ਨਿਰੰਕਾਰੀ ਨਿਰਗੁਣ ਤੇਰੀ ਸੇਵ ਕਮਾਈਆ । ਤੇਰਾ ਹੁਕਮ ਅਪਰ ਅਪਾਰ, ਪਾਰਬ੍ਰਹਮ ਬ੍ਰਹਮ ਸਕੇ ਨਾ ਕੋਇ ਉਲਟਾਈਆ । ਸਾਚੀ ਕਰਨੀ ਕਰਤੇ ਆਪਣੀ ਦੱਸ ਸਿਰਜਣਹਾਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੈਂ ਤੇਰਾ ਨੰਨ੍ਹਾਂ ਨੱਢਾ ਨਿੱਕਾ ਬਰਖ਼ੁਰਦਾਰ, ਖ਼ੁਦੀ ਤਕੱਬਰ ਮਾਣ ਅਭਿਮਾਨ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿ ਧਰਮ ਕਹੇ ਪ੍ਰਭ ਸਤਿਜੁਗ ਤੇਰੇ ਚਰਨਾਂ ਰਿਹਾ ਢੱਠ, ਬਿਨ ਸੀਸ ਜਗਦੀਸ਼ ਝੁਕਾਈਆ । ਸਤਿ ਦਵਾਰਾ ਪ੍ਰਭੂ ਖੋਲ੍ਹ ਹੱਟ, ਵਣਜ ਸਾਚਾ ਸਚ ਵਖਾਈਆ । ਝਗੜਾ ਰਹੇ ਨਾ ਤੀਰਥ ਤਟ, ਕਿਨਾਰਾ ਇਕੋ ਦੇਣਾ ਵਖਾਈਆ । ਜਿਥੇ ਮਿਲੇ ਪੁਰਖ ਸਮਰਥ, ਮਹਿੰਮਾ ਅਕਥ ਕਥ ਸੁਣਾਈਆ । ਮਨੂਆ ਹੋਵੇ ਵਸ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਅੰਮ੍ਰਿਤ ਮਿਲੇ ਰਸ, ਬੂੰਦ ਸਵਾਂਤੀ ਮੁਖ ਚੁਆਈਆ । ਨੇਤਰ ਖੁਲ੍ਹੇ ਅੱਖ, ਲੋਇਨ ਕਰੇ ਰੁਸ਼ਨਾਈਆ । ਨਜ਼ਰੀ ਆਈਂ ਪਰਤੱਖ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਸਾਂਝਾ ਹੋਵੇ ਜਸ, ਵੇਦ ਪੁਰਾਨਾਂ ਓਟ ਨਾ ਕੋਇ ਤਕਾਈਆ । ਧੀਰਜ ਹੋਵੇ ਯਤ, ਸਤਿ ਸੰਤੋਖ ਵਧਾਈਆ । ਇਕੋ ਦੇਵੇ ਬ੍ਰਹਮ ਮਤ, ਪਾਰਬ੍ਰਹਮ ਆਪਣਾ ਰੰਗ ਰੰਗਾਈਆ । ਪਰਗਟ ਕਰ ਕੇ ਸੁਚ ਸਚ, ਸਾਜਣ ਹੋ ਕੇ ਵੇਖ ਵਖਾਈਆ । ਜਨ ਭਗਤਾਂ ਲੇਖੇ ਲਾ ਕੇ ਕਾਇਆ ਮਾਟੀ ਕੱਚ, ਕੋਟ ਕੰਚਨ ਦਏ ਸੁਹਾਈਆ । ਲੂੰ ਲੂੰ ਅੰਦਰ ਜਾਏ ਰਚ, ਰਚਨਾ ਆਪਣੀ ਵੇਖ ਵਖਾਈਆ । ਧੁਰ ਦਾ ਮਾਰਗ ਇਕੋ ਦੱਸ, ਦਸਮ ਦਵਾਰੀ ਦਏ ਖੁਲ੍ਹਾਈਆ । ਜਿਥੇ ਆਤਮ ਪਰਮਾਤਮ ਸਾਂਝਾ ਘਰ ਬਣਾ ਕੇ ਰਹੇ ਵਸ, ਵਾਸਤਾ ਅਸਲ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਤਿਜੁਗ ਸਾਚਾ ਸਾਚਾ ਤੇਰਾ ਨਾਮ ਧਿਆਈਆ । ਸਤਿ ਧਰਮ ਕਹੇ ਪ੍ਰਭ ਸਤਿਜੁਗ ਤੇਰਾ ਹੋਵੇ ਸੇਵਾਦਾਰ, ਸੇਵਕ ਹੋ ਕੇ ਸੇਵ ਕਮਾਈਆ । ਕਲਜੁਗ ਕੂੜੀ ਕਿਰਿਆ ਕਰੇ ਗੁਫ਼ਤਾਰ, ਤੇਰੇ ਨਾਮ ਅੰਦਰ ਬੰਨ੍ਹੇ ਥਾਉਂ ਥਾਈਂਆ । ਸਚ ਦੀ ਸਚ ਦਰ ਹੋਵੇ ਜੈਕਾਰ, ਚਾਰ ਕੁੰਟ ਖ਼ੁਸ਼ੀ ਮਨਾਈਆ । ਸ਼ਬਦ ਹੋਵੇ ਸਿਕਦਾਰ, ਬ੍ਰਹਿਮੰਡ ਖੰਡ ਸੀਸ ਝੁਕਾਈਆ । ਜਨ ਭਗਤਾਂ ਬੇੜਾ ਕਰੇ ਪਾਰ, ਲੋਕਮਾਤ ਨਾ ਕੋਇ ਰੁੜ੍ਹਾਈਆ । ਸਾਚਾ ਦੇ ਕੇ ਮਹੱਲ ਅਟਲ ਮਨਾਰ, ਦਰਗਾਹ ਸਾਚੀ ਦਏ ਬਹਾਈਆ । ਜਿਥੇ ਵਸੇ ਆਪ ਨਿਰੰਕਾਰ, ਨਿਰਗੁਣ ਹੋ ਕੇ ਸੋਭਾ ਪਾਈਆ । ਦੀਵਾ ਬਾਤੀ ਜਗੇ ਅਪਰ

ਅਪਾਰ, ਅਪਰੰਪਰ ਸਵਾਮੀ ਡਗਮਗਾਈਆ । ਸੋ ਥਾਨ ਸੁਹਾਵਾ ਕਰੇ ਆਪ ਕਰਤਾਰ, ਕੁਦਰਤ ਦਾ ਮਾਲਕ ਦਇਆ ਕਮਾਈਆ । ਜਨ ਭਗਤਾਂ ਦੇ ਕੇ ਸਚ ਸਹਾਰ, ਚਰਨ ਪ੍ਰੀਤੀ ਇਕ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਧਰਮ ਸਤਿ ਸਤਿ ਤੇਰੀ ਸਾਚੀ ਸੇਵ ਕਮਾਈਆ ।

## ✪ ੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੁਲਜ਼ਾਰ ਸਿੰਘ ਦੇ ਗ੍ਰਿਹਿ ਪਿੰਡ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪੁਰਖ ਅਕਾਲ ਮੇਰਾ ਸਹਾਰਾ, ਸਮੇਂ ਸਮੇਂ ਸਮਝ ਦਏ ਸਮਝਾਈਆ । ਦੇਵੇ ਵਡਿਆਈ ਵਿਚ ਸੰਸਾਰਾ, ਸਰਬ ਥਾਈਂ ਹੋਏ ਸਹਾਈਆ । ਆਪਣਾ ਬਖ਼ਸ਼ੇ ਨਾਮ ਪਿਆਰਾ, ਪ੍ਰੀਤਮ ਹੋ ਕੇ ਜੋੜ ਜੁੜਾਈਆ । ਧਵਲ ਹੋਏ ਸਿਕਦਾਰਾ, ਹੁਕਮ ਫ਼ਰਮਾਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਕ ਸੇਵਾ ਸਚ ਸਮਝਾਈਆ । ਸਤਿ ਕਹੇ ਮੇਰਾ ਨਾਤਾ ਇਕ ਅਕਾਲ, ਅਕਲ ਕਲਾ ਅਖਵਾਈਆ । ਸਚਖੰਡ ਵੱਸੇ ਸੱਚੀ ਧਰਮਸਾਲ, ਤਖ਼ਤ ਨਿਵਾਸੀ ਸੋਭਾ ਪਾਈਆ । ਥਿਰ ਘਰ ਸੁਹਾਵੇ ਭਗਤ ਸੁਹੇਲੇ ਲਾਲ, ਮਿਹਰ ਨਜ਼ਰ ਇਕ ਉਠਾਈਆ । ਨਾਮ ਭੰਡਾਰਾ ਦੇਵੇ ਦਾਨ, ਦਾਤਾ ਬੇਪਰਵਾਹੀਆ । ਚਰਨ ਧੂੜੀ ਬਖ਼ਸ਼ ਇਸ਼ਨਾਨ, ਪਵਿਤ ਪੁਨੀਤ ਬਣਾਈਆ । ਖ਼ੁਮਾਰੀ ਦੇ ਕੇ ਜਾਮ, ਜਮਾਂ ਤੋਂ ਲਏ ਛੁਡਾਈਆ । ਮੰਜ਼ਲ ਚਾੜ੍ਹ ਕੇ ਆਸਾਨ, ਅਸਲ ਘਰ ਦਏ ਵਖਾਈਆ । ਜਿਥੇ ਹੋਣਾ ਪਏ ਨਾ ਕਦੇ ਗ਼ੁਲਾਮ, ਬੰਦੀਖ਼ਾਨੇ ਨਾ ਕੋਇ ਪਾਈਆ ।



ਮੰਨਣਾ ਪਏ ਨਾ ਕੋਇ ਇਸਲਾਮ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਨਜ਼ਰ ਆਏ ਇਕ ਭਗਵਾਨ, ਅਬਿਨਾਸ਼ੀ ਕਰਤਾ ਧੁਰ ਦਰਗਾਹੀਆ । ਜਿਸ ਦਾ ਝੁੱਲੇ ਸਚ ਨਿਸ਼ਾਨ, ਨਿਸ਼ਾਨਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਸਤਿ ਕਹੇ ਮੇਰਾ ਪ੍ਰੀਤਮ ਇਕ ਅਕਾਲ, ਏਕੰਕਾਰ ਹੱਥ ਵਡਿਆਈਆ । ਜੋ ਸਦਾ ਚਲੇ ਨਾਲ ਨਾਲ, ਜੁਗ ਚੌਕੜੀ ਹੋਏ ਸਹਾਈਆ । ਸਤਿਗੁਰ ਸ਼ਬਦ ਬਣਾਏ ਦਲਾਲ, ਦੋ ਜਹਾਨਾਂ ਵਣਜ ਕਰਾਈਆ । ਭਗਤਾਂ ਲੇਖੇ ਲਾਏ ਘਾਲ, ਥਾਉਂ ਥਾਈਂ ਖੋਜ ਖੁਜਾਈਆ । ਮੁਰੀਦਾਂ ਪੁਛੇ ਹਾਲ, ਮੁਰਸ਼ਦ ਹੋ ਕੇ ਵੇਸ ਵਟਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਤਿ ਧਰਮ ਵਜਾਏ ਤਾਲ, ਕੂੜੀ ਕਿਰਿਆ ਬਾਹਰ ਕਢਾਈਆ । ਨਾਮ ਭੰਡਾਰਾ ਦੇਵੇ ਧੁਰ ਦਾ ਮਾਲ, ਖ਼ਜ਼ਾਨਾ ਇਕੋ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਤਿ ਕਹੇ ਮੇਰਾ ਸਾਹਿਬ ਇਕ ਅਕਾਲ, ਆਦਿ ਜੁਗਾਦੀ ਸਦ ਅਖਵਾਈਆ । ਜਿਸ ਦੀ ਜੁਗ ਚੌਕੜੀ ਅਵੱਲੜੀ ਚਾਲ, ਭੇਵ ਅਭੇਦਾ ਸਮਝ ਕੋਇ ਨਾ ਪਾਈਆ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਖੇਲ ਖਿਲਾਈਆ । ਬਣ ਬਣ ਵੇਖੇ ਸਈਆ ਰਾਮ, ਸਤਿ ਸਤਿਵਾਦੀ ਵੇਸ ਵਟਾਈਆ । ਖੇਲ ਖਿਲਾ ਘਨਈਆ ਸ਼ਾਮ, ਨਾਮ ਬੰਸਰੀ ਇਕ ਸੁਣਾਈਆ । ਪੈਗ਼ੰਬਰ ਹੋ ਕੇ ਦਏ ਪੈਗ਼ਾਮ, ਕਾਇਨਾਤ ਕਰੇ ਪੜ੍ਹਾਈਆ । ਮੰਤਰ ਦੱਸ ਕੇ ਸਤਿਨਾਮ, ਸੁਤਿਆਂ ਦਏ ਜਗਾਈਆ । ਜਨ ਭਗਤਾਂ ਬਖ਼ਸ਼ ਚਰਨ ਧਿਆਨ, ਓਟ ਇਕੋ ਇਕ ਵਖਾਈਆ । ਅੰਤਮ ਹੋ ਕੇ ਮਿਹਰਵਾਨ, ਮਹਿਬੂਬ ਹੋ ਕੇ ਮੇਲ ਮਿਲਾਈਆ । ਨਾਤਾ ਤੋੜ ਕੂੜ ਜਹਾਨ, ਜਹਾਲਤ ਅੰਦਰੋਂ ਦਏ ਕਢਾਈਆ । ਕਾਇਆ ਕਾਅਬੇ

ਵਸ ਸਚ ਮਕਾਨ, ਮੰਦਰ ਅੰਦਰ ਇਕ ਸੁਹਾਈਆ । ਕਿਰਪਾ ਕਰ ਸ੍ਰੀ ਭਗਵਾਨ, ਸਿਰ ਆਪਣਾ ਹੱਥ ਟਿਕਾਈਆ । ਦਰ ਠਾਂਡੇ ਕਰ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦਏ ਸੁਹਾਈਆ । ਸਤਿ ਧਰਮ ਕਹੇ ਮੇਰਾ ਸਮਰਥ ਪੁਰਖ ਅਕਾਲ, ਮਹਿੰਮਾ ਅਕਥ ਕਥੀ ਨਾ ਜਾਈਆ । ਜਿਸ ਦਾ ਕਦੇ ਹੋਏ ਨਾ ਜ਼ਵਾਲ, ਜਾਹਰ ਜਹੂਰ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਵਜਾ ਕੇ ਤਾਲ, ਸੋਵਤ ਜਾਗਤ ਇਕੋ ਰੰਗ ਰੰਗਾਈਆ । ਸਚਖੰਡ ਦਵਾਰਾ ਦੱਸੇ ਸੱਚੀ ਧਰਮਸਾਲ, ਧਰਮ ਦਵਾਰੇ ਸੋਭਾ ਪਾਈਆ । ਦੀਵਾ ਬਾਤੀ ਕਮਲਾਪਾਤੀ ਆਪਣਾ ਆਪੇ ਬਾਲ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਸਤਿ ਕਹੇ ਮੇਰਾ ਮੀਤਾ ਪੁਰਖ ਅਕਾਲ, ਮਿੱਤਰ ਪਿਆਰਾ ਇਕ ਅਖਵਾਈਆ । ਜਿਸ ਨੇ ਲੱਖ ਚੁਰਾਸੀ ਵਿਚੋਂ ਕਰਨਾ ਬਹਾਲ, ਫਾਸੀ ਜਮ ਦੀ ਦਏ ਕਟਾਈਆ । ਪੂਰਬ ਜਨਮ ਦਾ ਹੱਲ ਕਰੇ ਸਵਾਲ, ਲਹਿਣਾ ਦੇਣਾ ਝੋਲੀ ਪਾਈਆ । ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਸੁਹਾਈਆ । ਸਤਿ ਧਰਮ ਕਹੇ ਮੇਰਾ ਆਸਰਾ ਇਕ ਅਕਾਲ, ਨਿਆਸਰਾ ਹੋ ਕੇ ਓਟ ਰਖਾਈਆ । ਆਦਿ ਜੁਗਾਦਿ ਕਰੇ ਪ੍ਰਿਤਪਾਲ, ਨਿਤ ਨਵਿਤ ਸੇਵ ਕਮਾਈਆ । ਲੇਖਾ ਲਿਖ ਕੇ ਬੇਮਿਸਾਲ, ਮਿਸਲ ਜਗ ਦੀ ਦਏ ਬਣਾਈਆ । ਕੋਟਾਂ ਵਿਚੋਂ ਭਾਲ, ਗੁਰਮੁਖ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿ ਕਹੇ ਸਾਚਾ ਸੱਜਣ ਪੁਰਖ ਅਕਾਲ, ਸਾਜਣ ਹੋ ਕੇ ਵੇਖ ਵਖਾਈਆ । ਜਿਸ ਨੂੰ ਗੁਰ ਸੁਣਾਉਂਦੇ ਆਪਣਾ ਹਾਲ, ਕੂਕ ਕੂਕ ਦੇਣ ਦੁਹਾਈਆ । ਭਗਤ ਸੁਹੇਲਾ ਹੋ ਕੇ ਅੰਦਰ ਬਾਹਰ ਫਿਰੇ ਨਾਲ, ਜਗਤ ਜੁਦਾਈ ਨਾ ਕੋਇ ਰਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਖੇਲ ਕਰ ਕਮਾਲ, ਭਗਤ ਵਛਲ ਦੀਨ ਦਿਆਲ ਦੀਨਨ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਵਿਚ ਹੋ ਕਿਰਪਾਲ, ਕਿਰਤ ਕਰਮ ਵਿਛੜੇ ਬਿਛਰਤ ਆਪ ਮਿਲਾਈਆ ।

### ✪ ੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਡਾ੦ ਪਾਲ ਸਿੰਘ ਦੇ ਗ੍ਰਿਹਿ ਪਿੰਡ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪ੍ਰਭ ਤੇਰਾ ਸਤਿਜੁਗ ਸਤਿ ਸੁਹੰਜਣਾ ਜਗ, ਰਸਨਾ ਜਿਹਵਾ ਬੱਤੀ ਦੰਦ ਦਏ ਵਡਿਆਈਆ । ਜਨਮ ਜਨਮ ਕਰਮ ਕਰਮ ਦੇ ਉਤਰਨੇ ਕੋਟਨ ਪੱਪ, ਪਤਿਤ ਪੁਨੀਤ ਠਾਂਡੇ ਸੀਤ ਗੁਰਮੁਖ ਦਏ ਬਣਾਈਆ । ਨੇੜ ਨਾ ਆਏ ਮਮਤਾ ਮੋਹ ਵਿਕਾਰ ਡਸਨੀ ਸੱਪ, ਤ੍ਰਿਸ਼ਨਾ ਤ੍ਰਿਖਾ ਹੰਕਾਰ ਨਾ ਕੋਇ ਹਲਕਾਈਆ । ਪੜਦਾ ਖੁਲ੍ਹੇ ਨਜ਼ਰੀ ਆਏ ਆਪਣਾ ਅਪ, ਹੰ ਬ੍ਰਹਮ ਨੂਰ ਜੋਤ ਹੋਵੇ ਰੁਸ਼ਨਾਈਆ । ਸੋ ਪੁਰਖ ਨਿਰੰਜਣ ਨਜ਼ਰੀ ਆਏ ਸਬ, ਸਗਲਾ ਸੰਗੀ ਬਹੁਰੰਗੀ ਵੇਸ ਵਟਾਈਆ । ਚਾਰ ਜੁਗ ਤੋਂ ਵੱਖਰੀ ਤੇਰੀ ਅੱਖਰੀ ਗੱਥ, ਗੁਰ ਅਵਤਾਰ ਪੈਗ਼ੰਬਰ ਸੁਣ ਕੇ ਜਿਸ ਨੂੰ ਖ਼ੁਸ਼ੀ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਰਹੇ ਹੱਸ, ਹਸਤੀ ਵਿਚ ਮਸਤੀ ਅਰਸ਼ੀ ਪ੍ਰੀਤਮ ਦਿਤੀ ਚੜ੍ਹਾਈਆ । ਬ੍ਰਹਿਮੰਡ ਖੰਡ ਕਹਿਣ ਧੰਨ ਵਡਿਆਈ ਜਿਸ ਭਗਤ ਭਗਵਾਨ ਦਾ ਸਾਂਝਾ ਕੀਤਾ ਜਸ, ਵੱਖਰੀ ਧਾਰ ਰਹਿਣ ਕੋਇ ਨਾ ਪਾਈਆ । ਨਿਰਗੁਣ ਨਿਰਵੈਰ ਨਿਰਾਕਾਰ ਹੋ ਕੇ ਦਿਤਾ

ਆਪਣਾ ਅਮਿਉਂ ਰਸ, ਰਸੀਆ ਰਹਿਬਰ ਹੋ ਕੇ ਸਵਾਂਤੀ ਬੂੰਦ ਆਪ ਟਪਕਾਈਆ । ਗੁਣ ਨਿਧਾਨ ਦੀਨ ਦਿਆਲ ਹੋ ਕੇ ਭਗਤਾਂ ਖੋਲ੍ਹੀ ਅੱਖ, ਪਰਤੱਖ ਹੋ ਕੇ ਮਿਲਿਆ ਸਾਹਿਬ ਗੁਸਾਈਆ । ਸਵਾਮੀ ਅੰਤਰਜਾਮੀ ਨਿਹਕਰਮੀ ਹੋ ਕੇ ਸਿਰ ਰੱਖਿਆ ਹੱਥ, ਨਾਮ ਬਾਣੀ ਧੁਰ ਦੀ ਕਰੇ ਪੜ੍ਹਾਈਆ । ਕੂੜੀ ਕਿਰਿਆ ਜਗਤ ਵਾਸਨਾ ਵਿਚੋਂ ਕਰ ਕੇ ਵੱਖ, ਸਚ ਸੰਦੇਸ਼ਾ ਨਰ ਨਰੇਸ਼ਾ ਦਿਤਾ ਸੁਣਾਈਆ । ਪੂਰਬ ਜਨਮ ਦਾ ਲਹਿਣਾ ਦੇਣਾ ਝੋਲੀ ਪਾ ਕੇ ਹੱਕ, ਹਕ਼ੀਕ਼ਤ ਲਾਸ਼ਰੀਕ ਆਪਣੀ ਦਿਤੀ ਸਮਝਾਈਆ । ਮੰਜ਼ਲ ਪੌੜੇ ਚੜ੍ਹ ਕੇ ਆਪ ਨੱਸ, ਨਸੀਬ ਦੀ ਨਿਸਬਤ ਛੱਡ, ਤਕ਼ਦੀਰ ਤਦਬੀਰ ਨਾਲ ਦ੍ਰਿੜ੍ਹਾਈਆ । ਤੂੰ ਮੇਰਾ ਮੈਂ ਤੇਰਾ ਨਾਮ ਜੈਕਾਰਾ ਬੋਲ ਅਲੱਖ, ਅਲਖ ਅਗੋਚਰ ਬੋਧ ਅਗਾਧ ਕਰੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਭੰਡਾਰਾ ਦੇ ਕੇ ਸਚ, ਸਤਿ ਅੰਦਰ ਦਿਤਾ ਟਿਕਾਈਆ । ਸਤਿ ਕਹੇ ਪ੍ਰਭ ਤੇਰਾ ਨਾਮ ਸਦਾ ਸਤਿ, ਸਤਿਜੁਗ ਸਤਿ ਸਤਿ ਦਏ ਵਡਿਆਈਆ । ਸਾਚੀ ਦੇ ਕੇ ਬ੍ਰਹਮ ਮਤ, ਬ੍ਰਹਮ ਵਿਦਿਆ ਦਏ ਸਮਝਾਈਆ । ਪਰਮੇਸ਼ਵਰ ਹੋ ਕੇ ਪਾਰਬ੍ਰਹਮ ਭਗਤਾਂ ਰਖੀਂ ਪਤ, ਪਤਿ ਪਤਨੀ ਆਪਣੀ ਧਾਰ ਚਲਾਈਆ । ਸਿਦਕ ਭਰੋਸਾ ਦੇਵੀਂ ਚਰਨ ਕਵਲ ਹੱਠ, ਜਪ ਤਪ ਆਪਣਾ ਆਪ ਜਣਾਈਆ । ਝਗੜਾ ਮੁਕਾ ਕੇ ਗਹਿਰ ਗੰਭੀਰ ਬੇਨਜ਼ੀਰ ਅੱਠ ਸੱਠ, ਸਚ ਸਰੋਵਰ ਅੰਮ੍ਰਿਤ ਦਈਂ ਨੁਹਾਈਆ । ਸਚ ਦਵਾਰ ਏਕੰਕਾਰ ਨਿਰਗੁਣ ਧਾਰ ਖੋਲ੍ਹ ਕੇ ਹੱਟ, ਭਗਤ ਵਣਜਾਰਾ ਵਿਚ ਸੰਸਾਰਾ ਆਪਣਾ ਲੈ ਬਣਾਈਆ । ਆਦਿ ਜੁਗਾਦੀ ਵਸਣਹਾਰਾ ਘਟ, ਘਟ ਭੀਤਰ ਹੋ ਕੇ ਗ੍ਰਿਹਿ ਮੰਦਰ ਅੰਦਰ ਭਗਤਾਂ ਕਰੀਂ ਰੁਸ਼ਨਾਈਆ । ਤੇਰਾ ਨਾਮ ਨਿਧਾਨ ਹਰਿ ਸੰਤ ਸੁਜਾਨ ਲੈਣ ਰੱਟ, ਰੱਟਾ ਝਗੜਾ ਦੀਨ ਦੁਨੀ ਮੁਕਾਈਆ । ਸ਼ਬਦ ਅਗੰਮੀ ਸਚ ਦਵਾਰੇ ਲਾਵੀਂ ਸੱਟ, ਸੋਈ ਸੁਰਤੀ ਆਪ ਉਠਾਈਆ ।
੧੦੩੫ ੧੯ ਕੂੜੀ ਕਿਰਿਆ ਭੇਖੀ ਦੇਵੀਂ ਕੱਟ, ਕਟਾਖਸ਼ ਆਪਣਾ ਇਕ ਜਣਾਈਆ । ਜਗਤ ਸੰਸਾਰੀ ਖੇਲ ਖਿਲਾਵੀਂ ਬਾਜ਼ੀਗਰ ਨਟੂਆ ਨਟ, ਸਵਾਂਗੀ ਹੋ ਕੇ ੧੦੩੫ ੧੯
ਆਪਣਾ ਸਵਾਂਗ ਵਰਤਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਹੋ ਪਰਗਟ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਜਨ ਭਗਤ ਸੁਹੇਲੇ ਗੁਰੂ ਗੁਰ ਚੇਲੇ ਨਿਰਗੁਣ ਧਾਰ ਕਰ ਇਕੱਠ, ਪੜਦਾ ਉਹਲਾ ਕਾਇਆ ਚੋਲਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਜਾਣਾ ਵਸ, ਵਾਸਤਾ ਭਗਤਾਂ ਨਾਲ ਰਖਾਈਆ । ਸਤਿ ਕਹੇ ਪ੍ਰਭ ਤੇਰੇ ਭਗਤਾਂ ਇਕੋ ਨਾਮ, ਨਰ ਨਿਰੰਕਾਰਾ ਨਜ਼ਰੀ ਆਈਆ । ਜਿਸ ਦਵਾਰਿਉਂ ਮਿਲੇ ਹਕ਼ੀਕ਼ੀ ਜਾਮ, ਜਮਾਂ ਦਾ ਝਗੜਾ ਦਏ ਮੁਕਾਈਆ । ਸੰਸਾ ਰੋਗ ਮਿਟੇ ਤਮਾਮ, ਤਮਅ ਤ੍ਰਿਸ਼ਨਾ ਨਾ ਕੋਇ ਹਲਕਾਈਆ । ਮਾਇਆ ਮਮਤਾ ਮੋਹ ਚੁੱਕੇ ਮਾਟੀ ਚਾਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਭਾਗ ਲਗਾਏ ਕਾਇਆ ਨਗਰ ਗਰਾਮ, ਖੇੜਾ ਇਕੋ ਦਏ ਵਸਾਈਆ । ਜਿਥੇ ਵਸੇ ਧੁਰ ਦਾ ਰਾਮ, ਰਹਿਮਤ ਦਾ ਮਾਲਕ ਬੇਪਰਵਾਹੀਆ । ਨਾਮ ਸੰਦੇਸ਼ਾ ਦੇਵੇ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਕਰੇ ਪੜ੍ਹਾਈਆ । ਮਨ ਵਾਸਨਾ ਕੋਈ ਲਾ ਨਾ ਸਕੇ ਇਲਜਾਮ, ਲਾਅਨਤ ਕੂੜ ਨਾ ਕੋਇ ਜਣਾਈਆ । ਸੁਰਤੀ ਸ਼ਬਦ ਕਰੇ ਗ਼ੁਲਾਮ, ਜ਼ੰਜੀਰੀ ਪ੍ਰੇਮ ਪ੍ਰੀਤੀ ਪਾਈਆ । ਦੀਨ ਦੁਨੀ ਕਰ ਨਾ ਸਕੇ ਕੋਇ ਬਦਨਾਮ, ਬਦੀ ਦਾ ਲੇਖਾ ਸਾਚਾ ਨਾਮ ਦਏ ਵਰਤਾਈਆ । ਆਦਿ ਜੁਗਾਦਿ ਜੁਗ ਚੌਕੜੀ ਕਰੇ ਖੇਲ ਸ੍ਰੀ ਭਗਵਾਨ, ਭਗਤਾਂ ਮੀਤਾ ਠਾਂਡਾ ਸੀਤਾ ਆਪਣਾ ਰੰਗ ਰੰਗਾਈਆ । ਸਤਿ ਧਰਮ ਚੜ੍ਹਾਏ ਇਕ ਨਿਸ਼ਾਨ, ਨਿਸ਼ਾਨੇ ਨਿਸ਼ਾਵਰ ਕਰ ਕੇ ਸਾਰੇ ਦਏ ਵਖਾਈਆ । ਜਿਸ ਦਾ ਖੇਲ ਸਮਝ ਸਕੇ ਨਾ ਕੋਇ ਇਨਸਾਨ, ਬੁਧੀ ਤੋਂ ਪਰੇ ਨਰ ਹਰੇ ਨਿਰਵੈਰ ਆਪਣੀ ਕਾਰ

ਕਮਾਈਆ । ਜਨ ਭਗਤਾਂ ਸੰਤਾਂ ਦੇ ਕੇ ਇਕ ਗਿਆਨ, ਦ੍ਰਿਸ਼ਟੀ ਵਿਚ ਦਿਸ਼ਾ ਆਪਣੀ ਦਏ ਸਮਝਾਈਆ । ਜਿਥੇ ਸੁਣੇ ਧੁਰ ਫ਼ਰਮਾਨ, ਦਮਾਂ ਦਮਾਂ ਦੀ ਲੋੜ ਰਹੇ ਨਾ ਰਾਈਆ । ਜ਼ਾਮਨ ਹੋ ਜਾਏ ਇਕੋ ਕਾਹਨ, ਕਾਮਨਾ ਪੂਰੀ ਦਏ ਕਰਾਈਆ । ਨਜ਼ਰੀ ਆਵੇ ਇਕ ਇਮਾਮ, ਅਮਲਾਂ ਤੋਂ ਰਹਿਤ ਬੇਪਰਵਾਹੀਆ । ਸਤਿਗੁਰ ਸਾਚਾ ਦਿਸੇ ਨਿਗਾਹਬਾਨ, ਬਿਨ ਅੱਖਾਂ ਵੇਖ ਵਖਾਈਆ । ਜੋ ਵਸੇ ਸਚਖੰਡ ਸਾਚੇ ਮਕਾਨ, ਹਕ਼ੀਕ਼ਤ ਦਾ ਮਾਲਕ ਨਜ਼ਰੀ ਆਈਆ । ਜਿਸ ਨੂੰ ਸਜਦੇ ਕਰਨ ਤਮਾਮ, ਗੁਰ ਅਵਤਾਰ ਪੈਗ਼ੰਬਰ ਬੰਦਨਾ ਵਿਚ ਸੀਸ ਝੁਕਾਈਆ । ਸੋ ਸਵਾਮੀ ਖੇਲ ਕਰੇ ਮਹਾਨ, ਮਹਿੰਮਾ ਅਕਥ ਕਥ ਦ੍ਰਿੜਾਈਆ । ਕਲਜੁਗ ਅੰਤ ਪਰਗਟ ਹੋ ਵਿਚ ਜਹਾਨ, ਜਗਤ ਜਹਾਲਤ ਕੂੜੀ ਦੇ ਕਢਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਦੱਸ ਕੇ ਸਾਂਝਾ ਨਾਮ, ਨਾਮ ਨਾਮਾ ਦਏ ਦ੍ਰਿੜਾਈਆ । ਜਿਸ ਤੋਂ ਵੱਖ ਨਹੀਂ ਮਿਹਰਵਾਨ, ਮਹਿਬੂਬ ਮੁਹੱਬਤ ਵਿਚ ਸਮਾਈਆ । ਜਿਸ ਨੂੰ ਝੁਕਦੇ ਜਿਮੀਂ ਅਸਮਾਨ, ਦੋ ਜਹਾਨ ਲਾਗਣ ਪਾਈਆ । ਸੋ ਪੁਰਖ ਨਿਰੰਜਣ ਹੰ ਬ੍ਰਹਮ ਮੇਲੇ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਜੁਗ ਦੀ ਸਚ ਜੈਕਾਰ, ਜੈ ਜੈ ਵਿਚ ਆਪਣੀ ਧਾਰ ਰਖਾਈਆ ।

## ✪ ੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਹਿ ਪਿੰਡ ਭਲਾਈ ਪੁਰ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪ੍ਰਭ ਤੇਰਾ ਨਾਮ ਸ਼ਬਦ ਗੋਬਿੰਦ, ਗੁਣਵੰਤ ਗੁਣ ਨਿਧਾਨ ਨਜ਼ਰੀ ਆਈਆ । ਜਿਸ ਦੀ ਭਗਤ ਸੁਹੇਲੇ ਸੱਜਣ ਸਾਚੀ ਬਿੰਦ, ਆਦਿ ਜੁਗਾਦੀ ਸਤਿ ਅਖਵਾਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਇੰਦ, ਇੰਦਰਾਸਣ ਸਿੰਘਾਸਣ ਸੀਸ ਨਾ ਕੋਇ ਉਠਾਈਆ । ਦੀਨ ਦਿਆਲ ਸਦਾ ਹੋਵੇ ਬਖ਼ਸ਼ਿੰਦ, ਬਖ਼ਸ਼ਿਸ਼ ਵਿਚ ਰੱਖਿਆ ਕਰੇ ਥਾਉਂ ਥਾਈਂਆ । ਮਨ ਵਾਸਨਾ ਕੂੜੀ ਕਿਰਿਆ ਸਗਲੀ ਮੇਟੇ ਚਿੰਦ, ਅੰਤਰ ਆਤਮ ਸਾਂਤਕ ਸਤਿ ਦਏ ਕਰਾਈਆ । ਭਾਗ ਲਗਾਏ ਕਾਇਆ ਮਾਟੀ ਜੀਉ ਪਿੰਡ, ਸਾਢੇ ਤਿੰਨ ਹੱਥ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸ਼ਬਦੀ ਧਾਰ ਹੋ ਕੇ ਸਿੰਘ, ਭੈ ਭਉ ਦੇਣਾ ਦ੍ਰਿੜਾਈਆ । ਸਤਿ ਕਹੇ ਤੇਰੇ ਨਾਮ ਦਾ ਆਦਿ ਜੁਗਾਦੀ ਇਕ ਸਹਾਰਾ, ਸਾਹਿਬ ਸੁਲਤਾਨ ਨਜ਼ਰੀ ਆਈਆ । ਕਲਜੁਗ ਵੇਖ ਅੰਤ ਕਿਨਾਰਾ, ਨਈਆ ਡੋਲੇ ਥਾਉਂ ਥਾਈਂਆ । ਇਕੋ ਮਿਲੇ ਨਾ ਮੀਤ ਮੁਰਾਰਾ, ਸੱਜਣ ਸੈਣ ਨਾ ਕੋਇ ਅਖਵਾਈਆ । ਝਗੜਾ ਪਿਆ ਵਰਨ ਚਾਰਾ, ਚਾਰ ਕੁੰਟ ਕਰੇ ਲੜਾਈਆ । ਤੇਰਾ ਨਾਮ ਨਾ ਕਿਸੇ ਪਿਆਰਾ, ਪ੍ਰੀਤਮ ਪ੍ਰੇਮ ਨਾ ਕੋਇ ਵਧਾਈਆ । ਸ੍ਰਿਸ਼ਟ ਸਬਾਈ ਧੁੰਦੂਕਾਰਾ, ਗਿਆਨ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਚਾਰੇ ਦਿਸ਼ਾ ਰੋਵੇ ਜ਼ਾਰੋ ਜ਼ਾਰਾ, ਉੱਤਰ ਪੂਰਬ ਪੱਛਮ ਦੱਖਣ ਨੈਣਾਂ ਨੀਰ ਵਹਾਈਆ । ਸਾਚੀ ਰੁੱਤ ਮੌਲੇ ਕੋਈ ਨਾ ਬਹਾਰਾ, ਖ਼ਿਜ਼ਾਂ ਪੱਤਝੜ ਆਪਣਾ ਰੰਗ ਬਦਲਾਈਆ । ਮਨ ਵਾਸਨਾ ਕਲਜੁਗ ਜੀਵ ਹੋਇਆ ਗਵਾਰਾ, ਗਹਿਰ ਗੰਭੀਰ ਤੇਰੀ ਸਾਰ ਕਿਸੇ ਨਾ ਪਾਈਆ । ਤੂੰ ਹਰ ਘਟ ਵਸਣਹਾਰਾ ਨਿਰੰਕਾਰਾ, ਨਿਰਗੁਣ ਹੋ ਕੇ ਡੇਰਾ ਲਾਈਆ । ਸਾਚੇ ਭਗਤਾਂ ਖੋਲ੍ਹ ਬੰਦ ਕਿਵਾੜਾ, ਕਾਇਆ ਕਾਅਬਾ ਦੇ ਵਖਾਈਆ । ਜਿਥੇ ਤੇਰਾ ਨੂਰ ਹੋਵੇ ਉਜਿਆਰਾ, ਜੋਤੀ ਜੋਤ ਡਗਮਗਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਵੇ ਪਨਿਹਾਰਾ, ਕਰੋੜ ਤੇਤੀਸਾ ਝੋਲੀ ਡਾਹੀਆ । ਗੁਰ ਅਵਤਾਰ ਪੈਗ਼ੰਬਰ ਦਿਸੇ ਸੇਵਾਦਾਰਾ, ਯਾਚਕ

ਹੋ ਕੇ ਤੇਰੀ ਸੇਵ ਕਮਾਈਆ । ਤੂੰ ਸਭ ਤੋਂ ਵਸੇਂ ਨਿਆਰਾ, ਸਚਖੰਡ ਦਵਾਰੇ ਸੋਭਾ ਪਾਈਆ । ਤੇਰਾ ਸ਼ਬਦ ਗੁਰੂ ਆਦਿ ਜੁਗਾਦੀ ਇਕੋ ਨਜ਼ਰੀ ਆਏ ਅਵਤਾਰਾ, ਦੂਜਾ ਸਤਿਗੁਰੂ ਵੇਸ ਨਾ ਕੋਇ ਵਟਾਈਆ । ਤੂੰ ਬੇਅੰਤ ਬੇਪਰਵਾਹ ਪਰਵਰਦਿਗਾਰਾ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਸਤਿ ਧਰਮ ਦਾ ਸੁਣ ਕੇ ਤੇਰਾ ਸਚ ਜੈਕਾਰਾ, ਦਰਗਾਹ ਸਾਚੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਖ਼ਸ਼ ਚਰਨ ਪਿਆਰਾ, ਵਸਤ ਇਕੋ ਮੰਗ ਮੰਗਾਈਆ । ਸਤਿ ਕਹੇ ਪ੍ਰਭ ਤੇਰੇ ਨਾਮ ਦਾ ਅਗੰਮਾ ਰਸ, ਰਸਤੇ ਭਗਤਾਂ ਮਾਰਗ ਲਾਈਆ । ਮਨੂਆ ਹੋਵੇ ਵਸ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਨਿਰਗੁਣ ਤੇਰੀ ਖੁਲ੍ਹੇ ਅੱਖ, ਨਿਜ ਲੋਚਨ ਹੋਏ ਰੁਸ਼ਨਾਈਆ । ਰਸਨਾ ਗਾਏ ਜਸ, ਤੂੰਹੀ ਤੂੰ ਰਾਗ ਅਲਾਈਆ । ਵਸਤ ਅਮੋਲਕ ਆਵੇ ਹੱਥ, ਭੰਡਾਰਾ ਤੇਰਾ ਬੇਪਰਵਾਹੀਆ । ਕਾਇਆ ਖੇੜਾ ਨਾ ਹੋਵੇ ਭੱਠ, ਚੁਰਾਸੀ ਗੇੜਾ ਨਾ ਕੋਇ ਭਵਾਈਆ । ਭਾਗ ਲੱਗੇ ਤਤ ਅੱਠ, ਤਾਰ ਸਿਤਾਰ ਅੰਦਰੋਂ ਦੇ ਹਿਲਾਈਆ । ਤੇਰੇ ਨਾਮ ਦਾ ਢੋਲਾ ਸਾਰੇ ਇਕੋ ਲੈਣ ਰੱਟ, ਆਤਮ ਪਰਮਾਤਮ ਮਿਲ ਕੇ ਖ਼ੁਸ਼ੀ ਮਨਾਈਆ । ਪਾਰਬ੍ਰਹਮ ਬ੍ਰਹਮ ਰਹੇ ਕਦੇ ਨਾ ਅੱਡ, ਵੱਖਰਾ ਘਰ ਨਾ ਕੋਇ ਵਸਾਈਆ । ਕੂੜੀ ਕਿਰਿਆ ਕਲਜੁਗ ਵਿਚੋਂ ਕੱਢ, ਕਾਮਨਾ ਕਾਮ ਨਾ ਕੋਇ ਸਤਾਈਆ । ਪਵਿੱਤਰ ਕਰ ਹੱਡ ਹੱਡ, ਮਾਸ ਨਾੜੀ ਅੰਦਰ ਕਰ ਸਫ਼ਾਈਆ । ਤੇਰੇ ਭਗਤਾਂ ਦੀ ਚਲੇ ਤੇਰੀ ਯਦ, ਵਿਸ਼ਨੂੰ ਡੰਕਾ ਦੇਣਾ ਵਜਾਈਆ । ਬਿਨਾ ਮੱਕੇ ਕਾਅਬਿਉਂ ਕਰਾਉਣਾ ਹੱਜ, ਹਜ਼ਰਤ ਹੋ ਕੇ ਨਜ਼ਰੀ ਆਈਆ । ਤੇਰੀ ਭਗਤਾਂ ਦੇ ਅੰਦਰ ਸੱਚੀ ਹਦ, ਬਾਹਰੋਂ ਵੰਡ ਨਾ ਕੋਇ ਵੰਡਾਈਆ । ਸਰਬ ਕਲਾ ਸਮਰਥ, ਪ੍ਰਭ ਤੇਰੀ ਬੇਪਰਵਾਹੀਆ । ਸਚ ਪ੍ਰੀਤੀ ਬਖ਼ਸ਼ੀਂ ਵਿਚ ਜਗ, ਜਗ ਜੀਵਣ ਦਾਤੇ ਤੇਰੀ ਵਡ ਵਡਿਆਈਆ । ਜਗਤ ਤ੍ਰਿਸ਼ਨਾ ਬੁਝੇ ਅੱਗ, ਅਗਨੀ ਮੋਹ ਨਾ ਕੋਇ ਤਪਾਈਆ । ਸਚ ਦਵਾਰੇ ਜਾਵਣ ਸੱਜ, ਗੁਰਮੁਖ ਗੁਰ ਗੁਰ ਖ਼ੁਸ਼ੀ ਮਨਾਈਆ । ਤੇਰੇ ਨਾਮ ਦਾ ਗਾ ਕੇ ਛੰਦ, ਸੋਹੰ ਧੁਰ ਦਾ ਰਾਗ ਅਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਨਿਹਕਲੰਕ ਨਰਾਇਣ ਨਰ, ਤੇਰਾ ਨਾਮ ਤੇਰੀ ਸਿਫ਼ਤ ਸਾਲਾਹੀਆ ।

### ✪ ੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਰਭਜਨ ਸਿੰਘ ਦੇ ਗ੍ਰਹਿ ਪਿੰਡ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪ੍ਰਭ ਤੇਰੇ ਨਾਮ ਦਾ ਅਗੰਮਾ ਰਸ ਸੌਗਾਤ, ਰਸਨਾ ਜਿਹਵਾ ਬੱਤੀ ਦੰਦ ਜਗਤ ਵਿਚ ਨਾ ਕੋਇ ਵਡਿਆਈਆ । ਕਰ ਕਿਰਪਾ ਦਿਤੀ ਅਮੋਲਕ ਦਾਤ, ਵਸਤ ਆਪਣੀ ਆਪ ਵਰਤਾਈਆ । ਸਤਿ ਸਚ ਉਪਜੇ ਇਕ ਨਾਦ, ਅਨਾਦੀ ਧੁਨ ਸ਼ਨਵਾਈਆ । ਸੰਦੇਸ਼ਾ ਦੇਵੇ ਬ੍ਰਹਮ ਬ੍ਰਹਿਮਾਦ, ਕਰੇ ਸਚ ਸੁਣਾਈਆ । ਕੂੜੀ ਕਿਰਿਆ ਮੇਟੇ ਵਾਦ ਵਿਵਾਦ, ਵਿਖ ਅੰਮ੍ਰਿਤ ਦਏ ਬਣਾਈਆ । ਨਿਰਗੁਣ ਧਾਰ ਖੋਲ੍ਹੇ ਰਾਜ਼, ਮਾਇਆ ਮਮਤਾ ਮੋਹ ਪੜਦਾ ਉਠਾਈਆ । ਸਤਿ ਧਰਮ ਦਾ ਦਿਸੇ ਰਿਵਾਜ, ਸਮਾਜ ਇਕੋ ਇਕ ਜਣਾਈਆ । ਸੋਈ ਸੁਰਤੀ ਖੋਲ੍ਹੇ ਜਾਗ, ਨੇਤਰ ਅੱਖ ਖੁਲ੍ਹਾਈਆ । ਉਪਜੇ ਮਨ ਵੈਰਾਗ, ਅੰਦਰ ਵੈਰੀ ਮੁਖ ਛੁਪਾਈਆ । ਹੰਸ ਹੋਏ ਕਾਗ, ਬੁਧੀ ਕਾਗ ਨਾ ਕੋਇ ਕੁਰਲਾਈਆ । ਮਾਇਆ ਮਮਤਾ ਕਰੇ ਤਿਆਗ, ਧਿਆਨ ਇਕੋ ਵਿਚ ਲਗਾਈਆ । ਗੁਰਮੁਖ ਸੱਜਣ ਬਣ ਜਾਏ ਸਾਧ, ਸਿੱਧਾ ਤੇਰਾ ਰਾਹ ਤਕਾਈਆ । ਤੇਰਾ ਨਾਮ ਬੋਧ ਅਗਾਧ,

੧੦੩੭
੧੯

ਕਰੇ ਸਚ ਪੜ੍ਹਾਈਆ । ਪੂਰਬ ਲੇਖਾ ਆਵੇ ਯਾਦ, ਪਿਛਲਾ ਦੇਣਾ ਝੋਲੀ ਪਾਈਆ । ਸਾਚਾ ਖੇੜਾ ਕਰ ਆਬਾਦ, ਦੀਪਕ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਣਾ ਸਹਾਈ ਜੁਗਾਦਿ ਆਦਿ, ਆਦਿ ਅੰਤ ਅੰਤਸ਼ਕਰਨ ਸਭ ਦਾ ਵੇਖ ਵਖਾਈਆ । ਸਤਿ ਕਹੇ ਪ੍ਰਭ ਤੇਰੇ ਨਾਮ ਦੀ ਸੱਚੀ ਸਾਂਝ, ਆਤਮ ਪਰਮਾਤਮ ਨਜ਼ਰੀ ਆਈਆ । ਸੁਰਤੀ ਰਹੇ ਨਾ ਕੋਈ ਬਾਂਝ, ਜੋ ਤੇਰੀ ਓਟ ਤਕਾਈਆ । ਭਰਮਾਂ ਰਹੇ ਨਾ ਕੋਈ ਕੰਧ, ਕੰਚਨ ਗੜ੍ਹ ਮਿਲੇ ਵਡਿਆਈਆ । ਤੇਰਾ ਨੂਰ ਚਮਕੇ ਚੰਦ, ਅੰਧ ਅੰਧੇਰ ਛੁਪਾਈਆ । ਸੋਹਣਾ ਉਪਜੇ ਛੰਦ, ਮੇਰਾ ਤੇਰਾ ਢੋਲਾ ਗਾਈਆ । ਮਿਲੇ ਅਗੰਮੀ ਅਨੰਦ, ਰਸਨਾ ਨਾ ਸਕੇ ਸਮਝਾਈਆ । ਤ੍ਰਿਸ਼ਨਾ ਚੁਕੇ ਚਿੰਦ, ਗਹਿਰ ਗੰਭੀਰ ਦਇਆ ਕਮਾਈਆ । ਬਖ਼ਸ਼ੇ ਪਰਮਾਨੰਦ, ਨਿਜਾਨੰਦ ਹੋਵੇ ਰਸਾਈਆ । ਝਗੜਾ ਚੁੱਕੇ ਜੇਰਜ ਅੰਡ, ਉਤਭੁਜ ਸੇਤਜ ਨਾ ਕੋਇ ਭਵਾਈਆ । ਖ਼ੁਸ਼ੀ ਹੋਵੇ ਬੰਦ ਬੰਦ, ਬੰਦਗੀ ਇਕੋ ਦੇ ਸਮਝਾਈਆ । ਮਨੂਆ ਕਦੇ ਕਰੇ ਨਾ ਰੰਜ, ਗ਼ਮ ਚਿੰਤਾ ਨਾ ਕੋਇ ਸਤਾਈਆ । ਤੇਰੇ ਕੋਲ ਆਦਿ ਜੁਗਾਦੀ ਸੱਚਾ ਢੰਗ, ਤਰੀਕੇ ਨਾਲ ਦਏਂ ਵਡਿਆਈਆ । ਤੇਰਾ ਵੇਸ ਅਨੇਕ ਵੇਖਿਆ ਬਹੁਰੰਗ, ਜੁਗ ਚੌਕੜੀ ਫੇਰਾ ਪਾਈਆ । ਦਵਾਰੇ ਤੇਰੇ ਮੰਗਾਂ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਸਾਹਿਬ ਸੂਰਾ ਸਰਬੰਗ, ਦੇਵਣਹਾਰ ਅਖਵਾਈਆ । ਸਤਿ ਕਹੇ ਮੇਰੀ ਆਸਾ ਮਨਸਾ ਪੂਰੀ ਕਰ ਮੰਗ, ਪਾਰਬ੍ਰਹਮ ਪਤਿਪਰਮੇਸ਼ਵਰ ਬਿਨ ਤੇਰੇ ਮਨਸਾ ਪੂਰ ਨਾ ਕੋਇ ਕਰਾਈਆ । ਤੂੰ ਆਪਣੇ ਨਾਮ ਦਾ ਆਪ ਦੱਸਿਆ ਛੰਦ, ਗੁਰ ਅਵਤਾਰਾਂ ਪੈਗ਼ੰਬਰਾਂ ਵਾਲੀ ਨਾ ਕੋਇ ਪੜ੍ਹਾਈਆ । ਦਾਤੇ ਦਾਨੀ ਸੂਰੇ ਸਰਬੰਗ, ਸਰਬ ਕਲਾ ਸਮਰਥ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਨਾਮ ਦਾ ਇਕ ਤਰੰਗ, ਤੁਰਤ ਅਕਾਲ ਮੂਰਤ ਤੇਰੇ ਨਾਲ ਮਿਲਾਈਆ ।

### ੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਹਿ ਪਿੰਡ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ

ਸਤਿ ਧਰਮ ਕਹੇ ਪ੍ਰਭ ਤੇਰਾ ਸ਼ਬਦ ਦੋ ਜਹਾਨਾਂ ਦਿਸੇ ਰਾਠ, ਹੁਕਮਰਾਨ ਇਕ ਅਖਵਾਈਆ । ਜਿਸ ਦੀ ਦੋ ਜਹਾਨ ਸ੍ਰੀ ਭਗਵਾਨ ਮੰਨਣ ਬਾਤ, ਦਾਤਾਰ ਮਾਲਕ ਨਜ਼ਰੀ ਆਈਆ । ਦੂਜੀ ਰਹੇ ਨਾ ਕਿਸੇ ਠਾਠ, ਠੌਰ ਪਏ ਕੋਇ ਨਾ ਥਾਈਆ । ਜੋਧਾ ਸੂਰਬੀਰ ਹੋਵੇ ਸਮਰਾਠ, ਸਭਨਾ ਲੇਖਾ ਦਏ ਮੁਕਾਈਆ । ਮਿਹਰਵਾਨ ਹੋਵੇ ਆਨਵਾਟ, (ਅਲਪ) ਬੁਧੀ ਪਾਰ ਕਰਾਈਆ । ਦੀਨਾਂ ਨਾਥ ਦਇਆ ਕਰੇ ਕਰਵਾਠ, ਕੂੜੀ ਕਿਰਿਆ ਕੂੜ ਕੁਟੰਬ ਖਪਾਈਆ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ ਨਿਰਲਾਠ, ਨਾਰੀ ਨਰ ਵੇਖ ਵਖਾਈਆ । ਕਲਜੁਗ ਅੰਤ ਸਭ ਦਾ ਅੰਤ ਅੰਤਰ ਵੇਖੇ ਕੁਰਲਾਹਠ, ਕੁਲਘਾਤੀ ਖੋਜ ਖੁਜਾਈਆ । ਗੋਬਿੰਦ ਅੰਕ ਸਮਝਾਵੇ ਉਨਾਹਠ, ਪੰਜ ਨੌ ਭੇਵ ਖੁਲ੍ਹਾਈਆ । ਪੜਦਾ ਚੁਕਾਵੇ ਸਾਖੀ ਬਾਹਠ, ਬਹਿਸ਼ਤ ਦੋਜ਼ਖ਼ ਦੋਵੇਂ ਪੰਧ ਮੁਕਾਈਆ । ਹੁਕਮ ਸੁਣਾਏ ਅਠਾਹਠ, ਅੱਠ ਸੱਠ ਲੇਖਾ ਰਹੇ ਨਾ ਰਾਈਆ । ਨਾਮ ਧਰਮ ਚਲਾਏ ਰਾਹਟ, ਹਲਟ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਿ ਧਰਮ ਕਹੇ ਪ੍ਰਭ ਤੇਰਾ ਨਾਮ ਲੱਗੇ ਚੰਗਾ, ਚੰਗਿਆਈਆਂ ਬੁਰਿਆਈਆਂ ਵਿਚੋਂ ਪਰਗਟਾਈਆ । ਸਦਾ ਸੁਹੇਲਾ ਬਣੇ ਸੰਗਾ, ਸਧਨਾ ਸੈਣ ਤਰਾਈਆ । ਪਿਆਰ ਦੇ ਅਣਮੰਗਾ,

ਪ੍ਰੀਤੀ ਝੋਲੀ ਪਾਈਆ । ਖੇਲ ਕਰੇ ਬਹੁਰੰਗਾ, ਅਨੁਭਵ ਪਰਕਾਸ਼ ਵਖਾਈਆ । ਸਚ ਵਜਾਏ ਮਰਦੰਗਾ, ਤਲਵਾੜਾ ਇਕ ਸ਼ਨਵਾਈਆ । ਦੇਵੇ ਅਗੰਮ ਅਨੰਦਾ, ਨਿਜਾਨੰਦ ਰਮਾਈਆ । ਭਾਗ ਰਹੇ ਨਾ ਮੰਦਾ, ਕੂੜ ਵਾਸਨਾ ਬਾਹਰ ਕਢਾਈਆ । ਨਹਾਉਣਾ ਪਏ ਨਾ ਕਿਸੇ ਗੰਗਾ, ਚਰਨ ਸਰੋਵਰ ਇਸ਼ਨਾਨ ਕਰਾਈਆ । ਚੜ੍ਹਨਾ ਪਏਨਾ ਕੋਈ ਡੰਡਾ, ਇਕੋ ਡੰਡਾਵਤ ਵਿਚ ਮੰਜ਼ਲ ਪਾਰ ਕਰਾਈਆ । ਲੱਭਣਾ ਪਏ ਕੋਈ ਨਾ ਕੰਢਾ, ਤਟ ਕਿਨਾਰੇ ਲੇਖਾ ਦਏ ਮੁਕਾਈਆ । ਫੇਰਨਾ ਪਏ ਨਾ ਕੋਈ ਖੰਡਾ, ਨਾਮ ਚੰਡ ਪਰਚੰਡ ਆਪ ਚਮਕਾਈਆ । ਪੂਜਣਾ ਪਏ ਨਾ ਕੋਈ ਜੰਡਾ, ਨਿਰਗੁਣ ਨੂਰ ਨਜ਼ਰੀ ਆਈਆ । ਅੰਤਰ ਆਤਮ ਕਰੇ ਠੰਡਾ, ਅਗਨੀ ਅੱਗ ਨਾ ਕੋਇ ਤਪਾਈਆ । ਸਚ ਦਵਾਰ ਜਾਵੇ ਲੰਘਾ, ਅੰਦਰ ਵੜ ਕੇ ਸੋਭਾ ਪਾਈਆ । ਸੇਜ ਸੁਹਾਏ ਪਿਆਰ ਪਲੰਘਾ, ਵਿਛੋੜਾ ਪਲਕ ਨਾ ਕੋਇ ਰਖਾਈਆ । ਨਾਮ ਵਜਾਏ ਹੱਕ ਸੁਰੰਗਾ, ਸੁਰ ਤਾਲ ਦੀ ਲੋੜ ਰਹੇ ਨਾ ਰਾਈਆ । ਮਨੂਆ ਮਨ ਨਾ ਰਹੇ ਨੌਰੰਗਾ, ਗੋਬਿੰਦ ਆਪਣੀ ਖ਼ੁਸ਼ੀ ਪਰਗਟਾਈਆ । ਸਚ ਦਵਾਰੇ ਬਣਾ ਕੇ ਬੰਦਾ, ਬੰਦਗੀ ਇਕੋ ਇਕ ਦ੍ਰਿੜਾਈਆ । ਲੱਖ ਚੁਰਾਸੀ ਰਹੇ ਨਾ ਫੰਦਾ, ਜਮ ਕੀ ਫਾਂਸੀ ਨਾ ਕੋਇ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਲਾਹਵੇ ਹੰ ਬ੍ਰਹਮਾ, ਪਾਰਬ੍ਰਹਮ ਪ੍ਰਭ ਆਪਣਾ ਭੇਵ ਚੁਕਾਈਆ । ਸਤਿ ਕਹੇ ਪ੍ਰਭ ਤੇਰਾ ਨਾਮ ਸਦਾ ਸਮਰਥ, ਸਮੇਂ ਸਮੇਂ ਸੁਹਾਈਆ । ਮਹਿੰਮਾ ਸਦਾ ਅਕਥ, ਰਸਨਾ ਜਿਹਵਾ ਨਾ ਕੋਇ ਵਡਿਆਈਆ । ਹਿਰਦੇ ਅੰਦਰ ਜਾਵੇ ਵਸ, ਵਿਸ਼ਵ ਰੰਗ ਚੜ੍ਹਾਈਆ । ਬੋਲ ਜੈਕਾਰਾ ਅਲੱਖ, ਲਿਖਿਆ ਲੇਖ ਮਿਟਾਈਆ । ਸ੍ਰਿਸ਼ਟੀ ਨਾਲੋਂ ਕਰ ਕੇ ਵੱਖ, ਦ੍ਰਿਸ਼ਟੀ ਪੜਦਾ ਦਏ ਚੁਕਾਈਆ । ਸਾਂਝਾ ਬਣਾ ਕੇ ਜਸ, ਸੋਹੰ ਢੋਲਾ ਦਏ ਪੜ੍ਹਾਈਆ । ਨੇਤਰ ਖੋਲ੍ਹ ਕੇ ਅੱਖ, ਆਖ਼ਰ ਮੰਜ਼ਲ ਇਕ ਵਖਾਈਆ । ਲਜ ਪਤ ਲਏ ਰਖ, ਸਿਰ ਆਪਣਾ ਹੱਥ ਟਿਕਾਈਆ । ਚਰਨ ਕਵਲ ਹਿਰਦੇ ਅੰਦਰ ਲਏ ਢਕ, ਓਢਣ ਆਪਣਾ ਨਾਮ ਦਿਸਾਈਆ । ਜਨ ਭਗਤਾਂ ਅੰਦਰ ਸੱਚਾ ਦੇ ਕੇ ਰਸ, ਰਸੀਆ ਹੋ ਕੇ ਕਰੇ ਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਮਾਰਗ ਲਾਵੇ ਸਚ, ਸਚ ਕਰਨੀ ਕਾਰ ਕਮਾਈਆ ।

### ੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਸ਼ਿੰਗਾਰਾ ਸਿੰਘ ਦੇ ਗ੍ਰਿਹ ਪਿੰਡ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ

ਸਤਿ ਧਰਮ ਕਹੇ ਪ੍ਰਭ ਤੇਰਾ ਨਾਮ ਵੱਡਾ ਉਜਲ, ਨਿਰਮਲ ਨਿਰਮਲ ਨਜ਼ਰੀ ਆਈਆ । ਮਨ ਵਾਸਨਾ ਰਹਿਣ ਨਾ ਦੇਵੇ ਕੋਈ ਗੁੰਝਲ, ਕੂੜੀ ਕਿਰਿਆ ਗੜ੍ਹ ਤੁੜਾਈਆ । ਨਿੰਦਿਆ ਵਿਚ ਨਾ ਰਹੇ ਚੁਗ਼ਲ, ਕੂੜ ਕੁੜਿਆਰਾ ਬਾਹਰ ਕਢਾਈਆ । ਮਨ ਵਾਸਨਾ ਰਹੇ ਨਾ ਮੁਗ਼ਲ, ਮੂਰਖ ਮੁਗਧ ਦਏ ਸਮਝਾਈਆ । ਇਸ਼ਾਰੇ ਵਾਲੀ ਝੂਠੀ ਕਰੇ ਕੋਈ ਨਾ ਉਂਗਲ, ਪੰਜਾ ਤੇਰਾ ਨਾਮ ਨਜ਼ਰੀ ਆਈਆ । ਜੇਬਾਂ ਵਾਲਾ ਰਹੇ ਨਾ ਕੁੰਡਲ, ਘੁੰਡੀ ਅਪਰਾਧ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਵਾਸਨਾ ਆਵੇ ਸੁੰਘਣ, ਗੰਦਗੀ ਵਿਚੋਂ ਸੁਗੰਧੀ ਆਪ ਪਰਗਟਾਈਆ । ਸਤਿ ਧਰਮ ਕਹੇ ਪ੍ਰਭ ਤੇਰਾ ਨਾਮ ਸਭ ਦਾ ਸਵਾਮੀ, ਸਮਾਂ ਸਮਾਂ ਸਮਝਾਈਆ । ਤੇਰੀ ਸਿਫ਼ਤ ਦੀ ਗਾਵੇ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਤੇਰੇ ਪ੍ਰੇਮ ਦੀ ਦੱਸੇ ਕਹਾਣੀ, ਗਾ ਗਾ ਖ਼ੁਸ਼ੀ ਮਨਾਈਆ । ਤੇਰੇ ਰਸ ਦਾ ਦੇਵੇ ਅੰਮ੍ਰਿਤ ਪਾਣੀ, ਪੀ ਪੀ

ਸ਼ਾਂਤ ਕਰਾਈਆ । ਤੇਰੀ ਜੋਤ ਦਾ ਬਖ਼ਸ਼ੇ ਨੂਰ ਨੁਰਾਨੀ, ਅੰਧ ਅੰਧੇਰ ਮਿਟਾਈਆ । ਤੇਰੀ ਮੰਜ਼ਲ ਦਾ ਦਿਸੇ ਪਦ ਨਿਰਬਾਣੀ, ਨਿਰਬਾਣ ਪਦ ਸਮਝਾਈਆ । ਤੇਰੇ ਗ੍ਰਿਹਿ ਦਾ ਦੱਸੇ ਸਚ ਮਕਾਨੀ, ਮੁਕਾਮ ਇਕੋ ਸੋਭਾ ਪਾਈਆ । ਜਿਥੇ ਵਸੇ ਨਾ ਕੋਇ ਦੁਰਾਨੀ, ਦੂਈ ਦਵੈਤ ਨਜ਼ਰ ਕੋਇ ਨਾ ਆਈਆ । ਮੰਡਲ ਦਿਸੇ ਨਾ ਕੋਇ ਅਸਮਾਨੀ, ਜਿਸਮਾਨੀ ਧਾਰ ਨਾ ਕੋਇ ਪਰਗਟਾਈਆ । ਸ਼ਰਅ ਕਰੇ ਨਾ ਕੋਇ ਬੇਈਮਾਨੀ, ਬੇਵਾ ਰੂਪ ਬਦਲਾਈਆ । ਤੇਰੀ ਹੋਵੇ ਨਾ ਕੋਇ ਬਦਨਾਮੀ, ਬਦੀਆਂ ਦਾ ਬਦਲਾ ਨਾ ਕੋਇ ਵਖਾਈਆ । ਸਚ ਦਵਾਰੇ ਤੇਰਾ ਜਲਵਾ ਨੂਰ ਨੁਰਾਨੀ, ਜਹੂਰ ਵਿਚ ਤੇਰੀ ਬੇਪਰਵਾਹੀਆ । ਤੂੰ ਕਾਮਲ ਮੁਰਸ਼ਦ ਦੋ ਜਹਾਨੀ, ਮੁਰੀਦਾਂ ਵੇਖ ਖ਼ੁਸ਼ੀ ਮਨਾਈਆ । ਤੇਰੀ ਮੁਹੱਬਤ ਆਖ਼ਰ ਤੋਂ ਆਖ਼ਰ ਮੰਜ਼ਲ ਰੁਹਾਨੀ, ਰੂਹ ਬੁਤ ਵੱਜੇ ਵਧਾਈਆ । ਜਿਥੇ ਮਿਲੇ ਕਲਮਾ ਹੱਕ ਪੈਗ਼ਾਮੀ, ਪੈਗ਼ੰਬਰਾਂ ਵਾਲੀ ਪੜ੍ਹਾਈਆ । ਝਗੜਾ ਰਹੇ ਨਾ ਕੋਈ ਦੀਵਾਨੀ, ਦਾਅਵਾ ਪੂਰਬਲੇ ਜਨਮ ਦਾ ਲੇਖੇ ਲਏ ਲਗਾਈਆ । ਇਹੋ ਤੇਰੀ ਵੱਡੀ ਮਿਹਰਵਾਨੀ, ਜੁਗ ਜੁਗ ਭਗਤਾਂ ਪੈਜ ਰਖਾਈਆ । ਕਲਜੁਗ ਅੰਤ ਸ੍ਰੀ ਭਗਵੰਤ, ਮਹਾਰਾਜ ਸ਼ੇਰ ਸਿੰਘ ਦੀ ਦੇ ਕੇ ਨਿਸ਼ਾਨੀ, ਨਸ਼ਿਆਂ ਵਿਸ਼ਿਆਂ ਵਿਚੋਂ ਬਾਹਰ ਦਿਤਾ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਤੇਰੇ ਕ਼ਦਮਾਂ ਤੋਂ ਕ਼ੁਰਬਾਨੀ, ਜਿਸ ਪਦਮਾਂ ਵਿਚੋਂ ਗੁਰਮੁਖ ਲਏ ਉਠਾਈਆ ।



## ✪ ੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹਿ ਪਿੰਡ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ✪

੧੦੪੦
੧੯

ਸਤਿ ਧਰਮ ਕਹੇ ਪ੍ਰਭ ਤੇਰਾ ਨਾਮ ਅਨਰਸ ਮੀਠ, ਰਸਨਾ ਰਸ ਨਾ ਕੋਇ ਸਮਝਾਈਆ । ਸਦ ਵਸੇ ਧਾਮ ਅਨਡੀਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਦੁਰਮਤ ਮੈਲ ਧਵਾਈਆ । ਮਿੱਠਾ ਕਰੇ ਕੌੜਾ ਰੀਠ, ਵਿਖ ਅੰਮ੍ਰਿਤ ਦਏ ਬਦਲਾਈਆ । ਕਦੇ ਨਾ ਬਦਲੇ ਪੀਠ, ਜਨ ਭਗਤਾਂ ਮੁਖ ਸਾਲਾਹੀਆ । ਜੁਗ ਚੌਕੜੀ ਬਦਲਣ ਵਲਾ ਰੀਤ, ਰੀਤਵਾਨ ਇਕ ਹੋ ਜਾਈਆ । ਬਣਾਵਣਹਾਰਾ ਮੰਦਰ ਮਸੀਤ, ਸ਼ਿਵਦਵਾਲੇ ਮੱਠ ਦਏ ਸਮਝਾਈਆ । ਉਪਜਾਵਣਹਾਰਾ ਸਾਚਾ ਗੀਤ, ਨਾਮ ਨਿਧਾਨ ਦ੍ਰਿੜਾਈਆ । ਵਖਾਵਣਹਾਰਾ ਹਸਤ ਕੀਟ, ਊਚਾਂ ਨੀਚਾਂ ਭੇਵ ਖੁਲ੍ਹਾਈਆ । ਧਰਮ ਦਵਾਰੇ ਬੰਨ੍ਹਣਹਾਰਾ ਰੀਤ, ਸੱਜਣ ਬੇਪਰਵਾਹੀਆ । ਸਭ ਦੇ ਵਸਣਹਾਰਾ ਚੀਤ, ਮਨ ਮਨੂਆ ਠਗੌਰੀ ਨਾ ਪਾਈਆ । ਪਰਖਣਹਾਰਾ ਨੀਤ, ਲੱਖ ਚੁਰਾਸੀ ਖੋਜ ਖੁਜਾਈਆ । ਸਰਬ ਨੂੰ ਜਾਏ ਜੀਤ, ਦਰਬ ਵਿਚ ਨਾ ਕੋਇ ਭਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਨਾਮ ਸਦਾ ਅਤੀਤ, ਤ੍ਰੈਗੁਣ ਵਿਚ ਨਾ ਕੋਇ ਭਰਮਾਈਆ । ਸਤਿ ਧਰਮ ਕਹੇ ਪ੍ਰਭ ਤੇਰਾ ਨਾਮ ਨਿਰਾਲਾ, ਨਿਰਾਕਾਰ ਤੇਰੀ ਸਿਫ਼ਤ ਸਾਲਾਹੀਆ । ਭੇਵ ਖੋਲ੍ਹੇ ਪੁਰਖ ਅਕਾਲਾ, ਅਕਲ ਕਲਧਾਰੀ ਦੇ ਸਮਝਾਈਆ । ਪੜਦਾ ਲਾਹੇ ਦੀਨ ਦਿਆਲਾ, ਦਇਆਨਿਧ ਦੱਸੇ ਤੇਰੀ ਬੇਪਰਵਾਹੀਆ । ਸਚ ਵਖਾਏ ਸੱਚੀ ਧਰਮਸਾਲਾ, ਧਰਮ ਦਵਾਰਾ ਇਕ ਪਰਗਟਾਈਆ । ਜਨ ਭਗਤਾਂ ਲੇਖੇ ਲਾਏ ਕੀਤੀ ਘਾਲਾ, ਘਾਇਲ ਹੋ ਕੇ ਮਾਇਲ ਹੋ ਕੇ ਆਇਲ ਹੋ ਕੇ ਮੁਸਾਇਲ ਵਿਚ ਜੋ ਤੇਰਾ ਨਾਮ ਧਿਆਈਆ । ਗੁਰਮੁਖ ਹਲ ਕਰੇ ਸਵਾਲਾ, ਮੁਸ਼ਕਲ ਪੈਂਡਾ ਦਏ ਮੁਕਾਈਆ । ਤੇਰੇ ਗ੍ਰਿਹਿ ਦਾ ਦੱਸ ਅਹਿਵਾਲਾ, ਠਾਂਡੇ ਦਰ ਦਏ ਪੁਚਾਈਆ । ਜਿਥੇ ਮਿਲੇ ਨਾ ਕੋਇ

ਖਿਆਲਾ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਤੇਰੇ ਪਿਆਰ ਦੀ ਬਣ ਕੇ ਮਾਲਾ, ਮਨ ਕਾ ਮਣਕਾ ਦਏ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਦੱਸ ਸੁਖਾਲਾ, ਸੁਖ ਸਾਗਰ ਵਿਚ ਸੁਖ ਰੂਪ ਜਾਏ ਸਮਾਈਆ ।

### ✪ ੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਿਹ ਪਿੰਡ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਪ੍ਰਭ ਤੇਰਾ ਨਾਮ ਮੇਰਾ ਸੱਚਾ ਸੱਜਣ, ਸਮਝ ਤੋਂ ਪਰੇ ਕਰੇ ਪੜ੍ਹਾਈਆ । ਜਨ ਭਗਤਾਂ ਜੁਗ ਜੁਗ ਆਵੇ ਪੜਦੇ ਕੱਜਣ, ਮਿਹਰਵਾਨ ਹੋ ਕੇ ਦਇਆ ਕਮਾਈਆ । ਸਤਿ ਪਰਕਾਸ਼ ਹੋ ਕੇ ਆਵੇ ਜਗਣ, ਜਾਗਰਤ ਜੋਤ ਅੰਧ ਅੰਧੇਰ ਮਿਟਾਈਆ । ਜਨ ਭਗਤਾਂ ਮੁਖ ਲਗਾਵਣ ਆਵੇ ਸਗਣ ਆਤਮ ਪਰਮਾਤਮ ਮੇਲ ਮਿਲਾਈਆ । ਕੂੜੀ ਕਿਰਿਆ ਅੰਦਰੋਂ ਆਵੇ ਕੱਢਣ, ਹੋਕਾ ਹੱਕ ਨਾਮ ਸੁਣਾਈਆ । ਸੰਤ ਸੁਹੇਲੇ ਆਵੇ ਲੱਭਣ, ਮਾਨਵ ਜਾਤੀ ਫੋਲ ਫੁਲਾਈਆ । ਜਗਤ ਵਿਕਾਰਾ ਆਵੇ ਦੱਬਣ, ਧੁਰ ਦਾ ਪੜਦਾ ਏਕਾ ਪਾਈਆ । ਕਲਜੁਗ ਕੂੜੀ ਕਿਰਿਆ ਜੜ੍ਹ ਆਵੇ ਵੱਢਣ, ਸਾਚੀ ਕਲ ਆਪ ਧਰਾਈਆ । ਧੁਰ ਦਾ ਧਰਮ ਲੋਕਮਾਤ ਆਵੇ ਛੱਡਣ, ਧਰਨੀ ਧਰਤ ਧਵਲ ਨਾਲ ਮਿਲਾਈਆ । ਭਾਗ ਲਗਾਵੇ ਕਾਇਆ ਮਾਟੀ ਬਦਨ, ਬਦਲਾ ਚੁਕਾਵੇ ਥਾਉਂ ਥਾਈਂਆ । ਗੁਰਮੁਖ ਗੁਰ ਗੁਰ ਆਵੇ ਸੱਦਣ, ਸੁਨੇਹੜਾ ਲੋਕਮਾਤ ਪੁਚਾਈਆ । ਗੁਰਸਿਖ

ਚਲੋ ਆਪਣੇ ਵਤਨ, ਬੇਵਤਨਾਂ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਨਾਉਂ ਸਿਫ਼ਤ ਸਾਲਾਹੀਆ । ਸਤਿ ਧਰਮ ਕਹੇ ਪ੍ਰਭ ਤੇਰਾ ਨਾਉਂ ਭੇਵ ਖੁਲ੍ਹਾਏ ਜਗ ਈਸ਼ਰ, ਜੁਗੀਸ਼ਰ ਸਿਫ਼ਤਾਂ ਵਿਚ ਸਾਲਾਹੀਆ । ਤੇਰੀ ਵਡਿਆਈ ਕਰਾਏ ਕੋਲੋਂ ਮੁਨੀਸ਼ਰ, ਤਾਮਸ ਦਏ ਗਵਾਈਆ । ਢੋਲੇ ਗਾਇਣ ਰਖੀਸ਼ਰ, ਰਿਖੀ ਮੁਨੀ ਧਿਆਨ ਲਗਾਈਆ । ਤੇਰਾ ਭੇਵ ਖੁਲ੍ਹਾਏ ਗੋਰਖ ਬ੍ਰਹਮਾ ਦੱਸ ਕੇ ਈਸ਼ਰ, ਈਸ਼ ਜੀਵ ਨਾਲ ਵਡਿਆਈਆ । ਜਨ ਭਗਤਾਂ ਮਾਣ ਵਡਿਆਈ ਦੇਵੇ ਸ਼ੀਘਰ, ਸ਼ਹਿਨਸ਼ਾਹ ਹੋ ਕੇ ਦਇਆ ਕਮਾਈਆ । ਤ੍ਰੈਗੁਣ ਮਾਇਆ ਅਗਨੀ ਸੜਨ ਨਾ ਦੇਵੇ ਈਂਧਨ, ਧੁੰਆਂਧਾਰ ਨਾ ਕੋਇ ਵਖਾਈਆ । ਗ਼ਫ਼ਲਤ ਸੌਣ ਨਾ ਦੇਵੇ ਨੀਂਦਰ, ਆਲਸ ਕੂੜਾ ਦਏ ਚੁਕਾਈਆ । ਸਵਾਮੀ ਹੋ ਕੇ ਵਸੇ ਚੀਤਨ, ਚੇਤਨ ਸੁਰਤੀ ਆਪ ਕਰਾਈਆ । ਦਰਗਾਹ ਸਾਚੀ ਬਣੇ ਮੀਤਨ, ਮਿੱਤਰ ਪਿਆਰਾ ਇਕ ਅਖਵਾਈਆ । ਧੁਰ ਦੀ ਦੱਸੇ ਸਚ ਪ੍ਰੀਤਣ, ਪ੍ਰੀਤਮ ਹੋ ਕੇ ਪ੍ਰੇਮ ਵਧਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗੀਤਣ, ਗੀਤ ਗੋਬਿੰਦ ਦਏ ਸਮਝਾਈਆ । ਝਗੜਾ ਮੁਕਾਏ ਊਚ ਨੀਚਣ, ਰਾਓ ਰੰਕ ਇਕੋ ਰੰਗ ਰੰਗਾਈਆ । ਸਾਚਾ ਕਲਮਾ ਦਏ ਹਦੀਸਣ, ਹਾਜ਼ਰ ਹੋ ਕੇ ਦਏ ਸਮਝਾਈਆ । ਜਨ ਭਗਤਾਂ ਦੇ ਕੇ ਧੁਰ ਦੀ ਭੀਖਣ, ਭਿਛਿਆ ਇਕੋ ਝੋਲੀ ਪਾਈਆ । ਵੈਰਾਗ ਤਿਆਗ ਜਾਗ ਵਿਚੋਂ ਮੂਲ ਨਾ ਦੇਵੇ ਚੀਕਣ, ਸਾਚਾ ਨੂਰ ਕਰੇ ਰੁਸ਼ਨਾਈਆ । ਬਿਰਹੋਂ ਵਿਚ ਨਾ ਮੂਲ ਉਡੀਕਣ, ਸਨਮੁਖ ਹੋ ਕੇ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਛਤਰ ਝੁਲਣ ਤੇਰੇ ਸੀਸਣ, ਸਿਰ ਸਿਰ ਹੋਵੀਂ ਆਪ ਸਹਾਈਆ ।

✪ ੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਜਮੇਰ ਸਿੰਘ ਦੇ ਗ੍ਰਿਹ ਪਿੰਡ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਪ੍ਰਭ ਆਪਣਾ ਸੱਚਾ ਨਾਮ ਦੱਸ ਗਾਉਣਾ, ਜਨ ਭਗਤਾਂ ਦੇ ਸਮਝਾਈਆ । ਹਿਰਦੇ ਹਰਿ ਜੂ ਆ ਜਾਏ ਵਸਾਉਣਾ, ਜਗਤ ਵਿਸ਼ਿਆਂ ਵਿਚੋਂ ਬਾਹਰ ਕਢਾਈਆ । ਘਰ ਸਵਾਮੀ ਦਰਸ਼ਨ ਆ ਜਾਏ ਪਾਉਣਾ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਵਿਛੜੇ ਸਤਿਗੁਰ ਆ ਜਾਏ ਮਨਾਉਣਾ, ਨਿਉਂ ਨਿਉਂ ਸੀਸ ਝੁਕਾਈਆ । ਸਾਚੇ ਮੰਦਰ ਆ ਜਾਏ ਵਸਾਉਣਾ, ਸਾਢੇ ਤਿੰਨ ਹੱਥ ਡੇਰਾ ਲਾਈਆ । ਤੇਰੇ ਚਰਨ ਧੂੜ ਆ ਜਾਏ ਨਹਾਉਣਾ, ਦੁਰਮਤ ਮੈਲ ਧਵਾਈਆ । ਤੇਰੀ ਸੇਜਾ ਸਾਚੀ ਆ ਜਾਏ ਸੌਣਾ, ਜਗਤ ਤ੍ਰਿਸ਼ਨਾ ਅੱਗ ਨਾ ਕੋਇ ਤਪਾਈਆ । ਤੇਰੇ ਦਰਸ਼ਨ ਬਿਨ ਲੋਚਨ ਨੈਣਾਂ ਆ ਜਾਏ ਪਾਉਣਾ, ਨਿਜ ਅੱਖ ਦੇ ਖੁਲ੍ਹਾਈਆ । ਲੱਖ ਚੁਰਾਸੀ ਫੰਦ ਆ ਜਾਏ ਕਟਾਉਣਾ, ਜਮ ਕੀ ਫਾਸੀ ਨਾ ਕੋਇ ਲਟਕਾਈਆ । ਪੁਰਖ ਅਕਾਲ ਦੀਨ ਦਿਆਲ ਤੇਰੇ ਅਗੇ ਵਾਸਤਾ ਪਾਉਣਾ, ਗਲ ਪਲੂ ਸੀਸ ਝੁਕਾਈਆ । ਤੂੰ ਛੱਡ ਦੇ ਭਗਤਾਂ ਨੂੰ ਤਰਸਾਉਣਾ, ਮਿਹਰ ਨਜ਼ਰ ਨਾਲ ਲੇਖਾ ਦੇ ਚੁਕਾਈਆ । ਬਿਨ ਭਗਤਾਂ ਤੇਰਾ ਨਾਮ ਨਹੀਂ ਕਿਸੇ ਧਿਆਉਣਾ, ਲੋਕਮਾਤ ਮਿਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਚ ਵਰ, ਸਤਿਜੁਗ ਸਾਚਾ ਸਤਿ ਆਸ ਰਖਾਈਆ । ਸਤਿ ਧਰਮ ਕਹੇ ਪ੍ਰਭ ਆਪਣਾ ਨਾਮ ਦੱਸ ਦੇ ਕਹਿਣਾ, ਕਹਿ ਕਹਿ ਸ਼ੁਕਰ ਮਨਾਈਆ । ਚਰਨਗਤ ਸਚ ਸਰਨਾਈ ਦੱਸਦੇ ਬਹਿਣਾ, ਬਹਿ ਬਹਿ ਓਟ ਤਕਾਈਆ । ਸਾਚੇ ਨੇਤਰ ਦਰਸ਼ਨ ਕਰਨਾ ਦੱਸ ਦੇ ਨੈਣਾਂ, ਨਿਰਾਕਾਰ ਨਿਰੰਕਾਰ ਸੋਭਾ ਪਾਈਆ । ਤੇਰਾ ਭਾਣਾ ਆ ਜਾਏ ਸਹਿਣਾ, ਰੋਗ ਸੋਗ ਚਿੰਤਾ ਦੁੱਖ ਨੇੜ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਲਹਿਣਾ ਦੇਣਾ, ਦੇ ਦੇ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਠਾਕਰ ਹੋ ਕੇ ਜਨ ਭਗਤ ਨਾ ਕੋਇ ਠੁਕਰਾਈਆ । ਸਤਿ ਕਹੇ ਪ੍ਰਭੂ ਭਗਤ ਉਧਾਰਨਾ ਤੇਰਾ ਕੰਮ ਮਾਮੂਲੀ, ਮਿਹਰ ਨਜ਼ਰ ਇਕ ਉਠਾਈਆ । ਤੂੰ ਸਾਹਿਬ ਸੁਲਤਾਨ ਜਗਤ ਪਿਤ ਅਸੂਲੀ, ਅਸਲ ਸਿਖਿਆ ਦੇ ਦ੍ਰਿੜਾਈਆ । ਝਗੜਾ ਰਹੇ ਨਾ ਪੈਗ਼ੰਬਰ ਕਿਸੇ ਰਸੂਲੀ, ਰਸਮ ਕਿਸਮ ਆਪਣੀ ਨਾਲ ਮਿਲਾਈਆ । ਅਗੇ ਤੇਰਿਆਂ ਭਗਤਾਂ ਤੋਂ ਕਰੇ ਨਾ ਕੋਇ ਵਸੂਲੀ, ਲੇਖਾ ਮੰਗਣ ਵਾਲਾ ਰਹਿਣ ਕੋਇ ਨਾ ਪਾਈਆ । ਤੇਰੀ ਆਤਮ ਪਰਮਾਤਮ ਰਹੇ ਨਾ ਭੂਲੀ, ਅਭੁੱਲ ਦੇ ਸਮਝਾਈਆ । ਤੂੰ ਆਦਿ ਜੁਗਾਦੀ ਵੱਡ ਕ਼ਾਨੂੰਨੀ, ਕਾਇਦੇ ਗੁਰ ਅਵਤਾਰ ਪੈਗ਼ੰਬਰਾਂ ਰਿਹਾ ਦ੍ਰਿੜਾਈਆ । ਕਲਜੁਗ ਅੰਤ ਸਾਚੇ ਸੰਤਾਂ ਕੋਲੋਂ ਕਰਾ ਲਵੀਂ ਨਾ ਹੁਕਮ ਅਦੂਲੀ, ਭਾਣੇ ਅੰਦਰ ਲੈਣਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝਗੜਾ ਰਹੇ ਨਾ ਕੋਇ ਬੈਰੂਨੀ, ਅੰਦਰੂਨੀ ਲੇਖਾ ਆਪਣੇ ਨਾਲ ਰਖਾਈਆ ।

✪ ੨੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਮਾਧਾ ਸਿੰਘ ਜਥੇਦਾਰ ਦੇ ਗ੍ਰਿਹ ਪਿੰਡ ਚੀਮਾ ਜ਼ਿਲਾ ਅੰਮ੍ਰਿਤਸਰ ✪

ਇੱਕੀ ਸਾਵਣ ਕਹੇ ਪ੍ਰਭ ਤੇਰੀ ਪ੍ਰੇਮ ਪਿਆਰ ਦੀ ਬਰਖਾ, ਕੋਟਨ ਕੋਟ ਕੋਟ ਬਰਖਾਂ ਪਿਛੋਂ ਰਹੀ ਬਰਸਾਈਆ । ਪੀਵੇ ਰਸ ਜੋ ਭਗਤ ਸੁਹੇਲਾ

ਗਿਆ ਪਰਖਾ, ਅਗੇ ਪਰਖ ਦੀ ਲੋੜ ਰਹੇ ਨਾ ਰਾਈਆ । ਰਹਿਮਤ ਵਿਚ ਆ ਕੇ ਮਿਹਰਵਾਨ ਕੀਤਾ ਤਰਸਾ, ਤਰਸ ਵਿਚ ਹਰਸ ਦੇਣੀ ਮਿਟਾਈਆ ।
ਸਚ ਦਵਾਰੇ ਸਚਖੰਡ ਨਿਵਾਸੀ ਹੋ ਕੇ ਦੇਣਾ ਦਰਸਾ, ਦਰਸ਼ਨ ਵਿਚ ਦੀਦ ਦੇਣਾ ਕਰਾਈਆ । ਚਿੰਤਾ ਸੋਗ ਗ਼ਮ ਰਹੇ ਕੋਈ ਨਾ ਹਰਖਾ, ਹਵਸ
ਕਲਜੁਗ ਕੂੜੀ ਦੇਣੀ ਮਿਟਾਈਆ । ਅਮਰ ਧਾਰ ਤੇਰੀ ਯਾਦ ਕਰਾਵੇ ਸਰਸਾ, ਸਦੀਆਂ ਦਾ ਸੱਦਾ ਸਹਿਜੇ ਰਹੀ ਜਣਾਈਆ । ਗੁਰਮੁਖਾਂ ਦਾ ਪੂਰਬ
ਲਾਹ ਕ਼ਰਜ਼ਾ, ਮਕਰੂਜ਼ ਲੇਖਾ ਦੇਣਾ ਮੁਕਾਈਆ । ਆਪਣੇ ਮਿਲਣ ਦੀ ਪੂਰੀ ਕਰ ਗ਼ਰਜ਼ਾ, ਖ਼ਾਹਿਸ਼ ਗੁਰਮੁਖਾਂ ਨਾਲ ਮਿਲਾਈਆ । ਪੁਰਖ ਅਕਾਲ
ਹੋ ਕੇ ਪੂਰਾ ਕਰ ਫ਼ਰਜ਼ਾ, ਅਦਲ ਇਨਸਾਫ਼ ਆਪਣੇ ਨਾਲ ਕਰਾਈਆ । ਕਿਸੇ ਦਾ ਹੋਵੇ ਮੂਲ ਨਾ ਹਰਜਾ, ਹਾਜ਼ਰ ਹੋ ਕੇ ਲੇਖਾ ਦੇਣਾ ਚੁਕਾਈਆ ।
ਅਬਿਨਾਸ਼ੀ ਕਰਤੇ ਗੁਰਮੁਖਾਂ ਦਾ ਇਕੋ ਜਿਹਾ ਰਖਣਾ ਦਰਜਾ, ਵੱਡਾ ਛੋਟਾ ਨਾ ਕੋਇ ਬਣਾਈਆ । ਗੁਰਸਿਖਾਂ ਆਪਣੇ ਹੁਕਮ ਦਾ ਪਾਵੀਂ ਕਦੇ ਨਾ
ਪਰਚਾ, ਮਿਹਰ ਨਜ਼ਰ ਨਾਲ ਜਗਤ ਪਾਰ ਕਰਾਈਆ । ਦਇਆਵਾਨ ਹੋ ਕੇ ਆਪਣੇ ਨਾਮ ਦਾ ਸਭ ਦੀ ਕੰਨੀ ਬੰਨ੍ਹਦੇ ਖਰਚਾ, ਏਥੇ ਓਥੇ ਤੋਟ
ਰਹੇ ਨਾ ਰਾਈਆ । ਜਨ ਭਗਤਾਂ ਅੰਦਰ ਤੇਰੇ ਪ੍ਰੇਮ ਦਾ ਰਹੇ ਚਰਚਾ, ਚਰਚ ਗਿਰਜਾ ਲੇਖਾ ਜਾਣ ਮੁਕਾਈਆ । ਸਾਹਿਬ ਸਤਿਗੁਰ ਹੋ ਕੇ ਸਾਚਾ
ਦੇਣਾ ਨਿਸਚਾ, ਨਿਹਚਲ ਧਾਮ ਦੇਣੀ ਵਡਿਆਈਆ । ਗ਼ਰੀਬ ਨਿਮਾਣਿਆਂ ਨਾਲ ਲਾਈਂ ਨਾ ਕੋਇ ਦਾਓ ਪੇਚਾ, ਸਿਰ ਆਪਣਾ ਸਮਰਥ ਹੱਥ ਰਖਾਈਆ ।
ਤੇਰਾ ਨਾਮ ਨਿਧਾਨ ਦੋ ਜਹਾਨ ਤਿੱਖਾ ਨੇਜਾ, ਨੇਤਰ ਨੈਣ ਦੇਣਾ ਵਿੰਨ੍ਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੂੰ ਭਗਤਾਂ ਕਾਰਨ ਆਇਓਂ ਉਚੇਚਾ, ਉਚ
ਪਦਵੀ ਦੇ ਮਾਲਕ ਖ਼ਾਲਕ ਫ਼ਰਸ਼ ਖ਼ਾਕੀ ਉਪਰ ਸੋਭਾ ਪਾਈਆ । ਕੁਛ ਯਾਦ ਕਰ ਮਾਛੂਵਾੜੇ ਦੀ ਸੇਜਾ, ਜਿਸ ਕਾਰਨ ਗੋਬਿੰਦ ਭੇਜਾ, ਨਿਰਗੁਣ
ਸਰਗੁਣ ਵੇਖ ਵਖਾਈਆ । ਸਮਰਥ ਸਵਾਮੀ ਤੇਰੀ ਖ਼ਾਲੀ ਹੋਏ ਕਦੇ ਨਾ ਜੇਬਾ, ਸਭ ਦਾ ਮਾਲਕ ਭਈਆ ਬਣ ਬੇਬਾ, ਸਈਆ ਸਾਹਿਬ ਸੁਲਤਾਨ
ਅਖਵਾਈਆ । ਸ੍ਰੀ ਭਗਵਾਨ ਬਿਨ ਤੇਰੀ ਕਿਰਪਾ ਜਨ ਭਗਤਾਂ ਲੋਕਮਾਤ ਨਹੀਂ ਵਸੇਬਾ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਕਿਰਪਾ ਕਰ
ਖੋਲ੍ਹ ਦੇ ਭੇਤਾ, ਭਜਨ ਬੰਦਗੀ ਦੀ ਲੋੜ ਰਹੇ ਨਾ ਰਾਈਆ । ਪੁਰਖ ਅਕਾਲ ਤੇਰੇ ਵਰਗਾ ਅਵਰ ਨਾ ਜੇਡਾ, ਉਚ ਅਥਾਹ ਅਗੰਮ ਨਾ ਕੋਇ
ਵਖਾਈਆ । ਤੇਰੇ ਹੱਥ ਸਮਰਥ ਦੀਨ ਦੁਨੀ ਦੀ ਰੇਖਾ, ਰਿਖੀਆਂ ਮੁਨੀਆਂ ਸਮਝ ਕੋਇ ਨਾ ਆਈਆ । ਧੰਨ ਵਡਿਆਈ ਜੇ ਵਸਿਓਂ ਭਗਤਾਂ
ਦੇਸਾ, ਭਗਤ ਦਵਾਰੇ ਸੋਭਾ ਪਾਈਆ । ਆਪਣੀ ਝੋਲੀ ਪਾ ਲੈ ਪੂਰਬ ਲੇਖਾ, ਅਗੇ ਮੰਗੇ ਕੋਇ ਨਾ ਰਾਈਆ । ਵਸਣਾ ਦੂਰ ਨਹੀਂ ਪਰਦੇਸਾ,
ਪ੍ਰਿਥਮੀ ਆਕਾਸ਼ ਦੇਣਾ ਤਜਾਈਆ । ਰਹਿਣਾ ਸਦਾ ਜਨ ਭਗਤਾਂ ਤੇਰੇ ਚਰਨ ਹਮੇਸ਼ਾ, ਹਮ ਸਾਜਣ ਇਕ ਬਣਾਈਆ । ਤੂੰ ਮਾਲਕ ਬਣ ਕੇ ਧੁਰ
ਨਰੇਸ਼ਾ, ਨਰ ਨਰਾਇਣ ਹੋਣਾ ਸਹਾਈਆ । ਆਦਿ ਜੁਗਾਦੀ ਏਕੰਕਾਰ ਏਕਾ, ਦੂਜੀ ਵੰਡ ਨਾ ਕੋਇ ਵੰਡਾਈਆ । ਕੋਟਾਂ ਵਿਚੋਂ ਥੋੜਿਆਂ ਰਖੀ
ਤੇਰੀ ਟੇਕਾ, ਟਿੱਕੇ ਮਸਤਕ ਧੂੜੀ ਦੇਣੇ ਲਗਾਈਆ । ਜਿਨ੍ਹਾਂ ਕਾਰਨ ਪੈਜ ਸਵਾਰਨ ਗੋਬਿੰਦ ਬਾਲ ਚੜ੍ਹਾਏ ਭੇਟਾ, ਭਿਟਿਆਂ ਗਲੇ ਲਗਾਈਆ ।
ਪੁਰਖ ਅਕਾਲ ਦਾ ਬਣ ਕੇ ਬੇਟਾ, ਪਿਤਾ ਇਕੋ ਇਕ ਸਮਝਾਈਆ । ਓਸੇ ਗੋਬਿੰਦ ਦਾ ਰਖ ਲੈ ਚੇਤਾ, ਜੋ ਚਿਤਾਵਨੀ ਵਿਚ ਦ੍ਰਿੜਾਈਆ । ਓਸ
ਵਡ ਕਿਰਸਾਣੇ ਦਾ ਵੱਡਾ ਖੇਤਾ, ਜਿਸ ਵਿਚ ਲੱਖ ਚੁਰਾਸੀ ਬੂਟਾ ਰਿਹਾ ਮਹਿਕਾਈਆ । ਸਭ ਦੇ ਨਾਲ ਸਾਂਝਾ ਕਰ ਦੇ ਹੇਤਾ, ਦੂਸਰ ਧਾਰ ਨਾ
ਕੋਇ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਇਕੋ ਬਣ ਸਰਬ ਦਾ ਨੇਤਾ, ਨਿਤ ਦਾ ਮਾਲਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ,


੧੦੪੩
੧੯

ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਉਪਰ ਘਰ ਘਰ ਤੇਰਾ ਅੰਮ੍ਰਿਤ ਬਰਸੇ ਮੇਘਾ, ਜੋ ਨੌਵਾਂ ਗੁਰ ਤੇਗ਼ ਬਹਾਦਰ ਮੰਗ ਕੇ ਗਿਆ ਤੇਗ਼ਾ ਤ੍ਰੈ ਤ੍ਰੈ ਤ੍ਰੈ ਤੇਰੀ ਆਸ ਰਖਾਈਆ ।

## ੨੩ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ

ਇਕੀ ਸਾਵਣ ਕਹੇ ਪ੍ਰਭ ਦਾ ਖੇਲ ਦੋ ਜਹਾਨ ਜਗ ਲਈ, ਜਗ੍ਹ ਜਗ੍ਹਾ ਦਏ ਵਡਿਆਈਆ । ਜਿਸ ਪੰਚ ਧਾਰ ਰਿਸ਼ੀਆਂ ਵਾਲੀ ਸਦ ਲਈ, ਬਲ ਬਾਵਨ ਮੂਲ ਚੁਕਾਈਆ । ਨਿਰਗੁਣ ਨੂਰ ਜੋਤ ਪਰਕਾਸ਼ ਆਪ ਆਪਣੀ ਵਿਚੋਂ ਕੱਢ ਲਈ, ਅਕਲ ਕਲਾ ਕਲਜੁਗ ਆਪ ਵਰਤਾਈਆ । ਮਿਹਰ ਕਰ ਉਪਰ ਸ਼ਾਹਰਗ ਲਈ, ਰਿਗ ਯਜੁਰ ਅਥਰਬਣ ਸ਼ਾਮ ਲੇਖਾ ਗਏ ਮੁਕਾਈਆ । ਪਰਗਟ ਹੋ ਕੇ ਭਗਤ ਭਗਵਾਨ ਸਰਹਦ ਲਈ, ਬੰਦੀਖ਼ਾਨਾ ਤੋੜ ਤੁੜਾਈਆ । ਖੇਲ ਕਰਾ ਕੇ ਅੱਜ ਲਈ, ਅਜ਼ਲ ਮਜ਼ਲ ਤੋਂ ਦਿਤਾ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਈਆ । ਇਕੀ ਸਾਵਣ ਕਹੇ ਮੇਰਾ ਸਮਾਂ ਨਹੀਂ ਹੋਇਆ ਸਮਾਪਤ, ਰਾਹ ਅਗਲਾ ਵੇਖ ਵਖਾਈਆ । ਪੁਰਖ ਅਕਾਲ ਖੇਲ ਖੇਲਣਾ ਸਹੀ ਸਲਾਮਤ, ਸਤਿ ਧਰਮ ਦੀ ਸਾਚੀ ਕਾਰ ਕਮਾਈਆ । ਜਨ ਭਗਤਾਂ ਅੰਦਰੋਂ ਕਢਣੀ ਕੂੜੀ ਅਲਾਮਤ, ਬੇਇਲਮਾਂ ਤੋਂ ਆਲਮ ਦੇਣਾ ਬਣਾਈਆ । ਜ਼ਾਮਨ ਹੋ ਕੇ ਦੇਣੀ ਜ਼ਮਾਨਤ, ਜਮਾਂ ਤੋਂ ਲੈਣਾ ਛੁਡਾਈਆ । ਬਲ ਦੀ ਸਾਂਭ ਕੇ ਰਖੀ ਅਮਾਨਤ, ਬਾਵਨ ਆਪਣਾ ਪੂਰਾ
੧੦੪੪ ੧੯
ਫਰਜ਼ ਕਰਾਈਆ । ਰਿਸ਼ੀਆਂ ਅੰਦਰ ਨਾਮ ਨਿਆਮਤ, ਨਿਰਗੁਣ ਸਰਗੁਣ ਦੇਣਾ ਟਿਕਾਈਆ । ਸਚ ਦਵਾਰੇ ਰਹੇ ਨਾ ਕੋਇ ਮਮਾਨਤ, ਮਹਿਮਾਨਖ਼ਾਨਾ ਪ੍ਰਭੂ ਦਵਾਰਾ ਦੇਣਾ ਜਣਾਈਆ । ਜਗਤ ਬੁਧੀ ਰਹੇ ਨਾ ਕੋਇ ਸਿਆਣਪ, ਚਰਨ ਸਰਨ ਵੱਡੀ ਵਡਿਆਈਆ । ਮੂਰਖ ਮੁਗਧ ਨਾ ਰਹੇ ਅਨਜਾਣਤ, ਸੂਝ ਸਮਝ ਇਕ ਦ੍ਰਿੜਾਈਆ । ਮਨੂਆ ਮਨ ਨਾ ਕਰੇ ਬਗ਼ਾਵਤ, ਕੂੜੀ ਕਿਰਿਆ ਨਾ ਕੋਇ ਲੜਾਈਆ । ਇੱਕੀ ਸਾਵਣ ਕਹੇ ਮੇਰੀ ਮਨਜ਼ੂਰ ਹੋਈ ਦਾਅਵਤ, ਰਿਸ਼ੀ ਪਿਛਲੇ ਗਏ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖ ਵੇਖ ਵਖਾਈਆ । ਇੱਕੀ ਸਾਵਣ ਕਹੇ ਆਏ ਰਿਸ਼ੀ ਮਹਾਂ ਰਖੀਸ਼ਰ, ਰਿਖ ਮੁਨ ਸਾਰ ਕੋਇ ਨਾ ਆਈਆ । ਪ੍ਰਭ ਚਰਨਾਂ ਦੇ ਵਡ ਤਪੀਸ਼ਰ, ਤਪੀ ਤਪਦਿਆਂ ਤੋਂ ਪਰੇ ਦਿਆਂ ਹਟਾਈਆ । ਮਹਾਂ ਸੁਣਦੇ ਸਦਾ ਮੁਨੀਸ਼ਰ, ਹਿਰਦੇ ਹਰਿ ਹਰਿ ਧਿਆਨ ਰਖਾਈਆ । ਮੇਲਾ ਕਰ ਜਗਤ ਪਿਤ ਈਸ਼ਰ, ਜਗਦੀਸ਼ਰ ਸੇਵ ਕਮਾਈਆ । ਮੁਲੰਮਾ ਰਹੇ ਕੋਈ ਨਾ ਪੀਤਲ, ਸੋਨਾ ਕੰਚਨ ਰੂਪ ਵਟਾਈਆ । ਸਵਾਮੀ ਸਦਾ ਸੁਹੇਲਾ ਮੀਤਲ, ਮਿੱਤਰ ਇਕੋ ਇਕ ਮਨਾਈਆ । ਆਤਮ ਪਰਮਾਤਮ ਕਰ ਕੇ ਕੀਰਤਨ, ਕਿਰਤ ਆਪਣੀ ਰਹੇ ਕਮਾਈਆ । ਏਥੇ ਓਥੇ ਕਦੇ ਨਾ ਵਿਲਕਣ, ਗ਼ਮੀ ਚਿੰਤਾ ਨਾ ਕੋਇ ਸਤਾਈਆ । ਗੁਰਮੁਖੋ ਤੁਹਾਡੀ ਸੇਵਾ ਜਿਹੜੀ ਵਿਚ ਕਰਾਈ ਤਿਲਕਣ, ਤਿਲਕਣ ਬਾਜ਼ੀ ਤੋਂ ਲਿਆ ਬਚਾਈਆ । ਭਗਤੀ ਦਾ ਲੇਖਾ ਛਿਨ ਵਿਚ ਆਵੇ ਪਰਖਣ, ਪ੍ਰੀਖਿਆ ਹੱਥ ਨਾ ਕਿਸੇ ਫੜਾਈਆ । ਸੇਵਾ ਨਾਲ ਭਾਵ ਹੋਇਆ ਦਰਸ਼ਨ, ਸਚ ਚੰਦ ਰੁਸ਼ਨਾਈਆ । ਜਿਸ ਕਾਰਨ ਜੁਗ ਚੌਕੜੀ ਤਰਸਣ, ਕੋਟਨ ਕੋਟ ਰਿਖ ਮੁਨ ਸਾਧ ਸੰਤ ਧਿਆਨ ਲਗਾਈਆ । ਵੈਰਾਗੀ ਬੈਰਾਗੀ ਤਿਆਗੀ ਹੋ ਕੇ ਤੜਫਣ, ਰੋ ਰੋ ਦੇਣ ਦੁਹਾਈਆ । ਜਗਤ ਵਿਕਾਰ ਰਹੇ ਅਟਕਣ,

ਪੰਧ ਪਾਰ ਨਾ ਕੋਇ ਕਰਾਈਆ । ਸੋ ਸਾਹਿਬ ਸਵਾਮੀ ਤੁਹਾਡੇ ਉਤੇ ਕਰ ਕੇ ਤਰਸਣ, ਤ੍ਰਿਖਾ ਜਨਮ ਜਨਮ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਇੱਕੀ ਸਾਵਣ ਕਹੇ ਮੇਰਾ ਲੇਖਾ ਲਿਖਿਆ ਨਹੀਂ ਬਾਕੀ, ਬਕਾਇਆ ਆਪਣੇ ਹੱਥ ਰਖਾਈਆ । ਧੁਰ ਦਾ ਬਣ ਕੇ ਆਪ ਸਾਕੀ, ਪਿਆਲਾ ਸਹਿਜ ਸਹਿਜ ਪਿਆਈਆ । ਕਲਜੁਗ ਵੇਖ ਅੰਧੇਰੀ ਰਾਤੀ, ਰੁਤੜੀ ਆਪਣੇ ਵਿਚ ਛੁਪਾਈਆ । ਯਾਦ ਆਈ ਬਾਵਨ ਵਾਲੀ ਪਾਤੀ, ਬਲ ਹੱਥ ਵਿਚੋਂ । ਜਿਸ ਦਾ ਕੁਛ ਲੇਖਾ ਪ੍ਰਭ ਦੀ ਭਾਂਤੀ, ਸਮਝੇ ਕੋਇ ਨਾ ਰਾਈਆ । ਕਲਜੁਗ ਅੰਤਮ ਬਣਨੀ ਸਾਖੀ, ਸਾਖਿਆਤ ਦਏ ਵਡਿਆਈਆ । ਇਕ ਕੰਨਿਆਂ ਦੀ ਮੰਨਣੀ ਆਖੀ, ਭੋਗ ਘਰ ਘਰ ਲਗਾਈਆ । ਪੰਜਾਂ ਦੀ ਰਿਸ਼ੀਆਂ ਵਿਚੋਂ ਹੋਣੀ ਉਤਮ ਜਾਤੀ, ਤੇਰਾਂ ਸੌ ਸਤਾਸੀ ਮਿਲੇ ਵਡਿਆਈਆ । ਪੁਰਖ ਅਕਾਲ ਬਣਨਾ ਸਾਥੀ, ਸਗਲਾ ਸੰਗ ਬਣਾਈਆ । ਬਲ ਦੀ ਯਾਦ ਆਉਣੀ ਗਾਥੀ, ਪਿਛਲਾ ਹਾਲ ਸੁਣਾਈਆ । ਜਿਸ ਨੂੰ ਬਾਵਨ ਪੁਛਿਆ, ਮਿਲਿਆ ਪੁਰਖ ਅਬਿਨਾਸ਼ੀ, ਰਿਸ਼ੀ ਸਚ ਦੇ ਸਮਝਾਈਆ । ਓਸ ਦੇ ਅੰਦਰੋਂ ਆਈ ਹਾਸੀ, ਹੱਸ ਕੇ ਦਿਤਾ ਸੁਣਾਈਆ । ਵਿਛੋੜੇ ਵਿਚ ਹੋਈ ਉਦਾਸੀ, ਬਲ ਦੁਆਰੇ ਮਿਲਿਆ ਨਾ ਬੇਪਰਵਾਹੀਆ । ਮੰਜ਼ਲ ਪੂਰੀ ਹੋਈ ਨਾ ਘਾਟੀ, ਪੈਂਡਾ ਪੰਧ ਨਾ ਕੋਇ ਮੁਕਾਈਆ । ਬਾਵਨ ਕਿਹਾ ਬਚਨ ਦੱਸਾਂ ਸਾਚੀ, ਸਤਿ ਸਤਿ ਦ੍ਰਿੜਾਈਆ । ਤੂੰ ਮੰਨੀ ਮੇਰੀ ਆਖੀ, ਬਿਨ ਅੱਖਰਾਂ ਦਿਆਂ ਪੜ੍ਹਾਈਆ । ਖੇਲ ਹੋਵੇ ਕਮਲਾਪਾਤੀ, ਪਤਿਪਰਮੇਸ਼ਵਰ ਵੇਸ ਵਟਾਈਆ । ਤੇਰੀ ਬਦਲ ਕੇ ਫੇਰ ਹਯਾਤੀ, ਜੀਵਣ ਜੀਵਣ ਵਿਚੋਂ ਵਖਾਈਆ । ਗੋਬਿੰਦ ਤੇਰਾ ਸਾਥੀ, ਸਗਲਾ ਸੰਗ ਨਿਭਾਈਆ । ਪ੍ਰੇਮ ਧਾਰ ਮਿਲੇ ਪਰਭਾਤੀ, ਸੰਧਿਆ ਰੂਪ ਨਾ ਕੋਇ ਬਦਲਾਈਆ ।



ਫੇਰ ਹੋਵੇ ਮਾਤ ਨਜਾਤੀ, ਪੁਰਖ ਅਕਾਲ ਦੇਵੇ ਵਡਿਆਈਆ । ਤੇਰੀ ਸੇਵਾ ਬਹੁ ਬਿਧ ਭਾਂਤੀ, ਭਾਵਨਾ ਆਪਣੇ ਨਾਲ ਮਿਲਾਈਆ । ਅੰਮ੍ਰਿਤ ਮੇਘ ਬਰਸੇ ਬੂੰਦ ਸਵਾਂਤੀ, ਹਰਿ ਸੰਗਤ ਮੁਖ ਚੁਆਈਆ । ਤੇਰੇ ਹੱਥ ਫੜਾ ਕੇ ਦਾਤੀ, ਦਾਤਾਰ ਖ਼ੁਸ਼ੀਆਂ ਨਾਲ ਆਪਣੀ ਕਾਰ ਲਗਾਈਆ । ਪਿਛਲੇ ਹੋਣੇ ਤੇਰੇ ਜਮਾਤੀ, ਸੋਹਣਾ ਸੰਗ ਬਣਾਈਆ । ਇਹ ਖੇਲ ਬਹੁ ਬਿਧ ਭਾਂਤੀ, ਬੁਧੀ ਸਮਝ ਕਿਸੇ ਨਾ ਆਈਆ । ਲੇਖਾ ਲਿਖਿਆ ਨਾ ਜਾਏ ਵਿਚ ਕਿਤਾਬੀ, ਕੁਤਬਖ਼ਾਨਿਆਂ ਵਿਚ ਨਾ ਕੋਇ ਛੁਪਾਈਆ । ਲਹਿਣਾ ਦੇਣਾ ਨਹੀਂ ਕੋਈ ਹਿਸਾਬੀ, ਅੰਕੜਿਆਂ ਵਿਚ ਨਾ ਕੋਇ ਗਿਣਾਈਆ । ਸਿਫ਼ਤਾਂ ਵਿਚ ਗਾਏ ਨਾ ਕੋਇ ਰਬਾਬੀ, ਤੰਦ ਸਿਤਾਰ ਨਾ ਕੋਇ ਸ਼ਨਵਾਈਆ । ਬੰਕ ਸੁਹਾਏ ਨਾ ਕੋਇ ਮਹਿਰਾਬੀ, ਮਜਲਸ ਹੱਕ ਨਾ ਕੋਇ ਬਣਾਈਆ । ਜਿਸ ਵੇਲੇ ਕਲਜੁਗ ਅੰਤ ਮੂੜ੍ਹ ਮੁਗਧਾਂ ਦੀ ਵਧੀ ਆਬਾਦੀ, ਸ੍ਰਿਸ਼ਟੀ ਭੁੱਲੇ ਬੇਪਰਵਾਹੀਆ । ਓਸ ਲਹਿਣੇ ਦੀ ਹੋਵੇ ਸ਼ਾਦੀ, ਜਿਸ ਦਾ ਸ਼ਾਦਿਆਨਾ ਵੱਜੇ ਚਾਈਂ ਚਾਈਆ । ਰਵਿਦਾਸ ਦੇਵੇ ਪ੍ਰੇਮ ਦੀ ਦਾਦੀ, ਦਾਦ ਇਕੋ ਨਜ਼ਰੀ ਆਈਆ । ਸੁਰਤੀ ਹੋਵੇ ਜਾਗੀ, ਸ਼ਬਦ ਹੋਵੇ ਸ਼ਨਵਾਈਆ । ਲਾਉਣੀ ਪਏ ਨਾ ਕੋਇ ਸਮਾਧੀ, ਮਨ ਕਾ ਮਣਕਾ ਨਾ ਕੋਇ ਭਵਾਈਆ । ਦੁਰਮਤ ਮੈਲ ਰਹੇ ਨਾ ਦਾਗ਼ੀ, ਪਤਿਤ ਪੁਨੀਤ ਕਰਾਈਆ । ਕਿਰਪਾ ਕਰੇ ਮੋਹਣ ਮਾਧਵ ਮਾਧੀ, ਮਧਰ ਬੈਨ ਸਹਿਜ ਸੁਖਦਾਈਆ । ਨਿਰਗੁਣ ਨਿਰਵੈਰ ਬਦਲ ਸਵਾਂਗੀ, ਸਵਾਂਗ ਆਪਣਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਇੱਕੀ ਸਾਵਣ ਕਹੇ ਰਿਸ਼ੀਓ ਤੁਹਾਡੀ ਸੇਵਾ ਧੰਨ, ਰਿਸ਼ਤਾ ਮਿਲਿਆ ਬੇਪਰਵਾਹੀਆ । ਜਨਣੀ ਵਡਿਆਈ ਧੰਨ, ਜਿਸ ਜਣ ਕੇ ਸੇਵ ਕਮਾਈਆ । ਤ੍ਰਿਸ਼ਨਾ ਮਿਟੀ ਤਨ, ਅਗਨੀ ਤਤ ਬੁਝਾਈਆ । ਨਾਮ

ਸੁਣਾਏ ਕੰਨ, ਕਰਮਾਂ ਦਾ ਰੋਗ ਕਟਾਈਆ । ਜਨਮ ਦਾ ਬੇੜਾ ਬੰਨ੍ਹ, ਪ੍ਰਭ ਆਪਣੇ ਕੰਧ ਉਠਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ, ਪਾਰਬ੍ਰਹਮ ਦਿਤਾ ਦ੍ਰਿੜਾਈਆ । ਤੁਹਾਡਾ ਸੁਫ਼ਲ ਹੋਇਆ ਜਨਮ, ਲੇਖਾ ਅਗੇ ਮੰਗੇ ਕੋਇ ਨਾ ਰਾਈਆ । ਪੂਰਾ ਹੋਇਆ ਪਰਨ, ਪਰਮਾਤਮ ਆਤਮ ਵਿਚ ਸਮਾਈਆ । ਮਨ ਕਾ ਰਹੇ ਨਾ ਭਰਮ, ਭਾਂਡਾ ਭਰਮ ਭੰਨਾਈਆ । ਕੰਮ ਕਾਜ ਸੇਵਾ ਕਰਦਿਆਂ ਨਹੀਂ ਕੋਈ ਸ਼ਰਮ, ਸ਼ਰਅ ਤੋਂ ਬਾਹਰ ਲੇਖਾ ਦਿਤਾ ਕਰਾਈਆ । ਸਾਂਝਾ ਕਰਕੇ ਧਰਮ, ਧਰਮਾਤਮਾ ਬਣਾ ਕੇ ਦੇਵੇ ਮਾਣ ਵਡਿਆਈਆ । ਅਗੇ ਆਪਣੀ ਕਰਨੀ ਆਇਆ ਕਰਨ, ਕਰਤਾ ਪੁਰਖ ਦਏ ਸਮਝਾਈਆ । ਪੰਜਾਂ ਨੇ ਪੰਝੀ, ਸਾਵਣ ਤੋਂ ਮੰਗਣੀ ਸਰਨ, ਹੱਥ ਮਸਤਕ ਉਤੇ ਟਿਕਾਈਆ । ਰਸਨਾ ਢੋਲਾ ਸਚ ਪੜ੍ਹਨ, ਨਾਅਰਾ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਇੱਕੀ ਸਾਵਣ ਕਹੇ ਇੱਕੀ ਇੱਕੀ ਇੱਕੀ ਲੇਖ, ਬਿਨ ਲਿਖਤ ਲਿਖਤ ਲਿਖਤ ਸਮਝਾਈਆ । ਜਿਸ ਦੀ ਯਾਦ ਰਹੇ ਹਮੇਸ਼, ਲੋਕਮਾਤ ਨਾ ਕੋਇ ਮਿਟਾਈਆ । ਜਿਸ ਦਾ ਵਿਚੋਲਾ ਦਸ ਦਸਮੇਸ਼, ਦੋ ਜਹਾਨਾਂ ਜੋੜ ਜੁੜਾਈਆ । ਅੰਤਮ ਕਰ ਕੇ ਦੂਏ ਦਾ ਏਕ, ਏਕਾ ਦੂਆ ਗੰਢ ਪਵਾਈਆ । ਭਗਤਾਂ ਸਾਂਝੀ ਕਰ ਕੇ ਟੇਕ, ਟਿੱਕੇ ਮਸਤਕ ਦਏ ਲਗਾਈਆ । ਕ਼ਲਮ ਸ਼ਾਹੀ ਵਾਲਾ ਲੇਖ, ਕੋਈ ਮੇਟ ਨਾ ਸਕੇ ਔਲੀਆਂ ਸ਼ੇਖ਼, ਪੈਗ਼ੰਬਰ ਵੇਖ ਖ਼ੁਸ਼ੀ ਮਨਾਈਆ । ਤੁਹਾਡਾ ਸੁਹੰਜਣਾ ਕਰਕੇ ਦੇਸ, ਦਿਸ਼ਾ ਆਪਣੀ ਦਏ ਜਣਾਈਆ । ਜਿਥੇ ਝੁਕਦੇ ਵਿਸ਼ਨ ਬ੍ਰਹਮਾ ਮਹੇਸ਼, ਸ਼ੰਕਰ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਹੁੰਦੇ ਭੇਟ, ਤਨ ਮਾਟੀ ਵਜੂਦ ਸੇਵ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਲਏ ਰਖਾਈਆ । ਇਕੀ ਸਾਵਣ ਕਹੇ ਮੇਰਾ ਲਿਖਿਆ ਨਾ ਕੋਇ ਲੇਖਾ, ਵਕ਼ਤ ਵੇਲਾ ਗਿਆ ਵਿਹਾਈਆ । ਹੁਕਮ ਦੇਵੇ ਨਰ ਨਰੇਸ਼ਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਜੁਗ ਚੌਕੜੀ ਗੁਰ ਅਵਤਾਰਾਂ ਪੈਗ਼ੰਬਰਾਂ ਨਾਲ ਲੋਕਮਾਤ ਠੇਕਾ, ਹਿੱਸੇ ਨਾਮ ਵਾਲੇ ਪਾਈਆ । ਸੋ ਖੇਲੇ ਆਪਣੀ ਅਗੰਮੀ ਖੇਡਾ, ਖ਼ਲਕ ਸਮਝ ਕਿਸੇ ਨਾ ਆਈਆ । ਆਪਣੇ ਜਿਹਾ ਬਣ ਕੇ ਆਪਣੇ ਜੇਡਾ, ਦੂਜਾ ਸੰਗ ਨਾ ਕੋਇ ਮਿਲਾਈਆ । ਅੱਖਰਾਂ ਵਿਚ ਦੱਸੇ ਕਿਸੇ ਨਾ ਭੇਦਾ, ਬਾਣੀਆਂ ਵਿਚ ਭਰਮ ਨਾ ਕੋਇ ਤੁੜਾਈਆ । ਅਕਲ ਕਲਧਾਰੀ ਬਣ ਕੇ ਅਛਲ ਅਛੇਦਾ, ਅਕਲ ਕਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਮੁਕਾਈਆ । ਪੂਰਬ ਲੇਖਾ ਬੁੱਢੇ ਨੱਢੇ ਬਾਲ, ਜੋਬਨ ਜਵਾਨ ਇਕੋ ਰੰਗ ਵਖਾਈਆ । ਪ੍ਰੇਮ ਪ੍ਰੀਤੀ ਅੰਦਰ ਵਖਾ ਸੱਚੀ ਧਰਮਸਾਲ, ਧਰਮ ਦਵਾਰ ਦਿਤਾ ਸੁਹਾਈਆ । ਗੁਰਮੁਖ ਸੋਹਣੇ ਪਰਗਟਾ ਕੇ ਲਾਲ, ਅਨਮੁਲੜੇ ਹੀਰੇ ਰਿਹਾ ਜਣਾਈਆ । ਸੇਵਾ ਵਿਚ ਕਮਾਲ, ਕਮਾਲਾ ਕਬੀਰ ਦਾ ਨਿਉਂ ਨਿਉਂ ਲਾਗੇ ਪਾਈਆ । ਧੁਰ ਦਾ ਖੇਲ ਬੇਮਿਸਾਲ, ਮਿਸਲ ਵਿਚ ਨਾ ਕੋਇ ਸਮਝਾਈਆ । ਹਿਰਦਾ ਜਾਣੇ ਨਾ ਕੋਇ ਵਿਸ਼ਾਲ, ਬੁਧੀ ਬੋਧ ਨਾ ਕੋਇ ਦ੍ਰਿੜਾਈਆ । ਜਿਨ੍ਹਾਂ ਘਾਲੀ ਸੱਚੀ ਘਾਲ, ਲੇਖੇ ਧੁਰ ਦੇ ਲਏ ਲਗਾਈਆ । ਦੀਨਾਂ ਬੰਧਪ ਦੀਨ ਦਿਆਲ, ਦਇਆਨਿਧ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਨਿਹਕਲੰਕ ਨਰਾਇਣ ਨਰ, ਨਰ ਹਰਿ ਦਰ ਆਪਣਾ ਰੰਗ ਰੰਗਾਈਆ ।


੧੦੪੬ ੧੯

## ✪ ੨੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਬਲਵੰਤ ਕੌਰ ਦੇ ਗ੍ਰਿਹ ਅੰਮ੍ਰਿਤਸਰ ✪

ਸਤਿਜੁਗ ਸ੍ਰੀ ਭਗਵਾਨ ਪੁਰਖ ਅਕਾਲ ਦੀ ਇਕੋ ਹੋਵੇ ਪੂਜਾ, ਕਲਜੁਗ ਕੂੜੀ ਕਿਰਿਆ ਮਾਇਆ ਮਮਤਾ ਮੋਹ ਵਿਕਾਰ ਰਹਿਣ ਕੋਇ ਨਾ ਪਾਈਆ । ਚਾਰ ਵਰਨ ਅਠਾਰਾਂ ਬਰਨ ਸ੍ਰਿਸ਼ਟ ਸਬਾਈ ਮਾਰਗ ਰਹੇ ਕੋਈ ਨਾ ਦੂਜਾ, ਇਸ਼ਟ ਦੇਵ ਸਵਾਮੀ ਅੰਤਰਜਾਮੀ ਇਕੋ ਇਕ ਮਨਾਈਆ । ਜਨ ਭਗਤਾਂ ਗੁਰਮੁਖ ਸਾਚੇ ਸੰਤਾਂ ਨਿਜ ਲੋਚਨ ਖੁਲ੍ਹੇ ਨੈਣ ਤੀਜਾ, ਪੜਦਾ ਉਹਲਾ ਕਾਇਆ ਮੰਦਰ ਅੰਦਰ ਦਏ ਉਠਾਈਆ । ਪਾਰਬ੍ਰਹਮ ਬ੍ਰਹਮ ਆਤਮ ਪਰਮਾਤਮ ਮੇਲ ਹੋਵੇ ਸਾਚੇ ਮੀਤਾ, ਸਾਕ ਸੱਜਣ ਸੈਣ ਖੋਲ੍ਹ ਨੈਣ ਇਕੋ ਇਕ ਨਜ਼ਰੀ ਆਈਆ । ਸਤਿ ਧਰਮ ਨੌ ਖੰਡ ਸੱਤ ਦੀਪ ਚਲੇ ਸਾਚੀ ਰੀਤਾ, ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਹੇ ਨਾ ਕੋਇ ਲੜਾਈਆ । ਪਰਵਰਦਿਗਾਰ ਸਾਂਝਾ ਯਾਰ ਕਰ ਕੇ ਖੇਲ ਅਗੰਮ ਅਥਾਹ ਅਨਡੀਠਾ, ਜਗਤ ਨੇਤਰ ਦੀਨ ਦੁਨੀ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦਾ ਸੁਹੇਲਾ ਇਕ ਅਕੇਲਾ ਏਕੰਕਾਰ ਆਪਣਾ ਹੁਕਮ ਵਰਤਾਈਆ । ਸਤਿਜੁਗ ਤੇਰਾ ਚਾਰ ਕੁੰਟ ਦਹਿ ਦਿਸ਼ਾ ਇਕੋ ਹੋਵੇ ਪਾਠ, ਸਿਮਰਨ ਜੋਗ ਅਭਿਆਸ ਪ੍ਰਭ ਆਪਣਾ ਨਾਮ ਜਪਾਈਆ । ਕਾਇਆ ਮੰਦਰ ਅੰਦਰ ਸਚ ਸਰੋਵਰ ਵਖਾਏ ਲੇਖਾ ਚੁੱਕੇ ਆਠ ਸਾਠ, ਨੀਰ ਸੀਰ ਅੰਮ੍ਰਿਤ ਧਾਰ ਅਗੰਮੀ ਮੁਖ ਚੁਆਈਆ । ਅਨਹਦ ਸ਼ਬਦ ਅਨਾਦੀ ਧੁਨ ਆਤਮਕ ਵਜਾਏ ਸਾਚਾ ਨਾਦ, ਜਗਤ ਸਾਜ ਲੇਖਾ ਦਏ ਮੁਕਾਈਆ । ਨਿਰਮਲ ਨੂਰ ਜਾਹਰ ਜਹੂਰ ਜੋਤ ਕਰੇ ਪਰਕਾਸ਼, ਅੰਧ ਅਗਿਆਨ ਸ੍ਰੀ ਭਗਵਾਨ ਕਾਇਆ ਮਾਟੀ ਦਏ ਚੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਸਾਚੀ ਗਾਥ, ਮਾਨਵ ਮਾਨੁਖ ਮਾਨਸ ਕਰੇ ਇਕ ਪੜ੍ਹਾਈਆ । ਮਿਹਰਵਾਨ ਠਾਕਰ ਸਵਾਮੀ ਪਰਮ ਪੁਰਖ ਰਘੁਨਾਥ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਇਕੋ ਨਾਦ ਵਜਾਈਆ । ਗੁਰਮੁਖ ਸੰਤ ਸੁਹੇਲੇ ਕਲਜੁਗ ਅੰਤ ਕੂੜੀ ਮਾਇਆ ਵਿਚੋਂ ਜਾਣ ਜਾਗ, ਆਲਸ ਨਿੰਦਰਾ ਰਹਿਣ ਕੋਇ ਨਾ ਪਾਈਆ । ਪ੍ਰਭ ਮਿਲਣ ਦਾ ਮਨ ਬੁਧੀ ਤੋਂ ਪਰੇ ਉਪਜੇ ਵੈਰਾਗ, ਜਗਤ ਵਾਸਨਾ ਵਿਚ ਨਾ ਕੋਇ ਹਲਕਾਈਆ । ਸਤਿਗੁਰ ਪ੍ਰੇਮ ਕਰੇ ਕੂੜ ਕਾਇਆ ਕੱਪੜ ਹੰਸ ਕਾਗ, ਮਾਣਕ ਮੋਤੀ ਆਪਣਾ ਨਾਮ ਚੋਗ ਚੁਗਾਈਆ । ਦੁਰਮਤ ਮੈਲ ਅੰਦਰ ਬਾਹਰ ਗੁਪਤ ਜਾਹਰ ਰਹਿਣ ਨਾ ਦੇਵੇ ਦਾਗ਼, ਪਤਿਤ ਪੁਨੀਤ ਪਤਿਤ ਪਾਵਨ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰੀ ਸਾਜਣ ਦੇਵੇ ਸਾਜ, ਕਲਜੁਗ ਕੂੜ ਕੁਟੰਬ ਲੇਖਾ ਦਏ ਮੁਕਾਈਆ । ਸਤਿਜੁਗ ਤੇਰਾ ਸੱਚਾ ਇਕੋ ਉਪਜੇ ਨਾਮ, ਨਾਉਂ ਨਿਰੰਕਾਰ ਆਪ ਦ੍ਰਿੜਾਈਆ । ਲੱਖ ਚੁਰਾਸੀ ਇਕੋ ਨਜ਼ਰੀ ਆਏ ਰਾਮ, ਜੋ ਹਰ ਘਟ ਰਮਿਆ ਸੋਭਾ ਪਾਈਆ । ਨਾਮ ਸੰਦੇਸ਼ਾ ਅਗੰਮੀ ਦੇਵੇ ਹੱਕ ਪੈਗ਼ਾਮ, ਪੀਰ ਪੈਗ਼ੰਬਰ ਗੁਰ ਅਵਤਾਰ ਆਪਣਾ ਹੁਕਮ ਮਨਾਈਆ । ਜਿਸ ਨੂੰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦੇ ਗਏ ਸਲਾਮ, ਨਮੋਂ ਨਮੋਂ ਕਹਿ ਕੇ ਸਾਰੇ ਸੀਸ ਝੁਕਾਈਆ । ਸੋ ਖੇਲ ਕਰੇ ਸ੍ਰੀ ਭਗਵਾਨ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਮਨਾਈਆ । ਜਿਸ ਦਾ ਬ੍ਰਹਿਮੰਡ ਖੰਡ ਹੁਕਮ ਚਲੇ ਜ਼ਿਮੀ ਅਸਮਾਨ, ਗਗਨ ਗਗਨੰਤਰ ਇਕੋ ਮੰਤਰ ਨਿਰੰਤਰ ਆਪਣਾ ਆਪ ਸਮਝਾਈਆ । ਸਤਿ ਧਰਮ ਸਤਿ ਸਤਿਵਾਦ ਝੁਲਾਏ ਸਚ ਨਿਸ਼ਾਨ, ਜਗਤ ਨਿਸ਼ਾਨੇ ਕੂੜ ਦਏ ਮਿਟਾਈਆ । ਏਥੇ ਓਥੇ ਦੋ ਜਹਾਨਾਂ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਬਣ ਕੇ ਹੁਕਮਰਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਮਨਾਈਆ । ਜਿਸ ਦਾ ਗੁਰ ਅਵਤਾਰ ਪੀਰ

ਪੈਗ਼ੰਬਰ ਭਵਿਖਤਾਂ ਵਿਚ ਕਰਦੇ ਗਏ ਬਿਆਨ, ਸੋ ਸਾਹਿਬ ਸੁਲਤਾਨ ਧੁਰ ਦਾ ਮਾਲਕ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਵੇ ਵਰ, ਲੋਕਮਾਤ ਸਾਚੀ ਦਾਤ ਤੇਰੀ ਝੋਲੀ ਪਾਈਆ । ਸਤਿਜੁਗ ਸਾਚੇ ਤੇਰਾ ਇਕੋ ਹੋਵੇ ਸਚ ਦਵਾਰ, ਦਵਾਰਕਾ ਨਿਵਾਸੀ ਜਿਥੇ ਸੀਸ ਨਿਵਾਈਆ । ਜਿਥੇ ਆਦਿ ਜੁਗਾਦਿ ਜੁਗ ਚੌਕੜੀ ਨਾਮ ਸਤਿ ਦਾ ਭਰਿਆ ਰਹੇ ਭੰਡਾਰ, ਅਤੋਟ ਅਤੁਟ ਅਗੰਮ ਅਥਾਹ ਆਪਣੇ ਵਿਚ ਛੁਪਾਈਆ । ਪੁਰਖ ਅਕਾਲ ਦੀਨ ਦਿਆਲ ਦੇਂਦਾ ਰਹੇ ਸਦਾ ਜੁਗ ਚਾਰ, ਸਤਿ ਸਤਿਵਾਦੀ ਆਪ ਵਰਤਾਈਆ । ਕਰਨੀ ਦਾ ਕਰਤਾ ਕ਼ੁਦਰਤ ਦਾ ਕ਼ਾਦਰ ਕਰੇ ਖੇਲ ਅਪਾਰ, ਅਪਰੰਪਰ ਸਵਾਮੀ ਆਪਣਾ ਹੁਕਮ ਵਰਤਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸ਼ਬਦ ਅਗੰਮੀ ਧੁਰ ਫ਼ਰਮਾਨੇ ਕਰੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਪੁਚਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦਏ ਹੁਲਾਰ, ਕਾਇਆ ਕਾਅਬਾ ਕਾਇਨਾਤ ਹੱਕ ਮੁਕਾਮ ਭੇਵ ਅਭੇਦਾ ਦਏ ਖੁਲ੍ਹਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਮਿਲੇ ਸੱਚਾ ਯਾਰ, ਮੀਤ ਮੁਰਾਰਾ ਵਿਚ ਸੰਸਾਰਾ ਇਕੋ ਨਜ਼ਰੀ ਆਈਆ । ਕਲਜੁਗ ਕੂੜ ਕੁੜਿਆਰ ਕਰੇ ਖ਼ੁਆਰ, ਸਤਿਜੁਗ ਸਾਚੇ ਤੇਰਾ ਸੁਹਾਏ ਬੰਕ ਦਵਾਰ, ਦਰ ਦਰਵਾਜ਼ਾ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਆਪਣੀ ਖੇਲ ਰਚਾਈਆ । ਸਤਿਜੁਗ ਤੇਰਾ ਹੋਵੇ ਇਕੋ ਜਾਪ, ਰਸਨਾ ਜਿਹਵਾ ਬੱਤੀ ਦੰਦ ਢੋਲੇ ਸਰਬ ਗਾਈਆ । ਜਨਮ ਜਨਮ ਦਾ ਰਹਿਣ ਨਾ ਦੇਵੇ ਕਿਸੇ ਪਾਪ, ਕੋਟ ਜਨਮ ਦੇ ਪਾਪੀ ਲਏ ਤਰਾਈਆ । ਰੂਹ ਬੁਤ ਦੋਵੇਂ ਕਰੇ ਪਾਕ, ਪਤਿਤ ਪੁਨੀਤ ਲਏ ਬਣਾਈਆ । ਸ਼ਬਦੀ ਸ਼ਬਦ ਹੋਵੇ ਇਤਫ਼ਾਕ, ਮਨ ਚੰਚਲ ਨਾ ਕੋਇ ਚਤੁਰਾਈਆ । ਮਨ ਵਿਕਾਰਾ ਕਰੇ ਘਾਤ, ਸ਼ਬਦ ਖੰਡਾ ਇਕ ਰਖਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚੇ ਸਾਚਾ ਚੰਦ ਚਮਕਾਈਆ । ਕਰੇ ਖੇਲ ਪੁਰਖ ਅਬਿਨਾਸ਼, ਦੂਜਾ ਸੰਗ ਨਾ ਕੋਇ ਮਿਲਾਈਆ । ਨਿਜ ਘਰ ਵਾਸੀ ਹਰ ਘਟ ਅੰਤਰ ਰਖੇ ਵਾਸ, ਨਿਰਗੁਣ ਨੂਰ ਜੋਤ ਕਰ ਪਰਕਾਸ਼, ਏਕਾ ਏਕ ਕਰੇ ਰੁਸ਼ਨਾਈਆ । ਧੁਨ ਆਤਮਕ ਸੁਣਾਏ ਆਪਣਾ ਰਾਗ, ਮਾਇਆ ਮਮਤਾ ਮੇਟ ਜਗਤ ਵਿਵਾਦ, ਰਸ ਇਕੋ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਭੰਡਾਰਾ ਦੇ ਕੇ ਬੋਧ ਅਗਾਧ, ਸਤਿਜੁਗ ਤੇਰਾ ਸਾਚਾ ਮਾਰਗ ਦਏ ਲਗਾਈਆ । ਸਤਿਜੁਗ ਤੇਰਾ ਨਾਮ ਹੋਵੇ ਏਕਾ ਏਕ, ਏਕੰਕਾਰ ਦਏ ਵਡਿਆਈਆ । ਜਨ ਭਗਤਾਂ ਬਖ਼ਸ਼ੇ ਸਾਚੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਨਾਮ ਰਮਾਈਆ । ਅੰਤਰ ਅੰਤਰ ਕਰੇ ਬੁਧ ਬਿਬੇਕ, ਬਾਹਰੋਂ ਵਿਦਿਆ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਆਤਮ ਪਰਮਾਤਮ ਪਰਮਾਤਮ ਆਤਮ ਅੰਦਰ ਵੜ ਕੇ ਮੰਦਰ ਚੜ੍ਹ ਕੇ ਸਾਢੇ ਤਿੰਨ ਹੱਥ ਖੋਲ੍ਹੇ ਭੇਤ, ਨੌਂ ਦਵਾਰੇ ਪੈਂਡਾ ਦਏ ਚੁਕਾਈਆ । ਤੂੰ ਮੇਰਾ ਮੈਂ ਤੇਰਾ ਸੱਚਾ ਕਰ ਕੇ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਨਜ਼ਰੀ ਆਵੇ ਨੇਤਨ ਨੇਤ, ਨਿਜ ਲੋਚਣ ਨੈਣ ਕਰੇ ਰੁਸ਼ਨਾਈਆ । ਕੂੜੀ ਕਿਰਿਆ ਮੇਟੇ ਕਲਜੁਗ ਭੇਖ, ਪਾਖੰਡ ਵਿਭਚਾਰ ਦਏ ਗਵਾਈਆ । ਤ੍ਰੈਗੁਣ ਮਾਇਆ ਮੂਲ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਬਖ਼ਸ਼ੇ ਸਾਚੀ ਟੇਕ, ਧਰਨੀ ਧਰਤ ਧਵਲ ਉਪਰ ਦੇਵੇ ਮਾਣ ਵਡਿਆਈਆ । ਸਤਿਜੁਗ ਤੇਰਾ ਸਾਚਾ ਧਰਮ, ਸਤਿ ਸਤਿਵਾਦੀ ਆਪ ਲਗਾਈਆ । ਝਗੜਾ ਮੁਕੇ ਚਾਰ ਵਰਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਲੇਖਾ ਰਹੇ ਨਾ ਅਠਾਰਾਂ ਬਰਨ, ਬਰਨ

੧੦੪੮
੧੯

ਆਤਮਕ ਏਕਾ ਰਾਗ ਧੁਨ ਕਰੇ ਸ਼ਨਵਾਈਆ । ਜਨ ਭਗਤਾਂ ਨੇਤਰ ਖੋਲ੍ਹ ਕੇ ਹਰਨ ਫਰਨ, ਨਿਜ ਲੋਚਨ ਪੜਦਾ ਦਏ ਉਠਾਈਆ । ਕਿਰਪਾ ਕਰੇ ਕਰਤਾ ਪੁਰਖ ਕਰਨੀ ਕਰਨ, ਕੁਦਰਤ ਦਾ ਮਾਲਕ ਬੇਪਰਵਾਹੀਆ । ਸਚ ਦਵਾਰਾ ਦੱਸ ਕੇ ਧੁਰ ਦੀ ਸਰਨ, ਸਰਨਾਗਤ ਇਕੋ ਦਏ ਦ੍ਰਿੜਾਈਆ । ਆਵਣ ਜਾਵਣ ਪੈਂਡਾ ਮੁਕੇ ਡਰਨ ਮਰਨ, ਲੱਖ ਚੁਰਾਸੀ ਗੇੜਾ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰਾ ਸੱਚਾ ਰਾਹ ਸਤਿਗੁਰ ਸ਼ਬਦ ਬਣੇ ਮਲਾਹ, ਦੂਜਾ ਰਹਿਣ ਕੋਇ ਨਾ ਪਾਈਆ । ਸਤਿਜੁਗ ਤੇਰਾ ਇਕੋ ਨਾਮ ਹੋਵੇ ਧੁਰ ਦਾ ਸ਼ਬਦ, ਅਗੰਮੀ ਰਾਗ ਸੁਣਾਈਆ । ਜਿਸ ਨੂੰ ਮੰਨਣ ਦੀਨ ਦੁਨੀ ਸਾਰੇ ਮਜ਼੍ਹਬ ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਏਥੇ ਓਥੇ ਦੋ ਜਹਾਨਾਂ ਮਿਲੇ ਅਦਬ, ਆਦਾਬ ਨਾਲ ਸਾਰੇ ਬੈਠੇ ਸੀਸ ਝੁਕਾਈਆ । ਗੁਰ ਅਵਤਾਰ ਪੈਗ਼ੰਬਰ ਸਾਚੇ ਦਰ ਝੁਕ ਝੁਕ ਮਸਤਕ ਲਾਉਂਦੇ ਕ਼ਦਮ, ਧੂੜੀ ਖ਼ਾਕ ਰਮਾਈਆ । ਝਗੜਾ ਮੁਕੇ ਤਨ ਮਾਟੀ ਖ਼ਾਕੀ ਵਜੂਦ ਬਦਨ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਚਾੜ੍ਹੇ ਇਕੋ ਰੰਗਣ, ਰੰਗਣਹਾਰਾ ਆਪਣਾ ਨਾਮ ਰੰਗਾਈਆ । ਸਤਿਜੁਗ ਤੇਰਾ ਸਤਿ ਸਤਿਵਾਦੀ ਚਲੇ ਰਾਹ, ਰਹਿਬਰ ਇਕੋ ਇਕ ਨਜ਼ਰੀ ਆਈਆ । ਜਿਸ ਨੂੰ ਕਹਿੰਦੇ ਜਲਵਾਗਰ ਖ਼ੁਦਾ, ਮੁਕਾਮੇ ਹੱਕ ਸੋਭਾ ਪਾਈਆ । ਪਤਿਪਰਮੇਸ਼ਵਰ ਕਰ ਕੇ ਸੀਸ ਰਹੇ ਝੁਕਾ, ਅਬਿਨਾਸ਼ੀ ਕਰਤਾ ਕਹਿ ਕੇ ਢੋਲੇ ਰਹੇ ਗਾਈਆ । ਸੋ ਪੁਰਖ ਨਿਰੰਜਣ ਕਹਿ ਕੇ ਮਸਤਕ ਧੂੜੀ ਲਾਉਂਦੇ ਛਾਹ, ਹਰਿ ਪੁਰਖ ਨਿਰੰਜਣ ਕਹਿ ਕੇ ਆਪਣਾ ਆਪ ਭੇਟ ਕਰਾਈਆ । ਸ੍ਰੀ ਭਗਵਾਨ ਕਹਿ ਕੇ ਸਾਰੇ ਹੁੰਦੇ ਫ਼ਿਦਾ, ਫ਼ਿਤਰਤ ਆਪਣੀ ਰਹੇ ਗਵਾਈਆ । ਅਬਿਨਾਸ਼ੀ ਕਰਤਾ ਕਰ ਕੇ ਸਾਰੇ ਕਰਨ ਦੁਆ, ਖ਼ਾਲੀ ਝੋਲੀ ਅਗੇ ਡਾਹੀਆ । ਪਾਰਬ੍ਰਹਮ ਮੰਨ ਕੇ ਵਾਸਤਾ ਰਹੇ ਪਾ, ਨਿਉਂ ਨਿਉਂ ਲਾਗਣ ਪਾਈਆ । ਬ੍ਰਹਮ ਰੂਪ ਨਜ਼ਰੀ ਆਏ ਸ੍ਰਿਸ਼ਟ ਸਬਾ, ਦੂਜਾ ਵੇਸ ਨਾ ਕੋਇ ਵਟਾਈਆ । ਪੰਜ ਤਤ ਅੰਦਰ ਸਾਰੇ ਰਹੇ ਸੁਹਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਧੁਰ ਦੀ ਬਣਤ ਬਣਾਈਆ । ਰਜੋ ਤਮੋ ਸਤੋ ਸਾਚਾ ਸੰਗ ਰਹੀ ਨਿਭਾ, ਆਦਿ ਜੁਗਾਦਿ ਜੁਗ ਚੌਕੜੀ ਸਾਚੀ ਸੇਵ ਰਹੀ ਕਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਬਣੇ ਤੇਰਾ ਮਲਾਹ, ਪਤਿਪਰਮੇਸ਼ਵਰ ਸੇਵਾ ਆਪ ਕਮਾਈਆ । ਗੁਰਮੁਖਾਂ ਗੁਰਸਿਖਾਂ ਜਨ ਭਗਤਾਂ ਸੂਫ਼ੀ ਫ਼ਕੀਰਾਂ ਕੋਟ ਕੋਟ ਜਨਮ ਦੇ ਬਖ਼ਸ਼ ਕੇ ਗੁਨਾਹ, ਮਿਹਰ ਨਜ਼ਰ ਨਾਲ ਪਾਰ ਤਰਾਈਆ । ਨਿਰਗੁਣ ਹੋ ਕੇ ਸਰਗੁਣ ਪਕੜੇ ਬਾਂਹ, ਪਾਰ ਕਿਨਾਰਾ ਹਰਿ ਨਿਰੰਕਾਰਾ ਇਕੋ ਦਏ ਵਖਾਈਆ । ਮਿਹਰਵਾਨ ਮਹਿਬੂਬ ਹੋ ਕੇ ਸਿਰ ਦੇਵੇ ਠੰਡੀ ਛਾਂ, ਸ਼ਾਹ ਪਾਤਸ਼ਾਹ ਸਿਰ ਆਪਣਾ ਹੱਥ ਟਿਕਾਈਆ । ਸਤਿਜੁਗ ਤੇਰਾ ਸਚ ਦਵਾਰਾ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਏ ਸੁਹਾ, ਸਤਿ ਸਤਿਵਾਦੀ ਆਪਣਾ ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਆਪਣਾ ਖੇਲ ਰਿਹਾ ਰਚਾ, ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਨਾਮ ਸੰਦੇਸ਼ਾ ਸਿਫ਼ਤਾਂ ਸਿਫ਼ਤ ਸਿਫ਼ਤ ਸਾਲਾਹੀਆ ।

੧੦੪੯
੧੯

✪ ੨੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹ ਪਿੰਡ ਆਂਡਲੂ ਜ਼ਿਲਾ ਲੁਧਿਆਣਾ ✪

ਸਤਿਜੁਗ ਸਚਖੰਡ ਦਵਾਰੇ ਮਿਲੇ ਸਚ ਓਟ, ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਹੋਵੇ ਸਹਾਈਆ । ਸ਼ਬਦ ਅਗੰਮੀ ਸਤਿਗੁਰ ਸਾਚਾ ਲਾਏ ਏਕਾ ਚੋਟ, ਚੋਟੀ ਚੜ੍ਹ ਕੇ ਸਚ ਦਵਾਰੇ ਖੜ੍ਹ ਕੇ ਭੇਵ ਅਭੇਦਾ ਆਪ ਖੁਲ੍ਹਾਈਆ । ਕਲਜੁਗ ਕੂੜੀ ਕਿਰਿਆ ਜਗਤ ਵਾਸਨਾ ਮਨ ਮਮਤਾ ਕੱਢੇ ਖੋਟ, ਹਉਮੇ ਹੰਗਤਾ ਕੂੜ ਵਿਕਾਰ ਲੋਕਮਾਤ ਰਹਿਣ ਕੋਇ ਨਾ ਪਾਈਆ । ਝਗੜਾ ਮੁਕਾਵੇ ਦੀਨ ਮਜ਼੍ਹਬ ਜਾਤ ਪਾਤ ਵਰਨ ਗੋਤ, ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਭੇਵ ਦਏ ਚੁਕਾਈਆ । ਲੇਖਾ ਮੁਕਾਏ ਜਗਤ ਵਿਦਿਆ ਮਨ ਬੁਧੀ ਸੋਚ, ਅਨੁਭਵ ਧਾਰ ਆਪਣਾ ਲੇਖਾ ਦਏ ਦ੍ਰਿੜਾਈਆ । ਦੀਨ ਦਿਆਲ ਸਦ ਕਿਰਪਾਲ ਆਸਾ ਮਨਸਾ ਪੂਰੀ ਕਰੇ ਗੁਰ ਅਵਤਾਰ ਪੈਗ਼ੰਬਰ ਜਿਸ ਨੂੰ ਰਹੇ ਲੋਚ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਜਿਸ ਦਾ ਧਿਆਨ ਲਗਾਈਆ । ਏਕਾ ਨਾਮ ਨਿਧਾਨ ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਬਹੁਤ, ਸਿਫ਼ਤੀ ਨਾਮ ਲੇਖਾ ਦਏ ਚੁਕਾਈਆ । ਇਕੋ ਡੰਕਾ ਵੱਜੇ ਚੌਦਾਂ ਲੋਕ ਚੌਦਾਂ ਤਬਕ ਪਰਲੋਕ, ਇਕੋ ਹੁਕਮ ਕਰੇ ਸ਼ਨਵਾਈਆ । ਜਨ ਭਗਤਾਂ ਸਾਚੇ ਸੰਤਾਂ ਚਿੰਤਾ ਗ਼ਮ ਰਹਿਣ ਨਾ ਦੇਵੇ ਕੋਈ ਨਾ ਰੋਗ, ਮਾਇਆ ਮਮਤਾ ਹਉਮੇਂ ਹੰਗਤਾ ਦੂਰ ਕਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਿਰਗੁਣ ਨਿਰਗੁਣ ਦੇ ਕੇ ਸਾਚਾ ਜੋਗ, ਸਰਗੁਣ ਸਾਚੀ ਸਿਖਿਆ ਦਏ ਸਮਝਾਈਆ । ਘਰ ਪਰਕਾਸ਼ ਕਾਇਆ ਮੰਦਰ ਅੰਦਰ ਕਰੇ ਨਿਰਗੁਣ ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਆਪਣੀ ਦਇਆ ਕਮਾਈਆ । ਨਾਮ ਰਸ ਨਿਝਰ ਝਿਰਨਾ ਅੰਮ੍ਰਿਤ ਦੇਵੇ ਧੁਰ ਦੀ ਚੋਗ, ਜਗਤ ਤ੍ਰਿਸ਼ਨਾ ਕੂੜੀ ਅਗਨੀ ਅੱਗ ਬੁਝਾਈਆ । ਏਥੇ ਓਥੇ ਦੋ ਜਹਾਨਾਂ ਹੋਣ ਨਾ ਦੇਵੇ ਕਦੀ ਵਿਜੋਗ, ਧੁਰ ਸੰਜੋਗੀ ਆਪਣਾ ਮੇਲ ਮਿਲਾਈਆ । ਸਤਿਜੁਗ ਤੇਰੇ ਅੰਦਰ ਲੇਖਾ ਰਹਿਣ ਨਾ ਦੇਵੇ ਕੂੜ ਕਾਮ ਕਰੋਧ, ਲੋਭ ਮੋਹ ਹੰਕਾਰ ਆਪਣੇ ਅੰਦਰ ਭਸਮ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਏਕੰਕਾਰਾ ਇਕੋ ਇਕ ਵਖਾਈਆ । ਸਤਿਜੁਗ ਸਾਚੇ ਬਖ਼ਸ਼ੇ ਏਕਾ ਓਟ ਅਕਾਲ, ਅਕਲ ਕਲਧਾਰੀ ਆਪਣੀ ਦਇਆ ਕਮਾਈਆ । ਸਚਖੰਡ ਦਵਾਰਾ ਵਖਾ ਇਕੋ ਸੱਚੀ ਧਰਮਸਾਲ, ਜਗਤ ਮੰਦਰਾਂ ਦਾ ਲੇਖਾ ਦਏ ਮੁਕਾਈਆ । ਨਿਰਗੁਣ ਦੀਪਕ ਜੋਤ ਅਗੰਮੀ ਦੀਵਾ ਦੇਵੇ ਬਾਲ, ਤੇਲ ਬਾਤੀ ਦੀ ਲੋੜ ਰਹੇ ਨਾ ਰਾਈਆ । ਜਿਥੇ ਬੈਠਣ ਸ਼ਾਹ ਕੰਗਾਲ, ਊਚ ਨੀਚ ਰਾਓ ਰਾਜ ਰਾਜਾਨ ਵੰਡ ਨਾ ਕੋਇ ਵੰਡਾਈਆ । ਜਗਤ ਵਿਚੋਲਾ ਲੱਭਣਾ ਨਾ ਪਏ ਕੋਈ ਦਲਾਲ, ਚਾਰ ਕੁੰਟ ਦਹਿ ਦਿਸ਼ਾ ਭੱਜਣਾ ਪਏ ਨਾ ਵਾਹੋ ਦਾਹੀਆ । ਨਾਮ ਅਨਮੋਲਾ ਮਿਲੇ ਧੁਰ ਦਾ ਲਾਲ, ਜਿਸ ਦੀ ਕ਼ੀਮਤ ਜੁਗ ਚੌਕੜੀ ਸਕੇ ਨਾ ਕੋਇ ਚੁਕਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਜਲਵਾ ਨੂਰ ਤੱਕਣ ਜਮਾਲ, ਸਚਖੰਡ ਦਵਾਰਾ ਮੁਕਾਮੇ ਹੱਕ ਨਜ਼ਰੀ ਆਈਆ । ਝਗੜਾ ਰਹੇ ਨਾ ਜ਼ਿਮੀਂ ਅਸਮਾਨ, ਨਾਦ ਧੁਨ ਸੁਣਨਾ ਨਾ ਪਏ ਕੋਈ ਪੈਗ਼ਾਮ, ਪੈਗ਼ੰਬਰਾਂ ਵਾਲੀ ਨਾ ਕੋਇ ਪੜ੍ਹਾਈਆ । ਗੁਰੂ ਗੁਰਦੇਵ ਦੇਵੇ ਨਾ ਕੋਈ ਦਾਨ, ਤੱਤਾਂ ਵਾਲੀ ਵਸਤ ਨਾ ਕੋਇ ਵਰਤਾਈਆ । ਇਕ ਅਕੱਲਾ ਖੇਲੇ ਖੇਲ ਸ੍ਰੀ ਭਗਵਾਨ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਠਾਂਡੇ ਦਰ ਸੋਭਾ ਪਾਈਆ । ਜਿਸ ਦੀ ਮਹਿੰਮਾ ਆਦਿ ਜੁਗਾਦਿ ਜੁਗ ਚੌਕੜੀ ਮਹਾਨ, ਕ਼ਲਮ ਸ਼ਾਹੀ ਲਿਖ ਨਾ ਸਕੇ ਰਾਈਆ । ਵਿਸ਼ਨ ਬ੍ਰਹਮਾ ਸ਼ਿਵ ਕੋਟਨ ਕੋਟ ਸੀਸ ਝੁਕਾਣ, ਸਿਰ ਸਕੇ ਨਾ ਕੋਇ ਉਠਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਲੱਖ ਚੁਰਾਸੀ ਕਲਜੁਗ ਵੇਖਣਹਾਰਾ

ਮਾਰ ਧਿਆਨ, ਬਿਨ ਅੱਖਾਂ ਅੱਖ ਉਠਾਈਆ । ਜਿਸ ਦਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭਵਿਖਤਾਂ ਵਿਚ ਕਰਦੇ ਗਏ ਬਿਆਨ, ਨਾਮ ਇਸ਼ਾਰਿਆਂ ਵਿਚ ਗੁਰ ਅਵਤਾਰ ਪੈਗ਼ੰਬਰ ਗਏ ਦ੍ਰਿੜਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਸ਼ਾਹ ਪਾਤਸ਼ਾਹ ਸੱਚਾ ਸੁਲਤਾਨ, ਧੁਰ ਸੰਦੇਸ਼ਾ ਨਰ ਨਰੇਸ਼ਾ ਏਕਾ ਏਕੰਕਾਰ ਇਕ ਅਕੱਲਾ ਆਪ ਸੁਣਾਈਆ । ਜਿਸ ਦੀ ਚਾਰ ਵਰਨ ਅਠਾਰਾਂ ਬਰਨ ਜੀਵ ਜੰਤ ਸਾਧ ਸੰਤ ਮੰਨਣ ਆਣ, ਹੁਕਮੇਂ ਅੰਦਰ ਬ੍ਰਹਿਮੰਡ ਖੰਡ ਪੁਰੀ ਲੋਅ ਰਿਹਾ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕੋ ਇਕ ਵਡਿਆਈਆ । ਸਚਖੰਡ ਸਾਚੀ ਓਟ ਪੁਰਖ ਸਮਰਥ, ਦੂਜਾ ਨਜ਼ਰ ਕਿਸੇ ਨਾ ਆਈਆ । ਸਤਿਜੁਗ ਸਾਚੇ ਦੇਵੇ ਤੇਰੀ ਦਾਤ ਤੈਨੂੰ ਵੱਥ, ਵਸਤ ਅਮੋਲਕ ਆਪ ਵਰਤਾਈਆ । ਧਰਨੀ ਧਰਤ ਧਵਲ ਧੌਲ ਉਪਰ ਦੇਵੇ ਰਖ, ਰੱਖਿਆ ਕਰੇ ਥਾਉਂ ਥਾਈਆ । ਜਿਸ ਦਾ ਚਾਰ ਜੁਗ ਗਾਉਂਦੇ ਗਏ ਜਸ, ਅੱਖਰ ਹੋ ਕੇ ਸੱਥਰ ਗਏ ਵਿਛਾਈਆ । ਸੋ ਦੇਵਣਹਾਰਾ ਸਭ ਦਾ ਹੱਕ, ਪਾਰਬ੍ਰਹਮ ਪਤਿਪਰਮੇਸ਼ਵਰ ਵੇਖਣਹਾਰਾ ਚਾਈਂ ਚਾਈਂਆ । ਸੁਤ ਦੁਲਾਰਾ ਧਰਮ ਵਣਜਾਰਾ ਖੋਲ੍ਹੇ ਆਪਣਾ ਹੱਟ, ਨਾਮ ਨਿਧਾਨ ਸ੍ਰੀ ਭਗਵਾਨ ਵਿਚ ਟਿਕਾਈਆ । ਜਗਤ ਵਾਸਨਾ ਕੂੜੀ ਕਿਰਿਆ ਲੋਕਮਾਤ ਵਿਚੋਂ ਦੇਵੇ ਕੱਢ, ਕਲਜੁਗ ਅੰਤ ਜੀਵ ਜੰਤ ਵਿਚ ਰਹਿਣ ਕੋਇ ਨਾ ਪਾਈਆ । ਭਗਤ ਭਗਵਾਨ ਚਾਰ ਵਰਨ ਬਣਾਏ ਆਪਣੀ ਯਦ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੱਖਰਾ ਰਹਿਣ ਕੋਇ ਨਾ ਪਾਈਆ । ਨਾਮ ਨਿਧਾਨ ਸ੍ਰੀ ਭਗਵਾਨ ਸੁਣਾਏ ਧੁਰ ਦਾ ਛਦ, ਛੰਦ ਅੱਖਰਾਂ ਵਿਚ ਲਿਖਾਈਆ । ਨਵ ਨੌ ਚਾਰ ਪਾਰ ਕਰਾ ਕੇ ਹੱਦ, ਹਦੂਦ ਮਹਿਦੂਦ ਅਰਸ਼ ਆਪਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਸਤਿਜੁਗ ਸਾਚੀ ਓਟ ਏਕਾ ਏਕੰਕਾਰ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦਾ ਦਵਾਰਾ ਸਚਖੰਡ ਅਪਰ ਅਪਾਰ, ਨਿਰਗੁਣ ਨੂਰ ਹੋਵੇ ਰੁਸ਼ਨਾਈਆ । ਥਿਰ ਘਰ ਵੇਖੇ ਵੇਖਣਹਾਰ, ਆਪ ਆਪਣੀ ਅੱਖ ਖੁਲ੍ਹਾਈਆ । ਸੇਵਾ ਲਾ ਗੁਰ ਅਵਤਾਰ, ਪੈਗ਼ੰਬਰ ਜੁਗੋ ਜੁਗ ਜੁਗਤੀ ਇਕ ਸਮਝਾਈਆ । ਭਗਤ ਵਛਲ ਬਣ ਗਿਰਧਾਰ, ਗ੍ਰਹਿ ਆਪਣਾ ਵੇਖ ਵਖਾਈਆ । ਜਿਥੇ ਸਦਾ ਸਦਾ ਸਦ ਏਕਾ ਧਾਰ, ਬਿਨ ਗੋਪੀ ਕਾਹਨ ਸਾਚੀ ਰਾਸ ਰਿਹਾ ਰਚਾਈਆ । ਬਿਨ ਦੀਵਾ ਬਾਤੀ ਕਮਲਾਪਾਤੀ ਕਰ ਉਜਿਆਰ, ਗਹਿਰ ਗੰਭੀਰ ਆਪਣਾ ਨੂਰ ਕਰੇ ਰੁਸ਼ਨਾਈਆ । ਸੋ ਸਾਹਿਬ ਸੁਹੇਲਾ ਇਕ ਇਕੇਲਾ ਲੋਕਮਾਤ ਨਿਤ ਨਵਿਤ ਆਵੇ ਵਾਰੋ ਵਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਕੁਦਰਤ ਦਾ ਕ਼ਾਦਰ ਕਰਨੀ ਦਾ ਕਰਤਾ ਸਰਬ ਆਲਮ ਕਰੇ ਪਿਆਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਮੇਲ ਮਿਲਾਈਆ । ਸਤਿਜੁਗ ਸਾਚਾ ਮਾਰਗ ਸਤਿ ਸਤਿਵਾਦੀ ਦੱਸੇ ਵਿਚ ਸੰਸਾਰ, ਅਕਲ ਕਲਧਾਰੀ ਆਪਣੀ ਕਲ ਪਰਗਟਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲੱਖ ਚੁਰਾਸੀ ਵਿਚੋਂ ਲਏ ਉਬਾਰ, ਭਗਤ ਭਗਵਾਨ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮੰਦਰ ਇਕੋ ਦਏ ਸੁਹਾਈਆ । ਸਤਿਜੁਗ ਸਾਚੀ ਓਟ ਸਤਿ ਸਵਾਮੀ ਆਦਿ ਨਿਰੰਜਣ, ਆਦਿ ਜੁਗਾਦੀ ਇਕੋ ਨਜ਼ਰੀ ਆਈਆ । ਦੀਨਾਂ ਨਾਥ ਸਦਾ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਨਾਮ ਨਿਧਾਨ ਨੇਤਰ ਦੇਵੇ ਅੰਜਣ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਆਤਮ ਪਰਮਾਤਮ ਬਣਾ ਕੇ ਸਾਚਾ

ਸੱਜਣ, ਮਨ ਵਾਸਨਾ ਪਰੇ ਦਏ ਕਰਾਈਆ । ਕੂੜੀ ਕਿਰਿਆ ਜਗਤ ਤ੍ਰਿਸ਼ਨਾ ਮੇਟੇ ਅਗਨ, ਅੰਮ੍ਰਿਤ ਮੇਘ ਇਕ ਵਰਸਾਈਆ । ਸਚ ਦਵਾਰਾ ਆਵੇ ਲੰਘਣ, ਘਰ ਵਿਚ ਘਰ ਚੜ੍ਹ ਕੇ ਸੋਭਾ ਪਾਈਆ । ਸਚ ਪ੍ਰੀਤੀ ਆਵੇ ਮੰਗਣ, ਜਨ ਭਗਤਾਂ ਅੰਤਰ ਆਪ ਉਪਜਾਈਆ । ਕਾਇਆ ਚੋਲੀ ਚਾੜ੍ਹੇ ਅਗੰਮੀ ਰੰਗਣ, ਏਥੇ ਓਥੇ ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਨਿਜ ਆਤਮ ਪਰਮਾਤਮ ਗ੍ਰਿਹਿ ਨਿਜਾਨੰਦ ਦੇਵੇ ਸੱਚਾ ਇਕ ਅਨੰਦਨ, ਰਸ ਆਪਣਾ ਆਪ ਪਰਗਟਾਈਆ । ਸਚ ਦਵਾਰੇ ਧੁਰ ਦੀ ਡੰਡਾਵਤ ਦੱਸੇ ਅਗੰਮੀ ਬੰਦਨ, ਜਿਸ ਬੰਦਗੀ ਵਿਚੋਂ ਬੰਦਾ ਬੰਦੀਖ਼ਾਨਾ ਜਾਏ ਤੁੜਾਈਆ । ਕਿਸੇ ਦਾ ਬਣਨਾ ਨਾ ਪਏ ਮਸੰਦਨ, ਮੁਸ਼ੰਦਗੀ ਵਿਚ ਸੀਸ ਨਾ ਕਿਸੇ ਝੁਕਾਈਆ । ਸੁਰਤੀ ਸ਼ਬਦੀ ਡੋਰੀ ਬੱਝੇ ਤੰਦਨ, ਏਥੇ ਓਥੇ ਜਗਤ ਜਹਾਨ ਤੋੜ ਸਕੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰਾ ਸਰਬੰਗਣ, ਸਮਰਥ ਸਵਾਮੀ ਆਪਣਾ ਹੁਕਮ ਵਰਤਾਈਆ । ਸਾਚੀ ਓਟ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਦੇਵਣਹਾਰ ਵਡਿਆਈਆ । ਜਨ ਭਗਤਾਂ ਮਾਨਸ ਜਨਮ ਕਰੇ ਰਹਿਰਾਸੀ, ਰਸਤਾ ਮਾਰਗ ਆਪਣਾ ਇਕ ਵਖਾਈਆ । ਮਨ ਚਿੰਦਿਆ ਕੂੜੀ ਲਾਹੇ ਉਦਾਸੀ, ਸੰਸਾ ਰੋਗ ਦਏ ਗਵਾਈਆ । ਜੀਵਣ ਵਿਚੋਂ ਬਦਲ ਦੇਵੇ ਹਯਾਤੀ, ਜ਼ਿੰਦਗੀ ਆਪਣੇ ਨਾਮ ਰੰਗ ਰੰਗਾਈਆ । ਧੁਰ ਸੰਦੇਸ਼ਾ ਦੇ ਕੇ ਸਚ ਸੁਣਾਵੇ ਸਾਖੀ, ਸਾਖਿਆਤ ਹੋ ਕੇ ਪੜਦਾ ਦਏ ਉਠਾਈਆ । ਭਾਗ ਲਗਾ ਕੇ ਮਾਟੀ ਖ਼ਾਕੀ, ਖ਼ਾਕ ਵਿਚ ਰੁਲਦੇ ਸਚਖੰਡ ਦਵਾਰੇ ਦਏ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋ ਕੇ ਦਾਸ ਦਾਸੀ, ਸੇਵਕ ਹੋ ਕੇ ਸੇਵਾ ਸਚ ਕਮਾਈਆ । ਸਤਿਜੁਗ ਸਾਚੀ ਓਟ ਪਾਰਬ੍ਰਹਮ, ਬ੍ਰਹਮ ਦੇਵੇ ਮਾਣ ਵਡਿਆਈਆ । ਜਿਸ ਦਾ ਆਦਿ ਜੁਗਾਦਿ ਸਦਾ ਇਕੋ ਧਰਮ, ਰੀਤੀ ਨੀਤੀ ਸਮਝ ਕੋਇ ਨਾ ਪਾਈਆ । ਭਗਤ ਉਧਾਰਨਾ ਜਿਸ ਦਾ ਕਰਮ, ਨਿਹਕਰਮੀ ਹੋ ਕੇ ਆਪਣਾ ਕਰਮ ਕਮਾਈਆ । ਸਾਚੇ ਸੰਤਾਂ ਬਖ਼ਸ਼ੇ ਸਰਨ, ਸਰਨਾਗਤ ਇਕੋ ਇਕ ਦ੍ਰਿੜਾਈਆ । ਗੁਰਮੁਖਾਂ ਖੋਲ੍ਹ ਕੇ ਹਰਨ ਫਰਨ, ਨਿਜ ਨੇਤਰ ਦਏ ਮਿਲਾਈਆ । ਗੁਰਸਿਖਾਂ ਲੱਖ ਚੁਰਾਸੀ ਲੇਖਾ ਚੁਕਾਕੇ ਜਨਮ ਮਰਨ, ਜਮ ਕੀ ਫਾਸੀ ਦਏ ਤੁੜਾਈਆ । ਕੋਟਨ ਕੋਟਾਂ ਵਿਚੋਂ ਆਵੇ ਫੜਨ, ਪੜਦਿਆਂ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਸਹਾਰਾ ਇਕੋ ਚਰਨ, ਅੰਮ੍ਰਿਤ ਜਾਮ ਮੁਖ ਚੁਆਈਆ । ਸਤਿਜੁਗ ਸਾਚੀ ਓਟ ਇਕੋ ਇਕ ਸ੍ਰੀ ਭਗਵਾਨ, ਬਖ਼ਸ਼ਣਹਾਰ ਸ਼ਰਨਾਈਆ । ਜਿਥੇ ਝੁੱਲੇ ਧਰਮ ਨਿਸ਼ਾਨ, ਨਿਸ਼ਾਨਾ ਕੂੜ ਨਾ ਕੋਇ ਵਖਾਈਆ । ਬਿਨਾ ਅੱਖਰਾਂ ਤੋਂ ਹੋਵੇ ਗਿਆਨ, ਬਿਨਾ ਵਿਦਿਆ ਤੋਂ ਕਰੇ ਪੜ੍ਹਾਈਆ । ਬਿਨਾ ਮੰਜ਼ਲ ਚੜ੍ਹਨ ਤੋਂ ਮਿਲੇ ਮੁਕਾਮ, ਮੁਕਾਮੇ ਹੱਕ ਡੇਰਾ ਦਏ ਲਗਾਈਆ । ਜਨ ਭਗਤਾਂ ਦੇ ਚਰਨਾਂ ਹੇਠ ਦਬਾ ਕੇ ਜ਼ਿਮੀਂ ਅਸਮਾਨ, ਸੂਰਜ ਚੰਦ ਦਾ ਲੇਖਾ ਦਏ ਚੁਕਾਈਆ । ਜਗਤ ਵਾਸਨਾ ਨਾ ਰਹੇ ਧਿਆਨ, ਗੁਣ ਨਿਧਾਨ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਓਟ ਇਕ ਜਣਾਈਆ । ਸਤਿਜੁਗ ਸਾਚੀ ਓਟ ਏਕਾ ਏਕ ਦੱਸੇ ਅੰਤਰਜਾਮੀ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਖੋਜ ਖੁਜਾਈਆ । ਨਿਰਗੁਣ ਸਰਗੁਣ ਬਣ ਕੇ ਭਗਤ ਵਛਲ ਸਵਾਮੀ, ਦਇਆਨਿਧ ਦੀਨਾਂ ਅਨਾਥਾਂ ਦਇਆ ਆਪ ਕਮਾਈਆ । ਨਾਮ ਸਿਫ਼ਤ ਸੋਹਲਾ ਢੋਲਾ ਗਾ ਅਗੰਮੀ ਬਾਣੀ, ਬਾਣ ਨਿਰਾਲਾ ਅਣਿਆਲਾ ਤੀਰ ਦਏ ਚਲਾਈਆ । ਸੁਰਤੀ ਸ਼ਬਦੀ ਮੇਲਾ ਹੋਵੇ ਘਰ ਸੱਜਣ ਸਾਚੇ ਹਾਣੀ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਨਿਝਰ ਝਿਰਨਾ

ਅੰਮ੍ਰਿਤ ਰਸ ਦੇਵੇ ਠੰਡਾ ਪਾਣੀ, ਬੂੰਦ ਸਵਾਂਤੀ ਆਪ ਟਪਕਾਈਆ । ਝਗੜਾ ਮੁਕਾ ਕੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਲੇਖਾ ਦਏ ਮੁਕਾਈਆ । ਦੇ ਕੇ ਇਕੋ ਪਦ ਨਿਰਬਾਨੀ, ਲੱਖ ਚੁਰਾਸੀ ਵਿਚੋਂ ਨਾਤਾ ਦਏ ਤੁੜਾਈਆ । ਕਿਰਪਾ ਕਰ ਸ਼ਾਹ ਪਾਤਸ਼ਾਹ ਸੱਚਾ ਸੁਲਤਾਨੀ, ਸਚ ਦਵਾਰੇ ਦੇਵੇ ਮਾਣ ਵਡਿਆਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਦੇ ਕੇ ਸੱਚਾ ਨਾਮ ਇਕੋ ਧਰਮ ਨਿਸ਼ਾਨੀ, ਓਟ ਆਪਣੀ ਆਪ ਸਮਝਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕਰੇ ਮਿਹਰਵਾਨੀ, ਮਿਹਰ ਨਜ਼ਰ ਬੇਨਜ਼ੀਰ ਆਪ ਉਠਾਈਆ । ਜਨ ਭਗਤਾਂ ਮੰਜ਼ਲ ਦੱਸ ਕੇ ਇਕ ਆਸਾਨੀ, ਅਸਲ ਵਸਲ ਯਾਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਜੁਗ ਦੀ ਕਰਨ ਆਇਆ ਨਜ਼ਰੇ ਸਾਨੀ, ਲੇਖਾ ਸਭ ਦਾ ਵੇਖ ਵਖਾਈਆ ।

## ✪ ੨੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਰਨਾਮ ਸਿੰਘ ਦੇ ਗ੍ਰਿਹ ਪਿੰਡ ਗੁਮਾਨ ਪੁਰਾ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚੇ ਸਾਚੀ ਓਟ ਸਤਿ ਪੁਰਖ, ਸਹਾਰਾ ਇਕੋ ਇਕ ਜਣਾਈਆ । ਚਿੰਤਾ ਰਹੇ ਨਾ ਸੋਗ ਹਰਖ, ਹਵਸ ਕੂੜੀ ਦਏ ਮਿਟਾਈਆ । ਭਗਤ ਸੁਹੇਲੇ ਗੁਰਮੁਖ ਲਏ ਪਰਖ, ਲੱਖ ਚੁਰਾਸੀ ਜੀਵ ਜੰਤ ਖੋਜ ਖੁਜਾਈਆ । ਸਾਚੇ ਸੰਤਾਂ ਜਨਮ ਜਨਮ ਦੀ ਮੇਟੇ ਤੜਪ, ਵਿਜੋਗ ਵਿਛੋੜਾ ਦਏ ਕਟਾਈਆ । ਧੁਰ ਸੰਜੋਗੀ ਦੇ ਕੇ ਦਰਸ, ਆਤਮ ਪਰਮਾਤਮ ਮੇਲਾ ਮੇਲ ਮਿਲਾਈਆ । ਮਿਹਰਵਾਨ ਹੋ ਕੇ ਕਰੇ ਤਰਸ, ਦੀਨਾਂ ਅਨਾਥਾਂ
ੴ੫੩ ਗਲੇ ਲਗਾਈਆ । ਆਪਣਾ ਖੇਲ ਕਰੇ ਅਸਚਰਜ, ਲੀਲਾ ਮਾਤ ਵਰਤਾਈਆ । ਜਨ ਭਗਤਾਂ ਧੁਰ ਦਰਗਾਹ ਨਾਮ ਕਰ ਕੇ ਦਰਜ, ਦਰਦ ੧੦੫੩
ਪਿਛਲਾ ਦਏ ਮਿਟਾਈਆ । ਸ਼ਰਅ ਛੁਰੀ ਕੋਹੇ ਨਾ ਕਰਦ, ਕ਼ਤਲਗਾਹ ਨਾ ਕੋਇ ਵਖਾਈਆ । ਬੇਨੰਤੀ ਪੂਰ ਕਰੇ ਅਰਜ਼, ਆਸਾ ਮਨਸਾ ਵੇਖ ਵਖਾਈਆ । ਪੰਜਾਂ ਹੋਵਣ ਨਾ ਦੇਵੇ ਹਰਜ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸ਼ਰਨਾਈਆ । ਸਤਿਜੁਗ ਸਾਚੇ ਸਾਚੀ ਓਟ ਪੁਰਖ ਅਗੰਮ, ਦੇਵਣਹਾਰ ਸੱਚੀ ਵਡਿਆਈਆ । ਕੂੜੀ ਤ੍ਰਿਸ਼ਨਾ ਮੇਟੇ ਤਮ, ਤਾਮਸ ਰਾਜਸ ਨਾ ਕੋਇ ਚਤੁਰਾਈਆ । ਹਰਖ ਸੋਗ ਰਹੇ ਨਾ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਲੇਖੇ ਲਾਵੇ ਪਵਣ ਸਵਾਸ ਦਮ, ਦਾਮਨ ਹੋ ਕੇ ਆਪ ਆਪਣੀ ਗੰਢ ਬੰਧਾਈਆ । ਭੇਵ ਖੁਲ੍ਹਾ ਕੇ ਆਤਮ ਬ੍ਰਹਮ, ਪਾਰਬ੍ਰਹਮ ਦਏ ਸਮਝਾਈਆ । ਸਫ਼ਲ ਕਰਾ ਕੇ ਮਾਨਸ ਜਨਮ, ਜਨ ਸਾਚੇ ਲਏ ਬਣਾਈਆ । ਕੂੜੀ ਕਿਰਿਆ ਮੇਟ ਕੇ ਭਰਮ, ਭਾਂਡਾ ਭਰਮ ਭੰਨਾਈਆ । ਦੇ ਕੇ ਵਡਿਆਈ ਖ਼ਾਕੀ ਚਰਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਖ਼ਸ਼ ਕੇ ਸਾਚੀ ਸਰਨ ਸਮੇਂ ਦਾ ਸਮਾਜ ਦਏ ਬਦਲਾਈਆ ।

### ✪ ੨੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਸਵਰਨ ਸਿੰਘ ਦੇ ਗ੍ਰਿਹ ਪਿੰਡ ਗੁਮਾਨ ਪੁਰਾ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚੀ ਓਟ ਪਰਮ ਪੁਰਖ ਹੱਕ ਸੁਲਤਾਨ, ਹਕੀਕਤ ਸਾਚੀ ਦਏ ਸਮਝਾਈਆ । ਜਿਸ ਨੂੰ ਸਜਦੇ ਕਰਦੇ ਜ਼ਿਮੀਂ ਅਸਮਾਨ, ਸ਼ਰਕਣ ਗਰਬਣ ਸੀਸ ਨਿਵਾਈਆ । ਕਲਮੇ ਪੜ੍ਹਦੇ ਦੋ ਜਹਾਨ, ਸਾਚਾ ਨਾਮ ਧਿਆਈਆ । ਸਜਦਿਆਂ ਵਿਚ ਸੀਸ ਝੁਕਾਣ, ਸਿਰ ਸਕੇ ਨਾ ਕੋਇ ਉਠਾਈਆ । ਪੈਗ਼ੰਬਰ ਮੰਨਣ ਇਮਾਮ, ਕਾਮਲ ਮੁਰਸ਼ਦ ਬੇਪਰਵਾਹੀਆ । ਜਿਸ ਦਾ ਲੇਖਾ ਬਨੀ ਨੌ ਇਨਸਾਨ, ਮਿਹਰਵਾਨ ਦਇਆ ਕਮਾਈਆ । ਸੋ ਕਲਜੁਗ ਅੰਤਮ ਕੂੜੀ ਕਿਰਿਆ ਵੇਖੇ ਅਨਵਾਨ, ਅਵਾਮ ਪੜਦਾ ਫੋਲ ਫੁਲਾਈਆ । ਜੋਧਾ ਸੂਰਬੀਰ ਬਣ ਕੇ ਮਰਦ ਮਰਦਾਨ, ਹੁਕਮ ਆਪਣਾ ਇਕ ਵਰਤਾਈਆ । ਸਚ ਸੰਦੇਸ਼ਾ ਦੇ ਫ਼ਰਮਾਨ, ਫਰਮਾਂਬਰਦਾਰ ਗੁਰਮੁਖ ਲਏ ਉਠਾਈਆ । ਚਰਨ ਪ੍ਰੀਤੀ ਬਖ਼ਸ਼ ਕੇ ਇਕ ਧਿਆਨ, ਸਾਚਾ ਇਸ਼ਟ ਦਏ ਵਖਾਈਆ । ਸੋਹੰ ਸਤਿ ਸਰੂਪੀ ਦੇ ਕੇ ਸ਼ਬਦ ਗਿਆਨ, ਬੀਆਬਾਨ ਵਿਚੋਂ ਬਾਹਰ ਕਢਾਈਆ । ਸਚਖੰਡ ਦਵਾਰੇ ਦੱਸ ਕੇ ਧੁਰ ਆਰਾਮ, ਧਾਮ ਇਕੋ ਇਕ ਵਖਾਈਆ । ਸਾਚੇ ਸੰਤਾਂ ਉਪਰ ਹੋਵੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖਾਂ ਹੋਣ ਨਾ ਦੇਵੇ ਕਦੇ ਨੁਕਸਾਨ, ਜੁਗ ਜੁਗ ਹੋਏ ਸਹਾਈਆ । ਗੁਰਸਿਖਾਂ ਭਾਗ ਲਗਾ ਕੇ ਕਾਇਆ ਖੇੜਾ ਨਗਰ ਗਰਾਮ, ਗ੍ਰਿਹ ਅੰਦਰੋਂ ਫੋਲ ਫੁਲਾਈਆ । ਸਚ ਪ੍ਰੇਮ ਦਾ ਖਾ ਕੇ ਤੁਆਮ, ਤਮਅ ਤਾਮਸ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਵਿਚ ਰਹਿਣ ਨਾ ਦੇਵੇ ਕਿਸੇ ਗ਼ੁਲਾਮ, ਜੋ ਜਨ ਸਾਚੀ ਇਕੋ ਓਟ ਤਕਾਈਆ ।

### ✪ ੨੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਨਾਜ਼ਰ ਸਿੰਘ ਦੇ ਗ੍ਰਿਹ ਪਿੰਡ ਗੁਮਾਨ ਪੁਰਾ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚੇ ਸਾਚੀ ਓਟ ਸ੍ਰੀ ਭਗਵੰਤ, ਜਨ ਭਗਤਾਂ ਸਦ ਦੇਵਣਹਾਰ ਵਡਿਆਈਆ । ਲੱਖ ਚੁਰਾਸੀ ਆਤਮ ਪਰਮਾਤਮ ਹੋਵੇ ਧੁਰ ਦਾ ਕੰਤ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ, ਸਾਧ ਸੰਤ ਚਾਰ ਕੁੰਟ ਦਹਿ ਦਿਸ਼ਾ ਖੋਜ ਖੁਜਾਈਆ । ਨਾਮ ਨਿਧਾਨ ਸ਼ਬਦ ਅਗੰਮੀ ਦੇਵੇ ਮੰਤ, ਕਲਮਾ ਕਾਇਨਾਤ ਇਕ ਦ੍ਰਿੜਾਈਆ । ਬੋਧ ਅਗਾਧਾ ਦੋ ਜਹਾਨ ਸ੍ਰੀ ਭਗਵਾਨ ਬਣ ਕੇ ਧੁਰ ਦਾ ਪੰਡਤ, ਸਾਚੀ ਵਿਦਿਆ ਗੁਣ ਨਿਧਾਨ ਇਕ ਸਮਝਾਈਆ । ਭੇਵ ਖੁਲ੍ਹਾਏ ਪੜਦਾ ਲਾਹੇ ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਇਕੋ ਇਕ ਜਣਾਈਆ । ਗੁਰਮੁਖ ਗੁਰਸਿਖ ਪਕੜ ਉਠਾਏ ਸਾਚੇ ਸੰਤ, ਸੱਜਣ ਹੋ ਕੇ ਨਿਜ ਨੇਤਰ ਅੰਜਣ ਇਕੋ ਪਾਈਆ । ਨਾਮ ਬਾਣੀ ਆਪਣੀ ਮਹਿੰਮਾ ਦੱਸੇ ਅਗਣਤ, ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਅੰਤ ਕੋਇ ਨਾ ਪਾਈਆ । ਸਚ ਦਵਾਰੇ ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਕਰਦੇ ਮਿੰਨਤ, ਠਾਂਡੇ ਦਰਬਾਰ ਬੈਠੇ ਸੀਸ ਝੁਕਾਈਆ । ਚਾਰ ਕੁੰਟ ਦਹਿ ਦਿਸ਼ਾ ਨਜ਼ਰ ਆਵੇ ਨਾ ਕੋਇ ਨਿੰਦਕ, ਦੁਸ਼ਟ ਦੁਰਾਚਾਰ ਵਿਭਚਾਰ ਨਾ ਕੋਇ ਲੜਾਈਆ । ਪੁਰਖ ਅਕਾਲ ਦੀਨ ਦਿਆਲ ਸਾਚੀ ਦੱਸੇ ਇਕੋ ਸਿੰਮਤ, ਭਗਤ ਭਗਵਾਨ ਮਿਲ ਕੇ ਵੱਜੇ ਵਧਾਈਆ । ਹਰਖ ਸੋਗ ਗ਼ਮ ਰਹੇ ਨਾ ਚਿੰਤ, ਮਮਤਾ ਮੋਹ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਵੇ ਧੁਰ ਦਾ ਵਰ, ਵਾਰਸ ਹੋ ਕੇ ਵੇਖ

ਵਖਾਈਆ । ਸਤਿਜੁਗ ਸਾਚੇ ਸਾਚੀ ਓਟ ਸਾਹਿਬ ਸਵਾਮੀ ਸਤਿ ਸਤਿਵਾਦ, ਸਾਜਣ ਰਾਜਣ ਇਕੋ ਨਜ਼ਰੀ ਆਈਆ । ਜੋ ਲੇਖਾ ਜਾਣੇ ਆਦਿ ਜੁਗਾਦਿ, ਜੁਗ ਚੌਕੜੀ ਹੁਕਮੇਂ ਵਿਚ ਭਵਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਦੇਵੇ ਦਾਦ, ਵਸਤ ਅਮੋਲਕ ਆਪਣੀ ਆਪ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਧਾਰੋਂ ਕਾਢ, ਸਰਗੁਣ ਪੰਜ ਤਤ ਕਰੇ ਪੜ੍ਹਾਈਆ । ਸ਼ਬਦ ਅਗੰਮੀ ਆਪਣਾ ਵਜਾ ਕੇ ਨਾਦ, ਧੁਰ ਸੰਦੇਸ਼ਾ ਨਰ ਨਰੇਸ਼ਾ ਇਕੋ ਦਏ ਸਮਝਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਦੱਸ ਕੇ ਅਗੰਮੀ ਸਵਾਦ, ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਆਲਸ ਨਿੰਦਰਾ ਵਿਚੋਂ ਲਾਹ ਕੇ ਜਾਗ, ਜਗਜੀਵਣ ਦਾਤਾ ਜਾਗਰਤ ਜੋਤ ਕਰੇ ਰੁਸ਼ਨਾਈਆ । ਪੜਦਾ ਲਾਹ ਕੇ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਆਪਣਾ ਰੂਪ ਸਵੱਛ ਸਰੂਪ ਦਏ ਦਰਸਾਈਆ । ਧੁਨ ਆਤਮਕ ਉਪਜੇ ਧੁਰ ਦਾ ਰਾਗ, ਜਗਤ ਰਾਗਾਂ ਦੀ ਲੋੜ ਰਹੇ ਨਾ ਰਾਈਆ । ਸੁਰਤੀ ਸ਼ਬਦ ਹੋਵੇ ਵਿਸਮਾਦ, ਬਿਸਮਿਲ ਹੋ ਕੇ ਆਪਣਾ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਬਦਲ ਕੇ ਸਚ ਸਮਾਜ, ਚਾਰ ਵਰਨ ਅਠਾਰਾਂ ਬਰਨ, ਦੀਨ ਦੁਨੀ ਇਕੋ ਰੰਗ ਰੰਗਾਈਆ । ਸਤਿਜੁਗ ਸਾਚੇ ਤੇਰੀ ਓਟ ਅਗੰਮ ਅਥਾਹ, ਰਹਿਬਰ ਇਕੋ ਨਜ਼ਰੀ ਆਈਆ । ਜਿਸ ਨੂੰ ਕਹਿੰਦੇ ਜਲਵਾਗਰ ਖ਼ੁਦਾ, ਬੇਨਜ਼ੀਰ ਨੂਰ ਰੁਸ਼ਨਾਈਆ । ਮੁਕਾਮੇ ਹੱਕ ਡੇਰਾ ਰਿਹਾ ਲਾ, ਲਾਸ਼ਰੀਕ ਵਾਹਿਦ ਬੇਪਰਵਾਹੀਆ । ਸੋ ਖੇਲ ਕਰੇ ਦੋ ਜਹਾਂ, ਜਹਾਲਤ ਕਲਜੁਗ ਅੰਤਮ ਵੇਖ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖੇ ਥਾਉਂ ਥਾਂ, ਜ਼ਿਮੀਂ ਅਸਮਾਨਾਂ ਫੋਲ ਫੁਲਾਈਆ । ਸਾਢੇ ਤਿੰਨ ਹੱਥ ਮਾਨਵ ਖੇੜਾ ਵੇਖੇ ਗਰਾਂ, ਕਾਇਆ ਮਾਟੀ ਪੜਦਾ ਉਹਲਾ ਰਹੇ ਨਾ ਰਾਈਆ । ਮਨ ਵਾਸਨਾ ਜਗਤ ਜੀਵ
੧੦੫੫ ੧੯ ਹੋਏ ਕਲਜੁਗ ਕਾਂ, ਕਾਗ ਹੰਸ ਰੂਪ ਨਾ ਕੋਇ ਬਦਲਾਈਆ । ਸਚ ਸੁਹੇਲਾ ਬਣ ਕੇ ਸਿਰ ਦੇਵੇ ਨਾ ਕੋਈ ਠੰਡੀ ਛਾਂ, ਗੁਰ ਅਵਤਾਰ ਪੈਗ਼ੰਬਰ ੧੦੫੫ ੧੯
ਪੱਲ੍ਹੂ ਸਾਰੇ ਗਏ ਛੁਡਾਈਆ । ਝਗੜਾ ਪਾ ਕੇ ਸੂਰ ਗਾਂ, ਦੀਨ ਮਜ਼੍ਹਬ ਦੀ ਕਰਨ ਲੜਾਈਆ । ਪਰਮ ਪੁਰਖ ਪਰਮਾਤਮ ਆਤਮ ਤੈਨੂੰ ਮਿਲਣ ਦਾ ਰਖੇ ਕੋਇ ਨਾ ਚਾਅ, ਚਾਰੋਂ ਕੁੰਟ ਅੰਧੇਰਾ ਛਾਈਆ । ਕਿਰਪਾ ਨਿਧਾਨ ਠਾਕਰ ਸਵਾਮੀ ਸਚਖੰਡ ਨਿਵਾਸੀ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣੀ ਦਇਆ ਕਮਾਈਆ । ਜਨ ਭਗਤਾਂ ਨਾਮ ਸੰਦੇਸ਼ਾ ਨਰ ਨਰੇਸ਼ਾ ਦਏ ਸੁਣਾ, ਅਨਬੋਲਤ ਆਪਣਾ ਰਾਗ ਅਲਾਈਆ । ਧੁਰ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਬਣ ਪਿਤਾ ਮਾਂ, ਗੋਦ ਸੁਹੰਜਣੀ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾ, ਤਾਰਨਹਾਰ ਸਵਾਮੀ ਤੇਰੀ ਓਟ ਤਕਾਈਆ । ਸਤਿਜੁਗ ਸਾਚੇ ਸਾਚੀ ਓਟ ਸਾਹਿਬ ਸਤਿਗੁਰ ਦੀਨ ਦਿਆਲ, ਦਇਆਨਿਧ ਇਕ ਅਖਵਾਈਆ । ਸਚਖੰਡ ਵਖਾਏ ਸੱਚੀ ਧਰਮਸਾਲ, ਬੰਕ ਦਵਾਰਾ ਏਕੰਕਾਰਾ ਇਕੋ ਸੋਭਾ ਪਾਈਆ । ਜਿਥੇ ਦੀਪਕ ਜੋਤ ਜਗੇ ਮਿਸਾਲ, ਜਿਸ ਦੀ ਮਿਸਲ ਜਗਤ ਨਾ ਕੋਇ ਸਮਝਾਈਆ । ਜਨ ਭਗਤ ਸੁਹੇਲੇ ਆਪਣੇ ਵੇਖੇ ਲਾਲ, ਲਾਲ ਗੁਲਾਲਾ ਇਕੋ ਰੰਗ ਚੜ੍ਹਾਈਆ । ਓਥੇ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਲੇਖ ਨਾ ਸਕੇ ਵਖਾਲ, ਲਾੜੀ ਮੌਤ ਨਾ ਕੋਇ ਪਰਨਾਈਆ । ਜਨ ਭਗਤਾਂ ਲੇਖੇ ਲਾਏ ਜਨਮ ਜਨਮ ਦੀ ਕੀਤੀ ਘਾਲ, ਧਰਮ ਮੁਸ਼ੱਕਤ ਝੋਲੀ ਪਾਈਆ । ਜ਼ਿੰਦਗੀ ਦਾ ਬੰਦਗੀ ਦਾ ਅਗੇ ਰਹੇ ਨਾ ਕੋਇ ਸਵਾਲ, ਅਨੰਦ ਆਪਣੇ ਵਿਚ ਮਿਲਾਈਆ । ਦੀਨਾਂ ਬੰਧਪ ਹੋ ਕਿਰਪਾਲ, ਕਿਰਪਣ ਆਪਣੀ ਗੋਦ ਉਠਾਈਆ । ਤ੍ਰੈਗੁਣ ਮਾਇਆ ਮੇਟ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਵੇਖਣਹਾਰਾ

ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਫੇਰਾ ਪਾਈਆ । ਜਨ ਭਗਤਾਂ ਆਤਮ ਪਰਮਾਤਮ ਹੋ ਕੇ ਵਸੇ ਸਦਾ ਨਾਲ, ਨਾਲਿਸ਼ ਮਨ ਦੀ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੀ ਓਟ ਦੱਸੇ ਇਕੋ ਪੁਰਖ ਅਕਾਲ, ਅਕਲ ਕਲਧਾਰੀ ਜੋ ਆਦਿ ਜੁਗਾਦਿ ਜੁਗ ਚੌਕੜੀ ਰਿਹਾ ਦ੍ਰਿੜਾਈਆ ।

✪ ੨੫ ਸਾਵਣ ਸ਼ਹਿਨਸ਼ਾਹੀ ਸੰਮਤ ੨ ਨਰੈਣ ਸਿੰਘ ਦੇ ਗ੍ਰਿਹਿ ਪਿੰਡ ਗੁਮਾਨ ਪੁਰਾ ਜ਼ਿਲਾ ਅੰਮ੍ਰਿਤਸਰ ✪

ਧਰਮ ਰਿਸ਼ੀਓ ਤੁਹਾਡੀ ਨਿਮਸਕਾਰ, ਡੰਡਾਵਤ ਬੰਦਨਾ ਦੋ ਜਹਾਨ ਨਜ਼ਰੀ ਆਈਆ । ਕਿਰਪਾ ਕਰੇ ਆਪ ਨਿਰੰਕਾਰ, ਮਿਹਰਵਾਨ ਮਹਿਬੂਬ ਹੋਵੇ ਸਹਾਈਆ । ਪੂਰਬ ਜਨਮ ਦਾ ਲਹਿਣਾ ਦੇਣਾ ਦੇਵਣਹਾਰ ਵਿਚ ਸੰਸਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਭਗਤ ਸੁਹੇਲਾ ਨਿਰਗੁਣ ਧਾਰ ਮੇਲੇ ਮੇਲਣਹਾਰ, ਸਰਗੁਣ ਦਏ ਮਾਣ ਵਡਿਆਈਆ । ਕਲਜੁਗ ਅੰਤ ਸ੍ਰੀ ਭਗਵੰਤ ਸਤਿ ਸਰੂਪੀ ਕਰ ਪਿਆਰ, ਸ਼ਾਹੋ ਭੂਪੀ ਮਿਹਰ ਨਜ਼ਰ ਉਠਾਈਆ । ਲਹਿਣਾ ਦੇਣਾ ਚੁਕਾਵੇ ਵਾਰੋ ਵਾਰ, ਅਗੇ ਰਹੇ ਨਾ ਕੋਇ ਉਧਾਰ, ਲੇਖਾ ਲੇਖੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਧਰਮ ਰਿਸ਼ੀਓ ਤੁਹਾਡਾ ਰਿਸ਼ਤਾ ਨਾਲ ਗੋਬਿੰਦ, ਗਹਿਰ ਗੰਭੀਰ ਦੇਵੇ ਵਡਿਆਈਆ । ਸ਼ਬਦ ਅਨਾਦੀ ਬਣਾ ਕੇ ਬਿੰਦ, ਬੰਦਨਾ ਇਕੋ ਦਏ ਸਮਝਾਈਆ । ਜਨਮ ਕਰਮ ਦੀ ਮੇਟ ਕੇ ਚਿੰਦ, ਸਾਚੇ ਚੰਦ ਕੀਤੇ ਰੁਸ਼ਨਾਈਆ । ਦੇਵੇ ਵਡਿਆਈ ਗਹਿਰ ਗੰਭੀਰ ਗੁਣੀ ਗਹਿੰਦ, ਪਾਰਬ੍ਰਹਮ ਪਤਿਪਰਮੇਸ਼ਵਰ ਹੋਵੇ ਆਪ ਸਹਾਈਆ । ਅੰਮ੍ਰਿਤ ਧਾਰ ਵਹਾਏ ਅਗੰਮੀ ਸਾਗਰ ਸਿੰਧ, ਜਗਤ ਸਾਗਰ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦਏ ਵਖਾਈਆ । ਪੂਰਬ ਲੇਖਾ ਦੇਵਣਹਾਰਾ ਆਪ, ਪ੍ਰਭ ਆਪਣੀ ਦਇਆ ਕਮਾਈਆ । ਜੁਗ ਚੌਕੜੀ ਨਿਭਾਵਣਹਾਰਾ ਸਾਥ, ਸਗਲਾ ਸੰਗ ਨਿਭਾਈਆ । ਜਿਸ ਬਾਵਨ ਬਲ ਮਿਲ ਕੇ ਦੱਸੀ ਗਾਥ, ਬਿਨ ਅੱਖਰਾਂ ਅੱਖਰ ਸਮਝਾਈਆ । ਸੋ ਵੇਖਣਹਾਰਾ ਖੇਲ ਤਮਾਸ਼, ਧੁਰ ਦਾ ਮਾਲਕ ਨਜ਼ਰੀ ਆਈਆ । ਪਰਗਟ ਹੋ ਕੇ ਸਾਖਿਆਤ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜਿਸ ਦਾ ਲੇਖਾ ਲਿਖਿਆ ਨਾ ਜਾਵੇ ਕ਼ਲਮ ਦਵਾਤ, ਕਾਗ਼ਜਾਤ ਨਾ ਕੋਇ ਵਡਿਆਈਆ । ਰਾਗ ਗਾਇਆ ਨਾ ਜਾਏ ਕਿਸੇ ਨਾਲ ਰਬਾਬ, ਧੁੰਨਾਂ ਵਿਚ ਨਾ ਕੋਇ ਸ਼ਨਵਾਈਆ । ਸਮਝਿਆ ਜਾਏ ਨਾ ਮਿੱਤਰ ਅਹਿਬਾਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਵੇਖ ਵਖਾਈਆ । ਸਾਚਾ ਲੇਖਾ ਵੇਖਣਹਾਰ ਏਕਾ ਏਕ, ਏਕੰਕਾਰ ਵੱਡੀ ਵਡਿਆਈਆ । ਸਤਿਜੁਗ ਵਿਛੜੇ ਕਲਜੁਗ ਅੰਤਮ ਦਿਤੀ ਟੇਕ, ਟਿੱਕੇ ਮਸਤਕ ਧੂੜੀ ਲਾਈਆ । ਧਰਮ ਦਵਾਰੇ ਕਰ ਕੇ ਬੁਧ ਬਿਬੇਕ, ਬਖ਼ਸ਼ਣਹਾਰ ਸੱਚੀ ਸਰਨਾਈਆ । ਅੰਦਰ ਵੜ ਕੇ ਪਾਰਬ੍ਰਹਮ ਬ੍ਰਹਮ ਖੋਲ੍ਹੇ ਆਪਣਾ ਭੇਦ, ਪੜਦਾ ਅਗੇ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਸਾਚਾ ਖੇਲ ਦੱਸੇ ਨਿਰੰਕਾਰ, ਨਿਰਗੁਣ ਆਪਣੀ ਦਇਆ ਕਮਾਈਆ । ਜੋਤੀ ਜਾਤਾ ਹੋ ਕੇ ਲੋਕਮਾਤ ਉਜਿਆਰ, ਪੜਦਾ ਉਹਲਾ ਦਏ ਚੁਕਾਈਆ । ਰਿਸ਼ੀਆਂ ਲਹਿਣਾ ਦੇਣਾ ਚੁਕਾਏ ਉਧਾਰ, ਪੂਰਬ ਲਹਿਣਾ ਝੋਲੀ ਪਾਈਆ । ਸਾਚਾ ਮਾਰਗ ਦੱਸ ਕੇ ਸਚਖੰਡ

ਦਵਾਰ, ਕੂੜਾ ਨਾਤਾ ਤੋੜ ਸੰਸਾਰ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਰੇ ਗਹਿਰ ਗੰਭੀਰ, ਹਰਿ ਕਰਤਾ ਵਡ ਵਡਿਆਈਆ । ਜਿਸ ਦੀ ਨਜ਼ਰ ਨਾ ਆਏ ਕਿਸੇ ਤਸਵੀਰ, ਨੂਰ ਨੁਰਾਨਾ ਆਪਣਾ ਹੁਕਮ ਵਰਤਾਈਆ । ਜਿਸ ਦੇ ਚਰਨ ਕਵਲਾਂ ਝੁਕਦਾ ਕਬੀਰ, ਕਾਅਬਿਆਂ ਦਾ ਸਜਦਾ ਇਕੋ ਇਕ ਸਮਝਾਈਆ । ਸੋ ਸਤਿ ਸਤਿਵਾਦੀ ਸਤਿਜੁਗ ਸਾਚੀ ਕਰ ਤਾਮੀਰ, ਲੋਕਮਾਤ ਦਏ ਵਡਿਆਈਆ । ਕਲਜੁਗ ਲਹਿਣਾ ਦੇਣਾ ਮੁਕਾ ਅਖ਼ੀਰ, ਆਖ਼ਰ ਆਪਣਾ ਹੁਕਮ ਸਮਝਾਈਆ । ਸਤਿ ਧਰਮ ਦੀ ਸਚ ਬਣਾ ਤਦਬੀਰ, ਤਕ਼ਦੀਰ ਸਭ ਦੀ ਦਏ ਬਦਲਾਈਆ । ਸ਼ਰਅ ਤੋੜ ਜਗਤ ਜ਼ੰਜੀਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਨਾਮ ਖੰਡਾ ਹੱਥ ਸ਼ਮਸ਼ੀਰ, ਦੋ ਜਹਾਨਾਂ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਰਗਾਹੀਆ । ਧੁਰ ਦਰਗਾਹੀ ਇਕੋ ਨਾਨਕ, ਪਾਰਬ੍ਰਹਮ ਆਪ ਅਖਵਾਇੰਦਾ । ਕਲਜੁਗ ਅੰਤਮ ਬਣ ਕੇ ਸਾਲਸ, ਸਤਿਜੁਗ ਵਿਛੜੇ ਮੇਲ ਮਿਲਾਇੰਦਾ । ਰਹੇ ਨਾ ਕੋਇ ਦਲਿਦ੍ਰੀ ਦਾਲਦ, ਸੋਈ ਸੁਰਤੀ ਆਪ ਉਠਾਇੰਦਾ । ਮਨੂਆ ਮਨ ਨਾ ਰਖੇ ਕਾਲਖ, ਦੁਰਮਤ ਮੈਲ ਧਵਾਇੰਦਾ । ਸਿਦਕ ਸਬੂਰੀ ਦੇ ਕੇ ਸਾਬਤ, ਸਹੀ ਸਲਾਮਤ ਆਪਣੇ ਵਿਚ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਚੁਕਾਇੰਦਾ । ਸਾਚਾ ਲੇਖਾ ਚੁੱਕੇ ਰਿਖੀ, ਮੁਨ ਮੁਨੀਸ਼ਰ ਮਿਲੇ ਵਡਿਆਈਆ । ਜਿਨ੍ਹਾਂ ਤੋਂ ਉਪਜੇ ਧਰਮ ਦੀ ਸਿੱਖੀ, ਸਿੱਖ ਸਤਿਗੁਰ ਵਿਚ ਸਮਾਈਆ । ਸਤਿਜੁਗ ਧਾਰ ਚਲੇ ਇੱਕੀ, ਏਕੰਕਾਰ ਵੇਖ ਵਖਾਈਆ । ਜਿਸ ਦੀ ਲੇਖਣੀ ਗੋਬਿੰਦ ਲਿਖੀ, ਬਿਨ ਕ਼ਲਮ ਸ਼ਾਹੀ ਦਿਤੀ ਵਡਿਆਈਆ । ਓਸ ਦੀ ਪੂਰੀ

੧੦੫੭ ੧੯

ਹੋ ਗਈ ਮਿਤੀ, ਮਿੱਤਰ ਪਿਆਰਾ ਵੇਖੇ ਚਾਈਂ ਚਾਈਂਆ । ਬਲ ਵਾਲੀ ਖੋਲ੍ਹ ਕੇ ਚਿੱਠੀ, ਬਾਵਨ ਸੁਣਦਾ ਚਾਈਂ ਚਾਈਂਆ । ਜਿਸ ਦੀ ਧਾਰ ਅਗਲੀ ਅਨਡਿੱਠੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦਏ ਮੁਕਾਈਆ । ਲੇਖਾ ਕਹੇ ਮੈਂ ਕਦੇ ਨਾ ਆਇਆ ਵਿਚ ਲਿਖਤ, ਕਲਮਬੰਦ ਨਾ ਕੋਇ ਕਰਾਈਆ । ਮੇਰਾ ਸ਼ਬਦੀ ਵਿਹਾਰ ਭਵਿਖਤ, ਬਿਨਾ ਅੱਖਰਾਂ ਤੋਂ ਕਰਾਂ ਪੜ੍ਹਾਈਆ । ਸਭ ਨੂੰ ਦੱਸਾਂ ਪੁਰਖ ਅਕਾਲ ਸਾਂਝਾ ਇਸ਼ਟ, ਰਾਮ ਵਸ਼ਿਸ਼ਟ ਨਾ ਕੋਇ ਵਡਿਆਈਆ । ਜਨ ਭਗਤਾਂ ਖੋਲ੍ਹ ਕੇ ਦ੍ਰਿਸ਼ਟ, ਗ੍ਰਿਹ ਮੰਦਰ ਪੜਦਾ ਦਿਆਂ ਉਠਾਈਆ । ਝਗੜਾ ਮੁਕਾ ਕੇ ਸਵਰਗ ਬਹਿਸ਼ਤ, ਸਚ ਦਵਾਰਾ ਦਿਆਂ ਜਣਾਈਆ । ਆਤਮ ਪਰਮਾਤਮ ਉਪਜਾ ਕੇ ਸਾਚਾ ਇਸ਼ਕ, ਤਨ ਵਜੂਦ ਦਾ ਲੇਖਾ ਦਿਆਂ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਇਕੋ ਦਏ ਵਖਾਈਆ । ਦਰ ਘਰ ਕਹੇ ਮੈਂ ਹੋਇਆ ਸੁਹੰਜਣਾ, ਸੋਭਾਵੰਤ ਦਿਤੀ ਵਡਿਆਈਆ । ਚਰਨ ਧੂੜ ਕਰਾ ਕੇ ਧੁਰ ਦਾ ਮਜਨਾ, ਮਜਲਸ ਭਗਤਾਂ ਦਿਤੀ ਵਖਾਈਆ । ਘਰ ਸੱਦ ਕੇ ਸਾਚੇ ਸੱਜਣਾ, ਗੁਰਮੁਖ ਮੇਲਾ ਲਿਆ ਮਿਲਾਈਆ । ਜਿਨ੍ਹਾਂ ਗ੍ਰਿਹ ਦਰਸ਼ਨ ਕਰਕੇ ਰੱਜਣਾ, ਨੇਤਰ ਨੈਣ ਤ੍ਰਿਪਤ ਤ੍ਰਿਸ਼ਨਾ ਰਹੇ ਨਾ ਰਾਈਆ । ਝਗੜਾ ਰਹੇ ਨਾ ਆਅਲਾ ਅਦਨਾ, ਅਦਲ ਇਨਸਾਫ਼ ਇਕੋ ਇਕ ਵਖਾਈਆ । ਬਲ ਬਾਵਨ ਚੁਕਾਉਣਾ ਬਦਲਾ, ਪੂਰਬ ਲਹਿਣਾ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਸਾਚਾ ਖੇਲ ਦੱਸੇ ਭਗਵਾਨ, ਅਬਿਨਾਸ਼ੀ ਕਰਤਾ ਦਇਆ ਕਮਾਈਆ । ਬਾਵਨ ਵੇਖਣਾ ਨਾਲ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਬਲ

ਕਰਨਾ ਪਰਵਾਨ, ਪਰਵਾਨਾ ਧੁਰ ਦਾ ਹੱਥ ਫੜਾਈਆ । ਰਿਸ਼ੀਆਂ ਦਾ ਦਿਤਾ ਦਾਨ, ਦਾਤਾਰ ਹੋ ਕੇ ਝੋਲੀ ਰਿਹਾ ਭਰਾਈਆ । ਕਲਜੁਗ ਵਕਤ ਪਹੁੰਚਿਆਂ ਆਣ, ਵੇਲਾ ਪਿਛਲਾ ਗਿਆ ਵਿਹਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਦੀਨ ਦਿਆਲ ਦੇਵਣਹਾਰ ਸੱਚੀ ਸਰਨਾਈਆ । ਪੂਰਬ ਲੇਖਾ ਚੁਕਾ ਕੇ ਕਾਨ, ਮਹਿੰਮਾ ਮਹਾਨ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਰਿਹਾ ਉਠਾਈਆ । ਪੜਦਾ ਉਹਲਾ ਕਹੇ ਮੈਂ ਰਹਿਣ ਨਹੀਂ ਦੇਣੀ ਉਦਾਸੀ, ਚਿੰਤਾ ਗ਼ਮ ਨਾ ਕੋਇ ਰਖਾਈਆ । ਮੈਨੂੰ ਯਾਦ ਰਿਸ਼ੀ ਮੁਨੀ ਤੇਰਾਂ ਸੌ ਸਤਾਸੀ, ਬਲ ਦਵਾਰੇ ਸੋਭਾ ਪਾਈਆ । ਜਿਨ੍ਹਾਂ ਦੇ ਗਲ ਵਿਚ ਜਮ ਨਾ ਪਾਏ ਫਾਸੀ, ਰਾਏ ਧਰਮ ਨਾ ਦਏ ਸਜ਼ਾਈਆ । ਜੁਗ ਜੁਗ ਪੂਰੀ ਹੋਵੇ ਆਸੀ, ਨਿਰਾਸਾ ਰਹਿਣ ਕੋਇ ਨਾ ਪਾਈਆ । ਸਭ ਤੋਂ ਉੱਤਮ ਪੰਜਾਂ ਦੀ ਸਾਥੀ, ਸਗਲਾ ਸੰਗ ਸੰਗ ਬਣਾਈਆ । ਜਿਨ੍ਹਾਂ ਦਾ ਲਹਿਣਾ ਦੇਣਾ ਨਾਲ ਬਾਲੀ ਨੱਢੀ ਕਾਕੀ, ਅਵਸਥਾ ਤੇਰਾਂ ਸਾਲ ਜਣਾਈਆ । ਸੁਨੇਹੜਾ ਸ਼ਬਦ ਵਾਲੀ ਪਾਤੀ, ਪਤ੍ਰਿਕਾ ਅੱਖਰਾਂ ਵਾਲੀ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਅਬਿਨਾਸ਼ੀ, ਪਾਰਬ੍ਰਹਮ ਪ੍ਰਭ ਆਪਣੇ ਹੱਥ ਰਖੇ ਵਡਿਆਈਆ । ਬਾਵਨ ਕਹੇ ਮੇਰਾ ਪੂਰਬਲਾ ਉੱਧਾਰ, ਲਹਿਣਾ ਰਿਸ਼ੀਆਂ ਦਿਆਂ ਵਖਾਈਆ । ਕਲਜੁਗ ਅੰਤ ਹੋ ਤਿਆਰ, ਕਲ ਕਲਕੀ ਵੇਸ ਵਟਾਈਆ । ਨਿਰਗੁਣ ਸਰਗੁਣ ਕਰ ਵਿਵਹਾਰ, ਵਿਵਹਾਰੀ ਹੋ ਕੇ ਦਿਆਂ ਜਣਾਈਆ । ਪਿਛਲਾ ਕਰਜ਼ਾ ਲਾਹਵਾਂ ਉੱਧਾਰ, ਅਗੇ ਲੇਖਾ ਆਪਣੇ ਹੱਥ ਰਖਾਈਆ । ਜਿਸ ਨੂੰ ਜਾਣੇ ਨਾ ਕੋਇ ਸੰਸਾਰ, ਸ੍ਰਿਸ਼ਟੀ ਬੁਧੀ ਵਿਚ ਨਾ ਆਈਆ । ਲੇਖਾ ਲਿਖੇ ਨਾ ਕੋਇ ਲਿਖਾਰ, ਕ਼ਲਮ ਸ਼ਾਹੀ ਨਾ ਵੰਡ ਵੰਡਾਈਆ । ਓਸ ਦਾ ਕਰਾਂ ਇਜ਼ਹਾਰ, ਜਿਸ ਦੀ ਇਬਾਰਤ ਨਾ ਕੋਇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਬਾਵਨ ਕਹੇ ਖੇਲ ਮੇਰਾ ਅਸਚਰਜ, ਅੰਤਮ ਕਲ ਸਮਝ ਕਿਸੇ ਨਾ ਆਈਆ । ਜਿਸ ਗ੍ਰਿਹਿ ਮੇਰਾ ਭੋਜਨ ਦਰਜ, ਬਲ ਨਗਰੀ ਸੋਭਾ ਪਾਈਆ । ਛੋਟੀ ਕੰਨਿਆਂ ਕੀਤੀ ਅਰਜ਼, ਨਿਉਂ ਕੇ ਸੀਸ ਨਿਵਾਈਆ । ਪ੍ਰੇਮ ਦਾ ਵੰਡਿਆ ਦਰਦ, ਦੁਖੀਆਂ ਹੋਇਆ ਸਹਾਈਆ । ਮਨਜ਼ੂਰ ਕਰਕੇ ਅਰਜ਼, ਮਿਹਰ ਨਜ਼ਰ ਉਠਾਈਆ । ਨਰੈਣ ਸਿੰਘ ਓਸ ਕੰਨਿਆ ਦਾ ਪਿਛਲਾ ਪਿਤਾ ਤੇ ਮਨੁਸ਼ ਜਾਮਾ ਮਰਦ, ਮੁਦਤ ਤੋਂ ਨਾਤਾ ਜੁੜਿਆ ਚਲਿਆ ਆਈਆ । ਪੰਜਾਂ ਦੀ ਜਿਸ ਦੇ ਨਾਲ ਫ਼ਰਦ, ਬੇਨੰਤੀ ਸੁਣ ਕੇ ਖ਼ੁਸ਼ੀ ਮਨਾਈਆ । ਸਾਂਝੀ ਸਭ ਦੀ ਪੂਰੀ ਕਰ ਕੇ ਗ਼ਰਜ਼, ਆਸਾ ਮਨਸਾ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਕਰੇ ਅਸਚਰਜ, ਅਚਰਜ ਭੇਵ ਕੋਇ ਨਾ ਪਾਈਆ ।

## ✪ ੨੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹਿ ਪਿੰਡ ਗੁਮਾਨ ਪੁਰਾ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਤੇਰੀ ਸਾਚੀ ਹੋਵੇ ਬੰਦਗੀ, ਬੰਦੀਖ਼ਾਨਾ ਬੰਧਨ ਦਏ ਕਟਾਈਆ । ਮਹਿੰਮਾ ਹੋਵੇ ਸ਼ਬਦੀ ਸੁਤ ਨੰਦ ਦੀ, ਨਿਰਗੁਣ ਸਰਗੁਣ ਵੱਜੇ ਵਧਾਈਆ । ਕਰਨੀ ਪਏ ਨਾ ਕਿਸੇ ਦੀ ਮੁਸ਼ੰਦਗੀ, ਮੁਸ਼ਕਲ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਮਿਟੇ ਗੰਦਗੀ, ਗਵਾਰ

ਬੁਧੀ ਲੇਖਾ ਦਏ ਗਵਾਈਆ । ਲੋ ਹੋਵੇ ਗੁਰਮੁਖ ਸਾਚੇ ਚੰਦ ਦੀ, ਮਾਤਲੋਕ ਵੱਜੇ ਵਧਾਈਆ । ਵਸਤ ਮਿਲੇ ਸੋਹੰ ਧੁਰ ਦੇ ਛੰਦ ਦੀ, ਸ਼ਹਿਨਸ਼ਾਹ ਦੇਵੇ ਮਾਣ ਵਡਿਆਈਆ । ਮੰਜ਼ਲ ਮੁਕੇ ਅਗਲੇ ਪਿਛਲੇ ਪੰਧ ਦੀ, ਰਸਤਿਆਂ ਵਿਚ ਨਾ ਕੋਇ ਭਵਾਈਆ । ਰੰਗਣ ਚੜ੍ਹੇ ਅਗੰਮੀ ਰੰਗ ਦੀ, ਹਰਿ ਕਰਤਾ ਆਪ ਰੰਗਾਈਆ । ਅੰਮ੍ਰਿਤ ਧਾਰ ਵਹੇ ਧੁਰ ਦੀ ਗੰਗ ਦੀ, ਅੰਮ੍ਰਿਤ ਰਸ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਾਰ ਦ੍ਰਿੜਾ ਕੇ ਹੰ ਬ੍ਰਹਮ ਦੀ, ਪਾਰਬ੍ਰਹਮ ਆਪਣੇ ਵਿਚ ਸਮਾਈਆ । ਸਤਿਜੁਗ ਸਾਚੇ ਧੁਰ ਦਾ ਸ਼ਬਦ ਕਰੇ ਤੇਰਾ ਜੋੜ, ਜੋੜੀ ਨਿਰਗੁਣ ਸਰਗੁਣ ਸੋਭਾ ਪਾਈਆ । ਦੋ ਜਹਾਨਾਂ ਵੇਖੇ ਦੌੜ, ਬਿਨ ਕ਼ਦਮਾਂ ਪੰਧ ਮੁਕਾਈਆ । ਗੁਰਮੁਖਾਂ ਉਤੇ ਕਰੇ ਗ਼ੌਰ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਸਜ਼ਾ ਦੇਵੇ ਠੱਗ ਚੋਰ, ਕੂੜ ਕੁੜਿਆਰ ਬਚਿਆ ਰਹਿਣ ਕੋਇ ਨਾ ਪਾਈਆ । ਦੋ ਜਹਾਨ ਵਖਾਏ ਸ਼ਬਦੀ ਜ਼ੋਰ, ਜੋਰੂ ਜ਼ਰ ਨਾ ਕੋਇ ਵਡਿਆਈਆ । ਮਨੂਆ ਮਨ ਨਾ ਪਾਵੇ ਸ਼ੋਰ, ਸ਼ੌਹਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿਜੁਗ ਸਾਚੇ ਤੇਰਾ ਹੋਵੇ ਸਾਚਾ ਮੰਗਲ, ਗੀਤ ਹਰਿ ਗੋਬਿੰਦ ਗਾਈਆ । ਲੱਭਣਾ ਪਏ ਕਿਸੇ ਨਾ ਜੰਗਲ, ਟਿੱਲਿਆਂ ਉਤੇ ਨਾ ਕੋਇ ਭਵਾਈਆ । ਸ਼ਰਅ ਰਹੇ ਕੋਇ ਨਾ ਸੰਗਲ, ਮਜ਼੍ਹਬ ਦੀਨ ਨਾ ਕੋਇ ਲੜਾਈਆ । ਪੁਰਖ ਅਕਾਲ ਰਖੇ ਆਪਣੇ ਅੰਗਣ, ਗੋਦੀ ਇਕੋ ਇਕ ਸੁਹਾਈਆ । ਦੂਜੇ ਦਰ ਜਾਣਾ ਪਏ ਨਾ ਮੰਗਣ, ਭਿਖਾਰੀ ਹੋ ਕੇ ਝੋਲੀ ਕੋਇ ਨਾ ਡਾਹੀਆ । ਸਚ ਦਵਾਰਿਉਂ ਮਿਲੇ ਧੁਰ ਦਾ ਅਦਲ, ਅਦਲਾ ਬਦਲੀ ਕਲਜੁਗ ਕੂੜੇ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਈਆ । ਸਤਿਜੁਗ ਸਾਚੇ ਤੇਰਾ ਸੁਹੰਜਣਾ ਹੋਵੇ ਰੰਗ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸੁਹੰਜਣੀ ਹੋਵੇ ਸੇਜ ਪਲੰਘ, ਪਾਵਾ ਚੂਲ ਬਾਡੀ ਬਣਤ ਨਾ ਕੋਇ ਬਣਾਈਆ । ਸੁਹਾਵਣਾ ਵਜਦਾ ਰਹੇ ਮਰਦੰਗ, ਬਿਨ ਤੰਦ ਸਿਤਾਰ ਕਰੇ ਸ਼ਨਵਾਈਆ । ਮਿਲਣ ਦਾ ਅਨੋਖਾ ਬਣਿਆ ਰਹੇ ਢੰਗ, ਜਗਤ ਵਿਦਿਆ ਸਕੇ ਨਾ ਕੋਇ ਸਮਝਾਈਆ । ਲਹਿਣਾ ਦੇਣਾ ਬਣਿਆ ਰਹੇ ਵਿਚ ਵਰਭੰਡ, ਬ੍ਰਹਿਮੰਡ ਨਾਤਾ ਸਹਿਜ ਸੁਭਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸਤਿਵਾਦੀ ਤੇਰਾ ਛੰਦ, ਸੰਤ ਸਾਜਣ ਮੇਲ ਮਿਲਾਈਆ । ਭਰਮ ਰਹੇ ਨਾ ਦਵੈਤੀ ਕੰਧ, ਕਰਮਾਂ ਦਾ ਲੇਖਾ ਦਏ ਮੁਕਾਈਆ । ਭਗਤ ਸੁਹੇਲੇ ਦੇ ਕੇ ਸੰਗ, ਧੁਰ ਦਾ ਸਾਥ ਬਣਾਈਆ । ਆਸਾ ਮਨਸਾ ਪੂਰੀ ਕਰ ਉਮੰਗ, ਸੰਸਾ ਰੋਗ ਚੁਕਾਈਆ । ਸਚ ਪ੍ਰੇਮ ਦਾ ਦੇ ਕੇ ਅਨੰਦ, ਨਿਜਾਨੰਦ ਖ਼ੁਸ਼ੀ ਪਰਗਟਾਈਆ । ਨਾਮ ਭੰਡਾਰਾ ਅਗੰਮੀ ਵੰਡ, ਵਸਤ ਅਮੋਲਕ ਝੋਲੀ ਪਾਈਆ । ਕਿਰਪਾ ਕਰ ਸੂਰਾ ਸਰਬੰਗ, ਸਤਿਗੁਰ ਹੋਵੇ ਆਪ ਸਹਾਈਆ । ਕੂੜੀ ਕਿਰਿਆ ਮੇਟ ਭੇਖ ਪਖੰਡ, ਸਤਿ ਸਚ ਦਏ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇ ਕੇ ਪਰਮਾਨੰਦ, ਸੁਖ ਸਾਗਰ ਇਕੋ ਦਏ ਵਖਾਈਆ ।

### ੨੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਜਾਰਾ ਸਿੰਘ ਦੇ ਗ੍ਰਿਹ ਪਿੰਡ ਕਾਉਂਕੇ ਜ਼ਿਲਾ ਅੰਮ੍ਰਿਤਸਰ

ਸਤਿਜੁਗ ਸਾਚਾ ਮਾਰਗ ਮਿਲੇ ਸੁਖਾਲਾ, ਸੁਖ ਸਾਗਰ ਨਜ਼ਰੀ ਆਈਆ । ਕਲਜੁਗ ਕਿਰਿਆ ਕੂੜ ਮਿਟੇ ਜੰਜਾਲਾ, ਜਾਗਰਤ ਜੋਤ ਹੋਵੇ

ਰੁਸ਼ਨਾਈਆ । ਕਿਰਪਾ ਕਰੇ ਦੀਨ ਦਿਆਲਾ, ਭਗਤ ਵਛਲ ਬੇਪਰਵਾਹੀਆ । ਚਾਰ ਵਰਨਾਂ ਵਖਾ ਕੇ ਇਕੋ ਧਰਮਸਾਲਾ, ਧਰਮ ਦਵਾਰ ਦਏ ਵਡਿਆਈਆ । ਰੰਗ ਰੰਗਾ ਕੇ ਸ਼ਾਹ ਕੰਗਾਲਾ, ਪ੍ਰੀਤ ਧੁਰ ਦੀ ਆਪ ਬੰਧਾਈਆ । ਪਿਛਲਾ ਦੇਣਾ ਪਏ ਨਾ ਕੋਇ ਅਹਿਵਾਲਾ, ਭੇਵ ਅਗਲਾ ਦਏ ਖੁਲ੍ਹਾਈਆ । ਫਲ ਲਗਾ ਕੇ ਕਾਇਆ ਡਾਲਾ, ਪੱਤ ਟਹਿਣੀ ਆਪ ਮਹਿਕਾਈਆ । ਜਗਤ ਸਮਾਜ ਦੀ ਬਦਲ ਦੇਵੇ ਚਾਲਾ, ਚਾਰ ਵਰਨ ਇਕੋ ਦਰ ਵਖਾਈਆ । ਮਾਰਗ ਇਕੋ ਲਗਾਏ ਅੱਲਾ ਤਾਅਲਾ, ਤੁਅਲਕ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਹੱਲ ਕਰੇ ਸਵਾਲਾ, ਸਾਲਸ ਹੋ ਕੇ ਵੇਖ ਵਖਾਈਆ । ਸਤਿਜੁਗ, ਤੇਰੇ ਅੰਤਰ ਨਾਮ ਹੋਵੇ ਸੌਖਾ, ਆਤਮ ਪਰਮਾਤਮ ਵੱਜੇ ਵਧਾਈਆ । ਮੰਜ਼ਲ ਚੜ੍ਹਨਾ ਰਹੇ ਨਾ ਔਖਾ, ਪੰਧ ਅੰਦਰੋਂ ਦਏ ਮੁਕਾਈਆ । ਮਾਨਸ ਜਨਮ ਦਾ ਸਾਚਾ ਮੌਕਾ, ਪ੍ਰਭ ਮਿਲਣ ਦਾ ਸਹਿਜੇ ਦਏ ਸਮਝਾਈਆ । ਭਗਤਾਂ ਨਾਲ ਹੋਵੇ ਕਦੇ ਨਾ ਧੋਖਾ, ਧੁੰਆਂਧਾਰ ਵਿਚੋਂ ਬਾਹਰ ਕਢਾਈਆ । ਪੜ੍ਹਨਾ ਪਏ ਨਾ ਅੱਖਰੀ ਪੋਥਾ, ਨਾਮ ਇਕੋ ਇਕ ਸਮਝਾਈਆ । ਸਭ ਦਾ ਪਾਪ ਜਾਏ ਧੋਤਾ, ਦੁਰਮਤ ਮੈਲ ਦੂਰ ਕਰਾਈਆ । ਜਨਮ ਕਰਮ ਦਾ ਰਹੇ ਕੋਈ ਨਾ ਰੋਸਾ, ਰਸਤਾ ਧੁਰ ਦਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੱਸ ਕੇ ਸਚ ਸਲੋਕਾ, ਸੁਲਹ ਨਾਲ ਸਹਿਜੇ ਮੇਲ ਮਿਲਾਈਆ ।



### ✪ ੨੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਵਤਾਰ ਸਿੰਘ ਦੇ ਗ੍ਰਿਹ ਪਿੰਡ ਕਾਉਂਕੇ ਜ਼ਿਲਾ ਅੰਮ੍ਰਿਤਸਰ ✪

੧੦੬੦ ੧੯

ਸਤਿਜੁਗ ਤੇਰਾ ਧਰਮ ਦਵਾਰ ਹੋਏ ਸੁਹੰਜਣਾ, ਭਗਤ ਦਵਾਰ ਮਿਲੇ ਵਡਿਆਈਆ । ਸਤਿ ਪਰਕਾਸ਼ ਕਰੇ ਆਦਿ ਨਿਰੰਜਣਾ, ਆਦੀ ਬੁਨਿਆਦੀ ਇਮਦਾਦੀ ਬੇਪਰਵਾਹੀਆ । ਆਤਮ ਪਰਮਾਤਮ ਨਾਤਾ ਜੋੜੇ ਬਣ ਕੇ ਧੁਰ ਦਾ ਸਜਣਾ, ਸਗਲਾ ਸੰਗੀ ਬਹੁਰੰਗੀ ਆਪਣੀ ਖੇਲ ਵਖਾਈਆ । ਸਚ ਸਰੋਵਰ ਇਕੋ ਕਰਾਏ ਅਗੰਮੀ ਮਜਨਾ, ਜਨਮ ਕਰਮ ਦਾ ਰੋਗ ਰਹੇ ਨਾ ਰਾਈਆ । ਹਰਿ ਸਰਨਾਈ ਸਾਚਾ ਸਜਦਾ ਦੱਸੇ ਆਪਣੀ ਬੰਦਨਾ, ਬੰਦਗੀ ਵਿਚ ਮੁਸ਼ੰਦਗੀ ਦਏ ਮੁਕਾਈਆ । ਨਿਜ ਘਰ ਨਿਜਾਨੰਦ ਵਿਚੋਂ ਪਰਗਟਾਏ ਪਰਮਾਨੰਦਨਾ, ਜਗਤ ਤ੍ਰਿਸ਼ਨਾ ਅੱਗ ਰਹੇ ਨਾ ਰਾਈਆ । ਪਾਰ ਕਰਾਏ ਜਗਤ ਦਵਾਰ ਕੂੜ ਕੁੜਿਆਰ ਹੱਦਨਾ, ਹਦੂਦ ਮਹਿਦੂਦ ਆਪਣੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਵਖਾ ਕੇ ਸਚ ਪਰਗਣਾ, ਠਾਂਡੇ ਦਰ ਸੋਭਾ ਪਾਈਆ । ਸਤਿਜੁਗ ਤੇਰਾ ਸੁਹੇਲਾ ਹੋਏ ਵਕ਼ਤ, ਵਾਕ਼ਿਫ਼ਕਾਰ ਮਿਲੇ ਬੇਪਰਵਾਹੀਆ । ਮਾਣ ਵਡਿਆਈ ਦੇਵੇ ਵਿਚ ਜਗਤ, ਜਗਦੀ ਜੋਤ ਜਗ੍ਹਾ ਜਗ੍ਹਾ ਕਰ ਰੁਸ਼ਨਾਈਆ । ਸਾਚੇ ਨਾਮ ਦੀ ਦੇ ਕੇ ਅਗੰਮੀ ਸ਼ਕਤ, ਸ਼ਖ਼ਸੀਅਤ ਅਸਲੀਅਤ ਸਭ ਦੀ ਦਏ ਬਦਲਾਈਆ । ਮਨੂਆ ਕਰੇ ਨਾ ਕੋਇ ਹਸਦ, ਹਸਤੀ ਮਸਤੀ ਨਾਮ ਖੁਮਾਰੀ ਦਏ ਚੜ੍ਹਾਈਆ । ਲੇਖਾ ਜਾਣ ਕੇ ਉਪਰ ਅਰਸ਼, ਸ਼ਰਅ ਫ਼ਰਸ਼ ਦਏ ਰਖਾਈਆ । ਮਿਹਰਵਾਨ ਹੋ ਕੇ ਉਪਰ ਭਗਤ, ਭਾਗ ਭਗਵਾਨ ਆਪਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਕੇ ਸਦਾ ਦੇਵੇ ਦਰਸ, ਜਗਦੀਸ਼ਰ ਈਸ਼ਰ ਆਪਣਾ ਰੂਪ ਬਦਲਾਈਆ । ਸਤਿਜੁਗ ਤੇਰਾ ਸਾਚੇ ਧਰਮ ਨਾਲ

ਮਿਲਾਪ, ਮਿਲ ਮਿਲ ਵੱਜੇ ਵਧਾਈਆ । ਆਤਮਾ ਦਾ ਪਰਮਾਤਮਾ ਨਾਲ ਜਾਪ, ਸਿਫ਼ਤਾਂ ਵਾਲੀ ਨਾ ਕੋਇ ਪੜ੍ਹਾਈਆ । ਸਚ ਦਵਾਰ ਦਾ ਖੁਲ੍ਹਾ ਰਹੇ ਤਾਕ, ਖਿੜਕੀ ਬੰਦ ਨਾ ਕੋਇ ਕਰਾਈਆ । ਪੂਰਾ ਕਰੇ ਭਵਿਖਤਾਂ ਵਾਲਾ ਵਾਕ, ਵਾਕਿਆ ਕਲਜੁਗ ਵੇਖੇ ਚਾਈਂ ਚਾਈਂਆ । ਜਗਤ ਦ੍ਰਿਸ਼ਟੀ ਵਿਚੋਂ ਕੱਢ ਨਫ਼ਾਕ, ਇਤਫ਼ਾਕ ਝੋਲੀ ਦਏ ਭਰਾਈਆ । ਭਗਤ ਸੁਹੇਲੇ ਬਣਾ ਕੇ ਜੋਤੀ ਸ਼ਬਦੀ ਸਾਕ, ਸਾਖਿਆਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੇ ਕੇ ਨਾਮ ਦਾਤ, ਦਾਅਵੇਦਾਰ ਅਗਲਾ ਦਏ ਬਣਾਈਆ । ਸਤਿਜੁਗ ਤੇਰਾ ਸੱਚਾ ਹੋਵੇ ਮੇਲਾ, ਮਿਲ ਮਿਲ ਪ੍ਰਭ ਖ਼ੁਸ਼ੀ ਮਨਾਈਆ । ਰੰਗ ਚੜ੍ਹਿਆ ਰਹੇ ਗੁਰੂ ਗੁਰ ਚੇਲਾ, ਚੇਲਾ ਗੁਰ ਇਕੋ ਰੰਗ ਸਮਾਈਆ । ਪ੍ਰਭ ਮਿਲਦਾ ਰਹੇ ਸੱਜਣ ਸੁਹੇਲਾ, ਸਾਹਿਬ ਸਵਾਮੀ ਨਜ਼ਰੀ ਆਈਆ । ਕਲਜੁਗ ਕੂੜੀ ਜੂਹ ਰਹੇ ਨਾ ਬੇਲਾ, ਜੰਗਲ ਵਿਚ ਆਪਣਾ ਨਾਮ ਮੰਗਲ ਦਏ ਵਖਾਈਆ । ਅਚਰਜ ਖੇਲ ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਖੇਲਾ, ਜਗਤ ਸ੍ਰਿਸ਼ਟੀ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਲੇਖਾ ਜਾਣੇ ਇਕ ਅਕੇਲਾ, ਦੂਜਾ ਸੰਗ ਨਾ ਕੋਇ ਰਖਾਈਆ ।

### ✪ ੨੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਭਾਗ ਸਿੰਘ ਦੇ ਗ੍ਰਿਹ ਪਿੰਡ ਮਹਾਵਾ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚੇ ਸ੍ਰਿਸ਼ਟ ਸਬਾਈ ਹੋਵੇ ਏਕਾ ਇਸ਼ਟ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਪੁਰਖ ਅਕਾਲ ਦੀਨ ਦਿਆਲ ਖੋਲ੍ਹ ਸਰਬ ਦ੍ਰਿਸ਼ਟ, ਦੀਨ ਦੁਨੀ ਦਿਆਲ ਹੋ ਕੇ ਆਪਣੇ ਮਾਰਗ ਲਾਈਆ । ਮਨ ਵਾਸਨਾ ਕੂੜੀ ਕਿਰਿਆ ਕਲਜੁਗ ਮਮਤਾ ਨਾ ਰਹੇ ਭ੍ਰਿਸ਼ਟ, ਭਾਂਡਾ ਭਰਮ ਭਉ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਧਾਰਾ ਦਏ ਪਰਗਟਾਈਆ । ਸਤਿਜੁਗ ਸਾਚੇ ਸ੍ਰਿਸ਼ਟ ਸਬਾਈ ਮੰਨੇ ਪੁਰਖ ਅਕਾਲ, ਚਾਰ ਕੁੰਟ ਦਹਿ ਦਿਸ਼ਾ ਦੂਜਾ ਨਜ਼ਰ ਕੋਇ ਨਾ ਆਈਆ । ਸਚਖੰਡ ਦਵਾਰਾ ਸਾਚੀ ਦਿਸੇ ਧਰਮਸਾਲ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਜਿਥੇ ਮਿਲ ਕੇ ਸੋਭਾ ਪਾਈਆ । ਝਗੜਾ ਰਹੇ ਨਾ ਕੋਈ ਸ਼ਾਹ ਕੰਗਾਲ, ਊਚ ਨੀਚ ਰਾਓ ਰੰਕ ਵੰਡ ਨਾ ਕੋਇ ਵੰਡਾਈਆ । ਸਾਹਿਬ ਸਵਾਮੀ ਅੰਤਰਜਾਮੀ ਪਾਰਬ੍ਰਹਮ ਹੋਵੇ ਆਪ ਕਿਰਪਾਲ, ਬ੍ਰਹਮਵੇਤਾ ਭੇਵ ਅਭੇਦਾ ਦਏ ਖੁਲ੍ਹਾਈਆ । ਸਤਿਗੁਰ ਸ਼ਬਦ ਏਥੇ ਓਥੇ ਦੋ ਜਹਾਨਾਂ ਬਣ ਦਲਾਲ, ਧੁਰ ਵਿਚੋਲਾ ਪੜਦਾ ਉਹਲਾ ਦਏ ਉਠਾਈਆ । ਅੰਦਰ ਬਾਹਰ ਗੁਪਤ ਜਾਹਰ ਸਦਾ ਵਸੇ ਨਾਲ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵਿਛੜ ਕਦੇ ਨਾ ਜਾਈਆ । ਮਿਹਰਵਾਨ ਮਹਿਬੂਬ ਹੋ ਕੇ ਤੋੜਨਹਾਰਾ ਜਗਤ ਜੰਜਾਲ, ਜਾਗਰਤ ਜੋਤ ਬਿਨ ਵਰਨ ਗੋਤ ਕਰੇ ਰੁਸ਼ਨਾਈਆ । ਸੰਤ ਸੁਹੇਲੇ ਜਨ ਭਗਤ ਜੋ ਘਾਲਣ ਰਹੇ ਘਾਲ, ਤਿਨ੍ਹਾਂ ਲਹਿਣਾ ਦੇਣਾ ਨਾਮ ਭੰਡਾਰਾ ਅਮੋਲਕ ਝੋਲੀ ਪਾਈਆ । ਜਨਮ ਮਰਨ ਦਾ ਹਲ ਕਰੇ ਸਵਾਲ, ਲੱਖ ਚੁਰਾਸੀ ਜਮ ਕੀ ਫਾਸੀ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰੀ ਸਾਚੀ ਧਾਰ ਬੰਧਾਈਆ । ਸਤਿਜੁਗ ਤੇਰਾ ਦੋ ਜਹਾਨਾਂ ਚਲੇ ਸਾਚਾ ਰਾਹ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਇਕੋ ਧਿਆਨ ਲਗਾਈਆ । ਅਬਿਨਾਸ਼ੀ ਕਰਤਾ ਪਰਵਰਦਿਗਾਰ ਬਣੇ ਸਚ ਮਲਾਹ, ਖੇਵਟ ਖੇਟਾ ਬਣ ਕੇ ਧੁਰ ਦਾ ਨੇਤਾ ਹੁਕਮਰਾਨ ਇਕੋ ਹੁਕਮ ਚਲਾਈਆ । ਸੁਰਤੀ ਸ਼ਬਦੀ

ਦੇਵੇ ਸਚ ਸਲਾਹ, ਅੱਖਰਾਂ ਤੋਂ ਬਾਹਰ ਨਿਰਅੱਖਰ ਕਰੇ ਪੜ੍ਹਾਈਆ । ਭਗਤ ਭਗਵੰਤ ਸਾਧ ਸੰਤ ਆਤਮ ਪਰਮਾਤਮ ਮੇਲਾ ਲਏ ਮਿਲਾ, ਪੜਦਾ ਉਹਲਾ ਅੰਦਰੋਂ ਦਏ ਚੁਕਾਈਆ । ਮਿਹਰਵਾਨ ਹੋ ਕੇ ਮਹਿਬੂਬ ਸਾਚੇ ਗੁਰਮੁਖਾਂ ਬਖ਼ਸ਼ੇ ਕੋਟ ਜਨਮ ਗੁਨਾਹ, ਪਤਿਤ ਪਾਪੀ ਪੁਨੀਤ ਦਏ ਬਣਾਈਆ । ਆਦਿਨ ਅੰਤਾ ਸ੍ਰੀ ਭਗਵੰਤਾ ਹੋ ਕੇ ਪਕੜੇ ਬਾਂਹ, ਲੱਖ ਚੁਰਾਸੀ ਵਿਚੋਂ ਪਾਰ ਕਰਾਈਆ । ਦਰਗਾਹ ਸਾਚੀ ਸਚਖੰਡ ਦਵਾਰਾ ਦੇਵੇ ਥਾਂ, ਜਿਥੇ ਬਿਨਾ ਹਰਿ ਕਿਰਪਾ ਚਰਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਤੇਰਾ ਸਾਚਾ ਮਾਰਗ ਸਤਿ ਸਤਿ ਦਏ ਉਪਜਾਈਆ । ਸਤਿਜੁਗ ਸਚ ਤੇਰਾ ਅਗੰਮੀ ਹੋਵੇ ਨਾਮ, ਨਾਉਂ ਨਿਰੰਕਾਰਾ ਨਿਰਗੁਣ ਧਾਰ ਆਪ ਜਣਾਈਆ । ਅੰਮ੍ਰਿਤ ਰਸ ਬਣ ਕੇ ਸਾਕੀ ਦੇਵੇ ਧੁਰ ਦਾ ਜਾਮ, ਸਤਿ ਖ਼ੁਮਾਰੀ ਇਕੋ ਇਕ ਰਖਾਈਆ । ਭਾਗ ਲਗਾ ਕੇ ਕਾਇਆ ਮਾਟੀ ਨਗਰ ਗਰਾਮ, ਦੀਵਾ ਬਾਤੀ ਕਮਲਾਪਾਤੀ ਕਰੇ ਰੁਸ਼ਨਾਈਆ । ਆਤਮ ਧੁਨ ਉਪਜਾਏ ਸੱਚੀ ਧੁਨਕਾਨ, ਅਨਹਦ ਨਾਦੀ ਆਪ ਕਰੇ ਸ਼ਨਵਾਈਆ । ਸਚ ਦਵਾਰਾ ਏਕੰਕਾਰਾ ਜਨ ਭਗਤਾਂ ਦੇਵੇ ਮਾਣ, ਅਭਿਮਾਨ ਅਗਿਆਨ ਰਹਿਣ ਕੋਇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਸੱਤ ਦੀਪ ਵਰਨ ਬਰਨ ਏਕਾ ਦੱਸੇ ਸਚ ਨਿਸ਼ਾਨ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ, ਸਤਿਜੁਗ ਤੇਰੀ ਭਾਵਨਾ ਭਾਵ ਵਿਚ ਪੂਰ ਕਰਾਈਆ । ਸਤਿਜੁਗ ਸਾਚੇ ਤੇਰਾ ਇਕੋ ਹੋਵੇ ਕਾਹਨ, ਜੋ ਲੱਖ ਚੁਰਾਸੀ ਗੋਪੀ ਰਿਹਾ ਪਰਨਾਈਆ । ਜਿਸ ਦਾ ਤੱਤਾਂ ਵਾਲਾ ਨਹੀਂ ਕੋਈ ਨਿਸ਼ਾਨ, ਜੋਤੀ ਜੋਤ ਡਗਮਗਾਈਆ । ਸਦ ਵਸੇ ਸਚਖੰਡ ਧੁਰ ਮਕਾਨ, ਮੁਕਾਮੇ ਹੱਕ ਡੇਰਾ ਲਾਈਆ । ਨਾਮ ਨਿਧਾਨਾ ਦੇਂਦਾ ਰਹੇ ਫ਼ਰਮਾਨ, ਫੁਰਨਿਆਂ ਵਿਚੋਂ ਬਾਹਰ ਕਰੇ ਪੜ੍ਹਾਈਆ । ਜਿਸ ਨੂੰ ਬੁਧੀ ਵਾਲਾ ਸਮਝੇ ਨਾ ਕੋਇ ਇਨਸਾਨ, ਅਨੁਭਵ ਆਪਣਾ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰ ਮੰਗਦੇ ਗਏ ਦਾਨ, ਭਿੱਖਕ ਹੋ ਕੇ ਝੋਲੀ ਅਗੇ ਡਾਹੀਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਕਰਨ ਮਹਾਨ, ਜੁਗ ਚੌਕੜੀ ਭੱਜਣ ਵਾਹੋ ਦਾਹੀਆ । ਸੋ ਕਰਨੀ ਦਾ ਕਰਤਾ ਪਾਰਬ੍ਰਹਮ ਹੋ ਕੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਸਤਿਜੁਗ ਤੇਰੀ ਸਤਿ ਨੀਤੀ ਬਿਨ ਅੱਖਰਾਂ ਕਰੇ ਪਰਵਾਨ, ਪਰਮ ਪੁਰਖ ਪਰਵਾਨਾ ਨਾਮ ਨਿਧਾਨਾ ਆਪਣਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰੇ ਸਚ ਧਰਮ ਦਾ ਬਣਾਏ ਇਕ ਵਿਧਾਨ, ਚਾਰ ਵਰਨ ਅਠਾਰਾਂ ਬਰਨ ਇਕੋ ਹੁਕਮ ਹੁਕਮੇਂ ਅੰਦਰ ਆਪ ਮਨਾਈਆ ।



## ✪ ੨੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਸੁਮਾਂ ਸਿੰਘ ਦੇ ਗ੍ਰਿਹਿ ਪਿੰਡ ਮੋਦੇ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚੇ ਤੇਰੇ ਸਾਥੀ ਸੱਚੇ ਗੁਰਸਿਖ, ਜਿਨ੍ਹਾਂ ਸਿਖਿਆ ਪ੍ਰਭ ਜਣਾਈਆ । ਜਨਮ ਮਰਨ ਤੋਂ ਬਾਹਰ ਜਿਨ੍ਹਾਂ ਦਾ ਭਵਿਸ਼, ਭਵਿਖਤ ਨਾਲ ਮਿਲ ਕੇ ਵੱਜੇ ਵਧਾਈਆ । ਮਨਸਾ ਪੂਰੀ ਹੋਈ ਇੱਛ, ਈਸ਼ਵਰ ਜਗਦੀਸ਼ਵਰ ਮਿਹਰ ਨਜ਼ਰ ਉਠਾਈਆ । ਨਾਮ ਨਿਧਾਨ ਪਾਏ ਭਿੱਛ, ਭਿਖਾਰੀ ਝੋਲੀ ਆਪ ਭਰਾਈਆ । ਮਾਨਸ ਜਨਮ ਜਗ ਜਾਵਣ ਜਿੱਤ, ਜੀਂਵਦਿਆਂ ਜਗ ਮਿਲੇ ਸੱਚੀ ਸਰਨਾਈਆ । ਸਦਾ ਪਰਮ ਪੁਰਖ ਦਾ ਰਹੇ ਹਿਤ,

ਆਤਮ ਪਰਮਾਤਮ ਜੋੜ ਜੁੜਾਈਆ । ਜਿਨ੍ਹਾਂ ਕਾਰਨ ਆਇਆ ਨਵਿਤ, ਨਿਰਗੁਣ ਹੋ ਕੇ ਵੇਸ ਵਟਾਈਆ । ਉਹਨਾਂ ਨੰਗੀ ਹੋਣ ਨਾ ਦੇਵੇ ਪਿੱਠ, ਪੁਸ਼ਤ ਪਨਾਹ ਆਪਣਾ ਹੱਥ ਰਖਾਈਆ । ਸਚ ਦਵਾਰੇ ਬਣ ਕੇ ਪਿਤ, ਗੋਦ ਸੁਹੰਜਣੀ ਇਕ ਸੁਹਾਈਆ । ਸਦ ਵਸਣਹਾਰਾ ਚਿਤ, ਮਨ ਚਿੰਤਾ ਦਏ ਗਵਾਈਆ । ਕਿਰਪਾ ਕੀਤੀ ਉਪਰ ਜਿਸ, ਦਰਗਾਹ ਸਾਚੀ ਦਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਗੁਰਮੁਖ ਗੁਰਸਿਖ, ਸਿਖਿਆ ਤੋਂ ਬਾਹਰ ਕਰ ਪੜ੍ਹਾਈਆ । ਸਤਿਜੁਗ ਸਾਚੇ ਤੇਰਾ ਸੱਚਾ ਸੰਗੀ ਗੁਰਮੁਖ, ਮੁਖੀਆ ਚੁਰਾਸੀ ਵਿਚੋਂ ਨਜ਼ਰੀ ਆਈਆ । ਜਿਸ ਦਾ ਜਨਮ ਮਰਨ ਦਾ ਰਹੇ ਕੋਈ ਨਾ ਦੁੱਖ, ਮਾਤ ਗਰਭ ਨਾ ਮਿਲੇ ਸਜ਼ਾਈਆ । ਪੁਰਖ ਅਕਾਲ ਰਖੇ ਓਟ, ਓੜਕ ਆਪਣੇ ਵਿਚ ਸਮਾਈਆ । ਨਿਰਮਲ ਨੂਰ ਮਿਲੇ ਜੋਤ, ਜੋਤੀ ਜੋਤ ਕਰੇ ਰੁਸ਼ਨਾਈਆ । ਝਗੜਾ ਰਹੇ ਨਾ ਲੋਕ ਪਰਲੋਕ, ਸਚਖੰਡ ਦਵਾਰਾ ਇਕ ਵਖਾਈਆ । ਜਿਥੇ ਆਤਮ ਪਰਮਾਤਮ ਦਾ ਸਾਂਝਾ ਸਲੋਕ, ਅੱਖਰਾਂ ਵਾਲਾ ਲੇਖ ਨਾ ਕੋਇ ਬਣਾਈਆ । ਮਨ ਬੁੱਧੀ ਦੀ ਰਹੇ ਕੋਈ ਨਾ ਸੋਚ, ਜਗਤ ਵਿਦਿਆ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਮੁਕਾ ਕੇ ਹਰਖ ਸੋਗ, ਜੋਗ ਸਤਿ ਧਰਮ ਦਏ ਦ੍ਰਿੜਾਈਆ । ਸਤਿਜੁਗ ਤੇਰਾ ਸਾਥੀ ਸੱਚਾ ਸੰਤ, ਸਾਹਿਬ ਸਤਿਗੁਰ ਜਿਸ ਦੇਵੇ ਵਡਿਆਈਆ । ਜਿਨ੍ਹਾਂ ਦੇ ਆਤਮ ਅੰਤਰ ਨਾਮ ਇਕੋ ਸੁਣਾਇਆ ਮੰਤ, ਲਗ ਮਾਤਰ ਦੀ ਲੋੜ ਨਾ ਕੋਇ ਰਖਾਈਆ । ਸੁਰਤੀ ਸ਼ਬਦੀ ਮੇਲਾ ਮਿਲਿਆ ਰਹੇ ਨਾਰ ਕੰਤ, ਸੇਜ ਸੁਹੰਜਣੀ ਇਕੋ ਨਜ਼ਰੀ ਆਈਆ । ਨਾਤਾ ਤੋੜ ਕੇ ਵਿਚੋਂ ਜੀਵ ਜੰਤ, ਜਗਹ ਬਜਗਹ ਹੋਵੇ ਆਪ ਸਹਾਈਆ । ਸਤਿ ਦਵਾਰੇ ਬਣਾਏ ਸਾਚੀ ਬਣਤ, ਘੜਨ ਭੰਨਣਹਾਰ ਸਮਰਥ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸੰਤਾਂ ਮਹਿੰਮਾ ਗਣੇ ਅਗਣਤ, ਜਿਨ੍ਹਾਂ ਆਪਾ ਮੇਲ ਬਿਨ ਬਾਤੀ ਤੇਲ ਕਾਇਆ ਮੰਦਰ ਅੰਦਰ ਕਰੇ ਰੁਸ਼ਨਾਈਆ ।


੧੦੬੩
੧੯

### ੨੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਛਿੰਦੋ ਦੇ ਗ੍ਰਹਿ ਪਿੰਡ ਧਨੋਏ ਜ਼ਿਲਾ ਅੰਮ੍ਰਿਤਸਰ

ਸਤਿਜੁਗ ਸਾਚੇ ਤੇਰਾ ਸਾਚਾ ਹੋਵੇ ਧਰਮ, ਸੋ ਪੁਰਖ ਨਿਰੰਜਣ ਦੇਵੇ ਮਾਣ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਦਾ ਸਾਚਾ ਹੋਵੇ ਕਰਮ, ਹਰਿ ਪੁਰਖ ਨਿਰੰਜਣ ਭੇਵ ਅਭੇਦਾ ਦਏ ਖੁਲ੍ਹਾਈਆ । ਦੀਨ ਦੁਨੀ ਝਗੜਾ ਰਹੇ ਨਾ ਵਰਨ ਬਰਨ, ਏਕੰਕਾਰ ਇਕ ਅਕੱਲਾ ਮਿਹਰ ਨਜ਼ਰ ਉਠਾਈਆ । ਦੋ ਜਹਾਨਾਂ ਮਿਲੇ ਸਾਚੀ ਸਰਨ, ਆਦਿ ਨਿਰੰਜਣ ਜੋਤੀ ਜਾਤਾ ਇਕੋ ਨੂਰ ਕਰੇ ਰੁਸ਼ਨਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਇਕੋ ਢੋਲਾ ਪੜ੍ਹਨ, ਅਬਿਨਾਸ਼ੀ ਕਰਤਾ ਸ਼ਬਦ ਅਨਾਦੀ ਨਾਦ ਕਰੇ ਸ਼ਨਵਾਈਆ । ਸਾਚੀ ਮੰਜ਼ਲ ਬਿਨ ਪੌੜੇ ਡੰਡੇ ਸੰਤ ਸੁਹੇਲੇ ਚੜ੍ਹਨ, ਸ੍ਰੀ ਭਗਵਾਨ ਸਚ ਨਿਸ਼ਾਨ ਸਚਖੰਡ ਦਵਾਰੇ ਇਕ ਵਖਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਭੇਵ ਖੁਲ੍ਹੇ ਆਤਮ ਬ੍ਰਹਮ, ਪਾਰਬ੍ਰਹਮ ਪਤਿਪਰਮੇਸ਼ਵਰ ਪੜਦਾ ਉਹਲਾ ਦਏ ਉਠਾਈਆ । ਕਰੇ ਖੇਲ ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਉਪਰ ਧਵਲ, ਧਰਨੀ ਧਰਤ ਧੌਲ ਲਹਿਣਾ ਦੇਣਾ ਝੋਲੀ ਪਾਈਆ । ਪੂਰਾ ਕਰੇ ਗੁਰ ਅਵਤਾਰ ਪੈਗ਼ੰਬਰਾਂ ਭਵਿਖਤਾਂਵਾਲਾ ਕੌਲ, ਇਕਰਾਰ ਬੇਇਕਰਾਰ ਸ਼ਾਹ ਸੁਲਤਾਨਾਂ ਹੋ ਸਹਾਈਆ । ਹਰ ਘਟ ਨਿਵਾਸੀ ਜੋਤ ਪਰਕਾਸ਼ੀ

ਲੱਖ ਚੁਰਾਸੀ ਜੀਵ ਜੰਤ ਅੰਤਰ ਰਿਹਾ ਮੌਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਰੰਗ ਰੰਗਾਈਆ । ਸਤਿਜੁਗ ਸਾਚੇ ਸਾਚੇ ਨਾਮ ਦਾ ਵੱਜੇ ਇਕੋ ਡੰਕਾ, ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਇੰਦ ਬੈਠਣ ਸੀਸ ਨਿਵਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਸੁਹਾਏ ਧੁਰ ਦਾ ਬੰਕਾ, ਬੰਕ ਦਵਾਰਾ ਏਕੰਕਾਰ ਇਕੋ ਇਕ ਵਖਾਈਆ । ਝਗੜਾ ਰਹਿਣ ਨਾ ਦੇਵੇ ਕੋਈ ਰਾਓ ਰੰਕਾ, ਰਾਜ ਰਾਜਾਨ ਸ਼ਾਹ ਸੁਲਤਾਨ ਜੀਵ ਜਹਾਨ ਆਤਮ ਬ੍ਰਹਮ ਦਏ ਸਮਝਾਈਆ । ਭੇਵ ਖੁਲ੍ਹਾਏ ਬੋਧ ਅਗਾਧਾ ਬਣ ਅਗੰਮੀ ਪਡੰਤਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਾਮ ਨਿਧਾਨਾ ਇਕੋ ਇਕ ਦਰਸਾਈਆ । ਕਲਜੁਗ ਕੂੜੀ ਕਿਰਿਆ ਮਾਇਆ ਮਮਤਾ ਗੜ੍ਹ ਤੋੜੇ ਹਉਮੇ ਹੰਗਤਾ, ਹਰਿ ਹਿਰਦੇ ਅੰਦਰ ਵਸ ਕੇ ਰੈਣ ਅੰਧੇਰੀ ਮਸਿਆ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰਾ ਸਤਿ ਦਵਾਰਾ ਲੋਕਮਾਤ ਆਪ ਪਰਗਟਾਈਆ । ਸਤਿਜੁਗ ਸਾਚੇ ਤੇਰਾ ਸੱਚਾ ਸਚ ਹੋਵੇ ਉਪਦੇਸ਼, ਪਰਮ ਪੁਰਖ ਪਰਮਾਤਮ ਆਤਮ ਇਕੋ ਇਕ ਬੂਝ ਬੁਝਾਈਆ । ਕਰੇ ਖੇਲ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਨਰ ਨਰੇਸ਼, ਤਖ਼ਤ ਨਿਵਾਸੀ ਧੁਰ ਦਰਗਾਹੀ ਇਕੋ ਹੁਕਮ ਸੁਣਾਈਆ । ਜਿਸ ਦੇ ਦਰ ਕੋਟਨ ਕੋਟ ਝੁਕਦੇ ਵਿਸ਼ਨ ਬ੍ਰਹਮਾ ਮਹੇਸ਼, ਸ਼ੰਕਰ ਨਿਉਂ ਨਿਉਂ ਲਾਗਣ ਪਾਈਆ । ਗੁਰ ਅਵਤਾਰ ਪੈਗ਼ੰਬਰ ਸਜਦਿਆਂ ਵਿਚ ਕਰਨ ਆਦੇਸ, ਨਮੋਂ ਨਮੋਂ ਕਹਿ ਕੇ ਚਰਨ ਧੂੜੀ ਮਸਤਕ ਟਿੱਕਾ ਖ਼ਾਕ ਰਮਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਨਿਰਵੈਰ ਨਿਰਾਕਾਰ ਏਕਾ ਧਾਰ ਅਗੰਮ ਦੇਸ, ਜੋਤੀ ਜਾਤਾ ਪੁਰਖ ਬਿਧਾਤਾ ਲੱਖ ਚੁਰਾਸੀ ਜੀਵ ਜੰਤ ਫੋਲ ਫੁਲਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸਚ ਦਵਾਰੇ ਕਰਨਹਾਰਾ ਹੇਤ, ਨਿਤ ਨਵਿਤ ਨਰ ਨਰਾਇਣ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੇ ਤੇਰਾ ਲਹਿਣਾ ਦੇਣਾ ਤੇਰੀ ਝੋਲੀ ਪਾਈਆ । ਸਤਿਜੁਗ ਕਹੇ ਮੇਰੇ ਪਰਮ ਪੁਰਖ ਕਿਰਪਾਲ, ਦੀਨ ਦਿਆਲ ਤੇਰੀ ਸਰਨਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸ੍ਰਿਸ਼ਟ ਸਬਾਈ ਹੋਣਾ ਬੇਹਾਲ, ਚਾਰ ਕੁੰਟ ਦਹਿ ਦਿਸ਼ਾ ਸਾਂਤਕ ਸਤਿ ਨਾ ਕੋਇ ਵਰਤਾਈਆ । ਦਰਗਾਹ ਸਾਚੀ ਸਚਖੰਡ ਦਵਾਰਾ ਮਿਲੇ ਨਾ ਕੋਇ ਦਲਾਲ, ਗੁਰ ਅਵਤਾਰ ਪੈਗ਼ੰਬਰ ਪੱਲੂ ਸਾਰੇ ਗਏ ਛੁਡਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਡੌਰੂ ਡੰਕਾ ਏਕਾ ਰਿਹਾ ਵਜਾਈਆ । ਸੁਰਤ ਸਵਾਣੀ ਸ਼ਬਦ ਹਾਣੀ ਮਿਲ ਕੇ ਕਰੇ ਨਾ ਕੋਇ ਪਹਿਚਾਣ, ਆਤਮ ਪਰਮਾਤਮ ਮੇਲਾ ਮੇਲ ਨਾ ਕੋਇ ਮਿਲਾਈਆ । ਮਨ ਵਾਸਨਾ ਦੀਨ ਦੁਨੀ ਹੋਈ ਕੰਗਾਲ, ਬੁਧ ਬਿਬੇਕ ਰੂਪ ਨਾ ਕੋਇ ਵਟਾਈਆ । ਮਾਇਆ ਕਾਰਨ ਸ਼ਾਹ ਸੁਲਤਾਨਾਂ ਵੱਜੇ ਤਾਲ, ਧੁਨ ਅਨਾਦੀ ਨਾਦ ਆਤਮਕ ਰਾਗ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਖ ਆਪਣਾ ਘਰ, ਨਿਰਗੁਣ ਹੋ ਕੇ ਫੇਰਾ ਪਾਈਆ । ਸਤਿਜੁਗ ਕਹੇ ਪ੍ਰਭ ਕਲਜੁਗ ਕੂੜ ਕੁੜਿਆਰਾ ਤੱਕ, ਬਿਨ ਅੱਖਾਂ ਅੱਖ ਉਠਾਈਆ । ਕੋਈ ਨਾ ਜਾਣੇ ਹਕ਼ੀਕਤ ਹੱਕ, ਹਕੂਮਤ ਸਚ ਨਾ ਕੋਇ ਕਮਾਈਆ । ਮਨ ਵਾਸਨਾ ਸ੍ਰਿਸ਼ਟੀ ਦ੍ਰਿਸ਼ਟੀ ਰਹੀ ਨਠ, ਇਸ਼ਟੀ ਤੇਰਾ ਰੂਪ ਨਜ਼ਰ ਕਿਸੇ ਨਾ ਆਈਆ । ਸਤਿ ਸਤਿਵਾਦ ਖੇੜਾ ਹੋਇਆ ਭੱਠ, ਮਾਇਆ ਮਮਤਾ ਮੋਹ ਕਰੇ ਹਲਕਾਈਆ । ਸਤਿ ਪਰਕਾਸ਼ ਤੇਰਾ ਨੂਰ ਬ੍ਰਹਮ ਜੋਤ ਜਗੇ ਨਾ ਲਟ ਲਟ, ਨੌ ਦਵਾਰੇ ਪੰਧ ਨਾ ਕੋਇ ਚੁਕਾਈਆ । ਸਾਚਾ ਲਾਹਾ ਸਾਹਿਬ ਸਵਾਮੀ ਸਚ ਦਵਾਰਿਉਂ ਸਕੇ ਕੋਈ ਨਾ ਖਟ,

ਨਾਮ ਨਿਧਾਨ ਸ੍ਰੀ ਭਗਵਾਨ ਹੱਥ ਕਿਸੇ ਨਾ ਆਈਆ । ਦੀਨ ਮਜ਼੍ਹਬ ਜਾਤ ਪਾਤ ਵਰਨ ਗੋਤ ਪਈ ਵੱਟ, ਅਗਲੀ ਵਾਟ ਪੰਧ ਨਾ ਕੋਇ ਮੁਕਾਈਆ । ਕਲਜੁਗ ਸਵਾਂਗੀ ਸਵਾਂਗ ਕਰੇ ਖੇਲ ਨਟੂਆ ਨਟ, ਮੰਡਲ ਰਾਸੀ ਸੁਰਤੀ ਸ਼ਬਦੀ ਗੋਪੀ ਕਾਹਨ ਰਾਸ ਨਾ ਕੋਇ ਵਖਾਈਆ । ਪੁਰਖ ਅਕਾਲ ਦੀਨ ਦਿਆਲ ਸਤਿ ਧਰਮ ਲੋਕਮਾਤ ਖੋਲ੍ਹ ਆਪਣਾ ਹੱਟ, ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਮੁਖ ਗੁਰਸਿਖ ਭਗਤ ਵਣਜਾਰੇ ਲੈ ਬਣਾਈਆ । ਸਦੀ ਚੌਧਵੀਂ ਲਹਿਣਾ ਦੇਣਾ ਮੁਕਾ ਪੁਰਖ ਸਮਰਥ, ਈਸਾ ਮੂਸਾ ਮੁਹੰਮਦ ਨੇਤਰ ਰੋ ਰੋ ਦੇਣ ਦੁਹਾਈਆ । ਗੋਬਿੰਦ ਯਾਰੜੇ ਦਾ ਸੱਥਰ ਗਿਆ ਘੱਤ, ਜਗਤ ਸੂਲਾਂ ਸੇਜ ਹੰਢਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਧਾਰ ਨਿਰਵੈਰ ਹੋ ਕੇ ਲੋਕਮਾਤ ਆ ਵੱਤ, ਬੇਵਤਨਾਂ ਨੂੰ ਵਤਨ ਦੇ ਵਖਾਈਆ । ਸਾਚਾ ਧਰਮ ਸੰਤੋਖ ਧੀਰਜ ਦੇ ਜਤ, ਅਗਨੀ ਤਤ ਨਾ ਲਾਗੇ ਰਾਈਆ । ਮਾਨਵ ਜਾਤੀ ਸਭ ਦੀ ਸਾਂਝੀ ਹੋਵੇ ਮਤ, ਬ੍ਰਹਮ ਪਾਰਬ੍ਰਹਮ ਪੜਦਾ ਦੇ ਚੁਕਾਈਆ । ਤੂੰ ਮੇਰਾ ਮੈਂ ਤੇਰਾ ਰਸਨਾ ਜਿਹਵਾ ਬੱਤੀ ਦੰਦ ਗਾਵੇ ਤੇਰਾ ਜਸ, ਸਿਫ਼ਤਾਂ ਵਿਚ ਤੇਰਾ ਢੋਲਾ ਗਾਈਆ । ਨਿਜ ਨੇਤਰ ਗਿਆਨ ਲੋਚਨ ਖੋਲ੍ਹ ਅੱਖ, ਪਰਤੱਖ ਰੂਪ ਹੋਵੇ ਗੁਸਾਈਆ । ਤੇਰੀ ਆਤਮ ਪਰਮਾਤਮ ਤੇਰੇ ਨਾਲੋਂ ਰਹੇ ਨਾ ਵੱਖ, ਕਰ ਕਿਰਪਾ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਧੁਰ ਦਾ ਵਰ, ਸਤਿਜੁਗ ਸਾਚਾ ਝੋਲੀ ਡਾਹੀਆ । ਸਤਿਜੁਗ ਕਹੇ ਪ੍ਰਭ ਕਲਜੁਗ ਵੇਖ ਕੂੜ ਕੁੜਿਆਰ, ਚਾਰੋਂ ਕੁੰਟ ਅੰਧੇਰਾ ਛਾਈਆ । ਸਾਚਾ ਦਿਸੇ ਨਾ ਕੋਇ ਮਿੱਤਰ ਮੁਰਾਰ, ਵਿਭਚਾਰੀ ਹੋਈ ਲੋਕਾਈਆ । ਭਵਿਖਤਾਂ ਵਿਚ ਪੈਗ਼ੰਬਰਾਂ ਕੀਤਾ ਤੇਰਾ ਇਜ਼ਹਾਰ, ਲੇਖਾ ਲਿਖ ਕੇ ਕ਼ਲਮ ਸ਼ਾਹੀਆ । ਗੁਰ ਅਵਤਾਰ ਕਰਦੇ ਗਏ ਪੁਕਾਰ, ਹੋਕਾ ਸ਼ਬਦੀ ਨਾਮ ਸੁਣਾਈਆ । ਕਲ ਕਲਕੀ ਇਕ ਅਵਤਾਰ, ਜਿਸ ਦਾ ਭੇਵ ਕੋਇ ਨਾ ਪਾਈਆ । ਜਿਸ ਨੂੰ ਜਨਮੇ ਕੋਈ ਨਾ ਮਾਈ ਵਿਚ ਸੰਸਾਰ, ਨਾਤਾ ਤਤ ਨਾ ਕੋਇ ਬਣਾਈਆ । ਅੰਤਰਜਾਮੀ ਘਟ ਭੀਤਰ ਦੇਵਣਹਾਰ ਹੋਵੇ ਜੀਵ ਅਧਾਰ, ਅੰਡਜ ਜੇਰਜ ਉਤਭਜ ਸੇਤਜ ਵੇਖੇ ਥਾਉਂ ਥਾਈਆ । ਨਿਰਗੁਣ ਨੂਰ ਜੋਤ ਕਰੇ ਉਜਿਆਰ, ਸ਼ਬਦੀ ਡੰਕ ਵਜਾਏ ਅਪਾਰ, ਦੋ ਜਹਾਨਾਂ ਇਕ ਤਰਾਨਾ ਦਏ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਬ੍ਰਹਿਮੰਡ ਖੰਡ ਰਵ ਸਸ ਜ਼ਿਮੀਂ ਅਸਮਾਨ ਫਿਰਨ ਚਰਨ ਦਵਾਰ, ਹੁਕਮੇਂ ਅੰਦਰ ਭੱਜਣ ਵਾਹੋ ਦਾਹੀਆ । ਕਲਜੁਗ ਕੂੜੀ ਕਿਰਿਆ ਲੋਕਮਾਤ ਵਿਚੋਂ ਕੱਢ ਬਾਹਰ, ਧਰਨੀ ਧਰਤ ਧਵਲ ਉਪਰ ਰਹਿਣ ਕੋਇ ਨਾ ਪਾਈਆ । ਪਰਮ ਪੁਰਖ ਪਰਮਾਤਮ ਤੇਰੇ ਨਾਮ ਦਾ ਹੋਵੇ ਇਕ ਜੈਕਾਰ, ਇਕੋ ਤੇਰਾ ਇਸ਼ਟ ਦੀਨ ਦੁਨੀ ਸਰਬ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਤੇਰੀ ਸਚ ਸੱਚੀ ਸਰਕਾਰ, ਜਿਸ ਦਾ ਤਖ਼ਤਾ ਆਦਿ ਅੰਤ ਜੁਗਾ ਜੁਗੰਤ ਨਾ ਕੋਇ ਉਲਟਾਈਆ । ਸ੍ਰੀ ਭਗਵਾਨ ਕਹੇ ਸੁਣ ਸਤਿਜੁਗ ਮੀਤਾ, ਧੁਰ ਸੰਦੇਸ਼ਾ ਦਿਆਂ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਬਦਲ ਕੇ ਅੰਤਰ ਰੀਤਾ, ਮੰਦਰ ਮਸੀਤ ਲਹਿਣਾ ਦਿਆਂ ਮੁਕਾਈਆ । ਇਕ ਨਾਮ ਜਣਾਵਾਂ ਦੋ ਜਹਾਨ ਅਨਡੀਠਾ, ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਕਹਿਣ ਕੋਇ ਨਾ ਪਾਈਆ । ਸਤਿ ਧਰਮ ਦੀ ਸਤਿ ਚਲਾਵਾਂ ਰੀਤਾ, ਆਤਮ ਪਰਮਾਤਮ ਬਿਨ ਅੱਖਰਾਂ ਕਰਾਂ ਪੜ੍ਹਾਈਆ । ਸਾਚਾ ਕਲਮਾ ਇਕੋ ਦੱਸਾਂ ਹਦੀਸਾ, ਹਜ਼ਰਤ ਪੈਗ਼ੰਬਰ ਜਿਸ ਨੂੰ ਪੜ੍ਹ ਕੇ ਖ਼ੁਸ਼ੀ ਮਨਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਹੋਵੇ ਨਸੀਹਤਾ, ਨਸਲ ਅਸਲ ਬ੍ਰਹਮ ਪਾਰਬ੍ਰਹਮ ਦਿਆਂ ਦ੍ਰਿੜਾਈਆ । ਮਿਲੇ ਮਾਣ ਵਡਿਆਈ ਹਸਤ ਕੀਟਾ, ਊਚਾਂ ਨੀਚਾਂ ਰਾਓ ਰੰਕਾਂ ਇਕੋ

ਦਰ ਵਖਾਈਆ । ਸਚ ਦਵਾਰ ਵਿਚ ਸੰਸਾਰ ਦਿਸੇ ਠਾਂਡਾ ਸੀਤਾ, ਦੂਈ ਦਵੈਤ ਸ਼ਰਅ ਸ਼ਰਾਇਤ ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਤੇਰਾ ਖੋਲ੍ਹੇ ਦਰ, ਦਰ ਦਰਵਾਜ਼ਾ ਗ਼ਰੀਬ ਨਿਵਾਜਾ ਇਕੋ ਇਕ ਵਖਾਈਆ । ਸਤਿਜੁਗ ਸਚ ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਉਡੀਕ, ਬਿਨ ਅੱਖਾਂ ਅੱਖ ਉਠਾਈਆ । ਨਿਰਅੱਖਰ ਅੱਖਰ ਧਾਰ ਬਣ ਕੇ ਕਰਦੇ ਗਏ ਤਾਰੀਫ਼, ਸਿਫ਼ਤਾਂ ਵਿਚ ਧੁਰ ਦੇ ਢੋਲੇ ਗਾਈਆ । ਜੋਤੀ ਸ਼ਬਦ ਕਰਦੇ ਗਏ ਪ੍ਰੀਤ, ਪ੍ਰੀਤਮ ਪਰਮ ਪੁਰਖ ਇਕੋ ਇਕ ਮਨਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣੀ ਬਦਲਦਾ ਆਇਆ ਤਵਾਰੀਖ, ਆਪਣੀ ਤਾਰੀਖ ਨਾ ਕਿਸੇ ਦ੍ਰਿੜਾਈਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਲੇਖਾ ਮੁਕਾਵੇ ਊਚ ਨੀਚ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਮਰਥ ਸਵਾਮੀ ਅੰਤਰਜਾਮੀ ਘਟ ਭੀਤਰ ਗ੍ਰਿਹਿ ਮੰਦਰ ਕਾਇਆ ਮਾਟੀ ਖੋਜ ਖੁਜਾਈਆ । ਸਤਿਜੁਗ ਸਾਚੇ ਤੇਰਾ ਪੁਰਖ ਅਕਾਲ ਦੇਵੇ ਸਾਥ, ਸਗਲਾ ਸੰਗ ਬਣਾਈਆ । ਨਾਮ ਅਗੰਮਾ ਦੱਸ ਕੇ ਪਾਠ, ਪਾਠਸ਼ਾਲਾ ਇਕੋ ਦਏ ਵਖਾਈਆ । ਜਿਥੇ ਝਗੜਾ ਰਹੇ ਨਾ ਜਾਤ ਪਾਤ, ਦੀਨ ਦੁਨੀ ਨਾ ਕੋਇ ਵਡਿਆਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਿਰਗੁਣ ਨਿਰਗੁਣ ਬਣੇ ਸਾਕ, ਸਰਗੁਣ ਵੱਜੇ ਤਨ ਵਧਾਈਆ । ਤ੍ਰੈਗੁਣ ਮਾਇਆ ਪੋਹ ਨਾ ਸਕੇ ਅਗਨੀ ਆਂਚ, ਪੰਜ ਵਿਕਾਰ ਨਾ ਕੋਇ ਹਲਕਾਈਆ । ਕਲਜੁਗ ਕੂੜੀ ਕਿਰਿਆ ਮਿਟੇ ਅੰਧੇਰੀ ਰਾਤ, ਸਤਿਜੁਗ ਤੇਰੀ ਰੁਤੜੀ ਸਤਿ ਸਤਿਵਾਦੀ ਆਪ ਸੁਹਾਈਆ । ਪੂਰਾ ਕਰੇ ਗੁਰ ਅਵਤਾਰਾਂ ਪੈਗ਼ੰਬਰਾਂ ਭਵਿਖਤ ਵਾਕ, ਵਾਕਿਆ ਵੇਖੇ ਥਾਉਂ ਥਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਕੱਢ ਨਫ਼ਾਕ, ਇਤਫ਼ਾਕਿਆ ਇਤਫ਼ਾਕ ਧੁਰ ਦਾ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਗੁਣਾਂ ਗੁਣਤਾਸ, ਗੁਣਵੰਤਾ ਗਹਿਰ ਗੰਭੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝਾ ਯਾਰ ਇਕੋ ਨਜ਼ਰੀ ਆਈਆ ।

### ੨੬ ਸਾਵਣ ਸ਼ਹਿਨਸ਼ਾਹੀ ਸੰਮਤ ੨ ਮੰਗਲ ਸਿੰਘ ਦੇ ਗ੍ਰਿਹਿ ਪਿੰਡ ਸਾਰੰਗੜਾ ਜ਼ਿਲਾ ਅੰਮ੍ਰਿਤਸਰ

ਸਤਿਜੁਗ ਸਾਚੇ ਸੋ ਪੁਰਖ ਨਿਰੰਜਣ ਦੇਵੇ ਸਾਚੀ ਟੇਕ, ਆਦਿ ਜੁਗਾਦੀ ਮਿਹਰਵਾਨ ਮਹਿਬੂਬ ਦਇਆ ਕਮਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅੰਤਰ ਆਤਮ ਬੁਧੀ ਕਰੇ ਬਿਬੇਕ, ਮਨ ਵਾਸਨਾ ਕੂੜੀ ਕਿਰਿਆ ਹਉਮੇ ਹੰਗਤਾ ਰਹਿਣ ਕੋਇ ਨਾ ਪਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਸਚ ਦਵਾਰੇ ਖੋਲ੍ਹੇ ਆਪਣਾ ਭੇਤ, ਅਛਲ ਅਛੇਦਾ ਆਪਣਾ ਪੜਦਾ ਦਏ ਉਠਾਈਆ । ਸਚਖੰਡ ਦਵਾਰਾ ਏਕੰਕਾਰਾ ਨਿਰਗੁਣ ਨਿਰਵੈਰ ਦੱਸੇ ਆਪਣਾ ਦੇਸ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਾਚਾ ਮੇਲਾ ਆਪ ਮਿਲਾਈਆ । ਜਿਸ ਗ੍ਰਿਹਿ ਰੂਪ ਰੰਗ ਨਾ ਕੋਇ ਰੇਖ, ਅਨੁਭਵ ਪਰਕਾਸ਼ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੇ ਦੀਨ ਦਿਆਲ ਦੀਨਾਂ ਬੰਧਪ ਦਇਆਨਿਧ ਠਾਕਰ ਸਵਾਮੀ, ਮਿਹਰ ਨਜ਼ਰ ਇਕ ਉਠਾਈਆ । ਸਤਿਜੁਗ ਸਾਚੇ ਸਚ ਸੰਦੇਸ਼ਾ ਦੇਵੇ ਇਕ ਇਕੱਲਾ, ਆਦਿਨ ਅੰਤਾ ਸ੍ਰੀ

ਭਗਵੰਤਾ ਹੁਕਮ ਵਰਤਾਈਆ । ਦੋ ਜਹਾਨ ਬਣਾਏ ਸਚ ਮਹੱਲਾ, ਚਾਰ ਕੁੰਟ ਇਕੋ ਹੁਕਮ ਦਏ ਵਰਤਾਈਆ । ਪਾਵੇ ਸਾਰ ਸਮੁੰਦ ਸਾਗਰ ਡੂੰਘੀ ਗ਼ਾਰ ਜਲਾ ਥਲਾ, ਪਰਬਤ ਟਿੱਲੇ ਚੋਟੀ ਪਹਾੜ ਵੇਖੇ ਚਾਈਂ ਚਾਈਆ । ਦੂਈ ਦਵੈਤੀ ਚਾਰ ਵਰਨ ਅਠਾਰਾਂ ਬਰਨ ਮੇਟੇ ਸੱਲਾ, ਸੁਲਹਕੁਲ ਅਮੁਲ ਆਪਣਾ ਨਾਮ ਵਰਤਾਈਆ । ਸਾਚਾ ਮੰਦਰ ਗ੍ਰਿਹਿ ਵਖਾਏ ਉਚ ਅਟਲਾ, ਛੱਪਰ ਛੰਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਵੇ ਵਰ, ਦਇਆਵਾਨ ਆਪਣੀ ਦਇਆ ਕਮਾਈਆ । ਸਤਿਜੁਗ ਸਾਚੇ ਤੇਰਾ ਸਚ ਦਵਾਰਾ ਹੋਵੇ ਉਚ ਅਰੂਜ, ਅਰਸ਼ ਫ਼ਰਸ਼ ਮਿਲੇ ਮਾਣ ਵਡਿਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਦਇਆ ਕਰੇ ਆਪ ਹੱਕ ਮਹਿਬੂਬ, ਪਰਵਰਦਿਗਾਰ ਸਾਂਝਾ ਯਾਰ ਵਾਹਿਦ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਦੇ ਕੇ ਇਕੋ ਮੰਜ਼ਲ ਮਕਸੂਦ, ਸਚ ਦਵਾਰੇ ਹੱਕ ਮੁਕਾਮੇ ਦਏ ਪੁਚਾਈਆ । ਜਿਥੇ ਪੜ੍ਹਨਾ ਪਏ ਨਾ ਕੋਇ ਹਜ਼ਾਰਾ ਦਰੂਦ, ਅੱਖਰਾਂ ਵਾਲਾ ਲੇਖ ਨਾ ਕੋਇ ਵਖਾਈਆ । ਦਿਸ਼ਾ ਰਹੇ ਨਾ ਕੋਈ ਕੂਟ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਵੰਡ ਰਹੇ ਨਾ ਹੱਦ ਹਦੂਦ, ਬੇਅੰਤ ਬੇਪਰਵਾਹ ਇਕੋ ਨਜ਼ਰੀ ਆਈਆ । ਸਚ ਦਵਾਰੇ ਹੋ ਮੌਜੂਦ, ਮਜਲਸ ਧੁਰ ਦੀ ਦਏ ਵਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕੂੜੀ ਕਿਰਿਆ ਕਰ ਕੇ ਨੇਸਤੇ ਨਾਬੂਦ, ਸਤਿ ਧਰਮ ਤੇਰਾ ਬੂਟਾ ਦਏ ਲਗਾਈਆ । ਲੋਕਮਾਤ ਧਰਨੀ ਧਰਤ ਧਵਲ ਉਪਰ ਬਿਨ ਤੱਤਾਂ ਤੇਰਾ ਪਰਗਟ ਕਰੇ ਵਜੂਦ, ਵਾਹਿਦ ਆਪਣਾ ਹੁਕਮ ਵਰਤਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਦੇਵੇ ਪੰਜ ਤਤ ਕਾਇਆ ਕਲਬੂਤ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਚਾਰ ਜੁਗ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇ ਕੇ ਗਏ ਸਬੂਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸ਼ਹਾਦਤ ਆਪਣੀ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਧਰਮ ਤੇਰਾ ਸਚ ਦਵਾਰਾ ਇਕੋ ਇਕ ਖੁਲ੍ਹਾਈਆ । ਸਤਿਜੁਗ ਸਾਚੇ ਪੁਰਖ ਅਕਾਲ ਏਕਾ ਨਾਉਂ ਕਰੇ ਪ੍ਰਸਿੱਧ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਸਿਰ ਸਕੇ ਨਾ ਕੋਇ ਉਠਾਈਆ । ਝਗੜਾ ਰਹੇ ਨਾ ਕੋਇ ਨੌ ਨਿੱਧ ਅਠਾਰਾਂ ਸਿੱਧ, ਰਿੱਧੀ ਸਿੱਧੀ ਕੰਮ ਕਿਸੇ ਨਾ ਆਈਆ । ਆਤਮ ਪਰਮਾਤਮ ਸਾਚੀ ਦੱਸੇ ਆਪਣੀ ਬਿਧ, ਬਿਧਨਾ ਦਾ ਲੇਖਾ ਦਏ ਮਿਟਾਈਆ । ਸਰਬ ਆਤਮਾ ਦਾ ਪਰਮਾਤਮ ਨਜ਼ਰ ਆਏ ਇੱਕ, ਏਕੰਕਾਰ ਬੇਪਰਵਾਹੀਆ । ਜਨ ਭਗਤਾਂ ਰਸ ਦੇਵੇ ਨਿਝ, ਨਿਝਰ ਝਿਰਨਾ ਆਪ ਝਿਰਾਈਆ । ਅਗਲਾ ਲੇਖਾ ਦੇਵੇ ਲਿਖ, ਪੂਰਬ ਲਹਿਣਾ ਝੋਲੀ ਪਾਈਆ । ਭੇਵ ਖੁਲ੍ਹਾ ਕੇ ਪਰਮ ਪੁਰਖ ਆਪਣੇ ਭਵਿਖ, ਪੜਦਿਆਂ ਵਿਚੋਂ ਪੜਦਾ ਦਏ ਉਠਾਈਆ । ਦੇਵੇ ਵਡਿਆਈ ਗੁਰਮੁਖ ਸਾਚੇ ਸਿੱਖ, ਜੋ ਸਤਿਗੁਰ ਸ਼ਬਦ ਮਿਲ ਕੇ ਇਕੋ ਇਸ਼ਟ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਖੇਲ ਕਰੇ ਨਿਤ ਨਵਿਤ, ਨਿਰਗੁਣ ਸਰਗੁਣ ਆਪਣਾ ਹੁਕਮ ਜਣਾਈਆ । ਸਤਿਜੁਗ ਸਾਚੇ ਤੇਰਾ ਨਜ਼ਰੀ ਆਵੇ ਧਰਮ ਦਵਾਰ, ਧੁਰ ਦਰਗਾਹੀ ਆਪ ਸੁਹਾਈਆ । ਜਿਥੇ ਇਕੋ ਏਕ ਹੋਵੇ ਜੈਕਾਰ, ਨਾਅਰਾ ਹੱਕ ਹੱਕ ਸੁਣਾਈਆ । ਦੂਸਰ ਦਿਸੇ ਨਾ ਮੀਤ ਮੁਰਾਰ, ਧੁਰ ਦਾ ਮਾਲਕ ਸੋਭਾ ਪਾਈਆ । ਜਿਸ ਨੂੰ ਲੱਭਦੇ ਗਏ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੱਖ ਉਠਾਈਆ । ਸੋ ਖੇਲ ਕਰੇ ਆਪਣੀ ਧਾਰ, ਜੋਤੀ ਜਾਤਾ ਵੇਸ ਵਟਾਈਆ । ਜਿਸ ਨੂੰ ਮਾਤਾ ਜਨਮੇ ਨਾ ਕੋਇ ਵਿਚ ਸੰਸਾਰ, ਸੀਰ ਨੀਰ ਮੁਖ ਨਾ ਕੋਇ ਲਗਾਈਆ । ਸੋ ਖੇਲ ਕਰੇ ਏਕੰਕਾਰ, ਇਕ ਅਕੱਲਾ ਆਪਣੇ ਹੱਥ

੧੦੬੭
੧੯

ਰਖੇ ਵਡਿਆਈਆ । ਕਲਜੁਗ ਕੂੜੀ ਕਿਰਿਆ ਦਏ ਨਿਵਾਰ, ਨਵਿਰਤੀ ਪਰਕਿਰਤੀ ਦਏ ਬਦਲਾਈਆ । ਸਤਿ ਧਰਮ ਦਾ ਕਰ ਸਚ ਪਰਚਾਰ, ਪਰਚਾ ਸਭ ਦੇ ਅਗੇ ਪਾਈਆ । ਲੱਖ ਚੁਰਾਸੀ ਕਰ ਕੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਸੋਈ ਸੁਰਤੀ ਦਏ ਉਠਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਨਾਮ ਅਗੰਮੀ ਵਜਾਏ ਤਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਤੇਰਾ ਸਤਿ ਧਰਮ, ਸਰਨ ਆਪਣੀ ਵਿਚ ਰਖਾਈਆ । ਸਤਿਜੁਗ ਤੇਰਾ ਧਰਮ ਹੋਵੇ ਅਨੋਖਾ, ਪੁਰਖ ਅਕਾਲ ਦੀਨ ਦਿਆਲ ਦੇਵਣਹਾਰ ਵਡਿਆਈਆ । ਚੌਥੇ ਜੁਗ ਪਿਛੋਂ ਆਇਆ ਮੌਕਾ, ਮੁਕੰਮਲ ਹੁਕਮ ਦਏ ਸੁਣਾਈਆ । ਜਨ ਭਗਤਾਂ ਨਾਲ ਕਰੇ ਨਾ ਕਦੇ ਧੋਖਾ, ਮਮਤਾ ਮੋਹ ਨਾ ਕੋਇ ਵਧਾਈਆ । ਸਾਚਾ ਮਾਰਗ ਦੱਸ ਸੌਖਾ, ਮੰਜ਼ਲ ਆਪਣੀ ਦੇਣਾ ਚੜ੍ਹਾਈਆ । ਪੈਂਡਾ ਮੁਕਾ ਕੇ ਚੌਦਾਂ ਲੋਕਾ, ਚੌਦਾਂ ਤਬਕ ਖਹਿੜਾ ਦੇਣਾ ਛੁਡਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾ ਕੇ ਸਚ ਸਲੋਕਾ, ਸੋ ਸਵਾਮੀ ਅੰਤਰਜਾਮੀ ਮਿਲ ਕੇ ਦਰ ਘਰ ਸਾਚੇ ਸੋਭਾ ਪਾਈਆ । ਜਿਸ ਦਾ ਭਾਣਾ ਸਦਾ ਸਦਾ ਸਦ ਵਿਚ ਜਹਾਨ ਕਿਸੇ ਨਾ ਰੋਕਾ, ਅਗੇ ਹੋ ਨਾ ਕੋਇ ਅਟਕਾਈਆ । ਸੋ ਸਾਹਿਬ ਸੁਲਤਾਨ ਹੋ ਮਿਹਰਵਾਨ ਸਤਿਜੁਗ ਤੇਰੀ ਪੂਰੀ ਕਰੇ ਲੋਚਾ, ਜਨ ਭਗਤਾਂ ਲੋਚਨ ਨੈਣ ਨਿਜ ਨੇਤਰ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਅਠਾਰਾਂ ਬਰਨ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਸਾਚਾ ਇਸ਼ਟ ਦੱਸੇ ਇਕੋ ਓਟਾ, ਓੜਕ ਪੁਰਖ ਅਕਾਲ ਦੀਨ ਦਿਆਲ ਦਇਆਨਿਧ ਸਾਗਰ ਗਹਿਰ ਗੰਭੀਰ ਬੇਨਜ਼ੀਰ ਲਾਤਸਵੀਰ, ਦੀਨ ਦੁਨੀ ਬਦਲ ਜ਼ਮੀਰ ਸ਼ਰਅ ਜ਼ੰਜੀਰ ਦਏ ਕਟਾਈਆ ।


੧੦੬੮
੧੯

## ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਪੂਰਨ ਸਿੰਘ ਦੇ ਗ੍ਰਿਹਿ ਪਿੰਡ ਲੇਲੀਆਂ ਜ਼ਿਲਾ ਅੰਮ੍ਰਿਤਸਰ

ਸਤਿਜੁਗ ਕਹੇ ਪ੍ਰਭ ਮੈਂ ਤੇਰਾ ਸੇਵਕ ਬੜਾ ਚਾਕ, ਚਾਕਰੀ ਚਾਰ ਕੁੰਟ ਕਮਾਈਆ । ਧਰਮ ਦਵਾਰੇ ਦਾ ਖੋਲ੍ਹ ਕੇ ਤਾਕ, ਤਾਕਤਵਰ ਤੇਰੇ ਨਾਲ ਦਿਆਂ ਮਿਲਾਈਆ । ਨਿਰਗੁਣ ਨਿਰਗੁਣ ਮੇਲਾ ਕਰਾਵਾਂ ਸੱਜਣ ਸਾਕ, ਸਰਗੁਣ ਮਿਲੇ ਮਾਣ ਵਡਿਆਈਆ । ਜਗਤ ਵਾਸਨਾ ਵਿਚ ਕਦੇ ਨਾ ਹੋਵਾਂ ਗੁਸਤਾਖ਼, ਜੂਠ ਝੂਠ ਨਾ ਨਾਲ ਰਲਾਈਆ । ਸਚ ਪ੍ਰੇਮ ਦੀ ਸਾਨੂੰ ਦੱਸ ਜਾਚ, ਯਾਚਕ ਹੋ ਕੇ ਸੇਵ ਕਮਾਈਆ । ਤਾਮਸ ਅਗਨੀ ਰਹੇ ਨਾ ਕੋਇ ਆਂਚ, ਸਾਂਤਕ ਸਤਿ ਤੇਰਾ ਨਾਮ ਦਰਸਾਈਆ । ਇਕੋ ਅੱਖਰ ਸ੍ਰਿਸ਼ਟ ਸਬਾਈ ਲਏ ਵਾਚ, ਸੋਹੰ ਢੋਲਾ ਧੁਰ ਦਰਗਾਹੀਆ । ਸੁਨੇਹੜਾ ਦੇਵਾਂ ਪਾਤੀ ਪਾਤ, ਪਤ੍ਰਿਕਾ ਤੇਰੀ ਦਿਆਂ ਵਖਾਈਆ । ਸਹਾਇਤਾ ਕਰਾਂ ਅਨਾਥਾਂ ਨਾਥ, ਦਿਵਸ ਰੈਣ ਭੱਜਾਂ ਵਾਹੋ ਦਾਹੀਆ । ਸਾਚੇ ਭਗਤਾਂ ਦੇ ਕੇ ਸਾਥ, ਤੇਰਾ ਸੰਗ ਬਣਾਈਆ । ਸ਼ਬਦੀ ਹੁਕਮ ਅੰਦਰ ਜੋ ਦੇਵੇਂ ਆਖ, ਆਖ਼ਰ ਮੰਨ ਕੇ ਓਸੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਸੇਵਕ ਹੋ ਕੇ ਤੇਰੀ ਸਾਚੀ ਸੇਵ ਕਮਾਈਆ । ਸਤਿਜੁਗ ਕਹੇ ਪ੍ਰਭ ਤੇਰਾ ਹੋਵਾਂ ਦਾਸ, ਦਾਸਤਾਂ ਤੇਰੀ ਦਿਆਂ ਜਣਾਈਆ । ਬਿਨ ਸਾਚੇ ਨਾਮ ਖ਼ਾਲੀ ਰਹੇ ਨਾ ਕੋਇ ਸਵਾਸ , ਸਾਹ ਸਾਹ ਨਾਲ ਸਭ ਤੇਰਾ ਢੋਲਾ ਗਾਈਆ । ਸਚ ਦਵਾਰੇ ਹੋਵੇ ਸਚ ਪਰਕਾਸ਼, ਜੋਤੀ ਨੂਰ ਤੇਰਾ ਨਜ਼ਰੀ ਆਈਆ । ਅੰਧ ਅੰਧੇਰੀ ਰਹੇ ਕੋਇ ਨਾ ਰਾਤ, ਸਾਚੀ ਰੁਤੜੀ ਤੇਰੇ ਰੰਗ ਰੰਗਾਈਆ ।

ਜਨ ਭਗਤਾਂ ਵਸ ਕੇ ਸਦਾ ਪਾਸ, ਪਾਸਾ ਅੰਦਰੋਂ ਦਿਆਂ ਬਦਲਾਈਆ । ਇਕੋ ਪੁਰਖ ਅਕਾਲ ਉਤੇ ਹੋਵੇ ਧਰਵਾਸ, ਧਰਮ ਦਵਾਰਾ ਇਕੋ ਨਜ਼ਰੀ ਆਈਆ । ਤੇਰਾ ਖੇਲ ਵੇਖ ਪੁਰਖ ਅਬਿਨਾਸ਼, ਸਾਚੇ ਘਰ ਵੱਜੇ ਵਧਾਈਆ । ਧੁਰੋਂ ਦੇਣੀ ਆਪਣੀ ਦਾਤ, ਦਾਤੇ ਦਾਨੀ ਦਇਆ ਕਮਾਈਆ । ਬਿਨ ਤੇਰੇ ਨਾਮ ਵੱਡੀ ਨਹੀਂ ਕੋਈ ਕਰਾਮਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮਾਨਸ ਜਨਮ ਕਰ ਰਾਸ, ਰਸੀਆ ਹੋ ਕੇ ਆਪਣਾ ਰਸ ਚੁਆਈਆ ।

## ✪ ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਜਾਗੀਰ ਕੌਰ ਦੇ ਗ੍ਰਿਹ ਪਿੰਡ ਲੇਲੀਆਂ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਕਹੇ ਪ੍ਰਭ ਮੈਂ ਹੋਵਾਂ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਤੇਰੀ ਖ਼ਲਕਤ ਕਰਾਂ ਪਿਆਰ, ਖ਼ਿੱਲਤ ਤੇਰਾ ਨਾਮ ਵਖਾਈਆ । ਸਹੀ ਸਲਾਮਤ ਵੇਖਾਂ ਸਰਬ ਸੰਸਾਰ, ਦੁਖੀਆ ਨਜ਼ਰ ਕੋਇ ਨਾ ਆਈਆ । ਸਾਂਝਾ ਦੱਸ ਕੇ ਇਕ ਪਿਆਰ, ਮੁਹੱਬਤ ਤੇਰੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਗਲਾ ਸੰਗ ਦੇਣਾ ਬਣਾਈਆ । ਸਤਿਜੁਗ ਕਹੇ ਪ੍ਰਭ ਤੇਰਾ ਹੋਵਾਂ ਖ਼ਾਦਮ, ਖ਼ਿਦਮਤ ਕਰਾਂ ਜਗਤ ਲੋਕਾਈਆ । ਪਾਵਾਂ ਸਾਰ ਬਨੀ ਨੌ ਆਦਮ, ਆਦਤ ਕਲਜੁਗ ਦਿਆਂ ਬਦਲਾਈਆ । ਕੂੜੀ ਕਿਰਿਆ ਰਹਿਣ ਨਾ ਦੇਵਾਂ ਮਾਤਮ, ਮਿੱਤਰ ਪਿਆਰਾ ਇਕੋ ਦਿਆਂ ਵਖਾਈਆ । ਸਾਚਾ ਮੇਲਾ ਮੇਲ ਪਰਮਾਤਮ, ਨੂਰ ਨੂਰ ਵਿਚ ਸਮਾਈਆ । ਤੇਰਾ ਦਰਸ ਕਰਾਂ ਜਾਹਰ ਬਾਤਨ, ਘਰ ਵਿਚ ਘਰ ਕਰਾਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਬੇਨੰਤੀ ਇਕੋ ਆਇਆ ਆਖਣ, ਆਖ਼ਰ ਮੇਰਾ ਮਾਣ ਦੇਣਾ ਰਖਾਈਆ ।

## ✪ ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਸੰਤ ਸਿੰਘ ਦੇ ਗ੍ਰਿਹ ਪਿੰਡ ਲੇਲੀਆਂ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚਾ ਕਹੇ ਪ੍ਰਭ ਬਣਾਂ ਤੇਰਾ ਮਜ਼ਦੂਰ, ਮਜ਼ਦੂਰੀ ਧੁਰ ਦੀ ਝੋਲੀ ਪਾਈਆ । ਸਦਾ ਦਰਸ ਮੰਗਾਂ ਹਾਜ਼ਰ ਹਜ਼ੂਰ, ਨੇਰਨ ਨੇਰਾ ਹੋ ਕੇ ਹੋਣਾ ਸਹਾਈਆ । ਸਚ ਭੰਡਾਰਾ ਨਾਮ ਕਰਨਾ ਭਰਪੂਰ, ਜਗਤ ਅੰਤਾ ਰਹੇ ਕੋਇ ਨਾ ਰਾਈਆ । ਮਧ ਖ਼ੁਮਾਰੀ ਨਾਮ ਦੇਣਾ ਸਰੂਰ, ਰੰਗ ਇਕੋ ਦੇਣਾ ਰੰਗਾਈਆ । ਸਹਾਇਤਾ ਸਚ ਕਰਨੀ ਜ਼ਰੂਰ, ਜ਼ਰੂਰਤ ਆਪਣੀ ਰਿਹਾ ਪਰਗਟਾਈਆ । ਕਿਰਪਾ ਕਰ ਕੇ ਬਖ਼ਸ਼ਣਾ ਨੂਰ, ਕਰਨੀ ਘਰ ਘਰ ਰੁਸ਼ਨਾਈਆ । ਸਾਚੇ ਭਗਤਾਂ ਬਖ਼ਸ਼ਣੇ ਪੂਰਬ ਕਸੂਰ, ਅਗਲਾ ਲੇਖਾ ਆਪਣੇ ਹੱਥ ਵਖਾਈਆ । ਪੈਂਡਾ ਰਹੇ ਨਾ ਕੋਇ ਦੂਰ, ਵਾਟ ਦੁਰਾਡੀ ਨੇੜੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਆਸਾ ਮਨਸਾ ਪੂਰ, ਆਸ਼ਾ ਆਪਣੇ ਨਾਲ ਰਖਾਈਆ ।

## ✪ ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹ ਪਿੰਡ ਲੋਪੋਕੇ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚਾ ਕਹੇ ਪ੍ਰਭ ਮੈਂ ਹੋਵਾਂ ਤੇਰਾ ਮਸਕੀਨ, ਨਿਰਮਾਣਤਾ ਗ਼ਰੀਬੀ ਝੋਲੀ ਦੇਣੀ ਪਾਈਆ । ਲੱਖ ਚੁਰਾਸੀ ਜੀਵ ਜੰਤ ਜੰਤ ਪੁਰਖ ਅਕਾਲ ਤੇਰਾ ਕਰਾਵਾਂ ਯਕੀਨ, ਭਰੋਸੇ ਵਿਚ ਬੰਨ੍ਹਾਂ ਸਰਬ ਲੋਕਾਈਆ । ਸਚਖੰਡ ਦਵਾਰਾ ਮਹੱਲ ਅਟਲ ਦੱਸਾਂ ਉਚ ਅਜ਼ੀਮ, ਆਲੀਸ਼ਾਨ ਸ਼ਾਨ ਤੇਰੀ ਦਿਆਂ ਜਣਾਈਆ । ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਰਹੇ ਨਾ ਕੋਇ ਤਕਸੀਮ, ਆਤਮ ਬ੍ਰਹਮ ਪਾਰਬ੍ਰਹਮ ਪੜਦਾ ਦਿਆਂ ਉਠਾਈਆ । ਸਭ ਨੂੰ ਦੱਸਾਂ ਪਰਮ ਪੁਰਖ ਮਾਲਕ ਕ਼ਦੀਮ, ਕ਼ੁਦਰਤ ਦਾ ਕ਼ਾਦਰ ਇਕ ਅਖਵਾਈਆ । ਤੂੰ ਮੇਰਾ ਮੈਂ ਤੇਰਾ ਭਗਤ ਭਗਵਾਨ ਦੀ ਦੇ ਤਾਲੀਮ, ਤੁਲਬੇ ਤਾਲਬ ਇਲਮ ਸਾਰੇ ਦਿਆਂ ਬਣਾਈਆ । ਤੇਰਾ ਮਾਰਗ ਸਾਚਾ ਦੱਸ ਮਹੀਨ, ਨਿਜ ਨੇਤਰ ਦਿਆਂ ਵਖਾਈਆ । ਸਾਂਝਾ ਪਿਆਰ ਹੋਵੇ ਨਰ ਮਦੀਨ, ਪੁਰਖ ਨਾਰ ਇਕੋ ਰੰਗ ਰੰਗਾਈਆ । ਸਤਿਗੁਰ ਸ਼ਬਦ ਦੇ ਹੋਣ ਸਰਬ ਅਧੀਨ, ਦੇਵਤ ਸੁਰ ਪੂਜਣ ਕੋਇ ਨਾ ਜਾਈਆ । ਹੱਕ ਫ਼ੈਸਲਾ ਤੇਰਾ ਮੰਨਣ ਕੋਰਟ ਸੁਪਰੀਮ, ਸਚ ਅਦਾਲਤ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਸਤਿਜੁਗ ਕਹੇ ਪ੍ਰਭ ਸਦਾ ਤੇਰਾ ਬਣਿਆ ਰਹਾਂ ਬਰਦਾ, ਗ਼ੁਲਾਮ ਹੋ ਕੇ ਨੌਬਤ ਦੀਨ ਦੁਨੀ ਅੰਦਰੋਂ ਦਿਆਂ ਕਢਾਈਆ । ਭੇਵ ਖੁਲ੍ਹਾਵਾਂ ਕਾਇਆ ਮਾਟੀ ਤਨ ਵਜੂਦ ਘਰ ਘਰ ਦਾ, ਗ੍ਰਿਹ ਗ੍ਰਿਹ ਪੜਦਾ ਦਿਆਂ ਉਠਾਈਆ । ਇਸ਼ਨਾਨ ਦੱਸਾਂ ਆਤਮ ਸਰੋਵਰ ਸੱਚੇ ਸਰ ਦਾ, ਅੱਠ ਸੱਠ ਨਹਾਵਣ ਦਾ ਲੇਖਾ ਦਿਆਂ ਮੁਕਾਈਆ । ਧੁਰ ਫ਼ਰਮਾਨ ਸੰਦੇਸ਼ਾ ਦੇਵਾਂ ਨਰਾਇਣ ਨਰ ਦਾ, ਨਰ ਨਿਰੰਕਾਰ ਤੇਰੀ ਕਰਾਂ ਸਚ ਪੜ੍ਹਾਈਆ । ਲਹਿਣਾ ਦੇਣਾ ਮੂਲ ਮੁਕਾਵਾਂ ਚੋਟੀ ਜੜ੍ਹ ਦਾ, ਚੇਤਨ ਸੁਰਤੀ ਸੁਤਿਆਂ ਦਿਆਂ ਉਠਾਈਆ । ਜੀਵ ਜੰਤ ਤੇਰੇ ਨਾਉਂ ਦਾ ਢੋਲਾ ਹੋਵੇ ਪੜ੍ਹਦਾ, ਪਾਠਸ਼ਾਲਾ ਦੀਨ ਦਿਆਲਾ ਇਕੋ ਦਿਆਂ ਵਖਾਈਆ । ਸਚ ਦਵਾਰਾ ਤੇਰਾ ਹੋਵੇ ਵਸਦਾ, ਜਿਥੇ ਵਸਲ ਅਸਲ ਮਿਲੇ ਜਲਵਾਗਰ ਨੂਰ ਖ਼ੁਦਾਈਆ । ਸਚ ਇਸ਼ਾਰਾ ਹੋਵੇ ਅਗੰਮੀ ਅੱਖ ਦਾ, ਜਗਤ ਨੇਤਰ ਨੈਣ ਨਾ ਕੋਇ ਮਿਲਾਈਆ । ਨਾਮ ਜੈਕਾਰਾ ਸੁਣੇ ਹਕ਼ੀਕ਼ਤ ਹੱਕ ਦਾ, ਸਤਿ ਸਚ ਵੱਜੇ ਵਧਾਈਆ । ਜਨ ਭਗਤਾਂ ਹੋਵਾਂ ਲੱਭਦਾ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ । ਭਗਤ ਦਵਾਰੇ ਅੰਦਰ ਹੋਵਾਂ ਫਬਦਾ, ਚਰਨ ਕਵਲ ਨਿਵ ਨਿਵ ਸੀਸ ਨਿਵਾਈਆ । ਨਾਤਾ ਤੁੜਾਵਾਂ ਕਲਜੁਗ ਕੂੜੀ ਕਿਰਿਆ ਅੱਗ ਦਾ, ਅਗਲਾ ਪੜਦਾ ਦਿਆਂ ਉਠਾਈਆ । ਦਰਦ ਵੰਡਾਂ ਦੀਨ ਦੁੱਖੀ ਸ੍ਰਿਸ਼ਟੀ ਜਗ ਦਾ, ਜਗ੍ਹਾ ਜਗ੍ਹਾ ਵੇਖ ਵਖਾਈਆ । ਜੋ ਸੰਤ ਸੁਹੇਲਾ ਗੁਰਮੁਖ ਤੇਰੇ ਵਿਛੋੜੇ ਅੰਦਰ ਹੋਵੇ ਤਪਦਾ, ਸਾਂਤਕ ਸਤਿ ਦਿਆਂ ਕਰਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਹੋਵੇ ਜਪਦਾ, ਜਗਜੀਵਣ ਦਾਤੇ ਤੇਰੇ ਵਿਚ ਦਿਆਂ ਮਿਲਾਈਆ । ਸੇਵਾ ਕਰਦਾ ਮੈਂ ਕਦੇ ਨਾ ਥਕਦਾ, ਥਕਾਵਟ ਵਿਚ ਕਦੇ ਨਾ ਆਈਆ । ਤਰੇਤਾ ਦੁਆਪਰ ਕਲਜੁਗ ਰਾਹ ਰਿਹਾ ਤੱਕਦਾ, ਬਿਨ ਅੱਖਾਂ ਅੱਖ ਉਠਾਈਆ । ਕਵਣ ਵੇਲਾ ਆਏ ਪੁਰਖ ਸਮਰਥ ਦਾ, ਜੋ ਸਮਾਂ ਦਏ ਬਦਲਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰਾਂ ਪੈਗ਼ੰਬਰਾਂ ਭਗਤਾਂ ਪੈਜ ਆਇਆ ਰਖਦਾ, ਰਖਿਅਕ ਹੋ ਕੇ ਰੱਖਿਆ ਕਰੇਂ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਆਸਰਾ ਨਿਆਸਰਾ ਹੋ ਕੇ ਇਕ ਤੱਕਦਾ, ਸਹਾਰਾ ਕਿਨਾਰਾ ਸਚ ਦਵਾਰਾ ਆਪਣਾ ਦੇਣਾ ਵਖਾਈਆ ।


੧੦੭੦ ੧੯

## ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਸੁਵਿੰਦਰ ਸਿੰਘ ਦੇ ਗ੍ਰਿਹ ਪਿੰਡ ਭੁੱਲਰ ਜ਼ਿਲਾ ਅੰਮ੍ਰਿਤਸਰ

ਸਤਿਜੁਗ ਕਹੇ ਪ੍ਰਭ ਮੈਂ ਤੇਰਾ ਸੱਚਾ ਬਣਾਂ ਮੁਰੀਦ, ਧੁਰ ਦੇ ਮੁਰਸ਼ਦ ਤੇਰੀ ਸੇਵ ਕਮਾਈਆ । ਤੇਰੇ ਭਗਤਾਂ ਕਰਾਵਾਂ ਤੇਰੀ ਦੀਦ, ਦਾਇਰਿਆਂ ਵਿਚੋਂ ਬਾਹਰ ਕਢਾਈਆ । ਤੇਰੇ ਨੂਰੀ ਚੰਦ ਦੀ ਪੀੜ, ਜੋਤੀ ਜੋਤ ਡਗਮਗਾਈਆ । ਸਾਂਝੀ ਦੱਸਾਂ ਪ੍ਰੀਤ, ਆਤਮ ਪਰਮਾਤਮ ਮੇਲ ਮਿਲਾਈਆ । ਸੁਹਾਵਣਾ ਹੋਵੇ ਗੀਤ, ਢੋਲਾ ਸ਼ਹਿਨਸ਼ਾਹੀਆ । ਗੁਰਮੁਖ ਬਣਾਵਾਂ ਤੇਰੇ ਅਜ਼ੀਜ਼, ਪਿਆਰੇ ਮੁਹੱਬਤ ਵਿਚ ਰਖਾਈਆ । ਤੇਰੀ ਪਹਿਚਾਣ ਦੀ ਦੱਸ ਤਮੀਜ਼, ਤਮਅ ਅੰਦਰੋਂ ਦਿਆਂ ਕਢਾਈਆ । ਸਚ ਦਵਾਰੇ ਬਹਿਣ ਦੀ ਸਾਚੀ ਦੱਸਾਂ ਰੀਝ, ਦਵਾਰਾ ਇਕੋ ਇਕ ਵਖਾਈਆ । ਜਿਥੇ ਸੋਹਣਾ ਅਮੀਰ ਗ਼ਰੀਬ, ਗ਼ੈਰਤ ਵੇਖ ਨਾ ਕੋਇ ਮਨਾਈਆ । ਤੇਰਾ ਖੇਲ ਤੱਕਣ ਅਜੀਬ, ਅਜਬ ਨਿਰਾਲੇ ਦੇਣਾ ਵਖਾਈਆ । ਦੂਰ ਦੁਰਾਡਾ ਨੇੜੇ ਆਏ ਕਰੀਬ, ਕਰਮਾਂ ਦਾ ਗੇੜਾ ਦਏ ਚੁਕਾਈਆ । ਸੰਸਾ ਰਹੇ ਨਾ ਕੋਈ ਕ਼ਿਸਮਤ ਨਸੀਬ, ਨਿਸ਼ਾਨਾ ਇਕੋ ਦਿਆਂ ਲਗਾਈਆ । ਮੇਰੀ ਆਸ਼ਾ ਮਨਸ਼ਾ ਪੂਰੀ ਕਰ ਉਮੀਦ, ਮਿਹਰਵਾਨ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੁਕਮੇਂ ਅੰਦਰ ਸ੍ਰਿਸ਼ਟ ਸਬਾਈ ਦੇਵਾਂ ਸਚ ਤਰਤੀਬ, ਤਰੀਕੇ ਨਾਲ ਤਾਰੀਖ ਦਿਆਂ ਬਦਲਾਈਆ ।



## ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਨੂਪ ਕੌਰ ਦੇ ਗ੍ਰਿਹ ਪਿੰਡ ਭੁੱਲਰ ਜ਼ਿਲਾ ਅੰਮ੍ਰਿਤਸਰ

ਸਤਿਜੁਗ ਕਹੇ ਪ੍ਰਭ ਤੇਰੇ ਦਰ ਹੋਵਾਂ ਦਰਵੇਸ਼, ਭਿਖਾਰੀ ਹੋ ਕੇ ਝੋਲੀ ਡਾਹੀਆ । ਤੂੰ ਆਦਿ ਜੁਗਾਦਿ ਦਿੰਦਾ ਰਹੀਂ ਹਮੇਸ਼, ਜੁਗ ਚੌਕੜੀ ਝੋਲੀਆਂ ਨਾਮ ਭਰਾਈਆ । ਕਲਜੁਗ ਕੂੜੀ ਬਦਲ ਦੇ ਲੋਕਮਾਤ ਰੇਖ, ਭੇਖ ਰਹਿਣ ਕੋਇ ਨਾ ਪਾਈਆ । ਤੇਰੇ ਨਾਮ ਦਾ ਸੱਚਾ ਸੁਣਾਵਾਂ ਇਕ ਸੰਦੇਸ਼, ਸੰਧਿਆ ਅੰਮ੍ਰਿਤ ਇਕੋ ਢੋਲਾ ਗਾਈਆ । ਜਿਸ ਦਾ ਭੇਵ ਪਾ ਨਾ ਸਕੇ ਸਹੰਸਰ ਮੁਖ ਸ਼ੇਸ਼, ਵਿਸ਼ਨ ਬ੍ਰਹਮਾ ਸ਼ਿਵ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਸਤਿਜੁਗ ਸਾਚਾ ਸਚ ਦਵਾਰੇ ਸਚ ਸਾਚੀ ਮੰਗ ਮੰਗਾਈਆ ।

## ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਦਲੀਪ ਸਿੰਘ ਦੇ ਗ੍ਰਿਹ ਪਿੰਡ ਮਾਨਾਂ ਵਾਲਾ ਜ਼ਿਲਾ ਅੰਮ੍ਰਿਤਸਰ

ਸਤਿਜੁਗ ਸਾਚਾ ਕਹੇ ਪ੍ਰਭ ਮੈਂ ਤੇਰੇ ਦਰ ਦਾ ਹੋਵਾਂ ਬਰਦਾ, ਨੀਕਣ ਨੀਕਾ ਨਜ਼ਰੀ ਆਈਆ । ਸੇਵਕ ਬਣਾਂ ਜਨ ਭਗਤ ਸੁਹੇਲੇ ਘਰ ਘਰ ਦਾ, ਗ੍ਰਿਹ ਗ੍ਰਿਹ ਕਾਇਆ ਮੰਦਰ ਅੰਦਰ ਵੇਖ ਵਖਾਈਆ । ਭੇਵ ਖੁਲ੍ਹਾਵਾਂ ਪਾਰਬ੍ਰਹਮ ਬ੍ਰਹਮ ਨਰਾਇਣ ਨਰ ਦਾ, ਨਾਰੀ ਨਰ ਦਿਆਂ ਸਮਝਾਈਆ । ਇਕੋ ਤੇਰਾ ਢੋਲਾ ਰਹਵਾਂ ਪੜ੍ਹਦਾ, ਦੋ ਜਹਾਨਾਂ ਵੱਜੇ ਹੱਕ ਵਧਾਈਆ । ਸਚ ਦਵਾਰੇ ਨਿਉਂ ਨਿਉਂ ਚਰਨ ਕਵਲਾਂ ਸੀਸ ਰਹਾਂ ਧਰਦਾ, ਧਰਨੀ ਧਰਤ ਧਵਲ ਉਪਰ ਸੋਭਾ ਪਾਈਆ । ਬੰਦਗੀ ਵਿਚ ਬੰਦਨਾ ਰਹਾਂ ਕਰਦਾ, ਡੰਡਾਵਤ ਵਿਚ ਡਰ ਭੈ ਭੌ ਭੁਲਾਈਆ । ਇਸ਼ਨਾਨ ਵੇਖਾਂ ਸਰੋਵਰ ਸਾਚੇ ਸਰ ਦਾ, ਤੀਰਥ ਤਟ ਕਿਨਾਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਸਾਹਿਬ

ਸਤਿਗੁਰ ਤੇਰੀ ਸਰਨਾਈਆ । ਸਤਿਜੁਗ ਕਹੇ ਪ੍ਰਭ ਤੇਰੇ ਦਰ ਦਾ ਹੋਵਾਂ ਭਿਖਾਰੀ, ਭਿਖਿਆ ਮੰਗ ਕੇ ਖ਼ੁਸ਼ੀ ਮਨਾਈਆ । ਤੇਰੇ ਹੁਕਮ ਦੀ ਵੇਖਾਂ ਸਿਕਦਾਰੀ, ਦੋ ਜਹਾਨਾਂ ਸੀਸ ਨਿਵਾਈਆ । ਨਿਰਗੁਣ ਨੂਰ ਜੋਤ ਵੇਖਾਂ ਉਜਿਆਰੀ, ਬ੍ਰਹਿਮੰਡ ਖੰਡ ਹੋਵੇ ਰੁਸ਼ਨਾਈਆ । ਨਾਮ ਸ਼ਬਦ ਧੁਨ ਸੁਣਾ ਸ਼ਬਦਕਾਰੀ, ਅਗੰਮ ਅਗੰਮੜਾ ਭੇਵ ਦੇਣਾ ਖੁਲ੍ਹਾਈਆ । ਆਤਮ ਪਰਮਾਤਮ ਲੱਗਦੀ ਵੇਖਾਂ ਯਾਰੀ, ਪੰਚਮ ਨਾਤਾ ਕੂੜ ਰਹਿਣ ਨਾ ਪਾਈਆ । ਘਰ ਠਾਂਡੇ ਦਰਸ਼ਨ ਕਰਾਂ ਦਰਬਾਰੀ, ਦਰਗਾਹ ਸਾਚੀ ਧਿਆਨ ਲਗਾਈਆ । ਜਿਸ ਘਰ ਵਸਿਆ ਨਰ ਨਰਾਇਣ ਨਿਰੰਕਾਰੀ, ਨਿਰਗੁਣ ਆਪਣਾ ਨੂਰ ਡਗਮਗਾਈਆ । ਸੋ ਵੇਖਾਂ ਮਹੱਲ ਅਟਲ ਉਚ ਮਨਾਰੀ, ਸਚਖੰਡ ਦਵਾਰਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸਾਚੀ ਕਰ ਦਾਰੀ, ਦਰਦੀ ਹੋ ਕੇ ਦਰਦੀਆਂ ਦਰਦ ਵੰਡਾਈਆ ।



## ✪ ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਗੁਰਦਿਤ ਸਿੰਘ ਦੇ ਗ੍ਰਿਹ ਪਿੰਡ ਮਾਨਾ ਵਾਲਾ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚਾ ਕਹੇ ਪ੍ਰਭ ਤੇਰੇ ਦਰ ਦਾ ਹੋਵਾਂ ਮੰਗਤਾ, ਮਾਂਗਤ ਹੋ ਕੇ ਝੋਲੀ ਡਾਹੀਆ । ਨਾਮ ਨਿਧਾਨਾ ਦੇ ਦੇ ਬੋਧ ਅਗਾਧਾ ਪੰਡਤਾ, ਜਗਤ ਵਿਦਿਆ ਤੋਂ ਬਾਹਰ ਆਪਣੀ ਬੂਝ ਦੇਣੀ ਬੁਝਾਈਆ । ਆਤਮ ਪਰਮਾਤਮ ਮੇਲਾ ਮਿਲੇ ਧੁਰ ਦਰਗਾਹੀ ਸਾਚੇ ਕੰਤਾ, ਕੰਤ ਕੰਤੂਹਲ ਤੇਰੀ ਇਕ ਸਰਨਾਈਆ । ਕਲਜੁਗ ਕੂੜੀ ਕਿਰਿਆ ਗੜ੍ਹ ਤੋੜ ਹਉਮੇ ਹੰਗਤਾ, ਹੰ ਬ੍ਰਹਮ ਦੇ ਜਣਾਈਆ । ਦਰ ਤੇਰੇ ਨਿਮਾਣਾ ਹੋ ਕੇ ਕਰਾਂ ਮਿੰਨਤਾ, ਨਿਉਂ ਨਿਉਂ ਸੀਸ ਝੁਕਾਈਆ । ਫਿਰੇ ਦਰੋਹੀ ਤੇਰੇ ਨਾਮ ਦੀ ਚਾਰੇ ਸਿਮਤਾਂ, ਉੱਤਰ ਪੂਰਬ ਪੱਛਮ ਦੱਖਣ ਬਚਿਆ ਕੋਇ ਰਹਿਣ ਨਾ ਪਾਈਆ । ਸਾਚੀ ਸਿਖਿਆ ਦੇ ਦੇ ਪ੍ਰਭ ਕੂੜ ਕੁੜਿਆਰਿਆਂ ਨਿੰਦਕਾਂ, ਪ੍ਰੀਤੀ ਅੰਦਰ ਤੇਰਾ ਢੋਲਾ ਸਾਰੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸਗਲਾ ਸੰਗ ਬਣਾਈਆ । ਸਤਿਜੁਗ ਸਾਚਾ ਕਹੇ ਪ੍ਰਭ ਮੇਰੀ ਮਨਜ਼ੂਰ ਕਰ ਅਰਜ਼ੀ, ਆਰਜ਼ੂ ਖ਼ਾਹਿਸ਼ ਤੇਰੇ ਅਗੇ ਰਖਾਈਆ । ਤੇਰੀ ਧਾਰ ਆਦਿ ਜੁਗਾਦਿ ਨਰਾਇਣ ਨਰ ਦੀ, ਨਿਰੰਕਾਰ ਤੇਰੇ ਹੱਥ ਵੱਡੀ ਵਡਿਆਈਆ । ਤੂੰ ਸਾਰ ਪਾਵੀਂ ਲੱਖ ਚੁਰਾਸੀ ਜੀਵ ਜੰਤ ਘਰ ਘਰ ਦੀ, ਗ੍ਰਿਹਿ ਗ੍ਰਿਹਿ ਕਾਇਆ ਮਾਟੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਪੂਜਾ ਹੋਵੇ ਪੁਰਖ ਅਕਾਲ ਸਾਚੇ ਹਰਿ ਦੀ, ਹਿਰਦੇ ਅੰਦਰ ਹਰਿ ਜੂ ਹਰਿ ਹਰਿ ਨਜ਼ਰੀ ਆਈਆ । ਸਤਿਜੁਗ ਸਾਚਾ ਕਹੇ ਪ੍ਰਭ ਮੇਰੀ ਮੰਨ ਅਰਜ਼ੋਈ ਅਰਦਾਸ, ਦਾਸ ਹੋ ਕੇ ਰਿਹਾ ਸੁਣਾਈਆ । ਮਾਨਵ ਜਾਤੀ ਜਨਮ ਕਰ ਰਾਸ, ਕਰਮ ਕੁਕਰਮ ਦੇ ਬਦਲਾਈਆ । ਖ਼ਾਲੀ ਜਾਏ ਨਾ ਕੋਇ ਸਵਾਸ, ਸਾਹ ਸਾਹ ਸਦ ਤੇਰਾ ਨਾਮ ਧਿਆਈਆ । ਨਿਰਮਲ ਨੂਰ ਜੋਤ ਕਰ ਪਰਕਾਸ਼, ਅੰਧ ਅੰਧੇਰਾ ਅੰਦਰੋਂ ਦੇ ਕਢਾਈਆ । ਪ੍ਰੀਤਮ ਹੋ ਕੇ ਪਾਰਬ੍ਰਹਮ ਬ੍ਰਹਮ ਵਸ ਪਾਸ, ਨਿਜ ਘਰ ਬਹਿ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਿਮੰਡ ਖੰਡ ਤੇਰੇ ਹੁਕਮ ਦੀ ਪੈਂਦੀ ਵੇਖਾਂ ਰਾਸ, ਮੰਡਲ ਮੰਡਪ ਖ਼ੁਸ਼ੀਆਂ ਵਿਚ ਤੇਰਾ ਢੋਲਾ ਗਾਈਆ ।

੧੦੭੨ ੧੯

## ✪ ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਤਾਰਾ ਸਿੰਘ ਦੇ ਗ੍ਰਿਹ ਪਿੰਡ ਮਾਨਾਂਵਾਲਾ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚਾ ਕਹੇ ਪ੍ਰਭ ਵਸਤ ਦੇ ਨਾਮ ਅਨਮੁਲ, ਅਨਮੁਲੜੀ ਦੌਲਤ ਝੋਲੀ ਪਾਈਆ । ਸੱਚੇ ਤਰਾਜੂ ਉਤੇ ਜਾਏ ਤੁਲ, ਜਗਤ ਵੱਟਿਆਂ ਵੰਡ ਨਾ ਕੋਇ ਵੰਡਾਈਆ । ਭਾਗ ਲਗੌਣਾ ਭਗਵਨ ਭਗਤਾਂ ਕੁਲ, ਕੁਲਵੰਤੇ ਕੁਲਮਾਲਕ ਤੇਰੀ ਆਸ ਰਖਾਈਆ । ਗੁਰਮੁਖ ਗੁਰਸਿਖ ਕੋਈ ਨਾ ਜਾਏ ਭੁੱਲ, ਅਭੁੱਲ ਆਪਣੇ ਰਸਤੇ ਲੈਣਾ ਚਲਾਈਆ । ਕੂੜੀ ਮਾਇਆ ਵਿਚ ਨਾ ਜਾਏ ਰੁਲ, ਸੰਸਾਰ ਸਾਗਰ ਵਿਚੋਂ ਬਾਹਰ ਕਢਾਈਆ । ਮਾਨਸ ਜਨਮ ਸਾਚਾ ਬੂਟਾ ਕਦੇ ਨਾ ਜਾਏ ਹੁੱਲ, ਪੱਤ ਟਹਿਣੀ ਫੁੱਲ ਆਪ ਮਹਿਕਾਈਆ । ਸਾਚੀ ਚਰਨ ਪ੍ਰੀਤੀ ਜਾਵਣ ਘੁਲ, ਆਪਣਾ ਆਪ ਘੋਲ ਘੁਮਾਈਆ । ਗੁਰਸਿਖ ਦੀਪਕ ਕਦੇ ਨਾ ਹੋਵੇ ਗੁੱਲ, ਸਚ ਚਿਰਾਗ ਕਰਨੀ ਰੁਸ਼ਨਾਈਆ । ਧੁਰ ਦੇ ਚਰਨਾਂ ਦੀ ਦੇ ਕੇ ਧੂਲ, ਧੂੜ ਮਸਤਕ ਖ਼ਾਕ ਦੇਣੀ ਰਮਾਈਆ । ਪੂਰਬ ਲੇਖਾ ਚੁਕਾ ਕੇ ਮੂਲ, ਮੁਲੰਮੇ ਦਾ ਕੰਚਨ ਦੇਣਾ ਕਰਾਈਆ । ਜਨ ਭਗਤੀ ਉਧਾਰਨਾ ਤੇਰਾ ਅਸੂਲ, ਅਸਲ ਤੋਂ ਅਸਲ ਦੇਣਾ ਪਰਗਟਾਈਆ । ਭਗਤੀ ਅੰਦਰ ਲੈਣਾ ਨਾ ਕੋਇ ਮਸੂਲ, ਕ਼ੀਮਤ ਜਗਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲਹਿਣਾ ਦੇਣਾ ਤੇਰੇ ਦਰ ਤੋਂ ਹੋਵੇ ਵਸੂਲ, ਦੂਜੇ ਦਰ ਮੰਗਣ ਕੋਇ ਨਾ ਜਾਈਆ ।



## ✪ ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਲਾਭ ਸਿੰਘ ਦੇ ਗ੍ਰਿਹ ਪਿੰਡ ਮਾਨਾਂਵਾਲਾ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚਾ ਕਹੇ ਪ੍ਰਭ ਸੱਚਾ ਬਖ਼ਸ਼ ਚਰਨ ਸਹਾਰਾ, ਸਿਰ ਕ਼ਦਮਾਂ ਉਪਰ ਟਿਕਾਈਆ । ਤੇਰੇ ਨਾਮ ਦਾ ਸੁਣਾਂ ਇਕੋ ਨਾਅਰਾ, ਦੂਜੀ ਆਵਾਜ਼ ਕੋਇ ਨਾ ਆਈਆ । ਤੇਰਾ ਨੂਰ ਹੋਵੇ ਉਜਿਆਰਾ, ਚਮਕ ਚਮਕ ਵਿਚੋਂ ਪਰਗਟਾਈਆ । ਤੇਰਾ ਗ੍ਰਿਹ ਵਸੇ ਘਰ ਬਾਹਰਾ, ਭਗਤ ਦਵਾਰਾ ਸੋਭਾ ਪਾਈਆ । ਮਿਲੇ ਵਡਿਆਈ ਪੁਰਖ ਨਾਰਾ, ਨਰ ਨਰਾਇਣ ਹੋਣਾ ਸਹਾਈਆ । ਤੂੰ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਚੌਵੀਆਂ ਅਵਤਾਰਾ, ਅਵਤਰਾ ਤੇਰੀ ਕਾਰ ਕਮਾਈਆ । ਤੇਰਾ ਨਿਖੁੱਟ ਨਾ ਜਾਏ ਭੰਡਾਰਾ, ਗੁਰ ਅਵਤਾਰ ਪੈਗ਼ੰਬਰ ਮੰਗ ਮੰਗ ਝੋਲੀਆਂ ਸਰਬ ਭਰਾਈਆ । ਤੇਰਾ ਹੋਵੇ ਇਕ ਵਰਤਾਰਾ, ਸ਼ਬਦ ਗੁਰੂ ਵੱਡੀ ਵਡਿਆਈਆ । ਜਿਸ ਦਾ ਰੂਪ ਰੰਗ ਨਜ਼ਰ ਨਾ ਆਵੇ ਵਿਚ ਸੰਸਾਰਾ, ਰੇਖ ਭੇਖ ਸਮਝ ਕੋਇ ਨਾ ਪਾਈਆ । ਜੋ ਭਗਤਾਂ ਬਣਿਆ ਮੀਤ ਮੁਰਾਰਾ, ਮਿੱਤਰ ਹੋ ਕੇ ਦਇਆ ਕਮਾਈਆ । ਸਗਲਾ ਸੰਗ ਬਣਿਆ ਰਹੇ ਨਰ ਨਿਰੰਕਾਰਾ, ਨਿਰਗੁਣ ਵਿਛੜ ਕਦੇ ਨਾ ਜਾਈਆ । ਤੂੰ ਪੁਰਖ ਅਕਾਲ ਦੀਨ ਦਿਆਲ ਆਦਿ ਜੁਗਾਦੀ ਦੇਵਣਹਾਰਾ, ਦਾਤਾ ਧੁਰ ਦਾ ਸ਼ਹਿਨਸ਼ਾਹੀਆ । ਦਰ ਦਰਵੇਸ਼ ਮਨੁੱਖ ਫਿਰੇ ਭਿਖਾਰਾ, ਸਤਿਜੁਗ ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਬੇਅੰਤ ਤੇਰਾ ਲੇਖਾ ਸਾਰੇ ਗਏ ਸੁਣਾਈਆ ।

੧੦੭੪
੧੯

### ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਭਗਵਾਨ ਕੌਰ ਦੇ ਗ੍ਰਿਹਿ ਪਿੰਡ ਮਾਨਾਂਵਾਲਾ ਜ਼ਿਲਾ ਅੰਮ੍ਰਿਤਸਰ

ਸਤਿਜੁਗ ਸਾਚਾ ਕਹੇ ਮੈਂ ਤੇਰੀ ਸੱਚੀ ਕਰਾਂ ਸੇਵਾ, ਪ੍ਰੇਮ ਤੇਰੇ ਭਗਤਾਂ ਨਾਲ ਰਖਾਈਆ । ਤੇਰੇ ਨਾਮ ਦਾ ਅੰਮ੍ਰਿਤ ਰਸ ਦੇਵਾਂ ਮੇਵਾ, ਬਿਨ ਰਸਨਾ ਦਿਆਂ ਚਖਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਸਦਾ ਨਿਹਕੇਵਾ, ਨਿਹਚਲ ਤੇਰਾ ਧਾਮ ਦਿਆਂ ਦ੍ਰਿੜਾਈਆ । ਤੂੰ ਆਦਿ ਜੁਗਾਦੀ ਅਲਖ ਅਗੋਚਰ ਅਗੰਮ ਅਥਾਹ ਅਭੇਵਾ, ਬਿਨ ਤੇਰੀ ਕਿਰਪਾ ਭੇਤ ਕੋਇ ਨਾ ਪਾਈਆ । ਤੇਰੀ ਸਿਫ਼ਤ ਗਾ ਨਾ ਸਕੇ ਕੋਈ ਜਿਹਵਾ, ਬੁਧੀ ਵਿਚ ਨਾ ਕੋਇ ਵਡਿਆਈਆ । ਜਨ ਭਗਤਾਂ ਮਾਲਕ ਹੋ ਕੇ ਮਿਲ ਵਡ ਦੇਵੀ ਦੇਵਾ, ਦੇਵ ਆਤਮਾ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਨਾਮ ਦਾ ਲੱਗੇ ਮਸਤਕ ਸਾਚਾ ਥੇਵਾ, ਨਿਰਗੁਣ ਨੂਰ ਜੋਤ ਲਲਾਟੀ ਹੋਵੇ ਰੁਸ਼ਨਾਈਆ ।

### ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਚਰਨ ਸਿੰਘ ਦੇ ਗ੍ਰਿਹਿ ਪਿੰਡ ਮਾਨਾਂਵਾਲਾ ਜ਼ਿਲਾ ਅੰਮ੍ਰਿਤਸਰ

ਸਤਿਜੁਗ ਸਾਚਾ ਕਹੇ ਪ੍ਰਭ ਬਖ਼ਸ਼ ਚਰਨ ਧੂੜ, ਸੋ ਪੁਰਖ ਨਿਰੰਜਣ ਦਰ ਠਾਂਡੇ ਮੰਗ ਮੰਗਾਈਆ । ਕਲਜੁਗ ਕੂੜੀ ਕਿਰਿਆ ਨਾਤਾ ਤੁੱਟੇ ਕੂੜ, ਸਤਿ ਧਰਮ ਮਿਲੇ ਵਡਿਆਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹ, ਨਾਮ ਨਿਧਾਨਾ ਇਕੋ ਇਕ ਸਮਝਾਈਆ । ਆਤਮ ਉਪਜੇ ਤੇਰਾ ਨੂਰ, ਅੰਧੇਰਾ ਅੰਧ ਰਹੇ ਨਾ ਰਾਈਆ । ਸਿਫ਼ਤਾਂ ਵਿਚ ਹੋਵੇ ਤੇਰਾ ਜਹੂਰ, ਰਾਗਾਂ ਵਿਚ ਤੇਰਾ ਨਾਮ ਧਿਆਈਆ । ਭਗਤਾਂ ਸੰਤਾਂ ਮਿਲ ਜ਼ਰੂਰ, ਨਿਰਗੁਣ ਹੋ ਕੇ ਵੇਖ ਵਖਾਈਆ । ਹਰ ਘਟ ਅੰਤਰ ਜਲਵਾ ਦੇ ਸੱਚਾ ਕੋਹਤੂਰ, ਪੜਦਾ ਉਹਲਾ ਆਪ ਉਠਾਈਆ । ਤੇਰੇ ਦਰ ਦੇ ਸੰਤ ਸੁਹੇਲੇ ਸਚ ਮਜ਼ਦੂਰ, ਦਿਵਸ ਰੈਣ ਸੇਵ ਕਮਾਈਆ । ਪਰਗਟ ਹੋ ਹਾਜ਼ਰ ਹਜ਼ੂਰ, ਹਰ ਹਿਰਦੇ ਕਰ ਰੁਸ਼ਨਾਈਆ । ਗੁਰਮੁਖਾਂ ਹੋਣਾ ਨਾ ਪਏ ਮਜਬੂਰ, ਮੁਸ਼ਕਲ ਅਗਲੀ ਦੇ ਚੁਕਾਈਆ । ਤੇਰੇ ਨਾਦ ਦੀ ਉਪਜੇ ਤੂਰ, ਤੁਰੀਆ ਤੋਂ ਪਰੇ ਸ਼ੁਰੂ ਹੋਵੇ ਤੇਰੀ ਪੜ੍ਹਾਈਆ । ਸਚ ਬੇਨੰਤੀ ਕਰ ਮਨਜ਼ੂਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰ ਤੇਰੇ ਦਿਤੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਕਹੇ ਜੁਗ ਚੌਕੜੀ ਬਦਲਣਾ ਤੇਰਾ ਦਸਤੂਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੁਕਮੇਂ ਅੰਦਰ ਗੇੜਾ ਰਿਹਾ ਭਵਾਈਆ ।

### ੨੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਜਾਰਾ ਸਿੰਘ ਦੇ ਗ੍ਰਿਹਿ ਪਿੰਡ ਛੀਨਾ ਜ਼ਿਲਾ ਅੰਮ੍ਰਿਤਸਰ

ਏਕ ਏਕ ਟੇਕ ਉਪਜੇ ਕੋਟੀ ਕੋਟ, ਕੋਟਨ ਕੋਟ ਕੋਟ ਬੇਅੰਤ ਬਣਤ ਬਣਾਈਆ । ਏਕ ਅਨੇਕ ਪਰਗਟ ਕਰ ਨਿਰਗੁਣ ਜੋਤ, ਕੋਟੀ ਕੋਟ ਦੀਆ ਬਾਤੀ ਕਰ ਰੁਸ਼ਨਾਈਆ । ਏਕ ਭੇਖ ਧਰੇ ਕੋਟੀ ਕੋਟ ਕੋਟ, ਸ਼ਬਦੀ ਨਾਦ ਧੁਨ ਕਰੇ ਸ਼ਨਵਾਈਆ । ਏਕ ਟੇਕ ਬਖ਼ਸ਼ੇ ਕੋਟੀ ਕੋਟ, ਬ੍ਰਹਿਮੰਡ

ਖੰਡ ਪੁਰੀ ਲੋਅ ਆਕਾਸ਼ ਪਾਤਾਲ ਲੱਖ ਚੁਰਾਸੀ ਜੀਵ ਜੰਤ ਭੇਵ ਅਭੇਦ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਮਧ ਰੂਪ ਅਨੂਪ ਸ਼ਾਹੋ ਭੂਪ ਵੇਖ ਵਖਾਈਆ । ਕੋਟਨ ਕੋਟ ਹੋਵਣ ਰੋਮ, ਸਾਢੇ ਤਿੰਨ ਕਰੋੜ ਵੰਡ ਨਾ ਕੋਇ ਵੰਡਾਈਆ । ਕੋਟੀ ਕੋਟ ਕੋਟ ਹੋਵਣ ਓਮ, ਜਿਸ ਓਮ ਵਿਚੋਂ ਵਿਸ਼ਨ ਬ੍ਰਹਮਾ ਸ਼ਿਵ ਨਿਕਲ ਕੇ ਢੋਲੇ ਗਾਈਆ । ਕੋਟਨ ਕੋਟੀ ਕੋਟ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰੇ ਕੌਮ, ਕਿਆਮ ਬੇਆਮ ਬੇਪਨਾਹ ਆਪਣੇ ਵਿਚ ਛੁਪਾਈਆ । ਕੋਟਨ ਕੋਟੀ ਕੋਟ ਹੋਵਣ ਲੋਮ, ਲੋਇਣ ਲੋਚਨ ਅੱਖ ਨੇਤਰ ਦੇਵਾਂ, ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿ ਸਤਿ ਆਪਣੀ ਕਾਰ ਕਮਾਈਆ । ਕੋਟੀ ਕੋਟ ਗਿਣਦਿਆਂ ਨਾ ਹੋਵੇ ਗਣਤ, ਅੰਕਾਂ ਵਾਲਾ ਰੂਪ ਨਾ ਕੋਇ ਬਦਲਾਈਆ । ਜਿਸ ਦੀ ਸਮਝੇ ਕੋਈ ਨਾ ਬਣੀ ਬਣਤ, ਅੰਤ ਕਹਿ ਨਾ ਕੋਇ ਦ੍ਰਿੜਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਕਹਿਣ ਬੇਅੰਤ, ਬੇਪਰਵਾਹ ਨੂਰ ਇਲਾਹੀਆ । ਮਸਤੀ ਵਿਚ ਢੋਲੇ ਗਾਉਂਦੇ ਸੰਤ, ਭਗਤ ਭਗਵਾਨ ਕਹਿ ਕੇ ਸੀਸ ਝੁਕਾਈਆ । ਸਰਗੁਣ ਕੋਟਨ ਕੋਟੀ ਕੋਟ ਕੋਟ ਪਰਗਟ ਕੀਤੇ ਜੀਵ ਜੰਤ, ਘਟ ਨਿਵਾਸੀ ਪੁਰਖ ਅਬਿਨਾਸ਼ੀ ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਵਿਚ ਛੁਪਾਈਆ । ਜਿਸ ਦਾ ਕੋਈ ਨਾ ਜਾਣੇ ਪੜਦਾ ਉਹਲਾ ਭੇਦ, ਵਾਰਤਾ ਵਿਚ ਨਾ ਕੋਇ ਲਿਖਾਈਆ । ਨਿਰਅੱਖਰ ਦੀ ਧਾਰੋਂ ਜਿਸ ਨੇ ਅੱਖਰਾਂ ਵਾਲੇ ਕੱਢੇ ਵੇਦ, ਵਿਦਿਆ ਤੋਂ ਬਾਹਰ ਗੁਪਤ ਜਾਹਰ ਸਮਝ ਕਿਸੇ ਨਾ ਆਈਆ । ਜਿਸ ਦਾ ਬਿਨ ਕ਼ਲਮ ਸ਼ਾਹੀ ਬਿਨ ਅੱਖਰਾਂ ਹੋਵੇ ਲੇਖ, ਜੁਗ ਚੌਕੜੀ ਕੋਟਨ ਕੋਟ ਬ੍ਰਹਿਮੰਡ ਖੰਡ ਲੋਕਮਾਤ ਦੇ ਦੇ ਦਾਤ ਆਪਣੀ ਰਚਨ ਰਚਾਈਆ । ਸੋ ਵੇਖਣਹਾਰਾ ਖੇਲ ਤਮਾਸ਼, ਜਿਸ ਦਾ ਆਪਣੇ ਵਿਚ ਆਪ ਪਰਕਾਸ਼, ਆਦਿ ਅੰਤ ਨਾ ਹੋਵੇ ਵਿਨਾਸ, ਅਬਿਨਾਸ਼ੀ ਹੋ ਕੇ ਆਪਣੀ ਕਾਰ ਕਮਾਈਆ । ਕੋਟਨ ਕੋਟ ਨੇਤਰ ਨੈਣ ਕਰ ਰਾਸ, ਕੋਟਨ ਕੋਟ ਚਲਾ ਪਵਣ ਸਵਾਸ, ਕੋਟਨ ਕੋਟ ਜਿਹਵਾ ਸਿਫ਼ਤਾਂ ਵਿਚ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਸਵਾਮੀ ਅੰਤਰਜਾਮੀ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਬਿਨ ਗੋਪੀ ਕਾਹਨ ਪਾਵੇ ਆਪਣੀ ਰਾਸ, ਰਸਤਾ ਮਾਰਗ ਆਪਣੇ ਹੱਥ ਰਖਾਈਆ । ਸਤਿਜੁਗ ਸਾਚੇ ਤੇਰਾ ਸਚ ਭੰਡਾਰਾ, ਨਾਮ ਅਗੰਮਾ ਹਰਿ ਵਰਤਾਈਆ । ਖ਼ੁਸ਼ੀ ਮਨਾਣ ਗੁਰ ਅਵਤਾਰਾ, ਪੈਗ਼ੰਬਰ ਕਲਮਿਆਂ ਵਿਚ ਸਿਫ਼ਤ ਸਾਲਾਹੀਆ । ਚਾਰ ਕੁੰਟ ਦਹਿ ਦਿਸ਼ਾ ਵੱਜੇ ਇਕ ਨਗਾਰਾ, ਨੌਬਤ ਨਾਮ ਕਰੇ ਸ਼ਨਵਾਈਆ । ਕਲਜੁਗ ਕੂੜ ਕੁੜਿਆਰ ਮਿਟੇ ਵਿਕਾਰਾ, ਮਾਇਆ ਮਮਤਾ ਮੋਹ ਰਹਿਣ ਕੋਇ ਨਾ ਪਾਈਆ । ਸਾਚਾ ਦਿਸੇ ਸਰਬ ਨਿਵਾਸੀ ਇਕ ਦਵਾਰਾ, ਦੂਈ ਦਵੈਤੀ ਡੇਰਾ ਅੰਦਰੋਂ ਦੇਵੇ ਢਾਹੀਆ । ਤ੍ਰੈਗੁਣ ਅਗਨੀ ਲੱਗੇ ਨਾ ਤੱਤੀ ਹਾੜ੍ਹਾ, ਅੰਮ੍ਰਿਤ ਮੇਘ ਦਏ ਬਰਸਾਈਆ । ਜਨ ਭਗਤਾਂ ਸੰਤਾਂ ਗੁਰਮੁਖਾਂ ਲੱਗਾ ਰਹੇ ਅਖਾੜਾ, ਗੁਰਸਿਖ ਮਿਲ ਕੇ ਇਕੋ ਸੋਹਲਾ ਗਾਈਆ । ਨਾੜ ਬਹੱਤਰ ਤਨ ਰਬਾਬ ਵੱਜਦਾ ਰਹੇ ਤਾੜਾ, ਜਗਤ ਸਾਰੰਗੇ ਦੀ ਲੋੜ ਨਾ ਕੋਇ ਰਖਾਈਆ । ਕਿਰਪਾ ਕਰੇ ਭਗਤ ਵਛਲ ਆਪ ਗਿਰਧਾਰਾ, ਨਿਰਵੈਰ ਹੋ ਕੇ ਵੇਖ ਵਖਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਬਖ਼ਸ਼ ਕੇ ਚਰਨ ਦਵਾਰਾ, ਸਚ ਚਰਨੋਦਕ ਬਿਨ ਰਸਨਾ ਜਾਮ ਪਿਆਈਆ । ਹੁਕਮੇਂ ਕਰੇ ਖੇਲ ਖ਼ਾਲਕ ਦਾ ਖ਼ਲਕ ਪਰਵਰਦਿਗਾਰਾ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,

੧੦੭੫
੧੯

ਧੁਰ ਦਰਗਾਹੀ ਦਇਆਵਾਨ ਦੀਨਾਂ ਅਨਾਥਾਂ ਹੋਏ ਆਪ ਸਹਾਈਆ । ਸਤਿਜੁਗ ਸਾਚੇ ਤੇਰਾ ਉਪਜੇ ਖੇੜਾ, ਨਗਰ ਦਵਾਰਾ ਇਕੋ ਸੋਭਾ ਪਾਈਆ । ਪੁਰਖ ਅਕਾਲ ਦੀਨ ਦਿਆਲ ਸਮਰਥ ਸਵਾਮੀ ਬੰਨ੍ਹੇ ਬੇੜਾ, ਖੇਵਟ ਖੇਟਾ ਹੋ ਕੇ ਆਪਣੇ ਕੰਧ ਉਠਾਈਆ । ਕਲਜੁਗ ਕੂੜ ਕੁੜਿਆਰ ਜਗਤ ਵਾਸਨਾ ਡੋਬੇ ਬੇੜਾ, ਨਈਆ ਨੌਕਾ ਪਾਰ ਨਾ ਕੋਇ ਲੰਘਾਈਆ । ਧੁਰ ਦਾ ਨਾਮ ਸਾਚਾ ਮੰਤਰ ਅੰਦਰ ਵੜ ਕੇ ਦੱਸੇ ਨੇਰਨ ਨੇਰਾ, ਆਤਮ ਪਰਮਾਤਮ ਪੜਦਾ ਦਏ ਚੁਕਾਈਆ । ਸਾਚਾ ਢੋਲਾ ਗੀਤ ਸੁਣਾਏ ਤੂੰ ਮੇਰਾ ਮੈਂ ਤੇਰਾ, ਸੋ ਪੁਰਖ ਨਿਰੰਜਣ ਹੰ ਬ੍ਰਹਮ ਭੇਵ ਚੁਕਾਈਆ । ਕੂੜੀ ਕਿਰਿਆ ਜਗਤ ਵਾਸਨਾ ਰਹੇ ਨਾ ਕੋਇ ਅੰਧੇਰਾ, ਨਿਰਗੁਣ ਨੂਰੀ ਜੋਤ ਕਰੇ ਰੁਸ਼ਨਾਈਆ । ਚਾਰ ਵਰਨ ਅਠਾਰਾਂ ਬਰਨ ਹੋਵੇ ਹੱਕ ਨਬੇੜਾ, ਹਕੀਕ਼ਤ ਦਾ ਮਾਲਕ ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿਜੁਗ ਸਾਚੇ ਥੋੜਾ ਸਮਾਂ ਰਖ ਆਪਣਾ ਜੇਰਾ, ਜੇਰਜ ਅੰਡਜ ਉਤਭੁਜ ਸੇਤਜ ਚਾਰੇ ਖਾਣੀ ਦਏ ਸਮਝਾਈਆ । ਪੁਰਖ ਅਕਾਲ ਦੇਵਣਹਾਰਾ ਆਪਣਾ ਗੇੜਾ, ਗੇੜੇ ਵਿਚ ਉਲਟੀ ਲੱਠ ਭਵਾਈਆ । ਸਤਿ ਧਰਮ ਲੋਕਮਾਤ ਧਰਨੀ ਧਰਤ ਧਵਲ ਉਤੇ ਕਰੇ ਵਸੇਰਾ, ਸਚ ਦਵਾਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਅਗੰਮੀ ਪਾਏ ਘੇਰਾ, ਘਿਰਨਾ ਮੇਟੇ ਕੂੜ ਲੋਕਾਈਆ ।



### ✪ ੨੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਿਹ ਪਿੰਡ ਬੋਪਾਰਾਏ ਜ਼ਿਲਾ ਅੰਮ੍ਰਿਤਸਰ ✪

੧੦੭੬
੧੯

ਸਤਿਜੁਗ ਕਹੇ ਪ੍ਰਭ ਮੇਰੇ ਅੰਤਰ ਬੜਾ ਚਾ, ਚਾਓ ਘਨੇਰਾ ਨਜ਼ਰੀ ਆਈਆ । ਦੋ ਜਹਾਨਾਂ ਉਪਜੇ ਤੇਰਾ ਸਾਚਾ ਨਾਂ, ਨਾਉਂ ਨਿਰੰਕਾਰ ਸਾਰੇ ਢੋਲਾ ਗਾਈਆ । ਗ਼ਰੀਬ ਨਿਮਾਣਿਆਂ ਤੇਰੇ ਚਰਨ ਮਿਲੇ ਸਚਾ ਥਾਂ, ਸਚ ਦਵਾਰੇ ਬਹਿ ਕੇ ਖ਼ੁਸ਼ੀ ਮਨਾਈਆ । ਜਨ ਭਗਤ ਫੜਾਵਾਂ ਤੇਰੀ ਬਾਂਹ, ਬਿਨ ਹੱਥਾਂ ਹੱਥ ਮਿਲਾਈਆ । ਕੂੜੀ ਬੁਧੀ ਰਹੇ ਕੋਈ ਨਾ ਕਾਂ, ਹੰਸ ਗੁਰਮੁਖ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇਣਾ ਬਣਾਈਆ । ਸਤਿਜੁਗ ਸਾਚਾ ਕਹੇ ਪ੍ਰਭ ਮੇਰੇ ਅੰਤਰ ਆਉਂਦੀ ਖ਼ੁਸ਼ੀ, ਖ਼ੁਸ਼ੀ ਵਿਚ ਜਣਾਈਆ । ਸਰਬ ਜੀਵ ਆਤਮਾ ਦੀ ਤੇਰੇ ਨਾਲ ਲੱਗ ਜਾਏ ਰੁਚੀ, ਆਤਮ ਪਰਮਾਤਮ ਮਿਲੇ ਵਡਿਆਈਆ । ਤਨ ਮਾਟੀ ਖ਼ਾਕੀ ਹੋਵੇ ਸੁੱਚੀ, ਸੰਜਮ ਇਕੋ ਦੇਣਾ ਸਮਝਾਈਆ । ਮਨ ਵਾਸਨਾ ਰਹੇ ਨਾ ਤ੍ਰਿਸ਼ਨਾ ਭੁੱਖੀ, ਮਮਤਾ ਮੋਹ ਦੇਣਾ ਚੁਕਾਈਆ । ਭਗਤ ਸੁਹੇਲਾ ਦਿਸੇ ਕੋਈ ਨਾ ਦੁੱਖੀ, ਦਲਿਦ੍ਰੀਆਂ ਦਲਿਦ੍ਰ ਦੇਣਾ ਗਵਾਈਆ । ਭਾਗ ਲਗਾਉਣਾ ਜਣਨੀ ਕੁੱਖੀ, ਗੁਰਮੁਖ ਸਾਚੇ ਲੈਣੇ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਨਾਮ ਦੀ ਦੱਸ ਕੇ ਇਕੋ ਤੁੱਕੀ, ਤੁਰਤ ਆਪਣਾ ਜੋੜ ਜੁੜਾਈਆ । ਸਤਿਜੁਗ ਕਹੇ ਪ੍ਰਭ ਮੇਰੇ ਅੰਦਰ ਵੱਡੀ ਖ਼ਾਹਿਸ਼, ਖ਼ਸੂਸੀਅਤ ਤੇਰੇ ਹੱਥ ਫੜਾਈਆ । ਸਦ ਵਸਾਂ ਤੇਰੇ ਪਾਸ, ਚਰਨ ਕਵਲ ਮਿਲੇ ਸਰਨਾਈਆ । ਹੁਕਮੇਂ ਅੰਦਰ ਤੇਰੇ ਭਗਤਾਂ ਕਰਾਂ ਤਲਾਸ਼, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਆਤਮ ਪਰਮਾਤਮ ਦੇ ਕੇ ਹਾਸ ਬਲਾਸ, ਦੀਨ ਦੁਨੀ ਦਰਦ ਦੁੱਖ ਮਿਟਾਈਆ । ਜਗਤ ਵਿਕਾਰਾ ਪਾਰ ਕਰਕੇ ਘਾਟ, ਹਾੜਾ ਤੇਰਾ ਦਿਆਂ ਜਣਾਈਆ । ਜਿਸ ਗ੍ਰਿਹ ਮਿਲੇ ਪੁਰਖ ਸਮਰਾਥ, ਸਮਰਥ ਸਵਾਮੀ ਸੋਭਾ ਪਾਈਆ । ਸਚ ਬੇਨੰਤੀ ਤੇਰੇ ਅਗੇ ਰਘੁਨਾਥ, ਰਘੁਪਤ ਤੇਰੀ ਓਟ ਤਕਾਈਆ । ਸਵਾਮੀ

੧੦੭੭
੧੯

ਹੋ ਕੇ ਦੇਣਾ ਸਾਥ, ਸਤਿਗੁਰ ਹੋ ਕੇ ਸ਼ਹਿਨਸ਼ਾਹੀਆ । ਪਰਮ ਪੁਰਖ ਪਾਰਬ੍ਰਹਮ ਪਤਿਪਰਮੇਸ਼ਵਰ ਮੇਰੀ ਮਨਜ਼ੂਰ ਕਰਨੀ ਅਰਦਾਸ, ਸਤਿਜੁਗ ਸਾਚਾ ਸਤਿ ਸਤਿਵਾਦੀ ਤੇਰੇ ਅਗੇ ਭਿਖਕ ਹੋ ਕੇ ਮੰਗ ਮੰਗਾਈਆ ।

### ✪ ੨੮ ਸਾਵਣ ਸ਼ਹਿਨਾਸ਼ਾਹੀਆ ਸੰਮਤ ੨ ਜਗਮੋਹਣ ਸਿੰਘ ਦੇ ਗ੍ਰਹਿ ਪਿੰਡ ਬੋਪਾਰਾਏ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚਾ ਕਹੇ ਪ੍ਰਭ ਮੈਂ ਭਗਤਾਂ ਕਰਾਂ ਸਫ਼ਾਰਸ਼, ਸਤਿ ਸਚ ਸਤਿ ਨਾਲ ਮਿਲਾਈਆ । ਜਿਨ੍ਹਾਂ ਦੇ ਅੰਦਰ ਤੇਰੇ ਨਾਮ ਦੀ ਇਕ ਇਬਾਦਤ, ਇਕੋ ਨੂਰ ਤੱਕ ਖ਼ੁਸ਼ੀ ਮਨਾਈਆ । ਤੇਰੇ ਪ੍ਰੇਮ ਦੀ ਸੱਚੀ ਇਬਾਰਤ, ਬਿਨ ਅੱਖਰਾਂ ਸੋਭਾ ਪਾਈਆ । ਤਨ ਵਜੂਦ ਵਸੀ ਅਮਾਰਤ, ਮਕਤਬ ਪਾਠਸ਼ਾਲਾ ਨਜ਼ਰੀ ਆਈਆ । ਜਿਸ ਨੂੰ ਸਮਝੇ ਨਾ ਕੋਈ ਆਰਫ਼, ਬੁਧੀਵਾਨ ਨਾ ਕੋਇ ਚਤੁਰਾਈਆ । ਓਥੇ ਤੇਰਾ ਹੋਵੇ ਤੁਆਰਫ਼, ਤੋਹਫ਼ਾ ਨਾਮ ਦੇਵੇ ਧੁਰਦਰਗਹੀਆ । ਸਦਾ ਸਦਾ ਤੇਰੀ ਹੁੰਦੀ ਰਹੇ ਸਚ ਜਿਆਰਤ, ਸਵੱਛ ਸਰੂਪੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਦਿਤੀ ਲਗਾਈਆ । ਸਤਿਜੁਗ ਸਾਚਾ ਕਹੇ ਪ੍ਰਭ ਤੇਰੇ ਭਗਤਾਂ ਦੀ ਕਰਾਂ ਸਿਫ਼ਤ, ਸ਼ਬਦੀ ਢੋਲੇ ਨਾਲ ਸਾਲਾਹੀਆ । ਜਿਨ੍ਹਾਂ ਦੇ ਅੰਦਰ ਹਕ਼ੀਕ਼ੀ ਲੱਗਾ ਇਸ਼ਕ, ਜਗਤ ਆਸ਼ਕ ਮਾਸ਼ੂਕਾਂ ਦੀ ਮੰਜ਼ਲ ਗਏ ਤਜਾਈਆ । ਸਮਝ ਕੇ ਧੁਰ ਦਰਗਾਹੀ ਇਸ਼ਟ, ਐਸ਼ੋ ਇਸ਼ਰਤ ਕੂੜ ਗਏ ਮੁਕਾਈਆ । ਨਾਤਾ ਛੱਡਕੇ ਸਵਰਗ ਬਹਿਸ਼ਤ, ਚਰਨ ਕਵਲ ਧਿਆਨ ਲਗਾਈਆ । ਆਤਮ ਪਰਮਾਤਮ ਸਮਝ ਕੇ ਧੁਰ ਦਾ ਗ੍ਰਹਿਸਤ, ਸੇਜ ਸੁਹੰਜਣੀ ਸੋਭਾ ਪਾਈਆ । ਕੋਟਾਂ ਵਰ੍ਹਿਆਂ ਵਿਚੋਂ ਥੋੜਿਆਂ ਦੀ ਫਰਿਸਤ, ਨਿਰਗੁਣ ਨਿਰਵੈਰ ਨਜ਼ਰੀ ਆਈਆ । ਸਾਚੀ ਮਾਣ ਵਡਿਆਈ ਦੇ ਨਾਮ ਖਿੱਲਤ, ਮੁਖ਼ਾਤਬ ਹੋ ਕੇ ਰਹਿਆ ਸੁਣਾਈਆ । ਖ਼ੁਆਰੀ ਰਹੇ ਕੋਈ ਨਾ ਜ਼ਿੱਲਤ, ਸਾਚੇ ਦਰ ਮਿਲੇ ਸਰਨਾਈਆ । ਪੁਰਖ ਅਕਾਲ ਦੀਨ ਦਿਆਲ ਦਰਵੇਸ਼ ਦੀ ਮੰਨ ਮਿੰਨਤ, ਨਿਉਂ ਨਿਉਂ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਭਗਤਾਂ ਵਿਚ ਵੇਖੀ ਅਗੰਮੀ ਹਿੰਮਤ, ਹੌਸਲੇ ਨਾਲ ਦੀਨ ਦੁਨੀ ਜਗਤ ਰਹੇ ਤਜਾਈਆ ।

### ✪ ੨੮ ਸਾਵਣ ਸ਼ਹਿਨਾਸ਼ਾਹੀ ਸੰਮਤ ੨ ਭਾਗ ਸਿੰਘ ਦੇ ਗ੍ਰਹਿ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚਾ ਕਹੇ ਪ੍ਰਭ ਤੇਰਾ ਦਰ ਮਿਲੇ ਅਗੰਮ, ਪਾਰਬ੍ਰਹਮ ਪਤਿਪਰਮੇਸ਼ਵਰ ਸਚਖੰਡ ਦਵਾਰਾ ਨਜ਼ਰੀ ਆਈਆ । ਜਿਥੇ ਨਾ ਕੋਈ ਸੂਰੀਆ ਹੋਵੇ ਚੰਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਮਾਇਆ ਮਮਤਾ ਮੋਹ ਨਾ ਹੋਵੇ ਤ੍ਰਿਸ਼ਨਾ ਤਮ, ਕੂੜ ਕੁੜਿਆਰ ਜਗਤ ਵਿਕਾਰ ਨਾ ਕੋਇ ਹਲਕਾਈਆ । ਹਰਖ ਸੋਗ ਚਿੰਤਾ ਰਹੇ ਨਾ ਕੋਇ ਗ਼ਮ, ਮਨੂਆ ਮਨ ਨਾ ਕੋਇ ਭਰਮਾਈਆ । ਅਗੰਮੀ ਨਾਦ ਸੁਣਾ ਬਿਨਾ ਕੰਨ, ਸ਼ਬਦੀ ਢੋਲਾ ਬੇਪ੍ਰਵਾਹੀਆ । ਪੁਰਖ ਅਕਾਲ ਦੀਨ ਦਿਆਲ ਭਾਗ ਲਗਾ ਵਜੂਦ ਮਾਟੀ ਤਨ, ਬੰਦੇ ਖ਼ਾਕੀ ਸਾਕੀ ਜਾਮ ਇਕ ਪਿਆਈਆ । ਭੇਵ ਅਭੇਦਾ ਅਛਲ ਅਛੇਦਾ ਖੋਲ੍ਹ ਹੰ, ਬ੍ਰਹਮ ਪਾਰਬ੍ਰਹਮ ਪੜਦਾ ਓਹਲਾ ਰਹੇ ਨਾ ਰਾਈਆ । ਨਾਮ ਭੰਡਾਰਾ ਵਸਤ ਅਮੋਲਕ ਦੀਨ ਦੁਨੀ ਦੇ ਆਪਣਾ ਧਨ, ਜਗਤ ਮਾਇਆ ਵਿਚੋਂ

ਬਾਹਰ ਕਢਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਜੀਵ ਜੰਤ ਗਾਵਣ ਤੇਰਾ ਛੰਦ, ਸੋਹਲਾ ਇਕੋ ਇਕ ਅਲਾਈਆ । ਸਾਧਾਂ ਸੰਤਾਂ ਜਨ ਭਗਤਾਂ ਖ਼ੁਸ਼ੀ ਕਰ ਬੰਦ ਬੰਦ, ਧੁਰ ਦੀ ਬੰਦਗੀ ਇਕ ਸਮਝਾਈਆ । ਨਿਜ ਘਰ ਨਿਜ ਗ੍ਰਿਹਿ ਨਿਜ ਆਤਮ ਦੇ ਅਨੰਦ, ਰਸਨਾ ਰਸ ਦਾ ਲੇਖਾ ਦੇ ਮੁਕਾਈਆ । ਠਾਕਰ ਹੋ ਕੇ ਬਖ਼ਸ਼ ਪਰਮਾਨੰਦ, ਪਰਮ ਪੁਰਖ ਪ੍ਰਭ ਆਪਣੀ ਮਿਹਰ ਨਜ਼ਰ ਉਠਾਈਆ । ਕਲਜੁਗ ਕੂੜੀ ਕਿਰਿਆ ਜੂਠ ਜੂਠ ਸ੍ਰਿਸ਼ਟੀ ਵਿਚੋਂ ਕੱਢ, ਗੰਦੀ ਤ੍ਰਿਸ਼ਨਾ ਰਹਿਣ ਕੋਇ ਨਾ ਪਾਈਆ । ਵਰਨਾਂ ਬਰਨਾਂ ਦੱਸ ਕਵਣ ਸਾਚੀ ਸਰਨਾ ਇਕ ਸਮਝਾਈਆ । ਰਸਨਾ ਜਿਹਵਾ ਬਤੀ ਦੰਦ ਮਾਨਵ ਜਾਤੀ ਤੇਰੇ ਕਰੇ ਧੰਨ ਧੰਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਤਿਜੁਗ ਸਾਚਾ ਗ਼ਰੀਬ ਨਿਵਾਜਾ ਦਰ ਤੇਰੇ ਝੋਲੀ ਡਾਹੀਆ । ਸਤਿਜੁਗ ਕਹੇ ਪ੍ਰਭ ਤੇਰੇ ਨਾਮ ਦਾ ਹੋਵੇ ਇਕ ਪਿਆਰ, ਦੂਜਾ ਨਜ਼ਰ ਕੋਇ ਨਾ ਆਈਆ । ਦੀਆ ਬਾਤੀ ਕਮਲਾਪਾਤੀ ਹੁੰਦਾ ਰਹੇ ਜੋਤ ਉਜਿਆਰ, ਚਾਰ ਕੁੰਟ ਦਹਿ ਦਿਸ਼ਾ ਕਰੇ ਰੁਸ਼ਨਾਈਆ । ਸਾਚਾ ਨਾਮ ਸ਼ਬਦ ਧੁਨ ਆਤਮਕ ਦੇ ਧੁਨਕਾਰ, ਅਨੁਰਾਗੀ ਹੋ ਕੇ ਆਪਣਾ ਰਾਗ ਸੁਣਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਝਿਰੇ ਅਗੰਮ ਅਪਾਰ, ਬੂੰਦ ਸਵਾਂਤੀ ਕਮਲਾਪਾਤੀ ਆਪਣੀ ਆਪ ਟਪਕਾਈਆ । ਪੜਦਾ ਓਹਲਾ ਖੁਲ੍ਹੇ ਬੰਦ ਕਿਵਾੜ, ਦੂਈ ਦਵੈਤੀ ਮਾਇਆ ਮਮਤਾ ਰਹਿਣ ਕੋਇ ਨਾ ਪਾਈਆ । ਅਗਨੀ ਤਤ ਨਾ ਸਕੇ ਸਾੜ, ਸਾਂਤਕ ਸਤਿ ਜਣਾਈਆ । ਇਕੋ ਤੇਰਾ ਜਲਵਾ ਨੂਰ ਹੋਵੇ ਦੀਦਾਰ, ਸਵੱਛ ਸਰੂਪੀ ਨਜ਼ਰੀ ਆਈਆ । ਬੋਧ ਅਗਾਧ ਸ਼ਬਦ ਅਨਾਦ ਦੇਣਾ ਅਪਰ ਅਪਾਰ, ਅਪਰੰਪਰ ਸਵਾਮੀ ਤੇਰੇ ਹੱਥ ਵਡਿਆਈਆ । ਕਲਜੁਗ ਕੂੜੀ ਕਿਰਿਆ ਲੋਕਮਾਤ ਵਿਚੋਂ ਕੱਢ ਬਾਹਰ, ਧਰਨੀ ਉਪਰ ਰਹਿਣ ਕੋਇ ਨਾ ਪਾਈਆ । ਜਨ ਭਗਤ ਸੁਹੇਲੇ ਗੁਰੂ ਗੁਰ ਚੇਲੇ ਖਿਚ ਆਪਣੇ ਦਵਾਰ, ਸਚਖੰਡ ਦਵਾਰਾ ਏਕੰਕਾਰਾ ਇਕੋ ਦੇ ਵਸਾਈਆ । ਜਿਸ ਗ੍ਰਿਹਿ ਨਾ ਕੋਈ ਪੁਰਖ ਨਾ ਕੋਈ ਨਾਰ, ਨਾ ਕੋਈ ਕੂੜ ਕਿਰਿਆ ਕਰੇ ਵਿਭਚਾਰ, ਜੈ ਜੈਕਾਰ ਤੇਰਾ ਨਾਮ ਕਰੇ ਸ਼ਨਵਾਈਆ । ਪੁਰਖ ਅਕਾਲ ਸਵਾਮੀ ਤੂੰ ਆਦਿ ਜੁਗਾਦਿ ਸਦਾ ਸਦਾ (ਦਾਤਾਰ), ਗੁਰ ਅਵਤਾਰ ਪੈਗ਼ੰਬਰ ਤੇਰੇ ਹੁਕਮੇਂ ਅੰਦਰ ਲੋਕਮਾਤ ਸੇਵ ਕਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਦੋ ਜਹਾਨਾਂ ਪਾ ਸਾਰ, ਨਿਰਗੁਣ ਹੋ ਕੇ ਆਪਣਾ ਵੇਸ ਵਟਾਈਆ । ਸਤਿਜੁਗ ਸਾਚਾ ਸਤਿ ਦਵਾਰੇ ਬੇਨੰਤੀ ਵਿਚ ਕਰੇ ਨਿਮਸਕਾਰ, ਡੰਡਾਵਤ ਵਿਚ ਆਪਣਾ ਆਪ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਭਗਵਾਨ, ਨਿਰਗੁਣ ਸਰਗੁਣ ਬਣ ਸਿਕਦਾਰ, ਧੁਰ ਫ਼ਰਮਾਨਾ ਦੋ ਜਹਾਨਾਂ ਇਕੋ ਇਕ ਜਣਾਈਆ ।



✪ ੨੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਸਿੰਘ ਦੇ ਗ੍ਰਿਹਿ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ✪

ਵਸ਼ਿਸ਼ਟ ਸਿਖਿਆ ਸਦਾ ਰਹਿਣਾ ਵਿਚ ਰਜ਼ਾ, ਭਾਣੇ ਵਿਚ ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਪਰਮ ਪੁਰਖ ਦੀ ਧਾਰ ਦਾ ਲੈਣਾ ਮਜ਼ਾ, ਮਜ਼ਾਕ ਵੇਖਣਾ ਜਗਤ ਲੋਕਾਈਆ । ਜਨਮ ਜਨਮ ਦਾ ਲਹਿਣਾ ਦੇਣਾ ਕਰਮ ਦੀ ਨਹੀਂ ਸਜ਼ਾ, ਦੁੱਖਾਂ ਵਿਚ ਦੁੱਖ ਨਾ ਕੋਇ ਰਖਾਈਆ । ਜਿਸ ਤੋਂ ਸੱਚਾ ਜੀਵਣ ਮਿਲਣਾ ਨਵਾਂ, ਨਾਤਾ ਤੱਤਾਂ ਵਾਲਾ ਤੁੜਾਈਆ । ਲੇਖੇ ਲੱਗਣਾ ਦਮ ਦਮਾਂ, ਸਾਹ ਸਾਹ ਪ੍ਰਭ ਆਪਣੇ ਵਿਚ ਸਮਾਈਆ ।

ਜਨ ਭਗਤ ਕਦੇ ਨਾ ਹੋਵੇ ਨਿਕੰਮਾ, ਬੇਅਰਥ ਜਨਮ ਨਾ ਕੋਇ ਗਵਾਈਆ । ਭਾਗ ਲੱਗੇ ਜਿਸ ਕਾਇਆ ਮਾਟੀ ਚੰਮਾਂ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਚਿੰਤਾ ਸੋਗ ਹਰਖ ਨਾ ਕਰਨਾ ਗ਼ਮਾ, ਕਰੇ ਖੇਲ ਬੇਪਰਵਾਹੀਆ । ਜ਼ਿੰਦਗੀ ਮਾਨਸ ਦੇਹੀ ਨਹੀਂ ਕੋਈ ਤਮਅ, ਲਾਲਚ ਵਿਚ ਬਰਸ ਨਾ ਕੋਇ ਲੰਘਾਈਆ । ਜਿਸ ਦੇ ਹੁਕਮੇਂ ਅੰਦਰ ਬਦਲਦਾ ਰਹਿੰਦਾ ਸਮਾਂ, ਸਮਾਪਤ ਹੁੰਦੀ ਰਹੇ ਲੋਕਾਈਆ । ਉਸ ਦਾ ਹੁਕਮ ਹੁੰਦਾ ਰਹੇ ਰਵਾਂ, ਦੋ ਜਹਾਨਾਂ ਨਾ ਕੋਇ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਵਸ਼ਿਸ਼ਟ ਮੁਨੀ ਬਿਤਾ ਕੇ ਪੈਂਹਠ ਸਾਲ, ਤੇਰੀ ਮਿਲਤ ਵਿਚ ਖ਼ੁਸ਼ੀ ਮਨਾਈਆ । ਖੇਲ ਵੇਖਦਾ ਰਿਹਾ ਪੁਰਖ ਅਕਾਲ, ਓਟ ਇਕੋ ਇਕ ਤਕਾਈਆ । ਬਣਦਾ ਰਿਹਾ ਵਿਚੇ ਵਿਚ ਦਲਾਲ, ਵਿਚੋਲਾ ਉਹਲਾ ਹੋ ਕੇ ਡੇਰਾ ਲਾਈਆ । ਅੰਤਮ ਬੋਲਿਆ ਬੋਲ ਕਮਾਲ, ਜਿਸ ਨੂੰ ਲਿਖੇ ਲੇਖ ਨਾ ਕ਼ਲਮ ਸ਼ਾਹੀਆ । ਜਿਸ ਦਾ ਵਿਚੇ ਸਵਾਲ ਜਵਾਬ, ਜਗਤ ਵੰਡ ਨਾ ਕੋਇ ਵੰਡਾਈਆ । ਸ਼ਰਾਰਤ ਵਿਚ ਤੇਰਾ ਵਜਦਾ ਰਿਹਾ ਤਾਲ, ਹਥੇਲੀ ਹੱਥ ਨਾਲ ਮਿਲਾਈਆ । ਤੇਰਾ ਮਾਤਾ ਪਿਤਾ ਕੰਗਾਲ, ਨਿਰਧਨ ਨਜ਼ਰੀ ਆਈਆ । ਜਿਨ੍ਹਾਂ ਦਾ ਪੂਰਬ ਦਾ ਰੁੱਸਿਆ ਬਾਲ, ਬਾਲੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪੈਂਹਠ ਸਾਲ ਦਾ ਵਕ਼ਤ ਬਹੁ ਥੋੜਾ, ਥੋੜਿਉਂ ਥੋੜਾ ਨਜ਼ਰੀ ਆਈਆ । ਜਿਥੇ ਰਾਮ ਵਸ਼ਿਸ਼ਟ ਦਾ ਹੋਵੇ ਜੋੜਾ, ਦੋ ਜਹਾਨਾਂ ਵੱਜੇ ਵਧਾਈਆ । ਵਸ਼ਿਸ਼ਟ ਕੋਲ ਸੀ ਕਾਗ਼ਜ਼ ਕੋਰਾ, ਅੱਖਰ ਰੂਪ ਨਾ ਕੋਇ ਵਖਾਈਆ । ਰਾਮ ਨੇ ਗਾਇਆ ਧੁਰ ਦਾ ਦੋਹਰਾ, ਤੂੰ ਮੇਰਾ ਮੈਂ ਤੇਰਾ ਵੱਜੇ ਸਚ ਵਧਾਈਆ । ਤੂੰ ਮਾਰ ਕੇ ਦੂਰੋਂ ਰੋੜਾ, ਚੋਟ ਵਸ਼ਿਸ਼ਟ ਦੇ ਬਾਜ਼ੂ ਦਿਤੀ ਲਗਾਈਆ । ਮੁਸਕਰਾਹਟ ਵਿਚ ਹੱਸ ਕੇ ਥੋੜਾ, ਅੱਖੀਆਂ ਲਈਆਂ ਬਦਲਾਈਆ । ਰਾਮ ਨੇ ਕਿਹਾ ਓਏ ਦਿਆ ਚੋਰਾ, ਕਿਉਂ ਚੋਟਾਂ ਰਿਹਾ ਲਗਾਈਆ । ਵਸ਼ਿਸ਼ਟ ਨੇ ਕਿਹਾ ਏਸ ਦੀਆਂ ਓਸ ਦੇ ਹੱਥ ਡੋਰਾਂ, ਜੋ ਸਭ ਦਾ ਪਿਤਾ ਮਾਈਆ । ਤੂੰ ਨੇੜੇ ਆਇਆ ਦੌੜਾ, ਨਿਉਂ ਕੇ ਸੀਸ ਦਿਤਾ ਝੁਕਾਈਆ । ਉਸ ਬਾਹੋਂ ਫੜ ਕੇ ਕਿਹਾ ਆਹ ਵੇਖ ਅਗੰਮੀ ਪੌੜਾ, ਤੈਨੂੰ ਦਿਆਂ ਚੜ੍ਹਾਈਆ । ਤ੍ਰੇਤਾ ਦੁਆਪਰ ਕਲਜੁਗ ਰਾਹ ਸੌੜਾ, ਹੁਕਮ ਦੇਵੇ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਦਏ ਵਖਾਈਆ । ਪੂਰਬ ਲਹਿਣਾ ਕਰ ਯਾਦ, ਯਾਦਦਾਸਤ ਪਿਛਲੀ ਨਜ਼ਰੀ ਆਈਆ । ਵਸ਼ਿਸ਼ਟ ਮਾਰ ਕੇ ਇਕ ਆਵਾਜ਼, ਹੁਕਮ ਦਿਤਾ ਸੁਣਾਈਆ । ਰਾਮ ਨੇ ਕਿਹਾ ਇਸ ਦੇ ਅੰਦਰ ਕੋਈ ਰਾਜ਼, ਪੜਦਾ ਦੇ ਉਠਾਈਆ । ਅਗੰਮੀ ਆਵਾਜ਼ ਆਈ ਵੱਜਿਆ ਸ਼ਬਦ ਨਾਦ, ਧੁਨੀ ਰਾਗ ਅਲਾਈਆ । ਏਸ ਦਾ ਤਤ ਹੋਣਾ ਬਰਬਾਦ, ਮਾਟੀ ਤਨ ਰਹਿਣ ਨਾ ਪਾਈਆ । ਕਲਜੁਗ ਖੇੜਾ ਫੇਰ ਹੋਵੇ ਆਬਾਦ, ਸਾਢੇ ਤਿੰਨ ਹੱਥ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਵਸ਼ਿਸ਼ਟ ਕਿਹਾ ਐ ਮੇਰੇ ਪੁਰਖ ਅਗੰਮ, ਅਗੰਮ ਤੇਰੀ ਵਡਿਆਈਆ । ਇਸ ਦਾ ਲੇਖਾ ਚੁਕੇ ਪਵਣ ਸਵਾਸ ਦਮ, ਦਾਮਨ ਪਕੜ ਨਾ ਕੋਇ ਛੁਡਾਈਆ । ਤੇਰੀ ਧਾਰੋਂ ਕੋਟਨ ਨਿਕਲੇ ਰਾਮ, ਰਾਮ ਰਾਮ ਵਿਚ ਆਪਣਾ ਆਪ ਮਿਲਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਕਲਜੁਗ ਹੋਵੇ ਅੰਧੇਰੀ ਸ਼ਾਮ, ਚਾਰੋਂ ਕੁੰਟ ਅੰਧੇਰਾ ਛਾਈਆ । ਸਾਚਾ ਨਜ਼ਰ ਨਾ ਆਵੇ ਨਾਮ, ਮਿਲੇ ਮੇਲ ਨਾ ਬੇਪਰਵਾਹੀਆ । ਸਤਿਗੁਰ ਸ਼ਬਦ ਨਾ ਆਵੇ ਪਹਿਚਾਨ, ਸੁਰਤੀ ਸੋਈ ਨਾ ਕੋਇ ਉਠਾਈਆ । ਮਿਲੇ ਮੇਲ ਸ੍ਰੀ ਭਗਵਾਨ, ਨਿਰਗੁਣ ਨੂਰ ਕਰ ਰੁਸ਼ਨਾਈਆ । ਭਗਤ ਸੁਹੇਲੇ

੧੦੭੯
੧੯

ਕਰ ਪਰਧਾਨ, ਲੋਕਮਾਤ ਵਿਚ ਵਡਿਆਈਆ । ਬਿਨ ਅੱਖਰਾਂ ਦੇਵੇ ਗਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਨਿਰਗੁਣ ਜੋਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਇਕ ਭੁਗਤਾਈਆ । ਰਾਮ ਕਿਹਾ ਵਸ਼ਿਸ਼ਟ ਇਹ ਬੁੱਢਾ ਵੇਖ ਬਿਰਧ, ਸ਼ਰਅ ਦਾ ਸ਼ਰਾਰਤੀ ਨਜ਼ਰੀ ਆਈਆ । ਵਸ਼ਿਸ਼ਟ ਕਿਹਾ ਇਹ ਆਵੇ ਫੇਰ ਪਰਤ, ਲੋਕਮਾਤ ਵੇਸ ਵਟਾਈਆ । ਏਸ ਦੀ ਖੁਲ੍ਹੇ ਸੁਰਤ ਨਿਰਤ, ਨਰ ਨਰਾਇਣ ਦਏ ਵਡਿਆਈਆ । ਜਨਮ ਜਨਮ ਦੀ ਮੇਟੇ ਹਿਰਸ, ਹਵਸ ਲਏ ਮਿਟਾਈਆ । ਪੁਰਖ ਅਕਾਲ ਕਰੇ ਤਰਸ, ਰਹਿਮਤ ਵਿਚ ਤਰਾਈਆ । ਰਾਮ ਕਿਹਾ ਨਿਧੜਕ, ਬੇਨੰਤੀ ਗੁਰਦੇਵ ਦਿਤੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਵਖਾਈਆ । ਰਾਮ ਕਿਹਾ ਵਸ਼ਿਸ਼ਟ ਸਵਾਮੀ, ਤੇਰੇ ਅਗੇ ਮੇਰੀ ਅਰਜ਼ੋਈਆ । ਇਸ ਵੱਡੀ ਕੀਤੀ ਖੁਨਾਮੀ, ਪੱਥਰ ਤੇਰੀ ਬਾਂਹ ਲਗਾਈਆ । ਇਹਦੀ ਕੀ ਰਹੇ ਨਿਸ਼ਾਨੀ, ਸਚ ਦੇਣਾ ਸਮਝਾਈਆ । ਓਸ ਬੋਲਿਆ ਨਾਲ ਆਸਾਨੀ, ਮੁਖ ਵਾਕ ਦਿਤਾ ਦ੍ਰਿੜਾਈਆ । ਕਲਜੁਗ ਅੰਤ ਜਿਸ ਵੇਲੇ ਇਸ ਦੀ ਦੇਹ ਪੈਂਠ ਸਾਲ ਦੀ ਹੋਈ ਪੁਰਾਣੀ, ਚੋਲਾ ਚੋਲੇ ਨਾਲੋਂ ਬਦਲਾਈਆ । ਇਸ ਨੂੰ ਮਾਲਕ ਮਿਲੇ ਉਪਰ ਅਸਮਾਨੀ, ਆਸਾਨੀ ਆਪਣਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਵੇਖ ਵਖਾਈਆ । ਪੂਰਬ ਲਹਿਣਾ ਆਦਿ ਜੁਗਾਦਿ, ਅਭੁੱਲ ਭੁੱਲ ਕਦੇ ਨਾ ਜਾਈਆ । ਵਸ਼ਿਸ਼ਟ ਦਿਤੀ ਦਾਤ, ਸ਼ਹਾਦਤ ਆਪਣੀ ਆਪ ਭੁਗਤਾਈਆ । ਉਸ ਦਾ ਲਹਿਣਾ ਦੇਣਾ ਦੇਣਾ ਪਿਆ ਤੱਤਾਂ ਵਾਲਾ ਸਾਥ, ਸਗਲਾ ਸੰਗ ਬਣਾਈਆ । ਰਾਮ ਵਸ਼ਿਸ਼ਟ ਦੀ ਕੋਈ ਗ਼ੁੱਸੇ ਵਾਲੀ ਨਹੀਂ ਬਾਤ, ਜੁਗ ਚੌਕੜੀ ਪ੍ਰਭ ਦੀ ਖੇਲ ਚਲੀ ਆਈਆ । ਇਹ ਤਰੇਤੇ ਦੀ ਸੌਗ਼ਾਤ, ਕਲਜੁਗ ਬੱਧਾ ਨਾਤ, ਪੁਰਖ ਅਕਾਲ ਪੁਛੇ ਬਾਤ, ਵਾਰਸ ਹੋ ਕੇ ਦਇਆ ਕਮਾਈਆ । ਅਗੇ ਜਨਮ ਮਰਨ ਲੱਖ ਚੁਰਾਸੀ ਆਵਣ ਜਾਵਣ ਵਿਚੋਂ ਮਿਲੇ ਨਜਾਤ, ਜਮ ਕੀ ਫਾਸੀ ਰਹੇ ਨਾ ਰਾਈਆ । ਚਿਤਰ ਗੁਪਤ ਖੋਲ੍ਹੇ ਕੋਈ ਨਾ ਤਾਕ, ਰਾਏ ਧਰਮ ਨਾ ਦਏ ਸਜ਼ਾਈਆ । ਸਚਖੰਡ ਦਵਾਰੇ ਤੇਰਾ ਸਹਿਜੇ ਹੋਵੇ ਨਿਵਾਸ, ਨਿਵਾਸ ਅਸਥਾਨ ਇਕੋ ਨਜ਼ਰੀ ਆਈਆ । ਜਿਥੇ ਵਸ਼ਿਸ਼ਟ ਰਾਮ ਦੋਵੇਂ ਮਿਲ ਕੇ ਚਰਨ ਕਵਲ ਪ੍ਰਭ ਕਰਨ ਹਾਸ ਬਿਲਾਸ, ਬਿਨ ਰਸਨਾ ਜਿਹਵਾ ਬੱਤੀ ਦੰਦ ਖ਼ੁਸ਼ੀ ਮਨਾਈਆ । ਅੰਤ ਵਸਣਾ ਉਨ੍ਹਾਂ ਪਾਸ, ਵਾਸਤਾ ਧੁਰ ਦਾ ਦਿਤਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਲਿਖਾ ਕੇ ਸ਼ਬਦੀ ਨਾਲ ਕ਼ਲਮ ਦਵਾਤ, ਹਾਲਾਤ ਅਗਲਾ ਦਏ ਬਦਲਾਈਆ ।

## ✪ ੨੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਬਲਵੰਤ ਸਿੰਘ ਦੇ ਗ੍ਰਿਹ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪ੍ਰਭ ਜਨ ਭਗਤਾਂ ਕੋਟ ਜਨਮ ਦੇ ਮੇਟ ਪਾਪ, ਪਤਿਤ ਪਾਪੀ ਪਾਰ ਲੰਘਾਈਆ । ਸਹਿੰਸਾ ਰੋਗ ਰਹੇ ਨਾ ਕੋਈ ਸੰਤਾਪ, ਜਗਤ ਕਲਪਣਾ ਵਿਚੋਂ ਪਾਰ ਲੰਘਾਈਆ । ਰੂਹ ਬੱਤ ਦੋਵੇਂ ਕਰ ਦੇ ਪਾਕ, ਪਤਿਤ ਪੁਨੀਤ ਪਾਰਬ੍ਰਹਮ ਤੇਰੇ ਹੱਥ ਵਡਿਆਈਆ । ਪਰਮਾਤਮ ਹੋ ਕੇ ਆਤਮ ਦੇ ਸਾਥ, ਨਿਰਗੁਣ ਮੇਲਾ ਮੇਲ ਸਹਿਜ ਸੁਭਾਈਆ । ਤੂੰ ਮੇਰਾ ਮੈਂ ਤੇਰਾ ਸਚ ਸਵਾਮੀ ਦੱਸ ਆਪਣੀ ਗਾਥ, ਢੋਲਾ ਅੰਤਰ ਅੰਤਰ ਇਕੋ ਇਕ

ਸਮਝਾਈਆ । ਕੂੜੀ ਕਿਰਿਆ ਮਿਟੇ ਅੰਧੇਰੀ ਰਾਤ, ਸਾਚਾ ਨੂਰ ਤੇਰਾ ਰੁਸ਼ਨਾਈਆ । ਬੋਧ ਅਗਾਧਾ ਸਵੱਛ ਸਰੂਪ ਸ਼ਾਹੋ ਭੂਪ ਦਰਸ਼ਨ ਦੇ ਸਾਖਿਆਤ, ਨਿਰਗੁਣ ਨਿਰਵੈਰ ਨਿਰੰਕਾਰ ਆਪਣਾ ਫੇਰਾ ਪਾਈਆ । ਸਾਚਾ ਖੇੜਾ ਕਾਇਆ ਮਾਟੀ ਸਾਢੇ ਤਿੰਨ ਹੱਥ ਭਗਤ ਵਛਲ ਕਰ ਆਬਾਦ, ਨਾਮ ਨਿਧਾਨ ਆਪਣਾ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਤਿ ਸਤਿਵਾਦ ਤੇਰੇ ਦਰ ਠਾਂਡੇ ਮੰਗ ਮੰਗਾਈਆ । ਸਤਿ ਕਹੇ ਪ੍ਰਭ ਜਨ ਭਗਤ ਮੇਟ ਦੁੱਖ, ਤ੍ਰਿਸ਼ਨਾ ਕੂੜ ਰਹੇ ਨਾ ਰਾਈਆ । ਆਪਣੇ ਪ੍ਰੇਮ ਦੀ ਅੰਤਰ ਆਤਮ ਉਪਜਾ ਭੁੱਖ, ਦਿਵਸ ਰੈਣ ਤੇਰਾ ਨਾਮ ਮੰਗਣ ਚਾਈਂ ਚਾਈਂਆ । ਉਜਲ ਕਰਨ ਆਪਣਾ ਸਰਗੁਣ ਮੁਖ, ਤਤਵ ਤਤ ਦੇ ਵਡਿਆਈਆ । ਪੜਦਾ ਉਹਲਾ ਭੇਵ ਅਭੇਦ ਦੇ ਚੁਕ, ਚਾਰ ਕੁੰਟ ਦਹਿ ਦਿਸ਼ਾ ਆਪਣਾ ਆਪ ਦੇ ਸਮਝਾਈਆ । ਲੱਖ ਚੁਰਾਸੀ ਜੂਨ ਅਜੂਨੀ ਸੜਨਾ ਪਏ ਨਾ ਕੁੱਖ, ਗਰਭਵਾਸ ਜਮਫਾਸ ਦੇਣਾ ਕਟਾਈਆ । ਸੰਤ ਸੁਹੇਲੇ ਅਪਰਾਧੀ ਦੁਸ਼ਟ ਦੁਰਾਚਾਰ ਬਣਾ ਆਪਣੇ ਸੁਤ, ਦੁਲਾਰੇ ਨਿਰੰਕਾਰ ਆਪਣੇ ਘਰ ਲੈ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਖ਼ਸ਼ ਇਕ ਸਰਨਾਈਆ । ਸਤਿ ਕਹੇ ਪ੍ਰਭ ਜਨ ਭਗਤਾਂ ਏਕਾ ਰੰਗ ਵਖਾ ਖ਼ੁਸ਼ੀ ਗ਼ਮੀ, ਅੰਤਰ ਅੰਤਰ ਆਪਣੀ ਬੂਝ ਬੁਝਾਈਆ । ਅੰਤਰ ਧਾਰ ਏਕੰਕਾਰ ਦੱਸ ਆਪਣੀ ਨਵੀਂ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਸਚ ਭੰਡਾਰ ਅਮੋਲਕ ਵਸਤ ਸ਼ਬਦ ਅਗੰਮੀ ਦੇਵੀਂ, ਜਗਤ ਵਣਜਾਰਿਆਂ ਕੋਲੋਂ ਹੱਥ ਕਿਸੇ ਨਾ ਆਈਆ । ਕਾਇਆ ਮੰਦਰ ਅੰਦਰ ਸਾਚੇ ਘਰ ਬਹਵੀਂ, ਨੌਂ ਦਵਾਰੇ ਉਪਰ ਦੇਣਾ ਡੇਰਾ ਲਾਈਆ । ਸਚ ਸਿੰਘਾਸਣ ਆਤਮ ਸੇਜ ਸੁਹੰਜਣੀ ਸਵੀਂ, ਸੋਭਾਵੰਤ ਆਪਣਾ ਡੇਰਾ ਲਾਈਆ । ਧੁਰ ਫ਼ਰਮਾਨਾ ਸ੍ਰੀ ਭਗਵਾਨਾ ਧੁਨ ਆਤਮਕ ਰਾਗ ਕਹਵੀਂ, ਬਾਹਰੋਂ ਵਿਦਿਆ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਣਾ ਸਹਾਈਆ । ਸਤਿ ਕਹੇ ਪ੍ਰਭ ਜਨ ਭਗਤਾਂ ਵਸਤ ਅਗੰਮੀ ਪਾਵੀਂ ਭਿੱਖ, ਭਿਖਾਰੀ ਧੁਰ ਦੇ ਲੈਣ ਆਈਆ । ਬਿਨ ਕ਼ਲਮ ਸ਼ਾਹੀ ਲੇਖ ਦੇ ਲਿਖ, ਨਿਅੱਖਰ ਵਿਚੋਂ ਵਸਤ ਅਮੋਲਕ ਦੇ ਵਰਤਾਈਆ । ਤੇਰੇ ਹੁਕਮ ਦੀ ਸਾਚੀ ਸਿਖਿਆ ਲੈਣ ਸਿਖ, ਚੌਦਾਂ ਵਿਦਿਆ ਡੇਰਾ ਢਾਹੀਆ । ਤੂੰ ਆਦਿ ਜੁਗਾਦੀ ਕਰਤਾ ਪੁਰਖ ਇਕ, ਆਤਮ ਪਰਮਾਤਮ ਮਿੱਤਰ ਪਿਆਰਾ ਯਾਰੜਾ ਧੁਰ ਦਾ ਨਜ਼ਰੀ ਆਈਆ । ਤੇਰਾ ਖੇਲ ਸਦਾ ਸਦਾ ਜੁਗ ਚਾਰ ਨਿਤ ਨਵਿਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਵਰਤਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਰਵਟ ਲੈ ਬਦਲ ਪਿਠ, ਦੀਨ ਦੁਨੀ ਪਾਸਾ ਦੇ ਉਲਟਾਈਆ । ਸਾਚੇ ਭਗਤਾਂ ਧੁਰ ਦੇ ਸੰਤਾਂ ਕਰ ਹਿਤ, ਹਿਤਕਾਰੀ ਹੋ ਕੇ ਨੇਤਨ ਨੇਤ ਆਪਣਾ ਦਰਸ ਦੇ ਕਰਾਈਆ । ਮਹਿਬੂਬ ਮੁਹੱਬਤ ਵਿਚ ਸਾਚੀ ਪਾ ਖਿੱਚ, ਸੁਰਤੀ ਸ਼ਬਦੀ ਡੋਰੀ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਤਿਵਾਦੀ ਧੁਰ ਦੀ ਆਸ ਰਖਾਈਆ । ਸਤਿ ਕਹੇ ਪ੍ਰਭੂ ਆਪਣੇ ਭਗਤਾਂ ਪਾ ਦੇ ਆਪਣੇ ਨਾਮ ਦੀ ਭਿਛਿਆ, ਦੂਜੇ ਦਰ ਮੰਗਣ ਕੋਇ ਨਾ ਜਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰ ਦੇ ਇੱਛਿਆ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਧਿਆਨ ਗਏ ਲਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਅੰਦਰ ਤੇਰਾ ਭਵਿਖਤ ਭੇਖਿਆ, ਪੜਦਾ ਉਹਲਾ ਬਣ ਵਿਚੋਲਾ ਅੰਦਰ ਬਾਹਰ ਗੁਪਤ ਜਾਹਰ ਦੇ ਉਠਾਈਆ । ਤੇਰਾ ਨੂਰ ਜਹੂਰ ਨੇਤਰ ਨਰ ਨਰਾਇਣ ਕਿਸੇ ਨਾ ਵੇਖਿਆ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਪੁਰਖ ਅਕਾਲ

੧੦੮੧
੧੯

ਦੀਨ ਦਿਆਲ ਆਦਿ ਜੁਗਾਦਿ ਜੁਗ ਚੌਕੜੀ ਸਰਬ ਕਲਾ ਸਮਰਥਿਆ, ਸਮਰਥ ਪੁਰਖ ਤੇਰੇ ਹੱਥ ਵਡਿਆਈਆ । ਕਲੂ ਕਾਲ ਕਲਜੁਗ ਅੰਤਮ ਦਿਸੇ ਮਿਥਿਆ, ਥਿਰ ਰਹਿਣ ਕੋਇ ਨਾ ਪਾਈਆ । ਅਬਿਨਾਸ਼ੀ ਕਰਤੇ ਪਰਵਰਦਿਗਾਰ ਸਾਂਝੇ ਯਾਰ, ਚਾਰ ਵਰਨ ਅਠਾਰਾਂ ਬਰਨ ਜੀਵ ਜੰਤ ਸਾਧ ਸੰਤ ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਮਨ ਵਾਸਨਾ ਵਿਚ ਕੋਇ ਨਾ ਜਾਵੇ ਭਿਟਿਆ, ਆਤਮ ਬ੍ਰਹਮ ਪਾਰਬ੍ਰਹਮ ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਅੰਦਰ ਸਭ ਨੂੰ ਦੇ ਸਮਝਾਈਆ ।

## ✪ ੨੮ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੇਲਾ ਸਿੰਘ ਦੇ ਗ੍ਰਹਿ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪ੍ਰਭ ਜਨ ਭਗਤਾਂ ਦੱਸ ਆਪਣਾ ਧਰਮ, ਸਤਿ ਸਚ ਸੁਚ ਘਰ ਘਰ ਨਜ਼ਰੀ ਆਈਆ । ਜਾਤ ਪਾਤ ਦੀਨ ਮਜ਼੍ਹਬ ਊਚ ਨੀਚ ਰਾਓ ਰੰਕ ਰਹੇ ਨਾ ਕੋਇ ਭਰਮ, ਸ਼ਾਹ ਸੁਲਤਾਨ ਮਿਹਰਵਾਨ ਇਕੋ ਘਰ ਦੇ ਵਖਾਈਆ । ਕੂੜੀ ਕਿਰਿਆ ਜਗਤ ਵਾਸਨਾ ਮਨ ਹੋਵੇ ਕੋਈ ਨਾ ਕਰਮ, ਸਤਿ ਸਤਿਵਾਦ ਸ਼ਬਦ ਅਨਾਦ ਇਕੋ ਦੇਣਾ ਸੁਣਾਈਆ । ਵੰਡੀ ਰਹੇ ਨਾ ਕਾਇਆ ਮਾਟੀ ਚਰਮ, ਚੰਮ ਦ੍ਰਿਸ਼ਟੀ ਕਾਇਆ ਅੰਦਰੋਂ ਸਾਚੇ ਮੰਦਰੋਂ ਦੇਣੀ ਕਢਾਈਆ । ਸੁਫ਼ਲ ਕਰਨਾ ਲੱਖ ਚੁਰਾਸੀ ਵਿਚੋਂ ਮਾਨਸ ਜਨਮ, ਆਵਣ ਜਾਵਣ ਪਤਿਤ ਪਾਵਣ ਜਮ ਕੀ ਫਾਸੀ ਦੇ ਕਟਾਈਆ । ਪੁਰਖ ਅਕਾਲ ਦੀਨ ਦਿਆਲ ਆਪਣੀ ਬਖ਼ਸ਼ਣੀ ਧੁਰ ਦੀ ਸਰਨ, ਸਚਖੰਡ ਦਵਾਰਾ ਏਕੰਕਾਰਾ ਇਕੋ ਦੇਣਾ ਵਖਾਈਆ । ਜਿਥੇ ਮਿਲ ਕੇ ਝਗੜਾ ਰਹੇ ਨਾ ਜਨਮ ਮਰਨ, ਜੋਤੀ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਤੇਰੇ ਨਾਮ ਦੀ ਵੱਜਦੀ ਰਹੇ ਵਧਾਈਆ । ਸਤਿ ਕਹੇ ਪ੍ਰਭੂ ਜਨ ਭਗਤਾਂ ਦੇ ਦੇ ਇਕੋ ਜਾਮ, ਜਗਤ ਨਸ਼ਿਆਂ ਦੀ ਲੋੜ ਰਹੇ ਨਾ ਰਾਈਆ । ਬਿਨ ਅੱਖਾਂ ਨਿਜ ਨੇਤਰ ਨਜ਼ਰੀ ਆਏ ਅਗੰਮਾ ਰਾਮ, ਬਿਨ ਤੱਤਾਂ ਵਾਲੇ ਰਾਮ ਤੋਂ ਅਗਲੀ ਮੰਜ਼ਲ ਦੇ ਚੜ੍ਹਾਈਆ । ਨਾਮ ਹਕੀਕੀ ਵਾਹਿਦ ਆਪਣਾ ਦੇ ਜਾਮ, ਆਬੇਹਯਾਤ ਹਯਾਤੀ ਦੇ ਬਦਲਾਈਆ । ਜਗਤ ਮੰਜ਼ਲ ਸਾਹਿਬ ਸਵਾਮੀ ਕਰ ਆਸਾਨ, ਬਿਨ ਪੌੜੀ ਡੰਡੇ ਚੜ੍ਹ ਕੇ ਤੇਰਾ ਦਰਸ਼ਨ ਪਾਈਆ । ਮਨ ਵਾਸਨਾ ਕੂੜੀ ਕਿਰਿਆ ਜਨ ਭਗਤ ਕਰੇ ਨਾ ਕੋਇ ਹਰਾਮ, ਇਸ਼ਟੀ ਦ੍ਰਿਸ਼ਟੀ ਤੇਰਾ ਨੂਰ ਜ਼ਹੂਰ ਨਜ਼ਰੀ ਆਈਆ । ਗੁਰਮੁਖ ਗੁਰਸਿਖ ਸ਼ਬਦੀ ਧਾਰ ਤੇਰਾ ਹੋਵੇ ਗ਼ੁਲਾਮ, ਬਰਦਾ ਬਣ ਕੇ ਧੁਰ ਦੀ ਸੇਵ ਕਮਾਈਆ । ਸੁਰਤ ਸਵਾਣੀ ਨਾਮ ਹਾਣੀ ਮਿਲ ਕੇ ਪਾਵੇ ਘਰ ਬਿਸਰਾਮ, ਕਾਇਆ ਮੰਦਰ ਅੰਦਰ ਤੇਰੀ ਵੱਜੇ ਸਚ ਵਧਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਧੁਰ ਦਾ ਅਗੰਮੀ ਦੇ ਪੈਗ਼ਾਮ, ਕਲਮਿਆਂ ਤੋਂ ਬਾਹਰ ਆਪਣੀ ਸਿਫ਼ਤਾਂ ਵਾਲੀ ਕਰ ਪੜ੍ਹਾਈਆ । ਤਤ ਵਿਕਾਰ ਵਿਚ ਸੰਸਾਰ ਦੀਨ ਦੁਨੀ ਦਾ ਬਦਲ ਨਿਜ਼ਾਮ, ਨੌਬਤ ਆਪਣਾ ਨਾਮ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹੇਲੇ ਦੇ ਉਠਾਈਆ । ਸਤਿ ਕਹੇ ਪ੍ਰਭ ਲੱਖ ਚੁਰਾਸੀ ਅੰਡਜ ਜੇਰਜ ਉਤਭੁਜ ਸੇਤਜ ਸਾਰੇ ਖੋਜ, ਚਾਰ ਵਰਨ ਅਠਾਰਾਂ ਬਰਨ ਚਾਰ ਕੁੰਟ ਧਿਆਨ ਲਗਾਈਆ । ਸਤਿਜੁਗ ਸਾਚਾ ਧੁਰ ਦਾ ਦੱਸ ਆਪਣਾ ਜੋਗ, ਜੁਗੀਸ਼ਰ ਤਪੀਸ਼ਰ ਮੁਨੀਸ਼ਰ ਰਖੀਸ਼ਰ ਜਿਸਦਾ ਧਿਆਨ ਲਗਾਈਆ । ਤੇਰਾ ਵਿਛੋੜਾ ਰਹੇ ਨਾ ਕੋਇ ਵਿਜੋਗ, ਚੁਰਾਸੀ ਵਿਚ ਨਾ ਕੋਇ ਭਵਾਈਆ । ਆਤਮ ਪਰਮਾਤਮ ਨਿਰਗੁਣ ਨਿਰਗੁਣ

ਕਰ ਧੁਰ ਸੰਜੋਗ, ਸਚਖੰਡ ਦਵਾਰ ਏਕੰਕਾਰ ਤੇਰੇ ਨਾਲ ਮਿਲ ਕੇ ਵੱਜੇ ਵਧਾਈਆ । ਝਗੜਾ ਰਹੇ ਨਾ ਚੌਦਾਂ ਲੋਕ, ਚੌਦਾਂ ਤਬਕ ਪੈਂਡਾ ਦੇਣਾ ਮੁਕਾਈਆ । ਤੂੰ ਮੇਰਾ ਮੈਂ ਤੇਰਾ ਆਦਿ ਜੁਗਾਦੀ ਸਾਚਾ ਹੋਵੇ ਸਲੋਕ, ਆਤਮ ਬ੍ਰਹਮ ਭੁਲੇਖਾ ਭਰਮ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭਗਤ ਸੁਹੇਲੇ ਭਗਵਨ ਹੋ ਕੇ ਆਪਣੇ ਰੰਗ ਰੰਗਾਈਆ । ਸਤਿ ਕਹੇ ਪ੍ਰਭ ਜਨ ਭਗਤਾਂ ਦੇ ਆਪਣਾ ਦੀਦਾਰ, ਬਿਨ ਦੀਦ ਈਦ ਚੰਦ ਕਰ ਰੁਸ਼ਨਾਈਆ । ਤੂੰ ਆਦਿ ਜੁਗਾਦੀ ਪਰਵਰਦਿਗਾਰ, ਖ਼ਾਲਕ ਖ਼ਲਕ ਨੂਰ ਜਹੂਰ ਕਰ ਰੁਸ਼ਨਾਈਆ । ਵਾਹਿਦ ਲਾਸ਼ਰੀਕ ਸਾਂਝੇ ਯਾਰ, ਮੁਕਾਮੇ ਹੱਕ ਡੇਰਾ ਲਾਈਆ । ਸੋ ਪੁਰਖ ਨਿਰੰਜਣ ਤੇਰੀ ਬੇਪਰਵਾਹੀ ਹਰਿ ਪੁਰਖ ਨਿਰੰਜਣ ਆਪਣੀ ਕਿਰਪਾ ਧਾਰ, ਆਦਿ ਨਿਰੰਜਣ ਨੂਰ ਜੋਤ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਤੇਰਾ ਖੇਲ ਅਗੰਮ ਅਪਾਰ, ਅਲਖ ਅਗੋਚਰ ਕਹਿਣ ਕੋਇ ਨਾ ਪਾਈਆ । ਸ੍ਰੀ ਭਗਵਾਨ ਆਪਣਾ ਝੁਲਾ ਧਰਮ ਨਿਸ਼ਾਨ, ਦੋ ਜਹਾਨ ਮੰਨਣ ਆਣ, ਬ੍ਰਹਮਾ ਸ਼ਿਵ ਸਿਰ ਸਕੇ ਨਾ ਕੋਇ ਉਠਾਈਆ । ਜਨ ਭਗਤਾਂ ਸਾਚੇ ਸੰਤਾਂ ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦਾ ਨਾਮ ਅਗੰਮਾ ਮਿਲੇ ਵਡਿਆਈ ਵਿਚ ਜੀਵ ਜਹਾਨ, ਜਾਗਰਤ ਜੋਤ ਬਿਨ ਵਰਨ ਗੋਤ ਕਾਇਆ ਮੰਦਰ ਸਾਚੇ ਗ੍ਰਿਹਿ ਨੂਰ ਨੂਰ ਕਰ ਰੁਸ਼ਨਾਈਆ ।

੨੯ ਸਾਵਣ ਸ਼ਹਿਨਸ਼ਾਹੀ ਸੰਮਤ ੨ ਠਾਕਰ ਸਿੰਘ ਦੇ ਗ੍ਰਿਹਿ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ



ਸਤਿ ਧਰਮ ਕਹੇ ਜੋ ਪ੍ਰਭ ਤੈਥੋਂ ਵਿਛੜੇ ਸਾਧੂ, ਸਾਧ ਜਗਤ ਵਾਲੇ ਅਖਵਾਈਆ । ਧਰਮ ਰਾਏ ਦੇ ਹਵਾਲੇ ਕਰ ਦੇ ਵਾਧੂ, ਬਚਿਆ ਕੋਇ ਰਹਿਣ ਨਾ ਪਾਈਆ । ਹੁਕਮੇਂ ਅੰਦਰ ਹੋਵਣ ਕ਼ਾਬੂ, ਸਿਰ ਸਕੇ ਨਾ ਕੋਇ ਉਠਾਈਆ । ਯਾਦ ਕਰ ਲੈ ਲੇਖਾ ਗੋਬਿੰਦ ਨਾਲ ਦਾਦੂ, ਦੋਹਰੇ ਗਾ ਕੇ ਗਿਆ ਸੁਣਾਈਆ । ਪੁਰਖ ਅਕਾਲ ਜਨ ਭਗਤਾਂ ਇਕੋ ਰਹੇ ਆਗੂ, ਦੂਜਾ ਨਜ਼ਰ ਕੋਇ ਨਾ ਆਈਆ । ਮਿਹਰਵਾਨ ਹੋ ਕੇ ਪਕੜੇ ਬਾਜ਼ੂ, ਬਾਜ਼ੀਗਰ ਡੰਕ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿ ਕਹੇ ਪ੍ਰਭੂ ਤੈਥੋਂ ਵਿਛੜਿਆਂ ਰਹੇ ਕੋਈ ਨਾ ਸਾਧ, ਸਭ ਨੂੰ ਸਜ਼ਾ ਦੇ ਸੁਣਾਈਆ । ਤੇਰਿਆਂ ਭਗਤਾਂ ਕਰੇ ਨਾ ਕੋਇ ਬਰਬਾਦ, ਬਰਬਾਦੀ ਉਨ੍ਹਾਂ ਦੇ ਕਰਾਈਆ । ਸਰੀਰ ਵਿਚ ਦੇ ਨਾ ਸਕਣ ਆਵਾਜ, ਆਪਣੀ ਮੰਗ ਨਾ ਕੋਇ ਮੰਗਾਈਆ । ਹੁਕਮੇਂ ਅੰਦਰ ਦੇਣੇ ਕਾਢ, ਕੂੜ ਕੁੜਿਆਰ ਦੇਣੇ ਭਜਾਈਆ । ਆਪਣੇ ਨਾਮ ਦਾ ਦੇਣਾ ਰਸ ਸਵਾਦ, ਸੁਖ ਸਾਗਰ ਵਿਚ ਸਮਾਈਆ । ਗੁਰਮੁਖਾਂ ਸਵਾਰਨਾ ਕਾਜ, ਕਰਮ ਦਾ ਲਹਿਣਾ ਦੇਣਾ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਤਾ ਤੁੜਾ ਕੂੜੇ ਸਾਧ ਆਪਣੇ ਹੱਥ ਪਕੜ ਕੇ ਵਾਗ, ਸਹਾਰਾ ਕਿਨਾਰਾ ਦਵਾਰਾ ਆਪਣਾ ਦੇਣਾ ਵਖਾਈਆ ।

## ੩੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਸੰਤ ਕਿਰਪਾਲ ਸਿੰਘ ਦੇ ਡੇਰੇ ਰੁਹਾਨੀ ਸਤਿਸੰਗ ਸਾਵਣ ਆਸ਼ਰਮ ਜ਼ਿਲਾ ਅੰਮ੍ਰਿਤਸਰ

ਸਤਿਗੁਰ ਕਿਰਪਾ ਮਨ ਹੋਵੇ ਵਸ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਜਗਤ ਵਾਸਨਾ ਰਹੇ ਨਾ ਰਸ, ਨੌ ਦਰ ਡੇਰਾ ਦੇਵੇ ਢਾਹੀਆ । ਸ਼ਬਦੀ ਨਾਦ ਸੁਣਾਏ ਅਗੰਮੀ ਅਲਖ, ਧੁਨ ਆਤਮਕ ਰਾਗ ਦ੍ਰਿੜਾਈਆ । ਕੂੜੀ ਕਿਰਿਆ ਨਾਲੋਂ ਕਰਕੇ ਵੱਖ, ਸਾਚਾ ਨਾਤਾ ਲਏ ਮਿਲਾਈਆ । ਭੇਵ ਅਭੇਦ ਆਪਣਾ ਖੁਲ੍ਹਾ ਕੇ ਸਚ, ਪੜਦਾ ਉਹਲਾ ਦਏ ਚੁਕਾਈਆ । ਭਾਗ ਲਗਾ ਕੇ ਕਾਇਆ ਮਾਟੀ ਕੱਚ, ਸਾਢੇ ਤਿੰਨ ਹੱਥ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਡੋਰੀ ਬੰਨ੍ਹ ਵਖਾਈਆ । ਸਤਿਗੁਰ ਪੂਰਾ ਸ਼ਬਦੀ ਬੰਨ੍ਹੇ ਡੋਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਉਠ ਉਠ ਨਾ ਭੱਜੇ ਦਹਿ ਦਿਸ਼ ਚੋਰ, ਠੱਗੀ ਅੰਦਰ ਨਾ ਕੋਇ ਕਮਾਈਆ । ਲੇਖਾ ਰਹੇ ਨਾ ਅੰਧੇਰੇ ਘੋਰ, ਪੜਦਾ ਉਹਲਾ ਦਏ ਉਠਾਈਆ । ਹੁਕਮੇਂ ਅੰਦਰ ਦੇਵੇ ਤੋਰ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਦੇਵਣਹਾਰ ਸਰਨਾਈਆ । ਸਤਿਗੁਰ ਸਾਚਾ ਕਰੇ ਵਸ ਮਨ, ਮਨਸਾ ਮੋਹ ਰਹਿਣ ਨਾ ਪਾਈਆ । ਭੇਵ ਖੁਲ੍ਹਾ ਕੇ ਅੰਦਰ ਵੜ ਕੇ ਤਨ, ਜਗਤ ਦਵਾਰੇ ਪਾਰ ਕਰਾਈਆ । ਕਰ ਪਰਕਾਸ਼ ਬਿਨ ਸੂਰਜ ਚੰਨ, ਨੂਰੋ ਨੂਰ ਕਰੇ ਰੁਸ਼ਨਾਈਆ । ਭਾਂਡਾ ਭਰਮ ਭੌ ਦੇਵੇ ਭੰਨ, ਗੜ੍ਹ ਹੰਕਾਰੀ ਆਪ ਤੁੜਾਈਆ । ਪੜਦਾ ਲਾਹ ਕੇ ਹੰ ਬ੍ਰਹਮ, ਪਾਰਬ੍ਰਹਮ ਦਏ ਸਮਝਾਈਆ । ਨੌ ਰਸ ਨੌ ਦਵਾਰ ਰਹੇ ਨਾ ਤ੍ਰਿਸ਼ਨਾ ਤਮ, ਸਾਂਤਕ ਸਤਿ ਦਏ ਵਰਤਾਈਆ । ਕਰ ਪਰਕਾਸ਼ ਅੰਧੇਰੇ ਅੰਨ੍ਹ, ਨਿਜ ਨੇਤਰ ਲੋਚਨ ਦਏ ਖੁਲ੍ਹਾਈਆ । ਰਾਗ ਸੁਣਾ ਆਪਣਾ ਕੰਨ, ਅਨਾਦੀ ਧੁਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਕਾਇਆ ਮੰਦਰ ਅੰਦਰ ਮਨ ਮਮਤਾ ਰਹਿਣ ਨਾ ਦੇਵੇ ਰਾਈਆ । ਸਤਿਗੁਰ ਪੂਰਾ ਸਦਾ ਸਮਰਥ, ਸ਼ਬਦੀ ਸ਼ਬਦ ਸ਼ਬਦ ਇਕੋ ਇਕ ਅਖਵਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਮਨੂਆ ਕਰਨਹਾਰਾ ਵਸ, ਧੁਰ ਫ਼ਰਮਾਨਾ ਧੁਰ ਦਾ ਰਾਣਾ ਇਕ ਜਣਾਇੰਦਾ । ਘਟ ਭੀਤਰ ਖੋਲ੍ਹਣਹਾਰਾ ਅੱਖ, ਗ੍ਰਿਹਿ ਮੰਦਰ ਅੰਦਰ ਵੇਖ ਵਖਾਇੰਦਾ । ਭੇਵ ਖੁਲ੍ਹਾ ਕੇ ਸਾਚੋ ਸਚ, ਕੂੜ ਕੁੜਿਆਰਾ ਨਾਤਾ ਮਾਤ ਤੁੜਾਇੰਦਾ । ਵਸਤ ਅਮੋਲਕ ਕਾਇਆ ਗੋਲਕ ਸਚ ਦਵਾਰੇ ਦੇ ਕੇ ਨਾਮ ਵਥ, ਖ਼ਾਲੀ ਭੰਡਾਰਾ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਝਰ ਝਿਰਨਾ ਦੇ ਕੇ ਰਸ, ਬਿਨ ਰਸਨਾ ਆਪ ਚਖਾਇੰਦਾ । ਸਤਿਗੁਰ ਪੂਰਾ ਸਦ ਮਿਹਰਵਾਨ, ਮਹਿਬੂਬ ਮੁਹੱਬਤ ਵਿਚ ਸਮਾਈਆ । ਜਿਨ੍ਹਾਂ ਗੁਰਮੁਖਾਂ ਦੇਵੇ ਪ੍ਰੇਮ ਪ੍ਰੀਤੀ ਦਾਨ, ਵਸਤ ਅਮੋਲਕ ਝੋਲੀ ਪਾਈਆ । ਘਰ ਸਹਿਜੇ ਮਿਲੇ ਆਣ, ਘਰ ਵਿਚ ਘਰ ਮੇਲਾ ਲਏ ਮਿਲਾਈਆ । ਸਾਚੀ ਸੁਰਤੀ ਮੇਲੇ ਧੁਰ ਦਾ ਕਾਹਨ, ਸਾਚਾ ਰਾਮ ਨਜ਼ਰੀ ਆਈਆ । ਜਿਸ ਦਾ ਰੂਪ ਅਗੰਮ ਅਥਾਹ ਬੇਪਰਵਾਹ ਸ਼ਬਦੀ ਇਕ ਮਹਾਨ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਈਆ । ਜਿਥੇ ਮਨ ਦੀ ਵਾਸਨਾ ਕਰੇ ਨਾ ਕੋਇ ਧਿਆਨ, ਬੁਧੀ ਚਲੇ ਨਾ ਕੋਇ ਚਤੁਰਾਈਆ । ਤਖ਼ਤ ਨਿਵਾਸੀ ਸ਼ਾਹੋ ਭੂਪ ਪੁਰਖ ਅਬਿਨਾਸ਼ੀ ਇਕ ਸੁਲਤਾਨ, ਧਰ ਦਾ ਹੁਕਮ ਇਕ ਵਰਤਾਈਆ । ਸਾਚੇ ਸੰਤ ਸੁਹੇਲੇ ਕਾਇਆ ਮੰਦਰ ਅੰਦਰ ਸਚ ਦਵਾਰੇ ਵੇਖੇ ਆਣ, ਬਾਹਰੋਂ ਖੋਜਣ ਦੀ ਲੋੜ ਰਹੇ ਰਾਈਆ । ਜੋ ਸਤਿਗੁਰ ਸਾਚੇ ਚਰਨ ਕਵਲ ਧਰੇ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਸੋ ਸਾਹਿਬ ਸਤਿਗੁਰ ਪੁਰਖ ਬਿਧਾਤਾ ਦਰ ਘਰ ਸਾਚੇ ਕਰੇ ਪਰਵਾਨ,

ਪਰਵਾਨਾ ਆਪਣਾ ਨਾਮ ਬਿਨ ਹੱਥਾਂ ਹੱਥ ਫੜਾਈਆ । ਓਥੇ ਸ਼ਰਅ ਚਲੇ ਨਾ ਕੋਇ ਮਨ ਸ਼ੈਤਾਨ, ਨਵ ਨੌ ਚਾਰ ਨਾ ਕੋਇ ਭਵਾਈਆ । ਬਿਨ ਅੱਖਾਂ ਤੋਂ ਦੇ ਕੇ ਗਿਆਨ, ਨਿਰਅੱਖਰ ਦਏ ਦਰਸਾਈਆ । ਸਚ ਭੂਮਿਕਾ ਦੱਸ ਅਸਥਾਨ, ਬਿਨ ਪੌੜੀ ਡੰਡੇ ਦਏ ਚੜ੍ਹਾਈਆ । ਜਿਥੇ ਬਿਨ ਦੀਪਕ ਜੋਤੀ ਜੋਤ ਜਗੇ ਮਹਾਨ, ਦੀਏ ਬਾਤੀ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਸਤਿਗੁਰੂ, ਦੂਜਾ ਨਜ਼ਰ ਕੋਇ ਨਾ ਆਈਆ । ਸਤਿਗੁਰੂ ਸਾਚਾ ਸ਼ਬਦ, ਆਦਿ ਜੁਗਾਦੀ ਇਕ ਅਖਵਾਇੰਦਾ । ਜਿਸ ਦਾ ਲਹਿਣਾ ਦੇਣਾ ਦੀਨ ਮਜ਼੍ਹਬ, ਜਾਤ ਪਾਤ ਵੰਡ ਨਾ ਕੋਇ ਵੰਡਾਇੰਦਾ । ਜਨ ਭਗਤਾਂ ਸਾਚੇ ਸੰਤਾਂ ਗੁਰਮੁਖਾਂ ਗੁਰਸਿਖਾਂ ਸੂਫ਼ੀਆਂ ਦਰ ਠਾਂਡੇ ਕਰੇ ਅਦਬ, ਮਨੂਆ ਮਨ ਨਾ ਕੋਇ ਭਰਮਾਇੰਦਾ । ਸਤਿਗੁਰ ਆਪਣੀ ਧਾਰ ਵਿਚ ਮਨ ਮਨ ਕਰੇ ਜਜ਼ਬ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੰਗ ਦਿਸਾਇੰਦਾ । ਜੋ ਸਚ ਸਰਨਾਈ ਸਤਿਗੁਰ ਪੂਰੇ ਲੱਗੇ ਕ਼ਦਮ, ਕ਼ਦੀਮ ਦੇ ਵਿਛੜੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਕਾਇਆ ਮਾਟੀ ਵਖਾਏ ਸਾਚੇ ਬਦਨ, ਅੰਦਰੇ ਅੰਦਰ ਸਾਚੇ ਮੰਦਰ ਭੇਵ ਅਭੇਦਾ ਅਛਲ ਅਛੇਦਾ ਬਾਹਰ ਚਾਰ ਵੇਦਾਂ ਆਪ ਖੁਲ੍ਹਾਇੰਦਾ । ਸਤਿਗੁਰ ਪੂਰਾ ਜਿਸ ਦੇਵੇ ਨਾਮ ਦਾਤ, ਦਾਤਾ ਹੋ ਕੇ ਆਪ ਵਰਤਾਈਆ । ਉਸ ਨੂੰ ਨਿਉਂ ਨਿਉਂ ਮਨੂਆ ਟੇਕੇ ਮਾਥ, ਟਿੱਕਾ ਧੂੜੀ ਖ਼ਾਕ ਰਮਾਈਆ । ਜਿਨ੍ਹਾਂ ਦੇ ਅੰਦਰ ਇਕੋ ਨਾਮ ਅਗੰਮੀ ਗਾਥ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਸਾਚੇ ਮੰਦਰ ਸਾਹਿਬ ਸਤਿਗੁਰ ਜੋਤੀ ਨੂਰਾ ਜਾਹਰ ਜਹੂਰਾ ਬਿਨ ਅੱਖਾਂ ਤੱਕਣ ਸਾਖਿਆਤ, ਸਵੱਛ ਸਰੂਪੀ ਨਜ਼ਰੀ ਆਈਆ । ਜਿਸ ਦਾ ਲਹਿਣਾ ਦੇਣਾ ਲਿਖਿਆ ਨਾ ਜਾਵੇ ਨਾਲ ਕ਼ਲਮ ਦਵਾਤ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਖਾਣੀ ਬਾਣੀ ਕਹਿਣ ਕਿਛ ਨਾ ਪਾਈਆ । ਤਿਸ ਦੇ ਅਗੇ ਮਨੂਆ ਕਦੇ ਨਾ ਸਕੇ ਝਾਕ, ਆਪਣੀ ਵਾਸਨਾ ਨਾ ਕੋਇ ਪਰਗਟਾਈਆ । ਧੰਨ ਵਡਿਆਈ ਜਿਨ੍ਹਾਂ ਸਾਹਿਬ ਸਤਿਗੁਰ ਪੂਰੇ ਦਾ ਮਿਲ ਜਾਏ ਸਾਥ, ਸਗਲਾ ਸੰਗ ਨਿਭਾਈਆ । ਏਥੇ ਓਥੇ ਦੋ ਜਹਾਨਾਂ ਪਤ ਲਏ ਰਾਖ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਚਾ ਸਤਿਗੁਰ ਸਦਾ ਕੱਟਣਹਾਰਾ ਜਮਫਾਸ, ਫ਼ੈਸਲਾ ਹੱਕੋ ਹੱਕ ਸੁਣਾਈਆ । ਸਤਿਗੁਰ ਕਿਰਪਾ ਮਨ ਹੋਵੇ ਦੀਨ, ਦੀਨ ਦੁਨੀ ਤਜਾਈਆ । ਨਾਤਾ ਤੋੜ ਕੇ ਤ੍ਰੈਗੁਣ ਤੀਨ, ਤ੍ਰੈ ਤ੍ਰੈ ਲੇਖਾ ਦਏ ਮੁਕਾਈਆ । ਸਚ ਦਵਾਰ ਹੋ ਅਧੀਨ, ਨਿਉਂ ਨਿਉਂ ਲਾਗੇ ਪਾਈਆ । ਜਿਨ੍ਹਾਂ ਆਤਮ ਪਰਮਾਤਮ ਰਸ ਲਿਆ ਚੀਨ, ਚਿੰਤਾ ਅੰਦਰੋਂ ਰਹੇ ਗਵਾਈਆ । ਜਿਨ੍ਹਾਂ ਸਤਿਗੁਰ ਪੂਰਾ ਮਿਲ ਗਿਆ ਸੋ ਗੁਰਮੁਖ ਕਿਉਂ ਹੋਵੇ ਗ਼ਮਗੀਨ, ਗ਼ਮਾਂ ਦਾ ਡੇਰਾ ਸਾਹਿਬ ਆਪੇ ਦੇਵੇ ਢਾਹੀਆ । ਬੇਸ਼ਕ ਮਾਰਗ ਮੰਜ਼ਲ ਵਾਲਾ ਮਹੀਨ, ਅੰਦਰ ਵੜ ਕੇ ਮੰਦਰ ਚੜ੍ਹ ਕੇ ਘਰ ਸਵਾਮੀ ਅੰਤਰਜਾਮੀ ਨਿਜ ਨੇਤਰ ਦਰਸ਼ਨ ਕੋਇ ਨਾ ਪਾਈਆ ।

ਬੱਤੀ ਦੰਦ ਪੜ੍ਹਨ ਕਲਾਮੀ ਜਗਤ ਕਹਾਣੀ, ਸ਼ਬਦੀ ਸੁਰਤ ਮਿਲੇ ਨਾ ਸਚ ਸਵਾਣੀ, ਹਾਣੀ ਬਣ ਕੇ ਸੇਜ ਨਾ ਕੋਇ ਹੰਢਾਈਆ । ਝਗੜਾ ਪਿਆ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਸਰਬ ਕੁਰਲਾਣੀ, ਕਾਇਆ ਕੁਰਹ ਧੁਰ ਦਾ ਕਾਅਬਾ ਮੁਕਾਮੇ ਹੱਕ ਹੱਕ ਮਹਿਬੂਬ ਸਚ ਨਾ ਕੋਇ ਮਿਲਾਈਆ । ਸਤਿਗੁਰ ਕਿਰਪਾ ਨਾਲ ਮਨ ਵਸ ਹੋਵੇ ਆਸਾਨੀ, ਅਸਲ ਅੰਦਰੋਂ ਨਜ਼ਰੀ ਆਈਆ । ਗੁਰਮੁਖੋ ਸਤਿਗੁਰ ਚਰਨ ਪ੍ਰੇਮ ਦੀ ਦੇਣੀ ਪਏ ਕ਼ੁਰਬਾਨੀ, ਦੂਜੀ ਕ਼ੀਮਤ ਨਾ ਕੋਇ ਰਖਾਈਆ । ਇਹ ਖੇਲ ਸਤਿ

੧੦੮੬
੧੯

ਸੰਗਤ ਦਾ ਨੌ ਦਵਾਰਿਆਂ ਤੋਂ ਬਾਹਰ ਸਦਾ ਰੁਹਾਨੀ, ਮਨ ਬੇਈਮਾਨੀ ਨਾ ਕੋਇ ਕਮਾਈਆ । ਜਿਨ੍ਹਾਂ ਦਾ ਲੇਖਾ ਸਤਿਗੁਰ ਆਪ ਚੁਕਾਏ ਵਿਚੋਂ ਪੇਸ਼ਾਨੀ, ਪੁਸ਼ਤ ਪਨਾਹ ਹੱਥ ਟਿਕਾਈਆ । ਲੱਖ ਚੁਰਾਸੀ ਜੁਗ ਜੁਗ ਦਾ ਝਗੜਾ ਸਭ ਨੂੰ ਪਿਆ ਦੀਵਾਨੀ, ਫ਼ੈਸਲਾ ਹੱਕ ਨਾ ਕੋਇ ਦ੍ਰਿੜਾਈਆ । ਜਿਨ੍ਹਾਂ ਉਪਰ ਸਤਿਗੁਰ ਸ਼ਬਦ ਕਰੇ ਮਿਹਰਵਾਨੀ, ਮਹਿਬੂਬ ਹੋ ਕੇ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਦੀ ਮਨਸਾ ਦਏ ਮਿਟਾਈਆ । ਸਤਿਗੁਰ ਪੂਰਾ ਮੇਟੇ ਮਨ ਦੀ ਮਨਸਾ, ਮਾਇਆ ਮੋਹ ਵਿਕਾਰ ਪੰਜ ਤਤ ਅੰਤਰ ਰਹਿਣ ਨਾ ਪਾਈਆ । ਕਾਗ ਬਣਾਏ ਫੜ ਫੜ ਹੰਸਾ, ਨਾਮ ਮਾਣਕ ਮੋਤੀ ਚੋਗ ਚੁਗਾਈਆ । ਫੜ ਸੰਘਾਰੇ ਮਨ ਹੰਕਾਰੀ ਜਿਉਂ ਕਾਹਨਾ ਕੰਸਾ, ਸਿਰ ਸਕੇ ਨਾ ਕੋਇ ਉਠਾਈਆ । ਕੋਟਨ ਕੋਟਾਂ ਵਿਚੋਂ ਗੁਰਮੁਖ ਸਾਚਾ ਸਤਿਗੁਰ ਸਾਚੇ ਦੀ ਬਣੇ ਅੰਸਾ, ਦਰ ਘਰ ਸਾਚੇ ਮਿਲੇ ਵਡਿਆਈਆ । ਮਾਨਸ ਜਨਮ ਬਣੇ ਬਣਤਾ, ਘੜਨ ਭੰਨਣਹਾਰ ਸਮਰਥ ਵੇਖ ਵਖਾਈਆ । ਸਾਚੀ ਸੁਰਤੀ ਮਿਲੇ ਘਰ ਵਿਚ ਕੰਤਾ, ਕੰਤ ਕੰਤੂਹਲ ਇਕੋ ਨਜ਼ਰੀ ਆਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਸ਼ਬਦੀ ਹੁਕਮ ਸਤਿਗੁਰ ਪੂਰਾ ਗੜ੍ਹ ਤੋੜੇ ਹਉਮੇ ਹੰਗਤਾ, ਨਿਵਣ ਸੁ ਧਾਰ ਇਕ ਜਣਾਈਆ । ਗੁਰਮੁਖਾਂ ਮਨ ਦੀ ਕਰਨੀ ਪਏ ਨਾ ਕਦੇ ਮੰਨਤਾ, ਜਿਨ੍ਹਾਂ ਸਤਿਗੁਰ ਸਾਚੇ ਓਟ ਤਕਾਈਆ । ਸਤਿਗੁਰ ਪੂਰਾ ਝਗੜਾ ਮੁਕਾ ਕੇ ਬਹਿਸ਼ਤ ਜੱਨਤਾ, ਸਵਰਗਾਂ ਲੇਖਾ ਦਏ ਮੁਕਾਈਆ । ਜੋਤੀ ਮੇਲਾ ਆਤਮ ਅੰਤਾ, ਪਰਮਾਤਮ ਆਪਣੇ ਵਿਚ ਸਮਾਈਆ । ਸਦ ਦਏ ਵਡਿਆਈ ਸਾਚੇ ਸੰਤਾ, ਸਤਿ ਸਤਿਵਾਦੀ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਨ ਵਾਸਨਾ ਹੋਈ ਸ੍ਰਿਸ਼ਟ, ਚਾਰ ਵਰਨ ਹਲਕਾਈਆ । ਜਿਨ੍ਹਾਂ ਗੁਰਮੁਖਾਂ ਸਤਿਗੁਰ ਦਾ ਮਿਲਿਆ ਇਕੋ ਇਸ਼ਟ, ਦੇਵ ਆਤਮਾ ਰਹੇ ਮਨਾਈਆ । ਉਨ੍ਹਾਂ ਨੂੰ ਕਥਾ ਕਹਾਣੀ ਯਾਦ ਰਾਮਾ ਵਸ਼ਿਸ਼ਟ, ਵਿਸ਼ਿਆਂ ਵਾਲੇ ਗੁਰੂ ਦਾ ਲੇਖਾ ਜਾਣ ਮੁਕਾਈਆ । ਆਤਮ ਪਰਮਾਤਮ ਮਿਲ ਕੇ ਸਾਚੀ ਸੱਚੀ ਭੋਗਣ ਗ੍ਰਿਹਸਤ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਾਹਿਬ ਸਤਿਗੁਰ ਪ੍ਰੇਮ ਪ੍ਰੀਤੀ ਵਾਲਾ ਦੱਸ ਕੇ ਅਗੰਮੀ ਇਸ਼ਕ, ਮੁਹੱਬਤ ਮਹਿਬੂਬ ਆਪਣੇ ਨਾਲ ਰਖਾਈਆ । ਮਨੂਆ ਓਥੇ ਕਦੇ ਨਾ ਠਹਿਰੇ ਆਪੇ ਜਾਵੇ ਖ਼ਿਸਕ, ਭੱਜੇ ਵਾਹੋ ਦਾਹੀਆ । ਸਤਿਗੁਰ ਉਪਰ ਭਰੋਸਾ ਜਿਨ੍ਹਾਂ ਹੋਇਆ ਸਿਦਕ, ਸਦਕੇ ਵਾਰੀ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਭਗਤਾਂ ਦਏ ਵਡਿਆਈਆ । ਸਤਿਗੁਰ ਕਿਰਪਾ ਮਨ ਹੋਏ ਢੇਰੀ, ਬਲਹੀਣ ਨਜ਼ਰੀ ਆਈਆ । ਬੁਧ ਨਾ ਬਣੇ ਮਨ ਦੀ ਚੇਰੀ, ਸਤਿਗੁਰ ਦੇਵੇ ਮਾਣ ਵਡਿਆਈਆ । ਇੰਦਰੀਆਂ ਵਸ ਨਾ ਕਰਨ ਜਿਨ੍ਹਾਂ ਨੂੰ ਮਿਲ ਗਈ ਚਰਨ ਧੂੜੀ, ਟਿੱਕੇ ਖ਼ਾਕ ਗਏ ਰਮਾਈਆ । ਉਨ੍ਹਾਂ ਦਾ ਮਾਲਕ ਖ਼ਾਲਕ ਇਕੋ ਸਾਹਿਬ ਸੁਹੰਜਣਾ ਨੂਰੀ, ਜਿਸ ਦਾ ਇਸਮ ਜਿਸਮ ਕ਼ਿਸਮ ਨਾ ਕੋਇ ਬਦਲਾਈਆ । ਗੁਰਮੁਖਾਂ ਮਨ ਕਦੇ ਨਾ ਕਰੇ ਮਜਬੂਰੀ, ਜਿਨ੍ਹਾਂ ਦਾ ਮਾਲਕ ਸ਼ਹਿਨਸ਼ਾਹੀਆ । ਜਗਤ ਵਾਸਨਾ ਚੁੱਕੇ ਕੂੜੀ, ਕੂੜ ਕਪਟ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਦੇ ਬੰਧਨ ਦਏ ਤੁੜਾਈਆ । ਸਤਿਗੁਰ ਸਾਚੇ ਸਾਚੇ ਦੀ ਲੱਗੇ ਸਰਨ, ਚਰਨ ਕਵਲ ਧਿਆਨ ਲਗਾਈਆ । ਨੇਤਰ ਖੋਲ੍ਹੇ ਹਰਨ ਫਰਨ, ਨਿਜ ਲੋਚਨ ਨੈਣ ਹੋਵੇ ਰੁਸ਼ਨਾਈਆ । ਸੁਰਤੀ ਮਨ ਬੁਧੀ ਤੋਂ ਪਰੇ ਸਤਿਗੁਰ ਸ਼ਬਦ ਵਿਚ ਮਿਲ ਕੇ ਆਪਣੀ ਮੰਜ਼ਲ ਚੜ੍ਹਨ, ਚੜ੍ਹ ਚੜ੍ਹ ਪੰਧ ਮੁਕਾਈਆ । ਜਿਥੇ ਆਤਮ ਪਰਮਾਤਮ ਏਕਾ ਧਾਰ ਤੂੰ ਮੇਰਾ ਮੈਂ ਤੇਰਾ

ਬਿਨ ਅੱਖਰਾਂ ਢੋਲਾ ਪੜ੍ਹਨ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਝਗੜਾ ਰਹੇ ਨਾ ਜਨਮ ਮਰਨ, ਲੱਖ ਚੁਰਾਸੀ ਨਾ ਕੋਇ ਭਵਾਈਆ । ਇਕੋ ਇਕ ਏਕ ਦੀ ਸਰਨ, ਸਰਨਗਤ ਇਕੋ ਨਜ਼ਰੀ ਆਈਆ । ਮਨ ਵਾਸਨਾ ਵਿਚ ਗੁਰਮੁਖ ਸਾਚੇ ਕਦੇ ਨਾ ਸੜਨ, ਜਿਨ੍ਹਾਂ ਦੇ ਸਿਰ ਤੇ ਸਤਿਗੁਰ ਪੂਰਾ ਆਪਣਾ ਹੱਥ ਰਖਾਈਆ । ਬਿਨ ਸਤਿਗੁਰ ਪੂਰੇ ਸੰਸਾਰ ਸਾਗਰ ਜੀਵ ਜੰਤ ਮੂਲ ਨਾ ਤਰਨ, ਪਾਰ ਕਿਨਾਰਾ ਨਾ ਕੋਇ ਵਖਾਈਆ । ਸਤਿਗੁਰ ਪੂਰਾ ਦੀਨ ਦਿਆਲ ਦਇਆਨਿਧ ਠਾਕਰ ਸਰਬ ਸਵਾਮੀ ਅੰਤਰਜਾਮੀ ਧੁਰ ਦਾ ਵਰਨ, ਦਇਆਵਾਨ ਮਿਹਰਵਾਨ ਪਰਵਰਦਿਗਾਰ ਸਾਂਝਾ ਯਾਰ ਲਾਸ਼ਰੀਕ ਹੱਕ ਮਹਿਬੂਬ ਵਸੇ ਅਰਸ਼ ਫ਼ਰਸ਼ ਉਚ ਅਰੂਜ, ਦੂਜ ਵਿਚ ਕਦੇ ਨਾ ਆਈਆ । ਜਿਨ੍ਹਾਂ ਗੁਰਮੁਖਾਂ ਸਤਿਗੁਰ ਸਰਨ ਲੈ ਕੇ ਆਪਣੀ ਆਪ ਪਾਈ ਸੂਝ, ਉਨ੍ਹਾਂ ਦਾ ਮਨ ਉਨ੍ਹਾਂ ਅੰਦਰ ਆਪੇ ਗਿਆ ਝੂਜ, ਪੰਚਮ ਮਿਲ ਕੇ ਪੰਚ ਪਰਪੰਚ ਕਰੇ ਨਾ ਕੋਇ ਲੜਾਈਆ । ਗੁਰਮੁਖੇ ਗੁਰਸਿਖੇ ਜਨ ਭਗਤੋ ਸਾਚੇ ਸੰਤੋ ਸਤਿਗੁਰ ਮੰਜ਼ਲ ਪ੍ਰੇਮ ਹਦੂਦ, ਜਗਤ ਵੰਡ ਨਾ ਕੋਇ ਵੰਡਾਈਆ ।

੧੦੮੭
੧੯

੧੦੮੭
੧੯

## ✪ ੩੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਮੱਸਾ ਸਿੰਘ ਦੇ ਗ੍ਰਿਹਿ ਪਿੰਡ ਬਲ ਜ਼ਿਲਾ ਗੁਰਦਾਸ ਪੁਰ ✪

ਸਤਿਜੁਗ ਕਹੇ ਪ੍ਰਭ ਮੈਂ ਤੇਰਾ ਸੁਤ ਧਰਮੀ, ਸਦਾ ਸਦ ਸਾਚੀ ਸੇਵ ਕਮਾਈਆ । ਦੇ ਵਡਿਆਈ ਮਾਣ ਉਪਰ ਧਰਨੀ, ਧਰਤ ਧਵਲ ਬਹਿ ਕੇ ਤੇਰੀ ਸੇਵ ਕਮਾਈਆ । ਚਾਰ ਵਰਨ ਅਠਾਰਾਂ ਬਰਨ ਆਵਣ ਤੇਰੀ ਸਰਨੀ, ਇਸ਼ਟ ਦ੍ਰਿਸ਼ਟ ਇਕੋ ਇਕ ਸਮਝਾਈਆ । ਪੁਰਖ ਅਕਾਲ ਕਰ ਆਪਣੀ ਕਰਨੀ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਆਤਮ ਪਰਮਾਤਮ ਸਾਚੀ ਤੁਕ ਸਭ ਨੂੰ ਦੱਸ ਪੜ੍ਹਨੀ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਹੱਕ ਦਵਾਰ ਆਪਣੀ ਮੰਜ਼ਲ ਦੱਸ ਚੜ੍ਹਨੀ, ਪੰਚ ਵਿਕਾਰ ਅਧਵਿਚਕਾਰ ਨਾ ਕੋਇ ਅਟਕਾਈਆ । ਮਿਹਰਵਾਨ ਮਹਿਬੂਬ ਸਾਚੀ ਦੱਸ ਤਰਨੀ, ਤਾਰਨਹਾਰ ਇਕੋ ਇਕ ਤੂੰ ਹੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਣਾ ਆਪਣਾ ਵਰ, ਵਾਸਤਾ ਤੇਰੇ ਅਗੇ ਪਾਈਆ । ਸਤਿਜੁਗ ਕਹੇ ਪ੍ਰਭ ਸਾਚੇ ਨਾਮ ਦਾ ਦੇ ਭੰਡਾਰ, ਲੋਕਮਾਤ ਦਿਆਂ ਵਰਤਾਈਆ । ਕਲਜੁਗ ਜੀਵ ਬਿਲਲਾਇਣ ਵਿਚ ਸੰਸਾਰ, ਚਾਰ ਕੁੰਟ ਦਹਿ ਦਿਸ਼ਾ ਧੀਰਜ ਧੀਰ ਨਾ ਕੋਇ ਧਰਾਈਆ । ਜੋ ਲੇਖਾ ਲਿਖ ਕੇ ਗਏ ਪੈਗ਼ੰਬਰ ਗੁਰ ਅਵਤਾਰ, ਇਬਾਰਤ ਅੱਖਰਾਂ ਵਾਲੀ ਬਣਾਈਆ । ਤਿਸ ਦਾ ਲਹਿਣਾ ਦੇਣਾ ਨਿਰਗੁਣ ਸਰਗੁਣ ਆਪ ਵਿਚਾਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਧਿਆਨ ਲਗਾਈਆ । ਜਿਸ ਦੀ ਕੋਈ ਨਾ ਪਾਵੇ ਸਾਰ, ਪੜਦਾ ਓਹਲਾ ਭੇਵ ਅਭੇਦਾ ਨਾ ਕੋਇ ਖੁਲ੍ਹਾਈਆ । ਸਤਿਜੁਗ ਤਰੇਤਾ ਦੁਆਪਰ ਗਏ ਹਾਰ, ਕਲਜੁਗ ਵੇਲਾ ਅੰਤ ਦਏ ਦੁਹਾਈਆ । ਮਨ ਵਾਸਨਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਇਆ ਹੰਕਾਰ, ਵਿਭਚਾਰ ਵਿਚ ਲੋਕਾਈਆ । ਆਤਮ ਪਰਮਾਤਮ ਕਰੇ ਨਾ ਕੋਇ ਪਿਆਰ, ਪਾਰਬ੍ਰਹਮ ਬ੍ਰਹਮ ਮੇਲਾ ਮੇਲ ਨਾ ਕੋਇ ਮਿਲਾਈਆ । ਸਭ ਦੇ ਅੰਦਰੋਂ ਨਿਰਗੁਣ ਧਾਰ ਵਿਸਰਿਆ ਕਰਤਾਰ, ਨਿਰਵੈਰ ਮਿਲ ਕੇ ਖ਼ੁਸ਼ੀ ਨਾ ਕੋਇ ਵਖਾਈਆ । ਕਿਰਪਾ ਕਰ ਏਕੰਕਾਰ, ਇਕ ਇਕੱਲੇ ਤੇਰੀ ਆਸ ਰਖਾਈਆ । ਕਲਜੁਗ ਕੂੜੀ ਕਿਰਿਆ ਧਰਨੀ ਵਿਚੋਂ ਕੱਢ ਬਾਹਰ, ਧਰਮ ਦਵਾਰਾ ਇਕੋ ਦੇ ਵਖਾਈਆ । ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਚਾਰ ਵਰਨਾਂ ਅਠਾਰਾਂ ਬਰਨਾਂ ਬ੍ਰਾਹਮਣ ਸ਼ੱਤਰੀ

ਸ਼ੂਦਰ ਵੈਸ਼ ਤੇਰਾ ਇਕੋ ਆਏ ਨਜ਼ਰੀ ਦਰਬਾਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਸਤਿਜੁਗ ਸਾਚੀ ਆਸ ਰਖਾਈਆ । ਸਤਿਜੁਗ ਕਹੇ ਪ੍ਰਭ ਤੇਰਾ ਇਕੋ ਨਾਮ ਆਵੇ ਚਿਤ, ਚੇਤਨ ਸੁਰਤੀ ਦੇ ਕਰਾਈਆ । ਤੇਰਾ ਖੇਲ ਆਦਿ ਜੁਗਾਦੀ ਨਿਤ ਨਵਿਤ, ਨਰ ਨਰਾਇਣ ਤੇਰੀ ਵਡਿਆਈਆ । ਪ੍ਰੇਮ ਪ੍ਰੀਤੀ ਪਿਆਰ ਅੰਦਰ ਕਰ ਹਿਤ, ਮਹਿਬੂਬ ਮੁਹੱਬਤ ਹੱਕ ਦੇ ਸਮਝਾਈਆ । ਜਿਸ ਦਾ ਲੇਖਾ ਕੋਈ ਨਾ ਸਕਿਆ ਲਿਖ, ਗੁਰ ਅਵਤਾਰ ਪੈਗ਼ੰਬਰ ਬੇਅੰਤ ਕਹਿ ਕੇ ਖ਼ੁਸ਼ੀ ਮਨਾਈਆ । ਤੂੰ ਅੰਤ ਕੰਤ ਭਗਵੰਤ ਸਾਚੀ ਭਿਛਿਆ ਪਾ ਭਿੱਖ, ਭਿੱਖਕ ਹੋ ਕੇ ਤੇਰੇ ਅਗੇ ਝੋਲੀ ਡਾਹੀਆ । ਆਸਾ ਮਨਸਾ ਪੂਰੀ ਕਰ ਇੱਛ, ਤ੍ਰਿਸ਼ਨਾ ਤੇਰੀ ਲਈ ਰਖਾਈਆ । ਤੂੰ ਸਾਹਿਬ ਸੁਲਤਾਨ ਵਾਲੀ ਦੋ ਜਹਾਨ ਧੁਰ ਦਾ ਪਿਤ, ਪਤਿ ਪਤਵੰਤਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿਜੁਗ ਕਹੇ ਪ੍ਰਭ ਸਤਿ ਧਰਮ ਦੀ ਲਾ ਦੇ ਜੜ੍ਹ, ਕੂੜੀ ਕਿਰਿਆ ਜੜ੍ਹ ਉਖੜਾਈਆ । ਤੇਰਾ ਨਾਮ ਨਿਧਾਨਾ ਇਕੋ ਅੱਖਰ ਦੀਨ ਦੁਨੀ ਜਾਏ ਪੜ੍ਹ, ਦੀਨ ਮਜ਼੍ਹਬ ਝਗੜਾ ਰਹੇ ਨਾ ਰਾਈਆ । ਸਚਖੰਡ ਦਵਾਰ ਏਕੰਕਾਰ ਆਪਣਾ ਵਖਾ ਅਗੰਮਾ ਘਰ, ਬਿਨ ਦੀਵਾ ਬਾਤੀ ਇਕੋ ਨੂਰ ਜੋਤ ਕਰੇ ਰੁਸ਼ਨਾਈਆ । ਕੋਟਨ ਕੋਟ ਵਾਰ ਸ੍ਰਿਸ਼ਟੀ ਕੀਤੀ ਲੈ, ਵਿਸ਼ਨ ਬ੍ਰਹਮਾ ਸ਼ਿਵ ਹੁਕਮੇਂ ਅੰਦਰ ਭਵਾਈਆ । ਇਕ ਇਕੱਲਾ ਏਕੰਕਾਰ ਨਿਰਗੁਣ ਧਾਰ ਤੂੰ ਹੀ ਰਹੇਂ, ਸਰਗੁਣ ਲੇਖਾ ਦਏਂ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਡੇ ਸੀਸ ਨਿਵਾਈਆ । ਸਤਿਜੁਗ ਕਹੇ ਪ੍ਰਭ ਵੇਖ ਧਰਨੀ ਧਰਤ ਹੋਈ ਬੇਹਾਲ, ਕੂਕ ਕੂਕ ਜਣਾਈਆ । ਸਾਚੀ ਦਿਸੇ ਨਾ ਕੋਈ ਧਰਮਸਾਲ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਰਹੇ ਕੁਰਲਾਈਆ । ਅੱਠ ਸੱਠ ਤੀਰਥ ਸੁਹਾਵੇ ਨਾ ਕੋਈ ਤਾਲ, ਗੰਗਾ ਗੋਦਾਵਰੀ ਜਮਨਾ ਬਿਨ ਅੱਖਾਂ ਨੀਰ ਵਹਾਈਆ । ਸਾਚਾ ਨਜ਼ਰ ਨਾ ਆਏ ਕਿਸੇ ਧੁਰ ਦਾ ਕਾਹਨ, ਗੋਪੀ ਰੂਪ ਨਾ ਕੋਇ ਬਣਾਈਆ । ਸੀਤਾ ਸੁਰਤੀ ਮਿਲੇ ਨਾ ਸ਼ਬਦੀ ਰਾਮ, ਕਾਇਆ ਬਨਬਾਸ ਵਿਚੋਂ ਬਾਹਰ ਨਾ ਕੋਇ ਕਢਾਈਆ । ਮੰਜ਼ਲ ਮਿਲੇ ਨਾ ਹੱਕ ਅਮਾਮ, ਹਜ਼ਰਤ ਹਜ਼ੂਰ ਨਜ਼ਰ ਕਿਸੇ ਨਾ ਆਈਆ । ਸਾਚਾ ਮੰਤਰ ਜਾਣੇ ਨਾ ਕੋਈ ਸਤਿਨਾਮ, ਡੰਕਾ ਫ਼ਤਿਹ ਨਾ ਕੋਇ ਵਜਾਈਆ । ਚਾਰ ਕੁੰਟ ਦਹਿ ਦਿਸ਼ਾ ਹੋਈ ਵੈਰਾਨ, ਵੈਰੀ ਘਰ ਘਰ ਨਜ਼ਰੀ ਆਈਆ । ਕਾਮ ਕਰੋਧ ਲੋਭ ਮੋਹ ਹੰਕਾਰ ਜੂਠ ਝੂਠ ਚੜ੍ਹਿਆ ਤੁਫ਼ਾਨ, ਸਾਂਤਕ ਸਤਿ ਸਤਿ ਨਾ ਕੋਇ ਕਰਾਈਆ । ਮਨ ਵਾਸਨਾ ਸ਼ਾਹ ਸੁਲਤਾਨ ਹੋਏ ਗੁਲਾਮ, ਜਗਤ ਸੰਤ ਪਲੂ ਨਾ ਕੋਇ ਛੁਡਾਈਆ । ਜਗਤ ਦਵਾਰਿਆਂ ਦਿਸੇ ਹਰਾਮ, ਹਰੀ ਓਮ ਹਰ ਹਿਰਦੇ ਨਾ ਕੋਇ ਵਸਾਈਆ । ਤੇਰੀ ਸੇਜਾ ਚੜ੍ਹ ਕੇ ਆਤਮ ਪਰਮਾਤਮ ਕਰੇ ਨਾ ਕੋਈ ਬਿਸਰਾਮ, ਬਿਸਮਿਲ ਹੋ ਕੇ ਆਪਣਾ ਆਪ ਨਾ ਕੋਇ ਮਿਟਾਈਆ । ਭੱਠ ਖੇੜਾ ਸਾਢੇ ਤਿੰਨ ਹੱਥ ਨਗਰ ਹੋਇਆ ਗਰਾਮ, ਮੰਜ਼ਲ ਚੜ੍ਹ ਕੇ ਦਵਾਰੇ ਖੜ੍ਹ ਕੇ ਤੇਰਾ ਦਰਸ ਕੋਇ ਨਾ ਪਾਈਆ । ਸਮਰਥ ਸਵਾਮੀ ਅੰਤਰਜਾਮੀ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਪਣੇ ਨਾਮ ਦਾ ਦੇ ਸਚ ਪੈਗ਼ਾਮ, ਪੈਗ਼ੰਬਰਾਂ ਤੋਂ ਪਰੇ ਕਰ ਪੜ੍ਹਾਈਆ । ਵਾਹਿਦ ਲਾਸ਼ਰੀਕ ਹਕ਼ੀਕੀ ਸਚ ਸੁਲਤਾਨ ਦੱਸ ਮੁਕਾਮ, ਪੜਦਾ ਉਹਲਾ ਆਪ ਉਠਾਈਆ । ਸਚਖੰਡ ਦਵਾਰਾ ਏਕੰਕਾਰਾ ਜਿਥੇ ਦੀਪਕ ਜੋਤ ਜਗੇ ਮਹਾਨ, ਦੀਵਾ ਬਾਤੀ ਕਮਲਾਪਾਤੀ ਨਜ਼ਰ ਕਿਸੇ ਨਾ ਆਈਆ । ਕਿਰਪਾ ਕਰ ਸ੍ਰੀ ਭਗਵਾਨ, ਸਤਿਜੁਗ ਸਾਚੇ ਦੇ ਦਾਨ, ਦਰ ਭਿਖਾਰੀ ਡਿੱਗਾ ਆਣ, ਚੌਥੇ ਜੁਗ ਅੰਤਮ ਆਪਣੀ ਝੋਲੀ ਡਾਹੀਆ । ਜੋਤੀ ਜੋਤ

੧੦੮੮
੧੯

੧੦੮੯
੧੯

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਮਰਥ ਤੇਰੀ ਮਹਿੰਮਾ ਅਕਥ, ਜੁਗ ਜੁਗ ਚਲਾਵੇਂ ਰਥ, ਬਣ ਰਥਵਾਹੀ ਸੇਵ ਕਮਾਈਆ । ਸਤਿਜੁਗ ਕਹੇ ਪ੍ਰਭ ਧਰਨੀ ਧਰਤ ਧਵਲ ਉਪਰ ਵੇਖ ਹਾਲਤ, ਹਾਲ ਬੇਹਾਲ ਹੋਈ ਲੋਕਾਈਆ । ਮਨ ਵਾਸਨਾ ਘਰ ਘਰ ਦਿਸੇ ਜਹਾਲਤ, ਕੂੜੀ ਕਿਰਿਆ ਬਾਹਰ ਨਾ ਕੋਇ ਕਢਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸਾਚੀ ਦਿਸੇ ਨਾ ਕੋਇ ਅਦਾਲਤ, ਅਦਲ ਇਨਸਾਫ਼ ਨਾ ਕੋਇ ਕਮਾਈਆ । ਮਾਇਆ ਕਾਰਨ ਪਈ ਬਗ਼ਾਵਤ, ਬਗ਼ਲਗੀਰ ਨਜ਼ਰ ਕੋਇ ਨਾ ਆਈਆ । ਤੇਰੇ ਨਾਮ ਦੀ ਸਾਚੀ ਦੇਵੇ ਨਾ ਕੋਇ ਜ਼ਮਾਨਤ, ਜ਼ਿਮਨੀ ਹੱਕ ਨਾ ਕੋਇ ਪੜ੍ਹਾਈਆ । ਕਲਜੁਗ ਮੇਟ ਰੈਣ ਅੰਧੇਰੀ ਸ਼ਾਮਤ, ਸ਼ਮਅ ਆਪਣਾ ਨੂਰ ਕਰ ਰੁਸ਼ਨਾਈਆ । ਤੂੰ ਆਦਿ ਜੁਗਾਦੀ ਸਾਹਿਬ ਸੁਲਤਾਨ ਸਚਖੰਡ ਨਿਵਾਸੀ ਸਹੀ ਸਲਾਮਤ, ਹੁਕਮੇ ਹੱਕ ਡੇਰਾ ਲਾਈਆ । ਵਸਤ ਅਮੋਲਕ ਨਾਮ ਨਿਧਾਨਾ ਦੀਨ ਦੁਨੀ ਦੇ ਨਿਆਮਤ, ਤੋਹਫ਼ਾ ਇਕੋ ਵਾਰ ਵਰਤਾਈਆ । ਕਲਜੁਗ ਕੂੜ ਕੁੜਿਆਰਾ ਮੇਟ ਹੁਕਮੇਂ ਵਾਲੀ ਕ਼ਿਆਮਤ, ਕ਼ਲਮ ਸ਼ਾਹੀ ਸਾਰ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦਵਾਰ ਸਤਿਜੁਗ ਸਾਚਾ ਢਹਿ ਪਿਆ ਸਰਨਾਈਆ ।

### ✪ ੩੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਉਮਰਾਓ ਸਿੰਘ ਦੇ ਗ੍ਰਿਹਿ ਪਿੰਡ ਬਲ ਜ਼ਿਲਾ ਗੁਰਦਾਸ ਪੁਰ ✪

ਸਤਿਜੁਗ ਸਾਚਾ ਕਹੇ ਮਿਹਰਵਾਨ ਹੋ ਕੇ ਕਰ ਤਰਸ, ਬੇਨਜ਼ੀਰ ਨਜ਼ਰ ਉਠਾਈਆ । ਸ੍ਰਿਸ਼ਟ ਸਬਾਈ ਰਹੀ ਤੜਫ, ਆਬੇਹਯਾਤ ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਮਨ ਵਾਸਨਾ ਮਿਟੇ ਕਿਸੇ ਨਾ ਹਰਸ, ਮਾਇਆ ਹਵਸ ਨਾ ਕੋਇ ਗਵਾਈਆ । ਨੂਰੀ ਜਲਵਾ ਮਿਲੇ ਕਿਸੇ ਨਾ ਦਰਸ, ਆਤਮ ਜੋਤ ਨਾ ਕੋਇ ਰੁਸ਼ਨਾਈਆ । ਅੰਮ੍ਰਿਤ ਆਤਮ ਬੂੰਦ ਸਵਾਂਤੀ ਨਿਝਰ ਧਾਰ ਬਰਸ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਨਿਰਗੁਣ ਧਾਰ ਸਰਗੁਣ ਧਾਰ ਆ ਪਰਤ, ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਸ਼ਰਅ ਛੁਰੀ ਕ਼ਤਲ ਕਰੇ ਕੋਈ ਨਾ ਕਰਦ, ਕ਼ਤਲਗਾਹ ਨਾ ਕੋਇ ਵਖਾਈਆ । ਦੀਨਾਂ ਅਨਾਥਾਂ ਗ਼ਰੀਬ ਲਿਮਾਣਿਆਂ ਦੀਨਾਂ ਨਾਥ ਵੰਡ ਦਰਦ, ਦੁਖੀਆਂ ਦੁੱਖ ਦੇ ਗਵਾਈਆ । ਤੇਰਾ ਖੇਲ ਸਦਾ ਅਸਚਰਜ, ਅਚਰਜ ਲੀਲਾ ਤੇਰੀ ਬੇਪਰਵਾਹੀਆ । ਸਾਹਿਬ ਸੁਲਤਾਨ ਜੋਧੇ ਸੂਰਬੀਰ ਮਰਦਾਨੇ ਮਰਦ, ਮਦਦ ਤੇਰੀ ਮੰਗ ਮੰਗਾਈਆ । ਕੋਟਨ ਕੋਟਾਂ ਵਿਚੋਂ ਕਲਜੁਗ ਅੰਤ ਤੇਰੇ ਭਗਤ ਥੋੜੇ ਅਦਦ, ਬਹੁ ਗਿਣਤੀ ਬੈਠੀ ਮੁਖ ਭਵਾਈਆ । ਜੂਠ ਝੂਠ ਜਗਤ ਅਪਰਾਧ ਕਰੇ ਤਸ਼ੱਦਦ, ਸਚ ਸੁਚ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਹੋ ਕੇ ਵੇਖ ਵਖਾਈਆ । ਸਤਿਜੁਗ ਸਾਚਾ ਕਹੇ ਪ੍ਰਭ ਧਰਨੀ ਨੇਤਰ ਵਹਾਏ ਨੀਰ, ਬਿਨ ਹੰਝੂਆਂ ਧਾਰ ਵਹਾਈਆ । ਨਜ਼ਰੀ ਆਏ ਨਾ ਕੋਈ ਪੀਰ, ਪੈਗ਼ੰਬਰ ਬੈਠੇ ਮੁਖ ਛੁਪਾਈਆ । ਨਾਤਾ ਬੰਨ੍ਹੇ ਨਾ ਕੋਇ ਦਸਤਗੀਰ, ਦਸਤ ਦਸਤ ਨਾ ਕੋਇ ਮਿਲਾਈਆ । ਝਗੜਾ ਪਿਆ ਸ਼ਾਹ ਹਕੀਰ, ਸ਼ਹਿਨਸ਼ਾਹ ਸਾਰੇ ਰਹੇ ਕੁਰਲਾਈਆ । ਨਾਮ ਦਾ ਰਿਹਾ ਨਾ ਕੋਇ ਅਮੀਰ, ਜਗਤ ਮਾਇਆ ਕੀਤਾ ਹਲਕਾਈਆ । ਕਲਜੁਗ ਕੂੜੀ ਕਿਰਿਆ ਬਦਲ ਤਕਦੀਰ, ਤਦਬੀਰ ਆਪਣੀ ਇਕ ਸਮਝਾਈਆ । ਸਦੀ ਚੌਧਵੀਂ ਵੇਖ ਅਖ਼ੀਰ, ਆਖ਼ਰ ਮਸਲਾ ਹੱਕ ਦੇ ਦ੍ਰਿੜਾਈਆ । ਦਰੋਹੀ ਦਰੋਹੀ ਕਰਨ ਜਗਤ ਗ਼ਰੀਬ, ਸਾਂਤਕ ਸਤਿ ਨਾ ਕੋਇ ਵਰਤਾਈਆ ।

ਤੇਰਾ ਖੇਲ ਸਦਾ ਅਜੀਬ, ਹੁਕਮੇਂ ਅੰਦਰ ਹੁਕਮ ਭਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਂਦਾ ਆਇਉਂ ਤਰਤੀਬ, ਕਲਜੁਗ ਅੰਤਮ ਲੇਖਾ ਦੇ ਚੁਕਾਈਆ । ਮੇਰੀ ਆਸਾ ਮਨਸਾ ਪੂਰੀ ਕਰ ਉਮੀਦ, ਸਤਿਜੁਗ ਸਾਚਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿਜੁਗ ਕਹੇ ਪ੍ਰਭ ਵੇਖ ਅੱਖੀਂ ਦੀਨ ਦੁਨੀ, ਬਿਨ ਅੱਖਾਂ ਅੱਖ ਉਠਾਈਆ । ਕੋਈ ਦਿਸੇ ਨਾ ਰਿਖੀ ਮੁਨੀ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਖ਼ਾਲੀ ਦੇਣ ਦੁਹਾਈਆ । ਸਚ ਪੁਕਾਰ ਕਿਸੇ ਨਾ ਜਾਵੇ ਸੁਣੀ, ਅਨਸੁਣਤ ਹੋਈ ਲੋਕਾਈਆ । ਵਿਦਿਆ ਵਾਲੇ ਬਹੁਤੇ ਬਣ ਗਏ ਗੁਣੀ, ਅਨੁਭਵ ਪੜਦਾ ਨਾ ਕੋਇ ਉਠਾਈਆ । ਸੁਰ ਤਾਲ ਨਾਲ ਤੇਰਾ ਨਾਮ ਸਾਰੇ ਰਹੇ ਸੁਣੀ, ਧੁਨ ਆਤਮਕ ਨਾਦ ਨਾ ਕੋਇ ਵਜਾਈਆ । ਰਸਨਾ ਜਿਹਵਾ ਸਭ ਦੀ ਬਦਲ ਗਈ ਕੂਣੀ, ਕੂਕ ਕੂਕ ਦੇਵੇ ਨਾ ਕੋਇ ਦੁਹਾਈਆ । ਤੇਰੇ ਨਾਮ ਤੋਂ ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਈ ਊਣੀ, ਸਚ ਭੰਡਾਰਾ ਨਾ ਕੋਇ ਭਰਾਈਆ । ਕੀ ਵਡਿਆਈ ਜੇ ਦੁਆਪਰ ਖ਼ਤਮ ਕੀਤੀ ਅਠਾਰਾਂ ਖੂਣੀ, ਅਠਾਈ ਲੱਖ ਵੰਡ ਵੰਡਾਈਆ । ਕਲਜੁਗ ਅੰਤ ਉਸ ਤੋਂ ਗਿਣਤੀ ਹੋ ਗਈ ਬਹੁ ਦੂਣੀ, ਚੌਗੁਣੀ ਸਮਝੇ ਕੋਇ ਨਾ ਰਾਈਆ । ਬੁਧੀ ਪੜ੍ਹ ਪੜ੍ਹ ਥੱਕੀ ਮਜਮੂਨੀ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਢੋਲੇ ਗਾਈਆ । ਚਾਰ ਕੁੰਟ ਦਹਿ ਦਿਸ਼ਾ ਕਲਜੁਗ ਅਗਨੀ ਬਲਦੀ ਦਿਸੇ ਧੂਣੀ, ਧੂਣੀਆਂ ਵਾਲੇ ਸਾਧੂ ਕਰਵਟ ਸਕੇ ਨਾ ਕੋਇ ਬਦਲਾਈਆ । ਸਭ ਦੇ ਅੰਦਰ ਵਿਦਿਆ ਹੋਈ ਬੈਰੂਨੀ, ਤੇਰਾ ਸੰਦੇਸ਼ਾ ਨਾਮ ਸੁਣਨ ਕੋਇ ਨਾ ਪਾਈਆ । ਕ਼ਲਮ ਸ਼ਾਹੀ ਨਾਲ ਬਣੇ ਕ਼ਾਨੂੰਨੀ, ਕ਼ਾਨੂੰਨ ਕਲਮਾ ਹੱਕ ਨਾ ਕੋਇ ਜਣਾਈਆ । ਕਲਜੁਗ ਕੂੜ ਕੁੜਿਆਰ ਅੰਤ ਵੇਖ ਬੇਅਸੂਲੀ, ਅਸਲ ਵਸਲ ਸਚ ਨਾ ਕੋਇ ਜਣਾਈਆ । ਜਗਤ ਬਦਲਣਾ ਪਰਮ ਪੁਰਖ ਪਰਮਾਤਮਾ ਤੇਰੇ ਵਾਸਤੇ ਖੇਲ ਮਾਮੂਲੀ, ਗੁਰ ਅਵਤਾਰ ਪੈਗ਼ੰਬਰ ਸਾਰੇ ਬੈਠੇ ਸੀਸ ਨਿਵਾਈਆ । ਕੌਲ ਇਕਰਾਰ ਧੁਰ ਦੇ ਕਰਤਾਰ ਕ਼ੁਦਰਤ ਦੇ ਮਾਲਕ ਨਾ ਭੂਲੀਂ, ਜੋ ਨਿਰਗੁਣ ਸਰਗੁਣ ਰੁਕੇ ਭਵਿਖਤਾਂ ਵਿਚ ਗਿਆ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਤੂੰ ਆਦਿ ਜੁਗਾਦੀ ਲੱਖ ਚੁਰਾਸੀ ਜੀਵ ਜੰਤ ਸਭ ਦਾ ਕੰਤ ਕੰਤੂਹਲੀ, ਮਾਲਕ ਖ਼ਾਲਕ ਪ੍ਰਿਤਪਾਲਕ ਦੋ ਜਹਾਨਾਂ ਸ੍ਰੀ ਭਗਵਾਨਾ ਨਜ਼ਰੀ ਆਈਆ ।

### ✪ ੩੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹ ਪਿੰਡ ਬਲ ਜ਼ਿਲਾ ਗੁਰਦਾਸ ਪੁਰ ✪

ਕਿਰਪਾ ਕਰੇ ਪੁਰਖ ਅਕਾਲ, ਸਤਿਜੁਗ ਸਾਚੇ ਦੇਵੇ ਮਾਣ ਵਡਿਆਈਆ । ਦਇਆਵਾਨ ਦੀਨ ਦਿਆਲ, ਦਇਆਨਿਧ ਹੋਏ ਸਹਾਈਆ । ਪਰਮ ਪੁਰਖ ਬਣ ਕਿਰਪਾਲ, ਮਿਹਰ ਨਜ਼ਰ ਇਕ ਉਠਾਈਆ । ਸਚ ਦਵਾਰ ਪਰਗਟਾ ਕੇ ਇਕੋ ਧਰਮਸਾਲ, ਵਰਨ ਬਰਨ ਬਹਿ ਕੇ ਖ਼ੁਸ਼ੀ ਮਨਾਈਆ । ਸੰਤ ਸੁਹੇਲੇ ਸੋਹਿਣ ਲਾਲ, ਗੁਰਮੁਖ ਗੁਰ ਗੁਰ ਰੰਗ ਰੰਗਾਈਆ । ਸ਼ਬਦ ਅਨਾਦੀ ਵੱਜੇ ਤਾਲ, ਮਨ ਚਲੇ ਨਾ ਕੋਇ ਚਤੁਰਾਈਆ । ਝਗੜਾ ਰਹੇ ਨਾ ਸ਼ਾਹ ਕੰਗਾਲ, ਊਚ ਨੀਚ ਇਕੋ ਦਰ ਸੋਭਾ ਪਾਈਆ । ਧੁਰ ਦਾ ਨਾਮ ਹੋਵੇ ਦਲਾਲ, ਵਿਚੋਲਾ, ਇਕੋ ਇਕ ਰਖਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਆਪੇ ਪੁਛੇ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿਜੁਗ ਸਾਚੇ ਦੇਵਣਹਾਰਾ ਨਿਧ, ਨਾਮ ਅਮੋਲਕ ਝੋਲੀ ਪਾਈਆ । ਸਤਿ ਧਰਮ ਦੀ ਦੱਸ ਕੇ ਬਿਧ, ਸਾਚਾ ਮਾਰਗ ਦਏ ਸਮਝਾਈਆ । ਇਕੋ ਰੰਗ ਰੰਗਾ ਕੇ ਮੁਨ ਰਿਖ, ਜੀਵ ਆਤਮਾ ਪੜਦਾ ਦਏ ਉਠਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਸਿਖਿਆ ਲੈਣ ਸਿਖ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਆਤਮ ਪਰਮਾਤਮ ਕਰੇ ਸਾਚਾ ਹਿਤ, ਨਿਰਗੁਣ ਸਰਗੁਣ ਮੇਲਾ ਸਹਿਜ ਸੁਭਾਈਆ । ਸਚ ਸਵਾਮੀ ਜਨ ਭਗਤਾਂ ਆਏ ਦਿਸ, ਨੂਰ ਨੁਰਾਨਾ ਡਗਮਗਾਈਆ । ਤੇਰਾ ਅਗਲਾ ਲੇਖਾ ਦੇਵੇ ਲਿਖ, ਜਿਸ ਨੂੰ ਸਕੇ ਨਾ ਕੋਇ ਮਿਟਾਈਆ । ਪੂਰਾ ਕਰੇ ਭਵਿਖ, ਲੇਖਾ ਪੂਰਬ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸਤਿਜੁਗ ਸਾਚੇ, ਤੇਰਾ ਮਾਲਕ ਆਵੇ ਮਾਤ, ਮਤਾ ਆਪਣੇ ਨਾਲ ਪਕਾਈਆ । ਵਸਤ ਅਮੋਲਕ ਦੇਵੇ ਦਾਤ, ਨਾਮ ਅਗੰਮਾ ਝੋਲੀ ਪਾਈਆ । ਸ਼ਬਦੀ ਸ਼ਬਦ ਵਡ ਕਰਾਮਾਤ, ਕਰਮ ਕਾਂਡ ਦਾ ਲੇਖਾ ਦਏ ਮੁਕਾਈਆ । ਕਲਜੁਗ ਕੂੜੀ ਅੰਧੇਰੀ ਮਿਟੇ ਰਾਤ, ਭਿੰਨੜੀ ਰੈਣ ਕਰੇ ਰੁਸ਼ਨਾਈਆ । ਜਨ ਭਗਤਾਂ ਦੇ ਕੇ ਸਚ ਸੌਗਾਤ, ਅੰਮ੍ਰਿਤ ਜਾਮ ਮੁਖ ਚੁਆਈਆ । ਜਨਮ ਜਨਮ ਦਾ ਪੂਰਾ ਕਰ ਕੇ ਘਾਟ, ਲਾਹਾ ਇਕੋ ਦਏ ਸਮਝਾਈਆ । ਲੱਖ ਚੁਰਾਸੀ ਟੁੱਟੇ ਫਾਸ, ਰਾਏ ਧਰਮ ਨਾ ਦਏ ਸਜ਼ਾਈਆ । ਘਰ ਜੋਤ ਹੋਵੇ ਪਰਕਾਸ਼, ਅੰਧ ਅੰਧੇਰ ਰਹੇ ਨਾ ਰਾਈਆ । ਆਤਮ ਪਰਮਾਤਮ ਦੇਵੇ ਸਾਥ, ਸਗਲਾ ਸੰਗ ਬਣਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸਾਚਾ ਹੋਵੇ ਪਾਠ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸਾਚਾ ਹੋਵੇ ਸਾਥ, ਸਗਲਾ ਸੰਗੀ ਬਹੁਰੰਗੀ ਇਕੋ ਨਜ਼ਰੀ ਆਈਆ ।


੧੦੯੧
੧੯

### ੩੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਬਖ਼ਸ਼ੀਸ਼ ਸਿੰਘ ਦੇ ਗ੍ਰਿਹ ਪਿੰਡ ਕ਼ਾਦਰਾਬਾਦ ਜ਼ਿਲਾ ਅੰਮ੍ਰਿਤਸਰ

ਸਤਿਜੁਗ ਸਾਚੇ, ਸਚ ਨਾਮ ਦਾ ਹੋਵੇ ਜੈਕਾਰਾ, ਵਸਤ ਅਮੋਲਕ ਧੁਰ ਦੀ ਝੋਲੀ ਪਾਈਆ । ਦੀਨ ਦੁਨੀ ਲਾਵੇ ਸਾਚਾ ਨਾਅਰਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਾ ਢੋਲਾ ਗਾਈਆ । ਜੀਵਾਂ ਜੰਤਾਂ ਕਰੇ ਉਧਾਰਾ, ਸਾਚੇ ਸੰਤਾਂ ਪ੍ਰਭ ਦੇ ਨਾਲ ਮਿਲਾਈਆ । ਘਰ ਮੰਦਰ ਵਖਾਏ ਠਾਂਡਾ ਦਰਬਾਰਾ, ਉਚ ਅਟਲ ਸੋਭਾ ਪਾਈਆ । ਭੇਵ ਅਭੇਦ ਖੁਲ੍ਹਾਏ ਅਗੰਮ ਅਪਾਰਾ, ਅਲਖ ਅਗੋਚਰ ਧੁਰ ਦਾ ਸ਼ਹਿਨਸ਼ਾਹੀਆ । ਗੁਰਸਿਖਾਂ ਦੇ ਕੇ ਹੱਕ ਹੁਲਾਰਾ, ਅਸਲੀਅਤ ਆਪਣੀ ਦਏ ਜਣਾਈਆ । ਕਾਇਆ ਕਾਅਬਾ ਖੋਲ੍ਹ ਕਿਵਾੜਾ, ਹਰਿ ਮੰਦਰ ਇਕੋ ਇਕ ਦਏ ਪਰਗਟਾਈਆ । ਜਿਥੇ ਵਸੇ ਅਗੰਮੀ ਲਾੜਾ, ਪੁਰਖ ਅਕਾਲਾ ਡੇਰਾ ਲਾਈਆ । ਅਗਨੀ ਅੱਗ ਨਾ ਤਪੇ ਹਾੜਾ, ਮਮਤਾ ਮੋਹ ਨਾ ਕੋਇ ਹਲਕਾਈਆ । ਏਕਾ ਨਾਦ ਸੁਣੇ ਧੁਨਕਾਰਾ, ਅਨਹਦ ਅਗੰਮੀ ਆਪ ਵਜਾਈਆ । ਜਗਤ ਜਹਾਨ ਕਰੇ ਪਾਰ ਕਿਨਾਰਾ, ਨਈਆ ਨੌਕਾ ਮੰਝਧਾਰ ਨਾ ਕੋਇ ਰੁੜ੍ਹਾਈਆ । ਸਾਚਾ ਸਈਆ ਬਣ ਕੇ ਏਕੰਕਾਰਾ, ਅਕਲ ਕਲਧਾਰੀ ਆਪਣੀ ਕਲ ਵਖਾਈਆ । ਹੁਕਮੈਂ ਅੰਦਰ ਹੁਕਮ ਵਰਤਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਸਾਚੇ ਭਗਤਾਂ ਮਿਲੇ ਭੰਡਾਰਾ, ਅਤੋਟ ਅਤੁਟ ਆਪ ਵਰਤਾਈਆ । ਸਚ ਦਵਾਰ ਸੋਹੇ ਘਰ ਬਾਰਾ, ਹਰਿਜਨ ਬਹਿ ਕੇ ਖ਼ੁਸ਼ੀ ਮਨਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰੀ ਮਨਸਾ ਪੂਰ ਕਰਾਈਆ । ਸਤਿਜੁਗ ਸਾਚੇ ਸਾਚੇ ਨਾਮ ਦਾ ਹੋਵੇ ਬੋਲ, ਦੋ ਜਹਾਨਾਂ ਢੋਲਾ ਗਾਈਆ । ਸਚ ਦਵਾਰ ਦੇਵੇ ਖੋਲ੍ਹ, ਚਾਰ ਵਰਨ ਮਿਲੇ ਸ਼ਰਨਾਈਆ । ਸਾਚੇ ਕੰਡੇ ਦੇਵੇ ਤੋਲ, ਤਰਾਜ਼ੂ ਆਪਣਾ ਆਪ ਪਰਗਟਾਈਆ । ਦੇਵੇ ਵਡਿਆਈ ਉਪਰ ਧੌਲ, ਧਰਨੀ ਧਰਤ ਲੇਖਾ ਦਏ ਚੁਕਾਈਆ । ਪੂਰਬ ਪੂਰਾ ਕਰੇ ਕੌਲ, ਗੁਰ ਅਵਤਾਰ ਪੈਗ਼ੰਬਰ ਮਤਾ ਸਭ ਦੇ ਨਾਲ ਪਕਾਈਆ । ਅੰਮ੍ਰਿਤ ਆਤਮ ਰਸ ਨਿਝਰ ਦੇਵੇ ਪਾਹੁਲ, ਝਿਰਨਾ ਆਪਣਾ ਆਪ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰੀ ਸਾਚੀ ਧਾਰ ਦਏ ਬਦਲਾਈਆ । ਸਤਿਜੁਗ ਸਾਚੇ ਇਕੋ ਨਾਮ ਦਾ ਹੋਵੇ ਜੋਰ, ਜੋਰੂ ਜ਼ਰ ਸੀਸ ਨਾ ਕੋਇ ਉਠਾਈਆ । ਪੁਰਖ ਅਕਾਲ ਬਿਨ ਨਜ਼ਰ ਨਾ ਆਏ ਕੋਈ ਹੋਰ, ਹੋਕਾ ਇਕੋ ਇਕ ਜਣਾਈਆ । ਸਮਰਥ ਸਵਾਮੀ ਸਭ ਨੂੰ ਤੱਕੇ ਨਾਲ ਗ਼ੌਰ, ਗਹਿਰ ਗੰਭੀਰ ਲੱਖ ਚੁਰਾਸੀ ਖੋਜ ਖੁਜਾਈਆ । ਜਨ ਭਗਤਾਂ ਸਾਚੇ ਸੰਤਾਂ ਜਾਏ ਬਹੁੜ, ਦੂਰ ਦੁਰਾਡਾ ਨੇਰਨ ਨੇਰਾ ਹੋ ਕੇ ਵੇਖ ਵਖਾਈਆ । ਰਸ ਰਹਿਣ ਨਾ ਦੇਵੇ ਮਿੱਠਾ ਕੌੜ, ਇਕੋ ਰਸ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਵਰ ਕੀ ਔਰ, ਅਰਸ਼ ਫ਼ਰਸ਼ ਆਪਣਾ ਹੁਕਮ ਮਨਾਈਆ । ਸਤਿਜੁਗ ਸਾਚੇ ਸਾਚੇ ਨਾਮ ਦਾ ਹੋਵੇ ਬੋਲਾ, ਅਨਬੋਲਤ ਆਪ ਜਣਾਈਆ । ਕਰੇ ਖੇਲ ਕਾਇਆ ਚੋਲਾ, ਚੋਲੀ ਆਪਣੇ ਰੰਗ ਰੰਗਾਈਆ । ਰਹਿਣ ਦੇਵੇ ਨਾ ਪੜਦਾ ਉਹਲਾ, ਭੇਵ ਅਭੇਦ ਦਏ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਧੁਰ ਦਾ ਢੋਲਾ, ਢੋਆ ਧੁਰ ਦਾ ਝੋਲੀ ਪਾਈਆ । ਜਨ ਭਗਤਾਂ ਬਣਾਉਣਾ ਪਏ ਨਾ ਕੋਇ ਵਿਚੋਲਾ, ਤੱਤਾਂ ਦੀ ਖੋਜ ਕਰਨ ਕੋਇ ਨਾ ਜਾਈਆ । ਘਰ ਠਾਕਰ ਸਵਾਮੀ ਮਿਲੇ ਮੌਲਾ, ਮਾਲਕ ਹੋ ਕੇ ਵੇਖ ਵਖਾਈਆ । ਮਨੂਆ ਮਨ ਨਾ ਪਾਏ ਰੌਲਾ, ਗੁਰ ਸ਼ਬਦ ਵੱਜੇ ਵਧਾਈਆ । ਸਭ ਦਾ ਭਾਰ ਕਰ ਕੇ ਹੌਲਾ, ਜਨ ਭਗਤਾਂ ਕਰਮਾਂ ਗਠੜੀ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੀ ਤੇਰੀ ਧਾਰ ਬੰਧਾਈਆ । ਸਤਿਜੁਗ ਸਾਚੇ ਇਕੋ ਬੋਲਾ ਹੋਵੇ ਨਾਮ ਅਲੱਖ, ਅਲੱਖ ਅਲੱਖਣਾ ਸਾਰੇ ਗਾਈਆ । ਪੁਰਖ ਅਕਾਲ ਦੀਨ ਦਿਆਲ ਕਰੇ ਖੇਲ ਹੋ ਪਰਤੱਖ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਰੂਪ ਵਖਾਈਆ । ਆਤਮ ਪਰਮਾਤਮ ਇਕ ਦੂਜੇ ਦਾ ਸਾਂਝਾ ਹੋਵੇ ਜਸ, ਵੇਦ ਪੁਰਾਨਾਂ ਦੀ ਲੋੜ ਰਹੇ ਨਾ ਰਾਈਆ । ਜਨ ਭਗਤਾਂ ਖੁਲ੍ਹੀ ਰਹੇ ਅੰਤਰ ਅੱਖ, ਬਾਹਰੋਂ ਖੋਜ ਕੇ ਜੰਗਲ ਜੂਹ ਫੇਰਾ ਕੋਇ ਨਾ ਪਾਈਆ । ਮਨ ਵਿਕਾਰਾ ਕਰ ਕੇ ਸਤਿ, ਸੱਥਰ ਯਾਰੜਾ ਦਏ ਜਣਾਈਆ । ਭੇਵ ਅਭੇਦਾ ਖੋਲ੍ਹ ਕੇ ਸਚ, ਕੂੜੀ ਕਿਰਿਆ ਬਾਹਰ ਕਢਾਈਆ । ਭਾਗ ਲਗਾ ਕੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦਏ ਸੁਹਾਈਆ । ਸਾਚੇ ਸੰਤਾਂ ਗੁਰਮੁਖਾਂ ਲੂੰ ਲੂੰ ਅੰਦਰ ਜਾਵੇ ਰਚ, ਰਚਨਾ ਆਪਣੀ ਦਏ ਵਖਾਈਆ । ਧੁਰ ਦਾ ਮਾਲਕ ਬਣ ਕੇ ਪਰਮੇਸ਼ਵਰ ਪਤਿ, ਪਤ੍ਰਿਕਾ ਧੁਰ ਦੀ ਦਏ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦਾ ਪੂਰਬ ਲੇਖਾ ਸਭ ਦੀ ਝੋਲੀ ਘਤ, ਅਗਲਾ ਆਪਣਾ ਹੁਕਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਇਕੋ ਸਾਚਾ ਨਾਮ ਕਰਾਏ ਜਸ, ਜਿਸਮ ਇਸਮ ਕਿਸਮ ਇਕੋ ਇਕ ਦ੍ਰਿੜਾਈਆ ।



੧੦੯੨
੧੯

## ✪ ੩੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਬੀਬੀ ਪੂਰਨ ਕੌਰ ਦੇ ਗ੍ਰਿਹ ਪਿੰਡ ਕ਼ਾਦਰਾਬਾਦ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚੇ, ਪੰਜ ਤਤ ਕਿਰਪਾ ਕਰਾਂ ਜਿਸਮ ਜਿਸਮਾਨੀ, ਜਸ਼ਨ ਆਪਣਾ ਇਕ ਵਖਾਈਆ । ਮਸਤੀ ਨਾਮ ਖ਼ੁਮਾਰੀ ਦੇ ਕੇ ਰੁਹਾਨੀ, ਰੂਹ ਬੁਤ ਆਪਣਾ ਰੰਗ ਰੰਗਾਈਆ । ਮਾਲਕ ਦਰਸਾਵਾਂ ਉਪਰ ਅਸਮਾਨੀ, ਜ਼ਮੀਨੇ ਜ਼ਮਾਂ ਨਜ਼ਰੀ ਆਈਆ । ਸਾਚੇ ਪ੍ਰੇਮ ਦੀ ਦੇਣੀ ਪਏ ਕ਼ੁਰਬਾਨੀ, ਕਰਬਲਿਆਂ ਵਾਲੀ ਨਾ ਕੋਇ ਲੜਾਈਆ । ਰਹਿਮਤ ਕਰੇ ਰਹੀਮ ਰਹਿਮਾਨੀ, ਰਾਹਜ਼ਨੀ ਅੰਦਰੋਂ ਦਏ ਕਢਾਈਆ । ਸਾਚੇ ਨਾਮ ਦੀ ਦੇਵੇ ਨਿਸ਼ਾਨੀ, ਨਿਸ਼ਾਨਾ ਇਕੋ ਦਏ ਵਖਾਈਆ । ਜਿਥੇ ਭਗਤਾਂ ਭਗਵਾਨ ਦੇਵੇ ਮਹਿਮਾਨੀ, ਵਸਤ ਅਮੋਲਕ ਬਿਨ ਰਸਨਾ ਜਿਹਵਾ ਮੁਖ ਲਗਾਈਆ । ਓਥੇ ਮਨ ਕਰੇ ਨਾ ਕੋਈ ਬੇਈਮਾਨੀ, ਸ਼ਰਅ ਵਿਚ ਨਾ ਕੋਇ ਲੜਾਈਆ । ਤਤ ਵਜੂਦ ਨਾ ਆਵੇ ਹਾਨੀ, ਮਹਿਬੂਬ ਮਿਲੇ ਬੇਪਰਵਾਹੀਆ । ਜਿਸ ਨੂੰ ਸਮਝੇ ਨਾ ਕੋਇ ਵਿਦਵਾਨੀ, ਇਲਮ ਆਲਮ ਅਲੂਮ ਨਾ ਕੋਇ ਚਤੁਰਾਈਆ । ਜਨ ਭਗਤਾਂ ਹੋਏ ਨਾ ਪਰੇਸ਼ਾਨੀ, ਹੈਰਾਨੀ ਹੈਰਾਨ ਨਾ ਕੋਇ ਕਰਾਈਆ । ਸਾਚੇ ਮਿੱਤਰ ਪ੍ਰੇਮ ਦੀ ਮਾਰ ਅਗੰਮੀ ਕਾਨੀ, ਕਾਇਨਾਤ ਕੁਨਬਾ ਦਏ ਉਲਟਾਈਆ । ਗੁਰਮੁਖਾਂ ਝੱਲਣੀ ਨਾ ਪਏ ਬਦਨਾਮੀ, ਬਦਨ ਵਿਚ ਬਦ ਰੂਹ ਕੋਇ ਨਾ ਆਈਆ । ਜੂਹ ਰਹੇ ਨਾ ਕੋਇ ਬੇਗਾਨੀ, ਗ੍ਰਿਹ ਮੰਦਰ ਇਕੋ ਇਕ ਸੁਹਾਈਆ । ਸਭ ਦਾ ਲੇਖਾ ਲੇਖ ਜਾਣੇ ਬਿਨ ਕ਼ਲਮ ਸ਼ਾਹੀ ਕਾਨੀ, ਆਦਿ ਜੁਗਾਦੀ ਵਡ ਵਡਿਆਈਆ । ਦੇਵਣਹਾਰਾ ਪਦ ਨਿਰਬਾਣੀ, ਨਿਰਵੈਰ ਨਿਰਾਕਾਰ ਨਿਰੰਕਾਰ ਹੋਏ ਸਹਾਈਆ । ਜੁਗ ਚੌਕੜੀ ਝਗੜਾ ਰਹਿਣ ਨਾ ਦੇਵੇ ਦੀਵਾਨੀ, ਫ਼ੈਸਲਾ ਹੱਕ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਦਏ ਵਡਿਆਈਆ । ਸਤਿਜੁਗ ਸਾਚੇ ਸਾਚੇ ਨਾਮ ਦਾ ਇਕ ਨਮੂਨਾ, ਜਿਸ ਦਾ ਨਕਸ਼ ਨਕਸ਼ਿਆਂ ਵਿਚ ਕਦੇ ਨਾ ਆਈਆ । ਸਮਝ ਸਕੇ ਨਾ ਕੋਇ ਮਜ਼ਮੂਨਾ, ਤਾਅਰੀਫਾਂ ਵਿਚ ਨਾ ਕੋਇ ਲਿਖਾਈਆ । ਜਿਸ ਦਾ ਖੇਲ ਅਗੰਮ ਅਥਾਹ ਅਜੂਨਾ, ਜਾਹਰ ਜਹੂਰ ਬੇਪ੍ਰਵਾਹੀਆ । ਮੁਕਾਮੇ ਹੱਕ ਖੇਲ ਕਸੇਲੂਨਾ, ਕਵਾਇਦੇ ਕ਼ਾਨੂੰਨ ਨਾ ਕਿਸੇ ਜਣਾਈਆ । ਹੁਕਮੇ ਅੰਦਰ ਚਾਏਮੂਨਾ, ਮੰਜ਼ਲ ਮੰਜ਼ਲ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਈਆ । ਸਤਿਜੁਗ ਸਾਚੇ, ਸਾਚਾ ਹੁਕਮੇ ਹੋਏ ਨਾਜ਼ੂਲੇ, ਜ਼ਿਵੀਉਲ ਜ਼ਲਾਹ ਵਡੀ ਵਡਿਆਈਆ । ਧੁਰ ਫ਼ਰਮਾਨਾ ਇਕ ਮਾਅਕੂਲੇ, ਮੀਉਜ਼ਲ ਮੁਜ਼ਾਹ ਮੁਜ਼ੱਕਰ ਮੁਅੱਨਸ ਵੰਡ ਨਾ ਕੋਇ ਵੰਡਾਈਆ । ਸਮਝ ਸਕੇ ਨਾ ਕੋਈ ਅਰਜ਼ ਤੂਲੇ, ਤੁਆਲੇ ਉਲਜ਼ਬਾਹ ਜ਼ਰਾ ਜ਼ਬੀਬੇ ਨਾ ਕੋਇ ਸ਼ਨਵਾਈਆ । ਕ਼ੁਦਰਤੇ ਕ਼ਾਦਰ ਕਨੀਜ਼ੇ ਕੂਲੇ, ਕਿਵੀਉਲ ਉਲਬਾਹ ਲਬੇਰੇਜ਼ ਲਬੂਬ ਲਵਿਸ਼ਕ ਵਿਸ਼ਾਲ ਵਿਸ਼ੀਨੇ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਜ਼ੀਨੇ ਜ਼ੀਨਾ ਜ਼ਦਾਹ ਜ਼ਵਾਇਉਲ ਅਜ਼ੀਜ਼ਾਨੇ ਜ਼ਾਵੇ ਜ਼ੂਰ ਨੂਰੇ ਖ਼ੁਦਾਈਆ ।



## ✪ ੩੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਕਰਨੈਲ ਸਿੰਘ ਦੇ ਗ੍ਰਿਹ ਪਿੰਡ ਕ਼ਾਦਰਾਬਾਦ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚੇ, ਸਾਚਾ ਨਾਮ ਕੋਈ ਨਾ ਕਰੇ ਗ਼ਬਨ, ਉਹਲੇ ਵਾਲੇ ਪੜਦੇ ਦਿਆਂ ਉਠਾਈਆ । ਪੂਰਬ ਨਾਮਾਂ ਉਤੇ ਪਾ ਕੇ ਕਫ਼ਨ, ਚਰਨ

ਦਵਾਰੇ ਆਪਣੇ ਦਿਆਂ ਦਫ਼ਨਾਈਆ । ਸਿਫ਼ਤੀ ਨਾਵਾਂ ਵਿਚ ਮੂਲ ਨਾ ਖਪਣ, ਬਹੁਤੀ ਵੰਡ ਨਾ ਕੋਇ ਵੰਡਾਈਆ । ਇਕੋ ਨਾਮ ਮੇਰਾ ਜਪਣ, ਜਾਪ ਧੁਰ ਦਾ ਦਿਆਂ ਸੁਣਾਈਆ । ਮਾਇਆ ਮਮਤਾ ਵਿਚ ਮੂਲ ਨਾ ਤਪਣ, ਤਪਦੇ ਹਿਰਦੇ ਸ਼ਾਂਤ ਕਰਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਸਾਚਾ ਨਾਮ ਵਰੋਲ ਕੇ ਮੱਖਣ, ਜਨ ਭਗਤਾਂ ਦਿਆਂ ਚਖਾਈਆ । ਡੰਕਾ ਵੱਜੇ ਉੱਤਰ ਪੂਰਬ ਪੱਛਮ ਦੱਖਣ, ਚਾਰ ਵਰਨ ਢੋਲਾ ਗਾਈਆ । ਖ਼ੁਸ਼ੀਆਂ ਨਾਲ ਸੰਤ ਸੁਹੇਲੇ ਵਸਣ, ਵਿਸ਼ਾ ਵਿਕਾਰ ਨਾ ਕੋਇ ਵਧਾਈਆ । ਪੁਰਖ ਅਕਾਲ ਦਾ ਇਕੋ ਦਿਸੇ ਪੱਤਣ, ਜਿਸ ਦਵਾਰੇ ਬਹਿ ਕੇ ਸੁਹੰਜਣੀ ਰੁਤ ਸੁਹਾਈਆ । ਅਬਿਨਾਸ਼ੀ ਕਰਤਾ ਸਭ ਦੀ ਪਤ ਆਇਆ ਰਖਣ, ਰੱਖਿਆ ਕਰੇ ਥਾਉਂ ਥਾਈਂਆ । ਸਚ ਦਵਾਰਾ ਦੱਸ ਕੇ ਧੁਰ ਦਾ ਵਤਨ, ਬੇਵਤਨਾਂ ਘਰ ਪੁਚਾਈਆ । ਜਿਥੇ ਏਕਾ ਹੋਵੇ ਜਸ਼ਨ, ਦੂਜੀ ਖ਼ੁਸ਼ੀ ਨਾ ਕੋਇ ਬਣਾਈਆ । ਦੀਨਾਂ ਮਜ਼੍ਹਬਾਂ ਵਾਲਾ ਨਹੀਂ ਕੋਈ ਮਿਸ਼ਨ, ਮਸ਼ਵਰਿਆਂ ਵਿਚ ਸਲਾਹ ਨਾ ਕੋਇ ਸੁਣਾਈਆ । ਸਿਰ ਝੁਕਾਉਂਦੇ ਸ਼ਿਵ ਬ੍ਰਹਮਾ ਵਿਸ਼ਨ, ਰਾਮ ਕਿਸ਼ਨ ਲਾਗਣ ਪਾਈਂਆ । ਗੁਰ ਅਵਤਾਰ ਪੈਗ਼ੰਬਰ ਸਜਦਿਆਂ ਵਿਚ ਦਿਸਣ, ਸਿਰ ਸਕੇ ਨਾ ਉਠਾਈਆ । ਸਭ ਦਾ ਲੇਖਾ ਕਲਜੁਗ ਅੰਤਮ ਆਇਆ ਲਿਖਣ, ਲੇਖ ਭੇਖ ਰੇਖ ਦੇਸ ਆਪਣੇ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਤਿਜੁਗ ਸਾਚੇ ਸਾਚਾ ਨਾਮ ਦੇਵੇ ਇਕ ਗੁਣੀ, ਗੁਣਵੰਤ ਦਇਆ ਕਮਾਈਆ । ਸਭ ਦੀ ਪੁਕਾਰ ਜਾਏ ਸੁਣੀ, ਅਨਸੁਣਤ ਰਹਿਣ ਕੋਇ ਨਾ ਪਾਈਆ । ਬਿਨਾ ਸਾਜਾਂ ਤੋਂ ਦੇ ਕੇ ਧੁਨੀ, ਨਾਦ ਅਨਾਦੀ ਦਏ ਸ਼ਨਵਾਈਆ । ਲੱਖ ਚੁਰਾਸੀ ਜਾਏ ਛਾਣੀ ਪੁਣੀ, ਲੇਖਾ ਮੁਕਾਵੇ ਥਾਉਂ ਥਾਈਂਆ । ਜਨ ਭਗਤਾਂ ਅੰਤਰ ਆਸ਼ਾ ਰਹੇ ਨਾ ਊਣੀ, ਪੂਰਬ ਘਾਟਾ

੧੦੯੪ ੧੯

ਪੂਰ ਕਰਾਈਆ । ਸਭ ਦੀ ਰਸਨਾ ਜਿਹਵਾ ਬਦਲ ਦੇਵੇ ਕੂਣੀ, ਕੂਕ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਿਖੇ ਧੁਰ ਦੇ ਸਚ ਮਜ਼ਮੂਨੀ, ਮੁਸ਼ਕਲ ਅਗਲੀ ਹੱਲ ਕਰਾਈਆ । ਸਤਿਜੁਗ ਸਾਚੇ, ਸਚ ਹੋਵੇ ਅਗੰਮੀ ਨਾਅਰਾ, ਨਰ ਨਰਾਇਣ ਇਕ ਸੁਣਾਈਆ । ਭਗਤ ਭਗਵਾਨ ਦਾ ਹੋਏ ਮੁਜਾਹਰਾ, ਢੋਲਾ ਸੁਣੇ ਜਗਤ ਲੋਕਾਈਆ । ਸਚ ਧਰਮ ਦਾ ਲੱਗੇ ਅਖਾੜਾ, ਗੋਪੀ ਕਾਹਨ ਮਿਲ ਕੇ ਵੱਜੇ ਵਧਾਈਆ । ਮਾਲਕ ਬਣੇ ਸਭ ਦਾ ਧੁਰ ਦਾ ਲਾੜਾ, ਪੁਰਖ ਅਕਾਲ ਬੇਪਰਵਾਹੀਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਖੋਜ ਖੁਜਾਈਆ । ਆਪਣੇ ਨਾਂ ਦੀ ਜਣਾਏ ਅਗੰਮੀ ਵਾਰਾ, ਵਾਰਤਾ ਪਿਛਲੀ ਦਏ ਲਿਖਾਈਆ । ਤੂੰ ਮੇਰਾ ਮੈਂ ਤੇਰਾ ਸਾਂਝਾ ਹੋਵੇ ਪਿਆਰਾ, ਪ੍ਰੇਮੀ ਪ੍ਰੀਤਮ ਪ੍ਰੀਤੀ ਇਕੋ ਇਕ ਸਮਝਾਈਆ । ਸਾਚਾ ਬਖ਼ਸ਼ ਕੇ ਚਰਨ ਦਵਾਰਾ, ਧਰਮ ਦਵਾਰਾ ਦਏ ਖੁਲ੍ਹਾਈਆ । ਜਿਥੇ ਮਿਲੇ ਨਰ ਨਰਾਇਣ ਅਵਤਾਰਾ, ਪੁਰਖ ਅਬਿਨਾਸ਼ੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਦਾ ਸਦਾ ਸਦਾ ਸਦ ਸਚ ਸਿਕਦਾਰਾ, ਹੁਕਮ ਆਪਣਾ ਆਪਣੇ ਹੁਕਮ ਨਾਲ ਚਲਾਈਆ ।

✪ ੩੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਸਵਰਨ ਸਿੰਘ ਮਹਿੰਦਰ ਸਿੰਘ ਦੇ ਗ੍ਰਹਿ ਪਿੰਡ ਕ਼ਾਦਰਾਬਾਦ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚੇ ਮੇਰਾ ਆਦਿ ਅਨਾਦੀ ਖੇਲ ਕ਼ਦੀਮ, ਕ਼ੁਦਰਤ ਦਾ ਮਾਲਕ ਬਣ ਕੇ ਹੁਕਮ ਵਰਤਾਈਆ । ਮਹੱਲ ਅਟਲ ਸੁਹਾ ਕੇ ਅਜ਼ੀਮ,

ਆਲੀਸ਼ਾਨ ਆਅਲਾ ਤੋਂ ਆਅਲਾ ਆਪ ਅਖਵਾਈਆ । ਜੁਗ ਚੌਕੜੀ ਖੇਲ ਕਰਾਂ ਧਾਰ ਵਿਚ ਮਹੀਨ, ਜਗਤ ਵਿਚ ਜੁਗਤ ਨਾ ਕਿਸੇ ਸਮਝਾਈਆ । ਆਪਣੇ ਹੱਥ ਰਖ ਕੇ ਤਕਸੀਮ, ਹਿਸੇ ਧੁਰ ਦੇ ਦਿਤੇ ਬਣਾਈਆ । ਸਾਚੇ ਨਾਮ ਦੀ ਦੇ ਤਾਮੀਲ, ਤੁਲਬਿਆਂ ਕਰਾਂ ਪੜ੍ਹਾਈਆ । ਪ੍ਰੇਮ ਦਾ ਦੇ ਯਕੀਨ, ਭਰੋਸਾ ਚਰਨ ਕਵਲ ਵਖਾਈਆ । ਗੁਰ ਅਵਤਾਰ ਪੈਗ਼ੰਬਰ ਘੱਲ ਕੇ ਮਾਤ ਮਨੀਮ, ਹਿਸਾਬ ਕਿਤਾਬ ਥੋੜਾ ਥੋੜਾ ਹੱਥ ਫੜਾਈਆ । ਹੁਕਮੇ ਅੰਦਰ ਕਰ ਤਰਮੀਮ, ਅਦਲਾ ਬਦਲੀ ਵਿਚ ਦਿਆਂ ਭਵਾਈਆ । ਇਸ਼ਾਰੇ ਵਾਲਾ ਦੱਸ ਕੇ ਸੀਨ, ਸੁਨੇਹੜਾ ਕਲਮਿਆਂ ਵਿਚ ਸੁਣਾਈਆ । ਜੋਤੀ ਨੂਰ ਨਜ਼ਰ ਜਣਾ ਹਸੀਨ, ਜਲਵਾ ਜਲੌ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਰਾਹ ਵਖਾਈਆ । ਸਤਿਜੁਗ ਸਾਚੇ ਸਾਚਾ ਹੋਵੇ ਇਕ ਮੁਕਾਮ, ਕਿਆਮਗਾਹ ਇਕੋ ਇਕ ਵਖਾਈਆ । ਧੁਰ ਦਾ ਮਿਲੇ ਨਾਮ, ਸ੍ਰੀ ਭਗਵਾਨ ਕਰੇ ਪੜ੍ਹਾਈਆ । ਧਰਮ ਦਾ ਹੋਏ ਨਿਸ਼ਾਨ, ਸਤਿ ਸਚ ਝੁਲਾਈਆ । ਸਾਰੇ ਦਿਸਣ ਗੁਲਾਮ, ਦਰ ਬਰਦੇ ਸੇਵ ਕਮਾਈਆ । ਹੁਕਮੇਂ ਅੰਦਰ ਧੁਰ ਦਾ ਕਾਮ, ਸ਼ਹਿਨਸ਼ਾਹ ਕਰਵਾਈਆ । ਨਿਰਗੁਣ ਸਰਗੁਣ ਦੇ ਪੈਗ਼ਾਮ, ਕਰੇ ਹੱਕ ਪੜ੍ਹਾਈਆ । ਕਲਜੁਗ ਅੰਤ ਆ ਕੇ ਵਿਚ ਮੈਦਾਨ, ਮੁੱਦਾ ਆਪਣਾ ਦਏ ਸਮਝਾਈਆ । ਮਨ ਬੁਧੀ ਦਾ ਕੰਮ ਨਾ ਆਏ ਕਿਤੇ ਦੀਵਾਨ, ਸਿਫ਼ਤਾਂ ਵਾਲਾ ਤੀਰ ਘਾਇਲ ਨਾ ਕੋਇ ਕਰਾਈਆ । ਸਤਿਗੁਰ ਸ਼ਬਦ ਹੋਇਆ ਬਲਵਾਨ, ਬਲ ਆਪਣਾ ਆਪ ਰਖਾਈਆ । ਲੇਖਾ ਜਾਣ ਜੀਵ ਜਹਾਨ, ਕੁਰਹ ਕ਼ੁਰਾਨ ਖੋਜ ਖੁਜਾਈਆ । ਹੁਕਮ ਸੁਣ ਹੁਕਮਰਾਨ, ਹੁਕਮੇ ਅੰਦਰ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰਾ ਖੇਲ ਕਰੇ ਮਹਾਨ, ਮਹਿੰਮਾ ਆਪਣੀ ਅਕਥ ਪੁਰਖ ਸਮਰਥ ਆਪ ਦ੍ਰਿੜਾਈਆ ।

### ✪ ੩੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਹਿ ਪਿੰਡ ਕ਼ਾਦਰਾਬਾਦ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਸਾਚੇ ਸਤਿਗੁਰ ਖੇਲ ਹੋਵੇ ਗਹਿਰਾ, ਗਹਿਰ ਗੰਭੀਰ ਦਇਆ ਕਮਾਈਆ । ਪ੍ਰੇਮ ਪਿਆਰ ਦਾ ਸਾਚੇ ਭਗਤਾਂ ਮਿਲੇ ਲਹਿਰਾ, ਲਹਿਲਹਾਂਦੀ ਕਾਇਨਾਤ ਨਜ਼ਰੀਂ ਆਈਆ । ਸੰਤ ਸੁਹੇਲਾ ਕੋਈ ਨਾ ਰਹੇ ਬਹਿਰਾ, ਧੁਰ ਦਾ ਡੰਕਾ ਇਕ ਵਜਾਈਆ । ਸਾਚੇ ਘਰ ਕਰਾਏ ਆਪਣੀ ਸੈਰਾ, ਸੈਰਗਾਹ ਕਾਇਆ ਪਰਭਾਸ ਆਪ ਬਣਾਈਆ । ਗੁਰਮੁਖਾਂ ਉਪਰ ਕਰ ਕੇ ਮਿਹਰਾ, ਮਿਹਰ ਮੇਘ ਇਕ ਬਰਸਾਈਆ । ਦੀਨ ਮਜ਼੍ਹਬ ਦਾ ਤੋੜ ਕੇ ਦਾਇਰਾ, ਦਾਮਨ ਆਪਣਾ ਦਏ ਪਕੜਾਈਆ । ਦਰਸ ਵਖਾਏ ਸਮਰਥ ਜਾਹਰਾ, ਜਾਹਰ ਜਹੂਰ ਨਜ਼ਰੀ ਆਈਆ । ਜਗਤ ਇਸ਼ਟਾਂ ਚੁੱਕੇ ਖਹਿੜਾ, ਖ਼ਾਲਸ ਪੁਰਖ ਅਕਾਲ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜੀ ਕਿਰਿਆ ਮੇਟੇ ਕਹਿਰਾ, ਹੁਕਮ ਧੁਰ ਦਾ ਇਕ ਵਰਤਾਈਆ ।

## ੩੧ ਸਾਵਣ ਸ਼ਹਿਨਸ਼ਾਹੀ ਸੰਮਤ ੨ ਸਵਰਨ ਕੌਰ ਦੇ ਗ੍ਰਿਹ ਪਿੰਡ ਕ਼ਾਦਰਾਬਾਦ ਜ਼ਿਲਾ ਅੰਮ੍ਰਿਤਸਰ

ਸਤਿਜੁਗ ਸਾਚੇ ਤੇਰਾ ਲੇਖਾ ਹੱਥ ਸਮਮ, ਸਲਲ ਸੁਲ੍ਹਾਕੁਲ ਅਖਵਾਈਆ । ਭੇਵ ਅਭੇਦ ਖੁਲ੍ਹਾਏ ਮਮਮ, ਮੁਹੱਬਤੇ ਮਹਿਬੂਬ ਸ਼ੀਰ ਨਿਜ਼ਾਂ ਦਇਆ ਕਮਾਈਆ । ਕਾਇਦਾਏ ਕ਼ੁਦਰਤੇ ਤਮਮਮ, ਦਾਸਤਾਨੇ ਜ਼ੁਈਲੀ ਜ਼ਾਹ ਜ਼ਵਾਨੇਜ਼ਾਰ ਨਜ਼ਰੀਂ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦੀ ਉਲ ਸਿਆਦ ਨਬੀਉਲ ਨਿਆਦ, ਇਮਾਮੇ ਪਿਸਦਾਦ, ਪਿਸਰੇ ਪਿਤਰ ਪੋਲੀਲੁਲ ਜ਼ਿਜ਼ਾਹ, ਜ਼ਾਵੀਆ ਜ਼ੇਰ ਜ਼ਬਰ ਨਾ ਕੋਇ ਬਣਾਈਆ ।

## ਪਹਿਲੀ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ

ਸਤਿਜੁਗ ਸਾਚੇ, ਸਾਚੇ ਨਾਮ ਦਾ ਹੋਵੇ ਐਲਾਨ, ਅੱਲਾ ਰਾਮ ਵਾਹਿਗੁਰੂ ਕ੍ਰਿਸ਼ਨ ਓਮ ਮਿਲ ਕੇ ਖ਼ੁਸ਼ੀ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਦਾ ਹੋਵੇ ਇਕ ਧਿਆਨ, ਗੁਰ ਅਵਤਾਰ ਪੈਗ਼ੰਬਰ ਢੋਲਾ ਗਾਈਆ । ਜਿਸ ਨਾਲ ਦੋ ਜਹਾਨਾਂ ਹੋਵੇ ਕਲਿਆਣ, ਕਲਮਿਆਂ ਦਾ ਕਲਮਾ ਦਏ ਪਰਗਟਾਈਆ । ਜੋਧਾ ਸੂਰਬੀਰ ਸ਼ਬਦੀ ਸੁਤ ਬਲਵਾਨ, ਬਲਧਾਰੀ ਇਕ ਵਖਾਈਆ । ਜਿਸ ਨੂੰ ਝੁਕਣ ਦੋ ਜਹਾਨ, ਸਿਰ ਸਕੇ ਨਾ ਕੋਇ ਉਠਾਈਆ । ਲੱਖ ਚੁਰਾਸੀ ਚਾਰੇ ਖਾਣੀ ਚਾਰੇ ਬਾਣੀ ਦੇਵੇ ਮਾਣ, ਅਭਿਮਾਨ ਮੇਟੇ ਥਾਉਂ ਥਾਈਂਆ । ਬੁਧੀ ਤੋਂ ਪਰੇ ਕਰੇ ਗਿਆਨ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਆਤਮ ਪਰਮਾਤਮ ਮੇਲੇ ਆਣ, ਆਨਨ ਫ਼ਾਨਨ ਭੇਵ ਚੁਕਾਈਆ । ਸਰਬ ਵਿਆਪੀ ਪਰਗਟ ਕਰੇ ਭਗਵਾਨ, ਮਿਹਰ ਨਜ਼ਰ ਇਕ ਉਠਾਈਆ । ਝਗੜਾ ਰਹੇ ਨਾ ਜੀਵ ਜਹਾਨ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਸ਼ਰਅ ਦਾ ਰਹੇ ਨਾ ਕੋਇ ਗੁਲਾਮ, ਜ਼ੰਜੀਰ ਬੰਧਨ ਨਾ ਕੋਇ ਨਾ ਪਵਾਈਆ । ਕਰਨਾ ਪਏ ਨਾ ਕੋਇ ਇਸ਼ਨਾਨ, ਤੀਰਥ ਤਟ ਨਾ ਕੋਇ ਵਡਿਆਈਆ । ਰਾਗਾਂ ਵਿਚ ਗੌਣਾ ਪਏ ਨਾ ਕੋਈ ਗਾਣ, ਤਾਲ ਤਲਵਾੜਾ ਨਾ ਕੋਇ ਵਜਾਈਆ । ਕਰੇ ਖੇਲ ਆਪ ਮਿਹਰਵਾਨ, ਮਹਿਬੂਬ ਮਹਿਵ ਆਪਣੀ ਮੁਹੱਬਤ ਦਏ ਸਮਝਾਈਆ । ਜਿਸ ਦਾ ਫੁਰਨਿਆਂ ਤੋਂ ਬਾਹਰ ਫ਼ਰਮਾਨ, ਫਰਮਾਂਬਰਦਾਰ ਸਾਰੇ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਵਖਾਈਆ । ਸਤਿਜੁਗ ਸਾਚੇ, ਸਾਚਾ ਹੋਵੇ ਫ਼ਰਮਾਨ, ਫ਼ਰਮਾਂਬਰਦਾਰ ਸਾਰੇ ਲਏ ਬਣਾਈਆ । ਦੂਸਰ ਰਹੇ ਨਾ ਕੋਇ ਜਹਾਨ, ਜਾਅਲੀ ਗੁਰੂ ਨਾ ਕੋਇ ਅਖਵਾਈਆ । ਪਿਛਲਾ ਦੇਵੇ ਕੋਈ ਨਾ ਨਾਮ, ਅਗਲਾ ਹੁਕਮ ਦਏ ਵਰਤਾਈਆ । ਜਿਸ ਨੂੰ ਮੰਨਣ ਗੋਪੀ ਕਾਹਨ, ਸੀਤਾ ਰਾਮ ਦੇਣ ਦੁਹਾਈਆ । ਪੈਗ਼ੰਬਰ ਸੁਣਨ ਪੈਗ਼ਾਮ, ਕਲਮਾ ਬੇਪਰਵਾਹੀਆ । ਗੁਰੂ ਧਾਰ ਕਰੇ ਪਰਵਾਨ, ਸਿਰ ਸਕੇ ਨਾ ਕੋਇ ਉਠਾਈਆ । ਡੰਕਾ ਵੱਜੇ ਜ਼ਿਮੀਂ ਅਸਮਾਨ, ਲੋਕ ਪਰਲੋਕ ਹੋਵੇ ਸ਼ਨਵਾਈਆ । ਜਿਸ ਦਾ ਲੇਖਾ ਲਿਖਿਆ ਨਹੀਂ ਵਿਚ ਬਿਆਨ, ਬੇਵਾ ਕਰੇ ਸਰਬ ਲੋਕਾਈਆ । ਇਕੋ ਮਾਲਕ ਪਤਿਪਰਮੇਸ਼ਵਰ ਖ਼ਾਵੰਦ ਮੰਨਣਾ ਪਏ ਸ੍ਰੀ ਭਗਵਾਨ, ਆਮਦ ਵਿਚ ਵੱਜੇ ਹੱਕ ਵਧਾਈਆ । ਜਿਸ ਦੀ ਬੋਲਣ ਵਾਲੀ ਨਹੀਂ ਜ਼ਬਾਨ, ਦੇਵਣਹਾਰਾ ਸਰਬ ਗਿਆਨ, ਪੜਦਾ ਪੜਦਿਆਂ ਵਿਚੋਂ ਚੁਕਾਈਆ । ਅੰਤ ਸੀਸ ਜਗਦੀਸ਼ ਇਕੋ ਇਕ ਝੁਕਾਣ, ਦੂਜਾ ਦਿਸੇ ਨਾ ਕੋਇ ਨਿਸ਼ਾਨ, ਨਿਸ਼ਾਨੇ ਪੂਰਬ ਦਏ ਮਿਟਾਈਆ । ਸਚ



੧੦੯੬
੧੯

ਧਰਮ ਦਾ ਸਚ ਦਵਾਰੇ ਲਾ ਕੇ ਨਾਮ ਦੀਬਾਨ, ਸਿਖਿਆ ਦੇਵੇ ਜੀਵ ਜਹਾਨ, ਆਤਮ ਪਰਮਾਤਮ ਬੂਝ ਬੁਝਾਈਆ । ਜਿਸ ਦਾ ਲੇਖਾ ਸਮਝੇ ਨਾ ਕੋਇ ਇਨਸਾਨ, ਸੋ ਖੇਲ ਕਰੇ ਮਰਦ ਮਰਦਾਨ, ਮੁੱਦੇ ਸਾਰੇ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਾ ਕੋਈ ਮੇਟੇ ਮੇਟ ਮਿਟਾਈਆ । ਦੋ ਜਹਾਨ ਜਾਣ ਹਲ, ਸੰਭਲ ਸਕੇ ਨਾ ਕੋਇ ਰਾਈਆ । ਕਲਜੁਗ ਕੂੜੀ ਕਿਰਿਆ ਮੇਟੇ ਕਲ, ਕਲਮੇ ਵਾਲੇ ਦੇਣ ਦੁਹਾਈਆ । ਇਕੋ ਹੁਕਮ ਇਕੋ ਤੁਖ਼ਮ ਦਿਸੇ ਜਲ ਥਲ, ਦੂਜਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਨਿਰਗੁਣ ਧਾਰ ਭਗਤਾਂ ਵਲ ਵਲਵਲੇ ਸਾਰੇ ਦਏ ਗਵਾਈਆ । ਧਾਮ ਵਖਾ ਕੇ ਨਿਹਚਲ ਇਕ ਅਟਲ, ਧੁਰ ਘਰਾਨੇ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਹੁਕਮ ਵਰਤਾਈਆ । ਸਤਿਜੁਗ ਸਾਚੇ ਧੁਰ ਦਾ ਹੁਕਮ ਹੋਵੇ ਏਕ, ਇਕ ਇਕੱਲਾ ਆਪ ਸੁਣਾਈਆ । ਸਭ ਨੂੰ ਰਖਣੀ ਪਏ ਟੇਕ, ਦੂਜਾ ਨਜ਼ਰ ਕੋਇ ਨਾ ਆਈਆ । ਕੂੜ ਕੁੜਿਆਰਾ ਰਹੇ ਕੋਈ ਨਾ ਭੇਖ, ਇਕੋ ਡੰਕਾ ਰਾਓ ਰੰਕਾਂ ਦਏ ਸੁਣਾਈਆ । ਸਭ ਨੂੰ ਦੱਸ ਕੇ ਸਚਖੰਡ ਦਵਾਰਾ ਧੁਰ ਦਾ ਦੇਸ਼, ਮਕਾਨ ਇਕੋ ਦਏ ਸਮਝਾਈਆ । ਕੂੜੀ ਕਿਰਿਆ ਮੇਟ ਕੇ ਰੇਖ, ਲੇਖਾ ਆਪਣਾ ਦਏ ਸਮਝਾਈਆ । ਮਾਲਕ ਬਣ ਕੇ ਧੁਰ ਨਰੇਸ਼, ਨਾਰੀ ਨਰ ਦਏ ਸਮਝਾਈਆ । ਪੁਰਖ ਅਕਾਲ ਏਕਾ ਤੱਕੋ ਜੋ ਰਹੇ ਹਮੇਸ਼, ਜਨਮ ਮਰਨ ਵਿਚ ਨਾ ਆਈਆ । ਜਿਸ ਦਾ ਦੂਲ੍ਹਾ ਸ਼ਬਦੀ ਗੁਰ ਦਸਮੇਸ਼, ਧੁਰ ਦਾ ਲਾੜਾ ਸੋਭਾ ਪਾਈਆ । ਆਪ ਆਪਾ ਕਰ ਕੇ ਭੇਟ, ਸੇਜ ਸੁਹੰਜਣੀ ਸੱਥਰ ਲੇਟ, ਲਟਾਕਾ ਛੱਡ ਕੇ ਜਗਤ ਲੋਕਾਈਆ । ਅੰਤਮ ਬਣ ਕੇ ਖੇਵਟ ਖੇਟ, ਸਚ ਦਵਾਰੇ ਦਾ ਦੱਸੇ ਭੇਤ, ਭੇਵ ਅਗਲਾ ਰਿਹਾ ਖੁਲ੍ਹਾਈਆ । ਜੋਤੀ ਸ਼ਬਦੀ ਧਾਰ ਕੇ ਵੇਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰੀ ਸਤਿ ਸਲਾਹ ਸਾਚੀ ਸਿਖਿਆ ਨਾਲ ਮਿਲਾਈਆ । ਸਤਿਜੁਗ ਸਾਚੇ ਧੁਰ ਦਾ ਨਾਮ ਚਲੇ ਅਵੱਲਾ, ਅਵੱਲੜੀ ਕਾਰ ਕਮਾਈਆ । ਜਿਸ ਕਾਰਨ ਗੁਰ ਅਵਤਾਰ ਪੈਗੰਬਰ ਘੱਲਾ, ਘਰਿਆਂ ਵਿਚ ਟਿਕਾਈਆ । ਸਭ ਨੂੰ ਫੜਾ ਕੇ ਆਪਣਾ ਪੱਲਾ, ਜੋਤੀ ਸ਼ਬਦੀ ਜੋੜ ਜੁੜਾਈਆ । ਸਰਗੁਣ ਨਿਰਗੁਣ ਹੋ ਕੇ ਰੱਲਾ, ਰਲਮਿਲ ਆਪਣਾ ਝਟ ਲੰਘਾਈਆ । ਇਸ਼ਾਰਿਆਂ ਨਾਲ ਦੱਸ ਕੇ ਨਿਹਚਲ ਧਾਮ ਅਟਲਾ, ਉਪਰ ਆਪਣਾ ਡੇਰਾ ਲਾਈਆ । ਜੁਗ ਚੌਕੜੀ ਕਰਦਾ ਰਿਹਾ ਵਲ ਛਲਾ, ਆਪਣਾ ਭੇਵ ਨਾ ਕਿਸੇ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਚ ਦਵਾਰ ਏਕੰਕਾਰ ਨਿਰਗੁਣ ਧਾਰ ਆਪਣਾ ਮੱਲਾ, ਮਹੱਲਾ ਵੰਡ ਨਾ ਕੋਇ ਵੰਡਾਈਆ । ਸਤਿਜੁਗ ਸਾਚੇ ਤੇਰੀ ਕਰੇ ਕਰਾਏ ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਆਪ ਤਸੱਲਾ, ਤਸੱਲੀ ਤਰਤੀਬ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਕਾਸ਼ ਹੋ ਕੇ ਆਪਣੇ ਨੂਰ ਬਲਾ, ਬਲਧਾਰੀ ਚਾਰ ਜੁਗ ਦੇ ਆਪਣੇ ਵਿਚ ਮਿਲਾਈਆ ।

✪ ੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਗੁਰਬਚਨ ਸਿੰਘ ਦੇ ਗ੍ਰਹਿ ਨਇਆ ਸ਼ਾਲਾ ਜ਼ਿਲਾ ਗੁਰਦਾਸ ਪੁਰ ✪

ਸਤਿਜੁਗ ਸਾਚੇ ਸੁਣ, ਜੋ ਹੋਵਣ ਪ੍ਰਭ ਦੇ ਗੁਰਮੁਖ, ਮੁਖੀਏ ਦੋ ਜਹਾਨ ਅਖਵਾਈਆ । ਜਿਨ੍ਹਾਂ ਜਨਮ ਮਰਨ ਦਾ ਰਹੇ ਕੋਈ ਨਾ ਦੁੱਖ, ਆਵਣ

੧੦੯੭
੧੯

ਜਾਵਣ ਗੇੜ ਨਾ ਕੋਇ ਭਵਾਈਆ । ਲੇਖੇ ਲੱਗੇ ਮਾਨਸ ਜਾਮਾ ਮਨੁੱਖ, ਤਨ ਵਜੂਦ ਮਿਲੇ ਵਡਿਆਈਆ । ਫਿਰ ਮਾਤ ਗਰਭ ਉਲਟਾ ਹੋਣਾ ਨਾ ਪਏ ਰੁਖ਼, ਅਗਨੀ ਤਤ ਨਾ ਕੋਇ ਤਪਾਈਆ । ਆਤਮ ਪਰਮਾਤਮ ਮਿਲ ਕੇ ਹੋਵੇ ਸਾਚਾ ਸੁਖ, ਚਿੰਤਾ ਗ਼ਮ ਨਾ ਕੋਇ ਸਤਾਈਆ । ਪੁਰਖ ਅਕਾਲ ਦੀਨ ਦਿਆਲ ਜਗਤ ਵਾਰਸ ਹੋ ਕੇ ਲਏ ਪੁਛ, ਪੜਦਾ ਉਹਲਾ ਬਣ ਵਿਚੋਲਾ ਆਪ ਚੁਕਾਈਆ । ਤੂੰ ਮੇਰਾ ਮੈਂ ਤੇਰਾ ਧੁਰ ਦੀ ਦੱਸ ਅਗੰਮੀ ਤੁਕ, ਨਾਮ ਇਕੋ ਇਕ ਜਣਾਈਆ । ਜਿਨ੍ਹਾਂ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਨਾਤਾ ਬਣਾ ਕੇ ਪਿਤਾ ਪੁਤ, ਗੋਦੀ ਧੁਰ ਦੀ ਲਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਰੰਗ ਰੰਗਾਈਆ । ਸਤਿਜੁਗ ਸਾਚੇ ਮੇਰਾ ਗੁਰਮੁਖ ਹੋਵੇ ਸਾਚੇ ਰੰਗ, ਕਸੁੰਭੜਾ ਰੂਪ ਨਾ ਕੋਇ ਵਟਾਈਆ । ਆਤਮ ਪਰਮਾਤਮ ਮਾਣੇ ਅਨੰਦ, ਪਰਮਾਨੰਦ ਵਿਚ ਸਮਾਈਆ । ਸਾਚਾ ਗਾ ਕੇ ਧੁਰ ਦਾ ਛੰਦ, ਸੰਸੇ ਰੋਗ ਦਏ ਮਿਟਾਈਆ । ਪੁਰਖ ਅਕਾਲ ਦੀਨ ਦਿਆਲ ਨੰਗੀ ਹੋਣ ਨਾ ਦੇਵੇ ਕੰਡ, ਮਿਹਰਵਾਨ ਮਹਿਬੂਬ ਸਿਰ ਆਪਣਾ ਹੱਥ ਟਿਕਾਈਆ । ਸੁਰਤ ਸਵਾਣੀ ਰਹੇ ਮਾਤ ਨਾ ਰੰਡ, ਕੰਤ ਕੰਤੂਹਲ ਇਕੋ ਨਜ਼ਰੀ ਆਈਆ । ਨਾਤਾ ਤੋੜ ਕੇ ਬੰਦੀਖ਼ਾਨਾ ਬੰਦ, ਬੰਦਨਾ ਆਪਣੀ ਦਏ ਸਮਝਾਈਆ । ਪੜਦਾ ਉਹਲਾ ਰਹੇ ਨਾ ਹੰ, ਬ੍ਰਹਮ ਪਾਰਬ੍ਰਹਮ ਮੇਲਾ ਲਏ ਮਿਲਾਈਆ । ਕੂੜੀ ਕਿਰਿਆ ਮੇਟ ਕੇ ਤ੍ਰਿਸ਼ਨਾ ਤਮ, ਅਗਨੀ ਤਤ ਬੁਝਾਈਆ । ਹਰਖ਼ ਸੋਗ ਰਹੇ ਨਾ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਧੁਰ ਦਾ ਰਾਗ ਸੁਣਾ ਕੇ ਬਿਨ ਕੰਨ, ਕਰਮਾਂ ਦਾ ਲੇਖਾ ਦਏ ਮੁਕਾਈਆ । ਜਗਤ ਜਹਾਨ ਸ੍ਰੀ ਭਗਵਾਨ ਬੇੜਾ ਦੇਵੇ ਬੰਨ੍ਹ, ਪਾਰ ਕਿਨਾਰੇ ਦਏ ਕਰਾਈਆ । ਜਿਥੇ ਨਾ ਕੋਈ ਸੂਰਜ ਨਾ ਕੋਈ ਚੰਨ, ਨਿਰਗੁਣ ਜੋਤ ਹੋਵੇ ਰੁਸ਼ਨਾਈਆ । ਗੁਰਮੁਖ ਗੁਰ ਸਤਿਗੁਰ ਮਿਲ ਕੇ ਕਹਿਣ ਧੰਨ ਧੰਨ, ਧੰਨ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਨਾਲ ਪਰਕਾਸ਼ ਕਰ ਆਪਣਾ ਅਗੰਮੀ ਚੰਨ, ਲੋਕ ਪਰਲੋਕ ਕਰੇ ਰੁਸ਼ਨਾਈਆ ।

### ✪ ੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਿਹਿ ਨਇਆ ਸ਼ਾਲਾ ਜ਼ਿਲਾ ਗੁਰਦਾਸ ਪੁਰ ✪

ਸਤਿਜੁਗ ਸਾਚੇ, ਸਾਚੇ ਨਾਮ ਦਾ ਡੰਕਾ ਵੱਜੇ ਚਾਰੇ ਕੂਟ, ਕੁਟੀਆ ਬ੍ਰਹਿਮੰਡ ਖੰਡ ਦਏ ਹਿਲਾਈਆ । ਨਾਮ ਸੰਦੇਸ਼ਾ ਲੱਖ ਚੁਰਾਸੀ ਪੁੱਜੇ ਕਾਇਆ ਪੰਜ ਭੂਤ, ਭਵਿਖ ਅਗਲਾ ਦਏ ਸਮਝਾਈਆ । ਨਾਮ ਨਿਧਾਨਾ ਮਿਲੇ ਸਚ ਸੂਚ, ਸਤਿ ਇਕੋ ਇਕ ਸਮਝਾਈਆ । ਜੂਠ ਝੂਠ ਕਲਜੁਗ ਕਿਰਿਆ ਕਰੇ ਕੂਚ, ਕੂਚਾ ਗਲੀ ਹੋਵੇ ਸਫ਼ਾਈਆ । ਜਨ ਭਗਤ ਸੁਹੇਲੇ ਵੇਖੇ ਆਪਣੇ ਪੂਤ, ਸਪੂਤ ਆਪਣੇ ਨਾਲ ਮਿਲਾਈਆ । ਸਚ ਸਵਾਮੀ ਘਰ ਸਾਜਣ ਦੇਵੇ ਸੂਖ, ਦਰ ਠਾਂਡਾ ਇਕ ਪਰਗਟਾਈਆ । ਜਗਤ ਤ੍ਰਿਸ਼ਨਾ ਮਾਇਆ ਮਮਤਾ ਰਹੇ ਨਾ ਭੁਖ, ਅਗਨੀ ਅੱਗ ਦਏ ਬੁਝਾਈਆ । ਮਨ ਵਾਸਨਾ ਕੂੜੀ ਕਿਰਿਆ ਚੁੱਕੇ ਚੂਕ, ਚਾਰ ਕੁੰਟ ਇਕੋ ਰੰਗ ਰੰਗਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਸੁੱਤੀ ਨਾ ਰਹੇ ਘੂਕ, ਆਲਸ ਨਿੰਦਰਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੁਹੰਜਣੀ ਕਰੇ ਰੁਤ, ਰੁਤੜੀ ਆਪਣੇ ਵਿਚ ਮਹਿਕਾਈਆ । ਸਤਿਜੁਗ ਸਾਚੇ ਸਾਚੇ ਨਾਮ ਦਾ ਲੱਗੇ ਚੱਕਰ, ਚੱਕਰਵਰਤੀ ਰਹਿਣ ਕੋਇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਸਾਚਾ ਕਲਮਾ ਬਣੇ ਫਕਰ, ਫਿਕਰਾ



੧੦੯੮
੧੯

ਇਕੋ ਦਏ ਦ੍ਰਿੜਾਈਆ । ਦੋ ਜਹਾਨਾਂ ਬਲਧਾਰੀ ਲਾ ਕੇ ਟੱਕਰ, ਟਕਿਆਂ ਵਾਲੇ ਗੁਰੂ ਦਏ ਮਿਟਾਈਆ । ਕੂੜੀ ਕਿਰਿਆ ਕਰੇ ਸੱਬਰ, ਸੱਬਰ ਯਾਰੜਾ ਇਕ ਵਖਾਈਆ । ਜਿਸ ਦਾ ਪੜ੍ਹਨਾ ਪਏ ਇਕੋ ਅੱਖਰ, ਬਹੁ ਵਿਦਿਆ ਦੀ ਲੋੜ ਰਹੇ ਨਾ ਰਾਈਆ । ਚੋਟੀ ਮੰਜ਼ਲ ਚੜ੍ਹਾਵੇ ਸਿਖਰ, ਦੀਨ ਦੁਨੀ ਪੰਧ ਮੁਕਾਈਆ । ਜਨ ਭਗਤਾਂ ਜਨਮ ਕਰਮ ਦਾ ਲੇਖਾ ਆਵੇ ਲਿਖਣ, ਲਿਖਤ ਭਵਿਖਤ ਆਪਣੇ ਹੱਥ ਰਖਾਈਆ । ਸੰਤ ਸੁਹੇਲੇ ਧੁਰ ਦੇ ਗੁਰਮੁਖ ਦਿਸਣ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਮਾਨਸ ਜਨਮ ਕਰਮ ਕਾਂਡ ਦਾ ਲੇਖਾ ਆਵੇ ਨਜਿੱਠਣ, ਨਿਜ ਘਰ ਬਹਿ ਕੇ ਆਪਣਾ ਹੁਕਮ ਸੁਣਾਈਆ । ਮਨ ਵਾਸਨਾ ਸਭ ਦੀ ਆਵੇ ਜਿੱਤਣ, ਜ਼ੋਰੂ ਜ਼ਰ ਚਲੇ ਨਾ ਕੋਇ ਚਤੁਰਾਈਆ । ਵੇਖਣਹਾਰਾ ਜਗਤ ਮੁਲੱਮਾ ਪਿਤਲ, ਲੱਖ ਚੁਰਾਸੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਆਪ ਸਮਝਾਈਆ । ਸਤਿਜੁਗ ਸਾਚੇ, ਸਾਚਾ ਨਾਮ ਹੋਵੇ ਰੰਗੀਲਾ, ਰੰਗ ਰਤੜਾ ਆਪ ਰੰਗਾਈਆ । ਚਾਰ ਵਰਨਾਂ ਬਣੇ ਵਸੀਲਾ, ਵਸਲ ਯਾਰ ਦਏ ਕਰਾਈਆ । ਚਾਰ ਵਰਨ ਬਣਾ ਕੇ ਕਬੀਲਾ, ਵਰਨ ਬਰਨ ਡੇਰਾ ਢਾਹੀਆ । ਸਾਚੀ ਇਕ ਪਰਗਟਾਏ ਦਲੀਲਾ, ਆਤਮ ਪਰਮਾਤਮ ਜੋੜ ਜੁੜਾਈਆ । ਬਿਨ ਸਤਿਗੁਰ ਸ਼ਬਦ ਦੂਜਾ ਕਰੇ ਨਾ ਕੋਇ ਵਕੀਲਾ, ਜਗਤ ਵਕਾਲਤ ਕੰਮ ਕਿਸੇ ਨਾ ਆਈਆ । ਸਾਹਿਬ ਸੁਲਤਾਨ ਸ੍ਰੀ ਭਗਵਾਨ ਧੁਰ ਦਾ ਮਾਲਕ ਬਣੇ ਛੈਲ ਛਬੀਲਾ, ਜੋਬਨਵੰਤਾ ਹਰਿ ਹਰਿ ਕੰਤਾ ਨਰ ਨਰਾਇਣ ਇਕੋ ਨਜ਼ਰੀ ਆਈਆ । ਸਭ ਨੂੰ ਕਹਿਣਾ ਪਏ ਯਾਮਬੀਨਾ, ਆਮੀਨ ਕਹਿ ਕੇ ਸਾਰੇ ਸੀਸ ਨਿਵਾਈਆ । ਜਿਸ ਨੇ ਦੀਨ ਮਜ਼੍ਹਬ ਜਾਤ ਪਾਤ ਜਗਤ ਕੀਤੀ ਤਕਸੀਮਾ, ਅੰਤਮ ਤਰਮੀਮ ਕਰ ਕੇ ਸਭ ਦੀ ਕਰੇ ਸਫ਼ਾਈਆ । ਹੱਕ ਦਵਾਰ ਮੰਜ਼ਲ ਵਖਾਏ ਆਲੀਸ਼ਾਨ ਅਜ਼ੀਮਾ, ਬੇਨਜ਼ੀਰ ਨਜ਼ਰ ਦਏ ਬਦਲਾਈਆ । ਸਭ ਦੇ ਅੰਤਰ ਖ਼ੁਸ਼ੀਆਂ ਵਾਲਾ ਰਮਜ਼ਾਨ ਰਖੇ ਮਹੀਨਾ, ਮਹਿਮਾਨ ਗੁਰਮੁਖ ਵੇਖ ਵਖਾਈਆ । ਝਗੜਾ ਚੁਕਾ ਕੇ ਨਰ ਮਦੀਨਾ, ਮੁੱਦਾ ਇਕੋ ਦਏ ਸਮਝਾਈਆ । ਸਤਿਜੁਗ ਸਾਚੇ ਜਨ ਭਗਤਾਂ ਲੇਖੇ ਲਾ ਕੇ ਮਰਨਾ ਜੀਣਾ, ਚਰਨ ਕਵਲ ਦਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਖੇਲ ਕਰੇ ਜੁਗ ਚੌਕੜੀ ਨਵ ਨਵੀਨਾ, ਰੂਪ ਰੰਗ ਰੇਖ ਸਮਝ ਕੋਇ ਨਾ ਪਾਈਆ ।

### ੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਿਹਿ ਪਿੰਡ ਨਇਆ ਸ਼ਾਲਾ ਜ਼ਿਲਾ ਗੁਰਦਾਸ ਪੁਰ

ਸਤਿਜੁਗ ਸਾਚੇ, ਪ੍ਰਭ ਦਾ ਨਾਉਂ ਚਾਰ ਜੁਗ ਦਾ ਲੇਖਾ ਆਪਣੇ ਵਿਚ ਕਰੇ ਦਮਨ, ਦਮਾਮਾ ਆਪਣਾ ਨਾਮ ਵਜਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਕੰਬਣ, ਨੇਤਰ ਨੈਣ ਅੱਖ ਨਾ ਕੋਇ ਉਠਾਈਆ । ਗੁਰ ਅਵਤਾਰ ਪੈਗੰਬਰ ਚਰਨ ਧੂੜ ਕਰਨ ਮਜਨ, ਧੂੜੀ ਮਸਤਕ ਖ਼ਾਕ ਰਮਾਈਆ । ਸਰਬ ਦਾ ਮਾਲਕ ਇਕੋ ਸਵਾਮੀ ਨਜ਼ਰੀ ਆਏ ਸੱਜਣ, ਸਗਲਾ ਸੰਗ ਬਣਾਈਆ । ਕੂੜ ਵਿਕਾਰੇ ਭਾਂਡੇ ਭੱਜਣ, ਭਰਮੀਆਂ ਭਰਮ ਗੜ੍ਹ ਤੁੜਾਈਆ । ਜਗਤ ਤ੍ਰਿਸ਼ਨਾ ਮੇਟੇ ਅਗਨ, ਅੰਮ੍ਰਿਤ ਮੇਘ ਇਕ ਬਰਸਾਈਆ । ਭਗਤ ਭਗਵਾਨ ਦਾ ਆਤਮ ਪਰਮਾਤਮ ਪਵੇ ਸਗਨ, ਰਿਸ਼ਤਾ ਫ਼ਰਿਸ਼ਤਿਆਂ ਤੋਂ ਬਾਹਰ ਲਏ ਬਣਾਈਆ । ਸਚ ਪ੍ਰੀਤੀ ਵਿਚ ਕਰ ਕੇ ਮਗਨ, ਮਗਰਲਾ ਲੇਖਾ ਦਏ ਸਮਝਾਈਆ । ਸੰਤ ਸੁਹੇਲਾ ਰਹਿਣ

ਨਾ ਦੇਵੇ ਕੋਈ ਨਗਨ, ਓਢਨ ਸੀਸ ਜਗਦੀਸ਼ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਤਿਜੁਗ ਸਾਚੇ, ਸਾਚੇ ਨਾਮ ਦਾ ਵੱਜੇ ਦਮਾਮਾ, ਦਾਇਰਾ ਜਗਤ ਰਹਿਣ ਨਾ ਪਾਈਆ । ਕਰੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣਾ ਹੁਕਮ ਵਰਤਾਈਆ । ਸੰਦੇਸ਼ਾ ਦੇਵੇ ਧੁਰ ਦਾ ਰਾਮਾ, ਰਾਮ ਠਾਕਰ ਸਾਰੇ ਸੀਸ ਨਿਵਾਈਆ । ਕਰੇ ਖੇਲ ਅਗੰਮੀ ਕਾਹਨਾ, ਕਾਹਨ ਬੰਸਰੀਆਂ ਵਾਲੇ ਨਿਉਂ ਨਿਉਂ ਲਾਗਣ ਪਾਈਆ । ਸੰਦੇਸ਼ਾ ਦੇਵੇ ਵਡ ਅਮਾਮਾ, ਪੀਰ ਪੈਗ਼ੰਬਰ ਹਜ਼ਰਤ ਰਸੂਲ ਸਿਫ਼ਤਾਂ ਵਿਚ ਸਾਲਾਹੀਆ । ਕਰੇ ਖੇਲ ਕਲਕੀ ਬਲਵਾਨਾ, ਗੁਰੂ ਗੁਰ ਵੇਖ ਵੇਖ ਖ਼ੁਸ਼ੀ ਮਨਾਈਆ । ਹੁਕਮੇਂ ਅੰਦਰ ਹੁਕਮ ਕਰ ਪਰਧਾਨਾ, ਦੋ ਜਹਾਨਾਂ ਦਏ ਜਣਾਈਆ । ਸਤਿ ਧਰਮ ਦਾ ਸਤਿ ਨਿਸ਼ਾਨਾ, ਸਤਿ ਪੁਰਖ ਨਿਰੰਜਣ ਸੱਤ ਦੀਪ ਦਏ ਝੁਲਾਈਆ । ਸਤਿ ਸਚ ਦਾ ਦੇ ਪੈਗ਼ਾਮਾ, ਸਤਿ ਸਤਿ ਕਰੇ ਪੜ੍ਹਾਈਆ । ਸਤਿਜੁਗ ਸਾਚੇ ਤੇਰਾ ਮਾਰਗ ਲੱਗੇ ਵਿਚ ਜ਼ਿਮੀਂ ਅਸਮਾਨਾਂ, ਸਮੇਂ ਦੀ ਸਮਾਪਤੀ ਕਲਜੁਗ ਕੂੜੀ ਕਿਰਿਆ ਦਏ ਮਿਟਾਈਆ । ਧੁਰ ਦੇ ਨਾਮ ਦਾ ਉਪਜੇ ਇਕ ਤਰਾਨਾ, ਤੁਰੀਆ ਤੋਂ ਬਾਹਰ ਕਰੇ ਸ਼ਨਵਾਈਆ । ਦੂਜਾ ਰਹੇ ਨਾ ਕੋਇ ਬੇਗਾਨਾ, ਵੈਰੀ ਸ਼ੱਤਰੂ ਮੀਤ ਨਜ਼ਰੀ ਆਈਆ । ਪੁਰਖ ਅਕਾਲ ਹੁਕਮ ਰਹਿਣ ਨਾ ਦੇਵੇ ਕੋਈ ਵਿਚ ਦਰਮਿਆਨਾ, ਫ਼ਰਮਾਬਰਦਾਰ ਸਾਰੇ ਲਏ ਬਣਾਈਆ । ਸਿਰ ਸਕੇ ਨਾ ਉਠਾ ਕੋਈ ਨਾਦਾਨਾ, ਚਾਰ ਜੁਗ ਗ਼ੁਲਾਮੀ ਅੰਦਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਨਾਮ ਦਾ ਦੇ ਕੇ ਦਾਨਾ, ਦਾਤਾ ਦਾਤਾਰ ਦਰ ਝੋਲੀ ਦੇ ਭਰਾਈਆ ।



੧੧੦੦ ੧੯

### ੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਲਾਭ ਸਿੰਘ ਦੇ ਗ੍ਰਹਿ ਚੱਕ ਫਤਹਿ ਸਿੰਘ ਜ਼ਿਲਾ ਬਠਿੰਡਾ

ਸਤਿਜੁਗ ਸਾਚੇ, ਤੇਰਾ ਸਾਚਾ ਸੋਹਵੇ ਇਕੋ ਹੁਜਰਾ, ਹਜ਼ਰਤ ਪੀਰ ਬੇਨਜ਼ੀਰ ਨਜ਼ਰੀ ਆਈਆ । ਤਵਾਇਫ਼ਾਂ ਦਾ ਰਹੇ ਕੋਇ ਨਾ ਮੁਜਰਾ, ਤਬਲਾ ਹੱਥ ਨਾ ਕੋਇ ਵਜਾਈਆ । ਸੂਫ਼ੀਆਂ ਪੂਰਬ ਲੇਖ ਉਘੜਾ, ਸਚ ਤੌਫ਼ੀਕ ਦਏ ਖ਼ੁਦਾਈਆ । ਉਜਲ ਹੋਵੇ ਮਾਤ ਮੁਖੜਾ, ਦੁਰਮਤ ਮੈਲ ਧਵਾਈਆ । ਵਿਛੋੜੇ ਦਾ ਮੇਟੇ ਦੁਖੜਾ, ਦਰਦੀਆਂ ਦਰਦ ਵੰਡਾਈਆ । ਸਤਿ ਧਰਮ ਕਰੇ ਸ਼ੁਕਰਾ, ਸ਼ੁਕਰੀਏ ਵਿਚ ਖ਼ੁਸ਼ੀ ਮਨਾਈਆ । ਮਿਲੇ ਮਾਣ ਵਡਿਆਈ ਸਤਿਜੁਗ ਸਾਚੇ ਪੁੱਤਰਾ, ਪਤਿਪਰਮੇਸ਼ਵਰ ਹੋਏ ਸਹਾਈਆ । ਕੀਤਾ ਕੌਲ ਇਕਰਾਰ ਮੂਲ ਨਾ ਮੁਕਰਾ, ਵਾਅਦਾ ਪੂਰ ਰਿਹਾ ਕਰਾਈਆ । ਨਿਰਗੁਣ ਨਿਰਵੈਰ ਨਿਰਾਕਾਰ ਅਗੰਮੀ ਧਾਰ ਵਿਚੋਂ ਉਤਰਾ, ਉੱਤਰ ਪੂਰਬ ਪੱਛਮ ਦੱਖਣ ਭੇਵ ਕਿਸੇ ਨਾ ਆਈਆ । ਜਗਤ ਜੀਵ ਜਹਾਨ ਗ਼ਫ਼ਲਤ ਨੀਂਦ ਅੰਦਰ ਰਿਹਾ ਸੁਤੜਾ, ਨਿਜ ਨੇਤਰ ਲੋਚਣ ਅੱਖ ਨਾ ਕਿਸੇ ਖੁਲ੍ਹਾਈਆ । ਨਾਤਾ ਤੁਟੇ ਨਾ ਕਿਸੇ ਗਰਭਵਾਸ ਉਲਟੇ ਰੁਖੜਾ, ਚੁਰਾਸੀ ਫਾਸੀ ਨਾ ਕੋਇ ਕਟਾਈਆ । ਚਾਰੇ ਖਾਣੀ ਸਹਿਣਾ ਪਏ ਦੁਖੜਾ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਜੀਵ ਜਹਾਨ ਜਗਤ ਰੁਠੜਾ, ਅਗੇ ਹੋ ਨਾ ਕੋਇ ਮਨਾਈਆ । ਸਤਿਜੁਗ ਸਾਚੇ, ਤੇਰੀ ਸਤਿ ਧਰਮ ਦੀ ਮੌਲੇ ਰੁਤੜਾ, ਰੁਤੜੀ ਆਪਣੇ ਰੰਗ ਰੰਗਾਈਆ । ਕਲਜੁਗ ਕੂੜਾ ਰਹੇ ਨਾ ਮਾਤ ਵਿਚ ਸੁਥਰਾ, ਡੰਡੇ ਕੂੜ ਨਾ ਕੋਇ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਉਜਲ ਕਰੇ ਮੁਖੜਾ, ਮੁੱਖੀਆਂ ਦੇ ਮੁੱਖੀਏ ਗੁਰਮੁਖ ਸਾਚੇ ਲਏ ਬਣਾਈਆ ।

## ✪ ੧੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਜੋਗਿੰਦਰ ਸਿੰਘ ਦੇ ਗ੍ਰਿਹਿ ਪਿੰਡ ਫ਼ਤਿਹ ਗੜ੍ਹ ਜ਼ਿਲਾ ਬਠਿੰਡਾ ✪

ਸਤਿਜੁਗ ਸਾਚੇ, ਤੇਰਾ ਸਾਚਾ ਹੋਵੇ ਰੂਪ, ਪਾਰਬ੍ਰਹਮ ਪਤਿਪਰਮੇਸ਼ਵਰ ਦੇਵਣਹਾਰ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਦੋ ਜਹਾਨਾਂ ਦਿਸੇ ਇਕੋ ਭੂਪ, ਰਾਜਨ ਰਾਜ ਸ਼ਾਹ ਸੁਲਤਾਨ ਨਿਰਗੁਣ ਨਿਰਵੈਰ ਨਜ਼ਰੀ ਆਈਆ । ਸਤਿ ਧਰਮ ਡੰਕਾ ਵਜੇ ਦਹਿ ਦਿਸ਼ਾ ਚਾਰੇ ਕੂਟ, ਚਾਰ ਵਰਨ ਅਠਾਰਾਂ ਬਰਨ ਇਕੋ ਏਕ ਮਿਲੇ ਸਰਨਾਈਆ । ਲੋਕਮਾਤ ਨਾਤਾ ਰਹੇ ਨਾ ਜੂਠ ਝੂਠ, ਸਚ ਸੁਚ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੇਵੇ ਆਪ ਜਣਾਈਆ । ਧਰਨੀ ਧਰਤ ਧਵਲ ਉਪਰ ਸੁਹੰਜਣੀ ਹੋਵੇ ਰੁੱਤ, ਕਰੇ ਖੇਲ ਅਬਿਨਾਸ਼ੀ ਅਚੁਤ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਰੰਗ ਰੰਗਾਈਆ । ਮਨ ਹੰਕਾਰੀ ਜਗਤ ਵਿਕਾਰੀ ਕਰੇ ਕੋਈ ਨਾ ਲੁੱਟ, ਬੁਧ ਬਿਬੇਕ ਏਕਾ ਏਕ ਏਕੰਕਾਰ ਦਏ ਕਰਾਈਆ । ਕਰ ਪਰਕਾਸ਼ ਅੰਧ ਅੰਧੇਰ ਮਿਟਾਏ ਨਿਰਮਲ ਜੋਤ, ਬਿਨ ਵਰਨ ਗੋਤ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਏਕਾ ਰੰਗ ਦਏ ਰੰਗਾਈਆ । ਮਨ ਬੁਧ ਲੇਖਾ ਮੁੱਕੇ ਸਮਝ ਸੋਚ, ਸਤਿਗੁਰ ਸ਼ਬਦ ਅਨੁਭਵ ਪੜਦਾ ਦਏ ਖੁਲ੍ਹਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਕੁੰਟ ਦਹਿ ਦਿਸ਼ਾ ਮਿਲ ਕੇ ਮਾਨਣ ਮੌਜ, ਭਗਤ ਸੁਹੇਲਾ ਇਕ ਇਕੇਲਾ ਮਜਲਸ ਸੱਚੀ ਆਪਣੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੀ ਧਾਰ ਬੰਧਾਈਆ । ਸਤਿਜੁਗ ਸਾਚੇ, ਤੇਰਾ ਵਕ਼ਤ ਹੋਏ ਸੁਹੰਜਣਾ, ਰੁਤ ਰੁਤੜੀ ਪੁਰਖ ਅਕਾਲ ਆਪ ਮਹਿਕਾਈਆ । ਨਾਥ ਅਨਾਥਾਂ ਦਇਆ ਕਰੇ ਦੀਨ ਦਰਦ ਦੁੱਖ ਭੰਜਨਾ, ਜਗਤ ਸਾਗਰ ਕੂੜੀ ਕਿਰਿਆ ਵਿਚੋਂ ਬਾਹਰ ਕਢਾਈਆ । ਸਤਿ ਸਚ ਸਰੋਵਰ ਕਰਾਏ ਇਕੋ ਮਜਨਾ, ਦੁਰਮਤ ਮੈਲ ਅੰਦਰ ਬਾਹਰ ਗੁਪਤ ਜਾਹਰ ਬਾਹਰ ਕਢਾਈਆ । ਨਾਮ ਨਿਧਾਨ ਨਿਜ ਨੇਤਰ ਪਾਏ ਧੁਰ ਦਾ ਅੰਜਨਾ, ਇਕੋ ਲੋਚਣ ਨੈਣ ਅੱਖ ਹੋਵੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਠਾਕਰ ਸਵਾਮੀ ਆਤਮ ਪਰਮਾਤਮ ਬਣੇ ਸਾਚਾ ਸੱਜਣਾ, ਮੀਤ ਮੁਰਾਰ ਏਕੰਕਾਰ ਪਰਵਰਦਿਗਾਰ ਸਾਂਝਾ ਯਾਰ ਨਜ਼ਰੀ ਆਈਆ । ਸਚ ਦਵਾਰ ਬਿਨ ਮੰਜ਼ਲ ਪੌੜੇ ਜਨ ਭਗਤਾਂ ਲੰਘਣਾ, ਘਟ ਨਿਵਾਸੀ ਪੁਰਖ ਅਬਿਨਾਸ਼ੀ ਮਿਲ ਕੇ ਖ਼ੁਸ਼ੀ ਮਨਾਈਆ । ਨਿਰਗੁਣ ਨੂਰ ਜੋਤ ਪਰਕਾਸ਼ ਕਰੇ ਅਗੰਮੀ ਚੰਦਨਾ, ਸੂਰਜ ਚੰਦ ਦੀ ਲੋੜ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਸਚ ਦਵਾਰੇ ਦੱਸੇ ਇਕੋ ਬੰਦਨਾ, ਬੰਦਗੀ ਨਾਲ ਬੰਧਨ ਸਾਰੇ ਦਏ ਤੁੜਾਈਆ । ਨਿਜ ਘਰ ਸਵਾਮੀ ਦੇਵੇ ਆਪਣਾ ਪਰਮਾਨੰਦਨਾ, ਪਰਮ ਪੁਰਖ ਪਾਰਬ੍ਰਹਮ ਬ੍ਰਹਮ ਪੜਦਾ ਆਪ ਉਠਾਈਆ । ਨਾਮ ਖ਼ੁਮਾਰੀ ਸਚ ਪ੍ਰੀਤੀ ਤਨ ਮਾਟੀ ਤਤ ਵਜੂਦ ਚਾੜ੍ਹੇ ਰੰਗਣਾ, ਕਾਇਆ ਕਲਬੂਤ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਸਤਿ ਧਰਮ ਇਕ ਪਰਗਟਾਈਆ । ਸਤਿਜੁਗ ਸਾਚੇ ਪੁਰਖ ਅਕਾਲ ਦੀਨ ਦਿਆਲ ਸਾਚੇ ਨਾਮ ਦਾ ਦੇਵੇ ਰਸ, ਰਸਤਾ ਰਹਿਬਰ ਹੋ ਕੇ ਇਕੋ ਦਏ ਜਣਾਈਆ । ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਪੰਧ ਮੁਕਾਵੇ ਨੱਸ ਨੱਸ, ਨਿਰਗੁਣ ਸਰਗੁਣ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖ ਵਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਬੋਧ ਅਗਾਧ ਆਪਣਾ ਨਾਮ ਦੱਸ, ਚਾਰ ਕੁੰਟ ਦਹਿ ਦਿਸ਼ਾ ਇਕੋ ਕਰੇ ਪੜ੍ਹਾਈਆ । ਜੁਗ ਚੌਕੜੀ ਸਭ ਦਾ ਦੇਵਣਹਾਰਾ ਹੱਕ, ਹੱਕ ਹਕ਼ੀਕਤ ਲਾਸ਼ਰੀਕ ਫੋਲੇ ਥਾਉਂ ਥਾਈਂਆ । ਕਲਜੁਗ ਕੂੜੀ ਕਿਰਿਆ ਲੋਕਮਾਤ ਵਿਚੋਂ ਜਾਏ ਨੱਠ, ਧਰਨੀ ਧਰਤ ਧਵਲ ਉਪਰ ਰਹਿਣ ਕੋਇ ਨਾ ਪਾਈਆ । ਸਤਿ ਧਰਮ ਸਚ ਦਵਾਰ ਖੁਲ੍ਹੇ ਧੁਰ ਦਾ

ਹੱਟ, ਬਣ ਹਟਵਾਣਾ ਸ੍ਰੀ ਭਗਵਾਨਾ ਇਕੋ ਨਾਮ ਦਏ ਵਰਤਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਸੰਤ ਸੁਹੇਲੇ ਗੁਰਮੁਖ ਜਨ ਭਗਤ ਹਰਿ ਕਾ ਨਾਮ ਲੈਣ ਰਟ, ਹਰ ਹਿਰਦੇ ਅੰਦਰ ਹਰਿਜੂ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸੱਚੇ ਤੇਰਾ ਸਚ ਦਵਾਰਾ ਇਕੋ ਇਕ ਵਖਾਈਆ । ਸਤਿਜੁਗ ਸਾਚੇ ਤੇਰਾ ਦਵਾਰ ਉਪਜੇ ਸਤਿ, ਸਤਿ ਸਤਿਵਾਦੀ ਆਪ ਖੁਲ੍ਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਅੰਦਰ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਪਾਰਬ੍ਰਹਮ ਇਕੋ ਦਏ ਦਰਸਾਈਆ । ਨਾੜ ਬਹੱਤਰ ਉਬਲੇ ਨਾ ਕਿਸੇ ਰਤ, ਮਨਮਤ ਚਲੇ ਨਾ ਕੋਇ ਚਤੁਰਾਈਆ । ਸਾਚਾ ਦੇਵੇ ਸੰਤੋਖ ਧੀਰਜ ਜਤ, ਯਥਾਰਥ ਪਰਮਾਰਥ ਆਪਣਾ ਦਏ ਸਮਝਾਈਆ । ਜਨ ਭਗਤਾਂ ਸਾਚੇ ਸੰਤਾਂ ਪੂਰੀ ਕਰੇ ਆਸ, ਆਸਾ ਵਿਚ ਨਿਰਾਸਾ ਰਹਿਣ ਕੋਇ ਨਾ ਪਾਈਆ । ਨਿਰਗੁਣ ਨੂਰ ਜੋਤੀ ਜੋਤ ਕਰ ਪਰਕਾਸ਼, ਅੰਧ ਅੰਧੇਰਾ ਸੰਝ ਸਵੇਰਾ ਦਏ ਚੁਕਾਈਆ । ਸਚ ਦਵਾਰ ਅਗੰਮ ਅਥਾਹ ਬੇਪਰਵਾਹ ਦੱਸ ਕੇ ਆਪਣਾ ਘਾਟ, ਜਗਤ ਵਾਟ ਲਹਿਣਾ ਦੇਣਾ ਦੇਵੇ ਪੰਧ ਮੁਕਾਈਆ । ਕਲਜੁਗ ਕੂੜੀ ਕਿਰਿਆ ਲੇਖਾ ਰਹੇ ਨਾ ਨਟੂਆ ਨਾਟ, ਪੰਚ ਵਿਕਾਰਾ ਮਨ ਹੰਕਾਰਾ ਦੇਵੇ ਗੜ੍ਹ ਤੁੜਾਈਆ । ਸਤਿ ਸਚ ਸੁਚ ਵਰਤੇ ਕਾਇਆ ਮਾਟੀ ਕਾਚ, ਕੰਚਨ ਗੜ੍ਹ ਬੰਕ ਦਵਾਰਾ ਧੁਰ ਦਾ ਦਏ ਸੁਹਾਈਆ । ਹਰਿ ਕਾ ਸ਼ਬਦ ਗੁਰ ਕੀ ਧਾਰ ਸਾਰੇ ਲੈਣ ਵਾਚ, ਵਾਚਕ ਵਿਦਿਆ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਸਤਿ ਧਰਮ ਤੇਰਾ ਹੋਵੇ ਦਾਸ, ਦਾਸਨ ਦਾਸੀ ਹੋ ਕੇ ਸੇਵ ਕਮਾਈਆ । ਸਤਿਜੁਗ ਸਾਚੇ ਤੇਰਾ ਅੰਤਰ ਅੰਤਰ ਪੂਰਾ ਹੋਵੇ ਕੌਲ, ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਜੁਗ ਦੇ ਦੇਣ ਗਵਾਹੀਆ । ਸਚ ਸੁਚ ਪਰਗਟ ਹੋਵੇ ਪ੍ਰਸਿੱਧ ਉਪਰ ਧਰਨੀ ਧਰਤ ਧੌਲ, ਧਰਮ ਦਵਾਰ ਏਕੰਕਾਰ ਇਕੋ ਦਏ ਵਖਾਈਆ । ਨਿਰਗੁਣ ਧਾਰ ਆਤਮ ਪਰਮਾਤਮ ਘਟ ਨਿਵਾਸੀ ਪੁਰਖ ਅਬਿਨਾਸ਼ੀ ਲੱਖ ਚੁਰਾਸੀ ਜਾਏ ਮੌਲ, ਮੌਲਾ ਹੋ ਕੇ ਆਪਣੀ ਕਾਰ ਕਮਾਈਆ । ਰਹਿਣ ਨਾ ਦੇਵੇ ਅੰਦਰ ਬਾਹਰ ਗੁਪਤ ਜਾਹਰ ਕੋਈ ਪੜਦਾ ਉਹਲ, ਸਚ ਦਵਾਰਾ ਇਕੋ ਇਕ ਦਏ ਸੁਹਾਈਆ । ਜਿਸ ਦਾ ਲੇਖਾ ਸਮਝ ਨਾ ਸਕੇ ਕੋਈ ਮੁੱਲਾ ਸ਼ੇਖ਼ ਮੁਸਾਇਕ ਪੰਡਤ ਰੌਲ, ਥਿਤਾਂ ਵਾਰਾਂ ਵਿਚ ਵੰਡ ਨਾ ਕੋਇ ਵੰਡਾਈਆ । ਸੋ ਸਵਾਮੀ ਅੰਤਰਜਾਮੀ ਸਚ ਨਾਮ ਵਜਾਏ ਅਗੰਮਾ ਇਕ ਢੋਲ, ਸਾਚਾ ਡੰਕਾ ਰਾਓ ਰੰਕਾਂ ਦੀਨ ਦੁਨੀ ਜਗਤ ਦਏ ਸੁਣਾਈਆ । ਜਨ ਭਗਤ ਸੁਹੇਲੇ ਕਰ ਕਰ ਮੇਲੇ ਪਰਮਾਤਮ ਹੋ ਕੇ ਆਤਮ ਵਸੇ ਕੋਲ, ਅੰਤਰ ਅੰਤਰ ਬਜਰ ਕਪਾਟੀ ਪੜਦਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਦੇਵੇ ਵਡਿਆਈ ਉਪਰ ਧੌਲ, ਤਨ ਮਾਟੀ ਖ਼ਾਕੀ ਲੇਖਾ ਅੰਤ ਰਹਿਣ ਕੋਇ ਨਾ ਪਾਈਆ ।

### ✪ ੧੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਹਜ਼ੂਰਾ ਸਿੰਘ ਦੇ ਗ੍ਰਿਹ ਪਿੰਡ ਗੋਰਾਇਆ ਜ਼ਿਲਾ ਜਲੰਧਰ ✪

ਸਤਿਜੁਗ ਸਾਚੇ, ਤੇਰਾ ਦਵਾਰਾ ਹੋਏ ਰਮਨੀਕ, ਰਾਮ ਰਮਿਆ ਹਰ ਘਟ ਨਜ਼ਰੀ ਆਈਆ । ਗੁਰਮੁਖ ਗੁਰਮੁਖ ਗੁਰਸਿਖ ਗੁਰਸਿਖ ਬਣੇ ਨਾ ਕੋਇ ਸ਼ਰੀਕ, ਭਗਤ ਸੰਤ ਸ਼ਰਕਤ ਵਿਚ ਕਦੇ ਨਾ ਆਈਆ । ਸਾਚੇ ਨਾਮ ਦੀ ਪਰਗਟ ਹੋਵੇ ਇਕ ਤੌਫ਼ੀਕ, ਤੋਹਫ਼ਾ ਗੁਣ ਨਿਧਾਨ ਦੇਵੇ

ਥਾਉਂ ਥਾਈਆ । ਸਤਿ ਧਰਮ ਦੀ ਪੂਰੀ ਹੋਵੇ ਆਸ ਉਮੀਦ, ਤ੍ਰਿਸ਼ਨਾ ਜੁਗ ਜਨਮ ਦੀ ਪੂਰ ਕਰਾਈਆ । ਸਾਚੀ ਸਿਖਿਆ ਚਾਰ ਵਰਨ ਅਠਾਰਾਂ ਬਰਨ ਦੇਵੇ ਇਕ ਨਸੀਹਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਪੜਦਾ ਲਾਹ ਕੇ ਦੱਸੇ ਹੱਕ ਅਸਲੀਅਤ, ਪਾਰਬ੍ਰਹਮ ਬ੍ਰਹਮ ਮੇਲਾ ਦਏ ਮਿਲਾਈਆ । ਨਾਮ ਖ਼ੁਮਾਰੀ ਅੰਦਰ ਖ਼ੁਸ਼ੀ ਰਖੇ ਸਦਾ ਤਬੀਅਤ, ਮਨ ਚੰਚਲ ਚਲੇ ਨਾ ਕੋਇ ਚਤੁਰਾਈਆ । ਸਚ ਚਰਨ ਕਵਲ ਦੀ ਦੱਸੇ ਇਕ ਅਹਿਮੀਅਤ, ਹਾਜ਼ਰ ਹਜ਼ੂਰ ਬੇਨਜ਼ੀਰ ਆਪਣਾ ਦਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਸਤਿਜੁਗ ਤੇਰਾ ਸਤਿ ਧਰਮ ਦਏ ਪਰਗਟਾਈਆ । ਸਤਿਜੁਗ ਸਾਚੇ, ਸਾਚੇ ਨਾਮ ਦੀ ਹੋਵੇ ਇਕ ਤਾਰੀਫ਼, ਇਸ਼ਟੀ ਦ੍ਰਿਸ਼ਟੀ ਕਾਇਨਾਤ ਇਕੋ ਢੋਲਾ ਗਾਈਆ । ਦੀਨਾਂ ਮਜ਼੍ਹਬਾਂ ਜਾਤਾਂ ਪਾਤਾਂ ਊਚਾਂ ਨੀਚਾਂ ਰਾਓ ਰੰਕਾਂ ਦੇਵੇ ਹੱਕ ਤਰਤੀਬ, ਤਰ੍ਹਾਂ ਤਰ੍ਹਾਂ ਦੀਨ ਦੁਨੀ ਲਏ ਸਮਝਾਈਆ । ਦੂਰ ਦੁਰਾਡਾ ਸ਼ਾਹ ਸੁਲਤਾਨਾ ਸ੍ਰੀ ਭਗਵਾਨਾ ਦਿਸੇ ਨਜ਼ਦੀਕ, ਨੇਰਨ ਨੇਰਾ ਹੋ ਕੇ ਆਪਣਾ ਪੜਦਾ ਦਏ ਚੁਕਾਈਆ । ਸਾਚੇ ਹੁਕਮ ਦੀ ਕਰੇ ਇਕ ਤਮਹੀਦ, ਤਮਅ ਤ੍ਰਿਸ਼ਨਾ ਕੂੜੀ ਕਿਰਿਆ ਦਏ ਗਵਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਕਰ ਕੇ ਗਏ ਤਾਕੀਦ, ਰਾਗਾਂ ਨਾਦਾਂ ਵੇਦਾਂ ਢੋਲਿਆਂ ਵਿਚ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਤੇਰਾ ਮਾਰਗ ਦਏ ਉਪਜਾਈਆ । ਸਤਿਜੁਗ ਸਾਚੇ, ਸਾਚਾ ਨਾਮ ਉਪਜੇ ਇਕ ਨਿਰੰਕਾਰ, ਨਿਰਵੈਰ ਹੋ ਕੇ ਸਭ ਨੂੰ ਦਏ ਜਣਾਈਆ । ਆਤਮ ਪਰਮਾਤਮ ਹੋਵੇ ਸਚ ਪਿਆਰ, ਪ੍ਰੇਮ ਪ੍ਰੀਤੀ ਕਾਇਆ ਮੰਦਰ ਅੰਦਰ ਦਏ ਵਖਾਈਆ । ਜਗਤ ਵਾਸਨਾ ਮੇਟ ਕੂੜ ਕੁੜਿਆਰ, ਸਚ ਸੁਚ ਨਾਤਾ ਦਏ ਜੁੜਾਈਆ । ਘਰ ਠਾਕਰ ਸਵਾਮੀ ਕਰਤਾ ਮਿਲੇ ਆਣ, ਕੁਦਰਤ ਦਾ ਮਾਲਕ ਬੇਪਰਵਾਹੀਆ । ਤੂੰ ਮੇਰਾ ਮੈਂ ਤੇਰਾ ਸਚਖੰਡ ਨਿਵਾਸੀ ਸੁਣਾਏ ਇਕ ਫ਼ਰਮਾਨ, ਫੁਰਨਿਆਂ ਤੋਂ ਬਾਹਰ ਆਪਣਾ ਮੰਤਰ ਦਏ ਜਣਾਈਆ । ਜਿਸ ਨਾਲ ਚਾਰ ਵਰਨ ਅਠਾਰਾਂ ਬਰਨ ਹੋਵੇ ਕਲਿਆਣ, ਕਲਮਾ ਕਾਇਨਾਤ ਇਕੋ ਇਕ ਸਿਖਾਈਆ । ਆਤਮ ਬ੍ਰਹਮ ਪਾਰਬ੍ਰਹਮ ਕਰੇ ਆਪ ਪਹਿਚਾਨ, ਬੇਪਹਿਚਾਨ ਰਹਿਣ ਕੋਇ ਨਾ ਪਾਈਆ । ਸਾਚੀ ਕਰਨੀ ਧੁਰ ਦੀ ਧੂੜ ਦੇ ਇਸ਼ਨਾਨ, ਆਸ਼ਾ ਮਨਸ਼ਾ ਆਪਣੇ ਨਾਲ ਪਰਨਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਦੇ ਕੇ ਗਏ ਬਿਆਨ, ਵਸੀਅਤ ਵਿਚ ਲੇਖਾ ਲੋਕਮਾਤ ਲਿਖਾਈਆ । ਸੋ ਕਰਨੀ ਦਾ ਕਰਤਾ ਖੇਲ ਕਰੇ ਸ੍ਰੀ ਭਗਵਾਨ, ਜਨ ਭਗਤ ਸੁਹੇਲੇ ਆਪ ਉਠਾਈਆ । ਦਇਆਵਾਨ ਦਾਤਾਰ ਹੋ ਕੇ ਦੇਵੇ ਦਾਨ, ਵਸਤ ਅਮੋਲਕ ਅਗੰਮੀ ਘਰ ਘਰ ਝੋਲੀ ਪਾਈਆ । ਸਤਿਜੁਗ ਸਾਚੇ, ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਹੋਵੇ ਆਪ ਮਿਹਰਵਾਨ, ਮੁਹੱਬਤ ਦਾ ਮਾਲਕ ਮਹਿਬੂਬ ਆਪਣੀ ਦਇਆ ਕਮਾਈਆ । ਸਾਚੇ ਮਾਰਗ ਚਲਣਾ ਹੋਵੇ ਆਸਾਨ, ਅਸਲ ਦਾ ਅਸੂਲ ਦਏ ਸਮਝਾਈਆ । ਮਨੂਆ ਝਗੜਾ ਨਾ ਰਹੇ ਸ਼ੈਤਾਨ, ਸ਼ਰਅ ਵਿਚ ਨਾ ਕੋਇ ਲੜਾਈਆ । ਮੂਰਖ ਬੁਧੀ ਨਾ ਰਹੇ ਅੰਜਾਣ, ਸੁਘੜ ਸੁਚੱਜੇ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਕੇ ਧੁਰ ਦਾ ਦਾਨ, ਦੀਨ ਦੁਨੀ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਤੇਰਾ ਰਸਤਾ ਦਏ ਸਮਝਾਈਆ । ਸਤਿਜੁਗ ਸਾਚੇ, ਸਾਚਾ ਨਾਮ ਹੋਵੇ ਪਰਗਟ, ਪਰਕਿਰਤੀ ਸਭ ਦੀ ਵੇਖ ਵਖਾਈਆ । ਡੰਕਾ ਵਜਾਵੇ ਲੱਖ ਚੁਰਾਸੀ ਜੀਵ ਜੰਤ ਹਰ ਘਟ, ਸੋਈ ਸੁਰਤੀ ਰਹਿਣ ਕੋਇ ਨਾ ਪਾਈਆ । ਦੂਈ

੧੧੦੩
੧੯

ਦਵੈਤੀ ਸ਼ਰਅ ਸ਼ਰਾਇਤੀ ਜਗਤ ਵਾਸਨਾ ਮੇਟੇ ਫੱਟ, ਪਾਟਾ ਚੀਥੜ ਤਨ ਕੱਪੜ ਦਏ ਬਦਲਾਈਆ । ਨਾਮ ਨਿਧਾਨ ਸ੍ਰੀ ਭਗਵਾਨ ਸ਼ਬਦ ਅਗੰਮੀ ਮਾਰੇ ਸੱਟ, ਜਗਤ ਸਿੱਟੇ ਦਾ ਲੇਖਾ ਦਏ ਮੁਕਾਈਆ । ਕਰ ਪਰਕਾਸ਼ ਤਤ ਅੱਠ, ਅੰਧ ਅੰਧੇਰ ਸੰਝ ਸਵੇਰ ਇਕੋ ਰੰਗ ਰੰਗਾਈਆ । ਕਿਰਪਾ ਕਰ ਪੁਰਖ ਸਮਰਥ, ਸਮੇਂ ਵਿਚੋਂ ਸਮਾਂ ਦਏ ਬਦਲਾਈਆ । ਜਨ ਭਗਤਾਂ ਦੇ ਆਪਣੀ ਅੱਖ, ਅੱਖਰਾਂ ਤੋਂ ਪਰੇ ਆਪਣਾ ਸੱਥਰ ਦਏ ਵਖਾਈਆ । ਜਿਸ ਗ੍ਰਿਹਿ ਸਵਾਮੀ ਸੱਜਣ ਮੀਤ ਮੁਰਾਰਾ ਰਿਹਾ ਵਸ, ਸੁਹੇਲਾ ਸਾਹਿਬ ਸੋਭਾ ਪਾਈਆ । ਸੋ ਗ੍ਰਿਹਿ ਮੰਦਰ ਦੇਵੇ ਦੱਸ, ਦਹਿ ਦਿਸ਼ਾ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰਾ ਮਾਰਗ ਲੋਕਮਾਤ ਲਾਵੇ ਵਤ, ਵਤਨ ਤੇਰਾ ਧਰਨੀ ਧਰਤ ਧਵਲ ਦਏ ਵਖਾਈਆ ।

### ੧੦ ਸਾਵਣ ਸ਼ਹਿਨਸ਼ਾਹੀ ਸੰਮਤ ੨ ਲਾਲ ਸਿੰਘ ਦੇ ਗ੍ਰਿਹਿ ਪਿੰਡ ਡੱਲੇਵਾਲ ਜ਼ਿਲਾ ਜਲੰਧਰ

ਸਤਿਜੁਗ ਸਾਚੇ, ਪੁਰਖ ਅਕਾਲ ਦੇਵੇ ਦਲਾਸਾ, ਦੀਨ ਦਿਆਲ ਦਇਆਨਿਧ ਠਾਕਰ ਆਪਣੀ ਦਇਆ ਕਮਾਈਆ । ਅਬਿਨਾਸ਼ੀ ਕਰਤਾ ਪੁਰਖ ਅਕਾਲ ਵੇਖਣਹਾਰਾ ਆਦਿ ਜੁਗਾਦਿ ਤਮਾਸ਼ਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਖੋਜ ਖੁਜਾਈਆ । ਨਿਰਗੁਣ ਸਰਗੁਣ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸੁਰਤੀ ਸ਼ਬਦੀ ਪਾਵੇ ਰਾਸਾ, ਗੋਪੀ ਕਾਹਨ ਸ੍ਰੀ ਭਗਵਾਨ ਆਪਣੀ ਕਾਰ ਕਮਾਈਆ । ਸਾਚਾ ਨਾਮ ਗੁਣ ਨਿਧਾਨ ਲੋਕਮਾਤ ਖੋਲ੍ਹੇ ਖੁਲਾਸਾ, ਖ਼ਾਲਕ ਖ਼ਲਕ ਮਖ਼ਲੂਕ ਵਾਹਦ ਕਲਮਾ ਇਕੋ ਦਏ ਜਣਾਈਆ । ਨਿਰਗੁਣ ਨੂਰ ਜੋਤ ਹੋਵੇ ਪਰਕਾਸ਼ਾ, ਚਾਰ ਕੁੰਟ ਦਹਿ ਦਿਸ਼ਾ ਨਵ ਸੱਤ ਇਕੋ ਇਕ ਕਰੇ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਮੇਟੇ ਅੰਧੇਰੀ ਰਾਤਾ, ਸਤਿਜੁਗ ਸਾਚਾ ਸਚ ਚੰਦ ਕਰੇ ਰੁਸ਼ਨਾਈਆ । ਨਾਮ ਨਿਧਾਨ ਸ੍ਰੀ ਭਗਵਾਨ ਘਟ ਨਿਵਾਸੀ ਪੁਰਖ ਅਬਿਨਾਸ਼ੀ ਵਜਾਏ ਆਪਣਾ ਨਾਦਾ, ਧੁਨ ਅਗੰਮ ਸੁਨ ਸਮਾਧ ਵਿਚੋਂ ਪਾਰ ਲੰਘਾਈਆ । ਦੀਨ ਦੁਨੀ ਜਗਤ ਜਾਗਰਤ ਜੋਤ ਬਿਨ ਵਰਨ ਗੋਤ ਬਦਲ ਦੇਵੇ ਸਮਾਜਾ, ਮਾਰਗ ਰਾਹ ਪੰਧ ਸੂਰਾ ਸਰਬੰਗ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਸਿਰ ਰਖੇ ਦੇ ਕਰ ਹਾਥਾ, ਸਮਰਥ ਸਵਾਮੀ ਅੰਤਰਜਾਮੀ ਮਿਹਰਵਾਨ ਮਹਿਬੂਬ ਮਿਹਰ ਨਜ਼ਰ ਉਠਾਈਆ । ਸਤਿਜੁਗ ਸਾਚੇ, ਸਾਚੇ ਨਾਮ ਦਾ ਚਲੇ ਇਕ ਰਿਵਾਜ, ਰਵਾਦਾਰ ਰਹਿਣ ਕੋਇ ਨਾ ਪਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਹਰ ਘਟ ਸੁਣਾਏ ਅਗੰਮੀ ਆਵਾਜ਼, ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕਹਿਣ ਕੋਇ ਨਾ ਪਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਕਾਇਆ ਕਾਅਬੇ ਖੋਲ੍ਹੇ ਆਪ ਰਾਜ਼, ਰਾਜਕ ਰਿਜ਼ਕ ਰਹੀਮ ਬੇਇਲਮ ਆਲਮ ਦਏ ਬਣਾਈਆ । ਸਚ ਦਵਾਰੇ ਸਾਚਾ ਕਲਮਾ ਹੱਕ ਹਕੀਕੀ ਦੱਸੇ ਇਕ ਨਮਾਜ਼, ਨਿਵਾਜ਼ਸ਼ ਵਿਚ ਵੇਖੇ ਜਗਤ ਲੋਕਾਈਆ । ਸਤਿ ਸਤਿਵਾਦੀ ਸ਼ਬਦ ਅਨਾਦੀ ਨਾਮ ਨਿਧਾਨਾ ਦੇਵੇ ਧੁਰ ਦੀ ਦਾਦ, ਦੌਲਤ ਮਾਲ ਖ਼ਜ਼ੀਨਾ ਇਕੋ ਇਕ ਵਖਾਈਆ । ਜਨ ਭਗਤਾਂ ਨਿਜ ਨੇਤਰ ਸਾਚੇ ਲੋਚਨ ਖੋਲ੍ਹੇ ਜਾਗ, ਆਲਸ ਨਿੰਦਰਾ ਕੂੜੀ ਕਿਰਿਆ ਰਹਿਣ ਕੋਇ ਨਾ ਪਾਈਆ । ਹੰਸ ਬਣਾਏ ਮੂਰਖ ਮੁਗਧ ਅੰਵਾਣੇ ਕਾਗ, ਸੋਹੰ ਹੰਸਾ ਮਾਣਕ ਮੋਤੀ ਚੋਗ ਇਕੋ ਨਾਮ ਚੁਗਾਈਆ ।

ਕਲਜੁਗ ਕੂੜੀ ਕਿਰਿਆ ਮਨ ਵਾਸਨਾ ਕਰ ਬਰਬਾਦ, ਧਰਤ ਧਵਲ ਧੌਲ ਵਿਚੋਂ ਬਾਹਰ ਕਢਾਈਆ । ਸਤਿਜੁਗ ਤੇਰਾ ਸਾਚਾ ਖੇੜਾ ਕਰ ਆਬਾਦ, ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਮੁਖ ਗੁਰ ਗੁਰ ਆਪਣੇ ਰੰਗ ਰੰਗਾਈਆ । ਰੂਹ ਬੁਤ ਤਨ ਮਾਟੀ ਖ਼ਾਕੀ ਵਜੂਦ ਪਵਿਤ ਕਰ ਪਾਕ, ਪਤਿਤ ਪੁਨੀਤ ਦਏ ਕਰਾਈਆ । ਦੋ ਜਹਾਨ ਸ੍ਰੀ ਭਗਵਾਨ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਕਰੇ ਇਨਸਾਫ਼, ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਦੇਵਤ ਸੁਰ ਗੁਰ ਅਵਤਾਰ ਪੈਗ਼ੰਬਰ ਸਿਰ ਸਕੇ ਨਾ ਕੋਇ ਉਠਾਈਆ । ਸਾਚੇ ਸੰਤਾਂ ਸਰਨ ਸਰਨਾਈ ਜਨਮ ਕਰਮ ਦਾ ਲਹਿਣਾ ਦੇਣਾ ਕਰੇ ਮੁਆਫ਼, ਮੁਸ਼ਕਲ ਵਿਚੋਂ ਮੁਸ਼ਕਲ ਹੱਲ ਦਏ ਕਰਾਈਆ । ਸਤਿ ਧਰਮ ਦਾ ਹੋਵੇ ਮਾਤ ਪਰਤਾਪ, ਪ੍ਰਤੀਨਿਧ ਪਰਮਾਤਮਾ ਇਕੋ ਸਭ ਨੂੰ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੀਨ ਦੁਨੀ ਦਾ ਸਾਂਝਾ ਹੋਵੇ ਜਾਪ, ਜਗਜੀਵਣ ਦਾਤਾ ਦੇਵੇ ਮਾਣ ਵਡਿਆਈਆ । ਕੂੜ ਕੁੜਿਆਰ ਰੈਣ ਅੰਧ ਅੰਧੇਰ ਰਹੇ ਨਾ ਰਾਤ, ਰੁਤੜੀ ਰੁਤ ਅਬਿਨਾਸ਼ੀ ਅਚੁਤ ਆਪਣੇ ਨਾਲ ਮਹਿਕਾਈਆ । ਸਤਿਜੁਗ ਸਾਚੀ ਸੁਹੰਜਣੀ ਹੋਏ ਪਰਭਾਤ, ਪ੍ਰਭੂ ਮਿਲ ਕੇ ਸਾਰੇ ਖ਼ੁਸ਼ੀ ਲੈਣ ਮਨਾਈਆ । ਝਗੜਾ ਰਹੇ ਨਾ ਭਰਮ ਭਰਾਂਤ, ਗੜ੍ਹ ਹੰਕਾਰੀ ਦਏ ਤੁੜਾਈਆ । ਜਨ ਭਗਤਾਂ ਪੜ੍ਹਨੀ ਪਏ ਨਾ ਕੋਇ ਕਿਤਾਬ, ਕੁਤਬਖ਼ਾਨਿਆਂ ਦਾ ਲੇਖਾ ਦਏ ਮੁਕਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਮੰਦਰ ਚੜ੍ਹ ਕੇ ਕਾਇਆ ਮਾਟੀ ਸਾਚੀ ਹਾਟੀ ਵਜਾਏ ਰਬਾਬ, ਸੁਰ ਤਾਲ ਬਾਹਰੋਂ ਸਮਝ ਕੋਇ ਨਾ ਪਾਈਆ । ਮੀਤ ਮੁਰਾਰਾ ਸੱਜਣ ਸੁਹੇਲਾ ਪੁਰਖ ਅਕਾਲਾ ਦੀਨ ਦਿਆਲਾ ਬਣੇ ਆਪ ਅਹਿਬਾਬ, ਅਹਿਮਕ ਰਹਿਣ ਕੋਇ ਨਾ ਪਾਈਆ । ਸਾਚਾ ਸਜਦਾ ਕਰਨਾ ਦੱਸੇ ਆਦਾਬ, ਨਮਸਤੇ ਨਮੋ ਨਮੋ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ

੧੧੦੫ ੧੯ ਤੇਰਾ ਸਾਚੇ ਨਾਮ ਦਾ ਦੇ ਸਵਾਦ, ਅਨਰਸ ਫੀਕੇ ਸਾਰੇ ਦਏ ਬਣਾਈਆ । ਸਤਿਜੁਗ ਸਾਚੇ, ਸਾਚੇ ਨਾਮ ਦਾ ਹੋਵੇ ਮੇਲਾ, ਮਿਲਣੀ ਹਰਿ ਜਗਦੀਸ਼ ਕਰਾਈਆ । ਇਕੋ ਰੰਗ ਰੰਗਿਆ ਜਾਏ ਗੁਰੂ ਚੇਲਾ, ਚੇਲਾ ਗੁਰੂ ਸਮਝ ਕੋਇ ਨਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਆਤਮ ਪਰਮਾਤਮ ਬਣ ਕੇ ਸੱਜਣ ਸੁਹੇਲਾ, ਧੁਰ ਦਾ ਸੰਗੀ ਆਪਣਾ ਸੰਗ ਨਿਭਾਈਆ । ਧਾਮ ਅਨਡਿਠੜਾ ਦੱਸ ਨਵੇਲਾ, ਸਚਖੰਡ ਦਵਾਰ ਏਕੰਕਾਰ ਇਕੋ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਸਤਿ ਸਤਿ ਇਕ ਦ੍ਰਿੜਾਈਆ । ਸਤਿਜੁਗ ਸਾਚੇ, ਸਾਚੇ ਨਾਮ ਦਾ ਹੋਵੇ ਇਕ ਉਪਦੇਸ਼, ਉਪਮਾ ਅਬਿਨਾਸ਼ੀ ਕਰਤੇ ਨਜ਼ਰੀ ਆਈਆ । ਹੁਕਮ ਦੇਵੇ ਨਰ ਨਰੇਸ਼, ਨਰਾਂ ਦਾ ਨਰਾਇਣ ਦਇਆ ਕਮਾਈਆ । ਦੋ ਜਹਾਨਾਂ ਸੁਣੇ ਇਕ ਸੰਦੇਸ਼, ਸੋਇਆ ਰਹਿਣ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਆਦੇਸ, ਨਿਉਂ ਨਿਉਂ ਸੀਸ ਝੁਕਾਈਆ । ਗੁਰ ਅਵਤਾਰ ਪੈਗ਼ੰਬਰ ਚਲੇ ਕੋਇ ਨਾ ਪੇਸ਼, ਪੇਸ਼ਵਾ ਅੱਖ ਨਾ ਕੋਇ ਉਠਾਈਆ । ਅੰਤਮ ਲਹਿਣਾ ਦੇਣਾ ਹੋਵੇ ਨਾਲ ਦਸਮੇਸ਼, ਗੋਬਿੰਦ ਮੇਲਾ ਸਹਿਜ ਸੁਭਾਈਆ । ਜਿਸ ਨੇ ਪੁਰਖ ਅਕਾਲ ਦੀ ਦੱਸੀ ਸਾਚੀ ਟੇਕ, ਟਿੱਕਾ ਮਸਤਕ ਧੂੜੀ ਇਕੋ ਖ਼ਾਕ ਰਮਾਈਆ । ਭਵਿਖਤਾਂ ਵਿਚ ਲਿਖ ਕੇ ਸਚ ਸੰਦੇਸ਼, ਸੁਨੇਹੜਾ ਜਗਤ ਗਿਆ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨਿਰਵੈਰ ਧਾਰੇ ਭੇਸ, ਭੇਖਾਧਾਰੀ ਆਪਣਾ ਵੇਸ ਵਟਾਈਆ । ਜਿਸ ਦਾ ਲਹਿਣਾ ਦੇਣਾ ਦੋ ਜਹਾਨ ਹੋਵੇ ਦੇਸ ਪਰਦੇਸ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਭੱਜੇ ਵਾਹੋ ਦਾਹੀਆ । ਨਾਮ ਸੁਨੇਹੜਾ ਦੇ ਕੇ ਏਕ, ਏਕੰਕਾਰ ਪੜਦਾ ਦਏ ਉਠਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਧੁਰ ਦਰਗਾਹੀ ਦੱਸ ਕੇ ਟੇਕ, ਟਕਿਆਂ ਵਾਲੇ ਗੁਰੂਆਂ ਤੋਂ

ਖਹਿੜਾ ਦਏ ਛੁਡਾਈਆ । ਨਜ਼ਰੀ ਆਏ ਨੇਤਨ ਨੇਤ, ਨਿਜ ਨੇਤਰ ਲੋਚਨ ਨੈਣ ਅੱਖ ਕਰੇ ਰੁਸ਼ਨਾਈਆ । ਵਡਿਆਈ ਚਲੇ ਨਾ ਕੋਇ ਸਹੰਸਰ ਮੁਖ ਸ਼ੇਸ਼, ਸਾਹ ਸਾਹ ਸੀਸ ਜਗਦੀਸ਼ ਝੁਕਾਈਆ । ਸਾਚੇ ਭਗਤਾਂ ਧੁਰ ਦਿਆਂ ਸੰਤਾਂ ਕਲਜੁਗ ਅੰਤ ਸ੍ਰੀ ਭਗਵੰਤ ਅੰਤਰ ਖੋਲ੍ਹ ਕੇ ਆਪਣਾ ਭੇਤ, ਭੇਵ ਅਭੇਦਾ ਦਏ ਖੁਲ੍ਹਾਈਆ । ਦੋ ਜਹਾਨਾਂ ਸ੍ਰੀ ਭਗਵਾਨਾ ਨਿਰਗੁਣ ਸਰਗੁਣ ਬਣ ਕੇ ਖੇਵਟ ਖੇਟ, ਸਚ ਮਲਾਹ ਬੇਪਰਵਾਹ ਇਕੋ ਏਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਤੇਰਾ ਮਾਲਕ ਹੋਵੇ ਇਕ ਨਰੇਸ਼, ਨਰ ਨਿਰੰਕਾਰ ਨਜ਼ਰੀ ਆਈਆ । ਸਤਿਜੁਗ ਸਾਚੇ ਸਾਚਾ ਨਾਮ ਹੋਵੇ ਬੁਲੰਦ, ਜਿਸ ਦੀ ਬੁਲੰਦੀ ਸਮਝ ਕੋਇ ਨਾ ਪਾਈਆ । ਪੁਰਖ ਅਕਾਲ ਆਤਮ ਪਰਮਾਤਮ ਦੱਸ ਕੇ ਆਪਣਾ ਛੰਦ, ਸੰਸੇ ਸਾਰੇ ਦਏ ਚੁਕਾਈਆ । ਕਲਜੁਗ ਕੂੜੀ ਕਿਰਿਆ ਭਰਮਾਂ ਢਾਹ ਕੇ ਕੰਧ, ਕਲਮਾ ਕਾਇਨਾਤ ਨਾਲ ਇਤਫ਼ਾਕ ਦੀਨ ਦੁਨੀ ਦਏ ਸਮਝਾਈਆ । ਲੇਖਾ ਜਾਣ ਕੇ ਸੂਰਿਆ ਚੰਦ, ਚੌਦਾਂ ਤਬਕ ਚੌਦਾਂ ਲੋਕ ਸਚ ਸਲੋਕ ਇਕੋ ਨਾਮ ਪੜ੍ਹਾਈਆ । ਜਗਤ ਨੇਤਰਹੀਣ ਰਹੇ ਕੋਇ ਨਾ ਅੰਧ, ਗਿਆਨ ਨੇਤਰ ਇਕੋ ਨੂਰ ਡਗਮਗਾਈਆ । ਜਨ ਭਗਤਾਂ ਸਾਚੇ ਸੰਤਾਂ ਮੰਜ਼ਲ ਮੁਕਾ ਕੇ ਪਿਛਲਾ ਪੰਧ, ਸਚ ਦਵਾਰੇ ਆਪ ਬਹਾਈਆ । ਜਿਥੇ ਮਨ ਵਾਸਨਾ ਬੁੱਧੀ ਝਗੜਾ ਰਹੇ ਕੋਈ ਨਾ ਜਗ, ਖੰਡਾ ਖੜਗ ਤਲਵਾਰ ਹੱਥ ਨਾ ਕੋਇ ਉਠਾਈਆ । ਨਿਜਾਨੰਦ ਵਿਚੋਂ ਬਖ਼ਸ਼ ਕੇ ਪਰਮਾਨੰਦ, ਸਚ ਪ੍ਰੀਤੀ ਪਰਮ ਪੁਰਖ ਆਤਮ ਪਮਾਤਮ ਇਕ ਸਮਝਾਈਆ । ਖ਼ੁਸ਼ੀ ਕਰਾ ਕੇ ਬੰਦਗੀ ਵਾਲਾ ਬੰਦ ਬੰਦ, ਬੰਧਨ ਸਾਰੇ ਦਏ ਤੁੜਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ, ਪਾਰਬ੍ਰਹਮ ਮੇਲਾ ਸਹਿਜ ਸੁਭਾਈਆ । ਜਨ ਭਗਤ ਸੁਹੇਲਾ ਸਤਿਗੁਰ ਸਾਚੇ ਘਰ ਪਏ ਜੰਮ, ਜਨਨੀ ਦੀ ਲੋੜ ਰਹੇ ਨਾ ਰਾਈਆ । ਕੂੜੀ ਤ੍ਰਿਸ਼ਨਾ ਰਹੇ ਨਾ ਤਮ, ਮਮਤਾ ਮੋਹ ਨਾ ਕੋਇ ਹਲਕਾਈਆ । ਹਰਖ਼ ਸੋਗ ਨਾ ਕੋਈ ਗ਼ਮ, ਚਿੰਤਾ ਰੋਗ ਨਾ ਕੋਇ ਸਤਾਈਆ । ਝਗੜਾ ਰਹੇ ਨਾ ਪਵਣ ਸਵਾਮੀ ਦਮ, ਸਾਹ ਸਾਹ ਨਾ ਕੋਇ ਵਡਿਆਈਆ । ਜਿਨ੍ਹਾਂ ਪੁਰਖ ਅਕਾਲ ਦੀਨ ਦਿਆਲ ਮਿਲਿਆ ਸ੍ਰੀ ਭਗਵਨ, ਭਾਗਾਂ ਦਾ ਲੇਖਾ ਦਏ ਮੁਕਾਈਆ । ਸਤਿਜੁਗ ਸਾਚੇ ਸਾਚਾ ਨਾਮ ਭੰਡਾਰਾ ਅਗੰਮੀ ਅਬਿਨਾਸ਼ੀ ਕਰਤਾ ਦੇਵੇ ਧਨ, ਧਨਾਢ ਤੈਨੂੰ ਦਏ ਬਣਾਈਆ । ਕਰ ਵਸੇਰਾ ਬਿਨ ਛੱਪਰ ਛੰਨ, ਲੋਕਮਾਤ ਸ਼ਬਦੀ ਸ਼ਬਦ ਜਨਮ ਦਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣ ਜੀਵ ਜਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਤਿਜੁਗ ਸਾਚੇ ਤੇਰੇ ਨਾਮ ਦੀ ਹੋਵੇ ਸਿਫ਼ਤ ਸਲਾਹ, ਸਫਾ ਕੂੜ ਮਲੇਛ ਉਠਾਈਆ । ਸਭ ਨੂੰ ਮੰਨਣਾ ਪਏ ਰਾਮ ਵਾਹਿਗੁਰੂ ਇਕ ਖ਼ੁਦਾ, ਗਾਡ ਕਹਿ ਕੇ ਸਾਰੇ ਸ਼ੁਕਰ ਮਨਾਈਆ । ਵਰਨ ਬਰਨ ਨਾ ਰਹੇ ਕੋਈ ਜੁਦਾ, ਜੁਜ਼ ਵੰਡ ਨਾ ਕੋਇ ਵੰਡਾਈਆ । ਸ੍ਰਿਸ਼ਟੀ ਦਾ ਮਾਰਗ ਕਰਕੇ ਸਿੱਧਾ, ਸਿਦਕ ਸਬੂਰੀ ਸਭ ਦੀ ਝੋਲੀ ਪਾਈਆ । ਆਪਣੇ ਮਿਲਣ ਦੀ ਦੱਸ ਕੇ ਅਗੰਮੀ ਬਿਧਾ, ਰਸਤਾ ਇਕੋ ਇਕ ਦਏ ਵਖਾਈਆ । ਸਤਿਜੁਗ ਸਾਚੇ ਪੁਰਖ ਅਕਾਲ ਦੀਨ ਦਿਆਲ ਬਣ ਕੇ ਪਿਤਾ, ਪਤਿਪਰਮੇਸ਼ਰ ਦੇਵੇ ਮਾਣ ਵਡਿਆਈਆ । ਸਾਚੇ ਭਗਤਾਂ ਕਰਨਾ ਹਿਤਾ, ਹਿਤਕਾਰੀ ਹੋ ਕੇ ਆਪ ਸਮਝਾਈਆ । ਗੁਰ ਅਵਤਾਰ ਪੈਗ਼ੰਬਰਾਂ ਜੋ ਭਵਿਖਤ ਲੇਖਾ ਲਿਖਾ, ਲਹਿਣਾ ਦੇਣਾ ਸਭ ਦਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਸ੍ਰੀ ਭਗਵੰਤ ਕਰਵਟ ਲੈ ਬਦਲ ਆਪਣੀ ਪਿੱਠਾ, ਸਤਿਜੁਗ ਸਾਚੇ ਸਨਮੁਖ ਹੋ ਕੇ ਸਮੇਂ ਨਾਲ ਸਮਾਂ ਦਏ ਬਦਲਾਈਆ ।

## ੧੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਗੁਰਦੇਵ ਸਿੰਘ ਦੇ ਗ੍ਰਿਹ ਨਵਾਂ ਪਿੰਡ ਜ਼ਿਲਾ ਜਲੰਧਰ

ਸਤਿਜੁਗ ਸਾਚੇ ਤੇਰੀ ਧਾਰ ਲੋਕਮਾਤ ਆਵੇ ਉਤਰ, ਉੱਤਰ ਪੂਰਬ ਪੱਛਮ ਦੱਖਣ ਵੱਜੇ ਨਾਮ ਵਧਾਈਆ । ਸ੍ਰਿਸ਼ਟ ਸਬਾਈ ਦੀਨ ਦੁਨੀ ਕਰੇ ਸ਼ੁਕਰ, ਖ਼ੁਸ਼ੀਆਂ ਵਿਚ ਗਹਿਰ ਗੰਭੀਰ ਢੋਲੇ ਗਾਈਆ । ਜਨ ਭਗਤ ਸੁਹੇਲੇ ਪ੍ਰਭ ਦੇ ਪ੍ਰਗਟ ਹੋਵਣ ਸਾਚੇ ਪੁੱਤਰ, ਪਤਿਪਰਮੇਸ਼ਵਰ ਦੇਵੇ ਆਪ ਮਾਣ ਵਡਿਆਈਆ । ਸੰਤ ਸੁਹੇਲਾ ਲੁਕਿਆ ਰਹੇ ਨਾ ਕੋਈ ਕਿਸੇ ਨੁੱਕਰ, ਚਾਰ ਕੁੰਟ ਦਹਿ ਦਿਸ਼ਾ ਫੇਲ ਫੁਲਾਈਆ । ਜੀਵ ਜੰਤ ਭੁੱਖਾ ਰਹੇ ਨਾ ਕੋਈ ਟੁੱਕਰ, ਆਸਾ ਤ੍ਰਿਸ਼ਨਾ ਮਨਸਾ ਸਭ ਦੀ ਪੂਰ ਕਰਾਈਆ । ਜਗਤ ਵਾਸਨਾ ਵਿਚ ਕੌਲ ਇਕਰਾਰ ਕੋਈ ਨਾ ਜਾਏ ਮੁੱਕਰ, ਹਰ ਹਿਰਦੇ ਪ੍ਰਭ ਆਪਣਾ ਨਾਮ ਰਖਾਈਆ । ਭਾਉ ਰਹੇ ਨਾ ਕੋਈ ਦੁਤੀਆ ਦੁੱਤਰ, ਏਕਾ ਰੰਗ ਰੰਗੇ ਸ੍ਰਿਸ਼ਟ ਸਬਾਈਆ । ਗੁਰਮੁਖਾਂ ਗੁਰਸਿਖਾਂ ਸਾਹਿਬ ਸਵਾਮੀ ਚੁੱਕੇ ਆਪਣੇ ਅਗੰਮੇ ਕੁੱਛੜ, ਧੁਰ ਦੀ ਗੋਦੀ ਆਪ ਟਿਕਾਈਆ । ਜਾਤ ਪਾਤ ਦੀਨ ਮਜ਼੍ਹਬ ਕੋਈ ਨਾ ਰਹੇ ਭਿੱਟੜ, ਆਤਮ ਬ੍ਰਹਮ ਪਾਰਬ੍ਰਹਮ ਪੜਦਾ ਦਏ ਉਠਾਈਆ । ਪ੍ਰਭ ਵਿਛੜ ਜਗਤ ਦੁਹਾਗਣ ਨਾਰ ਰਹੇ ਕੋਈ ਨਾ ਛੁੱਟੜ, ਕੰਤ ਮਿਲਾਵਾ ਘਰ ਸਵਾਮੀ ਹੋਵੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਲੋਕਮਾਤ ਦਏ ਵਡਿਆਈਆ । ਸਤਿਜੁਗ ਸਾਚੇ ਤੇਰਾ ਪਰਕਾਸ਼ ਹੋਵੇ ਨੂਰ ਇਲਾਹੀ (ਰੱਬੀ), ਇਲਾਹੀ ਕਲਮਾ ਮਿਲੇ ਇਕ ਵਡਿਆਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਵਣ ਸਭੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹੁਕਮ ਇਕ ਮਨਾਈਆ । ਜਗਤ ਵਾਸਨਾ ਕੂੜੀ ਕਿਰਿਆ ਧੁਰ ਦੇ ਨਾਮ ਨਾਲ ਜਾਏ ਦੱਬੀ, ਪੰਜ ਵਿਕਾਰਾ ਮਨ ਹੰਕਾਰਾ ਸਿਰ ਨਾ ਕੋਇ ਉਠਾਈਆ । ਸ੍ਰਿਸ਼ਟੀ ਦ੍ਰਿਸ਼ਟੀ ਸਾਚੇ ਨਾਮ ਅੰਦਰ ਜਾਏ ਬੱਧੀ, ਬੰਦਨਾ ਡੰਡੌਤ ਸਜਦਾ ਇਕੋ ਦਏ ਸਮਝਾਈਆ । ਪੁਰਖ ਅਕਾਲ ਦੀਨ ਦਿਆਲ ਸਤਿ ਧਰਮ ਦੀ ਚਲਾਵੇ ਇਕੋ ਗੱਦੀ, ਦੀਨ ਮਜ਼੍ਹਬ ਜਾਤ ਪਾਤ ਲੇਖਾ ਦਏ ਮੁਕਾਈਆ । ਮਾਨਵ ਜਾਤੀ ਕੋਈ ਨਾ ਖਾਵੇ ਹੱਡੀ, ਰਸ ਆਤਮ ਪਰਮਾਤਮ ਦਏ ਚਖਾਈਆ । ਸਾਚੀ ਧਾਰ ਹੱਕ ਪ੍ਰੀਤੀ ਪ੍ਰਭ ਦੇ ਨਾਲ ਜਾਏ ਲੱਗੀ, ਜਗਤ ਬਗ਼ਾਵਤ ਮੇਟੇ ਥਾਉਂ ਥਾਈਆ । ਤ੍ਰੈਗੁਣ ਮਾਇਆ ਅਗਨੀ ਤਤ ਮੂਲ ਰਹੇ ਨਾ ਲੱਗੀ, ਸਾਂਤ ਸਤਿ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰਾ ਸਤਿ ਸਤਿ ਉਪਜਾਈਆ । ਸਤਿਜੁਗ ਸਾਚੇ ਤੇਰਾ ਸਚ ਧਰਮ ਹੋਵੇ ਪਰਕਾਸ਼, ਪਰਮ ਪੁਰਖ ਪਰਮਾਤਮ ਦਏ ਮਾਣ ਵਡਿਆਈਆ । ਕਲਜੁਗ ਕੂੜੀ ਕਿਰਿਆ ਅੰਧ ਅੰਧੇਰ ਹੋ ਜਾਏ ਵਿਨਾਸ, ਚਾਰ ਵਰਨ ਅਠਾਰਾਂ ਬਰਨ ਹੋਏ ਰੁਸ਼ਨਾਈਆ । ਕਿਰਪਾ ਕਰੇ ਗਹਿਰ ਗੰਭੀਰ ਸਰਬ ਗੁਣਤਾਸ, ਪਰਮ ਪੁਰਖ ਆਪਣੀ ਦਇਆ ਕਮਾਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਸਚ ਧਰਮ ਦੀ ਪਵੇ ਰਾਸ, ਨਿਰਗੁਣ ਸਰਗੁਣ ਗੋਪੀ ਕਾਹਨ ਨਜ਼ਰੀ ਆਈਆ । ਹਰ ਹਿਰਦੇ ਅੰਦਰ ਪਰਮ ਪੁਰਖ ਦਾ ਇਕੋ ਹੋਵੇ ਜਾਪ, ਜਗਜੀਵਣ ਦਾਤਾ ਸਾਚੀ ਸਿਖਿਆ ਕਰੇ ਪੜ੍ਹਾਈਆ । ਪਿਤਾ ਪੂਤ ਕਰੇ ਕੋਈ ਨਾ ਘਾਤ, ਮਾਤ ਪਿਤ ਨਾ ਕੋਇ ਲੜਾਈਆ । ਝਗੜਾ ਰਹੇ ਨਾ ਜਾਤ ਪਾਤ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਕਲਜੁਗ ਕੂੜੀ ਕਿਰਿਆ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਸਤਿ ਧਰਮ ਇਕੋ ਚੰਦ ਨਜ਼ਰੀ ਆਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦਿਸਣ ਇਕ ਜਮਾਤ, ਇਕੋ ਨਾਮ ਪੱਟੀ ਪੜ੍ਹ ਕੇ ਪ੍ਰਭ ਦਾ ਸ਼ੁਕਰ ਮਨਾਈਆ । ਸਭ ਦਾ ਸਾਂਝਾ ਇਸ਼ਟ ਲਿਖਿਆ ਜਾਏ ਨਾਲ ਕ਼ਲਮ ਦਵਾਤ, ਕਾਇਨਾਤ ਹੁਕਮ ਇਕੋ ਇਕ ਦਏ ਸੁਣਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ, ਦੇਵੇ ਸੱਚੀ ਦਾਤ, ਨਾਮ ਪਦਾਰਥ ਵਸਤ ਇਕੋ ਇਕ ਵਰਤਾਈਆ । ਸਤਿਜੁਗ ਸਾਚੇ, ਸਾਚਾ ਮਿਲੇ ਨਾਮ ਅਨਮੁਲ, ਕਰਤਾ ਕ਼ੀਮਤ ਕੋਇ ਨਾ ਲਾਈਆ । ਭਾਗ ਲੱਗੇ ਧਰਨੀ ਧਰਤ ਧਵਲ ਸਾਚੀ ਕੁਲ, ਕੁਲ ਮਾਲਕ ਖ਼ਾਲਕ ਪ੍ਰਿਤਪਾਲਕ ਦੇਵੇ ਮਾਣ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਜਗਤ ਵਾਸਨਾ ਜਾਏ ਕੋਈ ਨਾ ਭੁੱਲ, ਅਭੁਲ ਆਪਣਾ ਮਾਰਗ ਇਕੋ ਦਏ ਵਖਾਈਆ । ਕੂੜੀ ਕਿਰਿਆ ਮਾਨਵ ਜਾਤੀ ਮੂਲ ਨਾ ਜਾਏ ਰੁਲ, ਬੁਧ ਬਿਬੇਕ ਸਤਿਜੁਗ ਟੇਕ ਰੰਗ ਏਕਾ ਦਏ ਰੰਗਾਈਆ । ਸਚ ਸੁਹੰਜਣੀ ਰੁੱਤ ਮੌਲੇ ਖ਼ੁਸ਼ੀ ਹੋਵੇ ਪੱਤ ਫੁੱਲ, ਫੁਲਵਾੜੀ ਸਾਚੀ ਸਚ ਦਏ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਸਤਿ ਸਤਿਵਾਦ ਬਖ਼ਸ਼ੇ ਸਾਚੇ ਗੁਣ, ਗੁਣਵੰਤਾ ਮਿਹਰ ਨਜ਼ਰ ਇਕ ਉਠਾਈਆ । ਸਤਿਜੁਗ ਸਾਚੇ, ਸਾਚਾ ਨਾਮ ਪ੍ਰਭ ਦੇਵੇ ਲੋਕਮਾਤ ਅੰਤਮ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਰਸਨਾ ਜਿਹਵਾ ਗਾਏ ਸਭ, ਸਫਾ ਕੂੜ ਦਏ ਉਠਾਈਆ । ਬਿਨ ਕਾਅਬਿਉਂ ਕਾਇਆ ਮੰਦਰ ਅੰਦਰ ਕਰਾਏ ਹੱਜ, ਹਜ਼ਰਤ ਹੋ ਕੇ ਹਜ਼ੂਰ ਮਿਲੇ ਚਾਈਂ ਚਾਈਂਆ । ਦਰਸ ਦਿਖਾਏ ਉਪਰ ਸ਼ਾਹ ਰਗ, ਕੂੜ ਦਵਾਰੇ ਪੈਂਡਾ ਦਏ ਮੁਕਾਈਆ । ਚਾਰ ਕੁੰਟ ਦਹਿ ਦਿਸ਼ਾ ਹੁਕਮੇਂ ਅੰਦਰ ਕਰੇ ਪਰਬੰਧ, ਲੱਖ ਚੁਰਾਸੀ ਜੀਵ ਜੰਤ ਸਿਰ ਸਕੇ ਨਾ ਕੋਇ ਉਠਾਈਆ । ਭਗਤ ਸੁਹੇਲਾ ਨੇਤਰ ਲੋਚਣ ਨੈਣ ਰਹੇ ਕੋਈ ਨਾ ਅੰਧ, ਅਗਿਆਨ ਅੰਧੇਰਾ ਅੰਦਰੋਂ ਦਏ ਕਢਾਈਆ । ਕਲਜੁਗ ਕੂੜੀ ਕਿਰਿਆ ਮੇਟ ਕੇ ਪੰਧ, ਸਤਿਜੁਗ ਸਾਚੇ ਮਾਣ ਦਿਵਾਈਆ । ਤੂੰ ਮੇਰਾ ਮੈਂ ਤੇਰਾ ਸਭ ਨੇ ਗਾਉਣਾ ਛੰਦ, ਸੰਸਾ ਰੋਗ ਰਹੇ ਨਾ ਰਾਈਆ । ਦੀਨ ਦਿਆਲ ਠਾਕਰ ਹੋ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਕਮਾਈਆ । ਸਾਚੇ ਨਾਮ ਦਾ ਦੇ ਅਨੰਦ, ਪਰਮਾਨੰਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ, ਕਲਜੁਗ ਕੂੜੀ ਕਿਰਿਆ ਦੂਈ ਦਵੈਤੀ ਢਾਹ ਕੇ ਕੰਧ, ਤੇਰਾ ਮਾਰਗ ਲੋਕਮਾਤ ਦਏ ਲਗਾਈਆ । ਆ ਵਣਜਾਰਨ ਸਚ ਦਵਾਰ, ਸਚਖੰਡ ਦਵਾਰਾ ਇਕੋ ਨਜ਼ਰੀ ਆਈਆ । ਜਿਸ ਗ੍ਰਿਹ ਵਸਿਆ ਆਪ ਨਿਰਾਕਾਰ ਨਿਰੰਕਾਰ, ਨਿਰਵੈਰ ਨਿਰਾਧਾਰ ਸੋਭਾ ਪਾਈਆ । ਜਾਗਰਤ ਜੋਤ ਜਗੇ ਅਗੰਮ ਅਪਾਰ, ਨਿਰਗੁਣ ਨੂਰ ਜੋਤ ਹੋਵੇ ਰੁਸ਼ਨਾਈਆ । ਮੁਕਾਮੇ ਹੱਕ ਬੈਠਾ ਪਰਵਰਦਿਗਾਰ, ਲਾਸ਼ਰੀਕ ਦਰਗਾਹ ਸਾਚੀ ਡੇਰਾ ਲਾਈਆ । ਜਿਸ ਦਵਾਰੇ ਮੰਗਦੇ ਗੁਰੂ ਅਵਤਾਰ, ਪੈਗ਼ੰਬਰ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਭਿਖਾਰ, ਦਰ ਠਾਂਡੇ ਅਲਖ ਜਗਾਈਆ । ਸੋ ਦਾਤਾ ਦਾਨੀ ਦੇਵਣਹਾਰ, ਆਦਿ ਜੁਗਾਦਿ ਵੇਖ ਵਖਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਖੇਲ ਕਰਦਾ ਰਿਹਾ ਅਪਾਰ, ਅਪਰੰਪਰ ਸਵਾਮੀ ਆਪਣੇ ਹੱਥ ਰਖੇ ਵਡਿਆਈਆ । ਜਗਤ ਵਣਜਾਰਨ ਵੇਖੇ ਵਿਚ ਸੰਸਾਰ, ਲੱਖ ਚੁਰਾਸੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਫੋਲ ਫੁਲਾਈਆ । ਜਿਨ੍ਹਾਂ ਸਖ਼ੀਆਂ ਸ਼ੌਹ ਮਿਲਣ ਦੀ ਅੰਦਰ ਵੱਜੇ ਸਤਾਰ, ਸੋਈ ਸੁਰਤੀ ਆਪ ਉਠਾਈਆ । ਅਨਹਦ ਸ਼ਬਦ ਦਏ ਸੱਚੀ ਧੁਨਕਾਰ, ਧੁਨ ਆਤਮਕ ਰਾਗ ਸੁਣਾਈਆ । ਬੇਖ਼ਬਰਾਂ ਕਰ ਕੇ ਖ਼ਬਰਦਾਰ, ਆਲਸ ਨਿੰਦਰਾ ਵਿਚੋਂ ਬਾਹਰ ਕਢਾਈਆ । ਵਸਤ ਅਮੋਲਕ ਕਾਇਆ ਗੋਲਕ ਸਾਚੀ ਝੋਲੀ ਦੇਵੇ ਡਾਰ, ਕਰਤਾ ਕ਼ੀਮਤ ਨਾ ਕੋਇ ਲਗਾਈਆ । ਜੋ ਵਣਜਾਰਨ ਬਣ ਕੇ ਕਰੇ ਹਰਿ ਕਾ ਨਾਮ ਵਪਾਰ, ਏਥੇ ਓਥੇ ਘਾਟਾ ਰਹੇ ਨਾ ਰਾਈਆ । ਲੇਖਾ ਚੁਕਾਵੇ ਜੰਗਲ ਜੂਹ ਉਜਾੜ ਪਹਾੜ, ਟਿੱਲੇ ਪਰਬਤ ਦਾ ਖਹਿੜਾ ਦਏ ਛੁਡਾਈਆ । ਵੜਨਾ ਪਏ ਨਾ ਡੂੰਘੀ ਗ਼ਾਰ,

੧੧੦੮
੧੯

ਜਲ ਮੀਨ ਦਾ ਲੇਖਾ ਰਹੇ ਨਾ ਰਾਈਆ । ਦਰ ਦਰ ਮੰਗਣਾ ਨਾ ਪਏ ਬਣ ਕੇ ਦੁਖਿਆਰ, ਦਰਦੀਆਂ ਦਾ ਦਰਦ ਲਏ ਵੰਡਾਈਆ । ਜਿਸ ਸਿਖਿਆ ਵਿਚ ਇਛਿਆ ਪੂਰੀ ਕਰੇ ਕਰਤਾਰ, ਕ਼ੁਦਰਤ ਦਾ ਮਾਲਕ ਆਪਣੀ ਦਇਆ ਕਮਾਈਆ । ਸੋ ਨਾਨਕ ਨਿਰਗੁਣ ਸਰਗੁਣ ਕਰ ਕੇ ਗਿਆ ਵਿਹਾਰ, ਬਿਵਹਾਰੀ ਹੋ ਕੇ ਆਪਣੀ ਖੇਲ ਖਿਲਾਈਆ । ਜਨ ਭਗਤਾਂ ਸਾਚੇ ਸੰਤਾਂ ਗੁਰਮੁਖਾਂ ਗੁਰਸਿਖਾਂ ਦੇ ਕੇ ਇਕ ਹੁਲਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਣਜਾਰਨ ਲੋਕਮਾਤ ਵੇਖ ਵਖਾਈਆ । ਉਠ ਵਣਜਾਰਨ ਬਣ ਮੰਗਤੀ, ਸਤਿਗੁਰ ਸ਼ਬਦ ਦਏ ਸਮਝਾਈਆ । ਗੜ੍ਹ ਤੋੜ ਹਉਮੇਂ ਹੰਗਤੀ, ਹੰ ਬ੍ਰਹਮ ਮਿਲੇ ਵਡਿਆਈਆ । ਜਿਹੜੀ ਤੁਕ ਨਾਨਕ ਨਿਰਗੁਣ ਸਰਗੁਣ ਹੋ ਕੇ ਪੜ੍ਹੀ ਪੰਗਤੀ, ਪਾਂਧਿਆਂ ਦੀ ਲੋੜ ਰਹੀ ਨਾ ਰਾਈਆ । ਵੇਖ ਖੇਲ ਓਸ ਪ੍ਰਭ ਦੇ ਅਨੰਦ ਦੀ, ਜਿਸ ਅਨੰਦ ਵਿਚੋਂ ਚੰਦ ਸਿਤਾਰੇ ਗੁਰਮੁਖ ਲਏ ਪਰਗਟਾਈਆ । ਇਹ ਵਸਤ ਅਮੋਲਕ ਜਨ ਭਗਤਾਂ ਦੇ ਪਸੰਦ ਦੀ, ਦੂਜੇ ਹੱਥ ਕਦੇ ਨਾ ਆਈਆ । ਜਿਨ੍ਹਾਂ ਦਾ ਤਨ ਮਨ ਕਾਇਆ ਚੋਲੀ ਅੰਦਰ ਬਾਹਰ ਰੰਗਦੀ, ਬਿਨ ਲਲਾਰੀ ਆਪਣਾ ਰੰਗ ਦਏ ਚੜ੍ਹਾਈਆ । ਏਥੇ ਓਥੇ ਦੋ ਜਹਾਨਾਂ ਕੰਤ ਸੁਹਾਗਣ ਹੋ ਕੇ ਕੰਤ ਕੰਤੂਹਲ ਨਾਲ ਹੰਢਦੀ, ਜਗਤ ਰੰਡੇਪੇ ਦਾ ਲੇਖਾ ਦਏ ਮੁਕਾਈਆ । ਇਹ ਧਾਰ ਓਸ ਸੂਰੇ ਸਰਬੰਗ ਦੀ, ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਸਿਫ਼ਤਾਂ ਵਿਚ ਲੇਖਾ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਣੀ ਸਾਚਾ ਮੀਤਾ ਇਕ ਸਮਝਾਈਆ । ਬਣ ਵਣਜਾਰੇ ਅਗੰਮੇ ਰਾਮ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋ ਸ਼ਬਦ ਅਗੰਮੀ ਮਾਰੇ ਬਾਣ, ਅਨਿਆਲਾ ਤੀਰ ਚਲਾਈਆ । ਸੋਈ ਸੁਰਤੀ ਨਾ ਰਹੇ ਅੰਵਾਣ, ਨਾਮ ਹੁਲਾਰੇ ਵਿਚ ਉਠਾਈਆ । ਅੰਮ੍ਰਿਤ ਆਤਮ ਦੇ ਕੇ ਪੀਣ ਖਾਣ, ਜਗਤ ਤ੍ਰਿਸ਼ਨਾ ਦਏ ਬੁਝਾਈਆ । ਆਤਮ ਸੇਜਾ ਕਰੇ ਪਰਵਾਨ, ਜਿਥੇ ਪਾਵੇ ਚੂਲ ਦੀ ਲੋੜ ਨਾ ਕੋਇ ਰਖਾਈਆ । ਤੇਰੇ ਘਰ ਤੇਰੇ ਗ੍ਰਿਹਿ ਤੇਰਾ ਦੀਪਕ ਜੋਤ ਜਗੇ ਮਹਾਨ, ਸਤਿਗੁਰ ਪੂਰਾ ਨਿਰਗੁਣ ਨੂਰ ਕਰੇ ਰੁਸ਼ਨਾਈਆ । ਸੋ ਸਵਾਣੀ ਧੁਰ ਦੀ ਰਾਣੀ ਹਰਿ ਕੰਤ ਹੋਵੇ ਪਰਵਾਨ, ਜੋ ਹੁਕਮੇ ਅੰਦਰ ਚਲ ਕੇ ਹੁਕਮੇ ਅੰਦਰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਣਜਾਰਨ ਨਾਮ ਉਧਾਰਨ ਪੈਜ ਸੁਆਰਨ ਏਕਾ ਏਕ ਆਪ ਅਖਵਾਈਆ । ਵਣਜਾਰਨ ਬਣ ਗੁਰਮੁਖ ਸਖੀ, ਸਖ਼ਾਵਤ ਸਤਿਗੁਰ ਹੱਥ ਨਜ਼ਰੀ ਆਈਆ । ਆਪਣਾ ਕਮਲਾਪਤੀ ਵੇਖ ਓਸ ਅੱਖੀ, ਜਿਸ ਨੂੰ ਨਿਜ ਨੇਤਰ ਕਹਿ ਕੇ ਸਾਰੇ ਰਹੇ ਗਾਈਆ । ਜਿਸ ਦੀ ਯਾਰੀ ਆਦਿ ਜੁਗਾਦਿ ਜੁਗ ਚੌਕੜੀ ਪੱਕੀ, ਯਾਰਾਨਾ ਏਥੇ ਓਥੇ ਦੋ ਜਹਾਨ ਨਾ ਕਦੇ ਤੁੜਾਈਆ । ਜਿਸ ਦਾ ਸਿਰ ਤੇ ਹੱਥ ਆਇਆਂ ਵਾ ਨਾ ਲੱਗੇ ਤੱਤੀ, ਅਗਨੀ ਪੋਹ ਨਾ ਸਕੇ ਰਾਈਆ । ਓਥੇ ਚਲਦੀ ਨਹੀਂ ਕੋਈ ਮਨ ਮਤੀ, ਜਗਤ ਵਾਸਨਾ ਨਾ ਕੋਇ ਹਲਕਾਈਆ । ਸਾਹਿਬ ਸਵਾਮੀ ਅੰਤਰਜਾਮੀ ਸਚ ਵਣਜਾਰਨ ਤੇਰੀ ਆਪੇ ਪਤ ਰਿਹਾ ਰਖੀ, ਰਖਕ ਹੋ ਕੇ ਰਛਿਆ ਕਰੇ ਥਾਉਂ ਥਾਈਆ । ਸਾਚੀ ਧਾਰ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਨਾਨਕ ਦੱਸੀ, ਜੋ ਜੀਵ ਜੰਤ ਸਭ ਨੂੰ ਕਰ ਕੇ ਗਿਆ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਵਣਜ ਇਕੋ ਇਕ ਕਰਾਈਆ । ਸਚ ਵਣਜਾਰਨ ਕੁਛ ਲੈ ਮੰਗ, ਮਾਂਗਤ ਇਕੋ ਦਵਾਰਾ ਵੇਖ ਵਖਾਈਆ । ਮਿਲੇ ਸਾਹਿਬ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਨਾਮ ਨਿਧਾਨ ਵੱਜੇ ਮਰਦੰਗ, ਬ੍ਰਹਿਮੰਡ ਖੰਡ ਪੁਰੀ

੧੧੦੯
੧੯

ਲੋਅ ਆਕਾਸ਼ ਪਾਤਾਲ ਦੋ ਜਹਾਨ ਰਿਹਾ ਉਠਾਈਆ । ਸਦਾ ਸੁਹੇਲਾ ਇਕ ਇਕੇਲਾ ਦੇਵਣਹਾਰਾ ਧੁਰ ਦਾ ਸੰਗ, ਵਿਛੋੜੇ ਵਾਲਾ ਜੋੜਾ ਆਪਣੇ ਨਾਲ ਨਾ ਕਦੇ ਰਲਾਈਆ । ਮਿਹਰਵਾਨ ਮਹਿਬੂਬ ਹੋ ਕੇ ਮੁਹੱਬਤ ਵਿਚ ਆਸਾ ਮਨਸਾ ਪੂਰੀ ਕਰੇ ਉਮੰਗ, ਸਾਚੀ ਤ੍ਰਿਸ਼ਨਾ ਆਪਣੇ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਵਣਜਾਰਨ ਕਹੇ ਮੈਂ ਵਜਦਾ ਵੇਖਿਆ ਵਾਜਾ, ਆਵਾਜ਼ ਧੁਰ ਦੀ ਰਿਹਾ ਸੁਣਾਈਆ । ਸਭ ਦਾ ਮਾਲਕ ਗ਼ਰੀਬ ਨਿਵਾਜਾ, ਗਹਿਰ ਗੰਭੀਰ ਬੇਪਰਵਾਹੀਆ । ਜਿਸ ਦਵਾਰੇ ਸਭ ਨੂੰ ਹੋਣਾ ਪਏ ਮੁਹਤਾਜਾ, ਲੋੜਵੰਦ ਜਗਤ ਲੋਕਾਈਆ । ਸੋ ਵਣਜਾਰਨੇ ਤੇਰਾ ਪੂਰਾ ਕਰੇ ਕਾਜਾ, ਕ਼ੁਦਰਤ ਦਾ ਮਾਲਕ ਬੇਪਰਵਾਹੀਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਰਿਵਾਜਾ, ਜਨ ਭਗਤ ਸੁਹੇਲੇ ਸੰਤ ਗੁਰਮੁਖ ਪਾਰ ਕਰਾਈਆ । ਅੰਦਰੋਂ ਕੂੜ ਕੁੜਿਆਰ ਕੱਢ ਕੇ ਵਾਦ ਵਿਵਾਦਾ, ਨਾਮ ਰੰਗਣ ਦਏ ਰੰਗਾਈਆ । ਬਿਸਮਿਲ ਧਾਰ ਆਪਣੇ ਵਿਚ ਕਰ ਵਿਸਮਾਦਾ, ਪੜਦਾ ਉਹਲਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਣਜਾਰਨ ਵੇਖ ਵਖਾਈਆ । ਸਚ ਵਣਜਾਰਨੇ ਉਠ ਬਿਨ ਅੱਖਾਂ ਕਰ ਧਿਆਨ, ਸਾਹਿਬ ਸਵਾਮੀ ਅੰਤਰਜਾਮੀ ਨਿਰਗੁਣ ਨਿਰਵੈਰ ਖੇਲ ਕਰਾਈਆ । ਬੋਧ ਅਗਾਧਾ ਸ਼ਬਦ ਅਨਾਦਾ ਦੇਵੇ ਇਕ ਗਿਆਨ, ਨਾਮ ਨਿਧਾਨ ਸ੍ਰੀ ਭਗਵਾਨ ਝੋਲੀ ਦਏ ਭਰਾਈਆ । ਲੇਖਾ ਚੁਕਾ ਕੇ ਆਵਣ ਜਾਣ, ਲੱਖ ਚੁਰਾਸੀ ਪੈਂਡਾ ਮਿਟੇ ਜਹਾਨ, ਨਾਰੀ ਹਰਿ ਜੂ ਕੰਤ ਲਏ ਪਹਿਚਾਨ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਸ਼ਬਦ ਅਗੰਮੀ ਚੜ੍ਹਾਏ ਬਬਾਣ, ਲੈ ਕੇ ਜਾਏ ਓਸ ਮਕਾਨ, ਜਿਥੇ ਸੂਰਜ ਚੰਦ ਕਰੇ ਨਾ ਕੋਇ ਰੁਸ਼ਨਾਈਆ । ਇਕ ਸਵਾਮੀ ਪੁਰਖ ਅਕਾਲਾ ਦੀਨ ਦਿਆਲਾ ਧੁਰ ਦਾ ਕੰਤ ਮਿਲੇ ਆਣ, ਦੂਜੇ ਯਾਰੜੇ ਦੀ ਲੋੜ ਰਹੇ ਨਾ ਰਾਈਆ । ਘਰ ਠਾਕਰ ਸਵਾਮੀ ਸਾਹਿਬ ਸੁਹੇਲਾ ਕਰੇ ਪਰਵਾਨ, ਪਰਵਾਨਗੀ ਆਪਣਾ ਨਾਮ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਵਣਜਾਰਨ ਸਚ ਦਵਾਰੇ ਵੇਖੇ ਚਾਈਂ ਚਾਈਆ । ਪ੍ਰੇਮ ਵਣਜਾਰਨ ਜੇ ਪ੍ਰੇਮ ਕਰਨ ਦਾ ਚਾ, ਚਾਉ ਘਨੇਰਾ ਦਿਆਂ ਜਣਾਈਆ । ਇਕੋ ਕੰਤ ਲੈਣਾ ਹੰਢਾ, ਸਾਚੀ ਸੇਜਾ ਸੋਭਾ ਪਾਈਆ । ਜੋ ਬਿਨ ਸੱਦਿਆਂ ਮਿਹਰਵਾਨ ਹੋ ਕੇ ਜਾਵੇ ਆ, ਮਹਿਬੂਬ ਮਾਲਕ ਨੂਰ ਖ਼ੁਦਾਈਆ । ਜਿਸ ਨੂੰ ਨਾਨਕ ਗੋਬਿੰਦ ਲਿਆ ਪਰਨਾ, ਪਰਮ ਪੁਰਖ ਵੱਡੀ ਵਡਿਆਈਆ । ਓਸ ਨਾਲ ਨਾਤਾ ਲਓ ਜੁੜਾ, ਜਿਸ ਦਾ ਜੁੜਿਆ ਜੋੜ ਨਾ ਕੋਇ ਤੁੜਾਈਆ । ਭਾਵੇਂ ਕਲਮਿਆਂ ਵਾਲਾ ਕਹੋ ਖ਼ੁਦਾ, ਭਾਵੇਂ ਅੱਲਾ ਰਾਮ ਵਾਹਿਗੁਰੂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਣਜਾਰਨ ਤੇਰਾ ਪਲੂ ਦਏ ਫੜਾਈਆ । ਸਚ ਵਣਜਾਰਨ ਉਠ ਕੇ ਨਾਤਾ ਜੋੜ, ਸੋਇਆਂ ਰੈਣ ਨਾ ਅੰਤ ਵਿਹਾਈਆ । ਪੁਰਖ ਅਕਾਲਾ ਦੀਨ ਦਿਆਲਾ ਜਾਏ ਬਹੁੜ, ਬਹੁੜੀ ਬਹੁੜੀ ਕਰ ਨਾ ਕੋਇ ਕੁਰਲਾਈਆ । ਤੇਰਾ ਕਰੇ ਅੰਧੇਰਾ ਦੂਰ ਘੋਰ, ਸਚ ਨੂਰ ਇਕ ਰੁਸ਼ਨਾਈਆ । ਝਗੜਾ ਮੁਕਾ ਕੇ ਪੰਜ ਚੋਰ, ਦੂਤਾਂ ਕੋਲੋਂ ਲਏ ਛੁਡਾਈਆ । ਸ਼ਬਦੀ ਸਤਿਗੁਰ ਲੇਖਾ ਮੁਕਾ ਕੇ ਤੋਰ ਮੋਰ, ਏਕਾ ਰੰਗ ਦਏ ਰੰਗਾਈਆ । ਤੂੰ ਸੁਹੰਜਣੀ ਬਾਂਕੀ ਜੋਬਨਵੰਤੀ ਨਜ਼ਰੀ ਆਵੇਂ ਛੋਹਰ, ਜਿਸ ਦਾ ਸ਼ੌਹਰ ਖ਼ਾਵੰਦ ਕੰਤ ਬੇਅੰਤ ਬੇਪਰਵਾਹੀਆ । ਓਸ ਪ੍ਰਭੂ ਤੋਂ ਬਿਨਾ ਦੂਜਾ ਨਹੀਂ ਕੋਈ ਹੋਰ, ਅਵਰ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਣਜਾਰਨ ਤੇਰਾ ਨਾਤਾ ਪੁਰਖ ਬਿਧਾਤਾ ਸ਼ਬਦੀ ਧਾਰ ਲਵੇ ਜੋੜ, ਜਗਤ ਵਾਸਨਾ ਸੰਗ ਨਾ ਕੋਇ ਰਖਾਈਆ ।

## ੧੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਲਛਮਣ ਸਿੰਘ ਦੇ ਗ੍ਰਿਹ ਪਿੰਡ ਧਨੌਰੀ ਜ਼ਿਲਾ ਅੰਬਾਲਾ

ਸਤਿਜੁਗ ਸਾਚੇ, ਕਿਰਪਾ ਕਰੇ ਸ੍ਰੀ ਭਗਵਾਨਾ, ਪਤਿਪਰਮੇਸ਼ਵਰ ਬੇਪਰਵਾਹ ਆਪਣੀ ਦਇਆ ਕਮਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਚਾਰ ਕੁੰਟ ਦਹਿ ਦਿਸ਼ਾ ਦੇਵੇ ਇਕ ਗਿਆਨਾ, ਆਤਮ ਪਰਮਾਤਮ ਬੋਧ ਅਗਾਧ ਕਰੇ ਪੜ੍ਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਦਿਸੇ ਇਕੋ ਹੱਕ ਨਿਸ਼ਾਨਾ, ਏਕਾ ਦੂਆ ਦੂਆ ਏਕਾ ਇਕੋ ਰੰਗ ਸਮਾਈਆ । ਆਤਮ ਪਰਮਾਤਮ ਜੀਵ ਜੰਤ ਸਾਧ ਸੰਤ ਨਜ਼ਰੀ ਆਏ ਧੁਰ ਦਾ ਕਾਹਨਾ, ਘਨਈਆ ਨਈਆ ਇਕੋ ਦਏ ਵਖਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਖੇਲ ਕਰੇ ਧੁਰ ਦਾ ਰਾਮਾ, ਰਮਈਆ ਹੋ ਕੇ ਸਈਆ ਹੋ ਕੇ ਆਪਣਾ ਰੰਗ ਰੰਗਾਈਆ । ਜੋਤ ਸਰੂਪੀ ਜਾਗਰਤ ਜੋਤ ਪਹਿਰੇ ਆਪਣਾ ਬਾਣਾ, ਖਾਣੀ ਬਾਣੀ ਚੌਥੇ ਜੁਗ ਵੇਖੇ ਚਾਈਂ ਚਾਈਆ । ਘਟ ਨਿਵਾਸੀ ਸਾਹੋ ਭੂਪ ਪਰਗਟ ਹੋ ਕੇ ਧੁਰ ਦਾ ਰਾਣਾ, ਰਾਮ ਰਹੀਮ ਕਰੀਮ ਕੁਦਰਤ ਦਾ ਮਾਲਕ ਖ਼ਲਕ ਦਾ ਖ਼ਾਲਕ ਪਰਵਰਦਿਗਾਰ ਜਲਵਾ ਨੂਰ ਕਰੇ ਰੁਸ਼ਨਾਈਆ । ਚਾਰ ਜੁਗ ਦਾ ਝਗੜਾ ਮੇਟੇ ਜੋ ਦੀਨ ਮਜ਼੍ਹਬ ਹੋਇਆ ਤਕ਼ਸੀਮ, ਤਰਮੀਮ ਕਰ ਕੇ ਅਜ਼ੀਮ ਆਪਣਾ ਘਰ ਵਖਾਈਆ । ਪੁਰਖ ਅਕਾਲ ਦੀਨ ਦਿਆਲ ਸਤਿਜੁਗ ਸਾਚੇ ਤੇਰੇ ਵਿਚ ਰਖੇ ਨਾ ਕੋਇ ਮਨੀਮ, ਧੁਰ ਫ਼ਰਮਾਨਾ ਇਕੋ ਇਕ ਆਪਣਾ ਹੁਕਮ ਨਿਰਗੁਣ ਸਰਗੁਣ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਬਦਲਣਾ ਆਪਣਾ ਖੇਲ ਦੱਸੇ ਕ਼ਦੀਮ, ਕਰਨੀ ਦਾ ਕਰਤਾ ਆਪਣਾ ਹੁਕਮ ਵਰਤਾਈਆ । ਸਤਿਜੁਗ ਸਾਚੇ, ਸਾਚਾ ਹੁਕਮ ਹੋਵੇ ਫ਼ਰਮਾਨ, ਦੋ ਜਹਾਨਾਂ ਨਾ ਕੋਈ ਮੇਟੇ ਮੇਟ ਮਿਟਾਈਆ । ਵਿਸ਼ਨ ਬ੍ਰਹਮਾ ਸ਼ਿਵ ਨੈਣ ਸ਼ਰਮਾਣ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਸਿਰ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਜਦਿਆਂ ਵਿਚ ਕਰਨ ਪਰਨਾਮ, ਨਮੋ ਨਮੋ ਕਹਿ ਕੇ ਸੀਸ ਝੁਕਾਈਆ । ਸਤਿ ਸਤਿਵਾਦੀ ਸ਼ਬਦ ਅਨਾਦੀ ਗੁਰੂ ਹੋਵੇ ਬਲਵਾਨ, ਜੋਧਾ ਸੂਰਬੀਰ ਇਕੋ ਇਕ ਨਜ਼ਰੀ ਆਈਆ । ਚਾਰ ਕੁੰਟ ਦਹਿ ਦਿਸ਼ਾ ਧਰਮ ਝੁਲਾਏ ਹੱਕ ਨਿਸ਼ਾਨ, ਹਕ਼ੀਕ਼ਤ ਦਾ ਮਾਲਕ ਆਪਣਾ ਪੜਦਾ ਦਏ ਉਠਾਈਆ । ਸਤਿ ਸਚ ਕਰੇ ਪਰਵਾਨ, ਕੂੜ ਕੁੜਿਆਰ ਲੇਖਾ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਤੇਰਾ ਮਾਰਗ ਇਕ ਵਖਾਈਆ । ਸਤਿਜੁਗ ਸਾਚੇ ਸਾਚਾ ਨਾਮ ਹੋਵੇ ਏਕੰਕਾਰ, ਇਕ ਇਕੱਲਾ ਦਇਆ ਕਮਾਈਆ । ਢੋਲਾ ਗੀਤ ਕਲਮਾ ਗਾਏ ਸਰਬ ਸੰਸਾਰ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੱਜੇ ਵਧਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਹੋਵੇ ਸਚ ਪਿਆਰ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਰੰਗ ਦਏ ਰੰਗਾਈਆ । ਜਿਸ ਦਾ ਲੇਖਾ ਚਾਰ ਜੁਗ ਕ਼ਲਮ ਸ਼ਾਹੀ ਲੇਖ ਨਾ ਲਿਖਣਹਾਰ, ਕਾਤਬ ਮਿਲੇ ਨਾ ਕੋਇ ਵਡਿਆਈਆ । ਸੋ ਖੇਲੇ ਖੇਲ ਅਗੰਮ ਅਪਾਰ, ਅਗੰਮ ਅਥਾਹ ਆਪਣਾ ਹੁਕਮ ਵਰਤਾਈਆ । ਚਾਰ ਕੁੰਟ ਦਹਿ ਦਿਸ਼ਾ ਪਾਵਣਹਾਰਾ ਧੁਰ ਦੀ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਸਤਿਜੁਗ ਸਾਚੇ ਸਿਰ ਤੇਰੇ ਹੱਥ ਟਿਕਾਈਆ । ਸਤਿਜੁਗ ਸਾਚੇ ਤੇਰਾ ਹੋਵੇ ਲੋਕਮਾਤ ਮਾਣ, ਅਭਿਮਾਨ ਕੂੜ ਰਹਿਣ ਨਾ ਪਾਈਆ । ਧੁਰ ਦਾ ਕਲਮਾ ਦੱਸ ਇਕ ਕਲਾਮ, ਕੋਝੇ ਕਮਲੇ ਲਏ ਤਰਾਈਆ । ਸਦੀ ਚੌਧਵੀਂ ਦਾ ਪਰਗਟ ਹੋ ਕੇ ਇਕ ਅਮਾਮ, ਆਲਮਾਂ ਦਾ ਆਲਮ ਲੇਖਾ ਜਾਣੇ ਥਾਉਂ ਥਾਈਆ । ਜਨ ਭਗਤਾਂ ਮੁਸ਼ਕਲ ਕਰ ਆਸਾਨ, ਮਸਲਾ ਹੱਕ ਦਏ ਸਮਝਾਈਆ । ਕਲਜੁਗ ਕੂੜੀ ਕਿਰਿਆ

ਮੇਟੇ ਨਿਸ਼ਾਨ, ਮਾਇਆ ਮਮਤਾ ਮੋਹ ਵਿਕਾਰ ਰਹਿਣ ਨਾ ਪਾਈਆ । ਸਾਚੇ ਭਗਤਾਂ ਦੇ ਕੇ ਆਪਣਾ ਆਪ ਗਿਆਨ, ਧਿਆਨ ਇਕੋ ਇਕ ਵਖਾਈਆ । ਘਰ ਸਵਾਮੀ ਠਾਕਰ ਮਿਲੇ ਆਣ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਸੰਤ ਸੁਹੇਲਾ ਗੁਰਮੁਖ ਗੁਰਸਿਖ ਚਰਨ ਕਵਲ ਕਰ ਪਰਵਾਨ, ਪਰਮ ਪੁਰਖ ਪ੍ਰਭ ਦੇਵੇ ਮਾਣ ਵਡਿਆਈਆ । ਸਤਿਜੁਗ ਸਾਚੇ ਸਾਹਿਬ ਸਤਿਗੁਰ ਸਤਿ ਵਸਤ ਦੇਵੇ ਦਾਨ, ਦਾਤਾ ਹੋ ਕੇ ਦਾਤਾਰ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਰਮੀ ਹੋ ਕੇ ਕਰੇ ਖੇਲ ਮਹਾਨ, ਮਿਹਬਾਨ ਬੀਦੋ ਬੀ ਖੈਰ ਯਾ ਅਲਾਹ ਜਲਵਾਗਰ ਨੂਰ ਇਲਾਹੀਆ ।

## ✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਗੁਰਨਾਮ ਸਿੰਘ ਦੇ ਗ੍ਰਿਹਿ ਪਿੰਡ ਹਰਬੰਸ ਪੁਰਾ ✪

ਸਤਿ ਧਰਮ ਕਹੇ ਪ੍ਰਭ ਕਲਜੁਗ ਕੂੜੀ ਕਿਰਿਆ ਕਰ ਗਰਕ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹ ਤੇਰੇ ਹੱਥ ਵਡਿਆਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਜੋਤ ਸਰੂਪ ਚਾਰ ਕੁੰਟ ਦਹਿ ਦਿਸ਼ਾ ਵੇਖ ਆਪਣੀ ਧਰਤ, ਨਵ ਸੱਤ ਪੜਦਾ ਉਹਲਾ ਆਪ ਉਠਾਈਆ । ਅੰਤਰਜਾਮੀ ਧੁਰ ਸਵਾਮੀ ਸਤਿਗੁਰ ਸ਼ਬਦ ਆ ਪਰਤ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਵੇਖ ਵਖਾਈਆ । ਸਦੀ ਚੌਧਵੀਂ ਅੰਤ ਅਖ਼ੀਰ ਹਜ਼ਰਤਾਂ ਪੂਰੀ ਕਰ ਸ਼ਰਤ, ਸ਼ਰਅ ਵਿਚੋਂ ਸ਼ਰੀਅਤ ਦੇ ਬਦਲਾਈਆ । ਦੀਨ ਦੁਨੀ ਆਪਣਾ ਖੇਲ ਵੇਖ ਫ਼ਰਸ਼ ਅਰਸ਼, ਵਾਲੀ ਦੋ ਜਹਾਨ ੧੧੧੨ ੧੯
ਸ੍ਰੀ ਭਗਵਾਨ ਨਿਰਗੁਣ ਹੋ ਕੇ ਸਰਗੁਣ ਖੋਜ ਖੁਜਾਈਆ । ਜੋਧਾ ਸੂਰਬੀਰ ਮਰਦਾਨਾ ਬਣ ਮਰਦ, ਨਾਮ ਡੰਕਾ ਰਾਓ ਰੰਕਾ ਚਾਰ ਵਰਨ ਅਠਾਰਾਂ ਬਰਨ ਦੇ ਸੁਣਾਈਆ । ਦੀਨਾਂ ਅਨਾਥਾਂ ਦੀਨ ਦਿਆਲ ਵੰਡ ਦਰਦ, ਗ਼ਰੀਬ ਨਿਮਾਣੇ ਕੋਝੇ ਕਮਲੇ ਆਪਣੇ ਗਲ ਲਗਾਈਆ । ਦੀਨ ਮਜ਼੍ਹਬ ਦੀ ਛੁਰੀ ਹਲਾਲ ਕਿਸੇ ਨਾ ਕਰੇ ਕਰਦ, ਕਲਜੁਗ ਕ਼ਤਲਗਾਹ ਵਿਚੋਂ ਜੀਵ ਜੰਤ ਬਾਹਰ ਕਢਾਈਆ । ਅੰਤ ਅਖ਼ੀਰ ਦਰ ਦਰਵੇਸ ਸਤਿ ਧਰਮ ਤੇਰੇ ਅਗੇ ਕਰੇ ਅਰਜ਼, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰ ਤੇਰੇ ਮੰਗ ਮੰਗਾਈਆ । ਸਤਿ ਧਰਮ ਕਹੇ ਪ੍ਰਭ ਕਲਜੁਗ ਵੇਖ ਅੰਤ ਅਖ਼ੀਰ, ਆਖ਼ਰ ਧਿਆਨ ਲਗਾਈਆ । ਮੰਜ਼ਲ ਹੱਕ ਚੋਟੀ ਚੜ੍ਹੇ ਨਾ ਕੋਇ ਅਖ਼ੀਰ, ਮੁਰੀਦ ਮੁਰਸ਼ਦ ਮਿਲ ਕੇ ਖ਼ੁਸ਼ੀ ਨਾ ਕੋਇ ਮਨਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜੀ ਕਿਰਿਆ ਜਗਤ ਵਾਸਨਾ ਮਨ ਵਿਕਾਰੀ ਘੱਤੀ ਜਾਏ ਵਹੀਰ, ਆਤਮ ਪਰਮਾਤਮ ਰੰਗ ਨਾ ਕੋਇ ਰੰਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਜੋ ਦੱਸ ਕੇ ਗਈ ਤਦਬੀਰ, ਮਾਰਗ ਪੰਥ ਚਲਣ ਕੋਇ ਨਾ ਪਾਈਆ । ਕੂੜੀ ਕਿਰਿਆ ਕਲਜੁਗ ਅੰਤਰ ਦੀਨ ਦੁਨੀ ਦੀ ਬਦਲ ਦਿਤੀ ਜ਼ਮੀਰ, ਅੰਤਰ ਜ਼ਾਮਨ ਹੋ ਕੇ ਧੁਰ ਦਾ ਰਾਮ ਮੇਲ ਨਾ ਕੋਇ ਮਿਲਾਈਆ । ਜਨ ਭਗਤ ਉਧਾਰਨਾ ਤੇਰਾ ਲਹਿਣਾ ਦੇਣਾ ਆਦਿ ਜੁਗਾਦੀ ਕ਼ਦੀਮ, ਕੁਦਰਤ ਦੇ ਮਾਲਕ ਖ਼ਲਕ ਦੇ ਖ਼ਾਲਕ ਤੇਰੇ ਹੱਥ ਵਡਿਆਈਆ । ਸਾਚੇ ਹੁਕਮ ਦੀ ਧੁਰ ਫ਼ਰਮਾਨੇ ਕਰ ਤਨਜ਼ੀਮ, ਤਾਲੀਮ ਇਕੋ ਦੇ ਪੜ੍ਹਾਈਆ । ਦੀਨ ਮਜ਼੍ਹਬ ਜਾਤ ਪਾਤ ਉਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਰਹੇ ਨਾ ਕੋਇ ਤਕ਼ਸੀਮ, ਆਤਮ ਬ੍ਰਹਮ ਪਾਰਬ੍ਰਹਮ ਏਕਾ ਨੂਰ ਸਭ ਨੂੰ ਦੇ ਸਮਝਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਗਿਰਵਰ ਗਿਰਧਾਰੇ ਗਹਿਰ ਗੰਭੀਰ ਬੇਨਜ਼ੀਰ ਇਕੋ ਆਸ ਰਖਾਈਆ । ਸਤਿ ਧਰਮ ਕਹੇ ਮੇਰੇ ਪ੍ਰਭ ਮਾਧਵ ਰੰਗ ਰੰਗੀਲੇ, ਰੰਗਤ ਆਪਣਾ ਨਾਮ ਦੇ ਚੜ੍ਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤੇਰੇ ਮਿਲਣ ਦੇ ਫ਼ੇਲ ਹੋਏ ਸਾਰੇ ਵਸੀਲੇ, ਫੜ ਬਾਹੋਂ ਤੇਰਾ ਮੇਲ ਨਾ ਕੋਇ ਮਿਲਾਈਆ । ਦੀਨ ਮਜ਼੍ਹਬ ਵੱਖ ਵੱਖ ਹੰਕਾਰੀ ਬਣ ਗਏ ਕਬੀਲੇ, ਕਾਇਆ ਕਾਅਬੇ ਹੱਕ ਮਹਿਬੂਬ ਮਿਲ ਕੇ ਤੇਰਾ ਦਰਸ ਕੋਇ ਨਾ ਪਾਈਆ । ਝਗੜਾ ਪਿਆ ਫ਼ਰਸ਼ੇ ਖ਼ਾਕੀ ਜ਼ਮੀਨੇ, ਜਾਮਨ ਹੋ ਕੇ ਜ਼ਮੀਰ ਅੰਦਰੋਂ ਨਾ ਕੋਇ ਬਦਲਾਈਆ । ਹੁਕਮੇਂ ਅੰਦਰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਕਰ ਤਰਮੀਮੇ, ਤਰਮੀਮ ਅੰਦਰ ਕਲਜੁਗ ਕੂੜੀ ਕਿਰਿਆ ਦੇ ਮਿਟਾਈਆ । ਜਨ ਭਗਤਾਂ ਸਾਂਤਕ ਸਤਿ ਠੰਡ ਵਰਤਾ ਸੀਨੇ, ਸੀਨਾ ਬਸੀਨਾ ਨਿਰਅੱਖਰ ਧਾਰ ਆਪਣੀ ਧੁਰ ਦੀ ਕਰ ਪੜ੍ਹਾਈਆ । ਮਨ ਵਾਸਨਾ ਜਗਤ ਜੀਵ ਬੁੱਧੀ ਰਹਿਣ ਨਾ ਕਮੀਨੇ, ਕਾਮ ਕਰੋਧ ਲੋਭ ਮੋਹ ਹੰਕਾਰ ਕੂੜੀ ਕਿਰਿਆ ਅੰਦਰੋਂ ਬਾਹਰ ਕਢਾਈਆ । ਝਗੜਾ ਮੁਕੇ ਪੰਜ ਤਤ ਮਾਇਆ ਤ੍ਰੈਗੁਣ ਤੀਨੇ, ਅੱਠ ਨੌਂ ਦਸ ਇਕੋ ਤੇਰੇ ਨਾਮ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਸਤਿ ਸਤਿ ਇਕੋ ਆਸ ਰਖਾਈਆ । ਸਤਿ ਧਰਮ ਕਹੇ ਪ੍ਰਭ ਲੋਕਮਾਤ ਨਿਰਗੁਣ ਧਾਰ ਤੱਕ, ਬਿਨ ਅੱਖਾਂ ਅੱਖ ਖੁਲ੍ਹਾਈਆ । ਮਾਨਵ ਜਾਤੀ ਕੋਈ ਨਾ ਜਾਣੇ ਹਕ਼ੀਕ਼ਤ ਹੱਕ, ਅਸਲੀਅਤ ਵਿਚੋਂ ਅਸਲ ਨਾ ਕੋਇ ਦ੍ਰਿੜਾਈਆ । ਮਨ ਮਨੂਆ ਸਭ ਨੂੰ ਪਾ ਕੇ ਸ਼ੱਕ, ਝਗੜਾ ਘਰ ਘਰ ਰਿਹਾ ਕਰਾਈਆ । ਤੇਰੇ ਮਿਲਣ ਦੀ ਨਿਜ ਖੁਲ੍ਹੀ ਕਿਸੇ ਨਾ ਅੱਖ, ਗਿਆਨ ਨੇਤਰ ਪੜਦਾ ਨਾ ਕੋਇ ਉਠਾਈਆ । ਤੇਰੀ ਆਤਮ ਤੈਥੋਂ ਹੋ ਕੇ ਵੱਖ, ਮਾਇਆ ਮਮਤਾ ਮੋਹ ਵਿਕਾਰ ਅੰਦਰ ਬੈਠੀ ਮੁਖ ਛੁਪਾਈਆ । ਕਿਸੇ ਦਵਾਰਿਓਂ ਮਿਲੇ ਨਾ ਤੇਰਾ ਨਾਮ ਸਚ, ਵਣਜਾਰਾ ਧੁਰ ਦਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤ ਸ੍ਰੀ ਭਗਵੰਤ ਸਾਚੇ ਪ੍ਰੇਮ ਦੀ ਵਸਤ ਦੇ ਵਥ, ਅਮੋਲਕ ਅਮੁਲ ਅਤੁਲ ਆਪਣੇ ਘਰ ਤੋਂ ਝੋਲੀ ਪਾਈਆ । ਤੂੰ ਦੀਨ ਦਿਆਲ ਪੁਰਖ ਸਮਰਥ, ਦਇਆਨਿਧ ਠਾਕਰ ਤੇਰੇ ਹੱਥ ਵਡਿਆਈਆ । ਕਲਜੁਗ ਕੂੜੀ ਕਿਰਿਆ ਅੰਤਮ ਖੇੜਾ ਕਰ ਭੱਠ, ਮਾਇਆ ਮਮਤਾ ਮੋਹ ਅਗਨੀ ਵਿਚ ਜਲਾਈਆ । ਸਤਿਜੁਗ ਸਾਚਾ ਰਾਹ ਚਾਰ ਕੁੰਟ ਦਹਿ ਦਿਸ਼ਾ ਇਕੋ ਦੱਸ, ਆਤਮ ਪਰਮਾਤਮ ਮਿਲ ਕੇ ਵੱਜੇ ਹੱਕ ਵਧਾਈਆ । ਨਿਝਰ ਝਿਰਨਾ ਅੰਮ੍ਰਿਤ ਅਗੰਮੀ ਦੇ ਰਸ, ਜਿਸ ਨੂੰ ਰਸਨਾ ਰਸ ਨਾ ਚੱਖੇ ਰਾਈਆ । ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਬ੍ਰਹਮ ਕਰ ਆਪਣੇ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਚਲਾਏ ਰਥ, ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਈਸ਼ ਜੀਵ ਜਗਦੀਸ਼ ਜਗਦੀਸ਼ਰ ਆਪਣੀ ਦਇਆ ਕਮਾਈਆ ।

੧੧੧੩
੧੯

## ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਗੁਰਦੇਵ ਸਿੰਘ ਦੇ ਗ੍ਰਹਿ ਪਿੰਡ ਘੜੂਆਂ ਜ਼ਿਲਾ ਅੰਬਾਲਾ

ਸਤਿਜੁਗ ਕਹੇ ਪ੍ਰਭੂ ਭਗਤ ਜਗਾ ਮੇਰੇ ਚਰਾਗ਼, ਚਾਰ ਕੁੰਟ ਚਰਾਗਾਹਾਂ ਵਿਚ ਹੋਏ ਰੁਸ਼ਨਾਈਆ । ਸਾਚੇ ਨਾਮ ਦਾ ਉਪਜਾ ਇਕ ਰਾਗ, ਰਾਗ ਰਾਗਨੀ ਜਿਸ ਨੂੰ ਸੀਸ ਨਿਵਾਈਆ । ਸ਼ਬਦ ਅਗੰਮੀ ਮਾਰ ਆਵਾਜ਼, ਸੋਏ ਸੁੱਤੇ ਲੋਕਮਾਤ ਉਠਾਈਆ । ਪ੍ਰੇਮ ਹਕੀਕੀ ਬਖ਼ਸ਼ ਵੈਰਾਗ, ਵੈਰੀ ਮਿੱਤਰ ਸ਼ੱਤਰੂ ਇਕੋ ਨਜ਼ਰੀ ਆਈਆ । ਤੇਰੀ ਮੁਹੱਬਤ ਵਿਚ ਹੋਣ ਵਿਸਮਾਦ, ਵਿਸ਼ਿਆਂ ਵਾਲਾ ਵਿਸ਼ਾ ਦੇਣਾ ਤਜਾਈਆ । ਜਗਤ ਤ੍ਰਿਸ਼ਨਾ ਬੁਝਾ ਆਗ, ਸਾਂਤਕ ਸਤਿ ਦੇ ਵਡਿਆਈਆ । ਦੁਰਮਤ ਮੈਲ ਧੋ ਦਾਗ਼, ਸੰਤ ਸੁਹੇਲੇ ਪਤਿਤ ਪੁਨੀਤ ਲੈ ਬਣਾਈਆ । ਕੂੜ ਬੁਧੀ ਰਹੇ ਨਾ ਕੋਈ ਕਾਗ, ਹੰਸ ਗੁਰਮੁਖ ਨਜ਼ਰੀ ਆਈਆ । ਗੁਰਸਿਖ ਤੇਰਾ ਹੋਵੇ ਉੱਤਮ ਸਾਧ, ਸਿਦਕ ਸਬੂਰੀ ਦੇ ਸਮਝਾਈਆ । ਮਨ ਵਾਸਨਾ ਰਹੇ ਨਾ ਕੋਇ ਵਿਵਾਦ, ਵਿਖ ਅੰਮ੍ਰਿਤ ਦੇ ਬਣਾਈਆ । ਤੇਰਾ ਖੇਲ ਸਦਾ ਜੁਗਾਦਿ ਆਦਿ, ਮਧ ਆਪਣੀ ਕਲ ਵਰਤਾਈਆ । ਜਗਤ ਵਾਸਨਾ ਕਰ ਬਰਬਾਦ, ਆਬਾਦ ਆਪਣਾ ਨਾਮ ਜਣਾਈਆ । ਝਗੜਾ ਰਹੇ ਨਾ ਦੂਈ ਫ਼ਸਾਦ, ਏਕਾ ਰੰਗ ਦੇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲੇ ਲੈ ਵਰ, ਦਰ ਅੰਤ ਵਾਰ ਏਕਾ ਮੰਗ ਮੰਗਾਈਆ । ਸਤਿ ਧਰਮ ਕਹੇ ਪ੍ਰਭ ਭਗਤਾਂ ਦੀ ਵੇਖ ਭਗਤੀ, ਭਗਵਨ ਤੇਰੀ ਓਟ ਤਕਾਈਆ । ਤੈਨੂੰ ਮਾਲਕ ਮੰਨ ਕੇ ਅਰਸ਼ੀ, ਪ੍ਰੀਤਮ ਇਕੋ ਰਹੇ ਮਨਾਈਆ । ਸਾਹਿਬ ਸਵਾਮੀ ਸਹਾਇਤਾ ਕਰ ਉਪਰ ਧਰਤੀ, ਧਵਲ ਉਪਰ ਦੇਣੀ ਮਾਣ ਵਡਿਆਈਆ । ਸਾਰ ਪਾ ਜਨ ਭਗਤਾਂ ਘਰ ਦੀ, ਗ੍ਰਹਿ ਮੰਦਰ ਵੇਖ ਵਖਾਈਆ । ਜਿਸ ਮੰਦਰ ਤੇਰੀ ਜੋਤ ਹੋਵੇ ਬਲਦੀ, ੧੧੧੪ ੧੯
ਨੂਰੋ ਨੂਰ ਨੂਰ ਕਰ ਰੁਸ਼ਨਾਈਆ । ਕਲਾ ਚਲੇ ਨਾ ਕੋਇ ਕਲਜੁਗ ਕਲ ਦੀ, ਅਕਲ ਕਲਧਾਰੀ ਆਪਣੀ ਕਲ ਦੇ ਵਖਾਈਆ । ਭਾਵਨਾ ਰਹੇ ਨਾ ਦਵੈਤੀ ਸਲ ਦੀ, ਸਲਲ ਹੋ ਕੇ ਸਾਹਿਬ ਆਪਣਾ ਰੰਗ ਰੰਗਾਈਆ । ਧਾਰ ਵੇਖ ਜਲ ਥਲ ਦੀ, ਮਹੀਅਲ ਆਪਣਾ ਪੜਦਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤਾਂ ਮਿਲ ਕੇ ਖ਼ੁਸ਼ੀ ਮਨਾਈਆ । ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਤੋੜ ਪਾਬੰਦੀ, ਜਗਤ ਸ਼ਰਅ ਨਾ ਕੋਇ ਵਡਿਆਈਆ । ਸਾਚੇ ਨਾਮ ਦੀ ਦੇ ਸੁਗੰਧੀ, ਮਹਿਕ ਇਕੋ ਦੇ ਮਹਿਕਾਈਆ । ਕਲਜੁਗ ਕੂੜੀ ਵਾਸਨਾ ਅੰਦਰ ਰਹੇ ਨਾ ਗੰਦੀ, ਕਿਰਿਆ ਕਰਮ ਤੋਂ ਲੈਣਾ ਬਚਾਈਆ । ਸਾਚੇ ਨਾਮ ਦਾ ਢੋਲਾ ਦੱਸ ਛੰਦੀ, ਸ਼ਹਿਨਸ਼ਾਹ ਹੋ ਕੇ ਆਪ ਸਮਝਾਈਆ । ਵਸਤ ਅਮੋਲਕ ਦੇ ਅਨਮੰਗੀ, ਅਸੁਤੇ ਅਬਿਨਾਸ਼ੀ ਅਚੁਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਨੇਤਰ ਅੱਖ ਰਹਿਣ ਨਾ ਦੇਣੀ ਅੰਧੀ, ਅਗਿਆਨ ਅੰਧੇਰਾ ਅੰਦਰੋਂ ਦੇਣਾ ਕਢਾਈਆ । ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਬਖ਼ਸ਼ ਚਰਨ ਪਿਆਰ, ਪਿਆਰ ਵਿਚੋਂ ਪ੍ਰੀਤਮ ਨਜ਼ਰੀ ਆਈਆ । ਜੁਗ ਜਨਮ ਦੇ ਵਿਛੜਿਆਂ ਪੈਜ ਸਵਾਰ, ਸਵਾਰਥ ਪਰਮਾਰਥ ਆਪਣਾ ਨਾਮ ਦੇ ਦ੍ਰਿੜਾਈਆ । ਸਤਿ ਸਚ ਦੱਸ ਜੈਕਾਰ, ਨਾਅਰਾ ਨਿਰੰਕਾਰਾ ਇਕੋ ਇਕ ਗਾਈਆ । ਧੁਰ ਦਰਬਾਰ ਦੀ ਦੱਸ ਬਹਾਰ, ਸੁਹੰਜਣੀ ਰੁਤ ਮੌਲੇ ਬੇਪਰਵਾਹੀਆ । ਗੁਰਮੁਖ ਤੇਰੀ ਖਿਲੇ ਗੁਲਜ਼ਾਰ, ਗੁਲਸ਼ਨ ਸੋਹਣਾ ਨਜ਼ਰੀ ਆਈਆ । ਕਿਰਪਾ ਕਰ ਵਿਚ ਸੰਸਾਰ, ਜਗਤ ਸਾਗਰ ਵਿਚੋਂ ਪਾਰ ਕਰਾਈਆ । ਪੰਜ ਤਤ ਕਾਇਆ ਮਾਟੀ ਕਰ ਉਜਿਆਰ, ਕਾਚੀ ਗਗਰੀਆ ਹੋਏ ਰੁਸ਼ਨਾਈਆ । ਸਾਚਾ ਮੰਦਰ ਤੇਰਾ ਦਰ ਦਿਸੇ ਦਰਬਾਰ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ

ਦੇ ਖੁਲ੍ਹਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਬੀਤੇ ਤੇਰਾ ਕਿਸੇ ਨਾ ਪਾਇਆ ਅੰਤ ਪਾਰਾਵਾਰ, ਬੇਅੰਤ ਕਹਿ ਕੇ ਸਾਰੇ ਸੀਸ ਨਿਵਾਈਆ । ਕਲਜੁਗ ਅੰਤ ਕਿਰਪਾ ਕਰ ਆਪ ਨਿਰੰਕਾਰ, ਸੱਚੀ ਸਰਕਾਰ ਦਇਆ ਕਮਾਈਆ । ਭਗਤ ਸੁਹੇਲੇ ਸ਼ਬਦੀ ਧਾਰ ਲੈ ਤਾਰ, ਪਾਰ ਕਿਨਾਰ ਆਪਣੇ ਲੈ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਤੇਰੇ ਚਰਨ ਕਵਲ ਕਰੀ ਨਿਮਸਕਾਰ, ਤਿਸ ਨਿਮਖ ਨਿਮਖ ਨਾ ਕੋਇ ਕਟਾਈਆ ।

✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸੁਰਜੀਤ ਸਿੰਘ ਦੇ ਗ੍ਰਹਿ ਪਿੰਡ ਘੜੂਆਂ ਜ਼ਿਲਾ ਅੰਬਾਲਾ ✪

ਸਤਿ ਧਰਮ ਕਹੇ ਪ੍ਰਭ ਜਨ ਭਗਤਾਂ ਅੰਦਰ ਕਰ ਲੋ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪੈਂਡਾ ਦੇ ਮੁਕਾਈਆ । ਪੁਰਖ ਅਕਾਲ ਦੀਨ ਦਿਆਲ ਸਚ ਸਵਾਮੀ ਆਪਣੀ ਦੱਸ ਸੋ, ਸੋਈ ਸੁਰਤ ਅਕਾਲ ਮੂਰਤ ਆਪ ਜਗਾਈਆ । ਹੰ ਬ੍ਰਹਮ ਨਿਰਗੁਣ ਧਾਰ ਆਪੇ ਹੋ, ਹੋਕਾ ਦੇ ਕੇ ਆਲਸ ਨਿੰਦਰਾ ਦੇ ਗਵਾਈਆ । ਅੰਮ੍ਰਿਤ ਰਸ ਨਿਝਰ ਧਾਰਾ ਚੋ, ਬੂੰਦ ਸਵਾਂਤੀ ਕਮਲਾਪਾਤੀ ਇਕ ਟਪਕਾਈਆ । ਮਨ ਵਿਕਾਰਾ ਕੂੜ ਕੁੜਿਆਰਾ ਲੈ ਖੋਹ, ਜਗਤ ਤ੍ਰਿਸ਼ਨਾ ਝਗੜਾ ਦੇ ਚੁਕਾਈਆ । ਪੰਚ ਵਿਕਾਰਾ ਪੋਹ ਨਾ ਸਕੇ ਗਰੋਹ, ਗਹਿਰ ਗੰਭੀਰ ਬੇਨਜ਼ੀਰ ਆਪਣਾ ਰੰਗ ਰੰਗਾਈਆ । ਗੁਰਮੁਖ ਮਾਣਕ ਮੋਤੀ ਨਾਮ ਧਾਗੇ ਲੈ ਪਰੋ, ਪਾਰਬ੍ਰਹਮ ਬ੍ਰਹਮ ਲੜੀ ਆਪਣੇ ਨਾਲ ਬੰਧਾਈਆ । ਸਾਚੇ ਸੰਤਾਂ ਨਾਲ ਹੋਵੇ ਨਾ ਕੋਇ ਧਰੋਹ, ਧ੍ਰੂ ਪ੍ਰਹਿਲਾਦ ਰੋ

ਕੇ ਦੇਣ ਦੁਹਾਈਆ । ਲੱਖ ਚੁਰਾਸੀ ਜੀਵ ਜੰਤ ਲੈ ਜੋਹ, ਕਾਇਆ ਮਾਟੀ ਹਾਟੀ ਫੋਲ ਫੁਲਾਈਆ । ਗੁਰਮੁਖਾਂ ਅੰਦਰ ਨਾਮ ਅਗੰਮਾ ਬੀਜ ਬੋ, ਬੋਹਿਥਾ ਹੋ ਕੇ ਸਤਿਗੁਰ ਦੇ ਵਡਿਆਈਆ । ਤੇਰਾ ਲੇਖਾ ਜਾਣੇ ਨਾ ਕੋ, ਕੋਟਨ ਕੋਟ ਗੁਰ ਅਵਤਾਰ ਪੈਗ਼ੰਬਰ ਧਿਆਨ ਲਗਾਈਆ । ਆਤਮ ਪਰਮਾਤਮ ਹੋ ਕੇ ਜਾ ਛੋਹ, ਸ਼ਾਹ ਪਾਤਸ਼ਾਹ ਆਪਣਾ ਮੇਲਾ ਲੈਣਾ ਮਿਲਾਈਆ । ਮਾਇਆ ਮਮਤਾ ਨਾਲੋਂ ਕਰ ਨਿਰਮੋਹ, ਪ੍ਰੇਮ ਪ੍ਰੀਤੀ ਚਰਨ ਕਵਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਦਵਾਰੇ ਕੋਈ ਨਾ ਜਾਵੇ ਰੋ, ਹਸਦਿਆਂ ਹਸਤੀ ਆਪਣੇ ਵਿਚ ਮਿਲਾਈਆ ।

✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਬੀਬੀ ਸੁਖਜਿੰਦਰ ਕੌਰ ਦੇ ਗ੍ਰਹਿ ਪਿੰਡ ਘੜੂਆਂ ਜ਼ਿਲਾ ਅੰਬਾਲਾ ✪

ਸਤਿ ਧਰਮ ਕਹੇ ਪ੍ਰਭ ਸਾਚੇ ਭਗਤਾਂ ਅੰਦਰ ਲਾ ਨਾਮ ਚੋਟ, ਚੋਟੀ ਚੜ੍ਹ ਕੇ ਸੁਰਤੀ ਸਵਾਧਾਨ ਕਰਾਈਆ । ਮਨ ਵਾਸਨਾ ਕੂੜੀ ਕਿਰਿਆ ਅੰਦਰੋਂ ਕੱਢ ਖੋਟ, ਨਿਹਕਰਮੀ ਹੋ ਕੇ ਆਪਣਾ ਕਰਮ ਕਮਾਈਆ । ਹਉਮੇਂ ਹੰਗਤਾ ਦੂਈ ਦਵੈਤੀ ਕਟ ਰੋਗ, ਹੰ ਬ੍ਰਹਮ ਪਾਰਬ੍ਰਹਮ ਦੇ ਸਮਝਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜਾਤੇ ਕਰ ਰੁਸ਼ਨਾਈਆ । ਮਨ ਬੁਧੀ ਦੀ ਲੇਖੇ ਲਾ ਸੋਚ, ਸਮਝ ਵਿਚ ਆਪਣੀ ਰਮਜ਼ ਦੇ ਰਲਾਈਆ । ਚਰਨ ਕਵਲ ਪ੍ਰੀਤੀ ਧੁਰ ਦਰਗਾਹ ਦੀ ਦੇ ਅਗੰਮੀ ਮੌਜ, ਮਜਲਸ ਆਪਣੇ ਨਾਲ ਰਖਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਸਾਚੀ ਦੱਸ ਖੋਜ,

ਜੰਗਲ ਜੂਹ ਉਜਾੜ ਪਹਾੜ ਫਿਰਨ ਦੀ ਲੋੜ ਰਹੇ ਨਾ ਪਾਈਆ । ਚਿੰਤਾ ਗ਼ਮ ਰਹੇ ਨਾ ਹਰਖ ਸੋਗ, ਸੰਸਾ ਕੂੜ ਦੇਣਾ ਮਿਟਾਈਆ । ਆਤਮ ਪਰਮਾਤਮ ਪਰਮਾਤਮ ਆਤਮ ਆਪਣੇ ਨਾਮ ਦੀ ਦੇ ਸਾਚੀ ਚੋਗ, ਚੁਗਲੀ ਨਿੰਦਿਆ ਵਿਚੋਂ ਬਾਹਰ ਕਢਾਈਆ । ਸਦਾ ਸੁਹੇਲਾ ਇਕ ਇਕੇਲਾ ਦੇ ਦਰਸ ਅਮੋਘ, ਅਮਿਉਂ ਰਸ ਅੰਮ੍ਰਿਤ ਆਪਣਾ ਨਾਮ ਚੁਆਈਆ । ਚਾਰ ਵਰਨ ਅਠਾਰਾਂ ਬਰਨ ਇਕੋ ਦੱਸ ਸਾਚਾ ਜੋਗ, ਜੁਗਤੀ ਧੁਰ ਦੀ ਆਪ ਦ੍ਰਿੜਾਈਆ । ਤੇਰਾ ਨਾਮ ਅਨਮੋਲਾ ਸਦਾ ਸਦਾ ਅਗਾਧ ਬੋਧ, ਬੁਧੀ ਤੋਂ ਪਰੇ ਕਰ ਪੜ੍ਹਾਈਆ । ਜਨ ਭਗਤਾਂ ਕਾਇਆ ਮੰਦਰ ਅੰਦਰ ਤੇਰਾ ਦਰਸ਼ਨ ਹੋਵੇ ਰੋਜ਼, ਰੋਜ਼ਾ ਨਮਾਜ਼ ਦੀ ਲੋੜ ਰਹੇ ਨਾ ਰਾਈਆ । ਕਰਮ ਕਾਂਡ ਦਾ ਰਹੇ ਕੋਈ ਨਾ ਬੋਝ, ਸੀਸ ਜਗਦੀਸ ਆਪਣਾ ਹੱਥ ਦੇਣਾ ਟਿਕਾਈਆ । ਭੇਵ ਅਭੇਦਾ ਦੱਸਣਾ ਗੋਝ, ਪੜਦਾ ਉਹਲਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਸ਼ਬਦੀ ਸ਼ਬਦ ਨਿਰਾਲੇ ਚੋਜ, ਚਾਰ ਕੁੰਟ ਦਹਿ ਦਿਸ਼ਾ ਏਕਾ ਰੰਗ ਦੇ ਵਖਾਈਆ ।

## ✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਗੁਰਦੇਵ ਸਿੰਘ ਦੇ ਗ੍ਰਿਹ ਪਿੰਡ ਮਾਣਕ ਪੁਰ ਕੱਲਰ ✪

ਸਤਿਜੁਗ ਸਾਚਾ ਕਹੇ ਕਿਰਪਾ ਕਰ ਪ੍ਰਭੂ ਮਿਹਰਵਾਨ, ਸਤਿ ਧਰਮ ਦਵਾਰ ਏਕੰਕਾਰ ਇਕੋ ਦੇ ਵਖਾਈਆ । ਸ਼ਬਦ ਸੰਦੇਸਾ ਦੇ ਦੋ ਜਹਾਨ, ਨਿਰਗੁਣ ਸਰਗੁਣ ਲੱਖ ਚੁਰਾਸੀ ਜੀਵ ਜੰਤ ਸਮਝਾਈਆ । ਤੇਰਾ ਹੁਕਮ ਗ੍ਰਿਹਿ ਗ੍ਰਿਹਿ ਹੋਵੇ ਪ੍ਰਵਾਨ, ਪਰਮ ਪੁਰਖ ਪਰਮਾਤਮ ਆਤਮ ਪੜਦਾ ਦੇ ਉਠਾਈਆ । ਕਲਜੁਗ ਕੂੜੀ ਕਿਰਿਆ ਕੱਢ ਵਿਚੋਂ ਜਗਤ ਜਹਾਨ, ਲੋਕਮਾਤ ਰਹਿਣ ਨਾ ਪਾਈਆ । ਗੁਰਮਤ ਸਾਚੀ ਦੇ ਅਗੰਮੀ ਦਾਨ, ਚਾਰ ਵਰਨ ਅਠਾਰਾਂ ਬਰਨ ਇਕੋ ਮਿਲੇ ਸਰਨਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਤੇਰਾ ਨਾਮ ਇਕੋ ਗਾਣ, ਕਲਮਾ ਕਾਇਨਾਤ ਹੱਕ ਹਕ਼ੀਕਾਤ ਦੇ ਪੜ੍ਹਾਈਆ । ਸਤਿ ਧਰਮ ਚਾਰ ਕੁੰਟ ਦਹਿ ਦਿਸ਼ਾ ਤੇਰਾ ਝੁਲੇ ਇਕ ਨਿਸ਼ਾਨ, ਰਾਜ ਰਾਜਾਨ ਸ਼ਾਹ ਸੁਲਤਾਨ ਸਿਰ ਸਕੇ ਨਾ ਕੋਇ ਉਠਾਈਆ । ਸੰਤ ਸੁਹੇਲੇ ਗੁਰਮੁਖ ਗੁਰਸਿਖ ਹਰਿ ਭਗਤ ਦਰ ਦਵਾਰੇ ਕਰ ਪ੍ਰਵਾਨ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਧੁਰ ਦਾ ਵਰ, ਸਤਿਜੁਗ ਸਾਚਾ ਆਸ ਰਖਾਈਆ । ਸਤਿਜੁਗ ਸਾਚਾ ਕਹੇ ਪ੍ਰਭ ਮੇਰੇ ਪਰਮ ਪੁਰਖ ਦੀਨਾ ਬੰਧਨ, ਗੁਣ ਨਿਧਾਨ ਤੇਰੀ ਵਡ ਵਡਿਆਈਆ । ਸਚ ਸਵਾਮੀ ਅੰਤਰਜਾਮੀ ਘਟ ਭੀਤਰ ਗ੍ਰਿਹਿ ਦੇ ਅਨੰਦਨ, ਪਰਮਾਨੰਦ ਵਿਚ ਗੁਰਮੁਖ ਗੁਰਸਿਖ ਲੈ ਮਿਲਾਈਆ । ਸਚ ਦਵਾਰ ਏਕੰਕਾਰ ਨਿਰਗੁਣ ਦੱਸ ਬੰਦਗੀ ਬੰਦਨ, ਬੰਦੀਖ਼ਾਨਾ ਲੱਖ ਚੁਰਾਸੀ ਜਮ ਕੀ ਫਾਸੀ ਦੇ ਤੁੜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਚਾ ਢੋਲਾ ਗੀਤ ਦੱਸ ਛੰਦਨ, ਕਲਮਾ ਕਾਇਨਾਤ ਹੱਕ ਮਹਿਬੂਬ ਇਕ ਪੜ੍ਹਾਈਆ । ਤਨ ਮਾਟੀ ਖ਼ਾਕੀ ਵਜੂਦ ਪੰਜ ਤਤ ਚਾੜ੍ਹ ਆਪਣੀ ਰੰਗਣ, ਦੁਰਮਤ ਮੈਲ ਅੰਦਰੋਂ ਬਾਹਰੋਂ ਦੇ ਧਵਾਈਆ । ਸੰਤ ਸੁਹੇਲਾ ਕੋਈ ਨਾ ਹੋਵੇ ਭਾਗਾਂ ਮੰਦਨ, ਨਿਰਗੁਣ ਨੂਰ ਜੋਤ ਚੰਦ ਕਰ ਰੁਸ਼ਨਾਈਆ । ਜੁਗ ਚੌਕੜੀ ਨਿਤ ਨਵਿਤ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਨਾਮ ਆਵੇਂ ਵੰਡਣ, ਦਾਤਾਰ ਹੋ ਕੇ ਵਸਤ ਅਮੋਲਕ ਕਾਇਆ ਗੋਲਕ ਝੋਲੀ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਦੀਨ ਦੁਨੀ ਵੇਖ ਵਿਚ ਵਰਭੰਡਨ, ਨੌ ਖੰਡ ਪ੍ਰਿਥਮੀ ਸੱਤ ਦੀਪ ਧੀਰਜ ਧੀਰ ਨਾ

ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਤਿਜੁਗ ਸਾਚਾ ਤੇਰੇ ਦਰ ਦਵਾਰ ਭਿਖਾਰੀ ਹੋ ਕੇ ਝੋਲੀ ਡਾਹੀਆ । ਸਤਿਜੁਗ ਕਹੇ ਪਰਮ ਪੁਰਖ ਪਰਮਾਤਮ ਆਤਮ ਪੂਰ ਕਰ ਵਾਇਦਾ, ਕੌਲ ਇਕਰਾਰ ਆਪਣਾ ਤੋੜ ਨਿਭਾਈਆ । ਗੁਰ ਅਵਤਾਰ ਪੈਗ਼ੰਬਰ ਚਾਰ ਜੁਗ ਤੇਰਾ ਭਵਿਖਤ ਲਿਖ ਕੇ ਗਏ ਬਾਕਾਇਦਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਦੇਵੇ ਜਗਤ ਗਵਾਹੀਆ । ਕੂੜੀ ਕਿਰਿਆ ਕਲਜੁਗ ਮਾਤਲੋਕ ਵਿਚੋਂ ਕਰ ਅਲੈਹਿਦਾ, ਸਤਿਜੁਗ ਸਚ ਧਰਨੀ ਧਰਤ ਧਵਲ ਧੌਲ ਦੇ ਟਿਕਾਈਆ । ਸ਼ਬਦੀ ਧਾਰ ਜੋਤ ਨਿਰੰਕਾਰ ਸਚ ਦਵਾਰ ਹੋਇਆ ਮੁਆਹਿਦਾ, ਮਿਹਰਵਾਨ ਮਹਿਬੂਬ ਪੂਰਬ ਲੇਖਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਆਤਮ ਅੰਤਰ ਵੜ ਕੇ ਤਨ ਮਾਟੀ ਲੈ ਜਾਇਜ਼ਾ, ਨਾਮ ਖ਼ੁਮਾਰੀ ਜਗਤ ਸਚ ਨਜ਼ਰ ਕੋਇ ਨਾ ਆਈਆ । ਸਤਿਜੁਗ ਸਾਚਾ ਕਹੇ ਸ੍ਰੀ ਭਗਵਾਨ ਮੇਰਾ ਪੂਰਾ ਕਰ ਦੇ ਇਰਾਦਾ, ਇਬਾਦਤ ਇਕੋ ਦੇ ਦ੍ਰਿੜਾਈਆ । ਸ੍ਰਿਸ਼ਟ ਸਬਾਈ ਦੀਨ ਦੁਨੀ ਸ਼ਬਦੀ ਗੋਬਿੰਦ ਦੱਸ ਪਿਤਾ ਪੁਰਖ ਅਕਾਲ ਵਾਹਦ ਦਾਵੇਦਾਰ ਇਕੋ ਘਰ ਘਰ ਦੇ ਜਣਾਈਆ । ਤ੍ਰੈਗੁਣ ਮਾਇਆ ਪੰਜ ਤਤ ਵਿਕਾਰ ਬੁਝਾ ਆਗਾ, ਅੰਮ੍ਰਿਤ ਮੇਘ ਬੂੰਦ ਸਵਾਂਤੀ ਨਿਝਰ ਧਾਰ ਆਪ ਚੁਆਈਆ । ਧਰਤੀ ਕਹੇ ਪਤਿਤ ਪਾਪੀਆਂ ਧੋ ਦਾਗ਼ਾ, ਪੁਨੀਤ ਪਵਿਤ ਦੇ ਕਰਾਈਆ । ਸ਼ਬਦ ਅਗੰਮੀ ਧੁਨ ਆਤਮਕ ਬਿਨ ਰਸਨਾ ਜਿਹਵਾ ਬੱਤੀ ਦੰਦ ਸੁਣਾ ਅਨੁਰਾਗਾ, ਅਨਹਦ ਨਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਨਾਦ ਵਜਾਈਆ । ਤੇਰਾ ਖੇਲ ਨਿਤ ਨਵਿਤ ਪੁਰੀ ਲੋਅ ਆਕਾਸ਼ ਪਾਤਾਲ ਬ੍ਰਹਮ ਬ੍ਰਹਿਮਾਦਾ, ਜੀਓ ਪਿੰਡ ਤੇਰੀ ਬੇਪ੍ਰਵਾਹੀਆ । ਕਲਜੁਗ ਕੂੜੀ ਕਿਰਿਆ ਮਨ ਵਾਸਨਾ ਜਗਤ ਬਦਲ ਦੇ ਸਮਾਜਾ, ਸਾਚਾ ਮਾਰਗ ਏਕੰਕਾਰ ਇਕੋ ਇਕ ਦੇ ਸਮਝਾਈਆ । ਸ਼ਾਹੋ ਭੂਪ ਵਡ ਸੁਲਤਾਨ ਦੋ ਜਹਾਨ ਰਾਜਨ ਰਾਜਾ, ਹੱਕ ਮੁਕਾਮੇ ਪਰਵਰਦਗਾਰ ਸਾਂਝਾ ਯਾਰ ਇਕੋ ਨਜ਼ਰੀ ਆਈਆ । ਇਕੋ ਸੀਸ ਜਗਦੀਸ ਤੇਰੇ ਸੀਸ ਸੋਹੇ ਤਾਜਾ, ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਪਣਾ ਹੁਕਮ ਵਰਤਾਈਆ । ਕਲਜੁਗ ਜੀਵ ਜੰਤ ਹੰਸ ਬਣਾ ਫੜ ਫੜ ਕਾਗਾ, ਸੋਹੰ ਮਾਣਕ ਮੋਤੀ ਚੋਗ ਇਕੋ ਨਾਮ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਸਾਚੀ ਓਟ ਰਖਾਈਆ । ਸਤਿਜੁਗ ਸਾਚਾ ਕਹੇ ਪ੍ਰਭ ਅੰਤ ਮੇਟ ਕੂੜ ਕੁੜਿਆਰ, ਕਲਜੁਗ ਧਰਨੀ ਧਵਲ ਰਹਿਣ ਨਾ ਪਾਈਆ । ਸਤਿਜੁਗ ਸਾਚੇ ਸਤਿ ਧਰਮ ਦੇ ਇਖਤਿਆਰ, ਇਖ਼ਤਲਾਫ਼ ਪਿਛਲੇ ਦਏ ਗਵਾਈਆ । ਚਾਰ ਕੁੰਟ ਦਹਿ ਦਿਸ਼ਾ ਸੁਣਾਵੇ ਇਕ ਜੈਕਾਰ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਢੋਲਾ ਗਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰੇ ਪਿਆਰ, ਊਚ ਨੀਚ ਰਾਉ ਰੰਕ ਦੀਨ ਮਜ਼੍ਹਬ ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਸਚਖੰਡ ਦਵਾਰਾ ਸਭ ਦਾ ਦੱਸੇ ਸਾਂਝਾ ਘਰ ਬਾਰ, ਜਿਥੇ ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਨਿਰਗੁਣ ਨੂਰ ਜੋਤ ਕਰ ਉਜਿਆਰ, ਸਚ ਉਜਾਲਾ ਹਰਿ ਗੋਪਾਲਾ ਦੇ ਵਖਾਈਆ । ਤੇਰੀ ਮਹਿੰਮਾ ਆਦਿ ਜੁਗਾਦਿ ਅਗੰਮ ਅਪਾਰ, ਕਥਨੀ ਕਥ ਸਕੇ ਕੋਇ ਨਾ ਰਾਈਆ । ਸਤਿਜੁਗ ਕਹੇ ਪ੍ਰਭੂ ਮੈਂ ਢਹਿ ਪਿਆ ਤੇਰੇ ਦਵਾਰ, ਦਰ ਠਾਂਡੇ ਸੀਸ ਨਿਵਾਈਆ । ਸਤਿ ਧਰਮ ਦੀ ਸਾਚੀ ਲਾ ਬਹਾਰ, ਗੁਰਮੁਖ ਗੁਰਸਿਖ ਬੂਟੇ ਤੇਰੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਸਤਿਜੁਗ ਤਰੇਤਾ ਦਵਾਪਰ ਕਲਜੁਗ ਗੁਰ ਅਵਤਾਰ

ਪੈਗ਼ੰਬਰ ਤੇਰਾ ਨਿਰਗੁਣ ਸਰਗੁਣ ਖੇਲ ਅਪਾਰ, ਨਿਤ ਨਵਿਤ ਕਰ ਕਰ ਹਿਤ, ਭਗਤ ਸੁਹੇਲੇ ਬਣਾ ਕੇ ਮਿਤ, ਗੁਰਮੁਖ ਗੁਰ ਗੁਰ ਹਰਿ ਸੱਜਣ ਆਪਣੀ ਗੋਦ ਉਠਾਈਆ ।

### ✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸੰਤ ਸਿੰਘ ਦੇ ਗ੍ਰਹਿ ਪਿੰਡ ਮਾਣਕ ਪੁਰ ਕੱਲਰ ✪

ਸਤਿਜੁਗ ਕਹੇ ਪ੍ਰਭ ਨਿਰਗੁਣ ਜੋਤ ਬਖ਼ਸ਼ ਨੂਰ, ਨਵ ਸੱਤ ਇਕੋ ਰੰਗ ਰੰਗਾਈਆ । ਸਮਰਥ ਸਵਾਮੀ ਆਦਿ ਜੁਗਾਦਿ ਸਦਾ ਭਰਪੂਰ, ਬੇਪਰਵਾਹ ਤੇਰੀ ਵਡ ਵਡਿਆਈਆ । ਗੁਰ ਅਵਤਾਰਾਂ ਪੈਗ਼ੰਬਰਾਂ ਬੇਨੰਤੀ ਕਰ ਮਨਜ਼ੂਰ, ਸਤਿਜੁਗ ਤਰੇਤਾ ਦਵਾਪਰ ਕਲਜੁਗ ਜੋ ਤੇਰੇ ਅਗੇ ਗਏ ਸੁਣਾਈਆ । ਸ਼ਬਦ ਅਗੰਮੀ ਦੋ ਜਹਾਨਾਂ ਉਪਜਾ ਆਪਣੀ ਤੂਰ, ਤੁਰਤ ਚਾਰ ਕੁੰਟ ਦਿਸ਼ਾ ਇਕੋ ਹੁਕਮ ਵਰਤਾਈਆ । ਕਲਜੁਗ ਕੂੜੀ ਕਿਰਿਆ ਮਮਤਾ ਲੋਕਮਾਤ ਵਿਚੋਂ ਕਰ ਦੂਰ, ਨੇਰਨ ਨੇਰਾ ਹੋ ਕੇ ਵੇਖ ਵਖਾਈਆ । ਸਤਿ ਧਰਮ ਦਾ ਪਰਗਟ ਕਰ ਇਕ ਅਸੂਲ, ਨਿਯਮ ਕਾਇਦਾ ਕ਼ਾਨੂੰਨ ਧੁਰ ਦਾ ਦੇ ਜਣਾਈਆ । ਤੇਰੇ ਨਾਮ ਦਾ ਇਕੋ ਹੋਵੇ ਮਜ਼ਮੂਨ, ਬਹੁ ਵਿਦਿਆ ਦਾ ਲੇਖਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸਾਚਾ ਵਰ, ਸਚ ਦਵਾਰੇ ਸਤਿਜੁਗ ਸਾਚਾ ਆਸਾ ਇਕ ਰਖਾਈਆ । ਸਤਿਜੁਗ ਸਾਚਾ ਕਹੇ ਪ੍ਰਭ ਲੋਕਮਾਤ ਵੇਖ ਅਗੰਮੀ ਧਾਰ, ਧਰਨੀ ਧਰਤ ਧਵਲ ਖੋਜ ਖੁਜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਮਾਇਆ ਮਮਤਾ ਕਰੇ ਹਾਹਾਕਾਰ, ਲੋਭ ਵਿਕਾਰ ਧੀਰਜ ਧੀਰ ਨਾ ਕੋਇ ਧਰਾਈਆ । ਮਨ ਵਾਸਨਾ ਮਾਨਵ ਜਾਤੀ ਹੋਈ ਖ਼ੁਆਰ, ਖ਼ਾਲਸ ਤੇਰਾ ਰੂਪ ਨਜ਼ਰ ਕਿਸੇ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਢੋਲੇ ਗਾਉਂਦੇ ਵਾਰੋ ਵਾਰ, ਤੇਰੇ ਨਾਮ ਦੀ ਵਾਰਤਾ ਵਾਰਸ ਹੋ ਕੇ ਨਾ ਕੋਇ ਸਮਝਾਈਆ । ਦੀਨ ਦੁਨੀ ਹੋਵੇ ਜ਼ਾਰੋ ਜ਼ਾਰ, ਜਗਤ ਨੇਤਰ ਨੈਣਾਂ ਨੀਰ ਵਹਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਕਿਸੇ ਮਿਲੇ ਨਾ ਠੰਡੀ ਠਾਰ, ਬੂੰਦ ਸਵਾਂਤੀ ਕਮਲਾਪਾਤੀ ਨਾਭੀ ਕਵਲ ਨਾ ਕੋਇ ਚੁਆਈਆ । ਦੀਆ ਬਾਤੀ ਕਮਲਾਪਾਤੀ ਕਾਇਆਂ ਮੰਦਰ ਅੰਦਰ ਹੋਏ ਨਾ ਕੋਇ ਉਜਿਆਰ, ਕੂੜ ਅੰਧੇਰਾ ਸਾਢੇ ਤਿੰਨ ਹੱਥ ਨਾ ਕੋਇ ਮਿਟਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗਏ ਹਾਰ, ਕਲਮ ਸ਼ਾਹੀ ਕਾਗ਼ਜ਼ ਚਲੇ ਨਾ ਕੋਇ ਚਤੁਰਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਦੋ ਜਹਾਨ ਸ੍ਰੀ ਭਗਵਾਨ ਪਾਵੇ ਕੋਇ ਨਾ ਸਾਰ, ਮਹਾਂਸਾਰਥੀ ਨਜ਼ਰ ਕੋਇ ਨਾ ਆਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਕਿਰਪਾ ਧਾਰ, ਪਰਵਰਦਿਗਾਰ ਸਾਂਝੇ ਯਾਰ ਵਾਹਦ ਤੇਰੀ ਆਸਾ ਇਕ ਰਖਾਈਆ । ਚਾਰ ਕੁੰਟ ਦਹਿ ਦਿਸ਼ਾ ਵਰਨ ਬਰਨ ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਦੇ ਇਕ ਅਧਾਰ, ਸ਼ਰਅ ਸ਼ਰੀਅਤ ਝਗੜਾ ਰਹੇ ਨਾ ਰਾਈਆ । ਕੁਦਰਤ ਦੇ ਕ਼ਾਦਰ ਕਰਨੀ ਦੇ ਕਰਤੇ ਪਰਮ ਪੁਰਖ ਕਰਤਾਰ, ਨਿਹਕਰਮੀ ਹੋ ਕੇ ਆਪਣਾ ਕਰਮ ਕਮਾਈਆ । ਵਸਤ ਅਮੋਲਕ ਸਾਚਾ ਨਾਮ ਬਖਸ਼ਿਸ਼ ਕਰ ਅਪਰ ਅਪਾਰ, ਅਪਰੰਪਰ ਤੇਰੀ ਬੇਪ੍ਰਵਾਹੀਆ । ਜੁਗ ਚੌਕੜੀ ਤੇਰਾ ਕਰਦੇ ਗਏ ਇਜ਼ਹਾਰ, ਢੋਲੇ ਸਿਫ਼ਤਾਂ ਵਿਚ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜੀ ਕਿਰਿਆ ਲੋਕਮਾਤ ਵਿਚੋਂ ਕੱਢ ਬਾਹਰ, ਸਤਿਜੁਗ ਸੱਚਾ ਸਚ ਧਰਮ ਧਰਨੀ ਧਵਲ ਉਪਰ ਨਿਰਵੈਰ ਹੋ ਕੇ ਦੇਣਾ ਟਿਕਾਈਆ ।

## ✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਵੀਰ ਸਿੰਘ ਦੇ ਗ੍ਰਿਹਿ ਪਿੰਡ ਬਠਲਾਣਾ ✪

ਸਤਿਜੁਗ ਸਾਚੀ ਖੇਲ ਵੇਖ ਅਕਲ ਕਲ ਦੀ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਖੇਲ ਖਿਲਾਈਆ । ਚਾਰ ਕੁੰਟ ਦਹਿ ਦਿਸ਼ਾ ਮਾਇਆ ਮਮਤਾ ਮੋਹ ਵਿਕਾਰ ਅਗਨੀ ਬਲਦੀ, ਤਤਵ ਤਤ ਰਹੀ ਜਲਾਈਆ । ਕੂੜੀ ਕਿਰਿਆ ਖੇਲ ਅਛਲ ਅਛੱਲ ਦੀ, ਜਗਤ ਬੁਧੀ ਸਮਝ ਕੋਇ ਨਾ ਪਾਈਆ । ਕਿਸੇ ਸਾਰ ਨਾ ਆਈ ਘੜੀ ਪਲ ਦੀ, ਭੇਵ ਅਭੇਦਾ ਪੜਦਾ ਉਹਲਾ ਸਕੇ ਨਾ ਕੋਇ ਉਠਾਈਆ । ਧਾੜ ਵੇਖ ਪੰਜ ਵਿਕਾਰੇ ਦਲ ਦੀ, ਦਲਿਦ੍ਰੀ ਦਿਸੇ ਜਗਤ ਲੋਕਾਈਆ । ਅੰਤ ਜਵਾਨੀ ਜਾਏ ਢਲਦੀ, ਬੁਢੇਪਾ ਅਖ਼ੀਰੀ ਨਜ਼ਰੀ ਆਈਆ । ਧਾਰ ਚਲੇ ਪੁਰਖ ਅਕਾਲ ਪਰਬਲ ਦੀ, ਪਾਰਬ੍ਰਹਮ ਪਤਿ ਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਪਾਵੇ ਸਾਰ ਜੰਗਲ ਜੂਹ ਉਜਾੜ ਪਹਾੜ ਜਲ ਥਲ ਦੀ, ਟਿੱਲੇ ਪਰਬਤ ਸਮੁੰਦ ਸਾਗਰ ਖੋਜੇ ਥਾਉਂ ਥਾਈਂਆ । ਹੁਕਮੇ ਵਾਲੀ ਤਦਬੀਰ ਤਕ਼ਦੀਰ ਕੋਲੋਂ ਕਦੇ ਨਾ ਟਲਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਉਪਜਾਈਆ । ਸਤਿਜੁਗ ਸਾਚੇ ਬਿਨ ਅੱਖਾਂ ਵੇਖ ਕਲਜੁਗ ਕੂੜੀ ਕਿਰਿਆ ਕਾਤੀ, ਕ਼ਤਲਗਾਹ ਬਣੀ ਲੋਕਾਈਆ । ਸਚ ਪਰਕਾਸ਼ ਦਿਸੇ ਨਾ ਵਿਚ ਅੰਧੇਰੀ ਰਾਤੀ, ਨੂਰੀ ਚੰਦ ਨਾ ਕੋਇ ਚਮਕਾਈਆ । ਆਤਮ ਪਰਮਾਤਮ ਬਣੇ ਕੋਇ ਨਾ ਸਾਥੀ, ਪਾਰਬ੍ਰਹਮ ਬ੍ਰਹਮ ਸੰਗ ਨਾ ਕੋਇ ਨਿਭਾਈਆ । ਜਗਤ ਵਾਸਨਾ ਮੰਜ਼ਲ ਦੂਰ ਦਿਸੇ ਘਾਟੀ, ਹਰਿ ਕੇ ਪੌੜੇ ਚੜ੍ਹ ਕੇ ਪ੍ਰਭ ਦਾ ਦਰਸ ਕੋਇ ਨਾ ਪਾਈਆ । ਅੱਖਰਾਂ ਵਾਲੀ ਸੰਦੇਸ਼ਿਆਂ ਵਾਲੀ ਸਿਫ਼ਤਾਂ ਵਾਲੀ ਪੜ੍ਹਦੇ ਪਾਤੀ, ਪਤਿਤ ਪਾਵਨ ਮਿਲ ਕੇ ਆਪਣਾ ਆਪ ਨਾ ਕੋਇ ਬਦਲਾਈਆ । ਸਾਹਿਬ ਸਵਾਮੀ ਅੰਤਰਜਾਮੀ ਦੀਨ ਦਿਆਲਾ ਆਪਣਾ ਖੇਲ ਕਰੇ ਬਹੁ ਭਾਤੀ, ਭਾਵਨਾ ਇਸ਼ਟੀ ਦ੍ਰਿਸ਼ਟੀ ਸ੍ਰਿਸ਼ਟੀ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਤੇਰਾ ਸਚ ਦਵਾਰਾ, ਸਦਾ ਸੁਹਾਵਣਾ ਇਕੋ ਇਕ ਵਖਾਈਆ । ਸਤਿਜੁਗ ਸਾਚੇ ਕਲਜੁਗ ਕੂੜਾ ਵੇਖ ਜਗਤ ਅੰਧੇਰਾ, ਅੰਤ ਅਖ਼ੀਰੀ ਦਿਆਂ ਜਣਾਈਆ । ਕਿਸੇ ਨਾ ਦਿਸੇ ਸੰਝ ਸਵੇਰਾ, ਸਚ ਪਰਭਾਤੀ ਰੂਪ ਨਾ ਕੋਇ ਬਦਲਾਈਆ । ਮਨ ਵਾਸਨਾ ਦੀਨ ਦੁਨੀ ਪਿਆ ਝੇੜਾ, ਝਗੜੇ ਵਿਚੋਂ ਪੱਲੂ ਨਾ ਕੋਇ ਛੁਡਾਈਆ । ਧਰਨੀ ਧਰਤ ਧਵਲ ਉਜੜਨ ਵਾਲਾ ਖੇੜਾ, ਬੇੜਾ ਬੰਨ੍ਹ ਪਾਰ ਨਾ ਕੋਇ ਲੰਘਾਈਆ । ਗੁਰ ਅਵਤਾਰ ਪੈਗ਼ੰਬਰ ਹੁਕਮੇ ਅੰਦਰ ਮਾਰ ਕੇ ਗਏ ਫੇਰਾ, ਨਾਮ ਸੰਦੇਸਾ ਨਰ ਨਰੇਸ਼ਾ ਇਕ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪੁਰਖ ਅਕਾਲ ਅਗੰਮੀ ਧਾਰ ਕਰੇ ਆਪਣੀ ਮਿਹਰਾ, ਮਹਿਬੂਬ ਮਹਿਵ ਪਰਵਰਦਿਗਾਰ ਸਾਂਝਾ ਯਾਰ ਜਲਵਾਗਰ ਨੂਰ ਖ਼ੁਦਾਈਆ । ਲੇਖਾ ਜਾਣੇ ਚਾਰ ਕੁੰਟ ਗੁਰੂ ਚੇਲਾ, ਵਕ਼ਤ ਸੁਹੇਲਾ ਦੁਹੇਲਾ ਸਭ ਦਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਪਾਰਬ੍ਰਹਮ ਪਤਿਪਰਮੇਸ਼ਵਰ ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਸਤਿਜੁਗ ਸਾਚੇ ਕਲਜੁਗ ਕੂੜ ਕੁੜਿਆਰੀ ਵੇਖ ਅਗਨੀ, ਆਗਿਆ ਵਿਚ ਦਿਸੇ ਨਾ ਕੋਇ ਲੋਕਾਈਆ । ਮਨ ਵਾਸਨਾ ਹਲਕਾਈ ਹੋਈ ਬਦਨੀ, ਜ਼ਮੀਰ ਤਾਮੀਰ ਨਾ ਕੋਇ ਕਰਾਈਆ । ਜਗਤ ਖ਼ਾਹਿਸ਼ ਹੋਈ ਪਗ਼ਲੀ, ਚਾਰ ਕੁੰਟ ਦਹਿ ਦਿਸ਼ਾ ਭੱਜੇ ਵਾਹੋ ਦਾਹੀਆ । ਕਿਸੇ ਸਾਰ ਨਾ ਆਈ ਅਗਲੀ, ਪੜ੍ਹ ਪੜ੍ਹ ਥੱਕੀ ਬੁਧੀ ਦਏ ਦੁਹਾਈਆ । ਪੁਰਖ ਅਕਾਲ ਦੀਨ ਦਿਆਲ ਕਰਨੀ ਦਾ ਕਰਤਾ ਲੇਖਾ ਜਾਣੇ ਸ੍ਰਿਸ਼ਟੀ ਸਗਲੀ, ਕਾਇਨਾਤ ਕਲਮਿਆਂ

ਵਾਲੀ ਵੇਖ ਵਖਾਈਆ । ਧੁਰ ਦਰਗਾਹੀ ਬਣ ਕੇ ਸਚਖੰਡ ਨਿਵਾਸੀ ਅਦਲੀ, ਇਨਸਾਫ਼ ਇਕੋ ਇਕ ਕਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਤਿਜੁਗ ਤੇਰੇ ਨਾਲ ਕਰੇ ਬਦਲੀ, ਬਦੀ ਦਾ ਬਦਲਾ ਨੇਕੀ ਵਿਚ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਕਰੇ ਬਹੁ ਰੰਗਲੀ, ਰੰਗ ਰੰਗੀਲਾ ਮੋਹਣ ਮਾਧਵ ਆਪਣੀ ਕਾਰ ਕਮਾਈਆ ।

## ✪ ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਜੇਠਾ ਸਿੰਘ ਦੇ ਗ੍ਰਹਿ ਪਿੰਡ ਬਠਲਾਣਾ ✪

ਸਤਿਜੁਗ ਸਾਚੇ ਤੇਰਾ ਹੋਵੇ ਵਕਤ ਸੁਹਾਵਣਾ, ਸੋਭਾਵੰਤ ਸ੍ਰੀ ਭਗਵਾਨ ਦਏ ਵਡਿਆਈਆ । ਸ੍ਰਿਸ਼ਟ ਸਬਾਈ ਏਕਾ ਏਕਾ ਨਾਮ ਧਿਆਵਣਾ, ਅੱਖਰਾਂ ਵਾਲੀ ਵੰਡ ਨਾ ਕੋਇ ਵੰਡਾਈਆ । ਸੋਹਲਾ ਢੋਲਾ ਸੱਚਾ ਧੁਰ ਦਾ ਗਾਵਣਾ, ਸਿਫ਼ਤਾਂ ਨਾਲ ਸਿਫ਼ਤ ਸਾਲਾਹੀਆ । ਕੰਤ ਸੁਹਾਗੀ ਪਤਿਪਰਮੇਸ਼ਵਰ ਇਕੋ ਰਾਵਣਾ, ਦੂਜਾ ਅੰਗ ਨਾ ਲਾਗੇ ਰਾਈਆ । ਪੁਰਖ ਅਕਾਲ ਦੀਨ ਦਿਆਲ ਇਸ਼ਟ ਸਭ ਨੇ ਇਕ ਮਨਾਵਣਾ, ਚਾਰ ਕੁੰਟ ਦਹਿ ਦਿਸ਼ਾ ਹਰਿ ਜਗਦੀਸ਼ ਸੀਸ ਝੁਕਾਈਆ । ਸਚ ਸਰੋਵਰ ਧੁਰ ਦੇ ਨਿਰਗੁਣ ਸਰਗੁਣ ਨਹਾਵਣਾ, ਦੁਰਮਤ ਮੈਲ ਰਹੇ ਨਾ ਰਾਈਆ । ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਆਤਮ ਸੇਜਾ ਸਚ ਬਹਾਵਣਾ, ਦੂਸਰ ਧਾਮ ਨਾ ਕੋਇ ਵਡਿਆਈਆ । ਕਾਇਆ ਮਾਟੀ ਅੰਦਰ ਗ੍ਰਹਿ ਭੀਤਰ ਦੀਪਕ ਇਕ ਜਗਾਵਣਾ, ਨਿਰਗੁਣ ਨੂਰ ਜੋਤ ਹੋਏ ਰੁਸ਼ਨਾਈਆ । ਸ਼ਬਦੀ ਸਤਿਗੁਰ ਆਤਮ ਪਕੜੇ ਦਾਮਨਾ, ਸੁਰਤ ਸਵਾਣੀ ਆਪਣੀ ਗੰਢ ਪਵਾਈਆ । ਕੂੜੀ ਕਿਰਿਆ ਜਗਤ ਵਾਸਨਾ ਮਾਇਆ ਮਮਤਾ ਮੋਹ ਚੁਕਾਵਣਾ, ਚਾਰੇ ਖਾਣੀ ਬਖ਼ਸ਼ੇ ਇਕ ਸਰਨਾਈਆ । ਸਤਿ ਧਰਮ ਸੱਚਾ ਮਾਰਗ ਸਤਿ ਸਤਿਵਾਦੀ ਸਤਿ ਪੁਰਖ ਆਪ ਚਲਾਵਣਾ, ਚੌਥੇ ਜੁਗ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿ ਸਾਚੀ ਕਾਰ ਕਮਾਵਣਾ । ਸਤਿਜੁਗ ਸਾਚੇ ਪ੍ਰਭ ਸਾਚੀ ਕਾਰ ਕਮਾਵੇਗਾ । ਸੋ ਪੁਰਖ ਨਿਰੰਜਣ ਮਿਹਰਵਾਨ ਮਹਿਬੂਬ ਆਪਣਾ ਰੰਗ ਰੰਗਾਵੇਗਾ । ਹਰਿ ਪੁਰਖ ਨਿਰੰਜਣ ਜਗਤ ਕੂੜੀ ਕਿਰਿਆ ਕਟ ਹਦੂਦ, ਦਰ ਸਾਚਾ ਇਕ ਸੁਹਾਵੇਗਾ । ਏਕੰਕਾਰ ਆਪਣਾ ਅਰਸ਼ ਤੋਂ ਉਪਰ ਦੱਸ ਅਰੂਜ, ਫ਼ਰਸ਼ ਉਪਰ ਆਪਣਾ ਹੁਕਮ ਮਨਾਵੇਗਾ । ਆਦਿ ਨਿਰੰਜਣ ਮੰਜ਼ਲ ਹੱਕ ਦੱਸ ਮਕਸੂਦ, ਮੁਫ਼ਲਿਸ ਆਪਣੇ ਘਰ ਬਹਾਵੇਗਾ । ਅਬਿਨਾਸ਼ੀ ਕਰਤਾ ਹਰ ਘਟ ਹੋ ਮੌਜੂਦ, ਸ੍ਰਿਸ਼ਟੀ ਦ੍ਰਿਸ਼ਟੀ ਆਪ ਬਦਲਾਵੇਗਾ । ਸ੍ਰੀ ਭਗਵਾਨ ਝਗੜਾ ਮੁਕਾ ਕੇ ਚਾਰੇ ਕੂਟ, ਦਹਿ ਦਿਸ਼ਾ ਹੁਕਮ ਵਰਤਾਵੇਗਾ । ਪਾਰਬ੍ਰਹਮ ਆਪਣੀ ਸੁਹਾਏ ਰੁੱਤ, ਰੁਤੜੀ ਆਪਣੇ ਰੰਗ ਰੰਗਾਵੇਗਾ । ਬ੍ਰਹਮ ਬਣਾ ਕੇ ਆਪਣਾ ਸੁਤ, ਕੂੜ ਅਪਰਾਧ ਡੇਰਾ ਢਾਹਵੇਗਾ । ਜਨ ਭਗਤ ਸੁਹੇਲੇ ਲੋਕਮਾਤ ਵਿਚੋਂ ਚੁੱਕ, ਧਰਮ ਦੀ ਗੋਦੀ ਇਕ ਟਿਕਾਵੇਗਾ । ਉਜਲ ਕਰੇ ਮੁਖ, ਦੁਰਮਤ ਮੈਲ ਧਵਾਵੇਗਾ । ਘਰ ਠਾਂਡਾ ਦੇ ਕੇ ਸੁਖ, ਸੁਖਸਾਗਰ ਵਿਚ ਸਮਾਵੇਗਾ । ਜਗਤ ਤ੍ਰਿਸ਼ਨਾ ਮੇਟ ਕੇ ਦੁੱਖ, ਜਨਮ ਜਨਮ ਦਾ ਰੋਗ ਮਿਟਾਵੇਗਾ । ਮਾਤ ਗਰਭ ਹੋਣ ਨਾ ਦੇਵੇ ਉਲਟਾ ਰੁੱਖ, ਲੱਖ ਚੁਰਾਸੀ ਜਮ ਦੀ ਫਾਸੀ ਆਪ ਕਟਾਵੇਗਾ । ਨਿਰਗੁਣ ਧਾਰੋਂ ਨਿਰਵੈਰ ਨਿਰੰਕਾਰ ਆਪੇ ਉਠ, ਦੋ ਜਹਾਨਾਂ ਵੇਖ ਵਖਾਵੇਗਾ । ਗੁਰਮੁਖਾਂ ਉਪਰ ਤੁਠ, ਮਿਹਰ ਨਜ਼ਰ ਇਕ ਉਠਾਵੇਗਾ । ਨਾਮ ਭੰਡਾਰ ਦੇ ਅਤੁੱਟ ਅੰਮ੍ਰਿਤ ਮੇਘ ਬਰਸਾਵੇਗਾ । ਜਾਮ ਅਗੰਮੀ ਪਿਆ ਕੇ ਘੁਟ, ਨਾਮ ਖ਼ੁਮਾਰੀ ਇਕ ਚੜ੍ਹਾਵੇਗਾ ।

ਦੂਈ ਦਵੈਤੀ ਅੰਦਰੋਂ ਕੱਢੇ ਫੁਟ, ਸਚ ਪ੍ਰੀਤੀ ਇਕ ਸਮਝਾਵੇਗਾ । ਲੇਖਾ ਜਾਣ ਮਾਨਸ ਮਾਨੁੱਖ, ਮਾਨਵ ਆਪਣੇ ਰੰਗ ਰੰਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਤੇਰਾ ਸਾਚਾ ਰਾਹ ਚਲਾਵੇਗਾ । ਸਤਿਜੁਗ ਸਾਚੇ ਤੇਰਾ ਸਾਚਾ ਰਾਹ ਚਲੇਗਾ । ਪੁਰਖ ਅਬਿਨਾਸ਼ੀ ਸ਼ਬਦ ਸੁਨੇਹੜਾ ਇਕੋ ਘੱਲੇਗਾ । ਸਚ ਸਿੰਘਾਸਣ ਆਤਮ ਪਰਮਾਤਮ ਸੁਹੰਜਣੀ ਸੇਜਾ ਇਕੋ ਮੱਲੇਗਾ । ਕਰੇ ਖੇਲ ਪ੍ਰਿਥਮੀ ਆਕਾਸ਼ਨ, ਗਗਨ ਗਗਨੰਤਰ ਜ਼ਿਮੀਂ ਅਸਮਾਨਾਂ ਨਿਰਗੁਣ ਧਾਰ ਜੋਤੀ ਰਲੇਗਾ । ਲੱਖ ਚੁਰਾਸੀ ਅੰਦਰ ਕਰ ਕੇ ਵਾਸਨ, ਖੇਲ ਅਗੰਮੀ ਆਪਣੀ ਆਪੇ ਕਰੇਗਾ । ਨਿਰਗੁਣ ਨੂਰ ਜੋਤ ਕਰ ਪਰਕਾਸ਼ਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੇ ਸਚ ਦਵਾਰ ਇਕੋ ਮੱਲੇਗਾ । ਸਚ ਦਵਾਰਾ ਧਰਮ ਸੁਹਾਵੇਗਾ । ਪੁਰਖ ਅਬਿਨਾਸ਼ੀ ਦਇਆ ਕਮਾਵੇਗਾ । ਘਟ ਨਿਵਾਸੀ ਵੇਖ ਵਖਾਵੇਗਾ । ਜੋਤ ਪਰਕਾਸ਼ੀ ਨੂਰ ਚਮਕਾਵੇਗਾ । ਸ਼ਬਦ ਅਨਾਦੀ ਨਾਦ ਵਜਾਵੇਗਾ । ਬ੍ਰਹਮ ਬ੍ਰਹਿਮਾਦੀ ਵੇਖ ਵਖਾਵੇਗਾ । ਵਿਸਮਾਦੀ ਖੇਲ ਕਰਾਵੇਗਾ । ਧੁਰ ਦਾ ਰਾਗੀ ਆਪਣਾ ਰਾਗ ਅਲਾਵੇਗਾ । ਜਨ ਭਗਤ ਸੁਹੇਲੇ ਕਰ ਵਡਭਾਗੀ, ਭਾਗ ਹਿੱਸਾ ਓਨ੍ਹਾਂ ਝੋਲੀ ਪਾਵੇਗਾ । ਸ੍ਰਿਸ਼ਟੀ ਸੋਈ ਜਾਏ ਜਾਗੀ, ਜਾਗਰਤ ਜੋਤ ਇਕ ਚਮਕਾਵੇਗਾ । ਦੁਰਮਤ ਮੈਲ ਰਹੇ ਨਾ ਦਾਗ਼ੀ, ਦਗ਼ਿਆਂ ਦੇ ਵਿਚੋਂ ਬਾਹਰ ਕਢਾਵੇਗਾ । ਝਗੜਾ ਰਹੇ ਨਾ ਕਿਸੇ ਸਮਾਜੀ, ਸਮਾਜ ਧਰਮ ਦਾ ਇਕ ਬਣਾਵੇਗਾ । ਅਰਬਾਂ ਦੀ ਰਹੇ ਨਾ ਕੋਇ ਆਬਾਦੀ, ਭਗਤ ਸੁਹੇਲੇ ਗੁਰਮੁਖ ਸੰਤ ਬਹੁ ਥੋੜੇ ਸੰਗ ਰਖਾਵੇਗਾ । ਜਿਸ ਦਾ ਖੇਲ ਆਦਿ ਜੁਗਾਦੀ, ਕਲਜੁਗ ਜੁਗ ਅੰਤ ਉਲਟਾਵੇਗਾ । ਦੀਨ ਦੁਨੀ ਦੀ ਕਰ ਬਰਬਾਦੀ, ਕੂੜੀ ਕਿਰਿਆ ਜਗਤ ਗਵਾਵੇਗਾ । ਜਨ


੧੧੨੧
੧੯

ਭਗਤਾਂ ਆਤਮ ਪਰਮਾਤਮ ਕਰ ਕੇ ਸੱਚੀ ਸ਼ਾਦੀ, ਸ਼ਾਦਿਆਨੇ ਘਰ ਘਰ ਆਪ ਵਜਾਵੇਗਾ । ਕਰੇ ਖੇਲ ਵਡ ਬਹੁ ਸਵਾਂਗੀ, ਸਵਾਂਗ ਆਪਣਾ ਆਪ ਰਚਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰਾ ਸੱਚਾ ਰਾਹ ਚਲਾਵੇਗਾ ।

## ✪ ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਨੱਥਾ ਸਿੰਘ ਦੇ ਗ੍ਰਹਿ ਪਿੰਡ ਬਡਹੇੜੀ ਜ਼ਿਲਾ ਅੰਬਾਲਾ ✪

ਸਤਿਜੁਗ ਸਾਚਾ ਕਹੇ ਪ੍ਰਭ ਇਕੋ ਸਾਚਾ ਨਾਮ ਦੱਸ ਅਗੰਮੀ ਬੰਦਗੀ, ਬੰਦੀਖ਼ਾਨੇ ਵਾਲੇ ਬੰਧਨ ਜਗਤ ਤੁੜਾਈਆ । ਸੰਤਾਂ ਭਗਤਾਂ ਗੁਰਮੁਖਾਂ ਗੁਰਸਿਖਾਂ ਕਿਸੇ ਦੀ ਰਹੇ ਨਾ ਮੂਲ ਮੁਸ਼ੰਦਗੀ, ਬਿਨ ਜਗਦੀਸ਼ ਸੀਸ ਨਾ ਕਿਸੇ ਝੁਕਾਈਆ । ਧਾਰ ਬਖ਼ਸ਼ ਆਪਣੇ ਅਨੰਦ ਦੀ, ਅਨੰਦ ਅਨੰਦ ਵਿਚੋਂ ਪਰਗਟਾਈਆ । ਇਕੋ ਓਟ ਰਹੇ ਸੂਰੇ ਸਰਬੰਗ ਦੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਕਲਜੁਗ ਕੂੜੀ ਕਿਰਿਆ ਰਹੇ ਮਾਤ ਨਾ ਗੰਦਗੀ, ਪਤਿਤ ਪੁਨੀਤ ਜੀਵ ਜੰਤ ਦੇ ਬਣਾਈਆ । ਔਧ ਮੁਕਾ ਦੇ ਸਦੀ ਚੌਧਵੀਂ ਪੰਧ ਦੀ, ਥੱਕੀ ਮਾਂਦੀ ਦਿਸੇ ਲੋਕਾਈਆ । ਧਾਰ ਪਰਗਟਾ ਦੇ ਹੰ ਬ੍ਰਹਮ ਦੀ, ਪਾਰਬ੍ਰਹਮ ਪੜਦਾ ਉਹਲਾ ਦੇ ਚੁਕਾਈਆ । ਸੀਤਲ ਧਾਰ ਪਰਕਾਸ਼ ਕਰ ਨੂਰੀ ਚੰਦ ਦੀ, ਚਾਰ ਵਰਨ ਅਠਾਰਾਂ ਬਰਨ ਅਗਨੀ ਤਤ ਦਏ ਗਵਾਈਆ । ਓਟ ਬਖ਼ਸ਼ ਪੁਰਖ ਅਕਾਲ ਦੀਨ ਦਿਆਲ ਆਪਣੀ ਸਰਨ ਦੀ, ਸਰਨਾਗਤ ਇਕੋ ਇਕ ਸਮਝਾਈਆ । ਜਨ

ਭਗਤਾਂ ਬਿਧੀ ਦੱਸ ਨਿਹਕਰਮੀ ਹੋ ਕੇ ਤਰਨ ਦੀ, ਜਗਤ ਸਾਗਰ ਵਿਚੋਂ ਪਾਰ ਕਰਾਈਆ । ਸਾਚੀ ਖੇਲ ਦੱਸ ਹਰਿ ਦਵਾਰੇ ਮਰਨ ਦੀ, ਮਰ ਕੇ ਜੀਵਤ ਰੂਪ ਵਟਾਈਆ । ਮੰਜ਼ਲ ਅਗੰਮੀ ਦੱਸ ਚੜ੍ਹਨ ਦੀ, ਪੁਰੀ ਲੋਅ ਬ੍ਰਹਿਮੰਡ ਖੰਡ ਰਾਹ ਵਿਚ ਨਾ ਕੋਇ ਅਟਕਾਈਆ । ਸੁਰਤੀ ਸ਼ਬਦੀ ਡੋਰ ਦੱਸ ਫੜਨ ਦੀ, ਜਗਤ ਵਿਚੋਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਸਤਿਜੁਗ ਸਾਚਾ ਢਹਿ ਪਿਆ ਸਰਨਾਈਆ । ਸਤਿਜੁਗ ਕਹੇ ਪ੍ਰਭ ਬਖ਼ਸ਼ ਦੇ ਆਪਣੀ ਦਾਤ, ਦਾਤਾਰ ਦਾਨੀ ਦਇਆਵਾਨ ਅਖਵਾਈਆ । ਤੇਰੇ ਨਾਮ ਦੀ ਦੋ ਜਹਾਨਾਂ ਇਕੋ ਦਿਸੇ ਕਰਾਮਾਤ, ਕਰਮਾਂ ਦਾ ਡੇਰਾ ਨਿਹਕਰਮੀ ਹੋ ਕੇ ਦੇਣਾ ਢਾਹੀਆ । ਤੇਰੀ ਸਿਫ਼ਤ ਦੀ ਲੱਭਣੀ ਪਏ ਨਾ ਕੋਇ ਲੁਗ਼ਾਤ, ਅੱਖਰਾਂ ਤੋਂ ਬਾਹਰ ਆਪਣਾ ਭੇਵ ਦੇਣਾ ਖੁਲ੍ਹਾਈਆ । ਸ਼ਬਦ ਅਗੰਮੀ ਧੁਨ ਅਨਾਦੀ ਦੇ ਆਵਾਜ਼, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਸ਼ਨਵਾਈਆ । ਘਰ ਵਿਚ ਘਰ ਪੜਦਾ ਉਹਲਾ ਖੋਲ੍ਹ ਰਾਜ਼, ਰਾਜ਼ਕ ਰਿਜ਼ਕ ਰਹੀਮ ਤੇਰੇ ਅਗੇ ਮੰਗ ਮੰਗਾਈਆ । ਗੁਰਮੁਖ ਵੇਖ ਪੂਰਬ ਜਨਮ ਦੇ ਸਾਧ, ਸੱਜਣ ਹਰਿਜਨ ਲੈ ਬਣਾਈਆ । ਜੋ ਅੰਤਰ ਅੰਤਸ਼ਕਰਨ ਤੇਰਾ ਨਾਮ ਰਹੇ ਆਰਾਧ, ਮਨ ਦੀ ਮਮਤਾ ਨਾ ਕੋਇ ਰਖਾਈਆ । ਭੇਵ ਅਭੇਦਾ ਖੋਲ੍ਹ ਬੋਧ ਅਗਾਧ, ਬੁਧੀ ਤੋਂ ਪਰੇ ਕਰ ਪੜ੍ਹਾਈਆ । ਝਗੜਾ ਰਹੇ ਨਾ ਸਵਾਲ ਜਵਾਬ, ਇਕੋ ਹੁਕਮ ਦੇ ਸਮਝਾਈਆ । ਸਤਿਜੁਗ ਸਾਚਾ ਖੇੜਾ ਕਰ ਆਬਾਦ, ਧਰਨੀ ਧਰਤ ਧਵਲ ਵੱਜੇ ਵਧਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਇਕੋ ਪੁਰਖ ਅਕਾਲ ਕਰੇ ਯਾਦ, ਦੂਜਾ ਇਸ਼ਟ ਨਾ ਕੋਇ ਮਨਾਈਆ । ਬਿਨ ਰਸਨਾ ਜਿਹਵਾ ਅੰਮ੍ਰਿਤ ਰਸ ਦੇ ਸਵਾਦ, ਫੀਕੇ ਰਸ ਲੋੜ ਰਹੇ ਨਾ ਰਾਈਆ । ਨਿਝਰ ਝਿਰਨਾ ਅੰਮ੍ਰਿਤ ਦੇ ਹਯਾਤੇ ਆਬ, ਆਪ ਆਪਣੀ ਮਿਹਰ ਨਜ਼ਰ ਉਠਾਈਆ । ਸਤਿਜੁਗ ਕਹੇ ਪ੍ਰਭ ਤੇਰੇ ਪਿਆਰ ਵਿਚ ਦੂਸਰੀ ਪੜ੍ਹਨੀ ਨਾ ਪਏ ਕੋਇ ਕਿਤਾਬ, ਕੁਤਬਖਾਨਿਆਂ ਦਾ ਝਗੜਾ ਦੇਣਾ ਮੁਕਾਈਆ । ਘਰ ਠਾਕਰ ਸਵਾਮੀ ਸੱਜਣ ਮਿਲ ਅਹਿਬਾਬ, ਮਿੱਤਰ ਪਿਆਰੇ ਆਪਣਾ ਫੇਰਾ ਪਾਈਆ । ਤੂੰ ਆਦਿ ਜੁਗਾਦੀ ਪਰਮ ਪੁਰਖ ਪਰਮਾਤਮ ਅਬਿਨਾਸ਼ੀ ਕਰਤਾ ਵਾਹਿਦ, ਲਾਸ਼ਰੀਕ ਜਲਵਾਗਰ ਅਖਵਾਈਆ । ਸੰਤ ਸੁਹੇਲੇ ਤੈਨੂੰ ਨਿਰਗੁਣ ਰਹੇ ਲਾਧ, ਸਰਗੁਣ ਹੋ ਕੇ ਬੂਝ ਦੇਣੀ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਸਤਿਜੁਗ ਸਾਚਾ ਝੋਲੀ ਡਾਹੀਆ । ਸਤਿਜੁਗ ਕਹੇ ਪ੍ਰਭ ਦੁਨੀਆ ਦਾ ਕੂੜਾ ਵੇਖ ਧੰਦਾ, ਧਰਮ ਦਇਆ ਨਜ਼ਰ ਕੋਇ ਨਾ ਆਈਆ । ਤੇਰੀ ਬੰਦਗੀ ਵਿਚ ਦਿਸੇ ਕੋਇ ਨਾ ਬੰਦਾ, ਬੰਦੀਖ਼ਾਨੇ ਸਾਰੇ ਰਹੇ ਕੁਰਲਾਈਆ । ਮਨ ਵਾਸਨਾ ਜਗਤ ਵਿਕਾਰੀ ਹੋਇਆ ਗੰਦਾ, ਪੁਨੀਤ ਪਵਿਤ ਨਜ਼ਰ ਕੋਇ ਨਾ ਆਈਆ । ਸਾਚੀ ਮੰਜ਼ਲ ਪੌੜੇ ਚੜ੍ਹੇ ਕੋਈ ਨਾ ਡੰਡਾ, ਅਧਵਾਟੀ ਬੈਠੀ ਜਗਤ ਲੋਕਾਈਆ । ਬਿਨ ਹਰਿ ਸ਼ਬਦ ਜਗਤ ਜਗਿਆਸੂ ਫਿਰੇ ਨੰਗਾ, ਓਢਨ ਸੀਸ ਜਗਦੀਸ਼ ਨਾ ਕੋਇ ਟਿਕਾਈਆ । ਕਿਰਪਾ ਕਰ ਪੁਰਖ ਅਕਾਲ ਸਾਚਾ ਬਖ਼ਸ਼ ਆਪਣਾ ਸੰਗਾ, ਸਗਲਾ ਸਗਲਾ ਸੰਗ ਆਪਣੇ ਨਾਲ ਰਖਾਈਆ । ਕਲਜੁਗ ਕੂੜਾ ਰਹਿਣ ਨਾ ਪਾਵੇ ਦੰਗਾ, ਦਗ਼ੇਬਾਜ਼ੀ ਦਾ ਲੇਖਾ ਦੇਣਾ ਮੁਕਾਈਆ । ਤੇਰੇ ਨਾਮ ਦਾ ਵੱਜੇ ਇਕ ਮਰਦੰਗਾ, ਡੰਕਾ ਰਾਓ ਰੰਕਾਂ ਕਰੇ ਸ਼ਨਵਾਈਆ । ਸਤਿਜੁਗ ਕਹੇ ਸ੍ਰੀ ਭਗਵਾਨ ਇਕੋ ਦਰ ਦਵਾਰਾ ਤੇਰਾ ਮੰਗਾ, ਦਰਵੇਸ਼ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਸਾ ਮਨਸਾ ਪੂਰੀ ਕਰ ਉਮੰਗਾ, ਤ੍ਰਿਸ਼ਨਾ ਅਗਲੀ ਦੇਣੀ ਮਿਟਾਈਆ ।

## ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਬੰਨਾ ਸਿੰਘ ਦੇ ਗ੍ਰਹਿ ਕਰਤਾਰ ਪੁਰ ਜ਼ਿਲਾ ਜਲੰਧਰ

ਸਤਿਜੁਗ ਸਾਚੇ, ਜਨ ਭਗਤਾਂ ਦੱਸਾਂ ਅਗੰਮੀ ਬੋਲ, ਅਨਬੋਲਤ ਆਪਣਾ ਨਾਮ ਦ੍ਰਿੜਾਈਆ । ਸਤਿ ਸਚ ਵਜਾਵਾਂ ਧੁਰ ਦਾ ਢੋਲ, ਨਾਦ ਅਨਾਦੀ ਇਕੋ ਦਿਆਂ ਸਮਝਾਈਆ । ਸਵਾਮੀ ਠਾਕਰ ਹੋ ਕੇ ਵਸਾਂ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਨਿਜ ਨੇਤਰ ਲੋਚਣ ਨੈਣ ਅੱਖ ਦੇਵਾਂ ਖੋਲ੍ਹ, ਭੇਵ ਅਭੇਦਾ ਆਪਣਾ ਆਪ ਸਮਝਾਈਆ । ਅੰਮ੍ਰਿਤ ਆਤਮ ਸਾਚੀ ਧੁਰ ਦੀ ਦੇਵਾਂ ਪਹੁਲ, ਰਸ ਇਕੋ ਇਕ ਵਖਾਈਆ । ਮਿਲੇ ਵਡਿਆਈ ਉਪਰ ਧਰਨੀ ਧਰਤ ਧੌਲ, ਧਰਮ ਦਵਾਰੇ ਬਹਿ ਕੇ ਸੋਭਾ ਪਾਈਆ । ਪੂਰਬ ਲਹਿਣਾ ਦੇਣਾ ਪੂਰਾ ਕਰਾਂ ਕੌਲ, ਇਕਰਾਰਨਾਮਾ ਪਿਛਲਾ ਤੋੜ ਨਿਭਾਈਆ । ਜਿਸ ਲੇਖੇ ਨੂੰ ਸਮਝ ਨਾ ਸਕੇ ਕੋਈ ਪੰਡਤ ਪਾਂਧਾ ਰੌਲ, ਅੰਕੜਿਆਂ ਵਿਚ ਹਿਸਾਬ ਨਾ ਕੋਇ ਲਗਾਈਆ । ਸਚ ਵਸਤ ਜਨ ਭਗਤਾਂ ਦੇਵਾਂ ਨਾਮ ਅਨਮੋਲ, ਅਨਮੁਲੜੀ ਝੋਲੀ ਪਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਵਰੋਲ, ਕੋਟਾਂ ਵਿਚੋਂ ਥੋੜੇ ਬਹੁਤੇ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪਣੇ ਲਏ ਉਪਜਾਈਆ । ਸਤਿਜੁਗ ਸਾਚੇ, ਜਨ ਭਗਤਾਂ ਦੇਵਾਂ ਨਾਮ ਵਸਤ ਅਗੰਮੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਲਹਿਣਾ ਮੁਕਾ ਕੇ ਪਵਣ ਸਵਾਸ ਦਮੀ, ਦਮਾਂ ਦੇ ਅੰਦਰ ਦਮਨ ਦਿਆਂ ਕਰਾਈਆ । ਗੁਰਮੁਖ ਸੁਰਤੀ ਰਹੇ ਨਾ ਕਦੇ ਨਿਕੰਮੀ, ਨਿਹਕਰਮੀ ਹੋ ਕੇ ਆਪਣਾ ਰੰਗ ਰੰਗਾਈਆ । ਭਾਗ ਲੱਗੇ ਕਾਇਆ ਮਾਟੀ ਚੰਮੀ, ਚੰਮ ਦ੍ਰਿਸ਼ਟੀ ਦਿਆਂ ਬਦਲਾਈਆ । ਨੇਤਰ ਅੱਖ ਰਹੇ ਨਾ ਅੰਨ੍ਹੀ, ਲੋਚਣ ਨੇਤਰ ਨਿਜ ਖੁਲ੍ਹਾਈਆ । ਸਚ ਪਦਾਰਥ ਦਾ ਕਰ ਕੇ ਧਨੀ, ਧਨਾਢ ਧੁਰ ਦਾ ਦਿਆਂ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਦਏ ਵਡਿਆਈਆ । ਸਤਿਜੁਗ ਸਾਚੇ ਜਨ ਭਗਤਾਂ ਦੇਵਾਂ ਨਾਮ ਵੱਖਰ, ਚਾਰ ਜੁਗ ਦਾ ਲੇਖ ਨਾ ਕੋਇ ਬਣਾਈਆ । ਨਿਰਗੁਣ ਨਿਰਗੁਣ ਮੇਲਾ ਮੇਲੇ ਦੋ ਅੱਖਰ, ਸਰਗੁਣ ਨਿਰਗੁਣ ਨਿਰਗੁਣ ਸਰਗੁਣ ਅੰਗ ਬਣਾਈਆ । ਮੰਜ਼ਲ ਚੋਟੀ ਚਾੜ੍ਹਾਂ ਆਖ਼ਰ, ਅਖ਼ੀਰ ਬੇਨਜ਼ੀਰ ਆਪਣਾ ਨੂਰ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਸਾਚਾ ਨਾਮ ਇਕੋ ਹੋਵੇ ਭਾਸ਼ਨ, ਭਾਸ਼ਾ ਸਭ ਦੀ ਦਏ ਬਦਲਾਈਆ । ਸਤਿਜੁਗ ਸਾਚੇ, ਜਨ ਭਗਤਾਂ ਸ਼ਬਦ ਅਨੋਖੀ ਪਾਵਾਂ ਭਿੱਖ, ਭਿਖਿਆ ਆਪਣੇ ਦਰ ਵਰਤਾਈਆ । ਜਨਮ ਕਰਮ ਦਾ ਲੇਖਾ ਦੇਵਾਂ ਲਿਖ, ਲਿਖਿਆ ਲੇਖ ਨਾ ਕੋਇ ਬਦਲਾਈਆ । ਧੁਰ ਦੀ ਕਿਰਪਾ ਅੰਦਰ ਆਵਾਂ ਦਿੱਖ, ਜਗ ਨੇਤਰ ਚਲੇ ਨਾ ਕੋਇ ਚਤੁਰਾਈਆ । ਕਰਮ ਕਰਮ ਦੀ ਪੂਰੀ ਕਰਾਂ ਇੱਛ, ਜਨਮ ਜਨਮ ਦਾ ਗੇੜ ਮਿਟਾਈਆ । ਵਡਿਆਈ ਦੇ ਕੇ ਗੁਰਮੁਖ ਸਾਚੇ ਸਿੱਖ, ਸਾਖਿਆਤ ਆਪਣਾ ਰੰਗ ਵਖਾਈਆ । ਆਤਮ ਪਰਮਾਤਮ ਕਰ ਕੇ ਸਾਚਾ ਹਿਤ, ਹਿਤਕਾਰੀ ਬਣ ਕੇ ਲੇਖਾ ਦਿਆਂ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ, ਤੇਰਾ ਮਾਰਗ ਲਾਵੇ ਇਤ, ਜਿਸ ਦਾ ਭੇਵ ਸ਼ਾਸਤਰ ਸਿਮਰਤ ਵੇਦ ਪੁਰਾਨ ਸਮਝ ਕੋਇ ਨਾ ਪਾਈਆ ।

### ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਅਮਰ ਚੰਦ ਦੇ ਗ੍ਰਿਹ ਪਿੰਡ ਪੰਜ ਕੋਹਾ ਜ਼ਿਲਾ ਅੰਬਾਲਾ

ਸਦਾ ਭਾਗ ਲੱਗੇ ਭਗਤਾਂ ਝੁੱਗੀ, ਜੁਗ ਚੌਕੜੀ ਦੇਵਣਹਾਰ ਵਡਿਆਈਆ । ਜਿਸ ਦਾ ਨਾਮ ਨਿਸ਼ਾਨਾ ਰਹੇ ਚੌਹ ਜੁਗੀਂ, ਚਾਰ ਕੁੰਟ ਦਹਿ ਦਿਸ਼ਾ ਸਿਫ਼ਤੀ ਢੋਲੇ ਗਾਈਆ । ਗੁਰਮੁਖਾਂ ਨਿਰਮਲ ਕਰ ਕੇ ਬੁਧੀ, ਬਿਬੇਕੀ ਆਪਣੀ ਧਾਰ ਜਣਾਈਆ । ਮੰਜ਼ਲ ਚਾੜ੍ਹ ਕੇ ਉਚੀ, ਸਚ ਦਵਾਰ ਦਏ ਵਖਾਈਆ । ਜਿਸ ਗ੍ਰਿਹ ਆਤਮ ਹੋਵੇ ਸੁੱਚੀ, ਪ੍ਰੀਤਮ ਮਿਲ ਕੇ ਖ਼ੁਸ਼ੀ ਮਨਾਈਆ । ਸਾਚੇ ਨਾਮ ਦੀ ਦੇ ਕੇ ਰੁਚੀ, ਨਾਤਾ ਧੁਰ ਦਾ ਲਏ ਜੁੜਾਈਆ । ਹੱਕ ਪ੍ਰੀਤ ਕਦੇ ਨਾ ਰਹੇ ਗੁੱਝੀ, ਚਾਰ ਕੁੰਟ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਈਆ । ਸਦਾ ਲੱਗੇ ਭਾਗ ਜਨ ਭਗਤ ਘਰ, ਦਵਾਰਾ ਧੁਰ ਦਾ ਨਜ਼ਰੀ ਆਈਆ । ਜਿਥੇ ਮਾਨਸ ਜਨਮ ਮਿਲੇ ਵਰ, ਵਰਨ ਬਰਨ ਡੇਰਾ ਢਾਹੀਆ । ਪੁਰਖ ਅਕਾਲ ਦੀਨ ਦਿਆਲ ਕਿਰਪਾ ਜਾਏ ਕਰ, ਕਰਨੀ ਦਾ ਕਰਤਾ ਹੋਏ ਆਪ ਸਹਾਈਆ । ਜੁਗ ਜਨਮ ਦੇ ਵਿਛੜੇ ਲਾਏ ਲੜ, ਸੁਰਤੀ ਸ਼ਬਦੀ ਆਪਣਾ ਜੋੜ ਜੁੜਾਈਆ । ਨਿਰਭੌ ਚੁਕਾਏ ਭੈ ਡਰ, ਲੱਖ ਚੁਰਾਸੀ ਨਾ ਕੋਇ ਭਵਾਈਆ । ਜਗਤ ਵਿਕਾਰ ਵਹਿਣ ਨਾ ਜਾਏ ਹੜ੍ਹ, ਬਾਹੋਂ ਫੜ ਫੜ ਪਾਰ ਕਰਾਈਆ । ਜੋ ਆਤਮ ਪਰਮਾਤਮ ਸੋਹੰ ਢੋਲਾ ਗਏ ਪੜ੍ਹ, ਪਰਮਾਤਮ ਆਤਮ ਮਿਲ ਕੇ ਵੱਜੇ ਵਧਾਈਆ । ਸਾਚੀ ਮੰਜ਼ਲ ਬਿਨ ਪੌੜੀ ਡੰਡੇ ਗਏ ਚੜ੍ਹ, ਸਚ ਦਵਾਰੇ ਬਹਿ ਕੇ ਖ਼ੁਸ਼ੀ ਮਨਾਈਆ । ਕਿਰਪਾ ਕਰੇ ਨਰਾਇਣ ਨਰ, ਹਰਿ ਕਰਤਾ ਬਖ਼ਸ਼ਣਹਾਰ ਚਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਚਰਨ ਧੂੜ ਨੁਹਾਏ ਸਰੋਵਰ ਸਾਚੇ ਸਰ, ਤੀਰਥ ਮਜਨ ਇਕੋ ਇਕ ਕਰਾਈਆ ।

### ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਰੌਣਕ ਸਿੰਘ, ਸੇਵਾ ਸਿੰਘ ਦੇ ਗ੍ਰਿਹ ਪਿੰਡ ਰੁੜਕੀ

ਸਤਿਜੁਗ ਸਾਚੇ, ਤੇਰੀ ਆਸਾ ਮਨਸਾ ਹੋਵੇ ਪੂਰੀ, ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲ ਦੀਨ ਦਿਆਲ ਦਇਆ ਕਮਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਚਾਰ ਕੁੰਟ ਦਹਿ ਦਿਸ਼ਾ ਏਕਾ ਜੋਤ ਕਰੇ ਨੂਰੀ, ਸ਼ਾਹ ਸੁਲਤਾਨਾ ਸ੍ਰੀ ਭਗਵਾਨਾ ਬੇਪਰਵਾਹ ਆਪਣੀ ਖੇਲ ਖਿਲਾਈਆ । ਮਨ ਵਾਸਨਾ ਦੀਨ ਦੁਨੀ ਅੰਦਰੋਂ ਕਿਰਿਆ ਕੱਢੇ ਕੂੜੀ, ਕੂੜ ਕੁਟੰਬ ਕਾਮ ਕਰੋਧ ਲੋਭ ਮੋਹ ਹੰਕਾਰ ਦਏ ਖਪਾਈਆ । ਜਨ ਭਗਤਾਂ ਸਾਚੇ ਸੰਤਾਂ ਸਾਹਿਬ ਸਵਾਮੀ ਅੰਤਰਜਾਮੀ ਨਾਮ ਸ਼ਬਦ ਦੀ ਪੂਰੀ ਕਰੇ ਮਜ਼ਦੂਰੀ, ਵੇਖ ਵਖਾਣੇ ਥਾਉਂ ਥਾਈਂਆ । ਨਾਮ ਰੰਗਣ ਤਨ ਮਾਟੀ ਖ਼ਾਕੀ ਵਜੂਦ ਆਪਣੀ ਚਾੜ੍ਹੇ ਗੂੜ੍ਹੀ, ਗਹਿਰ ਗੰਭੀਰ ਬੇਨਜ਼ੀਰ ਲਾਸ਼ਰੀਕ ਆਪਣਾ ਭੇਵ ਖੁਲ੍ਹਾਈਆ । ਦੋ ਜਹਾਨ ਸ੍ਰੀ ਭਗਵਾਨ ਝਗੜਾ ਮੁਕਾ ਕੇ ਦੂਰ ਦੂਰੀ, ਨੇਰਨ ਨੇਰਾ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰਾ ਸੱਚਾ ਰਾਹ, ਸ਼ਬਦੀ ਸਤਿਗੁਰ ਬਣ ਮਲਾਹ, ਏਕੰਕਾਰ ਇਕ ਇਕੱਲਾ ਨਵ ਸੱਤ ਦਏ ਵਖਾਈਆ । ਸਤਿਜੁਗ ਸਾਚੇ, ਕਿਰਪਾ ਕਰੇ ਸ੍ਰੀ ਭਗਵੰਤ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਕੂੜੀ ਕਿਰਿਆ ਗੜ੍ਹ ਤੋੜ ਕੇ ਹਉਮੇਂ ਹੰਗਤ, ਹੰ ਬ੍ਰਹਮ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦਏ ਸਮਝਾਈਆ । ਬੋਧ

ਅਗਾਧਾ ਬਣ ਕੇ ਦੋ ਜਹਾਨਾਂ ਪੰਡਤ, ਨਿਰਗੁਣ ਨਿਰਵੈਰ ਨਿਰਅੱਖਰ ਨਿਰਾਕਾਰ ਸਾਕਾਰ ਦਏ ਸਮਝਾਈਆ । ਲੇਖਾ ਜਾਣੇ ਕੂੜੀ ਕਿਰਿਆ ਕਲਜੁਗ ਅੰਤਮ, ਅੰਤਸ਼ਕਰਨ ਦੀਨ ਦੁਨੀ ਵੇਖੇ ਥਾਉਂ ਥਾਈਂਆ । ਸਾਹਿਬ ਸੁਹੇਲਾ ਇਕ ਇਕੇਲਾ ਨਾਮ ਨਿਧਾਨਾ ਆਪਣਾ ਚਲਾਏ ਧੁਰ ਦਾ ਮੰਤਰ, ਮੰਤਵ ਸਭ ਦੇ ਹੱਲ ਕਰਾਈਆ । ਤ੍ਰੈਗੁਣ ਮਾਇਆ ਘਟ ਭੀਤਰ ਬੁਝਾਏ ਲੱਗੀ ਬਸੰਤਰ, ਅੰਮ੍ਰਿਤ ਮੇਘ ਇਕੋ ਇਕ ਬਰਸਾਈਆ । ਪੜਦਾ ਲਾਹੇ ਭੇਵ ਖੁਲ੍ਹਾਏ ਬ੍ਰਹਮ ਨਿਰੰਤਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰਾ ਸੱਚਾ ਰਾਹ, ਸਤਿ ਸਤਿਵਾਦੀ ਬਣ ਮਲਾਹ, ਧਰਨੀ ਧਰਤ ਧਵਲ ਦਏ ਵਖਾਈਆ । ਸਤਿਜੁਗ ਸਾਚੇ, ਕਿਰਪਾ ਕਰੇ ਸਾਹਿਬ ਸਤਿਗੁਰ ਸਵਾਮੀ, ਸਾਜਣ ਮੀਤ ਆਪਣਾ ਖੇਲ ਖਿਲਾਈਆ । ਚਾਰ ਵਰਨ ਅਠਾਰਾਂ ਬਰਨ ਆਤਮ ਪਰਮਾਤਮ ਦੱਸ ਕੇ ਧੁਰ ਦੀ ਬਾਣੀ, ਬਾਣ ਨਿਰਾਲਾ ਅਣਿਆਲਾ ਤੀਰ ਲਗਾਈਆ । ਝਗੜਾ ਚੁਕਾ ਕੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਦਏ ਸਮਝਾਈਆ । ਜਨ ਭਗਤਾਂ ਸਾਚੇ ਸੰਤਾਂ ਇਕੋ ਦੱਸ ਕੇ ਪਦ ਨਿਰਬਾਣੀ, ਸਚ ਦਵਾਰਾ ਹਰਿ ਨਿਰੰਕਾਰਾ ਇਕੋ ਦਏ ਵਖਾਈਆ । ਨਿਰਗੁਣ ਨੂਰ ਜੋਤ ਜਗੇ ਸਚ ਦਵਾਰ ਮਹਾਨੀ, ਦੀਵਾ ਬਾਣੀ ਕਮਲਾਪਾਤੀ ਪਤਿਪਰਮੇਸ਼ਵਰ ਅਵਰ ਨਾ ਕੋਇ ਰਖਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਬਖ਼ਸ਼ੇ ਸਚ ਨਿਸ਼ਾਨੀ, ਜਗਤ ਨਿਸ਼ਾਨਾ ਕੂੜ ਕੁੜਿਆਰ ਜਗ ਨੇਤਰ ਨੈਣ ਨਜ਼ਰ ਕੋਇ ਨਾ ਆਈਆ । ਸਚ ਦਵਾਰੇ ਸੋਹੇ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ ਸੁਲਤਾਨੀ, ਪਾਤਸ਼ਾਹ ਪਰਵਰਦਿਗਾਰ ਇਕੋ ਨਜ਼ਰੀ ਆਈਆ । ਜਿਸ ਦਾ ਲੇਖਾ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਦੋ ਜਹਾਨੀ, ਲੋਕ ਪਰਲੋਕ ਨਾਮ ਸਲੋਕ ਸੋਹਲਾ ਢੋਲਾ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਤਿਜੁਗ ਵਰ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਪਾਰਬ੍ਰਹਮ ਇਕ ਇਕੱਲਾ ਏਕੰਕਾਰ ਆਪਣਾ ਹੁਕਮ ਵਰਤਾਈਆ । ਸਤਿਜੁਗ ਸਾਚੇ, ਸਾਚਾ ਪ੍ਰਭ ਬਖ਼ਸ਼ੇ ਧੁਰ ਦੀ ਧਾਰ ਅਗੰਮੀ ਧਰਮ, ਧਰਮ ਆਤਮਾ ਪਰਮਾਤਮਾ ਦਏ ਜਣਾਈਆ । ਨਿਹਕਰਮੀ ਹੋ ਕੇ ਕਰੇ ਆਪਣਾ ਕਰਮ, ਕੂੜੀ ਕਿਰਿਆ ਕਰਮ ਕਾਂਡ ਦਾ ਲੇਖਾ ਦਏ ਮੁਕਾਈਆ । ਏਕਾ ਰੰਗ ਰੰਗਾਏ ਚਾਰ ਵਰਨ, ਚਾਰ ਕੁੰਟ ਦਹਿ ਦਿਸ਼ਾ ਏਕਾ ਹੁਕਮ ਦਏ ਸਮਝਾਈਆ । ਸੋ ਪੁਰਖ ਨਿਰੰਜਣ ਦੱਸ ਕੇ ਧੁਰ ਦੀ ਇਕੋ ਸਰਨ, ਸਰਨਗਤ ਦਰ ਦਵਾਰੇ ਸਾਚੇ ਦਏ ਦ੍ਰਿੜਾਈਆ । ਨੇਤਰ ਖੋਲ੍ਹ ਕੇ ਹਰਨ ਫਰਨ, ਨਿਜ ਲੋਚਨ ਕਰੇ ਰੁਸ਼ਨਾਈਆ । ਜਨ ਭਗਤਾਂ ਭੈ ਚੁਕਾ ਕੇ ਮਰਨ ਡਰਨ, ਲੱਖ ਚੁਰਾਸੀ ਪੈਂਡਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਨਿਰਗੁਣ ਸਰਗੁਣ ਖੇਲ ਆਏ ਕਰਨ, ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਆਪਣੀ ਕਾਰ ਕਮਾਈਆ । ਸਤਿਜੁਗ ਸਾਚੇ ਸਾਚਾ ਪ੍ਰਭ ਹੋਏ ਦਿਆਲ, ਦੀਨਾਂ ਅਨਾਥਾਂ ਦਏ ਵਡਿਆਈਆ । ਕਿਰਪਾਨਿਧ ਹੋ ਕਿਰਪਾਲ, ਕਿਰਪਨ ਵੇਖੇ ਥਾਉਂ ਥਾਈਂਆ । ਕੂੜੀ ਕਿਰਿਆ ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਚਖੰਡ ਨਿਵਾਸੀ ਸਚ ਦਵਾਰ ਇਕ ਵਖਾਏ ਧੁਰ ਦੀ ਧਰਮਸਾਲ, ਜਿਥੇ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਏਕਾ ਰੰਗ ਰੰਗੇ ਸ਼ਾਹ ਕੰਗਾਲ, ਊਚ ਨੀਚ ਝਗੜਾ ਦਏ ਮੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਵੱਜੇ ਸ਼ਬਦ ਅਗੰਮੀ ਤਾਲ, ਜਗਤ ਤਲਵਾੜਿਆਂ ਦੀ ਲੋੜ ਰਹੇ ਨਾ ਰਾਈਆ । ਜਨ ਭਗਤਾਂ ਸਾਚੇ ਸੰਤਾਂ ਮਾਰਗ ਦੱਸ ਆਪ ਸੁਖਾਲ, ਜਗਤ ਦਵਾਰੇ ਪਾਰ ਦਏ ਕਰਾਈਆ । ਨਿਰਗੁਣ ਜੋਤੀ ਦੀਆ ਬਾਤੀ ਕਮਲਾਪਾਤੀ ਆਪੇ ਬਾਲ,


੧੧੨੫
੧੯

ਗ੍ਰਹਿ ਮੰਦਰ ਕਾਇਆ ਭੀਤਰ ਸਾਚੇ ਘਰ ਕਰੇ ਰੁਸ਼ਨਾਈਆ । ਸਤਿਜੁਗ ਸਾਚੇ, ਤੇਰਾ ਹੱਲ ਹੋਵੇ ਸਵਾਲ, ਕਲਜੁਗ ਕੂੜੀ ਕਿਰਿਆ ਚੁੱਕੇ ਵਿਚ ਜਹਾਨ, ਬੇਈਮਾਨ ਸ਼ੈਤਾਨ ਰਹਿਣ ਕੋਇ ਨਾ ਪਾਈਆ । ਪਰਗਟ ਹੋਵੇ ਧੁਰ ਦਾ ਨਾਮ, ਅੰਮ੍ਰਿਤ ਮਿਲੇ ਸਭ ਨੂੰ ਜਾਮ, ਭਾਗ ਲੱਗੇ ਕਾਇਆ ਮਾਟੀ ਖੇੜਾ ਤਨ ਗਰਾਮ, ਮਹੱਲ ਅਟਲ ਸੋਹਣਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਸ਼ਬਦ ਦੇਵੇ ਹੱਕ ਪੈਗ਼ਾਮ, ਪੀਰ ਪੈਗ਼ੰਬਰ ਜਿਸ ਨੂੰ ਕਰਨ ਸਲਾਮ, ਸਜਦਿਆਂ ਵਿਚ ਬੈਠੇ ਸੀਸ ਨਿਵਾਈਆ ।

## ✪ ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮਿਹਰ ਸਿੰਘ ਦੇ ਗ੍ਰਹਿ ਪਿੰਡ ਸ਼ੇਖ਼ ਪੁਰਾ ✪

ਸਤਿਜੁਗ ਸਾਚਾ ਕਹੇ ਪ੍ਰਭ ਤੇਰਾ ਨਾਮ ਉਪਜੇ ਏਕ, ਏਕੰਕਾਰ ਦੇ ਵਡਿਆਈਆ । ਸ਼ਬਦ ਸਵਾਮੀ ਬਖ਼ਸ਼ ਸਾਚੀ ਟੇਕ, ਟਿੱਕੇ ਮਸਤਕ ਧੂੜੀ ਧੁਰ ਦੀ ਖ਼ਾਕ ਰਮਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਰ ਬੁਧ ਬਿਬੇਕ, ਅਦਵੈਤੀ ਆਪਣੀ ਧਾਰ ਸਮਝਾਈਆ । ਸਚ ਸੁਨੇਹੜਾ ਦੇ ਅਗੰਮੀ ਦੇਸ, ਬ੍ਰਹਿਮੰਡ ਖੰਡ ਪੁਰੀ ਲੋਅ ਵੱਜੇ ਇਕ ਵਧਾਈਆ । ਨਿਉਂ ਨਿਉਂ ਸੀਸ ਝੁਕਾਵਣ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਪੈਗ਼ੰਬਰ ਸਜਦਿਆਂ ਵਿਚ ਸਿਰ ਨਾ ਕੋਇ ਉਠਾਈਆ । ਸਚ ਦਵਾਰੇ ਸਾਰੇ ਕਰਨ ਇਕ ਆਦੇਸ, ਨਮੋ ਨਮਸਤੇ ਵਿਚ ਸ਼ੁਕਰ ਮਨਾਈਆ । ਕਲਜੁਗ ਕੂੜੀ ਕਿਰਿਆ ਮੇਟ ਭੇਖ,
੧੧੨੯ ਪਖੰਡੀ ਕੂੜੇ ਦੇ ਗਵਾਈਆ । ਸਚ ਧਰਮ ਦੀ ਲਾ ਰੇਖ, ਰਿਖੀ ਮੁਨੀ ਦੇ ਸਮਝਾਈਆ । ਲੋਕਮਾਤ ਜਗਤ ਪਰਦੇਸ, ਦੇਸੀ ਗੁਰਮੁਖ ਲੈ ਉਠਾਈਆ । ੧੧੨੯
ਅੰਦਰ ਵੜ ਕੇ ਮੰਦਰ ਚੜ੍ਹ ਕੇ ਦੱਸ ਭੇਤ, ਭਾਂਡਾ ਭਰਮ ਭੌ ਭੰਨਾਈਆ । ਨਜ਼ਰੀ ਆਵੇਂ ਪੁਰਖ ਅਕਾਲ ਨੇਤਨ ਨੇਤ, ਨਿਜ ਲੋਚਨ ਨੈਣ ਕਰ ਰੁਸ਼ਨਾਈਆ । ਸੰਤ ਸੁਹੇਲੇ ਤੇਰਾ ਦਰਸ਼ਨ ਲੈਣ ਪੇਖ, ਸਵੱਛ ਸਰੂਪੀ ਸ਼ਾਹੋ ਭੂਪੀ ਘਰ ਘਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਹੋ ਕੇ ਨਿਰਗੁਣ ਕਰ ਹੇਤ, ਹਿਤਕਾਰੀ ਹੋ ਕੇ ਆਪਣਾ ਮੇਲ ਮਿਲਾਈਆ । ਸਤਿਜੁਗ ਸਾਚਾ ਕਹੇ ਪ੍ਰਭ ਤੇਰਾ ਨਾਮ ਹੋਵੇ ਨਿਰੰਕਾਰ, ਲੋਕ ਪਰਲੋਕ ਵੱਜੇ ਵਧਾਈਆ । ਗੁਰਮੁਖ ਸਖੀਆਂ ਹੋਵੇ ਮੰਗਾਲਾਚਾਰ, ਦਰ ਘਰ ਸਾਚੇ ਸੋਭਾ ਪਾਈਆ । ਸ਼ਬਦ ਨਾਦ ਹੋਵੇ ਧੁਨਕਾਰ, ਅਨਹਦ ਨਾਦੀ ਨਾਦ ਕਰ ਸ਼ਨਵਾਈਆ । ਨਿਰਮਲ ਦੀਵਾ ਬਾਤੀ ਜੋਤ ਹੋਵੇ ਉਜਿਆਰ, ਕਮਲਾਪਾਤੀ ਸੋਭਾ ਪਾਈਆ । ਭਗਤ ਸੁਹੇਲੇ ਕਰ ਪਿਆਰ, ਗੁਰ ਚੇਲੇ ਮੇਲ ਮਿਲਾਈਆ । ਗੁਰਮੁਖ ਰਹੇ ਨਾ ਕੋਈ ਦੁਖਿਆਰ, ਦੁਖੀਆਂ ਦਰਦ ਦੇ ਗਵਾਈਆ । ਕੁਦਰਤ ਦੇ ਕ਼ਾਦਰ ਤੇਰੇ ਤੋਂ ਬਲਿਹਾਰ, ਸਤਿਜੁਗ ਕਹੇ ਨਿਉਂ ਨਿਉਂ ਲਾਗਾਂ ਪਾਈਆ । ਦਰ ਭਿੱਖਕ ਬਣਾਂ ਭਿਖਾਰ, ਦਰ ਦਰਵੇਸ਼ ਹੋ ਕੇ ਅਲਖ ਸੁਣਾਈਆ । ਕਿਰਪਾ ਕਰ ਸਿਰਜਣਹਾਰ, ਸਜਦਿਆਂ ਵਿਚ ਮੰਗ ਮੰਗਾਈਆ । ਦੀਨ ਦੁਨੀ ਤੋਂ ਕੱਢ ਬਾਹਰ, ਗੁਪਤ ਜ਼ਾਹਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਖ਼ਸ਼ ਇਕ ਭੰਡਾਰ, ਵਸਤ ਅਮੋਲਕ ਝੋਲੀ ਦੇਣੀ ਟਿਕਾਈਆ । ਸਤਿਜੁਗ ਕਹੇ ਪ੍ਰਭ ਸੁਣ ਅਗੰਮੀ ਅਰਦਾਸ, ਆਰਜ਼ੂ ਅਰਜ਼ ਵਿਚੋਂ ਪਰਗਟਾਈਆ । ਖੇਲ ਵੇਖਿਆ ਤੇਰਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਖੁਜਾਈਆ । ਲੱਖ

ਚੁਰਾਸੀ ਪੈਂਦੀ ਵੇਖੀ ਰਾਸ, ਮਨੂਆ ਆਪਣਾ ਸਾਂਗ ਵਰਤਾਈਆ । ਸਚ ਸਵਾਮੀ ਕਿਸੇ ਨਾ ਦਿਸਿਆ ਪਾਸ, ਪਾਸਾ ਉਲਟਿਆ ਜਗਤ ਲੋਕਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸੇ ਸਵਾਸ, ਸਾਹ ਸਾਹ ਤੇਰਾ ਨਾਮ ਨਾ ਕੋਇ ਧਿਆਈਆ । ਮਨ ਹੰਕਾਰੀ ਸਭ ਦਾ ਕਰੇ ਘਾਤ, ਘਾਓ ਡੂੰਘਾ ਆਪਣਾ ਲਾਈਆ । ਸਚ ਪ੍ਰੀਤੀ ਸ਼ਬਦੀ ਸੁਰਤੀ ਜੁੜਿਆ ਕੋਇ ਨਾ ਨਾਤ, ਨਾਤਾ ਬਿਧਾਤਾ ਨਾ ਕੋਇ ਜੁੜਾਈਆ । ਚਾਰ ਕੁੰਟ ਦਿਸੇ ਅੰਧੇਰੀ ਰਾਤ, ਅੰਧ ਅਗਿਆਨ ਦੂਰ ਨਾ ਕੋਇ ਕਰਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਪਾਰਬ੍ਰਹਮ ਤੇਰੀ ਇਕੋ ਓਟ ਰਖਾਈਆ । ਤੂੰ ਸਵਾਮੀ ਸਾਹਿਬ ਸਰਬ ਗੁਣਤਾਸ, ਗੁਣਵੰਤਾ ਸ਼ਹਿਨਸ਼ਾਹੀਆ । ਜਨ ਭਗਤਾਂ ਪੂਰੀ ਕਰ ਆਸ, ਆਸਾ ਮੇਰੇ ਨਾਲ ਮਿਲਾਈਆ । ਮੈਂ ਸੇਵਕ ਤੇਰਾ ਬਣਾਂ ਦਾਸੀ ਦਾਸ, ਚਾਰ ਕੁੰਟ ਦਹਿ ਦਿਸ਼ਾ ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਕਹੇ ਮੇਰੀ ਪੂਰੀ ਕਰਨੀ ਆਸ, ਆਸਾਵੰਦ ਤੇਰੇ ਦਰ ਤੇ ਨਜ਼ਰੀ ਆਈਆ । ਸਤਿਜੁਗ ਕਹੇ ਮੈਂ ਨਿਉਂ ਨਿਉਂ ਕਰਾਂ ਨਿਮਸਕਾਰ, ਨਿਮਰਤਾ ਵਿਚ ਜਣਾਈਆ । ਕਿਰਪਾ ਕਰ ਆਪ ਕਰਤਾਰ, ਬੇਅੰਤ ਬੇਪਰਵਾਹ ਮਿਹਰ ਨਜ਼ਰ ਉਠਾਈਆ । ਸਾਚਾ ਮਾਰਗ ਦੇ ਸੰਸਾਰ, ਜੁਗ ਜਨਮ ਦੇ ਵਿਛੜੇ ਮੇਲ ਮਿਲਾਈਆ । ਭਗਤ ਸੁਹੇਲੇ ਲੈ ਉਠਾਲ, ਸ਼ਬਦ ਹੁਲਾਰਾ ਇਕ ਲਗਾਈਆ । ਅਗਲਾ ਖੋਲ੍ਹ ਕੇ ਦੱਸ ਅਹਿਵਾਲ, ਹਾਲਤ ਪਿਛਲੀ ਦੇ ਬਦਲਾਈਆ । ਸ੍ਰਿਸ਼ਟ ਸਬਾਈ ਸਿਰ ਤੇ ਕੂਕੇ ਕਾਲ, ਮਹਾਂਕਾਲ ਦਏ ਦੁਹਾਈਆ । ਸੰਤ ਸੁਹੇਲੇ ਗੁਰਮੁਖ ਵੇਖ ਆਪਣੇ ਲਾਲ, ਲਾਲ ਗੁਲਾਲਾ ਰੰਗ ਦੇਣਾ ਚੜ੍ਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਝਗੜਾ ਮੁਕਾ ਸ਼ਾਹ ਕੰਗਾਲ, ਇਕ ਵਖਾ ਸੱਚੀ ਧਰਮਸਾਲ, ਧਰਮ ਦਵਾਰਾ ਤੇਰਾ ਸਚਖੰਡ ਸੱਚਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨਾਂ ਬੰਧਪ ਦੀਨ ਦਿਆਲ ਦਇਆਵਾਨ ਦਇਆਨਿਧ ਸਾਗਰ ਸਾਚਾ ਮਾਰਗ ਆਪਣਾ ਇਕ ਪਰਗਟਾਈਆ ।

### ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਹਰਭਜਨ ਸਿੰਘ ਦੇ ਗ੍ਰਿਹਿ ਪਿੰਡ ਸ਼ੇਖ਼ਪੁਰਾ ਜ਼ਿਲਾ ਰੋਪੜ

ਸਤਿਜੁਗ ਕਹੇ ਪ੍ਰਭ ਤੇਰੇ ਰੂਪ ਨਜ਼ਰੀ ਆਵਣ ਧੁਰ ਦੇ ਬੱਚੇ, ਬਚਪਨ ਇਨ੍ਹਾਂ ਦਾ ਲੇਖੇ ਲਾਈਆ । ਤੇਰੇ ਪ੍ਰੇਮ ਪਿਆਰ ਅੰਦਰ ਵੇਖੇ ਰਤੇ, ਰਤਨ ਅਮੋਲਕ ਹੀਰੇ ਦੇ ਬਣਾਈਆ । ਖ਼ੁਸ਼ੀਆਂ ਵਿਚ ਫਿਰਨ ਹੱਸੇ, ਪਾਂਧੀ ਬਣ ਕੇ ਭੱਜਣ ਵਾਹੋ ਦਾਹੀਆ । ਤੇਰੀ ਮੁਹੱਬਤ ਵਿਚ ਸੱਚੇ, ਨਾਤੇ ਸਾਰੇ ਗਏ ਤੁੜਾਈਆ । ਲੱਖ ਚੁਰਾਸੀ ਨਾਲੋਂ ਅੱਛੇ, ਜੋ ਤੇਰਾ ਢੋਲਾ ਗਾਈਆ । ਕਾਇਆ ਮਾਟੀ ਭਾਂਡੇ ਰਹਿਣ ਨਾ ਦੇਵੀਂ ਕੱਚੇ, ਕੰਚਨ ਗੜ੍ਹ ਦੇਣਾ ਸੁਹਾਈਆ । ਲੂੰ ਲੂੰ ਅੰਦਰ ਤੇਰਾ ਨੂਰ ਰਚੇ, ਰਚਨਾ ਆਪਣੀ ਦੇਣੀ ਵਖਾਈਆ । ਦਰਸ ਵਖਾ ਕੇ ਅਗੰਮੀ ਅੱਖੇ, ਆਖ਼ਰ ਪੜਦਾ ਦੇਣਾ ਉਠਾਈਆ । ਸੱਜਣ ਸੁਹੇਲੇ ਬਣਾ ਕੇ ਸਖ਼ੇ, ਸਗਲਾ ਸੰਗ ਦੇਣਾ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਈਆ । ਸਤਿਜੁਗ ਕਹੇ ਪ੍ਰਭ ਭਗਤ ਸੁਹੇਲੇ ਤੇਰੇ ਪੂਤ, ਪਿਤਾ ਪੁੱਤ ਇਕੋ ਨਜ਼ਰੀ ਆਈਆ । ਭਾਗ ਲਗਾਉਣਾ ਕਾਇਆ ਪੰਜ ਤਤ ਭੂਤ, ਭਵਿਖ ਆਪਣਾ ਦੇਣਾ ਸਮਝਾਈਆ । ਹੁਕਮ ਸੰਦੇਸ਼ਾ ਦੇਣਾ ਨਾਲ ਸ਼ਬਦੀ ਦੂਤ, ਨਿਰਗੁਣ ਸਰਗੁਣ ਹੋ ਕੇ ਹੁਕਮ ਵਰਤਾਈਆ । ਮੇਲ

੧੧੨੭
੧੯

ਮਿਲਾਉਣਾ ਚਾਰੇ ਕੂਟ, ਦਿਸ਼ਾ ਅੰਦਰ ਬਚਿਆ ਰਹਿਣ ਕੋਇ ਨਾ ਪਾਈਆ । ਝਗੜਾ ਮੁਕਾ ਕੇ ਜੂਠ ਝੂਠ, ਕੂੜ ਕੁੜਿਆਰਾਂ ਲੇਖਾ ਦੇਣਾ ਮੁਕਾਈਆ । ਪਰਮਾਤਮ ਹੋ ਕੇ ਜਾਣਾ ਤੁੱਠ, ਰੁਠਿਆਂ ਲੈਣਾ ਮਨਾਈਆ । ਅੰਮ੍ਰਿਤ ਜਾਮ ਪਿਆਲਾ ਦੇ ਕੇ ਘੁਟ, ਰਸ ਆਪਣਾ ਦੇਣਾ ਚਖਾਈਆ । ਆਵਣ ਜਾਵਣ ਸਭ ਦਾ ਪੈਂਡਾ ਜਾਏ ਮੁਕ, ਜੂਨੀ ਵਿਚ ਨਾ ਕੋਇ ਭਵਾਈਆ । ਸਚ ਦਵਾਰੇ ਕਰਨੀ ਪੁਛ, ਮਿਹਰਵਾਨ ਹੋ ਕੇ ਵੇਖ ਵਖਾਈਆ । ਭਗਤ ਉਧਾਰਨੇ ਤੇਰੇ ਅਗੇ ਤੁਛ, ਮਿਹਰ ਨਜ਼ਰ ਨਾਲ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਹਾਵਣੀ ਕਰਨੀ ਰੁਤ, ਨਾਮ ਰੁਤੜੀ ਇਕ ਮਹਿਕਾਈਆ । ਸਤਿਜੁਗ ਕਹੇ ਪ੍ਰਭ ਜਨ ਭਗਤ ਤੇਰੇ ਦੁਲਾਰੇ, ਦੂਲ੍ਹੇ ਧੁਰ ਦੇ ਨਜ਼ਰੀ ਆਈਆ । ਇਕੋ ਨਾਮ ਬਣਾ ਵਣਜਾਰੇ, ਵਣਜ ਸਾਚਾ ਦੇਣਾ ਵਖਾਈਆ । ਤੇਰੇ ਪ੍ਰੇਮ ਦੇ ਲੱਗਣ ਜੈਕਾਰੇ, ਜੈ ਜੈਕਾਰ ਕਰ ਕੇ ਖ਼ੁਸ਼ੀ ਮਨਾਈਆ । ਨਜ਼ਰ ਆਉਣਾ ਨਿਰਗੁਣ ਰੂਪ ਜੋਤ ਨਿਰੰਕਾਰੇ, ਨਿਰਗੁਣ ਆਪਣਾ ਖੇਲ ਵਰਤਾਈਆ । ਸੰਤ ਸੁਹੇਲੇ ਤੇਰੇ ਸਹਾਰੇ, ਦੂਜੀ ਓਟ ਨਾ ਕੋਇ ਤਕਾਈਆ । ਕਲਜੁਗ ਨਈਆ ਲਾਉਣੀ ਪਾਰ ਕਿਨਾਰੇ, ਵਹਿੰਦੀ ਧਾਰ ਨਾ ਕੋਇ ਰੁੜ੍ਹਾਈਆ । ਤੁਧ ਬਿਨ ਪੈਜ ਨਾ ਕੋਇ ਸਵਾਰੇ, ਸਮਰਥ ਸਿਰ ਹੱਥ ਨਾ ਕੋਇ ਟਿਕਾਈਆ । ਸ਼ਬਦੀ ਮਹਿੰਮਾ ਅਪਰ ਅਪਾਰੇ, ਅਲਖ ਅਗੋਚਰ ਤੇਰੀ ਬੇਪਰਵਾਹੀਆ । ਤੇਰੇ ਭਗਤ ਨਾ ਹੋਣ ਖ਼ੁਆਰੇ, ਜਗਤ ਖ਼ੁਆਰੀ ਦੇਣੀ ਗਵਾਈਆ । ਮਨੂਆ ਕਰੇ ਨਾ ਕੋਇ ਹੰਕਾਰੇ, ਨਿਵਣ ਸੁ ਅੱਖਰ ਦੇਣਾ ਪੜ੍ਹਾਈਆ । ਸਦਾ ਵਸਣ ਤੇਰੇ ਦਵਾਰੇ, ਚਰਨ ਕਵਲ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਮਹੱਲ ਅਟਲ ਸੁਹਾ

ਆਪਣੇ ਦਵਾਰੇ, ਜਿਸ ਗ੍ਰਿਹਿ ਦੀਵਾ ਬਾਤੀ ਕਮਲਾਪਾਤੀ ਏਕਾ ਜੋਤ ਕਰੇ ਰੁਸ਼ਨਾਈਆ ।
੧੧੨੮ ੧੯

### ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹਿ ਪਿੰਡ ਗੋਸਲਾਂ ਜ਼ਿਲਾ ਰੋਪੜ

ਸਤਿਜੁਗ ਸਾਚੇ ਸਚ ਦਵਾਰ ਹੋਵੇ ਸੋਭਾਵੰਤ, ਸਤਿ ਸਤਿਵਾਦੀ ਦੀਨ ਦਿਆਲਾ ਆਪਣੀ ਦਇਆ ਕਮਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਧੁਰ ਦਾ ਦਿਸੇ ਅਗੰਮੀ ਨਤ, ਨਾਮ ਨਿਧਾਨਾ ਨੌਜਵਾਨਾ ਮਰਦ ਮਰਦਾਨਾ ਇਕੋ ਇਕ ਸਮਝਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਨਜ਼ਰੀ ਆਵੇ ਇਕੋ ਕੰਤ, ਪਤਿਪਰਮੇਸ਼ਵਰ ਬੇਪਰਵਾਹ ਆਪਣਾ ਖੇਲ ਖਿਲਾਈਆ । ਪਾਵੇ ਸਾਰ ਦੀਨ ਦੁਨੀ ਜੀਵ ਜੰਤ, ਚਾਰ ਵਰਨ ਅਠਾਰਾਂ ਬਰਨ ਖੋਜ ਖੁਜਾਈਆ । ਬੋਧ ਅਗਾਧਾ ਸ਼ਬਦ ਅਨਾਦਾ ਧੁਰ ਦਾ ਬਣ ਕੇ ਪੰਡਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰੇ ਹੱਕ ਪੜ੍ਹਾਈਆ । ਕੂੜੀ ਕਿਰਿਆ ਮਾਇਆ ਮਮਤਾ ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਪਾਰਬ੍ਰਹਮ ਆਪਣਾ ਭੇਵ ਦਏ ਖੁਲ੍ਹਾਈਆ । ਲਹਿਣਾ ਦੇਣਾ ਮੁਕਾ ਕੇ ਬਹਿਸ਼ਤ ਜੰਨਤ, ਸਚਖੰਡ ਦਵਾਰ ਏਕੰਕਾਰ ਇਕੋ ਦਏ ਵਖਾਈਆ । ਮਾਣ ਰਖਾਏ ਗੁਰਮੁਖ ਗੁਰਸਿਖ ਸਾਚੇ ਸੰਤ, ਸਤਿ ਸਤਿਵਾਦੀ ਦਰਗਾਹ ਸਾਚੀ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ, ਸਾਚਾ ਦਰ ਇਕੋ ਇਕ ਖੁਲ੍ਹਾਈਆ । ਸਤਿਜੁਗ ਸਾਚੇ, ਅਬਿਨਾਸ਼ੀ ਕਰਤਾ ਹੋਵੇ ਮਿਹਰਵਾਨ, ਮਹਿਬੂਬ ਆਪਣੀ ਦਇਆ ਕਮਾਈਆ । ਨਾਮ ਸੰਦੇਸ਼ਾ ਦੇ ਕੇ ਧੁਰ

ਪੈਗ਼ਾਮ, ਦੀਨ ਦੁਨੀ ਕਰੇ ਹੱਕ ਪੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਦੇ ਕੇ ਗਏ ਬਿਆਨ, ਸੋ ਲਹਿਣਾ ਦੇਣਾ ਜੁਗ ਚੌਕੜੀ ਅੰਤਮ ਪੂਰ ਕਰਾਈਆ । ਜਿਸ ਦਾ ਲੇਖਾ ਲਿਖ ਨਾ ਸਕੇ ਕੋਇ ਵਿਚ ਜਹਾਨ, ਕਾਤਬ ਚਲੇ ਨਾ ਕੋਇ ਚਤੁਰਾਈਆ । ਸੋ ਕਰਨੀ ਦਾ ਕਰਤਾ ਹੋ ਕੇ ਨਿਰਗੁਣ ਨਿਰਵੈਰ ਆਪ ਪਰਧਾਨ, ਸ਼ਬਦ ਸੰਦੇਸ਼ਾ ਹੁਕਮ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਣ, ਚਾਰ ਕੁੰਟ ਦਹਿ ਦਿਸ਼ਾ ਵੱਜੇ ਹੱਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਘਟ ਭੀਤਰ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਖੋਜ ਖੁਜਾਈਆ । ਸਤਿਜੁਗ ਸਾਚੇ, ਕਿਰਪਾ ਕਰੇ ਬੇਪਰਵਾਹ, ਅਲਖ ਅਗੋਚਰ ਦੇਵਣਹਾਰ ਸੱਚੀ ਸਰਨਾਈਆ । ਸਤਿ ਸਤਿਵਾਦੀ ਧੁਰ ਦਾ ਮਾਰਗ ਦੀਨ ਦਿਆਲਾ ਦੇਵੇ ਲਾ, ਧਰਨੀ ਧਰਤ ਧਵਲ ਧੌਲ ਖ਼ੁਸ਼ੀਆਂ ਵਿਚ ਢੋਲਾ ਗਾਈਆ । ਸਤਿ ਸਤਿਵਾਦੀ ਸਾਹਿਬ ਸਵਾਮੀ ਬਣ ਕੇ ਦੋ ਜਹਾਨਾਂ ਜਗਤ ਮਲਾਹ, ਖੇਵਟ ਖੇਟਾ ਹੋ ਕੇ ਬੇੜਾ ਆਪਣੇ ਕੰਧ ਉਠਾਈਆ । ਸੰਤ ਸੁਹੇਲੇ ਗੁਰਮੁਖ ਸੱਜਣ ਸੰਸਾਰ ਸਾਗਰ ਵਿਚੋਂ ਲਏ ਤਰਾ, ਤਾਰਨਹਾਰ ਏਕੰਕਾਰ ਆਪਣੀ ਸੇਵ ਕਮਾਈਆ । ਸਾਚੀ ਮੰਜ਼ਲ ਪੌੜੇ ਲਏ ਚੜ੍ਹਾ, ਸਚ ਦਵਾਰਾ ਇਕੋ ਇਕ ਸੁਹਾਈਆ । ਕਰੇ ਖੇਲ ਮਾਲਕ ਪ੍ਰਿਤਪਾਲਕ ਖ਼ਾਲਕ ਧੁਰ ਦਾ ਸ਼ਹਿਨਸ਼ਾਹ, ਹੁਕਮੈਂ ਅੰਦਰ ਹੁਕਮ ਬਦਲਾਈਆ । ਲੇਖਾ ਜਾਣੇ ਦੋ ਜਹਾਂ, ਜਹਾਂ ਤਹਾਂ ਵੇਖੇ ਥਾਉਂ ਥਾਈਂਆ । ਨਿਰਗੁਣ ਦਾਤਾ ਪੁਰਖ ਬਿਧਾਤਾ ਨਿਰਗੁਣ ਨੂਰ ਜੋਤ ਕਰੇ ਰੁਸ਼ਨਾ, ਗਹਿਰ ਗੰਭੀਰ ਬੇਨਜ਼ੀਰ ਆਪਣੀ ਖੇਲ ਵਖਾਈਆ । ਸਤਿਜੁਗ ਸਾਚੇ, ਸਤਿ ਸਤਿਵਾਦੀ ਸਾਹਿਬ ਸਵਾਮੀ ਹੋ ਮਿਹਰਵਾਨ ਸਤਿ ਦਵਾਰੇ ਤੇਰੀ ਪਕੜੇ ਬਾਂਹ, ਚਰਨ ਕਵਲ ਦੇਵੇ ਅਗੰਮੀ ਥਾਂ, ਦਰ ਦਵਾਰਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਅਦਲ ਇਨਸਾਫ਼ ਵਿਚ ਕਰੇ ਸਚ ਨਿਆਂ, ਨਾਮ ਨਿਆਮਤ ਸਹੀ ਸਲਾਮਤ ਤੇਰੀ ਝੋਲੀ ਦੇਵੇ ਪਾਈਆ ।



## ✪ ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਿਹਿ ਪਿੰਡ ਰਾਜੋ ਮਾਜਰਾ ਜ਼ਿਲਾ ਰੋਪੜ ✪

ਸਤਿਜੁਗ ਸਾਚੇ, ਪਿਛਲਾ ਲੇਖਾ ਰਹੇ ਨਾ ਮਾਜ਼ੀ, ਜਗਤ ਝਗੜਾ ਦਏ ਮੁਕਾਈਆ । ਸ਼ਰਅ ਦੀਨ ਲੜੇ ਕੋਇ ਨਾ ਕਾਜ਼ੀ, ਕ਼ਿਆਮਤ ਸਭ ਨੂੰ ਦਏ ਵਖਾਈਆ । ਹੰਕਾਰੀਆਂ ਰਹੇ ਨਾ ਕੋਇ ਮਨੂਆ ਗ਼ਾਜ਼ੀ, ਗਹਿਰ ਗੰਭੀਰ ਆਪਣਾ ਹੁਕਮ ਵਰਤਾਈਆ । ਮੂਰਖ ਮੁਗਧ ਦਿਸੇ ਕੋਇ ਨਾ ਪਾਜੀ, ਮੁਰੀਦ ਮੁਰਸ਼ਦ ਲਏ ਉਠਾਈਆ । ਤਨ ਮਾਟੀ ਖ਼ਾਕੀ ਵਜੂਦ ਹਕੂਕ ਵਾਲੀ ਰਹਿਣ ਨਾ ਦੇਵੇ ਅਰਾਜ਼ੀ, ਮਲਕੀਅਤ ਸਭ ਦੀ ਦਏ ਗਵਾਈਆ । ਦੀਨ ਦੁਨੀ ਇਸਮ ਕਰੇ ਲਾਜਵਾਬੀ, ਵਾਜਬ ਆਪਣਾ ਹੁਕਮ ਸੁਣਾਈਆ । ਜਗਤ ਸ੍ਰਿਸ਼ਟੀ ਕਰ ਇੰਤਖਾਬੀ, ਮੁਖ਼ਾਤਬ ਹੋ ਕੇ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਿਛਲਾ ਲੇਖਾ ਦੇ ਮੁਕਾਈਆ । ਸਤਿਜੁਗ ਸਾਚੇ, ਜਗਤ ਰਹੇ ਨਾ ਕੋਈ ਕਿਸੇ ਵਿਰਸਾ, ਵਾਰਸ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਮਿਟੇ ਜਗਤ ਹਿਰਸਾ, ਹਵਸ ਅਗਲੀ ਦਏ ਗਵਾਈਆ । ਜਨ ਭਗਤਾਂ ਜਨਮ ਜਾਣ ਨਾ ਦੇਵਾਂ ਬਿਰਥਾ, ਬਿਛਰਤ ਹੋ ਕੇ ਆਪ ਮਿਲਾਈਆ । ਭੇਵ ਖੁਲ੍ਹਾ ਕੇ ਘਰ ਥਿਰ ਦਾ, ਗ੍ਰਿਹਿ ਮੰਦਰ

ਇਕ ਸੁਹਾਈਆ । ਕਰ ਪਰਕਾਸ਼ ਨਿਰਗੁਣ ਨਿਰਵੈਰ ਜੋਤ ਨਿਰ ਦਾ, ਨਿਰਧਨ ਸਰਧਨ ਖੋਜ ਖੁਜਾਈਆ । ਜੋ ਸੰਤ ਸੁਹੇਲਾ ਵਿਛੜਿਆ ਜੁਗ ਚੌਕੜੀ ਚਿਰ ਦਾ, ਫੜ ਬਾਹੋਂ ਲਏ ਮਿਲਾਈਆ । ਪੁਰਖ ਅਕਾਲ ਦੀਨ ਦਿਆਲ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਧਾਰ ਸਦਾ ਫਿਰਦਾ, ਜਗਤ ਲੋਚਨ ਨਜ਼ਰ ਕਿਸੇ ਨਾ ਆਈਆ । ਸਦਾ ਪਿਆਰ ਕਰੇ ਗੁਰਮੁਖਾਂ ਰੂਪ ਧਾਰ ਅਗੰਮੀ ਪਿਰ ਦਾ, ਪੀਆ ਪ੍ਰੀਤਮ ਹੋ ਕੇ ਜੋੜ ਜੁੜਾਈਆ । ਝਗੜਾ ਮੁਕਾ ਕੇ ਧੜ ਸਿਰ ਦਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਕਰੇ ਆਪਣੀ ਮਿਹਰ ਦਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿਜੁਗ ਸਾਚੇ ਪੁਰਖ ਅਕਾਲ ਦੀਨ ਦਿਆਲ ਲੇਖਾ ਜਾਣੇ ਪਿਛਲਾ ਕੀਤਾ, ਕਲਜੁਗ ਕਰਮ ਭੁੱਲ ਕੋਇ ਨਾ ਜਾਈਆ । ਪਸ਼ਚਾਤਾਪ ਸਭ ਨੂੰ ਰਹੇ ਬੀਤਾ, ਬੀਤੀ ਕਹਾਣੀ ਫਿਰ ਨਾ ਕੋਇ ਸੁਣਾਈਆ । ਅਬਿਨਾਸ਼ੀ ਕਰਤਾ ਬਦਲ ਦੇਵੇ ਤੇਰੀ ਰੀਤਾ, ਕੂੜੀ ਕਿਰਿਆ ਦਏ ਖਪਾਈਆ । ਦਰ ਵਖਾਵੇ ਇਕੋ ਠਾਂਡਾ ਸੀਤਾ, ਅਗਨੀ ਤਤ ਨਾ ਲਾਗੇ ਰਾਈਆ । ਦੀਨ ਦੁਨੀ ਬਦਲ ਦੇਵੇ ਰੀਤਾ, ਨੀਤੀਵਾਨ ਇਕੋ ਇਕ ਅਖਵਾਈਆ । ਏਕਾ ਰੰਗ ਰੰਗਾ ਕੇ ਹਸਤ ਕੀਟਾ, ਕੂੜ ਕਪਟ ਦਏ ਮੁਕਾਈਆ । ਜਨ ਭਗਤਾਂ ਬਣਾ ਕੇ ਸੱਚਾ ਮੀਤਾ, ਸੱਜਣ ਹੋ ਕੇ ਜੋੜ ਜੁੜਾਈਆ । ਜਿਸ ਦੀਆਂ ਕਰਦੇ ਰਹੇ ਸਦਾ ਉਡੀਕਾਂ, ਸੋ ਪੁਰਖ ਨਿਰੰਜਣ ਆਪਣੀ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਕਰਵਾ ਕੇ ਤਸਦੀਕਾਂ, ਭਵਿਖਤਾਂ ਦਾ ਲਿਖਤ ਲੇਖ ਭਵਿਸ਼ ਵਿਚ ਪੂਰਾ ਦਏ ਕਰਾਈਆ । ਤੇਰੀਆਂ ਆਸਾ ਮਨਸਾ ਪੂਰੀਆਂ ਕਰੇ ਉਮੀਦਾਂ, ਆਪ ਆਪਣਾ ਰੰਗ ਰੰਗਾਈਆ । ਅਗੇ ਰਾਜ਼ ਰਹਿਣ ਨਾ ਦੇਵੇ ਪੋਸ਼ੀਦਾ, ਪੜਦਾ ਉਹਲਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਜੁਗ ਦੀਆਂ ਪਿਛਲੀਆਂ ਵੇਖੇ ਲਿਖਤੀ ਸ਼ਬਦ ਰਸੀਦਾਂ, ਧੁਰ ਦੀ ਫ਼ਾਈਲ ਅਗੰਮੀ ਵਿਚੋਂ ਬਾਹਰ ਕਢਾਈਆ ।



### ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸਰਜੀਤਮ ਸਿੰਘ ਦੇ ਗ੍ਰਹਿ ਪਿੰਡ ਰਾਜੋ ਮਾਜਰਾ ਜ਼ਿਲਾ ਰੋਪੜ

ਸਤਿਜੁਗ ਸਾਚੇ, ਪੁਰਖ ਅਕਾਲ ਚੜ੍ਹ ਅਗੰਮੇ ਰਾਕੀ, ਦੋ ਜਹਾਨਾਂ ਵੇਖ ਵਖਾਈਆ । ਲਹਿਣਾ ਦੇਣਾ ਵੇਖੇ ਪੰਜ ਤਤ ਬੰਦਾ ਖ਼ਾਕੀ, ਚਾਰ ਕੁੰਟ ਦਹਿ ਦਿਸ਼ਾ ਫੋਲ ਫੁਲਾਈਆ । ਮਨੂਆ ਰਹਿਣ ਨਾ ਦੇਵੇ ਕੋਇ ਆਕੀ, ਹੁਕਮ ਆਪਣਾ ਇਕ ਜਣਾਈਆ । ਕਲਜੁਗ ਲਹਿਣਾ ਦੇਣਾ ਚੁਕਾਵੇ ਬਾਕੀ, ਲੇਖਾ ਅਗੇ ਰਹੇ ਨਾ ਰਾਈਆ । ਸਚ ਦਵਾਰਾ ਖੋਲ੍ਹੇ ਧੁਰ ਦੀ ਤਾਕੀ, ਧਰਮ ਦਵਾਰਾ ਇਕ ਪਰਗਟਾਈਆ । ਨਾਮ ਸੰਦੇਸ਼ਾ ਦੇ ਕੇ ਸਾਚੀ ਪਾਤੀ, ਦੀਨ ਦੁਨੀ ਦਏ ਪੜ੍ਹਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਪੂਰੀ ਕਰੇ ਆਖੀ, ਆਖ਼ਰ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਮੇਟ ਅੰਧੇਰੀ ਰਾਤੀ, ਸਤਿਜੁਗ ਸਾਚਾ ਨੂਰ ਕਰੇ ਰੁਸ਼ਨਾਈਆ । ਸਤਿਜੁਗ ਸਾਚੇ ਪ੍ਰਭ ਸਭ ਦਾ ਲੇਖਾ ਕਰੇ ਪੂਰ, ਪੂਰਬ ਪੱਛਮ ਉੱਤਰ ਦੱਖਣ ਲੇਖਾ ਦਏ ਮੁਕਾਈਆ । ਪੰਧ ਮੁਕਾ ਕੇ ਨੇੜਾ ਦੂਰ, ਝਗੜਾ ਕੂੜਾ ਦਏ ਚੁਕਾਈਆ । ਲੋਕਮਾਤ ਰਹਿਣ ਨਾ ਦੇਵੇ ਗ਼ੁਰਬਤ ਗ਼ਰੂਰ, ਗਹਿਰ ਗੰਭੀਰ ਬਾਹਰ ਕਢਾਈਆ । ਨਾਮ ਭੰਡਾਰਾ ਕਰ ਭਰਪੂਰ, ਭਗਤ ਸੁਹੇਲੇ ਲਏ ਉਠਾਈਆ । ਸ਼ਬਦੀ

ਨਾਦ ਸੁਣਾ ਤੂਰ, ਤੁਰਤ ਆਪਣਾ ਰੰਗ ਚੜ੍ਹਾਈਆ । ਜੋਤੀ ਜਲਵਾ ਦੇ ਨੂਰ, ਅਗਿਆਨ ਅੰਧੇਰਾ ਦਏ ਖਪਾਈਆ । ਸਚ ਖ਼ੁਮਾਰੀ ਦੇ ਸਰੂਰ, ਜਾਮ ਹਕੀਕੀ ਦਏ ਪਿਆਈਆ । ਆਤਮ ਪਰਮਾਤਮ ਮੇਲਾ ਕਰ ਜ਼ਰੂਰ, ਆਸਾ ਤ੍ਰਿਸ਼ਨਾ ਦਏ ਬੁਝਾਈਆ । ਨਜ਼ਰੀ ਆਵੇ ਹਾਜਰ ਹਜ਼ੂਰ, ਸਚ ਸਵਾਮੀ ਅੰਤਰਜਾਮੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰੀ ਬੇਨੰਤੀ ਕਰੇ ਮਨਜ਼ੂਰ, ਮਨਜ਼ੂਰੀ ਵਿਚ ਅਧੂਰੀ ਰਹਿਣ ਕੋਇ ਨਾ ਪਾਈਆ ।

### ✪ ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਜਰਨੈਲ ਕੌਰ ਦੇ ਗ੍ਰਿਹ ਪਿੰਡ ਰਾਜੋ ਮਾਜਰਾ ✪

ਸਤਿਜੁਗ ਸਾਚੇ, ਸਾਚਾ ਮਿਲੇ ਅੰਮ੍ਰਿਤ ਆਬ, ਜ਼ਿੰਦਗੀ ਹਯਾਤੀ ਵਿਚੋਂ ਬਦਲਾਈਆ । ਸਤਿਗੁਰ ਸ਼ਬਦ ਬਣ ਅਹਿਬਾਬ, ਮਿੱਤਰ ਪਿਆਰਾ ਵੇਖ ਵਖਾਈਆ । ਨਾਮ ਨਿਧਾਨ ਵਜਾਏ ਰਬਾਬ, ਤੰਦ ਸਤਾਰ ਅਗੰਮ ਹਿਲਾਈਆ । ਸਾਚੀ ਪੜ੍ਹਨੀ ਦੱਸੇ ਆਪਣੀ ਕਿਤਾਬ, ਕੁਤਬਖ਼ਾਨਿਆਂ ਦਾ ਲੇਖਾ ਦਏ ਮੁਕਾਈਆ । ਜਿਸ ਦਾ ਤੂੰ ਮੇਰਾ ਮੈਂ ਤੇਰਾ ਪਹਿਲਾ ਬਾਬ, ਸੋਹਣਾ ਹਿੱਸਾ ਵੰਡ ਵੰਡਾਈਆ । ਲੇਖਾ ਮੁਕ ਜਾਏ ਪੁੰਨ ਸਵਾਬ, ਦਰ ਘਰ ਸਾਚਾ ਨਜ਼ਰੀ ਆਈਆ । ਮਾਨਸ ਜਨਮ ਦਾ ਹੋਵੇ ਲਾਭ, ਸੂਫ਼ੀ ਸੰਤ ਫ਼ਕੀਰ ਦੇਵਾਂ ਤਰਾਈਆ । ਸਚ ਮਹੱਲ ਦੱਸ ਮਹਿਰਾਬ, ਮਹਿਬੂਬ ਇਕੋ ਨਜ਼ਰੀ ਆਈਆ । ਮੇਲਾ ਮੇਲ ਏਕਾ ਵਾਹਦ, ਵਾਹਵਾ ਢੋਲਾ ਧੁਰ ਦਰਗਾਹੀਆ । ਤੇਰੇ ਨਾਲ ਕਰ ਕੇ ਅਹਿਦ, ਇਕਰਾਰ ਆਪਣਾ ਤੋੜ ਨਿਭਾਈਆ । ਕਲਜੁਗ ਆਪਣਾ ਖੇਲ ਕਰ ਨਾ ਸਕੇ ਸ਼ਾਇਦ, ਹੁਕਮ ਵਰਤੇ ਬੇਪਰਵਾਹੀਆ । ਸਤਿਗੁਰ ਸ਼ਬਦ ਦਾ ਹੋਣਾ ਪਏ ਤੈਨੂੰ ਨਾਇਬ, ਹੁਕਮੇ ਅੰਦਰ ਹੁਕਮ ਕਮਾਈਆ । ਵੇਖਣਾ ਖੇਲ ਅਜੀਬ ਅਜਾਇਬ, ਅਜਬ ਨਿਰਾਲਾ ਦਿਆਂ ਵਖਾਈਆ । ਏਕਾ ਫ਼ਰਮਾਨ ਹੋਵੇ ਰਾਇਜ, ਰਾਜ ਰਾਜਾਨ ਸ਼ਾਹ ਸੁਲਤਾਨ ਸੀਸ ਨਿਵਾਈਆ । ਭਗਤ ਸੁਹੇਲੇ ਵੇਖਾਂ ਲਾਇਕ, ਗੁਰਮੁਖ ਗੁਰ ਗੁਰ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਪੂਰਾ ਕਰੇ ਫ਼ਰਾਇਜ਼, ਫ਼ਰਜ਼ ਤੇਰਾ ਤੈਨੂੰ ਦਏ ਸਮਝਾਈਆ ।



### ✪ ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਜਾਗੀਰ ਸਿੰਘ ਦੇ ਗ੍ਰਿਹ ਪਿੰਡ ਰੰਗੀਲ ਪੁਰ ਜ਼ਿਲਾ ਰੋਪੜ ✪

ਸਤਿਜੁਗ ਕਹੇ ਪ੍ਰਭ ਆਤਮ ਪਰਮਾਤਮ ਰਖ ਵਾਸਤਾ, ਵਾਸਤਕ ਆਪਣਾ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰ ਦਾ ਰਹੇ ਨਾ ਕੋਇ ਬਰਾਸਤਾ, ਧੁਰ ਦਾ ਮੇਲਾ ਮੇਲ ਸਹਿਜ ਸੁਭਾਈਆ । ਜੁਗ ਚੌਕੜੀ ਤੇਰਾ ਖੇਲ ਹੁੰਦਾ ਰਿਹਾ ਆਹਿਸਤਾ ਆਹਿਸਤਾ, ਤਰੇਤਾ ਦੁਆਪਰ ਕਲਜੁਗ ਬੈਠਾ ਪੰਧ ਮੁਕਾਈਆ । ਕਿਸੇ ਭੇਵ ਨਾ ਪਾਇਆ ਅਗੰਮੀ ਧਾਰ ਪ੍ਰਿਥਮੀ ਆਕਾਸ਼ ਦਾ, ਅਕਲ ਕਲਧਾਰੀ ਆਪਣੀ ਕਲ ਦੇ ਵਰਤਾਈਆ । ਤੇਰਾ ਰੂਪ ਪੁਰਖ ਅਬਿਨਾਸ਼ ਦਾ, ਅਬਿਨਾਸ਼ੀ ਕਰਤੇ ਵੇਖ ਵਖਾਈਆ । ਕਾਰਜ ਪੂਰਾ ਕਰ ਸੇਵਕ ਦਾਸ ਦਾ, ਦਰ ਠਾਂਡੇ ਮੰਗ ਮੰਗਾਈਆ । ਝਗੜਾ

ਮੁਕਾ ਅੰਧ ਵਿਸ਼ਵਾਸ ਦਾ, ਧੀਰਜ ਧਰਮ ਇਕ ਉਪਜਾਈਆ । ਲੇਖਾ ਮੁਕਾ ਤੱਤਾਂ ਵਾਲੀ ਰਾਸ ਦਾ, ਸੁਰਤੀ ਸ਼ਬਦੀ ਮੇਲਾ ਲੈ ਮਿਲਾਈਆ । ਵਿਚੋਲਾ ਬਣ ਦਰਦ ਦੁੱਖ ਵਿਨਾਸ ਦਾ, ਤਨ ਮਾਟੀ ਰਹਿਣ ਕੋਇ ਨਾ ਪਾਈਆ । ਸਦਾ ਮੇਲਾ ਹੋਵੇ ਧੁਰ ਦੇ ਸਾਥ ਦਾ, ਸਗਲਾ ਸੰਗ ਬਣਾਈਆ । ਨਾਮ ਪਰਗਟ ਕਰ ਦੇ ਆਪਣੀ ਗਾਥ ਦਾ, ਸਾਚਾ ਕਲਮਾ ਇਕ ਜਣਾਈਆ । ਲੇਖਾ ਰਹੇ ਨਾ ਕੂੜ ਅੰਧੇਰੀ ਰਾਤ ਦਾ, ਸਤਿ ਨੂਰ ਦੇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਤਿਜੁਗ ਕਹੇ ਪ੍ਰਭ ਹੁਕਮੇ ਅੰਦਰ ਦੇ ਜ਼ੋਰ, ਜ਼ਬਰ ਰਹਿਣ ਕੋਇ ਨਾ ਪਾਈਆ । ਕਲਜੁਗ ਮੇਟਾਂ ਅੰਧੇਰਾ ਘੋਰ, ਘਰ ਘਰ ਕਰਾਂ ਆਪ ਰੁਸ਼ਨਾਈਆ । ਝਗੜਾ ਮੁਕਾ ਕੇ ਪੰਜ ਚੋਰ, ਜਗਤ ਭੈ ਦਿਆਂ ਖਪਾਈਆ । ਆਤਮ ਪਰਮਾਤਮ ਬੰਨ੍ਹ ਕੇ ਸ਼ਬਦੀ ਡੋਰ, ਤੰਦ ਏਕੋ ਦਿਆਂ ਵਖਾਈਆ । ਸਭ ਨੂੰ ਦੱਸਾਂ ਤੇਰੀ ਲੋੜ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸੰਤ ਸੁਹੇਲੇ ਸ਼ਬਦ ਅਨਾਦੀ ਚਾੜ੍ਹ ਘੋੜ, ਜਗਤ ਕਿਰਿਆ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਮਨਸਾ ਮਿਟਾ ਸ਼ੋਰ, ਛੋਹਰਾ ਬਾਂਕਾ ਸ਼ਬਦ ਇਕੋ ਇਕ ਨਜ਼ਰੀ ਆਈਆ । ਸਤਿਜੁਗ ਕਹੇ ਪ੍ਰਭ ਕਿਰਪਾ ਕਰ ਰੂਪ ਅਸਮਾਨੀ, ਧਰਨੀ ਧਰਤ ਧਵਲ ਧਿਆਨ ਲਗਾਈਆ । ਲੋਕਮਾਤ ਜੂਹ ਨਾ ਸਮਝ ਬੇਗਾਨੀ, ਨਿਰਗੁਣ ਹੋ ਕੇ ਸਰਗੁਣ ਮੇਲ ਮਿਲਾਈਆ । ਤੇਰੀ ਮੰਜ਼ਲ ਇਕੋ ਨਜ਼ਰ ਆਵੇ ਰੁਹਾਨੀ, ਰੂਹ ਬੁਤ ਮਿਲ ਕੇ ਵੱਜੇ ਵਧਾਈਆ । ਝਗੜਾ ਰਹੇ ਨਾ ਵੰਡ ਜਿਸਮਾਨੀ, ਜ਼ਮੀਰ ਅੰਦਰੋਂ ਦੇ ਬਦਲਾਈਆ । ਤੇਰੇ ਭਗਤਾਂ ਦੇਣੀ ਪਏ ਨਾ ਕੋਇ ਕ਼ੁਰਬਾਨੀ, ਕਤਲਗਾਹ ਸੀਸ ਨਾ ਕੋਇ ਕਟਾਈਆ । ਆਪਣੇ ਨਾਮ ਦੀ ਸੁਣਾ ਅਗੰਮੀ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਮੰਜ਼ਲ ਦੱਸ ਪਦ ਨਿਰਬਾਣੀ, ਸਚ ਦਵਾਰ ਇਕ ਵਖਾਈਆ । ਜਿਥੇ ਮੇਲਾ ਹੋਵੇ ਜੋਤ ਨੁਰਾਨੀ, ਨੂਰ ਨੂਰ ਵਿਚ ਸਮਾਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਦੱਸਣ ਨਿਸ਼ਾਨੀ, ਸਚ ਦਵਾਰੇ ਸੋਭਾ ਪਾਈਆ । ਕਿਰਪਾ ਕਰ ਸ਼ਾਹ ਪਾਤਸ਼ਾਹ ਸੱਚੇ ਸੁਲਤਾਨੀ, ਸੁਤ ਆਪਣੇ ਵੇਖ ਵਖਾਈਆ । ਜਨ ਭਗਤਾਂ ਦਵਾਰਿਉਂ ਖਾ ਧੁਰ ਦੀ ਮਹਿਮਾਨੀ, ਚਾਰ ਜੁਗ ਜਿਹੜੀ ਹੱਥ ਕਿਸੇ ਨਾ ਆਈਆ । ਜਿਸ ਨੂੰ ਸਮਝੇ ਨਾ ਕੋਇ ਵਿਦਵਾਨੀ, ਬੁਧੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਢਹਿ ਪਿਆ ਸਰਨਾਈਆ । ਸਤਿਜੁਗ ਸਾਚਾ ਕਹੇ ਪ੍ਰਭ ਕਰ ਦੇ ਆਪਣੀ ਮਿਹਰ, ਮਿਹਰਵਾਨ ਮਹਿਬੂਬ ਦਇਆ ਕਮਾਈਆ । ਸ਼ਬਦ ਸੁਤ ਤੇਰਾ ਅਗੰਮੀ ਕੇਹਰ, ਭੈ ਵਿਚ ਰਖੇ ਜਗਤ ਲੋਕਾਈਆ । ਨਿਰਗੁਣ ਨਿਰਵੈਰ ਅੰਤ ਨਾ ਲਾ ਦੇਰ, ਨਿਰਗੁਣ ਹੋ ਕੇ ਹੋ ਸਹਾਈਆ । ਕੂੜੀ ਕਿਰਿਆ ਕਰ ਢੇਰ, ਗੜ੍ਹ ਹੰਕਾਰ ਦੇ ਤੁੜਾਈਆ । ਜਨ ਭਗਤਾਂ ਕਾਇਆ ਮੰਦਰ ਅੰਦਰ ਤੇਰਾ ਵਸੇ ਸੋਹਣਾ ਸ਼ਹਿਰ, ਲਹਿਰ ਆਪਣਾ ਨਾਮ ਵਹਾਈਆ । ਜਿਸ ਨੂੰ ਜਾਣੇ ਕੋਈ ਨਾ ਗ਼ੈਰ, ਪੜਦਾ ਉਹਲਾ ਨਾ ਕੋਇ ਚੁਕਾਈਆ । ਆਪਣੇ ਨਾਮ ਦਾ ਅਗੰਮਾ ਰਾਗ ਸੁਣਾ ਬਹਿਰ, ਤਰਜ਼ ਤਾਲ ਦਾ ਲੇਖਾ ਦੇ ਮੁਕਾਈਆ । ਕਲਜੁਗ ਕੂੜੀ ਕਿਰਿਆ ਲੱਖ ਚੁਰਾਸੀ ਦਿਸੇ ਜ਼ਹਿਰ, ਜਾਹਰਾ ਹੋ ਕੇ ਦੇ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸੱਚਾ ਸਾਚੀ ਆਸਾ ਰਿਹਾ ਵਖਾਈਆ । ਸਤਿਜੁਗ ਕਹੇ ਪ੍ਰਭ ਮੈਂ ਗ਼ਰੀਬ ਨਿਮਾਣਾ ਨਾਚੀਜ਼, ਹਿੰਮਤ ਵਿਚ ਹਿੰਮਤ ਨਾ ਕੋਇ ਬਣਾਈਆ । ਡਰਦਾ ਡਰਦਾ ਆਇਆ ਤੇਰੇ ਦਹਿਲੀਜ਼, ਦਵਾਰੇ ਬਹਿ ਕੇ ਸੀਸ ਝੁਕਾਈਆ । ਆਸਾ ਮਨਸਾ ਰਖ ਕੇ ਆਇਆ ਉਮੀਦ,

੧੧੩੨
੧੯

ਆਮਦ ਵਿਚ ਖ਼ੁਸ਼ਾਮਦ ਦੇਣੀ ਬਣਾਈਆ । ਲੋਕਮਾਤ ਸਤਿ ਧਰਮ ਦੀ ਆਪਣੇ ਕੋਲੋਂ ਦੱਸ ਤਰਤੀਬ, ਮੇਰੀ ਚਲੇ ਨਾ ਕੋਇ ਚਤੁਰਾਈਆ । ਮੈਂ ਤਾਰਾਂ ਜਾ ਕੇ ਨਿਮਾਣੇ ਕੋਝੇ ਕਮਲੇ ਗ਼ਰੀਬ, ਸ਼ਦੀਦ ਤੇਰਾ ਹੁਕਮ ਮਨਾਈਆ । ਖੇਲ ਦੱਸਾਂ ਇਕ ਅਜੀਬ, ਜਗਤ ਨਿਰਾਲਾ ਰਾਹ ਚਲਾਈਆ । ਤੇਰਾ ਘਰ ਦਰਸਾਵਾਂ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਸ਼ਰਅ ਦਾ ਰਹੇ ਕੋਇ ਫ਼ਰੀਕ਼, ਰਫ਼ੀਕ਼ ਸਾਰੇ ਦਿਆਂ ਵਖਾਈਆ । ਜੀਵਾਂ ਜੰਤਾਂ ਬਦਲ ਕੇ ਅੰਦਰੋਂ ਨੀਤ, ਨੀਤੀਵਾਨ ਗੁਰਮੁਖ ਲਵਾਂ ਪਰਗਟਾਈਆ । ਸਾਚੇ ਚਰਨ ਕਵਲ ਦੱਸ ਕੇ ਇਕ ਪ੍ਰੀਤ, ਪ੍ਰੀਤਮ ਧੁਰ ਦਾ ਦਿਆਂ ਮਿਲਾਈਆ । ਕਾਇਆ ਮਾਟੀ ਕਰ ਕੇ ਠਾਂਡੀ ਸੀਤ, ਅਗਨੀ ਤਤ ਦਿਆਂ ਬੁਝਾਈਆ । ਝਗੜਾ ਮੁਕਾ ਕੇ ਊਚ ਨੀਚ, ਨੀਚੋਂ ਊਚ ਤੇਰਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਆਸਾ ਵਿਚੋਂ ਆਸਾ ਰਿਹਾ ਵਧਾਈਆ । ਸਤਿਜੁਗ ਸਾਚਾ ਕਹੇ ਪ੍ਰਭ ਤੇਰੇ ਨਾਮ ਦਾ ਹੋਵੇ ਇਕੋ ਨਗ਼ਮਾ, ਦੀਨ ਦੁਨੀ ਖ਼ੁਸ਼ੀ ਨਾਲ ਗਾਈਆ । ਦੂਈ ਦਵੈਤ ਰਹੇ ਕੋਈ ਨਾ ਸਦਮਾ, ਦੁਖਾਂ ਵਾਲਾ ਰੋਗ ਨਾ ਕੋਇ ਸਤਾਈਆ । ਸਭ ਦਾ ਸਿਰ ਸਰ ਝੁਕੇ ਤੇਰੇ ਕ਼ਦਮਾਂ, ਕ਼ੁਦਰਤ ਦੇ ਮਾਲਕ ਇਕੋ ਨੂਰ ਤੇਰਾ ਨਜ਼ਰੀ ਆਈਆ । ਸਾਚਾ ਮਾਰਗ ਇਕੋ ਲਗਣਾ, ਲਗ ਮਾਤਰ ਪਿਛਲੀ ਦੇਣੀ ਮਿਟਾਈਆ । ਨਾਮ ਨਗਾਰਾ ਇਕੋ ਵੱਜਣਾ, ਚਾਰ ਕੁੰਟ ਹੋਵੇ ਸ਼ਨਵਾਈਆ । ਤੇਰਾ ਦੀਪਕ ਇਕੋ ਜਗਣਾ, ਚਾਰ ਵਰਨ ਹੋਵੇ ਰੁਸ਼ਨਾਈਆ । ਜਨ ਭਗਤਾਂ ਬਖ਼ਸ਼ ਆਪਣੀ ਮਜ਼ਲਾ, ਮੰਜ਼ਲ ਚੜ੍ਹ ਕੇ ਤੇਰਾ ਦਰਸ਼ਨ ਪਾਈਆ । ਉਨ੍ਹਾਂ ਛੋਹ ਨਾ ਸਕੇ ਅਜ਼ਲਾ, ਕ਼ਿਆਮਤ ਰੂਪ ਨਾ ਕੋਇ ਬਦਲਾਈਆ । ਤੇਰੇ ਪ੍ਰੇਮ ਦੀ ਗਾਵਣ ਗ਼ਜ਼ਲਾ, ਢੋਲਾ ਸੋਹਲਾ ਰਾਗ ਇਲਾਹੀਆ । ਲੱਖ ਚੁਰਾਸੀ ਵਿਚੋਂ ਕੱਢ ਲਾ,

ਜਨਮ ਜਨਮ ਨਾ ਕੋਇ ਭਵਾਈਆ । ਸਚ ਦਵਾਰੇ ਸਦ ਲਾ, ਸੁਰਤੀ ਸ਼ਬਦੀ ਮੇਲ ਮਿਲਾਈਆ । ਨਾਮ ਰੰਗਣ ਅੰਦਰ ਰੰਗ ਲਾ, ਮੋਹਣ ਮਾਧਵ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਨਾਮ ਦੀ ਸਾਚੀ ਇਕੋ ਹੋਵੇ ਬੰਦਨਾ, ਬੰਦਗੀ ਵਿਚ ਮੁਸ਼ੰਦਗੀ ਅਵਰ ਰਹਿਣ ਕੋਇ ਨਾ ਪਾਈਆ ।

## ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਬਚਨ ਸਿੰਘ ਦੇ ਗ੍ਰਿਹ ਪਿੰਡ ਧਿਆਨਪੁਰ

ਸਤਿਜੁਗ ਜਨ ਭਗਤਾਂ ਨਾਮ ਦੇ ਕੇ ਗਹਿਰ ਗੰਭੀਰ, ਸੋਹੰ ਸੋ ਆਤਮ ਪਰਮਾਤਮ ਪਰਮਾਤਮ ਆਤਮ ਦਿਤਾ ਸਮਝਾਈਆ । ਪੰਜ ਤਤ ਕਾਇਆ ਮਾਟੀ ਦੇ ਕੇ ਧੁਰ ਦੀ ਧੀਰ, ਧਰਮ ਦਵਾਰਾ ਏਕੰਕਾਰਾ ਇਕੋ ਦਿਤਾ ਵਖਾਈਆ । ਅੰਮ੍ਰਿਤ ਆਤਮ ਬਖ਼ਸ਼ ਕੇ ਠਾਂਡਾ ਨੀਰ, ਅਗਨੀ ਤਤ ਜਗਤ ਵਿਕਾਰ ਦਿਤਾ ਮਿਟਾਈਆ । ਹਉਮੈਂ ਹੰਗਤਾ ਕੂੜੀ ਕਿਰਿਆ ਕੱਢ ਕੇ ਪੀੜ, ਪਾਰਬ੍ਰਹਮ ਬ੍ਰਹਮ ਮੇਲਾ ਰਿਹਾ ਮਿਲਾਈਆ । ਜਾਤ ਪਾਤ ਦੀਨ ਮਜ਼੍ਹਬ ਸ਼ਰਅ ਨਾ ਰਹੀ ਜ਼ੰਜੀਰ, ਸ਼ਰੀਅਤ ਵਿਚੋਂ ਅਸਲੀਅਤ ਦਿਤੀ ਸਮਝਾਈਆ । ਮਾਣਸ ਜਨਮ ਲੱਖ ਚੁਰਾਸੀ ਵਿਚੋਂ ਬਦਲ ਤਕ਼ਦੀਰ, ਤਦਬੀਰ ਆਪਣੀ ਦਿਤੀ ਦ੍ਰਿੜਾਈਆ । ਬਾਹੋਂ ਫੜ ਮੰਜ਼ਲ ਚੋਟੀ ਚਾੜ੍ਹ ਅਖ਼ੀਰ, ਸਚ ਦਵਾਰਾ ਇਕੋ ਦਿਤਾ ਸੁਹਾਈਆ । ਸਾਚਾ ਭਗਤ ਸੰਤ ਹੋਏ ਨਾ ਕੋਇ ਦਿਲਗੀਰ, ਰਾਏ ਧਰਮ ਦਏ ਨਾ ਕੋਇ ਸਜਾਈਆ । ਸਚਖੰਡ ਦਵਾਰੇ ਘੱਤੀ ਜਾਏ ਵਹੀਰ, ਅਗੇ ਹੋ ਨਾ ਕੋਇ ਅਟਕਾਈਆ । ਪਾਰਬ੍ਰਹਮ

ਪਤਿ ਪਰਮੇਸ਼ਵਰ ਮਿਲੇ ਵਡ ਪੀਰਨ ਪੀਰ, ਅਬਿਨਾਸ਼ੀ ਕਰਤਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੀ ਧੀਰ, ਮਿਹਰ ਨਜ਼ਰ ਇਕ ਉਠਾਈਆ । ਸਤਿਜੁਗ ਸਾਚੇ ਜਨ ਭਗਤਾਂ ਖੋਲ੍ਹ ਆ ਆਤਮ ਦ੍ਰਿਸ਼ਟੀ, ਦਿਸ਼ਾ ਪੁਰਖ ਅਕਾਲ ਇਕੋ ਦਿਤੀ ਵਖਾਈਆ । ਨਾਤਾ ਤੋੜ ਕੇ ਮਾਇਆ ਮਮਤਾ ਮੋਹ ਜਗਤ ਸ੍ਰਿਸ਼ਟੀ, ਸ੍ਰੇਸ਼ਟ ਆਪਣਾ ਨਾਮ ਦਿਤਾ ਸਮਝਾਈਆ । ਧੁਰ ਦਾ ਰਾਮ ਕਰਨੀ ਦਾ ਕਰਤਾ ਨਜ਼ਰੀ ਆਵੇ ਇਕੋ ਇਸ਼ਟੀ, ਇਸ਼ਟ ਆਤਮਾ ਪਰਮਾਤਮਾ ਵੇਖ ਖ਼ੁਸ਼ੀ ਮਨਾਈਆ । ਜਿਸ ਦੀ ਮੰਜ਼ਲ ਅਗੰਮ ਅਥਾਹ ਇਕੋ ਦਿਸਦੀ, ਸਚਖੰਡ ਦਵਾਰਾ ਸੋਭਾ ਪਾਈਆ । ਇਹ ਖੇਲ ਆਦਿ ਜੁਗਾਦੀ ਅਗੰਮੀ ਪਿਤ ਦੀ, ਪਿਤਾ ਪੂਤ ਆਪਣੀ ਗੋਦ ਉਠਾਈਆ । ਆਵਣ ਜਾਵਣ ਜਨ ਭਗਤਾਂ ਖੇਲ ਮੁਕਾ ਕੇ ਨਿਤ ਦੀ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਰੀਤੀ ਦੱਸ ਦਿਤੀ ਪੁਰਖ ਅਕਾਲ ਹਿਤ ਦੀ, ਪਾਰਬ੍ਰਹਮ ਬ੍ਰਹਮ ਮੇਲਾ ਲਿਆ ਮਿਲਾਈਆ । ਜਿਹੜੀ ਮੰਜ਼ਲ ਨਹੀਂ ਕਿਸੇ ਮੁਨ ਰਿਖ ਦੀ, ਗੁਰਸਿਖ ਸਾਚੇ ਸਾਚੀ ਦਰਗਾਹ ਦਿਤੀ ਮਾਣ ਵਡਿਆਈਆ । ਜਿਸ ਦੀ ਮਹਿੰਮਾ ਕ਼ਲਮ ਸ਼ਾਹੀ ਨਹੀਂ ਕੋਈ ਲਿਖਦੀ, ਸੋ ਮਿਹਰ ਨਜ਼ਰ ਨਾਲ ਪਾਰ ਕਰਾਈਆ । ਕਲਜੁਗ ਅੰਤ ਸ੍ਰੀ ਭਗਵੰਤ ਧਾਰ ਕਰੇ ਖੇਲ ਇਕ ਦੀ, ਏਕੰਕਾਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਸਤਿਜੁਗ ਸਾਚੇ ਜਨ ਭਗਤਾਂ ਦਿਤਾ ਧੁਰ ਦਾ ਹੱਕ, ਹਕ਼ੀਕ਼ਤ ਵਿਚੋਂ ਹਕ਼ੀਕ਼ਤ ਦਿਤੀ ਸਮਝਾਈਆ । ਮਨੂਆ ਰਹੇ ਨਾ ਵਿਚ ਸ਼ੱਕ, ਸ਼ਿਕਵੇ ਪਿਛਲੇ ਦਿਤੇ ਗਵਾਈਆ । ਪ੍ਰੇਮ ਪਿਆਰ ਦੀ ਖੋਲ੍ਹ ਕੇ ਅੱਖ, ਆਪਣਾ ਪੜਦਾ ਦਿਤਾ ਉਠਾਈਆ । ਦੀਨ ਦੁਨੀ ਨਾਲੋਂ ਕਰ ਕੇ ਵੱਖ, ਮਾਰਗ ਧੁਰ ਦੇ ਦਿਤਾ ਲਗਾਈਆ ।



ਸੋਹੰ ਸੋ ਜੋ ਨਾਮ ਰਹੇ ਜਪ, ਲੱਖ ਚੁਰਾਸੀ ਵਿਚ ਜਗਤ ਵਾਸਨਾ ਨਾ ਕੋਇ ਭਵਾਈਆ । ਮਾਨਸ ਜਨਮ ਗਏ ਜਿੱਤ, ਹਰਿ ਹਿਰਦੇ ਅੰਦਰ ਵਸਾਈਆ । ਅਗੇ ਪ੍ਰਭ ਦਾ ਦਰਸ਼ਨ ਹੋਵੇ ਨਿਤ, ਸਚ ਦਵਾਰੇ ਮਿਲ ਕੇ ਵੱਜੇ ਵਧਾਈਆ । ਅਬਿਨਾਸ਼ੀ ਕਰਤਾ ਵਸਿਆ ਚਿਤ, ਮਨ ਠਗੌਰੀ ਰਹੇ ਨਾ ਰਾਈਆ । ਚਾਰ ਕੁੰਟ ਦਹਿ ਦਿਸ਼ਾ ਇਕੋ ਆਵੇ ਦਿਸ, ਦਿਸ਼ਾਂ ਦਾ ਮਾਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪਣੇ ਵਿਚ ਮਿਲਾਈਆ । ਸਤਿਜੁਗ ਜਨ ਭਗਤਾਂ ਦਿਤਾ ਅਗੰਮਾ ਜਾਪ, ਜਗਜੀਵਣ ਦਾਤਾ ਹੋ ਦਿਤੀ ਵਡਿਆਈਆ । ਜਨਮ ਕਰਮ ਦਾ ਮੇਟ ਸੰਤਾਪ, ਕਰਮ ਕਰਮ ਦੇ ਦੁਖੜੇ ਦਿਤੇ ਗਵਾਈਆ । ਤ੍ਰੈਗੁਣ ਮਾਇਆ ਮੇਟ ਕੇ ਤਾਪ, ਅਗਨੀ ਅੱਗ ਦਿਤੀ ਬੁਝਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਸਾਕ, ਨਾਤਾ ਧੁਰ ਦਾ ਲਿਆ ਜੁੜਾਈਆ । ਬਜਰ ਕਪਾਟੀ ਖੋਲ੍ਹ ਕੇ ਤਾਕ, ਅੰਦਰੋਂ ਪੜਦਾ ਦਿਤਾ ਉਠਾਈਆ । ਲੇਖਾ ਮੁਕਾ ਕੇ ਜਾਤ ਪਾਤ, ਪਤਿਤ ਪੁਨੀਤ ਦਿਤਾ ਬਣਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਨੂਰ ਕਰ ਰੁਸ਼ਨਾਈਆ । ਚਾਰ ਜੁਗ ਤੋਂ ਵਖਰੀ ਦੱਸ ਕੇ ਗਾਥ, ਧੁਰ ਦਾ ਮੰਤਰ ਦਿਤਾ ਸਮਝਾਈਆ । ਮੇਲਾ ਕਰ ਪੁਰਖ ਅਬਿਨਾਸ਼, ਜਗਤ ਵਿਨਾਸ਼ ਦਾ ਖਹਿੜਾ ਦਿਤਾ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋ ਕੇ ਦਾਸੀ ਦਾਸ, ਸੇਵਾ ਸਾਚੀ ਸਚ ਕਮਾਈਆ । ਸਤਿਜੁਗ ਸਾਚੇ ਜਨ ਭਗਤਾਂ ਨਾਮ ਦਿਤਾ ਅਨਡਿਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਮਹਿੰਮਾ ਗਏ ਲਿਖ, ਸੋ ਵਿਦਿਆ ਤੋਂ ਬਾਹਰ ਕਰੇ ਪੜ੍ਹਾਈਆ । ਜਿਸ ਦਾ ਸਭ ਤੋਂ ਉੱਤਮ ਸ੍ਰੇਸ਼ਟ ਨਿਰਾਲਾ ਭਵਿਖ, ਭਵਿਸ਼ ਆਪਣਾ ਦਏ ਜਣਾਈਆ । ਮਾਣ ਵਡਿਆਈ

ਉਤੇ ਧਰਨੀ ਦੇਵੇ ਤਿਸ, ਜਿਸ ਪੂਰਬ ਜਨਮ ਲੇਖਾ ਬਾਕੀ ਰਿਹਾ ਵਖਾਈਆ । ਸਰਬ ਦਾ ਸਵਾਮੀ ਅੰਤਰਜਾਮੀ ਮਾਲਕ ਹੋ ਕੇ ਵੇਖੇ ਇਕ, ਏਕੰਕਾਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪਣੇ ਰੰਗ ਰੰਗਾਈਆ । ਸਤਿਜੁਗ ਸਾਚੇ ਜਨ ਭਗਤਾਂ ਨਾਮ ਦਿਤਾ ਅਗੰਮ ਅਥਾਹ, ਅਲਖ ਅਗੋਚਰ ਦੇਵਣਹਾਰ ਸੱਚੀ ਸਰਨਾਈਆ । ਸਤਿਜੁਗ ਸੱਚਾ ਦੱਸ ਕੇ ਰਾਹ, ਮਾਰਗ ਇਕੋ ਦਿਤਾ ਵਖਾਈਆ । ਲੱਖ ਚੁਰਾਸੀ ਵਿਚੋਂ ਥੋੜੇ ਬਾਹਰ ਕਢਾ, ਕੋਟਾਂ ਵਿਚੋਂ ਨਾਮ ਚੋਟ ਲਗਾਈਆ । ਧੁਰ ਦਾ ਮੰਤਰ ਇਕ ਦ੍ਰਿੜਾ, ਦ੍ਰਿੜ ਵਿਸ਼ਵਾਸ ਦਿਤਾ ਬੰਧਾਈਆ । ਪਵਣ ਸਵਾਸ ਸਾਹ ਲੇਖੇ ਲਾ, ਮਿਹਰਵਾਨ ਮਿਹਰ ਨਜ਼ਰ ਨਾਲ ਪਾਰ ਕਰਾਈਆ । ਹਰ ਘਟ ਵਸਿਆ ਨਜ਼ਰੀ ਆਏ ਖ਼ੁਦਾ, ਖ਼ੁਦ ਮਾਲਕ ਆਪਣਾ ਖੇਲ ਖਿਲਾਈਆ । ਜਨ ਭਗਤ ਸੁਹੇਲੇ ਤਤ ਵਜੂਦ ਰਹਿਣ ਨਾ ਦੇਵੇ ਜੁਦਾ, ਆਤਮ ਪਰਮਾਤਮ ਨਾਤਾ ਜੋੜੇ ਥਾਉਂ ਥਾਈਆ । ਕਲਜੁਗ ਕੂੜੀ ਕਿਰਿਆ ਮਮਤਾ ਮੋਹ ਮਿਟਾ ਕੇ ਵਬਾ, ਪ੍ਰੇਮ ਪ੍ਰੀਤੀ ਸਾਚੀ ਨੀਤੀ ਇਕੋ ਇਕ ਸਮਝਾਈਆ । ਗੁਰਮੁਖ ਗੁਰਸਿਖ ਵਰਨਾਂ ਬਰਨਾਂ ਵਿਚੋਂ ਆਪ ਉਠਾ, ਬਾਲੇ ਨੱਢੇ ਬਿਰਧ ਜਵਾਨ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਤੇਰਾ ਮਾਰਗ ਲਾ ਕੇ ਨਵਾਂ, ਨਵ ਨੌ ਚਾਰ ਦਾ ਲੇਖਾ ਰਿਹਾ ਮੁਕਾਈਆ । ਸਤਿਜੁਗ ਸਾਚੇ, ਜਨ ਭਗਤ ਨਾਮ ਅਗੰਮੀ ਕਹਿਣ, ਕਹਿ ਕਹਿ ਸ਼ੁਕਰ ਮਨਾਈਆ । ਸਾਹਿਬ ਸਤਿਗੁਰ ਦਰਸ ਕਰਨ ਆਪਣੇ ਨੈਣ, ਜਗਤ ਨੇਤਰ ਨਾਤਾ ਕੂੜ ਤੁੜਾਈਆ । ਸਚ ਦਵਾਰ ਇਕੱਠੇ ਬਹਿਣ, ਭੂਮਿਕਾ ਇਕੋ ਸੋਭਾ ਪਾਈਆ । ਪੁਰਖ ਅਕਾਲ ਦੇਵੇ ਲਹਿਣ ਦੇਣ, ਮਕ਼ਰੂਜ਼ ਹੋ ਕੇ ਪਿਛਲਾ ਕ਼ਰਜ਼ ਚੁਕਾਈਆ । ਲੇਖਾ ਜਾਣੇ ਬਣ ਕੇ ਸਾਕ ਸੱਜਣ ਸੈਣ, ਸਈਆ ਨਈਆ ਨੌਕਾ ਨਾਮ ਆਪਣਾ ਦਏ ਵਖਾਈਆ । ਗੁਰਮੁਖ ਗੁਰਸਿਖ ਕੂੜੇ ਵਹਿਣ ਕਦੇ ਨਾ ਵਹਿਣ, ਵਾਹਵਾ ਕਰਦਿਆਂ ਆਪਣੇ ਘਰ ਵਸਾਈਆ । ਪੁਰਖ ਅਕਾਲ ਦੀਨ ਦਿਆਲ ਸਮਰਥ ਸਵਾਮੀ ਅੰਤਰਜਾਮੀ ਕਲਜੁਗ ਅੰਤ ਸ੍ਰੀ ਭਗਵੰਤ, ਨਿਰਗੁਣ ਨਿਰਵੈਰ ਹੋ ਕੇ ਆਇਆ ਕਹਿਣ, ਸਰਗੁਣ ਅੰਤਰ ਆਤਮ ਪਰਮਾਤਮ ਹੋ ਕੇ ਆਪਣਾ ਜੋੜ ਜੁੜਾਈਆ ।

### ✪ ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਜਸਵੰਤ ਸਿੰਘ ਦੇ ਗ੍ਰਹਿ ਪਿੰਡ ਮੁਰਿੰਡਾ ਜ਼ਿਲਾ ਅੰਬਾਲਾ ✪

ਸਤਿਜੁਗ ਸਾਚੇ, ਹਰਿ ਕਾ ਨਾਮ ਹੋਵੇ ਏਕਾ ਅਨਮੋਲਾ, ਵਸਤ ਅਮੋਲਕ ਤੇਰੀ ਝੋਲੀ ਪਾਈਆ । ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਬਣੇ ਸਾਚਾ ਤੋਲਾ, ਸਚ ਤਰਾਜ਼ੂ ਅਗੰਮੀ ਆਪ ਉਠਾਈਆ । ਆਤਮ ਪਰਮਾਤਮ ਧੁਰ ਦਾ ਬੋਲਾ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਤੂੰ ਮੇਰਾ ਮੈਂ ਤੇਰਾ ਚਾਰ ਵਰਨ ਅਠਾਰਾਂ ਬਰਨ ਹੋਵੇ ਇਕੋ ਢੋਲਾ, ਗੀਤ ਗੋਬਿੰਦ ਗਹਿਰ ਗੰਭੀਰ ਬੇਨਜ਼ੀਰ ਦਏ ਸਮਝਾਈਆ । ਸਤਿਗੁਰ ਸ਼ਬਦ ਜੀਵ ਜੰਤ ਨਿਰਗੁਣ ਸਰਗੁਣ ਬਣੇ ਵਿਚੋਲਾ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ । ਭਾਗ ਲਗਾਏ ਸਾਢੇ ਤਿੰਨ ਹੱਥ ਕਾਇਆ ਮਾਟੀ ਚੋਲਾ, ਚੋਜੀ ਪ੍ਰੀਤਮ ਆਪਣਾ ਰੰਗ ਦਏ ਰੰਗਾਈਆ । ਭੇਵ ਅਭੇਦਾ ਖੋਲ੍ਹੇ ਪੜਦਾ ਉਹਲਾ, ਘਰ ਵਿਚੋਂ ਘਰ ਗ੍ਰਹਿ ਮੰਦਰ ਦਏ ਵਖਾਈਆ । ਮਨੂਆ ਜਗਤ ਵਾਸਨਾ ਪਾਏ ਨਾ ਰੌਲਾ, ਵਿਕਾਰ ਹੰਕਾਰ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਚਾਰ ਕੁੰਟ ਦਹਿ ਦਿਸ਼ਾ ਇਕੋ ਗਾਵੇ ਸੋਹਲਾ,

੧੧੩੫
੧੯

ਕਲਮਾ ਕਾਇਨਾਤ ਆਪ ਸਮਝਾਈਆ । ਕਲਜੁਗ ਕੂੜੀ ਕਿਰਿਆ ਧਰਨੀ ਧਰਤ ਧਵਲ ਭਾਰ ਕਰੇ ਹੌਲਾ, ਸਤਿਜੁਗ ਸਾਚੇ ਸਤਿ ਧਰਮ ਦਏ ਵਡਿਆਈਆ । ਜੁਗ ਚੌਕੜੀ ਪੂਰਾ ਕਰੇ ਕੀਤਾ ਇਕਰਾਰ ਕੌਲਾ, ਗੁਰ ਅਵਤਾਰ ਪੈਗ਼ੰਬਰਾਂ ਭਵਿਸ਼ ਆਪਣੇ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿ ਸਾਚੀ ਕਾਰ ਕਮਾਈਆ । ਸਤਿਜੁਗ ਸਾਚੇ, ਹਰਿ ਕਾ ਨਾਮ ਏਕਾ ਮਿਲੇ ਜੀਵ ਜੰਤ, ਲੱਖ ਚੁਰਾਸੀ ਵੰਡ ਨਾ ਕੋਇ ਵੰਡਾਈਆ । ਏਕੋ ਸਿਮਰਨ ਕਰੇ ਸਾਧ ਸੰਤ, ਪੂਜਾ ਪਾਠ ਇਕੋ ਦਏ ਸਮਝਾਈਆ । ਸ੍ਰਿਸ਼ਟ ਸਬਾਈ ਨਾਰ ਇਕੋ ਮਿਲੇ ਧੁਰ ਦਾ ਕੰਤ, ਪੁਰਖ ਅਬਿਨਾਸ਼ੀ ਘਟ ਨਿਵਾਸੀ ਨਜ਼ਰੀ ਆਈਆ । ਗੜ੍ਹ ਤੋੜੇ ਮਾਇਆ ਮਮਤਾ ਹਉਮੇ ਹੰਗਤ, ਹੰ ਬ੍ਰਹਮ ਚਾਰ ਵਰਨ ਦਏ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਸਾਚੀ ਸਿਖਿਆ ਦਏ ਦ੍ਰਿੜਾਈਆ । ਮਹਿੰਮਾ ਦੱਸ ਕੇ ਆਪਣੀ ਅਗਣਤ, ਭੇਵ ਅਭੇਦਾ ਅਗਲਾ ਦਏ ਖੁਲ੍ਹਾਈਆ । ਮਨ ਵਾਸਨਾ ਕੂੜੀ ਰਹੇ ਨਾ ਚਿੰਤ, ਅਗਨੀ ਅੱਗ ਨਾ ਕੋਇ ਤਪਾਈਆ । ਜਨ ਭਗਤਾਂ ਆਪਣੇ ਮਿਲਣ ਦੀ ਦੇ ਕੇ ਹਿੰਮਤ, ਮਾਰਗ ਸਾਚੇ ਦਏ ਚੜ੍ਹਾਈਆ । ਜਿਥੇ ਦਿਸੇ ਕੋਇ ਨਾ ਨਿੰਦਕ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਸਚਖੰਡ ਦਵਾਰ ਏਕੰਕਾਰ ਇਕ ਵਖਾਏ ਆਪਣੀ ਸਿੰਮਤ, ਚਾਰ ਕੁੰਟ ਦਹਿ ਦਿਸ਼ਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਮ ਏਕਾ ਰਾਮ ਕਾਇਆ ਨਗਰ ਖੇੜਾ ਗਰਾਮ, ਵਜੂਦ ਅੰਦਰ ਮਹਿਬੂਬ ਦਏ ਵਖਾਈਆ । ਸਤਿਜੁਗ ਸਾਚੇ, ਸਾਚਾ ਨਾਮ ਏਕੰਕਾਰ ਏਕਾ ਕਰੇ ਪਰਚਲਤ, ਸ੍ਰਿਸ਼ਟ ਸਬਾਈ ਸਾਚੀ ਸਿਖਿਆ ਦਏ ਸਮਝਾਈਆ । ਜੋ ਹੋਏ ਸਹਾਈ ਹਲਤ ਪਲਤ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਮਨੂਆ ਕੂੜ ਕਰੇ ਕੋਈ ਨਾ ਇੱਲਤ, ਸ਼ਰਅ ਸ਼ਰਾਰਤ ਵਿਚ ਨਾ ਕੋਇ ਹਲਕਾਈਆ । ਜਨ ਭਗਤਾਂ ਬਖ਼ਸ਼ੇ ਸਾਚੀ ਹਿੰਮਤ, ਹੌਸਲਾ ਆਪਣੇ ਨਾਮ ਵਡਿਆਈਆ । ਸਾਚੇ ਪ੍ਰੇਮ ਦੀ ਦੇ ਕੇ ਖ਼ਿੱਲਤ, ਖ਼ਾਤਬ ਇਕੋ ਇਕ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੂਜੇ ਦਰ ਕਰਨ ਨਾ ਦੇਵੇ ਮਿੰਨਤ, ਨਾਮ ਭੰਡਾਰਾ ਏਕੰਕਾਰਾ ਬਣ ਵਰਤਾਰਾ, ਸ਼ਬਦੀ ਧਾਰ ਕਰ ਪਿਆਰ ਏਕਾ ਵਾਰ ਝੋਲੀ ਦਏ ਭਰਾਈਆ ।



### ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਦਰਬਾਰਾ ਸਿੰਘ ਦੇ ਗ੍ਰਿਹਿ ਪਿੰਡ ਬਾਠ ਖੁਰਦ

ਸਤਿਜੁਗ ਸਾਚੇ, ਸਾਚੇ ਨਾਮ ਦਾ ਡੰਕਾ ਵੱਜੇ ਵਿਚ ਬ੍ਰਹਿਮੰਡ, ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਇਕੋ ਕਰੇ ਸ਼ਨਵਾਈਆ । ਕਲਜੁਗ ਕੂੜੀ ਕਿਰਿਆ ਮੇਟੇ ਭੇਖ ਪਖੰਡ, ਧਰਨੀ ਧਰਤ ਧਵਲ ਉਪਰ ਰਹਿਣ ਕੋਇ ਨਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਪੁਰਖ ਅਕਾਲ ਤੂੰ ਮੇਰਾ ਮੈਂ ਤੇਰਾ ਗਾਵੇ ਛੰਦ, ਚਾਰ ਵਰਨ ਅਠਾਰਾਂ ਬਰਨ ਇਕੋ ਨਾਮ ਧਿਆਈਆ । ਕਿਰਪਾ ਕਰੇ ਦੀਨ ਦਿਆਲ ਸਾਹਿਬ ਬਖ਼ਸ਼ੰਦ, ਪਾਰਬ੍ਰਹਮ ਪਤਿਪਰਮੇਸ਼ਵਰ ਪੜਦਾ ਉਹਲਾ ਦਏ ਉਠਾਈਆ । ਕਾਇਆ ਮਾਟੀ ਤਨ ਵਜੂਦ ਸਾਢੇ ਤਿੰਨ ਹੱਥ ਚਾੜ੍ਹੇ ਰੰਗ, ਨਾਮ ਅਨਮੁੱਲਾ ਇਕੋ ਇਕ ਸਮਝਾਈਆ । ਦੂਈ ਦਵੈਤੀ ਹਉਮੇ ਹੰਗਤਾ ਢਾਹੇ ਅੰਦਰੋਂ ਕੰਧ, ਸਚ ਸੁਚ ਏਕਾ ਏਕ ਦਏ ਸਮਝਾਈਆ । ਘਰ ਵਿਚੋਂ ਘਰ ਗ੍ਰਿਹਿ ਮੰਦਰ ਦੇਵੇ ਇਕ ਅਨੰਦ,

ਨੌ ਦਵਾਰੇ ਨੌ ਰਸ ਲੇਖਾ ਦਏ ਮੁਕਾਈਆ । ਸੁਰਤੀ ਸ਼ਬਦੀ ਡੋਰੀ ਬੰਨ੍ਹੇ ਆਪਣੇ ਤੰਦ, ਧੁਰ ਦਰਗਾਹੀ ਬੇਪਰਵਾਹੀ ਆਪਣਾ ਹੁਕਮ ਵਰਤਾਈਆ ।
ਜਨ ਭਗਤਾਂ ਸਾਚੇ ਸੰਤਾਂ ਖ਼ੁਸ਼ੀ ਕਰੇ ਬੰਦ ਬੰਦ, ਨਾਮ ਭੰਡਾਰਾ ਏਕੰਕਾਰਾ ਇਕੋ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਸਾਚੀ ਕਰਨੀ ਆਪ ਕਮਾਈਆ । ਸਤਿਜੁਗ ਸਾਚੇ, ਸਾਚੇ ਨਾਮ ਦਾ ਵੱਜੇ ਇਕੋ ਡੰਕਾ, ਨੌ
ਖੰਡ ਪ੍ਰਿਥਮੀ ਸੱਤ ਦੀਪ ਵੱਜੇ ਵਧਾਈਆ । ਸ੍ਰੀ ਭਗਵਾਨ ਦਾ ਸੋਹੇ ਇਕੋ ਬੰਕਾ, ਪੁਰਖ ਅਕਾਲ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਨਾਮ ਧਿਆਈਆ । ਇਕੋ
ਮੰਦਰ ਦਿਸੇ ਰਾਓ ਰੰਕਾ, ਚਾਰ ਵਰਨਾਂ ਅਠਾਰਾਂ ਬਰਨਾਂ ਇਕੋ ਘਰ ਦਏ ਸਮਝਾਈਆ । ਇਕੋ ਸਤਿਗੁਰ ਸ਼ਬਦ ਹੋਵੇ ਬੋਧ ਅਗਾਧਾ ਪੰਡਤਾ, ਆਤਮ
ਬ੍ਰਹਮ ਪਾਰਬ੍ਰਹਮ ਬ੍ਰਹਮ ਵਿਦਿਆ ਇਕ ਸਮਝਾਈਆ । ਜਗਤ ਵਾਸਨਾ ਕੂੜੀ ਕਿਰਿਆ ਗੜ੍ਹ ਰਹੇ ਨਾ ਹਉਮੇ ਹੰਗਤਾ, ਨਿਰਗੁਣ ਨਿਰਵੈਰ ਨਿਰਾਕਾਰ
ਨਿਵਣ ਸੁ ਅੱਖਰ ਇਕੋ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ,
ਤੇਰਾ ਰਾਹ ਪੁਰਖ ਅਕਾਲ ਚਲਾਵੇ ਬੇਪਰਵਾਹ ਧਰਨੀ ਧਰਤ ਧਵਲ ਦੇਵੇ ਮਾਣ ਵਡਿਆਈਆ । ਸਤਿਜੁਗ ਸਾਚੇ, ਸਾਚੇ ਨਾਮ ਦਾ ਵੱਜੇ ਇਕੋ ਨਗਾਰਾ,
ਨੌਬਤ ਧੁਰ ਦੀ ਆਪ ਵਜਾਈਆ । ਗੁਰ ਅਵਤਾਰ ਪੈਗ਼ੰਬਰ ਖ਼ੁਸ਼ੀਆਂ ਵਿਚ ਲਾਵਣ ਧੁਰ ਦਾ ਨਾਅਰਾ, ਵਾਹਵਾ ਪ੍ਰਭ ਤੇਰੀ ਬੇਪਰਵਾਹੀਆ । ਭਗਤ
ਸੁਹੇਲੇ ਗਾਵਣ ਸਾਚੀ ਵਾਰਾ, ਵਾਰਤਾ ਵਿਚ ਸਿਫ਼ਤੀ ਢੋਲੇ ਜਗਤ ਸੁਣਾਈਆ । ਕਰਨੀ ਦੇ ਕਰਤੇ ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਤੇਰੇ ਹੱਥ
ਵਡਿਆਈਆ । ਨਿਰਗੁਣ ਨਿਰਵੈਰ ਕਲਜੁਗ ਅੰਤ ਸ੍ਰੀ ਭਗਵੰਤ ਕਲ ਕਲਕੀ ਇਕ ਅਵਤਾਰਾ, ਜਿਸ ਦਾ ਰੂਪ ਰੰਗ ਰੇਖ ਸਮਝ ਕੋਇ ਨਾ ਪਾਈਆ ।
੧੧੩੭ ੧੯ ਜਿਸ ਨੂੰ ਮਾਤਾ ਜਨਮੇ ਨਾ ਕੋਇ ਵਿਚ ਸੰਸਾਰਾ, ਹੱਡ ਮਾਸ ਨਾੜੀ ਨਾਤਾ ਜੋੜ ਨਾ ਕੋਇ ਜੁੜਾਈਆ । ਜਿਸ ਦਾ ਲੇਖਾ ਕਾਗਦ ਕ਼ਲਮ ਸ਼ਾਹੀ ਨਾ ੧੧੩੭ ੧੯
ਲਿਖਣਹਾਰਾ, ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਹੁਕਮੇਂ ਅੰਦਰ ਸਿਫ਼ਤ ਸਾਲਾਹੀਆ । ਸੋ ਸਵਾਮੀ ਅੰਤਰਜਾਮੀ ਸਚਖੰਡ ਨਿਵਾਸੀ ਪਰਵਰਦਿਗਾਰਾ,
ਜਲਵਾਗਰ ਨੂਰ ਅਲਾਹੀਆ । ਸਤਿਜੁਗ ਸਾਚੇ ਸਾਚਾ ਸਚ ਖੋਲ੍ਹੇ ਇਕ ਦਵਾਰਾ, ਚਾਰ ਕੁੰਟ ਦਹਿ ਦਿਸ਼ਾ ਇਕੋ ਘਰ ਵਖਾਈਆ । ਜਿਸ ਮੰਦਰ
ਗ੍ਰਿਹ ਤੂੰ ਮੇਰਾ ਮੈਂ ਤੇਰਾ ਸੁਣਾਵੇ ਇਕ ਜੈਕਾਰਾ, ਦੂਜਾ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ
ਸਾਚੇ ਤੇਰੀ ਵਖਾਏ ਇਕੋ ਧਰਮਸਾਲਾ, ਜਿਸ ਦਵਾਰ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਇਸ਼ਟ ਮਨਾਈਆ । ਸਤਿਜੁਗ ਸਾਚੇ, ਸਾਚੇ ਨਾਮ ਦਾ
ਇਕੋ ਹੋਵੇ ਹੋਕਾ, ਹੁਕਮ ਧੁਰ ਦਾ ਆਪ ਜਣਾਈਆ । ਮੰਨਣਾ ਪਏ ਚੌਦਾਂ ਲੋਕਾ, ਚੌਦਾਂ ਤਬਕ ਸੀਸ ਨਾ ਕੋਇ ਉਠਾਈਆ । ਪ੍ਰਭ ਦਾ ਭਾਣਾ
ਕਿਸੇ ਨਾ ਰੋਕਾ, ਗੁਰ ਅਵਤਾਰ ਪੈਗ਼ੰਬਰ ਭਾਣੇ ਵਿਚ ਸੇਵ ਕਮਾਈਆ । ਜਨ ਭਗਤਾਂ ਧਰਮ ਦਾ ਮਾਰਗ ਦੱਸੇ ਸੌਖਾ, ਕਲਜੁਗ ਕੂੜ ਕੁੜਿਆਰਾ
ਡੇਰਾ ਢਾਹੀਆ । ਸ੍ਰੀ ਭਗਵਾਨ ਹੋ ਮਿਹਰਵਾਨ ਆਪਣੇ ਮਿਲਣ ਦਾ ਦੇਵੇ ਮੌਕਾ, ਨਿਰਗੁਣ ਹੋ ਕੇ ਸਰਗੁਣ ਜੋੜ ਜੁੜਾਈਆ । ਸਾਚੇ ਸੰਤਾਂ ਨਾਲ
ਕਦੇ ਕਰੇ ਨਾ ਧੋਖਾ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਸਾਚੀ ਮੰਜ਼ਲ ਚੜ੍ਹਾਵੇ ਚੋਟਾ, ਅੰਤ ਅਖ਼ੀਰ ਇਕੋ ਘਰ ਵਖਾਈਆ । ਜਿਸ ਗ੍ਰਿਹ
ਨਿਰਮਲ ਪਰਕਾਸ਼ ਹੋਵੇ ਨੂਰੀ ਜੋਤਾ, ਜਾਗਰਤ ਜੋਤ ਡਗਮਗਾਈਆ । ਸਚਖੰਡ ਦਵਾਰਾ ਬਿਨ ਛੱਪਰ ਛੰਨ ਕੋਠਾ, ਸੂਰਜ ਚੰਦ ਨਜ਼ਰ ਕੋਇ ਨਾ
ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੇ ਤੇਰੀ ਆਸਾ ਮਨਸਾ ਪੂਰੀ ਕਰੇ

ਸੋਚਾ, ਸਮਝ ਰਮਜ਼ ਆਪਣੀ ਵਿਚ ਮਿਲਾਈਆ । ਸਤਿਜੁਗ ਸਾਚੇ, ਹਰਿ ਕਾ ਨਾਮ ਪਰਗਟ ਹੋਵੇ ਜਗਤ, ਚਾਰ ਵਰਨਾਂ ਅਠਾਰਾਂ ਬਰਨਾਂ ਕਰੇ ਇਕ ਪੜ੍ਹਾਈਆ । ਆਤਮ ਪਰਮਾਤਮ ਮੇਲ ਮਿਲਾ ਕੇ ਬਣਾਏ ਧੁਰ ਦੇ ਭਗਤ, ਭਗਵਨ ਹੋ ਕੇ ਆਪਣਾ ਸੰਗ ਨਿਭਾਈਆ । ਘਰ ਸਵਾਮੀ ਅੰਤਰਜਾਮੀ ਉਪਰ ਸ਼ਾਹ ਰਗ ਦੇਵੇ ਦਰਸ, ਨੌ ਦਵਾਰਾ ਕੂੜ ਵਿਕਾਰਾ ਡੇਰਾ ਢਾਹੀਆ । ਜਨਮ ਜਨਮ ਦੀ ਕਰਮ ਕਰਮ ਦੀ ਮੇਟੇ ਹਰਸ, ਪਿਛਲੀ ਹਵਸ ਰਹੇ ਨਾ ਰਾਈਆ । ਮਿਹਰਵਾਨ ਮਹਿਬੂਬ ਪਰਮਾਤਮ ਕਰੇ ਤਰਸ, ਅਬਿਨਾਸ਼ੀ ਕਰਤਾ ਹੋਏ ਸਹਾਈਆ । ਸੰਤ ਸੁਹੇਲਾ ਸਾਚੀ ਮੰਜ਼ਲ ਚੜ੍ਹਦਿਆਂ ਕੋਈ ਨਾ ਜਾਵੇ ਅਟਕ, ਦਸਮ ਦਵਾਰੀ ਜੋਤ ਨਿਰੰਕਾਰੀ ਨਿਰਗੁਣ ਦਰਸ਼ਨ ਪਾਈਆ । ਝਗੜਾ ਰਹੇ ਨਾ ਬੂੰਦ ਰਕਤ, ਆਤਮ ਸ਼ਕਤ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜ ਕੁੜਿਆਰੀ ਮੇਟੇ ਭਟਕ, ਭਾਵਨਾ ਸਤਿਜੁਗ ਤੇਰੀ ਵੇਖ ਵਖਾਈਆ । ਸਤਿਜੁਗ ਸਾਚੇ, ਸਾਚੇ ਨਾਮ ਦਾ ਚਲੇ ਪਰਵਾਹ, ਪਾਰਬ੍ਰਹਮ ਹਰ ਹਿਰਦੇ ਦਏ ਵਸਾਈਆ । ਗੁਰ ਗੋਬਿੰਦ ਸ਼ਬਦ ਬਣੇ ਗਵਾਹ, ਜਨ ਭਗਤਾਂ ਸ਼ਹਾਦਤ ਦਏ ਭੁਗਤਾਈਆ । ਜੋ ਲੇਖਾ ਜਾਣੇ ਸਾਹ ਸਾਹ, ਸਵਾਸ ਸਵਾਸ ਆਪਣੀ ਝੋਲੀ ਪਾਈਆ । ਅੰਤਰ ਆਤਮ ਪਰਮਾਤਮ ਨਿਰਾਕਾਰ ਨਾਮ ਦ੍ਰਿੜਾ, ਅੱਖਰਾਂ ਤੋਂ ਬਾਹਰ ਕਰੇ ਪੜ੍ਹਾਈਆ । ਵਾਹਦ ਨੂਰ ਨਜ਼ਰੀ ਆਵੇ ਇਕ ਖ਼ੁਦਾ, ਖ਼ੁਦ ਮਾਲਕ ਆਪਣਾ ਪੜਦਾ ਦਏ ਉਠਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਾਚੀ ਮੰਜ਼ਲ ਪੌੜੀ ਦਏ ਚੜ੍ਹਾ, ਦਰ ਦਵਾਰਾ ਏਕੰਕਾਰਾ ਇਕੋ ਇਕ ਵਖਾਈਆ । ਜਿਸ ਗ੍ਰਿਹਿ ਨਿਰਮਲ ਜੋਤ ਹੋਵੇ ਰੁਸ਼ਨਾ, ਦੀਵਾ ਬਾਤੀ ਕਮਲਾਪਾਤੀ ਨੂਰੋ ਨੂਰ ਕਰੇ ਰੁਸ਼ਨਾਈਆ । ਸੰਤ ਸੁਹੇਲੇ ਗੁਰਮੁਖ ਗੁਰਸਿਖ ਹਰਿਜਨ ਭਗਤ ਕਰ ਕਿਰਪਾ ਲਏ ਬਹਾ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਉਠਾਈਆ । ਕਲਜੁਗ ਅੰਤ ਸ੍ਰੀ ਭਗਵੰਤ ਅਬਿਨਾਸ਼ੀ ਕਰਤਾ ਕੂੜੀ ਕਿਰਿਆ ਜਗਤ ਨਾਤਾ ਦਏ ਤੁੜਾ, ਸਤਿਜੁਗ ਸਾਚਾ ਸਤਿ ਧਰਮ ਬਿਨ ਗੋਤ ਵਰਨ ਏਕਾ ਏਕ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਨੇਤਰ ਖੋਲ੍ਹੇ ਹਰਨ ਫਰਨ ਝਗੜਾ ਚੁਕਾਵੇ ਮਰਨ ਡਰਨ, ਮਾਰਗ ਦਸਾਏ ਤਰਨੀ ਤਰਨ, ਤਾਰਨਹਾਰਾ ਏਕੰਕਾਰਾ ਇਕ ਇਕੱਲਾ ਆਪਣੇ ਚਰਨ ਕਵਲ ਬਖ਼ਸ਼ੇ ਹੱਕ ਸਰਨਾਈਆ ।


੧੧੩੮ ੧੯

### ✪ ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮੁਖਤਿਆਰ ਸਿੰਘ ਦੇ ਗ੍ਰਿਹਿ ਪਿੰਡ ਮੁੰਡੀਆਂ ਖੁਰਦ ਜ਼ਿਲਾ ਲੁਧਿਆਣਾ ✪

ਸਤਿਜੁਗ ਸਾਚੇ, ਸਾਚੇ ਨਾਮ ਦਾ ਹੋਵੇ ਬਲ, ਬਲਧਾਰੀ ਕਲਜੁਗ ਕੂੜੇ ਦਏ ਖਪਾਈਆ । ਪਾਵੇ ਸਾਰ ਸਮੁੰਦ ਸਾਗਰ ਜਲ ਥਲ, ਟਿੱਲੇ ਪਰਬਤ ਡੇਰਾ ਢਾਹੀਆ । ਦੂਈ ਦਵੈਤੀ ਮਨ ਵਾਸਨਾ ਮੇਟੇ ਸਲ, ਸਾਹਿਬ ਸਵਾਮੀ ਅੰਤਰਜਾਮੀ ਇਕੋ ਬੂਝ ਦਏ ਬੁਝਾਈਆ । ਜੂਠ ਝੂਠ ਮਮਤਾ ਮੋਹ ਰਹੇ ਨਾ ਕਲ, ਕਲਕਾਤੀ ਝਗੜਾ ਅਗਲਾ ਦਏ ਚੁਕਾਈਆ । ਸਾਚਾ ਧਾਮ ਨਿਹਚਲ ਵਖਾਏ ਅਟਲ, ਜਨ ਭਗਤਾਂ ਸਾਚੇ ਸੰਤਾਂ ਦਏ ਮਾਣ ਵਡਿਆਈਆ । ਜਿਸ ਗ੍ਰਿਹਿ ਇਕੋ ਦੀਪਕ ਰਿਹਾ ਬਲ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੇ ਸਾਚਾ ਨਾਮ ਇਕ ਸਮਝਾਈਆ । ਸਤਿਜੁਗ ਸਾਚੇ, ਸਾਚੇ ਨਾਮ ਦਾ ਹੋਵੇ ਸਾਚਾ ਮੇਲ, ਮਿਲਣੀ

ਹਰਿ ਜਗਦੀਸ਼ ਕਰਾਈਆ । ਪੁਰਖ ਅਕਾਲ ਦੀਨ ਦਿਆਲ ਮਿਲੇ ਸੱਜਣ ਸੁਹੇਲ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਧੁਰ ਦਾ ਨਾਤਾ ਜੋੜ ਜੁੜਾਈਆ । ਕਰੇ ਪਰਕਾਸ਼ ਸਾਚੇ ਗ੍ਰਿਹਿ ਬਿਨ ਬਾਤੀ ਤੇਲ, ਨਿਰਗੁਣ ਨੂਰ ਜੋਤ ਡਗਮਗਾਈਆ । ਅਚਰਜ ਦੱਸੇ ਅਗੰਮ ਅਥਾਹ ਆਪਣਾ ਖੇਲ, ਖ਼ਾਲਕ ਖ਼ਲਕ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ, ਸਤਿਜੁਗ ਸਾਚੇ, ਤੇਰਾ ਧਰਮ ਦਵਾਰਾ ਇਕ ਪਰਗਟਾਈਆ । ਸਤਿਜੁਗ ਸਾਚੇ, ਕਿਰਪਾ ਕਰੇ ਆਪ ਕਿਰਪਾਲ, ਕਿਰਪਾਨਿਧ ਦਇਆ ਕਮਾਈਆ । ਏਕਾ ਨਾਮ ਸ਼ਬਦ ਹੋਏ ਵਿਸ਼ਾਲ, ਵਿਸ਼ਿਆਂ ਵਾਲਾ ਵਿਸ਼ਾ ਦਏ ਗਵਾਈਆ । ਆ ਕੇ ਵੇਖੇ ਮੁਰੀਦਾਂ ਮੁਰਸ਼ਦ ਹਾਲ, ਦੋ ਜਹਾਨ ਕਾਇਨਾਤ ਦੀਨ ਦੁਨੀ ਵੇਖ ਵਖਾਈਆ । ਮਾਇਆ ਮਮਤਾ ਕੂੜੀ ਕਿਰਿਆ ਤੋੜ ਜਗਤ ਜੰਜਾਲ, ਨਿਜ ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਸਚ ਦਵਾਰਾ ਇਕ ਵਖਾਏ ਧੁਰ ਦੀ ਧਰਮਸਾਲ, ਜਿਸ ਘਰ ਏਕੰਕਾਰਾ ਇਕੋ ਸੋਭਾ ਪਾਈਆ । ਜਿਥੇ ਗੁਰ ਅਵਤਾਰਾਂ ਪੈਗ਼ੰਬਰਾਂ ਪੂਰਾ ਕਰੇ ਸਵਾਲ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਆਂ ਰਿਹਾ ਭਰਾਈਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਸ਼ਬਦੀ ਖੇਲ ਕਰੇ ਕਮਾਲ, ਜਗਤ ਸ੍ਰਿਸ਼ਟੀ ਦ੍ਰਿਸ਼ਟੀ ਸਮਝ ਕੋਇ ਨਾ ਆਈਆ । ਭਗਤ ਸੁਹੇਲੇ ਸੱਜਣ ਗੁਰਮੁਖ ਆਪ ਉਠਾਲ, ਨਾਮ ਨਿਧਾਨ ਸ੍ਰੀ ਭਗਵਾਨ ਰਿਹਾ ਦ੍ਰਿੜਾਈਆ । ਧਰਮ ਦਵਾਰ ਬਣਾ ਆਪਣੇ ਲਾਲ, ਗੁਰ ਗੁਰ ਗੋਦ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸੁਹੇਲੇ ਕਰ ਪਰਵਾਨ, ਮਿਹਰਵਾਨ ਮਿਹਰ ਨਜ਼ਰ ਇਕ ਤਕਾਈਆ ।

੧੧੩੯ ੧੯ ੧੧੩੯ ੧੯

### ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸਰਵਣ ਸਿੰਘ ਦੇ ਗ੍ਰਿਹਿ ਪਿੰਡ ਰਾਮਪੁਰ ਸਰਦਾਰਾ ਜ਼ਿਲਾ ਲੁਧਿਆਣਾ

ਸਤਿਜੁਗ ਸਾਚੇ, ਧੁਰ ਦਾ ਨਾਮ ਸਭ ਨੂੰ ਕਰਨਾ ਪਏ ਮਨਜ਼ੂਰ, ਚਾਰ ਵਰਨ ਅਠਾਰਾਂ ਬਰਨ ਮਾਨਵ ਜਾਤੀ ਇਕੋ ਢੋਲਾ ਗਾਈਆ । ਪੁਰਖ ਅਕਾਲ ਦੀਨ ਦਿਆਲ ਹਾਜ਼ਰ ਹਜ਼ੂਰ, ਹਜ਼ਰਤ ਸ਼ਾਹ ਸੁਲਤਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਲਜੁਗ ਮਾਇਆ ਮਮਤਾ ਕੂੜੀ ਕਿਰਿਆ ਕਰੇ ਦੂਰ, ਲੋਕਮਾਤ ਚਾਰ ਕੁੰਟ ਦਹਿ ਦਿਸ਼ਾ ਰਹਿਣ ਨਾ ਪਾਈਆ । ਨਾਮ ਖ਼ੁਮਾਰੀ ਆਤਮ ਪਰਮਾਤਮ ਦੇਵੇ ਸਚ ਸਰੂਰ, ਸ਼ਬਦ ਅਨਾਦੀ ਧੁਰ ਦਾ ਰਾਗ ਸੁਣਾਈਆ । ਨਿਰਗੁਣ ਨੂਰ ਜੋਤੀ ਜੋਤ ਪਰਕਾਸ਼ ਕਰੇ ਜਾਹਰ ਜਹੂਰ, ਗਹਿਰ ਗੰਭੀਰ ਆਪਣਾ ਖੇਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ, ਤੇਰਾ ਸਾਚਾ ਰਾਹ, ਪੁਰਖ ਅਕਾਲ ਚਲਾਵੇ ਸ਼ਬਦੀ ਬਣ ਮਲਾਹ, ਦੂਜਾ ਸੰਗ ਨਾ ਕੋਇ ਰਲਾਈਆ । ਸਤਿਜੁਗ ਸਾਚੇ, ਸਚ ਸੁਚ ਦਾ ਹੋਵੇ ਇਕ ਪਿਆਰ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਜ਼ਿਮੀਂ ਅਸਮਾਨ, ਇਕੋ ਧਿਆਨ ਲਗਾਈਆ । ਸਿਫ਼ਤਾਂ ਵਿਚ ਗਾਵੇ ਰਸਨਾ ਜਿਹਵਾ ਬੱਤੀ ਦੰਦ ਜ਼ਬਾਂ, ਨਾਉਂ ਨਿਰੰਕਾਰਾ ਏਕੰਕਾਰਾ ਇਕੋ ਇਕ ਧਿਆਈਆ । ਪਰਵਰਦਿਗਾਰ ਸਾਂਝਾ ਯਾਰ ਮੁਹੱਬਤ ਵਿਚ ਹੋਵੇ ਮਿਹਰਵਾਂ, ਮਹਿਬੂਬ ਮਾਲਕ ਖ਼ਾਲਕ ਪ੍ਰਿਤਪਾਲਕ ਬੇਪਰਵਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੱਸੇ ਸਾਚਾ ਰਾਹ, ਰਹਿਬਰ ਹੋ ਕੇ ਰਸਤਾ ਇਕ ਵਖਾਈਆ । ਕਾਇਆ ਮਾਟੀ ਮੰਦਰ ਪੜਦਾ ਦਏ ਉਠਾ, ਨਿਜ ਲੋਚਨ ਨੈਣ ਅੱਖ ਕਰ ਰੁਸ਼ਨਾਈਆ । ਸਾਚੇ ਨਾਮ ਦੀ ਧੁਨ

ਅਗੰਮੀ ਦਏ ਸੁਣਾ, ਨਾਦ ਅਨਾਦੀ ਇਕੋ ਇਕ ਵਜਾਈਆ । ਜਗਤ ਦਵਾਰੇ ਪੈਂਡਾ ਦਏ ਮੁਕਾ, ਮਨ ਵਾਸਨਾ ਕੂੜੀ ਦਏ ਖਪਾਈਆ । ਸੁਰਤ ਸਵਾਣੀ ਲਏ ਉਠਾ, ਸ਼ਬਦ ਹਲੂਣਾ ਇਕ ਲਗਾਈਆ । ਸਾਚੀ ਮੰਜ਼ਲ ਪੌੜੇ ਲਏ ਚੜ੍ਹਾ, ਘਰ ਵਿਚ ਘਰ ਮੇਲਾ ਮੇਲੇ ਸਹਿਜ ਸੁਭਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦਏ ਸਮਝਾ, ਭੇਵ ਅਭੇਦਾ ਆਪਣਾ ਆਪ ਖੁਲ੍ਹਾਈਆ । ਸੇਜ ਸੁਹੰਜਣੀ ਸਚ ਦਵਾਰ ਸਚ ਸਿੰਘਾਸਣ ਸੋਭਾ ਪਾ, ਸਤਿ ਸਤਿਵਾਦੀ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ, ਤੇਰਾ ਬਣੇ ਮਲਾਹ, ਖੇਵਟ ਖੇਟਾ ਹੋ ਕੇ ਬੇੜਾ ਆਪਣੇ ਕੰਧ ਉਠਾਈਆ । ਸਤਿਜੁਗ ਸਾਚੇ, ਸਚ ਨਾਮ ਦੀ ਸਭ ਨੂੰ ਹੋਵੇ ਖ਼ਾਹਿਸ਼, ਖ਼ਾਲਸ ਖ਼ਾਲਸ ਵਿਚੋਂ ਬਾਹਰ ਕਢਾਈਆ । ਭਗਤ ਸੁਹੇਲੇ ਸੰਤ ਗੁਰਮੁਖ ਗੁਰਸਿਖ ਕਰ ਤਲਾਸ਼, ਸੂਫ਼ੀ ਆਪਣੇ ਰੰਗ ਰੰਗਾਈਆ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦਏ ਮਿਟਾਈਆ । ਬਿਨ ਗੋਪੀ ਕਾਹਨ ਵਖਾ ਕੇ ਰਾਸ, ਸੁਰਤੀ ਸ਼ਬਦੀ ਆਪਣਾ ਰਾਗ ਅਲਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਵਸੇ ਸਾਥ, ਸਦਾ ਸੁਹੇਲਾ ਇਕ ਅਕੇਲਾ ਏਕੰਕਾਰ ਆਪਣਾ ਸੰਗ ਨਿਭਾਈਆ । ਜਗਤ ਵਾਸਨਾ ਮਾਇਆ ਮਮਤਾ ਮੋਹ ਕਰ ਕੇ ਨਾਸ, ਸ਼ਬਦ ਨਾਦ ਧੁਨ ਕਰੇ ਸ਼ਨਵਾਈਆ । ਸਾਚੀ ਸਿਖਿਆ ਦੇ ਸਰਬ ਗੁਣਤਾਸ, ਦੀਨ ਦੁਨੀ ਦਏ ਸਮਝਾਈਆ । ਲੇਖਾ ਜਾਣ ਪ੍ਰਿਥਮੀ ਆਕਾਸ਼, ਗਗਨ ਗਗਗਨੰਤਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਵੇ ਵਰ, ਧਰਮ ਦਵਾਰਾ ਏਕੰਕਾਰ ਧਰਨੀ ਧਰਤ ਧਵਲ ਉਪਰ ਇਕ ਪਰਗਟਾਈਆ । ਸਤਿਜੁਗ ਸਾਚੇ, ਸਾਚੇ ਨਾਮ ਦਾ ਇਕ ਹੋਵੇ ਹੁਲਾਰਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਪਾਰ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰਾ, ਕਰੋੜ ਤੇਤੀਸਾ ਸਿਰ ਨਾ ਕੋਇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਬੋਲਣ ਹੱਕ ਜੈਕਾਰਾ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਪਤਿਪਰਮੇਸ਼ਵਰ ਜਲਵਾਗਰ ਤੇਰਾ ਨੂਰ ਇਲਾਹੀ ਕੂੜੀ ਕਿਰਿਆ ਕਰ ਪਾਰ ਕਿਨਾਰਾ, ਸਚ ਸਹਾਰਾ ਇਕੋ ਇਕ ਸਮਝਾਈਆ । ਚਾਰ ਕੁੰਟ ਦਹਿ ਦਿਸ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਨਾਮ ਦਾ ਵਜਾ ਇਕ ਨਗਾਰਾ, ਨੌਬਤ ਹੱਕ ਹੱਕ ਸੁਣਾਈਆ । ਸਤਿਜੁਗ ਸਾਚੇ, ਸਚ ਨਾਮ ਦਾ ਹੋਵੇ ਪਰਕਾਸ਼, ਪਰਕਾਸ਼ਤ ਹੋਵੇ ਸਰਬ ਲੋਕਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰੇ ਆਸ, ਅਬਿਨਾਸ਼ੀ ਕਰਤਾ ਦੀਨ ਦੁਨੀ ਵੇਖ ਵਖਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਜੋ ਲੇਖਾ ਲਿਖ ਕੇ ਗਏ ਭਵਿਖਤ ਵਾਕ, ਕ਼ਲਮ ਸ਼ਾਹੀ ਨਾਤਾ ਕਾਗ਼ਜ਼ ਨਾਲ ਜੁੜਾਈਆ । ਤਿਸ ਦਾ ਲਹਿਣਾ ਦੇਣਾ ਪੁਰਖ ਅਕਾਲ ਚੁਕਾਵੇ ਆਪ, ਨਿਰਗੁਣ ਨਿਰਵੈਰ ਆਪਣਾ ਹੁਕਮ ਆਪ ਵਰਤਾਈਆ । ਲੋਕਮਾਤ ਧਰਨੀ ਧਰਤ ਧਵਲ ਉਪਰ ਜੋਤੀ ਜਾਤਾ ਕਰੇ ਵਡ ਪਰਤਾਪ, ਬੇਪਰਵਾਹ ਆਪ ਆਪਣਾ ਖੇਲ ਵਖਾਈਆ । ਰਸਨਾ ਜਿਹਵਾ ਬੱਤੀ ਦੰਦ ਮਾਨਵ ਜਾਤੀ ਕਰੇ ਏਕੋ ਜਾਪ, ਏਕਾ ਨਾਮ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦਏ ਦਿਸਾਈਆ । ਜਨ ਭਗਤਾਂ ਕੋਟ ਜਨਮ ਦੇ ਮੇਟ ਕੇ ਪਾਪ, ਪਤਿਤ ਪੁਨੀਤ ਗੁਰਮੁਖ ਗੁਰਸਿਖ ਲਏ ਬਣਾਈਆ । ਰੂਹ ਬੁੱਤ ਦੋਵੇਂ ਕਰ ਕੇ ਪਾਕ, ਮਾਟੀ ਖ਼ਾਕ ਦੇਵੇ ਮਾਣ ਵਡਿਆਈਆ । ਸੁਰਤੀ ਸ਼ਬਦੀ ਕਰ ਇਤਫਾਕ, ਘਰ ਮੇਲਾ ਮੇਲੇ ਸਹਿਜ ਸੁਭਾਈਆ । ਕਾਇਆ ਮੰਦਰ ਅੰਦਰ ਰਹੇ ਨਾ ਅੰਧੇਰੀ ਰਾਤ, ਨਿਰਗੁਣ ਸਾਚੀ ਜੋਤ ਜੋਤੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਸਾਚਾ ਹਰਿ, ਸਤਿਜੁਗ ਤੇਰਾ ਸਾਚਾ ਰਾਹ, ਸਤਿ ਸਤਿ ਦਵਾਰਾ ਇਕ ਵਖਾਈਆ । ਸਤਿਜੁਗ ਸਾਚੇ, ਸਾਚਾ ਨਾਮ ਦਏ ਏਕੰਕਾਰਾ ਧੁਰ ਦਾ ਭੂਪ, ਭੂਪਤ ਭੂਪ ਕਰੇ ਪੜ੍ਹਾਈਆ । ਸੰਦੇਸ਼ਾ ਦੇਵੇ ਚਾਰੇ ਕੂਟ, ਉੱਤਰ ਪੂਰਬ ਪੱਛਮ ਦੱਖਣ ਬਚਿਆ ਰਹਿਣ ਕੋਇ ਨਾ ਪਾਈਆ । ਸੰਤ ਸੁਹੇਲੇ ਉਠਾ ਕੇ ਆਪਣੇ ਸੁਤ, ਸਤਿ ਦਵਾਰੇ ਲਏ ਜਗਾਈਆ । ਸਚ ਸੁਹੰਜਣੀ ਮੌਲੇ ਰੁਤ, ਪੱਤ ਟਹਿਣੀ ਆਪ ਮਹਿਕਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚਾਰ ਜੁਗ ਦਾ ਲੇਖਾ ਆਪਣੇ ਹੱਥ ਰਖਾਈਆ । ਸਤਿਜੁਗ ਸਾਚੇ, ਤੇਰੇ ਅੰਦਰ ਕੋਈ ਨਾ ਪੂਜਾ ਹੋਵੇ ਕਿਸੇ ਬੁੱਤ, ਬੁੱਤਖ਼ਾਨਾ ਰਹਿਣ ਕੋਇ ਨਾ ਪਾਈਆ । ਹਰਿ ਕਾ ਨਾਮ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਕਦੇ ਜਾਵੇ ਨਾ ਲੁਕ, ਭਗਤਾਂ ਅੰਦਰ ਪਰਗਟ ਹੋ ਕੇ ਢੋਲਾ ਸੋਹਲਾ ਆਪ ਜਣਾਈਆ । ਪੁਰਖ ਅਕਾਲ ਦੀਨ ਦਿਆਲ ਸਤਿਜੁਗ ਸਾਚੇ ਨਾਮ ਦੀ ਦੱਸੇ ਇਕੋ ਤੁਕ, ਬਹੁ ਵਿਦਿਆ ਦੀ ਲੋੜ ਰਹੇ ਨਾ ਰਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮਿਲ ਕੇ ਹੋਵੇ ਸੁਖ, ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸੁਹੇਲੇ ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਬਣਾ ਕੇ ਆਪਣੇ ਸੁਤ, ਸਤਿ ਧਰਮ ਇਕੋ ਮਾਰਗ ਦਏ ਦ੍ਰਿੜ੍ਹਾਈਆ ।

### ✪ ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਹਰਨੇਕ ਸਿੰਘ ਦੇ ਗ੍ਰਹਿ ਪਿੰਡ ਅਜਨੌਦ ਜ਼ਿਲਾ ਲੁਧਿਆਣਾ ✪

ਸਤਿਜੁਗ ਸਾਚੇ ਸਾਚਾ ਨਾਮ ਹੋਵੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰਾ, ਜੈ ਜੈ ਜੈਕਾਰ ਇਕੋ ਇਕ ਕਰਾਈਆ । ਜਨ ਭਗਤਾਂ ਖੁਲ੍ਹਾ ਮਿਲੇ ਸਚ ਭੰਡਾਰਾ, ਭੰਡਾਰੀ ਹੋ ਕੇ ਆਪ ਵਰਤਾਈਆ । ਨਜ਼ਰੀ ਆਵੇ ਸਚਖੰਡ ਦਵਾਰਾ, ਧੁਰ ਦਰਬਾਰਾ ਇਕ ਵਖਾਈਆ । ਖ਼ੁਸ਼ੀਆਂ ਹੋਵੇ ਮੰਗਲਾਚਾਰਾ, ਸੋਹਲਾ ਢੋਲਾ ਬੇਪਰਵਾਹੀਆ । ਸਾਚਾ ਨੂਰ ਹੋਵੇ ਉਜਿਆਰਾ, ਉਜਲ ਆਪਣਾ ਗ੍ਰਹਿ ਵਖਾਈਆ । ਭਗਤਾਂ ਹੋਵੇ ਪਿਆਰਾ, ਭਗਵਨ ਦਇਆ ਕਮਾਈਆ । ਸਾਂਝਾ ਹੋਵੇ ਘਰ ਬਾਰਾ, ਦੂਸਰ ਵੰਡ ਨਾ ਕੋਇ ਵੰਡਾਈਆ । ਬਖ਼ਸ਼ੇ ਚਰਨ ਪਿਆਰਾ, ਚਰਨ ਚਰਨੋਦਕ ਮੁਖ ਚੁਆਈਆ । ਕਿਰਪਾ ਕਰੇ ਪਰਵਰਦਿਗਾਰਾ, ਪਾਰਬ੍ਰਹਮ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੱਸ ਏਕਾ ਠਾਂਡਾ ਦਰਬਾਰਾ, ਅੰਮ੍ਰਿਤ ਮੇਘ ਨਾਮ ਬਰਸਾਈਆ ।

### ✪ ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਹਰਚਰਨ ਸਿੰਘ ਦੇ ਗ੍ਰਹਿ ਲੁਧਿਆਣਾ ✪

ਸਤਿਜੁਗ ਸਾਚੇ, ਸਾਚੇ ਨਾਮ ਦੀ ਹੋਵੇ ਇਕ ਇਬਾਦਤ, ਕਲਮਾ ਕਾਇਨਾਤ ਪਾਰਬ੍ਰਹਮ ਪਤਿਪਰਮੇਸ਼ਵਰ ਆਪ ਪੜ੍ਹਾਈਆ । ਸਚ ਭੰਡਾਰਾ ਨਾਮ ਨਿਧਾਨ ਆਤਮ ਪਰਮਾਤਮ ਜੀਵ ਜੰਤ ਦੇਵੇ ਨਿਆਮਤ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਚਰਨ ਕਵਲ ਸਚ ਦਵਾਰੇ ਪ੍ਰੇਮ ਪ੍ਰੀਤੀ ਮੁਹੱਬਤ ਵਿਚ ਦੇਵੇ ਦਾਅਵਤ, ਅਬਿਨਾਸ਼ੀ ਕਰਤਾ ਦੀਨ ਦੁਨੀ ਦਾ ਮਾਲਕ ਸੰਤ ਸੁਹੇਲੇ ਆਪ ਮਿਲਾਈਆ । ਸਚ ਭੰਡਾਰਾ ਨਾਮ ਨਿਧਾਨ ਸ੍ਰੀ ਭਗਵਾਨ ਦੇਵੇ ਹੱਕ ਪਦਾਰਥ, ਚਾਰ ਕੁੰਟ ਜ਼ਿਮੀਂ ਅਸਮਾਨਾਂ ਆਪ ਵਰਤਾਈਆ । ਸਤਿਜੁਗ ਸਾਚੇ ਤੇਰਾ ਹਕੀਕੀ ਹੋਵੇ ਪਰਮਾਰਥ, ਨਿਜਾਨੰਦ

ਇਕੋ ਰੰਗ ਰੰਗਾਈਆ । ਜਗਤ ਖ਼ਾਹਿਸ਼ ਪੂਰਾ ਕਰੇ ਸਰਬ ਸਵਾਰਥ, ਬੁਧ ਬਿਬੇਕ ਬਖ਼ਸ਼ ਟੇਕ, ਵਿਵੇਕੀ ਆਪਣੀ ਕਾਰੇ ਲਾਈਆ । ਕਾਇਆ ਮੰਦਰ ਸਾਢੇ ਤਿੰਨ ਹੱਥ ਸੁਹਾਏ ਸਚ ਇਮਾਰਤ, ਸਚ ਦਵਾਰਾ ਏਕੰਕਾਰਾ ਇਕੋ ਇਕ ਵਖਾਈਆ । ਸਿਫ਼ਤਾਂ ਵਿਚ ਧੁਰ ਦੇ ਨਾਮ ਦੀ ਲਿਖੇ ਅਗੰਮੀ ਇਬਾਰਤ, ਕਾਗ਼ਜ਼ ਕ਼ਲਮ ਸ਼ਾਹੀ ਦੇਵੇ ਮਾਣ ਵਡਿਆਈਆ । ਸਾਚੇ ਸੰਤਾਂ ਸਤਿਗੁਰ ਸ਼ਬਦ ਅਗੰਮੀ ਕਰੇ ਸਫ਼ਾਰਸ਼, ਦੀਨ ਦੁਨੀ ਵਿਚੋਂ ਲੇਖਾ ਦਏ ਮੁਕਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚ ਬਦਲ ਦੇਵੇ ਆਦਤ, ਅਦਲ ਇਨਸਾਫ਼ ਆਪਣੇ ਹਥ ਰਖਾਈਆ । ਮਨੂਆ ਮਨ ਵਿਕਾਰੀ ਕਰੇ ਨਾ ਕੋਈ ਬਗ਼ਾਵਤ, ਬਗ਼ਲਗੀਰ ਚਾਰ ਵਰਨ ਦਏ ਵਖਾਈਆ । ਸਚ ਮਹਿਬੂਬ ਹਕੀਕ਼ੀ ਕਰੇ ਸਖ਼ਾਵਤ, ਸੁਖ਼ਨ ਗੁਰ ਅਵਤਾਰ ਪੈਗ਼ੰਬਰਾਂ ਪੂਰ ਕਰਾਈਆ । ਕੂੜੀ ਕਿਰਿਆ ਰਹੇ ਨਾ ਕੋਇ ਅਲਾਮਤ, ਇਲਮ ਦੇ ਆਲਮ ਉਲਮਾ ਗੁਰਮੁਖ ਦਏ ਬਣਾਈਆ । ਸਚ ਦਵਾਰੇ ਊਚਾਂ ਨੀਚਾਂ ਰਾਓ ਰੰਕਾਂ ਹੋਵੇ ਨਾ ਕੋਇ ਮਮਾਨਤ, ਬੰਕ ਦਵਾਰਾ ਇਕੋ ਇਕ ਦਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਤੇਰਾ ਸਚ ਦਵਾਰਾ ਧਰਨੀ ਧਰਤ ਧਵਲ ਦਏ ਉਸਾਰ, ਅੱਵਲ ਆਪਣੀ ਸੇਵ ਕਮਾਈਆ । ਸਤਿਜੁਗ ਸਾਚੇ ਤੇਰਾ ਧਰਮ ਦਾ ਹੋਵੇ ਰਾਜ, ਰਈਅਤ ਵੇਖੇ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਤਮ ਪਰਮਾਤਮ ਬਣਾਵੇ ਸਚ ਸਮਾਜ, ਸਮਗਰੀ ਜੋਤ ਇਕਗਰੀ ਇਕੋ ਇਕ ਵਰਤਾਈਆ । ਸਤਿਗੁਰ ਸ਼ਬਦ ਦੁਰਮਤ ਮੈਲ ਧੋਵੇ ਸਭ ਦਾ ਦਾਗ਼, ਪਤਿਤ ਪਾਪੀ ਪੁਨੀਤ ਦਏ ਕਰਾਈਆ । ਮਨ ਵਾਸਨਾ ਕੂੜੀ ਕਿਰਿਆ ਅੰਦਰੋਂ ਕੱਢੇ ਵਾਦ ਵਿਵਾਦ, ਜਗਤ ਵਿਕਾਰ ਵਿਸ਼ਿਆਂ ਲੇਖਾ ਦਏ ਮੁਕਾਈਆ । ਗੁਰਮੁਖ ਸੰਤ ਸੁਹੇਲੇ ਲੱਖ ਚੁਰਾਸੀ ਵਿਚੋਂ ਲੱਭੇ ਸਾਧ, ਸਾਧਨਾ ਸਾਚੇ ਨਾਮ ਦੀ ਦਏ ਜਣਾਈਆ । ਕਾਇਆ ਖੇੜਾ ਜੀਵ ਜੰਤ ਕਰ ਆਬਾਦ, ਨਾਮ ਨਿਧਾਨਾ ਸ੍ਰੀ ਭਗਵਾਨਾ ਗ੍ਰਿਹਿ ਭੀਤਰ ਦਏ ਟਿਕਾਈਆ । ਘਟ ਘਟ ਅੰਤਰ ਤੂੰ ਮੇਰਾ ਮੈਂ ਤੇਰਾ ਕਰਕੇ ਪਰਗਟ ਆਵਾਜ਼, ਨਾਦ ਧੁਨ ਦਰ ਬਿਨ ਤੰਦ ਸਤਾਰ ਦਏ ਵਜਾਈਆ । ਸਤਿ ਸਤਿਵਾਦੀ ਸ਼ਬਦ ਅਨਾਦੀ ਦੱਸ ਕੇ ਆਪਣਾ ਰਾਗ, ਛੱਤੀ ਰਾਗਾਂ ਦਾ ਲੇਖਾ ਦਏ ਮੁਕਾਈਆ । ਫੜ ਫੜ ਹੰਸ ਬਣਾਏ ਕਾਗ, ਮਾਣਕ ਮੋਤੀ ਸੋਹੰ ਸਾਚੀ ਚੋਗ ਚੁਗਾਈਆ । ਕਰੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣਾ ਵੇਸ ਵਟਾਈਆ । ਸਤਿਜੁਗ ਤੇਰੀ ਸਾਚੀ ਲੋਕਮਾਤ ਪਾਵੇ ਰਾਸ, ਗੋਪੀ ਕਾਹਨ ਆਪਣਾ ਨੂਰ ਵਖਾਈਆ । ਦੂਜਾ ਰਹੇ ਕੋਈ ਨਾ ਪਾਸ, ਪਾਸਾ ਦੀਨ ਦੁਨੀ ਦਏ ਉਲਟਾਈਆ । ਸਭ ਦੀ ਪੂਰੀ ਕਰੇ ਆਸ, ਆਸਾ ਮਨਸਾ ਖੋਜੇ ਥਾਉਂ ਥਾਈਆ । ਗੁਰ ਅਵਤਾਰ ਪੈਗ਼ੰਬਰ ਸਚਖੰਡ ਦਵਾਰੇ ਵੇਖਣ ਮਾਰ ਝਾਕ, ਲੋਕਮਾਤ ਧਿਆਨ ਲਗਾਈਆ । ਸਭ ਦਾ ਲਹਿਣਾ ਦੇਣਾ ਕਰੇ ਬੇਬਾਕ, ਬਾਕੀ ਨਜ਼ਰ ਕੋਇ ਨਾ ਆਈਆ । ਸਤਿਜੁਗ ਸਾਚੇ ਤੇਰਾ ਕਾਰਜ ਕਰੇ ਰਾਸ, ਰਸਤਾ ਆਪਣਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹੋਣ ਨਾ ਦੇਵੇ ਉਦਾਸ, ਪਰਭਾਸ ਵਿਚੋਂ ਪਰਭਾਤੀ ਦਏ ਪਰਗਟਾਈਆ । ਸਤਿਜੁਗ ਸਾਚੇ, ਤੇਰਾ ਮਾਰਗ ਦਵਾਰਾ ਹੋਵੇ ਰਮਨੀਕ, ਸੋਭਾਵੰਤ ਆਪ ਸੁਹਾਈਆ । ਕੁਛ ਲੇਖਾ ਲਿਖ ਕੇ ਗਿਆ ਰਿਸ਼ੀ ਬਾਲਮੀਕ, ਰਾਮ ਵਸ਼ਿਸ਼ਟ ਦੇਣ ਗਵਾਹੀਆ । ਜਿਸ ਦੀ ਵੇਦ ਵਿਆਸ ਕੀਤੀ ਤਸਦੀਕ, ਕ੍ਰਿਸ਼ਨ ਲੇਖਾ ਸੁਦਾਮੇ ਨਾਲ ਰਖਾਈਆ । ਈਸਾ ਮੂਸਾ ਹਜ਼ਰਤ ਮੁਹੰਮਦ ਕਰ ਉਡੀਕ, ਸਦੀ ਚੌਧਵੀਂ ਰੰਗ ਚੜ੍ਹਾਈਆ । ਨਾਨਕ ਗੋਬਿੰਦ ਦੱਸ ਕੇ ਗਏ ਤਾਰੀਖ, ਬੀਸ ਇਕੀਸਾ ਵੱਜੇ ਹੱਕ ਵਧਾਈਆ । ਪਰਵਰਦਿਗਾਰ ਸਾਂਝਾ ਯਾਰ ਪਰਗਟ ਕਰੇ ਆਪਣੀ ਇਕ ਤੌਫ਼ੀਕ਼, ਤੋਹਫ਼ਾ

੧੧੪੨
੧੯

ਦੇਵੇ ਥਾਉਂ ਥਾਈਂਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲੇ ਖੇਲ ਲਾਸ਼ਰੀਕ, ਵਾਹਦ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ, ਸਚ ਦਵਾਰੇ ਬਖ਼ਸ਼ੇ ਤੇਰੀ ਦੀਦ, ਦੀਦਾ ਦਾਨਿਸਤਾ ਇਕੋ ਨੂਰ ਨਜ਼ਰੀ ਆਈਆ । ਸਤਿਜੁਗ ਸਾਚੇ, ਸਾਚਾ ਨਾਮ ਦੇਵੇ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਆਪਣੀ ਦਇਆ ਕਮਾਈਆ । ਜਿਸ ਦੀ ਸਮਝੇ ਕੋਇ ਨਾ ਬਾਰਾਂ ਰਾਸੀ, ਅੰਕੜਿਆਂ ਵਿਚ ਹਿੰਦਸਿਆਂ ਵਿਚ ਅੱਖਰਾਂ ਵਿਚ ਪੜਦਾ ਸਕੇ ਨਾ ਕੋਇ ਉਠਾਈਆ । ਸੋ ਸਾਹਿਬ ਸਮਰਥ ਆਦਿ ਜੁਗਾਦਿ ਜੁਗ ਚੌਕੜੀ ਸਚਖੰਡ ਨਿਵਾਸੀ, ਸਤਿ ਦਵਾਰਾ ਏਕੰਕਾਰਾ ਇਕੋ ਦਏ ਪਰਗਟਾਈਆ । ਸਾਚੀ ਮੰਜ਼ਲ ਪੌੜੀ ਚੜ੍ਹਨ ਦੱਸੇ ਅਗੰਮੀ ਘਾਟੀ, ਰਹਿਬਰ ਹੋ ਕੇ ਰਸਤਾ ਆਪਣਾ ਦਏ ਵਖਾਈਆ । ਆਤਮ ਪਰਮਾਤਮ ਨਿਰਗੁਣ ਬਣੇ ਸਾਥੀ, ਧੁਰ ਦਾ ਸੰਗੀ ਬਹੁਰੰਗੀ ਆਪਣੀ ਕਾਰ ਕਮਾਈਆ । ਸੰਤ ਸੁਹੇਲੇ ਗੁਰਮੁਖ ਹਰਿਜਨ ਬਣਾ ਕੇ ਇਕ ਜਮਾਤੀ, ਅੱਖਰ ਵੱਖਰ ਆਪਣਾ ਨਾਮ ਦਏ ਸਮਝਾਈਆ । ਕਲਜੁਗ ਕੂੜੀ ਰਹਿਣ ਨਾ ਦੇਵੇ ਅੰਧੇਰੀ ਰਾਤੀ, ਸਤਿਜੁਗ ਸਾਚਾ ਨੂਰ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਧੁਰ ਦਾ ਵਾਸੀ, ਵਾਸਤਾ ਵਾਸਤਕ ਆਪਣੇ ਨਾਲ ਜੁੜਾਈਆ ।



## ✪ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਹਰਭਜਨ ਸਿੰਘ ਦੇ ਗ੍ਰਿਹ ਬਸਤੀ ਗੁਜਰਾਂ ਲੁਧਿਆਣਾ ✪

੧੧੪੩
੧੯

ਸਤਿਜੁਗ ਸਾਚੇ, ਸਾਚੀ ਕਿਰਪਾ ਕਰੇ ਸੂਰਾ ਸਰਬਗਾ, ਸੂਰਬੀਰ ਜੋਧਾ ਏਕਾ ਆਪਣਾ ਨਾਮ ਪਰਗਟਾਈਆ । ਕਲਜੁਗ ਕੂੜੀ ਕਿਰਿਆ ਲੋਕਮਾਤ ਰਹਿਣ ਨਾ ਦੇਵੇ ਦਗ਼ਾ, ਝੂਠ ਫ਼ਰੇਬ ਨਾ ਕੋਇ ਵਡਿਆਈਆ । ਸ੍ਰਿਸ਼ਟ ਸਬਾਈ ਨਾਮ ਸੰਦੇਸ਼ਾ ਇਕੋ ਦੇਵੇ ਸਦਾ, ਹੁਕਮੇਂ ਅੰਦਰ ਹੁਕਮ ਆਪ ਸਮਝਾਈਆ । ਮਾਨਵ ਜਾਤੀ ਧਰਮ ਦਵਾਰਾ ਇਕੋ ਵਸੇ ਜਗ੍ਹਾ, ਸਚ ਦਵਾਰਾ ਏਕੰਕਾਰਾ ਆਪ ਸੁਹਾਈਆ । ਨਾਮ ਖ਼ੁਮਾਰੀ ਧੁਰ ਦਾ ਜਾਮ ਪਿਆਏ ਅਗੰਮੀ ਮਧਾ, ਮਧੁਰ ਧੁਨ ਆਪਣੀ ਇਕ ਜਣਾਈਆ । ਹੁਕਮੇਂ ਅੰਦਰ ਦੋ ਜਹਾਨ ਹੋਵੇ ਬੱਧਾ, ਬੰਦਗੀ ਵਿਚ ਸਾਰੇ ਸੀਸ ਝੁਕਾਈਆ । ਪ੍ਰਭ ਮਿਲਣ ਦਾ ਸਾਚਾ ਹੋਵੇ ਧੰਦਾ, ਕਰਮ ਕਾਂਡ ਇਕੋ ਇਕ ਵਖਾਈਆ । ਮਨ ਵਾਸਨਾ ਰਹੇ ਕੋਇ ਨਾ ਗੰਦਾ, ਕੂੜੀ ਕਿਰਿਆ ਬਾਹਰ ਕਢਾਈਆ । ਅੰਮ੍ਰਿਤ ਸਰੋਵਰ ਵਖਾਏ ਸਾਚੀ ਗੰਗਾ, ਝਿਰਨਾ ਧੁਰ ਦਾ ਆਪ ਝਿਰਾਈਆ । ਕਰੇ ਖੇਲ ਆਪ ਬਹੁ ਰੰਗਾ, ਭੇਵ ਅਭੇਦਾ ਦਏ ਖੁਲ੍ਹਾਈਆ । ਨਾਮ ਨਿਸ਼ਾਨਾ ਝੂਲੇ ਇਕੋ ਸੱਤਰੰਗਾ, ਚਾਰ ਕੁੰਟ ਦਹਿ ਦਿਸ਼ਾ ਨਜ਼ਰੀ ਆਈਆ । ਕਲਜੁਗ ਅੰਤ ਅਖ਼ੀਰੀ ਦਿਸੇ ਕੰਢਾ, ਪਾਰ ਕਿਨਾਰਾ ਆਪੇ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਾਚਾ ਦੇਵੇ ਨਾਮ ਅਨੰਦਾ, ਅਨੰਦ ਹਰ ਹਿਰਦੇ ਦਏ ਪਰਗਟਾਈਆ । ਸਤਿਜੁਗ ਸਾਚੇ, ਸਾਚਾ ਨਾਮ ਹੋਵੇ ਪ੍ਰਸਿੱਧ, ਸਿਧ ਸਾਧਕ ਧਿਆਨ ਲਗਾਈਆ । ਆਤਮ ਪਰਮਾਤਮ ਸਾਚੀ ਦੱਸੇ ਮਿਲਣ ਦੀ ਬਿਧ, ਨਾਤਾ ਬਿਧਾਤਾ ਲਏ ਜੁੜਾਈਆ । ਝਗੜਾ ਮੁਕਾ ਕੇ ਨੌ ਅਠਾਰਾਂ ਰਿਧ ਸਿਧ, ਸਾਚਾ ਰਸਤਾ ਦਏ ਵਖਾਈਆ । ਅੰਮ੍ਰਿਤ ਝਿਰਨਾ ਝਿਰਾ ਨਿਝ, ਘਰ ਵਿਚ ਘਰ ਦੇਵੇ ਵਡਿਆਈਆ । ਜਨਮ ਮਰਨ ਦਾ ਕਾਰਜ ਕਰੇ ਸਿਧ, ਸਦੀਆਂ ਦੇ ਵਿਛੜੇ ਲਏ ਮਿਲਾਈਆ । ਪੁਰਖ ਅਕਾਲ

ਦੀਨ ਦਿਆਲ ਬਣ ਕੇ ਧੁਰ ਦਾ ਪਿਤ, ਪਤਿਪਰਮੇਸ਼ਵਰ ਆਪਣੀ ਗੋਦ ਉਠਾਈਆ । ਸਦਾ ਸੁਹੇਲਾ ਇਕ ਇਕੇਲਾ ਦਰਸ਼ਨ ਦੇਵੇ ਨਿਤ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਘੜੀ ਸੁਹੰਜਣੀ ਕਰੇ ਥਿਤ, ਵਾਰ ਆਪਣੇ ਰੰਗ ਰੰਗਾਈਆ । ਪ੍ਰੇਮ ਪਿਆਰ ਦੀ ਗੁਰਮੁਖਾਂ ਅੰਦਰ ਲਾ ਕੇ ਖਿੱਚ, ਸੁਰਤੀ ਸ਼ਬਦੀ ਜੋੜ ਜੁੜਾਈਆ । ਨਿਰਗੁਣ ਹੋ ਕੇ ਬਹੇ ਕਾਇਆ ਮੰਦਰ ਵਿਚ, ਸਚ ਦਵਾਰੇ ਸੋਭਾ ਪਾਈਆ । ਜਿਸ ਦਾ ਬੰਦ ਕਦੇ ਨਾ ਹੋਇਆ ਭਿਤ, ਭੀਤਰ ਆਪਣਾ ਖੇਲ ਖਿਲਾਈਆ । ਜੁਗ ਚੌਕੜੀ ਸਾਚਾ ਮਾਰਗ ਲਾ ਕੇ ਲਹਿਣਾ ਦੇਣਾ ਦੇਵੇ ਲਿਖ, ਲੇਖ ਲਿਖਤ ਆਪਣਾ ਹੁਕਮ ਵਰਤਾਈਆ । ਲੇਖੇ ਲਾ ਕੇ ਗੁਰਮੁਖ ਸਿੱਖ, ਸੰਤ ਸੁਹੇਲੇ ਆਪਣੇ ਘਰ ਵਸਾਈਆ । ਸਤਿਜੁਗ ਸਾਚੇ ਸਭ ਦਾ ਮਾਲਕ ਪ੍ਰਿਤਪਾਲਕ ਪਰਮਾਤਮਾ ਹੋਵੇ ਇਕ, ਏਕੰਕਾਰਾ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਦੇ ਨਾ ਦੇਵੇ ਪਿਠ, ਕਰਵਟ ਬਦਲ ਸਨਮੁਖ ਹੋ ਕੇ ਨਜ਼ਰੀ ਆਈਆ ।

### ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਿਹ ਲੁਧਿਆਣਾ

ਸਤਿਜੁਗ ਸਾਚੇ, ਏਕਾ ਨਾਮ ਹੋਵੇ ਮਾਏਜ਼ੀਲ, ਮੀਜ਼ੋ ਮਜ਼ਾਇਲ ਨਜ਼ਰੀ ਆਈਆ । ਬ੍ਰਹਿਮੰਡ ਖੰਡ ਹੁਕਮ ਚਲੇ ਤੈਵਾਜ਼ੋਈਲ, ਲੀਲੇਨ ਜ਼ੁਰਾ ਖੇਲ ਖਿਲਾਈਆ । ਸ਼ਬਦੀ ਨਾਦ ਵੱਜੇ ਜ਼ਾਏਜ਼ੀਲ, ਚਵਿਸਤੇ ਜ਼ੁ ਜ਼ੀਆ ਜਧਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹੁਕਮੇ ਤਾਅਮੀਲ ਖ਼ੁਦਾਏ ਅਜ਼ੀਲ, ਅਮੀਨਉਲਨਿਜ਼ਾ ਜ਼ੀਵੇ ਜ਼ੁਹਾ ਨਜ਼ਰੀ ਆਈਆ । ਸਤਿਜੁਗ ਸਾਚੇ, ਸਾਚਾ ਨਾਮ ਹੋਵੇ ਔਜ਼ੁਬੁਜ਼ਾ, ਬਜਾਤੇ ਖ਼ੁਦ ਦਏ ਵਡਿਆਈਆ । ਨੂਰੇ ਨਿਜ਼ਾ ਹੋਵੇ ਗ਼ਿਜ਼ਾ, ਮੀਜ਼ਾਨੇ ਮਿਜ਼ੋ ਸਮਝ ਕੋਇ ਨਾ ਪਾਈਆ । ਜ਼ਵੀਲੇ ਇਜ਼ਾਹ ਜ਼ਮੂਨੇ ਨਿਜ਼ਾ, ਜ਼ੀਉਕਲਜ਼ਵਾ ਜਾਹਰੇ ਜਹੂਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜ਼ੀਓਨੀਅਲ ਅਵਾਂ, ਸਿਹਰਾਏ ਹਵਾ, ਆਬੇ ਨੂਰ ਨੂਰੇ ਖ਼ੁਦਾ, ਨਜ਼ਰੇ ਨਜ਼ੀਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਜਾਤੇ ਖ਼ੁਦਾ, ਇਬਾਦੇ ਰਵਾਂ, ਸ਼ੈਹਜ਼ਾਦੇ ਸੀਆਂ, ਨਾਦੇ ਆਵਾਜ਼, ਬਾਗੇ ਬੇਜ਼ਬਾਂ, ਜਾਹਰ ਜਹੂਰ ਵਡੀ ਵਡਿਆਈਆ ।


੧੧੪੪
੧੯

### ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਹਰਬੰਸ ਕੌਰ ਦੇ ਗ੍ਰਿਹ ਲੁਧਿਆਣਾ

ਸਤਿਜੁਗ ਸਾਚੇ, ਸਾਚੇ ਨਾਮ ਦਾ ਲਾਵਾਂ ਟਿੱਕਾ, ਇਸ਼ਟ ਆਤਮਾ ਪਰਮਾਤਮਾ ਇਕੋ ਦਿਆਂ ਦ੍ਰਿੜਾਈਆ । ਸਾਚੇ ਮਾਰਗ ਲਾ ਕੇ ਵੱਡਾ ਨਿੱਕਾ, ਨਿਰਗੁਣ ਸਰਗੁਣ ਦਿਆਂ ਸਮਝਾਈਆ । ਪੁਰਖ ਅਕਾਲ ਦੀਨ ਦਿਆਲ ਹੋ ਕੇ ਬਣਾਂ ਧੁਰ ਦਾ ਪਿਤਾ, ਪਤਿਪਰਮੇਸ਼ਵਰ ਬੇਪਰਵਾਹ ਆਪਣਾ ਨਾਉਂ ਉਪਜਾਈਆ । ਸਚ ਪਿਆਰ ਦਾ ਦੱਸਾਂ ਸਾਚਾ ਹਿੱਤਾ, ਮੁਹੱਬਤ ਵਿਚ ਮਿਹਰ ਨਜ਼ਰ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਇਕੋ ਨੂਰ ਦਿਸਾ, ਦੂਸਰ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਸਾਚੇ ਸੰਤਾਂ ਕਦੇ ਨਾ ਦੇਵਾਂ ਪਿੱਛਾ, ਮਿਹਰਵਾਨ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਗੁਰਮੁਖਾਂ

ਜੁਗ ਚੌਕੜੀ ਕਰਾਂ ਰਿਛਾ, ਰਛਕ ਹੋ ਕੇ ਵੇਖਾਂ ਥਾਉਂ ਥਾਈਂਆ । ਸਾਚੇ ਨਾਮ ਦੀ ਪਾਵਾਂ ਅਗੰਮੀ ਭਿੱਛਾ, ਭੁਖਿਆਂ ਝੋਲੀ ਦਿਆਂ ਭਰਾਈਆ । ਲਹਿਣਾ ਦੇਣਾ ਵੇਖ ਵਖਾਵਾਂ ਜੋ ਕਲਜੁਗ ਕਰਮ ਕੀਤਾ, ਚਾਰ ਕੁੰਟ ਦਹਿ ਦਿਸ਼ਾ ਫੋਲ ਫੁਲਾਈਆ । ਪੜਦਾ ਉਹਲਾ ਚੁਕਾਵਾਂ ਠੱਗ ਚੋਰ ਸੱਜਣ ਮੀਤਾ, ਮਿਤਰ ਪਿਆਰੇ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰੀ ਸਤਿ ਧਰਮ ਚਲਾਏ ਰੀਤਾ, ਰੀਤੀਵਾਨ ਰੁੱਤ ਆਪਣੇ ਨਾਲ ਮਹਿਕਾਈਆ । ਸਤਿਜੁਗ ਸਾਚੇ, ਸਾਚੇ ਨਾਮ ਦੀ ਦੱਸਾਂ ਅਗੰਮੀ ਬੋਲੀ, ਸੋਹੰ ਢੋਲਾ ਸ਼ਬਦ ਬੇਪਰਵਾਹੀਆ । ਸਾਚੇ ਕੰਢੇ ਸ੍ਰਿਸ਼ਟੀ ਜਾਵਾਂ ਤੋਲੀ, ਲੱਖ ਚੁਰਾਸੀ ਜੀਵ ਜੰਤ ਬਚਿਆ ਰਹਿਣ ਕੋਇ ਨਾ ਪਾਈਆ । ਭਗਤ ਭੰਡਾਰਾ ਜਾਵਾਂ ਖੋਲ੍ਹੀ, ਭਗਵਨ ਹੋ ਕੇ ਆਪਣਾ ਨਾਮ ਵਰਤਾਈਆ । ਸੰਤ ਸੁਹੇਲੇ ਬਣਾਉਂਦਾ ਜਾਵਾਂ ਸਾਚੇ ਘਰ ਦੀ ਗੋਲੀ, ਗੁਰਮੁਖ ਸੇਵਕ ਆਪਣੇ ਰੰਗ ਰੰਗਾਈਆ । ਨਿਰਗੁਣ ਜੋਤ ਆਤਮ ਪਰਮਾਤਮ ਬਣਾਉਂਦਾ ਜਾਵਾਂ ਵਿਚੋਲੀ, ਦੂਜਾ ਨਜ਼ਰ ਕੋਇ ਨਾ ਆਈਆ । ਸਾਚੇ ਪ੍ਰੇਮ ਰੰਗ ਦੀ ਖੇਲਾਂ ਹੋਲੀ, ਲਾਲ ਗੁਲਾਲਾ ਆਪਣਾ ਨਾਮ ਵਖਾਈਆ । ਸਤਿ ਧਰਮ ਦੀ ਜਗਤ ਚੜ੍ਹਾਵਾਂ ਸਾਚੀ ਡੋਲੀ, ਬਣ ਕਹਾਰ ਭਾਰ ਆਪਣੇ ਕੰਧ ਉਠਾਈਆ । ਦੇਵਾਂ ਵਸਤ ਇਕ ਅਨਮੋਲੀ, ਕਰਤਾ ਕ਼ੀਮਤ ਨਾ ਕੋਇ ਲਗਾਈਆ । ਸੁਰਤੀ ਰਹੇ ਨਾ ਕਿਸੇ ਭੋਲੀ, ਭਾਉ ਆਪਣਾ ਦਿਆਂ ਸਮਝਾਈਆ । ਵਾਸਨਾ ਰਹੇ ਨਾ ਮਨ ਦੀ ਗੋਲੀ, ਕਾਇਆ ਗੋਲਕ ਅੰਦਰ ਸਾਚੀ ਵਸਤ ਦਿਆਂ ਟਿਕਾਈਆ । ਮੁਹੱਬਤ ਵਿਚ ਅੰਦਰ ਬਾਹਰ ਰੰਗਾਂ ਚੋਲੀ, ਪੰਜ ਤਤ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚਾ ਸਤਿ ਸਚ ਸਰੂਪ ਸਮਝਾਈਆ । ਸਤਿਜੁਗ ਸਾਚੇ, ਮੇਰੇ ਨਾਮ ਦਾ ਅਗੰਮੀ ਨੁਕਤਾ, ਅੱਖਰਾਂ ਵਾਲੀ ਨਾ ਬਹੁ ਵਡਿਆਈਆ । ਜਿਸ ਦਾ ਪੈਂਡਾ ਮੰਜ਼ਲ ਗਿਆਂ ਕਦੇ ਨਾ ਮੁਕਦਾ, ਜਗਤ ਪਾਂਧੀ ਭੱਜਣ ਵਾਹੋ ਦਾਹੀਆ । ਉਹ ਭੇਵ ਖੁਲ੍ਹਾਵੇ ਪੜਦੇ ਉਹਲੇ ਲੁਕ ਦਾ, ਸਵੱਛ ਸਰੂਪ ਹੋ ਕੇ ਨਜ਼ਰੀ ਆਈਆ । ਜਨ ਭਗਤਾਂ ਨਾਤਾ ਜੋੜ ਕੇ ਪਿਤਾ ਪੁੱਤ ਦਾ, ਗੁਰਮੁਖ ਆਪਣੀ ਗੋਦ ਉਠਾਈਆ । ਜਿਸ ਦਾ ਭਾਣਾ ਕਦੇ ਨਾ ਰੁਕਦਾ, ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਓਸ ਦਾ ਸ਼ਬਦ ਨਿਸ਼ਾਨਾ ਕਦੇ ਨਾ ਉਕਦਾ, ਦੋ ਜਹਾਨਾਂ ਅਣਿਆਲਾ ਤੀਰ ਚਲਾਈਆ । ਝਗੜਾ ਮੁਕਾਵੇ ਕਲਜੁਗ ਕੂੜ ਕੁੜਿਆਰੇ ਦੁੱਖ ਦਾ, ਸੁਖ ਆਤਮ ਦਏ ਉਪਜਾਈਆ । ਲੇਖੇ ਲਾ ਕੇ ਜਨਮ ਗੁਰਸਿਖ ਮਾਨਸ ਮਨੁੱਖ ਦਾ, ਮੋਹਣ ਮਾਧਵ ਬਖ਼ਸ਼ੇ ਇਕ ਸਰਨਾਈਆ । ਸਤਿਜੁਗ ਤੇਰਾ ਵਕਤ ਸੁਹੰਜਣਾ ਲੋਕਮਾਤ ਦਿਸੇ ਢੁਕਦਾ, ਘੜੀ ਪਲ ਲਏ ਅੰਗੜਾਈਆ । ਸੰਤ ਸੁਹੇਲਾ ਭਗਵਨ ਇਕੋ ਝੁਕਦਾ, ਦੂਸਰ ਸੀਸ ਨਾ ਕੋਇ ਨਿਵਾਈਆ । ਜਿਨ੍ਹਾਂ ਨਾਮ ਗਾਇਆ ਤੇਰੀ ਅਗੰਮੀ ਤੁਕ ਦਾ, ਤੁਖ਼ਮ ਤਾਸੀਰ ਗਏ ਬਦਲਾਈਆ । ਉਨ੍ਹਾਂ ਅਧਵਿਚਕਾਰ ਰਾਏ ਧਰਮ ਮੂਲ ਨਾ ਪੁਛਣਾ, ਚਿਤਰ ਗੁਪਤ ਨਾ ਲੇਖ ਵਖਾਈਆ । ਇਕੋ ਘਰ ਮਿਲੇ ਸਚ ਸੁਚ ਦਾ, ਸਚਖੰਡ ਦਵਾਰ ਸਾਚਾ ਸੋਭਾ ਪਾਈਆ । ਜਿਸ ਮੰਜ਼ਲ ਤੇ ਅਗਲਾ ਪੈਂਡਾ ਮੁਕਦਾ, ਬਾਕੀ ਅਵਰ ਨਾ ਕੋਇ ਰਖਾਈਆ । ਸੋ ਸਵਾਮੀ ਅੰਤਰਜਾਮੀ ਬਣ ਕੇ ਗੁਰਮੁਖਾਂ ਗੋਦੀ ਚੁੱਕਦਾ, ਮੇਲ ਮਿਲਾਏ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਖ਼ਾਤਰ ਜੁਗ ਚੌਕੜੀ ਨਿਤ ਨਵਿਤ ਆਪਣੀ ਧਾਰੋਂ ਉਠਦਾ, ਜਨਨੀ ਕੁੱਖ ਵਿਚ ਕਦੇ ਨਾ ਆਈਆ ।


੧੧੪੫
੧੯

## ✪ ੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮਦਨ ਲਾਲ ਦੇ ਗ੍ਰਿਹ ਲੁਧਿਆਣਾ ✪

ਸਤਿਜੁਗ ਸਾਚੇ, ਸਾਚੇ ਨਾਮ ਦਾ ਉਪਜੇ ਸਚ ਤਰਾਨਾ, ਧਾਰ ਧੁਰ ਦੀ ਦਏ ਸਮਝਾਈਆ । ਸਾਚਾ ਮਾਰਗ ਦੱਸੇ ਇਕ ਨਿਸ਼ਾਨਾ, ਨਛਾਵਰ ਹੋਣਾ ਦਏ ਸਮਝਾਈਆ । ਚਰਨ ਕਵਲ ਸਮਝਾਏ ਇਕ ਧਿਆਨਾ, ਨੇਤਰ ਨੈਣ ਅੱਖ ਬਦਲਾਈਆ । ਸਾਚਾ ਪ੍ਰੇਮ ਕਰਨਾ ਸਮਝਾਏ ਸ੍ਰੀ ਭਗਵਾਨਾ, ਪਾਰਬ੍ਰਹਮ ਬ੍ਰਹਮ ਆਪਣੇ ਰੰਗ ਰੰਗਾਈਆ । ਮਸਤ ਖ਼ੁਮਾਰੀ ਅੰਦਰ ਕਰੇ ਦੀਵਾਨਾ, ਦਰ ਘਰ ਦੇਵੇ ਮਾਣ ਵਡਿਆਈਆ । ਕੂੜੀ ਕਿਰਿਆ ਰਹਿਣ ਨਾ ਦੇਵੇ ਅੰਦਰ ਕਰਿਆਨਾ, ਕਰਮ ਦੇ ਕਰਮ ਰੋਗ ਬਾਹਰ ਕਢਾਈਆ । ਮਨੂਆ ਮਨ ਲਾਏ ਨਾ ਕੋਇ ਬਹਾਨਾ, ਦਗ਼ਾ ਫ਼ਰੇਬ ਨਾ ਕੋਇ ਕਮਾਈਆ । ਸੱਜਣ ਰਹੇ ਨਾ ਕੋਇ ਬੇਗਾਨਾ, ਮੀਤ ਨਜ਼ਰੀ ਸਾਰੇ ਆਈਆ । ਖੇਲੇ ਖੇਲ ਵਾਲੀ ਦੋ ਜਹਾਨਾਂ, ਜਹਾਲਤ ਕੂੜੀ ਦਏ ਗਵਾਈਆ । ਜਨ ਭਗਤਾਂ ਦੇ ਕੇ ਨਾਮ ਨਿਧਾਨਾ, ਰਿਧਾਂ ਸਿਧਾਂ ਡੇਰਾ ਦੇਵੇ ਢਾਹੀਆ । ਚਤੁਰ ਸੁਘੜ ਬਣਾ ਕੇ ਬਾਲ ਅੰਞਾਣਾ, ਬਿਬੇਕ ਬੁਧ ਦਏ ਕਰਾਈਆ । ਸ਼ਬਦੀ ਸ਼ਬਦ ਸਾਚੇ ਚਾੜ੍ਹ ਬਬਾਣਾ, ਸਚ ਦਵਾਰੇ ਲਏ ਪਹੁੰਚਾਈਆ । ਜਿਥੇ ਮਿਲੇ ਏਕੋ ਪਰਮ ਪੁਰਖ ਸੁਲਤਾਨਾ, ਸਤਿ ਸਤਿਵਾਦੀ ਡੇਰਾ ਲਾਈਆ । ਜਨ ਭਗਤਾਂ ਸਾਚੇ ਸੰਤਾਂ ਠਾਂਡੇ ਦਰ ਦੇਵੇ ਮਾਣਾ, ਅਭਿਮਾਨ ਸੰਗ ਨਾ ਕੋਇ ਨਿਭਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਸਾਚੇ ਗ੍ਰਿਹ ਕਰ ਪਰਵਾਨਾ, ਪਰਵਾਨਗੀ ਆਪਣਾ ਨਾਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ, ਸਰਬ ਜੀਆਂ ਦਾ ਬਣ ਕੇ ਧੁਰ ਦਾ ਕਾਹਨਾ, ਮਾਲਕ ਹੋ ਕੇ ਮੇਲਾ ਲਏ ਮਿਲਾਈਆ ।



੧੧੪੬
੧੯

## ✪ ੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਗੁਰਦੇਵ ਸਿੰਘ ਦੇ ਗ੍ਰਿਹ ਲੁਧਿਆਣਾ ✪

ਗੁਰ ਅਵਤਾਰ ਪੈਗ਼ੰਬਰ ਕਹਿਣ ਅਖ਼ੀਰ, ਸਚਖੰਡ ਦਵਾਰੇ ਮੁਕਾਮੇ ਹੱਕ ਪ੍ਰਭ ਅਗੇ ਸੀਸ ਨਿਵਾਈਆ । ਪਰਵਰਦਿਗਾਰ ਸਾਂਝੇ ਯਾਰ ਪਾਰਬ੍ਰਹਮ ਪਤਿਪਰਮੇਸ਼ਵਰ ਸ਼ਰਅ ਕਟ ਜ਼ੰਜੀਰ, ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਲੇਖਾ ਦੇ ਮੁਕਾਈਆ । ਕੂੜੀ ਕਿਰਿਆ ਲੋਕਮਾਤ ਕਲਜੁਗ ਚਾਰ ਵਰਨ ਅਠਾਰਾਂ ਬਰਨ ਮੇਟ ਲਕੀਰ, ਸਾਹਿਬ ਸਵਾਮੀ ਅੰਤਰਜਾਮੀ ਪੂਰਨ ਬ੍ਰਹਮ ਗਿਆਨ ਦ੍ਰਿੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਬਦਲ ਦੇ ਜਮੀਰ, ਜ਼ਾਮਨ ਹੋ ਕੇ ਧੁਰ ਦੇ ਰਾਮ ਏਕਾ ਨਾਮ ਦੇ ਸਮਝਾਈਆ । ਝਗੜਾ ਰਹੇ ਨਾ ਗ਼ਰੀਬ ਅਮੀਰ, ਮਾਨਵ ਜਾਤੀ ਮਿਲ ਕੇ ਮਾਨਵ ਵੱਜੇ ਵਧਾਈਆ । ਮਨ ਵਾਸਨਾ ਰਹੇ ਨਾ ਕੋਇ ਦਿਲਗੀਰ, ਜਗਤ ਤ੍ਰਿਸ਼ਨਾ ਮਮਤਾ ਮੋਹ ਨਾ ਕੋਇ ਸਤਾਈਆ । ਕਿਰਪਾ ਕਰ ਸ਼ਾਹ ਪਾਤਸ਼ਾਹ ਬੇਨਜ਼ੀਰ, ਅਬਿਨਾਸ਼ੀ ਕਰਤੇ ਤੇਰੇ ਹੱਥ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਨਾਮ ਦੀ ਦੱਸ ਕੇ ਆਏ ਤਦਬੀਰ, ਤਰੀਕਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਸਮਝਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਕਰ ਕੇ ਆਏ ਤਾਮੀਰ, ਅਠਸਠ ਤੀਰਥ ਤਟ ਜਗਤ ਵਡਿਆਈਆ । ਕਲਜੁਗ ਅੰਤ ਸ੍ਰੀ ਭਗਵੰਤ ਸਾਫ਼ ਪਵਿਤ੍ਰ ਪਾਕ ਰਿਹਾ ਨਾ ਕੋਇ ਨੀਰ, ਸਾਚਾ ਸੀਰ ਅੰਮ੍ਰਿਤ ਜਾਮ ਮੁਖ ਨਾ ਕੋਇ ਚੁਆਈਆ । ਚਾਰ ਕੁੰਟ ਦਹਿ ਦਿਸ਼ਾ ਨੇਤਰ ਰੋਵੇ ਸ਼ਾਹ ਹਕੀਰ, ਸਾਂਤਕ ਸਤਿ ਧੀਰਜ ਧੀਰ ਨਾ ਕੋਇ ਧਰਾਈਆ । ਜੂਠ ਝੂਠ ਦਹਿ ਦਿਸ਼ਾ ਘੱਤੀ ਜਾਏ ਵਹੀਰ, ਸਚ ਸੁਚ ਮੇਲ

ਨਾ ਕੋਇ ਮਿਲਾਈਆ । ਜੀਵਾਂ ਜੰਤਾਂ ਬਦਲੇ ਨਾ ਕੋਇ ਤਕਦੀਰ, ਤਰੀਕਾ ਹੱਕ ਨਾ ਕੋਇ ਸਮਝਾਈਆ । ਜੁਗ ਬਦਲਨਾ ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਖੇਲ ਕ਼ਦੀਮ, ਕ਼ੁਦਰਤ ਦੇ ਮਾਲਕ ਤੇਰੀ ਕਾਰ ਚਲੀ ਆਈਆ । ਸਚ ਮਹੱਲ ਅਟਲ ਉਚ ਮੀਨਾਰ ਵਖਾ ਅਜ਼ੀਮ, ਆਲੀਸ਼ਾਨ ਬੇਮੁਕਾਮ ਆਪਣਾ ਪੜਦਾ ਦੇ ਉਠਾਈਆ । ਅਗੇ ਰਹੇ ਨਾ ਤੇਰੇ ਨਾਮ ਦੀ ਕੋਇ ਤਕਸੀਮ, ਸਾਚਾ ਨਾਮ ਇਕੋ ਦੇ ਦ੍ਰਿੜਾਈਆ । ਆਪਣਾ ਮਾਰਗ ਦੱਸ ਮਹੀਨ, ਮਾਤ ਜ਼ਮੀਨ ਉਤੇ ਆਪ ਪਰਗਟਾਈਆ । ਹੁਕਮੇ ਅੰਦਰ ਕਰ ਤਰਮੀਮ, ਤਰ੍ਹਾ ਤਰ੍ਹਾ ਦੇ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰੇ ਉਤੇ ਸਾਨੂੰ ਯਕੀਨ, ਯਕੇ ਬਾਦ ਦੀਗਰੇ ਸਾਰੇ ਸੀਸ ਨਿਵਾਈਆ । ਚਾਰ ਜੁਗ ਤੇਰੇ ਸੇਵਕ ਬਣ ਕੇ ਰਹੇ ਅਧੀਨ, ਲੋਕਮਾਤ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਕਿਰਿਆ ਦੇ ਹਰ, ਸਤਿਜੁਗ ਸਾਚਾ ਇਕ ਉਪਜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਡੀ ਚਰਨ ਕਵਲ ਨਮਸਤੇ, ਸਜਦਾ ਕਰ ਕੇ ਸੀਸ ਝੁਕਾਈਆ । ਖੇਲ ਵੇਖੀਏ ਪੁਰਖ ਸਮਰਥ ਦੇ, ਜੁਗ ਚੌਕੜੀ ਸਾਡੀ ਆਸਾ ਚਲੀ ਆਈਆ । ਸਾਚਾ ਮਾਰਗ ਸਾਹਿਬ ਸਵਾਮੀ ਇਕੋ ਦੱਸ ਦੇ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਬ੍ਰਹਿਮੰਡ ਖੰਡ ਇਕੋ ਇਸ਼ਟ ਮਨਾਈਆ । ਚਾਰ ਵਰਨ ਅਠਾਰਾਂ ਬਰਨ ਖ਼ੁਸ਼ੀਆਂ ਵਿਚ ਵੇਖੀਏ ਹੱਸ ਦੇ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦੀਰਘ ਰੋਗ ਨਾ ਕੋਇ ਸਤਾਈਆ । ਪੜਦੇ ਲਾਹ ਆਪਣੀ ਅਗੰਮੀ ਅੱਖ ਦੇ, ਨਿਜ ਨੇਤਰ ਲੋਚਣ ਨੈਣ ਕਰ ਰੁਸ਼ਨਾਈਆ । ਸੰਤ ਸੁਹੇਲੇ ਭਗਤ ਜਨ ਤੈਨੂੰ ਲੋਕਮਾਤ ਲੱਭਦੇ, ਚਾਰ ਕੁੰਟ ਦਹਿ ਦਿਸ਼ਾ ਵੇਖਣ ਥਾਉਂ ਥਾਈਂਆ । ਬਿਨਾ ਤੇਰੀ ਕਿਰਪਾ ਪੁਰਖ ਅਕਾਲ ਦੀਨ ਦਿਆਲ ਤੇਰੇ ਦਰ ਮੂਲ ਨਾ ਸਜਦੇ, ਸਾਚਾ ਘਰ ਨਜ਼ਰ ਕਿਸੇ ਨਾ ਆਈਆ । ਮਿਹਰਵਾਨ ਮਹਿਬੂਬ ਹੋ ਕੇ ਕਲਜੁਗ ਕੂੜੀ ਕਿਰਿਆ ਮਾਤ ਵਿਚੋਂ ਕੱਢਦੇ, ਧਰਨੀ ਧਰਤ ਧਵਲ ਉਪਰ ਰਹਿਣ ਕੋਇ ਨਾ ਪਾਈਆ । ਲੇਖੇ ਮੁਕਾ ਕੇ ਰਹਿਣੇ ਅੱਡ ਦੇ, ਆਤਮ ਪਰਮਾਤਮ ਮੇਲਾ ਲੈ ਕਰਾਈਆ । ਜਗਤ ਵਿਕਾਰ ਮੁਕਾ ਦੇ ਜਗ ਦੇ, ਜਾਗਰਤ ਜੋਤ ਕਰ ਰੁਸ਼ਨਾਈਆ । ਝਗੜੇ ਰਹਿਣ ਨਾ ਤ੍ਰੈਗੁਣ ਮਾਇਆ ਤ੍ਰਿਸ਼ਨਾ ਅੱਗ ਦੇ, ਤ੍ਰਿਖਾ ਕੂੜੀ ਦੇ ਬੁਝਾਈਆ । ਨਾਮ ਪਿਆਲੇ ਪਿਆ ਅਗੰਮੀ ਮਧ ਦੇ, ਸਚ ਖ਼ੁਮਾਰੀ ਇਕ ਚੜ੍ਹਾਈਆ । ਦਰਸ ਕਰਾ ਕਾਇਆ ਕਾਅਬੇ ਵਾਲੇ ਹਜ ਦੇ, ਹਜ਼ਰਤ ਪੈਗ਼ੰਬਰ ਰਸੂਲ ਮਾਕੂਲ ਇਕੋ ਨਜ਼ਰੀ ਆਈਆ । ਰਾਗ ਸੁਣਾ ਆਪਣੇ ਅਗੰਮੀ ਨਦ ਦੇ, ਰਸਨਾ ਜਿਹਵਾ ਬੱਤੀ ਦੰਦ ਬੋਲਣ ਦੀ ਲੋੜ ਰਹੇ ਨਾ ਰਾਈਆ । ਧਰਮ ਨਿਸ਼ਾਨੇ ਚਾਰ ਕੁੰਟ ਦਹਿ ਦਿਸ਼ਾ ਗੱਡ ਦੇ, ਵਾਹਿਦ ਖ਼ੁਦਾ ਗਾਡ ਰਾਮ ਅੱਲਾ ਵਾਹਿਗੁਰੂ ਤੂੰ ਹੀ ਨਜ਼ਰੀ ਆਈਆ । ਲੇਖੇ ਰਹਿਣ ਨਾ ਦੀਨਾਂ ਮਜ਼੍ਹਬਾਂ ਵਾਲੀ ਹਦ ਦੇ, ਹਦੂਦ ਮਹਿਦੂਦ ਇਕੋ ਇਕ ਵਖਾਈਆ । ਜਿਥੇ ਆਤਮ ਪਰਮਾਤਮ ਪ੍ਰੇਮ ਪ੍ਰੀਤੀ ਪ੍ਰੀਤੀ ਨਾਤੇ ਬੱਝਦੇ, ਭਜਨ ਬੰਦਗੀ ਇਕੋ ਦੇ ਸਮਝਾਈਆ । ਨਾਮ ਨਗਾਰੇ ਹੋਵਣ ਵੱਜਦੇ, ਤੁਰੀਆ ਪਦ ਤੋਂ ਅਗੇ ਕਰ ਪੜ੍ਹਾਈਆ । ਜਿਥੇ ਸੰਤ ਸੁਹੇਲੇ ਨਿਰਗੁਣ ਜੋਤ ਵਿਚ ਮਿਲ ਕੇ ਸਜਦੇ, ਨਾਤਾ ਤੱਤਾਂ ਵਾਲਾ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੈਗ਼ੰਬਰ ਦਰ ਠਾਂਡੇ ਬੈਠੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਵੇਖ ਦੀਨ ਦੁਨੀ ਦਾ ਰਸਤਾ, ਕਲਜੁਗ ਭਰਮੇ ਭੁੱਲੀ ਸਰਬ ਲੋਕਾਈਆ । ਸਾਚਾ ਖੇੜਾ ਤਨ ਮੰਦਰ ਦਿਸੇ ਕਿਸੇ ਨਾ ਵਸਦਾ, ਵਸਲ ਯਾਰ ਹੱਕ ਮਹਿਬੂਬ ਸਚ ਨਾ ਕੋਇ ਕਮਾਈਆ । ਮਨ ਵਾਸਨਾ ਜਗਤ ਜਹਾਨ ਫਿਰੇ ਨਸਦਾ, ਬੁਧੀ ਚਲੇ ਨਾ ਕੋਇ


੧੧੪੭
੧੯

ਚਤੁਰਾਈਆ । ਮਾਇਆ ਮਮਤਾ ਮੋਹ ਵਿਕਾਰ ਵਿਚ ਤਪਦਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮਾਨਸ ਜਨਮ ਹੋਇਆ ਕੱਖ ਦਾ, ਅੰਤ ਕ਼ੀਮਤ ਨਾ ਕੋਇ ਚੁਕਾਈਆ । ਅਬਿਨਾਸ਼ੀ ਕਰਤੇ ਇਕੋ ਮਾਰਗ ਦੱਸ ਸਚ ਦਾ, ਸਚ ਸਾਜਣ ਹੋ ਕੇ ਦੇ ਸਮਝਾਈਆ । ਲੇਖਾ ਮੁਕਾ ਦੇ ਉਬਲਣ ਵਾਲੀ ਰੱਤ ਦਾ, ਅਗਨੀ ਤਤ ਨਾ ਕੋਇ ਜਲਾਈਆ । ਝਗੜਾ ਰਹੇ ਨਾ ਮਾਇਆ ਡੱਸਣੀ ਸੱਪ ਦਾ, ਸਤਿ ਸਰੂਪ ਆਪਣਾ ਦੇ ਵਖਾਈਆ । ਹਿੱਸਾ ਰਹੇ ਨਾ ਤੇਰੇ ਜਪ ਦਾ, ਨਾਮ ਢੋਲਾ ਗੀਤ ਕਲਮਾ ਇਕੋ ਇਕ ਸ੍ਰਿਸ਼ਟ ਸਬਾਈ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਕਰ ਹਕ਼ੀਕ਼ਤ ਹੱਕ ਦਾ, ਹਾਕਮ ਹੋ ਕੇ ਧੁਰ ਫ਼ਰਮਾਨਾ ਇਕ ਸੁਣਾਈਆ । ਗੁਰੂ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਡੀ ਅੰਤਮ ਹੋਈ ਬਸ, ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਗੀਤਾ ਗਿਆਨ ਅੰਜੀਲ ਕ਼ੁਰਾਨ ਬਸਤਿਆਂ ਵਿਚ ਬੰਨ੍ਹ ਬੈਠੇ ਮੁਖ ਛੁਪਾਈਆ । ਅੱਖਰਾਂ ਵਾਲੇ ਨਾਮ ਦਾ ਚਲੇ ਕੋਈ ਨਾ ਵਸ, ਅੱਲਾ ਰਾਮ ਵਾਹਿਗੁਰੂ ਕ੍ਰਿਸ਼ਨ ਕਹਿ ਕੇ ਸਾਰੇ ਪਾਪ ਰਹੇ ਕਮਾਈਆ । ਕਾਇਆ ਮੰਦਰ ਅੰਦਰ ਦਿਸੇ ਕੋਈ ਨਾ ਸਚ, ਜੂਠ ਝੂਠ ਭਰਮ ਭੁਲੀ ਜਗਤ ਲੋਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਿਰਪਾ ਕਰ ਪੁਰਖ ਸਮਰਥ, ਪਰਵਰਦਿਗਾਰ ਸਾਂਝੇ ਯਾਰ ਠਾਂਡੇ ਦਰਬਾਰ ਤੇਰੇ ਅਗੇ ਅਰਜ਼ ਸੁਣਾਈਆ । ਸਤਿ ਸਤਿਵਾਦ ਸ਼ਬਦ ਅਨਾਦ ਬ੍ਰਹਮ ਬ੍ਰਹਿਮਾਦ ਮਾਰਗ ਦੱਸ ਹਰ ਹਿਰਦੇ ਅੰਦਰ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਸੰਤ ਸੁਹੇਲੇ ਗੁਰਮੁਖ ਹਰਿਜਨ ਹਰਿ ਭਗਤ ਸੰਤ ਪਿਆਰੇ ਕਰ ਇਕੱਠ, ਸੂਫ਼ੀ ਫ਼ਕੀਰ ਆਪਣੇ ਅੰਗ ਲਗਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਨਾਤਾ ਜੋੜ ਸਚ, ਸਾਚਾ ਮਾਰਗ ਦੀਨ ਦੁਨੀ ਇਕੋ ਦੇ ਵਖਾਈਆ । ਭਾਗ ਲਗਾ ਸਾਢੇ ਤਿੰਨ ਹੱਥ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦੇ ਸੁਹਾਈਆ । ਲੂੰ ਲੂੰ ਅੰਦਰ ਜਾ ਰਚ, ਸਾਢੇ ਤਿੰਨ ਕਰੋੜ ਤੇਰਾ ਢੋਲਾ ਗਾਈਆ । ਨਾਮ ਭੰਡਾਰਾ ਵਸਤ ਅਮੋਲਕ ਦੇ ਵਥ, ਵਾਸਤਾ ਪਾ ਕੇ ਤੇਰੇ ਅਗੇ ਮੰਗ ਮੰਗਾਈਆ । ਜਿਸ ਨੂੰ ਚਾਰ ਵਰਨ ਅਠਾਰਾਂ ਬਰਨ ਇਕੋ ਰਸ ਵਿਚ ਕਹਿਣ ਜਪ, ਅੱਖਰ ਵੰਡ ਨਾ ਕੋਇ ਵੰਡਾਈਆ । ਕੋਟ ਜਨਮ ਦੇ ਉਤਾਰੇ ਪਪ, ਪਤਿਤ ਪਾਪੀ ਪੁਨੀਤ ਦਏ ਕਰਾਈਆ । ਸੰਤ ਸੁਹੇਲੇ ਲੋਕਮਾਤ ਲੈ ਰਖ, ਰੱਖਕ ਹੋ ਕੇ ਵੇਖ ਵਖਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਪੁਰਖ ਸਮਰਥ, ਵਡ ਵੱਡਾ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਜੋ ਜਨ ਤੇਰੀ ਸਰਨੀ ਜਾਏ ਢੱਠ, ਮਸਤਕ ਟਿੱਕਾ ਧੂੜੀ ਖ਼ਾਕ ਰਮਾਈਆ । ਉਹ ਸਿੱਧਾ ਸਚਖੰਡ ਦਵਾਰੇ ਤੇਰੇ ਚਰਨ ਕਵਲਾਂ ਜਾਏ ਵਸ, ਅਧਵਿਚਕਾਰ ਨਾ ਕੋਇ ਅਟਕਾਈਆ । ਨਿਰਗੁਣ ਨੂਰ ਕਰਨਾ ਜੋਤ ਪਰਕਾਸ਼, ਅੰਧ ਅੰਧੇਰਾ ਅੰਦਰੋਂ ਬਾਹਰ ਕਢਾਈਆ । ਪਰਮਾਤਮ ਹੋ ਕੇ ਆਤਮ ਦੇਣਾ ਸਾਥ, ਸਗਲਾ ਸੰਗ ਵਖਾਈਆ । ਸੋ ਗੁਰਮੁਖ ਸੱਜਣ ਮੀਤ ਪਿਆਰਾ ਅਬਿਨਾਸ਼ੀ ਕਰਤੇ ਵਸੇ ਤੇਰੇ ਪਾਸ, ਜਗਤ ਵਿਛੋੜਾ ਨਜ਼ਰ ਕੋਇ ਨਾ ਆਈਆ । ਤੂੰ ਦਾਤਾ ਦਾਨੀ ਸਰਬ ਗੁਣਤਾਸ, ਗੁਣਵੰਤਾ ਆਦਿਨ ਅੰਤਾ ਜੁਗਾ ਜੁਗੰਤਾ ਨਜ਼ਰੀ ਆਈਆ । ਸਾਚੇ ਮੰਡਲ ਨਿਰਗੁਣ ਨਿਰਗੁਣ ਪਾਰਬ੍ਰਹਮ ਵੇਖੇ ਬਿਨ ਗੋਪੀ ਕਾਹਨ ਤੇਰੀ ਰਾਸ, ਸਚ ਦਵਾਰੇ ਬਹਿ ਕੇ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਹਉਂ ਸੇਵਕ ਤੇਰੇ ਦਾਸ, ਦਾਸੀ ਦਾਸ ਰੂਪ ਵਟਾਈਆ । ਸਦੀ ਚੌਧਵੀਂ ਅੰਤ ਅਖ਼ੀਰੀ ਸਾਡੀ ਬੇਨੰਤੀ ਆਰਜ਼ੂ ਅਰਜ਼ ਮੰਨ ਅਰਦਾਸ, ਆਜਿਜ਼ ਹੋ ਕੇ ਸੀਸ ਝੁਕਾਈਆ । ਜਨ ਭਗਤਾਂ ਕਰ ਬੰਦ ਖ਼ੁਲਾਸ, ਬੰਦੀਖ਼ਾਨਾ ਜਨਮ ਮਰਨ ਦੇਣਾ ਮਿਟਾਈਆ । ਜੋ ਜਨ ਗੁਰਮੁਖ ਬਣ ਕੇ ਆ ਗਏ ਤੇਰੇ

ਪਾਸ, ਤਿਨ੍ਹਾਂ ਦੀ ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਸਚਖੰਡ ਦਵਾਰ ਖੜਨੇ ਖ਼ਾਸ, ਦਰਗਾਹ ਸਾਚੀ ਮੁਕਾਮੇ ਹੱਕ ਡੇਰਾ ਦੇਣਾ ਲਾਈਆ । ਕਿਉਂ ਪ੍ਰਭੂ ਉਨ੍ਹਾਂ ਤੇਰੇ ਉਤੇ ਰੱਖਿਆ ਵਿਸਵਾਸ, ਵਿਸ਼ਿਆਂ ਵਾਲਾ ਗੁਰੂ ਨਾ ਕੋਇ ਮਨਾਈਆ । ਉਨ੍ਹਾਂ ਪੂਰੀ ਕਰਨੀ ਆਸ, ਆਸਾ ਮਨਸਾ ਆਪਣੇ ਵਿਚ ਸਮਾਈਆ । ਮਾਨਸ ਜਨਮ ਕਰਨਾ ਰਹਿਰਾਸ, ਚਾਰੇ ਖਾਣੀ ਅੰਡਜ ਜੇਰਜ ਉਤਭੁਜ ਸੇਤਜ ਲਹਿਣਾ ਦੇਣਾ ਮੁਕਾਈਆ । ਸਚ ਦਵਾਰਾ ਬਖ਼ਸ਼ਣਾ ਜਿਥੇ ਮੇਲ ਕਬੀਰ ਰਵਦਾਸ, ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਚਾ ਜੋੜਨਾ ਇਕੋ ਨਾਤ, ਜਨ ਭਗਤਾਂ ਦੇਣਾ ਧੁਰ ਦਾ ਸਾਥ, ਪੰਧ ਮੁਕਾਉਣਾ ਪ੍ਰਿਥਮੀ ਆਕਾਸ਼, ਨਿਜ ਦਵਾਰੇ ਕਰਨਾ ਵਾਸ, ਜਿਥੇ ਨਿਰਮਲ ਜੋਤ ਹੋਵੇ ਪਰਕਾਸ਼, ਸੂਰੀਆ ਚੰਦ ਨਜ਼ਰ ਕੋਇ ਨਾ ਆਈਆ ।

## ✪ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸੁਖਵੰਤ ਕੌਰ ਦੇ ਗ੍ਰਿਹ ਲੁਧਿਆਣਾ ✪

ਪੁਰਖ ਅਕਾਲ ਕਹੇ ਸੁਣੋ ਪੈਗ਼ੰਬਰ ਗੁਰੂ ਅਵਤਾਰ, ਨਿਰਗੁਣ ਨਿਰਵੈਰ ਨਿਰਾਕਾਰ ਦਏ ਦ੍ਰਿੜਾਈਆ । ਖੇਲਾਂ ਖੇਲ ਅਗੰਮ ਅਪਾਰ, ਜੋਤੀ ਸ਼ਬਦੀ ਧਾਰ ਆਪਣਾ ਹੁਕਮ ਵਰਤਾਈਆ । ਲਹਿਣਾ ਦੇਣਾ ਜਾਣਾ ਜੁਗ ਚੌਕੜੀ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖਾਂ ਥਾਉਂ ਥਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਦੇਵਾਂ ਹੁਲਾਰ, ਚੌਦਾਂ ਲੋਕ ਚੌਦਾਂ ਤਬਕ ਸੋਇਆ ਰਹਿਣ ਕੋਇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਧਰਨੀ ਧਰਤ ਧਵਲ ਪਾਵਾਂ ਸਾਰ, ਉੱਤਰ ਪੂਰਬ ਪੱਛਮ ਦੱਖਣ ਪੜਦਾ ਚੁੱਕਾਂ ਚਾਈਂ ਚਾਈਆ । ਜੋ ਭਵਿਖਤਾਂ ਵਿਚ ਲਿਖਤਾਂ ਵਿਚ ਇਸ਼ਟਾਂ ਵਿਚ ਕਰਕੇ ਆਏ ਇਜ਼ਹਾਰ, ਜਾਹਰ ਜਹੂਰ ਕਰਾਂ ਰੁਸ਼ਨਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਹੋ ਉਜਿਆਰ, ਜੋਤੀ ਜਾਤ ਪੁਰਖ ਬਿਧਾਤਾ ਆਪਣੀ ਕਲ ਪਰਗਟਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਪਾਵਾਂ ਸਾਰ, ਮਹਾਂਸਾਰਥੀ ਹੋ ਕੇ ਆਪਣਾ ਰਥ ਚਲਾਈਆ । ਜੋਤੀ ਜੋਤਾ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੈਗ਼ੰਬਰ ਧੀਰਜ ਧੀਰ ਦਲਾਸਾ ਰਿਹਾ ਦਵਾਈਆ । ਗੁਰ ਅਵਤਾਰ ਪੈਗ਼ੰਬਰ, ਸਾਚੀ ਕਰਨੀ ਕਾਰ ਕਮਾਵਾਂਗਾ । ਸੋ ਪੁਰਖ ਨਿਰੰਜਣ ਹੋ ਕੇ ਆਪਣੀ ਖੇਲ ਰਚਾਵਾਂਗਾ । ਹਰਿ ਪੁਰਖ ਨਿਰੰਜਣ ਹੋ ਕੇ ਆਪਣੀ ਧਾਰ ਪਰਗਟਾਵਾਂਗਾ । ਏਕੰਕਾਰ ਖੇਲ ਕਰ ਕਰਤਾਰ, ਕੁਦਰਤ ਦਾ ਮਾਲਕ ਹੋ ਕੇ ਵੇਸ ਵਟਾਵਾਂਗਾ । ਆਦਿ ਨਿਰੰਜਨ ਹੋ ਉਜਿਆਰ, ਜੋਤ ਨਿਰੰਜਨ ਡਗਮਗਾਵਾਂਗਾ । ਅਬਿਨਾਸ਼ੀ ਕਰਤਾ ਹੋ ਕੇ ਖੋਲ੍ਹਾਂ ਕਿਵਾੜ, ਭੇਵ ਅਭੇਦਾ ਆਪ ਚੁਕਾਵਾਂਗਾ । ਸ੍ਰੀ ਭਗਵਾਨ ਹੋ ਕੇ ਲੇਖਾ ਜਾਣਾਂ ਜੁਗ ਚੌਕੜੀ ਚਾਰ, ਸ੍ਰਿਸ਼ਟੀ ਦ੍ਰਿਸ਼ਟੀ ਆਪਣਾ ਰੰਗ ਰੰਗਾਵਾਂਗਾ । ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਵਿਚ ਸੰਸਾਰ, ਦੁਨੀਆ ਕਾਇਨਾਤ ਆਪਣਾ ਘਰ ਵਸਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਦੇ ਹੁਲਾਰ, ਆਲਸ ਨਿੰਦਰਾ ਸਭ ਦਾ ਬਿਨ ਅੱਖਾਂ ਅੱਖ ਖੁਲ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਾਰ ਕਮਾਵਾਂਗਾ । ਸਾਚੀ ਕਰਨੀ ਕਾਰ ਕਮਾਵੇਗਾ । ਪੁਰਖ ਅਬਿਨਾਸ਼ੀ ਖੇਲ ਖਿਲਾਵੇਗਾ । ਨਿਰਗੁਣ ਸਰਗੁਣ ਵੇਸ ਵਟਾਵੇਗਾ । ਜੋਤੀ ਜਾਮਾ ਨਜ਼ਰ ਕਿਸੇ ਨਾ ਆਵੇਗਾ । ਸ਼ਬਦ ਅਨਾਦੀ ਨਾਦ ਵਜਾਵੇਗਾ । ਬ੍ਰਹਮ ਬ੍ਰਹਿਮਾਦ ਆਪ ਸੁਣਾਵੇਗਾ । ਚਾਰ ਜੁਗ ਦਾ ਪਿਛਲਾ ਲੇਖਾ

ਕਰਕੇ ਯਾਦ, ਪੜਦਾ ਉਹਲਾ ਆਪ ਉਠਾਵੇਗਾ । ਕਲਜੁਗ ਕੂੜੀ ਕਿਰਿਆ ਕਰ ਬਰਬਾਦ, ਸਤਿਜੁਗ ਸਾਚਾ ਰਾਹ ਚਲਾਵੇਗਾ । ਤੂੰ ਮੇਰਾ ਮੈਂ ਤੇਰਾ ਵੱਜੇ ਇਕੋ ਨਾਦ, ਧੁੰਨ ਆਤਮਕ ਰਾਗ ਅਲਾਵੇਗਾ । ਸਾਹਿਬ ਹੋ ਕੇ ਹੋਏ ਵਿਸਮਾਦ, ਰੂਪ ਅਨੂਪ ਆਪ ਪਰਗਟਾਵੇਗਾ । ਸਤਿਜੁਗ ਸਾਚੇ ਖੇਲ੍ਹੇ ਰਾਜ਼, ਰਾਜ਼ਕ ਰਹੀਮ ਆਪਣੀ ਕਾਰ ਕਮਾਵੇਗਾ । ਲੱਖ ਚੁਰਾਸੀ ਵਿਚੋਂ ਪਰਖੇ ਸਾਧ, ਸੰਤ ਗੁਰਮੁਖ ਗੁਰਸਿਖ ਆਪ ਉਠਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਵਿਚ ਬ੍ਰਹਿਮੰਡ, ਪਾਰਬ੍ਰਹਮ ਬ੍ਰਹਮ ਆਪਣਾ ਮੇਲਾ ਆਪ ਮਿਲਾਵੇਗਾ । ਹਰਿ ਮੇਲਾ ਮੇਲ ਮਿਲਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਵਰਨਾਂ ਬਰਨਾਂ ਡੇਰਾ ਢਾਵੇਗਾ । ਸਾਚੀ ਸਰਨਾ ਇਕ ਰਖਾਵੇਗਾ । ਜਗਤ ਤਰਨਾ ਇਕ ਦਰਸਾਵੇਗਾ । ਹਰਨਾਂ ਫਰਨਾਂ ਆਪ ਖੁਲ੍ਹਾਵੇਗਾ । ਸਾਚੀ ਪੌੜੀ ਚੜ੍ਹਨਾ ਆਪ ਸਿਖਾਵੇਗਾ । ਬਿਨ ਅੱਖਾਂ ਦਰਸ਼ਨ ਕਰਨਾ, ਸਚਖੰਡ ਦਵਾਰੇ ਪੜਦਾ ਲਾਹਵੇਗਾ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਚਾ ਢੋਲਾ ਸਭ ਨੇ ਪੜ੍ਹਨਾ, ਦੀਨ ਦੁਨੀ ਆਪ ਸਮਝਾਵੇਗਾ । ਸਤਿਜੁਗ ਸਾਚੇ ਤੇਰਾ ਘਾੜਨ ਸਾਚਾ ਘੜਨਾ, ਰੂਪ ਅਨੂਪ ਆਪ ਦਰਸਾਵੇਗਾ । ਝਗੜਾ ਮੁਕਾ ਕੇ ਵਰਨਾਂ ਬਰਨਾਂ, ਇਕੋ ਆਪਣਾ ਰੰਗ ਰੰਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਇਕ ਵਖਾਵੇਗਾ । ਸਾਚਾ ਮਾਰਗ ਇਕੋ ਲੱਗੇਗਾ । ਨਿਰਗੁਣ ਦੀਪਕ ਜੋਤ ਜਗੇਗਾ । ਕਲਜੁਗ ਅੰਧ ਅੰਧੇਰ ਭੱਜੇਗਾ । ਭਗਤ ਭਗਵਾਨ ਏਕਾ ਦਰ ਸਜੇਗਾ । ਸ਼ਬਦ ਅਗੰਮੀ ਨਾਦ ਵੱਜੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੰਤ ਸੁਹੇਲੇ ਲੱਖ ਚੁਰਾਸੀ ਵਿਚੋਂ ਮਿਹਰਵਾਨ ਹੋ ਮਹਿਬੂਬ ਬਾਹਰ ਕੱਢੇਗਾ ।



ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ, ਧੁਰ ਦਾ ਹੁਕਮ ਇਕ ਸੁਣਾਈਆ । ਸ਼ਬਦੀ ਧਾਰ ਕਰਾਂ ਹੱਕ ਸਵੰਬਰ, ਜੀਵ ਜੰਤ ਮਨ ਬੁਧੀ ਚਲੇ ਨਾ ਕੋਇ ਚਤੁਰਾਈਆ । ਸਰਬ ਕਲਾ ਸਮਰਥ ਸਵਾਮੀ ਹੋ ਭਰਤੰਭਰ, ਪਾਰਬ੍ਰਹਮ ਪਤਿਪਰਮੇਸ਼ਵਰ ਨਜ਼ਰੀ ਆਈਆ । ਕਰ ਪਰਕਾਸ਼ ਉਪਰ ਅੰਬਰ, ਜ਼ਿਮੀਂ ਖ਼ਾਕੀ ਖ਼ਾਕੇ ਸਾਰੇ ਵੇਖ ਵਖਾਈਆ । ਜਨ ਭਗਤਾਂ ਦੇ ਕੇ ਧੁਰ ਦਾ ਇਕ ਅਨੰਦਨ, ਅਨੰਦ ਆਤਮਾ ਦਿਆਂ ਜੁੜਾਈਆ । ਆਵਣ ਜਾਵਣ ਲੱਖ ਚੁਰਾਸੀ ਜਮ ਕੀ ਫਾਸੀ ਤੋੜ ਕੇ ਬੰਧਨ, ਬੰਦਗੀ ਇਕੋ ਦਿਆਂ ਸਮਝਾਈਆ । ਸਚ ਦਵਾਰ ਏਕੰਕਾਰ ਜੀਵ ਜੰਤ ਸਾਧ ਸੰਤ ਸਾਰੇ ਮੰਗਣ, ਇਸ਼ਟ ਦੇਵ ਪਾਰਬ੍ਰਹਮ ਸਵਾਮੀ ਪਤਿਪਰਮੇਸ਼ਵਰ ਵੇਖ ਵਖਾਈਆ । ਜਨਮ ਕਰਮ ਦੀ ਟੁੱਟੀ ਪ੍ਰੀਤੀ ਨਾਤਾ ਗੰਢਣ, ਗਹਿਰ ਗੰਭੀਰ ਬੇਨਜ਼ੀਰ ਧੁਰ ਦਾ ਮੇਲਾ ਲਏ ਮਿਲਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਸੁਣਾਏ ਸਾਚਾ ਛੰਦਨ, ਅੱਖਰ ਵੱਖਰ ਇਕ ਪੜ੍ਹਾਈਆ । ਦੀਨ ਦਿਆਲ ਠਾਕਰ ਸਵਾਮੀ ਸਰਬ ਜੀਆਂ ਹੋ ਬਖ਼ਸ਼ੰਦਨ, ਬਖ਼ਸ਼ਿਸ਼ ਰਹਿਮਤ ਰਹੀਮ ਸਰਗੁਣ ਨਿਰਗੁਣ ਆਪਣੀ ਮਿਹਰ ਨਜ਼ਰ ਉਠਾਈਆ । ਸਤਿਜੁਗ ਸਾਚਾ ਨਾਮ ਗੁਣ ਨਿਧਾਨ ਨਿਰਵੈਰ ਹੋ ਕੇ ਆਏ ਵੰਡਣ, ਘਟ ਗ੍ਰਹਿ ਭੀਤਰ ਮੰਦਰ ਅੰਦਰ ਅੰਤਰ ਸਭ ਦੇ ਦਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਧੂੜੀ ਸਾਚਾ ਟਿੱਕਾ ਲਾਏ ਧੁਰ ਦਾ ਚੰਦਨ, ਕਲਜੁਗ ਕੂੜੀ ਵਿਖ ਰਹਿਣ ਕੋਇ ਨਾ ਪਾਈਆ ।

## ✪ ੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਲਾਲ ਸਿੰਘ ਦੇ ਗ੍ਰਿਹ ਲੁਧਿਆਣਾ ✪

ਪੁਰਖ ਅਕਾਲ ਕਹੇ ਮੈਂ ਆਪਣਾ ਹੁਕਮ ਵਰਤਾਵਾਂਗਾ । ਬ੍ਰਹਿਮੰਡ ਖੰਡ ਪੁਰੀ ਲੋਅ, ਧਰਨੀ ਧਰਤ ਧਵਲ ਸਮਝਾਵਾਂਗਾ । ਜੋਤ ਸਰੂਪੀ ਆਪੇ ਹੋ, ਲੱਖ ਚੁਰਾਸੀ ਫੋਲ ਫੁਲਾਵਾਂਗਾ । ਕਲਜੁਗ ਕੂੜੀ ਕਿਰਿਆ ਨਾਲੋਂ ਕਰ ਨਿਰਮੋਹ, ਮੁਹੱਬਤ ਆਪਣੇ ਨਾਲ ਜੁੜਾਵਾਂਗਾ । ਮਨੂਆ ਕਰ ਨਾ ਸਕੇ ਧਰੋਹ, ਗੁਰਮੁਖ ਗੁਰਸਿਖ ਆਪ ਜਗਾਵਾਂਗਾ । ਆਤਮ ਪਰਮਾਤਮ ਨਿਰਗੁਣ ਨਿਰਗੁਣ ਜਾਏ ਛੋਹ, ਸ਼ਾਲਾ ਆਪਣਾ ਰੰਗ ਰੰਗਾਵਾਂਗਾ । ਜਿਸ ਖੇਲ ਨੂੰ ਜਾਣੇ ਨਾ ਕੋ, ਸੋ ਕਰਨੀ ਦਾ ਕਰਤਾ ਹੋ ਕੇ ਆਪ ਕਰਾਵਾਂਗਾ । ਸਚ ਪਰਕਾਸ਼ ਕਰ ਕੇ ਲੋ, ਲੋਕ ਪਰਲੋਕ ਪੜਦਾ ਲਾਹਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਉਪਜਾਵਾਂਗਾ । ਸਾਚਾ ਹੁਕਮ ਇਕ ਪਰਗਟਾਵੇਗਾ । ਪਰਮ ਪੁਰਖ ਪਰਮਾਤਮ ਖੇਲ ਖਿਲਾਵੇਗਾ । ਭੇਵ ਅਭੇਦਾ ਜਾਹਰ ਬਾਤਨ ਆਪ ਚੁਕਾਵੇਗਾ । ਕਲਜੁਗ ਮੇਟ ਅੰਧੇਰੀ ਰਾਤਨ, ਧੁਰ ਦਾ ਸਾਚਾ ਚੰਦ ਚਮਕਾਵੇਗਾ । ਜਨ ਭਗਤਾਂ ਨਿਜ ਘਰ ਕਰ ਕੇ ਵਾਸਨ, ਗ੍ਰਿਹ ਮੰਦਰ ਸੋਭਾ ਪਾਵੇਗਾ । ਸਾਚਾ ਨੂਰ ਕਰ ਪਰਕਾਸ਼ਨ, ਜੋਤੀ ਜੋਤ ਡਗਮਗਾਵੇਗਾ । ਚਾਰ ਵਰਨ ਇਕੋ ਦੱਸ ਪਰਭਾਤਨ, ਪਰਭਾਤੀ ਆਪਣਾ ਖੇਲ ਖਿਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬਣ ਕੇ ਸਾਚਾ ਸਾਜਣ, ਸੱਜਣ ਸੁਹੇਲੇ ਪਾਰ ਕਰਾਵੇਗਾ । ਸੱਜਣ ਸੁਹੇਲਾ ਪਾਰ ਲਾਏਗਾ । ਦੀਨਾਂ ਬੰਧਪ ਖੋਜ ਖੁਜਾਏਗਾ । ਜਨਮ ਜਨਮ ਉਤਾਰ ਕੇ ਬੋਝ, ਸਮਝ ਸੂਝ ਸੋਚ ਆਪਣੀ ਇਕ ਸਮਝਾਏਗਾ । ਬਾਲਕ ਅੰਞਾਣੇ ਚੁੱਕਕੇ ਗੋਦ, ਧੁਰ ਦੀ ਗੋਦੀ ਆਪ ਉਠਾਏਗਾ । ਮਨ ਵਾਸਨਾ ਹਿਰਦਾ ਸੋਧ, ਸੁਧਾਸਰ ਵਿਚ ਇਸ਼ਨਾਨ ਇਕ ਕਰਾਏਗਾ । ਨਾਮ ਨਿਧਾਨਾ ਦੇ ਕੇ ਬੋਧ, ਬੁਧੀ ਦਾ ਪੜਦਾ ਆਪ ਚੁਕਾਏਗਾ । ਤੂੰ ਮੇਰਾ ਮੈਂ ਤੇਰਾ ਦੱਸ ਕੇ ਸਾਚਾ ਜੋਗ, ਜੁਗਤੀ ਆਪਣੇ ਹੱਥ ਰਖਾਏਗਾ । ਜਨਮ ਕਰਮ ਦਾ ਰਹਿਣ ਨਾ ਦੇਵੇ ਰੋਗ, ਚਿੰਤਾ ਸੋਗ ਗ਼ਮ ਮਿਟਾਏਗਾ । ਜਨ ਭਗਤਾਂ ਮੇਲਾ ਕਰ ਕੇ ਧੁਰ ਸੰਜੋਗ, ਜੋੜਾ ਧੁਰ ਦਾ ਆਪ ਜੁੜਾਏਗਾ । ਜਿਥੇ ਕੋਈ ਨਾ ਸਕੇ ਪਹੁੰਚ, ਗੁਰਸਿਖ ਸੁਹੇਲੇ ਆਪ ਬਹਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਕਵਲ ਦੱਸ ਕੇ ਸਾਚੀ ਮੌਜ, ਮਜਲਸ ਮਹਿਬੂਬ ਹੋ ਕੇ ਮੁਰਸ਼ਦ ਮੁਰੀਦ ਆਪਣੀ ਇਕ ਵਖਾਏਗਾ ।

## ✪ ੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਭਜਨ ਸਿੰਘ ਦੇ ਗ੍ਰਿਹ ਉੱਚਾ ਪਿੰਡ ਸਨੇਤ ✪

ਸਤਿਜੁਗ ਸਾਚੇ, ਸਾਚਾ ਨਾਮ ਹੋਏ ਪਰਵੇਸ਼, ਕਾਇਆ ਮੰਦਰ ਅੰਦਰ ਡੇਰਾ ਲਾਈਆ । ਜਨ ਭਗਤਾਂ ਕੋਲੋਂ ਛੁਡਾਏ ਲੋਕਮਾਤ ਪਰਦੇਸ਼, ਦੇਸ ਧੁਰ ਦਾ ਦਏ ਵਖਾਈਆ । ਜਿਸ ਘਰ ਸੰਤ ਸੁਹੇਲੇ ਰਹਿੰਦੇ ਹਮੇਸ਼, ਸਚ ਦਵਾਰੇ ਸੋਭਾ ਪਾਈਆ । ਤਿਸ ਗ੍ਰਿਹ ਦੱਸੇ ਕਰਨੀ ਹੱਕ ਆਦੇਸ, ਸੀਸ ਜਗਦੀਸ਼ ਕਿਵ ਝੁਕਾਈਆ । ਅਗੇ ਰਹੇ ਕੋਇ ਨਾ ਲੇਖ, ਪਿਛਲਾ ਲੇਖਾ ਦਏ ਬਦਲਾਈਆ । ਨਾਮ ਨਿਧਾਨਾ ਦੇਂਦਾ ਰਹੇ ਸੰਦੇਸ਼, ਬਿਨ ਅੱਖਰਾਂ ਅੱਖਰ ਸਮਝਾਈਆ । ਨਿਰਗੁਣ ਹੋ ਕੇ ਕਰਦਾ ਰਹੇ ਹੇਤ, ਪ੍ਰੇਮ ਪ੍ਰੀਤ ਨਿਰਗੁਣ ਆਪ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸਤਿਜੁਗ ਸਾਚੇ, ਜਨ ਭਗਤਾਂ ਨਾਮ ਭੰਡਾਰਾ ਦੇਵੇ ਅਨਗਿਣਤ, ਲੇਖਾ ਗਣਤ ਨਾ ਕੋਇ ਗਣਾਈਆ । ਦੂਸਰ ਅਗੇ ਕਰਨੀ ਪਏ ਨਾ ਮਿੰਨਤ, ਭਿਖਾਰੀ ਹੋ ਕੇ ਮੰਗਣ ਕੋਇ ਨਾ ਜਾਈਆ । ਝਗੜਾ ਕਰੇ ਕੋਈ ਨਾ ਨਿੰਦਕ, ਦੂਤ ਦੁਸ਼ਟ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਬਖ਼ਸ਼ੇ ਇਕ ਸਰਨਾਈਆ । ਸਤਿਜੁਗ ਸਾਚੇ, ਸਾਚੇ ਨਾਮ ਹੋਵੇ ਬਹੁ ਗੁਣ, ਅਨਗਿਣਤ ਦਏ ਵਡਿਆਈਆ । ਜਨ ਭਗਤਾਂ ਅੰਦਰ ਲਗਾਏ ਰੁਣ ਝੁਣ, ਬਿਨ ਤੰਦ ਸਿਤਾਰ ਹਿਲਾਈਆ । ਸਚ ਪੁਕਾਰ ਕਾਇਆ ਮੰਦਰ ਅੰਦਰ ਲਏ ਸੁਣ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਾਚਾ ਰਾਹ ਪਰਗਟਾਈਆ । ਸਾਚਾ ਰਾਹ ਦੱਸੇ ਹਰਿ ਸਵਾਮੀ, ਸਮਰਥ ਹੱਥ ਵਡਿਆਈਆ । ਚਾਰ ਵਰਨਾਂ ਬਖ਼ਸ਼ ਇਕ ਨਿਸ਼ਾਨੀ, ਨਿਸ਼ਾਨਾ ਧਰਮ ਦਏ ਵਖਾਈਆ । ਹਰਿ ਪੁਰਖ ਨਿਰੰਜਣ ਸੁਣਾਏ ਆਪਣੀ ਬਾਣੀ, ਸੋ ਪੁਰਖ ਨਿਰੰਜਣ ਢੋਲਾ ਗਾਈਆ । ਸਾਚੇ ਸੰਤਾਂ ਦੇ ਕੇ ਪਦ ਨਿਰਬਾਣੀ, ਧਰਮ ਦਵਾਰ ਦਏ ਵਖਾਈਆ । ਅੰਮ੍ਰਿਤ ਆਤਮ ਬਖ਼ਸ਼ ਕੇ ਠੰਡਾ ਪਾਣੀ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਆਵਣ ਜਾਵਣ ਮੁਕਾ ਕੇ ਚਾਰੇ ਖਾਣੀ, ਖ਼ਾਲਸ ਰੰਗ ਦਏ ਰੰਗਾਈਆ । ਮੰਜ਼ਲ ਚਾੜ੍ਹ ਕੇ ਹੱਕ ਰੁਹਾਨੀ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਜਨ ਭਗਤਾਂ ਚਰਨ ਪ੍ਰੀਤੀ ਲੇਖੇ ਲਾਵੇ ਸੱਚੀ ਕ਼ੁਰਬਾਨੀ, ਕ਼ਦਮਾਂ ਦੀ ਧੂੜ, ਕ਼ਦੀਮ ਦੇ ਵਿਛੜੇ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜ਼ਿਮੀਂ ਅਸਮਾਨੀ, ਆਸਾਨ ਮੁਸ਼ਕਲ ਮੁਸ਼ਕਲ ਆਸਾਨ ਆਪਣੇ ਹੁਕਮ ਵਿਚ ਰਖਾਈਆ ।

੧੧੫੨
੧੯

## ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਨਿਰੰਜਣ ਸਿੰਘ ਦੇ ਗ੍ਰਿਹ ਉਚੀ ਅਬਾਦੀ ਲੁਧਿਆਣਾ

ਸਤਿਜੁਗ ਕਹੇ ਪ੍ਰਭ ਸਾਚਾ ਨਾਮ ਹੋਵੇ ਕੀ, ਕਰਨੀ ਦੇ ਕਰਤੇ ਕ਼ੁਦਰਤ ਦੇ ਮਾਲਕ ਦੇ ਸਮਝਾਈਆ । ਕਿਸ ਬਿਧ ਲਹਿਣਾ ਦੇਣਾ ਲੇਖਾ ਜਾਣੇਂ ਲੱਖ ਚੁਰਾਸੀ ਜੀਅ, ਜੀਵ ਜੰਤ ਸਾਧ ਸੰਤ ਅੰਤਰ ਅੰਤਰ ਖੋਜ ਖੁਜਾਈਆ । ਕਿਸ ਬਿਧ ਲੋਕਮਾਤ ਸਤਿ ਧਰਮ ਦੀ ਰਖਾਵੇਂ ਨੀਂਹ, ਭੇਵ ਅਭੇਦਾ ਅਛਲ ਅਛੇਦਾ ਦਏਂ ਜਣਾਈਆ । ਕਲਜੁਗ ਲਹਿਣਾ ਦੇਣਾ ਮੁਕਾਵੇਂ ਸਾਢੇ ਤਿੰਨ ਹੱਥ ਸੀਂ, ਅਭੁੱਲ ਭੁੱਲ ਕਦੇ ਨਾ ਜਾਈਆ । ਸਤਿਨਾਮ ਦਾ ਬੀਜੇਂ ਅਗੰਮੀ ਬੀ, ਕਿਸ ਬਿਧ ਅੰਮ੍ਰਿਤ ਬਰਖੇਂ ਮੀਂਹ, ਮੇਘਲਾ ਤੇਰਾ ਨਾਮ ਨਜ਼ਰੀ ਆਈਆ । ਸੰਤ ਸੁਹੇਲੇ ਬਣਾ ਕੇ ਪੁੱਤਰ ਧੀ, ਨਾਤਾ ਆਤਮ ਪਰਮਾਤਮ ਜੋੜ ਜੁੜਾਈਆ । ਚਾਰ ਕੁੰਟ ਦਹਿ ਦਿਸ਼ਾ ਸਚ ਦਵਾਰਾ ਕਰੇਂ ਵਸੀਹ, ਵਰਨ ਬਰਨ ਵੰਡ ਨਾ ਕੋਇ ਨਾ ਵੰਡਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਕਰ ਬਰੀ, ਬੰਦੀਖ਼ਾਨਾ ਦਏਂ ਤੁੜਾਈਆ । ਸੱਚੇ ਘਰ ਬਾਹਰ ਸੁਹੰਵਣੀ ਕਰੇਂ ਘੜੀ, ਸਚ ਘੜਿਆਲ ਇਕੋ ਇਕ ਵਜਾਈਆ । ਤੇਰੇ ਪ੍ਰੇਮ ਦੀ ਅਗੰਮੀ ਲੱਗੇ ਝੜੀ, ਬੂੰਦ ਸਵਾਂਤੀ ਘਰ ਘਰ ਦਏਂ ਚੁਆਈਆ । ਮਨ ਵਾਸਨਾ ਕੂੜੀ ਕਿਰਿਆ ਜਾਏ ਫੜੀ, ਕਵਣ ਤਰੀਕੇ ਨੀਕਣ ਨੀਕੇ ਆਪਣੀ ਕਾਰ ਕਮਾਈਆ । ਕੂੜੀ ਕਿਰਿਆ ਜਗਤ ਮਾਇਆ ਮਮਤਾ ਜਾਵੇ ਸੜੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਦੇਣਾ ਸਾਚਾ ਵਰ, ਭੇਵ ਅਗਲਾ ਦੇਂ ਦਰਸਾਈਆ । ਸਤਿਜੁਗ ਕਹੇ ਪ੍ਰਭ ਤੇਰੇ ਨਾਮ ਦਾ ਸੁਹੰਜਣਾ ਹੋਵੇ ਕਿਸ ਬਿਧ ਵਕਤ, ਚਾਰ ਜੁਗ ਦਾ ਲੇਖਾ ਕਿਵੇਂ ਮੁਕਾਈਆ । ਕਿਸ ਬਿਧ ਮਾਰਗ ਲਾਵੇਂ ਦੀਨ ਦੁਨੀ ਵਿਚ ਜਗਤ, ਜਾਗਰਤ ਜੋਤ ਕਰ ਰੁਸ਼ਨਾਈਆ । ਸੰਤ ਸੁਹੇਲੇ ਉਠਾਵੇਂ ਕਿਸ ਬਿਧ ਭਗਤ, ਭਗਵਨ ਹੋ ਕੇ ਦੇ ਸਮਝਾਈਆ । ਕਵਣ ਧਾਰ ਨੂਰੀ ਜੋਤ ਹੋਵੇ ਤੇਰੀ ਸ਼ਕਤ, ਸਤਿਜੁਗ ਵਿਚੋਂ ਅਸਲੀਅਤ ਦਏਂ ਵਖਾਈਆ । ਮਾਨਵ ਜਾਤੀ ਵਿਚ ਰਹਿਣ ਨਾ ਦੇਵੇਂ ਫ਼ਰਕ, ਫ਼ਰੀਕ ਰਫ਼ੀਕ ਇਕੋ ਰੰਗ ਰੰਗਾਈਆ । ਤੇਰਾ ਹੁਕਮ ਸੰਦੇਸ਼ਾ ਸੁਣੇ ਚਾਰੋਂ ਤਰਫ਼, ਕੁੰਟ ਦਿਸ਼ਾ ਖ਼ਾਲੀ ਰਹਿਣ ਕੋਇ ਨਾ ਪਾਈਆ । ਤੇਰੇ ਨਾਮ ਦੀ ਮਹਿੰਮਾ ਸਿਫ਼ਤ ਕਰੇ ਇਕੋ ਹਰਫ਼, ਬਹੁਤ ਹਰੂਫ਼ ਵੰਡ ਨਾ ਕੋਇ ਵੰਡਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਿਸ ਬਿਧ ਲੱਖ ਚੁਰਾਸੀ ਕਰੇਂ ਪਰਖ, ਘਟ ਨਿਵਾਸੀ ਘਟ ਘਟ ਵੇਖ ਵਖਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਉਪਰ ਕਰੇਂ ਆਪਣਾ ਤਰਸ, ਰਹਿਮਤ ਵਿਚ ਆਪਣਾ ਰਹਿਮ ਕਮਾਈਆ । ਜੋਤੀ ਜਾਮਾ ਧਾਰ ਲੋਕਮਾਤ ਆਵੇਂ ਪਰਤ, ਪਤਿਪਰਮੇਸ਼ਵਰ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰੇਂ ਸ਼ਰਤ, ਸ਼ਰਅ ਦਾ ਸ਼ਰੀਅਤ ਵਾਲਾ ਲੇਖਾ ਦਏਂ ਮੁਕਾਈਆ । ਸਾਚਾ ਖੇਲ ਦੋ ਜਹਾਨਾਂ ਕਰੇਂ ਨਿਧੜਕ, ਚੌਦਾਂ ਲੋਕ ਚੌਦਾਂ ਤਬਕ ਚੌਦਾਂ ਵਿਦਿਆ ਸੀਸ ਜਗਦੀਸ਼ ਇਕ ਝੁਕਾਈਆ । ਭੇਵ ਅਭੇਦਾ ਕਿਸ ਬਿਧ ਖੁਲ੍ਹਾਵੇਂ ਅਰਸ਼ ਫ਼ਰਸ਼, ਜਿਮੀਂ ਅਸਮਾਨਾਂ ਕਿਸ ਬਿਧ ਪੜਦਾ ਆਪ ਉਠਾਈਆ । ਕਿਸ ਬਿਧ ਲਹਿਣਾ ਦੇਣਾ ਪੂਰਬ ਜਨਮਾਂ ਸਭ ਦਾ ਪੂਰਾ ਕਰੇਂ ਕ਼ਰਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਦਰ ਸਾਚੇ ਮੰਗ ਮੰਗਾਈਆ । ਸਤਿਜੁਗ ਸਾਚਾ ਕਹੇ ਪ੍ਰਭ ਕਿਸ ਬਿਧ ਮਾਤ ਹੋਇਓਂ ਪਰਗਟ, ਮੈਨੂੰ ਸਚ ਦੇ ਦ੍ਰਿੜਾਈਆ । ਤੇਰਾ ਨਾਮ ਵੇਖਾਂ ਹਰ ਘਟ, ਘਟ ਘਟ ਤੇਰਾ ਨੂਰ ਹੋਵੇ ਰੁਸ਼ਨਾਈਆ । ਸਹਿਜ ਸੁਭਾਉ ਸਮਰਥ ਸਵਾਮੀ ਆਪਣਾ ਭੇਵ ਦੱਸ, ਪੜਦਾ ਉਹਲਾ ਦੇ ਉਠਾਈਆ । ਤੇਰੀ ਆਤਮ ਕਿਸ ਬਿਧ ਹੋਵੇ ਤੇਰੇ ਵਸ, ਵਾਸਤਾ ਤੇਰੇ ਨਾਲ ਜੁੜਾਈਆ । ਨਿਜ ਨੇਤਰ ਸਭ ਦੀ ਖੁਲ੍ਹੀ ਰਹੇ ਅੱਖ, ਲੋਚਨ ਨੈਣ ਪਲਕ ਨਾ ਕੋਇ ਬਦਲਾਈਆ । ਨਿਰਗੁਣ ਨਿਰਵੈਰ ਨਿਰਾਕਾਰ ਕਿਸ ਧਾਰੋਂ ਆਵੇਂ ਵਤ, ਬੇਵਤਨ ਹੋ ਕੇ ਵਤਨ ਲੋਕਮਾਤ ਦਏਂ ਸੁਹਾਈਆ । ਭੇਵ ਅਭੇਦਾ ਦੱਸ ਸ੍ਰੀ ਭਗਵਾਨ ਧੁਰ ਦੇ ਕਮਲਾਪਤ, ਪਤਿਪਰਮੇਸ਼ਵਰ ਦਇਆ ਕਮਾਈਆ । ਤੂੰ ਮੇਰਾ ਮੈਂ ਤੇਰਾ ਕਿਸ ਦਵਾਰੇ ਆਤਮ ਪਰਮਾਤਮ ਮਿਲ ਕੇ ਇਕ ਦੂਜੇ ਦਾ ਕਰਨ ਜਸ, ਸਿਫ਼ਤਾਂ ਵਿਚ ਸਿਫ਼ਤੀ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਰਬ ਕਲਾ ਸਮਰਥ ਸਭ ਕੁਛ ਤੇਰੇ ਹੱਥ, ਦਾਤੇ ਦਾਨੀ ਦਾਤਾਰ ਹੋ ਕੇ ਦੇਣਾ ਜਣਾਈਆ । ਸਤਿਜੁਗ ਸਾਚਾ ਕਹੇ ਪ੍ਰਭ ਕਿਸ ਬਿਧ ਮੇਰੇ ਨਾਮ ਦਾ ਵੱਜੇ ਡੰਕਾ, ਨਾਲ ਤੇਰੀ ਹੋਵੇ ਸ਼ਨਵਾਈਆ । ਪੜਦਾ ਖੁਲ੍ਹੇ ਅੰਦਰੋਂ ਜੀਵਾਂ ਜੰਤਾ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਗੜ੍ਹ ਤੁਟੇ ਹਉਮੇ ਹੰਗਤਾ, ਹੰ ਬ੍ਰਹਮ ਦੇ ਸਮਝਾਈਆ । ਕਿਸ ਬਿਧ ਨਿਰਗੁਣ ਸਰਗੁਣ ਬੋਧ ਅਗਾਧਾ ਬਣੇਂ ਪੰਡਤਾ, ਵਿਦਿਆ ਤੋਂ ਬਾਹਰ ਕਰੇਂ ਪੜ੍ਹਾਈਆ । ਚਾਰ ਕੁੰਟ ਹੋਵੇ ਤੇਰੀ ਮਨਤਾ, ਮਿੰਨਤਾਂ ਵਿਚ ਵੇਖਾਂ ਸਰਬ ਲੋਕਾਈਆ । ਫਿਰੇ ਦਰੋਹੀ ਸਾਚੀ ਸਿੰਮਤਾ, ਸਿਮਰਨ ਇਕੋ ਤੂੰ ਹੀ ਤੂੰ ਨਜ਼ਰੀ ਆਈਆ । ਸਚ ਦਵਾਰੇ ਏਕੰਕਾਰੇ ਕਿਸ ਬਿਧ ਸਾਚੀ ਪਰਗਟ ਹੋਵੇ ਹਿੰਮਤਾ, ਜੋਰੂ ਜ਼ਰ ਲੇਖਾ ਦਏਂ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਸਤਿਜੁਗ ਸਾਚਾ ਕਹੇ ਪ੍ਰਭ

ਕਿਸ ਬਿਧ ਲੱਖ ਚੁਰਾਸੀ ਹਿਰਦੇ ਵਸੇਂ, ਹਰ ਹਿਰਦਾ ਫੋਲ ਫੁਲਾਈਆ । ਕਿਸ ਬਿਧ ਨਾਮ ਨਿਧਾਨਾ ਦੱਸੇਂ, ਦਹਿ ਦਿਸ਼ਾ ਕਰੇਂ ਪੜ੍ਹਾਈਆ । ਕਿਸ ਬਿਧ ਆਤਮ ਪਰਮਾਤਮ ਹੋ ਕੇ ਵਸੇਂ, ਹਸਤੀ ਵਿਚੋਂ ਹਸਤੀ ਦਏਂ ਬਦਲਾਈਆ । ਕਿਸ ਬਿਧ ਸਾਚਾ ਦਰਸ ਕਰਾਏਂ ਨਿਜ ਅੱਖੇਂ, ਆਖ਼ਰ ਆਪਣਾ ਮੇਲ ਮਿਲਾਈਆ । ਕਿਸ ਬਿਧ ਜਨ ਭਗਤਾਂ ਲੋਕਮਾਤ ਪਤ ਰਖੇਂ, ਪਤਿਪਰਮੇਸ਼ਵਰ ਹੋ ਕੇ ਹੋਵੇਂ ਸਹਾਈਆ । ਕਿਸ ਬਿਧ ਗੁਰ ਅਵਤਾਰਾਂ ਪੈਗ਼ੰਬਰਾਂ ਪੂਰੇ ਕਰੇਂ ਚਾਰ ਜੁਗ ਦੇ ਪਟੇ, ਅਗੇ ਲੇਖਾ ਨਾ ਕੋਇ ਬਣਾਈਆ । ਕਿਸ ਬਿਧ ਸਾਚਾ ਨਾਮ ਵਿਕਾਵੇਂ ਇਕੋ ਹੱਟੇ, ਜਨ ਭਗਤ ਵਣਜਾਰੇ ਚਾਰੋਂ ਕੁੰਟ ਲਏਂ ਉਠਾਈਆ । ਕਿਸ ਬਿਧ ਕਲਜੁਗ ਕੂੜੀ ਕਿਰਿਆ ਮੇਟੇਂ ਰੱਟੇ, ਝਗੜਾ ਰਹੇ ਨਾ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸ ਬਿਧ ਸਚਖੰਡ ਦਵਾਰੇ ਭਗਤ ਵੇਖੇਂ ਸੱਚੇ, ਸਤਿ ਸਚ ਆਪਣੇ ਨਾਲ ਮਿਲਾਈਆ ।

### ✪ ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮਲ ਸਿੰਘ ਦੇ ਗ੍ਰਿਹ ਪਿੰਡ ਰੱਜੀਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਸਤਿ ਕਹੇ ਖੇਲ ਵੇਖੀ ਸਚਖੰਡ ਨਿਹਚਲ ਧਾਮ ਅਟਲ ਦੀ, ਨਿਰਗੁਣ ਨਿਰਵੈਰ ਨਿਰਾਕਾਰ ਸੋਭਾ ਪਾਈਆ । ਦੀਪਕ ਜੋਤ ਅਗੰਮੀ ਬਲਦੀ, ਪਰਮ ਪੁਰਖ ਪਰਮਾਤਮ ਅਬਿਨਾਸ਼ੀ ਕਰਤਾ ਡਗਮਗਾਈਆ । ਜਿਸ ਦੀ ਆਦਿ ਜੁਗਾਦੀ ਖੇਲ ਅਛਲ ਅਛੱਲ ਦੀ, ਜੁਗ ਚੌਕੜੀ ਆਪਣਾ ਹੁਕਮ
੧੧੫੪ ੧੯ ਵਰਤਾਈਆ । ਨਿਰਗੁਣ ਸਰਗੁਣ ਨਾਮ ਸੰਦੇਸ਼ਾ ਸ਼ਬਦ ਘਲਦੀ, ਗੁਰ ਅਵਤਾਰ ਪੈਗ਼ੰਬਰ ਜੀਵ ਜੰਤ ਸਰਬ ਪੜ੍ਹਾਈਆ । ਆਤਮ ਧਾਰ ਹੋ ਕੇ ੧੧੫੪ ੧੯
ਲੱਖ ਚੁਰਾਸੀ ਅੰਦਰ ਰਲਦੀ, ਘਟ ਘਟ ਅੰਦਰ ਆਪਣਾ ਆਸਣ ਲਾਈਆ । ਧਾਰ ਚਲਾ ਕੇ ਜਲ ਥਲ ਦੀ, ਟਿੱਲੇ ਪਰਬਤ ਸਮੁੰਦ ਸਾਗਰ ਆਪਣਾ ਹੁਕਮ ਵਰਤਾਈਆ । ਖੇਲ ਜਾਣੇ ਕਲਜੁਗ ਅੰਤਮ ਕਲ ਦੀ, ਕਲ ਕਾਤੀ ਫੋਲੇ ਚਾਈਂ ਚਾਈਂਆ । ਧੁਰ ਦੇ ਹੁਕਮ ਅੰਦਰ ਭਾਣੇ ਵਾਲੀ ਭਾਵੀ ਕਦੇ ਨਾ ਟਲਦੀ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਸਮਝਾਈਆ । ਸਤਿ ਕਹੇ ਮੈਂ ਵੇਖਿਆ ਸਚ ਦਵਾਰੇ ਸਤਿ ਸੰਤੋਖ, ਦਰ ਠਾਂਡਾ ਇਕੋ ਨਜ਼ਰੀ ਆਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਮੰਗੇ ਕੋਈ ਨਾ ਮੋਖ, ਮਾਇਆ ਮਮਤਾ ਮੋਹ ਨਾ ਕੋਇ ਹਲਕਾਈਆ । ਹਉਮੇ ਹੰਗਤਾ ਚਿੰਤਾ ਗ਼ਮ ਹਰਖ਼ ਕੋਇ ਨਾ ਰੋਗ, ਆਲਸ ਨਿੰਦਰਾ ਰੂਪ ਨਾ ਕੋਇ ਵਟਾਈਆ । ਜਗਤ ਵਾਸਨਾ ਭੋਗੇ ਕੋਈ ਨਾ ਭੋਗ, ਤਤ ਵਜੂਦ ਸੋਭਾ ਕੋਇ ਨਾ ਪਾਈਆ । ਖੇੜਾ ਦਿਸੇ ਨਾ ਕੋਈ ਚੌਦਾਂ ਲੋਕ, ਚੌਦਾਂ ਤਬਕ ਵੰਡ ਨਾ ਕੋਇ ਵੰਡਾਈਆ । ਅੱਖਰਾਂ ਵਾਲਾ ਤੱਤਾਂ ਵਾਲਾ ਸਿਫ਼ਤਾਂ ਵਾਲਾ ਪੜ੍ਹੇ ਨਾ ਕੋਇ ਸਲੋਕ, ਰਸਨਾ ਜਿਹਵਾ ਬੱਤੀ ਦੰਦ ਜਗਤ ਵਿਦਿਆ ਨਾ ਕੋਇ ਸ਼ਨਵਾਈਆ । ਜਗਤ ਦਵਾਰੇ ਛੱਪਰ ਛੰਨ ਨਜ਼ਰ ਆਏ ਨਾ ਕੋਈ ਕੋਟ, ਕਿਲ੍ਹਾ ਗੜ੍ਹ ਬੰਕ ਦਵਾਰ ਨਾ ਕੋਇ ਵਡਿਆਈਆ । ਇਕ ਅਕੱਲਾ ਏਕੰਕਾਰ ਕਰੇ ਪਰਕਾਸ਼ ਨਿਰਮਲ ਜੋਤ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਡੇਰਾ ਲਾਈਆ । ਜਿਸ ਦੀ ਏਥੇ ਓਥੇ ਦੋ ਜਹਾਨਾਂ ਨਾ ਕੋਈ ਵਰਨ ਗੋਤ, ਦੀਨ ਮਜ਼੍ਹਬ ਜਾਤ ਪਾਤ ਸ਼ਰਅ ਸ਼ਰੀਅਤ ਨਾ ਕੋਇ ਜਣਾਈਆ । ਜਿਸ ਨੂੰ ਬੁਧੀ ਵਾਲੀ ਸਮਝ ਨਾ ਸਕੇ ਸੋਚ,

ਮਾਨਸ ਮਨੂਆ ਭੇਵ ਕੋਇ ਨਾ ਆਈਆ । ਸੋ ਸਵਾਮੀ ਅੰਤਰਜਾਮੀ ਆਪਣਾ ਦੇਵਣਹਾਰਾ ਆਦਿ ਜੁਗਾਦੀ ਜੁਗ ਚੌਕੜੀ ਹੱਕ ਸਲੋਕ, ਨਾਮ ਨਰੇਸ਼ਾ ਇਕੋ ਇਕ ਸੁਣਾਈਆ । ਆਤਮ ਪਰਮਾਤਮ ਧਾਰ ਹੋ ਕੇ ਹੋਵੇ ਮੋਹਤ, ਮੁਹੱਬਤ ਵਿਚ ਮਹਿਬੂਬ ਆਪਣਾ ਮੇਲ ਮਿਲਾਈਆ । ਨਾਮ ਖ਼ੁਮਾਰੀ ਅੰਦਰ ਕਰੇ ਮਦਹੋਸ਼, ਧੁਰ ਦਾ ਜਾਮ ਹਕੀਕੀ ਆਬੇਹਯਾਤ ਇਕ ਵਖਾਈਆ । ਜੁਗ ਚੌਕੜੀ ਨਿਰਗੁਣ ਹੋ ਕੇ ਸਤਿ ਦਵਾਰੇ ਜੋ ਰਿਹਾ ਖ਼ਾਮੋਸ਼, ਸਰਗੁਣ ਲੋਕਮਾਤ ਹੁਕਮ ਸੰਦੇਸ਼ੇ ਜਗਤ ਸੁਣਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗ਼ੰਬਰ ਜਿਸ ਦੀ ਰਖ ਕੇ ਗਏ ਓਟ, ਬਿਨ ਅੱਖਾਂ ਅੱਖ ਖੁਲ੍ਹਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤ ਸ੍ਰੀ ਭਗਵੰਤ ਗਿਆ ਪਹੁੰਚ, ਦੂਰ ਦੁਰਾਡਾ ਨੇਰਨ ਨੇਰਾ ਆਪਣਾ ਪੰਧ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਅਗੰਮੀ ਸ਼ਬਦ ਜਣਾਈਆ । ਸਤਿ ਕਹੇ ਮੈਂ ਸਚਖੰਡ ਤੱਕਿਆ ਏਕੰਕਾਰ ਉਹ, ਜਿਸ ਦੀ ਉਸਤਤ ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਸਦ ਗਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਦੇਂਦੇ ਗਏ ਸੋ, ਸੋ ਸਵਾਮੀ ਸਦਾ ਨਿਹਕਾਮੀ ਅੰਤਰਜਾਮੀ ਆਪਣੀ ਖੇਲ ਖਿਲਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਹੋ, ਨਾਮ ਹੋਕਾ ਸਚ ਸਲੋਕਾ ਰਾਗਾਂ ਨਾਦਾਂ ਸ਼ਬਦਾਂ ਵਿਚ ਸੁਣਾਈਆ । ਜਿਸ ਨੂੰ ਅੰਦਰ ਬਾਹਰ ਗੁਪਤ ਜਾਹਰ ਕੋਈ ਨਾ ਸਕੇ ਜੋਹ, ਬੇਅੰਤ ਕਹਿ ਕੇ ਸਾਰੇ ਗਏ ਗਾਈਆ । ਜਿਸ ਦਾ ਨੂਰ ਉਜਾਲਾ ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਜ਼ਿਮੀਂ ਅਸਮਾਨਾਂ ਕਰੇ ਲੋ, ਜੋਤ ਪਰਕਾਸ਼ੀ ਘਟ ਨਿਵਾਸੀ ਪਾਰਬ੍ਰਹਮ ਬ੍ਰਹਮ ਆਪਣਾ ਖੇਲ ਵਖਾਈਆ । ਸੋ ਦੀਨ ਦਿਆਲਾ ਹੋ ਕਿਰਪਾਲਾ ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਦੇਵਣ ਆਇਆ ਧੁਰ ਦਾ ਢੋਆ ਢੋਅ, ਨਾਮ ਅਗੰਮਾ ਮਾਤ ਪਿਤ ਕਿਸੇ ਨਾ ਜੰਮਾਂ, ਵਸਤ ਅਮੋਲਕ ਆਪ ਵਰਤਾਈਆ । ਹੁਕਮੈਂ ਅੰਦਰ ਸ਼ਬਦੀ ਧਾਰ ਦੀਨ ਦੁਨੀ ਨਾਲੋਂ ਕਰ ਨਿਰਮੋਹ, ਮੁਹੱਬਤ ਵਿਚ ਮਹਿਬੂਬ ਸਚ ਸਬੂਤ ਆਪਣਾ ਇਕ ਜਣਾਈਆ । ਕੂੜੀ ਕਿਰਿਆ ਮਾਇਆ ਮਮਤਾ ਮਨ ਵਾਸਨਾ ਅੰਦਰ ਰਹਿਣ ਨਾ ਦੇਵੇ ਗਰੋਹ, ਗੁਰੂ ਗੁਰਦੇਵ ਗੁਰ ਸਤਿਗੁਰ ਆਪਣਾ ਹੁਕਮ ਸਮਝਾਈਆ । ਨਿਰਗੁਣ ਹੋ ਕੇ ਨਿਰਗੁਣ ਆਤਮ ਨਾਲ ਜਾਏ ਛੋਹ, ਸ਼ਾਹ ਸ਼ਹਾਨਾ ਸ੍ਰੀ ਭਗਵਾਨਾ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਸੁਹੇਲੇ ਆਪਣੇ ਰੰਗ ਰੰਗਾਈਆ । ਸਤਿ ਕਹੇ ਮੈਂ ਸਚਖੰਡ ਦਵਾਰੇ ਤੱਕਿਆ ਗਹਿਰ ਗੰਭੀਰ, ਗਵਰ ਬਿਨ ਅਵਰ ਨਜ਼ਰ ਕੋਇ ਨਾ ਆਈਆ । ਜੋ ਨਜ਼ਰਾਂ ਤੋਂ ਪਰੇ ਬੇਨਜ਼ੀਰ, ਜਿਸ ਦਾ ਨਜ਼ਾਮ ਦੋ ਜਹਾਨ ਹੁਕਮ ਮਨਾਈਆ । ਜਗਤ ਨੇਤਰਾਂ ਵਿਚ ਰਖੀ ਨਾ ਜਾਏ ਕਿਸੇ ਤਸਵੀਰ, ਤਸੱਵਰ ਕਰ ਨਾ ਕੋਇ ਦ੍ਰਿੜਾਈਆ । ਜੋ ਮੰਜ਼ਲ ਚੋਟੀ ਚੜ੍ਹ ਕੇ ਬੈਠਾ ਅਖ਼ੀਰ, ਦਰਗਾਹ ਸਾਚੀ ਸੋਭਾ ਪਾਈਆ । ਜੋ ਸ਼ਰਅ ਦੀ ਤੋੜਨਹਾਰਾ ਜ਼ੰਜੀਰ, ਲਾਸ਼ਰੀਕ ਜਲਵਾਗਰ ਨੂਰ ਖ਼ੁਦਾਈਆ । ਜਿਸ ਦੇ ਅੰਤਰ ਹੱਕ ਤੌਫ਼ੀਕ, ਤੋਬਾ ਤੋਬਾ ਕਰੇ ਲੋਕਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਆਪਣੇ ਨਾਮ ਦੀ ਦੇਵੇ ਰਸੀਦ, ਸੰਦੇਸ਼ੇ ਹੁਕਮੀ ਸਚ ਸੁਣਾਈਆ । ਜੁਗ ਚੌਕੜੀ ਸਭ ਦੀ ਆਸਾ ਮਨਸਾ ਪੂਰੀ ਕਰੇ ਉਮੀਦ, ਨਿਰਾਸਾ ਰਹਿਣ ਕੋਇ ਨਾ ਪਾਈਆ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਕਰਨ ਤਮਹੀਦ, ਅੱਖਰਾਂ ਵਾਲੇ ਇਲਮ ਸਿਫ਼ਤਾਂ ਵਿਚ ਸਾਲਾਹੀਆ । ਜਿਸ ਦਾ ਜਲਵਾ ਬਿਨ ਅੱਖਾਂ ਤੋਂ ਨਜ਼ਰੀ ਆਏ ਦੀਦ, ਨੂਰ ਨੁਰਾਨਾ ਡਗਮਗਾਈਆ । ਜਿਸ ਦਾ ਹੁਕਮ ਸਭ ਨੂੰ ਮੰਨਣਾ ਪਏ ਸ਼ਦੀਦ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ

ਕਰਨੀ ਕਾਰ ਕਮਾਈਆ । ਸਤਿ ਕਹੇ ਮੈਂ ਸਚਖੰਡ ਦਵਾਰੇ ਤੱਕਿਆ ਉਹ ਭਗਵਾਨ, ਜਿਸ ਨੂੰ ਭਗਵਨ ਕਹਿ ਕੇ ਸਾਰੇ ਗਾਈਆ । ਜਿਸ ਦਾ ਸਤਿ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪਣਾ ਖੇਲ ਖਿਲਾਈਆ । ਜੁਗ ਚੌਕੜੀ ਸਭ ਨੂੰ ਦੇਵਣਹਾਰਾ ਦਾਨ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਚਰਨ ਕਵਲ ਕਰਨ ਧਿਆਨ, ਧੂੜੀ ਮਸਤਕ ਟਿੱਕਾ ਲਾ ਕੇ ਖ਼ੁਸ਼ੀ ਮਨਾਈਆ । ਨਾਮ ਸੰਦੇਸ਼ੇ ਸ਼ਬਦੀ ਦੇਂਦਾ ਰਹੇ ਪੈਗ਼ਾਮ, ਕਲਮਾ ਕਾਇਨਾਤ ਪੜ੍ਹਾਈਆ । ਨਿਤ ਨਵਿਤ ਬਦਲਦਾ ਰਹੇ ਵਿਧਾਨ, ਵਿਦਿਆ ਦਾ ਬਲ ਰਹੇ ਨਾ ਰਾਈਆ । ਦੱਸਦਾ ਰਹੇ ਆਪਣਾ ਪਰਨਾਮ, ਸਜਦਿਆਂ ਵਿਚ ਸੀਸ ਝੁਕਾਈਆ । ਪਰਗਟਾਉਂਦਾ ਰਹੇ ਧਰਮ ਈਮਾਨ, ਸ਼ਰਅ ਹਿੰਦਸਿਆਂ ਵਾਲੀ ਵੰਡ ਵੰਡਾਈਆ । ਅੰਤ ਕੰਤ ਭਗਵੰਤ ਕਰੇ ਖੇਲ ਮਹਾਨ, ਜਿਸ ਨੂੰ ਸਮਝ ਸਕੇ ਕੋਇ ਨਾ ਰਾਈਆ । ਜਿਸ ਦਾ ਇਸ਼ਾਰਿਆਂ ਵਿਚ ਦੇ ਕੇ ਗਏ ਨਿਸ਼ਾਨ, ਭਵਿਖਤਾਂ ਵਿਚ ਢੋਲੇ ਗਾਈਆ । ਸੋ ਪੁਰਖ ਅਕਾਲ ਹੋ ਕੇ ਮਿਹਰਵਾਨ, ਧੁਰ ਸੰਦੇਸ਼ਾ ਇਕ ਜਣਾਈਆ । ਕਲਜੁਗ ਕੂੜੀ ਕਿਰਿਆ ਮੇਟੇ ਵਿਚ ਜਹਾਨ, ਚਾਰ ਕੁੰਟ ਦਹਿ ਦਿਸ਼ਾ ਇਕੋ ਹੁਕਮ ਦਏ ਸੁਣਾਈਆ । ਸਤਿਜੁਗ ਸਾਚਾ ਹੋਵੇ ਪਰਧਾਨ, ਪਰਧਾਨਗੀ ਇਕੋ ਹੱਥ ਵਖਾਈਆ । ਸਭ ਨੂੰ ਮੰਨਣਾ ਪਏ ਇਕੋ ਰਾਮ, ਇਕੋ ਕਾਹਨ ਧੁਰ ਦਾ ਨਜ਼ਰੀ ਆਈਆ । ਇਕੋ ਕਰਨੀ ਪਏ ਪਰਨਾਮ, ਬੰਦਨਾ ਇਕੋ ਇਕ ਸਮਝਾਈਆ । ਇਕੋ ਨਗਮਾ ਦੱਸੇ ਕਲਾਮ, ਕਾਇਨਾਤ ਇਕੋ ਕਰੇ ਪੜ੍ਹਾਈਆ । ਇਕੋ ਮਜ਼੍ਹਬ ਦੀਨ ਇਸਲਾਮ, ਇਕੋ ਇਸਮ ਦਏ ਜਣਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਭ ਨੂੰ ਦਏ ਗਿਆਨ, ਅਗਿਆਨ ਅੰਧੇਰਾ ਦਏ ਚੁਕਾਈਆ । ਝਗੜਾ ਰਹੇ ਨਾ ਅੰਜੀਲ ਕ਼ੁਰਾਨ, ਲੇਖਾ ਮੁਕੇ ਵੇਦ ਪੁਰਾਨ, ਖਾਣੀ ਬਾਣੀ ਹਰਿ ਕਾ ਨਾਮ ਵੰਡ ਨਾ ਕੋਇ ਵੰਡਾਈਆ । ਮਾਨਵ ਜਾਤੀ ਅੰਦਰ ਇਕੋ ਦੱਸੇ ਸਰਬ ਜ਼ਬਾਨ, ਨਾਅਰਾ ਇਕੋ ਹੱਕੋ ਹੱਕ ਸੁਣਾਈਆ । ਇਕੋ ਰੂਪ ਜਗਤ ਇਨਸਾਨ, ਪੰਜ ਤਤ ਮਿਲ ਕੇ ਸੋਭਾ ਪਾਈਆ । ਇਕੋ ਇਸ਼ਟ ਦੇਵ ਸ੍ਰੀ ਭਗਵਾਨ, ਸਚਖੰਡ ਨਿਵਾਸੀ ਨਜ਼ਰੀ ਆਈਆ । ਇਕੋ ਮੰਦਰ ਮਸਜਿਦ ਹੱਕ ਮੁਕਾਮ, ਗੁਰੂਦਵਾਰਾ ਕਾਇਆ ਕਾਅਬਾ ਸੋਭਾ ਪਾਈਆ । ਜਿਥੇ ਦੀਪਕ ਜੋਤ ਜਗੇ ਮਹਾਨ, ਦਿਵਸ ਰੈਣ ਹੋਵੇ ਰੁਸ਼ਨਾਈਆ । ਸ਼ਬਦ ਅਗੰਮੀ ਵੱਜੇ ਧੁਨਕਾਨ, ਧੁਨ ਆਤਮਕ ਰਾਗ ਅਲਾਹੀਆ । ਸਾਚਾ ਝੁਲੇ ਧਰਮ ਨਿਸ਼ਾਨ, ਕੂੜ ਕੁੜਿਆਰਾ ਨਜ਼ਰ ਕੋਇ ਨਾ ਆਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਘਰ ਵਿਚ ਘਰ ਦਏ ਵਡਿਆਈਆ । ਪਰਮਾਤਮ ਆਤਮ ਮੇਲਾ ਹੋਵੇ ਵਿਚ ਜਹਾਨ, ਜਹਾਲਤ ਕੂੜੀ ਦਏ ਮੁਕਾਈਆ । ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਬ੍ਰਹਮ ਢੋਲਾ ਮਿਲ ਕੇ ਗਾਣ, ਸਚ ਦਵਾਰ ਏਕੰਕਾਰ ਇਕੋ ਨਾਅਰਾ ਦਏ ਸੁਣਾਈਆ । ਝਗੜਾ ਮੁਕੇ ਜ਼ਿਮੀਂ ਅਸਮਾਨ, ਸਚਖੰਡ ਦਵਾਰੇ ਮਿਲੇ ਭਗਤ ਭਗਵਾਨ, ਦੂਜਾ ਦਰ ਨਜ਼ਰ ਕੋਇ ਨਾ ਆਈਆ । ਸੋ ਕਲਜੁਗ ਅੰਤ ਦੇਵਣ ਆਇਆ ਦਾਨ, ਦਾਤਾ ਦਾਨੀ ਹੋ ਕੇ ਦਇਆ ਕਮਾਈਆ । ਸਤਿ ਦਵਾਰੇ ਗੁਰਮੁਖ ਸਾਚੇ ਸੰਤ ਕਰ ਪਰਵਾਨ, ਪਰਮ ਪੁਰਖ ਪਰਮਾਤਮ ਆਤਮ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਸੁਹੇਲੇ ਵੇਖੇ ਆਣ, ਜੁਗ ਚੌਕੜੀ ਵਿਛੜੇ ਵਿਚ ਜਹਾਨ, ਬਿਖੜੇ ਬਿਖੜੇ ਆਪਣੇ ਨਾਲ ਮਿਲਾਈਆ ।


੧੧੫੬
੧੯

## ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਕਪੂਰ ਸਿੰਘ ਬਰਾੜ ਦੇ ਗ੍ਰਹਿ ਮੋਗਾ ਜ਼ਿਲਾ ਫ਼ਿਰੋਜ਼ਪੁਰ

ਸ਼ਬਦੀ ਸ਼ਬਦ ਜੋ ਲੋੜੇ ਦਰਸ, ਬਿਨ ਅੱਖਾਂ ਧਿਆਨ ਲਗਾਈਆ । ਮਿਹਰਵਾਨ ਮਹਿਬੂਬ ਕਰੇ ਤਰਸ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਨਾਮ ਨਿਧਾਨਾ ਮੇਘ ਦੇਵੇ ਬਰਸ, ਬੂੰਦ ਸਵਾਂਤੀ ਕਮਲਾਪਾਤੀ ਮੁਖ ਚੁਆਈਆ । ਜਨਮ ਜਨਮ ਦੀ ਮੇਟੇ ਹਰਸ, ਕਰਮ ਕਰਮ ਦਾ ਲੇਖ ਮੁਕਾਈਆ । ਮਨ ਮਨਸਾ ਰਹੇ ਕੋਈ ਨਾ ਭਟਕ, ਤ੍ਰਿਸ਼ਨਾ ਤ੍ਰਿਖਾ ਦਏ ਗਵਾਈਆ । ਨਜ਼ਰੀ ਆਵੇ ਨਿਰਗੁਣ ਧਾਰ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੀ ਯਾਦ ਵਿਚ ਬਤਾਲੀ ਬੀਤੇ ਬਰਸ, ਚਾਰ ਦੋ ਅੰਕ ਜੋੜ (ਜੁੜਾਈਆ) । ਸੋ ਸਵਾਮੀ ਅੰਤਰਜਾਮੀ ਚਾਰ ਜੁਗ ਲਹਿਣਾ ਦੇਵੇ ਕ਼ਰਜ਼, ਮਕ਼ਰੂਜ਼ ਵੇਖ ਵਖਾਈਆ । ਬਿਨਾ ਹੱਥਾਂ ਸਮਰਥ ਮੰਨੇ ਧੁਰ ਦੀ ਅਰਜ਼, ਖ਼ਾਹਿਸ਼ ਬੇਨੰਤੀ ਧੁਰ ਦੀ ਆਪਣੀ ਝੋਲੀ ਪਾਈਆ । ਪ੍ਰੇਮ ਪਿਆਰ ਸਾਚੀ ਧਾਰ ਵੇਖੇ ਦਰਦ, ਦੀਨ ਦੁਨੀ ਨਾਤਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਦਰਸ, ਨੂਰ ਨੁਰਾਨਾ ਨੂਰ ਕਰ ਰੁਸ਼ਨਾਈਆ । ਸਾਚੇ ਦਰਸ ਦੀ ਜੋ ਰਖੇ ਲੋੜ, ਲੋੜੀਂਦਾ ਸਾਜਣ ਨਜ਼ਰੀ ਆਈਆ । ਜੁਗ ਜਨਮ ਦੇ ਵਿਛੜੇ ਲਏ ਜੋੜ, ਜੋੜੀ ਆਤਮ ਪਰਮਾਤਮ ਲਏ ਬਣਾਈਆ । ਕਰ ਪਰਕਾਸ਼ ਅੰਧੇਰੇ ਘੋਰ, ਕਾਇਆ ਮੰਦਰ ਅੰਦਰ ਨਿਰਗੁਣ ਨੂਰ ਕਰੇ ਰੁਸ਼ਨਾਈਆ । ਝਗੜਾ ਰਹੇ ਨਾ ਪੰਜ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਸੁਰਤੀ ਸ਼ਬਦ ਬੰਨ੍ਹੇ ਡੋਰ, ਸਚ ਸਵਾਮੀ ਅੰਤਰਜਾਮੀ ਪੜਦਾ ਦਏ ਉਠਾਈਆ । ਤੂੰ ਮੇਰਾ ਮੈਂ ਤੇਰਾ ਲੇਖਾ ਰਹੇ ਨਾ ਤੋਰ ਮੋਰ, ਅਦਵੈਤ ਵੰਡ ਨਾ ਕੋਇ ਵੰਡਾਈਆ । ਨਿਰਗੁਣ ਨਿਰਗੁਣ ਸਰਗੁਣ ਧਾਰ ਸਦਾ ਰਹੇ ਕੋਲ, ਘਰ ਵਿਚ ਘਰ ਗ੍ਰਹਿ ਵਿਚ ਗ੍ਰਹਿ ਮੰਦਰ ਅੰਦਰ ਬੈਠਾ ਸੋਭਾ ਪਾਈਆ । ਮਨੂਆ ਨਾ ਪਾਵੇ ਸ਼ੋਰ, ਚਾਰ ਕੁੰਟ ਦਹਿ ਦਿਸ਼ਾ ਨਾ ਉਠ ਉਠ ਧਾਈਆ । ਸਾਚਾ ਦਰਸ ਅਕਸ ਬਿਨਾ ਨਹੀਂ ਕੋਈ ਹੋਰ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਦਰਸ, ਦਾਸਤਾਨ ਪਿਛਲੀ ਵੇਖ ਵਖਾਈਆ । ਸਾਚਾ ਦਰਸ ਜੋ ਜਨ ਮੰਗੇ, ਅੰਤਰ ਅੰਤਰ ਧਿਆਨ ਲਗਾਈਆ । ਸਤਿਗੁਰ ਸ਼ਬਦ ਅਗੰਮੀ ਚੋਲਾ ਰੰਗੇ, ਅਨਡਿਠੜਾ ਰੰਗ ਚੜ੍ਹਾਈਆ । ਜਨਮ ਜਨਮ ਦਾ ਲੇਖਾ ਗੰਢੇ, ਟੁੱਟੀ ਜੋੜ ਤੋੜ ਨਿਭਾਈਆ । ਨਾਮ ਭੰਡਾਰਾ ਕਾਇਆ ਮੰਦਰ ਅੰਦਰ ਚੜ੍ਹ ਕੇ ਸਚ ਦਵਾਰੇ ਵੰਡੇ, ਜਗਤ ਵਾਸ਼ਨਾ ਨੇੜ ਨਾ ਕੋਇ ਰਖਾਈਆ । ਨਿਰਗੁਣ ਧਾਰ ਨਿਰਵੈਰ ਨਿਰਾਕਾਰ ਨਿਰੰਕਾਰ ਦੇਵੇ ਆਤਮ ਪਰਮਾਤਮ ਪਰਮਾਨੰਦੇ, ਨਿਜਾਨੰਦ ਰਸ ਆਪਣਾ ਇਕ ਦਰਸਾਈਆ । ਸਚ ਪਦਾਰਥ ਸੋ ਮਾਲਕ ਖ਼ਾਲਕ ਪ੍ਰਿਤਪਾਲਕ ਹੋ ਕੇ ਵੰਡੇ, ਪਰਵਰਦਿਗਾਰ ਸਾਂਝਾ ਯਾਰ ਆਪਣੀ ਦਇਆ ਕਮਾਈਆ । ਦਰਸ ਅੰਦਰ ਕਰ ਦੀਵਾਨੇ ਬੰਦੇ, ਘਰ ਪਰਕਾਸ਼ ਅਗੰਮੀ ਨੂਰੀ ਚੰਦੇ, ਜਲਵਾ ਨੂਰ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਵਿਚ ਦਰਸ ਦੀਦਾਰ ਮੰਗੇ, ਬਿਨਾ ਦਰਸ ਹਰਸ ਜਗਤ ਨਾ ਕੋਇ ਮੁਕਾਈਆ । ਸਚ ਦਰਸ ਦੀ ਜਿਸ ਰਖੀ ਤਾਂਘ, ਮਨ ਵਾਸਨਾ ਨਾਲ ਨਾ ਕੋਇ ਰਖਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਸਵਾਂਗੀ ਆਪਣਾ ਬਦਲ ਕੇ ਸਵਾਂਗ, ਨਟੂਆ ਆਪਣਾ ਖੇਲ ਕਰਾਈਆ । ਕਾਇਆ ਮੰਦਰ ਅੰਦਰ ਸਾਚੇ ਕਾਅਬੇ ਵੜ ਕੇ ਦੇਵੇ ਅਗੰਮੀ ਬਾਂਗ, ਬਿਨ ਰਸਨਾ ਜਿਹਵਾ ਬੱਤੀ ਦੰਦ ਦਏ ਸੁਣਾਈਆ । ਪੂਰਬ ਜਨਮ ਦੀ ਆਸਾ ਮਨਸਾ ਪੂਰੀ ਕਰ ਕੇ ਤਾਂਘ, ਤ੍ਰਿਸ਼ਨਾ ਤ੍ਰਿਖਾ ਜਗਤ ਦਏ ਬੁਝਾਈਆ । ਮਾਇਆ



੧੧੫੭
੧੯

ਮਮਤਾ ਪੋਹ ਨਾ ਸਕੇ ਅਗਨੀ ਆਗ, ਤ੍ਰੈਗੁਣ ਲੇਖਾ ਦਏ ਚੁਕਾਈਆ । ਦਰਸ ਅੰਦਰ ਸਤਿਗੁਰ ਗੁਰਸਿਖ ਸਾਰੇ ਜਾਵਣ ਜਾਗ, ਸੋਇਆ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਜਿਹਾ ਵੈਰਾਗ, ਵੈਰੀ ਵਿਚ ਨਾ ਕੋਇ ਟਿਕਾਈਆ । ਸਾਚਾ ਸਮਾਂ ਸੁਹਾਵਣਾ ਸੰਬਲ ਵਿਚ ਸੱਯਾਦ, ਸ਼ਬਦ ਅਗੰਮੀ ਵੱਜੇ ਨਾਦ, ਧੁਨ ਤੁਰੀਆ ਪਦ ਤੋਂ ਅਗੇ ਦਏ ਸੁਣਾਈਆ । ਸੰਤ ਸੱਜਣ ਮਿਲ ਕੇ ਬਿਨ ਦਰਸ ਦਰਸ ਅਗੰਮਾ ਖੋਲ੍ਹਣ ਰਾਜ਼, ਜਿਸ ਵਿਚ ਜਗ ਨੇਤਰ ਕੰਮ ਕਿਸੇ ਨਾ ਆਈਆ । ਮੰਜ਼ਲ ਬਮੰਜ਼ਲ ਮਕ਼ਸੂਦੇ ਹੱਕ ਮੁਕਾਮੇ ਤਾਰੀਫ਼ ਉਸ ਵਾਹਿਦ, ਖ਼ੁਦਾ ਨਖ਼ਾਸਤਾ ਹੱਕ ਨੇ ਮੇਲਾ ਦਿਤਾ ਮਿਲਾਈਆ । ਸੰਤ ਸੱਜਣ ਸੂਫ਼ੀ ਸਦਾ ਆਜ਼ਾਦ, ਸ਼ਰਅ ਦਾ ਬੰਧਨ ਨਾ ਕੋਈ ਰਖਾਈਆ । ਬਿਨਾ ਹੱਕ ਤੋਂ ਹਕ਼ੀਕ਼ੀ ਸੁਣੇ ਕੋਇ ਨਾ ਆਵਾਜ਼, ਬਿਨਾ ਰਮਜ਼ ਤੋਂ ਜਾਨਣ ਨਾ ਕੋਇ ਰਾਜ਼, ਸਦਾ ਅਦਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਵਿਚ ਦਰਸ ਦੇਵੇ ਸਵਾਦ, ਜਿਸ ਦਰਸ ਦਾ ਰਸਨਾ ਜਪ ਨਾ ਸਕੇ ਜਾਪ, ਅਜਪਾ ਜਾਪ ਤੋਂ ਪਰੇ ਜਿਸ ਦਾ ਪਰਤਾਪ, ਤਪਾਂ ਬਣਾਂ ਵਿਚ ਹੱਥ ਕਦੇ ਨਾ ਆਈਆ । ਸਾਚੇ ਦਰਸ ਦੀ ਸਦਾ ਪਿਆਸ, ਸੰਤ ਸਾਜਣ ਇਕੋ ਇਕ ਆਸ ਰਖਾਈਆ । ਮਿਲੇ ਮੇਲ ਸਰਬ ਗੁਣਤਾਸ, ਮਾਲਕ ਖ਼ਾਲਕ ਬੇਪਰਵਾਹੀਆ । ਸਾਚੇ ਮੰਡਲ ਵਖਾਵੇ ਰਾਸ, ਬਿਨ ਗੋਪੀ ਕਾਹਨ ਨਾਚ ਨਚਾਈਆ । ਤਨ ਜੋਤ ਕਰੇ ਪਰਕਾਸ਼, ਅੰਧ ਅੰਧੇਰ ਗਵਾਈਆ । ਸ਼ਬਦ ਅਗੰਮੀ ਸੁਣਾਏ ਰਾਗ, ਸੋਹਣਾ ਸੁਹਾਵਣਾ ਸਮਾਂ ਮਿਲ ਗਿਆ ਆਜ, ਮੇਘਲਾ ਆਪਣੀ ਖ਼ੁਸ਼ੀ ਰਿਹਾ ਵਖਾਈਆ । ਦਰਸ਼ਨ ਅੰਦਰ ਦਰਸ ਦਾ ਸਵਾਦ, ਸਵਾਦ ਅੰਦਰ ਸਰਬ ਦਾ ਜਵਾਬ, ਜਵਾਬ ਅੰਦਰ ਸਵਾਲ ਸਵਾਲ ਅੰਦਰ ਹਾਲ ਹਾਲ ਅੰਦਰ ਦਿਆਲ ਅਹਿਵਾਲ ਸਭ ਦਾ ਵੇਖ ਵਖਾਈਆ । ਜੀਉਂਦਿਆਂ ਮਰਿਆਂ ਸਭ ਦਾ ਵੇਖੇ ਪੜਦਾ, ਪੜਦੇ ਉਹਲੇ ਰਹਿਣ ਕੋਇ ਨਾ ਪਾਈਆ । ਜੋ ਸਤਿਗੁਰ ਸ਼ਬਦ ਅੰਦਰ ਧਾਰ ਹੋ ਕੇ ਚੜ੍ਹਦਾ, ਮਹੱਲ ਅਟਲ ਫੋਲੇ ਥਾਉਂ ਥਾਈਂਆ । ਸਚ ਦਵਾਰੇ ਹਕ਼ੀਕ਼ੀ ਆਪ ਖੜਦਾ, ਨਿਰਗੁਣ ਸਰਗੁਣ ਆਪਣੇ ਹੱਥ ਰਖੇ ਵਡਿਆਈਆ । ਲਹਿਣਾ ਦੇਣਾ ਜਾਣੇ ਘਰ ਵਿਚ ਘਰ ਦਾ, ਘਰ ਵਿਚ ਬੈਠਾ ਬੇਪਰਵਾਹੀਆ । ਜਿਸ ਦੇ ਬਿਨਾ ਕਾਜ ਨਹੀਂ ਕਿਸੇ ਦਾ ਸਰਦਾ, ਸਾਧ ਸੰਤ ਜੀਵ ਜੰਤ ਬੈਠੇ ਧਿਆਨ ਲਗਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਾਮ ਸ਼ਬਦ ਸੰਦੇਸ਼ੇ ਘਲਦਾ, ਗੁਰ ਅਵਤਾਰ ਪੈਗ਼ੰਬਰਾਂ ਕਰ ਪੜ੍ਹਾਈਆ । ਉਹ ਲੇਖਾ ਜਾਣੇ ਘੜੀ ਘੜੀ ਪਲ ਪਲ ਦਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਖੇਲ ਖਿਲਾਈਆ । ਧੰਨ ਭਾਗ ਦਿਹਾੜਾ ਅੱਜ ਦਾ, ਜਿਸ ਗ੍ਰਿਹ ਏਕਾ ਏਕੇ ਨਾਲ ਸਜਦਾ, ਨਗਾਰਾ ਨਾਮ ਵਾਲਾ ਵੱਜਦਾ ਤਾਲ ਜਗਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਸਚ ਦਾ, ਸਚ ਦਵਾਰੇ ਸੋਭਾ ਪਾਈਆ ।


੧੧੫੮
੧੯

## ✪ ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਪਿੰਡ ਨਾਥੇਵਾਲ ਜ਼ਿਲਾ ਫ਼ਿਰੋਜ਼ਪੁਰ ਮਾਲਵਾ ਸੰਗਤ ✪

ਸਤਿਜੁਗ ਸਾਚੇ, ਉਠ ਕੇ ਵੇਖ, ਪੁਰਖ ਅਕਾਲਾ ਦੀਨ ਦਿਆਲਾ ਭੇਵ ਅਭੇਦ ਦਏ ਖੁਲ੍ਹਾਈਆ । ਜਿਸ ਦਾ ਜੁਗ ਚੌਕੜੀ ਆਦਿ ਜੁਗਾਦੀ ਖੇਲ ਅਨੇਕ, ਬਹੁ ਭਾਤੀ ਦਿਵਸ ਰਾਤੀ ਆਪਣਾ ਹੁਕਮ ਵਰਤਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਬਖ਼ਸ਼ਣਹਾਰਾ ਸਾਚੀ ਟੇਕ, ਧੁਰ ਦਾ ਮਾਲਕ

੧੧੫੯
੧੯

ਸ੍ਰਿਸ਼ਟੀ ਦਾ ਖ਼ਾਲਕ ਆਪਣੀ ਦਇਆ ਕਮਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਨਾਮ ਨਿਧਾਨਾ ਧਰੇ ਏਕ, ਏਕੰਕਾਰਾ ਹਰਿ ਨਿਰੰਕਾਰਾ ਦੇਵੇ ਮਾਣ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਭਗਤ ਭਗਵੰਤ ਲਏ ਪੇਖ, ਪਾਰਬ੍ਰਹਮ ਪਤਿ ਪਰਮੇਸ਼ਵਰ ਪੜਦਾ ਉਹਲਾ ਆਪ ਚੁਕਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਦੋ ਜਹਾਨਾਂ ਦੇਵੇ ਅਗੰਮਾ ਸੰਦੇਸ਼, ਸਤਿ ਸਤਿਵਾਦੀ ਧੁਰ ਦਾ ਢੋਲਾ ਸੋਹਲਾ ਇਕ ਸਮਝਾਈਆ । ਨਿਰਗੁਣ ਨਿਰਵੈਰ ਨਿਰਾਕਾਰ ਹੋ ਕੇ ਲਿਖੇ ਤੇਰਾ ਲੇਖ, ਜਗਤ ਕਾਤਬ ਕਾਇਨਾਤ ਸਕੇ ਨਾ ਕੋਇ ਸਮਝਾਈਆ । ਚਰਨ ਕਵਲ ਦਵਾਰੇ ਦਰ ਠਾਂਡੇ ਲਏ ਵੇਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਾਹਿਬ ਸਵਾਮੀ ਸਚ ਆਪਣਾ ਰੰਗ ਰੰਗਾਈਆ । ਸਤਿਜੁਗ ਸਾਚੇ, ਉਠ ਵੇਖ ਤੱਕ, ਤਕ਼ਦੀਰ ਤੇਰੀ ਦਿਆਂ ਬਦਲਾਈਆ । ਮੁਕਾਮੇ ਹੱਕ ਖੇਲ ਕਰਾਂ ਹੱਕੋ ਹੱਕ, ਹਕ਼ੀਕ਼ਤ ਅਗਲੀ ਦਿਆਂ ਸਮਝਾਈਆ । ਵਸਤ ਅਮੋਲਕ ਦੇ ਕੇ ਨਾਮ ਸਚ, ਸਤਿ ਸਤਿਵਾਦੀ ਹੋ ਕੇ ਕਰਾਂ ਇਕ ਪੜ੍ਹਾਈਆ । ਭਾਗ ਲਗਾਉਣਾ ਕਾਇਆ ਮਾਟੀ ਕੱਚ, ਕੰਚਨ ਗੜ੍ਹ ਸਾਢੇ ਤਿੰਨ ਹੱਥ ਦਿਆਂ ਬਣਾਈਆ । ਪ੍ਰੇਮ ਪ੍ਰੀਤੀ ਅੰਦਰ ਲੂੰ ਲੂੰ ਅੰਦਰ ਜਾਣਾ ਰਚ, ਰਚਨਾ ਤੇਰੀ ਦੇਣੀ ਵਖਾਈਆ । ਪਰਗਟ ਹੋ ਹਰ ਘਟ ਅੰਤਰ ਉਪਜੇ ਇਕੋ ਬ੍ਰਹਮ ਮਤ, ਬ੍ਰਹਮ ਵਿਦਿਆ ਦੇਣੀ ਸਮਝਾਈਆ । ਨਾੜ ਨਾੜ ਨਾ ਉਬਲੇ ਰੱਤ, ਰਤਨ ਅਮੋਲਕ ਹੀਰੇ ਗੁਰਮੁਖ ਲੈਣੇ ਬਣਾਈਆ । ਤੇਰੀ ਲੱਜਿਆ ਰਖੇ ਪਤ, ਪਤਿਪਰਮੇਸ਼ਵਰ ਆਪਣਾ ਹੁਕਮ ਆਪ ਸੁਣਾਈਆ । ਸੰਤ ਸੁਹੇਲਾ ਗੁਰੂ ਗੁਰ ਚੇਲਾ ਕੋਈ ਰਹਿਣ ਨਹੀਂ ਦੇਣਾ ਵੱਖ, ਵੱਖਰਾ ਘਰ ਨਾ ਕੋਇ ਵਸਾਈਆ । ਸਾਚੇ ਭਗਤਾਂ ਨਿਜ ਖੋਲ੍ਹ ਕੇ ਅੱਖ, ਪਰਤੱਖ ਮੇਰਾ ਰੂਪ ਦੇਣਾ ਦਰਸਾਈਆ । ਨਿਰਗੁਣ ਨੂਰ ਜੋਤ ਹੋਵੇ ਪਰਕਾਸ਼, ਅੰਧ ਅੰਧੇਰਾ ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਪੂਰੀ ਕਰੇ ਮਨਸਾ ਆਸ, ਆਸ਼ਾ ਆਪਣੇ ਵਿਚ ਸਮਾਈਆ । ਸਤਿਜੁਗ ਸਾਚੇ ਉਠ ਕੇ ਵੇਖ ਨਜ਼ਾਰਾ, ਨਈਆ ਨੌਕਾ ਇਕੋ ਰਿਹਾ ਦਰਸਾਈਆ । ਜਿਸ ਦਾ ਅੰਤ ਨਾ ਪਾਰਾਵਾਰਾ, ਬੇਅੰਤ ਧੁਰ ਦਾ ਸ਼ਬਦ ਰਿਹਾ ਸੁਣਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਕਰਨ ਨਿਮਸਕਾਰਾ, ਸਜਦਿਆਂ ਵਿਚ ਬੈਠੇ ਸੀਸ ਝੁਕਾਈਆ । ਜਿਸ ਦੇ ਵਿਸ਼ਨ ਬ੍ਰਹਮਾ ਸ਼ਿਵ ਖੜ੍ਹੇ ਭਿਖਾਰਾ, ਦਰ ਦਰਵੇਸ਼ ਇਕੋ ਅਲਖ ਜਗਾਈਆ । ਸੋ ਖੇਲ ਕਰੇ ਵਿਚ ਸੰਸਾਰਾ, ਮਹਾਂਸਾਰਥੀ ਹੋ ਕੇ ਆਪਣਾ ਫੇਰਾ ਪਾਈਆ । ਜਿਸ ਦਾ ਲੇਖਾ ਲਿਖੇ ਨਾ ਕੋਇ ਲਿਖਾਰਾ, ਕਾਤਬ ਮਿਲੇ ਨਾ ਕੋਇ ਵਡਿਆਈਆ । ਸੋ ਵਣਜ ਕਰਾਏ ਬਣ ਵਣਜਾਰਾ, ਸਾਚਾ ਹੱਟ ਰਿਹਾ ਚਲਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਸਚ ਜੈਕਾਰਾ, ਜੈ ਜੈ ਕਾਰ ਬ੍ਰਹਿਮੰਡ ਖੰਡ ਰਿਹਾ ਸੁਣਾਈਆ । ਕਰਨੀ ਦਾ ਕਰਤਾ ਕ਼ੁਦਰਤ ਦਾ ਮਾਲਕ ਆਪਣਾ ਹੁਕਮ ਵਰਤੇ ਸਦਾ ਜੁਗ ਚਾਰਾ, ਜੁਗ ਚੌਕੜੀ ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ, ਤੇਰਾ ਸਾਚਾ ਬਣ ਸਹਾਰਾ, ਸਿਰ ਆਪਣਾ ਹੱਥ ਰਖਾਈਆ । ਸਤਿਜੁਗ ਸਾਚੇ, ਉਠ ਵੇਖ ਖੋਲ੍ਹ ਅੱਖ, ਆਖ਼ਰ ਦਿਆਂ ਜਣਾਈਆ । ਪੁਰਖ ਅਕਾਲ ਦੀਨ ਦਿਆਲ ਹੋ ਪਰਤੱਖ, ਪਾਰਬ੍ਰਹਮ ਆਪਣਾ ਫੇਰਾ ਪਾਈਆ । ਸਤਿ ਦਵਾਰਾ ਖੋਲ੍ਹ ਕੇ ਸਚ, ਇਕੋ ਨਾਮ ਰਿਹਾ ਸਮਝਾਈਆ । ਮਿਹਰਵਾਨ ਮਹਿਬੂਬ ਹੋ ਕੇ ਰਖੇ ਪਤ, ਪਤਿਪਰਮੇਸ਼ਵਰ ਦੇਵੇ ਮਾਣ ਵਡਿਆਈਆ । ਆਤਮ ਪਰਮਾਤਮ ਮਿਲ ਕੇ ਗਾਉਣਾ ਸਾਂਝਾ ਜਸ, ਦੂਜੀ ਅਵਰ ਨਾ ਕੋਈ ਪੜ੍ਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਨਾਲੋਂ ਕਰ ਕੇ ਵੱਖ, ਇਸ਼ਟ ਗੁਰਦੇਵ ਸਵਾਮੀ ਇਕੋ ਨਜ਼ਰੀ

ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਸਮਰਥ, ਸਮੇਂ ਦਾ ਮਾਲਕ ਸਾਚੀ ਕਰਨੀ ਕਾਰ ਕਮਾਈਆ । ਸਤਿਜੁਗ ਸਾਚੇ, ਉਠ ਵੇਖ ਕਰ ਖ਼ਿਆਲ, ਬਿਨ ਦਲੀਲੋਂ ਦਲੀਲ ਬਣਾਈਆ । ਪਰਗਟ ਹੋ ਕੇ ਪੁਰਖ ਅਕਾਲ, ਅਕਲ ਕਲਧਾਰੀ ਆਪਣੀ ਰਚਨ ਆਪੇ ਵੇਖ ਵਖਾਈਆ । ਭਗਤ ਸੁਹੇਲੇ ਗੁਰਮੁਖ ਉਠਾ ਕੇ ਲਾਲ, ਲਾਲ ਗੁਲਾਲਾ ਰੰਗ ਰਿਹਾ ਚੜ੍ਹਾਈਆ । ਕੂੜੀ ਕਿਰਿਆ ਜਗਤ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਲੱਖ ਚੁਰਾਸੀ ਵਿਚੋਂ ਭਾਲ, ਭਰਮ ਭੁਲੇਖਾ ਰਿਹਾ ਮੁਕਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਇਕੋ ਘਰ ਰਿਹਾ ਦਿਸਾਈਆ । ਸਤਿਜੁਗ ਤੇਰੀ ਸਚ ਧਰਮ ਦੀ ਸੋਹੇ ਸੱਚੀ ਧਰਮਸਾਲ, ਧਰਮ ਦਵਾਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਹੱਲ ਕਰੇ ਸਵਾਲ, ਖ਼ਾਲੀ ਦਰ ਨਾ ਕੋਇ ਦੁਰਕਾਈਆ । ਸਤਿਜੁਗ ਸਾਚੇ, ਉਠ ਵੇਖ ਅਗੰਮੀ ਹਸਤੀ, ਹਰਿ ਹਰਿ ਇਕੋ ਨਜ਼ਰੀ ਆਈਆ । ਜਿਸ ਦੀ ਖੇਲ ਅਗੰਮੇ ਜਸ ਦੀ, ਸਿਫ਼ਤਾਂ ਵਿਚ ਸਿਫ਼ਤ ਵਡਿਆਈਆ । ਖਾਣੀ ਬਾਣੀ ਓਸੇ ਦਾ ਨਾਮ ਜਪਦੀ, ਰਾਗਾਂ ਨਾਦਾਂ ਵਿਚ ਕਰੇ ਸ਼ਨਵਾਈਆ । ਗੁਰ ਅਵਤਾਰ ਪੈਗ਼ੰਬਰ ਧਾਰ ਓਸੇ ਦੀ ਆਸਾ ਤੱਕਦੀ, ਤਕਵਾ ਇਕੋ ਉਤੇ ਰਖਾਈਆ । ਉਹ ਖੇਲ ਜਾਣੇ ਆਪਣੀ ਸਚ ਦੀ, ਸਤਿ ਸਚ ਰਿਹਾ ਪਰਗਟਾਈਆ । ਸਾਰ ਪਾ ਕੇ ਗੁਰਮੁਖਾਂ ਦੀ ਅੱਖ ਦੀ, ਆਖ਼ਰ ਆਪਣਾ ਮੇਲ ਮਿਲਾਈਆ । ਜੋ ਆਤਮ ਪਰਮਾਤਮ ਨਾਲ ਪ੍ਰੇਮ ਪ੍ਰੀਤੀ ਅੰਦਰ ਵਸਦੀ, ਵਾਸਤਾ ਇਕੋ ਨਾਲ ਜੁੜਾਈਆ । ਉਹ ਅੰਤ ਅਖ਼ੀਰ ਸਚਖੰਡ ਦਵਾਰੇ ਜਾ ਕੇ ਹੱਸਦੀ, ਹਸਤੀ ਆਪਣੀ ਲਏ ਬਦਲਾਈਆ । ਸਤਿਜੁਗ ਸਾਚੇ, ਇਹ ਖੇਲ ਪੁਰਖ ਸਮਰਥ ਦੀ, ਸਮੇਂ ਵਿਚੋਂ ਸਮਾਂ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਵਾਜ਼ ਲਗਾ ਕੇ ਇਕੋ ਅਲੱਖ ਦੀ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਪੜਦਾ ਰਿਹਾ ਉਠਾਈਆ ।



## ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਬੀਬੀ ਹਰਬੰਸ ਕੌਰ ਦੇ ਗ੍ਰਹਿ ਪਿੰਡ ਸਾਲਬ

ਸਤਿਜੁਗ ਸਾਚੇ, ਸੁਣ ਅਗੰਮੀ ਰੀਤ, ਚਾਰ ਜੁਗ ਤੋਂ ਅਗਲੀ ਦਿਆਂ ਸਮਝਾਈਆ । ਗੁਰ ਅਵਤਾਰ ਪੈਗ਼ੰਬਰਾਂ ਜਿਹੜਾ ਦੱਸਿਆ ਨਹੀਂ ਗੀਤ, ਸੋ ਸਵਾਮੀ ਅੰਤਰਜਾਮੀ ਹੋ ਕੇ ਦਿਆਂ ਦ੍ਰਿੜਾਈਆ । ਨਿਰਗੁਣ ਨਿਰਗੁਣ ਬਣਾ ਕੇ ਧੁਰ ਦਾ ਸਾਚਾ ਮੀਤ, ਸਰਗੁਣ ਸਰਗੁਣ ਲੇਖਾ ਦਿਆਂ ਚੁਕਾਈਆ । ਏਕਾ ਨਾਮ ਨਿਧਾਨਾ ਸ਼ਬਦ ਅਗੰਮੀ ਦੱਸ ਸੰਗੀਤ, ਕਾਇਆ ਮਾਟੀ ਹਰ ਹਿਰਦੇ ਅੰਦਰ ਕਰਾਂ ਸਫ਼ਾਈਆ । ਜਨ ਭਗਤ ਸੁਹੇਲੇ ਕਰ ਅਤੀਤ, ਤ੍ਰੈਗੁਣ ਲੇਖਾ ਦਿਆਂ ਮੁਕਾਈਆ । ਝਗੜਾ ਹੋਵੇ ਨਾ ਮੰਦਰ ਮਸੀਤ, ਕਾਇਆ ਕਾਅਬਾ ਇਕੋ ਦਿਆਂ ਵਖਾਈਆ । ਜਿਸ ਘਰ ਬੈਠਾ ਰਹਾਂ ਅਨਡੀਠ, ਜੁਗ ਚੌਕੜੀ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਕੋਟਨ ਗਏ ਬੀਤ, ਖੋਜਤ ਖੋਜਤ ਥੱਕੀ ਸਰਬ ਲੋਕਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਕਰਦੇ ਗਏ ਉਮੀਦ, ਆਸਾ ਆਪਣੀ ਨਾਲ ਰਖਾਈਆ । ਸੂਫ਼ੀ ਸੰਤ ਫ਼ਕੀਰ ਰਖਦੇ ਗਏ ਉਡੀਕ, ਵੇਲਾ ਵਕ਼ਤ ਦਏ ਗਵਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਲਿਖਦੀ ਰਹੀ ਤਵਾਰੀਖ਼, ਤਾਰੀਖ਼ ਸਭ ਦੀ ਦਿਆਂ ਬਦਲਾਈਆ ।

ਇਕੋ ਨਾਮ ਏਕਾ ਕਲਮਾ ਕਰਾਂ ਬਖ਼ਸ਼ੀਸ਼, ਬਖ਼ਸ਼ਿਸ਼ ਧੁਰ ਦੀ ਰਹਿਮਤ ਆਪ ਕਮਾਈਆ । ਸ੍ਰਿਸ਼ਟ ਸਬਾਈ ਮਨ ਵਾਸਨਾ ਲਵਾਂ ਜੀਤ, ਜਾਗਰਤ ਜੋਤ ਕਰ ਰੁਸ਼ਨਾਈਆ । ਭੇਵ ਖੁਲ੍ਹਾ ਕੇ ਹਸਤ ਕੀਟ, ਊਚ ਨੀਚ ਇਕੋ ਰੰਗ ਰੰਗਾਈਆ । ਸਤਿਜੁਗ ਸਾਚੀ ਦੇ ਤਰਤੀਬ, ਚਾਰ ਵਰਨ ਅਠਾਰਾਂ ਬਰਨ ਤਰ੍ਹਾ ਤਰ੍ਹਾ ਸਮਝਾਈਆ । ਪ੍ਰਭ ਦਾ ਖੇਲ ਆਦਿ ਜੁਗਾਦਿ ਸਦਾ ਅਜੀਬ, ਅਜਬ ਨਿਰਾਲਾ ਸਮਝ ਕਿਸੇ ਨਾ ਆਈਆ । ਝਗੜਾ ਮੁਕਾ ਕੇ ਅਮੀਰ ਗ਼ਰੀਬ, ਗ਼ੁਰਬਤ ਕੂੜੀ ਬਾਹਰ ਕਢਾਈਆ । ਦ੍ਰਿਸ਼ਟੀ ਅੰਦਰ ਬਦਲ ਦੇਵਾਂ ਸਰਬ ਨਸੀਬ, ਲੱਖ ਚੁਰਾਸੀ ਨਿਸਬਤ ਆਪਣੇ ਹੱਥ ਰਖਾਈਆ । ਜਨ ਭਗਤਾਂ ਵਸਾਂ ਹੋ ਕ਼ਰੀਬ, ਦੂਰ ਦੁਰਾਡਾ ਪੰਧ ਨਾ ਕੋਇ ਬਣਾਈਆ । ਸ਼ਬਦੀ ਸ਼ਬਦ ਕਰਾਂ ਤਾਕੀਦ, ਧੁਰ ਫ਼ਰਮਾਨਾ ਇਕ ਸਮਝਾਈਆ । ਮਨ ਵਾਸਨਾ ਰਹੇ ਨਾ ਕੋਇ ਗ਼ਲੀਜ, ਪਤਿਤ ਪੁਨੀਤ ਦਿਆਂ ਬਣਾਈਆ । ਤੂੰ ਮੇਰਾ ਮੈਂ ਤੇਰਾ ਦੱਸਾਂ ਹੱਕ ਤਮੀਜ਼, ਜਗਤ ਤਮੰਨਾ ਕੂੜ ਗਵਾਈਆ । ਸਚ ਦਵਾਰੇ ਦਾ ਬਣਾ ਕੇ ਅਜ਼ੀਜ਼, ਗੁਰਮੁਖ ਗੁਰਸਿਖ ਗੋਦ ਉਠਾਈਆ । ਸੰਤ ਉਧਾਰਨਾ ਸਦਾ ਰੀਝ, ਜੁਗ ਚੌਕੜੀ ਧੁਰ ਦੀ ਕਾਰ ਚਲੀ ਆਈਆ । ਧਰਮ ਸਤਿ ਦਾ ਬੀਜਣਾ ਬੀਜ ਪੱਤ ਡਾਲੀ ਫਲ ਫੁਲਵਾੜੀ ਆਪ ਮਹਿਕਾਈਆ । ਗ਼ਫ਼ਲਤ ਵਾਲੀ ਰਹਿਣ ਨਹੀਂ ਦੇਣੀ ਨੀਂਦ, ਆਲਸ ਨਿੰਦਰਾ ਵਿਚੋਂ ਦੀਨ ਦੁਨੀ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਤਿਜੁਗ ਸਾਚੇ, ਗੁਰਮੁਖ ਸੰਤ ਸੁਹੇਲੇ ਬਣਾਵਾਂ ਬਾਲ ਸਖਾਈ ਸਪੁੱਤਰ, ਜਗਤ ਵਡਿਆਈਆਂ ਲੋੜ ਰਹੇ ਨਾ ਰਾਈਆ । ਨਿਰਗੁਣ ਧਾਰ ਨਿਰੰਕਾਰ ਹੋ ਕੇ ਕਾਇਆ ਮੰਦਰ ਅੰਦਰ ਜਾਵਾਂ ਉਤਰ, ਅਸਮਾਨੀ ਰੁਹਾਨੀ ਜਿਸਮਾਨੀ ਖੇਲ ਆਪਣਾ ਹੁਕਮ ਵਰਤਾਈਆ । ਕੌਲ ਇਕਰਾਰ ਕੀਤਾ ਪੂਰਬ ਕਦੇ ਨਾ ਜਾਵਾਂ ਮੁਕਰ, ਗੁਰ ਅਵਤਾਰ ਪੈਗ਼ੰਬਰਾਂ ਲਹਿਣਾ ਦੇਣਾ ਝੋਲੀ ਪਾਈਆ । ਸੰਤ ਸੁਹੇਲੇ ਸੱਜਣ ਚੁਕਾਂ ਕੁੱਛੜ, ਫੜ ਬਾਹੋਂ ਗੋਦ ਉਠਾਈਆ । ਲੇਖਾ ਰਹਿਣ ਨਾ ਦੇਵਾਂ ਚਾਰ ਕੁੰਟ ਦਹਿ ਦਿਸ਼ਾ ਕਿਸੇ ਨੁਕਰ, ਨਵ ਸੱਤ ਪੜਦਾ ਦਿਆਂ ਉਠਾਈਆ । ਸ਼ੇਰ ਸ਼ਬਦੀ ਹੋ ਕੇ ਆਇਆ ਬੁੱਕਣ, ਨਾਮ ਭਬਕ ਇਕ ਲਗਾਈਆ । ਸਭ ਦਾ ਲਹਿਣਾ ਦੇਣਾ ਲੇਖਾ ਆਇਆ ਪੁਛਣ, ਹਿਸਾਬ ਕਿਤਾਬ ਸਭ ਦਾ ਫੋਲ ਫੁਲਾਈਆ । ਜਗਤ ਵਿਕਾਰ ਕੂੜ ਕੁੜਿਆਰ ਚੰਡਾਲ ਆਇਆ ਕੁੱਟਣ, ਕਲੰਕੀ ਨਾਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਰੰਗ ਰੰਗਾਈਆ । ਸਤਿਜੁਗ ਸਾਚੇ ਏਕਾ ਨਾਮ ਰੰਗ ਰੰਗੀਲਾ, ਰੰਗਤ ਆਪਣੀ ਦਏ ਵਖਾਈਆ । ਚਾਰ ਵਰਨ ਬਣੇ ਸਚ ਵਸੀਲਾ, ਉਜੜੇ ਖੇੜੇ ਦਏ ਵਸਾਈਆ । ਭਗਤ ਭਗਵਾਨ ਦਾ ਬਣੇ ਇਕ ਕ਼ਬੀਲਾ, ਕਾਮਲ ਮੁਰਸ਼ਦ ਹੋ ਕੇ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਸਚਖੰਡ ਦਵਾਰਾ ਸੁਣੇ ਸਚ ਅਪੀਲਾ, ਹੁਕਮਰਾਨ ਹੋ ਕੇ ਹੁਕਮੇਂ ਅੰਦਰ ਕਰੇ ਸ਼ਨਵਾਈਆ । ਮਨ ਵਾਸਨਾ ਬੁਧੀ ਵਿਚਾਰ, ਸਾਧ ਸੰਤ ਦਏ ਨਾ ਕੋਇ ਦਲੀਲਾ, ਜਗਤ ਵਿਦਿਆ ਨਾਲ ਨਾ ਕੋਇ ਸਮਝਾਈਆ । ਅਕਲ ਕਲਧਾਰੀ ਜੋਤ ਨਿਰੰਕਾਰੀ ਬਣ ਕੇ ਛੈਲ ਛਬੀਲਾ, ਮਾਲਕ ਖ਼ਾਲਕ ਪ੍ਰਿਤਪਾਲਕ ਹੋ ਕੇ ਫੇਰਾ ਪਾਈਆ । ਸਤਿਜੁਗ ਕਲਜੁਗ ਕਲਜੁਗ ਸਤਿਜੁਗ ਦੋਹਾਂ ਕਰੇ ਤਬਦੀਲਾ, ਤਬਾਦਲਾ ਆਦਲ ਆਪਣੇ ਹੱਥ ਰਖਾਈਆ । ਜਿਸ ਦਾ ਚਾਰ ਜੁਗ ਲਿਖਿਆ ਨਹੀਂ ਕਿਸੇ ਜ਼ਮੀਮਾ, ਸਿਫ਼ਤਾਂ ਵਿਚ ਸਿਫ਼ਤ ਨਾ ਕੋਇ ਵਡਿਆਈਆ । ਸੋ ਹੁਕਮੇਂ ਅੰਦਰ ਹੁਕਮ ਕਰੇ ਤਰਮੀਮਾ, ਆਲੀਸ਼ਾਨ ਅਜ਼ੀਮਾ ਆਪਣੀ ਕਾਰ ਕਮਾਈਆ । ਲੇਖਾ ਜਾਣ ਕੇ ਨਰ ਮਦੀਨਾ, ਪੜਦਾ ਉਹਲਾ ਦਏ ਚੁਕਾਈਆ ।


੧੧੯੧
੧੯

ਪਰਗਟ ਹੋ ਉਪਰ ਧਰਤੀ ਖ਼ਾਕ ਜ਼ਮੀਨਾ, ਜ਼ਾਮਨ ਰਾਮਨ ਆਪਣੀ ਕਾਰ ਕਮਾਈਆ । ਸਾਚਾ ਨਾਮ ਸਚਖੰਡ ਦਾ ਸਚ ਨਮੂਨਾ, ਨਵੇਂ ਜੁਗ ਦਾ ਨਵਾਂ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਰਹਿਣ ਨਾ ਦੇਵੇ ਕੋਈ ਨਾਮ ਵਿਹੂਣਾ, ਵਹਿਮ ਸਹਿਮ ਨਾਲ ਦੂਰ ਕਰਾਈਆ । ਸਤਿਜੁਗ ਸਾਚੇ ਸੱਚੇ ਨਾਮ ਦੀ ਰਖਣੀ ਤਾਂਘ, ਜਗਤ ਸਿਆਣਪ ਕੰਮ ਕਿਸੇ ਨਾ ਆਈਆ । ਮਿਹਰਵਾਨ ਹੋ ਕੇ ਚਾੜ੍ਹੇ ਅਗੰਮੀ ਕਾਂਗ, ਕਲਜੁਗ ਕੂੜੀ ਕਿਰਿਆ ਦਏ ਰੁੜ੍ਹਾਈਆ । ਨਿਰਗੁਣ ਹੋ ਕੇ ਸਵਾਂਗੀ ਆਪਣਾ ਕਰੇ ਸਵਾਂਗ, ਅਛਲ ਅਛੱਲ ਆਪਣੀ ਕਾਰ ਕਮਾਈਆ । ਜਨ ਭਗਤਾਂ ਬੁਝਾ ਕੇ ਅਗਨੀ ਆਗ, ਅਗਲਾ ਲੇਖਾ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਣਾਵਣਹਾਰਾ ਆਪਣਾ ਰਾਗ, ਨਾਦ ਅਨਾਦੀ ਆਪ ਸੁਣਾਈਆ ।

✪ ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਿਹ ਪਿੰਡ ਨਾਥੇ ਵਾਲ ਜ਼ਿਲਾ ਫ਼ਿਰੋਜ਼ਪੁਰ ✪

ਸਤਿਜੁਗ ਸਾਚੇ, ਚਾਰ ਵਰਨ ਅਠਾਰਾਂ ਬਰਨ ਏਕਾ ਬਖ਼ਸ਼ਾਂ ਟੇਕ, ਪੁਰਖ ਅਕਾਲ ਦੀਨ ਦਿਆਲ ਇਸ਼ਟ ਦੇਵ ਸਵਾਮੀ ਸਭ ਦਾ ਨਜ਼ਰੀ ਆਈਆ । ਕਲਜੁਗ ਕੂੜੀ ਕਿਰਿਆ ਮਨ ਵਾਸਨਾ ਬਦਲ ਕੇ ਭੇਖ, ਸਤਿ ਸਚ ਧਰਨੀ ਧਰਤ ਲੋਕਮਾਤ ਦਿਆਂ ਪਰਗਟਾਈਆ । ਏਕਾ ਨਾਮ ਨਿਧਾਨਾ ਸ੍ਰੀ ਭਗਵਾਨਾ ਦੱਸ ਵਿਸ਼ੇਸ਼, ਕੂੜ ਵਿਕਾਰ ਜਗਤ ਵਿਸ਼ਿਆਂ ਵਿਚੋਂ ਬਾਹਰ ਕਢਾਈਆ । ਮਾਨਵ ਜਾਤੀ ਕਰ ਕੇ ਬੁਧ ਬਿਬੇਕ, ਪਾਰਬ੍ਰਹਮ ਬ੍ਰਹਮ ਪੜਦਾ ਦਿਆਂ ਉਠਾਈਆ । ਜਗਤ ਵਾਸਨਾ ਤ੍ਰੈਗੁਣ ਮਾਇਆ ਲਾ ਨਾ ਸਕੇ ਸੇਕ, ਕਲਜੁਗ ਅਗਨੀ ਅੱਗ ਨਾ ਕੋਇ ਜਲਾਈਆ । ਕਾਇਆ ਮੰਦਰ ਅੰਦਰ ਧੁਰ ਦੇ ਕਾਅਬੇ ਦੇ ਕੇ ਹੱਕ ਸੰਦੇਸ਼, ਨਾਉਂ ਨਿਰੰਕਾਰਾ ਅਗੰਮ ਅਪਾਰਾ, ਇਕੋ ਦਿਆਂ ਦ੍ਰਿੜਾਈਆ । ਜਨ ਭਗਤ ਸੰਤ ਸੁਹੇਲੇ ਖੜ ਕੇ ਆਪਣੇ ਦੇਸ, ਸਚਖੰਡ ਦਵਾਰੇ ਸਹਿਜੇ ਦਿਆਂ ਟਿਕਾਈਆ । ਜਿਥੇ ਆਤਮ ਪਰਮਾਤਮ ਨਿਰਗੁਣ ਨਿਰਗੁਣ ਰਹੇ ਕੋਈ ਨਾ ਭੇਤ, ਭੇਦ ਭੇਵ ਆਪਣਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਹੁਕਮ ਇਕ ਸੁਣਾਈਆ । ਸਤਿਜੁਗ ਸਾਚੇ ਸਾਚੀ ਦੇਵਾਂ ਅਗੰਮੀ ਵਥ, ਵਸਤ ਅਮੋਲਕ ਝੋਲੀ ਪਾਈਆ । ਨਾਮ ਨਿਧਾਨ ਚਲਾ ਕੇ ਰਥ, ਚਾਰ ਵਰਨ ਅਠਾਰਾਂ ਬਰਨ ਦੀਨ ਦੁਨੀ ਜਗਤ ਸਮਾਜ ਇਕੋ ਰਾਹ ਚਲਾਈਆ । ਬੋਧ ਅਗਾਧ ਸ਼ਬਦ ਕਹਾਣੀ ਦੱਸ ਅਕਥ, ਬੁਧੀ ਤੋਂ ਪਰੇ ਕਰਾਂ ਪੜ੍ਹਾਈਆ । ਹਕੀਕਤ ਵਿਚੋਂ ਸਮਝਾ ਕੇ ਹੱਕ, ਹਕੂਕ ਸਭ ਦਾ ਝੋਲੀ ਪਾਈਆ । ਜਨ ਭਗਤਾਂ ਨਿਜ ਨੇਤਰ ਖੋਲ੍ਹ ਕੇ ਅੱਖ, ਲੋਚਨ ਆਪਣੇ ਨਾਲ ਮਿਲਾਈਆ । ਆਤਮਾ ਪਰਮਾਤਮਾ ਸਾਂਝਾ ਕਰ ਕੇ ਜਸ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਦਿਆਂ ਦ੍ਰਿੜਾਈਆ । ਸਚ ਜੈਕਾਰਾ ਬੋਲ ਕੇ ਇਕ ਅਲੱਖ, ਅਲਖ ਅਗੰਮ ਅਗੋਚਰ ਹੋ ਕੇ ਪੜਦਾ ਦਿਆਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਸਾਚੀ ਦੇਵੇ ਮਤ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਸਤਿਜੁਗ ਸਾਚੇ, ਸਾਚੇ ਨਾਮ ਦੀ ਚੜ੍ਹੇ ਰੰਗਣ, ਚਾਰ ਕੁੰਟ ਦਹਿ ਦਿਸ਼ਾ ਇਕੋ ਰੂਪ ਨਜ਼ਰੀ ਆਈਆ । ਗੁਰਮੁਖ ਗੁਰਸਿਖ ਹਰਿਜਨ ਸੰਤ ਸੁਹੇਲਾ, ਭਗਤ ਦੂਜੇ ਦਰ ਜਾਏ ਨਾ ਮੰਗਣ, ਠਾਂਡਾ ਦਰਬਾਰਾ ਏਕੰਕਾਰਾ ਆਪਣਾ ਇਕ ਵਖਾਈਆ । ਜਿਸ ਗ੍ਰਿਹ ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ

ਬ੍ਰਹਮਾ ਸ਼ਿਵ ਕਰਦੇ ਡੰਡਾਵਤ ਬੰਦਨ, ਸਜਦਿਆਂ ਵਿਚ ਬੈਠੇ ਸੀਸ ਨਿਵਾਈਆ । ਪਰਕਾਸ਼ ਦਿਸੇ ਨਾ ਕੋਇ ਸੂਰੀਆ ਚੰਦਨ, ਨਿਰਗੁਣ ਜੋਤ ਹੋਵੇ ਰੁਸ਼ਨਾਈਆ । ਲੱਖ ਚੁਰਾਸੀ ਜਮ ਕੀ ਫਾਸੀ ਰਹੇ ਕੋਈ ਨਾ ਬੰਧਨ, ਬੰਦੀਖ਼ਾਨਾ ਦਿਆਂ ਤੁੜਾਈਆ । ਸਾਚਾ ਰਸ ਦੇ ਕੇ ਪਰਮਾਨੰਦਨ, ਪਰਮਾਤਮ ਹੋ ਕੇ ਆਤਮ ਆਪਣੇ ਵਿਚ ਮਿਲਾਈਆ । ਜੁਗ ਚੌਕੜੀ ਦੀਨ ਦਿਆਲ ਠਾਕਰ ਸਵਾਮੀ ਪਰਵਰਦਿਗਾਰ ਸਾਂਝਾ ਯਾਰ ਹੋ ਕੇ ਆਵੇ ਟੁੱਟੀ ਗੰਢਣ, ਜੁਗ ਜਨਮ ਦੇ ਵਿਛੜੇ ਗੁਰਮੁਖ ਆਪਣੇ ਨਾਲ ਮਿਲਾਈਆ । ਨਿਰਗੁਣ ਨਿਰਵੈਰ ਨਿਰਾਕਾਰ ਜੋਤ ਸਰੂਪ ਸਾਜਣ ਮੀਤ ਮੁਰਾਰਾ ਹੋ ਕੇ ਆਵੇ ਨਾਲ ਹੰਢਣ, ਜਗਤ ਆਯੂ ਆਰਜ਼ੂ ਲਹਿਣਾ ਦੇਣਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰਾ ਸਰਬੰਗਣ, ਸਤਿ ਸਤਿਵਾਦੀ ਆਪਣੀ ਕਾਰ ਕਮਾਈਆ । ਸਤਿਜੁਗ ਸਾਚੇ, ਮੇਰਾ ਮੰਤਰ ਨਾਮ ਸ਼ਬਦ ਚਲੇ ਰੁਹਾਨੀ, ਦਰ ਘਰ ਸਾਚੇ ਵੱਜੇ ਵਧਾਈਆ । ਲੇਖਾ ਜਾਣੇ ਪੰਜ ਤਤ ਮਾਟੀ ਖ਼ਾਕੀ ਜਿਸਮਾਨੀ, ਜਿਸਮ ਵਜੂਦ ਪੜਦਾ ਦਏ ਉਠਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕਰੇ ਮਿਹਰਵਾਨੀ, ਮਹਿਵ ਆਪਣਾ ਕਲਮਾ ਧੁਰ ਦਾ ਨਗ਼ਮਾ ਦਏ ਸੁਣਾਈਆ । ਸਚ ਪਰਕਾਸ਼ ਧੁਰ ਦਾ ਜਲਵਾ ਦੇਵੇ ਉਪਰ ਅਸਮਾਨੀ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਪਿਛਲਾ ਅਗਲਾ ਪੰਧ ਮੁਕਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦਾ ਝਗੜਾ ਮੇਟੇ ਦੀਵਾਨੀ, ਗੁਰ ਅਵਤਾਰ ਪੀਰ ਪੈਗ਼ੰਬਰ ਸ਼ਹਾਦਤ ਹਕ਼ੀਕੀ ਦੇਣੀ ਭੁਗਤਾਈਆ । ਜਨ ਭਗਤ ਸਾਚੇ ਸੰਤ ਦੇਣੀ ਪਏ ਨਾ ਕਿਸੇ ਕ਼ੁਰਬਾਨੀ, ਕ਼ਾਇਮ ਮੁਕਾਇਮ ਹੋ ਕੇ ਆਪਣਾ ਹੁਕਮ ਦਏ ਵਰਤਾਈਆ । ਪੁਰਖ ਅਕਾਲ ਦੀਨ ਦਿਆਲ ਆਪਣਾ ਸੰਦੇਸ਼ਾ ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰਾਂ ਦੇਵੇ ਨਾ ਕਦੇ ਜ਼ਬਾਨੀ, ਕ਼ਲਮ ਸ਼ਾਹੀ ਲੇਖਾ ਕਾਗਜ ਨਾਲ ਵੰਡ ਵੰਡਾਈਆ । ਸੋ ਪੁਰਖ ਸਮਰਥ ਆਪਣੀ ਮਹਿੰਮਾ ਦੱਸੇ ਅਕਥ ਕਲਜੁਗ ਅੰਤ ਹੋ ਪਰਗਟ, ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ ਘਟ ਘਟ, ਸਾਧ ਸੰਤ ਭਗਤ ਭਗਵੰਤ ਗੁਰਮੁਖ ਗੁਰਸਿਖ ਗੁਰ ਗੁਰ ਗੁਰ ਸਤਿਗੁਰ ਸ਼ਬਦੀ ਲਹਿਣਾ ਦੇਣਾ ਸਭ ਦਾ ਦਏ ਚੁਕਾਈਆ ।

### ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮੇਹਰ ਸਿੰਘ ਦੇ ਗ੍ਰਿਹ ਪਿੰਡ ਜਗਰਾਉਂ ਜ਼ਿਲਾ ਲੁਧਿਆਣਾ

ਸਤਿਜੁਗ ਸਾਚੇ, ਸਾਚੇ ਨਾਮ ਦਾ ਬਖ਼ਸ਼ੇ ਜ਼ੋਰ, ਸੋ ਪੁਰਖ ਨਿਰੰਜਣ ਆਪਣੀ ਦਇਆ ਕਮਾਈਆ । ਹਰਿ ਬਿਨ ਅਵਰ ਨਾ ਦਿਸੇ ਕੋਈ ਹੋਰ, ਦੋ ਜਹਾਨ ਬ੍ਰਹਿਮੰਡ ਖੰਡ ਬੈਠਣ ਸੀਸ ਨਿਵਾਈਆ । ਕਰੇ ਪਰਕਾਸ਼ ਅੰਧੇਰੇ ਘੋਰ, ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਮਨ ਵਾਸਨਾ ਕਲਜੁਗ ਕੂੜ. ਕਿਰਿਆ ਮੇਟੇ ਚੋਰ, ਤਨ ਮਾਟੀ ਖ਼ਾਕੀ ਵਜੂਦ ਰਹਿਣ ਕੋਇ ਨਾ ਪਾਈਆ । ਹੰਕਾਰ ਵਿਕਾਰ ਪਾਵੇ ਕੋਇ ਨਾ ਸ਼ੋਰ, ਸ਼ਰਅ ਦੀਨ ਮਜ਼੍ਹਬ ਜਾਤ ਪਾਤ ਊਚ ਨੀਚ ਨਾ ਕੋਇ ਲੜਾਈਆ । ਨਿਰਗੁਣ ਨਿਰਵੈਰ ਨਿਰਾਕਾਰ ਆਤਮ ਪਰਮਾਤਮ ਪਕੜੇ ਡੋਰ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖ ਵਖਾਈਆ । ਸਤਿ ਸਤਿਵਾਦ ਦੀ ਸਭ ਨੂੰ ਦੱਸੇ ਸੱਚੀ ਲੋੜ, ਲੋੜੀਂਦਾ ਸੱਜਣ ਘਰ ਘਰ ਮਿਲ ਕੇ ਖ਼ੁਸ਼ੀ ਵਖਾਈਆ । ਜੁਗ ਜਨਮ ਦਿਆਂ ਵਿਛੜਿਆਂ ਸੁਰਤੀ ਸ਼ਬਦੀ ਹੋਵੇ ਜੋੜ, ਜਗਤ ਵਿਛੋੜਾ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਭਗਵਾਨ ਹੋ ਕੇ ਜਾਏ ਬਹੁੜ, ਬਹੁੜੀ ਦਰੋਹੀ ਕਰੇ ਨਾ ਕੋਇ ਲੋਕਾਈਆ । ਅੰਮ੍ਰਿਤ ਮੇਘ ਸਿੰਚ ਬੁਝਾਏ ਔੜ, ਤ੍ਰਿਸ਼ਨਾ ਤ੍ਰਿਖਾ ਮਾਇਆ ਮਮਤਾ

ਮੋਹ ਚੁਕਾਈਆ । ਸੰਤ ਸੁਹੇਲੇ ਗੁਰ ਚੇਲੇ ਵੇਖੇ ਕਰ ਕੇ ਗ਼ੌਰ, ਗਹਿਰ ਗੰਭੀਰ ਬੇਨਜ਼ੀਰ ਮਾਨਵ ਜਾਤੀ ਵਿਚੋਂ ਬਾਹਰ ਕਢਾਈਆ । ਮੁਹੱਬਤ ਵਿਚ ਮਹਿਬੂਬ ਬਦਲ ਦੇਵੇ ਤਕਦੀਰ, ਤਦਬੀਰ ਬੇਨਜ਼ੀਰ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰਾ ਧੁਰ ਦਾ ਰਾਹ, ਰਹਿਬਰ ਹੋ ਕੇ ਦਏ ਵਖਾ, ਲੋਕਮਾਤ ਧਰਨੀ ਧਰਤ ਧਵਲ ਉਪਰ ਦਏ ਵਡਿਆਈਆ । ਸਤਿਜੁਗ ਸਾਚੇ ਸਾਚਾ ਨਾਮ ਇਕੋ ਹੋਵੇ ਜਬਰ, ਜਾਬਰ ਜ਼ੁਲਮ ਦਏ ਗਵਾਈਆ । ਦੋ ਜਹਾਨਾਂ ਭਬਕ ਲਗਾ ਕੇ ਅਗੰਮੀ ਬੱਬਰ, ਸਿੰਘ ਸ਼ੇਰ ਵੱਜੇ ਵਧਾਈਆ । ਕਾਇਆ ਮੰਦਰ ਅੰਦਰ ਸਭ ਦੀ ਵੇਖੇ ਮੜ੍ਹੀ ਗੋਰ ਕ਼ਬਰ, ਮਾਟੀ ਖ਼ਾਕੀ ਫੋਲੇ ਥਾਉਂ ਥਾਈਂਆ । ਜਨ ਭਗਤਾਂ ਆਸਾ ਮਨਸਾ ਪੂਰੀ ਕਰੇ ਸੱਧਰ, ਜਗਤ ਨਿਰਾਸਾ ਰਹਿਣ ਕੋਇ ਨਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਤਿ ਸਤਿਵਾਦੀ ਹੋ ਕੇ ਕਰੇ ਅਦਲ, ਇਨਸਾਫ਼ ਆਪਣਾ ਦਏ ਸਮਝਾਈਆ । ਕਲਜੁਗ ਕੂੜ ਕੁੜਿਆਰ ਵਿਚ ਸੰਸਾਰ ਲੋਕਮਾਤ ਜਾਏ ਬਦਲ, ਬਦਲਾ ਚੁਕਾਵੇ ਬੇਪਰਵਾਹੀਆ । ਕੂੜੀ ਕਿਰਿਆ ਜਗਤ ਸ਼ਰਅ ਹੋਵੇ ਕ਼ਤਲ, ਨਾਮ ਖੰਡਾ ਵਿਚ ਬ੍ਰਹਿਮੰਡਾਂ ਇਕੋ ਇਕ ਵਖਾਈਆ । ਚਾਰ ਵਰਨ ਅਠਾਰਾਂ ਬਰਨ ਸਚ ਦਵਾਰਾ ਇਕੋ ਦੱਸੇ ਪੱਤਨ, ਪਤਿਪਰਮੇਸ਼ਵਰ ਬੇਪਰਵਾਹ ਆਪਣਾ ਗ੍ਰਿਹਿ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਤੇਰਾ ਸਤਿ ਦਵਾਰਾ ਚਰਨ ਕਵਲ ਦਏ ਰਖਾਈਆ । ਸਤਿਜੁਗ ਸਾਚੇ, ਸਾਚੇ ਨਾਮ ਦੀ ਅਗੰਮੀ ਤੁਕ, ਮੇਰਾ ਤੇਰਾ ਭੇਵ ਰਹੇ ਨਾ ਰਾਈਆ । ਪੜ੍ਹਨ ਨਾਲ ਉਜਲ ਹੋਵੇ ਮੁਖ, ਰਸਨਾ ਜਿਹਵਾ ਮਿਲੇ ਵਡਿਆਈਆ । ਜਨਮ ਮਰਨ ਲੱਖ ਚੁਰਾਸੀ ਆਵਣ ਜਾਵਣ ਰਹੇ ਕੋਈ ਨਾ ਦੁੱਖ, ਜੂਨੀ ਵਿਚ ਨਾ ਕੋਇ ਭਵਾਈਆ । ਆਤਮ ਪਰਮਾਤਮ ਮਿਲ ਕੇ ਉਪਜੇ ਸਾਚਾ ਸੁਖ, ਸੁਖ ਸਾਗਰ ਗਹਿਰ ਗੰਭੀਰ ਲੇਖਾ ਦਏ ਵਖਾਈਆ । ਭਗਤ ਸੁਹੇਲੇ ਗੁਰਮੁਖ ਗੁਰਸਿਖ ਬਣਾ ਕੇ ਆਪਣੇ ਸੁਤ, ਅਪਰਾਧੀ ਦੁਸ਼ਟ ਦੁਰਾਚਾਰੀ ਹੰਕਾਰੀ ਵਿਕਾਰੀ ਪਾਰ ਲੰਘਾਈਆ । ਲੇਖੇ ਲਾ ਕੇ ਮਾਨਸ ਜਨਮ ਮਨੁੱਖ, ਦਰ ਘਰ ਸਾਚੇ ਦੇਵੇ ਮਾਣ ਵਡਿਆਈਆ । ਭਗਵਨ ਹੋ ਕੇ ਜਨ ਭਗਤਾਂ ਗੋਦੀ ਲਏ ਚੁੱਕ, ਚਾਰ ਕੁੰਟ ਦਹਿ ਦਿਸ਼ਾ ਵੇਖੇ ਥਾਉਂ ਥਾਈਂਆ । ਪੜਦਾ ਉਹਲਾ ਰਹਿਣ ਨਾ ਦੇਵੇ ਕੋਈ ਲੁਕ, ਸਨਮੁਖ ਹੋ ਕੇ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਤੇਰਾ ਮਾਲਕ ਇੱਕ, ਖ਼ੁਦਾ ਖ਼ੁਦੀ ਨੂੰ ਖ਼ਾਦਮ ਦਏ ਬਣਾਈਆ । ਸਤਿਜੁਗ ਸਾਚੇ, ਸਾਚੇ ਨਾਮ ਦਾ ਹੋਵੇ ਹੋਕਾ ਹੱਕ, ਹਕ਼ੀਕਤ ਇਕੋ ਇਕ ਜਣਾਈਆ । ਵਰਨ ਬਰਨ ਜਾਤ ਪਾਤ ਰਹਿਣ ਦੇਵੇ ਕੋਈ ਨਾ ਸ਼ੱਕ, ਮਜ਼੍ਹਬਾਂ ਵਿਚੋਂ ਬਾਹਰ ਕਢਾਈਆ । ਚਾਰ ਕੁੰਟ ਦਹਿ ਦਿਸ਼ਾ ਸੇਵਾ ਕਰੇ ਅਣਥੱਕ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਨੂੰ ਦੱਸ ਕੇ ਮਤ, ਬ੍ਰਹਮ ਵਿਦਿਆ ਦਏ ਸਮਝਾਈਆ । ਜੁਗ ਜਨਮ ਦੇ ਵਿਛੜੇ ਰਹੇ ਤਪ, ਕਲਜੁਗ ਮਾਇਆ ਅਗਨੀ ਰਹੇ ਜਲਾਈਆ । ਤਿਨ੍ਹਾਂ ਮੇਲਾ ਹੋਵੇ ਪੁਰਖ ਸਮਰਥ, ਹਰਿ ਸਵਾਮੀ ਅੰਤਰਜਾਮੀ ਵੇਖੇ ਚਾਈਂ ਚਾਈਂਆ । ਨਿਜ ਨੇਤਰ ਲੋਚਨ ਨੈਣ ਖੋਲ੍ਹ ਕੇ ਅੱਖ, ਆਖਰ ਆਪਣਾ ਜੋੜ ਜੁੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦੀਨ ਦੁਨੀ ਨਾਲੋਂ ਕਰ ਕੇ ਵੱਖ, ਦਰ ਠਾਂਡਾ ਦਏ ਜਣਾਈਆ । ਜਿਸ ਗ੍ਰਿਹਿ ਮੰਦਰ ਅੰਦਰ ਪਾਰਬ੍ਰਹਮ ਪਤਿਪਰਮੇਸ਼ਵਰ ਰਿਹਾ ਵਸ, ਧੁਰ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਆਪਣਾ ਡੇਰਾ ਲਾਈਆ । ਸੁਰਤੀ ਸ਼ਬਦੀ ਸਾਂਝਾ ਹੋਵੇ ਜਸ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਲੇਖਾ ਅਵਰ ਨਾ

ਕੋਇ ਰਖਾਈਆ । ਜਨ ਭਗਤਾਂ ਅੰਤਰ ਆਤਮ ਅੰਮ੍ਰਿਤ ਦੇ ਕੇ ਅਗੰਮੀ ਰਸ, ਰਹਿਬਰ ਹੋ ਕੇ ਰਸਤਾ ਦਏ ਵਖਾਈਆ । ਸਚ ਦਵਾਰਾ ਏਕੰਕਾਰਾ ਨਾਮ ਭੰਡਾਰਾ ਖੋਲ੍ਹ ਕੇ ਹੱਟ, ਬਣ ਵਣਜਾਰਾ ਵਿਚ ਸੰਸਾਰਾ ਏਕੰਕਾਰਾ ਭਗਤਾਂ ਝੋਲੀ ਪਾਈਆ । ਸਤਿਜੁਗ ਸਾਚੇ ਤੇਰਾ ਸਾਚਾ ਧਰਮ ਚਲਾਏ ਰਥ, ਰਥ ਰਥਵਾਹੀ ਬੇਪਰਵਾਹੀ ਨੂਰ ਇਲਾਹੀ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰ ਹਿਰਦੇ ਅੰਦਰ ਵਸ, ਕੂੜੀ ਕਿਰਿਆ ਕਰੇ ਭਖ, ਗੁਰਮੁਖ ਵੱਖ ਰਹਿਣ ਕੋਇ ਨਾ ਪਾਈਆ ।

## ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਿਹ ਪਿੰਡ ਗੁੜੇ ਜ਼ਿਲਾ ਲੁਧਿਆਣਾ

ਸਤਿਜੁਗ ਸਾਚੇ, ਸਾਚੇ ਨਾਮ ਦਾ ਚਲੇ ਇਕ ਪਰਵਾਹ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗੁਰ ਅਵਤਾਰ ਪੈਗ਼ੰਬਰ ਕਰਨ ਵਾਹ ਵਾਹ, ਵਾਹਵਾ ਸਤਿਗੁਰ ਤੇਰੀ ਬੇਪਰਵਾਹੀਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਢੋਲੇ ਸਾਰੇ ਲੈਣ ਗਾ, ਨਾਦ ਸ਼ਬਦ ਧੁਨ ਅਗੰਮੀ ਵੱਜੇ ਵਧਾਈਆ । ਸਤਿ ਸਵਾਮੀ ਅੰਤਰਜਾਮੀ ਪੁਰਖ ਬਿਧਾਤਾ ਬਣੇ ਮਲਾਹ, ਇਕ ਅਕੱਲਾ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਖੇਲ ਖਿਲਾਈਆ । ਦ੍ਰਿਸ਼ਟੀ ਅੰਦਰ ਦੱਸ ਕੇ ਸੱਚਾ ਰਾਹ, ਰਹਿਮਤ ਵਿਚ ਸਹਿਮਤ ਕਰਕੇ ਆਪਣੇ ਨਾਲ ਲਏ ਮਿਲਾਈਆ । ਕਾਇਨਾਤ ਦੱਸ ਕੇ ਜਲਵਾ ਨੂਰੀ ਖ਼ੁਦਾ, ਇਸਮ ਆਜ਼ਮ ਇਕੋ ਦਏ ਸਮਝਾਈਆ । ਲਾਸ਼ਰੀਕ ਵਾਹਿਗੁਰੂ ਕਦੇ ਨਾ ਹੋਵੇ ਜੁਦਾ, ਰਾਮ ਰਮਈਆ ਹਰ ਘਟ ਸੋਭਾ ਪਾਈਆ । ਕਲਜੁਗ ਕੂੜੀ ਕਿਰਿਆ ਜਗਤ ਵਾਸਨਾ ਮਾਨਵ ਜਾਤੀ ਅੰਦਰੋਂ ਦਏ ਗਵਾ, ਗਵਾਹ ਸ਼ਹਾਦਤ ਹਰਿ ਕਾ ਨਾਮ ਦਏ ਭੁਗਤਾਈਆ । ਅੰਮ੍ਰਿਤ ਮੇਘ ਨਿਝਰ ਝਿਰਨਾ ਧੁਰ ਦੀ ਧਾਰੋਂ ਦਏ ਚੁਆ, ਬੂੰਦ ਸਵਾਂਤੀ ਕਮਲਾਪਾਤੀ ਇਕੋ ਇਕ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਹੁਕਮੇਂ ਅੰਦਰ ਆਪਣਾ ਹੁਕਮ ਵਰਤਾਈਆ । ਸਤਿਜੁਗ ਸਾਚੇ, ਸਾਚੇ ਨਾਮ ਦੀ ਚਲੇ ਏਕਾ ਧਾਰ, ਧਰਨੀ ਧਰਤ ਧਵਲ ਮਿਲੇ ਵਡਿਆਈਆ । ਜਿਸ ਦੀ ਨਵ ਨੌ ਚਾਰ ਕਿਸੇ ਨਾ ਪਾਈ ਸਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸਿਫ਼ਤਾਂ ਵਿਚ ਨਾ ਕੋਇ ਸਾਲਾਹੀਆ । ਸੋ ਲੇਖਾ ਜਾਣੇ ਕਰਨੀ ਦਾ ਕਰਤਾ ਅਗੰਮ ਅਪਾਰ, ਅਲਖ ਅਗੋਚਰ ਆਪਣੇ ਹੱਥ ਰਖੇ ਵਡਿਆਈਆ । ਜਿਸ ਦਾ ਰਾਹ ਤੱਕਦੇ ਗਏ ਸਤਿਜੁਗ ਤਰੇਤਾ ਦਵਾਪਰ ਕਲਜੁਗ ਜੁਗ ਚਾਰ, ਬਿਨ ਅੱਖਾਂ ਅੱਖ ਨੈਣ ਉਠਾਈਆ । ਸੋ ਇਕ ਇਕੱਲਾ ਦੱਸ ਸਚ ਮਹੱਲਾ ਖੇਲ ਕਰੇ ਆਪ ਨਿਰੰਕਾਰ, ਦੂਜਾ ਸੰਗ ਨਾ ਕੋਇ ਰਖਾਈਆ । ਮਾਇਆ ਮਮਤਾ ਕੂੜ ਵਿਕਾਰ ਸੁੱਟੇ ਡੂੰਘੀ ਗਾਰ, ਗਹਿਰ ਗੰਭੀਰ ਬੇਨਜ਼ੀਰ ਲਾਤਸਵੀਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੇ ਤੇਰਾ ਲਹਿਣਾ ਦੇਣਾ ਪੂਰਬ ਤੇਰੀ ਝੋਲੀ ਪਾਈਆ । ਸਤਿਜੁਗ ਸਾਚੇ, ਸਾਚੇ ਨਾਮ ਦੀ ਵੱਜੇ ਇਕ ਰਬਾਬ, ਤੰਦ ਸਿਤਾਰ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਮੇਲਾ ਮਿਲੇ ਹੱਕ ਅਹਿਬਾਬ, ਮੁਹੱਬਤ ਵਿਚ ਮਹਿਬੂਬ ਆਪਣੀ ਖ਼ੁਸ਼ੀ ਮਨਾਈਆ । ਬਿਨਾ ਸਜਦੇ ਸਿਰ ਹੋਵੇ ਆਦਾਬ, ਬਿਨਾ ਚਰਨ ਕਵਲ ਧੂੜ ਮਸਤਕ ਖ਼ਾਕੀ ਖ਼ਾਕ ਰਮਾਈਆ । ਦਰਗਾਹ ਸਾਚੀ ਸਚ ਮਨਾਰਾ

ਦਿਸੇ ਇਕ ਮਹਿਰਾਬ, ਛੱਪਰ ਛੰਨ ਅਵਰ ਨਾ ਕੋਇ ਛੁਹਾਈਆ । ਸਤਿਜੁਗ ਤੇਰਾ ਲਹਿਣਾ ਦੇਣਾ ਲੇਖਾ ਲਿਖਿਆ ਵਿਚ ਓਸ ਕਿਤਾਬ, ਜਿਸ ਦਾ ਹਰਫ਼ ਹਰੂਫ਼ ਅਲਿਫ਼ ਯੇ ਵਿਚ ਵੰਡ ਨਾ ਕੋਇ ਵੰਡਾਈਆ । ਪਰਵਰਦਿਗਾਰ ਸਾਂਝਾ ਯਾਰ ਪਾਰਬ੍ਰਹਮ ਪਤਿਪਰਮੇਸ਼ਵਰ ਕਰੇ ਆਪ ਇਨਸਾਫ਼, ਅਦਲ ਇਕੋ ਇਕ ਦ੍ਰਿੜਾਈਆ । ਕਲਜੁਗ ਕੂੜਾ ਰਹਿਣ ਨਾ ਦੇਵੇ ਮਾਤ ਗੁਸਤਾਖ਼, ਸਤਿ ਸਚ ਸਤਿ ਸਤਿਵਾਦੀ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੀਨ ਦੁਨੀ ਕਰ ਇਤਫ਼ਾਕ, ਪਿਛਲਾ ਲਹਿਣਾ ਦੇਣਾ ਕਰੇ ਬੇਬਾਕ, ਅਗਲਾ ਹਿਸਾਬ ਆਪਣੇ ਹੱਥ ਰਖਾਈਆ । ਸਤਿਜੁਗ ਸਾਚੇ, ਸਾਚੇ ਨਾਮ ਦਾ ਹੋਵੇ ਨਾਅਰਾ, ਨਰ ਨਰਾਇਣ ਤੇਰੀ ਵਡਿਆਈਆ । ਦੀਨ ਮਜ਼੍ਹਬ ਜਾਤ ਪਾਤ ਕੋਈ ਨਾ ਰਹੇ ਦਾਇਰਾ, ਦਾਅਵੇ ਨਾਲ ਖਾਰਜ ਦਾਅਵੇ ਸਾਰੇ ਸਭ ਦੇ ਦਏ ਕਰਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਪ੍ਰਭ ਦਾ ਹੁਕਮ ਚਲੇ ਜਾਹਰਾ, ਜਾਹਰ ਬਾਤਨ ਹਾਜ਼ਰ ਨਾਮ ਡੰਕਾ ਰਾਉ ਰੰਕਾ ਇਕੋ ਕਰੇ ਸ਼ਨਵਾਈਆ । ਜਿਸ ਦਾ ਲੇਖਾ ਲਿਖ ਨਾ ਸਕੇ ਕੋਈ ਸ਼ਾਇਰਾ, ਮੁਸ਼ਾਇਰਿਆਂ ਵਿਚ ਸਿਫ਼ਤ ਨਾ ਕੋਇ ਸਾਲਾਹੀਆ । ਸੋ ਕਰਨੀ ਦਾ ਕਰਤਾ ਕਰੇ ਕਰਾਏ ਹੱਕ ਨਬੇੜਾ, ਕਲਜੁਗ ਕੂੜਾ ਝੇੜਾ ਦਏ ਚੁਕਾਈਆ । ਸਤਿਜੁਗ ਤੇਰਾ ਸਤਿ ਧਰਮ ਵਸਾਏ ਇਕੋ ਖੇੜਾ, ਬੰਦ ਕਿਵਾੜੀ ਕਾਇਆਂ ਖਿੜਕੀ ਅੰਦਰੋਂ ਦਏ ਖੁਲ੍ਹਾਈਆ । ਸਾਚੀ ਸਿਖਿਆ ਸਚ ਭਰਵਾਸਾ ਦੇਵੇ ਤੇਰਾ ਮੇਰਾ, ਆਤਮ ਪਰਮਾਤਮ ਮਿਲ ਕੇ ਵੱਜੇ ਹੱਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰਾ ਸਾਚਾ ਸਚ ਧਰਮ ਦਾ ਲਾਏ ਡੇਰਾ, ਕਲਜੁਗ ਗੇੜਾ ਅੰਤਮ ਦਏ ਗਵਾਈਆ ।



## ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਹਿ ਪਿੰਡ ਦਾਖੇ ਜ਼ਿਲਾ ਲੁਧਿਆਣਾ

ਸਤਿ ਧਰਮ ਭਗਤਨ ਜਾਤ, ਸਚ ਮਿਲੇ ਨਾਮ ਵਡਿਆਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਗੁਰ ਪ੍ਰੇਮ ਹੋਵੇ ਰੁਸ਼ਨਾਈਆ । ਸਤਿ ਸਤਿਵਾਦੀ ਮਿਲੇ ਅਗੰਮੀ ਗਾਥ, ਆਤਮ ਪਰਮਾਤਮ ਹੱਕ ਪੜ੍ਹਾਈਆ । ਸਹਾਇਕ ਹੋ ਕੇ ਪੁਰਖ ਅਬਿਨਾਸ਼ੀ ਨਾਇਕ, ਕਰਤਾ ਸ਼ਹਿਨਸ਼ਾਹੀਆ । ਸਚ ਦਵਾਰ ਕਰਾਏ ਨਿਵਾਸ, ਭੂਮਿਕਾ ਇਕੋ ਇਕ ਵਡਿਆਈਆ । ਜੋਤੀ ਨੂਰ ਕਰ ਪਰਕਾਸ਼, ਪ੍ਰਕਿਰਤੀ ਲਹਿਣਾ ਦਏ ਮੁਕਾਈਆ । ਜਨਮ ਕਰਮ ਕਰ ਰਾਸ, ਰਸਤਾ ਆਪਣਾ ਇਕ ਦਰਸਾਈਆ । ਜਿਸ ਗ੍ਰਹਿ ਕਦੇ ਨਾ ਹੋਵੇ ਵਿਨਾਸ, ਸੋ ਮੰਦਰ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ । ਸਤਿ ਧਰਮ ਜਨ ਭਗਤਾਂ ਮੂਲ, ਅਮੋਲਕ ਵਸਤ ਆਪ ਵਰਤਾਈਆ । ਹਰਿ ਪ੍ਰੀਤ ਲੋਕਮਾਤ ਨਾ ਜਾਵਣ ਭੂਲ, ਅਨਭੁਲ ਦਏ ਸਮਝਾਈਆ । ਸਾਚੇ ਨਾਮ ਦਾ ਦੱਸ ਅਸੂਲ, ਅਸਲ ਮਾਲਕ ਦਏ ਪਰਗਟਾਈਆ । ਮੇਲਾ ਮੇਲ ਕੇ ਕੰਤ ਕੰਤੂਹਲ, ਨਰ ਨਰਾਇਣ ਆਪਣੇ ਰੰਗ ਰੰਗਾਈਆ । ਪੂਰਬ ਜਨਮ ਦਾ ਲਹਿਣਾ ਕਰ ਵਸੂਲ, ਲੇਖਾ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਬਖ਼ਸ਼ ਕੇ ਚਰਨ ਧੂਲ, ਧੂੜੀ ਟਿੱਕਾ ਦਏ ਲਗਾਈਆ । ਸਤਿ ਧਰਮ ਜਨ ਭਗਤਾਂ ਚਾੜ੍ਹੇ ਰੰਗ, ਰੰਗਤ ਭਗਤਾਂ ਨਜ਼ਰੀ ਆਈਆ । ਦੋਹਾਂ ਵਿਚੋਲਾ ਸੂਰਾ ਸਰਬੰਗ, ਸਮਰਥ ਸੱਚਾ ਸ਼ਹਿਨਸ਼ਾਹੀਆ । ਸੁਰਤੀ ਸ਼ਬਦੀ ਦੇ

ਅਨੰਦ, ਮੰਗਲ ਆਪਣਾ ਨਾਮ ਸੁਣਾਈਆ । ਖ਼ੁਸ਼ੀ ਕਰ ਕੇ ਬੰਦ ਬੰਦ, ਬੰਦੀਖ਼ਾਨਾ ਦਏ ਤੁੜਾਈਆ । ਕੂੜੀ ਕਿਰਿਆ ਕਰ ਖੰਡ ਖੰਡ, ਖੰਡਾ ਨਾਮ ਸ਼ਸਤਰ ਇਕ ਵਖਾਈਆ । ਜੁਗ ਜਨਮ ਦੀ ਟੁੱਟੀ ਗੰਢ, ਡੋਰੀ ਆਪਣੀ ਤੰਦ ਬੰਧਾਈਆ । ਮਿਹਰਵਾਨ ਹੋ ਬਖ਼ਸ਼ੰਦ, ਸਿਰ ਆਪਣਾ ਹੱਥ ਟਿਕਾਈਆ । ਸੋਹੰ ਢੋਲਾ ਦੱਸ ਕੇ ਛੰਦ, ਸਹਿੰਸੇ ਪੂਰਬ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਵਣ ਜਾਵਣ ਲੱਖ ਚੁਰਾਸੀ ਮੇਟ ਕੇ ਪੰਧ, ਜਨ ਭਗਤਾਂ ਭਗਤ ਦਵਾਰੇ ਲਏ ਟਿਕਾਈਆ ।

### ✪ ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਨਾਹਰ ਸਿੰਘ ਦੇ ਗ੍ਰਿਹ ਪਿੰਡ ਰਕਬਾ ਜ਼ਿਲਾ ਲੁਧਿਆਣਾ ✪

ਜਨ ਭਗਤਾਂ ਪ੍ਰਭ ਦੇਵੇ ਸਤਿ ਧਰਮ, ਨਾਮ ਸਚ ਮਿਲੇ ਵਡਿਆਈਆ । ਉਤਮ ਸ੍ਰੇਸ਼ਟ ਕਰ ਕੇ ਮਾਨਸ ਜਾਤੀ ਕਰਮ, ਨਿਹਕਰਮੀ ਪ੍ਰਭ ਆਪਣੀ ਦਇਆ ਕਮਾਈਆ । ਸਚ ਦਵਾਰਾ ਬਖ਼ਸ਼ ਕੇ ਆਪਣੀ ਸਰਨ, ਮਿਹਰਵਾਨ ਹੋ ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਭੈ ਚੁਕਾਏ ਜੰਮਣ ਮਰਨ, ਜਮ ਕੀ ਫਾਸੀ ਦਏ ਕਟਾਈਆ । ਸਾਚੀ ਤਰਨੀ ਸੰਸਾਰ ਸਾਗਰ ਦੱਸੇ ਤਰਨ, ਤਾਰਨਹਾਰ ਸਮਰਥ ਸਵਾਮੀ ਆਪਣਾ ਭੇਵ ਖੁਲ੍ਹਾਈਆ । ਝਗੜਾ ਮੁਕਾ ਕੇ ਜਾਤ ਪਾਤ ਵਰਨ ਬਰਨ, ਆਤਮ ਬ੍ਰਹਮ ਪਾਰਬ੍ਰਹਮ ਪੜਦਾ ਦਏ ਉਠਾਈਆ । ਨਿਜ ਨੇਤਰ ਖੋਲ੍ਹ ਕੇ ਹਰਨ ਫਰਨ, ਨਿਜ ਆਤਮ ਨਿਜਾਨੰਦ ਪਰਮਾਨੰਦ ਏਕਾ ਰੰਗ ਰੰਗਾਈਆ । ਸਾਚੀ ਮੰਜ਼ਲ ਦੱਸੇ ਚੜ੍ਹਨ, ਕਾਇਆ ਮੰਦਰ ਅੰਦਰ ਨੌਂ ਦਵਾਰੇ ਪਾਰ ਕਰਾਈਆ । ਸਾਚਾ ਨਾਮ ਕਲਮਾ ਦੱਸੇ ਪੜ੍ਹਨ, ਤੂੰ ਮੇਰਾ ਮੈਂ ਤੇਰਾ ਸੋਹਲਾ ਇਕੋ ਰਾਗ ਅਲਾਈਆ । ਸਚਖੰਡ ਦਵਾਰੇ ਦੱਸੇ ਵੜਨ, ਜਗਤ ਵਾਸਨਾ ਮਾਇਆ ਮਮਤਾ ਮੋਹ ਵਿਚੋਂ ਬਾਹਰ ਕਢਾਈਆ । ਕਰੇ ਖੇਲ ਕਰਨੀ ਦਾ ਕਰਤਾ ਆਪਣੀ ਕਰਨੀ ਕਰਨ, ਦੂਜਾ ਸੰਗ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਇਕ ਵਰ, ਸਤਿ ਸਚ ਝੋਲੀ ਦਏ ਟਿਕਾਈਆ । ਜਨ ਭਗਤਾਂ ਦੇਵੇ ਸਤਿ ਸਚ ਪੁਰਖ ਅਬਿਨਾਸ਼ਾ, ਦੀਨ ਦਿਆਲ ਦਇਆ ਨਿਧ ਠਾਕਰ ਆਪਣੀ ਦਇਆ ਕਮਾਈਆ । ਚਰਨ ਪ੍ਰੀਤੀ ਸਾਚੀ ਨੀਤੀ ਏਕਾ ਧੁਰ ਭਰਵਾਸਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਬੂਝ ਬੁਝਾਈਆ । ਸਚ ਦਵਾਰੇ ਵਖਾਏ ਅਗੰਮੀ ਖੇਲ ਤਮਾਸ਼ਾ, ਜਿਸ ਨੂੰ ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਨਿਰਗੁਣ ਨੂਰ ਜੋਤ ਕਰੇ ਪਰਕਾਸ਼ਾ, ਅੰਧ ਅੰਧੇਰਾ ਦਏ ਮਿਟਾਈਆ । ਸ਼ਬਦ ਸੁਣਾਏ ਅਗੰਮੀ ਨਾਦਾ, ਧੁਨ ਆਤਮਕ ਰਾਗ ਅਲਾਈਆ । ਮੰਤਰ ਦੱਸ ਕੇ ਬੋਧ ਅਗਾਧਾ, ਸਤਿਗੁਰ ਸ਼ਬਦ ਕਰੇ ਪੜ੍ਹਾਈਆ । ਮੇਲ ਮਿਲਾਏ ਸ਼ਾਹੋ ਭੂਪ ਵਡ ਰਾਜਨ ਰਾਜਾ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜਗਤ ਜਗਦੀਸ਼ ਦੋ ਜਹਾਨ ਸਵਾਰੇ ਕਾਜਾ, ਕਰਨੀ ਦਾ ਕਰਤਾ ਕ਼ੁਦਰਤ ਦਾ ਮਾਲਕ ਖ਼ਾਲਕ ਖ਼ਲਕ ਵੇਖ ਵਖਾਈਆ । ਸ਼ਾਹੋ ਭੂਪ ਦਰਗਾਹ ਸਾਚੀ ਬਣ ਨਵਾਬਾ, ਧੁਰ ਫ਼ਰਮਾਨਾ ਏਕੰਕਾਰਾ ਇਕੋ ਇਕ ਪਰਗਟਾਈਆ । ਲੇਖਾ ਜਾਣੇ ਚਾਰ ਵਰਨ ਅਠਾਰਾਂ ਬਰਨ ਸੰਤਨ ਸਾਧਾ, ਭਗਤ ਸੁਹੇਲੇ ਗੁਰੂ ਗੁਰ ਚੇਲੇ ਲਏ ਮਿਲਾਈਆ । ਕੀਤਾ ਕੌਲ ਇਕਰਾਰ ਗੁਰ ਅਵਤਾਰ ਪੈਗ਼ੰਬਰ ਪੂਰਾ ਕਰੇ ਵਹਿਦਾ, ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਆਪਣਾ ਵੇਸ ਵਟਾਈਆ । ਹੁਕਮੇਂ ਅੰਦਰ ਕਲਜੁਗ ਕੂੜੀ ਕਿਰਿਆ ਮੇਟੇ ਬਕਾਇਦਾ, ਸਤਿਜੁਗ ਕਾਇਦਾ ਕ਼ਾਨੂੰਨ ਆਪਣਾ ਦਏ ਸਮਝਾਈਆ । ਜਨ ਭਗਤ

ਸੁਹੇਲੇ ਗੁਰਮੁਖ ਗੁਰਸਿਖ ਹਰਿਜਨ ਸੂਫ਼ੀ ਸੰਤ ਫ਼ਕੀਰ ਕਰ ਅਲਾਇਦਾ, ਧੁਰ ਦਾ ਇਲਮ ਆਲਮ ਅਲੂਮ ਆਪ ਪੜ੍ਹਾਈਆ । ਪੁਰਖ ਅਕਾਲ ਦੀਨ ਦਿਆਲ ਨਿਰਗੁਣ ਧਾਰ ਮਾਤ ਗਰਭ ਕਦੇ ਨਾ ਹੋਵੇ ਪੈਦਾ, ਜੋਤੀ ਜੋਤ ਜੋਤ ਨਾਲ ਮਿਲਾਈਆ । ਸਤਿਜੁਗ ਸਾਚੇ ਨਾਮ ਭੰਡਾਰ ਬਖ਼ਸ਼ਸ਼ ਕਰੇ ਅਨਾਇਤਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਦੇਵੇ ਇਕ ਵਰ, ਸਤਿ ਧਰਮ ਧੁਰ ਦੀ ਧਾਰ ਆਪ ਸਮਝਾਈਆ । ਜਨ ਭਗਤਾਂ ਸਤਿ ਧਰਮ ਦਾ ਕਰੇ ਆਪ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਈਆ । ਆਤਮ ਪਰਮਾਤਮ ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਰਸਨਾ ਜਿਹਵਾ ਬੱਤੀ ਦੰਦ ਦੱਸੇ ਸਿਫ਼ਤ ਸਾਲਾਹੀਆ । ਕੋਟ ਜਨਮ ਦੇ ਪੂਰਬ ਮੇਟ ਦੇਵੇ ਪਾਪ, ਪਤਿਤ ਪੁਨੀਤ ਗੁਰਮੁਖ ਦਏ ਬਣਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਤਿ ਸਤਿਵਾਦੀ ਸਾਚਾ ਚੰਦ ਕਰੇ ਰੁਸ਼ਨਾਈਆ । ਜੋ ਗੁਰ ਅਵਤਾਰ ਪੈਗ਼ੰਬਰ ਭਵਿਖਤਾਂ ਵਿਚ ਗਏ ਆਖ, ਸੋ ਸਾਹਿਬ ਸਮਰਥ ਮਹਿੰਮਾ ਅਕਥ ਬੋਧ ਅਗਾਧ ਦਏ ਜਣਾਈਆ । ਪੂਰਾ ਕਰੇ ਸ਼ਬਦੀ ਭਵਿਖਤੀ ਵਾਕ, ਵਾਕਫ਼ਿਕਾਰ ਹੋ ਕੇ ਖੋਜੇ ਥਾਉਂ ਥਾਈਂਆ । ਸਤਿਜੁਗ ਸਾਚੇ ਚਾਰ ਵਰਨ ਅਠਾਰਾਂ ਬਰਨ ਕਰ ਇਤਫ਼ਾਕ, ਨਾਤਾ ਧਰਮ ਸਤਿ ਆਪਣੇ ਨਾਲ ਜੁੜਾਈਆ । ਦੀਨ ਮਜ਼੍ਹਬ ਦਾ ਝਗੜਾ ਕਰੇ ਕੋਈ ਨਾ ਚਾਕ, ਚਾਕਰੀ ਕੂੜ ਨਾ ਕੋਇ ਵਖਾਈਆ । ਸਭ ਨੂੰ ਏਕਾ ਏਕੰਕਾਰਾ ਪੁਰਖ ਅਕਾਲਾ ਗਾਉਣੀ ਪਏ ਗਾਥ, ਚਾਰ ਕੁੰਟ ਦਹਿ ਦਿਸ਼ਾ ਇਕੋ ਵੱਜੇ ਨਾਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖੇ ਮਾਰ ਝਾਕ, ਪੜਦਾ ਉਹਲਾ ਕਾਇਆ ਮਾਟੀ ਰਹਿਣ ਕੋਇ ਨਾ ਪਾਈਆ ।


੧੧੬੮
੧੯

### ✪ ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਨਾਜਰ ਸਿੰਘ ਦੇ ਗ੍ਰਹਿ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ✪

ਸਤਿ ਧਰਮ ਕਹੇ ਮੈਂ ਭਗਤਾਂ ਸੇਵਾਦਾਰ, ਸੇਵਾ ਵਿਚੋਂ ਚਾਕਰੀ ਸਚ ਕਮਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਬਰਖ਼ੁਰਦਾਰ, ਬਰਖ਼ਲਾਫ਼ੀ ਅੰਦਰੋਂ ਦਿਆਂ ਕਢਾਈਆ । ਰੀਤੀ ਨੀਤੀ ਵਿਚ ਕਰਾਂ ਸਚ ਪਿਆਰ, ਪ੍ਰੀਤੀ ਵਿਚ ਮੁਹੱਬਤ ਦਿਆਂ ਜਣਾਈਆ । ਭੇਵ ਅਭੇਦਾ ਖੋਲ੍ਹਾਂ ਨਾਲ ਵਿਸਥਾਰ, ਸਤਿਗੁਰ ਸ਼ਬਦੀ ਨਾਤਾ ਜੋੜਾਂ ਸਹਿਜ ਸੁਭਾਈਆ । ਮਨ ਵਿਕਾਰਾ ਮੇਟ ਕੂੜ ਵਿਕਾਰ, ਨਾਉਂ ਨਿਰੰਕਾਰਾ ਇਕ ਜਣਾਈਆ । ਗੁਰਮੁਖਾਂ ਪਾ ਕੇ ਸਾਚੀ ਸਾਰ, ਮਨਮੁਖਾਂ ਕੋਲੋਂ ਪੱਲੂ ਦਿਆਂ ਛੁਡਾਈਆ । ਦੁਖਾਂ ਵਿਚ ਦੱਸ ਕੇ ਚਰਨ ਪਿਆਰ, ਸੁਖਾਂ ਦਾ ਸਾਗਰ ਪੁਰਖ ਅਕਾਲ ਦਿਆਂ ਦ੍ਰਿੜਾਈਆ । ਮਨਮੁਖਾਂ ਵਿਚ ਕਰ ਉਜਿਆਰ, ਗੁਰਮੁਖ ਗੁਰਸਿਖ ਨਾਮ ਧਰਾਈਆ । ਸਚ ਕਰਾ ਕੇ ਵਣਜ ਵਪਾਰ, ਵਣਜਾਰੇ ਧੁਰ ਦੇ ਦਿਆਂ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਸਤਿ ਧਰਮ ਕਹੇ ਮੈਂ ਭਗਤਾਂ ਚਾਕਰ, ਚੱਕਰਵਰਤੀ ਸਮਝ ਕੋਇ ਨਾ ਆਈਆ । ਪੁਰਖ ਅਬਿਨਾਸ਼ੀ ਘਰ ਵਿਚ ਮੇਲਾਂ ਠਾਕਰ, ਠੱਗਾਂ ਚੋਰਾਂ ਕੋਲੋਂ ਖਹਿੜਾ ਦਿਆਂ ਛੁਡਾਈਆ । ਅੰਮ੍ਰਿਤ ਨਾਮ ਭੰਡਾਰਾ ਦੱਸਾਂ ਡੂੰਘਾ ਸਾਗਰ, ਕਾਇਆ ਮਾਟੀ ਅੰਦਰ ਸੋਭਾ ਪਾਈਆ । ਭਾਗ ਲਗਾ ਕੇ ਸਾਢੇ ਤਿੰਨ ਹੱਥ ਕੰਚਨ ਗੜ੍ਹ ਗਾਗਰ, ਗਹਿਰ ਗੰਭੀਰ ਬੇਨਜ਼ੀਰ ਦਿਆਂ ਵਖਾਈਆ । ਦਰ ਘਰ

ਠਾਂਡੇ ਬਖ਼ਸ਼ਾਂ ਏਕਾ ਆਦਰ, ਅਦਰਸ਼ ਇਕੋ ਇਕ ਸਮਝਾਈਆ । ਕੁਦਰਤ ਦਾ ਮਾਲਕ ਮੇਲਾਂ ਕ਼ਾਦਰ, ਕ਼ਦੀਮ ਦਾ ਵਿਛੜਿਆ ਜੋੜ ਜੁੜਾਈਆ । ਸਤਿਗੁਰ ਸ਼ਬਦ ਜਣਾਵਾਂ ਬਹਾਦਰ, ਸੂਰਬੀਰ ਵਡ ਵਡਿਆਈਆ । ਜਿਸ ਦੀ ਭਗਤ ਉਧਾਰਨਾ ਆਦਤ, ਜੁਗ ਚੌਕੜੀ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਦੱਸੇ ਇਬਾਦਤ, ਸਿਖਿਆ ਧੁਰ ਦੀ ਕਰੇ ਪੜ੍ਹਾਈਆ । ਬੁਧੀ ਦੀ ਬੁਧੀ ਵਿਚੋਂ ਕੱਢੇ ਲਿਆਕਤ, ਬੇਸਮਝਾਂ ਆਪ ਸਮਝਾਈਆ । ਆਤਮ ਪਰਮਾਤਮ ਦੱਸ ਸ਼ਨਾਖਤ, ਸ਼ਰਅ ਦਾ ਲੇਖਾ ਦਏ ਚੁਕਾਈਆ । ਦੀਨ ਦਿਆਲ ਹੋ ਕੇ ਕਰੇ ਸਖ਼ਾਵਤ, ਬਖ਼ਸ਼ਿਸ਼ ਰਹਿਮਤ ਝੋਲੀ ਪਾਈਆ । ਮਨਸਾ ਮਨ ਨਾ ਰਹੇ ਬਗ਼ਾਵਤ, ਗੜ੍ਹ ਹੰਕਾਰੀ ਡੇਰਾ ਢਾਹੀਆ । ਜੂਠ ਝੂਠ ਮੇਟ ਅਲਾਮਤ, ਇਲਮ ਆਪਣਾ ਦਏ ਜਣਾਈਆ । ਨਿਰਗੁਣ ਹੋ ਕੇ ਦੇਵੇ ਜ਼ਮਾਨਤ, ਸਹੀ ਸਲਾਮਤ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਬਖ਼ਸ਼ੇ ਇਕ ਨਿਆਮਤ, ਵਸਤ ਅਗੰਮੀ ਝੋਲੀ ਪਾਈਆ । ਸਤਿ ਧਰਮ ਕਹੇ ਮੈਂ ਭਗਤਾਂ ਸੰਗੀ, ਆਦਿ ਜੁਗਾਦਿ ਸੇਵ ਕਮਾਈਆ । ਵਸਤ ਦਵਾਵਾਂ ਮੂੰਹੋਂ ਮੰਗੀ, ਜੋ ਅੰਤਰ ਅੰਤਰ ਉਪਜਾਈਆ । ਸਦਾ ਭੱਜਾ ਫਿਰਾਂ ਪੈਰੀਂ ਨੰਗੀਂ, ਬਿਨ ਕ਼ਦਮਾਂ ਪੰਧ ਮੁਕਾਈਆ । ਆਪਣੇ ਦਰ ਆਉਣ ਨਾ ਦੇਵਾਂ ਕੋਈ ਪਖੰਡੀ, ਕੂੜ ਕੁੜਿਆਰਾਂ ਡੇਰਾ ਢਾਹੀਆ । ਸਾਚੇ ਮਾਰਗ ਦੀ ਦੱਸ ਕੇ ਡੰਡੀ, ਰਾਹ ਇਕੋ ਦਿਆਂ ਵਖਾਈਆ । ਜਿਥੇ ਵਾਸਨਾ ਰਹੇ ਮੂਲ ਨਾ ਗੰਦੀ, ਸੁਗੰਧੀ ਨਾਮ ਦਿਆਂ ਭਰਾਈਆ । ਨੇਤਰ ਅੱਖ ਰਹੇ ਨਾ ਅੰਧੀ, ਲੋਚਨ ਇਕੋ ਦਿਆਂ ਖੁਲ੍ਹਾਈਆ । ਮਿਲੇ ਮਾਲਕ ਸੂਰਾ ਸਰਬੰਗੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦੀ ਨਾਮ ਕਟਾਰ ਅਨੋਖੀ ਚੰਡੀ, ਚੰਡਾਲਾਂ ਕਰੇ ਸਫ਼ਾਈਆ । ਰਹਿਣ ਦੇਵੇ ਨਾ ਕੋਇ ਘਮੰਡੀ, ਘਾਉ ਲਾਏ ਬੇਪਰਵਾਹੀਆ । ਜਨ ਭਗਤਾਂ ਸੁਣਾ ਕੇ ਧੁਰ ਦਾ ਛੰਦੀ, ਸਹਿੰਸਾ ਪਿਛਲਾ ਦਏ ਚੁਕਾਈਆ । ਧੁਰ ਦੇ ਨਾਮ ਦੀ ਲਾ ਪਾਬੰਦੀ, ਨਾਤਾ ਆਤਮ ਪਰਮਾਤਮ ਜੋੜ ਜੁੜਾਈਆ । ਲੱਖ ਚੁਰਾਸੀ ਆਵਣ ਜਾਵਣ ਰਹਿਣ ਨਾ ਦੇਵੇ ਤੰਗੀ, ਦਰ ਦਰ ਚਾਰ ਕੁੰਟ ਨਾ ਕੋਇ ਭਵਾਈਆ । ਸਾਚੀ ਮੰਜ਼ਲ ਗੁਰਮੁਖ ਜਾਣ ਲੰਘੀ, ਸਤਿਗੁਰ ਕਿਰਪਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਪਣੇ ਨਾਮ ਜਾਏ ਰੰਗੀ, ਰੰਗਤ ਆਪਣੇ ਨਾਮ ਵਖਾਈਆ ।



### ✪ ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮੰਗਲ ਸਿੰਘ ਦੇ ਗ੍ਰਹਿ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ✪

ਸਤਿ ਧਰਮ ਕਹੇ ਪ੍ਰਭ ਇਕੋ ਤੇਰੀ ਹੋਵੇ ਪੂਜਾ, ਇਸ਼ਟ ਸਭ ਦਾ ਨਜ਼ਰੀ ਆਈਆ । ਮਾਨਵ ਜਾਤੀ ਭਾਵ ਰਹੇ ਨਾ ਦੂਜਾ, ਦਵੈਤ ਵਿਚ ਨਾ ਕੋਇ ਲੋਕਾਈਆ । ਅੰਤਰ ਭੇਵ ਖੋਲ੍ਹ ਗੂਝਾ, ਗਹਿਰ ਗੰਭੀਰ ਆਪਣਾ ਪੜਦਾ ਆਪ ਉਠਾਈਆ । ਨਾਭੀ ਕਵਲ ਕਰ ਊਧਾ, ਬੂੰਦ ਸਵਾਂਤੀ ਅੰਮ੍ਰਿਤ ਝਿਰਨਾ ਦੇ ਝਿਰਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਬਣ ਕੇ ਬੈਠਾ ਰਿਹੋਂ ਗੂੰਗਾ, ਆਪਣੀ ਆਵਾਜ਼ ਨਾ ਕੋਇ ਅਲਾਈਆ । ਗੁਰ ਅਵਤਾਰ ਪੈਗ਼ੰਬਰਾਂ ਆਪਣੇ ਨਾਮ ਦਾ ਦੇਂਦਾ ਰਿਹੋਂ ਝੂੰਗਾ, ਜੁਗ ਚੌਕੜੀ ਵਸਤ ਅਮੋਲਕ ਥੋੜੀ ਥੋੜੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਦੇ ਸਮਝਾਈਆ । ਸਤਿ ਧਰਮ ਕਹੇ ਪ੍ਰਭ ਇਕੋ ਦਿਸੇ ਤੇਰਾ ਦਵਾਰ, ਸਚਖੰਡ ਦਵਾਰਾ ਨਜ਼ਰੀ ਆਈਆ ।

ਜਿਥੇ ਝੁਕਦੇ ਗੁਰੂ ਅਵਤਾਰ, ਪੈਗ਼ੰਬਰ ਬੈਠੇ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਭਿਖਾਰ, ਦੇਵਤ ਸੁਰ ਝੋਲੀਆਂ ਡਾਹੀਆ । ਰਵ ਸਸ ਸੇਵਾਦਾਰ, ਮੰਡਲ ਮੰਡਪ ਚਾਕਰ ਨਜ਼ਰੀ ਆਈਆ । ਚਾਰ ਜੁਗ ਪਨਿਹਾਰ, ਦਰ ਠਾਂਡੇ ਸੇਵ ਕਮਾਈਆ । ਸ਼ਬਦ ਨਾਦ ਧੁਨਕਾਰ, ਅਗੰਮੀ ਰਾਗ ਅਲਾਹੀਆ । ਲੱਗੀ ਰਹੇ ਬਹਾਰ, ਅੰਮ੍ਰਿਤ ਬਰਖੇ ਬੇਪਰਵਾਹੀਆ । ਦੀਆ ਬਾਤੀ ਕਮਲਾਪਾਤੀ ਜਗੇ ਅਪਾਰ, ਅਪਰੰਪਰ ਸਵਾਮੀ ਤੇਰਾ ਨੂਰ ਹੋਵੇ ਰੁਸ਼ਨਾਈਆ । ਸੋ ਮਾਰਗ ਦੇ ਸੰਸਾਰ, ਜੋ ਆਪਣੇ ਵਿਚ ਰਿਹਾ ਛੁਪਾਈਆ । ਨਵ ਨੌ ਚਾਰ ਦਾ ਪੂਰਾ ਕਰ ਉਧਾਰ, ਜੁਗ ਚੌਕੜੀ ਬੈਠੇ ਪੰਧ ਮੁਕਾਈਆ । ਕਲਜੁਗ ਅੰਤਮ ਪਾ ਸਾਰ, ਮਹਾਂਸਾਰਥੀ ਵੇਖ ਵਖਾਈਆ । ਚਾਰ ਵਰਨ ਅਠਾਰਾਂ ਬਰਨ ਹੋਏ ਲਾਚਾਰ, ਦੁਖੀਆਂ ਦਰਦ ਨਾ ਕੋਇ ਵੰਡਾਈਆ । ਦਹਿ ਦਿਸ਼ਾ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਈਆ । ਪੜ੍ਹ ਪੜ੍ਹ ਥੱਕੇ ਵੇਦ ਚਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਢੋਲੇ ਗਾਈਆ । ਗੀਤਾ ਗਿਆਨ ਕਰ ਇਜ਼ਹਾਰ, ਅੰਜੀਲ ਕੁਰਾਨਾਂ ਨਾਅਰਾ ਹੱਕ ਸੁਣਾਈਆ । ਸਾਂਝਾ ਮਿਲੇ ਨਾ ਕੋਇ ਯਾਰ, ਖਾਣੀ ਬਾਣੀ ਦਏ ਨਾ ਕੋਇ ਦੁਹਾਈਆ । ਗੁਰ ਅਵਤਾਰ ਪੈਗ਼ੰਬਰ ਗਏ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਜਗ ਮਾਇਆ ਵਿਸਰਿਆ ਕਰਤਾਰ, ਕੁਦਰਤ ਦੇ ਮਾਲਕ ਤੇਰੀ ਕ਼ਦਰ ਕੋਇ ਨਾ ਪਾਈਆ । ਅਬਿਨਾਸ਼ੀ ਕਰਤੇ ਬਲ ਧਾਰ, ਬਲ ਬਾਵਨ ਦਏ ਗਵਾਹੀਆ । ਸਾਰੇ ਤੇਰੀ ਕਰਦੇ ਇੰਤਜਾਰ, ਲੋਕਮਾਤ ਬੈਠੇ ਰਾਹ ਤਕਾਈਆ । ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਇਕੋ ਤੇਰਾ ਹੋਵੇ ਜੈਕਾਰ, ਦੂਜਾ ਨਾਮ ਨਾ ਕੋਇ ਧਿਆਈਆ । ਜਿਧਰ ਵੇਖਣ ਨਜ਼ਰੀ ਆਏ ਇਕੋ ਏਕੰਕਾਰ, ਅਕਲ ਕਲਧਾਰੀ ਆਪਣਾ ਖੇਲ ਖਿਲਾਈਆ । ਤੇਰਾ ਨਾਮ ਡੰਕਾ ਵੱਜੇ ਅਪਾਰ, ਪਾਰਬ੍ਰਹਮ ਬ੍ਰਹਮ ਦੇਣਾ ਆਪ ਸਮਝਾਈਆ । ਕੋਈ ਨਾ ਰਹੇ ਮੂਰਖ ਮੁਗਧ ਗਵਾਰ, ਕੂੜ ਕੁੜਿਆਰ ਡੇਰਾ ਦੇਣਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਕਹੇ ਤੇਰਾ ਹੋਵੇ ਪਿਆਰ, ਪ੍ਰਿਥਮੀ ਆਕਾਸ਼ ਪਰਕਾਸ਼ ਇਕੋ ਨਜ਼ਰੀ ਆਈਆ ।

### ✪ ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਪਾਖਰ ਸਿੰਘ ਦੇ ਗ੍ਰਹਿ ਪਿੰਡ ਮੋਹੀ ਜ਼ਿਲਾ ਲੁਧਿਆਣਾ ✪

ਸਤਿ ਧਰਮ ਕਹੇ ਪ੍ਰਭ ਮੇਟ ਕੂੜਾ ਕਰਮ, ਕਲਜੁਗ ਕਿਰਿਆ ਚਾਰ ਕੁੰਟ ਦਹਿ ਦਿਸ਼ਾ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਸਾਚੀ ਦੱਸ ਆਪਣੀ ਸਰਨ, ਪਰਵਰਦਿਗਾਰ ਸਾਂਝਾ ਯਾਰ ਜਲਵਾਗਰ ਇਕੋ ਨਜ਼ਰੀ ਆਈਆ । ਝਗੜਾ ਰਹੇ ਨਾ ਦੀਨ ਦੁਨੀ ਜਾਤ ਪਤ ਵਰਨ ਬਰਨ, ਆਤਮ ਪਰਮਾਤਮ ਬੋਧ ਅਗਾਧ ਸ਼ਬਦ ਨਾਦ ਦੇ ਸੁਣਾਈਆ । ਤੂੰ ਮੇਰਾ ਮੈਂ ਤੇਰਾ ਜੀਵ ਜੰਤ ਸਾਧ ਸੰਤ ਸਾਰੇ ਇਕੋ ਢੋਲਾ ਪੜ੍ਹਨ, ਏਕਾ ਦੂਜਾ ਭੇਵ ਰਹੇ ਨਾ ਰਾਈਆ । ਸਾਚੀ ਮੰਜ਼ਲ ਹੱਕ ਹਕੀਕ਼ਤ ਵਾਲੀ ਤੇਰੀ ਚੜ੍ਹਨ, ਮੰਝਧਾਰ ਵਿਚ ਸੰਸਾਰ ਅੰਤ ਨਾ ਕੋਇ ਰੁੜ੍ਹਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਤੇਰਾ ਜੋਤੀ ਦਰਸ਼ਨ ਕਰਨ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਨੂਰ ਦੇਣਾ ਚਮਕਾਈਆ । ਪੁਰਖ ਅਬਿਨਾਸ਼ੀ ਕਰਨੀ ਦਾ ਕਰਤਾ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਵਰਨ, ਦੂਜਾ ਕੰਤ ਸੁਹਾਗ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਤੇਰੀ ਓਟ ਤਕਾਈਆ । ਸਤਿ ਧਰਮ ਕਹੇ ਪੁਰਖ ਅਕਾਲ ਦੀਨ ਦਿਆਲ ਤੇਰੇ ਨਾਮ ਦੀ ਹੋਵੇ ਝਲਕ, ਚਾਰ ਕੁੰਟ ਦਹਿ ਦਿਸ਼ਾ ਇਕੋ ਨੂਰ ਨਜ਼ਰੀ ਆਈਆ । ਸਚ ਪ੍ਰੀਤੀ ਮਾਲਕ ਮਹਿਬੂਬ ਦੇਹੁ ਖ਼ਲਕ, ਖ਼ਾਲਕ ਤੇਰੀ ਬੇਪਰਵਾਹੀਆ । ਨਿਜ ਨੇਤਰ ਲੋਚਨ ਨੈਣ ਖੋਲ੍ਹ ਅਗੰਮੀ ਪਲਕ, ਨੂਰ ਨੁਰਾਨਾ ਸ਼ਾਹ ਸੁਲਤਾਨਾ ਇਕੋ ਨਜ਼ਰੀ ਆਈਆ । ਕੂੜੀ ਕਿਰਿਆ ਮਨ ਵਾਸਨਾ ਰਹੇ ਕੋਈ ਨਾ ਚਲਤ, ਹਉਮੇ ਹੰਗਤਾ ਗੜ੍ਹ ਦੇਣਾ ਤੁੜਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ ਬਣਾ ਧੁਰ ਦੀ ਸੰਗਤ, ਸਗਲਾ ਸੰਗ ਸੂਰੇ ਸਰਬੰਗ ਆਪਣਾ ਆਪ ਜਣਾਈਆ । ਬੋਧ ਅਗਾਧ ਦੀਨ ਦਿਆਲ ਬਣ ਅਨਾਦੀ ਪੰਡਤ, ਸਾਚਾ ਕਲਮਾ ਕਾਇਨਾਤ ਆਲਮਾਂ ਦੇ ਸਮਝਾਈਆ । ਤੇਰਾ ਨਾਮ ਨਿਧਾਨ ਸ੍ਰੀ ਭਗਵਾਨ ਕਦੇ ਨਾ ਹੋਵੇ ਖੰਡਤ, ਖੰਡ ਬ੍ਰਹਿਮੰਡ ਪੁਰੀ ਲੋਅ ਆਕਾਸ਼ ਪਾਤਾਲ ਤੇਰਾ ਢੋਲਾ ਗਾਈਆ । ਕਲਜੁਗ ਕੂੜੀ ਕਿਰਿਆ ਲੇਖਾ ਮੇਟ ਅੰਤ, ਅੰਤਸ਼ਕਰਨ ਸਭ ਦਾ ਵੇਖ ਵਖਾਈਆ । ਸਤਿਜੁਗ ਸਾਚੀ ਰੁਤ ਮੌਲੇ ਬਸੰਤ, ਚਾਰ ਕੁੰਟ ਦਹਿ ਦਿਸ਼ਾ ਪਰਫੁਲਤ ਦੇ ਕਰਾਈਆ । ਗੁਰ ਅਵਤਾਰ ਪੈਗ਼ੰਬਰ ਤੈਨੂੰ ਕਹਿ ਕੇ ਗਏ ਬੇਅੰਤ, ਬੇਪਰਵਾਹ ਤੇਰੇ ਹੱਥ ਵਡਿਆਈਆ । ਭਵਿਖਤਾਂ ਵਿਚ ਤੇਰੀ ਲਿਖ ਕੇ ਗਏ ਸਨਦ, ਸੰਤ ਸੁਹੇਲੇ ਗੁਰੂ ਗੁਰ ਚੇਲੇ ਬੈਠੇ ਰਾਹ ਤਕਾਈਆ । ਸਤਿ ਦਵਾਰ ਏਕੰਕਾਰ ਕਰਾਂ ਮਿੰਨਤ, ਡੰਡਾਵਤ ਬੰਦਨਾ ਕਹਿ ਕੇ ਸੀਸ ਨਿਵਾਈਆ । ਸਾਚੇ ਧਰਮ ਦੀ ਬਖ਼ਸ਼ ਆਪਣੀ ਹਿੰਮਤ, ਹੌਸਲਾ ਨਾਮ ਦੇਣਾ ਵਧਾਈਆ । ਮਨੂਆ ਮਨ ਕਰੇ ਕੋਈ ਨਾ ਇੱਲਤ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਕਲਜੁਗ ਕੂੜ ਖ਼ੁਆਰੀ ਮੇਟ ਜ਼ਿੱਲਤ, ਜਾਹਰ ਜਹੂਰ ਦਇਆ ਕਮਾਈਆ । ਸਮਰਥ ਸਵਾਮੀ ਅੰਤਰਜਾਮੀ ਤੇਰਾ ਦਿਸੇ ਕੋਈ ਨਾ ਨਿੰਦਕ, ਹਰ ਘਟ ਅੰਤਰ ਆਪਣਾ ਨਾਮ ਦੇਣਾ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਸਤਿਜੁਗ ਸੱਚਾ ਢਹਿ ਪਿਆ ਸਰਨਾਈਆ । ਸਤਿ ਧਰਮ ਕਹੇ ਮੇਰੇ ਨਿਰੰਕਾਰ, ਨਿਰਵੈਰ ਤੇਰੀ ਸੇਵ ਕਮਾਈਆ । ਦਰ ਠਾਂਡੇ ਬਣ ਭਿਖਾਰ, ਮਾਂਗਤ ਹੋ ਕੇ ਝੋਲੀ ਡਾਹੀਆ । ਸ਼ਬਦ ਅਗੰਮੀ ਭਰ ਭੰਡਾਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤ ਵੇਖਣਾ ਲੱਖ ਚੁਰਾਸੀ ਸੰਸਾਰ, ਜੀਵ ਜੰਤ ਰਹੇ ਕੁਰਲਾਈਆ । ਨੌਂ ਸੱਤ ਹਾਹਾਕਾਰ, ਨਵ ਨੌਂ ਪੰਧ ਨਾ ਕੋਇ ਮੁਕਾਈਆ । ਕਾਗਤ ਕ਼ਲਮ ਲਿਖ ਲਿਖ ਗਏ ਹਾਰ, ਸ਼ਾਹੀ ਰੋ ਰੋ ਰਹੀ ਕੁਰਲਾਈਆ । ਹਿਰਦੇ ਅੰਦਰ ਵਸਿਆ ਨਜ਼ਰ ਨਾ ਆਵੇ ਕਰਤਾਰ, ਕੁਦਰਤ ਦਾ ਮਾਲਕ ਬੈਠਾ ਮੁਖ ਛੁਪਾਈਆ । ਪੁਰਖ ਸਮਰਥ ਹੋ ਉਜਿਆਰ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਤੂੰ ਸਾਹਿਬ ਸਵਾਮੀ ਸਿਰਜਣਹਾਰ, ਇਕ ਅਕੇਲਾ ਵਡ ਵਡਿਆਈਆ । ਸਾਚਾ ਮਾਰਗ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੱਸ ਸੰਸਾਰ, ਕੂੜ ਕੁਟੰਬ ਅੰਦਰੋਂ ਦੇਣਾ ਕਢਾਈਆ । ਆਪਣੇ ਹੁਕਮ ਅੰਦਰ ਮਨ ਵਾਸਨਾ ਕਰ ਗ੍ਰਿਫ਼ਤਾਰ, ਬਚਿਆ ਰਹਿਣ ਕੋਇ ਨਾ ਪਾਈਆ । ਮੰਜ਼ਲ ਰਹੇ ਨਾ ਕੋਇ ਦੁਸ਼ਵਾਰ, ਦੂਤੀ ਦੁਸ਼ਟ ਦੇਣੇ ਮੁਕਾਈਆ । ਸਤਿ ਧਰਮ ਕਹੇ ਤੇਰੇ ਚਰਨਾਂ ਘੋਲੀ ਇਕੋ ਹੋਵੇ ਨਿਮਸਕਾਰ, ਦੂਜਾ ਦੇਵ ਨਾ ਕੋਇ ਮਨਾਈਆ । ਸਾਚਾ ਡੰਕਾ ਵੱਜੇ ਦੋ ਜਹਾਨ, ਰਾਓ ਰੰਕਾ ਇਕੋ ਕਰ ਸ਼ਨਵਾਈਆ । ਦਵਾਰ ਬੰਕਾ ਸੋਹੇ ਸ੍ਰੀ ਭਗਵਾਨ, ਭਗਤ ਸੁਹੇਲੇ ਨਾਲ ਮਿਲਾਈਆ । ਬਾਰ ਅਨਕਾ ਨਮਸਤੇ ਕਰ ਪਰਨਾਮ, ਡੰਡਾਵਤ ਸਜਦਾ ਕਰ ਕੇ ਸੀਸ ਝੁਕਾਈਆ । ਦੀਨ ਦੁਨੀ ਬਦਲ ਦੇ ਵਿਧਾਨ, ਧੁਰ ਫ਼ਰਮਾਨਾ ਇਕ ਸਮਝਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਮੰਗਦੇ, ਗਏ ਦਾਨ, ਦਰ ਦਰਵੇਸ਼ ਹੋ ਕੇ ਅਲਖ ਜਗਾਈਆ । ਵਿਸ਼ਨ

ਬ੍ਰਹਮਾ ਸ਼ਿਵ ਕਰਨ ਧਿਆਨ, ਸਿਰ ਸਕੇ ਨਾ ਕੋਇ ਉਠਾਈਆ । ਕਲਜੁਗ ਅੰਤ ਸ੍ਰੀ ਭਗਵੰਤ ਹੋ ਮਿਹਰਵਾਨ, ਮਹਿਬੂਬ ਮੁਹੱਬਤ ਆਪਣੀ ਦੇ ਸਮਝਾਈਆ । ਸਾਚਾ ਮੰਦਰ ਧੁਰ ਦਾ ਦੱਸ ਮਕਾਨ, ਕਾਇਆ ਕਾਅਬਾ ਇਕ ਸੁਹਾਈਆ । ਅੰਮ੍ਰਿਤ ਆਤਮ ਬਖ਼ਸ਼ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਦੀਪਕ ਜੋਤੀ ਜਗੇ ਮਹਾਨ, ਕਮਲਾਪਾਤੀ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਦੇ ਧੁਨਕਾਨ, ਜਗਤ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਮੰਗੇ ਵਰ, ਚਰਨ ਕਵਲ ਇਕੋ ਧਿਆਨ ਲਗਾਈਆ । ਸਤਿ ਧਰਮ ਕਹੇ ਪ੍ਰਭੂ ਕਰ ਬਖ਼ਸ਼ੀਸ਼, ਬਖ਼ਸ਼ਿਸ਼ ਰਹਿਮਤ ਤੇਰੀ ਨਜ਼ਰੀ ਆਈਆ । ਤੂੰ ਆਦਿ ਜੁਗਾਦੀ ਨਿਤ ਨਵਿਤ ਮਾਲਕ ਜਗਦੀਸ਼, ਜਗਦੀਸ਼ਰ ਤੇਰੀ ਓਟ ਤਕਾਈਆ । ਲੱਖ ਚੁਰਾਸੀ ਜੀਵ ਜੰਤ ਅੰਤਰ ਬਦਲ ਦੇ ਨੀਤ, ਮਨ ਕਾ ਮਣਕਾ ਦੇ ਭਵਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਗਾਏ ਸਾਚਾ ਗੀਤ, ਦੂਜਾ ਨਾਉਂ ਨਾ ਕੋਇ ਵਡਿਆਈਆ । ਕਾਇਆ ਮਾਟੀ ਤਨ ਵਜੂਦ ਪੰਜ ਤਤ ਕਰ ਹੇਤ, ਤ੍ਰੈਗੁਣ ਅਗਨੀ ਅੱਗ ਨਾ ਕੋਇ ਜਲਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਗਏ ਬੀਤ, ਕਲਜੁਗ ਵੇਲਾ ਅੰਤਮ ਅੰਤ ਦਏ ਗਵਾਹੀਆ । ਝਗੜਾ ਮੁਕਾ ਹਸਤ ਕੀਟ, ਊਚ ਨੀਚ ਇਕੋ ਘਰ ਵਸਾਈਆ । ਗਹਿਰ ਗੰਭੀਰ ਬੇਨਜ਼ੀਰ ਆਪਣੀ ਦੱਸ ਹੱਕ ਤਮੀਜ਼, ਪਰਮ ਪੁਰਖ ਪਰਮਾਤਮ ਆਤਮ ਮੇਲਾ ਲੈਣਾ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਕਰ ਕੇ ਗਏ ਵਸੀਅਤ, ਲੇਖਾ ਤੇਰੇ ਹੱਥ ਫੜਾਈਆ । ਚਾਰ ਕੁੰਟ ਦਹਿ ਦਿਸ਼ਾ ਇਕੋ ਕਰ ਨਸੀਹਤ, ਨਿਸਬਤ ਆਪਣੇ ਹੱਥ ਰਖਾਈਆ । ਤੇਰੇ ਨਾਮ ਦੀ ਹੋਵੇ ਵਡ ਅਹਿਮੀਅਤ, ਮੂਰਖ ਮੂੜ੍ਹ ਮੁਗਧ ਚਤੁਰ ਸੁਘੜ ਸੁਜਾਨ ਦੇ ਬਣਾਈਆ । ਪਾਰਬ੍ਰਹਮ ਬ੍ਰਹਮ ਭੇਵ ਖੁਲ੍ਹਾ ਆਪਣਾ ਅਸਲ ਅਸਲੀਅਤ, ਪੜਦਾ ਉਹਲਾ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਸਾਚੇ ਸੰਤਾਂ ਗੁਰਮੁਖਾਂ ਗੁਰਸਿਖਾਂ ਸ਼ਬਦੀ ਗੋਬਿੰਦ ਜਣਾਂ ਧੁਰ ਦੀ ਵਲਦੀਅਤ, ਵਾਲਦਾ ਵਾਲਿਦ ਅਵਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚੇ ਸਚਖੰਡ ਦਵਾਰਾ ਏਕੰਕਾਰਾ ਦਰ ਠਾਂਡੇ ਝੋਲੀ ਡਾਹੀਆ । ਸਤਿ ਧਰਮ ਕਹੇ ਪ੍ਰਭ ਇਕੋ ਤੇਰੇ ਚਰਨ ਹੋਵੇ ਨਿਮਸਕਾਰ, ਦੂਜਾ ਇਸ਼ਟ ਨਾ ਕੋਇ ਮਨਾਈਆ । ਸਾਚੇ ਨਾਮ ਹੋਵੇ ਪਰਚਾਰ, ਪਰਚਾ ਕੂੜ ਨਾ ਕੋਇ ਵਖਾਈਆ । ਹਰ ਘਟ ਤੇਰਾ ਨੂਰ ਨਜ਼ਰੀ ਆਏ ਹੋ ਉਜਿਆਰ, ਬੇਨਜ਼ੀਰ ਆਪਣੀ ਨਜ਼ਰ ਬਦਲਾਈਆ । ਘਟ ਘਟ ਅੰਤਰ ਨਿਰੰਤਰ ਹੋ ਕੇ ਪਾ ਸਾਰ, ਬਸੰਤਰ ਅਗਨੀ ਦੇਣੀ ਬੁਝਾਈਆ । ਗੁਰ ਅਵਤਾਰ ਪੈਗ਼ੰਬਰ ਮੰਤਰ ਦੇ ਕੇ ਗਏ ਵਾਰੋ ਵਾਰ, ਵਾਰਤਾ ਤੇਰੀ ਬੋਧ ਅਗਾਧ ਲਿਖਾਈਆ । ਵਾਰਸ ਬਣ ਆਪ ਕਰਤਾਰ, ਕੁਦਰਤ ਦੇ ਮਾਲਕ ਵੇਖ ਵਖਾਈਆ । ਤੇਰਾ ਖੇਲ ਅਗੰਮ ਅਪਾਰ, ਅਲਖ ਅਗੋਚਰ ਤੇਰੇ ਹੱਥ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਤੇਰੀ ਪਾ ਨਾ ਸਕੇ ਸਾਰ, ਬੇਅੰਤ ਬੇਪਰਵਾਹ ਕਹਿ ਕੇ ਤੇਰਾ ਸ਼ੁਕਰ ਮਨਾਈਆ । ਸਚਖੰਡ ਨਿਵਾਸੀ ਜੋਤ ਪਰਕਾਸ਼ੀ ਸ੍ਰਿਸ਼ਟ ਸਬਾਈ ਦੇ ਆਧਾਰ, ਨਿਜ ਘਰ ਆਪਣਾ ਡੇਰਾ ਲਾਈਆ । ਪ੍ਰੀਤੀ ਰੀਤੀ ਨੀਤੀ ਅੰਦਰ ਕਰ ਪਿਆਰ, ਪਾਰਬ੍ਰਹਮ ਆਪਣੀ ਦਇਆ ਕਮਾਈਆ । ਖੇਲ ਅਨਡੀਠੀ ਤੇਰੀ ਅਪਰ ਅਪਾਰ, ਜਗਤ ਨੇਤਰ ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦੇ ਸਿਰਜਣਹਾਰ, ਸਾਖਿਆਤ ਕਾਇਨਾਤ ਆਬੇਹਯਾਤ ਅੰਮ੍ਰਿਤ ਆਤਮ ਮੁਖ ਚੁਆਈਆ । ਸਤਿ ਧਰਮ ਕਹੇ ਪ੍ਰਭ ਦੀਨ ਦਨੀ ਬਦਲ ਦੇ ਰੀਤ, ਪਾਰਬ੍ਰਹਮ

੧੧੭੨
੧੯

ਪਤਿਪਰਮੇਸ਼ਵਰ ਤੇਰੀ ਓਟ ਰਖਾਈਆ । ਆਤਮ ਪਰਮਾਤਮ ਢੋਲਾ ਧੁਰ ਦਾ ਦੱਸ ਗੀਤ, ਗਹਿਰ ਗੰਭੀਰ ਇਕੋ ਨਾਮ ਦੇਣਾ ਪੜ੍ਹਾਈਆ । ਝਗੜਾ ਰਹੇ ਨਾ ਮੰਦਰ ਮਸੀਤ, ਕਾਇਆ ਕਾਅਬਾ ਦੇਣਾ ਵਖਾਈਆ । ਜਿਸ ਘਰ ਬੈਠਾ ਰਹੇਂ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਲੱਖ ਚੁਰਾਸੀ ਲੈਣੀ ਜੀਤ, ਹਰ ਹਿਰਦਾ ਫੋਲ ਫੁਲਾਈਆ । ਨਾਮ ਭੰਡਾਰਾ ਦੇ ਅਨਡੀਠ, ਕਾਇਆ ਝੋਲੀ ਦੇਣੀ ਭਰਾਈਆ । ਕਰਵਟ ਲੈ ਬਦਲ ਪੀਠ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਦਇਆ ਕਮਾਈਆ । ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਸਰਗੁਣ ਤੇਰੀ ਕਰਨ ਉਡੀਕ, ਭਗਤ ਸੁਹੇਲੇ ਜਨ ਬੈਠੇ ਰਾਹ ਤਕਾਈਆ । ਕੂੜੀ ਕਿਰਿਆ ਕਲਜੁਗ ਬਦਲ ਤਾਰੀਕ, ਤਵਾਰੀਖ ਆਪਣੀ ਦੇ ਸਮਝਾਈਆ । ਸਦੀ ਚੌਧਵੀਂ ਅੰਤਮ ਰਹੀ ਬੀਤ, ਮੁਹੰਮਦ ਬੈਠਾ ਸੀਸ ਨਿਵਾਈਆ । ਈਸਾ ਮੂਸਾ ਤੱਕਣ ਲਾ ਕੇ ਨੀਝ, ਬਿਨ ਅੱਖਾਂ ਅੱਖ ਖੁਲ੍ਹਾਈਆ । ਨਾਨਕ ਗੋਬਿੰਦ ਵੇਖਣ ਹੱਕ ਤਬੀਬ, ਮਰੀਜ਼ਾਂ ਦਾ ਮਾਲਕ ਬੇਪਰਵਾਹੀਆ । ਜੋ ਹਰ ਘਟ ਵਸੇ ਕ਼ਰੀਬ, ਦੂਰ ਨੇੜਾ ਪੰਧ ਮੁਕਾਈਆ । ਜਗਤ ਬਦਲਣਾ ਤੇਰਾ ਖੇਲ ਅਜੀਬ, ਜਗਤ ਵਿਦਿਆ ਸਮਝ ਕੋਇ ਨਾ ਆਈਆ । ਕਲਜੁਗ ਅੰਦਰ ਸਤਿਜੁਗ ਦੇ ਤਰਤੀਬ, ਤਰ੍ਹਾ ਤਰੀਕਾ ਆਪਣਾ ਦੇ ਦ੍ਰਿੜਾਈਆ । ਦੀਨ ਦੁਨੀ ਬਦਲ ਦੇ ਨਸੀਬ, ਹੁਕਮੇਂ ਅੰਦਰ ਹੁਕਮ ਭਵਾਈਆ । ਲੇਖਾ ਮੁਕਾ ਅਮੀਰ ਗ਼ਰੀਬ, ਗ਼ੁਰਬਤ ਕੂੜੀ ਬਾਹਰ ਕਢਾਈਆ । ਸਚ ਦਵਾਰਾ ਕਾਇਆ ਮੰਦਰ ਅੰਦਰ ਲੰਘ ਦਹਿਲੀਜ਼, ਨੌਂ ਦਵਾਰੇ ਪੈਂਡਾ ਦੇ ਮੁਕਾਈਆ । ਜਨ ਭਗਤ ਸੁਹੇਲਾ ਵੇਖ ਆਪਣਾ ਅਜ਼ੀਜ਼, ਪ੍ਰੇਮੀ ਪਿਆਰਾ ਮਿੱਤਰ ਬਣ ਕੇ ਹੋ ਸਹਾਈਆ । ਸਾਚੇ ਨਾਮ ਦੀ ਦੱਸ ਤਮੀਜ਼, ਤਮਅ ਅੰਦਰੋਂ ਦੇਣੀ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਸਚ ਦਵਾਰੇ ਝੋਲੀ ਡਾਹੀਆ । ਸਤਿ ਧਰਮ ਕਹੇ ਪ੍ਰਭ ਕਿਰਪਾ ਕਰ ਮਿਹਰਵਾਨ, ਮਿਹਰ ਨਜ਼ਰ ਪਾਰ ਕਰਾਈਆ । ਸਮਰਥ ਪੁਰਖ ਆਦਿ ਜੁਗਾਦੀ ਦਇਆਵਾਨ, ਜੁਗ ਚੌਕੜੀ ਤੇਰੀ ਖੇਲ ਨਜ਼ਰੀ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੀਤਿਆ ਵਿਚ ਜਹਾਨ, ਅੰਤਮ ਲਹਿਣਾ ਦੇਣਾ ਦੇ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਬੋਲਣ ਬਿਨਾ ਜ਼ਬਾਨ, ਸਚਖੰਡ ਦਵਾਰ ਏਕੰਕਾਰ ਰਹੇ ਸੁਣਾਈਆ । ਕੂੜੀ ਕਿਰਿਆ ਜਹਾਲਤ ਰਹੇ ਨਾ ਵਿਚ ਜਹਾਨ, ਜੀਵਾਂ ਜੰਤਾਂ ਸਾਧਾਂ ਸੰਤਾਂ ਅੰਦਰੋਂ ਕਰ ਸਫ਼ਾਈਆ । ਸਾਚੇ ਦਰ ਵਖਾ ਇਕ ਨਿਸ਼ਾਨ, ਧਰਮ ਨਿਸ਼ਾਨਾ ਦੋ ਜਹਾਨਾਂ ਨਜ਼ਰੀ ਆਈਆ । ਏਕੋ ਨਾਮ ਸਰਬ ਕਰਨ ਪਰਵਾਨ, ਪਰਵਾਨੇ ਘਰ ਘਰ ਦੇ ਫੜਾਈਆ । ਮਨੂਆ ਰਹੇ ਨਾ ਕੋਇ ਸ਼ੈਤਾਨ, ਸ਼ਰਅ ਦੀਨ ਨਾ ਕੋਇ ਲੜਾਈਆ । ਸਿਦਕ ਸਬੂਰੀ ਸਾਚਾ ਦੱਸ ਇਕ ਈਮਾਨ, ਇਬਾਦਤ ਇਕੋ ਦੇ ਜਣਾਈਆ । ਆਤਮ ਪਰਮਾਤਮ ਪਰਮਾਤਮ ਆਤਮ ਨੂਰੀ ਹੋਵੇ ਸਰਬ ਗਿਆਨ, ਅਗਿਆਨ ਅੰਧੇਰਾ ਦੇਣਾ ਮਿਟਾਈਆ । ਪੁਰਖ ਅਕਾਲ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਸਾਰੇ ਗਾਣ, ਗਾਵਤ ਗਾਵਤ ਆਪਣੀ ਖ਼ੁਸ਼ੀ ਮਨਾਈਆ । ਬੁਧੀ ਰਹੇ ਕੋਇ ਅੰਞਾਣ, ਸੁਰਤੀ ਸ਼ਬਦ ਨਾਲ ਮਿਲਾਈਆ । ਘਰ ਨਜ਼ਰੀ ਆਏ ਗੋਪੀ ਕਾਹਨ, ਰਮਈਆ ਰਾਮ ਪੜਦਾ ਦੇਣਾ ਉਠਾਈਆ । ਹਜ਼ਰਤਾਂ ਵਾਲਾ ਦੇਣਾ ਪੈਗ਼ਾਮ, ਈਸਾ ਮੂਸਾ ਮੁਹੰਮਦ ਲਹਿਣਾ ਦੇਣਾ ਚੁਕਾਈਆ । ਨਾਨਕ ਗੋਬਿੰਦ ਕਰ ਪਰਵਾਨ, ਪਰਮ ਪੁਰਖ ਆਪਣਾ ਪੜਦਾ ਦੇਣਾ ਉਠਾਈਆ । ਸਤਿਜੁਗ ਸਾਚਾ ਮਾਰਗ ਦੱਸ ਆਸਾਨ, ਅਹਿਸਾਨ ਸਿਰ ਨਾ ਕੋਇ ਉਠਾਈਆ । ਤੂੰ ਦੇਵਣਹਾਰਾ ਸ੍ਰੀ ਭਗਵਾਨ, ਜੁਗ ਚੌਕੜੀ ਝੋਲੀ ਰਿਹਾ ਭਰਾਈਆ । ਕਲਜੁਗ ਅੰਤ ਸ੍ਰੀ ਭਗਵੰਤ ਬਣ ਕੇ ਧੁਰ ਦਾ ਕੰਤ ਗ਼ਰੀਬ ਨਿਮਾਣਿਆਂ ਦੇ ਮਾਣ, ਮਾਇਆ

ਮਮਤਾ ਮੋਹ ਆਪਣਾ ਨਾਮ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਸਦਾ ਮਹਾਨ, ਮਹਿੰਮਾ ਅਕਥ ਕਥਨੀ ਕਥ ਨਾ ਸਕੇ ਰਾਈਆ ।

✪ ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਗੁਰਨਾਮ ਸਿੰਘ ਦੇ ਗ੍ਰਿਹ ਪਿੰਡ ਬੁਢੇਲ ਜ਼ਿਲਾ ਲੁਧਿਆਣਾ ✪

ਸਤਿ ਧਰਮ ਕਹੇ ਮੇਰੇ ਮਹਿਬੂਬ, ਮਾਲਕ ਖ਼ਾਲਕ ਤੇਰੀ ਬੇਪਰਵਾਹੀਆ । ਗ੍ਰਿਹ ਮੰਦਰ ਦੱਸ ਹੱਕ ਮੰਜ਼ਲੇ ਮਕਸੂਦ, ਜੂਹ ਇਕੋ ਦੇ ਵਖਾਈਆ । ਜਿਥੇ ਲੋੜ ਰਹੇ ਨਾ ਹਜ਼ਾਰਾ ਦਰੂਦ, ਇਸਮ ਆਜ਼ਮ ਤੇਰਾ ਨੂਰ ਨਜ਼ਰੀ ਆਈਆ । ਜੋਤੀ ਜਾਤੇ ਹੋ ਕੇ ਮਿਲ ਮਹਿਬੂਬ, ਮੁਹੱਬਤ ਤੇਰੀ ਭਾਈਆ । ਲੇਖਾ ਰਹੇ ਨਾ ਤਨ ਵਜੂਦ, ਵਜਹ ਆਪਣੀ ਦੇ ਸਮਝਾਈਆ । ਝਗੜਾ ਮੁਕਾ ਤਨ ਕਲਬੂਤ, ਕਲਮਾ ਇਕੋ ਦੇ ਪੜ੍ਹਾਈਆ । ਨਜ਼ਰੀ ਆਵੇਂ ਚਾਰੇ ਕੂਟ, ਦਹਿ ਦਿਸ਼ਾ ਹੋਵੇ ਰੁਸ਼ਨਾਈਆ । ਲੇਖਾ ਸ਼ਰਅ ਨਾ ਰਹੇ ਜੂਠ ਝੂਠ, ਸਤਿ ਸਚ ਦੇਣਾ ਦ੍ਰਿੜਾਈਆ । ਪਿਆਰ ਮੁਹੱਬਤ ਵਿਚ ਜਾਣਾ ਤੁਠ, ਬੇਨਜ਼ੀਰ ਅੱਖ ਖੁਲ੍ਹਾਈਆ । ਅੰਮ੍ਰਿਤ ਜਾਮ ਦੇਣਾ ਘੁਟ, ਆਬੇਹਯਾਤ ਹਯਾਤੀ ਦੇ ਬਦਲਾਈਆ । ਸੂਫ਼ੀ ਸੰਤ ਫ਼ਕੀਰ ਆਪਣੀ ਗੋਦੀ ਲੈ ਚੁੱਕ ਚਾਰ ਕੁੰਟ ਵੇਖ ਵਖਾਈਆ । ਦੀਨ ਮਜ਼੍ਹਬ ਊਚ ਨੀਚ ਰਾਓ ਰੰਕ ਰਹੇ ਕੋਈ ਨਾ ਦੁੱਖ, ਦੁਖੀਆਂ ਦਰਦ ਦੇਣੇ ਮਿਟਾਈਆ । ਤੇਰੇ ਮਿਲਣ ਦੀ ਰੂਹ ਬੁੱਤ ਲੱਗੀ ਰਹੇ ਭੁੱਖ, ਪਿਆਸ ਆਪਣਾ ਕਲਮਾ ਦੇਣਾ ਸਮਝਾਈਆ । ਲੱਖ ਚੁਰਾਸੀ ਵਿਚੋਂ ਵੇਖ ਮਾਨਸ ਮਾਨਵ ਮਾਨੁੱਖ, ਭੇਵ ਅਭੇਦਾ ਆਪਣਾ ਦੇ ਖੁਲ੍ਹਾਈਆ । ਸੁਫਲ ਕਰਾ ਜਨਣੀ ਕੁੱਖ, ਲੋਕਮਾਤ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੋਵੇ ਤੇਰੀ ਓਟ, ਦੂਸਰ ਸੀਸ ਨਾ ਕਿਸੇ ਝੁਕਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦਾ ਹੋਵੇ ਜੈਕਾਰਾ, ਜੈ ਜੈ ਕਾਰ ਕਰੇ ਲੋਕਾਈਆ । ਇਕੋ ਇਸ਼ਟ ਹੋਵੇ ਸੰਸਾਰਾ, ਦ੍ਰਿਸ਼ਟੀ ਅੰਦਰ ਤੇਰਾ ਢੋਲਾ ਗਾਈਆ । ਤੇਰਾ ਨਾਮ ਲੱਗੇ ਪਿਆਰਾ, ਪ੍ਰੀਤਮ ਪ੍ਰੇਮ ਪਿਆਰ ਦੇਣਾ ਵਧਾਈਆ । ਪੁਰਖ ਅਕਾਲ ਦੀਨ ਦਿਆਲ ਸਚ ਚਲੇ ਤੇਰੀ ਧਾਰਾ, ਧਰਨੀ ਧਰਤ ਧਵਲ ਤੇਰੀ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੈਗ਼ੰਬਰ ਜਾਣ ਬਲਿਹਾਰਾ, ਬਲਿਹਾਰੀ ਸਤਿਗੁਰ ਸਾਚੇ ਢੋਲਾ ਗਾਈਆ । ਵਾਹਿਦ ਤੇਰਾ ਨੂਰ ਹੋਵੇ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਸਚਖੰਡ ਇਕੋ ਦੱਸ ਸਰਬ ਦਵਾਰਾ, ਥਿਰ ਘਰ ਗੁਰਮੁਖ ਲੈਣੇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਦਰ ਦਰ ਦਰਵੇਸ਼ ਹੋ ਕੇ ਅਲਖ ਜਗਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦਾ ਦੋ ਜਹਾਨ ਵੱਜੇ ਨਗਾਰਾ, ਨਿਗਾਹ ਸਭ ਦੀ ਦੇ ਬਦਲਾਈਆ । ਅੰਤਰ ਆਤਮ ਦੇ ਹੁਲਾਰਾ, ਕਲਜੁਗ ਜੀਵ ਆਲਸ ਨਿੰਦਰਾ ਵਿਚੋਂ ਬਾਹਰ ਕਢਾਈਆ । ਕੂੜੀ ਕਿਰਿਆ ਗੜ੍ਹ ਤੋੜ ਹੰਕਾਰਾ, ਹੁਕਮ ਹਾਕਮ ਆਪਣਾ ਲੈਣਾ ਮਨਾਈਆ । ਸਭ ਦਾ ਬਣ ਮੀਤ ਮੁਰਾਰਾ, ਮਿੱਤਰ ਹੋ ਕੇ ਵੇਖ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਮੇਟ ਅੰਧਿਆਰਾ, ਸਾਚਾ ਚੰਦ ਏਕੰਕਾਰਾ ਇਕੋ ਦੇਣਾ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਭਿੱਖਕ ਹੋ ਕੇ ਮੰਗ ਮੰਗਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦਾ ਇਕੋ ਹੋਵੇ ਢੋਲਾ, ਗੀਤ ਗੋਬਿੰਦ ਇਕੋ ਨਜ਼ਰੀ ਆਈਆ । ਤੇਰਾ ਸ਼ਬਦ



੧੧੭੪
੧੯

ਸਤਿਗੁਰ ਹੋਏ ਵਿਚੋਲਾ, ਪੰਜ ਤਤ ਦੀ ਲੋੜ ਰਹੇ ਨਾ ਰਾਈਆ । ਤੂੰ ਹਰ ਘਟ ਵਸਿਆ ਮੌਲਾ, ਬਿਸਮਿਲ ਹੋ ਕੇ ਆਪਣੀ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਕੌਲਾ, ਇਕਰਾਰ ਆਪਣਾ ਦੇਣਾ ਨਿਭਾਈਆ । ਲੇਖਾ ਮੁਕਾ ਧਰਨੀ ਧੌਲਾ, ਧਰਮ ਦਵਾਰਾ ਇਕ ਪਰਗਟਾਈਆ । ਦੀਨ ਦੁਨੀ ਬਦਲ ਦੇ ਚੋਲਾ, ਚੋਜੀ ਪ੍ਰੀਤਮ ਆਪਣਾ ਖੇਲ ਵਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਗਾਏ ਸਭ ਸੋਹਲਾ, ਰਾਗ ਨਾਦ ਮਿਲ ਕੇ ਵੱਜੇ ਵਧਾਈਆ । ਚਾਰ ਵਰਨ ਅਠਾਰਾਂ ਬਰਨ ਮਾਨਸ ਜਾਤੀ ਇਕੋ ਹੋਵੇ ਬੋਲਾ, ਅਨਬੋਲਤ ਆਪਣਾ ਨਾਮ ਦੇਣਾ ਸਮਝਾਈਆ । ਜੀਵ ਜੰਤ ਸਾਧ ਸੰਤ ਤੇਰੇ ਦਰ ਦਾ ਹੋਵੇ ਗੋਲਾ, ਦੂਜੀ ਚਾਕਰੀ ਨਾ ਕੋਇ ਕਮਾਈਆ । ਦੀਨ ਮਜ਼੍ਹਬ ਜਾਤ ਪਾਤ ਪਾ ਸਕੇ ਕੋਈ ਨਾ ਰੌਲਾ, ਆਤਮ ਬ੍ਰਹਮ ਸਰਬ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਨਿਰਗੁਣ ਸਰਗੁਣ ਬਣ ਤੋਲਾ, ਨਾਮ ਖੰਡਾ ਵਿਚ ਬ੍ਰਹਿਮੰਡਾਂ ਅਨਡਿਠਾ ਆਪਣਾ ਆਪ ਉਠਾਈਆ ।

### ✪ ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸਾਧੂ ਸਿੰਘ ਦੇ ਗ੍ਰਿਹ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ✪

ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦੀ ਸਾਚੀ ਹੋਵੇ ਸਿਖਿਆ, ਚੌਦਾਂ ਵਿਦਿਆ ਜਗਤ ਪੜ੍ਹਾਈਆ । ਬੋਧ ਅਗਾਧ ਪਾ ਭਿਛਿਆ, ਭਿੱਖਕ

ਦੀਨ ਦੁਨੀ ਲੈ ਬਣਾਈਆ । ਆਪਣਾ ਭਵਿਖਤ ਵੇਖ ਲਿਖਿਆ, ਜੋ ਗੁਰ ਅਵਤਾਰ ਪੈਗ਼ੰਬਰ ਗਏ ਲਿਖਾਈਆ । ਤੇਰਾ ਹੁਕਮ ਕਿਸੇ ਨਾ ਮੇਟਿਆ, ਭਾਣੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਨਿਵਾਈਆ । ਪੁਰਖ ਅਕਾਲ ਦੀਨ ਦਿਆਲ ਸਚਖੰਡ ਸਚ ਸਿੰਘਾਸਣ ਸਚ ਸਵਾਮੀ ਲੇਟਿਆ, ਬਿਨ ਪਾਵਾ ਚੂਲ ਛੱਪਰ ਛੰਨ ਸੋਭਾ ਪਾਈਆ । ਕਲਜੁਗ ਅੰਤ ਪਾਰਬ੍ਰਹਮ ਪਤਿਪਰਮੇਸ਼ਵਰ ਬਣ ਖੇਵਟ ਖੇਟਿਆ, ਜਗਤ ਮਲਾਹ ਹੋ ਕੇ ਸੇਵ ਕਮਾਈਆ । ਚਾਰ ਕੁੰਟ ਦਹਿ ਦਿਸ਼ਾ ਇਕੋ ਨਜ਼ਰੀ ਆਵੇ ਨੇਤਿਆ, ਸ਼ਾਹੋ ਭੂਪ ਸ਼ਹਿਨਸ਼ਾਹ ਤੇਰਾ ਰੂਪ ਅਲਾਹੀਆ । ਅੰਦਰ ਵੜ ਮੰਦਰ ਚੜ੍ਹ ਜੀਵ ਜੰਤ ਸਾਧ ਸੰਤ ਖੋਲ੍ਹ ਆਪਣਾ ਭੇਤਿਆ, ਭਾਂਡਾ ਭਰਮ ਭਉ ਦੇਣਾ ਭੰਨਾਈਆ । ਤੇਰਾ ਪਰਕਾਸ਼ ਪੁਰਖ ਅਬਿਨਾਸ਼ ਜਗ ਨੇਤਰ ਕਿਸੇ ਨਾ ਵੇਖਿਆ, ਦੋਏ ਨੈਣਾਂ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਦਵਾਰੇ ਤੇਰੀ ਮੰਗ ਮੰਗਾਈਆ । ਸਤਿ ਧਰਮ ਕਹੇ ਪ੍ਰਭ ਹੋ ਕਿਰਪਾਲ, ਕਿਰਪਾਨਿਧ ਆਪਣਾ ਪੜਦਾ ਦੇ ਉਠਾਈਆ । ਦਇਆਨਿਧ ਦੀਨ ਦਿਆਲ, ਦੀਨਾਂ ਨਾਥਾ ਤੇਰੀ ਓਟ ਤਕਾਈਆ । ਸਚ ਦਵਾਰਾ ਵਿਚ ਸੰਸਾਰਾ ਵਖਾ ਇਕੋ ਧਰਮਸਾਲ, ਧਰਮ ਦੀ ਧਾਰ ਦੇ ਸਮਝਾਈਆ । ਜਿਸ ਗ੍ਰਿਹ ਵਸਣ ਸ਼ਾਹ ਕੰਗਾਲ, ਊਚ ਨੀਚ ਨਜ਼ਰ ਕੋਇ ਨਾ ਆਈਆ । ਦੀਨਾਂ ਮਜ਼੍ਹਬਾਂ ਵਿਚੋਂ ਕਰ ਬਹਾਲ, ਸ਼ਰਅ ਜ਼ੰਜੀਰ ਦੇਣਾ ਕਟਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮੇਲ ਆਪਣੇ ਨਾਲ, ਮਨ ਦੀ ਨਾਲਿਸ਼ ਦੇਣੀ ਚੁਕਾਈਆ । ਕਲਜੁਗ ਕੂੜੀ ਕਿਰਿਆ ਆਪਣੇ ਲੇਖੇ ਪਾ ਘਾਲ, ਜਿਸ ਘਾਇਲ ਕੀਤੀ ਜਗਤ ਲੋਕਾਈਆ । ਸਤਿਜੁਗ ਸਾਚਾ ਲੋਕਮਾਤ ਭੇਜ ਆਪਣਾ ਲਾਲ, ਪੂਤ ਸਪੂਤਾ ਹੋ ਕੇ ਸੇਵ ਕਮਾਈਆ । ਸਤਿ ਧਰਮ ਬਣਾ ਦਲਾਲ, ਵਿਚੋਲਾ ਆਪਣਾ ਨਾਮ ਪਰਗਟਾਈਆ ।

ਸਚ ਬੇਨੰਤੀ ਮੰਨ ਸਵਾਲ, ਅਰਜ਼ ਆਰਜ਼ੂ ਤੇਰੇ ਅਗੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਸਚ ਦਵਾਰੇ ਖ਼ੁਸ਼ੀ ਵਖਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦੀ ਇਕੋ ਲੱਗੇ ਚੋਟ, ਚੋਟੀ ਚੜ੍ਹ ਕੇ ਸਭ ਨੂੰ ਦੇ ਜਣਾਈਆ । ਕਲਜੁਗ ਕੂੜੀ ਕਿਰਿਆ ਮਨ ਵਾਸਨਾ ਰਹੇ ਕੋਈ ਨਾ ਖੋਟ, ਮਾਇਆ ਮਮਤਾ ਮੋਹ ਦੇਣਾ ਮਿਟਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜਾਤੇ ਇਕੋ ਤੇਰਾ ਨੂਰ ਹੋਵੇ ਰੁਸ਼ਨਾਈਆ । ਪਾਰਬ੍ਰਹਮ ਬ੍ਰਹਮ ਸਾਚੀ ਤੇਰੀ ਗੋਤ, ਦੂਜਾ ਵਰਨ ਕੰਮ ਕਿਸੇ ਨਾ ਆਈਆ । ਝਗੜਾ ਵੇਖ ਚੌਦਾਂ ਲੋਕ, ਚੌਦਾਂ ਤਬਕ ਰਹੇ ਕੁਰਲਾਈਆ । ਚੌਦਾਂ ਵਿਦਿਆ ਤੇਰਾ ਸਮਝ ਨਾ ਸਕੇ ਸਲੋਕ, ਸੋਹਲਾ ਹੱਕ ਨਾ ਕੋਇ ਦ੍ਰਿੜਾਈਆ । ਮੁੱਲਾ ਸ਼ੇਖ਼ ਮੁਸਾਇਕ ਤੇਰੇ ਨਾਮ ਦੀ ਲੈਂਦੇ ਮੋਖ, ਮੁਫ਼ਤ ਤੇਰਾ ਨਾਮ ਨਾ ਕੋਇ ਵਰਤਾਈਆ । ਮਨ ਵਾਸਨਾ ਜਗਤ ਕਿਰਿਆ ਭਰੇ ਕਿਸੇ ਨਾ ਪੇਟ, ਸਾਂਤਕ ਸਤਿ ਨਾ ਕੋਇ ਕਰਾਈਆ । ਤੇਰੀ ਮੰਜ਼ਲ ਧੁਰ ਦੇ ਮਾਲਕ ਸਚਖੰਡ ਦਵਾਰੇ ਸਕੇ ਕੋਈ ਨਾ ਪਹੁੰਚ, ਜਗਤ ਦਵਾਰੇ ਬੈਠੇ ਰੋਵਣ ਮਾਰਨ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਨੇਤਰ ਲੋਚਨ ਅੱਖ ਖੋਲ੍ਹ, ਜੋ ਤੇਰਾ ਦਰਸ਼ਨ ਰਹੇ ਲੋਚ, ਮਨਸਾ ਵਿਚੋਂ ਮਨਸਾ ਦੇ ਪਰਗਟਾਈਆ । ਸਤਿ ਧਰਮ ਕਹੇ ਆਪਣੇ ਨਾਮ ਦਾ ਦੇ ਦੇ ਸੱਦਾ, ਹੋਕਾ ਹੱਕ ਹੱਕ ਜਣਾਈਆ । ਦੋ ਜਹਾਨ ਤੇਰੇ ਹੁਕਮੇਂ ਅੰਦਰ ਬੱਧਾ, ਸਿਰ ਸਕੇ ਨਾ ਕੋਇ ਉਠਾਈਆ । ਆਪਣੇ ਪ੍ਰੇਮ ਦਾ ਦੇ ਦੇ ਮਜ਼ਾ, ਮੰਜ਼ਲ ਆਪਣੀ ਦੇ ਪਰਗਟਾਈਆ । ਕਲਜੁਗ ਕੂੜ ਕੁੜਿਆਰ ਦੇ ਸਜ਼ਾ, ਸਿਰ

੧੧੭੬ ੧੯ ਸਕੇ ਨਾ ਕੋਇ ਉਠਾਈਆ । ਸਤਿਜੁਗ ਸਾਚਾ ਚਲਾ ਆਪਣੀ ਨਾਲ ਰਜ਼ਾ, ਰਾਜ਼ਕ ਰਹੀਮ ਪੜਦਾ ਦੇਣਾ ਉਠਾਈਆ । ਪੁਰਖ ਅਕਾਲ ਦੀਨ ਦਿਆਲ ਮਿਹਰਵਾਨ ਕਰੀਂ ਕਦੇ ਨਾ ਦਗ਼ਾ, ਫਰੇਬ ਕਲਜੁਗ ਦੇਣਾ ਮਿਟਾਈਆ । ਤੂੰ ਸਰਬ ਸਮਰਥ ਦੀਨ ਦੁਨੀ ਦਾ ਅੱਬਾ, ਪਿਤਾ ਪੁਰਖ ਅਕਾਲ ਕਹਿ ਕੇ ਸਾਰੇ ਸੀਸ ਨਿਵਾਈਆ । ਸਚਖੰਡ ਦਵਾਰ ਤੇਰੀ ਅਗੰਮੀ ਜਗ੍ਹਾ, ਨਿਰਗੁਣ ਨੂਰ ਜੋਤ ਹੋਵੇ ਰੁਸ਼ਨਾਈਆ । ਬਿਨ ਭਗਤਾਂ ਤੇਰਾ ਵਧੇ ਕੋਈ ਨਾ ਅੱਗਾ, ਆਗਮਨ ਵਿਚ ਖ਼ੁਸ਼ੀ ਨਾ ਕੋਇ ਮਨਾਈਆ । ਸਤਿਜੁਗ ਸਾਚੇ ਲੋਕਮਾਤ ਹੁਕਮ ਦੇ ਦੇ ਸਭਾ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਦਰ ਦਵਾਰੇ ਆਸ ਰਖਾਈਆ । ਸਤਿ ਧਰਮ ਕਹੇ ਪ੍ਰਭ ਸਤਿਜੁਗ ਸਾਚਾ ਬਖ਼ਸ਼ ਦੇ ਰਾਹ, ਰਹਿਬਰ ਇਕੋ ਇਕ ਨਜ਼ਰੀ ਆਈਆ । ਨਿਰਗੁਣ ਸਰਗੁਣ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਗੁਰ ਅਵਤਾਰ ਪੈਗ਼ੰਬਰ ਲੇਖਾ ਗਏ ਲਿਖਾ, ਭਵਿਖਤਾਂ ਵਿਚ ਜਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗਵਾਹ, ਸ਼ਹਾਦਤ ਇਕੋ ਵਾਰ ਦਏ ਭੁਗਤਾਈਆ । ਚਾਰ ਵਰਨ ਅਠਾਰਾਂ ਬਰਨ ਕਰਨ ਸਲਾਹ, ਸੁਲਹਕੁਲ ਤੇਰੇ ਅਗੇ ਸੀਸ ਨਿਵਾਈਆ । ਝਗੜਾ ਰਹੇ ਨਾ ਕਿਸੇ ਸ਼ੇਖ਼ ਮੁਲਾ, ਮੁਸਾਇਕ ਮਸਲਾ ਨਾ ਕੋਇ ਦ੍ਰਿੜਾਈਆ । ਪੰਡਤ ਪਾਂਧਾ ਰਹੇ ਕੋਈ ਨਾ ਭੁੱਲਾ, ਇਕੋ ਨਾਮ ਦੇਣਾ ਜਣਾਈਆ । ਭਾਗ ਲਗਾਉਣਾ ਸਭ ਦੇ ਕਾਇਆ ਮਾਟੀ ਕੁਲਾ, ਮੰਦਰ ਅੰਦਰ ਇਕੋ ਦੇਣਾ ਵਖਾਈਆ । ਜਿਸ ਮਾਰਗ ਵਿਚੋਂ ਜਗਤ ਜਹਾਨ ਜੀਵ ਭੁੱਲਾ, ਸੋ ਰਸਤਾ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਮੰਗੇ ਭੰਡਾਰ ਅਨਮੁਲਾ, ਕਰਤਾ ਕ਼ੀਮਤ ਨਾ ਕੋਇ ਲਗਾਈਆ ।

## ✪ ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਹਰਜੀਤ ਸਿੰਘ ਦੇ ਗ੍ਰਿਹਿ ਪਿੰਡ ਲੀਲ ਜ਼ਿਲਾ ਲੁਧਿਆਣਾ ✪

ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦੀ ਬਖ਼ਸ਼ਿਸ਼ ਹੋਵੇ ਦਾਤ, ਦਾਤਾ ਦਾਨੀ ਇਕੋ ਨਜ਼ਰੀ ਆਈਆ । ਸਤਿਜੁਗ ਸਾਚੀ ਮੌਲੇ ਪਰਭਾਤ, ਪ੍ਰਭੂ ਮਿਲ ਕੇ ਸਭ ਦੇ ਵੱਜੇ ਵਧਾਈਆ । ਆਤਮ ਪਰਮਾਤਮ ਵਸੇਂ ਸਾਥ, ਸਗਲਾ ਸੰਗ ਬਣਾਈਆ । ਸੋਹੰ ਸ਼ਬਦ ਨਾਨਕ ਗੋਬਿੰਦ ਵਾਲੀ ਗਾਥ, ਪੂਰਬ ਲੇਖਾ ਦੇਣਾ ਚੁਕਾਈਆ । ਜਿਸ ਦਾ ਢੋਲਾ ਗਾਇਆ ਤ੍ਰੈਲੋਕੀ ਨਾਥ, ਰਾਮ ਰਾਮ ਵਿਚ ਮਿਲ ਕੇ ਖ਼ੁਸ਼ੀ ਮਨਾਈਆ । ਈਸਾ ਮੂਸਾ ਮੁਹੰਮਦ ਹੋ ਕੇ ਦਾਸ, ਦਾਸਤਾਨ ਸੁਣ ਕੇ ਰਹੇ ਜਣਾਈਆ । ਦੋ ਜਹਾਨਾਂ ਤੇਰਾ ਪਰਕਾਸ਼, ਪਰਕਾਸ਼ਤ ਹੋਵੇ ਜਗਤ ਲੋਕਾਈਆ । ਸਤਿਜੁਗ ਸਾਚਾ ਹੋਵੇ ਧਰਵਾਸ, (ਧਰਮ) ਧਰਤੀ ਉਪਰ ਟਿਕਾਈਆ । ਖ਼ੁਸ਼ੀ ਹੋਵੇ ਪ੍ਰਿਥਮੀ ਆਕਾਸ਼, ਗਗਨ ਮੰਡਲ ਵੱਜੇ ਵਧਾਈਆ । ਤੇਰਾ ਨਾਮ ਉਪਜੇ ਸ੍ਰਿਸ਼ਟੀ ਸਵਾਸ, ਸਾਹ ਸਾਹ ਇਕੋ ਪੁਰਖ ਅਕਾਲ ਧਿਆਈਆ । ਮਨ ਦੀ ਮਮਤਾ ਹੋਵੇ ਨਾਸ, ਹੁਕਮੇਂ ਅੰਦਰ ਡੇਰਾ ਦੇਣਾ ਢਾਹੀਆ । ਸਤਿਜੁਗ ਸਾਚਾ ਧਰਮ ਲਾਉਣਾ ਖ਼ਾਸ, ਖ਼ਾਹਿਸ਼ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਦਰ ਹੋਵੇ ਨਾ ਕੋਇ ਨਿਰਾਸ, ਨਿਰਾਸਾ ਆਸ਼ਾ ਵਿਚ ਬਦਲਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਇਕੋ ਹੋਵੇ ਜਪ, ਜਗਜੀਵਣ ਦਾਤੇ ਤੇਰੇ ਦਰ ਵੱਜੇ ਵਧਾਈਆ । ਕਲਜੁਗ ਕੂੜੀ ਕਿਰਿਆ ਮੇਟ ਪਪ, ਪਤਿਤ ਪੁਨੀਤ ਬਣਾਈਆ । ਸੰਤ ਸੁਹੇਲੇ ਸੱਜਣ ਰਖ, ਰੱਖਕ ਹੋ ਕੇ ਵੇਖ ਵਖਾਈਆ । ਨਿਰਗੁਣ ਨੂਰ ਜੋਤ ਨਜ਼ਰ ਆ ਪਰਤੱਖ, ਪਾਰਬ੍ਰਹਮ ਆਪਣਾ ਪੜਦਾ ਲਾਹੀਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸਾਂਝਾ ਹੋਵੇ ਜਸ, ਵੇਦ ਪੁਰਾਨ ਦਾ ਝਗੜਾ ਦੇਣਾ ਚੁਕਾਈਆ । ਤੇਰੇ ਮਿਲਣ ਦੀ ਨਿਜ ਨੇਤਰ ਖੁਲ੍ਹੀ ਰਹੇ ਅੱਖ, ਨਿਜ ਘਰ ਵਾਸੀ ਪੁਰਖ ਅਬਿਨਾਸ਼ੀ ਤੇਰਾ ਦਰਸ਼ਨ ਪਾਈਆ । ਅੰਮ੍ਰਿਤ ਧਾਰ ਨਿਝਰ ਦੇਣਾ ਰਸ, ਬੂੰਦ ਸਵਾਂਤੀ ਕਮਲਾਪਾਤੀ ਮੁਖ ਚੁਆਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਸੱਤ ਦੀਪ ਕਰਨੇ ਆਪਣੇ ਵਸ, ਸ਼ਾਹੋ ਭੂਪ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਸਾਹਿਬ ਸਵਾਮੀ ਅੰਤਰਜਾਮੀ ਸਭ ਕੁਛ ਤੇਰੇ ਹੱਥ, ਨਾਥ ਅਨਾਥਾਂ ਦੇਣੀ ਮਾਣ ਵਡਿਆਈਆ ।



## ✪ ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਭਾਗ ਸਿੰਘ ਦੇ ਗ੍ਰਿਹਿ ਪਿੰਡ ਬਿਸਰਾਵਾਂ ਜ਼ਿਲਾ ਲੁਧਿਆਣਾ ✪

ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦਾ ਹੋਵੇ ਨਜ਼ਾਰਾ, ਨਜ਼ਰ ਸਭ ਦੀ ਦੇ ਬਦਲਾਈਆ । ਕਲਜੁਗ ਕੂੜੀ ਕਿਰਿਆ ਪਾਰ ਕਿਨਾਰਾ, ਨਈਆ ਨੌਕਾ ਆਪਣਾ ਨਾਮ ਚੜ੍ਹਾਈਆ । ਮਾਰਗ ਰਹੇ ਨਾ ਕੋਇ ਦੁਸ਼ਵਾਰਾ, ਦੁਸ਼ਮਣ ਦੂਤੀ ਅੰਦਰੋਂ ਦੇਣੇ ਭਜਾਈਆ । ਸਾਚੇ ਦਰ ਦਾ ਖੋਲ੍ਹ ਕਿਵਾੜਾ, ਬਜਰ ਕਪਾਟੀ ਕੁੰਡਾ ਦੇਣਾ ਲਾਹੀਆ । ਸ਼ਬਦ ਅਨਾਦ ਧੁਨ ਆਤਮਕ ਸੁਣੇ ਸੱਚੀ ਧੁਨਕਾਰਾ, ਨਾਦ ਅਨਾਦੀ ਨਾਦ ਸੁਣਾਈਆ । ਨਿਰਮਲ ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਅੰਧ ਅਗਿਆਨ ਦੇਣਾ ਮਿਟਾਈਆ । ਅੰਮ੍ਰਿਤ ਆਤਮ ਬਖ਼ਸ਼ ਠੰਡੀ ਠਾਰਾ, ਬੂੰਦ ਸਵਾਂਤੀ ਇਕ ਚੁਆਈਆ ।

ਚਾਰ ਕੁੰਟ ਦਹਿ ਦਿਸ਼ਾ ਤੇਰਾ ਰੂਪ ਨਜ਼ਰ ਆਏ ਸੰਸਾਰਾ, ਅੰਡਜ ਜੇਰਜ ਉਤਭੁਜ ਸੇਤਜ ਵੰਡ ਨਾ ਕੋਇ ਵੰਡਾਈਆ । ਤੇਰਾ ਮਹੱਲ ਅਟਲ ਉਚ ਮੁਨਾਰਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰ ਸੋਭਾ ਪਾਈਆ । ਜਿਥੇ ਭਗਤਾਂ ਸੰਤਾਂ ਗੁਰ ਅਵਤਾਰ ਪੈਗੰਬਰਾਂ ਮੰਗਲਾਚਾਰਾ, ਗੀਤ ਗੋਬਿੰਦ ਗੁਣੀ ਗਹਿੰਦ ਗਹਿਰ ਗੰਭੀਰ ਤੇਰਾ ਢੋਲਾ ਗਾਈਆ । ਦੂਜੀ ਕੋਈ ਨਾ ਵਾਰਤਾ ਵਾਰਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਅਬਿਨਾਸ਼ੀ ਕਰਤੇ ਤੇਰਾ ਖੇਲ ਅਗੰਮ ਅਪਾਰਾ, ਦਰ ਘਰ ਠਾਂਡਾ ਸੋਹਣਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਆਸ ਰਖਾਈਆ । ਸਤਿ ਧਰਮ ਕਹੇ ਤੇਰੇ ਨਾਮ ਦਾ ਮਿਲੇ ਇਕੋ ਸੁਖ, ਸੁਖ ਸਾਗਰ ਵਿਚ ਸਮਾਈਆ । ਜਗਤ ਵਾਸਨਾ ਰਹੇ ਕੋਈ ਨਾ ਦੁੱਖ, ਦੁਖੀਆਂ ਦਰਦ ਲੈਣਾ ਵੰਡਾਈਆ । ਲੇਖੇ ਲਾਉਣਾ ਜਨਮ ਮਾਨਸ ਮਨੁੱਖ, ਮਾਨਵ ਆਪਣੇ ਘਰ ਵਸਾਈਆ । ਸੰਤ ਸੁਹੇਲੇ ਲੈਣੇ ਚੁੱਕ, ਗੁਰਮੁਖ ਆਪਣੀ ਗੋਦ ਉਠਾਈਆ । ਕੂੜ ਵਿਕਾਰ ਅੰਦਰੋਂ ਕੱਢਣਾ ਕੁੱਟ, ਨਾਮ ਖੰਡਾ ਇਕ ਚਮਕਾਈਆ । ਪਵਿਤਰ ਪੁਨੀਤ ਪਾਕ ਕਰਨਾਂ ਕਾਇਆ ਮਾਟੀ ਬੁਤ, ਜਗਤ ਵਿਕਾਰ ਰਹੇ ਨਾ ਰਾਈਆ । ਪੜਦਾ ਉਹਲਾ ਰਹੇ ਨਾ ਲੁਕ, ਆਪਣਾ ਦਰਸ ਦੇਣਾ ਕਰਾਈਆ । ਭਗਤ ਸੁਹੇਲਾ ਬਣਾ ਕੇ ਸੁਤ, ਨਾਦੀ ਧਾਰ ਲੈਣਾ ਮਿਲਾਈਆ । ਉਲਟਾ ਗਰਭ ਨਾ ਹੋਵੇ ਰੁੱਖ, ਅਗਨੀ ਅੱਗ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਸਜਦੇ ਵਿਚ ਸੀਸ ਝੁਕਾਈਆ । ਸਤਿ ਧਰਮ ਕਹੇ ਪ੍ਰਭ ਤੇਰਾ ਨਜ਼ਰੀ ਆਵੇ ਇਕੋ ਇਸਮ, ਨੂਰ ਨੂਰ ਰੁਸ਼ਨਾਈਆ । ਦੂਜੀ ਦਿਸੇ ਕਿਸੇ ਨਾ ਕਿਸਮ, ਕਾਸਦ ਕਲਮਾ ਲੈਣਾ ਬਣਾਈਆ । ਸੰਦੇਸ਼ਾ

੧੧੭੮ ੧੯ ਦੇਣਾ ਹਰ ਘਟ ਜਿਸਮ, ਜਿਸਮਾਨੀ ਅਸਮਾਨੀ ਰੁਹਾਨੀ ਕਰਨੀ ਪੜ੍ਹਾਈਆ । ਤੇਰਾ ਨੂਰ ਜਹੂਰ ਹੋਵੇ ਦਿਸਣ, ਦਹਿ ਦਿਸ਼ਾ ਡਗਮਗਾਈਆ । ਸੂਫ਼ੀ ੧੧੭੮ ੧੯

ਸੰਤ ਫ਼ਕੀਰਾਂ ਬਣਾਉਣਾ ਅਗੰਮੀ ਮਿਸ਼ਨ, ਮਿਸਰਾ ਆਪਣਾ ਇਕ ਪੜ੍ਹਾਈਆ । ਤੇਰਾ ਨਾਮ ਨਿਧਾਨ ਸ੍ਰੀ ਭਗਵਾਨ ਸਾਰੇ ਲਿਖਣ, ਢੋਲਾ ਧੁਰ ਦਾ ਇਕੋ ਗਾਈਆ । ਸਚ ਦਵਾਰੇ ਉਤੇ ਵਿਕਣ, ਕ਼ੀਮਤ ਕਰਤੇ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ੍ਰਿਸ਼ਟ ਸਬਾਈ ਸਭ ਨੂੰ ਦੱਸ ਕੇ ਮਿਥਨ, ਮਿਥਿਆ ਵਿਚੋਂ ਸਿਖਿਆ ਸਾਚਾ ਨਾਮ ਦੇਣਾ ਸਮਝਾਈਆ । ਸਤਿ ਧਰਮ ਕਹੇ ਪ੍ਰਭ ਸਾਚੇ ਨਾਮ ਦੀ ਵੱਜੇ ਇਕ ਰਬਾਬ, ਬਿਨ ਤੰਦ ਸਿਤਾਰ ਸੁਰਤੀ ਸ਼ਬਦੀ ਸਭ ਦੀ ਦੇ ਉਠਾਈਆ । ਪਰਵਰਦਿਗਾਰ ਨਜ਼ਰੀ ਆਏ ਇਕ ਅਹਿਬਾਬ, ਮਹਿਬੂਬ ਮੁਹੱਬਤ ਵਿਚ ਸਮਾਈਆ । ਪੜ੍ਹਨੀ ਨਾ ਪਏ ਕੋਈ ਅੱਖਰਾਂ ਵਾਲੀ ਕਿਤਾਬ, ਅਲਿਫ਼ ਯੇ ਵੰਡ ਨਾ ਕੋਇ ਵੰਡਾਈਆ । ਮਾਲਕ ਨਜ਼ਰੀ ਆਏ ਇਕ ਨਵਾਬ, ਨੌਬਤ ਹੱਕ ਆਪਣਾ ਨਾਮ ਵਜਾਈਆ । ਜੋ ਲੇਖਾ ਲਿਖ ਕੇ ਆਇਆ ਨਾਨਕ ਨਿਰਗੁਣ ਸਰਗੁਣ ਵਿਚ ਬਗ਼ਦਾਦ, ਬਗ਼ਲਗੀਰ ਸਭ ਨੂੰ ਲਏ ਬਣਾਈਆ । ਪੁਰਖ ਅਕਾਲ ਦੀਨ ਦਿਆਲ ਬਿਨ ਤੇਰੀ ਇਮਦਾਦ, ਦੂਜਾ ਸੰਗ ਨਾ ਕੋਇ ਨਿਭਾਈਆ । ਸਾਚੀ ਖ਼ਿਦਮਤ ਵਿਚ ਦੱਸਣੀ ਖ਼ਿਦਮਾਤ, ਖ਼ਾਦਮ ਹੋ ਕੇ ਸੇਵ ਕਮਾਈਆ । ਤੇਰਾ ਨੂਰ ਇਲਾਹੀ ਵਾਹਿਦ, ਵਾਹਿਗੁਰੂ ਅੱਲਾ ਤੇਰਾ ਢੋਲਾ ਗਾਈਆ । ਕਲਜੁਗ ਕੂੜ ਕੁੜਿਆਰ ਤਤ ਕਰ ਲਾਜਵਾਬ, ਜੂਠ ਝੂਠ ਪੜਦਾ ਦੇਣਾ ਉਠਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦੋ ਜਹਾਨਾਂ ਮਹਾਰਾਜ, ਪਾਤਸ਼ਾਹ ਤੇਰੀ ਬੇਪਰਵਾਹੀਆ । ਸਤਿ ਧਰਮ ਕਲਜੁਗ ਬਦਲ ਦੇ ਰਿਵਾਜ, ਰਵਾਦਾਰੀ ਪਿਛਲੀ ਦੇ ਚੁਕਾਈਆ । ਚਾਰ ਵਰਨ ਅਠਾਰਾਂ ਬਰਨ ਬਣਾ ਇਕ ਸਮਾਜ, ਸਮਗਰੀ ਆਪਣਾ

ਨਾਮ ਵਰਤਾਈਆ । ਇਕੋ ਜਗਦੀਸ਼ ਤੇਰੇ ਸੀਸ ਦਿਸੇ ਤਾਜ, ਤਾਜਾਂ ਵਾਲੇ ਦੇਣੇ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੀ ਸਾਜਣ ਲਏ ਸਾਜ, ਕਿਰਿਆ ਕੂੜ ਦਏ ਖਪਾਈਆ ।

✪ ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸਰਵਣ ਸਿੰਘ ਦੇ ਗ੍ਰਹਿ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ✪

ਸਤਿ ਧਰਮ ਕਹੇ ਪ੍ਰਭ ਆਪਣੇ ਨਾਮ ਦਾ ਮਾਰ ਨੇਜ਼ਾ, ਨਿਗਾਹ ਵਿਚੋਂ ਨਿਗਾਹ ਦੇ ਬਦਲਾਈਆ । ਆਤਮ ਪਰਮਾਤਮ ਸਾਫ਼ ਕਰਦੇ ਸੇਜਾ, ਸੁਹੰਜਣਾ ਆਪਣਾ ਨੂਰ ਚਮਕਾਈਆ । ਹੁਕਮੇਂ ਅੰਦਰ ਜੋ ਸੰਦੇਸ਼ਾ ਅਗੰਮੀ ਭੇਜਾ, ਭਜਨ ਬੰਦਗੀ ਇਕੋ ਰੂਪ ਸਭ ਨੂੰ ਦੇ ਸਮਝਾਈਆ । ਜਨ ਭਗਤਾਂ ਆਸਾ ਮਨਸਾ ਪੂਰੀ ਕਰ ਨਿਸਚਾ, ਨਿਹਚਲ ਆਪਣਾ ਧਾਮ ਇਕ ਵਖਾਈਆ । ਅਛਲ ਛਲ ਦੀਨ ਦੁਨੀ ਮਾਰ ਪੇਚਾ, ਗੰਢ ਇਕੋ ਦੇਣੀ ਪਵਾਈਆ । ਕਲਜੁਗ ਕੂੜੀ ਕਿਰਿਆ ਬਦਲ ਰੇਖਾ, ਰਿਖੀ ਮੁਨੀ ਸਭ ਤੇਰਾ ਧਿਆਨ ਲਗਾਈਆ । ਕਲਜੁਗ ਅੰਤਮ ਪੂਰਾ ਕਰ ਲੇਖਾ, ਲਿਖਤ ਭਵਿਖਤ ਨਾਲ ਮਿਲਾਈਆ । ਸਚ ਵਖਾ ਦਵਾਰ ਆਪਣਾ ਦੇਸਾ, ਦਹਿ ਦਿਸ਼ਾ ਪੜਦਾ ਲਾਹੀਆ । ਤੇਰਾ ਨਾਉਂ ਨਿਰੰਕਾਰ ਸਦਾ ਰਹੇ ਹਮੇਸ਼ਾ, ਗੁਰ ਅਵਤਾਰ ਪੈਗ਼ੰਬਰ ਆਪਣਾ ਜੁਗ ਜੁਗ ਰੂਪ ਲੈਣ ਬਦਲਾਈਆ । ਗ਼ਰੀਬ ਉਧਾਰਨੇ ਤੇਰਾ ਪੇਸ਼ਾ, ਪੇਸ਼ੀਨਗੋਈ ਤੇਰੀ ਦਏ ਗਵਾਹੀਆ । ਤੂੰ ਮਾਲਕ ਧੁਰ ਨਰੇਸ਼ਾ, ਨਰ ਨਰਾਇਣ ਅਖਵਾਈਆ । ਤੇਰਾ ਹੁਕਮ ਗੋਬਿੰਦ ਧਾਰੀ ਕੇਸਾ, ਸਾਬਤ ਸੂਰਤ ਸਾਰੇ* ਰੱਬ ਦੀ ਲਏ ਬਣਾਈਆ । ਝਗੜਾ ਰਹੇ ਨਾ ਰਿਖੀ ਕੇਸ਼ਾ, ਗਵਰਧਨ ਵੰਡ ਨਾ ਕੋਇ ਵੰਡਾਈਆ । ਨਾਮ ਨਿਧਾਨਾ ਮਸਤਕ ਲਾ ਮੇਖਾ, ਸੋਈ ਸੁਰਤੀ ਲੈ ਜਗਾਈਆ । ਦੀਨ ਮਜ਼੍ਹਬ ਦਾ ਰਹੇ ਕੋਈ ਨਾ ਠੇਕਾ, ਠਾਕਰ ਹੋਕੇ ਸਭ ਨੂੰ ਨਜ਼ਰੀ ਆਈਆ । ਦੋ ਜਹਾਨ ਤੇਰੀ ਸਾਇਆ ਹੇਠਾ, ਸਿਰ ਸਕੇ ਨਾ ਕੋਇ ਉਠਾਈਆ । ਜਨ ਭਗਤਾਂ ਅੰਦਰ ਵੜ ਕੇ ਦੇ ਭੇਤਾ, ਪੜਦਾ ਉਹਲਾ ਆਪ ਚੁਕਾਈਆ । ਤੇਰੇ ਹੁਕਮ ਅੰਦਰ ਸਿਰ ਪਵਾ ਕੇ ਗਏ ਤੱਤੀ ਰੇਤਾ, ਕਲਜੁਗ ਅਗਨੀ ਅੱਗ ਤਪਾਈਆ । ਦੀਨ ਦੁਨੀ ਦਾ ਕੱਢ ਭੁਲੇਖਾ, ਭਰਮਾਂ ਵਿਚੋਂ ਭਰਮ ਗਵਾਈਆ । ਇਕੋ ਸਭ ਦਾ ਨਜ਼ਰੀ ਆਵੇਂ ਨੇਤਾ, ਧੁਰ ਫ਼ਰਮਾਨਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਵ ਨੌ ਚਾਰ ਵਿਸਰ ਨਾ ਜਾਏ ਚੇਤਾ, ਚੇਤਨ ਸਭ ਨੂੰ ਦਏ ਕਰਾਈਆ ।



✪ ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਕਰਮ ਸਿੰਘ ਦੇ ਗ੍ਰਹਿ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ✪

ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦੀ ਇਕੋ ਹੋਵੇ ਨੌਕਾ, ਨਈਆ ਸਈਆ ਹੋ ਕੇ ਦੇਣੀ ਚਲਾਈਆ । ਭਰਮ ਮਿਟੇ ਦੂਈ ਦਵੈਤੀ ਘਾਉ ਕਾ, ਘਾਇਲ ਆਪਣੇ ਨਾਮ ਕਰਾਈਆ । ਲੇਖਾ ਰਹੇ ਨਾ ਜੂਠ ਝੂਠ ਦਾਉ ਕਾ, ਦਗ਼ਾ ਫ਼ਰੇਬ ਦੇਣਾ ਗਵਾਈਆ । ਪਿਆਰ ਵਧੇ ਪਰਮ ਪੁਰਖ ਤੇਰੇ ਚਾਉ ਕਾ, ਚਾਓ ਘਨੇਰਾ ਦੇਣਾ ਸਮਝਾਈਆ । ਵਿਚਾਰ ਰਹੇ ਨਾ ਕਲਜੁਗ ਕੂੜ ਕੁੜਿਆਰ ਕਾਉਂ ਕਾ, ਹੰਸ ਗੁਰਮੁਖ ਲੈਣੇ ਪਰਗਟਾਈਆ ।

ਢੋਲਾ ਦੱਸਣਾ ਵਾਹੋ ਵਾਹੋ ਕਾ, ਵਾਹਵਾ ਗੁਰ ਤੇਰੀ ਵਡਿਆਈਆ । ਆਤਮ ਪਰਮਾਤਮ ਨਾਤਾ ਜੋੜਨਾ ਪਿਤਾ ਮਾਊਂ ਕਾ, ਪਤਿਪਰਮੇਸ਼ਵਰ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਸਤਾ ਦੇਣਾ ਵਖਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦਾ ਉਪਜੇ ਰਸ, ਰਸੀਆ ਜਗ ਲੈਣਾ ਬਣਾਈਆ । ਸ਼ਬਦੀ ਧਾਰ ਅੰਦਰ ਕਰਨਾ ਵੱਸ, ਵਿਸ਼ਿਆਂ ਤੋਂ ਲੈਣਾ ਛੁਡਾਈਆ । ਨਾਮ ਅਣਿਆਲਾ ਤੀਰ ਮਾਰਨਾ ਕਸ, ਕੂੜ ਕੁਟੰਬ ਵਿਚੋਂ ਬਾਹਰ ਦੇਣਾ ਕਰਾਈਆ । ਆਤਮ ਪਰਮਾਤਮ ਮੇਲ ਮਿਲਾਉਣਾ ਹੱਸ ਹੱਸ, ਹਸਤੀ ਵਿਚੋਂ ਹਸਤੀ ਦੇਣੀ ਬਦਲਾਈਆ । ਸਾਂਝਾ ਦੱਸ ਕੇ ਧੁਰ ਦਾ ਜਸ, ਢੋਲਾ ਧੁਰ ਦਾ ਨਾਮ ਦੇਣਾ ਸਮਝਾਈਆ । ਧੀਰਜ ਸੰਤੋਖ ਦੇ ਕੇ ਹਠ, ਕੂੜ ਕੁੜਿਆਰ ਦੇਣਾ ਮਿਟਾਈਆ । ਭਾਗ ਲਗਾ ਕੇ ਤਤ ਅੱਠ, ਨੌ ਦਵਾਰੇ ਪੈਂਡਾ ਦੇਣਾ ਚੁਕਾਈਆ । ਕਰ ਪਰਕਾਸ਼ ਘਰ ਦਸ, ਦਸਮ ਗੁਰ ਮੇਲਾ ਮਿਲਾਉਣਾ ਸਹਿਜ ਸੁਭਾਈਆ । ਸ਼ਬਦ ਗੋਬਿੰਦ ਸਿੱਖ ਇਕ ਦਵਾਰੇ ਜਾਣ ਵਸ, ਸੋਹਣਾ ਮਿਲ ਕੇ ਝਟ ਲੰਘਾਈਆ । ਪ੍ਰੇਮ ਪਿਆਰ ਦਾ ਮਜਾ ਲੈਣ ਚਖ, ਰਸਨਾ ਜਿਹਵਾ ਸਵਾਦ ਨਾ ਕੋਇ ਬਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦਿਸੇ ਭੱਖ, ਨਾਮ ਨਦ ਇਕ ਸੁਣਾਈਆ । ਵੇਖਣ ਵਾਲੀ ਖੁਲ੍ਹੀ ਰਹੇ ਅੱਖ, ਆਖ਼ਰ ਮੇਲਾ ਸਹਿਜ ਸੁਭਾਈਆ । ਮਿਹਰਵਾਨ ਹੋ ਕੇ ਲੈਣਾ ਰਖ, ਰਖਕ ਹੋ ਕੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਕੁਛ ਤੇਰੇ ਹੱਥ, ਲਹਿਣਾ ਦੇਣਾ ਹੱਥੋ ਹੱਥ ਦੇਣਾ ਮੁਕਾਈਆ ।


੧੧੮੦
੧੯

## ✪ ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸਰਦਾਰਾ ਸਿੰਘ ਦੇ ਗ੍ਰਹਿ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ✪

ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦਾ ਇਕੋ ਹੋਵੇ ਗਾਉਣਾ, ਰਾਗਾਂ ਨਾਦਾਂ ਧੁੰਨਾਂ ਵਿਚ ਵੱਜੇ ਵਧਾਈਆ । ਮਿਲੇ ਸੰਦੇਸਾ ਪਵਣ ਪਵਣਾਂ, ਪਾਰਬ੍ਰਹਮ ਬ੍ਰਹਮ ਆਪਣਾ ਹੁਕਮ ਸੁਣਾਈਆ । ਮਨ ਹੰਕਾਰੀ ਰਹੇ ਕੋਈ ਨਾ ਰੌਣਾ, ਰਾਮ ਰਾਮਾ ਹੋ ਕੇ ਹੋਣਾ ਸਹਾਈਆ । ਕਲਜੁਗ ਕੂੜੀ ਨੀਂਦ ਮਿਲੇ ਕਿਸੇ ਨਾ ਸੌਣਾ, ਜਾਗਰਤ ਜੋਤ ਕਰ ਰੁਸ਼ਨਾਈਆ । ਦੀਨ ਦੁਨੀ ਦਾ ਦੁਰਮਤ ਮੈਲ ਪਾਪ ਧੋਣਾ, ਪਤਿਤ ਪੁਨੀਤ ਦੇਣੇ ਬਣਾਈਆ । ਕੂੜੀ ਕਿਰਿਆ ਜਗਤ ਵਿਕਾਰ ਹਰ ਘਟ ਅੰਦਰ ਖੋਹਣਾ, ਭੈ ਵਿਚ ਹੁਕਮ ਦੇਣਾ ਸੁਣਾਈਆ । ਜਨ ਭਗਤਾਂ ਤੇਰੇ ਵਿਛੋੜੇ ਵਿਚ ਪਏ ਨਾ ਰੋਣਾ, ਆਤਮ ਪਰਮਾਤਮ ਨਾਤਾ ਲੈਣਾ ਜੁੜਾਈਆ । ਜਗਤ ਅਭਿਆਸ ਤਨ ਪਏ ਨਾ ਕੋਹਣਾ, ਸਹਿਜ ਸੁਭਾਉ ਪੜਦਾ ਦੇਣਾ ਉਠਾਈਆ । ਏਕਾ ਧਾਗੇ ਸ੍ਰਿਸ਼ਟ ਸਬਾਈ ਪਰੋਣਾ, ਪਰੋਹਤਾਂ ਦੀ ਲੋੜ ਰਹੇ ਨਾ ਰਾਈਆ । ਨਾਮ ਨਿਧਾਨ ਬੀਜ ਹਰ ਘਟ ਅੰਦਰ ਬੋਣਾ, ਬੋਧ ਅਗਾਧ ਦੇਣਾ ਸਮਝਾਈਆ । ਕਰਨਾ ਪਰਕਾਸ਼ ਸਾਚੇ ਲੋਇਣਾ, ਲੂੰ ਲੂੰ ਅੰਦਰ ਤੇਰੇ ਨਾਮ ਦੀ ਵੱਜੇ ਵਧਾਈਆ । ਅੰਮ੍ਰਿਤ ਰਸ ਨਿਝਰ ਧਾਰ ਚੋਣਾ, ਬੂੰਦ ਸਵਾਂਤੀ ਇਕ ਟਪਕਾਈਆ । ਆਤਮ ਪਰਮਾਤਮ ਮੇਲ ਮਿਲਾਉਣਾ, ਮੇਲਾ ਮਿਲੇ ਸਹਿਜ ਸੁਭਾਈਆ । ਦੂਜਾ ਦਰ ਨਾ ਕੋਇ ਵਖਾਉਣਾ, ਪੁਰਖ ਅਕਾਲ ਦੀਨ ਦਿਆਲ ਇਕੋ ਨਜ਼ਰੀ ਆਈਆ । ਸਾਚਾ ਮੰਦਰ ਸਚਖੰਡ ਦਵਾਰ ਸੁਹਾਉਣਾ, ਦੀਵਾ ਬਾਤੀ ਕਮਲਾਪਾਤੀ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਰਾਹ ਤਕਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦਾ ਅਗੰਮੀ ਹੋਵੇ ਸਵਾਦ, ਰਸਨਾ ਚਖ ਨਾ ਕੋਇ

ਜਣਾਈਆ । ਕਲਜੁਗ ਕੂੜੀ ਕਿਰਿਆ ਕਰਨੀ ਬਰਬਾਦ, ਮਾਇਆ ਮਮਤਾ ਮੋਹ ਨਾਤਾ ਦੇਣਾ ਤੁੜਾਈਆ । ਸਤਿਜੁਗ ਸਾਚਾ ਕਰਨਾ ਲੋਕਮਾਤ ਆਬਾਦ, ਧਰਮ ਦਵਾਰ ਏਕੰਕਾਰ ਇਕੋ ਦੇਣਾ ਵਖਾਈਆ । ਚਾਰ ਵਰਨ ਅਠਾਰਾਂ ਬਰਨ ਆਤਮ ਪਰਮਾਤਮ ਇਕੋ ਤੇਰੀ ਰਖਣ ਯਾਦ, ਦੂਜੀ ਵੰਡ ਨਾ ਕੋਇ ਵੰਡਾਈਆ । ਨਾਮ ਨਿਧਾਨ ਸ੍ਰੀ ਭਗਵਾਨ ਸ਼ਬਦ ਅਗੰਮਾ ਦੱਸਣਾ ਬੋਧ ਲਗਾਧ, ਬੁਧੀ ਤੋਂ ਪਰੇ ਕਰ ਪੜ੍ਹਾਈਆ । ਕਾਇਆਂ ਮੰਦਰ ਅੰਦਰ ਤੇਰੀ ਸ਼ਬਦੀ ਸੁਣੇ ਆਵਾਜ਼, ਰਸਨਾ ਜਿਹਵਾ ਬੱਤੀ ਦੰਦ ਦੀ ਲੋੜ ਰਹੇ ਨਾ ਰਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਭੇਵ ਅਭੇਦਾ ਖੋਲ੍ਹਣਾ ਰਾਜ਼, ਰਹਿਮਤ ਆਪਣੀ ਨਾਲ ਪਾਰ ਕਰਾਈਆ । ਮਨੂਆ ਮਨ ਨਾ ਰਹੇ ਕੋਈ ਗੁਸਤਾਖ਼, ਝਗੜਾ ਮਨ ਦੇਣਾ ਮਿਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਭਵਿਖਤਾਂ ਵਿਚ ਗਏ ਆਖ, ਆਖਰ ਸਭ ਦਾ ਲਹਿਣਾ ਦੇਣਾ ਦੇਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਸਚ ਦਵਾਰੇ ਮੰਗ ਮੰਗਾਈਆ । ਸਤਿ ਧਰਮ ਕਹੇ ਤੇਰੇ ਨਾਮ ਦੀ ਰਹੇ ਕੋਈ ਨਾ ਹੱਦ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰੇ ਨਾਮ ਦਾ ਇਕੋ ਹੋਵੇ ਛਦ, ਛੰਦ ਸੋਹਣਾ ਰਾਗ ਅਲਾਹੀਆ । ਆਤਮ ਪਰਮਾਤਮ ਹੋ ਕੇ ਦੇਣਾ ਅਨੰਦ, ਰਸ ਅਗੰਮਾ ਦੇਣਾ ਚਖਾਈਆ । ਖ਼ੁਸ਼ੀ ਕਰ ਕੇ ਬੰਦ ਬੰਦ, ਬੰਦਗੀ ਇਕੋ ਦੇਣੀ ਦ੍ਰਿੜਾਈਆ । ਆਵਣ ਜਾਵਣ ਲੱਖ ਚੁਰਾਸੀ ਤੋੜ ਕੇ ਪੰਧ, ਮੰਜ਼ਲ ਇਕੋ ਇਕ ਏਕੰਕਾਰ ਦੇਣੀ ਚੜ੍ਹਾਈਆ । ਦੀਨ ਦਿਆਲ ਸਾਹਿਬ ਸਵਾਮੀ ਹੋ ਬਖ਼ਸ਼ੰਦ, ਨਾਮ ਭੰਡਾਰਾ ਦੇਣਾ ਵਰਤਾਈਆ । ਤੈਨੂੰ ਗਾ ਗਾ ਥੱਕੇ ਬੱਤੀ ਦੰਦ, ਰਸਨਾ ਜਿਹਵਾ ਸਿਫ਼ਤਾਂ ਨਾਲ ਸਾਲਾਹੀਆ । ਸਚ ਪਰਕਾਸ਼ ਨੂਰੀ ਚੜ੍ਹਿਆ ਕੋਇ ਨਾ ਚੰਦ, ਕਾਇਆ ਮੰਦਰ ਅੰਦਰ ਅੰਧੇਰਾ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਢਹਿ ਪਿਆ ਸਰਨਾਈਆ । ਸਤਿ ਧਰਮ ਕਹੇ ਪ੍ਰਭ ਤੂੰ ਸਦਾ ਸਹਾਈ ਨਾਥ ਅਨਾਥਾਂ, ਦੀਨਾਂ ਦੁਖੀਆਂ ਦਰਦ ਵੰਡਾਈਆ । ਕਲਜੁਗ ਅੰਤ ਸ੍ਰੀ ਭਗਵੰਤ ਗ਼ਰੀਬ ਨਿਮਾਣਿਆਂ ਮੰਨ ਆਖਾ, ਨਿਰਗੁਣ ਹੋ ਕੇ ਵੇਖ ਵਖਾਈਆ । ਸਤਿਜੁਗ ਸਾਚਾ ਦਰ ਤੇਰੇ ਦਾਸੀ ਦਾਸਾ, ਸੇਵਕ ਆਪਣਾ ਰੂਪ ਰਿਹਾ ਬਦਲਾਈਆ । ਨੇਤਰ ਰੋਵੇ ਧਰਨੀ ਧਰਤ ਧਵਲ ਮਾਤਾ, ਦੁੱਖਾਂ ਹਾਲ ਜਣਦਿਆਂ ਰਹੀ ਸੁਣਾਈਆ । ਗੁਰ ਪੈਗ਼ੰਬਰ ਜੋ ਲਿਖ ਕੇ ਗਏ ਭਵਿਖਤ ਵਾਕਾ, ਵਾਕਿਫ਼ਕਾਰ ਹੋ ਕੇ ਵੇਖ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰਾ ਮੰਨੇ ਕੋਈ ਨਾ ਆਖਾ, ਭਰਮੇਂ ਭੁੱਲੀ ਸਰਬ ਲੋਕਾਈਆ । ਸਾਚੇ ਮੰਦਰ ਕਾਇਆ ਖੋਲ੍ਹੇ ਕੋਈ ਨਾ ਤਾਕਾ, ਨਿਰਗੁਣ ਤੇਰਾ ਦਰਸ ਕੋਇ ਨਾ ਪਾਈਆ । ਝਗੜਾ ਪਿਆ ਦੀਨਾ ਮਜ਼੍ਹਬਾਂ ਜਾਤਾ ਪਾਤਾ, ਊਚਾਂ ਨੀਚਾਂ ਰਾਉ ਰੰਕਾ ਝਗੜਾ ਨਾ ਕੋਇ ਮਿਟਾਈਆ । ਸਾਚਾ ਨਾਮ ਸਾਚੇ ਮੰਡਲ ਪਾਵੇ ਕੋਈ ਨਾ ਰਾਸਾ, ਕਲਜੁਗ ਗੋਪੀ ਕਾਹਨ ਨਚਾਈਆ । ਪੁਰਖ ਅਕਾਲ ਦੀਨ ਦਿਆਲ ਅੰਤ ਅਖ਼ੀਰ ਸਦੀ ਚੌਧਵੀਂ ਵੇਖ ਤਮਾਸ਼ਾ, ਨਿਰਵੈਰ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਬੇਨੰਤੀ ਰਿਹਾ ਸੁਣਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦਾ ਜਗਤ ਹੋਵੇ ਸਹਾਰਾ, ਸਹਾਇਕ ਇਕੋ ਨਜ਼ਰੀ ਆਈਆ । ਦੂਜਾ ਦਿਸੇ ਨਾ ਕੋਇ ਦਵਾਰਾ, ਦਰ ਦਰ ਅਲਖ ਨਾ ਕੋਇ ਜਗਾਈਆ । ਸਾਚਾ ਮਿਲੇ ਨਾਮ ਭੰਡਾਰਾ, ਭਗਵਨ ਭਗਤਾਂ ਭਗਤੀ ਦੇਣੀ ਸਮਝਾਈਆ । ਤੇਰਾ ਧਰਮ ਦਾ ਹੋਵੇ ਜੈਕਾਰਾ, ਜੈ ਜੈ ਕਾਰ ਕਰੇ ਲੋਕਾਈਆ । ਏਕਾ ਹੋਵੇ ਵੇਖਣਹਾਰਾ, ਏਕੰਕਾਰ ਬੇਪ੍ਰਵਾਹੀਆ ।

੧੧੮੧ ੧੯

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਦਵਾਰੇ ਧੁਰ ਦੀ ਆਸ ਰਖਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦਾ ਲੱਗੇ ਟਿੱਕਾ, ਮਸਤਕ ਨੂਰ ਹੋਵੇ ਰੁਸ਼ਨਾਈਆ । ਪਾਰ ਉੱਤਰੇ ਵੱਡਾ ਨਿੱਕਾ, ਜੋ ਜਨ ਤੇਰਾ ਨਾਮ ਧਿਆਈਆ । ਤੂੰ ਪੁਰਖ ਅਕਾਲ ਸਭ ਦਾ ਪਿਤਾ, ਪਤਿਪਰਮੇਸ਼ਵਰ ਨਜ਼ਰੀ ਆਈਆ । ਕਲਜੁਗ ਅੰਤਮ ਕਰਨਾ ਹਿਤਾ, ਭਗਤ ਸੁਹੇਲੇ ਜੋੜ ਜੁੜਾਈਆ । ਕਰਵਟ ਲੈ ਬਦਲ ਦੇ ਪਿੱਠਾ, ਸਨਮੁਖ ਹੋ ਕੇ ਸੋਭਾ ਪਾਈਆ । ਬਿਨ ਅੱਖਾਂ ਵੇਖ ਗੋਬਿੰਦ ਵਾਲਾ ਚਿੱਠਾ, ਬਿਨ ਲਿਖਿਆਂ ਸਤਰਾਂ ਗਿਆ ਲਿਖਾਈਆ । ਜਿਸ ਦਾ ਰੂਪ ਸਦਾ ਚਿੱਟਾ, ਰੇਖ ਸਕੇ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸਤਿ ਧਰਮ ਦਾ ਦੇ ਦੇ ਹਿੱਸਾ, ਹਿੱਸੇਦਾਰ ਧੁਰ ਦਾ ਨਜ਼ਰੀ ਆਈਆ ।

### ੨੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਭਗਵਾਨ ਕੌਰ ਦੇ ਗ੍ਰਿਹ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ

ਸਤਿ ਧਰਮ ਕਹੇ ਪ੍ਰਭ ਨਾਮ ਨਿਧਾਨਾ ਅਗੰਮੀ ਵੰਡ, ਦਰ ਦਰ ਗ੍ਰਿਹ ਗ੍ਰਿਹ ਘਰ ਘਰ ਆਪ ਵਰਤਾਈਆ । ਘਟ ਨਿਵਾਸੀ ਜੀਵ ਆਤਮਾ ਪਾ ਠੰਡ, ਜਗਤ ਵਾਸਨਾ ਨਾ ਕੋਇ ਹਲਕਾਈਆ । ਜੁਗ ਜਨਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਤੇਰੇ ਹੱਥ ਵਡਿਆਈਆ । ਭਾਂਡਾ ਭਰਮ ਭੌ ਢਾਹ ਕੰਧ, ਦੂਈ ਦਵੈਤ ਦੇ ਮਿਟਾਈਆ । ਸਾਚਾ ਨਾਮ ਸੁਣਾ ਛੰਦ, ਬੰਦ ਬੰਦ ਵੱਜੇ ਵਧਾਈਆ । ਤੇਰੇ ਪ੍ਰੇਮ ਦਾ ਆਵੇ ਇਕ ਅਨੰਦ, ਸੁਖ ਸਾਗਰ ਦੇ ਵਖਾਈਆ । ਸਾਚਾ ਨੂਰ ਚਮਕੇ ਜੋਤ ਚੰਦ, ਸੂਰੀਆ ਚੰਦ ਬੈਠਣ ਮੁਖ ਛੁਪਾਈਆ । ਜਨਮ ਜਨਮ ਦਾ ਆਵਣ ਜਾਵਣ ਗੇੜਾ ਮੁਕੇ ਪੰਧ, ਚੁਰਾਸੀ ਫਾਸੀ ਗਲ ਨਾ ਕੋਇ ਲਟਕਾਈਆ । ਹੁਕਮੇਂ ਅੰਦਰ ਸਾਰੇ ਹੋਵਣ ਪਾਬੰਦ, ਸਿਰ ਸਕੇ ਨਾ ਕੋਇ ਉਠਾਈਆ । ਤੇਰੇ ਨਾਮ ਦੀ ਹੋਵੇ ਸੁਗੰਧ, ਦੂਜਾ ਯਾਰੜਾ ਨਾ ਕੋਇ ਹੰਢਾਈਆ । ਜਗਤ ਮੰਜ਼ਲ ਸਹਿਜੇ ਜਾਵਣ ਲੰਘ, ਭਗਤ ਸੁਹੇਲੇ ਕ਼ਦਮ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦਾ ਆਵੇ ਭੈ, ਭਉ ਵਿਚ ਦਿਸੇ ਲੋਕਾਈਆ । ਇਕ ਆਦਿ ਜੁਗਾਦੀ ਪੁਰਖ ਅਕਾਲ ਰਹੈ, ਦੂਜਾ ਰਹਿਣ ਕੋਇ ਨਾ ਪਾਈਆ । ਕਲਜੁਗ ਕੂੜੀ ਕਿਰਿਆ ਦੀਨ ਦੁਨੀ ਅੰਦਰੋਂ ਕਰ ਲਯ, ਲਾਇਕ ਨਾਲਾਇਕ ਦੇ ਬਣਾਈਆ । ਸੰਤ ਸੁਹੇਲਾ ਭਗਤ ਜਨ ਤੇਰਾ ਭਾਣਾ ਸਹੈ, ਸੀਸ ਜਗਦੀਸ਼ ਇਕੋ ਤੇਰੇ ਚਰਨ ਝੁਕਾਈਆ । ਝਗੜਾ ਰਹੇ ਨਾ ਤੂੰ ਮੈਂ, ਹੰ ਬ੍ਰਹਮ ਦੇਣਾ ਸਮਝਾਈਆ । ਤੇਰੇ ਨਾਮ ਦੀ ਧਾਰਾ ਇਕੋ ਵਹੈ, ਵਾਹਵਾ ਸਤਿਗੁਰ ਵੱਜੇ ਸਚ ਵਧਾਈਆ । ਲੇਖਾ ਮੁਕੇ ਸ਼ਿਵ ਸ਼ਕਤੀ ਸ਼ਵੈ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਚਿੰਤਾ ਹਰਖ਼ ਸੋਗ ਦੁੱਖ ਰਹੇ ਨਾ ਦਵੈ, ਦਾਨਸ਼ਮੰਦ ਸਾਰੇ ਦੇਣੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਖ਼ੁਸ਼ੀਆਂ ਨਾਲ ਮੰਗ ਮੰਗਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦੀ ਮਿਲੇ ਬੂੰਦ ਸਵਾਂਤੀ, ਸਾਂਤਕ ਦੇ ਕਰਾਈਆ । ਕਲਜੁਗ ਮਿਟੇ ਅੰਧੇਰੀ ਰਾਤੀ, ਰੁਤੜੀ ਰੁੱਤ ਦੇ ਬਦਲਾਈਆ । ਜਨ ਭਗਤਾਂ ਭਗਤ ਬਣਾ ਸਾਥੀ, ਕੂੜ ਕੁੜਿਆਰਾਂ ਡੇਰਾ ਢਾਹੀਆ । ਜੋ ਗੁਰ ਅਵਤਾਰ ਪੈਗ਼ੰਬਰਾਂ ਮੰਨਦੇ ਨਹੀਂ ਆਖੀ, ਤਿਨ੍ਹਾਂ ਦੋਜ਼ਖ਼ ਦੇ ਸਜ਼ਾਈਆ ।

ਜੋ ਤੇਰੇ ਨਾਮ ਦੀ ਗਾਉਂਦੇ ਸਾਖੀ, ਸਾਖਿਆਤ ਹੋ ਕੇ ਦਰਸ਼ਨ ਦੇਣਾ ਥਾਉਂ ਥਾਈਂਆ । ਲਹਿਣਾ ਦੇਣਾ ਸਭ ਦਾ ਚੁਕਾਉਣਾ ਬਾਕੀ, ਹਿਸਾਬ ਕਿਤਾਬ ਪਿਛਲਾ ਵੇਖ ਵਖਾਈਆ । ਤੇਰਾ ਨਾਮ ਸੁਨੇਹੜਾ ਸਭ ਨੂੰ ਮਿਲੇ ਪਾਤੀ, ਪਤ੍ਰਿਕਾ ਧੁਰ ਦੀ ਦੇਣੀ ਸੁਣਾਈਆ । ਬਿਨਾ ਸਤਿਗੁਰ ਸ਼ਬਦ ਕਿਸੇ ਕੋਲੋਂ ਨਾ ਜਾਵੇ ਵਾਚੀ, ਵਾਚਕ ਗਿਆਨੀ ਕੋਈ ਪੜ੍ਹ ਨਾ ਸਕੇ ਰਾਈਆ । ਆਪਣਾ ਖੇਲ ਦੱਸਣਾ ਆਪਣੀ ਬਿਧ ਭਾਂਤੀ, ਭਾਵਨਾ ਭੇਵ ਆਪਣੇ ਵਿਚੋਂ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਕਰਨੀ ਧੁਰ ਦੀ ਸਾਚੀ, ਸਾਚੇ ਸੱਜਣ ਧੁਰ ਦੇ ਦਇਆ ਕਮਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦੀ ਵੱਜੇ ਇਕੋ ਕੂਕ, ਕੋਕਾ ਪੰਡਤ ਰਹਿਣ ਕੋਇ ਨਾ ਪਾਈਆ । ਜਗਤ ਵਿਕਾਰ ਦੇਣਾ ਫੂਕ, ਮਾਇਆ ਮਮਤਾ ਅਗਨੀ ਤਤ ਜਲਾਈਆ । ਜਾਤ ਪਾਤ ਰਹਿਣ ਨਾ ਦੇਣਾ ਕੋਈ ਸੂਤ, ਸੂਤਕ ਇਕੋ ਆਪਣਾ ਨਾਮ ਦੇਣਾ ਸਮਝਾਈਆ । ਮਾਨਸ ਮਾਨੁਖ ਰਹੇ ਨਾ ਕੋਇ ਕਪੂਤ, ਪੁੱਤਰ ਸਪੁੱਤਰ ਲੈਣੇ ਬਣਾਈਆ । ਭਾਗ ਲਗਾ ਕੇ ਕਾਇਆ ਮਾਟੀ ਪੰਜ ਭੂਤ, ਭਵਿਖ ਆਪਣਾ ਦੇਣਾ ਸਮਝਾਈਆ । ਤੇਰਾ ਡੰਕਾ ਵੱਜੇ ਚਾਰੇ ਕੂਟ, ਕਾਇਆ ਕੁਟੀਆ ਦੇਣਾ ਸੁਣਾਈਆ । ਨਾਮ ਨਿਧਾਨ ਸ੍ਰੀ ਭਗਵਾਨ ਸ਼ਬਦ ਅਗੰਮੀ ਭੇਜ ਦੂਤ, ਦੋ ਜਹਾਨਾਂ ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਜਨ ਭਗਤ ਸੁਹੇਲੇ ਤੇਰੇ ਪ੍ਰੇਮ ਮੁਹੱਬਤ ਅੰਦਰ ਜਾਵਣ ਝੂਜ, ਜਗਤ ਤ੍ਰਿਸ਼ਨਾ ਭੁੱਖ ਰਹੇ ਨਾ ਰਾਈਆ । ਸਚ ਮਹੱਲ ਅਟਲ ਵਖਾਉਣਾ ਅਰਸ਼ ਅਰੂਜ, ਪੜਦਾ ਹਕੀਕਤ ਵਾਲਾ ਖੁਲ੍ਹਾਈਆ । ਠਾਕਰ ਸਵਾਮੀ ਹੋ ਕੇ ਬਣ ਮਹਿਬੂਬ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਚੇ ਸੰਤਾਂ ਭਾਗ ਲਗਾ ਕੇ ਤਨ ਵਜੂਦ, ਵਸਲ ਅਸਲ ਆਪਣਾ ਦੇਣਾ ਕਰਾਈਆ । ਮਨ ਵਾਸਨਾ ਜਗਤ ਦੀਵਾਰ ਰਹੇ ਨਾ ਕੋਇ ਹਦੂਦ, ਮਨ ਪਾਬੰਦੀਆਂ ਦੇਣੀਆਂ ਮਿਟਾਈਆ । ਜਿਧਰ ਵੇਖਣ ਨਜ਼ਰੀ ਆਵੇਂ ਮੌਜੂਦ, ਘਟ ਘਟ ਅੰਦਰ ਸੋਭਾ ਰਾਈਆ । ਆਤਮ ਪਰਮਾਤਮ ਪ੍ਰੇਮ ਪਿਆਰ ਵਿਚ ਕਰਨਾ ਸਲੂਕ, ਸੁਲਹਕੁਲ ਤੇਰੀ ਇਕ ਸਰਨਾਈਆ । ਝਗੜਾ ਰਹੇ ਨਾ ਮਾਨਵ ਜਾਤੀ ਛੂਤ, ਸ਼ਰਅ ਜ਼ੰਜੀਰ ਦੇਣੀ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਨਾਮ ਤੇਰਾ ਦੇਵੇ ਸਬੂਤ, ਭੇਵ ਅਭੇਦਾ ਦੇ ਖੁਲ੍ਹਾਈਆ । ਸਤਿ ਧਰਮ ਕਹੇ ਪ੍ਰਭ ਇਕੋ ਤੇਰੇ ਨਾਮ ਦੀ ਹੋਵੇ ਗੂੰਜ, ਚਾਰ ਕੁੰਟ ਦਹਿ ਦਿਸ਼ਾ ਗੁੰਜਾਇਸ਼ ਰਹਿਣ ਕੋਇ ਨਾ ਪਾਈਆ । ਏਕਾ ਦੂਆ ਰਹੇ ਕੋਇ ਨਾ ਦੂਜ, ਘਰ ਘਰ ਅੰਦਰ ਨਜ਼ਰੀ ਆਵੇ ਸਭ ਦਾ ਮਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇ ਬੂਝ, ਮਾਨਵ ਜਾਤੀ ਬਿਬੇਕ ਬੁਧੀ ਆਪ ਬਣਾਈਆ । ਤੇਰੇ ਵਿਛੋੜੇ ਅੰਦਰ ਆਤਮਾ ਕੁਰਲਾਵੇ ਕੂੰਜ, ਦੂਰ ਬਿਖੜੇ ਲੈਣੇ ਮਿਲਾਈਆ । ਮੰਜ਼ਲ ਦੱਸਣੀ ਹੱਕ ਮਕਸੂਦ, ਪੈਂਡਾ ਪਿਛਲਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਬੈਠਾ ਸੀਸ ਝੁਕਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦੀ ਹੋਵੇ ਇਕ ਖ਼ੁਸ਼ੀ, ਖ਼ੁਸ਼ਹਾਲੀ ਵਿਚ ਦਿਸੇ ਸਰਬ ਲੋਕਾਈਆ । ਸਭ ਦੀ ਕਾਇਆ ਮਾਟੀ ਕਰ ਦੇ ਸੁੱਚੀ, ਸਚ ਸੰਜਮ ਇਕ ਦ੍ਰਿੜਾਈਆ । ਆਤਮ ਪਰਮਾਤਮ ਪ੍ਰੇਮ ਪ੍ਰੀਤੀ ਅੰਦਰ ਦੱਸ ਰੁਚੀ, ਰਚਨਾ ਆਪਣੀ ਦੇ ਵਖਾਈਆ । ਤੇਰੀ ਮੁਹੱਬਤ ਦਰ ਰਹੇ ਕੋਇ ਨਾ ਰੁੱਠੀ, ਦਰ ਘਰ ਮੇਲਾ ਹੋਵੇ ਚਾਈਂ ਚਾਈਆ । ਜਗਤ ਵਾਸਨਾ ਅੰਦਰ ਵੜ ਕੇ ਕੁਠੀਂ, ਕੂੜੀ ਕਿਰਿਆ ਬਾਹਰ ਕਢਾਈਆ । ਮਿਹਰਵਾਨ ਹੋ ਕੇ ਪੁਰਖ ਅਕਾਲ ਦੀਨ ਦਿਆਲ ਤੁਠੀਂ, ਸਮਰਥ ਪੁਰਖ ਤੇਰੇ ਹੱਥ ਵਡਿਆਈਆ । ਕਲਜੁਗ ਲੋਕਮਾਤ ਵਿਚੋਂ ਕਰ ਛੁੱਟੀ, ਛੁਟਕਾਰਾ ਹੋਵੇ ਸ੍ਰਿਸ਼ਟ ਸਬਾਈਆ । ਸਤਿਜੁਗ

੧੧੮੩
੧੯

ਸਾਚੀ ਪੌਹ ਜਾਵੇ ਫੁੱਟੀ, ਘਰ ਘਰ ਅੰਤਰ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਜੰਤ ਸਾਧ ਸੰਤ ਚਾਰ ਖਾਣੀ ਚਾਰ ਬਾਣੀ ਚਾਰ ਵਰਨ ਅਠਾਰਾਂ ਬਰਨ ਚੌਥੇ ਜੁਗ ਸਭ ਦੀ ਬਾਤ ਪੁਛੀਂ, ਬਚਿਆ ਰਹਿਣ ਕੋਇ ਨਾ ਪਾਈਆ ।

## ✪ ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਧੰਨਾ ਸਿੰਘ ਦੇ ਗ੍ਰਹਿ ਪਿੰਡ ਢਹਿ ਪਈ ਜ਼ਿਲਾ ਲੁਧਿਆਣਾ ✪

ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦਾ ਮਿਲੇ ਅਗੰਮੀ ਸੀਰ, ਸ਼ੀਰਖਾਰ ਬੱਚੇ ਗੁਰਮੁਖ ਖ਼ੁਸ਼ੀ ਮਨਾਈਆ । ਮਨ ਵਾਸਨਾ ਜਗਤ ਬੁਧੀ ਮਿਲੇ ਧੀਰ, ਧਰਮ ਦਵਾਰਾ ਏਕੰਕਾਰਾ ਇਕੋ ਦੇਣਾ ਵਖਾਈਆ । ਸ਼ਰਅ ਰਹੇ ਨਾ ਸ਼ਰੀਅਤ ਵਾਲੀ ਕੋਇ ਜ਼ੰਜੀਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਕੂੜ ਕੁੜਿਆਰਾ ਲੇਖਾ ਦੇਣਾ ਮੁਕਾਈਆ । ਸਤਿਜੁਗ ਸਾਚੀ ਆਪਣੇ ਨਾਮ ਦੀ ਦੱਸ ਤਦਬੀਰ, ਤਰੀਕਾ ਨੀਕਨ ਨੀਕਾ ਹੋ ਕੇ ਦੇਣਾ ਦ੍ਰਿੜਾਈਆ । ਜਿਸ ਮੰਜ਼ਲ ਤੇ ਚੜ੍ਹਿਆ ਜੁਲਾਹਾ ਕਬੀਰ, ਗੁਰਮੁਖ ਸੰਤ ਸੁਹੇਲੇ ਓਸੇ ਦਰ ਦਿਤੇ ਬਹਾਈਆ । ਤੇਰਾ ਜਲਵਾ ਤੱਕਣ ਬੇਨਜ਼ੀਰ, ਬਿਨ ਅੱਖਾਂ ਅੱਖ ਉਠਾਈਆ । ਲੇਖਾ ਰਹੇ ਨਾ ਗ਼ਰੀਬ ਅਮੀਰ, ਅਮਰਾਪਦ ਇਕੋ ਦੇਣਾ ਵਖਾਈਆ । ਝਗੜਾ ਚੁੱਕੇ ਸ਼ਾਹ ਹਕੀਰ, ਹੁਕਮ ਆਪਣਾ ਲੈਣਾ ਮਨਾਈਆ । ਦੂਰ ਦੁਰਾਡੇ ਨਜ਼ਰ ਆਉਣਾ ਕਰੀਬ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਤੇਰਾ ਨੂਰ ਨੁਰਾਨਾ ਜਲਵਾ ਤੱਕੀਏ ਅਜੀਬ, ਜਾਹਰ ਜਹੂਰ ਹੋਵੇ ਰੁਸ਼ਨਾਈਆ । ਕਲਜੁਗ ਕੂੜ ਕੁੜਿਆਰੇ ਦੇ ਤਾਤੀਲ, ਸਤਿਜੁਗ ਸਾਚਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਰਾਹ ਵਖਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਅੰਮ੍ਰਿਤ ਦਾ ਮਿਲੇ ਅਗੰਮੀ ਆਬ, ਹਯਾਤੀ ਜ਼ਿੰਦਗੀ ਦੇ ਬਦਲਾਈਆ । ਜਨਮ ਕਰਮ ਦਾ ਲਹਿਣਾ ਦੇਣਾ ਮੁਕਾ ਦੇ ਹਿਸਾਬ, ਪੂਰਬ ਲੇਖਾ ਰਹੇ ਨਾ ਰਾਈਆ । ਸਚ ਦਵਾਰੇ ਕਰਨੀ ਦੱਸ ਇਕ ਆਦਾਬ, ਨਮਸਤੇ ਡੰਡਾਵਤ ਬੰਦਨਾ ਇਕੋ ਦੇ ਜਣਾਈਆ । ਤੇਰੇ ਹੁਕਮ ਦੀ ਅਗੰਮੀ ਆਵੇ ਆਵਾਜ਼, ਧੁਨ ਨਾਦ ਕਰੇ ਸ਼ਨਵਾਈਆ । ਅੱਖਰਾਂ ਵਾਲੀ ਪੜ੍ਹਨੀ ਪਏ ਨਾ ਕੋਇ ਕਿਤਾਬ, ਢੋਲਾ ਸੋਹਲਾ ਧੁਰ ਦਾ ਰਾਗ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਕਿਰਿਆ ਦੁਰਮਤ ਮੈਲ ਧੋਣਾ ਦਾਗ਼, ਪਤਿਤ ਪੁਨੀਤ ਦੀਨ ਦੁਨੀ ਦੇਣਾ ਬਣਾਈਆ । ਸਤਿ ਧਰਮ ਕਹੇ ਪ੍ਰਭ ਇਕੋ ਚਰਨ ਕਵਲ ਸ੍ਰਿਸ਼ਟੀ ਝੁਕੇ ਸੀਸ, ਦੂਜੇ ਦਰ ਮੰਗਣ ਕੋਇ ਨਾ ਜਾਈਆ । ਆਤਮ ਪਰਮਾਤਮ ਢੋਲਾ ਹੋਵੇ ਗੀਤ, ਸ਼ਬਦੀ ਗੋਬਿੰਦ ਮਿਲ ਕੇ ਵੱਜੇ ਵਧਾਈਆ । ਧਾਮ ਅਨਡਿਠੜੇ ਹੋਵੇ ਪ੍ਰੀਤ, ਪ੍ਰੀਤਮ ਪਰਮ ਪੁਰਖ ਪਰਮਾਤਮ ਆਤਮ ਜੋੜ ਲੈਣਾ ਜੁੜਾਈਆ । ਠਾਂਡਾ ਦਰ ਦਵਾਰ ਏਕ ਏਕੰਕਾਰ ਦਿਸੇ ਅਤੀਤ, ਤ੍ਰੈਗੁਣ ਲੇਖਾ ਪੰਜ ਤਤ ਦੇਣਾ ਚੁਕਾਈਆ । ਮੁਕਾਮੇ ਹੱਕ ਸਾਚਾ ਹੁਜਰਾ ਦੱਸਣਾ ਹੱਕ ਮਸੀਤ, ਸਦਾ ਬਾਂਗ ਆਵਾਜ਼ ਇਕੋ ਤੇਰਾ ਨਾਮ ਨਗ਼ਮਾ ਨਜ਼ਰੀ ਆਈਆ । ਬੋਧ ਅਗਾਧ ਬਣ ਕੇ ਖੋਲ੍ਹਣਾ ਰਾਜ਼, ਪੰਡਤ ਹੋ ਕੇ ਜੇਰਜ ਅੰਡਜ ਲੇਖਾ ਦੇਣਾ ਮੁਕਾਈਆ । ਸਤਿਜੁਗ ਸਾਚੀ ਸਾਜਣ ਲੈਣੀ ਸਾਜ, ਗ਼ਰੀਬ ਨਿਵਾਜ ਆਪਣੀ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਸੁੱਟਣੀ ਡੂੰਘੇ ਖਾਤ, ਬਾਹੋਂ ਫੜ ਫੇਰ ਨਾ ਕੋਇ ਉਠਾਈਆ । ਚਾਰ ਵਰਨਾਂ ਅਠਾਰਾਂ

ਬਰਨਾਂ ਇਕੋ ਦੱਸ ਰਿਵਾਜ, ਸਮਾਜ ਧਰਮ ਦਾ ਦੇਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਇਕੋ ਦੇਣਾ ਵਰ, ਵਾਰਤਾ ਅਗਲੀ ਦੇਣੀ ਜਣਾਈਆ । ਸਤਿ ਧਰਮ ਕਹੇ ਪ੍ਰਭ ਮੇਰੇ ਠਾਕਰ, ਤੇਰੇ ਹੱਥ ਵਡੀ ਵਡਿਆਈਆ । ਕਲਜੁਗ ਕੂੜੀ ਕਿਰਿਆ ਰੋੜ੍ਹ ਡੂੰਘਾ ਸਾਗਰ, ਬੇੜਾ ਪਾਰ ਨਾ ਕੋਇ ਕਰਾਈਆ । ਸਤਿਜੁਗ ਸਾਚੇ ਧਰਨੀ ਧਰਤ ਧਵਲ ਉਪਰ ਦੇ ਆਦਰ, ਮਿਹਰਵਾਨ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਨਾਮ ਨਿਧਾਨ ਸ਼ਬਦ ਸਤਿਗੁਰ ਨਾਲ ਰਲਾ ਜੋਧਾ ਸੂਰਬੀਰ ਬਹਾਦਰ, ਬਲਧਾਰੀ ਆਪਣਾ ਵੇਸ ਵਟਾਈਆ । ਖੇਲ ਕਰ ਕਰਨੀ ਦੇ ਕਰਤੇ ਕੁਦਰਤ ਦੇ ਕਾਦਰ, ਗਹਿਰ ਗੰਭੀਰ ਬੇਨਜ਼ੀਰ ਆਪਣਾ ਹੁਕਮ ਵਰਤਾਈਆ । ਮਨ ਵਾਸਨਾ ਕਿਸੇ ਰਹਿਣ ਨਾ ਪਾਏ ਜਾਬਰ, ਜ਼ਬਰਦਸਤ ਆਪਣਾ ਨਾਮ ਦੇ ਦ੍ਰਿੜਾਈਆ । ਸੰਤ ਸੁਹੇਲੇ ਗੁਰਮੁਖ ਸੱਜਣ ਵੇਖ ਕਾਬਲ, ਅਸਲੀਅਤ ਵਿਚ ਨਸੀਹਤ ਦੇ ਦ੍ਰਿੜਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰ ਬਣ ਧੁਰ ਦਾ ਆਦਲ, ਇਨਸਾਫ਼ ਵਿਚ ਗੁਸਤਾਖ਼ ਦੇ ਮਿਟਾਈਆ । ਸਤਿਜੁਗ ਕਲਜੁਗ ਕਲਜੁਗ ਸਤਿਜੁਗ ਧਰਮ ਦਵਾਰੇ ਕਰ ਤਬਾਦਲ, ਵੇਲਾ ਵਕ਼ਤ ਦੋਹਾਂ ਵੇਖ ਵਖਾਈਆ । ਪਿਤਾ ਪੂਤ ਰਹੇ ਕੋਇ ਨਾ ਕ਼ਾਤਲ, ਮਕ਼ਤੂਲ ਝਗੜਾ ਦੇ ਮੁਕਾਈਆ । ਪੜਦਾ ਖੋਲ੍ਹ ਅੰਤਰ ਬਾਤਨ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਸਚ ਦਵਾਰੇ ਆਪਣੀ ਆਸ਼ਾ ਆਇਆ ਰਖਣ, ਆਸਾ ਮਨਸਾ ਤੇਰੇ ਅਗੇ ਦਿਤੀ ਟਿਕਾਈਆ ।



## ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਬਲਵੰਤ ਸਿੰਘ ਦੇ ਗ੍ਰਿਹਿ ਪਿੰਡ ਗੁਜਰਵਾਲ ਜ਼ਿਲਾ ਲੁਧਿਆਣਾ

੧੧੮੫
੧੯

ਸਤਿ ਧਰਮ ਕਹੇ ਪ੍ਰਭ ਨਾਮ ਅਗੰਮਾ ਦੇ ਦਾਨ, ਦਇਆਵਾਨ ਦੀਨ ਦਿਆਲ ਤੇਰੀ ਆਸ ਰਖਾਈਆ । ਧੁਰ ਸੰਦੇਸ਼ਾ ਤਖ਼ਤ ਨਿਵਾਸੀ ਸ਼ਬਦ ਸੁਨੇਹੜਾ ਦੇ ਹੁਕਮਰਾਨ, ਸ਼ਾਹੋ ਭੂਪ ਫ਼ਰਮਾਨਾ ਇਕੋ ਇਕ ਉਪਜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖ ਮਾਰ ਧਿਆਨ, ਚਾਰ ਕੁੰਟ ਦਹਿ ਦਿਸ਼ਾ ਪੜਦਾ ਆਪ ਚੁਕਾਈਆ । ਆਤਮ ਪਰਮਾਤਮ ਨਰ ਨਰਾਇਣ ਦੇ ਗਿਆਨ,ਸਾਚੀ ਸਿਖਿਆ ਭਿਖਿਆ ਅੰਤਰ ਧੁਰ ਦਾ ਲਿਖਿਆ ਝੋਲੀ ਪਾਈਆ । ਚਾਰ ਕੁੰਟ ਦਹਿ ਦਿਸ਼ਾ ਵਰਨ ਬਰਨ ਤੇਰਾ ਢੋਲਾ ਗਾਣ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤੀ ਸਿਫ਼ਤ ਸਾਲਾਹੀਆ । ਗੁਰ ਅਵਤਾਰ ਪੈਗ਼ੰਬਰ ਖ਼ੁਸ਼ੀ ਮਨਾਣ, ਭਗਤ ਸੁਹੇਲੇ ਗੁਰੂ ਗੁਰ ਚੇਲੇ ਆਪਣੇ ਰੰਗ ਰੰਗਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਬੋਲ ਵਿਧਾਨ, ਵੇਲਾ ਵਕ਼ਤ ਲੋਕਮਾਤ ਜਗਤ ਦਏ ਗਵਾਹੀਆ । ਕਿਰਪਾ ਕਰ ਜੋਧੇ ਸੂਰਬੀਰ ਬਲੀ ਬਲਵਾਨ, ਪਰਵਰਦਿਗਾਰ ਸਾਂਝੇ ਯਾਰ ਤੇਰੇ ਹੱਥ ਵੱਡੀ ਵਡਿਆਈਆ । ਦੀਨ ਦੁਨੀ ਦਰਦੀਆਂ ਦਰਦ ਕਰ ਪਰਵਾਨ, ਦੁੱਖ ਭੰਜਨ ਸਾਚੇ ਸੱਜਣ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਮੇਟ ਸ਼ਰਅ ਸ਼ੈਤਾਨ, ਸ਼ਬੇਰੋਜ਼ ਆਪਣਾ ਨੂਰ ਕਰ ਰੁਸ਼ਨਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦਾ ਇਕੋ ਹੋਵੇ ਵੈਰਾਗ, ਵੈਰਾਗਣ ਹੋ ਕੇ ਸੀਸ ਨਿਵਾਈਆ । ਤੂੰ ਘਰ ਘਰ ਨਜ਼ਰੀ ਆਏਂ ਪੁਰਖ ਅਬਿਨਾਸ਼ੀ ਕੰਤ ਸੁਹਾਗ, ਕੰਤ ਕੰਤੂਹਲ ਧੁਰ ਦਾ ਮਾਹੀਆ । ਸੋਈ ਸੁਰਤੀ ਕਾਇਆ ਮੰਦਰ ਅੰਦਰ ਸਭ ਦੀ ਜਾਏ ਜਾਗ, ਜਗਤ ਸਵਾਮੀ ਆਲਸ ਨਿੰਦਰਾ ਵਿਚ ਰਹਿਣ ਕੋਇ ਨਾ ਪਾਈਆ । ਗ੍ਰਿਹਿ ਮੰਦਰ ਦੀਪਕ

ਜੋਤ ਜਗੇ ਚਿਰਾਗ਼, ਘਟ ਭੀਤਰ ਤੇਰਾ ਨੂਰ ਹੋਵੇ ਰੁਸ਼ਨਾਈਆ । ਪ੍ਰੇਮ ਪ੍ਰੀਤੀ ਅੰਦਰ ਹਰ ਹਿਰਦੇ ਅੰਦਰ ਉਪਜੇ ਵੈਰਾਗ, ਵੈਰੀ ਦੂਤੀ ਦੁਸ਼ਮਣ ਅੰਦਰੋਂ ਦੇਣੇ ਕਢਾਈਆ । ਮਾਨਸ ਬੁਧੀ ਕਲਜੁਗ ਜੀਵ ਹੰਸ ਬਣਾਉਣੇ ਕਾਗ, ਮਾਣਕ ਮੋਤੀ ਸੋਹੰ ਹੰਸਾ ਇਕੋ ਜਾਪ ਜਪਾਈਆ । ਤੂੰ ਮੇਰਾ ਮੈਂ ਤੇਰਾ ਆਤਮ ਉਪਜੇ ਹੱਕ ਵੈਰਾਗ, ਮਹਿਬੂਬ ਮੁਹੱਬਤ ਵਿਚ ਪੜਦਾ ਉਹਲਾ ਦੇਣਾ ਉਠਾਈਆ । ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਹੋਵਣ ਵਡ ਵਡਭਾਗ, ਅੰਡਜ ਜੇਰਜ ਉਤਭੁਜ ਸੇਤਜ ਆਪਣਾ ਏਕਾ ਰੰਗ ਦੇਣਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰਾ ਨਾਮ ਅਮੋਲਕ ਦੇਣੀ ਦਾਦ, ਦਾਸਨ ਦਾਸ ਹੋ ਕੇ ਸਤਿਜੁਗ ਸਚ ਦਵਾਰੇ ਮੰਗ ਮੰਗਾਈਆ । ਸਤਿ ਧਰਮ ਕਹੇ ਪ੍ਰਭ ਤੇਰੇ ਨਾਮ ਦੀ ਚਾਰ ਕੁੰਟ ਹੋਵੇ ਚਰਚਾ, ਖ਼ੁਸ਼ੀਆਂ ਵਿਚ ਜੀਵ ਜੰਤ ਸੋਹਲਾ ਗਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਸਭ ਦਾ ਹੱਲ ਕਰੇ ਪਰਚਾ, ਪਰਚੂਨ ਵਾਲੀ ਵੰਡ ਤੇਰਾ ਨਾਮ ਰਹੇ ਨਾ ਰਾਈਆ । ਸਰਬ ਜੀਆਂ ਦਾ ਸਾਂਝਾ ਹੋਵੇ ਖਰਚਾ, ਸਤਿ ਧਰਮ ਦਵਾਰ ਇਕੋ ਦੇਣਾ ਵਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜੀਵ ਜੰਤ ਸਾਧ ਸੰਤ ਜਾਵੇ ਪਰਖਾ, ਬਣ ਪਾਰਖੂ ਨਾਮ ਕਸਵਟੀ ਲੈਣੀ ਲਗਾਈਆ । ਤੇਰੀ ਮਿਹਰ ਅੰਦਰ ਨਾ ਕੋਈ ਸੋਗ ਰਹੇ ਨਾ ਹਰਖਾ, ਚਿੰਤਾ ਗ਼ਮ ਦੇਣਾ ਚੁਕਾਈਆ । ਭੇਵ ਪਾਉਣਾ ਘਰ ਘਰ ਦਾ, ਗ੍ਰਿਹ ਮੰਦਰ ਕਾਇਆ ਮਾਟੀ ਖੋਜ ਖੁਜਾਈਆ । ਜੁਗ ਚੌਕੜੀ ਆਦਿ ਜੁਗਾਦਿ ਨਿਤ ਨਵਿਤ ਪੁਰਖ ਅਕਾਲ ਦੀਨ ਦਿਆਲ ਖੇਲ ਅਗੰਮੀ ਕਰਦਾ, ਕੁਦਰਤ ਦਾ ਮਾਲਕ ਆਪਣੀ ਕਾਰ ਕਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਤਿਜੁਗ ਸਚ ਦਵਾਰੇ ਤੇਰਾ ਹੋਵੇ ਬਰਦਾ, ਦਰਵੇਸ਼ ਨਰ ਨਰੇਸ਼ ਇਕੋ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਜਗਤ ਜਹਾਨ ਵੇਖ ਸੜਦਾ ਕੂੜੀ ਕਿਰਿਆ ਅਗਨੀ ਮੋਹ ਜਗਤ ਵਿਕਾਰ ਵਿਭਚਾਰ ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਬਾਹਰ ਦੇਣਾ ਕਢਾਈਆ ।



## ✪ ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਹਰੀ ਸਿੰਘ ਦੇ ਗ੍ਰਿਹ ਪਿੰਡ ਮਹਿੰਮਾ ਸਿੰਘ ਵਾਲਾ ਜ਼ਿਲਾ ਲੁਧਿਆਣਾ ✪

ਸਤਿ ਧਰਮ ਤੇਰਾ ਜਨ ਭਗਤ ਹੋਏ ਮਿਲਾਪ, ਅਬਿਨਾਸ਼ੀ ਕਰਤਾ ਮੇਲਾ ਦਏ ਮਿਲਾਈਆ । ਦੋਹਾਂ ਵਿਚੋਲਾ ਬਣੇ ਨਿਰਗੁਣ ਆਪ, ਜੋਤ ਸਰੂਪੀ ਜੋਤੀ ਜਾਤਾ ਦਇਆ ਕਮਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਦੱਸ ਅਗੰਮਾ ਜਾਪ, ਸਤਿਜੁਗ ਸੱਚਾ ਰਾਹ ਬਣ ਮਲਾਹ ਆਪ ਦਏ ਵਖਾਈਆ । ਕਲਜੁਗ ਕੂੜੀ ਕਿਰਿਆ ਮਿਟੇ ਜਗਤ ਸੰਤਾਪ, ਰੋਗ ਸੋਗ ਚਿੰਤਾ ਦੁੱਖ ਰਹਿਣ ਕੋਇ ਨਾ ਪਾਈਆ । ਭਵਿਖਤਾਂ ਵਾਲਾ ਪੂਰਾ ਕਰੇ ਵਾਕ, ਗੁਰ ਅਵਤਾਰ ਪੈਗ਼ੰਬਰ ਜੋ ਗਏ ਢੋਲੇ ਗਾਈਆ । ਪੁਰਖ ਅਕਾਲ ਦੀਨ ਦਿਆਲ ਖੇਲ ਕਰੇ ਸਾਖਿਆਤ, ਸਤਿ ਸਵਾਮੀ ਅੰਤਰਜਾਮੀ ਲੱਖ ਚੁਰਾਸੀ ਵੇਖ ਵਖਾਈਆ । ਜਨ ਭਗਤਾਂ ਨਾਮ ਭੰਡਾਰਾ ਦੇਵੇ ਧੁਰ ਦਾ ਆਬੇਹਯਾਤ, ਸਤਿ ਸਰੋਵਰ ਚਰਨ ਧੂੜ ਇਸ਼ਨਾਨ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਤਿ ਧਰਮ ਜਨ ਭਗਤਾਂ ਵੇਖੇ ਨੇਤਨ ਨੇਤ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਿਨ੍ਹਾਂ ਦਾ ਪਰਮ ਪੁਰਖ ਨਾਲ ਹੇਤ, ਇਕੋ ਦੀਨ ਦਿਆਲ ਸੀਸ ਝੁਕਾਈਆ । ਤਿਨ੍ਹਾਂ ਦੀ ਆਤਮ ਸੇਜਾ ਰਿਹਾ ਲੇਟ,

ਪਾਰਬ੍ਰਹਮ ਬ੍ਰਹਮ ਪਤਿਪਰਮੇਸ਼ਵਰ ਡੇਰਾ ਲਾਈਆ । ਦੋ ਜਹਾਨਾਂ ਬਣ ਕੇ ਖੇਵਟ ਖੇਟ, ਕਲਜੁਗ ਤੇਰਾ ਅੰਤਮ ਪਾਰ ਕਰਾਈਆ । ਸਚ ਦਵਾਰਾ ਆਪਣਾ ਵਖਾ ਕੇ ਅਗੰਮੀ ਦੇਸ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪੜਦਾ ਦਏ ਉਠਾਈਆ । ਦੋ ਜਹਾਨਾਂ ਮਾਲਕ ਬਣ ਕੇ ਨਰ ਨਰੇਸ਼, ਨਰ ਨਰਾਇਣ ਆਪਣਾ ਹੁਕਮ ਰਿਹਾ ਵਰਤਾਈਆ । ਕਲਜੁਗ ਕੂੜੀ ਕਿਰਿਆ ਮਾਇਆ ਮਮਤਾ ਹਉਮੇਂ ਹੰਗਤਾ ਕਰੇ ਖੇਤ, ਜਗਤ ਭੂਮੀ ਵਿਚ ਰਹਿਣ ਕੋਇ ਨਾ ਪਾਈਆ । ਸਾਹਿਬ ਸਤਿਗੁਰ ਜਨ ਭਗਤਾਂ ਕਰੇ ਸੱਚਾ ਹੇਤ, ਦਰ ਦਰ ਘਰ ਘਰ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਧਰਮ ਤੇਰਾ ਨਾਤਾ ਦਏ ਬੰਧਾਈਆ । ਸਤਿ ਧਰਮ ਤੇਰਾ ਜਨ ਭਗਤਾਂ ਨਾਲ ਹੋਵੇ ਰਿਸ਼ਤਾ, ਨਾਤਾ ਧੁਰ ਦਾ ਆਪ ਜੁੜਾਈਆ । ਪ੍ਰੇਮ ਪ੍ਰੀਤੀ ਅੰਦਰ ਪੱਕਾ ਕਰ ਨਿਸਚਾ, ਨਿਹਚਲ ਧਾਮ ਦਏ ਵਖਾਈਆ । ਲਹਿਣਾ ਦੇਣਾ ਚੁਕਾਏ ਜਿਸ ਜਿਸ ਦਾ, ਵੇਖਣਹਾਰਾ ਥਾਉਂ ਥਾਈਂਆ । ਜਗਤ ਨੇਤਰ ਅਬਿਨਾਸ਼ੀ ਕਰਤਾ ਕਿਸੇ ਨਾ ਦਿਸਦਾ, ਗੁਰਮੁਖਾਂ ਨਿਜ ਲੋਚਣ ਨੈਣ ਅੱਖ ਖੁਲ੍ਹਾਈਆ । ਕਰੇ ਪਿਆਰ ਲੇਖਾ ਦੇਵੇ ਸਾਚੇ ਪਿਤ ਦਾ, ਪਤਿਪਰਮੇਸ਼ਵਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਦੱਸ ਸਾਚੇ ਸਿਖ ਦਾ, ਸਿਖਿਆ ਅੰਦਰ ਭਿਛਿਆ ਨਾਮ ਦਏ ਵਰਤਾਈਆ । ਸਤਿ ਧਰਮ ਸਾਚੇ ਸੰਤਾਂ ਧਰਮ ਦਵਾਰੇ ਹੋਵੇ ਇਕ ਇਕੱਠ, ਦੂਜਾ ਦਵਾਰ ਨਜ਼ਰ ਕੋਇ ਨਾ ਆਈਆ । ਬਿਨ ਕ਼ਦਮਾਂ ਆਵਣ ਨਠ ਨਠ, ਪ੍ਰੇਮ ਪ੍ਰੀਤੀ ਅੰਦਰ ਬਣਨ ਪਾਂਧੀ ਰਾਹੀਆ । ਜਲਵਾ ਤੱਕਣ ਨੂਰ ਜੋਤ ਪਰਕਾਸ਼ ਲਟ ਲਟ, ਅੰਧ ਅੰਧੇਰ ਦੇਣ ਮਿਟਾਈਆ । ਸਾਚਾ ਲਾਹਾ ਹਰਿ ਦਵਾਰੇ ਲੈਣ ਖੱਟ, ਖਟਕਾ ਅਵਰ ਰਹੇ ਨਾ ਰਾਈਆ । ਨਾਮ ਪਦਾਰਥ ਵਸਤ ਅਮੋਲਕ ਦੇਵੇ ਝਟ, ਅਗੰਮ ਅਥਾਹ ਦੇਵੇ ਆਪ ਵਰਤਾਈਆ । ਲੱਖ ਚੁਰਾਸੀ ਵਿਚੋਂ ਲਏ ਰਖ, ਰਖਕ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਹੋ ਪਰਤੱਖ, ਭਗਤ ਭਗਵਾਨ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਦਵਾਰਾ ਦਿਸੇ ਇਕੋ ਸਚ, ਸਚਖੰਡ ਸਾਚਾ ਸਤਿਜੁਗ ਸਾਚੇ ਨਜ਼ਰੀ ਆਈਆ ।



੧੧੮੭ ੧੯

### ✪ ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਜਗੀਰ ਸਿੰਘ ਦੇ ਗ੍ਰਿਹ ਪਿੰਡ ਘੁਗਰਾਣਾ ਜ਼ਿਲਾ ਲੁਧਿਆਣਾ ✪

ਸਤਿਜੁਗ ਕਹੇ ਪ੍ਰਭ ਸਾਚੇ ਨਾਮ ਦੀ ਬਖ਼ਸ਼ ਇਕੋ ਚੋਗ, ਚਾਰ ਕੁੰਟ ਦਹਿ ਦਿਸ਼ਾ ਆਪਣਾ ਰਸ ਦੇ ਚਖਾਈਆ । ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਕੱਢ ਰੋਗ, ਜੂਠ ਝੂਠ ਅੰਦਰੋਂ ਡੇਰਾ ਦੇਣਾ ਢਾਹੀਆ । ਚਰਨ ਕਵਲ ਪ੍ਰੀਤੀ ਧੁਰ ਦੀ ਰੀਤੀ ਦੱਸ ਅਗੰਮਾ ਜੋਗ, ਨਾਉਂ ਨਿਰੰਕਾਰਾ ਏਕੰਕਾਰਾ ਆਪਣਾ ਆਪ ਦ੍ਰਿੜਾਈਆ । ਮਨ ਵਾਸਨਾ ਰਹੇ ਨਾ ਕੋਈ ਚਿੰਤਾ ਸੋਗ, ਦੂਈ ਦਵੈਤ ਲੇਖਾ ਦੇਣਾ ਮੁਕਾਈਆ । ਨਿਜ ਆਤਮ ਪਰਮਾਤਮ ਦੇਣਾ ਦਰਸ ਅਮੋਘ, ਨੈਣ ਲੋਚਨ ਆਪਣੀ ਅੱਖ ਖੁਲ੍ਹਾਈਆ । ਅਸਲ ਵਸਲ ਯਾਰ ਅਗੰਮੀ ਭੋਗਣਾ ਭੋਗ, ਅੰਗੀਕਾਰ ਹੋ ਕੇ ਆਪਣਾ ਮੇਲ ਲੈਣਾ ਮਿਲਾਈਆ । ਸਤਿ ਪਰਕਾਸ਼ ਕਰਨਾ ਨਿਰਮਲ ਜੋਤ, ਅੰਧ ਅੰਧੇਰਾ ਸੰਝ ਸਵੇਰਾ ਇਕੋ ਘਰ ਦੇਣਾ ਵਖਾਈਆ । ਨਾਮ ਨਿਧਾਨ ਸ੍ਰੀ

ਭਗਵਾਨ ਲਗਾਉਣੀ ਚੋਟ, ਮੰਦਰ ਵੜ ਚੋਟੀ ਚੜ੍ਹ ਪੜਦਾ ਉਹਲਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਕੂਕ ਕੂਕ ਸੁਣਾਈਆ । ਸਤਿਜੁਗ ਸਾਚਾ ਕਹੇ ਪ੍ਰਭ ਤੇਰੇ ਨਾਮ ਦੀ ਇਕੋ ਹੋਵੇ ਖ਼ੁਮਾਰੀ, ਗ਼ਮਖਾਰ ਦੀਨ ਦੁਨੀ ਲੈਣੀ ਬਣਾਈਆ । ਸਾਚਾ ਮੰਦਰ ਮਹੱਲ ਅਟਲ ਵਸਣਾ ਉਚ ਅਟਾਰੀ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਆਪਣਾ ਪੜਦਾ ਦੇਣਾ ਉਠਾਈਆ । ਨਿਰਮਲ ਨੂਰ ਜੋਤ ਹੋਵੇ ਉਜਿਆਰੀ, ਗ੍ਰਿਹਿ ਮੰਦਰ ਅੰਦਰ ਕਮਲਾਪਾਤੀ ਬਿਨ ਤੇਲ ਬਾਤੀ ਤੇਰਾ ਜਹੂਰ ਬੇਪਰਵਾਹੀਆ । ਲਹਿਣਾ ਦੇਣਾ ਜੁਗ ਚੌਕੜੀ ਚੁਕਾਉਣਾ ਵਿਚ ਸੰਸਾਰੀ, ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਆਪਣਾ ਫੇਰਾ ਪਾਈਆ । ਰਾਹ ਤੱਕਣ ਪੈਗ਼ੰਬਰ ਗੁਰ ਅਵਤਾਰੀ, ਇਕਾਵਨ ਬਾਵਨ ਆਪਣੀ ਅੱਖ ਖੁਲ੍ਹਾਈਆ । ਜੁਗ ਚੌਕੜੀ ਨਿਤ ਨਵਿਤ ਤੇਰਾ ਲੇਖਾ ਸਦਾ ਜਗਤ ਵਿਦਿਆ ਬਾਹਰੀ, ਜਗਤ ਬੁਧੀ ਸਮਝ ਕੋਇ ਨਾ ਪਾਈਆ । ਸ਼ਬਦੀ ਹੁਕਮ ਤੇਰੀ ਸੱਚੀ ਸ਼ਿਕਦਾਰੀ, ਦੋ ਜਹਾਨ ਨਿਗਾਹਬਾਨ ਵੇਖ ਵਖਾਈਆ । ਕਲਜੁਗ ਹਵਸ ਮੇਟ ਕੂੜ ਕੁੜਿਆਰੀ, ਸਤਿ ਧਰਮ ਨਾਤਾ ਦੇਣਾ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਸਾਚਾ ਸਚ ਦਵਾਰੇ ਢਹਿ ਪਿਆ ਸਰਨਾਈਆ । ਸਤਿਜੁਗ ਕਹੇ ਪ੍ਰਭ ਤੇਰੇ ਨਾਮ ਦੀ ਇਕੋ ਹੋਵੇ ਰਹਿਰਾਸ, ਰਹਿਮਤ ਸਭ ਦੇ ਉਤੇ ਦੇ ਕਮਾਈਆ । ਕਿਰਪਾ ਕਰ ਗ਼ਰੀਬ ਨਿਵਾਜ਼, ਨਿਵਾਜ਼ਸ਼ ਵਿਚ ਵੇਖ ਸਰਬ ਲੋਕਾਈਆ । ਕੂੜ ਕੁੜਿਆਰ ਕਿਸੇ ਸੀਸ ਦਿਸੇ ਨਾ ਤਾਜ, ਤਖ਼ਤਾਂ ਵਾਲੇ ਦੇਣੇ ਖ਼ਾਕ ਮਿਲਾਈਆ । ਇਕੋ ਤੇਰੇ ਹੁਕਮ ਦਾ ਹੋਵੇ ਰਾਜ, ਰਈਅਤ ਚਾਰ ਵਰਨ ਅਠਾਰਾਂ ਬਰਨ ਲੈਣੀ ਬਣਾਈਆ । ਸਤਿ ਧਰਮ ਦਾ ਪੂਰਾ ਕਰਨਾ ਕਾਜ, ਕਰਨੀ ਦੇ ਕਰਤੇ ਕੁਦਰਤ ਦੇ ਮਾਲਕ ਮਿਹਰਵਾਨ ਹੋ ਕੇ ਅੱਖ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਗੁਰ ਅਵਤਾਰ ਪੈਗ਼ੰਬਰ ਦੇ ਗਏ ਸਰਬ ਜਵਾਬ, ਤਸਬੀ ਮਾਲਾ ਪੀਰ ਪੈਗ਼ੰਬਰਾਂ ਕੰਮ ਕਿਸੇ ਨਾ ਆਈਆ । ਸਾਚੇ ਮਾਲਕ ਖ਼ਾਲਕ ਪ੍ਰਿਤਪਾਲਕ ਧੁਰ ਦਾ ਦੱਸਣਾ ਇਕ ਆਦਾਬ, ਅਦਬ ਨਾਲ ਸ੍ਰਿਸ਼ਟੀ ਦ੍ਰਿਸ਼ਟੀ ਦੇਣੀ ਬਦਲਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਪੜਦਾ ਖੋਲ੍ਹ ਨਕ਼ਾਬ, ਸਵੱਛ ਸਰੂਪ ਸ਼ਾਹੋ ਭੂਪ ਆਪਣਾ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦੇਣਾ ਸਾਚਾ ਵਰ, ਚਰਨ ਕਵਲ ਉਪਰ ਧਵਲ ਬਖ਼ਸ਼ ਮਾਣ ਵਡਿਆਈਆ । ਸਤਿਜੁਗ ਕਹੇ ਪ੍ਰਭ ਏਕਾ ਬਖ਼ਸ਼ ਦੇ ਧੁਰ ਫ਼ਰਮਾਨ, ਫੁਰਨਾ ਮਨ ਰਹੇ ਨਾ ਰਾਈਆ । ਹੁਕਮੇਂ ਅੰਦਰ ਕਰ ਕਲਿਆਣ, ਕਾਇਨਾਤ ਦੇ ਸਮਝਾਈਆ । ਨਾਮ ਨਿਧਾਨਾ ਤੇਰਾ ਹੋਵੇ ਗਿਆਨ, ਅਗਿਆਨ ਅੰਧੇਰਾ ਦੇਣਾ ਚੁਕਾਈਆ । ਸਰਬ ਜੀਆਂ ਦਾ ਮਾਲਕ ਘਰ ਘਰ ਨਜ਼ਰੀ ਆਏਂ ਸ੍ਰੀ ਭਗਵਾਨ, ਗ੍ਰਿਹਿ ਗ੍ਰਿਹਿ ਪੜਦਾ ਦੇਣਾ ਉਠਾਈਆ । ਤੂੰ ਮੇਰਾ ਮੈਂ ਤੇਰਾ ਲੱਖ ਚੁਰਾਸੀ ਜੀਵ ਜੰਤ ਢੋਲਾ ਗਾਣ, ਗਾਵਤ ਗਾਵਤ ਖ਼ੁਸ਼ੀ ਮਨਾਈਆ । ਜੁਗ ਚੌਕੜੀ ਨਿਤ ਨਵਿਤ ਮੰਗਦੇ ਗਏ ਦਾਨ, ਦਾਤੇ ਦਾਨੀ ਗਹਿਰ ਗੰਭੀਰ ਬੇਨਜ਼ੀਰ ਵਸਤ ਅਮੋਲਕ ਦੇਣੀ ਵਰਤਾਈਆ । ਹੱਕ ਬੇਨੰਤੀ ਸਚ ਦਵਾਰ ਏਕੰਕਾਰ ਕਰਨੀ ਪਰਵਾਨ, ਅਰਜ਼ ਆਰਜ਼ੂ ਖ਼ਾਹਿਸ਼ ਤੇਰੇ ਅਗੇ ਦਿਤੀ ਟਿਕਾਈਆ । ਮਨ ਵਾਸਨਾ ਜਗਤ ਸ਼ਰਅ ਰਹੇ ਨਾ ਸ਼ੈਤਾਨ, ਸ਼ਰੀਅਤ ਵਿਚੋਂ ਅਸਲੀਅਤ ਅਸਲ ਆਪਣਾ ਆਪ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਤਿ ਧਰਮ ਤੇਰੇ ਦਰ ਕ਼ੁਰਬਾਨ, ਨਿਵ ਨਿਵ ਤੇਰੇ ਚਰਨ ਲਾਗੇ ਪਾਈਆ ।

੧੧੮੮
੧੯

## ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਭਜਨ ਸਿੰਘ ਦੇ ਗ੍ਰਿਹ ਪਿੰਡ ਜੀਰਖ ਜ਼ਿਲਾ ਲਧਿਆਣਾ

ਸਤਿਜੁਗ ਕਹੇ ਪ੍ਰਭ ਕਿਰਪਾ ਕਰੇਂ ਲੋਕਮਾਤ ਆਵਾਂ ਉਪਰ ਧਰਨੀ, ਧਰਤ ਧਵਲ ਲਹਿਣਾ ਦੇਣਾ ਲੇਖਾ ਦਿਆਂ ਚੁਕਾਈਆ । ਸ੍ਰਿਸ਼ਟ ਸਬਾਈ ਇਕੋ ਪੂਜ ਕਰਾਵਾਂ ਤੇਰੇ ਚਰਨੀ, ਬਿਨ ਜਗਦੀਸ਼ਰ ਸੀਸ ਨਾ ਕੋਇ ਝੁਕਾਈਆ । ਚਾਰ ਕੁੰਟ ਦਹਿ ਦਿਸ਼ਾ ਚਾਰ ਵਰਨ ਅਠਾਰਾਂ ਬਰਨ ਇਕੋ ਤੁਕ ਦੱਸਾਂ ਪੜਨੀ, ਆਤਮ ਪਰਮਾਤਮ ਢੋਲਾ ਗਾ ਕੇ ਸਾਰੇ ਖ਼ੁਸ਼ੀ ਵਖਾਈਆ । ਤੇਰੇ ਸਚਖੰਡ ਦਵਾਰ ਦੀ ਮੰਜ਼ਲ ਦੱਸਾਂ ਚੜ੍ਹਨੀ, ਨੌ ਦਵਾਰੇ ਜਗਤ ਵਾਸਨਾ ਮਨ ਨਾ ਕੋਇ ਹਲਕਾਈਆ । ਝਗੜਾ ਰਹੇ ਨਾ ਜਾਤ ਪਾਤ ਵਰਨੀ ਬਰਨੀ, ਪਾਰਬ੍ਰਹਮ ਬ੍ਰਹਮ ਮੇਲਾ ਦਿਆਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਦੇਣਾ ਧੁਰ ਦਾ ਵਰ, ਦਰਦੀ ਹੋ ਕੇ ਦਰਦ ਲੈ ਵੰਡਾਈਆ । ਸਤਿਜੁਗ ਕਹੇ ਪ੍ਰਭ ਤੇਰੇ ਨਾਮ ਦਾ ਦੱਸਾਂ ਇਕੋ ਰਾਹ, ਰਹੀਮ ਰਹਿਮਤ ਵਿਚ ਮਿਲਾਈਆ । ਮਸ਼ਵਰਿਆਂ ਵਿਚ ਕਰਨੀ ਪਏ ਨਾ ਕੋਇ ਸਲਾਹ, ਸਿੱਧਾ ਮਾਰਗ ਦੀਨ ਦੁਨੀ ਦਿਆਂ ਸਮਝਾਈਆ । ਗੁਰ ਗੋਬਿੰਦ ਸ਼ਬਦੀ ਬਣੇ ਇਕ ਮਲਾਹ, ਸ਼ਹਾਦਤ ਪੈਗੰਬਰਾਂ ਨਾਲ ਭੁਗਤਾਈਆ । ਸਭ ਦਾ ਸਾਂਝਾ ਨਜ਼ਰੀ ਆਏ ਇਕ ਖ਼ੁਦਾ, ਵਾਹਿਗੁਰੂ ਰਾਮ ਰੂਪ ਵਟਾਈਆ । ਸਮਰਥ ਸਵਾਮੀ ਅੰਤਰਜਾਮੀ ਮਾਨਵ ਮਾਨਸ ਤੈਥੋਂ ਹੋਵੇ ਨਾ ਕੋਇ ਜੁਦਾ, ਗੁਰਮੁਖ ਗੁਰਸਿਖ ਸੰਤ ਸੁਹੇਲੇ ਨਾਤਾ ਦਿਆਂ ਜੁੜਾਈਆ । ਸਚ ਮਹੱਲ ਅਟਲ ਉਚ ਮੁਨਾਰ ਅਗੰਮ ਅਥਾਹ ਤੇਰਾ ਦਿਆਂ ਵਖਾ, ਸਚਖੰਡ ਦਵਾਰਾ ਏਕੰਕਾਰਾ ਇਕੋ ਨਜ਼ਰੀ ਆਈਆ । ਕਲਜੁਗ ਅੰਤ ਸਭ ਦਾ ਲਹਿਣਾ ਦੇਣਾ ਲੇਖਾ ਦੇਣਾ ਚੁਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਤਿਜੁਗ ਸਾਚਾ ਖ਼ੁਸ਼ੀਆਂ ਵਿਚ ਝੋਲੀ ਡਾਹੀਆ । ਸਤਿਜੁਗ ਕਹੇ ਪ੍ਰਭ ਸਾਚਾ ਮਾਰਗ ਸਤਿ ਚਲੇ ਰਿਵਾਜ, ਰਾਓ ਰੰਕ ਇਕੋ ਰੰਗ ਰੰਗਾਈਆ । ਬ੍ਰਹਿਮੰਡ ਖੰਡ ਸ਼ਬਦੀ ਸਤਿਗੁਰ ਹੋਵੇ ਰਾਜ, ਰਈਅਤ ਦੋ ਜਹਾਨ ਲਏ ਬਣਾਈਆ । ਸ੍ਰਿਸ਼ਟੀ ਦਾ ਦ੍ਰਿਸ਼ਟੀ ਅੰਦਰ ਆਤਮ ਪਰਮਾਤਮ ਕਰਨਾ ਕਾਜ, ਕਰਨੀ ਦੇ ਕਰਤੇ ਆਪਣਾ ਹੁਕਮ ਲੈਣਾ ਮਨਾਈਆ । ਸਤਿ ਧਰਮ ਦੀ ਨਵੀਂ ਸਾਜਣਾ ਲੈਣੀ ਸਾਜ, ਕਲਜੁਗ ਕੂੜੀ ਕਿਰਿਆ ਬਾਹਰ ਦੇਣੀ ਕਢਾਈਆ । ਤੇਰੇ ਨਾਮ ਦਾ ਵੱਜੇ ਇਕੋ ਅਗੰਮੀ ਨਾਦ, ਸੁਨ ਸਮਾਧੀ ਅੰਦਰ ਸੁਣ ਸੁਣ ਖ਼ੁਸ਼ੀ ਸਰਬ ਮਨਾਈਆ । ਤੇਰੇ ਹਕ਼ੀਕ਼ੀ ਕਲਮੇ ਦਾ ਹੋਵੇ ਸੱਚਾ ਵਾਅਜ਼, ਵਾਜ਼ਿਆ ਕਰ ਕੇ ਸਭ ਨੂੰ ਦੇ ਦ੍ਰਿੜਾਈਆ । ਧਰਨੀ ਧਰਤ ਖੇੜਾ ਕਰ ਆਬਾਦ, ਸੰਤ ਸੁਹੇਲੇ ਗੁਰਮੁਖ ਗੁਰਸਿਖ ਭਗਤ ਜਨ ਫ਼ਕੀਰ ਸੂਫ਼ੀ ਮਾਤ ਪਰਗਟਾਈਆ । ਬਿਨ ਤੇਰੀ ਕਿਰਪਾ ਸਾਚਾ ਦਿਸੇ ਕੋਈ ਨਾ ਸਾਧ, ਸਾਧਨਾ ਵਿਚ ਲੱਗੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਕਿਰਿਆ ਕਰ ਬਰਬਾਦ, ਲੋਕਮਾਤ ਦੀਨ ਦੁਨੀ ਅੰਦਰ ਰਹਿਣ ਮੂਲ ਨਾ ਪਾਈਆ । ਸਤਿਜੁਗ ਕਹੇ ਪ੍ਰਭ ਤੇਰੇ ਨਾਮ ਦੀ ਚਲੇ ਇਕੋ ਲਹਿਰ, ਦਰ ਦਰ ਘਰ ਘਰ ਵੱਜੇ ਸਚ ਵਧਾਈਆ । ਕਲਜੁਗ ਕੁਕਰਮ ਰਹੇ ਕੋਈ ਨਾ ਕਹਿਰ, ਕੂੜ ਕੁੜਿਆਰ ਦੇਣਾ ਮਿਟਾਈਆ । ਸਚ ਦਵਾਰ ਸਚਖੰਡ ਸਾਚੇ ਸੰਤਾਂ ਕਰਾਉਣੀ ਸੈਰ, ਆਰਾਮਗਾਹ ਚਰਨ ਕਵਲ ਦਵਾਰ ਦੇਣਾ ਵਖਾਈਆ । ਜਿਥੇ ਬਿਨਾ ਭਗਤੀ ਪੁੱਜੇ ਕੋਈ ਨਾ ਗੈਰ, ਬਿਨਾ ਨਾਮ ਧਾਮ ਹੱਥ ਕਿਸੇ ਨਾ ਆਈਆ । ਨਿਰਵੈਰ ਹੋ ਕੇ ਦੀਨ ਦੁਨੀ ਮਿਟਾਉਣਾ ਵੈਰ, ਦੀਨ ਮਜ਼੍ਹਬ ਜਾਤ ਪਾਤ ਕਰੇ ਨਾ ਕੋਇ ਲੜਾਈਆ । ਏਕੋ ਰੰਗ ਰੰਗਾਉਣਾ ਗੁਰਮੁਖਾਂ ਅੱਠੇ ਪਹਿਰ, ਘੜੀ ਪਲ ਥਿਤ ਵਾਰ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ



੧੧੮੯
੧੯

ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਣਾ ਇਕੋ ਵਰ, ਵਾਰਸ ਹੋ ਕੇ ਮਾਰਗ ਦੇਣਾ ਲਗਾਈਆ । ਸਤਿਜੁਗ ਕਹੇ ਮੇਰੇ ਮਾਲਕ ਖ਼ਾਲਕ ਪ੍ਰਿਤਪਾਲਕ, ਸਹਾਇਤਾ ਵਿਚ ਤੇਰੀ ਆਸ ਰਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਦੋ ਜਹਾਨਾਂ ਬਣ ਸਾਲਸ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹੋ ਕੇ ਆਪਣਾ ਹੁਕਮ ਵਰਤਾਈਆ । ਗੁਰਮੁਖ ਸੰਤ ਸੁਹੇਲੇ ਪਰਗਟ ਕਰ ਖ਼ਾਲਸ, ਖ਼ਾਲਸ ਖ਼ਾਲਸਾ ਆਪਣੇ ਰੰਗ ਰੰਗਾਈਆ । ਸੰਤ ਸੁਹੇਲਾ ਵੇਖ ਬਾਲਾ ਨੱਢਾ ਬਾਲਕ, ਜੋ ਬਾਲੀ ਬੁਧੀ ਤੇਰਾ ਧਿਆਨ ਲਗਾਈਆ । ਕਿਰਪਾ ਕਰ ਸਾਹਿਬ ਸੁਲਤਾਨ ਸੱਚੇ ਸੰਚਾਲਕ, ਸਤਿ ਸਤਿਵਾਦੀ ਆਪਣਾ ਪੜਦਾ ਦੇ ਉਠਾਈਆ । ਤੇਰਾ ਨਿਰਗੁਣ ਨੂਰ ਜੋਤ ਪਰਕਾਸ਼ ਹੋਵੇ ਅਚਾਨਕ, ਜਗਤ ਬੁਧੀ ਭੇਵ ਕੋਇ ਨਾ ਪਾਈਆ । ਜਨ ਭਗਤਾਂ ਨਾਮ ਭੰਡਾਰਾ ਦੇ ਪੂਰਬ ਅਮਾਨਤ, ਸਤਿਜੁਗ ਤਰੇਤਾ ਦੁਆਪਰ ਕਲਜੁਗ ਜੋ ਤੇਰੇ ਪਾਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨੂਰ ਆਦਿ ਜੁਗਾਦਿ ਸਦਾ ਸਹੀ ਸਲਾਮਤ, ਜਨਮ ਮਰਨ ਵਿਚ ਕਦੇ ਨਾ ਆਈਆ ।

### ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸ੍ਰੀ ਰਾਮ ਦੇ ਗ੍ਰਿਹ ਪਿੰਡ ਮਕਸੂਦੜਾ ਜ਼ਿਲਾ ਲੁਧਿਆਣਾ



ਸਤਿਜੁਗ ਸਾਚੇ, ਕਿਰਪਾ ਕਰੇ ਸ੍ਰੀ ਭਗਵੰਤ, ਪਾਰਬ੍ਰਹਮ ਪਤਿਪਰਮੇਸ਼ਵਰ ਦੀਨ ਦਿਆਲ ਪਰਵਰਦਿਗਾਰ ਦਇਆ ਕਮਾਈਆ । ਮਿਹਰਵਾਨ ਮਹਿਬੂਬ ਨਜ਼ਰੀ ਆਏ ਇਕ ਧੁਰ ਦਾ ਕੰਤ, ਸਚ ਸਵਾਮੀ ਅੰਤਰ ਪੜਦਾ ਉਹਲਾ ਦਏ ਉਠਾਈਆ । ਨਾਮ ਨਿਧਾਨ ਨੌਜਵਾਨ ਮਰਦ ਮਰਦਾਨ ਦੋ ਜਹਾਨ ਦੇਵੇ ਇਕੋ ਮੰਤ, ਮੰਤਰ ਅੰਤਰ ਨਿਰੰਤਰ ਬਸੰਤਰ ਜਗਤ ਦਏ ਬੁਝਾਈਆ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ, ਆਤਮ ਪਰਮਾਤਮ ਭੇਵ ਅਭੇਦਾ ਅਛਲ ਅਛੇਦਾ ਪੜਦਾ ਦਏ ਚੁਕਾਈਆ । ਕਲਜੁਗ ਕੂੜੀ ਕਿਰਿਆ ਮਾਇਆ ਮਮਤਾ ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦਏ ਜਣਾਈਆ । ਚਾਰ ਵਰਨ ਅਠਾਰਾਂ ਬਰਨ ਧਰਨੀ ਧਰਤ ਧਵਲ ਉਪਰ ਬਣਾਏ ਸਾਚੀ ਸੰਗਤ, ਸਗਲਾ ਸੰਗ ਸੂਰਾ ਸਰਬੰਗ ਪੁਰਖ ਅਕਾਲ ਆਪਣਾ ਆਪ ਰਖਾਈਆ । ਸਤਿਜੁਗ ਸਾਚੇ, ਸਚ ਧਰਮ ਦੇ ਦੇ ਅਗੰਮੀ ਹਿੰਮਤ, ਮਿਹਰਵਾਨ ਗੁਣ ਨਿਧਾਨ ਸਿਰ ਆਪਣਾ ਹੱਥ ਟਿਕਾਈਆ । ਮਨੂਆ ਮਨ ਕਰ ਸਕੇ ਕੋਇ ਨਾ ਇੱਲਤ, ਜਗਤ ਵਾਸਨਾ ਨਾ ਕੋਇ ਹਲਕਾਈਆ । ਏਕਾ ਡੰਕਾ ਚਾਰ ਕੁੰਟ ਵਜਾਏ ਸਾਚੀ ਸਿੰਮਤ, ਸਮੇਂ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰੇ ਲਿਖਤ, ਭਵਿਖਤ ਦਾ ਲਹਿਣਾ ਦੇਣਾ ਦਏ ਚੁਕਾਈਆ । ਸ੍ਰਿਸ਼ਟ ਸਬਾਈ ਸਾਂਝਾ ਕਰੇ ਇਸ਼ਟ, ਇਸ਼ਟ ਦੇਵ ਆਤਮ ਪਰਮਾਤਮ ਆਪਣਾ ਨੂਰ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਧਰਮ ਦਵਾਰਾ ਖੋਲ੍ਹਣਹਾਰਾ ਏਕੰਕਾਰਾ, ਇਕ ਅਕੱਲਾ ਆਪਣਾ ਰੰਗ ਰੰਗਾਈਆ । ਸਤਿਜੁਗ ਸਾਚੇ, ਤੇਰੀ ਸਾਚੀ ਹੋਵੇ ਯਾਦ, ਯਾਦਗਾਰ ਭਗਤਾਂ ਦਏ ਬਣਾਈਆ । ਸਤਿ ਧਰਮ ਦਾ ਖੇੜਾ ਹੋਵੇ ਆਬਾਦ, ਕਲਜੁਗ ਕੂੜੀ ਕਿਰਿਆ ਲੋਕਮਾਤ ਵਿਚੋਂ ਬਾਹਰ ਕਢਾਈਆ । ਦੀਨ ਦੁਨੀ ਸਦਾ ਸੁਣਨਹਾਰਾ ਫ਼ਰਿਆਦ, ਪੁਰਖ ਅਕਾਲਾ ਦੀਨ ਦਿਆਲਾ ਘਟ

ਨਿਵਾਸੀ ਪੁਰਖ ਅਬਿਨਾਸ਼ੀ ਵੇਖੇ ਥਾਉਂ ਥਾਈਆ । ਸਤਿ ਸਤਿ ਸੁਣਾਏ ਅਗੰਮਾ ਰਾਗ, ਨਾਉਂ ਨਿਰੰਕਾਰ ਏਕੋ ਏਕ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਅਗੰਮੀ ਘਰ ਘਰ ਦੇਵੇ ਦਾਦ, ਦੌਲਤਮੰਦ ਗੁਰਮੁਖ ਗੁਰਸਿਖ ਸੰਤ ਸੁਹੇਲੇ ਲਏ ਬਣਾਈਆ ।

## ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਨਛੱਤਰ ਸਿੰਘ ਦੇ ਗ੍ਰਿਹ ਦੁਰਾਹਾ ਮੰਡੀ ਜ਼ਿਲਾ ਲੁਧਿਆਣਾ

ਸਤਿਜੁਗ ਸਾਚੇ, ਜਨ ਭਗਤਾਂ ਅੰਮ੍ਰਿਤ ਦੇਵਾਂ ਨਾਮ ਰਸ ਪਿਆਲਾ, ਖ਼ੁਮਾਰੀ ਧੁਰ ਦੀ ਦਿਆਂ ਚੜ੍ਹਾਈਆ । ਮਿਲੇ ਮੇਲ ਏਕੰਕਾਰ ਪੁਰਖ ਅਕਾਲਾ, ਕਾਇਨਾਤ ਦਾ ਮਾਲਕ ਨਜ਼ਰੀ ਆਈਆ । ਪੂਜਾ ਕਰਨੀ ਪਏ ਨਾ ਕਿਸੇ ਜਵਾਲਾ, ਅਸ਼ਟਭੁਜ ਨਾ ਕੋਇ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਫੇਰਨੀ ਪਏ ਨਾ ਕਿਸੇ ਦੀ ਮਾਲਾ, ਤਨ ਭਬੂਤੀ ਖ਼ਾਕ ਨਾ ਕੋਇ ਰਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਭਰਨਾ ਪਏ ਨਾ ਕਿਸੇ ਹਾਲਾ, ਜਗਤ ਵਸੂਲੀ ਨਾ ਕੋਇ ਰਖਾਈਆ । ਇੱਟਾਂ ਪੱਥਰਾਂ ਵਾਲੀ ਲੱਭਣੀ ਪਏ ਨਾ ਕੋਈ ਧਰਮਸਾਲਾ, ਕਾਇਆ ਮੰਦਰ ਧੁਰ ਦਾ ਕਾਅਬਾ ਇਕ ਵਖਾਈਆ । ਮਾਇਆ ਮਮਤਾ ਮੋਹ ਤੋੜ ਜੰਜ਼ਾਲਾ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਕਿਸੇ ਵੇਦ ਪੁਰਾਨ ਦਾ ਲੈਣਾ ਨਾ ਪਏ ਅਹਿਵਾਲਾ, ਇਕੋ ਢੋਲਾ ਧੁਰ ਦਾ ਸੋਹਲਾ ਦਿਆਂ ਦ੍ਰਿੜਾਈਆ । ਜੋ ਏਥੇ ਓਥੇ ਦੋ ਜਹਾਨ ਹੋਵੇ ਰਖਵਾਲਾ, ਸਹਾਇਕ ਹੋ ਕੇ ਸੇਵਾ ਸਚ ਕਮਾਈਆ । ਸਾਚਾ ਮਾਰਗ ਦੱਸੇ ਇਕ ਸੁਖਾਲਾ, ਜਗਤ ਕਰਨੀ ਵਿਚੋਂ ਬਾਹਰ ਕਢਾਈਆ । ਸਚ ਪ੍ਰੇਮ ਦੀ ਪਾਏ ਅਗੰਮੀ ਮਾਲਾ, ਮਨ ਕਾ ਮਣਕਾ ਬਿਨ ਤਸਬੀ ਦਏ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਈਆ । ਸਤਿਜੁਗ ਸਾਚੇ, ਜਨ ਭਗਤਾਂ ਬਖ਼ਸ਼ ਕੇ ਇਕੋ ਨਾਮ, ਨਿਮਰਤਾ ਆਪਣੀ ਦਿਆਂ ਸਮਝਾਈਆ । ਦਾਮਨਗੀਰ ਹੋ ਕੇ ਪਕੜਾਂ ਆਤਮ ਦਾਮ, ਦਮਾਂ ਦਾ ਲੇਖਾ ਆਪਣੇ ਨਾਲ ਰਖਾਈਆ । ਭਾਗ ਲਗਾ ਕੇ ਕਾਇਆ ਮਾਟੀ ਚਾਮ, ਚੰਮ ਦ੍ਰਿਸ਼ਟੀ ਅੰਦਰ ਆਪਣਾ ਇਸ਼ਟ ਦਿਆਂ ਵਖਾਈਆ । ਬਰਦਾ ਰਹਿਣ ਨਾ ਦੇਵਾਂ ਕਿਸੇ ਦਾ ਗ਼ੁਲਾਮ, ਬੰਦੀਖ਼ਾਨੇ ਵਿਚੋਂ ਬਾਹਰ ਕਢਾਈਆ । ਸਚ ਸੰਦੇਸ਼ਾ ਸੁਨੇਹੜਾ ਦੇ ਕੇ ਧੁਰ ਪੈਗ਼ਾਮ, ਕਲਮਾ ਇਕੋ ਇਕ ਜਣਾਈਆ । ਸ਼ਬਦੀ ਹੁਕਮ ਅੰਦਰ ਕਰਾਂ ਇਲਹਾਮ, ਰਾਤੀ ਸੁਤਿਆਂ ਲਵਾਂ ਜਗਾਈਆ । ਘਰ ਘਰ ਦਵਾਰੇ ਜਾ ਬਣਾਂ ਮਹਿਮਾਨ, ਪ੍ਰੇਮ ਪ੍ਰੀਤੀ ਅੰਦਰ ਫੇਰਾ ਪਾਈਆ । ਬਲ ਬਾਵਨ ਦਾ ਲੇਖੇ ਲਾਵਾਂ ਪਕਵਾਨ, ਪੂਰਬ ਲਹਿਣਾ ਦੇਣਾ ਸਰਬ ਮੁਕਾਈਆ । ਪ੍ਰੇਮ ਰਸ ਦਾ ਭੋਜਨ ਸਾਰੇ ਖਾਣ, ਲੇਜ੍ਹ ਫੇਹਜ ਭਖ ਭੋਜ ਇਕੋ ਰੰਗ ਵਖਾਈਆ । ਜਿਸ ਨਾਲ ਭਗਤਾਂ ਹੋਵੇ ਕਲਿਆਣ, ਸੋ ਕਰਨੀ ਕਰ ਕੇ ਪਾਰ ਲੰਘਾਈਆ । ਜਿਸ ਨੂੰ ਸਮਝੇ ਨਾ ਕੋਇ ਬੁਧੀ ਅਣਜਾਣ, ਵਿਦਿਆ ਚਲੇ ਨਾ ਕੋਇ ਚਤੁਰਾਈਆ । ਕਿਰਪਾ ਕਰ ਸ੍ਰੀ ਭਗਵਾਨ, ਭਾਗ ਭਗਤਾਂ ਰਿਹਾ ਬਣਾਈਆ । ਮਿਹਰ ਅੰਦਰ ਦੇਂਦਾ ਜਾਏ ਦਾਨ, ਦਾਅਵੇ ਨਾਲ ਦਰਗਾਹ ਦੇ ਮਾਲਕ ਦਏ ਬਣਾਈਆ । ਹਰਿ ਹਰਿ ਲੇਖਾ ਨਹੀਂ ਆਮ ਤਮਾਮ, ਖ਼ਾਕੇ ਸ਼ਾਮ ਅੰਧੇਰੀ ਦਏ ਗਵਾਈਆ । ਸਚ ਦਵਾਰੇ ਬਖ਼ਸ਼ ਕੇ ਇਕ ਆਰਾਮ, ਦੁੱਖਾਂ ਦਾ ਡੇਰਾ ਦੇਵੇ ਢਾਹੀਆ । ਚੁਰਾਸੀ ਫਾਸੀ ਕੱਟੇ ਵਿਚ ਜਹਾਨ, ਬੰਦੀਖ਼ਾਨਾ ਨਜ਼ਰ ਕੋਇ ਨਾ ਆਈਆ । ਸਚਖੰਡ ਨਿਵਾਸੀ ਹੋ ਮਿਹਰਵਾਨ, ਜਗਤ ਉਦਾਸੀ ਦਏ ਗਵਾਈਆ । ਜਨ ਭਗਤ ਬਣਾ

ਧਰਮ ਵਿਧਾਨ, ਵਿਦਿਆ ਤੋਂ ਪਰੇ ਕਰੇ ਪੜ੍ਹਾਈਆ । ਸਤਿ ਧਰਮ ਝੁਲਾ ਨਿਸ਼ਾਨ, ਸਾਚੇ ਰਸਤੇ ਆਪ ਲਗਾਈਆ । ਮੰਜ਼ਲ ਚਾੜ੍ਹੇ ਨੌਜਵਾਨ, ਪਾਂਧੀ ਹੋ ਕੇ ਪੰਧ ਮੁਕਾਈਆ । ਸਚ ਦਵਾਰ ਵਖਾ ਕੇ ਅਗੰਮ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਜਿਸ ਗ੍ਰਿਹ ਦੀਵਾ ਬਾਤੀ ਬਲੇ ਮਹਾਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਭਗਤ ਸੁਹੇਲੇ ਵੇਖ ਖ਼ੁਸ਼ੀ ਮਨਾਣ, ਦੁਖੀਆਂ ਦਰਦਾਂ ਡੇਰਾ ਢਾਹੀਆ । ਘਰ ਸਵਾਮੀ ਠਾਕਰ ਮਿਲੇ ਆਣ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਕਿਰਪਾ ਕਰੇ ਹੋ ਮਿਹਰਵਾਨ, ਮਿਹਰ ਨਜ਼ਰ ਪਾਰ ਕਰਾਈਆ । ਗੁਰਮੁਖ ਸਾਚੇ ਚਤੁਰ ਸੁਘੜ ਸੁਜਾਨ, ਸੁਚੱਜੇ ਆਪਣੇ ਘਰ ਬਣਾਈਆ । ਸਤਿਜੁਗ ਸਾਚੇ ਸਚ ਦਵਾਰੇ ਕਰ ਪਰਵਾਨ, ਪਰਵਾਨੇ ਧੁਰ ਦੇ ਦਏ ਵਖਾਈਆ । ਸਾਚਾ ਢੋਲਾ ਮਿਲ ਕੇ ਗਾਣ, ਰਸਨਾ ਜਿਹਵਾ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਰੰਗ ਰੰਗਾਈਆ । ਸਤਿਜੁਗ ਸਾਚੇ ਮੇਰਾ ਭਗਤ ਕਦੇ ਨਾ ਹੋਵੇ ਮੰਗਤਾ, ਦੂਜੇ ਦਰ ਕਦੇ ਨਾ ਜਾਈਆ । ਘਟ ਘਟ ਅੰਤਰ ਨਿਰੰਤਰ ਹੋ ਕੇ ਚੋਲੇ ਰੰਗਦਾ, ਰੰਗ ਅਨਡੀਠਾ ਇਕ ਵਖਾਈਆ । ਮੰਜ਼ਲ ਆਪਣੀ ਹਕੀਕੀ ਲੰਘਦਾ, ਜਗਤ ਦਵਾਰਾ ਨਾ ਕੋਇ ਅਟਕਾਈਆ । ਰਸ ਦੇਵਾਂ ਧੁਰ ਅਨੰਦ ਦਾ, ਅਨੰਦ ਆਤਮਾ ਵਿਚੋਂ ਪਰਗਟਾਈਆ । ਭਾਉ ਦੱਸਾਂ ਅਗੰਮੀ ਛੰਦ ਦਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜਨਮ ਦੇ ਵਿਛੜੇ ਪਾਰ ਕਰਾਈਆ । ਜੋ ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਦਾਨ ਰਿਹਾ ਮੰਗਦਾ, ਸੋ ਭਗਤਾਂ ਰਿਹਾ ਵਰਤਾਈਆ । ਨਾਮ ਡੰਕਾ ਵਜਾ ਆਪਣੇ ਮਰਦੰਗ ਦਾ, ਮੁਰਦੇ ਮੁਰੀਦ ਰਿਹਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਖ਼ੁਸ਼ੀ ਵਖਾਈਆ । ਸਤਿਜੁਗ ਸਾਚੇ ਸਾਚਾ ਭਗਤ ਤੇਰਾ ਸਹਾਰਾ, ਧੁਰ ਦੇ ਹੁਕਮ ਨਾਲ ਜਣਾਈਆ । ਬਿਨ ਭਗਤਾਂ ਤੇਰਾ ਸੋਹੇ ਨਾ ਕੋਇ ਦਵਾਰਾ, ਸਤਿ ਧਰਮ ਨਾ ਕੋਇ ਵਡਿਆਈਆ । ਪੁਰਖ ਅਬਿਨਾਸ਼ੀ ਦੇਵਣਹਾਰਾ ਆਪ ਦਾਤਾਰਾ, ਵਸਤ ਅਮੋਲਕ ਇਕ ਵਰਤਾਈਆ । ਜਨ ਭਗਤਾਂ ਨਾਲ ਮਿਲ ਕੇ ਤੂੰ ਲਾਉਣਾ ਸਚ ਜੈਕਾਰਾ, ਜੋ ਗੁਰਮੁਖਾਂ ਦਿਤਾ ਸਿਖਾਈਆ । ਦੋਹਾਂ ਦਾ ਸਾਂਝਾ ਹੋਵੇ ਪਿਆਰਾ, ਪ੍ਰੀਤੀ ਵਿਚ ਵਿਛੋੜਾ ਕਦੇ ਨਾ ਆਈਆ । ਕਿਰਪਾ ਕਰੇ ਆਪ ਨਿਰੰਕਾਰਾ, ਨਿਰਗੁਣ ਹੋ ਕੇ ਹੋਏ ਸਹਾਈਆ । ਕਲਜੁਗ ਕੂੜੀ ਕਿਰਿਆ ਮੇਟੇ ਅੰਧਿਆਰਾ, ਅੰਧ ਵਿਸ਼ਵਾਸ਼ ਦਏ ਗਵਾਈਆ । ਸਤਿਜੁਗ ਸਾਚਾ ਨੂਰ ਕਰੇ ਚਮਤਕਾਰਾ, ਚਮਕ ਆਪਣੀ ਇਕ ਵਖਾਈਆ । ਜਨ ਭਗਤਾਂ ਮਿਲੇ ਮੇਲ ਧੁਰ ਕਰਤਾਰਾ, ਕਰਨੀ ਦਾ ਕਰਤਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਖ਼ਾਤਰ ਨਿਰਗੁਣ ਰੂਪ ਪ੍ਰਗਟ ਹੋਵੇ ਚੌਵੀਵਾਂ ਅਵਤਾਰਾ, ਜਗਤ ਜਹਾਨ ਲੇਖਾ ਦਏ ਚੁਕਾਈਆ ।

### ੨੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਬੀਬੀ ਬਸੰਤ ਕੌਰ ਦੇ ਗ੍ਰਿਹ ਪਿੰਡ ਦੁਰਾਹਾ ਜ਼ਿਲਾ ਲੁਧਿਆਣਾ

ਸਤਿਜੁਗ ਸਾਚੇ, ਸਾਚਾ ਨਾਮ ਹੋਵੇ ਮੇਰਾ ਧੁਰ ਦੇਵਾ, ਦੇਵ ਆਤਮਾ ਦਏ ਵਡਿਆਈਆ । ਜਨ ਭਗਤਾਂ ਬਿਰਥੀ ਜਾਣ ਨਾ ਦੇਵੇ ਸੇਵਾ, ਸਵਾਮੀ ਹੋ ਕੇ ਹੋਏ ਸਹਾਈਆ । ਸਚ ਪ੍ਰੇਮ ਦਾ ਦੇਵੇ ਮੇਵਾ, ਅੰਮ੍ਰਿਤ ਆਪਣਾ ਰਸ ਚਖਾਈਆ । ਧਾਮ ਵਖਾਏ ਨਿਹਚਲ ਨਿਹਕੇਵਾ, ਮਹੱਲ ਅਟਲ ਸਮਝਾਈਆ । ਖੇਲੇ ਖੇਲ ਅਲਖ ਅਭੇਵਾ, ਅਗੰਮ ਅਗੋਚਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ

੧੧੯੨
੧੯

ਇਕ ਵਰਤਾਈਆ । ਸਤਿਜੁਗ ਸਾਚੇ, ਸਾਚੇ ਨਾਮ ਦੀ ਹੋਵੇ ਇਕੋ ਤਾਕਤ, ਤਾਕਤਵਰ ਰਹਿਣ ਕੋਇ ਨਾ ਪਾਈਆ । ਬ੍ਰਹਮ ਗਿਆਨ ਦੀ ਦੇਵੇ ਲਿਆਕਤ, ਧੁਰ ਦਾ ਮੰਤਰ ਇਕ ਸਮਝਾਈਆ । ਅੰਮ੍ਰਿਤ ਰਸ ਦੇਵੇ ਨਿਆਮਤ, ਅਮੋਘ ਆਪਣੀ ਚੋਗ ਚੁਗਾਈਆ । ਹੋਏ ਸਹਾਈ ਅੰਤ ਕਿਆਮਤ, ਮਿਹਰ ਨਜ਼ਰ ਪਾਰ ਕਰਾਈਆ । ਸਚ ਦਵਾਰੇ ਲੈ ਕੇ ਜਾਏ ਸਹੀ ਸਲਾਮਤ, ਅਧਵਿਚਕਾਰ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪ ਵਰਤਾਈਆ । ਸਤਿਜੁਗ ਸਾਚੇ, ਸਾਚੇ ਨਾਮ ਦੀ ਹੋਵੇ ਅਗੰਮੀ ਬਰਖਾ, ਬੂੰਦ ਸਵਾਂਤੀ ਘਰ ਘਰ ਆਪ ਚੁਆਈਆ । ਨਿਜ ਆਤਮ ਪਰਮਾਤਮ ਕਰ ਕੇ ਦਰਸਾ, ਦਰਸ ਦੀਦ ਦੀਦਾਰ ਅੰਦਰ ਯਾਰ ਧੁਰ ਦਾ ਨਜ਼ਰੀ ਆਈਆ । ਜਨਮ ਕਰਮ ਦੀ ਪੂਰਬ ਮੇਟੇ ਹਰਸਾ, ਤ੍ਰਿਖਾ ਕੂੜੀ ਦਏ ਗਵਾਈਆ । ਅੰਦਰ ਵੜ ਕੇ ਖੋਲ੍ਹੇ ਪੜਦਾ, ਨਕਾਬ ਰਹਿਣ ਕੋਇ ਨਾ ਪਾਈਆ । ਭੇਵ ਖੁਲ੍ਹਾ ਕਾਇਆ ਮਾਟੀ ਘਰ ਦਾ, ਘਰ ਘਰ ਵਿਚ ਜੋੜ ਜੁੜਾਈਆ । ਇਸ਼ਨਾਨ ਕਰਾ ਅਗੰਮੀ ਸਰ ਦਾ, ਦੁਰਮਤ ਮੈਲ ਦਏ ਧਵਾਈਆ । ਭੇਵ ਚੁਕਾ ਨਰਾਇਣ ਨਰ ਦਾ, ਨਰ ਹਰਿ ਮੇਲਾ ਸਹਿਜ ਸੁਭਾਈਆ । ਸਚ ਦਵਾਰ ਅੰਤਮ ਖੜਦਾ, ਅਗੇ ਹੋ ਨਾ ਕੋਇ ਅਟਕਾਈਆ । ਜਿਸ ਗ੍ਰਿਹਿ ਪੁਰਖ ਅਕਾਲ ਵਸਦਾ, ਤਿਸ ਦਵਾਰੇ ਮਿਲੇ ਵਡਿਆਈਆ । ਓਥੇ ਪਰਕਾਸ਼ ਨਹੀਂ ਰਵ ਸਸ ਦਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਇਸ਼ਾਰਾ, ਨਹੀਂ ਕਿਸੇ ਅੱਖ ਦਾ, ਸ਼ਬਦ ਅਗੰਮੀ ਨਾਦ ਸ਼ਨਵਾਈਆ । ਢੋਲਾ ਇਕੋ ਜਸ ਦਾ, ਤੂੰ ਮੇਰਾ ਮੈਂ ਤੇਰਾ ਦੂਜਾ ਰਾਗ ਨਾ ਕੋਇ ਅਲਾਈਆ । ਭੱਠ ਰਹਿਣਾ ਦਿਸੇ ਅੱਡ ਦਾ, ਦਰ ਇਕੋ ਡੇਰਾ ਲਾਈਆ । ਸਤਿਜੁਗ ਸਾਚੇ, ਸਾਚਾ ਨਾਮ ਜਨ ਭਗਤਾਂ ਪਿਛੇ ਕਦੇ ਨਾ ਛੱਡਦਾ, ਜੁਗ ਜੁਗ ਮੇਰੇ ਨਾਲ ਮਿਲਾਈਆ । ਸੰਤ ਸੁਹੇਲਾ ਹਿੱਸੇਦਾਰ ਅੱਧ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਤਿਜੁਗ ਸਾਚੇ ਸਾਚੇ ਨਾਮ ਦੀ ਸਦਾ ਤਾਅਰੀਫ਼, ਤੋਹਫ਼ਿਆਂ ਵਿਚ ਗੁਰ ਅਵਤਾਰ ਪੈਗ਼ੰਬਰ ਗਏ ਵਰਤਾਈਆ । ਧਰਮ ਦਵਾਰ ਦੀ ਦੱਸੇ ਇਕ ਪ੍ਰੀਤ, ਪੈਜ ਸਵਾਰ ਦਏ ਵਡਿਆਈਆ । ਨਾਮ ਖ਼ੁਮਾਰੀ ਜਣਾਏ ਗੀਤ, ਜੋਤ ਉਜਿਆਰੀ ਨਾਲ ਮਿਲਾਈਆ । ਅਗਨੀ ਤਤ ਕਰੇ ਸੀਤ, ਮੇਘ ਅਗੰਮਾ ਆਪ ਬਰਸਾਈਆ । ਦੀਨ ਦੁਨੀ ਬਦਲੇ ਰੀਤ, ਨੀਤੀ ਵੇਖੇ ਜਗਤ ਲੋਕਾਈਆ । ਪੜਦਾ ਲਾਹਵੇ ਹਸਤ ਕੀਟ, ਸ਼ਾਹ ਸੁਲਤਾਨ ਸਰਨ ਸਮਝਾਈਆ । ਛਤਰ ਵਖਾ ਕੇ ਇਕੋ ਸੀਸ, ਤਖ਼ਤ ਤਾਜ ਜਗਤ ਮਿਟਾਈਆ । ਧਾਮ ਦੱਸ ਅਗੰਮ ਅਨਡੀਠ, ਜਨ ਭਗਤਾਂ ਅੰਦਰ ਅੱਖ ਖੁਲ੍ਹਾਈਆ । ਕਰਵਟ ਲੈ ਬਦਲ ਕੇ ਪੀਠ, ਪੁਸ਼ਤ ਪਨਾਹ ਹੋਏ ਸਹਾਈਆ । ਸਚਖੰਡ ਦਵਾਰੇ ਦੇ ਕਰੇ ਵਸਨੀਕ, ਵਾਸਤਾ ਆਪਣੇ ਨਾਲ ਜੁੜਾਈਆ । ਦੂਜਾ ਰਹੇ ਨਾ ਕੋਇ ਸ਼ਰੀਕ, ਸ਼ਰਕਤ ਵਿਚ ਨਾ ਖ਼ਲਕ ਖ਼ੁਦਾਈਆ । ਸਾਚੇ ਨਾਮ ਦੀ ਵਡ ਤੌਫ਼ੀਕ, ਤੁਆਰਫ਼ ਭਗਤਾਂ ਦਏ ਜਣਾਈਆ । ਇਕੋ ਨਾਮ ਜਗਤ ਵਸਤ ਨਾਲੋਂ ਮੁਫ਼ੀਦ, ਜੋ ਮੁਫ਼ਲਿਸਾਂ ਦਏ ਵਰਤਾਈਆ । ਜੋ ਇਸ਼ਾਰਾ ਕੀਤਾ ਫ਼ਰੀਦ, ਨੇਤਰ ਨੈਣਾਂ ਅੱਖ ਉਠਾਈਆ । ਸੋ ਮਨਸਾ ਪੂਰੀ ਹੋਵੇ ਉਮੀਦ, ਤ੍ਰਿਸ਼ਨਾ ਦਏ ਬੁਝਾਈਆ । ਭੇਵ ਅਭੇਦਾ ਦੱਸ ਅਜੀਬ, ਅਜਬ ਨਿਰਾਲੀ ਕਾਰ ਕਮਾਈਆ । ਆਪਣਾ ਹੁਕਮ ਵਰਤੇ ਜਦੀਦ, ਸ਼ਦੀਦ ਵਿਚ ਵੇਖੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਕਰੇ ਹੁਕਮ ਤਾਕੀਦ, ਕਾਇਦਾ ਬਾਕਾਇਦਾ ਆਪਣਾ ਦਏ ਸਮਝਾਈਆ ।

✪ ੨੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਗੁਰਨਾਮ ਕੌਰ ਦੇ ਗ੍ਰਿਹ ਪਿੰਡ ਦੁਰਾਹਾ ਮੰਡੀ ਜ਼ਿਲਾ ਲੁਧਿਆਣਾ ✪

ਸਤਿਜੁਗ ਸਾਚੇ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਸਚ ਜੈਕਾਰਾ, ਬ੍ਰਹਿਮੰਡ ਖੰਡ ਨਾਮ ਧਿਆਈਆ । ਗੁਰ ਅਵਤਾਰ ਪੈਗ਼ੰਬਰਾਂ ਬਣੇ ਸਹਾਰਾ, ਭਗਤ ਸੁਹੇਲਾ ਹੋ ਕੇ ਸੰਗ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਅਧਾਰਾ, ਕਰੋੜ ਤੇਤੀਸਾ ਸੁਣ ਸੁਣ ਖ਼ੁਸ਼ੀ ਮਨਾਈਆ । ਦੋ ਜਹਾਨਾਂ ਦੇਵੇ ਹੁਲਾਰਾ, ਹਰ ਘਟ ਆਪਣਾ ਰੰਗ ਰੰਗਾਈਆ । ਤ੍ਰੈ ਪੰਜ ਵੇਖੇ ਅਖਾੜਾ, ਪੱਚੀਸ ਪੜਦਾ ਦਏ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪਾਵੇ ਸਾਰਾ, ਅੰਜੀਲ ਕ਼ੁਰਾਨਾਂ ਫੋਲ ਫੁਲਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਸਭ ਦਾ ਲਹਿਣਾ ਦੇਵੇ ਵਿਚ ਸੰਸਾਰਾ, ਪੂਰਬ ਸਭ ਦਾ ਝੋਲੀ ਪਾਈਆ । ਲੱਖ ਚੁਰਾਸੀ ਨਜ਼ਰੀ ਆਵੇ ਏਕਾ ਏਕੰਕਾਰਾ, ਮਾਨਵ ਜਾਤੀ ਮਨ ਹੰਕਾਰ ਦਏ ਮਿਟਾਈਆ । ਧੁਰ ਦਾ ਮੰਦਰ ਵਖਾਵੇ ਇਕ ਦਰਬਾਰਾ, ਦਰਗਾਹ ਸਾਚੀ ਸੋਭਾ ਪਾਈਆ । ਸ਼ਬਦ ਅਗਾਧ ਵਜਾਏ ਨਗਾਰਾ, ਨੌਬਤ ਇਕੋ ਇਕ ਸੁਣਾਈਆ । ਕਾਗਤ ਕ਼ਲਮ ਕਰੇ ਨਿਮਸਕਾਰਾ, ਸ਼ਾਹੀ ਬੰਦਨਾ ਵਿਚ ਖ਼ੁਸ਼ੀ ਮਨਾਈਆ । ਰਸਨਾ ਜਿਹਵਾ ਬੱਤੀ ਦੰਦ ਮਿਲੇ ਪਿਆਰਾ, ਪ੍ਰੀਤਮ ਆਪਣਾ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਨਾਮ ਤੇਰੀ ਝੋਲੀ ਪਾਈਆ । ਸਤਿਜੁਗ ਸਾਚੇ, ਜੈ ਜੈਕਾਰ ਕਰਨ ਲੋਕ ਪਰਲੋਕ, ਪੁਰੀ ਲੋਅ ਇਕੋ ਰਾਗ ਅਲਾਈਆ । ਜੁਗ ਚੌਕੜੀ ਵਖਰਾ ਦੱਸ ਸਲੋਕ, ਸੋਏ ਗੁਰਮੁਖ ਲਏ ਉਠਾਈਆ । ਭਾਗ ਲਗਾ ਕੇ ਕਾਇਆ ਮਾਟੀ ਕੋਟ, ਕੰਚਨ ਗੜ੍ਹ ਦਏ ਬਣਾਈਆ । ਨਾਮ ਨਿਧਾਨ ਲਗਾ ਕੇ ਚੋਟ, ਚੋਟੀ ਚੜ੍ਹ ਕੇ ਲਏ ਜਗਾਈਆ । ਝਗੜਾ ਮੁਕਾ ਕੇ ਵਰਨ ਗੋਤ, ਆਤਮ ਬ੍ਰਹਮ ਦਏ ਸਮਝਾਈਆ । ਮਨ ਬੁਧੀ ਦੀ ਰਹੇ ਨਾ ਕੋਈ ਸੋਚ, ਸਤਿਗੁਰ ਮਿਲ ਕੇ ਵੱਜੇ ਵਧਾਈਆ । ਤੜਪਣ ਰਹੇ ਨਾ ਕੋਈ ਲੋਚ, ਲੋਚਣ ਲੋਚਾ ਪੂਰ ਕਰਾਈਆ । ਘਰ ਸਵਾਮੀ ਬਖ਼ਸ਼ੇ ਮੌਜ, ਮਿਹਰਵਾਨੀ ਵਿਚ ਦੇ ਵਡਿਆਈਆ । ਚਰਨ ਪ੍ਰੀਤੀ ਦੇ ਕੇ ਧੁਰ ਦਾ ਜੋਗ, ਗੁਰਮੁਖ ਜੁਗੀਸ਼ਰ ਦਏ ਬਣਾਈਆ । ਸੋਹੰ ਦੇ ਕੇ ਸਾਚੀ ਚੋਗ, ਚਾਰ ਜੁਗ ਦਾ ਖਹਿੜਾ ਦਏ ਛੁਡਾਈਆ । ਆਪਣਾ ਦੇ ਕੇ ਦਰਸ ਅਮੋਘ, ਅਮਰਾਪਦ ਇਕ ਵਖਾਈਆ । ਮੁਹੱਬਤ ਵਿਚ ਕਰ ਕੇ ਮੋਹਤ, ਨਾਤਾ ਜਗਤ ਨਾਲੋਂ ਤੁੜਾਈਆ । ਕਰ ਪਰਕਾਸ਼ ਨਿਰਮਲ ਜੋਤ, ਘਰ ਮੰਦਰ ਕਰੇ ਰੁਸ਼ਨਾਈਆ । ਕੋਟਾਂ ਵਿਚੋਂ ਥੋੜਿਆਂ ਦੇ ਕੇ ਹੋਸ਼, ਹੁਸ਼ਿਆਰੀ ਨਾਲ ਦੀਨ ਦੁਨੀ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਬਣਾ ਕੇ ਲੋਕਮਾਤ, ਹਿੱਸੇਦਾਰ ਗੁਰਮੁਖ ਨਾਲ ਰਖਾਈਆ ।


੧੧੯੪
੧੯

✪ ੨੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਗੱਜਨ ਸਿੰਘ ਦੇ ਗ੍ਰਿਹ ਪਿੰਡ ਦੁਰਾਹਾ ਮੰਡੀ ਜ਼ਿਲਾ ਲੁਧਿਆਣਾ ✪

ਸਤਿਜੁਗ ਸਾਚੇ, ਜਨ ਭਗਤਾਂ ਨਜ਼ਰੀ ਆਏ ਹਜ਼ੂਰ, ਹਜ਼ੂਰੀ ਵਿਚ ਮਨਜ਼ੂਰੀ, ਦਰ ਘਰ ਸਾਚੇ ਦਏ ਜਣਾਈਆ । ਪੰਧ ਰਹੇ ਨਾ ਨੇੜਾ ਦੂਰ, ਦੂਰ ਦੁਰਾਡਾ ਨੇਰਨ ਨੇਰਾ ਫੇਰਾ ਪਾਈਆ । ਦੁੱਖ ਵਿਚ ਰਹਿਣ ਨਾ ਦੇਵੇ ਕਿਸੇ ਮਜ਼ਬੂਰ, ਮਜਬੂਰੀ ਜ਼ਰੂਰੀ ਦਏ ਕਟਾਈਆ । ਸਾਚੀ ਬਖ਼ਸ਼

ਕੇ ਚਰਨ ਧੂੜ, ਜਨਮ ਕਰਮ ਦੇ ਲੇਖੇ ਆਪਣੇ ਲੇਖੇ ਪਾਈਆ । ਰੰਗ ਚਾੜ੍ਹ ਅਗੰਮ ਗੂੜ੍ਹ, ਦਮਾਂਦਮ ਹੋਏ ਸਹਾਈਆ । ਤ੍ਰਿਸ਼ਨਾ ਤਪੇ ਨਾ ਵਾਂਗ ਤੰਦੂਰ, ਸਾਂਤਕ ਸਤਿ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਵਡਿਆਈਆ । ਸਤਿਜੁਗ ਸਾਚੇ ਸਾਚਾ ਖੇਲ ਹੋਵੇ ਅਜੀਬ, ਨਿਰਾਲੀ ਆਪਣੀ ਕਾਰ ਕਮਾਈਆ । ਜਨ ਭਗਤਾਂ ਬਦਲ ਦੇਵੇ ਨਸੀਬ, ਕਰਮ ਕਿਸਮਤ ਨਾ ਕੋਇ ਲੜਾਈਆ । ਦੁੱਖ ਭੁੱਖ ਦਾ ਰਹਿਣ ਨਾ ਦੇਵੇ ਕੋਇ ਗ਼ਰੀਬ, ਗ਼ੈਰਾਂ ਦੀ ਮੁਛੰਦਗੀ ਦਏ ਮਿਟਾਈਆ । ਮਿਹਰਵਾਨ ਹੋ ਕੇ ਦੇਵੇ ਤਰਤੀਬ, ਤਰਫ਼ ਦੋ ਤਰਫ਼ ਵੇਖ ਵਖਾਈਆ । ਸੱਜਣ ਬਣ ਕੇ ਸਚ ਰਫ਼ੀਕ, ਮਿੱਤਰ ਹੋ ਕੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਮਨਸਾ ਪੂਰੀ ਕਰ ਉਮੀਦ, ਅਮਨ ਵਿਚ ਚਮਨ ਦੇ ਵਖਾਈਆ । ਸਤਿਜੁਗ ਸਾਚੇ, ਜਨ ਭਗਤਾਂ ਰਹੇ ਨਾ ਅੰਤਰ ਗ਼ਮ, ਗ਼ਮਗੀਨ ਨਜ਼ਰ ਕੋਇ ਨਾ ਆਈਆ । ਭਗਤ ਵਛਲ ਹੋ ਸਵਾਰੇ ਕੰਮ, ਕਾਰਜ ਸਭ ਦੇ ਪੂਰ ਕਰਾਈਆ । ਭੰਡਾਰਾ ਦੇ ਧੁਰ ਦਾ ਧਨ, ਧਰਮ ਦੀ ਕਾਰੇ ਦਏ ਲਗਾਈਆ । ਸੰਤ ਸੁਹੇਲੇ ਬਣਾ ਕੇ ਸਾਚੇ ਜਨ, ਜਾਣਨਹਾਰ ਦਏ ਵਡਿਆਈਆ । ਸਭ ਦੀ ਪੁਕਾਰ ਸੁਣੇ ਬਿਨਾ ਕੰਨ, ਅੱਠੇ ਪਹਿਰ ਵੇਖ ਵਖਾਈਆ । ਬੇਨੰਤੀ ਕਰ ਪਰਵਾਨ ਲਏ ਮੰਨ, ਮੰਨਣਹਾਰ ਬੇਪਰਵਾਹੀਆ । ਦੁਖੜਾ ਰੋਗ ਨਾ ਰਹੇ ਤਨ, ਤਤਵ ਤਤ ਕਰੇ ਸਫ਼ਾਈਆ । ਲੇਖੇ ਲਾਏ ਪਵਣ ਸਵਾਸ ਦਮ, ਦਾਮਨ ਦਾਮਨਗੀਰ ਦਏ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਹੋਏ ਸਹਾਈਆ । ਸਤਿਜੁਗ ਸਾਚੇ, ਜਨ ਭਗਤਾਂ ਅੰਦਰ ਰਹਿਣ ਨਾ ਦੇਵੇ ਗ਼ਮੀ, ਚਿੰਤਾ ਚਿਖਾ ਨਾ ਕੋਇ ਜਲਾਈਆ । ਵਸਤ ਅਮੋਲਕ ਦੇ ਕੇ ਨਵੀਂ, ਜੀਵਣ ਨਵਾਂ ਦਏ ਬਦਲਾਈਆ । ਸੜਨਾ ਪਏ ਨਾ ਮਮਤਾ ਤਵੀ, ਤਾਕਤ ਆਪਣੀ ਨਾਲ ਉਠਾਈਆ । ਲਹਿਣਾ ਦੇਣਾ ਚੁਕਾਵੇ ਅਵਤਾਰ ਚਵੀ, ਚੌਹ ਜੁਗਾਂ ਦਾ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਤਿਜੁਗ ਸਾਚੇ, ਭਗਤਾਂ ਅੰਦਰ ਵੇਖੇ ਡੂੰਘਾ ਸਾਗਰ, ਗੋਤਾ ਆਪਣਾ ਨਾਮ ਲਗਾਈਆ । ਪੜਦਾ ਲਾਹ ਕੇ ਕਾਇਆ ਗਾਗਰ, ਗਹਿਰ ਗੰਭੀਰ ਦਏ ਵਡਿਆਈਆ । ਨਿਰਮਲ ਕਰਮ ਕਰ ਉਜਾਗਰ, ਉਜਲੇ ਮੁਖ ਵਖਾਈਆ । ਸਾਚੇ ਘਰ ਬਣਾ ਸੌਦਾਗ਼ਰ, ਸੌਦਾ ਆਪਣੇ ਹੱਟ ਵਖਾਈਆ । ਦੇਵਣਹਾਰਾ ਕਰਤਾ ਕ਼ਾਦਰ, ਕ਼ਦੀਮ ਤੋਂ ਰਿਹਾ ਵਰਤਾਈਆ । ਕੁਛ ਲਹਿਣਾ ਦੇਣਾ ਨਾਨਕ ਦੱਸਿਆ ਬਾਬਰ, ਬਾਬਲ ਕਹਿ ਕੇ ਪ੍ਰਭ ਦਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਦੀ ਖੇਲ ਆਪ ਖਿਲਾਈਆ । ਸਤਿਜੁਗ ਸਾਚੇ, ਜਨ ਭਗਤ ਪ੍ਰੀਤੀ ਜਾਵਣ ਜੁੜ, ਜੋੜੀ ਧੁਰ ਬਣਾਈਆ । ਜਿਸ ਕਾਰਨ ਨਿਰਗੁਣ ਹੋ ਕੇ ਆਇਆ ਮੁੜ, ਨਿਰਵੈਰ ਹੋ ਕੇ ਵੇਸ ਵਟਾਈਆ । ਗੁਰਮੁਖਾਂ ਰਹਿਣ ਨਾ ਦੇਵਾਂ ਕੋਈ ਥੁੜ, ਭੰਡਾਰਾ ਆਪਣਾ ਦੇਣਾ ਵਰਤਾਈਆ । ਕੁਛ ਲਹਿਣਾ ਦੇਣਾ ਲੇਖਾ ਅਨੰਦਪੁਰ, ਪੂਰਬ ਪਿਛਲਾ ਨਜ਼ਰੀ ਆਈਆ । ਉਸ ਲੈਣਾ ਨਾਲ ਜ਼ੋਰ, ਬਾਕੀ ਆਪਣੀ ਕੱਢ ਵਖਾਈਆ । ਜਨ ਭਗਤਾਂ ਉਪਰ ਕਰ ਗ਼ੌਰ, ਪਤਿਪਰਮੇਸ਼ਵਰ ਅੱਖ ਖੁਲ੍ਹਾਈਆ । ਜਗਤ ਜਨਮ ਦੀ ਪਿਛਲੀ ਵੇਖ ਦੌੜ, ਭੱਜੇ ਆਏ ਵਾਹੋ ਦਾਹੀਆ । ਪੁਰਖ ਅਕਾਲ ਅੰਤਮ ਆਪੇ ਬਹੁੜ, ਬਹੁੜੀ ਬਹੁੜੀ ਕਰ ਕੇ ਰਹੇ ਕੁਰਲਾਈਆ । ਸਾਚੇ ਨਾਮ ਦਾ ਚਲਾ ਦੌਰ, ਦਾਅਵੇ ਕੂੜੇ ਦੇ ਮਿਟਾਈਆ । ਬਿਧ ਕਰ ਅਵਰ ਕੀ ਔਰ, ਆਪਣਾ ਲੇਖਾ ਨਾਲ ਮਿਲਾਈਆ । ਗ਼ਰੀਬ ਨਿਮਾਣਿਆਂ ਕੋਝਿਆਂ

ਕਮਲਿਆਂ ਕਾਰਜ ਜਾਵਣ ਸੌਰ, ਸੌਹਰੇ ਪਈਏ ਇਕੋ ਤੇਰੇ ਨਾਮ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਣਾ ਸਹਾਈਆ । ਸਤਿਜੁਗ ਸਾਚੇ, ਜਨ ਭਗਤਾਂ ਲਹਿਣਾ ਦੇਣਾ ਬਾਕੀ, ਬਕਤਾ ਹੋ ਕੇ ਰਿਹਾ ਜਣਾਈਆ । ਕੁਛ ਥੋੜੀ ਜਿਹੀ ਰਵਦਾਸ ਵਾਲੀ ਸਾਖੀ, ਸਿਫ਼ਤ ਨਾਲ ਸਾਲਾਹੀਆ । ਕੁਛ ਲੇਖਾ ਓਸ ਦੀ ਨਿਕੀ ਜਿਹੀ ਕਾਕੀ, ਅਵੱਸਥਾ ਬਾਲ ਰਹੀ ਵਖਾਈਆ । ਜਿਸ ਨੇ ਸਾਂਭ ਕੇ ਰਖੀ ਪਾਤੀ, ਪਤ੍ਰਿਕਾ ਆਪਣੇ ਵਿਚ ਛੁਪਾਈਆ । ਓਸ ਦਾ ਨਾਤਾ ਨਾਲ ਕਮਲਾਪਾਤੀ, ਪਤਿਪਰਮੇਸ਼ਵਰ ਵੇਖ ਵਖਾਈਆ । ਓਸ ਦੀ ਮੰਨਣੀ ਸਾਚੀ ਆਖੀ, ਦਾਸੀ ਹੋ ਕੇ ਰਹੀ ਦ੍ਰਿੜਾਈਆ । ਪੁਰਖ ਅਕਾਲ ਸਚਖੰਡ ਨਿਵਾਸੀ, ਵਾਸਤਾ ਇਕੋ ਵਾਰ ਪਾਈਆ । ਜਨ ਭਗਤਾਂ ਜੀਵਣ ਜੁਗਤੀ ਕਰ ਰਾਸੀ, ਦੁਖੀਆਂ ਦਰਦ ਦੇ ਮਿਟਾਈਆ । ਜਿਨ੍ਹਾਂ ਦੇਣੀ ਨਹੀਂ ਜਮ ਕੀ ਫਾਸੀ, ਤਿਨ੍ਹਾਂ ਜਾਮਨ ਹੋ ਕੇ ਹੋਣਾ ਆਪ ਸਹਾਈਆ । ਕਿਸੇ ਰਹੇ ਤਾਪ ਸਰਾਪ ਨਾ ਖਾਂਸੀ, ਖ਼ਾਲਸ ਆਪਣਾ ਰੰਗ ਚੜ੍ਹਾਈਆ । ਤੇਰੀ ਮੰਜ਼ਲ ਸਭ ਤੋਂ ਔਖੀ ਘਾਟੀ, ਬਿਨ ਤੇਰੇ ਘਾਟਾ ਨਾ ਪੂਰ ਕਰਾਈਆ । ਜਗਤ ਉਡੀਕਦਿਆਂ ਮਿਟੀ ਵਾਟੀ, ਪਿਛਲਾ ਪੰਧ ਰਿਹਾ ਨਾ ਰਾਈਆ । ਕਿਰਪਾ ਕਰ ਪੁਰਖ ਅਬਿਨਾਸ਼ੀ, ਦਰ ਤੇਰੇ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮੇਟ ਕੁੜਿਆਰੀ ਕਾਤੀ, ਕਾਮਲ ਹੋ ਕੇ ਹੋ ਸਹਾਈਆ ।



## ✪ ੨੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਬੱਗਾ ਸਿੰਘ ਦੇ ਗ੍ਰਿਹ ਪਿੰਡ ਨੱਤ ਜ਼ਿਲਾ ਲੁਧਿਆਣਾ ✪

ਸਤਿਜੁਗ ਸਾਚੇ, ਸ਼ਬਦ ਅਗੰਮੀ ਮੰਨਣਾ ਕਹਿਣਾ, ਹੁਕਮ ਅੰਦਰ ਹੁਕਮ ਆਪ ਸਮਝਾਈਆ । ਗੁਰ ਅਵਤਾਰ ਪੈਗ਼ੰਬਰਾਂ ਚੁਕੇ ਲਹਿਣਾ, ਨਿਰਗੁਣ ਸਰਗੁਣ ਰਹਿਣ ਕੋਇ ਨਾ ਪਾਈਆ । ਦੋ ਜਹਾਨਾਂ ਭਾਣਾ ਬਣੇ ਸਹਿਣਾ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਨਾ ਕੋਈ ਮੇਟੇ ਮੇਟ ਮਿਟਾਈਆ । ਨਾਮ ਨਿਧਾਨ ਸ੍ਰੀ ਭਗਵਾਨ ਨਿਰਅੱਖਰ ਇਕੋ ਕਹਿਣਾ, ਅੱਖਰਾਂ ਵਾਲੀ ਵਿਦਿਆ ਨਾ ਕੋਇ ਜਣਾਈਆ । ਪੁਰਖ ਅਕਾਲ ਦੀਨ ਦਿਆਲ ਸਮਰਥ ਸਵਾਮੀ ਹੋਵੇ ਸਾਕ ਸੱਜਣ ਸੈਣਾ, ਮਿੱਤਰ ਪਿਆਰਾ ਧੁਰ ਦਰਗਾਹੀਆ । ਇਕੋ ਨਜ਼ਰੀ ਆਏ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਦਰਸ ਦਿਖਾਏ ਤੀਜੇ ਨੈਣਾ, ਲੋਚਨ ਅੱਖ ਪਰਤੱਖ ਗੁਸਾਈਂ ਦਏ ਖੁਲ੍ਹਾਈਆ । ਮਾਇਆ ਮਮਤਾ ਮੋਹ ਵਿਕਾਰ ਕਲਜੁਗ ਅੰਤ ਲਹਿਣਾ ਦੇਣਾ, ਪਰਵਰਦਿਗਾਰ ਸਾਂਝਾ ਯਾਰ ਧੱਕਾ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਾਚਾ ਨਾਮ ਦਏ ਇਕ ਰਸੈਣਾ, ਰਸੀਆ ਇਕੋ ਇਕ ਆਤਮ ਪਰਮਾਤਮ ਦਏ ਵਖਾਈਆ । ਸਤਿਜੁਗ ਸਾਚੇ, ਸਾਚਾ ਹੋਵੇ ਖੇਲ ਅਗੰਮ, ਅਲਖ ਅਗੋਚਰ ਦੇਣਾ ਜਣਾਈਆ । ਸਤਿ ਧਰਮ ਤੇਰਾ ਬੇੜਾ ਦੇਵੇ ਬੰਨ੍ਹ, ਨਈਆ ਨੌਕਾ ਆਪਣੇ ਕੰਧ ਉਠਾਈਆ । ਧੁਰ ਭੰਡਾਰਾ ਦੇਵੇ ਨਾਮ ਧਨ, ਸਚ ਖ਼ਜ਼ੀਨਾ ਤੇਰੀ ਝੋਲੀ ਪਾਈਆ । ਨਿਰਗੁਣ ਜੋਤ ਨੂਰੀ ਚਾੜ੍ਹੇ ਚੰਨ, ਕਲਜੁਗ ਕੂੜ ਅੰਧੇਰਾ ਦਏ ਮਿਟਾਈਆ । ਵਾਸਨਾ ਬੰਨ੍ਹੇ ਚਾਰ ਵਰਨ ਅਠਾਰਾਂ ਬਰਨ, ਮਨੂਆ ਮਨ ਮਮਤਾ ਮੋਹ ਨਾ ਕੋਇ ਚੁਕਾਈਆ । ਦੇਵੇ ਵਡਿਆਈ ਕਾਇਆ ਮਾਟੀ ਖ਼ਾਕੀ ਤਨ, ਤਤਵ ਤਤ ਆਪਣਾ ਦਏ ਸਮਝਾਈਆ ।

ਸਚ ਵਸੇਰਾ ਦੱਸੇ ਬਿਨ ਛੱਪਰੀ ਛੰਨ, ਸਚਖੰਡ ਦਵਾਰਾ ਏਕੰਕਾਰਾ ਆਪਣਾ ਘਰ ਦਏ ਬਣਾਈਆ । ਜਿਸਦਾ ਲੇਖਾ ਬੋਧ ਅਗਾਧ ਜੁਗ ਚੌਕੜੀ ਆਦਿ ਜੁਗਾਦਿ ਨਾ ਲਿਖਣਹਾਰਾ, ਗੁਰ ਅਵਤਾਰ ਪੈਗ਼ੰਬਰ ਨਿਉਂ ਨਿਉਂ ਬੈਠੇ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਬਣੇ ਭਿਖਾਰਾ, ਭਿੱਖਕ ਹੋ ਕੇ ਦਰ ਝੋਲੀ ਰਹੇ ਡਾਹੀਆ । ਸੋ ਸਾਹਿਬ ਸਵਾਮੀ ਅੰਤਰਜਾਮੀ ਨਿਰਗੁਣ ਨਿਰਵੈਰ ਕੁਦਰਤ ਦਾ ਮਾਲਕ ਕਰਨੀ ਦਾ ਕਰਤਾ ਆਪਣੀ ਕਰੇ ਕਾਰਾ, ਗਹਿਰ ਗੰਭੀਰ ਬੇਨਜ਼ੀਰ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਸੁਹੇਲਾ ਇਕ ਅਕੇਲਾ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਆਪਣਾ ਢੋਲਾ ਦਏ ਸੁਣਾਈਆ । ਸਤਿਜੁਗ ਸਾਚੇ ਉਠ ਵੇਖ ਖੋਲ੍ਹ ਜਾਗ, ਬਿਨ ਅੱਖਾਂ ਅੱਖ ਖੁਲ੍ਹਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਜਨ ਭਗਤਾਂ ਕਾਇਆ ਮੰਦਰ ਲਾਏ ਭਾਗ, ਨਿਰਗੁਣ ਸਰਗੁਣ ਮੇਲਾ ਮੇਲੇ ਸਹਿਜ ਸੁਭਾਈਆ । ਦੀਪਕ ਜੋਤ ਜਗਾਏ ਚਰਾਗ਼, ਦੀਵਾ ਬਾਤੀ ਕਮਲਾਪਾਤੀ ਨਾਲ ਨਾ ਕੋਇ ਰਖਾਈਆ । ਕੂੜੀ ਕਿਰਿਆ ਮਨ ਵਾਸਨਾ ਬੁਝਾਏ ਆਗ, ਅੰਮ੍ਰਿਤ ਮੇਘ ਇਕ ਬਰਸਾਈਆ । ਦੁਰਮਤ ਮੈਲ ਘਰ ਘਰ ਧੋਵੇ ਦਾਗ਼, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪੜਦਾ ਉਹਲਾ ਦਏ ਉਠਾਈਆ । ਸਾਧ ਸੰਤ ਸ੍ਰੀ ਭਗਵੰਤ ਆਪਣੇ ਹੱਥ ਪਕੜੇ ਵਾਗ, ਚਾਰ ਕੁੰਟ ਦਹਿ ਦਿਸ਼ਾ ਵੇਖਣਹਾਰਾ ਥਾਉਂ ਥਾਈਂਆ । ਸਤਿ ਧਰਮ ਤੇਰਾ ਖੇੜਾ ਕਰ ਆਬਾਦ, ਆਬਾਦੀ ਭਗਤਾਂ ਨਾਲ ਰਖਾਈਆ । ਸਭ ਦੇ ਅੰਤਰ ਨਿਰੰਤਰ ਤੇਰੀ ਇਕੋ ਹੋਵੇ ਆਵਾਜ਼, ਤੂੰ ਮੇਰਾ ਮੈਂ ਤੇਰਾ ਢੋਲਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਦਰ ਮਹੱਲ ਅਟਲ ਉਚ ਮਨਾਰ ਵਖਾਏ ਅਗੰਮੀ ਮਹਿਰਾਬ, ਜਿਥੇ ਮਹਿਬੂਬ ਹੋ ਕੇ ਆਪਣਾ ਖੇਲ ਖਿਲਾਈਆ । ਸਤਿਜੁਗ ਸਾਚੇ, ਸਾਚੇ ਨਾਮ ਦਾ ਇਕੋ ਹੋਵੇ ਪਰਚਾਰ, ਚਾਰ ਕੁੰਟ ਦਹਿ ਦਿਸ਼ਾ ਇਕੋ ਡੰਕਾ ਦਿਆਂ ਵਜਾਈਆ । ਖ਼ੁਸ਼ੀਆਂ ਮਨਾਵਣ ਪੈਗ਼ੰਬਰ ਗੁਰੂ ਅਵਤਾਰ, ਸਚਖੰਡ ਦਵਾਰੇ ਇਕੋ ਤੇਰੇ ਨਾਮ ਵੱਜੇ ਵਧਾਈਆ । ਭਗਤ ਸੁਹੇਲੇ ਨਿਉਂ ਨਿਉਂ ਕਰਨ ਨਿਮਸਕਾਰ, ਸੂਫ਼ੀ ਫ਼ਕੀਰ ਸਜਦਿਆਂ ਵਿਚ ਸੀਸ ਨਿਵਾਈਆ । ਕੁਦਰਤ ਦੇ ਕ਼ਾਦਰ ਤੇਰੇ ਚਰਨ ਕਵਲ ਬਲਿਹਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਹਰਿ ਜਗਦੀਸ ਨਵ ਨੌਂ ਚਾਰ ਤੇਰੀ ਧਾਰ, ਧਰਮ ਦਵਾਰਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਦੀਨ ਦੁਨੀ ਵੇਖੇ ਥਾਉਂ ਥਾਈਆ । ਸਤਿਜੁਗ ਸਾਚੇ, ਸਾਚੇ ਨਾਮ ਦਾ ਵੇਖਣਾ ਰੰਗ, ਰੰਗ ਅਨਡਿਠੜਾ ਦਏ ਜਣਾਈਆ । ਘਰ ਘਰ ਵਜਾਏ ਅਗੰਮਾ ਮਰਦੰਗ, ਬਿਨ ਤੰਦ ਸਿਤਾਰ ਹਿਲਾਈਆ । ਆਤਮ ਪਰਮਾਤਮ ਦੇ ਅਨੰਦ, ਪਰਮਾਨੰਦ ਵਿਚ ਸਮਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦ, ਸਹਿੰਸਾ ਅੰਦਰੋਂ ਦਏ ਕਢਾਈਆ । ਭੇਵ ਖੁਲ੍ਹਾ ਕੇ ਬ੍ਰਹਮ ਹੰ, ਪਾਰਬ੍ਰਹਮ ਆਪਣੇ ਘਰ ਵਸਾਈਆ । ਚਲੇ ਚਤੁਰਾਈ ਨਾ ਮਨੂਆ ਮਨ, ਮਨ ਕਾ ਮਣਕਾ ਦਏ ਭਵਾਈਆ । ਜਗਤ ਵਿਕਾਰ ਹੰਕਾਰ ਸ਼ਬਦ ਸਤਿਗੁਰ ਦੇਵੇ ਡੰਨ, ਡੰਕਾ ਇਕੋ ਇਕ ਵਜਾਈਆ । ਸ੍ਰਿਸ਼ਟ ਸਬਾਈ ਦੀਨ ਦੁਨੀ ਕਾਇਨਾਤ ਨਾਮ ਭੰਡਾਰਾ ਦੇਵੇ ਅਗੰਮੀ ਧਨ, ਧਰਮ ਦਵਾਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਲੋਕਮਾਤ ਮਾਰ ਝਾਤ, ਇਕ ਇਕੱਲਾ ਸਚ ਮਹੱਲਾ ਭਗਤ ਦਵਾਰਾ ਦਏ ਵਖਾਈਆ ।

✪ ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਹਿ ਗੋਬਿੰਦ ਪੁਰਾ ਜ਼ਿਲਾ ਜਲੰਧਰ ✪

ਕਿਰਪਾ ਕਰੇ ਪੁਰਖ ਅਕਾਲ, ਦੀਨ ਦਿਆਲ ਦਇਆ ਕਮਾਈਆ । ਲੇਖਾ ਜਾਣੇ ਦੋ ਜਹਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਹੁਕਮ ਸੰਦੇਸਾ ਦੇਵੇ ਧੁਰ ਫ਼ਰਮਾਨ, ਸ਼ਬਦੀ ਸ਼ਬਦ ਕਰੇ ਸ਼ਨਵਾਈਆ । ਸਤਿਜੁਗ ਉਠ ਦੁਲਾਰੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਮਿਹਰਵਾਨ ਮਹਿਬੂਬ ਸਚ ਦਵਾਰ ਵਖਾਏ ਸਚੀ ਧਰਮਸਾਲ, ਛੱਪਰ ਛੰਨ ਨਾ ਕੋਇ ਛੁਹਾਈਆ । ਦੀਵਾ ਬਾਤੀ ਕਮਲਾਪਾਤੀ ਜੋਤ ਜਗਾਏ ਬੇਮਿਸਾਲ, ਜਿਸ ਦੀ ਮਿਸਲ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਅੰਤਰਜਾਮੀ ਭੇਵ ਅਭੇਦਾ ਅਛਲ ਅਛੇਦਾ ਆਪਣਾ ਆਪ ਖੁਲ੍ਹਾਈਆ । ਸਤਿਜੁਗ ਸਾਚੇ ਉਠ ਬਲਧਾਰ, ਪੁਰਖ ਅਕਾਲ ਦਏ ਵਡਿਆਈਆ । ਧਰਨੀ ਧਰਤ ਵੇਖ ਗ਼ਰੀਬਾਂ ਹਾਲ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਲਜੁਗ ਕੂੜਾ ਚਾਰ ਕੁੰਟ ਵੱਜੇ ਤਾਲ, ਸਤਿ ਧਰਮ ਦਵਾਰ ਮੁਹੱਬਤ ਨਾ ਕੋਇ ਦਿਸਾਈਆ । ਸਚ ਮੁਰੀਦਾਂ ਪੁਛੇ ਕੋਇ ਨਾ ਹਾਲ, ਮੁਰਸ਼ਦ ਧੁਰ ਦਾ ਨਜ਼ਰ ਕੋਇ ਨਾ ਆਈਆ । ਤ੍ਰੈਗੁਣ ਮਾਇਆ ਤੋੜੇ ਨਾ ਕੋਇ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਸਿਰ ਤੇ ਕੂਕੇ ਕਾਲ, ਅਗੇ ਹੋ ਨਾ ਕੋਇ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਨਰ ਨਰਾਇਣ ਇਕੋ ਇਕ ਦ੍ਰਿੜਾਈਆ । ਸਤਿਜੁਗ ਸਾਚੇ ਉਠ ਉਠ ਵੇਖ, ਹਰਿ ਕਰਤਾ ਆਪ ਵਖਾਈਆ । ਕਰੇ ਖੇਲ ਨਰ ਨਰੇਸ਼, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਜੋਤੀ ਜਾਤਾ ਧਰ ਵੇਸ, ਦੇਸ ਪ੍ਰਦੇਸਾ ਖੋਜ ਖੁਜਾਈਆ । ਜਿਸ ਦਾ ਬੋਧ ਅਗਾਧਾ ਸ਼ਬਦ ਅਨਾਦਾ ਅਗੰਮੀ ਲੇਖ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਭੇਵ ਕੋਇ ਨਾ ਪਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਸ਼ਾਹ ਮਹਿਬੂਬ ਮੁਹੱਬਤ ਵਿਚ ਦੱਸੇ ਭੇਦ, ਭੇਵ ਅਭੇਦਾ ਅਛਲ ਅਛੇਦਾ ਆਪਣਾ ਦਏ ਵਖਾਈਆ । ਕਲਜੁਗ ਕੂੜੀ ਕਿਰਿਆ ਦਹਿ ਦਿਸ਼ਾ ਚਾਰ ਕੁੰਟ ਮੇਟਣਹਾਰਾ ਰੇਖ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਦਏ ਮਿਟਾਈਆ । ਸਭ ਦੀ ਸੁਰਤੀ ਕਰ ਕੇ ਚੇਤਨ ਚੇਤ, ਚਾਰ ਵਰਨ ਅਠਾਰਾਂ ਬਰਨ ਆਲਸ ਨਿੰਦਰਾ ਦਏ ਮਿਟਾਈਆ । ਹਰ ਘਟ ਨਜ਼ਰੀ ਆਏ ਨੇਤਨ ਨੇਤ, ਦੂਰ ਦੁਰਾਡਾ ਆਪਣਾ ਪੰਧ ਮੁਕਾਈਆ । ਸੁਹਾਵਣਹਾਰਾ ਆਤਮ ਸਾਚੀ ਸੇਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਤੇਰੀ ਸਾਚੀ ਰੁੱਤ, ਆਪ ਸੁਹਾਏ ਅਬਿਨਾਸ਼ੀ ਅਚੁਤ, ਪਾਰਬ੍ਰਹਮ ਦੇਵਣਹਾਰਾ ਵਡਿਆਈਆ । ਸਤਿਜੁਗ ਸਾਚੇ ਉਠ ਬਾਲ ਨਿਧਾਨ, ਨੱਢੇ ਬਾਲੇ ਚਾਈਂ ਚਾਈਆ । ਸ਼ਬਦ ਅਗੰਮੀ ਇਕ ਗਿਆਨ, ਨਿਰਅੱਖਰ ਕਰਾਂ ਪੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਰ ਪ੍ਰਧਾਨ, ਵਿਸ਼ਨ ਬ੍ਰਹਮਾ ਸ਼ਿਵ ਮਿਲ ਕੇ ਢੋਲਾ ਗਾਈਆ । ਦੇਵਤ ਸੁਰ ਸੀਸ ਝੁਕਾਣ, ਰਿਖ ਮੁਨ ਖ਼ੁਸ਼ੀ ਮਨਾਈਆ । ਭਗਤ ਜਨ ਜਾਣ ਦਰਗਾਹ ਕੁਰਬਾਨ, ਨਿਉਂ ਨਿਉਂ ਲਾਗਣ ਪਾਈਆ । ਲੱਖ ਚੁਰਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਦੇਵੇ ਦਾਨ, ਦਾਤਾ ਦਾਨੀ ਹੋਏ ਆਪ ਸਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਰਨਾ ਪਏ ਪ੍ਰਵਾਨ, ਪਰਮ ਪੁਰਖ ਪਰਮਾਤਮ ਆਤਮ ਮੇਲਾ ਲਏ ਮਿਲਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਸ਼ਾਹ ਸੁਲਤਾਨ ਆਪਣਾ ਹੁਕਮ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਤੇਰਾ ਰਾਹ ਧੁਰ ਦਾ ਆਪ

ਚਲਾਏ ਅਗੰਮ ਅਥਾਹ ਬੇਪ੍ਰਵਾਹ ਆਪਣਾ ਹੁਕਮ ਮਨਾਈਆ । ਸਤਿਜੁਗ ਸਾਚੇ ਉਠ ਤੱਕ, ਬਿਨ ਅੱਖਾਂ ਅੱਖ ਖੁਲ੍ਹਾਈਆ । ਕਰੇ ਖੇਲ ਪੁਰਖ ਸਮਰਥ, ਪਤਿਪਰਮੇਸ਼ਵਰ ਆਪਣਾ ਵੇਸ ਵਟਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਸ਼ਬਦੀ ਡੋਰ ਪਾਏ ਨੱਥ, ਮਨ ਵਾਸਨਾ ਕੂੜੀ ਕਿਰਿਆ ਕਪਟ ਦਰ ਰਹਿਣ ਕੋਇ ਨਾ ਪਾਈਆ । ਭਗਤ ਸੁਹੇਲਾ ਇਕ ਇਕੇਲਾ ਨਿਜ ਨੇਤਰ ਖੋਲ੍ਹੇ ਅੱਖ, ਪ੍ਰਤੱਖ ਨਜ਼ਰੀ ਆਏ ਸਰਬ ਗੁਸਾਈਆਂ । ਤੂੰ ਮੇਰਾ ਮੈਂ ਤੇਰਾ ਭੇਵ ਅਭੇਦਾ ਖੋਲ੍ਹੇ ਸਚ, ਪਾਰਬ੍ਰਹਮ ਬ੍ਰਹਮ ਪੜਦਾ ਦਏ ਉਠਾਈਆ । ਭਾਗ ਲਗਾਏ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮਹਿੰਮਾ ਦੱਸ ਅਕੱਥ, ਰਸਨਾ ਜਿਹਵਾ ਬੱਤੀ ਦੰਦ ਲਹਿਣਾ ਦਏ ਮੁਕਾਈਆ । ਸਤਿਜੁਗ ਸਾਚੇ, ਉਠ ਵੇਖ ਅਗੰਮ ਅਥਾਹ ਨਜ਼ਾਰਾ, ਬੇਨਜ਼ੀਰ ਦਏ ਵਖਾਈਆ । ਜਿਸ ਦਾ ਹੁਕਮ ਚਲੇ ਜੁਗ ਚਾਰਾ, ਸਤਿਜੁਗ ਤਰੇਤਾ ਦਵਾਪਰ ਕਲਜੁਗ ਨਾ ਕੋਇ ਮੇਟੇ ਮੇਟ ਮਿਟਾਈਆ । ਸੋ ਕਲ ਕਲਕੀ ਲਏ ਅਵਤਾਰਾ, ਨਿਹਕਲੰਕ ਰਾਓ ਰੰਕ ਇਕੋ ਡੰਕ ਦਏ ਸੁਣਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕਰੇ ਇਜ਼ਹਾਰਾ, ਸਿਫ਼ਤਾਂ ਅੰਦਰ ਸਿਫ਼ਤੀ ਢੋਲੇ ਗਾਈਆ । ਜਿਸ ਦੀ ਆਸਾ ਰਖ ਕੇ ਗਏ ਗੁਰੂ ਅਵਤਾਰਾ, ਪੈਗੰਬਰ ਹੋ ਕੇ ਸਜਦਾ ਸੀਸ ਨਿਵਾਈਆ । ਸੋ ਲੇਖਾ ਜਾਣੇ ਧੁਰ ਦਰਬਾਰਾ, ਨਿਰਗੁਣ ਸਰਗੁਣ ਖੇਲੇ ਖੇਲ ਅਪਰ ਅਪਾਰਾ, ਅਪਰੰਪਰ ਸਵਾਮੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਸਚ ਸਲਾਹ ਦੇਵਣਹਾਰਾ ਬੇਪ੍ਰਵਾਹ, ਸ਼ਬਦੀ ਸਤਿਗੁਰ ਇਕ ਮਲਾਹ, ਬੇੜਾ ਚਾਰ ਕੁੰਟ ਦਹਿ ਦਿਸ਼ਾ ਆਪਣੇ ਕੰਧ ਉਠਾਈਆ । ਸਤਿਜੁਗ ਸਾਚੇ ਉਠ ਨੇਤਰ ਆਪਣਾ ਖੋਲ੍ਹ, ਖ਼ਾਲਕ ਖ਼ਲਕ ਰਿਹਾ ਸਮਝਾਈਆ । ਸ਼ਬਦ ਅਗੰਮੀ ਕੰਡੇ ਤੋਲ, ਜਗਤ ਤਰਾਜੂ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਬੋਲ, ਆਤਮ ਪਰਮਾਤਮ ਮੇਲਾ ਰਿਹਾ ਕਰਾਈਆ । ਸ਼ਬਦ ਅਗੰਮੀ ਵਜਾ ਕੇ ਢੋਲ, ਧੁਨ ਆਤਮਕ ਰਾਗ ਸੁਣਾਈਆ । ਬਜਰ ਕਪਾਟੀ ਪੜਦਾ ਖੋਲ੍ਹ, ਨਿਜ ਲੋਚਨ ਕਰੇ ਰੁਸ਼ਨਾਈਆ । ਸਤਿ ਸਰੂਪੀ ਹੋ ਕੇ ਜਾਏ ਮੌਲ, ਮੌਲਾ ਆਪਣੀ ਕਾਰ ਕਮਾਈਆ । ਕਰੇ ਪ੍ਰਕਾਸ਼ ਉਪਰ ਧਰਨੀ ਧਰਤ ਧੌਲ, ਧਵਲ ਧਰਮ ਦਵਾਰਾ ਇਕ ਸੁਹਾਈਆ । ਗੁਰ ਗੋਬਿੰਦ ਲੇਖਾ ਪੂਰਾ ਕਰੇ ਕੀਤਾ ਕੌਲ, ਕੌਲ ਆਪਣਾ ਤੋੜ ਨਿਭਾਈਆ । ਜਿਸ ਨੂੰ ਸਮਝੇ ਕੋਈ ਨਾ ਪਾਂਧਾ ਰੌਲ, ਬੁਧੀਵਾਨ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਲੇਖਾ ਦਏ ਸਮਝਾਈਆ । ਸਤਿਜੁਗ ਸਾਚੇ, ਤੇਰਾ ਲੇਖਾ ਦੱਸੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਸ੍ਰਿਸ਼ਟੀ ਦ੍ਰਿਸ਼ਟੀ ਦੇਣਾ ਜਾਪ, ਇਸ਼ਟੀ ਇਕੋ ਨੂਰ ਰੁਸ਼ਨਾਈਆ । ਰੂਹ ਬੁਤ ਦੋਵੇਂ ਕਰਨੇ ਪਾਕ, ਪਤਿਤ ਪੁਨੀਤ ਆਪ ਬਣਾਈਆ । ਬੰਦ ਕਿਵਾੜੀ ਖੋਲ੍ਹ ਕੇ ਤਾਕ, ਪੜਦਾ ਅਦੰਰੋਂ ਦੇਣਾ ਉਠਾਈਆ । ਸ਼ਬਦ ਅਗੰਮੀ ਸੁਣਾ ਕੇ ਨਾਦ, ਧੁਨ ਅਗੰਮ ਕਰੇ ਸ਼ਨਵਾਈਆ । ਨਿਰਗੁਣ ਜੋਤ ਕਰ ਪ੍ਰਕਾਸ਼, ਅੰਧ ਅੰਧੇਰਾ ਦੇਣਾ ਗਵਾਈਆ । ਜਨ ਭਗਤਾਂ ਦੇ ਧਰਵਾਸ, ਭਰਮ ਭੁਲੇਖਾ ਦੇਣਾ ਮਿਟਾਈਆ । ਸਾਚੇ ਮੰਦਰ ਵਖਾ ਆਪਣੀ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਅੰਮ੍ਰਿਤ ਧਾਰ ਬੁਝਾ ਕੇ ਪਿਆਸ, ਨਿਝਰ ਝਿਰਨਾ ਦੇਣਾ ਝਿਰਾਈਆ । ਅੰਦਰ ਮੇਟ ਅੰਧਰੀ ਰਾਤ, ਨਿਰਗੁਣ ਜੋਤ ਕਰ ਪ੍ਰਕਾਸ਼, ਦਰਸ ਵਖਾ ਕੇ ਇਕ ਇਕਾਂਤ, ਇਕ ਮਹੱਲਾ ਦੇਣਾ ਵਸਾਈਆ । ਜਿਥੇ ਰਸਨਾ ਜਿਹਵਾ ਕੋਈ ਨਾ ਕਰੇ ਬਾਤ, ਉਚੀ ਕੂਕ

ਨਾ ਕੋਇ ਅਲਾਈਆ । ਰਸ ਮਾਣੇ ਕੋਈ ਨਾ ਰਾਗ, ਰਾਗਨੀ ਚਲੇ ਨਾ ਕੋਇ ਚਤੁਰਾਈਆ । ਦੀਨ ਦੁਨੀ ਦਾ ਹੋਵੇ ਤਿਆਗ, ਵਾਸਨਾ ਵਿਚ ਨਾ ਕੋਇ ਫ਼ਸਾਈਆ । ਇਕੋ ਆਤਮ ਹੋਵੇ ਵੈਰਾਗ, ਪਰਮਾਤਮ ਮਿਲ ਕੇ ਵੱਜੇ ਵਧਾਈਆ । ਸਤਿ ਦਵਾਰੇ ਲੱਗੇ ਭਾਗ, ਭਗਵਨ ਮਿਲੇ ਬੇਪਰਵਾਹੀਆ । ਦੀਪਕ ਜੋਤ ਜਗੇ ਚਿਰਾਗ਼, ਚਰਾਗਾਹਾਂ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਹੋ ਵਿਸਮਾਦ, ਬਿਸਮਿਲ ਆਪਣਾ ਆਪ ਕਰਾਈਆ । ਸਚਖੰਡ ਦਵਾਰੇ ਹੋ ਆਬਾਦ, ਨਾਤਾ ਇਕੋ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਤੇਰਾ ਪੜਦਾ ਉਹਲਾ, ਪੁਰਖ ਅਕਾਲ ਚੁਕਾਏ ਬਣ ਵਿਚੋਲਾ, ਸੋਹਲਾ ਢੋਲਾ ਧੁਰ ਦਾ ਆਪ ਸੁਣਾਈਆ । ਸਤਿਜੁਗ ਸਾਚੇ, ਤੇਰੇ ਨਾਮ ਦਾ ਹੋਵੇ ਇਕ ਜੈਕਾਰਾ, ਬ੍ਰਹਿਮੰਡ ਖੰਡ ਸਿਫ਼ਤ ਸਾਲਾਹੀਆ । ਦੋ ਜਹਾਨ ਵਸੇ ਇਕ ਦਵਾਰਾ, ਦੂਜਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਸਭ ਦਾ ਹੋਵੇ ਮੀਤ ਮੁਰਾਰਾ, ਮਿੱਤਰ ਧੁਰ ਦਾ ਨੂਰ ਖ਼ੁਦਾਈਆ । ਜਿਸ ਦਾ ਮਹੱਲ ਅਟਲ ਉਚ ਮਨਾਰਾ, ਮੁਕਾਮੇ ਹੱਕ ਡੇਰਾ ਲਾਈਆ । ਜਿਸ ਦੇ ਵਿਸ਼ਨ ਬ੍ਰਹਮਾ ਸ਼ਿਵ ਖ਼ਿਦਮਤਗਾਰਾ, ਗੁਰ ਅਵਤਾਰ ਪੈਗ਼ੰਬਰ ਜੁਗ ਜੁਗ ਸੇਵ ਕਮਾਈਆ । ਜਿਸ ਦਾ ਨਾਮ ਸਦਾ ਚਲੇ ਜੁਗ ਚਾਰਾ, ਜੁਗ ਚੌਕੜੀ ਆਪਣੇ ਹੁਕਮ ਭਵਾਈਆ । ਸੋ ਕਲਜੁਗ ਅੰਤਮ ਕਰੇ ਪਾਰ ਕਿਨਾਰਾ, ਕੂੜੀ ਕਿਰਿਆ ਦਏ ਰੁੜ੍ਹਾਈਆ । ਸਤਿਜੁਗ ਸਾਚੇ, ਤੇਰੇ ਨਾਮ ਦਾ ਹੋਵੇ ਜਗਤ ਪਸਾਰਾ, ਪਸਰ ਪਸਾਰੀ ਵੇਖ ਵਖਾਈਆ । ਧੁਰ ਦੇ ਨਾਮ ਦਾ ਡੰਕਾ ਵੱਜੇ ਅਪਾਰਾ, ਰਾਉ ਰੰਕਾ ਆਪ ਉਠਾਈਆ । ਸਚ ਲਗਾ ਇਕ ਦਰਬਾਰਾ, ਧੁਰ ਦਰਬਾਰੀ ਦਇਆ ਕਮਾਈਆ । ਚਾਰ ਵਰਨ ਅਠਾਰਾਂ ਬਰਨ ਬਣ ਸਹਾਰਾ, ਸਹਾਇਤਾ ਆਪਣੀ ਦਏ ਜਣਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬਖ਼ਸ਼ੇ ਇਕੋ ਨਾਮ ਅਧਾਰਾ, ਆਅਲਾ ਅਦਨਾ ਇਕੋ ਰੰਗ ਰੰਗਾਈਆ ।

## ✪ ੩੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਮਹਿਲ ਸਿੰਘ ਦੇ ਗ੍ਰਹਿ ਪਿੰਡ ਸੰਗਤਪੁਰਾ ਜ਼ਿਲਾ ਜਲੰਧਰ ✪

ਸਤਿਜੁਗ ਸਾਚੇ, ਕੂੜੀ ਕਿਰਿਆ ਰਹੇ ਕੋਈ ਨਾ ਸੀਮਾ, ਸਵਾਮੀ ਅੰਤਰਜਾਮੀ ਦਇਆ ਕਮਾਈਆ । ਇਕੋ ਰੂਪ ਦਰਸਾਏ ਲੋਕ ਤੀਨਾਂ, ਤ੍ਰੈਗੁਣ ਲੇਖਾ ਤ੍ਰੈਭਵਣ ਦਏ ਮੁਕਾਈਆ । ਕਾਇਆ ਚੋਲੀ ਅਗੰਮੀ ਚਾੜ੍ਹੇ ਰੰਗ ਭੀਨਾ, ਭਿੰਨੜੀ ਰੈਣ ਮਿਲ ਕੇ ਵੱਜੇ ਵਧਾਈਆ । ਜਨ ਭਗਤਾਂ ਠਾਂਡਾ ਕਰੇ ਸੀਨਾ, ਸੀਨਾ ਬਸੀਨਾ ਆਪਣਾ ਨਾਮ ਜਪਾਈਆ । ਵਿਛੋੜਾ ਰਹੇ ਨਾ ਜਲ ਮੀਨਾ, ਮਿਲਣੀ ਜਗਦੀਸ਼ ਆਤਮ ਪਰਮਾਤਮ ਦਏ ਕਰਾਈਆ । ਧੁਰ ਦਾ ਨਾਮ ਗੁਰ ਅਵਤਾਰ ਚੀਨਾ, ਚੌਥੇ ਜੁਗ ਦਏ ਮਾਣ ਵਡਿਆਈਆ । ਲੇਖਾ ਜਾਣੇ ਆਕਾਸ਼ ਪਾਤਾਲ ਉਤੇ ਜ਼ਮੀਨਾ, ਜ਼ਾਮਨ ਹੋ ਕੇ ਜ਼ਮੀਰ ਦਏ ਬਦਲਾਈਆ । ਗੁਰਮੁਖਾਂ ਹੋਣਾ ਪਏ ਨਾ ਕਿਸੇ ਅਧੀਨਾ, ਅਦਲ ਇਨਸਾਫ ਆਪਣੇ ਹੱਥ ਰਖਾਈਆ । ਗੁਰਮੁਖ ਰਹੇ ਨਾ ਕੋਇ ਕਮੀਨਾ, ਬੁਧ ਬਿਬੇਕ ਆਪਣੇ ਨਾਮ ਕਰਾਈਆ । ਸਭ ਦਾ ਲੇਖੇ ਲਾਏ ਆਪਣਾ ਜੀਣਾ, ਜੀਵਣ ਜੁਗਤ ਦੇਵੇ ਮਾਣ ਵਡਿਆਈਆ । ਸ਼ਰਅ ਅੰਦਰ ਹੋਣਾ ਪਏ ਨਾ ਨੀਵਾਂ, ਸ਼ਰੀਅਤ ਅਸਲੀਅਤ ਵਾਲੀ ਦ੍ਰਿੜ੍ਹਾਈਆ । ਸੰਤ ਸੁਹੇਲਾ ਬਣਾ ਕੇ ਅਗੰਮੀ ਨਗੀਨਾ, ਜਿਸ ਦੀ ਕ਼ੀਮਤ ਸ੍ਰਿਸ਼ਟ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਆਪਣਾ ਰੰਗ ਰੰਗਾਈਆ । ਸਤਿਜੁਗ ਸਾਚੇ ਸਾਚੀ ਵਸਤ ਦੇਵਾਂ ਵਿਸ਼ੇਸ਼, ਵਿਸ਼ਵ

ਆਪਣੀ ਧਾਰ ਚਲਾਈਆ । ਨਾਮ ਅਗੰਮਾ ਦੇ ਸੰਦੇਸ਼, ਸਹਿੰਸਿਆਂ ਵਿਚੋਂ ਬਾਹਰ ਕਢਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਆਦੇਸ, ਸਜਦਿਆਂ ਵਿਚ ਸੀਸ ਨਿਵਾਈਆ । ਡੰਡਾਵਤ ਬੰਦਨਾ ਕਰੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਗਣਪਤ ਇਕੋ ਓਟ ਤਕਾਈਆ । ਮਾਲਕ ਨਜ਼ਰੀ ਆਵੇ ਨਰ ਨਰੇਸ਼, ਨਰ ਨਰਾਇਣ ਧੁਰ ਦਰਗਾਹੀਆ । ਆਦਿ ਜੁਗਾਦੀ ਸਭ ਦਾ ਲੇਖਾ ਜਾਣੇ ਲੇਖ, ਲਿਖਤ ਭਵਿਖਤ ਆਪਣੇ ਵਿਚੋਂ ਪਰਗਟਾਈਆ । ਕੌਲ ਇਕਰਾਰ ਪੂਰਾ ਕਰੇ ਗੁਰ ਗੁਰ ਦਸਮੇਸ਼, ਦਹਿ ਦਿਸ਼ਾ ਵੇਖੇ ਥਾਉਂ ਥਾਈਂਆ । ਗੁਰਮੁਖ ਸੰਤ ਸੁਹੇਲੇ ਬਾਲ ਜਵਾਨੀ ਤੱਕੇ ਅਲ੍ਹੜ ਵਰੇਸ, ਨੌਜਵਾਨਾ ਮਰਦ ਮਰਦਾਨਾ ਖੋਜ ਖੁਜਾਈਆ । ਸਚ ਦਵਾਰ ਏਕੰਕਾਰ ਵਖਾਵੇ ਆਪਣਾ ਦੇਸ, ਦਹਿ ਦਿਸ਼ਾ ਪੜਦਾ ਉਹਲਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰ ਏਕੰਕਾਰ ਅਕਲ ਕਲਧਾਰੀ ਏਕੋ ਏਕ ਪਰਗਟਾਈਆ । ਸਤਿਜੁਗ ਸਾਚੇ, ਨਮੋ ਨਮੋ ਕਰੇ ਸ਼ਿਵ ਸ਼ਕਤੀ, ਸ਼ਵੈ ਆਪਣਾ ਰੂਪ ਬਦਲਾਈਆ । ਕਿਰਪਾ ਕਰੇ ਪੁਰਖ ਅਕਾਲ ਇਕੋ ਵਿਅਕਤੀ, ਵੇਲਾ ਵਕਤ ਦਏ ਗਵਾਹੀਆ । ਨਾਮ ਨਿਧਾਨ ਦੱਸ ਕੇ ਧੁਰ ਦੀ ਭਗਤੀ, ਭਗਵਨ ਭਗਤ ਦਏ ਤਰਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਪੰਗਤੀ, ਪੰਜਾਂ ਵਿਚੋਂ ਬਾਹਰ ਕਢਾਈਆ । ਆਤਮ ਬ੍ਰਹਮ ਦੇ ਕੇ ਸ਼ਕਤੀ, ਸ਼ਖ਼ਸੀਅਤ ਆਪਣੀ ਦਏ ਦ੍ਰਿੜਾਈਆ । ਲੱਖ ਚੁਰਾਸੀ ਵਿਚੋਂ ਵੱਖਰੀ ਹਸਤੀ, ਹਰਿ ਕਰਤਾ ਆਪਣੀ ਦਏ ਸਮਝਾਈਆ । ਨਾਮ ਖ਼ੁਮਾਰੀ ਚਾੜ੍ਹ ਕੇ ਮਸਤੀ, ਮਸਤ ਮਸਤਾਨਾ ਦਏ ਬਣਾਈਆ । ਕਾਇਆ ਕਾਅਬਾ ਵਖਾ ਕੇ ਧੁਰ ਦੀ ਬਸਤੀ, ਹਰਿ ਮੰਦਰ ਇਕੋ ਇਕ ਸਮਝਾਈਆ । ਧਾਰ ਨਿਕਲੇ ਅੰਦਰੋਂ ਆਤਮ ਪਰਮਾਤਮ ਜਿਸ ਦੀ, ਦੂਜਾ ਰਾਗ ਨਾ ਕੋਇ ਅਲਾਈਆ । ਗੁਰਮੁਖ ਸਵਾਣੀ ਹਰਿ ਸਤਿਗੁਰ ਦਵਾਰੇ ਵਸਦੀ, ਵਾਸਤਾ ਇਕੋ ਨਾਲ ਜੁੜਾਈਆ । ਜਿਥੇ ਲੋੜ ਨਹੀਂ ਇਸ਼ਾਰੇ ਵਾਲੀ ਅੱਖ ਦੀ, ਬਿਨ ਅੱਖਾਂ ਕਰੇ ਪੜ੍ਹਾਈਆ । ਖੇਲ ਵਖਾ ਕੇ ਨਿਰਗੁਣ ਨੂਰ ਜੋਤ ਪਰਤੱਖ ਦੀ, ਪਾਰਬ੍ਰਹਮ ਬੇਪਰਵਾਹੀਆ । ਭਗਤ ਭਗਵਾਨ ਧਾਰ ਚਲਾਏ ਸਚ ਦੀ, ਸੁਚ ਸੰਜਮ ਆਪਣੇ ਵਿਚੋਂ ਪਰਗਟਾਈਆ । ਭਾਗ ਲਗਾਵੇ ਕਾਇਆ ਮਾਟੀ ਕੱਚ ਦੀ, ਕੰਚਨਗੜ੍ਹ ਆਪ ਵਖਾਈਆ । ਮਨੂਆ ਧਾਰ ਫਿਰੇ ਨਾ ਨੱਚਦੀ, ਸ਼ਬਦੀ ਡੋਰੀ ਤੰਦ ਬੰਧਾਈਆ । ਖੇਲ ਜਾਣ ਹਕ਼ੀਕਤ ਹੱਕ ਦੀ, ਅਸਲੀਅਤ ਆਪਣੀ ਦਏ ਵਖਾਈਆ । ਧਾਰ ਚੁਆਏ ਅੰਮ੍ਰਿਤ ਨਿਜ ਰਸ ਦੀ, ਰਸਤਾ ਧੁਰ ਦਾ ਇਕ ਸਮਝਾਈਆ । ਮਿਲਣੀ ਹੋਵੇ ਪੁਰਖ ਅਕਾਲ ਸਮਰਥ ਦੀ, ਸਾਹਿਬ ਸਤਿਗੁਰ ਮਿਲ ਕੇ ਵੱਜੇ ਵਧਾਈਆ । ਸਤਿਜੁਗ ਸਾਚੇ ਜਨ ਭਗਤਾਂ ਆਤਮ ਸਦਾ ਪਰਮਾਤਮ ਦਵਾਰੇ ਵਸਦੀ, ਦੂਜੇ ਦਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਜਣਾਏ ਆਪਣੀ ਧਾਰ ਪਰਗਟ ਦੀ, ਪਰਗਟ ਹੋ ਕੇ ਆਪਣਾ ਹੁਕਮ ਵਰਤਾਈਆ ।


੧੨੦੧
੧੯

### ✪ ੩੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੨ ਸਾਧੂ ਸਿੰਘ ਦੇ ਗ੍ਰਿਹਿ ਪਿੰਡ ਸੰਗਤ ਪੁਰਾ ਜ਼ਿਲਾ ਜਲੰਧਰ ✪

ਸਤਿਜੁਗ ਸਾਚੇ, ਸਾਚਾ ਨਾਮ ਦੇਵੇ ਪ੍ਰਭ ਪੂਰਨ, ਪੂਰਨ ਪਰਮੇਸ਼ਵਰ ਏਕਾ ਏਕ ਦਏ ਵਡਿਆਈਆ । ਆਸਾ ਮਨਸਾ ਰਹੇ ਨਾ ਕੋਇ ਅਧੂਰਨ, ਸਗਲ ਵਸੂਰੇ ਦਏ ਗਵਾਈਆ । ਕਲਜੁਗ ਕਿਰਿਆ ਮੇਟੇ ਕੂੜ ਕੂੜਨ, ਮਮਤਾ ਮੋਹ ਵਿਕਾਰ ਗਵਾਈਆ । ਸਚ ਪ੍ਰੀਤੀ ਬਖ਼ਸ਼ੇ ਚਰਨ ਧੂੜਨ,

ਟਿੱਕੇ ਮਸਤਕ ਆਪ ਲਗਾਈਆ । ਨਜ਼ਰੀ ਆਏ ਹਾਜ਼ਰ ਹਜ਼ੂਰਨ, ਹਜ਼ਰਤ ਇਕੋ ਸ਼ਹਿਨਸ਼ਾਹੀਆ । ਭਗਤ ਬੇਨੰਤੀ ਕਰੇ ਮਨਜ਼ੂਰਨ, ਸੰਤ ਸੁਹੇਲੇ ਅੰਗ ਲਗਾਈਆ । ਜੋ ਵਸਿਆ ਦੂਰ ਦੂਰਨ, ਨੇਰਨ ਨੇਰਾ ਹੋ ਕੇ ਪੜਦਾ ਦਏ ਉਠਾਈਆ । ਸਰਬ ਕਲਾ ਬਣ ਭਰਪੂਰਨ, ਪ੍ਰਭ ਦੇਵੇ ਮਾਣ ਵਡਿਆਈਆ । ਸ਼ਬਦ ਅਨੁਰਾਗ ਉਪਜਾ ਤੂਰਨ, ਸਚ ਖ਼ੁਮਾਰੀ ਦਏ ਚੜ੍ਹਾਈਆ । ਵਿਛੋੜੇ ਵਿਚ ਨਾ ਰਹੇ ਕੋਇ ਮਜਬੂਰਨ, ਮਜ਼ਦੂਰੀ ਸਭ ਦੀ ਝੋਲੀ ਪਾਈਆ । ਨਿਰਗੁਣ ਨੂਰ ਬਖ਼ਸ਼ੇ ਅਗੰਮੀ ਨੂਰਨ, ਜੋਤੀ ਜੋਤ ਡਗਮਗਾਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹਨ, ਧੰਦਾ ਇਕੋ ਨਾਮ ਜਣਾਈਆ । ਰੰਗ ਅਗੰਮੀ ਚਾੜ੍ਹੇ ਗੂੜ੍ਹਨ, ਦੁਰਮਤ ਮੈਲ ਧਵਾਈਆ । ਸੋਹਲਾ ਕਰੇ ਮਸ਼ਹੂਰਨ, ਮਸ਼ਵਰਿਆਂ ਨਾਲ ਸਲਾਹ ਨਾ ਕੋਇ ਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਜਣਾਈਆ । ਸਤਿਜੁਗ ਸਾਚੇ, ਸਾਚੇ ਨਾਮ ਦਾ ਬਖ਼ਸ਼ਾਂ ਸਤਿ, ਅਸਤਿ ਰਹਿਣ ਕੋਇ ਨਾ ਪਾਈਆ । ਸਤਿ ਗਿਆਨ ਦੀ ਬਖ਼ਸ਼ਾਂ ਮਤ, ਮਨਮਤ ਰਹੇ ਨਾ ਰਾਈਆ । ਨਿਰਗੁਣ ਧਾਰ ਕਰ ਉਤਪਤ, ਅੰਧ ਅੰਧੇਰਾ ਕੂੜਾ ਦਿਆਂ ਕਢਾਈਆ । ਜੋਤ ਸਰੂਪੀ ਹੋ ਕੇ ਵੇਖਾਂ ਵਤ, ਵਤਨ ਕਾਇਆ ਮੰਦਰ ਖੋਜ ਖੁਜਾਈਆ । ਮਿਹਰਵਾਨ ਹੋ ਕੇ ਦੇਵਾਂ ਰਸ, ਰਸੀਆ ਹੋ ਕੇ ਬੂੰਦ ਅਗੰਮ ਚੁਆਈਆ । ਧੁਰਦਰਗਾਹੀ ਦੱਸਾਂ ਜਸ, ਜਿਸਮ ਜ਼ਮੀਰ ਦਿਆਂ ਬਦਲਾਈਆ । ਮਨੂਆ ਮਨ ਕਰ ਕੇ ਵਸ, ਵਿਸ਼ਾ ਆਪਣਾ ਦਿਆਂ ਸਮਝਾਈਆ । ਜਨ ਭਗਤਾਂ ਖੋਲ੍ਹ ਕੇ ਨੇਤਰ ਅੱਖ, ਅੱਖੀਆਂ ਤੋਂ ਪਰੇ ਕਰਾਂ ਰੁਸ਼ਨਾਈਆ । ਸ਼ਬਦ ਅਨਾਦੀ ਸੁਣਾ ਕੇ ਨਦ, ਅਨਹਦ ਆਪਣਾ ਤਾਲ ਵਜਾਈਆ । ਸ੍ਰਿਸ਼ਟੀ ਕਰ ਕੇ ਵੱਖਰੀ ਜਗ, ਜਾਗਰਤ ਜੋਤ ਦਿਆਂ ਡਗਮਗਾਈਆ । ਤ੍ਰੈਗੁਣ ਮਾਇਆ ਸਾੜ ਨਾ ਸਕੇ ਅੱਗ, ਅਗਲਾ ਲੇਖਾ ਮੰਗੇ ਕੋਇ ਨਾ ਰਾਈਆ । ਬਿਨ ਮੱਕੇ ਕਾਅਬਿਉਂ ਕਰਾ ਕੇ ਹੱਜ, ਹਜ਼ਰਤ ਧੁਰ ਦਾ ਦਿਆਂ ਮਿਲਾਈਆ । ਜੋ ਹਕੀਕਤ ਵਿਚ ਹੱਕ, ਅਸਲੀਅਤ ਵਿਚ ਅਸਲ ਨਜ਼ਰ ਨਾ ਆਈਆ । ਸਰਬ ਕਲਾ ਸਮਰਥ, ਦਾਤਾ ਦਾਨੀ ਬੇਪਰਵਾਹੀਆ । ਸ਼ਬਦ ਭੰਡਾਰਾ ਦੇਵੇ ਵਥ, ਵਸਤ ਅਮੋਲਕ ਆਪ ਵਰਤਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਆਪਣੀ ਗੱਥ, ਗਦਾਗਰ ਗੁਰਮੁਖ ਰਹਿਣ ਕੋਇ ਨਾ ਪਾਈਆ । ਅੰਤ ਸੁਹੇਲਾ ਹੋ ਕੇ ਲਏ ਰਖ, ਰੱਖਿਆ ਕਰੇ ਥਾਉਂ ਥਾਈਂਆ । ਨਿਰਗੁਣ ਹੋ ਕੇ ਸਰਗੁਣ ਕਰੇ ਪੱਖ, ਕ੍ਰਿਸ਼ਨਾ ਸ਼ੁਕਲਾ ਪੱਖ ਦੀ ਲੋੜ ਰਹੇ ਨਾ ਰਾਈਆ । ਸੰਤ ਸੁਹੇਲੇ ਰਹਿਣ ਨਾ ਦੇਵੇ ਵੱਖ, ਵੱਖਰਾ ਘਰ ਨਾ ਕੋਇ ਬਣਾਈਆ । ਦਰਗਾਹ ਸਾਚੀ ਦੇਵੇ ਰਖ, ਸਚਖੰਡ ਦਵਾਰੇ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰਾ ਲਹਿਣਾ ਤੇਰੇ ਹੱਥ ਫੜਾਈਆ । ਸਤਿਜੁਗ ਸਾਚੇ, ਸਾਚੇ ਨਾਮ ਦੀ ਹੋਵੇ ਇਕ ਰਸੋਈ, ਚਾਰ ਕੁੰਟ ਦਿਸ਼ਾ ਭੰਡਾਰਾ ਦਏ ਵਰਤਾਈਆ । ਪਰਵਰਦਿਗਾਰਾ ਤੇਰੇ ਨਾਮ ਦੀ ਫਿਰੇ ਦਰੋਹੀ, ਤੋਬਾ ਤੋਬਾ ਕਰੇ ਲੋਕਾਈਆ । ਪੁਰਖ ਅਕਾਲ ਸ੍ਰਿਸ਼ਟ ਉਠਾਏ ਸੋਈ, ਆਲਸ ਨਿੰਦਰਾ ਵਿਚ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਮੰਨ ਅਰਜ਼ੋਈ, ਅਰਜ਼ ਆਰਜ਼ੂ ਸਭ ਦੀ ਆਪਣੇ ਲੇਖੇ ਪਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲਾ ਗੁਰ ਚੇਲਾ ਉਠਾਵੇ ਕੋਈ ਕੋਈ, ਕੋਟਾਂ ਵਿਚੋਂ ਲਏ ਮਿਲਾਈਆ । ਜਿਨ੍ਹਾਂ ਨਾਮ ਦੀ ਦੇਵੇ ਢੋਈ, ਢੋਆ ਇਕੋ ਦਏ ਵਖਾਈਆ । ਜਿਸ ਦੀ ਕ਼ੀਮਤ ਨਾ ਜਾਣੇ ਕੋਈ, ਜਗਤ ਜੌਹਰੀ ਨਾ ਕੋਇ ਚੁਕਾਈਆ । ਅੰਤ ਖੇਲ ਉਸੇ ਦੀ ਹੋਈ, ਜਿਸ ਦਾ ਹੋਕਾ ਦੇਵੇ ਲੋਕਾਈਆ । ਜਿਸ ਦੀ ਧਾਰ ਆਦਿ ਜੁਗਾਦਿ ਜੁਗ ਚੌਕੜੀ ਸਦਾ ਨਵੀਂ ਨਰੋਈ, ਜੰਮਣ ਮਰਨ

੧੨੦੨
੧੯

ਵਿਚ ਕਦੇ ਨਾ ਆਈਆ । ਜਿਸ ਦਾ ਖੇਲ ਹੋਣਾ ਨਾਲ ਕਬੀਰ ਲੋਈ, ਲੋਇਣਾਂ ਤੋਂ ਪਰੇ ਦਏ ਵਖਾਈਆ । ਸੋ ਅੰਮ੍ਰਿਤ ਰਸ ਜਨ ਭਗਤਾਂ ਅੰਦਰ ਰਿਹਾ ਚੋਈ, ਚੋਰਾਂ ਠੱਗਾਂ ਯਾਰਾਂ ਤੋਂ ਲਏ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਰਨ ਇਕ ਸਮਝਾਈਆ । ਸਤਿਜੁਗ ਸਾਚੇ, ਸਾਚਾ ਨਾਮ ਕੋਮਲ ਹੋਵੇ ਮਲੂਕ, ਮਲਕੁਲਮੌਤ ਨੇੜ ਕੋਇ ਨਾ ਆਈਆ । ਬ੍ਰਹਿਮੰਡਾਂ ਖੰਡਾਂ ਫਿਰੇ ਵਡ ਦੂਤ, ਦੁਤੀਆ ਭਾਉ ਦਏ ਚੁਕਾਈਆ । ਡੰਕਾ ਵਜਾਏ ਚਾਰੇ ਕੂਟ, ਦਹਿ ਦਿਸ਼ਾ ਕਰੇ ਸ਼ਨਵਾਈਆ । ਭਾਗ ਲਗਾਏ ਪੰਜ ਭੂਤ, ਤਤਵ ਤਤ ਦਏ ਦ੍ਰਿੜਾਈਆ । ਝਗੜਾ ਮੁਕਾਏ ਜੂਠ ਝੂਠ, ਸਚ ਸੁਚ ਵੰਡ ਵੰਡਾਈਆ । ਜਨ ਭਗਤਾਂ ਉਪਰ ਜਾਏ ਤੁੱਠ, ਮਿਹਰ ਨਜ਼ਰ ਉਠਾਈਆ । ਜਾਮ ਨਿਰਾਲਾ ਪਿਆਏ ਘੁਟ, ਰਸ ਅਗੰਮੀ ਆਪ ਚੁਆਈਆ । ਸੰਤ ਸੁਹੇਲੇ ਬਣਾ ਕੇ ਸੁਤ, ਅਪਰਾਧੀ ਅੰਦਰੋਂ ਦਏ ਕਢਾਈਆ । ਉਜਲ ਕਰਾਏ ਮੁਖ, ਮੁਕਤਿਆਂ ਤੋਂ ਪਰੇ ਡੇਰਾ ਕਰਾਈਆ । ਜਿਥੇ ਆਤਮ ਪਰਮਾਤਮ ਦਾ ਸੁਖ, ਜੋਤੀ ਜੋਤ ਵਿਚ ਸਮਾਈਆ । ਜਨਣੀ ਜਣੇ ਫੇਰ ਨਾ ਕੋਈ ਕੁੱਖ, ਕੂੜ ਅਗਨ ਨਾ ਕੋਇ ਤਪਾਈਆ । ਤ੍ਰਿਸ਼ਨਾ ਰਹੇ ਨਾ ਕੋਈ ਭੁੱਖ, ਮਮਤਾ ਮੋਹ ਦਏ ਮਿਟਾਈਆ । ਪੁਰਖ ਅਕਾਲ ਦੀਨ ਦਿਆਲ ਹੋ ਕੇ ਗੋਦੀ ਲਏ ਚੁੱਕ, ਚਾਰ ਜੁਗ ਦਾ ਲਹਿਣਾ ਦੇਣਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰਾ ਰਾਹ ਚਲਾਈਆ । ਸਤਿਜੁਗ ਸਾਚੇ, ਸਾਚੇ ਨਾਮ ਨਾ ਹੋਵੇ ਇਕੋ ਮੋਹ, ਮੁਹੱਬਤ ਨਿਰਗੁਣ ਨਿਰਗੁਣ ਨਾਲ ਰਖਾਈਆ । ਲੱਖ ਚੁਰਾਸੀ ਜੀਵ ਜੰਤ ਦੇਵੇ ਆਪਣੀ ਸੋ, ਸੋ ਸਾਹਿਬ ਸਵਾਮੀ ਅੰਤਰ ਪੜਦਾ ਦਏ ਉਠਾਈਆ । ਜਿਸ ਦਾ ਭੇਵ ਨਾ ਜਾਣੇ ਕੋ, ਕੋਟਾਂ ਵਿਚੋਂ ਗੁਰਮੁਖ ਲਏ ਮਿਲਾਈਆ । ਦੋ ਜਹਾਨਾਂ ਰਿਹਾ ਜੋਹ, ਬਲਧਾਰੀ ਆਪਣਾ ਬਲ ਪਰਗਟਾਈਆ । ਸੰਤ ਸੁਹੇਲੇ ਆਪਣੇ ਧਾਗੇ ਲਏ ਪਰੋ, ਪਰੋਹਤਾਂ ਦੀ ਲੋੜ ਰਹੇ ਨਾ ਰਾਈਆ । ਸਭ ਦਾ ਮਾਲਕ ਆਪੇ ਹੋ, ਹੋਕਾ ਦੇ ਕੇ ਲਏ ਜਗਾਈਆ । ਆਤਮ ਪਰਮਾਤਮ ਹੋ ਕੇ ਜਾਵੇ ਛੋਹ, ਸ਼ਹਿਨਸ਼ਾਹ ਆਪਣਾ ਰੰਗ ਚੜ੍ਹਾਈਆ । ਸਚ ਪਰਕਾਸ਼ ਕਰੇ ਅਗੰਮੀ ਲੋ, ਲੋਇਣ ਨੇਤਰ ਅੱਖ ਦਏ ਬਦਲਾਈਆ । ਜਨ ਭਗਤਾਂ ਜਿਹਾ ਆਪੇ ਹੋ, ਹਰਿ ਮੰਦਰ ਕਾਇਆ ਡੇਰਾ ਲਾਈਆ । ਭਗਤ ਭਗਵਾਨ ਧਾਰ ਕੋਈ ਨਾ ਜਾਣੇ ਦੋ, ਦੂਆ ਏਕਾ ਧਾਰ ਬਦਲਾਈਆ । ਹੰ ਬ੍ਰਹਮ ਧਾਰ ਬਣ ਸੋ, ਸੋ ਸਵਾਮੀ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਹੋਇਆ ਵੋਹ, ਜਿਸ ਨੂੰ ਗੁਰ ਅਵਤਾਰ ਪੈਗੰਬਰ ਢੋਲਿਆਂ ਸੋਹਲਿਆਂ ਰਾਗਾਂ ਨਾਦਾਂ ਵਿਚ ਗਾਈਆ ।



### ✪ ਪਹਿਲੀ ਅੱਸੂ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ✪

ਅੱਸੂ ਕਹੇ ਖੇਲ ਸ੍ਰੀ ਭਗਵਾਨ, ਜਿਸ ਦੀ ਭਗੌਤੀ ਭਗਵਤੀ ਦਏ ਗਵਾਹੀਆ । ਝੁਕਦੇ ਵੇਖੇ ਜ਼ਿਮੀਂ ਅਸਮਾਨ, ਬੇਜ਼ਬਾਂ ਗੁਰ ਅਵਤਾਰ ਪੈਗੰਬਰ ਸੀਸ ਝੁਕਾਈਆ । ਸਜਦੇ ਨਮਸਤੇ ਡੰਡਾਵਤ ਕਰਨ ਪ੍ਰਣਾਮ, ਨਿਉਂ ਨਿਉਂ ਚਰਨ ਕਵਲ ਧਿਆਨ ਲਗਾਈਆ । ਮਾਲਕ ਪਰਵਰਦਿਗਾਰ ਮੰਨਣ ਧੁਰ ਦਾ ਕਾਹਨ, ਰਾਮ ਇਕੋ ਬੇਪਰਵਾਹੀਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਸਚ ਨਿਜ਼ਾਮ, ਨੌਬਤ ਆਪਣਾ ਨਾਮ ਵਜਾਈਆ । ਖੇਲੇ

੧੨੦੩
੧੯

ਖੇਲ ਦੋ ਜਹਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਆਪਣਾ ਹੁਕਮ ਮਨਾਈਆ । ਸੋ ਦਾਤਾ ਦਾਨੀ ਹੋ ਕੇ ਮਿਹਰਵਾਨ, ਮਹਿਬੂਬ ਹੁਕਮੇਂ ਅੰਦਰ ਹੁਕਮ ਵਰਤਾਈਆ । ਕਲਜੁਗ ਅੰਤ ਸ੍ਰੀ ਭਗਵੰਤ ਵੇਖੇ ਮਾਰ ਧਿਆਨ, ਚਾਰ ਕੁੰਟ ਦਹਿ ਦਿਸ਼ਾ ਖੋਜ ਖੁਜਾਈਆ । ਭਗਤ ਸੁਹੇਲੇ ਉਠਾ ਕੇ ਚਤੁਰ ਸੁਜਾਨ, ਸੁਘੜ ਸਿਆਣੇ ਆਪਣੇ ਨਾਲ ਮਿਲਾਈਆ । ਅੰਤਰ ਰਹਿਣ ਨਾ ਦੇਵੇ ਕੋਈ ਅਭਿਮਾਨ, ਮਾਣ ਨਿਮਾਣਿਆਂ ਦਏ ਸਮਝਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖਣਹਾਰਾ ਲੇਖਾ ਜਾਣੇ ਹਰ ਘਟ ਆਣ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਕਲਜੁਗ ਜੀਵਾਂ ਦੇਵਣਹਾਰਾ ਆਪਣਾ ਗਿਆਨ, ਪੜਦਿਆਂ ਵਿਚੋਂ ਪੜਦਾ ਆਪ ਉਠਾਈਆ । ਜਗਤ ਗੁਰੂ ਵੇਖੇ ਮਾਰ ਧਿਆਨ, ਭਾਰਤ ਖੰਡ ਪਹਿਲੀ ਵੰਡ ਵੰਡਾਈਆ । ਜਿਥੇ ਨੌ ਸੌ ਚੁਰਾਨਵੇਂ ਜੁਗ ਦੀ ਮੀਜ਼ਾਨ, ਚਾਰ ਵਰਨਾਂ ਵਿਚ ਟਿਕਾਈਆ । ਅੰਤਰ ਮਨੂਆ ਸ਼ਰਅ ਸ਼ੈਤਾਨ, ਰਸਨਾ ਜਿਹਵਾ ਸ਼ਬਦ ਪੜ੍ਹਾਈਆ । ਬੱਤੀ ਦੰਦ ਕਰਨ ਕਲਿਆਣ, ਕਲਮਿਆਂ ਰਾਗ ਸੁਣਾਈਆ । ਬਿਨਾ ਮੰਜ਼ਲੋਂ ਮਿਲਣ ਭਗਵਾਨ, ਭਾਗ ਅੱਖਰਾਂ ਵਾਲਾ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਅੱਸੂ ਕਹੇ ਜਗਤ ਗੁਰੂ ਨੌ ਸੌ ਚੁਰਾਨਵੇਂ, ਸ਼ਹਿਨਸ਼ਾਹੀ ਸੰਮਤ ਦਏ ਗਵਾਹੀਆ । ਜਿਨ੍ਹਾਂ ਨੇ ਆਪਣੇ ਕੀਤੇ ਪਾਉਣੇ, ਪੱਲੂ ਸਕੇ ਨਾ ਕੋਇ ਛੁਡਾਈਆ । ਢੋਲੇ ਆਪਣੇ ਨਾਮ ਦੇ ਨਾਮ ਵਾਲੇ ਗਾਉਣੇ, ਧੁਰ ਦਾ ਨਾਮ ਸਮਝ ਕੋਇ ਨਾ ਪਾਈਆ । ਅੰਤਮ ਕਰਮ ਨਾ ਕਿਸੇ ਬਖ਼ਸ਼ਾਉਣੇ, ਬਖ਼ਸ਼ਿਸ਼ ਰਹਿਮਤ ਨਾ ਕੋਇ ਕਮਾਈਆ । ਪੜਦੇ ਉਹਲੇ ਨਾ ਕਿਸੇ ਚੁਕਾਉਣੇ, ਚਾਰੋਂ ਕੁੰਟ ਦਏ ਦੁਹਾਈਆ । ਬਾਹੋਂ ਫੜ ਨਾ ਕਿਸੇ ਉਠਾਉਣੇ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਆਤਮ ਸਰ ਨਾ ਕਿਸੇ ਨਹਾਉਣੇ, ਦੁਰਮਤ ਮੈਲ ਨਾ ਕੋਇ ਧਵਾਈਆ । ਲੱਖ ਚੁਰਾਸੀ ਆਵਣ ਜਾਵਣੇ, ਖ਼ੁਸ਼ੀਆਂ ਵਾਲਾ ਖੇਲ ਭਵਾਈਆ । ਕਿਸੇ ਕੰਮ ਨਾ ਔਣੇ ਪੜ੍ਹੇ ਅੱਖਰ ਬਾਵਨੇ, ਬਾਵਨ ਅੱਖਰੀ ਪਾਰ ਨਾ ਕੋਇ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਅੱਸੂ ਕਹੇ ਨੌ ਸੌ ਚੁਰਾਨਵੇਂ ਵੇਖੇ ਗੁਰੂ ਕਲਕਾਤੀ, ਕਲਮਿਆਂ ਤੋਂ ਬਾਹਰ ਡੇਰਾ ਲਾਈਆ । ਜਿਨ੍ਹਾਂ ਦੀ ਜਗਤ ਵਾਸਨਾ ਨਾਲ ਹੋਣੀ ਸ਼ਾਦੀ, ਸਾਚਾ ਕੰਤ ਨਾ ਕੋਇ ਪਰਨਾਈਆ । ਰਾਤੀ ਨੀਂਦ ਨਾ ਆਵੇ ਪਰਭਾਤੀ, ਅੰਮ੍ਰਿਤ ਮੇਘ ਅੰਮ੍ਰਿਤ ਵੇਲੇ ਨਾ ਕੋਇ ਬਰਸਾਈਆ । ਆਪਣੀ ਧਾਰ ਧਾਰ ਨਾ ਜਾਤੀ, ਧਰਮ ਦਵਾਰ ਨਾ ਕੋਇ ਵਖਾਈਆ । ਕਾਇਆ ਚੋਲੀ ਕੱਪੜ ਪਾਟੀ, ਓਢਣ ਸੀਸ ਨਾ ਕੋਇ ਟਿਕਾਈਆ । ਸਤਿਗੁਰ ਸ਼ਬਦ ਚੜ੍ਹੇ ਕੋਇ ਨਾ ਘਾਟੀ, ਰਸਨਾ ਵਾਲੇ ਢੋਲੇ ਸਾਰੇ ਗਾਈਆ । ਜਿਧਰ ਵੇਖੋ ਅਲਿਫ਼ ਯੇ ਦੀ ਮੁੱਕੀ ਨਾ ਕਿਸੇ ਵਾਟੀ, ਨਿਰਅੱਖਰ ਨਾ ਕੋਇ ਸਮਝਾਈਆ । ਮਿਲਿਆ ਮੇਲ ਨਾ ਕਮਲਾਪਾਤੀ, ਕਮਲੇ ਰੋਵਣ ਮਾਰਨ ਧਾਈਆ । ਅੰਤਮ ਸਦੀ ਚੌਧਵੀਂ ਸਭ ਨੇ ਰਹਿਣਾ ਫਾਡੀ, ਮੰਜ਼ਲ ਹੱਕ ਨਾ ਕੋਇ ਵਖਾਈਆ । ਬਿਨਾ ਪੁਰਖ ਅਕਾਲ ਦੇ ਦੂਜਾ ਨਜ਼ਰ ਨਾ ਆਵੇ ਗਾਡੀ, ਗਾਰਡੀਅਨ ਸਾਰੇ ਦਏ ਮਿਟਾਈਆ । ਰਸਨਾ ਵਾਲਾ ਰਹੇ ਕੋਇ ਨਾ ਢਾਡੀ, ਅੰਤਰ ਬੋਧ ਅਗਾਧ ਵੇਖ ਵਖਾਈਆ । ਮਸਲਿਆਂ ਵਾਲੀ ਰਹਿਣ ਨਾ ਦੇਵੇ ਵਾਦੀ, ਵਾਹਿਦ ਇਬਾਦਤ ਇਕੋ ਦਏ ਜਣਾਈਆ । ਜਿਸ ਨੂੰ ਸਮਝੇ ਨਾ ਇਸ਼ਕ ਹਕੀਕੀ ਮਿਜ਼ਾਜ਼ੀ, ਮਿਸਲ ਤੋਂ ਪਰੇ ਮਿਸਾਲ ਦਏ ਬਣਾਈਆ । ਤੰਦ ਸਿਤਾਰ ਗਾਵੇ ਨਾ ਕੋਇ ਰਬਾਬੀ, ਨਾਨਕ ਮਰਦਾਨੇ ਗਿਆ ਸਮਝਾਈਆ । ਬਿਨਾ ਪੁਰਖ ਅਕਾਲ ਦੇ ਕਿਤੇ ਹੋਵੇ ਨਾ ਸਵਾਲ ਜਵਾਬੀ, ਮੁਖ਼ਾਤਬ ਹੋ ਕੇ ਖ਼ਤਾਬ ਨਾ ਕੋਇ ਦਵਾਈਆ । ਲਹਿਣਾ ਦੇਣਾ ਦੱਸ ਆਪ ਬਗਦਾਦੀ,

੧੨੦੪
੧੯

ਬਗਲਗੀਰ ਇਕੋ ਗਿਆ ਸਮਝਾਈਆ । ਜਿਸ ਦੀ ਭਗਤ ਉਧਾਰਨਾ ਵਾਦੀ, ਵਾਇਦਾ ਪਿਛਲਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਅੱਸੂ ਕਹੇ ਮੈਂ ਨੌ ਸੌ ਚੁਰਾਨਵੇਂ ਤੱਕਾਂ, ਬਿਨ ਅੱਖਾਂ ਅੱਖ ਉਠਾਈਆ । ਖ਼ੁਸ਼ੀਆਂ ਵਿਚ ਹੱਸਾਂ, ਸੌਹਰਿਆਂ ਘਰ ਜਗਤ ਸੰਤ ਗਿਆ ਨਾ ਕੋਇ ਜਵਾਈਆ । ਮਨ ਵਾਸਨਾ ਪ੍ਰੇਮ ਪਿਆਰ ਦੀਆਂ ਨੱਥਾਂ, ਸੁਹਾਗ ਕੰਤ ਨਾ ਕੋਇ ਹੰਡਾਈਆ । ਤਿੰਨ ਅੱਸੂ ਕਹੇ ਮੈਂ ਉਨ੍ਹਾਂ ਨਾਲ ਕਦੇ ਨਾ ਵਸਾਂ, ਅਗੇ ਚੰਗੀ ਹੋਵੇ ਜੁਦਾਈਆ । ਜਿਨ੍ਹਾਂ ਦੇ ਅੰਦਰ ਦੀਨ ਮਜ਼੍ਹਬ ਦੀਆਂ ਵੱਟਾਂ, ਵਟਣਾ ਮਲ ਕੇ ਮਿਲਿਆ ਕੋਈ ਨਾ ਧੁਰ ਦੇ ਮਾਹੀਆ । ਜਿਨ੍ਹਾਂ ਦਾ ਇਸ਼ਟ ਪੱਥਰ ਇੱਟਾਂ, ਮੰਦਰਾਂ ਸੀਸ ਨਿਵਾਈਆ । ਤਿਨ੍ਹਾਂ ਦੇ ਕੋਲੋਂ ਜੁਗ ਚੌਕੜੀ ਨੱਠਾਂ, ਗੁਰ ਅਵਤਾਰ ਪੈਗ਼ੰਬਰ ਗਏ ਸਮਝਾਈਆ । ਉਨ੍ਹਾਂ ਦੇ ਅੰਦਰ ਵੜ ਕੇ ਮੰਦਰ ਚੜ੍ਹ ਕੇ ਬਿਨਾ ਨੇਤਰ ਲੋਚਨ ਨੈਣ ਅਗੰਮਾ ਨੂਰ ਤੱਕਾਂ, ਜਿਸ ਦੀ ਤਾਕਤ ਨਾ ਕੋਇ ਅਜ਼ਮਾਈਆ । ਜਿਥੇ ਠੱਗਾਂ ਚੋਰਾਂ ਯਾਰਾਂ ਦੀਆਂ ਰਹਿਣ ਮੂਲ ਨਾ ਢੱਕਾਂ, ਢਾਹ ਢੇਰੀ ਖ਼ਾਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪਹਿਲੀ ਅੱਸੂ ਕਹੇ ਮੈਂ ਨਵ ਨੌ ਚਾਰ ਦੀ ਵੇਖਾਂ ਉਸਤਾਦੀ, ਜਗਤ ਗੁਰੂ ਮਾਤ ਅਖਵਾਈਆ । ਜਿਨ੍ਹਾਂ ਦਾ ਮਾਲਕ ਅਛਲ ਛੱਲ ਦਾ ਵਾਦੀ, ਵਾਇਦੇ ਨਾਲ ਸਰਬ ਭੁਲਾਈਆ । ਬੁਧੀ ਨਾਲ ਸਭ ਨੂੰ ਕਰ ਕੇ ਬਾਗ਼ੀ, ਅੱਖਰਾਂ ਵਿਚ ਦਿਤਾ ਫਸਾਈਆ । ਅੰਦਰ ਮਿਲੇ ਨਾ ਕੋਇ ਇਮਦਾਦੀ, ਮੰਜ਼ਲ ਸਚ ਨਾ ਕੋਇ ਪੁਚਾਈਆ । ਨਹਾਵਣ ਧੋਵਣ ਦੀ ਬਾਹਰ ਦੀ ਰਹੀ ਹਯਾਤੀ, ਅੰਦਰ ਅੰਧੇਰੀ ਰਾਤੀ ਨਾ ਕੋਇ ਮਿਟਾਈਆ । ਕਿਸੇ ਨਾ ਮਿਲਿਆ ਪੁਰਖ ਅਕਾਲ ਸਫ਼ਾਤੀ, ਪਰਵਰਦਿਗਾਰ ਨੂਰ ਨਾ ਕੋਇ ਰੁਸ਼ਨਾਈਆ । ਜਗਤ ਵਿਦਿਆ ਬਣੇ ਫ਼ਸਾਦੀ, ਰਸਨਾ ਜਿਹਵਾ ਨਾਲ ਲੜਾਈਆ । ਨਾ ਉਹ ਪੰਡਤ ਮੁੱਲਾ ਕਾਜ਼ੀ, ਨਾ ਉਹ ਗ੍ਰੰਥੀ ਗ੍ਰੰਥ ਵਾਚ ਜਣਾਈਆ । ਸੋਈ ਸੁਰਤ ਕਿਸੇ ਨਾ ਜਾਗੀ, ਜਾਗਦੇ ਸੁਤੇ ਨਜ਼ਰੀ ਆਈਆ । ਹਿਰਦੇ ਉਪਜੇ ਨਾ ਹਰਿ ਵੈਰਾਗੀ, ਵੈਰੀ ਅੰਦਰੋਂ ਨਾ ਕੋਇ ਕਢਾਈਆ । ਕਿਸੇ ਨਾ ਸਮਝਿਆ ਕੀ ਖੇਲ ਪ੍ਰਭੂ ਦਾ ਮਾਜ਼ੀ, ਜੋ ਸਿੱਧਾ ਭਗਤਾਂ ਮਿਲ ਕੇ ਆਪਣਾ ਨਾਮ ਦਏ ਸਮਝਾਈਆ । ਉਨ੍ਹਾਂ ਦੇ ਕਾਇਆ ਕਾਅਬੇ ਦਾ ਬਣ ਕੇ ਹਾਜੀ, ਹੁਜਰਾ ਹੱਕ ਦਏ ਸੁਹਾਈਆ । ਪ੍ਰੇਮ ਪਿਆਰ ਦਾ ਬਣ ਕੇ ਨਿਮਾਜ਼ੀ, ਨਮਸਤੇ ਇਕੋ ਦਏ ਦ੍ਰਿੜਾਈਆ । ਲੇਖੇ ਲਾ ਕੇ ਸਾਢੇ ਤਿੰਨ ਹੱਥ ਦੀ ਅਰਾਜ਼ੀ, ਰਜ਼ਾਮੰਦ ਆਪਣੇ ਨਾਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਕਮਾਈਆ । ਪਹਿਲੀ ਅੱਸੂ ਕਹੇ ਪ੍ਰਭ ਨੌ ਸੌ ਗੁਰੂ ਦੀ ਚੁਰਾਨਵਿਆਂ ਨਾਲ ਹਾਲਤ, ਹਾਲਾਂ ਕਿ ਤੈਨੂੰ ਦੱਸਣ ਦੀ ਲੋੜ ਨਾ ਰਾਈਆ । ਇਨ੍ਹਾਂ ਦੇ ਅੰਦਰ ਆਪਣੇ ਆਪ ਮਿਲਣ ਦੀ ਅਲਾਮਤ, ਤੇਰਾ ਨਾਮ ਨਾ ਕੋਇ ਸਮਝਾਈਆ । ਬੁਧੀ ਵਾਲੀ ਜਗਤ ਦੇ ਜ਼ਮਾਨਤ, ਬਰੀਖ਼ਾਨਾ ਰਹੇ ਵਖਾਈਆ । ਸਾਚਾ ਨਾਮ ਮਿਲੇ ਨਾ ਕਿਸੇ ਨਿਆਮਤ, ਤੇਰਾ ਅੰਮ੍ਰਿਤ ਮੇਘ ਨਾ ਕਿਸੇ ਬਰਸਾਈਆ । ਕਲਜੁਗ ਅੰਤਮ ਸਭ ਨੂੰ ਹੋਈ ਮਮਾਨਤ, ਦਰਗਾਹ ਸਾਚੀ ਹੱਕ ਮੁਕਾਮ ਚੜ੍ਹਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਅੱਸੂ ਕਹੇ ਪ੍ਰਭ ਤੂੰ ਜੁਗ ਜੁਗ ਤਾਰੇਂ ਪੱਥਰ, ਪਾਹਨ ਪਾਰ ਕਰਾਈਆ । ਕੁਛ ਯਾਦ ਕਰ ਗੋਬਿੰਦ ਸੱਥਰ, ਯਾਰੜਾ ਹੋ ਹੰਢਾਈਆ । ਵੈਰਾਗ ਵਿਚ ਨਾ ਕੇਰਿਆ ਅੱਥਰ, ਨੇਤਰ ਨੈਣ ਨਾ ਕੋਇ ਸ਼ਨਵਾਈਆ । ਸ਼ਬਦ ਸੰਦੇਸ਼ੇ ਦਿਤਾ ਪੱਤਰ, ਪਾਤੀ ਤੇਰਾ ਨਾਮ ਬਣਾਈਆ । ਜਿਸ ਵੇਲੇ ਨਿਰਗੁਣ ਧਾਰ ਆਵੇਂ


੧੨੦੫
੧੯

ਉੱਤਰ, ਨਿਰਗੁਣ ਨੂਰ ਜੋਤ ਪਰਗਟਾਈਆ । ਬਿਨਾ ਗੋਬਿੰਦ ਤੇਰਾ ਦੂਜਾ ਰਹੇ ਕੋਈ ਨਾ ਮਿੱਤਰ, ਜਗਤ ਕੁਟੰਬ ਦੇਣਾ ਗਵਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਸਾਂਝਾ ਸ਼ੁਕਰ, ਸ਼ੁਕਰਾਨੇ ਵਿਚ ਆਪਾ ਭੇਟ ਕਰਾਈਆ । ਸਮਰਥ ਸਵਾਮੀ ਅੰਤਰਜਾਮੀ ਸ਼ਬਦੀ ਧਾਰ ਨਾ ਜਾਈਂ ਮੁਕਰ, ਇਕ਼ਰਾਰ ਕੌਲ ਇਕੋ ਤੋੜ ਨਿਭਾਈਆ । ਮੁੜ ਕੇ ਮੰਗਦਾ ਨਹੀਂ ਤੈਥੋਂ ਖਾਣ ਵਾਲਾ ਕੋਈ ਟੁੱਕੜ, ਟੁਕੜਿਆਂ ਵਾਲੀ ਨਾ ਆਸ ਰਖਾਈਆ । ਤੇਰੀ ਕਿਰਪਾ ਨਾਲ ਗੁਰਮੁਖ ਪ੍ਰੇਮੀ ਆਵਾਂ ਚੁੱਕਣ, ਲੋਕਮਾਤ ਆਪਣੀ ਗੋਦ ਉਠਾਈਆ । ਤੇਰੇ ਭਗਤ ਸੁਹੇਲੇ ਤੇਰੇ ਦਰ ਤੇ ਆਵਾਂ ਸੁੱਟਣ, ਸਚਖੰਡ ਦਵਾਰ ਟਿਕਾਈਆ । ਕਲਜੁਗ ਕੂੜੀ ਜੜ੍ਹ ਆਵਾਂ ਪੁੱਟਣ, ਪਟਨੇ ਪੌਂਟੇ ਸਮਝ ਕੋਇ ਨਾ ਆਈਆ । ਗੁਰਮੁਖ ਸਾਚਿਆਂ ਆਵਾਂ ਪੁਛਣ, ਪਿਛਲਾ ਲੇਖਾ ਵੇਖ ਵਖਾਈਆ । ਕੂੜ ਕੁੜਿਆਰਿਆਂ ਕੋਲੋਂ ਆਵਾਂ ਲੁੱਕਣ, ਸਨਮੁਖ ਬੈਠਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਅੱਸੂ ਕਹੇ ਮੈਂ ਧੁਰ ਦਾ ਆਸਾਵੰਦ, ਆਸ ਅਗੰਮੀ ਦਿਆਂ ਜਣਾਈਆ । ਪ੍ਰਭ ਮਿਲੇ ਇਕ ਖ਼ਾਵੰਦ, ਖ਼ਾਤੂਨ ਸ੍ਰਿਸ਼ਟ ਲਏ ਹੰਢਾਈਆ । ਹੁਕਮੈਂ ਅੰਦਰ ਕਰ ਪਾਬੰਦ, ਪੜਦਾ ਨਕ਼ਾਬ ਦਏ ਚੁਕਾਈਆ । ਪ੍ਰੇਮ ਪਿਆਰ ਦਾ ਦੇ ਅਨੰਦ, ਮਹਿਬੂਬ ਆਪਣਾ ਮੇਲ ਮਿਲਾਈਆ । ਆਤਮ ਪਰਮਾਤਮ ਦੇ ਕੇ ਛੰਦ, ਸਹਿੰਸਾ ਰੋਗ ਦਏ ਮਿਟਾਈਆ । ਦੇ ਵਡਿਆਈ ਵਿਚ ਵਰਭੰਡ, ਬ੍ਰਹਿਮੰਡ ਪਾਰ ਕਰਾਈਆ । ਦੂਜੀ ਰਹੇ ਕੋਈ ਨਾ ਡੰਡ, ਡੰਡਾਵਤ ਇਕੋ ਦਏ ਸਮਝਾਈਆ । ਨੌਂ ਸੌ ਚੁਰਾਨਵੇਂ ਗੁਰੂ ਕਰੇ ਖੰਡ ਖੰਡ, ਖੰਡਾ ਆਪਣਾ ਨਾਮ ਉਠਾਈਆ । ਜਨ ਭਗਤਾਂ ਹੋ ਆਪ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪ ਵਰਤਾਈਆ । ਮਾਨਸ ਜਨਮ ਹੋਣ ਨਾ ਦੇਵੇ ਭੰਗ, ਤਤ ਵਜੂਦ ਆਪਣੇ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਖਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਹਿਣ, ਆਪਣੀ ਕਾਮਨਾ ਨਾਲ ਲਿਆਈਆ । ਨੌਂ ਸੌ ਚੁਰਾਨਵੇਂ ਗੁਰੂ ਪਾਵਣ ਵੈਣ, ਨੇਤਰ ਰੋਵਣ ਮਾਰਨ ਧਾਈਆ । ਤੇਰਾ ਨਾਮ ਕਿਸੇ ਨਾ ਮਿਲੇ ਰਸੈਣ, ਰਸਤੇ ਭੁੱਲੇ ਸਾਰੇ ਦੇਣ ਦੁਹਾਈਆ । ਨਾਮ ਸੰਦੇਸ਼ਾ ਸਚਖੰਡ ਦਵਾਰਿਉਂ ਕੋਈ ਨਾ ਆਇਆ ਲੈਣ, ਲਾਇਕ ਬਣ ਕੇ ਤੇਰਾ ਹੁਕਮ ਨਾ ਕੋਇ ਵਰਤਾਈਆ । ਅੱਖਰਾਂ ਨਾਲ ਤੇਰੇ ਨਾਲੋਂ ਹੋਏ ਤਰਫ਼ੈਨ, ਤਫ਼ੱਰਕਾ ਤਰਫ਼ ਦੁਹਰਫ਼ ਨਾ ਕੋਇ ਸਮਝਾਈਆ । ਰਸਨਾ ਜਿਹਵਾ ਜਗਤ ਅਲਾਇਨ, ਨੈਣ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇ ਸਮਝਾਈਆ । ਭੇਵ ਅਭੇਦਾ ਖੋਲ੍ਹ ਦੇ, ਖ਼ਾਲਕ ਖ਼ਲਕ ਜਹਾਨ । ਸ਼ਬਦ ਅਗੰਮੀ ਕੰਡੇ ਤੋਲ ਦੇ, ਤੋਲਣਹਾਰ ਸ੍ਰੀ ਭਗਵਾਨ । ਖੋਟੇ ਖਰੇ ਸਰਬ ਵਰੋਲ ਦੇ, ਵੇਖ ਜ਼ਿਮੀਂ ਅਸਮਾਨ । ਝਗੜੇ ਮੁਕਾ ਦੇ ਜਗਤ ਵਿਚੋਲ ਦੇ, ਵਿਚੋਲਾ ਸ਼ਬਦ ਗੁਰੂ ਬਣ ਬਲਵਾਨ । ਲੇਖੇ ਮੁਕ ਜਾਣ ਕੂੜ ਮਖ਼ੌਲ ਦੇ, ਮੁੱਖੀਏ ਕਰ ਪੰਜ ਪਰਧਾਨ । ਭਾਰ ਹੌਲੇ ਕਰ ਦੇ ਧੌਲ ਦੇ, ਧਰਮ ਦੀ ਦੱਸ ਬਾਨ । ਵਾਹਿਦੇ ਪੂਰੇ ਕਰ ਦੇ ਕੌਲ ਦੇ, ਗੋਬਿੰਦ ਮਿਲ ਕੇ ਨੌਜਵਾਨ । ਅੰਮ੍ਰਿਤ ਰਸ ਦੇ ਮੇਘ ਸੌਣ ਦੇ, ਅਗਨੀ ਅੱਗ ਨਾ ਕੋਇ ਤਪਾਣ । ਝਗੜੇ ਮੁਕਾ ਦੇ ਮਨ ਹੰਕਾਰੀ ਰੌਣ ਦੇ, ਰਾਮ ਰਮਈਆ ਹੋ ਕੇ ਨਿਗਾਹਬਾਨ । ਝਕੋਲੇ ਦੇ ਦੇ ਆਪਣੀ ਪ੍ਰੇਮ ਪ੍ਰੀਤੀ ਪੌਣ ਦੇ, ਸਵਾਸ ਭਗਤਾਂ ਸੁਖਾਲੇ ਹੋਣ । ਝਗੜੇ ਮੁਕਾ ਦੇ ਅਵਣ ਗੌਣ ਦੇ, ਗਹਿਰ ਗੰਭੀਰ ਹੋ ਪਰਧਾਨ । ਢੋਲੇ ਦੱਸ ਦੇ ਆਪਣੇ ਗੌਣ ਦੇ, ਦੂਜੇ ਅੱਖਰਾਂ ਰਹੇ ਨਾ ਕੋਇ ਪਛਾਣ । ਹੁਕਮ ਦੇ ਦੇ ਕਲਜੁਗ ਅੰਤਮ ਮਿਟੌਣ ਦੇ, ਸਤਿਜੁਗ ਸਾਚਾ ਕਰ ਬਲਵਾਨ । ਬਲ ਵਖਾ ਦੇ ਕੂੜ ਕੁੜਿਆਰਾ

ਢਾਹੁਣ ਦੇ, ਮਰਦ ਮਰਦਾਨੇ ਨੌਜਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਭਗਵਨ, ਨੌ ਸੌ ਚੁਰਾਨਵੇਂ ਵੇਖ, ਚਾਰ ਕੁੰਟ ਜਗਤ ਨਜ਼ਰੀ ਆਈਆ । ਜਿਨ੍ਹਾਂ ਕਲਜੁਗ ਕਿਰਿਆ ਕਰਿਆ ਭੇਖ, ਲੇਖ ਤੇਰਾ ਨਾ ਕੋਇ ਦ੍ਰਿੜਾਈਆ । ਸਾਰੇ ਵਸ ਕੇ ਕਾਲ ਦੇ ਦੇਸ, ਡੰਕਾ ਤੇਰੇ ਕਾਲ ਦਾ ਰਹੇ ਵਜਾਈਆ । ਆਪਾ ਕਰ ਸਕਿਆ ਕੋਈ ਨਾ ਭੇਟ, ਭੇਟਾ ਲੈ ਲੈ ਜਗਤ ਰਹੇ ਸਤਾਈਆ । ਤੇਰੇ ਨਾਮ ਦੀ ਕ਼ੀਮਤ ਰਖ ਕੇ ਰੇਟ, ਰੱਟਾ ਘਰ ਘਰ ਰਹੇ ਪਾਈਆ । ਅੱਖਰਾਂ ਵਾਲਾ ਲਿਖ ਕੇ (ਲੇਖ) ਦੇਂਦੇ ਉਤੇ ਸਲੇਟ, ਸ਼ਾਹੀ ਨਾਲ ਪੱਕੀ ਗੰਢ ਪਵਾਈਆ । ਅੰਦਰੋਂ ਆਪਣਾ ਸਾਫ਼ ਕਰੇ ਨਾ ਕੋਈ ਪੇਟ, ਪਟਰਾਣੀ ਰੂਪ ਨਜ਼ਰ ਕੋਇ ਨਾ ਆਈਆ । ਕਾਇਆ ਗਲੀ ਚਿੱਕੜ ਵਿਚ ਰਹੇ ਲੇਟ, ਸੇਜ ਸੁਹੰਜਣੀ ਚੜ੍ਹ ਕੇ ਤੇਰੇ ਅੰਗ ਨਾਲ ਅੰਗ ਨਾ ਕੋਇ ਲਗਾਈਆ । ਮੈਂ ਹੈਰਾਨ ਹੋਇਆ ਵੇਖ ਵੇਖ, ਵੇਖੀ ਜਗਤ ਲੋਕਾਈਆ । ਚੜ੍ਹ ਕੇ ਵੇਖਿਆ ਨਹੀਂ ਕਿਸੇ ਅਗੰਮ ਤੇਰਾ ਦੇਸ, ਸਤਿ ਪੁਰਖ ਮਿਲ ਕੇ ਖ਼ੁਸ਼ੀ ਨਾ ਕੋਇ ਮਨਾਈਆ । ਸਚਖੰਡ ਦਾ ਐਵੇਂ ਮਾਰਨ ਸ਼ੇਖ਼, ਸ਼ੇਖ਼ੀ ਵਿਚ ਜਗਤ ਚਤੁਰਾਈਆ । ਪੁਰਖ ਅਕਾਲ ਦੀਨ ਦਿਆਲ ਜਿਸ ਨੂੰ ਤੂੰ ਦਿਸਾਇਆ ਆਪਣਾ ਦੇਸ, ਉਸ ਨੂੰ ਆਪਣਾ ਨਾਮ ਸੰਦੇਸ਼ਾ ਦੇ ਕੇ ਜਗਤ ਘਲਾਈਆ । ਬਿਨਾ ਸਤਿਗੁਰ ਸ਼ਬਦ ਤੋਂ ਬਾਕੀ ਗੁਰੂ ਠੱਗਾਂ ਵਾਲਾ ਭੇਸ, ਅਗਾਂਹ ਵਾਲੀ ਅੱਗ ਨਾ ਕੋਇ ਬੁਝਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਇਕ ਨਰੇਸ਼, ਨਰ ਨਰਾਇਣ ਇਕੋ ਨਜ਼ਰੀ ਆਈਆ । ਜਿਸ ਨੇ ਦੀਨ ਮਜ਼੍ਹਬ ਜਾਤ ਪਾਤ ਰਾਓ ਰੰਕ ਜੀਵ ਜਹਾਨ ਕਰਨੇ ਖੇਤ, ਬਲਧਾਰੀ ਰਹਿਣ ਕੋਇ ਨਾ ਪਾਈਆ । ਆਪਣੀ ਕਿਰਪਾ ਅੰਦਰ ਜਨ ਭਗਤਾਂ ਕਰੇਂ ਹੇਤ, ਹਿਤਕਾਰੀ ਹੋ ਕੇ ਮੇਲ ਮਿਲਾਈਆ । ਜਿਸ ਚਾਹੇਂ
੧੨੦੭ ੧੯ ਆਪਣੇ ਦਰ ਦਾ ਦੇਵੇਂ ਭੇਤ, ਦੂਜਾ ਸਮਝ ਕੋਇ ਨਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਬਿਨ ਤੇਰੀ ਕਿਰਪਾ ਤੇਰੇ ਚਰਨ ਰਹੇ ਨਾ ਕਿਸੇ ਟੇਕ, ੧੨੦੭ ੧੯
ਟਿੱਕੇ ਵਾਲੇ ਟਕਿਆਂ ਤੋਂ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦੁਨੀ ਕਿਰਿਆ ਦੇ ਛੇਕ, ਛੇਕੜ ਆਪਣਾ ਰੰਗ ਦੇਣਾ ਰੰਗਾਈਆ । ਅੱਸੂ ਕਹੇ ਮੇਰਾ ਸਭ ਤੋਂ ਵੱਖਰਾ ਨਸੀਬ, ਨਿਸਬਤ ਵੰਡ ਨਾ ਕੋਇ ਵੰਡਾਈਆ । ਮੇਰਾ ਲੇਖਾ ਲਿਖਿਆ ਵਿਚ ਕੁਛ ਕ਼ੁਰਾਨ ਮਜੀਦ, ਜਿਸ ਦਾ ਮਜਮੂਹਾ ਨਾ ਕੋਇ ਸਮਝਾਈਆ । ਨਵਾਂ ਪੁਰਾਣਾ ਕੀਤੀ ਤਸਦੀਕ, ਵੇਦ ਵਿਆਸਾ ਗਿਆ ਜਣਾਈਆ । ਗੋਬਿੰਦ ਬਹੱਤਰਵੀਂ ਸਾਖੀ ਵਿਚ ਰਖੀ ਉਮੀਦ, ਪੜਦਾ ਸਕੇ ਨਾ ਕੋਇ ਖੁਲ੍ਹਾਈਆ । ਅਰਜਨ ਪੰਜਵੇਂਮਹੱਲੇ ਵਿਚ ਰਾਗ ਮਾਝ ਵਿਚ ਲਾਈ ਨੀਝ, ਬਿਨ ਅੱਖਾਂ ਅੱਖ ਉਠਾਈਆ । ਗੋਬਿੰਦ ਅੰਗਦ ਕੀਤੀ ਵਸੀਅਤ, ਬਿਨ ਅੱਖਰਾਂ ਲੇਖ ਬਣਾਈਆ । ਗੋਬਿੰਦ ਸੱਚੀ ਦੱਸ ਅਸਲੀਅਤ, ਸ਼ਬਦੀ ਸ਼ਬਦ ਆਪ ਪੜ੍ਹਾਈਆ । ਜਿਸ ਦੀ ਕੋਈ ਨਾ ਜਾਣੇ ਤਬੀਅਤ, ਰਮਜ਼ ਸਮਝ ਕੋਇ ਨਾ ਪਾਈਆ । ਉਸ ਦੀ ਲੱਭ ਸਕੇ ਨਾ ਕੋਈ ਵਲਦੀਅਤ, ਵਲਦ ਵਾਲਦਾ ਨਜ਼ਰ ਕੋਇ ਨਾ ਆਈਆ । ਜਿਸ ਦੇ ਵਿਚ ਦੋ ਜਹਾਨਾਂ ਉਧਾਰਨਾਂ ਅਹਿਮੀਅਤ, ਅਮਲ ਵਿਚ ਵੇਖੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੁਕਮ ਵਰਤਾਈਆ ।

ਹੁਕਮ ਕਹੇ ਮੈਂ ਰਹਿਣ ਨਾ ਦੇਵਾਂ ਝਗੜਾ, (ਝੰਜਟ) ਨਵ ਨੌ ਚਾਰ ਮਿਟਾਈਆ । ਸਤਿਗੁਰ ਸ਼ਬਦ ਹੋਣ ਨਾ ਦੇਵਾਂ ਲੰਗੜਾ, ਭਾਰ ਇਕੋ

ਜਿਹਾ ਵਖਾਈਆ । ਕਿਸੇ ਦਾ ਦੂਜੇ ਦਵਾਰੇ ਹੋਣ ਨਾ ਦੇਵਾਂ ਮੰਗਣਾ, ਵਿਚੋਲੇ ਗੁਰੂ ਦੇਵਾਂ ਖਪਾਈਆ । ਇਕੋ ਨਾਮ ਦੀ ਚੜ੍ਹੇ ਰੰਗਣਾ, ਰੰਗਤ ਇਕੋ ਨਜ਼ਰੀ ਆਈਆ । ਕੁਛ ਲਹਿਣਾ ਦੇਣਾ ਪੰਡਤ ਰਵਦਾਸ ਵਾਲੇ ਕੰਗਣਾ, ਕਰਮ ਕਾਂਡ ਨਾਲ ਜਣਾਈਆ । ਕਰੇ ਖੇਲ ਵਿਚ ਵਰਭੰਡਣਾ, ਭੰਡੀ ਕੂੜੀ ਦੇਣੀ ਗਵਾਈਆ । ਚਾਰ ਕੁੰਟ ਜਿਸ ਨੇ ਦੰਡਣਾ, ਡੰਡਾਵਤ ਇਕੋ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਅੱਸੂ ਕਹੇ ਮੇਰੀ ਆਸਾ ਤ੍ਰਿਸ਼ਨਾ, ਤ੍ਰਿਖਾਵੰਤ ਦਿਆਂ ਦੁਹਾਈਆ । ਤੇਰੇ ਚਰਨ ਕਵਲ ਝੁਕਦੇ ਵੇਖਾਂ ਬ੍ਰਹਮਾ ਵਿਸ਼ਨਾ, ਸ਼ੰਕਰ ਸੀਸ ਨਿਵਾਈਆ । ਨਮਸਤਿਆਂ ਵਿਚ ਰਾਮ ਸੀਤਾ ਨਿਵਣਾ, ਡੰਡਾਵਤ ਗੋਪੀ ਕਾਹਨ ਕਰ ਕੇ ਖ਼ੁਸ਼ੀ ਮਨਾਈਆ । ਜਗਤ ਜਹਾਨ ਜਾਣ ਕੇ ਮਿਥਨਾ, ਮਿਥਿਆ ਵੇਖਾਂ ਸਰਬ ਲੋਕਾਈਆ । ਪੀਰ ਪੈਗ਼ੰਬਰਾਂ ਸਬਕ ਤੈਥੋਂ ਸਿਖਣਾ, ਤੇਰੀ ਸਿਖਿਆ ਵਡ ਵਡਿਆਈਆ । ਗੁਰੂਆਂ ਤੇਰੇ ਨਾਮ ਦਾ ਸਿਫ਼ਤੀ ਸੋਹਲਾ ਲਿਖਣਾ, ਲਿਖ ਲਿਖ ਮਾਤ ਵਡਿਆਈਆ । ਤੇਰਾ ਨੂਰ ਜਹੂਰ ਬਿਨ ਤੇਰੀ ਕਿਰਪਾ ਕਿਸੇ ਨਾ ਦਿਸਣਾ, ਦੀਦ ਜਗਤ ਕੰਮ ਕਿਸੇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਏਕਾ ਖੇਲ ਆਪ ਬੁਝਣਾ, ਦੂਜਾ ਸੰਗ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਇਕ ਪਰਗਟਾਈਆ । ਸਚ ਮਾਰਗ ਧੁਰ ਦਾ ਲਾਵੀਂ, ਆਪਣੀ ਦਇਆ ਕਮਾਈਆ । ਕੂੜੀ ਕਿਰਿਆ ਜਗਤ ਮੁਕਾਵੀਂ, ਮੁਕੰਮਲ ਆਪਣਾ ਹੁਕਮ ਵਰਤਾਈਆ । ਪੁਰਖ ਅਬਿਨਾਸ਼ੀ ਇਕੋ ਨਾਮ ਜਪਾਵੀਂ, ਬਹੁਤੀ ਸਿਫ਼ਤਾਂ ਦੀ ਲੋੜ ਰਹੇ ਨਾ ਰਾਈਆ । ਇਕੋ ਸਰੋਵਰ ਇਸ਼ਨਾਨ ਕਰਾਵੀਂ, ਅੱਠ ਸੱਠ ਡੇਰਾ ਢਾਹੀਆ । ਸਚ ਦਵਾਰ ਇਕ ਪਰਗਟਾਵੀਂ, ਸ਼ਿਵਦਵਾਲਾ ਮਠ ਮੰਦਰ ਮਸੀਤ ਦਾ ਲੇਖਾ ਦਈਂ ਮੁਕਾਈਆ । ਇਕੋ ਨਾਮ ਅਗੰਮਾ ਸੁਣਾਵੀਂ, ਅਣਸੁਣਤ ਰਾਗ ਅਲਾਈਆ । ਸਾਢੇ ਤਿੰਨ ਹੱਥ ਭਾਗ ਲਗਾਵੀਂ, ਭਾਗ ਆਪਣਾ ਨਾਲ ਰਲਾਈਆ । ਅਨਹਦ ਨਾਦੀ ਸ਼ਬਦ ਵਜਾਵੀਂ, ਧੁਨ ਆਤਮ ਬੇਪਰਵਾਹੀਆ । ਨਿਰਗੁਣ ਜੋਤੀ ਜੋਤ ਜਗਾਵੀਂ, ਘਰ ਮੰਦਰ ਕਰ ਰੁਸ਼ਨਾਈਆ । ਪੜਦਾ ਉਹਲਾ ਆਪ ਚੁਕਾਵੀਂ, ਲੇਖਾ ਰਹਿਣ ਕੋਇ ਨਾ ਪਾਈਆ । ਆਤਮ ਸੇਜਾ ਸਚ ਸੁਹਾਵੀਂ, ਸਵਾਮੀ ਹੋ ਕੇ ਡੇਰਾ ਲਾਈਆ । ਨਾਰ ਕੰਤ ਭਤਾਰ ਹੋ ਕੇ ਰਾਵੀਂ, ਨਿਰਗੁਣ ਨਿਰਗੁਣ ਜੋੜ ਜੁੜਾਈਆ । ਮਹੱਲ ਅਟਲ ਆਪ ਸੁਹਾਵੀਂ, ਸੋਭਨੀਕ ਖ਼ੁਸ਼ੀ ਵਖਾਈਆ । ਆਪਣਾ ਰਾਹ ਆਪ ਖੁਲ੍ਹਾਵੀਂ, ਮਿਹਰ ਨਜ਼ਰ ਇਕ ਉਠਾਈਆ । ਰਾਹ ਵਿਚ ਨਾ ਕਦੇ ਅਟਕਾਵੀਂ, ਅਗੇ ਹੋ ਨਾ ਕੋਇ ਅਟਕਾਈਆ । ਮੰਜ਼ਲ ਧੁਰ ਦੀ ਆਪ ਚੜ੍ਹਾਵੀਂ, ਜਿਥੇ ਵਸੇਂ ਬੇਪਰਵਾਹੀਆ । ਗੁਰ ਅਵਤਾਰਾਂ ਨਾਲ ਮਿਲਾਵੀਂ, ਪੈਗ਼ੰਬਰਾਂ ਜੋੜ ਜੁੜਾਈਆ । ਮੇਰੀ ਆਤਮਾ ਪਰਮਾਤਮਾ ਆਪਣੇ ਨਾਲ ਰਖੀਂ ਸਾਵੀਂ, ਇਕੋ ਕੰਡੇ ਤੋਲ ਤੁਲਾਈਆ । ਕੰਤ ਕੰਤੂਹਲ ਧੁਰ ਦਾ ਮਾਲਕ ਹੋ ਕੇ ਆਵੀਂ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਆ ਕੇ ਕਰ, ਹਰਿ ਕਰਤੇ ਵਡ ਵਡਿਆਈਆ । ਨਿਰਭੌ ਭੈ ਚੁਕਾ ਡਰ, ਮਿਹਰ ਨਜ਼ਰ ਇਕ ਉਠਾਈਆ । ਕੂੜੀ ਕਿਰਿਆ ਜਾਏ ਝੜ, ਲੋਕਮਾਤ ਰਹਿਣ ਨਾ ਪਾਈਆ । ਕੂੜਾ ਗੁਰੂ ਦੇਵੇ ਕੋਇ ਨਾ ਵਰ, ਸ਼ਬਦੀ ਗੁਰੂ ਵੱਜੇ ਵਧਾਈਆ । ਸ਼ਰਅ ਵਿਚ ਸ਼ਰਮ ਨਾ ਕਰ, ਕੂੜੀ ਕਿਰਿਆ ਦੇ ਮਿਟਾਈਆ । ਤੂੰ ਨਿਰਗੁਣ ਨਿਰਵੈਰ ਇਕੋ ਹਰਿ, ਹਰ ਹਿਰਦੇ ਜਾ ਸਮਾਈਆ । ਸੰਤ ਸੁਹੇਲੇ ਸੱਜਣ ਫੜ, ਗੁਰਮੁਖ ਗੁਰਸਿਖ ਲੈ ਉਠਾਈਆ । ਕਾਇਆ ਮੰਦਰ ਆਪਣੇ ਚੜ੍ਹ, ਸਚ ਦਵਾਰੇ ਸੋਭਾ ਪਾਈਆ ।

੧੨੦੮
੧੯

ਮਹੱਲ ਅਟਲ ਅਗੰਮੇ ਖੜ੍ਹ, ਨਿਰਗੁਣ ਨੂਰ ਕਰ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਪੜ੍ਹ, ਚੌਦਾਂ ਵਿਦਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਦੇ ਸੁਹਾਈਆ । ਘਰ ਸਾਚਾ ਆਪ ਸੁਹਾ ਦੇ, ਸੋਭਾਵੰਤ ਸੁਲਤਾਨ । ਪੁਰਖ ਅਬਿਨਾਸ਼ੀ ਜੋਤ ਜਗਾ ਦੇ, ਅੰਧ ਅੰਧੇਰੇ ਹੋਏ ਗਿਆਨ । ਅਨਹਦ ਨਾਦੀ ਨਾਦ ਵਜਾ ਦੇ, ਧੁਰ ਦੀ ਸ਼ਬਦ ਸੁਣੇ ਧੁਨਕਾਨ । ਘਰ ਮੰਦਰ ਇਕ ਰੁਸ਼ਨਾ ਦੇ, ਜੋਤੀ ਜੋਤ ਹੋ ਪਰਧਾਨ । ਅੰਮ੍ਰਿਤ ਅਗੰਮਾ ਜਾਮ ਪਿਆ ਦੇ, ਤੀਰਥ ਮੁਕੇ ਜਗਤ ਜਹਾਨ । ਇਕੋ ਆਪਣਾ ਨਾਮ ਦ੍ਰਿੜ੍ਹਾ ਦੇ, ਕਰਨੀ ਪਏ ਨਾ ਅੱਖਰਾਂ ਵਾਲੀ ਕਲਿਆਣ । ਜਜਮਾਨ ਹੋ ਕੇ ਮਰਾਸੀ ਡੂੰਮਾ ਆਪਣੀ ਖੈਰ ਪਾ ਦੇ, ਗੁਰਮੁਖ ਮੰਗਣ ਜਾਣ ਨਾ ਕਿਸੇ ਦੁਕਾਨ । ਜੁਗ ਜਨਮ ਦੇ ਵਿਛੜੇ ਆਪਣੀ ਗੋਦ ਬਿਠਾ ਦੇ, ਨਿਰਗੁਣ ਨਿਰਗੁਣ ਕਰ ਪਰਵਾਨ ਪਿਛਲੇ ਕਰਮ ਕੁਕਰਮ ਮਿਟਾ ਦੇ, ਆਦਿ ਜੁਗਾਦੀ ਬਣ ਮਿਹਰਵਾਨ । ਦੁੱਖ ਭੰਜਨ ਭਵ ਸਾਗਰ ਪਾਰ ਕਰਾ ਦੇ, ਕੁਦਰਤ ਦੇ ਮਾਲਕ ਹੋ ਕੇ ਦਇਆਵਾਨ । ਡੁੱਬਦੇ ਪੱਥਰ ਪਾਰ ਲੰਘਾ ਦੇ, ਕਲਜੁਗ ਹੋ ਕੇ ਨਿਗਾਹਬਾਨ । ਜਗਤ ਸ਼ਰਅ ਕੂੜ ਜ਼ੰਜੀਰ ਤੁੜਾ ਦੇ, ਤੇਰਾ ਕਰਮ ਪਵੇ ਨੀਸਾਣ । ਮਾਟੀ ਚਮੜੇ ਲੇਖੇ ਲਾ ਦੇ, ਤੇਰੇ ਚਰਨੀ ਡਿਗੇ ਆਣ । ਲੱਖ ਚੁਰਾਸੀ ਫੰਦ ਕਟਾ ਦੇ, ਝਗੜਾ ਰਹੇ ਨਾ ਆਵਣ ਜਾਣ । ਸਚਖੰਡ ਦਵਾਰ ਬਹਾ ਦੇ, ਜਿਸ ਘਰ ਵਸਣ ਭਗਤ ਸੁਜਾਨ । ਪੂਰਬ ਵਿਛੜੇ ਮੇਲ ਮਲਾ ਦੇ, ਸਤਿਜੁਗ ਤਰੇਤਾ ਦੁਆਪਰ ਕਲਜੁਗ ਅੰਤ ਕਰ ਕਲਿਆਣ । ਨਿਰਗੁਣ ਜੋਤੀ ਜੋਤ ਮਿਲਾ ਦੇ, ਪੰਜ ਤਤ ਲੇਖਾ ਰਹੇ ਨਾ ਵਿਚ ਜਹਾਨ । ਆਪਣੇ ਦਰ ਸਚਖੰਡ ਦਵਾਰ ਬਹਾ ਦੇ, ਜਿਥੇ ਪੁੱਜੇ ਨਾ ਕੋਇ ਇਨਸਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਗੁਰੂਆਂ ਕੋਲੋਂ ਖਹਿੜਾ ਛੁਡਾ ਦੇ, ਗੁਰਮੁਖ ਇਕੋ ਵਾਰ ਕਰਨ ਬਿਆਨ । ਗੁਰਮੁਖ ਕਹਿਣ ਸਾਡੇ ਬਿਆਨ ਕਰ ਲੈ ਕ਼ਲਮਬੰਦ, ਦੂਜੀ ਸ਼ਹਾਦਤ ਦੀ ਲੋੜ ਰਹੇ ਨਾ ਰਾਈਆ । ਇਕੋ ਤੇਰੇ ਦਰ ਦੇ ਆਸਾਵੰਦ, ਅਸਮਾਨਾਂ ਤੋਂ ਪਰੇ ਡੇਰਾ ਲਾਈਆ । ਬਹੁਤੇ ਪੜ੍ਹ ਪੜ੍ਹ ਕੇ ਸਾਥੋਂ ਘਸਾਏ ਨਹੀਂ ਜਾਂਦੇ ਦੰਦ, ਦੋਧੀ ਦੰਦੀਂ ਪਾਰ ਕਰਾਈਆ । ਇਕੋ ਪੁਰਖ ਅਕਾਲ ਤੇਰਾ ਦਵਾਰਾ ਲਿਆ ਮੰਗ, ਜਿਸ ਤੋਂ ਪਰੇ ਨਜ਼ਰ ਕੋਇ ਨਾ ਆਈਆ । ਪਾਰ ਉਤਾਰਨਾ ਤੇਰਾ ਨਿੱਕਾ ਜਿਹਾ ਢੰਗ, ਤਰੀਕਾ ਇਕੋ ਦੇ ਸਮਝਾਈਆ । ਤੇਰੀ ਮਿਹਰ ਨਜ਼ਰ ਨਿਗਾਹ ਨਾਲ ਚੜ੍ਹੇ ਰੰਗ, ਰੰਗਤ ਅੰਦਰੋਂ ਦੇ ਬਦਲਾਈਆ । ਤੇਰੇ ਨਾਮ ਦਾ ਵੱਜੇ ਮਰਦੰਗ, ਮਰਦਨ ਸਾਰੇ ਦੇ ਕਰਾਈਆ । ਜੁਗ ਚੌਕੜੀ ਜਨਮ ਜਨਮ ਦੀ ਪੂਰਬ ਇਹ ਉਮੰਗ, ਰੀਤੀ ਪਹਿਲੀ ਚਲੀ ਆਈਆ । ਪੁਰਖ ਅਕਾਲ ਦੀਨ ਦਿਆਲ ਦੇਣ ਲੱਗਾ ਨਾ ਹੋਵੀਂ ਤੰਗ, ਤੰਗਦਸਤੀ ਦੇ ਮਿਟਾਈਆ । ਸ੍ਰਿਸ਼ਟ ਸਬਾਈ ਦਏ ਦੁਹਾਈ ਹਾਏ ਲੋਕਾਈ ਬਹੁੜੀ ਖ਼ੁਦਾ ਲੱਗੇ ਜਗ, ਜੰਗਲਾਂ ਅੰਦਰ ਮੰਦਰਾਂ ਅੰਦਰ ਗੁਰਮੁਖ ਗੁਰਸਿਖ ਆਪਣਾ ਹੁਕਮ ਵਰਤਾਈਆ । ਤੇਰਾ ਅਸਵ ਘੋੜਾ ਸ਼ਬਦ ਅਗੰਮੀ ਤਰੰਗ, ਤੁਰੀਆ ਤੋਂ ਪਰੇ ਨਿਰਗੁਣ ਹਰੇ, ਲੱਖ ਚੁਰਾਸੀ ਡਰੇ, ਗੁਰਮੁਖਾਂ ਵੇਖੀਂ ਘਰੇ, ਘਰ ਘਰ ਆਪਣਾ ਫੇਰਾ ਪਾਈਆ । ਕੱਚੇ ਗੁਰੂਆਂ ਨਾਲੋਂ ਗੁਰਮੁਖ ਤੇਰੇ ਚੰਗੇ ਛੜੇ, ਇਕੱਲੇ ਰਹਿ ਕੇ ਆਪਣਾ ਝਟ ਲੰਘਾਈਆ । ਚਾਰ ਜੁਗ ਕਹਿੰਦੇ ਗਏ ਅੰਤ ਸ੍ਰੀ ਭਗਵੰਤ ਜਨ ਭਗਤਾਂ ਦੇ ਆਉਣਾ ਵਿਚ ਧੜੇ, ਨਾਤਾ ਆਪਣੇ ਨਾਲ ਰਖਾਈਆ । ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦਾ ਕੰਤ ਮਣੀਆਂ ਮੰਤ ਕਿਰਪਾ ਕਰੇ, ਕਰਮਾਂ ਦਾ ਝਗੜਾ ਦਏ ਮੁਕਾਈਆ । ਅਬਿਨਾਸ਼ੀ ਕਰਤਾ, ਦੁੱਖ ਦਰਦ ਹਰਤਾ, ਸਭ ਕੁਛ ਦੱਸਦਾ, ਜਨ ਭਗਤੋ ਬਹੁਤਿਆਂ ਨਾਲੋਂ ਥੋੜੇ ਬੜੇ, ਜਿਨ੍ਹਾਂ ਦੇ


੧੨੦੯
੧੯

ਅੰਤਰ ਨਾਮ ਨਿਰੰਤਰ ਸਤਿਗੁਰ ਮੰਤਰ ਇਕੋ ਇਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਅੱਸੂ ਕਹੇ ਪ੍ਰਭ ਕੀ ਤੇਰੀ ਵਡ ਸ਼ਕਤੀ, ਸਚ ਦੇ ਸਮਝਾਈਆ । ਕਿਉਂ ਨਾ ਭਗਤਾਂ ਲੇਖੇ ਲਾਵੇਂ ਛਿਨ ਭੰਗਰ ਪ੍ਰੇਮ ਦੀ ਭਗਤੀ, ਭਾਗ ਆਪਣੇ ਨਾਲ ਬਣਾਈਆ । ਧਾਰ ਕੱਢ ਦੇ ਅੰਦਰੋਂ ਮਨ ਦੀ, ਮਨਸਾ ਆਪਣੇ ਨਾਲ ਮਿਲਾਈਆ । ਤੇਰੀ ਖੇਲ ਕਾਇਆ ਮਾਟੀ ਪੰਜ ਤਤ ਤਨ ਦੀ, ਤਤਵ ਨਾਲ ਤਤਵ ਰਿਹਾ ਮਿਲਾਈਆ । ਮੰਜ਼ਲ ਰਹੇ ਨਾ ਸੂਰਜ ਚੰਨ ਦੀ, ਬਾਰਾਂ ਵੰਡ ਨਾ ਕੋਇ ਵੰਡਾਈਆ । ਲੋੜ ਰਹੇ ਨਾ ਸਰਵਣ ਕੰਨ ਦੀ, ਧੁਨ ਅਗੰਮੀ ਦੇ ਸੁਣਾਈਆ । ਪਰਕਾਸ਼ ਹੋਵੇ ਜੋਤ ਤੇਰੇ ਗੁਰਮੁਖ ਚੰਨ ਦੀ, ਧੁਰ ਦੀ ਚਾਂਦਨੀ ਦਏ ਚਮਕਾਈਆ । ਲੋੜ ਰਹੇ ਨਾ ਝੂਠੇ ਧਨ ਦੀ, ਧਨ ਆਪਣਾ ਨਾਮ ਭੰਡਾਰਾ ਇਕ ਵਰਤਾਈਆ । ਨੌਂ ਸੌ ਚੁਰਾਨਵੇਂ ਚੌਕੜੀ ਬੱਧੀ ਇਕ ਗੱਲ ਦੀ, ਜਿਸ ਗੱਲ ਦਾ ਭੇਵ ਗੁਰ ਅਵਤਾਰ ਪੈਗ਼ੰਬਰ ਸਕਿਆ ਨਾ ਕੋਇ ਖੁਲ੍ਹਾਈਆ । ਉਹ ਘੜੀ ਸੁਹੰਜਣੀ ਅੱਜ ਕੱਲ ਦੀ, ਕਲਮਿਆਂ ਤੋਂ ਬਾਹਰ ਨਜ਼ਰੀ ਆਈਆ । ਤਿੰਨ ਅੱਸੂ ਤੇਰੀ ਧਾਰ ਸੋਹਣੀ ਜਲ ਦੀ, ਜਲ ਹੋੜੇ ਦਈਂ ਸਮਝਾਈਆ । ਜਿਥੇ ਲਹਿਰ ਧਾਰ ਕੋਇ ਨਾ ਠੱਲਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਰਤਾਈਆ । ਅੱਸੂ ਕਹੇ ਮੇਰੀ ਅਸੀਸ, ਅਸਲ ਧਿਆਨ ਲਗਾਈਆ । ਜਨ ਭਗਤਾਂ ਹੋਵੇ ਬਖ਼ਸ਼ੀਸ਼, ਬਖ਼ਸ਼ਿਸ਼ ਆਪਣਾ ਨਾਮ ਵਰਤਾਈਆ । ਜਗਤ ਗੁਰੂ ਬਣ ਜਗਦੀਸ਼, ਸਤਿਗੁਰ ਇਕੋ ਨਜ਼ਰੀ ਆਈਆ । ਬਾਕੀ ਮੰਗਤੇ ਮੰਗਦੇ ਭੀਖ, ਥੋੜਾ ਥੋੜਾ ਸਭ ਨੂੰ ਦੇ ਵਰਤਾਈਆ । ਜੇ ਕੋਈ ਕਰੇ ਤੇਰੀ ਰੀਸ, ਲੱਖ ਚੁਰਾਸੀ ਵਿਚ ਦੇ ਭਵਾਈਆ । ਨਾ ਕੋਈ ਕਲਮਾ ਯਾਦ ਰਹੇ ਹਦੀਸ, ਆਪਣਾ ਨਾਮ ਦੇਣਾ ਭੁਲਾਈਆ । ਜਿਸ ਵੇਲੇ ਚਾਰ ਜੁਗ ਅਗਲੇ ਜਾਣ ਬੀਤ, ਫੇਰ ਗੋਬਿੰਦ ਨਾਲ ਮਿਲਾਈਆ । ਚੁਰਾਸੀ ਚੁਰਾਸੀ ਚੁਰਾਸੀ ਜਾਣੇ ਜਾਮੇ ਸਭ ਨੂੰ ਦੇਣੇ ਵਿਚ ਕੀਟ, ਪਤੰਗਿਆਂ ਵਿਚ ਪਰ ਨਾ ਕੋਇ ਲਗਾਈਆ । ਸਾਫ ਬੁਧੀ ਰਹੇ ਕੋਈ ਨਾ ਅਤੀਤ, ਨੇਤਰਹੀਣ ਦੇਣੇ ਜਣਾਈਆ । ਦੁੱਖਾਂ ਵਿਚ ਮਾਰਦੇ ਰਹਿਣ ਚੀਕ, ਸਾਂਤਕ ਸਤਿ ਨਾ ਕੋਇ ਕਰਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰੇ ਸ਼ਬਦ ਗੁਰੂ ਦੀ ਕਰਦੇ ਰਹਿਣ ਉਡੀਕ, ਬਿਨ ਗੋਬਿੰਦ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਇਕੋ ਤੇਰੇ ਵਿਚ ਤੌਫ਼ੀਕ, ਤਾਰੀਫ਼ ਆਪਣੀ ਦੇਣੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਦਾ ਹੁਕਮ ਆਪ ਜਣਾਈਆ । ਧੁਰ ਦਾ ਹੁਕਮ ਕਹੇ ਹੁਕਮ ਅੱਸੂ ਤਿੰਨ, ਸ਼ਬਦੀ ਸ਼ਬਦ ਜਣਾਈਆ । ਜਨ ਭਗਤਾਂ ਰੰਗ ਭਿੰਨ, ਕੂਠੀ ਜਾਏ ਜਗਤ ਲੋਕਾਈਆ । ਕੂੜ ਕੁੜਿਆਰਿਆਂ ਅੰਦਰੋਂ ਬਦਲਾਂ ਚਿੰਨ੍ਹ, ਬਾਹਰੋਂ ਜਾਣ ਮੁਰਝਾਈਆ । ਖ਼ਾਲੀ ਹੋਣ ਵਾਂਗ ਟਿਨ, ਟਿੱਕਿਆਂ ਵਾਲੀ ਵਸਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਅੱਸੂ ਤਿੰਨ ਕਹੇ ਜਨ ਭਗਤਾਂ ਹੋਵੇ ਭਰਵਾਸਾ, ਸ੍ਰਿਸ਼ਟੀ ਅੰਦਰ ਦੁਖਦਾਈਆ । ਗੁਰਮੁਖਾਂ ਖ਼ੁਸ਼ੀਆਂ ਹਾਸਾ, ਨੇਤਰ ਰੋਵੇ ਲੋਕਾਈਆ । ਜਗਤ ਗੁਰੂਆਂ ਪਛਤਾਉਣਾ ਪਏ ਖਾਧਾ, ਅੰਦਰੇ ਅੰਦਰ ਭੈ ਵਖਾਈਆ । ਹੁਕਮ ਦੇਵੇ ਪੁਰਖ ਅਕਾਲ ਗੋਬਿੰਦ ਦਾ ਪਿਤਾ ਗੁਰਮੁਖਾਂ ਦਾ ਦਾਦਾ, ਜੋ ਦਾਅਵੇਦਾਰ ਅਖਵਾਈਆ । ਜਿਸ ਦੇ ਬਿਨਾ ਆਦਿ ਜੁਗਾਦਿ ਜੁਗ ਚੌਕੜੀ ਕੋਈ ਨਾ ਜਾਗਾ, ਅੱਖਾਂ ਵਾਲੇ ਗੁਰੂ ਅੰਤਮ ਅੱਖਾਂ ਗਏ ਬਦਲਾਈਆ । ਬਿਨਾ ਸਤਿਗੁਰ ਸ਼ਬਦ ਕੋਈ ਨਾ ਹੋਵੇ ਰਾਖਾ, ਸਿਰ ਹੱਥ ਨਾ ਕੋਇ ਟਿਕਾਈਆ । ਜਨ ਭਗਤੋ ਕਲਜੁਗ


੧੨੧੦
੧੯

ਅੰਤ ਤੁਹਾਡਾ ਰਹਿ ਜਾਏ ਸਭ ਤੋਂ ਵੱਖਰਾ ਸਾਕਾ, ਸਾਖੀਆਂ ਚਾਰ ਜੁਗ ਖ਼ੁਸ਼ੀਆਂ ਨਾਲ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਹਰਿਜਨ ਤੇਰਾ ਜਨਮ ਜ਼ਰੂਰ, ਮਾਤ ਪਿਤਾ ਗ੍ਰਿਹ ਨਜ਼ਰੀ ਆਈਆ । ਅੰਤ ਮਾਲਕ ਇਕ ਹਜ਼ੂਰ, ਜੋ ਹਜ਼ਰਤਾਂ ਦਾ ਹਜ਼ਰਤ ਬੇਪਰਵਾਹੀਆ । ਜਿਸ ਨੇ ਬਖ਼ਸ਼ੇ ਕੋਟ ਜਨਮ ਦੇ ਕ਼ਸੂਰ, ਕ਼ਸੂਰ ਅਸ਼ਾਰੀਏ ਨਾਮ ਨਾਲ ਉਡਾਈਆ । ਸਚ ਭੰਡਾਰਾ ਕਰ ਭਰਪੂਰ, ਅੰਦਰੋਂ ਪੂਨ ਦਏ ਗਵਾਈਆ । ਆਤਮ ਪਰਮਾਤਮ ਬਖ਼ਸ਼ ਕੇ ਨੂਰ, ਕਾਇਆ ਨੂਰ ਮਹੱਲ ਦਏ ਵਖਾਈਆ । ਗੁਰਮੁਖੋ ਗੁਰਸਿਖੋ ਜਨ ਭਗਤੋ ਸਾਚੇ ਸੰਤੋ ਤੁਹਾਡੀ ਕਰਨੀ ਸਚ ਹੋਵੇ ਮਸ਼ਹੂਰ, ਮਸ਼ਵਰੇ ਗੁਰ ਅਵਤਾਰ ਪੈਗ਼ੰਬਰ ਗਏ ਬਣਾਈਆ । ਸਤਿ ਧਰਮ ਦਾ ਲਾ ਕੇ ਦਸਤੂਰ, ਮਾਰਗ ਏਕੰਕਾਰਾ ਇਕੋ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਨੀ ਦਾ ਕਰਤਾ ਦੁੱਖ ਦਰਦਾਂ ਦਾ ਹਰਤਾ, ਤੁਹਾਡੇ ਪ੍ਰੇਮ ਦਾ ਹੋਵੇ ਮਸ਼ਕੂਰ, ਮਸਖ਼ਰਿਆਂ ਦਾ ਲੇਖਾ ਦਏ ਗਵਾਈਆ ।

### ✪ ੨ ਅੱਸੂ ਸ਼ਹਿਨਸ਼ਾਹੀ ਸੰਮਤ ੨ ਹਰਿ ਭਗਤ ਦਵਾਰ ਜੇਠੂਵਾਲ ✪

ਸਤਿ ਕਹੇ ਪ੍ਰਭ ਮੇਲਾ ਹੋਵੇ ਗੁਰਮੁਖ ਸੱਜਣ, ਸਾਜਣ ਤੇਰਾ ਰੂਪ ਨਜ਼ਰੀ ਆਈਆ । ਧੁਰ ਦੇ ਪ੍ਰੇਮ ਦਾ ਮਿਲੇ ਅਗੰਮੀ ਮਜਨ, ਧੂੜੀ ਧਰਮ ਸੀਸ ਛੁਹਾਈਆ । ਮਨ ਵਿਕਾਰੀ ਭਾਂਡੇ ਭੱਜਣ, ਗੜ੍ਹ ਹੰਕਾਰੀ ਰਹਿਣ ਨਾ ਪਾਈਆ । ਤੇਰੀ ਧਾਰ ਤੇਰਾ ਪਿਆਰ ਲੱਭਣ, ਆਤਮ ਪਰਮਾਤਮ

ਰਾਹ ਤਕਾਈਆ । ਬਿਰਹੋਂ ਵੈਰਾਗ ਵਿਚ ਸੱਦਣ, ਅੰਤਰ ਅੰਤਰ ਕੂਕ ਦੁਹਾਈਆ । ਪ੍ਰੇਮ ਰਸ ਦੇਣਾ ਅਨੰਦਨ, ਨਿਜਾਨੰਦ ਰਸ ਚਖਾਈਆ । ਸਾਚਾ ਢੋਆ ਧੁਰ ਦਾ ਚੰਦਨ, ਓਢਣ ਸੀਸ ਦੇਣਾ ਰਖਾਈਆ । ਪੁਰਖ ਅਕਾਲ ਦੀਨ ਦਿਆਲ ਦਰ ਦਵਾਰੇ ਤੇਰੇ ਬੰਦਨ, ਜਗਤ ਬੰਧਨ ਦੇਣਾ ਤੁੜਾਈਆ । ਗੁਰਮੁਖ ਗੁਰਮੁਖ ਗੁਰ ਸਤਿਗੁਰ ਪਾਰ ਲੰਘਣ, ਵਿਚੋਲਾ ਸ਼ਬਦੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਚਾੜ੍ਹਨੀ ਇਕੋ ਰੰਗਣ, ਰੰਗਤ ਆਪਣਾ ਆਪ ਵਖਾਈਆ ।

### ✪ ੩ ਅੱਸੂ ਸ਼ਹਿਨਸ਼ਾਹੀ ਸੰਮਤ ੨ ਰਾਮ ਧਾਮ ਮੰਦਰ ਅੰਮ੍ਰਿਤਸਰ ਸ਼ਹਿਰ ✪

ਭਾਰਤ ਸੰਤ ਸਰਬ ਸਮਾਜ ਕਰੋ ਪੂਣ, ਅੰਤਰ ਆਤਮ ਧਿਆਨ ਲਗਾਈਆ । ਓਟ ਰਖ ਸ੍ਰੀ ਭਗਵਨ ਚਰਨ, ਨਮਸਤੇ ਡੰਡਾਵਤ ਬੰਦਨਾ ਕਰ ਕੇ ਸੀਸ ਝੁਕਾਈਆ । ਝਗੜਾ ਮੁਕਾ ਦੇ ਦੀਨ ਮਜ਼੍ਹਬ ਜਾਤ ਪਾਤ ਵਰਨ ਬਰਨ, ਸਗੰਠਨ ਇਕੋ ਲੈਣਾ ਜਣਾਈਆ । ਗਊ ਮਾਤਾ ਨਹੀਂ ਦੇਣੀ ਮਰਨ, ਮਰਨ ਵਰਤ ਰਖ ਕੇ ਲੈਣਾ ਬਚਾਈਆ । ਜਿਸ ਦੀ ਸੇਵਾ ਵਿਚ ਸੁਫਲਾ ਹੋਵੇ ਜਨਮ, ਜਨਮ ਕਰਮ ਮਿਲੇ ਵਡਿਆਈਆ । ਧੇਨ ਰੱਖਿਆ ਕਰਨੀ ਸਭ ਦਾ ਧਰਮ, ਸਤਿ ਧਰਮ ਦਏ ਸਮਝਾਈਆ । ਪ੍ਰੇਮ ਪਿਆਰ ਅੰਦਰ ਸੰਤ ਸੱਜਣ ਅੰਤਰ ਅੰਤਰ ਇਕ ਦੂਜੇ ਦਾ ਸੱਚਾ ਲੜ ਫੜਨ, ਵੇਲੇ ਵਕ਼ਤ ਹੋਵੇ ਨਾ ਕੋਇ ਜੁਦਾਈਆ । ਮੰਜ਼ਲ ਓਸ ਅਗੰਮੀ ਚੜ੍ਹਨ, ਜਿਸ ਮਾਰਗ ਦਾ ਦਾਤਾ ਬੇਪਰਵਾਹੀਆ । ਜਗਤ ਹਕੂਮਤਾਂ ਓਥੇ

ਕੀ ਕਰਨ, ਸੰਤ ਸੁਹੇਲੇ ਜਿਥੇ ਪ੍ਰਭ ਦਾ ਬੈਠੇ ਧਿਆਨ ਲਗਾਈਆ । ਆਪਣੀ ਕਰਨੀ ਤੋਂ ਆਪੇ ਹਰਨ, ਸਿਰ ਸਕੇ ਨਾ ਕੋਇ ਉਠਾਈਆ । ਜੁਗਤੀ ਭਗਤੀ ਅੰਦਰ ਪ੍ਰਭ ਦਾ ਭਾਣਾ ਜਰਨ, ਸ਼ਕਤੀ ਅੰਦਰ ਇਕੋ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਪਾਰਬ੍ਰਹਮ ਪਤਿਪਰਮੇਸ਼ਵਰ ਕਰਤਾ ਕਰਨੀ ਕਰਨ, ਮਾਲਕ ਦਾਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਲਏ ਉਠਾਈਆ । ਗਊ ਮਾਤਾ ਰਹੀ ਰੋ, ਨੇਤਰ ਨੈਣਾਂ ਨੀਰ ਵਹਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਮੈਨੂੰ ਰਹੇ ਕੋਹ, ਸ਼ਰਅ ਛੁਰੀ ਜਗਤ ਕਸਾਈ ਰਹੇ ਉਠਾਈਆ । ਬਿਨਾ ਕਸੂਰ ਤੋਂ ਮੇਰੇ ਨਾਲ ਕਰਨ ਧਰੋਹ, ਧਰਤ ਧਵਲ ਧੌਲ ਥੱਲੇ ਰੋਵੇ ਮਾਰੇ ਧਾਈਆ । ਭਗਵਨ ਤੇਰੇ ਨਾਲ ਮੇਰਾ ਸੱਚਾ ਮੋਹ, ਮੁਹੱਬਤ ਬੰਸਰੀ ਵਾਲੇ ਘਨਈਆ ਤੇਰੇ ਨਾਲ ਰਖਾਈਆ । ਕਲਜੁਗ ਦੀਨ ਦੁਨੀ ਦੇਵੇ ਨਾ ਕੋਈ ਢੋਅ, ਸਹਾਰਾ ਨਜ਼ਰ ਕੋਇ ਨਾ ਆਈਆ । ਦ੍ਰਿਸ਼ਟੀ ਸ੍ਰਿਸ਼ਟੀ ਦੀ ਕੀਤੀ ਨਿਰਮੋਹ, ਮੁਹੱਬਤ ਹਕ਼ੀਕ਼ਤ ਹੱਕ ਨਾ ਕੋਇ ਦ੍ਰਿੜਾਈਆ । ਕਿਰਪਾ ਕਰ ਕੇ ਸਾਚੇ ਸੰਤਾਂ ਅੰਦਰ ਤੂੰ ਕੀਤੀ ਲੋ, ਗਿਆਨ ਧਿਆਨ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਮੁਕਾਈਆ । ਗਊ ਕਹੇ ਮੈਨੂੰ ਮਾਰਨ ਲੱਗਾ ਜਗ, ਵੈਰੀ ਘਰ ਘਰ ਨਜ਼ਰੀ ਆਈਆ । ਸਮਰਥ ਸਵਾਮੀ ਅੰਤਰਜਾਮੀ ਜਿਸ ਵੇਲੇ ਛੁਰੀ ਰਖਦੇ ਮੇਰੀ ਉਪਰ ਸ਼ਾਹ ਰਗ, ਸ਼ਾਹ ਪਾਤਸ਼ਾਹ ਮੈਂ ਤੇਰਾ ਧਿਆਨ ਲਗਾਈਆ । ਚਾਰ ਕੁੰਟ ਦਹਿ ਦਿਸ਼ਾ ਉੱਤਰ ਪੂਰਬ ਪੱਛਮ ਦੱਖਣ ਮਨ ਵਾਸਨਾ ਲੱਗੀ ਅੱਗ, ਹੰਕਾਰ

੧੨੧੨ ੧੯ ਕੂੜ ਡੰਕਾ ਰਿਹਾ ਵਜਾਈਆ । ਪੇਟ ਕਾਰਨ ਮੈਨੂੰ ਕਰਦੇ ਬੱਧ, ਮੇਰੀ ਸੇਵਾ ਸੰਸਾਰੀ ਸਮਝ ਕੋਇ ਨਾ ਪਾਈਆ । ਸਾਹਿਬ ਸਤਿਗੁਰ ਮੈਂ ਤੇਰੀ ਆਦਿ ਜੁਗਾਦਿ ਉਹ ਯਦ, ਜਿਸ ਦਾ ਚਰਵਾਹਾ ਕ੍ਰਿਸ਼ਨ ਰਖਵਾਲਾ ਗਵਾਲਾ ਨਜ਼ਰੀ ਆਈਆ । ਸਦੀ ਚੌਧਵੀਂ ਮੇਰਾ ਵੇਖ ਕੀ ਹੋਇਆ ਹਜ, ਹਾਜਤ ਮੇਰੀ ਪੂਰੀ ਨਾ ਕੋਇ ਕਰਾਈਆ । ਧਰਮ ਦਵਾਰਿਉਂ ਮੈਨੂੰ ਸਾਰਿਆਂ ਦਿਤਾ ਕੱਢ, ਮਾਲਕ ਹੋ ਕੇ ਪ੍ਰੇਮ ਸਚ ਨਾ ਕੋਇ ਕਮਾਈਆ । ਮੈਂ ਅੰਦਰ ਅੰਦਰ ਆਤਮ ਧਾਰ ਪਰਮਾਤਮ ਤੈਨੂੰ ਰਹੀ ਦੱਸ, ਨਿਰਗੁਣ ਨਿਰਵੈਰ ਤੇਰਾ ਧਿਆਨ ਲਗਾਈਆ । ਕੂੜ ਜੰਜਾਲ ਜਗਤ ਜਹਾਨ ਵਿਚੋਂ ਮੈਨੂੰ ਕੱਢ, ਬਿਨ ਤੇਰੀ ਕਿਰਪਾ ਹੋਏ ਨਾ ਕੋਇ ਸਹਾਈਆ । ਅਬਿਨਾਸ਼ੀ ਕਰਤਾ ਕਹੇ ਮੈਂ ਸਾਚੇ ਸੰਤਾਂ ਅੰਦਰ ਸ਼ਬਦ ਨਾਦ ਹੋ ਕੇ ਜਾਵਾਂ ਵੱਜ, ਸੋਈ ਸੁਰਤੀ ਸਭ ਦੀ ਦਿਆਂ ਜਗਾਈਆ । ਤਿੰਨ ਅਸੂ ਯਾਦਦਾਸ਼ਤ ਰਹਿ ਜਾਏ ਵਿਚ ਦੁਨੀਆ ਦੇ ਜਗ, ਜੇ ਸੰਤ ਸੁਹੇਲੇ ਮਿਲ ਕੇ ਕ਼ਦਮ ਲੈਣ ਉਠਾਈਆ । ਅੱਜ ਦਾ ਲੇਖ ਪੰਜ ਚੇਤ ਪਹਿਲੋਂ ਲਿਖਾ ਕੇ ਦਿਤਾ ਦੱਸ, ਕ਼ਲਮ ਸ਼ਾਹੀ ਕਾਗ਼ਜ਼ ਨਾਲ ਵੰਡ ਵੰਡਾਈਆ । ਜਿਸ ਦਾ ਸੀਰ ਅੰਮ੍ਰਿਤ ਪੀਵੇ ਰਸ, ਮਾਂ ਦੀ ਮਾਂ ਗਊ ਨਜ਼ਰੀ ਆਈਆ । ਸਾਚੇ ਸੰਤ ਉਸ ਦੇ ਅੰਦਰ ਰੋਣ ਵਾਲੀ ਤੱਕੋ ਅੱਖ, ਜਿਹੜੀ ਬਾਹਰ ਨੇਤਰਾਂ ਤੋਂ ਪਰੇ ਡੇਰਾ ਲਾਈਆ । ਹਕ਼ੀਕ਼ਤ ਵਿਚੋਂ ਹੱਕ ਪਛਾਣੋ ਸਚ, ਪੜਦਾ ਉਹਲਾ ਇਕ ਉਠਾਈਆ । ਫਿਰ ਏਸ ਸਗੰਠਨ ਤੋਂ ਕੋਈ ਨਾ ਰਹਿਣਾ ਵੱਖ, ਸਾਰੇ ਮਿਲ ਕੇ ਚਲਣ ਚਾਈਂ ਚਾਈਂਆ । ਸਰਬ ਸਾਧੂਆਂ ਨੂੰ ਦੇਣਾ ਦੱਸ, ਕਿਸੇ ਦਾ ਨਹੀਂ ਕੋਈ ਵਸ, ਵੇਲੇ ਵਕ਼ਤ ਨਾਲ ਪੁਰਖ ਅਕਾਲ ਦੀਨ ਦਿਆਲ ਪਾਰਬ੍ਰਹਮ ਪਤਿਪਰਮੇਸ਼ਵਰ ਦੀਨਾਂ ਨਾਥਾ ਦੀਨਨ ਹੋਏ ਸਹਾਈਆ । ਸਭ ਦੀ ਪਤ ਜੁਗ ਚੌਕੜੀ ਨਿਰਗੁਣ ਸਰਗੁਣ ਧਾਰ ਲਏ ਰਖ, ਸੰਤ ਸਤਿਗੁਰ ਲੋਕਮਾਤ ਲਏ ਪਰਗਟਾਈਆ । ਸਦਾ ਧਰਮ ਦਾ ਰਖਦਾ ਆਇਆ ਪੱਖ, ਧਰੂ ਪ੍ਰਹਿਲਾਦ ਦੇਣ ਗਵਾਹੀਆ । ਸਾਚੇ ਸੰਤਾਂ ਧਰਮ ਗੁਣਵੰਤਾਂ ਜਿਨ੍ਹਾਂ ਆਪਣੇ ਹੱਥਾਂ ਨਾਲ ਕੀਤੇ ਦਸਤਖ਼ਤ,

ਦਸਤ ਨਾਲ ਦਸਤ ਲੈਣ ਮਿਲਾਈਆ । ਕ਼ਦਮ ਕ਼ਦਮ ਨਾਲ ਚਲਣ ਹੱਸ ਹੱਸ, ਹਸਤੀ ਵਿਚੋਂ ਮਸਤੀ ਨਜ਼ਰੀ ਆਈਆ । ਚਾਰ ਕੁੰਟ ਦਹਿ ਦਿਸ਼ਾ ਧਰਮ ਦਾ ਹੋਵੇ ਸਾਚਾ ਜਸ, ਅਧਰਮ ਦਾ ਬੇੜਾ ਦੇਣਾ ਡੁਬਾਈਆ । ਕਲਜੁਗ ਕੂੜ ਕੁੜਿਆਰ ਰੈਣ ਅੰਧੇਰੀ ਰਹਿਣ ਨਹੀਂ ਦੇਣੀ ਮਸ, ਸਾਚਾ ਚੰਦ ਸਤਿ ਧਰਮ ਦਾ ਨਾਮ ਦੇਣਾ ਚਮਕਾਈਆ । ਸਭ ਦੇ ਅੰਤਰ ਖ਼ੁਸ਼ੀ ਹੋਵੇ ਬੰਦ ਬੰਦ, ਬੰਦਗੀ ਵਿਚ ਗਊ ਮਾਤਾ ਦੀ ਮੁਸ਼ੰਦਗੀ ਦੇਣੀ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੰਤ ਸੁਹੇਲੇ ਆਪਣੇ ਰੰਗ ਰਿਹਾ ਰੰਗਾਈਆ ।

✪ ੩ ਅਸੂ ਸ਼ਹਿਨਸ਼ਾਹੀ ਸੰਮਤ ੨ ਅੰਮ੍ਰਿਤਸਰ ਦੁਰਗਿਆਨਾ ਮੰਦਰ ਗਊ ਹੱਤਿਆ ਦੇ ਨਵਿਤ ਸਮੇਲਨ ਸਵਾਮੀ ਗੰਗੇਸ਼ਵਰ ✪

ਸਤਿ ਧਰਮ ਕਹੇ ਸਭ ਨਿਰਮਲ ਕਰ ਲਓ ਬੁਧ, ਬਿਬੇਕ ਆਪਣਾ ਆਪ ਬਣਾਈਆ । ਸਚ ਵਿਚਾਰ ਦੀ ਕਰੋ ਸੁਧ, ਸੰਤ ਸੱਜਣ ਮਿਲ ਕੇ ਖ਼ੁਸ਼ੀ ਮਨਾਈਆ । ਜਿਸ ਮਾਤਾ ਦਾ ਰਸਨਾ ਜਿਹਵਾ ਬੱਤੀ ਦੰਦ ਸੀਰ ਪੀਤਾ ਦੁੱਧ, ਰਸ ਅੰਮ੍ਰਿਤ ਰਹੀ ਚੁਆਈਆ । ਉਸ ਦਾ ਪੜਦਾ ਉਹਲਾ ਰਹੇ ਨਾ ਲੁਕ, ਭਾਰਤ ਵਾਸੀ ਵੇਖੋ ਨੈਣ ਉਠਾਈਆ । ਸਭ ਦੇ ਸਾਹਮਣੇ ਮੇਰੀ ਕਾਇਆ ਰਹੀ ਮੁਕ, ਉਚੀ ਕੂਕ ਕੂਕ ਸੁਣਾਈਆ । ਜ਼ਿਬਹ ਕਰਨ ਵਾਲਿਆਂ ਆਵੇ ਕੋਈ ਨਾ ਦੁੱਖ, ਦਰਦੀ ਹੋ ਕੇ ਦਰਦ ਨਾ ਕੋਇ ਵੰਡਾਈਆ । ਜੇ ਸ੍ਰੀ ਭਗਵਾਨ ਤ੍ਰੈਲੋਕੀ ਨਾਥ ਇਕੋ ਆ ਜਾਏ ਸਨਮੁਖ, ਮੇਰਾ ਦੁੱਖ ਦਰਦ ਦਏ ਮਿਟਾਈਆ । ਗ਼ਰੀਬ ਨਿਮਾਣੀ ਕੋਝੀ ਕਮਲੀ ਘਰ ਸਵਾਮੀ ਆ ਕੇ ਲਏ ਪੁਛ, ਵਾਂਗ ਦਰੋਪਤ ਲਜਿਆ ਲਏ ਰਖਾਈਆ ।
੧੨੧੩ ਬੇਸ਼ਕ ਮੈਂ ਤੁਹਾਨੂੰ ਹੋਰ ਨਹੀਂ ਦੇਂਦੀ ਕੁਛ, ਦੁੱਧ ਦਹੀਂ ਦੇ ਕੇ ਸਭ ਦੀ ਸੇਵ ਕਮਾਈਆ । ਚਾਰ ਵਰਨ ਅਠਾਰਾਂ ਬਰਨ ਤੇਰੇ ਪਿਆਰ ਅੰਦਰ ਸਾਰੇ ੧੨੧੩
ਇਕ ਵਾਰ ਬਹੋ ਉਠ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰ ਹਿਰਦੇ ਅੰਦਰ ਕਰੇ ਸਫ਼ਾਈਆ । ਗਊ ਕਹੇ ਮੈਂ ਤੱਕਾਂ ਇਕੋ ਗੋਬਿੰਦ, ਜੋ ਪ੍ਰਿਤਪਾਲਕ ਖ਼ਾਲਕ ਨਜ਼ਰੀ ਆਈਆ । ਜਿਸ ਦੀ ਧਾਰ ਸਾਗਰ ਸਿੰਧ, ਗਹਿਰ ਗੰਭੀਰ ਬੇਨਜ਼ੀਰ ਪੜਦਾ ਉਹਲਾ ਅੰਦਰੋਂ ਦੇ ਉਠਾਈਆ । ਸੰਤ ਸੁਹੇਲੇ ਸੱਜਣ ਗੁਰਮੁਖ ਬਣਾ ਆਪਣੀ ਬਿੰਦ, ਬੰਦਨਾ ਇਕੋ ਦੇ ਜਣਾਈਆ । ਭਾਰਤ ਵਾਸੀਓ ਭਰਮ ਮਿਟਾਓ ਕੂੜੀ ਚਿੰਦ, ਭਾਂਡਾ ਭਰਮ ਭੰਨਾਈਆ । ਮੇਰੇ ਜਨਮ ਜਨਮ ਦੀ ਕਰਮ ਕਰਮ ਦੀ ਬਿਨ ਸਾਚੇ ਸੰਤਾਂ ਲੱਭੇ ਕੋਈ ਨਾ ਚਿੰਦ, ਚਿੰਤਾ ਵਿਚੋਂ ਬਾਹਰ ਨਾ ਕੋਇ ਕਢਾਈਆ । ਤੁਹਾਡੇ ਵਰਗੀ ਪੰਜਾਂ ਤੱਤਾਂ ਵਾਲੀ ਮੇਰੀ ਜਿੰਦ, ਮਾਟੀ ਖ਼ਾਕੀ ਸੋਹਣੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਕੂੜੀ ਕਿਰਿਆ ਡੇਰਾ ਢਾਹੀਆ ।

✪ ✪ ✪ ✪ ✪